★ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ ★

# ਨਿਹਕਲੰਕ ਹਰਿਸ਼ਬਦ ਭੰਡਾਰ



## ਚੌਦਵਾਂ ਭਾਗ









1 ੧੪

## ✪ ਤਤਕਰਾ ✪


| ਮਿਤੀ-ਸੰਮਤ | ਨਾਮ | ਸਥਾਨ | | ਪੰਨਾ ਨੰ: |
|---|---|---|---|---|
| ੨੬ ਫੱਗਣ ੨੦੧੯ ਬਿਕ੍ਰਮੀ | | ਨਵੀ ਦਿੱਲੀ ਰੇਲਵੇ ਸਟੇਸ਼ਨ | | ੦੧ |
| ੨੬ ਫੱਗਣ ੨੦੧੯ ਬਿਕ੍ਰਮੀ | ਕਾਸ਼ੀ ਦੇ ਪੰਡਤ ਨਾਲ | ਭੁਪਿੰਦਰ ਹਾਲ ਨਵੀ ਦਿੱਲੀ | | ੦੨ |
| ੨੬ ਫੱਗਣ ੨੦੧੯ ਬਿਕ੍ਰਮੀ | ਸ਼ੁਸ਼ੀਲ ਮੁਨੀ ਦੇ ਨਾਲ | ਨਵੀ ਦਿੱਲੀ | | ੦੬ |
| ੨੬ ਫੱਗਣ ੨੦੧੯ ਬਿਕ੍ਰਮੀ | ਸਿੰਘਾਸਣ ਉਤੇ | ਦਿੱਲੀ | | ੦੮ |
| ੨੭ ਫੱਗਣ ੨੦੧੯ ਬਿਕ੍ਰਮੀ | ਆਸਾ ਸਿੰਘ ਦੇ ਗ੍ਰਹਿ | ਕਲਸਾਣੀ | ਕਰਨਾਲ | ੧੨ |
| ੨੮ ਫੱਗਣ ੨੦੧੯ ਬਿਕ੍ਰਮੀ | ਸੁਰੈਣ ਸਿੰਘ ਦੇ ਗ੍ਰਹਿ | ਕਲਸਾਣੀ | ਕਰਨਾਲ | ੨੨ |
| ੨੮ ਫੱਗਣ ੨੦੧੯ ਬਿਕ੍ਰਮੀ | ਸਵਰਨ ਸਿੰਘ ਦੇ ਗ੍ਰਹਿ | ਬਰਕਤ ਪੁਰ | ਅੰਬਾਲਾ | ੨੭ |
| ੨੮ ਫੱਗਣ ੨੦੧੯ ਬਿਕ੍ਰਮੀ | ਸੁੰਦਰ ਸਿੰਘ ਦੇ ਨਾਲ | ਤੇਜਾ ਪੁਰ ਗੋਰਬਲੀ | | ੨੯ |
| ੨੮ ਫੱਗਣ ੨੦੧੯ ਬਿਕ੍ਰਮੀ | ਹਜ਼ੂਰਾ ਸਿੰਘ ਦੇ ਨਾਲ | ਗੋਰਾਇਆ | | ੩੧ |
| ੩੦ ਫੱਗਣ ੨੦੧੯ ਬਿਕ੍ਰਮੀ | ਹਰਿ ਭਗਤ ਦੁਆਰ | ਜੇਠੂਵਾਲ | ਅੰਮ੍ਰਿਤਸਰ | ੩੯ |
| ੦੧ ਚੇਤ ੨੦੨੦ ਬਿਕ੍ਰਮੀ | ਰਘਬੀਰ ਸਿੰਘ ਦੇ ਸਸਕਾਰ ਅਸਥਾਨ ਉਤੇ | ਜੇਠੂਵਾਲ | ਅੰਮ੍ਰਿਤਸਰ | ੪੧ |
| ੦੧ ਚੇਤ ੨੦੨੦ ਬਿਕ੍ਰਮੀ | ਦਰਬਾਰ ਵਿਚ ਭੰਗੜੇ ਦੇ ਵੇਲੇ | ਜੇਠੂਵਾਲ | ਅੰਮ੍ਰਿਤਸਰ | ੪੮ |
| ੦੧ ਚੇਤ ੨੦੨੦ ਬਿਕ੍ਰਮੀ | ਹਰਿ ਭਗਤ ਦੁਆਰ | ਚੌਥੀ ਮੰਜਲ ਜੇਠੂਵਾਲ | ਅੰਮ੍ਰਿਤਸਰ | ੫੫ |
| ੦੧ ਚੇਤ ੨੦੨੦ ਬਿਕ੍ਰਮੀ | ਡਾ੦ ਰਾਧਾ ਕ੍ਰਿਸ਼ਨ ਨੂੰ ਸ਼ਬਦ | ਜੇਠੂਵਾਲ | ਅੰਮ੍ਰਿਤਸਰ | ੭੪ |
| ੦੨ ਚੇਤ ੨੦੨੦ ਬਿਕ੍ਰਮੀ | ਦਰਬਾਰ ਵਿਚ | ਜੇਠੂਵਾਲ | ਅੰਮ੍ਰਿਤਸਰ | ੮੧ |
| ੦੩ ਚੇਤ ੨੦੨੦ ਬਿਕ੍ਰਮੀ | ਦਰਬਾਰ ਵਿਚ | ਜੇਠੂਵਾਲ | ਅੰਮ੍ਰਿਤਸਰ | ੯੩ |
| ੦੭ ਚੇਤ ੨੦੨੦ ਬਿਕ੍ਰਮੀ | ਬਾਹਰ ਵਾਲੇ ਦਰਵਾਜੇ ਦੀ ਨੀਹ ਰੱਖਣ ਸਮੇਂ | ਜੇਠੂਵਾਲ | ਅੰਮ੍ਰਿਤਸਰ | ੯੫ |
| ੦੭ ਚੇਤ ੨੦੨੦ ਬਿਕ੍ਰਮੀ | ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੯੬ |
| ੦੮ ਚੇਤ ੨੦੨੦ ਬਿਕ੍ਰਮੀ | ਹਰਿ ਭਗਤ ਦੁਆਰ | ਜੇਠੂਵਾਲ | ਅੰਮ੍ਰਿਤਸਰ | ੯੭ |
| ੦੯ ਚੇਤ ੨੦੨੦ ਬਿਕ੍ਰਮੀ | ਹਰਿ ਭਗਤ ਦੁਆਰ | ਜੇਠੂਵਾਲ | ਅੰਮ੍ਰਿਤਸਰ | ੯੯ |


1 ੧੪

| | | | |
|---|---|---|---|
| ੧੦ ਚੇਤ ੨੦੨੦ ਬਿਕ੍ਰਮੀ ਹਰਿ ਭਗਤ ਦੁਆਰ | ਜੇਠੂਵਾਲ | ਅੰਮ੍ਰਿਤਸਰ | ੧੦੩ |
| ੧੧ ਚੇਤ ੨੦੨੦ ਬਿਕ੍ਰਮੀ ਹਰਿ ਭਗਤ ਦੁਆਰ | ਜੇਠੂਵਾਲ | ਅੰਮ੍ਰਿਤਸਰ | ੧੦੯ |
| ੧੨ ਚੇਤ ੨੦੨੦ ਬਿਕ੍ਰਮੀ ਹਰਿ ਭਗਤ ਦੁਆਰ | ਜੇਠੂਵਾਲ | ਅੰਮ੍ਰਿਤਸਰ | ੧੧੪ |
| ੧੩ ਚੇਤ ੨੦੨੦ ਬਿਕ੍ਰਮੀ ਹਰਿ ਭਗਤ ਦੁਆਰ | ਜੇਠੂਵਾਲ | ਅੰਮ੍ਰਿਤਸਰ | ੧੧੭ |
| ੧੪ ਚੇਤ ੨੦੨੦ ਬਿਕ੍ਰਮੀ ਹਰਿ ਭਗਤ ਦੁਆਰ | ਜੇਠੂਵਾਲ | ਅੰਮ੍ਰਿਤਸਰ | ੧੨੦ |
| ੧੫ ਚੇਤ ੨੦੨੦ ਬਿਕ੍ਰਮੀ ਹਰਿ ਭਗਤ ਦੁਆਰ | ਜੇਠੂਵਾਲ | ਅੰਮ੍ਰਿਤਸਰ | ੧੩੮ |
| ੧੬ ਚੇਤ ੨੦੨੦ ਬਿਕ੍ਰਮੀ ਸਾਢੇ ਪੰਜ ਵਜੇ ਸਵੇਰੇ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੧੪੪ |
| ੧੯ ਚੇਤ ੨੦੨੦ ਬਿਕ੍ਰਮੀ ਸੂਰਤ ਸਿੰਘ ਦੇ ਗ੍ਰਿਹਿ | ਡਾਲਾ | | ੧੫੨ |
| ੨੦ ਚੇਤ ੨੦੨੦ ਬਿਕ੍ਰਮੀ ਗੁਰਬਚਨ ਸਿੰਘ ਦੇ ਗ੍ਰਿਹਿ | ਪੰਡੋਰੀ | | ੧੫੯ |
| ੨੦ ਚੇਤ ੨੦੨੦ ਬਿਕ੍ਰਮੀ ਜੋਗਿੰਦਰ ਸਿੰਘ ਦੇ ਗ੍ਰਿਹਿ | ਫ਼ਤਿਹ ਗੜ੍ਹ | | ੧੬੫ |
| ੨੦ ਚੇਤ ੨੦੨੦ ਬਿਕ੍ਰਮੀ ਮਹਿੰਦਰ ਸਿੰਘ ਦੇ ਗ੍ਰਿਹਿ | ਹਰਨਾਮ ਪੁਰਾ | | ੧੭੧ |
| ੨੧ ਚੇਤ ੨੦੨੦ ਬਿਕ੍ਰਮੀ ਸਰੂਪ ਸਿੰਘ ਦੇ ਗ੍ਰਿਹਿ | ਮੰਗੂ ਪੁਰਾ | | ੧੭੮ |
| ੨੧ ਚੇਤ ੨੦੨੦ ਬਿਕ੍ਰਮੀ ਨਗੀਨਾ ਸਿੰਘ ਦੇ ਗ੍ਰਿਹਿ | ਮਾਡਲ ਹਾਉਸ | ਜਲੰਧਰ | ੧੮੧ |
| ੨੧ ਚੇਤ ੨੦੨੦ ਬਿਕ੍ਰਮੀ ਨਸੀਬ ਸਿੰਘ ਦੇ ਗ੍ਰਿਹਿ | ਬੋਪਾ ਰਾਇ | ਜਲੰਧਰ | ੧੮੫ |
| ੨੨ ਚੇਤ ੨੦੨੦ ਬਿਕ੍ਰਮੀ ਨਸੀਬ ਸਿੰਘ ਦੇ ਗ੍ਰਿਹਿ | ਬੋਪਾ ਰਾਏ | ਜਲੰਧਰ | ੧੯੨ |
| ੨੨ ਚੇਤ ੨੦੨੦ ਬਿਕ੍ਰਮੀ ਲਾਲ ਸਿੰਘ ਦੇ ਗ੍ਰਿਹਿ | ਹੇਰ | ਜਲੰਧਰ | ੧੯੮ |
| ੨੩ ਚੇਤ ੨੦੨੦ ਬਿਕ੍ਰਮੀ ਲਾਲ ਸਿੰਘ ਦੇ ਗ੍ਰਿਹਿ | ਹੇਰ | ਜਲੰਧਰ | ੨੧੭ |
| ੨੩ ਚੇਤ ੨੦੨੦ ਬਿਕ੍ਰਮੀ ਮੁਨੀ ਜੀ ਦੇ ਨਵਿਤ | ਨੂਰ ਪੁਰ | ਜਲੰਧਰ | ੨੨੦ |
| ੨੩ ਚੇਤ ੨੦੨੦ ਬਿਕ੍ਰਮੀ ਪਰਕਾਸ਼ ਸਿੰਘ ਦੇ ਗ੍ਰਿਹਿ | ਸਮਰਾ | ਜਲੰਧਰ | ੨੨੫ |
| ੨੪ ਚੇਤ ੨੦੨੦ ਬਿਕ੍ਰਮੀ ਗੁਰਦੀਪ ਸਿੰਘ ਦੇ ਗ੍ਰਿਹਿ | ਸਮਰਾ | ਜਲੰਧਰ | ੨੩੩ |
| ੨੪ ਚੇਤ ੨੦੨੦ ਬਿਕ੍ਰਮੀ ਉਜਾਗਰ ਸਿੰਘ ਦੇ ਗ੍ਰਿਹਿ | ਸਰੀਂ | ਜਲੰਧਰ | ੨੩੩ |
| ੨੪ ਚੇਤ ੨੦੨੦ ਬਿਕ੍ਰਮੀ ਪ੍ਰੀਤਮ ਸਿੰਘ ਦੇ ਗ੍ਰਿਹਿ | ਜੰਡਿਆਲਾ | ਜਲੰਧਰ | ੨੪੦ |

2 ੧੪

2 ੧੪




| | | | | |
|---|---|---|---|---|
| ੨੫ ਚੇਤ ੨੦੨੦ ਬਿਕ੍ਰਮੀ | ਮਹਿੰਦਰ ਕੌਰ ਨੱਛਤਰ ਕੌਰ | ਜੰਡਿਆਲਾ | ਜਲੰਧਰ | ੨੫੬ |
| ੨੫ ਚੇਤ ੨੦੨੦ ਬਿਕ੍ਰਮੀ | ਲਛਮਣ ਸਿੰਘ ਗੁਰਮੇਜ ਸਿੰਘ | ਰੁੜਕਾ ਕਲਾਂ | ਜਲੰਧਰ | ੨੫੭ |
| ੨੫ ਚੇਤ ੨੦੨੦ ਬਿਕ੍ਰਮੀ | ਆਤਮਾ ਸਿੰਘ ਦੇ ਗ੍ਰਹਿ | ਰੁੜਕਾ ਕਲਾਂ | ਜਲੰਧਰ | ੨੫੮ |
| ੨੫ ਚੇਤ ੨੦੨੦ ਬਿਕ੍ਰਮੀ | ਲਛਮਣ ਸਿੰਘ ਦੇ ਖੂਹ ਉਤੇ | ਰੁੜਕਾ ਕਲਾਂ | ਜਲੰਧਰ | ੨੫੯ |
| ੨੬ ਚੇਤ ੨੦੨੦ ਬਿਕ੍ਰਮੀ | ਜੋਗਿੰਦਰ ਸਿੰਘ ਦੇ ਗ੍ਰਹਿ | ਰੁੜਕਾ ਕਲਾਂ | ਜਲੰਧਰ | ੨੭੩ |
| ੨੬ ਚੇਤ ੨੦੨੦ ਬਿਕ੍ਰਮੀ | ਕੇਹਰ ਸਿੰਘ ਦੇ ਗ੍ਰਹਿ | ਰੁੜਕਾ ਕਲਾਂ | ਜਲੰਧਰ | ੨੭੫ |
| ੨੬ ਚੇਤ ੨੦੨੦ ਬਿਕ੍ਰਮੀ | ਉਜਾਗਰ ਸਿੰਘ ਦੇ ਗ੍ਰਹਿ | ਰੁੜਕਾ ਕਲਾਂ | ਜਲੰਧਰ | ੨੭੭ |
| ੨੬ ਚੇਤ ੨੦੨੦ ਬਿਕ੍ਰਮੀ | ਸੁਰਜੀਤ ਸਿੰਘ ਦਰਸ਼ਨ ਸਿੰਘ | ਰੁੜਕਾ ਕਲਾਂ | ਜਲੰਧਰ | ੨੭੮ |
| ੨੬ ਚੇਤ ੨੦੨੦ ਬਿਕ੍ਰਮੀ | ਜੀਤ ਸਿੰਘ ਦੇ ਗ੍ਰਹਿ | ਰੁੜਕਾ ਕਲਾਂ | ਜਲੰਧਰ | ੨੭੯ |
| ੨੬ ਚੇਤ ੨੦੨੦ ਬਿਕ੍ਰਮੀ | ਗਰਦਾਵਾਰ ਸਿੰਘ ਦੇ ਗ੍ਰਹਿ | ਰੁੜਕਾ ਕਲਾਂ | ਜਲੰਧਰ | ੨੮੦ |
| ੨੬ ਚੇਤ ੨੦੨੦ ਬਿਕ੍ਰਮੀ | ਪਿਆਰਾ ਸਿੰਘ ਦੇ ਗ੍ਰਹਿ | ਦੋਸਾਂਝ ਕਲਾਂ | ਜਲੰਧਰ | ੨੮੨ |
| ੨੭ ਚੇਤ ੨੦੨੦ ਬਿਕ੍ਰਮੀ | ਜੀਤ ਸਿੰਘ ਦੇ ਗ੍ਰਹਿ | ਦੋਸਾਂਝ ਕਲਾਂ | ਜਲੰਧਰ | ੨੯੨ |
| ੨੭ ਚੇਤ ੨੦੨੦ ਬਿਕ੍ਰਮੀ | ਗੁਰਮੀਤ ਸਿੰਘ ਦੇ ਗ੍ਰਹਿ | ਹਰਦੋ ਫਰਾਲਾ | ਜਲੰਧਰ | ੨੯੪ |
| ੨੮ ਚੇਤ ੨੦੨੦ ਬਿਕ੍ਰਮੀ | ਬੀਬੀ ਚਰਨ ਕੌਰ ਦੇ ਗ੍ਰਹਿ | ਹਰਦੋ ਫਰਾਲਾ | ਜਲੰਧਰ | ੩੧੪ |
| ੨੮ ਚੇਤ ੨੦੨੦ ਬਿਕ੍ਰਮੀ | ਮਨਸਾ ਸਿੰਘ ਦੇ ਗ੍ਰਹਿ | ਹਰਦੋ ਫਰਾਲਾ | ਜਲੰਧਰ | ੩੧੬ |
| ੨੮ ਚੇਤ ੨੦੨੦ ਬਿਕ੍ਰਮੀ | ਗੁਰਬਚਨ ਸਿੰਘ ਦੇ ਗ੍ਰਹਿ | ਹਰਦੋ ਫਰਾਲਾ | ਜਲੰਧਰ | ੩੧੭ |
| ੨੮ ਚੇਤ ੨੦੨੦ ਬਿਕ੍ਰਮੀ | ਗੁਰਮੀਤ ਸਿੰਘ ਦੇ ਗ੍ਰਹਿ | ਹਰਦੋ ਫਰਾਲਾ | ਜਲੰਧਰ | ੩੧੮ |
| ੨੮ ਚੇਤ ੨੦੨੦ ਬਿਕ੍ਰਮੀ | ਮੱਸਾ ਸਿੰਘ ਦੇ ਗ੍ਰਹਿ | ਕੋਟਲੀ | ਜਲੰਧਰ | ੩੨੫ |
| ੨੮ ਚੇਤ ੨੦੨੦ ਬਿਕ੍ਰਮੀ | ਮਹਿੰਗਾ ਸਿੰਘ ਦੇ ਗ੍ਰਹਿ | ਹਰੀ ਪੁਰਾ | ਜਲੰਧਰ | ੩੨੭ |
| ੨੯ ਚੇਤ ੨੦੨੦ ਬਿਕ੍ਰਮੀ | ਮਹਿੰਗਾ ਸਿੰਘ ਦੇ ਗ੍ਰਹਿ | ਹਰੀ ਪੁਰਾ | ਜਲੰਧਰ | ੩੩੬ |
| ੨੯ ਚੇਤ ੨੦੨੦ ਬਿਕ੍ਰਮੀ | ਵਤਨ ਸਿੰਘ ਦੇ ਗ੍ਰਹਿ | ਸਰੀਂ ਪੁਰ | ਹੁਸ਼ਿਆਰ ਪੁਰ | ੩੪੪ |
| ੩੦ ਚੇਤ ੨੦੨੦ ਬਿਕ੍ਰਮੀ | ਵਤਨ ਸਿੰਘ ਦੇ ਗ੍ਰਹਿ | ਸਰੀਂ ਪੁਰ | ਹੁਸ਼ਿਆਰ ਪੁਰ | ੩੫੧ |


3 ੧੪




| | | | | |
|---|---|---|---|---|
| ੩੦ ਚੇਤ ੨੦੨੦ ਬਿਕ੍ਰਮੀ | ਅਸਥਾਨ ਸ਼ਹੀਦ ਦੇ ਕੋਲ | ਸੜਕ ਉਤੇ | ਹੁਸ਼ਿਆਰ ਪੁਰ | ੩੫੪ |
| ੩੦ ਚੇਤ ੨੦੨੦ ਬਿਕ੍ਰਮੀ | ਅਰਜਣ ਸਿੰਘ ਦੇ ਗ੍ਰਹਿ | ਸਲੀਮ ਪੁਰ | ਹੁਸ਼ਿਆਰ ਪੁਰ | ੩੫੬ |
| ੩੦ ਚੇਤ ੨੦੨੦ ਬਿਕ੍ਰਮੀ | ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੩੬੧ |
| ੦੧ ਵਸਾਖ ੨੦੨੦ ਬਿਕ੍ਰਮੀ | ਦਰਬਾਰ ਵਿਚ ਵੱਡੇ ਦਰਵਾਜੇ ਦੇ ਵਿਚਕਾਰ | ਜੇਠੂਵਾਲ | | ੩੬੭ |
| ੦੨ ਵਸਾਖ ੨੦੨੦ ਬਿਕ੍ਰਮੀ | ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੩੯੫ |
| ੨੧ ਵਸਾਖ ੨੦੨੦ ਬਿਕ੍ਰਮੀ | ਕੱਖਾਂ ਦੀ ਸੇਜ ਉਤੇ | ਅੱਲੜ ਪਿੰਡੀ | ਗੁਰਦਾਸਪੁਰ | ੪੦੧ |
| ੨੧ ਵਸਾਖ ੨੦੨੦ ਬਿਕ੍ਰਮੀ | ਕਿਸ਼ਨ ਸਿੰਘ ਦੇ ਗ੍ਰਹਿ | ਅਲ੍ਹੜ ਪਿੰਡੀ | ਗੁਰਦਾਸ ਪੁਰ | ੪੧੨ |
| ੨੨ ਵਸਾਖ ੨੦੨੦ ਬਿਕ੍ਰਮੀ | ਕਿਸ਼ਨ ਸਿੰਘ ਦੇ ਗ੍ਰਹਿ | ਅਲ੍ਹੜ ਪਿੰਡੀ | ਗੁਰਦਾਸ ਪੁਰ | ੪੧੭ |
| ੨੨ ਵਸਾਖ ੨੦੨੦ ਬਿਕ੍ਰਮੀ | ਦਲੀਪ ਸਿੰਘ ਦੇ ਗ੍ਰਹਿ | ਬਾਬੂ ਪੁਰਾ | ਗੁਰਦਾਸਪੁਰ | ੪੨੨ |
| ੨੩ ਵਸਾਖ ੨੦੨੦ ਬਿਕ੍ਰਮੀ | ਅਜੀਤ ਸਿੰਘ ਦੇ ਗ੍ਰਹਿ | ਬਟਾਲਾ | ਗੁਰਦਾਸਪੁਰ | ੪੨੨ |
| ੨੩ ਵਸਾਖ ੨੦੨੦ ਬਿਕ੍ਰਮੀ | ਅਜੀਤ ਸਿੰਘ ਦੇ ਗ੍ਰਹਿ | ਬਟਾਲਾ | ਗੁਰਦਾਸਪੁਰ | ੪੩੪ |
| ੨੩ ਵਸਾਖ ੨੦੨੦ ਬਿਕ੍ਰਮੀ | ਹੁਕਮ ਸਿੰਘ ਦੇ ਗ੍ਰਹਿ | ਫੈਜਪੁਰ ਬਟਾਲਾ | ਗੁਰਦਾਸਪੁਰ | ੪੩੮ |
| ੨੩ ਵਸਾਖ ੨੦੨੦ ਬਿਕ੍ਰਮੀ | ਬੀਬੀ ਵੀਰੋ ਦੇ ਗ੍ਰਹਿ | ਸ਼ੁਕਰਪੁਰ ਬਟਾਲਾ | ਗੁਰਦਾਸਪੁਰ | ੪੪੦ |
| ੦੧ ਜੇਠ ੨੦੨੦ ਬਿਕ੍ਰਮੀ | ਦਰਬਾਰ ਵਿਚ | ਜੇਠੂਵਾਲ | ਅੰਮ੍ਰਿਤਸਰ | ੪੪੨ |
| ੦੨ ਜੇਠ ੨੦੨੦ ਬਿਕ੍ਰਮੀ | ਆਤਮਾ ਸਿੰਘ ਦੇ ਗ੍ਰਹਿ | ਮਲੂਵਾਲ | ਅੰਮ੍ਰਿਤਸਰ | ੪੬੧ |
| ੦੫ ਜੇਠ ੨੦੨੦ ਬਿਕ੍ਰਮੀ | ਦਰਬਾਰ ਵਿਚ | ਜੇਠੂਵਾਲ | ਅੰਮ੍ਰਿਤਸਰ | ੪੭੩ |
| ੦੭ ਜੇਠ ੨੦੨੦ ਬਿਕ੍ਰਮੀ | ਹਰਭਜਨ ਸਿੰਘ ਗੁਰਦਿਆਲ ਸਿੰਘ | ਮੈਹਣੀਆਂ | ਅੰਮ੍ਰਿਤਸਰ | ੪੭੯ |
| ੦੯ ਜੇਠ ੨੦੨੦ ਬਿਕ੍ਰਮੀ | ਚੇਲਾ ਸਿੰਘ ਦੇ ਗ੍ਰਹਿ | ਵਜਾਰਤ ਰੋਡ | ਜੰਮੂ | ੪੯੧ |
| ੧੦ ਜੇਠ ੨੦੨੦ ਬਿਕ੍ਰਮੀ | ਪਰਕਾਸ਼ ਚੰਦ ਦੇ ਗ੍ਰਹਿ | ਵਜਾਰਤ ਰੋਡ | ਜੰਮੂ | ੫੦੨ |
| ੧੦ ਜੇਠ ੨੦੨੦ ਬਿਕ੍ਰਮੀ | ਕਰਮੋ ਦੇਵੀ ਦੇ ਗ੍ਰਹਿ | ਵਜਾਰਤ ਰੋਡ | ਜੰਮੂ | ੫੧੨ |
| ੧੦ ਜੇਠ ੨੦੨੦ ਬਿਕ੍ਰਮੀ | ਤੇਜ ਭਾਨ ਦੇ ਗ੍ਰਹਿ | ਸੇਖ਼ਸਰ | ਜੰਮੂ | ੫੧੩ |
| ੧੧ ਜੇਠ ੨੦੨੦ ਬਿਕ੍ਰਮੀ | ਤੇਜ ਭਾਨ ਦੇ ਗ੍ਰਹਿ | ਸੇਖ਼ਸਰ | ਜੰਮੂ | ੫੧੭ |

4 ੧੪

4 ੧੪

5 ੧੪

| | | | | |
|---|---|---|---|---|
| ੧੧ ਜੇਠ ੨੦੨੦ ਬਿਕ੍ਰਮੀ | ਮਿਹਰ ਸਿੰਘ ਦੇ ਗ੍ਰਹਿ | ਸੇਖ਼ਸਰ | ਜੰਮੂ | ੫੨੨ |
| ੧੧ ਜੇਠ ੨੦੨੦ ਬਿਕ੍ਰਮੀ | ਸਰਦਾਰਾ ਸਿੰਘ ਦੇ ਗ੍ਰਹਿ | ਸੇਖ਼ਸਰ | ਜੰਮੂ | ੫੨੪ |
| ੧੧ ਜੇਠ ੨੦੨੦ ਬਿਕ੍ਰਮੀ | ਤੇਜ ਭਾਨ ਦੇ ਗ੍ਰਹਿ | ਸੇਖ਼ਸਰ | ਜੰਮੂ | ੫੨੬ |
| ੧੨ ਜੇਠ ੨੦੨੦ ਬਿਕ੍ਰਮੀ | ਸ਼ਿਵ ਸਿੰਘ ਦੇ ਗ੍ਰਹਿ | ਸੇਖ਼ਸਰ | ਜੰਮੂ | ੫੩੪ |
| ੧੨ ਜੇਠ ੨੦੨੦ ਬਿਕ੍ਰਮੀ | ਫਰੰਗੀ ਰਾਮ ਦੇ ਗ੍ਰਹਿ | ਤੂਤਾਂ ਵਾਲੀ | ਜੰਮੂ | ੫੩੭ |
| ੧੨ ਜੇਠ ੨੦੨੦ ਬਿਕ੍ਰਮੀ | ਗਿਆਨ ਚੰਦ ਦੇ ਗ੍ਰਹਿ | ਤੂਤਾਂ ਵਾਲੀ | ਜੰਮੂ | ੫੪੧ |
| ੧੨ ਜੇਠ ੨੦੨੦ ਬਿਕ੍ਰਮੀ | ਗੂੜ੍ਹਾ ਰਾਮ ਦੇ ਗ੍ਰਹਿ | ਸ਼ੇਖ਼ਸਰ | ਜੰਮੂ | ੫੫੧ |
| ੧੩ ਜੇਠ ੨੦੨੦ ਬਿਕ੍ਰਮੀ | ਰਾਮ ਚੰਦ ਦੇ ਗ੍ਰਹਿ | ਦੇਵਾ | ਜੰਮੂ | ੫੫੯ |
| ੧੩ ਜੇਠ ੨੦੨੦ ਬਿਕ੍ਰਮੀ | ਮਲੂਕਾ ਰਾਮ ਦੇ ਗ੍ਰਹਿ | ਦੇਵਾ | ਜੰਮੂ | ੫੬੫ |
| ੧੩ ਜੇਠ ੨੦੨੦ ਬਿਕ੍ਰਮੀ | ਪਿੱਪਲ ਦੇ ਹੇਠ | ਮਲੂਕਾਂ ਵਾਲੀ | ਜੰਮੂ | ੫੬੫ |
| ੧੩ ਜੇਠ ੨੦੨੦ ਬਿਕ੍ਰਮੀ | ਰਾਮ ਲਾਲ ਦੇ ਗ੍ਰਹਿ | ਸਰਦਾਰੀ | ਜੰਮੂ | ੫੬੭ |
| ੧੪ ਜੇਠ ੨੦੨੦ ਬਿਕ੍ਰਮੀ | ਰਵੇਲਾ ਰਾਮ ਦੇ ਗ੍ਰਹਿ | ਸਰਦਾਰੀ | ਜੰਮੂ | ੫੭੫ |
| ੧੪ ਜੇਠ ੨੦੨੦ ਬਿਕ੍ਰਮੀ | ਨਾਨਕ ਚੰਦ ਦੇ ਗ੍ਰਹਿ | ਸਰਦਾਰੀ | ਜੰਮੂ | ੫੭੭ |
| ੧੪ ਜੇਠ ੨੦੨੦ ਬਿਕ੍ਰਮੀ | ਕ੍ਰਿਸ਼ਨ ਲਾਲ ਦੇ ਗ੍ਰਹਿ | ਸਰਦਾਰੀ | ਜੰਮੂ | ੫੭੯ |
| ੧੪ ਜੇਠ ੨੦੨੦ ਬਿਕ੍ਰਮੀ | ਗੁਰਾ ਰਾਮ ਦੇ ਗ੍ਰਹਿ | ਸਰਦਾਰੀ | ਜੰਮੂ | ੫੮੧ |
| ੧੪ ਜੇਠ ੨੦੨੦ ਬਿਕ੍ਰਮੀ | ਬੇਲੂ ਰਾਮ ਦੇ ਗ੍ਰਹਿ | ਸਰਦਾਰੀ | ਜੰਮੂ | ੫੮੩ |
| ੧੪ ਜੇਠ ੨੦੨੦ ਬਿਕ੍ਰਮੀ | ਨੰਦੂ ਦੇ ਗ੍ਰਹਿ | ਸਰਦਾਰੀ | ਜੰਮੂ | ੫੮੭ |
| ੧੪ ਜੇਠ ੨੦੨੦ ਬਿਕ੍ਰਮੀ | ਸਰਦਾਰ ਸਿੰਘ ਦੇ ਗ੍ਰਹਿ | ਸਰਦਾਰੀ | ਜੰਮੂ | ੫੯੦ |
| ੧੫ ਜੇਠ ੨੦੨੦ ਬਿਕ੍ਰਮੀ | ਪਰੇਮ ਚੰਦ ਦੇ ਗ੍ਰਹਿ | ਸਰਦਾਰੀ | ਜੰਮੂ | ੫੯੫ |
| ੧੫ ਜੇਠ ੨੦੨੦ ਬਿਕ੍ਰਮੀ | ਸੋਭਾ ਸਿੰਘ ਦੇ ਗ੍ਰਹਿ | ਮੋਇਲ | ਜੰਮੂ | ੫੯੭ |
| ੧੫ ਜੇਠ ੨੦੨੦ ਬਿਕ੍ਰਮੀ | ਜੀਵਣ ਸਿੰਘ ਦੇ ਗ੍ਰਹਿ | ਮੋਇਲ | ਜੰਮੂ | ੬੦੨ |
| ੧੫ ਜੇਠ ੨੦੨੦ ਬਿਕ੍ਰਮੀ | ਦੇਵਾ ਸਿੰਘ ਦੇ ਗ੍ਰਹਿ | ਪਿੰਗਾਲੀ | ਜੰਮੂ | ੬੦੪ |

5 ੧੪




| | | | |
|---|---|---|---|
| ੧੬ ਜੇਠ ੨੦੨੦ ਬਿਕ੍ਰਮੀ ਅਰੂੜ ਸਿੰਘ ਦੇ ਗ੍ਰਿਹਿ | ਪਿੰਗਾਲੀ | ਜੰਮੂ | ੬੦੯ |
| ੧੬ ਜੇਠ ੨੦੨੦ ਬਿਕ੍ਰਮੀ ਫੱਗਾ ਸਿੰਘ ਦੇ ਗ੍ਰਿਹਿ | ਪਿੰਗਾਲੀ | ਜੰਮੂ | ੬੧੧ |
| ੧੬ ਜੇਠ ੨੦੨੦ ਬਿਕ੍ਰਮੀ ਚੂਹੜ ਸਿੰਘ ਦੇ ਗ੍ਰਿਹਿ | ਪਿੰਗਾਲੀ | ਜੰਮੂ | ੬੧੩ |
| ੧੬ ਜੇਠ ੨੦੨੦ ਬਿਕ੍ਰਮੀ ਹਰਨਾਮੋ ਦੇਵੀ ਦੇ ਗ੍ਰਿਹਿ | ਪਿੰਗਾਲੀ | ਜੰਮੂ | ੬੧੫ |
| ੧੬ ਜੇਠ ੨੦੨੦ ਬਿਕ੍ਰਮੀ ਕਰਮ ਸਿੰਘ ਦੇ ਗ੍ਰਿਹਿ | ਪਿੰਗਾਲੀ | ਜੰਮੂ | ੬੧੬ |
| ੧੬ ਜੇਠ ੨੦੨੦ ਬਿਕ੍ਰਮੀ ਇੰਦਰ ਸਿੰਘ ਦੇ ਗ੍ਰਿਹਿ | ਪਿੰਗਾਲੀ | ਜੰਮੂ | ੬੧੭ |
| ੧੬ ਜੇਠ ੨੦੨੦ ਬਿਕ੍ਰਮੀ ਮੇਲਾ ਰਾਮ ਦੇ ਗ੍ਰਿਹਿ | ਪਿੰਗਾਲੀ | ਜੰਮੂ | ੬੨੦ |
| ੧੬ ਜੇਠ ੨੦੨੦ ਬਿਕ੍ਰਮੀ ਕਰਤਾਰ ਚੰਦ ਦੇ ਗ੍ਰਿਹਿ | ਪਿੰਗਾਲੀ | ਜੰਮੂ | ੬੨੩ |
| ੧੬ ਜੇਠ ੨੦੨੦ ਬਿਕ੍ਰਮੀ ਵਕੀਲ ਸਿੰਘ ਦੇ ਗ੍ਰਿਹਿ | ਪਿੰਗਾਲੀ | ਜੰਮੂ | ੬੨੪ |
| ੧੭ ਜੇਠ ੨੦੨੦ ਬਿਕ੍ਰਮੀ ਅੰਗਰੇਜ਼ ਸਿੰਘ ਦੇ ਗ੍ਰਿਹਿ | ਪਿੰਗਾਲੀ | ਜੰਮੂ | ੬੩੨ |
| ੧੭ ਜੇਠ ੨੦੨੦ ਬਿਕ੍ਰਮੀ ਲੱਛੂ ਰਾਮ ਦੇ ਗ੍ਰਿਹਿ | ਪਿੰਗਾਲੀ | ਜੰਮੂ | ੬੩੩ |
| ੧੭ ਜੇਠ ੨੦੨੦ ਬਿਕ੍ਰਮੀ ਰਾਮ ਸਿੰਘ ਦੇ ਗ੍ਰਿਹਿ | ਪਿੰਗਾਲੀ | ਜੰਮੂ | ੬੩੫ |
| ੧੭ ਜੇਠ ੨੦੨੦ ਬਿਕ੍ਰਮੀ ਬਿਸ਼ਨ ਸਿੰਘ ਦੇ ਗ੍ਰਿਹਿ | ਪਿੰਗਾਲੀ | ਜੰਮੂ | ੬੩੭ |
| ੧੭ ਜੇਠ ੨੦੨੦ ਬਿਕ੍ਰਮੀ ਪੂਰਨ ਸਿੰਘ ਰਾਜੋ ਦੇਵੀ | ਪਿੰਗਾਲੀ | ਜੰਮੂ | ੬੩੮ |
| ੧੭ ਜੇਠ ੨੦੨੦ ਬਿਕ੍ਰਮੀ ਬੇਲਾ ਸਿੰਘ ਦੇ ਗ੍ਰਿਹਿ | ਪਿੰਗਾਲੀ | ਜੰਮੂ | ੬੪੧ |
| ੧੭ ਜੇਠ ੨੦੨੦ ਬਿਕ੍ਰਮੀ ਸੇਵਾ ਸਿੰਘ, ਪਰਤਾਪ ਸਿੰਘ | ਪਿੰਗਾਲੀ | ਜੰਮੂ | ੬੪੬ |
| ੧੭ ਜੇਠ ੨੦੨੦ ਬਿਕ੍ਰਮੀ ਅਮਰਨਾਥ ਦੇ ਗ੍ਰਿਹਿ | ਪਿੰਗਾਲੀ | ਜੰਮੂ | ੬੪੯ |
| ੧੭ ਜੇਠ ੨੦੨੦ ਬਿਕ੍ਰਮੀ ਜਗਤ ਸਿੰਘ ਦੇ ਗ੍ਰਿਹਿ | ਪਿੰਗਾਲੀ | ਜੰਮੂ | ੬੫੦ |
| ੧੭ ਜੇਠ ੨੦੨੦ ਬਿਕ੍ਰਮੀ ਖੇਮੋ ਦੇਵੀ ਦੇ ਗ੍ਰਿਹਿ | ਪਿੰਗਾਲੀ | ਜੰਮੂ | ੬੫੦ |
| ੧੭ ਜੇਠ ੨੦੨੦ ਬਿਕ੍ਰਮੀ ਲਛਮਣ ਸਿੰਘ ਦੇ ਗ੍ਰਿਹਿ | ਪਿੰਗਾਲੀ | ਜੰਮੂ | ੬੫੦ |
| ੧੮ ਜੇਠ ੨੦੨੦ ਬਿਕ੍ਰਮੀ ਗੁਰੀ ਦੇਵੀ ਦੇ ਗ੍ਰਿਹਿ | ਪਿੰਗਾਲੀ | ਜੰਮੂ | ੬੫੫ |
| ੧੮ ਜੇਠ ੨੦੨੦ ਬਿਕ੍ਰਮੀ ਸ਼ਿਵਾ ਦੇਵੀ ਦੇ ਗ੍ਰਿਹਿ | ਪਿੰਗਾਲੀ | ਜੰਮੂ | ੬੫੮ |




6 ੧੪

6 ੧੪




| | | | |
|---|---|---|---|
| ੧੮ ਜੇਠ ੨੦੨੦ ਬਿਕ੍ਰਮੀ ਕੁਲਵੰਤ ਸਿੰਘ ਦੇ ਗ੍ਰਹਿ | ਪਿੰਗਾਲੀ | ਜੰਮੂ | ੬੫੮ |
| ੧੮ ਜੇਠ ੨੦੨੦ ਬਿਕ੍ਰਮੀ ਇੰਦਰੋ ਦੇਵੀ ਦੇ ਗ੍ਰਹਿ | ਪਿੰਗਾਲੀ | ਜੰਮੂ | ੬੬੨ |
| ੧੮ ਜੇਠ ੨੦੨੦ ਬਿਕ੍ਰਮੀ ਗਿਆਨ ਚੰਦ ਦੇ ਗ੍ਰਹਿ | ਖ਼ੈਰੋ ਵਾਲੀ | ਜੰਮੂ | ੬੬੪ |
| ੧੯ ਜੇਠ ੨੦੨੦ ਬਿਕ੍ਰਮੀ ਪਰੇਮੋ ਦੇਵੀ ਦੇ ਗ੍ਰਹਿ | ਖ਼ੈਰੋ ਵਾਲੀ | ਜੰਮੂ | ੬੭੨ |
| ੧੯ ਜੇਠ ੨੦੨੦ ਬਿਕ੍ਰਮੀ ਖੋਜੂਰਾਮ ਦੇ ਗ੍ਰਹਿ | ਖ਼ੈਰੋ ਵਾਲੀ | ਜੰਮੂ | ੬੭੪ |
| ੧੯ ਜੇਠ ੨੦੨੦ ਬਿਕ੍ਰਮੀ ਗਿਆਨ ਸਿੰਘ ਦੇ ਗ੍ਰਹਿ | ਨਵਾਂ ਚੱਕ | ਜੰਮੂ | ੬੭੬ |
| ੧੯ ਜੇਠ ੨੦੨੦ ਬਿਕ੍ਰਮੀ ਦੌਲਤ ਸਿੰਘ ਦੇ ਗ੍ਰਹਿ | ਨਵਾਂ ਚੱਕ | ਜੰਮੂ | ੬੭੮ |
| ੧੯ ਜੇਠ ੨੦੨੦ ਬਿਕ੍ਰਮੀ ਬਾਜ ਸਿੰਘ ਦੇ ਗ੍ਰਹਿ | ਸੀਂਗਰੀ | ਜੰਮੂ | ੬੮੨ |
| ੧੯ ਜੇਠ ੨੦੨੦ ਬਿਕ੍ਰਮੀ ਭਾਗ ਸਿੰਘ ਦੇ ਗ੍ਰਹਿ | ਮਲਕ ਕੈਂਪ | ਜੰਮੂ | ੬੮੫ |
| ੨੦ ਜੇਠ ੨੦੨੦ ਬਿਕ੍ਰਮੀ ਪੂਰਨ ਸਿੰਘ ਦੇ ਗ੍ਰਹਿ | ਮਲਕ ਕੈਂਪ | ਜੰਮੂ | ੬੯੨ |
| ੨੦ ਜੇਠ ੨੦੨੦ ਬਿਕ੍ਰਮੀ ਫਰੰਗੀ ਰਾਮ ਦੇ ਗ੍ਰਹਿ | ਝੰਡੇ | ਜੰਮੂ | ੬੯੬ |
| ੨੧ ਜੇਠ ੨੦੨੦ ਬਿਕ੍ਰਮੀ ਪਰੇਮੋ ਦੇਵੀ ਦੇ ਗ੍ਰਹਿ | ਝੰਡੇ | ਜੰਮੂ | ੭੦੩ |
| ੨੧ ਜੇਠ ੨੦੨੦ ਬਿਕ੍ਰਮੀ ਸਾਂਝੀ ਦਾਸ ਦੇ ਗ੍ਰਹਿ | ਝੰਡੇ | ਜੰਮੂ | ੭੦੭ |
| ੨੧ ਜੇਠ ੨੦੨੦ ਬਿਕ੍ਰਮੀ ਪਰਕਾਸ਼ੋ ਦੇਵੀ ਦੇ ਗ੍ਰਹਿ | ਪੰਡਤ ਚੱਕ | ਜੰਮੂ | ੭੦੯ |
| ੨੧ ਜੇਠ ੨੦੨੦ ਬਿਕ੍ਰਮੀ ਰਸਾਲ ਸਿੰਘ ਸਹਿਬ ਸਿੰਘ | ਮਨਾਵਰ | ਜੰਮੂ | ੭੧੦ |
| ੨੧ ਜੇਠ ੨੦੨੦ ਬਿਕ੍ਰਮੀ ਹੰਸ ਰਾਜ ਦੇ ਗ੍ਰਹਿ | ਨਗਿਆਲ | ਜੰਮੂ | ੭੧੫ |
| ੨੧ ਜੇਠ ੨੦੨੦ ਬਿਕ੍ਰਮੀ ਪਰਕਾਸ਼ੋ ਦੇਵੀ ਦੇ ਗ੍ਰਹਿ | ਨਗਿਆਲ | ਜੰਮੂ | ੭੧੭ |
| ੨੧ ਜੇਠ ੨੦੨੦ ਬਿਕ੍ਰਮੀ ਸ਼ਿਵੋ ਦੇਵੀ ਦੇ ਗ੍ਰਹਿ | ਬਾਲੇ ਵਾਲ | ਜੰਮੂ | ੭੧੮ |
| ੨੧ ਜੇਠ ੨੦੨੦ ਬਿਕ੍ਰਮੀ ਗੁਰਦਿਤ ਸਿੰਘ ਸੰਸਾਰ ਸਿੰਘ | ਛੰਬ | ਜੰਮੂ | ੭੨੦ |
| ੨੨ ਜੇਠ ੨੦੨੦ ਬਿਕ੍ਰਮੀ ਸਰਦਾਰ ਸਿੰਘ ਦੇ ਗ੍ਰਹਿ | ਛੰਬ | ਜੰਮੂ | ੭੩੦ |
| ੨੨ ਜੇਠ ੨੦੨੦ ਬਿਕ੍ਰਮੀ ਬਾਰਾ ਸਿੰਘ ਦੇ ਗ੍ਰਹਿ | ਛੰਬ | ਜੰਮੂ | ੭੩੧ |
| ੨੨ ਜੇਠ ੨੦੨੦ ਬਿਕ੍ਰਮੀ ਬੀਬੀ ਧਰਮੀ ਦੇ ਗ੍ਰਹਿ | ਛੰਬ | ਜੰਮੂ | ੭੩੩ |




7 ੧੪

7 ੧੪




| | | | |
|---|---|---|---|
| ੨੨ ਜੇਠ ੨੦੨੦ ਬਿਕ੍ਰਮੀ ਸੋਹਣ ਸਿੰਘ ਦੇ ਗ੍ਰਿਹਿ | ਛੰਬ | ਜੰਮੂ | ੭੩੪ |
| ੨੨ ਜੇਠ ੨੦੨੦ ਬਿਕ੍ਰਮੀ ਰਾਮ ਕੌਰ ਦੇ ਗ੍ਰਿਹਿ | ਛੰਬ | ਜੰਮੂ | ੭੩੫ |
| ੨੨ ਜੇਠ ੨੦੨੦ ਬਿਕ੍ਰਮੀ ਫੁੱਮਣ ਸਿੰਘ ਦੇ ਗ੍ਰਿਹਿ | ਛੰਬ | ਜੰਮੂ | ੭੪੨ |
| ੨੨ ਜੇਠ ੨੦੨੦ ਬਿਕ੍ਰਮੀ ਈਸ਼ਰ ਸਿੰਘ ਪਰਤਾਪ ਸਿੰਘ | ਦੜ | ਜੰਮੂ | ੭੪੪ |
| ੨੩ ਜੇਠ ੨੦੨੦ ਬਿਕ੍ਰਮੀ ਸੰਤ ਸਿੰਘ ਦੇ ਗ੍ਰਿਹਿ | ਦੜ | ਜੰਮੂ | ੭੫੩ |
| ੨੩ ਜੇਠ ੨੦੨੦ ਬਿਕ੍ਰਮੀ ਭੋਲਾ ਰਾਮ ਦੇ ਗ੍ਰਿਹਿ | ਜੌੜੀਆਂ | ਜੰਮੂ | ੭੫੪ |
| ੨੩ ਜੇਠ ੨੦੨੦ ਬਿਕ੍ਰਮੀ ਫ਼ਕੀਰ ਚੰਦ ਦੇ ਗ੍ਰਿਹਿ | ਜੌੜੀਆਂ | ਜੰਮੂ | ੭੫੮ |
| ੨੩ ਜੇਠ ੨੦੨੦ ਬਿਕ੍ਰਮੀ ਕੇਸਰ ਸਿੰਘ ਦੇ ਗ੍ਰਿਹਿ | ਅੰਬਾ ਰਾਏ | ਜੰਮੂ | ੭੫੯ |
| ੨੪ ਜੇਠ ੨੦੨੦ ਬਿਕ੍ਰਮੀ ਚਨਾਬ ਦੇ ਕੰਢੇ ਉਤੇ | ਚੜ੍ਹਦਾ ਗਰਾਮ ਘਾਟ | ਜੰਮੂ | ੭੬੪ |
| ੨੪ ਜੇਠ ੨੦੨੦ ਬਿਕ੍ਰਮੀ ਹਰਨਾਮ ਸਿੰਘ ਦੇ ਗ੍ਰਿਹਿ | ਚੜ੍ਹਦਾ ਗਰਾਮ ਘਾਟ | ਜੰਮੂ | ੭੬੬ |
| ੨੪ ਜੇਠ ੨੦੨੦ ਬਿਕ੍ਰਮੀ ਧੰਨਾ ਰਾਮ ਦੇ ਗ੍ਰਿਹਿ | ਅੰਬਾ ਰਾਏ | ਜੰਮੂ | ੭੬੯ |
| ੨੪ ਜੇਠ ੨੦੨੦ ਬਿਕ੍ਰਮੀ ਚੇਲਾ ਸਿੰਘ ਦੇ ਗ੍ਰਿਹਿ | ਵਜਾਰਤ ਰੋਡ | ਜੰਮੂ | ੭੭੧ |
| ੨੫ ਜੇਠ ੨੦੨੦ ਬਿਕ੍ਰਮੀ ਸੰਤ ਰਾਮ ਮੰਗਤ ਰਾਮ ਦੇ ਗ੍ਰਿਹਿ | | ਜੰਮੂ | ੭੭੮ |
| ੨੫ ਜੇਠ ੨੦੨੦ ਬਿਕ੍ਰਮੀ ਪਰਕਾਸ਼ ਚੰਦ ਦੇ ਗ੍ਰਿਹਿ | | ਜੰਮੂ | ੭੮੦ |
| ੨੫ ਜੇਠ ੨੦੨੦ ਬਿਕ੍ਰਮੀ ਲਾਲ ਚੰਦ ਦੇ ਗ੍ਰਿਹਿ | | ਜੰਮੂ | ੭੮੨ |
| ੨੫ ਜੇਠ ੨੦੨੦ ਬਿਕ੍ਰਮੀ ਰਸੀਆ ਰਾਮ ਦੇ ਗ੍ਰਿਹਿ | ਬਦੀਪੁਰ | ਜੰਮੂ | ੭੮੫ |
| ੨੬ ਜੇਠ ੨੦੨੦ ਬਿਕ੍ਰਮੀ ਭਗਤ ਸਿੰਘ ਦੇ ਗ੍ਰਿਹਿ | ਕੀਰ | ਜੰਮੂ | ੭੯੧ |
| ੨੬ ਜੇਠ ੨੦੨੦ ਬਿਕ੍ਰਮੀ ਜਸ ਕੌਰ ਦੇ ਗ੍ਰਿਹਿ | ਨਿਹਾਲਪੁਰ | ਜੰਮੂ | ੮੦੧ |
| ੨੬ ਜੇਠ ੨੦੨੦ ਬਿਕ੍ਰਮੀ ਸੇਵਾ ਸਿੰਘ ਦੇ ਗ੍ਰਿਹਿ | ਕੀਰ | ਜੰਮੂ | ੮੦੩ |
| ੨੭ ਜੇਠ ੨੦੨੦ ਬਿਕ੍ਰਮੀ ਜਗੀਰ ਸਿੰਘ ਦੇ ਗ੍ਰਿਹਿ | ਕੀਰ | ਜੰਮੂ | ੮੧੧ |
| ੨੭ ਜੇਠ ੨੦੨੦ ਬਿਕ੍ਰਮੀ ਪਰਕਾਸ਼ ਚੰਦ ਦੇ ਗ੍ਰਿਹਿ | ਮੱਘੋ ਵਾਲੀ | ਜੰਮੂ | ੮੧੩ |
| ੨੭ ਜੇਠ ੨੦੨੦ ਬਿਕ੍ਰਮੀ ਦੇਵੀ ਸਿੰਘ ਦੇ ਗ੍ਰਿਹਿ | ਮੱਘੋ ਵਾਲੀ | ਜੰਮੂ | ੮੧੬ |




8 ੧੪

8 ੧੪

| | | | | |
|---|---|---|---|---|
| ੨੮ ਜੇਠ ੨੦੨੦ ਬਿਕ੍ਰਮੀ ਸੁੰਦਰ ਸਿੰਘ ਦੇ ਗ੍ਰਿਹਿ | ਮੱਘੋ ਵਾਲੀ | | ਜੰਮੂ | ੮੨੧ |
| ੨੮ ਜੇਠ ੨੦੨੦ ਬਿਕ੍ਰਮੀ ਅਦਾਲਤ ਸਿੰਘ ਦੇ ਨਵਿਤ | ਮੱਘੋ ਵਾਲੀ | | ਜੰਮੂ | ੮੨੬ |
| ੨੮ ਜੇਠ ੨੦੨੦ ਬਿਕ੍ਰਮੀ ਵਕੀਲ ਸਿੰਘ ਦੇ ਨਵਿਤ | ਮੱਘੋ ਵਾਲੀ | | ਜੰਮੂ | ੮੨੭ |
| ੨੮ ਜੇਠ ੨੦੨੦ ਬਿਕ੍ਰਮੀ ਮਾਇਆ ਦੇਵੀ ਦੇ ਗ੍ਰਿਹਿ | ਮੱਘੋ ਵਾਲੀ | | ਜੰਮੂ | ੮੨੮ |
| ੨੮ ਜੇਠ ੨੦੨੦ ਬਿਕ੍ਰਮੀ ਅੰਗਰੇਜ਼ ਸਿੰਘ ਦੇ ਗ੍ਰਿਹਿ | ਮੱਘੋ ਵਾਲੀ | | ਜੰਮੂ | ੮੩੨ |
| ੨੯ ਜੇਠ ੨੦੨੦ ਬਿਕ੍ਰਮੀ ਇੰਦਰ ਸਿੰਘ ਦੇ ਗ੍ਰਿਹਿ | ਮੱਘੋ ਵਾਲੀ | | ਜੰਮੂ | ੮੪੨ |
| ੨੯ ਜੇਠ ੨੦੨੦ ਬਿਕ੍ਰਮੀ ਦੌਲਤ ਰਾਮ ਦੇ ਗ੍ਰਿਹਿ | ਕੋਟਲੀ ਰਾਈਆ | | ਜੰਮੂ | ੮੪੬ |
| ੨੯ ਜੇਠ ੨੦੨੦ ਬਿਕ੍ਰਮੀ ਤਾਰਾ ਸਿੰਘ ਦੇ ਗ੍ਰਿਹਿ | ਦੀਵਾਨ ਗੜ੍ਹ | | ਜੰਮੂ | ੮੫੧ |
| ੩੦ ਜੇਠ ੨੦੨੦ ਬਿਕ੍ਰਮੀ ਮਾਨ ਕੌਰ ਦੇ ਗ੍ਰਿਹਿ | ਸੀੜ | | ਜੰਮੂ | ੮੬੦ |
| ੩੦ ਜੇਠ ੨੦੨੦ ਬਿਕ੍ਰਮੀ ਮਾਈ ਲਛਮੀ ਦੇਵੀ | ਸੀੜ | | ਜੰਮੂ | ੮੬੫ |
| ੩੦ ਜੇਠ ੨੦੨੦ ਬਿਕ੍ਰਮੀ ਪਾਰੋ ਦੇਵੀ ਦੇ ਗ੍ਰਿਹਿ | ਸੀੜ | | ਜੰਮੂ | ੮੬੮ |
| ੩੦ ਜੇਠ ੨੦੨੦ ਬਿਕ੍ਰਮੀ ਸਰਦਾਰ ਸਿੰਘ ਦੇ ਗ੍ਰਿਹਿ | ਸੀੜ | | ਜੰਮੂ | ੮੬੯ |
| ੩੧ ਜੇਠ ੨੦੨੦ ਬਿਕ੍ਰਮੀ ਰਣੀਆ ਰਾਮ, ਸੇਵਾ ਰਾਮ | ਕਲੋਏ | | ਜੰਮੂ | ੮੭੫ |
| ੩੧ ਜੇਠ ੨੦੨੦ ਬਿਕ੍ਰਮੀ ਤਾਰੂ ਸਿੰਘ, ਊਧਮ ਪੁਰ | ਤ੍ਰਾਉਲੇ ਕੈਂਪ | | ਜੰਮੂ | ੮੮੦ |
| ੧ ਹਾੜ ੨੦੨੦ ਬਿਕ੍ਰਮੀ ਹਰਿ ਭਗਤ ਦਵਾਰ | ਜੇਠੂਵਾਲ | | ਅੰਮ੍ਰਿਤਸਰ | ੮੯੫ |
| ੨ ਹਾੜ ੨੦੨੦ ਬਿਕ੍ਰਮੀ ਚਮਕੌਰ ਸਿੰਘ ਮਨਾਏ ਵਾਲੀ ਦੀ ਸ਼ਾਦੀ ਸਮੇਂ ਜੇਠੂਵਾਲ | | | | ੯੦੬ |
| ੨ ਹਾੜ ੨੦੨੦ ਬਿਕ੍ਰਮੀ ਦਰਬਾਰ ਵਿਚ | ਜੇਠੂਵਾਲ | | ਅੰਮ੍ਰਿਤਸਰ | ੯੧੫ |
| ੫ ਹਾੜ ੨੦੨੦ ਬਿਕ੍ਰਮੀ ਸੁਰੈਣ ਸਿੰਘ, ਦਲੀਪ ਸਿੰਘ, ਤੇਜ ਸਿੰਘ ਸਵਰਨ ਸਿੰਘ ਜੰਡਿਆਲਾ ਤੇ ਨਵਿਤ ਹਰਿ ਭਗਤ ਦਵਾਰ ਜੇਠੂਵਾਲ | | | | ੯੧੬ |
| ੬ ਹਾੜ ੨੦੨੦ ਬਿਕ੍ਰਮੀ ਸ਼ਿਵ ਸਿੰਘ, ਬੁੱਢਾ ਸਿੰਘ, ਇੰਦਰ ਸਿੰਘ, ਬੁੰਡਾਲਾ ਦੇ ਨਵਿਤ, ਹਰਿ ਭਗਤ ਦਵਾਰ ਜੇਠੂਵਾਲ | | | | ੯੨੦ |
| ੬ ਹਾੜ ੨੦੨੦ ਬਿਕ੍ਰਮੀ ਦੀਦਾਰ ਸਿੰਘ ਦੇ ਨਵਿਤ ਹਰਿ ਭਗਤ ਦਵਾਰ ਜੇਠੂਵਾਲ | | | | ੯੨੪ |

9
੧੪

੭ ਹਾੜ ੨੦੨੦ ਬਿਕ੍ਰਮੀ ਮੱਖਣ ਸਿੰਘ ਨੌਰੰਗਾਬਾਦ ਦੇ ਨਵਿਤ ਹਰਿ ਭਗਤ ਦਵਾਰ ਜੇਠੂਵਾਲ ੯੩੦

੭ ਹਾੜ ੨੦੨੦ ਬਿਕ੍ਰਮੀ ਮੱਸਾ ਸਿੰਘ ਦਾਰਾ ਸਿੰਘ ਨੌਰੰਗਾਬਾਦ ਹਰਿ ਭਗਤ ਦਵਾਰ ਜੇਠੂਵਾਲ ੯੩੪

੮ ਹਾੜ ੨੦੨੦ ਬਿਕ੍ਰਮੀ ਕੁੰਦਨ ਸਿੰਘ ਦੇ ਨਵਿਤ ਹਰਿ ਭਗਤ ਦਵਾਰ ਜੇਠੂਵਾਲ ੯੩੭

੮ ਹਾੜ ੨੦੨੦ ਬਿਕ੍ਰਮੀ ਨਰਾਇਣ ਸਿੰਘ ਗੁਰਨਾਮ ਸਿੰਘ ਕੰਗ ਹਰਿ ਭਗਤ ਦਵਾਰ ਜੇਠੂਵਾਲ ੯੪੨

੯ ਹਾੜ ੨੦੨੦ ਬਿਕ੍ਰਮੀ ਸੁਖਦੇਵ ਦੇ ਨਵਿਤ ਹਰਿ ਭਗਤ ਦਵਾਰ ਜੇਠੂਵਾਲ ੯੪੭

੯ ਹਾੜ ੨੦੨੦ ਬਿਕ੍ਰਮੀ ਕੱਲਾ ਸੰਗਤ ਦੇ ਨਵਿਤ ਹਰਿ ਭਗਤ ਦਵਾਰ ਜੇਠੂਵਾਲ ੯੫੧

੧੦ ਹਾੜ ੨੦੨੦ ਬਿਕ੍ਰਮੀ ਕੱਲਾ ਸੰਗਤ ਦੇ ਨਵਿਤ ਹਰਿ ਭਗਤ ਦਵਾਰ ਜੇਠੂਵਾਲ ੯੫੬

੧੦ ਹਾੜ ੨੦੨੦ ਬਿਕ੍ਰਮੀ ਸੋਹਣ ਸਿੰਘ ਰਾਮ ਪੁਰ ਦੇ ਨਵਿਤ ਹਰਿ ਭਗਤ ਦਵਾਰ ਜੇਠੂਵਾਲ ੯੫੮

੧੧ ਹਾੜ ੨੦੨੦ ਬਿਕ੍ਰਮੀ ਊਧਮ ਸਿੰਘ, ਬਲਵੰਤ ਸਿੰਘ ਜਲਾਲਾਬਾਦ ਹਰਿ ਭਗਤ ਦਵਾਰ ਜੇਠੂਵਾਲ ੯੬੦

੧੧ ਹਾੜ ੨੦੨੦ ਬਿਕ੍ਰਮੀ ਭਲਾਈ ਪੁਰ ਡੋਗਰਾ ਸੰਗਤ ਤੇ ਨਵਿਤ ਹਰਿ ਭਗਤ ਦਵਾਰ ਜੇਠੂਵਾਲ ੯੬੬

੧੨ ਹਾੜ ੨੦੨੦ ਬਿਕ੍ਰਮੀ ਦਲੀਪ ਸਿੰਘ ਟਾਂਗਰਾ ਦੇ ਨਵਿਤ ਹਰਿ ਭਗਤ ਦਵਾਰ ਜੇਠੂਵਾਲ ੯੭੨

੧੨ ਹਾੜ ੨੦੨੦ ਬਿਕ੍ਰਮੀ ਹੀਰਾ ਨੰਦ ਚੰਬਲ ਦੇ ਨਵਿਤ ਹਰਿ ਭਗਤ ਦਵਾਰ ਜੇਠੂਵਾਲ ੯੭੭

੧੩ ਹਾੜ ੨੦੨੦ ਬਿਕ੍ਰਮੀ ਹਰਬੰਸ ਸਿੰਘ ਮਾਹਲ ਦੇ ਨਵਿਤ ਹਰਿ ਭਗਤ ਦਵਾਰ ਜੇਠੂਵਾਲ ੯੮੦

੧੪ ਹਾੜ ੨੦੨੦ ਬਿਕ੍ਰਮੀ ਦਲੀਪ ਸਿੰਘ ਗੱਗੋ ਬੂਆ ਦੇ ਨਵਿਤ ਹਰਿ ਭਗਤ ਦਵਾਰ ਜੇਠੂਵਾਲ ੯੮੬

੧੪ ਹਾੜ ੨੦੨੦ ਬਿਕ੍ਰਮੀ ਹਰਚਰਨ ਸਿੰਘ ਦਿੱਲੀ ਵਾਲੇ ਦੇ ਨਵਿਤ ਹਰਿ ਭਗਤ ਦਵਾਰ ਜੇਠੂਵਾਲ ੯੯੦

੧੫ ਹਾੜ ੨੦੨੦ ਬਿਕ੍ਰਮੀ ਅਮਰਜੀਤ ਸਿੰਘ ਦੇ ਨਵਿਤ ਹਰਿ ਭਗਤ ਦਵਾਰ ਜੇਠੂਵਾਲ ਅੰਮ੍ਰਿਤਸਰ ੯੯੫

੧੬ ਹਾੜ ੨੦੨੦ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ਅੰਮ੍ਰਿਤਸਰ ੧੦੦੧

੧੭ ਹਾੜ ੨੦੨੦ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ਅੰਮ੍ਰਿਤਸਰ ੧੦੧੧

੧੭ ਹਾੜ ੨੦੨੦ ਬਿਕ੍ਰਮੀ ਹਰਿ ਭਗਤ ਦਵਾਰ ੫ ਵਜੇ ਸ਼ਾਮ ਜੇਠੂਵਾਲ ਅੰਮ੍ਰਿਤਸਰ ੧੦੧੫

੧੮ ਹਾੜ ੨੦੨੦ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ਅੰਮ੍ਰਿਤਸਰ ੧੦੪੭

੧੯ ਹਾੜ ੨੦੨੦ ਬਿਕ੍ਰਮੀ ਜੋਤ ਦੇ ਵਿਹਾਰ ਨਾਲ ਸ਼ਾਦੀ ਕੀਤੀ ਪਾਤਸ਼ਾਹ ਜੀ ਨੇ ਕ੍ਰਿਸ਼ਨ
ਦੇ ਕਪੜੇ ਪਾਏ ਘੁੰਡ ਕੱਢ ਦੇ ਸ਼ਾਦੀ ਕੀਤੀ ਦਰਬਾਰ ਵਿਚ ਜੇਠੂਵਾਲ ੧੦੬੦



ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ



★ ੨੬ ਫੱਗਣ ੨੦੧੯ ਬਿਕਰਮੀ ਨਵੀਂ ਦਿੱਲੀ ਰੇਲਵੇ ਸਟੇਸ਼ਨ ★

ਆਤਮ ਵਿਛੋੜਾ ਹੋਇਆ ਦੂਰ, ਪਰਮਾਤਮ ਮੇਲ ਮਿਲਾਈਆ । ਸਾਹਿਬ ਸਤਿਗੁਰ ਹਾਜ਼ਰ ਹਜ਼ੂਰ, ਹਰਿ ਹਜ਼ਰਤ ਵਡ ਵਡਿਆਈਆ । ਵਸਣਹਾਰਾ ਦੂਰਨ ਦੂਰ, ਨੇਰਨ ਨੇਰਾ ਨਜ਼ਰੀ ਆਈਆ । ਨਾਤਾ ਤੋੜ ਜਗਤ ਕੂੜ, ਸਚ ਸੁੱਚ ਦਏ ਸਮਝਾਈਆ । ਦਰ ਆਈ ਸੰਗਤ ਸਤਿ ਦੇਵੇ ਚਰਨ ਧੂੜ, ਜਨਮ ਜਨਮ ਦਾ ਪਾਪ ਕਟਾਈਆ । ਸ਼ਬਦ ਵਸਤ ਦੇਵੇ ਭਰਪੂਰ, ਖ਼ਾਲੀ ਝੋਲੀ ਦਏ ਭਰਾਈਆ । ਚਤੁਰ ਸੁਘੜ ਬਣਾਏ ਮੂਰਖ ਮੂੜ੍ਹ, ਜਿਸ ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੱਜਣ ਮੇਲਾ ਸਹਿਜ ਸੁਭਾਈਆ । ਆਤਮ ਨਾਤਾ ਵਿਛੋੜਾ ਚੁਕਿਆ, ਦੁੱਖ ਦਰਦ ਰਹਿਣ ਨਾ ਪਾਈਆ । ਉਜਲ ਕਰੇ ਮਾਤ ਮੁਖ, ਜਿਸ ਆਪਣਾ ਸੰਗ ਵਖਾਈਆ । ਸਫਲ ਕਰੇ ਮਾਤ ਕੁੱਖ, ਲੱਖ ਚੁਰਾਸੀ ਫੰਦ ਕਟਾਈਆ । ਪੰਚ ਵਿਕਾਰਾ ਕੱਢੇ ਕੁੱਟ, ਕੂੜੀ ਕਿਰਿਆ ਰਹਿਣ ਨਾ ਪਾਈਆ । ਦਰ ਆਈ ਸੰਗਤ ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਆਪਣੀ ਗੋਦੀ ਲਏ ਚੁੱਕ, ਏਥੇ ਓਥੇ ਦੋ ਜਹਾਨ ਦਏ ਵਧਾਈਆ । ਆਪਣਾ ਸੀਸ ਨਿਵਾਏ ਝੁਕ, ਝੁਕਿਆ ਸੀਸ ਆਪਣੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਵੇਖੇ ਥਾਉਂ ਥਾਈਂਆ । ਆਤਮ ਵਿਛੋੜਾ ਦਿਤਾ ਕੱਟ, ਲੋਕਮਾਤ ਰਹਿਣ ਨਾ ਪਾਈਆ । ਘਰ ਵਿਚ ਘਰ ਮਿਲੇ ਪੁਰਖ ਸਮਰਥ, ਨਿਰਗੁਣ ਦਾਤਾ ਬੇਪਰਵਾਹੀਆ । ਨਾਮ ਅਮੋਲਕ ਦੇਵੇ ਵੱਥ, ਵਸਤ ਅਨਮੁਲੜੀ ਆਪ ਵਰਤਾਈਆ । ਸ਼ਬਦ ਅਗੰਮੀ ਚੜ੍ਹਾਏ ਰਥ, ਬਣ ਰਥਵਾਹੀ ਸੇਵ ਕਮਾਈਆ । ਇਕੋ ਮਾਰਗ ਸੱਚਾ ਦੱਸ, ਸਾਚੇ ਮੰਦਰ ਮੇਲ ਮਿਲਾਈਆ । ਮੇਲ ਮਿਲਾਏ ਹੱਸ ਹੱਸ, ਆਪ ਆਪਣਾ ਫੇਰਾ ਪਾਈਆ । ਹਰਿ ਸੰਗਤ ਪ੍ਰੇਮ ਅੰਦਰ ਆਪ ਢੱਠ, ਡਿਗਿਆਂ ਆਪਣੇ ਗਲੇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰਮੁਖ ਤੇਰਾ ਸਚ ਸਵਾਗਤ, ਸਤਿਗੁਰ ਪੂਰਾ ਕਰੇ ਆਓ ਭਗਤ, ਭਗਤੀ ਪਿਛਲੀ ਲੇਖੇ ਲਾਈਆ ।

## ★ ੨੬ ਫੱਗਣ ੨੦੧੯ ਬਿਕਰਮੀ ਕਾਸ਼ੀ ਦੇ ਪੰਡਤ ਨਾਲ ਭੂਪਿੰਦਰ ਹਾਲ ਨਵੀਂ ਦਿੱਲੀ ★

ਅਸੁਤੇ ਭਇਉ ਹਰਿ ਪਰਕਾਸ਼, ਨਿਰਾਕਾਰ ਵਡ ਵਡਿਆਈਆ । ਸਤਿ ਪੁਰਖ ਖੇਲ ਤਮਾਸ਼, ਨਿਰਗੁਣ ਵੇਖ ਵਖਾਈਆ । ਸੋ ਪੁਰਖ ਨਿਰੰਜਣ ਸ਼ਾਹੋ ਸ਼ਾਬਾਸ਼, ਸ਼ਹਿਨਸ਼ਾਹ ਆਪਣੀ ਕਲ ਧਰਾਈਆ । ਹਰਿ ਪੁਰਖ ਨਿਰੰਜਣ ਸਾਚੀ ਰਾਸ, ਨਿਰਵੈਰ ਆਪ ਰਚਾਈਆ । ਏਕੰਕਾਰ ਆਪਣੀ ਆਸ, ਆਦਿ ਨਿਰੰਜਣ ਜੋਤ ਜਗਾਈਆ । ਸ੍ਰੀ ਭਗਵਾਨ ਸਾਖਿਆਤ, ਅਬਿਨਾਸ਼ੀ ਕਰਤਾ ਵੇਸ ਵਟਾਈਆ । ਪਾਰਬ੍ਰਹਮ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਰੂਪ ਆਪੇ ਧਰ, ਆਪੇ ਵੇਖ ਵਖਾਈਆ । ਅਸੁਤੇ ਪ੍ਰਕਾਸ਼ ਪ੍ਰਕਾਸ਼ ਅਪਾਰਾ, ਜੋਤ ਜੋਤ ਰੁਸ਼ਨਾਈਆ । ਜੋਤੀ ਜੋਤ ਖੇਲ ਅਪਾਰਾ, ਨੂਰ ਨੂਰ ਵਡਿਆਈਆ । ਨੂਰ ਨੂਰ ਹੋ ਉਜਿਆਰਾ, ਰੂਪ ਰੰਗ ਰੇਖ ਨਾ ਕੋਇ ਵਖਾਈਆ । ਰੂਪ ਰੰਗ ਰੇਖ ਤੇ ਵਸੇ ਬਾਹਰਾ, ਬੇਅੰਤ ਸੱਚਾ ਸ਼ਹਿਨਸ਼ਾਹੀਆ । ਆਪ ਆਪਣਾ ਕਰ ਪਸਾਰਾ, ਆਧਾਰੀ ਆਪੇ ਆਪ ਅਖਵਾਈਆ । ਬਿਨ ਮਾਤ ਪਿਤ ਜੰਮਿਆ ਸੁਤ ਦੁਲਾਰਾ, ਪਿਤਾ ਪੂਤ ਨਾ ਕੋਇ ਅਖਵਾਈਆ । ਬਿਨ ਮਹੱਲ ਅਟੱਲ ਸਚ ਸਹਾਰਾ, ਬਿਨ ਸਿੰਘਾਸਣ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪਣੇ ਹੱਥ ਰਖਾਈਆ । ਨਿਰਾਕਾਰ ਨਿਰੰਕਾਰ ਨਿਰਵੈਰ, ਅਗੰਮ ਅਗੰਮ ਵਡ ਵਡਿਆਈਆ । ਬਿਨ ਮਾਤ ਪਿਤਾ ਪਿਆ ਜੰਮ, ਜਨਨੀ ਰੂਪ ਨਾ ਕੋਇ ਵਟਾਈਆ । ਪਵਣ ਸਵਾਸ ਨਾ ਲਏ ਦਮ, ਤਤਵ ਤਤ ਨਾ ਕੋਇ ਰਖਾਈਆ । ਰਾਗ ਨਾਦ ਨਾ ਕੋਇ ਕੰਨ, ਧੁਨ ਸ਼ਬਦ ਨਾ ਕੋਇ ਸ਼ਨਵਾਈਆ । ਰਵ ਸਸ ਨਾ ਸੂਰਜ ਚੰਨ, ਮੰਡਲ ਮੰਡਪ ਨਾ ਕੋਇ ਰੁਸ਼ਨਾਈਆ । ਆਪਣਾ ਬੇੜਾ ਆਪੇ ਬੰਨ, ਆਪਣੇ ਕੰਧ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੂਰ ਨੂਰ ਨੂਰ ਜ਼ਹੂਰ ਇਕ ਜਣਾਈਆ । ਨੂਰ ਨੁਰਾਨਾ ਪਰਵਰਦਿਗਾਰ, ਏਕਾ ਇਕ ਅਖਵਾਇੰਦਾ । ਜੋਤੀ ਜੋਤ ਚਮਤਕਾਰ, ਰੇਖ ਭੇਖ ਨਾ ਕੋਇ ਦ੍ਰਿੜਾਇੰਦਾ । ਅਗੰਮ ਅਥਾਹ ਬੇਪਰਵਾਹ ਬੇਸਹਾਰ, ਓਟ ਨਾ ਕੋਇ ਧਰਾਇੰਦਾ । ਮਹੱਲ ਅਟੱਲ ਨਾ ਕੋਇ ਮਨਾਰ, ਛੱਪਰ ਛੰਨ ਨਾ ਕੋਇ ਛੁਹਾਇੰਦਾ । ਆਦਿ ਪੁਰਖ ਏਕੰਕਾਰ, ਅਕਲ ਕਲ ਧਾਰੀ ਆਪਣੀ ਕਲ ਆਪ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਜਣਾਇੰਦਾ । ਸਾਚਾ ਭੇਵ ਖੋਲ੍ਹੇ ਨਿਰੰਕਾਰਾ, ਨਿਰਗੁਣ ਵਡ ਵਡੀ ਵਡਿਆਈਆ । ਸਤਿ ਸਤਿ ਕਰ ਪਸਾਰਾ, ਸਤਿ ਸਤਿਵਾਦੀ ਨੂਰ ਨੂਰ ਧਰਾਈਆ । ਨੂਰ ਰਚਿਆ ਸਾਚੀ ਕਾਰਾ, ਹਰਿ ਕਰਤਾ ਆਪ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਆਪ ਉਠਾਈਆ । ਆਪਣਾ ਪਰਦਾ ਖੋਲ੍ਹੇ ਭਗਵਾਨ, ਭਗਵਨ ਆਪਣੀ ਦਇਆ ਕਮਾਈਆ । ਦੂਸਰ ਦਿਸੇ ਨਾ ਕੋਇ ਨਿਸ਼ਾਨ, ਸਗਲਾ ਸੰਗ ਨਾ ਕੋਇ ਨਿਭਾਈਆ । ਇਕ ਇਕੱਲਾ ਨੌਜਵਾਨ, ਬਲ ਆਪਣਾ ਆਪ ਧਰਾਈਆ । ਆਪਣੀ ਇਛਿਆ ਕਰ ਪਰਵਾਨ, ਸਾਚੀ ਭਿਛਿਆ ਦਏ ਝੋਲੀ ਪਾਈਆ । ਆਪਣਾ ਦੇਵਣਹਾਰਾ ਦਾਨ, ਦਾਤਾ ਦਾਨੀ ਆਪ ਅਖਵਾਈਆ । ਆਪਣੀ ਕਰਨਹਾਰ ਕਲਿਆਣ, ਆਪਣਾ ਬੰਧਨ ਆਪੇ ਪਾਈਆ । ਆਪਣਾ ਪਰਗਟਾਵਣਹਾਰ ਮਕਾਨ, ਸਚਖੰਡ ਦੁਆਰ ਦਏ ਸੁਹਾਈਆ । ਆਪਣਾ ਵੇਖਣਹਾਰਾ ਮਾਰ ਧਿਆਨ, ਬਿਨ ਅੱਖਾਂ ਨੈਣ ਖੁਲ੍ਹਾਈਆ । ਆਪਣਾ ਬਣਨਹਾਰ ਹੁਕਮਰਾਨ, ਸ਼ਾਹ ਪਾਤਸ਼ਾਹ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪੇ ਰਿਹਾ ਜਣਾਈਆ । ਸ਼ਾਹੋ ਭੂਪ

ਬਣ ਰਾਜਨ ਰਾਜ, ਨਿਰਗੁਣ ਆਪਣਾ ਬਲ ਧਰਾਇੰਦਾ । ਸਤਿ ਸਰੂਪ ਸਿਰ ਪਹਿਨ ਤਾਜ, ਤਖ਼ਤ ਨਿਵਾਸੀ ਸੋਭਾ ਪਾਇੰਦਾ । ਆਪਣੀ ਇਛਿਆ ਆਪਣਾ ਕਾਜ, ਹਰਿ ਆਪੇ ਵੇਖ ਵਖਾਇੰਦਾ । ਦੇਵਣਹਾਰਾ ਸਾਚੀ ਦਾਦ, ਆਪਣੀ ਵਸਤ ਆਪ ਵਰਤਾਇੰਦਾ । ਆਪਣੇ ਘਰ ਕਰਨਹਾਰ ਖੇਲ ਤਮਾਸ਼, ਸਾਚੀ ਰਾਸ ਆਪ ਰਚਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਇਛਿਆ ਇਕ ਵਖਾਇੰਦਾ । ਸਾਚੀ ਇਛਿਆ ਅਗੰਮੀ ਧਾਰ, ਨਿਰਗੁਣ ਨਿਰਾਕਾਰ ਨਿਰਵੈਰ ਆਪ ਪਰਗਟਾਈਆ । ਆਪਣੇ ਅੰਤਰ ਵੇਖੇ ਕਰੇ ਵਿਚਾਰ, ਅੰਤਰ ਇਕੋ ਨਜ਼ਰੀ ਆਈਆ । ਦੂਜਾ ਨਾ ਕੋਈ ਦਿਸੇ ਪਸਾਰ, ਸਗਲਾ ਬੰਧਨ ਨਾ ਕੋਇ ਜਣਾਈਆ । ਕਰਿਆ ਖੇਲ ਆਪ ਕਰਤਾਰ, ਕਰਨੀ ਆਪਣੇ ਹੱਥ ਵਖਾਈਆ । ਰੂਪ ਅਨੂਪ ਸ਼ਹਿਨਸ਼ਾਹ ਸੱਚੀ ਸਰਕਾਰ, ਆਦਿ ਨਿਰੰਜਣ ਵੇਸ ਵਟਾਈਆ । ਨਾਰ ਕੰਤ ਬਣ ਭਤਾਰ, ਸੇਜ ਸੁਹੰਜਣੀ ਆਪਣੀ ਆਪ ਵਿਛਾਈਆ । ਸਾਚੀ ਕਿਰਪਾ ਆਪੇ ਧਾਰ, ਦੇਵਣਹਾਰ ਵਡਿਆਈਆ । ਜੋਤੀ ਅੰਦਰੋਂ ਕੱਢੇ ਬਾਹਰ, ਸ਼ਬਦੀ ਰੂਪ ਵਖਾਈਆ । ਸ਼ਬਦ ਸਰੂਪ ਸੁਤ ਦੁਲਾਰ, ਪਰਮ ਪੁਰਖ ਪਿਤਾ ਮਾਈਆ । ਕਰੇ ਖੇਲ ਅਗੰਮ ਅਪਾਰ, ਦੇਵੇ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਜੋਤ ਏਕਾ ਧਰ, ਸੁਤ ਸ਼ਬਦ ਦਏ ਵਡਿਆਈਆ । ਨਿਰਗੁਣ ਨਿਰਾਕਾਰ ਸੁਤ ਦੁਲਾਰਾ ਸ਼ਬਦ ਜਾਇਆ, ਜਨ ਜਨਨੀ ਆਪ ਅਖਵਾਇੰਦਾ । ਕਰੇ ਖੇਲ ਬੇਪਰਵਾਹਿਆ, ਭੇਵ ਕੋਇ ਨਾ ਪਾਇੰਦਾ । ਸਚ ਸਿੰਘਾਸਣ ਪੁਰਖ ਅਬਿਨਾਸ਼ਣ ਆਸਣ ਲਾਇਆ, ਪਾਵਾ ਚੂਲ ਨਾ ਕੋਇ ਰਖਾਇੰਦਾ । ਸੀਸ ਜਗਦੀਸ਼ ਤਾਜ ਸੁਹਾਇਆ, ਨਜ਼ਰ ਕਿਸੇ ਨਾ ਆਇੰਦਾ । ਦਰ ਦਰਬਾਨ ਦਰ ਦਰਵੇਸ਼ ਆਪ ਅਖਵਾਇਆ, ਨਿਉਂ ਨਿਉਂ ਪਰਨਾਮ ਆਪ ਕਰਾਇੰਦਾ । ਧੁਰ ਫ਼ਰਮਾਣ ਸਚ ਸੰਦੇਸ ਬਣ ਨਰੇਸ਼ ਆਪ ਜਣਾਇਆ, ਆਪਣੀ ਕਾਰ ਕਮਾਇੰਦਾ । ਸ਼ਬਦ ਸੁਤ ਆਪ ਉਪਜਾਇਆ, ਮਿਹਰ ਨਜ਼ਰ ਨਿਰਾਕਾਰ ਆਪ ਉਠਾਇੰਦਾ । ਸਾਚੀ ਸਿਖਿਆ ਇਕ ਦ੍ਰਿੜਾਇਆ, ਧੁਰ ਦੀ ਭਿਛਿਆ ਝੋਲੀ ਪਾਇਆ, ਵਸਤ ਅਮੋਲਕ ਆਪ ਵਰਤਾਇੰਦਾ । ਏਕਾ ਮੰਤਰ ਨਾਮ ਦ੍ਰਿੜਾਇਆ, ਨਾਉਂ ਨਿਰੰਕਾਰਾ ਆਪ ਅਖਵਾਇਆ, ਦੂਜਾ ਸੰਗ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਇਛਿਆ ਇਕੋ ਭਿਛਿਆ ਇਕੋ ਇਕ ਵਰਤਾਇੰਦਾ । ਸਾਚੀ ਭਿਛਿਆ ਸ਼ਬਦ ਸੁਤ, ਸੋ ਪੁਰਖ ਨਿਰੰਜਣ ਝੋਲੀ ਪਾਈਆ । ਹਰਿ ਪੁਰਖ ਨਿਰੰਜਣ ਅਬਿਨਾਸ਼ੀ ਅਚੁਤ, ਮਿਹਰ ਨਜ਼ਰ ਉਠਾਈਆ । ਸਚ ਦੁਆਰ ਸੋਹੇ ਰੁੱਤ, ਸੁਹੰਜਣੀ ਮਿਲੇ ਵਡਿਆਈਆ । ਆਪਣੀ ਧਾਰੋਂ ਆਪੇ ਉਠ, ਆਪੇ ਵੇਖੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸ਼ਬਦ ਦੇਵੇ ਮਾਣ ਵਡਿਆਈਆ । ਸ਼ਬਦ ਸੁਤ ਮਿਲਿਆ ਮਾਣ, ਸਚ ਦੁਆਰ ਸੱਚੀ ਸਰਨਾਈਆ । ਕਿਰਪਾ ਕਰੀ ਸ੍ਰੀ ਭਗਵਾਨ, ਭਗਵਨ ਆਪਣੀ ਧਾਰ ਜਣਾਈਆ । ਨਜ਼ਰੀ ਆਏ ਮਿਹਰਬਾਨ, ਬੇਨਜ਼ੀਰ ਸੱਚਾ ਸ਼ਹਿਨਸ਼ਾਹੀਆ । ਸਚ ਮਕਾਨ ਖੇਲ ਮਹਾਨ, ਅਗੰਮ ਅਥਾਹ ਵਖਾਈਆ । ਦੂਜਾ ਨਾ ਦਿਸੇ ਕੋਈ ਨਿਸ਼ਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਸੁਤ ਸ਼ਬਦ ਸਾਚਾ ਲਾਲ, ਪ੍ਰਭ ਅੱਗੇ ਸੀਸ ਝੁਕਾਇੰਦਾ । ਸਾਹਿਬ ਸਤਿਗੁਰ ਤੇਰਾ ਦੁਆਰ ਸੱਚੀ ਧਰਮਸਾਲ, ਧਰਮ ਇਕੋ ਇਕ ਨਜ਼ਰੀ ਆਇੰਦਾ । ਬਾਲਾ ਨੱਢਾ ਤੇਰਾ ਬਾਲ, ਵੱਡਾ ਛੋਟਾ ਰੂਪ ਨਾ ਕੋਇ ਵਖਾਇੰਦਾ । ਤੂੰ ਸ਼ਹਿਨਸ਼ਾਹ ਹਉਂ ਕੰਗਾਲ, ਤੇਰੇ ਅੱਗੇ ਝੋਲੀ ਡਾਹਿੰਦਾ । ਦੇ ਵਸਤ ਅਨਮੋਲ ਧਨ ਮਾਲ, ਅਤੋਟ ਅਤੁਟ ਵਰਤਾਇੰਦਾ । ਪਾਰਬ੍ਰਹਮ

ਪ੍ਰਭ ਹੋ ਦਿਆਲ, ਦੀਨਨ ਆਪਣਾ ਭੇਵ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੁਤ ਸ਼ਬਦ ਸਚ ਭੰਡਾਰ ਵਰਤਾਇੰਦਾ । ਸੁਤ ਸ਼ਬਦ ਕਰ ਵਿਚਾਰ, ਸ੍ਰੀ ਭਗਵਾਨ ਜਣਾਈਆ । ਤੇਰੀ ਬੰਨ੍ਹਾਂ ਸਾਚੀ ਧਾਰ, ਦੇਵਾਂ ਮਾਣ ਵਡਿਆਈਆ । ਆਪ ਵਸਾਂ ਸਭ ਤੋਂ ਬਾਹਰ, ਹੱਥ ਕਿਸੇ ਨਾ ਆਈਆ । ਨਿਰਗੁਣ ਰੂਪ ਨਿਰਾਕਾਰ, ਨਿਰੰਕਾਰ ਨਾਉਂ ਅਖਵਾਈਆ । ਮਹੱਲ ਅਟੱਲ ਉਚ ਮਨਾਰ, ਸਚ ਸਿੰਘਾਸਣ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਮਰਥ ਸਿਰ ਆਪਣਾ ਹੱਥ ਟਿਕਾਈਆ । ਸੁਤ ਸ਼ਬਦ ਕਹੇ ਤੇਰੇ ਚਰਨ ਓਟ, ਦੂਜੀ ਓਟ ਨਾ ਕੋਇ ਤਕਾਈਆ । ਤੇਰਾ ਪਰਕਾਸ਼ ਨਿਰਮਲ ਜੋਤ, ਜੋਤ ਜੋਤ ਰੁਸ਼ਨਾਈਆ । ਤੇਰਾ ਮਹੱਲ ਸਚਖੰਡ ਕੋਟ, ਛੱਪਰ ਛੰਨ ਨਾ ਕੋਇ ਛੁਹਾਈਆ । ਸਦਾ ਸਦਾ ਤੇਰੀ ਓਟ, ਦੂਜੀ ਓਟ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਦੇਣਾ ਸਾਚਾ ਵਰ, ਸਦਾ ਮਿਲੇ ਮਾਣ ਵਡਿਆਈਆ । ਸ੍ਰੀ ਭਗਵਾਨ ਦੱਸੇ ਆਪ, ਸਾਚੀ ਸਿਖਿਆ ਦ੍ਰਿੜਾਇੰਦਾ । ਤੂੰ ਪੂਤ ਮੈਂ ਤੇਰਾ ਬਾਪ, ਤੇਰਾ ਮੇਰਾ ਭੇਵ ਕੋਇ ਨਾ ਪਾਇੰਦਾ । ਮੇਰਾ ਨਾਉਂ ਤੇਰਾ ਪਾਠ, ਤੇਰਾ ਪਾਠ ਨਾਦ ਵਜਾਇੰਦਾ । ਮੇਰਾ ਸਰੋਵਰ ਤੇਰਾ ਘਾਟ, ਕਿਨਾਰਾ ਇਕੋ ਇਕ ਜਣਾਇੰਦਾ । ਮੇਰਾ ਪ੍ਰੇਮ ਤੇਰਾ ਸਾਥ, ਸਗਲਾ ਸੰਗ ਨਿਭਾਇੰਦਾ । ਸਾਹਿਬ ਦਿਆਲ ਪੁਰਖ ਮਿਹਰਬਾਨ ਸਮਰਥ, ਖੇਲ ਅਕੱਥ ਜਣਾਇੰਦਾ । ਨਿਰਵੈਰ ਹੋ ਚਲਾਏ ਰਥ, ਰਥਵਾਹੀ ਅਵਰ ਨਾ ਕੋਇ ਮਿਲਾਇੰਦਾ । ਸਾਚਾ ਮਾਰਗ ਦੇਵਾਂ ਦੱਸ, ਸਾਚੀ ਸਿਖਿਆ ਇਕ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭੇਵ ਅਭੇਦ ਜਣਾਇੰਦਾ । ਭੇਵ ੪
੪ ਅਭੇਦ ਖੋਲ੍ਹੇ ਨਿਰੰਕਾਰ, ਸ਼ਬਦ ਦਏ ਵਡਿਆਈਆ । ਸਚ ਵਸਤ ਭਰ ਭੰਡਾਰ, ਤੇਰੀ ਧਾਰ ਚਲਾਈਆ । ਹੁਕਮੇ ਅੰਦਰ ਖੇਲ ਅਪਾਰ, ਧੁਰ
੧੪ ਫ਼ਰਮਾਣ ਵਡਿਆਈਆ । ਇਕ ਇਕੱਲਾ ਨਿਰਗੁਣ ਵਸੇ ਸਚਖੰਡ ਦੁਆਰ, ਸਚਖੰਡ ਵਸੇ ਨਿਰੰਕਾਰ, ਨਕੰਮਾ ਕੰਮ ਕਿਸੇ ਨਾ ਆਈਆ । ਜੋਤੀ ੧੪
ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਇਛਿਆ ਪਾਏ ਤੇਰੀ ਭਿਛਿਆ, ਤੇਰੀ ਭਿਛਿਆ ਅਗਲਾ ਖੇਲ ਵਖਾਈਆ । ਸ਼ਬਦ ਸੁਤ ਕਰ ਨਿਮਸਕਾਰ, ਪ੍ਰਭ ਅੱਗੇ ਸੀਸ ਝੁਕਾਇੰਦਾ । ਹਉਂ ਬਾਲਕ ਸੇਵਾਦਾਰ, ਸਾਚੀ ਸੇਵ ਕਮਾਇੰਦਾ । ਕਰ ਕਿਰਪਾ ਮਾਰਗ ਦੇ ਸਿਖਾਲ, ਸਿਖਿਆ ਇਕੋ ਮੰਗ ਮੰਗਾਇੰਦਾ । ਅਬਿਨਾਸ਼ੀ ਕਰਤਾ ਹੋ ਦਿਆਲ, ਭੇਵ ਅਭੇਦ ਆਪ ਜਣਾਇੰਦਾ । ਤੇਰੇ ਅੰਤਰ ਕਰ ਪਰਧਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਜਣਾਇੰਦਾ । ਸੁਤ ਸ਼ਬਦ ਹੋ ਤਿਆਰ, ਸੋ ਪੁਰਖ ਨਿਰੰਜਣ ਆਪ ਜਣਾਈਆ । ਤੇਰੇ ਅੰਤਰੋਂ ਆਵੇ ਬਾਹਰ, ਬੇਪਰਵਾਹ ਬੇਪਰਵਾਹੀਆ । ਵਿਸ਼ਵ ਖੇਲ ਕਰੇ ਕਰਤਾਰ, ਵਿਸ਼ਨੂੰ ਆਪਣੀ ਧਾਰ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਬੇਪਰਵਾਹੀਆ । ਵਿਸ਼ਨੂੰ ਚਾੜ੍ਹੇ ਤੇਰਾ ਰੰਗ, ਰੰਗ ਰੰਗ ਵਿਚ ਬਦਲਾਈਆ । ਖੇਲੇ ਖੇਲ ਸੂਰਾ ਸਰਬੰਗ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਭੇਵ ਚੁਕਾਏ ਮਰਦ ਮਰਦੰਗ, ਮਦਰਸਾ ਇਕੋ ਇਕ ਜਣਾਈਆ । ਸਤਿ ਦਰਸਾਏ ਇਕ ਅਨੰਦ, ਅਨੰਦ ਅਨੰਦ ਦਰਸਾਈਆ । ਆਪਣੀ ਧਾਰ ਤੇਰੇ ਨਾਲ ਗੰਢ, ਤੇਰੀ ਧਾਰ ਵਿਸ਼ਨੂੰ ਰੂਪ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਖੇਲ ਰਿਹਾ ਜਣਾਈਆ । ਸ਼ਬਦ ਸੁਤ ਹੋ ਖ਼ੁਸ਼ਹਾਲ, ਘਰ ਸਾਚੇ ਖ਼ੁਸ਼ੀ ਮਨਾਇੰਦਾ ।

ਵਿਸ਼ਨੂੰ ਮੇਲਾ ਦੀਨ ਦਿਆਲ, ਵਿਸ਼ਨੂੰ ਕਾਰ ਕਮਾਇੰਦਾ । ਸਚ ਸੰਦੇਸਾ ਦਏ ਭਗਵਾਨ, ਆਪਣਾ ਖੇਲ ਜਣਾਇੰਦਾ । ਵਿਸ਼ਨੂੰ ਅੰਤਰ ਵਸਤ ਕਮਾਲ, ਅੰਮ੍ਰਿਤ ਨਾਮ ਭਰਾਇੰਦਾ । ਅੰਮ੍ਰਿਤ ਨਾਭੀ ਉਪਜੇ ਲਾਲ, ਕਵਲ ਫੁੱਲ ਸਮਾਇੰਦਾ । ਕਵਲ ਫੁੱਲ ਹੋ ਉਜਿਆਰ, ਨੂਰ ਨੂਰ ਚਮਕਾਇੰਦਾ । ਨੂਰ ਨੂਰ ਦੇ ਆਧਾਰ, ਭਰਪੂਰ ਵੇਖ ਵਖਾਇੰਦਾ । ਭਰਪੂਰ ਹੋਏ ਆਪ ਕਰਤਾਰ, ਕਰਨੀ ਕਰਤਾ ਆਪ ਜਣਾਇੰਦਾ । ਬ੍ਰਹਮ ਬ੍ਰਹਮ ਕਰ ਤਿਆਰ, ਪਾਰਬ੍ਰਹਮ ਆਪਣਾ ਭਰਮ ਮਿਟਾਇੰਦਾ । ਵਿਸ਼ਨ ਬ੍ਰਹਮਾ ਏਕਾ ਧਾਰ, ਤੇਰਾ ਸੰਗ ਨਿਭਾਇੰਦਾ । ਤੇਰਾ ਸੰਗ ਖੇਲ ਅਪਾਰ, ਸ਼ਿਵ ਸ਼ੰਕਰ ਖੋਜ ਖੁਜਾਇੰਦਾ । ਵੇਖਣਹਾਰਾ ਧੁਆਂਧਾਰ, ਸਚ ਸਮਗਰੀ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਇਛਿਆ ਭਿਛਿਆ ਕਰੇ ਰਿਛਿਆ, ਪ੍ਰਿਤਪਾਲਕ ਆਪਣੀ ਦਇਆ ਕਮਾਇੰਦਾ । ਧੁਆਂਧਾਰ ਵੇਖੇ ਸੁਨ ਅਗੰਮ, ਬੇਪਰਵਾਹ ਬੇਪਰਵਾਹੀਆ । ਨਿਹਕਰਮੀ ਕਰੇ ਆਪਣਾ ਕਰਮ, ਕਰਮ ਕਾਂਡ ਨਾ ਕੋਇ ਵਡਿਆਈਆ । ਮੇਟਣਹਾਰਾ ਆਪਣਾ ਭਰਮ, ਭਰਮ ਵਿਚ ਕਦੇ ਨਾ ਆਈਆ । ਬਿਨ ਮਾਤ ਪਿਤ ਵਿਸ਼ਨ ਬ੍ਰਹਮਾ ਦੇਵਣਹਾਰਾ ਜਨਮ, ਸ਼ੰਕਰ ਇਕੋ ਗੰਢ ਪੁਆਈਆ । ਸ਼ਬਦ ਸੁਤ ਤੇਰਾ ਵਰਨ, ਬਰਨ ਭਗਵਾਨ ਆਪ ਸਮਝਾਈਆ । ਨੇਤਰ ਖੋਲ੍ਹੇ ਆਪਣਾ ਹਰਨ ਫਰਨ, ਦੋਏ ਲੋਚਣ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,ਕਰੇ ਖੇਲ ਸਾਚਾ ਹਰਿ, ਏਕਾ ਏਕ ਵੇਸ ਵਟਾਈਆ । ਇਕ ਸ਼ਬਦ ਤ੍ਰੈ ਤ੍ਰੈ ਧਾਰ, ਵਿਸ਼ਨ ਬ੍ਰਹਮਾ ਸ਼ਿਵ ਵੰਡ ਵੰਡਾਇੰਦਾ । ਸ਼ਬਦ ਅਗੰਮ ਇਕ ਗ਼ੁਫ਼ਤਾਰ, ਦੀਦ ਸ਼ੁਨੀਦ ਆਪ ਸਮਝਾਇੰਦਾ । ਨਾਮ ਧੁਨ ਬੋਧ ਅਗਾਧ ਜੈਕਾਰ, ਬਿਨ ਕੰਨਾਂ ਰਾਗ ਸੁਣਾਇੰਦਾ । ਕਰ ਖੇਲ ਆਪ ਸਿਰਜਣਹਾਰ, ਸਿਰ ਸਿਰ ਆਪਣਾ ਹੱਥ ਟਿਕਾਇੰਦਾ । ਸਾਚੀ ਸਿਖਿਆ ਧੁਰ ਸਿਖਾਲ, ਭੇਵ ਅਭੇਦ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਰ ਇਕੋ ਇਕ ਦ੍ਰਿੜਾਇੰਦਾ । ਵਰ ਦੇਵੇ ਆਪ ਨਿਰਇਛਤ, ਇਛਿਆ ਸਭ ਦੀ ਪੂਰ ਕਰਾਈਆ । ਸ਼ਬਦ ਸ਼ਬਦ ਪਾਵੇ ਭਿਛਤ, ਭਿਖਿਆ ਇਕੋ ਵੰਡ ਵੰਡਾਈਆ । ਵਿਸ਼ਨ ਬ੍ਰਹਮਾ ਸ਼ਿਵ ਦੇਵੇ ਸਿਖ਼ਤ, ਸਿਖਿਆ ਸਚ ਪੜ੍ਹਾਈਆ । ਹਰਿ ਕਾ ਭੇਵ ਆਦਿ ਜੁਗਾਦਿ ਕਿਸੇ ਨਾ ਆਇਆ ਵਿਚ ਲਿਖ਼ਤ, ਵਿਸ਼ਨ ਬ੍ਰਹਮਾ ਸ਼ਿਵ ਸਦਾ ਸਦਾ ਰਹੇ ਜਸ ਗਾਈਆ । ਪ੍ਰਭ ਮਿਲਣ ਦੀ ਰੱਖਦੇ ਰਹੇ ਸਾਰੇ ਹਿਰਸ, ਅੰਤ ਕੰਤ ਭਗਵੰਤ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਗਤ ਰਚਨਾ ਮੂਲ, ਸ਼ਬਦੀ ਗੁਰ ਬਣਾਇਆ ਅਸੂਲ, ਵਿਸ਼ਨ ਬ੍ਰਹਮਾ ਸ਼ਿਵ ਮਿਲਾਵਾ ਕੰਤ ਕੰਤੂਹਲ, ਏਸੇ ਕਾਰਨ ਤ੍ਰਿਸੂਲ ਸ਼ੰਕਰ ਹੱਥ ਫੜਾਈਆ । ਵਿਸ਼ਨ ਬ੍ਰਹਮਾ ਸ਼ਿਵ ਹਰਿ ਉਪਜਾ, ਸ਼ਬਦੀ ਰਾਗ ਅਲਾਇੰਦਾ । ਸ਼ਬਦ ਰਾਗ ਭੇਵ ਖੁਲ੍ਹਾ, ਪਰਮ ਪੁਰਖ ਮਿਲਾਇੰਦਾ । ਪਰਮ ਪੁਰਖ ਜੋਤ ਜਗਾ, ਇਕੋ ਨਜ਼ਰੀ ਆਇੰਦਾ । ਨਿਰਗੁਣ ਦਾਤਾ ਸੱਚਾ ਸ਼ਹਿਨਸ਼ਾਹ, ਸ਼ਾਹ ਪਾਤਸ਼ਾਹ ਅਖਵਾਇੰਦਾ । ਤਿੰਨਾਂ ਦੇਵੇ ਇਕ ਸਲਾਹ, ਬਿਨ ਅੱਖਰਾਂ ਆਪ ਪੜ੍ਹਾਇੰਦਾ । ਅੰਤਰ ਅੰਤਰ ਬਣ ਮਲਾਹ, ਬੇੜਾ ਆਪ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣੀ ਇਛਿਆ ਸਭ ਦੀ ਭਿਛਿਆ ਮੂਲ ਆਪਣੇ ਹੱਥ ਰਖਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰ ਹੁਸ਼ਿਆਰ, ਸਾਹਿਬ ਸਾਚੀ ਦਏ ਜਣਾਈਆ । ਸ਼ਬਦ ਸ਼ਬਦ ਸ਼ਬਦ ਭੰਡਾਰ, ਭਗਵਨ ਭਗਵਨ ਭਗਵਨ ਦਏ ਵਰਤਾਈਆ । ਭਗਵਨ ਭਗਵਨ ਵਿਚੋਲਾ ਨਿਰਾਕਾਰ, ਨਿਰਗੁਣ ਦਏ ਸਮਝਾਈਆ । ਮੇਰੀ ਕਰਨੀ

ਕਰੋ ਵਿਚਾਰ, ਆਪਣੀ ਕਰਨੀ ਕਰਨੀ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਰਚਨਾ ਸਚ ਸਚ ਆਪੇ ਵੇਖੇ ਨੱਚ ਨੱਚ, ਬਣ ਨਟੂਆ ਆਪਣਾ ਸ੍ਵਾਂਗ ਵਰਤਾਈਆ ।

## ★ ੨੬ ਫੱਗਣ ੨੦੧੯ ਬਿਕਰਮੀ ਸ਼ੁਸ਼ੀਲ ਮੁਨੀ ਦੇ ਨਾਲ ਨਵੀਂ ਦਿੱਲੀ ★

ਸਮਾਧੀ ਅੰਦਰ ਸੱਚਾ ਰੰਗ, ਬਿਨ ਰੰਗਤ ਨਜ਼ਰੀ ਆਇੰਦਾ । ਸਮਾਧੀ ਅੰਦਰ ਸੱਚਾ ਅਨੰਦ, ਬਿਨ ਰਸਨਾ ਜਿਹਵਾ ਆਇੰਦਾ । ਸਮਾਧੀ ਅੰਦਰ ਸੱਚਾ ਛੰਦ, ਬਿਨ ਰਾਗ ਤਾਲ ਗਾਇੰਦਾ । ਸਮਾਧੀ ਅੰਦਰ ਸੱਚਾ ਚੰਦ, ਨਿਰਗੁਣ ਜੋਤ ਰੁਸ਼ਨਾਇੰਦਾ । ਸਮਾਧੀ ਅੰਦਰ ਸੱਚਾ ਪੰਧ, ਅੰਦਰੇ ਅੰਦਰ ਪੈਂਡਾ ਸਰਬ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਸੱਚਾ ਵਰ, ਤਿਸ ਸਮਾਧੀ ਵਿਚ ਸਮਾਇੰਦਾ । ਸਮਾਧੀ ਵਿਚ ਰਿਖਵ ਦੇਵ, ਰਿਖੀ ਮੁਨੀ ਜਣਾਈਆ । ਸਮਾਧੀ ਅੰਦਰ ਅਲੱਖ ਅਭੇਵ, ਆਦਿ ਨਿਰੰਜਣ ਰੁਸ਼ਨਾਈਆ । ਸਮਾਧੀ ਅੰਦਰ ਵਡ ਦੇਵੀ ਦੇਵ, ਕਰੋੜ ਤੇਤੀਸਾ ਧਿਆਨ ਲਗਾਈਆ । ਸਮਾਧੀ ਅੰਦਰ ਮਿਲੇ ਨਿਹਚਲ ਨਿਹਕੇਵ, ਨਿਹਕਰਮੀ ਬੇਪਰਵਾਹੀਆ । ਸਮਾਧੀ ਅੰਦਰ ਮਿਲੇ ਸੱਚੀ ਸੇਵ, ਸਾਹਿਬ ਸਤਿਗੁਰ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਆਪਣੀ ਸਮਾਧੀ ਵਿਚ ਸਮਾਈਆ । ਸਮਾਧੀ ਅੰਦਰ ਆਤਮ ਰਸ, ਪਰਮਾਤਮ ਇਕੋ ਨਜ਼ਰੀ ਆਇੰਦਾ । ਸਮਾਧੀ ਅੰਦਰ ਜੋਤ ਪਰਕਾਸ਼, ਅੰਧੇਰ ਨਾ ਕੋਇ ਰਖਾਇੰਦਾ । ਸਮਾਧੀ ਅੰਦਰ ਸੱਚਾ ਧੁਨ ਨਾਦ, ਅਨਰਾਗੀ ਨਾਦ ਸੁਣਾਇੰਦਾ । ਸਮਾਧੀ ਅੰਦਰ ਸੁਰਤ ਸ਼ਬਦ ਜਾਏ ਜਾਗ, ਸਾਚਾ ਮੇਲ ਮਿਲਾਇੰਦਾ । ਸਮਾਧੀ ਅੰਦਰ ਮਿਲੇ ਸੱਚਾ ਰਾਗ, ਕੂੜਾ ਰੰਗ ਨਾ ਕੋਇ ਰੰਗਾਇੰਦਾ । ਸਮਾਧੀ ਅੰਦਰ ਸੰਤ ਸਤਿਗੁਰ ਸੁਣੇ ਇਕ ਆਵਾਜ਼, ਦੂਜਾ ਰਾਗ ਨਾ ਕੋਇ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਆਪਣਾ ਵਰ, ਤਿਸ ਸਮਾਧੀ ਇਕ ਸਮਝਾਇੰਦਾ । ਸਮਾਧੀ ਅੰਦਰ ਸਰਬ ਸੁਖ, ਦੁੱਖ ਨਾ ਲਾਗੇ ਰਾਈਆ । ਸਮਾਧੀ ਅੰਦਰ ਵੇਖੇ ਸਾਚਾ ਮੁਖ, ਪਰਦਾ ਦਵੈਤ ਉਠਾਈਆ । ਸਮਾਧੀ ਅੰਦਰ ਵੇਖੇ ਜੋ ਬੈਠਾ ਅੰਦਰ ਲੁਕ, ਘਰ ਵਿਚ ਦਰਸ਼ਨ ਪਾਈਆ । ਸਮਾਧੀ ਅੰਦਰ ਪੰਚ ਵਿਕਾਰ ਕੱਢੇ ਕੁੱਟ, ਕਾਮ ਕਰੋਧ ਲੋਭ ਮੋਹ ਹੰਕਾਰ ਨੇੜ ਨਾ ਆਈਆ । ਸਮਾਧੀ ਅੰਦਰ ਮਿਲੇ ਅਬਿਨਾਸ਼ੀ ਅਚੁਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਆਪਣਾ ਵਰ, ਸਚ ਸਮਾਧੀ ਵਿਚ ਰਖਾਈਆ । ਸਚ ਸਮਾਧੀ ਸਤਿ ਸਰੂਪ, ਸਤਿ ਸਤਿ ਜਣਾਇੰਦਾ । ਸਮਾਧੀ ਅੰਦਰ ਵੇਖੇ ਚਾਰੇ ਕੂਟ, ਦਹਿ ਦਿਸ਼ਾ ਫੋਲ ਫੁਲਾਇੰਦਾ । ਸਮਾਧੀ ਵਿਚ ਛੱਡੇ ਜੂਠ ਝੂਠ, ਸਚ ਸੁੱਚ ਵਡਿਆਇੰਦਾ । ਸਮਾਧੀ ਅੰਦਰ ਲੇਖਾ ਜਾਣੇ ਰੂਹ ਬੁੱਤ ਕਲਬੂਤ, ਕਲਮਾ ਨਬੀ ਰਸੂਲ ਜਣਾਇੰਦਾ । ਸਮਾਧੀ ਵਿਚ ਮਿਲੇ ਸਚ ਸਬੂਤ, ਸਬਰ ਸੰਤੋਖ ਇਕ ਜਣਾਇੰਦਾ । ਸਮਾਧੀ ਵਿਚ ਨੂਰ ਮਿਲਾਏ ਹੱਕ ਮਹਿਬੂਬ, ਮੁਹੱਬਤ ਇਕੋ ਇਕ ਰਖਾਇੰਦਾ । ਸਮਾਧੀ ਵਿਚ ਮਿਲੇ ਮਹੱਲ ਅਟੱਲ ਉਚ ਅਰੂਜ਼, ਅਰਸ਼ ਕੁਰਸ਼ ਡੇਰਾ ਢਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਆਪਣੀ ਸਚ ਸਮਾਧੀ, ਤਿਸ ਆਪਣਾ ਘਰ ਵਖਾਇੰਦਾ । ਸਮਾਧੀ ਅੰਦਰ ਸਚ ਧਿਆਨ, ਸਚ ਸਚ ਦ੍ਰਿੜਾਈਆ । ਸਮਾਧੀ ਅੰਦਰ ਸਚ ਗਿਆਨ, ਗਿਆਨ ਗਿਆਨ

ਰੁਸ਼ਨਾਈਆ । ਸਮਾਧੀ ਅੰਦਰ ਸਚ ਭਗਵਾਨ, ਭਗਵਾਨ ਭਗਵਾਨ ਨਜ਼ਰੀ ਆਈਆ । ਸਮਾਧੀ ਅੰਦਰ ਸਚ ਈਮਾਨ, ਧੀਰ ਸਚ ਸਚ ਵਖਾਈਆ । ਸਮਾਧੀ ਅੰਦਰ ਲੇਖਾ ਤੁਟ ਜਾਏ ਅੰਜੀਲ ਕੁਰਾਨ, ਸ਼ਾਸਤਰ ਸਿਮਰਤ ਵੇਦ ਪੁਰਾਨ ਸਮਾਧੀ ਵਿਚ ਬੈਠੇ ਸੇਵ ਕਮਾਈਆ । ਸੰਤ ਸਮਾਧੀ ਸੁੰਦਰ ਮਹਾਨ, ਨਜ਼ਰ ਕਿਸੇ ਨਾ ਆਈਆ । ਸ਼ੁਸ਼ੀਲ ਕੁਮਾਰ ਜੇ ਵੇਖੇ ਮਾਰ ਧਿਆਨ, ਕਵਣ ਸਮਾਧੀ ਵਿਚ ਆਸਣ ਲਾਈਆ । ਸਿੰਘਾਸਣ ਅਬਿਨਾਸਣ ਇਕ ਅਸਥਾਨ, ਭੂਮਕਾ ਇਕੋ ਇਕ ਵਖਾਈਆ । ਚੰਦ ਸੂਰਜ ਨੈਣ ਸ਼ਰਮਾਣ, ਨਿਰਮਲ ਜੋਤ ਇਕ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਵਖਾਏ ਆਪਣਾ ਘਰ, ਤਿਸ ਸਮਾਧੀ ਵਿਚ ਸਮਾਪਤ ਸਭ ਕੁਛ ਦਏ ਕਰਾਈਆ । ਸਮਾਧੀ ਵਿਚ ਹੋਏ ਸਮਾਪਤ, ਜਗਤ ਇਛਿਆ ਨਾ ਕੋਇ ਰਖਾਇੰਦਾ । ਸਮਾਧੀ ਵਿਚ ਮਿਲੇ ਕਮਲਾਪਤ, ਕਵਲ ਨੈਣ ਨਜ਼ਰੀ ਆਇੰਦਾ । ਸਮਾਧੀ ਵਿਚ ਮਿਲੇ ਸੱਚਾ ਸਤਿ, ਸਚ ਸੰਤੋਖ ਧੀਰਜ ਜੱਤ, ਇਕੋ ਇਕ ਵਖਾਇੰਦਾ । ਸਮਾਧੀ ਵਿਚ ਮਿਲੇ ਬ੍ਰਹਮ ਮਤ, ਬ੍ਰਹਮ ਵਿਦਿਆ ਇਕ ਪੜ੍ਹਾਇੰਦਾ । ਸਮਾਧੀ ਵਿਚ ਮਿਲੇ ਆਪ ਪਰਤੱਖ, ਆਪ ਆਪਾ ਚੀਨ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਸਚ ਸਮਾਧੀ, ਤਿਸ ਆਪਣਾ ਮੇਲ ਮਿਲਾਇੰਦਾ । ਸਮਾਧੀ ਅੰਦਰ ਸਾਚਾ ਮੇਲਾ, ਆਤਮ ਪਰਮਾਤਮ ਇਕੋ ਨਜ਼ਰੀ ਆਈਆ । ਸਮਾਧੀ ਅੰਦਰ ਨਾਤਾ ਤੁੱਟੇ ਗੁਰੂ ਚੇਲਾ, ਚੇਲਾ ਗੁਰੂ ਰੂਪ ਵਟਾਈਆ । ਸਮਾਧੀ ਅੰਦਰ ਸੱਚਾ ਸੰਗ ਸੱਜਣ ਸੁਹੇਲਾ, ਸੰਤ ਸਤਿਗੁਰ ਇਕੋ ਨਜ਼ਰੀ ਆਈਆ । ਸਮਾਧੀ ਅੰਦਰ ਤ੍ਰੈਗੁਣ ਮਾਇਆ ਤੁੱਟੇ ਜੰਜਾਲਾ, ਰਾਏ ਧਰਮ ਨਾ ਦਏ ਸਜਾਈਆ । ਸਮਾਧੀ ਅੰਦਰ ਆਤਮ ਪਰਮਾਤਮ ਪਾਏ ਗਲ ਸਾਚੀ ਮਾਲਾ, ਮਨ ਕਾ ਮਣਕਾ ਦਏ ਭੁਆਈਆ । ਸਮਾਧੀ ਅੰਦਰ ਕਾਇਆ ਮੰਦਰ ਅੰਦਰ ਮਿਲੇ ਸੱਚੀ ਧਰਮਸਾਲਾ, ਸਚ ਦੁਆਰਾ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਸਚ ਸਮਾਧੀ, ਤਿਸ ਕਲਜੁਗ ਵਾ ਨਾ ਲਾਗੇ ਰਾਈਆ । ਸਚ ਸਮਾਧੀ ਸੱਚਾ ਨਾਤਾ, ਸਤਿ ਸਤਿ ਮਿਲਾਇੰਦਾ । ਸਚ ਸਮਾਧੀ ਸਾਚੀ ਗਾਥਾ, ਬਿਨ ਰਸਨਾ ਜਿਹਵਾ ਪੜ੍ਹਾਇੰਦਾ । ਸਚ ਸਮਾਧੀ ਨਾਤਾ ਤੁੱਟੇ ਪਿਤਾ ਮਾਤਾ, ਭੈਣ ਭਾਈ ਨਜ਼ਰ ਕੋਇ ਨਾ ਆਇੰਦਾ । ਸਚ ਸਮਾਧੀ ਮਿਟੇ ਅੰਧੇਰੀ ਰਾਤਾ, ਕੂੜੀ ਕਿਰਿਆ ਨਾ ਕੋਇ ਰਖਾਇੰਦਾ । ਸਚ ਸਮਾਧੀ ਲੇਖਾ ਚੁੱਕੇ ਜ਼ਾਤ ਪਾਤਾ, ਬ੍ਰਹਮ ਬ੍ਰਹਮ ਬ੍ਰਹਮ ਇਕੋ ਇਕ ਦਰਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਸੱਚਾ ਵਰ, ਤਿਸ ਸਮਾਧੀ ਕਰ ਵਿਸਮਾਦੀ ਬੋਧ ਅਗਾਧੀ ਸ਼ਬਦ ਅਨਾਦੀ ਘਰ ਸਾਚਾ ਰਾਗ ਅਲਾਇੰਦਾ । ਸ਼ਾਸਤਰ ਸਿਮਰਤ ਤੱਕਣ ਰਾਹ, ਕਵਣ ਬੈਠਾ ਸਮਾਧੀ ਲਗਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਦਏ ਲਿਖਾ, ਵੇਦ ਪੁਰਾਨ ਸ਼ਾਸਤਰ ਸਿਮਰਤ ਸਮਾਧੀ ਨਾ ਸਕਣ ਲਗਾਈਆ । ਸਮਾਧੀ ਵਾਲਾ ਸਦਾ ਬੇਪਰਵਾਹ, ਨਿਰਭੈ ਰੂਪ ਵਖਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਸਭ ਨੂੰ ਰਹੇ ਡਰਾ, ਹੁਕਮ ਧੁਰ ਦਾ ਜਗਤ ਜਣਾਈਆ । ਸਮਾਧੀ ਅੰਦਰ ਬਣ ਕੇ ਸੱਚਾ ਸ਼ਹਿਨਸ਼ਾਹ, ਆਤਮ ਸੇਜਾ ਸਚ ਸਿੰਘਾਸਣ ਉਤੇ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਮਾਧੀ ਵਖਾਏ ਸੱਚਾ ਘਰ, ਜਿਸ ਘਰ ਵੜ ਕੇ ਮੁੜ ਕੇ ਫਿਰ ਜਨਮ ਵਿਚ ਨਾ ਆਈਆ ।

## ★ ੨੬ ਫੱਗਣ ੨੦੧੯ ਬਿਕਰਮੀ ਸਿੰਘਾਸਣ ਉਤੇ ਦਿੱਲੀ ★

ਚਾਰ ਪਾਵੇ ਕਰਨ ਪੁਕਾਰ, ਪ੍ਰਭ ਅੱਗੇ ਸੀਸ ਝੁਕਾਈਆ । ਸਿੰਘਾਸਣ ਰੋਵੇ ਵਿਚ ਸੰਸਾਰ, ਨੇਤਰ ਨੈਣਾਂ ਨੀਰ ਵਹਾਈਆ । ਧਰਨੀ ਕਰੇ
ਹਾਹਾਕਾਰ, ਜਿਸ ਉਪਰ ਡੇਰਾ ਲਾਈਆ । ਝੱਲਿਆ ਨਾ ਜਾਏ ਅੰਤਮ ਭਾਰ, ਦੁੱਖੀ ਹੋ ਕੁਰਲਾਈਆ । ਪਾਰਬ੍ਰਹਮ ਪ੍ਰਭ ਲਹਿਣਾ ਵੇਖ ਆਪਣੇ
ਗੁਰ ਅਵਤਾਰ, ਪੀਰ ਪੈਗ਼ੰਬਰ ਪਰਦਾ ਲਾਹੀਆ । ਮਾਤਲੋਕ ਜੋ ਕਰ ਗਏ ਕਾਰ, ਕਰਨੀ ਜਗਤ ਕਮਾਈਆ । ਖਾਣੀ ਬਾਣੀ ਲੇਖਾ ਲਿਖ ਲਿਖ
ਗਏ ਲਿਖਾਰ, ਕਲਮ ਸ਼ਾਹੀ ਨਾਲ ਮਿਲਾਈਆ । ਸਭ ਦੀ ਕਰਨੀ ਕਲਜੁਗ ਅੰਤ ਭੁਲਾ ਸੰਸਾਰ, ਸਾਚਾ ਸੰਗ ਨਾ ਕੋਇ ਰਖਾਈਆ । ਚਾਰੋਂ
ਕੁੰਟ ਧੂਆਂਧਾਰ, ਨਿਰਗੁਣ ਚੰਦ ਨਾ ਕੋਇ ਰੁਸ਼ਨਾਈਆ । ਬੇਖ਼ਬਰ ਹੋ ਖ਼ਬਰਦਾਰ, ਖ਼ਬਰ ਲਏ ਥਾਉਂ ਥਾਈਂਆ । ਕਰਵਟ ਲਈ ਨਹੀਂ ਜੁਗ
ਚਾਰ, ਚੌਕੜੀ ਬੈਠੀ ਰਾਹ ਤਕਾਈਆ । ਤੈਨੂੰ ਸੋਏ ਨੂੰ ਸਕੇ ਨਾ ਕੋਈ ਉਠਾਲ, ਤੇਰੀ ਗ਼ਫ਼ਲਤ ਨਜ਼ਰ ਕਿਸੇ ਨਾ ਆਈਆ । ਤੇਰੀ ਦੇਵੇ ਨਾ
ਕੋਈ ਮਿਸਾਲ, ਮਿਸਲ ਸਕੇ ਨਾ ਕੋਇ ਬਣਾਈਆ । ਤੇਰਾ ਲੇਖਾ ਨਾ ਜਾਣੇ ਦੋ ਜਹਾਨ, ਲੋਕ ਪਰਲੋਕ ਨਾ ਭੇਵ ਚੁਕਾਈਆ । ਆ ਕੇ ਵੇਖ
ਮੁਰੀਦਾਂ ਹਾਲ, ਮੁਰਸ਼ਦ ਆਪਣਾ ਰਹਿਮ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ ।
ਚਾਰ ਪਾਵੇ ਮਾਰਨ ਧਾਹ, ਨੇਤਰ ਨੈਣਾਂ ਨੀਰ ਵਹਾਈਆ । ਪਾਰਬ੍ਰਹਮ ਪ੍ਰਭ ਬੇਪਰਵਾਹ, ਬੇਅੰਤ ਤੇਰੀ ਵਡਿਆਈਆ । ਚਾਰ ਜੁਗ ਤੇਰਾ ਤੱਕਦੇ
੮ ਰਹੇ ਰਾਹ, ਤੇਰਾ ਨੂਰ ਨਜ਼ਰ ਨਾ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਲੋਕ ਮਾਤ ਬਹਿੰਦੇ ਰਹੇ ਆ, ਪੰਜ ਤੱਤ ਚੋਲਾ ਜਗਤ ਹੰਢਾਈਆ । ੮
੧੪ ਤੇਰਾ ਸੰਦੇਸਾ ਦੇਂਦੇ ਰਹੇ ਖ਼ੁਦਾ, ਸਾਚਾ ਢੋਲਾ ਇਕ ਜਣਾਈਆ । ਤੂੰ ਬੈਠਾ ਰਿਹੋਂ ਜੁਦਾ, ਆਪ ਆਪਣਾ ਮੁਖ ਛੁਪਾਈਆ । ਸਚ ਸੰਦੇਸਾ ਦੇਂਦਾ ੧੪
ਰਿਹਾ ਅਲਾ, ਅੱਖਰ ਅੱਖਰ ਕਰ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮਿਹਰ ਨਜ਼ਰ
ਉਠਾਈਆ । ਚਾਰ ਪਾਵੇ ਰਹੇ ਤੱਕ, ਤਕਵਾ ਇਕੋ ਇਕ ਰਖਾਇਆ । ਗੁਰ ਅਵਤਾਰ ਪੀਰ ਪੈਗ਼ੰਬਰ ਅੰਤਮ ਗਏ ਥੱਕ, ਪਾਂਧੀ ਨਜ਼ਰ ਕੋਇ
ਨਾ ਆਇਆ । ਨਬੇੜਾ ਕਰੇ ਨਾ ਕੋਈ ਹੱਕ, ਹਕੀਕਤ ਸਕੇ ਨਾ ਕੋਈ ਖੋਜ ਖੁਜਾਇਆ । ਲੱਖ ਚੁਰਾਸੀ ਜੀਵ ਜੰਤ ਹੋਏ ਅਨਜ਼ੱਕ, ਭੈ ਭੌ ਨਾ
ਕੋਇ ਜਣਾਇਆ । ਨਾਤਾ ਤੁਟਿਆ ਚੌਦਾਂ ਹੱਟ, ਚੌਦਾਂ ਵਿਦਿਆ ਮਾਣ ਮੁਕਾਇਆ । ਨੇਤਰ ਰੋਵਣ ਤੀਰਥ ਅੱਠਸੱਠ, ਮੰਦਰ ਮਸਜਿਦ ਸ਼ਿਵਦੁਆਲੇ
ਮੱਠ ਦੇਣ ਦੁਹਾਇਆ । ਤੇਰਾ ਨਾਮ ਨਾ ਸਕੇ ਕੋਈ ਰਟ, ਰੱਟਾ ਕਲਜੁਗ ਘਰ ਘਰ ਪਾਇਆ । ਨਾ ਕੋਈ ਦਸਾਏ ਧੀਰਜ ਜੱਤ, ਸੰਤੋਖ ਰੂਪ
ਨਾ ਕੋਇ ਦਸਾਇਆ । ਸਭ ਦੀ ਮਾਰੀ ਗਈ ਮਤ, ਬੁਧ ਬਿਬੇਕ ਨਾ ਕੋਇ ਕਰਾਇਆ । ਕੂੜ ਕੁੜਿਆਰ ਖੋਲ੍ਹ ਕੇ ਬੈਠੇ ਹੱਟ, ਸੱਚਾ ਨਾਮ
ਨਜ਼ਰ ਕਿਤੇ ਨਾ ਆਇਆ । ਸ਼ਾਹ ਸੁਲਤਾਨ ਰਾਜ ਰਾਜਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ,
ਦਰ ਤੇਰੇ ਸੀਸ ਝੁਕਾਇਆ । ਚਾਰ ਪਾਵ ਦੋਏ ਜੋੜ, ਇਕ ਧਿਆਨ ਲਗਾਈਆ । ਪਾਰਬ੍ਰਹਮ ਪ੍ਰਭ ਛੇਤੀ ਬੌਹੜ, ਇਕੋ ਆਸ ਰਖਾਈਆ ।
ਲੱਖ ਚੁਰਾਸੀ ਹੋਈ ਕੌੜ, ਮਿੱਠਾ ਰਸ ਨਜ਼ਰ ਨਾ ਆਈਆ । ਸ਼ਬਦ ਅਗੰਮ ਚੜ੍ਹ ਘੋੜ, ਸ਼ਾਹ ਸਵਾਰੇ ਬੇਪਰਵਾਹੀਆ । ਦੋ ਜਹਾਨਾਂ ਲਾ ਇਕੋ
ਪੌੜ, ਪੌੜਾ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰਾ ਧਿਆਨ

ਲਗਾਈਆ । ਚਾਰ ਪਾਵੇ ਚੌਥੇ ਜੁਗ, ਸੋ ਪੁਰਖ ਨਿਰੰਜਣ ਜਣਾਇੰਦਾ । ਸਭ ਦੀ ਔਧ ਗਈ ਪੁੱਗ, ਵੇਲਾ ਵਕਤ ਨਾ ਕੋਇ ਰਖਾਇੰਦਾ । ਤੇਰਾ
ਭਾਰ ਲਏ ਚੁੱਕ, ਆਪਣਾ ਭਾਰ ਨਾ ਕੋਇ ਜਣਾਇੰਦਾ । ਪਰਗਟ ਹੋਏ ਜੋ ਬੈਠਾ ਲੁਕ, ਨਿਰਗੁਣ ਆਪਣਾ ਰੂਪ ਧਰਾਇੰਦਾ । ਕਰਿਆ ਖੇਲ
ਅਬਿਨਾਸ਼ੀ ਅਚੁਤ, ਚੇਤਨ ਧਾਰ ਇਕ ਵਖਾਇੰਦਾ । ਸਤਿ ਸੁਹੰਜਣੀ ਵਖਾਏ ਇਕ ਰੁੱਤ, ਰੁੱਤ ਰੁੱਤੜੀ ਆਪ ਮਹਿਕਾਇੰਦਾ । ਤੇਰਾ ਦੁੱਖੜਾ ਲਏ
ਪੁੱਛ, ਪਿਛਲਾ ਰੋਗ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਸੁਣਾਇੰਦਾ । ਸਚ ਸੰਦੇਸਾ ਸ੍ਰੀ
ਭਗਵਾਨ, ਪਾਵ ਚਾਰ ਜਣਾਈਆ । ਪਰਗਟ ਹੋ ਨੌਜਵਾਨ, ਵੇਖੇ ਥਾਉਂ ਥਾਈਆ । ਚੌਥੀ ਮੰਜ਼ਲ ਕਰ ਪਰਵਾਨ, ਪਰਵਾਨਾ ਆਪਣਾ ਦਏ ਫੜਾਈਆ ।
ਚਾਰ ਪਾਵੇ ਰਚ ਮਨਾਰ, ਨਿਸ਼ਾਨ ਚਾਰੋਂ ਕੁੰਟ ਨਜ਼ਰੀ ਆਈਆ । ਜਗਤ ਸਿੰਘਾਸਣ ਉਲਟਾ ਆਪ ਭਗਵਾਨ, ਆਪ ਆਪਣਾ ਹੁਕਮ ਵਰਤਾਈਆ ।
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੀਚਿਉਂ ਉਪਰ ਲਏ ਉਠਾਈਆ । ਨੀਚਿਉਂ ਉਪਰ ਜਾਣਾ ਆ, ਸੋ ਪੁਰਖ ਨਿਰੰਜਣ ਆਪ
ਕਰਾਇੰਦਾ । ਸੰਮਤ ਸੋਲਾਂ ਖੇਲ ਕਰਾ, ਆਪਣੀ ਕਰਨੀ ਆਪ ਭੁਆਇੰਦਾ । ਜਗਤ ਸਿੰਘਾਸਣ ਆਪ ਉਠਾ, ਆਪਣੀ ਧਾਰ ਚਲਾਇੰਦਾ । ਸਾਚਾ
ਮੰਦਰ ਆਪ ਵਡਿਆ, ਵਡਿਆਈ ਆਪਣੇ ਹੱਥ ਰਖਾਇੰਦਾ । ਛੱਤੀ ਯੁਗ ਦਾ ਪੰਧ ਮੁਕਾ, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਇੰਦਾ । ਲੇਖਾ
ਜਾਣੇ ਦੋ ਜਹਾਨ, ਨਿਰਗੁਣ ਸਰਗੁਣ ਧਾਰ ਬੰਧਾਇੰਦਾ । ਹੌਲਾ ਭਾਰ ਦਏ ਕਰਾ, ਆਪ ਆਪਣੀ ਦਇਆ ਕਮਾਇੰਦਾ । ਸਾਚਾ ਮਾਰਗ ਦਏ
ਲਗਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦੁੱਖ ਦਰਦ ਸਰਬ ਮਿਟਾਇੰਦਾ । ਚਾਰ ਪਾਵੇ ਰੱਖਣਾ
੯ ਯਾਦ, ਚਾਰ ਚਾਰ ਜਣਾਈਆ । ਸੁਣਨਹਾਰ ਸਚ ਫਰਿਯਾਦ, ਸ਼ਹਿਨਸ਼ਾਹ ਆਪਣਾ ਫੇਰਾ ਪਾਈਆ । ਚੌਥੇ ਘਰ ਦੇਵੇ ਦਾਦ, ਮਿਹਰ ਨਜ਼ਰ ਇਕ ੯
੧੪ ਉਠਾਈਆ । ਧਰਤ ਧਵਲ ਵਿਚੋਂ ਕਾਢ, ਅਸਮਾਨ ਉਪਰ ਦਏ ਬਿਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ੧੪
ਮਾਣ ਵਡਿਆਈਆ । ਮਾਣ ਵਡਿਆਈ ਦੇਵੇ ਹਰਿ, ਹਰਿ ਸਾਚਾ ਸਚ ਜਣਾਇੰਦਾ । ਸਾਚੀ ਕਰਨੀ ਆਪ ਕਰ, ਕਰਤਾ ਪੁਰਖ ਸਮਝਾਇੰਦਾ ।
ਸਾਚੇ ਮੰਦਰ ਜਾਣਾ ਚੜ੍ਹ, ਸਚ ਦੁਆਰਾ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ ।
ਸਚ ਦੁਆਰੇ ਦੇਵੇ ਚਾਹੜ, ਪ੍ਰਭ ਹੱਥ ਵੱਡੀ ਵਡਿਆਈਆ । ਅਗਲਾ ਖੇਲ ਕਰੇ ਕਰਤਾਰ, ਕੁਦਰਤ ਕਾਦਰ ਵੇਖ ਵਖਾਈਆ । ਤੇਰਾ ਸੋਗ ਦਏ
ਨਿਵਾਰ, ਤੇਰਾ ਹਰਖ ਰਹੇ ਨਾ ਰਾਈਆ । ਤੇਰਾ ਲੋਕ ਪਰਲੋਕ ਦਏ ਸੁਆਰ, ਦੋ ਜਹਾਨ ਦਏ ਵਡਿਆਈਆ । ਉਪਰ ਬੈਠ ਸੱਚੀ ਸਰਕਾਰ,
ਸ਼ਹਿਨਸ਼ਾਹ ਆਪਣਾ ਹੁਕਮ ਮਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦਰ ਆ ਕੇ ਕਰਨ ਨਿਮਸਕਾਰ, ਤੇਰਾ ਮਾਣ ਵਧਾਈਆ । ਰਸਨਾ ਬੋਲਣ
ਇਕ ਜੈਕਾਰ, ਭਗਤ ਸਿੰਘਾਸਣ ਤੇਰੀ ਸੋਭਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ
ਲੇਖਾ ਦਏ ਮੁਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਆਵਣਗੇ । ਸਚ ਸਿੰਘਾਸਣ ਉਤੇ ਤੇਰਾ ਦਰਸ਼ਨ ਪਾਵਣਗੇ । ਚਾਰੋਂ ਕੁੰਟ ਚਾਰ ਮਨਾਰ
ਨਜ਼ਰੀ ਆਵਣਗੇ । ਭਗਤ ਭਗਵਾਨ ਇਕੋ ਗੀਤ ਗਾਵਣਗੇ । ਪੰਚਮ ਬਹਿ ਬਹਿ ਖ਼ੁਸ਼ੀ ਮਨਾਵਣਗੇ । ਬਿਨ ਨੇਤਰਾਂ ਦਰਸ਼ਨ ਪਾਵਣਗੇ । ਜੋਤੀ
ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦਰ ਮੰਦਰ ਇਕ ਵਸਾਵਣਗੇ । ਦਰ ਮੰਦਰ ਇਕ ਵਸਾਏਗਾ । ਪ੍ਰਭ

ਆਪਣੀ ਦਇਆ ਕਮਾਏਗਾ । ਚਾਰ ਪਾਵੇ ਮਾਣ ਰਖਾਏਗਾ । ਪਿਛਲੇ ਦਾਅਵੇ ਸਭ ਦੇ ਪਾੜ ਵਖਾਏਗਾ । ਲੇਖਾ ਹੱਥ ਨਾ ਕਿਸੇ ਰਖਾਏਗਾ । ਖ਼ਾਲੀ ਹੱਥ ਸਰਬ ਕਰਾਏਗਾ । ਗੁਰ ਅਵਤਾਰ ਗਲ ਪੱਲੂ ਪਾ ਸੀਸ ਝੁਕਾਏਗਾ । ਪੀਰ ਪੈਗ਼ੰਬਰ ਸਜਦਾ ਇਕੋ ਇਕ ਦਰਸਾਏਗਾ । ਦਰਗਹਿ ਸਾਚੀ ਦਾ ਸਾਚਾ ਥਾਂ, ਦੋ ਜਹਾਨਾਂ ਨਜ਼ਰੀ ਆਏਗਾ । ਨਾ ਜ਼ਿਮੀਂ ਨਾ ਅਸਮਾਨ, ਅੱਧਵਿਚਕਾਰੇ ਆਪਣਾ ਡੇਰਾ ਲਾਏਗਾ । ਅੱਧ ਵਿਚੋਂ ਫੜ ਮੁਹੰਮਦ ਜਣਾਏ ਆਪਣੀ ਕਲਾਮ, ਕਲਮਾ ਇਕੋ ਇਕ ਦ੍ਰਿੜਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚੇ ਮਾਣ ਦਿਵਾਏਗਾ । ਚਾਰ ਪਾਵੇ ਪਏ ਹੱਸ, ਸਚ ਪ੍ਰਭ ਤੇਰੀ ਵਡਿਆਈਆ । ਸਾਚਾ ਮਾਰਗ ਦਿਤਾ ਦੱਸ, ਚਰਨੀ ਢਹਿ ਢਹਿ ਸ਼ੁਕਰ ਮਨਾਈਆ । ਸਾਡਾ ਪਿਛਲਾ ਚੁਕਿਆ ਹਠ, ਅੱਗੇ ਇਕੋ ਓਟ ਰਖਾਈਆ । ਤੇਰੇ ਨਾਲ ਬੱਝੇ ਨੱਤ, ਜਗਤ ਨਾਤਾ ਰਹਿਣ ਨਾ ਪਾਈਆ । ਤੂੰ ਰੱਖੀਂ ਸਾਡੀ ਪੱਤ, ਪੱਤ ਪਤਵੰਤ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਸਚ ਰਿਹਾ ਜਣਾਈਆ । ਸਚ ਸਚ ਜਾਣਾ ਜਾਣ, ਜਾਣੀ ਜਾਣ ਜਣਾਇੰਦਾ । ਸਚ ਸਚ ਭਗਵਾਨ, ਸ੍ਰੀ ਭਗਵਾਨ ਅਖਵਾਇੰਦਾ । ਸਚ ਸਚ ਨਿਸ਼ਾਨ, ਸਤਿ ਸਤਿਵਾਦੀ ਆਪ ਝੁਲਾਇੰਦਾ । ਸਚ ਸਚ ਬਬਾਣ, ਨਾਮ ਬਬਾਣ ਇਕ ਉਡਾਇੰਦਾ । ਸਚ ਸਚ ਕਰੇ ਕਲਿਆਣ, ਨਿਹਕਰਮੀ ਕਰਮ ਕਮਾਇੰਦਾ । ਸਚ ਸਚ ਦੇਵੇ ਮਾਣ, ਨਿਮਾਣਿਆਂ ਗਲੇ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੇ ਘਰ ਇਕੋ ਖੇਲ ਵਖਾਇੰਦਾ । ਸਾਚੇ ਘਰ ਖੇਲ ਅਨੋਖਾ, ਸ੍ਰੀ ਭਗਵਾਨ ਆਪ ਜਣਾਈਆ । ਜੁਗ ਚੌਕੜੀ ਜੋ ਦੇਂਦਾ ਆਇਆ ਧੋਖਾ, ਭਰਮ ਭੁਲੇਖਾ, ਜਗਤ ਰਖਾਈਆ । ਕਲਜੁਗ ਅੰਤਮ ਅੰਤਮ ਵਾਰ ਸਭ ਨੂੰ ਇਕੋ ਦੇਵੇ ਮੌਕਾ, ਪਹਿਲੀ ਚੇਤਰ ਵੰਡ ਵੰਡਾਈਆ । ਬਾਕੀ ਸਭ ਦਾ ਪੋਚਿਆ ਰਹਿ ਜਾਏ ਚੌਂਕਾ, ਭਗਵਨ ਨਜ਼ਰ ਕਿਸੇ ਨਾ ਆਈਆ । ਸਾਧ ਸੰਤ ਜੀਵ ਜੰਤ ਹੋ ਜਾਏ ਔਂਤਾ, ਸਚ ਦੁਆਰੇ ਮਿਲੇ ਨਾ ਕੋਇ ਵਡਿਆਈਆ । ਚੌਥੀ ਮੰਜ਼ਲ ਚੜ੍ਹਾਏ ਦੇ ਦੇ ਹੋਕਾ, ਹੱਕ ਹੱਕ ਸਮਝਾਈਆ । ਪ੍ਰਭ ਕਾ ਭਾਣਾ ਕਿਸੇ ਨਾ ਰੋਕਾ, ਗੁਰ ਅਵਤਾਰ ਪੀਰ ਪੈਗ਼ੰਬਰ ਬੈਠੇ ਢੇਰੀਆਂ ਢਾਹੀਆ । ਪ੍ਰਭ ਵੇਖਣ ਵਿਚ ਸਭ ਤੋਂ ਛੋਟਾ, ਰੂਪ ਰੰਗ ਨਾ ਕੋਇ ਜਣਾਈਆ । ਕੋਟਨ ਕੋਟ ਜੁਗਾਂ ਪਿਛੋਂ ਬਲ ਧਾਰ ਕਰਿਆ ਆਪ ਲੰਗੋਟਾ, ਲੰਗੋਟੀ ਸਭ ਦੀ ਦਏ ਤੁੜਾਈਆ । ਜੀਵ ਜੰਤ ਕੋਈ ਰਹੇ ਨਾ ਖੋਟਾ, ਖੋਟੀ ਵਾਸਨਾ ਦਏ ਮੁਕਾਈਆ । ਸ਼ਬਦੀ ਪੁੱਤ ਗੁਰਮੁਖ ਰਹਿ ਜਾਏ ਪੋਤਾ, ਦੂਸਰਾ ਨਜ਼ਰ ਕੋਇ ਨਾ ਆਈਆ । ਸ੍ਰੀ ਭਗਵਾਨ ਕਦੇ ਨਾ ਬਣਿਆ ਹੋਛਾ, ਮਰਯਾਦਾ ਪਰਸ਼ੋਤਮ ਹੁਕਮੇ ਖੇਲ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰ ਪਾਵੇ ਦੇਵੇ ਵਰ, ਵਰ ਇਕੋ ਇਕ ਦਰਸਾਈਆ । ਉਹ ਵਰ ਪ੍ਰਭੂ ਕੇਹੜਾ, ਪਾਏ ਮੰਗ ਮੰਗਾਈਆ । ਜਿਸ ਨਾਲ ਮੁੱਕੇ ਪਿਛਲਾ ਝੇੜਾ, ਝੰਜਟ ਰਹਿਣ ਨਾ ਪਾਈਆ । ਉਚਾ ਵਸੇ ਸਾਚਾ ਖੇੜਾ, ਜਿਸ ਦਰ ਵੇਖਣ ਕੋਇ ਨਾ ਆਈਆ । ਕਵਣ ਬਿਧ ਬੰਨ੍ਹੇ ਬੇੜਾ, ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਆਸ ਰਖਾਈਆ । ਸਾਚਾ ਭੇਵ ਦੱਸੇ ਅਕਾਲ, ਅਕਲ ਕਲਾ ਅਖਵਾਇੰਦਾ । ਸਾਹਿਬ ਸਤਿਗੁਰ ਹੋ ਦਿਆਲ, ਦੀਨਨ ਆਪਣੇ ਗਲੇ ਲਗਾਇੰਦਾ । ਸਾਚਾ ਮਾਰਗ ਇਕ ਸਿਖਾਲ, ਸੋਹੰ ਅੱਖਰ ਆਪ ਪੜ੍ਹਾਇੰਦਾ । ਗੁਰਮੁਖ ਵੇਖ ਆਪਣੇ ਲਾਲ, ਆਪਣੀ ਗੋਦ ਬਹਾਇੰਦਾ । ਸਤਿ ਸਤਿਵਾਦੀ ਚਲੇ ਚਾਲ, ਪਿਛਲਾ

ਭੇਵ ਚੁਕਾਇੰਦਾ । ਪੁਛਣ ਆਏ ਮੁਰੀਦਾਂ ਹਾਲ, ਮੁਰਸ਼ਦ ਫੇਰਾ ਪਾਇੰਦਾ । ਸਚ ਦੁਆਰ ਵਖਾਏ ਸੱਚੀ ਧਰਮਸਾਲ, ਭਗਤ ਭਗਵੰਤ ਵੇਖ ਵਖਾਇੰਦਾ । ਜਿਸ ਘਰ ਪੋਹ ਨਾ ਸਕੇ ਕਾਲ, ਸੋ ਮੰਦਰ ਆਪ ਵਡਿਆਇੰਦਾ । ਸੰਤ ਸੁਹੇਲੇ ਸਾਚੇ ਭਾਲ, ਹਰਿ ਸੱਜਣ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਚਾੜ੍ਹੇ ਰੰਗ ਗੁਲਾਲ, ਗੁਲਸ਼ਨ ਆਪਣਾ ਆਪ ਮਹਿਕਾਇੰਦਾ । ਸਿੰਘਾਸਣ ਕਹੇ ਜਗਤ ਪ੍ਰਭ ਸ਼ਾਨ, ਸ੍ਰਿਸ਼ਟ ਨਾਲ ਵਡਿਆਈਆ । ਮੈਂ ਵੇਖਿਆ ਨਾਲ ਧਿਆਨ, ਚਾਰ ਕੁੰਟ ਨੈਣ ਉਠਾਈਆ । ਕੋਈ ਦਿਸੇ ਨਾ ਨੌਜਵਾਨ, ਜੋ ਆਪਣਾ ਬਲ ਪਰਗਟਾਈਆ । ਤੇਰੀ ਕਿਸੇ ਕੰਮ ਨਾ ਆਏ ਕਿਰਪਾਨ, ਖੰਡਾ ਖੜਗ ਨਾ ਕੋਇ ਖੜਕਾਈਆ । ਤੇਰਾ ਸ਼ਬਦ ਹੁਕਮਰਾਨ, ਦੋ ਜਹਾਨਾਂ ਰਿਹਾ ਭੁਆਈਆ । ਇਹ ਮੈਨੂੰ ਦੇ ਜਾ ਦਾਨ, ਜਗਤ ਨਿਸ਼ਾਨੀ ਮੰਗ ਮੰਗਾਈਆ । ਪਿਛੋਂ ਵੇਖੇ ਜੀਵ ਜਹਾਨ, ਪ੍ਰਭ ਕੀ ਕੀ ਖੇਲ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜਗਤ ਖੰਡਾ ਨਾ ਭਗਤ ਵੰਡਾ, ਨਾਮ ਪਰਚੰਡਾ ਗੁਰਮੁਖਾਂ ਹੱਥ ਫੜਾਈਆ ।

ਦਿੱਲੀ ਸੰਗਤ ਤੇਰਾ ਦਿਲੀ ਜਜ਼ਬਾ, ਨਜ਼ਰ ਕਿਸੇ ਨਾ ਆਈਆ । ਲਿਖਿਆ ਨਾ ਜਾਏ ਵਿਚ ਹਰਫ਼ਾਂ, ਅੱਖਰ ਅੱਖਰ ਨਾ ਕੋਇ ਵਡਿਆਈਆ । ਤੁਹਾਡਾ ਪ੍ਰੇਮ ਯਕਤਰਫ਼ਾ, ਦੂਜੀ ਵੰਡ ਨਾ ਕੋਇ ਵਖਾਈਆ । ਸਚ ਸਚ ਦੀ ਲਾਈ ਸੁਰਤਾ, ਜੂਠ ਝੂਠ ਮੁਕਾਈਆ । ਜਿਨ੍ਹਾਂ ਪਿਛੇ ਸਾਹਿਬ ਪਰਤਾ, ਪ੍ਰਤੀਨਿਧ ਫੇਰਾ ਪਾਈਆ । ਪਿਛਲੇ ਜਨਮ ਦਾ ਉਲਟਾਇਆ ਵਰਕਾ, ਲੇਖਾ ਸਾਫ਼ ਕਰਾਈਆ । ਬਿਨ ਕਸਵੱਟੀਉਂ ਗੁਰਮੁਖ ਪਰਖਾ, ਨਾਮ ਇਕੋ ਰਗੜ ਲਗਾਈਆ । ਤੁਹਾਡੇ ਪ੍ਰੇਮ ਦੀ ਸਾਚੀ ਬਰਖਾ, ਆਪਣੀ ਇਛਿਆ ਸ੍ਰੀ ਭਗਵਾਨ ਫੂਲ ਰੂਪ ਬਰਖਾਈਆ । ਚਿੰਤਾ ਸੋਗ ਰਹੇ ਨਾ ਹਰਖਾ, ਹਿਰਸ ਹਵਸ ਦਏ ਮਿਟਾਈਆ । ਲਹਿਣਾ ਚੁੱਕੇ ਅਰਸ਼ਾ ਫ਼ਰਸ਼ਾ, ਬੇਪਰਵਾਹ ਹੋਏ ਸਹਾਈਆ । ਖ਼ੁਸ਼ੀ ਹੋਇਆ ਪ੍ਰਭ ਤੁਹਾਡਾ ਕਰਕੇ ਦਰਸਾ, ਦਰਸ਼ਨ ਵਿਚ ਮਿਲੇ ਵਡਿਆਈਆ । ਜੇ ਕੋਈ ਬਾਕੀ ਰਹਿ ਗਿਆ ਕਰਜ਼ਾ, ਮੰਗੋ ਸਾਰੇ ਵਾਹੋ ਦਾਹੀਆ । ਸ੍ਰੀ ਭਗਵਾਨ ਪੂਰਾ ਕਰੇ ਫ਼ਰਜ਼ਾ, ਆਪਣੀ ਸੇਵ ਕਮਾਈਆ । ਜੇ ਕੁਛ ਵਿਚੋਂ ਕਰੇ ਹਰਜ਼ਾ, ਫੜ ਬਾਹੋਂ ਲੈਣਾ ਢਾਹੀਆ । ਆਪਣੇ ਦਰ ਦਾ ਬਣਾਓ ਬਰਦਾ, ਬਣ ਬਰਦਾ ਸੇਵ ਕਮਾਈਆ । ਸ੍ਰੀ ਭਗਵਾਨ ਖਹਿੜਾ ਛੱਡੇ ਘਰ ਘਰ ਦਾ, ਬਿਨ ਗੁਰਮੁਖਾਂ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਦੇਵੇ ਵਡਿਆਈਆ । ਹਰਿ ਸੰਗਤ ਤੇਰਾ ਦਿਲੀ ਤਜਰਬਾ, ਪ੍ਰਭ ਸਾਚਾ ਝੋਲੀ ਪਾਇੰਦਾ । ਕਿਤੋਂ ਹੱਥ ਨਾ ਆਏ ਅਰਬਾਂ ਖ਼ਰਬਾਂ, ਪਦਮ ਪਦਮਾਂ ਵੇਖ ਵਖਾਇੰਦਾ । ਕੋਈ ਹਿਸਾਬ ਨਾ ਲਾਏ ਦੇ ਕੇ ਜ਼ਰਬਾਂ, ਜ਼ੇਰ ਜ਼ਬਰ ਮੇਟ ਮਿਟਾਇੰਦਾ । ਲੇਖਾ ਜਾਣੇ ਮਰਦ ਮਰਦਾਂ, ਹਰਿਜਨ ਮਰਦਾਨਗੀ ਇਕ ਰਖਾਇੰਦਾ । ਪੁੱਠੀਆਂ ਸਭ ਦੀਆਂ ਸਿਧੀਆਂ ਹੋਣੀਆਂ ਨਰਦਾ, ਨਰ ਨਰਾਇਣ ਆਪ ਕਰਾਇੰਦਾ । ਭਗਵਾਨ ਭਗਤਾਂ ਕੋਲੋਂ ਸਦਾ ਡਰਦਾ, ਜੁਗ ਜੁਗ ਬਣ ਸੇਵਕ ਸੇਵ ਕਮਾਇੰਦਾ । ਭਗਤ ਭਗਵਾਨ ਅੱਗੇ ਸਜਦਾ, ਆਪਣਾ ਹੱਕ ਰਹਿਣ ਫ਼ਕ ਜ਼ਰੂਰ ਕਰਾਇੰਦਾ । ਭਗਵਾਨ ਭਗਤਾਂ ਪਿਛੇ ਮਰਦਾ, ਭਗਤ ਫਾਸ ਆਪਣੇ ਗਲ ਲਟਕਾਇੰਦਾ । ਭਗਵਾਨ ਭਗਤਾਂ ਢੋਲਾ ਪੜ੍ਹਦਾ, ਜੁਗ ਚੌਕੜੀ ਰਾਗ ਅਲਾਇੰਦਾ । ਭਗਵਾਨ ਭਗਤਾਂ ਅੰਦਰ ਵੜਦਾ, ਲੱਖ ਚੁਰਾਸੀ ਜੀਵ ਜੰਤ ਨਜ਼ਰ ਕਿਸੇ ਨਾ ਆਇੰਦਾ । ਭਗਵਾਨ ਭਗਤਾਂ ਵੈਰਾਗ ਵਿਛੋੜੇ ਹਿਜ਼ਰ ਅੰਦਰ ਸੜਦਾ, ਦਿਵਸ ਰੈਣ

ਧਿਆਨ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਦੇਵੇ ਸਾਚਾ ਵਰ, ਚਰਨ ਪ੍ਰੀਤੀ ਇਕ ਸਮਝਾਇੰਦਾ । ਦਿੱਲੀ ਸੰਗਤ ਤੇਰਾ ਦਿਲੀ ਨਿਵਾਸ, ਦਿਲਦਾਰ ਸਤਿਗੁਰ ਵੇਖ ਵਖਾਈਆ । ਕਿਧਰ ਵੇਖੇ ਤਹਿ ਆਸ ਪਾਸ, ਦੂਰ ਨਜ਼ਰ ਕੋਇ ਨਾ ਆਈਆ । ਪਾਰਬ੍ਰਹਮ ਦੀ ਬਣੇ ਸ਼ਾਖ਼, ਪਤ ਡਾਲੀ ਮਾਤ ਮਹਿਕਾਈਆ । ਧੁਰਦਰਗਾਹੀ ਸੱਚੀ ਦਾਖ਼, ਗੁਰਮੁਖ ਬੂਟਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਦਏ ਵਡਿਆਈਆ । ਦਿੱਲੀ ਸੰਗਤ ਤੇਰਾ ਦਿਲੀ ਡੇਰਾ, ਦਿਲ ਨਜ਼ਰ ਕਿਸੇ ਨਾ ਆਈਆ । ਜਿਸ ਘਰ ਰਹੇ ਚਾਉ ਘਨੇਰਾ, ਅੱਠੇ ਪਹਿਰ ਵਧਾਈਆ । ਤਿਨ੍ਹਾਂ ਸਤਿਗੁਰ ਕਹੇ ਤੂੰ ਮੇਰਾ ਮੈਂ ਤੇਰਾ, ਦੂਜਾ ਨਜ਼ਰ ਕੋਇ ਨਾ ਆਈਆ । ਗੁਰਮੁਖ ਪ੍ਰੇਮ ਪਿਆਰ ਦਾ ਖੁਲ੍ਹਾ ਵੇਹੜਾ, ਪਾਰਬ੍ਰਹਮ ਪ੍ਰਭ ਆਪਣਾ ਆਸਣ ਲਾਈਆ । ਲੱਖ ਚੁਰਾਸੀ ਜੀਵ ਜੰਤ ਤ੍ਰੈਗੁਣ ਝੇੜਾ, ਬੰਧਨ ਸਕੇ ਨਾ ਕੋਇ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਉਤੇ ਕਰੇ ਮਿਹਰਾ, ਡਰਦਾ ਡਰਦਾ ਆਪੇ ਸੇਵ ਕਮਾਈਆ ।

### ★ ੨੭ ਫੱਗਣ ੨੦੧੯ ਬਿਕਰਮੀ ਆਸਾ ਸਿੰਘ ਦੇ ਗ੍ਰਿਹ ਕਲਸਾਣੀ ਜ਼ਿਲਾ ਕਰਨਾਲ ★

ਸੋ ਪੁਰਖ ਠਾਂਡਾ ਦਰਬਾਰਾ, ਸਤਿ ਸਤਿਵਾਦੀ ਆਪ ਲਗਾਇੰਦਾ । ਹਰਿ ਪੁਰਖ ਨਿਰੰਜਣ ਹੋ ਉਜਿਆਰਾ, ਨਿਰਗੁਣ ਆਪਣੀ ਧਾਰ ਚਲਾਇੰਦਾ । ਏਕੰਕਾਰਾ ਪਾਵੇ ਸਾਰਾ, ਭੇਵ ਅਭੇਦ ਖੁਲ੍ਹਾਇੰਦਾ । ਆਦਿ ਨਿਰੰਜਣ ਹੋ ਉਜਿਆਰਾ, ਜੋਤੀ ਜਾਤਾ ਡਗਮਗਾਇੰਦਾ । ਅਬਿਨਾਸ਼ੀ ਕਰਤਾ ਖੋਲ੍ਹ ਕਿਵਾੜਾ, ਮਹੱਲ ਅਟੱਲ ਇਕ ਰੁਸ਼ਨਾਇੰਦਾ । ਸ੍ਰੀ ਭਗਵਾਨ ਸਚ ਹੁਲਾਰਾ, ਕਰਤਾ ਪੁਰਖ ਆਪ ਲਗਾਇੰਦਾ । ਪਾਰਬ੍ਰਹਮ ਪ੍ਰਭ ਵੇਖਣਹਾਰਾ, ਭੇਵ ਅਭੇਦ ਜਣਾਇੰਦਾ । ਸਚਖੰਡ ਸੁਹਾਏ ਸਚ ਦੁਆਰਾ, ਧੁਰ ਦਰਬਾਰੀ ਆਸਣ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਇੰਦਾ । ਸਾਚਾ ਖੇਲ ਕਰੇ ਭਗਵਾਨ, ਮਹਿਮਾ ਅਕੱਥ ਕਥੀ ਨਾ ਜਾਈਆ । ਪਰਗਟ ਹੋ ਨੌਜਵਾਨ, ਨਿਰਗੁਣ ਆਪਣੀ ਕਲ ਧਰਾਈਆ । ਦਾਤਾ ਦਾਨੀ ਮਿਹਰਵਾਨ, ਮਿਹਰ ਨਜ਼ਰ ਆਪ ਉਠਾਈਆ । ਵਸਣਹਾਰਾ ਸਚ ਮਕਾਨ, ਮੁਕਾਮੇ ਹੱਕ ਸੋਭਾ ਪਾਈਆ । ਲਾਸ਼ਰੀਕ ਹੋ ਮਿਹਬਾਨ, ਬੀਦੋ ਬੀ ਖ਼ੈਰ ਯਾ ਅੱਲਾ ਨੂਰੋ ਨੂਰ ਇਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਹਰਿ ਖੇਲ ਅਵੱਲਾ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਵਸਣਹਾਰਾ ਨਿਹਚਲ ਧਾਮ ਅਟੱਲਾ, ਅਗੰਮ ਅਥਾਹ ਆਪਣੀ ਕਾਰ ਕਰਾਇੰਦਾ । ਜੋਤੀ ਸ਼ਬਦੀ ਆਪੇ ਰਲਾ, ਨਿਰਗੁਣ ਨਿਰਗੁਣ ਆਪਣੀ ਵੰਡ ਵੰਡਾਇੰਦਾ । ਸਚ ਸੰਦੇਸ ਏਕਾ ਘੱਲਾ, ਧੁਰ ਫ਼ਰਮਾਣਾ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੁਆਰ ਆਪੇ ਖੜ, ਸਚ ਸਿੰਘਾਸਣ ਸੋਭਾ ਪਾਇੰਦਾ । ਸਚ ਸਿੰਘਾਸਣ ਸੋਭਾਵੰਤ, ਸ੍ਰੀ ਭਗਵਨ ਵੱਡੀ ਵਡਿਆਈਆ । ਲੇਖਾ ਜਾਣ ਆਦਿ ਅੰਤ, ਜੁਗ ਜੁਗ ਖੇਲ ਕਰਾਈਆ । ਬੋਧ ਅਗਾਧ ਮਣੀਆਂ ਮੰਤ, ਮੰਤਰ ਆਪਣਾ ਨਾਮ ਦ੍ਰਿੜਾਈਆ । ਸ਼ਬਦ ਅਗੰਮ ਮਹਿਮਾ ਅਗਣਤ, ਲੇਖਾ ਲਿਖਤ ਵਿਚ ਕਦੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੇ ਮੰਦਰ ਦਏ ਵਡਿਆਈਆ । ਸਚ ਮੰਦਰ ਸੁਹੰਜਣਾ, ਸੋਭਾਵੰਤ ਆਪ ਸੁਹਾਇੰਦਾ । ਜੋਤ ਜਗਾ ਆਦਿ ਨਿਰੰਜਣਾ,

ਕਮਲਾਪਾਤੀ ਰੂਪ ਧਰਾਇੰਦਾ । ਦੀਨਾਂ ਨਾਥ ਦਰਦ ਦੁੱਖ ਭੈ ਭੰਜਣਾ, ਅਨਭਵ ਆਪਣੀ ਖੇਲ ਕਰਾਇੰਦਾ । ਨਿਰਾਕਾਰ ਨਿਰੰਕਾਰ ਨਿਰਵੈਰ ਸਾਚਾ
ਸੱਜਣਾ, ਸਗਲਾ ਸੰਗ ਰਖਾਇੰਦਾ । ਨਾ ਘੜਿਆ ਨਾ ਭੱਜਣਾ, ਜਨਮ ਮਰਨ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ
ਕਿਰਪਾ ਕਰ, ਸਚ ਦੁਆਰਾ ਇਕ ਵਡਿਆਇੰਦਾ । ਸਚ ਦੁਆਰਾ ਸੋਭਾਵੰਤ, ਸੋ ਪੁਰਖ ਨਿਰੰਜਣ ਆਪ ਵਸਾਈਆ । ਹਰਿ ਪੁਰਖ ਨਿਰੰਜਣ ਸਾਚਾ
ਕੰਤ, ਨਰ ਨਰਾਇਣ ਵੇਖ ਵਖਾਈਆ । ਏਕੰਕਾਰਾ ਜਾਣੇ ਜੁਗਾ ਜੁਗੰਤ, ਚੌਕੜੀ ਆਪਣਾ ਬੰਧਨ ਪਾਈਆ । ਦੇਵਣਹਾਰ ਆਪਣਾ ਨਾਮ ਧਨਵੰਤ,
ਸਚ ਖ਼ਜ਼ਾਨਾ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੁਆਰ ਸਚ ਸਿੰਘਾਸਣ ਆਪ ਸੁਹਾਏ ਪੁਰਖ ਅਬਿਨਾਸ਼ਣ,
ਅਬਿਨਾਸ਼ੀ ਕਰਤਾ ਆਪਣਾ ਡੇਰਾ ਲਾਈਆ । ਸਾਚਾ ਡੇਰਾ ਸਚ ਦੁਆਰ, ਸੋ ਪੁਰਖ ਨਿਰੰਜਣ ਆਪ ਲਗਾਇੰਦਾ । ਜੋਧਾ ਸੂਰਬੀਰ ਬਣ ਬਲਕਾਰ,
ਬਲ ਆਪਣਾ ਆਪ ਪਰਗਟਾਇੰਦਾ । ਰਾਜਨ ਰਾਜ ਸ਼ਾਹ ਸੁਲਤਾਨ ਭੂਪ ਸਿਕਦਾਰ, ਧੁਰ ਫ਼ਰਮਾਣ ਹੁਕਮ ਅਲਾਇੰਦਾ । ਸਚ ਸੰਦੇਸਾ ਨਰ ਨਰੇਸ਼ਾ
ਏਕੰਕਾਰ ਦੇਵੇ ਏਕਾ ਵਾਰ, ਇਕ ਇਕੱਲਾ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੁਆਰੇ ਸਾਚਾ ਖੇਲ
ਕਰਾਇੰਦਾ । ਸਚ ਸੰਦੇਸਾ ਦੇਵੇ ਆਪ, ਆਪਣੀ ਦਇਆ ਕਮਾਈਆ । ਆਦਿ ਜੁਗਾਦੀ ਪਿਤਾ ਪੁਰਖ ਬਾਪ, ਵੇਖਣਹਾਰਾ ਥਾਉਂ ਥਾਈਂਆ । ਜੁਗ
ਚੌਕੜੀ ਜਾਣੇ ਜਾਪ, ਨਿਰਗੁਣ ਨਿਰਵੈਰ ਆਪਣੀ ਕਲ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ
ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਹਰਿ ਹੁਕਮਰਾਨ, ਸਚ ਸਿੰਘਾਸਣ ਸੋਭਾ ਪਾਇੰਦਾ । ਸੋ ਪੁਰਖ ਨਿਰੰਜਣ ਹੋ ਪਰਧਾਨ, ਹਰਿ ਪੁਰਖ ਨਿਰੰਜਣ ਭੇਵ
੧੩
ਖੁਲ੍ਹਾਇੰਦਾ । ਏਕੰਕਾਰ ਕਰ ਪਰਵਾਨ, ਆਦਿ ਨਿਰੰਜਣ ਸੰਗ ਨਿਭਾਇੰਦਾ । ਅਬਿਨਾਸ਼ੀ ਕਰਤਾ ਹੋ ਮਿਹਰਬਾਨ, ਸ੍ਰੀ ਭਗਵਾਨ ਛਤਰ ਝੁਲਾਇੰਦਾ ।
੧੪
ਪਾਰਬ੍ਰਹਮ ਪ੍ਰਭ ਕਰ ਧਿਆਨ, ਨਿਰਗੁਣ ਨਿਰਗੁਣ ਵੇਖ ਵਖਾਇੰਦਾ । ਜੋਧਾ ਸੂਰਬੀਰ ਨੌਜਵਾਨ, ਬਿਰਧ ਬਾਲ ਨਾ ਰੂਪ ਵਟਾਇੰਦਾ । ਮਹੱਲ
ਅਟੱਲ ਇਕ ਮਕਾਨ, ਸਚਖੰਡ ਦੁਆਰ ਸੁਹਾਇੰਦਾ । ਸਚ ਸੰਦੇਸਾ ਦੇਵੇ ਆਣ, ਆਪ ਆਪਣਾ ਭੇਵ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ
ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਹੁਕਮ ਇਕ ਉਪਜਾਇੰਦਾ । ਸਾਚਾ ਹੁਕਮ ਪਰਗਟਾਏ ਭਗਵਾਨ, ਭਗਵਨ ਆਪਣੀ ਦਇਆ
ਕਮਾਈਆ । ਧੁਰ ਦਰਗਾਹੀ ਸਚ ਨਿਸ਼ਾਨ, ਸਤਿ ਸਤਿਵਾਦੀ ਆਪ ਝੁਲਾਈਆ । ਸ਼ਬਦ ਸੁਤ ਕਰ ਬਲਵਾਨ, ਧੁਰ ਦਾ ਭੇਵ ਜਣਾਈਆ । ਇਕ
ਰਖਾਏ ਆਪਣੀ ਆਣ, ਸਿਰ ਆਪਣਾ ਹੱਥ ਟਿਕਾਈਆ । ਵਿਸ਼ਨ ਬ੍ਰਹਮਾ ਸ਼ਿਵ ਸੋਏ ਨਾ ਕੋਇ ਬਣ ਨਾਦਾਨ, ਨੇਤਰ ਨੈਣ ਦਏ ਖੁਲ੍ਹਾਈਆ ।
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਣਾ ਇਕ ਸੁਣਾਈਆ । ਧੁਰ ਫ਼ਰਮਾਣ ਦੇਵੇ ਭਗਵਾਨ, ਆਪਣੀ ਦਇਆ ਕਮਾਈਆ ।
ਤ੍ਰੈਗੁਣ ਮਾਇਆ ਹੋਏ ਪਰਧਾਨ, ਪੰਜ ਤੱਤ ਕਰ ਸਵਾਧਾਨ, ਸਚ ਸੰਦੇਸਾ ਇਕ ਸੁਣਾਈਆ । ਤੇਈ ਅਵਤਾਰ ਦੇ ਪਰਵਾਨ, ਨਾਮ ਪਰਵਾਨਾ ਹੱਥ
ਫੜਾਈਆ । ਭਗਤ ਅਠਾਰਾਂ ਦੇ ਗਿਆਨ, ਗਿਆਨ ਗਿਆਨ ਵਿਚ ਮਿਲਾਈਆ । ਈਸਾ ਮੂਸਾ ਮੁਹੰਮਦ ਨੈਣ ਖੁਲ੍ਹਾਣ, ਅੱਖ ਅੱਖ ਪਰਗਟਾਈਆ ।
ਨਾਨਕ ਗੋਬਿੰਦ ਵੇਖਣਾ ਮਾਰ ਧਿਆਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਨੇਹੁੜਾ ਇਕ
ਜਣਾਈਆ । ਸਚ ਸਨੇਹੁੜਾ ਦੇਵੇ ਘੱਲ, ਸੋ ਪੁਰਖ ਨਿਰੰਜਣ ਹੁਕਮ ਚਲਾਇੰਦਾ । ਕਰੇ ਖੇਲ ਅਛਲ ਅਛੱਲ, ਭੇਵ ਕੋਇ ਨਾ ਪਾਇੰਦਾ । ਵਸਣਹਾਰ

ਜਲ ਥਲ, ਦੋ ਜਹਾਨਾਂ ਆਪਣੀ ਧਾਰ ਜਣਾਇੰਦਾ । ਨਿਰਗੁਣ ਜੋਤ ਬਿਨ ਤੇਲ ਬਾਤੀ ਦੀਪਕ ਗਿਆ ਬਲ, ਅਗਿਆਨ ਅੰਧੇਰ ਮਿਟਾਇੰਦਾ । ਸ਼ਬਦੀ ਧਾਰ ਬੈਠਾ ਰਲ, ਰੂਪ ਰੰਗ ਰੇਖ ਨਾ ਕੋਇ ਵਖਾਇੰਦਾ । ਸਚ ਸਿੰਘਾਸਣ ਸਤਿ ਸਤਿਵਾਦੀ ਬੈਠਾ ਮਲ, ਪਾਰਬ੍ਰਹਮ ਪ੍ਰਭ ਆਪਣਾ ਭੇਵ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੁਨੇਹੁੜਾ ਇਕ ਉਪਜਾਇੰਦਾ । ਸਚ ਸੁਨੇਹੁੜਾ ਦੇਵਣ ਜੋਗ, ਪ੍ਰਭ ਵੱਡਾ ਵਡ ਵਡਿਆਈਆ । ਵਸਣਹਾਰਾ ਲੋਕ ਪਰਲੋਕ, ਚੌਦਾਂ ਲੋਕਾਂ ਪਰਦਾ ਲਾਹੀਆ । ਸੁਣਾਵਣਹਾਰਾ ਸਚ ਸਲੋਕ, ਸ਼ਬਦ ਅਗੰਮੀ ਨਾਦ ਵਜਾਈਆ । ਵਸਾਵਣਹਾਰਾ ਸਾਚਾ ਕੋਟ, ਮੰਦਰ ਅੰਦਰ ਵੇਖ ਵਖਾਈਆ । ਕਰਨਹਾਰਾ ਪ੍ਰਕਾਸ਼ ਨਿਰਮਲ ਜੋਤ, ਜੋਤੀ ਜੋਤ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕੋ ਇਕ ਸੁਣਾਈਆ । ਸਾਚਾ ਹੁਕਮ ਸਚ ਸੰਦੇਸਾ, ਸਤਿ ਸਤਿਵਾਦ ਆਪ ਜਣਾਇੰਦਾ । ਭੂਪਤ ਭੂਪ ਨਰ ਨਰੇਸ਼ਾ, ਨਰ ਨਰਾਇਣ ਇਕ ਅਲਾਇੰਦਾ । ਨੌਂ ਸੌ ਚੁਰਾਨਵੇਂ ਚੌਕੜੀ ਯੁਗ ਨਿਰਗੁਣ ਸਰਗੁਣ ਧਰਦਾ ਰਿਹਾ ਭੇਸਾ, ਲੋਕਮਾਤ ਵੇਖ ਵਖਾਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਜਾਣੇ ਲੇਖਾ, ਆਪਣੀ ਕਲਮ ਚਲਾਇੰਦਾ । ਜੀਵ ਜੰਤ ਆਦਿ ਅੰਤ ਜੁਗਾ ਜੁਗੰਤ ਤ੍ਰੈਗੁਣ ਮਾਇਆ ਸਾਰਾ ਸੰਸਾਰ ਰਿਹਾ ਭਰਮ ਭੁਲੇਖਾ, ਭੇਵ ਅਭੇਦਾ ਭੇਵ ਨਾ ਕੋਇ ਖੁਲ੍ਹਾਇੰਦਾ । ਸ੍ਰੀ ਭਗਵਾਨ ਨੌਜਵਾਨ ਹੋ ਮਿਹਰਵਾਨ ਭਗਤਾਂ ਬਣਦਾ ਰਿਹਾ ਨੇਤਾ, ਨਿਤ ਨਵਿਤ ਆਪਣਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਘਰ, ਸਾਚਾ ਭੇਵ ਆਪ ਜਣਾਇੰਦਾ । ਸਾਚਾ ਭੇਵ ਦੇਵੇ ਖੋਲ੍ਹ, ਸ੍ਰੀ ਭਗਵਾਨ ਵੱਡੀ ਵਡਿਆਈਆ । ਸਚਖੰਡ ਨਿਵਾਸੀ ਸਾਚੇ ਤਖ਼ਤ ਬੈਠ ਅਡੋਲ, ਦੋ ਜਹਾਨ ਦਏ ਡੁਲਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਰਹੇ ਨਾ ਕੋਇ ਅਨਭੋਲ, ਨਿਰਗੁਣ ਨਿਰਗੁਣ ਲਏ ਉਠਾਈਆ । ਸਚ ਵਸਤ ਰੱਖੇ ਕਵਣ ਕੋਲ, ਘਰ ਘਰ ਪਰਦਾ ਲਏ ਫੁਲਾਈਆ । ਪਤਿਪਰਮੇਸ਼ਵਰ ਨਿਹਕਰਮੀ ਰਿਹਾ ਮੌਲ, ਸਾਚਾ ਨੂਰ ਇਕੋ ਇਕ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਖੇਲ ਆਪਣੇ ਹੱਥ ਰਖਾਈਆ । ਸਾਚਾ ਖੇਲ ਰੱਖੇ ਹੱਥ, ਧੁਰਦਰਗਾਹੀ ਦਇਆ ਕਮਾਇੰਦਾ । ਕਲਜੁਗ ਅੰਤਮ ਹੋ ਪਰਤੱਖ, ਪਾਰਬ੍ਰਹਮ ਪ੍ਰਭ ਵੇਸ ਵਟਾਇੰਦਾ । ਦੋ ਜਹਾਨਾਂ ਜਣਾਏ ਇਕੋ ਗਥ, ਲੋਕ ਪਰਲੋਕ ਭੇਵ ਖੁਲ੍ਹਾਇੰਦਾ । ਵੇਖਣਹਾਰਾ ਤੀਰਥ ਤੱਟ, ਅੱਠਸੱਠ ਆਪਣੇ ਵਿਚ ਛੁਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸਾ ਇਕ ਅਲਾਇੰਦਾ । ਸਚ ਸੰਦੇਸਾ ਸਾਚਾ ਗੀਤ, ਸੋ ਪੁਰਖ ਨਿਰੰਜਣ ਆਪ ਜਣਾਈਆ । ਕਲਜੁਗ ਅੰਤਮ ਬਦਲੇ ਰੀਤ, ਰੀਤੀਵਾਨ ਵੇਖ ਵਖਾਈਆ । ਪਰਗਟ ਹੋਏ ਆਪ ਅਤੀਤ, ਤ੍ਰੈਗੁਣ ਡੇਰਾ ਦੇਵੇ ਢਾਹੀਆ । ਲੱਖ ਚੁਰਾਸੀ ਜੀਵ ਜੰਤ ਸੁਣਾਏ ਇਕੋ ਗੀਤ, ਆਤਮ ਪਰਮਾਤਮ ਮੇਲ ਮਿਲਾਈਆ । ਸਾਢੇ ਤਿੰਨ ਹੱਥ ਅੰਦਰ ਨਜ਼ਰੀ ਆਏ ਮੰਦਰ ਮਸੀਤ, ਘਰ ਘਰ ਵਿਚ ਗੁਰੂਦਆਰਾ ਦਏ ਵਖਾਈਆ । ਆਤਮ ਪਰਮਾਤਮ ਖੇਲ ਅਨਡੀਠ, ਅਨਡਿਠੜੀ ਕਾਰ ਕਮਾਈਆ । ਕਰਵਟ ਲਏ ਜੋ ਸੁੱਤਾ ਦੇ ਕਰ ਪੀਠ, ਆਪਣਾ ਮੁਖ ਦਿਖਲਾਈਆ । ਲੇਖਾ ਜਾਣੇ ਹਸਤ ਕੀਟ, ਊਚ ਨੀਚ ਨਾ ਕੋਇ ਵਖਾਈਆ । ਪੀਤੰਬਰ ਸੋਹੇ ਸੱਚਾ ਸੀਸ, ਛਤਰ ਆਪਣੇ ਨਾਮ ਝੁਲਾਈਆ । ਭਗਤ ਭਗਵਾਨ ਠਾਂਡਾ ਕਰੇ ਸੀਤ, ਸਾਂਤਕ ਸਤਿ ਮੇਘ ਬਰਸਾਈਆ । ਜਗਤ ਵਾਸਨਾ ਲਏ ਜੀਤ, ਕੂੜੀ ਕਿਰਿਆ ਦਏ ਖਪਾਈਆ । ਸਚ ਨਿਸ਼ਾਨ ਸ੍ਰੀ ਭਗਵਾਨ

ਵਖਾਏ ਠੀਕ, ਕੂੜਾ ਠੀਕਰ ਭੰਨ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦੇ ਕੇ ਗਏ ਤਰੀਕ, ਕਲਜੁਗ ਅੰਤਮ ਵੇਲਾ ਨੇੜੇ ਆਈਆ । ਹਰ ਘਟ ਬੈਠਾ ਰਹੇ ਅਤੀਤ, ਨਜ਼ਰ ਕਿਸੇ ਨਾ ਆਈਆ । ਹਰ ਘਟ ਮੇਟਣਹਾਰ ਤਾਰੀਕ, ਆਪਣੀ ਜੋਤ ਕਰੇ ਰੁਸ਼ਨਾਈਆ । ਸਾਚਾ ਢੋਲਾ ਇਕੋ ਗੀਤ, ਸ੍ਰਿਸ਼ਟ ਦਏ ਪੜ੍ਹਾਈਆ । ਨਜ਼ਰੀ ਆਏ ਇਕੋ ਦੀਦ, ਈਦ ਚੰਦ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਵਡਿਆਈਆ । ਸਾਚਾ ਹੁਕਮ ਏਕੰਕਾਰਾ, ਏਕਾ ਏਕ ਜਣਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਹੋ ਖ਼ਬਰਦਾਰਾ, ਬੇਖ਼ਬਰ ਆਪ ਸੁਣਾਇੰਦਾ । ਜੁਗ ਚੌਕੜੀ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਘਰ ਘਰ ਕਰਿਆ ਜੋ ਵਿਵਹਾਰਾ, ਵਿਵਹਾਰੀ ਖੇਲ ਕਰਾਇੰਦਾ । ਅੰਡਜ ਜੇਰਜ ਉਤਭੁਜ ਸੇਤਜ ਪਾਵਣਹਾਰਾ ਸਾਰਾ, ਚਾਰੇ ਖਾਣੀ ਫੋਲ ਫੁਲਾਇੰਦਾ । ਪਰਾ ਪਸੰਤੀ ਮਧਮ ਬੈਖ਼ਰੀ ਚਾਰੇ ਬਾਣੀ ਦਏ ਆਧਾਰਾ, ਸਾਚਾ ਢੋਲਾ ਇਕ ਜਣਾਇੰਦਾ । ਪਰਗਟ ਹੋ ਅਗੰਮ ਅਪਾਰਾ, ਅਲੱਖ ਅਗੋਚਰ ਆਪਣੀ ਕਰਨੀ ਆਪ ਕਰਾਇੰਦਾ । ਵੇਖੇ ਅੰਤਮ ਵਾਰਾ, ਅੰਤਮ ਵਰ ਸਭ ਦੀ ਖੋਜ ਖੁਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰਾ ਏਕੰਕਾਰਾ ਖੇਲ ਅਪਾਰਾ, ਧੁਰ ਦੀ ਧਾਰਾ ਆਪ ਜਣਾਇੰਦਾ । ਧੁਰ ਦੀ ਧਾਰ ਪੁਰਖ ਅਗੰਮ, ਅਗੰਮੜਾ ਆਪ ਜਣਾਇੰਦਾ । ਨਿਰਗੁਣ ਸੁਣਾਏ ਸਰਗੁਣ ਕੰਨ, ਬਿਨ ਕੰਨਾਂ ਆਪ ਸੁਣਾਇੰਦਾ । ਲੋਕਮਾਤ ਸਚ ਨਾ ਦਿਸੇ ਕੋਇ ਚੰਦ, ਚਾਰੋਂ ਕੁੰਟ ਅੰਧੇਰਾ ਛਾਇੰਦਾ । ਨਾ ਕੋਈ ਜਨਨੀ ਨਾ ਕੋਈ ਜਨ, ਗੋਦੀ ਗੋਦ ਨਾ ਕੋਇ ਉਠਾਇੰਦਾ । ਕੂੜੀ ਕਿਰਿਆ ਬੱਧਾ ਮਨਸਾ ਮਨ, ਮਾਇਆ ਮਮਤਾ ਮੋਹ ਵਧਾਇੰਦਾ । ਹਉਮੇ ਹੰਗਤਾ ਮਾਇਆ ਮਮਤਾ ਭਾਂਡਾ ਦੇਵੇ ਨਾ ਕੋਇ ਭੰਨ, ਕਾਮ ਕਰੋਧ ਲੋਭ ਮੋਹ ਹੰਕਾਰ ਨਾ ਕੋਇ ਮਿਟਾਇੰਦਾ । ਦੋ ਨੇਤਰ ਹੁੰਦਿਆਂ ਹੋਇਆ ਅੰਨ੍ਹ, ਗਿਆਨ ਨੇਤਰ ਨਾ ਕੋਇ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਅਲਾਇੰਦਾ । ਸਚ ਸੰਦੇਸਾ ਇਕ ਅਲਾਵੇਗਾ । ਧੁਰ ਫ਼ਰਮਾਣ ਹਰਿ ਸੁਣਾਵੇਗਾ । ਕਲਜੁਗ ਅੰਤਮ ਵੇਖ ਵਖਾਵੇਗਾ । ਲੱਖ ਚੁਰਾਸੀ ਖੋਜ ਖੁਜਾਵੇਗਾ । ਆਤਮ ਪਰਮਾਤਮ ਪਰਦਾ ਲਾਹਵੇਗਾ । ਸੰਤ ਸੁਹੇਲੇ ਆਪ ਉਠਾਵੇਗਾ । ਗੁਰਮੁਖ ਸੱਜਣ ਮੇਲ ਮਿਲਾਵੇਗਾ । ਸ਼ਬਦ ਅਨਾਦੀ ਨਾਦ ਸੁਣਾਵੇਗਾ । ਬ੍ਰਹਮ ਬ੍ਰਹਿਮਾਦੀ ਵੇਖ ਵਖਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ ਕਮਾਏਗਾ । ਆਪਣੀ ਕਰਨੀ ਕਰੇਗਾ । ਪ੍ਰਭ ਕਿਸੇ ਕੋਲੋਂ ਨਾ ਡਰੇਗਾ । ਖੜਗ ਖੰਡਾ ਇਕੋ ਫੜੇਗਾ । ਆਤਮ ਸੇਜਾ ਚੜ੍ਹੇਗਾ । ਸਾਚਾ ਢੋਲਾ ਇਕੋ ਪੜ੍ਹੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪੇ ਕਰੇਗਾ । ਆਪਣੀ ਕਰਨੀ ਸਚ ਕਮਾਵੇਗਾ । ਨਿਰਗੁਣ ਜੋਤੀ ਜਾਮਾ ਪਾਵੇਗਾ । ਕਲ ਕਲਕੀ ਅਵਤਾਰ ਅਖਵਾਵੇਗਾ । ਸੰਬਲ ਆਪਣਾ ਡੇਰਾ ਲਾਵੇਗਾ । ਸ਼ਬਦੀ ਸੁਤ ਪਰਗਟਾਵੇਗਾ । ਕਰਨੀ ਆਪਣੀ ਵੇਖ ਵਖਾਵੇਗਾ । ਕਲਜੁਗ ਸੁਤਿਆਂ ਆਪ ਉਠਾਵੇਗਾ । ਭਗਤ ਭਗਵਾਨ ਬਾਹਰ ਕਢਾਵੇਗਾ । ਸੰਤਾਂ ਆਤਮ ਅਨੰਦ ਇਕ ਦਰਸਾਵੇਗਾ । ਰਾਉ ਰੰਕ ਨਜ਼ਰ ਕੋਇ ਨਾ ਆਵੇਗਾ । ਸ਼ੇਰ ਸ਼ਬਦ ਪਏ ਬੁੱਕ, ਜੰਬਕ ਨਜ਼ਰ ਕੋਇ ਨਾ ਆਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਵਰਤਾਵੇਗਾ । ਸਚ ਹੁਕਮ ਵਰਤਾਏਗਾ । ਸ਼ਾਹੋ ਭੂਪ ਅਖਵਾਏਗਾ । ਗੁਰ ਅਵਤਾਰ ਦਰ ਬੁਲਾਏਗਾ । ਧੁਰ ਦਾ ਲੇਖਾ ਫੋਲ ਫੁਲਾਏਗਾ । ਨਬੀ ਰਸੂਲਾਂ ਆਪ ਹਿਲਾਏਗਾ । ਲਾਸ਼ਰੀਕ ਵੇਖ ਵਖਾਏਗਾ । ਤੌਫ਼ੀਕ

ਆਪ ਇਕ ਰਖਾਏਗਾ । ਖ਼ੁਦੀ ਸਭ ਦੀ ਮੇਟ ਮਿਟਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਏਗਾ । ਸਾਚਾ ਖੇਲ ਕਰਾਵੇਗਾ । ਮਿਹਰਵਾਨ ਆਵੇਗਾ । ਨਿਹਕਰਮੀ ਕਰਮ ਕਮਾਵੇਗਾ । ਜੋਤੀ ਨੂਰ ਰੁਸ਼ਨਾਵੇਗਾ । ਅਮਾਮ ਅਮਾਮਾ ਭੇਖ ਵਟਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੁਕਾਮੇ ਹੱਕ ਇਕ ਦ੍ਰਿੜਾਵੇਗਾ । ਮੁਕਾਮੇ ਹੱਕ ਵੇਖੇ ਆਪ, ਆਪਣੀ ਦਇਆ ਕਮਾਈਆ । ਜਿਸ ਨੂੰ ਈਸੇ ਕਿਹਾ ਬਾਪ, ਬੇਨਜ਼ੀਰ ਫੇਰਾ ਪਾਈਆ । ਜਿਸ ਦਾ ਆਦਿ ਜੁਗਾਦਿ ਜੁਗ ਚੌਕੜੀ ਵਿਸ਼ਨ ਬ੍ਰਹਮਾ ਸ਼ਿਵ ਕਰਦੇ ਜਾਪ, ਕਰੋੜ ਤੇਤੀਸਾ ਧਿਆਨ ਲਗਾਈਆ । ਜਿਸ ਦੀ ਚਰਨ ਧੂੜ ਮੰਗਣ ਖ਼ਾਕ, ਅੱਲਾ ਰਾਣੀ ਨੇਤਰ ਨੈਣ ਉਠਾਈਆ । ਜਿਸ ਨੂੰ ਪੀਰ ਪੈਗ਼ੰਬਰ ਕਹਿਣ ਪਾਕ, ਪਰਵਰਦਿਗਾਰ ਇਕੋ ਨੂਰ ਇਲਾਹੀਆ । ਸੋ ਸਾਹਿਬ ਸਤਿਗੁਰ ਨਿਰਗੁਣ ਸਰਗੁਣ ਬਣ ਸੱਜਣ ਸਾਕ, ਸਗਲਾ ਸੰਗ ਨਿਭਾਈਆ । ਆਤਮ ਪਰਮਾਤਮ ਖੋਲ੍ਹੇ ਤਾਕ, ਪਰਦਾ ਦੂਈ ਦਏ ਉਠਾਈਆ । ਪੂਰਾ ਗੋਬਿੰਦ ਕੀਤਾ ਭਵਿਖਤ ਵਾਕ, ਚਾਰੋਂ ਕੁੰਟ ਖ਼ਾਕੀ ਖ਼ਾਕ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸਾ ਨਰ ਨਰੇਸਾ ਇਕੋ ਵਾਰ ਸੁਣਾਈਆ । ਸਚ ਸੰਦੇਸਾ ਦੋ ਜਹਾਨ, ਦੋ ਜਹਾਨਾਂ ਵਾਲੀ ਆਪ ਜਣਾਇੰਦਾ । ਨਿਹਕਲੰਕ ਹੋ ਨੌਜਵਾਨ, ਨੌਬਤ ਆਪਣੇ ਨਾਮ ਵਜਾਇੰਦਾ । ਸੰਬਲ ਵਸੇ ਸਚ ਮਕਾਨ, ਛੱਪਰ ਛੰਨ ਨਾ ਕੋਇ ਛੁਹਾਇੰਦਾ । ਸਮੁੰਦ ਸਾਗਰ ਵਿਰੋਲੇ ਆਣ, ਨਾਮ ਮਧਾਣਾ ਇਕੋ ਪਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਹੋਏ ਹੈਰਾਨ, ਹਰਿ ਕਾ ਭੇਵ ਕੋਇ ਨਾ ਪਾਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਢੋਲੇ ਗਾਣ, ਸਿਫ਼ਤ ਵਿਚ ਕਦੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਕਰੇ ਕਰਤਾਰ, ਸੋ ਪੁਰਖ ਨਿਰੰਜਣ ਵੇਸ ਵਟਾਈਆ । ਨਿਰਵੈਰ ਪੁਰਖ ਲੈ ਅਵਤਾਰ, ਜੋਤੀ ਜੋਤ ਜੋਤ ਰੁਸ਼ਨਾਈਆ । ਸਾਢੇ ਤਿੰਨ ਹੱਥ ਮੰਦਰ ਮਨਾਰ, ਮਹੱਲ ਅਟੱਲ ਦਏ ਵਡਿਆਈਆ । ਸੰਬਲ ਇਕੋ ਘਰ ਬਾਰ, ਗੋਬਿੰਦ ਸ਼ਬਦੀ ਰੂਪ ਵਟਾਈਆ । ਪਰਮ ਪੁਰਖ ਮੀਤ ਮੁਰਾਰ, ਮਿੱਤਰ ਪਿਆਰਾ ਇਕੋ ਨਜ਼ਰੀ ਆਈਆ । ਸੱਥਰ ਵੇਖੇ ਹੰਢਾਇਆ ਯਾਰ, ਲੱਗੀ ਯਾਰੀ ਤੋੜ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੁਆਰੇ ਰਿਹਾ ਮੰਗਾਈਆ । ਸਚ ਦੁਆਰੇ ਸਭ ਨੇ ਔਣਾ, ਹਰਿ ਸਤਿਗੁਰ ਆਪ ਜਣਾਇੰਦਾ । ਪਾਰਬ੍ਰਹਮ ਪ੍ਰਭ ਦਰਸ਼ਨ ਪੌਣਾ, ਤਤਵ ਤਤ ਨਾ ਕੋਇ ਰਖਾਇੰਦਾ । ਚਾਰ ਯੁਗ ਦਾ ਪੰਧ ਮੁਕੌਣਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੰਡ ਨਾ ਕੋਇ ਵੰਡਾਇੰਦਾ । ਮੰਦਰ ਅੰਦਰ ਡੇਰਾ ਲੌਣਾ, ਦੂਜਾ ਧਾਮ ਨਾ ਕੋਇ ਵਖਾਇੰਦਾ । ਸਾਚਾ ਢੋਲਾ ਸਭ ਨੇ ਗੌਣਾ, ਸੋਹਲਾ ਇਕੋ ਇਕ ਜਣਾਇੰਦਾ । ਨੇਤਰ ਲੋਚਣ ਦਰਸ਼ਨ ਪੌਣਾ, ਨੈਣ ਅੱਖ ਨਾ ਕੋਇ ਖੁਲ੍ਹਾਇੰਦਾ । ਤੂੰ ਮੇਰਾ ਮੈਂ ਤੇਰਾ ਇਕੋ ਰਾਗ ਅਲੌਣਾ, ਦੂਜਾ ਨਾਦ ਨਾ ਕੋਇ ਸੁਣਾਇੰਦਾ । ਦੀਨ ਮਜ਼੍ਹਬ ਜ਼ਾਤ ਪਾਤ ਡੇਰਾ ਢੌਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੁਨੇਹੁੜਾ ਇਕ ਜਣਾਇੰਦਾ । ਸਚ ਸੁਨੇਹੁੜਾ ਦੇਵੇ ਆਣ, ਪ੍ਰਭ ਆਪਣੀ ਦਇਆ ਕਮਾਈਆ । ਨਿਰਗੁਣ ਰੂਪ ਨੌਜਵਾਨ, ਬਿਰਧ ਬਾਲ ਨਾ ਰੂਪ ਵਟਾਈਆ । ਆਦਿ ਜੁਗਾਦਿ ਪੀਰ ਪੈਗ਼ੰਬਰਾਂ ਦੇਵਣਹਾਰਾ ਦਾਨ, ਦਾਤਾ ਦਾਨੀ ਇਕ ਅਖਵਾਈਆ । ਵਸਣਹਾਰਾ ਸਚ ਮਕਾਨ, ਮਹਿਫ਼ਲ ਇਕੋ ਘਰ ਲਗਾਈਆ । ਸਾਰੇ ਦਰਸ਼ਨ ਕਰੋ ਆਣ, ਦੀਦ ਈਦ ਚੰਦ ਚੜ੍ਹਾਈਆ । ਸਾਚਾ ਸੁਣੋ ਇਕ ਫ਼ਰਮਾਣ, ਹਰਿ ਜੂ ਆਪਣਾ ਹੁਕਮ ਵਰਤਾਈਆ । ਚੌਦਾਂ ਲੋਕ ਬਣ ਅਵਾਣ, ਨੇਤਰ ਨੈਣਾਂ ਨੀਰ ਵਹਾਈਆ । ਵਿਸ਼ਨ ਬ੍ਰਹਮਾ

ਸ਼ਿਵ ਕੁਰਲਾਣ, ਧੀਰਜ ਧੀਰ ਨਾ ਕੋਇ ਰਖਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਔਧ ਮੁੱਕੀ ਆਣ, ਕਲ ਅੰਤ ਰਹਿਣ ਨਾ ਪਾਈਆ । ਗੋਬਿੰਦ ਲੇਖਾ ਚੁਕਾਵੇ ਆਣ, ਨਾ ਕੋਈ ਮੇਟੇ ਮੇਟ ਮਿਟਾਈਆ । ਪਰਗਟ ਹੋਏ ਆਪ ਕਰਤਾਰ, ਕੁਦਰਤ ਵੇਖੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸੱਦਾ ਇਕੋ ਨਾਮ ਜਣਾਈਆ । ਸਾਚਾ ਨਾਮ ਦੇਵੇ ਸੱਦਾ, ਸਦਾ ਇਕ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਪਿਛਲੀ ਤੋੜੇ ਹੱਦਾ, ਹਦੂਦ ਇਕੋ ਇਕ ਜਣਾਈਆ । ਅਬਿਨਾਸ਼ੀ ਕਰਤਾ ਸ੍ਰੀ ਭਗਵਾਨ ਨੌਜਵਾਨ ਮਿਹਰਬਾਨ ਸਭ ਦਾ ਪਰਦਾ ਕੱਜਾ, ਸਿਰ ਆਪਣਾ ਹੱਥ ਟਿਕਾਈਆ । ਵੇਖੇ ਨੇਤਰ ਨੈਣ ਕਲਜੁਗ ਜਾਏ ਸਤਿਜੁਗ ਆਏ ਭੱਜਾ, ਪ੍ਰਭ ਚਰਨ ਧਿਆਨ ਲਗਾਈਆ । ਪ੍ਰੇਮ ਪ੍ਰੀਤੀ ਸਾਚੇ ਰਸ ਅੰਮ੍ਰਿਤ ਭਿੰਨੀ ਰੱਜਾ, ਤ੍ਰਿਸ਼ਨਾ ਭੁੱਖ ਮਿਟਾਈਆ । ਹਉਂ ਬਾਲਾ ਸੇਵਕ ਨੱਢਾ, ਤੇਰਾ ਚਾਕਰ ਸਾਚੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਆਪ ਰਘੁਰਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਵੇਖੋ ਮਾਰ ਧਿਆਨ, ਸਚਖੰਡ ਨਿਵਾਸੀ ਆਪ ਜਣਾਇੰਦਾ । ਕਲਜੁਗ ਅੰਤਮ ਪੁੱਜਾ ਆਣ, ਵਾਰ ਥਿਤ ਆਪਣੇ ਹੱਥ ਰਖਾਇੰਦਾ । ਸਤਿਜੁਗ ਸਾਚੇ ਦੇਵੇ ਦਾਨ, ਦਾਤਾ ਦਾਨੀ ਆਪ ਵਰਤਾਇੰਦਾ । ਆਤਮ ਪਰਮਾਤਮ ਇਕ ਗਿਆਨ, ਇਸ਼ਟ ਇਕੋ ਇਕ ਜਣਾਇੰਦਾ । ਦ੍ਰਿਸ਼ਟ ਖੋਲ੍ਹੇ ਵਿਚ ਜਹਾਨ, ਮਿਹਰ ਨਜ਼ਰ ਇਕ ਟਿਕਾਇੰਦਾ । ਦੀਨ ਮਜ਼੍ਹਬ ਜਣਾ ਸਚ ਅਮਾਮ, ਧਰਮ ਅਧਰਮ ਨਾ ਕੋਇ ਰਖਾਇੰਦਾ । ਚਾਰ ਕੁੰਟ ਦਹਿ ਦਿਸ਼ਾ ਜ਼ਿਮੀਂ ਅਸਮਾਨ ਨਜ਼ਰੀ ਆਏ ਭਗਵਾਨ, ਮੰਡਲ ਮੰਡਪ ਇਕੋ ਨੂਰ ਧਰਾਇੰਦਾ । ਨਾਤਾ ਤੁਟੇ ਅੰਜੀਲ ਕੁਰਾਨ, ਕਾਇਆ ਕਾਅਬਾ ਦੋ ਦੋਆਬਾ ਇਕੋ ਘਰ ਸੁਹਾਇੰਦਾ । ਕਲਮਾ ਜਣਾਏ ਸਚ ਕਲਾਮ, ਨਗ਼ਮਾ ਆਪਣਾ ਨਾਮ ਸੁਣਾਇੰਦਾ । ਨੇੜ ਨਾ ਆਏ ਕੋਈ ਸ਼ੈਤਾਨ, ਸ਼ਰਅ ਸ਼ਰੀਅਤ ਮੇਟ ਮਿਟਾਇੰਦਾ । ਕਾਹਨਾ ਕ੍ਰਿਸ਼ਨਾ ਸ੍ਰੀ ਭਗਵਾਨ, ਭਗਵਨ ਆਪਣੀ ਕਲ ਧਰਾਇੰਦਾ । ਨਾਨਕ ਗੋਬਿੰਦ ਲਿਖ ਕੇ ਗਿਆ ਪਰਵਾਨ, ਪਰਵਾਨਾ ਧੁਰ ਦੀ ਬਾਣੀ ਬਾਣ ਲਗਾਇੰਦਾ । ਸਤਿਨਾਮ ਇਕ ਪਰਧਾਨ, ਸਚ ਪਰਧਾਨਗੀ ਆਪ ਕਮਾਇੰਦਾ । ਗੋਬਿੰਦ ਸੂਰਾ ਵੇਖੇ ਆਣ, ਪੁਰਖ ਅਬਿਨਾਸ਼ੀ ਮੇਲ ਮਿਲਾਇੰਦਾ । ਸੰਬਲ ਵਸੇ ਸਚ ਮਕਾਨ, ਨਿਰਗੁਣ ਜੋਤੀ ਜੋਤ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਆਪਣਾ ਜਸ, ਹਰਿ ਨਿਰੰਕਾਰਾ ਆਪਣੇ ਹੱਥ ਰਖਾਇੰਦਾ । ਸਚ ਸੰਦੇਸਾ ਸਾਹਿਬ ਸੱਜਣ, ਸਤਿ ਸਤਿਵਾਦੀ ਆਪ ਜਣਾਇੰਦਾ । ਕੂੜੀ ਕਿਰਿਆ ਭਾਂਡੇ ਭੱਜਣ, ਲੋਕਮਾਤ ਕੋਇ ਰਹਿਣ ਨਾ ਪਾਇੰਦਾ । ਭਗਤ ਭਗਵਾਨ ਸਚ ਦੁਆਰੇ ਦੋਵੇਂ ਸਜਣ, ਤੀਜਾ ਕੋਇ ਰਹਿਣ ਨਾ ਪਾਇੰਦਾ । ਸੰਤ ਸੁਹੇਲੇ ਕਰਨ ਮਜਨ, ਪਾਰਬ੍ਰਹਮ ਪ੍ਰਭ ਦੁਰਮਤ ਮੈਲ ਗਵਾਇੰਦਾ । ਗੁਰਮੁਖਾਂ ਗੁਰ ਆਇਆ ਪਰਦੇ ਕੱਜਣ, ਮਿਹਰਬਾਨ ਮਿਹਰ ਨਜ਼ਰ ਉਠਾਇੰਦਾ । ਗੁਰਸਿਖ ਜਗਤ ਦੁਆਰ ਪਾਰ ਲੰਘਣ, ਸਚ ਮਹੱਲ ਅਟੱਲ ਇਕ ਰੁਸ਼ਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਸੰਗ ਨਿਭਾਇੰਦਾ । ਬੀਸ ਬੀਸਾ ਸਾਚਾ ਸੰਗ, ਹਰਿ ਸਤਿਗੁਰ ਆਪ ਨਿਭਾਈਆ । ਬੀਸ ਬੀਸਾ ਨਾਮ ਮਰਦੰਗ, ਹਰਿ ਸਤਿਗੁਰ ਆਪ ਵਜਾਈਆ । ਬੀਸ ਬੀਸਾ ਨਾਮ ਮੰਤ, ਹਰਿ ਸਤਿਗੁਰ ਆਪ ਗਾਈਆ । ਬੀਸ ਬੀਸਾ ਨਿਜ ਅਨੰਦ, ਅਨੰਦ ਆਤਮ ਆਪ ਦਰਸਾਈਆ । ਬੀਸ ਬੀਸਾ ਸਤਿਜੁਗ ਚੰਦ, ਹਰਿ ਸਤਿਗੁਰ ਆਪ ਚੜ੍ਹਾਈਆ । ਬੀਸ ਬੀਸਾ ਬਣ ਬਖ਼ਸ਼ੰਦ, ਹਰਿ ਸਤਿਗੁਰ ਬਖ਼ਸ਼ਿਸ਼ ਝੋਲੀ ਪਾਈਆ । ਬੀਸ

੧੭
੧੪

ਬੀਸਾ ਕਰੇ ਖੰਡ ਖੰਡ, ਹਰਿ ਸਤਿਗੁਰ ਖੰਡਾ ਨਾਮ ਚਮਕਾਈਆ । ਬੀਸ ਬੀਸਾ ਲੱਖ ਚੁਰਾਸੀ ਕਰੇ ਰੰਡ, ਹਰਿ ਸਤਿਗੁਰ ਆਪਣਾ ਬਲ ਧਰਾਈਆ । ਬੀਸ ਬੀਸਾ ਵੰਡੇ ਵੰਡ, ਹਰਿ ਸਤਿਗੁਰ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ ਜਣਾਈਆ । ਬੀਸ ਬੀਸਾ ਖੇਲ ਦੋ ਧਾਰ, ਹਰਿ ਸਤਿਗੁਰ ਆਪ ਕਰਾਇੰਦਾ । ਬੀਸ ਬੀਸਾ ਹੋ ਉਜਿਆਰ, ਹਰਿ ਸਤਿਗੁਰ ਜੋਤ ਜਗਾਇੰਦਾ । ਬੀਸ ਬੀਸਾ ਪਾਵੇ ਸਾਰ, ਹਰਿ ਸਤਿਗੁਰ ਖੇਲ ਕਰਾਇੰਦਾ । ਬੀਸ ਬੀਸਾ ਲਹਿਣਾ ਦੇਣਾ ਚੁਕਾਏ ਗੁਰ ਅਵਤਾਰ, ਪੀਰ ਪੈਗ਼ੰਬਰ ਵੇਖ ਵਖਾਇੰਦਾ । ਬੀਸ ਬੀਸਾ ਭਗਤਾਂ ਭਰੇ ਭੰਡਾਰ, ਹਰਿ ਸਤਿਗੁਰ ਵਸਤ ਅਮੋਲਕ ਵਰਤਾਇੰਦਾ । ਬੀਸ ਬੀਸਾ ਚੌਥੀ ਮੰਜ਼ਲ ਚੜ੍ਹ ਹਰਿ ਕਰਤਾਰ, ਹਰਿ ਸਤਿਗੁਰ ਪਰਦਾ ਲਾਹਿੰਦਾ । ਬੀਸ ਬੀਸਾ ਸ਼ਬਦ ਨਾਦ ਧੁਨ ਬੋਲ ਜੈਕਾਰ, ਸ਼ਬਦ ਅਨਹਦ ਰਾਗੀ ਰਾਗ ਸੁਣਾਇੰਦਾ । ਬੀਸ ਬੀਸਾ ਨਿਰਮਲ ਜੋਤ ਕਰ ਉਜਿਆਰ, ਸਤਿਗੁਰ ਗੁਰਸਿਖਾਂ ਜੋਤ ਨਿਰੰਜਣ ਡਗਮਗਾਇੰਦਾ । ਬੀਸ ਬੀਸਾ ਕਰ ਪਿਆਰ, ਹਰਿ ਸਤਿਗੁਰ ਭਗਤ ਭਗਵਾਨ ਮੇਲ ਮਿਲਾਇੰਦਾ । ਬੀਸ ਬੀਸਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਵਖਾਇੰਦਾ । ਬੀਸ ਬੀਸਾ ਸਾਚਾ ਘਰ, ਹਰਿ ਸਤਿਗੁਰ ਆਪ ਜਣਾਈਆ । ਬੀਸ ਬੀਸਾ ਸਾਚਾ ਨਰ, ਹਰਿ ਸਤਿਗੁਰ ਆਪਣਾ ਫੇਰਾ ਪਾਈਆ । ਬੀਸ ਬੀਸਾ ਸਾਚਾ ਵਰ, ਹਰਿ ਸਤਿਗੁਰ ਝੋਲੀ ਪਾਈਆ । ਬੀਸ ਬੀਸਾ ਚੁਕਾਏ ਡਰ, ਭੈ ਸਿਰ ਨਾ ਕੋਇ ਜਣਾਈਆ । ਬੀਸ ਬੀਸਾ ਸੁਰਤ ਸਵਾਣੀ ਲਏ ਫੜ, ਪਾਰਬ੍ਰਹਮ ਸ਼ਬਦ ਹਾਣੀ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਹਰਿ ਰਘੁਰਾਈਆ । ਸਚ ਸੁਨੇਹੁੜਾ ਬੀਸ ਬੀਸ, ਪਹਿਲੀ ਚੇਤ ਵਡਿਆਈਆ । ਛਤਰਧਾਰੀ

੧੮ ੧੪

ਪ੍ਰਭ ਪਰਗਟ ਹੋ ਛਤਰ ਧਰੇ ਸਾਚੇ ਸੀਸ, ਸ਼ਹਿਨਸ਼ਾਹ ਆਪਣੀ ਖੇਲ ਕਰਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਭਗਤ ਭਗਵਾਨ ਵਿਸ਼ਨ ਬ੍ਰਹਮਾ ਸ਼ਿਵ ਕਰੋੜ ਤੇਤੀਸਾ ਦਏ ਇਕ ਹਦੀਸ, ਇਕੋ ਨਾਮ ਜਣਾਈਆ । ਪਿਛਲੀ ਜੁਗ ਚੌਕੜੀ ਚੁੱਕੇ ਰੀਤ, ਮਾਰਗ ਇਕੋ ਇਕ ਵਖਾਈਆ । ਨਰ ਨਰਾਇਣ ਬਿਨ ਨੇਤਰ ਨੈਣ ਨਜ਼ਰੀ ਆਏ ਅਨਡੀਠ, ਅਨਡਿਠੜੀ ਕਾਰ ਕਮਾਈਆ । ਸਚ ਮਹੱਲੇ ਬਹੇ ਅਤੀਤ, ਤ੍ਰੈਭਵਨ ਧਨੀ ਆਪਣੀ ਅਲਖ ਜਗਾਈਆ । ਚਾਰ ਵਰਨ ਇਕ ਸਰਨ ਸਚ ਜਣਾਏ ਇਕ ਪ੍ਰੀਤ, ਪ੍ਰੀਤੀਵਾਨ ਫੇਰਾ ਪਾਈਆ । ਸਦੀ ਬੀਸਵੀਂ ਰਹੀ ਬੀਤ, ਬੀਤੀ ਕਹਾਣੀ ਸਭ ਦੀ ਦਏ ਸੁਣਾਈਆ । ਸ਼ਾਹ ਸੁਲਤਾਨਾਂ ਰਾਜ ਰਾਜਾਨਾਂ ਨੰਗੀ ਹੋਵੇ ਪੀਠ, ਸਿਰ ਹੱਥ ਨਾ ਕੋਇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਬੀਸ ਬੀਸਾ ਇਕ ਸਮਝਾਈਆ । ਸਾਚੀ ਬਾਣੀ ਨਾਮ ਹਰਿ ਗਾਥਾ, ਹਰਿ ਸਤਿਗੁਰ ਦਏ ਪੜ੍ਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਇਕੋ ਪੂਜਾ ਇਕੋ ਪਾਠਾ, ਇਸ਼ਟ ਇਕੋ ਇਕ ਜਣਾਈਆ । ਇਕੋ ਤੀਰਥ ਇਕੋ ਤਾਟਾ, ਸਰ ਸਰੋਵਰ ਇਕ ਵਖਾਈਆ । ਇਕੋ ਮੰਦਰ ਇਕੋ ਹਾਟਾ, ਇਕੋ ਵਸਤ ਦਏ ਵਰਤਾਈਆ । ਇਕੋ ਪੁਰਖ ਇਕੋ ਬੰਨ੍ਹਣਹਾਰਾ ਨਾਤਾ, ਨਾਰ ਇਕੋ ਇਕ ਹੰਢਾਈਆ । ਇਕੋ ਜੋਤੀ ਇਕੋ ਜਾਤਾ, ਜੋਤੀ ਜੋਤ ਇਕ ਸਮਾਈਆ । ਇਕੋ ਪਿਤਾ ਇਕੋ ਮਾਤਾ, ਪੁੱਤ ਇਕੋ ਇਕ ਉਪਜਾਈਆ । ਇਕੋ ਸੱਜਣ ਇਕੋ ਸਾਕਾ, ਇਕੋ ਸਗਲਾ ਸੰਗ ਨਿਭਾਈਆ । ਇਕੋ ਵੇਖੇ ਮਾਰ ਝਾਕਾ, ਝਾਕੀ ਆਪਣੀ ਇਕ ਜਣਾਈਆ । ਇਕੋ ਸਾਹਿਬ ਕਮਲਾਪਾਤਾ, ਕਵਲ ਨੈਣ ਇਕ ਅਖਵਾਈਆ । ਇਕੋ ਗੁਰ ਇਕੋ ਅਵਤਾਰ ਇਕੋ ਦੇਵਣਹਾਰ ਲਹਿਣਾ ਦੇਣਾ ਬਾਕਾ, ਝੋਲੀ ਇਕੋ ਇਕ ਭਰਾਈਆ । ਇਕੋ ਅੰਦਰ ਇਕੋ ਬਾਹਰ ਇਕੋ ਗੁਪਤ ਇਕੋ

ਜ਼ਾਹਰ ਇਕੋ ਵਖਾਵਣਹਾਰ ਘਾਟਾ, ਘਾਟ ਇਕੋ ਇਕ ਜਣਾਈਆ । ਇਕੋ ਦੂਰ ਇਕੋ ਨੇੜੇ ਇਕੋ ਮੁਕਾਵਣਹਾਰ ਵਾਟਾ, ਪੰਧ ਆਪਣਾ ਆਪ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਬੀਸ ਬੀਸਾ ਸਾਚਾ ਰਾਹ ਜਣਾਈਆ । ਬੀਸ ਬੀਸਾ ਦੱਸੇ ਰਾਹ ਰਹਿਬਰ ਨਾਮ ਖ਼ੁਦਾਈਆ । ਪਹਿਲੀ ਚੇਤਰ ਦਏ ਸਲਾਹ, ਸ਼ਹਿਨਸ਼ਾਹ ਹੁਕਮ ਮਨਾਈਆ । ਖਾਣੀ ਬਾਣੀ ਬਣੇ ਗਵਾਹ, ਸ਼ਹਾਦਤ ਦਏ ਭੁਗਤਾਈਆ । ਪਿਛਲਾ ਲੇਖਾ ਰਹੇ ਨਾ ਰਾ, ਝੋਲੀ ਆਪਣੀ ਲਏ ਪਾਈਆ । ਜਿਸ ਨੇ ਆਦਿ ਲਿਆ ਬਣਾ, ਸੋ ਅੰਤ ਵੇਖੇ ਚਾਈਂ ਚਾਈਆ । ਮਧ ਆਪਣਾ ਖੇਲ ਕਰਾ, ਜੁਗ ਚੌਕੜੀ ਮਾਰਗ ਲਾਈਆ । ਕੋਟਨ ਕੋਟ ਵਿਸ਼ਨ ਬ੍ਰਹਮਾ ਸ਼ਿਵ ਲਏ ਉਪਾ, ਆਪਣੀ ਕਾਰ ਕਮਾਈਆ । ਕੋਟਨ ਕੋਟ ਪੀਰ ਪੈਗ਼ੰਬਰ ਹੁਕਮ ਮਨਾ, ਹੁਕਮੀ ਹੁਕਮ ਭੁਆਈਆ । ਕੋਟਨ ਕੋਟ ਵੇਸ ਵਟਾ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਰੂਪ ਧਰਾਈਆ । ਕੋਟਨ ਕੋਟ ਰਹੇ ਗਾ, ਰਸਨਾ ਜਿਹਵਾ ਬੱਤੀ ਦੰਦ ਕਰੇ ਪੜ੍ਹਾਈਆ । ਕੋਟਨ ਕੋਟ ਲੱਖ ਚੁਰਾਸੀ ਵੰਡ ਵੰਡਾ, ਅੰਡਜ ਜੇਰਜ ਉਤਭੁਜ ਸੇਤਜ ਭੇਵ ਖੁਲ੍ਹਾਈਆ । ਕੋਟਨ ਕੋਟ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜੁਗ ਜੁਗ ਸਾਚੀ ਖੇਲ ਕਰਾਈਆ । ਬੀਸ ਬੀਸਾ ਆਏ ਜਗ, ਗੁਰ ਅਵਤਾਰ ਲੇਖ ਲਿਖਾਈਆ । ਪਰਗਟ ਹੋ ਸੂਰਾ ਸਰਬੱਗ, ਸ਼ਹਿਨਸ਼ਾਹ ਆਪਣਾ ਪਰਦਾ ਲਾਹੀਆ । ਦਰਸ ਦਖਾਏ ਉਪਰ ਸ਼ਾਹ ਰਗ, ਆਪ ਆਪਣਾ ਮੇਲ ਮਿਲਾਈਆ । ਨਿਰਮਲ ਜੋਤ ਜਾਏ ਜਗ, ਅਗਿਆਨ ਅੰਧੇਰ ਰਹਿਣ ਨਾ ਪਾਈਆ । ਸਚ ਨਗਾਰਾ ਜਾਏ ਵੱਜ, ਤਾਲ ਤਲਵਾੜਾ ਨਾ ਕੋਇ ਰਖਾਈਆ । ਪ੍ਰੇਮ ਪ੍ਰੀਤੀ ਜਾਏ ਬੱਝ, ਨਾ ਕੋਈ ਤੋੜੇ ਤੋੜ ਤੁੜਾਈਆ । ਸਚ ਸਿੰਘਾਸਣ ਬਹੇ ਸਜ, ਆਤਮ ਪਰਮਾਤਮ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਚ ਵਡਿਆਈਆ । ਸੋ ਪੁਰਖ ਨਿਰੰਜਣ ਸੂਰਬੀਰਾ, ਹਰਿ ਸਤਿਗੁਰ ਖੇਲ ਕਰਾਈਆ । ਕਲਜੁਗ ਅੰਤਮ ਘੱਤ ਵਹੀਰਾ, ਲੋਕਮਾਤ ਫੇਰਾ ਪਾਈਆ । ਕੂੜੀ ਕਿਰਿਆ ਕੱਟ ਜ਼ੰਜੀਰਾ, ਸਚ ਸੁੱਚ ਦਏ ਸਮਝਾਈਆ । ਅੰਮ੍ਰਿਤ ਬਖ਼ਸ਼ੇ ਸਾਚਾ ਨੀਰਾ, ਨਿਝਰ ਝਿਰਨਾ ਆਪ ਝਿਰਾਈਆ । ਬਦਲਣਹਾਰਾ ਸਾਹਿਬ ਤਕਦੀਰਾ, ਤਦਬੀਰ ਆਪਣੇ ਹੱਥ ਰਖਾਈਆ । ਮੇਟਣਹਾਰ ਸ਼ਰਅ ਲਕੀਰਾ, ਸ਼ਰੀਅਤ ਕੋਇ ਰਹਿਣ ਨਾ ਪਾਈਆ । ਵਖਾਵਣਹਾਰ ਸਚ ਤਸਵੀਰਾ, ਸਤਿ ਸਰੂਪ ਦਏ ਵਖਾਈਆ । ਲੇਖਾ ਜਾਣੇ ਹਸਤ ਕੀੜਾ, ਕੀੜ ਕੀਟਾਂ ਭਰਮ ਮਿਟਾਈਆ । ਚਾਰ ਵਰਨ ਬੰਨ੍ਹੇ ਬੀੜਾ, ਚਾਰ ਕੁੰਟ ਵੇਖ ਵਖਾਈਆ । ਲੱਖ ਚੁਰਾਸੀ ਪਾਏ ਘੇਰਾ, ਬਚਿਆ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲ ਲੇਖਾ ਦਏ ਮੁਕਾਈਆ । ਕਲ ਅੰਤਮ ਲੇਖਾ ਮੁਕਣਾ, ਮੁਕਾਵਣਹਾਰ ਕਰਤਾਰ । ਹਰਿ ਕਾ ਭਾਣਾ ਕਦੇ ਨਾ ਰੁਕਣਾ, ਨਾ ਕੋਈ ਮੇਟਣਹਾਰ । ਕੂੜੀ ਕਿਰਿਆ ਬੂਟਾ ਸੁੱਕਣਾ, ਪੁਰਖ ਅਬਿਨਾਸ਼ੀ ਮਾਰੇ ਮਾਰ । ਸਾਹਿਬ ਸਤਿਗੁਰ ਇਕੋ ਉਠਣਾ, ਦੋ ਜਹਾਨਾਂ ਪਾਵੇ ਸਾਰ । ਸਤਿਜੁਗ ਸਾਚੇ ਗੋਦੀ ਚੁਕਣਾ, ਕਰ ਕਿਰਪਾ ਦਏ ਪਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਆਪ ਨਿਰੰਕਾਰ । ਕਲਜੁਗ ਕੂੜਾ ਜਾਏ ਨੱਠ, ਲੋਕਮਾਤ ਰਹਿਣ ਨਾ ਪਾਈਆ । ਹੰਗਤਾ ਬੁਰਜ ਜਾਏ ਢੱਠ, ਨਿਵਣ ਸੋ ਅੱਖਰ ਕਰੇ ਪੜ੍ਹਾਈਆ । ਬਹੱਤਰ ਨਾੜ ਨਾ ਉਬਲੇ ਰਤ, ਸਾਂਤਕ ਸਤਿ ਸਤਿ ਕਰਾਈਆ । ਸ੍ਰਿਸ਼ਟ ਸਬਾਈ ਦੇਵੇ ਇਕੋ ਮਤ, ਮੰਤਰ ਇਕੋ ਨਾਮ ਦ੍ਰਿੜ੍ਹਾਈਆ । ਰਥਵਾਹੀ ਚਲਾਏ ਸਾਚਾ ਰਥ, ਲੱਖ ਚੁਰਾਸੀ ਸੇਵ ਕਮਾਈਆ । ਵਸਣਹਾਰਾ ਘਟ ਘਟ, ਗ੍ਰਹਿ ਗ੍ਰਹਿ ਖੋਜ ਖੁਜਾਈਆ ।

ਨਿਰਮਲ ਜੋਤ ਕਰ ਪਰਕਾਸ਼, ਨੂਰ ਨੂਰ ਨੂਰ ਰੁਸ਼ਨਾਈਆ । ਰਾਗ ਸੁਣਾਏ ਸ਼ਬਦ ਅਨਾਦ, ਨਾਦੀ ਨਾਦ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤ ਸੁਹੇਲੇ ਸਾਚੇ ਸੱਦ, ਆਪ ਆਪਣਾ ਮੇਲ ਮਿਲਾਈਆ । ਕਲਜੁਗ ਕੂੜਾ ਹੋਏ ਦੂਰ, ਅੰਤ ਰਹਿਣ ਨਾ ਪਾਈਆ । ਬੀਸ ਬੀਸਾ ਕਰੇ ਮਜ਼ਬੂਰ, ਲੋਕਮਾਤ ਨਾ ਮਿਲੇ ਵਡਿਆਈਆ । ਦੁਆਰੇ ਦਰ ਹਜ਼ੂਰ, ਕੂਕ ਕੂਕ ਸੁਣਾਈਆ । ਪ੍ਰਭ ਮੇਰਾ ਨਾ ਕੋਈ ਕਸੂਰ, ਤੇਰਾ ਹੁਕਮ ਸੀਸ ਬਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਸਰਨਾਈਆ । ਕਲਜੁਗ ਅੰਤਮ ਬਣੇ ਰਾਹੀ, ਰਾਹ ਨਜ਼ਰ ਕੋਇ ਨਾ ਆਇੰਦਾ । ਚਾਰੋਂ ਕੁੰਟ ਕੂੜੀ ਕਿਰਿਆ ਲੱਗੀ ਸ਼ਾਹੀ, ਦੁਰਮਤ ਮੈਲ ਨਾ ਕੋਇ ਧੁਆਇੰਦਾ । ਪੀਰ ਪੈਗ਼ੰਬਰ ਕੋਈ ਨਾ ਪਕੜੇ ਬਾਹੀਂ, ਚਾਰ ਯਾਰੀ ਸੰਗ ਨਾ ਕੋਇ ਰਖਾਇੰਦਾ । ਉਚੀ ਕੂਕ ਮਾਰੇ ਧਾਹੀਂ, ਹੋਕਾ ਇਕੋ ਇਕ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੀਸ ਬੀਸਾ ਆਪਣੀ ਕਲ ਧਰਾਇੰਦਾ । ਕਲਜੁਗ ਡਿਗੇ ਮੂੰਹ ਦੇ ਭਾਰ, ਫਿਰ ਸਕੇ ਨਾ ਕੋਇ ਉਠਾਈਆ । ਨੇਤਰ ਰੋਵੇ ਜ਼ਾਰੋ ਜ਼ਾਰ, ਨੇਤਰ ਨੈਣਾਂ ਨੀਰ ਵਹਾਈਆ । ਮੇਰੀ ਆਈ ਅੰਤਮ ਵਾਰ, ਮੇਰਾ ਸੰਗ ਨਾ ਕੋਇ ਨਿਭਾਈਆ । ਜਿਧਰ ਵੇਖਾਂ ਪੈਂਦੀ ਮਾਰ, ਕੂੜ ਕੂੜਾ ਡੰਕ ਰਿਹਾ ਵਜਾਈਆ । ਮੁਹੰਮਦ ਬਣਿਆ ਇਕ ਯਾਰ, ਅੰਤਮ ਬੈਠਾ ਮੁਖ ਭੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਪਣਾ ਹੁਕਮ ਰਿਹਾ ਸਮਝਾਈਆ । ਕਲਜੁਗ ਕਹੇ ਆਪਣੀ ਕੂਕ, ਕੂਕ ਕੂਕ ਜਣਾਇੰਦਾ । ਮੇਰੇ ਵਿਚ ਨਾ ਕੋਈ ਚੂਕ, ਚੁਕੰਨਾ ਹੋ ਕੇ ਸੇਵ ਕਮਾਇੰਦਾ । ਸ੍ਰਿਸ਼ਟ ਸਬਾਈ ਦਿਤੀ ਫੂਕ, ਬਣ ਭਠਿਆਲਾ ਅਗਨੀ ਲਾਇੰਦਾ । ਹਰਿ ਕਾ ਨਾਮ ਨਾ ਕੋਇ ਮਣੀਆਂ ਮੰਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਆਸ ਤਕਾਇੰਦਾ । ਕਲਜੁਗ ਕਹੇ ਸੁਣ ਮੇਰੇ ਭਗਵਾਨ, ਤੇਰੇ ਅੱਗੇ ਮੇਰੀ ਅਰਜ਼ੋਈਆ । ਸੰਮਤ ਬੀਸਾ ਵੇਖ ਮਾਰ ਧਿਆਨ, ਆਪ ਆਪਣੀ ਅੱਖ ਖੁਲ੍ਹਾਈਆ । ਮੈਂ ਤੇਰਾ ਸੁਤ ਬਲਵਾਨ, ਆਪਣਾ ਬਲ ਧਰਾਈਆ । ਸਾਬਤ ਰਹਿਣ ਨਾ ਦਿਤਾ ਕਿਸੇ ਦਾ ਈਮਾਨ, ਸ਼ਰਅ ਨਾਲ ਸ਼ਰਅ ਕਰੇ ਲੜਾਈਆ । ਸਾਧ ਸੰਤ ਕਾਮ ਕਰੋਧ ਖੋਲ੍ਹੀ ਦੁਕਾਨ, ਸਤਿ ਨਾਮ ਹੱਟ ਨਾ ਕੋਇ ਵਿਕਾਈਆ । ਕਲਮਾ ਨਬੀ ਨਾ ਕੋਇ ਕਲਾਮ, ਸਜਦਾ ਸੀਸ ਨਾ ਕੋਇ ਝੁਕਾਈਆ । ਸਾਰੇ ਬਰਦੇ ਬਣੇ ਗ਼ੁਲਾਮ, ਗ਼ਫ਼ਲਤ ਇਕੋ ਇਕ ਵਖਾਈਆ । ਤੇਰਾ ਦਿਤਾ ਸੰਦੇਸ਼ਾ ਪੈਗ਼ਾਮ, ਸਚ ਸੁਨੇਹੁੜਾ ਇਕ ਜਣਾਈਆ । ਤੂੰ ਸਾਹਿਬ ਮੇਰਾ ਅਮਾਮ, ਮੇਰੇ ਵਲ ਧਿਆਨ ਲਗਾਈਆ । ਮੈਂ ਸੇਵਾ ਕੀਤੀ ਨਿਸ਼ਕਾਮ, ਮੇਰੀ ਕੀਮਤ ਮੇਰੀ ਝੋਲੀ ਪਾਈਆ । ਸ਼ਾਹ ਸੁਲਤਾਨਾਂ ਰਾਜ ਰਾਜਾਨਾਂ ਬਣਿਆ ਰਹਿਣ ਨਾ ਦਿਤਾ ਵਿਧਾਨ, ਸਚ ਸਚ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਹਿਲੋਂ ਦੇਣਾ ਮੈਨੂੰ ਵਰ, ਬੀਸ ਬੀਸਾ ਤੇਰਾ ਨੇੜੇ ਆਈਆ । ਸੰਮਤ ਉਨੀ ਆਇਆ ਅਖ਼ੀਰ, ਆਖ਼ਰ ਤੇਰੇ ਅੱਗੇ ਝੋਲੀ ਡਾਇੰਦਾ । ਤੂੰ ਸਾਹਿਬ ਲਾਸ਼ਰੀਕ, ਤੇਰਾ ਸ਼ਰੀਕ ਨਜ਼ਰ ਕੋਇ ਨਾ ਆਇੰਦਾ । ਤੂੰ ਸਾਹਿਬ ਕਰੇਂ ਬਖ਼ਸ਼ੀਸ਼, ਤੋਹਫ਼ਾ ਸਭ ਦੀ ਝੋਲੀ ਪਾਇੰਦਾ । ਤੇਰੀ ਪ੍ਰੀਤ ਸਦਾ ਬਾਰੀਕ, ਨੇਤਰ ਅੱਖ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਵਾਸਤਾ ਪਾਇੰਦਾ । ਪੁਰਖ ਅਕਾਲ ਸਿਰ ਰੱਖੇ ਹੱਥ, ਸੀਸ ਹੱਥ ਜਣਾਈਆ । ਕਰੇ ਖੇਲ ਪੁਰਖ ਸਮਰਥ, ਸਾਚਾ ਹੁਕਮ ਦਏ ਸਮਝਾਈਆ । ਪਹਿਲੀ ਚੇਤਰ ਔਣਾ

ਨੱਠ, ਸ੍ਰੀ ਭਗਵਾਨ ਜਣਾਈਆ । ਅਗਲਾ ਮਾਰਗ ਸਤਿਜੁਗ ਦੇਵੇ ਦੱਸ, ਅਗਲਾ ਲਹਿਣਾ ਤੇਰੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸਾ ਆਪ ਸੁਣਾਈਆ । ਕਲਜੁਗ ਕਹੇ ਮੈਂ ਆਵਾਂਗਾ । ਸਚ ਸਚ ਸੁਣਾਵਾਂਗਾ । ਗੁਰ ਅਵਤਾਰ ਆਪ ਜਣਾਵਾਂਗਾ । ਤ੍ਰੈਗੁਣ ਮਾਇਆ ਨਾਲ ਉਠਾਵਾਂਗਾ । ਪੰਜ ਤੱਤ ਸ਼ੈਤਾਨ ਮਿਲਾਵਾਂਗਾ । ਬੇ-ਈਮਾਨ ਖੇਲ ਵਖਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਚੀ ਸਿਫ਼ਤ ਇਕ ਦ੍ਰਿੜਾਵਾਂਗਾ । ਸਾਚੇ ਦਰ ਆਊਂਗਾ । ਪਿਛਲਾ ਹਾਲ ਸੁਣਾਊਂਗਾ । ਜੋ ਕੀਤੀ ਕੱਢ ਵਖਾਊਂਗਾ । ਲੱਖ ਚੁਰਾਸੀ ਪਰਖੀ ਨੀਤੀ, ਨੀਤੀਵਾਨ ਪੰਧ ਚੁਕਾਊਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਮੰਗ ਮੰਗਾਊਂਗਾ । ਦਰ ਔਣਾ ਨਿਹਚਲ ਧਾਮ, ਹਰਿ ਦੇਵਣਹਾਰ ਵਡਿਆਈਆ । ਤੇਰੀ ਇਛਿਆ ਪੂਰੀ ਕਰੇ ਰਾਮ, ਰਮੱਯਾ ਆਪਣਾ ਭੇਵ ਖੁਲ੍ਹਾਈਆ । ਅੱਗੇ ਖੇਲ ਕਰੇ ਅਮਾਮ, ਆਪਣਾ ਹੁਕਮ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਚ ਸਚ ਇਕ ਵਡਿਆਈਆ । ਦੁੱਖ ਰੋਗ ਦਰਦ ਮਿਟੇ ਤਾਪ, ਪੰਜ ਤੱਤ ਵਡਿਆਈਆ । ਜਨਮ ਜਨਮ ਦਾ ਉਤਰੇ ਪਾਪ, ਪਤਤ ਪੁਨੀਤ ਕਰਾਈਆ । ਜੋ ਜਨ ਸੋਹੰ ਜਪੇ ਜਾਪ, ਆਤਮ ਪਰਮਾਤਮ ਮੇਲ ਮਿਲਾਈਆ । ਦੁੱਖ ਦਲਿਦਰ ਦੇਵੇ ਕਾਟ, ਛਲ ਛਿਦਰ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰੋਗ ਸੋਗ ਦਏ ਗਵਾਈਆ । ਪੰਜ ਤੱਤ ਜਗ ਕਾਇਆ ਰੋਗ, ਜੀਵ ਜੰਤ ਕੁਰਲਾਇੰਦਾ । ਜਿਸ ਜਨ ਸਤਿਗੁਰ ਦੇਵੇ ਨਾਮ ਚੋਗ, ਹਿਰਸ ਹਵਸ ਮਿਟਾਇੰਦਾ । ਸਾਚਾ ਦੱਸੇ ਇਕ ਜੋਗ, ਹਰਿ ਪ੍ਰੀਤੀ ਸਚ ਦ੍ਰਿੜਾਇੰਦਾ । ਕਰ ਕਿਰਪਾ ਦੇਵੇ ਦਰਸ ਅਮੋਘ, ਦੁਖੀਆਂ ਦੁੱਖ ਗਵਾਇੰਦਾ । ਆਤਮ ਪਰਮਾਤਮ ਹੋਏ ਸੰਜੋਗ, ਘਰ ਮੇਲਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਗਤ ਦੁੱਖ ਆਪ ਮਿਟਾਇੰਦਾ । ਪੰਜ ਤੱਤ ਕਾਇਆ ਤਨ ਖ਼ਾਕੀ ਮੂਲ, ਅੰਗ ਅੰਗ ਵੰਡ ਵੰਡਾਈਆ । ਸਾਚਾ ਦੱਸੇ ਇਕ ਅਸੂਲ, ਅਸਲੀਅਤ ਦਏ ਜਣਾਈਆ । ਹਰਿ ਕਾ ਨਾਉਂ ਨਾ ਜਾਣਾ ਭੂਲ, ਭੁਲਿਆਂ ਮਿਲੇ ਸਜ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦਰ ਅਇਆਂ ਦੁੱਖ ਦਰਦ ਦਏ ਗਵਾਈਆ । ਦਰ ਆਏ ਜੋ ਬਣ ਕੇ ਸੰਗਤ, ਦਰਦ ਦੁੱਖ ਗਵਾਇੰਦਾ । ਦੁੱਖ ਭੁੱਖ ਜੋ ਮੰਗੇ ਬਣ ਕੇ ਮੰਗਤ, ਮੰਗੀ ਦਾਤ ਝੋਲੀ ਪਾਇੰਦਾ । ਕਾਇਆ ਚੋਲੀ ਚੜ੍ਹੇ ਰੰਗਤ, ਰੰਗ ਇਕੋ ਇਕ ਦਰਸਾਇੰਦਾ । ਹਰਿ ਕਾ ਭੇਵ ਨਾ ਜਾਣੇ ਕੋਈ ਪੰਡਤ, ਪੜ੍ਹਿਆਂ ਹੱਥ ਕਿਸੇ ਨਾ ਆਇੰਦਾ । ਨਾਤਾ ਤੋੜੇ ਜੇਰਜ ਅੰਡਤ, ਉਤਭੁਜ ਸੇਤਜ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਹਰਿ ਹਰਿ ਆਪਣੇ ਲੇਖੇ ਪਾਇੰਦਾ । ਦੁੱਖ ਦਰਦ ਨਾ ਮੰਗੇ ਕੋਈ ਰੋ, ਨੇਤਰ ਨੈਣ ਨਾ ਨੀਰ ਵਹਾਈਆ । ਜੋ ਜਨ ਸਤਿਗੁਰ ਚਰਨ ਜਾਵੇ ਛੋਹ, ਦਲਿਦਰ ਆਲਸ ਨਿੰਦਰਾ ਦਏ ਗਵਾਈਆ । ਨਾਮ ਜਣਾਏ ਇਕੋ ਸੋ, ਹੰ ਬ੍ਰਹਮ ਮੇਲ ਮਿਲਾਈਆ । ਦੁਰਮੱਤ ਮੈਲ ਧੋ, ਅੰਮ੍ਰਿਤ ਸੀਰ ਨੀਰ ਪਿਆਈਆ । ਅੰਮ੍ਰਿਤ ਆਤਮ ਚੋ, ਸਾਚਾ ਰਸ ਇਕ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਸਾਚਾ ਵਰ, ਤਿਸ ਤੱਤੀ ਵਾ ਨਾ ਲਾਏ ਰਾਈਆ । ਤੱਤੀ ਵਾ ਨਾ ਲਾਏ ਅੰਗ, ਅੰਗੀਕਾਰ ਹਰਿ ਅਖਵਾਇੰਦਾ । ਮਾਣਸ ਜਨਮ ਨਾ ਹੋਏ ਭੰਗ,

ਤਨ ਮਾਟੀ ਖ਼ਾਕੀ ਲੇਖੇ ਪਾਇੰਦਾ । ਮਿਹਰਵਾਨ ਮਿਹਰ ਕਰੇ ਸੂਰਾ ਸਰਬੰਗ, ਸਿਰ ਆਪਣਾ ਹੱਥ ਟਿਕਾਇੰਦਾ । ਕੱਟਣਹਾਰਾ ਭੁੱਖ ਨੰਗ, ਭੁਖਿਆਂ ਨੰਗਿਆਂ ਘਰ ਸਾਚੇ ਆਪ ਬਹਾਇੰਦਾ । ਦੇਵਣਹਾਰਾ ਇਕ ਅਨੰਦ, ਨਿਜਾਨੰਦ ਰਸ ਚਖਾਇੰਦਾ । ਪੂਰਬ ਜਨਮ ਲੇਖਾ ਜਾਣੇ ਸੂਰਾ ਸਰਬੰਗ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵਣਹਾਰਾ ਸੱਚਾ ਦਾਨ, ਹਰਿਜਨ ਹਰਿ ਹਰਿ ਦੁੱਖ ਦਰਦ ਭੁੱਖ ਮਾਤਲੋਕ ਮਿਟਾਇੰਦਾ । ਨਾਮ ਦਾਨ ਦੇਵੇ ਇਤਫ਼ਾਕ, ਅੰਤ ਆਦਿ ਵੇਖ ਵਖਾਈਆ । ਦੇਵਣਹਾਰ ਸ਼ਬਦ ਨਜ਼ਾਤ, ਸਤਿਗੁਰ ਇਕੋ ਇਕ ਵਡਿਆਈਆ । ਏਥੇ ਓਥੇ ਰੱਖੇ ਪਾਤ, ਪੱਤ ਪਤਵੰਤਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੰਸ ਸਰਬੰਸ ਦਏ ਵਡਿਆਈਆ । ਭੈਣ ਭਾਈ ਸਾਕ ਸੱਜਣ ਮਾਤ ਪਿਤ ਹੋਏ ਮੇਲਾ, ਹਰਿ ਮੇਲਾ ਆਪ ਕਰਾਇੰਦਾ । ਕੂੜੀ ਕਿਰਿਆ ਜੂਠਾ ਝੂਠਾ ਨਾਤਾ ਧਰਮ ਰਾਏ ਦੀ ਤੋੜੇ ਜੇਲਾ, ਸਾਚਾ ਮਾਰਗ ਇਕ ਜਣਾਇੰਦਾ । ਗੁਰਮੁਖ ਗੁਰਮੁਖ ਗੁਰਸਿਖ ਗੁਰਸਿਖ ਹਰਿਜਨ ਹਰਿਜਨ ਬਣੇ ਸੱਜਣ ਸੁਹੇਲਾ, ਸਗਲਾ ਸੰਗ ਨਿਭਾਇੰਦਾ । ਪ੍ਰੇਮ ਪ੍ਰੇਮ ਚਾੜ੍ਹੇ ਤੇਲਾ, ਸਗਨ ਇਕੋ ਇਕ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਬੁਧ ਡੂੰਮਣੀ ਸਭ ਦੀ ਬਾਹਰ ਕਢਾਇੰਦਾ । ਮਨ ਵਾਸਨਾ ਕੱਢੇ ਖੋਟੀ, ਕੂੜੀ ਕਿਰਿਆ ਮੇਟ ਮਿਟਾਈਆ । ਹਰਿਜਨ ਫੜੇ ਚੜ੍ਹ ਕੇ ਚੋਟੀ, ਇਕੋ ਰਾਹ ਵਖਾਈਆ । ਸਭ ਦੀ ਮੈਲ ਜਾਏ ਧੋਤੀ, ਦੁਰਮਤ ਮੈਲ ਰਹੇ ਨਾ ਰਾਈਆ । ਸੁਰਤ ਸਵਾਣੀ ਉਠਾਏ ਸੋਤੀ, ਆਲਸ ਨਿੰਦਰਾ ਦਏ ਗਵਾਈਆ । ਮੱਤ ਨਾ ਰਹੇ ਕਿਸੇ ਹੋਛੀ, ਮਨ ਚਲੇ ਨਾ ਕੋਇ ਚਤੁਰਾਈਆ । ਗਾਲ ਕੱਢੇ ਨਾ ਕੋਇ ਹੋਂਟੀ, ਬੱਤੀ ਦੰਦ ਨਾ ਕੋਇ ਲੜਾਈਆ । ਹੱਥ ਫੜੇ ਨਾ ਕੋਈ ਸੋਟੀ, ਨੇਤਰ ਨੈਣ ਨਾ ਕੋਇ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਬੈਠਿਆਂ ਸਭ ਨੂੰ ਦਏ ਸਮਝਾਈਆ । ਨਾਤਾ ਜੋੜੇ ਸਚ ਸਲੂਕ, ਸਚ ਸਚ ਜਣਾਇੰਦਾ । ਵੇਖਣਹਾਰਾ ਖੇਲ ਮਖ਼ਲੂਕ, ਖ਼ਾਲਕ ਆਪਣੀ ਦਇਆ ਕਮਾਇੰਦਾ । ਗੁਰਮੁਖ ਦੁਆਰੇ ਪਿਆ ਕੂਕ, ਕੂਕ ਆਪਣੀ ਝੋਲੀ ਪਾਇੰਦਾ । ਕੂੜੀ ਕਿਰਿਆ ਦੇਵੇ ਫੂਕ, ਜੋਤੀ ਅਗਨੀ ਲੰਬੂ ਲਾਇੰਦਾ । ਤੋੜੇ ਨਾ ਕੋਈ ਪੰਜ ਤੱਤ ਕਾਇਆ ਭੂਤ, ਆਪ ਆਪਣੀ ਧਾਰ ਜਣਾਇੰਦਾ । ਸ੍ਰਿਸ਼ਟ ਸਬਾਈ ਇਕੋ ਤਾਗਾ ਇਕੋ ਸੂਤ, ਇਕੋ ਡੋਰੀ ਤੰਦ ਬਧਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਮੇਲਾ ਸਚ ਮਿਲਾਇੰਦਾ ।



### ★ ੨੮ ਫੱਗਣ ੨੦੧੯ ਬਿਕਰਮੀ ਸੁਰੈਣ ਸਿੰਘ ਦੇ ਗ੍ਰਿਹਿ ਕਲਸਾਣੀ ਜ਼ਿਲਾ ਕਰਨਾਲ ★

ਹਰਿ ਭਗਤ ਵਡਿਆਈ ਧੰਨ, ਸ੍ਰੀ ਭਗਵਨ ਮੇਲ ਮਿਲਾਇੰਦਾ । ਹਰਿ ਸੰਤ ਵਡਿਆਈ ਧੰਨ, ਹਰਿ ਸਤਿਗੁਰ ਵੇਖ ਵਖਾਇੰਦਾ । ਗੁਰਮੁਖ ਵਡਿਆਈ ਧੰਨ, ਗੁਰ ਗੁਰ ਰੰਗ ਚੜ੍ਹਾਇੰਦਾ । ਗੁਰਸਿਖ ਵਡਿਆਈ ਧੰਨ, ਮਾਇਆ ਮਮਤਾ ਮੋਹ ਚੁਕਾਇੰਦਾ । ਸਤਿਗੁਰ ਵਡਿਆਈ ਧੰਨ, ਜੁਗ ਜੁਗ ਆਪਣਾ ਖੇਲ ਕਰਾਇੰਦਾ । ਨਿਰਗੁਣ ਸਰਗੁਣ ਬੇੜ੍ਹਾ ਬੰਨ੍ਹ, ਦੋ ਜਹਾਨ ਚਲਾਇੰਦਾ । ਦੇਵਣਹਾਰਾ ਨਾਮ ਧੰਨ, ਵਸਤ ਅਮੋਲਕ ਝੋਲੀ ਪਾਇੰਦਾ । ਸੁਣਾਵਣਹਾਰਾ ਰਾਗ ਕੰਨ, ਅਨਾਦੀ ਨਾਦ ਸੁਣਾਇੰਦਾ । ਚੜ੍ਹਾਵਣਹਾਰਾ ਸਾਚਾ ਚੰਦ, ਜੋਤ ਨੂਰ ਰੁਸ਼ਨਾਇੰਦਾ । ਕੱਟਣਹਾਰਾ ਲੱਖ ਚੁਰਾਸੀ ਫੰਦ, ਆਵਣ ਜਾਵਣ ਗੇੜ ਕਟਾਇੰਦਾ । ਦੇਵਣਹਾਰਾ ਸਚ ਅਨੰਦ, ਅੰਮ੍ਰਿਤ ਆਤਮ ਰਸ ਚਖਾਇੰਦਾ । ਕਰਨਹਾਰਾ ਪੰਚ ਵਿਕਾਰਾ

ਖੰਡ ਖੰਡ, ਖੰਡਾ ਖੜਗ ਨਾਮ ਉਠਾਇੰਦਾ । ਨਾਤਾ ਤੋੜਨਹਾਰਾ ਜਗਤ ਦੁਹਾਗਣ ਰੰਡ, ਕੰਤ ਸੁਹਾਗੀ ਇਕ ਮਿਲਾਇੰਦਾ । ਸੁਣਾਵਣਹਾਰਾ ਸਾਚਾ ਛੰਦ, ਜੁਗ ਚੌਕੜੀ ਸੋਹੰ ਢੋਲਾ ਆਪ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਧੰਨ ਵਡਿਆਈ ਭਗਤ ਭਗਵਾਨ, ਹਰਿ ਆਪਣਾ ਖੇਲ ਕਰਾਈਆ । ਧੰਨ ਵਡਿਆਈ ਸੰਤ ਸੁਜਾਨ, ਸਤਿਗੁਰ ਮੇਲਾ ਸਹਿਜ ਸੁਭਾਈਆ । ਧੰਨ ਵਡਿਆਈ ਗੁਰਮੁਖ ਸੱਜਣ ਚਤੁਰ ਸੁਜਾਨ, ਪ੍ਰਭ ਮੇਲੇ ਥਾਉਂ ਥਾਈਂਆ । ਧੰਨ ਵਡਿਆਈ ਗੁਰਸਿਖ ਮਹਾਨ, ਗੁਰ ਗੁਰ ਆਪਣੀ ਗੋਦ ਉਠਾਈਆ । ਧੰਨ ਵਡਿਆਈ ਸਤਿਗੁਰ ਦੇਵੇ ਦਾਨ, ਵਸਤ ਅਨਮੰਗੀ ਝੋਲੀ ਪਾਈਆ । ਧੰਨ ਵਡਿਆਈ ਸਤਿਗੁਰ ਸਚ ਵਖਾਏ ਇਕ ਨਿਸ਼ਾਨ, ਸ਼ਬਦ ਅਗੰਮ ਚਲਾਈਆ । ਧੰਨ ਵਡਿਆਈ ਸਤਿਗੁਰ ਏਥੇ ਓਥੇ ਦੇਵੇ ਮਾਣ, ਦਰਗਹਿ ਸਾਚੀ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਉਠਾਈਆ । ਭਗਤ ਜਨ ਵਡਿਆਈ ਧੰਨ, ਧੰਨ ਹਰਿ ਨਾਮਾ ਪਾਇਆ । ਸੰਤ ਜਨ ਵਡਿਆਈ ਧੰਨ, ਨੇਤਰ ਲੋਚਣ ਨੈਣ ਖੁਲ੍ਹਾਇਆ । ਗੁਰਮੁਖ ਵਡਿਆਈ ਧੰਨ, ਗੁਰ ਸਤਿਗੁਰ ਇਕ ਮਿਲਾਇਆ । ਗੁਰਸਿਖ ਵਡਿਆਈ ਧੰਨ, ਹਉਮੇ ਦੁੱਖ ਗਵਾਇਆ । ਸੋ ਪੁਰਖ ਨਿਰੰਜਣ ਵਡਿਆਈ ਧੰਨ, ਨਿਰਗੁਣ ਸਰਗੁਣ ਵੇਖਣ ਆਇਆ । ਹਰਿ ਪੁਰਖ ਨਿਰੰਜਣ ਵਡਿਆਈ ਧੰਨ, ਮਾਇਆ ਮਮਤਾ ਮੋਹ ਮਿਟਾਇਆ । ਏਕੰਕਾਰਾ ਵਡਿਆਈ ਧੰਨ, ਵਸਤ ਅਮੋਲਕ ਰਿਹਾ ਵਰਤਾਇਆ । ਆਦਿ ਨਿਰੰਜਣ ਵਡਿਆਈ ਧੰਨ, ਜੋਤ ਨਿਰੰਜਣ ਕਰੇ ਰੁਸ਼ਨਾਇਆ । ਅਬਿਨਾਸ਼ੀ ਕਰਤਾ ਵਡਿਆਈ ਧੰਨ, ਦੁੱਖ ਦਰਦ ਭੈ ਭੰਜਨ ਵੇਖ ਵਖਾਇਆ । ਸ੍ਰੀ ਭਗਵਾਨ ਵਡਿਆਈ ਧੰਨ, ਚਰਨ ਧੂੜ ਮਜਨ ਇਕ ਕਰਾਇਆ । ਪਾਰਬ੍ਰਹਮ ਵਡਿਆਈ ਧੰਨ, ਭੇਵ ਅਭੇਦਾ ਦਏ ਖੁਲ੍ਹਾਇਆ । ਬ੍ਰਹਮ ਵਡਿਆਈ ਧੰਨ, ਆਪ ਆਪਣਾ ਪਰਦਾ ਲਾਹਿਆ । ਆਤਮ ਵਡਿਆਈ ਧੰਨ, ਪਰਮਾਤਮ ਖੇਲ ਰਚਾਇਆ । ਸ਼ਬਦ ਅਨਾਦ ਵਡਿਆਈ ਧੰਨ, ਘਰ ਘਰ ਰਾਗ ਅਲਾਇਆ । ਅੰਮ੍ਰਿਤ ਜਾਮ ਵਡਿਆਈ ਧੰਨ, ਨਿਝਰ ਝਿਰਨਾ ਸਤਿ ਝਿਰਾਇਆ । ਸਾਚੇ ਮੰਦਰ ਵਡਿਆਈ ਧੰਨ, ਜਿਸ ਦਰ ਸਾਹਿਬ ਡੇਰਾ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਸੱਜਣ ਵੇਖ ਵਖਾਇਆ । ਭਗਤ ਵਡਿਆਈ ਧੰਨ, ਹਰਿ ਪਾਇਆ ਗੁਣੀ ਗਹੀਰ । ਸੰਤ ਵਡਿਆਈ ਧੰਨ, ਪਾਇਆ ਗਹਿਰ ਗੰਭੀਰ । ਸੰਤ ਵਡਿਆਈ ਧੰਨ, ਸਾਂਤ ਹੋਇਆ ਸਰੀਰ । ਗੁਰਮੁਖ ਵਡਿਆਈ ਧੰਨ, ਅੰਮ੍ਰਿਤ ਮਿਲਿਆ ਠਾਂਡਾ ਸੀਰ । ਗੁਰਸਿਖ ਵਡਿਆਈ ਧੰਨ, ਨਾਤਾ ਤੁਟਾ ਪੀਰ ਫ਼ਕੀਰ । ਅਬਿਨਾਸ਼ੀ ਕਰਤਾ ਵਡਿਆਈ ਧੰਨ, ਦੋ ਜਹਾਨਾਂ ਪੈਂਡਾ ਆਇਆ ਚੀਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚੀ ਧੀਰ । ਭਗਤ ਜਨਾਂ ਵਡਿਆਈ ਵਡ, ਸੋ ਪੁਰਖ ਨਿਰੰਜਣ ਆਪ ਵਡਿਆਇੰਦਾ । ਸੰਤ ਸੁਹੇਲੇ ਸਾਹਿਬ ਸੱਦ, ਸਤਿਗੁਰ ਆਪਣਾ ਰੰਗ ਵਖਾਇੰਦਾ । ਗੁਰਮੁਖਾਂ ਧਾਰ ਅਨਾਦੀ ਨਦ, ਧੁਰ ਦਾ ਮੰਤਰ ਨਾਮ ਜਣਾਇੰਦਾ । ਗੁਰਸਿਖਾਂ ਦੇਵੇ ਸਚ ਸੁਆਦ, ਰਸ ਫ਼ਿਕਾ ਨਜ਼ਰ ਕੋਇ ਨਾ ਆਇੰਦਾ । ਲੱਖ ਚੁਰਾਸੀ ਵਿਚੋਂ ਲਾਧ, ਜੀਵਣ ਜੁਗਤ ਆਪ ਜਣਾਇੰਦਾ । ਮੇਟ ਮਿਟਾਏ ਵਾਦ ਵਿਵਾਦ, ਹਉਮੇ ਰੋਗ ਗਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਹਰਿ ਹਰਿ ਵੇਖ ਵਖਾਇੰਦਾ । ਭਗਤ ਵਡਿਆਈ ਭਗਤੀ ਏਕ, ਏਕ ਏਕ ਦ੍ਰਿੜਾਈਆ । ਸੰਤ ਸਾਚੇ ਸਾਚੀ ਟੇਕ, ਪਾਰਬ੍ਰਹਮ ਸਰਨਾਈਆ । ਗੁਰਮੁਖਾਂ

ਕਰੇ ਬੁਧ ਬਬੇਕ, ਬਬੇਕੀ ਆਪਣਾ ਰੰਗ ਰੰਗਾਈਆ । ਗੁਰਸਿਖ ਨਾ ਲਾਏ ਸੇਕ, ਤ੍ਰੈਗੁਣ ਮਾਇਆ ਪੋਹ ਨਾ ਸਕੇ ਰਾਈਆ । ਤ੍ਰੈਗੁਣ ਮਾਇਆ ਆਪੇ ਰਹਿਤ, ਅਜੂਨੀ ਰਹਿਤ ਵਡ ਵਡਿਆਈਆ । ਆਤਮ ਪਰਮਾਤਮ ਲਏ ਵੇਖ, ਕਾਇਆ ਮੰਦਰ ਪਰਦਾ ਆਪ ਚੁਕਾਈਆ । ਨਜ਼ਰੀ ਆਏ ਨੇਤਨ ਨੇਤ, ਨਿਜ ਘਰ ਬੈਠਾ ਆਸਣ ਲਾਈਆ । ਸ਼ਬਦ ਅਗੰਮ ਜਣਾਏ ਭੇਤ, ਭੇਵ ਆਪਣਾ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਮਾਣ ਵਡਿਆਈਆ । ਭਗਤ ਭਗਵਾਨ ਰੱਖੇ ਯਾਦ, ਆਦਿ ਜੁਗਾਦਿ ਭੁਲ ਨਾ ਜਾਇੰਦਾ । ਸਾਚੇ ਸੰਤ ਸੁਣ ਫਰਿਆਦ, ਬੇਪਰਵਾਹ ਫੇਰਾ ਪਾਇੰਦਾ । ਗੁਰਮੁਖਾਂ ਦੇਵੇ ਆਪਣੀ ਦਾਦ, ਵਸਤ ਅਮੋਲਕ ਝੋਲੀ ਪਾਇੰਦਾ । ਗੁਰਸਿਖਾਂ ਰੱਖੇ ਲਾਜ, ਸਿਰ ਆਪਣਾ ਹੱਥ ਟਿਕਾਇੰਦਾ । ਨਾਮ ਲਗਾਏ ਅਗੰਮ ਆਵਾਜ਼, ਜਗਤ ਸੁਤਿਆਂ ਆਪ ਜਗਾਇੰਦਾ । ਆਤਮ ਪਰਮਾਤਮ ਬ੍ਰਹਮ ਪਾਰਬ੍ਰਹਮ ਰਚ ਰਚ ਕਾਜ, ਈਸ਼ ਜੀਵ ਖੇਲ ਖਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਭਗਤ ਭਗਵਾਨ ਇਕੋ ਜੋਗ, ਜੁਗੀਸ਼ਰ ਆਪ ਜਣਾਈਆ । ਸੰਤ ਸਤਿਗੁਰ ਇਕ ਸੰਜੋਗ, ਧੁਰ ਸੰਜੋਗੀ ਮੇਲ ਮਿਲਾਈਆ । ਗੁਰਮੁਖ ਗੁਰ ਗੁਰ ਜਗਾਏ ਜੋਤ, ਨੂਰ ਨੂਰ ਰੁਸ਼ਨਾਈਆ । ਗੁਰਸਿਖਾਂ ਦੇਵੇ ਨਾਮ ਚੋਗ, ਸੋਹੰ ਹੰਸਾ ਮਾਣਕ ਮੋਤੀ ਆਪ ਵਖਾਈਆ । ਜਨਮ ਕਰਮ ਦਾ ਕੱਟੇ ਰੋਗ, ਹਉਮੇ ਹੰਗਤਾ ਗੜ੍ਹ ਤੁੜਾਈਆ । ਲੱਖ ਚੁਰਾਸੀ ਨਾਤਾ ਤੁਟੇ ਵਿਜੋਗ, ਮਾਇਆ ਮਮਤਾ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਲਏ ਉਠਾਈਆ । ਭਗਤ ਭਗਵਾਨ ਇਕੋ ਆਸ, ਆਸਾਵੰਦ ਇਕ ਅਖਵਾਇੰਦਾ । ਸੰਤ ਸੱਜਣ ਵਸੇ ਪਾਸ, ਸਾਹਿਬ ਸਤਿਗੁਰ ਵੇਖ ਵਖਾਇੰਦਾ । ਗੁਰਮੁਖ ਕਦੇ ਨਾ ਹੋਏ ਉਦਾਸ, ਜਗਤ ਤ੍ਰਿਸ਼ਨਾ ਭੁੱਖ ਮਿਟਾਇੰਦਾ । ਗੁਰਸਿਖ ਕਾਇਆ ਮੰਡਲ ਅੰਦਰ ਪਾਵੇ ਰਾਸ, ਗੋਪੀ ਕਾਹਨ ਨਾਚ ਨਚਾਇੰਦਾ । ਦੀਨ ਦਿਆਲ ਵਸੇ ਸਾਥ, ਸਗਲਾ ਸਾਥੀ ਇਕ ਅਖਵਾਇੰਦਾ । ਇਕੋ ਹੁਜਰਾ ਇਕ ਮਹਿਰਾਬ, ਇਸ਼ਟ ਦੇਵ ਇਕ ਅਖਵਾਇੰਦਾ । ਇਕੋ ਕਿਨਾਰਾ ਇਕੋ ਤੱਟ, ਇਕੋ ਪੁਰਖ ਅਕਾਲ ਸਦਾ ਸਮਰਥ, ਜੁਗ ਜੁਗ ਆਪਣੀ ਕਾਰ ਕਮਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਚਲਾਏ ਰਥ, ਬਣ ਰਥਵਾਹੀ ਸੇਵ ਕਮਾਇੰਦਾ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਪਾਏ ਨੱਥ, ਨਾਮ ਡੋਰੀ ਹੱਥ ਉਠਾਇੰਦਾ । ਬੀਸ ਇਕੀਸਾ ਜਗਦੀਸ ਮਾਰਗ ਦੇਵੇ ਦੱਸ, ਭੇਵ ਅਭੇਦਾ ਅਛਲ ਅਛੇਦਾ ਆਪ ਖੁਲ੍ਹਾਇੰਦਾ । ਦੋ ਜਹਾਨਾਂ ਸ੍ਰੀ ਭਗਵਾਨਾ ਪੰਧ ਮੁਕਾਏ ਨੱਸ ਨੱਸ, ਨਿਰਗੁਣ ਨਿਰਵੈਰ ਸਰਗੁਣ ਆਪਣੀ ਕਾਰ ਕਮਾਇੰਦਾ । ਭਗਤ ਭਗਵਾਨ ਮਾਰਗ ਦੱਸ, ਸਾਚੇ ਰਾਹ ਆਪੇ ਪਾਇੰਦਾ । ਸੰਤਾਂ ਅੰਤਰ ਆਪੇ ਵਸ, ਪਰਦਾ ਦਵੈਤ ਆਪ ਚੁਕਾਇੰਦਾ । ਗੁਰਮੁਖਾਂ ਦੇਵੇ ਅੰਮ੍ਰਿਤ ਰਸ, ਰਸ ਇਕੋ ਇਕ ਪਰਗਟਾਇੰਦਾ । ਗੁਰਸਿਖਾਂ ਮੇਲਾ ਹੱਸ ਹੱਸ, ਗ੍ਰਿਹ ਗ੍ਰਿਹ ਮੰਦਰ ਫੋਲ ਫੁਲਾਇੰਦਾ । ਸ੍ਰੀ ਭਗਵਾਨ ਸਾਹਿਬ ਸੁਲਤਾਨ ਵਾਲੀ ਦੋ ਜਹਾਨ ਗਾਏ ਜਸ, ਜਸ ਵੇਦ ਪੁਰਾਨ ਸਿਫ਼ਤੀ ਸਿਫ਼ਤ ਨਾ ਕੋਇ ਸਾਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਇੰਦਾ । ਭਗਤ ਭਗਵਾਨ ਇਕੋ ਓਟ, ਏਕਾ ਘਰ ਵੱਜੇ ਵਧਾਈਆ । ਸੰਤ ਸਾਜਣ ਇਕੋ ਚੋਟ, ਪਰਮ ਪੁਰਖ ਆਪ ਲਗਾਈਆ । ਗੁਰਮੁਖ ਗੁਰ ਗੁਰ ਇਕ ਸਲੋਕ, ਸੋਹਲਾ ਇਕੋ ਇਕ ਜਣਾਈਆ । ਗੁਰਸਿਖ ਮਿਲੇ ਏਕਾ ਮੋਖ, ਮੁਕਤੀ ਚਰਨਾਂ ਹੇਠ ਦਬਾਈਆ । ਨਾ ਕੋਈ ਹਰਖ ਨਾ ਕੋਈ ਸੋਗ, ਚਿੰਤਾ ਗ਼ਮ ਨਾ ਕੋਇ ਰਖਾਈਆ । ਇਕ ਚੁਗਾਏ ਸਾਚੀ ਚੋਗ,

ਆਹਲਣਿਉਂ ਡਿਗੇ ਬੋਟ ਆਪ ਉਠਾਈਆ । ਦੇਵੇਂ ਦਰਸ ਘਰ ਘਰ ਆਪ ਅਮੋਘ, ਨਿਰਗੁਣ ਦਾਤਾ ਪੁਰਖ ਬਿਧਾਤਾ ਆਪਣੀ ਦਇਆ ਕਮਾਈਆ । ਸਤਿਜੁਗ ਦਾ ਸਾਚਾ ਜੋਗ, ਸਾਹਿਬ ਸਤਿਗੁਰ ਇਕ ਸਮਝਾਈਆ । ਆਤਮ ਪਰਮਾਤਮ ਸਚ ਸਿੰਘਾਸਣ ਭੋਗੇ ਏਕਾ ਭੋਗ, ਭਸਮੜ ਆਪਣੀ ਕਾਰ ਕਮਾਈਆ । ਰਾਹ ਤੱਕਣ ਚੌਦਾਂ ਲੋਕ, ਚੌਦਾਂ ਤਬਕ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਾਂ ਦੇਵਣਹਾਰ ਵਡਿਆਈਆ । ਭਗਤ ਭਗਵਾਨ ਇਕ ਦਰਵਾਜ਼ਾ, ਦਰ ਇਕੋ ਇਕ ਵਖਾਇੰਦਾ । ਸੰਤ ਸਾਜਣ ਮਿਲੇ ਗ਼ਰੀਬ ਨਿਵਾਜ਼ਾ, ਮਿਹਰਬਾਨ ਮਿਹਰਬਾਨ ਆਪਣਾ ਫੇਰਾ ਪਾਇੰਦਾ । ਗੁਰਮੁਖਾਂ ਗੁਰ ਸਤਿਗੁਰ ਵਖਾਏ ਖੇਲ ਤਮਾਸ਼ਾ, ਖ਼ਾਲਕ ਖ਼ਲਕ ਰੂਪ ਵਟਾਇੰਦਾ । ਗੁਰਸਿਖਾਂ ਪੂਰੀ ਕਰੇ ਆਸਾ, ਨਿਰਾਸਾ ਕੋਇ ਰਹਿਣ ਨਾ ਪਾਇੰਦਾ । ਪਹਿਲੋਂ ਬਣਿਆ ਪਰਮ ਪੁਰਖ ਦਾ ਦਾਸਾ, ਕਲਜੁਗ ਅੰਤਮ ਹਰਿਜਨ ਸਾਚੇ ਵੇਖ ਵਖਾਇੰਦਾ । ਨਾਤਾ ਤੋੜ ਪ੍ਰਿਥਮੀ ਆਕਾਸ਼ਾ, ਗਗਨ ਗਗਨੰਤਰ ਡੇਰਾ ਢਾਹਿੰਦਾ । ਨਿਰਧਨ ਦੇਵੇ ਸੱਚਾ ਸਾਥਾ, ਸਰਧਨ ਆਪਣੀ ਕਾਰ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤ ਸਤਿਗੁਰ ਵੇਖ ਵਖਾਇੰਦਾ । ਭਗਤ ਭਗਵਾਨ ਇਕੋ ਲਹਿਰ, ਲਹਿਰ ਲਹਿਰ ਵਿਚ ਮਿਲਾਈਆ । ਸੰਤ ਸਾਜਣ ਇਕੋ ਬਹਿਰ, ਤਰਜ਼ ਤਾਲ ਤਲਵਾੜਾ ਨਾ ਕੋਇ ਵਖਾਈਆ । ਗੁਰਮੁਖ ਗੁਰ ਗੁਰ ਕਰੇ ਮਿਹਰ, ਮਿਹਰ ਨਜ਼ਰ ਉਠਾਈਆ । ਗੁਰਸਿਖ ਸੱਜਣ ਲਿਆਏ ਘੇਰ, ਨਵ ਖੰਡ ਪ੍ਰਿਥਮੀ ਵੇਖ ਵਖਾਈਆ । ਮੇਲ ਮਿਲਾਵਾ ਹਰਿ ਸ਼ਬਦੀ ਸ਼ੇਰ, ਸ਼ਹਿਨਸ਼ਾਹ ਆਪਣਾ ਰੰਗ ਰੰਗਾਈਆ । ਲੱਖ ਚੁਰਾਸੀ ਦੇਵੇ ਭੇੜ, ਨਵ ਨੌਂ ਫਿਰੇ ਦੁਹਾਈਆ । ਕੂੜੀ ਕਿਰਿਆ ਜੜ੍ਹ ਦੇਵੇ ਉਖੇੜ, ਲੋਕਮਾਤ ਬੂਟਾ ਨਜ਼ਰ ਕੋਇ ਨਾ ਆਈਆ । ਨਾ ਕੋਈ ਜ਼ਬਰ ਨਾ ਕੋਈ ਜ਼ੇਰ, ਜ਼ੇਰ ਜ਼ਬਰ ਲੇਖੇ ਲੇਖ ਵਿਚ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਗੁਰਸਿਖ ਇਕੋ ਇਕ ਵਡਿਆਈਆ । ਭਗਤ ਭਗਵਾਨ ਇਕੋ ਮੰਦਰ, ਮੰਦਰ ਸਾਚਾ ਸਚ ਸੁਹਾਇੰਦਾ । ਸੰਤ ਸਾਜਣ ਤੋੜੇ ਜੰਦਰ, ਬਜ਼ਰ ਕਪਾਟੀ ਕੁੰਡਾ ਲਾਹਿੰਦਾ । ਗੁਰਮੁਖ ਗੁਰ ਗੁਰ ਮੇਟੇ ਅੰਧੇਰਾ ਅੰਧੇਰ ਕੰਧਰ, ਨੂਰ ਨੁਰਾਨਾ ਚੰਦ ਚੜ੍ਹਾਇੰਦਾ । ਗੁਰਸਿਖ ਗੁਰ ਸਤਿਗੁਰ ਤੋੜੇ ਜੰਦਰ, ਬਜਰ ਕਪਾਟੀ ਕੁੰਡਾ ਲਾਹਿੰਦਾ । ਦੋ ਜਹਾਨ ਵਖਾਏ ਖੰਡਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣਾ ਰੰਗ ਰੰਗਾਇੰਦਾ । ਭਗਤ ਭਗਵਾਨ ਇਕੋ ਰੰਗ, ਰੰਗ ਰੰਗੀਲਾ ਆਪ ਰੰਗਾਈਆ । ਸੰਤ ਸਾਜਣ ਸਾਚੀ ਸੇਜ ਪਲੰਘ, ਪਾਵਾ ਚੂਲ ਨਾ ਕੋਇ ਰਖਾਈਆ । ਗੁਰਮੁਖਾਂ ਘਰ ਘਰ ਸੁਣਾਏ ਮਰਦੰਗ, ਤਾਰ ਸਤਾਰ ਨਾ ਕੋਇ ਹਿਲਾਈਆ । ਗੁਰਸਿਖਾਂ ਦਰ ਦਰਵਾਜ਼ਾ ਜਾਏ ਲੰਘ, ਨਿਰਗੁਣ ਆਪਣਾ ਫੇਰਾ ਪਾਈਆ । ਗੀਤ ਗੋਬਿੰਦ ਸੁਣਾਏ ਸੁਹਾਗੀ ਛੰਦ, ਸੋਹੰ ਅੱਖਰ ਕਰ ਪੜ੍ਹਾਈਆ । ਜਨਮ ਕਰਮ ਦਾ ਤੁਟੇ ਫੰਦ, ਪੂਰਬ ਲੇਖਾ ਰਹੇ ਨਾ ਰਾਈਆ । ਆਤਮ ਪਰਮਾਤਮ ਦੇਵੇ ਅਨੰਦ, ਅਨੰਦ ਇਕੋ ਇਕ ਦਰਸਾਈਆ । ਜੋਤ ਨਿਰੰਜਣ ਚੜ੍ਹੇ ਚੰਦ, ਆਦਿ ਨਿਰੰਜਣ ਨੂਰ ਰੁਸ਼ਨਾਈਆ । ਏਥੇ ਓਥੇ ਦੋ ਜਹਾਨ ਮੁੱਕੇ ਪੰਧ, ਅੱਧਵਿਚਕਾਰ ਨਾ ਕੋਇ ਅਟਕਾਈਆ । ਨਜ਼ਰੀ ਆਏ ਦੁਆਰ ਸਚਖੰਡ, ਜਿਸ ਘਰ ਵਸੇ ਬੇਪਰਵਾਹੀਆ । ਓਥੇ ਨਾ ਕੋਈ ਸੂਰਜ ਚੰਦ, ਜ਼ਾਤ ਪਾਤ ਦੀਨ ਮਜ਼੍ਹਬ ਨਾ ਕੋਇ ਰਖਾਈਆ । ਸਾਹਿਬ ਸਤਿਗੁਰ ਬੈਠਾ ਬਖ਼ਸ਼ੰਦ, ਬਖ਼ਸ਼ਿਸ਼ ਇਕੋ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵਣਹਾਰ ਵਡਿਆਈਆ । ਭਗਤ ਭਗਵਾਨ ਇਕੋ ਰਾਸ, ਨੂਰ ਇਕੋ ਇਕ ਜਣਾਇੰਦਾ ।

ਸੰਤ ਸਾਜਣ ਇਕੋ ਸਾਥ, ਹਰਿ ਸਗਲਾ ਸੰਗ ਨਿਭਾਇੰਦਾ । ਗੁਰਮੁਖ ਗੁਰ ਗੁਰ ਇਕੋ ਗਾਥ, ਢੋਲਾ ਆਪ ਅਲਾਇੰਦਾ । ਗੁਰਸਿਖ ਗੁਰ ਹੋਏ ਦਾਸ, ਬਣ ਦਾਸੀ ਦਾਸ ਸੇਵ ਕਮਾਇੰਦਾ । ਆਦਿ ਜੁਗਾਦੀ ਖੇਲ ਤਮਾਸ਼, ਜੁਗ ਕਰਤਾ ਵੇਖ ਵਖਾਇੰਦਾ । ਸਾਚਾ ਬੰਨ੍ਹਣਹਾਰਾ ਨਾਤ, ਨਾਤਾ ਇਕੋ ਇਕ ਜਣਾਇੰਦਾ । ਪੁਛਣਹਾਰਾ ਵਾਤ, ਬੇਨਜ਼ੀਰ ਸ਼ਾਹ ਹਕੀਰ ਵੇਖ ਵਖਾਇੰਦਾ । ਉਤਮ ਰੱਖੇ ਇਕੋ ਜ਼ਾਤ, ਵਰਨ ਗੋਤ ਵੰਡ ਨਾ ਕੋਇ ਵੰਡਾਇੰਦਾ । ਮੇਟਣਹਾਰ ਅੰਧੇਰੀ ਰਾਤ, ਅੰਧ ਅੰਧੇਰ ਗਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਇੰਦਾ । ਹਰਿਭਗਤ ਭਗਵਾਨ ਦੱਸੇ ਰਾਹ, ਰਾਹ ਇਕੋ ਇਕ ਜਣਾਈਆ । ਸੰਤ ਸਾਜਣ ਸਚ ਮਲਾਹ, ਮਾਰਗ ਸਚ ਦਏ ਦ੍ਰਿੜਾਈਆ । ਗੁਰਮੁਖ ਗੁਰ ਗੁਰ ਜਪਾਏ ਨਾਂ, ਨਾਉਂ ਨਿਰੰਕਾਰਾ ਆਪ ਸਮਝਾਈਆ । ਗੁਰਸਿਖਾਂ ਦੇਵੇ ਠੰਡੀ ਛਾਂ, ਸਿਰ ਆਪਣਾ ਹੱਥ ਟਿਕਾਈਆ । ਕਲਜੁਗ ਅੰਤ ਕਰੇ ਨਿਆਂ, ਆਦਲ ਇਕੋ ਫੇਰਾ ਪਾਈਆ । ਲੱਖ ਚੁਰਾਸੀ ਵੇਖੇ ਥਾਉਂ ਥਾਂ, ਨੌਂ ਖੰਡ ਪ੍ਰਿਥਮੀ ਸੱਤ ਦੀਪ ਫੜ ਬਾਹੋਂ ਲਏ ਉਠਾਈਆ । ਕਲਜੁਗ ਜੀਵ ਜਗਤ ਹੋਏ ਕਾਂ, ਬੁੱਧੀ ਕਾਗ ਵਾਂਗ ਕੁਰਲਾਈਆ । ਨਾਤਾ ਤੁਟਾ ਪੁਤਰਾਂ ਮਾਂ, ਪਿਤਾ ਪੂਤ ਨਾ ਕੋਇ ਵਡਿਆਈਆ । ਨਾਰ ਕੰਤ ਨਾ ਰਹੀ ਹੰਢਾ, ਵਿਧਵਾ ਰੂਪ ਬਣੀ ਲੋਕਾਈਆ । ਗੁਰ ਕਾ ਢੋਲਾ ਕੋਈ ਨਾ ਲਏ ਗਾ, ਹਰਿ ਕਾ ਗੀਤ ਨਾ ਕੋਇ ਅਲਾਈਆ । ਮਾਇਆ ਮਮਤਾ ਹੋਈ ਹਲਕਾ, ਘਰ ਘਰ ਆਪਣਾ ਡੌਰੂ ਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੰਤ ਸੁਹੇਲੇ ਲਏ ਤਰਾਈਆ । ਭਗਤ ਭਗਵਾਨ ਸਦਾ ਅਤੀਤ, ਤ੍ਰੈਗੁਣ ਵਿਚ ਕਦੇ ਨਾ ਆਇੰਦਾ । ਸੰਤ ਸਾਜਣ ਠਾਂਡਾ ਸੀਤ, ਅਗਨੀ ਤੱਤ ਨਾ ਕੋਇ ਤਪਾਇੰਦਾ । ਗੁਰਮੁਖ ਗਾਏ ਗੋਬਿੰਦ ਗੀਤ, ਦੂਜਾ ਰਾਗ ਨਾ ਕੋਇ ਅਲਾਇੰਦਾ । ਗੁਰਸਿਖ ਰੱਖੇ ਸਚ ਪ੍ਰੀਤ, ਗੁਰ ਨਾਤਾ ਜੋੜ ਜੁੜਾਇੰਦਾ । ਸਤਿ ਸਤਿਵਾਦੀ ਸਾਚੀ ਰੀਤ, ਸਤਿ ਪੁਰਖ ਨਿਰੰਜਣ ਆਪ ਸਮਝਾਇੰਦਾ । ਘਰ ਕਾਇਆ ਕਾਅਬਾ ਮੰਦਰ ਮਸੀਤ, ਮਸਲਾ ਹੱਕ ਹੱਕ ਦ੍ਰਿੜਾਇੰਦਾ । ਪਰਖਣਹਾਰਾ ਸਾਚੀ ਨੀਤ, ਗ੍ਰਿਹ ਮੰਦਰ ਖੋਜ ਖੁਜਾਇੰਦਾ । ਕਰੇ ਕਰਾਏ ਪਤਤ ਪੁਨੀਤ, ਪੱਤਤ ਉਧਾਰਨ ਵੇਖ ਵਖਾਇੰਦਾ । ਲੇਖਾ ਜਾਣ ਹਸਤ ਕੀਟ, ਊਚ ਨੀਚ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਇਕੋ ਘਰ ਵਖਾਇੰਦਾ । ਇਕੋ ਘਰ ਸਚ ਮਹੱਲਾ, ਸੋ ਪੁਰਖ ਨਿਰੰਜਣ ਆਪ ਵਖਾਈਆ । ਜਿਸ ਘਰ ਵਸੇ ਇਕ ਇਕੱਲਾ, ਹਰਿ ਪੁਰਖ ਨਿਰੰਜਣ ਡੇਰਾ ਲਾਈਆ । ਨਿਰਗੁਣ ਜੋਤ ਦੀਪਕ ਬਲਾ, ਏਕੰਕਾਰ ਆਦਿ ਨਿਰੰਜਣ ਨੂਰ ਰੁਸ਼ਨਾਈਆ । ਸ੍ਰੀ ਭਗਵਾਨ ਫੜਾਏ ਸੱਚਾ ਪੱਲਾ, ਅਬਿਨਾਸ਼ੀ ਕਰਤਾ ਆਪਣਾ ਬੰਧਨ ਪਾਈਆ । ਪਾਰਬ੍ਰਹਮ ਬ੍ਰਹਮ ਸਚ ਸੰਦੇਸ਼ ਘੱਲਾ, ਤੂੰ ਮੇਰਾ ਮੈਂ ਤੇਰਾ ਸੋਹੰ ਢੋਲਾ ਇਕ ਦ੍ਰਿੜਾਈਆ । ਨਵ ਖੰਡ ਪ੍ਰਿਥਮੀ ਸੱਤ ਦੀਪ ਅੰਤਮ ਬੋਲੇ ਇਕੋ ਹੱਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਹਰਿ ਹਰਿ ਆਪਣੇ ਲੇਖੇ ਲਾਈਆ । ਭਗਤ ਭਗਵਾਨ ਲਾਏ ਲੇਖੇ, ਲੇਖਾ ਆਪਣੇ ਹੱਥ ਰਖਾਇੰਦਾ । ਸਾਚੇ ਸੰਤਾਂ ਕੱਢੇ ਭਰਮ ਭੁਲੇਖੇ, ਭਾਂਡਾ ਭਰਮ ਭੌ ਭੰਨਾਇੰਦਾ । ਗੁਰਮੁਖਾਂ ਸਦਾ ਰੱਖੇ ਚੇਤੇ, ਚੇਤਨ ਆਪਣਾ ਰੰਗ ਰੰਗਾਇੰਦਾ । ਗੁਰਸਿਖਾਂ ਕਰੇ ਇਕੋ ਹੇਤੇ, ਹਿਤਕਾਰੀ ਫੇਰਾ ਪਾਇੰਦਾ । ਅੱਗੇ ਮੰਗੇ ਨਾ ਕੋਈ ਲੇਖੇ, ਰਾਏ ਧਰਮ ਨੈਣ ਸ਼ਰਮਾਇੰਦਾ । ਮਿਲਿਆ ਮੇਲ ਪਾਰਬ੍ਰਹਮ ਬ੍ਰਹਮ ਪਿਤਾ ਪੂਤ ਬੇਟੇ, ਆਪ ਆਪਣੀ ਗੋਦ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ

ਘਰ ਸਾਚਾ ਵੇਖ ਵਖਾਇੰਦਾ । ਭਗਤ ਭਗਵਾਨ ਆਸਾ ਪੂਰੀ, ਪੂਰਨ ਆਸਾ ਆਪ ਕਰਾਈਆ । ਸੰਤ ਸਾਜਣ ਸਤਿ ਸਰੂਰੀ, ਸਾਹਿਬ ਸਤਿਗੁਰ ਆਪ ਚੜ੍ਹਾਈਆ । ਗੁਰਮੁਖਾਂ ਦੇਵੇ ਇਕੋ ਨੂਰੀ, ਨੂਰ ਨੁਰਾਨਾ ਨਜ਼ਰੀ ਆਈਆ । ਗੁਰਸਿਖਾਂ ਬਖ਼ਸ਼ੇ ਮਸਤਕ ਧੂੜੀ, ਟਿੱਕਾ ਆਪਣੇ ਨਾਮ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੰਤ ਸੁਹੇਲੇ ਕਰ ਕਰ ਮੇਲੇ ਗੁਰੂ ਗੁਰ ਚੇਲੇ ਆਪਣੇ ਰੰਗ ਰੰਗਾਈਆ । ਜਿਸ ਜਨ ਨਾਮ ਰੰਗਣ ਦੇਵੇ ਚਾੜ੍ਹ, ਪ੍ਰਭ ਆਪਣੀ ਦਇਆ ਕਮਾਈਆ । ਤਿਸ ਸਚ ਗ੍ਰਿਹਿ ਮੰਦਰ ਦੇਵੇ ਵਾੜ, ਬੰਦ ਕਿਵਾੜੀ ਕੁੰਡਾ ਲਾਹੀਆ । ਕਰ ਪ੍ਰਕਾਸ਼ ਬਹੱਤਰ ਨਾੜ, ਨੂਰ ਨੂਰ ਦਏ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰਸਿਖ ਗੁਰਮੁਖ ਰੰਗ ਚੜ੍ਹਾਈਆ । ਗੁਰਸਿਖ ਗੁਰਮੁਖ ਇਕੋ ਘਰ, ਸੰਤ ਭਗਵੰਤ ਆਪ ਜਣਾਇੰਦਾ । ਪਾਰਬ੍ਰਹਮ ਪਤਿਪਰਮੇਸ਼ਵਰ ਦੇਵੇ ਵਰ, ਵਰ ਦਾਤਾ ਇਕ ਅਖਵਾਇੰਦਾ । ਅਗਲਾ ਪਿਛਲਾ ਚੁਕਾਏ ਡਰ, ਭੈ ਭੌ ਨਾ ਕੋਇ ਰਖਾਇੰਦਾ । ਕਿਰਪਾ ਨਿਧਾਨ ਠਾਕਰ ਸੁਆਮੀ ਬਾਹੋਂ ਫੜ, ਆਪ ਆਪਣੇ ਗਲੇ ਲਗਾਇੰਦਾ । ਸੋਹੰ ਅੱਖਰ ਕਲਜੁਗ ਅੰਤਮ ਜੋ ਜਨ ਜਾਏ ਪੜ੍ਹ, ਜਨਮ ਮਰਨ ਵਿਚ ਨਾ ਆਇੰਦਾ । ਨਾਤਾ ਤੁਟੇ ਸੀਸ ਧੜ, ਪੰਜ ਤੱਤ ਨਾ ਕੋਇ ਵਖਾਇੰਦਾ । ਸ੍ਰੀ ਭਗਵਾਨ ਹੋ ਮਿਹਰਬਾਨ ਆਤਮ ਬੰਨ੍ਹੇ ਆਪਣੇ ਲੜ, ਪਰਮਾਤਮ ਆਪਣੀ ਗੰਢ ਪਵਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦਰਸ ਦਖਾਏ ਅੱਗੇ ਖੜ੍ਹ, ਸਵਛ ਸਰੂਪੀ ਅਨਰੰਗ ਰੂਪੀ ਭੂਪਤ ਭੂਪੀ ਆਪਣਾ ਫੇਰਾ ਪਾਇੰਦਾ ।



## ★ ੨੮ ਫੱਗਣ ੨੦੧੯ ਬਿਕਰਮੀ ਸਵਰਨ ਸਿੰਘ ਦੇ ਗ੍ਰਿਹਿ ਬਰਕਤ ਪੁਰ ਜ਼ਿਲਾ ਅੰਬਾਲਾ ★

੧੪ ਪਾਰਸ ਮੇਲਾ ਸਚ ਸਵਰਨ, ਪ੍ਰਭ ਦੇਵਣਹਾਰ ਮਾਣ ਵਡਿਆਈਆ । ਨੇਤਰ ਖੋਲ੍ਹੇ ਹਰਨ ਫਰਨ, ਨਿਝ ਨੈਣ ਕਰੇ ਰੁਸ਼ਨਾਈਆ । ਲੇਖਾ ਚੁਕੇ ਮਰਨ ਡਰਨ, ਲੱਖ ਚੁਰਾਸੀ ਫੰਦ ਕਟਾਈਆ । ਕਿਰਪਾ ਕਰੇ ਤਰਨੀ ਤਰਨ, ਤਾਰਨਹਾਰਾ ਵਡ ਵਡਿਆਈਆ । ਸੰਤ ਸੁਹੇਲੇ ਆਇਆ ਫੜਨ, ਗੁਰ ਚੇਲੇ ਮੇਲ ਮਿਲਾਈਆ । ਸਾਚੇ ਪੌੜੇ ਆਇਆ ਚੜ੍ਹਨ, ਗ੍ਰਿਹਿ ਮੰਦਰ ਵੇਖ ਵਖਾਈਆ । ਤੋੜਨ ਆਇਆ ਨਾਤਾ ਵਰਨ ਬਰਨ, ਜ਼ਾਤ ਪਾਤ ਨਾ ਕੋਇ ਜਣਾਈਆ । ਬਖ਼ਸ਼ਣਹਾਰਾ ਸਾਚੀ ਸਰਨ, ਸਰਨਗਤ ਇਕ ਸਮਝਾਈਆ । ਕਰਤਾ ਪੁਰਖ ਕਰਨੀ ਕਰਨ, ਕੀਮਤ ਹਰਿਜਨ ਆਪੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਲ ਮਿਲਾਵਾ ਸਹਿਜ ਸੁਭਾਈਆ । ਸਵਰਨ ਮੇਲਾ ਸਾਚੇ ਪਾਰਸ, ਪਾਰਸ ਆਪਣਾ ਰੰਗ ਰੰਗਾਇੰਦਾ । ਚਰਨ ਕਵਲ ਉਪਰ ਧਵਲ ਦੇਵੇ ਢਾਰਸ, ਧੀਰਜ ਇਕੋ ਇਕ ਰਖਾਇੰਦਾ । ਪਿਛਲਾ ਲਹਿਣਾ ਦੇਣਾ ਚੁਕੇ ਇਬਾਰਤ, ਅਗਲੀ ਪੱਟੀ ਨਾਮ ਪੜ੍ਹਾਇੰਦਾ । ਕਿਰਪਾਨਿਧ ਠਾਕਰ ਸੁਆਮੀ ਇਕੋ ਵਾਰ ਕਰੇ ਸਿਫ਼ਾਰਸ਼, ਅੱਧਵਿਚਕਾਰ ਨਾ ਕੋਇ ਅਟਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਹਰਿ ਹਰਿ ਵੇਖ ਵਖਾਇੰਦਾ । ਸਵਰਨ ਪਾਰਸ ਏਕਾ ਰੰਗ, ਗੁਰਸਿਖ ਗੁਰ ਸਤਿਗੁਰ ਵਿਚ ਸਮਾਈਆ । ਕਰੇ ਖੇਲ ਸੂਰਾ ਸਰਬੰਗ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਆਤਮ ਸੇਜਾ ਸਚ ਪਲੰਘ, ਨਿਰਗੁਣ ਵੇਖੇ ਚਾਈਂ ਚਾਈਆ । ਧੁਨ ਅਨਾਦ ਆਤਮਕ ਵੱਜੇ ਮਰਦੰਗ, ਬ੍ਰਹਮ ਬ੍ਰਹਿਮਾਦ ਕਰੇ ਸ਼ਨਵਾਈਆ । ਸਦਾ ਸੁਹੇਲਾ ਇਕ ਇਕੇਲਾ ਵਸੇ ਸੰਗ, ਵਿਛੜ ਕਦੇ ਨਾ ਜਾਈਆ । ਕਾਇਆ

ਮੰਦਰ ਸਚ ਮਹੱਲੇ ਉਚੇ ਟਿੱਲੇ ਵੇਖੇ ਲੰਘ, ਬਜਰ ਕਪਾਟੀ ਪਰਦਾ ਲਾਹੀਆ । ਸੁਰਤ ਸਵਾਣੀ ਮੁੱਕੇ ਪੰਧ, ਸ਼ਬਦੀ ਆਪਣੇ ਅੰਗ ਲਾਈਆ । ਦੋਹਾਂ ਮਿਲ ਕੇ ਢੋਲਾ ਗਾਇਆ ਇਕੋ ਛੰਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਥਾਉਂ ਥਾਈਆ । ਸਵਰਨ ਪਾਰਸ ਬਣੀ ਜ਼ਾਤ, ਅਜ਼ਾਤੀ ਰੂਪ ਨਾ ਕੋਇ ਜਣਾਈਆ । ਹਰਿਜਨ ਮੇਲਾ ਕਮਲਾਪਾਤ, ਵਿਸਰੇ ਸਰਬ ਲੋਕਾਈਆ । ਸਰਨ ਸਰਨਾਈ ਬੱਝੇ ਨਾਤ, ਬਿਧਾਤਾ ਸਾਚਾ ਜੋੜ ਜੁੜਾਈਆ । ਆਤਮ ਪਰਮਾਤਮ ਗਾਏ ਗਾਥ, ਸੋਹੰ ਢੋਲਾ ਇਕ ਸ਼ਨਵਾਈਆ । ਨਜ਼ਰੀ ਆਏ ਪੁਰਖ ਸਮਰਥ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਸਤਿ ਸਿੰਘਾਸਣ ਆਸਣ ਲਾਈਆ । ਨਾਮ ਜਣਾਏ ਮਹਿਮਾ ਅਕੱਥ, ਕਥਨੀ ਕਥ ਨਾ ਸਕੇ ਰਾਈਆ । ਸਾਢੇ ਤਿੰਨ ਹੱਥ ਚਲਾਏ ਰਥ, ਬਣ ਰਥਵਾਹੀ ਸੇਵ ਕਮਾਈਆ । ਨਿਰਮਲ ਜੋਤ ਕਰ ਪ੍ਰਕਾਸ਼, ਅਗਿਆਨ ਅੰਧੇਰ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸਤਿਗੁਰ ਦੇਵਣਹਾਰ ਵਡਿਆਈਆ । ਪਾਰਸ ਸਵਰਨ ਹੋਏ ਮੇਲਾ, ਮੇਲਾ ਇਕੋ ਇਕ ਕਰਾਇੰਦਾ । ਭੇਵ ਚੁਕੇ ਗੁਰੂ ਗੁਰ ਚੇਲਾ, ਚੇਲਾ ਗੁਰ ਇਕੋ ਘਰ ਸੋਭਾ ਪਾਇੰਦਾ । ਸਾਹਿਬ ਸਤਿਗੁਰ ਸੱਜਣ ਸੁਹੇਲਾ, ਨਿਰਗੁਣ ਸਰਗੁਣ ਵੇਖ ਵਖਾਇੰਦਾ । ਕੱਟਣਹਾਰਾ ਰਾਏ ਧਰਮ ਦੀ ਜੇਲਾ, ਆਪ ਆਪਣੀ ਗੋਦ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣਾ ਭੇਵ ਚੁਕਾਇੰਦਾ । ਸਵਰਨ ਪਾਰਸ ਚੁਕੇ ਭੇਵ, ਅਭੇਦ ਆਪ ਜਣਾਈਆ । ਲੇਖਾ ਲਿਖ ਨਾ ਸਕੇ ਚਾਰ ਵੇਦ, ਸ਼ਾਸਤਰ ਸਿਮਰਤ ਰਹੇ ਕੁਰਲਾਈਆ । ਨਿਰਗੁਣ ਸਰਗੁਣ ਖੇਲੇ ਖੇਲ, ਆਦਿ ਜੁਗਾਦਿ ਵੱਡੀ ਵਡਿਆਈਆ । ਆਦਿ ਨਿਰੰਜਣ ਜੋਤ ਨਿਰੰਜਣ ਚਾੜ੍ਹੇ ਤੇਲ, ਆਤਮ ਪਰਮਾਤਮ ਦਏ ਸਮਝਾਈਆ । ਸਦ ਵਸਣਹਾਰਾ ਧਾਮ ਨਵੇਲ, ਗੁਰਮੁਖ ਡੇਰੇ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਪਾਰਸ ਸਵਰਨ ਸਾਚੀ ਰੀਤ, ਲੋਕਮਾਤ ਦਏ ਜਣਾਈਆ । ਆਤਮ ਪਰਮਾਤਮ ਇਕ ਪ੍ਰੀਤ, ਪ੍ਰੀਤੀਵਾਨ ਦਏ ਸਮਝਾਈਆ । ਪਾਰਬ੍ਰਹਮ ਬ੍ਰਹਮ ਢੋਲਾ ਗੀਤ, ਸੋਹੰ ਅੱਖਰ ਕਰੇ ਪੜ੍ਹਾਈਆ । ਈਸ਼ ਜੀਵ ਕਰੇ ਠਾਂਡਾ ਸੀਤ, ਅੰਮ੍ਰਿਤ ਧਾਰ ਨਿਝਰ ਰਸ ਚੁਆਈਆ । ਨਜ਼ਰੀ ਆਏ ਇਕ ਅਨਡੀਠ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰਮੁਖ ਗੁਰਸਿਖ ਲਏ ਉਠਾਈਆ । ਸਵਰਨ ਪਾਰਸ ਨਿਸ਼ਾਨ ਇਕ, ਹਰਿ ਇਕੋ ਇਕ ਜਣਾਇੰਦਾ । ਧੁਰਦਰਗਾਹੀ ਲੇਖਾ ਲਿਖ, ਬੇਪਰਵਾਹੀ ਵੇਖ ਵਖਾਇੰਦਾ । ਨਾਤਾ ਜੁੜੇ ਗੁਰੂ ਗੁਰਸਿਖ, ਸਤਿਗੁਰ ਆਪਣਾ ਬੰਧਨ ਪਾਇੰਦਾ । ਨਾਮ ਵਸਤ ਪਾਏ ਭਿਖ, ਭਿਛਿਆ ਝੋਲੀ ਆਪ ਭਰਾਇੰਦਾ । ਸਾਚਾ ਲੇਖਾ ਦੇਵੇ ਲਿਖ, ਲਿਖਿਆ ਲੇਖ ਨਾ ਕੋਇ ਮਿਟਾਇੰਦਾ । ਹਰਿਜਨ ਨੰਗੀ ਨਾ ਹੋਵੇ ਪਿੱਠ, ਸਮਰਥ ਸਿਰ ਆਪਣਾ ਹੱਥ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਆਪਣੇ ਸੰਗ ਰਖਾਇੰਦਾ । ਪਾਰਸ ਸਵਰਨ ਮਿਲਿਆ ਜੋੜਾ, ਜੋੜੀ ਨਿਰਗੁਣ ਸਰਗੁਣ ਆਪ ਬਣਾਈਆ । ਸ਼ਬਦ ਅਗੰਮੀ ਮਿਲੇ ਘੋੜਾ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਪਾਰ ਕਰਾਈਆ । ਲੇਖਾ ਚੁਕੇ ਰੈਣ ਅੰਧ ਘੋਰਾ, ਸਾਚਾ ਚੰਦ ਰੁਸ਼ਨਾਈਆ । ਭੇਵ ਚੁਕਾਏ ਤੋਰ ਮੋਰਾ, ਤੋਰਾ ਮੋਰਾ ਰਹਿਣ ਨਾ ਪਾਈਆ । ਨਿਰਗੁਣ ਸਰਗੁਣ ਪਕੜੇ ਡੋਰਾ, ਆਤਮ ਪਰਮਾਤਮ ਇਕੋ ਗੰਢ ਵਖਾਈਆ । ਨਾਤਾ ਤੁਟੇ ਸ਼ਬਦ ਘਨਘੋਰਾ ਇਕ ਸ਼ਨਵਾਈਆ । ਸੱਸੇ ਉਪਰ ਵੇਖੇ ਹੋੜਾ, ਹੰ ਬ੍ਰਹਮ ਪਰਦਾ ਦਏ ਉਠਾਈਆ । ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚਾ ਦਏ ਵਖਾਈਆ। ਸਵਰਨ ਪਾਰਸ ਇਕੋ ਘਰ, ਘਰ ਮੰਦਰ ਆਪ ਸਮਾਇੰਦਾ। ਆਦਿ ਜੁਗਾਦਿ ਜੁਗਾ ਜੁਗੰਤ ਅਬਿਨਾਸ਼ੀ ਕਰਤਾ ਖੁਲ੍ਹਾ ਰੱਖੇ ਦਰ, ਦਰਵਾਜ਼ਾ ਨਜ਼ਰ ਕਿਸੇ ਨਾ ਆਇੰਦਾ। ਜੁਗ ਚੌਕੜੀ ਸਾਧ ਸੰਤ ਸਾਚੇ ਫੜ, ਸ੍ਰੀ ਭਗਵਾਨ ਆਪਣਾ ਮੇਲ ਮਿਲਾਇੰਦਾ। ਨਿਸ਼ਅੱਖਰ ਵੱਖਰ ਪ੍ਰਭ ਧੁਰ ਦੀ ਬਾਣੀ ਬਾਣ ਲਗਾਇੰਦਾ। ਕਿਲਾ ਤੋੜ ਹੰਕਾਰੀ ਗੜ੍ਹ, ਮਾਇਆ ਮਮਤਾ ਮੋਹ ਮਿਟਾਇੰਦਾ। ਲੇਖਾ ਜਾਣੇ ਚੇਤਨ ਜੜ੍ਹ, ਸਵਛ ਸਰੂਪੀ ਮੇਲ ਮਿਲਾਇੰਦਾ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੇ ਰੰਗ ਰੰਗਾਇੰਦਾ। ਪਾਰਸ ਸਵਰਨ ਇਕੋ ਹਾਟ, ਵਣਜਾਰਾ ਇਕੋ ਨਜ਼ਰੀ ਆਈਆ। ਇਕੋ ਤੀਰਥ ਇਕੋ ਤਾਟ, ਸਰੋਵਰ ਇਕੋ ਇਕ ਜਣਾਈਆ। ਇਕੋ ਮੰਦਰ ਇਕੋ ਮੱਠ, ਸ਼ਿਵਦੁਆਲਾ ਇਕੋ ਇਕ ਵਡਿਆਈਆ। ਇਕੋ ਨਾਮ ਇਕੋ ਰਿਹਾ ਰਟ, ਇਕੋ ਢੋਲਾ ਰਿਹਾ ਜਣਾਈਆ। ਕਰੇ ਖੇਲ ਪੁਰਖ ਸਮਰਥ, ਮਹਿਮਾ ਅਕੱਥ ਕਥ ਪੜ੍ਹਾਈਆ। ਕਲਜੁਗ ਅੰਤ ਹੋ ਪਰਗਟ, ਜੋਤੀ ਜੋਤ ਜੋਤ ਰੁਸ਼ਨਾਈਆ। ਸਤਿਜੁਗ ਦੇਵੇ ਸਾਚੀ ਵੱਥ, ਸਾਖਿਆਤ ਝੋਲੀ ਪਾਈਆ। ਪਾਰਬ੍ਰਹਮ ਦਾ ਇਕੋ ਤੱਤ, ਤਤਵ ਤਤ ਦਏ ਜਣਾਈਆ। ਬਹੱਤਰ ਨਾੜ ਨਾ ਉਬਲੇ ਰੱਤ, ਤ੍ਰੈਗੁਣ ਮਾਇਆ ਅਗਨ ਨਾ ਕੋਇ ਲਗਾਈਆ। ਬੀਜ ਬੀਜੇ ਸਾਚੇ ਵੱਤ, ਸਿੰਚ ਕਿਆਰੀ ਹਰੀ ਕਰਾਈਆ। ਲੇਖਾ ਜਾਣੇ ਡਾਲੀ ਪੱਤ, ਫੁੱਲ ਫੁਲਵਾੜੀ ਆਪ ਮਹਿਕਾਈਆ। ਗੁਰਸਿਖਾਂ ਰੱਖਣਹਾਰਾ ਪਤ, ਪਤਿਪਰਮੇਸ਼ਵਰ ਹੋਏ ਸਹਾਈਆ। ਅੰਦਰੇ ਅੰਦਰ ਮਾਰਗ ਦੇਵੇ ਦੱਸ, ਬਾਹਰ ਕਰੇ ਨਾ ਕੋਇ ਪੜ੍ਹਾਈਆ। ਚੌਦਾਂ ਵਿਦਿਆ ਹੋਵਣ ਭੱਠ, ਜਿਸ ਜਨ ਆਪਣੀ ਬੂਝ ਬੁਝਾਈਆ। ਨਾਤਾ ਤੁਟੇ ਤੀਰਥ ਅਠਸਠ, ਅੰਮ੍ਰਿਤ ਆਤਮ ਸਚ ਸਰੋਵਰ ਇਕ ਅਸ਼ਨਾਨ ਕਰਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸੱਜਣ ਲੇਖੇ ਵਿਚ ਲਗਾਈਆ। ਲੇਖਾ ਲੱਗੇ ਅੰਤਮ ਕਲ, ਪੁਰਖ ਅਕਾਲ ਆਪ ਲਗਾਇੰਦਾ। ਕਰਨਹਾਰਾ ਅਛਲ ਅਛੱਲ, ਵਲ ਛਲ ਧਾਰੀ ਭੇਸ ਵਟਾਇੰਦਾ। ਵੇਖਣਹਾਰਾ ਜਲ ਥਲ ਮਹੀਅਲ ਭੇਵ ਚੁਕਾਇੰਦਾ। ਜੋਤੀ ਸ਼ਬਦੀ ਨਿਰਗੁਣ ਰਲ, ਸਰਗੁਣ ਆਪਣਾ ਡੰਕ ਵਜਾਇੰਦਾ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਵਰਨ ਮੰਗੇ ਸਾਚਾ ਦਾਨ, ਪੁਰਖ ਅਬਿਨਾਸ਼ੀ ਦੇਵਣਹਾਰ ਮਿਹਰਬਾਨ, ਮਿਹਰ ਨਜ਼ਰ ਬੇਨਜ਼ੀਰ ਇਕ ਉਠਾਇੰਦਾ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗਾ ਜੁਗੰਤਰ ਜਨ ਭਗਤਾਂ ਬਿਧ ਜਾਣੇ ਅੰਤਰ, ਬਿਧ ਅੰਤਰ ਆਤਮ ਵੇਖ ਵਖਾਇੰਦਾ।



## ★ ੨੮ ਫੱਗਣ ੨੦੧੯ ਬਿਕਰਮੀ ਸੁੰਦਰ ਸਿੰਘ ਦੇ ਨਾਲ ਤੇਜਾ ਪੁਰ ਗੋਰਥਲੀ ★

ਸਤਿਗੁਰ ਪੂਰਾ ਨਿਹਕਲੰਕ, ਨਿਰਗੁਣ ਸਦਾ ਅਖਵਾਈਆ। ਸ਼ਬਦ ਵਜਾਵੇ ਇਕੋ ਡੰਕ, ਦੋ ਜਹਾਨ ਸ਼ਨਵਾਈਆ। ਜਨ ਭਗਤਾਂ ਲੇਖਾ ਮੁਕਾਏ ਆਦਿ ਅੰਤ, ਜੁਗ ਜੁਗ ਵੇਖ ਵਖਾਈਆ। ਸਭ ਦਾ ਕੱਢੇ ਸੰਸਾ ਸ਼ੰਕ, ਆਪਣਾ ਭੇਵ ਖੁਲ੍ਹਾਈਆ। ਜਿਸ ਬਣਾਈ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਬਣਤ, ਬੇਪਰਵਾਹ ਨੂਰ ਖ਼ੁਦਾਈਆ। ਆਦਿ ਜੁਗਾਦੀ ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਸਾਚਾ ਕੰਤ, ਸ੍ਰੀ ਭਗਵਾਨ ਵਡ ਵਡਿਆਈਆ।

ਸ਼ਾਸਤਰ ਸਿਮਰਤ ਵੇਦ ਪੁਰਾਨ ਖਾਣੀ ਬਾਣੀ ਜਿਸ ਦੀ ਮਹਿਮਾ ਗਾਏ ਅਗਣਤ, ਲਿਖ ਲਿਖ ਲੇਖ ਨਾ ਕੋਇ ਮੁਕਾਈਆ । ਜਿਸ ਨੂੰ ਨਾਨਕ ਗੋਬਿੰਦ ਕਿਹਾ ਕਲ ਕਲਕੀ ਆਵੇ ਅੰਤ, ਸੰਬਲ ਨਗਰੀ ਡੇਰਾ ਲਾਈਆ । ਸ੍ਰਿਸ਼ਟ ਸਬਾਈ ਪੜ੍ਹਾਏ ਇਕੋ ਮੰਤ, ਮੰਤਰ ਹਰਿ ਹਰਿ ਨਾਮ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖਣਹਾਰਾ ਘਰ ਘਰ, ਨਿਹਕਲੰਕ ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਨਿਹਕਲੰਕ ਸਤਿਗੁਰ ਬਲਵਾਨ, ਨਾਮ ਖੰਡਾ ਹੱਥ ਉਠਾਇੰਦਾ । ਗੋਬਿੰਦ ਮੰਗਿਆ ਅੰਤਮ ਦਾਨ, ਪੁਰਖ ਅਕਾਲ ਅੱਗੇ ਝੋਲੀ ਡਾਹਿੰਦਾ । ਕਵਣ ਵੇਲਾ ਮਿਲੇ ਆਣ, ਲੋਕਮਾਤ ਫੇਰਾ ਪਾਇੰਦਾ । ਸ੍ਰੀ ਭਗਵਾਨ ਕਹੇ ਨੌਜਵਾਨ, ਕਲਜੁਗ ਅੰਤਮ ਵੇਖ ਵਖਾਇੰਦਾ । ਸਦੀ ਬੀਸਵੀਂ ਵੇਖੇ ਮਾਰ ਧਿਆਨ, ਬੀਸ ਬੀਸਾ ਰਾਹ ਤਕਾਇੰਦਾ । ਪਰਮ ਪੁਰਖ ਸਤਿਗੁਰ ਸੱਚਾ ਸਦਾ ਮਿਹਰਬਾਨ, ਮਿਹਰ ਨਜ਼ਰ ਉਠਾਇੰਦਾ । ਜਿਸ ਜਨ ਅੰਤਰ ਆਤਮਾ ਦੇਵੇ ਆਪਣਾ ਗਿਆਨ, ਤਿਸ ਨਿਹਕਲੰਕ ਨਿਰਗੁਣ ਨਜ਼ਰੀ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਖਾਵਣਹਾਰਾ ਸਾਚਾ ਘਰ, ਸਤਿਗੁਰ ਆਪਣਾ ਪਰਦਾ ਲਾਹਿੰਦਾ । ਧੰਨ ਧੰਨ ਧੰਨ ਧੰਨ ਰਸਨਾ ਕਹੇ, ਜਿਹਵਾ ਮਿਲੇ ਵਡਿਆਈਆ । ਜਿਸ ਧਾਮ ਸਤਿਗੁਰ ਸੱਚਾ ਬਹੇ, ਸੋ ਥਾਨ ਸੋਭਾ ਪਾਈਆ । ਗੁਰਸਿਖ ਗੁਰਮੁਖ ਪ੍ਰਭ ਮਿਲਣ ਦੀ ਰੱਖੇ ਲੈ, ਇਕੋ ਓਟ ਤਕਾਈਆ । ਸਦਾ ਸਦਾ ਸਦ ਸ੍ਰੀ ਭਗਵਾਨ ਦੀ ਜੈ, ਜੈ ਜੈਕਾਰ ਕਰੇ ਲੋਕਾਈਆ । ਲੱਖ ਚੁਰਾਸੀ ਕਲਜੁਗ ਅੰਤਮ ਮਰੇ ਖਹਿ, ਘਰ ਘਰ ਪਏ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਲੋਕਮਾਤ ਫੇਰਾ ਪਾਈਆ । ਪਿਛਲਾ ਲੇਖਾ ਦੱਸੇ ਆਪ, ਆਪਣੀ ਦਇਆ ਕਮਾਈਆ । ਗੋਬਿੰਦ ਮੇਲਾ ਸੱਜਣ ਸਾਕ, ਸਹਿਜ ਸਹਿਜ ਸੁਖ਼ਦਾਈਆ । ਗੜ੍ਹੀ ਚਮਕੌਰ ਦਿਤਾ ਸਾਥ, ਸੇਵਕ ਰੂਪ ਵਟਾਈਆ । ਪਹਿਰਾ ਦੇਵੇ ਅੱਧੀ ਰਾਤ, ਚਰਨ ਕਵਲ ਧਿਆਨ ਲਗਾਈਆ । ਮੰਗੀ ਮੰਗ ਦੋਏ ਜੋੜ ਹਾਥ, ਚਰਨ ਕਵਲ ਸਰਨਾਈਆ । ਜੰਗਲ ਜੂਹ ਉਜਾੜ ਪਹਾੜ ਦੇਣਾ ਸਾਥ, ਮਿਹਰਵਾਨ ਤੇਰੀ ਸਰਨਾਈਆ । ਗੁਰ ਗੋਬਿੰਦ ਦਿਤੀ ਦਾਤ, ਧੁਰ ਫ਼ਰਮਾਣਾ ਹੁਕਮ ਜਣਾਈਆ । ਕਲਜੁਗ ਅੰਤਮ ਮੇਲ ਮਿਲਾਵਾਂ ਪੁਰਖ ਅਬਿਨਾਸ਼, ਤੇਰਾ ਪੰਧ ਮੁਕਾਈਆ । ਹੋਏ ਮੇਲਾ ਵਿਚ ਪਰਭਾਸ, ਅੱਧਵਾਟੇ ਵੇਖ ਵਖਾਈਆ । ਤੇਰਾ ਲੱਗੇ ਲੇਖੇ ਸਵਾਸ, ਜਿਨ੍ਹਾਂ ਸਵਾਸਾਂ ਮੰਗ ਮੰਗਾਈਆ । ਪਿਛਲਾ ਨਾਮ ਸਿੰਘ ਆਸ, ਆਸਾ ਸਿੰਘ ਆਸਾ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਅੱਗੇ ਜਨਮ ਮਰਨ ਲੱਖ ਚੁਰਾਸੀ ਰਹਿਣ ਨਾ ਪਾਈਆ । ਲੱਖ ਚੁਰਾਸੀ ਜਾਏ ਛੁੱਟ, ਆਵਣ ਜਾਵਣ ਰਹਿਣ ਨਾ ਪਾਈਆ । ਹਰਿ ਅੰਮ੍ਰਿਤ ਜਾਮ ਪਿਆਏ ਘੁੱਟ, ਨਦਰੀ ਨਦਰ ਨਿਹਾਲ ਕਰਾਈਆ । ਲੋਕਮਾਤ ਦਾ ਬੂਟਾ ਪੁੱਟ, ਸਚਖੰਡ ਦਏ ਲਗਾਈਆ । ਆਪ ਉਧਾਰੇ ਗੋਬਿੰਦ ਸੁਤ, ਗੁਰ ਸ਼ਬਦੀ ਵੇਖ ਵਖਾਈਆ । ਧਰਮ ਰਾਏ ਲੇਖਾ ਨਾ ਸਕੇ ਪੁੱਛ, ਚਿੱਤਰ ਗੁਪਤ ਲੇਖ ਨਾ ਕੋਇ ਵਖਾਈਆ । ਜਿਸ ਉਪਰ ਕਿਰਪਾ ਕਰੇ ਅਬਿਨਾਸ਼ੀ ਅਚੁਤ, ਚੇਤਨ ਚੇਤਨ ਵਿਚ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਲਹਿਣਾ ਦੇਣਾ ਪੂਰਬ ਝੋਲੀ ਪਾਈਆ ।

੩੦ ੧੪

★ ੨੮ ਫੱਗਣ ੨੦੧੯ ਬਿਕਰਮੀ ਹਜ਼ੂਰਾ ਸਿੰਘ ਦੇ ਗ੍ਰਿਹ ਦੁਆਬਾ ਸੰਗਤ ਦੇ ਨਵਿਤ ਗੋਰਾਇਆ ★

ਸਾਚਾ ਨਾਉਂ ਅੰਮ੍ਰਿਤ ਬਾਣੀ, ਭਗਤ ਭਗਵਾਨ ਆਪ ਜਣਾਇੰਦਾ । ਸਤ ਸਰੋਵਰ ਦੇਵੇ ਠੰਡਾ ਪਾਣੀ, ਰਸ ਇਕੋ ਇਕ ਵਖਾਇੰਦਾ । ਬੋਧ ਅਗਾਧ ਜਣਾਏ ਸਚ ਕਹਾਣੀ, ਮਹਿਮਾ ਅਕੱਥ ਕਥ ਦ੍ਰਿੜਾਇੰਦਾ । ਸੁਰਤ ਸ਼ਬਦ ਮਿਲਾਏ ਸਾਚਾ ਹਾਣੀ, ਦਰ ਘਰ ਸਾਚਾ ਇਕ ਵਡਿਆਇੰਦਾ । ਚਰਨ ਕਵਲ ਬਖ਼ਸ਼ੇ ਪ੍ਰਭ ਧਿਆਨੀ, ਨਿਜ ਨੇਤਰ ਨੈਣ ਖੁਲ੍ਹਾਇੰਦਾ । ਦੇਵਣਹਾਰਾ ਪਦ ਨਿਰਬਾਣੀ, ਨਿਰਬਾਣ ਪਦ ਇਕ ਵਖਾਇੰਦਾ । ਵਖਾਵਣਹਾਰਾ ਸਚ ਨਿਸ਼ਾਨੀ, ਸਤਿ ਦੁਆਰੇ ਪੜਦਾ ਲਾਹਿੰਦਾ । ਨਿਰਗੁਣ ਜੋਤ ਨੂਰ ਮਹਾਨੀ, ਜਲਵਾ ਨੂਰ ਨੂਰ ਦਰਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਅੰਮ੍ਰਿਤ ਬਾਣੀ ਆਪ ਜਣਾਇੰਦਾ । ਅੰਮ੍ਰਿਤ ਬਾਣੀ ਸੁਣਾਏ ਨਾਦ, ਅਨਹਦ ਰਾਗ ਅਲਾਈਆ । ਭਗਤ ਭਗਵਾਨ ਸਾਚੇ ਲਾਧ, ਨਿਰਗੁਣ ਸਰਗੁਣ ਜੋੜ ਜੁੜਾਈਆ । ਮੇਟ ਮਿਟਾਏ ਵਾਦ ਵਿਵਾਦ, ਵਿਖ ਰੂਪ ਰਹਿਣ ਨਾ ਪਾਈਆ । ਬਿਨ ਰਸਨਾ ਜਿਹਵਾ ਦੇਵੇ ਸੁਆਦ, ਨਿਝਰ ਝਿਰਨਾ ਆਪ ਝਿਰਾਈਆ । ਕੂੜੀ ਕਿਰਿਆ ਦੇਵੇ ਕਾਢ, ਸਚ ਸੁੱਚ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਨਾਮ ਅੰਮ੍ਰਿਤ ਬਾਣੀ ਦਏ ਸਮਝਾਈਆ । ਅੰਮ੍ਰਿਤ ਬਾਣੀ ਹਰਿ ਕਾ ਨਾਉਂ, ਨਿਰੰਕਾਰਾ ਆਪ ਦ੍ਰਿੜਾਇੰਦਾ । ਲੇਖਾ ਜਾਣੇ ਅਗੰਮ ਅਥਾਹੋ, ਭੇਵ ਅਭੇਦ ਖੁਲ੍ਹਾਇੰਦਾ । ਭਗਤ ਭਗਵਾਨ ਫੜ ਫੜ ਬਾਹੋਂ ਨਿਰਗੁਣ ਨਿਰਾਕਾਰ ਨਿਰੰਕਾਰ ਆਪ ਜਣਾਇੰਦਾ । ਨਾਤਾ ਜੋੜੇ ਜਿਉਂ ਪੁੱਤਰਾਂ ਮਾਉਂ, ਪਿਤਾ ਪੂਤ ਗੋਦ ਸੁਹਾਇੰਦਾ । ਨਥਾਵਿਆਂ ਦੇਵੇ ਸਾਚਾ ਥਾਉਂ, ਥਾਨ ਥਨੰਤਰ ਇਕ ਵਖਾਇੰਦਾ । ਸਦਾ ਸਦਾ ਸਦ ਦੇਵੇ ਠੰਡੀ ਛਾਉਂ, ਸਿਰ ਆਪਣਾ ਹੱਥ ਰਖਾਇੰਦਾ । ਫੜ ਫੜ ਹੰਸ ਬਣਾਏ ਕਾਉਂ, ਕਾਗ ਹੰਸ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਆਪਣੇ ਰੰਗ ਰੰਗਾਇੰਦਾ । ਅੰਮ੍ਰਿਤ ਬਾਣੀ ਆਤਮ ਰਸ, ਰਸ ਰਸੀਆ ਆਪ ਜਣਾਈਆ । ਭਗਤ ਭਗਵਾਨ ਹੋ ਵਸ, ਬਣ ਸੇਵਕ ਸੇਵ ਕਮਾਈਆ । ਜਿਉਂ ਗੋਰਾਇਆ ਵਿਚ ਗਿਆ ਫਸ, ਰਾਹ ਵਿਚ ਫਾਂਦੀ ਬੈਠੇ ਡੇਰਾ ਲਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਨਾ ਜਾਏ ਨੱਠ, ਬਲ ਆਪਣਾ ਨਾ ਕੋਇ ਰਖਾਈਆ । ਗ਼ਰੀਬ ਨਿਮਾਣਿਆਂ ਕਰ ਇਕੱਠ, ਸਾਚਾ ਮਤਾ ਲਿਆ ਪਕਾਈਆ । ਜਿੰਨਾਂ ਚਿਰ ਸਾਡੇ ਅੰਦਰ ਨਾ ਜਾਏ ਵਸ, ਹਰ ਹਿਰਦੇ ਡੇਰਾ ਲਾਈਆ । ਆਪਣਾ ਮੰਦਰ ਨਾ ਦੇਵੇ ਦੱਸ, ਦਵੈਤੀ ਪਰਦਾ ਆਪ ਚੁਕਾਈਆ । ਅੰਮ੍ਰਿਤ ਦੇਵੇ ਨਾ ਮਿੱਠਾ ਰਸ, ਖਹਿੜਾ ਛੱਡੋ ਨਾ ਮਿਲ ਕੇ ਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਮ ਅੰਮ੍ਰਿਤ ਬਾਣੀ ਦਏ ਸਮਝਾਈਆ । ਨਾਮ ਅੰਮ੍ਰਿਤ ਬਾਣੀ ਸਤਿਗੁਰ ਪਿਆਰ, ਦੂਜੀ ਧਾਰ ਨਾ ਕੋਇ ਵਖਾਇੰਦਾ । ਅੰਦਰੇ ਅੰਦਰ ਕਰੇ ਗ਼ੁਫ਼ਤਾਰ, ਗ਼ੁਫ਼ਤ ਸ਼ੁਨੀਦ ਖੇਲ ਵਖਾਇੰਦਾ । ਕਰੇ ਖੇਲ ਆਪ ਕਰਤਾਰ, ਕਰਨੀ ਆਪਣੀ ਆਪ ਜਣਾਇੰਦਾ । ਦਰ ਦਰਵੇਸ਼ ਬਣ ਭਿਖਾਰ, ਹਰਿ ਅਲੱਖ ਨਿਰੰਜਣ ਅਲਖ ਜਗਾਇੰਦਾ । ਭਗਤ ਭਗਵੰਤ ਖੇਲ ਨਿਆਰ, ਨਿਰਗੁਣ ਸਰਗੁਣ ਆਪ ਖਲਾਇੰਦਾ । ਸੱਚਾ ਨਾਦ ਵੱਜੇ ਧੁੰਨਕਾਰ, ਰੁਣ ਝੁਣ ਆਪਣੀ ਆਪ ਸਮਝਾਇੰਦਾ । ਸੜਕ ਕੰਢੇ ਬੈਠੇ ਖ਼ਬਰਦਾਰ, ਬੇਖ਼ਬਰ ਖ਼ਬਰ ਆਪ ਪੁਚਾਇੰਦਾ । ਇਸ ਤੋਂ ਪਰੇ ਨਾ ਕੋਈ ਕਰਤਾਰ, ਸਚ ਦੁਆਰਾ ਨਾ ਕੋਈ ਵਡਿਆਇੰਦਾ । ਜਿਸ ਅੰਤਰ ਇਕ ਅਧਾਰ, ਤਿਸ ਮੰਤਰ ਨਾਮ ਸੁਣਾਇੰਦਾ । ਬਾਣੀ ਅੰਮ੍ਰਿਤ ਕਰੇ ਪੁਕਾਰ, ਗੁਰਮੁਖਾਂ ਰਾਹ ਤਕਾਇੰਦਾ । ਬਿਨ ਭਗਤਾਂ ਕਰੇ ਨਾ ਕੋਈ

ਸ਼ਿੰਗਾਰ, ਸਚ ਰੂਪ ਨਾ ਕੋਇ ਵਟਾਇੰਦਾ। ਤਖ਼ਤ ਨਿਵਾਸੀ ਏਕੰਕਾਰ, ਨਿਰਗੁਣ ਆਪਣੀ ਦਇਆ ਕਮਾਇੰਦਾ। ਬੇਵਸ ਹੋ ਕੇ ਡਿਗਾ ਮੂੰਹ ਦੇ ਭਾਰ, ਆਪਣਾ ਬਲ ਨਾ ਕੋਇ ਜਣਾਇੰਦਾ। ਦੇਵਣਹਾਰ ਇਕ ਦਾਤਾਰ, ਦਾਤਾ ਦਾਨੀ ਆਪ ਅਖਵਾਇੰਦਾ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ। ਅੰਮ੍ਰਿਤ ਬਾਣੀ ਕਰੇ ਪੁਕਾਰ, ਪ੍ਰਭ ਅੱਗੇ ਕੂਕ ਸੁਣਾਈਆ। ਬਿਨ ਭਗਤਾਂ ਨਜ਼ਰ ਕੋਈ ਨਾ ਆਏ ਮੀਤ ਮੁਰਾਰ, ਲੱਖ ਚੁਰਾਸੀ ਗੂੜ੍ਹੀ ਨੀਂਦ ਸਵਾਈਆ। ਸਚ ਦਰ ਮਿਲੇ ਨਾ ਕੋਇ ਦੁਆਰ, ਦਰ ਸੱਚਾ ਦਰਸ ਨਾ ਕੋਇ ਵਖਾਈਆ। ਨੌਂ ਖੰਡ ਪ੍ਰਿਥਮੀ ਬਣਿਆ ਗੜ੍ਹ ਹੰਕਾਰ, ਹਉਮੇ ਹੰਗਤਾ ਕਰੇ ਲੜਾਈਆ। ਬਿਨ ਹਰਿ ਕੰਤ ਮਿਲੇ ਨਾ ਕੋਈ ਸੱਚਾ ਯਾਰ, ਯਾਰੀ ਸਚ ਨਾ ਕੋਇ ਨਿਭਾਈਆ। ਮੇਰੀ ਸੁਣੇ ਨਾ ਕੋਇ ਗ਼ੁਫ਼ਤਾਰ, ਮੇਰਾ ਰਾਗ ਕੰਮ ਕਿਸੇ ਨਾ ਆਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਅੰਮ੍ਰਿਤ ਬਾਣੀ ਦੋਏ ਜੋੜ ਵਾਸਤਾ ਪਾਈਆ। ਅੰਮ੍ਰਿਤ ਬਾਣੀ ਮੰਗੇ ਮੰਗ, ਪ੍ਰਭ ਅੱਗੇ ਸੀਸ ਝੁਕਾਈਆ। ਜਿੰਨਾਂ ਚਿਰ ਤੂੰ ਨਾ ਹੋਵੇਂ ਸੰਗ, ਮੇਰੀ ਕਦਰ ਕਿਸੇ ਨਾ ਪਾਈਆ। ਗੁਰਦਰ ਸ਼ਿਵਦੁਆਲੇ ਮੱਠ ਮੇਰਾ ਤੇਰਾ ਹੋਇਆ ਨੰਗ, ਓਢਣ ਨਜ਼ਰ ਕੋਇ ਨਾ ਆਈਆ। ਰਸਨਾ ਜਿਹਵਾ ਗਾਏ ਮੇਰਾ ਛੰਦ, ਪਿਆਰ ਪਿਆਰ ਵਿਚ ਨਾ ਕੋਇ ਬੰਧਾਈਆ। ਮੈਂ ਪਾਰ ਕਰ ਕੇ ਆਈ ਦੂਈ ਦਵੈਤੀ ਕੰਧ, ਜਨ ਭਗਤਾਂ ਡੇਰਾ ਡੇਰੇ ਲਾਈਆ। ਆ ਕੇ ਸੁਣਿਆ ਸੱਚਾ ਛੰਦ, ਤੂੰ ਮੇਰਾ ਮੈਂ ਤੇਰਾ ਸਾਰੇ ਰਹੇ ਗਾਈਆ। ਮੈਨੂੰ ਆਪਣਾ ਭੁੱਲਿਆ ਅਨੰਦ, ਤੇਰਾ ਅਨੰਦ ਨਜ਼ਰੀ ਆਈਆ। ਜਿਧਰ ਵੇਖਾਂ ਵੇਖਿਆ ਚੰਦ, ਗੁਰਮੁਖ ਨੂਰ ਜੋਤ ਰੁਸ਼ਨਾਈਆ। ਜਿਨ੍ਹਾਂ ਮਿਲਿਆ ਸਾਹਿਬ ਬਖ਼ਸ਼ੰਦ, ਬਖ਼ਸ਼ਿਸ਼ ਇਕੋ ਵਾਰ ਵਰਤਾਈਆ। ਚਰਨ ਪ੍ਰੀਤੀ ਸਾਚੀ ਗੰਢ, ਤੁਟੀ ਗੰਢ ਵਖਾਈਆ। ਅੰਮ੍ਰਿਤ ਬਾਣੀ ਆਪਣਾ ਨਾਮ ਦੇ ਕੇ ਪਾਈ ਠੰਡ, ਅਗਨੀ ਵਾ ਨਾ ਲਾਗੇ ਰਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਅੰਮ੍ਰਿਤ ਬਾਣੀ ਰਿਹਾ ਸਮਝਾਈਆ। ਅੰਮ੍ਰਿਤ ਬਾਣੀ ਉਠ ਨੇਤਰ ਖੋਲ੍ਹ, ਸੋ ਪੁਰਖ ਨਿਰੰਜਣ ਆਪ ਜਣਾਈਆ। ਜਿਸ ਦਾ ਵਜੌਂਦੀ ਫਿਰੇਂ ਢੋਲ, ਸੋ ਸਾਹਿਬ ਫੇਰਾ ਪਾਈਆ। ਜਨ ਭਗਤਾਂ ਵਸੇ ਕੋਲ, ਤੇਰੀ ਲੋੜ ਰਹੇ ਨਾ ਰਾਈਆ। ਹਰਿ ਤੋਲਿਆ ਆਪਣਾ ਤੋਲ, ਨਾਮ ਕੰਡਾ ਹੱਥ ਉਠਾਈਆ। ਤੂੰ ਚਾਰ ਯੁਗ ਰਹੀ ਅਨਭੋਲ, ਤੇਰੀ ਅੱਖ ਨਾ ਕਿਸੇ ਖੁਲ੍ਹਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਮ੍ਰਿਤ ਬਾਣੀ ਰਿਹਾ ਜਣਾਈਆ। ਅੰਮ੍ਰਿਤ ਬਾਣੀ ਤੇਰਾ ਰਾਹ, ਹਰਿ ਸਤਿਗੁਰ ਆਪ ਜਣਾਇੰਦਾ। ਤੂੰ ਮੇਰੀ ਕਰੇਂ ਸਿਫ਼ਤ ਸਾਲਾਹ, ਸਦਾ ਸਦ ਤੇਰੀ ਸੇਵ ਲਗਾਇੰਦਾ। ਅੰਤਮ ਸੰਦੇਸਾ ਦਏਂ ਜਣਾ, ਧੁਰ ਫ਼ਰਮਾਣਾ ਆਪ ਅਲਾਇੰਦਾ। ਮੇਰੇ ਭਗਤਾਂ ਨਾਲ ਮਿਲ ਕੇ ਮੇਰਾ ਗੀਤ ਗਾ, ਗੀਤ ਸੁਹਾਗੀ ਇਕ ਜਣਾਇੰਦਾ। ਇਕੋ ਉਪਜੇ ਸੱਚਾ ਨਾਂ, ਨਾਉਂ ਨਿਰੰਕਾਰਾ ਆਪ ਸਮਝਾਇੰਦਾ। ਨਿਮਾਣਿਆਂ ਦੇਵੇ ਸਾਚਾ ਥਾਂ, ਥਾਨ ਥਨੰਤਰ ਇਕ ਜਣਾਇੰਦਾ। ਊਚਾਂ ਨੀਚਾਂ ਰਾਉ ਰੰਕਾਂ ਦਏ ਪੜ੍ਹਾ, ਸ਼ਾਹ ਸੁਲਤਾਨਾਂ ਆਪ ਸਮਝਾਇੰਦਾ। ਚਾਰ ਵਰਨ ਤੇਰਾ ਜਾਮ ਦਏ ਪਿਆ, ਪਿਆਲਾ ਆਪਣੇ ਹੱਥ ਰਖਾਇੰਦਾ। ਬਾਣੀ ਬਾਣ ਨਿਰਾਲਾ ਤੀਰ ਜਾਏ ਚਲਾ, ਅਣਯਾਲਾ ਨਜ਼ਰ ਕਿਸੇ ਨਾ ਆਇੰਦਾ। ਕਰੇ ਖੇਲ ਸੱਚਾ ਸ਼ਹਿਨਸ਼ਾਹ, ਸ਼ਾਹ ਪਾਤਸ਼ਾਹ ਆਪਣਾ ਹੁਕਮ ਮਨਾਇੰਦਾ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਅੰਮ੍ਰਿਤ ਬਾਣੀ ਇਕੋ ਨਾਮ ਦਰਸਾਇੰਦਾ। ਅੰਮ੍ਰਿਤ ਬਾਣੀ ਹਰਿ ਕਾ ਜਸ, ਜਸ ਵੇਦ ਪੁਰਾਨ ਜਣਾਈਆ।


੩੨ ੧੪

ਅੰਮ੍ਰਿਤ ਬਾਣੀ ਹਰਿ ਮਹਿਮਾ ਅਕੱਥ, ਕਥ ਕਥ ਸਮਝਾਈਆ । ਅੰਮ੍ਰਿਤ ਬਾਣੀ ਮੇਲ ਮਿਲਾਵਾ ਪੁਰਖ ਸਮਰਥ, ਸਮਰਥ ਆਪਣੇ ਅੰਗ ਲਗਾਈਆ । ਅੰਮ੍ਰਿਤ ਬਾਣੀ ਨਿਰਗੁਣ ਜੋਤ ਕਰੇ ਪ੍ਰਕਾਸ਼, ਸ੍ਰੀ ਭਗਵਾਨ ਆਪਣਾ ਨੂਰ ਰਿਹਾ ਵਖਾਈਆ । ਅੰਮ੍ਰਿਤ ਬਾਣੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਇਕੋ ਇਕ ਰਿਹਾ ਜਣਾਈਆ । ਅੰਮ੍ਰਿਤ ਬਾਣੀ ਧੁਰ ਦੀ ਧਾਰ, ਧੁਰ ਦਰਬਾਰੀ ਆਪ ਸਮਝਾਇੰਦਾ । ਅੰਮ੍ਰਿਤ ਬਾਣੀ ਭਗਤ ਆਧਾਰ, ਹਰਿ ਭਗਵਨ ਆਪ ਸਮਝਾਇੰਦਾ । ਅੰਮ੍ਰਿਤ ਬਾਣੀ ਅਨਹਦ ਨਾਦ ਸੁਣੇ ਸੁਣਾਏ ਪੁਕਾਰ, ਭੇਵ ਅਭੇਦ ਖੁਲ੍ਹਾਇੰਦਾ । ਅੰਮ੍ਰਿਤ ਬਾਣੀ ਅੰਮ੍ਰਿਤ ਦੇਵੇ ਸਚ ਭੰਡਾਰ, ਨਿਝਰ ਝਿਰਨਾ ਆਪ ਵਖਾਇੰਦਾ । ਅੰਮ੍ਰਿਤ ਬਾਣੀ ਨਾਤਾ ਤੋੜੇ ਨੌਂ ਦੁਆਰ, ਘਰ ਇਕੋ ਇਕ ਵਡਿਆਇੰਦਾ । ਅੰਮ੍ਰਿਤ ਬਾਣੀ ਲਹਿਣਾ ਦੇਣਾ ਮੁਕਾਏ ਕੂੜ ਕੁੜਿਆਰ, ਸਚ ਸੁੱਚ ਇਕ ਵਡਿਆਇੰਦਾ । ਅੰਮ੍ਰਿਤ ਬਾਣੀ ਮੇਲ ਮਿਲਾਵਾ ਕਰੇ ਕਰਾਏ ਨਾਰ ਕੰਤ ਭਤਾਰ, ਸੇਜ ਸੁਹੰਜਣੀ ਇਕ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਮ੍ਰਿਤ ਬਾਣੀ ਇਕੋ ਨਾਉਂ ਵਡਿਆਇੰਦਾ । ਅੰਮ੍ਰਿਤ ਬਾਣੀ ਦੱਸੇ ਹਾਲ, ਆਪਣਾ ਹਾਲ ਜਣਾਈਆ । ਅੰਮ੍ਰਿਤ ਬਾਣੀ ਸਿਫ਼ਤ ਕਰੇ ਦੀਨ ਦਿਆਲ, ਦਇਆਨਿਧ ਮੰਗੇ ਸਰਨਾਈਆ । ਅੰਮ੍ਰਿਤ ਬਾਣੀ ਜੁਗ ਚੌਕੜੀ ਚਲੇ ਅਵੱਲੜੀ ਚਾਲ, ਚਾਲ ਨਿਰਾਲੀ ਇਕ ਵਖਾਈਆ । ਅੰਮ੍ਰਿਤ ਬਾਣੀ ਸਾਚਾ ਮਾਰਗ ਦਏ ਵਖਾਲ, ਹਰਿ ਆਪਣਾ ਰੰਗ ਰੰਗਾਈਆ । ਅੰਮ੍ਰਿਤ ਬਾਣੀ ਘਰ ਘਰ ਵਿਚ ਬਣੇ ਦਲਾਲ, ਬਣ ਸੇਵਕ ਸੇਵ ਕਮਾਈਆ । ਅੰਮ੍ਰਿਤ ਬਾਣੀ ਗੁਰਮੁਖ ਵਿਰਲਾ ਪਾਏ ਲਾਲ, ਜਿਸ ਜਨ ਆਪਣੀ ਦਇਆ ਕਮਾਈਆ । ਅੰਮ੍ਰਿਤ ਬਾਣੀ ਨਾਤਾ ਤੋੜੇ ਕਾਲ, ਤ੍ਰੈਗੁਣ ਲੇਖਾ ਦਏ ਮੁਕਾਈਆ । ਅੰਮ੍ਰਿਤ ਬਾਣੀ ਸਾਚਾ ਮੰਦਰ ਦਏ ਵਖਾਲ, ਜਿਸ ਘਰ ਵਸੇ ਸੱਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਅੰਮ੍ਰਿਤ ਬਾਣੀ ਆਪਣਾ ਨਾਉਂ ਵਡਿਆਈਆ । ਅੰਮ੍ਰਿਤ ਬਾਣੀ ਹਰਿ ਕਾ ਨਾਉਂ ਵਡ, ਵਡ ਵੱਡਾ ਆਪ ਵਡਿਆਇੰਦਾ । ਆਪਣੀ ਧਾਰੋਂ ਬਾਹਰ ਕੱਢ, ਧਾਰ ਧਾਰ ਵਿਚ ਦਰਸਾਇੰਦਾ । ਅੰਮ੍ਰਿਤ ਬਾਣੀ ਰੱਖੇ ਅੰਦਰ ਹੱਦ, ਪਾਰ ਕਿਨਾਰਾ ਨਾ ਕਿਸੇ ਵਖਾਇੰਦਾ । ਅੰਮ੍ਰਿਤ ਬਾਣੀ ਵਜਾਏ ਨਦ, ਅਨਰਾਗੀ ਰਾਗ ਅਲਾਇੰਦਾ । ਅੰਮ੍ਰਿਤ ਬਾਣੀ ਜਾਮ ਪਿਆਏ ਮਧ, ਰਸ ਇਕੋ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਮ੍ਰਿਤ ਬਾਣੀ ਇਕੋ ਇਕ ਵਡਿਆਇੰਦਾ । ਅੰਮ੍ਰਿਤ ਬਾਣੀ ਇਕੋ ਨੂਰ, ਨੂਰ ਨੂਰ ਦਰਸਾਈਆ । ਅੰਮ੍ਰਿਤ ਬਾਣੀ ਸਰਧਾ ਪੂਰ, ਆਸਾ ਮਨਸਾ ਵੇਖ ਵਖਾਈਆ । ਅੰਮ੍ਰਿਤ ਬਾਣੀ ਹਾਜ਼ਰ ਹਜ਼ੂਰ, ਹਰਿ ਸਤਿਗੁਰ ਹੋਏ ਸਹਾਈਆ । ਅੰਮ੍ਰਿਤ ਬਾਣੀ ਨਾਤਾ ਤੋੜੇ ਕੂੜ, ਕੂੜੀ ਕਿਰਿਆ ਦਏ ਖਪਾਈਆ । ਅੰਮ੍ਰਿਤ ਬਾਣੀ ਚਤੁਰ ਸੁਘੜ ਬਣਾਏ ਮੂਰਖ ਮੂੜ੍ਹ, ਮੂੜ੍ਹੇ ਆਪਣੇ ਧੰਦੇ ਲਾਈਆ । ਅੰਮ੍ਰਿਤ ਬਾਣੀ ਕੋਟ ਜਨਮ ਦੇ ਬਖ਼ਸ਼ੇ ਮਾਤ ਕਸੂਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਘਰ ਜਣਾਈਆ । ਅੰਮ੍ਰਿਤ ਬਾਣੀ ਘਰ ਏਕਾ, ਏਕੰਕਾਰਾ ਆਪ ਬੁਝਾਇੰਦਾ । ਅੰਮ੍ਰਿਤ ਬਾਣੀ ਸਾਚੀ ਟੇਕਾ, ਸਤਿ ਪੁਰਖ ਨਿਰੰਜਣ ਵੇਖ ਵਖਾਇੰਦਾ । ਅੰਮ੍ਰਿਤ ਬਾਣੀ ਕਰੇ ਬੁਧ ਬਬੇਕਾ, ਬਬੇਕੀ ਆਪਣਾ ਰਾਹ ਵਖਾਇੰਦਾ । ਅੰਮ੍ਰਿਤ ਬਾਣੀ ਚੁਕਾਏ ਪੂਰਬ ਲੇਖਾ, ਲੇਖਾ ਅਗਲਾ ਪੰਧ ਮੁਕਾਇੰਦਾ । ਅੰਮ੍ਰਿਤ ਬਾਣੀ ਕਰੇ ਸੱਚਾ ਹੇਤਾ, ਹਿਤਕਾਰੀ ਵੇਖ ਵਖਾਇੰਦਾ । ਅੰਮ੍ਰਿਤ ਬਾਣੀ ਅੰਤਰ ਆਤਮ ਖੋਲ੍ਹੇ ਭੇਤਾ, ਭੇਵ ਅਭੇਦ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਨ ਭਗਤਾਂ ਆਪ ਦ੍ਰਿੜਾਇੰਦਾ । ਅੰਮ੍ਰਿਤ ਬਾਣੀ ਭਗਤ ਜਨ,

ਸ੍ਰੀ ਭਗਵਾਨ ਆਪ ਜਣਾਈਆ । ਸੰਸਾ ਚੁਕੇ ਮਨਸਾ ਮਨ, ਮਨ ਵਾਸਨਾ ਦਏ ਮਿਟਾਈਆ । ਲੇਖਾ ਤੋੜ ਕਾਇਆ ਤਨ, ਪੰਜ ਤੱਤ ਦਏ ਸੁਹਾਈਆ । ਮਾਣਸ ਜਨਮ ਬੇੜਾ ਬੰਨ੍ਹ, ਆਪਣੇ ਕੰਧ ਉਠਾਈਆ । ਸਾਚਾ ਦੇ ਨਾਮ ਧੰਨ, ਭੰਡਾਰਾ ਇਕ ਵਰਤਾਈਆ । ਨਿਰਗੁਣ ਜੋਤ ਚਾੜ੍ਹ ਚੰਨ, ਅਗਿਆਨ ਅੰਧੇਰ ਮਿਟਾਈਆ । ਸੋਹੰ ਢੋਲਾ ਸੁਣਾਏ ਛੰਦ, ਅੰਮ੍ਰਿਤ ਬਾਣੀ ਆਪਣਾ ਰੂਪ ਦਰਸਾਈਆ । ਗੁਰਮੁਖ ਵਿਰਲਾ ਜਾਏ ਮਨ, ਜਿਸ ਮਿਹਰ ਨਜ਼ਰ ਟਿਕਾਈਆ । ਲੱਖ ਚੁਰਾਸੀ ਨੇਤਰ ਅੰਨ੍ਹ, ਸਰਵਣ ਸੁਣਨ ਕੋਇ ਨਾ ਪਾਈਆ । ਤਖ਼ਤ ਨਿਵਾਸੀ ਸ੍ਰੀ ਭਗਵਨ, ਭਗਤਨ ਦੇਵੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡ ਵਡਿਆਈਆ । ਅੰਮ੍ਰਿਤ ਬਾਣੀ ਕਹੇ ਪੁਕਾਰ, ਪ੍ਰਭ ਅੱਗੇ ਸੀਸ ਝੁਕਾਈਆ । ਕਿਰਪਾ ਕਰ ਆਪ ਕਰਤਾਰ, ਤੇਰੇ ਹੱਥ ਮੇਰੀ ਵਡਿਆਈਆ । ਤੇਰਾ ਨਾਦ ਸ਼ਬਦ ਧੁਨਕਾਰ, ਤੇਰਾ ਰਾਗ ਅਗੰਮ ਅਥਾਹੀਆ । ਤੇਰਾ ਸਾਚਾ ਮੰਗਲਾਚਾਰ, ਨਜ਼ਰ ਕਿਸੇ ਨਾ ਆਈਆ । ਮੈਂ ਮੰਗਾਂ ਮੰਗ ਭਿਖਾਰ, ਝੋਲੀ ਆਪਣੀ ਅੱਗੇ ਡਾਹੀਆ । ਕਿਰਪਾ ਕਰ ਸਿਰਜਣਹਾਰ, ਪ੍ਰਭ ਹੋਣਾ ਆਪ ਸਹਾਈਆ । ਤੇਰੇ ਹੁਕਮੇ ਅੰਦਰ ਕਰਾਂ ਪਿਆਰ, ਆਪਣਾ ਮਾਣ ਨਾ ਕੋਇ ਰਖਾਈਆ । ਜਾ ਕੇ ਭਗਤਾਂ ਕਰਾਂ ਦੀਦਾਰ, ਜੋ ਤੇਰਾ ਨਾਮ ਧਿਆਈਆ । ਅੰਦਰ ਵੜ ਕੇ ਦੇਵਾਂ ਆਧਾਰ, ਆਪਣੀ ਬੂਝ ਬੁਝਾਈਆ । ਘਰ ਵੜ ਕੇ ਬੋਲਾਂ ਜੈਕਾਰ, ਤੂਹੀ ਤੂਹੀ ਤੂਹੀ ਢੋਲਾ ਗਾਈਆ । ਤੇਰਾ ਰੂਪ ਨਜ਼ਰੀ ਆਏ ਨਿਰੰਕਾਰ, ਦੂਜਾ ਨੂਰ ਨਾ ਕੋਇ ਰੁਸ਼ਨਾਈਆ । ਜਿਸ ਘਰ ਤੇਰਾ ਦਰਬਾਰ, ਤਿਸ ਮਿਲੇ ਮਾਣ ਵਡਿਆਈਆ । ਮੈਂ ਨਿਉਂ ਨਿਉਂ ਕਰਾਂ ਨਿਮਸਕਾਰ, ਬਣ ਸੇਵਕ ਸੇਵ ਕਮਾਈਆ । ਜਿਸ ਵੇਲੇ ਭਗਤਾਂ ਕੋਲੋਂ ਸੋਹੰ ਸ਼ਬਦ ਸੁਣਾਂ ਜੈਕਾਰ, ਮਾਣ ਤਾਣ ਰਹੇ ਨਾ ਰਾਈਆ । ਮੈਂ ਆਖਾਂ ਮੈਨੂੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦਿਓ ਵਖਾਲ, ਬਿਨ ਨੈਣਾਂ ਦਰਸ਼ਨ ਪਾਈਆ । ਜਿਸ ਦੇ ਪਿਛੇ ਹੋਏ ਕੰਗਾਲ, ਜੁਗ ਚੌਕੜੀ ਸੇਵ ਕਮਾਈਆ । ਅੱਖਾਂ ਅੰਦਰ ਥੱਕੀ ਭਾਲ, ਨਿਸ਼ਅੱਖਰ ਰੂਪ ਨਜ਼ਰ ਨਾ ਆਈਆ । ਕਲਜੁਗ ਅੰਤਮ ਚਲੀ ਅਵੱਲੜੀ ਚਾਲ, ਚਾਲ ਨਿਰਾਲੀ ਇਕ ਚਲਾਈਆ । ਭਗਤਾਂ ਅੰਦਰ ਵੜਿਆ ਸੱਚੀ ਧਰਮਸਾਲ, ਧਰਮ ਦੁਆਰਾ ਆਪ ਬਣਾਈਆ । ਓਥੇ ਸੁਣੇ ਮੁਰੀਦਾਂ ਹਾਲ, ਮੁਰਸ਼ਦ ਆਪਣਾ ਫੇਰਾ ਪਾਈਆ । ਜਿਸ ਨਾਤਾ ਤੋੜਿਆ ਸ਼ਾਹ ਕੰਗਾਲ, ਊਚ ਨੀਚ ਨਾ ਕੋਇ ਰਖਾਈਆ । ਪ੍ਰੇਮ ਪਿਆਲਾ ਦਿਤਾ ਪਿਆਲ, ਅੰਮ੍ਰਿਤ ਆਪਣਾ ਨਾਮ ਜਣਾਈਆ । ਪ੍ਰੇਮ ਪਿਆਰ ਤੀਰ ਨਿਰਾਲਾ ਮਾਰਿਆ ਬਾਣ, ਮੁਖੀ ਤਿਖੀ ਧਾਰ ਵਖਾਈਆ । ਮੈਂ ਉਸ ਦੀ ਕਰਾਂ ਪਹਿਚਾਨ, ਬੇਪਹਿਚਾਨ ਆਇਆ ਮਾਹੀਆ । ਜਿਸ ਨੇ ਮੈਨੂੰ ਦਿਤਾ ਦਾਨ, ਸੋ ਭਗਤਾਂ ਝੋਲੀ ਰਿਹਾ ਭਰਾਈਆ । ਮੈਂ ਨਿਤ ਨਿਤ ਗਾਵਾਂ ਉਹਦਾ ਗਾਨ, ਗਾ ਗਾ ਸ਼ੁਕਰ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਅੰਮ੍ਰਿਤ ਬਾਣੀ ਅਕੱਥ ਕਹਾਣੀ ਧੁਰ ਨਿਸ਼ਾਨੀ ਜੋਤ ਨੂਰਾਨੀ ਸ਼ਬਦ ਤੁਰਾਨੀ, ਇਕੋ ਤੂਰ ਜਣਾਈਆ । ਦਾਸ ਬਣੇ ਜਨ ਦੀਨਾ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਨਾਤਾ ਜੋੜੇ ਜਿਉਂ ਜਲ ਮੀਨਾ, ਬਿਰਹੋਂ ਰੋਗ ਨਾ ਕੋਇ ਸਤਾਈਆ । ਠਾਂਡਾ ਕਰੇ ਸਤਿਗੁਰ ਸੀਨਾ, ਅੰਮ੍ਰਿਤ ਬਾਣੀ ਮੇਘ ਬਰਸਾਈਆ । ਮੇਟ ਮਿਟਾਏ ਤਾਪ ਤੀਨਾਂ, ਤ੍ਰੈਗੁਣ ਲੇਖਾ ਦਏ ਚੁਕਾਈਆ । ਗੁਰਸਿਖ ਬਣਿਆ ਨਾ ਰਹੇ ਨਾਬੀਨਾ, ਨਿਜ ਨੇਤਰ ਦਏ ਖੁਲ੍ਹਾਈਆ । ਹਰਿਜਨ ਹੋਏ ਨਾ ਭਾਗ ਹੀਣਾ, ਭਾਗ ਆਪਣਾ ਝੋਲੀ ਪਾਈਆ । ਨਾਮ ਨਿਧਾਨ ਵਜਾਏ ਸਾਚੀ ਬੀਨਾ, ਅਨਰਾਗੀ ਰਾਗ ਸੁਣਾਈਆ । ਲੱਖ ਚੁਰਾਸੀ ਨਾਲੋਂ ਵੱਖ ਕੀਨਾ, ਜਿਸ ਸਿਰ ਆਪਣਾ ਹੱਥ ਟਿਕਾਈਆ ।


੩੪
੧੪

ਮੌਲੇ ਰੁੱਤ ਚੇਤ ਮਹੀਨਾ, ਬਸੰਤੀ ਇਕੋ ਇਕ ਵਖਾਈਆ । ਚਾੜ੍ਹੇ ਰੰਗ ਸਤਿਗੁਰ ਭੀਨਾ, ਭਿੰਨੜੀ ਰੈਣ ਨਾਲ ਮਿਲਾਈਆ । ਅਗਲਾ ਲੇਖਾ ਚੁੱਕੇ ਮਰਨਾ ਜੀਣਾ, ਜੀਵਣ ਮੁਕਤ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੀਨਨ ਆਪਣੇ ਲੇਖੇ ਲਾਈਆ । ਔਖਾ ਬਣਨਾ ਦੀਨਨ ਦੀਨ, ਹਰਿ ਦਾਤਾ ਸਚ ਜਣਾਇੰਦਾ । ਸਾਹਿਬ ਸੱਚੇ ਦੀ ਸਾਚੀ ਈਣ, ਜੁਗ ਚੌਕੜੀ ਰਾਹ ਚਲਾਇੰਦਾ । ਭਗਤ ਭਗਵਾਨ ਲੇਖਾ ਮਸਕੀਨ, ਮਾਣ ਤਾਣ ਨਾ ਕੋਇ ਵਖਾਇੰਦਾ । ਮਾਰਗ ਦੱਸੇ ਇਕ ਮਹੀਨ, ਜਗ ਨੇਤਰ ਨਜ਼ਰ ਨਾ ਆਇੰਦਾ । ਕੂੜੀ ਕਿਰਿਆ ਗੁਰਮੁਖਾਂ ਕੋਲੋਂ ਛੀਨ, ਸਤਿਗੁਰ ਆਪਣੀ ਝੋਲੀ ਪਾਇੰਦਾ । ਆਤਮ ਪਰਮਾਤਮ ਦਏ ਯਕੀਨ, ਧੁਰ ਭਰਵਾਸਾ ਆਪ ਬੰਧਾਇੰਦਾ । ਪੰਚ ਵਿਕਾਰ ਕਰੇ ਤਲਕੀਨ, ਧੁਰ ਫ਼ਰਮਾਣਾ ਹੁਕਮ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੀਨਨ ਆਪਣੀ ਦਇਆ ਕਮਾਇੰਦਾ । ਵੇਖਣਹਾਰਾ ਦੀਨਨ ਦੀਨ ਦਿਆਲ, ਦਇਆਨਿਧ ਆਪਣੀ ਦਇਆ ਕਮਾਈਆ । ਗੁਰਸਿਖ ਵੇਖੇ ਆਪਣੇ ਲਾਲ, ਲਾਲਨ ਆਪਣਾ ਰੰਗ ਰੰਗਾਈਆ । ਗੁਰਸਿਖ ਸਤਿਗੁਰ ਲਏ ਉਠਾਲ, ਗੁਰ ਗੁਰ ਬੂਝ ਬੁਝਾਈਆ । ਸੰਤਾਂ ਵਖਾਏ ਸੱਚੀ ਧਰਮਸਾਲ, ਘਰ ਮੰਦਰ ਕੁੰਡਾ ਲਾਹੀਆ । ਭਗਤ ਭਗਵਾਨ ਚਲੇ ਨਾਲ ਨਾਲ, ਵਿਛੜ ਕਦੇ ਨਾ ਜਾਈਆ । ਸਾਚਾ ਮਾਰਗ ਇਕ ਵਖਾਲ, ਭੇਖ ਅਵੱਲੜਾ ਦਏ ਜਣਾਈਆ । ਨਿਰਗੁਣ ਦੀਵਾ ਬਾਤੀ ਇਕੋ ਬਾਲ, ਨੂਰੋ ਨੂਰ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਾਤਾ ਮਿਹਰਵਾਨ ਮਿਹਰ ਨਜ਼ਰ ਉਠਾਈਆ । ਦੀਨ ਬਣੇ ਜੋ ਦਰ ਦੁਆਰ, ਆਪਣੀ ਦਇਆ ਕਮਾਇੰਦਾ । ਅੰਤਮ ਆਤਮ ਕਰ ਪਿਆਰ, ਪਰਮ ਪੁਰਖ ਵੇਖ ਵਖਾਇੰਦਾ । ਬੂੰਦ ਸਵਾਂਤੀ ਠੰਡੀ ਠਾਰ, ਨਿਝਰ ਝਿਰਨਾ ਆਪ ਝਿਰਾਇੰਦਾ । ਜੋਤ ਇਕਾਂਤੀ ਦੀਆ ਬਾਲ, ਅਗਿਆਨ ਅੰਧੇਰ ਮਿਟਾਇੰਦਾ । ਕਾਇਆ ਮੰਦਰ ਅੰਦਰ ਸੱਚੀ ਧਰਮਸਾਲ, ਦਸਮ ਦੁਆਰੀ ਕੁੰਡਾ ਲਾਹਿੰਦਾ । ਆਤਮ ਸੇਜਾ ਸਚ ਬਹਾਲ, ਸੇਜ ਸੁਹੰਜਣੀ ਆਪ ਸੁਹਾਇੰਦਾ । ਸਾਚਾ ਵਜਾਵੇ ਨਰ ਹਰਿ ਤਾਲ, ਤਲਵਾੜਾ ਨਜ਼ਰ ਕੋਇ ਨਾ ਆਇੰਦਾ । ਸਦਾ ਸਦਾ ਸਦ ਕਰੇ ਪ੍ਰਿਤਪਾਲ, ਪ੍ਰਿਤਪਾਲਕ ਵੇਖ ਵਖਾਇੰਦਾ । ਭਗਤਾਂ ਪੂਰੀ ਕਰੇ ਘਾਲ, ਕੀਤੀ ਘਾਲ ਲੇਖੇ ਲਾਇੰਦਾ । ਆਪਣਾ ਆਪੇ ਕਰੇ ਹੱਲ ਸਵਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੀਨ ਇਕੋ ਇਕ ਵਡਿਆਇੰਦਾ । ਦੀਨ ਹੋਏ ਸੋ ਸੱਚਾ ਸਿਖ, ਜਿਸ ਜਨ ਆਪਣੀ ਦਇਆ ਕਮਾਈਆ । ਅੰਮ੍ਰਿਤ ਬਾਣੀ ਪਾਏ ਭਿਖ, ਭਿਛਿਆ ਆਪ ਵਰਤਾਈਆ । ਅੱਗੇ ਲੇਖਾ ਦੇਵੇ ਲਿਖ, ਲਿਖਿਆ ਲੇਖ ਨਾ ਕੋਇ ਮਿਟਾਈਆ । ਜਿਧਰ ਵੇਖੇ ਸਾਹਿਬ ਸਤਿਗੁਰ ਆਏ ਦਿਸ, ਦੂਜਾ ਰੂਪ ਨਾ ਕੋਇ ਦਰਸਾਈਆ । ਜਨਮ ਜਨਮ ਦੀ ਮਿਟੇ ਵਿਖ, ਕਰਮ ਕਾਂਡ ਰਹਿਣ ਨਾ ਪਾਈਆ । ਦਰਸ਼ਨ ਦੇਵੇ ਨਿਤ ਨਿਤ, ਨਵਿਤ ਆਪਣਾ ਫੇਰਾ ਪਾਈਆ । ਲੇਖਾ ਜਾਣੇ ਮਾਤ ਪਿਤ, ਪਿਤਾ ਪੂਤ ਗੋਦ ਉਠਾਈਆ । ਦੀਨਾਂ ਕਦੇ ਨਾ ਦੇਵੇ ਪਿੱਠ, ਹੰਕਾਰੀਆਂ ਮੁਖ ਨਾ ਕਦੇ ਵਖਾਈਆ । ਜਿਨ੍ਹਾਂ ਸਤਿਗੁਰ ਵਲੇ ਕੀਤੇ ਮੁਖ, ਫੜ ਬਾਹੋਂ ਗੋਦ ਬਹਾਈਆ । ਨਾ ਮਾਣਸ ਨਾ ਮਾਨੁਖ, ਦੇਵਤ ਸੁਰ ਨਾ ਕੋਇ ਵਡਿਆਈਆ । ਸ਼ਬਦੀ ਸ਼ਬਦ ਗੋਦੀ ਲਏ ਚੁੱਕ, ਦੋ ਜਹਾਨ ਲੇਖਾ ਪਾਰ ਕਰਾਈਆ । ਦੀਨ ਬੂਟਾ ਕਦੇ ਨਾ ਜਾਏ ਸੁੱਕ, ਸਤਿਗੁਰ ਹਰਿਆ ਆਪ ਕਰਾਈਆ । ਜੋ ਏਸ ਨਿਸ਼ਾਨਿਉਂ ਗਿਆ ਉਕ, ਲੱਖ ਚੁਰਾਸੀ ਪੰਧ ਨਾ ਕੋਇ ਮੁਕਾਈਆ । ਜਨਨੀ ਸਫਲ ਨਾ ਹੋਏ ਕੁੱਖ, ਮਾਤ ਗਰਭ ਨਾ ਕੋਇ ਵਡਿਆਈਆ । ਆਵਣ ਜਾਵਣ ਮਿਟੇ ਨਾ ਦੁੱਖ, ਦੁਖੀਆਂ ਦੁੱਖ ਨਾ ਕੋਇ ਗਵਾਈਆ ।

੩੫
੧੪

ਦੀਨਾਂ ਅਨਾਥਾਂ ਦੇਵੇ ਆਪਣਾ ਸੁਖ, ਸੁਖ ਅੰਮ੍ਰਿਤ ਬਾਣੀ ਨਾਮ ਜਣਾਈਆ । ਜੋ ਜਨ ਹਿਰਦਿਉਂ ਗਿਆ ਝੁਕ, ਤਿਸ ਲੇਖਾ ਰਹੇ ਨਾ ਰਾਈਆ । ਏਥੇ ਓਥੇ ਉਜਲ ਹੋਵੇ ਮੁਖ, ਦੁਰਮਤ ਮੈਲ ਨਜ਼ਰ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੀਨਨ ਲੇਖਾ ਦਏ ਮੁਕਾਈਆ । ਗੁਰਮੁਖ ਬਣਿਆ ਦੀਨ, ਦਰ ਆਪਣਾ ਆਪ ਗਵਾਇਆ । ਪ੍ਰਭ ਵੇਖਣਹਾਰਾ ਨੇਤਰ ਨੈਣ ਹੀਨ, ਬਿਨ ਅੱਖਾਂ ਫੋਲ ਫੁਲਾਇਆ । ਠਾਕਰ ਹੋ ਕੇ ਬਣੇ ਅਧੀਨ, ਸੇਵਕ ਸਾਚੀ ਸੇਵ ਕਮਾਇਆ । ਗੁਰਮੁਖ ਬਣਾਏ ਆਪ ਨਗੀਨ, ਨਗੀਨਾ ਆਪਣੇ ਮਸਤਕ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਦੀਨ ਬਣਨ ਦੀ ਸਿਖਿਆ ਰਿਹਾ ਸਮਝਾਇਆ । ਦੀਨ ਬਣੋ ਵਿਚ ਲੋਕ ਜਗ, ਜਗ ਜੀਵਣ ਦਾਤਾ ਆਪ ਜਣਾਈਆ । ਕੂੜੀ ਕਿਰਿਆ ਦਿਓ ਤਜ, ਮਾਣ ਅਭਿਮਾਨ ਰਹਿਣ ਨਾ ਪਾਈਆ । ਸਤਿਗੁਰ ਦੁਆਰ ਵੇਖੋ ਭੱਜ, ਬਣ ਬਣ ਪਾਂਧੀ ਆਈਆ । ਇਕੋ ਨਗਾਰਾ ਰਿਹਾ ਵੱਜ, ਦੂਜਾ ਰਾਗ ਨਾ ਕੋਇ ਅਲਾਈਆ । ਅਨਾਥ ਅਨਾਥਾਂ ਰਿਹਾ ਸੱਦ, ਸੱਦਾ ਨਾਮ ਜਣਾਈਆ । ਸ੍ਰਿਸ਼ਟ ਸਬਾਈ ਪਾਰ ਕਰੇ ਹੱਦ, ਹਦੂਦ ਆਪਣੀ ਦਏ ਵਖਾਈਆ । ਢੋਲਾ ਸੁਣਾਏ ਸਾਚਾ ਛੰਦ, ਛੰਤ ਕਰੇ ਨਾਮ ਪੜ੍ਹਾਈਆ । ਸਾਹਿਬ ਸਤਿਗੁਰ ਪਰਦਾ ਦੇਵੇ ਕੱਜ, ਮਿਹਰ ਨਜ਼ਰ ਨੈਣ ਉਠਾਈਆ । ਲੌਂਣ ਦੇਵੇ ਨਾ ਕਿਸੇ ਅਜ ਪਜ, ਧੋਖੇ ਵਿਚ ਕਦੇ ਨਾ ਆਈਆ । ਜਿਸ ਨੇ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਸਿਖਾਇਆ ਚੱਜ, ਆਪਣੀ ਪੱਟੀ ਨਾਮ ਪੜ੍ਹਾਈਆ । ਸੋ ਭਗਵਾਨ ਭਗਤਾਂ ਪ੍ਰੇਮ ਅੰਦਰ ਗਿਆ ਬੱਝ, ਆਪ ਆਪਣਾ ਮਾਣ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੀਨ ਇਕੋ ਇਕ ਵਡਿਆਈਆ । ਦੀਨ ਬਣੇ ਜਗ ਸਾਚਾ ਸੰਤ, ਜਿਸ ਅੰਤਰ ਨਾਮ ਵਸਾਇਆ । ਮੇਲ ਮਿਲਾਏ ਨਰ ਹਰਿ ਕੰਤ, ਨਰਾਇਣ ਦਇਆ ਕਮਾਇਆ । ਗੜ੍ਹ ਤੋੜੇ ਹਉਮੇ ਹੰਗਤ, ਆਸਾ ਤ੍ਰਿਸ਼ਨਾ ਮੋਹ ਚੁਕਾਇਆ । ਨਾਮ ਜਣਾਏ ਇਕੋ ਮੰਤ, ਹਰਿ ਅੰਮ੍ਰਿਤ ਬਾਣੀ ਰੂਪ ਵਖਾਇਆ । ਬੋਧ ਅਗਾਧ ਮਹਿਮਾ ਜਣਾਏ ਅਗਣਤ, ਭੇਵ ਅਭੇਦ ਖੁਲ੍ਹਾਇਆ । ਮੇਲ ਮਿਲਾਏ ਸਾਚੀ ਸੰਗਤ, ਸੰਗ ਆਪਣਾ ਸਦਾ ਰਖਾਇਆ । ਦੂਜੇ ਦਰ ਨਾ ਹੋਏ ਮੰਗਤ, ਖ਼ਾਲੀ ਝੋਲੀ ਦਏ ਭਰਾਇਆ । ਜਿਉਂ ਨਾਨਕ ਨਿਰਗੁਣ ਅੰਗ ਲਗਾਇਆ ਅੰਗਦ, ਅੰਗੀਕਾਰ ਆਪ ਹੋ ਜਾਇਆ । ਮਾਣਸ ਜਨਮ ਨਾ ਹੋਏ ਭੰਗਤ, ਭਾਂਡਾ ਭਰਮ ਭੌ ਦਏ ਭੰਨਾਇਆ । ਭੇਵ ਜਾਣੇ ਨਾ ਕੋਈ ਪੰਡਤ, ਗਰੰਥੀ ਨਜ਼ਰ ਕਿਸੇ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੀਨ ਗੁਰਮੁਖ ਇਕ ਬਣਾਇਆ । ਦੀਨ ਬਣੇ ਸੱਚਾ ਗੁਰਮੁਖ, ਗੁਰਮੁਖ ਗੁਰ ਸਾਲਾਹੀਆ । ਜਨਮ ਜਨਮ ਦਾ ਮਿਟੇ ਦੁੱਖ, ਦੁੱਖ ਦਰਦ ਰਹਿਣ ਨਾ ਪਾਈਆ । ਦਰਸ ਦਖਾਏ ਜੋ ਬੈਠਾ ਲੁਕ, ਘਰ ਘਰ ਵਿਚ ਪਰਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਰੀਤੀ ਭਗਤ ਸਮਝਾਈਆ । ਦੀਨ ਬਣਾਏ ਕਲਜੁਗ ਅੰਤ ਭਗਤ, ਭਗਵਨ ਰਾਹ ਜਣਾਈਆ । ਨਾਤਾ ਤੋੜ ਕੂੜੇ ਜਗਤ, ਸਾਕ ਸੱਜਣ ਸੈਣ ਨਜ਼ਰ ਕੋਇ ਨਾ ਆਈਆ । ਲੇਖੇ ਲਾਈ ਬੂੰਦ ਰਕਤ, ਪ੍ਰਭ ਚਰਨ ਲਏ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੀਨਨ ਦੀਨ ਆਪ ਬਣਾਈਆ । ਦੀਨ ਬਣੇ ਗੁਰ ਚਰਨ ਕਵਲ, ਮਿਲੇ ਮਾਣ ਵਡਿਆਈਆ । ਕਰਾਏ ਖੇਲ ਉਪਰ ਧਵਲ, ਬੇਪਰਵਾਹ ਸੱਚਾ ਸ਼ਹਿਨਸ਼ਾਹੀਆ । ਜਿਸ ਨੂੰ ਕਹਿੰਦੇ ਨੂਰ ਅਵੱਲ, ਸੋ ਪਰਵਰਦਿਗਾਰ ਵੇਸ ਵਟਾਈਆ । ਜਿਸ ਦਾ ਅੰਮ੍ਰਿਤ ਬੂੰਦ ਨਾਭ ਕਵਲ, ਰਸ ਆਪਣਾ ਨਾਮ ਵਖਾਈਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਅੰਮ੍ਰਿਤ ਬਾਣੀ ਸਾਚਾ ਨਾਉਂ, ਦੀਨਨ ਦੇਵੇ ਫੜ ਕੇ ਬਾਹੋਂ, ਦਰ ਦਰ ਘਰ ਘਰ ਨਰ ਨਰਾਇਣ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਾਰਗ ਇਕੋ ਇਕ ਸਮਝਾਈਆ ।

ਜੈਸਾ ਸੁਣਿਆ ਤੈਸਾ ਡੀਠ, ਹਰਿ ਸਤਿਗੁਰ ਨਜ਼ਰੀ ਆਈਆ । ਜਿਉਂ ਨਾਮੇ ਮਿਲਿਆ ਬੀਠਲੋ ਬੀਠ, ਨਿਰਗੁਣ ਨਿਰਵੈਰ ਨਿਰੰਕਾਰ ਬੇਪਰਵਾਹੀਆ । ਕਾਇਆ ਚੋਲੀ ਚਾੜ੍ਹੇ ਰੰਗ ਮਜੀਠ, ਉਤਰ ਕਦੇ ਨਾ ਜਾਈਆ । ਕਰਵਟ ਬਦਲੇ ਧਾਮ ਅਨਡੀਠ, ਪਰਦਾ ਆਪਣਾ ਆਪ ਚੁਕਾਈਆ । ਅੰਤਰ ਆਤਮ ਸੁਣਾਏ ਗੀਤ, ਰਸਨਾ ਜਿਹਵਾ ਨਾ ਕੋਇ ਹਲਕਾਈਆ । ਸਚ ਪ੍ਰੀਤੀ ਦੇਵੇ ਆਪ ਪ੍ਰੀਤ, ਪ੍ਰੀਤੀਵਾਨ ਮੇਲ ਮਿਲਾਈਆ । ਦਇਆ ਕਮਾਏ ਹਸਤ ਕੀਟ, ਕੀਟ ਹਸਤ ਇਕੋ ਰੰਗ ਵਖਾਈਆ । ਸਦਾ ਸੁਹੇਲਾ ਵਸੇ ਚੀਤ, ਠਗੌਰੀ ਜਗਤ ਨਾ ਕੋਇ ਵਖਾਈਆ । ਘਰ ਵਿਚ ਘਰ ਵਖਾਏ ਮੰਦਰ ਮਸੀਤ, ਗੁਰੁਦੁਆਰਾ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਰਸ ਦਿਖਾਈਆ । ਜੈਸਾ ਸੁਣਿਆ ਤੈਸਾ ਡਿਠਾ, ਹਰਿ ਨਰ ਹਰਿ ਖੇਲ ਕਰਾਇੰਦਾ । ਮਿੱਠਾ ਕਰੇ ਕਾਇਆ ਰੀਠਾ, ਅੰਮ੍ਰਿਤ ਆਤਮ ਮੁਖ ਚੁਆਇੰਦਾ । ਅੱਗੇ ਜਣਾਏ ਸਾਚੀ ਰੀਤਾ, ਭੇਵ ਅਭੇਦ ਖੁਲ੍ਹਾਇੰਦਾ । ਅੰਮ੍ਰਿਤ ਬਾਣੀ ਹਰਿ ਕਾ ਨਾਉਂ ਸੱਚਾ ਗੀਤਾ, ਗੋਬਿੰਦ ਆਪਣੇ ਰੰਗ ਰੰਗਾਇੰਦਾ । ਪਿਛਲਾ ਵੇਲਾ ਪਿਛੇ ਬੀਤਾ, ਅਗਲਾ ਲੇਖਾ ਆਪਣੇ ਹੱਥ ਰਖਾਇੰਦਾ । ਲੱਖ ਚੁਰਾਸੀ ਪਰਖਣਹਾਰਾ ਨੀਤਾ, ਘਟ ਘਟ ਆਪਣਾ ਡੇਰਾ ਲਾਇੰਦਾ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਹਰਿ ਦਰਸੀ ਦਰਸ ਕਰਾਇੰਦਾ । ਜੈਸਾ ਡਿਠਾ ਤੈਸਾ ਪਾਇਆ, ਪ੍ਰਭ ਆਪਣੀ ਦਇਆ ਕਮਾਈਆ । ਸਦਾ ਸਦਾ ਸਦ ਰੱਖੇ ਠੰਡੀ ਛਾਇਆ, ਕਲਜੁਗ ਅਗਨ ਨਾ ਲਾਗੇ ਰਾਈਆ । ਨਾਤਾ ਤੋੜੇ ਤ੍ਰੈਗੁਣ ਮਾਇਆ, ਮਾਇਆ ਮਮਤਾ ਡੇਰਾ ਢਾਹੀਆ । ਆਤਮ ਪਰਮਾਤਮ ਆਤਮ ਜੋੜ ਜੁੜਾਇਆ, ਜੋੜਾ ਜੁੜਿਆ ਏਕਾ ਥਾਈਂਆ । ਸੱਸੇ ਉਪਰ ਹੋੜਾ ਦਏ ਵਖਾਇਆ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਰਾਹ ਚਲਾਈਆ । ਹੰ ਬ੍ਰਹਮ ਵੇਖ ਵਖਾਇਆ, ਮਾਣ ਅਭਿਮਾਨ ਰਹਿਣ ਨਾ ਪਾਈਆ । ਨਿਹਕਰਮੀ ਆਪਣਾ ਕਰਮ ਕਮਾਇਆ, ਕਰਮ ਕਾਂਡ ਵੇਖਣਹਾਰਾ ਥਾਉਂ ਥਾਈਂਆ । ਅੰਮ੍ਰਿਤ ਬਾਣੀ ਜਿਸ ਨੂੰ ਜਾਮ ਪਿਆਇਆ, ਅਮਰਾਪਦ ਦਏ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੇਤਰ ਨੈਣ ਨੈਣ ਦਰਸਾਈਆ । ਜੈਸਾ ਸੁਣਿਆ ਕਰਿਆ ਦਰਸ, ਹਰਿ ਦਰਸੀ ਦਰਸ ਵਖਾਇੰਦਾ । ਜਨਮ ਜਨਮ ਦੀ ਮਿਟੇ ਹਰਸ, ਹਵਸ ਹੋਰ ਨਾ ਕੋਇ ਵਧਾਇੰਦਾ । ਗ਼ਰੀਬ ਨਿਮਾਣਿਆਂ ਉਤੇ ਕਰੇ ਤਰਸ, ਮਿਹਰ ਨਜ਼ਰ ਆਪ ਉਠਾਇੰਦਾ । ਪੂਰਬ ਜਨਮ ਦਾ ਲਾਹੇ ਕਰਜ਼, ਮਕਰੂਜ਼ ਆਪਣਾ ਫੇਰਾ ਪਾਇੰਦਾ । ਗੁਰਸਿਖ ਤੇਰਾ ਹੋਣ ਨਾ ਦੇਵੇ ਕਦੇ ਹਰਜ਼, ਘਾਟਾ ਨਜ਼ਰ ਕੋਇ ਨਾ ਆਇੰਦਾ । ਮਨ ਵਾਸਨਾ ਜੋ ਲੱਗ ਗਈ ਮਰਜ਼, ਬਣ ਤਬੀਬ ਆਪ ਮਿਟਾਇੰਦਾ । ਆਪਣਾ ਪੂਰਾ ਕਰੇ ਫ਼ਰਜ਼, ਨਿਰਗੁਣ ਸਰਗੁਣ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਇੰਦਾ । ਦੇਵੇ ਦਰਸ ਹੋ ਮਿਹਰਵਾਨ, ਪਾਰਬ੍ਰਹਮ ਵੱਡੀ ਵਡਿਆਈਆ । ਅੰਤਰ ਬਖ਼ਸ਼ੇ ਇਕ ਧਿਆਨ, ਸੁਰਤੀ ਸ਼ਬਦੀ ਮੇਲ ਮਿਲਾਈਆ । ਅਨਪੜ੍ਹਿਆਂ ਦੇਵੇ ਗਿਆਨ, ਭੇਵ ਅਭੇਦ ਜਣਾਈਆ । ਸ਼ਬਦ ਮੰਤਰ ਗੁਰੂ ਨਿਸ਼ਾਨ,

ਇਸ਼ਟ ਦੇਵ ਇਕੋ ਇਕ ਪਰਗਟਾਈਆ । ਨਜ਼ਰੀ ਆਏ ਸਾਹਿਬ ਸਤਿਗੁਰ ਕਾਹਨ, ਲੱਖ ਚੁਰਾਸੀ ਗੋਪੀ ਰਿਹਾ ਹੰਢਾਈਆ । ਮੰਦਰ ਸੁਹਾਏ ਇਕ ਮਕਾਨ, ਕਾਇਆ ਕਾਅਬਾ ਨੂਰ ਰੁਸ਼ਨਾਈਆ । ਦੋ ਦੋਆਬਾ ਖੇਲ ਮਹਾਨ, ਸ਼ਾਹ ਨਵਾਬਾ ਪਰਦਾ ਲਾਹੀਆ । ਹੱਕ ਜਨਾਬਾ ਹੋ ਪਰਧਾਨ, ਸਚ ਰਬਾਬਾ ਆਪ ਵਜਾਈਆ । ਪਰਵਰਦਿਗਾਰ ਸਾਂਝਾ ਯਾਰ, ਲਾਸ਼ਰੀਕ ਨੂਰ ਖ਼ੁਦਾਈਆ । ਕਲਜੁਗ ਅੰਤ ਕਰੇ ਪਿਆਰ, ਮੁਰੀਦ ਮੁਰਸ਼ਦ ਵੇਖ ਵਖਾਈਆ । ਦੀਆ ਬਾਤੀ ਕਰ ਉਜਿਆਰ, ਕਮਲਾਪਾਤੀ ਕਰੇ ਰੁਸ਼ਨਾਈਆ । ਲਹਿਣਾ ਦੇਣਾ ਬਾਕੀ ਦੇਵੇ ਵਿਚ ਸੰਸਾਰ, ਤਾਕੀ ਕੁੰਡਾ ਆਪੇ ਲਾਹੀਆ । ਬੰਦਾ ਖ਼ਾਕੀ ਨਾ ਪਾਵੇ ਸਾਰ, ਖ਼ਾਲਕ ਖ਼ਲਕ ਵੇਖੇ ਥਾਉਂ ਥਾਈਂਆ । ਨਿਰਗੁਣ ਦੇਵਣਹਾਰ ਸਤਿ ਦੀਦਾਰ, ਦੀਦ ਇਕੋ ਇਕ ਜਣਾਈਆ । ਜੈਸਾ ਸੁਣਿਆ ਤੈਸਾ ਪਾਏ ਗੁਰਮੁਖ ਗੁਰ ਕਰ ਪਿਆਰ, ਬਿਨ ਪ੍ਰੇਮ ਪ੍ਰੀਤੀ ਹੱਥ ਕਿਸੇ ਨਾ ਆਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਰੋਵਣ ਜ਼ਾਰੋ ਜ਼ਾਰ, ਨਿਜ ਨੇਤਰ ਅੱਖ ਨਾ ਕੋਇ ਖੁਲ੍ਹਾਈਆ । ਕੋਟਨ ਕੋਟ ਕਲਮ ਸ਼ਾਹੀ ਲਿਖ ਲਿਖ ਲੇਖਾ ਗਏ ਵਿਚਾਰ, ਅੰਤ ਕੋਇ ਕਹਿਣ ਨਾ ਪਾਈਆ । ਜਿਸ ਸਾਹਿਬ ਸਤਿਗੁਰ ਠਾਕਰ ਸੁਆਮੀ ਦੇਵੇ ਆਪ ਦੀਦਾਰ, ਸਚ ਆਦਰਸ਼ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਿਹਰ ਨਜ਼ਰ ਇਕ ਉਠਾਈਆ । ਹਰਿ ਸੰਗਤ ਧੁਰ ਸੰਜੋਗ, ਸੋ ਪੁਰਖ ਨਿਰੰਜਣ ਮੇਲ ਮਿਲਾਇੰਦਾ । ਦੇਵਣਹਾਰਾ ਦਰਸ ਅਮੋਘ, ਹਰਿ ਪੁਰਖ ਨਿਰੰਜਣ ਖੇਲ ਕਰਾਇੰਦਾ । ਕੱਟਣਹਾਰਾ ਜਨਮ ਜਨਮ ਦਾ ਰੋਗ, ਏਕੰਕਾਰਾ ਵੇਖ ਵਖਾਇੰਦਾ । ਸੁਣਾਵਣਹਾਰਾ ਸਚ ਸਲੋਕ, ਆਦਿ ਨਿਰੰਜਣ ਦਇਆ ਕਮਾਇੰਦਾ । ਚੁਗਾਵਣਹਾਰਾ ਸਾਚੀ ਚੋਗ, ਅਬਿਨਾਸ਼ੀ ਕਰਤਾ ਸੇਵ ਕਮਾਇੰਦਾ । ਸੁਣਾਵਣਹਾਰਾ ਨਾਮ ਸਲੋਕ, ਅਬਿਨਾਸ਼ੀ ਕਰਤਾ ਰਾਗ ਅਲਾਇੰਦਾ । ਦਸਾਵਣਹਾਰਾ ਏਕਾ ਓਟ, ਪਾਰਬ੍ਰਹਮ ਪ੍ਰਭ ਭੇਵ ਜਣਾਇੰਦਾ । ਵੇਖਣਹਾਰਾ ਲੋਕ ਪਰਲੋਕ, ਦੋ ਜਹਾਨਾਂ ਖੋਜ ਖੁਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਜੋਗੀ ਮੇਲ ਮਿਲਾਇੰਦਾ । ਧੁਰ ਸੰਜੋਗੀ ਮਿਲਿਆ ਮੇਲਾ, ਮੇਲਣਹਾਰ ਇਕ ਅਖਵਾਈਆ । ਨਜ਼ਰੀ ਆਏ ਗੁਰੂ ਗੁਰ ਚੇਲਾ, ਚੇਲਾ ਗੁਰੂ ਰੂਪ ਵਖਾਈਆ । ਪਾਰਬ੍ਰਹਮ ਪ੍ਰਭ ਸੱਜਣ ਸੁਹੇਲਾ, ਸਗਲਾ ਸੰਗ ਨਿਭਾਈਆ । ਕਲਜੁਗ ਅੰਤਮ ਵੇਖੇ ਵੇਲਾ, ਵਾਰ ਥਿਤ ਨਾ ਕਿਸੇ ਜਣਾਈਆ । ਵਸਣਹਾਰਾ ਧਾਮ ਨਵੇਲਾ, ਨਿਰਗੁਣ ਜੋਤੀ ਜਾਤਾ ਭੇਸ ਵਟਾਈਆ । ਅਚਰਜ ਖੇਲ ਪ੍ਰਭੂ ਪ੍ਰਭ ਖੇਲਾ, ਬੇਅੰਤ ਨਜ਼ਰ ਕਿਸੇ ਨਾ ਆਈਆ । ਜਨ ਭਗਤਾਂ ਚਾੜ੍ਹਨਹਾਰਾ ਤੇਲਾ, ਲੋਕਮਾਤ ਸਾਚਾ ਸਗਨ ਮਨਾਈਆ । ਕੱਟਣਹਾਰਾ ਧਰਮ ਰਾਏ ਦੀ ਜੇਲਾ, ਲੱਖ ਚੁਰਾਸੀ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਜੋਗੀ ਮੇਲ ਲਏ ਕਰਾਈਆ । ਧੁਰ ਸੰਜੋਗ ਮੇਲ ਕਰਾਏ ਆਪ, ਆਪਣੇ ਹੱਥ ਰੱਖੇ ਵਡਿਆਈਆ । ਆਦਿ ਜੁਗਾਦੀ ਸਾਚਾ ਬਾਪ, ਪਿਤਾ ਪੂਤ ਵੇਖ ਵਖਾਈਆ । ਸੋਹੰ ਦ੍ਰਿੜ੍ਹਾਏ ਸਾਚਾ ਜਾਪ, ਤੇਰਾ ਮੇਰਾ ਭੇਵ ਰਹੇ ਨਾ ਰਾਈਆ । ਵੇਖ ਵਖਾਏ ਪਾਕੀ ਪਾਕ, ਪਤਤ ਪਾਪੀ ਲਏ ਤਰਾਈਆ । ਆਤਮ ਪਰਮਾਤਮ ਖੋਲ੍ਹੇ ਤਾਕ, ਪਰਦਾ ਦੂਈ ਰਹਿਣ ਨਾ ਪਾਈਆ । ਮਿਹਰਵਾਨ ਮਿਹਰ ਨਜ਼ਰ ਕਰ ਕੇ ਲਏ ਝਾਕ, ਝਾਕੀ ਇਕੋ ਇਕ ਵਖਾਈਆ । ਭਗਤ ਭਗਵਾਨ ਬਣੇ ਸੱਜਣ ਸਾਕ, ਸਗਲਾ ਸੰਗ ਨਿਭਾਈਆ । ਲੇਖੇ ਲਾਏ ਪੰਜ ਤੱਤ ਕਾਇਆ ਮਾਟੀ ਖ਼ਾਕ, ਜਿਸ ਆਪਣੇ ਚਰਨ ਛੁਹਾਈਆ । ਅੱਗੇ ਪਿਛੇ ਮੇਟੇ ਵਾਟ, ਪੰਧ ਹੋਰ ਨਾ ਕੋਇ ਰਖਾਈਆ । ਪਾਰ ਕਰਾਏ ਆਪਣੇ ਘਾਟ, ਪੱਤਣ ਇਕੋ ਇਕ ਦਰਸਾਈਆ । ਮਲਾਹ ਬਣਿਆ ਪੁਰਖ ਸਮਰਾਥ, ਖੇਵਟ ਖੇਟਾ

ਬੇੜਾ ਆਪਣੇ ਕੰਧ ਉਠਾਈਆ । ਹੋਏ ਸਹਾਈ ਅਨਾਥਾਂ ਨਾਥ, ਦੀਨਨ ਆਪਣੇ ਗਲੇ ਲਗਾਈਆ । ਅੰਮ੍ਰਿਤ ਬਾਣੀ ਜਣਾਏ ਗਾਥ, ਸੋਹਲਾ ਢੋਲਾ ਇਕ ਸੁਣਾਈਆ । ਜਗਤ ਵਿਛੋੜਾ ਕੱਟੇ ਕਮਲਾਪਾਤ, ਗੁਰਮੁਖ ਨਾਰਾ ਨਰ ਹਰਿ ਨਰਾਇਣ ਲਏ ਮਿਲਾਈਆ । ਦਰਸ ਦਿਖਾਏ ਸਾਖਿਆਤ, ਰੂਪ ਅਨੂਪ ਧਰਾਈਆ । ਅੰਤ ਮਿਲਾਏ ਆਪਣੀ ਜ਼ਾਤ, ਜੋਤੀ ਜੋਤ ਜੋਤ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਸੰਜੋਗ ਹਰਿਜਨ ਆਪਣਾ ਆਪ ਕਰਾਈਆ ।

### ★ ੩੦ ਫੱਗਣ ੨੦੧੯ ਬਿਕਰਮੀ ਹਰਿ ਭਗਤ ਦੁਆਰ ਜੇਠੂਵਾਲ ★

ਢਾਈ ਗਜ਼ ਦਾ ਭਗਤ ਦੁਪੱਟਾ, ਹਰਿ ਆਪਣੀ ਧਾਰ ਬੰਧਾਇੰਦਾ । ਜਨਮ ਜਨਮ ਦਾ ਮੇਟੇ ਰੱਟਾ, ਅਗਲਾ ਪਿਛਲਾ ਪੰਧ ਨਾ ਕੋਇ ਰਖਾਇੰਦਾ । ਸਚ ਦੁਆਰਾ ਖੋਲ੍ਹੇ ਹੱਟਾ, ਘਰ ਇਕੋ ਇਕ ਪਰਗਟਾਇੰਦਾ । ਚਿਟਿਉਂ ਕੀਤਾ ਰੱਤਾ, ਲਾਲ ਰੰਗ ਆਪ ਰੰਗਾਇੰਦਾ । ਸਾਹਿਬ ਸਤਿਗੁਰ ਲੱਗਾ ਅੱਛਾ, ਦੀਨ ਦਿਆਲ ਦਇਆ ਕਮਾਇੰਦਾ । ਲੇਖੇ ਲਾਏ ਸਾਚਾ ਬੱਚਾ, ਬਚਪਨ ਆਪਣੀ ਝੋਲੀ ਪਾਇੰਦਾ । ਸਿੰਘ ਠਾਕਰ ਨਾਲ ਕੀਤਾ ਮਤਾ, ਸਤਿ ਸਰੂਪੀ ਸ਼ਬਦ ਜਣਾਇੰਦਾ । ਧੁਰ ਸੰਦੇਸ ਦੇਵੇ ਪਤਾ, ਪਤਿਪਰਮੇਸ਼ਵਰ ਖੇਲ ਕਰਾਇੰਦਾ । ਨਿਰਗੁਣ ਨਿਰਗੁਣ ਫਿਰੇ ਨੱਠਾ, ਸਰਗੁਣ ਨਜ਼ਰ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਆਪ ਕਰਾਇੰਦਾ । ਭਗਤ ੩੯
੧੪ ਦੁਪੱਟਾ ਢਾਈ ਹੱਥ, ਉਚੀ ਕੂਕ ਕੂਕ ਸੁਣਾਈਆ । ਸਾਹਿਬ ਸਤਿਗੁਰ ਮੇਰੀ ਪਤ ਰੱਖ, ਹੱਥ ਤੇਰੇ ਵਡਿਆਈਆ । ਸਰਨ ਸਰਨਾਈ ਗਿਆ ਢੱਠ, ੧੪
ਚਰਨ ਕਵਲ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਜਣਾਈਆ । ਢਾਈ ਗੱਜ਼ ਦੁਪੱਟਾ ਕਹੇ ਪੁਕਾਰ, ਉਚੀ ਕੂਕ ਕੂਕ ਸੁਣਾਈਆ । ਸੁਣ ਸਾਹਿਬ ਸਤਿਗੁਰ ਮੀਤ ਮੁਰਾਰ, ਤੇਰੇ ਦਰ ਮੇਰੀ ਅਰਜ਼ੋਈਆ । ਤੇਰਾ ਤਨ ਕਰ ਪਿਆਰ, ਮੇਰੀ ਪ੍ਰੀਤੀ ਉਠ ਉਠ ਧਾਈਆ । ਤੂੰ ਕੀਤਾ ਸਚ ਸ਼ਿੰਗਾਰ, ਇਕੋ ਆਪਣੇ ਨਾਲ ਛੁਹਾਈਆ । ਜਗਤ ਬਸਤਰ ਦਿਤਾ ਉਤਾਰ, ਤਨ ਖ਼ਾਕੀ ਰੂਪ ਵਖਾਈਆ । ਹਰਿ ਸੰਗਤ ਸਤਿ ਕਰ ਪਿਆਰ, ਪਰਮ ਪੁਰਖ ਪ੍ਰੀਤੀ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਦਇਆ ਕਮਾਈਆ । ਦੁਪੱਟਾ ਕਹੇ ਪ੍ਰਭ ਸੱਚਾ ਦਰਦੀ, ਦਰਦ ਮੇਰੇ ਨਾਲ ਵੰਡਾਈਆ । ਨਾ ਜਾਣੇ ਗਰਮੀ ਸਰਦੀ, ਆਪ ਆਪਣਾ ਰੰਗ ਵਖਾਈਆ । ਸਦਾ ਕਰਨਹਾਰ ਆਪਣੀ ਮਰਜ਼ੀ, ਮਿਹਰਵਾਨ ਆਪਣਾ ਰਾਹ ਜਣਾਈਆ । ਸ੍ਰਿਸ਼ਟ ਸਬਾਈ ਅਗਨ ਮੜੀ ਸੜਦੀ, ਗੁਰ ਆਪਣਾ ਮੁਖ ਛੁਪਾਈਆ । ਗੁਰਮੁਖ ਆਤਮ ਪ੍ਰਭ ਦੀ ਸੇਜਾ ਚੜ੍ਹਦੀ, ਮਿਲੇ ਮਾਣ ਵਡਿਆਈਆ । ਸਚਖੰਡ ਦੁਆਰ ਬਹਿ ਕੇ ਅੜਦੀ, ਆਪਣਾ ਮਾਣ ਜਣਾਈਆ । ਤੇਰਾ ਵਿਛੋੜਾ ਮੂਲ ਨਾ ਜਰਦੀ, ਬਿਰਹੋਂ ਰੋਗ ਸਤਾਈਆ । ਢੋਲਾ ਤੇਰਾ ਆਈ ਪੜ੍ਹਦੀ, ਸੋਹੰ ਇਕੋ ਗਾਈਆ । ਲੇਖਾ ਰਹਿਣ ਨਾ ਦੇਣਾ ਫ਼ਰਜ਼ੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਚ ਦਏ ਜਣਾਈਆ । ਸੁਣ ਦੁਪੱਟੇ ਸਾਚੀ ਰੀਤ, ਹਰਿ ਰੀਤੀਵਾਨ ਜਣਾਇੰਦਾ । ਆਪਣੇ ਨਾਲ ਬੰਧਾਏ ਪ੍ਰੀਤ, ਪ੍ਰੀਤ ਇਕੋ ਇਕ ਰਖਾਇੰਦਾ । ਹਰਿ ਸੰਗਤ ਸੁਣਿਆ ਸਾਚਾ ਗੀਤ,

ਗੋਬਿੰਦ ਢੋਲਾ ਰਾਗ ਅਲਾਇੰਦਾ । ਦੇਵਣਹਾਰ ਵਡਿਆਈ ਹਸਤ ਕੀਟ, ਸੀਸ ਤਾਜ ਨਾ ਕੋਇ ਰਖਾਇੰਦਾ । ਵਸਣਹਾਰਾ ਹਰ ਘਟ ਚੀਤ, ਹਰਿਜਨ ਸਾਚੇ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਕਰੇ ਕਰਤਾਰ, ਹਰਿ ਕਰਤਾ ਵੇਖ ਵਖਾਈਆ । ਪਿਛਲਾ ਅਗਲਾ ਲਹਿਣਾ ਦਏ ਨਿਵਾਰ, ਜਨਮ ਜਨਮ ਵਿਚ ਬਦਲਾਈਆ । ਤਿੰਨ ਜਨਮ ਦਾ ਰਹੇ ਨਾ ਕੋਈ ਭਾਰ, ਤਿੰਨ ਗੁਣਾਂ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਦਏ ਸਮਝਾਈਆ । ਢਾਈ ਗਜ਼ ਤੇਰੀ ਸੁਣ ਪੁਕਾਰ, ਸ੍ਰੀ ਭਗਵਾਨ ਦਇਆ ਕਮਾਇੰਦਾ । ਤ੍ਰੈ ਤ੍ਰੈ ਲੇਖਾ ਵਿਚ ਸੰਸਾਰ, ਤ੍ਰੈਭਵਨ ਧਨੀ ਆਪ ਜਣਾਇੰਦਾ । ਪਹਿਲੀ ਚੇਤਰ ਕਰ ਵਿਹਾਰ, ਕਾਇਆ ਕੱਪੜ ਫੋਲ ਫੁਲਾਇੰਦਾ । ਨੇਤਰ ਖੋਲ੍ਹ ਆਪ ਕਿਵਾੜ, ਅੱਖ ਪਰਤੱਖ ਆਪ ਖੁਲ੍ਹਾਇੰਦਾ । ਲੋਕਮਾਤ ਕਰ ਵਪਾਰ, ਸਾਚਾ ਹੱਟ ਚਲਾਇੰਦਾ । ਵਸਤ ਅਮੋਲਕ ਇਕੋ ਥਾਰ, ਥਿਰ ਘਰ ਵਾਸੀ ਆਪ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਹੁਕਮ ਆਪ ਜਣਾਇੰਦਾ । ਸਾਚਾ ਹੁਕਮ ਦੇ ਭਗਵਾਨ, ਸ੍ਰੀ ਭਗਵਾਨ ਦਇਆ ਕਮਾਈਆ । ਸਚ ਧਰਮ ਦਾ ਸਚ ਨਿਸ਼ਾਨ, ਸ਼ਾਹ ਪਾਤਸ਼ਾਹ ਆਪ ਪਰਗਟਾਈਆ । ਦੇਵਣਹਾਰਾ ਸਾਚਾ ਮਾਣ, ਮਿਹਰ ਨਜ਼ਰ ਆਪ ਉਠਾਈਆ । ਭਗਤ ਭਗਵਾਨ ਕਰ ਪਰਵਾਨ, ਨਾਮ ਪਰਵਾਨਾ ਹੱਥ ਫੜਾਈਆ । ਦੇਵਣਹਾਰਾ ਸ਼ਬਦ ਗਿਆਨ, ਅਗਿਆਨ ਅੰਧੇਰ ਮਿਟਾਈਆ । ਵਖਾਵਣਹਾਰਾ ਸਚ ਮਕਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਮਿਹਰ ਨਜ਼ਰ ਰੱਖ ਕਰਤਾਰ, ਆਪਣੀ ਦਇਆ ਕਮਾਇੰਦਾ । ਸਚ ਦੁਪੱਟੇ ਦੇ ਆਧਾਰ, ਸਤਿਜੁਗ ਸਾਚਾ ਰਾਹ ਵਖਾਇੰਦਾ । ਸਾਢੇ ਤਿੰਨ ਹੱਥ ਚਾਰ ਕੁੰਟ ਗੁਰਸਿਖ ਕੋਈ ਨਾ ਮਾਰੇ ਲਕਾਰ, ਕਿਲੀ ਮਾਤ ਨਾ ਕੋਇ ਗਡਾਇੰਦਾ । ਮੜ੍ਹੀ ਮਸਾਣ ਨਾ ਸਕੇ ਕੋਈ ਉਠਾਲ, ਜਿਸ ਜਨ ਆਪਣੀ ਦਇਆ ਕਮਾਇੰਦਾ । ਲੱਖ ਚੁਰਾਸੀ ਵਿਚੋਂ ਕਰ ਬਹਾਲ, ਸਚ ਦੁਆਰੇ ਆਪ ਵਸਾਇੰਦਾ । ਨਿਰਗੁਣ ਹੋ ਕੇ ਚਲੇ ਨਾਲ ਨਾਲ, ਦੂਜਾ ਨਜ਼ਰ ਕੋਇ ਨਾ ਆਇੰਦਾ । ਭੇਟਾ ਦੇ ਕੇ ਸਾਚਾ ਲਾਲ, ਲਾਲਨ ਆਪਣੇ ਰੰਗ ਰੰਗਾਇੰਦਾ । ਪੂਰਬ ਲੇਖਾ ਜਾਣੇ ਘਾਲ, ਕਰਨੀ ਕੀਤੀ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਦਇਆ ਆਪ ਕਮਾਇੰਦਾ । ਪਿਛਲੀ ਕੀਤੀ ਦੇਵੇ ਆਪ, ਦੇਵਣਹਾਰ ਵੱਡੀ ਵਡਿਆਈਆ । ਰਾਮ ਚੰਦ ਦਾ ਕੁਸ਼ੂ ਨਾਤ, ਮਿਹਰ ਨਜ਼ਰ ਉਠਾਈਆ । ਬਾਲਮੀਕ ਮੰਗੀ ਦਾਤ, ਸ੍ਰੀ ਭਗਵਾਨ ਝੋਲੀ ਪਾਈਆ । ਕਲਜੁਗ ਅੰਤਮ ਵੇਖ ਅੰਧੇਰੀ ਰਾਤ, ਬਲੀ ਬਲਵਾਨ ਇਕ ਚੜ੍ਹਾਈਆ । ਕਿਰਪਾ ਕਰ ਰਘੁਪਤ ਰਘੁਨਾਥ, ਰਘੁ ਆਪਣੀ ਅੰਸ ਜਣਾਈਆ । ਲੇਖਾ ਜਾਣੇ ਸ਼ਾਹ ਸ਼ਾਬਾਸ਼, ਸ਼ਹਿਨਸ਼ਾਹ ਆਪਣੇ ਹੱਥ ਰੱਖੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਲੇਖਾ ਜਾਣੇ ਥਾਉਂ ਥਾਈਂਆ । ਰਘੁਪਤ ਰਘਵੰਸ ਰਘੁਨਾਥ, ਰਾਮ ਰਾਮਾ ਦਇਆ ਕਮਾਇੰਦਾ । ਪੁਰਖ ਅਕਾਲ ਖੇਲ ਤਮਾਸ਼, ਜੁਗ ਚੌਕੜੀ ਵੇਖ ਵਖਾਇੰਦਾ । ਪੂਰੀ ਕਰਨਹਾਰਾ ਆਸ, ਆਸਾ ਇਕੋ ਇਕ ਦ੍ਰਿੜਾਇੰਦਾ । ਚਰਨ ਕਵਲ ਦੇ ਭਰਵਾਸ, ਭਰਵਾਸਾ ਮਨ ਤਨ ਆਪ ਬੰਧਾਇੰਦਾ । ਲੇਖਾ ਜਾਣ ਪਵਣ ਸਵਾਸ, ਸਵਾਸ ਸਵਾਸਾਂ ਵਿਚ ਸਮਾਇੰਦਾ । ਸਤਿ ਦੁਆਰ ਬੰਦ ਖੁਲਾਸ, ਬੰਦੀਖ਼ਾਨਾ ਤੋੜ ਤੁੜਾਇੰਦਾ । ਤ੍ਰੇਤੇ ਜੁਗ ਦੀ ਕਲਜੁਗ ਸ਼ਾਖ਼, ਸ਼ਨਾਖ਼ਤ ਆਪਣੇ ਹੱਥ ਰਖਾਇੰਦਾ । ਰਘੁਬੀਰ ਸਿੰਘ ਦੀ ਢਾਈ

ਮੁੱਠੀ ਖ਼ਾਕ, ਸਿੰਘ ਗੁਰਦਿਆਲ ਝੋਲੀ ਪਾਇੰਦਾ । ਸਤਿਜੁਗ ਤ੍ਰੇਤਾ ਬਣਿਆ ਸਾਕ, ਬਲ ਬੰਧਨ ਵੇਖ ਵਖਾਇੰਦਾ । ਸ੍ਰੀ ਭਗਵਾਨ ਚੌਥੀ ਮੰਜ਼ਲ ਚੜ੍ਹ ਜਾਏ ਖੋਲ੍ਹ ਤਾਕ, ਮਹੱਲ ਅਟੱਲ ਇਕ ਸੁਹਾਇੰਦਾ । ਸਚ ਸਿੰਘਾਸਣ ਬਹਿ ਗੁਰਮੁਖਾਂ ਦੇਵੇ ਦਾਤ, ਅਗਲਾ ਪਿਛਲਾ ਜਨਮ ਲੇਖਾ ਸਭ ਦਾ ਆਪਣੀ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਜਗਤ ਬਬਾਣ, ਇਕ ਇਕ ਜਣਾਈਆ । ਸਾਢੇ ਦਸ ਖੇਲ ਮਹਾਨ, ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਉਠਾਈਆ । ਅੱਠ ਦਸ ਕਰ ਪਰਧਾਨ, ਚਰਨ ਕਵਲ ਦਏ ਸਰਨਾਈਆ । ਹਰਿ ਸੰਗਤ ਸਰਬ ਕਰ ਪਰਵਾਨ, ਪਰਵਾਨਾ ਇਕੋ ਵਾਰ ਹੱਥ ਫੜਾਈਆ । ਗੁਰਮੁਖ ਤੇਰਾ ਕੋਈ ਨਾ ਬਣੇ ਮਸਾਣ, ਮਸਾਣੀ ਪਵਣ ਨਾ ਰੂਪ ਸਮਾਈਆ । ਲੱਖ ਚੁਰਾਸੀ ਕਰੇ ਕਲਿਆਣ, ਕਲ ਆਪਣੀ ਦਏ ਸਮਝਾਈਆ । ਧੁਰ ਦਾ ਲੇਖਾ ਲਿਖ ਸ੍ਰੀ ਭਗਵਾਨ, ਹਰਿਜਨ ਸਾਚੇ ਦਏ ਜਣਾਈਆ । ਹਰਿ ਸੰਗਤ ਤੇਰਾ ਰਹਿਣ ਨਾ ਦੇਵੇ ਆਵਣ ਜਾਣ, ਆਵਣ ਜਾਵਣ ਪੰਧ ਮੁਕਾਈਆ । ਢਾਈ ਗਜ਼ ਦੁਪੱਟਾ ਤਿੰਨ ਗੁਣ ਹੋ ਕੇ ਹੱਸਾ ਚੌਥੇ ਘਰ ਵਸਾ, ਲਾਲ ਰੰਗ ਦਾ ਲਾਲ ਮਨਾਰ, ਚਾਰ ਕੁੰਟ ਦਾ ਚਾਰ ਸ਼ਿੰਗਾਰ, ਸਾਢੇ ਤਿੰਨ ਮੰਦਰ ਅਪਾਰ, ਲਾਲ ਰੰਗ ਪਹਿਰੇਦਾਰ, ਸੱਤ ਰੰਗ ਨਿਸ਼ਾਨਾ ਉਪਰ ਝੁੱਲੇ ਖ਼ਬਰਦਾਰ, ਸਿੰਘ ਠਾਕਰ ਪੂਰਬ ਦਿਸ਼ਾ ਬਹੇ ਚੌਕੜਾ ਮਾਰ, ਪੰਜ ਪਿਆਰੇ ਰਹਿਣ ਖ਼ਬਰਦਾਰ, ਸ਼ਬਦ ਲਿਖਾਰੀ ਵੇਖੇ ਮੀਤ ਮੁਰਾਰ, ਹਰਿ ਸੰਗਤ ਸਾਰੀ ਦੋਏ ਜੋੜ ਕਰੇ ਨਿਮਸਕਾਰ, ਸ੍ਰੀ ਭਗਵਾਨ ਲੇਖਾ ਲਿਖ ਕੇ ਦੇਵੇ ਮੈਂ ਕਰਾਂ ਪਾਰ, ਅੱਗੇ ਗੁਰਮੁਖ ਕੋਇ ਜੂਨ ਵਿਚ ਨਾ ਆਈਆ ।



### ★ ਪਹਿਲੀ ਚੇਤਰ ੨੦੨੦ ਬਿਕਰਮੀ ਰਘਬੀਰ ਸਿੰਘ ਦੇ ਸਸਕਾਰ ਅਸਥਾਨ ਉਤੇ ਜੇਠੂਵਾਲ ★

ਪਹਿਲੀ ਚੇਤ ਪੁਰਖ ਸਮਰਥ, ਬੀਸ ਬੀਸਾ ਦਏ ਵਡਿਆਈਆ । ਹਰਿ ਭਗਤ ਸੁਹੇਲੇ ਸਾਚੇ ਰੱਖ, ਸਮਰਥ ਆਪਣਾ ਹੱਥ ਟਿਕਾਈਆ । ਅਗਲਾ ਮਾਰਗ ਦੇਵੇ ਦੱਸ, ਜੀਵਣ ਜੁਗਤ ਜਣਾਈਆ । ਜੀਵਦਿਆਂ ਪ੍ਰਭ ਕੀਤੇ ਵਸ, ਮਰਿਆਂ ਆਪਣੇ ਚਰਨ ਰਖਾਈਆ । ਲਹਿਣਾ ਦੇਣਾ ਚੁਕਾਏ ਸੀਂ ਸਾਢੇ ਤਿੰਨ ਹੱਥ, ਹੱਥ ਆਪਣੀ ਝੋਲੀ ਪਾਈਆ । ਚਾਰੇ ਕਿਲੀਆਂ ਚਾਰੇ ਕੁੰਟਾਂ ਦੇਣੀਆਂ ਰੱਖ, ਸਿੰਘ ਮਨਜੀਤਾ ਧਿਆਨ ਲਗਾਈਆ । ਧੰਨ ਭਾਗ ਬੀਸ ਦਸ ਪ੍ਰਭ ਖੇਲ ਕੀਆ ਹੱਸ, ਮੇਰੀ ਸੇਵਾ ਸਾਚੀ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦ ਜਣਾਈਆ । ਵੀਹ ਸੌ ਦੱਸ ਬਿਕਰਮੀ ਗਾਥ, ਬਾਲਾ ਨੱਢਾ ਆਪ ਜਣਾਇੰਦਾ । ਦਸ ਸਾਲ ਤੱਕਦਾ ਰਿਹਾ ਸਾਥ, ਸਾਥੀ ਨਜ਼ਰ ਕੋਇ ਨਾ ਆਇੰਦਾ । ਗੁਰ ਗੋਬਿੰਦ ਬੰਨ੍ਹ ਕੇ ਗਿਆ ਨਾਤ, ਬਿਧਾਤਾ ਆਪਣੇ ਨਾਲ ਜੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਾਚਾ ਰਾਹ ਏਕਾ ਵਾਰ, ਗੋਬਿੰਦ ਗੁਰ ਵਡਿਆਈਆ । ਪੁਰਖ ਅਕਾਲ ਵੇਖਣਹਾਰ, ਅਭੁਲ ਭੁੱਲ ਕਦੇ ਨਾ ਜਾਈਆ । ਬਾਵਨ ਕਰੇ ਸਚ ਪੁਕਾਰ, ਊਚੀ ਕੂਕ ਸੁਣਾਈਆ । ਮੇਰਾ ਮੇਲ ਵਿਛੜਿਆ ਯਾਰ, ਤੇਰੇ ਹੱਥ ਵਡਿਆਈਆ । ਤ੍ਰੇਤਾ ਲੇਖਾ ਧੁਰ ਦਰਬਾਰ, ਰਾਮ ਰਾਮ ਸਰਨਾਈਆ । ਬਾਲਮੀਕ ਕਰੇ ਵਿਚਾਰ, ਭੇਵ ਅਭੇਦ ਜਣਾਈਆ । ਕੁਸ਼ੂ ਸੁਤ ਸੁਤ ਦੁਲਾਰ, ਜਾਨਕੀ ਰੰਗ ਰੰਗਾਈਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦ ਜਣਾਈਆ । ਜਾਨਕੀ ਸੁਤ ਰਮੱਯਾ ਲਾਲ, ਰਹਿਮਤ ਹਰਿ ਕਮਾਇੰਦਾ । ਜੁਗ ਚੌਕੜੀ ਖੇਲ
ਮਹਾਨ, ਬੇਪਰਵਾਹ ਆਪ ਖਲਾਇੰਦਾ । ਬਾਲਮੀਕ ਮੰਗਿਆ ਦਾਨ, ਝੋਲੀ ਇਕੋ ਅੱਗੇ ਡਾਹਿੰਦਾ । ਬਾਲੀ ਬੁਧ ਬਾਲ ਅਵਾਣ, ਭੇਵ ਕੋਇ ਨਾ
ਪਾਇੰਦਾ । ਕਿਰਪਾ ਕਰ ਭਗਵਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਜਣਾਇੰਦਾ । ਬਾਲਮੀਕ ਕਰੇ
ਅਰਦਾਸ, ਦੋਏ ਜੋੜ ਜੋੜ ਨਿਮਸਕਾਰਿਆ । ਧਰਨੀ ਸੋਹੇ ਵਿਚ ਪਰਭਾਸ, ਪ੍ਰਭ ਤੇਰੇ ਚਰਨ ਦਵਾਰਿਆ । ਮੇਰੀ ਪੂਰੀ ਕਰ ਆਸ, ਸੋਹੇ ਬੰਕ
ਅਪਾਰਿਆ । ਤੇਰੀ ਵੇਖਾਂ ਸੱਚੀ ਰਾਸ, ਮਹੱਲ ਅਟੱਲ ਮਨਾਰਿਆ । ਤੇਰੇ ਬਾਲੇ ਮੇਰੇ ਪਾਸ, ਮੇਰਾ ਤੇਰੇ ਚਰਨ ਸੀਸ ਝੁਕਾ ਰਿਹਾ । ਜੋਤੀ ਜੋਤ
ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਦੋਏ ਜੋੜ ਵਾਸਤਾ ਪਾ ਲਿਆ । ਰਘਪਤ ਕਹੇ ਰਾਮ ਰਘ, ਏਕਾ
ਏਕ ਜਾਈਆ । ਸਾਚਾ ਮਾਰਗ ਜਾਏ ਬੰਨ੍ਹ, ਜੁਗ ਚੌਕੜੀ ਵੇਖ ਵਖਾਈਆ । ਬਾਲਮੀਕ ਸੁਣ ਲੈ ਕੰਨ, ਨਾਮ ਨਿਧਾਨ ਪੜ੍ਹਾਈਆ । ਕਰੇ ਖੇਲ
ਸ੍ਰੀ ਭਗਵਨ, ਕਲਜੁਗ ਅੰਤਮ ਫੇਰਾ ਪਾਈਆ । ਸਾਚੇ ਸੁਤ ਚਾੜ੍ਹ ਚੰਨ, ਚੰਨ ਚੰਨ ਰੁਸ਼ਨਾਈਆ । ਗਣ ਗੰਧਰਬ ਦੇਵਤ ਸੁਰ ਕਹਿਣ ਧੰਨ ਧੰਨ,
ਧੰਨ ਮਿਲੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦ ਜਣਾਈਆ । ਭੇਵ ਅਭੇਦ ਦੱਸੇ ਭਗਵਾਨ, ਆਪਣੀ
ਦਇਆ ਕਮਾਇੰਦਾ । ਕਲਜੁਗ ਅੰਤਮ ਖੇਲ ਮਹਾਨ, ਨਿਰਗੁਣ ਦਾਤਾ ਆਪ ਕਰਾਇੰਦਾ । ਸਤਿਜੁਗ ਦਾ ਸਤਿ ਵਿਧਾਨ, ਸਤਿ ਪੁਰਖ ਨਿਰੰਜਣ
੪੨ ਆਪ ਸਮਝਾਇੰਦਾ । ਬਾਲੀ ਬਾਲੇ ਕਰ ਪਰਵਾਨ, ਧੁਰ ਫ਼ਰਮਾਣਾ ਆਪ ਸਮਝਾਇੰਦਾ । ਛੋਟਾ ਬੱਚਾ ਦੇਵੇ ਦਾਨ, ਦੂਆ ਸਿਫ਼ਰਾ ਏਕਾ ਸਿਫ਼ਰਾ ੪੨
੧੪ ਇਕ ਇਕ ਨਾਲ ਮਿਲਾਇੰਦਾ । ਦੂਜਾ ਖੇਲ ਕਰੇ ਮਹਾਨ, ਜਗਤ ਜਗਦੀਸ਼ ਚੰਦ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ੧੪
ਕਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਖੇਲ ਅਪਾਰ, ਸੋ ਪੁਰਖ ਨਿਰੰਜਣ ਆਪ ਜਣਾਈਆ । ਸਾਢੇ ਤਿੰਨ ਹੱਥ ਕੂੜੀ ਕਾਇਆ
ਕਰੇ ਨਾ ਕੋਇ ਪਿਆਰ, ਪ੍ਰਭ ਚਰਨ ਸੱਚੀ ਸਰਨਾਈਆ । ਅੰਤਮ ਨਾਤਾ ਛੱਡਣਾ ਪਏ ਸੰਸਾਰ, ਥਿਰ ਕੋਇ ਰਹਿਣ ਨਾ ਪਾਈਆ । ਮਰ ਮਰ
ਜੰਮੇ ਜੀਵ ਗਵਾਰ, ਲੱਖ ਚੁਰਾਸੀ ਗੇੜ ਰਖਾਈਆ । ਸ੍ਰੀ ਭਗਵਾਨ ਹੋ ਮਿਹਰਬਾਨ, ਮਿਹਰ ਨਜ਼ਰ ਇਕ ਟਿਕਾਈਆ । ਭਗਤ ਸੁਹੇਲੇ ਕਰ
ਪਰਵਾਨ, ਸਿਰ ਆਪਣਾ ਹੱਥ ਟਿਕਾਈਆ । ਕਲਜੁਗ ਅੰਤਮ ਜ਼ਿਮੀਂ ਅਸਮਾਨ ਵਖਾਏ ਇਕ ਨਿਸ਼ਾਨ, ਨਿਸ਼ਾਨਾ ਇਕੋ ਇਕ ਝੁਲਾਈਆ । ਜੋਤੀ
ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਦੇਵੇ ਵਡਿਆਈ ਪਾਰਬ੍ਰਹਮ, ਪ੍ਰਭ ਆਪਣੀ ਦਇਆ ਕਮਾਇੰਦਾ ।
ਉਨੀ ਕੱਤਕ ਕਰ ਕਰਮ, ਭਗਤ ਦੁਆਰ ਨੀਂਹ ਰਖਾਇੰਦਾ । ਸਾਢੇ ਤਿੰਨ ਹੱਥ ਅੱਗੇ ਬੇੜਾ ਬੰਨ੍ਹ, ਅਟੱਲ ਮਹੱਲ ਇਕ ਰੁਸ਼ਨਾਇੰਦਾ । ਧੁਰ
ਸੰਦੇਸਾ ਧੁਰਦਰਗਾਹੀ ਘੱਲ, ਹੁਕਮੀ ਹੁਕਮ ਆਪ ਵਰਤਾਇੰਦਾ । ਜੋਤ ਸ਼ਬਦ ਨਿਰਗੁਣ ਧਾਰ ਬੈਠਾ ਰਲ, ਨਜ਼ਰ ਕਿਸੇ ਨਾ ਆਇੰਦਾ । ਜੋਤੀ
ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਦੁਆਰ ਬਿਨ ਭਗਤਾਂ ਸੋਭਾ ਕਦੇ ਨਾ ਪਾਇੰਦਾ । ਭਗਤ ਦੁਆਰ ਅੱਗੇ ਸਾਢੇ ਤਿੰਨ ਹੱਥ,
ਪ੍ਰਭ ਵੱਖਰੀ ਵੰਡ ਵੰਡਾਈਆ । ਸਤਿ ਸਤਿਵਾਦੀ ਨੀਂਹ ਦਿਤੀ ਰੱਖ, ਰੱਖ਼ਕ ਬਣਿਆ ਸੱਚਾ ਸ਼ਹਿਨਸ਼ਾਹੀਆ । ਹੌਲੀ ਹੌਲੀ ਹੋ ਪਰਤੱਖ, ਪਹਿਲਾ
ਦੂਜਾ ਪੰਧ ਮੁਕਾਈਆ । ਤੀਜੇ ਨੈਣ ਹੋ ਪਰਤੱਖ, ਸਾਖਿਆਤ ਦਏ ਸਮਝਾਈਆ । ਛੋਟਾ ਬਾਲਾ ਕਹੇ ਪ੍ਰਭੂ ਮੇਰਾ ਨਾਮ ਰੱਖ, ਸ਼ਬਦ ਸ਼ਬਦੀ ਲੇਖ

ਲਿਖਾਈਆ । ਜੁੜਿਆ ਰਹੇ ਸੱਚਾ ਨਾਤ, ਨਾ ਕੋਈ ਤੋੜੇ ਤੋੜ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ ਜਣਾਈਆ । ਸਚ ਸੰਦੇਸ ਦੇਵੇ ਮਿਹਰਬਾਨ, ਮਿਹਰ ਨਜ਼ਰ ਉਠਾਈਆ । ਤ੍ਰੇਤੇ ਜੁਗ ਦਾ ਬਾਲ ਅਞਾਣ, ਰਘ ਆਪਣੀ ਰਗ ਅਖਵਾਈਆ । ਬੀਰ ਬੀਰ ਬੀਰ ਬਲਵਾਨ, ਬਲ ਇਕੋ ਇਕ ਜਣਾਈਆ । ਪਿਤਾ ਪੂਤ ਨਾ ਕੋਇ ਪਹਿਚਾਨ, ਭੇਵ ਅਭੇਦ ਨਾ ਕੋਇ ਜਣਾਈਆ । ਦੋਏ ਜੋੜ ਮੰਗਿਆ ਦਾਨ, ਹਰਿ ਮਿਲੇ ਸਚ ਸਰਨਾਈਆ । ਸ੍ਰੀ ਭਗਵਾਨ ਦੇਵਣਹਾਰ, ਦੀਨ ਦਿਆਲ ਦਇਆ ਕਮਾਈਆ । ਤੇਰਾ ਵਿਚੋਲਾ ਬਣੇ ਨੌਜਵਾਨ, ਲਾਲੋ ਲਾਲਨ ਲਏ ਉਠਾਈਆ । ਸਿੰਘ ਕਿਸ਼ਨ ਇਕ ਦਲਾਲ, ਢਾਈ ਗੱਜ਼ ਦੁਪੱਟਾ ਭੇਟ ਚੜ੍ਹਾਈਆ । ਮੱਘਰ ਮਹੀਨਾ ਮਨਜੀਤਾ ਹੋਇਆ ਖ਼ੁਸ਼ਹਾਲ, ਕਦ ਵੇਲਾ ਮਿਲਾਂ ਭਾਈ ਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਢਾਈ ਗਜ਼ ਕਰ ਪਰਵਾਨ, ਆਪਣੇ ਤਨ ਛੁਹਾਇਆ । ਅਗਲਾ ਲੇਖਾ ਦੋ ਜਹਾਨ, ਪਿਛਲਾ ਆਪਣੀ ਝੋਲੀ ਪਾਇਆ । ਦੇਵਣਹਾਰਾ ਦਾਨੀ ਦਾਨ, ਦਾਤਾ ਇਕੋ ਇਕ ਅਖਵਾਇਆ । ਸਾਢੇ ਤਿੰਨ ਹੱਥ ਦਾ ਸਚ ਨਿਸ਼ਾਨ, ਚੌਥੀ ਮੰਜ਼ਲ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇਆ । ਸਾਚੀ ਕਰਨੀ ਕਰੇ ਆਪ, ਪ੍ਰਭ ਆਪਣੀ ਦਇਆ ਕਮਾਈਆ । ਭਗਤ ਸੁਹੇਲਾ ਮਾਈ ਬਾਪ, ਗੁਰਮੁਖ ਆਪਣੀ ਗੋਦ ਉਠਾਈਆ । ਸ਼ਬਦ ਜਣਾਇਆ ਸੋਹੰ ਜਾਪ, ਰਸਨਾ ਜਿਹਵਾ ਹਰਿ ਗੁਣ ਗਾਈਆ । ਮੇਲ ਮਿਲਾਵਾ ਕਮਲਾਪਾਤ, ਆਤਮ ਪਰਮਾਤਮ ਵਿਚ ਸਮਾਈਆ । ਸੋ ਪੁਰਖ ਨਿਰੰਜਣ ਦੇਵਣਹਾਰਾ ਦਾਤ, ਭੇਵ ਅਭੇਦ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲਹਿਣਾ ਦਏ ਵਖਾਈਆ । ੪੩ ਪੂਰਬ ਲਹਿਣਾ ਸਿੰਘ ਠਾਕਰ, ਤ੍ਰੈ ਤ੍ਰੈ ਧਾਰ ਮਿਲਾਇੰਦਾ । ਨਿਰਮਲ ਕਰਮ ਕਰ ਉਜਾਗਰ, ਉਜਰਤ ਹਰਿ ਨਾ ਕੋਇ ਲਗਾਇੰਦਾ । ਭਗਤਾਂ ਦੇਵਣਹਾਰਾ ਆਦਰ, ਆਦਰਸ਼ ਇਕੋ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰਦਾ ਆਪਣਾ ਆਪ ਖੁਲ੍ਹਾਇੰਦਾ । ਸਾਚਾ ਪਰਦਾ ਦੇਵੇ ਖੋਲ੍ਹ, ਸ੍ਰੀ ਭਗਵਾਨ ਵੱਡੀ ਵਡਿਆਈਆ । ਸਿੰਘ ਮਨਜੀਤਾ ਕਹੇ ਬੋਲ, ਦੋਏ ਜੋੜ ਸਰਨਾਈਆ । ਜਗਦੀਸ਼ਾ ਤੋਲਣਹਾਰਾ ਤੋਲ, ਅਤੋਲ ਅਤੁਲ ਤੇਰੀ ਸਰਨਾਈਆ । ਸਚ ਦੁਆਰਾ ਲੋਕਮਾਤ ਖੋਲ੍ਹ, ਭੇਵ ਅਭੇਦ ਜਣਾਈਆ । ਸਤਿਜੁਗ ਰਹੇ ਨਾ ਕੋਈ ਰੋਲ, ਭਰਿਸ਼ਟ ਰੂਪ ਨਾ ਕੋਇ ਵਟਾਈਆ । ਹਰਿ ਸੰਗਤ ਕਰ ਕੇ ਆਪ ਅਡੋਲ, ਸਿਖਿਆ ਇਕੋ ਇਕ ਦ੍ਰਿੜਾਈਆ । ਭਗਤ ਕੋਈ ਨਾ ਰਹੇ ਅਨਭੋਲ, ਪਰਦਾ ਸਭ ਦਾ ਦਏ ਖੁਲ੍ਹਾਈਆ । ਜਿਸ ਤੇਰੇ ਚਰਨ ਧੂੜ ਅੰਮ੍ਰਿਤ ਛਕੀ ਸਾਚੀ ਪੌਹਲ, ਸੋ ਜਨਮ ਮਰਨ ਵਿਚ ਨਾ ਆਈਆ । ਲੇਖਾ ਚੁੱਕੇ ਧਰਨੀ ਧੌਲ, ਧਵਲ ਦਏ ਸਾਲਾਹੀਆ । ਸਾਡੇ ਨਾਲ ਕਰ ਕੌਲ, ਬੇਪਰਵਾਹ ਭੁੱਲ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਦ੍ਰਿੜਾਈਆ । ਸ੍ਰੀ ਭਗਵਾਨ ਦੱਸਣਹਾਰਾ, ਭੇਵ ਅਭੇਦ ਖੁਲਾਇੰਦਾ । ਵੀਹ ਸੌ ਨੌਂ ਬਿਕਰਮੀ ਬਣ ਲਿਖਾਰਾ, ਪਿਛਲਾ ਲਹਿਣਾ ਆਪ ਜਣਾਇੰਦਾ । ਵੀਹ ਸੌ ਉਨੀ ਦਏ ਆਧਾਰਾ, ਸੀਸ ਨਾਮ ਪਰਦਾ ਪਾਇੰਦਾ । ਪਹਿਲੀ ਚੇਤਰ ਭਗਤ ਵਿਹਾਰਾ, ਸ੍ਰੀ ਭਗਵਾਨ ਆਪ ਕਰਾਇੰਦਾ । ਧੁਰਦਰਗਾਹੀ ਧੁਰ ਦਾ ਲਾੜਾ, ਇਕੋ ਇਕ ਵਖਾਇੰਦਾ । ਲਾਲ ਰੰਗ ਪ੍ਰਭ ਚਾੜ੍ਹੇ ਗਾੜ੍ਹਾ, ਉਤਰ ਕਦੇ ਨਾ ਜਾਇੰਦਾ । ਠਾਕਰ ਸਿੰਘ ਸੇਵਾਦਾਰਾ, ਤਿੰਨ ਤਿੰਨ ਤਿੰਨ ਆਪਣੀ ਵੰਡ ਵੰਡਾਇੰਦਾ । ਚੌਥੀ ਮੰਜ਼ਲ ਲੈ ਕੇ ਜਾਏ ਆਪ ਨਿਰੰਕਾਰਾ, ਆਪ ਆਪਣੀ ਗੋਦ ਬਹਾਇੰਦਾ ।

ਚਾਰ ਬੁਰਜ ਕਰਨ ਨਿਮਸਕਾਰਾ, ਚਾਰੋਂ ਕੁੰਟ ਨੈਣ ਉਠਾਇੰਦਾ । ਸੱਤ ਰੰਗ ਨਿਸ਼ਾਨਾ ਚੜ੍ਹੇ ਅਪਰ ਅਪਾਰਾ, ਸਿਰ ਭਗਤਾਂ ਆਪ ਝੁਲਾਇੰਦਾ । ਸਤਿ ਪੁਰਖ ਦੀ ਸਾਚੀ ਕਾਰਾ, ਹਰਿ ਕਰਤਾ ਆਪ ਕਮਾਇੰਦਾ । ਹਰਿ ਸੰਗਤ ਦੇਵੇ ਇਕ ਆਧਾਰਾ, ਸਾਂਤਕ ਸਤਿ ਸਤਿ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਾਲ ਪਰਦਾ ਸ਼ਬਦ ਕਨਾਤ, ਬਿਨ ਲਕਸ਼ਮੀ ਵੇਖੇ ਨਾ ਕੋਈ ਮਾਰ ਝਾਤ, ਦੂਜਾ ਨਜ਼ਰ ਕੋਇ ਨਾ ਆਇੰਦਾ । ਲਛਮੀ ਕਹੇ ਤੇਰੀ ਵਡਿਆਈ, ਭਗਵਨ ਭੇਵ ਕੋਇ ਨਾ ਆਇੰਦਾ । ਕਿਸ ਬਿਧ ਕਰੇਂ ਮਾਤ ਕੁੜਮਾਈ, ਘਰ ਘਰ ਆਪਣੀ ਦਇਆ ਕਮਾਇੰਦਾ । ਮੇਰੇ ਨੈਣ ਰਹੇ ਸ਼ਰਮਾਈ, ਮੇਰੀ ਕੁੱਖ ਬਾਲ ਸੋਭਾ ਕੋਇ ਨਾ ਪਾਇੰਦਾ । ਤੂੰ ਭਗਤਾਂ ਪਕੜੇਂ ਜਾ ਜਾ ਬਾਹੀਂ, ਮੇਰਾ ਮੋਹ ਨਜ਼ਰ ਕੋਇ ਨਾ ਆਇੰਦਾ । ਮੈਂ ਰੋਵਾਂ ਵਿਚ ਜੁਦਾਈ, ਨੇਤਰ ਨੈਣ ਨੀਰ ਵਹਾਇੰਦਾ । ਸ੍ਰੀ ਭਗਵਾਨ ਰਿਹਾ ਸਮਝਾਈ, ਭੇਵ ਅਭੇਦ ਖੁਲ੍ਹਾਇੰਦਾ । ਤੇਰੇ ਪਿਆਰ ਦੀ ਇਕ ਕੁੜਮਾਈ, ਲੋਕਮਾਤ ਵਖਾਇੰਦਾ । ਤੇਰਾ ਲਹਿੰਗਾ ਦਏ ਵਧਾਈ, ਤੇਰੇ ਗੀਤ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਲਾਲ ਭੂਸ਼ਨ ਲਛਮੀ ਧਾਰ, ਨਿਰਗੁਣ ਆਪ ਜਣਾਈਆ । ਭਗਤਾਂ ਕਰ ਸਚ ਪਿਆਰ, ਪਰਦਾ ਇਕ ਵਖਾਈਆ । ਵੇਖੇ ਦਰੋਪਦ ਆਈ ਰੋਵੇ ਜ਼ਾਰੋ ਜ਼ਾਰ, ਬੇਪਰਵਾਹ ਬੇਅੰਤ ਤੇਰੀ ਸ਼ਹਿਨਸ਼ਾਹੀਆ । ਸਤਿਜੁਗ ਕਰੇਂ ਕੀ ਕੀ ਕਾਰ, ਕਰਤੇ ਕਰਨੀ ਮਾਤ ਕਮਾਈਆ । ਜਿਸ ਪੰਜ ਵਾਰ ਤੇਰੇ ਨਾਉਂ ਲਾਈ ਜੈਕਾਰ, ਤਿਸ ਸਚਖੰਡ ਲੈਕੇ ਜਾਵੇਂ ਚਾਈਂ ਚਾਈਂਆ । ਦਰੋਪਤ ਕਹੇ ਮੈਂ ਅਜੇ ਨਾ ਹੋਈ ਪਾਰ, ਮੇਰਾ ਲੇਖਾ ਮੁੱਕ ਨਾ ਸਕਿਆ ਰਾਈਆ । ਕ੍ਰਿਸ਼ਨ ਕਹਿ ਕੇ ਗਿਆ ਵਿਚ ਸੰਸਾਰ, ਤ੍ਰੈਲੋਕੀ ਵਿਚ ਮੇਰੀ ਸ਼ਰਨਾਈਆ । ਅੱਗੇ ਮੇਲ ਪੁਰਖ ਅਕਾਲ, ਜਿਉਂ ਭਾਵੇ ਲਏ ਮਿਲਾਈਆ । ਕਲਜੁਗ ਬੈਠੀ ਰਹੀ ਬੇਹਾਲ, ਮੇਰੀ ਸਾਰ ਕਿਸੇ ਨਾ ਪਾਈਆ । ਮੈਂ ਵੇਖ ਕੇ ਆਈ ਰੰਗ ਲਾਲ, ਲਾਲ ਰੰਗ ਕਵਣ ਰਿਹਾ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਰਿਹਾ ਜਣਾਈਆ । ਦਰੋਪਤੀ ਆਈ ਪੈਂਡਾ ਚੀਰ, ਆਪਣਾ ਪੰਧ ਮੁਕਾਈਆ । ਜਿਸ ਨੇ ਮੇਰਾ ਲਹਿਣ ਨਾ ਦਿਤਾ ਚੀਰ, ਸੋ ਸਾਹਿਬ ਫੇਰਾ ਪਾਈਆ । ਜਿਸ ਪਿਛੇ ਅੱਗੇ ਦੋ ਜਹਾਨਾਂ ਕੱਟ ਜ਼ੰਜੀਰ, ਆਪਣੀ ਗੰਢ ਪੁਆਈਆ । ਸਿੰਘ ਬਿਸ਼ਨ ਚਾਰੋਂ ਕੁੰਟ ਮਾਰੇ ਲਕੀਰ, ਪ੍ਰੀਤਮ ਸਿੰਘ ਨਿਉਂ ਨਿਉਂ ਚਲੇ ਵਾਹੋ ਦਾਹੀਆ । ਇੰਦਰ ਸਿੰਘ ਕਹੇ ਪ੍ਰਭ ਤੇਰੇ ਨਾਲ ਨਿਭੇ ਅਖ਼ੀਰ, ਦੂਜੀ ਓਟ ਨਾ ਕੋਇ ਤਕਾਈਆ । ਗੁਰਮੁਖ ਸਿੰਘ ਕਹੇ ਹਰਿ ਸੰਗਤ ਹਸਤ ਕੀਟ, ਊਚ ਨੀਚ ਤੇਰੀ ਇਕ ਸਰਨਾਈਆ । ਪਾਲ ਸਿੰਘ ਕਹੇ ਮੈਂ ਗਾਵਾਂ ਗੀਤ, ਪ੍ਰਭ ਇਕੋ ਢੋਲਾ ਚਾਈਂ ਚਾਈਂਆ । ਜਿਸ ਨੂੰ ਲੱਭਦੇ ਮੰਦਰ ਮਸੀਤ, ਕੋਟਨ ਕੋਟ ਬੈਠੇ ਧਿਆਨ ਲਗਾਈਆ । ਸੋ ਕਲਜੁਗ ਅੰਤ ਜਨ ਭਗਤਾਂ ਕਰੇ ਸਚ ਪ੍ਰੀਤ, ਪ੍ਰੀਤੀ ਇਕੋ ਇਕ ਜਣਾਈਆ । ਸਤਿਜੁਗ ਚਲਾਏ ਸਾਚੀ ਰੀਤ, ਹਰਿ ਸੰਗਤ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਆ ਦਰੋਪਤ ਵੇਖ ਅੱਖ, ਸੋ ਪੁਰਖ ਨਿਰੰਜਣ ਆਪ ਜਣਾਈਆ । ਸਾਹਿਬ ਸਤਿਗੁਰ ਹੋ ਪਰਤੱਖ, ਆਪਣੀ ਧਾਰ ਜਣਾਈਆ । ਭਗਤ ਭਗਵਾਨ ਰਿਹਾ ਰੱਖ, ਮਿਹਰ ਨਜ਼ਰ ਉਠਾਈਆ । ਸਾਚਾ ਮਾਰਗ ਸਾਹਿਬ ਦੱਸ, ਇਕੋ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਾਲ ਰੰਗ ਦਾ ਰੰਗ ਲਾਲ ਗੁਰਮੁਖ ਵਿਚ ਪੇਖੇ ਸਾਹਿਬ ਦਿਆਲ, ਦਿਆਲ ਆਪਣੀ ਦਇਆ ਕਮਾਈਆ । ਦਇਆ ਕਮਾ ਸਾਹਿਬ ਸੁਲਤਾਨ, ਜਗ

ਬਾਲੇ ਵੇਖ ਵਖਾਇੰਦਾ । ਪ੍ਰੇਮ ਪ੍ਰੀਤੀ ਇਕੋ ਦਾਨ, ਦਰ ਝੋਲੀ ਇਕ ਭਰਾਇੰਦਾ । ਸਚਖੰਡ ਦਾ ਸਾਚਾ ਕਾਹਨ, ਚੌਥੇ ਘਰ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਜਣਾਇੰਦਾ । ਰਘਬੀਰ ਸਿੰਘ ਪ੍ਰਭ ਪਏ ਸਰਨਾ, ਪਹਿਲੀ ਚੇਤ ਖ਼ੁਸ਼ੀ ਮਨਾਈਆ । ਧੰਨ ਭਾਗ ਤੂੰ ਮਿਲਿਆ ਇਕ ਮਲਾਹ, ਬੇੜਾ ਆਪਣੇ ਕੰਧ ਉਠਾਈਆ । ਤੇਰੇ ਭਗਤਾਂ ਵਿਚ ਮੇਰਾ ਰਹਿ ਜਾਏ ਨਾਂ, ਮੇਰਾ ਨਾਂ ਤੇਰੀ ਵਡਿਆਈਆ । ਨਾਤਾ ਤੁਟਾ ਪਿਤਾ ਮਾਂ, ਭੈਣ ਭਾਈ ਨਜ਼ਰ ਕੋਇ ਨਾ ਆਈਆ । ਤੇਰਾ ਲੱਗਾ ਸੋਹਣਾ ਸੱਚਾ ਥਾਂ, ਜਿਸ ਘਰ ਨਿਰਮਲ ਜੋਤ ਕਰੇ ਰੁਸ਼ਨਾਈਆ । ਭਾਈਆਂ ਨਾਲ ਭਾਈ ਮਿਲਿਆ ਆ, ਪਿਛਲਾ ਪੰਧ ਮੁਕਾਈਆ । ਇਕੋ ਮੰਗਾਂ ਸਚ ਦੁਆ, ਦੋਏ ਜੋੜ ਵਾਸਤਾ ਪਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਪਹਿਲੀ ਚੇਤ ਹਰਿ ਸੰਗਤ ਦੇ ਬਖ਼ਸ਼ ਪਿਛਲੇ ਗੁਨਾਹ, ਮੇਰੀ ਆਸਾ ਪੂਰ ਕਰਾਈਆ । ਜਿਸ ਤਰਾਂ ਮੈਨੂੰ ਦਿਤੀ ਆਪਣੀ ਠੰਡੀ ਛਾਂ, ਗੁਰਮੁਖਾਂ ਹੋਣਾ ਸਹਾਈਆ । ਗੁਰਸਿਖ ਕੋਈ ਨਾ ਕਰਿਓ ਨਾ, ਅੱਗੇ ਔਣਾ ਚਾਈਂ ਚਾਈਂਆ । ਵੇਖਿਓ ਕੋਈ ਨਾ ਮਾਰੇ ਧਾਹ, ਹਰਖ ਸੋਗ ਨਾ ਕੋਇ ਜਣਾਈਆ । ਸ੍ਰੀ ਭਗਵਾਨ ਲੋਕਮਾਤ ਵਿਚੋਂ ਲਏ ਉਠਾ, ਅੱਗੋਂ ਗੋਬਿੰਦ ਉਂਗਲੀ ਲਾਈਆ । ਸਚਖੰਡ ਦੁਆਰੇ ਦਏ ਵਸਾ, ਸਿਰ ਆਪਣਾ ਹੱਥ ਟਿਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਇਕੱਠੇ ਹੋ ਕੇ ਵੇਖਣ ਆ, ਕਵਣ ਆਇਆ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਵਾਸਤਾ ਪਾਈਆ । ਰਘਬੀਰ ਸਿੰਘ ਕਰੇ ਅਰਦਾਸ, ਬਾਲਾ ਇਕ ਧਿਆਨ ਲਗਾਈਆ । ਹਰਿ ਸੰਗਤ ਤੇਰੀ ਸ਼ਾਖ਼, ਤੁਧ ਬਿਨ ਨਜ਼ਰ ਕਿਸੇ ਨਾ ਆਈਆ । ਸਭ ਦੀ ਪਤ ਲੈਣੀ ਰਾਖ, ਮਿਹਰ ਨਜ਼ਰ ਉਠਾਈਆ । ਕਲਜੁਗ ਮਿਟੇ ਅੰਧੇਰੀ ਰਾਤ, ਸਤਿਜੁਗ ਸਾਚਾ ਚੰਦ ਕਰੇ ਰੁਸ਼ਨਾਈਆ । ਜਿਸ ਨੇ ਤੇਰੀ ਗਾਈ ਗਾਥ, ਸੋ ਜਨਮ ਮਰਨ ਵਿਚ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਮੰਗ ਮੰਗਾਈਆ । ਸਾਚੇ ਸੁਤ ਸੁਣ ਦੁਲਾਰੇ, ਸ੍ਰੀ ਭਗਵਾਨ ਆਪ ਜਣਾਇੰਦਾ । ਬੁੱਢੇ ਨੱਢੇ ਸਾਰੇ ਤਾਰੇ, ਬਚਿਆ ਕੋਇ ਰਹਿਣ ਨਾ ਪਾਇੰਦਾ । ਪਾਰ ਕਰਾਏ ਵਿਆਹੇ ਕੁਆਰੇ, ਦੂਈ ਦਵੈਤ ਨਾ ਕੋਇ ਜਣਾਇੰਦਾ । ਗੁਰਮੁਖ ਰਲ ਮਿਲ ਬੋਲਣ ਪੰਜ ਜੈਕਾਰੇ, ਇਹ ਆਖ਼ਰੀ ਵਾਰ ਸਮਝਾਇੰਦਾ । ਸਚਖੰਡ ਕਿਸੇ ਨਾ ਮਿਲੇ ਵਿਚ ਸੰਸਾਰੇ, ਕੋਟਨ ਕੋਟ ਜੀਵ ਧਿਆਨ ਲਗਾਇੰਦਾ । ਸਾਧ ਸੰਤ ਕਰਨ ਹਾਹਾਕਾਰੇ, ਹਉਮੇ ਰੋਗ ਨਾ ਕੋਇ ਮਿਟਾਇੰਦਾ । ਜਨ ਭਗਤਾਂ ਪ੍ਰਭ ਜੂ ਵਾਜਾਂ ਮਾਰੇ, ਸੋਏ ਲੋਕਮਾਤ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਆਪ ਉਠਾਇੰਦਾ । ਪਹਿਲੀ ਚੇਤ ਲਿਖਾਵਾਂਗਾ । ਬਾਲੇ ਪੂਰੀ ਆਸ ਕਰਾਵਾਂਗਾ । ਹਰਿ ਸੰਗਤ ਸਾਰੀ ਸਚਖੰਡ ਬਹਾਵਾਂਗਾ । ਗੁਰ ਗੋਬਿੰਦ ਨਾਲ ਮਿਲਾਵਾਂਗਾ । ਗੁਰ ਚੇਲੇ ਇਕੋ ਘਰ ਵਖਾਵਾਂਗਾ । ਪਿਛਲਾ ਲੇਖਾ ਮਾਤ ਚੁਕਾਵਾਂਗਾ । ਭਰਮ ਭੁਲੇਖਾ ਬਾਹਰ ਕਢਾਵਾਂਗਾ । ਸਤਿਜੁਗ ਸਾਚਾ ਰਾਹ ਵਖਾਵਾਂਗਾ । ਮਾਵਾਂ ਕੋਲੋਂ ਪੁਤਰਾਂ ਗਲੀਂ ਹਾਰ ਪੁਆਵਾਂਗਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜੈਕਾਰ ਲਗਾਵਾਂਗਾ । ਸਾਢੇ ਤਿੰਨ ਹੱਥ ਮੂਲ ਮੁਕਾਵਾਂਗਾ । ਕਿਲੀਆਂ ਗੱਡਣ ਦੀ ਰੀਤ ਹਟਾਵਾਂਗਾ । ਕਫ਼ਨ ਲਾਲ ਰੰਗ ਦਾ ਪਾਵਾਂਗਾ । ਲੱਭਣ ਵਿਚ ਹੋਰ ਕਿਸੇ ਨੂੰ ਵਾਲ ਨਾ ਵਖਾਵਾਂਗਾ । ਜਨ ਭਗਤਾਂ ਕੁਫ਼ਲ ਖੁਲਾਵਾਂਗਾ । ਮੁਫ਼ਤ ਆਪਣਾ ਨਾਮ ਵਰਤਾਵਾਂਗਾ । ਹਰਿ ਸੰਗਤ ਹਰਖ ਸੋਗ ਚੁਕਾਵਾਂਗਾ । ਨਾਮ ਜੋਗ ਇਕ ਜਣਾਵਾਂਗਾ । ਗੋਬਿੰਦ ਦੀ ਗੋਬਿੰਦ ਰੀਤੀ ਫਿਰ ਵਖਾਵਾਂਗਾ । ਬੱਚੇ ਨੀਹਾਂ ਹੇਠ ਰਖਾਵਾਂਗਾ ।

ਗੁਰਮੁਖ ਛੱਤ ਦੇ ਉਪਰ ਚੜ੍ਹਾਵਾਂਗਾ । ਉਜਲ ਮੁਖ ਕਰਾਵਾਂਗਾ । ਰਾਹ ਇਕੋ ਸਾਰੇ ਪਾਵਾਂਗਾ । ਸਾਚੇ ਸਿਖੇ ਬਣ ਸੇਵਕ ਸੇਵ ਕਮਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਵਸਤ ਝੋਲੀ ਪਾਵਾਂਗਾ । ਸਾਚੀ ਵਸਤ ਝੋਲੀ ਪਾਊਂਗਾ । ਸਤਿਜੁਗ ਸਾਚਾ ਰਾਹ ਚਲਾਊਂਗਾ । ਆਵਣ ਜਾਵਣ ਪੰਧ ਮੁਕਾਊਂਗਾ । ਮੜੀ ਗੋਰ ਇਕੋ ਘਰ ਵਖਾਊਂਗਾ । ਝੂਠੀ ਮਾਟੀ ਨਾਤਾ ਤੋੜ ਤੁੜਾਊਂਗਾ । ਆਤਮ ਪਰਮਾਤਮ ਵਿਚ ਮਿਲਾਊਂਗਾ । ਹੱਡੀਆਂ ਬਾਲਣ ਕਰ ਜਲਾਊਂਗਾ । ਸਾਚੀ ਵਸਤ ਵਿਚੋਂ ਉਠਾਊਂਗਾ । ਆਪਣੇ ਨਾਲ ਲੈ ਕੇ ਜਾਊਂਗਾ । ਦੋ ਜਹਾਨਾਂ ਪਾਰ ਕਰਾਊਂਗਾ । ਸਚਖੰਡ ਦੁਆਰ ਬਹਾਊਂਗਾ । ਵੇਖ ਵੇਖ ਖ਼ੁਸ਼ੀ ਮਨਾਊਂਗਾ । ਇਕੋ ਢੋਲਾ ਸਾਚਾ ਗਾਊਂਗਾ । ਮੈਂ ਤੇਰਾ ਤੂੰ ਮੇਰਾ ਦੂਜਾ ਸੰਗ ਨਾ ਕੋਇ ਵਖਾਊਂਗਾ । ਏਸੇ ਕਰ ਕੇ ਪਹਿਲੋਂ ਢਾਹਿਆ ਆਪਣਾ ਢੇਰਾ, ਪੰਜ ਤੱਤ ਸ਼ੇਰ ਸਿੰਘ ਨਜ਼ਰ ਕਿਸੇ ਨਾ ਆਊਂਗਾ । ਲੱਖ ਚੁਰਾਸੀ ਕਰ ਕੇ ਭੁਲਾਵਾਂ ਹੇਰਾ ਫੇਰਾ, ਆਪਣਾ ਭੇਵ ਨਾ ਕਿਸੇ ਜਣਾਊਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਹਿਲੀ ਚੇਤਰ ਦਾ ਸਚ ਵਿਹਾਰ, ਹਰਿ ਸੰਗਤ ਬਿਨ ਕਰਨੀ ਪਾਰ ਕਰਾਊਂਗਾ । ਛੋਟੇ ਬਾਲੇ ਰੱਖਣਾ ਯਾਦ, ਸੋ ਪੁਰਖ ਨਿਰੰਜਣ ਆਪ ਜਣਾਈਆ । ਤੇਰੀ ਸੁਣੀ ਆਪ ਫ਼ਰਯਾਦ, ਸਚਖੰਡ ਨਿਵਾਸੀ ਫੇਰਾ ਪਾਈਆ । ਅੱਗੇ ਸੰਗਤ ਦੇ ਕੇ ਜਾਵੇ ਦਾਦ, ਆਪਣੀ ਵਸਤ ਝੋਲੀ ਪਾਈਆ । ਸਾਰਿਆਂ ਲੱਖ ਚੁਰਾਸੀ ਵਿਚੋਂ ਲਏ ਕਾਢ, ਜਿਨ੍ਹਾਂ ਲੇਖਾ ਦਿਤਾ ਲਿਖਾਈਆ । ਨਧੜਕ ਹੋ ਕੇ ਮਾਰੇ ਆਵਾਜ਼, ਪ੍ਰਭ ਔਣਾ ਚਾਈਂ ਚਾਈਂਆ । ਜਿਸ ਖੋਲ੍ਹਿਆ ਸੱਚਾ ਰਾਜ, ਭੇਵ ਅਭੇਦ ਰਿਹਾ ਜਣਾਈਆ । ਪਾਰਬ੍ਰਹਮ ਦਾ ਇਕੋ ਸਮਾਜ, ਦੂਜੀ ਵੰਡ ਨਾ ਕੋਇ ਵੰਡਾਈਆ । ਹਿੰਦੂ ਸਿੱਖ ਈਸਾਈ ਮੁਸਲਮ ਸਚ ਦੁਆਰੇ ਵੇਖਣ ਕਾਜ, ਹਰਿ ਕਰਤਾ ਖੇਲ ਕਰਾਈਆ । ਅੱਠ ਦੱਸ ਰੈਣ ਭਿੰਨੜੀ ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਔਣ ਭਾਜ, ਘਰ ਸਾਚੇ ਖ਼ੁਸ਼ੀ ਮਨਾਈਆ । ਨੇਤਰ ਖੋਲ੍ਹ ਕੇ ਵੇਖਣ ਕੌਣ ਮਿਸਤਰੀ ਰਾਜ, ਜਿਨ੍ਹਾਂ ਸਚ ਦੁਆਰ ਦਿਤਾ ਬਣਾਈਆ । ਕਵਣ ਹਰਿ ਸੰਗਤ ਜਿਸ ਮਿਲੀ ਦਾਤ, ਪ੍ਰਭ ਦੇਵਣਹਾਰ ਵਡਿਆਈਆ । ਕੌਣ ਸੱਤਰ ਬਹੱਤਰ ਚੁਹੱਤਰ ਚਾਰ ਚਾਰ ਮਿਲੀ ਜਮਾਤ, ਪੰਜ ਪੰਜ ਵੱਜੀ ਵਧਾਈਆ । ਰਘਬੀਰ ਸਿੰਘ ਕਹੇ ਪ੍ਰਭ ਵੇਖ ਸਭ ਦੇ ਸਾਥ, ਮੈਨੂੰ ਨਿੱਕਿਉਂ ਵੱਡਾ ਦਿਤਾ ਬਣਾਈਆ । ਮੇਰਾ ਪਤਾ ਬੇਟਾ ਦਸਰਥ ਰਾਮ, ਰਾਮ ਪੁਤ ਕੁਸ਼ੂ ਅਖਵਾਈਆ । ਕੁਸ਼ੂ ਦਾ ਪ੍ਰਭ ਬਣਿਆ ਸੱਚਾ ਸਾਕ, ਅੰਤਮ ਆਪਣਾ ਮੇਲ ਮਿਲਾਈਆ । ਮੈਂ ਉਚ ਮਹੱਲੇ ਚੜ੍ਹ ਕੇ ਵੇਖਿਆ ਮਾਰ ਝਾਤ, ਗੁਰਸਿਖ ਰਾਹ ਵਿਚ ਬੈਠਾ ਧਿਆਨ ਲਗਾਈਆ । ਪ੍ਰਭੂ ਮਿਹਰਬਾਨ ਇਸ ਦਾ ਮੇਰੇ ਨਾਲ ਦੇ ਦੇ ਸਾਥ, ਦਰ ਤੇਰੇ ਆਵੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਖ ਸਿਖ ਨਾਲ ਮਿਲਾਈਆ । ਸਿਖ ਕਹੇ ਮੇਰਾ ਸਿਖ ਨਾਤਾ, ਦੂਜਾ ਸੱਜਣ ਨਜ਼ਰ ਕੋਇ ਨਾ ਆਇੰਦਾ । ਤੂੰ ਮਾਤ ਤੂੰ ਪਿਤਾ ਤੂੰ ਦੇਵਣਹਾਰਾ ਦਾਤਾ, ਦਾਨੀ ਇਕੋ ਇਕ ਅਖਵਾਇੰਦਾ । ਕਲਜੁਗ ਵੇਖ ਅੰਧੇਰੀ ਰਾਤਾ, ਆਪਣਾ ਸਾਚਾ ਚੰਦ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਆਸ ਰਖਾਇੰਦਾ । ਤੇਰੇ ਦਰ ਰੱਖੀ ਆਸ, ਆਸ ਆਸ ਵਿਚ ਜਣਾਈਆ । ਮੇਰੀ ਬੁੱਝੀ ਸਰਬ ਪਿਆਸ, ਤ੍ਰਿਸ਼ਨਾ ਹੋਰ ਰਹੀ ਨਾ ਰਾਈਆ । ਉਪਰ ਬੈਠਾ ਆਕਾਸ਼ਾਂ ਆਕਾਸ਼, ਪ੍ਰਿਥਮੀ ਰੰਗ ਨਾ ਕੋਇ ਵਟਾਈਆ । ਮੇਰਾ ਸੱਚਾ ਬਣਾ ਦੇ ਸਾਥ, ਸਗਲਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ

ਸਾਚਾ ਵਰ, ਵੰਡ ਇਕੋ ਇਕ ਜਣਾਈਆ । ਤੇਰੀ ਵੰਡ ਢਾਈ ਮੁਠ, ਹਰਿ ਮੁਠੀ ਆਪ ਜਣਾਇੰਦਾ । ਅੱਧੀ ਗੁਰਮੁਖ ਲਏ ਲੁੱਟ, ਸ੍ਰੀ ਭਗਵਾਨ ਦਇਆ ਕਮਾਇੰਦਾ । ਦਰ ਆ ਕੇ ਸਿੰਘ ਕਰਨੈਲ ਕੋਲੋਂ ਲਏ ਪੁੱਛ, ਤੇਰਾ ਲੇਖਾ ਲੇਖੇ ਵਿਚ ਪਾਇੰਦਾ । ਜਿਸ ਦੁਆਰੇ ਬਹਾਏ ਆਪਣੇ ਪੁੱਤ ਤਿਸ ਮੰਜ਼ਲ ਆਪ ਚੜ੍ਹਾਇੰਦਾ । ਗੁਰਸਿਖੋ ਸ੍ਰੀ ਭਗਵਾਨ ਕਦੇ ਨਾ ਜਾਏ ਰੁੱਸ, ਜੁਗ ਜੁਗ ਰੁਸੜੇ ਆਪ ਮਨਾਇੰਦਾ । ਜਿਸ ਦਾ ਇਕ ਵਾਰ ਪ੍ਰੇਮ ਪ੍ਰੀਤੀ ਨਾਲ ਸੀਸ ਗਿਆ ਝੁਕ, ਤਿਸ ਜਮ ਨੇੜ ਕਦੇ ਨਾ ਆਇੰਦਾ । ਲਾਲ ਭੂਸ਼ਨ ਵੇਖੇ ਉਠ, ਨੇਤਰ ਨੈਣ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੇਵਣਹਾਰਾ ਸਾਚਾ ਦਾਨ, ਢਾਈ ਮੁੱਠੀ ਕਰ ਪਰਵਾਨ, ਮਹੱਲ ਅਟੱਲ ਉਚ ਮਕਾਨ ਸਚ ਮਹੱਲ ਇਕ ਸੁਹਾਇੰਦਾ ।

ਸਚ ਮਹੱਲੇ ਲੈ ਕੇ ਆਏ, ਹਰਿ ਸੰਗਤ ਦਏ ਵਡਿਆਈਆ । ਥੋੜੀ ਥੋੜੀ ਰਾਖ ਪੰਜਾਂ ਪਿਆਰਿਆਂ ਹੱਥ ਫੜਾਏ, ਸਾਢੇ ਤਿੰਨ ਹੱਥ ਸਿੰਘਾਸਣ ਆਪ ਜਣਾਈਆ । ਨਾਲੋ ਨਾਲ ਰਿਹਾ ਸਮਝਾਏ, ਭੁੱਲ ਕੋਇ ਨਾ ਜਾਈਆ । ਦਿੱਲੀ ਤਖ਼ਤ ਦਿਤਾ ਲਿਖਾਏ, ਭਗਤ ਦੁਆਰੇ ਪੂਰ ਕਰਾਈਆ । ਬਿਸ਼ਨ ਸਿੰਘ ਤੇਰੀ ਅਰਦਾਸ ਲੇਖੇ ਲਾਏ, ਬੇਨੰਤੀ ਆਪਣੀ ਝੋਲੀ ਪਾਈਆ । ਮੰਜ਼ਲ ਮੰਜ਼ਲ ਲਏ ਚੜ੍ਹਾਏ, ਮਹੱਲ ਅਟੱਲ ਕਰੇ ਰੁਸ਼ਨਾਈਆ । ਅਗਲਾ ਲੇਖਾ ਫਿਰ ਲਿਖਾਏ, ਬੇਪਰਵਾਹ ਬੇਪਰਵਾਹੀਆ । ਰਘਬੀਰ ਸਿੰਘ ਰਘੁ ਰਘਵੰਸ ਜਣਾਏ, ਰਘੁਪਤ ਆਪਣਾ ਜੋੜ ਜੁੜਾਈਆ । ਮਾਤ ਪਿਤਾ ਸਾਕ ਸੈਣ ਨੇਤਰ ਨੈਣ ਨਾ ਕੋਇ ਵਹਾਏ, ਰੋਂਦਿਆਂ ਠੌਰ ਕੋਇ ਨਾ ਆਈਆ । ਜਿਸ ਦੇ ਸੀਸ ਛਤਰ ਚੌਰ ਪ੍ਰਭ ਆਪ ਝੁਲਾਏ, ਤਿਸ ਜਗਤ ਭਾਵੇ ਨਾ ਕੋਇ ਵਡਿਆਈਆ । ਹੁਕਮੇ ਅੰਦਰ ਦਰ ਆਪ ਬੁਲਾਏ, ਭੱਜਾ ਆਇਆ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਿਸ ਦਾ ਲੇਖਾ ਤੇਰਾਂ ਫੱਗਣ ਦਿਤਾ ਲਿਖਾਈਆ । ਵੀਹ ਸੌ ਇਕ ਪਹਿਲੀ ਜੇਠ, ਸੋ ਪੁਰਖ ਨਿਰੰਜਣ ਦਇਆ ਕਮਾਈਆ । ਸ਼ਬਦ ਸਪੁਤਰੀ ਸਾਚੀ ਵੇਖ, ਮਿਹਰ ਨਜ਼ਰ ਉਠਾਈਆ । ਆਤਮਾ ਸਿੰਘ ਰਿਹਾ ਵੇਖ, ਬਸੰਤ ਕੌਰ ਧਿਆਨ ਲਗਾਈਆ । ਕੋਈ ਨਾ ਜਾਣੇ ਪ੍ਰਭ ਕਾ ਭੇਤ, ਭੇਵ ਆਪਣੇ ਹੱਥ ਰਖਾਈਆ । ਛੋਟੀ ਬੱਚੀ ਕਰੇ ਹੇਤ, ਛਿੰਦਰ ਕੌਰ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਆਪਣੇ ਹੱਥ ਰਖਾਈਆ । ਵੀਹ ਸੌ ਦੋ ਦੱਸਿਆ ਹਾਲ, ਭੇਵ ਅਭੇਦ ਜਣਾਇਆ । ਪੂਰਬ ਜਨਮ ਰਹੇ ਨਾਲ, ਸਗਲਾ ਸੰਗ ਨਿਭਾਇਆ । ਪਿਉ ਧੀ ਘਾਲੇ ਘਾਲ, ਘਾਲੀ ਘਾਲ ਵੇਖ ਵਖਾਇਆ । ਸਾਹਿਬ ਸਤਿਗੁਰ ਅਵੱਲੜੀ ਚਾਲ, ਚਾਲ ਨਿਰਾਲੀ ਇਕ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਿਛਲਾ ਲੇਖਾ ਰਿਹਾ ਜਣਾਇਆ । ਪਿਛਲਾ ਲੇਖਾ ਆਤਮ ਰਸ, ਅੱਠੇ ਪਹਿਰ ਰੰਗ ਰੰਗਾਈਆ । ਸਿੰਘਾਸਣ ਸੇਵਾ ਨੱਸ ਨੱਸ, ਕਵਾਰ ਕੰਨਿਆ ਆਪ ਕਮਾਈਆ । ਸ੍ਰੀ ਭਗਵਾਨ ਦੇਵੇ ਵੱਥ, ਵਸਤ ਝੋਲੀ ਪਾਈਆ । ਨਿਰਵੈਰ ਖੋਲ੍ਹ ਆਪਣੀ ਅੱਖ, ਅੱਖ ਪਰਤੱਖ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਸਾਚੀ ਰਿਹਾ ਕਰਾਈਆ । ਤਿੰਨ ਚਾਰ ਪੰਜ ਪੰਚਮ ਰੰਗ, ਰੰਗ ਰੰਗੀਲਾ ਆਪ ਜਣਾਇੰਦਾ । ਆਤਮ ਪਰਮਾਤਮ ਵਸੇ ਸੰਗ, ਸਗਲਾ ਸੰਗ ਵਖਾਇੰਦਾ ।


੪੭
੧੪

ਨਿਰਮਲ ਧਾਰ ਨਿਰਮਲ ਚੰਦ, ਨਿਰਗੁਣ ਆਪ ਰੁਸ਼ਨਾਇੰਦਾ । ਨਿਰਗੁਣ ਨੂਰ ਨਿਰਗੁਣ ਠੰਡ, ਨਿਰਗੁਣ ਅੱਗ ਬੁਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਪਿਛਲਾ ਲੇਖਾ ਆਪ ਵਖਾਇੰਦਾ । ਪਿਛਲਾ ਲੇਖਾ ਲਿਖਿਆ ਲੇਖ, ਲਿਖਤ ਲਿਖਤ ਵਡਿਆਈਆ । ਪੂਰਬ ਜਨਮਾਂ ਰਿਹਾ ਵੇਖ, ਭੁੱਲ ਕਦੇ ਨਾ ਜਾਈਆ । ਜਿਸ ਨਾਲ ਕਰੇ ਅੰਤਰ ਹੇਤ, ਬਾਹਰ ਪਹੁੰਚ ਰਿਹਾ ਰਖਾਈਆ । ਕਿਰਪਾਨਿਧਾਨ ਖੋਲ੍ਹ ਭੇਤ, ਆਪਣਾ ਪ੍ਰਕਾਸ਼ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਸਤ ਇਕੋ ਇਕ ਝੋਲੀ ਪਾਈਆ । ਇਕੋ ਵਸਤ ਦੇਵਣਹਾਰ, ਦਾਤਾ ਦਾਨੀ ਦਇਆ ਕਮਾਇੰਦਾ । ਹਰਿ ਸੰਗਤ ਵਿਚ ਦੱਸਿਆ ਉਚੀ ਕੂਕ ਪੁਕਾਰ, ਪਰਦਾ ਓਹਲਾ ਨਾ ਕੋਇ ਰਖਾਇੰਦਾ । ਸਵਿੰਦਰ ਰਣਜੀਤ ਕੌਰ ਦੋਹਾਂ ਦਾ ਇਕ ਵਿਹਾਰ, ਪਾਰਬ੍ਰਹਮ ਪੁਤਰੀ ਰੂਪ ਵਟਾਇੰਦਾ । ਅੰਤਮ ਲਹਿਣਾ ਵੇਖੇ ਵਿਚ ਸੰਸਾਰ, ਦੇਣਾ ਆਪਣੇ ਹੱਥ ਰਖਾਇੰਦਾ । ਜਿਨ੍ਹਾਂ ਪਿਛੇ ਬੇੜਾ ਹਰਿ ਸੰਗਤ ਕਰੇ ਪਾਰ, ਭਾਰ ਆਪਣੇ ਕੰਧ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਕਰਨੀ ਬਿਨ ਕਾਰਨ ਨਾ ਕਿਸੇ ਸਮਝਾਇੰਦਾ ।

### ★ ਪਹਿਲੀ ਚੇਤ ੨੦੨੦ ਬਿਕਰਮੀ ਦਰਬਾਰ ਵਿਚ ਭੰਗੜੇ ਦੇ ਵੇਲੇ ਜੇਠੂਵਾਲ ★

ਭਗਤ ਦੁਆਰੇ ਢੋਲ ਮਰਦੰਗਾ, ਦੋ ਜਹਾਨ ਰਿਹਾ ਜਗਾਈਆ । ਕਰੇ ਖੇਲ ਸੂਰਾ ਸਰਬੰਗਾ, ਭੇਵ ਕੋਇ ਨਾ ਆਈਆ । ਗੁਰ ਅਵਤਾਰ ਪੀਰ ਪੈਗੰਬਰ ਉਠ ਉਠ ਭੱਜੇ ਨੰਗਾ, ਸਿਰ ਓਢਣ ਨਜ਼ਰ ਕੋਇ ਨਾ ਆਈਆ । ਦਰੋਹੀ ਖ਼ੁਦਾ ਦੀ ਛੱਡਿਆ ਪਿਛਲਾ ਸੰਗਾ, ਸਾਥ ਕੋਇ ਰਹਿਣ ਨਾ ਪਾਈਆ । ਨੌਂ ਖੰਡ ਸੱਤ ਦੀਪ ਨੇਤਰ ਨੈਣ ਅੰਧਾ, ਨਜ਼ਰ ਕਿਸੇ ਨਾ ਆਈਆ । ਹਰਿ ਸੰਗਤ ਮਿਲ ਕੇ ਗਾਇਆ ਛੰਦਾ, ਢੋਲਾ ਇਕੋ ਇਕ ਜਣਾਈਆ । ਪਹਿਲੀ ਚੇਤ ਚੜ੍ਹਿਆ ਚੰਨਾ, ਚੰਦ ਇਕੋ ਇਕ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਢੋਲ ਮਰਦੰਗ ਇਕ ਵਜਾਈਆ । ਵਜਿਆ ਢੋਲ ਦੋ ਜਹਾਨ, ਸੋਇਆ ਕੋਇ ਰਹਿਣ ਨਾ ਪਾਈਆ । ਬੀਰ ਬੇਤਾਲੇ ਨੈਣ ਖੋਲ੍ਹਣ ਵੇਖਣ ਮਾਰ ਧਿਆਨ, ਨੇਤਰ ਨੈਣ ਨੈਣ ਉਠਾਈਆ । ਕਵਣ ਦੁਆਰੇ ਖੇਲ ਕਰੇ ਸ੍ਰੀ ਭਗਵਾਨ, ਭਗਵਨ ਆਪਣੀ ਦਇਆ ਕਮਾਈਆ । ਜਨ ਭਗਤਾਂ ਦੇਵੇ ਦਾਨ, ਵਸਤ ਅਮੋਲਕ ਝੋਲੀ ਪਾਈਆ । ਅੱਠ ਦਸ ਭਿੰਨੜੀ ਰੈਣ ਕਰੇ ਪਰਵਾਨ, ਪਰਵਾਨਾ ਇਕੋ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਮਰਦੰਗ ਇਕੋ ਇਕ ਸੁਣਾਈਆ । ਮਰਦੰਗਾ ਵਜਾ ਸੱਚਾ ਨਾਦ, ਸ੍ਰੀ ਭਗਵਾਨ ਆਪ ਵਜਾਈਆ । ਨੇਤਰ ਖੋਲ੍ਹ ਵੇਖਣ ਬ੍ਰਹਮ ਬ੍ਰਹਿਮਾਦ, ਵਿਸ਼ਨ ਬ੍ਰਹਮਾ ਸ਼ਿਵ ਧਿਆਨ ਲਗਾਈਆ । ਕਵਣ ਅੰਤ ਸੁਣੇ ਫਰਿਯਾਦ, ਜਨ ਭਗਤਾਂ ਹੋਏ ਸਹਾਈਆ । ਲੱਖ ਚੁਰਾਸੀ ਵਿਚੋਂ ਕਾਢ, ਆਪਣੇ ਚਰਨ ਲਗਾਈਆ । ਸਤਿਜੁਗ ਸਾਚੀ ਦੇਵੇ ਦਾਦ, ਕਲਜੁਗ ਕੂੜਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਖੇਲ ਬੇਪਰਵਾਹ ਭਗਤਨ ਨਾਚ, ਨਟੂਆ ਆਪਣਾ ਖੇਲ ਕਰਾਇੰਦਾ । ਜਿਸ ਦੇ ਹਿਰਦੇ ਗਿਆ ਰਾਚ, ਰੋਮ ਰੋਮ ਤਿਸ ਮਹਿਕਾਇੰਦਾ । ਲੇਖਾ ਜਾਣੇ ਪੁਰਖ ਅਬਿਨਾਸ਼, ਅਬਿਨਾਸ਼ੀ ਆਪਣੀ ਕਾਰ ਕਮਾਇੰਦਾ । ਸ਼ਬਦ ਅਗੰਮੀ ਦੇ ਆਵਾਜ਼,

ਉਚੀ ਕੂਕ ਕੂਕ ਸੁਣਾਇੰਦਾ । ਹਰਿ ਸੰਗਤ ਤੇਰੇ ਵਸੇ ਸਾਥ, ਵਿਛੜ ਕਦੇ ਨਾ ਜਾਇੰਦਾ । ਪਿਛਲਾ ਛੱਡ ਦਿਓ ਪੂਜਾ ਪਾਠ, ਵੇਦ ਪੁਰਾਨ ਸ਼ਾਸਤਰ ਸਿਮਰਤ ਅੰਜੀਲ ਕੁਰਾਨ ਅੱਗੇ ਕੰਮ ਕੋਇ ਨਾ ਆਇੰਦਾ । ਸਾਹਿਬ ਸਤਿਗੁਰ ਪੂਰਾ ਉਤਾਰੇ ਪਾਰ ਘਾਟ, ਮੰਝਧਾਰ ਨਾ ਕੋਇ ਰੁੜ੍ਹਾਇੰਦਾ । ਪਹਿਲੀ ਚੇਤਰ ਪਾਰਬ੍ਰਹਮ ਬਣਿਆ ਸੱਜਣ ਸਾਕ, ਸਗਲਾ ਸੰਗ ਰਖਾਇੰਦਾ । ਮਾਰੇ ਛਾਲਾਂ ਖੁਲ੍ਹੇ ਤਾਕ, ਗੁਰਮੁਖ ਸੁਰਤੀ ਉਠਾ ਭੰਗੜਾ ਇਕੋ ਪਾਇੰਦਾ । ਸਚਖੰਡ ਜਾਣ ਦੀ ਦੱਸੀ ਜਾਚ, ਹਰਖ ਸੋਗ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਸਤ ਅਮੋਲਕ ਆਪ ਵਰਤਾਇੰਦਾ । ਸ਼ਬਦ ਮਰਦੰਗ ਕਹੇ ਮੇਰੀ ਸੁਣ ਪੁਕਾਰ, ਪ੍ਰਭ ਤੇਰੇ ਹੱਥ ਵਡਿਆਈਆ । ਨੌਂ ਸੌ ਚੁਰਾਨਵੇਂ ਚੌਕੜੀ ਯੁਗ ਬੀਤੇ ਵਿਚ ਸੰਸਾਰ, ਮੇਰੀ ਸਾਰ ਕਿਸੇ ਨਾ ਪਾਈਆ । ਰਸਨਾ ਜਿਹਵਾ ਜੀਵ ਜੰਤ ਸਾਧ ਸੰਤ ਜਪ ਜਪ ਗਏ ਹਾਰ, ਅੰਤ ਕੋਇ ਕਹਿਣ ਨਾ ਆਈਆ । ਕਲਜੁਗ ਲੈ ਕਲਕੀ ਅਵਤਾਰ, ਨਿਹਕਲੰਕ ਫੇਰਾ ਪਾਈਆ । ਤੇਰੇ ਚਰਨ ਮੇਰੀ ਨਿਮਸਕਾਰ, ਦੋਏ ਜੋੜ ਸਰਨਾਈਆ । ਤੇਰੇ ਹੁੰਦਿਆਂ ਤੇਰਾ ਭਗਤ ਨਾ ਹੋਏ ਖ਼ਵਾਰ, ਅੱਗੇ ਦੇਵੇ ਨਾ ਕੋਇ ਸਜ਼ਾਈਆ । ਸਾਚਾ ਕਰ ਦੇ ਆਪ ਵਿਹਾਰ, ਬਣ ਵਿਵਹਾਰੀ ਬੇਪਰਵਾਹੀਆ । ਪਹਿਲੀ ਚੇਤਰ ਦਰਸ ਮਹਾਨ, ਬੀਸ ਬੀਸਾ ਰਾਹ ਤਕਾਈਆ । ਚੌਥੀ ਮੰਜ਼ਲ ਕਰ ਪਰਵਾਨ, ਨਾਮ ਪਰਵਾਨਾ ਹੱਥ ਫੜਾਈਆ । ਉਪਰ ਸੱਤ ਰੰਗ ਝੁੱਲੇ ਨਿਸ਼ਾਨ, ਨਿਸ਼ਾਨਾ ਇਕੋ ਨਜ਼ਰੀ ਆਈਆ । ਸ਼ਬਦ ਢੋਲ ਕਹੇ ਮੋਹੇ ਦੇ ਦਾਨ, ਗੋਬਿੰਦ ਤੇਰਾ ਨੈਣ ਤਕਾਈਆ । ਇੱਕੀਆਂ ਕਰ ਦਰ ਪਰਵਾਨ, ਬੇਪਰਵਾਹ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਿਨ ਦਿਹਾੜੇ ਤੇਰੇ ਅੱਗੇ ਝੋਲੀ ਡਾਹੀਆ । ਦਿਨ ਦਿਹਾੜੇ ਮੰਗੀ ਮੰਗ, ਉਹਲਾ ਨਜ਼ਰ ਕੋਇ ਨਾ ਆਇਆ । ਕਰ ਕਿਰਪਾ ਪ੍ਰਭ ਰੰਗੀ ਰੰਗ, ਰੰਗ ਰੰਗੀਲਾ ਇਕੋ ਆਇਆ । ਨਿਰਗੁਣ ਸਰਗੁਣ ਦੇਣਾ ਸੰਗ, ਸਗਲਾ ਸੰਗ ਨਿਭਾਇਆ । ਏਥੇ ਓਥੇ ਦੋ ਜਹਾਨ ਚੁੱਕੇ ਪੰਧ, ਅੱਧਵਿਚਕਾਰ ਨਾ ਕੋਇ ਅਟਕਾਇਆ । ਜੋ ਤੇਰਾ ਢੋਲਾ ਗੌਂਦੇ ਛੰਦ, ਜਗਤ ਜੀਵ ਜੰਤ ਦਿਸੇ ਅੰਦਰ ਅਨੰਦ, ਬੇਮੁਖ ਨਜ਼ਰ ਕਿਸੇ ਨਾ ਆਇਆ । ਸ੍ਰੀ ਭਗਵਾਨ ਪਹਿਲੀ ਚੇਤਰ ਚਾੜ੍ਹੇ ਚੰਦ, ਅੱਧੀ ਰਾਤ ਰੁੱਤ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਭਗਤਨ ਲੇਖਾ ਦਏ ਵਖਾਇਆ । ਸ਼ਬਦ ਢੋਲ ਤੂੰ ਰਹਿ ਤਿਆਰ, ਸ੍ਰੀ ਭਗਵਾਨ ਆਪ ਜਣਾਈਆ । ਚਾਰ ਜੁਗ ਦੇ ਤੱਕਣ ਰਾਹ ਮੰਗਣ ਦਰਸ ਦੀਦਾਰ, ਨੇਤਰ ਨੈਣ ਉਠਾਈਆ । ਅੱਠ ਦਸ ਇਕੱਠੇ ਕਰਾਂ ਵਿਛੜੇ ਯਾਰ, ਯਾਰ ਇਕੋ ਇਕ ਜਣਾਈਆ । ਦਰ ਔਣ ਤੇਈ ਅਵਤਾਰ, ਭਗਤ ਅਠਾਰਾਂ ਸੀਸ ਝੁਕਾਈਆ । ਗੁਰ ਦਸ ਵੇਖਣ ਨੈਣ ਉਘਾੜ, ਅੱਖ ਅੱਖ ਨਾਲ ਮਿਲਾਈਆ । ਜਿਸ ਨੂੰ ਗੋਬਿੰਦ ਕਹਿ ਕੇ ਗਿਆ ਪੁਰਖ ਅਕਾਲ, ਸੋ ਸਾਹਿਬ ਫੇਰਾ ਪਾਈਆ । ਜਨ ਭਗਤਾਂ ਉਤੇ ਹੋਏ ਦਿਆਲ, ਦੀਨਨ ਆਪਣੇ ਗਲੇ ਲਗਾਈਆ । ਸਚ ਧਰਮ ਦਾ ਇਕ ਦੁਆਰ, ਏਕੰਕਾਰਾ ਆਪ ਵਖਾਈਆ । ਜਨ ਭਗਤਾਂ ਚਲੇ ਨਾਲ ਨਾਲ, ਔਂਦਾ ਜਾਂਦਾ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਫ਼ਰਮਾਣਾ ਆਪ ਜਣਾਈਆ । ਧੁਰ ਫ਼ਰਮਾਣਾ ਹਰਿ ਕਰਤਾਰ, ਇਕੋ ਇਕ ਜਣਾਇੰਦਾ । ਇਕੀ ਸਿੱਖਾਂ ਪੀਲੇ ਬੰਨ੍ਹੇ ਸਿਰ ਦਸਤਾਰ, ਮਿਹਰਵਾਨ ਵੇਖ ਵਖਾਇੰਦਾ । ਕਮਰਕਸਾ ਇਕੀਆਂ ਦਾ ਕਰੇ ਏਕਾ ਵਾਰ, ਸਿਰ ਆਪਣਾ ਹੱਥ ਟਿਕਾਇੰਦਾ । ਅੰਦਰ


੪੯
੧੪

ਦੇਵੇ ਨਾਮ ਉਛਾਲ, ਸਰੋਵਰ ਇਕੋ ਇਕ ਵਖਾਇੰਦਾ । ਸਚ ਦੁਆਰੇ ਵੱਜੇ ਤਾਲ, ਤਲਵਾੜਾ ਆਪਣਾ ਨਾਮ ਜਣਾਇੰਦਾ । ਗੁਰਮੁਖ ਵੇਖੇ ਸੱਚੇ ਲਾਲ, ਲਾਲਨ ਆਪਣੇ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਆਪਣਾ ਹੱਥ ਟਿਕਾਇੰਦਾ । ਅੱਧੀ ਰਾਤ ਭਿੰਨੜੀ ਰੈਣ, ਹਰਿ ਸਤਿਗੁਰ ਆਪ ਜਣਾਈਆ । ਇੱਕੀ ਸਿਖ ਤਿਆਰ ਰਹਿਣ, ਜੋ ਭੰਗੜਾ ਰਹੇ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਧੰਨ ਧੰਨ ਧੰਨ ਸਾਰੇ ਕਹਿਣ, ਗੋਬਿੰਦ ਵੇਖੇ ਚਾਈਂ ਚਾਈਂਆ । ਜਿਨ੍ਹਾਂ ਸ੍ਰੀ ਭਗਵਾਨ ਆਇਆ ਲੈਣ, ਨਿਰਗੁਣ ਆਪਣਾ ਫੇਰਾ ਪਾਈਆ । ਅੱਗੇ ਰਹੇ ਨਾ ਕੋਈ ਲਹਿਣ ਦੇਣ, ਦੇਣਾ ਨਜ਼ਰ ਕੋਇ ਨਾ ਆਈਆ । ਨਿਰਗੁਣ ਬਣੇ ਸਾਕ ਸੱਜਣ ਸੈਣ, ਸਗਲਾ ਸੰਗ ਨਿਭਾਈਆ । ਹਰਿ ਸੰਗਤ ਨਾਤਾ ਜੋੜ ਦੇਵੇ ਭਾਈ ਭੈਣ, ਕੂੜੀ ਅੱਖ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੱਧੀ ਰਾਤ ਚਾੜ੍ਹੇ ਰੰਗ, ਖੇਲੇ ਖੇਲ ਬਣ ਮਲੰਗ, ਈਸਾ ਮੂਸਾ ਮੁਹੰਮਦ ਚਾਰ ਯਾਰੀ ਨਾਚ ਨਚਾਈਆ । ਮਲੰਗ ਬਣੇ ਪਰਵਰਦਿਗਾਰ, ਬੇਪਰਵਾਹ ਖੇਲ ਖਲਾਇੰਦਾ । ਗੁਰਮੁਖਾਂ ਦੇ ਆਧਾਰ, ਗੁਰਸਿਖਾਂ ਪਾਰ ਕਰਾਇੰਦਾ । ਤਾਲ ਵੱਜੇ ਵਿਚ ਸੰਸਾਰ, ਢੋਲ ਢਮੱਕਾ ਇਕੋ ਸ਼ਬਦ ਜਣਾਇੰਦਾ । ਜਿਨ੍ਹਾਂ ਅੰਤਰ ਮਿਲਿਆ ਪਿਆਰ, ਤਿਨ੍ਹਾਂ ਮੰਤਰ ਨਾਮ ਪੜ੍ਹਾਇੰਦਾ । ਲਾਲੋ ਤੇਰਾ ਲਹਿਣਾ ਅੰਤਮ ਵਾਰ, ਹਰਿ ਸੰਗਤ ਵਿਚ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੀ ਸੇਵਾ ਲਾਇੰਦਾ । ਸਾਚੀ ਸੇਵਾ ਕਰਨ ਪੀਰ, ਧੂੜੀ ਖ਼ਾਕ ਖ਼ਾਕ ਰਮਾਈਆ । ਚਾਰੋਂ ਕੁੰਟ ਵਰਤੇ ਕਹਿਰ, ਅੰਧ ਅੰਧੇਰਾ ਇਕੋ ਛਾਈਆ । ਗੁਰਮੁਖਾਂ ਮਿਲਿਆ ਗੰਭੀਰ ਗਹਿਰ, ਪ੍ਰਭ ਦਾਤਾ ਬੇਪਰਵਾਹੀਆ । ਦੇਵੇ ਨਾਮ ਤਰਜ਼ ਇਕੋ ਲਹਿਰ, ਨੂਰ ਜ਼ਹੂਰ ਇਕ ਰੁਸ਼ਨਾਈਆ । ਸਚਖੰਡ ਵਖਾਵੇ ਆਪਣਾ ਸ਼ਹਿਰ, ਸ਼ਹਿਨਸ਼ਾਹ ਇਕੋ ਫੇਰਾ ਪਾਈਆ । ਦੂਜਾ ਵੜੇ ਨਾ ਕੋਈ ਐਰ ਗ਼ੈਰ, ਲੱਖ ਚੁਰਾਸੀ ਦੇਵੇ ਧੱਕਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਆਪਣਾ ਹੱਥ ਟਿਕਾਈਆ । ਪ੍ਰਭ ਸਾਚਾ ਢੋਲਾ ਗਾਏਗਾ । ਅੱਧੀ ਰਾਤ ਖੇਲ ਵਖਾਏਗਾ । ਗੁਰਸਿਖਾਂ ਆਪਣਾ ਰੰਗ ਚੜ੍ਹਾਏਗਾ । ਅਠਾਠ ਦਿਨ ਦਾ ਪਿਛਲਾ ਲੇਖਾ ਅਠਸਠ ਗੁਰਮੁਖਾਂ ਪੈਰਾਂ ਹੇਠ ਦਬਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰ ਕੁੰਟ ਧੂੜੀ ਖ਼ਾਕ ਉਡਾਏਗਾ । ਧੂੜੀ ਖ਼ਾਕ ਉਡਾਵੇਗਾ । ਪ੍ਰਭ ਆਪਣਾ ਖੇਲ ਕਰਾਵੇਗਾ । ਗੁਰਮੁਖਾਂ ਨਾਚ ਨਚਾਵੇਗਾ । ਨਾਰਦ ਮੁਨ ਸ਼ਰਮਾਵੇਗਾ । ਭਾਗ ਸਿੰਘ ਵਡਿਆਵੇਗਾ । ਕੰਤ ਸੁਹਾਗ ਰਾਗ ਅਲਾਵੇਗਾ । ਸੋਈ ਸੁਰਤੀ ਜਾਗ ਖੁਲ੍ਹਾਵੇਗਾ । ਮਜਨ ਮਾਘ ਇਕ ਕਰਾਵੇਗਾ । ਦੁਰਮਤ ਦਾਗ਼ ਧੁਆਵੇਗਾ । ਹੰਸ ਕਾਗ ਬਣਾਵੇਗਾ । ਸਚ ਦਰਸ ਆਪ ਵਖਾਵੇਗਾ । ਜਨਮ ਜਨਮ ਦੀ ਹਿਰਸ ਮਿਟਾਵੇਗਾ । ਸਾਚੇ ਪੌੜੇ ਆਪ ਚੜ੍ਹਾਵੇਗਾ । ਬ੍ਰਹਿਮਣ ਗੌੜੇ ਪੰਧ ਮੁਕਾਵੇਗਾ । ਭਗਤ ਦੁਆਰੇ ਨਾਚ ਵਖਾਵੇਗਾ । ਕਲਜੁਗ ਕੌੜੇ ਜੀਵ ਭੰਨ ਤੁੜਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਸ਼ਬਦ ਸਾਚਾ ਢੋਲਾ, ਜਨ ਭਗਤਾਂ ਆਪੇ ਗਾਵੇਗਾ । ਪਹਿਲੀ ਚੇਤ ਜਬ ਬਾਰਾਂ ਵੱਜਣਗੇ । ਬ੍ਰਹਿਮੰਡ ਖੰਡ ਉਠ ਉਠ ਭੱਜਣਗੇ । ਗੁਰ ਅਵਤਾਰ ਇਕ ਦੂਜੇ ਨੂੰ ਸੱਦਣਗੇ । ਪੀਰ ਪੈਗ਼ੰਬਰ ਨੇਤਰ ਖੋਲ੍ਹ ਖੋਲ੍ਹ ਲੱਭਣਗੇ । ਚਾਰ ਜੁਗ ਆਪਣਾ ਲੇਖਾ ਬਾਹਰ ਕੱਢਣਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰਮੁਖ ਸਾਚੇ ਨੱਚਣਗੇ । ਜਬ

ਅੱਧੀ ਰਾਤ ਆਏਗੀ । ਤ੍ਰੈਗੁਣ ਮਾਇਆ ਕੁਰਲਾਏਗੀ । ਨੇਤਰ ਨੈਣਾਂ ਨੀਰ ਵਹਾਏਗੀ । ਚਾਰੋਂ ਕੁੰਟ ਰਾਹ ਤਕਾਏਗੀ । ਦੋਏ ਜੋੜ ਵਾਸਤਾ ਪਾਏਗੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਸੰਗਤ ਖ਼ੁਸ਼ੀ ਮਨਾਏਗੀ । ਜਬ ਅੱਧੀ ਰਾਤ ਹੋਏ ਵੇਲਾ, ਵੇਲਾ ਵਕਤ ਦਏ ਜਣਾਈਆ । ਗੋਬਿੰਦ ਵੇਖ ਗੁਰੂ ਗੁਰ ਚੇਲਾ, ਚੇਲਾ ਗੁਰ ਲਏ ਮਿਲਾਈਆ । ਪ੍ਰਭ ਮਿਲੇ ਸੱਜਣ ਸੁਹੇਲਾ, ਧੁਰਦਰਗਾਹੀ ਫੇਰਾ ਪਾਈਆ । ਵਖਾਏ ਧਾਮ ਇਕ ਨਵੇਲਾ, ਨਿਰਗੁਣ ਨਿਰੰਕਾਰ ਨਿਰਵੈਰ ਵੱਡੀ ਵਡਿਆਈਆ । ਸਾਚਾ ਖੇਲ ਪ੍ਰਭ ਖੇਲਾ, ਜਗਤ ਨੇਤਰ ਨਜ਼ਰ ਨਾ ਆਈਆ । ਗੁਰਮੁਖਾਂ ਰਾਏ ਧਰਮ ਦੀ ਕੱਟੇ ਜੇਲਾ, ਚਿਤਰ ਗੁਪਤ ਲੇਖ ਰਹਿਣ ਨਾ ਪਾਈਆ । ਭਗਤਾਂ ਕਰੇ ਆਪਣਾ ਮੇਲਾ, ਖੋਲ੍ਹ ਜਾਗ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਿਹਰ ਨਜ਼ਰ ਆਪ ਉਠਾਈਆ । ਜਿਸ ਵੇਲੇ ਹੋਏ ਅੱਧੀ ਰਾਤ, ਰੁੱਤੜੀ ਰੁੱਤ ਆਪ ਸੁਹਾਇੰਦਾ । ਜਨ ਭਗਤਾਂ ਦੇਵੇ ਅਨਮੋਲਕ ਦਾਤ, ਅਨਮੁਲੀ ਆਪ ਵਰਤਾਇੰਦਾ । ਕਾਇਆ ਮੰਦਰ ਅੰਦਰ ਵੇਖੇ ਮਾਰ ਝਾਤ, ਬੰਦ ਕਿਵਾੜੀ ਕੁੰਡਾ ਲਾਹਿੰਦਾ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਦਾ ਪਿਛਲਾ ਸਾਥ, ਸ੍ਰੀ ਭਗਵਾਨ ਆਪ ਜਣਾਇੰਦਾ । ਅੱਗੇ ਦੱਸੇ ਇਕੋ ਗਾਥ, ਸੋਹੰ ਢੋਲਾ ਮੰਤਰ ਦ੍ਰਿੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਲਾ ਵਕਤ ਆਪ ਸੁਹਾਇੰਦਾ । ਜਬ ਅੱਧੀ ਰਾਤ ਆਵੇਗੀ । ਭਿੰਨੜੀ ਰਾਤ ਖ਼ੁਸ਼ੀ ਮਨਾਵੇਗੀ । ਸੇਜ ਸੁਹੰਜਣੀ ਇਕ ਵਛਾਵੇਗੀ । ਜੋਤ ਨਿਰੰਜਣੀ ਰਾਹ ਤਕਾਵੇਗੀ । ਦਰਦ ਦੁਖ ਭੈ ਭੰਜਣੀ ਭੌ ਚੁਕਾਵੇਗੀ । ਚਰਨ ਧੂੜ ਮਜਨੀ ਦੁਰਮਤ ਮੈਲ ਧੁਆਵੇਗੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਖੇਲ ਇਕ ਵਖਾਵੇਗੀ । ਸਾਚੀ ਖੇਲ ਕਰਾਏਗਾ । ਪ੍ਰਭ ਆਪਣਾ ਭੇਵ ਚੁਕਾਏਗਾ । ਰਾਸ਼ਟਰਪਤੀ ਸੰਦੇਸ ਪੁਚਾਏਗਾ । ਪਿਛੇ ਦਾ ਪਿਛਲਾ ਲੇਖਾ ਝੋਲੀ ਪਾਏਗਾ । ਪਰਧਾਨ ਮੰਤਰੀ ਵਿਚੋਲਾ ਵਿਚ ਰਖਾਏਗਾ । ਪੰਡਤ ਪਾਂਧਾ ਜੰਤਰੀ ਫੋਲ ਨਾ ਕੋਇ ਸਮਝਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਪ ਆਪਣਾ ਹੁਕਮ ਵਰਤਾਏਗਾ । ਅੱਧੀ ਰਾਤ ਆਵੇ ਨੇੜੇ, ਆਪਣਾ ਰਾਹ ਤਕਾਈਆ । ਕਵਣ ਪ੍ਰਭ ਵਸਾਏ ਖੇੜੇ, ਘਰ ਮੰਦਰ ਸੋਭਾ ਪਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵਿਛੜੇ ਕੇਹੜੇ ਕੇਹੜੇ, ਜਿਨ੍ਹਾਂ ਆਪਣੇ ਰੰਗ ਰੰਗਾਈਆ । ਪੂਰਬ ਜਨਮ ਚੁਕਾਏ ਝੇੜੇ, ਅੱਗੇ ਝੰਜਟ ਰਹਿਣ ਨਾ ਪਾਈਆ । ਸ਼ਬਦ ਅਗੰਮੀ ਲਿਆਏ ਆਪਣੇ ਘੇਰੇ, ਸ਼ਬਦ ਡੋਰੀ ਇਕ ਵਖਾਈਆ । ਚੌਥੀ ਮੰਜ਼ਲ ਚੜ੍ਹ ਕੇ ਚਾਰ ਕੁੰਟ ਜਨ ਭਗਤਾਂ ਨਾਲ ਲੈ ਲਏ ਫੇਰੇ, ਇਕੋ ਵਾਰ ਕਰੇ ਕੁੜਮਾਈਆ । ਨੌਂ ਸੌ ਚੁਰਾਨਵੇਂ ਚੌਕੜੀ ਯੁਗ ਕਰ ਕੇ ਬੈਠਾ ਰਿਹਾ ਵੱਡੇ ਜੇਰੇ, ਆਪਣਾ ਰੂਪ ਨਾ ਕਿਸੇ ਸਮਝਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਘੱਲੇ ਬਥੇਰੇ, ਧੁਰ ਸੰਦੇਸ ਝੋਲੀ ਪਾਈਆ । ਸਾਰੇ ਕਹਿ ਕੇ ਗਏ ਅਸੀਂ ਤੇਰੇ ਚੇਰੇ, ਸਤਿਗੁਰ ਇਕੋ ਨਜ਼ਰੀ ਆਈਆ । ਅੰਤ ਇਕੱਠੇ ਹੋਏ ਭਗਤਾਂ ਡੇਰੇ, ਪਹਿਲੀ ਚੇਤ ਮਿਲੇ ਵਡਿਆਈਆ । ਕਿਰਪਾ ਕਰੇ ਪ੍ਰਭੂ ਆਪਣੀ ਛੇੜ ਕੋਈ ਨਾ ਛੇੜੇ, ਛੇਕੜ ਬਚਿਆ ਕੋਇ ਰਹਿਣ ਨਾ ਪਾਈਆ । ਚਾਰ ਜੁਗ ਦੇ ਭੌਂਦੇ ਅੰਤਮ ਆ ਗਏ ਵਿਚ ਗੇੜੇ, ਬਾਹਰ ਸਕੇ ਨਾ ਕੋਇ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਹਿਬ ਇਕੋ ਇਕ ਅਖਵਾਈਆ । ਅੱਧੀ ਰਾਤ ਤੱਕੇ ਰਾਹ, ਨੇਤਰ ਨੈਣ ਉਠਾਇਆ । ਸਾਹਿਬ ਸਤਿਗੁਰ ਮਿਲੇ ਮਲਾਹ, ਨਿਹਕਲੰਕਾ ਨਾਉਂ ਧਰਾਇਆ ।

੫੧ ੧੪

ਭਗਤਾਂ ਦੇਵੇ ਇਕ ਸਲਾਹ, ਦੂਜਾ ਮੰਤਰ ਨਾ ਕੋਇ ਪੜ੍ਹਾਇਆ । ਸ਼ਿਵਦੁਆਲਾ ਮੱਠ ਮੰਦਰ ਮਸਜਿਦ ਗੁਰੂਦੁਆਰ ਕਾਇਆ ਅੰਦਰ ਦਏ ਵਖਾ, ਇੱਟ ਗਾਰਾ ਨਾ ਕੋਇ ਲਗਾਇਆ । ਜਿਸ ਦੁਆਰਿਉਂ ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਲਏ ਬਣਾ, ਸੋ ਗ੍ਰਿਹ ਗੁਰਮੁਖਾਂ ਦਏ ਦਰਸਾਇਆ । ਜਿਥੇ ਵਸੇ ਬੇਪਰਵਾਹ, ਦੂਜਾ ਨਜ਼ਰ ਕੋਇ ਨਾ ਆਇਆ । ਓਥੇ ਇਕੋ ਢੋਲਾ ਇਕੋ ਰਾਗ ਰਹੇ ਗਾ, ਛੱਤੀ ਰਾਗ ਭੇਵ ਨਾ ਰਾਇਆ । ਸੋ ਮੰਤਰ ਅੰਤਰ ਸਾਹਿਬ ਦਿਆਲ ਦਏ ਵਸਾ, ਆਪ ਆਪਣੀ ਦਇਆ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਿੰਨੜੀ ਰੈਨੜੀ ਰੰਗ ਚੜ੍ਹਾਇਆ । ਭਿੰਨੜੀ ਰੈਣ ਮੁਖ ਚੁੱਕੇ ਨਕ਼ਾਬ, ਪਰਦਾ ਕੋਇ ਰਹਿਣ ਨਾ ਪਾਈਆ । ਪਰਵਰਦਿਗਾਰ ਕਰੇ ਆਦਾਬ, ਨਿਉਂ ਨਿਉਂ ਸਜਦਾ ਸੀਸ ਝੁਕਾਈਆ । ਦਰ ਦੁਆਰ ਕਰੇ ਸਲਾਮ, ਅਲੈਕਮ ਕੋਇ ਨਾ ਦਏ ਵਡਿਆਈਆ । ਪਰਗਟ ਵੇਖੇ ਇਕ ਅਮਾਮ, ਨੂਰੋ ਨੂਰ ਨੂਰ ਰੁਸ਼ਨਾਈਆ । ਜਿਸ ਦਾ ਈਸਾ ਮੂਸਾ ਮੁਹੰਮਦ ਬਣਿਆ ਗ਼ੁਲਾਮ, ਬਣ ਬਰਦਾ ਸੇਵ ਕਮਾਈਆ । ਸੋ ਸਾਹਿਬ ਪਰਗਟ ਹੋਇਆ ਵਿਚ ਜਹਾਨ, ਨਿਰਗੁਣ ਜੋਤੀ ਜਾਮਾ ਪਾਈਆ । ਭਗਤ ਦੁਆਰਾ ਸਾਢੇ ਤਿੰਨ ਹੱਥ ਮਨਾਰ, ਛੱਤੀ ਜੁਗ ਦਾ ਖੇਲ ਮਹਾਨ, ਨਾਨਕ ਵੇਖਣ ਆਵੇ ਚਾਈਂ ਚਾਈਂਆ । ਗੋਬਿੰਦ ਰਤ ਨੀਹਾਂ ਹੇਠ ਦੱਬੀ ਆਣ, ਮਿਹਰਵਾਨ ਹੋ ਸਹਾਈਆ । ਪਹਿਲੀ ਚੇਤਰ ਖੇਲ ਕਰੇ ਸ੍ਰੀ ਭਗਵਾਨ, ਭਗਵਨ ਆਪਣਾ ਰਾਹ ਚਲਾਈਆ । ਆਪਣਾ ਦੇਵੇ ਬਲੀਦਾਨ, ਗੁਰਮੁਖ ਬਲੀ ਨਾ ਕੋਇ ਚੜ੍ਹਾਈਆ । ਅੱਗੇ ਹਰਿ ਸੰਗਤ ਮਿਲੇ ਸਚਖੰਡ ਮਕਾਨ, ਦੂਜਾ ਮੰਦਰ ਨਾ ਕੋਇ ਵਖਾਈਆ । ਦੂਰ ਦੁਰਾਡਾ ਊਚੋ ਊਚ ਨੇਰਨ ਨੇਰਾ ਹੋ ਕੇ ਵੇਖੇ ਮਾਰ ਧਿਆਨ, ਧਿਆਨ ਧਿਆਨ ਵਿਚ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਭਿੰਨੜੀ ਰੈਣ ਨਾਲ ਮਿਲਾਈਆ । ਭਿੰਨੜੀ ਰੈਣ ਹੱਥ ਪਾ ਕਲੀਰੇ, ਪੱਲੂ ਲਾਲ ਸੀਸ ਟਿਕਾਈਆ । ਸ੍ਰੀ ਭਗਵਾਨ ਮੇਰੇ ਬਸਤਰ ਵੇਖ ਚੀਰੇ, ਮਿਹਰ ਨਜ਼ਰ ਉਠਾਈਆ । ਚਾਰ ਜੁਗ ਦੇ ਵਿਛੜੇ ਵੀਰੇ, ਗੁਰਮੁਖ ਸੱਜਣ ਦੇ ਮਿਲਾਈਆ । ਗੋਬਿੰਦ ਕਹਿ ਕੇ ਗਿਆ ਏਕਾ ਰੰਗ ਰੰਗਾਵਾਂ ਨਾਈ ਛੀਂਬੇ ਝੀਰੇ, ਊਚ ਨੀਚ ਕੋਇ ਰਹਿਣ ਨਾ ਪਾਈਆ । ਪਹਿਲੀ ਚੇਤਰ ਸਭ ਦੀ ਬਦਲ ਦਏ ਤਕਦੀਰੇ, ਤਕਸੀਰ ਕੋਇ ਰਹਿਣ ਨਾ ਪਾਈਆ । ਦਰ ਆਇਆਂ ਦੀ ਕੱਟ ਦੇ ਭੀੜੇ, ਤੇਰਾ ਮੁੱਲ ਨਾ ਲਾਗੇ ਰਾਈਆ । ਮੈਂ ਥੱਕ ਗਈ ਬਹਿ ਕੇ ਰੰਗਲੇ ਪੀਹੜੇ, ਮੇਰਾ ਘੁੰਡ ਨਾ ਕੋਇ ਚੁਕਾਈਆ । ਤੂੰ ਆਇਉਂ ਬੇਨਜ਼ੀਰੇ, ਨਜ਼ਰ ਮਿਹਰ ਇਕ ਉਠਾਈਆ । ਮੈਂ ਵਹਿੰਦੀ ਰਹੀ ਉਨੀ ਸਾਲ ਤੇਰਾ ਖੇਲ ਧੀਰੇ ਧੀਰੇ, ਧਿਆਨ ਤੇਰੇ ਚਰਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਜਗਤ ਹੀਉੜੇ ਅੰਤ ਰਹਿਣ ਨਾ ਪਾਈਆ । ਅੰਤ ਪੂਰੀ ਕਰਾਂ ਆਸ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਜੁਗ ਚੌਕੜੀ ਬੁਝਾਵਾਂ ਪਿਆਸ, ਹਰਿ ਪੁਰਖ ਨਿਰੰਜਣ ਦਇਆ ਕਮਾਇੰਦਾ । ਜਨ ਭਗਤਾਂ ਹੋਵਾਂ ਦਾਸੀ ਦਾਸ, ਏਕੰਕਾਰਾ ਆਪ ਸਮਝਾਇੰਦਾ । ਆਦਿ ਨਿਰੰਜਣ ਕਹੇ ਕਰਾਂ ਪ੍ਰਕਾਸ਼, ਜੋਤ ਨਿਰੰਜਣ ਡਗਮਗਾਇੰਦਾ । ਸ੍ਰੀ ਭਗਵਾਨ ਕਹੇ ਮੇਰਾ ਕਾਰਜ ਆਏ ਰਾਸ, ਭਗਤ ਦੁਆਰਾ ਇਕ ਵਡਿਆਇੰਦਾ । ਅਬਿਨਾਸ਼ੀ ਕਰਤਾ ਕਹੇ ਮੈਂ ਵਸਾਂ ਪਾਸ, ਵਿਛੜ ਕਦੇ ਨਾ ਜਾਇੰਦਾ । ਪਾਰਬ੍ਰਹਮ ਕਹੇ ਮੈਂ ਲੇਖੇ ਲਾਵਾਂ ਪਵਣ ਸਵਾਸ, ਸਾਹ ਸਾਹ ਆਪਣੀ ਝੋਲੀ ਪਾਇੰਦਾ । ਸਤਿਜੁਗ ਦੀ ਸਾਚੀ ਸ਼ਾਖ਼, ਹਰਿਜਨ ਸਾਚੇ ਆਪ ਪਰਗਟਾਇੰਦਾ । ਲੱਖ ਚੁਰਾਸੀ ਵਿਚੋਂ ਰਾਖ, ਆਪ ਆਪਣਾ ਮੇਲ ਮਿਲਾਇੰਦਾ । ਜੁਗ ਚੌਕੜੀ ਕਥਾ

ਕਹਾਣੀ ਦੱਸਦਾ ਰਿਹਾ ਬਾਤ, ਅੰਤਮ ਨਰ ਹਰਿ ਪੂਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਸਾ ਤ੍ਰਿਸ਼ਨਾ ਅੰਤਮ ਮੇਟ ਮਿਟਾਇੰਦਾ । ਹੇ ਪ੍ਰਭੂ ਸਚ ਭਗਵਾਨ, ਕੀ ਤੇਰੀ ਵਡਿਆਈਆ । ਤੇਰਾ ਖੇਲ ਵੇਖ ਸਰਬ ਸ਼ਰਮਾਣ, ਸ਼ਰਅ ਕਰੇ ਲੜਾਈਆ । ਜਿਸ ਦਾ ਧਰਦੇ ਰਹੇ ਧਿਆਨ, ਨਿਰਗੁਣ ਨਿਰਵੈਰ ਇਸ਼ਟ ਮਨਾਈਆ । ਜਿਸ ਨੇ ਭੇਜਿਆ ਬਣਾ ਕੇ ਕਾਹਨ, ਮੁਕੰਦ ਮਨੋਹਰ ਲਖਮੀ ਨਰਾਇਣ ਖੇਲ ਕਰਾਈਆ । ਜਿਸ ਆਦਿ ਜੁਗਾਦਿ ਜੁਗਾ ਜੁਗੰਤਰ ਦਿਤਾ ਦਾਨ, ਵਸਤ ਅਮੋਲਕ ਝੋਲੀ ਪਾਈਆ । ਜਿਸ ਦਾ ਬੋਧ ਅਗਾਧ ਗਿਆਨ, ਸ਼ਾਸਤਰ ਸਿਮਰਤ ਵੇਦ ਪੁਰਾਨ, ਲੇਖਾ ਧੁਰ ਨਾ ਕੋਇ ਸਮਝਾਈਆ । ਜਿਸ ਦਾ ਸਚਖੰਡ ਸੱਚਾ ਮਕਾਨ, ਪਰਵਰਦਿਗਾਰ ਨੂਰ ਇਲਾਹੀਆ । ਸੋ ਕਲਜੁਗ ਅੰਤਮ ਪਰਗਟ ਹੋ ਵਿਚ ਜਹਾਨ, ਨਿਹਕਰਮੀ ਆਪਣਾ ਕਰਮ ਕਮਾਈਆ । ਭਗਤ ਦੁਆਰਾ ਕਰ ਪਰਵਾਨ, ਸਚ ਨਿਸ਼ਾਨ ਇਕ ਝੁਲਾਈਆ । ਸਾਢੇ ਤਿੰਨ ਹੱਥ ਦੇਵੇ ਦਾਨ, ਆਪ ਆਪਣੀ ਵਸਤ ਝੋਲੀ ਪਾਈਆ । ਗੁਰਮੁਖ ਗੁਰਸਿਖ ਨੱਚਣ ਕੁਦਣ ਗਾਣ, ਗਾ ਗਾ ਸ਼ੁਕਰ ਮਨਾਈਆ । ਬਾਕੀ ਲੱਖ ਚੁਰਾਸੀ ਲਾਹੇ ਮੁਕਾਣ, ਧਰਮ ਦੁਆਰਾ ਨਜ਼ਰ ਕਿਸੇ ਨਾ ਆਈਆ । ਜਿਸ ਜਨ ਗਾਇਆ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤਿਸ ਮਿਲੇ ਮਾਣ ਵਡਿਆਈਆ । ਅਬਿਨਾਸ਼ੀ ਕਰਤਾ ਨਿਰਗੁਣ ਹੋ ਕੇ ਆਇਆ ਸੇਵ ਕਮਾਣ, ਸੇਵਾ ਇਕੋ ਇਕ ਰਖਾਈਆ । ਸਤਿ ਧਰਮ ਦਾ ਸਤਿ ਬਣਾਏ ਵਿਧਾਨ, ਆਪਣੇ ਹੱਥ ਰੱਖੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ੇਰ ਦਲੇਰ ਭਬਕ ਇਕੋ ਸ਼ਬਦ ਲਗਾਈਆ ।

੫੩ ੫੩

੧੪ ੧੪

ਸ਼ਬਦ ਕਹੇ ਮੇਰੀ ਇਕੋ ਭਬਕ, ਭਗਵਾਨ ਤੇਰੀ ਵਡਿਆਈਆ । ਫੜ ਉਠਾਵਾਂ ਚੌਦਾਂ ਤਬਕ, ਚੌਦਾਂ ਲੋਕ ਦਿਆਂ ਹਿਲਾਈਆ । ਵਿਸ਼ਨ ਬ੍ਰਹਮਾ ਸ਼ਿਵ ਗਾਏ ਇਕੋ ਸਬਕ, ਗੁਰ ਅਵਤਾਰ ਪੀਰ ਪੈਗ਼ੰਬਰ ਇਕ ਪੜ੍ਹਾਈਆ । ਤੇਰੇ ਨਾਮ ਦਾ ਪਤਰਾ ਦੇਵਾਂ ਪਰਤ, ਜਿਸ ਦੇ ਉਤੇ ਅੱਖਰ ਨਜ਼ਰ ਕੋਇ ਨਾ ਆਈਆ । ਜਿਸ ਵਿਚ ਕੋਟਨ ਕੋਟ ਗੁਰ ਅਵਤਾਰ ਪੀਰ ਪੈਗ਼ੰਬਰ ਕੀਤੇ ਗ਼ਰਕ, ਡੂੰਘੀ ਧਾਰ ਸਾਰ ਕਿਸੇ ਨਾ ਆਈਆ । ਮਾਰ ਜਵਾਲ ਜੁਗ ਚੌਕੜੀ ਤੈਨੂੰ ਕਦੇ ਨਾ ਆਇਆ ਹਰਖ, ਸੋਗ ਚਿੰਤਾ ਨਾ ਕੋਇ ਰਖਾਈਆ । ਤੇਰੀ ਕਿਸੇ ਨਾ ਕੀਤੀ ਪਰਖ, ਤੇਰਾ ਪਰਦਾ ਸਕਿਆ ਨਾ ਕੋਇ ਲਾਹੀਆ । ਕਲਜੁਗ ਅੰਤਮ ਕਰ ਕਿਰਪਾ ਦਿਤਾ ਦਰਸ, ਗੋਬਿੰਦ ਮੰਗ ਮੰਗਾਈਆ । ਪਹਿਲੀ ਚੇਤਰ ਪ੍ਰੇਮ ਪ੍ਰੀਤੀ ਕਰ ਜਾ ਲਿਖਤ ਪੜ੍ਹਤ, ਜਿਸ ਦਾ ਲੇਖਾ ਸਕੇ ਨਾ ਕੋਇ ਮਿਟਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦਾ ਅੱਗੇ ਦੇਣਾ ਰਹੇ ਨਾ ਧੜਤ, ਜਗਤ ਆੜ੍ਹਤੀ ਨਜ਼ਰ ਕੋਇ ਨਾ ਆਈਆ । ਤੂੰ ਮੇਰਾ ਮੈਂ ਤੇਰਾ ਭਗਤ, ਭਗਤ ਤੇਰਾ ਰਾਹ ਤਕਾਈਆ । ਆਦਿ ਅੰਤ ਲੱਗੀ ਸ਼ਰਤ, ਸ਼ਰਅ ਕੋਇ ਰਹਿਣ ਨਾ ਪਾਈਆ । ਹੁਣ ਰਹਿਣ ਨਹੀਂ ਦੇਣਾ ਫ਼ਰਕ, ਕਬੀਰ ਕੂਕ ਕੂਕ ਸੁਣਾਈਆ । ਭਗਤੋ ਅੱਜ ਪਹਿਲੀ ਵਾਰ ਮੰਗੋ ਹੋ ਨਧੱੜਕ, ਪਾਰਬ੍ਰਹਮ ਰਿਹਾ ਜਣਾਈਆ । ਆਪਣੀ ਸਿਧੀ ਕਰ ਲਓ ਸੜਕ, ਬ੍ਰਹਮਾ ਵਿਸ਼ਨ ਸ਼ਿਵ ਬੈਠੇ ਸੀਸ ਝੁਕਾਈਆ । ਨੱਚ ਕੁੱਦ ਕੇ ਮਾਰੋ ਬੜਕ, ਸਿੰਘ ਸ਼ੇਰ ਮਿਲਿਆ ਸੱਚਾ ਮਾਹੀਆ । ਅੱਗੋਂ ਜਾ ਕੇ ਆਇਆ ਪਰਤ, ਪਿਛਲਿਆਂ ਅੱਗੇ ਲਏ ਲਾਈਆ । ਲੱਖ ਚੁਰਾਸੀ ਹੋਵੇ ਗ਼ਰਕ, ਅੰਤ ਸਕੇ ਨਾ ਕੋਇ ਬਚਾਈਆ । ਓਧਰ ਤੱਕਣ

ਅਠਾਈ ਨਰਕ, ਰਾਏ ਧਰਮ ਆਪਣਾ ਬਲ ਵਖਾਈਆ । ਅੱਖਰਾਂ ਨਾਲ ਅੱਖਰਾਂ ਦੀ ਲੱਗੀ ਰਹਿਣੀ ਨਾ ਜੜ੍ਹਤ, ਨਿਸ਼ਅੱਖਰ ਇਕੋ ਇਕ ਵਡਿਆਈਆ । ਜਿਸ ਦਰ ਗੁਰ ਅਵਤਾਰ ਪੀਰ ਪੈਗ਼ੰਬਰ ਜਗਤ ਵਿਕਾਰੇ ਵੱਲੋਂ ਰੱਖਦੇ ਗਏ ਵਰਤ, ਆਸਾ ਤ੍ਰਿਸ਼ਨਾ ਮਾਇਆ ਮਮਤਾ ਮੋਹ ਚੁਕਾਈਆ । ਸੋ ਸਾਹਿਬ ਸਤਿਗੁਰ ਸ਼ਬਦ ਅਗੰਮੀ ਰਿਹਾ ਕੜਕ, ਢੋਲਾ ਇਕੋ ਇਕ ਸੁਣਾਈਆ । ਪਹਿਲੋਂ ਗੋਬਿੰਦ ਕੋਲੋਂ ਰਹਿ ਗਈ ਰੜਕ, ਹੁਣ ਬੇੜਾ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਗੁਰਸਿਖ ਕਹਿਣ ਅਸਾਂ ਕਸੇ ਲੰਗੋਟੇ, ਮਿਲ ਕੇ ਆਏ ਵਾਹੋ ਦਾਹੀਆ । ਹੱਥ ਵਿਚ ਫੜੇ ਛੁਰੀਆਂ ਸੋਟੇ, ਕਿਰਪਾਨਾਂ ਰਹੇ ਵਖਾਈਆ । ਜੱਟ ਮਾਝੇ ਦੇ ਬੜੇ ਮੋਟੇ, ਕਿਸ਼ਨ ਸਿੰਘ ਰੂਪ ਜਣਾਈਆ । ਜੇ ਗੋਬਿੰਦ ਵੇਲੇ ਰਹਿ ਗਏ ਥੋਥੇ, ਹੁਣ ਬਾਕੀ ਕੋਇ ਰਹਿਣ ਨਾ ਪਾਈਆ । ਸ੍ਰੀ ਭਗਵਾਨ ਆਪ ਆ ਕੇ ਵੇਖੇ ਆਪਣੇ ਪੋਤੇ, ਪੋਤਰੇ ਆਪਣੀ ਗੋਦ ਸੁਹਾਈਆ । ਅੱਗੇ ਪੈਣ ਨਾ ਦੇਵੇ ਮੋਛੇ, ਹੱਥ ਖੰਡਾ ਨਾ ਕੋਇ ਉਠਾਈਆ । ਪਿਛਲੇ ਸਭ ਦੇ ਕੱਢ ਦੇਵੇ ਰੋਸੇ, ਰੁਸਿਆ ਕੋਇ ਰਹਿਣ ਨਾ ਪਾਈਆ । ਜੋ ਲੁਕਿਆ ਕਿਸੇ ਗੋਸ਼ੇ, ਫੜ ਬਾਹੋਂ ਲਏ ਉਠਾਈਆ । ਅੱਗੇ ਮਾਰਗ ਲਾਏ ਸੌਖੇ, ਸਿਰ ਆਪਣਾ ਹੱਥ ਟਿਕਾਈਆ । ਪਹਿਲੀ ਚੇਤਰ ਜਿਨ੍ਹਾਂ ਨੂੰ ਹੱਥ ਆ ਗਏ ਮੌਕੇ, ਫੇਰ ਪੀਰ ਪੈਗ਼ੰਬਰ ਨਜ਼ਰ ਕਿਸੇ ਨਾ ਆਈਆ । ਹਾਲੀਓ ਤੁਹਾਡੇ ਪੂਰੇ ਹੋ ਗਏ ਜੋਤੇ, ਜੋਤਰਾ ਅੱਗੇ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਨ ਭਗਤਾਂ ਰਿਹਾ ਵਡਿਆਈਆ । ਭਗਤ ਕਹਿਣ ਅਸੀਂ ਬਣੇ ਬਲਵਾਨ, ਬਲ ਆਪਣਾ ਆਪ ਧਰਾਇਆ । ਪਹਿਲੋਂ ਇਕ ਇਕ ਨੂੰ ਮਿਲਦਾ ਰਿਹਾ ਭਗਵਾਨ, ਹੁਣ ਕੱਠਿਆਂ ਹੋ ਕੇ ਝੁਰਮਟ ਪਾਇਆ । ਜਿੰਨਾਂ ਚਿਰ ਨਾ ਦੇਵੇਂ ਦਾਤ, ਬਾਹਰ ਨਿਕਲ ਕਿਤੇ ਨਾ ਜਾਇਆ । ਸਾਰੇ ਕਰੋ ਇਕ ਜ਼ਬਾਨ, ਕੀਤਾ ਕੌਲ ਨਾ ਕੋਇ ਭੁਲਾਇਆ । ਪਿਛਲਾ ਸਭ ਨੇ ਛੱਡਿਆ ਈਮਾਨ, ਇਕੋ ਨਿਰੰਕਾਰ ਨਜ਼ਰੀ ਆਇਆ । ਗੁਰਦਰ ਮੰਦਰ ਮਸਜਿਦ ਸ਼ਿਵਦੁਆਲਾ ਮੱਠ ਚਲੇ ਦੁਕਾਨ, ਸਾਹਿਬ ਸਤਿਗੁਰ ਹੱਟ ਨਾ ਕੋਇ ਵਖਾਇਆ । ਜਿਨ੍ਹਾਂ ਸੱਚਾ ਪਾਤਸ਼ਾਹ ਪਾਰਬ੍ਰਹਮ ਸੁਆਮੀ ਮਿਲਿਆ ਆਣ, ਆਪ ਆਪਣਾ ਰੰਗ ਰੰਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਸੰਗਤ ਰਿਹਾ ਦ੍ਰਿੜਾਇਆ । ਹਰਿ ਸੰਗਤ ਕਹੇ ਅਸੀਂ ਉਠਾਂਗੇ । ਸਾਚਾ ਨਾਮ ਪ੍ਰਭ ਤੋਂ ਲੁੱਟਾਂਗੇ । ਅਗਲਾ ਹਾਲ ਸਾਰਾ ਪੁਛਾਂਗੇ । ਦਿਲਬਰ ਹੋ ਕੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਅੱਗੇ ਫੇਰ ਕਦੇ ਨਾ ਲੁਕਾਂਗੇ । ਹਰਿ ਸੰਗਤ ਕਹੇ ਮੰਗ ਦੇ ਅਸਾਡੀ, ਕਿਉਂ ਜੁਗ ਜੁਗ ਲਾਰਾ ਲਾਈਆ । ਧੱਕੇ ਮਾਰਨ ਆਂਢੀ ਗੁਆਂਢੀ, ਤੇਰੀ ਸਾਰ ਕੋਇ ਨਾ ਪਾਈਆ । ਗੁਰਸਿਖ ਆਤਮ ਤੇਰੇ ਪ੍ਰੇਮ ਬਾਂਦੀ, ਪ੍ਰੀਤਮ ਤੇਰਾ ਨਾਮ ਧਿਆਈਆ । ਇਕੋ ਢੋਲਾ ਸੱਚਾ ਗਾਂਦੀ, ਗਾ ਗਾ ਸ਼ੁਕਰ ਮਨਾਈਆ । ਜਗਤ ਕੋਲੋਂ ਨਾ ਕਦੇ ਸ਼ਰਮਾਂਦੀ, ਜਿਸ ਮਿਲਿਆ ਪ੍ਰੀਤਮ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਚ ਰਿਹਾ ਜਣਾਈਆ । ਢੋਲ ਵਾਲਿਆ ਵਜਾ ਢੋਲ, ਹਰਿ ਢੋਲਾ ਆਪ ਸੁਣਾਇੰਦਾ । ਸਾਹਿਬ ਜਿਨ੍ਹਾਂ ਦੇ ਵਸਿਆ ਕੋਲ, ਸੋ ਗੁਰਮੁਖ ਮੁਖ ਨਾ ਕਦੇ ਸ਼ਰਮਾਇੰਦਾ । ਉਚੀ ਸਾਰੇ ਕਹੋ ਬੋਲ, ਸ੍ਰੀ ਭਗਵਾਨ ਫੇਰਾ ਪਾਇੰਦਾ । ਗੋਬਿੰਦ ਨਾਲ ਕੀਤਾ ਕੌਲ, ਅੰਤਮ ਤੋੜ ਨਿਭਾਇੰਦਾ । ਪਹਿਲੀ ਚੇਤਰ ਸਭ ਦੇ ਅੰਦਰ ਜਾਏ ਮੌਲ, ਮੌਲਾ ਆਪਣਾ ਰੂਪ ਵਟਾਇੰਦਾ । ਹਰਿ ਸੰਗਤ ਨਾ ਜਾਏ ਡੋਲ, ਲੱਖ ਚੁਰਾਸੀ ਆਪ

ਡੁਲਾਇੰਦਾ । ਵੇਖਿਓ ਕੋਈ ਨਾ ਰਿਹੋ ਅਨਭੋਲ, ਸੁਤਿਆਂ ਆਪ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਤਮ ਪਰਦਾ ਦੇਵੇ ਖੋਲ੍ਹ, ਅੰਦਰ ਵੜ ਵੜ ਦਰਸ ਦਖਾਇੰਦਾ । ਆਤਮ ਦਰਸ ਦਿਖਾਵੇਗਾ । ਪ੍ਰਭ ਆਪਣੀ ਦਇਆ ਕਮਾਵੇਗਾ । ਪਹਿਲੀ ਚੇਤਰ ਰੁੱਤ ਸੁਹਾਵੇਗਾ । ਅਬਿਨਾਸ਼ੀ ਅਚੁਤ ਫੇਰਾ ਪਾਵੇਗਾ । ਜਨ ਭਗਤਾਂ ਰਾਗ ਅਲਾਵੇਗਾ । ਢੋਲਾ ਇਕੋ ਇਕ ਗਾਵੇਗਾ । ਹਰਿ ਸੰਗਤ ਨਾਚ ਨਚਾਵੇਗਾ । ਗੁਰਮੁਖ ਵਡਿਆਵੇਗਾ । ਮਨਮੁਖ ਨੈਣ ਸ਼ਰਮਾਵੇਗਾ । ਅੱਧੀ ਰਾਤ ਰੰਗ ਚੜ੍ਹਾਵੇਗਾ । ਆਤਮ ਸੇਜਾ ਪਲੰਘ ਆਸਣ ਲਾਵੇਗਾ । ਨਾਮ ਮਰਦੰਗ ਵਜਾਵੇਗਾ । ਇਕੀਆਂ ਸਿਰ ਦਸਤਾਰ ਸਜਾਵੇਗਾ । ਕਮਰਕਸਾ ਇਕ ਵਖਾਵੇਗਾ । ਜੋ ਪੁਰੀ ਅਨੰਦ ਛੱਡ ਕੇ ਨੱਸਾ, ਸੋ ਮੁੜ ਕੇ ਘਰ ਘਰ ਆਵੇਗਾ । ਗਲੋਂ ਕਟ ਕੇ ਜਮ ਦਾ ਰੱਸਾ, ਆਪਣੇ ਨਾਲ ਮਿਲਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਇਕੋ ਨਾਮ ਵਖਾਵੇਗਾ ।

## ★ ਪਹਿਲੀ ਚੇਤ ੨੦੨੦ ਬਿਕਰਮੀ ਹਰਿ ਭਗਤ ਦੁਆਰ ਜੇਠੂਵਾਲ ਚੌਥੀ ਮੰਜ਼ਲ ਉਤੇ ★

ਸਚ ਤਖ਼ਤ ਪ੍ਰਭ ਸਾਚਾ ਚੜ੍ਹਿਆ, ਨਿਰਗੁਣ ਨਿਰਵੈਰ ਵੱਡੀ ਵਡਿਆਈਆ । ਆਪਣੀ ਕਰਨੀ ਆਪੇ ਕਰਿਆ, ਕਰਤਾ ਪੁਰਖ ਸੱਚਾ ਸ਼ਹਿਨਸ਼ਾਹੀਆ । ਨਾ ਜਨਮੇ ਨਾ ਕਦੇ ਮਰਿਆ, ਜਨਮ ਮਰਨ ਵਿਚ ਨਾ ਆਈਆ । ਨਿਰਭੈ ਹੋ ਕਦੇ ਨਾ ਡਰਿਆ, ਭੌ ਆਪਣਾ ਸਰਬ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹੱਲ ਅਟੱਲ ਕਰੇ ਰੁਸ਼ਨਾਈਆ । ਸਚ ਮਹੱਲੇ ਚਰਨ ਰੱਖ, ਸੋ ਪੁਰਖ ਨਿਰੰਜਣ ਦਇਆ ਕਮਾਇੰਦਾ । ਹਰਿ ਪੁਰਖ ਨਿਰੰਜਣ ਹੋ ਪਰਤੱਖ, ਏਕੰਕਾਰਾ ਭੇਵ ਚੁਕਾਇੰਦਾ । ਆਦਿ ਨਿਰੰਜਣ ਕਰ ਪਰਕਾਸ਼, ਅਗਿਆਨ ਅੰਧੇਰ ਮਿਟਾਇੰਦਾ । ਅਬਿਨਾਸ਼ੀ ਕਰਤਾ ਬਣ ਕੇ ਦਾਸ, ਸਾਚੀ ਸੇਵ ਕਮਾਇੰਦਾ । ਸ੍ਰੀ ਭਗਵਾਨ ਖੇਲ ਤਮਾਸ਼, ਦੋ ਜਹਾਨਾਂ ਵੇਖ ਵਖਾਇੰਦਾ । ਪਾਰਬ੍ਰਹਮ ਪ੍ਰਭ ਲਹਿਣਾ ਜਾਣੇ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਖੋਜ ਖੁਜਾਇੰਦਾ । ਸਚ ਦੁਆਰੇ ਕਰ ਨਿਵਾਸ, ਸਚ ਸਿੰਘਾਸਣ ਸੋਭਾ ਪਾਇੰਦਾ । ਜੁਗ ਚੌਕੜੀ ਪੂਰੀ ਕਰਨਹਾਰਾ ਆਸ, ਆਸਾ ਇਕੋ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਇੰਦਾ । ਸਾਚਾ ਖੇਲ ਚੇਤ ਮਹੀਨਾ, ਏਕੰਕਾਰ ਇਕ ਵਡਿਆਈਆ । ਉਨੀ ਸਾਲ ਬਣਿਆ ਰਿਹਾ ਨਬੀਨਾ, ਨਿਰਗੁਣ ਅੱਖ ਨਾ ਕੋਇ ਖੁਲ੍ਹਾਈਆ । ਹੁਕਮੇ ਅੰਦਰ ਲੋਕ ਤੀਨਾ, ਤ੍ਰੈਗੁਣ ਮਾਇਆ ਹੁਕਮ ਮਨਾਈਆ । ਹੁਕਮੇ ਅੰਦਰ ਰੰਗ ਚਾੜ੍ਹੇ ਭੀਨਾ, ਭਿੰਨੜੀ ਰੈਣ ਨਾਲ ਮਿਲਾਈਆ । ਹੁਕਮੇ ਅੰਦਰ ਕਰਿਆ ਠਾਂਡਾ ਸੀਨਾ, ਅਗਨੀ ਤੱਤ ਨਾ ਲਾਗੇ ਰਾਈਆ । ਹੁਕਮੇ ਅੰਦਰ ਮਰਨਾ ਜੀਣਾ, ਜੀਵਣ ਜੁਗਤ ਦਏ ਜਣਾਈਆ । ਹੁਕਮੇ ਅੰਦਰ ਹੋਏ ਅਧੀਨਾ, ਬਣ ਸੇਵਕ ਸੇਵ ਕਮਾਈਆ । ਹੁਕਮੇ ਅੰਦਰ ਬਣ ਪਰਬੀਨਾ, ਪਾਰਬ੍ਰਹਮ ਪ੍ਰਭ ਆਪਣਾ ਬਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮੇ ਅੰਦਰ ਸਭ ਕੁਛ ਛੀਨਾ, ਦੇਵਣਹਾਰ ਆਪ ਵਡਿਆਈਆ । ਹੁਕਮੇ ਅੰਦਰ ਲਵੇ ਛੀਨ, ਸ਼ਹਿਨਸ਼ਾਹ ਆਪਣਾ ਹੁਕਮ ਜਣਾਇੰਦਾ । ਹੁਕਮੇ ਅੰਦਰ ਕਰੇ ਤਲਕੀਨ, ਤਾਲਬ ਤੁਲਬਾ ਆਪ ਪੜ੍ਹਾਇੰਦਾ । ਹੁਕਮੇ ਅੰਦਰ ਕਰੇ ਮਸਕੀਨ, ਨਿਰਭੈ ਭੌ ਇਕ ਵਖਾਇੰਦਾ । ਹੁਕਮੇ ਅੰਦਰ

ਖੇਲ ਕਰੇ ਜਲ ਮੀਨ, ਨਿਰਗੁਣ ਸਰਗੁਣ ਵੰਡ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੁਆਰ ਇਕ ਰੁਸ਼ਨਾਇੰਦਾ । ਹੁਕਮੇ ਅੰਦਰ ਸਚ ਦੁਆਰ, ਸਚ ਸਚ ਵਡਿਆਈਆ । ਹੁਕਮੇ ਅੰਦਰ ਸਚ ਘਰ ਬਾਰ, ਸਚਖੰਡ ਸੁਹਾਈਆ । ਹੁਕਮੇ ਅੰਦਰ ਜੋਤ ਉਜਿਆਰ, ਨੂਰੋ ਨੂਰ ਡਗਮਗਾਈਆ । ਹੁਕਮੇ ਅੰਦਰ ਪਰਵਰਦਿਗਾਰ, ਬੇਪਰਵਾਹ ਆਪਣੀ ਕਾਰ ਕਮਾਈਆ । ਹੁਕਮੇ ਅੰਦਰ ਖੋਲ੍ਹ ਕਿਵਾੜ, ਬੰਦ ਤਾਕੀ ਕੁੰਡਾ ਲਾਹੀਆ । ਹੁਕਮੇ ਅੰਦਰ ਥਿਰ ਘਰ ਪਾਵੇ ਸਾਰ, ਮਹੱਲ ਅਟੱਲ ਕਰੇ ਰੁਸ਼ਨਾਈਆ । ਹੁਕਮੇ ਅੰਦਰ ਸ਼ਬਦੀ ਧਾਰ, ਸ਼ਬਦ ਰੂਪ ਸਮਾਈਆ । ਹੁਕਮੇ ਅੰਦਰ ਰਾਜ ਜੋਗ ਸਿਕਦਾਰ, ਸ਼ਹਿਨਸ਼ਾਹ ਆਪਣਾ ਹੁਕਮ ਚਲਾਈਆ । ਹੁਕਮੇ ਅੰਦਰ ਭਿਖਕ ਬਣੇ ਭਿਖਾਰ, ਖ਼ਾਲੀ ਝੋਲੀ ਰਿਹਾ ਵਖਾਈਆ । ਹੁਕਮੇ ਅੰਦਰ ਦਾਤਾ ਦਾਨੀ ਦੇਵਣਹਾਰ, ਵਡ ਵੱਡਾ ਵਡ ਵਡਿਆਈਆ । ਹੁਕਮੇ ਅੰਦਰ ਖੋਲ੍ਹ ਕਿਵਾੜ, ਮੰਦਰ ਅੰਦਰ ਇਕ ਸੁਹਾਈਆ । ਹੁਕਮੇ ਅੰਦਰ ਨਾਰ ਕੰਤ ਭਤਾਰ, ਹੁਕਮੇ ਅੰਦਰ ਸੇਜ ਸੁਹਾਈਆ । ਹੁਕਮੇ ਅੰਦਰ ਅੰਦਰ ਬਾਹਰ, ਗੁਪਤ ਜ਼ਾਹਰ ਵੰਡ ਵੰਡਾਈਆ । ਹੁਕਮੇ ਅੰਦਰ ਸੁਤ ਦੁਲਾਰ, ਸ਼ਬਦੀ ਬੇਟਾ ਇਕੋ ਜਾਈਆ । ਹੁਕਮੇ ਅੰਦਰ ਕਰ ਵਿਹਾਰ, ਬਿਵਹਾਰੀ ਦਏ ਸਮਝਾਈਆ । ਹੁਕਮੇ ਅੰਦਰ ਹਿਲਾਏ ਤਾਰ ਸਤਾਰ, ਆਪਣਾ ਹੁਕਮ ਮਨਾਈਆ । ਹੁਕਮੇ ਅੰਦਰ ਕਰੇ ਕਾਰ, ਕਰਤਾ ਆਪਣੀ ਕਲ ਧਰਾਈਆ । ਹੁਕਮੇ ਅੰਦਰ ਕਰ ਪਸਾਰ, ਵਿਸ਼ਨੂੰ ਦੇਵਣਹਾਰ ਵਡਿਆਈਆ । ਹੁਕਮੇ ਅੰਦਰ ਅੰਮ੍ਰਿਤ ਧਾਰ, ਅਮਰ ਅਮਰ ਜਣਾਈਆ । ਹੁਕਮੇ ਅੰਦਰ ਬ੍ਰਹਮਾ ਖੋਲ੍ਹ ਕਿਵਾੜ, ਕਵਲ ਕਵਲ ਦਰਸਾਈਆ । ਹੁਕਮੇ ਅੰਦਰ ਸੁੰਨ ਅਗੰਮੀ ਖੇਲ ਨਿਆਰ, ਧੂਆਂਧਾਰ ਵਖਾਈਆ । ਹੁਕਮੇ ਅੰਦਰ ਦੀਆ ਬਾਤੀ ਕਰ ਉਜਿਆਰ, ਕਮਲਾਪਾਤੀ ਸੋਭਾ ਪਾਈਆ । ਹੁਕਮੇ ਅੰਦਰ ਅੰਤਰ ਸ਼ੰਕਰ ਕਰ ਉਜਿਆਰ, ਮਿਹਰ ਨਜ਼ਰ ਨਜ਼ਰ ਉਠਾਈਆ । ਹੁਕਮੇ ਅੰਦਰ ਬਣ ਵਿਚੋਲਾ ਸਿਰਜਣਹਾਰ, ਸਾਚਾ ਢੋਲਾ ਦਏ ਸੁਣਾਈਆ । ਹੁਕਮੇ ਅੰਦਰ ਭੋਲਾ ਬਣੇ ਆਪ ਨਿਰੰਕਾਰ, ਸਾਚਾ ਕੰਡਾ ਹੱਥ ਉਠਾਈਆ । ਹੁਕਮੇ ਅੰਦਰ ਰੱਖੇ ਉਹਲਾ ਅਗੰਮ ਅਪਾਰ, ਭੇਵ ਕੋਇ ਨਾ ਪਾਈਆ । ਹੁਕਮੇ ਅੰਦਰ ਵਿਸ਼ਨ ਬ੍ਰਹਮਾ ਸ਼ਿਵ ਬਣਾਏ ਭਿਖਾਰ, ਤਿੰਨੇ ਮੰਗਣ ਝੋਲੀ ਡਾਹੀਆ । ਹੁਕਮੇ ਅੰਦਰ ਇਛਿਆ ਅਪਾਰ, ਪਾਰਬ੍ਰਹਮ ਪਰਗਟਾਈਆ । ਹੁਕਮੇ ਅੰਦਰ ਸਤੋ ਗੁਣ ਵਿਚਾਰ, ਆਪ ਆਪਣਾ ਰੰਗ ਵਖਾਈਆ । ਹੁਕਮੇ ਅੰਦਰ ਤਮੋ ਬਣ ਵਣਜਾਰ, ਤਿਨ੍ਹਾਂ ਗੰਢ ਦਿਵਾਈਆ । ਹੁਕਮੇ ਅੰਦਰ ਖੇਲ ਕਰੇ ਕਰਤਾਰ, ਆਪ ਆਪਣਾ ਪਰਦਾ ਲਾਹੀਆ । ਹੁਕਮੇ ਅੰਦਰ ਪੰਜ ਤੱਤ ਕਰ ਪਸਾਰ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਗੰਢ ਪੁਆਈਆ । ਹੁਕਮੇ ਅੰਦਰ ਰਕਤ ਬੂੰਦ ਪਾਵੇ ਸਾਰ, ਨਿਰਗੁਣ ਸਰਗੁਣ ਮੇਲ ਮਿਲਾਈਆ । ਹੁਕਮੇ ਅੰਦਰ ਨਵ ਨੌਂ ਖੋਲ੍ਹ ਕਿਵਾੜ, ਦਰ ਦਰ ਭੇਵ ਚੁਕਾਈਆ । ਹੁਕਮੇ ਅੰਦਰ ਕਾਮ ਕਰੋਧ ਲੋਭ ਮੋਹ ਹੰਕਾਰ, ਆਸਾ ਤ੍ਰਿਸਨਾ ਲਏ ਪਰਗਟਾਈਆ । ਹੁਕਮੇ ਅੰਦਰ ਮਾਇਆ ਮਮਤਾ ਸ਼ਿੰਗਾਰ, ਮੋਹ ਮੁਹੱਬਤ ਇਕ ਸਮਝਾਈਆ । ਹੁਕਮੇ ਅੰਦਰ ਨਾਰ ਕੰਤ ਭਤਾਰ, ਹੁਕਮੇ ਅੰਦਰ ਸੇਜ ਵਡਿਆਈਆ । ਹੁਕਮੇ ਅੰਦਰ ਖੇਲੇ ਖੇਲ ਅਪਰ ਅਪਾਰ, ਅਪਰੰਪਰ ਵੇਸ ਵਟਾਈਆ । ਹੁਕਮੇ ਅੰਦਰ ਨਾਮ ਨਿਧਾਨਾ ਬੋਲ ਜੈਕਾਰ, ਜੈ ਜੈਕਾਰ ਕਰੇ ਸ਼ਨਵਾਈਆ । ਹੁਕਮੇ ਅੰਦਰ ਨਿਸ਼ਅੱਖਰ ਕਰ ਤਿਆਰ, ਰੂਪ ਰੇਖ ਨਾ ਕੋਇ ਵਖਾਈਆ । ਹੁਕਮੇ ਅੰਦਰ ਹੁਕਮ ਵਰਤਾਰ, ਹੁਕਮ ਹੁਕਮ ਕਿਹਾ ਨਾ ਜਾਈਆ । ਹੁਕਮੇ ਅੰਦਰ ਹੋ ਉਜਿਆਰ, ਹੁਕਮੇ ਅੰਦਰ ਕਰੇ ਰੁਸ਼ਨਾਈਆ । ਹੁਕਮੇ ਅੰਦਰ ਚਾਰ ਖਾਣੀ ਬਣ ਵਣਜਾਰ, ਵਣਜ ਇਕੋ ਇਕ ਦਰਸਾਈਆ । ਹੁਕਮੇ ਅੰਦਰ ਸ਼ਬਦ ਨਾਦ ਧੁਨਕਾਰ,

੫੬
੧੪

ਏਕਾ ਰਾਗ ਅਲਾਈਆ । ਹੁਕਮੇ ਅੰਦਰ ਨਿਰਮਲ ਜੋਤ ਉਜਿਆਰ, ਨੂਰ ਨੂਰ ਰੁਸ਼ਨਾਈਆ । ਹੁਕਮੇ ਅੰਦਰ ਧੂਆਂਧਾਰ, ਸੁੰਨ ਅਗੰਮ ਰਖਾਈਆ ।
ਹੁਕਮੇ ਅੰਦਰ ਕਵਲ ਕਵਲੀ ਭਰੇ ਅਪਾਰ, ਅੰਮ੍ਰਿਤ ਬੂੰਦ ਸਮਾਈਆ । ਹੁਕਮੇ ਅੰਦਰ ਸਹੰਸ ਦਲ ਵੇਖਣਹਾਰ, ਹੁਕਮੇ ਅੰਦਰ ਪਰਦਾ ਲਾਹੀਆ ।
ਹੁਕਮੇ ਅੰਦਰ ਈੜਾ ਪਿੰਗਲ ਕਰੇ ਖ਼ਬਰਦਾਰ, ਸਾਚਾ ਹੁਕਮ ਆਪ ਜਣਾਈਆ । ਹੁਕਮੇ ਅੰਦਰ ਟੇਢੀ ਬੰਕ ਵੇਖਣਹਾਰ, ਡੂੰਘੀ ਭਵਰੀ ਫੇਰਾ ਪਾਈਆ ।
ਹੁਕਮੇ ਅੰਦਰ ਦਸਵੇਂ ਦੇਵਣਹਾਰਾ ਮਾਣ, ਦਹਿ ਦਿਸ਼ਾ ਵੇਖ ਵਖਾਈਆ । ਹੁਕਮੇ ਅੰਦਰ ਲੇਖਾ ਜਾਣੇ ਬੋਧ ਅਗਾਧ ਬੋਧ ਗਿਆਨ, ਅੱਖਰ ਅੱਖਰ
ਨਾਲ ਮਿਲਾਈਆ । ਹੁਕਮੇ ਅੰਦਰ ਵਿਸ਼ਨ ਦੇਵੇ ਦਾਨ, ਵਸਤ ਅਮੋਲਕ ਝੋਲੀ ਪਾਈਆ । ਹੁਕਮੇ ਅੰਦਰ ਬ੍ਰਹਮ ਕਰੇ ਪਰਵਾਨ, ਪਾਰਬ੍ਰਹਮ ਸਰਨਾਈਆ ।
ਹੁਕਮੇ ਅੰਦਰ ਕਰ ਕਲਿਆਣ, ਸੰਸਾ ਰੋਗ ਮਿਟਾਈਆ । ਹੁਕਮੇ ਅੰਦਰ ਤ੍ਰੈਗੁਣ ਮਾਇਆ ਕਰ ਪਰਧਾਨ, ਪਰਧਾਨਗੀ ਇਕੋ ਇਕ ਵਖਾਈਆ ।
ਹੁਕਮੇ ਅੰਦਰ ਪੰਜ ਤੱਤ ਨਿਸ਼ਾਨ, ਨਿਸ਼ਾਨਾ ਆਪਣੇ ਹੱਥ ਰਖਾਈਆ । ਹੁਕਮੇ ਅੰਦਰ ਸ਼ਬਦ ਮਹਾਨ, ਸ਼ਬਦੀ ਸ਼ਬਦ ਆਪਣੀ ਵੰਡ ਵੰਡਾਈਆ ।
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਹੁਕਮ ਆਪ ਰਖਾਈਆ । ਹੁਕਮੇ ਅੰਦਰ ਹੋਏ ਆਪ, ਆਪਣਾ ਹੁਕਮ ਆਪ ਚਲਾਇੰਦਾ ।
ਹੁਕਮੇ ਅੰਦਰ ਮਾਈ ਬਾਪ, ਪਿਤਾ ਪੂਤ ਗੋਦ ਉਠਾਇੰਦਾ । ਹੁਕਮੇ ਅੰਦਰ ਸਾਚਾ ਜਾਪ, ਤੂੰ ਮੇਰਾ ਮੈਂ ਤੇਰਾ ਸਾਕ ਅਖਵਾਇੰਦਾ । ਹੁਕਮੇ ਅੰਦਰ
ਪਤ ਲਏ ਰਾਖ, ਸਿਰ ਆਪਣਾ ਹੱਥ ਟਿਕਾਇੰਦਾ । ਹੁਕਮੇ ਅੰਦਰ ਜੋੜੇ ਨਾਤ, ਨਾਤਾ ਬਿਧਾਤਾ ਮੇਲ ਮਿਲਾਇੰਦਾ । ਹੁਕਮੇ ਅੰਦਰ ਸੁਣਾਏ ਗਾਥ,
ਅਗੰਮ ਅਥਾਹ ਦ੍ਰਿੜਾਇੰਦਾ । ਹੁਕਮੇ ਅੰਦਰ ਦਰਸਾਏ ਆਪਣੀ ਜ਼ਾਤ, ਅਜ਼ਾਤੀ ਰੂਪ ਨਾ ਕੋਇ ਵਟਾਇੰਦਾ । ਹੁਕਮੇ ਅੰਦਰ ਬੈਠਾ ਰਹੇ ਇਕਾਂਤ,
ਸਚ ਸਿੰਘਾਸਣ ਸੋਭਾ ਪਾਇੰਦਾ । ਹੁਕਮੇ ਅੰਦਰ ਖੇਲ ਕਰੇ ਬਹੁ ਭਾਂਤ, ਬਿਧ ਆਪਣੀ ਨਾ ਕਿਸੇ ਜਣਾਇੰਦਾ । ਹੁਕਮੇ ਅੰਦਰ ਦੇਵਣਹਾਰਾ ਦਾਤ,
ਕਿਰਨ ਕਿਰਨ ਸੂਰਜ ਚੰਦ ਚਮਕਾਇੰਦਾ । ਹੁਕਮੇ ਅੰਦਰ ਵੇਖਣਹਾਰਾ ਸਾਖਿਆਤ, ਸਾਹਿਬ ਆਪਣਾ ਰੂਪ ਧਰਾਇੰਦਾ । ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਜਣਾਇੰਦਾ । ਹੁਕਮੇ ਅੰਦਰ ਖੋਲ੍ਹੇ ਤਾਕ, ਆਪ ਆਪਣੀ ਦਇਆ ਕਮਾਈਆ । ਹੁਕਮੇ ਅੰਦਰ
ਹੋਏ ਪਾਕ, ਪੁਨੀਤ ਇਕੋ ਇਕ ਅਖਵਾਈਆ । ਹੁਕਮੇ ਅੰਦਰ ਬਣੇ ਸਾਕ, ਸੱਜਣ ਸਾਹਿਬ ਸੱਚਾ ਮਾਹੀਆ । ਹੁਕਮੇ ਅੰਦਰ ਚੜ੍ਹੇ ਰਾਕ, ਅਸਵ
ਘੋੜਾ ਇਕ ਦੌੜਾਈਆ । ਹੁਕਮੇ ਅੰਦਰ ਚਾਰੇ ਖਾਣੀ ਲਏ ਭਾਖ, ਅੰਡਜ ਜੇਰਜ ਉਤਭੁਜ ਸੇਤਜ ਮਾਣ ਦਿਵਾਈਆ । ਹੁਕਮੇ ਅੰਦਰ ਵੇਖੇ ਖੇਲ
ਤਮਾਸ਼, ਖ਼ਾਲਕ ਖ਼ਲਕ ਰੂਪ ਵਟਾਈਆ । ਹੁਕਮੇ ਅੰਦਰ ਇਛਿਆ ਕਰੇ ਆਸ, ਆਸਾ ਆਪਣੇ ਵਿਚ ਧਰਾਈਆ । ਹੁਕਮੇ ਅੰਦਰ ਸ਼ਾਹੋ ਸ਼ਾਬਾਸ਼,
ਸ਼ਹਿਨਸ਼ਾਹ ਆਪਣੀ ਸੇਵਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਹੁਕਮ ਦਏ ਵਡਿਆਈਆ । ਹੁਕਮੇ ਅੰਦਰ
ਸ਼ਬਦੀ ਧਾਰ, ਧਾਰ ਧਾਰ ਵਿਚੋਂ ਪਰਗਟਾਇੰਦਾ । ਹੁਕਮੇ ਅੰਦਰ ਵਿਸ਼ਨ ਬ੍ਰਹਮਾ ਸ਼ਿਵ ਅਵਤਾਰ, ਤ੍ਰੈਗੁਣ ਆਪਣਾ ਮੇਲ ਮਿਲਾਇੰਦਾ । ਹੁਕਮੇ
ਅੰਦਰ ਪੰਜ ਤੱਤ ਅਖਾੜ, ਨਿਰਗੁਣ ਸਰਗੁਣ ਨਾਚ ਨਚਾਇੰਦਾ । ਹੁਕਮੇ ਅੰਦਰ ਸੂਰਜ ਚੰਦ ਪਸਾਰ, ਮੰਡਲ ਮੰਡਪ ਆਪ ਸੁਹਾਇੰਦਾ । ਹੁਕਮੇ
ਅੰਦਰ ਚਾਰੇ ਖਾਣੀ ਕਰ ਤਿਆਰ, ਬੋਧ ਅਗਾਧੀ ਨਾਮ ਦ੍ਰਿੜਾਇੰਦਾ । ਹੁਕਮੇ ਅੰਦਰ ਚਾਰੇ ਵੇਦ ਕਰੇ ਪੁਕਾਰ, ਉਚੀ ਕੂਕ ਕੂਕ ਸੁਣਾਇੰਦਾ ।
ਹੁਕਮੇ ਅੰਦਰ ਬ੍ਰਹਮ ਦਏ ਆਧਾਰ, ਪਾਰਬ੍ਰਹਮ ਪ੍ਰਭ ਆਪਣਾ ਹੁਕਮ ਸੁਣਾਇੰਦਾ । ਹੁਕਮੇ ਅੰਦਰ ਆਤਮ ਪਰਮਾਤਮ ਕਰੇ ਨਿਮਸਕਾਰ, ਨਿਉਂ ਨਿਉਂ

ਸੀਸ ਝੁਕਾਇੰਦਾ । ਹੁਕਮੇ ਅੰਦਰ ਈਸ਼ ਜੀਵ ਵਣਜਾਰ, ਸਾਚਾ ਹੱਟ ਖੁਲ੍ਹਾਇੰਦਾ । ਹੁਕਮੇ ਅੰਦਰ ਨਿਰਗੁਣ ਸਰਗੁਣ ਕਰੇ ਪਿਆਰ, ਪ੍ਰੇਮ ਪ੍ਰੀਤੀ ਇਕ ਦ੍ਰਿੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮੇ ਅੰਦਰ ਖੇਲ ਕਰਾਇੰਦਾ । ਹੁਕਮੇ ਅੰਦਰ ਚਾਰ ਖਾਣੀ, ਚਾਰ ਚਾਰ ਵੰਡਾਈਆ । ਹੁਕਮੇ ਅੰਦਰ ਚਾਰ ਬਾਣੀ, ਚਾਰ ਚਾਰ ਸਮਝਾਈਆ । ਹੁਕਮੇ ਅੰਦਰ ਚਾਰ ਜੁਗ ਕਹਾਣੀ, ਕਹਿ ਕਹਿ ਗਏ ਦ੍ਰਿੜਾਈਆ । ਹੁਕਮੇ ਅੰਦਰ ਚਾਰ ਵੇਦ ਪਰਾਣੀ, ਆਤਮ ਪਰਮਾਤਮ ਭੇਵ ਖੁਲ੍ਹਾਈਆ । ਹੁਕਮੇ ਅੰਦਰ ਚਾਰ ਕੁੰਟ ਨਿਸ਼ਾਨੀ, ਨੂਰ ਨੁਰਾਨਾ ਜੋਤ ਰੁਸ਼ਨਾਈਆ । ਹੁਕਮੇ ਅੰਦਰ ਅਕਥ ਕਹਾਣੀ, ਗਹਿਰ ਗੰਭੀਰ ਸੁਣਾਈਆ । ਹੁਕਮੇ ਅੰਦਰ ਅੰਮ੍ਰਿਤ ਬਾਣੀ, ਅੰਮਿਉਂ ਰਸ ਆਪ ਵਰਤਾਈਆ । ਹੁਕਮੇ ਅੰਦਰ ਨੂਰ ਨੁਰਾਨੀ, ਜੋਤੀ ਜੋਤ ਕਰੇ ਰੁਸ਼ਨਾਈਆ । ਹੁਕਮੇ ਅੰਦਰ ਸਾਚੀ ਬਾਣੀ, ਆਪਣਾ ਨਾਉਂ ਸਿਫ਼ਤ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਹੁਕਮ ਜਣਾਈਆ । ਹੁਕਮੇ ਅੰਦਰ ਪੰਜ ਤੱਤ, ਤੱਤਵ ਵੇਖ ਵਖਾਇੰਦਾ । ਹੁਕਮੇ ਅੰਦਰ ਬ੍ਰਹਮ ਮਤ, ਬ੍ਰਹਮ ਵਿਦਿਆ ਇਕ ਪੜ੍ਹਾਇੰਦਾ । ਹੁਕਮੇ ਅੰਦਰ ਬੰਨ੍ਹੇ ਨਤ, ਨਾਤਾ ਬਿਧਾਤਾ ਜੋੜ ਜੁੜਾਇੰਦਾ । ਹੁਕਮੇ ਅੰਦਰ ਕਰੇ ਖੇਲ ਪੁਰਖ ਸਮਰਥ, ਸਮਰਥ ਆਪਣੀ ਕਲ ਜਣਾਇੰਦਾ । ਹੁਕਮੇ ਅੰਦਰ ਦੇਵੇ ਵੱਥ, ਵਸਤ ਅਮੋਲਕ ਝੋਲੀ ਪਾਇੰਦਾ । ਹੁਕਮੇ ਅੰਦਰ ਵਸੇ ਘਟ ਘਟ, ਘਰ ਘਰ ਆਪਣਾ ਡੇਰਾ ਲਾਇੰਦਾ । ਹੁਕਮੇ ਅੰਦਰ ਖੇਲ ਬਾਜ਼ੀਗਰ ਨਟ, ਸਵਾਂਗੀ ਆਪਣਾ ਸਵਾਂਗ ਰਚਾਇੰਦਾ । ਹੁਕਮੇ ਅੰਦਰ ਬਣੇ ਕਮਲਾਪਤ, ਕਵਲ ਨੈਣ ਡਗਮਗਾਇੰਦਾ । ਹੁਕਮੇ ਅੰਦਰ ਰੱਖੇ ਧੀਰਜ ਜਤ, ਸਤਿ ਸੰਤੋਖ ਆਪ ਦ੍ਰਿੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਮਨਾਇੰਦਾ । ਹੁਕਮੇ ਅੰਦਰ ਤਖਤ ਤਾਜ, ਤਖ਼ਤ ਨਿਵਾਸੀ ਲਏ ਬਣਾਈਆ । ਹੁਕਮੇ ਅੰਦਰ ਜੋਗ ਰਾਜ, ਰੱਯਤ ਦਏ ਸਮਝਾਈਆ । ਹੁਕਮੇ ਅੰਦਰ ਨਿਰਗੁਣ ਸਰਗੁਣ ਕਾਜ, ਕਰਨੀ ਕਰਤਾ ਆਪ ਕਰਾਈਆ । ਹੁਕਮੇ ਅੰਦਰ ਦੇਵੇ ਦਾਜ, ਵਸਤ ਅਮੋਲਕ ਝੋਲੀ ਪਾਈਆ । ਹੁਕਮੇ ਅੰਦਰ ਮਾਰ ਆਵਾਜ਼, ਪਾਰਬ੍ਰਹਮ ਬ੍ਰਹਮ ਲਏ ਉਠਾਈਆ । ਹੁਕਮੇ ਅੰਦਰ ਰੱਖੇ ਲਾਜ, ਸਿਰ ਆਪਣਾ ਹੱਥ ਟਿਕਾਈਆ । ਹੁਕਮੇ ਅੰਦਰ ਬਣੇ ਗੁਰੂ ਮਹਾਰਾਜ, ਸ਼ਾਹ ਪਾਤਸ਼ਾਹ ਆਪ ਅਖਵਾਈਆ । ਹੁਕਮੇ ਅੰਦਰ ਚਲਾਏ ਜਹਾਜ਼, ਸੇਵਕ ਇਕੋ ਇਕ ਦ੍ਰਿੜਾਈਆ । ਹੁਕਮੇ ਅੰਦਰ ਕਰੇ ਨਾਚ, ਜੁਗ ਜੁਗ ਵੇਸ ਵਟਾਈਆ । ਹੁਕਮੇ ਅੰਦਰ ਖੇਲ ਤਮਾਸ਼, ਖ਼ਾਲਕ ਵੇਖੇ ਬੇਪਰਵਾਹੀਆ । ਹੁਕਮੇ ਅੰਦਰ ਪੂਰੀ ਆਸ, ਆਸਾ ਪੂਰਨ ਆਪ ਹੋ ਜਾਈਆ । ਹੁਕਮੇ ਅੰਦਰ ਕਰੇ ਅਗੰਮੀ ਬਾਤ, ਨਿਸ਼ਅੱਖਰ ਅੱਖਰ ਪੜ੍ਹਾਈਆ । ਹੁਕਮੇ ਅੰਦਰ ਦੇਵੇ ਸਾਥ, ਸਗਲਾ ਸੰਗ ਨਿਭਾਈਆ । ਹੁਕਮੇ ਅੰਦਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਹੁਕਮੇ ਅੰਦਰ ਬਣੇ ਬ੍ਰਹਮ, ਪਾਰਬ੍ਰਹਮ ਵੰਡ ਵੰਡਾਇੰਦਾ । ਹੁਕਮੇ ਅੰਦਰ ਬਣੇ ਕਰਮ, ਨਿਹਕਰਮੀ ਰੂਪ ਧਰਾਇੰਦਾ । ਹੁਕਮੇ ਅੰਦਰ ਵੇਖੇ ਵਰਨ, ਵਰਨ ਬਰਨ ਜਣਾਇੰਦਾ । ਹੁਕਮੇ ਅੰਦਰ ਭੇਵ ਬਰਨ, ਬਰਨੀ ਬਰਨ ਸਮਝਾਇੰਦਾ । ਹੁਕਮੇ ਅੰਦਰ ਨੇਤਰ ਹਰਨ ਫਰਨ, ਕਾਇਆ ਮੰਦਰ ਇਕ ਟਿਕਾਇੰਦਾ । ਹੁਕਮੇ ਅੰਦਰ ਸਤਿਗੁਰ ਚਰਨ, ਸੋ ਪੁਰਖ ਨਿਰੰਜਣ ਆਪ ਸਮਝਾਇੰਦਾ । ਹੁਕਮੇ ਅੰਦਰ ਸਾਚੇ ਪੌੜੇ ਚੜ੍ਹਨ, ਪੌੜਾ ਇਕੋ ਇਕ ਵਡਿਆਇੰਦਾ । ਹੁਕਮੇ ਅੰਦਰ ਨਾਮ ਨਿਧਾਨਾ ਪੜ੍ਹਨ, ਵਿਸ਼ਨ ਬ੍ਰਹਮਾ ਸ਼ਿਵ ਢੋਲਾ ਗਾਇੰਦਾ । ਹੁਕਮੇ ਅੰਦਰ ਕਰਨੀ ਕਰਨ, ਕਰਤਾ ਆਪਣੀ ਕਾਰ ਕਮਾਇੰਦਾ । ਹੁਕਮੇ ਅੰਦਰ ਧਰਨੀ ਧਵਲ, ਧਰਨੀ ਵੇਖ ਵਖਾਇੰਦਾ ।

ਹੁਕਮੇ ਅੰਦਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮ ਇਕੋ ਇਕ ਜਣਾਇੰਦਾ । ਹੁਕਮੇ ਅੰਦਰ ਪਾਰਬ੍ਰਹਮ ਅਪਾਰ, ਆਪਣੀ
ਖੇਲ ਕਰਾਈਆ । ਹੁਕਮੇ ਅੰਦਰ ਬ੍ਰਹਮਾ ਸੁਤ ਦੁਲਾਰ, ਸੰਤ ਕੁਮਾਰ ਵਡਿਆਈਆ । ਹੁਕਮੇ ਅੰਦਰ ਬਰਾਹ ਕਰਿਆ ਖ਼ਬਰਦਾਰ, ਬੇਅੰਤ ਬੇਅੰਤ
ਬੇਅੰਤ ਹੁਕਮ ਵਰਤਾਈਆ । ਹੁਕਮੇ ਅੰਦਰ ਯਗੈ ਪੁਰਸ਼ ਖੋਲ੍ਹ ਕਿਵਾੜ, ਨੇਤਰ ਨੈਣ ਜਣਾਈਆ । ਹੁਕਮੇ ਅੰਦਰ ਹਾਵ ਗ਼ਰੀਵ ਪਾਰ ਉਤਾਰ,
ਉਤਰ ਪੂਰਬ ਦਿਸ਼ਾ ਦਏ ਸਮਝਾਈਆ । ਹੁਕਮੇ ਅੰਦਰ ਨਰ ਨਰਾਇਣ ਖੇਲ ਕਰੇ ਕਰਤਾਰ, ਜੋਤੀ ਜੋਤ ਜੋਤ ਰੁਸ਼ਨਾਈਆ । ਹੁਕਮੇ ਅੰਦਰ ਕਪਲ
ਮੁਨ ਦਏ ਆਧਾਰ, ਹੁਕਮੇ ਅੰਦਰ ਦਤਾ ਤ੍ਰੈ ਕਰ ਪਸਾਰ, ਭੇਵ ਅਭੇਦ ਖੁਲ੍ਹਾਈਆ । ਹੁਕਮੇ ਅੰਦਰ ਰਿਖਪ ਦੇਵ ਚਰਨ ਭਿਖਾਰ, ਭਿਖਿਆ ਇਕੋ
ਇਕ ਵਰਤਾਈਆ । ਹੁਕਮੇ ਅੰਦਰ ਪਿਰਥੂ ਪਾਰ, ਧਰਨੀ ਧਵਲ ਮਥਨ ਲਾਈਆ । ਹੁਕਮੇ ਅੰਦਰ ਮਤਸ ਹੋਇਆ ਖ਼ਬਰਦਾਰ, ਜਲ ਜਲ ਰੂਪ
ਸਮਾਈਆ । ਹੁਕਮੇ ਅੰਦਰ ਕਛਪ ਚੁੱਕੇ ਭਾਰ, ਮੰਧਰਾ ਪਿੱਠ ਉਠਾਈਆ । ਹੁਕਮੇ ਅੰਦਰ ਧਨੰਤਰ ਮੰਗੇ ਦਾਨ, ਆਪਣੀ ਝੋਲੀ ਡਾਹੀਆ । ਹੁਕਮੇ
ਅੰਦਰ ਮੋਹਣੀ ਹੋਇਆ ਬਲਵਾਨ, ਰੂਪ ਅਨੂਪ ਧਰਾਈਆ । ਹੁਕਮੇ ਅੰਦਰ ਹੰਸਾ ਗਾਵੇ ਗਾਨ, ਬ੍ਰਹਮਾ ਸੁਤ ਮਾਣ ਮਿਟਾਈਆ । ਹੁਕਮੇ ਅੰਦਰ
ਹਰਨਾਕਸ਼ ਕਰ ਕਲਿਆਣ, ਨਰ ਸਿੰਘ ਆਪਣੀ ਕਲ ਧਰਾਈਆ । ਹੁਕਮੇ ਅੰਦਰ ਬਾਵਨ ਹੋ ਪਰਧਾਨ, ਬਲ ਰਾਜੇ ਪਾਰ ਕਰਾਈਆ । ਹੁਕਮੇ
ਅੰਦਰ ਗਜ ਸਾਰ ਪਾਵੇ ਆਣ, ਤੰਦੂਆ ਤੰਦ ਕਟਾਈਆ । ਹੁਕਮੇ ਅੰਦਰ ਧਰੂ ਦੇਵੇ ਗਿਆਨ, ਨਰ ਨਰਾਇਣ ਸੇਵ ਕਮਾਈਆ । ਹੁਕਮੇ ਅੰਦਰ
ਪਰਸ ਰਾਮ ਕਰੇ ਕਲਿਆਣ, ਮਿਹਰ ਨਜ਼ਰ ਉਠਾਈਆ । ਹੁਕਮੇ ਅੰਦਰ ਦਸਰਥ ਬੇਟਾ ਰਾਮ, ਰਘਵੰਸ ਇਕ ਵਡਿਆਈਆ । ਹੁਕਮੇ ਅੰਦਰ
੫੯ ਵੇਦ ਵਿਆਸਾ ਹੋ ਪਰਧਾਨ, ਕਵਾਰੀ ਕੰਨਿਆਂ ਮਿਲੇ ਵਡਿਆਈਆ । ਹੁਕਮੇ ਅੰਦਰ ਕਾਹਨਾ ਕ੍ਰਿਸ਼ਨਾ ਨੌਜਵਾਨ, ਨਾਮ ਬੰਸਰੀ ਗਿਆ ਵਜਾਈਆ । ੫੯
੧੪ ਹੁਕਮੇ ਅੰਦਰ ਮੂਸਾ ਦਏ ਧਿਆਨ, ਮੁਸਲਸਲ ਇਕੋ ਧਾਰ ਵਖਾਈਆ । ਹੁਕਮੇ ਅੰਦਰ ਈਸਾ ਕਰ ਪਰਧਾਨ, ਪਿਤਾ ਪੂਤ ਰਾਹ ਜਣਾਈਆ । ਹੁਕਮੇ ੧੪
ਅੰਦਰ ਮੁਹੰਮਦ ਵੇਖ ਨਿਧਾਨ, ਕਲਮਾ ਨਬੀ ਰਸੂਲ ਪੜ੍ਹਾਈਆ । ਹੁਕਮੇ ਅੰਦਰ ਸਚ ਨਿਸ਼ਾਨ, ਧੁਰਦਰਗਾਹੀ ਆਪ ਵਖਾਈਆ । ਹੁਕਮੇ ਅੰਦਰ
ਆਪ ਅਮਾਮ, ਆਪਣਾ ਭੇਵ ਜਣਾਈਆ । ਹੁਕਮੇ ਅੰਦਰ ਨੌਜਵਾਨ, ਸਾਚੀ ਖੇਲ ਕਰਾਈਆ । ਹੁਕਮੇ ਅੰਦਰ ਜੋਤੀ ਜੋਤ ਸਰੂਪ ਹਰਿ, ਆਪ
ਆਪਣੀ ਕਿਰਪਾ ਕਰ, ਆਪਣੀ ਕਾਰ ਕਮਾਈਆ । ਹੁਕਮੇ ਅੰਦਰ ਨਾਨਕ ਰੰਗ, ਨਿਰਗੁਣ ਪੰਜ ਤੱਤ ਚੜ੍ਹਾਇਆ । ਹੁਕਮੇ ਅੰਦਰ ਅੰਗਦ ਮਰਦੰਗ,
ਸਾਚਾ ਢੋਲਾ ਇਕੋ ਗਾਇਆ । ਹੁਕਮੇ ਅੰਦਰ ਅਮਰਦਾਸ ਤਰੰਗ, ਅਮਰ ਅਮਰ ਬਰਸਾਇਆ । ਹੁਕਮੇ ਅੰਦਰ ਰਾਮ ਦਾਸ ਮਿਲਿਆ ਅਨੰਦ,
ਅਨੰਦ ਇਕੋ ਇਕ ਵਰਤਾਇਆ । ਹੁਕਮੇ ਅੰਦਰ ਅਰਜਣ ਚੜ੍ਹਿਆ ਚੰਦ, ਲੋਕਮਾਤ ਰੁਸ਼ਨਾਇਆ । ਹੁਕਮੇ ਅੰਦਰ ਖੇਲ ਹਰਿਗੋਬਿੰਦ, ਪੁਰਖ
ਅਕਾਲ ਦਏ ਵਖਾਇਆ । ਹੁਕਮੇ ਅੰਦਰ ਹਰਿਰਾਏ ਮੰਗੇ ਮੰਗ, ਖ਼ਾਲੀ ਝੋਲੀ ਲਏ ਭਰਾਇਆ । ਹੁਕਮੇ ਅੰਦਰ ਹਰਿਕ੍ਰਿਸ਼ਨ ਬਾਲ ਅਵਸਥਾ ਜਗਤ
ਜਹਾਨ ਕੀਤਾ ਰੰਡ, ਆਪ ਆਪਣਾ ਬਿਰਧ ਧਰਾਇਆ । ਹੁਕਮੇ ਅੰਦਰ ਤੇਗ਼ ਬਹਾਦਰ ਗਾਇਆ ਛੰਦ, ਸੋਹਲਾ ਇਕੋ ਇਕ ਦ੍ਰਿੜਾਇਆ । ਹੁਕਮੇ
ਅੰਦਰ ਗੋਬਿੰਦ ਮਿਲਿਆ ਸੂਰਾ ਸਰਬੰਗ, ਪੁਰਖ ਅਕਾਲ ਪਰਦਾ ਲਾਹਿਆ । ਹੁਕਮੇ ਅੰਦਰ ਵੰਡੀ ਵੰਡ, ਸਾਚਾ ਹੁਕਮ ਆਪ ਵਰਤਾਇਆ । ਹੁਕਮੇ
ਅੰਦਰ ਸਾਚਾ ਛੰਦ, ਚਾਰ ਵੇਦ ਢੋਲਾ ਗਾਇਆ । ਹੁਕਮੇ ਅੰਦਰ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ

ਰਖਾਇਆ । ਹੁਕਮੇ ਅੰਦਰ ਵੇਦ ਪੁਰਾਨ, ਪੁਰਾਨੀ ਜੀਵ ਜੰਤ ਸਮਝਾਈਆ । ਹੁਕਮੇ ਅੰਦਰ ਸ਼ਾਸਤਰ ਸਿਮਰਤ ਕਰੇ ਧਿਆਨ, ਧਿਆਨੀ ਧਿਆਨ ਧਿਆਨ ਲਗਾਈਆ । ਹੁਕਮੇ ਅੰਦਰ ਗੀਤਾ ਗਿਆਨ, ਅੱਠ ਦਸ ਦਏ ਵਡਿਆਈਆ । ਹੁਕਮੇ ਅੰਦਰ ਅੰਜੀਲ ਕੁਰਾਨ, ਹੁਕਮੇ ਅੰਦਰ ਬਾਈਬਲ ਸਿਫ਼ਤ ਸਾਲਾਹੀਆ । ਹੁਕਮੇ ਅੰਦਰ ਨਾਨਕ ਸ਼ਬਦ ਗੁਣ ਨਿਧਾਨ, ਧੁਰ ਸੰਦੇਸਾ ਦਏ ਸੁਣਾਈਆ । ਹੁਕਮੇ ਅੰਦਰ ਗੋਬਿੰਦ ਮੇਲਾ ਵਿਚ ਜਹਾਨ, ਪੁਰਖ ਅਕਾਲਾ ਆਪ ਜਣਾਈਆ । ਹੁਕਮੇ ਅੰਦਰ ਦੇਵਣਹਾਰਾ ਧੁਰ ਫ਼ਰਮਾਣ, ਜੁਗ ਜੁਗ ਸ਼ਨਵਾਈਆ । ਹੁਕਮੇ ਅੰਦਰ ਲੇਖਾ ਲਿਖ ਲਿਖ ਗਏ ਬਿਆਨ, ਬਿਆਨਾ ਦਰਗਹਿ ਸਾਚੀ ਗਏ ਟਿਕਾਈਆ । ਹੁਕਮੇ ਅੰਦਰ ਜੁਗ ਚੌਕੜੀ ਹੋਏ ਕਲਿਆਣ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਰਹਿਣ ਨਾ ਪਾਈਆ । ਹੁਕਮੇ ਅੰਦਰ ਭਗਤ ਕਰੇ ਪਰਵਾਨ, ਨਾਮ ਪਰਵਾਨਾ ਹੱਥ ਫੜਾਈਆ । ਹੁਕਮੇ ਅੰਦਰ ਧਰੂ ਪ੍ਰਹਿਲਾਦ ਕਰੀ ਕਲਿਆਣ, ਅਮਰੀਕ ਆਪਣੀ ਗੋਦ ਬਹਾਈਆ । ਹੁਕਮੇ ਅੰਦਰ ਬਲ ਬਾਵਨ ਦਿਤਾ ਦਾਨ, ਦਾਨੀ ਇਕੋ ਨਜ਼ਰੀ ਆਈਆ । ਹੁਕਮੇ ਅੰਦਰ ਜਨਕ ਕਰੀ ਕਲਿਆਣ, ਭੇਵ ਅਭੇਦ ਖੁਲ੍ਹਾਈਆ । ਹੁਕਮੇ ਅੰਦਰ ਹਰੀ ਚੰਦ ਦਿਤਾ ਗਿਆਨ, ਅਗਿਆਨ ਅੰਧੇਰ ਮਿਟਾਈਆ । ਹੁਕਮੇ ਅੰਦਰ ਬਿਦਰ ਦਿਤਾ ਨਿਸ਼ਾਨ, ਹੁਕਮੇ ਅੰਦਰ ਸੁਦਾਮਾ ਆਪਣੀ ਗੋਦ ਬਹਾਈਆ । ਹੁਕਮੇ ਅੰਦਰ ਜੈਦੇਵ ਕਰੇ ਕਲਿਆਣ, ਹੁਕਮੇ ਅੰਦਰ ਨਾਮਦੇਵ ਵਡਿਆਈਆ । ਹੁਕਮੇ ਅੰਦਰ ਧੰਨਾ ਇਕ ਨਿਸ਼ਾਨ, ਹੁਕਮੇ ਅੰਦਰ ਬੇਣੀ ਸੰਗ ਨਿਭਾਈਆ । ਹੁਕਮੇ ਅੰਦਰ ਤਰਲੋਚਣ ਕਰੇ ਧਿਆਨ, ਹੁਕਮੇ ਅੰਦਰ ਸੈਣ ਸੇਵਾ ਲਾਈਆ । ਹੁਕਮੇ ਅੰਦਰ ਗਨਕਾ ਕਰੀ ਪਾਰ, ਹੁਕਮੇ ਅੰਦਰ ਬਧਕ ਦਏ ਵਡਿਆਈਆ । ਹੁਕਮੇ ਅੰਦਰ ਰਵਿਦਾਸ ਚੁਮਿਆਰਾ ਸੇਵਾ ਕਰੇ ਅਪਾਰ, ਪਾਣਾਂ ਗੰਢੇ
੬੦ ੧੪ ਚਾਈਂ ਚਾਈਂਆ । ਹੁਕਮੇ ਅੰਦਰ ਗੰਗਾ ਧਾਰ ਜਲ ਧਾਰ, ਜਲ ਜਲ ਰੂਪ ਸਮਾਈਆ । ਹੁਕਮੇ ਅੰਦਰ ਕਬੀਰ ਜੁਲਾਹਾ ਸੱਦ ਸੱਚੇ ਦਰਬਾਰ, ਸਚ ਦੁਆਰਾ ਦਏ ਵਖਾਈਆ । ਇਕੋ ਨਜ਼ਰ ਆਏ ਕਰਤਾਰ, ਦੂਜਾ ਰੂਪ ਨਾ ਕੋਇ ਜਣਾਈਆ । ਹੁਕਮੇ ਅੰਦਰ ਸਚ ਸ਼ਿੰਗਾਰ, ਸ਼ਹਿਨਸ਼ਾਹ ਆਪਣਾ ਆਪ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮ ਵਿਚ ਰੱਖੇ ਵਡਿਆਈਆ । ਹੁਕਮੇ ਅੰਦਰ ਆਦਿ ਅੰਤ, ਹੁਕਮ ਹੁਕਮੀ ਖੇਲ ਕਰਾਇੰਦਾ । ਹੁਕਮੇ ਅੰਦਰ ਸ੍ਰੀ ਭਗਵੰਤ, ਆਪਣਾ ਹੁਕਮ ਆਪ ਜਣਾਇੰਦਾ । ਹੁਕਮੇ ਅੰਦਰ ਨਾਰ ਕੰਤ, ਸੇਜ ਸੁਹੰਜਣੀ ਸੋਭਾ ਪਾਇੰਦਾ । ਹੁਕਮੇ ਅੰਦਰ ਸਾਚਾ ਮੰਤ, ਨਾਉਂ ਨਿਰੰਕਾਰਾ ਆਪ ਪਰਗਟਾਇੰਦਾ । ਹੁਕਮੇ ਅੰਦਰ ਵਿਸ਼ਨ ਬ੍ਰਹਮਾ ਸ਼ਿਵ ਖੇਲ ਅਗਣਤ, ਹੁਕਮੇ ਅੰਦਰ ਕਰੋੜ ਤੇਤੀਸਾ ਧਾਰ ਵਖਾਇੰਦਾ । ਹੁਕਮੇ ਅੰਦਰ ਗੁਰ ਅਵਤਾਰ ਭਗਤ, ਭਗਵਾਨ ਆਪਣਾ ਹੁਕਮ ਮਨਾਇੰਦਾ । ਹੁਕਮੇ ਅੰਦਰ ਪੀਰ ਪੈਗ਼ੰਬਰ ਬਣਾਏ ਬਣਤ, ਹੁਕਮੇ ਅੰਦਰ ਆਪਣੀ ਖੇਲ ਕਰਾਇੰਦਾ । ਹੁਕਮੇ ਅੰਦਰ ਸਾਚੇ ਸੰਤ, ਸਾਹਿਬ ਸਤਿਗੁਰ ਆਪ ਉਠਾਇੰਦਾ । ਹੁਕਮੇ ਅੰਦਰ ਗੁਰਮੁਖ ਲੱਖ ਚੁਰਾਸੀ ਵਿਚੋਂ ਜੀਵ ਜੰਤ, ਜੀਵ ਜੰਤ ਆਪਣੀ ਕੁਲ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮੇ ਅੰਦਰ ਹੁਕਮ ਵਰਤਾਇੰਦਾ । ਹੁਕਮੇ ਅੰਦਰ ਹੁਕਮ ਡੂੰਘਾ, ਨਜ਼ਰ ਕਿਸੇ ਨਾ ਆਈਆ । ਹੁਕਮੇ ਅੰਦਰ ਨਾਨਕ ਬਣਿਆ ਸੂੰਘਾ, ਸੱਚਖੰਡ ਦੁਆਰੇ ਫੇਰਾ ਪਾਈਆ । ਹੁਕਮੇ ਅੰਦਰ ਪ੍ਰੇਮ ਰਸ ਦਾ ਬਣਿਆ ਚੂੰਘਾ, ਰਸ ਇਕੋ ਇਕ ਝੋਲੀ ਪਾਈਆ । ਹੁਕਮੇ ਅੰਦਰ ਮਾਰਿਆ ਹੂੰਗਾ, ਹਨੋਰਾ ਇਕੋ ਇਕ ਸੁਣਾਈਆ । ਹੁਕਮੇ ਅੰਦਰ ਕਾਇਆ ਮਾਟੀ ਵੱਜੇ ਤੁਣਕਾ, ਤੰਦ ਸਤਾਰ ਨਾੜ ਬਹੱਤਰ ਨਾਦ ਜਣਾਈਆ । ਹੁਕਮੇ ਅੰਦਰ ਅੰਮ੍ਰਿਤ ਝਿਰਨਾ

੬੧
੧੪

ਝਿਰੇ ਬੂੰਦੀ ਬੂੰਦਾ, ਕਵਲ ਕਵਲ ਉਲਟਾਈਆ । ਹੁਕਮੇ ਅੰਦਰ ਬਣੇ ਗੂੰਗਾ, ਰਸਨਾ ਜਿਹਵਾ ਨਾ ਕੋਇ ਹਿਲਾਈਆ । ਹੁਕਮੇ ਅੰਦਰ ਹੋਵੇ ਊਂਧਾ, ਨੈਣ ਸਕੇ ਨਾ ਕੋਇ ਖੁਲ੍ਹਾਈਆ । ਹੁਕਮੇ ਅੰਦਰ ਬਣੇ ਢੂੰਡਾ, ਢੂੰਡ ਵੇਖੇ ਸਰਬ ਲੋਕਾਈਆ । ਹੁਕਮੇ ਅੰਦਰ ਵੇਖੇ ਚੋਟੀ ਚੂੰਡਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਹੁਕਮ ਦਏ ਜਣਾਈਆ । ਹੁਕਮੇ ਅੰਦਰ ਲਿਖੇ ਲੇਖ, ਲੇਖਾ ਆਪਣਾ ਆਪ ਜਣਾਇੰਦਾ । ਹੁਕਮੇ ਅੰਦਰ ਧਰੇ ਭੇਖ, ਵੇਸ ਅਨੇਕ ਵਟਾਇੰਦਾ । ਹੁਕਮੇ ਅੰਦਰ ਵਸੇ ਦੇਸ, ਸਚਖੰਡ ਸਾਚੇ ਸੋਭਾ ਪਾਇੰਦਾ । ਹੁਕਮੇ ਅੰਦਰ ਦਏ ਸੰਦੇਸ, ਗੁਰ ਅਵਤਾਰ ਪੀਰ ਪੈਗ਼ੰਬਰ ਪੜ੍ਹਾਇੰਦਾ । ਹੁਕਮੇ ਅੰਦਰ ਲੱਖ ਚੁਰਾਸੀ ਵੇਖੇ ਖੇਤ, ਗ੍ਰਿਹ ਮੰਦਰ ਖੋਜ ਖੁਜਾਇੰਦਾ । ਹੁਕਮੇ ਅੰਦਰ ਕਰ ਉਤਪਤ, ਸੰਤ ਭਗਤ ਆਪਣੀ ਕਾਰ ਕਮਾਇੰਦਾ । ਹੁਕਮੇ ਅੰਦਰ ਖੋਲ੍ਹੇ ਭੇਤ, ਪਰਦਾ ਆਪਣਾ ਨਾ ਕੋਇ ਰਖਾਇੰਦਾ । ਹੁਕਮੇ ਅੰਦਰ ਕਰੇ ਵੇਂਤ, ਆਪ ਆਪਣੀ ਵੰਡ ਵੰਡਾਇੰਦਾ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਸਮਝਾਇੰਦਾ । ਹੁਕਮੇ ਅੰਦਰ ਬਣੇ ਵਿਚੋਲਾ, ਸ਼ਬਦੀ ਰੂਪ ਧਰਾਈਆ । ਹੁਕਮੇ ਅੰਦਰ ਬਣੇ ਗੋਲਾ, ਨਿਰਗੁਣ ਸੇਵ ਕਮਾਈਆ । ਹੁਕਮੇ ਅੰਦਰ ਗਾਏ ਢੋਲਾ, ਸੋਹੰ ਰਾਗ ਅਲਾਈਆ । ਹੁਕਮੇ ਅੰਦਰ ਬਣੇ ਤੋਲਾ, ਨਾਮ ਕੰਡਾ ਹੱਥ ਉਠਾਈਆ । ਹੁਕਮੇ ਅੰਦਰ ਬਦਲੇ ਚੋਲਾ, ਗੁਪਤ ਰੂਪ ਵਟਾਈਆ । ਹੁਕਮੇ ਅੰਦਰ ਰੱਖੇ ਪਰਦਾ ਉਹਲਾ, ਨਜ਼ਰ ਕਿਸੇ ਨਾ ਆਈਆ । ਹੁਕਮੇ ਅੰਦਰ ਬਣੇ ਮੌਲਾ, ਮੌਲਾ ਰੂਪ ਆਪ ਹੋ ਜਾਈਆ । ਹੁਕਮੇ ਅੰਦਰ ਕਰੇ ਕੌਲਾ, ਗੁਰ ਅਵਤਾਰ ਪੀਰ ਪੈਗ਼ੰਬਰ ਬੰਧਨ ਪਾਈਆ । ਹੁਕਮੇ ਅੰਦਰ ਪਾਏ ਰੌਲਾ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਦਏ ਦ੍ਰਿੜਾਈਆ । ਹੁਕਮੇ ਅੰਦਰ ਚੁੱਕੇ ਡੋਲਾ, ਲੱਖ ਚੁਰਾਸੀ ਆਪਣੇ ਕੰਧ ਉਠਾਈਆ । ਹੁਕਮੇ ਅੰਦਰ ਖੇਲੇ ਹੋਲਾ, ਆਪਣਾ ਹੋਲਾ ਨਾ ਕਿਸੇ ਸਮਝਾਈਆ । ਹੁਕਮੇ ਅੰਦਰ ਬਣਿਆ ਰਹੇ ਭੋਲਾ, ਭਾਉ ਆਪਣੇ ਵਿਚ ਛੁਪਾਈਆ । ਹੁਕਮੇ ਅੰਦਰ ਵੇਖੇ ਧਰਨੀ ਧਰਤ ਧੌਲਾ, ਹੁਕਮੇ ਅੰਦਰ ਜ਼ਿਮੀ ਅਸਮਾਨ ਫੇਰਾ ਪਾਈਆ । ਹੁਕਮੇ ਅੰਦਰ ਬੈਠਾ ਰਹੇ ਅਡੋਲਾ, ਡੁਲ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸਾ ਹੁਕਮ ਸੁਣਾਈਆ । ਹੁਕਮੇ ਅੰਦਰ ਧੁਰ ਸੰਦੇਸਾ, ਆਦਿ ਪੁਰਖ ਸੁਣਾਇੰਦਾ । ਹੁਕਮੇ ਅੰਦਰ ਬ੍ਰਹਮਾ ਵਿਸ਼ਨ ਮਹੇਸ਼ਾ, ਇਕੋ ਰਾਹ ਚਲਾਇੰਦਾ । ਹੁਕਮੇ ਅੰਦਰ ਤ੍ਰੈ ਪੰਜ ਦਏ ਆਦੇਸਾ, ਸਿਰ ਸਿਰ ਆਪਣਾ ਹੱਥ ਟਿਕਾਇੰਦਾ । ਹੁਕਮੇ ਅੰਦਰ ਗੁਰ ਅਵਤਾਰ ਜਾਣੇ ਭੇਖਾ, ਭੇਖੀ ਆਪਣੀ ਕਾਰ ਕਮਾਇੰਦਾ । ਹੁਕਮੇ ਅੰਦਰ ਲਿਖਣਹਾਰਾ ਲੇਖਾ, ਕਲਮ ਦਵਾਤ ਨਾ ਕੋਇ ਰਖਾਇੰਦਾ । ਹੁਕਮੇ ਅੰਦਰ ਬਣੇ ਬਣਤਾ, ਨਿਤ ਨਿਤ ਵੇਸ ਵਟਾਇੰਦਾ । ਹੁਕਮੇ ਅੰਦਰ ਖੇਲੇ ਖੇਡਾ, ਖਿਲਾੜੀ ਇਕੋ ਨਜ਼ਰੀ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮੇ ਅੰਦਰ ਆਪ ਭੁਆਇੰਦਾ । ਹੁਕਮੇ ਅੰਦਰ ਖੇਲ ਅਪਾਰਾ, ਅਪਰੰਪਰ ਆਪ ਕਰਾਈਆ । ਹੁਕਮੇ ਅੰਦਰ ਸੋ ਪੁਰਖ ਨਿਰੰਜਣ ਬਣ ਵਣਜਾਰਾ, ਸਾਚਾ ਹੱਟ ਚਲਾਈਆ । ਹੁਕਮੇ ਅੰਦਰ ਹਰਿ ਪੁਰਖ ਨਿਰੰਜਣ ਤੋਲਣਹਾਰਾ, ਨਾਮ ਕੰਡਾ ਹੱਥ ਉਠਾਈਆ । ਹੁਕਮੇ ਅੰਦਰ ਏਕੰਕਾਰ ਸਾਚੀ ਧਾਰ ਬੋਲਣਹਾਰਾ, ਅਨਬੋਲਤ ਰਾਗ ਅਲਾਈਆ । ਹੁਕਮੇ ਅੰਦਰ ਆਦਿ ਨਿਰੰਜਣ ਕਰ ਉਜਿਆਰਾ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਹੁਕਮੇ ਅੰਦਰ ਅਬਿਨਾਸ਼ੀ ਕਰਤਾ ਲਾ ਅਖਾੜਾ, ਨਿਰਗੁਣ ਆਪਣਾ ਵੇਸ ਵੇਖ ਵਖਾਈਆ । ਹੁਕਮੇ ਅੰਦਰ ਸ੍ਰੀ ਭਗਵਾਨ ਦਏ ਹੁਲਾਰਾ, ਸਚ ਹੁਲਾਰਾ ਇਕ ਵਖਾਈਆ । ਹੁਕਮੇ ਅੰਦਰ ਪਾਰਬ੍ਰਹਮ ਪ੍ਰਭ ਕਰ ਪਸਾਰਾ, ਪਸਰ

ਪਸਾਰੀ ਵੇਖ ਵਖਾਈਆ । ਹੁਕਮੇ ਅੰਦਰ ਬ੍ਰਹਮ ਧਾਰਾ, ਲੱਖ ਚੁਰਾਸੀ ਜੀਵ ਵਡਿਆਈਆ । ਹੁਕਮੇ ਅੰਦਰ ਪੁਰਖ ਨਾਰਾ, ਨਾਰ ਪੁਰਖ ਗੰਢ ਪੁਆਈਆ । ਹੁਕਮੇ ਅੰਦਰ ਖੇਲ ਨਿਆਰਾ, ਨਿਰਗੁਣ ਨਿਰਵੈਰ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮ ਇਕੋ ਇਕ ਵਰਤਾਈਆ । ਹੁਕਮੇ ਅੰਦਰ ਸਚਖੰਡ, ਸਚਖੰਡ ਨਿਵਾਸੀ ਆਪ ਬਣਾਇਆ । ਹੁਕਮੇ ਅੰਦਰ ਪਾਈ ਵੰਡ, ਥਿਰ ਘਰ ਆਪਣਾ ਰਾਹ ਜਣਾਇਆ । ਹੁਕਮੇ ਅੰਦਰ ਗਾਇਆ ਛੰਦ , ਸ਼ਬਦ ਮੇਰਾ ਭੇਵ ਚੁਕਾਇਆ । ਹੁਕਮੇ ਅੰਦਰ ਦਿਤਾ ਅਨੰਦ, ਅਨੰਦ ਅਨੰਦ ਵਿਚ ਜਣਾਇਆ । ਹੁਕਮੇ ਅੰਦਰ ਮੁਕਾਇਆ ਪੰਧ, ਬਣ ਪਾਂਧੀ ਫੇਰਾ ਪਾਇਆ । ਹੁਕਮੇ ਅੰਦਰ ਨਾਰ ਦੁਹਾਗਣ ਹੋਏ ਰੰਡ, ਹੁਕਮੇ ਅੰਦਰ ਕੰਤ ਸੁਹਾਗ ਹੰਢਾਇਆ । ਹੁਕਮੇ ਅੰਦਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਹੁਕਮ ਦਏ ਵਡਿਆਇਆ । ਹੁਕਮੇ ਅੰਦਰ ਆਦਿ ਜੁਗਾਦਿ, ਜੁਗ ਜੁਗ ਖੇਲ ਕਰਾਈਆ । ਹੁਕਮੇ ਅੰਦਰ ਹੋ ਵਿਸਮਾਦ, ਵਿਸਮਾਦੀ ਰੂਪ ਸਮਾਈਆ । ਹੁਕਮੇ ਅੰਦਰ ਵਜਾਏ ਨਾਦ, ਅਨਾਦੀ ਧੁਨ ਸ਼ਨਵਾਈਆ । ਹੁਕਮੇ ਅੰਦਰ ਲਡਾਏ ਲਾਡ, ਨਿਰਗੁਣ ਆਪਣੀ ਗੋਦ ਬਹਾਈਆ । ਹੁਕਮੇ ਅੰਦਰ ਮੇਟੇ ਵਾਦ ਵਿਵਾਦ, ਵਿਖ ਅੰਮ੍ਰਿਤ ਰੂਪ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮੇ ਅੰਦਰ ਜਗਤ ਚੌਕੜੀ ਜੁਗ ਭੁਆਈਆ । ਹੁਕਮੇ ਅੰਦਰ ਅੱਖਰ ਰੰਗ, ਰੰਗ ਰੰਗੀਲਾ ਆਪ ਰੰਗਾਇੰਦਾ । ਹੁਕਮੇ ਅੰਦਰ ਸੇਜ ਪਲੰਘ, ਆਤਮ ਪਰਮਾਤਮ ਆਪ ਸੁਹਾਇੰਦਾ । ਹੁਕਮੇ ਅੰਦਰ ਨਾਦ ਮਰਦੰਗ, ਗੁਰ ਅਵਤਾਰਾਂ ਆਪ ਜਣਾਇੰਦਾ । ਹੁਕਮੇ ਅੰਦਰ ਨਿਝਰ ਝਿਰਨਾ ਅੰਮ੍ਰਿਤ ਦੇਵੇ ਅਨੰਦ, ਅਨੰਦ ਆਪਣੇ ਵਿਚ ਪਰਗਟਾਇੰਦਾ । ਹੁਕਮੇ ਅੰਦਰ ਦੂਈ ਦਵੈਤੀ ਢਾਵੇ ਕੰਧ, ਭਾਂਡਾ ਭਰਮ ਭੌ ਭੰਨਾਇੰਦਾ । ਹੁਕਮੇ ਅੰਦਰ ਕੂੜੀ ਕਿਰਿਆ ਕਰੇ ਖੰਡ ਖੰਡ, ਖੜਗ ਖੰਡਾ ਨਾਮ ਚਮਕਾਇੰਦਾ । ਹੁਕਮੇ ਅੰਦਰ ਹੋਵੇ ਬਖ਼ਸ਼ੰਦ, ਬਖ਼ਸ਼ਿਸ਼ ਇਕੋ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਆਪ ਸਮਝਾਇੰਦਾ । ਹੁਕਮੇ ਅੰਦਰ ਧੁਰ ਦਰਬਾਰਾ, ਆਦਿ ਪੁਰਖ ਲਗਾਇਆ । ਹੁਕਮੇ ਅੰਦਰ ਹੋ ਉਜਿਆਰਾ ਸਚ ਸਿੰਘਾਸਣ ਸੋਭਾ ਪਾਇਆ । ਹੁਕਮੇ ਅੰਦਰ ਸ਼ਾਹੋ ਭੂਪ ਸਿਕਦਾਰਾ, ਸ਼ਹਿਨਸ਼ਾਹ ਆਪਣਾ ਨਾਉਂ ਪਰਗਟਾਇਆ । ਹੁਕਮੇ ਅੰਦਰ ਸੀਸ ਜਗਦੀਸ ਤਾਜ ਸੋਹੇ ਅਪਾਰਾ, ਨਜ਼ਰ ਕਿਸੇ ਨਾ ਆਇਆ । ਹੁਕਮੇ ਅੰਦਰ ਪੰਚਮ ਬੰਨ੍ਹੇ ਧਾਰਾ, ਪੰਚਮ ਮੁਖ ਮੁਖ ਵਡਿਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਰਾਇਆ । ਹੁਕਮੇ ਅੰਦਰ ਲੱਖ ਚੁਰਾਸੀ ਨਾਤਾ, ਖਾਣੀ ਚਾਰ ਚਾਰ ਵਡਿਆਈਆ । ਹੁਕਮੇ ਅੰਦਰ ਪੁਰਖ ਬਿਧਾਤਾ, ਬਿਧ ਆਪਣੇ ਹੱਥ ਰਖਾਈਆ । ਹੁਕਮੇ ਅੰਦਰ ਹੋ ਪ੍ਰਕਾਸ਼ਾ, ਘਰ ਘਰ ਜੋਤ ਜਗਾਈਆ । ਹੁਕਮੇ ਅੰਦਰ ਪਵਣ ਸਵਾਸਾ, ਸਾਸ ਸਾਸ ਸਮਾਈਆ । ਹੁਕਮੇ ਅੰਦਰ ਪਾਵੇ ਰਾਸਾ, ਗੋਪੀ ਕਾਹਨ ਨਚਾਈਆ । ਹੁਕਮੇ ਅੰਦਰ ਹੋਏ ਉਤਮ ਜ਼ਾਤਾ, ਹੁਕਮੇ ਅੰਦਰ ਨੀਚ ਨੀਚ ਵਡਿਆਈਆ । ਹੁਕਮੇ ਅੰਦਰ ਬਣੇ ਕਮਲਾਪਾਤਾ, ਹੁਕਮੇ ਅੰਦਰ ਨਾਰੀ ਰੂਪ ਵਖਾਈਆ । ਹੁਕਮੇ ਅੰਦਰ ਗਾਏ ਆਪਣਾ ਸਾਕਾ, ਸਾਹਿਬ ਸਤਿਗੁਰ ਮਹਿਮਾ ਅਕੱਥ ਜਣਾਈਆ । ਹੁਕਮੇ ਅੰਦਰ ਪੁੱਛੇ ਵਾਤਾ, ਜੁਗ ਜੁਗ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸਾ ਹੁਕਮ ਸੁਣਾਈਆ । ਹੁਕਮੇ ਅੰਦਰ ਆਦਿ ਜਣਾਇਆ, ਭੁੱਲ ਰਹੇ ਨਾ ਰਾਈਆ । ਹੁਕਮੇ ਅੰਦਰ ਸ਼ਬਦ ਸਤਿ ਪੜ੍ਹਾਇਆ, ਇਕੋ ਗੁਣ ਵਡਿਆਈਆ । ਹੁਕਮੇ ਅੰਦਰ ਵਿਸ਼ਨ ਬ੍ਰਹਮਾ ਸ਼ਿਵ ਮਾਰਗ ਲਾਇਆ,

ਚਰਨ ਕਵਲ ਸਰਨਾਈਆ । ਹੁਕਮੇ ਅੰਦਰ ਤ੍ਰੈ ਪੰਜ ਜੋੜ ਜੁੜਾਇਆ, ਪੰਚ ਪਚੀਸ ਵੇਖ ਵਖਾਈਆ । ਹੁਕਮੇ ਅੰਦਰ ਨਿਰਗੁਣ ਸਰਗੁਣ ਵੰਡ ਵੰਡਾਇਆ, ਰਕਤ ਬੂੰਦ ਕਰੀ ਕੁੜਮਾਈਆ । ਹੁਕਮੇ ਅੰਦਰ ਮਹੱਲ ਅਟੱਲ ਰੁਸ਼ਨਾਇਆ, ਕਾਇਆ ਸੋਭਾ ਪਾਈਆ । ਹੁਕਮੇ ਅੰਦਰ ਪਾਰਬ੍ਰਹਮ ਬ੍ਰਹਮ ਵਿਚ ਸਮਾਇਆ, ਨੂਰੋ ਨੂਰ ਨੂਰ ਰੁਸ਼ਨਾਈਆ । ਹੁਕਮੇ ਅੰਦਰ ਸ਼ਬਦ ਅਨਾਦ ਨਾਦ ਧੁਨ ਗਾਇਆ, ਆਤਮਕ ਰਾਗ ਸੁਣਾਈਆ । ਹੁਕਮੇ ਅੰਦਰ ਗੁਰ ਅਵਤਾਰ ਪੀਰ ਪੈਗ਼ੰਬਰ ਨਾਉਂ ਧਰਾਇਆ, ਵੇਖਣਹਾਰਾ ਥਾਉਂ ਥਾਈਂਆ । ਹੁਕਮੇ ਅੰਦਰ ਸਚ ਸੰਦੇਸਾ ਸਦਾ ਸਦਾ ਸਦ ਘਲਾਇਆ, ਭੁੱਲ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਰਿਹਾ ਜਣਾਈਆ । ਹੁਕਮ ਸੁਣ ਸ਼ਬਦ ਦੁਲਾਰ, ਸ਼ਬਦ ਧਿਆਨ ਲਗਾਈਆ । ਤੂੰ ਵੱਡਾ ਦਾਤਾ ਬੇਐਬ ਪਰਵਰਦਿਗਾਰ, ਬੇਪਰਵਾਹ ਤੇਰੀ ਸ਼ਹਿਨਸ਼ਾਹੀਆ । ਕਰ ਕਿਰਪਾ ਮੋਹੇ ਦੇ ਆਧਾਰ, ਇਕ ਤੇਰੀ ਮੰਗ ਮੰਗਾਈਆ । ਨਿਰਗੁਣ ਰੂਪ ਕਰ ਤਿਆਰ, ਮਹਾਂਬਲੀ ਤੇਰੀ ਸ਼ਰਨਾਈਆ । ਪੁਰਖ ਅਬਿਨਾਸ਼ੀ ਦੇ ਪਿਆਰ, ਸਚ ਸਚ ਸਮਝਾਈਆ । ਮਹਾਂਕਾਲ ਕਰ ਖ਼ਬਰਦਾਰ, ਤੇਰੀ ਸੇਵ ਲਗਾਈਆ । ਮਹਾਂਕਾਲ ਕਹੇ ਪ੍ਰਭ ਤੂੰ ਦਿਆਲ, ਤੇਰੇ ਹੱਥ ਵਡਿਆਈਆ । ਸ਼ਬਦ ਤੇਰਾ ਬਣਿਆ ਲਾਲ, ਮੈਂ ਸ਼ਬਦੀ ਸੇਵ ਕਮਾਈਆ । ਮੇਰਾ ਇਕੋ ਮੰਨ ਸਵਾਲ, ਦੋਏ ਜੋੜ ਪਿਆ ਸਰਨਾਈਆ । ਜਿੰਨਾਂ ਚਿਰ ਮੇਰੇ ਨਾਲ ਨਾ ਦੇਵੇਂ ਕਾਲ ਦਿਆਲ, ਤੇਰੀ ਕਰੇ ਨਾ ਕੋਇ ਵਡਿਆਈਆ । ਜੋ ਉਪਜਿਆ ਸੋ ਹੋਏ ਬੇਹਾਲ, ਅੰਤ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਮਾਣ ਵਡਿਆਈਆ । ਮਹਾਂਕਾਲ ਤੇਰੀ ਪੂਰੀ ਆਸਾ, ਹੁਕਮੇ ਆਪ ਕਰਾਇੰਦਾ । ਹੁਕਮੇ ਅੰਦਰ ਹੁਕਮ ਭਰਵਾਸਾ, ਹੁਕਮੀ ਧੀਰ ਧਰਾਇੰਦਾ । ਮਹਾਂਕਾਲ ਕਾਲ ਦੇਵੇ ਸਾਥਾ, ਨਿਉਂ ਨਿਉਂ ਸੀਸ ਝੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧਾਰ ਧਾਰ ਵਿਚੋਂ ਉਪਜਾਇੰਦਾ । ਕਾਲ ਕਹੇ ਪ੍ਰਭ ਮੇਰੀ ਅਰਜ਼ੋਈ, ਨੇਤਰ ਨੈਣਾਂ ਨੀਰ ਵਹਾਇਆ । ਮੈਨੂੰ ਮਿਲੇ ਨਾ ਕਿਤੇ ਢੋਈ, ਥਾਨ ਥਨੰਤਰ ਨਜ਼ਰ ਕੋਇ ਨਾ ਆਇਆ । ਤੁਧ ਬਿਨ ਸਹਾਰਾ ਦੇਵੇ ਨਾ ਕੋਈ, ਤੇਰੇ ਅੱਗੇ ਵਾਸਤਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਆਸ ਰਖਾਇਆ । ਮਹਾਂਕਾਲ ਕਾਲ ਕਰੇ ਸਫ਼ਾਰਸ਼, ਬੋਲ ਬੋਲ ਜਣਾਈਆ । ਪ੍ਰਭ ਤੇਰਾ ਲੇਖਾ ਜਿੰਨਾਂ ਚਿਰ ਨਾ ਆਵੇ ਵਿਚ ਇਬਾਰਤ, ਹਰਫ਼ ਹਰਫ਼ ਨਾ ਕੋਇ ਦ੍ਰਿੜਾਈਆ । ਤੂੰ ਕਰਨਹਾਰਾ ਘਾੜਤ, ਅਨੁਭਵ ਭੇਵ ਨਾ ਕੋਇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਓਟ ਤਕਾਈਆ । ਹੁਕਮੇ ਅੰਦਰ ਕਾਲ ਮਹਾਂਕਾਲ, ਮਹਿਮਾ ਆਪਣੇ ਹੱਥ ਰਖਾਇੰਦਾ । ਹੁਕਮੇ ਅੰਦਰ ਹੋ ਦਿਆਲ, ਭਿਖਿਕ ਭਿਛਿਆ ਝੋਲੀ ਪਾਇੰਦਾ । ਹੁਕਮੇ ਅੰਦਰ ਖੇਲ ਨਿਰਾਲ, ਸੋ ਸਾਹਿਬ ਸਤਿਗੁਰ ਆਪ ਕਮਾਇੰਦਾ । ਹੁਕਮੇ ਅੰਦਰ ਚਿਤਰ ਗੁਪਤ ਕਰੇ ਬਹਾਲ, ਸਾਚਾ ਲੇਖਾ ਹੱਥ ਫੜਾਇੰਦਾ । ਹੁਕਮੇ ਅੰਦਰ ਰਾਏ ਧਰਮ ਲਏ ਉਠਾਲ, ਧੁਰ ਸੰਦੇਸਾ ਰਾਗ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦ ਖੁਲ੍ਹਾਇੰਦਾ । ਕਾਲ ਮਹਾਂਕਾਲ ਰਾਏ ਧਰਮ ਚਿਤਰ ਗੁਪਤ, ਚਾਰ ਰਹੇ ਜਣਾਈਆ । ਤੇਰਾ ਖੇਲ ਨਾ ਸਕੇ ਭੁਗਤ, ਭਗਵਨ ਤੇਰੇ ਹੱਥ ਵਡਿਆਈਆ । ਜਿੰਨਾਂ ਚਿਰ ਦੱਸੇ ਨਾ ਆਪਣੀ ਜੁਗਤ, ਪੰਜਵਾਂ ਹਿੱਸਾ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਜੋ ਸਭ ਦਾ ਮਾਰਗ ਅਖਵਾਈਆ ।

ਪੁਰਖ ਅਬਿਨਾਸ਼ੀ ਦੀਨਾ ਨਾਥ, ਦੀਨ ਦਿਆਲ ਅਖਵਾਇੰਦਾ । ਚੌਹਾਂ ਦੇਵਾਂ ਇਕੋ ਸਾਥ, ਲਾੜੀ ਮੌਤ ਸਮਝਾਇੰਦਾ । ਲੱਖ ਚੁਰਾਸੀ ਕਰੇ ਖਾਜ, ਖਾਤਾ ਅੰਤ ਨਾ ਕੋਇ ਭਰਾਇੰਦਾ । ਦੇਵਣਹਾਰਾ ਨਿਰਗੁਣ ਦਾਤ, ਨਿਰਵੈਰ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦ ਖੁਲ੍ਹਾਇੰਦਾ । ਹੁਕਮੇ ਅੰਦਰ ਮੌਤ ਲਾੜੀ, ਕਾਲ ਮਹਾਂਕਾਲ ਕਰੇ ਕੁੜਮਾਈਆ । ਚਿਤਰ ਗੁਪਤ ਖੇਲ ਅਪਾਰੀ, ਹਰਿ ਲੇਖਾ ਦਏ ਸਮਝਾਈਆ । ਵੇਖ ਵਖਾਏ ਘੜਨ ਭੰਨਣਹਾਰੀ, ਸਮਰਥ ਪੁਰਖ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਰਿਹਾ ਖੁਲ੍ਹਾਈਆ । ਪੰਚਮ ਉਠ ਕਰਨ ਸਲਾਹ, ਚਰਨ ਧਿਆਨ ਲਗਾਇਆ । ਹੁਕਮੇ ਅੰਦਰ ਮਿਲਿਆ ਰਾਹ, ਹੁਕਮੀ ਹੁਕਮ ਵਡ ਵਡਿਆਇਆ । ਜੁਗ ਚੌਕੜੀ ਸੇਵਾ ਦੇਵੇ ਲਾ, ਸਿਰ ਆਪਣਾ ਹੱਥ ਟਿਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਣਾ ਹੁਕਮ ਮਨਾਇਆ । ਹੁਕਮੇ ਅੰਦਰ ਜੁਗ ਚੌਕੜੀ ਚਾਰ, ਕੋਟਨ ਕਾਲ ਕਾਲ ਬਿਤਾਈਆ । ਹੁਕਮੇ ਅੰਦਰ ਲੇਖਾ ਲਿਖ ਲਿਖ ਗਏ ਗੁਰੂ ਅਵਤਾਰ, ਪੀਰ ਪੈਗ਼ੰਬਰ ਮਾਤ ਜਣਾਈਆ । ਹੁਕਮੇ ਅੰਦਰ ਦੀਨ ਮਜ਼੍ਹਬ ਜ਼ਾਤ ਪਾਤ ਕਰ ਕਰ ਖ਼ਬਰਦਾਰ, ਸ਼ਬਦ ਸੰਦੇਸਾ ਗਏ ਅਲਾਈਆ । ਹੁਕਮੇ ਅੰਦਰ ਖੜਗ ਖੰਡਾ ਕਟਾਰ, ਤੀਰ ਕਮਾਨ ਚਿਲੇ ਗਏ ਚੜ੍ਹਾਈਆ । ਹੁਕਮੇ ਅੰਦਰ ਜੰਗਲ ਜੂਹਾਂ ਵਿਚ ਹੋ ਖ਼ੁਆਰ, ਹੁਕਮੇ ਅੰਦਰ ਬਾਲੇ ਨੀਹਾਂ ਹੇਠ ਦਬਾਈਆ । ਹੁਕਮੇ ਅੰਦਰ ਵਹੇ ਗੰਗਾ ਜਲ ਜਲ ਧਾਰ, ਹੁਕਮੇ ਅੰਦਰ ਅਗਨੀ ਥੰਮ ਤਪਾਈਆ । ਹੁਕਮੇ ਅੰਦਰ ਲੇਖਾ ਦੱਸ ਕੇ ਗਏ ਅਗੰਮ ਅਪਾਰ, ਬੇਅੰਤ ਵੱਡੀ ਵਡਿਆਈਆ । ਹੁਕਮੇ ਅੰਦਰ ਵੇਦ ਵਿਆਸਾ ਮੰਗੇ ਭਿਖਾਰ, ਪ੍ਰਭ ਅੱਗੇ ਝੋਲੀ ਡਾਹੀਆ । ਹੁਕਮੇ ਅੰਦਰ ਪੂਤ ਸਪੂਤਾ ਬ੍ਰਹਿਮਣ ਗੌੜਾ ਆਏ ਵਿਚ ਸੰਸਾਰ, ਉਚੇ ਟਿੱਲੇ ਪਰਬਤ ਆਸਣ ਲਾਈਆ । ਹੁਕਮੇ ਅੰਦਰ ਮੂਸਾ ਡਿਗਾ ਮੂੰਹ ਦੇ ਭਾਰ, ਨੂਰੀ ਨੂਰ ਨਾ ਝੱਲਿਆ ਜਾਈਆ । ਹੁਕਮੇ ਅੰਦਰ ਈਸਾ ਮੰਗੇ ਪਨਾਹ ਪਰਵਰਦਿਗਾਰ, ਪਿਤਾ ਇਕੋ ਨਜ਼ਰੀ ਆਈਆ । ਹੁਕਮੇ ਅੰਦਰ ਮੁਹੰਮਦ ਕਰੇ ਪੁਕਾਰ, ਉਚੀ ਕੂਕ ਕੂਕ ਸੁਣਾਈਆ । ਹੁਕਮੇ ਅੰਦਰ ਖੇਲ ਕਰੇ ਪਰਵਰਦਿਗਾਰ, ਸਾਂਝਾ ਯਾਰ ਵੱਡੀ ਵਡਿਆਈਆ । ਹੁਕਮੇ ਅੰਦਰ ਅਮਾਮ ਮਹਿੰਦੀ ਲਏ ਅਵਤਾਰ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਹੁਕਮੇ ਅੰਦਰ ਨਾਨਕ ਸ਼ਬਦੀ ਧਾਰ, ਅਗੰਮ ਅਥਾਹ ਪੜ੍ਹਾਈਆ । ਹੁਕਮੇ ਅੰਦਰ ਏਕੰਕਾਰ ਕਰਤਾਰ, ਦੂਜਾ ਅੰਕ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਹੁਕਮੇ ਇਕ ਸ਼ਨਵਾਈਆ । ਹੁਕਮੇ ਅੰਦਰ ਨਾਨਕ ਨਿਰਗੁਣ ਗਾਇਆ, ਗਹਿਰ ਗੰਭੀਰ ਵਡਿਆਇੰਦਾ । ਹੁਕਮੇ ਅੰਦਰ ਧਿਆਨ ਲਗਾਇਆ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਇੰਦਾ । ਹੁਕਮੇ ਅੰਦਰ ਰਾਗ ਅਲਾਇਆ, ਨਾਮ ਮੰਤਰ ਸਤਿ ਅਲਾਇੰਦਾ । ਹੁਕਮੇ ਅੰਦਰ ਮੰਗ ਮੰਗਾਇਆ, ਆਪਣੀ ਝੋਲੀ ਅੱਗੇ ਡਾਹਿੰਦਾ । ਕਵਣ ਵੇਲਾ ਪ੍ਰਭ ਹੋਏ ਸਹਾਇਆ, ਨਿਰਗੁਣ ਆਪਣਾ ਫੇਰਾ ਪਾਇੰਦਾ । ਜੁਗ ਚੌਕੜੀ ਪੰਧ ਮੁਕਾਇਆ, ਆਪ ਆਪਣਾ ਹੁਕਮ ਮਨਾਇੰਦਾ । ਹੁਕਮੇ ਅੰਦਰ ਗੋਬਿੰਦ ਲੇਖ ਲਿਖਾਇਆ, ਲਿਖਿਆ ਲੇਖ ਨਾ ਕੋਇ ਮਿਟਾਇੰਦਾ । ਹੁਕਮੇ ਅੰਦਰ ਯਾਰੜਾ ਸੱਥਰ ਇਕ ਹੰਢਾਇਆ, ਸੂਲਾਂ ਸੇਜ ਆਪ ਬਹਾਇੰਦਾ । ਹੁਕਮੇ ਅੰਦਰ ਤਿਖੀ ਮੁਖੀ ਧਾਰ ਜਣਾਇਆ, ਹੁਕਮੇ ਅੰਦਰ ਸਾਚੀ ਸਿਖੀ ਆਪ ਅਖਵਾਇੰਦਾ । ਹੁਕਮੇ ਅੰਦਰ ਧੁਰ ਦੀ ਚਿਠੀ ਲਏ ਪੜ੍ਹਾਇਆ, ਅਨਡਿਠੀ ਅੱਖਰ ਨਾ ਕੋਇ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਹੁਕਮ ਵਰਤਾਇੰਦਾ ।

੬੫
੧੪

ਹੁਕਮੇ ਅੰਦਰ ਜੁਗ ਚਾਰ, ਚੌਕੜ ਬੰਧਨ ਪਾਇਆ । ਹੁਕਮੇ ਅੰਦਰ ਵੇਦ ਚਾਰ, ਸਿਫ਼ਤੀ ਸਿਫ਼ਤ ਸਾਲਾਹਿਆ । ਹੁਕਮੇ ਅੰਦਰ ਚਾਰ ਕੁੰਟ ਉਜਿਆਰ, ਉਤਰ ਪੂਰਬ ਪੱਛਮ ਦੱਖਣ ਸੋਭਾ ਪਾਇਆ । ਹੁਕਮੇ ਅੰਦਰ ਚਾਰ ਦੀਵਾਰ, ਚਾਰੋਂ ਕੁੰਟ ਘੇਰ ਵਖਾਇਆ । ਹੁਕਮੇ ਅੰਦਰ ਚਾਰ ਵਰਨ ਖ਼ਬਰਦਾਰ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਵਖਾਇਆ । ਹੁਕਮੇ ਅੰਦਰ ਚਾਰੇ ਬਾਣੀ ਬੋਲ ਜੈਕਾਰ, ਜੈਕਾਰਾ ਪਰਾ ਪਸੰਤੀ ਮਧਮ ਬੈਖਰੀ ਰਾਗ ਅਲਾਇਆ । ਹੁਕਮੇ ਅੰਦਰ ਚਾਰ ਯਾਰ, ਯਾਰੀ ਯਾਰ ਨਾਲ ਨਿਭਾਇਆ । ਹੁਕਮੇ ਅੰਦਰ ਪੰਚ ਪਿਆਰ, ਹਰਿ ਪੰਚ ਦਏ ਬਣਾਇਆ । ਹੁਕਮੇ ਅੰਦਰ ਸੁਤ ਦੁਲਾਰ, ਨੀਹਾਂ ਹੇਠ ਦਬਾਇਆ । ਹੁਕਮੇ ਅੰਦਰ ਕਰ ਪੁਕਾਰ, ਪੁਰਖ ਅਕਾਲ ਮਨਾਇਆ । ਹੁਕਮੇ ਅੰਦਰ ਸਚ ਬੋਲ ਸੰਸਾਰ, ਸ਼ਬਦੀ ਇਕ ਜਣਾਇਆ । ਹੁਕਮੇ ਅੰਦਰ ਕਲ ਕਲਕੀ ਲੈ ਅਵਤਾਰ, ਨਿਹਕਲੰਕ ਨਾਉਂ ਧਰਾਇਆ । ਨਾਨਕ ਕਹੇ ਉਤਰੇ ਆਪਣੀ ਵਾਰ, ਜੋਤੀ ਜੋਤ ਰੁਸ਼ਨਾਇਆ । ਗੋਬਿੰਦ ਕਹੇ ਪੁਰਖ ਅਕਾਲ, ਨਾ ਕੋਈ ਪਿਤਾ ਨਾ ਕੋਈ ਮਾਇਆ । ਨਾਨਕ ਕਹੇ ਸਾਹਿਬ ਦਿਆਲ, ਸਤਿਗੁਰ ਆਪਣਾ ਰੰਗ ਰੰਗਾਇਆ । ਗੋਬਿੰਦ ਕਹੇ ਵੇਖੇ ਲਾਲ, ਲਾਲਨ ਆਪਣੇ ਵਿਚ ਮਿਲਾਇਆ । ਨਾਨਕ ਕਹੇ ਕਰੇ ਨਿਹਾਲ, ਜੁਗ ਚੌਕੜੀ ਪੰਧ ਮੁਕਾਇਆ । ਗੋਬਿੰਦ ਕਹੇ ਮੇਰਾ ਹੱਲ ਕਰੇ ਸਵਾਲ, ਲੁਕਿਆ ਕੋਇ ਰਹਿਣ ਨਾ ਪਾਇਆ । ਨਾਨਕ ਕਹੇ ਸਾਚਾ ਮੰਦਰ ਦਏ ਵਖਾਲ, ਜਿਸ ਘਰ ਬੈਠਾ ਆਸਣ ਲਾਇਆ । ਗੋਬਿੰਦ ਕਹੇ ਜਲਵਾ ਜਲਾਲ, ਨੂਰ ਇਕੋ ਇਕ ਰੁਸ਼ਨਾਇਆ । ਨਾਨਕ ਕਹੇ ਜਿਥੇ ਕਬੀਰ ਜੋਲਾਹਾ ਕਰੇ ਜੁਮਾਲ, ਨਿਤ ਨੇਤਰ ਦਰਸ਼ਨ ਪਾਇਆ । ਗੋਬਿੰਦ ਕਹੇ ਓਥੇ ਮੇਰੀ ਆਪੇ ਕਰੇ ਭਾਲ, ਫੜ ਬਾਹੋਂ ਗਲੇ ਲਗਾਇਆ । ਨਾਨਕ ਕਹੇ ਸਚਖੰਡ ਸੱਚੀ ਧਰਮਸਾਲ, ਛੱਪਰ ਛੰਨ ਨਾ ਕੋਇ ਸੁਹਾਇਆ । ਗੋਬਿੰਦ ਕਹੇ ਇਕੋ ਇਕ ਕਰੇ ਪ੍ਰਿਤਪਾਲ, ਮਿਹਰਵਾਨ ਆਸਣ ਲਾਇਆ । ਅੰਤਮ ਦੇਵੇ ਮੈਨੂੰ ਦਾਨ, ਮੇਰੀ ਝੋਲੀ ਮਾਤ ਭਰਾਇਆ । ਮੈਂ ਬਣਿਆ ਬਾਲ ਅਵਾਣ, ਆਪਣਾ ਆਪ ਨਾ ਕੋਇ ਰਖਾਇਆ । ਪਿਤਾ ਮਾਤ ਕੀਤੇ ਕੁਰਬਾਨ, ਕਾਇਆ ਵੰਡ ਨਾ ਕੋਇ ਵੰਡਾਇਆ । ਖੜਗ ਖੰਡਾ ਸਚ ਮਿਆਨ, ਨਾਮ ਗਾਤਰੇ ਇਕ ਲਗਾਇਆ । ਨਾਤਾ ਜੁੜਿਆ ਵਾਲੀ ਦੋ ਜਹਾਨ, ਦੋਏ ਦੋਏ ਆਪਣਾ ਰਾਹ ਵਖਾਇਆ । ਹੁਕਮੇ ਅੰਦਰ ਹੋਏ ਪਰਧਾਨ, ਪਰਮ ਪੁਰਖ ਵੇਸ ਵਟਾਇਆ । ਨੌਂ ਸੌ ਚਰਾਨਵੇਂ ਚੌਕੜੀ ਸਾਨੂੰ ਘੱਲਦਾ ਰਿਹਾ ਵਿਚ ਜਹਾਨ, ਸਚ ਸੰਦੇਸਾ ਆਪ ਸੁਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਇਕ ਵਡਿਆਇਆ । ਹੁਕਮੇ ਅੰਦਰ ਗੋਬਿੰਦ ਰੰਗ, ਰੰਗ ਰੰਗੀਲਾ ਆਪ ਜਣਾਈਆ । ਹੁਕਮੇ ਅੰਦਰ ਡੋਰ ਪਤੰਗ, ਗੁਡੀਆ ਆਪ ਉਡਾਈਆ । ਹੁਕਮੇ ਅੰਦਰ ਸੂਰਾ ਸਰਬੰਗ, ਸ਼ਹਿਨਸ਼ਾਹ ਅਖਵਾਈਆ । ਹੁਕਮੇ ਅੰਦਰ ਨਾਮ ਮਰਦੰਗ, ਦੋ ਜਹਾਨ ਸ਼ਨਵਾਈਆ । ਹੁਕਮੇ ਅੰਦਰ ਲੋਆਂ ਪੁਰੀਆਂ ਲੰਘ, ਬ੍ਰਹਿਮੰਡ ਖੰਡ ਵੇਖ ਵਖਾਈਆ । ਹੁਕਮੇ ਅੰਦਰ ਆਦਿ ਜੁਗਾਦਿ ਜੁਗ ਜੁਗ ਸੁਣਾਵੇ ਛੰਦ, ਸਾਚਾ ਢੋਲਾ ਰਾਗ ਅਲਾਈਆ । ਹੁਕਮੇ ਅੰਦਰ ਸਦਾ ਸਦਾ ਸਦ ਬੇੜ੍ਹਾ ਬੰਨ੍ਹ, ਆਪਣੇ ਕੰਧ ਉਠਾਈਆ । ਹੁਕਮੇ ਅੰਦਰ ਕਰ ਪ੍ਰਕਾਸ਼ ਸੂਰਜ ਚੰਦ, ਰਵ ਸਸ ਕਰੇ ਰੁਸ਼ਨਾਈਆ । ਹੁਕਮੇ ਅੰਦਰ ਬਣ ਜਨਨੀ ਜਨ, ਸੁਤ ਦੁਲਾਰੇ ਗੋਦ ਬਹਾਈਆ । ਹੁਕਮੇ ਅੰਦਰ ਘੜੇ ਲਏ ਭੰਨ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੰਡ ਵੰਡਾਈਆ । ਹੁਕਮੇ ਅੰਦਰ ਦੇਵੇ ਡੰਨ, ਬਚਿਆ ਕੋਇ ਰਹਿਣ ਨਾ ਪਾਈਆ । ਹੁਕਮੇ ਅੰਦਰ ਖੇਲ ਕਰਾਏ ਸ੍ਰੀ ਭਗਵਨ, ਭਗਵਨ ਆਪਣੀ ਕਲ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਇਕੋ ਹੁਕਮ ਮਨਾਈਆ ।

ਹੁਕਮੇ ਅੰਦਰ ਖੇਲ ਨਿਰੰਕਾਰ, ਨਿਰਗੁਣ ਨਾਨਕ ਗਿਆ ਜਣਾਈਆ । ਨਿਹਕਲੰਕ ਮਹਾਂਬਲੀ ਆਵੇ ਅਵਤਾਰ, ਬਲ ਆਪਣਾ ਆਪ ਪਰਗਟਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਦਾ ਕਰਜਾ ਦਏ ਉਤਾਰ, ਆਪ ਆਪਣੀ ਸੇਵ ਕਮਾਈਆ । ਛੱਤੀ ਜੁਗ ਦੀ ਪਾਵੇ ਸਾਰ, ਜੋ ਮੇਰੀ ਨਜ਼ਰੀ ਆਈਆ । ਸਚਖੰਡ ਦਾ ਸਚ ਵਿਹਾਰ, ਲੋਕਮਾਤ ਵਖਾਈਆ । ਦੀਨ ਮਜ਼੍ਹਬ ਜੋ ਵੰਡਦਾ ਰਿਹਾ ਸੰਸਾਰ, ਗੁਰ ਅਵਤਾਰ ਹੁਕਮ ਮਨਾਈਆ । ਸਭ ਦਾ ਲੇਖਾ ਦਏ ਨਿਵਾਰ, ਅੰਤ ਕੋਇ ਰਹਿਣ ਨਾ ਪਾਈਆ । ਸਚ ਸਚ ਲਾਏ ਦਰਬਾਰ, ਦਰਵਾਜਾ ਇਕੋ ਇਕ ਖੁਲ੍ਹਾਈਆ । ਜਿਸ ਨੂੰ ਕਹਿੰਦੇ ਗਏ ਬੇਅੰਤ ਬੇਅੰਤ ਬੇਅੰਤ ਸੱਚੀ ਸਰਕਾਰ, ਸੋ ਸ਼ਹਿਨਸ਼ਾਹ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮੇ ਅੰਦਰ ਖੇਲ ਕਰਾਈਆ । ਹੁਕਮੇ ਅੰਦਰ ਆਏ ਮਾਤ, ਗੁਰ ਅਵਤਾਰ ਪੀਰ ਪੈਗ਼ੰਬਰ ਗਏ ਜਣਾਈਆ । ਹੁਕਮੇ ਅੰਦਰ ਵੇਖੇ ਖੇਲ ਤਮਾਸ਼, ਖ਼ਾਲਕ ਖ਼ਲਕ ਰੂਪ ਵਟਾਈਆ । ਹੁਕਮੇ ਅੰਦਰ ਸਭ ਦੀ ਪੂਰੀ ਕਰੇ ਆਸ, ਨਿਰਾਸਾ ਕੋਇ ਰਹਿਣ ਨਾ ਪਾਈਆ । ਹੁਕਮੇ ਅੰਦਰ ਕਲਜੁਗ ਤ੍ਰੇਤਾ ਦੁਆਪਰ ਸਤਿਜੁਗ ਦਾਸੀ ਦਾਸ, ਨਿਉਂ ਨਿਉਂ ਸੀਸ ਝੁਕਾਈਆ । ਹੁਕਮੇ ਅੰਦਰ ਭਗਤ ਭਗਵਾਨ ਰਹੇ ਝਾਕ, ਨੈਣ ਨੈਣ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਹੁਕਮ ਸਚ ਸਚ ਜਣਾਈਆ । ਏਕਾ ਹੁਕਮ ਜਣਾਇਆ ਆਪ, ਆਪਣੀ ਦਇਆ ਕਮਾਈਆ । ਆਦਿ ਜੁਗਾਦੀ ਸੱਚਾ ਬਾਪ, ਪਿਤਾ ਪੁਰਖ ਫੇਰਾ ਪਾਈਆ । ਜਿਸ ਦਾ ਕਰਦੇ ਰਹੇ ਜਾਪ, ਸੋ ਕਰੇ ਖੇਲ ਬੇਪਰਵਾਹੀਆ । ਚਰਨ ਕਵਲ ਬੰਧਾਏ ਨਾਤ, ਨਾਤਾ ਇਕੋ ਇਕ ਜਣਾਈਆ । ਚਾਰ ਜੁਗ ਦਾ ਵੇਖੇ ਖਾਤ, ਗੁਰ ਅਵਤਾਰ ਪੀਰ ਪੈਗ਼ੰਬਰ ਜੋ ਬੈਠੇ ਵੰਡ ਵੰਡਾਈਆ । ਕਲਜੁਗ ਅੰਤਮ ਖ਼ਾਲੀ ਸਭ ਦੇ ਕਰੇ ਹਾਥ, ਲਹਿਣਾ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਦਾ ਇਕੋ ਨਾਮ ਘਲਾਈਆ । ਸੱਦਾ ਗਿਆ ਘਰ ਘਰ, ਸ੍ਰੀ ਭਗਵਾਨ ਆਪ ਘਲਾਇਆ । ਦੋ ਜਹਾਨ ਗਏ ਸੜ, ਧੀਰਜ ਧੀਰ ਨਾ ਕੋਇ ਰਖਾਇਆ । ਜਿਸ ਨੇ ਘਾੜਨ ਲਿਆ ਘੜ, ਸੋ ਸਾਹਿਬ ਰਿਹਾ ਬੁਲਾਇਆ । ਨਿਰਗੁਣ ਜਾਮਾ ਆਇਆ ਧਰ, ਰੂਪ ਰੰਗ ਰੇਖ ਨਾ ਕੋਇ ਵਖਾਇਆ । ਭਗਤ ਸੁਹੇਲੇ ਸਾਚੇ ਫੜ, ਆਪਣਾ ਬੰਧਨ ਪਾਇਆ । ਧੁਰ ਦਾ ਢੋਲਾ ਆਇਆ ਪੜ੍ਹ, ਸਾਚਾ ਸੋਹਲਾ ਰਾਗ ਅਲਾਇਆ । ਨਿਰਗੁਣ ਹੋ ਕੇ ਅੰਦਰ ਗਿਆ ਵੜ, ਨਜ਼ਰ ਕਿਸੇ ਨਾ ਆਇਆ । ਜੁਗ ਜਨਮ ਦੇ ਵਿਛੜੇ ਫੜ, ਆਪਣਾ ਮੇਲ ਮਿਲਾਇਆ । ਗੋਬਿੰਦ ਬਾਲੇ ਨੀਹਾਂ ਹੇਠ ਧਰ, ਮਹੱਲ ਅਟੱਲ ਇਕ ਰੁਸ਼ਨਾਈਆ । ਕਰਿਆ ਖੇਲ ਅਛਲ ਅਛੱਲ, ਭੇਵ ਕਿਸੇ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮੇ ਅੰਦਰ ਸਭ ਸਮਝਾਇਆ । ਹੁਕਮੇ ਅੰਦਰ ਗਏ ਜਾਣ, ਜਾਣੀ ਜਾਣ ਰਿਹਾ ਜਣਾਈਆ । ਸ਼ਬਦੀ ਸੁਤ ਵਡ ਬਲਵਾਨ, ਬਣਿਆ ਪਾਂਧੀ ਰਾਹੀਆ । ਵਿਸ਼ਨ ਬ੍ਰਹਮਾ ਸ਼ਿਵ ਕਰ ਧਿਆਨ, ਭੱਜੇ ਆਏ ਵਾਹੋ ਦਾਹੀਆ । ਗੁਰ ਅਵਤਾਰ ਸਰਬ ਪਛਤਾਣ, ਹਰਿ ਕਾ ਭੇਵ ਕੋਇ ਨਾ ਪਾਈਆ । ਪੀਰ ਪੈਗ਼ੰਬਰ ਹੋਏ ਹੈਰਾਨ, ਨੇਤਰ ਨੈਣ ਨਾ ਸਕੇ ਕੋਇ ਉਠਾਈਆ । ਕਾਗ਼ਜ਼ ਕਲਮ ਸ਼ਾਹੀ ਸਰਬ ਸ਼ਰਮਾਣ, ਨੇਤਰ ਨੈਣਾਂ ਨੀਰ ਵਹਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਜਿਸ ਦਾ ਕਰਦੇ ਰਹੇ ਵਖਿਆਨ, ਵਿਆਖਿਆ ਲੋਕਮਾਤ ਸਮਝਾਈਆ । ਜਿਸ ਦਾ ਗੁਰ ਅਵਤਾਰ ਪੀਰ ਪੈਗ਼ੰਬਰ ਲੌਂਦੇ ਰਹੇ ਧਿਆਨ, ਅੰਤਰ ਅੰਤਰ ਵੇਖ ਵਖਾਈਆ । ਜਿਸ ਨੂੰ ਕਹਿੰਦੇ ਰਹੇ ਸ੍ਰੀ ਭਗਵਾਨ, ਨਿਰਗੁਣ ਦਾਤਾ ਸੱਚਾ ਸ਼ਹਿਨਸ਼ਾਹੀਆ । ਕਲਜੁਗ ਅੰਤਮ

ਬਣਿਆ ਪਰਧਾਨ, ਸ਼ਾਹ ਪਾਤਸ਼ਾਹ ਆਪ ਅਖਵਾਈਆ । ਦਰ ਸੱਦ ਕੇ ਲਏ ਬਿਆਨ, ਆਪਣਾ ਲੇਖਾ ਦਿਓ ਵਖਾਈਆ । ਬਗ਼ਲੇ ਲੈ ਕੇ ਔਣੀ ਅੰਜੀਲ ਕੁਰਾਨ, ਗੀਤਾ ਹੱਥ ਵਿਚ ਰਿਹਾ ਫੜਾਈਆ । ਅਠਾਰਾਂ ਪੁਰਾਨ ਲੈ ਨਿਸ਼ਾਨ, ਚਾਰ ਵੇਦ ਉਂਗਲੀ ਲਾਈਆ । ਸ਼ਬਦ ਗੁਰ ਇਕ ਬਲਵਾਨ, ਸੰਦੇਸਾ ਇਕੋ ਇਕ ਜਣਾਈਆ । ਸਚ ਦੁਆਰਾ ਖੁਲ੍ਹਿਆ ਆਣ, ਸਚਖੰਡ ਮਿਲੇ ਵਡਿਆਈਆ । ਸਤਿ ਧਰਮ ਦਾ ਝੁੱਲੇ ਨਿਸ਼ਾਨ, ਨਿਰਵੈਰ ਪੁਰਖ ਆਪ ਝੁਲਾਈਆ । ਉਨੀ ਕੱਤਕ ਦਿਵਸ ਮਹਾਨ, ਭਗਤ ਦੁਆਰੇ ਮਾਣ ਵਡਿਆਈਆ । ਥੱਲੇ ਸੁੱਤੇ ਬਾਲ ਨੌਜਵਾਨ, ਸਿੰਘ ਮਨਜੀਤ ਜਗਦੀਸ਼ ਖ਼ੁਸ਼ੀ ਮਨਾਈਆ । ਗੋਬਿੰਦ ਰਤ ਕੱਢੀ ਮਹਾਨ, ਮਸਤਕ ਟਿੱਕਾ ਲਾਈਆ । ਪਾਲ ਸਿੰਘ ਦਾ ਇਕ ਰੁਪੱਯਾ ਕਰ ਪਰਵਾਨ, ਚੌਥੀ ਕੁੰਟ ਦਿਤਾ ਦਬਾਈਆ । ਚੌਥੀ ਮੰਜ਼ਲ ਸਾਹਿਬ ਸੁਲਤਾਨ, ਆਪਣਾ ਰੰਗ ਰੰਗਾਈਆ । ਜੋਧਾ ਸੂਰਬੀਰ ਹੋ ਬਲਵਾਨ, ਪਰਦਾ ਦਏ ਉਠਾਈਆ । ਚੜ੍ਹਿਆ ਮਹੱਲ ਅਟੱਲ ਮਕਾਨ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਭਗਤ ਝੁਲਾਏ ਇਕ ਨਿਸ਼ਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਹੁਕਮੇ ਅੰਦਰ ਮਿਲਿਆ ਸੱਦਾ, ਸ੍ਰੀ ਭਗਵਾਨ ਆਪ ਜਣਾਇਆ । ਗੁਰ ਅਵਤਾਰ ਪੀਰ ਪੈਗ਼ੰਬਰ ਛੱਡੇ ਹੱਦਾਂ, ਦੀਨ ਮਜ਼੍ਹਬ ਰਹਿਣ ਨਾ ਪਾਇਆ । ਦਰ ਦੁਆਰੇ ਔਣਾ ਭੱਜਾ, ਵਾਰ ਥਿਤ ਇਕ ਲਿਖਾਇਆ । ਪਹਿਲੀ ਚੇਤ ਸ੍ਰੀ ਭਗਵਾਨ ਸਚ ਸਿੰਘਾਸਣ ਬਹਿ ਕੇ ਸਜਾ, ਸੀਸ ਜਗਦੀਸ਼ ਤਾਜ ਟਿਕਾਇਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਜਿਸ ਨੇ ਪਰਦਾ ਕੱਜਾ, ਅੰਤਮ ਮੁਖੜਾ ਦਏ ਵਖਾਇਆ । ਨਾ ਬਾਲਾ ਨਾ ਕੋਈ ਨੱਢਾ, ਬਿਰਧ ਜਵਾਨ ਨਜ਼ਰ ਨਾ ਆਇਆ । ਭੱਜਾ ਫਿਰੇ ਬਿਨ ਖ਼ਾਲੀ ਹੱਥਾਂ ਪੈਰੀਂ ਪੰਧ ਨਾ ਕੋਇ ਮੁਕਾਇਆ । ਨਿਰਗੁਣ ਜੋਤ ਪੁਰਖ ਸਮਰਥਾ, ਭੇਵ ਅਭੇਦਾ ਰਿਹਾ ਖੁਲ੍ਹਾਇਆ । ਪਿਛਲਾ ਲੇਖਾ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਰੱਟਾ, ਕਲਜੁਗ ਅੰਤਮ ਦਏ ਮੁਕਾਇਆ । ਅੱਗੇ ਲਿਖ ਕੇ ਦੇਵੇ ਪੱਟਾ, ਸਚ ਵਸੀਅਤ ਇਕ ਜਣਾਇਆ । ਸ੍ਰੀ ਭਗਵਾਨ ਦਾ ਇਕੋ ਪਤਾ, ਸਤਿ ਸੰਦੇਸਾ ਦਏ ਸੁਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮ ਇਕੋ ਇਕ ਮਨਾਇਆ । ਹੁਕਮ ਸੁਣਿਆ ਧੁਰ ਫ਼ਰਮਾਣਾ, ਵਿਸ਼ਨ ਬ੍ਰਹਮਾ ਸ਼ਿਵ ਸੀਸ ਨਿਵਾਈਆ । ਹੁਕਮ ਸੁਣਿਆ ਸ੍ਰੀ ਭਗਵਾਨਾ, ਗੁਰ ਅਵਤਾਰ ਪੀਰ ਪੈਗ਼ੰਬਰ ਬੈਠੇ ਧਿਆਨ ਲਗਾਈਆ । ਹੁਕਮ ਸੁਣਿਆ ਨੌਜਵਾਨਾ, ਨਾ ਕੋਈ ਮੇਟੇ ਮੇਟ ਮਿਟਾਈਆ । ਹੁਕਮ ਸੁਣਿਆ ਸ਼ਾਹ ਸੁਲਤਾਨਾ, ਸ਼ਹਿਨਸ਼ਾਹ ਇਕੋ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਸੁਣ ਸੰਦੇਸਾ ਆਏ ਚਲ, ਆਪਣਾ ਪੰਧ ਮੁਕਾਇਆ । ਅੱਗੇ ਦੱਸ ਆਪਣੀ ਗੱਲ, ਕੀ ਰਾਗ ਅਲਾਇਆ । ਸਾਡੇ ਨਾਲ ਨਾ ਕਰ ਵਲ ਛਲ, ਗੁਰ ਅਵਤਾਰ ਵਾਸਤਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸਾ ਇਕ ਸੁਣਾਇਆ । ਗੁਰ ਅਵਤਾਰ ਪੀਰ ਪੈਗ਼ੰਬਰ ਵੇਖੋ ਆ ਰੰਗ, ਰੰਗ ਰੰਗੀਲਾ ਆਪ ਰੰਗਾਈਆ । ਭਗਤ ਦੁਆਰੇ ਚੜ੍ਹਿਆ ਇਕੋ ਚੰਦ, ਦੋ ਜਹਾਨ ਕਰੇ ਰੁਸ਼ਨਾਈਆ । ਪਿਛਲੀ ਔਧ ਸਭ ਦੀ ਗਈ ਲੰਘ, ਅੱਗੇ ਰਾਹ ਨਾ ਕੋਇ ਵਖਾਈਆ । ਸਭ ਦੇ ਬਿਆਨ ਕਰੇ ਕਲਮ ਬੰਦ, ਲੇਖਾ ਆਪਣੇ ਵਿਚ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਪੁੱਛੇ ਥਾਉਂ ਥਾਈਂਆ । ਸਚ ਸਿੰਘਾਸਣ ਬੈਠਾ ਆ, ਜਿਸ ਦਾ ਧਿਆਨ ਰਹੇ ਲਗਾਈਆ । ਪੁਰਖ ਅਬਿਨਾਸ਼ੀ ਫੇਰਾ ਪਾ, ਨਿਹਕਲੰਕ ਨੂਰ ਧਰਾਈਆ । ਗੋਬਿੰਦ ਚੇਲਾ ਨਾਲ ਮਿਲਾ, ਦੇਵੇ ਮਾਣ ਵਡਿਆਈਆ । ਚੌਥੇ ਘਰ ਬੈਠਾ ਆ, ਆਪ

ਆਪਣਾ ਵੇਸ ਵਟਾਈਆ । ਸਾਚੇ ਭਗਤ ਨਾਲ ਮਿਲਾ, ਇਕੋ ਅੰਕ ਜਣਾਈਆ । ਲਾਲ ਦੁਪੱਟਾ ਰੰਗ ਚੜ੍ਹਾ, ਦਰਗਹਿ ਸਾਚੀ ਨੂਰ ਰੁਸ਼ਨਾਈਆ । ਲਛਮੀ ਖੁਲ੍ਹੀ ਮੀਂਢੀ ਰਹੀ ਵਖਾ, ਪੱਟੀ ਸੀਸ ਨਾ ਕੋਇ ਗੁੰਦਾਈਆ । ਵਿਸ਼ਨੂੰ ਤੇਰਾ ਹੋਇਆ ਸ਼ੈਦਾ, ਭਗਵਨ ਵਿਛੋੜਾ ਝੱਲਿਆ ਨਾ ਜਾਈਆ । ਨਿਰਗੁਣ ਆਦਿ ਜੁਗਾਦਿ ਇਕ ਅਦਾ, ਭਰਮ ਭੁਲੇਖਾ ਸਭ ਨੂੰ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲ ਆਪਣਾ ਨੂਰ ਧਰਾਈਆ । ਸਚ ਸਿੰਘਾਸਣ ਸੋਭਾਵੰਤ, ਸ੍ਰੀ ਭਗਵਾਨ ਸੁਹਾਇਆ । ਸਚ ਦੁਆਰ ਬਣਾਏ ਬਣਤ, ਭਗਤ ਭਗਵਾਨ ਵਡਿਆਇਆ । ਮੇਲ ਮਿਲੌਣਾ ਨਾਰ ਕੰਤ, ਹਰਿ ਸਤਿਗੁਰ ਰੂਪ ਸਮਝਾਇਆ । ਗੀਤ ਸੁਹਾਗੀ ਸਾਚਾ ਛੰਦ, ਇਕੋ ਢੋਲਾ ਗਾਇਆ । ਆਤਮ ਪਰਮਾਤਮ ਮਣੀਆਂ ਮੰਤ, ਮੰਤਰ ਨਾਮ ਦ੍ਰਿੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਦੁਆਰੇ ਆਸਣ ਲਾਇਆ । ਆਸਣ ਤੇਰਾ ਵੇਖ ਅਕਾਲ, ਵੱਜੀ ਸਚ ਵਧਾਈਆ । ਸਚਖੰਡ ਬਣੀ ਧਰਮਸਾਲ, ਜਿਸ ਘਰ ਕਰੇ ਜੋਤ ਰੁਸ਼ਨਾਈਆ । ਭਗਤ ਵੇਖੇ ਤੇਰੇ ਲਾਲ, ਇਕੋ ਰੰਗ ਨਜ਼ਰੀ ਆਈਆ । ਨਿਰਗੁਣ ਹੋ ਕੇ ਬਣਿਆ ਦਲਾਲ, ਬਣ ਸੇਵਕ ਸੇਵ ਕਮਾਈਆ । ਮੁਰੀਦਾਂ ਪੁਛਿਆ ਹਾਲ, ਮੁਰਸ਼ਦ ਫੇਰਾ ਪਾਈਆ । ਨਿਰਗੁਣ ਤੇਰੀ ਅਵੱਲੜੀ ਚਾਲ, ਕੋਈ ਸਮਝ ਨਾ ਸਕੇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਬੈਠੇ ਆਈਆ । ਵਿਸ਼ਨੂੰ ਕਹੇ ਮੇਰਾ ਨਾ ਕੋਇ ਬਿਆਨ, ਦੋਏ ਜੋੜ ਸੀਸ ਝੁਕਾਇੰਦਾ । ਬ੍ਰਹਮਾ ਕਹੇ ਮੇਰਾ ਨਾ ਕੋਇ ਗਿਆਨ, ਬ੍ਰਹਮ ਮਤ ਨਾ ਕੋਇ ਜਣਾਇੰਦਾ । ਸ਼ੰਕਰ ਕਹੇ ਮੇਰਾ ਨਾ ਕੋਇ ਨਿਸ਼ਾਨ, ਤਰਸੂਲ ਹੱਥ ਸੁਟਾਇੰਦਾ । ਤ੍ਰੈਗੁਣ ਕਹੇ ਮੇਰਾ ਕੋਈ ਨਾ ਮਾਣ, ਅਭਿਮਾਨ ਨਜ਼ਰ ਕੋਇ ਨਾ ਆਇੰਦਾ । ਪੰਜ ਤੱਤ ਕਹੇ ਮੇਰਾ ਨਾ ਕੋਇ ਵਿਧਾਨ, ਸਗਲਾ ਸੰਗ ਨਾ ਕੋਇ ਰਖਾਇੰਦਾ । ਤੇਈ ਅਵਤਾਰ ਕਹਿਣ ਸਾਡਾ ਨਾ ਕੋਈ ਫ਼ਰਮਾਣ, ਫ਼ਰਮਾਣ ਤੇਰਾ ਨਜ਼ਰੀ ਆਇੰਦਾ । ਪੀਰ ਪੈਗ਼ੰਬਰ ਕਹਿਣ ਸਾਡਾ ਨਾ ਕੋਇ ਨਿਸ਼ਾਨ, ਨਿਸ਼ਾਨਾ ਇਕੋ ਇਕ ਸੁਹਾਇੰਦਾ । ਨਾਨਕ ਗੋਬਿੰਦ ਕਹਿਣ ਸਾਡਾ ਨਾ ਕੋਈ ਮਾਣ, ਇਕ ਤੇਰੀ ਓਟ ਰਖਾਇੰਦਾ । ਪੁਰਖ ਅਕਾਲ ਕਹੇ ਮੈਂ ਸਭ ਦਾ ਜਾਣੀ ਜਾਣ, ਆਦਿ ਜੁਗਾਦਿ ਜੁਗ ਜੁਗ ਭੁੱਲ ਕਦੇ ਨਾ ਜਾਇੰਦਾ । ਆਓ, ਬੱਚੇ ਤੁਸੀਂ ਮੇਰੇ ਨਾਦਾਨ, ਸਭ ਦਾ ਲੇਖਾ ਆਪ ਜਣਾਇੰਦਾ । ਸਭ ਨੂੰ ਕਰਨਾ ਪਏ ਪਰਵਾਨ, ਧੁਰ ਫ਼ਰਮਾਣਾ ਆਪ ਅਲਾਇੰਦਾ । ਇਕੋ ਮਜ਼੍ਹਬ ਇਕ ਈਮਾਨ, ਇਸ਼ਟ ਇਕੋ ਇਕ ਵਖਾਇੰਦਾ । ਇਕੋ ਸਾਹਿਬ ਸਤਿਗੁਰ ਕਾਹਨ, ਇਕੋ ਗੋਪੀ ਨਾਚ ਨਚਾਇੰਦਾ । ਇਕੋ ਰਮੱਯਾ ਹੋਏ ਰਾਮ, ਇਕੋ ਬੰਸ ਇਕੋ ਵੰਸ ਧਰਾਇੰਦਾ । ਇਕੋ ਨੂਰ ਪੈਗ਼ੰਬਰ ਸਚ ਅਮਾਮ, ਪੀਰ ਪੈਗ਼ੰਬਰ ਸੇਵਾ ਲਾਇੰਦਾ । ਏਕਾ ਕਲਮਾ ਨਬੀ ਰਸੂਲ ਜਣਾਏ ਕਲਾਮ, ਕਾਇਨਾਤ ਇਕ ਸਮਾਇੰਦਾ । ਇਕੋ ਸਚਖੰਡ ਵਸੇ ਮਕਾਨ, ਇਕੋ ਲੱਖ ਚੁਰਾਸੀ ਡੇਰਾ ਲਾਇੰਦਾ । ਇਕੋ ਨਾਨਕ ਗੋਬਿੰਦ ਦੇਵੇ ਫ਼ਰਮਾਣ, ਧੁਰ ਸੰਦੇਸਾ ਮਾਤ ਅਲਾਇੰਦਾ । ਇਕੋ ਪਰਗਟ ਹੋਏ ਵਾਲੀ ਦੋ ਜਹਾਨ, ਦੋਏ ਦੋਏ ਧਾਰਾ ਆਪ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਅਵਤਾਰਾਂ ਆਖ ਸੁਣਾਇੰਦਾ । ਗੁਰ ਅਵਤਾਰ ਆਓ ਨੇੜੇ, ਹਰਿ ਸਤਿਗੁਰ ਆਪ ਬੁਲਾਈਆ । ਈਸਾ ਮੂਸਾ ਮੁਹੰਮਦ ਪਿਛੇ ਲਾ ਕੇ ਬੈਠੇ ਡੇਰੇ, ਚੋਰੀ ਚੋਰੀ ਨੈਣ ਉਠਾਈਆ । ਅੱਗੋਂ ਦਿਸੇ ਸਿੰਘ ਸ਼ੇਰੇ, ਹਰਿ ਸ਼ਬਦੀ ਰੂਪ ਜਣਾਈਆ । ਚਾਰੋਂ ਕੁੰਟ ਆ ਗਏ ਘੇਰੇ, ਬਾਹਰ ਨਿਕਲ ਕੋਇ ਨਾ ਜਾਈਆ । ਸਾਰੇ ਕਹਿਣ ਚਾਰ ਜੁਗ ਬਥੇਰੇ, ਪ੍ਰਭ ਕਹੇ ਮੇਰੀ ਪਲਕ ਜਿੰਨਾਂ ਚਿਰ ਨਾ ਲੱਗੇ

੬੯
੧੪

ਰਾਈਆ । ਪਿਛਲੇ ਸਾਰੇ ਛੱਡ ਦਿਓ ਝੇੜੇ, ਘਰ ਸਾਚੇ ਮਤਾ ਪਕਾਈਆ । ਉਚੇ ਮੰਦਰ ਚੜ੍ਹ ਕੇ ਪ੍ਰਭ ਨੇ ਸਭ ਦੇ ਢੌਣੇ ਡੇਰੇ, ਬਣਿਆ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮੇ ਅੰਦਰ ਖੇਲ ਵਰਤਾਈਆ । ਤੇਈ ਅਵਤਾਰ ਕਹਿਣ ਸਾਡਾ ਤੁਟਾ ਨਾਤਾ, ਪਿਛਲਾ ਸੰਗ ਰਿਹਾ ਨਾ ਰਾਈਆ । ਤੇਰਾ ਹੁਕਮ ਸਾਹਿਬ ਸਮਰਾਥਾ, ਸਦਾ ਸਦਾ ਸਦ ਝੋਲੀ ਪਾਈਆ । ਤੂੰ ਹੋਏਂ ਸਹਾਈ ਨਾਥ ਅਨਾਥਾਂ, ਦੁਖੀਆਂ ਦਰਦ ਦਰਦ ਵੰਡਾਈਆ । ਗ਼ਰੀਬ ਨਿਮਾਣਿਆਂ ਪੂਰਾ ਕਰੇਂ ਘਾਟਾ, ਵਸਤ ਅਮੋਲਕ ਝੋਲੀ ਪਾਈਆ । ਊਚਾਂ ਨੀਚਾਂ ਦੇਵੇਂ ਅੰਮ੍ਰਿਤ ਬਾਟਾ, ਰਸ ਇਕੋ ਇਕ ਵਖਾਈਆ । ਅਸੀਂ ਰਲ ਕੇ ਬਹੀਏ ਇਕ ਜਮਾਤਾ, ਪੱਟੀ ਅਵਰ ਨਾ ਕੋਇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਖੇਲ ਆਪ ਕਰਾਈਆ । ਈਸਾ ਮੂਸਾ ਕਹਿਣ ਤੂੰ ਮਦਦਗਾਰ, ਤੇਰੀ ਓਟ ਤਕਾਈਆ । ਪਰਵਰਦਿਗਾਰ ਸਾਂਝਾ ਯਾਰ, ਲਾਸ਼ਰੀਕ ਤੇਰੀ ਸ਼ਹਿਨਸ਼ਾਹੀਆ । ਹੱਕ ਹਕੀਕਤ ਵੇਖ ਵਿਚਾਰ, ਬੇਨਜ਼ੀਰ ਫੇਰਾ ਪਾਈਆ । ਤੇਰੀ ਤਾਅਰੀਫ਼ ਕਰ ਕਰ ਗਏ ਹਾਰ, ਤੁਆਰਫ਼ ਤੇਰਾ ਨਾ ਕੋਇ ਕਰਾਈਆ । ਹੋਏ ਜ਼ਈਫ਼ ਨਾ ਪਾਵੇ ਕੋਈ ਸਾਰ, ਫੜ ਬਾਹੋਂ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਹੱਥ ਵਡਿਆਈਆ । ਪਰਵਰਦਿਗਾਰ ਕਹੇ ਸੁਣੋ ਬਰਖ਼ੁਰਦਾਰ, ਸਚ ਸੰਦੇਸਾ ਇਕ ਅਲਾਈਆ । ਦਰਗਹਿ ਸਾਚੀ ਖੇਲ ਅਪਾਰ, ਧੁਰਦਰਗਾਹੀ ਆਪ ਕਰਾਈਆ । ਮੁਹੰਮਦ ਤੇਰਾ ਹੌਲਾ ਕਰੇ ਭਾਰ, ਅਹਿਮਦ ਦੇਵੇ ਤੇਰੀ ਸਰਨਾਈਆ । ਕੀਤਾ ਕੌਲ ਪਹਿਲੀ ਵਾਰ, ਧਰਤ ਧਵਲ ਵੇਖ ਵਖਾਈਆ । ਮੌਲਾ ਰੂਪ ਹੋ ਨਿਰੰਕਾਰ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਚੌਦਾਂ ਤਬਕ ਖੋਲ੍ਹ ਕਿਵਾੜ, ਮੰਦਰ ਇਕ ਵਡਿਆਈਆ । ਸਦੀ ਚੌਧਵੀਂ ਪਾਵੇ ਸਾਰ, ਚੌਦਸ ਚੌਦਸ ਚੰਦ ਰੁਸ਼ਨਾਈਆ । ਕਰੇ ਖੇਲ ਆਪ ਗ਼ਮਖ਼ਾਰ, ਗ਼ਮਗ਼ੀਨ ਰੂਪ ਨਾ ਕੋਇ ਵਖਾਈਆ । ਕਿਉਂ ਨੇਤਰ ਹੋਏ ਸ਼ਰਮਸਾਰ, ਅੱਖ ਅੱਖ ਨਾ ਕੋਇ ਮਿਲਾਈਆ । ਮੁਹੰਮਦ ਦੋਏ ਜੋੜ ਕਰ ਨਿਮਸਕਾਰ, ਢਹਿ ਪਿਆ ਸ਼ਰਨਾਈਆ । ਅੱਲਾ ਰਾਣੀ ਵੇਖ ਹਾਲ, ਖੁਲ੍ਹੜੇ ਕੇਸ ਦਏ ਦੁਹਾਈਆ । ਮੇਰਾ ਕੋਈ ਨਾ ਲੱਭਾ ਸਾਥ, ਸਾਥੀ ਨਜ਼ਰ ਕੋਇ ਨਾ ਆਈਆ । ਪਾਰ ਪੱਤਣ ਨਾ ਮਿਲਿਆ ਘਾਟ, ਅੱਧਵਾਟੇ ਡੇਰਾ ਲਾਈਆ । ਮੇਰਾ ਸੁੱਭਰ ਗਿਆ ਪਾਟ, ਮੇਰਾ ਸਾਲੂ ਨਾ ਕੋਇ ਸੁਹਾਈਆ । ਮੇਰੀ ਨੱਕ ਨੱਥ ਨਾ ਕੋਇ ਬਲਾਕ, ਕੰਗਣ ਨਜ਼ਰ ਕੋਇ ਨਾ ਆਈਆ । ਬੇਪਰਵਾਹ ਪਰਵਰਦਿਗਾਰ ਇਕ ਵਾਰ ਲੈਣਾ ਝਾਕ, ਤੇਰੀ ਝਾਕੀ ਮੋਹੇ ਭਾਈਆ । ਤੇਰੀ ਧੂੜੀ ਮੰਗਾਂ ਖ਼ਾਕ, ਮਸਤਕ ਟਿੱਕਾ ਲਾਈਆ । ਮੇਰਾ ਚੌਦਾਂ ਲੋਕਾਂ ਚੌਦਾਂ ਤਬਕਾਂ ਤੁਟੇ ਸਾਕ, ਨਾਤਾ ਕੋਇ ਰਹਿਣ ਨਾ ਪਾਈਆ । ਮੈਨੂੰ ਨਜ਼ਰੀ ਆਏ ਇਕੋ ਪਾਕ, ਪਾਕੀਜ਼ਗੀ ਆਪਣੀ ਦਏ ਵਖਾਈਆ । ਸਚ ਪਿਆਲਾ ਦੇਵੇ ਆਬੇ ਹਯਾਤ, ਆਬਰੂ ਮੇਰੀ ਲਏ ਬਚਾਈਆ । ਚਰਨ ਘੋੜੇ ਦੇਵੇ ਰਕਾਬ, ਅਸਵ ਸ਼ਾਹਸਵਾਰਾ ਫੇਰਾ ਪਾਈਆ । ਪਹਿਲੀ ਚੇਤਰ ਸਚ ਮਹੱਲੇ ਚੜ੍ਹ ਕੇ ਮੁਖ ਤੋਂ ਲਾਹ ਦੇਵੇ ਨਕਾਬ, ਪਰਦਾ ਕੋਇ ਰਹਿਣ ਨਾ ਪਾਈਆ । ਊਚੀ ਕੂਕ ਸੁਣਾਏ ਬਾਂਗ, ਹਿਜਰ ਵਿਚ ਆਪਣਾ ਰਾਗ ਅਲਾਈਆ । ਅਮਾਮ ਮਹਿੰਦੀ ਧਰਿਆ ਸਾਂਗ, ਸਵਾਂਗੀ ਆਪਣਾ ਰੂਪ ਵਟਾਈਆ । ਲਹਿੰਦੀ ਦਿਸ਼ਾ ਚੜ੍ਹੇ ਕਾਂਗ, ਨਾ ਕੋਈ ਮੇਟੇ ਮੇਟ ਮਿਟਾਈਆ । ਚਾਰੋਂ ਕੁੰਟ ਪੈ ਜਾਏ ਧਾਂਗ, ਪ੍ਰਭ ਪਰਗਟ ਹੋਇਆ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਦੇਸਾ ਇਕੋ ਹੁਕਮ ਮਨਾਈਆ । ਪੀਰ ਪੈਗ਼ੰਬਰ ਖ਼ਾਲੀ ਹੱਥ, ਦੁਆਰੇ ਕੂਕਣ ਦੇਣ ਦੁਹਾਈਆ ।

ਜਿਉਂ ਭਾਵੇ ਤਿਉਂ ਲੈਣਾ ਰੱਖ, ਪ੍ਰਭ ਤੇਰੇ ਹੱਥ ਵਡਿਆਈਆ । ਰਸਨਾ ਜਿਹਵਾ ਆਏ ਮਾਤ ਦੱਸ, ਤੇਰਾ ਕਲਮਾ ਮਾਤ ਪੜ੍ਹਾਈਆ । ਦੀਨ ਮਜ਼ਬ ਜ਼ਾਤ ਪਾਤ ਆਏ ਫਸ, ਸ਼ਰਅ ਸ਼ਰੀਅਤ ਬੰਧਨ ਪਾਈਆ । ਅੰਤਮ ਫ਼ਤਵਾ ਲਾਇਆ ਨਾ ਕੋਈ ਸਕੇ ਨੱਠ, ਰਾਹ ਨਜ਼ਰ ਕੋਇ ਨਾ ਆਈਆ । ਚਰਨ ਕਵਲ ਸਰਨਾਈ ਗਏ ਢੱਠ, ਆਪਣਾ ਮਾਣ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦ ਖੁਲ੍ਹਾਈਆ । ਨਾਨਕ ਗੋਬਿੰਦ ਕਹੇ ਤੇਰੀ ਓਟ, ਦੂਜਾ ਨਜ਼ਰ ਕੋਇ ਨਾ ਆਈਆ । ਜਿਉਂ ਭਾਵੇ ਤਿਉਂ ਕੱਢ ਦੇ ਖੋਟ, ਸ੍ਰਿਸ਼ਟੀ ਤੇਰੀ ਤੇਰੀ ਝੋਲੀ ਪਾਈਆ । ਤੇਰਾ ਨੂਰ ਨਿਰਮਲ ਜੋਤ, ਆਦਿ ਜੁਗਾਦਿ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰੇ ਹੱਥ ਤੇਰੀ ਸ਼ਹਿਨਸ਼ਾਹੀਆ । ਨਾਨਕ ਕਹੇ ਤੇਰਾ ਸੱਚਾ ਭਾਣਾ, ਹੁਕਮ ਇਕੋ ਨਜ਼ਰੀ ਆਇੰਦਾ । ਸ਼ਾਹ ਪਾਤਸ਼ਾਹ ਬੇਐਬ ਰਾਣਾ, ਰੱਯਤ ਆਪਣੀ ਵੇਖ ਵਖਾਇੰਦਾ । ਬੇਐਬ ਤੇਰਾ ਗਾਣਾ, ਨਾਦ ਅਨਾਦੀ ਆਪ ਵਜਾਇੰਦਾ । ਤੇਰਾ ਮੰਦਰ ਇਕ ਸੁਹਾਨਾ, ਮਹੱਲ ਅਟੱਲ ਰੁਸ਼ਨਾਇੰਦਾ । ਤੇਰੇ ਦਰ ਭਗਤ ਪਰਵਾਨਾ, ਭਗਵਨ ਤੇਰਾ ਭੇਵ ਕੋਇ ਨਾ ਪਾਇੰਦਾ । ਮੈਂ ਦੱਸ ਕੇ ਗਿਆ ਨਿਸ਼ਾਨਾ, ਕਲਜੁਗ ਅੰਤਮ ਨਿਹਕਲੰਕ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਜਣਾਇੰਦਾ । ਗੋਬਿੰਦ ਕਹੇ ਮੈਂ ਨਾ ਮੰਨਾਂ, ਪ੍ਰਭ ਸਚ ਸਚ ਜਣਾਇਆ । ਜਿੰਨਾਂ ਚਿਰ ਨਾ ਚਾੜ੍ਹੇਂ ਸਾਚਾ ਚੰਨਾਂ, ਸਤਿਜੁਗ ਰਾਹ ਵਖਾਇਆ । ਗੁਰਮੁਖ ਘਰ ਘਰ ਨਾ ਬਣਾਏਂ ਧੰਨਾ, ਤੇਰੀ ਕਰਾਂ ਨਾ ਕੋਇ ਵਡਿਆਇਆ । ਨਾਮੇ ਵਾਂਗ ਓਨ੍ਹਾਂ ਚਿਰ ਨਾ ਮੰਨਾਂ, ਭਗਤ ਦੁਆਰੇ ਭੋਗ ਲਗਾਇਆ । ਕਾਇਆ ਕਟੋਰੀ ਸਾਚਾ ਛੰਨਾ, ਹਰਿਜਨ ਸਾਚੇ ਰਿਹਾ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਚ ਦ੍ਰਿੜਾਇਆ । ਸ੍ਰੀ ਭਗਵਾਨ ਕਹੇ ਗੋਬਿੰਦ ਸੁਤ, ਦੁਲਾਰੇ ਤੇਰੀ ਵਡਿਆਈਆ । ਅੰਤ ਸੁਹਾਵਾਂ ਰੁੱਤ, ਰੁੱਤੜੀ ਰੁੱਤ ਮਹਿਕਾਈਆ । ਕਲਜੁਗ ਕਿਰਿਆ ਕੱਢਾਂ ਕੁੱਟ, ਗੁਰਮੁਖਾਂ ਘਰ ਰਹਿਣ ਨਾ ਪਾਈਆ । ਰਾਤੀਂ ਸੁਤਿਆਂ ਸਭ ਨੂੰ ਲਵਾਂ ਪੁੱਛ, ਪਰਦਾ ਓਹਲਾ ਆਪ ਉਠਾਈਆ । ਅੰਦਰ ਵੜ ਜਾਂ ਨੀਵਾਂ ਹੋ ਕੇ ਝੁਕ, ਮਾਣ ਤਾਣ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਗੋਬਿੰਦ ਕਹੇ ਜੇ ਕਰੇਂ ਮਨਜ਼ੂਰ, ਮੇਰੀ ਦੋਏ ਜੋੜ ਦਰ ਬੰਦਨਾ । ਜਨ ਭਗਤਾਂ ਆਸਾ ਮਨਸਾ ਪੂਰ, ਆਵਣ ਜਾਵਣ ਛੁੱਟੇ ਫੰਦਨਾ । ਏਕਾ ਬਖ਼ਸ਼ ਜੋਤੀ ਨੂਰ, ਗਾਉਂਣਾ ਚੁੱਕੇ ਬੱਤੀ ਦੰਦਨਾ । ਨਜ਼ਰ ਆ ਜ਼ਾਹਰ ਜ਼ਹੂਰ, ਕਾਇਆ ਅੰਧੇਰੀ ਡੂੰਘੀ ਖੱਡਣਾ । ਭਾਂਡੇ ਖ਼ਾਲੀ ਕਰ ਭਰਪੂਰ, ਤੇਰਾ ਸਾਹਿਬ ਕੁਛ ਨਹੀਂ ਘਟਣਾ । ਜੁਗ ਚੌਕੜੀ ਬੈਠਾ ਰਿਹੋਂ ਦੂਰ, ਕਲਜੁਗ ਆ ਕੇ ਜਨ ਭਗਤਾਂ ਮਲ ਵਟਣਾ । ਆਪਣਾ ਰਾਗ ਸੁਣਾ ਤੁਰਯਾ ਤੂਰ, ਰਸ ਇਕੋ ਇਕ ਚੱਟਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵੇਖਣਹਾਰਾ ਆਪਣੀ ਘਟਨਾ । ਗੋਬਿੰਦ ਸਾਚੀ ਦਇਆ ਕਮਾਵਾਂਗਾ । ਪਹਿਲੋਂ ਇਕੋ ਹੁਕਮ ਮਨਾਵਾਂਗਾ । ਵਿਸ਼ਨ ਬ੍ਰਹਮਾ ਸ਼ਿਵ ਮਾਣ ਗਵਾਵਾਂਗਾ । ਕਰੋੜ ਤੇਤੀਸਾ ਅੰਤ ਕਰਾਵਾਂਗਾ । ਅਵਤਾਰ ਪੈਗ਼ੰਬਰ ਦਰ ਬਹਾਵਾਂਗਾ । ਗੁਰ ਗੁਰ ਲੇਖਾ ਝੋਲੀ ਪਾਵਾਂਗਾ । ਭਗਤ ਆਪਣੇ ਰੰਗ ਰੰਗਾਵਾਂਗਾ । ਸਾਚਾ ਵਕਤ ਆਪ ਸੁਹਾਵਾਂਗਾ । ਨਾਮ ਸ਼ਕਤ ਇਕ ਪਰਗਟਾਵਾਂਗਾ । ਸ੍ਰਿਸ਼ਟ ਸਬਾਈ ਜਗਤ ਫੜ ਫੜ ਰਾਹੇ ਪਾਵਾਂਗਾ । ਦੀਨ ਮਜ਼੍ਹਬ ਜੋ ਪਈ ਅਟਕ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੂਈ ਦਵੈਤੀ ਪੰਧ ਮੁਕਾਵਾਂਗਾ । ਗੁਰ

ਅਵਤਾਰ ਪੀਰ ਪੈਗ਼ੰਬਰ ਕਹਿਣ ਅਸੀਂ ਮੰਨਾਂਗੇ, ਪ੍ਰਭ ਤੇਰਾ ਦਰਸ਼ਨ ਨੈਣ । ਅੱਗੇ ਫੇਰ ਕਦੀ ਨਾ ਹੱਲਾਂਗੇ, ਸਦਾ ਤੇਰਾ ਭਾਣਾ ਸਹਿਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਰ ਇਕੋ ਇਕ ਮੰਗਣਗੇ । ਵਰ ਇਕੋ ਮੰਗ ਮੰਗਾਵਾਂਗੇ । ਪਿਛਲੀ ਰੀਤੀ ਸਰਬ ਤਜਾਵਾਂਗੇ । ਆਪਣੀ ਬੀਤੀ ਤੈਨੂੰ ਸੁਣਾਵਾਂਗੇ । ਤੇਰੀ ਵੇਖ ਖੇਲ ਅਨਡੀਠੀ, ਖ਼ੁਸ਼ੀ ਹੋ ਜਾਵਾਂਗੇ । ਮੰਦਰ ਮਸੀਤੀ ਫੇਰਾ ਫੇਰ ਮੂਲ ਨਾ ਪਾਵਾਂਗੇ । ਗੁਰ ਦਰ ਮੰਦਰ ਨੇਤਰ ਨੈਣ ਨਾ ਕੋਇ ਖੁਲ੍ਹਾਵਾਂਗੇ । ਤੇਰੇ ਚਰਨਾਂ ਬਹਿ ਕੇ ਤੇਰਾ ਢੋਲਾ ਗਾਵਾਂਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਪਿਛਲਾ ਪੰਧ ਮੁਕਾਵਾਂਗੇ । ਪਿਛਲਾ ਪੰਧ ਮੁਕਿਆ ਅੱਜ, ਬਾਕੀ ਕੋਇ ਰਹਿਣ ਨਾ ਪਾਈਆ । ਸਚ ਦੁਆਰੇ ਬੈਠੇ ਸਜ, ਜਿਸ ਘਰ ਵੱਜੇ ਇਕ ਵਧਾਈਆ । ਪੁਰਖ ਅਕਾਲ ਪਰਦਾ ਲੈਣਾ ਕੱਜ, ਦੇਣੀ ਸਰਨ ਸਰਨਾਈਆ । ਮੱਕਾ ਕਾਅਬਾ ਕੋਈ ਨਾ ਰਹਿ ਜਾਏ ਹੱਜ, ਹੁਜ਼ਰਾ ਤੇਰਾ ਇਕੋ ਇਕ ਨਜ਼ਰੀ ਆਈਆ । ਪਿਛਲੀ ਰੀਤੀ ਪਾਰ ਹੋਈ ਹੱਦ, ਹਦੂਦ ਵੰਡ ਨਾ ਕੋਇ ਵੰਡਾਈਆ । ਤੂੰ ਹੁਕਮੇ ਅੰਦਰ ਲਏ ਸੱਦ, ਸਾਡੀ ਚਲੀ ਨਾ ਕੋਈ ਚਤੁਰਾਈਆ । ਅਸੀਂ ਬਾਲੇ ਨੱਢੇ ਤੇਰੀ ਯਦ, ਤੇਰੀ ਸਾਰ ਕੋਇ ਨਾ ਆਈਆ । ਦਰੋਹੀ ਖ਼ੁਦਾ ਦੀ ਪਿਛੇ ਨਾ ਜਾਈਂ ਛੱਡ, ਖ਼ੁਦਾ ਤੇਰੀ ਇਕ ਸਰਨਾਈਆ । ਗੋਬਿੰਦ ਨਾਲੋਂ ਕਰੀਂ ਨਾ ਅੱਡ, ਗੋਬਿੰਦ ਵੇਖੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਦਇਆ ਕਮਾਈਆ । ਗੋਬਿੰਦ ਕਹੇ ਤੂੰ ਸਾਹਿਬ ਸੂਰਾ, ਤੇਰੇ ਹੱਥ ਵਡਿਆਈਆ । ਮੇਰਾ ਕੌਲ ਕਰਦੇ ਪੂਰਾ, ਕੀਤਾ ਕੌਲ ਭੁੱਲ ਨਾ ਜਾਈਆ । ਜੇ ਬਚਨ ਕੀਤਾ ਅਧੂਰਾ, ਤੇਰੀ ਚਲੇ ਨਾ ਕੋਈ ਸ਼ਹਿਨਸ਼ਾਹੀਆ । ਮੈਂ ਸੂਰਬੀਰ ਜਵਾਨ ਕੋਈ ਨਹੀਂ ਪਹਿਨਿਆ ਚੂੜ੍ਹਾ, ਕੱਚੀ ਵੰਗ ਨਾ ਕੋਇ ਛੁਹਾਈਆ । ਤੇਰਾ ਰੰਗ ਚੜ੍ਹਾਇਆ ਗੂੜ੍ਹਾ, ਉਤਰ ਕਦੇ ਨਾ ਜਾਈਆ । ਸਰਬ ਕਲਾਂ ਤੂੰ ਭਰਪੂਰਾ, ਤੇਰੇ ਪੁੱਤਰ ਵਿਚ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਆਸ ਰਖਾਈਆ । ਆਸ ਤੇਰੀ ਰੱਖ ਕੇ ਆਏ, ਪੀਰ ਪੈਗ਼ੰਬਰ ਗੁਰ ਅਵਤਾਰ । ਭਗਤ ਦੁਆਰੇ ਪਹੁੰਚੇ ਥਾਏਂ, ਥਾਨ ਥਨੰਤਰ ਅਗੰਮ ਅਪਾਰ । ਸਾਹਿਬ ਬੈਠਾ ਆਸਣ ਲਾਏ, ਨਿਰਗੁਣ ਨੂਰ ਜੋਤ ਉਜਿਆਰ । ਸਚ ਸਿੰਘਾਸਣ ਸੋਭਾ ਪਾਏ, ਸ਼ਾਹੋ ਭੂਪ ਸਿਕਦਾਰ । ਧੁਰ ਫ਼ਰਮਾਣਾ ਹੁਕਮ ਮਨਾਏ, ਨਾ ਕੋਈ ਮੇਟੇ ਮੇਟਣਹਾਰ । ਕੂੜੀ ਕਿਰਿਆ ਪੰਧ ਚੁਕਾਏ, ਕਲਜੁਗ ਕਰੇ ਖੁਆਰ । ਸਤਿਜੁਗ ਸਾਚਾ ਰਾਹ ਵਖਾਏ, ਭਗਤਾਂ ਕਰੇ ਆਧਾਰ । ਨਿੱਕੇ ਬਾਲੇ ਅੱਗੇ ਲਾਏ, ਵੱਡਿਆਂ ਦਏ ਵਖਾਲ । ਲੱਖ ਚੁਰਾਸੀ ਫੰਦ ਕਟਾਏ, ਰਾਏ ਧਰਮ ਨਾ ਪਾਏ ਜਾਲ । ਲਾੜੀ ਮੌਤ ਨੇੜ ਨਾ ਆਏ, ਚਿਤਰ ਗੁਪਤ ਲੇਖ ਨਾ ਸਕੇ ਵਖਾਲ । ਸਾਚੇ ਮੰਦਰ ਲਏ ਬਹਾਏ, ਸਚਖੰਡ ਸੱਚੀ ਧਰਮਸਾਲ । ਗੁਰ ਅਵਤਾਰ ਪੀਰ ਪੈਗ਼ੰਬਰ ਮੰਗਲ ਗਾਏ, ਵਿਸ਼ਨ ਬ੍ਰਹਮਾ ਸ਼ਿਵ ਵਜਾਏ ਤਾਲ । ਨਾਰਦ ਮੁਨ ਨਾਚ ਨਚਾਏ, ਚਾਰੋਂ ਕੁੰਟ ਪਏ ਧਮਾਲ । ਪੁਰਖ ਅਬਿਨਾਸ਼ੀ ਖੇਲ ਵਖਾਏ, ਖ਼ਾਲਕ ਖ਼ਲਕ ਕਰ ਪਰਵਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਪ ਆਪਣੇ ਰੰਗ ਰੰਗਾਏ । ਗੁਰ ਅਵਤਾਰ ਪੀਰ ਪੈਗ਼ੰਬਰ ਹੋ ਹੋ ਇਕੱਠੇ, ਇਕੋ ਮਤਾ ਪਕਾਈਆ । ਪਹਿਲੀ ਚੇਤਰ ਪ੍ਰਭ ਦੇ ਸੁਣਦੇ ਰਹੇ ਪਤੇ, ਲੋਕਮਾਤ ਦਏ ਵਡਿਆਈਆ । ਸਾਚੀ ਰੁੱਤੀ ਆਏ ਨੱਠੇ, ਆਪਣਾ ਪੰਧ ਮੁਕਾਈਆ । ਸਿਰ ਤੇ ਬੱਧੇ ਆਪਣੇ ਗੱਠੇ, ਪੁਸਤਕ ਪੋਥੀਆਂ ਨਾਲ ਮਿਲਾਈਆ । ਵੇਖਣਹਾਰਾ ਤੱਤ ਅੱਠੇ, ਅੱਠ ਦਸ

ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਣੀ ਇਕ ਵਧਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭੂ ਤੇਰੇ ਬੱਚੇ, ਬਚਪਨ ਤੇਰੀ ਗੋਦ ਸੁਹਾਈਆ । ਤੇਰੇ ਹੁਕਮੇ ਅੰਦਰ ਢੋਲੇ ਗਾਏ ਸੱਚੇ, ਤੇਰੀ ਕਰੀ ਪੜ੍ਹਾਈਆ । ਕਲਜੁਗ ਅੰਤਮ ਪਤਾ ਲੱਗਾ ਅਸੀਂ ਫਿਰ ਵੀ ਰਹਿ ਗਏ ਕੱਚੇ, ਤੇਰਾ ਅੰਤ ਕੋਇ ਨਾ ਆਈਆ । ਤੂੰ ਥਾਉਂ ਥਾਈਂ ਫੜ ਰੱਖੇ, ਭੇਵ ਅਭੇਦ ਸਕੇ ਨਾ ਕੋਇ ਖੁਲ੍ਹਾਈਆ । ਦੀਨ ਮਜ਼੍ਹਬਾਂ ਵਿਚ ਫਸੇ, ਲੋਕਮਾਤ ਲੜਾਈਆ । ਤੇਰੇ ਕਰਦੇ ਆਏ ਰੱਟੇ, ਰੱਟਾ ਸਕਿਆ ਨਾ ਕੋਇ ਮੁਕਾਈਆ । ਆਪਣੇ ਤਨ ਰੁਲਾਏ ਵਿਚ ਘੱਟੇ, ਖ਼ਾਕੀ ਖ਼ਾਕ ਮਿਲਾਈਆ । ਅੰਤਮ ਮਸਾਣ ਗੋਰ ਚੜ੍ਹ ਕੇ ਗਏ ਫੱਟੇ, ਕੂੜਿਆਂ ਕੰਧ ਉਠਾਈਆ । ਸਾਡੀ ਸਾਚੀ ਵਸਤ ਤੇਰੇ ਰੰਗ ਰਤੇ, ਰਤੀ ਰੰਗ ਇਕ ਰੰਗਾਈਆ । ਸਤਿਜੁਗ ਤ੍ਰੇਤਾ ਦੁਆਪਰ ਤੇਰੇ ਦੇਂਦੇ ਰਹੇ ਪਤੇ, ਸਚ ਨਿਸ਼ਾਨ ਜਣਾਈਆ । ਕਲਜੁਗ ਅੰਤਮ ਤੂੰ ਸਾਰੇ ਕੀਤੇ ਇਕੱਠੇ, ਇਕੋ ਹੁਕਮ ਮਨਾਈਆ । ਤੇਰੀ ਸਿਲ ਅਲੂਣੀ ਕੋਈ ਨਾ ਚੱਟੇ, ਅੱਗੇ ਸੀਸ ਨਾ ਕੋਇ ਉਠਾਈਆ । ਜੀਵਾਂ ਵਾਸਤੇ ਅਸੀਂ ਬਣੇ ਰਹੇ ਹੱਟੇ ਕੱਟੇ, ਭੈ ਭੌ ਮਾਤ ਵਖਾਈਆ । ਤੇਰੇ ਅੱਗੇ ਮਾਣ ਅਭਿਮਾਨ ਕੋਈ ਨਾ ਰੱਖੇ, ਹੋਏ ਨਿਮਾਣੇ ਸੀਸ ਝੁਕਾਈਆ । ਅਸੀਂ ਲੱਖੋਂ ਹੋਏ ਕੱਖੇ, ਕੀਮਤ ਕੋਈ ਨਾ ਪਾਈਆ । ਤੇਰੀ ਦੁਨੀਆਂ ਤੇਰੇ ਨਾਲ ਵਸੇ, ਘਰ ਘਰ ਬੈਠਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸ਼ਾਹ ਪਾਤਸ਼ਾਹ ਸੱਚੇ ਸ਼ਹਿਨਸ਼ਾਹੀਆ । ਗੁਰ ਅਵਤਾਰੋ ਪੀਰ ਪੈਗ਼ੰਬਰੋ ਲਿਖੋ ਆਪਣੇ ਹੱਥ, ਪਿਛਲਾ ਲੇਖ ਚੁਕਾਇਆ । ਤੁਸੀਂ ਗੌਂਦੇ ਰਹੇ ਜਸ, ਢੋਲਾ ਰਾਗ ਅਲਾਇਆ । ਇਕ ਦੂਜੇ ਨੂੰ ਮਿਲੋ ਹੱਸ ਹੱਸ, ਦੁੱਖ ਦਰਦ ਰਹੇ ਨਾ ਰਾਇਆ । ਮੁਹੰਮਦ ਦੂਰੋਂ ਆਇਆ ਨੱਠ,
੭੨ ਗੋਬਿੰਦ ਚਰਨ ਧਿਆਨ ਲਗਾਇਆ । ਗੋਬਿੰਦ ਕਹੇ ਕਰ ਬਸ, ਤੇਰਾ ਨੈਣ ਕਿਉਂ ਸ਼ਰਮਾਇਆ । ਮੈਂ ਖ਼ੁਸ਼ੀ ਖ਼ੁਸ਼ੀ ਬਾਲੇ ਨੀਹਾਂ ਹੇਠਾਂ ਦਿਤੇ ਰੱਖ, ੭੨
੧੪ ਫ਼ਤਵਾ ਕਿਸੇ ਉਤੇ ਨਹੀਂ ਲਾਇਆ । ਨਾ ਤੇਰਾ ਨਾ ਮੇਰਾ ਏਥੇ ਕੋਈ ਚਲੇ ਨਾ ਵਸ, ਹੁਕਮੇ ਅੰਦਰ ਸਰਬ ਭੁਆਇਆ । ਤੇਰੀ ਸਦੀ ਚੌਧਵੀਂ ਦੀ ੧੪
ਦੱਸ ਮੁਕੀ ਗੱਥ, ਭੇਵ ਅਭੇਦ ਖੁਲ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਣਾ ਹੁਕਮ ਜਣਾਇਆ । ਮੁਹੰਮਦ ਕਹੇ ਸੁਣ ਗੋਬਿੰਦ ਮੀਤ, ਤੇਰੇ ਨਾਲ ਮੇਰੀ ਵਡਿਆਈਆ । ਤੂੰ ਪੰਚ ਚਲਾਈ ਰੀਤ, ਮੈਂ ਚਾਰ ਕਰੀ ਕੁੜਮਾਈਆ । ਮੈਂ ਦੱਸਿਆ ਵਿਚ ਮਸੀਤ, ਤੂੰ ਗੁਰੂਦੁਆਰ ਸਮਝਾਈਆ । ਜੇ ਕੋਈ ਪੁੱਛੇ ਸਚ ਫੇਰ ਕੀ ਦੱਸੀਏ ਸਾਹਿਬ ਅਨਡੀਠ, ਨਜ਼ਰ ਕਿਸੇ ਨਾ ਆਈਆ । ਜਿੰਨਾਂ ਚਿਰ ਨਾ ਦੱਸੇ ਆਪਣੀ ਆਪ ਪ੍ਰੀਤ, ਕਿਸੇ ਦੁਆਰਿਉਂ ਫੜ ਸਕੇ ਨਾ ਕੋਈ ਰਾਈਆ । ਮੇਰੀ ਸਦੀ ਚੌਧਵੀਂ ਰਹੀ ਬੀਤ, ਸੋਲਾਂ ਮੱਘਰ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਰਿਹਾ ਵਖਾਈਆ । ਮੇਰਾ ਲੇਖਾ ਸੋਲਾਂ ਸਾਲ ਬਾਕੀ, ਮੁਹੰਮਦ ਰਿਹਾ ਜਣਾਈਆ । ਸ੍ਰੀ ਭਗਵਾਨ ਚੜ੍ਹ ਕੇ ਆਇਆ ਰਾਕੀ, ਸ਼ਾਹਸਵਾਰਾ ਫੇਰਾ ਪਾਈਆ । ਜੇ ਵੇਖਾਂ ਮਾਰ ਝਾਤੀ, ਮੇਰਾ ਨੈਣ ਸ਼ਰਮਾਈਆ । ਚਾਰੋਂ ਕੁੰਟ ਬੰਦਾ ਖ਼ਾਕੀ, ਸਾਚਾ ਨਾਮ ਗਿਆ ਭੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਦਾ ਖੇਲ ਅਵੱਲਾ, ਜੁਗ ਜੁਗ ਆਪ ਕਰਾਇੰਦਾ । ਨਿਰਗੁਣ ਹੋ ਕੇ ਵਸੇ ਇਕੱਲਾ, ਸਰਗੁਣ ਆਪਣੀ ਜੋਤ ਜਗਾਇੰਦਾ । ਧਾਮ ਸੁਹਾਏ ਉਚ ਅਟੱਲਾ, ਮਹੱਲ ਅਟੱਲ ਰੁਸ਼ਨਾਇੰਦਾ । ਹੁਕਮੇ ਅੰਦਰ ਸੰਦੇਸ਼ ਘੱਲਾ, ਨਰ ਨਰੇਸ਼ ਉਠਾਇੰਦਾ । ਪੀਰ ਪੈਗ਼ੰਬਰ ਗੁਰ ਅਵਤਾਰ ਇਕ ਦੂਜੇ ਦਾ ਫੜੇ ਪੱਲਾ, ਹੁਕਮੀ ਹੁਕਮ

ਸੁਣਾਇੰਦਾ । ਇਕੋ ਵਾਹਿਗੁਰੂ ਇਕੋ ਅੱਲਾ, ਇਕੋ ਰਾਮ ਰਹੀਮ ਦਰਸਾਇੰਦਾ । ਸਭ ਨਾਲ ਕਰਦਾ ਰਿਹਾ ਅਛਲ ਅਛੱਲਾ, ਵਲ ਛਲ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦ ਖੁਲ੍ਹਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਅਸੀਂ ਗਾਵਾਂਗੇ । ਹਰਿ ਜੂ ਤੇਰਾ ਨਾਮ ਧਿਆਵਾਂਗੇ । ਪਿਛਲਾ ਕਲਮਾ ਸਰਬ ਭੁਲਾਵਾਂਗੇ । ਆਲਮ ਉਲਮਾ ਆਪ ਜਣਾਵਾਂਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਸੇਵ ਕਮਾਵਾਂਗੇ । ਦਰ ਤੇਰੇ ਸੇਵ ਕਮੌਣਗੇ । ਸੋਹੰ ਢੋਲਾ ਗੌਣਗੇ । ਪਿਛਲਾ ਲੇਖਾ ਸਰਬ ਮੁਕੌਣਗੇ । ਪਹਿਲੀ ਚੇਤਰ ਗੰਢ ਬੰਧੌਣਗੇ । ਭਗਤ ਭਗਵਾਨ ਇਕੋ ਰੰਗ ਵਖੌਣਗੇ । ਮਹੱਲ ਅਟੱਲ ਸਰਬ ਰੁਸ਼ਨੌਣਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਗੁਰ ਅਵਤਾਰ ਪੀਰ ਪੈਗ਼ੰਬਰ ਤੇਰੇ ਚਰਨ ਧਿਆਨ ਲਗੌਣਗੇ । ਤੇਰੇ ਚਰਨ ਧਿਆਨ ਲਗਾਵਾਂਗੇ । ਨਿਤ ਤੇਰਾ ਨਾਮ ਧਿਆਵਾਂਗੇ । ਆਪਣੀ ਕੀਤੀ ਤੇਰੀ ਝੋਲੀ ਪਾਵਾਂਗੇ । ਤੇਰਾ ਕੀਤਾ ਆਪਣੇ ਸਿਰ ਰਖਾਵਾਂਗੇ । ਮੰਦਰ ਮਸੀਤਾਂ ਫੇਰ ਕਦੇ ਨਾ ਜਾਵਾਂਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਮਹੱਲੇ ਬਹਿ ਕੇ ਸ਼ੁਕਰ ਮਨਾਵਾਂਗੇ । ਸਚ ਮਹੱਲੇ ਸਭ ਨੇ ਬਹਿਣਾ, ਸ੍ਰੀ ਭਗਵਾਨ ਆਪ ਜਣਾਈਆ । ਪਹਿਲੀ ਚੇਤਰ ਮੁਕੇ ਲਹਿਣਾ, ਬਾਕੀ ਅਵਰ ਨਾ ਕੋਇ ਜਣਾਈਆ । ਅੰਤਮ ਦੇਣ ਦੇਣਾ, ਸ਼ਾਹ ਪਾਤਸ਼ਾਹ ਦਏ ਜਣਾਈਆ । ਚਾਰੋਂ ਕੁੰਟ ਕੋਈ ਨਾ ਰਹਿਣਾ, ਸਾਕ ਸੈਣਾ ਸੱਜਣ ਰੂਪ ਨਾ ਕੋਇ ਵਖਾਈਆ । ਉਚਾ ਟਿੱਲਾ ਪਰਬਤ ਢਹਿਣਾ, ਢਾਹ ਢਾਹ ਖ਼ਾਕ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰ ਅਵਤਾਰ ਪੀਰ ਪੈਗ਼ੰਬਰਾਂ ਇਕੋ ਨਾਮ ਦ੍ਰਿੜਾਈਆ । ਇਕੋ ਨਾਮ ਸਾਚਾ ਢੋਲਾ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਸ਼ਾਹ ਪਾਤਸ਼ਾਹ ਬਣ ਵਿਚੋਲਾ, ਭਗਤ ਭਗਵਾਨ ਆਪ ਉਠਾਇੰਦਾ । ਸਾਢੇ ਤਿੰਨ ਹੱਥ ਦਾ ਲੈ ਕੇ ਡੋਲਾ, ਚੌਥੇ ਘਰ ਰੰਗ ਰੰਗਾਇੰਦਾ । ਸਤਿ ਧਰਮ ਦਾ ਖੇਲੇ ਹੋਲਾ, ਦੂਜਾ ਭੇਵ ਨਾ ਕੋਇ ਜਣਾਇੰਦਾ । ਨਿਰਗੁਣ ਸੋਹੇ ਸਰਗੁਣ ਬਦਲਿਆ ਚੋਲਾ, ਚੋਲਾ ਚੋਲੀ ਨਾਲ ਬਦਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰ ਅਵਤਾਰਾਂ ਪਿਛਲਾ ਖ਼ਾਤਾ ਆਪਣੇ ਵਿਚ ਛੁਪਾਇੰਦਾ । ਪਿਛਲਾ ਖ਼ਾਤਾ ਮੁਕਣਾ ਮਾਤ, ਅੰਤ ਰਹਿਣ ਨਾ ਪਾਈਆ । ਅੱਗੇ ਸਤਿਜੁਗ ਚਲੇ ਗਾਥ, ਜੀਵ ਜੰਤ ਪੜ੍ਹਾਈਆ । ਭਗਤ ਭਗਵੰਤ ਬਣਿਆ ਸਾਥ, ਦੂਜਾ ਸੰਗ ਨਾ ਕੋਇ ਰਖਾਈਆ । ਮਹੱਲ ਅਟੱਲ ਚੜ੍ਹ ਕੇ ਦੇਵੇ ਦਾਤ, ਦਾਤਾ ਦਾਨੀ ਹੋਏ ਸਹਾਈਆ । ਸਾਰੇ ਬਣ ਗਏ ਇਕ ਜਮਾਤ, ਅਲਫ਼ ਯੇ ਨਾ ਕੋਇ ਵੰਡ ਵੰਡਾਈਆ । ਊੜਾ ਓਅੰਕਾਰ ਕਰ ਪਰਕਾਸ਼, ਏਕਾ ਇਕੋ ਇਕ ਜਣਾਈਆ । ਐੜਾ ਅੱਖ ਖੋਲ੍ਹ ਵੇਖ ਖੇਲ ਤਮਾਸ਼, ਨਿਰਗੁਣ ਨੂਰ ਜੋਤ ਰੁਸ਼ਨਾਈਆ । ਈੜੀ ਇਸ਼ਟ ਕਹੇ ਮੈਂ ਹੋਈ ਦਾਸ, ਬਣ ਸੇਵਕ ਸੇਵ ਕਮਾਈਆ । ਸੱਸਾ ਕਹੇ ਮੇਰਾ ਕੰਮ ਖ਼ਾਸ, ਚੌਥਾ ਅੱਖਰ ਚੌਥੀ ਮੰਜ਼ਲ ਚਾਰ ਕੁੰਟ ਆਪਣਾ ਘੇਰਾ ਪਾਈਆ । ਹਾਹਾ ਕਹੇ ਮੈਂ ਹੰ ਬ੍ਰਹਮ ਕਦੇ ਨਾ ਹੋਇਆ ਵਿਨਾਸ, ਲੱਖ ਚੁਰਾਸੀ ਵੜ ਵੜ ਸੇਵ ਕਮਾਈਆ । ਅੰਤ ਗੋਬਿੰਦ ਦਿਤਾ ਸਾਥ, ਆਪਣੀ ਗੰਢ ਪੁਆਈ ਘਰ ਸਾਚੇ ਵੱਜੀ ਵਧਾਈਆ । ਗੁਰਸਿਖ ਕੋਇ ਨਾ ਰਹੇ ਨਿਰਾਸ, ਆਸਾ ਸਭ ਦੀ ਪੂਰ ਕਰਾਈਆ । ਕੱਟਣਹਾਰਾ ਬੰਦ ਖ਼ਲਾਸ, ਬੰਦੀਖ਼ਾਨਾ ਦਏ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਾਂ ਦੇ ਕੇ ਸਾਚਾ ਵਰ, ਪੂਰਬ ਲਹਿਣਾ ਝੋਲੀ ਪਾਈਆ ।

ਭਗਤੋ ਤੁਹਾਡਾ ਦਿਲੀ ਦਰਬਾਰਾ, ਧੁਰ ਦਰਬਾਰੀ ਵੇਖ ਵਖਾਇੰਦਾ । ਮਹੱਲ ਅਟੱਲ ਉਚ ਮਨਾਰਾ, ਰੋਸ਼ਨ ਇਕੋ ਇਕ ਕਰਾਇੰਦਾ । ਪਰਗਟ ਹੋਏ ਗੁਪਤ ਜ਼ਾਹਰਾ, ਜ਼ਾਹਰੀ ਕਲ ਵਖਾਇੰਦਾ । ਸ਼ਬਦ ਅਗੰਮੀ ਬੋਲ ਜੈਕਾਰਾ, ਜੈ ਜੈਕਾਰ ਅਲਾਇੰਦਾ । ਜਨਮ ਮਰਨ ਦਾ ਗੇੜ ਨਿਵਾਰਾ, ਆਵਣ ਜਾਵਣ ਪੰਧ ਮੁਕਾਇੰਦਾ । ਗੁਰਮੁਖ ਅੱਗੇ ਰਹੇ ਨਾ ਕੁਆਰਾ, ਸ੍ਰੀ ਭਗਵਾਨ ਆਪ ਪਰਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚੌਥੇ ਘਰ ਸੋਭਾ ਪਾਇੰਦਾ । ਚੌਥੇ ਘਰ ਲੰਘ ਮਿਹਰਬਾਨ, ਮਿਹਰ ਨਜ਼ਰ ਉਠਾਈਆ । ਭਗਤਾਂ ਦੇ ਕੇ ਆਪਣਾ ਦਾਨ, ਵਸਤ ਅਗੰਮ ਝੋਲੀ ਪਾਈਆ । ਦੂਰ ਦੁਰਾਡੇ ਕਰ ਪਰਵਾਨ, ਨੇਰਨ ਨੇਰੇ ਵੇਖ ਵਖਾਈਆ । ਸਤਿਜੁਗ ਦਾ ਸਾਚਾ ਸਚ ਵਿਧਾਨ, ਪੰਚਮ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਪਹਿਲੀ ਚੇਤ ਨੇਤਨ ਨੇਤ, ਨਿਤ ਨਿਤ ਆਪਣਾ ਰਾਹ ਜਣਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਨੌਜਵਾਨ, ਜੁਗ ਚੌਕੜੀ ਵੇਖ ਵਖਾਣ, ਭੇਵ ਅਭੇਦਾ ਆਪ ਖੁਲ੍ਹਾਈਆ । ਭੇਵ ਅਭੇਦਾ ਖੋਲ੍ਹਣ ਆਇਆ, ਸੋ ਪੁਰਖ ਨਿਰੰਜਣ ਵਡ ਵਡਿਆਈਆ । ਵੀਹ ਸੌ ਵੀਹ ਰੁੱਤੜੀ ਰੁੱਤ ਸੁਹਾਇਆ, ਮਹਿਕ ਮਹਿਕ ਮਹਿਕ ਰੁਸ਼ਨਾਈਆ । ਅਬਿਨਾਸ਼ੀ ਅਚੁਤ ਖੇਲ ਰਚਾਇਆ, ਵੇਖੇ ਥਾਉਂ ਥਾਈਂਆ । ਭਗਤ ਭਗਵਾਨ ਗੋਦੀ ਚੁੱਕ ਬਾਹਰ ਕਢਾਇਆ, ਲੱਖ ਚੁਰਾਸੀ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਵੰਤ ਅੰਤਮ ਧਾਰ, ਲੇਖਾ ਜਾਣ ਗੁਰੂ ਅਵਤਾਰ, ਅੱਗੇ ਸਮਝਾਏ ਜਗਤ ਸੰਸਾਰ, ਸ਼ਾਹ ਸੁਲਤਾਨਾਂ ਦਏ ਆਧਾਰ, ਸ਼ਬਦ ਸੰਦੇਸ ਨਰ ਨਰੇਸ਼ ਇਕੋ ਇਕ ਜਣਾਈਆ ।





## ★ ਰਾਸ਼ਟਰਪਤੀ ਡਾਕਟਰ ਰਾਧਾ ਕ੍ਰਿਸ਼ਨ ਨੂੰ ਸ਼ਬਦ ਭੇਜਿਆ (ਮਨਾਰ ਦੇ ਉਪਰ ਚੌਥੀ ਮੰਜ਼ਲ ਤੇ ਚੜ੍ਹ ਕੇ) ★

ਸ਼ਾਹ ਪਾਤਸ਼ਾਹ ਸੀਸ ਰੱਖ ਕੇ ਤਾਜ, ਸ਼ਾਹ ਸੁਲਤਾਨਾਂ ਰਿਹਾ ਜਗਾਈਆ । ਦੋ ਜਹਾਨਾਂ ਇਕ ਆਵਾਜ, ਹਰਿ ਸ਼ਬਦ ਨਾਦ ਸ਼ਨਵਾਈਆ । ਰਾਸ਼ਟਰਪਤ ਖੋਲ੍ਹ ਜਾਗ, ਨੇਤਰ ਨੈਣ ਖੁਲ੍ਹਾਈਆ । ਰਾਜਿੰਦਰ ਪ੍ਰਸ਼ਾਦ ਦਾ ਤੁਟਾ ਸਾਕ, ਨਾਤਾ ਤੇਰੇ ਨਾਲ ਜੁੜਾਈਆ । ਤੂੰ ਨਾ ਭੁੱਲਣਾ ਭਵਿਖਤ ਵਾਕ, ਭੁੱਲਿਆਂ ਰਾਹ ਨਜ਼ਰ ਕੋਇ ਨਾ ਆਈਆ । ਪ੍ਰਭ ਵੇਖਣਹਾਰਾ ਖੇਲ ਤਮਾਸ਼, ਖ਼ਾਲਕ ਖ਼ਲਕ ਲਏ ਉਠਾਈਆ । ਜੋ ਦਿਸੇ ਸੋ ਹੋਵੇ ਵਿਨਾਸ, ਬਚਿਆ ਕੋਇ ਰਹਿਣ ਨਾ ਪਾਈਆ । ਜੇ ਬਚਣ ਦੀ ਰੱਖੇ ਆਸ, ਪੰਚਮ ਜੇਠ ਘਰ ਲਓ ਬੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੰਦੇਸਾ ਰਿਹਾ ਸੁਣਾਈਆ । ਰਾਸ਼ਟਰਪਤ ਕਰ ਧਿਆਨ, ਸ੍ਰੀ ਭਗਵਾਨ ਆਪ ਜਣਾਇੰਦਾ । ਪਿਛਲਾ ਬਣਿਆ ਰਿਹਾ ਅਣਜਾਣ, ਭੇਵ ਕੋਇ ਨਾ ਪਾਇੰਦਾ । ਵੀਹ ਸੌ ਵੀਹ ਬਿਕਰਮੀ ਬਣਿਆ ਆਪ ਪਰਧਾਨ, ਸਚ ਪਰਧਾਨਗੀ ਆਪ ਕਮਾਇੰਦਾ । ਨੌਂ ਖੰਡ ਪ੍ਰਿਥਮੀ ਦੀਪ ਸੱਤ ਵੇਖੇ ਮਾਰ ਧਿਆਨ, ਬਿਨ ਅੱਖਾਂ ਅੱਖ ਉਠਾਇੰਦਾ । ਇਕ ਸੌ ਇਕ ਦੇ ਗਿਆਨ, ਜਗਤ ਵੰਡ ਵੰਡ ਸਮਝਾਇੰਦਾ । ਪੰਦਰਾਂ ਕੱਤਕ ਸਰਬ ਪਛਤਾਣ, ਰਾਏ ਧਰਮ ਨਜ਼ਰੀ ਆਇੰਦਾ । ਕਰੇ ਖੇਲ ਗੁਣ ਨਿਧਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸਾ ਆਪ ਪੁਚਾਇੰਦਾ । ਧੁਰ ਸੰਦੇਸਾ ਨਿਹਕਲੰਕ, ਸ਼ਾਹ ਸੁਲਤਾਨਾ ਰਿਹਾ ਜਣਾਈਆ । ਧੁਰਦਰਗਾਹੀ ਵੱਜੇ ਡੰਕ, ਸ਼ਬਦ ਸ਼ਬਦ ਸ਼ਨਵਾਈਆ । ਜਿਸ ਬਣਾਈ ਤੁਹਾਡੀ

ਬਣਤ, ਸੋ ਆਇਆ ਬੇਪਰਵਾਹੀਆ । ਜਿਸ ਨੇ ਵੇਖਣਾ ਸਭ ਦਾ ਅੰਤ, ਲੱਖ ਚੁਰਾਸੀ ਖੇਹ ਉਡਾਈਆ । ਜਿਸ ਤੋੜਨਾ ਗੜ੍ਹ ਹਉਮੇ ਹੰਗਤ, ਮਾਣ ਅਭਿਮਾਨ ਗਵਾਈਆ । ਜਿਸ ਨੇ ਇਕ ਬਣੌਣੀ ਸਾਚੀ ਸੰਗਤ, ਚਾਰ ਵਰਨ ਜੜ੍ਹ ਉਖੜਾਈਆ । ਜਿਸ ਨੇ ਰਾਜੇ ਰਾਣੇ ਕਰਨੇ ਨੰਗਤ, ਘਰ ਘਰ ਅਲਖ ਜਗਾਈਆ । ਜਿਸ ਨੇ ਸ਼ਾਹ ਸੁਲਤਾਨ ਕਰਨੇ ਮੰਗਤ, ਭਿਖਿਆ ਮੰਗਣ ਵਾਹੋ ਦਾਹੀਆ । ਜਿਸ ਦਾ ਭੇਵ ਨਾ ਜਾਣੇ ਕੋਈ ਪੰਡਤ, ਪਤਰੀ ਵਾਚ ਨਾ ਸਕੇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੰਦੇਸਾ ਰਿਹਾ ਸੁਣਾਈਆ । ਸ਼ਬਦ ਸੰਦੇਸਾ ਦੇਵੇ ਭਗਵਾਨ, ਭਗਵਨ ਆਪਣੀ ਦਇਆ ਕਮਾਇੰਦਾ । ਪਹਿਲੀ ਵੀਹ ਸੌ ਅਠਾਰਾਂ ਬਿਕਰਮੀ ਖਿਚ ਕੇ ਦੇ ਕੇ ਗਿਆ ਵਿਚੋਂ ਮਿਆਨ, ਤਲਵਾਰ ਤਿਖੀ ਧਾਰ ਰਖਾਈਆ । ਵੀਹ ਸੌ ਵੀਹ ਬਿਕਰਮੀ ਵਿਚ ਭੁੱਲ ਨਾ ਜਾਣਾ ਬਣ ਨਾਦਾਨ, ਜਗਤ ਵਿਦਿਆ ਕੰਮ ਕਿਸੇ ਨਾ ਆਈਆ । ਫ਼ਲਾਸਫ਼ਰ ਬਣ ਕੇ ਨਾ ਸਕੇ ਪਛਾਣ, ਅੰਤਰ ਆਤਮਾ ਧਿਆਨ ਨਾ ਕੋਇ ਲਗਾਈਆ । ਪਰਗਟ ਹੋਇਆ ਨਿਹਕਲੰਕ ਬਲੀ ਬਲਵਾਨ, ਦੋ ਜਹਾਨਾਂ ਰਿਹਾ ਜਣਾਈਆ । ਸਭ ਦਾ ਲੇਖਾ ਲਿਖਣਾ ਵਿਚ ਜਹਾਨ, ਬਚਿਆ ਕੋਇ ਰਹਿਣ ਨਾ ਪਾਈਆ । ਸੰਮਤ ਵੀਹ ਸੌ ਇਕੀ ਨਵਾਂ ਬਣਾਏ ਆਪ ਵਿਧਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੰਦੇਸਾ ਇਕ ਸੁਣਾਈਆ । ਰਾਸ਼ਟਰਪਤੀ ਨਾ ਜਾਣਾ ਭੁੱਲ, ਅਭੁੱਲ ਆਪ ਜਣਾਇੰਦਾ । ਵਿਦਿਆ ਵਿਚ ਨਾ ਜਾਣਾ ਰੁਲ, ਭੇਵ ਅਭੇਦ ਖੁਲ੍ਹਾਇੰਦਾ । ਅੰਤਮ ਕੋਈ ਨਾ ਪੈਣਾ ਮੁਲ, ਕੌਡੀ ਕੌਡੀ ਹੱਟ ਵਿਕਾਇੰਦਾ । ਸਚ ਦੁਆਰਾ ਇਕੋ ਜਾਣਾ ਖੁਲ੍ਹ, ਸ੍ਰੀ ਭਗਵਾਨ ਆਪ ਖੁਲ੍ਹਾਇੰਦਾ । ਭਗਤ ਬਗ਼ੀਚਾ ਜਾਣਾ ਫੁੱਲ, ਫੁਲਵਾੜੀ ਰੁੱਤੜੀ ਆਪ ਮਹਿਕਾਇੰਦਾ । ਸ਼ਾਹ ਸੁਲਤਾਨਾਂ ਬੂਟਾ ਜਾਣਾ ਹੁੱਲ, ਫਲ ਮਾਤ ਨਾ ਕੋਇ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੁਨੇਹੁੜਾ ਇਕ ਸੁਣਾਇੰਦਾ । ਸਚ ਸੁਨੇਹੁੜਾ ਦੇ ਦੇ ਇਕ ਸੌ ਇਕ ਦੇਸ਼, ਦੇਸ਼ ਦਸੰਤਰ ਆਪ ਜਣਾਈਆ । ਪਰਗਟ ਹੋਇਆ ਨਰ ਨਰੇਸ਼, ਨਿਹਕਲੰਕ ਰੂਪ ਵਟਾਈਆ । ਸਭ ਨੂੰ ਦੱਸ ਦੇ ਮੇਲਾ ਮਿਲਿਆ ਨਾਲ ਦਸਮੇਸ਼, ਗੋਬਿੰਦ ਇਕੋ ਨਜ਼ਰੀ ਆਈਆ । ਅਮਾਮ ਅਮਾਮਾਂ ਖੇਲੇ ਖੇਲ, ਪਰਵਰਦਿਗਾਰ ਹੱਕ ਗੋਸਾਈਂਆ । ਈਸਾ ਮੂਸਾ ਖੋਲ੍ਹੇ ਭੇਤ, ਪੈਗ਼ੰਬਰ ਆਇਆ ਸੱਚਾ ਮਾਹੀਆ । ਜਿਸ ਰੁੱਤ ਸੁਹਾਈ ਪਹਿਲੀ ਚੇਤ, ਚੇਤਨ ਸਭ ਨੂੰ ਰਿਹਾ ਕਰਾਈਆ । ਪੰਚਮ ਜੇਠ ਘਰ ਸੱਦ ਕੇ ਪੁੱਛੇ ਅਗਲਾ ਭੇਤ, ਨਹੀਂ ਤੇ ਖੇਹ ਦੇਵੇ ਉਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਇਕ ਸੌ ਇਕ ਦੇਸ਼ਾਂ ਵਿਚ ਵਾੜੇ ਸ਼ੈਤਾਨ, ਧੁਰ ਸੰਦੇਸਾ ਹੁਕਮ ਸੁਣਾਈਆ ।

ਜਗਤ ਸ਼ੈਤਾਨ ਚੜ੍ਹਿਆ ਚਾਅ, ਅੱਧੀ ਰਾਤ ਘੁੰਮਰ ਪਾਈਆ । ਸ੍ਰੀ ਭਗਵਾਨ ਹੁਕਮ ਦਿਤਾ ਸੁਣਾ, ਮੈਂ ਜਾਵਾਂ ਚਾਈਂ ਚਾਈਂਆ । ਇਕ ਸੌ ਇਕ ਰਾਜਿਆਂ ਦੇਵਾਂ ਉਠਾ, ਜੋ ਪਰਧਾਨ ਬਣ ਕੇ ਬੈਠੇ ਸੇਵ ਕਮਾਈਆ । ਅੰਦਰੇ ਅੰਦਰ ਅੱਗ ਦਿਆਂ ਲਗਾ, ਨਾ ਸਕੇ ਕੋਇ ਬੁਝਾਈਆ । ਭਿੰਨੜੀ ਰੈਣ ਕਹੇ ਮੇਰਾ ਨੈਣ ਰਿਹਾ ਸ਼ਰਮਾ, ਉਹਲੇ ਉਹਲੇ ਜਾਵੀਂ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰੀ ਸੇਵਾ ਇਕ ਲਗਾਈਆ । ਸ਼ੈਤਾਨ ਕਹੇ ਮੋਹੇ ਚੜ੍ਹਿਆ ਰੰਗ, ਪ੍ਰਭ ਸਾਚੇ ਰੰਗ ਰੰਗਾਇਆ । ਇਕ ਸੌ ਇਕ ਇਕ ਇਕ ਨਾਲ ਕਰਾਵਾਂ ਜੰਗ,

ਅੰਤਮ ਜ਼ੀਰੋ ਰੂਪ ਵਖਾਇਆ । ਸਮੁੰਦ ਸਾਗਰ ਜਾਵਾਂ ਲੰਘ, ਉਚਾ ਟਿੱਲਾ ਪਹਾੜ ਸਕੇ ਨਾ ਕੋਇ ਅਟਕਾਇਆ । ਦਹਿ ਦਿਸ਼ਾ ਦੇਵਾਂ ਦੰਡ, ਚਾਰ ਕੁੰਟ ਕੁੰਟ ਹਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਜਣਾਇਆ । ਸਾਚਾ ਹੁਕਮ ਸੁਣਿਆ ਏਕ, ਇਕੋ ਓਟ ਤਕਾਈਆ । ਪਾਰਬ੍ਰਹਮ ਪ੍ਰਭ ਤੇਰੀ ਟੇਕ, ਦੂਜੀ ਅਵਰ ਨਾ ਕੋਇ ਸਰਨਾਈਆ । ਘਰ ਘਰ ਜਾ ਕੇ ਲਵਾਂ ਵੇਖ, ਆਪਣਾ ਫੇਰਾ ਪਾਈਆ । ਬਚਿਆ ਰਹੇ ਨਾ ਕੋਈ ਮੁਲਾਂ ਸ਼ੇਖ਼, ਸ਼ੇਖ਼ੀ ਸਭ ਦੀ ਦਿਆਂ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਮੇਰੇ ਹੱਥ ਟਿਕਾਈਆ । ਮੈਂ ਛੇਤੀ ਛੇਤੀ ਜਾਵਾਂਗਾ । ਹਰਿ ਜੂ ਤੇਰੀ ਸੇਵ ਕਮਾਵਾਂਗਾ । ਅੰਦਰ ਵੜ ਕੇ ਸਭ ਉਠਾਵਾਂਗਾ । ਕਰੋਧ ਹੰਕਾਰ ਦੀ ਅਗਨੀ ਲਾਵਾਂਗਾ । ਕੂੜ ਕੁੜਿਆਰ ਦਾ ਬਲ ਧਰਾਵਾਂਗਾ । ਮੂਰਖ ਮੂੜ੍ਹ ਗਵਾਰ ਬਣਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਤੇਰਾ ਹੁਕਮ ਸਤਿ ਕਮਾਵਾਂਗਾ । ਤੇਰਾ ਹੁਕਮ ਸਚ ਕਮਾਊਂਗਾ । ਬਣ ਸੇਵਕ ਸੇਵ ਕਮਾਊਂਗਾ । ਘਰ ਘਰ ਅਲਖ ਜਗਾਊਂਗਾ । ਸ਼ਾਹ ਸੁਲਤਾਨ ਉਠਾਊਂਗਾ । ਇਕ ਦੂਜੇ ਨਾਲ ਭੜਾਊਂਗਾ । ਵਿਚ ਮੈਦਾਨ ਲਿਆਊਂਗਾ । ਤੇਰੇ ਘਰ ਦਾ ਸੱਚਾ ਸ਼ੈਤਾਨ ਫੇਰ ਅਖਵਾਊਂਗਾ । ਜ਼ਿਮੀ ਅਸਮਾਨ ਧੁਆਂਧਾਰ ਕਰਾਊਂਗਾ । ਤੇਰੇ ਗੁਰਮੁਖਾਂ ਵੇਖ ਨੈਣ ਸ਼ਰਮਾਊਂਗਾ । ਫੜ ਧੂੜੀ ਟਿੱਕਾ ਮਸਤਕ ਲਾਊਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਮਿਲਿਆ ਸਾਚਾ ਵਰ, ਦੂਜਾ ਡਰ ਨਾ ਕੋਇ ਰਖਾਊਂਗਾ । ਸ੍ਰੀ ਭਗਵਾਨ ਕਹੇ ਤੇਰਾ ਮਾਣ, ਹਰਿ ਨਿਰਗੁਣ ਆਪ ਰਖਾਇੰਦਾ । ਤੂੰ ਪਰਗਟ ਹੋ ਵਿਚ ਜਹਾਨ, ਤੇਰਾ ਵੇਲਾ ਅੰਤਮ ਆਇੰਦਾ । ਮਹੀਨੇ ਅੱਠ ਤੇਰਾ ਮੁਕਾਮ, ਫੇਰ ਰੂਪ ਨਾ ਕੋਇ ਵਖਾਇੰਦਾ । ਭਗਤਾਂ ਮਿਲੇ ਅੱਗੇ ਭਗਵਾਨ, ਭਗਵਨ ਇਕੋ ਨਜ਼ਰੀ ਆਇੰਦਾ । ਸੋਹੰ ਢੋਲਾ ਸਾਰੇ ਗਾਣ, ਤੂੰ ਮੇਰਾ ਮੈਂ ਤੇਰਾ ਦੂਜਾ ਰੂਪ ਨਾ ਕੋਇ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਸਾਚਾ ਸਗਨ ਮਨਾਇੰਦਾ । ਤੇਰੇ ਸਗਨਾਂ ਵਿਚ ਵੱਜੇ ਢੋਲ, ਡੱਗਾ ਆਪਣਾ ਤਾਲ ਵਖਾਈਆ । ਸੁੱਤਾ ਰਹੇ ਨਾ ਕੋਈ ਅਨਭੋਲ, ਆਲਸ ਨਿੰਦਰਾ ਸਰਬ ਮਿਟਾਈਆ । ਇਕੀ ਸਿਖ ਰਹਿਣ ਅਡੋਲ, ਆਪਣਾ ਬਲ ਧਰਾਈਆ । ਬਾਕੀ ਨਾਲ ਕਰਨ ਚੋਲ, ਪ੍ਰੇਮ ਪ੍ਰੀਤ ਵਧਾਈਆ । ਆਪਣਾ ਸਦ ਢੋਲਾ ਗਾਇਣ ਬੋਲ, ਊਚੀ ਕੂਕ ਸੁਣਾਈਆ । ਨੱਚਣ ਕੁੱਦਣ ਟੱਪਣ ਖੇਲਣ ਹੋਲ, ਪ੍ਰਭ ਹੌਲਾ ਭਾਰ ਦਿਤਾ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭਗਤ ਦੁਆਰ ਵਜਾਏ ਢੋਲ, ਮਰਦੰਗ ਇਕੋ ਇਕ ਜਣਾਈਆ । ਜਿਸ ਵੇਲੇ ਢੋਲ ਵੱਜੇਗਾ । ਸ਼ੈਤਾਨ ਉਠ ਕੇ ਏਥੋਂ ਭੱਜੇਗਾ । ਇਕ ਸੌ ਇਕ ਜਗਤ ਦੁਆਰੇ ਜਾ ਕੇ ਸਜੇਗਾ । ਸ਼ਾਹ ਸੁਲਤਾਨਾਂ ਅੰਦਰੋਂ ਕੱਢੇਗਾ । ਚੋਟੀ ਸਭ ਦੀ ਫੜ ਕੇ ਵੱਢੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਲੇਖਾ ਆਪਣੇ ਹੱਥ ਰੱਖੇਗਾ । ਬੀਸ ਬੀਸਾ ਕਹੇ ਮੈਂ ਗਿਆ ਆ, ਆਪਣਾ ਪੰਧ ਮੁਕਾਈਆ । ਭਗਤਾਂ ਭਗਵਾਨ ਦਿਤਾ ਮਿਲਾ, ਭਗਤ ਭਗਵਾਨ ਨਾਲ ਰਲਾਈਆ । ਇਕ ਨਵ ਦੇਂਦਾ ਰਿਹਾ ਸਲਾਹ, ਧੁਰ ਸੰਦੇਸ਼ ਜਣਾਈਆ । ਉਠੋ ਵੇਖੋ ਸਾਚਾ ਰਾਹ, ਰਹਿਬਰ ਆਇਆ ਇਕੋ ਮਾਹੀਆ । ਜਿਸ ਦਾ ਰੂਪ ਨੂਰੀ ਖ਼ੁਦਾ, ਜਲਵਾ ਜ਼ਹੂਰ ਵਿਚ ਵਖਾਈਆ । ਮੁਰੀਦ ਮੁਰਸ਼ਦ ਲਏ ਜਗਾ, ਨੇਤਰ ਪਲਕ ਅੱਖ ਬਦਲਾਈਆ । ਸਾਰੇ ਰਲ ਕੇ ਫੜ ਲਓ ਬਾਂਹ, ਆਪਣਾ ਹੱਥ ਵਧਾਈਆ । ਜੁਗ ਜੁਗ ਦੇਵਣਹਾਰਾ ਠੰਡੀ ਛਾਂ, ਬਣ ਬਰਦਾ ਸੇਵ ਕਮਾਈਆ ।

ਮੇਰੀ ਰੁੱਤ ਸੁਹਾਏ ਆ, ਮਿਹਰਵਾਨ ਫੇਰਾ ਪਾਈਆ । ਜਿਸ ਇਸ ਦਾ ਲਿਆ ਨਾਂ, ਤਿਸ ਆਪਣੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ, ਬੀਸ ਬੀਸਾ ਰਿਹਾ ਸਮਝਾਈਆ । ਬੀਸ ਬੀਸਾ ਕਹੇ ਸ਼ਾਬਾਸ਼, ਹਰਿ ਭਗਤ ਤੇਰੀ ਵਡਿਆਈਆ । ਤੁਹਾਡੇ ਪਿਛੇ
ਮੇਰੀ ਪੂਰੀ ਹੋਈ ਆਸ, ਪ੍ਰਭ ਮਿਲਿਆ ਬੇਪਰਵਾਹੀਆ । ਗੋਬਿੰਦ ਦੀ ਸੱਚੀ ਸ਼ਾਖ਼, ਗੁਰਮੁਖ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ
ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੀਸ ਬੀਸਾ ਕਹੇ ਮੈਂ ਬੜਾ ਮਲੰਗ, ਆਪਣਾ ਨਾਚ ਨਚਾਈਆ । ਭਗਤ ਦੁਆਰਾ ਵੇਖਾਂ ਲੰਘ,
ਜਿਸ ਘਰ ਵੱਜੇ ਵਧਾਈਆ । ਸ੍ਰੀ ਭਗਵਾਨ ਸਚ ਮਹੱਲੇ ਆਪੇ ਲੰਘ, ਮਹੱਲ ਅਟੱਲ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ
ਕਿਰਪਾ ਕਰ, ਚੌਥੀ ਮੰਜ਼ਲ ਇਕ ਪਲੰਘ ਸੁਹਾਈਆ । ਚੌਥੀ ਮੰਜ਼ਲ ਚੌਥਾ ਪਦ, ਗੁਰਮੁਖ ਪਹਿਲੀ ਵੰਡ ਵੰਡਾਇੰਦਾ । ਜੋਗ ਅਭਿਆਸ ਕਰਨਾ
ਸਭ ਨੇ ਦੇਣਾ ਛੱਡ, ਸੋਹੰ ਢੋਲਾ ਇਕ ਪੜ੍ਹਾਇੰਦਾ । ਪਾਰ ਕਰਾਏ ਆਪ ਹੱਦ, ਗੁਰਮੁਖਾਂ ਪੰਧ ਆਪ ਮੁਕਾਇੰਦਾ । ਊਚ ਨੀਚ ਰਾਉ ਰੰਕ ਰਾਜ
ਰਾਜਾਨ ਸ਼ਾਹ ਸੁਲਤਾਨ ਸੁਹਾਏ ਆਪਣੀ ਯਦ, ਬੰਸ ਇਕੋ ਇਕ ਸੁਹਾਇੰਦਾ । ਅੱਗੇ ਕਿਸੇ ਨੂੰ ਪਿਛੇ ਨਾ ਜਾਏ ਛੱਡ, ਜਿਸ ਜੋੜ੍ਹਿਆ ਤਿਸ ਪਾਰ
ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੀਸ ਬੀਸਾ ਵਡਿਆਇੰਦਾ । ਬੀਸ ਬੀਸਾ ਕਹੇ ਮੇਰਾ ਵੱਡਾ ਭਾਗ, ਵਡਭਾਗੀ
ਹਰਿ ਪਾਇਆ । ਬਿਨ ਤੇਲ ਬਾਤੀ ਜਗਿਆ ਚਿਰਾਗ, ਸਚ ਮਹੱਲੇ ਆਪ ਜਗਾਇਆ । ਮੇਰਾ ਦੁਰਮਤ ਮੈਲ ਧੋਤਾ ਦਾਗ਼, ਅੰਮੀ ਸੀਰ ਪਿਆਇਆ ।
੨੨ ਮੇਰੀ ਦੁਖੀ ਦੀ ਸੁਣੀ ਗਈ ਫ਼ਰਯਾਦ, ਦੀਨਾਂ ਨਾਥ ਦਰਦ ਵੰਡਣ ਆਇਆ । ਪਾਰ ਲੰਘਾਏ ਆਪਣੇ ਘਾਟ, ਅੱਧਵਿਚਕਾਰ ਨਾ ਕੋਇ ਰਖਾਇਆ । ੨੨
ਸੇਜ ਸੁਹੰਜਣੀ ਵਖਾਏ ਖਾਟ, ਖਟੀਆ ਇਕੋ ਇਕ ਦਰਸਾਇਆ । ਮੇਲ ਮਿਲਾਇਆ ਕਮਲਾਪਾਤ, ਘਰ ਸੱਜਣ ਵੇਖਣ ਆਇਆ । ਜੋਤੀ ਜੋਤ
੧੪ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੀਸ ਬੀਸੇ ਦਏ ਵਧਾਇਆ । ਬੀਸ ਬੀਸਾ ਕਹੇ ਮੇਰੀ ਸਚ ਨਿਸ਼ਾਨੀ, ਸ੍ਰੀ ਭਗਵਾਨ ਝੋਲੀ ਪਾਈਆ । ੧੪
ਜਨ ਭਗਤਾਂ ਦੇਵੇ ਧੁਰ ਦੀ ਬਾਣੀ, ਵਸਤ ਅਮੋਲਕ ਆਪ ਵਰਤਾਈਆ । ਲੇਖਾ ਚੁਕਾਏ ਚਾਰ ਖਾਣੀ, ਚਾਰੋਂ ਕੁੰਟ ਫੇਰਾ ਪਾਈਆ । ਸ਼ਬਦੀ ਸ਼ਬਦ
ਮਿਲਾਵਾਂ ਸਾਚੇ ਹਾਣੀ, ਸੁਰਤੀ ਮੂਰਤ ਅਕਾਲ ਮਨਾਈਆ । ਸਰੋਵਰ ਆਤਮ ਨਿਝਰ ਪਾਣੀ, ਠੰਡਾ ਰਸ ਵਖਾਈਆ । ਅੱਗੇ ਸੁਣਾਏ ਅਕੱਥ ਕਹਾਣੀ,
ਪਿਛਲੀ ਕਰੇ ਨਾ ਕੋਇ ਪੜ੍ਹਾਈਆ । ਕਰ ਕਿਰਪਾ ਦਿਤਾ ਪਦ ਨਿਰਬਾਣੀ, ਚੌਥੇ ਘਰ ਵਸਾਈਆ । ਲੱਖ ਚੁਰਾਸੀ ਵਿਚ ਨਾ ਰਹੇ ਕੋਈ ਪਰਾਣੀ,
ਜਿਸ ਪਰਾਣਪਤ ਲਿਆ ਧਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਬੀਸ ਬੀਸਾ ਰੰਗ ਰੰਗਾਈਆ । ਬੀਸ ਬੀਸਾ ਕਹੇ
ਮੇਰਾ ਵਸਿਆ ਖੇੜਾ, ਹਰਿ ਖਿੜਕੀ ਆਪ ਖੁਲ੍ਹਾਈਆ । ਉਤੇ ਚੜ੍ਹ ਕੇ ਲਾਇਆ ਡੇਰਾ, ਪਾਂਧੀ ਪੰਧ ਮੁਕਾਈਆ । ਮਿਹਰਵਾਨ ਕਰੀ ਆਪਣੀ
ਮਿਹਰਾ, ਮਿਹਰ ਨਜ਼ਰ ਉਠਾਈਆ । ਭਗਤਾਂ ਕਰੇ ਅੰਤ ਨਬੇੜਾ, ਲੁਕਿਆ ਕੋਇ ਰਹਿਣ ਨਾ ਪਾਈਆ । ਜਨਮ ਜਨਮ ਦਾ ਚੁੱਕੇ ਗੇੜਾ, ਗੇੜਾ
ਗੇੜੇ ਵਿਚ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਪਹਿਲੀ ਚੇਤਰ ਜਿਸ ਨੂੰ ਦਿਤਾ ਨਾਮ ਦਾਨ, ਅੰਤ ਜਨਮ ਮਰਨ ਵਿਚ ਨਾ ਆਈਆ ।

ਜਨਮ ਮਰਨ ਪ੍ਰਭ ਕੱਟਣ ਆਇਆ, ਕੱਟਣਹਾਰ ਗੋਪਾਲਾ । ਸਾਚਾ ਮਾਰਗ ਦੱਸਣ ਆਇਆ, ਨਿਰਗੁਣ ਨਿਰਵੈਰ ਇਕ ਸੁਖ਼ਾਲਾ । ਭਗਤ ਭਗਵੰਤ ਰੱਖਣ ਆਇਆ, ਗਲ ਪਾ ਪ੍ਰੇਮ ਦੀ ਮਾਲਾ । ਬਣ ਸਵਾਂਗੀ ਨਟੂਆ ਨੱਚਣ ਆਇਆ, ਲੇਖਾ ਜਾਣ ਸ਼ਾਹ ਕੰਗਾਲਾ । ਸਾਢੇ ਤਿੰਨ ਕਰੋੜ ਅੰਦਰ ਰਚਣ ਆਇਆ, ਨਿਰਗੁਣ ਜੋਤ ਨੂਰ ਨੁਰਾਨਾ । ਬਿਰਹੋਂ ਵਿਛੋੜੇ ਅੰਦਰ ਮੱਚਣ ਆਇਆ, ਬਣ ਵੈਰਾਗੀ ਹੋਏ ਬੇਹਾਲਾ । ਦਰ ਦਰ ਘਰ ਘਰ ਗੁਰਮੁਖਾਂ ਪਿਛੇ ਨੱਸਣ ਆਇਆ, ਕਰਿਆ ਖੇਲ ਨਿਰਾਲਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੀਸ ਬੀਸਾ ਹੋਏ ਉਜਾਲਾ । ਬੀਸ ਬੀਸਾ ਉਪਜਿਆ ਨੂਰ, ਨੂਰ ਨੂਰ ਰੁਸ਼ਨਾਈਆ । ਸੰਤਨ ਦੇਵਣਹਾਰ ਸਰੂਰ, ਸਤਿ ਸਤਿ ਸਮਝਾਈਆ । ਤੋੜਨਹਾਰ ਜਗਤ ਗ਼ਰੂਰ, ਗੁਰਬਤ ਦਏ ਗਵਾਈਆ । ਦੇਵਣਹਾਰਾ ਸਚ ਸ਼ਊਰ, ਸੁਹਬਤ ਇਕੋ ਇਕ ਦ੍ਰਿੜਾਈਆ । ਸਰਬ ਕਲਾ ਭਰਪੂਰ, ਭਰਪੂਰ ਰਿਹਾ ਸਰਬ ਥਾਈਆ । ਕਲਜੁਗ ਅੰਤਮ ਹੋ ਮਜ਼ਬੂਰ, ਭਗਤਾਂ ਮਜ਼ਬੂਰੀ ਦਏ ਕਟਾਈਆ । ਕਾਇਆ ਚੋਲੀ ਚਾੜ੍ਹੇ ਰੰਗ ਗੂੜ੍ਹ, ਲਾਲਨ ਲਲਾਰੀ ਸੇਵ ਕਮਾਈਆ । ਪਹਿਲੀ ਚੇਤਰ ਹਾਜ਼ਰ ਹੋਇਆ ਜੋ ਬਣਿਆ ਰਿਹਾ ਮਫ਼ਰੂਰ, ਨਿਰਗੁਣ ਆਪਣਾ ਫੇਰਾ ਪਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਪਿਛਲਾ ਕਰੇ ਮੁਆਫ਼ ਕਸੂਰ, ਅੱਗੇ ਮਾਰਗ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਹਿਲੀ ਚੇਤਰ ਸਿਫ਼ਤ ਸਾਲਾਹੀਆ । ਪਹਿਲੀ ਚੇਤਰ ਭਿੰਨੜੀ ਰੈਣ ਆਈ ਘਰ, ਘੁੰਗਟ ਮੁਖ ਉਠਾਈਆ । ਸ੍ਰੀ ਭਗਵਾਨ ਦੇ ਵਰ, ਨੇਤਰ ਨੈਣ ਖੁਲ੍ਹਾਈਆ । ਕਲਜੁਗ ਅੰਤਮ ਆਵੇ ਡਰ, ਭੈ ਸਕੇ ਨਾ ਕੋਇ ਮੁਕਾਈਆ । ਵਿਭਚਾਰ ਹੋਏ ਨਾਰੀ ਨਰ, ਸਤਿ ਧਰਮ ਨਾ ਕੋਇ ਰਖਾਈਆ । ਮੈਂ ਸਾਰੀ ਰੈਣ ਵੇਖਾਂ ਖੜ, ਨਵ ਖੰਡ ਪ੍ਰਿਥਮੀ ਧਿਆਨ ਲਗਾਈਆ । ਵੇਸਵਾ ਘਰ ਗੁਰਦਰ ਮੰਦਰ ਮਸਜਿਦ ਗਏ ਬਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੀਸ ਬੀਸੇ ਦਏ ਸਰਨਾਈਆ । ਬੀਸ ਬੀਸਾ ਕਹੇ ਮੇਰਾ ਆਇਆ ਮੌਕਾ, ਇਕ ਤੇਰਾ ਧਿਆਨ ਲਗਾਇੰਦਾ । ਵੇਖੀਂ ਹੁਣ ਨਾ ਦੇਵੀਂ ਧੋਖਾ, ਤੇਰਾ ਧੋਖਾ ਮੋਹੇ ਨਾ ਭਾਇੰਦਾ । ਤੇਰਾ ਲੇਖਾ ਲੋਕ ਪਰਲੋਕਾ, ਦੋ ਜਹਾਨਾਂ ਖੇਲ ਖਲਾਇੰਦਾ । ਮੈਂ ਸੁਣਿਆ ਤੇਰਾ ਸਲੋਕਾ, ਸੋਹੰ ਢੋਲਾ ਗਾਇੰਦਾ । ਜਨ ਭਗਤਾਂ ਰਹਿਣ ਨਾ ਦੇਵੀਂ ਰੋਸਾ, ਜੁਗ ਰੁਸਿਆਂ ਆਪ ਮਨਾਇੰਦਾ । ਢਾਈ ਹੱਥ ਤੇਰਾ ਹੋਸਾ, ਨਜ਼ਰ ਕਿਸੇ ਨਾ ਆਇੰਦਾ । ਢਾਈ ਗਜ਼ ਦਾ ਬੰਨ੍ਹ ਭੋਥਾ, ਦੁਪੱਟਾ ਇਕੋ ਰੰਗ ਰੰਗਾਇੰਦਾ । ਤਿੰਨ ਗੁਣਾਂ ਕਰ ਨਾ ਹੋਵੇ ਛੋਟਾ, ਛੋਟਿਉਂ ਵੱਡੇ ਆਪ ਬਣਾਇੰਦਾ । ਲਾਲ ਰੰਗ ਇਕੋ ਬਹੁਤਾ, ਜਿਸ ਚੜ੍ਹਿਆ ਉਤਰ ਨਾ ਜਾਇੰਦਾ । ਪਹਿਲੀ ਚੇਤਰ ਜਨ ਭਗਤਾਂ ਮਿਲਿਆ ਸਾਚਾ ਮੌਕਾ, ਮੁਫ਼ਤ ਆਪਣਾ ਨਾਮ ਵਰਤਾਇੰਦਾ । ਚੌਥੀ ਮੰਜ਼ਲ ਚੜ੍ਹ ਕੇ ਦੇਵੇ ਹੋਕਾ, ਹੁਕਮ ਆਪਣਾ ਆਪ ਸੁਣਾਇੰਦਾ । ਪ੍ਰਭ ਕਾ ਭਾਣਾ ਕਿਸੇ ਨਾ ਰੋਕਾ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਜਿਸ ਦੀਆਂ ਰੱਖਦੇ ਰਹੇ ਓਟਾ, ਸੋ ਸਾਹਿਬ ਫੇਰਾ ਪਾਇੰਦਾ । ਜਿਸ ਦੀਆਂ ਜਗੌਂਦੇ ਰਹੇ ਜੋਤਾਂ, ਸੋ ਜੋਤੀ ਨੂਰ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੀਸ ਬੀਸਾ ਇਕ ਵਡਿਆਇੰਦਾ । ਬੀਸ ਬੀਸਾ ਵੱਡਾ ਹੋਇਆ, ਹਰਿ ਸਤਿਗੁਰ ਆਪ ਕਰਾਈਆ । ਬੀਸ ਬੀਸਾ ਜੀਉਂਦਾ ਮੋਇਆ, ਜਨ ਭਗਤਾਂ ਮਰਨ ਜੁਗਤ ਦਏ ਜਣਾਈਆ । ਬੀਸ ਬੀਸਾ ਉਠਿਆ ਸੋਇਆ ਆਪਣੀ ਅੱਖ ਖੁਲ੍ਹਾਈਆ । ਬੀਸ ਬੀਸਾ ਸ੍ਰੀ ਭਗਵਾਨ ਅੱਗੇ ਰੋਇਆ, ਨੇਤਰ ਨੈਣਾਂ ਨੀਰ ਵਹਾਈਆ । ਬੀਸ ਬੀਸਾ ਕਹੇ ਮੇਰਾ ਮੁਖ ਕਿਸੇ ਨਾ ਧੋਇਆ, ਮੇਰੀ ਨਿੰਦਰਾ ਨਾ ਕੋਇ ਮੁਕਾਈਆ ।

੭੯
੧੪

ਬੀਸ ਬੀਸਾ ਕਹੇ ਅੰਮ੍ਰਿਤ ਆਤਮ ਕਿਸੇ ਨਾ ਚੋਇਆ, ਕਵਲ ਨਾਭ ਨਾ ਕੋਇ ਭਰਾਈਆ । ਬੀਸ ਬੀਸਾ ਕਹੇ ਸਾਚੀ ਜੋਤ ਨਾ ਕੋਈ ਲੋਇਆ, ਅੰਧ ਅੰਧੇਰ ਨਾ ਕੋਇ ਮਿਟਾਈਆ । ਬੀਸ ਬੀਸਾ ਕਹੇ ਸਾਚਾ ਬੀਜ ਕਿਸੇ ਨਾ ਬੋਇਆ, ਕਲਜੁਗ ਅੰਤ ਰਿਹਾ ਕੁਰਲਾਈਆ । ਬੀਸ ਬੀਸਾ ਕਹੇ ਬਿਨ ਤੇਰੇ ਭਗਤਾਂ ਨਾਲ ਕੋਈ ਨਾ ਛੋਹਿਆ, ਅੰਗ ਨਾਲ ਅੰਗ ਨਾ ਕੋਇ ਮਿਲਾਈਆ । ਬੀਸ ਬੀਸਾ ਕਹੇ ਤੇਰੇ ਜਿਹਾ ਕੋਈ ਨਾ ਹੋਇਆ, ਤੇਰਾ ਰੂਪ ਨਾ ਕੋਇ ਵਟਾਈਆ । ਬੀਸ ਬੀਸਾ ਕਹੇ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਕਰਾਈਆ । ਬੀਸ ਬੀਸਾ ਕਹੇ ਮੈਂ ਗਿਆ ਜਾਗ, ਮੇਰੀ ਜਾਗੀ ਰੁੱਤ ਸਬਾਈਆ । ਬੀਸ ਬੀਸਾ ਕਹੇ ਮੇਰਾ ਵੱਡਾ ਭਾਗ, ਵਡਭਾਗੀ ਪਾਇਆ ਹਰਿ ਰਘੁਰਾਈਆ । ਬੀਸ ਬੀਸਾ ਕਹੇ ਪ੍ਰਭ ਮਿਲਿਆ ਕੰਤ ਸੁਹਾਗ, ਭਗਤ ਭਗਵੰਤ ਲਏ ਪਰਨਾਈਆ । ਬੀਸ ਬੀਸਾ ਕਹੇ ਮਨਮੁਖਾਂ ਲੱਗੇ ਆਗ, ਨਾ ਸਕੇ ਕੋਇ ਬੁਝਾਈਆ । ਬੀਸ ਬੀਸਾ ਕਹੇ ਕੂੜੀ ਕਿਰਿਆ ਛੁਟੇ ਸੁਹਾਗ, ਨਾਤਾ ਕੋਇ ਨਜ਼ਰ ਨਾ ਆਈਆ । ਬੀਸ ਬੀਸਾ ਕਹੇ ਮਨਮੁਖਾਂ ਕੋਇ ਨਾ ਰੱਖੇ ਲਾਜ, ਰਾਏ ਧਰਮ ਦਏ ਸਜ਼ਾਈਆ । ਬੀਸ ਬੀਸਾ ਕਹੇ ਬਿਨ ਭਗਵਾਨ ਆਤਮ ਪਰਮਾਤਮ ਕੋਇ ਨਾ ਮਾਰੇ ਆਵਾਜ਼, ਅੱਖਰ ਢੋਲਾ ਸਾਰੇ ਰਹੇ ਗਾਈਆ । ਬੀਸ ਬੀਸਾ ਕਹੇ ਮੇਰਾ ਬਣੇ ਸਚ ਸਮਾਜ, ਸਮਗਰੀ ਇਕੋ ਨਜ਼ਰੀ ਆਈਆ । ਬੀਸ ਬੀਸਾ ਕਹੇ ਪ੍ਰਭ ਰਚੇ ਮੇਰਾ ਕਾਜ, ਨੌਂ ਖੰਡ ਪ੍ਰਿਥਮੀ ਫੇਰਾ ਪਾਈਆ । ਬੀਸ ਬੀਸਾ ਕਹੇ ਸੱਤ ਦੀਪ ਚਲੇ ਜਹਾਜ਼, ਸਤਿ ਸਤਿਵਾਦੀ ਆਪ ਚਲਾਈਆ । ਬੀਸ ਬੀਸਾ ਕਹੇ ਪ੍ਰਭ ਦਾ ਸੱਚਾ ਹੋਵੇ ਰਾਜ, ਰੱਯਤ ਗੁਰਮੁਖ ਰੂਪ ਵਟਾਈਆ । ਬੀਸ ਬੀਸਾ ਕਹੇ ਮੇਰੇ ਅੰਦਰ ਹੋਵੇ ਨਾਚ, ਮੇਰੇ ਮੰਦਰ ਵੱਜੇ ਵਧਾਈਆ । ਬੀਸ ਬੀਸਾ ਕਹੇ ਪ੍ਰਭ ਮਿਲਿਆ ਇਕੋ ਸਾਚ, ਸਚ ਸਚ ਦਏ ਜਣਾਈਆ । ਬੀਸ ਬੀਸਾ ਕਹੇ ਨਾਤਾ ਤੁਟੇ ਕਾਇਆ ਕਾਚ, ਖ਼ਾਕੀ ਮਾਟੀ ਲੇਖੇ ਪਾਈਆ । ਬੀਸ ਬੀਸਾ ਕਹੇ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੋਹੇ ਦਏ ਮਾਣ ਵਡਿਆਈਆ । ਬੀਸ ਬੀਸਾ ਕਹੇ ਮੋਹੇ ਚੜ੍ਹਿਆ ਚੰਦ, ਚੰਦ ਨੂਰ ਰੁਸ਼ਨਾਈਆ । ਬੀਸ ਬੀਸਾ ਕਹੇ ਪ੍ਰਭ ਮਿਲਿਆ ਸੂਰਾ ਸਰਬੰਗ, ਸੂਰਬੀਰ ਨਜ਼ਰੀ ਆਈਆ । ਬੀਸ ਬੀਸਾ ਕਹੇ ਮੈਂ ਭਗਤਾਂ ਦੇਵਾਂ ਅਨੰਦ, ਅੰਤਰ ਆਤਮ ਸੁਖ ਉਪਜਾਈਆ । ਬੀਸ ਬੀਸਾ ਕਹੇ ਮੈਂ ਚਾੜ੍ਹਾਂ ਇਕੋ ਰੰਗ, ਰੰਗ ਮਜੀਠੀ ਨਾਮ ਰੰਗਾਈਆ । ਬੀਸ ਬੀਸਾ ਕਹੇ ਮੈਂ ਵਜਾਵਾਂ ਮਰਦੰਗ, ਅਨਹਦ ਰਾਗ ਇਕ ਸੁਣਾਈਆ । ਬੀਸ ਬੀਸਾ ਕਹੇ ਮੈਂ ਗਾਵਾਂ ਛੰਦ, ਸੋਹੰ ਢੋਲਾ ਆਪ ਵਡਿਆਈਆ । ਬੀਸ ਬੀਸਾ ਕਹੇ ਮੇਰਾ ਮੁਕਿਆ ਪੰਧ, ਪ੍ਰਭ ਆਪਣਾ ਮਾਰਗ ਅੱਗੇ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਦੇਵੇ ਸਾਚਾ ਵਰ, ਅੱਗੇ ਲਹਿਣਾ ਦਏ ਮੁਕਾਈਆ । ਹਰਿ ਸੰਗਤ ਸੁਣੋ ਸਚ ਬਿਆਨ, ਸ੍ਰੀ ਭਗਵਾਨ ਆਪ ਜਣਾਇੰਦਾ । ਸਚਖੰਡ ਦਾ ਸਚ ਮਕਾਨ, ਭਗਤਾਂ ਅੱਗੇ ਅਰਦਾਸ ਕਰਾਇੰਦਾ । ਦੂਜਾ ਕੋਈ ਨਾ ਆਵੇ ਸ਼ੈਤਾਨ, ਸ਼ਰੀਅਤ ਵਾਲਾ ਨੇੜ ਨਾ ਕੋਇ ਬਹਾਇੰਦਾ । ਜਿੰਨਾਂ ਆਤਮ ਪਰਮਾਤਮ ਦੇਵੇ ਗਿਆਨ, ਤਿਸ ਆਪਣਾ ਮੇਲ ਮਿਲਾਇੰਦਾ । ਨਾਮ ਜਣਾਏ ਇਕ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਡੰਕ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦਰ ਆਈ ਸੰਗਤ ਬਿਨ ਮੰਗਿਆਂ ਵਸਤ ਅਮੋਲਕ ਝੋਲੀ ਪਾਇੰਦਾ । ਮੰਗਣ ਦੀ ਹੁਣ ਨਹੀਂ ਲੋੜ, ਅਣਮੰਗੀ ਦਾਤ ਵਰਤਾਈਆ । ਆਪਣੇ ਨਾਲ ਲਿਆ ਜੋੜ, ਜੋੜੀ ਪੁਰਖ ਅਕਾਲ ਬਣਾਈਆ । ਚੜ੍ਹ ਕੇ ਵੇਖੇ ਅਗੰਮੀ ਘੋੜ, ਦੋ ਜਹਾਨ ਦੌੜਾਈਆ । ਭਗਤਾਂ ਭਗਵਾਨ ਉਤੇ

ਸੁਟੀ ਡੋਰ, ਭਗਵਾਨ ਆਪਣੀ ਗੰਢ ਪੁਆਈਆ । ਦੂਜਾ ਇਸ਼ਟ ਨਾ ਕੋਈ ਹੋਰ, ਦ੍ਰਿਸ਼ਟ ਸਕੇ ਨਾ ਕੋਇ ਖੁਲ੍ਹਾਈਆ । ਰਸਨਾ ਜਿਹਵਾ ਪਾਏ ਸ਼ੋਰ, ਸੰਸਾ ਸਕੇ ਨਾ ਕੋਇ ਚੁਕਾਈਆ । ਗੁਰਮੁਖ ਲੇਖਾ ਚੁੱਕੇ ਤੇਰ ਮੇਰ, ਮੇਰ ਤੇਰ ਰਹੇ ਨਾ ਰਾਈਆ । ਕਰੇ ਪਰਕਾਸ਼ ਅੰਧ ਘੋਰ, ਪੰਜ ਚੋਰ ਡੇਰਾ ਢਾਹੀਆ । ਸਤਿਜੁਗ ਵਿਚ ਜਨ ਭਗਤਾਂ ਦੀ ਪ੍ਰਭ ਨੂੰ ਪੈ ਗਈ ਲੋੜ, ਦਰ ਦਰ ਫਿਰੇ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੀਹ ਸੌ ਵੀਹ ਬਿਕਰਮੀ ਦਏ ਵਧਾਈਆ । ਵੀਹ ਸੌ ਵੀਹ ਬਿਕਰਮੀ ਤੇਰਾ ਵਾਧਾ, ਵਾਹਦ ਆਪ ਕਰਾਇੰਦਾ । ਪਰਗਟ ਹੋਇਆ ਸਭ ਦਾ ਦਾਦਾ, ਦਾਸਤਾਨ ਸਭ ਦੀ ਵੇਖ ਵਖਾਇੰਦਾ । ਜਿਸ ਦਾ ਖੇਲ ਆਦਿ ਜੁਗਾਦਾ, ਜੁਗ ਜੁਗ ਰਾਹ ਚਲਾਇੰਦਾ । ਕਲਜੁਗ ਅੰਤ ਵਜਾਏ ਨਾਦਾ, ਇਕੋ ਰਾਗ ਸੁਣਾਇੰਦਾ । ਭਗਤ ਭਗਵਾਨ ਰਚ ਕੇ ਕਾਜਾ, ਕਰਤਾ ਪੁਰਖ ਸਮਾਜ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਗਤ ਹਰਿ ਕਰ ਪਰਵਾਨ, ਪਰਵਾਨਗੀ ਆਪਣੇ ਲੇਖੇ ਪਾਇੰਦਾ ।

ਪਹਿਲੀ ਚੇਤਰ ਜੋ ਰਹਿ ਗਏ ਦੂਰ, ਦੂਰੋਂ ਨੇੜੇ ਆਪ ਲਿਆਈਆ । ਜਨ ਭਗਤਾਂ ਪਿਛੇ ਹੋਏ ਆਪ ਮਜ਼ਬੂਰ, ਮਜ਼ਬੂਰੀ ਭਗਤਾਂ ਦਏ ਕਟਾਈਆ । ਦੂਰ ਦੁਰਾਡਿਆਂ ਦੇਵੇ ਨਾਮ ਸਰੂਰ, ਅੰਮ੍ਰਿਤ ਜਾਮ ਪਿਆਈਆ । ਖ਼ਾਲੀ ਭਾਂਡੇ ਕਰੇ ਭਰਪੂਰ, ਮਿਹਰ ਨਜ਼ਰ ਉਠਾਈਆ । ਦੁੱਖ ਦਲਿਦਰ ਅੱਗੇ ਕੱਟੇ ਜ਼ਰੂਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਦੁਆਰੇ ਸੇਵ ਕਮਾਈਆ । ਸਚ ਦੁਆਰੇ ਸਚ ਵਿਹਾਰਾ, ਸੋ ਸਤਿਗੁਰ ਆਪ ਕਰਾਇਆ । ਪਹਿਲੀ ਚੇਤਰ ਦਿਵਸ ਵਿਚਾਰਾ, ਵਦੀ ਸੁਦੀ ਨਾ ਕੋਇ ਵਡਿਆਇਆ । ਰੰਗ ਰੰਗੇ ਏਕੰਕਾਰਾ, ਬੀਸ ਬੀਸਾ ਰੰਗ ਰੰਗਾਇਆ । ਧੂੜੀ ਉਡੇ ਵਿਚ ਸੰਸਾਰਾ, ਗੁਰਮੁਖ ਸਾਚਾ ਨਾਚ ਨਚਾਇਆ । ਧੂੜੀ ਖ਼ਾਕ ਕਰੇ ਪੁਕਾਰਾ, ਨੈਣਾਂ ਨੀਰ ਵਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਇਆ । ਧੂੜੀ ਉਡੇ ਨਾਲ ਪੈਰ, ਸਵਾ ਪਹਿਰ ਵੰਡ ਵੰਡਾਈਆ । ਕੋਈ ਨਾ ਜਾਣੇ ਐਰ ਗ਼ੈਰ, ਗਹਿਰ ਗੰਭੀਰ ਸ਼ਨਵਾਈਆ । ਲੇਖਾ ਜਾਣੇ ਲਾਹੌਰ ਸ਼ਹਿਰ, ਲਹਿਰ ਲਹਿਰ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਨਾਚ ਵਡਿਆਈਆ । ਗੁਰਮੁਖ ਸਾਚੇ ਮਾਤ ਨੱਚਣ, ਘੁੰਮਰ ਏਕਾ ਪਾਈਆ । ਕਲਜੁਗ ਜੀਵ ਅੰਤਮ ਮੱਚਣ, ਅਗਨੀ ਜੋਤ ਲਗਾਈਆ । ਵਾਂਗ ਅੰਗਿਆਰੇ ਕੂੜੀ ਕਿਰਿਆ ਭਖਣ, ਸਾਂਤਕ ਸਤਿ ਨਾ ਕੋਇ ਕਰਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕੋਈ ਨਾ ਆਵੇ ਰੱਖਣ, ਵੇਲੇ ਅੰਤ ਨਾ ਕੋਇ ਸਹਾਈਆ । ਧਰਮ ਰਾਏ ਦੀ ਫਾਸੀ ਫਸਣ, ਨਾ ਸਕੇ ਕੋਈ ਬਚਾਈਆ । ਇਕ ਦੂਜੇ ਨੂੰ ਫੇਰ ਦੱਸਣ, ਆਪਣਾ ਹਾਲ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦੇਵਣਹਾਰ ਵਡ ਵਡਿਆਈਆ । ਵਡਿਆਈ ਹਰਿ ਦੇਵਣ ਆਇਆ, ਵਡ ਦਾਤਾ ਗਹਿਰ ਗੰਭੀਰ । ਕਲਜੁਗ ਮੇਟੇ ਕੂੜੀ ਮਾਇਆ, ਸਾਂਤਕ ਸਤਿ ਕਰੇ ਸਰੀਰ । ਸਮਰਥ ਸਿਰ ਰੱਖੇ ਠੰਡੀ ਛਾਇਆ, ਫੜ ਚੋਟੀ ਚਾੜ੍ਹੇ ਅਖ਼ੀਰ । ਦਰਸੀ ਦਰਸ ਇਕ ਕਰਾਇਆ, ਸ਼ਰਅ ਕਟਾਏ ਜ਼ੰਜੀਰ । ਅੰਮ੍ਰਿਤ ਮੇਘ ਦਏ

ਬਰਸਾਇਆ, ਸਾਚਾ ਬਖ਼ਸ਼ੇ ਅੰਮ੍ਰਿਤ ਸੀਰ । ਪਹਿਲੀ ਚੇਤਰ ਰੁੱਤ ਸੁਹਾਇਆ, ਵੀਰਾਂ ਨਾਲ ਮਿਲੇ ਵੀਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਲੇਖਾ ਜਾਣੇ ਸ਼ਾਹ ਹਕੀਰ । ਸ਼ਾਹ ਹਕੀਰ ਕੋਇ ਨਾ ਰਹਿਣਾ, ਹਰਿ ਰਹਿਮਤ ਆਪ ਕਮਾਈਆ । ਚਾਰ ਵਰਨ ਇਕੋ ਬਹਿਣਾ, ਇਕੋ ਦਏ ਵਡਿਆਈਆ । ਚਾਰ ਕੁੰਟ ਇਕੋ ਨਾਮ ਲੈਣਾ, ਇਕੋ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੀਸ ਬੀਸੇ ਵਿਚ ਆਤਮ ਪਰਮਾਤਮ ਬਦਲ ਦਏ ਵਿਧਾਨ, ਭੂਪਤ ਰਾਜਾ ਇਕੋ ਇਕ ਅਖਵਾਈਆ ।



## ★ ੨ ਚੇਤ ੨੦੨੦ ਬਿਕਰਮੀ ਜੇਠੂਵਾਲ ਦਰਬਾਰ ਵਿਚ ★

ਭਗਤ ਭਗਵਾਨ ਦੇ ਸਾਚੇ ਬੱਚੇ, ਗੋਦੀ ਬਹਿ ਬਹਿ ਖ਼ੁਸ਼ੀ ਮਨਾਈਆ । ਕਲਜੁਗ ਅੰਤਮ ਹੋ ਗਏ ਪੱਕੇ, ਕੱਚੀ ਰੀਤ ਨਾ ਕੋਇ ਜਣਾਈਆ । ਦਰਗਹਿ ਸੱਚੀ ਜਾਏ ਬਣ ਕੇ ਸੱਚੇ, ਕੂੜੀ ਕਿਰਿਆ ਮਾਤ ਤਜਾਈਆ । ਪ੍ਰੇਮ ਪਿਆਰ ਅੰਦਰ ਨੱਚੇ, ਚਾਰ ਕੁੰਟ ਕੁੰਟ ਭੁਆਈਆ । ਸਾਹਿਬ ਸਤਿਗੁਰ ਲੱਗੇ ਅੱਛੇ, ਮਿਹਰਵਾਨ ਵੇਖ ਵਖਾਈਆ । ਅਗਲਾ ਮਾਰਗ ਇਕੋ ਦੱਸੇ, ਸ੍ਰਿਸ਼ਟ ਸਬਾਈ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਭਗਤ ਭਗਵਾਨ ਦਾ ਸੱਚਾ ਬੇਟਾ, ਪੁਤਰ ਅਵਰ ਨਾ ਕੋਇ ਰਖਾਇੰਦਾ । ਮਿਲਿਆ ਮੇਲ ਸਚ ਖੇਵਟ ਖੇਟਾ, ਫੜ ਬੇੜਾ ਪਾਰ ਕਰਾਇੰਦਾ । ਪੂਰਬ ਜਨਮ ਦਾ ਰੱਖਿਆ ਚੇਤਾ, ਗੋਬਿੰਦ ਲਹਿਣਾ ਆਪੇ ਲਾਇੰਦਾ । ਚਾਰ ਵਰਨਾਂ ਕਰੇ ਹੇਤਾ, ਊਚਾਂ ਨੀਚਾਂ ਵੇਖ ਵਖਾਇੰਦਾ । ਪਰਗਟ ਹੋ ਪੰਚਮ ਜੇਠਾ, ਜੋਤੀ ਜੋਤ ਵੇਸ ਵਟਾਇੰਦਾ । ਹਰਿਜਨ ਰੱਖੇ ਸਾਇਆ ਹੇਠਾ, ਸਿਰ ਆਪਣਾ ਹੱਥ ਟਿਕਾਇੰਦਾ । ਪਹਿਲੀ ਚੇਤਰ ਸਭ ਨੂੰ ਦੇਵੇ ਨਿਉਤਾ, ਸੱਦਾ ਆਪਣਾ ਨਾਮ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਵਡਿਆਇੰਦਾ । ਭਗਤ ਭਗਵਾਨ ਦਾ ਸੱਚਾ ਸੰਗੀ, ਸਦਾ ਸੰਗ ਨਿਭਾਈਆ । ਦੇਵੇ ਵਸਤ ਦਾਤ ਅਨਮੰਗੀ, ਅਮੋਲਕ ਝੋਲੀ ਪਾਈਆ । ਜਿਸ ਤਰਾਂ ਭਾਰਤ ਵਿਚੋਂ ਗਏ ਫ਼ਰੰਗੀ, ਕਲਜੁਗ ਕੂੜੇ ਰਹਿਣ ਨਾ ਪਾਈਆ । ਇਕੋ ਤਲਵਾਰ ਕੱਢੀ ਨੰਗੀ, ਸੀਸ ਸਭ ਦੇ ਨੰਗੇ ਕਰਾਈਆ । ਕਿਸੇ ਦੇ ਸਿਰ ਨਾ ਰਹਿ ਜਾਏ ਕੰਘੀ, ਪੱਟੀ ਸਕੇ ਨਾ ਕੋਇ ਕਰਾਈਆ । ਹਰਿ ਸੰਗਤ ਗਾਓ ਇਕੋ ਢੋਲਾ ਛੰਦੀ, ਉਚੀ ਬੋਲ ਜਣਾਈਆ । ਭਗਤ ਦੁਆਰ ਨਾ ਕੋਈ ਰਹੇ ਪਖੰਡੀ, ਪਖੰਡ ਸਭ ਦੇ ਦਏ ਮਿਟਾਈਆ । ਸਤਿਜੁਗ ਇਕੋ ਚਲੇ ਡੰਡੀ, ਡੰਡਾ ਆਪਣਾ ਨਾਮ ਰਖਾਈਆ । ਨਵ ਖੰਡ ਪਾਏ ਸ਼ਬਦੀ ਵੰਡੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੈ ਜਣਾਈਆ । ਭਗਤ ਭਗਵਾਨ ਦਾ ਸਾਚਾ ਨਾਤਾ, ਜੁਗ ਜੁਗ ਆਪ ਬਣਾਇੰਦਾ । ਦੇਵਣਹਾਰਾ ਸਾਚੀ ਦਾਤਾ, ਦਾਤਾ ਦਾਨੀ ਦਇਆ ਕਮਾਇੰਦਾ । ਊਚਾਂ ਨੀਚਾਂ ਰਾਉ ਰੰਕਾਂ ਬਣਿਆ ਸੱਚਾ ਸਾਥਾ, ਸਗਲਾ ਸੰਗ ਨਿਭਾਇੰਦਾ । ਪਿਛਲਾ ਸਭ ਦਾ ਚੁਕਿਆ ਪੂਜਾ ਪਾਠਾ, ਅੱਗੇ ਮੰਤਰ ਇਕ ਦ੍ਰਿੜਾਇੰਦਾ । ਮੇਲ ਮਿਲਾਏ ਪੁਰਖ ਬਿਧਾਤਾ, ਆਤਮ ਪਰਮਾਤਮ ਜੋੜ ਜੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਖੇਲ ਖਲਾਇੰਦਾ ।

ਭਗਤ ਭਗਵਾਨ ਖੇਲ ਅਵੱਲਾ, ਨਜ਼ਰ ਕਿਸੇ ਨਾ ਆਈਆ । ਲੇਖਾ ਜਾਣੇ ਇਕ ਇਕੱਲਾ, ਦੂਜਾ ਭੇਵ ਕੋਇ ਨਾ ਪਾਈਆ । ਨਿਰਗੁਣ ਹੋ ਕੇ ਅੰਦਰ ਰਲਾ, ਨੂਰ ਨੂਰ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਭਗਤ ਭਗਵਾਨ ਇਕੋ ਤਾਲ, ਤਾਲ ਤਲਵਾੜਾ ਆਪ ਵਜਾਇੰਦਾ । ਭਗਤ ਭਗਵਾਨ ਇਕੋ ਇਕ ਨਿਸ਼ਾਨ, ਸਤਿ ਸਤਿਵਾਦੀ ਆਪ ਝੁਲਾਇੰਦਾ । ਭਗਤ ਭਗਵਾਨ ਇਕੋ ਮਾਣ, ਅਭਿਮਾਨ ਨਜ਼ਰ ਕੋਇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਭਗਤ ਭਗਵਾਨ ਦਾ ਸਾਚਾ ਭੰਗੜਾ, ਸੈਭੰ ਆਪ ਜਣਾਈਆ । ਗੁਰਸਿਖ ਗੁਰਮੁਖ ਅੱਧਵਿਚਕਾਰ ਰਹਿ ਨਾ ਜਾਏ ਕੋਈ ਲੰਗੜਾ, ਫੜ ਬਾਹੋਂ ਲਏ ਕਢਾਈਆ । ਪਾਰ ਕਰਾਏ ਜੰਗਲ ਜੂਹ ਉਜਾੜ ਪਹਾੜ ਡੂੰਘੀ ਕੰਦਰਾ, ਉਚੇ ਟਿੱਲੇ ਆਪ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਵਡਿਆਈਆ । ਘੁੰਗਰੂ ਕਹਿਣ ਸਾਡੀ ਘਨਘੋਰ, ਚਾਰ ਕੁੰਟ ਸ਼ਨਵਾਈਆ । ਗੁਰਮੁਖ ਅੱਗੇ ਪਿਛੇ ਰਿਹਾ ਤੋਰ, ਬੇਪਰਵਾਹ ਵੱਡੀ ਵਡਿਆਈਆ । ਕਲਜੁਗ ਵੇਖ ਅੰਧੇਰਾ ਘੋਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਜਨ ਭਗਤਾਂ ਆਪਣੇ ਹੱਥ ਪਕੜੇ ਡੋਰ, ਡੋਰੀ ਆਪਣੇ ਨਾਲ ਬੰਧਾਈਆ । ਅੱਗੇ ਚਲੇ ਨਾ ਕਿਸੇ ਦਾ ਕੋਈ ਜ਼ੋਰ, ਬਲ ਆਪਣਾ ਇਕ ਰਖਾਈਆ । ਮੰਤਰ ਦੱਸੇ ਇਕੋ ਫੋਰ, ਫੁਰਨਾ ਸਭ ਦਾ ਵੇਖ ਵਖਾਈਆ । ਨਾਤਾ ਤੋੜੇ ਪੰਜ ਚੋਰ, ਚੋਰੀ ਚੋਰੀ ਦਏ ਬਚਾਈਆ । ਕਲਜੁਗ ਅੰਤਮ ਪਾਰਬ੍ਰਹਮ ਗੁਰਮੁਖਾਂ ਪਈ ਲੋੜ, ਹਰਿਜਨ ਮੇਲੇ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਰਚਾਈਆ । ਨਾਚ ਭੰਗੜਾ ਹੋਇਆ ਮਨਜ਼ੂਰ, ਮਹਾਰਾਜ ਸ਼ੇਰ ਸਿੰਘ ਦਇਆ ਕਮਾਇੰਦਾ । ਪਿਛਲੇ ਸਭ ਦੇ ਬਖ਼ਸ਼ੇ ਕਸੂਰ, ਅਗਲਾ ਲੇਖਾ ਆਪ ਵਖਾਇੰਦਾ । ਜਿਧਰ ਵੇਖੋ ਨਜ਼ਰ ਆਏ ਹਾਜ਼ਰ ਹਜ਼ੂਰ, ਹਰਿ ਆਪਣਾ ਪਰਦਾ ਲਾਹਿੰਦਾ । ਸਭ ਦੇ ਕਾਇਆ ਭਾਂਡੇ ਕਰੇ ਭਰਪੂਰ, ਖ਼ੁਸ਼ੀਆਂ ਨਾਲ ਤਾਲ ਵਜਾਇੰਦਾ । ਤੁਹਾਡਾ ਲੇਖਾ ਦੇਵੇ ਜ਼ਰੂਰ, ਬਾਕੀ ਕੋਲ ਨਾ ਕੋਇ ਰਖਾਇੰਦਾ । ਗੁਰਸਿਖ ਬਣੇ ਨਾ ਕੋਇ ਮਫ਼ਰੂਰ, ਸਾਚੀ ਸਿਖਿਆ ਇਕ ਦ੍ਰਿੜਾਇੰਦਾ । ਜਿਸ ਨੇ ਦਿਤਾ ਆਤਮ ਨੂਰ, ਸੋ ਪਰਮਾਤਮ ਵੇਖ ਵਖਾਇੰਦਾ । ਸਭ ਦੀ ਆਸਾ ਕਰੇ ਪੂਰ, ਨਿਰਾਸਾ ਕੋਇ ਨਜ਼ਰ ਨਾ ਆਇੰਦਾ । ਤੁਹਾਡੀ ਉਡਦੀ ਵੇਖੇ ਧੂੜ, ਵਿਸ਼ਨ ਬ੍ਰਹਮਾ ਸ਼ਿਵ ਰਾਹ ਤਕਾਇੰਦਾ । ਬਿਨ ਭਗਤਾਂ ਲੱਖ ਚੁਰਾਸੀ ਨਾਤਾ ਕੂੜ, ਸੱਜਣ ਨਜ਼ਰ ਕੋਇ ਨਾ ਆਇੰਦਾ । ਰਾਜ ਰਾਜਾਨ ਸ਼ਾਹ ਸੁਲਤਾਨ ਹੋਏ ਮੂਰਖ ਮੂੜ੍ਹ, ਪਰਦਾ ਦੂਈ ਨਾ ਕੋਇ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਆਈ ਸੰਗਤ ਚਾੜ੍ਹੇ ਨਾਮ ਰੰਗਤ, ਰੰਗ ਅਮੋਲਾ ਬਣ ਵਿਚੋਲਾ ਆਪਣਾ ਆਪ ਰੰਗਾਇੰਦਾ । ਨਾਮ ਗਾਣਾ ਇਕੋ ਨਾਦ, ਅਨਾਦੀ ਦਏ ਵਡਿਆਈਆ । ਸੋ ਭਗਤ ਸੋ ਸੱਚਾ ਸਾਧ, ਜਿਸ ਅੰਤਰ ਪ੍ਰੇਮ ਰਖਾਈਆ । ਸੋ ਗੁਰਮੁਖ ਗੁਰ ਰੱਖੇ ਲਾਜ, ਜਿਸ ਆਪਣਾ ਰੰਗ ਚੜ੍ਹਾਈਆ । ਸੋ ਗੁਰਸਿਖ ਵਜਾਵੇ ਸਾਜ, ਜਿਸ ਆਪਣਾ ਤਾਲ ਜਣਾਈਆ । ਸੋ ਸਾਰੇ ਇਕੱਠੇ ਹੋਏ ਆਂਢ ਗਵਾਂਢ, ਮੇਲਾ ਮਿਲਿਆ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਦਾ ਵਡਿਆਈਆ । ਵਡਿਆਈ ਦੇਵੇ ਸ੍ਰੀ ਭਗਵਾਨ, ਜਿਨ੍ਹਾਂ ਇਕ ਸੇਵ ਕਮਾਈਆ । ਆਏ ਦਰ ਕਰੇ ਪਰਵਾਨ, ਦਰ ਦਰਵਾਜ਼ਾ ਇਕੋ ਇਕ ਖੁਲ੍ਹਾਈਆ । ਖ਼ੁਸ਼ੀਆਂ ਨਾਲ ਮੁੜ ਕੇ ਜਾਣ, ਗ਼ਮੀ ਚਿੰਤਾ ਨੇੜ ਕੋਇ ਨਾ ਆਈਆ । ਰਾਤੀਂ ਸੁਤਿਆਂ ਘਰ ਘਰ ਮਿਲੇ ਸ੍ਰੀ ਭਗਵਾਨ, ਬਣ

ਪਾਂਧੀ ਫੇਰਾ ਪਾਈਆ । ਗੁਰਸਿਖ ਫੜੇ ਬਾਲ ਅੰਞਾਣ, ਫੜ ਬਾਹੋਂ ਗਲੇ ਲਗਾਈਆ । ਲੱਖ ਚੁਰਾਸੀ ਵਿਚੋਂ ਲਏ ਪਛਾਣ, ਭੁਲੇਖੇ ਵਿਚ ਕਦੇ ਨਾ ਆਈਆ । ਜਿਨ੍ਹਾਂ ਪੰਜ ਤੱਤ ਗੋਬਿੰਦ ਦਿਤਾ ਦਾਨ, ਤਿਨ੍ਹਾਂ ਆਤਮ ਆਪਣੇ ਨਾਲ ਪਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਪਾਰ ਕਰਾਈਆ । ਖ਼ੁਸ਼ੀ ਜਾਣਾ ਘਰ ਘਰ, ਹਰਿ ਸਤਿਗੁਰ ਆਪ ਜਣਾਇੰਦਾ । ਅਗਲਾ ਸਾਰੇ ਚੁਕਾਓ ਡਰ, ਰਾਏ ਧਰਮ ਨੇੜ ਨਾ ਆਇੰਦਾ । ਸੋਹੰ ਅੱਖਰ ਲੈਣਾ ਪੜ੍ਹ, ਨਿਸ਼ਅੱਖਰ ਧਾਰ ਜਣਾਇੰਦਾ । ਸਚ ਮਹੱਲੇ ਜਾਣਾ ਚੜ੍ਹ, ਪੁਰਖ ਅਬਿਨਾਸ਼ੀ ਆਪ ਉਠਾਇੰਦਾ । ਲੇਖਾ ਚੁੱਕੇ ਸੀਸ ਧੜ, ਪੰਜ ਤੱਤ ਰੂਪ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਤਾ ਇਕ ਬੰਧਾਇੰਦਾ । ਘਰ ਘਰ ਜਾਓ ਚਾਓ ਘਨੇਰਾ, ਦਰ ਦਰ ਵੱਜੇ ਵਧਾਈਆ । ਨਾਤਾ ਜੁੜਿਆ ਤੇਰਾ ਮੇਰਾ, ਦੂਜਾ ਕੋਇ ਨਜ਼ਰ ਨਾ ਆਈਆ । ਜਿਧਰ ਵੇਖੋ ਨਜ਼ਰੀ ਆਏ ਸਿੰਘ ਸ਼ੇਰਾ, ਸ਼ਹਿਨਸ਼ਾਹ ਆਪਣਾ ਰੂਪ ਧਰਾਈਆ । ਕਲਜੁਗ ਅੰਤਮ ਬੰਨ੍ਹੇ ਬੇੜਾ, ਬਣ ਮਲਾਹ ਫੇਰਾ ਪਾਈਆ । ਦੀਨ ਮਜ਼੍ਹਬ ਦਾ ਛੱਡ ਦਿਓ ਝੇੜਾ, ਝਗੜਾ ਰੱਖੇ ਨਾ ਕੋਇ ਬੇਪਰਵਾਹੀਆ । ਪ੍ਰਭ ਸਰਨਾਈ ਸੱਚਾ ਡੇਰਾ, ਭਗਤ ਭਗਵਾਨ ਰਿਹਾ ਜਣਾਈਆ । ਨਜ਼ਰੀ ਆਏ ਨੇਰਨ ਨੇਰਾ, ਦੂਰ ਦੁਰਾਡਾ ਪੰਧ ਮੁਕਾਈਆ । ਮਿਹਰਵਾਨ ਕਰ ਆਪਣੀ ਮਿਹਰਾ, ਮਿਹਰ ਨਜ਼ਰ ਉਠਾਈਆ । ਸਚਖੰਡ ਏਸੇ ਤਰਾਂ ਖੁਲ੍ਹਾ ਰੱਖੇ ਵੇਹੜਾ, ਗੁਰਮੁਖ ਚਾਰੋਂ ਕੁੰਟ ਨਾਚ ਨਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਹਿਲੀ ਚੇਤਰ ਸਚਖੰਡ ਦੀ ਰੀਤੀ ਦਏ ਜਣਾਈਆ । ਆਓ ਵੇਖੋ ਨਾਰਦ ਮਾਰੇ ਧਾਹ, ਬੋਦੀ ਆਪਣੀ ਰਿਹਾ ਹਿਲਾਈਆ । ਤੇਰਾ ਖੇਲ ਕੋਈ ਜਾਣੇ ਨਾ, ਭੇਵ ਨਾ ਕਿਸੇ ਜਣਾਈਆ । ਪੁਰਖ ਅਬਿਨਾਸ਼ੀ ਬੇਪਰਵਾਹ, ਕਲਜੁਗ ਅੰਤਮ ਵੇਸ ਵਟਾਈਆ । ਜੁਗ ਜਨਮ ਦੇ ਵਿਛੜੇ ਲਏ ਮਿਲਾ, ਆਪ ਆਪਣਾ ਬੰਧਨ ਪਾਈਆ । ਨਿਰਗੁਣ ਹੋ ਕੇ ਸੇਵ ਕਮਾ, ਸੇਵਾ ਇਕੋ ਇਕ ਰਖਾਈਆ । ਭਗਤ ਦੁਆਰਾ ਲਿਆ ਬਣਾ, ਲੋਕਮਾਤ ਦਏ ਵਡਿਆਈਆ । ਅੱਗੇ ਪਿਛੇ ਬੈਠੇ ਹਰਿ ਡੇਰਾ ਲਾ, ਦੋ ਜਹਾਨ ਵੇਖੇ ਚਾਈਂ ਚਾਈਂਆ । ਸਾਚੇ ਸੰਤਾਂ ਲਏ ਸਮਝਾ, ਸਮਝ ਇਕੋ ਇਕ ਰਖਾਈਆ । ਸੋਹੰ ਢੋਲਾ ਲੈਣਾ ਗਾ, ਵਿਚੋਲਾ ਬਣੇ ਬੇਪਰਵਾਹੀਆ । ਪਰਦਾ ਉਹਲਾ ਦਏ ਉਠਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੇਵੇ ਮਾਣ ਵਡਿਆਈਆ । ਸਚਖੰਡ ਕਹੇ ਪ੍ਰਭ ਤੇਰੀ ਕਾਰ, ਮੇਰੀ ਸਮਝ ਵਿਚ ਨਾ ਆਈਆ । ਤਿੰਨਾਂ ਜੁਗਾਂ ਵਿਚ ਇਕੋ ਦਿਤੀ ਧਾਰ, ਦੂਜੇ ਲੜ ਨਾ ਕਿਸੇ ਫੜਾਈਆ । ਕਲਜੁਗ ਅੰਤਮ ਕਰ ਪਿਆਰ, ਪਿਆਰ ਪਿਆਰ ਨਾਲ ਪਰਨਾਈਆ । ਗ਼ਰੀਬ ਨਿਮਾਣੇ ਕੋਝੇ ਕਮਲੇ ਫੜ ਬਾਹੋਂ ਦਿਤੇ ਤਾਰ, ਤਾਰਨਹਾਰ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਮਾਣ ਵਡਿਆਈਆ । ਸ੍ਰੀ ਭਗਵਾਨ ਕਹੇ ਸਚਖੰਡ ਸੁਣ ਲਾ ਕੇ ਕੰਨ, ਬੇਪਰਵਾਹ ਆਪ ਜਣਾਈਆ । ਲੋਕਮਾਤ ਬੇੜਾ ਬੰਨ੍ਹ, ਭਗਤ ਦਿਆਂ ਵਡਿਆਈਆ । ਬਿਨ ਭਗਤਾਂ ਤੇਰਾ ਸੋਹੇ ਨਾ ਛੱਪਰ ਛੰਨ, ਤੇਰੇ ਮਹੱਲ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਦਏ ਜਣਾਈਆ । ਸਚਖੰਡ ਸੁਣ, ਜਿਸ ਵੇਲੇ ਭਗਤ ਮੇਰੇ ਦਰ ਔਣਗੇ । ਸਾਰੇ ਇਕੋ ਢੋਲਾ ਗੌਣਗੇ । ਗੁਰ ਅਵਤਾਰ ਪੀਰ ਪੈਗ਼ੰਬਰ ਨਾ ਕੋਇ ਮਨੌਣਗੇ । ਖਾਣੀ ਬਾਣੀ ਵਿਚ ਨਾ ਧਿਆਨ ਲਗੌਣਗੇ । ਅੰਜੀਲ ਕੁਰਾਨ ਨਾਤਾ ਤੋੜ ਤੁੜੌਣਗੇ । ਵੇਦ ਪੁਰਾਨ ਹੱਥ ਕਦੀ ਨਾ ਲੌਣਗੇ । ਅਠਸਠ ਤੀਰਥ ਲੋਕਮਾਤ ਨਾ

੮੩ ੧੪

ਨਹੌਣਗੇ । ਸਾਧਾਂ ਸੰਤਾਂ ਪਿਛੇ ਫਿਰ ਸੁਰ ਤਾਲ ਨਾ ਕੋਈ ਸੁਣੌਣਗੇ । ਕੂੜੀ ਕਿਰਿਆ ਵਿਚ ਫਸ ਫਸ, ਆਪਣਾ ਜਨਮ ਨਾ ਮੂਲ ਗਵੌਣਗੇ । ਮੇਰੇ ਨਾਲ ਮਿਲ ਕੇ ਹੱਸ ਹੱਸ, ਇਕੋ ਮੇਰਾ ਢੋਲਾ ਗੌਣਗੇ । ਮੈਂ ਵੇਖਾਂ ਜਾ ਕੇ ਨੱਸ ਨੱਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮੰਦਰ ਇਕ ਵਡਿਔਣਗੇ । ਸਚਖੰਡ ਕਹੇ ਪ੍ਰਭ ਮੇਰੀ ਹੋ ਗਈ ਭੁੱਲ, ਆਪਣੀ ਭੁੱਲ ਬਖ਼ਸ਼ਾਈਆ । ਮੈਂ ਨਾ ਜਾਣਾਂ ਤੇਰੀ ਕਿੱਡੀ ਵੱਡੀ ਕੁੱਲ, ਜਿਸ ਵਿਚ ਭਗਤ ਉਪਜਾਈਆ । ਕਲਜੁਗ ਅੰਤ ਦੁਆਰਾ ਗਿਆ ਖੁਲ੍ਹ, ਜਿਸ ਦਾ ਗੁਰ ਅਵਤਾਰ ਪੀਰ ਪੈਗ਼ੰਬਰ ਧਿਆਨ ਲਗਾਈਆ । ਤੂੰ ਗ਼ਰੀਬ ਨਿਮਾਣਿਆਂ ਪਾਇਆ ਮੁਲ, ਕੀਮਤ ਆਪਣੇ ਹੱਥ ਰਖਾਈਆ । ਮੈਂ ਪਹਿਲੋਂ ਤੇਰਾ ਇਕੋ ਵੇਖਿਆ ਫੁੱਲ, ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਵਡਿਆਈਆ । ਸਚਖੰਡ ਵੇਖ ਮੇਰਾ ਆਦਰ, ਜਨ ਭਗਤਾਂ ਆਪ ਕਰਾਇੰਦਾ । ਪਹਿਲੋਂ ਵਿਛਾਵਾਂ ਚਿੱਟੀ ਚਾਦਰ, ਗੁਰਮੁਖ ਉਤੇ ਫੇਰ ਬਹਾਇੰਦਾ । ਲੋਕਮਾਤ ਖੇਲ ਕਰੇ ਹੋ ਕੇ ਸਾਬਰ, ਸਬਰ ਇਕੋ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਇੰਦਾ । ਮੇਰੇ ਭਗਤ ਔਂਦੇ ਨੇ । ਗੀਤ ਮੇਰਾ ਗੌਂਦੇ ਨੇ । ਪਿਛਲਾ ਲੇਖ ਚੁਕੌਂਦੇ ਨੇ । ਨਾਤਾ ਸਾਚਾ ਜੋੜ ਜੁੜੌਂਦੇ ਨੇ । ਤੇਰੇ ਘਰ ਨੂੰ ਬ੍ਰਹਿਮੰਡ ਖੰਡ ਬਣੌਂਦੇ ਨੇ । ਪਿਛਲੀ ਕੀਤੀ ਸਭ ਦੀ ਧੌਂਹਦੇ ਨੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਏਕਾ ਦਰਸ਼ਨ ਪੌਂਦੇ ਨੇ । ਭਗਤ ਕਹਿਣ ਅਸੀਂ ਆਵਾਂਗੇ । ਪ੍ਰਭ ਆਪਣੇ ਦਾ ਦਰਸ਼ਨ ਪਾਵਾਂਗੇ । ਦੂਜੀ ਹਰਸ ਨਾ ਕੋਈ ਰਖਾਵਾਂਗੇ । ਅਰਸ਼ ਕੁਰਸ਼ ਦੋ ਜਹਾਨ ਆਪਣਿਆਂ ਚਰਨਾਂ ਹੇਠ ਦਬਾਵਾਂਗੇ । ਪ੍ਰਭ ਸਾਡੇ ਤੇ ਕੀਤਾ ਤਰਸ, ਦੋਏ ਜੋੜ ਸੀਸ ਨਿਵਾਵਾਂਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਘਰ ਮੰਦਰ ਖ਼ੁਸ਼ੀ ਮਨਾਵਾਂਗੇ । ਭਗਵਾਨ ਕਹੇ ਮੈਂ ਭਗਤਾਂ ਰਾਹ ਤੱਕਾਂਗਾ । ਤੱਕ ਤੱਕ ਕਦੇ ਨਾ ਅੱਕਾਂਗਾ । ਜੇ ਕੋਈ ਹੋਰ ਆਵੇ, ਓਹਨੂੰ ਪਿਛੇ ਧੱਕਾਂਗਾ । ਲੋਕਮਾਤ ਨਾ ਦਿਸੇ ਸਹਾਰ, ਤਿਨ੍ਹਾਂ ਧਰਮ ਰਾਏ ਦੀ ਜੇਲ ਵਿਚ ਰੱਖਾਂਗਾ । ਬਿਨ ਭਗਤਾਂ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭੇਵ ਆਪਣਾ ਆਪੇ ਦੱਸਾਂਗਾ । ਸਚਖੰਡ ਕਹੇ ਮੈਂ ਸੇਜ ਵਿਛਾਵਾਂਗਾ । ਕਬੀਰ ਜੁਲਾਹੇ ਸੇਵ ਲਗਾਵਾਂਗਾ । ਦੇਵੀ ਦੇਵਤ ਨਾ ਕੋਈ ਰਖਾਵਾਂਗਾ । ਅਲਖ ਅਭੇਵ ਤੇਰੇ ਭਗਤਾਂ ਵੇਖ ਖ਼ੁਸ਼ੀ ਮਨਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਰ ਇਕੋ ਇਕ ਦ੍ਰਿੜਾਵਾਂਗਾ । ਭਗਤ ਕਹਿਣ ਅਸੀਂ ਚਲਾਂਗੇ । ਪ੍ਰਭ ਜੂ ਤੇਰਾ ਦੁਆਰਾ ਮੱਲਾਂਗੇ । ਫੇਰ ਮੂਲ ਨਾ ਹੱਲਾਂਗੇ । ਤੇਰੇ ਸਾਹਮਣੇ ਹੋ ਕੇ ਖਲਾਂਗੇ । ਤੇਰੀ ਜੋਤੀ ਵਿਚ ਰਲਾਂਗੇ । ਆਪਣੀ ਕਰਨੀਉਂ ਕਦੇ ਨਾ ਹਟਾਂਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਸਚ ਦੁਆਰਾ ਇਕੋ ਮੱਲਾਂਗੇ । ਸ੍ਰੀ ਭਗਵਾਨ ਕਹੇ ਜਦ ਆਓਗੇ । ਔਂਦਿਆਂ ਮੇਰਾ ਸਵਛ ਸਰੂਪੀ ਦਰਸ਼ਨ ਪਾਓਗੇ । ਪਿਛਲਾ ਕੀਤਾ ਸਭ ਭੁੱਲ ਜਾਓਗੇ । ਅਨਡੀਠਾ ਰੰਗ ਵੇਖ ਵਖਾਓਗੇ । ਪ੍ਰਭ ਮਿਲੇ ਇਕੋ ਮੀਤਾ, ਮਿੱਤਰ ਪਿਆਰਾ ਸੰਗ ਰਖਾਓਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚਖੰਡ ਭਗਤ ਦੁਆਰ, ਭਗਤ ਅੰਦਰ ਹਰਿ ਨਿਰੰਕਾਰ, ਹਰਿ ਨਿਰੰਕਾਰ ਦਾ ਸਰਬ ਪਸਾਰ, ਦੂਜਾ ਨਜ਼ਰ ਕੋਈ ਨਾ ਆਇੰਦਾ । ਭਗਤ ਕਹਿਣ ਸਚ ਦੱਸ ਭਗਵਾਨ,

ਕੀ ਤੇਰੀ ਵਡਿਆਈਆ । ਅਸੀਂ ਨਾ ਜਾਣੀਏ ਬਾਲ ਅਵਾਣ, ਬੁੱਧੀ ਭੇਵ ਕੋਈ ਨਾ ਪਾਈਆ । ਕਿਸ ਬਿਧ ਦੇਵੇਂ ਗਿਆਨ, ਆਪਣਾ ਭੇਵ ਚੁਕਾਈਆ । ਸਾਹਿਬ ਸਤਿਗੁਰ ਹੋ ਮਿਹਰਵਾਨ, ਮਿਹਰ ਨਜ਼ਰ ਉਠਾਈਆ । ਭਗਤੋ ਜਿਸ ਵਲ ਕਰਾਂ ਆਪ ਆਪਣਾ ਧਿਆਨ, ਤਿਸ ਪੜ੍ਹਨ ਲਿਖਣ ਦੀ ਲੋੜ ਰਹੀ ਨਾ ਰਾਈਆ । ਜਿਸ ਦਾ ਗੁਰ ਅਵਤਾਰ ਪੀਰ ਪੈਗ਼ੰਬਰ ਗੌਂਦੇ ਰਹੇ ਗਾਨ, ਸੋ ਤੁਹਾਡਾ ਢੋਲਾ ਗਾਈਆ । ਪਹਿਲੀ ਚੇਤਰ ਲੱਖ ਚੁਰਾਸੀ ਅੰਦਰ ਵੜਿਆ ਆਪ ਸ਼ੈਤਾਨ, ਤੁਹਾਡੀ ਸ਼ਰਅ ਦਿਤੀ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਰਿਹਾ ਸਮਝਾਈਆ । ਭਗਤ ਕਹੇ ਨਾ ਆਏ ਭਰਵਾਸਾ, ਅਛਲ ਅਛੱਲ ਭੇਵ ਕੋਈ ਨਾ ਪਾਈਆ । ਤੂੰ ਆਦਿ ਜੁਗਾਦਿ ਜੁਗ ਜੁਗ ਦੇਂਦਾ ਰਹਿਉਂ ਦਿਲਾਸਾ, ਗੁਰ ਅਵਤਾਰ ਪੀਰ ਪੈਗ਼ੰਬਰ ਇਸ਼ਾਰਿਆਂ ਉਤੇ ਸਮਝਾਈਆ । ਕਿਸੇ ਨਾ ਦੱਸਿਆ ਆਪਣਾ ਸਚ ਖ਼ੁਲਾਸਾ, ਭੇਵ ਅਭੇਦ ਨਾ ਕੋਈ ਜਣਾਈਆ । ਕਿਸੇ ਨੂੰ ਰਤੀ ਕਿਸੇ ਨੂੰ ਤੋਲਾ ਕਿਸੇ ਨੂੰ ਮਾਸਾ, ਕਿਸੇ ਨੂੰ ਚਮਕ ਦਏ ਚਮਕਾਈਆ । ਜਿਨ੍ਹਾਂ ਚਿਰ ਸਾਡਾ ਬਣੇਂ ਨਾ ਦਾਸੀ ਦਾਸਾ, ਸਾਨੂੰ ਸ਼ਾਂਤ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਵਿਚ ਵਡਿਆਈਆ । ਭਗਵਾਨ ਕਹੇ ਭਗਤੋ ਮੇਰੀ ਅਰਦਾਸ, ਉਚੀ ਕੂਕ ਕੂਕ ਸੁਣਾਇੰਦਾ । ਸਦਾ ਵਸਾਂ ਤੁਹਾਡੇ ਪਾਸ, ਵਿਛੜ ਕਦੇ ਨਾ ਜਾਇੰਦਾ । ਜਿਸ ਦਾ ਮਨ ਹੋਵੇ ਉਦਾਸ, ਤਿਸ ਦਾ ਆਤਮ ਆਪ ਸਮਝਾਇੰਦਾ । ਘਰ ਘਰ ਜਾ ਕੇ ਪਾਵਾਂ ਰਾਸ, ਸੁਰਤੀ ਸ਼ਬਦੀ ਕਾਹਨ ਨਚਾਇੰਦਾ । ਤੁਹਾਡਾ ਲੇਖਾ ਚੁਕਾਵਾਂ ਦਸ ਦਸ ਮਾਸ, ਮਾਤ ਗਰਭ ਕੋਇ ਨਾ ਆਇੰਦਾ । ਕਲਜੁਗ ਇਕੋ ਕੰਮ ਖ਼ਾਸ, ਬਿਨ ਭਗਤਾਂ ਗੋਦ ਨਾ ਕਿਸੇ ਬਹਾਇੰਦਾ । ਲੱਖ ਚੁਰਾਸੀ ਹੋਣੀ ਨਾਸ, ਸਿਰ ਹੱਥ ਨਾ ਕੋਇ ਟਿਕਾਇੰਦਾ । ਤੁਹਾਡੇ ਪਿਛੇ ਕੱਟੀ ਵਾਟ, ਦੂਰ ਦੁਰਾਡਾ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ ਸਮਝਾਇੰਦਾ । ਭਗਤ ਅੱਗੋਂ ਬੈਠੇ ਦੜ, ਬੋਲ ਨਾ ਕੋਇ ਜਣਾਇੰਦਾ । ਜਿੰਨਾਂ ਚਿਰ ਅੰਦਰ ਨਾ ਜਾਵੇਂ ਵੜ, ਸਾਨੂੰ ਸਿਦਕ ਕੋਇ ਨਾ ਆਈਆ । ਸਾਡੀ ਆਤਮ ਲੈ ਫੜ, ਪਰਮਾਤਮ ਤੇਰੀ ਅੰਸ ਅਖਵਾਈਆ । ਵੇਖੀਂ ਗ਼ਰੀਬਾਂ ਕੋਲੋਂ ਨਾ ਜਾਈਂ ਡਰ, ਗ਼ਰੀਬ ਤੇਰੀ ਓਟ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਭਗਤੋ ਮੈਂ ਤੁਹਾਡੇ ਅੰਦਰ ਵੜਾਂਗਾ । ਨਿਰਗੁਣ ਹੋ ਕੇ ਉਪਰ ਚੜ੍ਹਾਂਗਾ । ਬਿਨ ਡੋਰੀਉਂ ਸੁਰਤੀ ਫੜਾਂਗਾ । ਅੱਖਰ ਤੁਹਾਡਾ ਨਾਮ ਪੜ੍ਹਾਂਗਾ । ਲੱਖ ਚੁਰਾਸੀ ਨਾਲ ਲੜਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਕਰਾਂਗਾ । ਸਾਡੇ ਨਾਲ ਕਰ ਇਕਰਾਰ, ਗੱਲੀਂ ਬਾਤੀਂ ਨਾ ਕੋਇ ਸਮਝਾਈਆ । ਤੇਰਾ ਖੇਲ ਚੌਕੜੀ ਜੁਗ ਚਾਰ, ਜੁਗ ਜੁਗ ਕਾਰ ਕਮਾਈਆ । ਆਪਣੀ ਲਿਖ ਕੇ ਦੇ ਦੇ ਧਾਰ, ਲਿਖਿਆ ਲੇਖ ਨਾ ਕੋਇ ਮਿਟਾਈਆ । ਸ਼ਬਦ ਬੋਲ ਇਕ ਜੈਕਾਰ, ਜੈ ਜੈਕਾਰ ਦਏ ਸੁਣਾਈਆ । ਹੁਕਮੇ ਅੰਦਰ ਬੰਨ੍ਹ ਪਿਆਰ, ਹੁਕਮੇ ਅੰਦਰ ਤੋੜ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਭਗਤ ਭਗਵਾਨ ਰਹੇ ਜਣਾਈਆ । ਜਨ ਭਗਤੋ ਤੋੜ ਨਿਭਾਵਾਂਗਾ । ਜੁੜਿਆ ਜੋੜ ਅੰਗ ਲਗਾਵਾਂਗਾ । ਸ੍ਰਿਸ਼ਟ ਸਬਾਈ ਛੋੜ, ਮੰਦਰ ਇਕ ਸੁਹਾਵਾਂਗਾ । ਸਚਖੰਡ ਦੁਆਰੇ ਤੁਹਾਡੀ ਪੈ ਗਈ ਲੋੜ, ਮੰਦਰ ਸਾਚਾ ਇਕ ਵਡਿਆਵਾਂਗਾ । ਸ਼ਬਦ ਅਗੰਮੀ ਲੈ ਕੇ ਆਵਾਂ ਘੋੜ, ਸੋਲਾਂ ਕਲੀਆਂ ਆਸਣ ਪਾਵਾਂਗਾ । ਤੁਹਾਡੇ ਬਿਨ

ਨਜ਼ਰ ਨਾ ਆਵੇ ਕੋਈ ਹੋਰ, ਹੋਕਾ ਦੇ ਕੇ ਜਗਤ ਸੁਣਾਵਾਂਗਾ । ਜੋ ਸਾਧ ਸੰਤ ਕਲਜੁਗ ਪੌਂਦੇ ਸ਼ੋਰ, ਸ਼ੋਰਸ ਸਭ ਦੀ ਬੰਦ ਕਰਾਵਾਂਗਾ । ਇਕੋ ਹੱਥ ਪਕੜਾਂ ਡੋਰ, ਬਾਕੀ ਦੀ ਡੋਰੀ ਅੰਤ ਕਟਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਖਲਾਵਾਂਗਾ । ਪ੍ਰਭ ਜੂ ਸਾਨੂੰ ਜਦੋਂ ਦਇਆ ਕਮਾਏਂਗਾ । ਦੱਸ ਕੀ ਕੀ ਰੰਗ ਵਖਾਏਂਗਾ । ਆਪਣੀ ਨਿਸ਼ਾਨੀ ਕੀ ਸਮਝਾਂਏਂਗਾ । ਕਿਸ ਬਿਧ ਮਾਤਾ ਪਿਤਾ ਨਾਰੀ ਕੰਤ ਦਾ ਨਾਤਾ ਤੋੜ ਤੁੜਾਏਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਚਾ ਖੇਲ ਕਿਵੇਂ ਕਰਾਏਂਗਾ । ਜਨ ਭਗਤੋ ਜਿਸ ਵੇਲੇ ਅੰਤਮ ਆਵਾਂਗਾ । ਤੁਹਾਡੇ ਅੰਦਰ ਵੜ ਕੇ ਦਰਸ਼ਨ ਪਾਵਾਂਗਾ । ਡੂੰਘੀ ਕੰਦਰ ਤਾਲ ਹਲਾਵਾਂਗਾ । ਸੋਹੰ ਢੋਲਾ ਮੁਖੋਂ ਕਹਾਵਾਂਗਾ । ਭੈਣਾਂ ਭਾਈਆਂ ਨੂੰ ਸਮਝਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ ਜਣਾਵਾਂਗਾ । ਭਗਤ ਕਹਿਣ ਪ੍ਰਭ ਦੱਸ ਭੇਤ, ਭੇਵ ਅਭੇਦ ਜਣਾਈਆ । ਤੇਰਾ ਰੂਪ ਰੰਗ ਨਾ ਕੋਈ ਰੇਖ, ਤੱਤ ਨਜ਼ਰ ਕੋਇ ਨਾ ਆਈਆ । ਕਵਣ ਦੁਆਰੇ ਕਰੇਂ ਹੇਤ, ਮਿਹਰਵਾਨ ਨਜ਼ਰ ਉਠਾਈਆ । ਜੁਗ ਚੌਕੜੀ ਖੇਲਾਂ ਰਿਹੋਂ ਖੇਡ, ਤੇਰਾ ਅੰਤ ਕੋਇ ਨਾ ਆਈਆ । ਗੁਰ ਅਵਤਾਰਾਂ ਸਿਰ ਪੁਆਈ ਤੱਤੀ ਰੇਤ, ਭਗਤਾਂ ਖੱਲ ਪੁੱਠੀ ਲੁਹਾਈਆ । ਤੇਰਾ ਨਜ਼ਰ ਨਾ ਆਇਆ ਹੇਤ, ਕਵਣ ਰੂਪ ਪਿਆਰ ਵਟਾਈਆ । ਤੇਰਾ ਰਾਹ ਤੱਕਦੇ ਰਹੇ ਨਿਤ ਨਿਤ ਨੇਤ, ਨੈਣ ਨੈਣ ਉਠਾਈਆ । ਹੁਣ ਵੇਖ ਆਇਆ ਮਹੀਨਾ ਚੇਤ, ਬੀਸ ਬੀਸ ਨਾਲ ਮਿਲਾਈਆ । ਕਲਜੁਗ ਸੁੰਵਾ ਕੀਤਾ ਖੇਤ, ਰਾਖਾ ਨਜ਼ਰ ਕੋਇ ਨਾ ਆਈਆ । ਕਰ ਆਪਣੀ ਸੱਚੀ ਵੇਂਤ, ਸੂਤਰ ਆਪਣੇ ਹੱਥ ਉਠਾਈਆ । ਵਿਸ਼ਨ ਬ੍ਰਹਮਾ ਸ਼ਿਵ ਰਹੇ ਵੇਖ, ਧਿਆਨ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਦਏ ਜਣਾਈਆ । ਭਗਤ ਕਹਿਣ ਕੀ ਤੇਰਾ ਰੰਗ, ਨਜ਼ਰ ਕੋਇ ਨਾ ਆਈਆ । ਕਵਣ ਸੇਜ ਸੁਹਾਏ ਪਲੰਘ, ਆਸਣ ਅਬਿਨਾਸ਼ਣ ਲਾਈਆ । ਕਵਣ ਨਾਦ ਵਜਾਏਂ ਮਰਦੰਗ, ਅਨਰਾਗੀ ਭੇਵ ਖੁਲ੍ਹਾਈਆ । ਕਵਣ ਅਸਵ ਚੜ੍ਹੇਂ ਤਰੰਗ, ਚਾਲ ਨਿਰਾਲੀ ਇਕ ਰਖਾਈਆ । ਕਵਣ ਦੁਆਰੇ ਦਏਂ ਅਨੰਦ, ਅੰਤਰ ਆਤਮ ਰਸ ਪਿਆਈਆ । ਕਵਣ ਦੁਆਰੇ ਸੁਣਾਏਂ ਛੰਦ, ਢੋਲਾ ਇਕ ਪੜ੍ਹਾਈਆ । ਕਵਣ ਦੁਆਰੇ ਮੇਟੇਂ ਪੰਧ, ਪਾਂਧੀ ਨਜ਼ਰ ਕੋਇ ਨਾ ਆਈਆ । ਕਵਣ ਦੁਆਰੇ ਬੇੜਾ ਬੰਨ੍ਹ, ਆਪਣੇ ਕੰਧ ਉਠਾਈਆ । ਕਵਣ ਦੁਆਰੇ ਗਾਏਂ ਛੰਦ, ਸ਼ਹਿਨਸ਼ਾਹ ਆਪਣਾ ਨਾਉਂ ਪਰਗਟਾਈਆ । ਕਵਣ ਦੁਆਰੇ ਹੋਵੇਂ ਬੰਦ, ਦਰਵਾਜ਼ਾ ਨਜ਼ਰ ਕੋਇ ਨਾ ਆਈਆ । ਭੇਵ ਦੱਸ ਸਾਹਿਬ ਬਖ਼ਸ਼ੰਦ, ਤੇਰੇ ਅੱਗੇ ਸਰਬ ਅਰਜ਼ੋਈਆ । ਸਾਡਾ ਰੂਪ ਹੰ ਬ੍ਰਹਮ, ਪਾਰਬ੍ਰਹਮ ਤੇਰੀ ਵਡਿਆਈਆ । ਸਾਡਾ ਲੇਖਾ ਕਾਂਡ ਕਰਮ, ਨਿਹਕਰਮੀ ਨਿਰਇਛਤ ਤੇਰੀ ਸ਼ਹਿਨਸ਼ਾਹੀਆ । ਸਾਡਾ ਤੇਰੇ ਹੁਕਮੇ ਅੰਦਰ ਜਨਮ, ਤੇਰਾ ਅੰਤ ਕੋਇ ਨਾ ਆਈਆ । ਕਲਜੁਗ ਅੰਤਮ ਪਿਆ ਭਰਮ, ਭੁਲੇਖਾ ਸਕੇ ਨਾ ਕੋਇ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਇਕੋ ਮੰਗ ਮੰਗਾਈਆ । ਭਗਤੋ ਮੇਰਾ ਘਰ ਨਕੰਮਾ, ਨਜ਼ਰ ਕਿਸੇ ਨਾ ਆਇੰਦਾ । ਕਲਜੁਗ ਅੰਤ ਸਾਢੇ ਤਿੰਨ ਹੱਥ ਲੰਮਾਂ, ਦੂਜੀ ਵੰਡ ਨਾ ਕੋਇ ਵੰਡਾਇੰਦਾ । ਆਪ ਬਣਾਇਆ ਨਾੜੀ ਚੰਮਾਂ, ਇੱਟ ਗਾਰਾ ਨਾ ਕੋਇ ਲਗਾਇੰਦਾ । ਅੰਦਰ ਬਾਹਰ ਫਿਰੇ ਭੰਨਾਂ, ਬਣ ਪਾਂਧੀ ਪੰਧ ਮੁਕਾਇੰਦਾ । ਬਿਨ ਸੂਰਜ ਚੰਦ ਚੜ੍ਹਾਏ ਚੰਨਾ, ਜੋਤੀ ਜੋਤ ਡਗਮਗਾਇੰਦਾ । ਬਿਨ ਰਾਗ ਸੁਣਾਏ ਕੰਨਾਂ, ਅਨਾਦੀ ਨਾਦ ਵਜਾਇੰਦਾ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਆਪਣਾ ਘਰ ਆਪ ਦਰਸਾਇੰਦਾ । ਭਗਤੋ ਮੇਰਾ ਘਰ ਡੂੰਘਾ, ਨਜ਼ਰ ਕਿਸੇ ਨਾ ਆਈਆ । ਕਲਜੁਗ ਸਾਧ ਸੰਤ ਬਣਿਆ ਸੂੰਘਾ, ਬਾਹਰ ਬੈਠੇ ਧਿਆਨ ਲਗਾਈਆ । ਪਾਰਬ੍ਰਹਮ ਜਿਸ ਘਰ ਮਾਰੇ ਆਪਣਾ ਹੂੰਗਾ, ਹੋਕਰ ਆਪਣੇ ਨਾਮ ਜਣਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ, ਗੁਰ ਅਵਤਾਰਾਂ ਦੇਂਦਾ ਰਿਹਾ ਆਪਣੇ ਹੱਟ ਵਿਚੋਂ ਥੋੜਾ ਜਿਹਾ ਝੂੰਘਾ, ਲੋਕਮਾਤ ਹੱਟੀ ਦਏ ਚਲਾਈਆ । ਜਿਸ ਦੇ ਨਾਲ ਪੰਜ ਤੱਤ ਵੱਜਦਾ ਰਹੇ ਤੂੰਬਾ, ਤੰਦ ਸਤਾਰ ਨਾ ਕੋਇ ਰਖਾਈਆ । ਜੇ ਕੋਈ ਲੱਭਣ ਆਵੇ ਅੱਗੋਂ ਕਰੇ ਮੂੰਧਾ, ਨੈਣ ਸਕੇ ਨਾ ਕੋਇ ਉਠਾਈਆ । ਅੰਤਮ ਸਭ ਨੂੰ ਫੇਰੇ ਹੂੰਝਾ, ਥਿਰ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਨ ਭਗਤਾਂ ਰਿਹਾ ਸੁਣਾਈਆ । ਭਗਤੋ ਮੇਰਾ ਘਰ ਨਿੱਕਾ, ਨਜ਼ਰ ਕਿਸੇ ਨਾ ਆਇੰਦਾ । ਜਿਥੇ ਖਾਣੀ ਬਾਣੀ ਵੇਦ ਪੁਰਾਨ ਅੰਜੀਲ ਕੁਰਾਨ ਕਲਮ ਸ਼ਾਹੀ ਨਾ ਕੋਇ ਚਿੱਠਾ, ਕਾਤਬ ਨਜ਼ਰ ਕੋਇ ਨਾ ਆਇੰਦਾ । ਜਿਥੇ ਭੈਣ ਭਾਈ ਸਾਕ ਸੱਜਣ ਨਾ ਕੋਈ ਮਾਤ ਪਿਤਾ, ਪੂਤ ਸਪੂਤ ਨਾ ਕੋਇ ਅਖਵਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਆਪਣਾ ਵੰਡਿਆ ਆਪੇ ਹਿੱਸਾ, ਦੂਜਾ ਸ਼ਰੀਕ ਨਜ਼ਰ ਕੋਇ ਨਾ ਆਇੰਦਾ । ਜੇ ਆਪਣਾ ਦੱਸਾਂ ਸਾਰਾ ਕਿੱਸਾ, ਕੋਟਨ ਕੋਟ ਜਗਤ ਕੋਟਨ ਕੋਟ ਗੁਰ ਅਵਤਾਰ ਲਿਖ ਲਿਖ ਲੇਖ ਨਾ ਕੋਇ ਸਮਝਾਇੰਦਾ । ਸਚ ਪੁਛੋ ਬਿਨ ਨੇਤਰਾਂ ਸਦਾ ਸਦਾ ਸਦ ਦਿਸਾ, ਅੱਖ ਪਰਤੱਖ ਆਪਣੀ ਆਪ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਸਮਝਾਇੰਦਾ । ਭਗਤ ਕਹਿਣ ਪ੍ਰਭ ਕਰੇ ਬਖੇੜਾ, ਅਛਲ ਛਲ ਇਹਦੀ ਚਤੁਰਾਈਆ । ਕਿਸੇ ਨੂੰ ਕਹੇ ਦੂਰ ਦੁਰਾਡਾ ਕਿਸੇ ਨੂੰ ਕਹੇ ਨੇਰਨ ਨੇਰਾ, ਜੇ ਕੋਈ ਵੇਖੇ ਨਜ਼ਰ ਕਿਸੇ ਨਾ ਆਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਲਾਰਾ ਦੇ ਕੇ ਕਹੇ ਕਰੋ ਜੇਰਾ, ਚਾਰ ਜੁਗ ਗਿਆ ਸਮਝਾਈਆ । ਕਿਸੇ ਨਾ ਦੱਸਿਆ ਆਪਣਾ ਡੇਰਾ, ਕਵਣ ਦੁਆਰ ਸੋਭਾ ਪਾਈਆ । ਜੇ ਕੋਈ ਪੁੱਛੇ ਕਿਹੜਾ ਵੇਹੜਾ, ਸਚਖੰਡ ਦਏ ਜਣਾਈਆ । ਜਿਸ ਸਚਖੰਡ ਬੱਧਾ ਬੇੜਾ, ਸੋ ਨਜ਼ਰ ਕਿਸੇ ਨਾ ਆਈਆ । ਸਭ ਨਾਲ ਕਰ ਕੇ ਜਾਏਂ ਹੇਰਾ ਫੇਰਾ, ਆਦਤ ਇਕੋ ਇਕ ਪਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਜਣਾਈਆ । ਭਗਤੋ ਮੈਨੂੰ ਮੁਢੋਂ ਪਈ ਆਦਤ, ਆਪਣਾ ਆਪ ਦਿਆਂ ਸਮਝਾਈਆ । ਕਿਸ ਕੋਲੋਂ ਕਰਾਵਾਂ ਇਬਾਦਤ, ਪੂਜਾ ਪਾਠ ਕਿਸੇ ਜਣਾਈਆ । ਕਿਸੇ ਦੇ ਕੋਲੋਂ ਦੇਵਾਂ ਸ਼ਹਾਦਤ, ਸੀਸ ਧੜ ਵੰਡ ਵੰਡਾਈਆ । ਜੁਗ ਚੌਕੜੀ ਮੈਂ ਕਰਦਾ ਰਿਹਾ ਬਗ਼ਾਵਤ, ਸੁਖ ਲੈਣ ਕੋਇ ਨਾ ਪਾਈਆ । ਜਿਸ ਨੂੰ ਆਪਣੇ ਨਾਮ ਦੀ ਦਿਤੀ ਦਾਅਵਤ, ਤਿਨ੍ਹਾਂ ਪੁੱਠੀ ਖੱਲ੍ਹ ਲੁਹਾਈਆ । ਜੇ ਮੈਥੋਂ ਪੁੱਛਣ ਮੈਂ ਦੱਸਾਂ ਸਹੀ ਸਲਾਮਤ, ਸਚ ਸਲਾਹ ਜਣਾਈਆ । ਏਹੋ ਮੈਨੂੰ ਪਈ ਅਲਾਮਤ, ਨਜ਼ਰ ਕਿਸੇ ਨਾ ਆਈਆ । ਮੈਂ ਖ਼ੁਸ਼ ਰਹਾਂ ਵਿਚ ਖ਼ੁਸ਼ਾਮੰਦ, ਖਾਣੀ ਬਾਣੀ ਆਪਣੀ ਖ਼ੁਸ਼ਾਮੰਦ ਵਿਚ ਸਮਝਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਪੁੱਛਦੇ ਰਹੇ ਪ੍ਰਭ ਦੱਸ ਆਪਣੀ ਆਮਦ, ਕਵਣ ਵੇਲਾ ਹੋਏਂ ਸਹਾਈਆ । ਤੇਰਾ ਨਾਮ ਕਾਗ਼ਜ਼ਾਂ ਉਤੇ ਰੱਖਿਆ ਅਮਾਨਤ, ਪੋਥੀ ਬਸਤਿਆਂ ਵਿਚ ਬੰਦ ਕਰਾਈਆ । ਸ੍ਰਿਸ਼ਟ ਸਬਾਈ ਬਣੇ ਅਣਜਾਣਤ, ਭੇਵ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਰਿਹਾ ਜਣਾਈਆ । ਭਗਤ ਕਹਿਣ ਨਾ ਦੇਣਾ ਧੋਖਾ, ਪਿਛਲੀ ਆਦਤ ਦੇ ਤਜਾਈਆ । ਆਪਣਾ ਮਾਰਗ ਦੱਸ ਸੌਖਾ, ਦੁੱਖ ਨਜ਼ਰ ਕੋਇ ਨਾ ਆਈਆ । ਨਿਰਗੁਣ ਹੋਕੇ ਦੇਵੇਂ ਹੋਕਾ, ਹੱਕ ਹੱਕ ਸੁਣਾਈਆ । ਆਪਣੇ ਮਿਲਣ ਦਾ ਦੱਸ ਮੌਕਾ, ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਵਡਿਆਈਆ । ਸਾਚਾ ਮੌਕਾ ਦੱਸੇ ਭਗਵਾਨ, ਭੇਵ ਅਭੇਦ ਜਣਾਈਆ । ਅੰਤਮ ਕਲ ਹੋ ਪਰਧਾਨ, ਨਾਮ ਨਿਸ਼ਾਨ ਝੁਲਾਈਆ । ਅਗੰਮ ਅਥਾਹ ਬੋਲੇ ਗਾਨ, ਢੋਲਾ ਇਕ ਦ੍ਰਿੜਾਈਆ । ਸੋ ਪੁਰਖ ਨਿਰੰਜਣ ਹੋ ਮਿਹਰਵਾਨ, ਹੰ ਬ੍ਰਹਮ ਕਰੇ ਕੁੜਮਾਈਆ । ਨਾਤਾ ਤੋੜੇ ਜਗਤ ਸ਼ੈਤਾਨ, ਸ਼ਰਅ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਦਏ ਸਮਝਾਈਆ । ਭਗਤ ਕਹਿਣ ਤੇਰਾ ਨਹੀਂ ਇਤਬਾਰ, ਅਛਲ ਛਲ ਅਖਵਾਇੰਦਾ । ਅਸੀਂ ਸੂਲੀ ਚੜ੍ਹਦੇ ਵੇਖੇ ਤੇਰੇ ਯਾਰ, ਜਿਨ੍ਹਾਂ ਨਾਲ ਪ੍ਰੇਮ ਰਖਾਇੰਦਾ । ਲੋਕਮਾਤ ਹੋਏ ਖ਼ੁਆਰ, ਲੋਹਾਂ ਤੱਤੀਆਂ ਉਤੇ ਬਹਾਇੰਦਾ । ਘਰੋਂ ਧੱਕ ਕੇ ਕੱਢੇ ਬਾਹਰ, ਪੁਰੀ ਅਨੰਦ ਨਾ ਕੋਇ ਸੁਹਾਇੰਦਾ । ਦਸਰਥ ਬੇਟਾ ਨਾ ਕੋਇ ਆਧਾਰ, ਬਣ ਜੰਗਲ ਖੋਜ ਖੁਜਾਇੰਦਾ । ਤੇਰੇ ਵਰਗਾ ਸਾਨੂੰ ਨਹੀਂ ਚਾਹੀਏ ਯਾਰ, ਜਿਸ ਦੀ ਯਾਰੀ ਵਿਚ ਮਜ਼ਾ ਕੋਇ ਨਾ ਆਇੰਦਾ । ਸਾਡੇ ਨੈਣ ਹੋਏ ਸ਼ਰਮਸਾਰ, ਨੇਤਰ ਅੱਖ ਨਾ ਕੋਇ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਗਲਾ ਸੰਗ ਵਖਾਇੰਦਾ । ਭਗਤੋ ਅੰਤ ਨਾ ਕਰੋ ਮਖ਼ੌਲ, ਸ੍ਰੀ ਭਗਵਾਨ ਰਿਹਾ ਜਣਾਈਆ । ਸੂਲੀ ਚਾੜ੍ਹਨਾ ਤਵੀਆਂ ਸਾੜਨਾ ਮੇਰਾ ਹੋਲ, ਹੋਲਾ ਇਕੋ ਇਕ ਰਖਾਇੰਦਾ । ਜੇ ਏਸ ਤਰਾਂ ਨਾ ਕਰਾਂ ਸਾਰੇ ਹੋ ਜਾਣ ਅਨਭੋਲ, ਮੇਰਾ ਭੈ ਨਾ ਕੋਇ ਰਖਾਇੰਦਾ । ਸਾਰੇ ਆਪੋ ਆਪਣਾ ਮਾਰਨ ਘੋਲ, ਪਹਿਲਵਾਨ ਘਰ ਘਰ ਨਜ਼ਰੀ ਆਇੰਦਾ । ਕੋਟਨ ਕੋਟ ਗੁਰੂ ਦਰ ਵੱਜੇ ਢੋਲ, ਪੁਰਖ ਅਕਾਲ ਨਾ ਕੋਇ ਮਨਾਇੰਦਾ । ਏਸੇ ਕਾਰਨ ਸਭ ਦੇ ਵਿਚ ਰੱਖਿਆ ਆਪਣਾ ਪੋਲ, ਪੂਰਾ ਭੇਵ ਨਾ ਕਿਸੇ ਜਣਾਇੰਦਾ । ਨਿੱਕੀ ਤਾਕੀ ਛੋਟੀ ਬਾਰੀ ਅੰਦਰੋਂ ਕੁੰਡਾ ਦੇਵੇ ਖੋਲ੍ਹ, ਬਾਕੀ ਹੱਥ ਨਾ ਕਿਸੇ ਫੜਾਇੰਦਾ । ਅਲੱਖ ਅਲੱਖ ਨਿਰੰਜਣ ਨਿਰੰਜਣ ਸਾਹਿਬ ਸਾਹਿਬ ਸਤਿਗੁਰ ਸਤਿਗੁਰ ਸਾਰੇ ਗਏ ਬੋਲ, ਆਪਣੀ ਬੋਲੀ ਨਾਲ ਸਮਝਾਇੰਦਾ । ਜੇ ਕੋਈ ਕਹੇ ਪ੍ਰਭ ਆਪਣਾ ਕੁੰਡਾ ਖੋਲ੍ਹ, ਅੱਗੋਂ ਹੁਕਮ ਨਾਲ ਡਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਪਣੀ ਖੇਲ ਕਰਾਇੰਦਾ । ਭਗਤ ਕਹਿਣ ਤੂੰ ਬੜਾ ਚਲਾਕ, ਤੇਰੀ ਚਲਾਕੀ ਨਜ਼ਰ ਕਿਸੇ ਨਾ ਆਈਆ । ਕਿਸੇ ਕਰੇਂ ਪਵਿਤ ਪਾਕ, ਕਿਸੇ ਖ਼ਾਕ ਵਿਚ ਮਿਲਾਈਆ । ਕਿਸੇ ਖੋਲ੍ਹੇਂ ਨਿੱਕਾ ਤਾਕ, ਕਿਸੇ ਅੰਧ ਅੰਧੇਰ ਫਿਰਾਈਆ । ਕਿਸੇ ਬਣਾਏਂ ਆਪਣਾ ਸਾਕ, ਕਿਸੇ ਧਰਮ ਰਾਏ ਹੱਥ ਫੜਾਈਆ । ਕਿਸੇ ਬੋਟੀ ਬੋਟੀ ਦੇਵੇਂ ਕਾਟ, ਕਿਸੇ ਭੁੰਨ ਕਬਾਬ ਸੀਖ਼ਾਂ ਉਤੇ ਬਣਾਈਆ । ਕਿਸੇ ਕਹੇਂ ਮੈਂ ਤੇਰਾ ਬਾਪ, ਕਿਸੇ ਆਪਣਾ ਪੁੱਤ ਜਣਾਈਆ । ਕਿਸੇ ਕਹੇਂ ਮੈਂ ਦੇਵਾਂ ਸਾਥ, ਕਿਸੇ ਨਜ਼ਰ ਕਿਤੇ ਨਾ ਆਈਆ । ਕਿਸੇ ਕਹੇਂ ਕਰੋ ਪੂਜਾ ਪਾਠ, ਕਿਸੇ ਕਲਮਾ ਨਬੀ ਪੜ੍ਹਾਈਆ । ਕਿਸੇ ਦਰਸ ਦਿਖਾਵੇਂ ਸਾਖਿਆਤ, ਕਿਸੇ ਬੈਠਾ ਮੁਖ ਭੁਆਈਆ । ਕਿਸੇ ਦੇਵੇਂ ਆਬ ਹਯਾਤ, ਕਿਸੇ ਅੰਮ੍ਰਿਤ ਜਾਮ ਚੁਆਈਆ । ਕਿਸੇ ਮਿਲੇਂ ਵਿਚ ਖ਼ੁਆਬ, ਕਿਸੇ ਪਰਤੱਖ ਰੂਪ ਦਰਸਾਈਆ । ਕਿਸੇ ਦੱਸੇਂ ਹੱਕ ਜਨਾਬ, ਕਿਸੇ ਸ਼ਹਿਨਸ਼ਾਹ ਸਮਝਾਈਆ । ਜੇ ਕੋਈ ਤੈਨੂੰ ਪੁੱਛੇ ਤੂੰ ਕਰੇਂ ਲਾਜਵਾਬ, ਆਪਣਾ ਭੇਵ ਨਾ ਕੋਇ ਦਰਸਾਈਆ । ਕਲਜੁਗ ਅੰਤ ਸੱਚੀ ਕਰ ਸਾਡੇ ਨਾਲ ਬਾਤ, ਪਿਛਲੀ ਕਥਾ ਨਾ ਕੋਇ ਜਣਾਈਆ । ਜਿੰਨਾਂ ਚਿਰ ਨਾ ਮੇਟੇਂ ਅੰਧੇਰੀ ਰਾਤ, ਨਿਰਗੁਣ ਨੂਰ ਨਾ ਕਰੇਂ ਰੁਸ਼ਨਾਈਆ । ਤੇਰਾ ਕਿਸੇ ਨਹੀਂ ਦੇਣਾ ਸਾਥ, ਇਕੱਲਾ ਰੋਵੇਂ ਮਾਰੇਂ ਧਾਹੀਆ । ਤੇਰੀ ਜੋਤ ਬਣੇ ਨਾਰ ਕਮਜ਼ਾਤ, ਬਿਨ ਭਗਤਾਂ ਕੰਮ ਕਿਸੇ ਨਾ ਆਈਆ । ਤੇਰੀ ਖ਼ੁਸ਼ਾਮੰਦ ਕਰ ਕੇ ਪੁੱਛੇ ਨਾ ਕੋਈ ਵਾਤ, ਤੇਰੀ ਸਿਫ਼ਤ ਨਾ ਕੋਇ ਸਾਲਾਹੀਆ ।

ਸਚਖੰਡ ਸੁੱਤਾ ਰਹੇਂ ਆਪਣੀ ਖਾਟ, ਤੈਨੂੰ ਖਟਮਲ ਜਾਣ ਖਾਈਆ । ਅੱਗੋਂ ਡਰ ਕੇ ਕਹੇ ਭਗਤੇ ਮੈਂ ਤੁਹਾਡਾ ਦਾਸ, ਮੇਰੀ ਚਲੇ ਨਾ ਕੋਇ ਚਤੁਰਾਈਆ ।
ਅੰਦਰ ਵੜ ਕੇ ਵੇਖੇ ਵਸਾਂ ਪਾਸ, ਹਰ ਘਟ ਬੈਠਾ ਡੇਰਾ ਲਾਈਆ । ਮੈਂ ਛੱਡ ਕੇ ਆਇਆ ਜ਼ਾਤ, ਜ਼ਾਤ ਤੁਹਾਡੀ ਆਪ ਪਰਨਾਈਆ । ਜਾਗਤ
ਸੋਵਤ ਪੁੱਛਾਂ ਵਾਤ, ਆਲਸ ਨਿੰਦਰਾ ਨਾ ਕੋਇ ਰਖਾਈਆ । ਆਪਣਾ ਦੱਸਾਂ ਸਚ ਹਾਲਾਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,
ਸਚ ਸੰਦੇਸਾ ਰਿਹਾ ਸੁਣਾਈਆ । ਪ੍ਰਭੂ ਤੇਰੇ ਉਤੇ ਨਹੀਂ ਕੋਈ ਯਕੀਨ, ਭਰੋਸਾ ਨਜ਼ਰ ਕੋਇ ਨਾ ਆਇੰਦਾ । ਅਸੀਂ ਗ਼ਰੀਬ ਨਿਮਾਣੇ ਮਸਕੀਨ,
ਤੂੰ ਸ਼ਹਿਨਸ਼ਾਹ ਅਖਵਾਇੰਦਾ । ਜੁਗ ਜੁਗ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਕਰੇਂ ਤਲਕੀਨ, ਹੁਕਮ ਹਾਕਮ ਇਕ ਰਖਾਇੰਦਾ । ਲੋਕ ਪਰਲੋਕ ਤੇਰੇ
ਅਧੀਨ, ਅੱਗੇ ਸਿਰ ਨਾ ਕੋਇ ਉਠਾਇੰਦਾ । ਤੇਰਾ ਮਾਰਗ ਇਕ ਮਹੀਨ, ਨਜ਼ਰ ਕਿਸੇ ਨਾ ਆਇੰਦਾ । ਤੂੰ ਸਾਹਿਬ ਵਡ ਪਰਬੀਨ, ਦਾਨਾ
ਬੀਨਾ ਅਖਵਾਇੰਦਾ । ਅਸੀਂ ਵੇਖਿਆ ਤੂੰ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਕੋਲੋਂ ਸਭ ਕੁਛ ਲਿਆ ਛੀਨ, ਖ਼ਾਲੀ ਹੱਥ ਸਰਬ ਵਖਾਇੰਦਾ । ਸਾਰੇ
ਤੜਫਨ ਜਿਉਂ ਜਲ ਬਿਨ ਮੀਨ, ਮੀਨ ਜਲ ਆਪਣੀ ਧਾਰ ਵਹਾਇੰਦਾ । ਤੇਰਾ ਨੇਤਰ ਵੇਖਿਆ ਸੀਨ, ਸੀਨਾ ਸਭ ਦਾ ਚਾਕ ਕਰਾਇੰਦਾ । ਜੋਤੀ
ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੁਧ ਬਿਨ ਨਜ਼ਰ ਕੋਇ ਨਾ ਆਇੰਦਾ । ਸੁਣੋ ਭਗਤੋ ਸਾਚਾ ਛੰਦਾ,
ਹਰਿ ਸਾਚਾ ਸਚ ਜਣਾਈਆ । ਸ੍ਰੀ ਭਗਵਾਨ ਨਾ ਪੁਰਖ ਨਾ ਕੋਈ ਬੰਦਾ, ਬੰਦਗੀ ਵਿਚ ਕਦੇ ਨਾ ਆਈਆ । ਲੱਖ ਚੁਰਾਸੀ ਦਿਸੇ ਅੰਧਾ, ਨੈਣ
ਅੱਖ ਨਾ ਕੋਇ ਖੁਲ੍ਹਾਈਆ । ਜਨ ਭਗਤਾਂ ਆਪਣੀ ਪਾਏ ਵੰਡਾਂ, ਵੰਡ ਇਕੋ ਵਾਰ ਕਰਾਈਆ । ਵੇਖਣਹਾਰਾ ਨਵ ਨੌਂ ਖੰਡਾਂ, ਗ੍ਰਿਹ ਮੰਦਰ ਖੋਜ
੮੯ ੧੪ ਖੁਜਾਈਆ । ਦਰਸ ਦਖਾਵੇ ਕਲਜੁਗ ਅੰਤਮ ਹੋ ਕੇ ਨੰਗਾ, ਪਰਦਾ ਕੋਇ ਰਹਿਣ ਨਾ ਪਾਈਆ । ਜਿਸ ਨੂੰ ਸਾਰੇ ਕਹਿੰਦੇ ਗਏ ਲਫੰਗਾ, ਲੋਫ਼ਰ ੮੯ ੧੪
ਆਪਣੀ ਚਾਲ ਚਲਾਈਆ । ਤਿਸ ਦਾ ਵੱਜੇ ਇਕ ਮਰਦੰਗਾ, ਵਡ ਮਰਦਾਨ ਆਪ ਉਠਾਈਆ । ਨਿਰਗੁਣ ਹੋ ਕੇ ਸਰਗੁਣ ਦੇਵੇ ਸੰਗਾ, ਸਗਲਾ
ਸੰਗ ਰਖਾਈਆ । ਪਿਛਲਾ ਮੇਟੇ ਸਭ ਦਾ ਧੰਦਾ, ਧਰਨੀ ਧਰਤ ਧਵਲ ਦਏ ਜਣਾਈਆ । ਗੁਰਮੁਖ ਲੱਖ ਚੁਰਾਸੀ ਵਿਚੋਂ ਲੱਗੇ ਚੰਗਾ, ਜਿਸ
ਜਨ ਆਪਣਾ ਮੇਲ ਮਿਲਾਈਆ । ਤਰਖਾਣ ਬਣ ਕੇ ਫੇਰਿਆ ਰੰਦਾ, ਸੂਤਰ ਆਪਣਾ ਨਾਮ ਲਗਾਈਆ । ਜੱਟ ਬਣ ਕੇ ਭਾਰ ਚੁੱਕ ਲਿਆ ਕੰਧਾ,
ਦੋ ਜਹਾਨਾਂ ਪਾਰ ਕਰਾਏ ਵਾਹੋ ਦਾਹੀਆ । ਜੇ ਕੋਈ ਅੱਗੋਂ ਆਕੜੇ ਹੱਥ ਵਿਚ ਫੜੇ ਡੰਡਾ, ਮੂੰਹ ਦੇ ਭਾਰ ਸਰਬ ਸੁਟਾਈਆ । ਜੇ ਕੋਈ ਭੱਜਣ
ਲੱਗੇ ਪ੍ਰੇਮ ਪ੍ਰੀਤੀ ਪਾ ਲਏ ਫੰਦਾ, ਬਾਹਰ ਨਿਕਲ ਕੋਇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ ।
ਭਗਤ ਕਹਿਣ ਆਪਣੀ ਸੱਚੀ ਦੱਸ ਦਲੀਲ, ਜੋ ਤੇਰੇ ਵਿਚ ਵਡਿਆਈਆ । ਸਾਡੇ ਕੋਲ ਨਾ ਕੋਇ ਵਕੀਲ, ਜੋ ਕਰੇ ਹੱਕ ਲੜਾਈਆ । ਸਾਡੇ
ਕੋਲ ਨਾ ਕੋਇ ਅਪੀਲ, ਜੋ ਅੱਗੇ ਲੇਖ ਲਿਖਾਈਆ । ਸਾਨੂੰ ਆਪਣਾ ਦੇ ਯਕੀਨ, ਯਕਤਰਫ਼ਾ ਹਾਲ ਸੁਣਾਈਆ । ਕੀ ਤੂੰ ਓਹੋ ਜੋ ਬਸਤਰ
ਪਹਿਨੇਂ ਨੀਲ, ਆਪ ਆਪਣਾ ਰੂਪ ਵਟਾਈਆ । ਕੀ ਤੂੰ ਉਹ ਜਿਨ ਖੇਲ ਕਰਾਇਆ ਅਰਜਨ ਕ੍ਰਿਸ਼ਨ ਭੀਲ, ਭੇਵ ਅਭੇਦ ਰਖਾਈਆ । ਕੀ ਤੂੰ
ਉਹ ਜਿਸ ਈਸੇ ਮੂਸੇ ਮੁਹੰਮਦ ਰਖਾਈ ਈਨ, ਈਮਾਨ ਇਕੋ ਇਕ ਜਣਾਈਆ । ਕੀ ਤੂੰ ਉਹ ਜਿਨ ਨਿਰਗੁਣ ਨਾਮ ਵਜਾਈ ਬੀਨ, ਜੋਤੀ ਜੋਤ
ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਦੇ ਖੁਲ੍ਹਾਈਆ । ਭਗਤ ਜਨੋ ਮੈਂ ਓਹੀ ਉਹ, ਓੜਕ ਆਪ ਜਣਾਇੰਦਾ । ਜਿਸ ਨਾਲ

ਕੋਈ ਨਾ ਸਕੇ ਛੋਹ, ਅੰਗੀਕਾਰ ਨਾ ਕਿਸੇ ਕਰਾਇੰਦਾ । ਜਿਸ ਦਾ ਗੁਰ ਅਵਤਾਰ ਪੀਰ ਪੈਗ਼ੰਬਰ ਲੈ ਕੇ ਔਂਦੇ ਰਹੇ ਢੋਆ ਢੋ, ਨਾਮ ਸੰਦੇਸਾ ਇਕ ਸੁਣਾਇੰਦਾ । ਜਿਸ ਦੇ ਹੁਕਮੇ ਅੰਦਰ ਕੋਟਨ ਕੋਟ ਬ੍ਰਹਿਮੰਡ ਖੰਡ ਪੁਰੀ ਲੋਅ, ਪਾਤਾਲ ਆਕਾਸ਼ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਿਨ ਲੇਖਾ ਤਜਿਆ ਛੱਬੀ ਪੋਹ, ਆਪ ਆਪਣੀ ਕਾਰ ਕਮਾਇੰਦਾ । ਭਗਤ ਕਹਿਣ ਹੇ ਅਣਝੱਕ, ਭੈ ਨਾ ਕੋਇ ਰਖਾਈਆ । ਜੁਗ ਜੁਗ ਤੈਨੂੰ ਲੱਭਦੇ ਗਏ ਥੱਕ, ਜੰਗਲ ਜੂਹ ਨਜ਼ਰ ਨਾ ਆਈਆ । ਅੱਠਸੱਠ ਤੀਰਥ ਪਾਣੀ ਲਿਆ ਲੱਕ, ਬਣ ਸੁਆਨ ਫੇਰਾ ਪਾਈਆ । ਵਰਤ ਰੋਜ਼ੇ ਲਏ ਰੱਖ, ਅਗਨੀ ਤੱਤ ਜਲਾਈਆ । ਫਿਰ ਵੀ ਤੇਰਾ ਨਿਕਲਿਆ ਅਜੇ ਨਾ ਸ਼ੱਕ, ਸੰਸਾ ਸਕਿਆ ਨਾ ਕੋਇ ਮਿਟਾਈਆ । ਪੰਜ ਤੱਤ ਕਾਇਆ ਅੰਦਰ ਸਾਨੂੰ ਛੱਡਿਆ ਡੱਕ, ਤੈਨੂੰ ਲੱਜਿਆ ਕੋਇ ਨਾ ਆਈਆ । ਨਿਰਗੁਣ ਹੋ ਕੇ ਪਾਈ ਨੱਥ, ਡੋਰੀ ਆਪਣੇ ਹੱਥ ਉਠਾਈਆ । ਕਰਿਆ ਨਬੇੜਾ ਨਾ ਕੋਇ ਹੱਕ, ਹਕੀਕਤ ਰੂਪ ਨਾ ਕੋਇ ਦਰਸਾਈਆ । ਕੋਟਨ ਕੋਟ ਪਿਆਲੇ ਰਸ ਲਏ ਛਕ, ਅੰਤ ਤ੍ਰਿਪਤ ਨਜ਼ਰ ਨਾ ਆਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਰਸਨਾ ਜਿਹਵਾ ਬਕ, ਬਕਤੇ ਬੈਠੇ ਧਿਆਨ ਲਗਾਈਆ । ਤੂੰ ਮਿਹਰ ਨਜ਼ਰ ਨਾਲ ਨਾ ਲਿਆ ਤੱਕ, ਕਰਵਟ ਆਪਣੀ ਨਾ ਅਜੇ ਬਦਲਾਈਆ । ਏਸੇ ਕਰ ਕੇ ਸਾਨੂੰ ਤੇਰੇ ਉਤੇ ਸ਼ੱਕ, ਸ਼ਿਕਵਾ ਸਕੇ ਨਾ ਕੋਇ ਮਿਟਾਈਆ । ਜੁਗ ਚੌਕੜੀ ਤੇਰਾ ਝੇਖਿਆ ਭੱਠ, ਬਣ ਭਠਿਆਲੇ ਸੇਵ ਕਮਾਈਆ । ਕਲਜੁਗ ਅੰਤਮ ਸਾਰਿਆਂ ਕੀਤਾ ਇਕੱਠ, ਇਕੋ ਮਤਾ ਪਕਾਈਆ । ਭਗਤੋ ਆਪਣਾ ਰੱਖੋ ਹਠ, ਦ੍ਰਿੜ ਵਿਸ਼ਵਾਸ ਜਣਾਈਆ । ਜਿੰਨਾਂ ਚਿਰ ਸ੍ਰੀ ਭਗਵਾਨ ਸਾਡੇ ਕੋਲ ਨਾ ਆਵੇ ਨੱਠ, ਆਪਣੀ ਅੱਖ ਨਾ ਲਓ ਖੁਲ੍ਹਾਈਆ । ਜਿੰਨਾਂ ਚਿਰ ਮਾਰਗ ਨਾ ਦੇਵੇ ਦੱਸ, ਸਾਚਾ ਰਾਗ ਆਪ ਸੁਣਾਈਆ । ਜਿੰਨਾਂ ਚਿਰ ਨਾ ਹੋਵੇ ਸਾਡੇ ਵਸ, ਆਪਣੀ ਆਕੜ ਛੱਡੋ ਨਾ ਰਾਈਆ । ਜਿੰਨਾਂ ਚਿਰ ਨਿਮਾਣਾ ਹੋ ਨਾ ਜਾਏ ਢੱਠ, ਆਪਣਾ ਬਲ ਕੋਇ ਨਾ ਢਾਹੀਆ । ਤੁਸੀਂ ਸਾਰੇ ਧੰਨੇ ਵਰਗੇ ਜੱਟ, ਧੰਨਾ ਤੁਹਾਡੇ ਕੋਲੋਂ ਸ਼ਰਮਾਈਆ । ਸਾਰੇ ਕਹੋ ਸਾਡੇ ਕੋਲੋਂ ਮਾਲਾ ਮਣਕਾ ਨਾ ਜਾਏ ਰਟ, ਰੱਟਾ ਇਕੋ ਵਾਰ ਮੁਕਾਈਆ । ਹਿਰਦੇ ਆ ਕੇ ਪ੍ਰਭੂ ਵਸ, ਦੂਜੀ ਓਟ ਨਾ ਕੋਇ ਰਖਾਈਆ । ਤੂੰ ਗਾ ਸਾਡਾ ਜਸ, ਉਲਟੀ ਰੀਤ ਚਲਾਈਆ । ਅਸੀਂ ਤੇਰੇ ਮੰਦਰ ਖ਼ੁਸ਼ੀਆਂ ਨਾਲ ਵੇਖੀਏ ਨੱਸ ਨਸ, ਆਪ ਆਪਣੀ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਲ ਕੇ ਔਣਾ ਸਾਡੇ ਘਰ, ਇਕੋ ਆਸ ਰਖਾਈਆ । ਭਗਵਾਨ ਕਹੇ ਮੈਂ ਹੋਵਾਂ ਦਾਸ, ਦਾਸੀ ਰੂਪ ਵਟਾਈਆ । ਮੇਰੇ ਉਤੇ ਕਰੋ ਵਿਸ਼ਵਾਸ਼, ਦ੍ਰਿੜ ਨਿਸਚਾ ਦਿਆਂ ਜਣਾਈਆ । ਅੰਤਮ ਲੈ ਕੇ ਜਾਵਾ ਸਾਥ, ਅੱਧਵਿਚਕਾਰ ਨਾ ਕੋਇ ਛੁਡਾਈਆ । ਮੇਰੇ ਭਰੋਸੇ ਪਿਛਲੇ ਛੱਡ ਦਿਓ ਪੂਜਾ ਪਾਠ, ਅੱਗੇ ਇਕੋ ਕਰੋ ਪੜ੍ਹਾਈਆ । ਪ੍ਰਭ ਦੇਵੇ ਆਪਣੀ ਦਾਤ, ਅਨਮੁਲੜੀ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਭਗਤ ਕਹਿਣ ਅਸੀਂ ਪਿਛਲਾ ਸਭ ਕੁਛ ਛੱਡਾਂਗੇ । ਸਰਨ ਸਾਹਿਬ ਤੇਰੀ ਲੱਗਾਂਗੇ । ਪਿਛੇ ਮੂਲ ਕਦੇ ਨਾ ਹੱਟਾਂਗੇ । ਰਸ ਪ੍ਰੇਮ ਪ੍ਰੀਤੀ ਚੱਟਾਂਗੇ । ਲਾਹਾ ਇਕੋ ਨਾਮ ਖੱਟਾਂਗੇ । ਤੇਰਾ ਢੋਲਾ ਸਾਚਾ ਰਟਾਂਗੇ । ਤੀਰਥ ਤੱਟਾਂ ਪਾਰ ਟੱਪਾਂਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਤੇਰੇ ਪਿਆਰ ਅੰਦਰ ਰਚਾਂਗੇ । ਜੋ ਪਿਆਰ ਅੰਦਰ ਰਚੇਗਾ । ਸੋ ਵੇਲੇ ਅੰਤਮ ਬਚੇਗਾ । ਪ੍ਰਭ ਗੋਦੀ ਬਹਿ ਕੇ ਹੱਸੇਗਾ । ਪਿਛਲਿਆਂ ਰਾਹ ਦੱਸੇਗਾ । ਅਗਲਿਆਂ ਵਿਚ ਵਸੇਗਾ ।


੯੦
੧੪

ਸਚਖੰਡ ਦੁਆਰੇ ਨੱਠੇਗਾ । ਪ੍ਰਭ ਚਰਨ ਦੁਆਰੇ ਡਟੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਭਗਤ ਸੁਹੇਲੇ ਰੱਖੇਗਾ । ਅਸੀਂ ਤੇਰਾ ਗੀਤ ਗਾਵਾਂਗੇ । ਪ੍ਰਭੂ ਇਕੋ ਇਸ਼ਟ ਮਟਾਵਾਂਗੇ । ਬਿਨ ਕਾਇਆ ਮੰਦਰ ਦੂਜੇ ਘਰ ਨਾ ਫੇਰਾ ਪਾਵਾਂਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਤੇਰਾ ਲੱਖ ਲੱਖ ਸ਼ੁਕਰ ਮਨਾਵਾਂਗੇ । ਘਰ ਤੁਹਾਡੇ ਆਊਂਗਾ । ਨਿੱਕੀ ਬਾਰੀ ਕੁੰਡਾ ਲਾਹੂੰਗਾ । ਲਾ ਯਾਰੀ ਤੋੜ ਨਿਭਾਊਂਗਾ । ਕਰ ਪਿਆਰੀ ਸੇਜ ਬਹਾਊਂਗਾ । ਗੁਰਮੁਖ ਨਾਰ ਕੁਆਰੀ ਆਪ ਪਰਨਾਊਂਗਾ । ਰੰਗ ਰੰਗੀਲਾ ਪਲੰਘ ਇਕ ਵਖਾਊਂਗਾ । ਨਾਮ ਮਰਦੰਗ ਸਚ ਵਜਾਊਂਗਾ । ਅਨੰਦ ਅਨੰਦ ਵਿਚੋਂ ਪਰਗਟਾਊਂਗਾ । ਛੰਦ ਛੰਦ ਗੀਤ ਅਲਾਊਂਗਾ । ਬਣ ਪਾਂਧੀ ਪੰਧ ਮੁਕਾਊਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਊਂਗਾ । ਪ੍ਰਭੂ ਕਿਸ ਤਰਾਂ ਅੰਦਰ ਵੜੇਂਗਾ । ਕੀ ਸਾਥੋਂ ਨਾ ਤੂੰ ਡਰੇਂਗਾ । ਕਿਸ ਪੌੜੀ ਥਾਣੀਂ ਚੜ੍ਹੇਂਗਾ । ਕਿਸ ਮੰਦਰ ਵਿਚ ਖੜੇਂਗਾ । ਕੀ ਅੱਖਰ ਢੋਲਾ ਪੜ੍ਹੇਂਗਾ । ਕੀ ਸਾਡੇ ਪ੍ਰੇਮ ਵਿਚ ਮਰੇਂਗਾ । ਕੀ ਸਾਡੇ ਹਿਜ਼ਰ ਵਿਚ ਸੜੇਂਗਾ । ਕੀ ਸਾਡੇ ਫ਼ਿਕਰ ਵਿਚ ਆਪਣੀ ਕਰਨੀ ਕਰੇਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮਿਹਰਵਾਨ ਆਪਣੀ ਕਿਰਪਾ ਕਰੇਂਗਾ । ਮੈਂ ਆਪਣੇ ਰਾਹ ਆਵਾਂਗਾ । ਨਿਰਗੁਣ ਨਿੱਕਾ ਰੂਪ ਬਣਾਵਾਂਗਾ । ਬਣ ਰਸ ਮਿੱਠਾ ਅੰਦਰ ਲੰਘ ਜਾਵਾਂਗਾ । ਹੋ ਕੇ ਆਪ ਅਨਡਿਠਾ, ਆਪਣੀ ਕਾਰ ਕਮਾਵਾਂਗਾ । ਗੁਰਮੁਖ ਪਹਿਲੋਂ ਪ੍ਰੇਮ ਪ੍ਰੀਤੀ ਜਿਤਾ, ਫਿਰ ਆਪਣਾ ਹਿਤ ਸਮਝਾਂਵਾਂਗਾ । ਬਣ ਕੇ ਪਰਮ ਪੁਰਖ ਸਾਚਾ ਪਿਤਾ, ਮਿਹਰ ਨਜ਼ਰ ਇਕ ਉਠਾਵਾਂਗਾ । ਧੁਰਦਰਗਾਹੀ ਲੈ ਕੇ ਚਿੱਠਾ, ਕਾਇਆ ਮੰਦਰ ਡੇਰਾ ਲਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਮਹੱਲ ਇਕ ਸੁਹਾਵਾਂਗਾ । ਪ੍ਰਭੂ ਉਹ ਮਹੱਲ ਕਿਹੜਾ ਏ । ਜਿਥੇ ਤੇਰਾ ਸੱਚਾ ਡੇਰਾ ਏ । ਦੂਜਾ ਰਹੇ ਨਾ ਕੋਈ ਝੇੜਾ ਏ । ਤੂੰ ਨਜ਼ਰੀ ਆਏਂ ਨੇਰਨ ਨੇਰਾ ਏ । ਘਰ ਚੜ੍ਹੇ ਚਾਉ ਘਨੇਰਾ ਏ । ਨਾ ਸੰਞ ਨਾ ਸਵੇਰਾ ਏ । ਗ੍ਰਿਹ ਮੰਦਰ ਵਸੇ ਖੇੜਾ ਏ । ਪ੍ਰਭ ਲੱਗੇ ਤੇਰਾ ਡੇਰਾ ਏ । ਨਜ਼ਰੀ ਆਏ ਤੂੰ ਮੇਰਾ ਮੈਂ ਤੇਰਾ ਏ । ਨਾ ਕੋਈ ਹੇਰਾ ਨਾ ਕੋਈ ਫੇਰਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਉਹ ਵਕਤ ਸੁਹੰਜਣਾ ਕਿਹੜਾ ਏ । ਉਹ ਵਕਤ ਸੁਹੰਜਣਾ ਸੱਚੀ ਪਰਭਾਤ, ਸ੍ਰੀ ਭਗਵਾਨ ਆਪ ਜਣਾਈਆ । ਜਿਸ ਵੇਲੇ ਸੋਹੰ ਦੇਵਾਂ ਦਾਤ, ਓਸੇ ਵੇਲੇ ਅੰਦਰ ਲੰਘ ਜਾਈਆ । ਫੇਰ ਅੱਗਲੇ ਪਿਛਲੇ ਇਕੱਠੀ ਕਰਾਂ ਜਮਾਤ, ਪਹਿਲੀ ਦੂਜੀ ਤੀਜੀ ਚੌਥੀ ਵੰਡ ਨਾ ਕੋਇ ਵੰਡਾਈਆ । ਵੱਡਿਆਂ ਛੋਟਿਆਂ ਬੁੱਢਿਆ ਨੱਢਿਆਂ ਇਕੋ ਬੰਨ੍ਹਾਂ ਨਾਤ, ਇਕੋ ਘਰ ਸੁਹਾਈਆ । ਗੁਰਮੁਖ ਢੋਲਾ ਗਾਏ ਮੇਰਾ ਗਾਥ, ਸੋ ਕਰੇ ਸਚ ਪੜ੍ਹਾਈਆ । ਹੰ ਬ੍ਰਹਮ ਅਨਾਥਾਂ ਨਾਥ, ਨਾਥ ਅਨਾਥੀ ਲਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਮੰਦਰ ਇਕ ਸੁਹਾਈਆ । ਪ੍ਰਭੂ ਮੰਦਰ ਤੇਰਾ ਸੋਹਣਾ ਏਂ । ਆਦਿ ਜੁਗਾਦਿ ਸਦਾ ਮਨ ਮੋਹਣਾ ਏਂ । ਨਾ ਕੋਈ ਹੱਸਣਾ ਨਾ ਕੋਈ ਰੋਣਾ ਏਂ । ਨਾ ਕੋਈ ਮੈਲਾ ਜਿਹੜਾ ਕਿਸੇ ਧੋਣਾ ਏਂ । ਨਾ ਕੋਈ ਮੰਦਰ ਮਸੀਤੜ ਸ਼ਿਵਦੁਆਲਾ ਮੱਠ ਕਿਸੇ ਨਾ ਗੌਣਾ ਏਂ । ਇਕੋ ਸਾਹਿਬ ਬੀਠਲੋ ਬੀਠਲ, ਸਮਰਥ ਸਿੰਘਾਸਣ ਡੇਰਾ ਲੌਣਾ ਏਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਇਕੋ ਇਕ ਸਮਝੌਣਾ ਏਂ । ਉਹ ਘਰ ਸੋਹਣਾ ਸੁਹੰਜਣਾ, ਜਨ ਭਗਤ ਮਿਲੇ ਵਡਿਆਈਆ । ਕਰੇ ਪਰਕਾਸ਼ ਆਦਿ ਨਿਰੰਜਣਾ, ਨੂਰੋ

ਨੂਰ ਨੂਰ ਰੁਸ਼ਨਾਈਆ । ਸਾਹਿਬ ਸਤਿਗੁਰ ਦਿਆਲ ਬਣੇ ਸੱਜਣਾ, ਸਗਲਾ ਸੰਗ ਨਿਭਾਈਆ । ਚਰਨ ਧੂੜ ਦੇਵੇ ਮਜਨਾ, ਕਵਲ ਨੈਣ ਵਡਿਆਈਆ । ਸੰਤ ਸੁਹੇਲੇ ਦਰਸ ਕਰ ਕਰ ਰਜਣਾ, ਤ੍ਰਿਸ਼ਨਾ ਭੁੱਖ ਮਿਟਾਈਆ । ਭਗਤ ਭਗਵਾਨ ਇਕੋ ਦਰ ਬਹਿ ਬਹਿ ਸਜਣਾ, ਵੱਡਾ ਛੋਟਾ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੱਗੇ ਕੋਈ ਨਾ ਲਾਏ ਅਜ ਪੱਜਣਾ, ਸਚ ਸਚ ਸਚ ਦਏ ਸਮਝਾਈਆ ।

ਸ਼ੱਕ ਨਾਲ ਮਿਲਿਆ ਸ਼ਕੂਕ, ਸ਼ਿਕਵਾ ਰਿਹਾ ਜਣਾਈਆ । ਸਾਹਿਬ ਸਤਿਗੁਰ ਬੜਾ ਮਲੂਕ, ਸੋਹਲ ਕੋਮਲ ਨਜ਼ਰ ਆਈਆ । ਜੋ ਇਸ ਨਾਲ ਰੱਖੇ ਸਲੂਕ, ਸੁਲਾਹ ਆਪਣੀ ਦਏ ਸਮਝਾਈਆ । ਕਿਰਪਾ ਕਰ ਕਰੇ ਮਹਿਫ਼ੂਜ਼, ਸਿਰ ਆਪਣਾ ਹੱਥ ਟਿਕਾਈਆ । ਆਦਿ ਜੁਗਾਦੀ ਇਕ ਮਹਿਬੂਬ, ਮੁਹੱਬਤ ਸਚ ਜਣਾਈਆ । ਵੇਖਣਹਾਰਾ ਉਚ ਅਰੂਜ਼, ਹੁਜਰਾ ਇਕ ਵਡਿਆਈਆ । ਕਰੇ ਖੇਲ ਆਪਣੀ ਹਦੂਦ, ਹੱਦ ਪਾਰ ਨਾ ਕੋਇ ਕਰਾਈਆ । ਵੇਖਣਹਾਰਾ ਅਸਲ ਸੂਦ, ਕੁਲ ਜ਼ਰ ਆਪਣੇ ਹੱਥ ਵਖਾਈਆ । ਕਰਨਹਾਰਾ ਨੇਸਤੋ ਨਾਬੂਦ, ਜੜ੍ਹ ਸਭ ਦੀ ਰਿਹਾ ਉਖੜਾਈਆ । ਸੋਲਾਂ ਸਾਲ ਨਾ ਸਕੇ ਕੋਈ ਢੂੰਡ, ਢੂੰਡਿਆਂ ਹੱਥ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਕਰੇ ਖੇਲ ਖ਼ੂਬ, ਖ਼ੂਬੀ ਸਭ ਦੀ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਲਾਂ ਸਾਲ ਸੋਲਾਂ ਇਛਿਆ ਵਿਚ ਸਮਾਈਆ । ਸੋਲਾਂ ਇਛਿਆ ਫੇਰ ਪਿਆ ਅੜਿਕਾ, ਭੇਵ ਕੋਇ ਨਾ ਆਇੰਦਾ । ਅੱਗੇ ਸਵਾਲ ਦੱਸਿਆ ਨਿੱਕਾ, ਹੁਣ ਵੱਡਾ ਨਜ਼ਰੀ ਆਇੰਦਾ । ਮੁਹੰਮਦ ਕਹੇ ਮੇਰਾ ਝੂਠਾ ਨਾ ਕਰ ਸਿਕਾ, ਕੀਤਾ ਕੌਲ ਕਿਉਂ ਭੁਲਾਇੰਦਾ । ਗੋਬਿੰਦ ਕਹੇ ਮੈਂ ਵਾਰਿਆ ਪਿਤਾ, ਪੁੱਤਰ ਨੀਹਾਂ ਹੇਠ ਦਬਾਇੰਦਾ । ਪੁਰਖ ਅਕਾਲ ਕਹੇ ਇਹ ਤੁਹਾਡਾ ਹਿੱਸਾ, ਤੁਹਾਡੀ ਝੋਲੀ ਪਾਇੰਦਾ । ਮੇਰਾ ਖੇਲ ਸਦਾ ਅਨਡਿਠਾ, ਨਜ਼ਰ ਕਿਸੇ ਨਾ ਆਇੰਦਾ । ਵੀਹ ਸੌ ਵੀਹ ਬਿਕਰਮੀ ਪੰਦਰਾਂ ਕੱਤਕ ਤੱਕ ਚਾਰ ਯੁਗ ਦਾ ਲਿਖਿਆ ਲੇਖਾ ਸਭ ਦੇ ਹੱਥ ਫੜਾਏ ਚਿੱਠਾ, ਭਾਵਾ ਭਾਵੀ ਭਾਣਾ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਬੀਸ ਬੀਸਾ ਹਰਿ ਜਗਦੀਸਾ, ਲੇਖਾ ਸਭ ਦੀ ਝੋਲੀ ਪਾਇੰਦਾ । ਭਾਵਾ ਭਗਵਾਨ ਬਣੇ ਬਾਪੂ, ਵਡ ਵੱਡਾ ਵਡ ਵਡਿਆਈਆ । ਵੇਖਣਹਾਰਾ ਜਿੰਨਾਂ ਪੀਤਾ ਤਮਾਕੂ, ਤੁਖ਼ਮ ਸਭ ਦਾ ਦਏ ਉਡਾਈਆ । ਕੋਈ ਕਿਸੇ ਨਾ ਮਾਰੇ ਆਵਾਜ਼ ਹਾਕੂ, ਕਾਕੂ ਕਲਮਾ ਨਬੀ ਨਾ ਕੋਇ ਵਡਿਆਈਆ । ਪੀਰ ਪੈਗ਼ੰਬਰ ਕਹਿਣ ਵੇਖੋ ਕਿਧਰੋਂ ਪੈ ਗਿਆ ਡਾਕੂ, ਆਪ ਆਪਣਾ ਬਲ ਧਰਾਈਆ । ਜਿਸ ਜ਼ਿਮੀ ਅਸਮਾਨ ਭੁਆਏ ਵਾਂਗ ਲਾਟੂ, ਬਿਨ ਚੱਕੀ ਚੱਕ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਾਵਾ ਇਕੋ ਇਕ ਅਖਵਾਈਆ । ਭਾਵਾ ਕਹੇ ਮੈਂ ਭਗਵਾਨ, ਆਪਣਾ ਬਲ ਰਖਾਇੰਦਾ । ਭਾਵੀ ਕਹੇ ਮੈਂ ਬਾਲ ਅੰਞਾਣ, ਧੁਰ ਦਾ ਹੁਕਮ ਮੋਹੇ ਭਾਇੰਦਾ । ਏਹੋ ਭਾਵੇ ਦਾ ਸਚ ਨਿਸ਼ਾਨ, ਨਜ਼ਰ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਪਹਿਲੋਂ ਤੋੜ ਈਮਾਨ, ਜੋੜ ਇਕੋ ਚਰਨ ਧਿਆਨ ਰਖਾਇੰਦਾ । ਚਾਰ ਕੁੰਟ ਸੁਣੀ ਸ਼ਕਾਇਤ, ਚਾਰੋਂ ਕੁੰਟ ਮੁਖ ਭੁਆਈਆ । ਸਾਰੇ ਮੰਗਣ ਪ੍ਰਭ

ਕਰ ਅਨਾਇਤ, ਖ਼ਾਲੀ ਝੋਲੀ ਰਹੇ ਵਖਾਈਆ । ਇਕ ਦੂਜੇ ਦੀ ਕੋਇ ਨਾ ਕਰੇ ਫ਼ਰਮਾਇਸ਼, ਸਾਰੇ ਬੈਠੇ ਨੈਣ ਸ਼ਰਮਾਈਆ । ਕਿਉਂ ਪ੍ਰਭੂ ਆਪ ਕਰਨ ਆਇਆ ਅਜ਼ਮਾਇਸ਼, ਚੁਗਲੀ ਦੂਜਾ ਕੋਇ ਨਾ ਲਾਈਆ । ਜਿਸ ਨੇ ਧਰਤੀ ਵੰਡ ਕੇ ਦਿਤੀ ਪੈਮਾਇਸ਼, ਗੁਰ ਅਵਤਾਰ ਕਿਤਿਆਂ ਵਿਚ ਬਹਾਈਆ । ਪਿਛੋਂ ਦੇਂਦਾ ਰਿਹਾ ਹਦਾਇਤ, ਹੁਕਮ ਹੱਕ ਸਮਝਾਈਆ । ਕਿਸੇ ਕੋਲ ਨਾ ਰਹੇ ਕਫ਼ਾਇਤ, ਕਰੇ ਖੇਲ ਬੇਪਰਵਾਹੀਆ । ਤੁਆਰਫ਼ ਕਰੇ ਨਾ ਕੋਇ ਤੁਆਇਫ਼, ਤਾਲਬ ਤਰਬਯੱਤ ਨਾ ਕੋਇ ਵਡਿਆਈਆ । ਚਾਰ ਕੁੰਟ ਚਾਰ ਜੁਗ ਪੂਰੀ ਸਭ ਦੀ ਕਰਨਹਾਰਾ ਖ਼ਾਹਿਸ਼, ਆਸਾ ਵੇਖੇ ਥਾਉਂ ਥਾਈਂਆ । ਪਹਿਲੀ ਚੇਤਰ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਭਗਤਾਂ ਲੱਗੀ ਨੁਮਾਇਸ਼, ਨਿਰਗੁਣ ਨਿਰਗੁਣ ਵੇਖ ਵਖਾਇੰਦਾ । ਨੇਤਰ ਰੋਇਆ ਯਸ਼ੂ ਕਰਾਈਸ, ਕਰਬਲਾ ਮੁਹੰਮਦ ਵੇਖ ਕੁਰਲਾਇੰਦਾ । ਮੂਸਾ ਕਹੇ ਮੇਰੀ ਕਿਸੇ ਨਾ ਕੀਤੀ ਹਮਾਇਤ, ਮੁਫ਼ਤ ਕੋਹਤੂਰ ਮੂੰਹ ਦੇ ਭਾਰ ਡਿਗ ਕੇ ਮੂੰਹ ਭੰਨਾਇੰਦਾ । ਨਾਨਕ ਕਹੇ ਗੋਬਿੰਦ ਪੁੱਤ ਨਾ ਹੋਏ ਨਾਲਾਇਕ, ਨਾਨਕ ਗੋਤੀ ਜੋਤੀ ਨੂਰ ਧਰਾਇੰਦਾ । ਪਾਰਬ੍ਰਹਮ ਕਹੇ ਮੇਰੀ ਇਕੋ ਸ਼ਰਾਇਤ, ਸ਼ਰਅ ਸਚ ਸਚ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਦਿ ਜੁਗਾਦਿ ਜੁਗ ਚੌਕੜੀ ਜੁਗ ਕਰਤਾ ਆਪਣੇ ਵਿਚ ਸਮਾਇੰਦਾ । ਇਕ ਹੋਏ ਜ਼ੀਰੋ, ਜ਼ੀਰੋ ਇਕ ਰੂਪ ਵਟਾਈਆ । ਇਕ ਬਣੇ ਹੀਰੋ, ਹੀਰੋ ਸਿਫ਼ਰਾ ਰੂਪ ਧਰਾਈਆ । ਸਿਫ਼ਰਾ ਹੋਏ ਗੁਣੀ ਗਹੀਰੋ, ਗਹਿਰ ਗੰਭੀਰ ਬੇਪਰਵਾਹੀਆ । ਇਕ ਨਾਲ ਇਕ ਬੱਧਾ ਜ਼ੰਜੀਰੋ, ਜ਼ੰਜੀਰੀ ਆਪਣਾ ਨਾਮ ਰਖਾਈਆ । ਸ਼ਾਹ ਸੁਲਤਾਨ ਸੁਣੋ ਫ਼ਕੀਰੋ, ਸ਼ਹਿਨਸ਼ਾਹ ਰਿਹਾ ਸਮਝਾਈਆ । ਨੇਤਰ ਖੋਲ੍ਹੋ ਪੈਗ਼ੰਬਰੋ ਪੀਰੋ, ਪਾਰਬ੍ਰਹਮ ਰਿਹਾ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਸਿਫ਼ਰ ਇਕ ਆਪਣੀ ਗੰਢ ਪੁਆਈਆ । ਇਕ ਸ਼ਹਿਨਸ਼ਾਹ ਜ਼ੀਰੋ ਖ਼ਾਕ, ਇਕ ਪਾਤਸ਼ਾਹ ਅਖਵਾਇੰਦਾ । ਇਕ ਖੋਲ੍ਹਣਹਾਰਾ ਤਾਕ, ਜ਼ੀਰੋ ਲੇਖਾ ਹੋਏ ਬੇਬਾਕ, ਇਕ ਆਪਣਾ ਅੰਕ ਬਣਾਇੰਦਾ । ਰਾਸ਼ਟਰਪਤ ਇਕ ਖ਼ਾਲੀ ਕਰਾਏ ਹਾਥ, ਸਿਫ਼ਰਾ ਕਿਸੇ ਨਾ ਦੇਵੇ ਸਾਥ, ਇਕ ਆਪਣਾ ਹੁਕਮ ਵਰਤਾਇੰਦਾ । ਕਵਣ ਜਾਣੇ ਪ੍ਰਭ ਕੀ ਬਾਤ, ਭੇਵ ਅਭੇਦ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਇਕ ਜ਼ੀਰੋ ਇਕ ਇਕੱਤਰ ਇਕੋ ਘਰ ਕਰਾਇੰਦਾ ।

## ★ ੩ ਚੇਤ ੨੦੨੦ ਬਿਕਰਮੀ ਜੇਠੂਵਾਲ ਦਰਬਾਰ ਵਿਚ ★

ਤੂੰ ਮੈਂ ਇਕੋ ਕੁਛ, ਅੰਤਰ ਵੰਡ ਨਾ ਕੋਇ ਵੰਡਾਈਆ । ਬਿਨ ਵੇਖਿਆਂ ਬਿਨ ਪੇਖਿਆਂ ਇਕ ਦੂਜੇ ਨੂੰ ਲਿਆ ਪੁੱਛ, ਰੂਪ ਰੰਗ ਰੇਖ ਨਜ਼ਰ ਕੋਇ ਨਾ ਆਈਆ । ਭੇਵ ਅਭੇਦਾ ਖੋਲ੍ਹਿਆ ਗੁੱਝ, ਪਰਦਾ ਆਪ ਉਠਾਈਆ । ਸਾਰ ਨਾ ਪਾਵੇ ਮਨ ਮਤ ਬੁੱਧ, ਜਗਤ ਬਲ ਨਾ ਕੋਇ ਸਹਾਈਆ । ਮੈਂ ਤੂੰ ਨਹੀਂ ਕੁੱਛ, ਜੁਗ ਜੁਗ ਤੇਰੇ ਹੱਥ ਵਡਿਆਈਆ । ਸੋਚਿਆਂ ਕਿਸੇ ਨਾ ਆਵੇਂ ਸੋਚ, ਲੱਭਿਆਂ ਨਜ਼ਰ ਕਿਸੇ ਨਾ ਆਈਆ । ਕਰ ਕਿਰਪਾ ਕਲ ਗਿਆ ਪਹੁੰਚ, ਪਾਰਬ੍ਰਹਮ ਪ੍ਰਭ ਬੇਪਰਵਾਹੀਆ । ਸਾਚੀ ਆ ਕੇ ਦੱਸੀ ਰੌਂਸ, ਤੂੰ ਮੈਂ ਰਹੇ ਨਾ ਰਾਈਆ । ਗੁਰਮੁਖ ਕੀਤੇ ਮਾਤ ਗੌਂਸ, ਗੁਰਜ ਨਾਮ ਹੱਥ ਫੜਾਈਆ । ਤੂੰ ਮੈਂ ਮਿਲਣ ਦਾ ਹੋਇਆ ਸ਼ੌਂਕ, ਅੰਤਰ ਅੰਤਰ ਵੇਖ ਵਖਾਈਆ । ਲੇਖਾ ਬਣਿਆ ਨਾਰ ਖੌਂਤ, ਬੀਵੀ ਬੇਵਾ ਨਾ ਕੋਇ

ਜਣਾਈਆ । ਮਿਹਰਵਾਨ ਨਾ ਜਾਏ ਔਂਤ, ਔਂਤਰਾਪਨ ਨਾ ਕੋਇ ਰਖਾਈਆ । ਅੰਤਮ ਆਇਆ ਆਪਣੇ ਚੌਂਕ, ਚੌਕੰਨਾ ਹੋ ਕੇ ਫੇਰਾ ਪਾਈਆ । ਜਿਸ ਨੇ ਗੋਬਿੰਦ ਵਖਾਇਆ ਪਟਣਾ ਪੌਂਟ, ਪਾਟਲ ਆਪਣੀ ਕਾਰ ਕਮਾਈਆ । ਜਿਸ ਨੂੰ ਜਪ ਜਪ ਥੱਕੇ ਹੋਂਟ, ਰਸਨਾ ਆਪਣਾ ਬਲ ਲਗਾਈਆ । ਸੋ ਸਾਹਿਬ ਅੰਦਰੇ ਅੰਦਰ ਗਿਆ ਚੌਂਕ, ਹੂੰ ਹਾਂ ਰਿਹਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੂੰ ਮੈਂ ਇਕੋ ਰੂਪ ਦਰਸਾਈਆ । ਤੂੰ ਮੈਂ ਇਕ ਤਲਾਸ਼, ਨੇਤਰ ਨੈਣ ਸਰਬ ਤਰਸਾਈਆ । ਜਿਸ ਦਾ ਰਾਹ ਤੱਕੇ ਸ਼ੰਕਰ ਕੈਲਾਸ਼, ਚੋਟੀ ਪਰਬਤ ਡੇਰਾ ਲਾਈਆ । ਜਿਸ ਦੀ ਬ੍ਰਹਮਾ ਰੱਖੇ ਆਸ, ਬ੍ਰਹਮ ਲੇਖਾ ਦਏ ਮੁਕਾਈਆ । ਜਿਸ ਦਾ ਵਿਸ਼ਨੂੰ ਹੋਇਆ ਦਾਸ, ਬਣ ਸੇਵਕ ਸੇਵ ਕਮਾਈਆ । ਜਿਸ ਦਾ ਗੁਰ ਅਵਤਾਰ ਗੌਂਦੇ ਰਾਗ, ਬੋਧ ਅਗਾਧ ਜਣਾਈਆ । ਜਿਸ ਦੀ ਪੀਰ ਪੈਗ਼ੰਬਰ ਪੜ੍ਹਦੇ ਨਿਮਾਜ਼, ਬਣ ਬਰਦਾ ਸਜਦਾ ਸੀਸ ਝੁਕਾਈਆ । ਜਿਸ ਦੀ ਵੱਜੇ ਸਤਿ ਰਬਾਬ, ਤੰਦੀ ਤਾਰ ਨਾ ਕੋਇ ਰਖਾਈਆ । ਜਿਸ ਨੂੰ ਕਹਿੰਦੇ ਸਚ ਅਹਿਬਾਬ, ਮੁਹੱਬਤ ਇਕੋ ਇਕ ਵਖਾਈਆ । ਜਿਸ ਨੂੰ ਕਹਿੰਦੇ ਸਾਰੇ ਬਾਪ, ਪਤਿਪਰਮੇਸ਼ਵਰ ਵਡ ਵਡਿਆਈਆ । ਜਿਸ ਤੋਂ ਮੰਗਦੇ ਸਾਰੇ ਦਾਤ, ਖ਼ਾਲੀ ਝੋਲੀ ਅੱਗੇ ਡਾਹੀਆ । ਤਿਸ ਸਾਹਿਬ ਦੀ ਇਕੋ ਜਮਾਤ, ਤੂੰ ਮੈਂ ਕਹਿਣ ਕੋਇ ਨਾ ਪਾਈਆ । ਤੂੰ ਮੈਂ ਚੁਕਿਆ ਝੇੜਾ, ਝੰਜਟ ਆਪ ਮਿਟਾਇਆ । ਹਰਿਜਨ ਵਸਿਆ ਸਾਚਾ ਖੇੜਾ, ਜਿਸ ਗ੍ਰਿਹਿ ਫੇਰਾ ਪਾਇਆ । ਨਿਰਗੁਣ ਹੋ ਕੇ ਬੰਨ੍ਹਿਆ ਬੇੜਾ, ਸਰਗੁਣ ਕੰਧ ਧਰਾਇਆ । ਵੇਖਣਹਾਰਾ ਗੁਰੂ ਚੇਰਾ, ਚੇਲਾ ਗੁਰ ਅਖਵਾਇਆ । ਕਲਜੁਗ ਅੰਤਮ ਵੇਖੇ ਮੇਲਾ, ਮਿਹਰਵਾਨ ਵੇਸ ਵਟਾਇਆ । ਵਸਣਹਾਰਾ ਧਾਮ ਨਿਵੇਲਾ, ਸਚਖੰਡ ਸਾਚੇ ਸੋਭਾ ਪਾਇਆ । ਕੱਟਣਹਾਰਾ ਧਰਮ ਰਾਏ ਦੀ ਜੇਲਾ, ਆਵਣ ਜਾਵਣ ਪੰਧ ਮੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੂੰ ਮੈਂ ਇਕੋ ਘਰ ਵਖਾਇਆ । ਤੂੰ ਮੈਂ ਦਾ ਇਕੋ ਵੇਹੜਾ, ਦੂਜੀ ਵੰਡ ਨਾ ਕੋਇ ਵੰਡਾਈਆ । ਜਿਸ ਨੂੰ ਸਾਹਿਬ ਸਤਿਗੁਰ ਮਿਲ ਗਿਆ ਸਿੰਘ ਸ਼ੇਰਾ, ਸ਼ੇਰ ਰੂਪ ਦਏ ਬਣਾਈਆ । ਲੱਖ ਚੁਰਾਸੀ ਗਿਦੜਾਂ ਘੇਰਾ, ਜੰਬਕ ਅੰਤ ਰਹਿਣ ਨਾ ਪਾਈਆ । ਜਿਸ ਗ੍ਰਿਹਿ ਅੰਦਰ ਲੱਗਾ ਡੇਰਾ, ਦੂਈ ਦਵੈਤ ਨਾ ਕੋਇ ਰਖਾਈਆ । ਭਗਤ ਭਗਵਾਨ ਇਕ ਦੂਜੇ ਨੂੰ ਕਹਿਣ ਤੂੰ ਮੇਰਾ ਮੈਂ ਤੇਰਾ, ਮੈਂ ਤੂੰ ਨਜ਼ਰ ਕੋਇ ਨਾ ਆਈਆ । ਜਗਤ ਨੇਤਰ ਦਿਸੇ ਅੰਧੇਰਾ, ਗੁਰ ਨੇਤਰ ਨੂਰ ਰੁਸ਼ਨਾਈਆ । ਸੋਵਤ ਜਾਗਤ ਬੰਨ੍ਹੇ ਬੇੜ੍ਹਾ, ਖੇਵਟ ਖੇਟਾ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਤੂੰ ਮੈਂ ਨਾ ਕੋਈ ਲਾਏ ਤੋਹਮਤ, ਤਮਾਂ ਵਿਚ ਕਦੇ ਨਾ ਆਈਆ । ਕਰਨਹਾਰਾ ਆਪਣੀ ਰਹਿਮਤ, ਮਿਹਰ ਨਜ਼ਰ ਉਠਾਈਆ । ਗ਼ਰੀਬ ਨਿਮਾਣਿਆਂ ਤਾਰੇ ਜਿਨ੍ਹਾਂ ਬੱਧੀ ਤਹਿਮਤ, ਸਿਰ ਆਪਣਾ ਹੱਥ ਟਿਕਾਈਆ । ਜੋ ਪ੍ਰਭ ਨਾਲ ਹੋ ਗਏ ਸਹਿਮਤ, ਪਿਛਲਾ ਲੇਖਾ ਦਏ ਚੁਕਾਈਆ । ਹਰਿਜਨ ਬਣੇ ਨਾ ਕਦੇ ਅਹਿਮਕ, ਮੂਰਖ ਮਤ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੂੰ ਮੈਂ ਪੰਧ ਮੁਕਾਈਆ । ਤੂੰ ਮੈਂ ਮੁਕਿਆ ਪੰਧ, ਪੈਂਡਾ ਰਹਿਣ ਕੋਇ ਨਾ ਪਾਈਆ । ਜਿਨ੍ਹਾਂ ਮਿਲਿਆ ਸਾਹਿਬ ਬਖ਼ਸ਼ੰਦ, ਦੀਨ ਦਿਆਲ ਸੱਚਾ ਸ਼ਹਿਨਸ਼ਾਹੀਆ । ਅੰਤਰ ਆਤਮ ਦੇਵੇ ਅਨੰਦ, ਰਸ ਆਪਣਾ ਆਪ ਵਖਾਈਆ । ਪੂਰਬ ਜਨਮ ਦੀ ਟੁੱਟੀ ਗੰਢ, ਇਕੋ ਤੰਦ ਬੰਧਾਈਆ । ਜਗਤ ਵਿਛੋੜਾ ਕੱਟ ਰੰਡ, ਆਪਣੇ ਨਾਲ ਪਰਨਾਈਆ । ਕਿਰਪਾ ਨਿਧਾਨ ਚਾੜ੍ਹ ਚੰਦ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਬਣ ਦਰਵੇਸ਼ ਮੰਗੇ ਮੰਗ, ਭਿਖਕ ਆਪਣੀ ਝੋਲੀ ਡਾਹੀਆ । ਕਰੇ ਖੇਲ ਸੂਰਾ

੬੫ ੧੪

ਸਰਬੰਗ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਤੂੰ ਮੇਰਾ ਮੈਂ ਤੇਰਾ ਦੋਹਾਂ ਦਾ ਇਕੋ ਜਿਹਾ ਸੰਗ, ਮੈਂ ਤੂੰ ਬੈਠੀ ਨੈਣ ਸ਼ਰਮਾਈਆ । ਮੈਂ ਤੇਰੇ ਅੰਦਰ ਜਾਵਾਂ ਲੰਘ, ਤੂੰ ਮੇਰਾ ਧਿਆਨ ਲਗਾਈਆ । ਮੈਂ ਸੁਹਾਵਾਂ ਤੇਰੀ ਆਤਮ ਸੇਜ ਪਲੰਘ, ਤੂੰ ਘੁੱਟ ਘੁੱਟ ਗਲਵਕੜੀ ਏਕਾ ਪਾਈਆ । ਪਾਰਬ੍ਰਹਮ ਦਾ ਬ੍ਰਹਮ ਮਾਣੇ ਸਚ ਅਨੰਦ, ਜਗਤ ਭੋਗ ਰਸ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੂੰ ਮੈਂ ਲੇਖਾ ਦਿਤਾ ਮੁਕਾਈਆ । ਤੂੰ ਮੈਂ ਲੇਖਾ ਗਿਆ ਮੁੱਕ, ਸੋ ਸਤਿਗੁਰ ਆਪ ਮੁਕਾਈਆ । ਢੋਲਾ ਗਾਇਆ ਆਪਣੇ ਮੁਖ, ਮੁਖੜਾ ਗੁਰਮੁਖ ਆਪ ਸਾਲਾਹੀਆ । ਜਗਤ ਤ੍ਰਿਸ਼ਨਾ ਮੇਟ ਭੁੱਖ, ਕੂੜੀ ਹਰਸ ਮਿਟਾਈਆ । ਕਰ ਕਿਰਪਾ ਆਪਣੀ ਗੋਦੀ ਚੁੱਕ, ਦੋਵੇਂ ਭੁਜਾਂ ਸੀਸ ਟਿਕਾਈਆ । ਤੂੰ ਮੈਂ ਇਕ ਦੂਜੇ ਨੂੰ ਦੋਵੇਂ ਰਹੇ ਪੁੱਛ, ਵਿਛੜਿਆਂ ਸੁਖ ਕੋਇ ਨਾ ਆਈਆ । ਇਕ ਦੂਜੇ ਨਾਲੋਂ ਫੇਰ ਨਾ ਜਾਈਏ ਰੁੱਸ, ਰੁੱਸਿਆਂ ਸਾਂਤ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਤੂੰ ਮੈਂ ਗਈ ਹਾਰ, ਜਿਤ ਨਜ਼ਰ ਕਿਸੇ ਨਾ ਆਈਆ । ਤੇਰੇ ਪਿਛੇ ਹੋ ਖ਼ੁਆਰ, ਆਪਣਾ ਆਪ ਮਿਟਾਈਆ । ਤੇਰੇ ਪਿਛੇ ਪੰਧ ਮਾਰ, ਬਣਿਆਂ ਪਾਂਧੀ ਰਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਤੂੰ ਮੈਂ ਕਹੇ ਕਿਉਂ ਹੋਇਆ ਚੁੱਪ, ਅਗਲਾ ਭੇਵ ਨਾ ਕੋਇ ਜਣਾਈਆ । ਮਨ ਬਦਲੇ ਆਪਣਾ ਰੁਖ਼, ਸਤਿਗੁਰ ਆਪਣੀ ਕਲਾ ਭੁਆਈਆ । ਕਿਸ ਵਸਤ ਦੀ ਰਹਿ ਗਈ ਭੁੱਖ, ਕਰ ਕਿਰਪਾ ਪ੍ਰਭ ਪੂਰੀ ਦਏ ਕਰਾਈਆ । ਜਨਮ ਮਰਨ ਦਾ ਮਿਟਿਆ ਦੁੱਖ, ਨਾਤਾ ਪੁਰਖ ਅਕਾਲ ਜੁੜਾਈਆ । ਹੋਰ ਕੀ ਅੱਗੇ ਲੈਣਾ ਪੁੱਛ, ਪੁੱਛ ਪੁੱਛ ਅੰਤ ਕੋਇ ਨਾ ਪਾਈਆ । ਜੋ ਜਨ ਸੀਸ ਨਿਵਾਏ ਝੁਕ, ਤਿਸ ਆਪਣਾ ਆਪ ਦਏ ਵਰਤਾਈਆ । ਅੰਦਰ ਵੜ ਜਾਏ ਬਹਿ ਜਾਏ ਲੁਕ, ਮੁਖ ਨਾ ਕਿਸੇ ਵਖਾਈਆ । ਕਰ ਕਿਰਪਾ ਪ੍ਰਭ ਜਾਏ ਉਠ, ਜੋਤੀ ਨੂਰ ਰੁਸ਼ਨਾਈਆ । ਸਾਚਾ ਲਹਿਣਾ ਲਏ ਪੁੱਛ, ਪੁਸ਼ਤ ਦਰ ਪੁਸ਼ਤ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਤ ਭਗਵਾਨ ਇਕ ਨਿਸ਼ਾਨ, ਤੂੰ ਮੈਂ ਲੇਖਾ ਦਿਤਾ ਮੁਕਾਈਆ ।

## ★ ੭ ਚੇਤ ੨੦੨੦ ਬਿਕਰਮੀ ਜੇਠੂਵਾਲ ਬਾਹਰ ਵਾਲੇ ਦਰਵਾਜ਼ੇ ਦੀ ਨੀਂਹ ਰੱਖਣ ਦੇ ਸਮੇਂ ★

ਭਗਤ ਭਗਵਾਨ ਦਾ ਇਕ ਦਰਵਾਜ਼ਾ, ਦੂਜਾ ਰਾਹ ਨਾ ਕੋਈ ਵਖਾਇੰਦਾ । ਗੁਰਸਿਖ ਗੁਰ ਇਕ ਕਾਜਾ, ਸਤਿਗੁਰ ਸੇਵ ਕਮਾਇੰਦਾ । ਜੋਤ ਸ਼ਬਦ ਨਿਰਗੁਣ ਰਾਜਨ ਰਾਜਾ, ਭੂਪਨ ਭੂਪ ਦਇਆ ਕਮਾਇੰਦਾ । ਉਜੜਿਆ ਵਸਾਇਆ ਫੇਰ ਮਾਝਾ, ਗੁਰ ਗੋਬਿੰਦ ਹੋ ਕੇ ਫੇਰਾ ਪਾਇੰਦਾ । ਅੰਤਮ ਅੰਤ ਰੱਖੇ ਲਾਜਾ, ਮਿਹਰਵਾਨ ਮਿਹਰ ਨਜ਼ਰ ਉਠਾਇੰਦਾ । ਪੁਰਖ ਅਕਾਲ ਬਣਿਆ ਦਾਦਾ, ਪੂਤ ਸਪੂਤੇ ਵੇਖ ਵਖਾਇੰਦਾ । ਹਰਿ ਸੰਗਤ ਸੀਸ ਪਹਿਨਾਏ ਤਾਜਾ, ਸਾਚਾ ਲੇਖ ਲਿਖਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਧਰਮ ਦੀ ਸਾਚੀ ਨੀਂਹ, ਹਰਿ ਸੰਗਤ ਲੇਖਾ ਚੁਕਾਏ ਸਾਢੇ ਤਿੰਨ ਹੱਥ ਸੀਂ, ਅੰਦਰ ਆਇਆ ਲੱਖ ਚੁਰਾਸੀ ਵਿਚ ਰਹਿਣ ਨਾ ਪਾਇੰਦਾ । ਹਰਿ ਸੰਗਤ ਸੀਸ ਗੁਰ ਸ਼ਬਦੀ ਤਾਜ਼, ਤਖ਼ਤ ਨਿਵਾਸੀ ਆਪ ਰਖਾਇੰਦਾ । ਦਇਆ ਸਿੰਘ ਦਰ ਦੇਵੇ ਦਾਜ, ਧਰਮ ਮਤ ਦੀ ਜੜ੍ਹ ਲਗਾਇੰਦਾ । ਬਿਸ਼ਨ ਸਿੰਘ ਮਾਰੇ ਆਵਾਜ਼, ਜਨਮ ਜਨਮ ਨਾਲ

ਸਮਝਾਇੰਦਾ । ਮਤ ਸਤਿ ਦਾ ਸਤਿ ਜਹਾਜ਼, ਸਤਿ ਸਤਿਵਾਦੀ ਆਪ ਚਲਾਇੰਦਾ । ਦੇਵੇ ਵਡਿਆਈ ਮਿਸਤਰੀ ਰਾਜ, ਮਿਸਲ ਸ੍ਰੀ ਭਗਵਾਨ ਬਣਾਇੰਦਾ । ਹਰਿ ਸੰਗਤ ਸੁਆਰੇ ਕਾਜ, ਜੋ ਗੁਰਸਿਖ ਦਰ ਆ ਕੇ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸ਼ਬਦ ਸਰੂਪੀ ਗੁਣ ਨਿਧਾਨ, ਨਿਰਗੁਣ ਦਾਤਾ ਪੁਰਖ ਬਿਧਾਤਾ ਸਾਚੀ ਧਾਰ ਆਪ ਚਲਾਇੰਦਾ । ਦੋ ਦਸ ਦਾ ਦਰ ਦਰਵਾਜ਼ਾ, ਸਚ ਧਾਰ ਵਡਿਆਇਆ । ਸੋਲਾਂ ਸੋਲਾਂ ਖੇਲ ਤਮਾਸ਼ਾ, ਖ਼ਾਲਕ ਖ਼ਲਕ ਖ਼ੁਦਾਇਆ । ਇਕੀ ਨੌਂ ਬੋਧ ਅਗਾਧਾ, ਸ਼ਬਦੀ ਸ਼ਬਦ ਸਮਝਾਇਆ । ਉਪਰ ਬੈਠ ਵਡ ਰਾਜਨ ਰਾਜਾ, ਜਨ ਭਗਤਾਂ ਫੜ ਬਾਹੋਂ ਪਾਰ ਕਰਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਕਰਨੀ ਆਪ ਕਮਾਇਆ ।

### ★ ੭ ਚੇਤ ੨੦੨੦ ਬਿਕਰਮੀ ਜੇਠੂਵਾਲ ਹਰਿ ਭਗਤ ਦੁਆਰ ★

ਪਾਰਬ੍ਰਹਮ ਪ੍ਰਭ ਤੇਰਾ ਸਦਕਾ, ਮਿਲੇ ਮਾਣ ਮੋਹ ਵਡਿਆਇਆ । ਗ਼ਰੀਬ ਨਿਮਾਣਾ ਨਿਰਧਨ ਅਦਨਾ, ਬਲਹੀਣ ਨੈਣ ਸ਼ਰਮਾਇਆ । ਤੇਰਾ ਲੇਖਾ ਕ੍ਰਿਸ਼ਨ ਬਧ ਕਾ, ਬੱਧਕ ਮੰਗ ਮੰਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਇਆ । ਬੱਧਕ ਮਾਰ ਤੀਰ, ਤੀਰ ਨਿਸ਼ਾਨਿਆ । ਬੱਧਕ ਵੇਖ ਅਖ਼ੀਰ, ਆਖ਼ਰ ਪਛਤਾਨਿਆ । ਬੱਧਕ ਵੇਖ ਅਖ਼ੀਰ, ਹਰਿ ਸਾਹਿਬ ਗਲੇ ਲਗਾਨਿਆ । ਤੀਰ ਦੇਵੇ ਨਾਮ ਨਿਧਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਸੁਲਤਾਨਿਆ । ਗੋਡੇ ਉਪਰ ਪੈਰ ਪਸਾਰ, ਚਰਨ ਕਵਲ ਰੁਸ਼ਨਾਇਆ । ਦੋਹਾਂ ਅੰਦਰ ਖੇਲ ਅਪਾਰ, ਨਜ਼ਰ ਕਿਸੇ ਨਾ ਆਇਆ । ਪ੍ਰੇਮ ਰਤ ਡਿਗੇ ਆਪਣੀ ਧਾਰ, ਸਚ ਪ੍ਰੀਤੀ ਚਰਨ ਰੰਗ ਰੰਗਾਇਆ । ਬੱਧਕ ਰੋਵੇ ਜ਼ਾਰੋ ਜ਼ਾਰ, ਵੇਖ ਵੇਖ ਕੁਰਲਾਇਆ । ਕ੍ਰਿਸ਼ਨ ਕਹੇ ਮੇਰਾ ਸਚ ਵਿਹਾਰ, ਸਚ ਸਚ ਜਣਾਇਆ । ਤੇਰਾ ਨਿਸ਼ਾਨਾ ਅਪਰ ਅਪਾਰ, ਮਿਹਰਬਾਨਾ ਰੰਗ ਰੰਗਾਇਆ । ਲੇਖਾ ਜਾਣੇ ਆਦਿ ਕਰਤਾਰ, ਕਾਦਰ ਵਡ ਵਡਿਆਇਆ । ਦੋਹਾਂ ਚਰਨਾਂ ਦੇ ਵਿਚਕਾਰ, ਪ੍ਰੇਮ ਰਤ ਵਹੇ ਵਾਹੋ ਦਾਹਿਆ । ਕ੍ਰਿਸ਼ਨ ਕਾਹਨ ਕਰੇ ਗ਼ੁਫ਼ਤਾਰ, ਸਚ ਸਚ ਜਣਾਇਆ । ਦਰ ਦਰਵਾਜ਼ਾ ਅਪਰ ਅਪਾਰ, ਚਰਨਾਂ ਦੋਹਾਂ ਵਿਚ ਰਖਾਇਆ । ਨਵ ਦੁਆਰੇ ਬੱਧਕ ਕਰੇ ਹਾਹਾਕਾਰ, ਦਸਵੇਂ ਸਾਂਤਕ ਸਤਿ ਰਖਾਇਆ । ਨਵ ਦਸ ਦਾ ਸਤਿ ਵਿਹਾਰ, ਸੋਲਾਂ ਕਲਾਂ ਸੋਲਾਂ ਇਛਿਆ ਦਏ ਵਡਿਆਇਆ । ਇਕੀ ਨਵ ਖੇਲ ਅਪਾਰ, ਪਾਰਬ੍ਰਹਮ ਪ੍ਰਭ ਭੇਵ ਜਣਾਇਆ । ਸਚ ਸਚ ਦਾ ਸਚ ਵਿਹਾਰ, ਸਚ ਸਚ ਸਮਝਾਇਆ । ਜਿਉਂ ਕ੍ਰਿਸ਼ਨ ਤੇਰਾ ਕਰੇ ਆਧਾਰ, ਘਾਉ ਆਪਣੇ ਤਨ ਲਗਾਇਆ । ਤਿਉਂ ਸ੍ਰੀ ਭਗਵਾਨ ਨਿਰਗੁਣ ਜੋਤ ਕਰੇ ਆਕਾਰ, ਨਿਰਾਕਾਰ ਸਰੂਪ ਧਰਾਇਆ । ਗ਼ਰੀਬ ਨਿਮਾਣਿਆਂ ਕੋੜ੍ਹੇ ਕਮਲਿਆਂ ਪਤਤ ਪਾਪੀਆਂ ਦੇਵੇ ਤਾਰ, ਜਿਸ ਜਨ ਦੇਵੇ ਚਰਨ ਸਰਨ ਸਰਨਾਇਆ । ਮੇਲਾ ਸੋਹੇ ਅੰਤਮ ਵਾਰ, ਕਲਜੁਗ ਮਿਲੇ ਵਡਿਆਇਆ । ਸੇਵਾ ਕਰੇ ਆਪ ਕਰਤਾਰ, ਕਰਨੀ ਕਰਤਾ ਆਪ ਕਮਾਇਆ । ਭਗਤ ਦੁਆਰੇ ਖੋਲ੍ਹ ਕਿਵਾੜ, ਦਰ ਦਰਵਾਜ਼ਾ ਇਕੋ ਇਕ ਵਖਾਇਆ । ਉਪਰ ਲੇਖ ਲਿਖੇ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜੈ ਜੈ ਜੈਕਾਰ ਕਰੇ ਲੋਕਾਇਆ । ਹਰਿ ਸੰਗਤ ਸਿਰ ਪਹਿਨਾਇਆ ਤਾਜ, ਤਾਜਾਂ ਵਾਲੇ ਰਾਏ ਧਰਮ ਹੱਥ ਫੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਗਤ ਜੁਗ ਲਹਿਣਾ ਲਹਿਣੇਦਾਰ

ਝੋਲੀ ਪਾਇਆ । ਦਰਵਾਜ਼ਾ ਕਹੇ ਮੈਂ ਸਾਚੀ ਸੇਵ ਕਮਾਊਂਗਾ । ਜਨ ਭਗਤਾਂ ਰਾਹ ਤਕਾਊਂਗਾ । ਸੋਹੰ ਢੋਲਾ ਇਕ ਸੁਣਾਊਂਗਾ । ਹਰਿ ਸੰਗਤ ਦੇ ਮਾਣ ਜਗਤ ਵਡਿਆਵਾਂਗਾ । ਹਰਿ ਭਗਤਾਂ ਦੇ ਗਿਆਨ ਗੁਰਮੁਖ ਤਾਰ ਵਜਾਵਾਂਗਾ । ਸਚ ਧਰਮ ਸਚ ਨਿਸ਼ਾਨ ਇਕੋ ਇਕ ਵਖਾਵਾਂਗਾ । ਆਪਾ ਕਰ ਕੁਰਬਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦਰਵਾਜ਼ਾ ਕਹੇ ਦਰਬਾਨ ਅਖਵਾਵਾਂਗਾ । ਜਨ ਭਗਤਾਂ ਹੋ ਮਿਹਰਬਾਨ, ਫੜ ਬਾਹੋਂ ਪਾਰ ਲਗਾਵਾਂਗਾ । ਮਨਮੁਖ ਜੀਵ ਸ਼ੈਤਾਨ, ਮੂੰਹ ਦੇ ਭਾਰ ਸੁਟਾਵਾਂਗਾ । ਗੁਰਸਿਖ ਸਾਚੀ ਸਿਖਿਆ ਇਕ ਦਰਸਾਵਾਂਗਾ । ਸੱਜਾ ਚਰਨ ਅੱਗੇ ਰਖਾ ਕੇ, ਪਹਿਲਾ ਕਦਮ ਟਿਕਾਵਾਂਗਾ । ਬਲ ਰਾਜਾ ਮੇਲ ਮਿਲਾ ਕੇ, ਬਾਵਨ ਪੰਧ ਮੁਕਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਣਾ ਇਕੋ ਵਰ, ਵਰ ਆਪਣੀ ਝੋਲੀ ਪਾਵਾਂਗਾ । ਜਨ ਭਗਤ ਸੱਜਾ ਚਰਨ ਅੱਗੇ ਟਿਕੌਣਗੇ । ਮਾਣ ਹੰਕਾਰ ਆਪਣੇ ਵਿਚੋਂ ਕਢੌਣਗੇ । ਦੋਏ ਜੋੜ ਸੀਸ ਝੁਕੌਣਗੇ । ਪਿਛਲੀ ਭੁੱਲ ਬਖ਼ਸ਼ੌਣਗੇ । ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਸਨਾ ਜਿਹਵਾ ਗੌਣਗੇ । ਸਿਧੇ ਚਲ ਕੇ ਸਚ ਦੁਆਰੇ ਦਰਸ਼ਨ ਪੌਣਗੇ । ਕਾਮ ਕਰੋਧ ਲੋਭ ਮੋਹ ਹੰਕਾਰ ਜਨਮ ਕਰਮ ਦੇ ਦੁੱਖ ਮਿਟੌਣਗੇ । ਸੱਜੇ ਖੱਬੇ ਨੇਤਰ ਨਾ ਕੋਈ ਉਠਾਲ, ਨੀਵੀਂ ਨਜ਼ਰ ਧਿਆਨ ਲਗੌਣਗੇ । ਸਾਹਿਬ ਸਤਿਗੁਰ ਹੋ ਦਿਆਲ, ਗਲ ਪੱਲੂ ਵਾਸਤਾ ਪੌਣਗੇ । ਜਿਨ ਮਨ ਹੋਏ ਸ਼ੈਤਾਨ, ਤਿਨ੍ਹਾਂ ਗੁਰਮੁਖ ਸੰਗ ਨਾ ਕੋਈ ਰਖੌਣਗੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾ ਬਣੇ ਅਣਜਾਣ, ਨੀਚ ਕਰਮ ਕੁਕਰਮੀ ਦੇ ਜਹਾਨੀ ਧੱਕੇ ਖਾਣਗੇ । ਦਰਵਾਜ਼ਾ ਕਹੇ ਜੋ ਮੇਰੇ ਅੰਦਰ ਲੰਘੇਗਾ । ਨਿਉਂ ਚਰਨ ਪ੍ਰੀਤੀ ਮੰਗੇਗਾ । ਬੁਰੀ ਨੀਤੀ ਕੋਈ ਨਾ ਰੱਖੇਗਾ । ਸਤਿਗੁਰ ਮਾਰਗ ਇਕੋ ਦੱਸੇਗਾ । ਹਰ ਹਿਰਦੇ ਵਿਚ ਵਸੇਗਾ । ਜੋ ਸਤਿਗੁਰ ਪ੍ਰੇਮ ਫਸੇਗਾ । ਪਿਛੇ ਫੇਰ ਕਦੇ ਨਾ ਹਟੇਗਾ । ਇਕੋ ਸੋਹੰ ਢੋਲਾ ਰਟੇਗਾ । ਰਾਏ ਧਰਮ ਕੋਲੋਂ ਬਚੇਗਾ । ਸਚ ਦੁਆਰੇ ਬਹਿ ਸਜੇਗਾ । ਭਗਤ ਦੁਆਰੇ ਭਗਤਾਂ ਨਾਲ ਫਬੇਗਾ । ਮਨਮੁਖਾਂ ਪਰਦਾ ਕੋਈ ਨਾ ਕਜੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੁਰਖ ਅਕਾਲ ਇਕੋ ਗੱਜੇਗਾ । ਦਰਵਾਜ਼ਾ ਕਹੇ ਸੁਣੋ ਲਾ ਕਰ ਕੰਨ, ਸ਼ਬਦੀ ਸ਼ਬਦ ਖੇਲ ਖਲਾਇੰਦਾ । ਬੱਧਕ ਪਿਆਰ ਕ੍ਰਿਸ਼ਨ ਚਰਨ ਕਵਲ, ਨਵ ਦੱਸ ਵੰਡ ਵੰਡਾਇੰਦਾ । ਕਲਜੁਗ ਅੰਤਮ ਬੇੜਾ ਬੰਨ੍ਹ, ਸਾਚਾ ਰਾਹ ਵਖਾਇੰਦਾ । ਧੁਰਦਰਗਾਹੀ ਇਕ ਧੰਨ, ਨਾਮ ਨਿਧਾਨ ਇਕ ਸੁਣਾਇੰਦਾ । ਮੈਨੂੰ ਵੇਖ ਫੇਰ ਜਾਣਾ ਅੰਦਰ ਲੰਘ, ਮੇਰੇ ਵੇਂਹਦਿਆਂ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਨੂੰ ਚੇਤੇ ਆਇੰਦਾ । ਨੇਤਰ ਹੁੰਦਿਆਂ ਨਾ ਹੋਣਾ ਅੰਨ੍ਹ, ਅਗਿਆਨ ਅੰਧੇਰ ਮਿਟਾਇੰਦਾ । ਮੇਰਾ ਕਹਿਣਾ ਲੈਣਾ ਮੰਨ, ਮੈਂ ਅੱਗੇ ਪੁਰਖ ਅਕਾਲ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਇਕੋ ਵਰ, ਮੇਰੀ ਸੇਵਾ ਇਕੋ ਲਾਇੰਦਾ ।

## ★ ੮ ਚੇਤ ੨੦੨੦ ਬਿਕਰਮੀ ਹਰਿ ਭਗਤ ਦੁਆਰ ਜੇਠੂਵਾਲ ★

ਜਨ ਭਗਤਾਂ ਨਾਮ ਦ੍ਰਿੜ੍ਹਾਵਾਂਗਾ । ਦੂਰੋਂ ਔਂਦਿਆਂ ਰਾਹ ਵਖਾਵਾਂਗਾ । ਢੋਲਾ ਗੌਂਦਿਆਂ ਨਜ਼ਰੀ ਆਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਣਾ ਇਕ ਵਰ, ਘਰ ਸਾਚੀ ਸੇਵ ਕਮਾਵਾਂਗਾ । ਸੇਵਾ ਕਰਾਂ ਬਣ ਦਰਵੇਸ਼, ਦਰ ਦਰਵਾਜਾ ਸੀਸ ਝੁਕਾਇਆ ।

ਸੀਸ ਨਿਵਾਇਣ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼, ਨਿਤ ਨਵਿਤ ਧਿਆਨ ਲਗਾਇਆ । ਭਗਤ ਭਗਵਾਨ ਕਰੇ ਹੇਤ, ਹਿਤਕਾਰੀ ਵਡ ਵਡਿਆਇਆ । ਬੀਸ ਬੀਸਾ ਮਹੀਨਾ ਚੇਤ, ਕਿਸਮਤ ਮਾਤ ਫੁਲਵਾੜੀ ਮਹਿਕਾਇਆ । ਬੱਧਕ ਨੇਤਰ ਲਏ ਪੇਖ, ਦੋਏ ਚਰਨ ਧਾਰ ਲਏ ਸਮਝਾਇਆ । ਕਲਜੁਗ ਅੰਤਮ ਧਰੇ ਭੇਖ, ਭੇਸ ਅਵੱਲੜਾ ਆਪ ਵਟਾਇਆ । ਜਗਤ ਦੱਸੇ ਨਾ ਕੋਈ ਰੇਖ, ਕਲਮ ਸ਼ਾਹੀ ਬਣਤ ਬਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਦਰਬਾਨ ਮੰਗ ਮੰਗਾਇਆ । ਦਰ ਦਰਵੇਸ਼ ਬਣ ਦਰਬਾਨ, ਭਗਤ ਦੁਆਰ ਅਲਖ ਜਗਾਇੰਦਾ । ਮੇਰੀ ਕਰਨੀ ਕਰ ਪਰਵਾਨ, ਪ੍ਰਭ ਤੇਰੇ ਚਰਨ ਧਿਆਨ ਲਗਾਇੰਦਾ । ਸ਼ਾਹ ਪਾਤਸ਼ਾਹ ਸੱਚਾ ਸੁਲਤਾਨ, ਸ਼ਹਿਨਸ਼ਾਹ ਇਕੋ ਇਕ ਅਖਵਾਇੰਦਾ । ਤਖ਼ਤ ਨਿਵਾਸੀ ਨੌਜਵਾਨ, ਭੂਪਤ ਭੂਪ ਭੇਵ ਨਾ ਆਇੰਦਾ । ਜੋਧਾ ਸੂਰਬੀਰ ਰਾਜ ਰਾਜਾਨ, ਧੁਰ ਫ਼ਰਮਾਣਾ ਹੁਕਮ ਅਲਾਇੰਦਾ । ਕਲਜੁਗ ਅੰਤਮ ਹੋ ਪਰਧਾਨ, ਸਤਿ ਪਰਧਾਨਗੀ ਆਪ ਕਮਾਇੰਦਾ । ਬ੍ਰਹਿਮੰਡ ਖੰਡ ਆਪੇ ਵੇਖੇ ਮਾਰ ਧਿਆਨ, ਮਿਹਰ ਨਜ਼ਰ ਨਰਾਇਣ ਨਰ ਨਿਰੰਕਾਰ ਆਪ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਣਾ ਇਕ ਵਰ, ਅਭੁਲ ਭੁੱਲ ਕਦੇ ਨਾ ਜਾਇੰਦਾ । ਮੰਗੇ ਮੰਗ ਚਰਨ ਕਵਲ ਸੀਸ, ਨੇਤਰ ਨੈਣ ਨੈਣ ਧਿਆਨ ਲਗਾਈਆ । ਕਿਰਪਾ ਕਰ ਸਾਹਿਬ ਜਗਦੀਸ਼, ਮਿਹਰਬਾਨ ਤੇਰੀ ਵਡਿਆਈਆ । ਹਰਿ ਸੰਗਤ ਦੱਸਾਂ ਇਕ ਹਦੀਸ, ਸਚ ਸਚ ਪੜ੍ਹਾਈਆ । ਮਾਣਸ ਜਨਮ ਲੈਣਾ ਜੀਤ, ਅਜਨਮ ਰੂਪ ਨਾ ਕੋਈ ਵਟਾਈਆ । ਸਾਹਿਬ ਸਤਿਗੁਰ ਦਾ ਇਕੋ ਗੀਤ, ਦਰ ਔਂਦਿਆਂ ਦਏ ਸਮਝਾਈਆ । ਹਿਰਦੇ ਵਸਾਓ ਆਪਣੇ ਚੀਤ, ਚੇਤਨ ਰੂਪ ਕਰਾਈਆ । ਦਰਸ਼ਨ ਪਾਓ ਇਕ ਅਤੀਤ, ਦਰ ਘਰ ਸਾਚੇ ਮਿਲੇ ਵਡਿਆਈਆ । ਕਾਇਆ ਕਰੋ ਠੰਡੀ ਸੀਤ, ਅਗਨੀ ਤੱਤ ਨਾ ਲਾਗੇ ਰਾਈਆ । ਨਾਤਾ ਛੁੱਟਿਆ ਮੰਦਰ ਮਸੀਤ, ਭਗਤ ਦੁਆਰ ਭਗਵਨ ਨੂਰ ਰੁਸ਼ਨਾਈਆ । ਸਦੀ ਬੀਸਵੀਂ ਰਹੀ ਬੀਤ, ਦੂਜਾ ਅਵਰ ਨਾ ਕੋਇ ਸਹਾਈਆ । ਸਭ ਦੇ ਹੋਣੇ ਖ਼ਾਲੀ ਖ਼ੀਸ, ਬੇਪਰਵਾਹ ਖੇਲ ਖਿਲਾਈਆ । ਮੈਂ ਨੇਤਰ ਵੇਖਾਂ ਠੀਕ, ਦਰ ਦਰਵਾਜਾ ਰਿਹਾ ਜਣਾਈਆ । ਜਿਨ ਹਸਤ ਕੀਤੇ ਕੀਟ, ਕੀਟੋਂ ਹਸਤ ਬਣਾਈਆ । ਤਿਸ ਨਾਲ ਲਾਓ ਪ੍ਰੀਤ, ਲੱਗੀ ਪ੍ਰੀਤ ਨਾ ਕੋਇ ਤੁੜਾਈਆ । ਸਤਿਜੁਗ ਦੀ ਸਾਚੀ ਰੀਤ, ਸਤਿਜੁਗ ਕਲਜੁਗ ਵਿਚ ਬਦਲਾਈਆ । ਪ੍ਰਭ ਕਾ ਖੇਲ ਸਦਾ ਅਨਡੀਠ, ਸਾਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਮਾਣ ਵਡਿਆਈਆ । ਦਰ ਦਰਵਾਜਾ ਰਿਹਾ ਕੂਕ, ਕੂਕ ਕੂਕ ਜਣਾਈਆ । ਭਗਤ ਭਗਵਾਨ ਦੇ ਸਾਚੇ ਪੂਤ, ਨਾਤਾ ਬਿਧਾਤਾ ਜੋੜ ਜੁੜਾਈਆ । ਨਿਰਗੁਣ ਸਰਗੁਣ ਤਾਣਾ ਪੇਟਾ ਸੂਤ, ਤੰਦ ਆਪਣੇ ਨਾਮ ਬੰਧਾਈਆ । ਵੇਖਣਹਾਰਾ ਤੱਤ ਕਾਇਆ ਕਲਬੂਤ, ਤੱਤ ਵਸਤੂ ਆਪਣੀ ਦਏ ਜਣਾਈਆ । ਪਾਰਬ੍ਰਹਮ ਬ੍ਰਹਮ ਮੇਲਾ ਸੱਚੇ ਮਹਿਬੂਬ, ਮੁਹੱਬਤ ਇਕੋ ਇਕ ਰਖਾਈਆ । ਭਗਤ ਦੁਆਰ ਦੀ ਭਗਵਨ ਹਦੂਦ, ਭਾਵੀ ਨੇੜ ਕੋਇ ਨਾ ਆਈਆ । ਇਕੋ ਮੰਜ਼ਲ ਮੰਜ਼ਲੇ ਮਕਸੂਦ, ਅੱਧਵਿਚਕਾਰ ਨਾ ਕੋਇ ਅਟਕਾਈਆ । ਪਾਰਬ੍ਰਹਮ ਪ੍ਰਭ ਦੇਵਣਹਾਰਾ ਅਸਲ ਨਾਲ ਸੂਦ, ਸ਼ਰਅ ਫ਼ੀ ਸਦੀ ਆਪਣਾ ਨਾਮ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਆਪਣਾ ਹੱਥ ਟਿਕਾਈਆ । ਦਰ ਦਰਵਾਜ਼ੇ ਤੇਰਾ ਦਰਦੀ ਦਰਦ, ਦਸਤਗੀਰ ਆਪ ਅਖਵਾਈਆ । ਤੇਰਾ ਹੋਣ ਨਾ ਦੇਵੇ ਹਰਜ, ਸਿਰ ਆਪਣਾ ਹੱਥ ਟਿਕਾਈਆ । ਤੂੰ ਖੜਾ ਹੋਣਾ ਬਣ ਕੇ ਮਰਦ, ਸਚ ਮਰਦਾਨਗੀ ਦਏ ਜਣਾਈਆ । ਤੇਰੇ ਮਸਤਕ


੬੮
੧੪

੯੯
੧੪

ਧੁਰ ਦੀ ਫ਼ਰਦ, ਲੇਖ ਅਲੇਖ ਦਏ ਜਣਾਈਆ । ਕਰੇ ਖੇਲ ਆਪ ਅਸਚਰਜ, ਅਚਰਜ ਰੀਤ ਚਲਾਈਆ । ਕੂੜ ਕੁੜਿਆਰੇ ਦੇਣਾ ਵਰਜ, ਸਚ ਸੁੱਚ ਸਮਝਾਈਆ । ਆਪਣਾ ਪੂਰਾ ਕਰਾਂ ਫ਼ਰਜ਼, ਫ਼ਰਮਾਂਬਰਦਾਰ ਬਣ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਤੇਰੀ ਪੁਸ਼ਤ ਆਪਣਾ ਹੱਥ ਰਖਾਈਆ । ਸ੍ਰੀ ਭਗਵਾਨ ਤੇਰਾ ਹੁਕਮ ਮਨਜ਼ੂਰ, ਮੰਜ਼ਲ ਆਪਣਾ ਪੰਧ ਮੁਕਾਈਆ । ਸਦ ਵਸਾਂ ਤੇਰੇ ਹਜ਼ੂਰ, ਹਾਜ਼ਰੀ ਆਪਣੀ ਇਕੋ ਵਾਰ ਲਗਾਈਆ । ਤੇਰਾ ਲੈ ਕੇ ਜੋਤੀ ਨੂਰ, ਤੇਰੇ ਭਗਤਾਂ ਕਰਾਂ ਰੁਸ਼ਨਾਈਆ । ਰਾਹ ਤੱਕਾਂ ਨੇੜੇ ਦੂਰ, ਦੂਰ ਦੁਰਾਡਾ ਧਿਆਨ ਲਗਾਈਆ । ਜਨ ਭਗਤਾਂ ਸੱਜੇ ਚਰਨ ਦੀ ਧੂੜ, ਧੁਰ ਦੀ ਖੇਲ ਵਖਾਈਆ । ਚਤੁਰ ਸੁਘੜ ਬਣਨ ਮੂਰਖ ਮੂੜ੍ਹ, ਜੋ ਮੇਰੇ ਵਿਚੋਂ ਅੱਗੇ ਚਰਨ ਟਿਕਾਈਆ । ਤੂੰ ਓਨ੍ਹਾਂ ਬਖ਼ਸ਼ੀਂ ਸਰਬ ਕਸੂਰ, ਜੋ ਆਇਣ ਦਰ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਤੇਰੇ ਮੰਗ ਮੰਗਾਈਆ । ਜੋ ਤੇਰੇ ਵਿਚੋਂ ਲੰਘਣਗੇ । ਕਾਇਆ ਚੋਲੀ ਰੰਗ ਰੰਗਣਗੇ । ਨਾਮ ਮੰਗ ਇਕੋ ਮੰਗਣਗੇ । ਪ੍ਰਭ ਸੰਗ ਰਹਿ ਰਹਿ ਵਸਣਗੇ । ਭੁੱਖ ਨੰਗ ਦਰਦ ਦੁੱਖ ਕੱਟਣਗੇ । ਆਤਮ ਅਨੰਦ ਪ੍ਰੇਮ ਰਸ ਚੱਖਣਗੇ । ਸਾਹਿਬ ਸਤਿਗੁਰ ਦੇ ਸਾਚੇ ਚੰਦ, ਜੀਵਾਂ ਜੰਤਾਂ ਰਾਹ ਦੱਸਣਗੇ । ਦਰਸ਼ਨ ਪਾ ਹਰਿ ਬਖ਼ਸ਼ੰਦ, ਪ੍ਰੇਮ ਪ੍ਰੀਤੀ ਵਿਚ ਨੱਚਣਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭਗਤ ਭਗਵਾਨ ਇਕੋ ਘਰ ਵਸਣਗੇ । ਦਰਵਾਜਾ ਕਹੇ ਮੋਹੇ ਦੇ ਗਿਆਨ, ਆਪਣਾ ਨਾਮ ਦ੍ਰਿੜਾਈਆ । ਕਿਸ ਬਿਧ ਤੇਰੇ ਭਗਤਾਂ ਕਰਾਂ ਪਹਿਚਾਣ, ਲੱਖ ਚੁਰਾਸੀ ਵਿਚੋਂ ਵੇਖ ਵਖਾਈਆ । ਨਿਰਗੁਣ ਬੋਲੇ ਗੁਣ ਨਿਧਾਨ, ਗੁਣ ਆਪਣਾ ਦੇ ਸਮਝਾਈਆ । ਭਗਤ ਭਗਵਾਨ ਖੇਲ ਮਹਾਨ, ਮਹਿਮਾ ਅਕੱਥ ਵਡਿਆਈਆ । ਤੇਰੇ ਸਨਮੁਖ ਆ ਕੇ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਢੋਲਾ ਗਾਣ, ਸੋ ਮੰਜ਼ਲ ਆਪਣੀ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਚ ਸਮਝਾਈਆ । ਦਰਵਾਜ਼ਾ ਕਹੇ ਪ੍ਰਭ ਜੇ ਕੋਈ ਤੇਰਾ ਢੋਲਾ ਝੂਠਾ ਗਾਵੇ, ਰਸਨਾ ਨਾਲ ਸੁਣਾਈਆ । ਮੇਰੀ ਪਹਿਚਾਣ ਵਿਚ ਨਾ ਆਵੇ, ਧੋਖਾ ਕਰੇ ਵਿਚ ਲੋਕਾਈਆ । ਸ੍ਰੀ ਭਗਵਾਨ ਅੱਗੋਂ ਸਮਝਾਵੇ, ਦੇ ਮਤ ਰਿਹਾ ਜਣਾਈਆ । ਸਾਚਾ ਭਗਤ ਦਰ ਆ ਕੇ ਸੀਸ ਝੁਕਾਵੇ, ਧੂੜੀ ਮਸਤਕ ਟਿੱਕਾ ਲਾਈਆ । ਸੋਹੰ ਢੋਲਾ ਸੱਚਾ ਗਾਵੇ, ਅੰਤਰ ਧਿਆਨ ਲਗਾਈਆ । ਸੱਜਾ ਚਰਨ ਫੇਰ ਉਠਾਵੇ, ਨੇਤਰ ਨੈਣ ਸ਼ਰਮਾਈਆ । ਬਣ ਨਿਮਾਣਾ ਦਰ ਦਰਸ਼ਨ ਪਾਵੇ, ਘਰ ਸਾਚੇ ਵੱਜੇ ਵਧਾਈਆ । ਮਨਮੁਖ ਨਾ ਕੋਈ ਸੀਸ ਝੁਕਾਵੇ, ਧੂੜੀ ਟਿੱਕਾ ਨਾ ਕੋਇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਨ, ਸਚ ਗਿਆਨ ਇਕੋ ਦਏ ਜਣਾਈਆ ।

### ★ ੯ ਚੇਤ ੨੦੨੦ ਬਿਕਰਮੀ ਹਰਿ ਭਗਤ ਦੁਆਰ ਜੇਠੂਵਾਲ ★

ਲਛਮੀ ਕਹੇ ਦੱਸ ਆਪਣੇ ਲੱਛਣ, ਇਕੋ ਮੰਗ ਮੰਗਾਈਆ । ਮੇਰੀ ਸੇਜਾ ਦਿਸੇ ਸੱਖਣ, ਵਿਸ਼ਨੂੰ ਰੰਗ ਨਾ ਕੋਇ ਰੰਗਾਈਆ । ਪ੍ਰਭ ਮੈਂ ਤੈਨੂੰ ਆਈ ਦੱਸਣ, ਬਣ ਬਣ ਪਾਂਧੀ ਰਾਹੀਆ । ਲੋਕਮਾਤ ਭਗਤ ਭਗਵਾਨ ਇਕੋ ਘਰ ਵਸਣ, ਵੱਜੇ ਸਚ ਵਧਾਈਆ । ਗੁਰ ਅਵਤਾਰ ਪੀਰ


Rev-01

ਪੈਗ਼ੰਬਰ ਨੇਤਰ ਤੱਕਣ, ਨੈਣ ਨੈਣ ਉਠਾਈਆ । ਪਿਛਲਾ ਲੇਖਾ ਸਾਰੇ ਛੱਡਣ, ਦੋਏ ਜੋੜ ਵਾਸਤਾ ਪਾਈਆ । ਪੰਜ ਤੱਤ ਨਾਤਾ ਟੁੱਟਿਆ ਹੱਡਣ, ਮਾਸ ਨਾੜੀ ਤੱਤ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਮਿਲੇ ਮਾਣ ਵਡਿਆਈਆ । ਲਛਮੀ ਕਹੇ ਪ੍ਰਭ ਬੇਪਰਵਾਹ, ਬੇਪਰਵਾਹੀ ਖੇਲ ਖਲਾਇੰਦਾ । ਨਾਨਕ ਕਬੀਰ ਦੱਸਿਆ ਰਾਹ, ਮਾਰਗ ਇਕੋ ਇਕ ਜਣਾਇੰਦਾ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਵੇਸ ਵਟਾ, ਅਵੱਲੜੀ ਕਾਰ ਕਮਾਇੰਦਾ । ਜੋਤੀ ਜਾਤਾ ਨੂਰ ਧਰਾ, ਨੂਰ ਨੁਰਾਨਾ ਡਗਮਗਾਇੰਦਾ । ਪਿਛਲੀ ਰੀਤੀ ਸਭ ਉਲਟਾ, ਉਲਟੀ ਕਲ ਵਰਤਾਇੰਦਾ । ਮੰਦਰ ਮਸੀਤੀ ਪੰਧ ਮੁਕਾ, ਲਿਖਣ ਪੜ੍ਹਨ ਵਕਤ ਚੁਕਾਇੰਦਾ । ਸਚ ਦੁਆਰਾ ਇਕ ਸੁਹਾ, ਸੋਭਾਵੰਤ ਵਡਿਆਇੰਦਾ । ਭਗਤ ਭਗਵਾਨ ਕਰ ਰੁਸ਼ਨਾ, ਜ਼ਮੀਰ ਰੋਸ਼ਨ ਆਪ ਕਰਾਇੰਦਾ । ਮਿਹਰਬਾਨ ਬਖ਼ਸ਼ ਗੁਨਾਹ, ਬੇਨਜ਼ੀਰ ਖੇਲ ਕਰਾਇੰਦਾ । ਦਰ ਦੁਆਰ ਇਕ ਵਡਿਆ, ਦਰਦੀ ਦਰਦ ਵੰਡ ਵੰਡਾਇੰਦਾ । ਚੋਬਦਾਰ ਕੋਈ ਦਿਸੇ ਨਾ, ਦਵਾਰਪਾਲ ਨਾ ਕੋਈ ਵਖਾਇੰਦਾ । ਜੈ ਵਿਜੇ ਮਾਰਨ ਧਾਹ, ਨੇਤਰ ਨੈਣ ਨੀਰ ਸ਼ਰਮਾਇੰਦਾ । ਲੋਕੀਂ ਕਹਿਣ ਮੈਂ ਲੱਛਮੀ ਮਾਂ, ਭੇਵ ਅਭੇਦ ਜਣਾਇੰਦਾ । ਤੇਰੇ ਕਹਿਣੇ ਸ੍ਰੀ ਭਗਵਾਨ ਆਪਣਾ ਬਲ ਲਿਆ ਧਰਾ, ਅਛਲ ਛਲ ਆਪਣੀ ਖੇਲ ਕਰਾਇੰਦਾ । ਨਿਰਗੁਣ ਹੋ ਸ਼ਹਿਨਸ਼ਾਹ, ਪਾਤਸ਼ਾਹ ਆਪਣਾ ਰੰਗ ਵਖਾਇੰਦਾ । ਲੋਕਮਾਤ ਭੇਵ ਚੁਕਾ, ਪਰਦਾ ਆਪ ਉਠਾਇੰਦਾ । ਭਗਤ ਦੁਆਰ ਇਕ ਸੁਹਾ, ਸ੍ਰੀ ਭਗਵਾਨ ਆਸਣ ਲਾਇੰਦਾ । ਸਚ ਦਰਵਾਜਾ ਦਏ ਬਣਾ, ਸੇਵਕ ਸ਼ਬਦੀ ਨਜ਼ਰੀ ਆਇੰਦਾ । ਆਤਮ ਪਰਮਾਤਮ ਰਿਹਾ ਜਗਾ, ਸੋਇਆ ਕੋਈ ਰਹਿਣ ਨਾ ਪਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਮਾਣ ਗਵਾ, ਸ਼ਕਤੀ ਆਪਣੇ ਵਿਚ ਸਮਾਇੰਦਾ । ਧੁਰ ਫ਼ਰਮਾਣਾ ਹੁਕਮ ਜਣਾ, ਲੇਖ ਅਲੇਖ ਵਡਿਆਇੰਦਾ । ਆਤਮ ਤੈਨੂੰ ਗਿਆ ਭੁਲਾ, ਸਾਡੀ ਸਾਰ ਕੋਈ ਨਾ ਪਾਇੰਦਾ । ਚਾਰ ਕੁੰਟ ਦਹਿ ਦਿਸ਼ਾ ਨੇਤਰ ਨੈਣ ਲਏ ਤਕਾ, ਤਾਜਰ ਨਜ਼ਰ ਕੋਇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਰੰਗ ਆਪ ਸਮਾਇੰਦਾ । ਲਛਮੀ ਕਹੇ ਮੈਂ ਕੀ ਦੱਸਾਂ, ਮੇਰੀ ਚਲੇ ਨਾ ਕੋਇ ਚਤੁਰਾਈਆ । ਨਾਲੇ ਰੋਵਾਂ ਨਾਲੇ ਹੱਸਾਂ, ਨੇਤਰ ਨੈਣ ਧਿਆਨ ਲਗਾਈਆ । ਅੰਤਮ ਕੀਹਦੇ ਕੋਲ ਵਸਾਂ, ਮੇਰੀ ਪਤ ਨਜ਼ਰ ਕੋਈ ਨਾ ਆਈਆ । ਅੱਬੜਵਾਹੀ ਉਠ ਉਠ ਨੱਠਾਂ, ਭੱਜਾਂ ਵਾਹੋ ਦਾਹੀਆ । ਏਕੋ ਨਾਮ ਸੱਚਾ ਰਟਾਂ, ਸੋ ਪੁਰਖ ਨਿਰੰਜਣ ਢੋਲਾ ਗਾਈਆ । ਮਹਿੰਦੀ ਰੰਗਲੇ ਵੇਖਾਂ ਹੱਥਾਂ, ਨੈਣ ਕੱਜਲ ਧਾਰ ਸ਼ਰਮਾਈਆ । ਮੇਰੀ ਪਲਕ ਨਾ ਖੁਲ੍ਹੀਆਂ ਅੱਖਾਂ, ਆਖ਼ਰ ਮੇਲ ਨਾ ਕੋਇ ਮਿਲਾਈਆ । ਮੈਂ ਹੱਥ ਮੱਥੇ ਤੇ ਰੱਖਾਂ, ਸੋਚ ਸੋਚ ਵਿਚ ਸਮਾਈਆ । ਬਹੁੜੀ ਬਹੁੜੀ ਵਾਸਤਾ ਘੱਤਾਂ, ਉਚੀ ਕੂਕ ਕੂਕ ਸੁਣਾਈਆ । ਮੈਂ ਕਿਹਾ ਹਾਸੇ ਵਿਚ ਠੱਠਾ, ਪ੍ਰਭ ਠੋਕਰ ਗਿਆ ਲਗਾਈਆ । ਨਿਰਗੁਣ ਹੋ ਕੇ ਭਗਤ ਦੁਆਰ ਜਾ ਕੇ ਵਸਾਂ, ਵਿਸ਼ਨੂੰ ਆਪਣੀ ਉਂਗਲੀ ਲਾਈਆ । ਜਨ ਭਗਤਾਂ ਫੜ ਫੜ ਕੀਤਾ ਇਕੱਠਾ, ਇਕੋ ਗੰਢ ਪੁਆਈਆ । ਪਿਛਲਾ ਮੇਟਿਆ ਪਿਛੇ ਰੱਟਾ, ਅੱਗੇ ਇਕੋ ਰਾਹ ਜਣਾਈਆ । ਰਾਗ ਗੌਣ ਦੀ ਲੋੜ ਰਹੇ ਨਾ ਭੱਟਾਂ, ਢਾਡੀ ਮਿਲੇ ਨਾ ਕੋਇ ਵਡਿਆਈਆ । ਸਾਚਾ ਢੋਲਾ ਦੱਸਿਆ ਜੱਟਾਂ, ਇਕੋ ਨਾਮ ਜਣਾਈਆ । ਗ਼ਰੀਬ ਨਿਮਾਣਿਆਂ ਲੇਖੇ ਲਾਏ ਇਟਾਂ, ਇੱਟ ਨਾ ਜਾਣੋ ਅਟਕਣ ਦਏ ਕਢਾਈਆ । ਜਿਸ ਭਗਤ ਦੁਆਰੇ ਕਾਗ਼ਜ਼ ਦਬਾਇਆ ਚਿੱਟਾ, ਚਿੱਟੀ ਧਾਰ ਵਖਾਈਆ । ਸਚ ਸਚ ਕਰੇ ਸਾਚਾ ਹਿੱਤਾ, ਹਿਤਕਾਰੀ ਸੇਵ ਕਮਾਈਆ । ਪਿਛੋਂ ਜਗਤ ਜਹਾਨ ਰਹਿ ਜਾਏ ਕਿੱਸਾ, ਕਾਸਰ ਬਿਨ ਕਰਨੀਉਂ ਪਾਰ ਕਰਾਈਆ । ਦਰ

ਦਰਵਾਜੇ ਅੱਗੇ ਦਿਸਾ, ਦ੍ਰਿਸ਼ਟ ਇਸ਼ਟ ਇਕ ਜਣਾਈਆ । ਮੇਰੇ ਵਲ ਕਰ ਕੇ ਪਿੱਠਾ, ਬੈਠਾ ਮੁਖ ਭੁਆਈਆ । ਲਛਮੀ ਕਹੇ ਨਿਰਗੁਣ ਹੋ ਕੇ ਬਣਿਆ ਨਿੱਕਾ, ਘਰ ਘਰ ਅੰਦਰ ਆਪਣਾ ਆਸਣ ਲਾਈਆ । ਮੈਂ ਜਾਣਿਆ ਮੈਂ ਇਕੱਲੀ ਦਾ ਹਿੱਸਾ, ਮਾਣ ਵਿਚ ਮਾਣ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਚ ਦਏ ਵਡਿਆਈਆ । ਲਛਮੀ ਕਹੇ ਮੈਂ ਹੋਈ ਹੈਰਾਨ, ਮੇਰੀ ਚਲੇ ਨਾ ਕੋਇ ਚਤੁਰਾਈਆ । ਬਾਲੀ ਨੱਢੀ ਬਣੀ ਰਹੀ ਜਵਾਨ, ਜੋਬਨ ਇਕ ਹੰਢਾਈਆ । ਲਾਲ ਭੂਸ਼ਨ ਪਹਿਨ ਰਕਾਨ, ਤਨ ਸ਼ਿੰਗਾਰ ਰਖਾਈਆ । ਨਾਤਾ ਜੋੜ ਵਿਸ਼ਨੂੰ ਭਗਵਾਨ, ਭਗਵਨ ਆਪਣੇ ਘਰ ਵਸਾਈਆ । ਅਛੱਲ ਛਲ ਕਰਿਆ ਮਹਾਨ, ਭੇਵ ਅਭੇਦ ਛੁਪਾਈਆ । ਜੁਗ ਚੌਕੜੀ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਕੋਲੋਂ ਦਵੌਂਦਾ ਰਿਹਾ ਬਿਆਨ, ਧੁਰ ਫ਼ਰਮਾਣਾ ਹੁਕਮ ਜਣਾਈਆ । ਕਲਜੁਗ ਅੰਤ ਹੋ ਪਰਧਾਨ, ਸ਼ਹਿਨਸ਼ਾਹ ਆਪਣਾ ਖੇਲ ਕਰਾਈਆ । ਦਰ ਦਰਵਾਜਾ ਇਕ ਨਿਸ਼ਾਨ, ਸਚਖੰਡ ਨਿਵਾਸੀ ਆਪ ਸੁਹਾਈਆ । ਬਿਨ ਭਗਤਾਂ ਕੋਈ ਨਾ ਲੱਭੇ ਵਿਚ ਜਹਾਨ, ਜਾਣ ਪਹਿਚਾਨ ਨਾ ਕੋਇ ਕਰਾਈਆ । ਲਛਮੀ ਵੇਖ ਟੁੱਟਾ ਮਾਣ, ਗਲ ਪੱਲੂ ਵਾਸਤਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਦਰਬਾਨ ਦਵਾਰਪਾਲ ਇਕੋ ਇਕ ਵਖਾਈਆ । ਦਰ ਦਰਵਾਜਾ ਦੁਆਰਪਾਲ ਖੜੇਗਾ । ਸੁਣ ਲਛਮੀ ਬਿਨ ਭਗਤਾਂ ਅੰਦਰ ਕੋਈ ਨਾ ਵੜੇਗਾ । ਭਗਤ ਭਗਵਾਨ ਦੀ ਸੇਜੇ ਚੜ੍ਹੇਗਾ । ਤੇਰਾ ਪੱਲੂ ਵੇਖ ਵੇਖ ਡਰੇਗਾ । ਸਾਲੂ ਰੱਤੜਾ ਤੇਰੇ ਨਾਲ ਲੜੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਇਕੋ ਇਕ ਹਰੀ ਦਾ । ਲਛਮੀ ਕਹੇ ਕੀ ਮੈਂ ਬਾਹਰ ਰਹਾਂਗੀ । ਸ੍ਰੀ ਭਗਵਾਨ ਕੋਲ ਨਾ ਬਹਾਂਗੀ । ਆਪਣਾ ਹਾਲ ਅਹਿਵਾਲ ਨਾ ਕਹਾਂਗੀ । ਦੂਰ ਦੁਰਾਡਾ ਵਿਛੋੜਾ ਕਿਸ ਤਰਾਂ ਸਹਾਂਗੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਤੇਰੀ ਸਰਨੀ ਸਾਚੀ ਪੜਾਂਗੀ । ਸੁਣ ਲਛਮੀ ਸਚ ਵਿਹਾਰ, ਸ੍ਰੀ ਭਗਵਾਨ ਆਪ ਜਣਾਇੰਦਾ । ਵਿਸ਼ਨੂੰ ਨਾਲ ਤੇਰਾ ਪਿਆਰ, ਵਿਸ਼ਨੂੰ ਸਾਂਗੋ ਪਾਂਗ ਸੇਜ ਹੰਡਾਇੰਦਾ । ਬਾਸ਼ਕ ਤਸ਼ਕਾ ਸੇਵਾਦਾਰ, ਸਚ ਸਿੰਘਾਸਣ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਿਹਰ ਨਜ਼ਰ ਉਠਾਇੰਦਾ । ਵਰ ਦੇਵੇ ਨਿਰੰਕਾਰ, ਦਇਆਵਾਨ ਵਡਿਆਈਆ । ਤੇਰਾ ਲਾਲ ਭੂਸ਼ਨ ਅਪਾਰ, ਅਪਰੰਪਰ ਵੇਖ ਵਖਾਈਆ । ਚਰਨ ਝੱਸਣਾ ਤੇਰੀ ਕਾਰ, ਸਾਚੀ ਸੇਵਾ ਸੇਵ ਸਮਝਾਈਆ । ਘਰ ਘਰ ਆਪ ਨਿਰੰਕਾਰ, ਨਿਰਗੁਣ ਆਪਣੀ ਕਾਰ ਕਮਾਈਆ । ਭਗਤ ਦੁਆਰ ਸੇਵਾਦਾਰ, ਦਰ ਦਰਵਾਜਾ ਵੇਖ ਵਖਾਈਆ । ਦਸ ਚੇਤ ਦਹਿ ਦਿਸ਼ਾ ਪਾਵੇ ਸਾਰ, ਦੋ ਜਹਾਨਾਂ ਭੇਵ ਚੁਕਾਈਆ । ਦਸ ਦੋ ਦੇ ਆਧਾਰ, ਬਾਰਾਂ ਸਾਲ ਆਪਣੀ ਕਾਰ ਕਮਾਈਆ । ਵੀਹ ਸੌ ਅੱਠ ਬਿਕਰਮੀ ਪਹਿਲੀ ਚੇਤ ਹੁਕਮ ਦਿਤਾ ਨਿਰੰਕਾਰ, ਦਸ ਚੇਤ ਲੇਖਾ ਲਿਖਤ ਲੇਖ ਵਡਿਆਈਆ । ਦੀਪਕ ਜੋਤ ਜਗੇ ਚਿਰਾਗ, ਬਾਕੀ ਦੀਪਕ ਗੁਲ ਕਰਾਈਆ । ਬਿਨ ਨਾੜੀ ਪੰਜ ਤੱਤ ਤੱਤ ਰੱਖੀ ਲਾਜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਆਪਣੇ ਹੱਥ ਰਖਾਈਆ । ਬਾਰਾਂ ਸਾਲ ਸ਼ਬਦ ਸੰਦੇਸ਼, ਦਿਵਸ ਰੈਣ ਜਣਾਇੰਦਾ । ਬੀਸ ਬੀਸੇ ਕਰ ਵੇਸ, ਆਪਣਾ ਖੇਲ ਵਡਿਆਇੰਦਾ । ਤੇਰੇ ਕੋਲ ਰਿਹਾ ਹਮੇਸ, ਵੇਲਾ ਅੰਤ ਭਗਤਾਂ ਹੱਥ ਫੜਾਇੰਦਾ । ਨਾਲ ਰਲਿਆ ਗੁਰ ਦਸਮੇਸ਼, ਸੱਚਾ ਇਕੋ ਨਜ਼ਰੀ ਆਇੰਦਾ । ਲਾਲ ਰੰਗ ਪ੍ਰਭ ਸਾਚੇ ਦਾ ਸਾਚਾ ਵੇਖ, ਕਮਰ ਪੀਲਾ ਬੰਧਨ ਪਾਇੰਦਾ । ਗੋਬਿੰਦ ਨਾਲ ਗੋਬਿੰਦ ਖੇਲ, ਹਰਿ

ਖ਼ਾਲਕ ਖ਼ਲਕ ਜਣਾਇੰਦਾ । ਤੇਰੀ ਸੁੰਵੀ ਵੇਖ ਸੇਜ, ਜਨ ਭਗਤਾਂ ਰੁੱਤ ਸੁਹਾਇੰਦਾ । ਜਿਨ੍ਹਾਂ ਮਾਤਲੋਕ ਰਿਹਾ ਭੇਜ, ਪਿਛੇ ਆਪਣਾ ਫੇਰਾ ਪਾਇੰਦਾ । ਜੋਤੀ ਜੇਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਇੰਦਾ । ਸਾਲ ਬਾਰਵੇਂ ਹੋਏ ਕਿਰਪਾਲ, ਕਿਰਪਾ ਆਪ ਕਰਾਈਆ । ਦਸ ਚੇਤ ਵੀਹ ਸੌ ਵੀਹ ਬਿਕਰਮੀ ਜਾਮਾ ਪਹਿਨ ਲਾਲ, ਲਾਲਨ ਆਪਣਾ ਰੰਗ ਵਖਾਈਆ । ਤੇਰਾ ਹੱਲ ਕਰੇ ਸਵਾਲ, ਲਹਿਣਾ ਝੋਲੀ ਪਾਈਆ । ਤੇਰੇ ਨੈਣ ਹੋਏ ਬੇਹਾਲ, ਰੋਂਦਿਆਂ ਨੀਰ ਵਹਾਈਆ । ਭਗਤ ਦੁਆਰੇ ਹਰਿ ਭਗਤ ਲਏ ਸੁਆਰ, ਦਸ ਚੇਤ ਮਿਲੇ ਵਡਿਆਈਆ । ਅੰਧ ਅੰਧੇਰਾ ਬੇਮਿਸਾਲ, ਚੰਦ ਨੂਰ ਨਾ ਕੋਇ ਰੁਸ਼ਨਾਈਆ ਸੱਜੇ ਪਾਸੇ ਦੀਨ ਦਿਆਲ, ਖੱਬੇ ਪਾਸੇ ਸਿੰਘ ਪ੍ਰੀਤਮ ਸਮਝਾਈਆ । ਅੱਧਵਿਚਕਾਰ ਦਇਆ ਸਿੰਘ ਲਾਲ, ਬਿਸ਼ਨ ਸਿੰਘ ਸੇਵ ਕਮਾਈਆ । ਤੂੰ ਔਣਾ ਆਪਣੀ ਚਾਲ, ਚਾਲ ਨਿਰਾਲੀ ਇਕ ਰਖਾਈਆ । ਚਰਨੀ ਲੱਗਣਾ ਪੁਰਖ ਅਕਾਲ, ਅਕਾਲ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਦਸ ਚੇਤ ਸ਼ਬਦ ਲਿਖਤ ਲਏ ਵੇਖ, ਬਿਨ ਨਾਮ ਦਏ ਵਡਿਆਈਆ । ਸ੍ਰੀ ਭਗਵਾਨ ਜਿਸ ਵੇਲੇ ਦਰਵਾਜਾ ਲੰਘਾਂਗੀ । ਮੈਂ ਵੇਖ ਕੇ ਕੋਝੇ ਕਮਲੇ ਇਸਤਰੀ ਪੁਰਸ਼ ਸੰਗਾਂਗੀ । ਤੇਰੇ ਦੁਆਰਿਉਂ ਖ਼ੈਰ ਕਿਸ ਤਰਾਂ ਮੰਗਾਂਗੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਆਦਿ ਜੁਗਾਦਿ ਜੁਗ ਜੁਗ ਤੇਰੇ ਨਾਲ ਹੰਢਾਂਗੀ । ਦਰਵਾਜੇ ਅੱਗੇ ਜਿਸ ਵਕਤ ਆਵੇਂਗੀ । ਪ੍ਰਭ ਚਰਨ ਧਿਆਨ ਲਗਾਵੇਂਗੀ । ਭਗਤ ਭਗਵਾਨ ਵੇਖ ਖ਼ੁਸ਼ੀ ਮਨਾਵੇਂਗੀ । ਗ਼ਰੀਬ ਨਿਮਾਣਿਆਂ ਵਿਚ ਆਪਣਾ ਝੱਟ ਲੰਘਾਵੇਂਗੀ । ਮੇਰਾ ਭਾਣਾ ਸਹਿ ਕੇ ਸ਼ੁਕਰ ਮਨਾਵੇਂਗੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਘਰ ਸਾਚੇ ਰੰਗ ਵਖਾਵੇਂਗੀ । ਮਾਣਸ ਵੇਖ ਮੇਰੇ ਨੈਣ ਸ਼ਰਮੌਣਗੇ । ਕਮਲੀਏ ਝੱਲੀਏ ਮਾਣਸ ਨਹੀਂ ਉਹ ਮੇਰੇ ਭਗਤ, ਜੋ ਸੋਹੰ ਢੋਲਾ ਗੌਣਗੇ । ਹੁਣ ਤੇਰਾ ਨਹੀਂ ਵਕਤ, ਆਪਣੀ ਰੀਤ ਚਲੌਣਗੇ । ਮੈਂ ਸਭ ਦੀ ਖਿਚੀ ਸ਼ਕਤ, ਸ਼ੱਕ ਵਿਚ ਸਾਰੇ ਨੀਰ ਵਹੌਣਗੇ । ਇਕ ਦੁਆਰੇ ਦਿਤੀ ਬਰਕਤ, ਬਰਖ਼ਿਲਾਫ਼ ਸਾਰੇ ਰੌਲਾ ਪੌਣਗੇ । ਮੇਰੀ ਨਜ਼ਰ ਨਾ ਆਈ ਕਿਸੇ ਹਰਕਤ, ਹਰਜ਼ ਆਪਣਾ ਸਭ ਕਰੌਣਗੇ । ਜਿਸ ਬਣਾਈ ਖ਼ਲਕਤ, ਤਿਸ ਖ਼ਾਲਕ ਕੋਲੋਂ ਮੁਖ ਸ਼ਰਮੌਣਗੇ । ਮੈਂ ਵੇਖਾਂ ਸਭ ਦੀ ਖ਼ਸਲਤ, ਮੈਥੋਂ ਭੇਵ ਕੀ ਛੁਪੌਣਗੇ । ਬਿਨ ਹਰਿ ਪ੍ਰੇਮ ਨਾ ਕੋਈ ਐਸ਼ੋ ਇਸ਼ਰਤ, ਆਸ਼ਕ ਮਾਸ਼ੂਕ ਦੋਨੋਂ ਨੀਰ ਵਹੌਣਗੇ । ਬਿਨ ਸਾਹਿਬ ਸਤਿਗੁਰ ਕੋਈ ਨਾ ਮੇਟੇ ਹਸਰਤ, ਹਸਦ ਬਿਨ ਸਾਹਿਬ ਨਾ ਕੋਈ ਮਿਟੌਣਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਬਿਨ ਭਗਤਾਂ ਭਗਵਨ ਸੰਗ ਨਾ ਕੋਈ ਰਖੌਣਗੇ । ਸ੍ਰੀ ਭਗਵਾਨ ਕੀ ਏਹ ਤੇਰਾ ਸੰਗ, ਜਿਨ੍ਹਾਂ ਦੇਵੇਂ ਮਾਣ ਵਡਿਆਈਆ । ਮੈਂ ਵੇਖਿਆ ਏਨ੍ਹਾਂ ਘਰ ਭੁੱਖ ਨੰਗ, ਭੁਖਿਆਂ ਦੇਣ ਦੁਹਾਈਆ । ਸ੍ਰੀ ਭਗਵਾਨ ਕਹੇ ਇਹ ਸਾਚੇ ਚੰਦ, ਮੇਰਾ ਨੂਰ ਕਿਰਨ ਰੁਸ਼ਨਾਈਆ । ਸਦਾ ਹੱਸਣ ਬੱਤੀ ਦੰਦ, ਨੇੜੇ ਦੁੱਖ ਨਾ ਕੋਈ ਰਖਾਈਆ । ਪ੍ਰੇਮ ਪਿਆਰ ਇਕ ਅਨੰਦ, ਰਸ ਇਕੋ ਇਕ ਜਣਾਈਆ । ਜਿਨ੍ਹਾਂ ਵੇਂਹਦਿਆਂ ਸ੍ਰੀ ਭਗਵਾਨ ਪੈ ਜਾਏ ਠੰਡ, ਠਾਂਡਾ ਦਰਬਾਰ ਇਕ ਦਰਸਾਈਆ । ਤੇਰੇ ਨਾਲ ਪਿਛੇ ਗਈ ਹੰਡ, ਅੱਗੇ ਭਗਤਾਂ ਮੇਲ ਮਿਲਾਈਆ । ਬੇਸ਼ਕ ਖੋਲ੍ਹ ਲੈ ਆਪਣੀ ਗੰਢ, ਲਛਮੀ ਤੇਰੀ ਲੋੜ ਰਹੀ ਨਾ ਰਾਈਆ । ਨਾ ਸੁਹਾਗਣ ਨਾ ਰੰਡ, ਅੱਧਵਿਚਕਾਰ ਰਖਾਈਆ । ਜੇ ਭਗਤਾਂ ਨਾਲ ਮਿਲ ਕੇ ਗਾਵੇਂ ਸੋਹੰ ਛੰਦ, ਫੇਰ ਮਿਲੇ ਵਡਿਆਈਆ । ਆ ਵੇਖ ਕੀ ਕਹਿੰਦਾ ਗੁਜਰੀ ਦਾ ਚੰਦ, ਸਚ ਸੰਦੇਸ਼

ਸੁਣਾਈਆ । ਮੈਂ ਮੰਗੀ ਇਕੋ ਮੰਗ, ਪ੍ਰਭ ਮਿਲੇ ਸੱਚਾ ਮਾਹੀਆ । ਨਿਤ ਨਵਿਤ ਦਾ ਦਰਵਾਜਾ ਵੇਖਾਂ ਲੰਘ, ਆਵਾਂ ਜਾਵਾਂ ਵਾਹੋ ਦਾਹੀਆ । ਨਾ ਕੋਈ ਪਰਦਾ ਨਾ ਕੋਈ ਕੰਧ, ਓਹਲਾ ਕੋਈ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਆਪ ਕਮਾਈਆ । ਪ੍ਰਭ ਮੈਂ ਭਗਤ ਦੁਆਰੇ ਆਵਾਂਗੀ । ਲਾਲ ਭੂਸ਼ਨ ਇਕ ਸੁਹਾਵਾਂਗੀ । ਤਨ ਭਬੂਤੀ ਖ਼ਾਕ ਰਮਾਵਾਂਗੀ । ਤੇਰਾ ਢੋਲਾ ਸਾਚਾ ਗਾਵਾਂਗੀ । ਲੱਖ ਲੱਖ ਸ਼ੁਕਰ ਮਨਾਵਾਂਗੀ । ਚਰਨ ਕਵਲ ਸੀਸ ਟਿਕਾਵਾਂਗੀ । ਨੇਤਰ ਨੈਣ ਸ਼ਰਮ ਮਿਟਾਵਾਂਗੀ । ਜਨ ਭਗਤਾਂ ਵੇਖ ਆਪਣਾ ਸ਼ੰਕਾ ਦੂਰ ਕਰਾਵਾਂਗੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਸੋਭਾ ਪਾਵਾਂਗੀ । ਕੀ ਤੇਰੇ ਭਗਤ ਮੇਰਾ ਸਗਨ ਮੰਨੌਣਗੇ । ਦੁਆਰੇ ਆਪਣੇ ਵਿਚ ਬਹੌਣਗੇ । ਬੈਠੀ ਫੇਰ ਨਾ ਬਾਹਰ ਕਢੌਣਗੇ । ਆਪਣੀ ਰੀਤੀ ਸਚ ਸਖੌਣਗੇ । ਮੈਨੂੰ ਆਪਣੀ ਸੇਵ ਲਗੌਣਗੇ । ਗੀਤ ਤੇਰੇ ਸੋਹਲੇ ਗੌਣਗੇ । ਵਿਚੋਲੇ ਕੌਣ ਕੌਣ ਰਖੌਣਗੇ । ਜੋ ਅੰਦਰ ਬਾਹਰ ਭੌਣਗੇ । ਨਾ ਜਾਗਣਗੇ ਨਾ ਸੌਣਗੇ । ਪਿਛਲੀ ਕੀਤੀ ਧੌਣਗੇ । ਅਗਲੀ ਬਣਤ ਬਣੌਣਗੇ । ਮੈਨੂੰ ਤੇਰੇ ਨਾਲ ਮਿਲੌਣਗੇ । ਮਿਲ ਆਪਣੀ ਖ਼ੁਸ਼ੀ ਵਖੌਣਗੇ । ਸਿਰੋਪਾ ਕੀ ਚੜ੍ਹੌਣਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ ਇਕੋ ਇਕ ਅਲੌਣਗੇ । ਦਸ ਚੇਤ ਦਾ ਪਿਛਲਾ ਸਰੋਪਾ, ਵੀਹ ਸੌ ਤੇਰਾਂ ਬਿਕਰਮੀ ਯਾਦ ਕਰਾਈਆ । ਸਾਧਾਂ ਸੰਤਾਂ ਰਾਜ ਰਾਜਾਨਾਂ ਵਖਾਇਆ ਨਰੇਲ ਗਿਰੀ ਦਾ ਖੋਪਾ, ਖੋਪਰੀ ਵਿਚ ਨਜ਼ਰ ਕਿਸੇ ਨਾ ਆਈਆ । ਆਪਣਾ ਦੱਸਿਆ ਨਾ ਕਿਸੇ ਮੌਕਾ, ਮੋਤਬਰ ਬਣਨ ਕੋਇ ਨਾ ਪਾਈਆ । ਸਭ ਨਾਲ ਕਰਿਆ ਧੋਖ਼ਾ, ਧੁਖ਼ਦਾ ਧੂਆਂ ਅੱਗ ਨਾ ਕਿਸੇ ਸੁਲਗਾਈਆ । ਵੇਖ ਲਛਮੀ ਪਹਿਲੀ ਚੇਤ ਆਇਆ ਮੌਕਾ, ਸੱਤ ਚੇਤ ਧਾਰ ਦਿਤੀ ਬਣਾਈਆ । ਦਸ ਚੇਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਤੇਰਾ ਸਗਨ ਦਏ ਵਖਾਈਆ । ਤੇਰਾ ਸਗਨ ਭਗਤਾਂ ਨਾਲ ਪਾਵਾਂਗਾ । ਸੱਤ ਸਾਲ ਦਾ ਰਖਾਇਆ ਨਰੇਲ, ਖ਼ੁਸ਼ੀਆਂ ਨਾਲ ਖਲਾਵਾਂਗਾ । ਪੰਜ ਪੰਜ ਪੈਸੇ ਤੇਰੀ ਝੋਲੀ ਕਰਨ ਢੇਰ, ਤੇਰੇ ਸੁਭਰ ਸਾਲੂ ਗੰਢ ਪੁਆਵਾਂਗਾ । ਵਕਤ ਹੱਥ ਨਹੀਂ ਔਣਾ ਫੇਰ, ਫ਼ੈਸਲਾ ਇਕੋ ਵਾਰ ਕਰਾਵਾਂਗਾ । ਨਾ ਕੋਈ ਜ਼ਬਰ ਰਹੇ ਨਾ ਜ਼ੇਰ, ਜ਼ਾਬਰ ਇਕੋ ਇਕ ਦਰਸਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਿਨ ਰੂਪ ਰੰਗ ਖੇਲ ਮਹਾਨ, ਲਛਮੀ ਨਜ਼ਰ ਨਾ ਆਏ ਕਿਸੇ ਰਕਾਨ, ਸ਼ਬਦੀ ਸ਼ਬਦ ਕਰ ਪਰਧਾਨ, ਨਿਹਕਰਮੀ ਕਰਮ ਕਮਾਵਾਂਗਾ ।

### ★ ੧੦ ਚੇਤ ੨੦੨੦ ਬਿਕਰਮੀ ਹਰਿ ਭਗਤ ਦਵਾਰ ਜੇਠੂਵਾਲ ★

ਲਛਮੀ ਵੇਖੇ ਨੈਣ ਉਠਾ, ਨੇਤਰ ਨੈਣ ਖੁਲ੍ਹਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਪਿਛੋਂ ਵੇਲਾ ਗਿਆ ਆ, ਥਿਤ ਵਾਰ ਨਾ ਕੋਇ ਜਣਾਈਆ । ਜਿਸ ਦਾ ਗੁਰ ਅਵਤਾਰ ਪੀਰ ਪੈਗ਼ੰਬਰ ਵੇਂਹਦੇ ਗਏ ਰਾਹ, ਨਿਜ ਨੇਤਰ ਧਿਆਨ ਗਏ ਲਗਾਈਆ । ਜਿਸ ਸ਼ਿਵ ਬ੍ਰਹਮਾ ਵਿਸ਼ਨ ਸੇਵਾ ਲਏ ਲਗਾ, ਸਾਚੀ ਸੇਵਾ ਮੋਹੇ ਸਮਝਾਈਆ । ਸਚ ਦੁਆਰੇ ਕੁੱਦਦੀ ਰਹੀ ਨਾਲ ਚਾਅ, ਘਰ ਆਪਣੇ ਖ਼ੁਸ਼ੀ ਮਨਾਈਆ । ਸਚ ਭੂਸ਼ਨ ਇਕ ਰੰਗਾ, ਲਾਲ

ਗੁਲਾਲਾ ਰੰਗ ਚੜ੍ਹਾਈਆ । ਜੋਬਨ ਜਵਾਨੀ ਇਕ ਹੰਢਾ, ਬਿਰਧ ਬਾਲ ਨਾ ਰੂਪ ਵਟਾਈਆ । ਸਾਚੀ ਸੇਜਾ ਇਕ ਸੁਹਾ, ਸੁਹੰਜਣੀ ਮਾਤ ਸੋਭਾ
ਪਾਈਆ । ਪੀਆ ਪ੍ਰੀਤਮ ਇਕ ਮਨਾ, ਆਸਾ ਤ੍ਰਿਸ਼ਨਾ ਨਾ ਕੋਈ ਉਠਾਈਆ । ਨਿਤ ਨਿਤ ਦਰਸ਼ਨ ਪਾ, ਸਾਂਤਕ ਸਤਿ ਸਮਾਈਆ । ਅੰਗੀਕਾਰ
ਕਰ ਬੇਪਰਵਾਹ, ਅੰਗਣ ਅੰਗਣ ਇਕ ਵਡਿਆਈਆ । ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਬੇਨਜ਼ੀਰ ਨਜ਼ਰ ਕਿਸੇ ਨਾ ਆਈਆ । ਕਲਜੁਗ
ਅੰਤਮ ਵੇਸ ਵਟਾ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਜੁਗ ਚੌਕੜੀ ਲਹਿਣਾ ਦੇਣਾ ਦੇਵੇ ਮਿਟਾ, ਲੇਖਾ ਕੋਈ ਰਹਿਣ ਨਾ ਪਾਈਆ । ਭਾਣਾ
ਸਹਿਣਾ ਦਏ ਸਮਝਾ, ਸਹਿਜ ਸਹਿਜ ਸੁਖਦਾਈਆ । ਗੋਬਿੰਦ ਇਸ਼ਾਰੇ ਨਾਲ ਦਿਤਾ ਸਮਝਾ, ਸ਼ਬਦ ਨਾਦ ਸ਼ਨਵਾਈਆ । ਬਾਲੇ ਨੀਹਾਂ ਹੇਠ ਦਬਾ,
ਧਰਤ ਧਵਲ ਦਏ ਵਡਿਆਈਆ । ਅੰਤ ਸੰਦੇਸਾ ਜਗਤ ਸੁਣਾ, ਸਚ ਸਚ ਸਮਝਾਈਆ । ਅੰਤਮ ਆਵੇ ਬੇਪਰਵਾਹ, ਪੁਰਖ ਅਕਾਲ ਬੇਪਰਵਾਹੀਆ ।
ਨਿਹਕਲੰਕਾ ਨਾਉਂ ਰਖਾ, ਡੰਕਾ ਸ਼ਬਦ ਵਜਾਈਆ । ਪਿਛਲਾ ਲੇਖਾ ਦੇਵੇ ਮਿਟਾ, ਅੱਗੇ ਮਾਰਗ ਇਕ ਰਖਾਈਆ । ਬੀਸ ਬੀਸਾ ਹੋਏ ਰੁਸ਼ਨਾ,
ਇਕ ਦੋ ਤਿੰਨ ਚਾਰ ਪੰਜ ਰੰਗ ਵਖਾਈਆ । ਛੇਵੇਂ ਛਹਿਬਰ ਇਕੋ ਲਾ, ਅੰਮ੍ਰਿਤ ਮੇਘ ਬਰਸਾਈਆ । ਸਤਵੇਂ ਸਤਿ ਸਤਿਵਾਦੀ ਖੇਲ ਰਚਾ, ਦਸ
ਚੇਤ ਦਏ ਵਡਿਆਈਆ । ਸਤਿ ਧਰਮ ਦੀ ਨੀਂਹ ਰਖਾ, ਸ਼ਬਦੀ ਰਾਗ ਸੁਣਾਈਆ । ਲਿਖਤ ਭਵਿਖਤ ਆਪ ਕਰਾ, ਕਲਮ ਸ਼ਾਹੀ ਗੰਢ ਪੁਆਈਆ ।
ਵੇਲਾ ਵਕਤ ਇਕ ਸੁਹਾ, ਦੇਵੇ ਮਾਣ ਵਡਿਆਈਆ । ਧੁਰ ਦੀ ਰੀਤੀ ਦਏ ਜਣਾ, ਸਾਚੀ ਸਿਖਿਆ ਸਿਖ ਸਮਝਾਈਆ । ਅਨਡਿਠੜਾ ਬਾਲਾ
੧੦੪ ਭੇਟ ਚੜ੍ਹਾ, ਮਾਤ ਗਰਭ ਹੋਏ ਸਹਾਈਆ । ਰਕਸ਼ਾ ਕਰੇ ਵਡ ਮਿਹਰਬਾਨ, ਮਿਹਰ ਨਜ਼ਰ ਉਠਾਈਆ । ਗੁਰਸਿਖ ਕੁਖੇ ਜੋ ਜਨ ਲੇਟੇ ਆ, ਤਿਸ ੧੦੪
ਪਿਛਲਾ ਲੇਖਾ ਰਹੇ ਨਾ ਰਾਈਆ । ਅੰਤਰ ਅੰਤਰ ਲਹਿਣਾ ਦਏ ਚੁਕਾ, ਸਿਰ ਆਪਣਾ ਹੱਥ ਟਿਕਾਈਆ । ਅਗਲਾ ਭੇਵ ਅਭੇਵ ਜਣਾ, ਭੇਵ
੧੪ ਇਕ ਸਮਝਾਈਆ । ਵਿਸ਼ਨ ਬ੍ਰਹਮਾ ਸ਼ਿਵ ਸੇਵ ਲਗਾ, ਸਚ ਸਚ ਜਣਾਈਆ । ਲੱਛਮੀ ਹੁਲਾਰਾ ਦਏ ਲਗਾ, ਤਾਰ ਸਤਾਰ ਹਿਲਾਈਆ । ਉਠ ੧੪
ਨੇਤਰ ਲੈ ਖੁਲ੍ਹਾ, ਖ਼ਾਲਕ ਰਿਹਾ ਜਣਾਈਆ । ਜਿਸ ਰਚਨਾ ਦਿਤੀ ਰਚਾ, ਅੰਤ ਵੇਖੇ ਚਾਈਂ ਚਾਈਆ । ਜਿਸ ਬਸਤਰ ਦਿਤਾ ਪਹਿਨਾ, ਲਾਲ
ਗੁਲਾਲਾ ਰੰਗ ਰੰਗਾਈਆ । ਜਿਸ ਮੰਦਰ ਦਿਤਾ ਸੁਹਾ, ਛੱਪਰ ਛੰਨ ਸੁਹਾਈਆ । ਜਿਸ ਸਗਨ ਦਿਤਾ ਮਨਾ, ਮਿਹਰ ਨਜ਼ਰ ਉਠਾਈਆ । ਜਿਸ
ਗੋਦੀ ਲਿਆ ਬਹਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਰਿਹਾ ਕਰਾਈਆ । ਸਾਚਾ ਖੇਲ ਦਸ ਚੇਤ, ਬੀਸ
ਬੀਸਾ ਆਪ ਵਡਿਆਇੰਦਾ । ਜਿਸ ਦਾ ਲੇਖਾ ਨੇਤਨ ਨੇਤ, ਆਪਣੀ ਕਾਰ ਕਮਾਇੰਦਾ । ਸੋ ਸਾਹਿਬ ਭਗਤਾਂ ਕਰੇ ਹੇਤ, ਨਿਰਗੁਣ ਸਰਗੁਣ ਮੇਲ
ਮਿਲਾਇੰਦਾ । ਬਾਲਿਆਂ ਕੋਲੋਂ ਦੱਸੇ ਭੇਦ, ਮਾਤ ਗਰਭ ਖੋਜ ਖੋਜਾਇੰਦਾ । ਵੇਖਣਹਾਰਾ ਸਦਾ ਹਮੇਸ਼, ਅਭੁਲ ਭੁੱਲ ਕਦੇ ਨਾ ਜਾਇੰਦਾ । ਕਲਜੁਗ
ਅੰਤਮ ਖੇਲੇ ਖੇਲ, ਬਣ ਖਲਾਰੀ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਾਰ ਕਰਾਇੰਦਾ । ਲਛਮੀ
ਸੁਣ ਸ਼ਬਦ ਸੰਦੇਸਾ, ਅੰਤਰ ਧਿਆਨ ਲਗਾਈਆ । ਖ਼ਾਲੀ ਦਿਸੇ ਬਾਸ਼ਕ ਸੇਜਾ, ਸ਼ੇਸ਼ ਨਾ ਕੋਈ ਵਡਿਆਈਆ । ਸਚ ਸੰਦੇਸਾ ਕਵਣ ਦੁਆਰੇ
ਭੇਜਾ, ਨੇਤਰ ਨੈਣ ਉਠਾਈਆ । ਖ਼ਾਲੀ ਵੇਖੇ ਵਿਸ਼ਨੂੰ ਸੇਜਾ, ਕਵਲ ਨੈਣ ਨਜ਼ਰ ਨਾ ਆਈਆ । ਕੋਈ ਨਾ ਖੋਲ੍ਹੇ ਅਗੰਮੀ ਭੇਦਾ, ਭਰਮ ਨਾ
ਕੋਇ ਤੁੜਾਈਆ । ਨੇਤਰ ਰੋਵਣ ਚਾਰੇ ਵੇਦਾ, ਸ਼ਾਸਤਰ ਸਿਮਰਤ ਰਹੇ ਕੁਰਲਾਈਆ । ਗੀਤਾ ਗਿਆਨ ਨਾ ਜਾਣੇ ਲੇਖਾ, ਅੰਜੀਲ ਕੁਰਾਨ ਨਾ

ਪਰਦਾ ਲਾਹੀਆ । ਖਾਣੀ ਬਾਣੀ ਕਹੇ ਰੱਬ ਅਛਲ ਅਛੇਦਾ, ਵਲ ਛਲ ਆਪਣੀ ਕਾਰ ਕਮਾਈਆ । ਸਚ ਸੰਦੇਸਾ ਪ੍ਰਭ ਏਕਾ ਭੇਜਾ, ਲਿਖਣ ਪੜ੍ਹਨ ਵਿਚ ਨਾ ਆਈਆ । ਕਵਣ ਦੁਆਰੇ ਪਿਆਰ ਕਰੇ ਬੈਠਾ ਦਹਲੀਜਾ, ਦਿਲਬਰ ਸਹਿਜੇ ਸੱਚਾ ਮਾਹੀਆ । ਕਿਸ ਨਾਲ ਕਰੇ ਸਾਚੀ ਰੀਝਾ, ਸਚ ਪਿਆਰ ਜਣਾਈਆ । ਕਵਣ ਪ੍ਰੇਮ ਜਿਸ ਵਿਚ ਪਤੀਜਾ, ਪਾਰਬ੍ਰਹਮ ਬੇਪਰਵਾਹੀਆ । ਮੈਂ ਨੇਤਰ ਵੇਖਾਂ ਲਾ ਲਾ ਨੀਝਾ, ਨਜ਼ਰ ਕਿਤੇ ਨਾ ਆਈਆ । ਭੇਵ ਨਾ ਪਾਏ ਚਾਚਾ ਭਤੀਜਾ, ਬਾਬੇ ਗੁਰ ਜਗਤ ਸਿਖ ਭਤੀਜੇ ਨਜ਼ਰ ਕਿਸੇ ਨਾ ਆਈਆ । ਕਿਰਪਾ ਕਰੇ ਮੋਹੇ ਨਜ਼ਰੀ ਆਵੇ ਜੀਜਾ, ਸਚ ਸਿੰਘਾਸਣ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਚੁਕਾਈਆ । ਲਛਮੀ ਕਹੇ ਦਸ ਚੇਤ ਗਿਆ ਆ, ਨਵ ਨੌਂ ਚਾਰ ਰਹਿਣ ਨਾ ਪਾਇਆ । ਮੈਂ ਬੈਠੀ ਚੇਤਾ ਭੁਲਾ, ਪਿਛਲਾ ਲੇਖ ਭੁਲਾਇਆ । ਅੰਤ ਸੰਦੇਸਾ ਗਿਆ ਆ, ਧੁਰ ਫ਼ਰਮਾਣਾ ਆਪ ਜਣਾਇਆ । ਸ੍ਰੀ ਭਗਵਾਨ ਸਚ ਦੁਆਰੇ ਡੇਰਾ ਲਾ, ਭਗਤ ਦੁਆਰ ਇਕ ਸੁਹਾਇਆ । ਜੁਗ ਜਨਮ ਦੇ ਵਿਛੜੇ ਮੇਲ ਮਿਲਾ, ਦੁਖੜੇ ਦਰਦ ਮਿਟਾਇਆ । ਸ਼ਰਅ ਸ਼ਰੀਅਤ ਇਕ ਸਮਝਾ, ਚਾਰ ਵਰਨ ਉਠਾਇਆ । ਆਤਮ ਪਰਮਾਤਮ ਮੇਲ ਮਿਲਾ, ਬ੍ਰਹਮ ਪਾਰਬ੍ਰਹਮ ਦ੍ਰਿੜਾਇਆ । ਸਾਚੀ ਰੀਤੀ ਇਕ ਚਲਾ, ਸਤਿਜੁਗ ਦਰ ਖੁਲ੍ਹਾਇਆ । ਦਰ ਦਰਵਾਜਾ ਇਕ ਬਣਾ, ਦਰਬਾਰ ਦੂਜਾ ਨਾ ਕੋਈ ਰਖਾਇਆ । ਦਰਵੇਸ਼ ਬਣੇ ਬੇਪਰਵਾਹ, ਰਹੇ ਹਮੇਸ਼, ਨਾ ਮਰੇ ਨਾ ਜਾਇਆ । ਸਚ ਸੰਦੇਸ ਦਿਤਾ ਸੁਣਾ, ਹੁਕਮੀ ਹੁਕਮ ਸੁਣਾਇਆ । ਆ ਵੇਖ ਨਿੱਕੇ ਬਾਲਿਆਂ ਚੜ੍ਹਿਆ ਚਾਅ, ਜੇਹੜੇ ਨੀਹਾਂ ਹੇਠਾਂ ਦਿਤੇ ਦਬਾਇਆ । ਪੁਰਖ ਅਬਿਨਾਸ਼ੀ ਚੜ੍ਹਿਆ ਚਾਅ, ਸਚਖੰਡ ਦੁਆਰਿਉਂ ਲੋਕਮਾਤ ਆਇਆ । ਗਲ ਵਿਚ ਪੱਲੂ ਏਕਾ ਪਾ, ਦੋਏ ਜੋੜ ਅਰਦਾਸ ਕਰਾਇਆ । ਭਗਤ ਦੁਆਰ ਸੋਹੇ ਥਾਂ, ਥਾਨ ਥਨੰਤਰ ਇਕ ਰੁਸ਼ਨਾਇਆ । ਮਨਜੀਤ ਜਗਦੀਸ਼ ਕਹੇ ਜਿੰਨਾਂ ਚਿਰ ਨਾ ਆਵੇ ਲਛਮੀ ਮਾਂ, ਸਾਡਾ ਸਗਨ ਨਾ ਕੋਇ ਮਨਾਇਆ । ਅਨਡਿਠੜਾ ਬਾਲਾ ਕਹੇ ਕਰਦੇ ਹਾਂ, ਪ੍ਰਭ ਤੇਰਾ ਕੀ ਘਟ ਜਾਇਆ । ਵਿਸ਼ਨੂੰ ਲਛਮੀ ਫੜਾ ਦੇ ਬਾਂਹ, ਹੱਥ ਉਂਗਲੀ ਨਾਲ ਮਿਲਾਇਆ । ਦੋਹਾਂ ਦੱਸ ਆਪਣਾ ਨਾਂ, ਸੋਹੰ ਰੂਪ ਸੁਹਾਇਆ । ਅਗਲਾ ਭੇਵ ਦੇ ਖੁਲ੍ਹਾ, ਪਰਦਾ ਜਗਤ ਉਠਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਇਆ । ਲਛਮੀ ਸੁਣੀ ਧੁਰ ਅਵਾਜ, ਕਰਵਟ ਬਦਲ ਲਏ ਅੰਗੜਾਈਆ । ਕਵਣ ਸਾਜਣ ਲਿਆ ਸਾਜ, ਸਤਿ ਨਿਸ਼ਾਨ ਝੁਲਾਈਆ । ਕਵਣ ਸ਼ਾਹੋ ਭੂਪ ਵੱਡ ਰਾਜਨ ਰਾਜ, ਸ਼ਹਿਨਸ਼ਾਹ ਅਖਵਾਈਆ । ਕਵਣ ਸੀਸ ਰੱਖ ਤਾਜ, ਗ਼ਰੀਬ ਨਿਮਾਣਿਆਂ ਦਏ ਵਡਿਆਈਆ । ਕਵਣ ਬਣਾਏ ਧਰਮ ਸਮਾਜ, ਭਗਵਾਨ ਭਗਤਨ ਰੂਪ ਜਣਾਈਆ । ਕਵਣ ਰਚੇ ਸਾਚਾ ਕਾਜ, ਸਾਚਾ ਸਗਨ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਖਿਲਾਈਆ । ਲੋਕਮਾਤ ਭਗਤਾਂ ਚੜ੍ਹਿਆ ਚਾਅ, ਚਾਉ ਘਨੇਰਾ ਇਕ ਰਖਾਈਆ । ਨੇਤਰ ਨੈਣ ਰਹੇ ਉਠਾ, ਜਗਤ ਧਿਆਨ ਲਗਾਈਆ । ਕਵਣ ਦੁਆਰੇ ਕਿਸ ਮਾਰਗ ਆਏ ਲਾ, ਲਛਮੀ ਮਾਂ ਆਪਣਾ ਰੂਪ ਵਟਾਈਆ । ਵਿਸ਼ਨੂੰ ਕਿਸ ਬਿਧ ਪਕੜੇ ਬਾਂਹ, ਦੇਵੇ ਮਾਣ ਵਡਿਆਈਆ । ਜਨ ਭਗਤ ਸਗਨ ਲੈਣ ਮਨਾ, ਮਨ ਆਪਣੇ ਖ਼ੁਸ਼ੀ ਰਖਾਈਆ । ਪੰਜ ਪੈਸੇ ਸਰਵਾਰਨਾ ਕਰ ਕੇ ਝੋਲੀ ਦੇਣ ਪਾ, ਭੁਖੀ ਨੰਗੀ ਦੇਣ ਰਜਾਈਆ । ਸਾਨੂੰ ਤੇਰੀ ਨਹੀਂ ਪਰਵਾਹ, ਪ੍ਰਭ ਮਿਲਿਆ ਬੇਪਰਵਾਹੀਆ । ਅਤੁਟ ਅਤੁਟ ਅਤੋਟ ਖ਼ਜ਼ਾਨਾ ਦਏ ਵਰਤਾ, ਤੋਟ ਰਹੇ ਨਾ ਰਾਈਆ । ਸਚ ਸੁਣ ਬਿਨ ਪੁਤਰਾਂ ਸੋਹੇ ਨਾ ਮਾਂ, ਬਿਨ ਬਾਲਾਂ

ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਲਛਮੀ ਕਹੇ ਮੈਂ ਦਸ ਚੇਤ ਰੁੱਤ ਸੁਹਾਵਾਂਗੀ । ਸ੍ਰੀ ਭਗਵਾਨ ਇਕ ਮਨਾਵਾਂਗੀ । ਲਾਲ ਬਸਤਰ ਵੇਖ ਖ਼ੁਸ਼ੀ ਪਰਗਟਾਵਾਂਗੀ । ਆਪਣੀ ਰੁੱਚੀ ਧਿਆਨ ਲਗਾਵਾਂਗੀ । ਸੱਚੀ ਸੁਚੀ ਹੋ ਕੇ ਪਾਵਾਂਗੀ । ਪਿਛਲੀ ਗੱਲ ਮੁੱਕੀ, ਅੱਗੇ ਜਾ ਕੇ ਵਾਸਤਾ ਪਾਵਾਂਗੀ । ਦਰਸ ਦੀਦਾਰ ਦੀ ਬਣ ਭੁੱਖੀ, ਨਿਉਂ ਨਿਉਂ ਸੀਸ ਝੁਕਾਵਾਂਗੀ । ਮੇਰੀ ਕੁੱਖ ਨੌਂ ਸੌ ਚੁਰਾਨਵੇਂ ਚੌਕੜੀ ਜੁਗ ਰਹੀ ਸੁੱਕੀ, ਬਿਨ ਭਗਤਾਂ ਗੋਦ ਨਾ ਕਿਸੇ ਬਹਾਵਾਂਗੀ । ਜੁਗ ਚੌਕੜੀ ਰਹੀ ਲੁੱਕੀ ਕਲਜੁਗ ਅੰਤਮ ਮੁਖ ਦਖਾਵਾਂਗੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਦੇ ਦੇ ਸੱਚਾ ਵਰ, ਘਰ ਖ਼ੁਸ਼ੀਆਂ ਨਾਲ ਜਾਵਾਂਗੀ । ਭਗਤ ਦੁਆਰ ਜਾਣ ਦੀ ਕਰੇ ਤਿਆਰੀ, ਆਪਣਾ ਆਪ ਵੇਖ ਵਖਾਈਆ । ਅੰਤਰ ਅੰਤਰ ਇਕ ਵਿਚਾਰੀ, ਵਿਚਾਰ ਵਿਚਾਰ ਵਿਚੋਂ ਪਰਗਟਾਈਆ । ਨਾ ਵਿਆਹੀ ਨਾ ਕੁਆਰੀ, ਕੰਤ ਸੁਹਾਗ ਨਾ ਕੋਇ ਹੰਢਾਈਆ । ਸੇਵਾ ਕਰ ਕੇ ਵਿਸ਼ਨੂੰ ਹਾਰੀ, ਚਰਨ ਕਵਲ ਸ੍ਰੀ ਭਗਵਾਨ ਧਿਆਨ ਲਗਾਈਆ । ਮੇਰੀ ਕੁੱਖੋਂ ਫੁੱਟੀ ਨਾ ਕੋਈ ਫਲਵਾੜੀ, ਪੁੱਤ ਪੋਤਰਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਵੇ ਇਕ ਵਰ, ਮੋਹੇ ਆਪਣੇ ਦਰ ਲਏ ਬਹਾਈਆ । ਲਛਮੀ ਤੈਨੂੰ ਦਰ ਬੁਲਾਵਾਂਗਾ । ਨਾਮ ਸੰਦੇਸ ਘਲਾਵਾਂਗਾ । ਨਰ ਨਰੇਸ਼ ਅਖਵਾਵਾਂਗਾ । ਪਿਛਲਾ ਲੇਖ ਮਿਟਾਵਾਂਗਾ । ਅਗਲਾ ਭੇਖ ਜਣਾਵਾਂਗਾ । ਤੇਰੇ ਭੂਸ਼ਨ ਪਹਿਨ ਲਾਲ ਰੰਗ, ਜਨ ਭਗਤਾਂ ਰੰਗ ਚੜ੍ਹਾਂਵਾਂਗਾ । ਢਾਈ ਗਜ਼ ਦਾ ਇਕ ਦੁਪੱਟਾ, ਤਿੰਨ ਗੁਣਾ ਦਾ ਵੱਟਾ ਸੱਟਾ, ਅੰਤਮ ਆਵੇ ਸਾਚੇ ਹੱਥਾ, ਸਾਢੇ ਸੱਤ ਫੁੱਟਾਂ ਵਿਚ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਲਛਮੀ ਤੈਨੂੰ ਲਏ ਬੁਲਾਈਆ । ਲਛਮੀ ਆਪਣਾ ਵੇਖ ਸ਼ਿੰਗਾਰ, ਸ੍ਰੀ ਭਗਵਾਨ ਰਿਹਾ ਜਣਾਈਆ । ਪਿਛਲੇ ਗਹਿਣੇ ਬਸਤਰ ਦੇ ਉਤਾਰ, ਸ੍ਰੀ ਭਗਵਾਨ ਰਿਹਾ ਜਣਾਈਆ । ਦਵਾਨੀ ਟਿੱਕਾ ਮਸਤਕ ਬਿੰਦੀ ਨੱਕ ਨੱਥ ਗਲ ਦਿਸੇ ਨਾ ਕੋਈ ਹਾਰ, ਕੰਨੀਂ ਝੁੰਬਕੇ ਨਾ ਕੋਇ ਲਟਕਾਈਆ । ਹੱਥ ਕੰਗਣ ਨਾ ਕੋਈ ਝੰਨਕਾਰ, ਪੈਰੀਂ ਪਾਜ਼ੇਬਾਂ ਨਾ ਕੋਇ ਪਾਈਆ । ਸੀਸ ਮਹਿੰਦੀ ਨਾ ਕੋਈ ਵਿਹਾਰ, ਮਹਿੰਦੀ ਰੰਗਲੀ ਨਾ ਰੰਗ ਰੰਗਾਈਆ । ਨੇਤਰ ਸੁਰਮਾ ਨਾ ਕਜਲ ਧਾਰ, ਦੰਦ ਦੰਦਾਸਾ ਨਾ ਕੋਈ ਵਖਾਈਆ । ਕੂੜੀ ਕਿਰਿਆ ਨਾ ਕੋਈ ਜੋਬਨ ਬਹਾਰ, ਪਤ ਡਾਲੀ ਕਲੀ ਨਾ ਕੋਇ ਮਹਿਕਾਈਆ । ਕਮਰਕੱਸਾ ਨਾ ਕੋਈ ਆਧਾਰ, ਹੱਥ ਰੁਮਾਲ ਨਾ ਕੋਈ ਸੁਹਾਈਆ । ਬਣ ਨਿਮਾਣੀ ਔਣਾ ਚਰਨ ਦੁਆਰ, ਦੂਰ ਦੁਰਾਡਾ ਪੰਧ ਮੁਕਾਈਆ । ਦਰ ਦਰਵਾਜਿਉਂ ਖੜ ਬਾਹਰ, ਦੋਏ ਜੋੜ ਧਿਆਨ ਲਗਾਈਆ । ਤੇਰੇ ਕੋਲੋਂ ਪਹਿਲੇ ਕਰਾਏ ਵਿਹਾਰ, ਤੇਰਾ ਮਾਣ ਗਵਾਈਆ । ਧੂੜ ਮਸਤਕ ਲੌਣੀ ਛਾਰ, ਪੰਜ ਜੈਕਾਰ ਰਾਗ ਅਲਾਈਆ । ਮੰਗ ਮੰਗਣੀ ਬਣ ਭਿਖਾਰ, ਦੋਏ ਜੋੜ ਵਾਸਤਾ ਪਾਈਆ । ਕਿਸ ਬਿਧ ਆਵੇ ਤੇਰੇ ਦਰਬਾਰ, ਸ਼ਾਹ ਪਾਤਸ਼ਾਹ ਸੱਚੇ ਪਾਤਸ਼ਾਹੀਆ । ਤਨ ਦਿਸੇ ਨਾ ਕੋਈ ਸ਼ਿੰਗਾਰ, ਖੁਲ੍ਹੀ ਮੀਂਢੀ ਨਜ਼ਰੀ ਆਈਆ । ਸ੍ਰੀ ਭਗਵਾਨ ਸ਼ਬਦ ਅਗੰਮੀ ਮਾਰੇ ਆਵਾਜ਼, ਏਕਾ ਵਾਰ ਦੇਵੇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇ ਸੁਨੇਹੁੜਾ ਇਕ ਸੁਣਾਈਆ । ਲਛਮੀ ਵੇਖ ਆਪਣਾ ਗਹਿਣਾ, ਸੋਹਣਾ ਹਾਰ ਬਣਾਇਆ । ਖੋਲ੍ਹ ਆਪਣੇ ਨੈਣਾਂ, ਨੈਣ ਨੈਣ ਧਿਆਨ ਲਗਾਇਆ । ਜੇ ਮਨ ਮੰਨੇ ਮੇਰੇ ਭਗਤਾਂ ਕਹਿਣਾ, ਗਲ ਤੇਰੇ ਦਏ ਲਟਕਾਇਆ । ਕੁਫ਼ਲ ਅਜੇ ਬੰਦ ਕਰਾਇਆ । ਨਿੱਕੇ ਹੋ ਕੇ ਚਰਨੀ ਢਹਿਣਾ, ਮਾਣ ਕੰਮ

ਕਿਸੇ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੋਕਮਾਤ ਸਾਚਾ ਗਹਿਣਾ, ਤੇਰੇ ਕਾਰਨ ਬਣਾਇਆ । ਲਛਮੀ ਵੇਖ ਗਈ ਡਰ, ਨੇਤਰ ਨੈਣ ਸ਼ਰਮਾਈਆ । ਪ੍ਰਭ ਇਹ ਕੀ ਲਿਆ ਕਰ, ਅੱਗਾ ਪਿੱਛਾ ਨਜ਼ਰ ਕੋਈ ਨਾ ਆਈਆ । ਮੈਂ ਵੇਖ ਕੇ ਗਈ ਸੜ, ਮੇਰੀ ਰੀਝ ਨਾ ਪੂਰੀ ਕਰਾਈਆ । ਸ੍ਰੀ ਭਗਵਾਨ ਕਹੇ ਮੈਂ ਭਗਤਾਂ ਅੰਦਰ ਗਿਆ ਵੜ, ਮੇਰਾ ਵਸ ਨਾ ਚਲੇ ਰਾਈਆ । ਏਸ ਨਾਲ ਸਾਰੇ ਲਵਾਂ ਫੜ, ਕੁੰਡੀ ਕਿਸੇ ਗੁਰ ਪੀਰ ਅਵਤਾਰ ਨਾ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਗਹਿਣਾ ਇਕੋ ਇਕ ਵਖਾਈਆ । ਇਹ ਗਹਿਣਾ ਜੋ ਲਵੇ ਪਾ, ਪਾਰਬ੍ਰਹਮ ਜਣਾਇੰਦਾ । ਦੂਜਾ ਕੋਈ ਨਾ ਦੇਵੇ ਫਾਹ, ਫਾਸੀ ਅਵਰ ਨਾ ਕੋਈ ਲਟਕਾਇੰਦਾ । ਇਸ ਦਾ ਬੱਧਾ ਕੋਈ ਨਾ ਸਕੇ ਛੁਡਾ, ਜ਼ੋਰ ਨਾਲ ਨਾ ਕੋਈ ਤੁੜਾਇੰਦਾ । ਹਰਿ ਕਾ ਗਹਿਣਾ ਸ਼ਬਦ ਰੂਪ ਪਰਗਟਾ, ਸੰਗਲ ਆਪਣੇ ਗਲ ਲਟਕਾਇੰਦਾ । ਪ੍ਰੇਮ ਪਿਆਰ ਨਾਤਾ ਜੁੜਾ, ਘੁੰਡੀ ਘੁੰਡੀ ਵਿਚ ਜੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰੇ ਗਲ ਦੀ ਸੋਹਣੀ ਜ਼ੰਜੀਰੀ, ਵੇਲੇ ਵਕਤ ਦਏ ਅਖ਼ੀਰੀ, ਮੈਨੇ ਰਹਿਣ ਨਾ ਦੇਣੀ ਮੀਰੀ ਪੀਰੀ, ਫ਼ਕੀਰੀ ਆਪਣੇ ਘਰ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰੇ ਤਨ ਸ਼ਿੰਗਾਰ ਕਰਾਇੰਦਾ । ਇਹ ਜ਼ੰਜੀਰੀ ਬੜੀ ਮਜ਼ਬੂਤ, ਮੁਸ਼ਕਲ ਹੱਲ ਕਰਾਈਆ । ਪ੍ਰਭ ਸਾਚੇ ਦਾ ਸਚ ਸਬੂਤ, ਭੇਵ ਅਭੇਦ ਖੁਲ੍ਹਾਈਆ । ਜਿਸ ਗੱਲ ਪਾਇਆਂ ਮਿਲੇ ਮਹਿਬੂਬ, ਮੁਹੱਬਤ ਇਕ ਦਰਸਾਈਆ । ਇਸ ਦਾ ਲੇਖਾ ਜਾਣੋ ਖ਼ੂਬ, ਖ਼ੁਦੀ ਮਾਣ ਮਿਟਾਈਆ । ਸ਼ਾਹਾਂ ਦਾ ਅਸਲ ਨਾਲ ਸੂਦ, ਏਸੇ ਕਰ ਕੇ ਜ਼ੰਜੀਰੀ ਥੋੜੀ ਮੋਟੀ ਜਿਹੀ ਘੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤਨ ਤੇਰੇ ਦਏ ਛੁਹਾਈਆ । ਇਹ ਜ਼ੰਜੀਰੀ ਭਗਤ ਪ੍ਰੇਮ, ਪ੍ਰੇਮਕਾ ਦਏ ਸਮਝਾਈਆ । ਏਸ ਦੇ ਅੱਗੇ ਕੋਈ ਰਹੇ ਨਾ ਨੇਮ, ਸੁਹੱਪਣ ਕੰਮ ਕਿਸੇ ਨਾ ਆਈਆ । ਇਸ ਦਾ ਬੱਧਾ ਬੈਠਾ ਗੋਬਿੰਦ ਹੇਮ, ਕੁੰਟ ਆਪਣਾ ਆਸਣ ਲਾਈਆ । ਉਠ ਵੇਖ ਆਪਣੇ ਨੈਣ, ਕਿਉਂ ਬੈਠੀ ਨੈਣ ਸ਼ਰਮਾਈਆ । ਬਿਨ ਭਗਤਾਂ ਤੇਰਾ ਕੋਈ ਨਾ ਰਿਹਾ ਸਾਕ ਸੈਣ, ਸੱਜਣ ਨਜ਼ਰ ਕੋਈ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਚ ਰਿਹਾ ਜਣਾਈਆ । ਲਛਮੀ ਆਈ ਅਗੰਮੀ ਡੋਲੇ, ਕਹਾਰ ਨਜ਼ਰ ਕੋਇ ਨਾ ਆਇਆ । ਆਪਣੀ ਅੱਖ ਕਦੇ ਮੀਟੇ ਕਦੇ ਖੋਲ੍ਹੇ, ਨੇਤਰ ਨੈਣ ਸ਼ਰਮਾਇਆ । ਸ੍ਰੀ ਭਗਵਾਨ ਭਗਤ ਦੁਆਰੇ ਬੋਲੇ, ਬੋਲ ਆਪਣਾ ਆਪ ਬਦਲਾਇਆ । ਮੈਂ ਲੱਭਾਂ ਸਰਗੁਣ ਚੋਲੇ, ਨਿਰਗੁਣ ਹੋ ਕੇ ਡੇਰਾ ਲਾਇਆ । ਗੋਬਿੰਦ ਕਹੇ ਮੈਂ ਰੱਖਿਆ ਆਪਣੇ ਉਹਲੇ, ਤੇਰੇ ਕੋਲੋਂ ਆਪਣਾ ਪ੍ਰੀਤਮ ਛੁਪਾਇਆ । ਜਿੰਨਾਂ ਚਿਰ ਆਪਣੀ ਕੁੰਡੀ ਨਾ ਖੋਲ੍ਹੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਛੁਪਾਇਆ । ਗੋਬਿੰਦ ਕਹੇ ਖੋਲ੍ਹ ਕੇ ਦੱਸ, ਆਪਣਾ ਹਾਲ ਜਣਾਈਆ । ਕਿਉਂ ਏਥੇ ਆਈ ਨੱਸ, ਬਣ ਵੈਰਾਗਣ ਫੇਰਾ ਪਾਈਆ । ਤੈਥੋਂ ਰੱਖਿਆ ਨਾ ਗਿਆ ਹਠ, ਧੀਰਜ ਧੀਰ ਬੰਧਾਈਆ । ਹੁਣ ਤਾਂ ਖਹਿੜਾ ਦੇ ਛੱਡ, ਆਪਣਾ ਮੁਖ ਭੁਆਈਆ । ਮੈਂ ਮੰਗ ਕੇ ਮੰਗ ਤੇਰੇ ਨਾਲੋਂ ਕੀਤਾ ਅੱਡ, ਸ੍ਰੀ ਭਗਵਾਨ ਆਪਣੇ ਨਾਲ ਮਿਲਾਈਆ । ਪ੍ਰੇਮ ਪ੍ਰੀਤੀ ਅੰਦਰ ਗਿਆ ਬੱਝ, ਆਪ ਆਪਣਾ ਮਾਣ ਗਵਾਈਆ । ਤੇਰਾ ਦੁਆਰਾ ਬੈਠਾ ਤਜ, ਜਨ ਭਗਤਾਂ ਦੁਆਰਾ ਰਿਹਾ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਵਰਤਾਈਆ । ਗੋਬਿੰਦ ਨਾ ਦੇ ਲਾਰਾ, ਬਣ ਨਿਮਾਣੀ ਰਹੀ ਜਣਾਈਆ । ਮੈਂ ਤੱਕ ਕੇ ਆਈ ਸਹਾਰਾ, ਦੂਰ ਦੁਰਾਡਾ ਪੰਧ ਮੁਕਾਈਆ । ਮੋਹੇ ਮਿਲੇ ਮੇਰਾ ਪਿਆਰਾ,

ਪ੍ਰੀਤਮ ਸੱਚਾ ਬੇਪਰਵਾਹੀਆ । ਮੇਰੀਆਂ ਉਹਦੇ ਨਾਲ ਬਹਾਰਾਂ, ਖ਼ੁਸ਼ੀ ਗ਼ਮੀ ਨਾ ਕੋਈ ਰਖਾਈਆ । ਮੈਂ ਲਾਹ ਕੇ ਆਈ ਹਾਰ ਸ਼ਿੰਗਾਰਾ, ਖੁਲ੍ਹੜੇ ਕੇਸ ਰਹੀ ਵਖਾਈਆ । ਮੈਂ ਵੇਖਾਂ ਭਗਤ ਦੁਆਰਾ, ਅੰਦਰ ਆਵਾਂ ਚਾਈਂ ਚਾਈਆ । ਦੂਰ ਦੁਰਾਡੇ ਕਰਾਂ ਨਿਮਸਕਾਰਾ, ਆਪਣੇ ਮੰਦਰ ਸੀਸ ਝੁਕਾਈਆ । ਚਰਨੀਂ ਡਿਗਾਂ ਮੂੰਹ ਦੇ ਭਾਰਾ, ਨੇਤਰ ਨੈਣਾਂ ਛਹਿਬਰ ਲਾਈਆ । ਵਾਸਤਾ ਪਾਵਾਂ ਏਕਾ ਵਾਰਾ, ਓਅੰਕਾਰ ਤੇਰੀ ਸਰਨਾਈਆ । ਤੇਰੇ ਭਗਤਾਂ ਕਰਾਂ ਪਿਆਰਾ, ਆਪਣਾ ਪਿਆਰ ਵਧਾਈਆ । ਤੇਰਾ ਹਾਰ ਸੋਹਣਾ ਸ਼ਿੰਗਾਰਾ, ਗੁਰਮੁਖਾਂ ਦੇਵਾਂ ਵਖਾਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਦੋਵੇਂ ਧਾਰਾਂ, ਦੋਵੇਂ ਸਿਰਿਆਂ ਗੰਢ ਵਖਾਈਆ । ਮੈਂ ਸੇਵਾ ਕਰਾਂ ਸੇਵਾਦਾਰਾ, ਸੇਵਾ ਇਕੋ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਇਕੋ ਵਰ, ਲਛਮੀ ਆਪਣੇ ਚਰਨ ਰਖਾਈਆ । ਲਛਮੀ ਲੈ ਆਪਣਾ ਸਗਨ, ਤੇਰੀ ਝੋਲੀ ਪਾਇਆ । ਭਗਤਾਂ ਵਿਚ ਹੋ ਮਗਨ, ਆਪਣਾ ਮਾਣ ਮਿਟਾਇਆ । ਗੁਰਸਿਖ ਕੋਈ ਨਾ ਰਹੇ ਨਗਨ, ਭੁਖਿਆਂ ਭੁੱਖ ਗਵਾਇਆ । ਆ ਫੜ ਆਪਣਾ ਹਾਰ ਕੰਗਣ, ਤੇਰੇ ਤਨ ਛੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਇਆ । ਆ ਲੈ ਆਪਣੀ ਅਗਲੀ ਨਲੇਰ, ਸਾਚਾ ਸਗਨ ਮਨਾਈਆ । ਮੈਂ ਤੈਨੂੰ ਦੁਆਰੇ ਲਿਆਂਦਾ ਘੇਰ, ਸੋ ਘੁਰਨਾ ਲੈ ਕਢਾਈਆ । ਪ੍ਰਭ ਬਣ ਆਪ ਸ਼ੇਰ, ਬਲਧਾਰੀ ਹੋ ਕੇ ਵੇਖ ਵਖਾਈਆ । ਭਗਤਾਂ ਪਿਛੇ ਤੇਰੇ ਉਤੇ ਕਰੀ ਮਿਹਰ, ਲੋਕਮਾਤ ਆਪਣੇ ਚਰਨ ਲਗਾਈਆ । ਹਰਿ ਸੰਗਤ ਵਿਚ ਬਹਿ ਬਹਿ ਖੇਡ, ਆਪਣੀ ਖ਼ੁਸ਼ੀ ਵਖਾਈਆ । ਸੇਵਾ ਕਰੀਂ ਸਿਰ ਚੁੱਕ ਕੇ ਗਾਰਾ ਰੇਤ, ਭੱਜੀ ਵਾਹੋ ਦਾਹੀਆ । ਰਾਤੀ ਸੁੱਤਿਆਂ ਸਭ ਕੁਛ ਲੈਣਾ ਵੇਖ, ਦਸ ਚੇਤ ਪ੍ਰਭ ਦਏ ਵਖਾਈਆ । ਨਿੱਕੇ ਬਾਲੇ ਖੋਲ੍ਹਣ ਭੇਤ, ਅਗਲਾ ਭੇਵ ਜਣਾਈਆ । ਜਗਤ ਕਹੇ ਜੰਮਿਆ ਪੰਚਮ ਜੇਠ, ਭਗਵਾਨ ਕਹੇ ਛੱਬੀ ਪੋਹ ਹੋਈ ਕੁੜਮਾਈਆ । ਅੰਤਮ ਰੱਖੇ ਸਾਇਆ ਹੇਠ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਸਗਨ ਆਪ ਮਨਾਈਆ । ਮੇਰਾ ਸਗਨ ਵੇਖਣ ਸੰਤ, ਸੰਤਾਂ ਘਰ ਵਧਾਈਆ । ਜਿਉਂ ਮੈਨੂੰ ਮਿਲਿਆ ਵਿਛੜਿਆ ਕੰਤ, ਤਿਉਂ ਭਗਤਾਂ ਹੋਏ ਸਹਾਈਆ । ਕੁੰਡਾ ਖੋਲ੍ਹੇ ਆਪ ਬੇਅੰਤ, ਪਰਦਾ ਦਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਦਏ ਚੁਕਾਈਆ । ਸਾਚੇ ਸੰਤ ਕਰ ਪਹਿਚਾਨ, ਭਗਤਨ ਦਏ ਵਡਿਆਈਆ । ਵੀਹ ਸੌ ਤੇਰਾਂ ਬਿਕਰਮੀ ਦਸ ਚੇਤ ਕਲਜੁਗ ਸੰਤਾਂ ਲੇਖਾ ਚੁਕਿਆ ਜਹਾਨ, ਦੋ ਜਹਾਨਾਂ ਪੰਧ ਨਾ ਕੋਇ ਮੁਕਾਇੰਦਾ । ਪੰਜ ਪੈਸੇ ਕਰ ਪਰਵਾਨ, ਇਕ ਨਲੇਰ ਵੰਡ ਵੰਡਾਇੰਦਾ । ਬਿਨ ਹਰਿ ਸੰਗਤ ਨਾ ਹੋਇਆ ਕੋਈ ਪਰਵਾਨ, ਪਰਵਾਨਾ ਹੱਥ ਨਾ ਕਿਸੇ ਫੜਾਇੰਦਾ । ਲੇਖਾ ਲਿਖਤ ਲੇਖ ਮਹਾਨ, ਘਰ ਅਜੀਤ ਸਿੰਘ ਕਰਾਇੰਦਾ । ਨਲੇਰ ਰੱਖਣੀ ਆਪ ਸੰਭਾਲ, ਹੁਕਮ ਸੰਦੇਸ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਕਰਤਾ ਕੀਮਤ ਪਾਇੰਦਾ । ਨਲੇਰ ਕਹੇ ਵਸਤੂ ਤ੍ਰੈ, ਸਾਚਾ ਥਾਲ ਪਰੋਸਿਆ । ਬਾਹਰੋਂ ਮੈਨੂੰ ਕੋਈ ਕੁਛ ਕਹੇ, ਅੰਦਰ ਮੇਰਾ ਖੇਲ ਖ਼ਾਮੋਸ਼ਿਆ । ਜਲ ਧਾਰਾ ਮੇਰੇ ਵਿਚ ਵਹੇ, ਸਮੁੰਦ ਸਾਗਰ ਕਰਨ ਆਦੇਸਿਆ । ਪ੍ਰਭ ਮਿਲਣ ਦੀ ਇਕੋ ਮੈਨੂੰ ਲੈ, ਦੂਜਾ ਖਿਆਲ ਨਾ ਕੋਈ ਸੋਚਿਆ । ਰਾਹ ਤੱਕਾਂ ਕਵਣ ਵੇਲਾ ਸਚ ਸਿੰਘਾਸਣ ਬਹੇ, ਲੇਖਾ ਜਾਣੇ ਲੋਕ ਪਰਲੋਕਿਆ । ਨਿਮਾਣਾ ਹੋ ਕੇ ਚਰਨੀਂ ਜਾਵਾਂ ਢਹਿ, ਗਾਵਾਂ ਏਕਾ ਨਾਮ ਸਲੋਕਿਆ । ਜਿਸ ਵੇਲੇ ਪੁਛੇ ਸਚ ਦੇਵਾਂ ਕਹਿ,

੧੦੮
੧੪

ਤੇਰਾ ਭਾਣਾ ਕਿਸੇ ਨਾ ਰੋਕਿਆ । ਮੈਨੂੰ ਤੇਰੇ ਮਿਲਣ ਦੀ ਲੈ, ਪ੍ਰੇਮ ਪਿਆਰ ਅੰਦਰ ਹੋਇਆ ਮਦਹੋਸ਼ਿਆ । ਜੋ ਤੇਰੀ ਸਰਨ ਚਰਨ ਬਹਿ, ਮੈਂ ਓਨ੍ਹਾਂ ਦਾ ਬਣਾਂ ਖਾਣਾ ਤੋਸਿਆ । ਮੇਰੀ ਕਦੇ ਨਾ ਨਿਕਲੇ ਹਇ, ਲੀਰ ਲੀਰ ਲੀਰ ਹੋਏ ਲੋਥਿਆ । ਜੋ ਤੇਰੇ ਚਰਨਾਂ ਜਾਵੇ ਢਹਿ, ਤਿਸ ਮਿਲੇ ਇਕੋ ਕੋਟਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਮੇਰਾ ਸੰਗ ਨਾ ਹੋਏ ਨਾਲ ਹੋਛਿਆਂ । ਤੇਰਾ ਸੰਗ ਹਰਿ ਸੰਗਤ ਪਿਆਰ, ਸਾਹਿਬ ਸਤਿਗੁਰ ਬੰਧਾਈਆ । ਪੰਜ ਪੈਸੇ ਤੇਰੇ ਉਤੋਂ ਵਾਰ, ਲਛਮੀ ਝੋਲੀ ਪਾਈਆ । ਲਛਮੀ ਲੰਘ ਕੇ ਆਈ ਸੱਚੇ ਦਰਬਾਰ, ਮਸਤਕ ਰਗੜੇ ਵਾਹੋ ਦਾਹੀਆ । ਮੈਂ ਖ਼ਾਲੀ ਭਰਾਂ ਭੰਡਾਰ, ਪ੍ਰਭ ਦਰ ਇਕੋ ਮੰਗ ਮੰਗਾਈਆ । ਨਲੇਰ ਹਰਿ ਸੰਗਤ ਦੇਣਾ ਖ਼ੁਆਲ, ਸਿੰਘ ਸ਼ੇਰ ਤੇਰੀ ਵਡਿਆਈਆ । ਰਾਤੀਂ ਸੁਤਿਆਂ ਵੇਖਾਂ ਤੇਰਾ ਹਾਲ, ਹਾਲ ਦੇਵਾਂ ਆਪਣਾ ਜਣਾਈਆ । ਮੇਰਾ ਪੂਰਾ ਹੋਇਆ ਸਵਾਲ, ਦੁੱਖ ਰਿਹਾ ਨਾ ਰਾਈਆ । ਜਿਧਰ ਵੇਖਾਂ ਸ਼ਾਹ ਹੁੰਦੇ ਦਿਸਣ ਕੰਗਾਲ, ਕੰਗਲਿਆਂ ਆਪਣਾ ਨਾਮ ਵਰਤਾਈਆ । ਮੈਨੂੰ ਭੁੱਲ ਗਿਆ ਆਪਣਾ ਤਾਲ, ਹਾਰ ਸ਼ਿੰਗਾਰ ਨਾ ਕੋਇ ਵਡਿਆਈਆ । ਬਿਨ ਭਗਤਾਂ ਪ੍ਰਭ ਸਾਚਾ ਕਰੇ ਨਾ ਕਿਸੇ ਨਾਲ ਪਿਆਰ, ਜੁਗ ਜੁਗ ਲਾਰਿਆਂ ਨਾਲ ਲੰਘਾਈਆ । ਮੈਂ ਨੇਤਰ ਸੁਰਮਾ ਪਾ ਪਾ ਗਈ ਹਾਰ, ਮੇਰੀ ਅੱਖ ਕੰਮ ਕਿਸੇ ਨਾ ਆਈਆ । ਇੱਟਾਂ ਗਾਰਾ ਢੌਂਦਿਆਂ ਕਰੇ ਪਿਆਰ, ਅੰਦਰ ਵੜ ਵੜ ਖ਼ੁਸ਼ੀ ਮਨਾਈਆ । ਮੈਂ ਚਲ ਵੇਖਣ ਆਈ ਵਿਹਾਰ, ਵਿਵਹਾਰੀ ਕੀ ਕੀ ਵਿਵਹਾਰ ਚਲਾਈਆ । ਹਰਿ ਸੰਗਤ ਅੱਖਰ ਬੋਲੇ ਸੋਹੰ ਮਹਾਰਾਜ ਸ਼ੇਰ ਸਿੰਘ ਜੈਕਾਰ, ਦੂਜਾ ਡਰ ਨਾ ਕਿਸੇ ਰਖਾਈਆ । ਜਿਨ੍ਹਾਂ ਮਿਲਿਆ ਪੁਰਖ ਅਕਾਲ, ਤਿਨ੍ਹਾਂ ਅਕਲ ਵੱਡੀ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਆਪਣੇ ਦਇਆ ਕਮਾਈਆ । ਏਥੇ ਸੇਵ ਕਮਾਵਾਂਗੀ । ਅੰਦਰ ਬਾਹਰ ਸਾਫ਼ ਕਰਾਵਾਂਗੀ । ਬਣ ਅਨਾਥ ਭੁੱਲ ਬਖ਼ਸ਼ਾਵਾਂਗੀ । ਜਨ ਭਗਤਾਂ ਨਿਭ ਜਾਏ ਸਾਥ, ਇਕੋ ਮੰਗ ਮੰਗਾਵਾਂਗੀ । ਮੈਂ ਸੁਣ ਕੇ ਧੁਰ ਦੀ ਗਾਥ, ਗਾ ਗਾ ਢੋਲਾ ਆਪਣਾ ਆਪ ਪਰਚਾਵਾਂਗੀ । ਦਸ ਚੇਤ ਦੀ ਸਾਚੀ ਰਾਤ, ਭਾਗਾਂ ਭਰੀ ਭਿੰਨੜੀ ਰੈਣ ਸੁਹਾਵਾਂਗੀ । ਸਚ ਦੁਆਰਿਉਂ ਮਿਲੇ ਦਾਤ, ਆਪਣੀ ਝੋਲੀ ਪਾਵਾਂਗੀ । ਦਰਸ ਕਰ ਕਮਲਾਪਾਤ, ਕਵਲ ਨੈਣ ਰੀਝਾਵਾਂਗੀ । ਹੌਲੀ ਹੌਲੀ ਕਰ ਕਰ ਬਾਤ, ਬਾਤਨ ਦੁੱਖ ਸੁਣਾਵਾਂਗੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਦੇਵੇ ਇਕ ਵਰ, ਭਗਤ ਦੁਆਰੇ ਆਪਣਾ ਪੀਆ ਮਨਾਵਾਂਗੀ ।

★ ੧੧ ਚੇਤ ੨੦੨੦ ਬਿਕਰਮੀ ਹਰਿ ਭਗਤ ਦਵਾਰ ਜੇਠੂਵਾਲ ★

ਲਛਮੀ ਕਹੇ ਮੇਰਾ ਚੁਕਿਆ ਝੇੜਾ, ਝਗੜਾ ਰਿਹਾ ਨਾ ਰਾਈਆ । ਮਿਹਰਵਾਨ ਮੇਰਾ ਬੱਧਾ ਬੇੜਾ, ਮਿਹਰ ਨਜ਼ਰ ਉਠਾਈਆ । ਧਰਮ ਦੁਆਰ ਰਖਾਇਆ ਖੇੜਾ, ਗ੍ਰਿਹ ਮੰਦਰ ਕਰ ਰੁਸ਼ਨਾਈਆ । ਜਨ ਭਗਤਾਂ ਵਖਾਇਆ ਖੁਲ੍ਹਾ ਵੇਹੜਾ, ਦਿਵਸ ਰੈਣ ਵੱਜੇ ਵਧਾਈਆ । ਓਥੇ ਨਾਤਾ ਜੁੜਿਆ ਮੇਰਾ ਤੇਰਾ, ਸੋਹੰ ਢੋਲਾ ਗਾਈਆ । ਨਜ਼ਰੀ ਆਇਆ ਪ੍ਰਭ ਨੇਰਨ ਨੇਰਾ, ਦੂਰ ਦੁਰਾਡਾ ਪੰਧ ਮੁਕਾਈਆ । ਕਰੇ ਕਰਾਏ ਹੱਕ ਨਬੇੜਾ, ਵੇਖਣਹਾਰਾ ਥਾਉਂ ਥਾਈਆ । ਨਿਰਗੁਣ ਹੋ ਪਾਇਆ ਫੇਰਾ, ਨਿਰਮਲ ਨੂਰ ਜੋਤ ਰੁਸ਼ਨਾਈਆ । ਸਾਚੇ ਦਰ ਲਗਾਇਆ ਡੇਰਾ, ਸਿੰਘਾਸਣ ਆਸਣ

ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਲਿਆ ਲਗਾਈਆ । ਮੇਰਾ ਲੇਖਾ ਗਿਆ ਲੱਗ, ਸੋ ਪੁਰਖ ਨਿਰੰਜਣ ਆਪ ਲਗਾਇਆ । ਮੇਰਾ ਛੁੱਟਾ ਵਿਛੋੜਾ ਰਹਿਣਾ ਅੱਡ, ਘਰ ਮੰਦਰ ਇਕ ਸੁਹਾਇਆ । ਭਗਤ ਦੁਆਰੇ ਲਿਆ ਸੱਦ, ਦਰ ਦਰਵਾਜਾ ਇਕ ਜਣਾਇਆ । ਪੰਧ ਮੁਕਾਇਆ ਭੱਜ ਭੱਜ, ਇਕ ਧਿਆਨ ਲਗਾਇਆ । ਦਰਸ਼ਨ ਵੇਖਾਂ ਰੱਜ ਰੱਜ, ਪਾਰਬ੍ਰਹਮ ਪ੍ਰਭ ਬੇਪਰਵਾਹਿਆ । ਸਚ ਸਿੰਘਾਸਣ ਬੈਠਾ ਸਜ, ਤਖ਼ਤ ਨਿਵਾਸੀ ਡੇਰਾ ਲਾਇਆ । ਪ੍ਰੇਮ ਪ੍ਰੀਤੀ ਨਾਲ ਜਾਵਾਂ ਬੱਝ, ਬੰਧਨ ਇਕੋ ਇਕ ਰਖਾਇਆ । ਸਾਚੇ ਹੁਜਰੇ ਕਰਾਂ ਹੱਜ, ਮਹਿਬੂਬ ਇਕੋ ਨਜ਼ਰੀ ਆਇਆ । ਸਤਿ ਸਰੂਪ ਹੋ ਕੇ ਰਿਹਾ ਗੱਜ, ਸ਼ਬਦ ਆਪਣੀ ਭਬਕ ਲਗਾਇਆ । ਮੇਰਾ ਪਰਦਾ ਲਿਆ ਕੱਜ, ਸਿਰ ਆਪਣਾ ਹੱਥ ਟਿਕਾਇਆ । ਮੈਂ ਲੰਘਣ ਆਈ ਹੱਦ, ਜਗਤ ਦੁਆਰਾ ਪਾਰ ਕਰਾਇਆ । ਜਿਸ ਮੰਦਰ ਹਰਿ ਭਗਤ ਬਹਿਣ ਸਜ, ਸੋ ਮੰਦਰ ਸੋਭਾ ਪਾਇਆ । ਮੈਂ ਖ਼ਾਲੀ ਝੋਲੀ ਲਈ ਅੱਡ, ਦੋਏ ਜੋੜ ਵਾਸਤਾ ਪਾਇਆ । ਪਤਿਪਰਮੇਸ਼ਵਰ ਕਿਉਂ ਪਿਛੇ ਆਇਉਂ ਛੱਡ, ਆਪਣਾ ਸੰਗ ਤਜਾਇਆ । ਮੈਨੂੰ ਬਿਰਹੋਂ ਲੱਗੀ ਅੱਗ, ਤੀਰ ਨਿਰਾਲਾ ਘਾਉ ਲਗਾਇਆ । ਵਿਛੋੜੇ ਅੰਦਰ ਗਈ ਮਘ, ਸਾਂਤਕ ਸਤਿ ਨਾ ਕੋਇ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਆਪਣੇ ਹੱਥ ਰਖਾਇਆ । ਤੇਰੀ ਕਰਨੀ ਵਡ ਮਿਹਰਵਾਨ, ਸਦਾ ਸਦਾ ਮੋਹੇ ਭਾਈਆ । ਬਾਲੀ ਬੁਧ ਮੈਂ ਅਣਜਾਣ, ਬੁੱਧੀ ਸਾਰ ਕੋਇ ਨਾ ਆਈਆ । ਸ਼ਾਹ ਪਾਤਸ਼ਾਹ ਸੱਚੇ ਸੁਲਤਾਨ, ਸ਼ਹਿਨਸ਼ਾਹ ਤੇਰੀ ਵਡਿਆਈਆ । ਮੈਂ ਜਾਤਾ ਮੇਰਾ ਜੋਬਨ ਮਹਾਨ, ਨੂਰ ਜ਼ਹੂਰ ਰੁਸ਼ਨਾਈਆ । ਬੇਪਰਵਾਹ ਹੋਇਉਂ ਬੇਪਹਿਚਾਨ, ਮੇਰੀ ਸਾਰ ਕੋਇ ਨਾ ਪਾਈਆ । ਕਲਜੁਗ ਅੰਤ ਜਨ ਭਗਤਾਂ ਉਤੇ

੧੧੦ ੧੪ ੧੧੦ ੧੪

ਹੋਇਉਂ ਮਿਹਰਵਾਨ, ਮਿਹਰ ਨਜ਼ਰ ਉਠਾਈਆ । ਆਪਣੀ ਕਿਰਪਾ ਦਿਤਾ ਦਾਨ, ਵਸਤ ਅਮੋਲਕ ਝੋਲੀ ਪਾਈਆ । ਭਗਤ ਦੁਆਰੇ ਹੋ ਪਰਧਾਨ, ਸਚ ਪਰਧਾਨਗੀ ਰਿਹਾ ਕਮਾਈਆ । ਮੇਰੇ ਨੈਣ ਹੋਏ ਹੈਰਾਨ, ਹਰਿ ਜੂ ਕੀ ਕੀ ਖੇਲ ਰਚਾਈਆ । ਮੇਰੇ ਬਸਤਰ ਭੂਸ਼ਨ ਲਾਲ, ਬੈਠੇ ਰੰਗ ਬਦਲਾਈਆ । ਕਰ ਕਿਰਪਾ ਕਰੀਂ ਪਰਵਾਨ, ਪਰਵਾਨਾ ਆਪਣਾ ਨਾਮ ਫੜਾਈਆ । ਚਰਨ ਕਵਲ ਬਖ਼ਸ਼ ਧਿਆਨ, ਮਿਲੇ ਸਰਨ ਸਰਨਾਈਆ । ਮੇਰਾ ਤੁਟਾ ਮਾਣ, ਨੈਣ ਅੱਖ ਸ਼ਰਮਾਈਆ । ਤੂੰ ਸਾਹਿਬ ਸ੍ਰੀ ਭਗਵਾਨ, ਬੇਅੰਤ ਤੇਰੀ ਵਡਿਆਈਆ । ਤੇਰੇ ਭਗਤਾਂ ਕਰ ਪਰਵਾਨ, ਪ੍ਰੇਮ ਪ੍ਰੀਤੀ ਨਿਭਾਈਆ । ਰਲ ਕੇ ਗਾਵਾਂ ਸੱਚਾ ਗਾਨ, ਸੋਹੰ ਢੋਲਾ ਲਾਈਆ । ਮੇਰਾ ਤੇਰਾ ਇਕ ਨਿਸ਼ਾਨ, ਨਿਸ਼ਾਨਾ ਇਕੋ ਨਜ਼ਰੀ ਆਈਆ । ਮੈਂ ਬਾਲੀ ਬੁਧ ਅਵਾਣ, ਤੂੰ ਬਖ਼ਸ਼ਣਹਾਰ ਅਖਵਾਈਆ । ਦਰ ਆਈ ਕਰ ਪਰਵਾਨ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਣਾ ਇਕ ਵਰ, ਮਿਹਰ ਨਜ਼ਰ ਉਠਾਈਆ । ਮਿਹਰਵਾਨ ਦੇਵੇ ਦਾਤ, ਦਾਨੀ ਦਇਆ ਕਮਾਇੰਦਾ । ਭਗਤਾਂ ਮਿਲਣਾ ਸਚ ਜਮਾਤ, ਮਾਰਗ ਇਕੋ ਇਕ ਜਣਾਇੰਦਾ । ਸੁਲੱਖਣੀ ਮਿਲਣਾ ਜਮਾਤ, ਕੁਲੱਖਣੀ ਰੂਪ ਨਾ ਕੋਇ ਵਖਾਇੰਦਾ । ਚਰਨ ਕਵਲ ਬੰਧਾਏ ਨਾਤ, ਨਾਤਾ ਬਿਧਾਤਾ ਜੋੜ ਜੁੜਾਇੰਦਾ । ਦਰਸ਼ਨ ਕਰ ਸਾਖਿਆਤ, ਸਾਹਿਬ ਸਤਿਗੁਰ ਨਜ਼ਰੀ ਆਇੰਦਾ । ਅੱਠੇ ਪਹਿਰ ਰੱਖੇ ਪਰਭਾਤ, ਦਿਵਸ ਰੈਣ ਨਾ ਵੰਡ ਵੰਡਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦੀ ਸ਼ਾਖ਼, ਸ਼ੌਹਰ ਇਕੋ ਇਕ ਅਖਵਾਇੰਦਾ । ਲੇਖਾ ਲਿਖਿਆ ਰਹੇ ਨਾ ਕਲਮ ਦਵਾਤ, ਸਭ ਦੇ ਲੇਖੇ ਲੇਖੇ ਪਾਇੰਦਾ । ਆਦਿ ਅੰਤ ਪੁੱਛੇ ਵਾਤ, ਨਿਤ ਨਵਿਤ ਵੇਖ ਵਖਾਇੰਦਾ । ਜਿਸ ਦੀ ਦੋ ਜਹਾਨ ਗੌਂਦਾ ਗਾਥ, ਪ੍ਰਭ ਚਰਨ ਧਿਆਨ ਲਗਾਇੰਦਾ ।

ਸੋ ਸਾਹਿਬ ਜਨ ਭਗਤਾਂ ਵਸੇ ਸਾਥ, ਵਿਛੜ ਕਦੇ ਨਾ ਜਾਇੰਦਾ । ਤੂੰ ਮੈਂ ਮਿਲਣਾ ਇਕੋ ਘਾਟ, ਸਚ ਦੁਆਰਾ ਵੇਖ ਹਾਟ, ਜਨ ਭਗਤਾਂ ਰੰਗ ਚੜ੍ਹਾਇੰਦਾ । ਨਾ ਕੋਈ ਜ਼ਾਤ ਨਾ ਕੋਈ ਪਾਤ, ਦੀਨ ਮਜ਼੍ਹਬ ਨਾ ਵੰਡ ਵੰਡਾਇੰਦਾ । ਦੇਵਣਹਾਰਾ ਅਗੰਮੀ ਦਾਤ, ਵਸਤ ਅਮੋਲਕ ਆਪ ਵਰਤਾਇੰਦਾ । ਅਗਲੀ ਪਿਛਲੀ ਜਾਣੇ ਗਾਥ, ਅਭੁਲ ਭੁੱਲ ਕਦੇ ਨਾ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਿਹਰ ਨਜ਼ਰ ਇਕ ਉਠਾਇੰਦਾ । ਲਛਮੀ ਵੇਖ ਭਗਤ ਦੁਆਰ, ਅੱਲਾ ਰਾਣੀ ਲਏ ਅੰਗੜਾਈਆ । ਹੌਕਾ ਭਰੇ ਮੁਹੰਮਦ ਯਾਰ, ਚਾਰ ਯਾਰੀ ਵਖਾਈਆ । ਈਸਾ ਖੋਲ੍ਹ ਨੈਣ ਕਿਵਾੜ, ਲੇਖ ਅਲੇਖ ਲਏ ਉਲਟਾਈਆ । ਮੂਸਾ ਵੇਖ ਸਚ ਦੀਦਾਰ, ਈਦ ਦੀਦ ਚੰਦ ਰੁਸ਼ਨਾਈਆ । ਰਸਨਾ ਕਹੇ ਬਿਨ ਰਸਨਾ ਪਰਵਰਦਿਗਾਰ, ਬੇਪਰਵਾਹ ਤੇਰੀ ਸਰਨਾਈਆ । ਜੁਗ ਚੌਕੜੀ ਖੇਲ ਅਪਾਰ, ਬੇਅੰਤ ਭੇਵ ਨਾ ਰਾਈਆ । ਜਿਵ ਲਛਮੀ ਦਿਤੀ ਤਾਰ, ਤਿਵ ਅਨਾਥਾਂ ਹੋਏ ਸਹਾਈਆ । ਚੌਦਾਂ ਸਦੀਆਂ ਗਈਆਂ ਹਾਰ, ਚੌਦਸ ਚੰਦ ਸ਼ਰਮਾਈਆ । ਚੌਦਾਂ ਤਬਕ ਹਾਹਾਕਾਰ, ਧੀਰਜ ਧੀਰ ਨਾ ਕੋਇ ਧਰਾਈਆ । ਅੱਲਾ ਰਾਣੀ ਨਾਰ ਮੁਟਿਆਰ, ਨਿਰਗੁਣ ਹੋ ਨਾ ਕਿਸੇ ਪਰਨਾਈਆ । ਲੱਭਦੀ ਫਿਰੇ ਆਪਣਾ ਘਰ ਬਾਰ, ਦਰਵਾਜਾ ਨਜ਼ਰ ਕੋਇ ਨਾ ਆਈਆ । ਸੁਣ ਸੰਦੇਸਾ ਹੋਈ ਖ਼ਬਰਦਾਰ, ਆਲਸ ਨਿੰਦਰਾ ਲਾਹੀਆ । ਲੋਕਮਾਤ ਪਰਗਟ ਹੋਇਆ ਪਰਵਰਦਿਗਾਰ, ਨੂਰੋ ਨੂਰ ਨੂਰ ਇਲਾਹੀਆ । ਆਦਿ ਜੁਗਾਦੀ ਸਾਂਝਾ ਯਾਰ, ਸਗਲਾ ਸੰਗ ਰਖਾਈਆ । ਡੁਬਦੇ ਪਾਥਰ ਲਏ ਤਾਰ, ਪਾਹਨ ਆਪਣਾ ਚਰਨ ਛੁਹਾਈਆ । ਏਥੇ ਓਥੇ ਬਣੇ ਮਦਦਗਾਰ, ਸਦਾ ਸੁਹੇਲਾ ਆਪ ਅਖਵਾਈਆ । ਦਰ ਦਰਵੇਸ਼ਾ ਸੁਣੇ ਪੁਕਾਰ, ਆਪਣਾ ਧਿਆਨ ਲਗਾਈਆ । ਨਰ ਨਰੇਸ਼ਾ ਹੋ ਉਜਿਆਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਦੇਣਾ ਸੱਚਾ ਵਰ, ਤੇਰੀ ਆਸ ਇਕ ਤਕਾਈਆ । ਅੱਲਾ ਰਾਣੀ ਖੋਲ੍ਹ ਅੱਖ, ਆਪਣਾ ਧਿਆਨ ਲਗਾਈਆ । ਜਿਧਰ ਵੇਖੇ ਚਾਰੋਂ ਕੰਨੀਆਂ ਸੱਖ, ਵਸਤ ਹੱਥ ਨਾ ਕੋਇ ਰਖਾਈਆ । ਨੇਤਰ ਨੀਰ ਵਰੋਲੇ ਅੱਥ, ਹੰਝੂਆਂ ਧਾਰ ਵਹਾਈਆ । ਪੀਰ ਪੈਗ਼ੰਬਰਾਂ ਹੋ ਗਈ ਬਸ, ਬਸਤਾ ਸਾਰੇ ਰਹੇ ਬੰਧਾਈਆ । ਕਲਮਾ ਪੜ੍ਹ ਕੇ ਗੌਂਦੇ ਰਹੇ ਗਥ, ਕਾਇਨਾਤ ਸ਼ਨਵਾਈਆ । ਬਣ ਬਰਦੇ ਚਰਨੀ ਰਹੇ ਢੱਠ, ਪਰਵਰਦਿਗਾਰ ਸੀਸ ਝੁਕਾਈਆ । ਹੁਕਮੇ ਅੰਦਰ ਰਹੇ ਨੱਠ, ਨਿਤ ਨਿਤ ਸੇਵ ਕਮਾਈਆ । ਅੱਖਰੀ ਨਾਮ ਜਗਤ ਰਟ, ਰੱਟਾ ਦੀਨ ਮਜ਼੍ਹਬ ਪਾਈਆ । ਸ਼ਰਅ ਸ਼ਰੀਅਤ ਖੋਲ੍ਹੀ ਹੱਟ, ਹਟਵਾਣੇ ਜਗਤ ਅਖਵਾਈਆ । ਹਰਿ ਕਾ ਖੇਲ ਬਾਜ਼ੀਗਰ ਨਟ, ਸਵਾਂਗੀ ਆਪਣਾ ਸਵਾਂਗ ਰਚਾਈਆ । ਮੈਂ ਸੁਣਿਆ ਸਾਹਿਬ ਦਾ ਸੱਚਾ ਜਸ, ਅੰਤਰ ਇਕ ਧਿਆਨ ਲਗਾਈਆ । ਪ੍ਰੇਮ ਅਵੱਲੜਾ ਦੇਵੇ ਰਸ, ਨਿਰਗੁਣ ਧਾਰ ਵਹਾਈਆ । ਪ੍ਰੇਮ ਪਿਆਰ ਕਰੇ ਹੱਸ, ਨਾਮ ਗਲਵੱਕੜੀ ਏਕਾ ਪਾਈਆ । ਮੈਂ ਜਾ ਕੇ ਚਰਨਾਂ ਜਾਵਾਂ ਢੱਠ, ਮਸਤਕ ਧੂੜੀ ਟਿੱਕਾ ਲਾਈਆ । ਮੈਂ ਪਿਛਲਾ ਚੁਕਿਆ ਹਠ, ਸਦਕਾ ਨਜ਼ਰ ਕੋਇ ਨਾ ਆਈਆ । ਦੋਏ ਦਿਖਾਵਾਂ ਖ਼ਾਲੀ ਹੱਥ, ਖ਼ਾਲਕ ਖ਼ਲਕ ਬੇਪਰਵਾਹੀਆ । ਕਿਰਪਾ ਕਰ ਪੁਰਖ ਸਮਰਥ, ਹੱਥ ਤੇਰੇ ਵਡਿਆਈਆ । ਮੇਰੀ ਸੁੱਕੀ ਸੱਚੀ ਰਤ, ਰਤੀ ਰਤ ਨਜ਼ਰ ਨਾ ਆਈਆ । ਪੀਰ ਪੈਗ਼ੰਬਰ ਦਸਤਗੀਰ ਦਿਓ ਇਕੋ ਮਤ, ਮਤਾ ਇਕੋ ਇਕ ਪਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਰਨੀ ਆਪਣੇ ਹੱਥ ਰਖਾਈਆ । ਪੀਰ ਪੈਗ਼ੰਬਰ ਦੇਵਣ ਮਤ, ਆਪਣਾ ਮਤਾ ਪਕਾਇਆ । ਪਰਵਰਦਿਗਾਰ ਹਕੀਕਤ ਵੇਖੇ ਹੱਕ, ਲਾਸ਼ਰੀਕ ਭੇਵ ਚੁਕਾਇਆ । ਜਲਵਾ

ਨੂਰ ਲਏ ਤੱਕ, ਤਾਰੀਕ ਅੰਧੇਰ ਮਿਟਾਇਆ । ਸਾਡੇ ਉਤੇ ਪੈ ਗਿਆ ਸ਼ੱਕ, ਹੁਣ ਸਕੇ ਨਾ ਕੋਇ ਚੁਕਾਇਆ । ਜਾ ਕੇ ਆਪਣਾ ਹਾਲ ਦੱਸ, ਦਰਦੀ ਦਰਦ ਵੰਡਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਇਆ । ਪੀਰ ਪੈਗੰਬਰੋ ਮੈਂ ਜਾਵਾਂਗੀ । ਕਲਮਾ ਨਬੀ ਇਕੋ ਵਜਾਵਾਂਗੀ । ਕਰ ਸਜਦਾ ਸੀਸ ਝੁਕਾਵਾਂਗੀ । ਬਣ ਬਰਦਾ ਸੇਵ ਕਮਾਵਾਂਗੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸੱਚਾ ਵਰ, ਦਰ ਜਾ ਕੇ ਅਲੱਖ ਜਗਾਵਾਂਗੀ । ਦਰਗਹਿ ਸਾਚੀ ਜਾਊਂਗੀ । ਨੇਤਰ ਨੈਣਾਂ ਨੀਰ ਵਹਾਊਂਗੀ । ਚੌਦਾਂ ਸਦੀਆਂ ਦਾ ਹਾਲ ਸੁਣਾਊਂਗੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਦੇਵੇ ਇਕ ਵਰ, ਘਰ ਬਹਿ ਬਹਿ ਸ਼ੁਕਰ ਮਨਾਊਂਗੀ । ਮੈਂ ਸਾਚਾ ਸ਼ੁਕਰ ਮਨਾਵਾਂਗੀ । ਜਿਸ ਵੇਲੇ ਦਰਸ਼ਨ ਪਾਵਾਂਗੀ । ਅਗਨੀ ਤਪਸ਼ ਬੁਝਾਵਾਂਗੀ । ਆਬੇ ਹਯਾਤ ਪੀ, ਤ੍ਰਿਸ਼ਨਾ ਭੁੱਖ ਮਿਟਾਵਾਂਗੀ । ਸੱਚੇ ਸਾਹਿਬ ਨੂੰ ਕਹਿ ਕੇ ਜੀ, ਜੀਵਣ ਮੁਕਤ ਕਰਾਵਾਂਗੀ । ਪ੍ਰੇਮ ਪਿਆਲਾ ਇਕੋ ਪੀ, ਸਬਰ ਸਬੂਰੀ ਇਕੋ ਝੋਲੀ ਪਾਵਾਂਗੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਵੇ ਨਾਮ ਵਰ, ਘਰ ਸਾਚੇ ਬਹਿ ਕੇ ਢੋਲਾ ਗਾਵਾਂਗੀ । ਪਰਵਰਦਿਗਾਰ ਖੇਲ ਕਰਾਇੰਦਾ । ਧੁਰ ਦੀ ਧਾਰ ਆਪ ਚਲਾਇੰਦਾ । ਕਲਮਾ ਨਬੀ ਆਪ ਸੁਣਾਇੰਦਾ । ਰਸੂਲ ਇਕੋ ਇਕ ਵਡਿਆਇੰਦਾ । ਅਸੂਲ ਇਕੋ ਇਕ ਬਣਾਇੰਦਾ । ਕਾਤਲ ਮਕਤੂਲ ਖੇਲ ਕਰਾਇੰਦਾ । ਜ਼ਾਹਰਾ ਜ਼ਹੂਰ ਖੇਲ ਖਲਾਇੰਦਾ । ਅੱਲਾ ਰਾਣੀ ਹੁਕਮ ਮਨਾਇੰਦਾ । ਸੁਘੜ ਸਵਾਣੀ ਆਪ ਉਠਾਇੰਦਾ । ਧੁਰ ਦੀ ਬਾਣੀ ਰਾਗ ਅਲਾਇੰਦਾ । ਅੰਮ੍ਰਿਤ ਰਸ ਪਾਣੀ ਜਾਮ ਪਿਆਇੰਦਾ । ਅਗੰਮ ਅਥਾਹ ਹਾਣੀ, ਇਕੋ ਨਜ਼ਰੀ ਆਇੰਦਾ । ਸ਼ਹਿਨਸ਼ਾਹ ਹਰਿ ਸ਼ਾਹ ਪਾਤਸ਼ਾਹ ਅਖਵਾਇੰਦਾ । ਰਹਿਬਰ ਬਣ ਖ਼ੁਦਾ, ਖ਼ੁਦੀ ਸਭ ਦੀ ਮੇਟ ਮਿਟਾਇੰਦਾ । ਸਦਾ ਸੁਹੇਲਾ ਕਦੇ ਨਾ ਹੋਵੇ ਜੁਦਾ, ਦੂਜੀ ਵੰਡ ਨਾ ਕੋਇ ਵੰਡਾਇੰਦਾ । ਜੋ ਚਰਨ ਕਵਲ ਹੋਏ ਫ਼ਿਦਾ, ਫ਼ੈਸਲਾ ਹੱਕ ਹੱਕ ਸੁਣਾਇੰਦਾ । ਆਪਣਾ ਮਾਰਗ ਦੱਸੇ ਸਿਧਾ, ਭਗਤ ਦਵਾਰਾ ਇਕ ਸੁਹਾਇੰਦਾ । ਪ੍ਰਭ ਮਿਲਣ ਦੀ ਸਾਚੀ ਬਿਧਾ, ਪਾਰਬ੍ਰਹਮ ਆਪ ਜਣਾਇੰਦਾ । ਆਪਣਾ ਲੈ ਲਓ ਆ ਕੇ ਹਿੱਸਾ, ਵੰਡ ਸਭ ਦੀ ਝੋਲੀ ਪਾਇੰਦਾ । ਅੰਜੀਲ ਕੁਰਾਨ ਜਿਸ ਦਾ ਗਾਇਆ ਚਿੱਠਾ, ਸੋ ਧੁਰ ਸੰਦੇਸ ਅਲਾਇੰਦਾ । ਕਰਵਟ ਬਦਲ ਬਦਲੇ ਪਿੱਠਾ, ਅੰਗੜਾਈ ਆਪਣੀ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ ਇਕ ਜਣਾਇੰਦਾ । ਸਚ ਸੰਦੇਸਾ ਸ੍ਰੀ ਭਗਵਾਨ, ਭਗਵਨ ਆਪ ਜਣਾਈਆ । ਦਰ ਔਣਾ ਹੋਏ ਪਰਵਾਨ, ਜੋ ਦਰ ਦਰਵਾਜੇ ਸੀਸ ਝੁਕਾਈਆ । ਲੇਖਾ ਪੜ੍ਹੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾਤਾ ਬਿਧਾਤਾ ਜੋੜ ਜੁੜਾਈਆ । ਸਜਦਾ ਸੀਸ ਝੁਕ ਕਰੇ ਸਲਾਮ, ਧੂੜੀ ਟਿੱਕਾ ਮਸਤਕ ਲਾਈਆ । ਦਰਵੇਸ਼ ਬਰਦਾ ਬਣੇ ਗ਼ੁਲਾਮ, ਗੁਰਬਤ ਰਹੇ ਨਾ ਰਾਈਆ । ਨੇਤਰ ਨੈਣ ਕਰੇ ਧਿਆਨ, ਅੱਖ ਪਲਕ ਨਾ ਕੋਇ ਵਡਿਆਈਆ । ਨਜ਼ਰੀ ਆਏ ਸ੍ਰੀ ਭਗਵਾਨ, ਬੇਨਜ਼ੀਰ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸਾ ਆਪ ਸੁਣਾਈਆ । ਧੁਰ ਸੰਦੇਸਾ ਸੁਣ ਏਕ, ਏਕਾ ਇਕ ਸਮਝਾਈਆ । ਅੱਲਾ ਰਾਣੀ ਰਹੀ ਵੇਖ, ਨੇਤਰ ਨੈਣ ਉਠਾਈਆ । ਪਰਵਰਦਿਗਾਰ ਧਰਿਆ ਕਵਣ ਭੇਖ, ਅਵੱਲੜਾ ਰੂਪ ਵਟਾਈਆ । ਕਿਸੇ ਹੱਥ ਨਾ ਆਇਆ ਮੁਲਾਂ ਸ਼ੇਖ਼, ਮੁਸਾਇਕ ਦੇਣ ਦੁਹਾਈਆ । ਮੁਰੀਦ ਮੁਰਸ਼ਦ ਕਰੇ ਸਾਚਾ ਹੇਤ, ਆਪ ਆਪਣਾ ਰੰਗ ਰੰਗਾਈਆ । ਕਾਇਆ ਮੰਦਰ ਅੰਦਰ ਰਿਹਾ ਖੇਡ, ਸਾਢੇ ਤਿੰਨ ਹੱਥ

ਦਏ ਵਡਿਆਈਆ । ਸ਼ਬਦ ਸੰਦੇਸਾ ਇਕੋ ਭੇਜ, ਆਲਸ ਨਿੰਦਰਾ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਦਇਆ ਕਮਾਈਆ । ਅੱਲਾ ਰਾਣੀ ਕਹੇ ਮੈਂ ਦਰ ਦਰਵਾਜਾ ਲੰਘਾਂਗੀ । ਵਸਤ ਅਮੋਲਕ ਇਕ ਮੰਗਾਂਗੀ । ਦਰ ਜਾ ਕੇ ਮੂਲ ਨਾ ਸੰਗਾਂਗੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸੱਚਾ ਵਰ, ਕਰ ਦਰਸ ਸਾਚੇ ਰੱਜਾਂਗੀ । ਦਰ ਇਕੋ ਮੰਗ ਮੰਗਾਂਵਾਂਗੀ । ਪਿਛਲੀ ਆਦਤ ਸਰਬ ਬਦਲਾਵਾਂਗੀ । ਇਕੋ ਢੋਲਾ ਗਾਵਾਂਗੀ । ਸਹੀ ਸਲਾਮਤ ਵੇਖ ਸ਼ੁਕਰ ਮਨਾਵਾਂਗੀ । ਆਪਣਾ ਆਪ ਕਰ ਅਮਾਨਤ, ਸਭ ਕੁਛ ਭੇਟ ਚੜ੍ਹਾਵਾਂਗੀ । ਜੇ ਹੋਏ ਬੇਪਹਿਚਾਨਤ, ਨੇਤਰ ਰੋ ਰੋ ਵਾਸਤਾ ਪਾਵਾਂਗੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਦੇਵੇ ਇਕ ਵਰ, ਦਰ ਮੰਗਣ ਸੱਚਾ ਜਾਵਾਂਗੀ । ਮੁਹੰਮਦ ਉਠ ਦੇ ਸਲਾਹ, ਕਿਉਂ ਬੈਠਾ ਨੈਣ ਸ਼ਰਮਾਇਆ । ਈਸਾ ਉਠ ਵੇਖ ਰਾਹ, ਰਹਿਬਰ ਇਕ ਖ਼ੁਦਾਇਆ । ਮੂਸਾ ਵੇਖ ਬੇਪਰਵਾਹ, ਮੁਫ਼ਲਸਾਂ ਪਾਰ ਕਰਾਇਆ । ਮੁਰੀਦਾਂ ਭਾਰ ਰਿਹਾ ਉਠਾ, ਮੁਰਸ਼ਦ ਸੇਵ ਕਮਾਇਆ । ਰਹਿਮਤ ਕਰ ਆਪ ਖ਼ੁਦਾ, ਮਿਹਰ ਨਜ਼ਰ ਕਰੀਮ ਟਿਕਾਇਆ । ਉਲਫ਼ਤ ਦੇਵੇ ਦੋ ਜਹਾਂ, ਹਰਿਜਨ ਲੇਖੇ ਲਾਇਆ । ਗ਼ਫ਼ਲਤ ਸਭ ਦੀ ਦੇਵੇ ਗਵਾ, ਗਹਿਰ ਗੰਭੀਰ ਖ਼ੁਦਾਇਆ । ਉਜਰਤ ਕੋਈ ਨਾ ਲਏ ਲਗਾ, ਮੁਫ਼ਤ ਆਪਣਾ ਨਾਮ ਲੁਟਾਇਆ । ਜਿਸ ਦੇ ਕਲਮੇ ਆਏ ਗਾ, ਰਸਨਾ ਜਿਹਵਾ ਮੇਲ ਮਿਲਾਇਆ । ਸੋ ਲੇਖਾ ਜਾਣੇ ਦੋ ਜਹਾਂ, ਨਿਰਗੁਣ ਸਰਗੁਣ ਫੇਰਾ ਪਾਇਆ । ਹਰਿਜਨ ਸਾਚੇ ਰਿਹਾ ਸਮਝਾ, ਸਮਝ ਰਮਜ਼ ਮਿਲਾਇਆ । ਜਿਸ ਨੂੰ ਕਹਿੰਦੇ ਰਹੇ ਨੂਰੀ ਖ਼ੁਦਾ, ਅਰਸ਼ ਕੁਰਸ਼ ਸਮਾਇਆ । ਕਲਜੁਗ ਅੰਤ ਹੋਇਆ ਆਪ ਬੇਵਫ਼ਾ, ਵਫ਼ਾਦਾਰੀ ਸਭ ਦੀ ਦਏ ਭੁਲਾਇਆ । ਨਾਲੇ ਮੁਲਜ਼ਮ ਨਾਲੇ ਬਣੇ ਗਵਾਹ, ਸਧਰਾਂ ਪੂਰ ਨਾ ਕੋਇ ਕਰਾਇਆ । ਮੱਕਾ ਕਾਅਬਾ ਦਿਤਾ ਵਡਿਆ, ਜਗਤ ਹੁਜਰਾ ਹੱਜ ਕਰਾਇਆ । ਸ਼ਰਅ ਸ਼ਰੀਅਤ ਵਿਚ ਫਸਾ, ਫ਼ਰਦ ਜੁਰਮ ਇਕ ਲਗਾਇਆ । ਵੇਖੋ ਸਾਰੇ ਏਕਾ ਰਾਹ, ਉਂਗਲਾਂ ਨਾਲ ਰਿਹਾ ਜਣਾਇਆ । ਤੁਹਾਨੂੰ ਦੱਸਦਾ ਰਿਹਾ ਖ਼ੁਦਾ, ਹਿੰਦੂਆਂ ਰਾਮ ਨਜ਼ਰੀ ਆਇਆ । ਜੇ ਕੋਈ ਲੱਭੇ ਲੱਭੇ ਨਾ ਕਿਸੇ ਥਾਂ, ਮੰਦਰ ਮਸੀਤਾਂ ਖ਼ਾਲੀ ਰਿਹਾ ਵਖਾਇਆ । ਮੈਂ ਵੇਖ ਕੇ ਆਈ ਉਹ ਕਰੇ ਸਚ ਨਿਆਂ, ਤਖ਼ਤ ਨਿਵਾਸੀ ਸਾਚੇ ਤਖ਼ਤ ਸੋਭਾ ਪਾਇਆ । ਦੋਜ਼ਖ਼ ਨਰਕ ਵਖਾਏ ਜਿਨ੍ਹਾਂ ਖ਼ਾਦੀ ਸੂਰ ਗਾਂ, ਪੈਗ਼ੰਬਰ ਗੁਰ ਕੋਇ ਨਾ ਹੋਏ ਸਹਾਇਆ । ਜੇ ਕੋਈ ਮੇਲੇ ਮੇਲ ਅੱਗੇ ਹੋ ਕੇ ਪਕੜੇ ਬਾਂਹ, ਸਾਰੇ ਕਰਨ ਨਾਂਹ, ਸ਼ੇਰ ਹੋ ਕੇ ਰਿਹਾ ਡਰਾਇਆ । ਚੌਦਾਂ ਤਬਕ ਨਾ ਲੱਭੇ ਥਾਂ, ਚਾਰੋਂ ਕੁੰਟ ਚੰਦ ਨਜ਼ਰ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭੇਵ ਅਭੇਦਾ ਆਪਣੇ ਵਿਚ ਛੁਪਾਇਆ । ਪੀਰ ਪੈਗ਼ੰਬਰੋ ਪੜ੍ਹੋ ਤਕਬੀਰ, ਤਕਵਾ ਇਕ ਰਖਾਈਆ । ਵੇਖੋ ਨਿਰਗੁਣ ਸਤਿ ਤਸਵੀਰ, ਮੁਸੱਵਰ ਸਕੇ ਨਾ ਕੋਇ ਬਣਾਈਆ । ਜਿਸ ਦੀ ਰਹਿਮਤ ਬੇਨਜ਼ੀਰ, ਜ਼ਹਿਮਤ ਨੇੜ ਕੋਇ ਨਾ ਆਈਆ । ਬਣਾ ਅਹਿਮਕ ਸਭ ਨੂੰ ਬੰਧੇ ਨਾਲ ਜ਼ੰਜੀਰ, ਸ਼ਰਅ ਨਾਲ ਕੁੜਮਾਈਆ । ਆਪਣੇ ਹੱਥ ਰੱਖਿਆ ਅਖ਼ੀਰ, ਅਕਲ ਆਕਲ ਨਾ ਕੋਇ ਚਤੁਰਾਈਆ । ਮੈਂ ਵੇਖ ਹੋਈ ਦਿਲਗੀਰ, ਧੀਰਜ ਧੀਰ ਨਾ ਕੋਇ ਰਖਾਈਆ । ਜਿਸ ਘੱਲੇ ਪੈਗ਼ੰਬਰ ਪੀਰ, ਹੁਕਮੀ ਹੁਕਮ ਮਨਾਈਆ । ਲੇਖਾ ਜਾਣੇ ਸ਼ਾਹ ਹਕੀਰ, ਸ਼ਹਿਨਸ਼ਾਹ ਇਕੋ ਇਕ ਵਡਿਆਈਆ । ਗ਼ਰੀਬ ਨਿਮਾਣਿਆਂ ਕੱਟੇ ਭੀੜ, ਦੁਖੀਆਂ ਦੁੱਖ ਵੰਡਾਈਆ । ਮੈਂ ਵੇਖਾਂ ਇਕੋ ਪੀਰ, ਪੀਰ ਪੀਰਾਂ ਸਿਰ ਅਖਵਾਈਆ । ਮੇਰੀ ਬਦਲ ਦੇਵੇ ਤਕਦੀਰ, ਮਿਹਰ

ਨਜ਼ਰ ਉਠਾਈਆ । ਲੱਛਮੀ ਗਲ ਪਾਈ ਜਿਸ ਜ਼ੰਜੀਰ, ਗਹਿਣਾ ਇਕੋ ਇਕ ਵਖਾਈਆ । ਮੇਰੀ ਲੱਤਾਂ ਬਾਂਹਵਾਂ ਮਾਰੇ ਜ਼ੰਜੀਰ, ਮੇਰਾ ਉਜ਼ਰ ਨਾ ਚਲੇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਲੇਖੇ ਲਾਈਆ । ਪ੍ਰਭ ਲੇਖਾ ਅੰਤ ਮੁਕਾਵੇਗਾ । ਹਰ ਘਟ ਨਜ਼ਰੀ ਆਵੇਗਾ । ਜੀਵ ਜੰਤ ਸਰਬ ਤਰਾਵੇਗਾ । ਗੁਰ ਅਵਤਾਰਾਂ ਪਾਰ ਲਗਾਵੇਗਾ । ਪੀਰ ਪੈਗ਼ੰਬਰ ਨਾਲ ਮਿਲਾਵੇਗਾ । ਸ਼ਰਅ ਜ਼ੰਜੀਰ ਕੱਟ ਵਖਾਵੇਗਾ । ਤਦਬੀਰ ਆਪਣੀ ਇਕ ਜਣਾਵੇਗਾ । ਸ਼ਾਹ ਹਕੀਰ ਜੋੜ ਜੁੜਾਵੇਗਾ । ਪਿਛਲੀ ਲਕੀਰ ਮੇਟ ਮਿਟਾਵੇਗਾ । ਸਾਚੀ ਦੇ ਕੇ ਧੀਰ, ਦਰ ਬਹਾਵੇਗਾ । ਭਗਤ ਜਾਨਣ ਆਪਣੇ ਵੀਰ, ਦੂਜਾ ਸਾਕ ਨਾ ਕੋਈ ਰਖਾਵੇਗਾ । ਜਿਸ ਬਖ਼ਸ਼ੇ ਅੰਮ੍ਰਿਤ ਸੀਰ, ਠੰਡਾ ਠਾਰ ਕਰਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਖੇਲ ਆਪ ਕਰਾਵੇਗਾ । ਪ੍ਰਭ ਜਿਸ ਵੇਲੇ ਦਇਆ ਕਮਾਏਗਾ । ਮਿਹਰ ਨਜ਼ਰ ਉਠਾਏਗਾ । ਮੇਰੀ ਕੀਤੀ ਭੁੱਲ ਬਖ਼ਸ਼ਾਏਗਾ । ਨਿਰਗੁਣ ਜੋਤ ਅਤੀਤੀ ਬੇਪਰਤੀਤੀ ਪਰਤੀਤ ਬੰਧਾਏਗਾ । ਜਗਤ ਮਸੀਤ ਪੱਲਾ ਛੁਡਾਏਗਾ । ਲਾਸ਼ਰੀਕ ਦਰਸ ਦਿਖਾਏਗਾ । ਹੋ ਨਜ਼ਦੀਕ ਨਜ਼ਰੀ ਆਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਵਣ ਵੇਲੇ ਪੰਧ ਮੁਕਾਏਗਾ । ਕਲਜੁਗ ਅੰਤਮ ਪੰਧ ਮੁੱਕੇਗਾ । ਹਰਿ ਕਾ ਭਾਣਾ ਕਦੇ ਨਾ ਰੁਕੇਗਾ । ਗ਼ਰੀਬ ਨਿਮਾਣਿਆਂ ਆਪਣੀ ਗੋਦੀ ਚੁਕੇਗਾ । ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਨਿਰਗੁਣ ਹੋ ਕਦੇ ਨਾ ਲੁਕੇਗਾ । ਕਲਜੁਗ ਅੰਤਮ ਜੂਠ ਝੂਠ ਜੜ੍ਹ ਆਪਣੀ ਹੱਥੀਂ ਪੁੱਟੇਗਾ । ਸ਼ਾਹ ਸੁਲਤਾਨਾਂ ਮੂਧਾ ਠੂਠਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਦਰ ਘਰ ਘਰ ਸਭ ਨੂੰ ਪੁਛੇਗਾ । ਕੀ ਸਾਥੋਂ ਪੁੱਛਣ ਆਏਂਗਾ । ਪ੍ਰਭ ਕਵਣ ਹੁਕਮ ਜਣਾਏਂਗਾ । ਕਵਣ ਲੇਖਾ ਕੱਢ ਵਖਾਏਂਗਾ । ਭਰਮ ਭੁਲੇਖਾ ਕੱਢ ਠੀਕ ਜਣਾਏਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਆਪ ਆਪਣੇ ਰੰਗ ਰੰਗਾਏਗਾ । ਮੈਂ ਉਸ ਨੂੰ ਰੰਗ ਰੰਗਾਵਾਂਗਾ । ਜਿਸ ਨੂੰ ਭਗਤਾਂ ਨਾਲ ਮਿਲਾਵਾਂਗਾ । ਭਗਤ ਦੁਆਰੇ ਸੋਭਾ ਪਾਵਾਂਗਾ । ਸਚ ਸਿੰਘਾਸਣ ਇਕ ਵਖਾਵਾਂਗਾ । ਪੁਰਖ ਅਬਿਨਾਸ਼ਣ ਰੂਪ ਵਟਾਵਾਂਗਾ । ਪ੍ਰਿਥਮੀ ਅਕਾਸ਼ਨ ਵੇਖ ਵਖਾਵਾਂਗਾ । ਮੰਡਲ ਰਾਸਨ ਰਾਸ ਰਚਾਵਾਂਗਾ । ਗੋਪੀ ਕਾਹਨ ਬਣ ਨਚਾਵਾਂਗਾ । ਮਹੱਲ ਅਟੱਲ ਇਕ ਰੁਸ਼ਨਾਵਾਂਗਾ । ਬਿਨ ਤੇਲ ਬਾਤੀ ਦੀਪ ਇਕ ਜਗਾਵਾਂਗਾ । ਬਣ ਸਾਕੀ ਜਾਮ ਪਿਆਵਾਂਗਾ । ਰੂਹ ਬੁੱਤ ਨਾ ਪੰਜ ਤੱਤ ਖ਼ਾਕੀ, ਸਾਬਤ ਸੂਰਤ ਆਪ ਵਖਾਵਾਂਗਾ । ਅੱਗੇ ਰਹੇ ਨਾ ਕੋਇ ਆਕੀ, ਅਕਲ ਸਭ ਦੀ ਆਪ ਭੁਲਾਵਾਂਗਾ । ਲਹਿਣਾ ਦੇਣਾ ਦੇਵਾਂ ਬਾਕੀ, ਪਿਛਲਾ ਹਿਸਾਬ ਚੁਕਾਵਾਂਗਾ । ਜੇ ਕੋਈ ਕਹੇ ਉਚੀ ਜਾਤੀ, ਤਿਸ ਖ਼ਾਕੀ ਖ਼ਾਕ ਰਲਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਆਪ ਵਡਿਆਵਾਂਗਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਿਨ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਆਤਮ ਪਰਮਾਤਮ ਜੋੜ ਜੁੜਾਵਾਂਗਾ ।

★ ੧੨ ਚੇਤ ੨੦੨੦ ਬਿਕਰਮੀ ਹਰਿ ਭਗਤ ਦਵਾਰ ਜੇਠੂਵਾਲ ★

ਹਰਿ ਭਗਤ ਤੇਰਾ ਭਗਤੀ ਭਾਉ, ਹਰਿ ਇਕੋ ਇਕ ਵਖਾਈਆ । ਸਦਾ ਪ੍ਰਭ ਮਿਲਣ ਦਾ ਰਹੇ ਚਾਉ, ਚਾਉ ਘਨੇਰਾ ਇਕ ਜਣਾਈਆ ।

ਪਾਰਬ੍ਰਹਮ ਪ੍ਰਭ ਬੇਪਰਵਾਹੋ, ਜੁਗ ਜੁਗ ਆਪਣਾ ਖੇਲ ਕਰਾਈਆ । ਜਨ ਭਗਤ ਉਠਾਏ ਫੜ ਫੜ ਬਾਹੋਂ, ਨਿਰਗੁਣ ਸਰਗੁਣ ਸੇਵ ਕਮਾਈਆ । ਨਿਥਾਵਿਆਂ ਦੇਵੇ ਸਾਚਾ ਥਾਉਂ, ਚਰਨ ਕਵਲ ਸਰਨਾਈਆ । ਗੁਰਮੁਖ ਬਾਲਕ ਵੇਖੇ ਬਣ ਪਿਤਾ ਮਾਉਂ, ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਭਗਤ ਦਇਆ ਕਮਾਈਆ । ਪ੍ਰਭ ਮਿਲਣ ਦੀ ਭਗਤ ਆਸ, ਭਗਤੀ ਧਿਆਨ ਲਗਾਈਆ । ਜਨਮ ਕਰਮ ਦੀ ਬੁੱਝੇ ਪਿਆਸ, ਬਰਨ ਜ਼ਾਤ ਰਹਿਣ ਨਾ ਪਾਈਆ । ਕਲਜੁਗ ਮੇਟੇ ਅੰਧੇਰੀ ਰਾਤ, ਚੰਦ ਇਕੋ ਨੂਰ ਰੁਸ਼ਨਾਈਆ । ਦਰਸ ਦਿਖਾਏ ਸਾਖਿਆਤ, ਰੂਪ ਅਨੂਪ ਜਣਾਈਆ । ਸੋਵਤ ਜਾਗਤ ਪੁਛੇ ਵਾਤ, ਆਲਸ ਨਿੰਦਰਾ ਨਾ ਕੋਇ ਰਖਾਈਆ । ਇਕੋ ਦੱਸੇ ਆਪਣੀ ਗਾਥ, ਢੋਲਾ ਨਾਮ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਕਰਾਈਆ । ਭਗਤ ਭਗਵਾਨ ਇਕੋ ਆਸ, ਦੂਜੀ ਆਸ ਨਾ ਕੋਇ ਰਖਾਈਆ । ਅੰਤਰ ਅੰਤਰ ਬੁਝੇ ਪਿਆਸ, ਬਾਹਰ ਬਸੰਤਰ ਨਾ ਕੋਇ ਲਗਾਈਆ । ਰਸ ਰਸੀਆ ਦੇਵੇ ਇਕ ਮਿਠਾਸ, ਸ਼ੰਕਰ ਖੰਡ ਤੁਲ ਨਾ ਰਾਈਆ । ਸਦਾ ਸੁਹੇਲਾ ਵਸੇ ਪਾਸ, ਦਿਵਸ ਰੈਣ ਵਿਛੜ ਨਾ ਜਾਈਆ । ਸਾਚਾ ਕਰੇ ਹਾਸ ਬਲਾਸ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਵਾਨ ਵੇਖ ਵਖਾਈਆ । ਭਗਤਨ ਸਦਾ ਇਕੋ ਮੰਗ, ਆਤਮ ਪਰਮਾਤਮ ਮੇਲ ਮਿਲਾਈਆ । ਸਚ ਸੁਹੰਜਣੀ ਸੇਜ ਸੋਹੇ ਪਲੰਘ, ਫੂਲਣ ਬਰਖਾ ਆਪ ਲਗਾਈਆ । ਕੰਤ ਕੰਤੂਹਲ ਦਰ ਦਰਵਾਜਾ ਆਏ ਲੰਘ, ਘਰ ਸੱਜਣ ਫੇਰਾ ਪਾਈਆ । ਨਿਜ ਰਸੀਆ ਦੇਵੇ ਨਿਜ ਅਨੰਦ, ਪਰਮਾਨੰਦ ਵਿਚ ਸਮਾਈਆ । ਪ੍ਰੇਮ ਪਿਆਰ ਵਿਚ ਵੇਖੇ ਹੱਸ, ਸੋਹੰ ਹੰਸਾ ਰਾਗ ਅਲਾਈਆ । ਅਗੰਮੀ ਭਗਤੀ ਦੇਵੇ ਦੱਸ, ਜਗਤ ਭਗਤੀ ਨਾ ਕੋਇ ਸਿਖਾਈਆ । ਸਚ ਸੁਨੇਹੜਾ ਆਪਣਾ ਦੱਸ, ਬਣ ਪਾਂਧੀ ਪੰਧ ਮੁਕਾਈਆ । ਭਗਤ ਭਗਵਾਨ ਇਕ ਦੂਜੇ ਦੇ ਦੋਵੇਂ ਵਸ, ਇਕੱਲਾ ਕੰਮ ਕੋਇ ਨਾ ਆਈਆ । ਜੁਗ ਚੌਕੜੀ ਹੋਏ ਇਕੱਠ, ਇਕ ਇਕ ਲੇਖਾ ਆਪ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਭਗਤ ਭਗਵਾਨ ਇਕੋ ਰਾਹ, ਰਹਿਬਰ ਅਵਰ ਨਾ ਕੋਇ ਜਣਾਇਆ । ਨਿਰਗੁਣ ਸਰਗੁਣ ਮੇਲ ਮਿਲਾ, ਮਿਲ ਆਪਣਾ ਮੰਗਲ ਗਾਇਆ । ਜੋਤ ਨਿਰੰਜਣ ਤੇਲ ਚੜ੍ਹਾ, ਆਦਿ ਨਿਰੰਜਣ ਸਗਨ ਮਨਾਇਆ । ਸਾਚਾ ਖੇੜਾ ਦਏ ਵਸਾ, ਝੂਠਾ ਝੇੜਾ ਆਪ ਮੁਕਾਇਆ । ਖੁਲ੍ਹਾ ਵੇਹੜਾ ਦਏ ਕਰਾ, ਕੂੜੀ ਕਿਰਿਆ ਬਾਹਰ ਕਢਾਇਆ । ਸੰਤ ਸੁਹੇਲੇ ਲਏ ਉਠਾ, ਗੁਰ ਚੇਲੇ ਰੰਗ ਰੰਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਜਣਾਇਆ । ਭਗਵਾਨ ਭਗਤ ਇਕੋ ਮੰਦਰ, ਦਰਵਾਜਾ ਨਜ਼ਰ ਕਿਸੇ ਨਾ ਆਇੰਦਾ । ਇਕ ਦੂਜੇ ਦੇ ਵੜਨ ਅੰਦਰ, ਔਂਦਾ ਜਾਂਦਾ ਨਜ਼ਰ ਕੋਇ ਨਾ ਆਇੰਦਾ । ਉਚੀ ਕੂਕ ਕੂਕ ਗਾਇਣ ਅੰਦਰੇ ਅੰਦਰ ਆਤਮ ਪਰਮਾਤਮ ਧਿਆਨ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਵਾਨ ਇਕੋ ਘਰ ਵਸਾਇੰਦਾ । ਭਗਤ ਭਗਵਾਨ ਘਰ ਇਕ ਵਸੇਰਾ, ਵਿਛੜ ਕਦੇ ਨਾ ਜਾਈਆ । ਜ਼ਾਤ ਪਾਤ ਕਰੇ ਨਬੇੜਾ, ਵਰਨਾਂ ਬਰਨਾਂ ਪੰਧ ਮੁਕਾਈਆ । ਸਾਚੀ ਸਰਨਾ ਬੰਨ੍ਹੇ ਬੇੜਾ, ਆਪਣੇ ਕੰਧ ਉਠਾਈਆ । ਕਰਾਵਣਹਾਰਾ ਹੱਕ ਨਬੇੜਾ, ਹਕੀਕਤ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਵਨ ਲੇਖਾ ਲੇਖੇ ਪਾਈਆ । ਭਗਤ ਭਗਵਾਨ ਇਕੋ ਵੰਡ, ਵੰਡਣਹਾਰਾ ਆਪ ਵੰਡਾਈਆ । ਭਗਤ ਭਗਵਾਨ ਇਕ

ਦੂਜੇ ਨੂੰ ਪਾਵਣ ਠੰਡ, ਵਿਛੋੜਾ ਅਗਨ ਬੁਝਾਈਆ । ਭਗਤ ਭਗਵਾਨ ਆਤਮ ਪਰਮਾਤਮ ਸਚ ਅਨੰਦ, ਬੱਤੀ ਦੰਦ ਨਾ ਕੋਇ ਸਾਲਾਹੀਆ । ਭਗਤ ਭਗਵਾਨ ਦਾ ਗੀਤ ਅੰਦਰ ਛੰਦ, ਸੋਹਲਾ ਇਕ ਦ੍ਰਿੜਾਈਆ । ਭਗਤ ਭਗਵਾਨ ਚੁੱਕੇ ਪੰਧ, ਅੱਧਵਾਟੇ ਫੇਰਾ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਹੋਏ ਸਹਾਈਆ । ਭਗਤ ਭਗਵਾਨ ਇਕੋ ਆਸਾ, ਤ੍ਰਿਸ਼ਨਾ ਹੋਰ ਨਾ ਕੋਇ ਜਣਾਇੰਦਾ । ਭਗਤ ਭਗਵਾਨ ਸਚ ਭਰਵਾਸਾ, ਭਾਂਡਾ ਭਰਮ ਭੰਨਾਇੰਦਾ । ਭਗਤ ਭਗਵਾਨ ਦਾਸੀ ਦਾਸਾ, ਬਣ ਸੇਵਕ ਸੇਵ ਕਮਾਇੰਦਾ । ਭਗਤ ਭਗਵਾਨ ਸਾਚਾ ਰਾਖਾ, ਸਿਰ ਆਪਣਾ ਹੱਥ ਟਿਕਾਇੰਦਾ । ਭਗਤ ਭਗਵਾਨ ਦੇਵੇ ਦਾਤਾ, ਵਸਤ ਅਮੋਲਕ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਆਪ ਕਮਾਇੰਦਾ । ਭਗਤ ਭਗਵਾਨ ਸਾਚਾ ਜੋੜਾ, ਹਰਿ ਜੋੜੀ ਆਪ ਜੁੜਾਇੰਦਾ । ਭਗਤ ਭਗਵਾਨ ਆਪੇ ਬੋਹੜਾ, ਨਿਰਗੁਣ ਸਰਗੁਣ ਵੇਖ ਵਖਾਇੰਦਾ । ਭਗਤ ਭਗਵਾਨ ਲੇਖ ਲਿਖ ਕੇ ਦੇਵੇ ਕੋਰਾ, ਕਲਮ ਸ਼ਾਹੀ ਨਾ ਕੋਇ ਰਖਾਇੰਦਾ । ਭਗਤ ਭਗਵਾਨ ਲਹਿਣਾ ਚੁੱਕੇ ਮੇਰਾ ਤੇਰਾ, ਤੇਰਾ ਮੇਰਾ ਪਰਦਾ ਨਾ ਕੋਇ ਰਖਾਇੰਦਾ । ਭਗਤ ਭਗਵਾਨ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ ਸਾਚੀ ਕਰਨੀ ਆਪ ਕਮਾਇੰਦਾ । ਭਗਤ ਭਗਵਾਨ ਸੱਜਣ ਸਾਕ, ਸਾਕਾ ਆਪਣਾ ਆਪ ਜਣਾਈਆ । ਭਗਤ ਭਗਵਾਨ ਭਵਿਖਤ ਵਾਕ, ਦਾਤਾ ਦਾਨੀ ਦਏ ਜਣਾਈਆ । ਭਗਤ ਭਗਵਾਨ ਸੱਚਾ ਨਾਤ, ਨਾਤਾ ਬਿਧਾਤਾ ਵੇਖ ਵਖਾਈਆ । ਭਗਤ ਭਗਵਾਨ ਮੇਟੇ ਅੰਧੇਰੀ ਰਾਤ, ਸਤਿਗੁਰ ਸਾਚਾ ਚੰਦ ਚੜ੍ਹਾਈਆ । ਭਗਤ ਭਗਵਾਨ ਰਹਿਣ ਨਾ ਨਾਰ ਕਮਜ਼ਾਤ, ਬੁਧ ਬਬੇਕੀ ਰੂਪ ਵਖਾਇੰਦਾ । ਭਗਤ ਭਗਵਾਨ ਮੇਲ ਮਿਲਾਵਾ ਕਮਲਾਪਾਤ, ਕਵਲ ਨੈਣ ਡਗਮਗਾਇੰਦਾ । ਭਗਤ ਭਗਵਾਨ ਇਕ ਦੂਜੇ ਨੂੰ ਕਹਿਣ ਸ਼ਾਬਾਸ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਖੇਲ ਆਪ ਕਰਾਇੰਦਾ । ਸਾਚਾ ਖੇਲ ਕਰੇ ਜਗਦੀਸ਼, ਜਗਦੀਸ਼ਰ ਹੱਥ ਵਡਿਆਈਆ । ਜੁਗ ਚੌਕੜੀ ਪੀਸਣ ਲਿਆ ਪੀਸ, ਆਦਿ ਜੁਗਾਦਿ ਜੁਗਾ ਜੁਗੰਤਰ ਜਨ ਭਗਤ ਚੱਕੀ ਨਾਮ ਚਲਾਈਆ । ਨਿਤ ਨਵਿਤ ਕਰ ਕਰ ਹਿੱਤ ਦੇ ਨਾਮ ਹਦੀਸ, ਨਿਸ਼ਅੱਖਰ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭਗਵਨ ਲੇਖਾ ਝੋਲੀ ਪਾਈਆ । ਭਗਤ ਭਗਵਾਨ ਲੇਖ ਇਕ, ਏਕਾ ਵਾਰ ਜਣਾਇਆ । ਭਗਤ ਭਗਵਾਨ ਭੇਖ ਇਕ, ਏਕਾ ਰਾਹ ਦਰਸਾਇਆ । ਭਗਤ ਭਗਵਾਨ ਖੇਡ ਇਕ, ਖਲਾਰੀ ਇਕੋ ਇਕ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਾਰ ਕਮਾਇਆ । ਭਗਤ ਭਗਵਾਨ ਨਿਤ ਉਡੀਕਾਂ, ਨੈਣ ਨੈਣ ਧਿਆਨ ਲਗਾਈਆ । ਭਗਤ ਭਗਵਾਨ ਨਾ ਕੋਇ ਸ਼ਰੀਕਾ, ਸ਼ਿਰਕਤ ਵਿਚ ਕਦੇ ਨਾ ਕੋਇ ਆਈਆ । ਭਗਤ ਭਗਵਾਨ ਇਕ ਤੌਫ਼ੀਕਾ, ਤੌਫ਼ੀਕ ਨੂਰ ਖ਼ੁਦਾਈਆ । ਭਗਤ ਭਗਵਾਨ ਇਕ ਹਦੀਸਾ, ਮੁਰੀਦ ਮੁਰਸ਼ਦ ਕਰੇ ਪੜ੍ਹਾਈਆ । ਭਗਤ ਭਗਵਾਨ ਲੇਖਾ ਜਾਣੇ ਜੀਵ ਜੀ ਕਾ, ਅਗੰਮ ਅਗੋਚਰ ਬੇਪਰਵਾਹ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਵਾਨ ਰੰਗ ਵਖਾਈਆ । ਭਗਤ ਭਗਵਾਨ ਭਗਤੀ ਵਿਚੋਲਾ, ਨਿਰਗੁਣ ਸਰਗੁਣ ਮੇਲ ਮਿਲਾਇੰਦਾ । ਪੰਜ ਤੱਤ ਕਾਇਆ ਚੁੱਕੇ ਡੋਲਾ, ਕੰਧ ਆਪਣੇ ਭਾਰ ਉਠਾਇੰਦਾ । ਪੂਰਬ ਲੇਖਾ ਪੂਰ ਕਰੇ ਕੌਲਾ, ਕੀਤਾ ਕੌਲ ਭੁੱਲ ਨਾ ਜਾਇੰਦਾ । ਜਨ ਭਗਤਾਂ ਕੋਲੋਂ ਕੋਈ ਨਾ ਰੱਖੇ ਉਹਲਾ, ਪਰਦਾ ਆਪਣਾ

ਆਪ ਚੁਕਾਇੰਦਾ । ਧੁਰ ਸੰਦੇਸ ਸੁਣਾਏ ਢੋਲਾ, ਸੋਹੰ ਰਾਗ ਅਲਾਇੰਦਾ । ਸਭ ਦਾ ਕਰੇ ਭਾਰ ਹੌਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸ਼ਬਦ ਅਗੰਮੀ ਇਕ ਪਰਮਾਣ, ਧੁਰ ਸੰਦੇਸਾ ਦੇਵੇ ਆਣ, ਨਰ ਨਰੇਸ਼ਾ ਖੇਲ ਕਰਾਇੰਦਾ ।

## ★ ੧੩ ਚੇਤ ੨੦੨੦ ਬਿਕਰਮੀ ਹਰਿ ਭਗਤ ਦਵਾਰ ਜੇਠੂਵਾਲ ★

ਗੁਰ ਨਾਨਕ ਕਹੇ ਮੈਂ ਹੋਇਆ ਖ਼ੁਸ਼, ਗੁਰ ਗੋਬਿੰਦ ਮਿਲੀ ਵਡਿਆਈਆ । ਗੋਬਿੰਦ ਕਹੇ ਪੁਰਖ ਅਕਾਲ ਮੈਨੂੰ ਲਿਆ ਪੁੱਛ, ਭੇਵ ਅਭੇਦ ਜਣਾਈਆ । ਜਿਨ੍ਹਾਂ ਪਿਛੇ ਵਾਰਿਆ ਸਭ ਕੁਛ, ਮਾਣ ਅਭਿਮਾਨ ਗਵਾਈਆ । ਨਿਰਗੁਣ ਹੋ ਜੋ ਗਏ ਰੁਸ, ਨਿਰਗੁਣ ਭੇਵ ਨਾ ਰਾਈਆ । ਜਿਨ੍ਹਾਂ ਕੋਲ ਨਹੀਂ ਕੁਛ, ਖ਼ਾਲੀ ਹੱਥ ਦਸਾਈਆ । ਤਿਨ੍ਹਾਂ ਸਾਹਿਬ ਵੇਖੇ ਝੁਕ, ਨਿਝ ਆਪਣਾ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਨਾਨਕ ਕਹੇ ਮੇਰੀ ਆਸਾ ਪੂਰ, ਪੂਰੀ ਆਸ ਕਰਾਈਆ । ਗੋਬਿੰਦ ਕਹੇ ਪ੍ਰਭ ਮਿਲਿਆ ਜ਼ਰੂਰ, ਜ਼ਰੂਰਤ ਕੋਇ ਰਹਿਣ ਨਾ ਪਾਈਆ । ਭਗਤ ਕਹੇ ਸਭ ਨਾਤਾ ਕੂੜ, ਬਿਨ ਹਰਿ ਸੰਗ ਨਾ ਕੋਇ ਰਖਾਈਆ । ਕਬੀਰ ਕਹੇ ਨਾ ਜਾਣੋ ਦੂਰ, ਘਟ ਘਟ ਰਿਹਾ ਸਮਾਈਆ । ਸ਼ਮਸ ਕਹੇ ਸੱਚਾ ਨੂਰ, ਜ਼ਹੂਰ ਇਕ ਰੁਸ਼ਨਾਈਆ । ਮੁਰਸ਼ਦ ਕਹੇ ਮੁਰੀਦ ਰਹੇ ਨਾ ਕੋਇ ਮਫ਼ਰੂਰ, ਵੇਖਣਹਾਰਾ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਰਚਾਈਆ । ਨਾਨਕ ਕਹੇ ਮੋਹੇ ਚੜ੍ਹਿਆ ਚਾਅ, ਸਚਖੰਡ ਵੱਜੀ ਵਧਾਈਆ । ਗੋਬਿੰਦ ਕਹੇ ਪ੍ਰਭ ਮਿਲਿਆ ਮਲਾਹ, ਬੇੜਾ ਆਪਣੇ ਕੰਧ ਉਠਾਈਆ । ਕਬੀਰ ਕਹੇ ਨਿਥਾਵਿਆਂ ਦੇਵੇ ਥਾਂ, ਮਿਹਰਵਾਨ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲ ਆਪਣੀ ਆਪ ਧਰਾਈਆ । ਨਾਨਕ ਕਹੇ ਮੇਰੀ ਆਸਾ ਪੁਨੀ, ਪ੍ਰਭ ਪੂਰੀ ਆਸ ਕਰਾਈਆ । ਗੋਬਿੰਦ ਕਹੇ ਹਰਿ ਪਾਇਆ ਵਡ ਗੁਣ ਗੁਣੀ, ਗਹਿਰ ਗੰਭੀਰ ਸੱਚਾ ਸ਼ਹਿਨਸ਼ਾਹੀਆ । ਕਬੀਰ ਕਹੇ ਭਗਤਾਂ ਪੁਕਾਰ ਸੁਣੀ, ਚਲ ਆਇਆ ਸੱਚਾ ਮਾਹੀਆ । ਲੱਖ ਚੁਰਾਸੀ ਛਾਣ ਪੁਣੀ, ਜੀਵ ਜੰਤ ਵੇਖ ਵਖਾਈਆ । ਪੀਰ ਪੈਗ਼ੰਬਰਾਂ ਲੇਖਾ ਚੁਕਾਇਆ ਉਨੀ, ਮਾਣ ਤਾਣ ਕੋਇ ਰਹਿਣ ਨਾ ਪਾਈਆ । ਸਾਰੇ ਕਹਿਣ ਪਾਰਬ੍ਰਹਮ ਪਤਿਪਰਮੇਸ਼ਵਰ ਇਕ ਇਕੱਲਾ ਬਣਿਆ ਖ਼ੂਨੀ, ਨਾਮ ਖੰਡਾ ਹੱਥ ਚਮਕਾਈਆ । ਲਹਿਣਾ ਦੇਣ ਚੁਕੌਂਦਾ ਜਾਏ ਜੂਨੀ, ਭੇਵ ਕੋਇ ਨਾ ਆਈਆ । ਜਨ ਭਗਤਾਂ ਰੋਟੀ ਦਾਲ ਖੁਆਵੇ ਅਲੂਣੀ, ਪ੍ਰੇਮ ਰਸ ਵਿਚ ਭਰਾਈਆ । ਆਤਮਾ ਕੋਈ ਨਾ ਰਹੇ ਊਣੀ, ਜਿਸ ਆਪਣੇ ਅੰਗ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਨਾਨਕ ਕਹੇ ਮੈਂ ਦਿਤਾ ਮੌਕਾ, ਉਚੀ ਕੂਕ ਸੁਣਾਇਆ । ਗੋਬਿੰਦ ਕਹੇ ਮੈਂ ਦਿਤਾ ਮੌਕਾ, ਇਕੋ ਢੱਯਾ ਵੰਡ ਵੰਡਾਇਆ । ਕਬੀਰ ਕਹੇ ਪ੍ਰਭ ਮਾਰਗ ਦੱਸਿਆ ਸੌਖਾ, ਸਾਚਾ ਰਾਹ ਚਲਾਇਆ । ਜੁਗ ਚੌਕੜੀ ਜੋ ਸੁੱਤਾ ਰਿਹਾ ਲਾ ਕੇ ਢੌਂਕਾ, ਕਰਵਟ ਸਕੇ ਨਾ ਕੋਇ ਬਦਲਾਇਆ । ਜਿਸ ਦੇ ਪਿਛੇ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਪੋਚਿਆ ਚੌਂਕਾ, ਕਾਇਆ ਮਾਟੀ ਪੋਚ ਪੋਚਾਇਆ । ਜਿਸ ਨੂੰ ਆਦਿ ਸ਼ਕਤ ਅੱਲਾ ਰਾਣੀ ਕਹੇ ਮੈਂ ਖ਼ੌਂਤ ਹੰਢਾਵਾਂ ਨਾਲ ਸ਼ੌਂਕਾ, ਖ਼ਾਵੰਦ

ਬਣੇ ਬੇਪਰਵਾਹਿਆ । ਮਿਹਰਵਾਨ ਹੋ ਕੇ ਮੇਰੇ ਹੱਥ ਨਾਲ ਛੁਹਾਏ ਪੌਂਚਾ, ਦਸਤ ਬਦਸਤ ਖੇਲ ਕਰਾਇਆ । ਨਾਮ ਨੱਯਾ ਵਖਾਏ ਨੌਕਾ, ਸਮੁੰਦ ਸਾਗਰ ਗਹਿਰ ਗਵਰ ਭੇਵ ਚੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹਿਆ । ਨਾਨਕ ਕਹੇ ਮੈਂ ਖੋਲ੍ਹੀ ਅੱਖ, ਨੈਣ ਇਕ ਉਲਟਾਇਆ । ਗੋਬਿੰਦ ਕਹੇ ਪ੍ਰਭ ਆਇਆ ਪਰਤੱਖ, ਪੁਰਖ ਅਕਾਲ ਫੇਰਾ ਪਾਇਆ । ਮੇਰੀ ਕਰਨੀ ਲਈ ਰੱਖ, ਕੀਤਾ ਕੌਲ ਭੁੱਲ ਨਾ ਜਾਇਆ । ਗੁਰਮੁਖ ਸਾਚੇ ਕੀਤੇ ਵੱਖ, ਵੱਖਰਾ ਰਾਹ ਚਲਾਇਆ । ਸਾਚੀ ਸੇਵਾ ਇਕੋ ਦੱਸ, ਆਪਣਾ ਸੰਗ ਨਿਭਾਇਆ । ਜੁਗ ਚੌਕੜੀ ਜੋ ਆਪਣੇ ਅੰਦਰ ਰੱਖੇ ਡੱਕ, ਕਲਜੁਗ ਅੰਤ ਮਾਣਸ ਜਨਮ ਦਿਵਾਇਆ । ਗੁਰ ਅਵਤਾਰਾਂ ਕਿਸੇ ਨਾ ਰਹੇ ਸ਼ੱਕ, ਸ਼ਹਿਨਸ਼ਾਹ ਪਰਦਾ ਰਿਹਾ ਉਠਾਇਆ । ਕਰੇ ਨਬੇੜਾ ਸਦਾ ਹੱਕ, ਹਕੀਕਤ ਵੇਖੇ ਥਾਉਂ ਥਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਰੰਗਾਇਆ । ਨਾਨਕ ਕਹੇ ਮੇਰੀ ਹੋਈ ਹੱਦ, ਹਾਜ਼ਰ ਹੋ ਜਣਾਈਆ । ਗੋਬਿੰਦ ਕਹੇ ਘਰ ਲਿਆ ਸੱਦ, ਪ੍ਰਭ ਦਾਤਾ ਬੇਪਰਵਾਹੀਆ । ਨਾਤਾ ਜੋੜਿਆ ਬਿਨ ਪੰਜ ਤੱਤ ਕਾਇਆ ਹੱਡ, ਰਕਤ ਬੂੰਦ ਨਾ ਕੋਇ ਮਿਲਾਈਆ । ਗੁਰਸਿਖ ਸੱਜਣ ਜੋ ਪਿਛੇ ਗਿਆ ਛੱਡ, ਅੰਤ ਉਨ੍ਹਾਂ ਮੇਲ ਮਿਲਾਈਆ । ਪਾਰ ਕਰਾਈ ਵਿਸ਼ਕਰਮਾ ਹੱਦ, ਨਿਹਕਰਮੀ ਖੇਲ ਖਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਨਾਨਕ ਕਹੇ ਪ੍ਰਭ ਵੇਖਿਆ ਦਾਤਾ, ਅਨਮੰਗੀ ਵਸਤ ਝੋਲੀ ਪਾਇੰਦਾ । ਗੋਬਿੰਦ ਕਹੇ ਸਦ ਵਸੇ ਸਾਥਾ, ਵਿਛੜ ਕਦੇ ਨਾ ਜਾਇੰਦਾ । ਕਬੀਰ ਕਹੇ ਹੋਏ ਸਹਾਈ ਨਾਥ ਅਨਾਥਾ, ਗ਼ਰੀਬ ਨਿਮਾਣੇ ਗਲੇ ਲਗਾਇੰਦਾ । ਸਚਖੰਡ ਦੁਆਰੇ ਪਿਆ ਹਾਸਾ, ਸ੍ਰੀ ਭਗਵਾਨ ਖੇਲ ਵਖਾਇੰਦਾ । ਉਠੋ ਵੇਖੋ ਸਰਬ ਤਮਾਸ਼ਾ, ਸ਼ਾਹ ਪਾਤਸ਼ਾਹ ਆਪ ਕਰਾਇੰਦਾ । ਜਿਸ ਦੀਆਂ ਗੁਰ ਅਵਤਾਰ ਪੀਰ ਪੈਗ਼ੰਬਰ ਸ਼ਾਖ਼ਾਂ, ਕਿਰਨ ਕਿਰਨ ਭਗਤ ਵਖਾਇੰਦਾ । ਸੋ ਸਾਹਿਬ ਦੇਵਣਹਾਰ ਸਦਾ ਭਰਵਾਸਾ, ਧੁਰ ਸੰਦੇਸ਼ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਨਾਨਕ ਕਹੇ ਆਇਆ ਵੇਲਾ, ਜਿਸ ਵੇਲੇ ਰਾਹ ਤਕਾਈਆ । ਗੋਬਿੰਦ ਕਹੇ ਕਰੇ ਖੇਲ ਗੁਰੂ ਗੁਰ ਚੇਲਾ, ਗੁਰ ਰੂਪ ਵਟਾਈਆ । ਕਬੀਰ ਕਹੇ ਪ੍ਰਭ ਭਗਤਾਂ ਹੋਏ ਮੇਲਾ, ਮਿਲਣੀ ਜਗਦੀਸ਼ ਕਰਾਈਆ । ਸ੍ਰੀ ਭਗਵਾਨ ਕਹੇ ਮੈਂ ਸੱਜਣ ਸੁਹੇਲਾ, ਸਗਲਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਾਰ ਕਮਾਈਆ । ਨਾਨਕ ਕਹੇ ਗੋਬਿੰਦ ਵੇਖ, ਗੋਬਿੰਦ ਕਹੇ ਨਾਨਕ ਤੇਰੀ ਵਡਿਆਈਆ । ਕਬੀਰ ਕਹੇ ਪ੍ਰਭ ਕਰੇ ਹੇਤ, ਆਪਣਾ ਮੇਲ ਮਿਲਾਈਆ । ਇਕ ਚਾਰ ਸੁਹੰਜਣੀ ਚੇਤ, ਚੌਦਸ ਚੌਦਾਂ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਚੌਦਾਂ ਚੇਤ ਵੀਹ ਸੌ ਵਜੇ, ਦੋ ਹਜ਼ਾਰ ਸਮਝਾਈਆ । ਦੋ ਹਜ਼ਾਰ ਨਵ ਖੰਡ ਪ੍ਰਿਥਮੀ ਵਿਚੋਂ ਇਕੋ ਵਾਰ ਕਰੇ ਸੱਚੇ, ਇਕ ਨਾਲ ਹੋਰ ਦੋ ਦੋ ਜ਼ਬਰ ਜ਼ਬਰ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਖੇਲ ਕਰ, ਸਭ ਦਾ ਲੇਖਾ ਆਪਣੇ ਵਿਚ ਲੁਕਾਈਆ । ਚੌਦਾਂ ਚੇਤ ਪ੍ਰਭ ਹੋ ਚੁਕੰਨਾਂ, ਚੌਦਾਂ ਲੋਕ ਫੇਰਾ ਪਾਈਆ । ਚੌਦਾਂ ਤਬਕ ਫਿਰੇ ਭੰਨਾਂ, ਭੱਜ ਭੱਜ ਪੰਧ ਮੁਕਾਈਆ । ਤੀਰਥ ਤੱਟ ਕਰੇ ਅੰਨ੍ਹਾ, ਨੇਤਰ ਨੈਣ ਨਾ ਕੋਇ ਖੁਲ੍ਹਾਈਆ । ਗੁਰਦਰ ਮੰਦਰ ਸ਼ਿਵਦੁਆਲੇ ਮੱਠ ਖ਼ਾਲੀ ਕਰੇ ਛੱਪਰ ਛੰਨਾਂ, ਵਸਤ ਕਿਸੇ ਘਰ ਰਹਿਣ ਨਾ ਪਾਈਆ । ਮੁੜ ਕੇ ਆਏ ਲੰਘ ਕੇ ਸਾਰਿਆਂ ਬੰਨਾਂ, ਬੰਨਾਂ ਦੇਵੇ ਸਭ ਦਾ ਢਾਹੀਆ । ਕਰੇ

ਖੇਲ ਸ੍ਰੀ ਭਗਵਨਾ, ਭਗਤ ਦੁਆਰਾ ਵੇਖ ਵਖਾਈਆ । ਸੇਵਾ ਕਰੇ ਗੁਜਰੀ ਚੰਨਾਂ, ਚੰਦ ਚੰਨ ਨੂਰ ਰੁਸ਼ਨਾਈਆ । ਪੁਰਖ ਅਕਾਲ ਇਕੋ ਮੰਨਾ, ਮਨਸਾ ਪੂਰ ਵਖਾਈਆ । ਬੁੱਢਾ ਹੋਇਆ ਉਠ ਕੇ ਆਵੇ ਨਾਲ ਜੱਟ ਧੰਨਾ, ਪਿਛਲੀ ਕੀਤੀ ਯਾਦ ਕਰਾਈਆ । ਨਾਮਾ ਕਹੇ ਮੈਂ ਸੁਣਿਆ ਕੰਨਾਂ, ਭਗਤਾਂ ਮਿਲੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਚੌਦਾਂ ਚੇਤਰ ਸਾਰੇ ਰਹੋ ਤਿਆਰ, ਤਿਆਰੀ ਹਰਿ ਕਰਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਆਦਿ ਸ਼ਕਤ ਹੋਏ ਖ਼ਬਰਦਾਰ, ਚਤੁਰਭੁਜ ਨਾਲ ਮਿਲਾਇੰਦਾ । ਗੁਰ ਅਵਤਾਰ ਉਠਾਲ, ਪੀਰ ਪੈਗ਼ੰਬਰ ਰਾਹ ਵਖਾਇੰਦਾ । ਭਗਤ ਭਗਵੰਤ ਵੇਖੇ ਲਾਲ, ਸੰਤ ਸਾਜਣ ਆਪ ਜਗਾਇੰਦਾ । ਗੁਰਮੁਖਾਂ ਜਣਾਏ ਆਪਣਾ ਹਾਲ, ਗੁਰਸਿਖਾਂ ਆਪ ਉਠਾਇੰਦਾ । ਸੇਵਾ ਕਰੇ ਦੀਨ ਦਿਆਲ, ਦਇਆਨਿਧ ਭੇਵ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਣਾ ਹੁਕਮ ਸੁਣਾਇੰਦਾ । ਵੀਹ ਸੌ ਵਜੇ ਸਾਰੇ ਔਣਗੇ । ਭਗਤ ਦੁਆਰੇ ਦਰਸ਼ਨ ਪੌਣਗੇ । ਦਰ ਦਰਵਾਜੇ ਬਾਹਰ, ਸਾਢੇ ਤਿੰਨ ਹੱਥ ਡੇਰਾ ਲੌਣਗੇ । ਦੋਏ ਜੋੜ ਸੀਸ ਝੁਕੌਣਗੇ । ਚਰਨ ਲਗ ਪਰਦਾ ਲੌਹਣਗੇ । ਬੁਝੇ ਅੱਗ, ਦੀਨ ਮਜ਼੍ਹਬ ਸ਼ਰਅ ਮਿਟੌਣਗੇ । ਕਲਮਾ ਇਕੋ ਹੱਕ, ਰਾਮ ਰਹੀਮ ਸੁਣੌਣਗੇ । ਜਿਸ ਨੂੰ ਵੇਂਹਦਿਆਂ ਗਏ ਥੱਕ, ਦਰ ਓਸ ਦਾ ਦਰਸ਼ਨ ਪੌਣਗੇ । ਵੇਖ ਖੇਲ ਪੁਰਖ ਸਮਰਥ, ਗਲ ਪੱਲੂ ਸਾਰੇ ਪੌਣਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦਰ ਸਾਚਾ ਇਕ ਸੁਹੌਣਗੇ । ਦਰ ਦਰਵਾਜਾ ਸਾਢੇ ਤਿੰਨ ਹੱਥ, ਬਾਹਰ ਵੰਡ ਵੰਡਾਈਆ । ਵਿਸ਼ਨ ਬ੍ਰਹਮਾ ਸ਼ਿਵ ਗੁਰ ਅਵਤਾਰ ਹੋਇਆ ਇਕੱਠ, ਭਗਤ ਭਗਵਾਨ ਢੋਲਾ ਗੌਣਗੇ । ਸਾਰੇ ਮੰਗਣ ਇਕੋ ਵੱਥ, ਝੋਲੀ ਖ਼ਾਲੀ ਸਰਬ ਵਖੌਣਗੇ । ਪਿਛਲੀ ਕੀਤੀ ਦਿਤੀ ਛੱਡ, ਝਗੜਾ ਸਭ ਮਿਟੌਣਗੇ । ਜੁਗ ਜੁਗ ਰਹੇ ਤੈਥੋਂ ਅੱਡ, ਪਿਛਲਾ ਪੰਧ ਮੁਕੌਣਗੇ । ਇਕ ਵਖਾਲ ਆਪਣੀ ਹੱਦ, ਸਾਚੀ ਮੰਗ ਮੰਗੌਣਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦਰ ਇਕੋ ਇਕ ਦਰਸੌਣਗੇ । ਸ੍ਰੀ ਭਗਵਾਨ ਉਠੇਗਾ । ਗੁਰ ਗੋਬਿੰਦ ਕੋਲੋਂ ਪੁਛੇਗਾ । ਕੀ ਸਿਰ ਤੇ ਭਾਰ ਚੁੱਕੇਂਗਾ । ਸ਼ਰਮਸ਼ਾਰ ਹੋ ਨਾ ਲੁਕੇਂਗਾ । ਗ਼ਰੀਬ ਨਿਮਾਣਿਆਂ ਕੋਲੋਂ ਪੁਛੇਂਗਾ । ਦੀਨ ਦਿਆਲ ਹੋ ਕੇ ਤੁਠੇਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸ਼ੇਰ ਹੋ ਕੇ ਬੁਕੇਂਗਾ । ਵੀਹ ਸੌ ਵੇਲਾ ਵਕਤ ਸੁਹਾਣਾ, ਸੋਹਣੀ ਰੁੱਤ ਸੁਹਾਈਆ । ਕਿਰਪਾ ਕਰੇ ਸ੍ਰੀ ਭਗਵਾਨਾ, ਭਗਵਨ ਆਪਣੀ ਕਾਰ ਕਮਾਈਆ । ਦਰ ਦਰਵਾਜਿਉਂ ਬਾਹਰ ਸੁਣੇ ਅਗੰਮੀ ਗਾਣਾ, ਬਿਨ ਰਸਨਾ ਜਿਹਵਾ ਰਹੇ ਸੁਣਾਈਆ । ਅੰਦਰ ਵਰਤੇ ਆਪਣਾ ਭਾਣਾ, ਭੀਤਰ ਭੇਵ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਕਾਰ ਸਾਚੀ ਆਪਣੀ ਦਏ ਜਣਾਈਆ । ਬਾਹਰ ਖਲੋਵੇ ਹੋ ਤਿਆਰ, ਤ੍ਰੈਗੁਣ ਅਤੀਤਾ ਆਪ ਜਣਾਈਆ । ਅੰਦਰ ਹਰਿ ਜੂ ਕਰੇ ਕਾਰ, ਗੋਬਿੰਦ ਮਾਣ ਵਡਿਆਈਆ । ਤਨ ਬਸਤਰ ਪਹਿਨ ਸ਼ਿੰਗਾਰ, ਪੀਲਾ ਰੰਗ ਚੜ੍ਹਾਈਆ । ਸਿਰ ਤੇ ਚੁੱਕੇ ਖ਼ਾਕੀ ਮਿਟੀ ਭਾਰ, ਭਾਰ ਸਵਾ ਸਵਾ ਅਖਵਾਈਆ । ਪੰਜ ਫੇਰੇ ਮਾਰੇ ਵਾਰੋ ਵਾਰ, ਆਪ ਆਪਣਾ ਪੰਧ ਮੁਕਾਈਆ । ਦਰ ਦਰਵਾਜਾ ਵੇਖ ਅੱਧਵਿਚਕਾਰ, ਵਿਚਲਾ ਭੇਵ ਚੁਕਾਈਆ । ਖ਼ਾਕੀ ਮਿਟੀ ਮੂਧੀ ਦੇਵੇ ਮਾਰ, ਭੇਵ ਕੋਇ ਨਾ ਆਈਆ । ਸੇਵਾ ਕਰੇ ਪਰਵਰਦਿਗਾਰ, ਮੁਰਸ਼ਦ ਮੁਰੀਦਾਂ ਦਏ ਵਖਾਈਆ । ਚੌਦਾਂ ਚੇਤ ਸਭ ਦੀ ਸੱਤਿਆ ਖਿਚੇ ਵਿਚੋਂ ਸੰਸਾਰ, ਸਰ ਸਰੋਵਰ ਖ਼ਾਲੀ ਦਏ


੧੧੯
੧੪

ਕਰਾਈਆ । ਭਗਤ ਦਰਵਾਜੇ ਵਿਚ ਲਿਆ ਕੇ ਦੱਬੇ ਆਪ ਨਿਰੰਕਾਰ, ਲੱਭਿਆਂ ਨਜ਼ਰ ਕਿਸੇ ਨਾ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਏਸੇ ਕਰ ਕੇ ਸੱਦੇ, ਭੁਲਿਆ ਕੋਇ ਰਹਿਣ ਨਾ ਪਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੋ ਤੁਹਾਨੂੰ ਆਪਣੇ ਨਾਮ ਦੇ ਲਿਖ ਲਿਖ ਦਿਤੇ ਪੱਟੇ, ਅੰਤਮ ਸਭ ਦੇ ਉਤੇ ਲਕੀਰ ਫਿਰਾਈਆ । ਹੁਣ ਸਭ ਨੇ ਲੰਘਣਾ ਇਕੋ ਰਸਤੇ, ਬਸਤੇ ਸਭ ਦੇ ਬੰਦ ਕਰਾਈਆ । ਚਾਰੋਂ ਕੁੰਟ ਹਾਲ ਹੋਣੇ ਖ਼ਸਤੇ, ਖ਼ਬਰ ਇਕੋ ਵਾਰ ਸਮਝਾਈਆ । ਦੀਨ ਮਜ਼੍ਹਬ ਨਾ ਰਹਿਣੇ ਮਸਤੇ, ਮਸਤੀ ਸਭ ਦੀ ਦਏ ਗਵਾਈਆ । ਸ੍ਰੀ ਭਗਵਾਨ ਆਪ ਚੜ੍ਹਿਆ ਸਾਚੀ ਗਸ਼ਤੇ, ਦੋ ਜਹਾਨਾਂ ਵੇਖ ਵਖਾਈਆ । ਮਾੜੀ ਰਹੇ ਨਾ ਕੋਈ ਖ਼ਸਲਤੇ, ਖ਼ਾਲਸ ਖ਼ਾਲਸ ਦਏ ਬਣਾਈਆ । ਚਾਰ ਜੁਗ ਜੀਵ ਜੰਤ ਰਹੇ ਫਿਸਲਤੇ, ਸਾਚਾ ਪੈਰ ਨਾ ਕੋਇ ਜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਖੁਲ੍ਹਾਈਆ । ਪੰਜ ਵਾਰੀ ਚੁੱਕ ਭਾਰ, ਗੇੜਾ ਵਾਰੋ ਵਾਰ ਰਖਾਇੰਦਾ । ਸਾਰੀ ਸੰਗਤ ਟੋਕਰੀ ਭਰੇ ਨਾਲ ਪਿਆਰ, ਰੋੜੀ ਰੋੜਾ ਸਭ ਦੇ ਕੋਲੋਂ ਉਠਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਬਾਹਰ ਖਲੋਤੇ ਹੋਣ ਹੈਰਾਨ, ਹਰਿ ਜੂ ਇਹ ਕੀ ਖੇਲ ਰਚਾਇੰਦਾ । ਸ੍ਰੀ ਭਗਵਾਨ ਕਹੇ ਮੇਰਾ ਸੱਚਾ ਨਿਸ਼ਾਨ, ਜਿਨ੍ਹਾਂ ਆਦਿ ਅੰਤ ਨਾ ਕੋਇ ਮਿਟਾਇੰਦਾ । ਵੇਖੋ ਭਗਤ ਸਾਰੇ ਮੇਰਾ ਢੋਲਾ ਗਾਣ, ਤੁਹਾਡਾ ਜਸ ਨਾ ਕੋਇ ਸੁਣਾਇੰਦਾ । ਏਨ੍ਹਾਂ ਦੀ ਸੇਵਾ ਕਰ ਪਰਵਾਨ, ਸਿਰ ਆਪਣੇ ਭਾਰ ਉਠਾਇੰਦਾ । ਸ਼ਾਨ ਸ਼ੌਕਤ ਨਾ ਕੋਈ ਵਿਚ ਜਹਾਨ, ਰਾਗ ਰੰਗ ਨਾ ਕੋਇ ਮੋਹੇ ਭਾਇੰਦਾ । ਪ੍ਰੇਮ ਕਰਨ ਦੀ ਸਾਚੀ ਆਣ, ਅਣਖ਼ੀਲਾ ਆਪਣਾ ਹੁਕਮ ਸੁਣਾਇੰਦਾ । ਦਰ ਆਏ ਕਰੋ ਪਹਿਚਾਨ, ਬੇਪਰਵਾਹ ਸਮਝਾਇੰਦਾ । ਪੰਜਵੇਂ ਫੇਰੇ ਦਰਵਾਜ਼ੇ ਵਿਚ ਖੜੇ ਭਗਵਾਨ, ਆਪਣੀ ਕਲ ਰਖਾਇੰਦਾ । ਸਾਰੇ ਚਰਨੀ ਡਿਗਣ ਆਣ, ਸਾਢੇ ਤਿੰਨ ਹੱਥ ਓਟ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰ ਜੁਗ ਦੇ ਸਰ ਸਰੋਵਰ ਇਕੋ ਦਵਾਰ ਭਗਤ ਦਰਵਾਜ਼ੇ ਵਿਚ ਦਬਾਇੰਦਾ । ਸਭ ਦੀ ਕਰਨੀ ਦੇਵੇ ਦੱਬ, ਦਾਬਾ ਆਪਣਾ ਨਾਮ ਲਗਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਸਭ, ਵਾਹਵਾ ਤੇਰੀ ਵਡਿਆਈਆ । ਨਾਨਕ ਕਹੇ ਧੰਨ ਭਾਗ ਦੀਨਾਂ ਮਜ਼੍ਹਬਾਂ ਵੱਢਿਆ ਯੱਭ, ਝਗੜਾ ਦਿਤਾ ਮੁਕਾਈਆ । ਮੈਂ ਦੱਸ ਕੇ ਆਇਆ ਕਿਛ ਹੱਬ, ਹੋਕਾ ਤੇਰਾ ਨਾਮ ਲਗਾਈਆ । ਗੋਬਿੰਦ ਕਹੇ ਮੈਂ ਏਸੇ ਕਾਰਨ ਵਾਰਿਆ ਕਿਛ ਸਭ, ਆਪਣਾ ਆਪ ਨਾ ਕੁਛ ਰਖਾਈਆ । ਪੁਰਖ ਅਕਾਲ ਕਹੇ ਏਸੇ ਕਾਰਨ ਸਾਰੇ ਲਏ ਸੱਦ, ਲੁਕਿਆ ਕੋਇ ਰਹਿਣ ਨਾ ਪਾਈਆ । ਵੇਖ ਮੇਰੇ ਖ਼ਾਲੀ ਹੱਡ, ਹੱਡੀਆਂ ਬਾਲਣ ਰਿਹਾ ਜਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਗਾਥਾ ਆਪ ਦ੍ਰਿੜਾਈਆ ।

## ★ ੧੪ ਚੇਤ ੨੦੨੦ ਬਿਕਰਮੀ ਹਰਿ ਭਗਤ ਦਵਾਰ ਜੇਠੂਵਾਲ ★

ਭਗਤ ਦੁਆਰ ਸੱਚਾ ਸਚਖੰਡ, ਲੋਕਮਾਤ ਮਿਲੇ ਵਡਿਆਈਆ । ਸ੍ਰੀ ਭਗਵਾਨ ਸਾਹਿਬ ਬਖ਼ਸ਼ੰਦ, ਬਖ਼ਸ਼ਿਸ਼ ਆਪਣੀ ਆਪ ਕਰਾਈਆ । ਪਰਗਟ ਹੋ ਸੂਰਾ ਸਰਬੰਗ, ਸ਼ਹਿਨਸ਼ਾਹ ਆਪਣੀ ਕਾਰ ਕਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਮੁਕਾ ਕੇ ਆਏ ਆਪਣਾ ਪੰਧ, ਬਣ ਪਾਂਧੀ ਜਗਤ ਰਾਹੀਆ । ਦੂਈ ਦਵੈਤੀ ਸ਼ਰਅ ਸ਼ਰਾਇਤੀ ਢਾਹ ਕੇ ਆਏ ਕੰਧ, ਭਾਂਡਾ ਭਰਮ ਭੰਨਾਈਆ । ਗੌਂਦੇ ਆਏ ਇਕੋ ਢੋਲਾ ਸਾਚਾ ਛੰਦ, ਗੀਤ

ਗੋਬਿੰਦ ਅਲਾਈਆ । ਮੰਗਣ ਆਏ ਹਰਿ ਅਨੰਦ, ਅਨੰਦ ਅਨੰਦ ਵਿਚ ਦਰਸਾਈਆ । ਲੇਖਾ ਚੁੱਕੇ ਸੂਰਜ ਚੰਦ, ਤਾਰਾ ਚੰਨ ਨਾ ਕੋਇ ਚਮਕਾਈਆ । ਵਿਸ਼ਨ ਬ੍ਰਹਮਾ ਸ਼ਿਵ ਪਾਵਣ ਆਏ ਠੰਡ, ਆਪਣੀ ਤਪਤ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸੱਚਖੰਡ ਦੁਆਰਾ ਬਣਿਆ ਏਕ, ਏਕੰਕਾਰ ਦਏ ਵਡਿਆਈਆ । ਸੋ ਪੁਰਖ ਨਿਰੰਜਣ ਧਰਿਆ ਭੇਖ, ਹਰਿ ਪੁਰਖ ਨਿਰੰਜਣ ਸੱਚਾ ਸ਼ਹਿਨਸ਼ਾਹੀਆ । ਨਿਰਗੁਣ ਹੋ ਕੇ ਰਿਹਾ ਵੇਖ, ਸਰਗੁਣ ਨਜ਼ਰ ਕੋਇ ਨਾ ਆਈਆ । ਸ਼ਬਦ ਅਗੰਮੀ ਇਕ ਸੰਦੇਸ, ਧੁਰ ਫ਼ਰਮਾਣਾ ਆਪ ਜਣਾਈਆ । ਪਤਿਪਰਮੇਸ਼ਵਰ ਬਣ ਨਰੇਸ਼, ਸ਼ਾਹ ਪਾਤਸ਼ਾਹ ਵੱਡੀ ਵਡਿਆਈਆ । ਜੁਗ ਚੌਕੜੀ ਆਪਣਾ ਦੇਵਣਹਾਰਾ ਭੇਤ, ਭੇਵ ਨਾ ਕਿਸੇ ਜਣਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਖੇਲਦਾ ਰਿਹਾ ਖੇਡ, ਖਲਾਰੀ ਆਪਣੀ ਕਾਰ ਕਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਰਿਹਾ ਭੇਜ, ਜੁਗ ਜੁਗ ਆਪਣਾ ਹੁਕਮ ਮਨਾਈਆ । ਨਿਰਗੁਣ ਸਰਗੁਣ ਮਾਣਦਾ ਰਿਹਾ ਸੇਜ, ਸੇਜ ਸੁਹੰਜਣੀ ਡੇਰਾ ਲਾਈਆ । ਜੋਤੀ ਨੂਰ ਦੇਂਦਾ ਰਿਹਾ ਤੇਜ, ਜ਼ਹੂਰ ਇਕ ਦਰਸਾਈਆ । ਬੋਧ ਅਗਾਧ ਲਿਖਦਾ ਰਿਹਾ ਲੇਖ, ਧੁਰ ਦੀ ਬਾਣੀ ਬਾਣ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਵਡਿਆਈਆ । ਸਚਖੰਡ ਦੁਆਰਾ ਵੇਖਣ ਆਏ, ਕਲਜੁਗ ਅੰਤ ਵੱਜੇ ਵਧਾਈਆ । ਬੀਸ ਬੀਸਾ ਰਾਹ ਤਕਾਏ, ਭੇਵ ਕੋਇ ਨਾ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਨੈਣ ਉਠਾਏ, ਅੱਖ ਅੱਖ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਗੁਰ ਅਵਤਾਰ ਔਂਦੇ ਨੱਠੇ, ਆਪਣਾ ਪੰਧ ਮੁਕਾਈਆ । ਸਾਢੇ ਤਿੰਨ ਹੱਥ ਦਰ ਦਰਵਾਜਿਉਂ ਹੋਏ ਇਕੱਠੇ, ਬੈਠੇ ਧਿਆਨ ਲਗਾਈਆ । ਇਕ ਦੂਜੇ ਨੂੰ ਕਹਿਣ ਅਸੀਂ ਭਾਈ ਬਣੀਏ ਸਕੇ, ਪਿਛਲਾ ਪੰਧ ਮੁਕਾਈਆ । ਹੇ ਮਿਹਰਵਾਨ ਪ੍ਰਭ ਸਾਡੇ ਵਲ ਤੱਕੇ, ਮਿਹਰ ਨਜ਼ਰ ਉਠਾਈਆ । ਕਿਸੇ ਕੰਮ ਨਾ ਔਣੇ ਮਦੀਨੇ ਮੱਕੇ, ਮਕਬਰੇ ਮਾਣ ਨਾ ਕੋਇ ਵਡਿਆਈਆ । ਮੰਦਰ ਮੱਠ ਸ਼ਿਵਦੁਆਲੇ ਕੋਈ ਨਾ ਫਸੇ, ਫਸਤਾ ਸਭ ਦਾ ਦਿਓ ਵਢਾਈਆ । ਵੇਖੋ ਖੇਲ ਇਕ ਅਨਡਿਠੇ, ਹਰਿ ਅਨਡਿਠੜੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਰਿਹਾ ਜਣਾਈਆ । ਇਕੱਠੇ ਹੋ ਕੇ ਕਰਨ ਸਲਾਹ, ਮਤਾ ਆਪਣੇ ਨਾਲ ਮਿਲਾਈਆ । ਇਕ ਦੂਜੇ ਦੀ ਪਕੜਨ ਬਾਂਹ, ਬਾਜ਼ੂ ਬਾਜ਼ੂ ਨਾਲ ਹਿਲਾਈਆ । ਜਿਸ ਦਾ ਜਪਦੇ ਰਹੇ ਨਾਂ, ਨਾਉਂ ਨਿਰੰਕਾਰ ਵਡ ਵਡਿਆਈਆ । ਸੋ ਸਾਹਿਬ ਖੇਲ ਰਿਹਾ ਕਰਾ, ਕਰਨੀ ਆਪਣੇ ਹੱਥ ਰਖਾਈਆ । ਜਿਸ ਦਾ ਵਾਕ ਭਵਿਖਤ ਗਏ ਲਿਖਾ, ਸੋ ਲੇਖਾ ਰਿਹਾ ਚੁਕਾਈਆ । ਜਿਸ ਦਾ ਗੋਬਿੰਦ ਬਣੇ ਗਵਾਹ, ਸ਼ਹਾਦਤ ਹੋਰ ਨਾ ਕੋਇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੇਰੇ ਖੇਲ ਬੇਪਰਵਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ ਰਹੇ ਬੋਲ, ਉਚੀ ਕੂਕ ਕੂਕ ਸੁਣਾਈਆ । ਸਾਡੇ ਵਸਤ ਨਹੀਂ ਕੁਛ ਕੋਲ, ਖ਼ਾਲੀ ਹੱਥ ਵਖਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਵਜਾ ਕੇ ਆਏ ਢੋਲ, ਢੋਲਾ ਤੇਰਾ ਨਾਮ ਸੁਣਾਈਆ । ਬੌਹੜੀ ਦਰੋਹੀ ਹੁਣ ਨਾ ਖੋਲ੍ਹ ਸਾਡਾ ਪੋਲ, ਬੇਪਰਵਾਹ ਤੇਰੀ ਓਟ ਤਕਾਈਆ । ਦੀਨ ਮਜ਼੍ਹਬ ਤੇਰੇ ਹੁਕਮੇ ਅੰਦਰ ਕਰਿਆ ਘੋਲ, ਘੋਲੀ ਘੋਲ ਨਾ ਕੋਇ ਘੁੰਮਾਈਆ । ਪੰਜ ਤੱਤ ਕਾਇਆ ਹੰਢਾਇਆ ਚੋਲ, ਚੋਲੀ ਤੇਰੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਕਹਿਣ, ਊਚੀ ਕੂਕ ਸੁਣਾਈਆ । ਤੇਰੇ ਦਰਸ਼ਨ ਨੂੰ ਲੋਚਣ ਨੈਣ, ਨੇਤਰ



Rev-01

ਧਿਆਨ ਲਗਾਈਆ । ਨਾਤ ਤੁਟਿਆ ਪਿਛਲਾ ਸਾਕ ਸੈਣ, ਸੱਜਣ ਇਕੋ ਸੱਚਾ ਮਾਹੀਆ । ਕਰ ਕਿਰਪਾ ਸਾਡਾ ਦੇ ਦੇ ਦੇਣ, ਖ਼ਾਲੀ ਝੋਲੀ ਰਹੇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਵਿਸ਼ਨ ਬ੍ਰਹਮਾ ਸ਼ਿਵ ਇਕੋ ਰੰਗ ਰੰਗਾਇਆ । ਨੇਤਰ ਵੇਖਣ ਨਿਉਂ ਨਿਉਂ ਉਪਰ ਅੱਖ ਨਾ ਕੋਇ ਉਠਾਇਆ । ਕਵਣ ਜਾਣੇ ਪ੍ਰਭ ਤੇਰਾ ਭੇਵ, ਅਭੇਦ ਹੱਥ ਕਿਸੇ ਨਾ ਆਇਆ । ਠਾਕਰ ਹੋ ਕੇ ਕਰੇਂ ਸੇਵ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਆਸ ਰਖਾਇਆ । ਗੁਰ ਅਵਤਾਰ ਪੀਰ ਪੈਗ਼ੰਬਰ ਬਾਹਰ ਬਹਿਣਾ, ਸ੍ਰੀ ਭਗਵਾਨ ਆਪ ਜਣਾਈਆ । ਚਾਰ ਯੁਗ ਮੈਂ ਮੰਨਦਾ ਰਿਹਾ ਤੁਹਾਡਾ ਕਹਿਣਾ, ਅੰਤਮ ਆਪਣਾ ਹੁਕਮ ਮਨਾਈਆ । ਵੇਖੋ ਖੇਲ ਨੇਤਰ ਨੈਣਾਂ, ਸੋ ਪੁਰਖ ਨਿਰੰਜਣ ਆਪ ਵਖਾਈਆ । ਭਗਤ ਭਗਵਾਨ ਇਕ ਮਹੱਲੇ ਬਹਿਣਾ, ਬਹਿ ਬਹਿ ਖ਼ੁਸ਼ੀ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਆਪਣੇ ਨਾਲ ਰੱਖੋ ਤੀਰਥ, ਜਿਨ੍ਹਾਂ ਦਿਤੀ ਜਗਤ ਵਡਿਆਈਆ । ਕਿਸੇ ਵਿਚ ਨਾ ਰਹੇ ਸੀਰਥ, ਸੀਰ ਰੂਪ ਨਾ ਕੋਇ ਵਖਾਈਆ । ਕਿਸੇ ਮੰਦਰ ਨਾ ਰਹੇ ਕੀਰਤ, ਕੀਰ ਤਨ ਵਿਚ ਜਣਾਈਆ । ਅੰਤਮ ਸਭ ਤੇ ਆਈ ਭੀੜਤ, ਭੀੜੀ ਗਲੀ ਇਕ ਵਖਾਈਆ । ਦੋ ਜਹਾਨ ਦਿਸੇ ਪੀੜਤ, ਚੌਦਾਂ ਲੋਕ ਨਾ ਕੋਇ ਬਚਾਈਆ । ਪ੍ਰਭ ਪਰਗਟ ਹੋਇਆ ਵੱਡਾ ਪੀਰਤ, ਪੀਰ ਪੈਗ਼ੰਬਰਾਂ ਰਿਹਾ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸਾ ਇਕ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਗੁਰਦਰ ਮੰਦਰ ਮਸਜਿਦ ਮੱਠ ਸ਼ਿਵਦੁਆਲੇ, ਤੁਹਾਡੀ ਕੰਨੀਆਂ ਨਾਲ ਬੰਧਾਇੰਦਾ । ਸਾਰੇ ਕਹੋ ਅਸੀਂ ਕੀਤੇ ਖ਼ਾਲੇ, ਸਚ ਵਸਤ ਵਿਚ ਨਾ ਕੋਇ ਰਖਾਇੰਦਾ । ਭਗਤ ਦੁਆਰੇ ਆ ਕੇ ਕੱਢੇ ਦਿਵਾਲੇ, ਅੱਗੇ ਨਜ਼ਰ ਕੋਇ ਨਾ ਆਇੰਦਾ । ਪਾਰਬ੍ਰਹਮ ਪ੍ਰਭ ਇਕੋ ਤੇਰੀ ਰਹੇ ਸੱਚੀ ਧਰਮਸਾਲੇ, ਧਰਮ ਦੁਆਰਾ ਇਕ ਸੁਹਾਇੰਦਾ । ਚਾਰੋਂ ਕੁੰਟ ਕੁੰਟ ਬੇਹਾਲੇ, ਧੀਰਜ ਧੀਰ ਨਾ ਕੋਇ ਧਰਾਇੰਦਾ । ਤੇਰੀ ਨਿਭ ਜਾਏ ਤੇਰਿਆਂ ਨਾਲੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਜਣਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਆਪਣੇ ਨਾਲ ਲਿਆਓ ਗਰੰਥ, ਪਿਛਲੀ ਵਾਰਤਾ ਰਿਹਾ ਜਣਾਈਆ । ਗਦਾ ਚੱਕਰ ਲਿਆਓ ਸੰਖ, ਧਨੁਸ਼ ਬਾਣ ਬੰਧਨ ਪਾਈਆ । ਮੋਹਣੀ ਰੂਪ ਲਿਆਓ ਮੋਰ ਮੁਕਟ ਹੰਸ, ਸਹੰਸਾ ਰਿਹਾ ਜਣਾਈਆ । ਆ ਕੇ ਵੇਖੋ ਹਰਿ ਕਾ ਬੰਸ, ਭਗਤ ਭਗਵਾਨ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਜਣਾਈਆ । ਅਸੀਂ ਸਭ ਕੁਛ ਲੈ ਕੇ ਆਏ ਹਾਂ । ਦਰ ਤੇਰੇ ਧਿਆਨ ਲਗਾਏ ਆਂ । ਨੀਰਥ ਤੀਰਥ ਸੀਰਥ ਚਰਨਾਂ ਹੇਠ ਦਬਾਏ ਹਾਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਦਰਸ਼ਨ ਨੂੰ ਤਰਸਾਏ ਹਾਂ । ਗਰੰਥ ਸ਼ਾਸਤਰ ਬੰਧੇ ਬਸਤੇ, ਦਰ ਤੇਰੇ ਅਲੱਖ ਜਗਾਈਆ । ਕਲਜੁਗ ਅੰਤਮ ਸਾਰੇ ਹੋਏ ਸਸਤੇ, ਕੀਮਤ ਕਿਸੇ ਨਾ ਪਾਈਆ । ਫੋਕੇ ਉਲਟੌਂਦੇ ਜੀਵ ਵਰਕੇ, ਵਿਤਕਰਾ ਸਕੇ ਨਾ ਕੋਇ ਮਿਟਾਈਆ । ਸਾਨੂੰ ਪੜ੍ਹ ਪੜ੍ਹ ਦੀਨ ਮਜ਼੍ਹਬ ਹਰਖ਼ੇ, ਚਿੰਤਾ ਸੋਗ ਕਰੇ ਲੜਾਈਆ । ਆਤਮ ਪਰਮਾਤਮ ਕੋਈ ਨਾ ਪਰਖੇ, ਕਸਵਟੀ ਨਾਮ ਨਾ ਕੋਇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਧਿਆਨ ਲਗਾਈਆ । ਆ ਵੇਖ ਸਾਡੇ ਗਰੰਥ ਪੋਥ,

ਪੁਸਤਕ ਨਾਲ ਮਿਲਾਈਆ । ਇਕ ਦੂਜੇ ਦਾ ਛੱਡਿਆ ਰੋਸ, ਝਗੜਾ ਅੰਜੀਲ ਕੁਰਾਨ ਨਾ ਕੋਇ ਲੜਾਈਆ । ਸਾਡੀ ਸਭ ਦੀ ਭੁੱਲੀ ਹੋਸ਼, ਸਮਝ ਕੋਇ ਨਾ ਆਈਆ । ਨੌਂ ਸੌ ਚੁਰਾਨਵੇਂ ਚੌਕੜੀ ਯੁਗ ਬਣਿਆ ਰਿਹੋਂ ਖ਼ਮੋਸ਼, ਖ਼ਾਹ ਮਖ਼ਾਹ ਸਾਡੀ ਸੇਵਾ ਲੋਕਮਾਤ ਲਗਾਈਆ । ਫਿਰ ਵੀ ਅੰਤਮ ਦਿਤਾ ਸਾਨੂੰ ਦੋਸ਼, ਬਦੋਸ਼ੇ ਬੰਨ੍ਹ ਲਿਆਈਆ । ਏਸੇ ਕਾਰਨ ਨਾਨਕ ਕਿਹਾ ਆਵੇ ਨਾ ਵਿਚ ਸੋਚ, ਸੋਚ ਸਕੇ ਨਾ ਕੋਇ ਰਾਈਆ । ਦਰੋਹੀ ਤੇਰੀ ਇਕੋ ਓਟ, ਸਰਨ ਤੇਰੀ ਸਰਨਾਈਆ । ਤੇਰੀ ਵੇਖ ਨਿਰਮਲ ਜੋਤ, ਨੇਤਰ ਨੈਣ ਰਹੇ ਸ਼ਰਮਾਈਆ । ਤੇਰਾ ਕਿਲਾ ਸੁਹੰਜਣਾ ਕੋਟ, ਭਗਤ ਦੁਆਰ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਅਲੱਖ ਜਗਾਈਆ । ਆਪਣੇ ਆਪਣੇ ਸਾਰੇ ਪੜ੍ਹੇ ਕਲਾਮ, ਕਲਮਾ ਇਕ ਜਣਾਈਆ । ਆਪਣਾ ਆਪਣਾ ਸਾਰੇ ਲਓ ਨਾਮ, ਅੱਖਰੀ ਨਾਮ ਵਡਿਆਈਆ । ਆਪਣਾ ਆਪਣਾ ਸਾਰੇ ਦੱਸੋ ਕਾਮ, ਕੀ ਕੀ ਖੇਲ ਕਰਾਈਆ । ਆਪਣਾ ਆਪਣਾ ਸਾਰੇ ਦੱਸੋ ਨਿਜ਼ਾਮ, ਕੀ ਕੀ ਹੁਕਮ ਮਨਾਈਆ । ਆਪਣਾ ਆਪਣਾ ਸਾਰੇ ਦੱਸੋ ਪੈਗ਼ਾਮ, ਕੀ ਕੀ ਸੰਦੇਸ ਜਣਾਈਆ । ਆਪਣਾ ਆਪਣਾ ਸਾਰੇ ਦੱਸੋ ਨਿਸ਼ਾਨ, ਨਿਸ਼ਾਨਾ ਕੀ ਰਖਾਈਆ । ਆਪਣਾ ਆਪਣਾ ਸਾਰੇ ਦੱਸੋ ਈਮਾਨ, ਈਮਾਨ ਕਿਸ ਉਤੇ ਰਖਾਈਆ । ਆਪਣਾ ਆਪਣਾ ਸਾਰੇ ਦੱਸੋ ਧਿਆਨ, ਧਿਆਨ ਵਿਚ ਕਿਸ ਰਖਾਈਆ । ਆਪਣਾ ਆਪਣਾ ਸਾਰੇ ਦੱਸੋ ਮਾਣ, ਮਾਣ ਕਵਣ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਧਾਰ ਰਿਹਾ ਜਣਾਈਆ । ਆਪਣਾ ਆਪਣਾ ਦੱਸੋ ਉਪਦੇਸ਼, ਕੀ ਕੀ ਜਗਤ ਜਣਾਇਆ । ਆਪਣਾ ਆਪਣਾ ਦੱਸੋ ਲੇਖ, ਜੁਗ ਜੁਗ ਕੀ ਲਿਖਾਇਆ । ਆਪਣਾ ਆਪਣਾ ਦੱਸੋ ਭੇਖ, ਕੀ ਕੀ ਵੇਸ ਵਟਾਇਆ । ਆਪਣਾ ਆਪਣਾ ਦੱਸੋ ਹੇਤ, ਕੀ ਕੀ ਰਾਹ ਚਲਾਇਆ । ਆਪਣਾ ਆਪਣਾ ਦੱਸੋ ਖੇਤ, ਕੀ ਕੀ ਫਲ ਲਗਾਇਆ । ਆਪਣਾ ਆਪਣਾ ਦੱਸੋ ਭੇਤ, ਕੀ ਕੀ ਰੰਗ ਚੜ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਸੁਣਾਇਆ । ਆਪਣਾ ਆਪਣਾ ਦੱਸੋ ਰਾਹ, ਮਾਰਗ ਕੀ ਲਗਾਈਆ । ਆਪਣਾ ਆਪਣਾ ਦੱਸੋ ਨਾਂ, ਕੀ ਕੀ ਮਾਤ ਜਪਾਈਆ । ਆਪਣਾ ਆਪਣਾ ਦੱਸੋ ਥਾਂ, ਕੀ ਕੀ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਾਰ ਆਪ ਜਣਾਈਆ । ਕੀ ਦੱਸੀਏ ਕੀ ਸਕੀਏ ਆਖ, ਆਖ਼ਰ ਨਜ਼ਰ ਕਿਛ ਨਹੀਂ ਆਇੰਦਾ । ਤੇਰੀ ਭਾਖਿਆ ਦੇ ਕੇ ਆਏ ਭਾਖ, ਸੰਦੇਸ਼ਾ ਤੇਰਾ ਨਾਮ ਵਡਿਆਇੰਦਾ । ਲੋਕਮਾਤ ਸਭ ਨੂੰ ਆਏ ਆਖ, ਸ੍ਰੀ ਭਗਵਾਨ ਇਕੋ ਨਜ਼ਰੀ ਆਇੰਦਾ । ਗੁਰ ਅਵਤਾਰ ਤੇਰੀ ਸ਼ਾਖ਼, ਪਤ ਟਾਹਣੀ ਆਪ ਮਹਿਕਾਇੰਦਾ । ਅੰਤਮ ਸਾਡੇ ਕੁਛ ਨਹੀਂ ਹਾਥ, ਖ਼ਾਲੀ ਹੱਥ ਵਖਾਇੰਦਾ । ਤੂੰ ਸਾਹਿਬ ਪੁਰਖ ਸਮਰਾਥ, ਤੇਰਾ ਅੰਤ ਕੋਇ ਨਾ ਪਾਇੰਦਾ । ਜੁਗ ਚੌਕੜੀ ਤੇਰੀ ਗਾਈ ਗਾਥ, ਗਾ ਗਾ ਸ਼ੁਕਰ ਸਰਬ ਮਨਾਇੰਦਾ । ਬਣ ਬਰਦੇ ਤੇਰੇ ਦਾਸ, ਬਣ ਸੇਵਕ ਸੇਵ ਕਮਾਇੰਦਾ । ਤੇਰੀ ਰੱਖਦੇ ਆਏ ਆਸ, ਆਸਾ ਸਭ ਦੀ ਪੂਰ ਵਖਾਇੰਦਾ । ਪਰਗਟ ਹੋਏ ਸਾਹਿਬ ਸਰਬ ਗੁਣ ਤਾਸ, ਕਲਜੁਗ ਅੰਤਮ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਧੰਦੇ ਆਪੇ ਲਾਇੰਦਾ । ਅਸੀਂ ਲੈ ਕੇ ਆਏ ਆਪਣੀ ਵਸਤ, ਵਸਤੂ ਤੇਰੇ ਅੱਗੇ ਟਿਕਾਈਆ । ਤੇਰੇ ਚਰਨ ਸਰਨ ਰਹੀਏ ਮਸਤ, ਮਸਤੀ ਅਵਰ ਕੋਇ ਨਾ ਭਾਈਆ । ਨਾ ਕੀਟ ਰਹੇ ਨਾ ਹਸਤ, ਹਸਤੀ ਆਪਣੀ ਦਿਤੀ ਗਵਾਈਆ । ਨਾ ਮਾਣਸ ਰਹੇ ਨਾ ਸ਼ਖ਼ਸ, ਸ਼ਖ਼ਸੀਅਤ ਨਜ਼ਰ ਕੋਇ ਨਾ ਆਈਆ ।

ਨਾ ਅਰਸ਼ ਰਹੇ ਨਾ ਫ਼ਰਸ਼, ਭਗਤ ਦੁਆਰੇ ਡੇਰਾ ਲਾਈਆ । ਨਾ ਆਸ ਰਹੀ ਨਾ ਹਰਸ, ਹਵਸ ਨਾ ਕੋਇ ਵਧਾਈਆ । ਜੇ ਅਜੇ ਨਾ ਕਰੇਂ ਤਰਸ, ਪ੍ਰਭ ਤੇਰੀ ਬੇਪਰਵਾਹੀਆ । ਸਾਢੇ ਤਿੰਨ ਹੱਥ ਪਿਛੇ ਰਹੇ ਅਟਕ, ਮਨਜੀਤਾ ਅੱਗੇ ਹੋ ਕੇ ਰਿਹਾ ਅਟਕਾਈਆ । ਦੂਰੋਂ ਵੇਖੀਏ ਸਿਧੀ ਸੜਕ, ਸਚ ਦੁਆਰੇ ਜਾਏ ਵਾਹੋ ਦਾਹੀਆ । ਅਸੀਂ ਸਾਰੇ ਰਹੇ ਭਟਕ, ਕਵਣ ਵੇਲਾ ਤੇਰਾ ਦਰਸ਼ਨ ਪਾਈਆ । ਸਾਡੇ ਉਤੇ ਕੋਈ ਨਾ ਕਰ ਹਰਖ਼, ਬਦੋਸੇ ਦੇਣ ਦੁਹਾਈਆ । ਮਿਹਰ ਨਜ਼ਰ ਮੇਘ ਬਰਖ਼, ਅੰਮ੍ਰਿਤ ਆਪਣਾ ਆਪ ਪਿਆਈਆ । ਸਾਡੇ ਕੋਲੋਂ ਪਿਛਲਾ ਮੰਗ ਨਾ ਕੋਈ ਧੜਤ, ਸੇਰ ਧੜੀ ਵੱਟਾ ਹੱਥ ਨਾ ਕੋਇ ਰਖਾਈਆ । ਤੂੰ ਕਰਤਾ ਲਈਂ ਨਾ ਸਾਥੋਂ ਕਰਤ, ਕਰਨੀ ਤੇਰੀ ਇਕੋ ਭਾਈਆ । ਸਾਡੇ ਵਿਚ ਨਹੀਂ ਹੁਣ ਫ਼ਰਕ, ਸਾਰੇ ਮਿਲ ਗਏ ਇਕੋ ਥਾਈਂਆ । ਤੇਰੇ ਦੁਆਰੇ ਆਏ ਪਰਤ, ਲੋਕਮਾਤ ਰਾਹ ਤਕਾਈਆ । ਤੇਰਾ ਹੁਕਮ ਸੁਣ ਕੇ ਸਾਰੇ ਆਏ ਸਰਕ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਹੱਥ ਸਾਹਿਬ ਵਡਿਆਈਆ । ਦੇਵਾਂ ਵਡਿਆਈ ਸੁਣੇ ਬਾਤ, ਹਰਿ ਬਾਤਨ ਆਪ ਜਣਾਇੰਦਾ । ਸਾਰੇ ਕਹੋ ਅਸੀਂ ਇਕ ਜਮਾਤ, ਦੂਜੀ ਵੰਡ ਨਾ ਕੋਇ ਰਖਾਇੰਦਾ । ਨਾਨਕ ਕਹੇ ਮੈਂ ਤੇਰਾ ਦਾਸ, ਗੋਬਿੰਦ ਕਹੇ ਮੈਂ ਤੇਰੀ ਸੇਵ ਕਮਾਇੰਦਾ । ਪੀਰ ਪੈਗ਼ੰਬਰ ਕਹਿਣ ਤੇਰਾ ਡੂੰਘਾ ਖ਼ਾਤ, ਭੇਵ ਕੋਇ ਨਾ ਆਇੰਦਾ । ਤੀਰਥ ਤੱਟ ਕਹਿਣ ਸਾਡੀ ਮੁੱਕੀ ਵਾਟ, ਪੰਧ ਨਜ਼ਰ ਕੋਇ ਨਾ ਆਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਕਹਿਣ ਸਾਡੀ ਚਲੇ ਨਾ ਕੋਈ ਗਾਥ, ਤੇਰਾ ਨਾਮ ਸਿਫ਼ਤ ਸਾਲਾਹਿੰਦਾ । ਤੇਰੇ ਦਰ ਤੇ ਆਏ ਪੁਰਖ ਸਮਰਾਥ, ਦੂਜਾ ਦਰ ਨਜ਼ਰ ਕੋਇ ਨਾ ਆਇੰਦਾ । ਜਿਉਂ ਭਾਵੇ ਤਿਉਂ ਲੈਣਾ ਰਾਖ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੁਨੇਹੁੜਾ ਇਕ ਜਣਾਇੰਦਾ । ਸਚ ਸੁਨੇਹੁੜਾ ਸੁਣੋ ਮੀਤ, ਮਿੱਤਰ ਪਿਆਰਾ ਆਪ ਜਣਾਈਆ । ਜਿਸ ਦੀ ਦੱਸਦੇ ਆਏ ਰੀਤ, ਸੋ ਸਾਹਿਬ ਫੇਰਾ ਪਾਈਆ । ਜਿਸ ਨੇ ਮਾਣ ਦਵਾਇਆ ਮੰਦਰ ਮਸੀਤ, ਸ਼ਿਵਦੁਆਲੇ ਮੱਠ ਗੁਰਦਵਾਰ ਵਡਿਆਈਆ । ਸੋ ਅੰਤਮ ਸਭ ਦਾ ਭੰਨੇ ਠੀਕਰਾ ਠੀਕ, ਠੇਕੇਦਾਰ ਰਹਿਣ ਕੋਇ ਨਾ ਪਾਈਆ । ਆਤਮ ਪਰਮਾਤਮ ਚਲਾਏ ਸਾਚੀ ਰੀਤ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਨਿਰਗੁਣ ਮੇਲਾ ਨਿਰਗੁਣ ਅਤੀਤ, ਤ੍ਰੈਗੁਣ ਲੇਖਾ ਦਏ ਚੁਕਾਈਆ । ਸਭ ਨੇ ਗੌਣਾ ਇਕੋ ਗੀਤ, ਸੋਹੰ ਢੋਲਾ ਰਿਹਾ ਜਣਾਈਆ । ਪ੍ਰਭ ਚਰਨ ਦੀ ਇਕ ਪ੍ਰੀਤ, ਜਗਤ ਜਗਦੀਸਾ ਰਿਹਾ ਸਮਝਾਈਆ । ਨੌਂ ਦੁਆਰੇ ਹਸਤ ਕੀਟ, ਰਾਉ ਰੰਕ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਣ ਰਿਹਾ ਦ੍ਰਿੜਾਈਆ । ਧੁਰ ਫ਼ਰਮਾਣਾ ਸੁਣੋ ਪ੍ਰਭ ਏਕ, ਏਕੰਕਾਰ ਜਣਾਈਆ । ਦੂਰ ਦੁਰਾਡੇ ਲਓ ਵੇਖ, ਨਿਰਗੁਣ ਪਰਦਾ ਦਏ ਉਠਾਈਆ । ਕਲਜੁਗ ਅੰਤਮ ਖੇਲੇ ਖੇਡ, ਖਲਾਰੀ ਆਪਣਾ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਤੇਰੀ ਮਿਹਰ ਨਜ਼ਰ ਪਰਵਾਨ, ਦੋਏ ਜੋੜ ਜੋੜ ਸਰਨਾਇਆ । ਕਰ ਕਿਰਪਾ ਸ੍ਰੀ ਭਗਵਾਨ, ਤੇਰੇ ਅੱਗੇ ਸੀਸ ਝੁਕਾਇਆ । ਦਰ ਦਰਵਾਜ਼ੇ ਖਲੋਤੇ ਆਣ, ਦੂਰ ਦਰਾਡਾ ਪੰਧ ਮੁਕਾਇਆ । ਏਕਾ ਦੇ ਸਚ ਫ਼ਰਮਾਣ, ਤੇਰੇ ਚਰਨ ਧਿਆਨ ਲਗਾਇਆ । ਦਰਸ਼ਨ ਕਰੀਏ ਅੱਗੇ ਆਣ, ਧੂੜੀ ਟਿੱਕਾ ਮਸਤਕ ਲਾਇਆ । ਭਗਤ ਦੁਆਰ ਕਰ ਪਰਵਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਸੰਦੇਸਾ ਇਕ ਜਣਾਇਆ । ਪੀਰ ਪੈਗ਼ੰਬਰ ਗੁਰ ਅਵਤਾਰ ਵਿਸ਼ਨ ਬ੍ਰਹਮਾ ਸ਼ਿਵ ਆਦਿ ਸ਼ਕਤ

੧੨੪ ੧੪

ਚਤੁਰਭੁਜ ਅੱਲਾ ਰਾਣੀ ਹੋ ਮਸਤਾਨੀ ਸਾਰੇ ਕਹੋ ਸਾਡੇ ਕੋਲ ਨਹੀਂ ਕੁਛ, ਖ਼ਾਲੀ ਹੱਥ ਉਪਰ ਲਓ ਉਠਾਈਆ । ਪਿਛਲਾ ਬਦਲ ਲਓ ਆਪਣਾ ਰੁਖ਼, ਪਿਛਲਿਆਂ ਵਲ ਧਿਆਨ ਨਾ ਕੋਇ ਲਗਾਈਆ । ਆਪਣੀ ਕਰਨੀ ਚਾਰ ਯੁਗ ਦੀ ਭਗਤ ਦੁਆਰੇ ਵਿਚਕਾਰ ਦਿਓ ਸੁੱਟ, ਸਰ ਸਰੋਵਰ ਏਥੇ ਦਿਓ ਦਬਾਈਆ । ਚਾਰ ਯੁਗ ਦਾ ਲਹਿਣਾ ਜਾਏ ਛੁਟ, ਛੁਟੇ ਵਸਤ ਪਰਾਈਆ । ਆ ਕੇ ਮਿਲੋ ਪਿਓ ਨੂੰ ਪੁੱਤ, ਕਿਉਂ ਬੈਠੇ ਦੂਰ ਦੁਰਾਡੇ ਡੇਰਾ ਲਾਈਆ । ਜੇ ਏਸ ਨਿਸ਼ਾਨਿਉਂ ਗਏ ਉਕ, ਮਿਲੇ ਫੇਰ ਨਾ ਕੋਇ ਵਡਿਆਈਆ । ਤੁਹਾਨੂੰ ਦਾਤ ਨਿੱਕੀ ਨਿੱਕੀ ਤੁਛ, ਲੋਕਮਾਤ ਗੁਰ ਅਵਤਾਰ ਬਣਾਈਆ । ਵੇਖਿਓ ਹੁਣ ਨਾ ਕਰਿਓ ਚੁੱਪ, ਚੁੱਪ ਰਹਿਣ ਦੀ ਜਾਚ ਨਾ ਅਜੇ ਸਿਖਾਈਆ । ਕੱਢ ਕੇ ਬਾਹਰ ਅੰਧੇਰਿਉਂ ਘੁੱਪ, ਨਿੱਕੀ ਕਿਰਨ ਜੋਤ ਕੀਤੀ ਰੁਸ਼ਨਾਈਆ । ਸਾਰੇ ਇਕੇ ਵਾਰ ਬਹੋ ਉਠ, ਆਪਣਾ ਬਲ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਰਿਹਾ ਸੁਣਾਈਆ । ਸ੍ਰੀ ਭਗਵਾਨ ਸਾਰੇ ਉਠਾਂਗੇ । ਭਗਤ ਦੁਆਰੇ ਸਭ ਕੁਛ ਸੁੱਟਾਂਗੇ । ਤੇਰੇ ਦਰ ਤੇ ਆ ਕੇ ਤੈਥੋਂ ਪੁੱਛਾਂਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਤੇਰੇ ਕੋਲੋਂ ਕਦੇ ਨਾ ਛੁਪਾਂਗੇ । ਜਿਸ ਵੇਲੇ ਆਪਣੀ ਕਰਨੀ ਸੁਟਾਓਗੇ । ਭਗਤ ਦਰਵਾਜ਼ੇ ਰੰਗ ਚੜ੍ਹਾਓਗੇ । ਆਪਣੀ ਮੰਗ ਪੂਰ ਕਰਾਓਗੇ । ਨਾਮ ਮਰਦੰਗ ਇਕ ਵਜਾਓਗੇ । ਅੰਦਰ ਲੰਘ ਪ੍ਰਭ ਦਾ ਦਰਸ਼ਨ ਫੇਰ ਪਾਓਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਖੇਲ ਵੇਖ ਵਖਾਓਗੇ । ਸਾਰੇ ਕਹਿਣ ਅਸੀਂ ਉਠਦੇ ਆਂ । ਆਪਣੀ ਕਰਨੀ ਸਾਰੇ ਸੁਟਦੇ ਆਂ । ਚਾਰ ਯੁਗ ਦੀ ਵਾੜੀ ਆਪਣੀ ਹੱਥੀਂ ਲੁਟਦੇ ਆਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਸਚ ਕਹਾਣੀ ਤੈਥੋਂ ਪੁਛਦੇ ਆਂ । ਸਚ ਕਹਾਣੀ ਪੁਛਣ ਆਏ, ਦੋਏ ਜੋੜ ਕਰੀ ਅਰਜ਼ੋਈਆ । ਹਰਿ ਜੂ ਏਹ ਕੀ ਖੇਲ ਰਚਾਏ, ਦੋ ਜਹਾਨ ਮਿਲੇ ਨਾ ਢੋਈਆ । ਨਾਨਕ ਕਹੇ ਉਠੋ ਵਾਹੋ ਦਾਹੇ, ਬਣ ਪਾਂਧੀ ਪੰਧ ਮੁਕਾਈਆ । ਕਬੀਰ ਕਹੇ ਪਓ ਸਰਨਾਏ, ਚਰਨ ਧਿਆਨ ਲਗਾਈਆ । ਮੂਸਾ ਕਹੇ ਹਾਏ ਹਾਏ, ਜਲਵਾ ਨੂਰ ਨਾ ਝੱਲਿਆ ਜਾਈਆ । ਈਸਾ ਕਹੇ ਮੇਰਾ ਖ਼ੁਦਾਏ, ਪਰਵਰਦਿਗਾਰ ਬੇਪਰਵਾਹੀਆ । ਮੁਹੰਮਦ ਕਹੇ ਮੇਰਾ ਪੰਧ ਮੁਕਾਏ, ਸਦੀ ਚੌਧਵੀਂ ਵੇਖ ਵਖਾਈਆ । ਗੋਬਿੰਦ ਕਹੇ ਮੇਰਾ ਸੰਗ ਨਿਭਾਏ, ਪੁਰਖ ਅਕਾਲ ਵੱਡੀ ਵਡਿਆਈਆ । ਪਿਛਲਾ ਕੀਤਾ ਕੌਲ ਨਿਭਾਏ, ਅਭੁਲ ਭੁੱਲ ਕਦੇ ਨਾ ਜਾਈਆ । ਸਾਚੀ ਕਰਨੀ ਆਪ ਕਮਾਏ, ਕਰਤਾ ਪੁਰਖ ਬੇਪਰਵਾਹੀਆ । ਭਗਤ ਭਗਵਾਨ ਲਏ ਜਗਾਏ, ਜਾਗਰਤ ਜੋਤ ਕਰ ਰੁਸ਼ਨਾਈਆ । ਸਚ ਦੁਆਰਾ ਇਕ ਸੁਹਾਏ, ਦਸ ਸਾਲ ਸੇਵ ਕਮਾਈਆ । ਮਨਜੀਤਾ ਫੜ ਅੱਗੇ ਲਾਏ, ਸਾਢੇ ਤਿੰਨ ਹੱਥ ਦਏ ਵਡਿਆਈਆ । ਜਗਤ ਜਗਦੀਸ਼ਾ ਰੰਗ ਰੰਗਾਏ, ਨੌਂ ਦੁਆਰ ਚੰਦ ਚੜ੍ਹਾਈਆ । ਦੋਹਾਂ ਵਿਚੋਲਾ ਆਪ ਰਘੁਰਾਏ, ਰੰਗ ਰੂਪ ਨਜ਼ਰ ਕਿਸੇ ਨਾ ਆਈਆ । ਇਕ ਦਸ ਦੀ ਵੰਡ ਵੰਡਾਏ, ਦੋ ਨੌਂ ਮਿਲੇ ਵਡਿਆਈਆ । ਤਿੰਨ ਅੱਠ ਦਾ ਪੰਧ ਮੁਕਾਏ, ਚਾਰ ਸੱਤ ਇਕ ਸਰਨਾਈਆ । ਪੰਜ ਛੇ ਦਾ ਘਰ ਬਣਾਏ, ਘਰ ਇਕੋ ਨਜ਼ਰੀ ਆਈਆ । ਨਾਮੇ ਲਹਿਣਾ ਝੋਲੀ ਪਾਏ, ਛੱਪਰ ਛੰਨ ਨਾ ਕੋਇ ਜਣਾਈਆ । ਧੰਨੇ ਨੈਣਾਂ ਦਏ ਵਖਾਏ, ਮੂੜ੍ਹੇ ਜੱਟ ਮਿਲੇ ਵਡਿਆਈਆ । ਗੋਬਿੰਦ ਲੇਖਾ ਥਾਏਂ ਪਾਏ, ਬੇਪਰਵਾਹ ਸੱਚਾ ਸ਼ਹਿਨਸ਼ਾਹੀਆ । ਕਲਕੀ ਅਵਤਾਰ ਆਪ ਅਖਵਾਏ, ਨਿਹਕਲੰਕਾ ਨਾਉਂ ਧਰਾਈਆ । ਨਾਮ ਡੰਕਾ ਇਕ ਵਜਾਏ, ਦੋ ਜਹਾਨਾਂ ਸ਼ਬਦ ਸ਼ਨਵਾਈਆ । ਚਾਰ ਯੁਗ ਦੇ ਪਿਛਲੇ ਕਰਿੰਦੇ ਦਰ ਬੁਲਾਏ, ਗੁਣੀ ਗਹਿੰਦੇ ਭੇਵ ਨਾ ਰਾਈਆ । ਸਭ ਦੇ

੧੨੫
੧੪

ਜੰਦੇ ਦਏ ਤੁੜਾਏ, ਸ਼ਰਅ ਵੰਡ ਨਾ ਕੋਇ ਰਖਾਈਆ । ਆਪਣੀ ਬਿੰਦੇ ਇਕ ਦਰਸਾਏ, ਨਾਦੀ ਸੁਤ ਸਮਝਾਈਆ । ਛਿੰਦੇ ਪੁੱਤ ਆਪ ਵਖਾਏ, ਭਗਤ ਭਗਵਾਨ ਲਏ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੰਦੇਸਾ ਇਕ ਵਡਿਆਈਆ । ਸੁਣੋ ਸੰਦੇਸਾ ਅੰਤ ਅਖ਼ੀਰ, ਹਰਿ ਆਖ਼ਰ ਆਪ ਜਣਾਇੰਦਾ । ਜਿਸ ਦਾ ਲੇਖਾ ਬੇਨਜ਼ੀਰ, ਨਜ਼ਰ ਕਿਸੇ ਨਾ ਆਇੰਦਾ । ਜਿਸ ਦੀ ਖਿਚੇ ਨਾ ਕੋਇ ਤਸਵੀਰ, ਤਸਲੀਮ ਆਪਣਾ ਆਪ ਕਰਾਇੰਦਾ । ਕਲਜੁਗ ਅੰਤਮ ਵਡ ਪੀਰਨ ਪੀਰ, ਆਪਣਾ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਭ ਦੀ ਕਰਨੀ ਪੂਰ ਕਰਾਇੰਦਾ । ਸਭ ਦੀ ਕਰਨੀ ਪੂਰੀ ਕਰੇ ਕਰਤਾਰ, ਹਰਿ ਕਰਤੇ ਹੱਥ ਵਡਿਆਈਆ । ਤੁਸੀਂ ਲਿਖਦੇ ਰਹੇ ਜੁਗ ਚਾਰ, ਕਲਜੁਗ ਅੰਤਮ ਆਵੇ ਬੇਪਰਵਾਹੀਆ । ਸਭ ਦਾ ਝਗੜਾ ਦਏ ਨਿਵਾਰ, ਲੇਖਾ ਕੋਇ ਰਹਿਣ ਨਾ ਪਾਈਆ । ਮਾਰਗ ਵੱਖਰਾ ਲਾਏ ਵਿਚ ਸੰਸਾਰ, ਸਾਚੀ ਸਿਖਿਆ ਕਰੇ ਪੜ੍ਹਾਈਆ । ਪਿਛਲਾ ਲੇਖਾ ਦਏ ਨਿਵਾਰ, ਭਰਮ ਭੁਲੇਖਾ ਦਏ ਮਿਟਾਈਆ । ਜਨ ਭਗਤਾਂ ਹਿੱਸਾ, ਵੰਡੇ ਅਗੰਮ ਅਪਾਰ, ਆਪ ਆਪਣੀ ਵੰਡ ਵੰਡਾਈਆ । ਬ੍ਰਹਿਮੰਡਾਂ ਖੰਡਾਂ ਪਾਵੇ ਸਾਰ, ਲੋਆਂ ਪੁਰੀਆਂ ਫੋਲ ਫੁਲਾਈਆ । ਵਿਸ਼ਨ ਬ੍ਰਹਮਾ ਸ਼ਿਵ ਲਏ ਉਠਾਲ, ਗੁਰ ਅਵਤਾਰ ਪੀਰ ਪੈਗ਼ੰਬਰ ਦਰ ਬੁਲਾਈਆ । ਵੀਹ ਸੌ ਵੀਹ ਬਿਕਰਮੀ ਕਰੇ ਖੇਲ ਨਿਆਰ, ਨਿਰਗੁਣ ਆਪਣੀ ਕਾਰ ਕਮਾਈਆ । ਭਗਤ ਦੁਆਰ ਕਰ ਤਿਆਰ, ਚਾਰੇ ਕੁੰਟਾਂ ਵੇਖ ਵਖਾਈਆ । ਦਰ ਦਰਵਾਜਾ ਖੋਲ੍ਹ ਕਿਵਾੜ, ਗ਼ਰੀਬ ਨਿਵਾਜ਼ਾ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਹਰਿ ਦਰਵਾਜ਼ਾ ਭਗਤੀ ਰੰਗ, ਸ੍ਰੀ ਭਗਵਾਨ ਆਪ ਚੜ੍ਹਾਇੰਦਾ । ਚੌਦਾਂ ਚੇਤ ਇਕ ਅਨੰਦ, ਚੌਦਾਂ ਲੋਕ ਨੈਣ ਸ਼ਰਮਾਇੰਦਾ । ਕਰੇ ਖੇਲ ਸੂਰਾ ਸਰਬੰਗ, ਸ਼ਹਿਨਸ਼ਾਹ ਆਪਣਾ ਹੁਕਮ ਮਨਾਇੰਦਾ । ਸਾਰੇ ਗਾਵਣ ਇਕੋ ਛੰਦ, ਢੋਲਾ ਗੁਰ ਅਵਤਾਰ ਅਲਾਇੰਦਾ । ਸਾਢੇ ਤਿੰਨ ਹੱਥ ਅੱਗੇ ਬੰਦ, ਬੰਨਾਂ ਇਕੋ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਕਰਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਆਪਣੀ ਕਰਨੀ ਰਹੇ ਸੁੱਟ, ਪ੍ਰਭ ਚਰਨ ਧਿਆਨ ਲਗਾਈਆ । ਕਰ ਕਿਰਪਾ ਹੁਣ ਸਾਨੂੰ ਪੁੱਛ, ਕਿਉਂ ਬੈਠਾ ਮੁਖ ਭੁਆਈਆ । ਤੇਰੀ ਭਾਵੇ ਨਾ ਸਾਨੂੰ ਚੁਪ, ਅਨਬੋਲਤ ਤੇਰਾ ਰਾਗ ਨਾ ਕੋਇ ਸੁਣਾਈਆ । ਤੇਰੇ ਦਰਸ ਦੀ ਲੱਗੀ ਭੁੱਖ, ਭੁੱਖਿਆਂ ਭੁੱਖ ਨਾ ਕੋਇ ਗਵਾਈਆ । ਮਿਹਰਵਾਨ ਹੁਣ ਸਾਨੂੰ ਪੁੱਛ, ਪਸਚਾਤਾਪ ਕਿਉਂ ਰਿਹਾ ਕਰਾਈਆ । ਵੇਖ ਖ਼ਾਲੀ ਹੱਥ ਸਭ ਕੁਛ ਦਿਤਾ ਸੁੱਟ, ਤੀਰਥ ਤੱਟ ਕਿਨਾਰਾ ਕੋਇ ਰਹਿਣ ਨਾ ਪਾਈਆ । ਸਾਡੇ ਕੋਲੋਂ ਤੂੰ ਸਭ ਕੁਛ ਲਿਆ ਲੁੱਟ, ਤੈਨੂੰ ਤਰਸ ਜ਼ਰਾ ਨਾ ਆਈਆ । ਆਪਣੇ ਅੰਦਰ ਰੱਖੇਂ ਘੁੱਟ, ਬੇਪਰਵਾਹ ਤੇਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਰਿਹਾ ਜਣਾਈਆ । ਸਚ ਸੰਦੇਸਾ ਸੁਣੋ ਭਗਵਾਨ, ਸ਼ਬਦ ਇਸ਼ਾਰੇ ਨਾਲ ਜਣਾਇੰਦਾ । ਵੇਖੋ ਸਾਰੇ ਕਰ ਧਿਆਨ, ਧੁਰ ਦਰਬਾਰੀ ਇਕੋ ਅੱਖ ਖੁਲ੍ਹਾਇੰਦਾ । ਭਗਤ ਸੋਹਣ ਸਚ ਨਿਸ਼ਾਨ, ਸ੍ਰੀ ਭਗਵਾਨ ਆਪ ਹਿਲਾਇੰਦਾ । ਜਿਨ੍ਹਾਂ ਪਿਛੇ ਪ੍ਰਭ ਨੂੰ ਮਿਲੇ ਮਾਣ, ਸੋ ਪ੍ਰਭੂ ਉਨ੍ਹਾਂ ਵਡਿਆਇੰਦਾ । ਜਿਨ੍ਹਾਂ ਦੀ ਮਹਿਮਾ ਸ਼ਾਸਤਰ ਸਿਮਰਤ ਵੇਦ ਪੁਰਾਨ ਗਾਣ, ਤਿਨ੍ਹਾਂ ਆਪਣੇ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਜਣਾਇੰਦਾ । ਵੇਖੋ ਖੋਲ੍ਹੋ ਅੱਖ ਉਪਰ, ਆਪਣਾ ਧਿਆਨ ਲਗਾਈਆ । ਭਗਤ ਭਗਵਾਨ ਦੇ ਸਾਚੇ ਪੁੱਤਰ, ਪਿਤਾ

ਪੁਰਖ ਇਕੋ ਨਜ਼ਰੀ ਆਈਆ । ਨਾਨਕ ਸਚ ਦੱਸ ਤੂੰ ਕਹਿ ਕੇ ਗਿਉਂ ਨਿਹਕਲੰਕ ਪ੍ਰਭ ਆਏ ਉਤਰ, ਜਨਨੀ ਕੋਇ ਨਾ ਕੁੱਖ ਸੁਹਾਈਆ । ਜੇ ਦਰ ਆ ਕੇ ਗਿਉਂ ਮੁੱਕਰ, ਨਿਰੰਕਾਰ ਜੋਤ ਨਾ ਕੋਇ ਅਖਵਾਈਆ । ਨਾਨਕ ਕਹੇ ਮੇਰੇ ਸਤਿਗੁਰ ਤੇਰਾ ਮਨਾਇਆ ਸ਼ੁਕਰ, ਸ਼ਹਿਨਸ਼ਾਹ ਇਕੋ ਨਜ਼ਰੀ ਆਈਆ । ਮੈਂ ਕਹਿ ਕੇ ਗਿਆ ਅਸੀਂ ਭਰੀਆਂ ਚਿਕੜ, ਤੁਧ ਬਿਨ ਅੰਗ ਨਾ ਕੋਇ ਲਗਾਈਆ । ਧੰਨ ਭਾਗ ਤੂੰ ਸਾਡਾ ਕੀਤਾ ਫ਼ਿਕਰ, ਅੰਤ ਆਪਣੇ ਦੁਆਰ ਮੰਗਾਈਆ । ਮੈਂ ਤੇਰਾ ਕਰਦਾ ਇਕੋ ਜ਼ਿਕਰ, ਦੂਜੀ ਵਾਰਤਾ ਨਾ ਕੋਇ ਅਲਾਈਆ । ਨਿਰਗੁਣ ਹੋ ਕੇ ਆਪਣੇ ਵਿਚੋਂ ਗਿਆ ਨਿਤਰ, ਪਰਦਾ ਨਜ਼ਰ ਕੋਇ ਨਾ ਆਈਆ । ਗੋਬਿੰਦ ਹੁਣ ਨਾ ਮਾਰੇ ਬਾਜ਼ਾਂ ਨਾਲ ਤਿੱਤਰ, ਤੇਰੀ ਤਰਜ਼ ਤੇਰਾ ਤਾਲ ਉਸ ਦੇ ਹੱਥ ਆਈਆ । ਤੂੰ ਨਿਰਗੁਣ ਹੋ ਕੇ ਆਇਉਂ ਪਰਤ, ਉਪਮਾਂ ਤੇਰੀ ਵਡ ਵਡਿਆਈਆ । ਮੈਂ ਏਸੇ ਕਰਕੇ ਲਾ ਕੇ ਗਿਆ ਸਾਚੀ ਸ਼ਰਤ, ਨਿਹਕਲੰਕ ਆਵੇ ਚਾਰ ਵਰਨਾਂ ਏਕਾ ਰੰਗ ਵਖਾਈਆ । ਤੇਰਾ ਖੇਲ ਵੇਖ ਨਧੜਕ, ਮੇਰੇ ਨੈਣ ਨੀਰ ਵਹਾਈਆ । ਮੈਂ ਪ੍ਰਭ ਦੀ ਵੇਖਾਂ ਚੜ੍ਹਤ, ਦੋ ਜਹਾਨ ਵੱਜੇ ਵਧਾਈਆ । ਤੇਰੇ ਦੁਆਰੇ ਦੀ ਸਿਧੀ ਸੜਕ, ਬਿਨ ਤੇਰੇ ਹੋਰ ਨਾ ਕਿਸੇ ਵਖਾਈਆ । ਤੀਰਥ ਤੱਟ ਸਰੋਵਰ ਮੰਦਰ ਮਸਜਿਦ ਸ਼ਿਵਦੁਆਲੇ ਮੱਠ ਗੁਰੂ ਘਰ ਏਥੇ ਮੂਧੇ ਦਿਤੇ ਪਰਤ, ਬਿਨ ਤੇਰੀ ਕਿਰਪਾ ਫੇਰ ਨਾ ਕੋਇ ਉਠਾਈਆ । ਬੇਪਰਵਾਹ ਤੈਨੂੰ ਸੋਗ ਨਾ ਕੋਈ ਹਰਖ਼, ਚਿੰਤਾ ਵਿਚ ਕਦੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਭਗਤ ਦਵਾਰੇ ਸਭ ਕੁਛ ਰੱਖਿਆ, ਗੁਰ ਅਵਤਾਰ ਰਹੇ ਜਸ ਗਾਈਆ । ਸ੍ਰੀ ਭਗਵਾਨ ਜਿਸ ਘਰ ਵਸਿਆ, ਤਿਸ ਮਿਲੇ ਮਾਣ ਵਡਿਆਈਆ । ਭਗਤ ਪ੍ਰੀਤੀ ਅੰਦਰ ਫਸਿਆ, ਦੂਜਾ ਸੰਗ ਨਾ ਕੋਇ ਰਖਾਈਆ । ਸੇਵਕ ਬਣ ਕੇ ਫਿਰੇ ਨੱਸਿਆ, ਸੇਵਾ ਇਕੋ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੋਲਾ ਬਣਿਆ ਬੇਪਰਵਾਹੀਆ । ਜੋ ਕੁਛ ਸੁੱਟਿਆ ਸੋ ਪ੍ਰਭ ਦੱਬੇ, ਸਿਰ ਆਪਣੇ ਭਾਰ ਉਠਾਈਆ । ਹਰਿ ਸੰਗਤ ਸੇਵਾ ਕਰਦਾ ਫਬੇ, ਸ਼ਹਿਨਸ਼ਾਹ ਵੱਡੀ ਵਡਿਆਈਆ । ਜੇ ਕੋਈ ਲੱਭਣ ਜਾਏ ਕਿਸੇ ਨਾ ਲੱਭੇ, ਹਰਿ ਮੰਦਰ ਇਕੋ ਰਾਜਨ ਨਜ਼ਰੀ ਆਈਆ । ਕਲਜੁਗ ਅੰਤ ਗ਼ਰੀਬ ਨਿਮਾਣੇ ਸਾਰੇ ਸੱਦੇ, ਗੁਰ ਅਵਤਾਰ ਪੀਰ ਪੈਗ਼ੰਬਰ ਦੇਣ ਗਵਾਹੀਆ । ਨਿਰਗੁਣ ਦਾਤਾ ਪੁਰਖ ਬਿਧਾਤਾ ਸਭ ਦੇ ਪਰਦੇ ਕੱਜੇ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਕਰਾਈਆ । ਨਾਨਕ ਕਹੇ ਤੂੰ ਸਾਚਾ ਤੋਲਾ, ਤੁਧ ਬਿਨ ਨਜ਼ਰ ਕੋਇ ਨਾ ਆਇਆ । ਮੈਂ ਰੱਖ ਕੇ ਗਿਆ ਉਹਲਾ, ਤੂੰ ਪਰਦਾ ਦਿਤਾ ਖੁਲ੍ਹਾਇਆ । ਨਿਰਗੁਣ ਹੋ ਕੇ ਬਦਲਿਆ ਚੋਲਾ, ਚੋਲਾ ਗੋਬਿੰਦ ਅੰਗ ਲਗਾਇਆ । ਤੇਰਾ ਆਦਿ ਜੁਗਾਦੀ ਇਕੋ ਬੋਲਾ, ਮੈਂ ਬੋਲ ਬੋਲ ਸੁਖ ਪਾਇਆ । ਤੂੰ ਗ਼ਰੀਬ ਨਿਮਾਣਿਆਂ ਕਰੇਂ ਭਾਰ ਹੌਲਾ, ਸਿਰ ਆਪਣੇ ਭਾਰ ਉਠਾਇਆ । ਮੈਂ ਕਹਿ ਕੇ ਗਿਆ ਨਾਨਕ ਘਰ ਦਾ ਗੋਲਾ, ਬਣ ਕੇ ਗੋਲਾ ਸੇਵ ਕਮਾਇਆ । ਪਹਿਲੀ ਟੋਕਰੀ ਲਾਏ ਝਕੋਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹਿਆ । ਗੁਰ ਅਵਤਾਰ ਪੀਰ ਪੈਗ਼ੰਬਰ ਵੇਖੋ ਕਰਨ ਅਰਦਾਸ, ਦੋਏ ਜੋੜ ਧਿਆਨ ਲਗਾਈਆ । ਭਗਤ ਦੁਆਰ ਇਕੋ ਖ਼ਾਸ, ਸ੍ਰੀ ਭਗਵਾਨ ਸੇਵ ਕਮਾਈਆ । ਇਕ ਟੋਕਰੀ ਰੱਖੇ ਸਾਥ, ਰੋੜਾ ਕੰਕਰ ਵਿਚ ਟਿਕਾਈਆ । ਗ਼ਰੀਬ ਨਿਮਾਣਿਆਂ ਕਰੇ ਪਾਠ, ਮਸਤਕ ਧੂੜੀ ਟਿੱਕਾ ਲਾਈਆ । ਫਿਰ ਭੀ ਕਹੇ ਸ਼ਾਹੋ ਸ਼ਾਬਾਸ਼, ਗੁਰਸਿਖ ਤੇਰੀ ਵਡਿਆਈਆ । ਤੁਧ ਬਿਨ ਖ਼ਾਲੀ ਦਿਸਣ ਹਾਥ, ਵਸਤ ਨਜ਼ਰ ਕੋਇ

ਨਾ ਆਈਆ । ਤੁਸਾਂ ਲੈਣੀ ਪਤ ਰਾਖ, ਪਤਿਪਰਮੇਸ਼ਵਰ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਕਰਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਰਹੇ ਉਡੀਕ, ਨੇਤਰ ਧਿਆਨ ਲਗਾਈਆ । ਸਿਰ ਤੇ ਟੋਕਰਾ ਰੱਖੇ ਠੀਕ, ਗੁਰਮੁਖ ਸਾਚੇ ਲਓ ਉਠਾਈਆ । ਪ੍ਰੇਮ ਕਰਨ ਦੀ ਸਾਚੀ ਰੀਤ, ਹਰਿਜਨ ਸਾਚੇ ਦਿਓ ਜਣਾਈਆ । ਸਾਹਿਬ ਸਤਿਗੁਰ ਪਰਖਣ ਆਇਆ ਨੀਤ, ਆਪਣਾ ਫੇਰਾ ਪਾਈਆ । ਕਾਇਆ ਕਰੋ ਠੰਡੀ ਸੀਤ, ਸੀਤਲ ਧਾਰ ਵਹਾਈਆ । ਸਦਾ ਵਸਣਾ ਚੀਤ, ਵਿਛੜ ਕਦੇ ਨਾ ਜਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਅਸਾਂ ਛੱਡੇ ਮੰਦਰ ਮਸੀਤ, ਮਸਲਾ ਅਵਰ ਨਾ ਕੋਇ ਪੜ੍ਹਾਈਆ । ਸੋਹੰ ਢੋਲਾ ਗਾਈਏ ਗੀਤ, ਗਾ ਗਾ ਸ਼ੁਕਰ ਮਨਾਈਆ । ਜਿਉਂ ਜਿਉਂ ਪ੍ਰਭ ਆਵੇ ਨਜ਼ਦੀਕ, ਨੇਤਰ ਨੈਣਾਂ ਨੀਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਟੋਕਰਾ ਕਹੇ ਮੋਹੇ ਚੜ੍ਹਿਆ ਚਾਅ, ਘਰ ਸਚ ਮਿਲੀ ਵਡਿਆਈਆ । ਸ੍ਰੀ ਭਗਵਾਨ ਭਗਤਾਂ ਭਾਰ ਲਿਆ ਉਠਾ, ਹੌਲੇ ਭਾਰ ਦਏ ਕਰਾਈਆ । ਗੁਰ ਅਵਤਾਰ ਤੱਕਣ ਰਾਹ, ਨੇਤਰ ਨੈਣ ਨੈਣ ਉਠਾਈਆ । ਕਵਣ ਮਿਲੇ ਸੱਚਾ ਸ਼ਹਿਨਸ਼ਾਹ, ਪਾਤਸ਼ਾਹ ਆਪਣਾ ਫੇਰਾ ਪਾਈਆ । ਅਸੀਂ ਚਰਨੀ ਡਿਗੀਏ ਆ, ਚਰਨੋਦਕ ਮਿਲੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਚ ਜਣਾਈਆ । ਸਾਰੇ ਉਂਗਲਾਂ ਕਰੋ ਨੇੜੇ, ਨੇਰਨ ਨੇਰ ਜਣਾਇੰਦਾ । ਜਿਨ੍ਹਾਂ ਵੜਨਾ ਭਗਤਾਂ ਵੇਹੜੇ, ਤਿਨ੍ਹਾਂ ਭੇਵ ਸਮਝਾਇੰਦਾ । ਚਾਰ ਯੁਗ ਬੈਠੇ ਰਹੇ ਕਰ ਕੇ ਜ਼ੇਰੇ, ਅੰਤਮ ਵੇਸ ਵਟਾਇੰਦਾ । ਤੁਹਾਡੇ ਉਤੇ ਕਰੇ ਮਿਹਰੇ, ਮਿਹਰ ਨਜ਼ਰ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਤੁਹਾਡੀ ਵਸਤ ਆਪਣੇ ਦਸਤ, ਭਗਤ ਦੁਆਰੇ ਹੇਠਾਂ ਪਾਇੰਦਾ । ਧਰਤ ਤੀਰਥ ਤੱਟ ਗਏ ਦੱਬੇ, ਫੇਰ ਸਕੇ ਨਾ ਕੋਇ ਉਠਾਈਆ । ਕੋਟਨ ਕੋਟ ਜੁਗ ਗਏ ਲੱਦੇ, ਆਪਣਾ ਪੰਧ ਮੁਕਾਈਆ । ਗੁਰ ਅਵਤਾਰ ਹੁਕਮੇ ਬੱਧੇ, ਪੀਰ ਪੈਗ਼ੰਬਰ ਬੈਠੇ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਪਹਿਲਾ ਫੇਰਾ ਹੋ ਦਲੇਰਾ, ਇਕੋ ਇਕ ਲਗਾਈਆ । ਪਹਿਲਾ ਫੇਰਾ ਆਪ ਲਗਾਇਆ, ਸ੍ਰੀ ਭਗਵਾਨ ਵੱਡੀ ਵਡਿਆਈਆ । ਸ਼ਬਦ ਅਗੰਮੀ ਖੇਲ ਰਚਾਇਆ, ਭੇਵ ਕੋਇ ਨਾ ਪਾਈਆ । ਦੂਜੀ ਧਾਰ ਆਪ ਪਰਗਟਾਇਆ, ਪਰਮ ਪੁਰਖ ਸੱਚਾ ਸ਼ਹਿਨਸ਼ਾਹੀਆ । ਸਭ ਦਾ ਲਹਿਣਾ ਰਿਹਾ ਮੁਕਾਇਆ, ਲਹਿਣੇਦਾਰ ਇਕ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਹਰਿ ਖੇਲ ਅਵੱਲਾ, ਇਕੋ ਇਕ ਕਰਾਇੰਦਾ । ਭਗਤ ਦੁਆਰ ਸਚ ਮਹੱਲਾ, ਸੋ ਸਾਹਿਬ ਆਪ ਵਸਾਇੰਦਾ । ਵਸਣਹਾਰਾ ਜਲਾਂ ਥਲਾਂ, ਘਟ ਘਟ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਆਪ ਕਰਾਇੰਦਾ । ਟੋਕਰੀ ਵਿਚ ਪੱਥਰ ਰੋੜੇ, ਕੂਕ ਕੂਕ ਸੁਣਾਈਆ । ਸ੍ਰੀ ਭਗਵਾਨ ਜੋੜੀ ਜੋੜੇ, ਨਾਤਾ ਫੇਰ ਨਾ ਕੋਇ ਛੁੜਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦਰਸ਼ਨ ਸਾਰੇ ਲੋੜੇ, ਨੇਤਰ ਨੈਣ ਅੱਖ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲੇਖਾ ਰਿਹਾ ਚੁਕਾਈਆ । ਲੇਖਾ ਵੇਖੇ ਦੋ ਜਹਾਨ, ਨਿਰਗੁਣ ਸਰਗੁਣ ਆਪ ਚੁਕਾਇੰਦਾ । ਜਗਤ ਸਰੋਵਰ ਨਾ ਕੋਇ ਅਸ਼ਨਾਨ, ਗੁਰਮੁਖਾਂ ਪੰਧ ਮੁਕਾਇੰਦਾ । ਅਠਸਠ ਤੀਰਥ ਦੱਬੇ ਏਥੇ ਆਣ, ਗੰਗਾ ਗੁਦਾਵਰੀ ਜਮਨਾ

ਸੁਰਸਤੀ ਮਾਣ ਨਾ ਕੋਇ ਵਧਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਰਚਾਇੰਦਾ । ਆਪਣਾ ਖੇਲ ਕਰੇ ਕਰਤਾਰਾ, ਕਰਤਾ ਆਪ ਜਣਾਈਆ । ਦਰਗਹਿ ਸਾਚੀ ਦਾ ਸਚ ਵਿਹਾਰਾ, ਲੋਕਮਾਤ ਦਰਸਾਈਆ । ਕਲ ਕਲਕੀ ਹਰਿ ਲੈ ਅਵਤਾਰਾ, ਨਿਹਕਲੰਕ ਅਖਵਾਈਆ । ਲੇਖਾ ਜਾਣ ਸਰਬ ਸੰਸਾਰਾ, ਲਹਿਣਾ ਝੋਲੀ ਸਭ ਦੀ ਪਾਈਆ । ਪੀਰ ਪੈਗ਼ੰਬਰ ਵੇਖਣਹਾਰਾ, ਗੁਰ ਅਵਤਾਰਾਂ ਹੁਕਮ ਮਨਾਈਆ । ਭਗਤਾਂ ਦੇਵਣਹਾਰ ਸਹਾਰਾ, ਸਿਰ ਆਪਣਾ ਹੱਥ ਟਿਕਾਈਆ । ਆਵੇ ਜਾਵੇ ਵਾਰੋ ਵਾਰਾ, ਵਾਰਤਾ ਆਪਣੀ ਆਪ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੂਜਾ ਬੰਧਨ ਪਾਈਆ । ਏਕਾ ਦੂਜਾ ਪਾਇਆ ਬੰਧਨ, ਤੀਜੀ ਵੰਡ ਵੰਡਾਇੰਦਾ । ਤੀਜੀ ਟੋਕਰੀ ਵੇਖੇ ਚੰਦਨ, ਚੰਦ ਚਾਂਦਨਾ ਇਕ ਚਮਕਾਇੰਦਾ । ਭਗਤਾਂ ਤੋੜੇ ਅਗਲਾ ਪਿਛਲਾ ਫੰਦਨ, ਗੁਰ ਅਵਤਾਰ ਆਪ ਬੰਧਾਇੰਦਾ । ਜੁਗ ਚੌਕੜੀ ਆਇਆ ਗੰਢਣ, ਨਾਮ ਡੋਰੀ ਤੰਦ ਬੰਧਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੋਕ ਪਰਲੋਕ ਵੇਖ ਵਖਾਇੰਦਾ । ਤੀਜੀ ਟੋਕਰੀ ਤ੍ਰੈਗੁਣ ਮਾਇਆ, ਤ੍ਰੈਗੁਣ ਅਤੀਤਾ ਆਪ ਉਠਾਈਆ । ਭਗਤ ਦੁਆਰਿਉਂ ਬਾਹਰ ਕਢਾਇਆ, ਹਰਿ ਸੰਗਤ ਵਿਚ ਰਹਿਣ ਨਾ ਪਾਈਆ । ਗੁਰ ਅਵਤਾਰ ਧਿਆਨ ਲਗਾਇਆ, ਵੇਖ ਵੇਖ ਬਿਗਸਾਈਆ । ਹਰਿ ਕਰਤੇ ਕੀ ਖੇਲ ਰਚਾਇਆ, ਸਮਝ ਜ਼ਰਾ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ ਕਮਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗਰੰਥ ਸਾਰੇ ਕਹੋ ਮੁੱਕੇ, ਮੁੱਕੀ ਰੈਣ ਅੰਧੇਰੀ ਆ । ਕਲਜੁਗ ਬੂਟੇ ਕਹੋ ਸੁਕੇ, ਨਾਤਾ ਤੁਟੇ ਮੇਰਾ ਤੇਰੀ ਆ । ਕਿਸੇ ਨਾ ਪਾਣੀ ਰਹੇ ਹੁੱਕੇ, ਪ੍ਰਭ ਕਰੇ ਬੇਰਨ ਬੇਰੀ ਆ । ਹੁਣ ਕਿਉਂ ਬੈਠੇ ਚੁੱਪੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੀਜੀ ਟੋਕਰੀ ਆਪੇ ਸੁੱਟੇ, ਭਾਰ ਸਕੇ ਨਾ ਕੋਇ ਉਠਾਈਆ । ਅਠਸਠ ਤੀਰਥ ਪਏ ਰੋ, ਨੀਰ ਨੀਰ ਵਹਾਈਆ । ਸਭ ਕੁਛ ਸਾਥੋਂ ਲਿਆ ਖੋਹ, ਚਲੀ ਨਾ ਕੋਇ ਚਤੁਰਾਈਆ । ਬੌਹੜੀ ਜੇ ਨਾ ਔਂਦੋਂ ਮੁੜ ਕੇ ਛੱਬੀ ਪੋਹ, ਨਿਰਗੁਣ ਆਪਣਾ ਵੇਸ ਵਟਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕੋਟਨ ਕੋਟ ਗਏ ਹੋ, ਸਾਡਾ ਮਾਣ ਨਾ ਕੋਇ ਗਵਾਈਆ । ਸਾਧ ਸੰਤ ਦੁਰਮਤ ਮੈਲ ਆਪਣੀ ਧੋ, ਸਾਡੇ ਵਿਚ ਇਸ਼ਨਾਨ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਮਾਣ ਵਡਿਆਈਆ । ਤੀਰਥ ਤੱਟ ਕਿਨਾਰੇ ਸੁਣੋ ਗੱਲ, ਹਰਿ ਸਤਿਗੁਰ ਆਪ ਜਣਾਇੰਦਾ । ਭਗਤ ਦੁਆਰੇ ਨਾ ਕੋਈ ਵਲ ਛਲ, ਸਿਧਾ ਰਾਹ ਇਕ ਵਖਾਇੰਦਾ । ਪੁਰਖ ਅਕਾਲ ਦੀਨ ਦਿਆਲ ਸਾਚਾ ਦੀਪਕ ਗਿਆ ਬਲ, ਸ਼ਮਾਂ ਨਜ਼ਰ ਕੋਇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚੌਥਾ ਫੇਰਾ ਆਪੇ ਲਾਇੰਦਾ । ਚੌਥਾ ਫੇਰਾ ਆਪੇ ਲਾਏਗਾ । ਸ੍ਰੀ ਭਗਵਾਨ ਖੇਲ ਕਰਾਏਗਾ । ਭਗਤ ਦੁਆਰਿਉਂ ਉਠ ਕੇ ਜਾਏਗਾ । ਸਿਰ ਟੋਕਰਾ ਆਪ ਟਿਕਾਏਗਾ । ਸਾਲ ਵੀਹਵੇਂ ਬਾਂਕਾ ਛੋਹਰਾ ਨਜ਼ਰੀ ਆਏਗਾ । ਆਪਣਾ ਜ਼ੋਰਾ ਆਪ ਵਖਾਏਗਾ । ਕੋਰਾ ਜਵਾਬ ਸਰਬ ਸੁਣਾਏਗਾ । ਲੋਹੜਾ ਘਰ ਘਰ ਆਪੇ ਪਾਏਗਾ । ਜੋੜੀ ਜੋੜਾ ਨਜ਼ਰ ਨਾ ਆਏਗਾ । ਹੋੜਾ ਸੱਸੇ ਉਪਰ ਵਖਾਏਗਾ । ਹਾਹਾ ਹੰ ਬ੍ਰਹਮ ਬਣਾਏਗਾ । ਗੁਰ ਅਵਤਾਰ ਆਪ ਜਗਾਏਗਾ । ਦਰ ਦਰਬਾਰ ਸਦ ਬਹਾਏਗਾ । ਪਿਛਲੀ ਕਾਰ ਨਾ ਕੋਇ ਕਮਾਏਗਾ । ਚਾਰ ਯਾਰ ਨਾ ਕੋਇ ਹੰਢਾਏਗਾ । ਸ਼ਿਵਦੁਆਲਾ ਮੱਠ ਨਾ ਕੋਇ ਵਸਾਏਗਾ । ਮਸਜਿਦ ਹੱਕ ਨਾ ਕੋਇ ਦ੍ਰਿੜਾਏਗਾ । ਰਾਹ ਤੱਕ ਜਲਵਾ ਨੂਰ, ਜ਼ਹੂਰ ਜ਼ਾਹਰਾ ਪੀਰ ਇਕ ਅਖਵਾਏਗਾ । ਕੰਮ

ਕਰੇ ਆਪ ਬਦਸਤੂਰ, ਧੋਖਾ ਕਿਸੇ ਨਾਲ ਨਾ ਕਮਾਏਗਾ । ਗੁਰ ਅਵਤਾਰ ਪੀਰ ਪੈਗ਼ੰਬਰ ਵੇਖੇ ਜ਼ਰੂਰ, ਜ਼ਰੂਰਤ ਸਭ ਦੀ ਪੂਰ ਕਰਾਏਗਾ । ਅੱਗੇ ਰਹਿਣ ਨਾ ਦੇਵੇ ਕੂੜ, ਕੂੜੀ ਕਿਰਿਆ ਸਰਬ ਖਪਾਏਗਾ । ਨਾ ਕੋਈ ਖਾਏ ਗਾਂ ਸੂਰ, ਛੁਰੀ ਹੱਥ ਨਾ ਕਿਸੇ ਜਣਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਾਤਾ ਇਕੋ ਇਕ ਵਖਾਏਗਾ । ਨਾਤਾ ਇਕੋ ਇਕ ਬਣਾਵੇਗਾ । ਸਾਚੀ ਸਚ ਜਣਾਵੇਗਾ । ਵਿਸ਼ਨ ਬ੍ਰਹਮਾ ਸ਼ਿਵ ਆਪ ਸਮਝਾਵੇਗਾ । ਗੁਰ ਅਵਤਾਰ ਪੀਰ ਪੈਗ਼ੰਬਰ ਪਰਦਾ ਲਾਹਵੇਗਾ । ਚੌਦਾਂ ਚੇਤ ਰਚ ਸਵੰਬਰ, ਕਰਤਾ ਆਪਣਾ ਕਾਜ ਰਚਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਪਿਛਲਾ ਅਡੰਬਰ ਸਰਬ ਮੁਕਾਵੇਗਾ । ਚਾਰੇ ਟੋਕਰੇ ਹੋ ਗਏ ਖ਼ਾਲੀ, ਖ਼ਾਲੀ ਖ਼ਲਕ ਖ਼ੁਦਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕੋਈ ਨਾ ਕਰੇ ਦਲਾਲੀ, ਦਲਾਲ ਕੋਇ ਨਜ਼ਰ ਨਾ ਆਈਆ । ਵੇਖੇ ਖੇਲ ਮਾਜ਼ੀ ਹਾਲੀ, ਭੇਵ ਅਭੇਦਾ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰੇ ਕੁੰਟਾਂ ਵੇਖ ਵਖਾਈਆ । ਚਾਰੇ ਕੁੰਟਾਂ ਵੇਖੇ ਆਪ, ਦਹਿ ਦਿਸ਼ਾ ਫੋਲ ਫੁਲਾਇੰਦਾ । ਕਿਸੇ ਨਜ਼ਰ ਨਾ ਆਏ ਸੱਚਾ ਬਾਪ, ਲੱਖ ਚੁਰਾਸੀ ਪਿਤਾ ਸਰਬ ਹੰਡਾਇੰਦਾ । ਨਿਰਗੁਣ ਨਿਰਗੁਣ ਜੁੜਿਆ ਨਾ ਕਿਸੇ ਨਾਤ, ਨਾਤਾ ਬਿਧਾਤਾ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਦੇਣ ਹੋਕਾ, ਇਕ ਆਵਾਜ਼ ਲਗਾਈਆ । ਵੇਖੀਂ ਪੰਜਵੀਂ ਵਾਰ ਨਾ ਦੇਵੀਂ ਧੋਖਾ, ਅਛਲ ਛਲ ਆਪਣਾ ਛਲ ਕਰਾਈਆ । ਨੌਂ ਸੌ ਚੁਰਾਨਵੇਂ ਚੌਕੜੀ ਯੁਗ ਪਿਛੋਂ ਮਿਲਿਆ ਮੌਕਾ, ਸਾਰੇ ਇਕੇ ਥਾਂ ਇਕੱਠੇ ਕਰਾਈਆ । ਮਾਣ ਤੁਟਿਆ ਚੌਦਾਂ ਲੋਕਾਂ, ਚੌਦਾਂ ਤਬਕ ਤੇਰੀ ਸਰਨਾਈਆ । ਦੀਨ ਮਜ਼੍ਹਬ ਦਾ ਖ਼ਾਲੀ ਰਹਿ ਜਾਏ ਬੋਕਾ, ਆਬਹਯਾਤ ਵਿਚ ਨਾ ਕੋਇ ਰਖਾਈਆ । ਸਾਢੇ ਤਿੰਨ ਹੱਥ ਭਾਂਡਾ ਰਹਿ ਜਾਏ ਪੋਚਾ, ਬਿਨ ਤੇਰੇ ਵਸਤ ਨਜ਼ਰ ਕੋਇ ਨਾ ਆਈਆ । ਜਿਸ ਤਰਾਂ ਭਗਤਾਂ ਮਾਰਗ ਦੱਸਿਆ ਸੌਖਾ, ਆਪਣੇ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਪੰਚਮ ਵਾਰ ਆਪਣੇ ਨਾਲ ਮਿਲਾਈਆ । ਪੰਜਵੀਂ ਟੋਕਰੀ ਕਰੇ ਖਿਆਲ, ਆਪਣਾ ਧਿਆਨ ਲਗਾਈਆ । ਵੇਖੋ ਜਿਸ ਨੇ ਨੀਂਹਾਂ ਹੇਠਾਂ ਦਿਤੇ ਲਾਲ, ਜਨ ਭਗਤੋ ਤੁਹਾਡੀ ਸੇਵ ਕਮਾਈਆ । ਕੀ ਇਹਨੂੰ ਸ਼ਾਹ ਕਹੋਗੇ ਕਿ ਕੰਗਾਲ, ਬਣ ਕੰਗਾਲ ਕੰਗਾਲਾਂ ਸੇਵਾ ਰਿਹਾ ਕਮਾਈਆ । ਇਹਦੇ ਤਰਸ ਕਰੋ ਉਤੇ ਹਾਲ, ਬੇਹਾਲ ਰਿਹਾ ਜਣਾਈਆ । ਜਿਸ ਤੁਹਾਡਾ ਕੱਟਿਆ ਕਾਲ, ਆਪਣਾ ਆਪ ਕਾਲ ਨਾ ਕੋਇ ਜਣਾਈਆ । ਆਪਣੀ ਨਵੀਂ ਜਣਾਏ ਮਿਸਾਲ, ਪਿਛਲੀ ਮਿਸਲ ਨਾ ਕੋਇ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਨਵੀਂ ਰੀਤੀ ਰਿਹਾ ਸੁਣਾਈਆ । ਗੁਰ ਅਵਤਾਰੋ ਪੀਰ ਪੈਗ਼ੰਬਰੋ ਆਪਣਾ ਵੇਖੋ ਭਗਵਾਨ, ਸ੍ਰੀ ਭਗਵਾਨ ਆਪ ਜਣਾਇੰਦਾ । ਜਿਸ ਦੇ ਪਿਛੇ ਬਣਦੇ ਰਹੇ ਕਾਹਨ, ਮੋਰ ਮੁਕਟ ਸੀਸ ਸੁਹਾਇੰਦਾ । ਜਿਸ ਦੇ ਪਿਛੇ ਬਣਦੇ ਰਹੇ ਅਮਾਮ, ਲੋਕਮਾਤ ਡੰਕ ਵਜਾਇੰਦਾ । ਸੋ ਬਰਦਾ ਬਣਿਆ ਗ਼ੁਲਾਮ, ਨਫ਼ਰ ਆਪਣਾ ਨਾਮ ਰਖਾਇੰਦਾ । ਸੇਵਾ ਕਰੇ ਸੱਚੀ ਨਿਸ਼ਕਾਮ, ਆਸ਼ਾ ਹੋਰ ਨਾ ਕੋਇ ਵਧਾਇੰਦਾ । ਜਨ ਭਗਤੋ ਤੁਹਾਡਾ ਖਾ ਕੇ ਨਾ ਕਰੇ ਹਰਾਮ, ਹਰਾਮੀ ਰੂਪ ਨਾ ਕੋਇ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਦ੍ਰਿੜਾਇੰਦਾ । ਵੇਖੋ ਭਗਤਾਂ ਦਾ ਗਵਾਲਾ, ਗਵਾਰ ਇਕੋ ਨਜ਼ਰੀ ਆਈਆ । ਜਿਸ

ਗੋਬਿੰਦ ਕਰੀ ਪ੍ਰਿਤਪਾਲਾ, ਸੋ ਗੋਬਿੰਦ ਹੁਕਮ ਮਨਾਈਆ । ਮਾਰਗ ਦੱਸੇ ਇਕ ਸੁਖਾਲਾ, ਸੁਖ ਸਾਗਰ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵਾ ਆਪ ਕਮਾਈਆ । ਜਿਸ ਦੇ ਸਿਰ ਤੇ ਸੋਹੇ ਤਾਜ, ਦੋ ਜਹਾਨ ਵਡਿਆਈਆ । ਸੋ ਮਿਸਤਰੀ ਬਣੇ ਆਜ, ਬਣ ਮਜ਼ਦੂਰ ਸੇਵ ਕਮਾਈਆ । ਜਿਸ ਨੂੰ ਕਹਿੰਦੇ ਗੁਰੂ ਮਹਾਰਾਜ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਸੋ ਭਗਤਾਂ ਕਰੇ ਕਾਜ, ਕਰਤਾ ਪੁਰਖ ਫੇਰਾ ਪਾਈਆ । ਭਗਤ ਭਗਵਾਨ ਦਾ ਇਕ ਸਮਾਜ, ਦੂਜੀ ਵੰਡ ਨਾ ਕੋਇ ਵੰਡਾਈਆ । ਹਰਿ ਸੰਗਤ ਮਿਲ ਕੇ ਪ੍ਰਭ ਨੂੰ ਦਿਤਾ ਦਾਜ, ਪ੍ਰੇਮ ਪ੍ਰੀਤੀ ਟੋਕਰਾ ਸਿਰ ਚੁਕਾਈਆ । ਔਂਦਿਆਂ ਜਾਂਦਿਆਂ ਹੋਕਾ ਦੇ ਕੇ ਮਾਰੇ ਵਾਜ਼, ਉਠੋ ਗੁਰਮੁਖੋ ਹਰਿ ਜੂ ਰਿਹਾ ਜਗਾਈਆ । ਆਦਿ ਅੰਤ ਰੱਖੇ ਲਾਜ, ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਾਰ ਕਮਾਈਆ । ਗੁਰਸਿਖ ਕਹਿਣ ਸਾਡਾ ਪਿਆਰ, ਹਰਿ ਜੂ ਟੋਕਰਾ ਆਪ ਭਰਾਇਆ । ਰੋੜੇ ਪੱਥਰ ਸੋਹਣੀ ਧਾਰ, ਰੋੜਾ ਅੱਗੇ ਨਾ ਕੋਇ ਅਟਕਾਇਆ । ਅੱਜ ਤੋਂ ਸਾਰੇ ਲੱਖ ਚੁਰਾਸੀ ਵਿਚੋਂ ਹੋਏ ਬਾਹਰ, ਜਨਮ ਮਰਨ ਨਾ ਕੋਇ ਰਖਾਇਆ । ਵੇਖੋ ਆਪਣੇ ਸਿਰ ਤੇ ਚੁੱਕ ਆਪ ਨਿਰੰਕਾਰ, ਦੋਹਾਂ ਭੁਜਾਂ ਉਤੇ ਰਖਾਇਆ । ਅੱਗੇ ਵੇਖਣ ਗੁਰ ਅਵਤਾਰ, ਚਰਨ ਧਿਆਨ ਲਗਾਇਆ । ਕਲਜੁਗ ਇਹ ਕੀ ਕਰਿਆ ਵਿਹਾਰ, ਬਿਵਹਾਰੀ ਆਪਣੀ ਸੇਵ ਕਮਾਇਆ । ਭਗਤ ਦੁਆਰ ਕਰ ਤਿਆਰ, ਭਾਵੀ ਆਪਣੇ ਹੱਥ ਰਖਾਇਆ । ਰਾਵੀ ਕੰਡੇ ਜਿਸ ਨੇ ਅਰਜਨ ਤੱਤੀਆਂ ਤਵੀਆਂ ਉਤੇ ਦਿਤਾ ਸਾੜ, ਸੋ ਗੁਰਮੁਖਾਂ ਅਗਨੀ ਤੱਤ ਰਿਹਾ ਬੁਝਾਇਆ । ਜਿਸ ਨੇ ਗੋਬਿੰਦ ਚੇਰੇ ਦਿਤੇ ਵਾਰ, ਵਾਰਤਾ ਆਪਣੀ ਰਿਹਾ ਜਣਾਇਆ । ਕੋਈ ਨਾ ਜਾਣੇ ਹਰਿ ਦੀ ਕਾਰ, ਕਰਤਾ ਕੀ ਕੀ ਖੇਲ ਰਚਾਇਆ । ਵੀਹ ਸੌ ਵੀਹ ਸਾਰੇ ਤੱਕਣ ਗੁਰ ਅਵਤਾਰ, ਕਵਣ ਵੇਲਾ ਮਾਤ ਹੋਏ ਸਹਾਇਆ । ਇਕੱਠੇ ਕਰੇ ਵਿਛੜੇ ਯਾਰ, ਯਾਰੀ ਯਾਰਾਂ ਨਾਲ ਨਿਭਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਮੇਲ ਮਿਲਾਇਆ । ਜਨ ਭਗਤਾਂ ਵਗਾਰੀ ਲਿਆ ਫੜ, ਆਪਣਾ ਬਲ ਰਖਾਈਆ । ਜੇ ਸਾਡੇ ਅੱਗੇ ਗਿਉਂ ਅੜ, ਇਕੱਠੇ ਹੋ ਕੇ ਧੱਕਾ ਦੇਈਏ ਲਗਾਈਆ । ਜੁਗ ਜੁਗ ਸਾਰੇ ਤੇਰਾ ਢੋਲਾ ਗਏ ਪੜ੍ਹ, ਤੂੰ ਸਾਡਾ ਢੋਲਾ ਗਾਈਆ । ਜੁਗ ਜੁਗ ਤੇਰੇ ਪਿਛੇ ਗਏ ਮਰ, ਕਲਜੁਗ ਅੰਤਮ ਤੂੰ ਆਪਣਾ ਆਪ ਮਿਟਾਈਆ । ਬਣ ਸੇਵਕ ਸਾਡੀ ਸੇਵਾ ਕਰ, ਸਾਥੋਂ ਭਾਰ ਝੱਲਿਆ ਨਾ ਜਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦੱਸਦੇ ਰਹੇ ਤੇਰਾ ਘਰ, ਖਾਣੀ ਬਾਣੀ ਕਰ ਪੜ੍ਹਾਈਆ । ਹੁਣ ਨਹੀਂ ਮੰਗਣਾ ਕੋਈ ਦਰ, ਦਰ ਮੰਗਣ ਦੀ ਲੋੜ ਰਹੀ ਨਾ ਰਾਈਆ । ਜੇ ਤੁਠਾਂ ਤੇ ਆਪਣੇ ਜੇਹੇ ਕਰ, ਘਰ ਆਪਣੇ ਕੀਮਤ ਪਾਈਆ । ਨਿੱਕੇ ਬਾਲੇ ਫੜ ਕੇ ਸਾਰੇ ਟੋਕਰੇ ਵਿਚ ਧਰ, ਆਪਣੀ ਹੱਥੀਂ ਸੇਵ ਕਮਾਈਆ । ਆਪਣੇ ਮੰਦਰ ਫੇਰ ਜਾਵੀਂ ਚੜ੍ਹ, ਸਾਨੂੰ ਉਂਗਲੀਆਂ ਨਾਲ ਲਗਾਈਆ । ਤੂੰ ਭਾਵੇਂ ਜੰਮ ਤੇ ਭਾਵੇਂ ਮਰ, ਸਾਨੂੰ ਜਨਮ ਮਰਨ ਵਿਚ ਕਦੇ ਨਾ ਲਿਆਈਆ । ਅਸੀਂ ਹੁਣ ਬੈਠੇ ਅੜ, ਗੱਲਾਂ ਬਾਤਾਂ ਨਾਲ ਨਾ ਸਕੇ ਕੋਇ ਮਨਾਈਆ । ਜੇ ਤੈਨੂੰ ਸਾਡਾ ਡਰ, ਸਾਨੂੰ ਸਚ ਦੇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਚ ਜਣਾਈਆ । ਭਗਤੋ ਵੇਖੋ ਮੈਂ ਤੁਹਾਥੋਂ ਡਰਦਾ, ਆਪਣਾ ਭੈ ਨਾ ਕੋਇ ਰਖਾਈਆ । ਹੋ ਨਿਮਾਣਾ ਸੇਵਾ ਕਰਦਾ, ਸੇਵਕ ਰੂਪ ਵਟਾਈਆ । ਤੁਹਾਡਾ ਟੋਕਰਾ ਸੀਸ ਉਤੇ ਧਰਦਾ, ਧਰਨੀ ਧਵਲ ਨਾ ਕੋਇ ਛੁਹਾਈਆ । ਤੁਹਾਡਾ ਭਾਣਾ ਆਪੇ ਜਰਦਾ, ਆਪਣਾ ਭਾਣਾ ਗੁਰ ਅਵਤਾਰਾਂ ਮਨਾਈਆ । ਸ਼ਹਿਨਸ਼ਾਹ ਹੋ ਕੇ

੧੩੧
੧੪

ਬਣਿਆ ਬਰਦਾ, ਮਾਣ ਰੱਖੇ ਨਾ ਕੋਇ ਵਡਿਆਈਆ । ਜਿਸ ਵੇਲੇ ਜਨ ਭਗਤਾਂ ਦਿਸੇ ਪਾਸਾ ਹਰਦਾ, ਤਿਸ ਵੇਲੇ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਡਰਦਾ ਡਰਦਾ ਸੇਵ ਕਮਾਈਆ । ਜਨ ਭਗਤੋ ਮੈਨੂੰ ਨਾ ਮਾਰੋ, ਸ੍ਰੀ ਭਗਵਾਨ ਆਪ ਜਣਾਇੰਦਾ । ਮੈਨੂੰ ਆਪਣਾ ਦਿਓ ਆਧਾਰੋ, ਆਧਾਰ ਇਕੋ ਇਕ ਰਖਾਇੰਦਾ । ਸਚ ਪ੍ਰੀਤੀ ਨਾਲ ਸ਼ਿੰਗਾਰੋ, ਜਗਤ ਵੇਸ ਨਾ ਕੋਇ ਹੰਢਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਕਰਾਇੰਦਾ । ਗੁਰ ਅਵਤਾਰੋ ਪੀਰ ਪੈਗ਼ੰਬਰੋ ਵੇਖੋ ਆਪ, ਆਪਣੀ ਕਾਰ ਕਮਾਈਆ । ਜਿਸ ਦਾ ਜਪਦੇ ਗਏ ਜਾਪ, ਸੋ ਭਗਤਾਂ ਦਏ ਵਡਿਆਈਆ । ਤੁਸਾਂ ਵੀ ਰਹਿਣਾ ਏਨ੍ਹਾਂ ਸਾਥ, ਇਕੋ ਸੰਗ ਬਣਾਈਆ । ਪਰਮ ਪੁਰਖ ਦੀ ਗੌਣੀ ਗਾਥ, ਦੂਜੀ ਹੋਰ ਨਾ ਕੋਇ ਪੜ੍ਹਾਈਆ । ਸਾਹਿਬ ਸੱਚੇ ਦੇ ਵਿਕਣਾ ਹਾਟ, ਕਰਤਾ ਕੀਮਤ ਆਪੇ ਪਾਈਆ । ਨਾਤਾ ਛੱਡੋ ਜ਼ਾਤ ਪਾਤ, ਦੀਨ ਮਜ਼੍ਹਬ ਨਾ ਕੋਇ ਰਖਾਈਆ । ਅੰਤਮ ਮਿਟੇ ਅੰਧੇਰੀ ਰਾਤ, ਲੋਕਮਾਤ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਰਬ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਲਾਵਣ ਪੰਜੇ, ਪੰਜਵਾਂ ਟੋਕਰਾ ਨਜ਼ਰੀ ਆਇਆ । ਅਸੀਂ ਆ ਗਏ ਵਿਚ ਸ਼ਕੰਜੇ, ਸਾਨੂੰ ਸਕੇ ਨਾ ਕੋਇ ਬਚਾਇਆ । ਮੰਦਰਾਂ ਮਸਜਦਾਂ ਵਿਚ ਖ਼ਾਲੀ ਰਹਿ ਜਾਣ ਮੰਜੇ, ਸਿੰਘਾਸਣ ਸਚ ਨਾ ਕੋਇ ਸੁਹਾਇਆ । ਸਭ ਦੇ ਸੀਸ ਹੋ ਜਾਣ ਗੰਜੇ, ਸ੍ਰੀ ਭਗਵਾਨ ਸਿਰ ਆਪਣੇ ਭਾਰ ਉਠਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇਆ । ਆ ਨਾਨਕ ਫੜਾ ਹੱਥ, ਹੱਥ ਹੱਥ ਨਾਲ ਮਿਲਾਈਆ । ਗੋਬਿੰਦ ਮਾਰਗ ਰਿਹਾ ਦੱਸ, ਮਿਲੇ ਮਾਣ ਵਡਿਆਈਆ । ਕਬੀਰ ਤੂੰ ਕਿਉਂ ਰਿਹੋਂ ਹੱਸ, ਹੰਸ ਮੁਖ ਸਾਲਾਹੀਆ । ਕਬੀਰ ਕਹੇ ਪ੍ਰਭ ਤੂੰ ਕਿਥੇ ਗਿਉਂ ਫਸ, ਕਿਧਰ ਗਈ ਤੇਰੀ ਵਡਿਆਈਆ । ਜੁਗ ਜੁਗ ਖੇਲ ਕਰਦਾ ਰਿਹੋਂ ਸਮਰਥ, ਅਛਲ ਛਲ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਹ ਕੀ ਕਾਰ ਕਮਾਈਆ । ਆ ਕਬੀਰ ਵੇਖ ਯਾਰ, ਹਰਿ ਯਾਰੀ ਆਪ ਕਮਾਇੰਦਾ । ਆ ਨਾਨਕ ਵੇਖ ਪਿਆਰ, ਪਰਮ ਪੁਰਖ ਆਪ ਸਮਝਾਇੰਦਾ । ਪੀਰ ਪੈਗ਼ੰਬਰ ਲੈ ਨਾਲ, ਗੁਰ ਅਵਤਾਰ ਗੰਢ ਪੁਆਇੰਦਾ । ਸਾਢੇ ਤਿੰਨ ਹੱਥ ਕਰੋ ਪਾਰ, ਪਾਰ ਕਿਨਾਰਾ ਆਪ ਜਣਾਇੰਦਾ । ਦਰ ਦਰਵਾਜਾ ਅੱਧਵਿਚਕਾਰ, ਹਰਿ ਦਰਦੀ ਦਰਦ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਜਵਾਂ ਭਾਰ ਹੌਲੀ ਹੌਲੀ ਸਭ ਦੇ ਉਤੇ ਪਾਇੰਦਾ । ਪੰਜਵਾਂ ਟੋਕਰਾ ਪਿਆ ਹੱਸ, ਭਗਤਾਂ ਰਿਹਾ ਜਣਾਈਆ । ਵਾਹ ਭਗਤੋ ਤੁਸਾਂ ਪ੍ਰਭ ਨੂੰ ਕੀਤਾ ਵਸ, ਤੁਹਾਡੀ ਵਡ ਵਡਿਆਈਆ । ਤੁਹਾਡੇ ਕੋਲੋਂ ਜਾਏ ਨਾ ਨੱਠ, ਭੱਜਿਆਂ ਰਾਹ ਨਜ਼ਰ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਰਿਹਾ ਕਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸੱਜਾ ਚਰਨ ਲਓ ਚੁੱਕ, ਹਰਿ ਸਚ ਸਚ ਜਣਾਇੰਦਾ । ਸਾਰੇ ਨੇੜੇ ਜਾਓ ਢੁਕ, ਆਪਣੇ ਨਾਲ ਮਿਲਾਇੰਦਾ । ਦੋਏ ਜੋੜ ਸਰਨ ਸਰਨਾਈ ਜਾਓ ਝੁਕ, ਨਿਵਣ ਸੋ ਰਹਿਣਾ ਇਕ ਵਖਾਇੰਦਾ । ਸਾਰੇ ਬਣੋ ਸ੍ਰੀ ਭਗਵਾਨ ਦੇ ਪੁੱਤ, ਦੂਜਾ ਪਿਤਾ ਨਜ਼ਰ ਕੋਇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਆਪ ਸਮਝਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਝੁਕਿਆ ਸੀਸ, ਦੋਏ ਜੋੜ ਸਰਨਾਈਆ । ਪ੍ਰਭ ਦੀ ਚਰਨੀ ਲੱਗੋ ਠੀਕ, ਸਾਢੇ ਤਿੰਨ ਹੱਥ ਬਾਹਰ ਹੋ ਜਾਈਆ । ਚਰਨ ਕਵਲ ਦੀ ਕਰੋ ਪ੍ਰੀਤ, ਪ੍ਰੀਤੀ ਇਕ ਵਡਿਆਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਢੇ ਤਿੰਨ ਹੱਥ ਪੰਧ ਮੁਕਾਈਆ । ਸਾਢੇ ਤਿੰਨ ਹੱਥ ਮੁਕਿਆ ਪੰਧ, ਸੋ ਸਾਹਿਬ ਆਪ ਜਣਾਇੰਦਾ । ਸੋਹੰ ਢੋਲਾ ਗਾਓ ਛੰਦ, ਇਕੋ ਰਾਗ ਅਲਾਇੰਦਾ । ਅੱਗੇ ਨੇੜੇ ਆਵੇ ਪੰਧ, ਆਪਣਾ ਰਾਹ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਆਓ ਪਿਛੇ, ਹਰਿ ਅਗਲਾ ਹਾਲ ਜਣਾਈਆ । ਸਾਹਿਬ ਸਤਿਗੁਰ ਦੇ ਸਾਚੇ ਹਿੱਸੇ, ਸਾਚੀ ਵੰਡ ਵੰਡਾਈਆ । ਬਿਨ ਭਗਤਾਂ ਕਿਸੇ ਨਾ ਦਿਸੇ, ਸੁੱਤੀ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਉਂਗਲੀ ਰਿਹਾ ਲਗਾਈਆ । ਗੁਰ ਅਵਤਾਰੋ ਪੀਰ ਪੈਗ਼ੰਬਰੋ ਟੋਕਰਾ ਹੋਇਆ ਮੂਧਾ, ਪ੍ਰਭ ਆਪਣੇ ਸੀਸ ਟਿਕਾਈਆ । ਅਗਲਾ ਭੇਵ ਦੱਸੇ ਗੁਝਾ, ਪਰਦਾ ਆਪ ਚੁਕਾਈਆ । ਨਾ ਕੋਈ ਰਹੇ ਹੋਰ ਦੂਜਾ, ਇਕੋ ਇਕ ਸਰਨਾਈਆ । ਗੋਬਿੰਦ ਪ੍ਰੀਤੀ ਹਰਿ ਜੀ ਝੂਜਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਆਪਣੇ ਨਾਲ ਮਿਲਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਵੜ ਗਏ ਵੇਹੜੇ, ਇਕ ਧਿਆਨ ਲਗਾਇਆ । ਪਿਛਲੇ ਸਾਰੇ ਛੱਡੇ ਝੇੜੇ, ਝਗੜਾ ਕੋਇ ਰਹੇ ਨਾ ਰਾਇਆ । ਸਾਰੇ ਕਹਿਣ ਅਸੀਂ ਹੋ ਗਏ ਤੇਰੇ, ਤੁਧ ਬਿਨ ਨਜ਼ਰ ਕੋਇ ਨਾ ਆਇਆ । ਚੌਥੇ ਯੁਗ ਮਾਰੇ ਫੇਰੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਮੇਲ ਮਿਲਾਇਆ । ਆਓ ਵੇਖੋ ਭਗਤਨ ਵੇਹੜਾ, ਸ੍ਰੀ ਭਗਵਾਨ ਆਪ ਵਖਾਈਆ । ਚਾਰੋਂ ਕੁੰਟ ਦਿਓ ਗੇੜਾ, ਚਾਰ ਯੁਗ ਦਾ ਲੇਖ ਮੁਕਾਈਆ । ਜਿਧਰ ਵੇਖੋ ਨੇਰਨ ਨੇਰਾ, ਨਰ ਹਰਿ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਵੇਖ ਕੇ ਚੌਥੀ ਛੱਤ, ਸ਼ੰਕਾ ਸਰਬ ਮਿਟਾਇਆ । ਭਗਤ ਭਗਵਾਨ ਕਿਥੇ ਲਏ ਰੱਖ, ਆਪ ਆਪਣੀ ਗੋਦ ਬਹਾਇਆ । ਲੱਖ ਚੁਰਾਸੀ ਖ਼ਾਲੀ ਹੱਥ, ਵਸਤ ਝੋਲੀ ਨਾ ਕੋਇ ਭਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਚ ਰਿਹਾ ਜਣਾਇਆ । ਤੁਹਾਨੂੰ ਭਗਤ ਦੁਆਰ ਵਖਾਵਾਂਗਾ । ਨਾਲ ਲੈ ਕੇ ਅੰਦਰ ਜਾਵਾਂਗਾ । ਸ਼ਾਹ ਪਾਤਸ਼ਾਹ ਆਪ ਅਖਵਾਵਾਂਗਾ । ਸਾਚਾ ਰਾਹ ਇਕ ਚਲਾਵਾਂਗਾ । ਬਣ ਮਲਾਹ ਬੇੜਾ ਉਠਾਵਾਂਗਾ । ਵਖਾ ਥਾਂ ਭੇਵ ਚੁਕਾਵਾਂਗਾ । ਜਪਾ ਇਕੋ ਨਾਮ, ਸ਼ਰਅ ਮਿਟਾਵਾਂਗਾ । ਪਿਆ ਜਾਮ, ਤ੍ਰਿਸ਼ਨ ਬੁਝਾਵਾਂਗਾ । ਨਜ਼ਰੀ ਆਏ ਇਕੋ ਰਾਮ, ਰਾਮ ਮਨਾਵਾਂਗਾ । ਖੇਲ ਕਰਾ ਕੇ ਸਾਚਾ ਸ਼ਾਮ, ਰਾਸ ਰਚਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਉਂਗਲ ਸਭ ਨੂੰ ਆਪ ਫੜਾਵਾਂਗਾ । ਗੁਰ ਅਵਤਾਰ ਪੀਰ ਪੈਗ਼ੰਬਰ ਉਂਗਲੀ ਫੜ, ਆਪਣਾ ਆਪ ਬੰਧਾਇਆ । ਤੂੰ ਮੇਰਾ ਮੇਰਾ ਸਾਰੇ ਰਹੇ ਪੜ੍ਹ, ਇਕੋ ਰਾਗ ਅਲਾਇਆ । ਸਾਹਿਬ ਸੱਚੇ ਦਾ ਵੇਖਿਆ ਘਰ, ਜਿਸ ਘਰ ਡੇਰਾ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹਿਆ । ਗੁਰ ਅਵਤਾਰ ਪੀਰ ਪੈਗ਼ੰਬਰ ਅੰਦਰ ਆਏ, ਹਰਿ ਸਤਿਗੁਰ ਨਾਲ ਲਿਆਈਆ । ਸ਼ਬਦੀ ਸ਼ਬਦ ਰਿਹਾ ਜਣਾਏ, ਸਾਚੀ ਸਿਖਿਆ ਕਰੇ ਪੜ੍ਹਾਈਆ । ਰਲ ਮਿਲ ਸਾਰੇ ਬੈਠੋ ਥਾਏਂ, ਥਾਉਂ ਭਗਤਾਂ ਵਿਚ ਰਖਾਈਆ । ਕਰੇ ਖੇਲ ਬੇਪਰਵਾਹੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਰਿਹਾ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਬਹਿੰਦੇ ਜਾਂਦੇ, ਬਹਿ ਬਹਿ ਸ਼ੁਕਰ ਮਨਾਈਆ । ਸਾਚਾ ਢੋਲਾ ਇਕੋ ਗਾਂਦੇ, ਗਾ ਗਾ ਰਹੇ ਅਲਾਈਆ । ਸ੍ਰੀ ਭਗਵਾਨ ਦਾ ਦਰਸ਼ਨ ਪਾਂਦੇ, ਪਾ

ਪਾ ਸ਼ੁਕਰ ਮਨਾਈਆ । ਚਾਰ ਯੁਗ ਦੇ ਥੱਕੇ ਮਾਂਦੇ, ਘਰ ਸਾਚੇ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਵੇਖਿਆ ਸੱਚਾ ਘਰ, ਜਿਸ ਘਰ ਸਾਚਾ ਆਸਣ ਲਾਈਆ । ਪਾਰਬ੍ਰਹਮ ਕਹੇ ਮੇਰਾ ਸਚ ਆਸਣ, ਇਕੋ ਇਕ ਰਖਾਇਆ । ਜਿਸ ਦਾ ਬਣ ਕੇ ਦਾਸੀ ਦਾਸਣ, ਸੇਵਾ ਸਾਚੀ ਸਚ ਕਮਾਇਆ । ਸੋ ਟੋਕਰਾ ਮੇਰਾ ਸਾਥਣ, ਜਿਸ ਸੀਸ ਆਪਣਾ ਆਪ ਟਿਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਿੰਘਾਸਣ ਇਕ ਵਡਿਆਇਆ । ਨਾਮਾ ਕਹੇ ਮੇਰਾ ਤੁਟਾ ਮਾਣ, ਮਨਸਾ ਰਹੀ ਨਾ ਰਾਈਆ । ਮੈਂ ਜਾਤਾ ਤੂੰ ਬਾਢੀ ਤਰਖਾਣ, ਛੱਪਰੀ ਛੰਨ ਛੁਹਾਈਆ । ਤੇਰਾ ਵੇਖ ਖੇਲ ਮਹਾਨ, ਮੇਰੀ ਭੁੱਲੀ ਸਰਬ ਚਤੁਰਾਈਆ । ਸ਼ਾਹ ਪਾਤਸ਼ਾਹ ਬਣ ਸੁਲਤਾਨ, ਸ਼ਹਿਨਸ਼ਾਹ ਅਖਵਾਈਆ । ਜਨ ਭਗਤ ਦਵਾਰੇ ਦਰ ਦਰਵੇਸ਼ ਬਣ ਦਰਬਾਨ, ਆਪਣੀ ਸੇਵ ਕਮਾਈਆ । ਸਿਰ ਟੋਕਰਾ ਰੱਖ ਭਗਵਾਨ, ਤੈਨੂੰ ਲੱਜਿਆ ਜ਼ਰਾ ਨਾ ਆਈਆ । ਮੈਂ ਜਾਣਿਆ ਤੈਨੂੰ ਸਾਰੇ ਸੀਸ ਝੁਕਾਣ, ਝੁਕ ਝੁਕ ਤੇਰੀ ਸੇਵ ਕਮਾਈਆ । ਕਲਜੁਗ ਅੰਤਮ ਵੇਖ ਹੋਇਆ ਹੈਰਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸੱਚਾ ਵਰ, ਮੇਰੀ ਸਮਝ ਦੇਣੀ ਬਦਲਾਈਆ । ਮੈਂ ਜਾਤਾ ਮੇਰੀ ਛੁਹਾਏਂ ਛੰਨ, ਛੱਪਰ ਦਏਂ ਵਡਿਆਇਆ । ਕਲਜੁਗ ਅੰਤਮ ਵੇਖਿਆ ਤੂੰ ਗ਼ਰੀਬ ਨਿਮਾਣਿਆਂ ਨਾਲ ਗਿਆ ਮੰਨ, ਮਨਸਾ ਆਪਣੀ ਨਾਲ ਮਿਲਾਇਆ । ਕਰ ਕਿਰਪਾ ਚਾੜ੍ਹੇ ਸਾਚੇ ਚੰਨ, ਚੰਦ ਆਪਣਾ ਨੂਰ ਰੁਸ਼ਨਾਇਆ । ਮਿਹਰਵਾਨ ਹੋ ਕੇ ਬੇੜਾ ਦਿਤਾ ਬੰਨ੍ਹ, ਸਿਰ ਆਪਣੇ ਭਾਰ ਉਠਾਇਆ । ਜਿਸ ਦਾ ਸੰਦੇਸ ਸੁਣਦਾ ਰਿਹਾ ਨਾਲ ਕੰਨ, ਤਿਸ ਦਾ ਖੇਲ ਅੱਖੀਂ ਵੇਖ ਵਖਾਇਆ । ਤੂੰ ਆਪਣਾ ਠੀਕਰਾ ਦਿਤਾ ਭੰਨ, ਜਨ ਭਗਤਾਂ ਠੀਕ ਰਾਹ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵਾ ਮਾਤ ਕਮਾਇਆ । ਧੰਨਾ ਕਹੇ ਵੇਖ ਤੇਰਾ ਹਾਲ, ਮੇਰੀ ਭੁੱਲੀ ਚਤੁਰਾਈਆ । ਮੈਂ ਜਾਣਿਆਂ ਤੂੰ ਮੇਰਾ ਚਾਰੇਂ ਮਾਲ, ਦੂਜੇ ਮਿਲੇ ਨਾ ਕਿਸੇ ਵਡਿਆਈਆ । ਕਲਜੁਗ ਅੰਤਮ ਵੇਖਿਆ ਆਣ, ਬੇਪਰਵਾਹ ਵੱਡਾ ਬੇਪਰਵਾਹੀਆ । ਗ਼ਰੀਬ ਨਿਮਾਣੇ ਲਏ ਪਹਿਚਾਨ, ਭਗਵਨ ਭਗਤਾਂ ਹੋਏ ਸਹਾਈਆ । ਅਣਮੰਗਿਆ ਦੇਵੇ ਦਾਨ, ਅਨਮੁਲੀ ਵਸਤ ਝੋਲੀ ਪਾਈਆ । ਪਰਗਟ ਹੋ ਵਿਚ ਜਹਾਨ, ਪਾਰਬ੍ਰਹਮ ਪ੍ਰਭ ਖੇਲ ਖਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਨਾ ਕਿਸੇ ਜਣਾਈਆ । ਧੰਨਾ ਕਹੇ ਮੇਰਾ ਤੁਟਾ ਮਾਣ, ਅਭਿਮਾਣ ਰਿਹਾ ਨਾ ਰਾਈਆ । ਮੈਂ ਵੱਟੇ ਵਿਚੋਂ ਪਾਇਆ ਭਗਵਾਨ, ਕਲਜੁਗ ਅੰਤ ਬਿਨ ਵੱਟਿਉਂ ਗੁਰਮੁਖਾਂ ਨਜ਼ਰੀ ਆਈਆ । ਕੀ ਤੈਨੂੰ ਪ੍ਰੇਮੀ ਕਹਾਂ ਕਿ ਸ਼ੈਤਾਨ, ਸ਼ਰਅ ਸਭ ਦੀ ਦਿਤੀ ਤੁੜਾਈਆ । ਤੇਰਾ ਵੇਖ ਖੇਲ ਮਹਾਨ, ਸਭ ਦੀ ਅੱਖ ਸ਼ਰਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕੋਈ ਨਾ ਤੇਰੇ ਅੱਗੇ ਰਿਹਾ ਬਲਵਾਨ, ਬਲ ਸਭ ਦਾ ਖੀਣ ਕਰਾਈਆ । ਸਾਰੇ ਕਹਿਣ ਤੇਰੀ ਮੰਨੀ ਆਣ, ਬੈਠੇ ਸੀਸ ਝੁਕਾਈਆ । ਭਗਤ ਕਹਿਣ ਜਿੰਨਾਂ ਚਿਰ ਤੂੰ ਨਾ ਮਿਲੇਂ ਆਣ, ਤੇਰੀ ਪਰਵਾਹ ਨਾ ਕੋਇ ਰਖਾਈਆ । ਏਸੇ ਕਾਰਨ ਪ੍ਰਭ ਭਗਤਾਂ ਦੇਵੇ ਦਾਨ, ਦਾਤਾ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਕਬੀਰ ਕਹੇ ਕਿਉਂ ਸਾਡੇ ਨਾਲ ਕੀਤਾ ਧੋਖਾ, ਧੁਖ ਧੁਖ ਜੀਵਣ ਜਗਤ ਬਿਤਾਈਆ । ਕਲਜੁਗ ਅੰਤਮ ਮਾਰਗ ਲਾਇਆ ਸੌਖਾ, ਇਕੋ ਨਾਮ ਸਮਝਾਈਆ । ਜੋ ਸੋਹੰ ਭਰੇ ਤੇਰੇ ਨਾਮ ਦਾ ਹੌਕਾ, ਤਿਸ ਜਮ ਨੇੜ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਿਤੀ ਮਾਣ ਵਡਿਆਈਆ ।


੧੩੪
੧੪

ਸੁਣ ਕਬੀਰ ਭਗਤ ਜੁਲਾਹ, ਜਲਵਾ ਹਰਿ ਜੂ ਆਪ ਜਣਾਇੰਦਾ । ਓਸ ਵੇਲੇ ਤੁਸਾਂ ਗੁਰੂਆਂ ਕੋਲੋਂ ਲੱਭਿਆ ਮੇਰਾ ਨਾਂ, ਰਾਮਾ ਨੰਦ ਪੱਲੂ ਜਗਤ ਫੜਾਇੰਦਾ । ਏਸ ਵੇਲੇ ਮੈਂ ਸਿਧਾ ਮਿਲਾਂ ਆ, ਰਾਹ ਵਿਚ ਨਾ ਕੋਇ ਅਟਕਾਇੰਦਾ । ਜਿਸ ਵੇਲੇ ਚਾਹਾਂ ਫੜਾਂ ਬਾਂਹ, ਰਾਤੀਂ ਸੁਤਿਆਂ ਗਲੇ ਲਗਾਇੰਦਾ । ਗੁਰਸਿਖ ਕੋਈ ਨਾ ਕਰੇ ਨਾ, ਮੁਖੜਾ ਮੁਖ ਨਾ ਕੋਇ ਭੁਆਇੰਦਾ । ਕਿਸੇ ਨੂੰ ਕਹਾਂ ਪਿਤਾ ਕਿਸੇ ਨੂੰ ਕਹਾਂ ਮਾਂ, ਕਿਸੇ ਨੂੰ ਬਿਨ ਕੁੱਖੋਂ ਗੋਦ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਆਪ ਉਠਾਇੰਦਾ । ਕਬੀਰ ਕਹੇ ਏਹ ਨਹੀਂ ਚੰਗਾ, ਚੰਗੀ ਤਰਾਂ ਸਮਝਾਈਆ । ਕੀ ਕਦੇ ਭਗਵਾਨ ਬਣੇ ਬੰਦਾ, ਬਿਨ ਬੰਦਗੀ ਖੇਲ ਕਰਾਈਆ । ਗੌਣਾ ਵਜੌਣਾ ਸੁਣੌਣਾ ਤੇਰਾ ਧੰਦਾ, ਧੁਨਕੀ ਆਪਣੇ ਹੱਥ ਰਖਾਈਆ । ਕੋਈ ਸੁਜਾਖਾ ਕੋਈ ਅੰਧਾ, ਕਿਸੇ ਅੱਖ ਖੁਲ੍ਹਾਈਆ । ਕੋਈ ਵਿਆਹਾ ਕੋਈ ਕੁਆਰਾ ਕੋਈ ਰੰਡਾ, ਕੰਤ ਸੁਹਾਗ ਕੋਇ ਹੰਢਾਈਆ । ਕਿਸੇ ਵਖਾਇਆ ਅੱਧਵਿਚਕਾਰ ਡੰਡਾ, ਕਿਸੇ ਉਪਰ ਚਾੜ੍ਹ ਮੂੰਹ ਦੇ ਭਾਰ ਸੁਟਾਈਆ । ਪ੍ਰਭੂ ਤੇਰੇ ਵਿਚ ਬੜਾ ਘਮੰਡਾ, ਤੂੰ ਆਕੜਖ਼ਾਨ ਅਖਵਾਈਆ । ਜਿੰਨਾਂ ਚਿਰ ਕੋਈ ਤੇਰਾ ਨਾ ਗਾਵੇ ਛੰਦਾ, ਤੈਨੂੰ ਖ਼ੁਸ਼ੀ ਕਦੇ ਨਾ ਆਈਆ । ਤੂੰ ਪਾ ਕੇ ਆਪਣਾ ਫੰਦਾ, ਪ੍ਰੇਮੀ ਸਾਰੇ ਲਏਂ ਫਸਾਈਆ । ਤੇਰਾ ਖੇਲ ਵਿਚ ਨਵਖੰਡਾ, ਸੱਤ ਦੀਪ ਤੇਰੀ ਵਡਿਆਈਆ । ਤੇਰਾ ਪ੍ਰਕਾਸ਼ ਵਿਚ ਬ੍ਰਹਿਮੰਡਾ, ਪੁਰੀ ਲੋਅ ਤੇਰੀ ਸ਼ਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਬੇਅੰਤ ਬੇਅੰਤ ਬੇਅੰਤ ਅਖਵਾਈਆ । ਕਬੀਰ ਮੇਰਾ ਖੇਲ ਅਗੰਮ, ਅਗੰਮੜੀ ਕਾਰ ਕਮਾਇੰਦਾ । ਕੋਟਨ ਕੋਟਨ ਲਾ ਕੰਮ, ਕਰਨੀ ਕਰਤਾ ਆਪ ਜਣਾਇੰਦਾ । ਜੁਗ ਚੌਕੜੀ ਬੇੜਾ ਬੰਨ੍ਹ, ਸਾਚਾ ਖੇਲ ਖਲਾਇੰਦਾ । ਕਲਜੁਗ ਅੰਤ ਖੇਲ ਭਗਵਨ, ਆਪਣੀ ਕਲ ਧਰਾਇੰਦਾ । ਮਿਹਰ ਨਜ਼ਰ ਨਾਲ ਬੇੜਾ ਬੰਨ੍ਹ, ਬਿਨ ਭਗਤੀਉਂ ਪਾਰ ਕਰਾਇੰਦਾ । ਜਿਨ੍ਹਾਂ ਮੇਰਾ ਨਾਮ ਲਿਆ ਮੰਨ, ਤਿਨ੍ਹਾਂ ਅੱਖਰ ਨਾ ਕੋਇ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕੋ ਵਾਰ ਸਭ ਨੂੰ ਦਿਤਾ ਦਾਨ, ਭਗਤ ਦੁਆਰੇ ਕਰ ਪਰਵਾਨ, ਵੱਡਿਆਂ ਛੋਟਿਆਂ ਬੁੱਢਿਆਂ ਬਾਲਾਂ ਅੰਤ ਤੇਰੇ ਨਾਲ ਮਿਲਾਇੰਦਾ ।

ਪਹਿਲਾ ਟੋਕਰਾ ਹੱਸਦਾ, ਪ੍ਰਭ ਸਾਚੀ ਸੇਵ ਕਮਾਈਆ । ਦੂਜਾ ਟੋਕਰਾ ਨੱਸਦਾ, ਭੱਜੇ ਵਾਹੋ ਦਾਹੀਆ । ਤੀਜਾ ਟੋਕਰਾ ਦੱਸਦਾ, ਅਬਿਨਾਸ਼ੀ ਕਰਤਾ ਭਾਰ ਉਠਾਈਆ । ਚੌਥਾ ਟੋਕਰਾ ਕਹੇ ਮੈਂ ਸੀਸ ਉਤੇ ਵਸਦਾ, ਜਗਦੀਸ਼ ਰਿਹਾ ਸੁਹਾਈਆ । ਪੰਜਵਾਂ ਟੋਕਰਾ ਕਹੇ ਮੈਂ ਖੇਲ ਕੀਤਾ ਇਕੱਠ ਦਾ, ਇਕੱਠੇ ਇਕੋ ਘਰ ਬਣਾਈਆ । ਲਹਿਣਾ ਦਬਾਇਆ ਤੀਰਥ ਅੱਠਸਠ ਦਾ, ਭਗਤ ਦਰਵਾਜ਼ੇ ਦਿਤੀ ਵਡਿਆਈਆ । ਜੋ ਸੀਸ ਦਹਿਲੀਜ਼ ਉਤੇ ਰੱਖਦਾ, ਤਿਸ ਮਿਲੇ ਸੱਚੀ ਸਰਨਾਈਆ । ਏਥੇ ਮੇਲਾ ਤੀਜੀ ਅੱਖ ਦਾ, ਦੋਏ ਨੈਣ ਸ਼ਰਮ ਰਖਾਈਆ । ਸਾਹਮਣੇ ਸ਼ਹਿਨਸ਼ਾਹ ਸੱਚਾ ਵਸਦਾ, ਸਚ ਸਿੰਘਾਸਣ ਡੇਰਾ ਲਾਈਆ । ਬੋਲੇ ਬੋਲ ਇਕ ਅਲੱਖ ਦਾ, ਅਲੱਖ ਨਿਰੰਜਣ ਜਣਾਈਆ । ਗ਼ਰੀਬ ਨਿਮਾਣਿਆਂ ਦੀ ਪਤ ਰੱਖਦਾ, ਦਰ ਆਇਆਂ ਦਏ ਸਰਨਾਈਆ । ਕਰੇ ਖੇਲ ਤਰਖਾਣ ਜੱਟ ਦਾ, ਵਡ ਦਾਤਾ ਬੇਪਰਵਾਹੀਆ । ਸੌਦਾ ਵਖਾਏ ਸਾਚੇ ਹੱਟ ਦਾ, ਇਕੋ ਨਾਮ ਵਿਕਾਈਆ । ਮਿਲਿਆ ਮੇਲ ਭਗਵਾਨ ਭਗਤ ਦਾ, ਅੱਗੇ ਪਿਛੇ ਨਾ ਹੋਏ ਜੁਦਾਈਆ । ਨਾਤਾ ਤੁਟਿਆ ਬੂੰਦ ਰਕਤ ਦਾ, ਦਸ ਦਸ ਮਾਸ ਨਾ ਅਗਨ ਤਪਾਈਆ ।

ਖਹਿੜਾ ਛੁਟਿਆ ਝੂਠੇ ਜਗਤ ਦਾ, ਸਤਿਗੁਰ ਸਚ ਕਰੀ ਕੁੜਮਾਈਆ । ਵੇਲਾ ਗਿਆ ਸੋਗ ਹਰਖ ਦਾ, ਚਿੰਤਾ ਗ਼ਮ ਨਾ ਕੋਇ ਸਤਾਈਆ । ਕਰ ਕਿਰਪਾ ਪ੍ਰਭ ਆਪਣੇ ਆਪੇ ਪਰਖਦਾ, ਪਾਰਖੂ ਇਕੋ ਫੇਰਾ ਪਾਈਆ । ਮਿਹਰ ਨਜ਼ਰ ਮੇਘ ਬਰਸਦਾ, ਸਾਂਤਕ ਸਤਿ ਕਰਾਈਆ । ਭਗਤ ਅੱਧਵਿਚਕਾਰ ਨਾ ਕੋਈ ਅਟਕਦਾ, ਫੜ ਬਾਹੋਂ ਪਾਰ ਕਰਾਈਆ । ਚਾਰ ਯੁਗ ਜੋ ਗੁਰ ਅਵਤਾਰ ਪੀਰ ਪੈਗ਼ੰਬਰ ਰਿਹਾ ਭਟਕਦਾ, ਤਿਸ ਆਪਣਾ ਘਰ ਵਖਾਈਆ । ਏਹੋ ਲੇਖਾ ਸਿਧੀ ਸੜਕ ਦਾ, ਬਿਨ ਸਾਹਿਬ ਦੂਜਾ ਨਜ਼ਰ ਕੋਇ ਨਾ ਆਈਆ । ਸ੍ਰੀ ਭਗਵਾਨ ਜਨ ਭਗਤਾਂ ਦੇ ਦਰਸ ਨੂੰ ਤਰਸਦਾ, ਨਿਤ ਨਵਿਤ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਪੰਜਵਾਂ ਟੋਕਰਾ ਰਿਹਾ ਜਣਾਈਆ । ਟੋਕਰਾ ਕਹੇ ਮੇਰੀ ਵੇਖੋ ਤਾਕਤ, ਤਾਕਤਵਰ ਅਜ਼ਮਾਈਆ । ਸੀਸ ਧਰਿਆ ਬਿਨ ਲਿਆਕਤ, ਦਿਤੀ ਮਾਣ ਵਡਿਆਈਆ । ਮੈਂ ਸਭ ਨਾਲ ਕਰਾਂ ਸ਼ਰਾਰਤ, ਸਿਰ ਗ਼ਰੀਬਾਂ ਭਾਰ ਟਿਕਾਈਆ । ਅੱਗੇ ਗ਼ਰੀਬ ਤਰਨੇ ਪ੍ਰਭ ਦੀ ਮਾਰਫ਼ਤ, ਹਰਿ ਜੂ ਆਪਣੀ ਦਇਆ ਕਮਾਈਆ । ਕੋਈ ਭੇਵ ਨਾ ਪਾਏ ਆਰਫ਼, ਪਰਦਾ ਸਕੇ ਨਾ ਕੋਇ ਖੁਲ੍ਹਾਈਆ । ਅਜ ਤੋਂ ਮੇਰੀ ਮੁੱਕੀ ਸ਼ਰਾਰਤ, ਗ਼ਰੀਬਾਂ ਹੋਇਆ ਆਪ ਸਹਾਈਆ । ਲੇਖਾ ਚੁਕਾਇਆ ਲਿਖ ਕੇ ਇਬਾਰਤ, ਅਵਲ ਆਪਣਾ ਨਾਮ ਜਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਫੜ ਬਾਹੋਂ ਮੈਨੂੰ ਬੰਨ੍ਹ ਲਿਆਈਆ । ਮੈਂ ਦਰ ਤੇ ਆਇਆ ਬੱਧਾ, ਪਿਛਲੀ ਬਦਲੀ ਦਿਆਂ ਕਰਵਾਈਆ । ਗ਼ਰੀਬ ਨਿਮਾਣਿਆਂ ਦੇਵਾਂ ਸੱਦਾ, ਸੁਣੋ ਸੱਜਣ ਮੇਰੇ ਭਾਈਆ । ਹੁਣ ਮੈਂ ਤੁਹਾਡਾ ਖਹਿੜਾ ਛੱਡਾ, ਰਾਜ ਰਾਜਾਨਾਂ ਕਰਾਂ ਸਫ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੁਖੀਆਂ ਦੁੱਖ ਦਿਤਾ ਵੰਡਾਈਆ । ਟੋਕਰਾ ਕਹੇ ਪ੍ਰਭ ਦਿਤਾ ਸਬੂਤ, ਦੀਦਾ ਦਾਨਿਸਤਾ ਵਖਾਈਆ । ਸਿਰ ਚੁੱਕ ਆਪ ਮਹਿਬੂਬ, ਗ਼ਰੀਬ ਨਿਮਾਣਿਆਂ ਨਾਲ ਮੁਹੱਬਤ ਪਾਈਆ । ਵੇਖੋ ਅਸਲ ਨਾਲ ਮੁਕਦਾ ਸੂਦ, ਸ਼ਰਅ ਫ਼ੀ ਸਦੀ ਆਪਣੇ ਹੁਕਮ ਲਗਾਈਆ । ਆਪ ਵਿਰੋਲੇ ਪਾਣੀ ਦੂਧ, ਨਾਮ ਮਧਾਣਾ ਵਿਚ ਰਖਾਈਆ । ਮੈਂ ਆਪਣਾ ਕੱਟ ਵਜੂਦ, ਵਜਾ ਆਪਣੀ ਲਈ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣੇ ਲਿਆ ਉਠਾਈਆ । ਜਿਸ ਵੇਲੇ ਮੈਂ ਸਿਰ ਤੇ ਚੜ੍ਹਿਆ, ਚਾਉ ਘਨੇਰਾ ਰਖਾਈਆ । ਵੇਖ ਵਡਿਆਈ ਫੇਰ ਡਰਿਆ, ਭੈ ਭੌ ਨਜ਼ਰੀ ਆਈਆ । ਕੀ ਪਤਾ ਜਿਸ ਉਪਰ ਖੜਿਆ, ਫੇਰ ਚਰਨਾਂ ਹੇਠ ਦਏ ਦਬਾਈਆ । ਜਿਸ ਦਾ ਢੋਲਾ ਇਕੋ ਪੜ੍ਹਿਆ, ਸੋਹੰ ਰਿਹਾ ਸਮਝਾਈਆ । ਅੰਦਰ ਬਾਹਰ ਇਕੋ ਖੜ੍ਹਿਆ, ਓਹੋ ਨਜ਼ਰੀ ਆਈਆ । ਗੁਰ ਅਵਤਾਰ ਜਿਸ ਨੇ ਫੜਿਆ, ਪੈਗ਼ੰਬਰ ਆਪਣੀ ਉਂਗਲੀ ਲਾਈਆ । ਫੜ ਬਹਾਏ ਸਾਚੇ ਦਰਿਆ, ਦਰ ਦਰਬਾਰ ਸੁਹਾਈਆ । ਮੈਂ ਵੀ ਆ ਕੇ ਚਰਨੀ ਪੜ੍ਹਿਆ, ਇਕੋ ਮੰਗ ਮੰਗਾਈਆ । ਕਿਸ ਕਾਰਨ ਮੋਹੇ ਸੀਸ ਧਰਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦ ਖੁਲ੍ਹਾਈਆ । ਟੋਕਰੇ ਤੇਰਾ ਨਹੀਂ ਕੋਈ ਮਾਣ, ਟੁੱਕ ਟੁੱਕ ਤੇਰੀ ਧਾਰ ਬੰਧਾਈਆ । ਤੇਰੀ ਮਿਸਾਲ ਦਿਤੀ ਭਗਵਾਨ, ਭਗਵਾਨ ਭਗਤਾਂ ਸਿਰ ਉਠਾਈਆ । ਜਿਉਂ ਤਲਵਾਰ ਵਿਚ ਮਿਆਨ, ਪਰਦਾ ਉਪਰ ਪਾਈਆ । ਤਿਉਂ ਟੋਕਰੇ ਤੇਰੇ ਵਿਚ ਗੁਰਮੁਖ ਰੱਖੇ ਬਾਲ ਅਞਾਣ, ਸਿਰ ਆਪਣੇ ਭਾਰ ਉਠਾਈਆ । ਵੇਖੀਂ ਕਰੀਂ ਨਾ ਕੋਈ ਅਭਿਮਾਨ, ਅਭਿਮਾਨੀਆਂ ਪ੍ਰਭ ਦੇਵੇ ਧੱਕਾ ਲਾਈਆ । ਤਿਨ੍ਹਾਂ ਕਰੇ ਪਰਵਾਨ, ਜੋ ਆਪਣਾ ਆਪ ਗਏ ਮਿਟਾਈਆ । ਸਖੀਆਂ ਮਿਲੇ ਸੱਚਾ ਕਾਹਨ, ਪਾਰਬ੍ਰਹਮ ਪ੍ਰਭ ਬੇਪਰਵਾਹੀਆ । ਰਾਤੀਂ ਸੁਤਿਆਂ ਮਿਲੇ ਆਣ,

ਫੜ ਬਾਹੋਂ ਗਲੇ ਲਗਾਈਆ । ਜੇ ਜਗਤ ਕਰੇ ਪਛਾਣ, ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਤ ਦਰਵਾਜ਼ਾ ਭਗਵਾਨ ਰਾਜਾ ਰੱਯਤ ਗੁਰ ਅਵਤਾਰ ਪੀਰ ਪੈਗ਼ੰਬਰ ਸਰਬ ਬਣਾਈਆ ।

ਪੰਜ ਸ਼ਬਦ ਦਾ ਇਕੋ ਰਸ, ਜਨ ਭਗਤਾਂ ਦਏ ਖੁਆਈਆ । ਬਿਨ ਖੇੜਿਉਂ ਸਾਰੇ ਗਏ ਵਸ, ਸ੍ਰੀ ਭਗਵਾਨ ਮੰਦਰ ਇਕ ਸੁਹਾਈਆ । ਜਨਮ ਕਰਮ ਦਾ ਮੇਟਿਆ ਫੱਟ, ਪੱਟੀ ਆਪਣੇ ਨਾਮ ਬੰਧਾਈਆ । ਪੰਜ ਜੈਕਾਰੇ ਜੋ ਜਨ ਲਏ ਰਟ, ਭਗਤ ਦਰਵਾਜ਼ੇ ਸੀਸ ਝੁਕਾਈਆ । ਤਿਨ੍ਹਾਂ ਸਾਹਿਬ ਮਿਲੇ ਸਮਰਥ, ਆਪਣੀ ਗੋਦ ਬਹਾਈਆ । ਸਿਰ ਤੇ ਰੱਖੇ ਦੋਵੇਂ ਹੱਥ, ਮਿਹਰ ਨਜ਼ਰ ਟਿਕਾਈਆ । ਲੋਕਮਾਤ ਵਿਚੋਂ ਬੂਟਾ ਪੱਟ, ਸਚਖੰਡ ਦੁਆਰੇ ਦਏ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦਾ ਸਦਾ ਹੋਏ ਸਹਾਈਆ । ਪੰਜ ਵਾਰ ਦਾ ਪੰਚਮ ਭੋਗ, ਸ੍ਰੀ ਭਗਵਾਨ ਆਪ ਲਗਾਇੰਦਾ । ਗੁਰਮੁਖੋ ਤੁਹਾਡਾ ਕੱਟੇ ਆਪ ਜੋਗ, ਜੁਗਤ ਤੁਹਾਡੀ ਆਪਣੇ ਵਿਚ ਛੁਪਾਇੰਦਾ । ਤੁਹਾਡਾ ਜਨਮ ਜਨਮ ਦਾ ਕੱਟਿਆ ਰੋਗ, ਰੋਗੀ ਗੁਰਸਿਖ ਨਜ਼ਰ ਕੋਇ ਨਾ ਆਇੰਦਾ । ਤੁਹਾਡੇ ਨਾਲ ਕਰਿਆ ਸੰਜੋਗ, ਨਾਤਾ ਆਤਮ ਪਰਮਾਤਮ ਜੋੜ ਜੁੜਾਇੰਦਾ । ਅੱਗੇ ਕਦੇ ਨਾ ਹੋਏ ਵਿਜੋਗ, ਸਦ ਆਪਣੇ ਰੰਗ ਰੰਗਾਇੰਦਾ । ਦੇਵੇ ਦਰਸ ਆਪ ਅਮੋਘ, ਅਨਮੁਲੜੀ ਦਾਤ ਵਰਤਾਇੰਦਾ । ਮੈਂ ਤੁਹਾਡੀ ਰੱਖੀ ਓਟ, ਤੁਹਾਨੂੰ ਆਪਣੀ ਓਟ ਜਣਾਇੰਦਾ । ਭਗਤ ਦੁਆਰਾ ਸਾਚਾ ਕੋਟ, ਜਿਸ ਮੰਦਰ ਡੇਰਾ ਲਾਇੰਦਾ । ਲੱਖ ਚੁਰਾਸੀ ਵਿਚੋਂ ਖੋਜ, ਗੁਰਮੁਖ ਆਪਣਾ ਮੇਲ ਮਿਲਾਇੰਦਾ । ਗੋਬਿੰਦ ਕਿਹਾ ਅਜਮਤੋਜ, ਕਹਿਜੈ ਕਹਿਣਾ ਕੋਇ ਨਾ ਪਾਇੰਦਾ । ਤੁਹਾਡਾ ਪ੍ਰਭ ਦਰਸ਼ਨ ਕਰੇ ਰੋਜ਼, ਤੁਹਾਨੂੰ ਕਦੀ ਕਦੀ ਦਰਸ ਵਖਾਇੰਦਾ । ਏਹ ਵੀ ਸਾਹਿਬ ਦੇ ਚੋਜ, ਜਿਉਂ ਭਾਵੇ ਤਿਉਂ ਕਾਰ ਕਮਾਇੰਦਾ । ਏਸੇ ਕਰ ਕੇ ਤੁਹਾਡਾ ਚੁੱਕਿਆ ਬੋਝ, ਭਾਰ ਪ੍ਰੇਮ ਨਾਲ ਵੰਡਾਇੰਦਾ । ਹੁਣ ਕਰ ਲਓ ਹੋਸ਼, ਸਚ ਸਚ ਸਮਝਾਇੰਦਾ । ਤੁਹਾਡਾ ਕਾਇਆ ਚੰਮੜਾ ਬਦਲਿਆ ਪੋਸ਼, ਪਿਛਲਾ ਲੇਖਾ ਮੁਕਾਇੰਦਾ । ਪ੍ਰੇਮ ਵਿਚ ਹੋਵੋ ਮਦਹੋਸ਼, ਮਧੁਰ ਧੁੰਨ ਸੁਣਾਇੰਦਾ । ਬੇਸ਼ਕ ਸਾਰੇ ਸੌਂ ਜਾਓ ਹੋ ਖਾਮੋਸ਼, ਫੜ ਬਾਹੋਂ ਪਾਰ ਕਰਾਇੰਦਾ । ਭਗਤਾਂ ਉਤੇ ਕੋਈ ਨਾ ਲਾਏ ਦੋਸ਼, ਨਿਰਦੋਸ਼ੇ ਆਪ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਚਮ ਇਕੋ ਘਰ ਵਖਾਇੰਦਾ । ਕੁਝ ਦੇ ਵਿਚ ਰੱਖਿਆ ਕੁਝ, ਕੁਝ ਕੁਝ ਵਿਚੋਂ ਕਢਾਈਆ । ਜਿਹੜਾ ਤੁਹਾਡੀ ਰਮਜ਼ ਰਿਹਾ ਬੁੱਝ, ਸੋ ਤੁਹਾਨੂੰ ਰਿਹਾ ਸਮਝਾਈਆ । ਜੋ ਰੱਖਿਆ ਆਪਣੇ ਕੋਲ ਕੁਝ, ਸੋ ਕੁਝ ਤੁਹਾਡੀ ਝੋਲੀ ਪਾਈਆ । ਤੁਸੀਂ ਮੇਰੇ ਨਾਲ ਗਏ ਰੁਝ, ਮੈਂ ਰੁਚੀ ਤੁਹਾਡੇ ਵਿਚ ਟਿਕਾਈਆ । ਜੇ ਸੱਚੀ ਲਓ ਪੁੱਛ, ਬਿਨ ਪੁਛਿਆਂ ਬਦੋ ਬਦੀ ਰਿਸ਼ਤਾ ਰਿਹਾ ਬੰਧਾਈਆ । ਤੁਹਾਡਾ ਪ੍ਰੇਮ ਵੇਖ ਹੋਇਆ ਖ਼ੁਸ਼, ਖ਼ੁਸ਼ੀ ਤੁਹਾਡੀ ਝੋਲੀ ਪਾਈਆ । ਧੰਨ ਭਾਗ ਜੇ ਤੁਸੀਂ ਸਮਝੇ ਕੁਝ, ਕੋਝਾਪਨ ਗਵਾਈਆ । ਸ੍ਰਿਸ਼ਟ ਸਬਾਈ ਮੂਲ ਨਾ ਸਕੀ ਬੁੱਝ, ਪ੍ਰਭ ਕੀ ਕੀ ਖੇਲ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੁਝ ਕੁਛ ਨਾਲ ਮਿਲਾਈਆ ।

## ★ ੧੫ ਚੇਤ ੨੦੨੦ ਬਿਕਰਮੀ ਹਰਿ ਭਗਤ ਦਵਾਰ ਜੇਠੂਵਾਲ ★

ਦਰਵਾਜ਼ਾ ਕਹੇ ਮੇਰੀ ਆਸਾ ਪੂਰੀ, ਪ੍ਰਭ ਪੂਰਨ ਆਸ ਕਰਾਈਆ । ਸੇਵਾ ਕਰਾਂ ਦਰ ਹਜ਼ੂਰੀ, ਹਾਜ਼ਰੀ ਆਪਣੀ ਲੇਖੇ ਲਾਈਆ । ਦਰਸ਼ਨ ਕਰਾਂ ਜੋਤ ਨੂਰੀ, ਨੂਰ ਨੁਰਾਨਾ ਇਕੋ ਨਜ਼ਰੀ ਆਈਆ । ਜਿਸ ਦੇ ਪਿਛੇ ਨਾਨਕ ਮੋਢੇ ਚੁੱਕੀ ਭੂਰੀ, ਲੋਕਮਾਤ ਫੇਰਾ ਪਾਈਆ । ਸੋ ਸਾਹਿਬ ਜਨ ਭਗਤ ਦੁਆਰ ਕਰੇ ਮਜ਼ਦੂਰੀ, ਆਪ ਆਪਣਾ ਮਾਣ ਗਵਾਈਆ । ਮੈਂ ਵੇਖੀ ਖ਼ਲਕਤ ਕੂੜੀ, ਚਾਰੋਂ ਕੁੰਟ ਧਿਆਨ ਲਗਾਈਆ । ਬਿਨ ਹਰਿ ਚਰਨ ਮਿਲੇ ਨਾ ਸੱਚੀ ਧੂੜੀ, ਟਿੱਕਾ ਨਾਮ ਨਾ ਕੋਇ ਲਗਾਈਆ । ਨੌਂ ਸੌ ਚੁਰਾਨਵੇਂ ਚੌਕੜੀ ਯੁਗ ਪਿਛੋਂ ਇਕੋ ਕੰਮ ਜ਼ਰੂਰੀ, ਹਰਿਜਨ ਜ਼ਰੂਰਤ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਆਸਾ ਪੂਰ ਕਰਾਈਆ । ਮੇਰੀ ਪੁੰਨੀ ਆਸਾ ਆਸ, ਆਸ ਰਹੀ ਨਾ ਰਾਈਆ । ਮੇਰੀ ਬੁਝੀ ਪਿਛਲੀ ਪਿਆਸ, ਪਿਆਸ ਨਾ ਕੋਇ ਜਣਾਈਆ । ਪ੍ਰਭ ਮਿਲਿਆ ਸ਼ਾਹੋ ਸ਼ਾਬਾਸ਼, ਸ਼ਹਿਨਸ਼ਾਹ ਇਕੋ ਨਜ਼ਰੀ ਆਈਆ । ਕਰ ਕਿਰਪਾ ਦਿਤਾ ਸਾਥ, ਮੇਰਾ ਸੰਗ ਨਿਭਾਈਆ । ਲਹਿਣਾ ਚੁਕਿਆ ਤ੍ਰਿਲੋਕੀ ਨਾਥ, ਅਨਾਥ ਅਨਾਥਾਂ ਦਏ ਵਡਿਆਈਆ । ਖੇਲੇ ਖੇਲ ਪੁਰਖ ਸਮਰਾਥ, ਸਮਰਥ ਦਾਤਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਆਸਾ ਪੂਰ ਵਖਾਈਆ । ਆਸਾ ਪੂਰੀ ਹੋਈ ਮਾਤ, ਮਿਲਿਆ ਹਰਿ ਭਗਵਾਨਾ । ਧੁਰਦਰਗਾਹੀ ਦਿਤੀ ਦਾਤ, ਬਣਾਇਆ ਧਰਮ ਨਿਸ਼ਾਨਾ । ਗੁਰ ਅਵਤਾਰ ਪੀਰ ਪੈਗ਼ੰਬਰ ਵੇਖਣ ਮਾਰ ਝਾਤ, ਅੰਦਰ ਵਸੇ ਨੌਜਵਾਨਾ । ਸਦ ਬੈਠਾ ਰਹੇ ਇਕਾਂਤ, ਮਿਹਰਵਾਨ ਮਰਦ ਮਰਦਾਨਾ । ਚਰਨ ਕਵਲ ਬੰਨ੍ਹੇ ਨਾਤ, ਭਗਤ ਭਗਵਾਨ ਕਰ ਪਰਵਾਨਾ । ਸਾਹਿਬ ਸੱਜਣ ਬਣਿਆ ਸਾਕ, ਸਗਲਾ ਸੰਗ ਰਖਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਆਪ ਵਾਲੀ ਦੋ ਜਹਾਨਾ । ਆਸਾ ਪੂਰੀ ਹੋਈ, ਪ੍ਰਭ ਦਇਆ ਆਪ ਕਮਾਈਆ । ਬਿਨ ਭਗਤ ਨਾ ਜਾਣੇ ਕੋਈ, ਸੁਤੀ ਸਰਬ ਲੋਕਾਈਆ । ਬਿਨ ਭਗਤ ਨਾ ਮਿਲੇ ਢੋਈ, ਲੱਖ ਚੁਰਾਸੀ ਨੈਣਾਂ ਨੀਰ ਵਹਾਈਆ । ਬਿਨ ਭਗਤ ਸੁਰਤ ਨਾ ਜਾਗੇ ਸੋਈ, ਭੇਵ ਅਭੇਦ ਨਾ ਕੋਇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਮੇਰੇ ਹੱਥ ਟਿਕਾਈਆ । ਆਸਾ ਪੂਰੀ ਕਰੀ ਆਪ, ਪ੍ਰਭ ਆਪਣੀ ਦਇਆ ਕਮਾਈਆ । ਮੇਰੇ ਉਤੇ ਲਿਖੇ ਜਾਪ, ਆਪਣਾ ਨਾਮ ਵਡਿਆਈਆ । ਹਰਿ ਸੰਗਤ ਸੱਚਾ ਦੇਵੇ ਸਾਥ, ਸਗਲਾ ਸੰਗ ਨਿਭਾਈਆ । ਕਲਜੁਗ ਮੇਟ ਅੰਧੇਰੀ ਰਾਤ, ਨਿਰਗੁਣ ਨੂਰ ਚੰਦ ਰੁਸ਼ਨਾਈਆ । ਚਾਰ ਵਰਨ ਇਕ ਜਮਾਤ, ਜੋ ਮੇਰੇ ਅੰਦਰ ਚਰਨ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਸੇਵਾ ਇਕੋ ਲਾਈਆ । ਮੇਰੀ ਸੇਵਾ ਗਈ ਲੱਗ, ਸ੍ਰੀ ਭਗਵਾਨ ਆਪ ਲਗਾਇੰਦਾ । ਧੁਰ ਫ਼ਰਮਾਣਾ ਦੱਸੇ ਸੂਰਾ ਸਰਬੱਗ, ਸ਼ਾਹ ਸੁਲਤਾਨ ਦਇਆ ਕਮਾਇੰਦਾ । ਪੀਰ ਪੈਗ਼ੰਬਰਾਂ ਜਿਸ ਕਰਾਇਆ ਹੱਜ, ਗੁਰ ਅਵਤਾਰਾਂ ਮੰਦਰ ਇਕ ਵਖਾਇੰਦਾ । ਪਿਛਲਾ ਨਾਤਾ ਗਏ ਤਜ, ਅਗਲਾ ਰੰਗ ਰੰਗਾਇੰਦਾ । ਹਰਿ ਭਗਤ ਦੁਆਰੇ ਬਹੇ ਸਜ, ਸਚ ਸਿੰਘਾਸਣ ਆਸਣ ਲਾਇੰਦਾ । ਗ਼ਰੀਬ ਨਿਮਾਣਿਆਂ ਪਰਦੇ ਲਏ ਕੱਜ, ਸਿਰ ਆਪਣਾ ਹੱਥ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਕਰਾਇੰਦਾ । ਦਰਵਾਜ਼ਾ ਕਹੇ ਮੇਰਾ ਮਿਟਿਆ ਦਰਦ, ਦੁੱਖ ਰਿਹਾ ਨਾ ਰਾਈਆ । ਪਰਗਟ ਹੋਇਆ ਪ੍ਰਭ ਮਰਦਾਨਾ ਮਰਦ, ਵਡ ਮਰਦਾਨਗੀ ਆਪ ਕਮਾਈਆ । ਗੁਰ ਅਵਤਾਰਾਂ

ਪੀਰ ਪੈਗ਼ੰਬਰਾਂ ਜਿਸ ਪਿਛਲੀ ਫੋਲੀ ਫ਼ਰਦ, ਲੇਖਾ ਮੰਗਿਆ ਥਾਉਂ ਥਾਈਂਆ । ਅੰਤਮ ਸਭ ਦੀ ਭਗਤ ਦੁਆਰੇ ਆ ਕੇ ਪੁਗੀ ਨਰਦ, ਘਰ ਇਕੋ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਆਸਾ ਪੂਰ ਕਰਾਈਆ । ਆਸਾ ਪੁਨੀ ਚਾਉ ਘਨੇਰਾ, ਪਾਇਆ ਹਰਿ ਅਬਿਨਾਸ਼ਾ । ਨਾਤਾ ਜੁੜਿਆ ਤੇਰਾ ਮੇਰਾ, ਸੇਵਕ ਬਣਿਆ ਦਾਸੀ ਦਾਸਾ । ਨਵ ਨੌਂ ਚਾਰ ਵੇਖਿਆ ਗੇੜਾ, ਭੇਵ ਅਭੇਦ ਪ੍ਰਿਥਮੀ ਅਕਾਸ਼ਾ । ਨਿਰਗੁਣ ਨਿਰਵੈਰ ਆਇਆ ਨੇੜਾ, ਸ਼ਾਹੋ ਭੂਪ ਸ਼ਾਹੋ ਸ਼ਾਬਾਸ਼ਾ । ਭਗਤ ਦੁਆਰ ਵਸਾਏ ਖੇੜਾ, ਸਤਿ ਸਤਿਵਾਦੀ ਦੇਵੇ ਸਾਥਾ । ਸਤਿਗੁਰ ਹੋ ਕੇ ਬੰਨ੍ਹੇ ਬੇੜਾ, ਮੰਡਲ ਪਾਵੇ ਇਕੋ ਰਾਸਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮੇਰੀ ਪੂਰੀ ਕਰੇ ਆਸਾ । ਪੂਰੀ ਆਸ ਹੋਈ ਦਰ, ਦਰ ਵੱਜੀ ਵਧਾਈਆ । ਪਿਛਲਾ ਸਭ ਦਾ ਲੱਥਾ ਡਰ, ਭੈ ਅੱਗੇ ਨਾ ਕੋਇ ਰਖਾਈਆ । ਸ੍ਰੀ ਭਗਵਾਨ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਲਿਆਂਦੇ ਫੜ, ਸ਼ਬਦੀ ਡੋਰ ਰਖਾਈਆ । ਧੁਰ ਸੰਦੇਸਾ ਦਿਤਾ ਵਰ, ਵਰ ਇਕੋ ਇਕ ਸਮਝਾਈਆ । ਦਰਬਾਨ ਹੋ ਦਰਵਾਜ਼ੇ ਖੜ, ਖੜਗ ਹੱਥ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਰਬ ਵਡਿਆਈਆ । ਦਰਵਾਜ਼ਾ ਕਹੇ ਮੋਹੇ ਮਿਲਿਆ ਮਾਣ, ਅਭਿਮਾਣ ਨਾ ਕੋਇ ਰਖਾਇਆ । ਕਿਰਪਾ ਕਰ ਸ੍ਰੀ ਭਗਵਾਨ, ਮੇਰਾ ਲੇਖਾ ਪੂਰ ਕਰਾਇਆ । ਨੌਂ ਦਸ ਦਾ ਇਕ ਨਿਸ਼ਾਨ, ਸੋਲਾਂ ਸੋਲਾਂ ਵੰਡ ਵੰਡਾਇਆ । ਇਕੀ ਨੌਂ ਕਰ ਪਰਵਾਨ, ਪਰਵਾਨਾ ਗੁਰਮੁਖਾਂ ਹੱਥ ਫੜਾਇਆ । ਉਪਰ ਲੇਖ ਲਿਖੇ ਮਹਾਨ, ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੈ ਜੈਕਾਰ ਕਰਾਇਆ । ਹਰਿ ਸੰਗਤ ਸਾਚਾ ਦੇਵੇ ਦਾਨ, ਦਾਤਾ ਦਾਨੀ ਇਕੋ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇਆ । ਦਰਵਾਜ਼ਾ ਕਹੇ ਪ੍ਰਭ ਕਰਨੀ ਕਰਤਾ, ਕਰਨਹਾਰ ਅਖਵਾਈਆ । ਨਾ ਜਨਮੇ ਨਾ ਕਦੇ ਮਰਦਾ, ਜੀਵਣ ਮਰਨ ਖੇਲ ਵਖਾਈਆ । ਨਿਰਭੌ ਹੋ ਕਦੇ ਨਾ ਡਰਦਾ, ਭੈ ਸਰਬ ਵਖਾਈਆ । ਭਗਤ ਭਗਵਾਨ ਨਿਤ ਨਵਿਤ ਫੜਦਾ, ਫੜ ਬਾਹੋਂ ਗਲੇ ਲਗਾਈਆ । ਆਤਮ ਸੇਜਾ ਸਾਚੀ ਚੜ੍ਹਦਾ, ਸਚ ਸਿੰਘਾਸਣ ਡੇਰਾ ਲਾਈਆ । ਕਰੇ ਖੇਲ ਨਰਾਇਣ ਨਰ ਹਰਿ ਦਾ, ਹਰੀ ਹਰਿ ਆਪਣੀ ਕਲ ਧਰਾਈਆ । ਦਰ ਦਰਵੇਸ਼ ਬਣੇ ਬਰਦਾ, ਫ਼ਰਮਾਬਰਦਾਰ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਘਾੜਨ ਘੜਦਾ, ਘੜ ਘੜ ਆਪੇ ਵੇਖ ਵਖਾਈਆ । ਵੇਖੇ ਮੇਰਾ ਘਾੜਨ ਘੜਿਆ, ਦਰ ਦਰਵਾਜ਼ਾ ਰਿਹਾ ਜਣਾਈਆ । ਬੱਧਕ ਲੇਖਾ ਅੱਗੇ ਧਰਿਆ, ਲਹਿਣਾ ਮੂਲ ਚੁਕਾਈਆ । ਕਰੇ ਖੇਲ ਅਗੰਮ ਅਪਰਿਆ, ਅਪਰੰਪਰ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਸੇਵਾ ਇਕ ਲਗਾਈਆ । ਮੈਂ ਸੇਵਾ ਸਚ ਕਮਾਵਾਂਗਾ । ਦਰ ਦਰਬਾਨ ਇਕ ਅਖਵਾਵਾਂਗਾ । ਸ੍ਰੀ ਭਗਵਾਨ ਦਾ ਹੁਕਮ ਬਜਾਵਾਂਗਾ । ਜਨ ਭਗਤਾਂ ਰਾਹ ਤਕਾਵਾਂਗਾ । ਦੂਰੋਂ ਵੇਖ ਖ਼ੁਸ਼ੀ ਮਨਾਵਾਂਗਾ । ਨੇੜੇ ਔਂਦਿਆਂ ਅੱਖ ਖੁਲ੍ਹਾਵਾਂਗਾ । ਹੋ ਪਰਤੱਖ ਅੱਗੋਂ ਜਣਾਵਾਂਗਾ । ਬੋਲ ਅਲੱਖ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਢੋਲਾ ਗਾਵਾਂਗਾ । ਸਾਚਾ ਮਾਰਗ ਇਕ ਦੱਸ, ਚਾਰ ਵਰਨਾਂ ਪੰਧ ਮੁਕਾਵਾਂਗਾ । ਪ੍ਰੇਮ ਪਿਆਰ ਕਰਾਂ ਹੱਸ, ਸੋਹੰ ਹੰਸਾ ਰੂਪ ਧਰਾਵਾਂਗਾ । ਅੰਮ੍ਰਿਤ ਆਤਮ ਦੇ ਰਸ, ਰਸ ਇਕੋ ਮੁਖ ਚੁਆਵਾਂਗਾ । ਸਤਿ ਸੰਤੋਖ ਧੀਰਜ ਦੇ ਸਤਿ, ਧਰਮ ਰੀਤੀ ਇਕ ਦ੍ਰਿੜਾਵਾਂਗਾ । ਆਤਮ ਪਰਮਾਤਮ ਦੇ ਮਤ, ਸਾਚੀ ਸਿਖਿਆ ਇਕ ਰਖਾਵਾਂਗਾ । ਨਾੜ ਬਹੱਤਰ

ਨਾ ਉਬਲੇ ਰਤ, ਰਤੀ ਰਤ ਲੇਖੇ ਲਾਵਾਂਗਾ । ਪ੍ਰੇਮ ਡੋਰੀ ਪਾ ਨੱਥ, ਬੰਧਨ ਇਕੋ ਇਕ ਜਣਾਵਾਂਗਾ । ਸੁਨੇਹੁੜਾ ਦੇਵਾਂ ਜੋੜੇ ਦੋਵੇਂ ਹੱਥ, ਬੰਦਨਾ ਕਰਨੀ ਇਕ ਦਰਸਾਵਾਂਗਾ । ਅੱਧਵਿਚਕਾਰ ਟੇਕੋ ਮੱਥ, ਮਸਤਕ ਧੂੜ ਲਗਾਵਾਂਗਾ । ਪ੍ਰਭ ਚਰਨ ਧਿਆਨ ਲਾਓ ਅੱਖ, ਅੱਖ ਹੋਰ ਨਾ ਕਿਸੇ ਮਿਲਾਵਾਂਗਾ । ਮੇਲ ਮਿਲਾਵਾਂ ਪੁਰਖ ਸਮਰਥ, ਸੇਵਾ ਸਾਚੀ ਆਪਣੀ ਆਪ ਰਖਾਵਾਂਗਾ । ਦਰ ਦੁਆਰਿਉਂ ਅੱਗੇ ਨੱਠ, ਸਿਧੀ ਸੜਕੇ ਆਪੇ ਪਾਵਾਂਗਾ । ਜਨ ਭਗਤੋ ਨਾ ਜਾਣਿਓ ਗਵਾਰ ਜੱਟ, ਨਰ ਨਰਾਇਣ ਇਕੋ ਇਕ ਵਖਾਵਾਂਗਾ । ਅੱਗੇ ਵੇਖੋ ਖੁਲ੍ਹਾ ਹੱਟ, ਨਾਮ ਵਸਤ ਇਕ ਵਖਾਵਾਂਗਾ । ਲੇਖਾ ਚੁੱਕੇ ਸੀਆਂ ਸਾਢੇ ਤਿੰਨ ਹੱਥ, ਸਾਢੇ ਤਿੰਨ ਹੱਥ ਸਿੰਘਾਸਣ ਆਸਣ ਇਕ ਜਣਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੋਹੇ ਦਿਤਾ ਸਚ ਵਰ, ਜਨ ਭਗਤਾਂ ਸੇਵ ਕਮਾਵਾਂਗਾ । ਜਨ ਭਗਤਾਂ ਅੰਦਰ ਲੰਘਾਵਾਂਗਾ । ਪਹਿਲੋਂ ਸਭ ਦਾ ਸੀਸ ਝੁਕਾਵਾਂਗਾ । ਨੀਵੀਂ ਨਜ਼ਰ ਫੇਰ ਰਖਾਵਾਂਗਾ । ਆਪਣਾ ਫ਼ਰਜ਼ ਤੋੜ ਨਿਭਾਵਾਂਗਾ । ਜੁਗ ਚੌਕੜੀ ਕਰਜ਼ ਝੋਲੀ ਪਾਵਾਂਗਾ । ਜਿਨ੍ਹਾਂ ਕੂੜ ਕੁੜਿਆਰੀ ਭੈੜੀ ਮਰਜ਼, ਤਿਨ੍ਹਾਂ ਮੁਫ਼ਤੋ ਮੁਫ਼ਤੀ ਹਟਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੋਹੇ ਦਿਤਾ ਸੱਚਾ ਵਰ, ਹਰਿਜਨ ਸਾਚੇ ਅੰਦਰ ਲਿਆਵਾਂਗਾ । ਹਰਿਜਨ ਸਾਚੇ ਅੰਦਰ ਲੰਘਾਊਂਗਾ । ਸੋਹੰ ਢੋਲਾ ਸਰਬ ਸੁਣਾਊਂਗਾ । ਸ੍ਰੀ ਭਗਵਾਨ ਨਾਲ ਮਿਲਾਊਂਗਾ । ਸਚ ਸਿੰਘਾਸਣ ਕੋਲ ਬਹਾਊਂਗਾ । ਸ਼ਬਦ ਇਸ਼ਾਰੇ ਨਾਲ ਜਣਾਊਂਗਾ । ਜੋ ਰਹੇ ਮਾਤ ਕੁਆਰੇ, ਵੇਲੇ ਅੰਤ ਕੰਤ ਮਿਲਾਊਂਗਾ । ਭਗਤ ਭਗਵਾਨ ਵਸਣ ਇਕ ਚੁਬਾਰੇ, ਮੰਜ਼ਲ ਸਾਚੀ ਪੰਧ ਮੁਕਾਊਂਗਾ । ਸਾਚੇ ਮੰਦਰ ਕਰਨ ਦੀਦਾਰੇ, ਜਲਵਾ ਨੂਰ ਨੂਰ ਵਖਾਊਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦਿਤਾ ਸੱਚਾ ਵਰ, ਦਰ ਬਹਿ ਕੇ ਸੇਵ ਕਮਾਊਂਗਾ । ਜਨ ਭਗਤ ਅੰਦਰ ਲੰਘਣਗੇ । ਪ੍ਰਭ ਦਰਸ ਇਕੋ ਮੰਗਣਗੇ । ਦਰ ਆ ਮੂਲ ਨਾ ਸੰਗਣਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਦਿਤਾ ਸਾਚਾ ਵਰ, ਦਰ ਆਏ ਫੇਰ ਨਾ ਭੱਜਣਗੇ । ਜਿਨ੍ਹਾਂ ਅੰਦਰ ਆਪਣੇ ਵਾੜਾਂਗਾ । ਤਿਨ੍ਹਾਂ ਸਚ ਮਹੱਲੇ ਚਾੜ੍ਹਾਂਗਾ । ਲੇਖਾ ਚੁਕੇ ਡੂੰਘੀ ਗ਼ਾਰਾਂ ਦਾ । ਨਾਤਾ ਤੁਟੇ ਝੂਠਿਆਂ ਯਾਰਾਂ ਦਾ । ਮੇਲਾ ਹੋਏ ਨਾਰ ਕੰਤ ਭਤਾਰਾਂ ਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਲੇਖਾ ਜਾਣੇ ਆਰ ਪਾਰਾਂ ਦਾ । ਜਿਸ ਵੇਲੇ ਹਰਿ ਸੰਗਤ ਬਣ ਕੇ ਔਣਗੇ । ਜਿਸ ਵੇਲੇ ਸੀਸ ਦਰਵਾਜ਼ੇ ਵਿਚ ਝੁਕੌਣਗੇ । ਸਾਹਿਬ ਸਤਿਗੁਰ ਦਾ ਢੋਲਾ ਗੌਣਗੇ । ਅਮਰਾਪਦ ਪੌਣਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭਗਤ ਭਗਵਾਨ ਇਕੋ ਦਰ ਸੁਹੌਣਗੇ । ਚਵਰ ਕਹੇ ਮੈਂ ਰਿਹਾ ਭੁੱਲਦਾ, ਤੇਰੀ ਸਾਰ ਪ੍ਰਭੂ ਨਾ ਪਾਈਆ । ਗੁਰ ਅਵਤਾਰਾਂ ਸਿਰ ਤੇ ਰਿਹਾ ਝੁਲਦਾ, ਆਪਣਾ ਮਾਣ ਵਧਾਈਆ । ਖ਼ੁਸ਼ੀ ਅੰਦਰ ਫਲਦਾ ਰਿਹਾ ਫੁੱਲਦਾ, ਲੋਕਮਾਤ ਮਿਲੀ ਵਡਿਆਈਆ । ਕਲਜੁਗ ਅੰਤਮ ਵੇਖਿਆ ਬੂਟਾ ਹੁਲਦਾ, ਮੇਰੀ ਰਮਜ਼ ਮੈਨੂੰ ਸਮਝਾਈਆ । ਤੂੰ ਹੈਂ ਕੌਣ ਕਿਹੜੀ ਕੁਲ ਦਾ, ਕੀ ਤੇਰੀ ਚਤੁਰਾਈਆ । ਲੋਕਮਾਤ ਅਜੇ ਵੀ ਭੁੱਲਦਾ, ਭੁੱਲੇ ਸਮਝ ਨਾ ਆਈਆ । ਸਚ ਦੁਆਰਾ ਸਾਹਿਬ ਦਾ ਖੁਲ੍ਹਦਾ, ਖੁਲ੍ਹਾ ਹੱਟ ਚਲਾਈਆ । ਬਿਨ ਚਰਨ ਪ੍ਰੀਤੀ ਕੋਈ ਨਾ ਮੁਲ ਦਾ, ਕਰਤਾ ਕੀਮਤ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਕਰਾਈਆ । ਚਵਰ ਵੇਖ ਹੋਇਆ ਹੈਰਾਨ, ਨੇਤਰ ਨੈਣ ਨੀਰ ਵਹਾਈਆ । ਜਿਸ ਸਿੰਘਾਸਣ ਉਪਰ ਬਹੇ ਭਗਵਾਨ, ਤਖ਼ਤ ਨਿਵਾਸੀ ਸੋਭਾ ਪਾਈਆ । ਮੈਂ ਮੂਰਖ ਬਣ

ਅਣਜਾਣ, ਕਿਉਂ ਮੁਗਧ ਕਾਰ ਕਮਾਈਆ । ਜਿਸ ਮੇਰੀ ਬਣਤ ਬਣਾਈ ਵਿਚ ਜਹਾਨ, ਸ਼ਾਹ ਪਾਤਸ਼ਾਹ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਰਿਹਾ ਛੁਪਾਈਆ । ਚਵਰ ਰੋ ਵਿਰੋਲੇ ਨੀਰ, ਨੈਣਾਂ ਛਹਿਬਰ ਲਾਈਆ । ਵੇਖ ਖੇਲ ਹੋਇਆ ਦਿਲਗੀਰ, ਧੀਰਜ ਧੀਰ ਨਾ ਕੋਇ ਧਰਾਈਆ । ਜਿਸ ਦਰ ਦੇ ਬਰਦੇ ਬਣੇ ਪੀਰ, ਪੈਗ਼ੰਬਰ ਢੇਰੀਆਂ ਢਾਹੀਆ । ਜਿਸ ਦੀ ਚੋਟੀ ਵੇਖੀ ਨਾ ਕਿਸੇ ਅਖ਼ੀਰ, ਮੰਜ਼ਲ ਹੱਦ ਨਾ ਕਿਸੇ ਮੁਕਾਈਆ । ਜਿਸ ਦੀ ਸਚ ਸਮਝੀ ਤਸਵੀਰ, ਨੂਰ ਜ਼ਹੂਰ ਇਕ ਰੁਸ਼ਨਾਈਆ । ਸੋ ਸਾਹਿਬ ਗੁਣੀ ਗਹੀਰ, ਸਾਚੇ ਤਖ਼ਤ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪਣੇ ਵਿਚ ਰਖਾਈਆ । ਚਵਰ ਹੋ ਦਿਲਗੀਰ, ਇਕ ਧਿਆਨ ਲਗਾਈਆ । ਬੇਅੰਤ ਬੇਨਜ਼ੀਰ, ਤੇਰੀ ਮਿਹਰ ਮਿਹਰਵਾਨ ਇਕੋ ਮੰਗ ਮੰਗਾਈਆ । ਵਡ ਦਾਤੇ ਗੁਣੀ ਗਹੀਰ, ਗਹਿਰ ਗਵਰ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਢਹਿ ਪਿਆ ਸਰਨਾਈਆ । ਚਵਰ ਕਹੇ ਮੇਰਾ ਮਿਟਿਆ ਭੁਲੇਖਾ, ਭੁੱਲ ਰਹੀ ਨਾ ਰਾਈਆ । ਜਿਸ ਵੇਲੇ ਤੇਰਾ ਦਰਸ਼ਨ ਦੇਖਾ, ਨੇਤਰ ਨੈਣ ਉਠਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਕਰਨ ਆਦੇਸਾ, ਨਿਉਂ ਨਿਉਂ ਸੀਸ ਝੁਕਾਈਆ । ਵਿਸ਼ਨ ਬ੍ਰਹਮਾ ਸ਼ਿਵ ਕਹਿਣ ਨਰੇਸਾ, ਨਰ ਨਰਾਇਣ ਸੱਚੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਵੇਖਿਆ ਸੱਚਾ ਘਰ ਜਿਸ ਦਰ ਸਾਰੇ ਤੇਰਾ ਚਰਨ ਧਿਆਨ ਲਗਾਈਆ । ਸਾਰੇ ਤੇਰੇ ਚਰਨ ਕਰਨ ਧਿਆਨ, ਨੇਤਰ ਨੈਣ ਨਾ ਕੋਇ ਉਠਾਈਆ । ਮੇਰੇ ਨੈਣ ਨੈਣ ਸ਼ਰਮਾਣ, ਤੇਰੀ ਸੇਵ ਨਾ ਕੋਇ ਕਮਾਈਆ । ਝੁਲਦਾ ਰਿਹਾ ਵਿਚ ਅਸਮਾਨ, ਆਪਣਾ ਮਾਣ ਵਧਾਈਆ । ਤੂੰ ਸਾਹਿਬ ਸਭਨਾਂ ਦਾ ਭਗਵਾਨ, ਤੇਰੇ ਉਤੇ ਹੱਥ ਨਾ ਕੋਇ ਰਖਾਈਆ । ਮੈਂ ਭੁੱਲਿਆ ਰਿਹਾ ਅਣਜਾਣ, ਤੇਰੀ ਸਾਰ ਕੋਇ ਨਾ ਆਈਆ । ਕਰ ਕਿਰਪਾ ਦੇ ਦਾਨ, ਵਸਤ ਅਮੋਲਕ ਝੋਲੀ ਪਾਈਆ । ਤੇਰੀ ਚਰਨੀਂ ਡਿਗਾ ਆਣ, ਤੱਕੀ ਇਕ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਪ੍ਰਭ ਤੇਰੀ ਆਸ ਰਖਾਈਆ । ਸ੍ਰੀ ਭਗਵਾਨ ਦੱਸੇ ਏਕ, ਏਕੰਕਾਰ ਜਣਾਈਆ । ਆਦਿ ਜੁਗਾਦਿ ਜੁਗ ਚੌਕੜੀ ਸਭ ਮੇਰੀ ਰੱਖੇ ਟੇਕ, ਦੂਜੀ ਓਟ ਨਾ ਕੋਇ ਰਖਾਈਆ । ਉਠ ਚਵਰ ਨੇਤਰ ਪੇਖ, ਗੁਰ ਅਵਤਾਰ ਪੀਰ ਪੈਗ਼ੰਬਰ ਬੈਠੇ ਧਿਆਨ ਲਗਾਈਆ । ਜਿਨ੍ਹਾਂ ਨਾਲ ਮਾਣ ਵਡਿਆਈ ਕਰ ਕੇ ਰੱਖਦਾ ਰਿਹੋਂ ਹੇਤ, ਆਪਣਾ ਸੰਗ ਨਿਭਾਈਆ । ਸੋ ਸਾਰੇ ਹਰਿ ਭਗਤਾਂ ਵਿਚ ਰਲ ਕੇ ਬੈਠੇ ਚੌਦਾਂ ਚੇਤ, ਸਿਰ ਚਵਰ ਨਾ ਕੋਇ ਝੁਲਾਈਆ । ਅੱਗੇ ਦੱਸੇ ਆਪਣਾ ਭੇਤ, ਪਾਰਬ੍ਰਹਮ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਰਬ ਵਡਿਆਈਆ । ਸੁਣ ਚਵਰ ਲਾ ਧਿਆਨ, ਹਰਿ ਧਿਆਨੀ ਆਪ ਜਣਾਇੰਦਾ । ਸ੍ਰੀ ਭਗਵਾਨ ਦਾ ਸਚ ਗਿਆਨ, ਬਿਨ ਅੱਖਰਾਂ ਆਪ ਪੜ੍ਹਾਇੰਦਾ । ਸਾਚੇ ਦਰ ਭੁੱਲ ਨਾ ਜਾਵੀਂ ਬਣ ਅਣਜਾਣ, ਬਾਲੀ ਬੁਧ ਆਪ ਵਡਿਆਇੰਦਾ । ਧੁਰ ਸੰਦੇਸਾ ਦੇਵੇ ਕਾਨ, ਅਨਰਾਗੀ ਰਾਗ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਣਾ ਹੁਕਮ ਸੁਣਾਇੰਦਾ । ਸਾਚੇ ਚਵਰ ਸਿਰ ਉਤੇ ਨਾ ਔਣਾ, ਪ੍ਰਭ ਸੀਸ ਹੱਥ ਨਾ ਕਿਸੇ ਫੜਾਈਆ । ਸਾਢੇ ਤਿੰਨ ਹੱਥ ਪਿਛੇ ਦਰਸ਼ਨ ਪੌਣਾ, ਦੂਰੋਂ ਦੂਰੋਂ ਸੀਸ ਝੁਕਾਈਆ । ਕਲੀ ਕਲੀ ਕਲਮਾ ਢੋਲਾ ਗੌਣਾ, ਬੇਪਰਵਾਹ ਤੇਰੀ ਸਰਨਾਈਆ । ਤੇਰਾ ਮੁਖ ਚਰਨਾਂ ਵਿਚ ਰਖੌਣਾ ਉਪਰ ਅੱਖ ਨਾ ਕੋਇ ਉਠਾਈਆ । ਸਚ

ਦੁਆਰੇ ਮਾਣ ਦਵੌਣਾ, ਸਿਰ ਆਪਣਾ ਹੱਥ ਟਿਕਾਈਆ । ਅਗਲਾ ਹੁਕਮ ਆਪ ਮਨੌਣਾ, ਹੁਕਮ ਹਾਕਮ ਇਕ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਤੇਰੀ ਸੇਵਾ ਸੱਚੀ ਇਕ ਦਰਸਾਈਆ । ਤੇਰੀ ਸੇਵਾ ਸਚ ਲਗਾਏਗਾ । ਧੁਰ ਫ਼ਰਮਾਣਾ ਹੁਕਮ ਜਣਾਏਗਾ । ਫੜ ਬਾਹੋਂ ਰਾਹੇ ਪਾਏਗਾ । ਉਪਰ ਝੁੱਲਦੇ ਨੂੰ, ਚਰਨ ਦੁਆਰ ਵਖਾਏਗਾ । ਕਲਜੁਗ ਜੀਵਾਂ ਦੇ ਹੱਥਾਂ ਵਿਚ ਰੁਲਦੇ ਨੂੰ, ਭਗਤਾਂ ਹੱਥ ਫੜਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵਾ ਇਕ ਜਣਾਏਗਾ । ਸਾਚੀ ਸੇਵਾ ਤੇਰੀ ਚੌਰ, ਚਵਰ ਆਪ ਲਗਾਈਆ । ਪ੍ਰਭ ਵੇਖਣਹਾਰਾ ਕਰੇ ਗ਼ੌਰ, ਗਹਿਰ ਗੰਭੀਰ ਵੱਡੀ ਵਡਿਆਈਆ । ਕਰੇ ਬਿਧ ਅਵਰ ਕੀ ਔਰ, ਆਪਣੀ ਧਾਰ ਚਲਾਈਆ । ਭਗਤ ਭਗਵਾਨ ਦੇ ਸਾਚੇ ਕੌਰ, ਦੇਵਣਹਾਰ ਆਪ ਵਡਿਆਈਆ । ਏਨ੍ਹਾਂ ਨਾਲ ਮਿਲ ਕੇ ਤੇਰਾ ਕਾਰਜ ਜਾਏ ਸੌਰ, ਬਿਨ ਭਗਤਾਂ ਤੇਰੀ ਸਾਰ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰੀ ਸੇਵਾ ਇਕ ਦਰਸਾਈਆ । ਤੇਰੀ ਸੇਵਾ ਸਾਚੀ ਲਾਏਗਾ । ਸ੍ਰੀ ਭਗਵਾਨ ਦਇਆ ਕਮਾਏਗਾ । ਧੁਰ ਫ਼ਰਮਾਣਾ ਇਕ ਜਣਾਏਗਾ । ਤੇਰਾ ਨੇਤਰ ਨੈਣ ਖੁਲ੍ਹਾਏਗਾ । ਸਾਚਾ ਖੇਤਰ ਇਕ ਵਖਾਏਗਾ । ਪੰਦਰਾਂ ਚੇਤਰ ਬਣਤ ਬਣਾਏਗਾ । ਬਣ ਹੇਤੜ ਹਿਤ ਵਧਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖ਼ਾਹਸ਼ ਨਾ ਕੋਇ ਰਖਾਏਗਾ । ਚਵਰ ਝੁਲੌਣ ਦੀ ਖ਼ਾਹਸ਼ ਨਾ ਲੋੜ, ਸੀਸ ਉਪਰ ਫੇਰਾ ਕੋਈ ਨਾ ਪਾਈਆ । ਸ਼ਬਦ ਇਸ਼ਾਰੇ ਨਾਲ ਰਿਹਾ ਹੋੜ, ਇਕੋ ਵਾਰ ਜਣਾਈਆ । ਜੁਗ ਚੌਕੜੀ ਪੰਧ ਮੁਕਿਆ ਦੌੜ, ਆਪਣਾ ਫੇਰਾ ਪਾਈਆ । ਸਾਹਿਬ ਸਤਿਗੁਰ ਅੰਤ ਗਿਆ ਬੌਹੜ, ਦੇ ਮਤ ਸਮਝਾਈਆ । ਜੇ ਸੇਵਾ ਕਰਨ ਦਾ ਸ਼ੌਂਕ, ਸ਼ਹਿਨਸ਼ਾਹ ਹੋਏ ਸਹਾਈਆ । ਭਗਤ ਦੁਆਰੇ ਗਿਉਂ ਪਹੁੰਚ, ਤੇਰਾ ਲੇਖਾ ਲਏ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਮਾਣ ਵਡਿਆਈਆ । ਚਵਰ, ਜਦ ਭਗਤਾਂ ਨੂੰ ਸਵਾਵਾਂਗਾ । ਤੇਰੀ ਸੇਵਾ ਸੱਚੀ ਲਾਵਾਂਗਾ । ਗੁਰਮੁਖਾਂ ਉਤੇ ਤੈਨੂੰ ਫਿਰਾਵਾਂਗਾ । ਸੋਹਣਿਆਂ ਲਾਲਾਂ ਦੇ ਮੁਖ ਵਖਾਵਾਂਗਾ । ਦੁਖੀਆਂ ਦੇ ਦੁੱਖ ਮਿਟਾਵਾਂਗਾ । ਆਪਣੀ ਗੋਦੀ ਚੁੱਕ, ਆਪਣੇ ਗਲੇ ਲਗਾਵਾਂਗਾ । ਫੇਰ ਤੈਨੂੰ ਲਵਾਂ ਪੁਛ, ਚਰਨਾਂ ਹੇਠ ਦਬਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣਾ ਬਲ ਆਪ ਜਣਾਵਾਂਗਾ । ਸਿਰ ਉਤੇ ਚਵਰ ਦੀ ਨਾ ਕੋਈ ਰੀਤ, ਸ੍ਰੀ ਭਗਵਾਨ ਚਵਰ ਨਾ ਕਦੇ ਝੁਲਾਇੰਦਾ । ਤੇਰੀ ਤੇਰੇ ਪਿਆਰਿਆਂ ਨਾਲ ਪ੍ਰੀਤ, ਪ੍ਰੀਤੀਵਾਨ ਆਪ ਅਖਵਾਇੰਦਾ । ਜਨ ਭਗਤਾਂ ਵੇਖ ਹੋਣਾ ਠੰਡਾ ਸੀਤ, ਸੀਤਲ ਧਾਰ ਵਹਾਇੰਦਾ । ਜਿੰਨਾਂ ਚਿਰ, ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਨਾ ਗਾਵੇਂ ਗੀਤ, ਤੇਰਾ ਤੰਦ ਤੰਦ ਤੇਰਾ ਬੰਦ ਬੰਦ ਕੰਮ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਸਮਝਾਇੰਦਾ । ਤੇਰੇ ਚਰਨਾਂ ਹੇਠਾਂ ਲੁਕਾਂਗਾ । ਪ੍ਰਭ ਤੇਰੇ ਭਗਤਾਂ ਕੋਲੋਂ ਪੁਛਾਂਗਾ । ਏਨ੍ਹਾਂ ਨਾਲ ਕਦੀ ਨਾ ਰੁੱਸਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਚਰਨਾਂ ਉਪਰ ਝੁਕਾਂਗਾ । ਤੇਰੇ ਚਰਨਾਂ ਸੀਸ ਝੁਕਾਊਂਗਾ । ਪਿਛਲਾ ਮਾਣ ਮਿਟਾਂਊਂਗਾ । ਦੋਏ ਜੋੜ ਵਾਸਤਾ ਪਾਊਂਗਾ । ਤੇਰੇ ਭਗਤਾਂ ਦੀ ਲੋੜ, ਇਕੋ ਮੰਗ ਮੰਗਾਊਂਗਾ । ਏਨ੍ਹਾਂ ਨਾਲ ਦੇਵੀਂ ਤੋਰ, ਪਿਛਾ ਵੇਖਣ ਕਦੀ ਨਾ ਆਊਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਦਰ ਤੇਰੇ

੧੪੨ ੧੪

ਅਲਖ ਜਗਾਊਂਗਾ । ਦਰ ਤੇਰੇ ਅਲਖ ਜਗਾਵਾਂਗਾ । ਖ਼ਾਲੀ ਝੋਲੀ ਅੱਗੇ ਡਾਹਵਾਂਗਾ । ਨੇਤਰ ਨੈਣਾਂ ਨੀਰ ਵਹਾਵਾਂਗਾ । ਪੱਲੂ ਪਾ ਗਲ ਪਿਛਲੀ ਭੁੱਲ ਬਖ਼ਸ਼ਾਵਾਂਗਾ । ਸਚ ਦੁਆਰਾ ਤੇਰਾ ਮੱਲ, ਚਰਨ ਧੂੜੀ ਟਿੱਕਾ ਮਸਤਕ ਲਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਦੇਣਾ ਇਕ ਵਰ, ਤੇਰੇ ਭਗਤਾਂ ਸੇਵ ਕਮਾਵਾਂਗਾ । ਸਾਚੇ ਭਗਤਾਂ ਸੇਵ ਕਮਾਊਂਗਾ । ਚਾਰੋਂ ਕੁੰਟ ਉਠ ਉਠ ਜਾਊਂਗਾ । ਲੱਖ ਚੁਰਾਸੀ ਵਿਚੋਂ ਲੁਕ ਲੁਕ, ਦਰਸ਼ਨ ਪਾਊਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਬਹਿ ਕੇ ਸੀਸ ਝੁਕਾਊਂਗਾ । ਤਿੰਨ ਲੋਕ ਦਾ ਬਣਿਆ ਦਾਤਾ, ਗੁਰ ਅਵਤਾਰਾਂ ਦਏ ਵਡਿਆਈਆ । ਕਲਜੁਗ ਅੰਤਮ ਵੇਖੇ ਖੇਲ ਤਮਾਸ਼ਾ, ਆਪਣਾ ਬਲ ਵਧਾਈਆ । ਉਨੀ ਸਾਲ ਪ੍ਰਭ ਕਰਦਾ ਰਿਹਾ ਹਾਸਾ, ਭੇਵ ਨਾ ਕਿਸੇ ਜਣਾਈਆ । ਬੀਸ ਬੀਸੇ ਸਭ ਦਾ ਬਦਲੇ ਪਾਸਾ, ਉਲਟੀ ਕਾਰ ਕਮਾਈਆ । ਸਤਿ ਧਰਮ ਦੀ ਚਲੇ ਸ਼ਾਖ਼ਾ, ਸ਼ਹਿਨਸ਼ਾਹ ਚਲਾਈਆ । ਜਨ ਭਗਤਾਂ ਭਗਤ ਦੁਆਰੇ ਬਣੇ ਰਾਖਾ, ਰੱਖਿਆ ਕਰੇ ਥਾਉਂ ਥਾਈਂਆ । ਸਿਰ ਤੇ ਝੁੱਲਣ ਵਾਲਾ ਚਰਨ ਕਵਲ ਬਣਿਆ ਦਾਸਾ, ਹੋਏ ਨਿਮਾਣਾ ਮੰਗ ਮੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਥਾਉਂ ਥਾਈਂਆ । ਭਗਤ ਦੁਆਰੇ ਲਾ ਦਰਵਾਜ਼ਾ, ਸ੍ਰੀ ਭਗਵਾਨ ਦਇਆ ਕਮਾਈਆ । ਲਹਿਣਾ ਦੇ ਗ਼ਰੀਬ ਨਿਵਾਜ਼ਾ, ਗ਼ਰੀਬਾਂ ਹੋਏ ਸਹਾਈਆ । ਲੰਮਾ ਪੈ ਪੈ ਮਾਰੇ ਵਾਜਾਂ, ਜਨ ਭਗਤੋ ਔਣਾ ਚਾਈਂ ਚਾਈਂਆ । ਤੁਹਾਡੇ ਪਿਛੇ ਰਚਿਆ ਕਾਜਾ, ਲੋਕਮਾਤ ਖੇਲ ਕਰਾਈਆ । ਭੂਪਤ ਭੂਪ ਰਾਜਨ ਰਾਜਾ, ਸ਼ਹਿਨਸ਼ਾਹ ਵੇਸ ਵਟਾਈਆ । ਗੋਬਿੰਦ ਬੇਦਾਅਵਾ ਪਾੜਿਆ ਮਾਝਾ, ਅੰਤਮ ਲੇਖਾ ਪੁਰਖ ਅਕਾਲ ਮੁਕਾਈਆ । ਵੇਖਣਹਾਰਾ ਦੋ ਦੋਆਬਾ, ਦੋਹਰੀ ਧਾਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਸੇਵ ਕਮਾਈਆ । ਦਰਵਾਜ਼ਾ ਬਣ ਲੱਥਾ ਭਾਰ, ਪਿਛਲਾ ਕਰਜ਼ ਚੁਕਾਇਆ । ਭਗਵਾਨ ਕਹੇ ਭਗਤ ਪਿਆਰ, ਪ੍ਰੇਮ ਪ੍ਰੀਤੀ ਰਾਹ ਚਲਾਇਆ । ਗ੍ਰਹਿ ਮੰਦਰ ਮੰਗਲਾਚਾਰ, ਸਖੀਆਂ ਢੋਲਾ ਗਾਇਆ । ਸ਼ੌਹ ਮਿਲਿਆ ਕੰਤ ਭਤਾਰ, ਸੇਜ ਸੁਹੰਜਣੀ ਆਪ ਹੰਢਾਇਆ । ਨਾਮ ਸ਼ਬਦ ਬੋਲ ਜੈਕਾਰ, ਅਗੰਮੀ ਨਾਦ ਸੁਣਾਇਆ । ਗੁਰਮੁਖ ਸੱਜਣ ਲਏ ਤਾਰ, ਫੜ ਬਾਹੋਂ ਪਾਰ ਕਰਾਇਆ । ਜਿਨ੍ਹਾਂ ਸੇਵਾ ਕੀਤੀ ਵਿਚ ਦਰਬਾਰ, ਦਰ ਲੇਖੇ ਲਏ ਲਗਾਇਆ । ਪੰਦਰਾਂ ਦਿਵਸ ਸਤਿ ਵਿਹਾਰ, ਇਕ ਪੰਜ ਜੋੜ ਜੁੜਾਇਆ । ਇਕ ਇਕੱਲਾ ਏਕੰਕਾਰ, ਪੰਚਮ ਰੂਪ ਫੇਰਾ ਪਾਇਆ । ਇਕ ਪੰਜ ਦਾ ਸੱਤ ਆਧਾਰ, ਧਰਮ ਜੜ੍ਹ ਲਗਾਇਆ । ਚੋਟੀ ਚੜ੍ਹ ਆਪ ਨਿਰੰਕਾਰ, ਹਰਿਜਨ ਵੇਖ ਵਖਾਇਆ । ਸੀਸ ਧੜ ਦੇ ਆਧਾਰ, ਪ੍ਰੇਮ ਪ੍ਰੀਤੀ ਭਾਰ ਚੁਕਾਇਆ । ਹਰਿਜਨ ਗੁਰਮੁਖ ਗੁਰਸਿਖ ਸੰਤ ਭਗਤ ਇਕੋ ਰੰਗ ਰੰਗੇ ਪੁਰਖ ਨਾਰ, ਬਿਰਧ ਬਾਲ ਆਪਣੀ ਗੋਦ ਸੁਹਾਇਆ । ਪੂਰਬ ਲਹਿਣਾ ਆਪ ਵਿਚਾਰ, ਦੇਣਾ ਸਭ ਦਾ ਹੱਥ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵਾ ਝੋਲੀ ਪਾਇਆ । ਸੇਵਾ ਕਰਾਈ ਸਰਬ ਗੁਣਤਾਸ, ਗੁਣਵੰਤਾ ਦਏ ਵਡਿਆਈਆ । ਪਿਛਲੇ ਜਨਮ ਜੋ ਰਹੇ ਉਦਾਸ, ਲੇਖਾ ਜਨਮ ਆਪਣੇ ਲੇਖੇ ਪਾਈਆ । ਅੱਗੇ ਕੀਤੀ ਬੰਦ ਖ਼ਲਾਸ, ਬੰਦੀਖ਼ਾਨਾ ਦਿਤਾ ਤੁੜਾਈਆ । ਪੰਦਰਾਂ ਦਿਨ ਪ੍ਰਭ ਅੰਦਰ ਵੜਿਆ ਰਿਹਾ ਤੁਹਾਡੇ ਸਾਥ, ਸਿਰ ਆਪਣੇ ਭਾਰ ਉਠਾਈਆ । ਅੱਠੇ ਪਹਿਰ ਕਰਦਾ ਰਿਹਾ ਤੁਹਾਡੀ ਯਾਦ, ਪ੍ਰੇਮ ਪ੍ਰੀਤੀ ਢੋਲਾ ਗਾਈਆ । ਫਿਰ ਵੀ ਤੁਹਾਡੇ ਅੱਗੇ ਕਰੇ ਫ਼ਰਯਾਦ, ਮੇਰੇ ਪਿਛੇ ਦੁੱਖ ਨਾ ਕੋਇ ਉਠਾਈਆ । ਏਹ ਸਿਖੋ ਤੁਹਾਡੀ ਦਾਤ, ਤੁਹਾਡੀ ਝੋਲੀ ਪਾਈਆ । ਪਿਛੋਂ

ਸਾਰੇ ਕਹਿਣ ਪ੍ਰਭ ਦੀ ਕਰਾਮਾਤ, ਜੋ ਅਚਰਜ ਲੇਖਾ ਗਿਆ ਲਿਖਾਈਆ । ਫਿਰ ਲੱਭਿਆਂ ਕਿਸੇ ਨਾ ਆਵੇ ਹਾਥ, ਖ਼ਾਲੀ ਹੱਥ ਫਿਰੇ ਲੋਕਾਈਆ । ਦਾਤਾ ਹੋ ਕੇ ਬਣਿਆ ਦਾਸ, ਬਣ ਸੇਵਕ ਸੇਵਾ ਸਚ ਕਮਾਈਆ । ਜਨ ਭਗਤੋ ਤੁਹਾਡੀ ਪੁੰਨੀ ਆਸ, ਪ੍ਰਭ ਪੂਰਨ ਮਿਲਿਆ ਬੇਪਰਵਾਹੀਆ । ਸੋਲਾਂ ਚੇਤਰ ਤੁਹਾਡੇ ਅੱਗੇ ਕਰੇ ਅਰਦਾਸ, ਸਾਢੇ ਪੰਜ ਵਜੇ ਆਪਣਾ ਫੇਰਾ ਪਾਈਆ । ਪਿਛਲਾ ਵਕਤ ਕਰਾਏ ਯਾਦ, ਜਿਸ ਵੇਲੇ ਪੁੱਠਾ ਹੋ ਕੇ ਲਿਖਤ ਲਿਖਾਈਆ । ਅੱਗੇ ਤੁਹਾਡਾ ਵੱਜੇ ਨਾਦ, ਰਾਗ ਇਕੋ ਇਕ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦਾ ਲਹਿਣਾ ਰਿਹਾ ਚੁਕਾਈਆ ।

★ ੧੬ ਚੇਤ ੨੦੨੦ ਬਿਕਰਮੀ ਸਾਢੇ ਪੰਜ ਵਜੇ ਸਵੇਰੇ ਹਰਿ ਭਗਤ ਦੁਆਰ ਜੇਠੂਵਾਲ ★

ਹਰਿ ਸਤਿਗੁਰ ਦਾ ਅੰਮ੍ਰਿਤ ਵੇਲਾ, ਪ੍ਰਭ ਅੰਮ੍ਰਿਤ ਜਾਮ ਪਿਆਇੰਦਾ । ਘਰ ਵਸਿਆ ਗੁਰੂ ਗੁਰ ਚੇਲਾ, ਗੁਰ ਚੇਲਾ ਰੰਗ ਰੰਗਾਇੰਦਾ । ਦੀਨ ਦਿਆਲ ਕਰਾਇਆ ਮੇਲਾ, ਮਿਲ ਆਪਣਾ ਸੰਗ ਨਿਭਾਇੰਦਾ । ਭਗਤ ਭਗਵਾਨ ਵਕਤ ਸੁਹੇਲਾ, ਸਹਿਜ ਸਹਿਜ ਗੁਣ ਗਾਇੰਦਾ । ਵਸਣਹਾਰਾ ਸਦਾ ਨਵੇਲਾ, ਆਪਣੀ ਕਲ ਧਰਾਇੰਦਾ । ਵੇਖਣਹਾਰਾ ਜੰਗਲ ਜੂਹ ਉਜਾੜ ਪਹਾੜ ਡੂਘੀ ਕੰਦਰ ਬੇਲਾ, ਸਮੁੰਦ ਸਾਗਰ ਫੋਲ ਫੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਦਇਆ ਕਮਾਇੰਦਾ । ਅੰਮ੍ਰਿਤ ਵੇਲਾ ਇਕੋ ਰੰਗ, ਅਮਰਾਪਦ ਵਡਿਆਈਆ । ਨਿਰਗੁਣ ਸਰਗੁਣ ਬਣਿਆ ਸੰਗ, ਸਗਲਾ ਸੰਗ ਨਿਭਾਈਆ । ਦਰ ਦਰਵਾਜ਼ਾ ਅੰਦਰ ਲੰਘ, ਸਾਚੀ ਬਣਤ ਬਣਾਈਆ । ਪੂਰਬ ਲੇਖਾ ਚੁਕੇ ਪੰਧ, ਦੂਰ ਦੁਰਾਡੀ ਵਾਟ ਮੁਕਾਈਆ । ਅਗਿਆਨ ਅੰਧੇਰਾ ਮਿਟੇ ਅੰਧ, ਹਰਿ ਜੋਤ ਨੂਰ ਰੁਸ਼ਨਾਈਆ । ਅੰਮ੍ਰਿਤ ਵੇਲੇ ਉਠ ਕੇ ਹਰਿ ਭਗਤ ਗਾਏ ਸਾਚਾ ਛੰਦ, ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਤੇਰੀ ਵਡਿਆਈਆ । ਅੱਠੇ ਪਹਿਰ ਰਹੇ ਅਨੰਦ, ਨਾਮ ਖ਼ੁਮਾਰ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਅੰਮ੍ਰਿਤ ਵੇਲਾ ਅਮਰ ਰੱਖ, ਆਤਮ ਪਰਮਾਤਮ ਆਪ ਖੁਲ੍ਹਾਇੰਦਾ । ਜਾਗਤ ਸੋਵਤ ਮਾਰਗ ਦੱਸ, ਇਕੋ ਰਾਹ ਵਖਾਇੰਦਾ । ਭਗਤ ਭਗਵਾਨ ਅੰਤਰ ਵਸ, ਗ੍ਰਿਹਿ ਮੰਦਰ ਸੋਭਾ ਪਾਇੰਦਾ । ਸਚ ਸੁਹੰਜਣਾ ਦੇਵੇ ਰਸ, ਅੰਮਿਉਂ ਰਸ ਆਪ ਚੁਆਇੰਦਾ । ਸ਼ਬਦ ਅਨਾਦੀ ਗਾਏ ਜਸ, ਢੋਲਾ ਰਾਗ ਸੁਣਾਇੰਦਾ । ਮੇਲ ਮਿਲਾਵਾ ਹੱਸ ਹੱਸ, ਆਪਣੇ ਅੰਗ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਆਪ ਕਮਾਇੰਦਾ । ਅੰਮ੍ਰਿਤ ਵੇਲਾ ਆਤਮ ਧਾਰ, ਪਰਮਾਤਮ ਦਏ ਵਡਿਆਈਆ । ਸ਼ਬਦ ਸਰੂਪੀ ਸਚ ਪਿਆਰ, ਬਿਨ ਰੰਗ ਰੂਪੀ ਆਪ ਕਰਾਈਆ । ਵਸਣਹਾਰਾ ਠਾਂਡੇ ਦਰਬਾਰ, ਘਰ ਸਾਂਤਕ ਸਤਿ ਕਰਾਈਆ । ਲੇਖਾ ਜਾਣ ਅੰਦਰ ਬਾਹਰ, ਗੁਪਤ ਜ਼ਾਹਰ ਪਰਦਾ ਲਾਹੀਆ । ਵੇਖਣਹਾਰ ਸੋਲਾਂ ਸ਼ਿੰਗਾਰ, ਸੋਲਾਂ ਇਛਿਆ ਪੂਰ ਕਰਾਈਆ । ਪਾਵੇ ਭਿਛਿਆ ਸਿਰਜਣਹਾਰ, ਸਿਰ ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਟਿਕਾਈਆ । ਮਿਹਰ ਨਜ਼ਰ ਆਪਣੀ ਰੱਖ, ਹਰਿ ਰੱਖਕ ਆਪ ਅਖਵਾਇੰਦਾ । ਹੋਏ ਸਹਾਈ ਨੱਸ ਨੱਸ, ਔਂਦਾ ਜਾਂਦਾ ਨਜ਼ਰ ਨਾ ਆਇੰਦਾ । ਬਾਜ਼ੂ ਪਕੜੇ ਆਪਣੇ ਹੱਥ, ਬਲ ਇਕੋ

ਇਕ ਜਣਾਇੰਦਾ । ਸੰਤ ਸੁਹੇਲੇ ਕਰ ਇਕੱਠ, ਗੁਰ ਚੇਲੇ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਇੰਦਾ । ਮਿਹਰ ਨਜ਼ਰ ਕਰੇ ਕਰਤਾਰ, ਨਜ਼ਰੀਆ ਆਪ ਬਦਲਾਈਆ । ਸੁਰਤ ਸ਼ਬਦ ਦਾ ਸਚ ਪਿਆਰ, ਪ੍ਰੇਮੀ ਪ੍ਰੇਮਕਾ ਨਾਲ ਮਿਲਾਈਆ । ਜਗਤ ਵਿਛੋੜਾ ਕਰੇ ਖੁਆਰ, ਜੋੜਾ ਨਾਮ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਵਖਾਈਆ । ਅੰਮ੍ਰਿਤ ਵੇਲਾ ਆਤਮ ਰੰਗ, ਰੰਗ ਰੰਗੀਲਾ ਆਪ ਰੰਗਾਇੰਦਾ । ਨਿਰਗੁਣ ਹੋ ਕੇ ਵਸੇ ਸੰਗ, ਸਰਗੁਣ ਮੇਲ ਮਿਲਾਇੰਦਾ । ਛੰਦ ਸੁਣਾਏ ਬਿਨ ਬੱਤੀ ਦੰਦ, ਸੋਹਲਾ ਰਾਗ ਅਲਾਇੰਦਾ । ਕਰ ਪਰਕਾਸ਼ ਅੰਧੇਰਾ ਅੰਧ, ਨੂਰੋ ਨੂਰ ਧਰਾਇੰਦਾ । ਜੁਗ ਜੁਗ ਦੀ ਟੁੱਟੀ ਗੰਢ, ਗੰਢਣਹਾਰ ਗੋਪਾਲ ਸਵਾਮੀ ਏਕਾ ਤੰਦ ਬੰਧਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਮ੍ਰਿਤ ਰੁੱਤ ਇਕ ਸੁਹਾਇੰਦਾ । ਅੰਮ੍ਰਿਤ ਸੋਹੇ ਸੁਹੰਜਣੀ ਰੁੱਤ, ਹਰਿ ਰੁੱਤੜੀ ਮਾਤ ਮਹਿਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸ੍ਰੀ ਭਗਵਾਨ ਕੋਲੋਂ ਮਾਰਗ ਰਹੇ ਪੁੱਛ, ਦੋਏ ਜੋੜ ਵਾਸਤਾ ਪਾਈਆ । ਨਵ ਨੌਂ ਚਾਰ ਕਿਉਂ ਰਿਹੋਂ ਲੁਕ, ਆਪਣਾ ਮੁਖ ਛੁਪਾਈਆ । ਕਲਜੁਗ ਅੰਤਮ ਕਿਹੜੀ ਧਾਰੋਂ ਗਿਉਂ ਉਠ, ਸੋ ਧਾਰ ਨਜ਼ਰ ਨਾ ਆਈਆ । ਭਗਤ ਦੁਆਰੇ ਜਾ ਕੇ ਗਿਉਂ ਰੁਕ, ਅੱਗੇ ਕਦਮ ਨਾ ਕੋਇ ਟਿਕਾਈਆ । ਸ਼ੇਰ ਹੋ ਕੇ ਰਿਹੋਂ ਬੁੱਕ, ਭਬਕ ਆਪਣੇ ਨਾਮ ਲਗਾਈਆ । ਸੰਤ ਸੁਹੇਲੇ ਵੇਖੇ ਆਪਣੇ ਸੁੱਤ, ਸੁਤ ਦੁਲਾਰੇ ਗੋਦ ਉਠਾਈਆ । ਨਾਮ ਰੰਗਣ ਰੰਗੇ ਕਾਇਆ ਬੁੱਤ, ਕਾਚੀ ਮਾਟੀ ਲੇਖੇ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਕਰਾਈਆ । ਅੰਮ੍ਰਿਤ ਵੇਲੇ ਤੇਰਾ ਚਾਉ ਘਨੇਰਾ, ਚੌਸਠ ਘੜੀ ਨਾ ਕੋਇ ਵਡਿਆਈਆ । ਮਿਹਰਵਾਨ ਹੋ ਬੰਨ੍ਹੇ ਬੇੜਾ, ਖੇਵਟ ਖੇਟਾ ਸੇਵ ਕਮਾਈਆ । ਤੁਧ ਜਿਹਾ ਹੋਰ ਹੈ ਕਿਹੜਾ, ਤੇਰੇ ਹੱਥ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਰਿਹਾ ਜਣਾਈਆ । ਅੰਮ੍ਰਿਤ ਵੇਲੇ ਮੈਂ ਕੀ ਦੱਸਾਂ, ਸਚ ਸਚ ਦ੍ਰਿੜਾਇੰਦਾ । ਇਕੋ ਵਾਰ ਭਗਤਾਂ ਅੰਦਰ ਵਸਾਂ, ਨਿਤ ਨਿਤ ਦਾ ਕਲੇਸ਼ ਮੁਕਾਇੰਦਾ । ਆਤਮ ਪਰਮਾਤਮ ਨਿਰਗੁਣ ਨਾਮ ਰਟਾਂ, ਦੂਜੀ ਅਲੱਖ ਨਾ ਕੋਇ ਜਗਾਇੰਦਾ । ਪ੍ਰੇਮ ਕਰ ਪਿਛੇ ਨਾ ਹਟਾਂ, ਸਾਚੀ ਰੀਤੀ ਆਪ ਬੰਧਾਇੰਦਾ । ਡੂੰਘੇ ਘਾਉ ਮੇਟਾਂ ਫੱਟਾਂ, ਪੱਟੀ ਆਪਣੇ ਨਾਮ ਬੰਧਾਇੰਦਾ । ਸਚ ਪ੍ਰੇਮ ਅੰਦਰ ਰਤਾਂ, ਰਤ ਆਪਣੀ ਨਾ ਕੋਇ ਰਖਾਇੰਦਾ । ਜਨ ਭਗਤਾਂ ਨਾਲ ਪਕਾਏ ਮਤਾ, ਮਤ ਪਿਛਲੀ ਸਰਬ ਭੁਆਇੰਦਾ । ਪੁਰਖ ਅਕਾਲ ਗੌਣਾ ਜੱਸਾ, ਦੂਜੀ ਸਿਫ਼ਤ ਨਾ ਕੋਇ ਸਾਲਾਹਿੰਦਾ । ਅੰਮ੍ਰਿਤ ਦੇਣਾ ਇਕੋ ਰਸਾ, ਨਿਝਰ ਧਾਰ ਵਹਾਇੰਦਾ । ਸਚ ਦੁਆਰੇ ਕਰਾਏ ਕਮਰਕਸਾ, ਪੱਲੂ ਆਪਣੀ ਗੰਢ ਪੁਆਇੰਦਾ । ਦੋ ਜਹਾਨ ਫਿਰੇ ਨੱਠਾ, ਬਣ ਪਾਂਧੀ ਫੇਰਾ ਪਾਇੰਦਾ । ਰਾਗ ਸੁਣੇ ਨਾ ਕਿਸੇ ਕੋਲੋਂ ਭੱਟਾਂ, ਜਨ ਭਗਤਾਂ ਨਾਦ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਇੰਦਾ । ਅੰਮ੍ਰਿਤ ਵੇਲੇ ਤੇਰਾ ਮਾਰਗ ਸੌਖਾ, ਸੋ ਪੁਰਖ ਨਿਰੰਜਣ ਆਪ ਜਣਾਈਆ । ਅੱਗੇ ਲੇਖਾ ਚੁਕੇ ਔਖਾ, ਔਖੀ ਘੜੀ ਨਾ ਕੋਇ ਰਖਾਈਆ । ਦੀਨ ਦਿਆਲ ਸਵਾਮੀ ਆਪੇ ਪਹੁੰਚਾ, ਤੇਰੀ ਆਸਾ ਪੂਰ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਮ ਜਪਣ ਦੀ ਸਾਚੀ ਰੀਤੀ, ਇਕੋ ਵਾਰ ਦਰਸਾਈਆ । ਅੰਮ੍ਰਿਤ ਵੇਲੇ ਹਰਿ ਭਗਤ ਉਠੌਣਾ, ਦੇਵਣਹਾਰ ਵਡਿਆਈਆ । ਪੰਜ ਵਾਰ ਨਾਮ ਜਪੌਣਾ, ਪੰਚ ਪਰਪੰਚ ਮਿਟਾਈਆ । ਹਰਿ ਮੰਦਰ ਹਰਿ ਆਪ ਸੁਹੌਣਾ, ਸਚ ਸਿੰਘਾਸਣ ਡੇਰਾ ਲਾਈਆ । ਨਿਜ

੧੪੫ ੧੪

ਨੇਤਰ ਜਨ ਦਰਸ਼ਨ ਪੌਣਾ, ਪਰਦਾ ਦਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਦ੍ਰਿੜਾਈਆ । ਪੰਜ ਵਾਰ ਸ਼ਬਦ ਜੈਕਾਰ, ਜੈ ਜੈਕਾਰ ਕਰਾਈਆ । ਗੁਰਮੁਖ ਨੇਤਰ ਸਕੇ ਨਾ ਕੋਇ ਉਘਾੜ, ਨੈਣ ਅੱਖ ਬੰਦ ਕਰਾਈਆ । ਅੰਤਰ ਆਤਮ ਕਰੇ ਪਿਆਰ, ਲਿਵ ਇਕੋ ਇਕ ਲਗਾਈਆ । ਚਰਨ ਧੂੜੀ ਮੰਗੇ ਛਾਰ, ਮਸਤਕ ਟਿੱਕਾ ਚਰਨ ਕਵਲ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਦਏ ਜਣਾਈਆ । ਗੁਰਮੁਖ ਨੇਤਰ ਕਦੇ ਨਾ ਖੋਲ੍ਹੇ, ਹਰਿ ਸਾਚਾ ਸਚ ਜਣਾਇੰਦਾ । ਪੰਜ ਜੈਕਾਰਾ ਰਸਨਾ ਬੋਲੇ, ਧੁਰ ਦੀ ਧਾਰ ਬੰਧਾਇੰਦਾ । ਅੰਦਰ ਨਜ਼ਰੀ ਆਏ ਜੋ ਬੈਠਾ ਉਹਲੇ, ਪਰਦਾ ਆਪ ਉਠਾਇੰਦਾ । ਉਲਟਾ ਕਰੇ ਨਾਭ ਕਵਲੇ, ਅੰਮ੍ਰਿਤ ਧਾਰ ਵਹਾਇੰਦਾ । ਸੁਰਤੀ ਸ਼ਬਦੀ ਆਪੇ ਮੌਲੇ, ਹਰਿ ਮੌਲਾ ਕਾਰ ਕਮਾਇੰਦਾ । ਜਨ ਭਗਤਾਂ ਭਾਰ ਕਰੇ ਹੌਲੇ, ਸਿਰ ਆਪਣੇ ਭਾਰ ਉਠਾਇੰਦਾ । ਲੇਖੇ ਲਾਏ ਉਪਰ ਆਏ ਧੌਲੇ, ਧਰਨੀ ਧਰਤ ਧਵਲ ਭਗਤਾਂ ਨਾਲ ਸੁਹਾਇੰਦਾ । ਸਭ ਦੇ ਪੂਰੇ ਕਰੇ ਕੌਲੇ, ਪਿਛਲੀ ਕੀਤੀ ਯਾਦ ਕਰਾਇੰਦਾ । ਜਿਸ ਦੇ ਗੁਰ ਅਵਤਾਰ ਪੀਰ ਪੈਗ਼ੰਬਰ ਪੌਂਦੇ ਗਏ ਰੌਲੇ, ਖਾਣੀ ਬਾਣੀ ਨਾਦ ਸੁਣਾਇੰਦਾ । ਸੋ ਸਾਹਿਬ ਸਤਿਗੁਰ ਦੀਨ ਦਿਆਲ ਅਗੰਮ ਠਾਕਰ ਨਿਰਗੁਣ ਬੋਲੇ, ਨਿਰਵੈਰ ਰਾਹ ਚਲਾਇੰਦਾ । ਸਚ ਦੁਆਰਾ ਇਕੋ ਖੋਲ੍ਹੇ, ਦਰ ਦਰਵਾਜ਼ੇ ਬਣਤ ਬਣਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਅੰਤ ਚੜ੍ਹਾਏ ਆਪਣੇ ਡੋਲੇ, ਫੜ ਬਾਹੋਂ ਅੰਦਰ ਲੰਘਾਇੰਦਾ । ਅੰਮ੍ਰਿਤ ਵੇਲਾ ਗਾਇਣ ਸੋਹਲੇ, ਸੋ ਪੁਰਖ ਨਿਰੰਜਣ ਖ਼ੁਸ਼ੀ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਾਰ ਕਮਾਇੰਦਾ । ਅੰਮ੍ਰਿਤ ਵੇਲਾ ਸੋਹਣਾ ਲੱਗਾ, ਸਾਰੇ ਰਹੇ ਜਸ ਗਾਈਆ । ਸ੍ਰੀ ਭਗਵਾਨ ਸੂਰਾ ਸਰਬੱਗਾ, ਸ਼ਹਿਨਸ਼ਾਹ ਇਕੋ ਨਜ਼ਰੀ ਆਈਆ । ਦੋ ਜਹਾਨਾਂ ਦੇ ਕੇ ਸੱਦਾ, ਦਰ ਆਪਣੇ ਲਏ ਬਹਾਈਆ । ਪ੍ਰੇਮ ਪਿਆਰ ਅੰਦਰ ਮਧਾ, ਮਸਤੀ ਆਪਣੇ ਨਾਮ ਚੜ੍ਹਾਈਆ । ਸਚ ਪ੍ਰੀਤੀ ਅੰਦਰ ਬੱਝਾ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸਚ ਸਿੰਘਾਸਣ ਬਹਿ ਕੇ ਸਜਾ, ਤਖ਼ਤ ਨਿਵਾਸੀ ਡੇਰਾ ਲਾਈਆ । ਜਨ ਭਗਤਾਂ ਸੇਵਾ ਕਰ ਅਜੇ ਨਾ ਰੱਜਾ, ਆਪਣੀ ਆਸ਼ਾ ਹੋਰ ਵਧਾਈਆ । ਸਦਾ ਫਿਰੇ ਸੱਜਾ ਖੱਬਾ, ਅੱਗਾ ਪਿੱਛਾ ਵੇਖ ਵਖਾਈਆ । ਕਰੇ ਖੇਲ ਬੁੱਢਾ ਨੱਢਾ, ਰੂਪ ਰੰਗ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਮ੍ਰਿਤ ਵੇਲੇ ਦਏ ਵਡਿਆਈਆ । ਅੰਮ੍ਰਿਤ ਵੇਲੇ ਤੇਰਾ ਵੇਲਾ ਸੋਹਣਾ, ਪ੍ਰਭ ਸੋਹਣੀ ਰੁੱਤ ਸੁਹਾਈਆ । ਜਨ ਭਗਤਾਂ ਜੋਗਾ ਹੋਣਾ, ਦੂਸਰ ਮਿਲੇ ਨਾ ਕੋਇ ਵਡਿਆਈਆ । ਗੁਰਮੁਖਾਂ ਚੁੱਕੇ ਰੋਣਾ ਧੋਣਾ, ਨੇਤਰ ਨੈਣ ਨੀਰ ਨਾ ਕੋਇ ਵਹਾਈਆ । ਅੰਮ੍ਰਿਤ ਫਲ ਇਕੋ ਬੋਣਾ, ਸ਼ਬਦ ਕਿਆਰੀ ਆਪ ਮਹਿਕਾਈਆ । ਸੋਵਤ ਜਾਗਤ ਪੰਜ ਵਾਰ ਹਰਿ ਕਾ ਨਾਮ ਗੌਣਾ, ਭੁੱਲ ਕਦੇ ਨਾ ਜਾਈਆ । ਆਤਮ ਸੇਜਾ ਪਲੰਘ ਵਿਛੌਣਾ, ਸੇਜ ਸੁਹੰਜਣੀ ਸੋਭਾ ਪਾਈਆ । ਕਮਲਾਪਾਤੀ ਘਰ ਚਲ ਕੇ ਔਣਾ, ਆਦਿ ਨਿਰੰਜਣ ਸੱਚਾ ਸ਼ਹਿਨਸ਼ਾਹੀਆ । ਦੀਆ ਬਾਤੀ ਇਕ ਜਗੌਣਾ, ਤੇਲ ਵੱਟੀ ਨਾ ਕੋਇ ਪਾਈਆ । ਗੁਰਮਤੀ ਬਹਿ ਬਹਿ ਕੰਤ ਮਨੌਣਾ, ਘਰ ਸਾਚੇ ਵੱਜੇ ਵਧਾਈਆ । ਚਰਨ ਕਵਲ ਧਿਆਨ ਰਖੌਣਾ, ਚਰਨ ਚਰਨੋਦਕ ਮੁਖ ਚੁਆਈਆ । ਹਉਮੇ ਹੰਗਤਾ ਬੁਰਜ ਢੌਣਾ, ਨਿਵਣ ਸੋ ਅੱਖਰ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਨਾਮ ਵਡਿਆਈਆ । ਨਾਮ ਵਡਿਆਈ ਹਰਿ ਕਰਤਾਰ, ਇਕੋ ਇਕ ਜਣਾਇੰਦਾ । ਵਸਤ ਅਗੰਮ ਦਏ ਥਾਰ, ਥਿਰ ਘਰ ਆਪ ਟਿਕਾਇੰਦਾ । ਹਰਿ ਸਾਹਿਬ ਦਾ ਹੱਕ ਪਿਆਰ,

ਹਕੀਕਤ ਮੇਲ ਮਿਲਾਇੰਦਾ । ਲਾਸ਼ਰੀਕ ਸਾਂਝਾ ਯਾਰ, ਸ਼ਿਰਕਤ ਸਰਬ ਗਵਾਇੰਦਾ । ਪੀਰ ਪੈਗ਼ੰਬਰ ਵੇਖਣਹਾਰ, ਗੁਰ ਅਵਤਾਰ ਭੇਵ ਚੁਕਾਇੰਦਾ । ਚਾਰ ਵਰਨ ਦਾ ਇਕ ਜੈਕਾਰ, ਸਾਚਾ ਸੋਹਲਾ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਾਮ ਅੰਮ੍ਰਿਤ ਜਾਮ ਪਿਆਇੰਦਾ । ਨਾਮ ਅੰਮ੍ਰਿਤ ਜਾਮ ਪਿਆਊਂਗਾ । ਜਨ ਭਗਤਾਂ ਵੇਖ ਵਖਾਊਂਗਾ । ਸੁਖ ਇਕੋ ਘਰ ਵਖਾਊਂਗਾ । ਮੁਖ ਉਜਲ ਆਪ ਕਰਾਊਂਗਾ । ਗੋਦੀ ਚੁੱਕ ਤਖ਼ਤ ਬਹਾਊਂਗਾ । ਦਰ ਦਰਵੇਸ਼ ਆਪ ਅਖਵਾਊਂਗਾ । ਬਣ ਸੇਵਕ ਸੇਵ ਕਮਾਊਂਗਾ । ਫੜ ਬਾਹੋਂ ਆਪ ਉਠਾਊਂਗਾ । ਜਗ ਭੁੱਲਿਆਂ ਰਾਹੇ ਪਾਊਂਗਾ । ਬੇਨਕਾਹੇ ਆਪ ਪਰਨਾਊਂਗਾ । ਸਹਿਜ ਸੁਭਾਏ ਖੇਲ ਖਿਲਾਊਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਅੰਮ੍ਰਿਤ ਵੇਲਾ ਇਕ ਵਡਿਆਊਂਗਾ । ਅੰਮ੍ਰਿਤ ਵੇਲਾ ਸੋਹੇਗਾ । ਪ੍ਰਭ ਭਗਤਾਂ ਜੋਗਾ ਹੋਏਗਾ । ਹਰਿਜਨ ਲੋਕਮਾਤ ਨਾ ਸੋਏਗਾ । ਦੁਰਮਤ ਮੈਲ ਪਾਪਾਂ ਧੋਏਗਾ । ਵੇਲੇ ਅੰਤ ਕਦੇ ਨਾ ਰੋਏਗਾ । ਸ੍ਰੀ ਭਗਵਾਨ ਚਰਨ ਚਰਨੋਧਕ ਮੁਖ ਚੋਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੀਜ ਸੱਚਾ ਇਕੋ ਬੋਏਗਾ । ਬੀਜ ਸੱਚਾ ਇਕ ਬਜਾਵਾਂਗਾ । ਭਗਤ ਬੂਟਾ ਮਾਤ ਲਗਾਵਾਂਗਾ । ਫੁੱਲ ਫਲਵਾੜੀ ਆਪ ਮਹਿਕਾਵਾਂਗਾ । ਕਰ ਕਰ ਦਾਰੀ ਸੇਵ ਕਮਾਵਾਂਗਾ । ਲੱਖ ਹਜ਼ਾਰੀ ਲੇਖ ਚੁਕਾਵਾਂਗਾ । ਸਵਾ ਲੱਖ ਦਾ ਮਾਣ ਮਿਟਾਵਾਂਗਾ । ਕੋਟਨ ਕੋਟਾਂ ਵਿਚੋਂ ਗੁਰਮੁਖ ਵਿਰਲਾ ਆਪ ਉਠਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੇਲਾ ਆਪ ਮਿਲਾਵਾਂਗਾ । ਸਵਾ ਲੱਖ ਦਾ ਤੁਟੇ ਮਾਣ । ਇਕ ਲੱਖ ਨਾ ਕੋਇ ਨਿਸ਼ਾਨ । ਪਰਤੱਖ ਹੋ ਆਪ ਭਗਵਾਨ । ਭਗਤਾਂ ਦੇਵੇ ਸੱਚਾ ਦਾਨ । ਅੰਤਰ ਆਤਮ ਕਰ ਪਰਵਾਨ । ਗੋਬਿੰਦ ਮੇਲਾ ਵਿਚ ਜਹਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਨੌਜਵਾਨ । ਇਕ ਨਾਲ ਨਾ ਲੱਖ ਲੜਾਊਂਗਾ । ਅਸੰਖ ਅਸੰਖਾਂ ਵਿਚੋਂ ਗੁਰਮੁਖ ਇਕ ਉਪਜਾਊਂਗਾ । ਬਣਾ ਬਣਤ ਮਿਲਾ ਕੰਤ ਹਰਿ ਭਗਵੰਤ ਰੰਗ ਰੰਗਾਊਂਗਾ । ਮਹਿਮਾ ਅਗਣਤ ਖੇਲ ਬੇਅੰਤ, ਅਭੇਦ ਧਾਰ ਜਣਾਊਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵਾ ਇਕ ਰਖਾਊਂਗਾ । ਸਾਚੀ ਸੇਵਾ ਆਪ ਕਮਾਵਾਂਗਾ । ਜਨ ਭਗਤਾਂ ਆਪ ਉਠਾਵਾਂਗਾ । ਅੰਮ੍ਰਿਤ ਵੇਲਾ ਅੱਠੇ ਪਹਿਰ ਜਣਾਵਾਂਗਾ । ਬਣ ਸੱਜਣ ਸੁਹੇਲਾ ਕੂੜੀ ਕਿਰਿਆ ਕਹਿਰ ਮਿਟਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਾਰ ਕਮਾਵਾਂਗਾ । ਪ੍ਰਭ ਆਪਣੀ ਕਾਰ ਕਮਾਏਗਾ । ਹਰਿ ਸੱਜਣ ਆਪ ਜਗਾਏਗਾ । ਚਰਨ ਧੂੜੀ ਮਜਨ ਇਕ ਨੁਹਾਏਗਾ । ਮੂਰਖ ਮੂੜ੍ਹੀ ਚਤੁਰ ਸੁਘੜ ਬਣਾਏਗਾ । ਸਭ ਦੀ ਆਸਾ ਕਰੇ ਪੂਰੀ, ਨਿਰਾਸਾ ਕੋਇ ਨਜ਼ਰ ਨਾ ਆਏਗਾ । ਹਾਜ਼ਰਾਂ ਹਾਜ਼ਰੀ ਲਾਏ ਹਜ਼ੂਰੀ, ਬੇਹਾਜ਼ਰਾਂ ਓਨ੍ਹਾਂ ਨਾਲ ਮਿਲਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਸੇਵ ਕਮਾਏਗਾ । ਸੇਵਾ ਕਰ ਕੇ ਜੋੜੇ ਨਾਤਾ, ਨੇਰਨ ਨੇਰ ਦਰਸਾਈਆ । ਭਗਤ ਭਗਵਾਨ ਦਾ ਇਕੋ ਹਾਤਾ, ਹੱਦ ਆਪਣੀ ਬੰਦ ਕਰਾਈਆ । ਆਤਮ ਪਰਮਾਤਮ ਮੇਲੇ ਗ਼ਾਤਾ, ਅਜ਼ਾਤ ਨਾ ਕੋਇ ਵਖਾਈਆ । ਨਿਰਗੁਣ ਨਿਰਗੁਣ ਗਾਏ ਗਾਥਾ, ਸਰਗੁਣ ਕਰੇ ਪੜ੍ਹਾਈਆ । ਪਰਗਟ ਹੋ ਪੁਰਖ ਸਮਰਾਥਾ, ਕਲ ਕਲਕੀ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦਰ ਸਾਚੇ ਮੰਗ ਮੰਗਾਈਆ । ਜਨ ਭਗਤਾਂ ਅੱਗੇ ਹਰਿ ਅਰਦਾਸ, ਆਪਣੀ ਭੇਟ ਚੜ੍ਹਾਇੰਦਾ । ਗੁਰਮੁਖੇ ਰੱਖਣਾ ਸੱਚਾ ਸਾਥ, ਇਕੋ ਆਸ ਤਕਾਇੰਦਾ ।

ਰਲ ਮਿਲ ਗਾਈਏ ਸੱਚੀ ਗਾਥ, ਭਗਤ ਭਗਵਾਨ ਆਪ ਸੁਣਾਇੰਦਾ । ਇਕ ਦੂਜੇ ਦੇ ਬਣੀਏ ਦਾਸ, ਸੇਵਕ ਨਜ਼ਰ ਕੋਇ ਨਾ ਆਇੰਦਾ । ਆਤਮ ਪਰਮਾਤਮ ਭੋਗ ਬਲਾਸ, ਸੇਜ ਸੁਹੰਜਣੀ ਇਕ ਵਡਿਆਇੰਦਾ । ਸਚ ਦੁਆਰੇ ਪੁਨੀ ਆਸ, ਆਸਾ ਪੂਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹਾਲ ਸੁਣਾਇੰਦਾ । ਸਚ ਦੁਆਰੇ ਸਚ ਅਰਜ਼ੋਈ, ਹਰਿ ਅਰਜ਼ੀ ਆਪਣੇ ਨਾਮ ਪਾਇੰਦਾ । ਬਿਨ ਭਗਤਾਂ ਭਗਵਾਨ ਨੂੰ ਦੇਵੇ ਕੋਈ ਨਾ ਢੋਈ, ਘਰ ਰਹਿਣ ਕਿਸੇ ਨਾ ਪਾਇੰਦਾ । ਹਰਿ ਕਾ ਲੇਖਾ ਜਾਣੇ ਸੋਈ, ਜਿਸ ਆਪਣੀ ਦਇਆ ਕਮਾਇੰਦਾ । ਗੁਰਮੁਖ ਵਿਰਲਾ ਉਠੇ ਕੋਈ, ਜਿਸ ਕਾਇਆ ਚੋਲੀ ਬਦਲਾਇੰਦਾ । ਆਤਮ ਪਰਮਾਤਮ ਇਕੋ ਹੋਈ, ਦੂਜਾ ਰੰਗ ਨਾ ਕੋਇ ਰੰਗਾਇੰਦਾ । ਨਾ ਜਨਮੇ ਨਾ ਕਦੇ ਮੋਈ, ਨਾਤਾ ਬਿਧਾਤਾ ਆਪ ਬੰਧਾਇੰਦਾ । ਵੇਖੋ ਕਬੀਰ ਪਿਛੇ ਤਰੀ ਲੋਈ, ਕਮਾਲਾ ਚਰਨਾਂ ਨਾਲ ਛੁਹਾਇੰਦਾ । ਅੱਗੇ ਪੁਰਖ ਅਕਾਲ ਦੀਨ ਦਿਆਲ ਜਨ ਭਗਤਾਂ ਦੇਵੇ ਢੋਈ, ਮਿਹਰ ਨਜ਼ਰ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਹਰਿ ਸੱਜਣ ਆਪ ਮਿਲਾਇੰਦਾ । ਹਰਿ ਸੱਜਣ ਹਰਿ ਜੂ ਮੇਲਣ ਆਇਆ, ਪਾਰਬ੍ਰਹਮ ਵੱਡੀ ਵਡਿਆਈਆ । ਤ੍ਰੈਗੁਣ ਕੂੜੀ ਮੇਟੇ ਮਾਇਆ, ਮਮਤਾ ਮੋਹ ਰਹਿਣ ਨਾ ਪਾਈਆ । ਸਮਰਥ ਸਵਾਮੀ ਸਿਰ ਦੇਵੇ ਛਾਇਆ, ਸ਼ਹਿਨਸ਼ਾਹ ਆਪਣਾ ਹੱਥ ਟਿਕਾਈਆ । ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜੈ ਜੈਕਾਰ ਜਿਸ ਗਾਇਆ, ਤਿਸ ਏਥੇ ਓਥੇ ਆਪਣੇ ਚਰਨ ਰਖਾਈਆ । ਸੇਵਾ ਕਰੇ ਬਣ ਦਾਈ ਦਾਇਆ, ਜਨ ਜਨਨੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਭਗਤ ਦੁਆਰੇ ਹਰਿ ਅਰਦਾਸਾ, ਇਕੋ ਵਾਰ ਕਰਾਇੰਦਾ । ਭਗਤ ਭਗਵਾਨ ਦਾ ਬੰਨ੍ਹ ਭਰਵਾਸਾ, ਭਾਵੀ ਸਿਰ ਤੋਂ ਲਾਹਿੰਦਾ । ਧਿਆਨ ਕਰਦਿਆਂ ਵਸੇ ਸਾਥਾ, ਔਂਦਾ ਜਾਂਦਾ ਦੇਰ ਕੋਇ ਨਾ ਲਾਇੰਦਾ । ਜਿਸ ਵੇਲੇ ਹਰਿਜਨ ਟੇਕੇ ਮਾਥਾ, ਤਿਸ ਵੇਲੇ ਸਿਰ ਆਪਣਾ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਜਿਸ ਵੇਲੇ ਸੀਸ ਝੁਕੇਗਾ । ਸਾਹਿਬ ਸਤਿਗੁਰ ਪੂਰਾ ਉਠੇਗਾ । ਜਨ ਭਗਤਾਂ ਉਪਰ ਤੁਠੇਗਾ । ਦਰਵਾਜ਼ਾ ਲੰਘਦਿਆਂ ਹਾਲ ਪੁੱਛੇਗਾ । ਕਾਲ ਪਿਛੇ ਹੋ ਕੇ ਲੁਕੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਹਿਬ ਸਤਿਗੁਰ ਇਕੋ ਉਠੇਗਾ । ਕੀ ਪ੍ਰਭੂ ਤੂੰ ਦੱਸਿਆ ਸੱਚ, ਆਪਣਾ ਰਾਗ ਜਣਾਈਆ । ਭਾਗ ਲਗਾਏਂ ਕਾਇਆ ਮਾਟੀ ਕੱਚ, ਕੰਚਨ ਰੂਪ ਵਟਾਈਆ । ਜਨ ਭਗਤਾਂ ਅੰਤਰ ਜਾਏਂ ਰਚ, ਅਨਭਵ ਆਪਣਾ ਖੇਲ ਕਰਾਈਆ । ਸਚ ਸੱਚਾ ਮਾਰਗ ਦੱਸ, ਸਨੇਹੁੜਾ ਨਾਮ ਸੁਣਾਈਆ । ਜੋਤੀ ਨੂਰ ਕਰ ਪਰਕਾਸ਼, ਅਗਿਆਨ ਅੰਧੇਰ ਚੁਕਾਈਆ । ਸ਼ਹਿਨਸ਼ਾਹ ਹੋ ਕੇ ਕਿਵੇਂ ਬਣੇ ਦਾਸ, ਬਣ ਸੇਵਕ ਸੇਵ ਕਮਾਈਆ । ਦਾਤਾ ਹੋ ਕੇ ਕਿਉਂ ਕਰੇਂ ਅਰਦਾਸ, ਆਪਣਾ ਮਾਣ ਮਿਟਾਈਆ । ਸਭ ਕੁਛ ਪ੍ਰਭੂ ਤੇਰੇ ਪਾਸ, ਤੂੰ ਦੇਵਣਹਾਰ ਲੋਕਾਈਆ । ਸ੍ਰੀ ਭਗਵਾਨ ਕਹੇ ਮੇਰਾ ਕੰਮ ਖ਼ਾਸ, ਖ਼ਾਹਸ਼ ਭਗਤਾਂ ਪੂਰ ਕਰਾਈਆ । ਭਗਤ ਮਿਲਣ ਦੀ ਮੈਨੂੰ ਆਸ, ਏਸੇ ਕਾਰਨ ਆਪਣੀ ਝੋਲੀ ਅੱਗੇ ਡਾਹੀਆ । ਜਿਉਂ ਪੁੱਤਰ ਵਿਛੋੜਾ ਸਹੇ ਨਾ ਬਾਪ, ਬਾਪ ਪੁੱਤਰ ਧਿਆਨ ਲਗਾਈਆ । ਗੋਬਿੰਦ ਥਾਪਣਾ ਗਿਆ ਥਾਪ, ਬਾਲੇ ਨੀਹਾਂ ਹੇਠ ਦਬਾਈਆ । ਅੰਤਰ ਅੰਤਮ ਦੱਸਿਆ ਇਕੋ ਜਾਪ, ਸ਼ਬਦ ਸੁਨੇਹੁੜਾ ਘਲਾਈਆ । ਸੋਹੰ ਢੋਲਾ ਲੈਣਾ ਰਾਟ, ਗੌਣਾ ਚਾਈਂ ਚਾਈਆ । ਸਾਹਿਬ ਪਤ ਲਏ ਰਾਖ, ਰੱਖਿਆ ਕਰੇ ਸਭਨੀ ਥਾਈਆ । ਤੁਹਾਡੀ ਲੇਖੇ ਲਾਏ ਖ਼ਾਕ, ਖ਼ਾਕ ਆਪਣੀ

ਝੋਲੀ ਪਾਈਆ । ਕਲਜੁਗ ਅੰਤਮ ਪੁੱਛੇ ਵਾਤ, ਮਿਹਰ ਨਜ਼ਰ ਉਠਾਈਆ । ਨਿਰਗੁਣ ਹੋ ਕੇ ਦੇਵੇ ਸਾਥ, ਸਰਗੁਣ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਆਪਣੀ ਕਾਰ ਕਮਾਈਆ । ਤੁਹਾਡੀ ਖ਼ਾਕ ਲੇਖੇ ਲਾਏਗਾ । ਨਿਰਗੁਣ ਨਿਹਕਲੰਕ ਕਲ ਆਏਗਾ । ਕਲਕੀ ਅਵਤਾਰ ਇਕ ਅਖਵਾਏਗਾ । ਮੇਰਾ ਮੇਲਾ ਫੇਰ ਮਿਲਾਏਗਾ । ਗੁਰ ਚੇਲਾ ਰੂਪ ਧਰਾਏਗਾ । ਸੱਜਣ ਸੁਹੇਲਾ ਫੇਰਾ ਪਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਨਿਸ਼ਾਨਾ ਇਕ ਪਰਗਟਾਏਗਾ । ਸਚ ਨਿਸ਼ਾਨਾ ਇਕ ਬਣਾਵੇਗਾ । ਛੋਟੇ ਬਾਲਿਆਂ ਮਾਣ ਦਵਾਵੇਗਾ । ਸਾਢੇ ਤਿੰਨ ਹੱਥ ਵਕਤ ਚੁਕਾਵੇਗਾ । ਨੌਂ ਦਰ ਦਾ ਪੰਧ ਮੁਕਾਵੇਗਾ । ਛੱਤੀ ਯੁਗ ਦਾ ਲੇਖ ਮਿਟਾਵੇਗਾ । ਨਿਰਗੁਣ ਆਪਣਾ ਵੇਸ ਵਖਾਵੇਗਾ । ਮੁੱਛ ਦਾੜ੍ਹੀ ਕੇਸ ਨਾ ਕੋਇ ਜਣਾਵੇਗਾ । ਦਸ ਦਸਮੇਸ਼ ਨਾਲ ਉਠਾਵੇਗਾ । ਵਿਸ਼ਨ ਬ੍ਰਹਮ ਮਹੇਸ਼ ਚਰਨੀ ਲਾਵੇਗਾ । ਵਿਸ਼ਨੂੰ ਛੱਡ ਕੇ ਬਾਸ਼ਕ ਸੇਜ, ਅਲੱਖ ਜਗਾਵੇਗਾ । ਸ਼ੰਕਰ ਕਰ ਆਦੇਸ, ਤਰਸੂਲ ਸੁਟਾਵੇਗਾ । ਜਨ ਭਗਤਾਂ ਬਦਲੇ ਰੇਖ, ਲੇਖਾ ਪਿਛਲਾ ਮੂਲ ਮੁਕਾਵੇਗਾ । ਨਿਹਕਰਮੀ ਕਰ ਕੇ ਹੇਤ, ਆਪਣਾ ਰੰਗ ਚੜ੍ਹਾਵੇਗਾ । ਅੰਦਰ ਵੜ੍ਹ ਕੇ ਦੱਸੇ ਭੇਤ, ਬਾਹਰ ਮੁਖ ਨਾ ਕੋਇ ਸਮਝਾਵੇਗਾ । ਜਿਸ ਦੇ ਪਿਛੇ ਅਰਜਣ ਸਿਰ ਵਿਚ ਪਾਈ ਰੇਤ, ਸੋ ਜਨ ਭਗਤਾਂ ਅੰਮ੍ਰਿਤ ਜਾਮ ਪਿਆਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਘਰ ਸਾਚੇ ਡੇਰਾ ਲਾਵੇਗਾ । ਘਰ ਸਾਚੇ ਡੇਰਾ ਲਾਇਆ ਏ । ਪ੍ਰਭ ਪਾਰਬ੍ਰਹਮ ਕਲ ਆਇਆ ਏ । ਧੁਰ ਦਾ ਧਰਮ ਇਕ ਜਣਾਇਆ ਏ । ਵਰਨ ਬਰਨ ਨਾ ਕੋਇ ਰਖਾਇਆ ਏ । ਸੱਚੀ ਸਰਨ ਇਕ ਤਕਾਇਆ ਏ । ਮਰਨ ਡਰਨ ਭੌ ਮਿਟਾਇਆ ਏ । ਬਾਹੋਂ ਫੜਨ ਨਿਰਗੁਣ ਆਇਆ ਏ । ਸਾਚੇ ਪੌੜੇ ਚੜ੍ਹਨ, ਦਏ ਸਮਝਾਇਆ ਏ । ਦਰਗਹਿ ਸਾਚੀ ਵੜਨ, ਅੱਧਵਿਚਕਾਰ ਨਾ ਕੋਇ ਅਟਕਾਇਆ ਏ । ਜੋ ਸੋਹੰ ਢੋਲਾ ਪੜ੍ਹਨ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਹੋਏ ਸਹਾਇਆ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ ਕਰਾਇਆ ਏ । ਆਪਣੀ ਕਰਨੀ ਆਪ ਕਰਾਵੇਗਾ । ਅੰਦਰ ਵੜ ਕੇ ਭਗਤ ਸਮਝਾਵੇਗਾ । ਭਾਣਾ ਜ਼ਰ ਕੇ ਸ਼ੁਕਰ ਮਨਾਵੇਗਾ । ਰਾਣਾ ਬਣ ਕੇ ਸੇਵ ਕਮਾਵੇਗਾ । ਸੁਘੜ ਸਿਆਣਾ ਮੂਰਖ ਮੂੜ੍ਹ ਜਣਾਵੇਗਾ । ਲਾ ਚਰਨ ਧੂੜ, ਦੁਰਮਤ ਮੈਲ ਧੁਆਵੇਗਾ । ਰੰਗ ਚਾੜ੍ਹ ਗੂੜ੍ਹ, ਆਪਣੇ ਨਾਲ ਮਿਲਾਵੇਗਾ । ਬਣ ਦਾਤਾ ਸੂਰ, ਗੁਰਮੁਖ ਆਪ ਉਠਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੋਬਿੰਦ ਲੇਖਾ ਪੂਰ ਕਰਾਵੇਗਾ । ਪ੍ਰੇਮ ਖੇਲਣ ਦਾ ਦੱਸਿਆ ਚਾਓ, ਚਾਓ ਘਨੇਰਾ ਇਕ ਜਣਾਈਆ । ਸੋਹੰ ਢੋਲਾ ਸਾਰੇ ਗਾਓ, ਆਤਮ ਪਰਮਾਤਮ ਰਾਗ ਅਲਾਈਆ । ਸਿਰ ਧਰ ਤਲੀ ਗਲੀ ਮੋਰੀ ਆਓ, ਪਿਛਲਾ ਮਾਣ ਮਿਟਾਈਆ । ਮਾਰਗ ਸੌਖਾ ਪ੍ਰਭ ਘਰ ਪਾਓ, ਵੱਜੇ ਨਾਮ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੀਸ ਜਗਦੀਸ਼ ਸਭ ਦੇ ਲੇਖੇ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵਣਹਾਰ ਸਦਾ ਵਡਿਆਈਆ ।

ਚਵਰ ਕਹੇ ਮੈਂ ਹੋਵਾਂ ਨੀਵਾਂ, ਉਪਰ ਰਹਿਣ ਦੀ ਆਦਤ ਦਿਆਂ ਬਦਲਾਈਆ । ਚਰਨ ਕਵਲ ਪ੍ਰਭ ਘੋਲੀ ਥੀਵਾਂ, ਮਾਣ ਅਭਿਮਾਣ ਮਿਟਾਈਆ ।

੧੫੦ ੧੪

ਚਰਨ ਚਰਨੋਦਕ ਸਾਚਾ ਪੀਵਾਂ, ਛੋਹ ਆਪਣੀ ਨਾਲ ਰਲਾਈਆ । ਬਿਨ ਧੂੜੀ ਕਦੇ ਨਾ ਜੀਵਾਂ ਜੀਵਣ ਇਕੋ ਨਜ਼ਰੀ ਆਈਆ । ਜਿਉਂ ਭਗਵਾਨ ਦੁਆਰੇ ਭਗਤ ਨੀਵਾਂ, ਉਚਾ ਰਹਿਣ ਕੋਇ ਨਾ ਪਾਈਆ । ਜਿਸ ਲਹਿਣਾ ਚੁਕਾਇਆ ਸਾਢੇ ਤਿੰਨ ਹੱਥ ਸੀਵਾਂ, ਸੀਨੇ ਸਭ ਦੇ ਠੰਡ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਿਰਪਾ ਆਪ ਕਮਾਈਆ । ਚਵਰ ਕਹੇ ਮੈਨੂੰ ਦਿਓ ਵਧਾਈ, ਪ੍ਰਭ ਮਾਰਗ ਸਚ ਜਣਾਇਆ । ਜਨਮ ਜਨਮ ਦੀ ਮਿਟੀ ਸ਼ਾਹੀ, ਮੇਰਾ ਰੋਗ ਗਵਾਇਆ । ਸਾਚੀ ਸਿਖਿਆ ਇਕ ਸਮਝਾਈ, ਨੀਵੀਂ ਧਾਰ ਬੰਧਾਇਆ । ਚਰਨ ਕਵਲ ਦੇਵੇ ਸਰਨਾਈ, ਸਰਨਗਤ ਇਕ ਜਣਾਇਆ । ਸਾਚੇ ਘਰ ਨਾ ਦੇਵੇ ਕੋਈ ਗਵਾਹੀ, ਮੁਲਜ਼ਮ ਬਰੀ ਨਾ ਕੋਇ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰ ਜਣਾਇਆ । ਚਵਰ ਕਹੇ ਮੇਰੇ ਧੰਨ ਭਾਗ, ਪ੍ਰਭ ਸਿਖਿਆ ਸਚ ਦ੍ਰਿੜਾਈਆ । ਭਗਤ ਦੁਆਰੇ ਚਰਨੀ ਗਿਆ ਲਾਗ, ਪਿਛਲਾ ਮਾਣ ਮਿਟਾਈਆ । ਕਰ ਕਿਰਪਾ ਧੋਵੇ ਮੇਰਾ ਦਾਗ, ਦੁਰਮਤ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਆਪ ਜਣਾਈਆ । ਚਵਰ ਕਹੇ ਮੈਂ ਚਰਨਾਂ ਸੇਵ ਕਮਾਵਾਂਗਾ । ਧੂੜੀ ਟਿੱਕਾ ਲਾ ਕੇ ਖ਼ੁਸ਼ੀ ਮਨਾਵਾਂਗਾ । ਵੱਡਿਉਂ ਹੋ ਕੇ ਨਿੱਕਾ, ਨਿੱਕਾ ਵੱਡੇ ਵਿਚ ਸਮਾਵਾਂਗਾ । ਜੁਗ ਚੌਕੜੀ ਰਸ ਵੇਖਿਆ ਫਿਕਾ, ਅੰਤ ਅੰਮ੍ਰਿਤ ਇਕੋ ਮੁਖ ਰਖਾਵਾਂਗਾ । ਮਾਣ ਵਡਿਆਈ ਵਿਚ ਪਿਛੇ ਵਿਕਾ, ਅੱਗੇ ਚਰਨ ਧਿਆਨ ਟਿਕਾਵਾਂਗਾ । ਨਿਰਗੁਣ ਵੇਖਿਆ ਖੇਲ ਅਨਡਿਠਾ, ਦਰ ਬਹਿ ਕੇ ਸੇਵ ਕਮਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦਿਤਾ ਸੱਚਾ ਵਰ, ਆਪਣੀ ਝੋਲੀ ਪਾਵਾਂਗਾ । ਚਵਰ ਕਹੇ ਮੈਨੂੰ ਦਿਓ ਦਿਲਾਸਾ, ਜਨ ਭਗਤਾਂ ਰਿਹਾ ਜਣਾਈਆ । ਹਰਿ ਸਰਨਾਈ ਸਚ ਭਰਵਾਸਾ, ਭਰਮ ਰਹਿਣ ਨਾ ਪਾਈਆ । ਸਗਲ ਵਸੂਰਾ ਮੇਰਾ ਲਾਥਾ, ਦੁੱਖੜਾ ਦਰਦ ਮਿਟਾਈਆ । ਮਿਲਿਆ ਦੀਨ ਦਿਆਲਾ ਰਘੁਨਾਥਾ, ਰਹਿਬਰ ਇਕੋ ਸੱਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਰੀਤੀ ਆਪ ਜਣਾਈਆ । ਚਵਰ ਕਹੇ ਮੋਹੇ ਕਰੋ ਪਿਆਰ, ਪ੍ਰੇਮ ਪਿਆਰਾ ਆਪ ਜਣਾਈਆ । ਮੈਂ ਚਰਨ ਡਿਗਾ ਮੂੰਹ ਦੇ ਭਾਰ, ਬਲ ਆਪਣਾ ਨਾ ਕੋਇ ਵਖਾਇੰਦਾ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਪਿਛੋਂ ਮੈਨੂੰ ਕਰਨੀ ਮਿਲੀ ਨਿਮਸਕਾਰ, ਏਸੇ ਵਾਸਤੇ ਸਭ ਦੇ ਅੱਗੇ ਵਾਸਤਾ ਪਾਇੰਦਾ । ਮੈਂ ਸੇਵਾ ਕਰਾਂ ਨਰ ਨਿਰੰਕਾਰ, ਨੀਵਾਂ ਹੋ ਕੇ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਜਣਾਇੰਦਾ । ਚਵਰ ਕਹੇ ਮੈਂ ਨਿੱਕਾ ਬਾਲਾ, ਪ੍ਰਭ ਜਨਮ ਦਿਤਾ ਬਦਲਾਈਆ । ਮਾਰਗ ਦੱਸਿਆ ਇਕ ਸੁਖਾਲਾ, ਸਚ ਸਚ ਸਮਝਾਈਆ । ਸੱਚਖੰਡ ਦੀ ਸੱਚੀ ਚਾਲਾ, ਅਵੱਲੜੀ ਕਾਰ ਜਣਾਈਆ । ਵਸਣਹਾਰਾ ਸਚ ਸੱਚੀ ਧਰਮਸਾਲਾ, ਧੁਰ ਦਰਬਾਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਜਿਸ ਵਸੇ ਖੇੜੇ, ਤਿਸ ਖੇੜੇ ਮਿਲੀ ਵਡਿਆਈਆ । ਆਦਿ ਜੁਗਾਦੀ ਚੁੱਕਣ ਝੇੜੇ, ਝਗੜਾ ਕੋਇ ਰਹਿਣ ਨਾ ਪਾਈਆ । ਭਗਤ ਭਗਵਾਨ ਵੇਖੇ ਡੇਰੇ, ਡੇਰਾ ਇਕੋ ਆਸਣ ਲਾਈਆ । ਮੈਂ ਵੀ ਵੜਿਆ ਓਸੇ ਵੇਹੜੇ, ਆਪਣਾ ਫੇਰਾ ਪਾਈਆ । ਪਿਛੇ ਖੇਲ ਵੇਖੇ ਬਥੇਰੇ, ਗੁਰ ਅਵਤਾਰਾਂ ਸੰਗ ਨਿਭਾਈਆ । ਪੀਰ ਪੈਗ਼ੰਬਰ ਦੱਸਾਂ ਕਿਹੜੇ ਕਿਹੜੇ, ਜਿਨ੍ਹਾਂ ਦਿਤੀ ਮਾਣ ਵਡਿਆਈਆ । ਅੰਤਮ ਆਇਆ ਭਗਤਾਂ ਘੇਰੇ, ਪ੍ਰਭ ਪ੍ਰੀਤੀ ਇਕ ਸਮਝਾਈਆ । ਦਰ ਦਰਵਾਜਿਉਂ ਜੋ ਹੋਏ ਅਗੇਰੇ, ਪਿਛਲੀ ਰੀਤ ਭੁਲਾਈਆ । ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਦਰਵਾਜ਼ਾ ਕਹੇ ਸੁਣ ਚੌਰ ਬਾਤ, ਤੈਨੂੰ ਮੈਂ ਸਮਝਾਇੰਦਾ । ਮੇਰੇ ਵਲ ਵੇਖ ਮਾਰ ਝਾਤ, ਮੈਂ ਦਰ ਦਰਬਾਨ ਸੋਭਾ ਪਾਇੰਦਾ । ਮੇਰੇ ਉਤੇ ਲੇਖਾ ਲਿਖਿਆ ਬਿਨ ਕਲਮ ਦਵਾਤ, ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਨਜ਼ਰੀ ਆਇੰਦਾ । ਜਿਸ ਦਾ ਲੇਖਾ ਆਦਿ ਜੁਗਾਦਿ, ਜੁਗ ਜੁਗ ਵੇਸ ਵਟਾਇੰਦਾ । ਓਸ ਮੈਨੂੰ ਦਿਤੀ ਦਾਦ, ਤੇਰੀ ਸੇਵਾ ਇਕ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਸਮਝਾਇੰਦਾ । ਵੇਖ ਚਵਰ ਕਰ ਧਿਆਨ, ਦਰ ਦਰਵਾਜ਼ਾ ਰਿਹਾ ਸੁਣਾਈਆ । ਜੋ ਮੇਰੇ ਵਿਚੋਂ ਲੰਘੇ ਓਸ ਉਪਰ ਨਜ਼ਰ ਆਏ ਭਗਵਾਨ, ਸਚ ਸਿੰਘਾਸਣ ਆਸਣ ਲਾਈਆ । ਸਾਹਿਬ ਦੇ ਸਿਰ ਉਤੇ ਨਾ ਕਿਸੇ ਦਾ ਕੋਈ ਨਿਸ਼ਾਨ, ਸਿਰ ਹੱਥ ਨਾ ਕੋਇ ਟਿਕਾਈਆ । ਜਿਉਂ ਭਾਵੇ ਤਿਵ ਦੇਵੇ ਮਾਣ, ਸਦ ਚੱਲੇ ਆਪ ਰਜ਼ਾਈਆ । ਬਰਦਾ ਬਣ ਖਲੋਤਾ ਮੈਂ ਗ਼ੁਲਾਮ, ਦਰਵੇਸ਼ ਸੇਵਾ ਸਚ ਕਮਾਈਆ । ਵੇਖੀਂ ਹੁਣ ਨਾ ਬਣੀਂ ਅਣਜਾਣ, ਦੇ ਮਤ ਰਿਹਾ ਸਮਝਾਈਆ । ਪਰਗਟ ਹੋਇਆ ਆਪ ਭਗਵਾਨ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜਿਸ ਦਾ ਮੰਦਰ ਵੇਖਿਆ ਨਾ ਕਿਸੇ ਮਕਾਨ, ਤਿਸ ਉਤੇ ਚਵਰ ਕਵਣ ਝੁਲਾਈਆ । ਜਿਸ ਵੇਲੇ ਨਿਰਗੁਣ ਸਰਗੁਣ ਦੇਵੇ ਦਾਨ, ਜ਼ਾਹਰਾ ਬਣਤ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਸਾਚੀ ਸਿਖਿਆ ਇਕ ਦ੍ਰਿੜਾਈਆ । ਵੱਡਿਉਂ ਹੋਇਆ ਛੋਟਾ, ਨਿੱਕਾ ਆਪਣਾ ਰੂਪ ਵਟਾਈਆ । ਮਾਰਗ ਲਾ ਇਕ ਸੌਖਾ, ਸੋਹਣੀ ਧਾਰ ਚਲਾਈਆ । ਗੁਰੂ ਅਵਤਾਰ ਪੀਰ ਪੈਗੰਬਰ ਦਿਤਾ ਮੌਕਾ, ਭਗਤ ਦੁਆਰੇ ਸਗਨ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਢੇ ਤਿੰਨ ਹੱਥ ਤਨ ਸਰੀਰ, ਦਰ ਦਰਵਾਜ਼ੇ ਵਿਚ ਖਿਚੀ ਲਕੀਰ, ਵੰਡ ਇਕੋ ਇਕ ਰਖਾਈਆ । ਸਾਚਾ ਗਾਨਾ ਸਗਨ ਕਲੀਰਾ, ਹਰਿ ਜੂ ਆਪ ਸੁਹਾਇੰਦਾ । ਸ਼ਰਅ ਸ਼ਰੀਅਤ ਕੱਟ ਜ਼ੰਜੀਰਾ, ਜਗਤ ਵੰਡ ਵੰਡਾਇੰਦਾ । ਗੁਰ ਅਵਤਾਰ ਪੀਰ ਪੀਰਾ, ਦਸਤਗੀਰਾਂ ਦਸਤ ਮਿਲਾਇੰਦਾ । ਦਰ ਦਰਵਾਜ਼ੇ ਆਏ ਘੱਤ ਵਹੀਰਾ, ਪਿਛਲਾ ਪੰਧ ਮੁਕਾਇੰਦਾ । ਅਗਲਾ ਲੇਖਾ ਦੱਸ ਅਖ਼ੀਰਾ, ਆਖ਼ਰ ਆਪਣੀ ਉਂਗਲੀ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਸਮਝਾਇੰਦਾ । ਨਿੱਕਾ ਹੋ ਕੇ ਚੁੱਕੇ ਟੋਕਰਾ, ਸਿਰ ਆਪਣੇ ਭਾਰ ਉਠਾਈਆ । ਲੋਕ ਲੱਜਿਆ ਨਾ ਰੱਖੇ ਛੋਕਰਾ, ਬਚਪਨ ਆਪਣੇ ਰੰਗ ਰੰਗਾਈਆ । ਵੇਖਣ ਆਇਆ ਪੁੱਤ ਪੋਤਰਾ, ਪਾਰਬ੍ਰਹਮ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਲੀਰਾ ਗੁਣੀ ਗਹੀਰਾ, ਨਾਮ ਡੋਰੀ ਤੰਦਨ ਇਕ ਬੰਧਾਈਆ । ਨਾਮ ਡੋਰੀ ਤੰਦ ਅਪਾਰਾ, ਕਲੀ ਕਲੀ ਲਮਕਾਇੰਦਾ । ਉਂਗਲੀ ਲਾ ਗੁਰੂ ਅਵਤਾਰਾ, ਪੀਰ ਪੈਗ਼ੰਬਰ ਸਗਨਾਂ ਨਾਲ ਅੰਦਰ ਲਿਆਂਦਾ । ਪਿਛੇ ਆਇਣ ਵਾਰੋ ਵਾਰਾ, ਵਾਹ ਵਾ ਖੇਲ ਵਖਾਇੰਦਾ । ਸਿਰ ਤੇ ਟੋਕਰਾ ਨਾ ਲੱਗਾ ਭਾਰਾ, ਹੌਲਾ ਭਾਰ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਿੰਘਾਸਣ ਵੇਖ ਦੁਆਰਾ, ਦਰ ਸਾਚੇ ਸੋਭਾ ਪਾਇੰਦਾ । ਨਿੱਕਾ ਹੋ ਕੇ ਟੋਕਰੇ ਵਿਚ ਵੜਿਆ ਆਸਣ ਲਾਏ ਹਰਿ ਨਿਰੰਕਾਰਾ, ਨਿਰਗੁਣ ਆਪਣੀ ਦਇਆ ਕਮਾਈਆ । ਭਗਤ ਕਲੀਰਾ ਕਰ ਪਿਆਰਾ, ਪ੍ਰੇਮ ਪ੍ਰੀਤੀ ਇਕ ਸਮਝਾਈਆ । ਰਲ ਕੇ ਬਹਿ ਜਾਓ ਗੁਰ ਅਵਤਾਰਾ, ਪੀਰ ਪੈਗ਼ੰਬਰ ਸ੍ਰੀ ਭਗਵਾਨ ਸਾਰੇ ਆਪਣੇ ਨਾਲ ਪਰਨਾਈਆ । ਵੀਹ ਸੌ ਉਨੀ ਸਭ ਦਾ ਪਾਇਆ ਛੁਹਾਰਾ, ਸਗਨ ਮੁਖ ਉਂਗਲਾਂ ਨਾਲ ਚਟਾਈਆ ।

ਵੀਹ ਸੌ ਬੀਸ ਕਰ ਵਿਹਾਰਾ, ਹਰਿ ਜਗਦੀਸ਼ ਖ਼ੁਸ਼ੀ ਵਖਾਈਆ । ਸਚ ਕਲੀਰਾ ਏਕੰਕਾਰਾ, ਅਕਲ ਕਲ ਧਾਰੀ ਆਪਣੇ ਹੱਥ ਲਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਘਰ ਬੈਠਿਆਂ ਘਰ ਸੁਤਿਆਂ ਸ਼ਬਦ ਵਿਹਾਰਾ ਰਿਹਾ ਜਣਾਈਆ ।

ਮੰਗਦਿਆਂ ਮੰਗਦਿਆਂ ਉਤੋਂ ਗਿਆ ਘਸ, ਪ੍ਰਭ ਮੰਗਣ ਜਾਚ ਸਿਖਾਈਆ । ਵਿਚੋਂ ਕਹੇ ਸਾਡਾ ਖਹਿੜਾ ਛੱਡ, ਫਸਿਆ ਢੋਲਾ ਗਾਈਆ । ਗੋਦਾਵਰੀ ਕੰਢਾ ਗ਼ੁਫ਼ਾ ਦਿਤੀ ਛੱਡ, ਛੱਡੀ ਸਰਬ ਲੋਕਾਈਆ । ਨਾ ਪਿੰਜਰ ਨਾ ਕਾਇਆ ਹੱਡ, ਤਤਵ ਤਤ ਨਾ ਕੋਇ ਰਖਾਈਆ । ਪ੍ਰੇਮ ਪ੍ਰੀਤੀ ਦੀ ਇਕੋ ਹੱਦ, ਪੜ੍ਹਨਾ ਗੌਣਾ ਕੰਮ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭਗਤ ਪਿਆਰ ਦਾ ਇਕ ਸੰਗੀਤ, ਨਾ ਅੱਗਾ ਨਾ ਪਿੱਛਾ ਆਪਣੀ ਮਰਜ਼ੀ ਦੀ ਚਲਾਈ ਰੀਤ । ਮੰਗਦੇ ਮੰਗਦੇ ਦੀ ਘਸ ਗਈ ਟਿੰਡ, ਇਕ ਧਿਆਨ ਲਗਾਈਆ । ਪ੍ਰਭ ਵੇਖ ਮੇਰਾ ਜੀਉ ਪਿੰਡ, ਆਪਣਾ ਪਰਦਾ ਲਾਹੀਆ । ਮੈਂ ਛੱਡਾਂ ਖਹਿੜਾ ਇੰਡ, ਬ੍ਰਹਿਮੰਡ ਬ੍ਰਹਿਮਾਂਡ ਨਾ ਕੋਇ ਵਡਿਆਈਆ । ਮਿਲੇ ਸਾਹਿਬ ਗੁਣੀ ਗਹਿੰਦ, ਗਹਿਰ ਗਵਰ ਨਜ਼ਰੀ ਆਈਆ । ਭਾਵੇਂ ਸਾਰੇ ਕਰਨ ਮੇਰੀ ਨਿੰਦ, ਤੇਰੀ ਪ੍ਰੀਤ ਮੋਹੇ ਭਾਈਆ । ਮੂਰਖ ਹੋਣ ਦੀ ਨਹੀਂ ਚਿੰਦ, ਖ਼ੁਸ਼ੀ ਚਰਨ ਤੇਰੇ ਸਰਨਾਈਆ । ਤੇਰੇ ਉਤੋਂ ਘੋਲੀ ਜਿੰਦ, ਕੀ ਬੋਲਾਂ ਕੀ ਗਾਵਾਂ ਕੀ ਦੱਸਾਂ ਸੁਧ ਰਹੀ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਦਇਆ ਕਮਾਈਆ । ਮੰਗਦਿਆਂ ਮੰਗਦਿਆਂ ਪੈ ਗਿਆ ਗੰਜ, ਪਰਦਾ ਨਜ਼ਰ ਕੋਇ ਨਾ ਆਈਆ । ਜੇ ਅਜੇ ਵੀ ਹੋਵੇ ਰੰਜ, ਤੇਰਾ ਗ਼ੁੱਸਾ ਝੱਲਿਆ ਨਾ ਜਾਈਆ । ਮਾਣ ਟੁੱਟਾ ਭਾਈ ਮੰਜ, ਮਜਲਸ ਗੁਰਮੁਖ ਇਕੋ ਲਾਈਆ । ਮੈਂ ਨਾ ਜਾਣਾ ਸਵੇਰ ਸੰਞ, ਇਕੋ ਰੰਗ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਮੰਗਦਿਆਂ ਮੰਗਦਿਆਂ ਸਿਰ ਹੋਇਆ ਪੋਲਾ, ਭਾਰ ਸਕੇ ਨਾ ਕੋਇ ਉਠਾਈਆ । ਰਸਨਾ ਜਿਹਵਾ ਕੋਟਣ ਪਾਇਣ ਰੌਲਾ, ਰੌਲਾ ਪਾਇਆਂ ਹੱਥ ਕਿਸੇ ਨਾ ਆਈਆ । ਮੈਂ ਇਕੋ ਜਾਣਿਆ ਤੂੰ ਵਸੇਂ ਪਰਦੇ ਉਹਲਾ, ਲੁਕ ਲੁਕ ਆਪਣੀ ਖੇਲ ਕਰਾਈਆ । ਧੰਨ ਭਾਗ ਤੂੰ ਮੇਰੇ ਨਾਲ ਬੋਲਾ, ਅਨਬੋਲਤ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ ।

★ ੧੯ ਚੇਤ ੨੦੨੦ ਬਿਕਰਮੀ ਸੂਰਤ ਸਿੰਘ ਦੇ ਗ੍ਰਿਹ ਪਿੰਡ ਡਾਲਾ ★

ਸੋ ਪੁਰਖ ਸੂਰਾ ਸਰਬੰਗ, ਸ਼ਾਹ ਸੁਲਤਾਨ ਵੱਡੀ ਵਡਿਆਈਆ । ਹਰਿ ਪੁਰਖ ਵਜਾਏ ਮਰਦੰਗ, ਨਾਮ ਨਿਧਾਨਾ ਇਕ ਸ਼ਨਵਾਈਆ । ਏਕੰਕਾਰਾ ਵਸੇ ਸੰਗ, ਆਦਿ ਜੁਗਾਦਿ ਬੇਪਰਵਾਹੀਆ । ਆਦਿ ਨਿਰੰਜਣ ਨਿਰਗੁਣ ਚੰਦ, ਜੋਤੀ ਜੋਤ ਜੋਤ ਰੁਸ਼ਨਾਈਆ । ਸ੍ਰੀ ਭਗਵਾਨ ਸਚ ਅਨੰਦ, ਅਨੰਦ ਅਨੰਦ ਵਿਚ ਦਰਸਾਈਆ । ਅਬਿਨਾਸ਼ੀ ਕਰਤਾ ਸੁਣਾਏ ਛੰਦ, ਸੋਹੰ ਢੋਲਾ ਇਕੋ ਗਾਈਆ । ਪਾਰਬ੍ਰਹਮ ਪ੍ਰਭ ਵਸਣਹਾਰਾ ਸਚਖੰਡ, ਧਰਮ ਦੁਆਰਾ

ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸੋ ਪੁਰਖ ਨਿਰੰਜਣ ਸ਼ਾਹ ਪਾਤਸ਼ਾਹ, ਸ਼ਹਿਨਸ਼ਾਹ ਇਕੋ ਇਕ ਅਖਵਾਇੰਦਾ । ਹਰਿ ਪੁਰਖ ਨਿਰੰਜਣ ਬੇਪਰਵਾਹ, ਬੇਅੰਤ ਆਪਣੀ ਕਲ ਵਖਾਇੰਦਾ । ਏਕੰਕਾਰਾ ਵੇਸ ਵਟਾ, ਭੇਵ ਅਭੇਦਾ ਆਪਣੇ ਹੱਥ ਰਖਾਇੰਦਾ । ਆਦਿ ਨਿਰੰਜਣ ਹੋ ਰੁਸ਼ਨਾ, ਜੋਤੀ ਜਾਤਾ ਡਗਮਗਾਇੰਦਾ । ਸ੍ਰੀ ਭਗਵਾਨ ਖੇਲ ਮਹਾਨ, ਮਹਿਮਾ ਅਗਣਤ ਨਾ ਕੋਇ ਗਣਾਇੰਦਾ । ਅਬਿਨਾਸ਼ੀ ਕਰਤਾ ਨਿਰਗੁਣ ਨਿਰਵੈਰ ਕਰੇ ਸਚ ਨਿਆਂ, ਸਚ ਸਿੰਘਾਸਣ ਸੋਭਾ ਪਾਇੰਦਾ । ਪਾਰਬ੍ਰਹਮ ਪ੍ਰਭ ਅਗੰਮ ਅਥਾਹ, ਅਲੱਖ ਅਗੋਚਰ ਆਪਣੀ ਕਾਰ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਰਾਇੰਦਾ । ਸਾਚੀ ਕਰਨੀ ਸੂਰਾ ਸਰਬੰਗ, ਸੋ ਪੁਰਖ ਨਿਰੰਜਣ ਆਪ ਕਰਾਈਆ । ਅਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਨਿਰਗੁਣ ਵਸਣਹਾਰਾ ਸੰਗ, ਸਰਗੁਣ ਸਗਲਾ ਰੰਗ ਚੜ੍ਹਾਈਆ । ਨਿਰਾਕਾਰ ਨਿਰੰਕਾਰ ਨਿਰਵੈਰ ਵਜਾਏ ਮਰਦੰਗ, ਅਜੂਨੀ ਰਹਿਤ ਵੱਡੀ ਵਡਿਆਈਆ । ਦੋ ਜਹਾਨ ਸ੍ਰੀ ਭਗਵਾਨ ਵੇਖੇ ਲੰਘ, ਪਰਦਾ ਉਹਲਾ ਨਾ ਕੋਇ ਉਠਾਈਆ । ਲੱਖ ਚੁਰਾਸੀ ਪਾਏ ਬੰਧ, ਬੰਧਨ ਇਕੋ ਨਾਮ ਰਖਾਈਆ । ਸਤਿ ਸਤਿਵਾਦੀ ਸੋਹਲਾ ਛੰਦ, ਗੀਤ ਗੋਬਿੰਦ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਹਰਿ ਖੇਲ ਅਪਾਰਾ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਸ਼ਾਹੋ ਭੂਪ ਬਣ ਸਿਕਦਾਰਾ, ਸੀਸ ਜਗਦੀਸ ਤਾਜ ਸੁਹਾਇੰਦਾ । ਸ਼ਬਦੀ ਸੁਤ ਦਏ ਹੁਲਾਰਾ, ਬਾਲੀ ਬੁਧ ਆਪ ਜਣਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰ ਖ਼ਬਰਦਾਰਾ, ਧੁਰ ਸੰਦੇਸਾ ਨਾਮ ਪੜ੍ਹਾਇੰਦਾ । ਤ੍ਰੈ ਪੰਜ ਕਰ ਪਸਾਰਾ, ਨਿਰਗੁਣ ਸਰਗੁਣ ਵੰਡ ਵੰਡਾਇੰਦਾ । ਲੱਖ ਚੁਰਾਸੀ ਰਚ ਅਖਾੜਾ, ਬਣ ਨਟੂਆ ਸਾਂਗ ਵਰਤਾਇੰਦਾ । ਆਤਮ ਪਰਮਾਤਮ ਖੋਲ੍ਹ ਕਿਵਾੜਾ, ਬ੍ਰਹਮ ਪਾਰਬ੍ਰਹਮ ਸਮਝਾਇੰਦਾ । ਈਸ਼ ਜੀਵ ਦੇ ਸਹਾਰਾ, ਜਗਦੀਸ ਆਪਣਾ ਭੇਵ ਚੁਕਾਇੰਦਾ । ਨਾਮ ਅਗੰਮ ਬੋਲ ਜੈਕਾਰਾ, ਨਾਦ ਅਨਾਦੀ ਰਾਗ ਅਲਾਇੰਦਾ । ਅੰਤਰ ਅੰਤਰ ਪਾਵੇ ਸਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਾਰ ਆਪ ਕਰਾਇੰਦਾ । ਸਾਚੀ ਕਾਰ ਸ੍ਰੀ ਭਗਵਾਨਾ, ਇਕੋ ਇਕ ਕਰਾਈਆ । ਸਚਖੰਡ ਨਿਵਾਸੀ ਮਰਦ ਮਰਦਾਨਾ, ਵਡ ਮਰਦਾਨਗੀ ਇਕ ਜਣਾਈਆ । ਲੇਖਾ ਜਾਣ ਦੋ ਜਹਾਨਾਂ, ਨਿਰਗੁਣ ਸਰਗੁਣ ਵੇਖ ਵਖਾਈਆ । ਆਦਿ ਪੁਰਖ ਪ੍ਰਭ ਬਣ ਪਰਧਾਨਾ, ਧੁਰ ਫ਼ਰਮਾਣਾ ਇਕ ਸਮਝਾਈਆ । ਵਸਣਹਾਰਾ ਸਚ ਮਕਾਨਾ, ਸਚਖੰਡ ਦੇਵਣਹਾਰ ਵਡਿਆਈਆ । ਥਿਰ ਘਰ ਵੇਖੇ ਮਾਰ ਧਿਆਨਾ, ਚਰਨ ਕਵਲ ਕਵਲ ਸਰਨਾਈਆ । ਸੁਤ ਦੁਲਾਰਾ ਕਰ ਪਰਵਾਨਾ, ਸਚ ਪਰਵਾਨਗੀ ਇਕ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਜਣਾਈਆ । ਸਾਚਾ ਖੇਲ ਹਰਿ ਨਿਰੰਕਾਰ, ਏਕੋ ਏਕ ਜਣਾਇੰਦਾ । ਆਦਿ ਪੁਰਖ ਹੋ ਤਿਆਰ, ਅਨਭਵ ਆਪਣਾ ਖੇਲ ਕਰਾਇੰਦਾ । ਲੇਖਾ ਜਾਣੇ ਧੁਰ ਦਰਬਾਰ, ਧਰਮ ਦੁਆਰਾ ਇਕ ਵਡਿਆਇੰਦਾ । ਜੋਤੀ ਜੋਤ ਜੋਤ ਉਜਿਆਰ, ਸ਼ਬਦੀ ਸ਼ਬਦ ਡੰਕ ਵਜਾਇੰਦਾ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਪਾਵੇ ਸਾਰ, ਰਵ ਸਸ ਸੂਰਜ ਚੰਨ ਕਿਰਨ ਕਿਰਨ ਚਮਕਾਇੰਦਾ । ਚਾਰੇ ਖਾਣੀ ਖੋਲ੍ਹ ਕਿਵਾੜ, ਚਾਰੇ ਬਾਣੀ ਰਾਗ ਅਲਾਇੰਦਾ । ਚਾਰੇ ਕੁੰਟਾਂ ਕਰੇ ਖ਼ਬਰਦਾਰ, ਚਾਰੇ ਜੁਗ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਕਰਾਇੰਦਾ । ਸਾਚੀ ਖੇਲ ਪਾਰਬ੍ਰਹਮ, ਪ੍ਰਭ ਆਪਣੀ ਆਪ ਕਰਾਈਆ । ਨਿਰਗੁਣ ਨਿਰਵੈਰ ਨਿਰੰਕਾਰ

ਨਿਰਾਕਾਰ ਜਾਣੇ ਕੰਮ, ਦੂਸਰ ਸੰਗ ਨਾ ਕੋਇ ਰਖਾਈਆ । ਇਕ ਇਕੱਲਾ ਬੇੜਾ ਬੰਨ੍ਹ, ਆਪਣੇ ਕੰਧ ਉਠਾਈਆ । ਲੇਖਾ ਜਾਣੇ ਜਨਨੀ ਜਨ, ਦਾਈ ਦਾਇਆ ਭੇਵ ਨਾ ਰਾਈਆ । ਵਸਣਹਾਰਾ ਬਿਨ ਛੱਪਰੀ ਛੰਨ, ਹਰ ਘਟ ਆਪਣਾ ਡੇਰਾ ਲਾਈਆ । ਲੇਖਾ ਜਾਣੇ ਬੁਧ ਮਤ ਮਨ, ਮਨਸਾ ਸਭ ਦੀ ਪੂਰ ਕਰਾਈਆ । ਨਿਰਗੁਣ ਜੋਤ ਚਾੜ੍ਹੇ ਚੰਨ, ਅੰਧ ਅੰਧੇਰ ਗਵਾਈਆ । ਆਤਮ ਦੇਵਣਹਾਰਾ ਧੰਨ, ਪਰਮਾਤਮ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਈਆ । ਸਾਚਾ ਖੇਲ ਕਰਨੇ ਯੋਗ, ਹਰਿ ਕਰਤਾ ਆਪ ਅਖਵਾਇੰਦਾ । ਆਦਿ ਜੁਗਾਦੀ ਸਚ ਸੰਜੋਗ, ਧਰਮ ਦੁਆਰੇ ਆਪ ਵਖਾਇੰਦਾ । ਲੇਖਾ ਜਾਣੇ ਲੋਕ ਪਰਲੋਕ, ਪੁਰੀਆਂ ਲੋਆਂ ਖੋਜ ਖੁਜਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਦੱਸਣਹਾਰਾ ਸ਼ਬਦ ਸਲੋਕ, ਸਾਚਾ ਢੋਲਾ ਆਪ ਅਲਾਇੰਦਾ । ਘਟ ਘਟ ਅੰਤਰ ਭੋਗਣਹਾਰਾ ਭੋਗ, ਸੇਜ ਸੁਹੰਜਣੀ ਸੋਭਾ ਪਾਇੰਦਾ । ਵਖਾਵਣਹਾਰਾ ਸਾਚਾ ਕੋਟ, ਬੰਕ ਦੁਆਰਾ ਇਕ ਵਡਿਆਇੰਦਾ । ਲਾਵਣਹਾਰਾ ਨਾਮ ਅਗੰਮੀ ਚੋਟ, ਡੰਕਾ ਸ਼ਬਦ ਆਪ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਰੀਤੀ ਆਪ ਜਣਾਇੰਦਾ । ਆਪਣੀ ਰੀਤੀ ਹਰਿ ਜੂ ਦੱਸੇ, ਨਿਰਗੁਣ ਵੱਡਾ ਵਡ ਵਡਿਆਈਆ । ਸਰਗੁਣ ਅੰਦਰ ਆਪੇ ਵਸੇ, ਘਟ ਘਟ ਡੇਰਾ ਲਾਈਆ । ਨਿਰਗੁਣ ਜੋਤ ਕਰੇ ਪਰਕਾਸੇ, ਜੋਤ ਨਿਰੰਜਣ ਰੰਗ ਰੰਗਾਈਆ । ਆਤਮ ਪਰਮਾਤਮ ਖੇਲ ਤਮਾਸ਼ੇ, ਗੋਪੀ ਕਾਹਨ ਨਚਾਈਆ । ਸਦਾ ਸੁਹੇਲਾ ਵਸੇ ਸਾਥੇ, ਵਿਛੜ ਕਦੇ ਨਾ ਜਾਈਆ । ਨਾਉਂ ਰੱਖ ਪੁਰਖ ਸਮਰਾਥੇ, ਸਮਰਥ ਧਾਰ ਪਰਗਟਾਈਆ । ਹੋਏ ਸਹਾਈ ਅਨਾਥ ਅਨਾਥੇ, ਗ਼ਰੀਬ ਨਿਮਾਣੇ ਗਲੇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ ਜਣਾਈਆ । ਆਪਣੀ ਕਰਨੀ ਕਰਤਾ ਪੁਰਖ, ਸਤਿ ਸਤਿਵਾਦੀ ਆਪ ਜਣਾਇੰਦਾ । ਜੁਗ ਚੌਕੜੀ ਨਾ ਕੋਈ ਸੋਗ ਨਾ ਕੋਈ ਹਰਖ, ਚਿੰਤਾ ਗ਼ਮ ਨਾ ਕੋਇ ਵਖਾਇੰਦਾ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਲਏ ਪਰਖ, ਨਾਮ ਕਸਵਟੀ ਇਕ ਰਖਾਇੰਦਾ । ਭਗਤ ਭਗਵਾਨ ਦੇਵੇ ਦਰਸ, ਆਤਮ ਦਰਸੀ ਮੇਲ ਮਿਲਾਇੰਦਾ । ਪੂਰਬ ਜਨਮ ਦੀ ਲਾਹੇ ਹਰਸ, ਹਵਸ ਹੋਰ ਨਾ ਕੋਇ ਵਧਾਇੰਦਾ । ਸਾਹਿਬ ਸੁਲਤਾਨ ਸ਼ਬਦ ਸਵਾਮੀ ਕਰੇ ਤਰਸ, ਮਿਹਰ ਨਜ਼ਰ ਆਪ ਉਠਾਇੰਦਾ । ਲੇਖਾ ਜਾਣੇ ਅਰਸ਼ ਫ਼ਰਸ਼, ਕਾਇਆ ਕੁਰਾ ਖੋਜ ਖੁਜਾਇੰਦਾ । ਅੰਮ੍ਰਿਤ ਮੇਘ ਦੇਵੇ ਬਰਸ, ਨਿਝਰ ਝਿਰਨਾ ਆਪ ਝਿਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਭਗਤ ਭਗਵਾਨ, ਸ੍ਰੀ ਭਗਵਾਨ ਆਪ ਜਣਾਈਆ । ਮਿਹਰਵਾਨ ਹੋ ਦੇਵੇ ਦਾਨ, ਦਾਤਾ ਆਪਣੀ ਦਇਆ ਕਮਾਈਆ । ਘਰ ਘਰ ਵਿਚ ਵਖਾਏ ਸਚ ਨਿਸ਼ਾਨ, ਨਿਸ਼ਾਨਾ ਇਕੋ ਨਜ਼ਰੀ ਆਈਆ । ਬਿਨ ਪੜ੍ਹਿਆਂ ਦੇਵੇ ਗਿਆਨ, ਬੋਧ ਅਗਾਧ ਕਰੇ ਪੜ੍ਹਾਈਆ । ਸਾਚਾ ਮੰਦਰ ਵਖਾਏ ਮਕਾਨ, ਕਾਇਆ ਕਾਅਬਾ ਪਰਦਾ ਲਾਹੀਆ । ਸਾਚਾ ਰਾਗ ਸੁਣਾਏ ਸ਼ਬਦ ਧੁਨਕਾਨ, ਅਨਹਦ ਨਾਦੀ ਨਾਦ ਵਜਾਈਆ । ਅੰਮ੍ਰਿਤ ਆਤਮ ਦੇਵੇ ਪੀਣ ਖਾਣ, ਤ੍ਰਿਸ਼ਨਾ ਭੁੱਖ ਰਹੇ ਨਾ ਰਾਈਆ । ਨਿਰਮਲ ਜੋਤ ਜਗਾਏ ਮਹਾਨ, ਦੀਵਾ ਬਾਤੀ ਇਕ ਪਰਗਟਾਈਆ । ਆਤਮ ਸੇਜਾ ਕਰ ਪਰਵਾਨ, ਸਚ ਸਿੰਘਾਸਣ ਸੋਭਾ ਪਾਈਆ । ਨਜ਼ਰੀ ਆਏ ਏਕਾ ਨੌਜਵਾਨ, ਬਿਰਧ ਬਾਲ ਨਾ ਰੂਪ ਵਟਾਈਆ । ਸੁਰਤੀ ਸ਼ਬਦ ਕਰੇ ਪਰਵਾਨ, ਸ਼ਬਦ ਸੁਰਤ ਹੋਏ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਰੀਤੀ ਇਕ ਦ੍ਰਿੜਾਈਆ । ਭਗਤ ਭਗਵਾਨ ਸਾਚੀ ਰੀਤ, ਆਦਿ

ਜੁਗਾਦਿ ਰਖਾਇੰਦਾ । ਨਾਤਾ ਤੋੜੇ ਮੰਦਰ ਮਸੀਤ, ਜਿਸ ਜਨ ਆਪਣੀ ਦਇਆ ਕਮਾਇੰਦਾ । ਲੇਖਾ ਚੁੱਕੇ ਛੱਤੀ ਰਾਗ ਗੀਤ, ਜਿਸ ਧੁਨ ਆਤਮਕ ਰਾਗ ਸੁਣਾਇੰਦਾ । ਤੀਰ ਨਿਸ਼ਾਨਾ ਲਾਏ ਠੀਕ, ਕੂੜਾ ਠੀਕਰ ਭੰਨ ਵਖਾਇੰਦਾ । ਆਤਮ ਪਰਮਾਤਮ ਜੋੜੇ ਪ੍ਰੀਤ, ਪ੍ਰੀਤੀਵਾਨ ਇਕੋ ਨਜ਼ਰੀ ਆਇੰਦਾ । ਲੇਖਾ ਚੁਕੇ ਹਸਤ ਕੀਟ, ਊਚ ਨੀਚ ਨਾ ਕੋਇ ਵਖਾਇੰਦਾ । ਸਾਹਿਬ ਸਤਿਗੁਰ ਦਾ ਇਕੋ ਗੀਤ, ਜੁਗ ਚੌਕੜੀ ਵੰਡ ਨਾ ਕੋਇ ਵੰਡਾਇੰਦਾ । ਵਸਣਹਾਰਾ ਧਾਮ ਅਨਡੀਠ, ਜਨ ਭਗਤਾਂ ਰਾਹ ਵਖਾਇੰਦਾ । ਨੌਂ ਸੌ ਚੁਰਾਨਵੇਂ ਚੌਕੜੀ ਯੁਗ ਗਏ ਬੀਤ, ਕਲਜੁਗ ਵੇਲਾ ਅੰਤਮ ਆਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਰਹੇ ਉਡੀਕ, ਨੇਤਰ ਨੈਣ ਧਿਆਨ ਲਗਾਇੰਦਾ । ਪਰਵਰਦਿਗਾਰ ਆਏ ਨਜ਼ਦੀਕ, ਦੂਰ ਦੁਰਾਡਾ ਪੰਧ ਮੁਕਾਇੰਦਾ । ਖੇਲ ਕਰਾਏ ਲਾਸ਼ਰੀਕ, ਸ਼ਿਰਕਤ ਰੂਪ ਨਾ ਕੋਇ ਵਖਾਇੰਦਾ । ਭੇਵ ਚੁਕਾਏ ਇਕ ਅਤੀਤ, ਤ੍ਰੈਗੁਣ ਡੇਰਾ ਆਪੇ ਢਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦਇਆ ਕਮਾਇੰਦਾ । ਭਗਤ ਭਗਵਾਨ ਇਕੋ ਰੰਗ, ਦੂਜਾ ਰੰਗ ਨਾ ਕੋਇ ਵਖਾਈਆ । ਆਤਮ ਪਰਮਾਤਮ ਵਸੇ ਸੰਗ, ਸਗਲਾ ਸੰਗ ਨਿਭਾਈਆ । ਇਕੋ ਡੋਰ ਇਕ ਪਤੰਗ, ਹਰਿ ਏਕਾ ਰਿਹਾ ਉਡਾਈਆ । ਕਰੇ ਖੇਲ ਸੂਰਾ ਸਰਬੰਗ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਨਿਰਮਲ ਜੋਤ ਚਾੜ੍ਹੇ ਚੰਦ, ਰਵ ਸਸ ਨੈਣ ਸ਼ਰਮਾਈਆ । ਭਗਤ ਭਗਵਾਨ ਪ੍ਰੇਮ ਪ੍ਰੀਤੀ ਪਾਏ ਗੰਢ, ਦੋ ਜਹਾਨ ਨਾ ਕੋਇ ਤੁੜਾਈਆ । ਈਸ਼ ਜੀਵ ਇਕੋ ਛੰਦ, ਜਗਦੀਸ਼ ਕਰੇ ਪੜ੍ਹਾਈਆ । ਸਤਿਜੁਗ ਤ੍ਰੇਤਾ ਦੁਆਪਰ ਗਿਆ ਹੰਢ, ਕਲਜੁਗ ਵਾਰੀ ਅੰਤਮ ਆਈਆ । ਪ੍ਰਭ ਵੇਖਣਹਾਰਾ ਸੱਤ ਦੀਪ ਨੌਂ ਖੰਡ, ਨਵ ਨੌਂ ਆਪਣੀ ਧਾਰ ਚਲਾਈਆ । ਪਰਦਾ ਲਾਹ ਕੋਟ ਬ੍ਰਹਿਮੰਡ, ਲੋਕ ਪਰਲੋਕ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਜਣਾਈਆ । ਸਾਚੀ ਕਰਨੀ ਸ੍ਰੀ ਭਗਵਾਨ, ਇਕੋ ਇਕ ਜਣਾਇੰਦਾ । ਭਗਤਾਂ ਮੇਲਾ ਵਿਚ ਜਹਾਨ, ਭਗਵਨ ਆਪਣਾ ਘਰ ਵਖਾਇੰਦਾ । ਬੰਦ ਕਿਵਾੜੀ ਖੋਲ੍ਹ ਦੁਕਾਨ, ਬਜ਼ਰ ਕਪਾਟੀ ਕੁੰਡਾ ਲਾਹਿੰਦਾ । ਮੰਦਰ ਅੰਦਰ ਇਕ ਮਕਾਨ, ਕਾਇਆ ਬੰਕ ਆਪ ਸੁਹਾਇੰਦਾ । ਘਰ ਵਿਚ ਘਰ ਕਰੇ ਪਰਵਾਨ, ਗ੍ਰਿਹਿ ਲੇਖਾ ਆਪ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਇਕ ਰਖਾਇੰਦਾ । ਸਾਚਾ ਮਾਰਗ ਇਕੋ ਰਾਹ, ਭਗਤ ਭਗਵਾਨ ਜਣਾਈਆ । ਜੁਗ ਚੌਕੜੀ ਲੇਖਾ ਬੇਪਰਵਾਹ, ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਕਹਿਣ ਨਾ ਪਾਈਆ । ਜਨ ਭਗਤਾਂ ਦੇਵੇ ਸਚ ਸਲਾਹ, ਸਿਫ਼ਤੀ ਸਿਫ਼ਤ ਸਿਫ਼ਤ ਵਡਿਆਈਆ । ਭੇਵ ਅਭੇਦਾ ਦਏ ਖੁਲ੍ਹਾ, ਆਪਣਾ ਪਰਦਾ ਆਪ ਚੁਕਾਈਆ । ਦੀਆ ਬਾਤੀ ਕਮਲਾਪਾਤੀ ਕਰ ਰੁਸ਼ਨਾ, ਜੋਤੀ ਜੋਤ ਡਗਮਗਾਈਆ । ਧੁਰ ਫ਼ਰਮਾਣਾ ਸਾਚਾ ਰਾਣਾ ਸਚ ਸੰਦੇਸਾ ਦਏ ਸੁਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਮੇਲਾ ਏਕਾ ਥਾਈਂਆ । ਭਗਤ ਜਨਾਂ ਹਰਿ ਸਾਚਾ ਮੀਤਾ, ਮਿੱਤਰ ਪਿਆਰਾ ਆਪ ਅਖਵਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੁਗ ਚੌਕੜੀ ਚਲਾਏ ਰੀਤਾ, ਗੁਰ ਅਵਤਾਰ ਪੀਰ ਪੈਗ਼ੰਬਰ ਸੇਵ ਲਗਾਇੰਦਾ । ਆਪਣਾ ਖੇਲ ਰੱਖੇ ਅਨਡੀਠਾ, ਜਗਤ ਨੇਤਰ ਨਜ਼ਰ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਰਾਇੰਦਾ । ਸਾਚੀ ਕਰਨੀ ਕਰੇ ਪਰਵਾਨ, ਮਿਹਬਾਨ ਵੱਡੀ ਵਡਿਆਈਆ । ਬੀ ਖ਼ੈਰ ਯਾ ਅੱਲਾ ਇਲਾਹੀ ਨੂਰ ਨੌਜਵਾਨ, ਜ਼ਹੂਰ ਇਕੋ ਇਕ ਰੁਸ਼ਨਾਈਆ । ਨੌਬਤ ਵਜਾਏ ਦੋ ਜਹਾਨ, ਡੰਕਾ ਇਕੋ ਨਾਮ ਸ਼ਨਵਾਈਆ । ਮੁਕਾਮੇ

ਹੱਕ ਖੇਲ ਮਹਾਨ, ਖ਼ਾਲਕ ਖ਼ਲਕ ਦਏ ਸਮਝਾਈਆ । ਜੋਧਾ ਸੂਰਬੀਰ ਬਲਵਾਨ, ਬਲ ਆਪਣਾ ਆਪ ਪਰਗਟਾਈਆ । ਸਚਖੰਡ ਨਿਵਾਸੀ ਹੋ ਪਰਧਾਨ, ਨਾਮ ਪਰਧਾਨਗੀ ਇਕ ਕਮਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੇਵਣਹਾਰਾ ਦਾਨ, ਸਾਚੀ ਦਾਤ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਦੇਵਣਹਾਰ ਵਡਿਆਈਆ । ਭਗਤ ਜਨਾਂ ਹਰਿ ਸੱਚਾ ਸੱਜਣ, ਸੋ ਪੁਰਖ ਨਿਰੰਜਣ ਨਜ਼ਰੀ ਆਇੰਦਾ । ਚਰਨ ਕਵਲ ਕਰਾਏ ਇਕੋ ਮਜਨ, ਦੁਰਮਤ ਮੈਲ ਧੁਆਇੰਦਾ । ਗੜ੍ਹ ਹੰਕਾਰੀ ਭਾਂਡੇ ਭੱਜਣ, ਭਾਂਡਾ ਭਰਮ ਭੌ ਭੰਨਾਇੰਦਾ । ਸਦਾ ਸਦਾ ਸਦ ਲੋਕਮਾਤ ਸ਼ਬਦ ਸਰੂਪੀ ਪ੍ਰਭ ਆਏ ਸੱਦਣ, ਸੱਦਾ ਆਪਣਾ ਨਾਮ ਲਗਾਇੰਦਾ । ਵਰਨ ਬਰਨ ਜ਼ਾਤ ਪਾਤ ਪਾਰ ਕਰਾਏ ਹੱਦਨ, ਬੰਦੀਖ਼ਾਨਾ ਨਾ ਕੋਇ ਰਖਾਇੰਦਾ । ਲੱਖ ਚੁਰਾਸੀ ਵਿਚੋਂ ਆਏ ਕੱਢਣ, ਨਿਰਗੁਣ ਸਰਗੁਣ ਵੇਸ ਵਟਾਇੰਦਾ । ਕੂੜੀ ਕਿਰਿਆ ਆਏ ਵੱਢਣ, ਨਾਮ ਖੰਡਾ ਹੱਥ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਰੀਤੀ ਇਕ ਦ੍ਰਿੜਾਇੰਦਾ । ਭਗਤਨ ਰੀਤੀ ਇਕੋ ਟੇਕ, ਸੋ ਸਾਹਿਬ ਸਤਿਗੁਰ ਆਪ ਜਣਾਈਆ । ਕਰਨਹਾਰਾ ਬੁਧ ਬਬੇਕ, ਵਵੇਕੀ ਰੂਪ ਵਖਾਈਆ । ਤ੍ਰੈਗੁਣ ਮਾਇਆ ਨਾ ਲਾਏ ਸੇਕ, ਪੰਚ ਵਿਕਾਰ ਨਾ ਕੋਇ ਹਲਕਾਈਆ । ਆਤਮ ਪਰਮਾਤਮ ਕਰੇ ਹੇਤ, ਸੋਹੰ ਢੋਲਾ ਇਕੋ ਗਾਈਆ । ਰੁੱਤ ਸੁਹੰਜਣੀ ਰਹੇ ਚੇਤ, ਚੇਤਨ ਇਕੋ ਇਕ ਜਣਾਈਆ । ਨਜ਼ਰੀ ਆਏ ਨੇਤਨ ਨੇਤ, ਦੂਰ ਦੁਰਾਡਾ ਪੰਧ ਮੁਕਾਈਆ । ਨਿਜ ਨੇਤਰ ਹਰਿਜਨ ਲਏ ਪੇਖ, ਦੋਏ ਲੋਚਣ ਪੰਧ ਮੁਕਾਈਆ । ਜਨਮ ਕਰਮ ਮਿਟੇ ਰੇਖ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਹੋਏ ਸਹਾਈਆ । ਭਗਤ ਜਨਾਂ ਪ੍ਰਭ ਸਾਚਾ ਮੇਲਾ, ਨਿਰਗੁਣ ਸਰਗੁਣ ਆਪ ਕਰਾਇੰਦਾ । ਲੇਖਾ ਜਾਣੇ ਗੁਰੂ ਗੁਰ ਚੇਲਾ, ਚੇਲਾ ਗੁਰੂ ਵੇਖ ਵਖਾਇੰਦਾ । ਅੰਦਰ ਬਾਹਰ ਸੱਜਣ ਸੁਹੇਲਾ, ਆਤਮ ਪਰਮਾਤਮ ਖੋਜ ਖੁਜਾਇੰਦਾ । ਜੁਗ ਚੌਕੜੀ ਜਾਨਣਹਾਰਾ ਵੇਲਾ, ਵਕਤ ਆਪਣੇ ਹੱਥ ਰਖਾਇੰਦਾ । ਵਸਣਹਾਰਾ ਧਾਮ ਨਵੇਲਾ, ਜੋਤੀ ਜਾਤਾ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਆਪਣਾ ਰਾਹ ਜਣਾਇੰਦਾ । ਜੁਗ ਚੌਕੜੀ ਦੱਸੇ ਰਾਹ, ਰਹਿਬਰ ਇਕੋ ਨਜ਼ਰੀ ਆਈਆ । ਦੀਨ ਮਜ਼੍ਹਬ ਵੰਡ ਵੰਡਾ, ਜ਼ਾਤ ਪਾਤ ਕਰੇ ਕੁੜਮਾਈਆ । ਮਨ ਮਤ ਬੁਧ ਲੇਖ ਲਿਖਾ, ਪੰਜ ਤੱਤ ਕਰੇ ਕੁੜਮਾਈਆ । ਤ੍ਰੈਗੁਣ ਮੇਲਾ ਸਹਿਜ ਸੁਭਾ, ਰਜੋ ਤਮੋ ਸਤੋ ਗੰਢ ਪੁਆਈਆ । ਭਗਤ ਦੁਆਰਾ ਇਕ ਵਡਿਆ, ਕਾਇਆ ਗੜ੍ਹ ਸੋਭਾ ਪਾਈਆ । ਅੰਦਰ ਵੜ ਬੇਪਰਵਾਹ, ਸਚ ਸਿੰਘਾਸਣ ਡੇਰਾ ਲਾਈਆ । ਜੋਤੀ ਜੋਤ ਕਰ ਰੁਸ਼ਨਾ, ਨੂਰ ਨੁਰਾਨਾ ਨੂਰ ਧਰਾਈਆ । ਗੀਤ ਅਗੰਮੀ ਏਕਾ ਗਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇ ਸਮਝਾਈਆ । ਭਗਤ ਜਨਾਂ ਸਮਝਾਵੇ ਆਪ, ਪ੍ਰਭ ਆਪਣੀ ਦਇਆ ਕਮਾਇੰਦਾ । ਸੋ ਪੁਰਖ ਨਿਰਜਣ ਸੱਚਾ ਜਾਪ, ਹੰ ਬ੍ਰਹਮ ਆਪ ਪੜ੍ਹਾਇੰਦਾ । ਮੇਟਣਹਾਰਾ ਤੀਨੋਂ ਤਾਪ, ਤ੍ਰੈਗੁਣ ਲੇਖਾ ਆਪ ਚੁਕਾਇੰਦਾ । ਨਜ਼ਰੀ ਆਏ ਇਕੋ ਪਾਕ, ਪਤਤ ਆਪਣੇ ਲੇਖੇ ਲਾਇੰਦਾ । ਸਾਹਿਬ ਸਤਿਗੁਰ ਸੱਜਣ ਸਾਕ, ਸਗਲਾ ਸੰਗ ਰਖਾਇੰਦਾ । ਸਿਰ ਰੱਖੇ ਦੇ ਕਰ ਹਾਥ, ਜਿਸ ਜਨ ਮਿਹਰ ਨਜ਼ਰ ਟਿਕਾਇੰਦਾ । ਆਤਮ ਪਰਮਾਤਮ ਸੁਣਾਏ ਗਾਥ, ਅਜਪਾ ਜਾਪ ਕਰਾਇੰਦਾ । ਸ਼ਬਦ ਅਗੰਮੀ ਚੜ੍ਹਾਏ ਰਾਥ, ਬਣ ਰਥਵਾਹੀ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਵੇਖ ਵਖਾਇੰਦਾ । ਹਰਿ ਸਾਹਿਬ ਸਾਚੀ ਪੜ੍ਹਾਏ ਪੱਟੀ, ਕਲਮ ਦਵਾਤ ਨਾ ਕੋਇ ਰਖਾਈਆ ।

ਵਸਤ ਵਿਕੇ ਨਾ ਕਿਸੇ ਹੱਟੀ, ਸਤਿਗੁਰ ਆਪਣਾ ਹੱਟ ਚਲਾਈਆ । ਜਿਸ ਜਨ ਦੇਵੇ ਨਾਮ ਰਤੀ, ਰਤੀ ਰਤ ਦਏ ਸੁਕਾਈਆ । ਹਰਿਜਨ ਚਲਾਏ ਆਪਣੀ ਮਤੀ, ਗੁਰਮਤ ਇਕ ਪੜ੍ਹਾਈਆ । ਚਾਰ ਯੁਗ ਵਾ ਨਾ ਲੱਗੇ ਤੱਤੀ, ਅਗਨੀ ਤੱਤ ਨਾ ਲਾਗੇ ਰਾਈਆ । ਮਿਹਰ ਨਜ਼ਰ ਨਾਲ ਕਰੇ ਜਤੀ, ਸਤਿ ਆਪਣੇ ਵਿਚ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਖੋਲ੍ਹੇ ਆਪਣੀ ਅੱਖੀ, ਜਗ ਨੇਤਰ ਬੰਦ ਕਰਾਈਆ । ਭਗਤਾਂ ਖੋਲ੍ਹੇ ਨਿਰਗੁਣ ਅੱਖ, ਨਿਜ ਨੇਤਰ ਆਪ ਖੁਲ੍ਹਾਇੰਦਾ । ਦਰਸ ਦਿਖਾਏ ਹੋ ਪਰਤੱਖ, ਸਾਖਿਆਤ ਰੂਪ ਵਟਾਇੰਦਾ । ਨਿਹਕਰਮੀ ਕਰਮ ਕਾਂਡ ਤੋਂ ਲਏ ਰੱਖ, ਸਿਰ ਆਪਣਾ ਹੱਥ ਟਿਕਾਇੰਦਾ । ਲੱਖ ਚੁਰਾਸੀ ਨਾਲੋਂ ਕਰੇ ਵੱਖ, ਜਿਸ ਜਨ ਆਪਣਾ ਮੇਲ ਮਿਲਾਇੰਦਾ । ਆਤਮ ਪਰਮਾਤਮ ਢੋਲਾ ਦੇਵੇ ਦੱਸ, ਦੂਜਾ ਅੱਖਰ ਨਾ ਕੋਇ ਪੜ੍ਹਾਇੰਦਾ । ਸੁਰਤੀ ਸ਼ਬਦੀ ਪਾਏ ਨੱਥ, ਡੋਰੀ ਆਪਣੇ ਹੱਥ ਉਠਾਇੰਦਾ । ਸੰਤ ਸੁਹੇਲੇ ਮੇਲੇ ਨੱਠ ਨੱਠ, ਬਣ ਪਾਂਧੀ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਵਾਨ ਆਪ ਉਠਾਇੰਦਾ । ਭਗਤ ਭਗਵਾਨ ਗੋਦੀ ਚੁੱਕ, ਹਰਿ ਸਤਿਗੁਰ ਖ਼ੁਸ਼ੀ ਮਨਾਈਆ । ਦਰਸ਼ਨ ਦੇਵੇ ਲੁਕ ਲੁਕ, ਕਲਜੁਗ ਜੀਵਾਂ ਨਜ਼ਰ ਨਾ ਆਈਆ । ਕਰੇ ਪਿਆਰ ਜਿਉਂ ਮਾਂ ਪੁੱਤ, ਪਿਤਾ ਪੂਤ ਵੱਡੀ ਵਡਿਆਈਆ । ਸੰਤ ਸੁਹੇਲੇ ਸਾਚੇ ਸੁਤ, ਹਰਿ ਸਤਿਗੁਰ ਵੇਖ ਵਖਾਈਆ । ਸਾਚੀ ਮੌਲੇ ਇਕੋ ਰੁੱਤ, ਪੱਤ ਡਾਲੀ ਆਪ ਮਹਿਕਾਈਆ । ਕਿਰਪਾ ਕਰੇ ਅਬਿਨਾਸ਼ੀ ਅਚੁਤ, ਚੇਤਨ ਆਪਣੀ ਧਾਰ ਵਖਾਈਆ । ਸਾਢੇ ਤਿੰਨ ਹੱਥ ਅੰਦਰੋਂ ਪਏ ਉਠ, ਘਰ ਘਰ ਵਿਚ ਕਰੇ ਰੁਸ਼ਨਾਈਆ । ਅੰਮ੍ਰਿਤ ਜਾਮ ਪਿਆਏ ਘੁੱਟ, ਅਠਸਠ ਤੀਰਥ ਪੰਧ ਮੁਕਾਈਆ । ਕਰੇ ਪਰਕਾਸ਼ ਨਿਰਮਲ ਜੋਤ, ਜੋਤ ਨਿਰੰਜਣ ਡਗਮਗਾਈਆ । ਨਾਮ ਪਿਆਲਾ ਪਿਆ ਕਰਾਏ ਮਦਹੋਸ਼, ਮਧੁਰ ਰਸ ਨਾ ਕੋਇ ਵਖਾਈਆ । ਭੇਵ ਚੁਕਾਏ ਚੌਦਾਂ ਲੋਕ, ਚੌਦਾਂ ਤਬਕਾਂ ਡੇਰਾ ਢਾਹੀਆ । ਭਗਤ ਭਗਵਾਨ ਦਵਾਰਾ ਇਕੋ ਕੋਟ, ਮੰਦਰ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਲੇਖਾ ਦਏ ਮੁਕਾਈਆ । ਜਨ ਭਗਤਾਂ ਲੇਖਾ ਹਰਿ ਮੁਕੌਣਾ, ਮਿਹਰਵਾਨ ਦਇਆ ਕਮਾਈਆ । ਨਿਰਗੁਣ ਸਰਗੁਣ ਮੇਲ ਮਿਲੌਣਾ, ਆਤਮ ਪਰਮਾਤਮ ਜੋੜ ਜੁੜਾਈਆ । ਘਰ ਵਿਚ ਘਰ ਆਪ ਪਰਗਟੌਣਾ, ਪਰਗਟ ਆਪਣੀ ਕਲ ਧਰਾਈਆ । ਬਿਨ ਤੇਲ ਬਾਤੀ ਦੀਪਕ ਜਗੌਣਾ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਬੰਕ ਦੁਆਰਾ ਇਕ ਸੁਹੌਣਾ, ਛੱਪਰ ਛੰਨ ਨਾ ਕੋਇ ਵਡਿਆਈਆ । ਸੂਰਜ ਚੰਦ ਨਾ ਕੋਇ ਚਮਕੌਣਾ, ਮੰਡਲ ਮੰਡਪ ਨਾ ਕੋਇ ਵਖਾਈਆ । ਰਾਗ ਅਗੰਮੀ ਏਕਾ ਗੌਣਾ, ਸੁਰ ਤਾਲ ਨਾ ਕੋਇ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਨ ਭਗਤਾਂ ਮੇਲੇ ਸਹਿਜ ਸੁਭਾਈਆ । ਹਰਿ ਭਗਤਾਂ ਆਪ ਮਿਲਾਵੇਗਾ । ਪ੍ਰਭ ਕਲਜੁਗ ਅੰਤਮ ਫੇਰਾ ਪਾਵੇਗਾ । ਨਿਰਗੁਣ ਜੋਤ ਨੂਰ ਰੁਸ਼ਨਾਵੇਗਾ । ਲੋਕ ਪਰਲੋਕ ਵੇਖ ਵਖਾਵੇਗਾ । ਸਚ ਸਲੋਕ ਇਕ ਸੁਣਾਵੇਗਾ । ਗੁਰ ਅਵਤਾਰ ਪੀਰ ਪੈਗ਼ੰਬਰ ਤੇਈ ਅਠਾਰਾਂ ਦਸ ਚਾਰ ਗੰਢ ਪੁਆਵੇਗਾ । ਇਕਾਵਨ ਬਾਵਨ ਪਰਦਾ ਲਾਹਵੇਗਾ । ਭਗਤ ਭਗਵਾਨ ਖੇਲ ਕਰਾਵੇਗਾ । ਆਦਿ ਨਿਰੰਜਣ ਮੇਲ ਮਿਲਾਵੇਗਾ । ਵਿਸ਼ਨ ਬ੍ਰਹਮਾ ਸ਼ਿਵ ਢੋਲਾ ਗਾਵੇਗਾ । ਕਰੋੜ ਤੇਤੀਸਾ ਨਾਚ ਨਚਾਵੇਗਾ । ਸ੍ਰੀ ਭਗਵਾਨ ਖੇਲ ਵਖਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਆਪ ਉਠਾਵੇਗਾ । ਹਰਿਜਨ ਸਾਚਾ ਉਠੇਗਾ । ਸ੍ਰੀ ਭਗਵਾਨ ਤੁਠੇਗਾ । ਭਗਤ ਭਗਵਾਨ

ਇਕ ਦੁਆਰੇ ਬੁੱਕੇਗਾ । ਪਤਿਪਰਮੇਸ਼ਵਰ ਕਦੇ ਨਾ ਲੁਕੇਗਾ, ਹਰਿ ਭਗਤਾਂ ਅੱਗੇ ਸਦਾ ਝੁਕੇਗਾ । ਗੁਰਮੁਖਾਂ ਪੈਂਡਾ ਮੁੱਕੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭਗਤ ਸੁਹੇਲੇ ਆਪੇ ਚੁੱਕੇਗਾ । ਭਗਤ ਭਗਵਾਨ ਜਗਾਏਗਾ । ਭੇਵ ਅਭੇਦ ਖੁਲ੍ਹਾਏਗਾ । ਆਤਮ ਤਾਕੀ ਕੁੰਡਾ ਲਾਹੇਗਾ । ਬਣ ਸਾਕੀ ਜਾਮ ਪਿਆਏਗਾ । ਸ਼ਬਦ ਰਾਕੀ ਉਤੇ ਚੜ੍ਹਾਏਗਾ । ਸ਼ਾਹਸਵਾਰਾ ਵੇਖ ਵਖਾਏਗਾ । ਗੁਪਤ ਜ਼ਾਹਰਾ ਭੇਵ ਚੁਕਾਏਗਾ । ਨਾਮ ਨਾਅਰਾ ਇਕੋ ਲਾਏਗਾ । ਜ਼ਾਤ ਪਾਤ ਪੰਧ ਮੁਕਾਏਗਾ । ਦੀਨ ਮਜ਼੍ਹਬ ਅੰਤ ਕਰਾਏਗਾ । ਸਾਧ ਸੰਤ ਵੇਖ ਵਖਾਏਗਾ । ਭਗਵਾਨ ਭਗਵੰਤ ਭਗਤ ਜਗਾਏਗਾ । ਨਾਰ ਕੰਤ ਰੂਪ ਵਖਾਏਗਾ । ਮਹਿਮਾਂ ਅਗਣਤ ਆਪ ਸੁਣਾਏਗਾ । ਗੁਰ ਅਵਤਾਰ ਪੀਰ ਪੈਗ਼ੰਬਰ ਨੇਤਰ ਨੈਣ ਸ਼ਰਮਾਏਗਾ । ਕਲਮਾ ਨਬੀ ਰਸੂਲ ਨਾ ਕੋਇ ਅਲਾਏਗਾ । ਮਿਹਬਾਨ ਬੀਦੋ ਬੀ ਖ਼ੈਰ ਯਾ ਅੱਲਾ ਹਜ਼ਰਤ ਇਕੋ ਫੇਰਾ ਪਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਆਪਣਾ ਹੁਕਮ ਵਰਤਾਏਗਾ । ਸਾਚਾ ਹੁਕਮ ਆਪ ਵਰਤਾਏਗਾ । ਨੌਂ ਸੌ ਚੁਰਾਨਵੇਂ ਚੌਕੜੀ ਯੁਗ ਪਿਛਲੀ ਕੀਤੀ ਵੇਖ ਵਖਾਏਗਾ । ਕੂੜੀ ਕਿਰਿਆ ਬੂਟਾ ਜਾਏ ਸੁੱਕ, ਸਤਿਜੁਗ ਸਾਚਾ ਰਾਹ ਚਲਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਭਗਤਾਂ ਵੇਖ ਵਖਾਏਗਾ । ਹਰਿ ਭਗਤਾਂ ਹਰਿ ਵੇਖਣ ਆਇਆ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਤ੍ਰੈਗੁਣ ਮਾਇਆ ਪਰਦਾ ਲਾਹਿਆ, ਬੇਪਰਵਾਹ ਹੋਏ ਸਹਾਈਆ । ਦਰ ਬਰਦਾ ਗ਼ੁਲਾਮ ਆਪ ਬਣਾਇਆ, ਨਾਮ ਜ਼ੰਜੀਰ ਬੰਧਨ ਪਾਈਆ । ਅਗਨੀ ਸੜਦਾ ਆਪ ਬਚਾਇਆ, ਅੰਮ੍ਰਿਤ ਅਮਰ ਮੇਘ ਬਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਕਲਜੁਗ ਅੰਤਮ ਫੇਰਾ ਪਾਈਆ । ਕਲਜੁਗ ਅੰਤਮ ਹਰਿ ਕਾ ਫੇਰਾ, ਨਿਰਗੁਣ ਨਿਰਵੈਰ ਖੇਲ ਕਰਾਇੰਦਾ । ਲਹਿਣਾ ਦੇਣਾ ਚੁੱਕੇ ਗੁਰੂ ਗੁਰ ਚੇਰਾ, ਚੇਲਾ ਗੁਰ ਵੇਖ ਵਖਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਕਰਦਾ ਰਿਹਾ ਹੇਰਾ ਫੇਰਾ, ਅਛਲ ਛਲ ਆਪਣੀ ਕਾਰ ਕਮਾਇੰਦਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੀਨ ਮਜ਼੍ਹਬ ਪਾਇਆ ਝੇੜਾ, ਝਗੜਾ ਘਰ ਘਰ ਆਪ ਜਣਾਇੰਦਾ । ਅੰਤ ਧਰਤ ਮਾਤ ਦਾ ਖੁਲ੍ਹਾ ਕਰੇ ਵੇਹੜਾ, ਨੌਂ ਖੰਡ ਪ੍ਰਿਥਮੀ ਵੇਖ ਵਖਾਇੰਦਾ । ਲੱਖ ਚੁਰਾਸੀ ਕਰੇ ਬੇਰਾ ਬੇਰਾ, ਲਹਿਣਾ ਦੇਣਾ ਆਪ ਮੁਕਾਇੰਦਾ । ਕੂੜੀ ਕਿਰਿਆ ਵੇਖੇ ਡੇਰਾ, ਖ਼ਾਕੀ ਖ਼ਾਕ ਖ਼ਾਕ ਸਮਾਇੰਦਾ । ਮਨਮੁਖਤਾ ਕੋਇ ਨਾ ਬੰਨ੍ਹੇ ਬੇੜਾ, ਸ਼ੌਹ ਦਰਯਾ ਰੁੜ੍ਹਾਇੰਦਾ । ਗੁਰਮੁਖਾਂ ਨਜ਼ਰੀ ਆਏ ਨੇਰਨ ਨੇਰਾ, ਨਿਜ ਨੇਤਰ ਆਪ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭਗਤੀ ਮਾਰਗ ਇਕੋ ਲਾਇੰਦਾ । ਭਗਤੀ ਮਾਰਗ ਲਾਏ ਜਗ, ਜਗ ਜੀਵਣ ਦਾਤਾ ਵਡ ਵਡਿਆਈਆ । ਸੰਤ ਸੁਹੇਲੇ ਸਾਚੇ ਸੱਦ, ਘਰ ਸਾਚੇ ਮੇਲ ਮਿਲਾਈਆ । ਨੌਂ ਦੁਆਰ ਪਾਰ ਹੱਦ, ਦਸਮ ਦੁਆਰੀ ਵੇਖੇ ਚਾਈਂ ਚਾਈਆ । ਦਰਸ ਵਖਾਏ ਉਪਰ ਸ਼ਾਹ ਰਗ, ਸ਼ਹਿਨਸ਼ਾਹ ਆਪਣਾ ਫੇਰਾ ਪਾਈਆ । ਘਰ ਵਿਚ ਘਰ ਕਰਾਏ ਹੱਜ, ਹੁਜਰਾ ਇਕੋ ਇਕ ਸੁਹਾਈਆ । ਨਾਮ ਨਿਧਾਨਾ ਵਜਾਏ ਨੱਦ, ਤਾਲ ਤਲਵਾੜਾ ਨਾ ਕੋਇ ਵਖਾਈਆ । ਗੀਤ ਗੋਬਿੰਦ ਸੁਣਾਏ ਛੰਦ, ਅਨਰਾਗੀ ਭੇਵ ਖੁਲ੍ਹਾਈਆ । ਤੋੜਨਹਾਰਾ ਬੰਦੀ ਬੰਦ, ਬੰਦੀਖ਼ਾਨਾ ਦਏ ਕਟਾਈਆ । ਲੇਖਾ ਚੁੱਕੇ ਬੱਤੀ ਦੰਦ, ਰਸਨਾ ਜਿਹਵਾ ਨਾ ਕੋਇ ਹਿਲਾਈਆ । ਦੀਨ ਦਿਆਲ ਠਾਕਰ ਸਵਾਮੀ ਸਰਬ ਗੁਣ ਭਰਪੂਰਾ ਹੋਏ ਬਖ਼ਸ਼ੰਦ, ਬਖ਼ਸ਼ਿਸ਼ ਆਪਣੀ ਝੋਲੀ ਪਾਈਆ । ਆਤਮ ਪਰਮਾਤਮ ਦਏ ਅਨੰਦ, ਅਨੰਦ ਇਕੋ ਘਰ ਵਖਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭਗਤ ਭਗਵਾਨ ਇਕੋ ਦਰ ਵਡਿਆਈਆ । ਭਗਤ ਭਗਵਾਨ ਇਕ ਦਰਵਾਜ਼ਾ, ਧੁਰ ਦਰਬਾਰੀ ਆਪ ਜਣਾਇੰਦਾ । ਸ੍ਰੀ ਭਗਵਾਨ ਸਾਜਣ ਸਾਜਾ, ਬਾਝੀ ਨਜ਼ਰ ਕੋਇ ਨਾ ਆਇੰਦਾ । ਏਥੇ ਓਥੇ ਰੱਖੇ ਲਾਜਾ, ਦੋ ਜਹਾਨ ਵੇਖ ਵਖਾਇੰਦਾ । ਕਲਜੁਗ ਅੰਤਮ ਰਚਿਆ ਕਾਜਾ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਲਹਿਣਾ ਦੇਣਾ ਝੋਲੀ ਪਾਇੰਦਾ । ਸਾਹਿਬ ਸਤਿਗੁਰ ਸਾਜਣ ਸਾਜਾ, ਸਾਜ਼ਸ਼ ਸਭ ਦੀ ਵੇਖ ਵਖਾਇੰਦਾ । ਲੇਖਾ ਜਾਣੇ ਸ਼ਾਹ ਨਵਾਬਾ, ਸ਼ਹਿਨਸ਼ਾਹ ਆਪਣਾ ਫੇਰਾ ਪਾਇੰਦਾ । ਭੇਵ ਚੁਕਾਏ ਦੋ ਦੋ ਆਬਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੁਰੀਦ ਮੁਰਸ਼ਦ ਵੇਖ ਵਖਾਇੰਦਾ । ਮੁਰੀਦ ਮੁਰਸ਼ਦ ਵੇਖੇ ਆ, ਪਰਵਰਦਿਗਾਰ ਫੇਰਾ ਪਾਈਆ । ਜ਼ਾਹਰ ਜ਼ਹੂਰ ਇਕ ਖ਼ੁਦਾ, ਖ਼ਾਲਕ ਖ਼ਲਕ ਵੱਡੀ ਵਡਿਆਈਆ । ਨੂਰ ਨੁਰਾਨਾ ਹੋ ਰੁਸ਼ਨਾ, ਰਹਿਮਤ ਆਪਣੀ ਆਪ ਕਮਾਈਆ । ਕਾਇਨਾਤ ਕਲਮਾ ਦਏ ਸੁਣਾ, ਲਾਸ਼ਰੀਕ ਕਰੇ ਪੜ੍ਹਾਈਆ । ਹਦੀਸ ਇਕੋ ਇਕ ਗਾ, ਹਜ਼ਰਤ ਆਪਣੀ ਖੇਲ ਕਰਾਈਆ । ਬੀਸ ਬੀਸਾ ਗਿਆ ਆ, ਸਦੀ ਚੌਧਵੀਂ ਰਾਹ ਤਕਾਈਆ । ਮੁਹੰਮਦ ਨੈਣ ਰਿਹਾ ਸ਼ਰਮਾ, ਅੱਖ ਸਕੇ ਨਾ ਉਪਰ ਉਠਾਈਆ । ਮੂਸਾ ਰੋਵੇ ਮਾਰੇ ਧਾਹ, ਹਾਹਾਕਾਰ ਜਣਾਈਆ । ਈਸਾ ਕਹੇ ਮੇਰਾ ਖ਼ੁਦਾ, ਖ਼ੁਦਾਵੰਦ ਆਇਆ ਸੱਚਾ ਮਾਹੀਆ । ਜਿਸ ਦਾ ਧਿਆਨ ਰਹੇ ਲਗਾ, ਨਿਤ ਨਿਤ ਆਸ ਤਕਾਈਆ । ਜਿਸ ਦਾ ਕਲਮਾ ਰਹੇ ਗਾ, ਨਬੀ ਰਸੂਲ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਮੁਰੀਦ ਮੁਰਸ਼ਦ ਇਕੋ ਰਾਹ ਵਖਾਈਆ । ਮੁਰੀਦ ਮੁਰਸ਼ਦ ਦਰ ਦਰਵੇਸ਼, ਧੁਰ ਦਰਬਾਰੀ ਆਪ ਜਣਾਇੰਦਾ । ਕਲਜੁਗ ਅੰਤਮ ਨਿਰਗੁਣ ਨਿਰਵੈਰ ਪੁਰਖ ਅਕਾਲ ਧਰਿਆ ਭੇਖ, ਭੇਖਾਧਾਰੀ ਨਜ਼ਰ ਕਿਸੇ ਨਾ ਆਇੰਦਾ । ਰੂਪ ਰੰਗ ਨਾ ਕੋਇ ਰੇਖ, ਮੁਛ ਦਾੜ੍ਹੀ ਕੇਸ ਨਾ ਕੋਇ ਵਖਾਇੰਦਾ । ਦੋ ਜਹਾਨਾਂ ਰਿਹਾ ਪੇਖ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਜੇਰਜ ਅੰਡਾਂ ਪਰਦਾ ਲਾਹਿੰਦਾ । ਜਨ ਭਗਤਾਂ ਕਰੇ ਸੱਚਾ ਹੇਤ, ਹਿਤਕਾਰੀ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਜੁਗ ਅੰਤਮ ਵੇਸ ਵਟਾਇੰਦਾ । ਕਲਜੁਗ ਅੰਤਮ ਵੇਸ ਅਵੱਲਾ, ਸੋ ਸਾਹਿਬ ਆਪ ਕਰਾਈਆ । ਸ੍ਰੀ ਭਗਵਾਨ ਇਕ ਇਕੱਲਾ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਭਗਤਨ ਵਸੇ ਸਚ ਮਹੱਲਾ, ਮਹਿਫ਼ਲ ਆਪਣੇ ਨਾਮ ਲਗਾਈਆ । ਜੋਤੀ ਸ਼ਬਦੀ ਆਪੇ ਰਲਾ, ਚੱਕਰ ਚਿੰਨ ਨਾ ਕੋਇ ਵਖਾਈਆ । ਵੇਖਣਹਾਰਾ ਰਾਣੀ ਅੱਲਾ, ਮੀਆਂ ਬਣਿਆ ਬੇਪਰਵਾਹੀਆ । ਭੇਵ ਚੁਕਾਏ ਧਾਰ ਬਿਸਮਿਲਾ, ਬਿਸਮਲ ਆਪਣੀ ਕਾਰ ਕਮਾਈਆ । ਚੌਦਾਂ ਸਦੀਆਂ ਕੱਟਿਆ ਛਿਲਾ, ਚੌਦਾਂ ਤਬਕ ਦੇਣ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਮੁਰੀਦ ਮੁਰਸ਼ਦ ਕਰਾਏ ਦੀਦ, ਸਚ ਵਖਾਏ ਇਕੋ ਈਦ, ਆਤਮ ਪਰਮਾਤਮ ਪਰਮਾਤਮ ਆਤਮ ਮੇਲ ਮਿਲਾਏ ਸਹਿਜ ਸੁਭਾਈਆ ।

★ ੨੦ ਚੇਤ ੨੦੨੦ ਬਿਕਰਮੀ ਗੁਰਚਰਨ ਸਿੰਘ ਦੇ ਗ੍ਰਹਿ ਪਿੰਡ ਪੰਡੋਰੀ ★

ਹਰਿ ਨਿਰਵੈਰ ਨਿਰਮਲ ਜੋਤ, ਏਕ ਓਅੰਕਾਰ ਵੱਡੀ ਵਡਿਆਈਆ । ਵਸਣਹਾਰਾ ਧਰਮ ਦੁਆਰੇ ਸਾਚੇ ਕੋਟ, ਸਚਖੰਡ ਸਾਚਾ ਆਸਣ ਲਾਈਆ ।

ਗੁਰ ਅਵਤਾਰ ਪੀਰ ਪੈਗ਼ੰਬਰ ਰੱਖਦੇ ਗਏ ਓਟ, ਅੰਤਰ ਇਕ ਧਿਆਨ ਲਗਾਈਆ । ਸਰਗੁਣ ਨਿਰਗੁਣ ਨਿਰਗੁਣ ਸਰਗੁਣ ਇਕ ਦੂਜੇ ਤੇ ਹੁੰਦੇ ਰਹੇ ਮੋਹਤ, ਪ੍ਰੇਮ ਪ੍ਰੀਤੀ ਰਾਹ ਚਲਾਈਆ । ਨਾਮ ਨਿਧਾਨਾ ਸ੍ਰੀ ਭਗਵਾਨਾ ਜਪਦੇ ਰਹੇ ਬਿਨ ਰਸਨਾ ਜਿਹਵਾ ਹੋਂਟ, ਬੱਤੀ ਦੰਦ ਨਾ ਸਿਫ਼ਤ ਸਾਲਾਹੀਆ । ਵਸਦੇ ਰਹੇ ਕਾਇਆ ਖੇੜੇ ਬਿਨ ਵਰਨ ਗੋਤ, ਜ਼ਾਤ ਪਾਤ ਨਾ ਕੋਇ ਰਖਾਈਆ । ਪਾਰਬ੍ਰਹਮ ਮਿਲਣ ਦਾ ਰੱਖਦੇ ਰਹੇ ਸ਼ੌਂਕ, ਦੂਜੀ ਆਸ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਕਰਤਾ ਖੇਲ ਕਰਾਈਆ । ਨਿਰਮਲ ਜੋਤ ਪੁਰਖ ਅਬਿਨਾਸ਼ਾ, ਸੋ ਪੁਰਖ ਨਿਰੰਜਨ ਵਡ ਵਡਿਆਈਆ । ਹਰਿ ਪੁਰਖ ਨਿਰੰਜਣ ਵੇਖਣਹਾਰਾ ਤਮਾਸਾ, ਏਕੰਕਾਰਾ ਰੰਗ ਰੰਗਾਈਆ । ਆਦਿ ਨਿਰੰਜਨ ਨੂਰ ਪਰਕਾਸ਼ਾ, ਜੋਤੀ ਜੋਤ ਡਗਮਗਾਈਆ । ਸ੍ਰੀ ਭਗਵਾਨ ਦਾਸੀ ਦਾਸਾ, ਅਬਿਨਾਸ਼ੀ ਕਰਤਾ ਸੇਵ ਕਮਾਈਆ । ਪਾਰਬ੍ਰਹਮ ਪ੍ਰਭ ਪੂਰੀ ਕਰੇ ਆਸਾ, ਨਿਤ ਨਵਿਤ ਆਪਣੀ ਕਾਰ ਕਮਾਈਆ । ਸ਼ਬਦੀ ਸ਼ਬਦ ਦੇਵਣਹਾਰ ਭਰਵਾਸਾ, ਭੇਵ ਅਭੇਦ ਜਣਾਈਆ । ਮੰਡਲ ਮੰਡਪ ਪਾਵੇ ਰਾਸਾ, ਗੋਪੀ ਕਾਹਨ ਨਚਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੇ ਦਿਲਾਸਾ, ਸਿਰ ਆਪਣਾ ਹੱਥ ਟਿਕਾਈਆ । ਨਾਮ ਭੰਡਾਰ ਕਾਇਆ ਕਾਸਾ, ਵਸਤ ਅਮੋਲਕ ਆਪ ਵਰਤਾਈਆ । ਆਤਮ ਸੇਜਾ ਭੋਗ ਬਲਾਸਾ, ਹਰਿ ਕੰਤ ਦਏ ਵਡਿਆਈਆ । ਆਦਿ ਜੁਗਾਦਿ ਨਾ ਕਦੇ ਵਿਨਾਸਾ, ਅਬਿਨਾਸ਼ੀ ਆਪਣੀ ਕਾਰ ਕਮਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਬੋਧ ਅਗਾਧ ਦੱਸੇ ਖ਼ੁਲਾਸਾ, ਸਿਫ਼ਤੀ ਸਿਫ਼ਤ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਰਾਈਆ । ਨਿਰਮਲ ਜੋਤ ਪਾਰਬ੍ਰਹਮ, ਨਿਰਵੈਰ ਖੇਲ ਕਰਾਇੰਦਾ । ਨਾ ਮਰੇ ਨਾ ਪਏ ਜੰਮ, ਜੀਵਣ ਜੁਗਤ ਨਾ ਕੋਇ ਰਖਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਕਰੇ ਕਰਾਏ ਸਚ ਕੰਮ, ਨਿਹਕਰਮੀ ਆਪਣਾ ਕਰਮ ਕਮਾਇੰਦਾ । ਸਤਿ ਸਤਿਵਾਦੀ ਬੇੜਾ ਬੰਨ੍ਹ, ਬ੍ਰਹਮ ਬ੍ਰਹਿਮਾਦੀ ਵੇਖ ਵਖਾਇੰਦਾ । ਸੇਵਾ ਕਰੇ ਜਨਨੀ ਜਨ, ਸੇਵਕ ਆਪਣਾ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਕਰਤਾ ਵੇਸ ਵਟਾਇੰਦਾ । ਨਿਰਮਲ ਜੋਤ ਸ੍ਰੀ ਭਗਵਾਨ, ਸਚਖੰਡ ਨਿਵਾਸੀ ਵਡ ਵਡਿਆਈਆ । ਥਿਰ ਘਰ ਖੋਲਣਹਾਰ ਦੁਕਾਨ, ਮਹੱਲ ਅਟੱਲ ਕਰੇ ਰੁਸ਼ਨਾਈਆ । ਸ਼ਾਹੋ ਭੂਪ ਬਣ ਸੁਲਤਾਨ, ਸਚ ਸਿੰਘਾਸਣ ਆਸਣ ਲਾਈਆ । ਦੋ ਜਹਾਨਾਂ ਬਣ ਨਿਗਹਬਾਨ, ਬਿਨ ਨੇਤਰ ਵੇਖ ਵਖਾਈਆ । ਸਤਿ ਸਤਿਵਾਦੀ ਸਾਚਾ ਕਾਹਨ, ਗਹਿਰ ਗੰਭੀਰ ਭੇਵ ਨਾ ਰਾਈਆ । ਦੇਵਣਹਾਰਾ ਸਾਚਾ ਦਾਨ, ਵਸਤ ਅਮੋਲਕ ਇਕ ਵਰਤਾਈਆ । ਸ਼ਬਦੀ ਸੁਤ ਕਰ ਬਲਵਾਨ, ਬਲ ਆਪਣਾ ਇਕ ਦਰਸਾਈਆ । ਵਿਸ਼ਨ ਬ੍ਰਹਮਾ ਸ਼ਿਵ ਦੇ ਗਿਆਨ, ਨਿਸ਼ਅੱਖਰ ਵੱਖਰ ਕਰੇ ਪੜ੍ਹਾਈਆ । ਜੁਗ ਚੌਕੜੀ ਕਰ ਪਰਧਾਨ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਰੰਗ ਰੰਗਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਮਾਤ ਨਿਸ਼ਾਨ, ਸਚ ਨਿਸ਼ਾਨਾ ਨਾਮ ਦਰਸਾਈਆ । ਭਗਤ ਭਗਵਾਨ ਖੇਲ ਮਹਾਨ, ਖ਼ਾਲਕ ਖ਼ਲਕ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਕਰਨੀ ਆਪ ਕਰਾਈਆ । ਨਿਰਮਲ ਜੋਤ ਹਰਿ ਪੁਰਖ ਨਿਰੰਜਣ, ਮਹਿਮਾ ਅਕੱਥ ਕਥੀ ਨਾ ਜਾਈਆ । ਆਦਿ ਜੁਗਾਦੀ ਸਾਚਾ ਸੱਜਣ, ਸਗਲਾ ਸੰਗ ਨਿਭਾਈਆ । ਦੋ ਜਹਾਨਾਂ ਇਕੋ ਮਜਨ, ਬ੍ਰਹਿਮੰਡਾਂ ਖੰਡਾਂ ਆਪ ਦਰਸਾਈਆ । ਸੰਤ ਸੁਹੇਲਾ ਪਰਦੇ ਕੱਜਣ, ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਨਿਰਮਲ ਜੋਤ ਕਰਨ ਕਰਤਾਰ, ਕਰਤਾ ਪੁਰਖ ਖੇਲ ਕਰਾਇੰਦਾ । ਜੁਗ ਚੌਕੜੀ

ਸਾਚੀ ਧਾਰ, ਨਿਰਵੈਰ ਰਾਹ ਚਲਾਇੰਦਾ । ਸੇਵਾ ਲਾ ਗੁਰ ਅਵਤਾਰ, ਪੀਰ ਪੈਗ਼ੰਬਰ ਹੁਕਮ ਮਨਾਇੰਦਾ । ਸ਼ਬਦ ਅਗੰਮੀ ਬੋਲ ਜੈਕਾਰ, ਨਾਦ ਅਨਾਦੀ ਰਾਗ ਸੁਣਾਇੰਦਾ । ਲੇਖਾ ਜਾਣੇ ਧੁਰ ਦਰਬਾਰ, ਧੁਰ ਦੀ ਬਾਣੀ ਬਾਣ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਕਰਤਾ ਖੇਲ ਕਰਾਇੰਦਾ । ਹਰਿ ਕਰਤਾ ਖੇਲ ਕਰੇ ਅਪਾਰ, ਅਪਰੰਪਰ ਵਡ ਵਡਿਆਈਆ । ਸਚ ਸੰਦੇਸਾ ਗੁਰ ਅਵਤਾਰ, ਪੀਰ ਪੈਗ਼ੰਬਰ ਕਰੇ ਪੜ੍ਹਾਈਆ । ਦੀਆ ਬਾਤੀ ਕਰ ਉਜਿਆਰ, ਕਮਲਾਪਾਤੀ ਇਕ ਰੁਸ਼ਨਾਈਆ । ਅੰਮ੍ਰਿਤ ਬੂੰਦ ਸਵਾਂਤੀ ਠੰਡੀ ਠਾਰ, ਘਰ ਮੰਦਰ ਆਪ ਪਿਆਈਆ । ਸਾਚਾ ਹਾਟੀ ਵਣਜ ਵਪਾਰ, ਚੌਦਾਂ ਲੋਕਾਂ ਪੰਧ ਗਵਾਈਆ । ਚੌਦਾਂ ਤਬਕ ਵੇਖਣਹਾਰ, ਸਬਕ ਇਕੋ ਇਕ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਰਿਹਾ ਖੁਲ੍ਹਾਈਆ । ਨਿਰਮਲ ਜੋਤ ਭੇਦ ਅਭੇਵਾ, ਅਨਭਵ ਪਰਕਾਸ਼ ਪਰਕਾਸਿਆ । ਪਾਰਬ੍ਰਹਮ ਵਡ ਦੇਵੀ ਦੇਵਾ, ਵੇਖਣਹਾਰਾ ਖੇਲ ਤਮਾਸਿਆ । ਜੁਗ ਚੌਕੜੀ ਸਾਚੀ ਸੇਵਾ, ਨਿਤ ਨਵਿਤ ਕਾਰ ਕਮਾਏ ਬਣ ਬਣ ਦਾਸੀ ਦਾਸਿਆ । ਭਗਤ ਭਗਵਾਨ ਲਾਏ ਥੇਵਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਾਹ ਪਾਤਸ਼ਾਹ ਸ਼ਾਹੋ ਸ਼ਾਬਾਸਿਆ । ਸ਼ਾਹ ਪਾਤਸ਼ਾਹ ਹਰਿ ਦੀਨ ਦਿਆਲਾ, ਵਡਾ ਵਡ ਵਡਿਆਈਆ । ਜੁਗ ਚੌਕੜੀ ਖੇਲ ਨਿਰਾਲਾ, ਨਿਰਗੁਣ ਸਰਗੁਣ ਰੰਗ ਰੰਗਾਈਆ । ਲੇਖਾ ਜਾਣੇ ਸ਼ਾਹ ਕੰਗਾਲਾ, ਲੱਖ ਚੁਰਾਸੀ ਫੋਲ ਫੁਲਾਈਆ । ਭਗਤ ਭਗਵਾਨ ਦੱਸੇ ਰਾਹ ਸੁਖਾਲਾ, ਆਤਮ ਪਰਮਾਤਮ ਇਕ ਪੜ੍ਹਾਈਆ । ਅੰਦਰ ਬਾਹਰ ਗੁਪਤ ਜ਼ਾਹਰ ਵਸੇ ਨਾਲ ਨਾਲਾ, ਵਿਛੜ ਕਦੇ ਨਾ ਜਾਈਆ । ਕਾਇਆ ਮੰਦਰ ਅੰਦਰ ਵਖਾਏ ਸੱਚੀ ਧਰਮਸਾਲਾ, ਧਰਮ ਦੁਆਰਾ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਹਰਿ ਖੇਲ ਖਲੌਣਾ, ਬੇਅੰਤ ਬੇਪਰਵਾਹ ਅਖਵਾਇੰਦਾ । ਕਲਜੁਗ ਅੰਤਮ ਪੰਧ ਮੁਕੌਣਾ, ਕੂੜੀ ਕਿਰਿਆ ਮੇਟ ਮਿਟਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਆਪਣੇ ਵਿਚ ਮਿਲੌਣਾ, ਨਿਰਮਲ ਜੋਤੀ ਜੋਤ ਸਮਾਇੰਦਾ । ਸ਼ਬਦ ਅਗੰਮੀ ਏਕਾ ਨਾਦ ਵਜੌਣਾ, ਅਨਰਾਗੀ ਰਾਗ ਸੁਣਾਇੰਦਾ । ਭਗਤ ਭਗਵਾਨ ਆਪ ਉਠੌਣਾ, ਆਤਮ ਪਰਮਾਤਮ ਜੋੜ ਜੁੜਾਇੰਦਾ । ਸੁਰਤੀ ਸ਼ਬਦੀ ਗੰਢ ਪਵੌਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਦਰਸਾਇੰਦਾ । ਸਾਚਾ ਖੇਲ ਕਰੇ ਕਰਤਾਰ, ਕੁਦਰਤ ਕਾਦਰ ਵੇਖ ਵਖਾਈਆ । ਕਲ ਕਲਕੀ ਲੈ ਅਵਤਾਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਸ਼ਬਦ ਡੰਕਾ ਅਗੰਮ ਅਪਾਰ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਆਪ ਸੁਣਾਈਆ । ਵਿਸ਼ਨ ਬ੍ਰਹਮਾ ਸ਼ਿਵ ਦਏ ਹੁਲਾਰ, ਕਰੋੜ ਤੇਤੀਸਾ ਧੀਰ ਨਾ ਕੋਇ ਧਰਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਪਾਵੇ ਸਾਰ, ਲੱਖ ਚੁਰਾਸੀ ਘਟ ਘਟ ਅੰਦਰ ਵੇਖ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤੱਕਦੇ ਗਏ ਦੀਦਾਰ, ਜਲਵਾ ਇਕੋ ਨੂਰ ਰੁਸ਼ਨਾਈਆ । ਦਰ ਦਰਵੇਸ਼ ਮੰਗਦੇ ਗਏ ਭਿਖਾਰ, ਭਿਖਕ ਆਪਣੀ ਝੋਲੀ ਡਾਹੀਆ । ਕਵਣ ਵੇਲਾ ਪਰਗਟ ਹੋਏ ਮਹਾਂਬਲੀ ਅਵਤਾਰ, ਨਿਹਕਲੰਕ ਆਪਣਾ ਨਾਉਂ ਰਖਾਈਆ । ਅਮਾਮ ਅਮਾਮਾਂ ਸਿਰ ਹੋਏ ਸਿਕਦਾਰ, ਸ਼ਹਿਨਸ਼ਾਹ ਇਕੋ ਨਜ਼ਰੀ ਆਈਆ । ਕਾਗ਼ਦ ਕਲਮ ਸ਼ਾਹੀ ਨਾ ਪਾਏ ਸਾਰ, ਲਿਖ ਲਿਖ ਲੇਖ ਨਾ ਕੋਇ ਸਮਝਾਈਆ । ਬੇਅੰਤ ਬੇਅੰਤ ਬੇਅੰਤ ਕਹਿ ਕਹਿ ਸਾਰੇ ਗਏ ਪੁਕਾਰ, ਪੁਨਹਿ ਪੁਨਹਿ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸਤਿਗੁਰ ਇਕੋ ਇਕ ਫੇਰਾ ਪਾਈਆ । ਸਤਿਗੁਰ ਸੱਚਾ ਏਕੰਕਾਰਾ ਏਕ, ਅਕਲ ਕਲਾ ਅਖਵਾਇੰਦਾ ।

ਜਨ ਭਗਤਾਂ ਦੇਵੇ ਸਾਚੀ ਟੇਕ, ਦੂਜੀ ਓਟ ਨਾ ਕੋਇ ਜਣਾਇੰਦਾ । ਕਰਨਹਾਰਾ ਬੁੱਧ ਬਬੇਕ, ਸਾਚੀ ਸਿਖਿਆ ਇਕ ਸਮਝਾਇੰਦਾ । ਤ੍ਰੈਗੁਣ ਮਾਇਆ ਨਾ ਲਾਏ ਸੇਕ, ਪੰਚਮ ਨਾਤਾ ਤੋੜ ਤੁੜਾਇੰਦਾ । ਨਿਜ ਨੇਤਰ ਨਿਰਗੁਣ ਸਰਗੁਣ ਲਏ ਵੇਖ, ਅੱਖ ਪਰਤੱਖ ਆਪ ਖੁਲ੍ਹਾਇੰਦਾ । ਲੇਖਾ ਚੁਕਾਏ ਵਿਸ਼ਨ ਬ੍ਰਹਮਾ ਮਹੇਸ਼, ਪਾਰਬ੍ਰਹਮ ਪ੍ਰਭ ਆਪਣੀ ਗੰਢ ਪੁਆਇੰਦਾ । ਵਸਣਹਾਰਾ ਸਚਖੰਡ ਸਾਚੇ ਦੇਸ, ਲੋਕਮਾਤ ਫੇਰਾ ਪਾਇੰਦਾ । ਸ਼ਾਹੋ ਭੂਪ ਵਡ ਨਰੇਸ਼, ਨਰ ਨਿਰੰਕਾਰ ਇਕੋ ਨਜ਼ਰੀ ਆਇੰਦਾ । ਨਿਰਧਨ ਸਰਧਨ ਕਰੇ ਹੇਤ, ਸਗਲਾ ਸੰਗ ਨਿਭਾਇੰਦਾ । ਜਨ ਭਗਤਾਂ ਦੇਵੇ ਆਪਣਾ ਭੇਤ, ਬਜ਼ਰ ਕਪਾਟੀ ਕੁੰਡਾ ਲਾਹਿੰਦਾ । ਆਤਮ ਸੇਜਾ ਰਿਹਾ ਖੇਡ, ਸੇਜ ਸੁਹੰਜਣੀ ਇਕ ਸੁਹਾਇੰਦਾ । ਸ਼ਬਦ ਅਗੰਮ ਸਨੇਹੁੜਾ ਰਿਹਾ ਭੇਜ, ਰਸਨਾ ਜਿਹਵਾ ਨਾ ਕੋਇ ਹਿਲਾਇੰਦਾ । ਨਿਰਮਲ ਜੋਤੀ ਦੇਵੇ ਤੇਜ, ਸੂਰਜ ਚੰਦ ਨੈਣ ਸ਼ਰਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲ ਕਲਕੀ ਇਕ ਅਖਵਾਇੰਦਾ । ਕਲ ਕਲਕੀ ਨਿਰਮਲ ਜੋਤ ਪਰਕਾਸ਼ਾ, ਪਰਕਾਸ਼ਵਾਨ ਵੱਡੀ ਵਡਿਆਈਆ । ਆਦਿ ਜੁਗਾਦੀ ਜੁਗ ਚੌਕੜੀ ਖੇਲ ਤਮਾਸ਼ਾ, ਨਵ ਨੌਂ ਚਾਰ ਪੰਧ ਮੁਕਾਈਆ । ਦੋ ਜਹਾਨ ਸ੍ਰੀ ਭਗਵਾਨ, ਮੰਡਲ ਮੰਡਪ ਪਾਵੇ ਰਾਸਾ, ਗੋਪੀ ਕਾਹਨ ਨਚਾਈਆ । ਜਨ ਭਗਤਾਂ ਕਰੇ ਪੂਰੀ ਆਸਾ, ਜੋ ਬੈਠੇ ਧਿਆਨ ਲਗਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਬਣਿਆ ਰਿਹਾ ਰਾਖਾ, ਚੋਬਦਾਰ ਸਾਚੀ ਸੇਵ ਕਮਾਈਆ । ਕਲਜੁਗ ਅੰਤਮ ਪੂਰਾ ਕਰੇ ਘਾਟਾ, ਹਰਿ ਜੂ ਝੋਲੀ ਨਾਮ ਭਰਾਈਆ । ਆਤਮ ਪਰਮਾਤਮ ਦੇਵੇ ਦਾਤਾ, ਸੋਹੰ ਅੱਖਰ ਇਕ ਸਮਝਾਈਆ । ਮਨਮਤ ਰਹੇ ਨਾ ਨਾਰ ਕਮਜ਼ਾਤਾ, ਗੁਰਮਤ ਇਕੋ ਇਕ ਜਣਾਈਆ । ਦਰਸ ਦਿਖਾਏ ਸਦਾ ਬਹੁ ਬਿਧ ਭਾਂਤਾ, ਸਵਛ ਸਰੂਪੀ ਰੂਪ ਧਰਾਈਆ । ਨਜ਼ਰੀ ਆਏ ਇਕ ਇਕਾਂਤਾ, ਜੋਤੀ ਜਾਤਾ ਡਗਮਗਾਈਆ । ਜਨ ਭਗਤਾਂ ਬਣੇ ਪਿਤਾ ਮਾਤਾ, ਬਾਲ ਅਵਾਣੇ ਗੋਦ ਉਠਾਈਆ । ਚਰਨ ਕਵਲ ਉਪਰ ਧਵਲ ਬੰਨ੍ਹੇ ਨਾਤਾ, ਸਗਲਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਇਕ ਦਰਸਾਈਆ । ਸੱਚਾ ਮਾਰਗ ਭਗਤ ਭਗਵਾਨ, ਆਦਿ ਜੁਗਾਦਿ ਜਣਾਇੰਦਾ । ਜਿਸ ਜਨ ਕਿਰਪਾ ਕਰੇ ਮਹਾਨ, ਤਿਸ ਆਪਣੀ ਦਇਆ ਕਮਾਇੰਦਾ । ਪੂਜਾ ਪਾਠ ਸਿਮਰਨ ਸਰਬ ਲੁਕ ਜਾਣ, ਜਿਸ ਆਪਣਾ ਮੇਲ ਮਿਲਾਇੰਦਾ । ਆਤਮ ਅੰਤਰ ਸਚ ਸਰੋਵਰ ਕਰਾਏ ਇਸ਼ਨਾਨ, ਅਠਸਠ ਤੀਰਥ ਪੰਧ ਮੁਕਾਇੰਦਾ । ਮੰਦਰ ਮਸਜਿਦ ਦੱਸੇ ਨਾ ਕੋਇ ਮਕਾਨ, ਜਿਸ ਜਨ ਕਾਇਆ ਕਾਅਬਾ ਆਪ ਵਖਾਇੰਦਾ । ਨਿਰਮਲ ਦੀਆ ਦੀਪਕ ਜਗੇ ਮਹਾਨ, ਤੇਲ ਬਾਤੀ ਨਾ ਕੋਇ ਪਾਇੰਦਾ । ਧੁਨ ਆਤਮਕ ਰਾਗ ਸੁਣਾਏ ਬਿਨ ਕਾਨ, ਬੱਤੀ ਦੰਦ ਨਾ ਕੋਇ ਵਡਿਆਇੰਦਾ । ਸਚ ਭੂਮਿਕਾ ਸੋਹੇ ਅਸਥਾਨ, ਜਿਸ ਗ੍ਰਿਹ ਆਪਣਾ ਆਸਣ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਵਾਨ ਸਾਚੀ ਰੀਤ, ਨਾਤਾ ਤੁਟੇ ਮੰਦਰ ਮਸੀਤ, ਗ੍ਰਿਹ ਇਕੋ ਇਕ ਵਖਾਇੰਦਾ । ਕਾਇਆ ਅੰਦਰ ਹਰਿ ਜੂ ਹਰਿਮੰਦਰ, ਨਿਰਗੁਣ ਸਰਗੁਣ ਆਪ ਜਣਾਈਆ । ਮੇਲ ਮਿਲਾਏ ਅੰਦਰੇ ਅੰਦਰ, ਸੁਰਤੀ ਸ਼ਬਦ ਕਰੇ ਕੁੜਮਾਈਆ । ਬਜ਼ਰ ਕਪਾਟੀ ਤੋੜੇ ਜੰਦਰ, ਦੂਈ ਦਵੈਤੀ ਪਰਦਾ ਦਏ ਉਠਾਈਆ । ਕਰੇ ਪਰਕਾਸ਼ ਅੰਧੇਰੀ ਕੰਧਰ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਮਨ ਵਾਸਨਾ ਬੰਨ੍ਹੇ ਬੰਦਰ, ਦਹਿ ਦਿਸ਼ਾ ਨਾ ਉਠ ਉਠ ਧਾਈਆ । ਸ਼ਬਦ ਅਗੰਮੀ ਮਾਰੇ ਖ਼ੰਜਰ, ਖੰਡਾ ਖੜਗ ਇਕ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਵਾਨ ਆਪਣਾ ਰਾਹ ਜਣਾਈਆ । ਭਗਤ ਭਗਵਾਨ ਖੋਲ੍ਹੇ ਭੇਦ, ਆਪਣੀ ਦਇਆ

ਕਮਾਇੰਦਾ । ਲੇਖਾ ਚੁੱਕੇ ਵੇਦ ਕਤੇਬ, ਸ਼ਾਸਤਰ ਅੰਗ ਨਾ ਕੋਇ ਲਗਾਇੰਦਾ । ਨਿਰਗੁਣ ਨਿਰਗੁਣ ਕਰੇ ਹੇਤ, ਸਰਗੁਣ ਆਪਣਾ ਸੰਗ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਵਾਨ ਇਕੋ ਘਰ ਵਸਾਇੰਦਾ । ਭਗਤ ਭਗਵਾਨ ਇਕ ਦਰਵਾਜ਼ਾ, ਦੂਜੀ ਵੰਡ ਨਾ ਕੋਇ ਵੰਡਾਈਆ । ਨਿਤ ਨਵਿਤ ਮਾਰੇ ਵਾਜਾਂ, ਦੂਰ ਦੁਰਾਡਾ ਧਿਆਨ ਲਗਾਈਆ । ਕਲਜੁਗ ਅੰਤਮ ਰਚਿਆ ਕਾਜਾ, ਮਹਾਂਬਲੀ ਆਪਣਾ ਫੇਰਾ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਰੱਖਣਹਾਰਾ ਲਾਜਾ, ਮਿਹਰ ਨਜ਼ਰ ਉਠਾਈਆ । ਸਤਿਜੁਗ ਸੱਚਾ ਸਾਜਣ ਸਾਜਾ, ਚਾਰ ਵਰਨ ਕਰੇ ਪੜ੍ਹਾਈਆ । ਬਰਨ ਅਠਾਰਾਂ ਦੇਵੇ ਦਾਜਾ, ਨਾਮ ਵਸਤ ਅਮੋਲਕ ਝੋਲੀ ਪਾਈਆ । ਸ਼ਾਹੋ ਭੂਪ ਇਕੋ ਰਾਜਾ, ਲੱਖ ਚੁਰਾਸੀ ਰੱਯਤ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਵਨ ਰੀਤੀ ਇਕ ਦਰਸਾਈਆ । ਭਗਵਨ ਰੀਤੀ ਭਗਤ ਰੰਗ, ਰੰਗ ਰੰਗੀਲਾ ਆਪ ਚੜ੍ਹਾਇੰਦਾ । ਅੰਦਰ ਬਾਹਰ ਵਸੇ ਸੰਗ, ਵਿਛੜ ਕਦੇ ਨਾ ਜਾਇੰਦਾ । ਸੁਹਾਵਣਹਾਰਾ ਸਚ ਪਲੰਘ, ਪਾਵਾ ਚੂਲ ਨਾ ਕੋਇ ਬਣਾਇੰਦਾ । ਦੇਵਣਹਾਰਾ ਪਰਮਾਨੰਦ, ਰਸ ਇਕੋ ਇਕ ਵਖਾਇੰਦਾ । ਸਾਢੇ ਤਿੰਨ ਹੱਥ ਮੰਦਰ ਆਪੇ ਲੰਘ, ਘਰ ਘਰ ਵਿਚ ਡੇਰਾ ਲਾਇੰਦਾ । ਨਾਤਾ ਤੁਟੇ ਜਗਤ ਦੁਹਾਗਣ ਰੰਡ, ਕੰਤ ਸੁਹਾਗੀ ਮੇਲ ਮਿਲਾਇੰਦਾ । ਆਤਮ ਪਰਮਾਤਮ ਸੋਹੰ ਢੋਲਾ ਗਾਏ ਛੰਦ, ਦੂਜਾ ਬੋਲ ਨਾ ਕੋਇ ਬੁਲਾਇੰਦਾ । ਕਰ ਪਰਕਾਸ਼ ਅੰਧੇਰੇ ਅੰਧ, ਅਗਿਆਨ ਅੰਧੇਰ ਮਿਟਾਇੰਦਾ । ਅਗਲਾ ਪਿਛਲਾ ਚੁਕਾਏ ਪੰਧ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਵਾਨ ਇਕੋ ਘਰ ਸੁਹਾਇੰਦਾ । ਭਗਤ ਭਗਵਾਨ ਘਰ ਵਖਾਲ, ਘਰ ਘਰ ਵਿਚ ਮੇਲ ਮਿਲਾਈਆ । ਕਿਰਪਾ ਕਰ ਦੀਨ ਦਿਆਲ, ਦੀਨਨ ਹੋਏ ਸਹਾਈਆ । ਸੱਜਣ ਵੇਖੇ ਸਾਚੇ ਲਾਲ, ਲਾਲਨ ਆਪਣੇ ਰੰਗ ਰੰਗਾਈਆ । ਨਾਤਾ ਤੋੜ ਕਾਲ ਮਹਾਂਕਾਲ, ਭਾਵੀ ਅੰਗ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਗਤ ਅਵੱਲੜੀ ਚਾਲ ਰਖਾਈਆ । ਜਗਤ ਅਵੱਲੜੀ ਚਾਲ ਨਿਰਾਲੀ, ਨਿਰਗੁਣ ਸਰਗੁਣ ਆਪ ਜਣਾਇੰਦਾ । ਕਲਜੁਗ ਅੰਤਮ ਜੋਤ ਅਕਾਲੀ, ਨਿਰਵੈਰ ਪੁਰਖ ਵੇਸ ਵਟਾਇੰਦਾ । ਕਲਜੁਗ ਮੇਟੇ ਰੈਣ ਅੰਧੇਰੀ ਕਾਲੀ, ਸਤਿਜੁਗ ਸਾਚਾ ਚੰਦ ਚੜ੍ਹਾਇੰਦਾ । ਧੁਰਦਰਗਾਹੀ ਇਕੋ ਮਾਲੀ, ਸਾਹਿਬ ਸੁਲਤਾਨ ਫੇਰਾ ਪਾਇੰਦਾ । ਭਗਤ ਭਗਵਾਨ ਬੁਧ ਵੇਖੇ ਬਾਲੀ, ਬਾਲਕ ਆਪਣੀ ਗੋਦ ਵਸਾਇੰਦਾ । ਤ੍ਰੈਗੁਣ ਮਾਇਆ ਤੋੜ ਜੰਜਾਲੀ, ਜਾਗਰਤ ਜੋਤ ਇਕ ਰੁਸ਼ਨਾਇੰਦਾ । ਲੱਖ ਚੁਰਾਸੀ ਵੇਖੇ ਹੱਥਾਂ ਖ਼ਾਲੀ, ਨਾਮ ਭੰਡਾਰ ਘਰ ਨਜ਼ਰ ਕਿਸੇ ਨਾ ਆਇੰਦਾ । ਸਾਧ ਸੰਤ ਜੀਵ ਜੰਤ ਬਾਹਰ ਵੇਖਣ ਜਗਤ ਦੀਵਾਲੀ, ਦੀਪਕ ਅੰਦਰ ਨਾ ਕੋਇ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਵੇਖ ਵਖਾਇੰਦਾ । ਕਲਜੁਗ ਅੰਤ ਅੰਧੇਰਾ ਅੰਧ, ਚਾਰ ਕੁੰਟ ਨਾ ਕੋਇ ਰੁਸ਼ਨਾਈਆ । ਅੰਦਰ ਬਾਹਰ ਕਿਸੇ ਨਾ ਮੁਕਿਆ ਪੰਧ, ਪਾਂਧੀ ਰੋਵਨ ਮਾਰਨ ਧਾਹੀਆ । ਵਰਨ ਬਰਨ ਜ਼ਾਤ ਪਾਤ ਦੀਨ ਮਜ਼੍ਹਬ ਗਾ ਗਾ ਥੱਕੇ ਛੰਦ, ਸੰਸਾ ਰੋਗ ਨਾ ਕੋਇ ਗਵਾਈਆ । ਸਤਿਗੁਰ ਨੂਰ ਨਾ ਚੜ੍ਹਿਆ ਚੰਦ, ਨਿਰਮਲ ਜੋਤ ਨਾ ਕੋਇ ਰੁਸ਼ਨਾਈਆ । ਸੁਰਤ ਸਵਾਣੀ ਬੈਠੀ ਰੰਡ, ਰੰਡੇਪਾ ਜਗਤ ਨਾ ਕੋਇ ਮੁਕਾਈਆ । ਦੂਈ ਦਵੈਤੀ ਢਾਹੇ ਨਾ ਕੋਇ ਕੰਧ, ਭਾਂਡਾ ਭਰਮ ਨਾ ਭੌ ਭੰਨਾਈਆ । ਕੂੜੀ ਕਿਰਿਆ ਹਉਮੇ ਹੰਗਤਾ ਮਾਇਆ ਮਮਤਾ ਸਿਰ ਚੁੱਕੀ ਪੰਡ, ਸੀਸ ਜਗਦੀਸ਼ ਹੱਥ ਨਾ ਕੋਇ ਰਖਾਈਆ । ਨਿਜ ਆਤਮ ਕਿਸੇ ਨਾ ਮਾਣਿਆ ਅਨੰਦ, ਰਸਨਾ

ਜਿਹਵਾ ਜਗਤ ਹੋਏ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਮੇਲ ਮਿਲਾਏ ਸਹਿਜ ਸੁਭਾਈਆ । ਭਗਤ ਮਿਲਾਵਾ ਰੱਖੇ ਹੱਥ, ਪ੍ਰਭ ਆਪਣੀ ਦਇਆ ਕਮਾਇੰਦਾ । ਸੋਵਤ ਜਾਗਤ ਦੇਵੇ ਵਥ, ਵਸਤ ਅਮੋਲਕ ਝੋਲੀ ਪਾਇੰਦਾ । ਚਲਾਵਣਹਾਰਾ ਕਾਇਆ ਰਥ, ਬਣ ਰਥਵਾਹੀ ਸੇਵ ਕਮਾਇੰਦਾ । ਜਗਤ ਵਿਕਾਰਾ ਪਾਏ ਨੱਥ, ਨਾਮ ਡੋਰੀ ਤੰਦ ਬੰਧਾਇੰਦਾ । ਲਹਿਣਾ ਦੇਣ ਚੁਕਾਏ ਸੀਆਂ ਸਾਢੇ ਤਿੰਨ ਹੱਥ, ਜਿਸ ਜਨ ਆਪਣਾ ਰੰਗ ਰੰਗਾਇੰਦਾ । ਗ੍ਰਹਿ ਮੰਦਰ ਵਖਾਏ ਤੀਰਥ ਤੱਟ, ਸਰੋਵਰ ਇਕੋ ਇਕ ਨੁਹਾਇੰਦਾ । ਦੁਰਮਤ ਮੈਲ ਦੇਵੇ ਕੱਟ, ਕੋਟ ਜਨਮ ਦੇ ਪਾਪ ਮਿਟਾਇੰਦਾ । ਦਰਸ ਵਖਾਏ ਹੋ ਪਰਗਟ, ਸਵਛ ਸਰੂਪੀ ਰੂਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਹਰਿ ਭਗਤ ਇਕੋ ਰੰਗ ਰੰਗਾਇੰਦਾ । ਭਗਤਨ ਰੰਗ ਰੰਗ ਅਨਡੀਠ, ਅਨਡਿਠੜਾ ਆਪ ਚੜ੍ਹਾਈਆ । ਚੋਲੀ ਰੰਗੇ ਇਕ ਮਜੀਠ, ਪਾਰਬ੍ਰਹਮ ਬ੍ਰਹਮ ਆਪਣੀ ਸੇਵ ਕਮਾਈਆ । ਸੋਹੰ ਢੋਲਾ ਸਾਚਾ ਗੀਤ, ਆਤਮ ਪਰਮਾਤਮ ਕਰੇ ਕੁੜਮਾਈਆ । ਸਤਿਜੁਗ ਦੱਸੇ ਸਾਚੀ ਰੀਤ, ਸਤਿ ਪੁਰਖ ਨਿਰੰਜਣ ਆਪ ਸਮਝਾਈਆ । ਕੋਈ ਨਾ ਰਹਿਣਾ ਮੰਦਰ ਮਸੀਤ, ਸ਼ਿਵਦੁਆਲਾ ਮੱਠ ਨਜ਼ਰ ਕੋਇ ਨਾ ਆਈਆ । ਇਕੋ ਰੰਗ ਹਸਤ ਕੀਟ, ਊਚ ਨੀਚ ਨਾ ਕੋਇ ਵਖਾਈਆ । ਪਾਰਬ੍ਰਹਮ ਪਤਿਪਰਮੇਸ਼ਰ ਪੁਰਖ ਅਕਾਲ ਚਰਨ ਕਵਲ ਲੱਗੇ ਸਚ ਪ੍ਰੀਤ, ਇਸ਼ਟ ਗੁਰਦੇਵ ਇਕੋ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਦੇਵਣਹਾਰਾ ਵਰ, ਸਤਿਜੁਗ ਸਾਚੀ ਸਿਖਿਆ ਦਏ ਜਣਾਈਆ । ਸਤਿਜੁਗ ਸਿਖਿਆ ਨਾਮ ਪਰਭਾਤ, ਹਰਿ ਪਰਭਾਤੀ ਰੰਗ ਰੰਗਾਇੰਦਾ । ਸ਼ਬਦ ਅਗੰਮ ਦੇਵੇ ਦਾਤ, ਬਣ ਦਾਤਾ ਆਪ ਵਰਤਾਇੰਦਾ । ਨਾਤਾ ਤੋੜ ਜ਼ਾਤ ਪਾਤ, ਆਤਮ ਬ੍ਰਹਮ ਇਕ ਸਮਝਾਇੰਦਾ । ਮੇਲ ਮਿਲਾਵਾ ਕਮਲਾਪਾਤ, ਕਵਲ ਨੈਣ ਨੈਣ ਖੁਲ੍ਹਾਇੰਦਾ । ਨਜ਼ਰੀ ਆਏ ਸਾਖਿਆਤ, ਜ਼ਾਹਰ ਜ਼ਹੂਰ ਫੇਰਾ ਪਾਇੰਦਾ । ਵੇਖਣਹਾਰਾ ਕਾਇਨਾਤ, ਕਲਮਾ ਨਬੀ ਰਸੂਲ ਜਣਾਇੰਦਾ । ਈਸਾ ਮੂਸਾ ਮੁਹੰਮਦ ਗੁਰ ਅਵਤਾਰ ਪੀਰ ਪੈਗ਼ੰਬਰ ਭਗਤ ਭਗਵਾਨ ਇਕ ਬਣੇ ਜਮਾਤ, ਦੂਜਾ ਅੱਖਰ ਨਾ ਕੋਇ ਪੜ੍ਹਾਇੰਦਾ । ਅਲਫ਼ ਯੇ ਹੋਏ ਵਫ਼ਾਤ, ਫ਼ਤਵੇ ਸਭ ਦੇ ਉਤੇ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਨਿਰਭੌ ਚੁਕਾਏ ਭੈ ਡਰ, ਭਿਆਨਕ ਆਪਣੀ ਕਾਰ ਕਮਾਇੰਦਾ । ਕਿਰਪਾ ਕਰ ਪ੍ਰਭ ਦੇਵੇ ਦਰਸ, ਮਿਹਰਵਾਨ ਦਇਆ ਕਮਾਈਆ । ਪੂਰਬ ਜਨਮ ਦੀ ਮੇਟੇ ਹਰਸ, ਮਾਣਸ ਜਨਮ ਲੇਖੇ ਪਾਈਆ । ਲਹਿਣਾ ਦੇਣਾ ਚੁਕਾਏ ਅਰਸ਼ ਫ਼ਰਸ਼, ਦੋ ਜਹਾਨ ਹੋਏ ਸਹਾਈਆ । ਭਗਤ ਭਗਵਾਨ ਲਾਹੇ ਕਰਜ਼, ਮਕਰੂਜ਼ ਆਪਣਾ ਫ਼ਰਜ਼ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰਸ ਦੇਵੇ ਥਾਉਂ ਥਾਈਂਆ । ਆਤਮ ਦਰਸ ਦਰਸ ਦੀਦਾਰ, ਬਿਨ ਨੇਤਰ ਨੈਣ ਦਰਸਾਇੰਦਾ । ਆਤਮ ਪਰਮਾਤਮ ਸਚ ਪਿਆਰ, ਪਰੇਮ ਪ੍ਰੀਤੀ ਆਪ ਨਿਭਾਇੰਦਾ । ਕਾਗਦ ਕਲਮ ਨਾ ਲਿਖਣਹਾਰ, ਕਲਮ ਸ਼ਾਹੀ ਨੈਣ ਸ਼ਰਮਾਇੰਦਾ । ਜਿਸ ਜਨ ਸਤਿਗੁਰ ਪੂਰੇ ਕਰਿਆ ਦੀਦਾਰ, ਤਿਸ ਰਾਏ ਧਰਮ ਨੇੜ ਨਾ ਆਇੰਦਾ । ਲੱਖ ਚੁਰਾਸੀ ਉਤਰੇ ਪਾਰ, ਆਵਣ ਜਾਵਣ ਪੰਧ ਮੁਕਾਇੰਦਾ । ਸਚ ਦੁਆਰੇ ਦਏ ਬਿਠਾਲ, ਜਿਸ ਘਰ ਬੈਠਿਆਂ ਫੇਰ ਨਾ ਕੋਇ ਉਠਾਇੰਦਾ । ਗੁਰਮੁਖ ਗੁਰਸਿਖ ਸਤਿਗੁਰ ਪ੍ਰੀਤੀ ਨਿਭੇ ਨਾਲ, ਨਾਤਾ ਬਿਧਾਤਾ ਆਪ ਜੁੜਾਇੰਦਾ । ਵੇਲੇ ਅੰਤ ਨਾ ਖਾਏ ਕਾਲ, ਲਾੜੀ ਮੌਤ ਦਰ ਦੁਰਕਾਇੰਦਾ । ਹਰਿਜਨ ਹੱਲ ਹੋਏ ਸਵਾਲ,

ਸਵਾ ਪਹਿਰ ਪਹਿਲੋਂ ਆਪਣਾ ਦਰਸ ਦਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਾਹ ਕੰਗਾਲ ਸ਼ਹਿਨਸ਼ਾਹ ਇਕੋ ਰੰਗ ਰੰਗਾਇੰਦਾ ।

## ★ ੨੦ ਚੇਤ ੨੦੨੦ ਬਿਕਰਮੀ ਜੋਗਿੰਦਰ ਸਿੰਘ ਦੇ ਗ੍ਰਿਹ ਫ਼ਤਿਹ ਗੜ੍ਹ ★

ਆਦਿ ਜੁਗਾਦੀ ਥਾਪਣ ਥਾਪ, ਜੁਗ ਚੌਕੜੀ ਖੇਲ ਕਰਾਇੰਦਾ । ਨਿਰਗੁਣ ਸਰਗੁਣ ਦੇ ਦੇ ਜਾਪ, ਨਾਮ ਨਿਧਾਨਾ ਆਪ ਦ੍ਰਿੜਾਇੰਦਾ । ਸਤਿ ਸਤਿਵਾਦੀ ਵੇਖੇ ਖੇਲ ਤਮਾਸ਼, ਬ੍ਰਹਮ ਬ੍ਰਹਿਮਾਦੀ ਖੋਜ ਖੁਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਰਾਇੰਦਾ । ਸਾਚੀ ਕਰਨੀ ਕਰਨੇ ਯੋਗ, ਸੋ ਪੁਰਖ ਨਿਰੰਜਣ ਵਡ ਵਡਿਆਈਆ । ਹਰਿ ਪੁਰਖ ਨਿਰੰਜਣ ਮੇਲਣਹਾਰਾ ਧੁਰ ਸੰਜੋਗ, ਧੁਰ ਦਰਬਾਰੀ ਬੇਪਰਵਾਹੀਆ । ਏਕੰਕਾਰਾ ਕੱਟਣਹਾਰਾ ਰੋਗ, ਹਉਮੇ ਹੰਗਤਾ ਗੜ੍ਹ ਤੁੜਾਈਆ । ਆਦਿ ਨਿਰੰਜਣ ਪਰਗਟਾਵਣਹਾਰਾ ਸਾਚੀ ਜੋਤ, ਨਿਰਮਲ ਜੋਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਜਣਾਈਆ । ਸਾਚਾ ਖੇਲ ਕਰੇ ਕਰਤਾਰ, ਸੋ ਪੁਰਖ ਨਿਰੰਜਣ ਵੇਸ ਵਟਾਇੰਦਾ । ਹਰਿ ਪੁਰਖ ਨਿਰੰਜਣ ਖੋਲ੍ਹ ਕਿਵਾੜ, ਨਿਰਗੁਣ ਆਪਣਾ ਰਾਹ ਜਣਾਇੰਦਾ । ਏਕੰਕਾਰਾ ਪਾਵੇ ਸਾਰ, ਇਕ ਇਕੱਲਾ ਦਇਆ ਕਮਾਇੰਦਾ । ਆਦਿ ਨਿਰੰਜਣ ਹੋ ਉਜਿਆਰ, ਦੀਪਕ ਦੀਆ ਡਗਮਗਾਇੰਦਾ । ਅਬਿਨਾਸ਼ੀ ਕਰਤਾ ਬੰਨ੍ਹੇ ਧਾਰ, ਸਮਰਥ ਆਪਣੀ ਕਾਰ ਕਮਾਇੰਦਾ । ਸ੍ਰੀ ਭਗਵਾਨ ਦੋ ਜਹਾਨਾਂ ਕਰੇ ਖ਼ਬਰਦਾਰ, ਬੇਖ਼ਬਰ ਖ਼ਬਰ ਆਪ ਸੁਣਾਇੰਦਾ । ਪਾਰਬ੍ਰਹਮ ਬ੍ਰਹਮ ਆਤਮ ਕਰੇ ਪਿਆਰ, ਲੱਖ ਚੁਰਾਸੀ ਰੰਗ ਰੰਗਾਇੰਦਾ । ਸ਼ਾਹੋ ਭੂਪ ਸ਼ਹਿਨਸ਼ਾਹ ਸਿਕਦਾਰ, ਸਤਿ ਸਤਿਵਾਦੀ ਇਕ ਅਖਵਾਇੰਦਾ । ਧੁਰ ਫ਼ਰਮਾਣਾ ਦੇਵਣਹਾਰ, ਬੋਧ ਅਗਾਧੀ ਨਾਮ ਦ੍ਰਿੜਾਇੰਦਾ । ਲੇਖਾ ਜਾਣ ਗੁਰ ਅਵਤਾਰ, ਪੀਰ ਪੈਗ਼ੰਬਰ ਮਾਰਗ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਕਰਾਇੰਦਾ । ਸਾਚੀ ਖੇਲ ਕਰੇ ਮਿਹਰਵਾਨ, ਮਿਹਰ ਨਜ਼ਰ ਉਠਾਈਆ । ਜੁਗ ਚੌਕੜੀ ਹੋ ਪਰਧਾਨ, ਨਾਮ ਪਰਧਾਨਗੀ ਇਕ ਵਖਾਈਆ । ਗੁਰ ਅਵਤਾਰ ਦੇ ਦਾਨ, ਪੀਰ ਪੈਗ਼ੰਬਰ ਸਿਫ਼ਤ ਸਾਲਾਹੀਆ । ਸ਼ਬਦ ਅਗੰਮੀ ਧੁਰ ਫ਼ਰਮਾਣ, ਸਚ ਸੰਦੇਸਾ ਇਕ ਜਣਾਈਆ । ਲੇਖਾ ਜਾਣ ਜੀਵ ਜਹਾਨ, ਜੀਵਣ ਜੁਗਤ ਦਏ ਦ੍ਰਿੜਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਇਕ ਸਮਝਾਈਆ । ਅੰਜੀਲ ਕੁਰਾਨ ਕਰ ਪਰਵਾਨ, ਤੀਸ ਬਤੀਸਾ ਸਿਫ਼ਤ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਆਪ ਲਿਖਾਈਆ । ਧੁਰ ਦਾ ਲੇਖਾ ਪੁਰਖ ਸਮਰਥ, ਆਦਿ ਮਧ ਆਪਣੀ ਧਾਰ ਚਲਾਇੰਦਾ । ਜੁਗਾਦਿ ਰੱਖੇ ਆਪਣੇ ਹੱਥ, ਭੇਵ ਕੋਇ ਨਾ ਪਾਇੰਦਾ । ਨਿਰਵੈਰ ਨਿਰੰਕਾਰ ਨਿਰਾਕਾਰ ਮਾਰਗ ਦੱਸ, ਸਤਿ ਸਤਿਵਾਦੀ ਕਾਰ ਕਮਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਸ਼ਬਦੀ ਧਾਰ ਕਰ ਪਰਗਟ, ਭੇਵ ਅਭੇਦ ਜਣਾਇੰਦਾ । ਲੋਕ ਪਰਲੋਕ ਅਵਣ ਗਵਣ ਤ੍ਰੈਭਵਣ ਖੋਲ੍ਹ ਹੱਟ, ਵਣਜ ਵਣਜਾਰਾ ਇਕੋ ਨਜ਼ਰੀ ਆਇੰਦਾ । ਗ੍ਰਿਹ ਮੰਦਰ ਮਹੱਲ ਅਟੱਲ ਉਚ ਮਨਾਰ ਮੁਕਾਮੇ ਹੱਕ ਆਪੇ ਵਸ, ਪਰਵਰਦਿਗਾਰ ਬੇਪਰਵਾਹ ਅਥਾਹ ਆਪਣੀ ਕਾਰ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ

ਜਣਾਇੰਦਾ । ਭੇਵ ਅਭੇਦਾ ਦੱਸਣਹਾਰਾ, ਆਦਿ ਪੁਰਖ ਵੱਡੀ ਵਡਿਆਈਆ । ਸਚਖੰਡ ਸੋਹੇ ਸਚ ਦਰਬਾਰਾ, ਸਚ ਸਿੰਘਾਸਣ ਸੋਭਾ ਪਾਈਆ । ਸੀਸ ਜਗਦੀਸ਼ ਇਕ ਉਜਿਆਰਾ, ਨੂਰ ਨੁਰਾਨਾ ਨੂਰ ਰੁਸ਼ਨਾਈਆ । ਸੰਦੇਸਾ ਦੇਵੇ ਵਾਰੋ ਵਾਰਾ, ਨਰ ਨਰੇਸ਼ਾ ਹੁਕਮ ਮਨਾਈਆ । ਸ਼ਬਦੀ ਸ਼ਬਦ ਸੁਤ ਦੁਲਾਰਾ, ਚਰਨ ਕਵਲ ਕਵਲ ਚਰਨ ਇਕ ਧਿਆਨ ਰਖਾਈਆ । ਵਿਸ਼ਨ ਬ੍ਰਹਮਾ ਸ਼ਿਵ ਸੇਵਾਦਾਰਾ, ਸਾਚੀ ਸੇਵਾ ਇਕ ਦ੍ਰਿੜਾਈਆ । ਤ੍ਰੈਗੁਣ ਲੇਖਾ ਅਗੰਮ ਅਪਾਰਾ, ਪੰਜ ਤੱਤ ਦਏ ਵਡਿਆਈਆ । ਆਤਮ ਪਰਮਾਤਮ ਦੇ ਸਹਾਰਾ, ਪਰਮ ਪੁਰਖ ਵੇਖ ਵਖਾਈਆ । ਪਾਰਬ੍ਰਹਮ ਬ੍ਰਹਮ ਦੇਵੇ ਧਾਰਾ, ਧਾਰ ਧਾਰ ਵਿਚੋਂ ਜਣਾਈਆ । ਈਸ਼ ਜੀਵ ਇਕ ਕਿਨਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਆਪਣੇ ਹੱਥ ਰਖਾਈਆ । ਸਾਚਾ ਲੇਖਾ ਏਕਾ ਏਕ, ਆਦਿ ਜੁਗਾਦਿ ਆਪਣੇ ਹੱਥ ਰਖਾਇੰਦਾ । ਨਿਰਗੁਣ ਸਰਗੁਣ ਧਰੇ ਭੇਖ, ਜੁਗ ਚੌਕੜੀ ਵੇਖ ਵਖਾਇੰਦਾ । ਸ਼ਬਦ ਅਗੰਮ ਦਏ ਸੰਦੇਸ, ਨਾਉਂ ਨਿਰੰਕਾਰਾ ਆਪ ਦ੍ਰਿੜਾਇੰਦਾ । ਨਿਰਵੈਰ ਨਿਰਾਕਾਰ ਰਹੇ ਹਮੇਸ਼, ਜੀਵਣ ਮਰਨ ਵਿਚ ਕਦੇ ਨਾ ਆਇੰਦਾ । ਸਦਾ ਸਦਾ ਸਦ ਖੇਲਾਂ ਰਿਹਾ ਖੇਲ, ਬਣ ਖਲਾਰੀ ਖੇਲ ਕਰਾਇੰਦਾ । ਗੁਰ ਅਵਤਾਰ ਲੋਕਮਾਤ ਭੇਜ, ਕਿਰਨ ਕਿਰਨ ਵੰਡ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਆਪ ਰੰਗਾਇੰਦਾ । ਜੁਗ ਚੌਕੜੀ ਰੰਗ ਅਪਾਰਾ, ਸੋ ਪੁਰਖ ਨਿਰੰਜਣ ਆਪ ਰੰਗਾਈਆ । ਲੱਖ ਚੁਰਾਸੀ ਰਚ ਅਖਾੜਾ, ਬਣ ਨਟੂਆ ਸਾਂਗ ਵਰਤਾਈਆ । ਵਿਸ਼ਨ ਬ੍ਰਹਮਾ ਸ਼ਿਵ ਸੇਵਾਦਾਰਾ, ਸੇਵਾ ਇਕੋ ਇਕ ਸਮਝਾਈਆ । ਗੁਰ ਸ਼ਬਦੀ ਕਰ ਪਿਆਰਾ, ਭੇਵ ਅਭੇਦ ਖੁਲ੍ਹਾਈਆ । ਪੰਜ ਤੱਤ ਦੇ ਸਹਾਰਾ, ਤਤਵ ਤਤ ਵੇਖ ਵਖਾਈਆ । ਪਾਰਬ੍ਰਹਮ ਬ੍ਰਹਮ ਦੇ ਆਧਾਰਾ, ਆਤਮ ਪਰਮਾਤਮ ਜੋੜ ਜੁੜਾਈਆ । ਨਿਰਮਲ ਦੀਆ ਕਰ ਉਜਿਆਰਾ, ਜੋਤੀ ਜੋਤ ਕਰੇ ਰੁਸ਼ਨਾਈਆ । ਲੇਖਾ ਜਾਣ ਧੁਰ ਦਰਬਾਰਾ, ਧੁਰ ਦੀ ਕਾਰ ਆਪ ਕਮਾਈਆ । ਆਪਣੀ ਇਛਿਆ ਭਰ ਭੰਡਾਰਾ, ਸਾਚੀ ਭਿਛਿਆ ਝੋਲੀ ਪਾਈਆ । ਸਰਗੁਣ ਲੈ ਆਪ ਅਵਤਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਸੇਵਾ ਆਪ ਲਗਾਈਆ । ਨਿਰਗੁਣ ਸਰਗੁਣ ਖੇਲ ਅਗੰਮ, ਅਗੰਮੜੀ ਕਾਰ ਕਰਾਇੰਦਾ । ਪੰਜ ਤੱਤ ਤੱਤ ਪਏ ਜੰਮ, ਨਿਰਗੁਣ ਨੂਰ ਨਜ਼ਰ ਕਿਸੇ ਨਾ ਆਇੰਦਾ । ਲੇਖਾ ਜਾਣੇ ਜਨਨੀ ਜਨ, ਦਾਈ ਦਾਇਆ ਸੇਵ ਕਮਾਇੰਦਾ । ਪਰਗਟ ਹੋ ਸ੍ਰੀ ਭਗਵਨ, ਜਨ ਭਗਤਾਂ ਰਾਹ ਵਖਾਇੰਦਾ । ਨਾਤਾ ਤੋੜ ਮਤ ਬੁਧ ਮਨ, ਮਨਸਾ ਆਪਣੇ ਵਿਚ ਮਿਲਾਇੰਦਾ । ਸਾਚਾ ਰਾਗ ਸੁਣਾਏ ਬਿਨ ਕੰਨ, ਬਿਨ ਅੱਖਾਂ ਆਪ ਵਖਾਇੰਦਾ । ਨਿਰਮਲ ਨੂਰ ਚਾੜ੍ਹੇ ਚੰਨ, ਸੂਰਜ ਚੰਦ ਨੈਣ ਸ਼ਰਮਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਬੇੜਾ ਬੰਨ੍ਹ, ਜੁਗ ਚੌਕੜੀ ਪਾਰ ਕਰਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਧੰਨ ਧੰਨ ਧੰਨ, ਬੇਅੰਤ ਬੇਅੰਤ ਬੇਅੰਤ ਸਰਬ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਖ਼ਾਲਕ ਖ਼ਲਕ ਵੇਖ ਵਖਾਇੰਦਾ । ਖ਼ਾਲਕ ਖ਼ਲਕ ਵੇਖੇ ਪਰਵਰਦਿਗਾਰ, ਬੇਪਰਵਾਹ ਵੱਡੀ ਵਡਿਆਈਆ । ਆਦਿ ਜੁਗਾਦੀ ਸਾਂਝਾ ਯਾਰ, ਸ਼ਿਰਕਤ ਵਿਚ ਕਦੇ ਨਾ ਆਈਆ । ਵਰਨ ਬਰਨ ਜ਼ਾਤ ਪਾਤ ਊਚ ਨੀਚ ਰਾਉ ਰੰਕ ਵਸਿਆ ਬਾਹਰ, ਦੀਨ ਮਜ਼੍ਹਬ ਨਾ ਵੰਡ ਵੰਡਾਈਆ । ਪੀਰ ਪੈਗ਼ੰਬਰਾਂ ਦਏ ਆਧਾਰ, ਕਲਮਾ ਨਬੀ ਰਸੂਲ ਜਣਾਈਆ । ਗੁਰ ਅਵਤਾਰਾਂ ਖੋਲ੍ਹ ਕਿਵਾੜ, ਆਤਮ ਪਰਮਾਤਮ ਇਕੋ ਘਰ ਦਸਾਈਆ । ਕਰ ਪਰਕਾਸ਼ ਬਹੱਤਰ ਨਾੜ, ਅਗਿਆਨ ਅੰਧੇਰ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ

ਕਰਨੀ ਆਪਣੇ ਹੱਥ ਰਖਾਈਆ । ਸਾਚੀ ਕਰਨੀ ਜੁਗ ਜੁਗ ਕਰਦਾ, ਕਰਨਹਾਰ ਅਖਵਾਇੰਦਾ । ਨਿਰਭੈ ਹੋ ਕਦੇ ਨਾ ਡਰਦਾ, ਭੌ ਆਪਣਾ ਸਰਬ
ਵਖਾਇੰਦਾ । ਅਗਨੀ ਹਵਨ ਕਦੇ ਨਾ ਸੜਦਾ, ਮੜ੍ਹੀ ਗੋਰ ਨਾ ਕੋਇ ਦਬਾਇੰਦਾ । ਆਪਣਾ ਨਿਸ਼ਅੱਖਰ ਨਾਉਂ ਪੜ੍ਹਦਾ, ਅੱਖਰ ਅੱਖਰ ਵੰਡ ਵੰਡਾਇੰਦਾ ।
ਆਪਣੇ ਦੁਆਰੇ ਆਪੇ ਖੜਦਾ, ਸਚ ਸਿੰਘਾਸਣ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਅਵਤਾਰ ਪੀਰ
ਪੈਗ਼ੰਬਰ ਆਪੇ ਘੱਲਦਾ, ਸਚ ਸੰਦੇਸਾ ਹੁਕਮ ਮਨਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਦੇਵੇ ਦਾਤ, ਦਾਤਾ ਦਾਨੀ ਵਡ ਵਡਿਆਈਆ । ਸਤਿਜੁਗ
ਤ੍ਰੇਤਾ ਦੁਆਪਰ ਕਲਜੁਗ ਨੌਂ ਸੌ ਚੁਰਾਨਵੇਂ ਚੌਕੜੀ ਜੁਗ ਪੁਆਈ ਰਾਸ, ਮੰਡਲ ਮੰਡਪ ਗੋਪੀ ਕਾਹਨ ਨਚਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ
ਗੀਤਾ ਗਿਆਨ ਅੰਜੀਲ ਕੁਰਾਨ ਆਪਣਾ ਦੱਸਿਆ ਸਚ ਖ਼ੁਲਾਸ, ਖ਼ੁਲਾਸਾ ਇਕੋ ਇਕ ਦ੍ਰਿੜਾਇੰਦਾ । ਖਾਣੀ ਬਾਣੀ ਬੋਧ ਅਗਾਧ ਵੇਖਣਹਾਰਾ ਆਬੇ
ਹਯਾਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਜਣਾਇੰਦਾ । ਸਾਚੀ ਕਰਨੀ ਗੁਰ ਅਵਤਾਰਾ, ਗੁਰ ਗੁਰ
ਰਾਗ ਅਲਾਈਆ । ਸਾਚੀ ਕਰਨੀ ਪੀਰ ਪੈਗ਼ੰਬਰ ਦੇ ਸਹਾਰਾ, ਦਸਤਗੀਰ ਦਸਤ ਮਿਲਾਈਆ । ਸਾਚੀ ਕਰਨੀ ਭਗਤ ਭੰਡਾਰਾ, ਸ੍ਰੀ ਭਗਵਾਨ
ਆਪ ਵਰਤਾਈਆ । ਸਾਚੀ ਕਰਨੀ ਸੰਤ ਦੁਲਾਰਾ, ਹਰਿ ਸਤਿਗੁਰ ਵੇਖ ਵਖਾਈਆ । ਸਾਚੀ ਕਰਨੀ ਗੁਰਮੁਖ ਉਜਿਆਰਾ, ਗੁਰ ਗੁਰ ਰਾਗ
ਅਲਾਈਆ । ਸਾਚੀ ਕਰਨੀ ਗੁਰਸਿਖ ਪਿਆਰਾ, ਗੁਰ ਚਰਨ ਧਿਆਨ ਵਡਿਆਈਆ । ਸਾਚੀ ਕਰਨੀ ਪੁਰਖ ਅਕਾਲ ਸਭ ਨਾਲ ਕਰੇ ਪਿਆਰਾ,
ਦੂਈ ਦਵੈਤ ਨਾ ਕੋਇ ਰਖਾਈਆ । ਪੀਰ ਪੈਗ਼ੰਬਰ ਉਚੀ ਕੂਕ ਕੂਕ ਲੌਂਦੇ ਗਏ ਨਾਅਰਾ, ਨਾਅਰਾ ਹੱਕ ਹੱਕ ਜਣਾਈਆ । ਪੀਰ ਪੈਗ਼ੰਬਰ ਬਣਦੇ

ਰਹੇ ਭਿਖਾਰਾ, ਦਰ ਦਰਵੇਸ਼ ਅਲੱਖ ਜਗਾਈਆ । ਗੁਰ ਅਵਤਾਰ ਕਰਦੇ ਰਹੇ ਨਿਮਸਕਾਰਾ, ਨਿਉਂ ਨਿਉਂ ਸੀਸ ਝੁਕਾਈਆ । ਕਲਜੁਗ ਅੰਤਮ

ਨਿਹਕਲੰਕ ਪਰਗਟ ਹੋਏ ਮਹਾਂਬਲੀ ਅਵਤਾਰਾ, ਕਲ ਕਲਕੀ ਫੇਰਾ ਪਾਈਆ । ਜੁਗ ਚੌਕੜੀ ਕਰੇ ਪਾਰ ਕਿਨਾਰਾ, ਕੂੜੀ ਕਿਰਿਆ ਮੇਟ ਮਿਟਾਈਆ ।
ਜੂਠ ਝੂਠ ਡੋਬੇ ਵਿਚ ਮੰਝਧਾਰਾ, ਸ਼ੌਹ ਦਰਿਯਾਏ ਆਪ ਰੁੜ੍ਹਾਈਆ । ਸਚ ਸੁੱਚ ਕਰੇ ਵਰਤਾਰਾ, ਸਾਚੀ ਸਿਖਿਆ ਇਕ ਸਮਝਾਈਆ । ਆਤਮ
ਪਰਮਾਤਮ ਦੇ ਸਹਾਰਾ, ਸੋਹੰ ਢੋਲਾ ਇਕੋ ਗਾਈਆ । ਬਣ ਵਿਚੋਲਾ ਏਕੰਕਾਰਾ, ਹਰਿਜਨ ਸਾਚੇ ਲਏ ਮਿਲਾਈਆ । ਨਾਤਾ ਤੋੜ ਸਰਬ ਸੰਸਾਰਾ,
ਪੁਰਖ ਬਿਧਾਤਾ ਆਪਣੇ ਨਾਲ ਮਿਲਾਈਆ । ਦੇਵੇ ਦਰਸ ਅਗੰਮ ਅਪਾਰਾ, ਅਲੱਖ ਅਗੋਚਰ ਪਰਦਾ ਲਾਹੀਆ । ਰਾਤੀ ਰੁੱਤੀ ਥਿਤੀ ਜਾਣੇ ਵਾਰਾ,
ਵੇਲਾ ਵਕਤ ਆਪਣੇ ਹੱਥ ਦਰਸਾਈਆ । ਕਾਗ਼ਦ ਕਲਮ ਨਾ ਲਿਖਣਹਾਰਾ, ਸਮੁੰਦ ਸਾਗਰ ਨੇਤਰ ਰੋਵੇ ਕਲਮ ਸ਼ਾਹੀਆ । ਲੇਖਾ ਜਾਣੇ ਨਾ ਚੌਦਾਂ
ਭਾਰਾ, ਬਨਾਸਪਤ ਦਏ ਦੁਹਾਈਆ । ਚਰਨ ਬੰਦਨਾ ਕਰਨ ਗੁਰ ਅਵਤਾਰਾ, ਡੰਡੌਤ ਇਕੋ ਇਕ ਰਖਾਈਆ । ਸਰਬ ਜੀਆਂ ਦਾ ਸਾਂਝਾ ਯਾਰਾ,
ਬੇਮੁਕਾਮ ਫੇਰਾ ਪਾਈਆ । ਹਜ਼ਰਤ ਹੋਏ ਆਪੇ ਜ਼ਾਹਰਾ, ਹਜ਼ੂਰ ਆਪਣੀ ਕਲ ਧਰਾਈਆ । ਸਤਿਜੁਗ ਖੋਲ੍ਹੇ ਸਚ ਕਿਵਾੜਾ, ਬੰਦ ਕੁਆੜੀ ਕੁੰਡਾ
ਲਾਹੀਆ । ਚਾਰ ਵਰਨ ਵੇਖੇ ਇਕ ਦੁਆਰਾ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਨਜ਼ਰ ਕੋਇ ਨਾ ਆਈਆ । ਸ੍ਰਿਸ਼ਟ ਸਬਾਈ ਰਸਨਾ ਜਿਹਵਾ ਬੱਤੀ
ਦੰਦ ਗਾਏ ਇਕੋ ਵਾਰਾ, ਨਾਮ ਨਿਧਾਨਾ ਇਕ ਜਣਾਈਆ । ਇਸ਼ਟ ਦੇਵ ਗੁਰ ਸਵਾਮੀ ਨਜ਼ਰੀ ਆਏ ਹਰਿ ਕਰਤਾਰਾ, ਪੁਰਖ ਅਕਾਲ ਵੱਜੇ ਵਧਾਈਆ ।
ਵਿਸ਼ਨ ਬ੍ਰਹਮਾ ਸ਼ਿਵ ਨੇਤਰ ਰੋਵਣ ਜ਼ਾਰੋ ਜ਼ਾਰਾ, ਧੀਰਜ ਧੀਰ ਨਾ ਕੋਇ ਧਰਾਈਆ । ਕਰੋੜ ਤੇਤੀਸਾ ਕਰੇ ਹਾਹਾਕਾਰਾ, ਸੁਰਪਤ ਇੰਦ ਨਾ ਕੋਇ

ਵਡਿਆਈਆ । ਰਵ ਸਸ ਨਾ ਦਿਸੇ ਕੋਇ ਉਜਿਆਰਾ, ਚੌਦਸ ਚੰਦ ਨਾ ਕੋਇ ਚਮਕਾਈਆ । ਚੌਦਾਂ ਤਬਕ ਲੱਗੇ ਅਖਾੜਾ, ਕਲਜੁਗ ਅੰਤਮ ਨਾਚ ਨਚਾਈਆ । ਲੱਗੇ ਅੱਗ ਤੱਤੀ ਹਾੜਾ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਲੇਖਾ ਚੁੱਕੇ ਜੰਗਲ ਜੂਹ ਉਜਾੜ ਪਹਾੜਾ, ਉਚੇ ਟਿੱਲੇ ਪਰਬਤ ਫੋਲ ਫੁਲਾਈਆ । ਨਾਤਾ ਤੁਟੇ ਸੱਜਣਾਂ ਯਾਰਾ, ਮਿੱਤਰ ਮਿੱਤਰਾਂ ਨਜ਼ਰ ਕੋਇ ਨਾ ਆਈਆ । ਨਾਰ ਕੰਤ ਨਾ ਕੋਇ ਪਿਆਰਾ, ਸੇਜ ਸੁਹੰਜਣੀ ਨਾ ਦਏ ਵਖਾਈਆ । ਬਿਨ ਸਤਿਗੁਰ ਪੂਰੇ ਕੋਈ ਨਾ ਕਰੇ ਪਾਰ ਕਿਨਾਰਾ, ਫੜ ਬਾਹੋਂ ਪਾਰ ਨਾ ਕੋਇ ਕਰਾਈਆ । ਨਾਨਕ ਗੋਬਿੰਦ ਬਣਿਆ ਅੰਤ ਲਿਖਾਰਾ, ਲੇਖਾ ਲਿਖ ਕੇ ਗਿਆ ਸਮਝਾਈਆ । ਪੁਰਖ ਅਕਾਲ ਦੀਨ ਦਿਆਲ ਪਰਗਟ ਹੋਏ ਮਹਾਂਬਲੀ ਅਵਤਾਰਾ, ਜਨਨੀ ਜਨ ਨਾ ਗੋਦ ਬਹਾਈਆ । ਖੜਗ ਖੰਡਾ ਤੇਜ਼ ਪਰਚੰਡਾ ਬ੍ਰਹਿਮੰਡਾਂ ਮਾਰੇ ਵਾਰੋ ਵਾਰਾ, ਧਾਰ ਨਜ਼ਰ ਕਿਸੇ ਨਾ ਆਈਆ । ਅਗੰਮ ਅਥਾਹ ਬੇਪਰਵਾਹ ਸ਼ਹਿਨਸ਼ਾਹ ਹੋਏ ਆਪ ਸਵਾਰਾ, ਸ਼ਾਹ ਸਵਾਰਾ ਫੇਰਾ ਪਾਈਆ । ਲੱਖ ਚੁਰਾਸੀ ਘਟ ਘਟ ਵਾਸੀ ਪੁਰਖ ਅਬਿਨਾਸ਼ੀ ਵੇਖਣਹਾਰਾ, ਨਿਜ ਆਤਮ ਪਰਮਾਤਮ ਪਰਦਾ ਆਪ ਉਠਾਈਆ । ਜਨ ਭਗਤਾਂ ਦੇਵੇ ਇਕ ਪਿਆਰਾ, ਪਰਮ ਪੁਰਖ ਪ੍ਰੀਤੀ ਇਕ ਦ੍ਰਿੜਾਈਆ । ਸੋਹੰ ਸ਼ਬਦ ਆਤਮ ਪਰਮਾਤਮ ਆਦਿ ਜੁਗਾਦੀ ਸ਼ਬਦ ਅਨਾਦੀ ਜੁਗ ਜੁਗ ਸੱਚਾ ਨਾਅਰਾ, ਨਰ ਨਰਾਇਣ ਆਪ ਜਣਾਈਆ । ਏਕਾ ਦੂਆ ਵੇਖਣਹਾਰਾ, ਤੀਜਾ ਨੈਣ ਆਪ ਖੁਲ੍ਹਾਈਆ । ਚੌਥੇ ਪਦ ਦੇ ਹੁਲਾਰਾ, ਪੰਚਮ ਲੇਖਾ ਦਏ ਚੁਕਾਈਆ । ਛੇਵੇਂ ਘਰ ਕਰੇ ਪਿਆਰਾ, ਸਤਿ ਸਤਿਵਾਦੀ ਹੋਏ ਸਹਾਈਆ । ਅੱਠਾਂ ਤੱਤਾਂ ਕਰ ਕਿਨਾਰਾ, ਅਪ ਤੇਜ ਵਾਏ ਪ੍ਰਿਥਮੀ ਆਕਾਸ਼, ਮਨ ਮਤ ਬੁਧ ਨਾ ਕੋਇ ਲੜਾਈਆ । ਨੌਂ ਦਰ ਵੇਖੇ ਵੇਖਣਹਾਰਾ, ਦਸਵੇਂ ਆਪਣੀ ਬੂਝ ਬੁਝਾਈਆ । ਸੁਖਮਨ ਟੇਡੀ ਬੰਕ ਕਰੇ ਪਾਰ ਕਿਨਾਰਾ, ਈੜਾ ਪਿੰਗਲ ਮੂੰਹ ਦੇ ਭਾਰ ਸੁਟਾਈਆ । ਅੰਮ੍ਰਿਤ ਆਤਮ ਨਿਝਰ ਝਿਰਨਾ ਦੇਵੇ ਠੰਡਾ ਠਾਰਾ, ਸਰ ਸਰੋਵਰ ਇਕ ਨੁਹਾਈਆ । ਕਾਗ ਹੰਸ ਮਾਰੇ ਉਡਾਰਾ, ਸੋਹੰ ਹੰਸਾ ਰੂਪ ਵਟਾਈਆ । ਸੁਰਤੀ ਸ਼ਬਦ ਕਰੇ ਪਿਆਰਾ, ਪ੍ਰੇਮੀ ਇਕੋ ਨਜ਼ਰੀ ਆਈਆ । ਆਤਮ ਸੇਜਾ ਦਏ ਹੁਲਾਰਾ, ਸੇਜ ਸੁਹੰਜਣੀ ਇਕ ਵਡਿਆਈਆ । ਦੀਆ ਬਾਤੀ ਕਮਲਾਪਾਤੀ ਕਰ ਉਜਿਆਰਾ, ਜੋਤ ਨਿਰੰਜਣ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸੰਤ ਸੁਹੇਲਾ ਗੁਰੂ ਗੁਰ ਚੇਲਾ, ਗੋਬਿੰਦ ਮੀਤਾ ਠਾਂਡਾ ਸੀਤਾ ਤ੍ਰੈਗੁਣ ਅਤੀਤਾ, ਤ੍ਰੈਭਵਨ ਧਨੀ ਆਪਣੀ ਦਇਆ ਕਮਾਈਆ । ਆਪਣੀ ਦਇਆ ਕਮਾਏ ਠਾਕਰ, ਸ਼ਹਿਨਸ਼ਾਹ ਆਪਣਾ ਰੰਗ ਰੰਗਾਇੰਦਾ । ਜਨ ਭਗਤਾਂ ਨਿਰਮਲ ਕਰਮ ਕਰੇ ਉਜਾਗਰ, ਜਾਗਰਤ ਜੋਤ ਆਪ ਜਗਾਇੰਦਾ । ਨਾਮ ਕਰਾਏ ਵਣਜ ਸੌਦਾਗਰ, ਹੱਟ ਇਕੋ ਇਕ ਵਖਾਇੰਦਾ । ਮੇਲ ਮਿਲਾਵਾ ਕਰੀਮ ਕਾਦਰ, ਕਰਤਾ ਪੁਰਖ ਅੰਗ ਲਗਾਇੰਦਾ । ਦੇਵਣਹਾਰਾ ਸਿਦਕ ਸਬੂਰੀ ਸਾਦਰ, ਸਿਖਿਆ ਇਕੋ ਇਕ ਸਮਝਾਇੰਦਾ । ਏਥੇ ਓਥੇ ਦੋ ਜਹਾਨਾਂ ਦੇਵੇ ਆਦਰ, ਜਿਸ ਜਨ ਆਪਣਾ ਮੇਲ ਮਿਲਾਇੰਦਾ । ਕਾਇਆ ਵੇਖਣਹਾਰਾ ਡੂੰਘਾ ਸਾਗਰ, ਗਹਿਰ ਗੰਭੀਰ ਗੁਣੀ ਗਹੀਰ ਖੋਜ ਖੁਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਵੇਖ ਵਖਾਇੰਦਾ । ਜਨ ਭਗਤਾਂ ਵੇਖੇ ਖੋਲ੍ਹ ਤਾਕ, ਬਜ਼ਰ ਕਪਾਟੀ ਕੁੰਡਾ ਲਾਹੀਆ । ਗੋਬਿੰਦ ਪੂਰਾ ਕਰੇ ਭਵਿਖਤ ਵਾਕ, ਦਾਤਾ ਦਾਨ ਆਪਣੇ ਹੱਥ ਰਖਾਈਆ । ਆਤਮ ਪਰਮਾਤਮ ਸੱਜਣ ਸਾਕ, ਸਗਲਾ ਸੰਗ ਨਿਭਾਈਆ । ਲੇਖਾ ਜਾਣੇ ਪਾਕੀ ਪਾਕ, ਪਤਤ ਪੁਨੀਤ ਦਏ ਵਡਿਆਈਆ । ਪਾਰ ਉਤਾਰੇ ਫੜ ਕੇ ਘਾਟ, ਮੰਜਧਾਰ ਨਾ ਕੋਇ ਰੁੜ੍ਹਾਈਆ । ਲੇਖਾ ਚੁਕੇ ਆਨ

ਬਾਟ, ਮਾਤ ਗਰਭ ਨਾ ਫੇਰਾ ਪਾਈਆ । ਕਲਜੁਗ ਮਿਟੇ ਅੰਧੇਰੀ ਰਾਤ, ਸਤਿਜੁਗ ਸਾਚਾ ਚੰਦ ਚਮਕਾਈਆ । ਸੋਹੰ ਢੋਲਾ ਸੁਣਾਏ ਗਾਥ, ਸ਼ਬਦ ਅਗੰਮੀ ਕਰੇ ਪੜ੍ਹਾਈਆ । ਲੇਖਾ ਜਾਣੇ ਤ੍ਰਿਲੋਕੀ ਨਾਥ, ਅਨਾਥ ਅਨਾਥਾਂ ਵੇਖ ਵਖਾਈਆ । ਪਾਰਬ੍ਰਹਮ ਦਾ ਇਕੋ ਪੂਜਾ ਇਕੋ ਪਾਠ, ਇਕੋ ਇਸ਼ਟ ਇਕੋ ਦੇਵ ਹਵਨ ਇਕੋ ਵਾਰ ਕਰਾਈਆ । ਇਕੋ ਅੰਮ੍ਰਿਤ ਆਤਮ ਸਰੋਵਰ ਮਾਰੇ ਠਾਠ, ਗੰਗਾ ਗੋਦਾਵਰੀ ਜਮਨਾ ਸੁਰਸਤੀ ਅਠਸਠ ਤੀਰਥ ਨੈਣ ਸ਼ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਤ ਨਵਿਤ ਮੇਲ ਮਿਲਾਵਾ ਨਾਰ ਕੰਤ ਆਤਮ ਸੇਜ ਸੁਹੰਜਣੀ ਆਪ ਸੁਹਾਈਆ । ਆਤਮ ਸੇਜ ਸੁਹੰਜਣੀ, ਸੋਭਾਵੰਤ ਕਰਤਾਰ । ਜੋਤ ਜਗੇ ਇਕ ਨਿਰੰਜਣੀ, ਦੀਆ ਬਾਤੀ ਨਾ ਕੋਇ ਉਜਿਆਰ । ਚਰਨ ਧੂੜ ਸਾਚਾ ਮਜਨੀ, ਦੁਰਮਤ ਮੈਲ ਦਏ ਉਤਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਵੰਤ ਵਖਾਏ ਇਕ ਦੁਆਰ । ਹਰਿ ਭਗਤਾਂ ਦਇਆ ਕਮਾਇੰਦਾ, ਜੁਗ ਚੌਕੜੀ ਸਾਚੀ ਕਾਰ, ਕਲਜੁਗ ਅੰਤਮ ਵੇਖ ਵਖਾਇੰਦਾ, ਨਿਰਗੁਣ ਨਿਰਗੁਣ ਲੈ ਅਵਤਾਰ, ਸ਼ਬਦ ਅਗੰਮ ਡੰਕ ਵਜਾਇੰਦਾ, ਲੋਆਂ ਪੁਰੀਆਂ ਕਰੇ ਖ਼ਬਰਦਾਰ । ਰਾਉ ਰੰਕ ਆਪ ਜਗਾਇੰਦਾ, ਸ਼ਾਹ ਸੁਲਤਾਨਾ ਦਏ ਹੁਲਾਰ । ਲੱਖ ਚੁਰਾਸੀ ਵੇਖ ਵਖਾਇੰਦਾ, ਘਟ ਘਟ ਪਾਵੇ ਸਾਰ । ਮੰਦਰ ਮਸਜਿਦ ਮੱਠ ਸ਼ਿਵਦਵਾਲੇ ਫੋਲ ਫੁਲਾਇੰਦਾ, ਸ਼ਾਸਤਰ ਸਿਮਰਤ ਵੇਦ ਪੁਰਾਨ ਜਾਣੇ ਜਾਣਨਹਾਰ । ਭਗਤ ਭਗਵਾਨ ਆਪ ਆਪਣੇ ਅੰਗ ਲਗਾਇੰਦਾ, ਅੰਗੀਕਾਰ ਕਰੇ ਨਿਰੰਕਾਰ । ਨਿਰਗੁਣ ਸਰਗੁਣ ਸੰਗ ਨਿਭਾਇੰਦਾ, ਲੇਖਾ ਜਾਣੇ ਧੁਰ ਦਰਬਾਰ । ਆਤਮ ਅਨੰਦ ਇਕ ਵਖਾਇੰਦਾ, ਜਗਤ ਰਸ ਕਰ ਖ਼ੁਆਰ । ਗੀਤ ਸੁਹਾਗੀ ਛੰਦ ਜਣਾਇੰਦਾ, ਸੋਹੰ ਸ਼ਬਦ ਬੋਲ ਜੈਕਾਰ । ਸ਼ਬਦ ਵਿਚੋਲਾ ਵਿਚ ਰਖਾਇੰਦਾ, ਸਾਚੀ ਕਰਨੀ ਕਰੇ ਕਾਰ । ਭੋਲੇ ਭਾਉ ਆਪ ਵਡਿਆਇੰਦਾ, ਚੌਦਾਂ ਵਿਦਿਆ ਨਾ ਪਾਏ ਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਲੇਖਾ ਆਪ ਲਿਖਾਇੰਦਾ । ਹਰਿਜਨ ਲੇਖਾ ਲਿਖੇ ਲੇਖ, ਲਿਖਣਹਾਰ ਵੱਡੀ ਵਡਿਆਈਆ । ਵਸਣਹਾਰਾ ਸਚਖੰਡ ਸਾਚੇ ਦੇਸ, ਲੋਕਮਾਤ ਕਰੇ ਰੁਸ਼ਨਾਈਆ । ਕਮਲਾਪਾਤੀ ਕਰ ਕਰ ਭੇਸ, ਅਵੱਲੜੀ ਧਾਰ ਚਲਾਈਆ । ਮੁੱਛ ਦਾੜ੍ਹੀ ਨਾ ਕੋਇ ਕੇਸ, ਸੀਸ ਜਗਦੀਸ਼ ਨਾ ਕੋਇ ਮੁੰਡਾਈਆ । ਚਾਰ ਵਰਨ ਅਠਾਰਾਂ ਬਰਨ ਊਚ ਨੀਚ ਕਰੇ ਸਾਚਾ ਹੇਤ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਹਰਿਜਨ ਇਕੋ ਘਰ ਵਖਾਈਆ । ਹਰਿਜਨ ਵਖਾਏ ਇਕੋ ਘਰ, ਏਕੰਕਾਰ ਮੇਲ ਮਿਲਾਇਆ । ਆਵਣ ਜਾਵਣ ਚੁੱਕੇ ਡਰ, ਲੱਖ ਚੁਰਾਸੀ ਫੰਦ ਕਟਾਇਆ । ਨਾ ਜਨਮੇ ਨਾ ਜਾਏ ਮਰ, ਸਤਿਗੁਰ ਸਰਨ ਇਕ ਦ੍ਰਿੜਾਇਆ । ਮਾਣਸ ਜਨਮ ਨਾ ਜਾਏ ਹਰ, ਜਿਸ ਸਿਰ ਆਪਣਾ ਹੱਥ ਟਿਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਸਾਚਾ ਮਾਰਗ ਇਕ ਜਣਾਇਆ । ਸਾਚਾ ਮਾਰਗ ਹਰਿ ਨਿਰੰਕਾਰਾ, ਏਕੋ ਏਕ ਏਕ ਜਣਾਈਆ । ਚਾਰ ਵਰਨ ਵਰਨ ਸਹਾਰਾ, ਅਵਰਨ ਰੂਪ ਨਾ ਕੋਇ ਵਟਾਈਆ । ਦੇਵਣਹਾਰਾ ਨਾਮ ਭੰਡਾਰਾ, ਅਗਾਧ ਬੋਧ ਕਰੇ ਪੜ੍ਹਾਈਆ । ਲੇਖਾ ਮੁਕੇ ਗੁਰ ਅਵਤਾਰਾ, ਪੀਰ ਪੈਗ਼ੰਬਰ ਆਪਣੀ ਝੋਲੀ ਪਾਈਆ । ਪਰਗਟੇ ਇਕੋ ਭਗਤ ਦੁਆਰਾ, ਸ੍ਰੀ ਭਗਵਾਨ ਸੋਭਾ ਪਾਈਆ । ਪੀਰ ਪੈਗੰਬਰ ਗਾਵਣ ਸੱਚੀ ਵਾਰਾ, ਵਾਰਤਾ ਇਕੋ ਇਕ ਸੁਣਾਈਆ । ਪਿਛਲਾ ਨਾਤਾ ਤੁੱਟਾ ਵਿਚ ਸੰਸਾਰਾ, ਲੋਕਮਾਤ ਰਹਿਣ

ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭਗਤ ਭਗਵਾਨ ਇਕ ਨਿਸ਼ਾਨ, ਲੇਖਾ ਜਾਣੇ ਦੋ ਜਹਾਨ, ਆਤਮ ਪਰਮਾਤਮ ਵੇਖੇ ਮਾਰ ਧਿਆਨ, ਧਿਆਨ ਧਿਆਨ ਵਿਚ ਮਿਲਾਈਆ । ਭਗਤ ਭਗਵਾਨ ਸਾਚਾ ਮੀਤਾ, ਮਿੱਤਰ ਪਿਆਰਾ ਆਪ ਅਖਵਾਇੰਦਾ । ਜੁਗ ਚੌਕੜੀ ਸਾਚੀ ਰੀਤਾ, ਰੀਤੀਵਾਨ ਆਪ ਜਣਾਇੰਦਾ । ਸਤਿਜੁਗ ਸਾਚੇ ਲੇਖਾ ਜਾਣੇ ਹਸਤ ਕੀਟਾ, ਕੀਟ ਹਸਤ ਇਕੋ ਰੰਗ ਵਖਾਇੰਦਾ । ਕਰੇ ਖੇਲ ਸਾਹਿਬ ਅਨਡੀਠਾ, ਜਗਤ ਨੇਤਰ ਨਜ਼ਰ ਕਿਸੇ ਨਾ ਆਇੰਦਾ । ਨਾਮ ਨਿਧਾਨ ਗੁਰਮੁਖ ਵਿਰਲੇ ਪੀਤਾ, ਜਿਸ ਅੰਮ੍ਰਿਤ ਜਾਮ ਪਿਆਇੰਦਾ । ਅੰਦਰ ਬਾਹਰ ਠਾਂਡਾ ਸੀਤਾ, ਅਗਨੀ ਤੱਤ ਨਾ ਕੋਇ ਤਪਾਇੰਦਾ । ਮਨ ਹੋਏ ਨੀਕਨ ਨੀਕਾ, ਗੜ੍ਹ ਹੰਕਾਰ ਨਾ ਕੋਇ ਵਖਾਇੰਦਾ । ਲੇਖਾ ਜਾਣੇ ਜੀਵ ਜੀ ਕਾ, ਜੀਵਣ ਜੁਗਤ ਆਪ ਸਮਝਾਇੰਦਾ । ਪਾਰਬ੍ਰਹਮ ਮਿਲਣ ਦਾ ਬ੍ਰਹਮ ਤਰੀਕਾ, ਤਰ੍ਹਾ ਤਰ੍ਹਾ ਸਮਝਾਇੰਦਾ , ਜਿਸ ਦੀ ਗੁਰ ਅਵਤਾਰ ਪੀਰ ਪੈਗ਼ੰਬਰ ਰੱਖਦੇ ਗਏ ਉਡੀਕਾ, ਸੋ ਸਾਹਿਬ ਨਿਰਗੁਣ ਕਲਜੁਗ ਅੰਤਮ ਫੇਰਾ ਪਾਇੰਦਾ । ਖੇਲੇ ਖੇਲ ਬੀਸ ਬੀਸਾ, ਹਰਿ ਜਗਦੀਸ਼ਾ ਰਾਹ ਵਖਾਇੰਦਾ । ਸ਼ਾਹ ਸੁਲਤਾਨਾਂ ਖ਼ਾਲੀ ਖ਼ੀਸਾ, ਦਰ ਦਰ ਭਿਖਿਆ ਆਪ ਮੰਗਾਇੰਦਾ । ਤਾਜ ਰਹੇ ਨਾ ਕਿਸੇ ਸੀਸਾ, ਚੋਟੀ ਚੂੰਡੀ ਸਭ ਦੀ ਆਪ ਮੁੰਡਾਇੰਦਾ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਸ਼ਬਦ ਜਣਾਏ ਇਕ ਹਦੀਸਾ, ਹੁਕਮ ਇਕੋ ਇਕ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਨੌਜਵਾਨ, ਦੇਵਣਹਾਰਾ ਧੁਰ ਫ਼ਰਮਾਣ, ਨਾਮ ਸੰਦੇਸਾ ਇਕ ਸੁਣਾਇੰਦਾ ।


੧੭੦


੧੪

ਭਗਤ ਭਗਵਾਨ ਕਰ ਪਰਵਾਨ, ਪਰਮ ਪੁਰਖ ਦਏ ਬਿਆਨ, ਅੰਧ ਅਗਿਆਨ ਲੋਕਮਾਤ ਆਪ ਮਿਟਾਈਆ । ਸਤਿਗੁਰ ਚਰਨ ਕਰੋ ਧਿਆਨ, ਕਲਜੁਗ ਪੋਹ ਨਾ ਸਕੇ ਰਾਈਆ । ਰੋਗ ਸੋਗ ਸਰਬ ਮਿਟ ਜਾਣ, ਦੁੱਖ ਨੇੜ ਕੋਇ ਨਾ ਆਈਆ । ਸ਼ਰਅ ਮਾਰੇ ਨਾ ਕੋਇ ਸ਼ੈਤਾਨ, ਦੀਨ ਮਜ਼੍ਹਬ ਨਾ ਕੋਇ ਲੜਾਈਆ । ਗੁਰਮੁਖ ਹੋਏ ਨਾ ਕਦੇ ਵੈਰਾਨ, ਵੈਰੀ ਰੂਪ ਨਾ ਕੋਇ ਵਟਾਈਆ । ਆਤਮ ਬ੍ਰਹਮ ਮਿਲੇ ਗਿਆਨ, ਅੰਧ ਵਿਸ਼ਵਾਸ਼ ਦਏ ਚੁਕਾਈਆ । ਗੁਰ ਕਾ ਸ਼ਬਦ ਜੋ ਭੁਲੇ ਨਾਦਾਨ, ਦਰ ਦਰ ਚੋਟਾਂ ਖਾਈਆ । ਸਤਿਗੁਰ ਪੂਰਾ ਜੋਧਾ ਸੂਰਬੀਰ ਬਲੀ ਬਲਵਾਨ, ਬਲ ਆਪਣਾ ਆਪ ਧਰਾਈਆ । ਉਚੇ ਟਿੱਲੇ ਪਰਬਤ ਸਮੁੰਦ ਸਾਗਰ ਵੇਖੇ ਆਣ, ਮਾਤ ਗਰਭ ਹੋਏ ਸਹਾਈਆ । ਕਲਜੁਗ ਕੂੜੀ ਕਿਰਿਆ ਨਾ ਰੋੜ੍ਹੇ ਤੂਫ਼ਾਨ, ਧੱਕਾ ਅੰਤ ਨਾ ਕੋਇ ਲਗਾਈਆ । ਜਿਨ੍ਹਾਂ ਮਿਲਿਆ ਹਰਿ ਕਾ ਨਾਮ ਨਿਧਾਨ, ਤਿਨ੍ਹਾਂ ਭੌ ਨਾ ਵਿਆਪੇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਚ ਉਪਦੇਸ਼, ਪੁਰਖ ਅਕਾਲ ਮੰਨੋ ਇਕ ਨਰੇਸ਼, ਜਿਸ ਦੇ ਅੰਦਰ ਕਾਲ ਮਹਾਂਕਾਲ ਬੈਠੇ ਸੇਵ ਕਮਾਈਆ । ਪੁਰਖ ਅਕਾਲ ਮੰਨੋ ਦੀਨ ਦਿਆਲ, ਗੁਰ ਗੋਬਿੰਦ ਰਾਹ ਜਣਾਇੰਦਾ । ਸਤਿ ਪੁਰਖ ਦੇ ਬਣੋ ਲਾਲ, ਲਾਲ ਆਪਣੇ ਰੰਗ ਰੰਗਾਇੰਦਾ । ਤ੍ਰੈਗੁਣ ਮਾਇਆ ਤੋੜ ਜੰਜਾਲ, ਜਾਗਰਤ ਜੋਤ ਇਕ ਵਖਾਇੰਦਾ । ਨੇੜ ਨਾ ਆਏ ਅੰਤਮ ਕਾਲ, ਰਾਏ ਧਰਮ ਨਾ ਡੰਨ ਲਗਾਇੰਦਾ । ਚਿਤਰ ਗੁਪਤ ਲੇਖਾ ਨਾ ਸਕੇ ਵਖਾਲ, ਲਾੜੀ ਮੌਤ ਨਾ ਕੋਇ ਪਰਨਾਇੰਦਾ । ਭਿਆਨਕ ਵਿਚੋਂ ਭਿਆਨਕ ਵੇਖ ਸਤਿਗੁਰ ਗੁਰਮੁਖਾਂ ਆਪਣੀ ਗੋਦੀ ਲਏ ਉਠਾਲ,

ਸਿਰ ਆਪਣਾ ਹੱਥ ਰਖਾਇੰਦਾ । ਮਨਮੁਖ ਸਾਰੇ ਹੋਣ ਬੇਹਾਲ, ਦਰ ਢੋਈ ਕੋਈ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੱਜਣ ਸਖਾ ਪੁਰਖ ਅਕਾਲ ਸਤਿਗੁਰ ਮੰਨੋ ਦੀਨ ਦਿਆਲ, ਦਇਆਨਿਧ ਠਾਕਰ ਸਵਾਮੀ ਮਿਹਰ ਨਜ਼ਰ ਇਕ ਉਠਾਇੰਦਾ ।

★ ੨੦ ਚੇਤ ੨੦੨੦ ਬਿਕਰਮੀ ਮਹਿੰਦਰ ਸਿੰਘ ਦੇ ਗ੍ਰਹਿ ਹਰਨਾਮ ਪੁਰਾ ★

ਤਖ਼ਤ ਨਿਵਾਸੀ ਅਗੰਮ ਅਪਾਰ, ਨਰ ਨਿਰਾਕਾਰ ਵੱਡੀ ਵਡਿਆਈਆ । ਸ਼ਾਹੋ ਭੂਪ ਵਡ ਸਿਕਦਾਰ, ਸ਼ਹਿਨਸ਼ਾਹ ਬੇਪਰਵਾਹੀਆ । ਸਚਖੰਡ ਸੁਹਾਏ ਸਚ ਦਰਬਾਰ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਨਿਰਮਲ ਜੋਤ ਕਰ ਉਜਿਆਰ, ਨੂਰ ਨੁਰਾਨਾ ਡਗਮਗਾਈਆ । ਕਰੇ ਖੇਲ ਆਪ ਕਰਤਾਰ, ਕਰਤਾ ਕਰਨੀ ਆਪ ਕਮਾਈਆ । ਸੇਵਕ ਬਣੇ ਚੋਬਦਾਰ, ਦਰ ਦਰਵੇਸ਼ ਰੂਪ ਵਟਾਈਆ । ਸਚ ਸੰਦੇਸਾ ਦੇਵੇ ਏਕਾ ਵਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਧੁਰਦਰਗਾਹੀਆ । ਸਚ ਸਿੰਘਾਸਣ ਸੋਭਾਵੰਤ, ਸ਼ਾਹ ਪਾਤਸ਼ਾਹ ਰੰਗ ਰੰਗਾਇੰਦਾ । ਆਦਿ ਜੁਗਾਦੀ ਮਹਿਮਾ ਅਗਣਤ, ਲੇਖਾ ਲਿਖਤ ਵਿਚ ਨਾ ਆਇੰਦਾ । ਕਰੇ ਖੇਲ ਸ੍ਰੀ ਭਗਵੰਤ, ਸੋਭਾਵੰਤ ਧਾਮ ਸੁਹਾਇੰਦਾ । ਵੇਸ ਵਟਾ ਨਾਰ ਕੰਤ, ਸੇਜ ਸੁਹੰਜਣੀ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚਾ ਇਕ ਵਡਿਆਇੰਦਾ । ਦਰ ਘਰ ਸਾਚਾ ਸੋਭਨੀਕ, ਸਚਖੰਡ ਵੱਜੇ ਵਧਾਈਆ । ਬੇਪਰਵਾਹ ਲਾਸ਼ਰੀਕ, ਪਰਵਰਦਿਗਾਰ ਵੇਸ ਵਟਾਈਆ । ਅੰਧ ਅੰਧੇਰਾ ਨਾ ਕੋਇ ਤਾਰੀਕ, ਨੂਰ ਜ਼ਹੂਰ ਇਕ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤਖ਼ਤ ਸਿੰਘਾਸਣ ਇਕ ਵਡਿਆਈਆ । ਤਖ਼ਤ ਸੁਹਾਨਾ ਏਕਾ ਏਕ, ਏਕੰਕਾਰਾ ਆਪ ਸੁਹਾਇੰਦਾ । ਸਾਹਿਬ ਸੁਲਤਾਨ ਧਰ ਧਰ ਭੇਖ, ਬਿਨ ਰੰਗ ਰੂਪ ਡੇਰਾ ਲਾਇੰਦਾ । ਅਗੰਮ ਅਥਾਹ ਦਏ ਸੰਦੇਸ, ਅਨਾਦ ਅਨਾਦੀ ਰਾਗ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗ੍ਰਹਿ ਮੰਦਰ ਆਪ ਵਡਿਆਇੰਦਾ । ਗ੍ਰਹਿ ਮੰਦਰ ਸੋਹੇ ਸਚਖੰਡ, ਘਰ ਸਾਚੇ ਵੱਜੇ ਵਧਾਈਆ । ਸ਼ਾਹ ਪਾਤਸ਼ਾਹ ਸੂਰਾ ਸਰਬੰਗ, ਪੁਰਖ ਅਕਾਲ ਸੋਭਾ ਪਾਈਆ । ਨਿਰਵੈਰ ਨਿਰੰਕਾਰ ਨਿਰਾਕਾਰ ਵਜਾਏ ਰਾਗ ਅਨਹਦ, ਤਾਲ ਤਲਵਾੜਾ ਨਜ਼ਰ ਕਿਸੇ ਨਾ ਆਈਆ । ਕਰ ਪਰਕਾਸ਼ ਬਿਨ ਸੂਰਜ ਚੰਦ, ਜੋਤੀ ਜੋਤ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਅਪਾਰਾ, ਇਕ ਇਕੱਲਾ ਆਪ ਕਰਾਇੰਦਾ । ਸੀਸ ਨਿਵਾਇਣ ਗੁਰ ਅਵਤਾਰਾ, ਪੀਰ ਪੈਗ਼ੰਬਰ ਸਜਦਾ ਇਕ ਵਖਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਰੋਵਣ ਜ਼ਾਰੋ ਜ਼ਾਰਾ, ਨੇਤਰ ਨੈਣਾਂ ਨੀਰ ਵਹਾਇੰਦਾ । ਕਰੋੜ ਤੇਤੀਸਾ ਹਾਹਾਕਾਰਾ, ਧੀਰਜ ਧੀਰ ਨਾ ਕੋਇ ਧਰਾਇੰਦਾ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਲੱਗਾ ਅਖਾੜਾ, ਸ੍ਰੀ ਭਗਵਾਨ ਨਾਚ ਨਚਾਇੰਦਾ । ਜ਼ਿਮੀ ਅਸਮਾਨ ਕੱਢਣ ਹਾੜਾ, ਲੋਕ ਪਰਲੋਕ ਦੋਏ ਜੋੜ ਵਾਸਤਾ ਪਾਇੰਦਾ । ਫਿਰੀ ਦਰੋਹੀ ਜੰਗਲ ਜੂਹ ਉਜਾੜ ਪਹਾੜਾ, ਡੂੰਘੀ ਕੰਦਰ ਵੇਖ ਵਖਾਇੰਦਾ । ਸਮੁੰਦ ਸਾਗਰ ਮਾਰੇ ਨਾਅਰਾ, ਉਚੀ ਕੂਕ ਕੂਕ ਜਣਾਇੰਦਾ । ਚਾਰੋਂ ਕੁੰਟ ਹਾਹਾਕਾਰਾ, ਦਹਿ ਦਿਸ਼ਾ ਧੀਰ ਨਾ ਕੋਇ ਰਖਾਇੰਦਾ । ਧਰਤ ਧਵਲ

੧੭੨
੧੪

ਕਰੇ ਪੁਕਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਤਖ਼ਤ ਸੋਭਾ ਪਾਇੰਦਾ । ਸਾਚੇ ਤਖ਼ਤ ਨਿਰਗੁਣ ਚੜ੍ਹਿਆ, ਸ਼ਾਹ ਪਾਤਸ਼ਾਹ ਵੱਡੀ ਵਡਿਆਈਆ । ਨਿਰਵੈਰ ਅੱਖਰ ਇਕੋ ਪੜ੍ਹਿਆ, ਨਿਸ਼ਅੱਖਰ ਕਰੇ ਪੜ੍ਹਾਈਆ । ਮਹੱਲ ਅਟੱਲ ਉਚ ਮਨਾਰ ਆਪੇ ਖੜਿਆ, ਮਹਿਫ਼ਲ ਆਪਣੇ ਨਾਮ ਲਗਾਈਆ । ਆਪਣੀ ਕਰਨੀ ਆਪੇ ਕਰਿਆ, ਦੂਜਾ ਸੰਗ ਨਾ ਕੋਇ ਜਣਾਈਆ । ਆਦਿ ਜੁਗਾਦਿ ਜੁਗਾ ਜੁਗੰਤਰ ਨਾ ਜਨਮੇ ਨਾ ਕਦੇ ਮਰਿਆ, ਜੀਵਣ ਜੁਗਤ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਵਸੇ ਸੱਚਾ ਮਾਹੀਆ । ਸਚਖੰਡ ਵਸੇ ਬੇਪਰਵਾਹ, ਬੇਅੰਤ ਨਜ਼ਰ ਕਿਸੇ ਨਾ ਆਇੰਦਾ । ਆਦਿ ਜੁਗਾਦੀ ਬਣ ਮਲਾਹ, ਜੁਗ ਜੁਗ ਬੇੜਾ ਕੰਧ ਉਠਾਇੰਦਾ । ਸ਼ਬਦ ਦੁਲਾਰਾ ਸੇਵਾ ਲਾ, ਸਾਚੀ ਸਿਖਿਆ ਇਕ ਦ੍ਰਿੜਾਇੰਦਾ । ਨਿਰਗੁਣ ਸਰਗੁਣ ਮਾਤ ਵੜਿਆ, ਸਿਰ ਆਪਣਾ ਹੱਥ ਟਿਕਾਇੰਦਾ । ਗੁਰ ਅਵਤਾਰ ਖੇਲ ਖਲਾ, ਪੀਰ ਪੈਗ਼ੰਬਰ ਬੰਧਨ ਪਾਇੰਦਾ । ਧੁਰ ਦੀ ਬਾਣੀ ਨਾਦ ਸੁਣਾ, ਸਚ ਸੰਦੇਸਾ ਇਕ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਸਾਚੇ ਸੋਭਾ ਪਾਇੰਦਾ । ਸਚਖੰਡ ਦੁਆਰਾ ਏਕੋ ਏਕ, ਏਕੰਕਾਰ ਦਏ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜੁਗ ਚੌਕੜੀ ਰੱਖਣ ਟੇਕ, ਸਮਰਥ ਸਿਰ ਆਪਣਾ ਹੱਥ ਟਿਕਾਈਆ । ਅੰਤਰ ਬਾਹਰ ਗੁਪਤ ਜ਼ਾਹਰ ਰਿਹਾ ਵੇਖ, ਵੇਖਣਹਾਰਾ ਨਜ਼ਰ ਕਿਸੇ ਨਾ ਆਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਖੇਲੇ ਖੇਡ, ਬਣ ਖਲਾਰੀ ਫੇਰਾ ਪਾਈਆ । ਪੀਰ ਪੈਗ਼ੰਬਰ ਲੋਕਮਾਤ ਭੇਜ, ਗੁਰ ਅਵਤਾਰ ਹੁਕਮ ਮਨਾਈਆ । ਆਤਮ ਪਰਮਾਤਮ ਮਾਣੇ ਸੇਜ, ਬ੍ਰਹਮ ਪਾਰਬ੍ਰਹਮ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਰਬਾਰਾ ਇਕ ਸੁਹਾਈਆ । ਸਚ ਦਰਬਾਰਾ ਹਰਿ ਜੂ ਲਾਇਆ, ਨਜ਼ਰ ਕਿਸੇ ਨਾ ਆਇੰਦਾ । ਪਲੰਘ ਰੰਗੀਲਾ ਇਕ ਵਿਛਾਇਆ, ਪਾਵਾ ਚੂਲ ਨਾ ਕੋਇ ਬਣਾਇੰਦਾ । ਸ਼ਾਹੋ ਭੂਪ ਸੋਭਾ ਪਾਇਆ, ਤ੍ਰੈਭਵਨ ਧਨੀ ਆਪਣਾ ਹੁਕਮ ਵਰਤਾਇੰਦਾ । ਜਲਵਾ ਨੂਰ ਨੂਰ ਧਰਾਇਆ, ਇਲਾਹੀ ਆਪਣਾ ਕਰਮ ਕਮਾਇੰਦਾ । ਪਰਦਾਨਸ਼ੀਂ ਪਰਦਾ ਦਏ ਉਠਾਇਆ, ਮੁਖ ਨਕ਼ਾਬ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜੁਗ ਚੌਕੜੀ ਵੇਖ ਵਖਾਇੰਦਾ । ਜੁਗ ਚੌਕੜੀ ਵੇਖਣਹਾਰਾ, ਹਰਿ ਵੱਡਾ ਵਡ ਵਡਿਆਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨੌਂ ਸੌ ਚੁਰਾਨਵੇਂ ਚੌਕੜੀ ਯੁਗ ਕਰੇ ਪਾਰ ਕਿਨਾਰਾ, ਕਲਜੁਗ ਅੰਤਮ ਵੇਲਾ ਆਈਆ । ਨਿਰਗੁਣ ਨਿਰਗੁਣ ਲੈ ਅਵਤਾਰਾ, ਸਰਗੁਣ ਸਰਗੁਣ ਦਏ ਸਮਝਾਈਆ । ਧਾਮ ਅਵੱਲੜਾ ਸੋਹੇ ਇਕ ਦੁਆਰਾ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਥਿਰ ਘਰ ਵੇਖੇ ਵੇਖਣਹਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਖਲੌਣਾ, ਖ਼ਾਲਕ ਖ਼ਲਕ ਵੇਖ ਵਖਾਇੰਦਾ । ਸਚ ਸਿੰਘਾਸਣ ਸੋਭਾ ਪੌਣਾ, ਪੁਰਖ ਅਬਿਨਾਸ਼ੀ ਡੇਰਾ ਲਾਇੰਦਾ । ਗੁਰ ਅਵਤਾਰ ਦਰ ਮੰਗੌਣਾ, ਪੀਰ ਪੈਗ਼ੰਬਰ ਨਾਲ ਮਿਲਾਇੰਦਾ । ਪਿਛਲਾ ਲੇਖਾ ਸਰਬ ਚੁਕੌਣਾ, ਬਚਿਆ ਕੋਇ ਰਹਿਣ ਨਾ ਪਾਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਪੰਧ ਮੁਕੌਣਾ, ਪਾਂਧੀ ਨਜ਼ਰ ਨਾ ਕੋਇ ਵਖਾਇੰਦਾ । ਸਾਚਾ ਮਾਰਗ ਇਕ ਦ੍ਰਿੜੌਣਾ, ਰਹਿਬਰ ਇਕੋ ਇਕ ਅਖਵਾਇੰਦਾ । ਆਤਮ ਪਰਮਾਤਮ ਮੇਲ ਮਿਲੌਣਾ, ਕਾਇਆ ਮੰਦਰ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰ ਅਵਤਾਰ

ਪੀਰ ਪੈਗ਼ੰਬਰ ਦਰ ਬੁਲਾਇੰਦਾ । ਪੀਰ ਪੈਗ਼ੰਬਰ ਗੁਰ ਅਵਤਾਰ ਔਣਾ ਦਰ, ਦਰ ਦਰਵਾਜ਼ਾ ਹਰਿ ਆਪ ਖੁਲ੍ਹਾਈਆ । ਚਾਰ ਯੁਗ ਦਾ ਚੁਕਿਆ ਵਰ, ਪਿਛਲਾ ਲਹਿਣਾ ਰਹਿਣ ਨਾ ਪਾਈਆ । ਸ੍ਰੀ ਭਗਵਾਨ ਜੋਤ ਧਰ, ਅਬਿਨਾਸ਼ੀ ਕਰਤਾ ਖੇਲ ਕਰਾਈਆ । ਸਚ ਮਹੱਲੇ ਆਪੇ ਚੜ੍ਹ, ਤਖ਼ਤ ਨਿਵਾਸੀ ਡੇਰਾ ਲਾਈਆ । ਸ਼ਬਦ ਅਗੰਮੀ ਲਏ ਫੜ, ਨਾਮ ਡੋਰੀ ਤੰਦਨ ਪਾਈਆ । ਅੱਗੇ ਕੋਈ ਨਾ ਸਕੇ ਅੜ, ਮਾਣ ਅਭਿਮਾਣ ਨਾ ਕੋਇ ਜਣਾਈਆ । ਸਾਰੇ ਭਾਣਾ ਰਹੇ ਜਰ, ਸਿਰ ਸਕੇ ਨਾ ਕੋਇ ਉਠਾਈਆ । ਸਿਰ ਚਰਨਾਂ ਉਤੇ ਰਹੇ ਧਰ, ਕਵਲ ਮਿਲੇ ਸਰਨਾਈਆ । ਆਪਣਾ ਆਪ ਗਏ ਹਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੇ ਤਖ਼ਤ ਸੋਭਾ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਆਓ ਨੇੜੇ, ਸ੍ਰੀ ਭਗਵਾਨ ਆਪ ਜਣਾਇੰਦਾ । ਲੋਕਮਾਤ ਦੀਨ ਮਜ਼੍ਹਬ ਵੇਖੇ ਖੇੜੇ, ਚਾਰੋਂ ਕੁੰਟ ਅੰਧੇਰਾ ਛਾਇੰਦਾ । ਕੋਈ ਨਾ ਬੰਨ੍ਹੇ ਕਿਸੇ ਬੇੜੇ, ਭਾਰ ਕੰਧ ਨਾ ਕੋਇ ਉਠਾਇੰਦਾ । ਘਰ ਘਰ ਪਏ ਝੂਠੇ ਝੇੜੇ, ਝਗੜਾ ਮਨਮਤ ਨਾ ਕੋਇ ਮੁਕਾਇੰਦਾ । ਕੂੜੀ ਕਿਰਿਆ ਸਭ ਨੂੰ ਘੇਰੇ, ਸਚ ਸੁੱਚ ਨਜ਼ਰ ਕਿਤੇ ਨਾ ਆਇੰਦਾ । ਸ਼ਾਹ ਸੁਲਤਾਨ ਕਰਨ ਹੇਰੇ ਫੇਰੇ, ਜੀਵ ਜੰਤ ਦੁੱਖ ਸੁਖ ਨਾ ਕੋਇ ਬਦਲਾਇੰਦਾ । ਸਾਧਾਂ ਸੰਤਾਂ ਲਾਏ ਡੇਰੇ, ਡੇਰਾ ਹਰਿ ਕਾ ਨਾਮ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੀਰ ਪੈਗ਼ੰਬਰਾਂ ਇਸ਼ਾਰੇ ਨਾਲ ਸਮਝਾਇੰਦਾ । ਗੁਰ ਅਵਤਾਰ ਕਰੋ ਧਿਆਨ, ਸ੍ਰੀ ਭਗਵਾਨ ਰਿਹਾ ਜਣਾਈਆ । ਲੋਕਮਾਤ ਦਿਸੇ ਨਾ ਸਚ ਗਿਆਨ, ਅਗਿਆਨ ਅੰਧੇਰਾ ਛਾਈਆ । ਰਸਨਾ ਜਿਹਵਾ ਦੇਣ ਸਰਬ ਪਰਮਾਣ, ਪਰਮ ਪੁਰਖ ਮੇਲ ਨਾ ਕੋਇ ਮਿਲਾਈਆ । ਪੜ੍ਹ ਪੜ੍ਹ ਥੱਕੀ ਰਸਨਾ ਜਿਹਵਾ ਜ਼ਬਾਨ, ਬੱਤੀ ਦੰਦ ਸਿਫ਼ਤ ਸਾਲਾਹੀਆ । ਉਚੀ ਕੂਕ ਕੂਕ ਗਾਣ, ਅੰਮ੍ਰਿਤ ਰਸ ਨਾ ਕੋਇ ਵਖਾਈਆ । ਸ਼ਿਵਦੁਆਲੇ ਮੱਠ ਹੋਏ ਹੈਰਾਨ, ਹਰਿ ਕਾ ਰੂਪ ਨਜ਼ਰ ਕਿਸੇ ਨਾ ਆਈਆ । ਕਲਜੁਗ ਜੀਵ ਹੋਏ ਸ਼ੈਤਾਨ, ਸ਼ਰਅ ਕਰੇ ਲੜਾਈਆ । ਆਤਮ ਪਰਮਾਤਮ ਪਰਮਾਤਮ ਆਤਮ ਮਿਲੇ ਨਾ ਸਚ ਨਿਸ਼ਾਨ, ਨਿਸ਼ਾਨਾ ਤੀਰ ਨਾ ਕੋਇ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਅਵਤਾਰਾਂ ਰਿਹਾ ਵਖਾਈਆ । ਪੀਰ ਪੈਗ਼ੰਬਰ ਖੋਲ੍ਹੋ ਅੱਖ, ਪਰਵਰਦਿਗਾਰ ਆਖ਼ਰ ਆਪ ਜਣਾਇੰਦਾ । ਚਾਰੋਂ ਕੁੰਟ ਉਡਦੇ ਕੱਖ, ਦਹਿ ਦਿਸ਼ਾ ਸਤਿ ਨਜ਼ਰ ਕਿਸੇ ਨਾ ਆਇੰਦਾ । ਈਸਾ ਮੂਸਾ ਮੁਹੰਮਦ ਜੋ ਮਾਰਗ ਆਏ ਦੱਸ, ਮਸਲਾ ਹੱਲ ਨਾ ਕੋਇ ਕਰਾਇੰਦਾ । ਚੌਦਾਂ ਤਬਕ ਆਪਣੀ ਕਿਰਿਆ ਗਏ ਫਸ, ਸਚ ਪ੍ਰੀਤ ਨਾ ਕੋਇ ਨਿਭਾਇੰਦਾ । ਮੁਲਾਂ ਸ਼ੇਖ਼ ਮੁਸਾਇਕ ਕੂੜੀ ਕਿਰਿਆ ਅੰਦਰ ਰਹੇ ਨੱਠ, ਹਕੀਕਤ ਹੱਕ ਨਾ ਕੋਇ ਜਣਾਇੰਦਾ । ਮਣਕਾ ਮਣਕਾ ਮਾਲਾ ਰਹੇ ਰਟ, ਮਨ ਕਾ ਮਣਕਾ ਨਾ ਕੋਇ ਭੁਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੀਰ ਪੈਗ਼ੰਬਰ ਆਪ ਜਗਾਇੰਦਾ । ਪੀਰ ਪੈਗ਼ੰਬਰ ਜਾਓ ਜਾਗ, ਪਰਵਰਦਿਗਾਰ ਆਪ ਜਗਾਈਆ । ਸਦੀ ਚੌਧਵੀਂ ਲੱਗੀ ਆਗ, ਆਬੇ ਹਯਾਤ ਨਾ ਕੋਇ ਪਿਆਈਆ । ਦੁਰਮਤ ਮੈਲ ਨਾ ਧੋਵੇ ਕੋਈ ਦਾਗ਼, ਨਿਰਮਲ ਨੀਰ ਨਾ ਕੋਇ ਕਰਾਈਆ । ਹੰਸ ਬੁੱਧੀ ਹੋਈ ਕਾਗ, ਜਿਹਵਾ ਕਾਗ ਵਾਂਗ ਕੁਰਲਾਈਆ । ਨਬੀ ਮਿਲਿਆ ਨਾ ਰਸੂਲ ਪਾਕ, ਪਤਤ ਪਾਪੀ ਲਏ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲੇਖਾ ਰਿਹਾ ਵਖਾਈਆ । ਗੁਰ ਅਵਤਾਰ ਵੇਖੋ ਕਾਰ, ਹਰਿ ਕਰਤਾ ਆਪ ਜਣਾਇੰਦਾ । ਭਰਮੇ ਭੁੱਲਾ ਸਰਬ ਸੰਸਾਰ, ਭਾਂਡਾ ਭਰਮ ਨਾ ਕੋਇ ਤੁੜਾਇੰਦਾ । ਘਰ ਘਰ ਵਸਿਆ ਕਾਮ ਕਰੋਧ ਲੋਭ ਮੋਹ

ਹੰਕਾਰ, ਤ੍ਰਿਸ਼ਨਾ ਤ੍ਰਿਪਤ ਨਾ ਕੋਇ ਕਰਾਇੰਦਾ । ਮਾਇਆ ਮਮਤਾ ਹਉਮੇ ਹੰਗਤਾ ਜਗਤ ਸ਼ਿੰਗਾਰ, ਧੀਰਜ ਜੱਤ ਨਾ ਕੋਇ ਰਖਾਇੰਦਾ । ਗੁਰ ਕਾ ਸ਼ਬਦ ਨਾ ਕਰੇ ਕੋਇ ਵਿਚਾਰ, ਅੰਤਰ ਆਤਮ ਖੋਜ ਨਾ ਕੋਇ ਖੁਜਾਇੰਦਾ । ਕੂੜੀ ਕਿਰਿਆ ਜਗਤ ਬਿਵਹਾਰ, ਪ੍ਰੇਮ ਪਿਆਰ ਨਾ ਕੋਇ ਵਧਾਇੰਦਾ । ਪਰਤੱਖ ਵੇਖੇ ਤੇਈ ਅਵਤਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਜਣਾਇੰਦਾ । ਭੇਵ ਅਭੇਦਾ ਦੱਸਣਹਾਰਾ, ਦਹਿ ਦਿਸ਼ਾ ਵੇਖ ਵਖਾਈਆ । ਤਖ਼ਤ ਨਿਵਾਸੀ ਏਕੰਕਾਰਾ, ਬੇਪਰਵਾਹ ਰਿਹਾ ਸਮਝਾਈਆ । ਪਰਵਰਦਿਗਾਰ ਹੋ ਉਜਿਆਰਾ, ਨੂਰ ਨੁਰਾਨਾ ਨੂਰ ਰੁਸ਼ਨਾਈਆ । ਅੰਤਮ ਲੇਖਾ ਚੁੱਕੇ ਵਿਚ ਸੰਸਾਰਾ, ਭਰਮ ਭੁਲੇਖਾ ਦਏ ਮਿਟਾਈਆ । ਅਮਾਮ ਅਮਾਮਾਂ ਸਿਰ ਆਏ ਸਿਕਦਾਰਾ, ਸ਼ਹਿਨਸ਼ਾਹ ਆਪਣਾ ਫੇਰਾ ਪਾਈਆ । ਨਾਨਕ ਗੋਬਿੰਦ ਬਣ ਲਿਖਾਰਾ, ਧੁਰ ਦਾ ਲੇਖਾ ਗਿਆ ਸਮਝਾਈਆ । ਪਰਗਟ ਹੋਵੇ ਮਹਾਂਬਲੀ ਅਵਤਾਰਾ, ਕਲ ਕਲਕੀ ਫੇਰਾ ਪਾਈਆ । ਸੰਬਲ ਵਸੇ ਧਾਮ ਨਿਆਰਾ, ਮਹੱਲ ਅਟੱਲ ਕਰੇ ਰੁਸ਼ਨਾਈਆ । ਮਾਰਗ ਲਾਏ ਇਕ ਅਪਾਰਾ, ਸਤਿਜੁਗ ਸਾਚੇ ਦਏ ਵਡਿਆਈਆ । ਚਾਰ ਵਰਨ ਇਕ ਸਹਾਰਾ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼, ਇਕੋ ਘਰ ਬਹਾਈਆ । ਰਸਨਾ ਜਿਹਵਾ ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਬੋਲੇ ਇਕ ਜੈਕਾਰਾ, ਸੋਹੰ ਢੋਲਾ ਦਏ ਸੁਣਾਈਆ । ਆਤਮ ਪਰਮਾਤਮ ਬ੍ਰਹਮ ਪਾਰਬ੍ਰਹਮ ਕਰੇ ਖੇਲ ਨਿਆਰਾ, ਖ਼ਾਲਕ ਖ਼ਲਕ ਦਏ ਸਮਝਾਈਆ । ਮੁਰੀਦ ਮੁਰਸ਼ਦ ਵੇਖੇ ਵੇਖਣਹਾਰਾ, ਮੁਰੀਦ ਮੁਰਸ਼ਦ ਇਕੋ ਗੰਢ ਪੁਆਈਆ । ਗੁਰ ਚੇਲਾ ਸੋਹੇ ਇਕ ਦੁਆਰਾ, ਦਰ ਦਰਵਾਜ਼ਾ ਇਕ ਖੁਲ੍ਹਾਈਆ । ਪੁਰਖ ਅਕਾਲ ਕਰੇ ਵਿਹਾਰਾ, ਬਿਵਹਾਰੀ ਆਪਣੀ ਕਾਰ ਕਮਾਈਆ । ਗੋਬਿੰਦ ਸੁਤ ਵੇਖੇ ਦੁਲਾਰਾ, ਦੋ ਜਹਾਨਾਂ ਦਏ ਵਡਿਆਈਆ । ਖੜਗ ਖੰਡਾ ਵੇਖੇ ਤਿਖੀ ਧਾਰਾ, ਨਾਮ ਚੰਡ ਪਰਚੰਡ ਉਠਾਈਆ । ਅੰਡਜ ਜੇਰਜ ਉਤਭੁਜ ਸੇਤਜ ਚਾਰੇ ਖਾਣੀ ਪਾਵੇ ਸਾਰਾ, ਚਾਰੇ ਬਾਣੀ ਭੇਵ ਚੁਕਾਈਆ । ਚਾਰੇ ਕੁੰਟਾਂ ਦਏ ਹੁਲਾਰਾ, ਚੌਥੇ ਯੁਗ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤਖ਼ਤ ਨਿਵਾਸੀ ਫੇਰਾ ਪਾਈਆ । ਤਖ਼ਤ ਨਿਵਾਸੀ ਇਕੋ ਆਇਆ, ਆਦਿ ਪੁਰਖ ਵੱਡੀ ਵਡਿਆਈਆ । ਤ੍ਰੈਗੁਣ ਮੇਟੇ ਅੰਤਮ ਮਾਇਆ, ਮਮਤਾ ਮੋਹ ਦਏ ਚੁਕਾਈਆ । ਕੂੜੀ ਕਿਰਿਆ ਲਾਹੇ ਛਾਇਆ, ਸ਼ਹਿਨਸ਼ਾਹ ਆਪਣਾ ਰੰਗ ਰੰਗਾਈਆ । ਧੁਰ ਦਾ ਲੇਖਾ ਜਾਣੇ ਦਾਈ ਦਾਇਆ, ਸੇਵਕ ਇਕੋ ਇਕ ਅਖਵਾਈਆ । ਬਣ ਜਨਨੀ ਜਨ ਸੁਤ ਦੁਲਾਰਾ ਸ਼ਬਦੀ ਗੋਦ ਉਠਾਇਆ, ਨਾਤਾ ਬਣਿਆ ਪਿਤਾ ਮਾਈਆ । ਬ੍ਰਹਿਮੰਡ ਖੰਡ ਰਚਨ ਰਚਾਇਆ । ਲੋਆਂ ਪੁਰੀਆਂ ਰੰਗ ਰੰਗਾਈਆ । ਵਿਸ਼ਨ ਬ੍ਰਹਮਾ ਜਿਸ ਸੇਵਾ ਲਾਇਆ, ਸਾਚੀ ਸਿਖਿਆ ਇਕ ਦ੍ਰਿੜਾਈਆ । ਰਵ ਸਸ ਨੂਰ ਚਮਕਾਇਆ, ਕਿਰਨ ਕਿਰਨ ਰੁਸ਼ਨਾਈਆ । ਗੁਰ ਅਵਤਾਰ ਹੁਕਮ ਸੰਦੇਸਾ ਇਕ ਜਣਾਇਆ, ਲੋਕਮਾਤ ਕਰੇ ਪੜ੍ਹਾਈਆ । ਕਲਜੁਗ ਅੰਤਮ ਮੇਲ ਮਿਲਾਇਆ, ਪੂਰਬ ਲੇਖਾ ਝੋਲੀ ਪਾਈਆ । ਸਚ ਮਹੱਲੇ ਦਏ ਵਸਾਇਆ, ਮਨਾਰਾ ਇਕੋ ਇਕ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰ ਅਵਤਾਰ ਪੀਰ ਪੈਗ਼ੰਬਰ ਇਕੋ ਨਾਦ ਸੁਣਾਈਆ । ਪ੍ਰਭ ਇਕੋ ਨਾਦ ਸੁਣਾਏਗਾ । ਧੁਰ ਸੰਦੇਸਾ ਆਪ ਅਲਾਏਗਾ । ਬ੍ਰਹਮ ਬ੍ਰਹਿਮਾਦ ਖੋਜ ਖੁਜਾਏਗਾ । ਆਦਿ ਜੁਗਾਦਿ ਵੰਡ ਵੰਡਾਏਗਾ । ਸ਼ਬਦ ਅਗੰਮੀ ਆਵਾਜ਼ ਲਗਾਏਗਾ । ਨਿਹਕਰਮੀ ਕਰਮ ਕਮਾਏਗਾ । ਵਰਨ ਬਰਨ ਡੇਰਾ ਢਾਹੇਗਾ । ਸਾਚੀ ਸਰਨ ਇਕ ਰਖਾਏਗਾ । ਕਲ ਕਲਕੀ ਫੇਰਾ ਪਾਏਗਾ । ਬੀਸ ਬੀਸਾ ਪਰਦਾ ਲਾਹੇਗਾ । ਜਗਤ ਜਗਦੀਸਾ ਹਰਿ ਅਖਵਾਏਗਾ ।

ਸ਼ਾਹ ਸੁਲਤਾਨਾਂ ਖ਼ਾਲੀ ਖ਼ੀਸਾ ਆਪ ਕਰਾਏਗਾ । ਛਤਰ ਸੀਸਾ ਇਕ ਝੁਲਾਏਗਾ । ਸਚ ਹਦੀਸਾ ਇਕ ਪੜ੍ਹਾਏਗਾ । ਕਲਮਾ ਨਬੀ ਰਸੂਲ ਆਪ ਦਰਸਾਏਗਾ । ਮਹਿਬੂਬ ਇਕੋ ਨਜ਼ਰੀ ਆਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਅਵਤਾਰ ਪੀਰ ਪੈਗ਼ੰਬਰ ਸਚ ਦੁਆਰੇ ਆਪ ਵਸਾਏਗਾ । ਸਚ ਦੁਆਰ ਵਸਾਵੇਗਾ । ਪ੍ਰਭ ਆਪਣੀ ਖੇਲ ਰਚਾਵੇਗਾ । ਕਲਜੁਗ ਕੂੜਾ ਪੰਧ ਮੁਕਾਵੇਗਾ । ਗੁਰਮੁਖ ਸੂਰਾ ਆਪ ਉਠਾਵੇਗਾ । ਗੋਬਿੰਦ ਬਚਨ ਕਰੇ ਪੂਰਾ, ਪੁਰਖ ਅਕਾਲ ਦਇਆ ਕਮਾਵੇਗਾ । ਹਰਿਜਨ ਰੰਗ ਚਾੜ੍ਹੇ ਗੂੜ੍ਹਾ, ਉਤਰ ਕਦੇ ਨਾ ਜਾਵੇਗਾ । ਲੇਖਾ ਜਾਣੇ ਮੂਰਖ ਮੁਗਧ ਮੂੜ੍ਹਾ, ਮਿਹਰ ਨਜ਼ਰ ਉਠਾਵੇਗਾ । ਜਨ ਭਗਤਾਂ ਦੇਵੇ ਚਰਨ ਧੂੜਾ, ਮਸਤਕ ਟਿੱਕਾ ਇਕੋ ਲਾਵੇਗਾ । ਅੰਤਰ ਆਤਮ ਦਏ ਨਾਮ ਸਰੂਰਾ, ਸਰ ਅੰਮ੍ਰਿਤ ਆਪ ਨੁਹਾਵੇਗਾ । ਕੂੜੀ ਕਿਰਿਆ ਤੁਟੇ ਗ਼ਰੂਰਾ, ਗਹਿਰ ਗੰਭੀਰ ਦਰਸ ਵਖਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਪੀਰ ਪੈਗ਼ੰਬਰ ਆਪਣੇ ਦਰ ਰਖਾਵੇਗਾ । ਪੀਰ ਪੈਗ਼ੰਬਰ ਦਰ ਦਰਵੇਸ਼ ਬਣਾਏਗਾ । ਨਰ ਨਰੇਸ਼ ਹੁਕਮ ਮਨਾਏਗਾ । ਸਦੀ ਚੌਧਵੀਂ ਕਲੇਸ਼ ਮਿਟਾਏਗਾ । ਵਿਸ਼ਨ ਬ੍ਰਹਮਾ ਸ਼ਿਵ ਨੇਤਰ ਨੈਣਾਂ ਨੀਰ ਵਹਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਫ਼ਰਮਾਣਾ ਹੁਕਮ ਸੁਣਾਏਗਾ । ਧੁਰ ਫ਼ਰਮਾਣਾ ਹੁਕਮ ਜਣਾਏਗਾ । ਸ੍ਰੀ ਭਗਵਾਨ ਵੇਖ ਵਖਾਏਗਾ । ਕਲਜੁਗ ਕੂੜਾ ਭੇਖ ਮਿਟਾਏਗਾ । ਦਸ ਦਸਮੇਸ਼ਾ ਮੇਲ ਮਿਲਾਏਗਾ । ਵਿਸ਼ਨੂੰ ਬਾਸ਼ਕ ਸੇਜ ਖ਼ਾਲੀ ਕਰਾਏਗਾ । ਸਚ ਸੰਦੇਸਾ ਭੇਜ, ਚਰਨਾਂ ਵਿਚ ਰਖਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਏਗਾ । ਸਾਚੀ ਕਰਨੀ ਪ੍ਰਭ ਕਮਾਵੇਗਾ । ਸੋ ਪੁਰਖ ਨਿਰੰਜਣ ਫੇਰਾ ਪਾਵੇਗਾ । ਹਰਿ ਪੁਰਖ ਨਿਰੰਜਣ ਵੇਸ ਵਟਾਵੇਗਾ । ਏਕੰਕਾਰਾ ਨਾਦ ਵਜਾਵੇਗਾ । ਆਦਿ ਨਿਰੰਜਣ ਨੂਰ ਰੁਸ਼ਨਾਵੇਗਾ । ਅਬਿਨਾਸ਼ੀ ਕਰਤਾ ਵੇਖ ਵਖਾਵੇਗਾ । ਸ੍ਰੀ ਭਗਵਾਨ ਡੌਰੂ ਡੰਕਾ ਵਜਾਵੇਗਾ । ਪਾਰਬ੍ਰਹਮ ਬ੍ਰਹਮ ਸਿਖਿਆ ਇਕ ਸਮਝਾਵੇਗਾ । ਆਤਮ ਪਰਮਾਤਮ ਜੋੜ ਜੁੜਾਵੇਗਾ । ਸੁਰਤੀ ਸ਼ਬਦੀ ਰਾਗ ਅਲਾਵੇਗਾ । ਧੁਨ ਆਤਮਕ ਰਾਗ ਸੁਣਾਵੇਗਾ । ਨੇਤਰ ਅੱਖ ਇਕ ਖੁਲ੍ਹਾਵੇਗਾ । ਪਰਤੱਖ ਦਰਸ ਕਰਾਵੇਗਾ । ਲੱਖ ਚੁਰਾਸੀ ਨਾਲੋਂ ਕਰ ਕੇ ਵੱਖ, ਭਗਤ ਭਗਵਾਨ ਆਪ ਉਪਜਾਵੇਗਾ । ਸਾਚਾ ਮਾਰਗ ਦੱਸ, ਸਤਿਜੁਗ ਸਾਚਾ ਰਾਹ ਚਲਾਵੇਗਾ । ਹਿਰਦੇ ਅੰਦਰ ਵਸ, ਭੇਵ ਅਭੇਦ ਖੁਲ੍ਹਾਵੇਗਾ । ਅੰਮ੍ਰਿਤ ਆਤਮ ਇਕੋ ਰਸ, ਨਿਝਰ ਝਿਰਨਾ ਆਪ ਝਿਰਾਵੇਗਾ । ਜੋਤ ਅਕਾਲਣ ਕਰ ਪਰਕਾਸ਼, ਕਾਲ ਮਹਾਂਕਾਲ ਭੈ ਮਿਟਾਵੇਗਾ । ਅੰਦਰ ਬਾਹਰ ਦੇਵੇ ਸਾਥ, ਦੋ ਜਹਾਨਾਂ ਸੰਗ ਨਿਭਾਵੇਗਾ । ਲੋਕ ਪਰਲੋਕ ਇਕੋ ਗਾਥ, ਢੋਲਾ ਆਪਣਾ ਰਾਗ ਅਲਾਵੇਗਾ । ਕਰੇ ਖੇਲ ਪੁਰਖ ਸਮਰਥ, ਸਮਰਥ ਆਪਣੀ ਕਾਰ ਕਮਾਵੇਗਾ । ਗੁਰ ਅਵਤਾਰ ਪੀਰ ਪੈਗ਼ੰਬਰ ਕਰ ਕੇ ਵਸ, ਬਸਤਾ ਸਭ ਦਾ ਬੰਨ੍ਹ ਵਖਾਵੇਗਾ । ਸਰਨ ਸਰਨਾਈ ਹਰਿ ਰਘੁਰਾਈ ਸਾਰੇ ਜਾਇਣ ਢੱਠ, ਬਿਨ ਨਾਨਕ ਨਜ਼ਰ ਕਿਸੇ ਨਾ ਆਵੇਗਾ । ਕਬੀਰ ਜੁਲਾਹਾ ਗਾਏ ਜਸ, ਜਸ ਵੇਦ ਪੁਰਾਨ ਨਾ ਕੋਇ ਸੁਣਾਵੇਗਾ । ਪਾਰਬ੍ਰਹਮ ਪੁਰਖ ਅਬਿਨਾਸ਼ੀ ਨਿਰਗੁਣ ਨਿਰਵੈਰ ਪਏ ਹੱਸ, ਸੋਹੰ ਹੰਸਾ ਰਾਗ ਅਲਾਵੇਗਾ । ਤੀਰ ਨਿਰਾਲਾ ਮਾਰੇ ਕਸ, ਅਣਿਯਾਲਾ ਆਪ ਚਲਾਵੇਗਾ । ਪਿਛਲਾ ਖੇੜਾ ਕਰੇ ਭੱਠ, ਕੂੜੀ ਕਿਰਿਆ ਮੇਟ ਮਿਟਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚਾ ਰਾਹ ਦਰਸਾਵੇਗਾ । ਪ੍ਰਭ ਸਤਿਜੁਗ ਸਾਚਾ ਲਾਏਗਾ । ਨਿਹਕਲੰਕ ਨਾਮ ਅਖਵਾਏਗਾ । ਨਾਮ ਡੰਕਾ ਇਕ ਵਜਾਏਗਾ ।

੧੭੫
੧੪

ਨੌਂ ਖੰਡ ਪ੍ਰਿਥਮੀ ਰਾਹ ਵਖਾਏਗਾ । ਸੱਤਾਂ ਦੀਪਾਂ ਆਪਣੀ ਉਂਗਲੀ ਲਾਏਗਾ । ਦੀਨ ਮਜ਼੍ਹਬ ਰਹਿਣ ਨਾ ਪਾਏਗਾ । ਕਲਮਾ ਨਬੀ ਨਾ ਕੋਇ ਪੜ੍ਹਾਏਗਾ । ਲੁਗਾਤ ਕੱਢ ਨਾ ਕੋਇ ਵਡਿਆਏਗਾ । ਅਲਫ਼ ਯੇ ਨਾ ਕੋਇ ਲੜਾਏਗਾ । ਨੇਂਹ ਇਕੋ ਘਰ ਵਖਾਏਗਾ । ਅੰਮ੍ਰਿਤ ਮੇਂਹ ਬਰਸਾਏਗਾ । ਕਲਜੁਗ ਅਗਨੀ ਅੱਗ ਬੁਝਾਏਗਾ । ਕਥਨੀ ਬਦਨੀ ਕਹਿਣ ਕੋਇ ਨਾ ਪਾਏਗਾ । ਸਮਰਥ ਆਪਣੀ ਕਾਰ ਕਮਾਏਗਾ । ਸਤਿਜੁਗ ਚਲੇ ਰਥ, ਰਥਵਾਹੀ ਇਕੋ ਨਜ਼ਰੀ ਆਏਗਾ । ਪੰਧ ਮੁਕਾਏ ਨੱਠ ਨੱਠ, ਪਾਂਧੀ ਆਪਣਾ ਫੇਰਾ ਪਾਏਗਾ । ਸਾਚਾ ਮਣਕਾ ਨਾਮ ਰਟ, ਰੱਟਾ ਪਿਛਲਾ ਸਰਬ ਚੁਕਾਏਗਾ । ਖ਼ਾਲੀ ਕਰ ਚੌਦਾਂ ਲੋਕ ਚੌਦਾਂ ਹੱਟ, ਚੌਦਾਂ ਤਬਕ ਵੇਖ ਵਖਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੇ ਤਖ਼ਤ ਡੇਰਾ ਲਾਏਗਾ । ਸਾਚੇ ਤਖ਼ਤ ਡੇਰਾ ਲੱਗੇਗਾ । ਪੁਰਖ ਅਕਾਲ ਦੀਪਕ ਜਗੇਗਾ । ਕਲਜੁਗ ਅੰਧ ਅੰਧੇਰਾ ਭੱਜੇਗਾ । ਸਤਿਜੁਗ ਸਾਚਾ ਪ੍ਰਭ ਸਰਨ ਸਰਨਾਈ ਲੱਗੇਗਾ । ਬਣ ਭਿਖਾਰੀ ਝੋਲੀ ਅੱਡੇਗਾ । ਵਸਤ ਇਕ ਅਮੋਲਕ ਮੰਗੇਗਾ । ਆਪਣੀ ਝੋਲੀ ਕਾਇਆ ਰੰਗੇਗਾ । ਦਰ ਦਰਵੇਸ਼ ਕਦੇ ਨਾ ਸੰਗੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਾਮ ਭੰਡਾਰਾ ਇਕੋ ਵੰਡੇਗਾ । ਪ੍ਰਭ ਨਾਮ ਭੰਡਾਰ ਵਰਤਾਏਗਾ । ਕਲਜੁਗ ਉਂਗਲੀ ਲਾਏਗਾ । ਪਿਛਲਾ ਲੇਖਾ ਸਰਬ ਮੁਕਾਏਗਾ । ਸਤਿਜੁਗ ਸਾਚਾ ਰਾਹ ਚਲਾਏਗਾ । ਬੇਪਰਵਾਹ ਫੇਰਾ ਪਾਏਗਾ । ਸਿਫ਼ਤ ਸਾਲਾਹ ਇਕ ਸੁਣਾਏਗਾ । ਆਪਣੇ ਨਾਮ ਦਰਸਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਵਰਤਾਏਗਾ । ਪ੍ਰਭ ਆਪਣਾ ਖੇਲ ਵਰਤਾਵੇਗਾ । ਕਲ ਕਲਕੀ ਫੇਰਾ ਪਾਵੇਗਾ । ਧੁਰ ਦੀ ਵੰਨਗੀ ਇਕ ਲਿਆਵੇਗਾ । ਮਨ ਮਨ ਦੀ ਖੇਲ ਕਰਾਵੇਗਾ । ਤਨ ਤਨ ਦੀ ਅੱਗ ਬੁਝਾਵੇਗਾ । ਜਨ ਜਨ ਦੀ ਲਾਜ ਰਖਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚੀ ਧਾਰ ਬੰਧਾਵੇਗਾ । ਸਤਿਜੁਗ ਸਾਚੀ ਧਾਰ ਬੰਧਾਏਗਾ । ਪੁਰਖ ਅਕਾਲ ਦਇਆ ਕਮਾਏਗਾ । ਦੀਨ ਦਿਆਲ ਵੇਖ ਵਖਾਏਗਾ । ਗੁਰਮੁਖ ਸਾਚੇ ਲਾਲ ਉਠਾਏਗਾ । ਬਣ ਦਲਾਲ ਮੇਲ ਮਿਲਾਏਗਾ । ਹੱਕ ਹਲਾਲ ਇਕ ਵਖਾਏਗਾ । ਧਰਮਸਾਲ ਇਕ ਬਣਾਏਗਾ । ਊਚ ਨੀਚ ਨਾ ਕੋਇ ਰਖਾਏਗਾ । ਇਸ਼ਟ ਦੇਵ ਇਕੋ ਨਜ਼ਰੀ ਆਏਗਾ । ਦ੍ਰਿਸ਼ਟ ਸਭ ਦੀ ਆਪ ਤੁੜਾਏਗਾ । ਵਿਸ਼ਨ ਬ੍ਰਹਮਾ ਸ਼ਿਵ ਸੀਸ ਝੁਕਾਏਗਾ । ਗਣਪਤ ਗਣੇਸ਼ ਨਾ ਕੋਇ ਮਨਾਏਗਾ । ਆਦਿ ਸ਼ਕਤ ਨਾ ਵੰਡ ਵੰਡਾਏਗਾ । ਚਤੁਰਭੁਜ ਨਾ ਕੋਇ ਵਖਾਏਗਾ । ਭਵਾਨੀ ਰੂਪ ਨਾ ਕੋਇ ਰਖਾਏਗਾ । ਸਚ ਨਿਸ਼ਾਨੀ ਇਕ ਜਣਾਏਗਾ । ਅਕਥ ਕਹਾਣੀ ਆਪ ਸੁਣਾਏਗਾ । ਧੁਰ ਦੀ ਬਾਣੀ ਬਾਣ ਲਗਾਏਗਾ । ਅੰਮ੍ਰਿਤ ਬਾਣੀ ਜਾਮ ਪਿਆਏਗਾ । ਸਾਚੀ ਰਾਣੀ ਗੁਰਮੁਖ ਸਖੀ ਆਪ ਉਠਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਕਮਾਏਗਾ । ਸਾਚੀ ਕਰਨੀ ਪ੍ਰਭ ਆਪ ਕਮਾਵੇਗਾ । ਪੂਤ ਸਪੂਤਾ ਬ੍ਰਹਿਮਣ ਗੌੜਾ ਭੇਵ ਚੁਕਾਵੇਗਾ । ਦੋ ਜਹਾਨਾਂ ਫਿਰੇ ਦੌੜਾ, ਸ਼ਾਹ ਸਵਾਰ ਆਪ ਅਖਵਾਵੇਗਾ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਵੇਖੇ ਮਿੱਠਾ ਕੌੜਾ, ਘਟ ਘਟ ਅੰਦਰ ਪਰਦਾ ਲਾਹਵੇਗਾ । ਭਗਤ ਭਗਵਾਨ ਆਪੇ ਬੌਹੜਾ, ਫੜ ਬਾਹੋਂ ਆਪ ਉਠਾਵੇਗਾ । ਵੇਖਣਹਾਰਾ ਕਰ ਕੇ ਗ਼ੌਰਾ, ਗਹਿਰ ਗੰਭੀਰ ਖੇਲ ਕਰਾਵੇਗਾ । ਕਰੇ ਬਿਧ ਅਵਰ ਕੀ ਔਰਾ, ਵੇਦ ਸ਼ਾਸਤਰ ਸਿਮਰਤ ਕਹਿਣ ਕੋਇ ਨਾ ਪਾਵੇਗਾ । ਲੇਖਾ ਜਾਣੇ ਰਵਦਾਸ ਚੁਮਾਰਾ ਜੋ ਢੋਏ ਢੋਰਾ, ਸਾਢੇ ਤਿੰਨ ਹੱਥ ਕਲਮ ਸ਼ਾਹੀ ਲੇਖ ਲਖਾਵੇਗਾ ।

ਕਬੀਰ ਜੁਲਾਹਾ ਮਿਲਿਆ ਜੋੜਾ, ਜੋੜੀ ਸੁਰਤ ਸ਼ਬਦ ਮਿਲਾਵੇਗਾ । ਸੱਸੇ ਉਪਰ ਲਾਇਆ ਹੋੜਾ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਇਕੋ ਰਾਹ ਚਲਾਵੇਗਾ । ਹੰ ਬ੍ਰਹਮ ਆਤਮ ਪਰਮਾਤਮ ਆਪੇ ਬੌਹੜਾ, ਘਰ ਸਾਚੇ ਮੇਲ ਮਿਲਾਵੇਗਾ । ਪਤਿਪਰਮੇਸ਼ਵਰ ਸ਼ਬਦ ਸਵਾਂਮੀ ਬਾਂਕਾ ਛੋਹਰਾ, ਜੋਬਨ ਇਕੋ ਇਕ ਹੰਢਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿਜੁਗ ਸਾਚਾ ਮਾਤ ਉਠਾਵੇਗਾ । ਸਤਿਜੁਗ ਸਾਚਾ ਮਾਤ ਆਏਗਾ । ਪ੍ਰਭ ਚਰਨ ਧਿਆਨ ਲਗਾਏਗਾ । ਦੂਜੀ ਓਟ ਨਾ ਕੋਇ ਰਖਾਏਗਾ । ਢੋਲਾ ਇਕੋ ਇਕ ਗਾਏਗਾ । ਬਣ ਵਿਚੋਲਾ ਸੇਵ ਕਮਾਏਗਾ । ਭਗਤਾਂ ਉਹਲਾ ਆਪ ਕਢਾਏਗਾ । ਰੌਲਾ ਹੋਰ ਨਾ ਕੋਇ ਪਾਏਗਾ । ਤੋਲਾ ਇਕੋ ਨਜ਼ਰੀ ਆਏਗਾ । ਝਕੋਲਾ ਆਪਣੇ ਨਾਮ ਲਗਾਏਗਾ । ਸਾਚਾ ਬੋਲਾ ਇਕ ਸੁਣਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੇ ਤਖ਼ਤ ਬਹਿ ਬਹਿ ਵੇਖ ਵਖਾਏਗਾ । ਸਾਚੇ ਤਖ਼ਤ ਆਸਣ ਲਾਵੇਗਾ । ਪੁਰਖ ਅਬਿਨਾਸ਼ੀ ਖੇਲ ਕਰਾਵੇਗਾ । ਗੁਰ ਅਵਤਾਰ ਪੀਰ ਪੈਗ਼ੰਬਰ ਦਾਸਨ ਦਾਸ ਰੂਪ ਵਟਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਰ ਨਰਾਇਣ ਵੇਖ ਵਖਾਵੇਗਾ । ਨਰ ਨਰਾਇਣ ਵੇਖ ਵਖਾਏਗਾ । ਰਸਨਾ ਕਹਿਣ ਕੋਇ ਨਾ ਪਾਏਗਾ । ਬਿਨ ਭਗਤਾਂ ਨਜ਼ਰ ਕਿਸੇ ਨਾ ਆਏਗਾ । ਲੱਖ ਚੁਰਾਸੀ ਅੰਧੇਰਾ ਛਾਏਗਾ । ਰਾਏ ਧਰਮ ਫਾਸੀ ਸਰਬ ਲਟਕਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਸੱਜਣ ਮੇਲ ਮਿਲਾਏਗਾ । ਹਰਿ ਸੱਜਣ ਮੇਲ ਮਿਲਾਵੇਗਾ । ਸੋ ਪੁਰਖ ਨਿਰੰਜਣ ਦਇਆ ਕਮਾਵੇਗਾ । ਭਗਤ ਭਗਵਾਨ ਆਪ ਜਗਾਵੇਗਾ । ਸੰਤ ਸਾਜਣ ਰੰਗ ਰੰਗਾਵੇਗਾ । ਗੁਰਮੁਖ ਗੁਰ ਗੁਰ ਗੋਦ ਬਹਾਵੇਗਾ । ਗੁਰਸਿਖ ਆਪਣੇ ਚਰਨ ਲਗਾਵੇਗਾ । ਉਜਲ ਕਰ ਮੁਖ, ਮੁਖ ਸਿਫ਼ਤੀ ਸਿਫ਼ਤ ਸਲਾਹਵੇਗਾ । ਆਵਣ ਜਾਵਣ ਲੱਖ ਚੁਰਾਸੀ ਮਿਟੇ ਦੁੱਖ, ਜੂਨ ਅਜੂਨ ਨਾ ਕੋਇ ਪੁਆਵੇਗਾ । ਮਾਤ ਗਰਭ ਨਾ ਉਲਟਾ ਰੁਖ਼, ਦਸ ਦਸ ਮਾਸ ਨਾ ਅਗਨ ਤਪਾਵੇਗਾ । ਆਪਣੀ ਗੋਦੀ ਲਏ ਚੁੱਕ, ਜਿਸ ਸਿਰ ਆਪਣਾ ਹੱਥ ਟਿਕਾਵੇਗਾ । ਅਗਲਾ ਪੈਂਡਾ ਜਾਏ ਮੁੱਕ, ਪਿਛਲਾ ਲੇਖ ਨਾ ਕੋਇ ਵਖਾਵੇਗਾ । ਹਰਿ ਕਾ ਭਾਣਾ ਨਾ ਜਾਏ ਰੁਕ, ਨਾ ਕੋਈ ਮੇਟੇ ਮੇਟ ਮਿਟਾਵੇਗਾ । ਉਠੇ ਦੁਲਾਰਾ ਸ਼ਬਦੀ ਸੁਤ, ਸੁਤ ਅਨਾਦੀ ਨਾਦ ਵਜਾਵੇਗਾ । ਕਰੇ ਖੇਲ ਅਬਿਨਾਸ਼ੀ ਅਚੁਤ, ਸਤਿਜੁਗ ਸਾਚੀ ਰੁੱਤ ਸੁਹਾਵੇਗਾ । ਜਨ ਭਗਤਾਂ ਲੇਖੇ ਲਾਏ ਕਾਇਆ ਬੁੱਤ, ਕੰਚਨ ਰੂਪ ਵਟਾਵੇਗਾ । ਅੰਦਰ ਵੜ ਕੇ ਲਏ ਪੁੱਛ, ਬਾਹਰੋਂ ਰੂਪ ਨਾ ਕੋਇ ਦਰਸਾਵੇਗਾ । ਨਿਰਗੁਣ ਹੋ ਕੇ ਰਿਹਾ ਲੁਕ, ਸਰਗੁਣ ਭੇਵ ਨਾ ਕੋਇ ਚੁਕਾਵੇਗਾ । ਵਕਤ ਸੁਹੇਲਾ ਰਿਹਾ ਢੁੱਕ, ਭਗਤ ਭਗਵਾਨ ਜੋੜ ਜੁੜਾਵੇਗਾ । ਨਿਰਗੁਣ ਧਾਰੋਂ ਪਏ ਉਠ, ਬ੍ਰਹਮ ਨਿਰੰਤਰ ਵੇਖ ਵਖਾਵੇਗਾ । ਮਾਇਆ ਬ੍ਰਹਮ ਜਾਏ ਸੁੱਕ, ਹਰਿਆ ਸਿੰਚ ਨਾ ਕੋਇ ਕਰਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲ ਕਲਕੀ ਇਕੋ ਆਵੇਗਾ । ਕਲ ਕਲਕੀ ਇਕ ਅਖਵਾਵੇਗਾ । ਪੁਰਖ ਅਕਾਲ ਵੇਸ ਵਟਾਵੇਗਾ । ਗੋਬਿੰਦ ਸੂਰਾ ਸ਼ਬਦ ਲਿਆਵੇਗਾ । ਹਾਜ਼ਰ ਹਜ਼ੂਰਾ ਦਰਸ ਦਿਖਾਵੇਗਾ । ਨੂਰੋ ਨੂਰਾ ਜੋਤ ਜਗਾਵੇਗਾ । ਸਰਬ ਕਲਾ ਭਰਪੂਰਾ, ਸਚ ਭੰਡਾਰ ਵਰਤਾਵੇਗਾ । ਕਲਜੁਗ ਮੇਟੇ ਕਿਰਿਆ ਕੂੜਾ, ਸਚ ਸੁੱਚ ਵਖਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸਤਿਜੁਗ ਕਲਜੁਗ ਦੇਵੇ ਦਾਨ, ਕਰੇ ਖੇਲ ਸ੍ਰੀ ਭਗਵਾਨ, ਭਗਵਨ ਆਪਣੀ ਕਾਰ ਕਮਾਵੇਗਾ ।

## ★ ੨੧ ਚੇਤ ੨੦੨੦ ਬਿਕਰਮੀ ਸਰੂਪ ਸਿੰਘ ਦੇ ਗ੍ਰਿਹ ਮੰਗੂ ਪੁਰਾ ★

ਸਚਖੰਡ ਸੁਹਾਏ ਸਚ ਮਹੱਲਾ, ਸਤਿ ਸਤਿਵਾਦੀ ਵਡ ਵਡਿਆਈਆ । ਆਦਿ ਜੁਗਾਦੀ ਇਕ ਇਕੱਲਾ, ਅਕਲ ਕਲ ਅਖਵਾਈਆ । ਕਰੇ ਖੇਲ ਅਛਲ ਅਛੱਲਾ, ਭੇਵ ਅਭੇਦ ਨਾ ਕੋਇ ਪਾਈਆ । ਜੋਤੀ ਸ਼ਬਦੀ ਨਿਰਗੁਣ ਰਲਾ, ਨੂਰੋ ਨੂਰ ਨੂਰ ਰੁਸ਼ਨਾਈਆ । ਵਸਣਹਾਰਾ ਉਚ ਅਟੱਲਾ, ਮੰਦਰ ਹੁਜਰਾ ਇਕ ਵਡਿਆਈਆ । ਲੇਖਾ ਜਾਣੇ ਜਲਾਂ ਥਲਾਂ, ਘਟ ਘਟ ਰਿਹਾ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਅਗੰਮ ਅਥਾਹ, ਬੇਐਬ ਧਾਰ ਚਲਾਇੰਦਾ । ਪਰਵਰਦਿਗਾਰ ਸੱਚਾ ਸ਼ਹਿਨਸ਼ਾਹ, ਮੁਕਾਮੇ ਹੱਕ ਸੋਭਾ ਪਾਇੰਦਾ । ਹਕੀਕਤ ਵੇਖੇ ਥਾਉਂ ਥਾਂ, ਦੂਈ ਦਵੈਤੀ ਪਰਦਾ ਲਾਹਿੰਦਾ । ਜੋਤੀ ਜਾਤਾ ਹੋ ਰੁਸ਼ਨਾ, ਅੰਧ ਅੰਧੇਰ ਮਿਟਾਇੰਦਾ । ਜੁਗ ਚੌਕੜੀ ਪੰਧ ਮੁਕਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਖ ਵਖਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਸੇਵਾ ਲਾ, ਸਾਚੀ ਸਿਖਿਆ ਇਕ ਦ੍ਰਿੜਾਇੰਦਾ । ਨਾਮ ਨਿਧਾਨ ਸ੍ਰੀ ਭਗਵਾਨ ਝੋਲੀ ਪਾ, ਵਸਤ ਅਮੋਲਕ ਆਪ ਵਰਤਾਇੰਦਾ । ਅੱਖਰ ਅੱਖਰ ਭੇਵ ਖੁਲ੍ਹਾ, ਵੱਖਰ ਵੱਖਰ ਵੰਡ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਕਰਾਇੰਦਾ । ਸਾਚਾ ਖੇਲ ਆਦਿ ਜੁਗਾਦਿ, ਜੁਗ ਕਰਤਾ ਆਪ ਕਰਾਈਆ । ਦੋ ਜਹਾਨ ਵਜਾਏ ਨਾਦ, ਸ਼ਬਦੀ ਸ਼ਬਦ ਸ਼ਨਵਾਈਆ । ਪਾਵੇ ਸਾਰ ਬ੍ਰਹਮ ਬ੍ਰਹਿਮਾਦ, ਬ੍ਰਹਿਮਾਂਡ ਖੋਜ ਖੁਜਾਈਆ । ਲੱਖ ਚੁਰਾਸੀ ਸਾਜਣ ਸਾਜ, ਵਿਸ਼ਨ ਬ੍ਰਹਮਾ ਸ਼ਿਵ ਤ੍ਰੈਗੁਣ ਨਾਤਾ ਜੋੜ ਜੁੜਾਈਆ । ਨਿਰਗੁਣ ਸਰਗੁਣ ਰਚ ਰਚ ਕਾਜ, ਹਰਿ ਕਰਤਾ ਖੇਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪਣੇ ਹੱਥ ਰਖਾਈਆ । ਭੇਵ ਅਭੇਦਾ ਸ੍ਰੀ ਭਗਵਾਨ, ਆਦਿ ਜੁਗਾਦਿ ਆਪਣੇ ਹੱਥ ਰਖਾਇੰਦਾ । ਜੁਗ ਜੁਗ ਗੁਰ ਅਵਤਾਰਾਂ ਦੇਵੇ ਦਾਨ, ਪੀਰ ਪੈਗ਼ੰਬਰਾਂ ਸਿਫ਼ਤੀ ਸਿਫ਼ਤ ਸਾਲਾਹਿੰਦਾ । ਲੇਖਾ ਜਾਣੇ ਦੋ ਜਹਾਨ ਬ੍ਰਹਿਮੰਡ ਖੰਡ ਵੇਖੇ ਮਾਰ ਧਿਆਨ, ਨੇਤਰ ਅੱਖ ਨਾ ਕੋਇ ਰਖਾਇੰਦਾ । ਸਚ ਸੰਦੇਸਾ ਨਰ ਨਰੇਸ਼ਾ ਦੇਵਣਹਾਰਾ ਧੁਰ ਫ਼ਰਮਾਣ, ਬੋਧ ਅਗਾਧ ਅਗੰਮੀ ਰਾਗ ਆਪ ਸੁਣਾਇੰਦਾ । ਪੰਜ ਤੱਤ ਕਰ ਪਰਵਾਨ, ਆਤਮ ਪਰਮਾਤਮ ਇਕ ਧਿਆਨ, ਪਰਮ ਪੁਰਖ ਆਪਣਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦਾ ਸਦ ਆਪਣਾ ਖੇਲ ਵਖਾਇੰਦਾ । ਸਦਾ ਸਦਾ ਸਦ ਖੇਲੇ ਖੇਲ ਅਪਾਰ, ਖੇਲਣਹਾਰਾ ਵਡ ਵਡਿਆਈਆ । ਲੇਖਾ ਜਾਣੇ ਜੁਗ ਚੌਕੜੀ ਚਾਰ, ਨਵ ਨੌਂ ਵੇਖੇ ਥਾਉਂ ਥਾਈਆ । ਦੇਵਣਹਾਰਾ ਨਾਮ ਆਧਾਰ, ਨਾਮ ਨਾਮਾ ਵਣਜ ਕਰਾਈਆ । ਖੋਲ੍ਹਣਹਾਰਾ ਹੱਟ ਬਾਜ਼ਾਰ, ਵਸਤ ਇਕੋ ਇਕ ਵਰਤਾਈਆ । ਵਖਾਵਣਹਾਰਾ ਸਚ ਭੰਡਾਰ, ਵਡ ਭੰਡਾਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਹਰਿ ਵਡ ਭੰਡਾਰਾ, ਨਿਤ ਨਵਿਤ ਵਰਤਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਕਰਦੇ ਗਏ ਨਿਮਸਕਾਰਾ, ਦੋਏ ਦੋਏ ਜੋੜ ਸੀਸ ਸਰਬ ਝੁਕਾਇੰਦਾ । ਦਰ ਦਰਵੇਸ਼ ਮੰਗਦੇ ਗਏ ਭਿਖਾਰਾ, ਖ਼ਾਲੀ ਝੋਲੀ ਸਰਬ ਭਰਾਇੰਦਾ । ਦੇਵਣਹਾਰਾ ਸਚ ਸਹਾਰਾ, ਮਿਹਰ ਨਜ਼ਰ ਆਪ ਉਠਾਇੰਦਾ । ਦੱਸਣਹਾਰਾ ਅੰਤ ਕਿਨਾਰਾ, ਭੇਵ ਅਭੇਦ ਆਪ ਜਣਾਇੰਦਾ । ਲਿਖ ਲਿਖ ਗਏ ਲੋਕਮਾਤ ਵਾਰਾ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਗੀਤਾ ਗਿਆਨ ਨਾਲ ਮਿਲਾਇੰਦਾ । ਬੋਧ ਅਗਾਧੀ ਬ੍ਰਹਮ ਬ੍ਰਹਿਮਾਦੀ ਦੇਂਦਾ ਰਿਹਾ ਇਸ਼ਾਰਾ, ਸ਼ਬਦ ਇਸ਼ਾਰੇ ਨਾਲ

ਸਮਝਾਇੰਦਾ । ਹਰਿ ਕਾ ਖੇਲ ਸਦਾ ਨਿਆਰਾ, ਲਿਖਣ ਪੜ੍ਹਨ ਵਿਚ ਨਾ ਆਇੰਦਾ । ਕਾਗ਼ਦ ਕਲਮ ਸ਼ਾਹੀ ਤੋਂ ਵਸੇ ਬਾਹਰਾ, ਦਸਤ ਬਦਸਤ ਬੰਦ ਨਾ ਕੋਇ ਕਰਾਇੰਦਾ । ਗੁਰ ਅਵਤਾਰ ਜਣਾਏ ਇਕ ਜੈਕਾਰਾ, ਜੈ ਜੈਕਾਰ ਆਪਣੇ ਨਾਉਂ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਖੁਲ੍ਹਾਇੰਦਾ । ਜੈ ਜੈਕਾਰ ਕਰਨ ਗੁਰਦੇਵ, ਹਰਿ ਸਤਿਗੁਰ ਧਿਆਨ ਲਗਾਈਆ । ਨੌਂ ਸੌ ਚੁਰਾਨਵੇਂ ਚੌਕੜੀ ਯੁਗ ਕਰ ਕਰ ਸੇਵ, ਪੰਜ ਤੱਤ ਚੋਲਾ ਗਹੇ ਹੰਢਾਈਆ । ਅੰਮ੍ਰਿਤ ਖਾ ਖਾ ਸੱਚਾ ਨਾਮ ਮੇਵ, ਰਸ ਇਕੋ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਦ੍ਰਿੜਾਈਆ । ਸਾਚੀ ਸਿਖਿਆ ਗੁਰ ਅਵਤਾਰ ਪੀਰ ਪੈਗ਼ੰਬਰ ਆਪ ਜਣਾਇੰਦਾ । ਸਚ ਸੰਦੇਸਾ ਵਾਰੋ ਵਾਰ, ਸਦਾ ਸੁਹੇਲਾ ਆਪ ਸੁਣਾਇੰਦਾ । ਇਕ ਇਕੇਲਾ ਪਾਵੇ ਸਾਰ, ਗੁਰ ਅਵਤਾਰ ਪੀਰ ਪੈਗ਼ੰਬਰ ਰੂਪ ਵਟਾਇੰਦਾ । ਅੰਤਮ ਮੇਲਾ ਨਿਰਗੁਣ ਧਾਰ, ਜੋਤੀ ਜਾਤਾ ਡਗਮਗਾਇੰਦਾ । ਵਕਤ ਸੁਹੇਲਾ ਆਵੇ ਵਿਚ ਸੰਸਾਰ, ਸਰਬ ਘਟ ਵਾਸੀ ਆਪ ਸੁਣਾਇੰਦਾ । ਪਰਮ ਪੁਰਖ ਪਰਗਟ ਹੋਏ ਆਪ ਕਰਤਾਰ, ਨਿਰਗੁਣ ਆਪਣੀ ਜੋਤ ਜਗਾਇੰਦਾ । ਕਲ ਕਲਕੀ ਲੈ ਅਵਤਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਕਰੇ ਕਰਤਾਰ, ਹਰਿ ਕਰਤਾ ਵਡ ਵਡਿਆਈਆ । ਗੁਰ ਅਵਤਾਰ ਸਾਚੇ ਲਾਲ, ਹਰਿ ਲਾਲਨ ਰੰਗ ਰੰਗਾਈਆ । ਸ਼ਬਦ ਅਗੰਮੀ ਵਿਚ ਦਲਾਲ, ਬਣ ਵਿਚੋਲਾ ਸੇਵ ਕਮਾਈਆ । ਵੇਖਣਹਾਰਾ ਹੱਕ ਹਲਾਲ, ਪਰਵਰਦਿਗਾਰ ਬੇਪਰਵਾਹੀਆ । ਨੂਰੀ ਜਲਵਾ ਇਕ ਜੁਮਾਲ, ਜ਼ਾਹਰ ਜ਼ਹੂਰ ਕਰੇ ਰੁਸ਼ਨਾਈਆ । ਕਲਮਾ ਨਬੀ ਰਸੂਲ ਸਿਖਾਲ, ਕਾਇਨਾਤ ਕਰੇ ਪੜ੍ਹਾਈਆ । ਵੇਖਣਹਾਰਾ ਸਰਬ ਆਅਮਾਲ, ਅਮਲ ਕਰੇ ਥਾਉਂ ਥਾਈਆ । ਨਿਰਗੁਣ ਸਰਗੁਣ ਵਸੇ ਨਾਲ, ਵਿਛੜ ਕਦੇ ਨਾ ਜਾਈਆ । ਸਤਿ ਸਤਿਵਾਦੀ ਲੇਖਾ ਜਾਣੇ ਪਿਛਲਾ ਹਾਲ, ਪੂਰਬ ਖਾਤਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਆਪ ਕਮਾਈਆ । ਕਰਨੀ ਕਰੇ ਪੁਰਖ ਸਮਰਥ, ਸਮਰਥ ਹੱਥ ਵੱਡੀ ਵਡਿਆਈਆ । ਕਲਜੁਗ ਅੰਤਮ ਹੋ ਪਰਗਟ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਨਿਹਕਲੰਕਾ ਨਾਉਂ ਰੱਖ, ਮਾਤ ਪਿਤ ਨਾ ਕੋਇ ਬਣਾਈਆ । ਸ਼ਬਦ ਅਗੰਮੀ ਮਾਰੇ ਸੱਟ, ਦੋ ਜਹਾਨਾਂ ਰਿਹਾ ਜਗਾਈਆ । ਪਾਰਬ੍ਰਹਮ ਪ੍ਰਭ ਆਪਣੀ ਬਦਲ ਕਰਵਟ, ਨੇਤਰ ਨੈਣ ਨੈਣ ਖੁਲ੍ਹਾਈਆ । ਲੇਖਾ ਜਾਣੇ ਚੌਦਾਂ ਲੋਕ ਹੱਟ, ਚੌਦਾਂ ਤਬਕਾਂ ਪਰਦਾ ਦਏ ਉਠਾਈਆ । ਦੇਵਣਹਾਰਾ ਸਾਚੀ ਵਥ, ਵਸਤ ਅਮੋਲਕ ਇਕ ਵਖਾਈਆ । ਆਤਮ ਪਰਮਾਤਮ ਸਾਚਾ ਰਸ, ਬ੍ਰਹਮ ਪਾਰਬ੍ਰਹਮ ਮਿਲਾਈਆ । ਮੇਟੇ ਰੈਣ ਅੰਧੇਰੀ ਮਸ, ਸਤਿ ਸਤਿਵਾਦੀ ਸਾਚਾ ਚੰਦ ਚੜ੍ਹਾਈਆ । ਪੰਧ ਮੁਕਾਏ ਨੱਠ ਨੱਠ, ਬਣ ਪਾਂਧੀ ਫੇਰਾ ਪਾਈਆ । ਫੋਲ ਫੁਲਾਏ ਸ਼ਿਵਦੁਆਲੇ ਮੰਦਰ ਮਸਜਿਦ ਮੱਠ, ਗੁਰਦੁਆਰ ਅੰਤਰ ਫੇਰਾ ਪਾਈਆ । ਲੇਖਾ ਚੁਕਾਏ ਤੀਰਥ ਅੱਠਸੱਠ, ਗੰਗਾ ਗੁਦਾਵਰੀ ਜਮਨਾ ਸੁਰਸਤੀ ਨੈਣ ਸ਼ਰਮਾਈਆ । ਨੌਂ ਖੰਡ ਪ੍ਰਿਥਮੀ ਸਤ ਦੀਪ ਚਾਰ ਕੁੰਟ ਦਹਿ ਦਿਸ਼ਾ ਵੇਖੇ ਖ਼ਾਲੀ ਹੱਟ, ਹਰਿ ਕਾ ਨਾਮ ਵਸਤ ਨਾ ਕੋਇ ਰਖਾਈਆ । ਸਾਧ ਸੰਤ ਜੀਵ ਜੰਤ ਕਲਜੁਗ ਮਾਲਾ ਰਹੇ ਰਟ, ਮਨ ਕਾ ਮਣਕਾ ਨਾ ਕੋਇ ਭੁਆਈਆ । ਰਸਨਾ ਜਿਹਵਾ ਸਭ ਨੂੰ ਮਾਰਗ ਰਹੇ ਦੱਸ, ਆਪਣਾ ਰਾਹ ਨਜ਼ਰ ਕਿਸੇ ਨਾ ਆਈਆ । ਮਾਇਆ ਮਮਤਾ ਹਉਮੇ ਹੰਗਤਾ ਜ਼ਾਤ ਪਾਤ ਦੀਨ ਮਜ਼੍ਹਬ ਵਿਚ ਗਏ ਫਸ, ਲਾਸ਼ਰੀਕ ਮਿਲਿਆ ਨਾ ਬੇਪਰਵਾਹੀਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗਾ ਗਾ ਥੱਕੇ ਜੱਸ, ਹਰਿ ਜਸ ਰਸਨਾ ਜਿਹਵਾ ਨਾ

੧੮੦
੧੪

ਕੋਇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਖੇੜਾ ਕਰੇ ਭੱਠ, ਅਗਨੀ ਇਕੋ ਜੋਤ ਲਗਾਈਆ । ਅਗਨੀ ਜੋਤ ਲੱਗੇ ਅੱਗ, ਸ੍ਰੀ ਭਗਵਾਨ ਆਪ ਲਗਾਇੰਦਾ । ਕੂੜੀ ਕਿਰਿਆ ਜਾਏ ਮਚ, ਮਾਇਆ ਮਮਤਾ ਮੋਹ ਮਿਟਾਇੰਦਾ । ਜਨ ਭਗਤਾਂ ਪੱਲੇ ਰਹਿ ਜਾਏ ਸੱਚ, ਦੂਜੀ ਵਸਤ ਨਾ ਕੋਇ ਵਖਾਇੰਦਾ । ਭਾਗ ਲਗਾਏ ਕਾਇਆ ਮਾਟੀ ਕੱਚ, ਕੰਚਨ ਰੂਪ ਆਪ ਬਣਾਇੰਦਾ । ਹਿਰਦੇ ਅੰਦਰ ਹਰਿ ਜੂ ਰਚ, ਆਪ ਆਪਣਾ ਰੰਗ ਚੜ੍ਹਾਇੰਦਾ । ਸੱਚਾ ਮਾਰਗ ਇਕੋ ਦੱਸ, ਸੋ ਪੁਰਖ ਨਿਰੰਜਣ ਆਪ ਪੜ੍ਹਾਇੰਦਾ । ਹੰ ਬ੍ਰਹਮ ਪ੍ਰਭ ਕਰੇ ਵਸ, ਪਾਰਬ੍ਰਹਮ ਪ੍ਰਭ ਆਪਣਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜਗਾਦੀ ਇਕੋ ਨਾਮ ਦੇਵਣਹਾਰਾ ਸੱਚਾ ਜਾਮ ਰਸ, ਪਿਆਲਾ ਇਕੋ ਇਕ ਵਖਾਇੰਦਾ । ਆਦਿ ਜੁਗਾਦੀ ਸੱਚਾ ਨਾਉਂ, ਨਰ ਨਿਰੰਕਾਰਾ ਆਪ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਪਕੜ ਉਠਾਏ ਬਾਹੋਂ, ਸੋਇਆ ਕੋਇ ਰਹਿਣ ਨਾ ਪਾਈਆ । ਵੇਖੇ ਹਰਿ ਜੂ ਕਰੇ ਸਚ ਨਿਆਉਂ, ਸਚ ਸਿੰਘਾਸਣ ਆਸਣ ਲਾਈਆ । ਕਲਜੁਗ ਅੰਤ ਸ੍ਰੀ ਭਗਵੰਤ ਨਿਥਾਵਿਆਂ ਦੇਵੇ ਸਾਚਾ ਥਾਉਂ, ਫੜ ਬਾਹੋਂ ਗਲੇ ਲਗਾਈਆ । ਸਦਾ ਸੁਹੇਲਾ ਇਕ ਇਕੇਲਾ ਰੱਖੇ ਠੰਡੀ ਛਾਉਂ, ਅਗਨੀ ਤੱਤ ਨਾ ਲਾਗੇ ਰਾਈਆ । ਫੜ ਫੜ ਹੰਸ ਬਣਾਏ ਕਾਉਂ, ਕਾਗੋਂ ਹੰਸ ਆਪ ਉਡਾਈਆ । ਨਿਰਗੁਣ ਸਰਗੁਣ ਬਣਿਆ ਪਿਤਾ ਮਾਉਂ, ਗੁਰਮੁਖ ਬਾਲਕ ਗੋਦ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਟਿਕਾਈਆ । ਮਿਹਰਵਾਨ ਬੇਨਜ਼ੀਰ ਨਜ਼ਰ ਇਕੋ ਇਕ ਉਠਾਇੰਦਾ । ਵਖਾਵਣਹਾਰਾ ਸਚ ਤਸਵੀਰ, ਪਰਦਾ ਦੂਈ ਆਪ ਚੁਕਾਇੰਦਾ । ਬਦਲਣਹਾਰ ਤਕਦੀਰ, ਤਦਬੀਰ ਆਪਣੀ ਆਪ ਸਮਝਾਇੰਦਾ । ਕੱਟਣਹਾਰਾ ਸ਼ਰਅ ਜ਼ੰਜੀਰ, ਕੂੜੀ ਸ਼ਿਰਕਤ ਆਪ ਮਿਟਾਇੰਦਾ । ਵੇਖਣਹਾਰਾ ਸ਼ਾਹ ਹਕੀਰ, ਊਚ ਨੀਚ ਭੇਵ ਮਿਟਾਇੰਦਾ । ਪਰਗਟ ਹੋਇਆ ਵਡ ਪੀਰਨ ਪੀਰ, ਪੈਗ਼ੰਬਰ ਆਪਣੀ ਕਾਰ ਕਮਾਇੰਦਾ । ਹੱਥ ਫੜ ਨਾਮ ਸ਼ਮਸ਼ੀਰ, ਤਿਖੀ ਧਾਰ ਜਣਾਇੰਦਾ । ਮੁਰੀਦ ਮੁਰਸ਼ਦ ਦੇਵਣਹਾਰ ਧੀਰ, ਧੀਰਜ ਇਕੋ ਇਕ ਬੰਧਾਇੰਦਾ । ਆਬੇ ਹਯਾਤ ਅੰਮ੍ਰਿਤ ਸੀਰ, ਰਸ ਪਿਆਲਾ ਨਾਮ ਪਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਜਾਮ ਇਕ ਸਮਝਾਇੰਦਾ । ਸਤਿਗੁਰ ਸੱਚਾ ਸੱਚਾ ਜਾਮ, ਅੰਤਰ ਆਤਮ ਆਪ ਪਿਆਈਆ । ਮੇਲ ਮਿਲਾਏ ਸਾਚੇ ਰਾਮ, ਰਮੱਯਾ ਇਕੋ ਨਜ਼ਰੀ ਆਈਆ । ਦਰਸ ਕਰਾਏ ਅਗੰਮੀ ਕਾਹਨ, ਮੁਕੰਦ ਮਨੋਹਰ ਲਖਮੀ ਨਰਾਇਣ ਵਡ ਵਡਿਆਈਆ । ਧਰਮ ਵਖਾਏ ਇਕ ਨਿਸ਼ਾਨ, ਸਚ ਦੁਆਰੇ ਆਪ ਝੁਲਾਈਆ । ਨਜ਼ਰੀ ਆਏ ਇਕ ਅਮਾਮ, ਈਸਾ ਮੂਸਾ ਮੁਹੰਮਦ ਬੈਠੇ ਸੀਸ ਝੁਕਾਈਆ । ਨਾਨਕ ਗੋਬਿੰਦ ਕਰੇ ਪਰਨਾਮ, ਨੇਤਰ ਨੈਣ ਧਿਆਨ ਜਣਾਈਆ । ਮੰਤਰ ਇਕੋ ਇਕ ਕਲਾਮ, ਕਲਮਾ ਨਬੀ ਰਸੂਲ ਸੁਣਾਈਆ । ਸੱਚਾ ਢੋਲਾ ਸਤਿ ਨਾਮ, ਨਾਮ ਸਤਿ ਵੱਜੇ ਵਧਾਈਆ । ਵਾਹਵਾ ਗੁਰੂ ਹੋਏ ਪਰਧਾਨ, ਸਤਿਗੁਰ ਇਕੋ ਇਕ ਸਰਨਾਈਆ । ਡੰਕਾ ਵੱਜੇ ਦੋ ਜਹਾਨ, ਨਿਰਗੁਣ ਨਿਰਵੈਰ ਕਰੇ ਸ਼ਨਵਾਈਆ । ਪਰਗਟ ਹੋ ਆਪ ਮਿਹਰਵਾਨ, ਮਿਹਰ ਨਜ਼ਰ ਆਪ ਉਠਾਈਆ । ਜਿਸ ਦਾ ਗੁਰ ਅਵਤਾਰ ਪੀਰ ਪੈਗ਼ੰਬਰ ਜੁਗ ਜੁਗ ਕਰਦੇ ਗਏ ਧਿਆਨ, ਸੋ ਸਾਹਿਬ ਫੇਰਾ ਪਾਈਆ । ਸਭ ਦਾ ਲੇਖਾ ਪੂਰਾ ਕਰੇ ਆਣ, ਲਿਖਿਆ ਲੇਖ ਆਪਣੀ ਝੋਲੀ ਪਾਈਆ । ਸਤਿਜੁਗ ਦੇਵੇ ਸਚ ਫ਼ਰਮਾਣ, ਧੁਰ ਸੰਦੇਸਾ ਇਕ ਸੁਣਾਈਆ । ਭਗਤ ਭਗਵਾਨ ਮਾਰਗ ਚਲੇ ਜਹਾਨ, ਜੀਵਣ ਜੁਗਤ ਦਏ ਜਣਾਈਆ । ਇਕੋ ਇਸ਼ਟ ਨੌਜਵਾਨ, ਦ੍ਰਿਸ਼ਟ ਸਭ ਦੀ ਦਏ ਖੁਲ੍ਹਾਈਆ ।

ਸੋਹੰ ਢੋਲਾ ਜੀਵ ਜੰਤ ਸਾਧ ਸੰਤ ਸਾਰੇ ਗਾਣ, ਵਿਸ਼ਨ ਬ੍ਰਹਮਾ ਸ਼ਿਵ ਬਿਨ ਰਾਗਾਂ ਰਾਗ ਅਲਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਰਨ ਪਰਵਾਨ, ਨਾਨਕ ਸਤਿਗੁਰ ਗਿਆ ਸਮਝਾਈਆ । ਗੋਬਿੰਦ ਕਹੇ ਮੇਰਾ ਚਿਲਾ ਤੀਰ ਕਮਾਨ, ਕਲਜੁਗ ਅੰਤਮ ਸੋਹੰ ਰੂਪ ਨਜ਼ਰੀ ਆਈਆ । ਕਰੇ ਖੇਲ ਪੁਰਖ ਅਕਾਲ, ਅਕਲ ਕਲਾ ਵਡ ਵਡਿਆਈਆ । ਜਿਸ ਜਨ ਉਪਰ ਹੋਏ ਆਪ ਦਿਆਲ, ਆਪਣਾ ਪਰਦਾ ਦਏ ਉਠਾਈਆ । ਲੱਖ ਚੁਰਾਸੀ ਵਿਚੋਂ ਲੱਭੇ ਲਾਲ, ਜੁਗ ਵਿਛੜੇ ਮੇਲ ਮਿਲਾਈਆ । ਨਾਤਾ ਤੋੜ ਕਾਲ ਮਹਾਂਕਾਲ, ਮਹਿਮਾ ਆਪਣੀ ਦਏ ਜਣਾਈਆ । ਸਚਖੰਡ ਵਖਾਏ ਸੱਚੀ ਧਰਮਸਾਲ, ਛੱਪਰ ਛੰਨ ਨਾ ਕੋਇ ਛੁਹਾਈਆ । ਸੂਰਜ ਚੰਨ ਨਾ ਕੋਇ ਪਸਾਰ, ਦੀਪਕ ਦੀਆ ਨਾ ਕੋਇ ਟਿਕਾਈਆ । ਰਸਨਾ ਜਿਹਵਾ ਨਾ ਕੋਇ ਜੈਕਾਰ, ਬੱਤੀ ਦੰਦ ਨਾ ਸਿਫ਼ਤ ਸਾਲਾਹੀਆ । ਸਾਧ ਸੰਤ ਨਾ ਕੋਇ ਪੁਕਾਰ, ਖਾਣੀ ਬਾਣੀ ਰਾਗ ਨਾਦ ਨਾ ਕੋਇ ਸੁਣਾਈਆ । ਤੀਰਥ ਤੱਟ ਨਾ ਕੋਇ ਕਿਨਾਰ, ਸਰੋਵਰ ਰੂਪ ਨਾ ਕੋਇ ਵਟਾਈਆ । ਇਕ ਇਕੱਲਾ ਸਚ ਮਹੱਲਾ ਵਸੇ ਏਕੰਕਾਰ, ਸਚ ਸਿੰਘਾਸਣ ਸੋਭਾ ਪਾਈਆ । ਬਿਨ ਭਗਤਾਂ ਦੇਵੇ ਨਾ ਕਿਸੇ ਦੀਦਾਰ, ਜੁਗ ਜੁਗ ਕੋਟਨ ਕੋਟ ਬੈਠੇ ਧਿਆਨ ਲਗਾਈਆ । ਕਬੀਰ ਜੁਲਾਹਾ ਉਚੀ ਕੂਕ ਕਹੇ ਪੁਕਾਰ, ਆਓ ਸੰਤੋ ਮਿਲੋ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਦਾਤਾ ਪੁਰਖ ਬਿਧਾਤਾ ਜਨ ਭਗਤਾਂ ਰੱਖੇ ਉਤਮ ਜਾਤਾ, ਜ਼ਾਤ ਆਪਣੀ ਵਿਚ ਮਿਲਾਇੰਦਾ ।



★ ੨੧ ਚੇਤ ੨੦੨੦ ਬਿਕਰਮੀ ਨਗੀਨਾ ਸਿੰਘ ਦੇ ਗ੍ਰਹਿ ਮਾਡਲ ਹਾਊਸ ਜਲੰਧਰ ★

ਨੇਹਕਲੰਕ ਸ੍ਰੀ ਭਗਵਨ, ਭਗਵਾਨ ਆਪਣਾ ਖੇਲ ਕਰਾਇੰਦਾ । ਨਾ ਮਰੇ ਨਾ ਪਏ ਜੰਮ, ਜਨਮ ਮਰਨ ਨਾ ਕੋਇ ਰਖਾਇੰਦਾ । ਸਤਿ ਸਤਿਵਾਦੀ ਬੇੜਾ ਬੰਨ੍ਹ, ਸਚਖੰਡ ਸਾਚੇ ਸੋਭਾ ਪਾਇੰਦਾ । ਨਿਰਮਲ ਜੋਤ ਚਾੜ੍ਹੇ ਚੰਨ, ਨੂਰ ਨੁਰਾਨਾ ਡਗਮਗਾਇੰਦਾ । ਕਲਜੁਗ ਕੂੜੀ ਕਿਰਿਆ ਦੇਵੇ ਭੰਨ, ਭਾਂਡਾ ਭਰਮ ਭੌ ਭੰਨਾਇੰਦਾ । ਸਤਿਜੁਗ ਦੇਵੇ ਸਾਚਾ ਧੰਨ, ਵਸਤ ਅਮੋਲਕ ਨਾਮ ਝੋਲੀ ਪਾਇੰਦਾ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਏਕਾ ਰਾਗ ਸੁਣਾਏ ਕੰਨ, ਕਾਗ਼ਜ਼ ਕਲਮ ਭੇਵ ਨਾ ਪਾਇੰਦਾ । ਮੰਦਰ ਵਖਾਏ ਬਿਨ ਛੱਪਰੀ ਛੰਨ, ਸਾਢੇ ਤਿੰਨ ਹੱਥ ਬੰਕ ਵਡਿਆਇੰਦਾ । ਪੰਚ ਵਿਕਾਰਾ ਦੇਵੇ ਡੰਨ, ਨਾਮ ਖੰਡਾ ਹੱਥ ਰਖਾਇੰਦਾ । ਕਰੇ ਪਰਕਾਸ਼ ਅੰਧੇਰਾ ਅੰਨ੍ਹ, ਨੇਤਰ ਗਿਆਨ ਇਕ ਖੁਲ੍ਹਾਇੰਦਾ । ਲੇਖਾ ਜਾਣੇ ਜਨਨੀ ਜਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਵੈਰ ਪੁਰਖ ਇਕ ਅਖਵਾਇੰਦਾ । ਨਿਰਵੈਰ ਪੁਰਖ ਪੁਰਖ ਅਕਾਲ, ਅਗੰਮ ਅਥਾਹ ਵੱਡੀ ਵਡਿਆਈਆ । ਵਸਣਹਾਰਾ ਸਚ ਸੱਚੀ ਧਰਮਸਾਲ, ਧਰਮ ਦੁਆਰੇ ਆਸਣ ਲਾਈਆ । ਸ਼ਾਹੋ ਭੂਪ ਵਡ ਸੁਲਤਾਨ ਸ਼ਹਿਨਸ਼ਾਹ ਇਕੋ ਇਕ ਅਖਵਾਈਆ । ਲੇਖਾ ਜਾਣੇ ਦੋ ਜਹਾਨ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਖੋਜ ਖੁਜਾਈਆ । ਵਿਸ਼ਨ ਬ੍ਰਹਮਾ ਸ਼ਿਵ ਦੇਵਣਹਾਰ ਗਿਆਨ, ਗੁਰ ਅਵਤਾਰ ਕਰੇ ਪੜ੍ਹਾਈਆ । ਪੀਰ ਪੈਗ਼ੰਬਰ ਸਚ ਨਿਸ਼ਾਨ, ਮੁਕਾਮੇ ਹੱਕ ਹੱਕ ਦਰਸਾਈਆ । ਭਗਤ ਭਗਵਾਨ ਕਰ ਪਰਵਾਨ, ਨਾਮ ਪਰਵਾਨਾ ਹੱਥ ਫੜਾਈਆ । ਜੁਗ ਚੌਕੜੀ ਖੇਲ ਮਹਾਨ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਹੰਢਾਈਆ । ਨਿਰਗੁਣ ਸਰਗੁਣ ਵੇਖੇ ਮਾਰ ਧਿਆਨ,

ਲੱਖ ਚੁਰਾਸੀ ਖੋਜ ਖੁਜਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਲੇਖਾ ਜਾਣੇ ਜੀਵ ਜਹਾਨ, ਜਾਗਰਤ ਜੋਤ ਜੋਤ ਰੁਸ਼ਨਾਈਆ । ਆਦਿ ਜੁਗਾਦੀ ਇਕ ਇਕੱਲਾ ਨੌਜਵਾਨ, ਬਿਰਧ ਬਾਲ ਨਾ ਰੂਪ ਧਰਾਈਆ । ਜੁਗ ਚੌਕੜੀ ਦੇਵਣਹਾਰਾ ਸ਼ਬਦ ਗਿਆਨ, ਬੋਧ ਅਗਾਧ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਰ ਨਰਾਇਣ ਇਕ ਅਖਵਾਈਆ । ਨਰ ਨਰਾਇਣ ਹਰਿ ਨਿਰੰਕਾਰਾ, ਨਿਰਗੁਣ ਆਪਣੀ ਧਾਰ ਚਲਾਇੰਦਾ । ਕਰੇ ਖੇਲ ਅਗੰਮ ਅਪਾਰਾ, ਅਲੱਖ ਅਗੋਚਰ ਭੇਵ ਕੋਇ ਨਾ ਪਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਦਰ ਦਰਵੇਸ਼ ਮੰਗਦੇ ਗਏ ਭਿਖਾਰਾ, ਚਰਨ ਕਵਲ ਧਿਆਨ ਸਰਬ ਰਖਾਇੰਦਾ । ਸਦਾ ਸਦਾ ਸਦ ਦੇਵਣਹਾਰਾ ਏਕੰਕਾਰਾ, ਅਕਲ ਕਲ ਆਪਣੀ ਆਪ ਵਖਾਇੰਦਾ । ਕਲਜੁਗ ਅੰਤ ਸ੍ਰੀ ਭਗਵੰਤ ਪਰਗਟ ਹੋ ਚਵੀਆਂ ਅਵਤਾਰਾ, ਚਾਰ ਕੁੰਟ ਦਹਿ ਦਿਸ਼ਾ ਵੇਖ ਵਖਾਇੰਦਾ । ਨਾਮ ਖੰਡਾ ਤੇਜ਼ ਪਰਚੰਡਾ ਤਿਖੀਆਂ ਰੱਖੇ ਦੋਵੇਂ ਧਾਰਾ, ਧਾਰ ਆਪਣੀ ਨਾ ਕਿਸੇ ਸਮਝਾਇੰਦਾ । ਕੂੜੀ ਕਿਰਿਆ ਕਰੇ ਪਾਰ ਕਿਨਾਰਾ, ਮਾਇਆ ਮਮਤਾ ਹਉਮੇ ਹੰਗਤਾ ਝੂਠਾ ਗੜ੍ਹ ਤੁੜਾਇੰਦਾ । ਭਗਤ ਭਗਵਾਨ ਦਏ ਇਸ਼ਾਰਾ, ਨਿਰਗੁਣ ਸਰਗੁਣ ਆਪ ਉਠਾਇੰਦਾ । ਨਾਮ ਅਗੰਮ ਬੋਲ ਜੈਕਾਰਾ, ਸਤਿ ਸਤਿਵਾਦੀ ਰਾਗ ਅਲਾਇੰਦਾ । ਛੱਤੀ ਰਾਗ ਨੇਤਰ ਰੋਵਣ ਜ਼ਾਰੋ ਜ਼ਾਰਾ, ਧੀਰਜ ਧੀਰ ਨਾ ਕੋਇ ਧਰਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰੇ ਪੁਕਾਰਾ, ਕਰੋੜ ਤੇਤੀਸਾ ਸਤਿ ਸੰਤੋਖ ਹੱਥ ਨਾ ਕੋਇ ਰਖਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਦੋਏ ਜੋੜ ਕਰਨ ਨਿਮਸਕਾਰਾ, ਸੀਸ ਜਗਦੀਸ਼ ਅੱਗੇ ਨਾ ਕੋਇ ਰਖਾਇੰਦਾ । ਕਲਜੁਗ ਅੰਤਮ ਚਾਰ ਕੁੰਟ ਦਿਸੇ ਰੈਣ ਅੰਧਿਆਰਾ, ਸਾਚਾ ਚੰਦ ਨਾ ਕੋਇ ਚਮਕਾਇੰਦਾ । ਗੁਰ ਕਾ ਸ਼ਬਦ ਨਾ ਕਿਸੇ ਵਿਚਾਰਾ, ਹਰਿ ਕਾ ਦਰਸ ਕੋਇ ਨਾ ਪਾਇੰਦਾ । ਖ਼ਾਲੀ ਹੋਏ ਮੰਦਰ ਮੱਠ ਸ਼ਿਵਦਵਾਲ ਗੁਰੂਦੁਆਰਾ, ਗ੍ਰਹਿ ਮੰਦਰ ਭਾਗ ਨਾ ਕੋਇ ਲਗਾਇੰਦਾ । ਰਾਗ ਨਾਦ ਵੇਦ ਪੁਰਾਨ ਕਰਨ ਹਾਹਾਕਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਵੈਰ ਆਪਣੀ ਕਲ ਧਰਾਇੰਦਾ । ਨਿਹਕਲੰਕ ਨਾਮ ਨਿਧਾਨ, ਨਾਉਂ ਨਿਰੰਕਾਰਾ ਵਡ ਵਡਿਆਈਆ । ਭੂਪਤ ਭੂਪ ਰਾਜ ਰਾਜਾਨ, ਸ਼ਾਹ ਸੁਲਤਾਨ, ਸ਼ਹਿਨਸ਼ਾਹ ਇਕੋ ਇਕ ਅਖਵਾਈਆ । ਨਾਨਕ ਗੋਬਿੰਦ ਮੰਗਦੇ ਗਏ ਦਾਨ, ਪ੍ਰਭ ਅੱਗੇ ਝੋਲੀ ਡਾਹੀਆ । ਕਲਜੁਗ ਅੰਤਮ ਪਰਗਟ ਹੋਵੇ ਮਹਾਂਬਲੀ ਨੌਜਵਾਨ, ਪਿਤਾ ਪੂਤ ਮਾਤ ਗੋਦ ਨਾ ਕੋਇ ਸੁਹਾਈਆ । ਸ਼ਾਸਤਰ ਸਿਮਰਤ ਦੱਸ ਸਕੇ ਨਾ ਕੋਇ ਨਿਸ਼ਾਨ, ਖਾਣੀ ਬਾਣੀ ਕਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਦਾਤਾ ਪੁਰਖ ਬਿਧਾਤਾ ਬੇਪਰਵਾਹ ਅਗੰਮ ਅਥਾਹ ਸੱਚਾ ਸ਼ਹਿਨਸ਼ਾਹ ਇਕੋ ਇਕ ਅਖਵਾਈਆ । ਸ਼ਹਿਨਸ਼ਾਹ ਵਡ ਸੁਲਤਾਨ, ਦੋ ਜਹਾਨਾਂ ਰਯਤ ਵੇਖ ਵਖਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਸ਼ਬਦੀ ਸੁਤ ਬਣਾ ਸਮਾਜ, ਸਗਲਾ ਸੰਗ ਨਿਭਾਇੰਦਾ । ਲੱਖ ਚੁਰਾਸੀ ਰਚ ਰਚ ਕਾਜ, ਅੰਡਜ ਜੇਰਜ ਉਤਭੁਜ ਸੇਤਜ ਚਾਰੇ ਖਾਣੀ ਵੰਡ ਵੰਡਾਇੰਦਾ । ਚਾਰੇ ਬਾਣੀ ਕਰ ਮੁਹਤਾਜ, ਪਰਾ ਪਸੰਤੀ ਮਧਮ ਬੈਖ਼ਰੀ ਸੇਵਾ ਸਾਚੀ ਸਚ ਲਗਾਇੰਦਾ । ਆਤਮ ਪਰਮਾਤਮ ਪਰਮਾਤਮ ਆਤਮ ਦੇ ਦਾਜ, ਵਸਤ ਅਮੋਲਕ ਕਾਇਆ ਗੋਲਕ ਪੰਜ ਤੱਤ ਖੇੜਾ ਆਪ ਵਸਾਇੰਦਾ । ਬੋਧ ਅਗਾਧ ਸ਼ਬਦ ਅਨਾਦ ਨਿਜ ਘਰ ਮਾਰ ਅਵਾਜ, ਧੁਨ ਆਤਮਕ ਰਾਗ ਸੁਣਾਇੰਦਾ । ਦੀਆ ਬਾਤੀ ਕਮਲਾਪਾਤੀ ਜੋਤ ਨਿਰੰਜਣ ਕਰ ਪ੍ਰਕਾਸ਼, ਨੂਰ ਨੁਰਾਨਾ ਸ਼ਾਹ ਸੁਲਤਾਨਾ ਇਕੋ ਡਗਮਗਾਇੰਦਾ । ਅੰਮ੍ਰਿਤ ਆਤਮ ਨਿਝਰ ਝਿਰਨਾ ਝਿਰਾ ਬੁਝਾਏ ਪਿਆਸ, ਸਰ ਸਰੋਵਰ ਇਕ ਨੁਹਾਇੰਦਾ । ਲੇਖਾ ਜਾਣ ਪ੍ਰਿਥਮੀ ਅਕਾਸ਼, ਗਗਨ ਮੰਡਲ ਬ੍ਰਹਿਮੰਡ

੧੮੨
੧੪

ਖੰਡ ਵੇਖ ਵਖਾਇੰਦਾ । ਭਗਤ ਭਗਵਾਨ ਹੋਏ ਦਾਸੀ ਦਾਸ, ਨਿਤ ਨਵਿਤ ਕਰ ਕਰ ਹਿਤ ਬਣ ਸੇਵਕ ਸੇਵ ਕਮਾਇੰਦਾ । ਕਲਜੁਗ ਅੰਤਮ ਖੇਲ ਤਮਾਸ਼, ਵੇਖਣਹਾਰਾ ਮੰਡਲ ਰਾਸ, ਗੋਪੀ ਕਾਹਨ ਨਾਚ ਨਚਾਇੰਦਾ । ਨੌਂ ਖੰਡ ਪ੍ਰਿਥਮੀ ਸੱਤ ਦੀਪ ਸ਼ਬਦੀ ਸ਼ਬਦ ਜਣਾਏ ਗਾਥ, ਸੋਹਲਾ ਢੋਲਾ ਇਕੋ ਰਾਗ ਅਲਾਇੰਦਾ । ਵੇਖਣਹਾਰਾ ਲੋਕ ਪਰਲੋਕ ਤ੍ਰਿਲੋਕੀ ਨਾਥ, ਤ੍ਰੈਭਵਨ ਧਨੀ ਬੇਅੰਤ ਆਪਣੀ ਕਾਰ ਕਮਾਇੰਦਾ । ਲਹਿਣਾ ਦੇਣਾ ਚੁਕਾਏ ਪੂਰਬ ਮਸਤਕ ਮਾਥ, ਜਨਮ ਕਰਮ ਧਰਮ ਵਰਨ ਆਪਣੇ ਰੰਗ ਰੰਗਾਇੰਦਾ । ਲਹਿਣਾ ਦੇਣਾ ਚੁਕਾਏ ਪੂਜਾ ਪਾਠ, ਜਿਸ ਜਨ ਮਿਹਰ ਨਜ਼ਰ ਕਰ ਆਪਣਾ ਦਰਸ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਨਰ ਹਰਿ ਕੰਤ ਕੰਤੂਹਲ, ਇਕੋ ਇਕ ਅਖਵਾਇੰਦਾ । ਕੰਤ ਕੰਤੂਹਲ ਹਰਿ ਭਗਵਾਨ, ਭਗਵਨ ਆਪਣੀ ਦਇਆ ਕਮਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਸਰਗੁਣ ਵੇਖਿਆ ਵਿਚ ਜਹਾਨ, ਨਿਰਗੁਣ ਨਜ਼ਰ ਕਿਸੇ ਨਾ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦੱਸਦੇ ਗਏ ਨਿਸ਼ਾਨ, ਸ਼ਬਦ ਨਿਸ਼ਾਨਾ ਤੀਰ ਚਲਾਈਆ । ਕਲਜੁਗ ਅੰਤਮ ਖੇਲ ਕਰੇ ਮਹਾਨ, ਖ਼ਾਲਕ ਖ਼ਲਕ ਵੇਖ ਵਖਾਈਆ । ਪਰਵਰਦਿਗਾਰ ਹੋਏ ਪਰਧਾਨ, ਸਚ ਪਰਧਾਨਗੀ ਇਕ ਕਮਾਈਆ । ਪੀਰ ਪੈਗ਼ੰਬਰ ਮੁਲਾਂ ਸ਼ੇਖ਼ ਮੁਸਾਇਕ ਸੀਸ ਸਰਬ ਝੁਕਾਣ, ਸਜਦਾ ਇਕੋ ਘਰ ਕਰਾਈਆ । ਕਲਮਾ ਨਬੀ ਰਸੂਲ ਸਾਰੇ ਗਾਣ, ਕਾਇਨਾਤ ਕਰੇ ਪੜ੍ਹਾਈਆ । ਆਲਮ ਉਲਮਾ ਨੇਤਰ ਸ਼ਰਮਾਣ, ਸ਼ਖ਼ਸੀਅਤ ਦਏ ਨਾ ਕੋਇ ਵਡਿਆਈਆ । ਸਚ ਸੰਦੇਸਾ ਦੇਵੇ ਇਕ ਕਲਾਮ, ਨਿਸ਼ਅੱਖਰ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਵਡ ਅਮਾਮ ਇਕੋ ਫੇਰਾ ਪਾਈਆ । ਹਰਿ ਜੂ ਆਏ ਵਡ ਅਮਾਮ, ਨਿਰਗੁਣ ਆਪਣੀ ਧਾਰ ਚਲਾਇੰਦਾ । ਦੇਵਣਹਾਰਾ ਸਚ ਪੈਗ਼ਾਮ, ਪੀਰ ਪੈਗ਼ੰਬਰ ਆਪ ਪੜ੍ਹਾਇੰਦਾ । ਅੰਤਮ ਬਰਦੇ ਕਰੇ ਗ਼ੁਲਾਮ, ਆਕੀ ਕੋਇ ਰਹਿਣ ਨਾ ਪਾਇੰਦਾ । ਨਿਉਂ ਨਿਉਂ ਸਾਰੇ ਕਰਨ ਸਲਾਮ, ਸਜਦਾ ਇਕੋ ਘਰ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਨਰ ਆਪਣਾ ਵੇਸ ਵਟਾਇੰਦਾ । ਨਰ ਵੇਸ ਵਟਾਏ ਆਪਣਾ ਰਾਮ, ਰਹਿਮਤ ਸਚ ਸਚ ਕਮਾਈਆ । ਸ਼ਬਦ ਅਗੰਮੀ ਦਏ ਨਾਮ, ਨਾਮ ਨਿਧਾਨਾ ਜਾਮ ਪਿਆਈਆ । ਆਤਮ ਪਰਮਾਤਮ ਦੱਸੇ ਸਚ ਕਲਾਮ, ਮੁਰੀਦ ਮੁਰਸ਼ਦ ਹੋਏ ਸਹਾਈਆ । ਭਗਤ ਭਗਵੰਤ ਖੇਲ ਮਹਾਨ, ਖ਼ਾਲਕ ਖ਼ਲਕ ਦਏ ਵਖਾਈਆ । ਪਾਰਬ੍ਰਹਮ ਬ੍ਰਹਮ ਵੇਖੇ ਆਣ, ਦੂਈ ਦਵੈਤੀ ਪਰਦਾ ਆਪ ਉਠਾਈਆ । ਸਾਚਾ ਮੰਦਰ ਸੋਹੇ ਮਕਾਨ, ਘਰ ਘਰ ਵਿਚ ਕਰੇ ਰੁਸ਼ਨਾਈਆ । ਨਜ਼ਰੀ ਆਏ ਗੁਣ ਨਿਧਾਨ, ਗੁਣ ਆਪਣਾ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਸਾਚਾ ਮਾਰਗ ਇਕੋ ਲਾਈਆ । ਸਾਚਾ ਮਾਰਗ ਲਾਏ ਮਾਤ, ਸਤਿ ਸਤਿਵਾਦੀ ਦਇਆ ਕਮਾਇੰਦਾ । ਚਾਰ ਵਰਨ ਬਣਾਏ ਇਕ ਜਮਾਤ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਵੰਡ ਨਾ ਕੋਇ ਵੰਡਾਇੰਦਾ । ਨਿਰਗੁਣ ਸਰਗੁਣ ਦੇਵੇ ਦਾਤ, ਨਾਮ ਭੰਡਾਰਾ ਝੋਲੀ ਪਾਇੰਦਾ । ਨਜ਼ਰੀ ਆਏ ਇਕ ਇਕਾਂਤ, ਘਰ ਘਰ ਆਪਣਾ ਆਸਣ ਲਾਇੰਦਾ । ਦਰਸ ਦਖਾਏ ਬਹੁ ਬਿਧ ਭਾਂਤ, ਕੋਟਨ ਕੋਟ ਰੂਪ ਵਟਾਇੰਦਾ । ਜਨ ਭਗਤਾਂ ਖੋਲ੍ਹੇ ਨੇਤਰ ਜਾਗ, ਜਾਗਰਤ ਜੋਤ ਆਪ ਜਗਾਇੰਦਾ । ਫੜ ਫੜ ਹੰਸ ਬਣਾਏ ਕਾਗ, ਸੋਹੰ ਹੰਸਾ ਜਾਪ ਜਪਾਇੰਦਾ । ਤ੍ਰੈਗੁਣ ਮਾਇਆ ਬੁਝੇ ਆਗ, ਅਗਨੀ ਤੱਤ ਨਾ ਕੋਇ ਲਗਾਇੰਦਾ । ਦੀਪਕ ਜੋਤ ਜਗੇ ਚਿਰਾਗ,

ਅਗਿਆਨ ਅੰਧੇਰ ਮਿਟਾਇੰਦਾ । ਸਚ ਸੁਣਾਏ ਆਪਣਾ ਰਾਗ, ਅਨਰਾਗੀ ਤਾਲ ਵਜਾਇੰਦਾ । ਬਿਨ ਰਸਨਾ ਜਿਹਵਾ ਦਏ ਸੁਆਦ, ਰਸ ਮਿੱਠਾ ਇਕ ਵਖਾਇੰਦਾ । ਲੱਖ ਚੁਰਾਸੀ ਵਿਚੋਂ ਕੱਢ ਕਰੇ ਲਾਡ, ਜਿਸ ਸਿਰ ਆਪਣਾ ਹੱਥ ਟਿਕਾਇੰਦਾ । ਏਥੇ ਓਥੇ ਦੋ ਜਹਾਨਾਂ ਦੇਵੇ ਦਾਤ, ਨਾਤਾ ਬਿਧਾਤਾ ਆਪ ਜੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਨਰ ਹਰਿ ਆਪਣਾ ਖੇਲ ਕਰਾਇੰਦਾ । ਨਰ ਹਰਿ ਖੇਲ ਕਰੇ ਕਰਤਾਰ, ਕੁਦਰਤ ਕਾਦਰ ਵੇਖ ਵਖਾਈਆ । ਜੁਗ ਚੌਕੜੀ ਬੀਤੇ ਵਿਚ ਸੰਸਾਰ, ਕੋਟਨ ਕੋਟ ਕਾਲ ਬਿਤਾਈਆ । ਗੁਰ ਅਵਤਾਰ ਬਣ ਬਣ ਸੇਵਾਦਾਰ, ਜਗਤ ਚਾਕਰੀ ਗਏ ਕਮਾਈਆ । ਸਤਿਗੁਰ ਮਹਿਮਾ ਸਿਫ਼ਤ ਸਾਲਾਹ, ਲਿਖ ਲਿਖ ਮਾਤ ਲਿਖਾਰ, ਕਾਗ਼ਜ਼ ਸ਼ਾਹੀ ਅੱਖਰ ਗੰਢ ਪੁਆਈਆ । ਬੇਅੰਤ ਬੇਅੰਤ ਬੇਅੰਤ ਕਹਿ ਕਰ ਕਰ ਗਏ ਨਿਮਸਕਾਰ, ਪੁਨਹਿ ਪੁਨਹਿ ਸੀਸ ਝੁਕਾਈਆ । ਕੋਈ ਨਾ ਜਾਣੇ ਤੇਰੀ ਸਾਰ, ਤੇਰਾ ਅੰਤ ਕਹਿਣ ਨਾ ਪਾਈਆ । ਕਿਰਨ ਕਿਰਨ ਕਿਰਨ ਉਜਿਆਰ, ਜੋਤ ਜੋਤ ਜੋਤ ਰੁਸ਼ਨਾਈਆ । ਸ਼ਬਦ ਸ਼ਬਦ ਸ਼ਬਦ ਧੁਨਕਾਰ, ਨਾਦ ਨਾਦ ਨਾਦ ਸੁਣਾਈਆ । ਰਾਗ ਰਾਗ ਕਰ ਪਿਆਰ, ਤਿਆਗ ਤਿਆਗ ਤਿਆਗ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਕਮਾਈਆ । ਸਾਚੀ ਕਰਨੀ ਕਰੇ ਆਪ, ਹਰਿ ਆਪਣੀ ਕਾਰ ਕਮਾਇੰਦਾ । ਨਿਰਗੁਣ ਜੋਤ ਕਰ ਪ੍ਰਕਾਸ਼, ਨਿਰਵੈਰ ਖੇਲ ਕਰਾਇੰਦਾ । ਕਲਜੁਗ ਮੇਟ ਅੰਧੇਰੀ ਰਾਤ, ਸਤਿਜੁਗ ਸਾਚਾ ਚੰਦ ਚੜ੍ਹਾਇੰਦਾ । ਸੋਹੰ ਢੋਲਾ ਇਕੋ ਗਾਥ, ਗੁਰ ਅਵਤਾਰ ਪੀਰ ਪੈਗ਼ੰਬਰ ਜੀਵ ਜੰਤ ਸਾਧ ਸੰਤ ਆਪ ਪੜ੍ਹਾਇੰਦਾ । ਕਰੇ ਖੇਲ ਪੁਰਖ ਸਮਰਾਥ, ਸ਼ਹਿਨਸ਼ਾਹ ਆਪਣਾ ਰਾਹ ਚਲਾਇੰਦਾ । ਕੂੜੀ ਕਿਰਿਆ ਦੇਵੇ ਮਥ, ਨਾਮ ਮਧਾਣਾ ਇਕੋ ਪਾਇੰਦਾ । ਵੇਖਣਹਾਰਾ ਘਟ ਘਟ, ਲੱਖ ਚੁਰਾਸੀ ਖੋਜ ਖੁਜਾਇੰਦਾ । ਸੰਤ ਸੁਹੇਲੇ ਗੁਰੂ ਗੁਰ ਚੇਲੇ ਭਗਤ ਭਗਵਾਨ ਲਏ ਰੱਖ, ਭਗਵਨ ਆਪਣਾ ਭੇਵ ਖੁਲ੍ਹਾਇੰਦਾ । ਆਤਮ ਪਰਮਾਤਮ ਅੰਤਰ ਅੰਤਰ ਮਾਰਗ ਦੱਸ, ਜਗਤ ਬਸੰਤਰ ਅਗਨ ਬੁਝਾਇੰਦਾ । ਸ਼ਬਦ ਨਿਰਾਲਾ ਤੀਰ ਮਾਰੇ ਕਸ, ਬਜ਼ਰ ਕਪਾਟੀ ਪਾਰ ਕਰਾਇੰਦਾ । ਮਨ ਹੰਕਾਰੀ ਜਾਏ ਢੱਠ, ਮਤ ਮਤਵਾਲੀ ਡੇਰਾ ਢਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਹਰਿਜਨ ਸਾਚੇ ਮੇਲ ਮਿਲਾਇੰਦਾ । ਹਰਿਜਨ ਮੇਲਾ ਕਾਇਆ ਮੰਦਰ, ਹਰਿ ਮੰਦਰ ਰੂਪ ਵਖਾਈਆ । ਭਾਗ ਲਗਾਏ ਡੂੰਘੀ ਕੰਦਰ, ਨਿਰਮਲ ਜੋਤ ਕਰ ਰੁਸ਼ਨਾਈਆ । ਮਨ ਵਾਸਨਾ ਬੰਨ੍ਹੇ ਬੰਦਰ, ਦਹਿ ਦਿਸ਼ਾ ਨਾ ਉਠ ਉਠ ਧਾਈਆ । ਸ਼ਬਦ ਅਗੰਮੀ ਇਕੋ ਖ਼ੰਜ਼ਰ, ਨਾਮ ਕਟਾਰਾ ਹੱਥ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸੰਤ ਸੁਹੇਲੇ ਕਰ ਕਰ ਮੇਲੇ, ਮਿਲਣੀ ਜਗਦੀਸ਼ ਕਰਾਈਆ । ਹਰਿ ਜਗਦੀਸ਼ ਸੱਚਾ ਮੇਲਾ, ਨਿਰਗੁਣ ਅੰਤ ਅੰਤ ਕਰਾਇੰਦਾ । ਏਕਾ ਘਰ ਵਖਾਏ ਗੁਰੂ ਗੁਰ ਚੇਲਾ, ਗੁਰ ਚੇਲਾ ਇਕੋ ਘਰ ਵਸਾਇੰਦਾ । ਪਾਰਬ੍ਰਹਮ ਪ੍ਰਭ ਸੱਜਣ ਸੁਹੇਲਾ, ਸਾਹਿਬ ਸਤਿਗੁਰ ਸਾਚਾ ਸੰਗ ਨਿਭਾਇੰਦਾ । ਵਸਣਹਾਰਾ ਧਾਮ ਨਵੇਲਾ, ਨਿਰਗੁਣ ਏਕਾ ਕਾਰ ਕਮਾਇੰਦਾ । ਕਲਜੁਗ ਅੰਤਮ ਆਇਆ ਵੇਲਾ, ਚਾਰੋਂ ਕੁੰਟ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭਗਤ ਭਗਵਾਨ ਆਪ ਉਠਾਇੰਦਾ । ਹਰਿਜਨ ਸਾਚਾ ਜਾਏ ਉਠ, ਸੋ ਪੁਰਖ ਨਿਰੰਜਣ ਆਪ ਉਠਾਈਆ । ਹਰਿ ਪੁਰਖ ਨਿਰੰਜਣ ਜਾਏ ਤੁਠ, ਏਕੰਕਾਰਾ ਹੋਏ ਸਹਾਈਆ । ਆਦਿ ਨਿਰੰਜਣ

੧੮੪
੧੪

ਸੁਹਾਏ ਰੁੱਤ, ਨਿਰਮਲ ਜੋਤ ਕਰ ਰੁਸ਼ਨਾਈਆ । ਅਬਿਨਾਸ਼ੀ ਕਰਤਾ ਲਏ ਪੁੱਛ, ਭੇਵ ਅਭੇਦ ਜਣਾਈਆ । ਸ੍ਰੀ ਭਗਵਾਨ ਪਰਦਾ ਲਾਹੇ ਜੋ ਬੈਠਾ ਲੁਕ, ਅਨਭਵ ਆਪਣੀ ਕਾਰ ਜਣਾਈਆ । ਪਾਰਬ੍ਰਹਮ ਬ੍ਰਹਮ ਵੇਖੇ ਸਾਚਾ ਸੁਤ, ਸੁਤ ਦੁਲਾਰਾ ਗੋਦ ਟਿਕਾਈਆ । ਨੇਹਕਰਮੀ ਲਏ ਗੋਦੀ ਚੁੱਕ, ਕਰਮ ਕਾਂਡ ਨਾ ਕੋਇ ਜਣਾਈਆ । ਸਚ ਸੁਹੰਜਣੀ ਸੋਹੇ ਰੁੱਤ, ਪਤ ਡਾਲੀ ਆਪ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਹਰਿਜਨ ਵੇਖੇ ਥਾਉਂ ਥਾਈਂਆ । ਹਰਿਜਨ ਵੇਖੇ ਥਾਨ ਥਨੰਤਰ, ਗ੍ਰਿਹ ਮੰਦਰ ਫੋਲ ਫੁਲਾਇੰਦਾ । ਸਰਬ ਜੀਆਂ ਬਿਧ ਜਾਣੇ ਅੰਤਰ, ਘਟ ਘਟ ਡੇਰਾ ਲਾਇੰਦਾ । ਕਲਜੁਗ ਵੇਖੇ ਲੱਗੀ ਬਸੰਤਰ, ਕਰ ਕਿਰਪਾ ਅੰਮ੍ਰਿਤ ਮੇਘ ਬਰਸਾਇੰਦਾ । ਨਾਮ ਜਣਾਏ ਸੋਹੰ ਮੰਤਰ, ਮਨਤਵ ਇਕੋ ਇਕ ਧਰਾਇੰਦਾ । ਲੇਖਾ ਜਾਣ ਗਗਨ ਗਗਨੰਤਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਜਗਾਇੰਦਾ । ਹਰਿਜਨ ਸਾਚਾ ਜਾਏ ਜਾਗ, ਆਲਸ ਨਿੰਦਰਾ ਰਹਿਣ ਨਾ ਪਾਈਆ । ਕੂੜੀ ਕਿਰਿਆ ਦਏ ਤਿਆਗ, ਮਾਇਆ ਮਮਤਾ ਮੇਟ ਮਿਟਾਈਆ । ਆਤਮ ਪਰਮਾਤਮ ਜੋੜੇ ਸਾਕ, ਨਾਤਾ ਇਕੋ ਇਕ ਰਖਾਈਆ । ਭਗਤ ਭਗਵਾਨ ਦੀ ਵੇਖੇ ਸਚ ਜਮਾਤ, ਦੂਜੀ ਕਰੇ ਨਾ ਕੋਇ ਪੜ੍ਹਾਈਆ । ਘਰ ਮੇਲਾ ਕਮਲਾਪਾਤ, ਕਵਲ ਨੈਣ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਹਰਿਭਗਤ ਗੁਰਮੁਖ ਗੁਰ ਗੁਰ ਸੰਤ ਸਤਿਗੁਰ ਆਪਣਾ ਰੰਗ ਰੰਗਾਈਆ । ਸਤਿਗੁਰ ਰੰਗ ਸਦਾ ਅਨਡੀਠ, ਜਗਤ ਨੇਤਰ ਨਜ਼ਰ ਕਿਸੇ ਨਾ ਆਇੰਦਾ । ਭਗਤ ਭਗਵਾਨ ਇਕੋ ਰੀਤ, ਮੰਦਰ ਮਸੀਤ ਡੇਰਾ ਕੋਇ ਨਾ ਲਾਇੰਦਾ । ਮਨ ਵਾਸਨਾ ਲਏ ਜੀਤ, ਕੂੜੀ ਕਿਰਿਆ ਮੋਹ ਮਿਟਾਇੰਦਾ । ਕਾਇਆ ਕਰੇ ਠਾਂਡੀ ਸੀਤ, ਨਿਝਰ ਝਿਰਨਾ ਆਪ ਝਿਰਾਇੰਦਾ । ਸੋਹੰ ਢੋਲਾ ਇਕੋ ਗੀਤ, ਆਤਮ ਪਰਮਾਤਮ ਸਿਫ਼ਤ ਸਾਲਾਹਿੰਦਾ । ਕਰੇ ਕਰਾਏ ਪਤਤ ਪੁਨੀਤ, ਪਤਤ ਉਧਾਰਨ ਦਇਆ ਕਮਾਇੰਦਾ । ਲੇਖਾ ਜਾਣ ਹਸਤ ਕੀਟ, ਊਚ ਨੀਚ ਇਕੋ ਘਰ ਵਸਾਇੰਦਾ । ਸਿਰ ਸੁਹਾਏ ਪੈਤੰਬਰ ਪੀਤ, ਛਹਿਬਰ ਆਪਣੇ ਨਾਮ ਲਗਾਇੰਦਾ । ਨਜ਼ਰੀ ਆਏ ਇਕ ਅਤੀਤ, ਤ੍ਰੈਗੁਣ ਲੇਖਾ ਆਪ ਮੁਕਾਇੰਦਾ । ਚਰਨ ਕਵਲ ਉਪਰ ਧਵਲ ਭਗਤ ਭਗਵਾਨ ਸਚ ਪ੍ਰੀਤ, ਪ੍ਰੀਤੀਵਾਨ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਗ਼ਰੀਬ ਨਿਮਾਣਿਆਂ ਕੋਝਿਆਂ ਕਮਲਿਆਂ ਨਾਮ ਨਿਧਾਨ ਕਰੇ ਬਖ਼ਸ਼ੀਸ਼, ਦੂਜੇ ਦਰ ਮੰਗਣ ਕੋਇ ਨਾ ਜਾਇੰਦਾ ।

## ★ ੨੧ ਚੇਤ ੨੦੨੦ ਬਿਕਰਮੀ ਨਸੀਬ ਸਿੰਘ ਦੇ ਗ੍ਰਿਹ ਬੋਪਾ ਰਾਏ ਜ਼ਿਲਾ ਜਲੰਧਰ ★

ਸਾਚੇ ਤਖ਼ਤ ਸੱਚਾ ਸ਼ਹਿਨਸ਼ਾਹ, ਸ਼ਾਹ ਪਾਤਸ਼ਾਹ ਆਸਣ ਲਾਇੰਦਾ । ਸਚਖੰਡ ਦੁਆਰਾ ਇਕ ਸੁਹਾ, ਸਤਿ ਸਤਿਵਾਦੀ ਸੋਭਾ ਪਾਇੰਦਾ । ਨਿਰਗੁਣ ਨੂਰ ਜੋਤ ਕਰ ਰੁਸ਼ਨਾ, ਜੋਤੀ ਜਾਤਾ ਡਗਮਗਾਇੰਦਾ । ਧੁਰ ਫ਼ਰਮਾਣਾ ਹੁਕਮ ਸੁਣਾ, ਸਚ ਸੰਦੇਸਾ ਇਕ ਅਲਾਇੰਦਾ । ਪੁਰਖ ਅਕਾਲ ਖੇਲ ਖਲਾ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਗੁਰ ਅਵਤਾਰ ਮੰਗਣ ਪਨਾਹ, ਦੋਏ ਜੋੜ ਸੀਸ ਸਰਬ ਝੁਕਾਇੰਦਾ । ਪੀਰ ਪੈਗ਼ੰਬਰ ਕਰਨ ਦੁਆ, ਸਜਦਾ ਇਕੋ ਇਕ ਰਖਾਇੰਦਾ । ਲੇਖਾ ਜਾਣੇ ਦੋ ਜਹਾਂ, ਨਿਰਗੁਣ ਸਰਗੁਣ ਕਾਰ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਸਾਚਾ ਤਖ਼ਤ ਆਪ ਸੁਹਾਇੰਦਾ । ਸਾਚੇ ਤਖ਼ਤ ਸ੍ਰੀ ਭਗਵਾਨ, ਨਿਰਗੁਣ ਆਪਣਾ ਆਸਣ ਲਾਈਆ । ਸਚਖੰਡ ਸੋਹੇ ਸਤਿ ਮਕਾਨ, ਮੁਕਾਮੇ ਹੱਕ ਦਏ ਵਡਿਆਈਆ । ਧਰਮ ਝੁਲਾਏ ਇਕ ਨਿਸ਼ਾਨ, ਨਿਸ਼ਾਨਾ ਨਜ਼ਰ ਕਿਸੇ ਨਾ ਆਈਆ । ਲੇਖਾ ਜਾਣ ਨੌਜਵਾਨ, ਨੌਬਤ ਆਪਣੇ ਨਾਮ ਵਜਾਈਆ । ਜੋਧਾ ਸੂਰ ਬਲੀ ਬਲਵਾਨ, ਬਲ ਆਪਣਾ ਆਪ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਤਖ਼ਤ ਇਕ ਵਡਿਆਈਆ । ਸਾਚੇ ਤਖ਼ਤ ਪੁਰਖ ਅਬਿਨਾਸ਼, ਇਕ ਇਕੱਲਾ ਸੋਭਾ ਪਾਇੰਦਾ । ਵੇਖਣਹਾਰਾ ਖੇਲ ਤਮਾਸ਼, ਨਿਰਗੁਣ ਸਰਗੁਣ ਕਾਰ ਕਮਾਇੰਦਾ । ਨਿਰਮਲ ਜੋਤ ਜੋਤ ਪਰਕਾਸ਼, ਦੀਆ ਬਾਤੀ ਨਾ ਕੋਇ ਟਿਕਾਇੰਦਾ । ਆਦਿ ਜੁਗਾਦਿ ਆਪਣੀ ਪੂਰੀ ਕਰਨਹਾਰਾ ਆਸ, ਤ੍ਰਿਸ਼ਨਾ ਹੋਰ ਨਾ ਕੋਇ ਵਖਾਇੰਦਾ । ਸਦਾ ਸੁਹੇਲਾ ਦਾਸੀ ਦਾਸ, ਸੇਵਕ ਆਪਣੀ ਕਾਰ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਤਖ਼ਤ ਇਕ ਸੁਹਾਇੰਦਾ । ਸਾਚਾ ਤਖ਼ਤ ਸ੍ਰੀ ਭਗਵੰਤ, ਪਾਰਬ੍ਰਹਮ ਪ੍ਰਭ ਆਪ ਸੁਹਾਈਆ । ਲੇਖਾ ਜਾਣ ਆਦਿ ਅੰਤ, ਜੁਗਾ ਜੁਗੰਤ ਦਏ ਵਡਿਆਈਆ । ਭੇਵ ਅਭੇਦਾ ਜਾਣੇ ਮਹਿਮਾਂ ਅਗਣਤ, ਲੇਖਾ ਲਿਖਤ ਵਿਚ ਨਾ ਆਈਆ । ਸਤਿ ਸਤਿਵਾਦੀ ਨਾਰ ਕੰਤ, ਸਤਿ ਪੁਰਖ ਨਿਰੰਜਣ ਵੇਸ ਵਟਾਈਆ । ਨਾਉਂ ਨਿਰੰਕਾਰਾ ਸਾਚਾ ਮੰਤ, ਮੰਤਰ ਆਪਣਾ ਨਾਮ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਹਰਿ ਖੇਲ ਅਵੱਲਾ, ਏਕੰਕਾਰਾ ਆਪ ਕਰਾਇੰਦਾ । ਵਸਣਹਾਰਾ ਨਿਹਚਲ ਧਾਮ ਅਟੱਲਾ, ਸਚ ਸਿੰਘਾਸਣ ਸੋਭਾ ਪਾਇੰਦਾ । ਦੀਪਕ ਦੀਆ ਆਪੇ ਬਲਾ, ਤੇਲ ਬਾਤੀ ਨਾ ਕੋਇ ਵਖਾਇੰਦਾ । ਸਚ ਸਿੰਘਾਸਣ ਇਕੋ ਮੱਲਾ, ਦੂਜਾ ਸੰਗ ਨਾ ਕੋਇ ਰਲਾਇੰਦਾ । ਨਿਰਗੁਣ ਨਿਰਗੁਣ ਫੜਾਏ ਪੱਲਾ, ਪੱਲੂ ਆਪਣੀ ਗੰਢ ਪੁਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸਾਚਾ ਘਰ ਸਾਚੇ ਸੋਭਾ ਪਾਇੰਦਾ । ਤਖ਼ਤ ਨਿਵਾਸੀ ਏਕੰਕਾਰਾ, ਅਕਲ ਕਲਾ ਅਖਵਾਈਆ । ਪਾਰਬ੍ਰਹਮ ਪ੍ਰਭ ਹੋ ਤਿਆਰਾ, ਨਿਰਗੁਣ ਆਪਣੀ ਧਾਰ ਚਲਾਈਆ । ਮਹੱਲ ਅਟੱਲ ਉਚ ਮਨਾਰਾ, ਸੋਭਾਵੰਤ ਆਪ ਸੁਹਾਈਆ । ਲੇਖਾ ਜਾਣੇ ਧੁਰ ਦਰਬਾਰਾ, ਦਰਗਹਿ ਸਾਚੀ ਦਏ ਵਡਿਆਈਆ । ਨੂਰ ਇਲਾਹੀ ਹੋ ਉਜਿਆਰਾ, ਜ਼ਹੂਰ ਇਕੋ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਾਹੋ ਭੂਪ ਵਡ ਵਡਿਆਈਆ । ਸਾਚੇ ਤਖ਼ਤ ਸ਼ਾਹੋ ਭੂਪ, ਸ਼ਹਿਨਸ਼ਾਹ ਇਕੋ ਨਜ਼ਰੀ ਆਇੰਦਾ । ਨਾ ਕੋਈ ਰੰਗ ਨਾ ਕੋਈ ਰੂਪ, ਰੇਖ ਭੇਖ ਨਾ ਕੋਇ ਜਣਾਇੰਦਾ । ਨਾ ਕੋਈ ਦਿਸ਼ਾ ਨਾ ਕੋਈ ਕੂਟ, ਵੰਡਣ ਵੰਡ ਨਾ ਕੋਇ ਵੰਡਾਇੰਦਾ । ਨਾ ਕੋਈ ਕਾਇਆ ਨਾ ਕਲਬੂਤ, ਤਤਵ ਤਤ ਨਾ ਕੋਇ ਦਰਸਾਇੰਦਾ । ਨਿਰਗੁਣ ਨਿਰਵੈਰ ਨਿਰੰਕਾਰ ਪਾਰਬ੍ਰਹਮ ਪ੍ਰਭ ਹੱਕ ਮਹਿਬੂਬ, ਸਚ ਮਹੱਲੇ ਸੋਭਾ ਪਾਇੰਦਾ । ਦਸਾਵਣਹਾਰਾ ਸਚ ਅਰੂਜ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਜਰਾ ਇਕੋ ਇਕ ਵਡਿਆਇੰਦਾ । ਤਖ਼ਤ ਨਿਵਾਸੀ ਸ਼ਾਹ ਸੁਲਤਾਨਾ, ਸ਼ਾਹ ਪਾਤਸ਼ਾਹ ਵੱਡੀ ਵਡਿਆਈਆ । ਆਦਿ ਜੁਗਾਦੀ ਮਰਦ ਮਰਦਾਨਾ, ਸਚ ਮਰਦਾਨਗੀ ਆਪ ਕਮਾਈਆ । ਧੁਰ ਸੰਦੇਸਾ ਹੁਕਮਰਾਨਾ, ਇਕੋ ਹੁਕਮ ਜਣਾਈਆ । ਸ਼ਬਦੀ ਸੁਤ ਸੁਤ ਬਲਵਾਨਾ, ਬਲ ਆਪਣਾ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਅਗੰਮ, ਭੇਵ ਕੋਇ ਨਾ ਪਾਇੰਦਾ । ਆਦਿ ਜੁਗਾਦੀ ਜਾਣੇ ਕੰਮ, ਨਿਹਕਰਮੀ ਕਰਮ ਕਮਾਇੰਦਾ । ਨਿਰਗੁਣ ਸਰਗੁਣ ਬੇੜਾ ਬੰਨ੍ਹ, ਸਾਚਾ ਰਾਹ ਵਖਾਇੰਦਾ । ਕਰ ਪਰਕਾਸ਼ ਸੂਰਜ ਚੰਨ, ਕਿਰਨ

ਕਿਰਨ ਡਗਮਗਾਇੰਦਾ । ਦੇਵਣਹਾਰਾ ਨਾਮ ਧੰਨ, ਵਿਸ਼ਨ ਬ੍ਰਹਮਾ ਸ਼ਿਵ ਝੋਲੀ ਆਪ ਭਰਾਇੰਦਾ । ਸੁਣਾਵਣਹਾਰਾ ਰਾਗ ਕੰਨ, ਧੁਨ ਅਨਾਦੀ ਨਾਦ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਰਾਇੰਦਾ । ਸਾਚੀ ਕਰਨੀ ਆਦਿ ਪੁਰਖ, ਪੁਰਖ ਪੁਰਖੋਤਮ ਆਪ ਕਰਾਈਆ । ਨਾ ਕੋਈ ਸੋਗ ਨਾ ਕੋਈ ਹਰਖ਼, ਚਿੰਤਾ ਰੋਗ ਨਾ ਲਾਗੇ ਰਾਈਆ । ਕਰੇ ਖੇਲ ਪੁਰਖ ਸਮਰਥ, ਸਮਰਥ ਆਪਣੀ ਕਲ ਧਰਾਈਆ । ਜੁਗ ਚੌਕੜੀ ਚਲਾਏ ਰਥ, ਬਣ ਰਥਵਾਹੀ ਸੇਵ ਕਮਾਈਆ । ਪੰਜ ਤੱਤ ਕਾਇਆ ਦੇਵੇ ਵੱਥ, ਵਸਤ ਆਪਣੀ ਆਪ ਵਰਤਾਈਆ । ਆਤਮ ਪਰਮਾਤਮ ਮਾਰਗ ਦੱਸ, ਬ੍ਰਹਮ ਪਾਰਬ੍ਰਹਮ ਮੇਲਾ ਸਹਿਜ ਸੁਭਾਈਆ । ਸਾਚੇ ਮੰਦਰ ਆਪੇ ਵਸ, ਬੰਕ ਦੁਆਰੇ ਦਏ ਵਡਿਆਈਆ । ਨਿਰਮਲ ਜੋਤ ਕਰ ਪਰਕਾਸ਼, ਪਰਕਾਸ਼ ਪਰਕਾਸ਼ ਨਾਲ ਮਿਲਾਈਆ । ਕਰ ਖੇਲ ਪੁਰਖ ਅਬਿਨਾਸ਼, ਅਬਿਨਾਸ਼ੀ ਆਪਣੀ ਗਤ ਸਮਝਾਈਆ । ਰਹਿਬਰ ਹੋ ਕੇ ਦਾਸੀ ਦਾਸ, ਭੇਵ ਅਭੇਦਾ ਆਪ ਖੁਲ੍ਹਾਈਆ । ਲੇਖਾ ਜਾਣ ਪ੍ਰਿਥਮੀ ਆਕਾਸ਼, ਗਗਨ ਮੰਡਲ ਪਰਦਾ ਲਾਹੀਆ । ਗੋਪੀ ਕਾਹਨ ਨਚਾਏ ਰਾਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਖਲਾਈਆ । ਆਪਣਾ ਖੇਲ ਕਰੇ ਹਰਿ ਖ਼ਾਲਕ, ਨਜ਼ਰ ਕਿਸੇ ਨਾ ਆਇੰਦਾ । ਆਦਿ ਜੁਗਾਦੀ ਬਣ ਪ੍ਰਿਤਪਾਲਕ, ਸੇਵਕ ਸਾਚੀ ਸੇਵ ਕਮਾਇੰਦਾ । ਕੋਈ ਨਾ ਰੱਖੇ ਨਿੰਦਰਾ ਆਲਸ, ਜੋਤੀ ਜਾਤਾ ਡਗਮਗਾਇੰਦਾ । ਆਪਣਾ ਰੂਪ ਧਰਾਏ ਖ਼ਾਲਸ, ਸੂਰਤ ਸਚ ਸਚ ਦ੍ਰਿੜਾਇੰਦਾ । ਦੋ ਜਹਾਨਾਂ ਬਣੇ ਸਾਲਸ, ਸਾਚੀ ਸਾਲਸੀ ਆਪ ਕਮਾਇੰਦਾ । ਨਿਰਗੁਣ ਸਰਗੁਣ ਜਣਾਏ ਇਬਾਦਤ, ਨਾਮ ਨਿਧਾਨਾ ਆਪ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤਖ਼ਤ ਇਕੋ ਇਕ ਸੁਹਾਇੰਦਾ । ਸਾਚੇ ਤਖ਼ਤ ਨਿਰਗੁਣ ਚੜ੍ਹਿਆ, ਨਿਰਵੈਰ ਨਜ਼ਰ ਕਿਸੇ ਨਾ ਆਇੰਦਾ । ਮਹੱਲ ਅਟੱਲ ਉਚ ਮਨਾਰ ਖੜਿਆ, ਰੂਪ ਰੰਗ ਰੇਖ ਨਾ ਕੋਇ ਵਖਾਇੰਦਾ । ਅਗੰਮ ਅਥਾਹ ਬੇਪਰਵਾਹ ਨਿਸ਼ਅੱਖਰ ਆਪੇ ਪੜ੍ਹਿਆ, ਅੱਖਰ ਵੰਡ ਨਾ ਕੋਇ ਵੰਡਾਇੰਦਾ । ਮਿਹਰਵਾਨ ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਆਪੇ ਕਰਿਆ, ਬੇਨਜ਼ੀਰ ਨਜ਼ਰ ਆਪਣੀ ਆਪ ਬਦਲਾਇੰਦਾ । ਸ਼ਹਿਨਸ਼ਾਹ ਸੁਲਤਾਨ ਵਸੇ ਸਾਚੇ ਘਰਿਆ, ਗ੍ਰਿਹ ਮੰਦਰ ਸੋਭਾ ਪਾਇੰਦਾ । ਨਿਰਭੌ ਹੋ ਕਦੇ ਨਾ ਡਰਿਆ, ਭੈ ਆਪਣਾ ਸਰਬ ਵਖਾਇੰਦਾ । ਨਾ ਜਨਮੇ ਨਾ ਕਦੇ ਮਰਿਆ, ਜਨਮ ਮਰਨ ਨਾ ਕੋਇ ਵਟਾਇੰਦਾ । ਨਾ ਭੰਨਿਆ ਨਾ ਕਿਸੇ ਘੜਿਆ, ਘੜਨ ਭੰਨਣਹਾਰ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਤਖ਼ਤ ਚਰਨ ਟਿਕਾਇੰਦਾ । ਸਾਚੇ ਤਖ਼ਤ ਚਰਨ ਧਰ, ਦੇਵੇ ਮਾਣ ਵਡਿਆਈਆ । ਕਿਰਪਾ ਕਰ ਨਰਾਇਣ ਨਰ, ਨਰ ਇਕੋ ਬੂਝ ਬੁਝਾਈਆ । ਖੁਲ੍ਹਾਵਣਹਾਰਾ ਸਾਚਾ ਦਰ, ਦਰ ਦਰਵਾਜ਼ਾ ਇਕ ਦਰਸਾਈਆ । ਜੁਗ ਚੌਕੜੀ ਲੇਖਾ ਜਾਣੇ ਸੀਸ ਧੜ, ਲੱਖ ਚੁਰਾਸੀ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਸ਼ਾਹ ਬਣ ਹਕੀਰ, ਹਜ਼ਰਤ ਆਪਣਾ ਫੇਰਾ ਪਾਇੰਦਾ । ਵੇਖਣਹਾਰਾ ਜਗਤ ਲਕੀਰ, ਲੇਖਾ ਸਭ ਦਾ ਆਪ ਜਣਾਇੰਦਾ । ਬਦਲਣਹਾਰਾ ਆਦਿ ਅੰਤ ਤਕਦੀਰ, ਤਦਬੀਰ ਆਪਣੀ ਆਪ ਸਮਝਾਇੰਦਾ । ਚੜ੍ਹ ਕੇ ਚੋਟੀ ਵੇਖੇ ਅਖ਼ੀਰ, ਆਖ਼ਰ ਆਪਣਾ ਆਸਣ ਲਾਇੰਦਾ । ਨਿਤ ਨਵਿਤ ਨਾ ਹੋਏ ਦਿਲਗੀਰ, ਸਾਂਤਕ ਸਤਿ ਸਤਿ ਇਕੋ ਰੰਗ ਰੰਗਾਇੰਦਾ । ਸ਼ਾਹ ਪਾਤਸ਼ਾਹ ਵਡ ਪੀਰਨ ਪੀਰ, ਅਮਾਮ ਅਮਾਮਾ ਸਿਰ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਡ ਦਾਤਾ ਗੁਣੀ ਗਹੀਰ,

ਗਵਰ ਆਪਣੀ ਕਾਰ ਕਮਾਇੰਦਾ । ਕਾਰ ਕਮਾਏ ਸਚਖੰਡ, ਸਚਖੰਡ ਨਿਵਾਸੀ ਦਇਆ ਕਮਾਈਆ । ਜੁਗ ਚੌਕੜੀ ਵੰਡਣ ਵੰਡ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਗੰਢ ਪਵਾਈਆ । ਖਾਣੀ ਬਾਣੀ ਇਕ ਅਨੰਦ, ਅੰਡਜ ਜੇਰਜ ਉਤਭੁਜ ਸੇਤਜ ਪਰਾ ਪਸੰਤੀ ਮਧਮ ਬੈਖ਼ਰੀ ਕਰੇ ਕੁੜਮਾਈਆ । ਗੀਤ ਸੁਹਾਗੀ ਢੋਲਾ ਸੋਹਲਾ ਛੰਦ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਰਾਗ ਸੁਣਾਈਆ । ਲੇਖਾ ਜਾਣ ਬੱਤੀ ਦੰਦ, ਰਸਨਾ ਜਿਹਵਾ ਸਿਫ਼ਤ ਸਾਲਾਹੀਆ । ਭੇਵ ਜਣਾਏ ਜੀਉ ਪਿੰਡ, ਇੰਡ ਬ੍ਰਹਿਮੰਡ ਖੋਜ ਖੁਜਾਈਆ । ਅੰਮ੍ਰਿਤ ਧਾਰ ਵਹਾਏ ਸਾਗਰ ਸਿੰਧ, ਸਰੋਵਰ ਇਕੋ ਇਕ ਰਖਾਈਆ । ਲੇਖਾ ਜਾਣ ਸੁਰਪਤ ਇੰਦ, ਕਰੋੜ ਤੇਤੀਸਾ ਦਏ ਸਰਨਾਈਆ । ਵਿਸ਼ਨ ਬ੍ਰਹਮਾ ਸ਼ਿਵ ਹੋ ਬਖ਼ਸ਼ਿੰਦ, ਬਖ਼ਸ਼ਿਸ਼ ਆਪਣੀ ਰਿਹਾ ਕਰਾਈਆ । ਵਡ ਦਾਤਾ ਗੁਣੀ ਗਹਿੰਦ, ਘਰ ਸੱਚੇ ਵਸੇ ਬੇਪਰਵਾਹੀਆ । ਭਗਤ ਭਗਵਾਨ ਉਪਜਾਏ ਸਾਚੀ ਬਿੰਦ, ਸੁਤ ਅਨਾਦੀ ਨਾਉਂ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤਖ਼ਤ ਇਕੋ ਇਕ ਰਖਾਈਆ । ਤਖ਼ਤ ਰੱਖੇ ਇਕੋ ਏਕ, ਏਕੰਕਾਰਾ ਆਸਣ ਲਾਇੰਦਾ । ਦੋ ਜਹਾਨਾਂ ਸਾਚੀ ਟੇਕ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਹੁਕਮ ਮਨਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਰਿਹਾ ਵੇਖ, ਵੇਖਣਹਾਰਾ ਨਜ਼ਰ ਕਿਸੇ ਨਾ ਆਇੰਦਾ । ਜ਼ਿਮੀ ਅਸਮਾਨਾਂ ਕਰੇ ਹੇਤ, ਹਿਤਕਾਰੀ ਫੇਰਾ ਪਾਇੰਦਾ । ਗੁਰ ਅਵਤਾਰਾਂ ਨਜ਼ਰੀ ਆਏ ਨੇਤਨ ਨੇਤ, ਦੂਰ ਦੁਰਾਡਾ ਪੰਧ ਮੁਕਾਇੰਦਾ । ਪੀਰ ਪੈਗ਼ੰਬਰਾਂ ਅੰਦਰ ਰਿਹਾ ਖੇਡ, ਗ੍ਰਿਹ ਮੰਦਰ ਡੇਰਾ ਲਾਇੰਦਾ । ਸ਼ਬਦ ਸੰਦੇਸਾ ਇਕੋ ਭੇਜ, ਕਲਮਾ ਨਬੀ ਰਸੂਲ ਪੜ੍ਹਾਇੰਦਾ । ਮਾਨਣਹਾਰਾ ਸੁਹੰਜਣੀ ਸੇਜ, ਅੰਤਰ ਅੰਤਰ ਆਸਣ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਤਖ਼ਤ ਇਕ ਵਡਿਆਇੰਦਾ । ਸਾਚਾ ਤਖ਼ਤ ਦੋ ਜਹਾਨਾਂ ਵਾਲੀ, ਹਰਿ ਇਕੋ ਇਕ ਜਣਾਈਆ । ਕਰੇ ਖੇਲ ਨਿਰਗੁਣ ਨੂਰ ਜੋਤ ਅਕਾਲੀ, ਅਕਲ ਕਲ ਬੇਪਰਵਾਹੀਆ । ਕਲਜੁਗ ਅੰਤਮ ਖੇਲੇ ਖੇਲ ਨਿਰਾਲੀ, ਨਿਰਵੈਰ ਨਜ਼ਰ ਕਿਸੇ ਨਾ ਆਈਆ । ਚਲੇ ਚਲਾਏ ਅਵੱਲੜੀ ਚਾਲੀ, ਸ਼ਾਸਤਰ ਸਿਮਰਤ ਵੇਦ ਪੁਰਾਨ ਕਹਿਣ ਨਾ ਪਾਈਆ । ਵੇਖਣਹਾਰਾ ਗਗਨ ਮੰਡਲ ਦੀਪਕ ਥਾਲੀ, ਰਵ ਸਸ ਆਪਣੇ ਹੁਕਮ ਭੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਿੰਘਾਸਣ ਇਕ ਸੁਹਾਈਆ । ਸਚ ਸਿੰਘਾਸਣ ਸੋਭਨੀਕ, ਸੋ ਪੁਰਖ ਨਿਰੰਜਣ ਆਪ ਸੁਹਾਇੰਦਾ । ਹਰਿ ਪੁਰਖ ਨਿਰੰਜਣ ਲਾਸ਼ਰੀਕ, ਸ਼ਹਿਨਸ਼ਾਹ ਆਪਣੀ ਦਇਆ ਕਮਾਇੰਦਾ । ਏਕੰਕਾਰਾ ਕਰੇ ਉਡੀਕ, ਆਦਿ ਨਿਰੰਜਣ ਨੂਰ ਧਰਾਇੰਦਾ । ਅਬਿਨਾਸ਼ੀ ਕਰਤਾ ਖੇਲ ਖਲਾਏ ਠੀਕ, ਸ੍ਰੀ ਭਗਵਾਨ ਵੰਡ ਵੰਡਾਇੰਦਾ । ਪਾਰਬ੍ਰਹਮ ਬ੍ਰਹਮ ਜਾਣੇ ਸਚ ਪ੍ਰੀਤ, ਪ੍ਰੀਤੀਵਾਨ ਫੇਰਾ ਪਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਜੀਵ ਜੰਤ ਸਾਧ ਸੰਤ ਭਗਤ ਭਗਵੰਤ ਪਰਖਣਹਾਰਾ ਨੀਤ, ਨਿਤ ਨਿਤ ਆਪਣੀ ਕਾਰ ਕਮਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਦੱਸਣਹਾਰਾ ਢੋਲਾ ਗੀਤ, ਨਾਮ ਨਿਧਾਨਾ ਆਪ ਸਮਝਾਇੰਦਾ । ਵਖਾਵਣਹਾਰਾ ਸ਼ਿਵਦੁਆਲਾ ਮੱਠ ਦੇਹੁਰਾ ਮੰਦਰ ਮਸੀਤ, ਗੁਰੂਦੁਆਰ ਗੰਢ ਪੁਆਇੰਦਾ । ਲੇਖਾ ਜਾਣੇ ਹਸਤ ਕੀਟ, ਊਚ ਨੀਚ ਵੇਖ ਵਖਾਇੰਦਾ । ਵਸਣਹਾਰਾ ਧਾਮ ਅਨਡੀਠ, ਨਜ਼ਰ ਕਿਸੇ ਨਾ ਆਇੰਦਾ । ਬੈਠਣਹਾਰਾ ਸਦਾ ਅਤੀਤ, ਤ੍ਰੈਗੁਣ ਡੇਰਾ ਆਪੇ ਢਾਹਿੰਦਾ । ਸਦੀ ਚੌਧਵੀਂ ਰਹੀ ਬੀਤ, ਪੀਰ ਪੈਗ਼ੰਬਰ ਆਪ ਹਿਲਾਇੰਦਾ । ਕਰੇ ਖੇਲ ਬੀਸਨ ਬੀਸ, ਬੀਸ ਬੀਸਾ ਰਾਹ ਤਕਾਇੰਦਾ । ਛਤਰ ਝੁੱਲੇ ਨਾ ਕਿਸੇ ਸੀਸ, ਸ਼ਾਹ ਸੁਲਤਾਨਾਂ ਖ਼ਾਕ ਮਿਲਾਇੰਦਾ । ਪੁਰਖ ਅਕਾਲ ਜਣਾਏ ਇਕ ਹਦੀਸ, ਦੋ ਜਹਾਨਾਂ ਕਲਮਾ ਆਪ ਪੜ੍ਹਾਇੰਦਾ । ਕਲਜੁਗ

ਕੂੜੀ ਕਿਰਿਆ ਚੱਕੀ ਲਈ ਪੀਸ, ਪੀਸਣ ਅੰਤਮ ਅੰਤ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤਖ਼ਤ ਨਿਵਾਸੀ ਇਕੋ ਤਖ਼ਤ ਸੁਹਾਇੰਦਾ । ਤਖ਼ਤ ਨਿਵਾਸੀ ਸਾਚੇ ਤਖ਼ਤ ਆਸਣ ਲਾ, ਧੁਰ ਫ਼ਰਮਾਣਾ ਹੁਕਮ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਲਏ ਬੁਲਾ, ਘਰ ਸਾਚੇ ਵੱਜੇ ਵਧਾਈਆ । ਭਗਤ ਦੁਆਰਾ ਇਕ ਵਡਿਆ, ਸ੍ਰੀ ਭਗਵਾਨ ਹੋਏ ਸਹਾਈਆ । ਚਾਰ ਯੁਗ ਦੇ ਵਿਛੜੇ ਲਏ ਮਿਲਾ, ਕੱਠੇ ਕੀਤੇ ਇਕੋ ਥਾਈਂਆ । ਨਿਉਂ ਨਿਉਂ ਸਜਦਾ ਸੀਸ ਰਹੇ ਝੁਕਾ, ਨੇਤਰ ਨੈਣ ਨੈਣ ਸ਼ਰਮਾਈਆ । ਖਾਣੀ ਬਾਣੀ ਬਣੇ ਮਲਾਹ, ਅੰਜੀਲ ਕੁਰਾਨ ਦੇਣ ਸਫ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਰਬਾਰਾ ਇਕ ਲਗਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਆਏ ਨੱਠੇ, ਕਲਜੁਗ ਅੰਤਮ ਪੰਧ ਮੁਕਾਈਆ । ਮਹੀਨਾ ਚੇਤ ਹੋਏ ਇਕੱਠੇ, ਚੇਤਨ ਹਰਿ ਜੂ ਆਪ ਕਰਾਈਆ । ਦਰਗਹਿ ਸਾਚੀ ਹਰਿ ਸਰਨਾਈ ਢੱਠੇ, ਆਪਣਾ ਮਾਣ ਮਿਟਾਈਆ । ਅਸੀਂ ਰਹਿ ਗਏ ਹੱਕੇ ਬੱਕੇ, ਤੇਰਾ ਅੰਤ ਕੋਇ ਨਾ ਆਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤੇਰੀ ਸੇਵਾ ਕਰ ਕਰ ਥੱਕੇ, ਦਿਵਸ ਰੈਣ ਸੇਵ ਕਮਾਈਆ । ਚਾਰੋਂ ਕੁੰਟ ਜੀਵ ਜੰਤ ਕੂੜੀ ਕਿਰਿਆ ਮਾਰਨ ਧੱਕੇ, ਧਰਮ ਦੁਆਰਾ ਨਜ਼ਰ ਕੋਇ ਨਾ ਆਈਆ । ਕਾਇਆ ਚੋਲੇ ਸਭ ਦੇ ਫਟੇ, ਨਾਮ ਤਾਗਾ ਸਕੇ ਨਾ ਕੋਇ ਸੁਆਈਆ । ਗੁਰ ਕੇ ਹੱਟ ਨਾ ਕੋਇ ਵਿਕੇ, ਕਰਤਾ ਕੀਮਤ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ ਦਰ ਦੁਆਰ ਆ, ਇਕੋ ਅਲੱਖ ਜਗਾਈਆ । ਤੂੰ ਸਾਹਿਬ ਦਾਤਾ ਬੇਪਰਵਾਹ, ਬੇਅੰਤ ਤੇਰੀ ਵਡਿਆਈਆ । ਤੇਈ ਅਵਤਾਰ ਰਹੇ ਸੀਸ ਝੁਕਾ, ਦੋਏ ਜੋੜ ਜੋੜ ਸਰਨਾਈਆ । ਭਗਤ ਅਠਾਰਾਂ ਰਹੇ ਸ਼ਰਮਾ, ਕਬੀਰ ਜੁਲਾਹਾ ਰਿਹਾ ਸੁਣਾਈਆ । ਈਸਾ ਮੂਸਾ ਨੈਣ ਨਾ ਸਕੇ ਕੋਇ ਉਠਾ, ਮੁਹੰਮਦ ਰੋਵੇ ਮਾਰੇ ਧਾਹੀਂਆ । ਨਾਨਕ ਗੋਬਿੰਦ ਰਿਹਾ ਸਮਝਾ, ਚਾਰ ਵਰਨ ਇਕ ਪੜ੍ਹਾਈਆ । ਕਲਜੁਗ ਅੰਤਮ ਆਵੇ ਬੇਪਰਵਾਹ, ਨਿਹਕਲੰਕਾ ਨਾਉਂ ਰਖਾਈਆ । ਕਲ ਕਲਕੀ ਫੇਰਾ ਪਾ, ਸੰਬਲ ਇਕੋ ਧਾਮ ਵਡਿਆਈਆ । ਕਲਜੁਗ ਲੇਖਾ ਦਏ ਮੁਕਾ, ਲਹਿਣਾ ਕੋਇ ਰਹੇ ਨਾ ਰਾਈਆ । ਸਤਿਜੁਗ ਸਾਚਾ ਚੰਦ ਦਏ ਚਮਕਾ, ਜੋਤੀ ਨੂਰ ਨੂਰ ਰੁਸ਼ਨਾਈਆ । ਸ੍ਰਿਸ਼ਟ ਸਬਾਈ ਇਕੋ ਇਸ਼ਟ ਦਏ ਵਖਾ, ਦ੍ਰਿਸ਼ਟ ਸਭ ਦੀ ਆਪ ਖੁਲ੍ਹਾਈਆ । ਪੁਰਖ ਅਕਾਲ ਨਜ਼ਰੀ ਜਾਏ ਆ, ਦੀਨ ਦਿਆਲ ਹੋਏ ਸਹਾਈਆ । ਸੋਹਲਾ ਇਕੋ ਦਏ ਜਣਾ, ਸੋ ਪੁਰਖ ਨਿਰੰਜਣ ਕਰੇ ਪੜ੍ਹਾਈਆ । ਹੰ ਬ੍ਰਹਮ ਬ੍ਰਹਮ ਮੇਲਾ ਦਏ ਮਿਲਾ, ਸੁਰਤ ਸ਼ਬਦ ਕਰੇ ਕੁੜਮਾਈਆ । ਬਜ਼ਰ ਕਪਾਟੀ ਕੁੰਡਾ ਦੇਵੇ ਲਾਹ, ਬੰਦ ਤਾਕੀ ਆਪ ਖੁਲ੍ਹਾਈਆ । ਅੰਮ੍ਰਿਤ ਆਤਮ ਜਾਮ ਦਏ ਪਿਆ, ਅਠਸਠ ਲੇਖਾ ਦਏ ਮੁਕਾਈਆ । ਨਿਜ ਨੇਤਰ ਦਏ ਖੁਲ੍ਹਾ, ਦੋਏ ਲੋਚਣ ਬੰਦ ਵਖਾਈਆ । ਆਤਮ ਸੇਜਾ ਦਏ ਸੁਹਾ, ਸੇਜ ਸੁਹੰਜਣੀ ਇਕ ਵਖਾਈਆ । ਭਗਤ ਭਗਵਾਨ ਮੇਲਾ ਦਏ ਮਿਲਾ, ਮਿਲਣੀ ਜਗਦੀਸ਼ ਕਰਾਈਆ । ਗੁਰ ਚੇਲਾ ਏਕਾ ਘਰ ਦਏ ਬਹਾ, ਚੇਲਾ ਗੁਰ ਇਕੋ ਨਜ਼ਰੀ ਆਈਆ । ਸੱਜਣ ਸੁਹੇਲਾ ਬਣੇ ਸੱਚਾ ਸ਼ਹਿਨਸ਼ਾਹ, ਸ਼ਾਹ ਪਾਤਸ਼ਾਹ ਵੱਡੀ ਵਡਿਆਈਆ । ਕੂੜੀ ਕਿਰਿਆ ਕਰੇ ਫ਼ਨਾਹ, ਫ਼ੈਸਲਾ ਅੰਤਮ ਆਪਣੇ ਹੱਥ ਰਖਾਈਆ । ਗੋਬਿੰਦ ਸੂਰਾ ਬਣੇ ਗਵਾਹ, ਦੂਜਾ ਨਜ਼ਰ ਕੋਇ ਨਾ ਆਈਆ । ਰਾਜ ਰਾਜਾਨ ਸ਼ਾਹ ਸੁਲਤਾਨ ਲੇਖਾ ਦਏ ਮੁਕਾ, ਖ਼ਾਲਕ ਵੇਖੇ ਥਾਉਂ ਥਾਈਂਆ । ਚੌਦਾਂ ਤਬਕ ਮਾਰਨ ਧਾਹ, ਧੀਰਜ ਧੀਰ ਨਾ ਕੋਇ ਧਰਾਈਆ । ਵਿਸ਼ਨੂੰ ਮਿਲੇ ਨਾ ਕੋਈ ਥਾਂ, ਬ੍ਰਹਮਾ ਭੱਜੇ ਵਾਹੋ ਦਾਹੀਆ । ਸ਼ੰਕਰ ਤਰਸੂਲ

ਦਏ ਸੁਟਾ, ਜਟਾ ਜੂਟ ਆਪਣਾ ਮਾਣ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੇ ਤਖ਼ਤ ਡੇਰਾ ਲਾਈਆ । ਸਾਚੇ ਤਖ਼ਤ ਡੇਰਾ ਜਾਏ ਲੱਗ, ਸ੍ਰੀ ਭਗਵਾਨ ਆਪ ਲਗਾਇੰਦਾ । ਪਰਗਟ ਹੋ ਸੂਰਾ ਸਰਬੱਗ, ਸ਼ਹਿਨਸ਼ਾਹ ਆਪਣਾ ਹੁਕਮ ਮਨਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਸਚ ਦੁਆਰੇ ਸੱਦ, ਸੱਦਾ ਆਪਣਾ ਨਾਮ ਦਿਵਾਇੰਦਾ । ਕੂੜੀ ਕਿਰਿਆ ਪਾਰ ਹੱਦ, ਹਦੂਦ ਆਪਣੀ ਇਕ ਵਖਾਇੰਦਾ । ਲੇਖਾ ਜਾਣੇ ਸਾਚੇ ਨਦ, ਪੰਚਮ ਰਾਗ ਨਾਦ ਸ਼ਬਦ ਧੁੰਨ ਆਪ ਸੁਣਾਇੰਦਾ । ਅੰਤਰ ਅੰਤਰ ਕਰਾਵਣਹਾਰਾ ਸਾਚਾ ਹੱਜ, ਮੱਕਾ ਕਾਅਬਾ ਡੇਰਾ ਢਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਿੰਘਾਸਣ ਇਕ ਵਖਾਇੰਦਾ । ਸਚ ਸਿੰਘਾਸਣ ਦਏ ਵਖਾਲ, ਜਨ ਭਗਤਾਂ ਹੋ ਸਹਾਈਆ । ਲੇਖਾ ਚੁੱਕੇ ਸ਼ਾਹ ਕੰਗਾਲ, ਜੋ ਪ੍ਰਭ ਆਏ ਸਰਨਾਈਆ । ਮੇਲ ਮਿਲਾਏ ਦੀਨ ਦਿਆਲ, ਦੀਨਨ ਆਪਣੇ ਰੰਗ ਰੰਗਾਈਆ । ਕਾਇਆ ਮੰਦਰ ਅੰਦਰ ਵਖਾਏ ਸੱਚੀ ਧਰਮਸਾਲ, ਘਰ ਘਰ ਵਿਚ ਵੇਖ ਵਖਾਈਆ । ਸ਼ਬਦ ਅਗੰਮੀ ਵੱਜੇ ਤਾਲ, ਢੋਲਕ ਛੈਣਾ ਨਾ ਕੋਇ ਖੜਕਾਈਆ । ਅੰਮ੍ਰਿਤ ਸੋਹੇ ਸੁਹਾਵਾ ਤਾਲ, ਅਠਸਠ ਰੂਪ ਨਾ ਕੋਇ ਵਡਿਆਈਆ । ਦੀਪਕ ਦੀਆ ਨਿਰਮਲ ਜੋਤੀ ਦੇਵੇ ਬਾਲ, ਅਗਿਆਨ ਅੰਧੇਰ ਦਏ ਗਵਾਈਆ । ਸ਼ਬਦੀ ਸ਼ਬਦ ਬਣੇ ਦਲਾਲ, ਹਰਿ ਸਤਿਗੁਰ ਸੇਵ ਕਮਾਈਆ । ਲੇਖਾ ਜਾਣੇ ਹੱਕ ਹਲਾਲ, ਹਕੀਕਤ ਵੇਖੇ ਬੇਪਰਵਾਹੀਆ । ਮੁਰੀਦ ਮੁਰਸ਼ਦ ਚਲੇ ਨਾਲ ਨਾਲ, ਭਗਤ ਭਗਵਾਨ ਸਗਲਾ ਸੰਗ ਨਿਭਾਈਆ । ਲੱਖ ਚੁਰਾਸੀ ਵਿਚੋਂ ਭਾਲ, ਹਰਿਜਨ ਸਾਚੇ ਲਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਸਾਚੇ ਦਏ ਵਡਿਆਈਆ । ਦਰ ਦਰਵਾਜ਼ਾ ਵਡ ਵਡਿਆ, ਹਰਿ ਵੱਡਾ ਦਇਆ ਕਮਾਇੰਦਾ । ਕਲਜੁਗ ਅੰਤਮ ਫੇਰਾ ਪਾ, ਨਿਹਕਲੰਕ ਨਾਉਂ ਰਖਾਇੰਦਾ । ਸ਼ਬਦ ਡੰਕ ਇਕ ਵਜਾ, ਦੋ ਜਹਾਨਾਂ ਆਪ ਜਗਾਇੰਦਾ । ਰਹਿਬਰ ਬਣੇ ਆਪ ਖ਼ੁਦਾ, ਖ਼ੁਦੀ ਸਭ ਦੀ ਮੇਟ ਮਿਟਾਇੰਦਾ । ਗ੍ਰਿਹਿ ਗ੍ਰਿਹਿ ਘਰ ਘਰ ਦਰ ਦਰ ਦੇਵੇ ਨਾਮ ਸਦਾ, ਧੁਰ ਸੰਦੇਸਾ ਇਕ ਅਲਾਇੰਦਾ । ਦੀਨ ਮਜ਼੍ਹਬ ਦੀ ਮੁੱਕੇ ਹੱਦਾ, ਜ਼ਾਤ ਪਾਤ ਪੰਧ ਮੁਕਾਇੰਦਾ । ਪਾਰਬ੍ਰਹਮ ਦੀ ਇਕੋ ਯੱਦਾ, ਵਿਸ਼ਨ ਵੰਸ ਵਡਿਆਇੰਦਾ । ਨਿਰਗੁਣ ਧਾਰੋਂ ਸਰਗੁਣ ਕੱਢਾ, ਹਰਿ ਸਤਿਗੁਰ ਖੇਲ ਕਰਾਇੰਦਾ । ਆਤਮ ਪਰਮਾਤਮ ਪ੍ਰੇਮ ਡੋਰੀ ਅੰਤਰ ਬੱਧਾ, ਤੰਦ ਨਜ਼ਰ ਕਿਸੇ ਨਾ ਆਇੰਦਾ । ਲੇਖਾ ਜਾਣੇ ਪੰਜ ਤੱਤ ਕਾਇਆ ਮਾਟੀ ਤਿੰਨ ਸੌ ਸੱਠ ਹੱਡਾ, ਨਾੜ ਬਹੱਤਰ ਫੋਲ ਫੁਲਾਇੰਦਾ । ਗੀਤ ਗੋਬਿੰਦ ਨੂਰ ਇਲਾਹੀ ਸਾਚਾ ਢੋਲਾ ਗਾਏ ਛੰਦਾ, ਛਹਿਬਰ ਆਪਣੇ ਨਾਮ ਲਗਾਇੰਦਾ । ਬੰਦੀਖ਼ਾਨਿਉਂ ਕਢਾਏ ਬੰਦਾ, ਬੰਦਗੀ ਇਕੋ ਇਕ ਸਮਝਾਇੰਦਾ । ਸਤਿਗੁਰ ਮਿਲ ਨਾ ਹੋਵੇ ਗੰਦਾ, ਕੂੜੀ ਕਿਰਿਆ ਨਾਤਾ ਤੋੜ ਤੁੜਾਇੰਦਾ । ਖੋਲ੍ਹਣਹਾਰਾ ਤ੍ਰੈਗੁਣ ਵੱਜਾ ਜੰਦਾ, ਕੁੰਜੀ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਸਾਚੇ ਤਖ਼ਤ ਇਕੋ ਡੇਰਾ ਲਾਇੰਦਾ । ਸਾਚੇ ਤਖ਼ਤ ਪ੍ਰਭ ਡੇਰਾ ਲਾਵੇਗਾ । ਨਿਰਗੁਣ ਆਪਣੀ ਧਾਰ ਚਲਾਵੇਗਾ । ਅਗੰਮ ਅਥਾਹ ਖੇਲ ਕਰਾਵੇਗਾ । ਕੂੜੀ ਕਿਰਿਆ ਮੇਟ ਮਿਟਾਵੇਗਾ । ਸਾਚੀ ਸਿਖਿਆ ਇਕ ਸਮਝਾਵੇਗਾ । ਧੁਰ ਦਾ ਲੇਖਾ ਮਾਤ ਵਖਾਵੇਗਾ । ਸਾਚੀ ਭਿਛਿਆ ਸਤਿਗੁਰ ਵਰਤਾਵੇਗਾ । ਸਤਿਜੁਗ ਆਪ ਜਗਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤਖ਼ਤ ਨਿਵਾਸੀ ਇਕ ਅਖਵਾਵੇਗਾ । ਤਖ਼ਤ ਨਿਵਾਸੀ ਇਕ ਅਖਵਾਏਗਾ । ਪ੍ਰਭ ਆਪਣਾ ਫੇਰਾ ਪਾਏਗਾ । ਕਲਜੁਗ ਕੂੜਾ ਡੇਰਾ

ਢਾਹੇਗਾ । ਸਤਿਜੁਗ ਸਾਚਾ ਰਾਹ ਵਖਾਏਗਾ । ਭਗਤ ਭਗਵਾਨ ਮੇਲ ਮਿਲਾਏਗਾ । ਨਿਰਗੁਣ ਜੋਤੀ ਜੋਤ ਚਮਕਾਏਗਾ । ਸ਼ਬਦ ਭੰਡਾਰ ਅਤੋਟ, ਆਪ ਵਰਤਾਏਗਾ । ਪੰਜ ਤੱਤ ਲਗਾ ਚੋਟ, ਸੁਰਤ ਸ਼ਬਦ ਆਪ ਉਠਾਏਗਾ । ਕੂੜੀ ਵਾਸਨਾ ਕੱਢ ਖੋਟ, ਅੰਮ੍ਰਿਤ ਰਸ ਇਕ ਭਰਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਕਮਾਏਗਾ । ਸਾਚੀ ਕਰਨੀ ਆਪ ਕਮਾਵੇਗਾ । ਸ੍ਰੀ ਭਗਵਾਨ ਸਾਚਾ ਮਾਰਗ ਲਾਵੇਗਾ । ਚਾਰ ਵਰਨ ਇਕੋ ਘਰ ਵਸਾਵੇਗਾ । ਅਠਾਰਾਂ ਬਰਨ ਪੰਧ ਮੁਕਾਵੇਗਾ । ਪੁਰਖ ਅਕਾਲ ਇਸ਼ਟ ਵਖਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਿੰਘਾਸਣ ਸਾਚੇ ਚੜ੍ਹ, ਇਕੋ ਹੁਕਮ ਸੁਣਾਵੇਗਾ । ਇਕੋ ਹੁਕਮ ਸੁਣਾਏ ਨਵਖੰਡ, ਨੌਂ ਦਰ ਵੱਜੇ ਵਧਾਈਆ । ਕਲਜੁਗ ਮਿਟੇ ਰੰਡੇਪਾ ਰੰਡ, ਸਤਿਜੁਗ ਸਤਿ ਕਰੇ ਕੁੜਮਾਈਆ । ਗੀਤ ਸੁਹਾਗੀ ਸਾਚਾ ਛੰਦ, ਆਤਮ ਪਰਮਾਤਮ ਇਕ ਸਮਝਾਈਆ । ਹੰ ਬ੍ਰਹਮ ਮੁਕੇ ਪੰਧ, ਸੋ ਪੁਰਖ ਨਿਰੰਜਣ ਮੇਲਾ ਸਹਿਜ ਸੁਭਾਈਆ । ਨਿਜ ਆਤਮ ਨਿਜ ਘਰ ਨਿਜ ਰਸਯਾ ਦਏ ਅਨੰਦਾ, ਅਨੰਦ ਇਕੋ ਇਕ ਵਖਾਈਆ । ਦੂਈ ਦਵੈਤ ਹਉਮੇ ਹੰਗਤਾ ਮਾਇਆ ਮਮਤਾ ਰਹਿਣ ਨਾ ਪਾਏ ਕੰਧ, ਭਾਂਡਾ ਭਰਮ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਹ ਇਕ ਜਣਾਈਆ । ਸਾਚਾ ਰਾਹ ਇਕ ਜਣਾਵੇਗਾ । ਲੱਖ ਚੁਰਾਸੀ ਮਾਰਗ ਪਾਵੇਗਾ । ਰਾਗ ਅਨਾਦੀ ਇਕੋ ਗਾਵੇਗਾ । ਬ੍ਰਹਮ ਬ੍ਰਹਿਮਾਦੀ ਖੋਜ ਖੁਜਾਵੇਗਾ । ਆਦਿ ਜੁਗਾਦੀ ਫੇਰਾ ਪਾਵੇਗਾ । ਬਣ ਬਾਢੀ ਸੇਵ ਕਮਾਵੇਗਾ । ਭਗਤ ਦੁਆਰਾ ਇਕ ਵਸਾਵੇਗਾ । ਨਿਰਗੁਣ ਧਾਰਾ ਇਕ ਚਲਾਵੇਗਾ । ਪੁਰਖ ਅਕਾਲ ਨਜ਼ਰੀ ਆਵੇਗਾ । ਬਣ ਦਲਾਲ ਪਾਰ ਕਰਾਵੇਗਾ । ਬੇਮਿਸਾਲ ਖੇਲ ਖਲਾਵੇਗਾ । ਸੁਣ ਮੁਰੀਦਾਂ ਹਾਲ, ਦਇਆ ਕਮਾਵੇਗਾ । ਮੁਰਸ਼ਦ ਕਰ ਖਿਆਲ, ਖ਼ਾਲਕ ਆਪਣਾ ਰੰਗ ਵਖਾਵੇਗਾ । ਲਹਿਣਾ ਦੇਣਾ ਚੁੱਕੇ ਸ਼ਾਹ ਕੰਗਾਲ, ਸ਼ਹਿਨਸ਼ਾਹ ਇਕੋ ਘਰ ਵਸਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਮੰਦਰ ਇਕੋ ਇਕ ਵਡਿਆਵੇਗਾ । ਮੰਦਰ ਇਕੋ ਇਕ ਵਡਿਆਵੇਗਾ । ਪ੍ਰਭ ਆਪਣਾ ਨਾਮ ਜਪਾਵੇਗਾ । ਗੁਰ ਅਵਤਾਰ ਪੀਰ ਪੈਗ਼ੰਬਰ ਨਾਲ ਰਲਾਵੇਗਾ । ਵਿਸ਼ਨ ਬ੍ਰਹਮਾ ਸ਼ਿਵ ਧਿਆਨ ਲਗਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਵੇਗਾ । ਸਾਚੀ ਕਰਨੀ ਆਪ ਕਮਾਏਗਾ । ਸ਼ਬਦ ਵਿਚੋਲਾ ਇਕ ਰਖਾਏਗਾ । ਨਿਰਗੁਣ ਤੋਲਾ ਸੇਵ ਕਮਾਏਗਾ । ਪਰਦਾ ਉਹਲਾ ਆਪ ਮਿਟਾਏਗਾ । ਸੋਹੰ ਬੋਲਾ ਆਪ ਸਮਝਾਏਗਾ । ਦੂਜਾ ਰੌਲਾ ਕੋਇ ਨਾ ਪਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਤੂੰ ਮੈਂ ਮੈਂ ਤੂੰ ਵੰਡ ਨਾ ਕੋਇ ਵੰਡਾਏਗਾ । ਤੂੰ ਮੈਂ ਨਾ ਮੇਰਾ ਤੇਰਾ, ਤੇਰਾ ਮੇਰਾ ਰਹਿਣ ਨਾ ਪਾਈਆ । ਪਾਰਬ੍ਰਹਮ ਪ੍ਰਭ ਕਰੇ ਹੱਕ ਨਬੇੜਾ, ਨੇਰਨ ਨੇਰਾ ਵੇਖ ਵਖਾਈਆ । ਸ਼ਬਦ ਅਗੰਮੀ ਨਾਉਂ ਰਖਾਏ ਸਿੰਘ ਸ਼ੇਰਾ, ਸ਼ਹਿਨਸ਼ਾਹ ਆਪਣਾ ਬਲ ਧਰਾਈਆ । ਨੌਂ ਸੌ ਚੁਰਾਨਵੇਂ ਚੌਕੜੀ ਯੁਗ ਪਾਇਆ ਘੇਰਾ, ਬਾਹਰ ਨਿਕਲ ਕੋਇ ਨਾ ਜਾਈਆ । ਦੋ ਜਹਾਨ ਚਰਨਾਂ ਹੇਠਾਂ ਰੱਖੇ ਆਪਣਾ ਵੇਹੜਾ, ਬ੍ਰਹਿਮੰਡ ਖੰਡ ਉਂਗਲੀਆਂ ਹੇਠ ਦਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਅਥਾਹ, ਅਲੱਖ ਅਗੋਚਰ ਆਪ ਕਰਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਰਹੇ ਸੁਣਾ, ਰਾਗ ਅਨਾਦੀ ਆਪ ਜਣਾਇੰਦਾ । ਪਾਰਬ੍ਰਹਮ ਪਤਿਪਰਮੇਸ਼ਵਰ ਆਦਿ ਜੁਗਾਦੀ ਜੁਗਾ ਜੁਗੰਤਰ ਸਦਾ

ਸਦ ਹੋਏ ਸਹਾ, ਸਹਾਇਕ ਇਕੋ ਨਜ਼ਰੀ ਆਇੰਦਾ । ਈਸਾ ਮੂਸਾ ਮੁਹੰਮਦ ਕਹਿਣ ਅਸੀਂ ਜਿਸ ਨੂੰ ਮੰਨਦੇ ਗਏ ਖ਼ੁਦਾ, ਸੋ ਸਾਹਿਬ ਫੇਰਾ ਪਾਇੰਦਾ । ਜਿਸ ਦੇ ਨਾਲੋਂ ਰਹੇ ਜੁਦਾ, ਜੁਜ਼ ਆਪਣੇ ਨਾਲ ਮਿਲਾਇੰਦਾ । ਜਿਸ ਦਾ ਸਿਫ਼ਤ ਸਾਲਾਹੀ ਕਲਮਾ ਗਏ ਪੜ੍ਹਾ, ਸੋ ਨਿਸ਼ਅੱਖਰ ਰਾਗ ਅਲਾਇੰਦਾ । ਸਾਰੇ ਬਰਦੇ ਬਣੇ ਗ਼ੁਲਾਮ, ਗ਼ੁਰਬਤ ਸਭ ਦੀ ਮੇਟ ਮਿਟਾਇੰਦਾ । ਦਰ ਬਰਦੇ ਕਰੋ ਸਲਾਮ, ਅਲੈਕਮ ਇਕੋ ਰਾਹ ਜਣਾਇੰਦਾ । ਕਲਜੁਗ ਅੰਤਮ ਦੇਵਣ ਆਇਆ ਪੈਗ਼ਾਮ, ਸਦੀ ਚੌਧਵੀਂ ਵੇਖ ਵਖਾਇੰਦਾ । ਬੀਸ ਬੀਸਾ ਬਦਲ ਦੇਵੇ ਨਜ਼ਾਮ, ਨੌਬਤ ਆਪਣੇ ਨਾਮ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਤਖ਼ਤ ਇਕੋ ਇਕ ਰਖਾਇੰਦਾ । ਸੱਚਾ ਤਖ਼ਤ ਇਕੋ ਰੱਖ, ਰੱਖਕ ਬਣੇ ਹਰ ਘਟ ਥਾਈਆ । ਕਲਜੁਗ ਅੰਤਮ ਹੋ ਪਰਤੱਖ, ਪਾਰਖੂ ਆਪਣਾ ਫੇਰਾ ਪਾਈਆ । ਸ਼ਬਦ ਅਗੰਮੀ ਮਾਰਗ ਦੱਸ, ਸ਼ਾਹ ਸੁਲਤਾਨ ਰਿਹਾ ਉਠਾਈਆ । ਭਗਤ ਭਗਵਾਨ ਹਿਰਦੇ ਵਸ, ਭੇਵ ਅਭੇਦ ਖੁਲ੍ਹਾਈਆ । ਕਲਜੁਗ ਮੇਟ ਰੈਣ ਅੰਧੇਰੀ ਮੱਸ, ਸਾਚਾ ਚੰਦ ਕਰੇ ਰੁਸ਼ਨਾਈਆ । ਦੇਵਣਹਾਰਾ ਧੀਰਜ ਸੰਤੋਖ ਹੱਠ, ਸਤਿ ਇਕੋ ਇਕ ਦ੍ਰਿੜਾਈਆ । ਚਾਰ ਵਰਨ ਜਣਾਏ ਬ੍ਰਹਮ ਮਤ, ਮਨਮਤ ਨਾ ਕੋਇ ਚਤੁਰਾਈਆ । ਨਾੜ ਬਹੱਤਰ ਨਾ ਉਬਲੇ ਰਤ, ਰਤੀ ਰਤ ਦਏ ਸੁਕਾਈਆ । ਲੇਖਾ ਚੁਕਾਏ ਸੀਆਂ ਸਾਢੇ ਤਿੰਨ ਤਿੰਨ ਹੱਥ, ਜਿਸ ਜਨ ਆਪਣੇ ਚਰਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭਗਤ ਭਗਵਾਨ ਹੋ ਮਿਹਰਵਾਨ, ਨੇਤਰ ਅੱਖ ਇਕ ਖੁਲ੍ਹਾਈਆ । ਨੇਤਰ ਅੱਖ ਖੋਲ੍ਹੇ ਨੈਣ, ਨੈਨਣ ਆਪਣਾ ਮੇਲ ਮਿਲਾਇੰਦਾ । ਬਿਨ ਨਾਨਕ ਕਬੀਰ ਕਿਸੇ ਦਾ ਬਣਿਆ ਨਾ ਸੱਚਾ ਸੈਣ, ਸਾਜਣ ਸੰਗ ਨਾ ਕੋਇ ਰਖਾਇੰਦਾ । ਰਸਨਾ ਜਿਹਵਾ ਸਕੇ ਨਾ ਕੋਇ ਕਹਿਣ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਗੀਤਾ ਗਿਆਨ ਸਿਫ਼ਤ ਸਾਲਾਹਿੰਦਾ । ਆਦਿ ਅੰਤ ਜੁਗਾ ਜੁਗੰਤ ਸ੍ਰੀ ਭਗਵੰਤ ਜਨ ਭਗਤਾਂ ਆਏ ਆਪ ਲੈਣ, ਨਿਰਗੁਣ ਸਰਗੁਣ ਵੇਖ ਵਖਾਇੰਦਾ । ਸਦਾ ਸੁਹੇਲਾ ਚੁਕਾਏ ਲਹਿਣ ਦੇਣ, ਦੇਣਾ ਸਭ ਦੀ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਹਰਿ, ਤਖ਼ਤ ਇਕੋ ਇਕ ਜਣਾਇੰਦਾ । ਇਕੋ ਤਖ਼ਤ ਲੈਣਾ ਜਾਣ, ਜਿਸ ਵਿਚ ਵੱਡੀ ਵਡਿਆਈਆ । ਤਖ਼ਤ ਨਿਵਾਸੀ ਹੁਕਮਰਾਨ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਆਦਿ ਜੁਗਾਦੀ ਦੇਵਣਹਾਰ ਫ਼ਰਮਾਣ, ਧੁਰ ਫ਼ਰਮਾਣਾ ਆਪ ਸੁਣਾਈਆ । ਪੀਰ ਪੈਗ਼ੰਬਰ ਸੁਣਨ ਨਾਲ ਧਿਆਨ, ਗੁਰ ਅਵਤਾਰ ਝੋਲੀ ਲੈਣ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਕਰੇ ਖੇਲ ਸਾਚਾ ਹਰਿ, ਕਲਜੁਗ ਤੇਰੀ ਅੰਤਮ ਵਰ, ਸੰਤ ਸੁਹੇਲੇ ਗੁਰੂ ਗੁਰ ਚੇਲੇ, ਆਪ ਆਪਣਾ ਮੇਲ ਮਿਲਾਈਆ ।

## ★ ੨੨ ਚੇਤ ੨੦੨੦ ਬਿਕਰਮੀ ਨਸੀਬ ਸਿੰਘ ਦੇ ਗ੍ਰਿਹ ਬੋਪਾ ਰਾਏ ਜ਼ਿਲਾ ਜਲੰਧਰ ★

ਭਗਤ ਕਹਿਣ ਦੱਸ ਭਗਵਾਨ, ਪ੍ਰਭੂ ਕੀ ਤੇਰੀ ਵਡਿਆਈਆ । ਕਲਜੁਗ ਅੰਤ ਹੋਏ ਹੈਰਾਨ, ਤੇਰਾ ਭੇਵ ਕੋਇ ਨਾ ਪਾਈਆ । ਚਾਰੋਂ ਕੁੰਟ ਸ਼ਰਅ ਸ਼ੈਤਾਨ, ਘਰ ਘਰ ਕਰੇ ਲੜਾਈਆ । ਨਾਮ ਦਿਸੇ ਨਾ ਕਿਸੇ ਮਕਾਨ, ਗੁਰ ਦਰ ਮੰਦਰ ਮਸਜਿਦ ਮੱਠ ਸ਼ਿਵਦੁਆਲੇ ਦੇਣ ਦੁਹਾਈਆ ।

ਧਰਮ ਮਿਲੇ ਨਾ ਕੋਇ ਨਿਸ਼ਾਨ, ਦਹਿ ਦਿਸ਼ਾ ਹੋਈ ਹਲਕਾਈਆ । ਸਾਚਾ ਰਾਗ ਸੁਣੇ ਨਾ ਕੋਈ ਕਾਨ, ਧੁਨ ਆਤਮਕ ਨਾਦ ਨਾ ਕੋਇ ਵਜਾਈਆ । ਗਾ ਗਾ ਥੱਕੀ ਰਸਨਾ ਜਿਹਵਾ ਜ਼ਬਾਨ, ਜ਼ੇਰ ਜ਼ਬਰ ਤੇਰੀ ਸਮਝ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਮੰਗ ਮੰਗਾਈਆ । ਭਗਤ ਕਹਿਣ ਪ੍ਰਭ ਸਾਚਾ ਮੀਤਾ, ਸਾਚੀ ਰੀਤ ਦਏ ਬਤਾਈਆ । ਤੇਰਾ ਧਾਮ ਸਦਾ ਅਨਡੀਠਾ, ਜਗਤ ਨੇਤਰ ਨਜ਼ਰ ਨਾ ਆਈਆ । ਲੱਭ ਲੱਭ ਥੱਕੇ ਮੰਦਰ ਮਸੀਤਾਂ, ਮਹਿਫ਼ਲ ਘਰ ਘਰ ਡੇਰਾ ਲਾਈਆ । ਨੂਰ ਨਜ਼ਰ ਨਾ ਆਇਆ ਅਤੀਤਾ, ਤ੍ਰੈਗੁਣ ਪਰਦਾ ਨਾ ਕੋਇ ਲਾਹੀਆ । ਨਾਤਾ ਚੁੱਕੇ ਨਾ ਹਸਤ ਕੀਟਾਂ, ਊਚ ਨੀਚ ਭੇਵ ਨਾ ਕੋਇ ਗਵਾਈਆ । ਕਾਇਆ ਹੋਏ ਨਾ ਠਾਂਡੀ ਸੀਤਾ, ਸੀਤਲ ਧਾਰ ਨਾ ਕੋਇ ਵਹਾਈਆ । ਨਿਰਗੁਣ ਬੱਝੇ ਨਾ ਹੱਕ ਪ੍ਰੀਤਾ, ਪ੍ਰੇਮ ਪ੍ਰੀਤੀ ਨਾ ਕੋਇ ਸਿਖਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਕੋਟਨ ਵਾਰ ਬੀਤਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਆਸ ਰਖਾਈਆ । ਭਗਤ ਕਹਿਣ ਭਗਵਾਨ ਦੱਸ, ਦੋਏ ਜੋੜ ਕਰਨ ਅਰਜ਼ੋਈਆ । ਸ੍ਰਿਸ਼ਟ ਸਬਾਈ ਵੇਖਿਆ ਨੱਸ ਨੱਸ, ਮਾਰਗ ਨਜ਼ਰ ਕੋਇ ਨਾ ਆਈਆ । ਕੂੜੀ ਕਿਰਿਆ ਗਏ ਫਸ, ਫਾਂਸੀ ਜਮ ਨਾ ਕੋਇ ਕਟਾਈਆ । ਧੀਰਜ ਜੱਤ ਨਾ ਰਿਹਾ ਹਠ, ਸਤਿ ਸੰਤੋਖ ਨਾ ਕੋਇ ਰਖਾਈਆ । ਨਹਾ ਨਹਾ ਥੱਕੇ ਤੀਰਥ ਤੱਟ, ਅਠਸਠ ਫੇਰਾ ਪਾਈਆ । ਪੜ੍ਹ ਪੜ੍ਹ ਪੁਸਤਕ ਗਏ ਅੱਕ, ਅੰਤਰ ਅੱਖ ਨਾ ਕੋਇ ਖੁਲ੍ਹਾਈਆ । ਨਬੇੜਾ ਕਰੇ ਨਾ ਕੋਇ ਹੱਕ, ਹਕੀਕਤ ਦਏ ਨਾ ਕੋਇ ਜਣਾਈਆ । ਨਾੜ ਬਹੱਤਰ ਉਬਲੇ ਰਤ, ਰਤੀ ਰਤ ਨਾ ਕੋਇ ਸੁਕਾਈਆ । ਘਰ ਮਿਲੇ ਨਾ ਬ੍ਰਹਮ ਮਤ, ਪਾਰਬ੍ਰਹਮ ਨਾ ਕੋਇ ਸਰਨਾਈਆ । ਲਹਿਣਾ ਚੁੱਕੇ ਨਾ ਹੱਥੋ ਹੱਥ, ਖ਼ਾਲੀ ਹੱਥ ਦੇਣ ਦੁਹਾਈਆ । ਕਿਥੇ ਲੁਕਿਉਂ ਪੁਰਖ ਸਮਰਥ, ਤੇਰੀ ਜ਼ਾਤ ਨਜ਼ਰ ਨਾ ਆਈਆ । ਨਜ਼ਰ ਨਾ ਆਏ ਅਗੰਮੀ ਹੱਟ, ਵਣਜਾਰਾ ਹੱਟ ਨਾ ਕੋਇ ਖੁਲ੍ਹਾਈਆ । ਮਣਕਾ ਮਣਕਾ ਮਾਲਾ ਲਈ ਰਟ, ਮਨ ਕਾ ਮਣਕਾ ਨਾ ਕੋਇ ਭੁਆਈਆ । ਮਿਲਿਆ ਨੂਰ ਨਾ ਜੋਤ ਪਰਕਾਸ਼, ਅੰਧ ਅੰਧੇਰ ਨਾ ਕੋਇ ਗਵਾਈਆ । ਸੱਚਾ ਸਾਹਿਬ ਨਾ ਦਿਸਿਆ ਰਘੁਨਾਥ, ਰਘੁਪਤ ਰੂਪ ਨਾ ਕੋਇ ਦਰਸਾਈਆ । ਮਿਲਿਆ ਮੇਲ ਨਾ ਕਮਲਾਪਾਤ, ਨੇਤਰ ਨੈਣ ਨੈਣ ਦਰਸਾਈਆ । ਕਰ ਕਿਰਪਾ ਦੇ ਦਾਤ, ਦਰ ਤੇਰੇ ਅਲਖ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਆਸ ਰਖਾਈਆ । ਭਗਤ ਕਹਿਣ ਸ੍ਰੀ ਭਗਵੰਤ, ਤੇਰਾ ਰਾਹ ਨਜ਼ਰ ਨਾ ਆਇੰਦਾ । ਕਲਜੁਗ ਨਜ਼ਰ ਨਾ ਆਏ ਕੋਈ ਸੰਤ, ਸਤਿਗੁਰ ਸਾਜਣ ਮੇਲ ਮਿਲਾਇੰਦਾ । ਤ੍ਰੈਗੁਣ ਮਾਇਆ ਪਰਦਾ ਪਾਇਆ ਬੇਅੰਤ, ਦੂਈ ਦਵੈਤ ਨਾ ਕੋਇ ਮਿਟਾਇੰਦਾ । ਗੜ੍ਹ ਤੁਟੇ ਨਾ ਹਉਮੇ ਹੰਗਤ, ਹੰ ਬ੍ਰਹਮ ਨਾ ਕੋਇ ਜਣਾਇੰਦਾ । ਭੇਵ ਨਾ ਪਾਏ ਕੋਈ ਪੰਡਤ, ਬੋਧ ਅਗਾਧ ਨਾ ਕੋਇ ਸਮਝਾਇੰਦਾ । ਮਿਲੇ ਮੇਲ ਨਾ ਕਿਸੇ ਅਖੰਡਤ, ਖੜਗ ਖੰਡਾ ਨਾ ਕੋਇ ਚਮਕਾਇੰਦਾ । ਨਾਤਾ ਤੁਟੇ ਨਾ ਜੇਰਜ ਅੰਡਜ, ਉਤਭੁਜ ਸੇਤਜ ਪੰਧ ਨਾ ਕੋਇ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਦਰ ਤੇਰੇ ਸੀਸ ਝੁਕਾਇੰਦਾ । ਭਗਤ ਕਹੇ ਭਗਵਾਨ ਅਗੰਮ, ਅਗੰਮ ਤੇਰੀ ਵਡਿਆਈਆ । ਕਵਣ ਜਾਣੇ ਹਰਿ ਤੇਰਾ ਕੰਮ, ਨਿਹਕਰਮੀ ਕਰਮ ਕਮਾਈਆ । ਗਾ ਗਾ ਥੱਕੇ ਦਮਾਂ ਦਮ, ਪਵਣ ਸਵਾਸ ਸਿਫ਼ਤ ਸਾਲਾਹੀਆ । ਲੇਖੇ ਲੱਗਾ ਨਾ ਕਾਇਆ ਚੰਮ, ਚੰਮ ਦ੍ਰਿਸ਼ਟੀ ਨਾ ਕੋਇ ਬਦਲਾਈਆ । ਹਰਖ ਸੋਗ ਨਾ ਚੁੱਕਿਆ

ਗ਼ਮ, ਚਿੰਤਾ ਰੋਗ ਨਾ ਕੋਇ ਮਿਟਾਈਆ । ਭਾਂਡਾ ਭਰਮ ਨਾ ਦੇਵੇ ਕੋਈ ਭੰਨ, ਕੂੜੀ ਕਿਰਿਆ ਨਾ ਬਾਹਰ ਕਢਾਈਆ । ਪਰਕਾਸ਼ ਹੋਏ ਨਾ ਨੇਤਰ ਅੰਨ੍ਹ, ਜੋਤ ਨਿਰੰਜਣ ਨਾ ਕੋਇ ਰੁਸ਼ਨਾਈਆ । ਨਾਦ ਸ਼ਬਦ ਨਾ ਸੁਣੇ ਕੋਈ ਧੁਨ, ਅਨਰਾਗੀ ਰਾਗ ਨਾ ਕੋਇ ਸੁਣਾਈਆ । ਨਾਤਾ ਤੁੱਟੇ ਨਾ ਵਾਸਨਾ ਮਨ, ਮਨਸਾ ਪੂਰ ਨਾ ਕੋਇ ਵਖਾਈਆ । ਸਾਚਾ ਮਿਲਿਆ ਨਾ ਨਾਮ ਧੰਨ, ਫਿਰ ਫਿਰ ਵੇਖੀ ਸਰਬ ਲੋਕਾਈਆ । ਵੜ ਵੜ ਬੈਠੇ ਛਪਰ ਛੰਨ, ਮਹੱਲ ਅਟੱਲ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸੱਚਾ ਵਰ, ਜਿਸ ਬਿਧ ਤੇਰਾ ਦਰਸ਼ਨ ਪਾਈਆ । ਭਗਤ ਕਹੇ ਭਗਵਾਨ ਤੇਰਾ ਦਰਸ, ਬਿਨ ਤੇਰੀ ਕਿਰਪਾ ਨਜ਼ਰ ਕਿਸੇ ਨਾ ਆਇੰਦਾ । ਜੁਗ ਚੌਕੜੀ ਰਹੇ ਤਰਸ, ਕੋਟਨ ਕੋਟ ਧਿਆਨ ਲਗਾਇੰਦਾ । ਕਰ ਕਿਰਪਾ ਹਰਿ ਮੇਘ ਬਰਸ, ਤ੍ਰਿਸ਼ਨਾ ਤ੍ਰਿਖਾ ਸਰਬ ਗਵਾਇੰਦਾ । ਲੇਖਾ ਜਾਣੇ ਅਰਸ਼ ਫ਼ਰਸ਼, ਕਾਇਆ ਕੁਰਾ ਖੋਜ ਖੁਜਾਇੰਦਾ । ਕਲਜੁਗ ਅੰਤਮ ਰਹੇ ਭਟਕ, ਭਾਵਨਾ ਕੋਇ ਨਾ ਪੂਰ ਕਰਾਇੰਦਾ । ਨੌਂ ਦੁਆਰੇ ਰਹੇ ਅਟਕ, ਦਸਵੇਂ ਮੇਲ ਨਾ ਕੋਇ ਮਿਲਾਇੰਦਾ । ਸਾਚੀ ਨਜ਼ਰ ਨਾ ਆਏ ਸੜਕ, ਮਾਰਗ ਰਾਹ ਨਾ ਕੋਇ ਪਾਇੰਦਾ । ਪੰਚ ਵਿਕਾਰਾ ਚੜ੍ਹਿਆ ਕਟਕ, ਖੰਡਾ ਖੜਗ ਨਾ ਕੋਇ ਉਠਾਇੰਦਾ । ਲੱਖ ਚੁਰਾਸੀ ਵਿਚ ਰਹੇ ਲਟਕ, ਫੜ ਬਾਹੋਂ ਪਾਰ ਨਾ ਕੋਇ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸੱਚਾ ਵਰ, ਦਰ ਤੇਰੇ ਧਿਆਨ ਲਗਾਇੰਦਾ । ਭਗਤ ਕਹੇ ਭਗਵਾਨ ਤੇਰਾ ਧਿਆਨ, ਧਿਆਨ ਧਿਆਨ ਵਿਚ ਜਣਾਈਆ । ਬਿਨ ਪੜ੍ਹਿਆਂ ਦੇ ਗਿਆਨ, ਚੌਦਾਂ ਵਿਦਿਆ ਕੰਮ ਕਿਸੇ ਨਾ ਆਈਆ । ਚੌਦਾਂ ਲੋਕ ਹੋਣ ਹੈਰਾਨ, ਮਿਲੇ ਸਰਨ ਤੇਰੀ ਸਰਨਾਈਆ । ਚੌਦਾਂ ਤਬਕ ਨੈਣ ਸ਼ਰਮਾਣ, ਅੱਖ ਸਕੇ ਨਾ ਕੋਇ ਉਠਾਈਆ । ਵਿਸ਼ਨ ਬ੍ਰਹਮਾ ਸ਼ਿਵ ਢੋਲੇ ਗਾਣ, ਗਾ ਗਾ ਸ਼ੁਕਰ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਮੰਗੀ ਇਕ ਸਰਨਾਈਆ । ਭਗਤ ਭਗਵਾਨ ਦੇ ਸਰਨਾ, ਸਰਨਗਤ ਇਕ ਅਖਵਾਇੰਦਾ । ਨੇਤਰ ਨੈਣ ਇਕ ਖੁਲ੍ਹਾ, ਨਿਜ ਨੇਤਰ ਮੰਗ ਮੰਗਾਇੰਦਾ । ਜਨਮ ਮਰਨ ਪੰਧ ਮੁਕਾ, ਆਵਣ ਜਾਵਣ ਗੇੜ ਕਟਾਇੰਦਾ । ਦੋ ਜਹਾਨਾਂ ਲੇਖਾ ਦੇ ਮੁਕਾ, ਰਾਏ ਧਰਮ ਨਾ ਡੰਨ ਲਗਾਇੰਦਾ । ਚਿਤਰ ਗੁਪਤ ਹਿਸਾਬ ਨਾ ਸਕੇ ਵਖਾ, ਲਾੜੀ ਮੌਤ ਨਾ ਕੋਇ ਪਰਨਾਇੰਦਾ । ਅੰਤਮ ਆਪਣੀ ਗੋਦੀ ਲਏ ਉਠਾ, ਦੂਜੀ ਆਸ ਨਾ ਕੋਇ ਰਖਾਇੰਦਾ । ਕਬੀਰ ਜੁਲਾਹਾ ਗਿਆ ਸਮਝਾ, ਸਚ ਸੰਦੇਸਾ ਇਕ ਅਲਾਇੰਦਾ । ਮਹੱਲ ਅਟੱਲ ਹੋਏ ਰੁਸ਼ਨਾ, ਦੀਪਕ ਦੀਆ ਇਕ ਜਗਾਇੰਦਾ । ਜਿਸ ਜਨ ਮਿਲੇ ਬੇਪਰਵਾਹ, ਬੇਪਰਵਾਹੀ ਖੇਲ ਵਖਾਇੰਦਾ । ਫੜ ਬਾਹੋਂ ਗਲੇ ਲਏ ਲਗਾ, ਆਪ ਆਪਣੇ ਰੰਗ ਸਮਾਇੰਦਾ । ਚਰਨ ਕਵਲ ਲਏ ਬਹਾ, ਥਿਰ ਘਰ ਆਪਣੀ ਵੰਡ ਵੰਡਾਇੰਦਾ । ਸਚਖੰਡ ਦੁਆਰਾ ਦਏ ਸੁਹਾ, ਸੋਭਾਵੰਤ ਸੋਭਾ ਪਾਇੰਦਾ । ਸਾਚੇ ਤਖ਼ਤ ਡੇਰਾ ਲਾ, ਤਖ਼ਤ ਨਿਵਾਸੀ ਹੁਕਮ ਵਰਤਾਇੰਦਾ । ਪ੍ਰਿਥਮੀ ਆਕਾਸ਼ ਪਾਰ ਕਰਾ, ਗਗਨ ਮੰਡਲ ਚਰਨਾਂ ਹੇਠ ਦਬਾਇੰਦਾ । ਮੰਡਲ ਰਾਸੀ ਰਾਸ ਰਚਾ, ਗੋਪੀ ਕਾਹਨ ਨਾਚ ਨਚਾਇੰਦਾ । ਪੁਰਖ ਅਬਿਨਾਸ਼ੀ ਸੱਚਾ ਸ਼ਹਿਨਸ਼ਾਹ, ਪਾਤਸ਼ਾਹ ਇਕੋ ਨਜ਼ਰੀ ਆਇੰਦਾ । ਭਗਤ ਭਗਵਾਨ ਲੇਖੇ ਲਏ ਲਗਾ, ਲੇਖਾ ਆਪਣੇ ਹੱਥ ਰਖਾਇੰਦਾ । ਕਲਜੁਗ ਅੰਤ ਸ੍ਰੀ ਭਗਵੰਤ ਸਾਚੀ ਸਿਖਿਆ ਦਏ ਸਮਝਾ, ਸਮਝ ਸਮਝ ਵਿਚ ਮਿਲਾਇੰਦਾ । ਇਸ਼ਾਰੇ ਨਾਲ ਦੱਸੇ ਰਜ਼ਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਨ ਭਗਤਾਂ ਆਪ ਦ੍ਰਿੜਾਇੰਦਾ ।

ਜਨ ਭਗਤਾਂ ਅੰਤ ਜਾਣਾ ਜਾਗ, ਸ੍ਰੀ ਭਗਵਾਨ ਆਪ ਜਗਾਈਆ । ਦੇਵਣਹਾਰਾ ਸਾਚੀ ਦਾਤ, ਨਿਰਗੁਣ ਦਾਤਾ ਵਡ ਵਡਿਆਈਆ । ਕਲਜੁਗ ਮੇਟੇ ਅੰਧੇਰੀ ਰਾਤ, ਸਾਚਾ ਚੰਦ ਕਰੇ ਰੁਸ਼ਨਾਈਆ । ਨਜ਼ਰੀ ਆਏ ਇਕ ਇਕਾਂਤ, ਇਕ ਇਕੱਲਾ ਆਸਣ ਲਾਈਆ । ਸਚ ਸੁਣਾਏ ਅਗੰਮੀ ਗਾਥ, ਸੋਹੰ ਅੱਖਰ ਕਰੇ ਪੜ੍ਹਾਈਆ । ਲਹਿਣਾ ਦੇਣਾ ਵੇਖੇ ਮਸਤਕ ਮਾਥ, ਪੂਰਬ ਲੇਖਾ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਵਾਨ ਰਿਹਾ ਜਣਾਈਆ । ਭਗਵਾਨ ਕਹੇ ਭਗਤ ਮੇਰੇ ਮੀਤ, ਮਿੱਤਰ ਪਿਆਰਾ ਆਪ ਜਣਾਇੰਦਾ । ਸੋਹੰ ਢੋਲਾ ਗੌਣਾ ਗੀਤ, ਹਰਿ ਗੋਬਿੰਦ ਮੇਲ ਮਿਲਾਇੰਦਾ । ਸਤਿਜੁਗ ਦੀ ਸਾਚੀ ਰੀਤ, ਸੋ ਪੁਰਖ ਨਿਰੰਜਣ ਆਪ ਚਲਾਇੰਦਾ । ਖਹਿੜਾ ਛੁੱਟੇ ਮੰਦਰ ਮਸੀਤ, ਕਾਇਆ ਮੰਦਰ ਅੰਦਰ ਆਪਣਾ ਰਾਗ ਅਲਾਇੰਦਾ । ਮਾਣਸ ਜਨਮ ਲੈਣਾ ਜੀਤ, ਹਾਰ ਰੂਪ ਨਾ ਕੋਇ ਵਟਾਇੰਦਾ । ਆਤਮ ਪਰਮਾਤਮ ਪਰਮਾਤਮ ਆਤਮ ਕਰੇ ਠਾਂਡੀ ਸੀਤ, ਸੀਤਲ ਧਾਰਾ ਇਕ ਵਹਾਇੰਦਾ । ਬ੍ਰਹਮ ਪਾਰਬ੍ਰਹਮ ਲਗਾਏ ਸਚ ਪ੍ਰੀਤ, ਪ੍ਰੀਤੀਵਾਨ ਬੰਧਨ ਪਾਇੰਦਾ । ਲੇਖਾ ਚੁੱਕੇ ਹਸਤ ਕੀਟ, ਘਟ ਘਟ ਇਕੋ ਨਜ਼ਰੀ ਆਇੰਦਾ । ਮਿੱਠਾ ਕਰੇ ਕਾਇਆ ਕੌੜਾ ਰੀਠ, ਅੰਮ੍ਰਿਤ ਰਸ ਇਕ ਭਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਭਗਤ ਭਗਵਾਨ ਆਪ ਦ੍ਰਿੜਾਇੰਦਾ । ਭਗਤ ਕਹੇ ਸੁਣ ਸੱਚੇ ਸੱਜਣ, ਭਗਵਾਨ ਦਏ ਵਡਿਆਈਆ । ਚਰਨ ਧੂੜੀ ਨਿਰਮਲ ਮਜਨ, ਦੁਰਮਤ ਮੈਲ ਧੁਆਈਆ । ਸਾਹਿਬ ਸਤਿਗੁਰ ਦੀਨ ਦਿਆਲ ਠਾਕਰ ਸਵਾਮੀ ਆਇਆ ਪਰਦੇ ਕੱਜਣ, ਸਿਰ ਆਪਣਾ ਹੱਥ ਟਿਕਾਈਆ । ਨਾਮ ਭਗਤੀ ਰੱਖੇ ਮਘਨ, ਖ਼ੁਮਾਰੀ ਇਕੋ ਇਕ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਸਚ ਕਹਾਣੀ ਆਪ ਸੁਣਾਈਆ । ਸਚ ਕਹਾਣੀ ਸੁਣਾਏ ਗਾਥਾ, ਭਗਤ ਭਗਵਾਨ ਦਇਆ ਕਮਾਇੰਦਾ । ਆਦਿ ਜੁਗਾਦੀ ਦਾਸੀ ਦਾਸਾ, ਜੁਗ ਜੁਗ ਸੇਵ ਕਮਾਇੰਦਾ । ਕਲਜੁਗ ਅੰਤ ਨੂਰ ਜੋਤ ਪਰਕਾਸ਼ਾ, ਪੰਜ ਤੱਤ ਚੋਲਾ ਨਾ ਕੋਇ ਵਖਾਇੰਦਾ । ਨਿਰਗੁਣ ਨਿਰਗੁਣ ਦੇਵਣਹਾਰ ਦਿਲਾਸਾ, ਸਰਗੁਣ ਆਪਣਾ ਬੰਧਨ ਪਾਇੰਦਾ । ਪੂਰੀ ਕਰੇ ਹਰਿਜਨ ਆਸਾ, ਨਿਰਾਸਾ ਰੂਪ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦਇਆ ਕਮਾਇੰਦਾ । ਜਨ ਭਗਤਾਂ ਦਇਆ ਕਮਾਵਾਂਗਾ । ਨਿਰਗੁਣ ਹੋ ਕੇ ਮੇਲ ਮਿਲਾਵਾਂਗਾ । ਸਰਗੁਣ ਕੂੜਾ ਪੰਧ ਮੁਕਾਵਾਂਗਾ । ਨਾਮ ਛੰਦ ਇਕ ਸੁਣਾਵਾਂਗਾ । ਬੰਦੀਖ਼ਾਨਾ ਤੋੜ ਤੁੜਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਵਿਛੜੇ ਮੇਲ ਮਿਲਾਵਾਂਗਾ । ਜੁਗ ਵਿਛੜੇ ਆਪ ਮਿਲਾਏਗਾ । ਮਿਹਰਵਾਨ ਦਇਆ ਕਮਾਏਗਾ । ਪੂਰਬ ਲਹਿਣਾ ਝੋਲੀ ਪਾਏਗਾ । ਨੇਤਰ ਨੈਣਾਂ ਨਜ਼ਰੀ ਆਏਗਾ । ਰਸਨਾ ਕਹਿ ਨਾ ਕੋਇ ਸੁਣਾਏਗਾ । ਭਗਤ ਰੀਤੀ ਇਕ ਵਡਿਆਏਗਾ । ਸਾਚੀ ਨੀਤੀ ਆਪ ਜਣਾਏਗਾ । ਹਸਤ ਕੀਟੀ ਰੰਗ ਰੰਗਾਏਗਾ । ਅਨਡੀਠੀ ਖੇਲ ਖਲਾਏਗਾ । ਸੁਰਤੀ ਸ਼ਬਦੀ ਮੇਲ ਮਿਲਾਏਗਾ । ਅਕਾਲ ਮੂਰਤੀ ਕਾਰ ਕਮਾਏਗਾ । ਨਾਦ ਤੂਰਤੀ ਇਕ ਸੁਣਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਵੇਖ ਵਖਾਏਗਾ । ਜਨ ਭਗਤਾਂ ਵੇਖ ਵਖਾਵੇਗਾ । ਆਤਮ ਅੰਤਰ ਪਰਦਾ ਲਾਹਵੇਗਾ । ਨੌਂ ਦੁਆਰੇ ਪਾਰ ਕਰਾਵੇਗਾ । ਸੁਖਮਨ ਟੇਢੀ ਬੰਕ ਚਰਨਾਂ ਹੇਠ ਰਖਾਵੇਗਾ । ਈੜਾ ਪਿੰਗਲ ਮੂੰਹ ਦੇ ਭਾਰ ਸੁਟਾਵੇਗਾ । ਅੰਮਿਤ੍ਰ ਆਤਮ ਜਾਮ ਪਿਆਵੇਗਾ । ਨਿਝਰ ਝਿਰਨਾ ਇਕ ਝਿਰਾਵੇਗਾ । ਅਗਿਆਨ ਅੰਧੇਰ ਮਿਟਾਵੇਗਾ ।

੧੯੬ ੧੪

ਦੀਪਕ ਦੀਆ ਡਗਮਗਾਵੇਗਾ । ਆਤਮ ਸੇਜਾ ਸੋਭਾ ਪਾਵੇਗਾ । ਸੁਰਤੀ ਸ਼ਬਦੀ ਰੰਗ ਰੰਗਾਵੇਗਾ । ਬਜ਼ਰ ਕਪਾਟੀ ਤੋੜ ਤੁੜਾਵੇਗਾ । ਸਾਚੀ ਹਾਟੀ ਇਕ ਵਖਾਵੇਗਾ । ਆਤਮ ਸੇਜਾ ਸੋਭਾ ਪਾਵੇਗਾ । ਬ੍ਰਹਮ ਆਪਣਾ ਬ੍ਰਹਮ ਜਣਾਵੇਗਾ । ਪਾਰਬ੍ਰਹਮ ਪ੍ਰਭ ਖੇਲ ਖਲਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਆਪ ਉਠਾਵੇਗਾ । ਜਨ ਭਗਤਾਂ ਆਪ ਉਠਾਏਗਾ । ਪ੍ਰਭ ਆਪਣਾ ਪਰਦਾ ਲਾਹੇਗਾ । ਚਾਰੋਂ ਕੁੰਟ ਨਜ਼ਰੀ ਆਏਗਾ । ਨਿਰਗੁਣ ਦੀਪ ਇਕ ਰੁਸ਼ਨਾਏਗਾ । ਕਲ ਕਲਕੀ ਫੇਰਾ ਪਾਏਗਾ । ਨਿਹਕਲੰਕਾ ਡੰਕ ਵਜਾਏਗਾ । ਰਾਓ ਰੰਕਾਂ ਆਪ ਹਿਲਾਏਗਾ । ਭਗਤ ਦੁਆਰ ਬੰਕ ਇਕ ਸੁਹਾਏਗਾ । ਸਾਚਾ ਮਾਰਗ ਇਕ ਵਖਾਏਗਾ । ਦਰ ਦਰਵਾਜ਼ਾ ਇਕੋ ਵਾਰ ਬਣਾਏਗਾ । ਜੋ ਜਨ ਆ ਕੇ ਸੀਸ ਨਿਵਾਏਗਾ । ਫੜ ਬਾਹੋਂ ਗੋਦ ਬਹਾਏਗਾ । ਆਤਮ ਪਰਮਾਤਮ ਮੇਲ ਮਿਲਾਏਗਾ । ਬ੍ਰਹਮ ਪਾਰਬ੍ਰਹਮ ਜੋੜ ਜੁੜਾਏਗਾ । ਈਸ਼ ਜੀਵ ਜਗਦੀਸ਼ ਆਪਣੀ ਗੰਢ ਵਖਾਏਗਾ । ਨਾਮ ਮਰਦੰਗ ਇਕ ਸੁਣਾਏਗਾ । ਚਾੜ੍ਹ ਰੰਗ ਵੇਖ ਵਖਾਏਗਾ । ਸੂਰਾ ਸਰਬੰਗ ਦਇਆ ਕਮਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਨ ਭਗਤਾਂ ਮੇਲ, ਸੋਹੰ ਢੋਲਾ ਫੇਰ ਗਾਏਗਾ । ਜੋ ਦਰ ਦਰਵਾਜ਼ੇ ਆਵੇਗਾ । ਪ੍ਰਭ ਸਾਚੇ ਦਰਸ਼ਨ ਪਾਵੇਗਾ । ਨਿਰਗੁਣ ਦਾਤਾ ਨਜ਼ਰੀ ਆਵੇਗਾ । ਪੁਰਖ ਅਕਾਲ ਇਸ਼ਟ ਦਰਸਾਵੇਗਾ । ਸ੍ਰਿਸ਼ਟ ਸਬਾਈ ਨਾਤਾ ਤੋੜ ਤੁੜਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਰੀਤੀ ਆਪ ਵਖਾਵੇਗਾ । ਸਾਚੀ ਰੀਤ ਦੱਸੇ ਭਗਵਾਨ, ਭਗਵਨ ਆਪਣੀ ਦਇਆ ਕਮਾਈਆ । ਸਚਖੰਡ ਦਾ ਸਚ ਨਿਸ਼ਾਨ, ਲੋਕਮਾਤ ਝੁਲਾਈਆ । ਤਖ਼ਤ ਨਿਵਾਸੀ ਨੌਜਵਾਨ, ਨਿਰਗੁਣ ਆਪਣਾ ਫੇਰਾ ਪਾਈਆ । ਸੰਦੇਸਾ ਦੇਵੇ ਹੁਕਮਰਾਨ, ਹਾਕਮ ਇਕੋ ਇਕ ਵਡਿਆਈਆ । ਸਚ ਸਿੰਘਾਸਣ ਇਕ ਪਰਵਾਨ, ਨਾਮ ਪਰਵਾਨਾ ਝੋਲੀ ਪਾਈਆ । ਭਗਤ ਭਗਵਾਨ ਲਏ ਪਛਾਣ, ਬੇਪਹਿਚਾਨ ਵੇਖ ਵਖਾਈਆ । ਬਿਨ ਪੜ੍ਹਿਆਂ ਦੇਵੇ ਗਿਆਨ, ਅਗਿਆਨ ਅੰਧੇਰ ਮਿਟਾਈਆ । ਜੋ ਜਨ ਸੋਹੰ ਢੋਲਾ ਗਾਣ, ਸ੍ਰੀ ਭਗਵਾਨ ਹੋਏ ਸਹਾਈਆ । ਅੰਦਰ ਬਾਹਰ ਗੁਪਤ ਜ਼ਾਹਰ ਏਥੇ ਓਥੇ ਦੋ ਜਹਾਨਾਂ ਮਿਲੇ ਆਣ, ਦੂਰ ਦੁਰਾਡਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਨ ਭਗਤਾਂ ਰਿਹਾ ਸਮਝਾਈਆ । ਭਗਤ ਕਹਿਣ ਪ੍ਰਭ ਤੇਰੀ ਓਟ, ਧਿਆਨ ਇਕੋ ਇਕ ਰਖਾਈਆ । ਕਲਜੁਗ ਆਹਲਣਿਉਂ ਡਿਗੇ ਬੋਟ, ਸਕੇ ਕੋਇ ਨਾ ਮਾਤ ਉਠਾਈਆ । ਨੇਤਰ ਨੈਣ ਨੀਰ ਰੋਤ, ਰੋਵਤ ਰੋਵਤ ਰੋਵਤ ਦੇਣ ਦੁਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤੇਰੀ ਕਰ ਨਾ ਸਕੇ ਸੋਚ, ਸੋਚ ਵਿਚ ਕਦੇ ਨਾ ਆਈਆ । ਬਿਨ ਤੇਰੇ ਨਾਮ ਤੇਰੇ ਕਲਮੇ ਆਈ ਨਾ ਕਿਸੇ ਹੋਸ਼, ਹੋਛੀ ਮਤ ਨਾ ਕੋਇ ਗਵਾਈਆ । ਤੇਰੇ ਬਰਦੇ ਹੋਏ ਬੇਦੋਸ਼, ਦੋਸ਼ ਲੱਗੇ ਨਾ ਕੋਇ ਰਾਈਆ । ਤੇਰੇ ਮਿਲਣ ਦਾ ਸਾਚਾ ਸ਼ੌਕ, ਅੰਤਰ ਆਤਮ ਧਿਆਨ ਲਗਾਈਆ । ਤੇਰੇ ਦਰ ਨਾ ਸਕੀਏ ਪਹੁੰਚ, ਤੇਰਾ ਘਰ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇ ਦਰਸ ਬੇਪਰਵਾਹੀਆ । ਭਗਤ ਕਹਿਣ ਤੇਰਾ ਦੂਰ ਦੁਰਾਡਾ ਪੰਧ, ਪਾਂਧੀ ਪੰਧ ਨਾ ਕੋਇ ਮੁਕਾਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਗਾ ਗਾ ਥੱਕੀ ਤੇਰਾ ਛੰਦ, ਸ਼ਹਿਨਸ਼ਾਹ ਤੇਰਾ ਰੰਗ ਨਾ ਕੋਇ ਵਖਾਇੰਦਾ । ਸਿਫ਼ਤ ਸਾਲਾਹੀ ਤੇਰੇ ਬੰਦ, ਬੰਦੀਖ਼ਾਨਾ ਨਾ ਕੋਇ ਤੁੜਾਇੰਦਾ । ਕਰ ਕਿਰਪਾ ਆਪਣਾ ਦੇ ਸੱਚਾ ਅਨੰਦ, ਅਨੰਦ ਇਕੋ ਇਕ ਨਜ਼ਰੀ ਆਇੰਦਾ । ਜੁਗ


Rev-01

ਜਨਮ ਦੀ ਟੁੱਟੀ ਗੰਢ, ਗੰਢਣਹਾਰ ਗੋਪਾਲ ਸਵਾਮੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰਾ ਸੱਚਾ ਭਾਇੰਦਾ । ਭਗਵਾਨ ਕਹੇ ਭਗਤ ਪਿਆਰ, ਪਿਆਰ ਪਿਆਰ ਨਾਲ ਕੁੜਮਾਈਆ । ਜੁਗ ਚੌਕੜੀ ਜਗਤ ਵਿਹਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਰਿਹਾ ਹੰਢਾਈਆ । ਕਲਜੁਗ ਅੰਤਮ ਖੇਲ ਨਿਆਰ, ਨਿਰਗੁਣ ਨੂਰ ਜੋਤ ਕਰੇ ਰੁਸ਼ਨਾਈਆ । ਨੌਂ ਸੌ ਚੁਰਾਨਵੇਂ ਚੌਕੜੀ ਯੁਗ ਦਾ ਕਰਜ਼ਾ ਦਏ ਉਤਾਰ, ਮਕਰੂਜ਼ ਆਪਣੀ ਸੇਵ ਕਮਾਈਆ । ਸੰਤ ਸੁਹੇਲੇ ਗੁਰੂ ਗੁਰ ਚੇਲੇ ਭਗਤ ਭਗਵਾਨ ਮੇਲੇ ਏਕਾ ਵਾਰ, ਏਕੰਕਾਰਾ ਹੋਏ ਸਹਾਈਆ । ਭਗਤ ਵਛਲ ਗਿਰਵਰ ਗਿਰਧਾਰ ਖੋਲ੍ਹਣਹਾਰ ਕਿਵਾੜ, ਸਚ ਦਰਬਾਰੇ ਸੋਭਾ ਪਾਈਆ । ਸੰਤ ਸੁਹੇਲੇ ਵੇਖੇ ਸਾਚੇ ਲਾੜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਹਰਾ ਸੀਸ ਹਰਿ ਗੁੰਦਾਈਆ । ਭਗਤ ਜਨੋ ਸਦ ਰੱਖੋ ਯਾਦ, ਸੋ ਪੁਰਖ ਨਿਰੰਜਣ ਆਪ ਜਣਾਈਆ । ਕਲਜੁਗ ਅੰਤ ਸੁਣੇ ਫ਼ਰਿਯਾਦ, ਬੇਪਰਵਾਹ ਫੇਰਾ ਪਾਈਆ । ਨਿਰਗੁਣ ਨਿਰਵੈਰ ਨਿਰੰਕਾਰ ਨਿਰਾਕਾਰ ਅਜੂਨੀ ਰਹਿਤ ਰੱਖੇ ਲਾਜ, ਅਨਭਵ ਆਪਣੀ ਕਾਰ ਕਮਾਈਆ । ਰਾਤੀਂ ਸੁਤਿਆਂ ਦਿਨੇ ਜਾਗਦਿਆਂ ਸ਼ਬਦ ਸਰੂਪੀ ਮਾਰੇ ਵਾਜ, ਰਸਨਾ ਜਿਹਵਾ ਨਾ ਕੋਇ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਮੇਲ ਮਿਲਾਈਆ । ਭਗਤ ਜਨੋ ਨਾ ਕਰੋ ਵਿਚਾਰ, ਹਰਿ ਸਤਿਗੁਰ ਆਪ ਜਣਾਇੰਦਾ । ਕਲਜੁਗ ਅੰਤਮ ਕਰੇ ਪਾਰ, ਨੱਯਾ ਨੌਕਾ ਨਾਮ ਚੜ੍ਹਾਇੰਦਾ । ਇਕੋ ਢੋਲਾ ਬੋਲੋ, ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜੈਕਾਰ, ਜੈ ਜੈਕਾਰ ਲੋਕ ਪਰਲੋਕ ਕਰਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਤੁਹਾਡੇ ਚਲਣ ਨਾਲ ਨਾਲ, ਸਗਲਾ ਸੰਗ ਰਖਾਇੰਦਾ । ਭਗਤ ਦੁਆਰੇ ਦਿਤੇ ਬਿਠਾਲ, ਫੜ ਬਾਹੋਂ ਹੁਕਮ ਮਨਾਇੰਦਾ । ਅੰਤਮ ਸਾਰੇ ਹੋਏ ਕੰਗਾਲ, ਸ਼ਹਿਨਸ਼ਾਹ ਇਕੋ ਨਜ਼ਰੀ ਆਇੰਦਾ । ਨਾਨਕ ਗੋਬਿੰਦ ਪੂਰਾ ਕਰੇ ਸਵਾਲ, ਮੂਸਾ ਈਸਾ ਮੁਹੰਮਦ ਆਸਾ ਝੋਲੀ ਪਾਇੰਦਾ । ਪੂਤ ਸਪੂਤਾ ਬ੍ਰਹਿਮਣ ਗੌੜਾ ਉਚੇ ਟਿੱਲੇ ਪਰਬਤ ਸੁਤ ਦੁਲਾਰਾ ਦਏ ਉਠਾਲ, ਭੇਵ ਅਭੇਦਾ ਆਪ ਜਣਾਇੰਦਾ । ਸਾਚੇ ਮੰਦਰ ਮਹੱਲ ਅਟੱਲ ਉਚ ਮਨਾਰ ਸੰਬਲ ਨਗਰ ਖੇਲ ਕਰੇ ਕਮਾਲ, ਕਰਤਾ ਆਪਣੀ ਕਾਰ ਕਮਾਇੰਦਾ । ਸੁਤ ਦੁਲਾਰਾ ਅਗੰਮੀ ਬਣੇ ਦਲਾਲ, ਦੋ ਜਹਾਨਾਂ ਸੇਵ ਕਮਾਇੰਦਾ । ਲੱਖ ਚੁਰਾਸੀ ਵਿਚੋਂ ਭਗਤ ਭਗਵੰਤ ਲਏ ਭਾਲ, ਅੰਦਰ ਵੜ ਵੜ ਵੇਖ ਵਖਾਇੰਦਾ । ਲੇਖਾ ਜਾਣੇ ਸ਼ਾਹ ਕੰਗਾਲ, ਸ਼ਾਹ ਪਾਤਸ਼ਾਹ ਆਪਣੀ ਕਾਰ ਕਮਾਇੰਦਾ । ਆਪੇ ਸੁਣੇ ਮੁਰੀਦਾਂ ਹਾਲ, ਮੁਰਸ਼ਦ ਆਪਣਾ ਫੇਰਾ ਪਾਇੰਦਾ । ਘਰ ਘਰ ਦਰ ਦਰ ਜਨ ਭਗਤਾਂ ਦੇਵੇ ਆਪ ਜਮਾਲ, ਨੂਰ ਨੁਰਾਨਾ ਨਜ਼ਰੀ ਆਇੰਦਾ । ਨਾਤਾ ਤੋੜ ਕਾਲ ਮਹਾਂਕਾਲ, ਆਪ ਆਪਣੀ ਗੋਦ ਬਿਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਭਗਤ ਭਗਵਾਨ ਸ਼ਬਦ ਗਿਆਨ, ਦੇਵਣਹਾਰਾ ਸੱਚਾ ਦਾਨ, ਅਨਮੁਲੜੀ ਦਾਤ ਆਪ ਵਰਤਾਇੰਦਾ । ਅਨਮੁਲੜੀ ਦਾਤ ਚਾੜ੍ਹੇ ਰੰਗ, ਰੰਗ ਰੰਗੀਲਾ ਇਕ ਅਖਵਾਈਆ । ਆਤਮ ਸੇਜ ਸੁਹਾਏ ਪਲੰਘ, ਪਾਵਾ ਚੂਲ ਨਾ ਕੋਇ ਬਣਾਈਆ । ਉਪਰ ਬੈਠ ਸੂਰਾ ਸਰਬੰਗ, ਭਗਵਾਨ ਭਗਤ ਵੇਖੇ ਚਾਈਂ ਚਾਈਂਆ । ਸੰਤ ਸੁਹੇਲਾ ਵਿਰਲਾ ਆਏ ਲੰਘ, ਜਿਸ ਸਿਰ ਆਪਣਾ ਹੱਥ ਟਿਕਾਈਆ । ਗੁਰਮੁਖਾਂ ਦੇਵੇ ਇਕ ਅਨੰਦ, ਅਨੰਦ ਅਨੰਦ ਵਿਚੋਂ ਪਰਗਟਾਈਆ । ਗੁਰਸਿਖ ਢੋਲਾ ਗੌਂਦੇ ਸੋਹੰ ਛੰਦ, ਸੰਸਾ ਰੋਗ ਰਹੇ ਨਾ ਰਾਈਆ । ਨਾਤਾ ਟੁੱਟਾ ਲੱਖ ਚੁਰਾਸੀ ਬੰਦ, ਬੰਦੀਖ਼ਾਨਾ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਇਕੋ ਵਾਰ ਜਣਾਈਆ । ਭਗਤਾਂ ਦੇਵੇ ਸਚ ਦਲੀਲ, ਹਰਿ ਸਤਿਗੁਰ ਦਇਆ ਕਮਾਇੰਦਾ । ਦਰਗਹਿ ਸਾਚੀ ਲੱਭੇ ਨਾ ਕੋਇ ਵਕੀਲ, ਵੁਕਲਾ ਨਜ਼ਰ ਕੋਇ ਨਾ ਆਇੰਦਾ । ਓਥੇ ਚਲੇ ਨਾ ਕੋਇ ਅਪੀਲ, ਹੁਕਮ ਇਕੋ ਇਕ ਸੁਣਾਇੰਦਾ । ਕਲਜੁਗ ਵੇਲਾ ਅੰਤ ਅਖ਼ੀਰ, ਬੀਸ ਬੀਸਾ ਆਪ ਦ੍ਰਿੜਾਇੰਦਾ । ਬਿਨ ਹਰਿ ਪੁਰਖ ਨਿਰੰਜਣ ਕੱਟੇ ਨਾ ਕੋਇ ਜ਼ੰਜੀਰ, ਕੜੀ ਕੜੀ ਬੰਦ ਨਾ ਕੋਇ ਖੁਲ੍ਹਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਹੋਏ ਦਿਲਗੀਰ, ਧੀਰਜ ਧੀਰ ਨਾ ਕੋਇ ਧਰਾਇੰਦਾ । ਲੱਖ ਚੁਰਾਸੀ ਨੇਤਰ ਵਹਾਵੇ ਨੀਰ, ਦੁਖੀਆਂ ਦਰਦ ਨਾ ਕੋਇ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭਗਤ ਭਗਵਾਨ ਇਕੋ ਘਰ ਵਖਾਇੰਦਾ । ਭਗਤ ਜਨੋ ਹਰਿ ਵੇਖੋ ਘਰ, ਹਰਿ ਮੰਦਰ ਮਿਲੇ ਵਡਿਆਈਆ । ਦੋ ਜਹਾਨਾਂ ਚੁੱਕੇ ਡਰ, ਭੈ ਰੂਪ ਨਾ ਕੋਇ ਜਣਾਈਆ । ਦਰਸ ਦਿਖਾਏ ਅੱਗੇ ਖੜ, ਹਰਿ ਸਤਿਗੁਰ ਵਡ ਵਡਿਆਈਆ । ਸਚ ਮਹੱਲੇ ਜਾਣਾ ਚੜ੍ਹ, ਅੱਧਵਿਚਕਾਰ ਨਾ ਕੋਇ ਅਟਕਾਈਆ । ਸੋਹੰ ਢੋਲਾ ਲੈਣਾ ਪੜ੍ਹ, ਆਤਮ ਪਰਮਾਤਮ ਹੋਏ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਚਰਨ ਕਵਲ ਉਪਰ ਧਵਲ ਦੇਵੇ ਇਕ ਸਰਨਾਈਆ ।

### ★ ੨੨ ਚੇਤ ੨੦੨੦ ਬਿਕਰਮੀ ਲਾਲ ਸਿੰਘ ਦੇ ਗ੍ਰਿਹਿ ਪਿੰਡ ਹੇਰ ਜ਼ਿਲਾ ਜਲੰਧਰ ★



ਪਰਮੇਸ਼ਵਰ ਬਣਿਆ ਹਰਿਜਨ ਦਾਸ, ਦਰ ਦਰ ਸੇਵ ਕਮਾਇੰਦਾ । ਪੂਰਬ ਕਰੇ ਪੂਰੀ ਆਸ, ਆਪਾ ਸਰਬ ਮਿਟਾਇੰਦਾ । ਭਗਤ ਭਗਵਾਨ ਇਕੋ ਸ਼ਾਖ਼, ਦੂਜੀ ਵੰਡ ਨਾ ਕੋਇ ਵੰਡਾਇੰਦਾ । ਜੁਗ ਜੁਗ ਪਤ ਲਏ ਰਾਖ, ਸਿਰ ਆਪਣਾ ਹੱਥ ਟਿਕਾਇੰਦਾ । ਕਲਜੁਗ ਅੰਤਮ ਚਲੇ ਸਾਥ, ਸਗਲਾ ਸੰਗ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰਮੇਸ਼ਵਰ ਪਰਮ ਪੁਰਖ ਸੇਵਕ ਰੂਪ ਵਟਾਇੰਦਾ । ਪਰਮੇਸ਼ਵਰ ਬਣਿਆ ਸੇਵਕ ਆਪ, ਆਪਣੀ ਦਇਆ ਕਮਾਈਆ । ਲੇਖਾ ਜੁੜਿਆ ਭਗਤ ਭਗਵਾਨ ਪਿਤਾ ਪੂਤ ਮਾਈ ਬਾਪ, ਸਾਕ ਸੱਜਣ ਸੈਣ ਇਕੋ ਇਕ ਨਜ਼ਰੀ ਆਈਆ । ਦੇਵਣਹਾਰਾ ਸੱਚੀ ਦਾਤ, ਵਸਤ ਅਮੋਲਕ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੇਵਾਦਾਰ ਸਚ ਸੇਵਾ ਮਾਤ ਕਮਾਈਆ । ਸੇਵਾਦਾਰ ਬਣ ਦਰਬਾਨ, ਦਰ ਦਰ ਘਰ ਘਰ ਵੇਖ ਵਖਾਇੰਦਾ । ਦੇਵਣਹਾਰ ਵਡਿਆਈ ਮਾਣ, ਅਭਿਮਾਨ ਮੇਟ ਮਿਟਾਇੰਦਾ । ਸਤਿਜੁਗ ਦਾ ਸਚ ਨਿਸ਼ਾਨ, ਭਗਤ ਭਗਵਾਨ ਆਪ ਝੁਲਾਇੰਦਾ । ਵੇਖਣਹਾਰਾ ਮਿਹਰਵਾਨ, ਮਿਹਰ ਨਜ਼ਰ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਾਵ ਭਗਤਾਂ ਵਿਚ ਰਖਾਇੰਦਾ ।

ਅੰਦਰ ਬਾਹਰ ਇਕੋ ਮੀਤ, ਮਿੱਤਰ ਪਿਆਰਾ ਹਰਿ ਅਖਵਾਇੰਦਾ । ਭਗਤ ਭਗਵਾਨ ਦੀ ਸਾਚੀ ਰੀਤ, ਹਰਿ ਸਤਿਗੁਰ ਆਪ ਚਲਾਇੰਦਾ । ਕਰੇ ਖੇਲ ਆਪ ਅਨਡੀਠ, ਅਨਡਿਠੜੀ ਕਾਰ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਇੰਦਾ ।

ਅੰਦਰ ਬਾਹਰ ਖੇਲ ਅਪਾਰਾ, ਸੋ ਪੁਰਖ ਨਿਰੰਜਣ ਆਪ ਕਰਾਈਆ । ਦਰ ਦਰਵੇਸ਼ ਬਣ ਭਿਖਾਰਾ, ਸ੍ਰੀ ਭਗਵਾਨ ਫੇਰਾ ਪਾਈਆ । ਭਗਤ ਦੁਆਰ ਵੇਖੇ ਵੇਖਣਹਾਰਾ, ਨਿਰਗੁਣ ਆਪਣਾ ਭੇਵ ਚੁਕਾਈਆ । ਮਹਾਂਬਲੀ ਲੈ ਅਵਤਾਰਾ, ਪਰਗਟ ਜੋਤ ਜੋਤ ਰੁਸ਼ਨਾਈਆ । ਦੋ ਜਹਾਨਾਂ ਵਸੇ ਬਾਹਰਾ, ਨਜ਼ਰ ਕਿਸੇ ਨਾ ਆਈਆ । ਅੱਗੇ ਖਲੋਤੇ ਗੁਰ ਅਵਤਾਰਾ, ਪੀਰ ਪੈਗ਼ੰਬਰ ਧਿਆਨ ਲਗਾਈਆ । ਪਿਛੇ ਭਗਤ ਬੋਲਣ ਜੈਕਾਰਾ, ਵਾਹਵਾ ਵੱਜੇ ਸਚ ਵਧਾਈਆ । ਅਧਵਿਚਕਾਰੇ ਰੱਖ ਆਪਣਾ ਆਪ ਕਰਤਾਰਾ, ਕਰਨੀ ਕਰਤਾ ਰਿਹਾ ਕਮਾਈਆ । ਕਰੇ ਕਰਾਏ ਸਚ ਵਿਹਾਰਾ, ਬਿਵਹਾਰੀ ਆਪਣੀ ਧਾਰ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਸੱਜਣ ਲੇਖੇ ਲਾਈਆ । ਲੇਖੇ ਲਾਏ ਆਪ ਭਗਵੰਤ, ਭਗਵਨ ਆਪਣੀ ਦਇਆ ਕਮਾਇੰਦਾ । ਹਰਿਜਨ ਵੇਖੇ ਸੱਚਾ ਸੰਤ, ਸਤਿ ਸਤਿਵਾਦੀ ਦਇਆ ਕਮਾਇੰਦਾ । ਅੱਗੇ ਪਿਛੇ ਗੁਰ ਅਵਤਾਰ ਪੀਰ ਪੈਗ਼ੰਬਰ ਇਕੋ ਗਾਇਣ ਸੋਹੰ ਢੋਲਾ ਛੰਤ, ਅਨਰਾਗੀ ਆਪਣਾ ਰਾਗ ਸੁਣਾਇੰਦਾ । ਜਗਤ ਵਿਛੜੀ ਦੋ ਜਹਾਨ ਰੁਠੜਾ ਪਾਰਬ੍ਰਹਮ ਪਤਿਪਰਮੇਸ਼ਵਰ ਨਰ ਨਰਾਇਣ ਹਰਿ ਮਿਲਿਆ ਕੰਤ, ਕੰਤ ਕੰਤੂਹਲ ਸਾਚੀ ਸੇਜ ਇਕ ਸੁਹਾਇੰਦਾ । ਅੰਦਰ ਬਾਹਰ ਗੁਪਤ ਜ਼ਾਹਰ ਚਾੜ੍ਹੇ ਰੰਗ ਇਕ ਬਸੰਤ, ਜਗਤ ਨੇਤਰ ਨਜ਼ਰ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਰੀਤੀ ਆਪ ਜਣਾਇੰਦਾ । ਸਾਚੀ ਰੀਤ ਚਲਾਏ ਮਾਤ, ਸੋ ਸਾਹਿਬ ਸਤਿਗੁਰ ਵਡ ਵਡਿਆਈਆ । ਗ਼ਰੀਬ ਨਿਮਾਣਿਆਂ ਦੇਵੇ ਅਗੰਮੀ ਦਾਤ, ਨਾਮ ਨਿਧਾਨਾ ਝੋਲੀ ਪਾਈਆ । ਭਗਤ ਭਗਵਾਨ ਇਕ ਜਮਾਤ, ਦੂਜੀ ਕਰੇ ਨਾ ਕੋਇ ਪੜ੍ਹਾਈਆ । ਸਦਾ ਸੁਹੇਲਾ ਰੱਖੇ ਸਾਥ, ਸਗਲਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵੇ ਸਾਚਾ ਵਰ, ਅਗਲਾ ਪਿਛਲਾ ਪਿਛਲਾ ਅਗਲਾ ਲੇਖਾ ਸਭ ਦਾ ਲੇਖੇ ਲਾਈਆ ।

ਜਿਸ ਵੇਲੇ ਲਾਲੋ ਆਵੇਗਾ । ਇਕੀ ਕਦਮ ਦਰ ਦਰਵਾਜਿਉਂ ਬਾਹਰ ਡੇਰਾ ਲਾਵੇਗਾ । ਸ੍ਰੀ ਭਗਵਾਨ ਹੋ ਮਘਨ, ਨਾਮ ਸੱਦਾ ਇਕ ਜਣਾਵੇਗਾ । ਘਰ ਸਾਚੇ ਪਏ ਸਗਨ, ਰੰਗ ਇਕੋ ਇਕ ਵਖਾਵੇਗਾ । ਗੁਰਮੁਖ ਕੋਈ ਨਾ ਰਹੇ ਨਗਨ, ਹਰਿ ਪਰਦਾ ਨਾਮ ਪਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਵਖਾਵੇਗਾ । ਸਾਚੀ ਖੇਲ ਕਰੇ ਬਿਵਹਾਰੀ, ਭੇਵ ਅਭੇਦਾ ਆਪ ਜਣਾਇੰਦਾ । ਜਨ ਭਗਤਾਂ ਭਰੇ ਨਾਮ ਪਟਾਰੀ, ਮਿਹਰਵਾਨ ਦਇਆ ਕਮਾਇੰਦਾ । ਪਿਛਲੀ ਕੀਤੀ ਕਰਨੀ ਆਪ ਵਿਚਾਰੀ, ਅਗਲਾ ਲੇਖਾ ਬਹਿ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸੋਲਾਂ ਸਲੋਕ ਬਿਨ ਪਦ ਰੋਕ, ਅਲੋਕਕ ਆਪਣਾ ਖੇਲ ਵਖਾਇੰਦਾ । ਔਝੜ ਰਾਹ ਖੇਲ ਅਥਾਹ, ਹਰਿ ਸਤਿਗੁਰ ਹੋਏ ਸਹਾਈਆ । ਵੇਖਣਹਾਰਾ ਬੇਪਰਵਾਹ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਹਰਿਜਨ ਮੇਲਾ ਲਏ ਮਿਲਾ, ਘਰ ਸਾਚੇ ਵੱਜੇ ਵਧਾਈਆ । ਦੂਰ ਦੁਰਾਡਾ ਲਏ ਬੁਲਾ, ਸ਼ਬਦ ਸੰਦੇਸਾ ਇਕ ਸੁਣਾਈਆ । ਲਾਲੋ ਲਾਲਨ ਚੜ੍ਹੇ ਚਾਅ, ਚਾਉ ਘਨੇਰਾ ਇਕ ਦਰਸਾਈਆ । ਇਕੀ ਇਕੀ ਦਾ ਲੇਖਾ ਦਏ ਮੁਕਾ, ਇਕੀ ਏਕਾ ਵਾਰ ਪਾਈਆ । ਸਿਖੀ ਸਿਖੀ ਨਾਲ ਦਏ ਮਿਲਾ, ਮਿਲਿਆ ਮੇਲ ਵਿਛੜ ਨਾ ਜਾਈਆ । ਗੋਬਿੰਦ

ਲਿਖ ਕੇ ਗਿਆ ਸਮਝਾ, ਲੱਖ ਚੁਰਾਸੀ ਕਰ ਪੜ੍ਹਾਈਆ । ਨਿਹਕਲੰਕ ਕਲ ਜਾਵੇ ਆ, ਕਲ ਕਲਕੀ ਫੇਰਾ ਪਾਈਆ । ਜੇਹੜਾ ਦੇਣਾ ਦੇਵੇ ਝੋਲੀ ਪਾ, ਲੁਕਿਆ ਕੋਇ ਰਹਿਣ ਨਾ ਪਾਈਆ । ਆਪਣੀ ਹੱਥੀਂ ਸਰਸੇ ਵਿਚ ਗਿਆ ਦਬਾ, ਦੱਬੀ ਸ਼ਰਅ ਆਪ ਕਢਾਈਆ । ਨਿਰਗੁਣ ਹੋ ਕੇ ਬਣੇ ਮਲਾਹ, ਸਰਗੁਣ ਬੇੜਾ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਧਰਤ ਦਏ ਵਡਿਆਈਆ । ਇਹ ਧਰਤ ਸੋਹੇ ਜਿਸ ਲੱਗਾ ਚਰਨ, ਜਗਤ ਮਿਲੇ ਵਡਿਆਈਆ । ਪਾਰਬ੍ਰਹਮ ਪ੍ਰਭ ਕਰਨੀ ਕਰਨ, ਕਰਤਾ ਪੁਰਖ ਇਕ ਅਖਵਾਈਆ । ਫ਼ਰੀਦ ਖੋਲ੍ਹਿਆ ਇਕੋ ਨੈਣ ਹਰਨ ਫਰਨ, ਦਰ ਦਰਵੇਸ਼ ਬੈਠਾ ਧੂਣੀ ਤਾਈਆ । ਨਾਤਾ ਤੁਟੇ ਮਰਨ ਡਰਨ, ਪ੍ਰਭ ਮਿਲੇ ਸਚ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਥਾਉਂ ਥਾਈਆ । ਫ਼ਰੀਦ ਦਰਵੇਸ਼ ਗਿਆ ਆ, ਆਸਣ ਭੂਰੀ ਹੇਠ ਵਿਛਾਇੰਦਾ । ਧਰਨੀ ਧਰਤ ਧਵਲ ਰੋਵੇ ਮਾਰੇ ਧਾਹ, ਨੈਣਾਂ ਛਹਿਬਰ ਲਾਇੰਦਾ । ਪਾਰਬ੍ਰਹਮ ਮੇਲਾ ਦਏ ਨਾ ਕੋਇ ਮਿਲਾ, ਮਿਲਣੀ ਸਚ ਨਾ ਕੋਇ ਕਰਾਇੰਦਾ । ਖ਼ੁਲ੍ਹੀ ਮੀਂਢੀ ਸੀਸ ਦਏ ਨਾ ਕੋਇ ਗੁੰਦਾ, ਸਿਰ ਹੱਥ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਜਣਾਇੰਦਾ । ਸ਼ਾਹ ਫ਼ਰੀਦ ਹੋ ਫ਼ਕੀਰ, ਫ਼ਿਕਰਾ ਇਕੋ ਇਕ ਅਲਾਈਆ । ਬਦਲਣਹਾਰ ਹਰਿ ਤਕਦੀਰ, ਮੌਲਾ ਆਪਣਾ ਫੇਰਾ ਪਾਈਆ । ਕਲਜੁਗ ਤੇਰਾ ਅੰਤ ਕੱਟੇ ਜ਼ੰਜੀਰ, ਸ਼ਰਅ ਕੂੜੀ ਦਏ ਤੁੜਾਈਆ । ਦੂਰ ਦੁਰਾਡਾ ਪੈਂਡਾ ਆਵੇ ਚੀਰ, ਬਣ ਪਾਂਧੀ ਸੱਚਾ ਰਾਹੀਆ । ਗੁਰਮੁਖ ਮੇਲਾ ਅੰਤ ਅਖ਼ੀਰ, ਆਖ਼ਰ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਲਹਿਣਾ ਸਭ ਦੀ ਝੋਲੀ ਪਾਈਆ । ਧਰਤ ਧਵਲ ਤੇਰਾ ਚੁੱਕੇ ਲਹਿਣਾ, ਸੋ ਪੁਰਖ ਨਿਰੰਜਣ ਆਪ ਚੁਕਾਇੰਦਾ । ਸ਼ਾਹ ਹਕੀਰ ਮੰਨਿਆ ਕਹਿਣਾ, ਹਕੀਰ ਹਜ਼ਰਤ ਅੰਗ ਲਗਾਇੰਦਾ । ਉਠ ਵੇਖ ਨੇਤਰ ਨੈਣਾਂ, ਸ੍ਰੀ ਭਗਵਾਨ ਡੇਰਾ ਲਾਇੰਦਾ । ਸਾਚੇ ਭਗਤ ਦੁਆਰੇ ਜਿਸ ਨੇ ਬਹਿਣਾ, ਭਗਵਨ ਆਪਣੀ ਕਾਰ ਕਮਾਇੰਦਾ । ਲਾਲੋ ਸਿਰ ਤੇ ਭਾਰ ਸਹਿਣਾ, ਸਹਿ ਸਹਿ ਹਰਿ ਹਰਿ ਸ਼ੁਕਰ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਭੇਵ ਜਣਾਇੰਦਾ । ਧਰਤ ਕਹੇ ਮੈਂ ਆਵਾਂਗੀ । ਭਗਤ ਦੁਆਰ ਦਰਸ਼ਨ ਪਾਵਾਂਗੀ । ਦੂਰ ਦੁਰਾਡੀ ਸੀਸ ਝੁਕਾਵਾਂਗੀ । ਇਕੀ ਕਦਮ ਅੱਗੇ ਲੰਘਣ ਨਾ ਪਾਵਾਂਗੀ । ਜਿੰਨਾਂ ਚਿਰ ਤੇਰਾ ਨਜ਼ਰ ਨਾ ਆਵੇ ਪਦਮ, ਪਾਰਬ੍ਰਹਮ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਚ ਇਕ ਦਰਸਾਵਾਂਗੀ । ਕਰੇ ਖੇਲ ਅਬਿਨਾਸ਼ੀ ਅਚੁਤ, ਦੋ ਜਹਾਨ ਵੱਜੀ ਵਧਾਈਆ । ਨਿਰਗੁਣ ਸੁਹਾਏ ਸਾਚੀ ਰੁੱਤ, ਰੁੱਤ ਰੁਤੜੀ ਆਪ ਮਹਿਕਾਈਆ । ਵਿਸ਼ਨ ਬ੍ਰਹਮਾ ਸ਼ਿਵ ਰਹੇ ਪੁੱਛ, ਇਕ ਦੂਜੇ ਵਲ ਧਿਆਨ ਲਗਾਈਆ । ਗੁਰ ਅਵਤਾਰ ਵੇਖਣ ਝੁਕ, ਪੀਰ ਪੈਗ਼ੰਬਰ ਨੈਣ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਅਵੱਲਾ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਪਰਗਟ ਹੋ ਇਕ ਇਕੱਲਾ, ਹਰਿ ਪੁਰਖ ਨਿਰੰਜਣ ਸੇਵ ਕਮਾਇੰਦਾ । ਏਕੰਕਾਰਾ ਵਸਣਹਾਰਾ ਜਲਾਂ ਥਲਾਂ, ਜੁਗ ਜੁਗ ਆਪਣਾ ਭੇਵ ਚੁਕਾਇੰਦਾ । ਆਦਿ ਨਿਰੰਜਣ ਦੀਪਕ ਜੋਤੀ ਬਲਾ, ਨੂਰ ਨੁਰਾਨਾ ਡਗਮਗਾਇੰਦਾ । ਅਬਿਨਾਸ਼ੀ ਕਰਤਾ ਸਚ ਸੰਦੇਸਾ ਘੱਲਾ, ਧੁਰ ਫ਼ਰਮਾਣਾ ਆਪ ਸੁਣਾਇੰਦਾ । ਸ੍ਰੀ ਭਗਵਾਨ ਸਤਿ ਸਤਿਵਾਦ ਫੜਾਏ ਪੱਲਾ, ਪੱਲੂ ਆਪਣੇ ਗੰਢ ਪੁਆਇੰਦਾ । ਪਾਰਬ੍ਰਹਮ

ਬ੍ਰਹਮ ਨਿਰਗੁਣ ਧਾਰ ਰਲਾ, ਸਰਗੁਣ ਨਜ਼ਰ ਕਿਸੇ ਨਾ ਆਇੰਦਾ । ਵਸਣਹਾਰਾ ਨਿਹਚਲ ਧਾਮ ਅਟੱਲਾ, ਲੋਕਮਾਤ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ੍ਰੀ ਭਗਵਾਨ ਖੇਲ ਕਰਾਇੰਦਾ । ਸ੍ਰੀ ਭਗਵਾਨ ਪੁਰਖ ਅਬਿਨਾਸ਼ਾ, ਅਬਿਨਾਸ਼ੀ ਧਾਰ ਚਲਾਈਆ । ਜੁਗ ਚੌਕੜੀ ਵੇਖਣਹਾਰ ਤਮਾਸ਼ਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਹੰਢਾਈਆ । ਨਿਰਮਲ ਨਿਰਮਲ ਜੋਤ ਕਰ ਪਰਕਾਸ਼ਾ, ਨੂਰੋ ਨੂਰ ਨੂਰ ਰੁਸ਼ਨਾਈਆ । ਪਰਵਰਦਿਗਾਰ ਸ਼ਾਹੋ ਸ਼ਾਬਾਸ਼ਾ, ਸ਼ਹਿਨਸ਼ਾਹ ਇਕੋ ਇਕ ਅਖਵਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਸਦਾ ਸਦਾ ਦੇਵਣਹਾਰ ਭਰਵਾਸਾ, ਚਰਨ ਕਵਲ ਦਏ ਸਰਨਾਈਆ । ਮੰਡਲ ਮੰਡਪ ਗੋਪੀ ਕਾਹਨ ਪਾਏ ਰਾਸਾ, ਨਿਰਗੁਣ ਸਰਗੁਣ ਨਾਚ ਨਚਾਈਆ । ਕਲਜੁਗ ਅੰਤ ਸ੍ਰੀ ਭਗਵੰਤ ਜਨ ਭਗਤਾਂ ਪੂਰੀ ਕਰੇ ਆਸ਼ਾ, ਤ੍ਰਿਸ਼ਨਾ ਅਵਰ ਨਾ ਕੋਇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਪੁਰਖ ਅਕਾਲ, ਮਿਹਰਵਾਨ ਵੱਡੀ ਵਡਿਆਈਆ । ਜੋਤੀ ਜਾਤਾ ਦੀਨ ਦਿਆਲ, ਦੀਨਨ ਹੋਏ ਆਪ ਸਹਾਈਆ । ਲੱਖ ਚੁਰਾਸੀ ਵਿਚੋਂ ਭਾਲ, ਗੁਰਮੁਖ ਸੱਜਣ ਆਪ ਉਠਾਈਆ । ਹਰਿਜਨ ਵੇਖੇ ਸਾਚੇ ਲਾਲ, ਲਾਲਨ ਆਪਣੇ ਰੰਗ ਰੰਗਾਈਆ । ਕਾਇਆ ਮੰਦਰ ਅੰਦਰ ਵਖਾ ਸੱਚੀ ਧਰਮਸਾਲ, ਧਰਮ ਦੁਆਰਾ ਇਕ ਜਣਾਈਆ । ਅੰਦਰ ਬਾਹਰ ਚਲੇ ਨਾਲ ਨਾਲ, ਗੁਪਤ ਜ਼ਾਹਰ, ਵਿਛੜ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਆਪ ਕਮਾਈਆ । ਸਾਚੀ ਕਰਨੀ ਕਰੇ ਕਰਤਾਰਾ, ਹਰਿ ਕਰਤਾ ਖੇਲ ਕਰਾਇੰਦਾ । ਨਿਰਗੁਣ ਨਿਰੰਕਾਰ ਨਿਰਵੈਰ ਹੋ ਉਜਿਆਰਾ, ਨੂਰ ਨੁਰਾਨਾ ਨੂਰ ਧਰਾਇੰਦਾ । ਲੇਖਾ ਜਾਣ ਤੇਈ ਅਵਤਾਰਾ, ਭਗਤ ਅਠਾਰਾਂ ਭੇਵ ਮਿਟਾਇੰਦਾ । ਈਸਾ ਮੂਸਾ ਮੁਹੰਮਦ ਲੇਖਾ ਜਾਣੇ ਚਾਰ ਯਾਰਾ, ਨਾਨਕ ਗੋਬਿੰਦ ਧਾਰ ਆਪਣੀ ਗੰਢ ਪਵਾਇੰਦਾ । ਭਗਤ ਭਗਵਾਨ ਖੇਲ ਅਪਾਰਾ, ਸ਼ਾਸਤਰ ਸਿਮਰਤ ਵੇਦ ਪੁਰਾਨ ਕਹਿਣ ਨਾ ਪਾਇੰਦਾ । ਕਲਜੁਗ ਅੰਤ ਸ੍ਰੀ ਭਗਵੰਤ ਨਿਹਕਲੰਕ ਕਲ ਲੈ ਅਵਤਾਰਾ, ਕਲ ਕਲਕੀ ਫੇਰਾ ਪਾਇੰਦਾ । ਸੰਬਲ ਵਸੇ ਧਾਮ ਨਿਆਰਾ, ਸਚ ਸਿੰਘਾਸਣ ਆਸਣ ਲਾਇੰਦਾ । ਕਾਗ਼ਦ ਕਲਮ ਨਾ ਲਿਖਣਹਾਰਾ, ਲਿਖ ਲਿਖ ਲੇਖ ਨਾ ਕੋਇ ਜਣਾਇੰਦਾ । ਗੁਰ ਅਵਤਾਰ ਦੇ ਦੇ ਗਏ ਇਸ਼ਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਸਾਚਾ ਹਰਿ, ਨਰ ਹਰਿ ਆਪਣੀ ਕਾਰ ਕਮਾਇੰਦਾ । ਕਰੇ ਕਾਰ ਹਰਿ ਨਿਰੰਕਾਰਾ, ਨਿਰਗੁਣ ਆਪਣੀ ਕਾਰ ਕਮਾਈਆ । ਪਰਗਟ ਹੋ ਚਵੀਆਂ ਅਵਤਾਰਾ, ਚਾਰੋਂ ਕੁੰਟ ਵੇਖ ਵਖਾਈਆ । ਸ਼ਬਦ ਅਗੰਮੀ ਬੋਲ ਜੈਕਾਰਾ, ਦੋ ਜਹਾਨਾਂ ਕਰੇ ਸ਼ਨਵਾਈਆ । ਭਗਤ ਭਗਵਾਨ ਸੁਹਾਏ ਇਕ ਦੁਆਰਾ, ਦਰ ਸਾਚਾ ਇਕ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਮੇਲਾ ਸਹਿਜ ਸੁਭਾਈਆ । ਹਰਿਜਨ ਮੇਲ ਮਿਲੰਦੜਾ, ਪਾਰਬ੍ਰਹਮ ਕਰਤਾਰ । ਕਲਜੁਗ ਅੰਤਮ ਵੇਸ ਵਟੰਦੜਾ, ਸ਼ਾਹ ਸੁਲਤਾਨਾ ਏਕੰਕਾਰ । ਸ਼ਬਦੀ ਮਾਰਗ ਇਕ ਦਸੰਦੜਾ, ਧੁਨ ਆਤਮਕ ਖੇਲ ਅਪਾਰ । ਕਾਇਆ ਮੰਦਰ ਖੋਜ ਖੁਜੰਦੜਾ, ਆਤਮ ਪਰਮਾਤਮ ਦਏ ਆਧਾਰ । ਨਿਰਮਲ ਜੋਤੀ ਜੋਤ ਜਗੰਦੜਾ, ਅੰਧ ਅੰਧੇਰਾ ਦਏ ਨਿਵਾਰ । ਸਾਚੀ ਸੇਜਾ ਆਪ ਸੁਹੰਦੜਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਗੰਮ ਅਪਾਰ । ਅਗੰਮ ਅਪਾਰ ਖੇਲ ਅਥਾਹ, ਰਸਨਾ ਕਥਨੀ ਕਥਨ ਨਾ ਜਾਈਆ । ਨਿਰਗੁਣ ਬਣਿਆ ਆਪ ਮਲਾਹ, ਸਾਚਾ ਬੇੜਾ ਰਿਹਾ ਚਲਾਈਆ । ਨੌਂ ਸੌ ਚੁਰਾਨਵੇਂ

ਚੌਕੜੀ ਪੰਧ ਮੁਕਾ, ਕਲਜੁਗ ਅੰਤਮ ਵੇਖ ਵਖਾਈਆ । ਚਾਰੇ ਕੁੰਟਾਂ ਫੋਲ ਫੋਲਾ, ਦਹਿ ਦਿਸ਼ਾ ਡੇਰਾ ਢਾਹੀਆ । ਗੁਰ ਅਵਤਾਰ ਪੀਰ ਪੈਗੰਬਰ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮੇ ਅੰਦਰ ਸਰਬ ਭੁਆਈਆ । ਹੁਕਮੇ ਅੰਦਰ ਗੁਰ ਅਵਤਾਰ, ਪੀਰ ਪੈਗੰਬਰ ਸੇਵ ਕਮਾਇੰਦਾ । ਹੁਕਮੇ ਅੰਦਰ ਵਿਸ਼ਨ ਬ੍ਰਹਮਾ ਸ਼ਿਵ ਪਿਆਰ, ਤ੍ਰੈਗੁਣ ਮਾਇਆ ਜੋੜ ਜੁੜਾਇੰਦਾ । ਹੁਕਮੇ ਅੰਦਰ ਸ਼ਬਦ ਜੈਕਾਰ, ਜੈ ਜੈਕਾਰਾ ਇਕੋ ਨਾਮ ਸੁਣਾਇੰਦਾ । ਹੁਕਮੇ ਅੰਦਰ ਦੇ ਸਹਾਰਾ, ਲੱਖ ਚੁਰਾਸੀ ਧੀਰਜ ਧੀਰ ਰਖਾਇੰਦਾ । ਹੁਕਮੇ ਅੰਦਰ ਕਲ ਕਲਕੀ ਲੈ ਅਵਤਾਰਾ, ਨਿਹਕਲੰਕਾ ਨਾਉਂ ਰਖਾਇੰਦਾ । ਹੁਕਮੇ ਅੰਦਰ ਨਾਤਾ ਜੋੜ ਸਰਬ ਸੰਸਾਰਾ, ਪੁਰਖ ਬਿਧਾਤਾ ਮੇਲ ਮਿਲਾਇੰਦਾ । ਸੰਤ ਸੁਹੇਲੇ ਲਏ ਉਠਾਲ, ਗੁਰ ਚੇਲੇ ਰੰਗ ਰੰਗਾਇੰਦਾ । ਲਹਿਣਾ ਚੁੱਕੇ ਸ਼ਾਹ ਕੰਗਾਲ, ਊਚ ਨੀਚ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭਗਤ ਭਗਤਾਂ ਸੰਗ ਰਖਾਇੰਦਾ । ਭਗਤ ਜਨਾਂ ਹਰਿ ਭਗਤੀ ਸੰਗ, ਸਗਲਾ ਸੰਗ ਨਿਭਾਈਆ । ਆਤਮ ਪਰਮਾਤਮ ਵੱਜੇ ਮਰਦੰਗ, ਨਾਦ ਇਕੋ ਇਕ ਸ਼ਨਵਾਈਆ । ਕਾਇਆ ਮੰਦਰ ਵੇਖੇ ਲੰਘ, ਹਰਿ ਮੰਦਰ ਫੇਰਾ ਪਾਈਆ । ਕਰ ਪਰਕਾਸ਼ ਬਿਨ ਸੂਰਜ ਚੰਦ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਜਨਮ ਜੁਗ ਦੀ ਟੁੱਟੀ ਗੰਢ, ਸੁਰਤੀ ਸ਼ਬਦੀ ਜੋੜ ਜੁੜਾਈਆ । ਆਵਣ ਜਾਵਣ ਚੁਕਾਏ ਪੰਧ, ਲੱਖ ਚੁਰਾਸੀ ਤੋੜ ਤੁੜਾਈਆ । ਸਚ ਸੁਣਾਏ ਇਕੋ ਛੰਦ, ਸੋਹੰ ਢੋਲਾ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਲ ਮਿਲਾਏ ਸਹਿਜ ਸੁਭਾਈਆ । ਸਹਿਜ ਸੁਭਾਈ ਹੋਏ ਮੇਲਾ, ਮਿਲਣੀ ਜਗਦੀਸ਼ ਕਰਾਇੰਦਾ । ਏਕਾ ਘਰ ਸੋਹੇ ਗੁਰੂ ਗੁਰ ਚੇਲਾ, ਗੁਰ ਚੇਲਾ ਆਪਣੀ ਧਾਰ ਜਣਾਇੰਦਾ । ਪਾਰਬ੍ਰਹਮ ਪ੍ਰਭ ਸੱਜਣ ਸੁਹੇਲਾ, ਜੁਗ ਚੌਕੜੀ ਸਗਲਾ ਸੰਗ ਰਖਾਇੰਦਾ । ਕਲਜੁਗ ਅੰਤਮ ਫਿਰੇ ਇਕੇਲਾ, ਦੂਜਾ ਨਜ਼ਰ ਕੋਇ ਨਾ ਆਇੰਦਾ । ਭਗਤ ਦੁਆਰੇ ਸੁਹਾਏ ਵੇਲਾ, ਰੁੱਤ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਰਮੀ ਕਰਮ ਕਮਾਇੰਦਾ । ਨਿਹਕਰਮੀ ਕਰਮ ਕਮਾਏ ਆਪ, ਆਪਣੇ ਹੱਥ ਰੱਖੇ ਵਡਿਆਈਆ । ਜਨ ਭਗਤਾਂ ਬਣੇ ਮਾਈ ਬਾਪ, ਪਿਤਾ ਪੂਤ ਗੋਦ ਸੁਹਾਈਆ । ਆਤਮ ਪਰਮਾਤਮ ਇਕੋ ਦੱਸੇ ਜਾਪ, ਦੂਜੀ ਕਰੇ ਨਾ ਕੋਇ ਪੜ੍ਹਾਈਆ । ਤ੍ਰੈਗੁਣ ਮਾਇਆ ਲੱਥੇ ਪਾਪ, ਤੀਨੋਂ ਤਾਪ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸਾਚਾ ਹਰਿ ਖੇਲ ਅਪਾਰਾ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਭਗਤ ਵਛਲ ਵਛਲ ਗਿਰਧਾਰਾ, ਗਿਰਵਰ ਆਪਣਾ ਰੰਗ ਰੰਗਾਇੰਦਾ । ਪਰਮ ਪੁਰਖ ਪ੍ਰਭ ਹੋ ਤਿਆਰਾ, ਨਿਰਵੈਰ ਕਾਰ ਕਮਾਇੰਦਾ । ਲੇਖਾ ਜਾਣ ਧੁਰ ਦਰਬਾਰਾ, ਧੁਰ ਦੀ ਧਾਰ ਆਪ ਸਮਝਾਇੰਦਾ । ਹਰਿ ਸੰਗਤ ਤੇਰਾ ਸਚ ਵਿਹਾਰਾ, ਬਿਵਹਾਰੀ ਆਪ ਜਣਾਇੰਦਾ । ਊਚ ਨੀਚ ਪਾਰ ਕਿਨਾਰਾ, ਜ਼ਾਤ ਪਾਤ ਵੰਡ ਨਾ ਕੋਇ ਵੰਡਾਇੰਦਾ । ਤੋੜਨਹਾਰਾ ਗੜ੍ਹ ਹੰਕਾਰਾ, ਹਉਮੇ ਹੰਗਤਾ ਰੋਗ ਮਿਟਾਇੰਦਾ । ਦੇਵਣਹਾਰਾ ਨਾਮ ਖ਼ੁਮਾਰਾ, ਸਚ ਖ਼ੁਮਾਰੀ ਇਕ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਲਾਲ ਇਕੋ ਰੰਗ ਰੰਗਾਇੰਦਾ । ਗੁਰਮੁਖ ਲਾਲ ਰੰਗ ਰੰਗੀਲਾ, ਰੰਗ ਰਾਤਾ ਆਪ ਰੰਗਾਈਆ । ਭਗਤ ਭਗਵਾਨ ਦਾ ਸਚ ਕਬੀਲਾ, ਜੁਗ ਜੁਗ ਵੇਖੇ ਚਾਈਂ ਚਾਈਆ । ਨੇਤਰ ਅੰਬਰ ਰੋਵੇ ਨੀਲਾ, ਛਹਿਬਰ ਇਕੋ ਇਕ ਲਗਾਈਆ । ਪਤਿਪਰਮੇਸ਼ਵਰ ਪਾਰਬ੍ਰਹਮ ਜਿਨ੍ਹਾਂ ਬਣਿਆ ਮਾਤ ਵਸੀਲਾ, ਦੂਜੀ ਓਟ ਨਾ ਕੋਇ ਤਕਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦਏ ਵਡਿਆਈਆ । ਭਗਤ ਜਨ ਜਨ ਲੈਣਾ ਜਾਣ, ਜਾਨਣਹਾਰ ਜਣਾਇੰਦਾ । ਵੇਖੇ ਖੇਲ ਸ੍ਰੀ ਭਗਵਾਨ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਧੁਰਦਰਗਾਹੀ ਦੇਵੇ ਦਾਨ, ਵਸਤ ਅਮੋਲਕ ਇਕ ਵਰਤਾਇੰਦਾ । ਸੰਤ ਸੁਹੇਲੇ ਕਰ ਪਰਵਾਨ, ਗੁਰਮੁਖ ਆਪਣੇ ਅੰਗ ਲਗਾਇੰਦਾ । ਸੋਹੰ ਢੋਲਾ ਜੋ ਜਨ ਗਾਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਕਰੇ ਕਰਤਾਰ, ਹਰਿ ਕਰਤਾ ਵਡ ਵਡਿਆਈਆ । ਲਾਲੋ ਹੋਣਾ ਖ਼ਬਰਦਾਰ, ਬੇਖ਼ਬਰ ਖ਼ਬਰ ਸੁਣਾਈਆ । ਡੁੱਬਦੇ ਪਾਥਰ ਰਿਹਾ ਤਾਰ, ਪਾਹਨ ਆਪਣੇ ਨਾਲ ਛੁਹਾਈਆ । ਜਨਮ ਜਨਮ ਦਾ ਦੁੱਖ ਨਿਵਾਰ, ਕਰਮ ਕਰਮ ਦਾ ਰੋਗ ਮਿਟਾਈਆ । ਏਥੇ ਓਥੇ ਕਰੇ ਪਿਆਰ, ਨਿਰਗੁਣ ਸਰਗੁਣ ਮੇਲਾ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰੁੱਤ ਸੁਹੰਜਣੀ ਆਪ ਸੁਹਾਈਆ । ਰੁੱਤ ਸੁਹੰਜਣੀ ਵੇਖ ਮਾਤ, ਦੋ ਜਹਾਨ ਧਿਆਨ ਲਗਾਇੰਦਾ । ਜਨ ਭਗਤਾਂ ਹਰਿ ਜੂ ਦੇਵੇ ਦਾਤ, ਪਰਦਾ ਓਹਲਾ ਨਾ ਕੋਇ ਰਖਾਇੰਦਾ । ਸ਼ਬਦ ਅਗੰਮ ਸੱਚੀ ਕਰਾਮਾਤ, ਕਾਇਆ ਮੰਦਰ ਆਪ ਟਿਕਾਇੰਦਾ । ਹਰਿਜਨ ਬਣਾਏ ਇਕ ਜਮਾਤ, ਦੂਜੀ ਵੰਡ ਨਾ ਕੋਇ ਵੰਡਾਇੰਦਾ । ਢੋਲਾ ਗਾਏ ਸੁਹੰਜਣੀ ਰਾਤ, ਭਿੰਨੜੀ ਰੈਣ ਰੰਗ ਵਖਾਇੰਦਾ । ਭਗਤ ਭਗਵਾਨ ਸੱਜਣ ਸਾਕ, ਬੰਧਪ ਇਕੋ ਨਜ਼ਰੀ ਆਇੰਦਾ । ਲਾਲੋ ਵੇਖ ਖੋਲ੍ਹ ਤਾਕ, ਬਜ਼ਰ ਕਪਾਟੀ ਕੁੰਡਾ ਹਰਿ ਤੁੜਾਇੰਦਾ । ਅੰਤਮ ਮੇਲਾ ਇਕੋ ਘਾਟ, ਪੱਤਣ ਹਰਿ ਜੂ ਆਪ ਸੁਹਾਇੰਦਾ । ਸੰਤ ਸੱਜਣ ਜਾਇਣ ਜਾਗ, ਜਾਗਰਤ ਜੋਤ ਆਪ ਜਗਾਇੰਦਾ । ਕਲਜੁਗ ਨੌਂ ਖੰਡ ਪ੍ਰਿਥਮੀ ਲੱਗੇ ਆਗ, ਅੰਮ੍ਰਿਤ ਮੇਘ ਨਾ ਕੋਇ ਬਰਸਾਇੰਦਾ । ਜਨ ਭਗਤਾਂ ਧੋਵੇ ਦੁਰਮਤ ਦਾਗ਼, ਸ੍ਰੀ ਭਗਵਾਨ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਪਾਏ ਭਿਖਿਆ, ਹਰਿਜਨ ਝੋਲੀ ਆਪ ਭਰਾਇੰਦਾ । ਹਰਿਜਨ ਝੋਲੀ ਭਰੇ ਨਿਰੰਕਾਰ, ਨਾਮ ਭੰਡਾਰ ਵਰਤਾਈਆ । ਇਕੀ ਇਕੀ ਕੁਲਾਂ ਦੇਵੇ ਤਾਰ, ਜੋ ਚਲ ਆਏ ਸਰਨਾਈਆ । ਮੰਝਧਾਰੋਂ ਕਰੇ ਪਾਰ, ਸ਼ੌਹ ਦਰਯਾ ਨਾ ਕੋਇ ਰੁੜ੍ਹਾਈਆ । ਰਾਏ ਧਰਮ ਨਾ ਕਰੇ ਖ਼ੁਆਰ, ਚਿਤਰ ਗੁਪਤ ਨਾ ਲੇਖ ਵਖਾਈਆ । ਲਾੜੀ ਮੌਤ ਨਾ ਕਰੇ ਸ਼ਿੰਗਾਰ, ਜੂਨੀ ਜੂਨ ਨਾ ਕੋਇ ਭਵਾਈਆ । ਅੰਤਮ ਦੇਵੇ ਦਰਸ ਦੀਦਾਰ, ਰਾਤੀਂ ਸੁਤਿਆਂ ਲਏ ਜਗਾਈਆ । ਨੇਤਰ ਨੈਣ ਅੱਖ ਦਏ ਉਘਾੜ, ਨਿਜ ਨੇਤਰ ਜਾਗ ਖੁਲ੍ਹਾਈਆ । ਪਰਤੱਖ ਨਜ਼ਰੀ ਆਏ ਨਿਰੰਕਾਰ, ਜੋਤੀ ਜੋਤ ਜੋਤ ਰੁਸ਼ਨਾਈਆ । ਵਿਛੜਿਆਂ ਮੇਲਾ ਕਰੇ ਯਾਰ, ਯਾਰ ਯਾਰੜਾ ਸੱਥਰ ਇਕ ਹੰਢਾਈਆ । ਬੀਸ ਬੀਸਾ ਭਗਤ ਹੋਏ ਨਾ ਕੋਇ ਖ਼ੁਆਰ, ਭਗਵਨ ਆਪਣਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਹਰਿ ਖੇਲ ਖਲੌਣਾ, ਖ਼ਾਲਕ ਖ਼ਲਕ ਵੇਖ ਵਖਾਇੰਦਾ । ਭਗਤ ਭਗਵਾਨ ਮੇਲ ਮਿਲੌਣਾ, ਮੇਲਾ ਇਕੋ ਘਰ ਜਣਾਇੰਦਾ । ਸੰਤ ਸੁਹੇਲਾ ਰੰਗ ਚੜੌਣਾ, ਚੜ੍ਹਿਆ ਰੰਗ ਉਤਰ ਨਾ ਜਾਇੰਦਾ । ਨਿਰਗੁਣ ਚੰਦ ਇਕ ਚਮਕੌਣਾ, ਜੋਤੀ ਜੋਤ ਜੋਤ ਰੁਸ਼ਨਾਇੰਦਾ । ਫੜ ਫੜ ਕਾਗੋਂ ਹੰਸ ਬਣੌਣਾ, ਜੋ ਜਨ ਆ ਆ ਦਰਸ਼ਨ ਪਾਇੰਦਾ । ਪਰਮਾਨੰਦ ਇਕ ਦਰਸੌਣਾ, ਨਿਜ ਆਤਮ ਰਸ ਚਖਾਇੰਦਾ । ਭਾਂਡਾ ਭਰਮ ਭੌ ਪਹਿਲੋਂ ਭੰਨੌਣਾ, ਫੇਰ ਗੁਰਮੁਖ ਦੁਆਰਾ ਮੰਦਰ ਅੰਦਰ ਲੰਘਾਇੰਦਾ । ਮਨਮੁਖ ਕੋਈ ਅੰਦਰ ਬਹਿਣ ਨਾ ਪੌਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਰੀਤੀ ਆਪ ਦਰਸਾਇੰਦਾ । ਭਗਤ ਦੁਆਰੇ ਭਗਤ ਲੰਘਣ,

ਦੂਜਾ ਨਜ਼ਰ ਕੋਇ ਨਾ ਆਈਆ । ਪ੍ਰੇਮ ਪ੍ਰੀਤੀ ਇਕੋ ਮੰਗਣ, ਖ਼ਾਲੀ ਝੋਲੀ ਅੱਗੇ ਡਾਹੀਆ । ਕਲਜੁਗ ਜੀਵਾਂ ਕੋਲੋਂ ਮੂਲ ਨਾ ਸੰਗਣ, ਹਰਿ ਜੂ ਮਿਲਿਆ ਬੇਪਰਵਾਹੀਆ । ਕਾਇਆ ਚੋਲੀ ਇਕੋ ਰੰਗਣ, ਰੰਗ ਮਜੀਠ ਰਿਹਾ ਚੜ੍ਹਾਈਆ । ਕਰੇ ਖੇਲ ਸੂਰਾ ਸਰਬੰਗਨ, ਸ਼ਾਹ ਪਾਤਸ਼ਾਹ ਵੱਜੇ ਵਧਾਈਆ । ਕਲਜੁਗ ਕੂੜੀ ਕਿਰਿਆ ਕਰੇ ਖੰਡਨ, ਸਤਿਜੁਗ ਸਾਚਾ ਰਾਹ ਵਖਾਈਆ । ਗੁਰਮੁਖ ਕਿਸੇ ਦੁਆਰੇ ਨਾ ਜਾਏ ਮੰਗਣ, ਪ੍ਰਭ ਸਭ ਦੀ ਆਸ ਪੂਰ ਕਰਾਈਆ । ਦੀਨ ਦਿਆਲ ਸਦਾ ਬਖ਼ਸ਼ੰਦਨ, ਬਖ਼ਸ਼ਿਸ਼ ਇਕੋ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਏਕਾ ਇਕੀ ਸਾਚੀ ਸਿਖੀ, ਧਾਰੋਂ ਤਿਖੀ ਦਏ ਬਣਾਈਆ । ਧਾਰੋਂ ਤਿਖੀ ਦਏ ਬਣਾ, ਸਾਰ ਕੋਇ ਪਾਈਆ । ਗੋਬਿੰਦ ਲੇਖਾ ਪੂਰ ਕਰਾ, ਪੂਰਬ ਲਹਿਣਾ ਰਿਹਾ ਵਰਤਾਈਆ । ਚਾਰ ਵਰਨ ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਦਏ ਸਮਝਾ, ਸਮਝ ਸਮਝ ਵਿਚ ਰਲਾਈਆ । ਸਤਿਜੁਗ ਸਾਚਾ ਮਾਰਗ ਦਏ ਵਖਾ, ਪਾਰਬ੍ਰਹਮ ਪ੍ਰਭ ਬੇਪਰਵਾਹੀਆ । ਦੂਰ ਦੁਰਾਡੇ ਗੁਰਮੁਖ ਗੁਰਮੁਖ ਲਏ ਮਿਲਾ, ਗੁਰਸਿਖ ਗੁਰਸਿਖ ਗੰਢ ਪੁਆਈਆ । ਗੁਰਦਾਸਪੁਰ ਗੁਰਦਾਸਪੁਰ ਗੁਰਦਾਸਪੁਰ ਗੁਰ ਚਰਨੀ ਡਿਗਾ ਆ, ਗੁਰ ਸਤਿਗੁਰ ਓਟ ਤਕਾਈਆ । ਲਾਲ ਸਿੰਘ ਲਾਲ ਰੰਗ ਦਏ ਰੰਗਾ, ਘਰ ਆਇਆ ਸੱਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦੋ ਜਹਾਨ ਦਏ ਵਡਿਆਈਆ । ਦੋ ਜਹਾਨ ਭਗਤ ਵਡਿਔਣਾ, ਹਰਿ ਸਾਚਾ ਸਚ ਜਣਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਸੰਗ ਰਲੌਣਾ, ਮੇਲ ਮਿਲਾਵਾ ਇਕੋ ਘਰ ਵਖਾਇੰਦਾ । ਕਰੋੜ ਤੇਤੀਸਾ ਹੋ ਅਧੀਨ, ਬਣ ਮਸਕੀਨ ਸੀਸ ਝੁਕੌਣਾ, ਨੇਤਰ ਨੈਣ ਨਾ ਕੋਇ ਉਠਾਇੰਦਾ । ਵਿਸ਼ਨ ਬ੍ਰਹਮੇ ਸ਼ਿਵ ਧਿਆਨ ਲਗੌਣਾ, ਸਰਨ ਸਰਨਾਈ ਇਕ ਰਖਾਇੰਦਾ । ਈਸਾ ਮੂਸਾ ਮੁਹੰਮਦ ਰਾਹ ਤਕੌਣਾ, ਤਕਵਾ ਇਕੋ ਇਕ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਨ ਭਗਤ ਦੁਆਰੇ ਭਗਤ ਆਪ ਲੰਘਾਇੰਦਾ । ਭਗਤ ਜਨੋ ਲੰਘੋ ਅੰਦਰ, ਇਕ ਇਕ ਦਏ ਵਡਿਆਈਆ । ਅੱਗੇ ਵੇਖੋ ਹਰਿ ਕਾ ਮੰਦਰ, ਨਿਰਗੁਣ ਜੋਤ ਨੂਰ ਰੁਸ਼ਨਾਈਆ । ਰਾਤੀਂ ਸੁਤਿਆਂ ਸਭ ਦਾ ਤੁਟੇ ਜੰਦਰ, ਬਜਰ ਕਪਾਟੀ ਰਹਿਣ ਨਾ ਪਾਈਆ । ਮਨ ਮਨੂਆ ਨਾ ਭਵੇ ਬੰਦਰ, ਮਨ ਵਾਸਨਾ ਬੰਦ ਕਰਾਈਆ । ਕਰੇ ਪਰਕਾਸ਼ ਅੰਧੇਰੇ ਕੰਧਰ, ਨਿਰਗੁਣ ਜੋਤ ਜੋਤ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਭਗਤ ਦੁਆਰੇ ਜਾਣਾ ਲੰਘ, ਹਰਿ ਭਗਵਨ ਆਪ ਵਡਿਆਇੰਦਾ । ਸਾਹਿਬ ਸਤਿਗੁਰ ਦਾ ਇਕ ਪਲੰਘ, ਬਿਨ ਅੱਖਾਂ ਨਜ਼ਰੀ ਆਇੰਦਾ । ਨਾਮ ਨਿਧਾਨ ਵੱਜੇ ਮਰਦੰਗ, ਢੋਲਕ ਛੈਣਾ ਨਾ ਕੋਇ ਖੜਕਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਮੰਗਾਂ ਰਹੇ ਮੰਗ, ਝੋਲੀ ਸਭ ਦੀ ਆਪ ਭਰਾਇੰਦਾ । ਢੋਲਾ ਗੌਂਦੇ ਜਾਣ ਸੋਹੰ ਛੰਦ, ਆਤਮ ਪਰਮਾਤਮ ਗੰਢ ਪੁਆਇੰਦਾ । ਨਾਤਾ ਤੁਟੇ ਰੰਡੇਪਾ ਰੰਡ, ਹਰਿ ਕੰਤ ਕੰਤੂਹਲ ਆਪ ਪਰਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਭਗਤਾਂ ਪਾਰ ਕਰਾਇੰਦਾ । ਭਗਤ ਜਨੋ ਕਦਮ ਉਠਾਓ, ਹਰਿ ਸਤਿਗੁਰ ਕਰੇ ਜਣਾਈਆ । ਗੁਰਮੁਖ ਅੰਦਰ ਲੰਘ ਕੇ ਜਾਓ, ਜਾ ਜਾ ਖ਼ੁਸ਼ੀ ਮਨਾਈਆ । ਸ੍ਰੀ ਭਗਵਾਨ ਤੁਹਾਡੇ ਲਾਗੇ ਪਾਓ, ਨਿਉਂ ਨਿਉਂ ਆਪਣਾ ਸੀਸ ਝੁਕਾਈਆ । ਸੋ ਖੇੜਾ ਵਸੇ ਗਾਉਂ, ਜਿਸ ਗਰਾਂ ਹਰਿਜਨ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਚ ਰਿਹਾ ਸਮਝਾਈਆ । ਲਾਲੋ ਅੰਦਰ ਪਹਿਲੋਂ ਲੰਘਣਾ, ਧਰਮ

ਦੁਆਰ ਵਖਾਇੰਦਾ । ਪਿਛੇ ਆਏ ਬ੍ਰਹਿਮਣ ਜਿਸ ਚੁਕਿਆ ਕੰਗਣਾ, ਰਵਦਾਸ ਚੁਮਾਰਾ ਰਾਹ ਜਣਾਇੰਦਾ । ਹਰਿ ਸੰਗਤ ਔਂਦੀ ਮੂਲ ਨਾ ਸੰਗਣਾ, ਜ਼ਾਹਰਾ ਹੋ ਆਪ ਸਮਝਾਇੰਦਾ । ਮਾਣਸ ਜਨਮ ਨਾ ਹੋਏ ਭੰਗਣਾ, ਜਿਸ ਜਨ ਆਪਣਾ ਮੇਲ ਮਿਲਾਇੰਦਾ । ਭਰਮ ਭੁਲੇਖਾ ਝੂਠਾ ਕੱਢਣਾ, ਕੂੜੀ ਕਿਰਿਆ ਮੇਟ ਮਿਟਾਇੰਦਾ । ਦੀਨ ਮਜ਼੍ਹਬ ਦਾ ਝਗੜਾ ਛੱਡਣਾ, ਅੱਗੇ ਇਕੋ ਹਰਿ ਜੂ ਨਜ਼ਰੀ ਆਇੰਦਾ । ਦੀਪਕ ਜੋਤੀ ਬਣ ਕੇ ਜਗਣਾ, ਅਗਿਆਨ ਅੰਧੇਰ ਮਿਟਾਇੰਦਾ । ਬਾਈ ਚੇਤਰ ਸਭ ਦੇ ਮੁਖ ਨੂੰ ਲਾਏ ਸਗਨਾ, ਹਰਿ ਸਾਚਾ ਸਗਨ ਮਨਾਇੰਦਾ । ਪੰਜ ਤੱਤ ਲੱਗੀ ਬੁਝੇ ਅਗਨਾ, ਅੰਮ੍ਰਿਤ ਮੇਘ ਬਰਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਆਪ ਸੁਣਾਇੰਦਾ । ਹਰਿ ਸੰਗਤ ਉਠ ਹੋ ਤਿਆਰ, ਤਿਆਰੀ ਆਪ ਕਰਾਈਆ । ਸੋਹੰ ਸ਼ਬਦ ਬੋਲੇ ਜੈਕਾਰ, ਜੈ ਜੈਕਾਰ ਹੋਏ ਸਰਬ ਥਾਈਂਆ । ਨੇਤਰ ਵੇਖਣ ਗੁਰ ਅਵਤਾਰ, ਪੀਰ ਪੈਗ਼ੰਬਰ ਧਿਆਨ ਲਗਾਈਆ । ਵਿਸ਼ਨ ਬ੍ਰਹਮਾ ਸ਼ਿਵ ਫੁਲ ਬਰਖ਼ਣ ਬਰਖ਼ਾ ਧਾਰ, ਕਰੋੜ ਤੇਤੀਸਾ ਏਕਾ ਮੇਘ ਬਰਸਾਈਆ । ਕਿਰਪਾ ਕਰੇ ਆਪ ਕਰਤਾਰ, ਕਰਤਾ ਪੁਰਖ ਹੋਏ ਸਹਾਈਆ । ਜੋਧੇ ਸੂਰਬੀਰ ਬਣੇ ਬਲਕਾਰ, ਬਲ ਆਪਣਾ ਆਪ ਪਰਗਟਾਈਆ । ਭਗਤ ਅਠਾਰਾਂ ਵਾਜਾਂ ਰਹੇ ਮਾਰ, ਕਬੀਰ ਜੁਲਾਹਾ ਕੂਕ ਕੂਕ ਸੁਣਾਈਆ । ਆਓ ਮਿਲੋ ਹਰਿ ਕੇ ਦੁਆਰ, ਹਰੀ ਹਰਿ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਬਣ ਦਰਵੇਸ਼ ਸਭ ਨੂੰ ਪਾਰ ਕਰਾਈਆ । ਦਰਵੇਸ਼ ਬਣੇ ਹਰਿ ਦਰਬਾਨ, ਸੇਵਾ ਸੇਵ ਕਮਾਇੰਦਾ । ਗੁਰਮੁਖ ਖ਼ੁਸ਼ੀ ਖ਼ੁਸ਼ੀ ਅੰਦਰ ਲੰਘ ਜਾਣ, ਰਾਹ ਵਿਚ ਨਾ ਕੋਇ ਅਟਕਾਇੰਦਾ । ਲੋਕਮਾਤ ਪਹਿਲੋਂ ਦੇਵੇ ਮਾਣ, ਸਚਖੰਡ ਦੁਆਰ ਫੇਰ ਬਹਾਇੰਦਾ । ਸ਼ਬਦ ਅਗੰਮੀ ਲੈ ਕੇ ਆਏ ਬਬਾਣ, ਜਮ ਨੇੜ ਨਜ਼ਰ ਕਿਸੇ ਨਾ ਆਇੰਦਾ । ਗੁਰਸਿਖ ਤੇਰੀ ਕੋਈ ਨਾ ਲਾਹੇ ਮੁਕਾਣ, ਸਤਿਗੁਰ ਆਪਣੀ ਗੋਦ ਉਠਾਇੰਦਾ । ਝੁਲਦਾ ਰਹੇ ਸਦਾ ਨਿਸ਼ਾਨ, ਨਿਸ਼ਾਨਾ ਇਕੋ ਇਕ ਜਣਾਇੰਦਾ । ਪਵਣ ਪਾਣੀ ਸੀਸ ਝੁਕਾਣ, ਦੇਵਤ ਸੁਰ ਧਿਆਨ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਨ੍ਹਾਂ ਹਰਿ ਜੂ ਸੇਵ ਕਮਾਇੰਦਾ । ਸੇਵਕ ਬਣਿਆ ਚੋਬਦਾਰ, ਦਰ ਦਰਵੇਸ਼ ਸੇਵ ਕਮਾਈਆ । ਸਾਰਿਆਂ ਕਰੇ ਖ਼ਬਰਦਾਰ, ਜਨ ਭਗਤਾਂ ਨੇੜ ਕੋਇ ਨਾ ਆਈਆ । ਦੂਰ ਦੁਰਾਡੇ ਵਿਸ਼ਨ ਬ੍ਰਹਮਾ ਸ਼ਿਵ ਕਰੋੜ ਤੇਤੀਸਾ ਕਰੇ ਨਿਮਸਕਾਰ, ਗੁਰਮੁਖਾਂ ਸੀਸ ਝੁਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਬੋਲਣ ਜੈਕਾਰ, ਵਾਹਵਾ ਵੱਜੇ ਸਚ ਵਧਾਈਆ । ਜਿਨ੍ਹਾਂ ਦਾ ਰਾਖਾ ਬਣਿਆ ਆਪ ਨਿਰੰਕਾਰ, ਤੱਤੀ ਵਾ ਨਾ ਲਾਗੇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਇਕ ਉਠਾਈਆ । ਮਿਹਰ ਨਜ਼ਰ ਹਰਿ ਉਠਾ, ਆਪਣੀ ਦਇਆ ਕਮਾਇੰਦਾ । ਨੌਂ ਸੌ ਚੁਰਾਨਵੇਂ ਚੌਕੜੀ ਜੋ ਰਿਹਾ ਲੁਕਾ, ਕਲਜੁਗ ਅੰਤਮ ਪਰਦਾ ਲਾਹਿੰਦਾ । ਸਾਹਿਬ ਸੁਲਤਾਨ ਸਤਿਗੁਰ ਪੂਰਾ ਤੁਠਾ, ਦੀਨਨ ਆਪ ਰਾਹ ਜਣਾਇੰਦਾ । ਅੰਮ੍ਰਿਤ ਜਾਮ ਪਿਆਏ ਘੁੱਟਾ, ਨਿਝਰ ਰਸ ਇਕ ਚਖਾਇੰਦਾ । ਆਵਣ ਜਾਵਣ ਲੱਖ ਚੁਰਾਸੀ ਨਾਤਾ ਤੁੱਟਾ, ਮਾਤ ਗਰਭ ਨਾ ਫੇਰ ਭੁਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭਗਤ ਭਗਵਾਨ ਕਰ ਪਰਵਾਨ, ਦਰ ਅੰਦਰ ਆਪ ਬਹਾਇੰਦਾ । ਏਕਾ ਦਏ ਭਗਤ ਵਡਿਆਈ, ਹਰਿ ਵੱਡਾ ਵਡ ਵਡਿਆਇੰਦਾ । ਦੂਜੀ ਸ਼ਬਦ ਕਰੇ ਕੁੜਮਾਈ, ਤੀਜੇ ਤੀਜਾ ਨੈਣ ਖੁਲ੍ਹਾਇੰਦਾ । ਚੌਥੇ ਚੌਥੇ ਪਦ ਦਏ ਬਹਾਈ, ਪੰਚਮ ਪੰਚਮ ਮੇਲ ਮਿਲਾਇੰਦਾ । ਛੇਵੇਂ ਛੇਵੇਂ ਘਰ

ਰਿਹਾ ਸਮਝਾਈ, ਸੱਤਵੇਂ ਸਤਿਵਾਦੀ ਭੇਵ ਚੁਕਾਇੰਦਾ । ਅੱਠਵੇਂ ਅੱਠਾਂ ਤੱਤਾਂ ਰਿਹਾ ਛੁਡਾਈ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਬੰਧਨ ਨਾ ਕੋਇ ਪਾਇੰਦਾ । ਨਾਵੇਂ ਨੌਂ ਦਰ ਰਿਹਾ ਪਾਰ ਕਰਾਈ, ਨੌਂ ਖੰਡਾਂ ਪੈਂਡਾ ਆਪ ਮੁਕਾਇੰਦਾ । ਦਸਵੇਂ ਦਹਿ ਦਿਸ਼ਾ ਵੇਖੇ ਚਾਈਂ ਚਾਈਂ, ਦਸਮ ਦੁਆਰੀ ਪਰਦਾ ਆਪ ਉਠਾਇੰਦਾ । ਸੰਤ ਸੁਹੇਲੇ ਫੜ ਫੜ ਬਾਹੀਂ, ਘਰ ਆਪਣੇ ਆਪ ਰਖਾਇੰਦਾ । ਕਰੇ ਕਰਾਏ ਸਚ ਨਿਆਈਂ, ਅਦਲ ਆਦਲ ਇਕ ਕਮਾਇੰਦਾ । ਦੇਵਣਹਾਰਾ ਠੰਡੀ ਛਾਈਂ, ਮਿਹਰ ਨਜ਼ਰ ਆਪ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਕਰੇ ਆਪ ਕਲਿਆਣ, ਦੂਜਾ ਸੰਗ ਨਾ ਕੋਇ ਰਖਾਇੰਦਾ ।

ਦੂਜਾ ਸੰਗ ਨਾ ਕੋਇ ਮੀਤ, ਮਿੱਤਰ ਪਿਆਰਾ ਇਕੋ ਨਜ਼ਰੀ ਆਈਆ । ਸਤਿਜੁਗ ਦੀ ਸਾਚੀ ਰੀਤ, ਸਤਿ ਸਤਿਵਾਦੀ ਆਪ ਸਮਝਾਈਆ । ਆਤਮ ਪਰਮਾਤਮ ਢੋਲਾ ਗੀਤ, ਸੋਹੰ ਕਰੇ ਆਪ ਪੜ੍ਹਾਈਆ । ਨਾਤਾ ਤੁੱਟੇ ਮੰਦਰ ਮਸੀਤ, ਕਾਇਆ ਮੰਦਰ ਇਕ ਸੁਹਾਈਆ । ਦੂਰ ਦੁਰਾਡਾ ਨਜ਼ਰੀ ਆਏ ਨਜ਼ਦੀਕ, ਨੇਰਨ ਨੇਰਾ ਖੇਲ ਕਰਾਈਆ । ਪਰਗਟ ਹੋ ਲਾਸ਼ਰੀਕ, ਸ਼ਹਿਨਸ਼ਾਹ ਆਪਣਾ ਫੇਰਾ ਪਾਈਆ । ਨਿਰਗੁਣ ਧਾਰ ਰੱਖੇ ਬਾਰੀਕ, ਜਗਤ ਨੈਣ ਨਜ਼ਰ ਕਿਸੇ ਨਾ ਆਈਆ । ਲੇਖਾ ਜਾਣੇ ਹਸਤ ਕੀਟ, ਕੀਟ ਹਸਤ ਇਕੋ ਰੰਗ ਵਖਾਈਆ । ਸਦੀ ਚੌਧਵੀਂ ਗਈ ਬੀਤ, ਬੀਸ ਬੀਸਾ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਸੰਗਤ ਬੇੜਾ ਬੰਨ੍ਹ ਵਖਾਈਆ । ਹਰਿ ਸੰਗਤ ਬੇੜਾ ਬੰਨ੍ਹੇ ਤੇਰਾ, ਸਤਿਗੁਰ ਆਪਣੇ ਕੰਧ ਰਖਾਇੰਦਾ । ਆਵਣ ਜਾਵਣ ਚੁੱਕੇ ਝੇੜਾ, ਝੇੜਾ ਹੋਰ ਨਾ ਕੋਇ ਵਖਾਇੰਦਾ । ਵਸਦਾ ਰਹੇ ਭਗਤ ਭਗਵਾਨ ਖੇੜਾ, ਮੰਦਰ ਇਕੋ ਇਕ ਵਡਿਆਇੰਦਾ । ਨਾਤਾ ਜੁੜਿਆ ਤੇਰਾ ਮੇਰਾ, ਮੇਰਾ ਤੇਰਾ ਰੂਪ ਨਜ਼ਰ ਕੋਇ ਨਾ ਆਇੰਦਾ । ਸ਼ਬਦੀ ਪਰਗਟ ਹੋਇਆ ਸ਼ੇਰਾ, ਸ਼ਹਿਨਸ਼ਾਹ ਆਪਣਾ ਫੇਰਾ ਪਾਇੰਦਾ । ਚਾਰੋਂ ਕੁੰਟ ਪਾਏ ਘੇਰਾ, ਨਾਮ ਡੋਰੀ ਤੰਦ ਰਖਾਇੰਦਾ । ਕੂੜੀ ਕਿਰਿਆ ਚੁੱਕੇ ਡੇਰਾ, ਢਾਹ ਢਾਹ ਢੇਰੀ ਖ਼ਾਕ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਆਪ ਕਮਾਇੰਦਾ । ਸੇਵਾਦਾਰ ਫੜ ਕੇ ਸੋਟੀ, ਸੋਹਣੀ ਸੇਵ ਕਮਾਈਆ । ਚੜ੍ਹ ਕੇ ਵੇਖੇ ਉਪਰ ਚੋਟੀ, ਪਰਦਾ ਆਪ ਚੁਕਾਈਆ । ਕਰ ਪਰਕਾਸ਼ ਨਿਰਮਲ ਜੋਤੀ, ਜੋਤੀ ਜੋਤ ਡਗਮਗਾਈਆ । ਸੁਰਤ ਸਵਾਣੀ ਉਠਾਏ ਸੋਤੀ, ਆਲਸ ਨਿੰਦਰਾ ਦਏ ਗਵਾਈਆ । ਗੁਰਮੁਖ ਤੇਰੀ ਮਤ ਨਾ ਰਹੇ ਹੋਛੀ, ਗੁਰਮਤ ਇਕੋ ਇਕ ਜਣਾਈਆ । ਨਾਤਾ ਤੁਟਿਆ ਪਿਛਲਾ ਪੋਥੀ, ਸਬਕ ਪੜ੍ਹਨ ਨਾ ਕੋਇ ਜਾਈਆ । ਤਾਲ ਵਜਾਏ ਨਾ ਕੋਈ ਪਿਛੇ ਰੋਟੀ, ਸ੍ਰੀ ਭਗਵਾਨ ਇਕੋ ਇਕ ਧਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵਾ ਰਿਹਾ ਕਰਾਈਆ । ਪਹਿਰੇਦਾਰ ਫੜਿਆ ਡੰਡਾ, ਡੰਡੌਤ ਇਕੋ ਇਕ ਜਣਾਇੰਦਾ । ਭਗਤ ਕੋਇ ਨਾ ਰਹਿ ਜਾਏ ਰੰਡਾ, ਸ੍ਰੀ ਭਗਵਾਨ ਆਪਣੇ ਨਾਲ ਪਰਨਾਇੰਦਾ । ਹੱਥ ਕੋਇ ਨਾ ਰਖਾਵੇ ਖੰਡਾ, ਬਿਨ ਖੰਡਿਉਂ ਕਾਰਜ ਸਭ ਦੇ ਪੂਰ ਕਰਾਇੰਦਾ । ਬਿਨ ਬੰਦਗੀਉਂ ਬਣਾਏ ਬੰਦਾ, ਮਿਹਰ ਨਜ਼ਰ ਆਪ ਟਿਕਾਇੰਦਾ । ਗੁਰਮੁਖ ਕੋਇ ਨਾ ਰਹਿ ਜਾਏ ਗੰਦਾ, ਕੂੜੀ ਕਿਰਿਆ ਬਾਹਰ ਕਢਾਇੰਦਾ । ਜੋ ਜਨ ਸੋਹੰ ਗਾਏ ਛੰਦਾ, ਤਿਸ ਆਪਣਾ ਮੇਲ ਮਿਲਾਇੰਦਾ । ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੇਵਕ ਸਾਚੀ ਸੇਵ ਕਮਾਇੰਦਾ । ਸੇਵਾਦਾਰ ਫੜ ਕੇ ਸੋਟਾ, ਹੁਕਮੀ ਹੁਕਮ ਜਣਾਈਆ । ਸੰਗਤ ਵਿਚ ਕੋਈ ਨਾ ਰਹੇ ਖੋਟਾ, ਸਭ ਦੀ ਵਾਸਨਾ ਦਏ ਮਿਟਾਈਆ । ਸ੍ਰੀ ਭਗਵਾਨ ਇਕੋ ਇਕ ਓਟਾ, ਦੂਜਾ ਇਸ਼ਟ ਨਾ ਕੋਇ ਮਨਾਈਆ । ਸਤਿਗੁਰ ਸੱਚਾ ਇਕੋ ਬਹੁਤਾ, ਬਹੁਤੇ ਗੁਰੂ ਕੰਮ ਕਿਸੇ ਨਾ ਆਈਆ । ਸ਼ਬਦ ਗੁਰੂ ਕਸ ਲੰਗੋਟਾ, ਦੋ ਜਹਾਨ ਫਿਰੇ ਵਾਹੋ ਦਾਹੀਆ । ਕਿਸੇ ਅੱਗੇ ਚੜ੍ਹਾਵਾ ਚੜ੍ਹਨ ਨਾ ਦੇਵੇ ਪੱਕਿਆ ਪਰੌਂਠਾ, ਸੇਵੀਆਂ ਭੋਗ ਨਾ ਕੋਇ ਲਗਾਈਆ । ਦੋ ਜਹਾਨਾਂ ਮਿਲੇ ਇਕੋ ਹੋਕਾ, ਪੀਰ ਪੈਗ਼ੰਬਰ ਸੁਣਨ ਕੰਨ ਲਾਈਆ । ਸ੍ਰੀ ਭਗਵਾਨ ਅੰਤਮ ਹੋਇਆ ਭਗਤਾਂ ਜੋਗਾ, ਜੁਗਤੀ ਆਪਣੀ ਰਿਹਾ ਜਣਾਈਆ । ਸੋਹੰ ਹੰਸਾ ਚੁਣੇ ਚੋਗਾ, ਮਾਣਕ ਮੋਤੀ ਚੋਗ ਖਵਾਈਆ । ਜਨਮ ਕਰਮ ਰਹੇ ਨਾ ਰੋਗਾ, ਚਿੰਤਾ ਸੋਗ ਨਾ ਕੋਇ ਰਖਾਈਆ । ਮੇਲ ਮਿਲਾਏ ਧੁਰ ਸੰਜੋਗਾ, ਧੁਰ ਸੰਜੋਗੀ ਫੇਰਾ ਪਾਈਆ । ਲੇਖਾ ਚੁੱਕੇ ਚੌਦਾਂ ਲੋਕਾ, ਚੌਦਾਂ ਤਬਕਾਂ ਚਰਨਾਂ ਹੇਠ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭਗਤ ਭਗਵਾਨ ਇਕੋ ਘਰ ਵਖਾਈਆ । ਇਕੋ ਘਰ ਵੇਖੋ ਨੇਤਰ, ਹਰਿ ਨੈਣਾਂ ਆਪ ਜਣਾਇੰਦਾ । ਮਿਲੇ ਵਡਿਆਈ ਬਾਈ ਚੇਤਰ, ਦੂਆ ਦੂਆ ਜੋੜ ਜੁੜਾਇੰਦਾ । ਘਰ ਵਿਚ ਘਰ ਸਾਚਾ ਖੇਤਰ, ਫੁਲ ਫਲਵਾੜੀ ਆਪ ਮਹਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਇੰਦਾ । ਹਰਿਜਨ ਸਾਚੇ ਪਾਰ ਕਰ, ਪ੍ਰਭ ਆਪਣੀ ਦਇਆ ਕਮਾਈਆ । ਲੇਖਾ ਜਾਣ ਪੁਰਖ ਨਾਰ, ਬਿਰਧ ਬਾਲ ਹੋਏ ਸਹਾਈਆ । ਊਚ ਨੀਚ ਨਾ ਕੋਇ ਵਿਚਾਰ, ਰਾਉ ਰੰਕ ਨਾ ਕੋਇ ਵਡਿਆਈਆ । ਸਰਬ ਜੀਆਂ ਦਾ ਸਾਂਝਾ ਯਾਰ, ਸ੍ਰੀ ਭਗਵਾਨ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਹਰਿ ਖੇਲ ਕਰ, ਕਰਨੀ ਆਪ ਕਮਾਇੰਦਾ । ਗੁਰਮੁਖ ਦੁਆਰੇ ਅੰਦਰ ਵੜ, ਅੰਦਰ ਬਾਹਰ ਰੰਗ ਚੜ੍ਹਾਇੰਦਾ । ਜਿਸ ਲਗਾਏ ਆਪ ਜੜ੍ਹ, ਤਿਸ ਮਾਤ ਨਾ ਕੋਇ ਉਖੜਾਇੰਦਾ । ਇਕੀ ਸਾਲ ਪਿਛੋਂ ਜੋ ਏਥੇ ਆਏ ਸੋ ਜਾਏ ਤਰ, ਡੁਬਦਿਆਂ ਬੇੜਾ ਪਾਰ ਕਰਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿ ਭਗਤ ਪੱਲੂ ਲਏ ਫੜ, ਫੜ ਬਾਹੋਂ ਆਪ ਲੰਘਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵਣਹਾਰਾ ਸਾਚਾ ਵਰ, ਜੋਧਾ ਸੂਰ ਬਲੀ ਬਲਵਾਨ, ਬਲ ਇਕੋ ਇਕ ਰਖਾਇੰਦਾ ।

ਮੀਨਾ ਜਲ ਕਰਿਆ ਹੀਣ, ਭਗਤ ਦਏ ਵਡਿਆਈਆ । ਭਗਤ ਵਿਛੋੜੇ ਤੜਫ਼ੇ ਜਿਉਂ ਜਲ ਮੀਨ, ਜਲ ਮੀਨ ਆਪ ਅਖਵਾਈਆ । ਲੇਖਾ ਚੁੱਕੇ ਲੋਕ ਤੀਨ, ਤ੍ਰੈਗੁਣ ਡੇਰਾ ਦੇਵੇ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਹੋਇਆ ਨੇਤਰਹੀਣ, ਜਨ ਭਗਤਾਂ ਨੈਣ ਦਏ ਖੁਲ੍ਹਾਈਆ । ਜੇ ਕੋਈ ਕਹੇ ਭਗਤ ਕੱਚਾ, ਕੱਚੀ ਰੀਤ ਨਾ ਕੋਇ ਬਣਾਈਆ । ਭਗਤਾਂ ਪਿਛੇ ਹੋਏ ਆਪ ਸੱਚਾ, ਬਿਨ ਭਗਤਾਂ ਹਰਿ ਜੂ ਕੰਮ ਕਿਸੇ ਨਾ ਆਈਆ । ਭਗਤ ਬਣਾਏ ਆਪਣਾ ਬੱਚਾ, ਪਿਤਾ ਪੂਤ ਦਏ ਵਡਿਆਈਆ । ਲੂੰ ਲੂੰ ਅੰਦਰ ਆਪੇ ਰਚਾ, ਰਚ ਰਚ ਆਪਣਾ ਆਪ ਮਿਟਾਈਆ । ਨਾਤਾ ਜੋੜੇ ਬਣ ਕੇ ਸੱਜਣ ਸਕਾ, ਸਗਲਾ ਸੰਗ ਨਿਭਾਈਆ । ਸੇਵਾ ਕਰਦਿਆਂ ਸ੍ਰੀ ਭਗਵਾਨ ਕਦੇ ਨਾ ਥੱਕਾ, ਜੁਗ ਜੁਗ

ਆਪਣੀ ਸੇਵ ਲਗਾਈਆ । ਪਿਛੇ ਹਟਾਇਆਂ ਕਦੇ ਨਾ ਹਟਾ, ਜਿਨ੍ਹਾਂ ਪਿਛੇ ਪੈ ਗਿਆ ਕਰ ਕੇ ਆਪਣੀ ਧਾਈਆ । ਕੀ ਹੋਇਆ ਜੇ ਧੰਨੇ ਚਾਰਿਆ ਵੱਛਾ, ਤੁਹਾਡੇ ਦਰ ਤੇ ਸੇਵ ਕਮਾਈਆ । ਜੇ ਅਜੇ ਵੀ ਨਾ ਕਹੋ ਅੱਛਾ, ਫਿਰ ਵੀ ਤੁਹਾਡੀ ਚਲੇ ਰਜ਼ਾਈਆ । ਕਲੰਦਰ ਬਣ ਕੇ ਨੱਚਾ, ਨਟੂਆ ਸਾਂਗ ਵਖਾਈਆ । ਬਾਲਕ ਗੋਦੀ ਚੁੱਕੇ ਬਣ ਕੇ ਜ਼ੱਚਾ, ਖਾਣ ਪੀਣ ਦੀ ਤ੍ਰਿਸ਼ਨਾ ਨਾ ਕੋਇ ਵਧਾਈਆ । ਤੁਹਾਡੇ ਪਿਛੇ ਲੈ ਕੇ ਫਿਰੇ ਭੱਤਾ, ਬਣ ਸਵਾਣੀ ਸੇਵ ਕਮਾਈਆ । ਤੁਹਾਡੀ ਸਿਫ਼ਤ ਅੰਦਰ ਗੁਰ ਅਵਤਾਰਾਂ ਪੀਰ ਪੈਗ਼ਬਰਾਂ ਲਿਖਿਆ ਪਤਾ, ਖਾਣੀ ਬਾਣੀ ਸਿਫ਼ਤ ਸਾਲਾਹੀਆ । ਅੰਤਮ ਨਾਤਾ ਜੋੜੇ ਪੱਕਾ, ਪੱਕੀ ਤਰਾਂ ਸਮਝਾਈਆ । ਪ੍ਰੇਮ ਪ੍ਰੀਤੀ ਝੋਲੀ ਪਾਓ ਫੱਕਾ, ਡੂੰਮ ਜਜਮਾਨਾ ਘਰ ਮੰਗਣ ਆਈਆ । ਹੋ ਨਿਮਾਣਾ ਦਰਗਹਿ ਨਿਵਾਸੀ ਦਰ ਤੇ ਢੱਠਾ, ਅਲੱਖ ਅਗੋਚਰ ਅਲਖ ਇਕ ਜਗਾਈਆ । ਪਿਛਲਾ ਸਭ ਦਾ ਮਿਟ ਜਾਏ ਰੱਟਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਦਾ ਵਡਿਆਈਆ । ਜੇ ਕੋਈ ਕਹੇ ਭਗਤ ਨਾਦਾਨ, ਸ੍ਰੀ ਭਗਵਾਨ ਦਇਆ ਕਮਾਇੰਦਾ । ਸਤਿ ਧਰਮ ਦਾ ਇਕ ਨਿਸ਼ਾਨ, ਭਗਤ ਭਗਵਾਨ ਆਪ ਬਣਾਇੰਦਾ । ਧੁਰ ਸੰਦੇਸਾ ਦੇਵੇ ਆਣ, ਨਰ ਨਰੇਸ਼ਾ ਆਪ ਸੁਣਾਇੰਦਾ । ਕਿਰਪਾਨਿਧ ਕਰ ਪਰਵਾਨ, ਪਰਵਾਨਾ ਆਪਣਾ ਹੱਥ ਫੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸੋਹਣਾ ਭਗਤ ਸੁਚੱਜਿਆ, ਸੋਹਣੀ ਵੰਡ ਵੰਡਾਇੰਦਾ । ਹਾਰ ਕਹਿਣ ਸਾਨੂੰ ਆਵੇ ਹਾਸਾ, ਇਕ ਦੂਜੇ ਨੂੰ ਦੰਦੀਆਂ ਰਹੇ ਵਖਾਈਆ । ਮੁੱਢ ਟਾਹਣੀ ਨਾ ਕੋਈ ਸ਼ਾਖ਼ਾ, ਪਤ ਨਜ਼ਰ ਕੋਇ ਨਾ ਆਈਆ । ਇਕੋ ਭਗਤਾਂ ਨਾਲ ਬਣਿਆ ਸਾਥਾ, ਸੱਚਾ ਸੰਗ ਰਖਾਈਆ । ਕਲਜੁਗ ਅੰਤ ਪਰਤ ਕੇ ਵੇਖਿਆ ਪਾਸਾ, ਹਰਿ ਜੂ ਪਾਸਾ ਸਭ ਦਾ ਰਿਹਾ ਉਲਟਾਈਆ ।

੨੦੮ ੧੪

ਭਗਤ ਦੁਆਰੇ ਸਾਨੂੰ ਦੇਵੇ ਦਿਲਾਸਾ, ਭਗਤਾਂ ਨਾਲ ਮਿਲਾਈਆ । ਭਗਤ ਪੂਰੀ ਕਰੇ ਆਸਾ, ਆਸਾ ਭਗਵਾਨ ਝੋਲੀ ਪਾਈਆ । ਬਿਨ ਹਰਿ ਦੁਆਰੇ ਸਾਡੀ ਕੀਮਤ ਕੋਈ ਨਾ ਪਾਏ ਤੋਲਾ ਮਾਸਾ, ਸਾਚੇ ਹੱਟ ਨਾ ਕੋਇ ਵਿਕਾਈਆ । ਜੋ ਉਪਜਿਆ ਸੋ ਅੰਤ ਵਿਨਾਸਾ, ਥਿਰ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਨੂੰ ਦਿਤਾ ਇਕ ਵਰ, ਜਨ ਭਗਤਾਂ ਜੋੜ ਜੁੜਾਈਆ । ਦਰਸ਼ਨ ਦੇਵੇ ਦੀਨ ਦਿਆਲ, ਦਇਆਨਿਧ ਅਖਵਾਈਆ । ਜਿਸ ਜਨ ਉਪਰ ਹੋਏ ਕਿਰਪਾਲ, ਮਿਹਰ ਨਜ਼ਰ ਉਠਾਈਆ । ਗੁਰਮੁਖ ਵੇਖੇ ਸੱਚਾ ਲਾਲ, ਬਖ਼ਸ਼ੇ ਚਰਨ ਸਰਨਾਈਆ । ਤ੍ਰੈਗੁਣ ਮਾਇਆ ਤੋੜ ਜੰਜਾਲ, ਜੀਵਣ ਜੁਗਤ ਦਏ ਜਣਾਈਆ । ਘਰ ਵਿਚ ਘਰ ਵਖਾਏ ਧਰਮਸਾਲ, ਧਰਮ ਦੁਆਰ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਤਮ ਦਰਸੀ ਇਕੋ ਦਰਸ ਦਿਖਾਈਆ । ਆਤਮ ਦਰਸੀ ਦੇਵੇ ਦਰਸ, ਦੀਨ ਦਿਆਲ ਦਇਆ ਕਮਾਇੰਦਾ । ਜਨਮ ਜਨਮ ਦੀ ਮਿਟੇ ਹਰਸ, ਕਰਮ ਕਰਮ ਦਾ ਰੋਗ ਮਿਟਾਇੰਦਾ । ਲਹਿਣਾ ਦੇਣਾ ਚੁਕਾਏ ਅਰਸ਼ ਫ਼ਰਸ਼, ਭੇਵ ਅਭੇਦਾ ਆਪ ਜਣਾਇੰਦਾ । ਅੰਮ੍ਰਿਤ ਮੇਘ ਇਕੋ ਬਰਸ, ਅਗਨੀ ਤੱਤ ਮਿਟਾਇੰਦਾ । ਜਗਤ ਦੁਆਰ ਨਾ ਜਾਏ ਅਟਕ, ਜਿਸ ਸਿਰ ਆਪਣਾ ਹੱਥ ਟਿਕਾਇੰਦਾ । ਜਗਤ ਤ੍ਰਿਸ਼ਨਾ ਮੇਟੇ ਭਟਕ, ਭਾਵਨਾ ਆਸਾ ਪੂਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰ ਕਿਰਪਾ ਵੇਖ ਵਖਾਇੰਦਾ । ਦਰਸ ਦੇਵੇ ਦਇਆਵਾਨ, ਦਾਤਾ ਦਾਨੀ ਇਕ ਅਖਵਾਈਆ । ਸਤਿਗੁਰ ਪੂਰਾ ਸ਼ਬਦ ਜਵਾਨ, ਨਵ ਜੋਬਨ ਇਕ ਹੰਢਾਈਆ । ਜੁਗ ਚੌਕੜੀ ਹੋ ਪਰਧਾਨ, ਨਾਮ ਪਰਧਾਨਗੀ ਇਕ ਵਖਾਈਆ । ਸੰਤ ਸੱਜਣ ਕਰ ਪਹਿਚਾਣ, ਪਰਦਾ ਦੂਈ ਦਵੈਤ ਮਿਟਾਈਆ ।

੨੦੮ ੧੪

ਨਿਸ਼ਅੱਖਰ ਦੇ ਗਿਆਨ, ਅੱਖਰ ਅੱਖਰ ਦਏ ਸਮਝਾਈਆ । ਸਾਢੇ ਤਿੰਨ ਹੱਥ ਵੇਖ ਮਕਾਨ, ਬੇਮੁਕਾਮ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰਸ ਹਵਸ ਹਰਸ ਦਏ ਗਵਾਈਆ । ਹਰਿ ਸਤਿਗੁਰ ਦਰਸ਼ਨ ਜੋ ਜਨ ਲਏ ਪੇਖ, ਬਿਨ ਨੈਣਾਂ ਨਜ਼ਰੀ ਆਇੰਦਾ । ਗਹਿਰ ਗੰਭੀਰ ਕਰੇ ਹੇਤ, ਨਿਤ ਨਵਿਤ ਵੇਖ ਵਖਾਇੰਦਾ । ਖੇਲ੍ਹਣਹਾਰ ਭੇਵ ਅਭੇਤ, ਅਨਭਵ ਆਪਣੀ ਧਾਰ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰਸ਼ਨ ਦੇਵੇ ਸਚ ਘਰ, ਗ੍ਰਿਹ ਮੰਦਰ ਇਕ ਵਡਿਆਇੰਦਾ । ਦਰਸ਼ਨ ਦੇਵੇ ਖੋਲ੍ਹ ਤਾਕੀ, ਪਰਦਾ ਆਪ ਉਠਾਈਆ । ਜਾਮ ਪਿਆਏ ਬਣ ਕੇ ਸਾਕੀ, ਅੰਮ੍ਰਿਤ ਝਿਰਨਾ ਮੁਖ ਚੁਆਈਆ । ਲੇਖਾ ਜਾਣੇ ਪੰਜ ਤੱਤ ਖ਼ਾਕੀ, ਖ਼ਾਕ ਪਾਕ ਨੂਰ ਦਰਸਾਈਆ । ਸਾਹਿਬ ਸਤਿਗੁਰ ਬਣ ਸਾਥੀ, ਸਗਲਾ ਸੰਗ ਨਿਭਾਈਆ । ਮਨ ਹੰਕਾਰ ਨਾ ਰਹੇ ਹਾਥੀ, ਨਿਵਣ ਸੋ ਅੱਖਰ ਕਰੇ ਪੜ੍ਹਾਈਆ । ਪਾਰ ਕਰਾਏ ਡੂੰਘੀ ਘਾਟੀ, ਕਿਨਾਰਾ ਇਕੋ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਆਪਣਾ ਦਰਸ ਵਖਾਈਆ । ਦਰਸ ਕਰੇ ਜਨ ਨੇਤਰ ਖੋਲ੍ਹ, ਨਿਜ ਨੇਤਰ ਆਪ ਜਣਾਇੰਦਾ । ਬਿਨ ਰਸਨਾ ਜਿਹਵਾ ਪਏ ਬੋਲ, ਅਨਬੋਲਤ ਰਾਗ ਸੁਣਾਇੰਦਾ । ਆਤਮ ਪਰਮਾਤਮ ਜਾਏ ਮੌਲ, ਮੌਲਾ ਇਕੋ ਨਜ਼ਰੀ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਘਰ ਸਾਚੇ ਦਰਸ ਕਰਾਇੰਦਾ । ਦਰਸ ਕਰ ਮਿਟੇ ਅੰਧੇਰਾ, ਅੰਧ ਅਗਿਆਨ ਰਹਿਣ ਨਾ ਪਾਈਆ । ਨਜ਼ਰੀ ਨਾ ਆਏ ਨੇਤਰ ਹਨੇਰਾ, ਦੂਰ ਦੁਰਾਡਾ ਪੰਧ ਮੁਕਾਈਆ । ਬਿਨ ਭਗਤ ਭੇਵ ਭਗਵਾਨ ਜਾਣੇ ਕਿਹੜਾ, ਲੱਖ ਚੁਰਾਸੀ ਢੂੰਡੇ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦੇ ਦਰਸ ਕਰੇ ਨਿਹਾਲ, ਗੁਰ ਸ਼ਬਦੀ ਬਣ ਦਲਾਲ, ਵਖਾਏ ਮੰਦਰ ਸੱਚੀ ਧਰਮਸਾਲ, ਦੁਆਰਾ ਇਕੋ ਇਕ ਸੁਹਾਈਆ । ਯਾਰ ਮਾਹੇ ਹਰਿ ਸ਼ੁਨੀਦ, ਦੀਦ ਇਕ ਕਰਾਇੰਦਾ । ਪੀਰ ਪੈਗ਼ੰਬਰ ਕਰ ਤਾਈਦ, ਕਲਮਾ ਨਿਹਕਰਮਾ ਆਪ ਪੜ੍ਹਾਇੰਦਾ । ਹਰਫ਼ ਦੋ ਹਰਫ਼ੀ ਲਿਖ ਰਸੀਦ, ਦਸਤ ਬਦਸਤ ਮੇਲ ਮਿਲਾਇੰਦਾ । ਬੇਪਰਵਾਹ ਹੋ ਨਜ਼ਦੀਕ, ਪਰਵਰਦਿਗਾਰ ਵੇਖ ਵਖਾਇੰਦਾ । ਦਰ ਕਮੰਦੇ ਲਾਸ਼ਰੀਕ, ਸ਼ਹਿਨਸ਼ਾਹ ਆਪਣਾ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖ਼ਾਲਕ ਖ਼ਲਕ ਵਿਚ ਸਮਾਇੰਦਾ । ਕਿਰਪਾ ਕਰੇ ਆਪ ਅਪਾਰ, ਅਪਰੰਪਰ ਦਇਆ ਕਮਾਇੰਦਾ । ਵੇਖਣਹਾਰ ਸਰਬ ਸੰਸਾਰ, ਸਮੁੰਦ ਸਾਗਰ ਖੋਜ ਖੁਜਾਇੰਦਾ । ਦੇਵਣਹਾਰ ਦਰਸ ਦੀਦਾਰ, ਦੀਦ ਈਦ ਚੰਦ ਚਮਕਾਇੰਦਾ । ਗੁਰਮੁਖ ਗੁਰਸਿਖ ਇਕੋ ਧਾਰ, ਧਾਰ ਧਾਰ ਵਿਚੋਂ ਪਰਗਟਾਇੰਦਾ । ਸੰਤ ਸੱਜਣ ਮੀਤ ਮੁਰਾਰ, ਮਿੱਤਰ ਪਿਆਰਾ ਵੇਖ ਵਖਾਇੰਦਾ । ਭਗਤ ਭਗਵਾਨ ਖੋਲ੍ਹ ਕਿਵਾੜ, ਅੱਖ ਪਰਤੱਖ ਆਪ ਜਣਾਇੰਦਾ । ਬਣ ਵਿਚੋਲਾ ਸਿਰਜਣਹਾਰ, ਸਾਚਾ ਸੋਹਲਾ ਰਾਗ ਅਲਾਇੰਦਾ । ਪਰਦਾ ਉਹਲਾ ਦਏ ਉਤਾਰ, ਮੌਲਾ ਆਪਣਾ ਰੂਪ ਦਰਸਾਇੰਦਾ । ਪੂਰਾ ਕਰੇ ਕੌਲ ਇਕਰਾਰ, ਕਰਨੀ ਕਰਤਾ ਭੁੱਲ ਨਾ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਪ੍ਰੇਮ ਪ੍ਰੀਤੀ ਪਰਮ ਪੁਰਖ ਪਾਰਬ੍ਰਹਮ ਬ੍ਰਹਮ ਆਪਣੇ ਨਾਲ ਨਿਭਾਇੰਦਾ । ਭਵਿਖਤ ਅੰਦਰ ਹੋਏ ਭਵਿਖਤ, ਭਾਖਿਆ ਹਰਿ ਜਣਾਈਆ । ਵੀਹ ਸੌ ਵੀਹ ਬਿਕਰਮੀ ਵਿਚ ਪੀਰ ਪੈਗ਼ੰਬਰਾਂ ਗੁਰ ਅਵਤਾਰਾਂ ਪੂਰੀ ਹੋਏ ਲਿਖਤ, ਲੇਖਾ ਸਭ ਦਾ ਝੋਲੀ ਪਾਈਆ । ਲੇਖਾ ਜਾਣੇ ਦੋ ਜਹਾਨ ਦੋਜ਼ਖ਼ ਬਹਿਸ਼ਤ, ਸਵਰਗ ਨਰਕ ਵੇਖੇ ਥਾਉਂ ਥਾਈਆ । ਦੋ ਜਹਾਨ ਸ੍ਰੀ ਭਗਵਾਨ ਲੱਖ ਚੁਰਾਸੀ ਜੀਵ

ਜੰਤ ਸਾਧ ਸੰਤ ਇਕ ਇਕੀਸਾ ਇਕ ਜਣਾਏ ਸੱਚਾ ਇਸ਼ਟ, ਪੁਰਖ ਅਕਾਲ ਬੇਪਰਵਾਹੀਆ । ਭਗਤ ਭਗਵਾਨ ਦੀਨ ਦਿਆਲ ਖੋਲ੍ਹਣਹਾਰਾ ਦ੍ਰਿਸ਼ਟ, ਦਰਦੀ ਦਰਦੀਆਂ ਦਰਦ ਵੰਡਾਈਆ । ਹਾਹਾਕਾਰ ਹੋਵੇ ਨੌਂ ਖੰਡ ਪ੍ਰਿਥਮੀ ਸਤ ਦੀਪ ਸ੍ਰਿਸ਼ਟ, ਧੀਰਜ ਧੀਰ ਨਾ ਕੋਇ ਧਰਾਈਆ । ਕੂੜੀ ਕਿਰਿਆ ਕਾਮ ਕਰੋਧ ਲੋਭ ਮੋਹ ਹੰਕਾਰ ਮਨ ਵਾਸਨਾ ਬੁੱਧੀ ਕਰੀ ਭਰਿਸ਼ਟ, ਸਤਿਗੁਰ ਸ਼ਬਦ ਨਾ ਕੋਇ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਲੇਖਾ ਦਏ ਸਮਝਾਈਆ । ਅਗਲਾ ਲੇਖਾ ਆਇਆ ਨੇੜੇ, ਬੀਸ ਬੀਸਾ ਰਾਹ ਤਕਾਈਆ । ਰਾਜ ਰਾਜਾਨਾਂ ਪਏ ਝੇੜੇ, ਝਗੜਾ ਸਕੇ ਨਾ ਕੋਇ ਮੁਕਾਈਆ । ਵਸਦੇ ਉਜੜਨ ਜਗਤ ਖੇੜੇ, ਜੀਵ ਜੰਤ ਦੇਣ ਦੁਹਾਈਆ । ਚਾਰ ਵਰਨ ਬੰਨ੍ਹੇ ਨਾ ਕੋਇ ਬੇੜੇ, ਬਰਨ ਅਠਾਰਾਂ ਰੋਵਣ ਮਾਰਨ ਧਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਲੇਖਾ ਆਪਣੇ ਹੱਥ ਰਖਾਈਆ । ਅਗਲਾ ਲੇਖਾ ਆਏ ਜਗ, ਜਗ ਜੀਵਣ ਦਾਤਾ ਖੇਲ ਕਰਾਇੰਦਾ । ਨਵ ਨੌਂ ਲੱਗੇ ਅੱਗ, ਅਗਨੀ ਤੱਤ ਨਾ ਕੋਇ ਬੁਝਾਇੰਦਾ । ਸ੍ਰਿਸ਼ਟ ਸਬਾਈ ਜਾਏ ਦਗ, ਤੱਤੀ ਵਾ ਇਕ ਵਗਾਇੰਦਾ । ਕੋਈ ਨਾ ਕਰੇ ਮੱਕਾ ਕਾਅਬਾ ਹੱਜ, ਹਜ਼ਰਤ ਆਪਣਾ ਖੇਲ ਵਖਾਇੰਦਾ । ਸ਼ਾਹੋ ਭੂਪ ਰਾਜ ਰਾਜਾਨ ਤਖ਼ਤ ਤਾਜ ਦੇਣ ਤਜ, ਸੀਸ ਤਾਜ ਨਾ ਕੋਇ ਟਿਕਾਇੰਦਾ । ਸ਼ਾਹ ਹਕੀਰ ਘਰ ਬਾਰ ਜਾਇਣ ਛੱਡ, ਸਗਲਾ ਸੰਗ ਨਾ ਕੋਇ ਨਿਭਾਇੰਦਾ । ਭਗਤ ਭਗਵਾਨ ਲੱਖ ਚੁਰਾਸੀ ਵਿਚੋਂ ਕਰ ਅੱਡ, ਆਪ ਆਪਣਾ ਮੇਲ ਮਿਲਾਇੰਦਾ । ਵੀਹ ਸੌ ਵੀਹ ਬਿਕਰਮੀ ਸਭ ਦੀ ਵੇਖੇ ਅਗਲੀ ਹੱਦ, ਪਿਛਲਾ ਲੇਖਾ ਸਰਬ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭਵਿਖਤ ਭੇਖ ਇਕੋ ਇਕ ਜਣਾਇੰਦਾ । ਜਲ ਅਗਨੀ ਪਵਣ ਧਾਰ, ਕੋਟਨ ਕੋਟ ਰੂਪ ਵਟਾਈਆ । ਨੌਂ ਸੌ ਚੁਰਾਨਵੇਂ ਚੌਕੜੀ ਯੁਗ ਖੇਲ ਕਰਤਾਰ, ਸ਼ਬਦ ਸ਼ਬਦੀ ਭੇਵ ਖੁਲ੍ਹਾਈਆ । ਕਲਜੁਗ ਅੰਤਮ ਹੋ ਉਜਿਆਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਲੇਖਾ ਲਿਖਤ ਭਵਿਖਤ ਕੋਈ ਨਾ ਸਕੇ ਵਿਚਾਰ, ਵਾਰਤਾ ਲਿਖ ਨਾ ਕੋਇ ਸਮਝਾਈਆ । ਲਹਿਣਾ ਮੁਕੇ ਗੁਰ ਅਵਤਾਰ, ਪੀਰ ਪੈਗ਼ੰਬਰ ਆਪਣੀ ਝੋਲੀ ਪਾਈਆ । ਲੱਖ ਚੁਰਾਸੀ ਕਰ ਖ਼ੁਆਰ, ਹਾਰ ਜਿਤ ਨਾ ਕਿਸੇ ਸਮਝਾਈਆ । ਸਭ ਤੋਂ ਖੇਲ ਕਰੇ ਨਿਆਰ, ਨਿਰੰਕਾਰ ਆਪਣੇ ਹੱਥ ਰੱਖੇ ਵਡਿਆਈਆ । ਵਿਸ਼ਨ ਬ੍ਰਹਮਾ ਸ਼ਿਵ ਰੋਵਣ ਜ਼ਾਰੋ ਜ਼ਾਰ, ਧੀਰਜ ਧੀਰ ਨਾ ਕੋਇ ਧਰਾਈਆ । ਸਫ਼ਾ ਸਭ ਦੀ ਦਏ ਉਠਾਲ, ਬਚਿਆ ਕੋਇ ਰਹਿਣ ਨਾ ਪਾਈਆ । ਕਰੇ ਖੇਲ ਸ੍ਰੀ ਭਗਵਾਨ, ਭਗਵਨ ਇਕੋ ਧਾਰ ਜਣਾਈਆ । ਸਤਿ ਸਤਿਵਾਦੀ ਸਚ ਨਿਸ਼ਾਨ, ਦੋ ਜਹਾਨਾਂ ਇਕ ਵਖਾਈਆ । ਕਾਗ਼ਦ ਕਲਮ ਸ਼ਾਹੀ ਸਰਬ ਮਿਟ ਜਾਣ, ਰੂਪ ਰੰਗ ਰੇਖ਼ ਨਜ਼ਰ ਕਿਸੇ ਨਾ ਆਈਆ । ਅਗਲਾ ਬਣਾਏ ਆਪ ਵਿਧਾਨ, ਵਿਦਤ ਕਰੇ ਸਚ ਪੜ੍ਹਾਈਆ । ਮਹਾਂ ਪਰਲੋ ਹੋਏ ਹੈਰਾਨ, ਹਰਿ ਜੂ ਕੀ ਕੀ ਖੇਲ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਨੀਤੀ ਭਗਵਨ ਰੀਤੀ, ਭਗਵਨ ਵਿਚ ਸਮਾਈਆ । ਪਰਲੋ ਕਹੇ ਮੈਂ ਬਾਲ ਅਞਾਣੀ, ਹਰਿ ਕਾ ਭੇਵ ਕੋਇ ਨਾ ਆਈਆ । ਹੁਕਮੇ ਅੰਦਰ ਸੇਵ ਕਮਾਣੀ, ਦੋਏ ਜੋੜ ਜੋੜ ਸਰਨਾਈਆ । ਕਲਜੁਗ ਅੰਤ ਹੋਈ ਹੈਰਾਨੀ, ਚਲੇ ਕੋਇ ਨਾ ਜਗਤ ਚਤੁਰਾਈਆ । ਕਰੇ ਖੇਲ ਗੁਣ ਨਿਧਾਨੀ, ਗੁਣ ਆਪਣਾ ਨਾ ਕਿਸੇ ਸਮਝਾਈਆ । ਦਰ ਮੈਨੂੰ ਆਵੇ ਹਾਨੀ, ਨੇਤਰ ਨੈਣ ਰਹੇ ਸ਼ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਦਿ ਅੰਤ ਸ੍ਰੀ ਭਗਵੰਤ, ਭੇਤ ਸਕੇ ਨਾ ਕੋਇ ਪਾਈਆ । ਸਤਿਜੁਗ ਤ੍ਰੇਤਾ ਦੁਆਪਰ

ਏਕਾ ਦੂਆ ਤੀਜੀ ਧਾਰ ਧਾਰ ਧਾਰ ਵਿਚ ਪਰਗਟਾਈਆ । ਨਿਰਗੁਣ ਬੈਠਾ ਰਿਹਾ ਚੁੱਪ, ਸਰਗੁਣ ਸਾਚਾ ਸਾਜ ਵਜਾਈਆ । ਨਿਰੰਕਾਰ ਖੇਲ ਕਰੇ ਲੁਕ ਲੁਕ, ਭੇਵ ਅਭੇਦ ਛੁਪਾਈਆ । ਧਾਰ ਅਗੰਮੀ ਆਪੇ ਉਠ, ਬਿਨ ਕਾਇਆ ਚੰਮੀ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿਜੁਗ ਤ੍ਰੇਤਾ ਦੁਆਪਰ ਦਾਇਰਾ ਇਕੋ ਇਕ ਵਖਾਈਆ । ਭਗਤ ਭਗਵਾਨ ਕੋਲੋਂ ਪੁੱਛਣ, ਪ੍ਰਭ ਦੱਸ ਆਪਣੀ ਵਡਿਆਈਆ । ਕਲਜੁਗ ਅੰਤ ਨਹੀਂ ਦੇਣਾ ਲੁਕਣ, ਫੜ ਬਾਹੋਂ ਲੈਣਾ ਮਨਾਈਆ । ਗੁਰ ਅਵਤਾਰ ਤੈਨੂੰ ਝੁਕਣ, ਪੀਰ ਪੈਗੰਬਰ ਸੀਸ ਝੁਕਾਈਆ । ਤੇਰੇ ਸਿਫ਼ਤੀ ਨਾਮ ਕਦੇ ਨਾ ਮੁੱਕਣ, ਗਾ ਗਾ ਥੱਕੀ ਸਰਬ ਲੋਕਾਈਆ । ਤੇਰੇ ਮਾਰੇ ਕਦੀ ਨਾ ਉਠਣ, ਲੱਖ ਚੁਰਾਸੀ ਗੇੜ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦੇ ਖੁਲ੍ਹਾਈਆ । ਭਗਤ ਕਹਿਣ ਪ੍ਰਭ ਦੱਸ ਰੀਤ, ਰੀਤੀਵਾਨ ਤੂੰ ਅਖਵਾਇੰਦਾ । ਲੱਭ ਲੱਭ ਥੱਕੇ ਤੈਨੂੰ ਮੰਦਰ ਮਸੀਤ, ਤੇਰਾ ਰੂਪ ਨਜ਼ਰ ਕਿਸੇ ਨਾ ਆਇੰਦਾ । ਗਾ ਗਾ ਥੱਕੇ ਢੋਲੇ ਗੀਤ, ਤੇਰਾ ਸੰਗ ਨਾ ਕੋਇ ਨਿਭਾਇੰਦਾ । ਕਵਣ ਵਸੇਂ ਧਾਮ ਅਨਡੀਠ, ਸਚ ਸਿੰਘਾਸਣ ਸੋਭਾ ਪਾਇੰਦਾ । ਤੇਰੀ ਲੱਭੇ ਨਾ ਸਚ ਪ੍ਰੀਤ, ਨਾਤਾ ਚਰਨ ਨਾ ਕੋਇ ਜੁੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਸਾਚੇ ਮੰਗ ਮੰਗਾਇੰਦਾ । ਭਗਤ ਕਹੇ ਪ੍ਰਭ ਛੱਡ ਦੇ ਆਦਤ, ਪਿਛਲਾ ਲੇਖਾ ਦੇ ਚੁਕਾਈਆ । ਕਰ ਕਰ ਥੱਕੇ ਤੇਰੀ ਇਬਾਦਤ, ਤੇਰਾ ਨੂਰ ਨਜ਼ਰ ਨਾ ਆਈਆ । ਅੰਤ ਵੇਖ ਸਾਡੀ ਹਾਲਤ, ਬਿਰਹੋਂ ਵੈਰਾਗੀ ਬੈਠੇ ਧਿਆਨ ਲਗਾਈਆ । ਤੇਰੇ ਮਿਲਣ ਦੀ ਲੱਗੀ ਅਲਾਮਤ, ਮੇਹਣਾ ਮਾਰੇ ਜਗਤ ਲੋਕਾਈਆ । ਜੇ ਤੂੰ ਹੈਂ ਸਹੀ ਸਲਾਮਤ, ਕਿਉਂ ਬੈਠਾ ਮੁਖ ਛੁਪਾਈਆ । ਸਾਡੇ ਦੁਆਰੇ ਨਾ ਤੈਨੂੰ ਕੋਈ ਮਮਾਨਤ, ਰਾਹ ਵਿਚ ਨਾ ਕੋਇ ਅਟਕਾਈਆ । ਤੇਰਾ ਪ੍ਰੇਮ ਸਾਡੀ ਅਮਾਨਤ, ਸਾਂਭ ਰੱਖਿਆ ਥਾਉਂ ਥਾਈਂਆ । ਅਸੀਂ ਹੋਏ ਜਗਤ ਅਣਜਾਣਤ, ਤੇਰੀ ਸਾਰ ਕੋਇ ਨਾ ਆਈਆ । ਤੂੰ ਕਰ ਆਪ ਪਛਾਣਤ, ਅਭੁੱਲ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲ ਆਪਣਾ ਫੇਰਾ ਪਾਈਆ । ਭਗਤ ਪੁਛਣ ਦੱਸ ਆਪਣਾ ਭੇਤ, ਕਿਉਂ ਪਰਦਾ ਬੈਠਾ ਪਾਈਆ । ਤੁਧ ਬਿਨ ਸਾਚਾ ਕਰੇ ਨਾ ਕੋਈ ਹੇਤ, ਹਿਤਕਾਰੀ ਨਜ਼ਰ ਕੋਇ ਨਾ ਆਈਆ । ਅਸਾਂ ਸੁਣਿਆ ਤੂੰ ਗੁਰ ਅਵਤਾਰਾਂ ਪੀਰ ਪੈਗੰਬਰਾਂ ਲੇਖਾ ਚੁਕਾਇਆ ਵਿਚ ਮਹੀਨਾ ਚੇਤ, ਚੇਤਨ ਸਭ ਨੂੰ ਆਪ ਕਰਾਈਆ । ਅੰਤਮ ਸੁੰਞਾ ਹੋਇਆ ਖੇਤ, ਰਾਖਾ ਕੋਇ ਰਹਿਣ ਨਾ ਪਾਈਆ । ਚਾਰ ਕੁੰਟ ਦਹਿ ਦਿਸ਼ਾ ਤੈਨੂੰ ਰਹੇ ਵੇਖ, ਤੇਰਾ ਧਿਆਨ ਲਗਾਈਆ । ਕਰ ਕਿਰਪਾ ਦੱਸ ਆਪਣਾ ਭੇਖ, ਕਿਸ ਕੂਟੇ ਡੇਰਾ ਲਾਈਆ । ਜੇ ਕਹੇਂ ਮੇਰਾ ਰੂਪ ਰੰਗ ਨਹੀਂ ਰੇਖ, ਮੰਨਣ ਵਿਚ ਸਾਡੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਦੇ ਜਣਾਈਆ । ਭਗਤ ਕਹਿਣ ਪ੍ਰਭ ਖੋਲ੍ਹ ਗੰਢ, ਕਿਉਂ ਆਪਣੀ ਗੰਢ ਬੰਧਾਈਆ । ਗਾ ਗਾ ਥੱਕੇ ਬੱਤੀ ਦੰਦ, ਰਸਨਾ ਜਿਹਵਾ ਹੋਈ ਹਲਕਾਈਆ । ਜੁਗ ਚੌਕੜੀ ਮੁਕਿਆ ਨਾ ਤੇਰਾ ਪੰਧ, ਕੋਟਨ ਕੋਟ ਪਾਂਧੀ ਅੱਧਵਿਚਕਾਰ ਬੈਠੇ ਡੇਰਾ ਲਾਈਆ । ਜੇ ਤੈਨੂੰ ਸਾਡੇ ਕੋਲੋਂ ਔਂਦੀ ਸੰਗ, ਸ਼ਰਅ ਹਯਾ ਦੇ ਉਠਾਈਆ । ਬਣ ਭਿਖਾਰੀ ਆ ਕੇ ਮੰਗ, ਤੇਰੀ ਲੱਜਿਆ ਰਹੇ ਨਾ ਰਾਈਆ । ਘਰ ਮੰਦਰ ਵਜਾ ਮਰਦੰਗ, ਆਪਣਾ ਰਾਗ ਸੁਣਾਈਆ । ਫੇਰ ਦੇਈਏ ਤੇਰਾ ਸੰਗ, ਸਗਲਾ ਸੰਗ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਸੱਚੀ ਵਡਿਆਈਆ । ਭਗਤ ਕਹਿਣ ਭਗਵਾਨ

ਜੇ ਤੂੰ ਭੁੱਖਾ ਨੰਗਾ, ਤੇਰੀ ਭੁੱਖ ਮਿਲੇ ਵਡਿਆਈਆ । ਤੂੰ ਕੋਝਾ ਕਮਲਾ ਸਾਨੂੰ ਲੱਗੇਂ ਚੰਗਾ, ਤੇਰੀ ਪ੍ਰੀਤ ਇਕੋ ਇਕ ਭਾਈਆ । ਤੂੰ ਜੁਗ ਚੌਕੜੀ ਗੁਰ ਅਵਤਾਰਾਂ ਪੀਰ ਪੈਗੰਬਰਾਂ ਨਾਲ ਕਰਦਾ ਰਿਹੋਂ ਦੰਗਾ, ਘਰ ਘਰ ਕਰੇਂ ਲੜਾਈਆ । ਕਿਸੇ ਫੜਾਇਆ ਤੀਰ ਕਮਾਨ ਕਿਸੇ ਫੜਾਇਆ ਖੰਡਾ, ਚੰਡ ਪਰਚੰਡ ਕਿਸੇ ਫੜਾਈਆ । ਕਿਸੇ ਸੁਣਾ ਕੇ ਆਪਣਾ ਛੰਦਾ, ਰਾਗ ਰਾਗਾਂ ਵਿਚ ਫਸਾਈਆ । ਕਿਸੇ ਬਣਾ ਆਪਣਾ ਬੰਦਾ, ਬੰਦਗੀ ਇਕੋ ਇਕ ਜਣਾਈਆ । ਕਿਸੇ ਕਰਾ ਨੇਤਰ ਅੰਧਾ, ਲੱਖ ਚੁਰਾਸੀ ਰਿਹਾ ਭੁਆਈਆ । ਕਿਸੇ ਚਾੜ੍ਹ ਉਪਰ ਡੰਡਾ, ਅੰਤਮ ਮੂੰਹ ਦੇ ਭਾਰ ਸੁਟਾਈਆ । ਬਿਨ ਭਗਤਾਂ ਹੋਇਉਂ ਰੰਡਾ, ਤੇਰੀ ਸਾਰ ਕਿਸੇ ਨਾ ਆਈਆ । ਤੇਰਾ ਰਹਿਣ ਨਹੀਂ ਦੇਣਾ ਘਮੰਡਾ, ਆਕੜ ਤੇਰੀ ਦੇਣੀ ਮੁਕਾਈਆ । ਤੇਰਾ ਤੋੜ ਦੇਣਾ ਜੰਦਾ, ਜੋ ਘਰ ਘਰ ਬੈਠਾ ਲਾਈਆ । ਤੇਰਾ ਮੇਟਣਾ ਭੇਖ ਪਖੰਡਾ, ਜੁਗ ਚੌਕੜੀ ਰਿਹਾ ਵਖਾਈਆ । ਜਿੰਨਾਂ ਚਿਰ ਨਾ ਗਾਵੇਂ ਸਾਡਾ ਛੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਸੱਚਾ ਵਰ, ਦਰ ਤੇਰੇ ਅਲਖ ਜਗਾਈਆ । ਭਗਤ ਕਹਿਣ ਕਿਉਂ ਬੈਠਾ ਲੁੱਕ, ਤੈਨੂੰ ਲੁਕਿਆਂ ਲਾਜ ਨਾ ਆਈਆ । ਕਿਉਂ ਨਹੀਂ ਵੇਂਹਦਾ ਉਠ ਕੇ ਝੁੱਕ, ਨੇਤਰ ਨੈਣ ਅੱਖ ਖੁਲ੍ਹਾਈਆ । ਗ਼ਰੀਬ ਨਿਮਾਣੇ ਤੇਰਾ ਮਾਰਗ ਰਹੇ ਪੁੱਛ, ਸਾਚਾ ਭੇਵ ਨਾ ਕੋਇ ਖੁਲ੍ਹਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਕਹਿਣ ਸਾਡੇ ਕੋਲ ਨਹੀਂ ਕੁੱਛ, ਸਿਫ਼ਤਾਂ ਕਰਨ ਦੀ ਸਾਨੂੰ ਚਤੁਰਾਈਆ । ਕਰ ਕਿਰਪਾ ਆਪਣੀ ਧਾਰੋਂ ਉਠ, ਪਰਗਟ ਕਰ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਡੀ ਪੂਰੀ ਆਸ ਕਰਾਈਆ । ਭਗਤ ਕਹਿਣ ਆਹ ਫੜ ਲੈ ਮਾਲਾ, ਮਨ ਕਾ ਮਣਕਾ ਨਾ ਕੋਇ ਭੁਆਇੰਦਾ । ਕਲਜੁਗ ਅੰਤਮ ਸਭ ਨੇ ਕੱਢਿਆ ਦਵਾਲਾ, ਬਾਕੀ ਹੱਕ ਨਾ ਕੋਇ ਰਖਾਇੰਦਾ । ਇਕ ਵਖਾ ਸੱਚੀ ਧਰਮਸਾਲਾ, ਧਰਮ ਦੁਆਰਾ ਇਕੋ ਇਕ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਦੇਣਾ ਇਕ ਵਰ, ਆਸਾ ਆਸਾ ਨਾਲ ਮਿਲਾਇੰਦਾ । ਜਨ ਭਗਤੋ ਅੰਤ ਨਾ ਮਾਰੋ ਤਾਅਨਾ, ਸੋ ਪੁਰਖ ਨਿਰੰਜਣ ਆਪ ਜਣਾਈਆ । ਡਰਦਾ ਫਿਰੇ ਸ੍ਰੀ ਭਗਵਾਨਾ, ਹਰਿ ਪੁਰਖ ਨਿਰੰਜਣ ਬੇਪਰਵਾਹੀਆ । ਨਿਰਗੁਣ ਹੋ ਕੇ ਪਹਿਰੇ ਬਾਣਾ, ਏਕੰਕਾਰਾ ਜੋਤ ਰੁਸ਼ਨਾਈਆ । ਦੋ ਜਹਾਨਾਂ ਵੇਖੇ ਮਕਾਨਾ, ਪੁਰੀਆਂ ਲੋਆਂ ਖੋਜ ਖੁਜਾਈਆ । ਪ੍ਰੇਮ ਪ੍ਰੀਤੀ ਗਾਵੇ ਗਾਣਾ, ਸੋਹੰ ਅੱਖਰ ਇਕ ਪੜ੍ਹਾਈਆ । ਦਰ ਦਰਵੇਸ਼ ਬਣੇ ਨਿਮਾਣਾ, ਅਭਿਮਾਨ ਨਜ਼ਰ ਕੋਇ ਨਾ ਆਈਆ । ਘਟ ਘਟ ਅੰਤਰ ਹੋਏ ਜਾਣੀ ਜਾਣਾ, ਜਾਣ ਪਹਿਚਾਨ ਆਪ ਕਰਾਈਆ । ਖੇਲੇ ਖੇਲ ਗੁਣ ਨਿਧਾਨਾ, ਗੁਣ ਆਪਣਾ ਦਏ ਸਮਝਾਈਆ । ਸ਼ਾਹੋ ਭੂਪ ਬਣ ਰਾਜਾਨਾ, ਸ਼ਹਿਨਸ਼ਾਹ ਇਕੋ ਹੁਕਮ ਮਨਾਈਆ । ਲੇਖਾ ਜਾਣ ਜ਼ਿਮੀ ਅਸਮਾਨਾ, ਮੰਡਲ ਮੰਡਪ ਭੇਵ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਪਿਛਲਾ ਲੁਕਣਾ ਦੇਵੇ ਛੱਡ, ਸ੍ਰੀ ਭਗਵਾਨ ਆਪ ਜਣਾਇੰਦਾ । ਕਲਜੁਗ ਅੰਤਮ ਨਿਰਗੁਣ ਹੋ ਕੇ ਹੋਵੇ ਅੱਡ, ਸਵਛ ਸਰੂਪੀ ਰੂਪ ਵਟਾਇੰਦਾ । ਭਗਤ ਭਗਵਾਨ ਬਣਾਏ ਸਾਚੀ ਯਦ, ਵਿਸ਼ਵ ਆਪਣੀ ਕਾਰ ਕਮਾਇੰਦਾ । ਸ੍ਰਿਸ਼ਟ ਸਬਾਈ ਕਰ ਕੇ ਪਾਰ ਹੱਦ, ਭਗਤ ਦੁਆਰੇ ਸੋਭਾ ਪਾਇੰਦਾ । ਬੋਧ ਅਗਾਧ ਵਜਾਏ ਨਦ, ਨਾਮ ਨਿਧਾਨਾ ਆਪ ਸੁਣਾਇੰਦਾ । ਲੱਖ ਚੁਰਾਸੀ ਵਿਚੋਂ ਕੱਢ, ਪ੍ਰਭ ਆਪਣਾ ਮੇਲ ਮਿਲਾਇੰਦਾ । ਲੇਖੇ ਲਾਏ ਕਾਇਆ ਮਾਟੀ ਪੰਜ ਤੱਤ ਹੱਡ, ਰਕਤ ਬੂੰਦ ਆਪਣੀ ਝੋਲੀ ਪਾਇੰਦਾ । ਪਿਛਲੀ ਕੀਤੀ ਦੇਵੇ ਰੱਦ, ਅੱਗੇ ਆਪਣਾ ਰਾਹ ਵਖਾਇੰਦਾ । ਨਿਰਗੁਣ ਹੋ ਕੇ ਪਰਦਾ ਦੇਵੇ ਕੱਜ, ਨਾਮ ਦੋਸ਼ਾਲਾ ਉਪਰ ਪਾਇੰਦਾ । ਦਰ ਦਰ ਆ ਕੇ ਦਰਸ

ਕਰੇ ਰੱਜ ਰੱਜ, ਹਰਿ ਆਪਣੀ ਹਰਸ ਮਿਟਾਇੰਦਾ । ਪ੍ਰੇਮ ਪ੍ਰੀਤੀ ਅੰਦਰ ਜਾਏ ਬੱਝ, ਨਾਮ ਡੋਰੀ ਤੰਦਨ ਇਕ ਉਠਾਇੰਦਾ । ਸ਼ਬਦ ਅਗੰਮ ਜੈਕਾਰਾ ਬੋਲੇ ਗੱਜ, ਵਾਹਵਾ ਢੋਲਾ ਰਾਗ ਅਲਾਇੰਦਾ । ਅੰਮ੍ਰਿਤ ਜਾਮ ਪਿਆਏ ਮਧ, ਸਚ ਸਰੋਵਰ ਇਕ ਵਖਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਸੱਦ, ਪੀਰਾਂ ਭਗਤਾਂ ਨਾਲ ਬੰਨ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਰਾਇੰਦਾ । ਕਰਨੀ ਕਰ ਕੇ ਸੇਵ ਕਮਾਵਾਂਗਾ । ਪਿਛਲਾ ਲਹਿਣਾ ਮੂਲ ਚੁਕਾਵਾਂਗਾ । ਰੰਗ ਗੂੜ੍ਹ ਇਕ ਰੰਗਾਵਾਂਗਾ । ਚਰਨ ਧੂੜ ਟਿੱਕਾ ਲਾਵਾਂਗਾ । ਮੂਰਖ ਮੂੜ ਸੁਘੜ ਬਣਾਵਾਂਗਾ । ਨਾਤਾ ਕੂੜੋ ਕੂੜ ਤੋੜ ਤੁੜਾਵਾਂਗਾ । ਪੰਧ ਦੂਰਨ ਦੂਰ, ਨੇਰਨ ਨੇਰ ਵਖਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਢੋਲਾ ਗਾਵਾਂਗਾ । ਹਰਿਜਨ ਢੋਲਾ ਇਕੋ ਗਾਏਗਾ । ਪ੍ਰਭ ਬੋਲਾ ਨਾਮ ਸੁਣਾਏਗਾ । ਤੋਲਾ ਬਣ ਕੇ ਫੇਰਾ ਪਾਏਗਾ । ਵਿਚੋਲਾ ਹੋ ਕੇ ਮੇਲ ਮਿਲਾਏਗਾ । ਪਰਦਾ ਉਹਲਾ ਆਪ ਉਠਾਏਗਾ । ਪੰਜ ਤੱਤ ਰੌਲਾ ਕੋਇ ਨਾ ਪਾਏਗਾ । ਜੀਵਣ ਜੀਵਣ ਵਿਚ ਬਦਲਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਸੱਜਣ ਵੇਖ ਵਖਾਏਗਾ । ਜਨ ਭਗਤੋ ਸੇਵ ਕਮਾਵਾਂਗਾ । ਗਲ ਅਲਫ਼ੀ ਨਾ ਕੋਇ ਰਖਾਵਾਂਗਾ । ਨੰਗੀ ਪੈਰੀਂ ਚਲ ਕੇ ਆਵਾਂਗਾ । ਓਢਨ ਸੰਗ ਨਾ ਕੋਇ ਲਿਆਵਾਂਗਾ । ਚੋਜਣ ਆਪਣਾ ਇਕ ਵਖਾਵਾਂਗਾ । ਕੂੜੀ ਕਿਰਿਆ ਰੋਗਨ ਸਰਬ ਮਿਟਾਵਾਂਗਾ । ਸਚ ਵਿਜੋਗੀ ਬਣ ਕੇ ਫੇਰਾ ਪਾਵਾਂਗਾ । ਦਰਸ ਅਮੋਗੀ ਇਕ ਕਰਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਰ ਵਖਾਵਾਂਗਾ । ਸਾਚੀ ਕਰਨੀ ਆਪ ਕਰਾਵਾਂਗਾ । ਨਿਰਭੈ ਹੋ ਕੇ ਖੇਲ ਖਲਾਵਾਂਗਾ । ਸਾਚੇ ਮੰਦਰ ਬਹਿ ਕੇ ਦਰਸ ਦਿਖਾਵਾਂਗਾ । ਅੰਦਰੇ ਅੰਦਰੇ ਜੋਤ ਜਗਾਵਾਂਗਾ । ਡੂੰਘੀ ਕੰਦਰੇ ਭਾਗ ਲਗਾਵਾਂਗਾ । ਬਜ਼ਰ ਕਪਾਟੀ ਜੰਦਰੇ ਤੋੜ ਤੁੜਾਵਾਂਗਾ । ਅੰਮ੍ਰਿਤ ਆਤਮ ਸਰ ਨੁਹਾਵਾਂਗਾ । ਦਰ ਦਰਵਾਜ਼ਾ ਇਕ ਖੁਲ੍ਹਾਵਾਂਗਾ । ਗ਼ਰੀਬ ਨਿਵਾਜ਼ਾ ਫੇਰ ਅਖਵਾਵਾਂਗਾ । ਵਿਸ਼ਨ ਬ੍ਰਹਮਾ ਸ਼ਿਵ ਚਰਨ ਰਖਾਵਾਂਗਾ । ਕੋਟਨ ਕੋਟ ਗੁਰ ਅਵਤਾਰ ਪੀਰ ਪੈਗ਼ੰਬਰ ਹੁਕਮ ਮਨਾਵਾਂਗਾ । ਦੋ ਜਹਾਨਾਂ ਰਚ ਸਵੰਬਰ, ਬ੍ਰਹਿਮੰਡ ਖੰਡ ਆਪਣਾ ਨਾਚ ਨਚਾਵਾਂਗਾ । ਕਲਜੁਗ ਕੂੜਾ ਮੇਟ ਅਡੰਬਰ, ਸਾਚਾ ਮਾਰਗ ਲਾਵਾਂਗਾ । ਸਰਬ ਕਲਾ ਆਪ ਹੋ ਭਰਤੰਬਰ, ਭਰਪੂਰ ਆਪਣਾ ਭੰਡਾਰ ਵਰਤਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਰੰਗ ਰੰਗਾਵਾਂਗਾ । ਜਨ ਭਗਤ ਰੰਗ ਰੰਗਾਏਗਾ । ਪ੍ਰਭ ਅਬਿਨਾਸ਼ੀ ਦਇਆ ਕਮਾਏਗਾ । ਘਟ ਘਟ ਵਾਸੀ ਵੇਖ ਵਖਾਏਗਾ । ਦਾਸਨ ਦਾਸੀ ਨਜ਼ਰੀ ਆਏਗਾ । ਪਵਣ ਸਵਾਸੀ ਖੇਲ ਰਚਾਏਗਾ । ਪੂਰੀ ਆਸੀ ਸਰਬ ਕਰਾਏਗਾ । ਬੰਦ ਖ਼ੁਲਾਸੀ ਅੰਤ ਤੁੜਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਘਰ ਆਪਣੀ ਅਲਖ ਜਗਾਏਗਾ । ਘਰ ਘਰ ਅਲਖ ਜਗਾਵੇਗਾ । ਗੋਬਿੰਦ ਆਪਣੀ ਉਂਗਲੀ ਲਾਵੇਗਾ । ਪੁਰਖ ਅਕਾਲ ਫੇਰਾ ਪਾਵੇਗਾ । ਦੀਨ ਦਿਆਲ ਆਪਣਾ ਪਰਦਾ ਲਾਹਵੇਗਾ । ਧਰਮਸਾਲ ਇਕ ਜਣਾਵੇਗਾ । ਸ਼ਰਅ ਸ਼ਰੀਅਤ ਨਾ ਕੋਇ ਰਖਾਵੇਗਾ । ਅਸਲੀਅਤ ਇਕੋ ਇਕ ਸਮਝਾਏਗਾ । ਤਬੀਅਤ ਸਭ ਦੀ ਵੇਖ ਵਖਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਆਪ ਕਮਾਏਗਾ । ਸਾਚੀ ਕਰਨੀ ਕਰਾਂਗਾ । ਜਨ ਭਗਤਾਂ ਅੰਦਰ ਵੜਾਂਗਾ । ਸੁਰਤ ਸਵਾਣੀ ਜਾ ਕੇ ਫੜਾਂਗਾ । ਸੋਹੰ ਬਾਣੀ ਇਕੋ ਪੜ੍ਹਾਂਗਾ । ਮਹੱਲ ਅਟੱਲ ਚਰਨ ਧਰਾਂਗਾ ।

ਭਾਣਾ ਆਪਣਾ ਆਪੇ ਜਰਾਂਗਾ । ਜੋ ਕਰਨੀ ਸੋ ਕਰਾਂਗਾ । ਗੁਰ ਅਵਤਾਰ ਕਿਸੇ ਨਾਲ ਨਾ ਰਲਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਕੀਤੇ ਕੌਲ ਕਦੇ ਨਾ ਹਰਾਂਗਾ । ਕੀਤੇ ਕੌਲ ਹਰਿ ਇਕਰਾਰ, ਜਨ ਭਗਤਾਂ ਰਿਹਾ ਜਣਾਈਆ । ਜੁਗ ਚੌਕੜੀ ਬੀਤੇ ਚਾਰ, ਚਾਰੇ ਵੇਦ ਦੇਣ ਗਵਾਹੀਆ । ਚਾਰੇ ਯੁਗ ਕਰਨ ਪੁਕਾਰ, ਉਚੀ ਕੂਕ ਕੂਕ ਸੁਣਾਈਆ । ਚਾਰੇ ਖਾਣੀ ਰੋਵੇ ਜ਼ਾਰੋ ਜ਼ਾਰ, ਨੇਤਰ ਨੈਣਾਂ ਨੀਰ ਵਹਾਈਆ । ਚਾਰੇ ਬਾਣੀ ਵਾਜਾਂ ਰਹੀ ਮਾਰ, ਬੌਹੜੀ ਬੌਹੜੀ ਦਏ ਦੁਹਾਈਆ । ਚਾਰ ਯਾਰੀ ਹੋਈ ਖ਼ੁਆਰ, ਖ਼ਾਹਸ਼ ਪੂਰ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭਗਤਾਂ ਦੇਵਣਹਾਰ ਵਧਾਈਆ । ਭਗਤ ਜਨਾਂ ਪ੍ਰਭ ਦਏ ਵਧਾਈ, ਵਾਧਾ ਇਕੋ ਘਰ ਵਖਾਇੰਦਾ । ਸ੍ਰੀ ਭਗਵਾਨ ਕਰੀ ਕੁੜਮਾਈ, ਕੁੜਮ ਕੁੜਮੇਟਾ ਨਜ਼ਰ ਕੋਇ ਨਾ ਆਇੰਦਾ । ਇਕੋ ਘਰ ਵਸੇ ਧੀ ਜਵਾਈ, ਸੁਰਤੀ ਸ਼ਬਦੀ ਵੰਡ ਵੰਡਾਇੰਦਾ । ਨਿਰਗੁਣ ਹੋ ਕੇ ਪਕੜੇ ਬਾਹੀਂ, ਸਰਗੁਣ ਆਪਣੇ ਅੰਗ ਲਗਾਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਦੇਣ ਗਵਾਹੀ, ਬਿਨ ਸਤਿਗੁਰ ਪੂਰੇ ਪਾਰ ਨਾ ਕੋਇ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਸੱਚਾ ਹਰਿ, ਸਾਹਿਬ ਸਤਿਗੁਰ ਇਕੋ ਇਕ ਅਖਵਾਇੰਦਾ । ਸਾਹਿਬ ਸਤਿਗੁਰ ਇਕੋ ਏਕ, ਏਕੰਕਾਰਾ ਆਪ ਅਖਵਾਈਆ । ਭਗਤ ਭਗਵਾਨ ਦਏ ਟੇਕ, ਇਸ਼ਟ ਦੇਵ ਇਕ ਵਡਿਆਈਆ । ਕਲਜੁਗ ਅੰਤਮ ਧਾਰੇ ਭੇਖ, ਭੇਖ ਅਵੱਲੜਾ ਆਪ ਜਣਾਈਆ । ਰੂਪ ਰੰਗ ਨਾ ਕੋਈ ਰੇਖ, ਨਿਹਕਲੰਕਾ ਨਾਉਂ ਧਰਾਈਆ । ਨਿਰਗੁਣ ਕਰੇ ਨਿਰਗੁਣ ਹੇਤ, ਸਰਗੁਣ ਸਰਗੁਣ ਮੇਲਾ ਸਹਿਜ ਸੁਭਾਈਆ । ਗੁਰਮੁਖ ਵਿਰਲੇ ਦੇਵੇ ਭੇਤ, ਸੰਤ ਸਾਜਣ ਪਰਦਾ ਆਪੇ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਵਾਨ ਰਿਹਾ ਸਮਝਾਈਆ । ਭਗਤ ਕਹਿਣ ਰਾਹ ਦੱਸ ਦੇ ਸੌਖਾ, ਦਰ ਤੇਰੇ ਸੀਸ ਝੁਕਾਇਆ । ਹੁਣ ਨਹੀਂ ਕਰਨ ਦੇਣਾ ਤੈਨੂੰ ਧੋਖਾ, ਧੋਖੇ ਵਿਚ ਕਦੇ ਨਾ ਆਇਆ । ਆਪਣੇ ਮਿਲਣ ਦਾ ਦੱਸ ਦੇ ਮੌਕਾ, ਮੁਹੱਬਤ ਆਪਣੇ ਨਾਲ ਵਧਾਇਆ । ਕੀ ਹੋਇਆ ਤੇਰਾ ਖੇਲ ਲੋਕ ਪਰਲੋਕਾ, ਬਿਨ ਭਗਤਾਂ ਤੇਰਾ ਨਾਉਂ ਨਾ ਕਿਸੇ ਵਡਿਆਇਆ । ਵੇਖੀਂ ਕਲਜੁਗ ਅੰਤ ਨਾ ਹੋਈਂ ਹੋਛਾ, ਗਹਿਰ ਗੰਭੀਰ ਆਪਣਾ ਆਪ ਦੇ ਜਣਾਇਆ । ਅਸੀਂ ਤੇਰੀ ਰੱਖ ਕੇ ਬੈਠੇ ਓਟਾ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਨਾ ਕੋਇ ਮਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੁਧ ਬਿਨ ਨਜ਼ਰ ਕੋਇ ਨਾ ਆਇਆ । ਜਨ ਭਗਤੋ ਪੂਰੀ ਕਰਾਂ ਆਸ, ਹਰਿ ਸਤਿਗੁਰ ਆਪ ਜਣਾਇੰਦਾ । ਪੜ੍ਹਨ ਸੁਣਨ ਦੀ ਰਹੇ ਨਾ ਖ਼ਾਹਿਸ਼, ਜਿਸ ਜਨ ਆਪਣਾ ਦਰਸ ਦਿਖਾਇੰਦਾ । ਉਚੀ ਕੂਕ ਸਭ ਨੇ ਕਹਿਣਾ, ਪ੍ਰਭ ਵਸਿਆ ਸਾਡੇ ਸਾਥ, ਘਰ ਮੰਦਰ ਡੇਰਾ ਲਾਇੰਦਾ । ਜਿਸ ਦੀ ਕੋਟਨ ਕੋਟ ਸੇਵਾ ਕਰੇ ਤਰਲੋਕੀ ਨਾਥ, ਰਾਮ ਦਸਰਥ ਬੇਟਾ ਸੀਸ ਝੁਕਾਇੰਦਾ । ਸੋ ਸਾਹਿਬ ਸਤਿਗੁਰ ਦੀਨ ਦਿਆਲ ਸਾਡੀ ਪੂਰੀ ਕਰੇ ਖ਼ਾਹਿਸ਼, ਖ਼ਾਲਸ ਆਪਣਾ ਰੂਪ ਵਖਾਇੰਦਾ । ਸੇਵਾ ਕਰੇ ਬਣ ਕੇ ਦਾਸ, ਦਾਸੀ ਦਾਸ ਨਾਉਂ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਆਪ ਜਣਾਇੰਦਾ । ਜਨ ਭਗਤਾਂ ਉਪਰ ਹਰਿ ਜੂ ਤੁਠਾ, ਮਿਹਰ ਨਜ਼ਰ ਉਠਾਈਆ । ਕੋਈ ਲੋੜ ਨਾ ਰਹਿ ਗਈ ਪੜ੍ਹਨ ਦੀ ਚਿਠਾ, ਚਿਠੀ ਗੁਰ ਅਵਤਾਰ ਪੀਰ ਪੈਗ਼ੰਬਰ ਲੋਕਮਾਤ ਸੁਣਾਈਆ । ਤੁਹਾਡੇ ਪਿਛੇ ਵੱਡਿਉਂ ਹੋਇਆ ਨਿੱਕਾ, ਨਿੱਕਾ ਹੋ ਕੇ ਫੇਰਾ ਪਾਈਆ । ਲਹਿਣਾ ਚੁਕੇ ਜੀਵ ਜੀਅ

ਕਾ, ਜੀਵਣ ਜੁਗਤ ਦਏ ਜਣਾਈਆ । ਪ੍ਰਭ ਮਿਲਣ ਦਾ ਅੰਤ ਤਰੀਕਾ, ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕੋ ਜੈ ਜੈਕਾਰ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਨ ਭਗਤ ਜਗਤ ਰੂਪ ਵਖਾਈਆ । ਔਹ ਵੇਖੋ ਅਸ਼ਟਾਬਕਰ ਪਿਆ ਰੋ, ਰੋ ਰੋ ਨੈਣਾਂ ਨੀਰ ਵਹਾਇੰਦਾ । ਕਲਜੁਗ ਅੰਤਮ ਇਹ ਕੀ ਗਿਆ ਹੋ, ਸ੍ਰੀ ਭਗਵਾਨ ਖੇਲ ਕਰਾਇੰਦਾ । ਗ਼ਰੀਬ ਨਿਮਾਣਿਆਂ ਨਾਲ ਗਿਆ ਛੋਹ, ਆਪ ਆਪਣਾ ਮੇਲ ਮਿਲਾਇੰਦਾ । ਏਕਾ ਵਾਰ ਏਕੰਕਾਰ ਦੁਰਮਤ ਮੈਲ ਦਿਤੀ ਧੋ, ਨਿਰਮਲ ਨਿਰਮਲ ਆਪ ਕਰਾਇੰਦਾ । ਜਨ ਭਗਤਾਂ ਜੋਗਾ ਆਪੇ ਹੋ, ਹੋਕਾ ਆਪਣੇ ਨਾਮ ਸੁਣਾਇੰਦਾ । ਥੋਥਾ ਰਹੇ ਨਾ ਮਾਤ ਕੋ, ਜਿਸ ਜਨ ਆਪਣੀ ਗੋਦ ਬਹਾਇੰਦਾ । ਕਰੇ ਖੇਲ ਧਾਰ ਦੋ, ਨਿਰਗੁਣ ਸਰਗੁਣ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਕਮਾਇੰਦਾ । ਭਗਤ ਕਹਿਣ ਪ੍ਰਭ ਤੋਹੇ ਗ਼ਰੂਰ, ਤੇਰੀ ਗ਼ੁਰਬਤ ਨਾ ਕੋਇ ਮਿਟਾਈਆ । ਜੁਗ ਚੌਕੜੀ ਮਚੌਂਦਾ ਰਿਹੋਂ ਫ਼ਤੂਰ, ਫ਼ਤਵੇ ਸਭ ਦੇ ਉਤੇ ਲਾਈਆ । ਆਪਣਾ ਮੰਨੇਂ ਨਾ ਕਦੇ ਕਸੂਰ, ਅਭੁੱਲ ਆਪਣਾ ਨਾਉਂ ਰਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਬਣਾ ਮਜ਼ਦੂਰ, ਲੋਕਮਾਤ ਭੇਵ ਜਣਾਈਆ । ਅੰਤਮ ਸੱਦ ਆਪਣੇ ਹਜ਼ੂਰ, ਹਜ਼ਰਤ ਆਪਣੇ ਵਿਚ ਸਮਾਈਆ । ਸ਼ਰਅ ਸ਼ਰੀਅਤ ਪਾ ਜੂੜ, ਦੀਨ ਮਜ਼੍ਹਬ ਵੰਡ ਵੰਡਾਈਆ । ਨਾਤਾ ਵਖਾ ਕੂੜੇ ਕੂੜ, ਕੂੜੀ ਕਿਰਿਆ ਜਗਤ ਬੰਧਾਈਆ । ਬਣ ਕੇ ਦਾਤਾ ਜੋਧਾ ਸੂਰ, ਕਿਉਂ ਬੈਠਾ ਮੁਖ ਛੁਪਾਈਆ । ਤੇਰਾ ਕੰਮ ਨਹੀਂ ਵਸਣਾ ਦੂਰ, ਨੇਰਨ ਨੇਰ ਹੋ ਕੇ ਦਇਆ ਕਮਾਈਆ । ਕਲਜੁਗ ਤੈਨੂੰ ਕਰਨਾ ਅਸੀਂ ਮਜ਼ਬੂਰ, ਮਜ਼ਬੂਰੀ ਸਾਰੇ ਰਹੇ ਸੁਣਾਈਆ । ਤੂੰ ਸਾਹਿਬ ਸਰਬ ਕਲਾ ਭਰਪੂਰ, ਭਰਪੂਰ ਰਿਹਾ ਸਰਬ ਠਾਈਆ । ਜਿੰਨਾਂ ਚਿਰ ਘਰ ਆ ਨਾ ਦੇਵੇਂ ਮਸਤਕ ਧੂੜ, ਤੇਰੀ ਹੋਏ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਦੇਣਾ ਇਕ ਵਰ, ਦਰ ਦਰਵੇਸ਼ ਫੇਰਾ ਪਾਈਆ । ਸ੍ਰੀ ਭਗਵਾਨ ਗਿਆ ਡਰ, ਦੂਰ ਦੁਰਾਡਾ ਧਿਆਨ ਲਗਾਇੰਦਾ । ਜਨ ਭਗਤੋ ਆਵਾਂ ਤੁਹਾਡੇ ਘਰ, ਘਰ ਘਰ ਫੇਰਾ ਪਾਇੰਦਾ । ਗ਼ਰੀਬ ਨਿਮਾਣਿਆਂ ਦੇਣਾ ਵਰ, ਵਰ ਇਕੋ ਇਕ ਜਣਾਇੰਦਾ । ਭਗਤ ਜ਼ਾਹਰ ਲਵਾਂ ਫੜ, ਅੰਦਰ ਬਾਹਰ ਰੰਗ ਰੰਗਾਇੰਦਾ । ਆਤਮ ਸੇਜਾ ਜਾਵਾਂ ਚੜ੍ਹ, ਔਂਦਾ ਜਾਂਦਾ ਨਜ਼ਰ ਕਿਸੇ ਨਾ ਆਇੰਦਾ । ਅੰਦਰ ਬਹਿ ਕੇ ਢੋਲਾ ਲਵਾਂ ਪੜ੍ਹ, ਆਤਮ ਪਰਮਾਤਮ ਰਾਗ ਅਲਾਇੰਦਾ । ਤੁਹਾਡੀ ਮਰਨੀ ਜਾਵਾਂ ਮਰ, ਆਪਣਾ ਮਰਨ ਨਾ ਕੋਇ ਰਖਾਇੰਦਾ । ਤੁਹਾਡੀ ਸਰਨੀ ਜਾਵਾਂ ਪੜ੍ਹ, ਨਿਉਂ ਨਿਉਂ ਆਪਣਾ ਸੀਸ ਝੁਕਾਇੰਦਾ । ਜੇ ਕੋਈ ਵੇਖੇ ਮੇਰਾ ਧੜ, ਜਨ ਭਗਤਾਂ ਇਸ਼ਾਰੇ ਨਾਲ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦਰ ਦਰਦੀ ਦਰਦ ਵੰਡਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿ ਕਰਤਾ ਕਰਨੀ ਕਰ, ਕਰਨਹਾਰ ਖੇਲ ਕਰਾਇੰਦਾ ।

ਸ਼ਾਮਾਂ ਦਾ ਪ੍ਰਭ ਆਇਆ ਸ਼ਾਮ, ਸ਼ਹਿਨਸ਼ਾਹ ਬੇਪਰਵਾਹੀਆ । ਰਾਮਾਂ ਦਾ ਪ੍ਰਭ ਆਇਆ ਰਾਮ, ਰਹਿਮਤ ਇਕ ਕਮਾਈਆ । ਕਾਹਨਾਂ ਦਾ ਪ੍ਰਭ ਆਇਆ ਕਾਹਨ, ਨਿਰਗੁਣ ਦਾਤਾ ਵਡ ਵਡਿਆਈਆ । ਭਗਵਾਨਾਂ ਦਾ ਪ੍ਰਭ ਆਇਆ ਭਗਵਾਨ, ਭਗਵਨ ਆਪਣਾ ਫੇਰਾ ਪਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਬੇਪਰਵਾਹੀਆ । ਆਇਆ ਸ਼ਾਮ ਮਿਟੇ ਸ਼ਾਮ, ਸ਼ਾਮ ਸ਼ਾਮ ਵਿਚੋਂ ਬਦਲਾਇੰਦਾ । ਭਗਤ ਭਗਵਾਨ ਪੂਰਾ ਕਰੇ ਕਾਮ, ਕਾਮ ਕਾਮ ਵਿਚੋਂ ਸਮਝਾਇੰਦਾ । ਭਗਵਾਨ ਭਗਤ ਵਖਾਏ ਇਕ ਨਿਸ਼ਾਨ, ਨਿਸ਼ਾਨ ਨਿਸ਼ਾਨ ਵਿਚੋਂ ਝੁਲਾਇੰਦਾ । ਦੇਵਣਹਾਰਾ ਸਚ ਪੈਗ਼ਾਮ, ਪੈਗ਼ਾਮ ਪੈਗ਼ਾਮ ਵਿਚੋਂ ਸੁਣਾਇੰਦਾ । ਨਜ਼ਰੀ ਆਏ ਇਕ ਅਮਾਮ, ਅਮਾਮ ਅਮਾਮਾਂ ਰੂਪ ਵਟਾਇੰਦਾ । ਪ੍ਰਭ ਮਿਲਿਆ ਸੱਚਾ ਸ਼ਾਮ, ਸ਼ਹਿਨਸ਼ਾਹ ਆਪਣਾ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਘਰ ਮੰਦਰ ਆਪ ਸੁਹਾਇੰਦਾ । ਸ਼ਾਮ ਘਰ ਮੰਦਰ ਆਇਆ ਵੇਹੜੇ, ਵੇਹਲਾ ਹੋ ਕੇ ਫੇਰਾ ਪਾਈਆ । ਨੌਂ ਸੌ ਚੁਰਾਨਵੇਂ ਚੌਕੜੀ ਯੁਗ ਦੇਂਦਾ ਰਿਹਾ ਗੇੜੇ, ਗੇੜੇ ਵਿਚ ਗੁਰ ਅਵਤਾਰ ਪੀਰ ਪੈਗ਼ੰਬਰ ਭੁਆਈਆ । ਕਲਜੁਗ ਅੰਤਮ ਹਰਿਜਨ ਵੇਖੇ ਸਾਚੇ ਖੇੜੇ, ਖੇੜਾ ਇਕੋ ਇਕ ਵਡਿਆਈਆ । ਦੂਰ ਦੁਰਾਡਾ ਬਣ ਕੇ ਪਾਂਧੀ ਆਇਆ ਨੇੜੇ, ਨੇਰਨ ਨੇਰਾ ਆਪਣਾ ਰਾਹ ਜਣਾਈਆ । ਭਗਤ ਭਗਵਾਨ ਨੌਜਵਾਨ ਸੰਤ ਸੁਹੇਲੇ ਵੇਖੇ ਕੇਹੜੇ ਕੇਹੜੇ, ਜੋ ਬੈਠੇ ਆਸਣ ਲਾਈਆ । ਪ੍ਰਭ ਦੇ ਕੰਧਿਆਂ ਉਤੇ ਰੱਖੇ ਆਪਣੇ ਬੇੜੇ, ਹੌਲਾ ਭਾਰ ਰੱਖ ਕੇ ਖ਼ੁਸ਼ੀ ਮਨਾਈਆ । ਖ਼ਾਲੀ ਹੱਥੀ ਲਾ ਕੇ ਬਹਿ ਗਏ ਡੇਰੇ, ਇਕ ਹਨੋਰਾ ਰਹੇ ਸੁਣਾਈਆ । ਤੇਰੇ ਮੁੱਕੇ ਅਜੇ ਨਾ ਝੇੜੇ, ਝਗੜਾ ਪਿਆ ਜਗਤ ਲੋਕਾਈਆ । ਚਾਰ ਜੁਗ ਚੌਕੜੀ ਤੇਰੇ ਨਾਲ ਲੈ ਲਏ ਫੇਰੇ, ਨਿਰਗੁਣ ਨਿਰਗੁਣ ਕਰ ਕੁੜਮਾਈਆ । ਕੀ ਹੋਇਆ ਜੇ ਆਇਉਂ ਵੇਹੜੇ, ਆਪ ਆਪਣੀ ਦਇਆ ਕਮਾਈਆ । ਤੇਰੇ ਪਿਛੇ ਹੋਏ ਬੇਰੇ ਬੇਰੇ, ਤਨ ਸੀਸ ਨਜ਼ਰ ਕੋਇ ਨਾ ਆਈਆ । ਸ੍ਰੀ ਭਗਵਾਨ ਵੇਖ ਸਾਡੇ ਜੇਰੇ, ਚਾਰ ਜੁਗ ਤੇਰਾ ਧਿਆਨ ਲਗਾਈਆ । ਜੇ ਹੁਣ ਤੂੰ ਕਰੇਂ ਹੇਰੇ ਫੇਰੇ, ਤੇਰੀ ਚਲਣ ਨਾ ਦੇਣੀ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੁਧ ਬਿਨ ਦੇਵਣਹਾਰ ਨਾ ਕੋਇ ਅਖਵਾਈਆ ।

ਪੈਰ ਕਹੇ ਵੱਡਾ ਚਰਨ, ਜਗ ਚਰਨ ਮਿਲੇ ਵਡਿਆਈਆ । ਚਰਨ ਕਹੇ ਵੱਡਾ ਪੈਰ, ਪੈਰ ਚਲ ਕੇ ਪ੍ਰਭ ਚਰਨ ਦੁਆਰੇ ਆਈਆ । ਪੈਰ ਕਹੇ ਜਿੰਨਾ ਚਿਰ ਹਰਿ ਜੂ ਨਾ ਕਰੇ ਮਿਹਰ, ਮੇਰੀ ਚਲੇ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦੋਹਾਂ ਮੇਲ ਨਾ ਲਾਏ ਦੇਰ, ਘੜੀ ਪਲ ਵੰਡ ਨਾ ਕੋਇ ਵੰਡਾਈਆ । ਭਗਤ ਮਿਲਣ ਦਾ ਪ੍ਰਭ ਰੱਖੇ ਚਾਅ, ਚਾਉ ਘਨੇਰਾ ਇਕ ਜਣਾਈਆ । ਜੁਗ ਚੌਕੜੀ ਫੇਰਾ ਪਾ, ਫੇਰੀ ਵਾਲਾ ਅਲਖ ਜਗਾਈਆ । ਰਹਿਬਰ ਬਣ ਆਪ ਖ਼ੁਦਾ, ਮੁਰੀਦ ਮੁਰਸ਼ਦ ਵੇਖੇ ਥਾਉਂ ਥਾਈਆ । ਗੁਰ ਅਵਤਾਰ ਨਾਉਂ ਧਰਾ, ਧਰਨ ਧਰਤ ਧਵਲ ਦਏ ਵਡਿਆਈਆ । ਭਗਤ ਭਗਵਾਨ ਆਪ ਸਮਝਾ, ਰਮਜ਼ ਇਕੋ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਚਾਉ ਇਕ ਵਖਾਈਆ । ਪ੍ਰਭ ਮਿਲਣ ਦਾ ਕਿਹੜਾ ਚਾਅ, ਕਿਸ ਰੱਖਿਆ ਧਾਮ ਵਸਾਈਆ । ਪ੍ਰਭ ਮਿਲਣ ਦਾ ਕਿਹੜਾ ਰਾਹ, ਕਵਣ ਮਾਰਗ ਦਏ ਸਮਝਾਈਆ । ਪ੍ਰਭ ਮਿਲਣ ਦਾ ਕਿਹੜਾ ਥਾਂ, ਕਵਣ ਧਵਲ ਸੋਭਾ ਪਾਈਆ । ਪ੍ਰਭ ਮਿਲਣ ਦਾ ਕਿਹੜਾ ਨਾਂ, ਨਾਉਂ ਨਿਰੰਕਾਰਾ ਢੋਲਾ ਗਾਈਆ । ਪ੍ਰਭ ਮਿਲਣ ਦਾ ਕਿਹੜਾ ਮਕਾਂ, ਮੁਕਾਮ ਕਵਣ ਨਜ਼ਰੀ ਆਈਆ । ਪ੍ਰਭ ਮਿਲਣ ਦਾ,

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਕਰਤਾ ਵੇਖ ਵਖਾਈਆ । ਪ੍ਰਭ ਮਿਲਣ ਦਾ ਚਾਅ ਰੱਖੇ ਕੌਣ, ਕਵਣ ਦਏ ਸਮਝਾਈਆ । ਪ੍ਰਭ ਮਿਲਣ ਦਾ ਸੁਨੇਹੁੜਾ ਦੇਵੇ ਪੌਣ, ਪਵਣ ਉਨੰਜਾ ਸੇਵ ਕਮਾਈਆ । ਪ੍ਰਭ ਮਿਲਣ ਦਾ ਚਾਅ ਰੱਖੇ ਰਾਵਣ ਰੌਣ, ਰਾਮ ਰਾਮਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ੍ਰੀ ਭਗਵਾਨ ਰਿਹਾ ਜਣਾਈਆ । ਭਗਤ ਕਹੇ ਤੇਰੇ ਮਿਲਣ ਦਾ ਮੋਹੇ ਚਾਅ, ਚਾਰ ਕੁੰਟਾਂ ਦਿਆਂ ਜਣਾਈਆ । ਫੜ ਕੇ ਬਾਹੋਂ ਲਵਾਂ ਮਨਾ, ਰੁੱਸਿਆ ਰਾਮ ਰਹਿਣ ਨਾ ਪਾਈਆ । ਜਿੰਨਾਂ ਚਿਰ ਕਹੇ ਨਾ ਅੱਗੋਂ ਹਾਂ, ਭੁਜਾਂ ਬਾਹਵਾਂ ਸਕੇ ਨਾ ਕੋਇ ਛੁਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸੱਚਾ ਵਰ, ਬਿਨ ਤੇਰੇ ਮਿਲਿਆਂ ਚੈਨ ਕੋਇ ਨਾ ਆਈਆ । ਕੀ ਮੈਨੂੰ ਮਿਲਣ ਆਓਗੇ । ਆਪਣਾ ਆਪ ਭੇਟ ਚੜ੍ਹਾਓਗੇ । ਦੇ ਭੇਟ ਨਾ ਫਿਰ ਪਛਤਾਓਗੇ । ਨਾਮ ਸੋਹਲਾ ਇਕੋ ਗਾਓਗੇ । ਸ਼ਬਦ ਵਿਚੋਲਾ ਗੁਰੂ ਬਣਾਓਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਘਰ ਇਕੇ ਡੇਰਾ ਲਾਓਗੇ । ਪ੍ਰਭੂ ਇਕੋ ਘਰ ਵਸਾਂਗੇ । ਤੇਰਾ ਨਾਮ ਲੈ ਲੈ ਹੱਸਾਂਗੇ । ਜੇ ਪੁਛੇਂ ਸਚ ਸਚ ਦੱਸਾਂਗੇ । ਪ੍ਰੇਮ ਪਾ ਪਿਛੇ ਨਾ ਹਟਾਂਗੇ । ਆਪਣੇ ਆਪ ਨਾਲੋਂ ਤੇਰਾ ਨਾਮ ਵੱਟਾਂਗੇ । ਮਾਣਸ ਜਨਮ ਵਿਚ ਏਹੋ ਸੱਚਾ ਲਾਹਾ ਖੱਟਾਂਗੇ । ਬਿਨ ਰਸਨਾ ਜਿਹਵਾ ਤੇਰਾ ਨਾਮ ਰਟਾਂਗੇ । ਬਿਨ ਤੇਰੇ ਪ੍ਰੇਮ ਪਿਆਰ ਕਦੇ ਨਾ ਬਚਾਂਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸੱਚਾ ਵਰ, ਤੇਰੀ ਓਟ ਇਕੋ ਰੱਖਾਂਗੇ । ਕੀ ਇਕੋ ਓਟ ਰਖਾਓਗੇ । ਪ੍ਰਭ ਅਬਿਨਾਸ਼ੀ ਸੱਚਾ ਗਾਓਗੇ । ਦੂਜਾ ਧਿਆਨ ਨਾ ਕੋਇ ਲਗਾਓਗੇ । ਇਸ਼ਟ ਦੇਵ ਨਾ ਕੋਇ ਮਨਾਓਗੇ । ਬ੍ਰਹਮ ਪਾਰਬ੍ਰਹਮ ਭੇਟ ਚੜ੍ਹਾਓਗੇ । ਵਰਨ ਬਰਨ ਜ਼ਾਤ ਪਾਤ ਖਪਾਓਗੇ । ਕਲਜੁਗ ਅੰਧੇਰੀ ਰਾਤ, ਸਤਿਜੁਗ ਸਾਚਾ ਚੰਦ ਚਮਕਾਓਗੇ । ਅੱਠੇ ਪਹਿਰ ਵੇਖ ਪਰਭਾਤ, ਪਰਭਾਤੀ ਰਾਗ ਇਕ ਅਲਾਓਗੇ । ਸਾਰੇ ਮਿਲ ਕੇ ਸਚ ਜਮਾਤ, ਭਗਤ ਭਗਵਾਨ ਗੰਢ ਪੁਆਓਗੇ । ਫੇਰ ਆਪੇ ਪੁੱਛੇ ਤੁਹਾਡੀ ਵਾਤ, ਗੋਦੀ ਬਹਿ ਕੇ ਸਾਚਾ ਸੁਖ ਹੰਡਾਓਗੇ । ਪ੍ਰਭ ਤੇਰੀ ਗੋਦ ਸੋਭਾ ਪਾਵਾਂਗੇ । ਹਿਰਦਾ ਸੋਧ ਤੈਨੂੰ ਧਿਆਵਾਂਗੇ । ਲੋਕ ਪਰਲੋਕ ਤੇਰੀ ਓਟ ਰਖਾਵਾਂਗੇ । ਤੂੰ ਸਾਹਿਬ ਨਿਰਮਲ ਜੋਤ, ਅੰਤ ਜੋਤੀ ਜੋਤ ਮਿਲ ਜਾਵਾਂਗੇ । ਤੇਰਾ ਵਸਾਈਏ ਕਿਲਾ ਕੋਟ, ਸਚਖੰਡ ਸਾਚੇ ਡੇਰਾ ਲਾਵਾਂਗੇ । ਤੇਰੇ ਮਿਲਣ ਦੀ ਇਕੋ ਓਟ, ਦੂਜੀ ਆਸ ਨਾ ਕੋਇ ਰਖਾਵਾਂਗੇ । ਤੇਰਾ ਵੇਖ ਬੰਸ ਪੁੱਤ ਪੋਤਰੇ ਪੋਤ, ਪਿਤਾ ਪੂਤ ਗੰਢ ਪੁਆਵਾਂਗੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਖੇਲ ਸਚ ਸਬੂਤ, ਸਾਬਤ ਤੇਰਾ ਰੂਪ ਦਰਸ਼ਨ ਪਾਵਾਂਗੇ ।



੨੧੭ ੧੪

### ★ ੨੩ ਚੇਤ ੨੦੨੦ ਬਿਕਰਮੀ ਲਾਲ ਸਿੰਘ ਦੇ ਗ੍ਰਿਹਿ ਪਿੰਡ ਹੇਰ ਜ਼ਿਲਾ ਜਲੰਧਰ ★

ਹਰਿ ਸਰਨਾਈ ਸਾਚੀ ਲੋੜ, ਜਨ ਭਗਤਾਂ ਆਦਿ ਜੁਗਾਦਿ ਜਣਾਇੰਦਾ । ਸਾਹਿਬ ਸਤਿਗੁਰ ਨਾਤਾ ਦੇਵੇ ਜੋੜ, ਜੋੜੀ ਆਤਮ ਪਰਮਾਤਮ ਮੇਲ ਮਿਲਾਇੰਦਾ । ਕਰ ਕਿਰਪਾ ਚਾੜ੍ਹੇ ਸਾਚੇ ਘੋੜ, ਸ਼ਬਦ ਘੋੜਾ ਇਕ ਵਖਾਇੰਦਾ । ਨਾਮ ਨਿਧਾਨ ਫੜਾਏ ਡੋਰ, ਤੰਦੀ ਇਕੋ ਇਕ ਵਖਾਇੰਦਾ । ਨਾਤਾ ਤੋੜ ਕੂੜੀ ਕਿਰਿਆ ਅੰਧ ਘੋਰ, ਸਚ ਸੁਚ ਇਕ ਵਖਾਇੰਦਾ । ਬਣ ਸਾਥੀ ਸੰਗੀ ਸੰਗ ਲਏ ਤੋਰ, ਤੁਰਤ ਆਪਣਾ ਰਾਹ ਜਣਾਇੰਦਾ ।

ਲੇਖਾ ਚੁੱਕੇ ਤੋਰ ਮੋਰ, ਮੇਰਾ ਤੇਰਾ ਵੰਡ ਨਾ ਕੋਇ ਵੰਡਾਇੰਦਾ । ਜਗਤ ਵਿਕਾਰਾ ਦੇਵੇ ਹੋੜ, ਹੋੜਾ ਇਕੋ ਸੇਵ ਕਮਾਇੰਦਾ । ਸਤਿ ਸਤਿਵਾਦੀ ਸਚ ਜਣਾਏ ਆਪਣਾ ਜ਼ੋਰ, ਜਾਬਰ ਰਹਿਣ ਕੋਇ ਨਾ ਪਾਇੰਦਾ । ਭਗਤ ਭਗਵਾਨ ਜਾਏ ਬੌਹੜ, ਬੇਪਰਵਾਹ ਫੇਰਾ ਪਾਇੰਦਾ । ਜਨਮ ਜਨਮ ਦੀ ਲੱਗੀ ਬੁਝਾਏ ਔੜ, ਅੰਮ੍ਰਿਤ ਮੇਘ ਬਰਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚਾ ਰੰਗ ਵਖਾਇੰਦਾ । ਜੋੜੀ ਜੋੜੇ ਆਪ ਪ੍ਰਭ, ਜੋੜਨਹਾਰ ਨਿਰੰਕਾਰਾ । ਭਗਤ ਭਗਵਾਨ ਮੇਲੇ ਲੱਭ, ਵੇਖ ਸਰਬ ਸੰਸਾਰਾ । ਅੰਮ੍ਰਿਤ ਝਿਰਨਾ ਝਿਰੇ ਝੱਬ, ਕਿਰਪਾ ਕਰੇ ਹਰਿ ਗਿਰਧਾਰਾ । ਲਹਿਣਾ ਦੇਣਾ ਮੁੱਕੇ ਸਭ, ਘਰ ਪਾਏ ਪੁਰਖ ਅਪਾਰਾ । ਪਿਛਲੀ ਹੋਏ ਪਾਰ ਹੱਦ, ਅੱਗੇ ਨਜ਼ਰੀ ਆਏ ਹੱਕ ਕਿਨਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਨਾਮ ਆਧਾਰਾ । ਨਾਮ ਆਧਾਰਾ ਸੁਰਤੀ ਮੀਤਾ, ਸਾਹਿਬ ਸਤਿਗੁਰ ਇਕ ਅਖਵਾਇੰਦਾ । ਏਕਾ ਦੂਆ ਜਾਣੇ ਰੀਤਾ, ਰੀਤੀ ਆਪਣੀ ਆਪ ਬਣਾਇੰਦਾ । ਤੀਜਾ ਚੌਥਾ ਠਾਂਡਾ ਸੀਤਾ, ਗਹਿਰ ਗੰਭੀਰ ਖੇਲ ਕਰਾਇੰਦਾ । ਪਾਂਜਾ ਛੀਕਾ ਨਾ ਮਰਿਆ ਨਾ ਜੀਤਾ, ਨਿਰਗੁਣ ਨੂਰ ਡਗਮਗਾਇੰਦਾ । ਸਾਤਾ ਆਠਾ ਭੇਵ ਜਣਾਏ ਅਨਡੀਠਾ, ਜਗਤ ਨੇਤਰ ਨਜ਼ਰ ਕਿਸੇ ਨਾ ਆਇੰਦਾ । ਨਾਇਆਂ ਦਸਾ ਇਕੱਠਾ ਕੀਤਾ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਇਕੋ ਘਰ ਵਸਾਇੰਦਾ । ਲੇਖਾ ਜਾਣੇ ਜੀਵ ਜਨ ਜੀ ਕਾ, ਘਟ ਘਟ ਅੰਦਰ ਵੇਖ ਵਖਾਇੰਦਾ । ਭਗਵਨ ਮਿਲਣ ਦਾ ਸਚ ਤਰੀਕਾ, ਜਨ ਭਗਤਾਂ ਆਪ ਦ੍ਰਿੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਮੇਲਾ ਆਪ ਮਿਲਾਇੰਦਾ । ਘਰ ਮੇਲਾ ਹਰਿ ਮਲੰਦੜਾ, ਮਿਹਰਵਾਨ ਕਰਤਾਰ । ਘਰ ਸਾਚਾ ਇਕ ਵਸੰਦੜਾ, ਸੋਭਾਵੰਤ ਨਿਰੰਕਾਰ । ਗ੍ਰਿਹਿ ਮੰਦਰ ਇਕ ਸੁਹੰਦੜਾ, ਸਾਹਿਬ ਸੱਜਣ ਸਿਰਜਣਹਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣ ਧੁਰ ਦਰਬਾਰ । ਧੁਰ ਦਰਬਾਰੀ ਜੋੜ ਅਪਾਰਾ, ਪਰਮਾਤਮ ਆਤਮ ਆਪ ਕਰਾਈਆ । ਕਲਜੁਗ ਅੰਤਮ ਹੋ ਉਜਿਆਰਾ, ਸਾਚੀ ਧਾਰਾ ਆਪ ਸਮਝਾਈਆ । ਵੇਖਣਹਾਰਾ ਉਚੇ ਟਿੱਲੇ ਪਰਬਤ ਡੂੰਘੀ ਗਾਰਾ, ਫੋਲ ਫੁਲਾਏ ਥਾਉਂ ਥਾਈਂਆ । ਹਰਿਜਨ ਮੇਲਾ ਇਕ ਦੁਆਰਾ , ਦਰ ਦਰਵਾਜ਼ਾ ਇਕ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਲ ਮਿਲਾਏ ਫੜ ਫੜ ਬਾਹੀਂਆ । ਜੋਤ ਸਰੂਪ ਪੁਰਖ ਅਕਾਲ, ਅਕਲ ਕਲ ਆਪਣੀ ਖੇਲ ਕਰਾਇੰਦਾ । ਸ਼ਬਦ ਸੁਤ ਗੋਬਿੰਦ ਧਾਰ, ਬੇਪਰਵਾਹ ਰਾਹ ਚਲਾਇੰਦਾ । ਪੰਜ ਤੱਤ ਕਾਇਆ ਚੋਲਾ ਸੰਬਲ ਅਖਾੜ, ਮੰਦਰ ਸੁਹੰਜਣਾ ਆਪ ਵਡਿਆਇੰਦਾ । ਨਿਰਗੁਣ ਵਸੇ ਸ਼ਾਹ ਸੁਲਤਾਨ, ਸ਼ਹਿਨਸ਼ਾਹ ਆਪਣਾ ਆਸਣ ਲਾਇੰਦਾ । ਆਪ ਬਣਾਇਆ ਆਪਣਾ ਸਚ ਮਕਾਨ, ਬਾਢੀ ਨਜ਼ਰ ਕੋਇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਜਣਾਇੰਦਾ । ਗੋਬਿੰਦ ਮੰਗਿਆ ਸੰਬਲ ਨਗਰ, ਸੱਸੇ ਮਿਲੀ ਵਡਿਆਈਆ । ਸੱਸਾ ਸਤਿਗੁਰ ਸਾਹਿਬ ਚਲੇ ਸੰਭਲ ਸੰਭਲ, ਜੁਗ ਜੁਗ ਆਪਣਾ ਚਰਨ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸੱਸਾ ਮੁਖ ਰਖਾਈਆ । ਸੰਬਲ ਲੱਗਾ ਇਕੋ ਸੱਸਾ, ਸਤਿਗੁਰ ਦਏ ਵਡਿਆਈਆ । ਗੋਬਿੰਦ ਪੁਰਖ ਅਕਾਲ ਗੋਦੀ ਬਹਿ ਕੇ ਹੱਸਾ, ਹੱਸ ਹੱਸ ਖ਼ੁਸ਼ੀ ਮਨਾਈਆ । ਤੁਧ ਬਿਨ ਤੇਰਾ ਕੋਇ ਕੋਈ ਨਾ ਜਾਣੇ ਰਸਾ, ਰਸਾ ਹੱਥ ਕਿਸੇ ਨਾ ਆਈਆ । ਉਚੇ ਟਿੱਲੇ ਪਰਬਤ ਹੇਮ ਕੁੰਡ ਡੂੰਘੀ ਧਾਰ ਧਸਾ, ਨੇਤਰ ਨੈਣ ਧਿਆਨ ਲਗਾਈਆ । ਬਿਨ ਤੇਰੀ ਕਿਰਪਾ ਗੋਬਿੰਦ ਬਣਿਆ ਨਾ ਤੇਰਾ ਬੱਚਾ, ਬਚਪਨ

ਰੂਪ ਨਾ ਕੋਇ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਸੱਸਾ ਸਾਹਿਬ ਸਦਾ ਸੁਖਦਾਈਆ । ਸੱਸਾ ਬਣਿਆ ਸਾਖਿਆਤ, ਸੋ ਪੁਰਖ ਨਿਰੰਜਣ ਦਇਆ ਕਮਾਇੰਦਾ । ਪ੍ਰਭ ਅਬਿਨਾਸ਼ੀ ਦਿਤੀ ਦਾਤ, ਮਿਹਰ ਨਜ਼ਰ ਇਕ ਉਠਾਇੰਦਾ । ਬੱਬਾ ਬਲ ਧਾਰ ਵੇਖੇ ਮਾਰ ਝਾਤ, ਝਾਕੀ ਇਕੋ ਇਕ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਸਮਝਾਇੰਦਾ । ਬੱਬਾ ਕਹੇ ਬੜਾ ਬਲਵਾਨ, ਬਲਧਾਰੀ ਇਕ ਅਖਵਾਇੰਦਾ । ਬਾਲਕ ਬਿਰਧ ਨਾ ਕੋਇ ਜਵਾਨ, ਰੂਪ ਰੰਗ ਰੇਖ ਨਾ ਕੋਇ ਵਖਾਇੰਦਾ । ਬਲਦਾ ਰਹੇ ਦੀਪਕ ਦੋ ਜਹਾਨ, ਜੋਤੀ ਜਾਤਾ ਡਗਮਗਾਇੰਦਾ । ਬਾਬਲ ਬਣ ਕੇ ਦੇਂਦਾ ਰਹੇ ਦਾਨ, ਵਸਤ ਆਪਣੀ ਆਪ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਆਪਣੇ ਹੱਥ ਰਖਾਇੰਦਾ । ਲੱਲਾ ਕਹੇ ਪ੍ਰਭ ਲੇਖ ਅਪਾਰਾ, ਲੇਖਾ ਲਿਖਤ ਵਿਚ ਨਾ ਆਈਆ । ਵਸਣਹਾਰਾ ਧਾਮ ਨਿਆਰਾ, ਨਿਹਚਲ ਆਪਣਾ ਆਸਣ ਲਾਈਆ । ਗੁਣ ਅਵਗੁਣ ਤੋਂ ਵਸੇ ਬਾਹਰਾ, ਗੁਣ ਕਥਨ ਕਹਿਣ ਨਾ ਪਾਈਆ । ਦੇਵਣਹਾਰਾ ਸਚ ਸਹਾਰਾ, ਟੇਕ ਆਪਣੀ ਆਪ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਹਿਬ ਸਤਿਗੁਰ ਬਲ ਆਪਣਾ ਰੱਖ, ਲੇਖਾ ਦੱਸੇ ਪਰਤੱਖ, ਅੱਖਰ ਅੱਖਰ ਗੰਢ ਪੁਆਈਆ । ਗੋਬਿੰਦ ਕਹੇ ਪ੍ਰਭ ਜਿਸ ਵੇਲੇ ਆਵੇਂਗਾ । ਕੀ ਮੇਰਾ ਮੇਲ ਮਿਲਾਵੇਂਗਾ । ਕਿਸ ਬਿਧ ਸਾਚਾ ਤੇਲ ਚੜ੍ਹਾਵੇਂਗਾ । ਬਣ ਸੱਜਣ ਸੁਹੇਲ, ਅੰਗ ਲਗਾਵੇਂਗਾ । ਧਾਮ ਨਵੇਲ ਡੇਰਾ ਲਾਵੇਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਵਣ ਸਾਚੀ ਖੇਲ ਖਲਾਵੇਂਗਾ । ਜੋਤ ਸਰੂਪ ਹੋ ਕੇ ਆਊਂਗਾ । ਨਿਹਕਲੰਕ ਅਖਵਾਊਂਗਾ । ਗੋਬਿੰਦ ਤੇਰਾ ਸ਼ਬਦ ਰੂਪ ਵਟਾਊਂਗਾ । ਸੱਸਾ ਬੱਬਾ ਲੱਲਾ ਵੇਖ ਵਖਾਊਂਗਾ । ਤਿੰਨਾਂ ਵਿਚੋਲਾ ਆਪ ਬਣ ਜਾਊਂਗਾ । ਪਰਦਾ ਉਹਲਾ ਜਗਤ ਰਖਾਊਂਗਾ । ਪੰਜ ਤੱਤ ਕਾਇਆ ਮਾਣ ਦਵਾਊਂਗਾ । ਪੱਪਾ ਰਾਰਾ ਨੰਨਾ ਪਰਨ ਨਿਭਾਊਂਗਾ । ਦੋ ਦੁਲੈਂਕੜੇ ਦੋ ਜਹਾਨਾਂ ਵੰਡ ਵੰਡਾਊਂਗਾ । ਪੂਰਨ ਹੋ ਕੇ ਪਤਿਪਰਮੇਸ਼ਵਰ ਪਾਰਬ੍ਰਹਮ ਅਖਵਾਊਂਗਾ । ਤ੍ਰੈਬੈਣੀ ਸਾਕ ਸੱਜਣ ਸੈਣੀ ਸਭ ਦਾ ਲੇਖਾ ਅੰਤ ਮੁਕਾਊਂਗਾ । ਜਨ ਭਗਤਾਂ ਦੱਸਾਂ ਸਾਚੀ ਬਹਿਣੀ, ਕਾਇਆ ਮੰਦਰ ਡੇਰਾ ਲਾਊਂਗਾ । ਰਸਨਾ ਜਿਹਵਾ ਹਰਿ ਕੀ ਕਥਾ ਨਾ ਕਿਸੇ ਕਹਿਣੀ, ਆਪਣੀ ਕਹਾਣੀ ਆਪ ਸੁਣਾਊਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਚੁੱਕੇ ਪਿਛਲਾ ਬੈਣੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਰਾਊਂਗਾ । ਸੰਬਲ ਨਹੀਂ ਮਕਾਨ ਕੋਠਾ, ਛੱਪਰ ਛੰਨ ਨਾ ਕੋਇ ਵਡਿਆਈਆ । ਪੰਜ ਤੱਤ ਹੋਇਆ ਪਰਮਾਤਮਾ ਜੋਗਾ, ਪੂਰਨ ਰੰਗ ਰੰਗ ਵਿਚ ਰਮਾਈਆ । ਨਿਰਮਲ ਜੋਤ ਜਗੀ ਜੋਤਾ, ਜੋਤ ਜੋਤ ਰੁਸ਼ਨਾਈਆ । ਸ਼ਬਦ ਅਨਾਦ ਵੱਜੇ ਨਾਲ ਸ਼ੌਕਾ, ਸਤਿਗੁਰ ਇਕੋ ਨਾਦ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਗੋਬਿੰਦ ਕਹੇ ਮੇਰੀ ਇਕੋ ਨਗਰੀ, ਦੂਜੀ ਨਜ਼ਰ ਕੋਇ ਨਾ ਆਈਆ । ਜਿਸ ਵਿਚ ਰੱਖੇ ਹਰਿ ਜੂ ਆਪ ਸਮਗਰੀ, ਵਸਤ ਅਮੋਲਕ ਇਕ ਟਿਕਾਈਆ । ਜੋਤੀ ਜੋਤ ਜਗੇ ਇਕਗਰੀ, ਇਕਾਂਤ ਵਸੇ ਸੱਚਾ ਮਾਹੀਆ । ਨਿਤ ਨਵਿਤ ਆਪਣੀ ਕਥਾ ਸੁਣਾਵੇ ਸੱਜਰੀ, ਪਿਛਲੀ ਕਹਾਣੀ ਨਾ ਕੋਇ ਪੜ੍ਹਾਈਆ । ਜੁਗ ਚੌਕੜੀ ਵੇਖਣਹਾਰਾ ਸਭ ਦੀ ਸੜ੍ਹਾ ਕਰੇ ਪਧਰੀ, ਉਚ ਨੀਚ ਨਾ ਕੋਇ ਜਣਾਈਆ । ਮੇਰੀ ਪੂਰੀ ਹੋਵੇ ਸਧਰੀ, ਸੱਧਰ ਆਪਣੇ ਨਾਲ ਮਿਲਾਈਆ । ਸੰਬਲ ਨਗਰ ਦੀ ਹੋਵੇ ਕਦਰੀ, ਜਿਸ ਦਰ ਆਪਣਾ ਡੇਰਾ

ਲਾਈਆ । ਦੋ ਜਹਾਨਾਂ ਵਿਚੋਂ ਨਜ਼ਰ ਆਏ ਵੱਖਰੀ, ਪ੍ਰਭ ਵੱਖਰੀ ਦਏ ਵਖਾਈਆ । ਕੋਈ ਬਣਾਏ ਨਾ ਇੱਟਾਂ ਗਾਰਾ ਨਾਲ ਬਜਰੀ, ਉਪਰ ਛੱਤ ਨਾ ਕੋਇ ਛੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਬਲ ਦੇਵੇ ਮਾਣ ਵਡਿਆਈਆ । ਸੰਬਲ ਬਣਾਇਆ ਆਪ, ਨਗਰ ਖੇੜਾ ਆਪ ਵਸਾਇੰਦਾ । ਜਿਸ ਵਿਚ ਗੋਬਿੰਦ ਕਰੇ ਜਾਪ, ਢੋਲਾ ਇਕੋ ਇਕ ਗਾਇੰਦਾ । ਪੁਰਖ ਅਕਾਲ ਬਣ ਕੇ ਮਾਈ ਬਾਪ, ਸਾਚੀ ਗੋਦ ਆਪ ਸੁਹਾਇੰਦਾ । ਤਿਸ ਮੰਦਰ ਵਿਚ ਨਾ ਦਿਵਸ ਨਾ ਰਾਤ, ਸੂਰਜ ਚੰਦ ਨਜ਼ਰ ਨਾ ਆਇੰਦਾ । ਨਾ ਪੂਜਾ ਨਾ ਪਾਠ, ਹਵਨ ਆਹੂਤੀ ਨਾ ਕੋਇ ਵਖਾਇੰਦਾ । ਨਾ ਭਿਖਾਰੀ ਨਾ ਕੋਈ ਦੇਵਣਹਾਰਾ ਦਾਤ, ਝੋਲੀ ਅੱਡ ਨਾ ਕੋਇ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਬਲ ਇਕੋ ਇਕ ਵਖਾਇੰਦਾ । ਇਕੋ ਸੰਬਲ ਇਕੋ ਸਤਿਗੁਰ, ਇਕੋ ਖੇੜਾ ਰਿਹਾ ਵਖਾਈਆ । ਇਕੋ ਲੇਖਾ ਵਖਾਏ ਧੁਰ, ਲੇਖਾ ਆਪਣੇ ਹੱਥ ਰਖਾਈਆ । ਜੋਤੀ ਸ਼ਬਦੀ ਆਪੇ ਜੁੜ, ਮੇਲ ਮਿਲਾਵਾ ਬੇਪਰਵਾਹੀਆ । ਆਪੇ ਵੜਿਆ ਸਾਢੇ ਤਿੰਨ ਹੱਥ ਨਿੱਕੀ ਜਿਹੀ ਕੁੜ, ਜਗਤ ਨੇਤਰ ਨਜ਼ਰ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਗੋਬਿੰਦ ਕਹੇ ਸੰਬਲ ਅੰਦਰ ਕਿਸ ਤਰ੍ਹਾਂ ਵੜੇਂਗਾ । ਸਾਚੇ ਪੌੜੇ ਕਿਸ ਬਿਧ ਚੜ੍ਹੇਂਗਾ । ਮੇਰਾ ਪੱਲੂ ਕਿਸ ਤਰਾਂ ਫੜੇਂਗਾ । ਸਾਚਾ ਢੋਲਾ ਕਿਵੇਂ ਪੜ੍ਹੇਂਗਾ । ਨਾ ਜੀਵੇਂਗਾ ਨਾ ਮਰੇਂਗਾ । ਕਿਸ ਆਪਣੀ ਤਰਨੀ ਤਰੇਂਗਾ । ਭੈ ਵਿਚ ਕਦੇ ਨਾ ਡਰੇਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਿਵੇਂ ਕਰੇਂਗਾ । ਪਹਿਲੋਂ ਗੋਬਿੰਦ ਲੇਖ ਲਿਖਾਵਾਂਗਾ । ਜੋਤੀ ਨੂਰ ਧਰਾਵਾਂਗਾ । ਸ਼ਬਦੀ ਡੰਕ ਵਜਾਵਾਂਗਾ । ਸੰਬਲ ਨਗਰ ਫੇਰ ਵਸਾਵਾਂਗਾ । ਕਾਇਆ ਮਾਟੀ ਪੋਚ ਪੋਚਾਵਾਂਗਾ । ਸੋਚ ਸੋਚ ਕੇ ਥਾਨ ਸੁਹਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਰ ਵਖਾਵਾਂਗਾ । ਸੰਬਲ ਨਗਰ ਜਿਸ ਵੇਲੇ ਬਣੇਗਾ । ਸੁਤ ਦੁਲਾਰਾ ਗੁਰ ਸ਼ਬਦ ਪ੍ਰਭ ਜਣੇਗਾ । ਪੁਰਖ ਅਕਾਲ ਆਪਣਾ ਤਾਣਾ ਤਣੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਇਕ ਦੋ ਇਕ ਤਿੰਨ ਤਿੰਨ ਦੋ ਇਕ ਆਪੇ ਆਪ ਬਣੇਗਾ । ਸਤਿਗੁਰ ਪਿਆਰ ਸਦਾ ਅਨਮੁਲ, ਅਨਮੁਲੜੀ ਵਸਤ ਜਣਾਇੰਦਾ । ਪ੍ਰੇਮ ਭੇਟਾ ਸਾਚੇ ਫੁੱਲ, ਹਰਿ ਸਤਿਗੁਰ ਇਕੋ ਮੰਗ ਮੰਗਾਇੰਦਾ । ਦੂਜੀ ਵਸਤ ਨਾ ਇਹਦੇ ਤੁਲ, ਅਤੋਲ ਅਤੁਲ ਆਪ ਜਣਾਇੰਦਾ । ਜੋ ਜਨ ਚਰਨ ਪ੍ਰੀਤੀ ਗਿਆ ਘੁਲ, ਤਿਸ ਆਪਣਾ ਆਪ ਸਰਬ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਵਾਨ ਦੀ ਇਕ ਦਸਤਾਰ, ਗੁਰਸਿਖ ਸਿਰ ਬੰਨ੍ਹਾਏ ਕਰ ਪਿਆਰ, ਪਿਆਰ ਬੰਧਨ ਇਕੋ ਪਾਇੰਦਾ ।

★ ੨੩ ਚੇਤ ੨੦੨੦ ਬਿਕਰਮੀ ਮੁਨੀ ਜੀ ਦੇ ਨਵਿਤ ਨੂਰ ਪੁਰ ਜ਼ਿਲਾ ਜਲੰਧਰ ★

ਈੜਾ ਪਿੰਗਲ ਸੁਖਮਨਾ, ਤਿੰਨੇ ਕਰਨ ਪੁਕਾਰ । ਕਵਣ ਵੇਲਾ ਮਿਲੇ ਨਾਮ ਧਨਾ, ਸਤਿਗੁਰ ਕਿਰਪਾ ਕਰੇ ਅਪਾਰ । ਨਿਰਗੁਣ ਜੋਤ ਚੜ੍ਹਾਏ ਸਚ ਚੰਨਾ, ਅੰਧ ਅੰਧੇਰ ਮਿਟਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਸੁਣਨਹਾਰ ਪੁਕਾਰ । ਸੁਣੇ ਪੁਕਾਰ ਮੋਹਨ ਮੁਨ, ਮੁਨ ਮੁਨੀਸ਼ਰ ਦਇਆ ਕਮਾਇੰਦਾ । ਜੀਵ ਜੰਤ ਸਾਧ ਸੰਤ ਨਿਰਗੁਣ ਸਰਗੁਣ ਜਾਣੇ ਗੁਣ, ਅਵਗੁਣ ਆਪਣੇ ਵਿਚ ਛੁਪਾਇੰਦਾ ।

ਸੰਤ ਸੁਹੇਲੇ ਸੱਜਣ ਚੁਣ, ਚੁਣ ਚੁਣ ਆਪਣਾ ਮੇਲ ਮਿਲਾਇੰਦਾ । ਆਤਮਕ ਦੇਵੇ ਇਕ ਧੁਨ, ਧੁਨ ਅਨਾਦੀ ਰਾਗ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਘਰ ਸਾਚਾ ਵੇਖ ਵਖਾਇੰਦਾ । ਰਸਨਾ ਜਿਹਵਾ ਹੋਇਆ ਚੁੱਪ, ਬੱਤੀ ਦੰਦ ਨਾ ਕੋਇ ਵਡਿਆਈਆ । ਅੰਦਰ ਵੇਖ ਅੰਧੇਰਾ ਘੁੱਪ, ਗੁਰਮੁਖ ਨੈਣ ਰਿਹਾ ਸ਼ਰਮਾਈਆ । ਆਪਣੇ ਆਪ ਕੋਲੋਂ ਰਿਹਾ ਪੁੱਛ, ਅੰਤਰ ਅੰਤਰ ਧਿਆਨ ਲਗਾਈਆ । ਕਵਣ ਕੂਟੇ ਨਿਰਗੁਣ ਦਾਤਾ ਬੈਠਾ ਲੁਕ, ਸ੍ਰੀ ਭਗਵਾਨ ਆਪਣਾ ਮੁਖ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਬੇਪਰਵਾਹੀਆ । ਰਸਨਾ ਜਿਹਵਾ ਹੋਈ ਬੰਦ, ਬੱਤੀ ਦੰਦ ਨਾ ਕੋਇ ਵਡਿਆਇੰਦਾ । ਅੰਧ ਅੰਧੇਰਾ ਅੰਦਰ ਕੰਧ, ਭਾਂਡਾ ਭਰਮ ਨਾ ਕੋਇ ਭੰਨਾਇੰਦਾ । ਨਿਝ ਆਤਮ ਦੇਵੇ ਨਾ ਕੋਇ ਅਨੰਦ, ਜਗਤ ਰਸਨਾ ਰਸ ਸਰਬ ਵਖਾਇੰਦਾ । ਬਿਨ ਸਤਿਗੁਰ ਪੂਰੇ ਨਾ ਮਿਲੇ ਪਰਮਾਨੰਦ, ਦੂਈ ਦਵੈਤੀ ਪਰਦਾ ਨਾ ਕੋਇ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਆਪ ਕਮਾਇੰਦਾ । ਰਸਨਾ ਜਿਹਵਾ ਨਾ ਸਕੇ ਬੋਲ, ਅਨਬੋਲਤ ਰਾਗ ਨਾ ਕੋਇ ਜਣਾਇੰਦਾ । ਅਬਿਨਾਸ਼ੀ ਕਰਤਾ ਤੋਲਣਹਾਰਾ ਪੂਰਾ ਤੋਲ, ਸਾਚਾ ਕੰਡਾ ਨਾਮ ਹੱਥ ਉਠਾਇੰਦਾ । ਕਾਇਆ ਮੰਦਰ ਅੰਦਰ ਡੂੰਘੀ ਕੰਦਰ ਜਾਏ ਮੌਲ, ਘਰ ਵਿਚ ਘਰ ਵੇਖ ਵਖਾਇੰਦਾ । ਦੇਵਣਹਾਰ ਵਸਤ ਅਨਮੋਲ, ਅਨਮੁਲੜੀ ਦਾਤ ਆਪ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਰਤ ਸਵਾਣੀ ਆਪ ਜਗਾਇੰਦਾ । ਸੁਰਤ ਸਵਾਣੀ ਉਠ ਵੇਖ ਨੇਤਰ ਖੋਲ੍ਹ, ਹਰਿ ਸਤਿਗੁਰ ਆਪ ਜਣਾਈਆ । ਸ਼ਬਦ ਅਗੰਮ ਧੁਨ ਅਨਾਦ ਬ੍ਰਹਮਾ ਵਿਸ਼ਨ ਸ਼ਿਵ ਬੋਲ, ਸ੍ਰੀ ਭਗਵਾਨ ਢੋਲਾ ਇਕੋ ਗਾਈਆ । ਨਿਰਗਣ ਵਸੇ ਤੇਰੇ ਕੋਲ, ਸਰਗੁਣ ਪਰਦਾ ਦਏ ਚੁਕਾਈਆ । ਪਿਛਲਾ ਜਨਮ ਗਿਆ ਵਿਚ ਅਨਭੋਲ, ਅਗਲੀ ਸੁਰਤੀ ਸੁਰਤ ਦਏ ਭੁਆਈਆ । ਬਜਰ ਕਪਾਟੀ ਕੁੰਡਾ ਖੋਲ੍ਹ, ਨਿਜ ਤਾਕੀ ਦਏ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਨ ਇਕੋ ਇਕ ਜਣਾਈਆ । ਤ੍ਰਿਕੁਟੀ ਅੰਦਰ ਸ਼ਬਦ ਰਾਗ, ਹਰਿ ਰਾਗੀ ਆਪ ਸੁਣਾਇੰਦਾ । ਤ੍ਰਿਕੁਟੀ ਅੰਦਰ ਹਰਿ ਵੈਰਾਗ, ਵੈਰਾਗੀ ਧਾਰ ਬਣਾਇੰਦਾ । ਤ੍ਰਿਕੁਟੀ ਅੰਦਰ ਤ੍ਰੈਗੁਣ ਮਾਇਆ ਬੁਝੇ ਆਗ, ਅਗਨੀ ਤੱਤ ਨਾ ਕੋਇ ਵਖਾਇੰਦਾ । ਤ੍ਰਿਕੁਟੀ ਅੰਦਰ ਮੇਲ ਮਿਲਾਵਾ ਕੰਤ ਸੁਹਾਗ, ਸੁਰਤ ਸਵਾਣੀ ਬੰਧਨ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰ ਕਿਰਪਾ ਵੇਖ ਵਖਾਇੰਦਾ । ਤ੍ਰਿਕੁਟੀ ਰੋਵੇ ਮਾਰੇ ਕੂਕ, ਕੂਕ ਕੂਕ ਸੁਣਾਈਆ । ਸ੍ਰੀ ਭਗਵਾਨ ਸਤਿਗੁਰ ਪੂਰਾ ਹਾਜ਼ਰ ਹਜ਼ੂਰਾ ਕੂੜੀ ਕਿਰਿਆ ਦੇਵੇ ਫੂਕ, ਨਾਮ ਫੁੰਕਾਰਾ ਏਕਾ ਲਾਈਆ । ਅਗਲੀ ਪਿਛਲੀ ਜਨਮ ਕਰਮ ਪੂਰਬ ਚੁੱਕੇ ਚੂਕ, ਲਹਿਣਾ ਦੇਣਾ ਝੋਲੀ ਪਾਈਆ । ਲੇਖਾ ਜਾਣੇ ਤਾਣਾ ਪੇਟਾ ਇਕੋ ਸੂਤ, ਸੂਤਰਧਾਰੀ ਵੇਖ ਵਖਾਈਆ । ਵੇਖ ਵਖਾਣੇ ਪੰਜ ਤੱਤ ਕਾਇਆ ਕਲਬੂਤ, ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਮਨ ਮਤ ਬੁਧ ਬੰਧਨ ਡੇਰਾ ਢਾਹੀਆ । ਭੇਵ ਅਭੇਦਾ ਲੇਖਾ ਜਾਣੇ ਚਾਰੇ ਕੂਟ, ਦਹਿ ਦਿਸ਼ਾ ਵੇਖੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਿਹਰ ਨਜ਼ਰ ਇਕ ਉਠਾਈਆ । ਮੋਨ ਤੁੱਟੇ ਸਤਿਗੁਰ ਤੁੱਠੇ, ਦੀਨ ਦਿਆਲਾ ਦਇਆ ਕਮਾਇੰਦਾ । ਭਗਤ ਭਗਵਾਨ ਸੋਹੇ ਇਕੋ ਰੁੱਤੇ, ਰੁੱਤ ਰੁੱਤੜੀ ਆਪ ਮਹਿਕਾਇੰਦਾ । ਮੇਲ ਮਿਲਾਵਾ ਅਬਿਨਾਸ਼ੀ ਅਚੁਤੇ, ਚਿਤ ਵਿਤ ਠਗੌਰੀ ਕੋਇ ਨਾ ਪਾਇੰਦਾ । ਪੂਰਬ ਜਨਮ ਕਰਮ ਧਰਮ ਵਰਨ ਬਰਨ ਜ਼ਾਤ ਪਾਤ ਲੇਖਾ ਸਤਿਗੁਰ

ਆਪੇ ਪੁਛੇ, ਗ੍ਰਿਹ ਮੰਦਰ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਰ ਇਕੋ ਝੋਲੀ ਪਾਇੰਦਾ । ਤ੍ਰਿਕੁਟੀ ਕਹੇ ਮੈਂ ਹਾਰਾਂਗੀ । ਆਪਣਾ ਮੁਖ ਉਘਾੜਾਂਗੀ । ਸਾਚੇ ਸੰਤਾਂ ਵਾਜਾਂ ਮਾਰਾਂਗੀ । ਨੇਤਰ ਨੈਣ ਸ਼ਿੰਗਾਰਾਂਗੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਲੇਖਾ ਇਕ ਵਿਚਾਰਾਂਗੀ । ਪ੍ਰਭ ਹੁਕਮੀ ਹੁਕਮ ਜਣੌਂਦਾ ਏ । ਤ੍ਰੈ ਤ੍ਰੈ ਲੇਖਾ ਆਪ ਮੁਕੌਂਦਾ ਏ । ਭਰਮ ਭੁਲੇਖਾ ਦੂਰ ਕਢੌਂਦਾ ਏ । ਮਾਰਗ ਸੌਖਾ ਇਕ ਸਮਝੌਂਦਾ ਏ । ਮੌਕਾ ਇਕੋ ਇਕ ਰਖੌਂਦਾ ਏ । ਕਾਇਆ ਭਾਂਡਾ ਕੂੜੀ ਮਾਟੀ ਪੋਚ ਪੋਚੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਮ੍ਰਿਤ ਮੇਘ ਇਕ ਬਰਸੌਂਦਾ ਏ । ਤ੍ਰਿਕੁਟੀ ਕਹੇ ਮੈਂ ਖੁਲ੍ਹਾਂਗੀ । ਭਗਤ ਦੁਆਰੇ ਬਹਿ ਕੇ ਰੁਲਾਂਗੀ । ਕਰ ਸੇਵਾ ਫਲਾਂ ਫੁਲਾਂਗੀ । ਲੋਕਮਾਤ ਕਦੇ ਨਾ ਹੁਲਾਂਗੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਕੰਡੇ ਸਾਚੇ ਤੁਲਾਂਗੀ । ਸਤਿਗੁਰ ਤ੍ਰਿਕੁਟੀ ਆਪ ਤੁੜਾਵੇਗਾ । ਬੰਦ ਤਾਕੀ ਕੁੰਡੀ ਲਾਹਵੇਗਾ । ਬਣ ਸਾਕੀ ਜਾਮ ਪਿਆਵੇਗਾ । ਲਹਿਣਾ ਦੇਣਾ ਬਾਕੀ, ਝੋਲੀ ਆਪ ਭਰਾਵੇਗਾ । ਤਨ ਖ਼ਾਕੀ ਲੇਖੇ ਲਾਵੇਗਾ । ਪੰਜ ਤੱਤ ਆਕੀ ਰਹਿਣ ਨਾ ਪਾਵੇਗਾ । ਸ਼ਬਦ ਰਾਕੀ ਇਕ ਚੜ੍ਹਾਵੇਗਾ । ਸੁਖਮਨ ਟੇਡੀ ਬੰਕ ਡੇਰਾ ਢਾਵੇਗਾ । ਅਨਰਾਗੀ ਰਾਗ ਸੁਣਾਵੇਗਾ । ਅਨਹਦ ਨਾਦ ਵਜਾਵੇਗਾ । ਅੰਮ੍ਰਿਤ ਆਤਮ ਜਾਮ ਪਿਆਵੇਗਾ । ਨਿਝਰ ਝਿਰਨਾ ਇਕ ਝਿਰਾਵੇਗਾ । ਬਜ਼ਰ ਕਪਾਟੀ ਤੋੜ ਤੁੜਾਵੇਗਾ । ਜੋਤ ਨਿਰੰਜਣ ਦੀਪਕ ਡਗਮਗਾਵੇਗਾ । ਆਤਮ ਸੇਜਾ ਸੋਭਾ ਪਾਵੇਗਾ । ਸੁਰਤੀ ਸ਼ਬਦੀ ਮੇਲ ਮਿਲਾਵੇਗਾ । ਮੂਰਤ ਅਕਾਲ ਨਜ਼ਰੀ ਆਵੇਗਾ । ਦੀਨ ਦਿਆਲ ਦਰਸ ਦਖਾਵੇਗਾ । ਦਸਮ ਦੁਆਰੀ ਪੰਧ ਚੁਕਾਵੇਗਾ । ਬਿਨ ਸੂਰਜ ਚੰਦ ਚਮਕਾਵੇਗਾ । ਬੰਦ ਬੰਦ ਆਪਣੇ ਰੰਗ ਰੰਗਾਵੇਗਾ । ਅਨੰਦ ਇਕੋ ਇਕ ਦਰਸਾਵੇਗਾ । ਜਗਤ ਰੰਡੇਪਾ ਪੰਧ ਮੁਕਾਵੇਗਾ । ਭਗਤ ਬੁੜੇਪਾ ਲੇਖੇ ਲਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਇਕ ਜਣਾਵੇਗਾ । ਸੁਰਤੀ ਕਹੇ ਕਰੇ ਪੁਕਾਰ, ਕੂਕ ਕੂਕ ਸੁਣਾਈਆ । ਮੇਰਾ ਲੇਖਾ ਚੁਕਾਏ ਆਪ ਨਿਰੰਕਾਰ, ਆਪਣਾ ਫੇਰਾ ਪਾਈਆ । ਦੋਏ ਜੋੜ ਕਰਾਂ ਨਿਮਸਕਾਰ, ਨਿਉਂ ਨਿਉਂ ਸੀਸ ਝੁਕਾਈਆ । ਰਸਨਾ ਜਿਹਵਾ ਜਿਸ ਦੇ ਪਿਛੇ ਕੀਤੀ ਬੰਦ ਵਿਚ ਸੰਸਾਰ, ਸੋ ਸੰਸਾਰੀ ਵੇਖ ਵਖਾਈਆ । ਆਤਮ ਪਰਮਾਤਮ ਪਰਮਾਤਮ ਆਤਮ ਨਿਜ ਮੰਦਰ ਕਰੇ ਪਿਆਰ, ਪ੍ਰੇਮ ਪ੍ਰੀਤੀ ਇਕ ਜਣਾਈਆ । ਪਾਰਬ੍ਰਹਮ ਬ੍ਰਹਮ ਕਰੇ ਖ਼ਬਰਦਾਰ, ਬੇਖ਼ਬਰ ਖ਼ਬਰ ਆਪ ਸੁਣਾਈਆ । ਈਸ ਜੀਵ ਦਏ ਆਧਾਰ, ਜਗਦੀਸ਼ਰ ਲੇਖਾ ਦਏ ਮੁਕਾਈਆ । ਸੁਨ ਮੁਨ ਤੋਂ ਵਸਿਆ ਬਾਹਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਨ ਸਮਾਧ ਆਪਣੇ ਰੰਗ ਰੰਗਾਈਆ । ਜਾਨਣਹਾਰਾ ਸੁਨ ਸਮਾਧ, ਰਸਨਾ ਜਿਹਵਾ ਬੋਲ ਨਾ ਕੋਇ ਬੁਲਾਇੰਦਾ । ਜਿਸ ਰਚਨਾ ਰਚੀ ਆਦਿ ਜੁਗਾਦਿ, ਜੁਗ ਜੁਗ ਵੇਖ ਵਖਾਇੰਦਾ । ਚੁੱਪ ਕੀਤਿਆਂ ਦੇਵੇ ਆਪਣੀ ਦਾਦ, ਗੌਂਦਿਆਂ ਇਕੋ ਘਰ ਵਖਾਇੰਦਾ । ਬਿਨ ਕੰਨਾਂ ਸੁਣਾਏ ਨਾਦ, ਅਨਾਦ ਅਨਾਦੀ ਨਾਦ ਵਜਾਇੰਦਾ । ਬਿਨ ਰਸਨਾ ਦਏ ਸੁਆਦ, ਅੰਮ੍ਰਿਤ ਰਸ ਇਕ ਵਖਾਇੰਦਾ । ਸੋ ਸੰਤ ਸੋ ਸੱਚਾ ਸਾਧ, ਜਿਸ ਜਨ ਆਪਣਾ ਮੇਲ ਮਿਲਾਇੰਦਾ । ਲੱਖ ਚੁਰਾਸੀ ਵਿਚੋਂ ਕਾਢ, ਨਿਰਗੁਣ ਨਿਰਗੁਣ ਜੋੜ ਜੁੜਾਇੰਦਾ । ਲੇਖੇ ਲਾਏ ਪੰਜ ਤੱਤ ਕਾਇਆ ਮਾਟੀ ਹਾਡ, ਨਾੜੀ ਨਾੜੀ ਫੋਲ ਫੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਸ਼ਬਦ ਆਪ

ਸਮਝਾਇੰਦਾ । ਸੋਹੰ ਸ਼ਬਦ ਮੁਨੀ ਮੁਨ ਬੋਲੇ, ਸ੍ਰੀ ਭਗਵਾਨ ਦਇਆ ਕਮਾਈਆ । ਤ੍ਰਿਕੁਟੀ ਤ੍ਰੈਭਵਣ ਧਨੀ ਆਪੇ ਖੋਲ੍ਹੇ, ਪਰਦਾ ਪਰਦਾ ਦਏ ਉਠਾਈਆ । ਸੁਰਤੀ ਸ਼ਬਦੀ ਆਪੇ ਮੌਲੇ, ਮੌਲਾ ਆਪਣਾ ਰੰਗ ਰੰਗਾਈਆ । ਪੂਰਾ ਕਰੇ ਕੀਤਾ ਕੌਲੇ, ਕੀਤਾ ਕੌਲ ਭੁੱਲ ਨਾ ਜਾਈਆ । ਦਸਮ ਦੁਆਰ ਵਸੇ ਕੋਲੇ, ਸ੍ਰੀ ਭਗਵਾਨ ਵਿਛੜ ਕਦੇ ਨਾ ਜਾਈਆ । ਵੇਖਣਹਾਰਾ ਕਾਇਆ ਪੰਜ ਤੱਤ ਸਾਚੇ ਡੋਲੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਚ ਦਏ ਜਣਾਈਆ । ਮੁਨੀ ਜੀ ਬੋਲੋ ਸੋਹੰ ਸੋ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਦੁਰਮਤ ਮੈਲ ਦੇਵੇ ਧੋ, ਨਿਰਮਲ ਨਿਰਮਲ ਆਪ ਕਰਾਇੰਦਾ । ਭਗਤ ਭਗਵਾਨ ਇਕੋ ਰੰਗ ਜਾਏ ਹੋ, ਦੂਜਾ ਰੰਗ ਨਾ ਕੋਇ ਵਖਾਇੰਦਾ । ਬਿਨ ਨੇਤਰਾਂ ਅੰਦਰ ਦੇਵੇ ਲੋ, ਜੋਤ ਪਰਕਾਸ਼ ਆਪ ਕਰਾਇੰਦਾ । ਚਰਨਾਂ ਨਾਲ ਜੋ ਜਨ ਜਾਏ ਛੋਹ, ਤਿਸ ਦਸਮ ਦੁਆਰੀ ਪੰਧ ਮੁਕਾਇੰਦਾ । ਆਤਮ ਸੇਜਾ ਢੋਆ ਦੇਵੇ ਢੋ, ਵਸਤ ਅਮੋਲਕ ਇਕ ਵਰਤਾਇੰਦਾ । ਹਰਿ ਕੀ ਵਸਤ ਕੋਈ ਨਾ ਸਕੇ ਖੋਹ, ਠੱਗ ਚੋਰ ਯਾਰ ਨੇੜ ਕੋਇ ਨਾ ਆਇੰਦਾ । ਸ੍ਰੀ ਭਗਵਾਨ ਗੁਰਮੁਖ ਸੱਜਣ ਵੇਖੇ ਜੋ, ਘਟ ਘਟ ਆਪਣਾ ਡੇਰਾ ਲਾਇੰਦਾ । ਅੰਤਰ ਆਤਮ ਰੱਖਿਆ ਮੋਹ, ਮੁਹੱਬਤ ਇਕੋ ਇਕ ਵਧਾਇੰਦਾ । ਲੱਖ ਚੁਰਾਸੀ ਰਹੀ ਰੋ, ਜਗਤ ਨੇਤਰ ਨਜ਼ਰ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਆਪ ਉਠਾਇੰਦਾ । ਦਸਮ ਦੁਆਰੀ ਲਾਹੇ ਕੁੰਡਾ, ਖਿੜਕੀ ਬੰਦ ਨਾ ਕੋਇ ਕਰਾਈਆ । ਸਤਿਗੁਰ ਨਜ਼ਰੀ ਆਏ ਸੋਹਣਾ ਬਾਂਕਾ ਮੁੰਡਾ, ਸਵੱਛ ਸਰੂਪੀ ਨਜ਼ਰੀ ਆਈਆ । ਹੱਥ ਫੜਾਏ ਨਾਮ ਡੰਡਾ, ਡੰਕਾ ਇਕੋ ਇਕ ਵਜਾਈਆ । ਮੁਨੀ ਫੇਰ ਨਾ ਹੋਏ ਰੰਡਾ, ਕੰਤ ਸੁਰਤ ਸਵਾਣੀ ਲਏ ਪਰਨਾਈਆ । ਘਰ ਬੈਠਿਆਂ ਸੈਰ ਕਰਾਏ ਵਿਚ ਬ੍ਰਹਿਮੰਡਾਂ, ਕੋਟਨ ਕੋਟ ਖੰਡ ਚਰਨਾਂ ਹੇਠ ਦਬਾਈਆ । ਲਹਿਣਾ ਦੇਣਾ ਚੁੱਕੇ ਜੇਰਜ ਅੰਡਾ, ਉਤਭੁਜ ਸੇਤਜ ਰਹਿਣ ਨਾ ਪਾਈਆ । ਬਿਨ ਬੰਦਗੀਉਂ ਕਰਿਆ ਬੰਦਾ, ਬੰਦਨਾ ਇਕੋ ਘਰ ਕਰਾਈਆ । ਗੀਤ ਸੁਣਾਇਆ ਸੁਹਾਗੀ ਛੰਦਾ, ਸੋਹੰ ਢੋਲਾ ਕਰੇ ਪੜ੍ਹਾਈਆ । ਲੋਕੀਂ ਜਾਨਣ ਨੇਤਰੋਂ ਅੰਧਾ, ਸ੍ਰੀ ਭਗਵਾਨ ਨਿਰਗੁਣ ਜੋਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੁਨੀ ਮੁਨੀਸ਼ਰ ਵੇਖ ਵਖਾਈਆ । ਉਠ ਮੁਨੀ ਦਰ ਸਾਚੇ ਲਾਲ, ਹਰਿ ਲਾਲਨ ਗੋਦ ਰਿਹਾ ਉਠਾਈਆ । ਅੰਦਰ ਵੇਖ ਜਲਵਾ ਜਲਾਲ, ਨੂਰੋ ਨੂਰ ਨੂਰ ਰੁਸ਼ਨਾਈਆ । ਸਾਢੇ ਤਿੰਨ ਹੱਥ ਤੇਰੀ ਧਰਮਸਾਲ, ਸਤਿਗੁਰ ਪੂਰਾ ਦਏ ਸੁਹਾਈਆ । ਤੇਰੇ ਨੇੜ ਨਾ ਆਏ ਕਾਲ ਮਹਾਂਕਾਲ, ਅੰਤਮ ਆਪਣੀ ਗੋਦ ਉਠਾਈਆ । ਤ੍ਰੈਗੁਣ ਮਾਇਆ ਤੋੜ ਜੰਜਾਲ, ਜੀਵਣ ਜੁਗਤ ਰਿਹਾ ਜਣਾਈਆ । ਸੁਣਨਹਾਰ ਮੁਰੀਦਾਂ ਮੁਰਸ਼ਦ ਹਾਲ, ਬੇਪਰਵਾਹ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਸਿਰ ਆਪਣਾ ਹੱਥ ਟਿਕਾਈਆ । ਤ੍ਰਿਕੁਟੀ ਕਰੇ ਹਾਹਾਕਾਰ, ਹੌਕਾ ਇਕੋ ਨਾਮ ਭਰਾਇਆ । ਜਿਨ੍ਹਾਂ ਮਿਲਿਆ ਹਰਿ ਨਿਰੰਕਾਰ, ਮੇਰੀ ਲੋੜ ਰਹੇ ਨਾ ਰਾਈਆ । ਦਸਮ ਦੁਆਰ ਕਹੇ ਆ ਮੇਰੇ ਯਾਰ, ਮੈਂ ਤੇਰਾ ਰਾਹ ਤਕਾਇਆ । ਬਿਨ ਭਗਤਾਂ ਹੋਵਾਂ ਖ਼ੁਆਰ, ਮੇਰਾ ਸੰਗ ਨਾ ਕੋਇ ਰਖਾਇਆ । ਲੱਖ ਚੁਰਾਸੀ ਸੁੱਤੀ ਪੈਰ ਪਸਾਰ, ਨਿਜ ਨੇਤਰ ਜਾਗ ਨਾ ਕੋਇ ਖੁਲ੍ਹਾਇਆ । ਮੁਨ ਰਿਖ ਮੁਨ ਲਿਆ ਵਿਚਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਆਪ ਰਖਾਇਆ । ਜਗਤ ਮੁਨੀ ਤੇਰੀ ਸਿਰ ਦੀ ਚੋਟੀ, ਚੋਟ ਨਾਮ ਨਗਾਰ ਲਗਾਈਆ । ਅੱਗੇ ਵਾਸਨਾ ਰਹੇ ਨਾ ਖੋਟੀ, ਕੂੜੀ ਕਿਰਿਆ ਦਏ ਖਪਾਈਆ । ਨਿਰਮਲ ਨੂਰ ਜਗਾਏ

੨੨੩ ੧੪

ਸਾਚੀ ਜੋਤੀ, ਮਸਤਕ ਟਿੱਕਾ ਆਪ ਲਗਾਈਆ । ਪਾਰ ਕਰਾਏ ਵਿਚੋਂ ਕੋਟਨ ਕੋਟੀ, ਸ੍ਰੀ ਭਗਵਾਨ ਹੋ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਤੇਰੀ ਕਾਇਆ ਪੋਥੀ, ਪਤਰਾ ਰਿਹਾ ਉਲਟਾਈਆ । ਤੇਰੀ ਕਾਇਆ ਪੋਥੀ ਉਲਟੇ ਪਤਰਾ, ਪਤਿਪਰਮੇਸ਼ਵਰ ਆਪ ਉਲਟਾਇੰਦਾ । ਧਰਮ ਰਾਏ ਦਾ ਚੁੱਕਿਆ ਖ਼ਤਰਾ, ਖ਼ਾਲਸ ਆਪਣਾ ਰੰਗ ਰੰਗਾਇੰਦਾ । ਨੌਂ ਅਠਾਰਾਂ ਕੋਈ ਨਾ ਕਰ ਕੇ ਵਖਾਏ ਨਖ਼ਰਾ, ਨਾਜ਼ ਸਭ ਦਾ ਖ਼ਾਕ ਮਿਲਾਇੰਦਾ । ਪ੍ਰੇਮ ਪਿਆਰ ਦਾ ਇਕੋ ਕਤਰਾ, ਨਿਝਰ ਤੇਰੀ ਧਾਰ ਵਹਾਇੰਦਾ । ਨਾਮ ਜਣਾਏ ਬਿਨ ਲਿਖਿਆਂ ਸੱਤਰਾਂ, ਨਿਸ਼ਅੱਖਰ ਆਪ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਦ੍ਰਿੜਾਇੰਦਾ । ਮੁਨੀ ਮੁਨੀ ਤੇਰਾ ਮੋਨ ਅਪਾਰ, ਅਪਰੰਪਰ ਵੇਖ ਵਖਾਈਆ । ਅੰਦਰੇ ਅੰਦਰੇ ਸ਼ਬਦ ਜੈਕਾਰ, ਰਾਗ ਧੁਨ ਸ਼ਨਵਾਈਆ । ਚਰਨ ਚਰਨ ਚਰਨ ਨਿਮਸਕਾਰ, ਨਿਮਖ ਨਿਮਖ ਕਟਾਈਆ । ਦਾਸੀ ਦਾਸ ਸੇਵਕ ਸੇਵਾ ਕਰੇ ਆਪ ਕਰਤਾਰ, ਕਰਤਾ ਆਪਣਾ ਫੇਰਾ ਪਾਈਆ । ਬਿਨ ਨੈਣਾਂ ਦਏ ਦੀਦਾਰ, ਬਿਨ ਅੱਖਾਂ ਅੱਖ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਆਪਣੇ ਹੱਥ ਰਖਾਈਆ । ਸਾਚੀ ਕਰਨੀ ਰੱਖੇ ਹੱਥ, ਲਹਿਣਾ ਹੱਥੋਂ ਹੱਥ ਚੁਕਾਇੰਦਾ । ਪਰਗਟ ਹੋ ਪੁਰਖ ਸਮਰਥ, ਸਮਰਥ ਆਪਣੀ ਕਾਰ ਕਮਾਇੰਦਾ । ਅੰਤਰ ਅੰਤਰ ਜਾਏ ਵਸ, ਬਾਹਰੋਂ ਨਜ਼ਰ ਕਿਸੇ ਨਾ ਆਇੰਦਾ । ਆਤਮ ਪਰਮਾਤਮ ਪਰਮਾਤਮ ਆਤਮ ਇਕੋ ਮਾਰਗ ਦੱਸ, ਸਾਚੇ ਰਾਹ ਆਪ ਪਾਇੰਦਾ । ਨਿਰਗੁਣ ਹੋ ਕੇ ਸਰਗੁਣ ਗਾਵੇ ਜਸ, ਸਰਗੁਣ ਭੇਵ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰੇ ਹੱਥ ਨਾਲ ਮਿਲਾਏ ਹੱਥ, ਬਿਨ ਹੱਥਾਂ ਆਪਣੇ ਕੰਧ ਉਠਾਇੰਦਾ । ਹੱਥ ਨਾਲ ਹੱਥ ਮਿਲਾ ਦਸਤ, ਦਸਤਗੀਰ ਦਇਆ ਕਮਾਈਆ । ਅੱਠੇ ਪਹਿਰ ਰਖਾਏ ਮਸਤ, ਮਸਤੀ ਇਕੋ ਨਾਮ ਚੜ੍ਹਾਈਆ । ਲੇਖਾ ਚੁੱਕੇ ਕੀਟ ਹਸਤ, ਹਸਤ ਕੀਟ ਇਕੋ ਨਜ਼ਰੀ ਆਈਆ । ਹਰਿ ਸੰਗਤ ਵਿਚ ਲਾ ਕੇ ਜਾਵੇ ਸ਼ਰਤ, ਨਿਰਗੁਣ ਦਰਸ ਦਏ ਵਖਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਲੋਕਮਾਤ ਭਗਤਾਂ ਪਿਛੇ ਆਏ ਪਰਤ, ਪਾਰਬ੍ਰਹਮ ਪ੍ਰਭ ਆਪਣਾ ਫੇਰਾ ਪਾਈਆ । ਸੰਤ ਸੁਹੇਲੇ ਤੇਰਾ ਹੋਣ ਨਾ ਦੇਵ ਹਰਜ, ਪਿਛਲਾ ਹਰਜਾਨਾ ਝੋਲੀ ਦੇਵੇ ਪਾਈਆ । ਚਾਰ ਜਨਮ ਦਾ ਤੇਰਾ ਕਰਜ਼, ਗੋਰਖ ਚੇਲੇ ਦਏ ਮੁਕਾਈਆ । ਕੋਲ ਵਟਾਲੇ ਕਰੀ ਅਰਦਾਸ ਮੇਰੀ ਪੂਰੀ ਹੋਵੇ ਗ਼ਰਜ਼, ਨਾਨਕ ਨਿਰਗੁਣ ਅੱਗੇ ਧਿਆਨ ਲਗਾਈਆ । ਪ੍ਰਭ ਕਾ ਖੇਲ ਸਦਾ ਅਸਚਰਜ, ਲਿਖਣ ਪੜ੍ਹਨ ਵਿਚ ਨਾ ਆਈਆ । ਆਂਢ ਗਵਾਂਢ ਸਾਰੇ ਭਾਵੇਂ ਤੈਨੂੰ ਰਹਿਣ ਵਰਜ, ਪਿਛੇ ਹਟ ਨਾ ਜਾਣਾ ਪ੍ਰਭ ਇਕੋ ਸੱਚਾ ਮਾਹੀਆ । ਰਾਗ ਸੁਣਾਏ ਬਿਨ ਤਾਲ ਤਰਜ਼, ਤਲਵਾੜਾ ਹੱਥ ਨਾ ਕੋਇ ਉਠਾਈਆ । ਵੇਖ ਬਿਨ ਸਾਰ ਪਾਸਿਉਂ ਸਿਧੀ ਹੋਈ ਨਰਦ, ਪੁੱਠੀ ਫੇਰ ਨਾ ਕੋਇ ਕਰਾਈਆ । ਹਰਿ ਕਾ ਚੇਲਾ ਇਕੋ ਮਰਦ, ਮਰਦ ਮਰਦਾਨਾ ਰੂਪ ਵਟਾਈਆ । ਨੇਤਰਹੀਣ ਨੇਤਰ ਨੈਣਾਂ ਨਾਲ ਕੱਟੇ ਦਰਦ, ਦੁਖੀਆਂ ਦੁੱਖ ਰਿਹਾ ਵੰਡਾਈਆ । ਚਾਰ ਸੌ ਉਣੰਤਰ ਸਾਲ ਪਿਛੋਂ ਫੇਰ ਫੋਲੀ ਤੇਰੀ ਫ਼ਰਦ, ਫ਼ਰਜ਼ ਆਪਣਾ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤ੍ਰਿਕੁਟੀ ਤੇਰੀ ਵੇਖੇ ਵਿਚਾਰੀ, ਬਿਨ ਕਰਮਾਂ ਰੋਵੇ ਜ਼ਾਰੋ ਜ਼ਾਰੀ, ਨੇਤਰ ਨੈਣਾਂ ਨੀਰ ਵਹਾਈਆ । ਤ੍ਰਿਕੁਟੀ ਵਿਚਾਰੀ ਨਿੱਕੀ ਬਾਲੀ, ਬਾਲਕ ਰੂਪ ਵਖਾਇੰਦਾ । ਪਾਰਬ੍ਰਹਮ ਪਤਿਪਰਮੇਸ਼ਵਰ ਜਿਨ੍ਹਾਂ ਬਣੇ ਆਪ ਪ੍ਰਿਤਪਾਲੀ, ਤਿਸ ਦਸਮ ਦੁਆਰੀ ਸੇਵ ਕਮਾਇੰਦਾ । ਮਿਟੇ ਰੈਣ

ਅੰਧੇਰੀ ਕਾਲੀ, ਗੁਰ ਸ਼ਬਦੀ ਸਾਚਾ ਚੰਦ ਚਮਕਾਇੰਦਾ । ਦੀਨ ਦਿਆਲ ਠਾਕਰ ਸੁਆਮੀ ਨਿਰਗੁਣ ਹੋ ਕੇ ਕਰੇ ਦਲਾਲੀ, ਵਣਜ ਵਪਾਰਾ ਇਕੋ ਹੱਟ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਤਮ ਪਰਮਾਤਮ ਪਰਮਾਤਮ ਆਤਮ ਨਾਰ ਕੰਤ ਕੰਤ ਨਾਰ ਸੋਭਾਵੰਤ ਸਚ ਸੇਜ ਸੁਹਾਇੰਦਾ । ਇਕ ਦੋ ਤਿੰਨ ਤਿੰਨ ਤਿੰਨ ਵਡਿਆਈਆ । ਦਰਸ ਦਖਾਏ ਭਿੰਨ ਭਿੰਨ, ਭਿੰਨੜੀ ਰੈਣ ਵਡਿਆਈਆ । ਲੇਖਾ ਚੁਕਾਏ ਗਿਣ ਗਿਣ, ਪੂਰਬ ਲਹਿਣਾ ਝੋਲੀ ਪਾਈਆ । ਪੰਧ ਮੁਕਾਏ ਮਿਣ ਮਿਣ, ਆਪ ਆਪਣੀ ਸੇਵ ਕਮਾਈਆ । ਮੰਗ ਮੰਗੀ ਜਿਨ ਜਿਨ, ਆਸਾ ਸਭ ਦੀ ਪੂਰ ਵਖਾਈਆ । ਸਾਹਿਬ ਸਤਿਗੁਰ ਦੀਨ ਦਿਆਲ ਵਖਾਏ ਆਪਣਾ ਚਿੰਨ, ਚਿੰਤਾ ਪਿਛਲੀ ਦਏ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਖਾਵਣਹਾਰਾ ਸਾਚਾ ਘਰ, ਘਰ ਘਰ ਵਿਚ ਕਰ ਰੁਸ਼ਨਾਈਆ ।

## ★ ੨੩ ਚੇਤ ੨੦੨੦ ਬਿਕਰਮੀ ਪਰਕਾਸ਼ ਸਿੰਘ ਦੇ ਗ੍ਰਿਹ ਪਿੰਡ ਸਮਰਾ ਜ਼ਿਲਾ ਜਲੰਧਰ ★

ਹਰਿ ਸੰਗਤ ਬਣ ਕੇ ਸਭ ਨੇ ਬਹਿਣਾ, ਗੁਰਮਤ ਮਿਲੇ ਵਡਿਆਈਆ । ਦਰਸ਼ਨ ਕਰੋ ਆਪਣੇ ਨੈਣਾਂ, ਨਿਜ ਨੇਤਰ ਧਿਆਨ ਲਗਾਈਆ । ਗੁਰ ਨਾਨਕ ਗੋਬਿੰਦ ਮੰਨੋ ਕਹਿਣਾ, ਕਿਉਂ ਬੈਠੇ ਮਨੋਂ ਭੁਲਾਈਆ । ਆਤਮ ਪਰਮਾਤਮ ਲਹਿਣਾ ਦੇਣਾ, ਜੁਗ ਜੁਗ ਵੱਜੇ ਵਧਾਈਆ । ਸੋ ਪੁਰਖ ਨਿਰੰਜਣ ਸਾਕ ਸੱਜਣ ਸੈਣਾ, ਇਕ ਇਕੱਲਾ ਹੋਏ ਸਹਾਈਆ । ਸਚ ਦੁਆਰੇ ਇਕੱਠੇ ਰਹਿਣਾ, ਦੂਈ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸਾ ਇਕ ਸੁਣਾਈਆ । ਹਰਿ ਸੰਗਤ ਮੇਲਾ ਇਕ ਘਰ, ਘਰ ਸਾਚੇ ਵੱਜੇ ਵਧਾਈਆ । ਪੁਰਖ ਅਬਿਨਾਸ਼ੀ ਮਿਲੇ ਹਰਿ, ਗ੍ਰਿਹ ਮੰਦਰ ਫੇਰਾ ਪਾਈਆ । ਇਕ ਦੂਜੇ ਨਾਲ ਕਿਉਂ ਰਹੇ ਲੜ, ਮਨਮਤ ਕਰੇ ਲੜਾਈਆ । ਗੁਰ ਸ਼ਬਦ ਡੋਰੀ ਲਓ ਫੜ, ਮਨਮਤੀ ਦਿਓ ਤਜਾਈਆ । ਸਾਚੇ ਪੌੜੇ ਜਾਓ ਚੜ੍ਹ, ਸਤਿਗੁਰ ਨਾਨਕ ਗਿਆ ਸਮਝਾਈਆ । ਜੀਂਵਦਿਆਂ ਹੀ ਜਾਓ ਮਰ, ਮਰਨੀ ਇਕੋ ਇਕ ਦਰਸਾਈਆ । ਆਪਣੀ ਸੁਰਤੀ ਸ਼ਬਦ ਡੋਰੇ ਲਓ ਫੜ, ਮਨ ਵਾਸਨਾ ਉਠ ਨਾ ਦਹਿ ਦਿਸ਼ ਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮਤ ਇਕ ਵਖਾਈਆ । ਗੁਰਮਤ ਵੇਖ ਸੱਜਣ ਸੁਹੇਲੇ, ਸੋ ਸੱਜਣ ਆਪ ਜਣਾਇੰਦਾ । ਆਤਮ ਪਰਮਾਤਮ ਜੁਗ ਜੁਗ ਮੇਲੇ, ਜੁਗ ਕਰਤਾ ਆਪ ਜਣਾਇੰਦਾ । ਪ੍ਰਭ ਦੇ ਨਾਮ ਜਪਣ ਤੋਂ ਜਿਹੜੇ ਵੇਹਲੇ, ਓਨ੍ਹਾਂ ਝਗੜੇ ਵਿਚ ਰਖਾਇੰਦਾ । ਅਚਰਜ ਖੇਲ ਪਾਰਬ੍ਰਹਮ ਪ੍ਰਭ ਖੇਲੇ, ਗੁਰਮੁਖ ਮਨਮੁਖ ਦੋਵੇਂ ਧਾਰ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੋਤ ਨਿਰੰਜਣ ਆਤਮ ਪਰਮਾਤਮ ਬ੍ਰਹਮ ਪਾਰਬ੍ਰਹਮ ਚੜ੍ਹਾਏ ਸਾਚੇ ਤੇਲੇ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਘਰ ਸਾਚੇ ਸਗਨ ਮਨਾਇੰਦਾ । ਕੂੜੀ ਕਿਰਿਆ ਕਲਜੁਗ ਜੀਵਾਂ ਝੂਠੀ ਵਾਦੀ, ਵਾਅਦੇ ਖ਼ਿਲਾਫ਼ ਸਰਬ ਜਣਾਇੰਦਾ । ਜਿਨ੍ਹਾਂ ਦੀ ਗੋਬਿੰਦ ਗੁਜਰੀ ਬਣਾ ਕੇ ਗਿਆ ਇਕੋ ਦਾਦੀ, ਦੂਜਾ ਹਿੱਸਾ ਨਾ ਕੋਇ ਵੰਡਾਇੰਦਾ । ਹਰਿ ਸੰਗਤ ਮੇਲਾ ਪਾਰਬ੍ਰਹਮ ਦੀ ਸੱਚੀ ਸ਼ਾਦੀ, ਗੁਰਮੁਖ ਸੱਚੇ ਮੇਲ ਮਿਲਾਇੰਦਾ । ਕੋਈ ਭੇਵ ਨਾ ਜਾਣੇ ਮੁਲਾਂ ਕਾਜੀ, ਪੰਡਤ ਪਾਂਧਾ ਸਾਰ ਕੋਇ ਨਾ ਪਾਇੰਦਾ । ਮੁਰੀਦ ਮੁਰਸ਼ਦ ਵੇਖੇ ਸੱਚਾ ਹਾਜੀ, ਕਾਇਆ ਕਾਅਬਾ ਖੋਜ ਖੁਜਾਇੰਦਾ । ਗ੍ਰਿਹ ਮੰਦਰ ਸੁਣੇ ਸਾਚਾ ਨਾਦੀ, ਧੁੰਨ ਆਤਮਕ ਰਾਗ


੨੨੫
੧੪

ਅਲਾਇੰਦਾ । ਸ੍ਰੀ ਭਗਵਾਨ ਬਣਿਆ ਬਾਡੀ, ਸਾਢੇ ਤਿੰਨ ਹੱਥ ਕਾਇਆ ਘੜ ਵਖਾਇੰਦਾ । ਲੇਖਾ ਚੁੱਕੇ ਆਂਢੀ ਗਵਾਂਢੀ, ਦੂਰ ਨੇੜੇ ਏਕਾ ਰੰਗ ਰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਏਕਾ ਦਰ ਵਖਾਇੰਦਾ । ਹਰਿ ਸੰਗਤ ਵੇਖੇ ਏਕਾ ਮੀਤਾ, ਮਿੱਤਰ ਪਿਆਰਾ ਨਜ਼ਰੀ ਆਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਜਿਸ ਦੀ ਸਿਫ਼ਤ ਕਰੇ ਗੀਤਾ, ਅੱਠ ਦਸ ਦਏ ਵਡਿਆਈਆ । ਅੰਜੀਲ ਕੁਰਾਨ ਨਾਮ ਨਿਧਾਨਾ ਜਿਸ ਦਾ ਪੀਤਾ, ਮਸਲਾ ਹੱਕ ਹੱਕ ਸਮਝਾਈਆ । ਖਾਣੀ ਬਾਣੀ ਭੇਵ ਚੁਕਾਏ ਅਨਡੀਠਾ, ਅਨਡਿਠੜੀ ਕਾਰ ਕਮਾਈਆ । ਸੋ ਸਾਹਿਬ ਸਤਿਗੁਰ ਘਟ ਘਟ ਅੰਦਰ ਵੇਖਣਹਾਰਾ ਨੀਤਾ, ਲੱਖ ਚੁਰਾਸੀ ਅੰਦਰ ਰਿਹਾ ਸਮਾਈਆ । ਕਲਜੁਗ ਵੇਲਾ ਅੰਤਮ ਬੀਤਾ, ਸਦੀ ਬੀਸਵੀਂ ਰਹੀ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਇਕੋ ਰਾਹ ਵਖਾਈਆ । ਹਰਿ ਸੰਗਤ ਵੇਖੇ ਇਕੋ ਰਾਹ, ਹਰਿ ਹਰਿ ਜੂ ਨਜ਼ਰੀ ਆਇੰਦਾ । ਜਿਸ ਦਾ ਪੈਗ਼ੰਬਰ ਪੀਰ ਸਜਦਾ ਕਰਦੇ ਰਹੇ ਸੀਸ ਝੁਕਾ, ਪਰਵਰਦਿਗਾਰ ਆਪਣੀ ਕਾਰ ਕਮਾਇੰਦਾ । ਮੁਕਾਮੇ ਹੱਕ ਹੱਕ ਰਿਹਾ ਸੁਹਾ, ਹਕੀਕਤ ਇਕੋ ਇਕ ਦ੍ਰਿੜਾਇੰਦਾ । ਗੁਰ ਅਵਤਾਰ ਜਿਸ ਮਾਰਗ ਦਿਤੇ ਲਾ, ਲੋਕਮਾਤ ਰਾਹ ਵਖਾਇੰਦਾ । ਖਾਣੀ ਬਾਣੀ ਬੋਧ ਅਗਾਧ ਗਿਆਨ ਵੇਦ ਪੁਰਾਨ ਸ਼ਾਸਤਰ ਸਿਮਰਤ ਕਲਮ ਸ਼ਾਹੀ ਨਾਲ ਦਿਤੇ ਲਿਖਾ, ਕਾਗ਼ਜ਼ ਆਪਣਾ ਰੰਗ ਰੰਗਾਇੰਦਾ । ਸੋ ਸਾਹਿਬ ਕਿਉਂ ਬੈਠੇ ਭੁਲਾ, ਅਭੁੱਲ ਭੁੱਲ ਕਦੇ ਨਾ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਸਾਚਾ ਦਰ ਸਮਝਾਇੰਦਾ । ਹਰਿ ਸੰਗਤ ਵੇਖੇ ਦਰ ਦਰਵਾਜ਼ਾ, ਘਰ ਸਾਚੇ ਵੱਜੇ ਵਧਾਈਆ । ਜਿਸ ਗ੍ਰਿਹਿ ਵਸੇ ਗ਼ਰੀਬ ਨਿਵਾਜ਼ਾ, ਤਿਸ ਮੰਦਰ ਮਿਲੇ ਵਡਿਆਈਆ । ਸ਼ਾਹੋ ਭੂਪ ਵਡ ਰਾਜਨ ਰਾਜਾ, ਸ਼ਹਿਨਸ਼ਾਹ ਇਕੋ ਇਕ ਅਖਵਾਈਆ । ਸਚਖੰਡ ਦੁਆਰੇ ਰਚ ਰਚ ਕਾਜਾ, ਦੋ ਜਹਾਨਾਂ ਧਾਰ ਬੰਧਾਈਆ । ਸ਼ਬਦੀ ਸੁਤ ਆਪ ਨਿਵਾਜਾ, ਮਿਹਰ ਨਜ਼ਰ ਆਪ ਟਿਕਾਈਆ । ਵਿਸ਼ਨ ਬ੍ਰਹਮਾ ਸ਼ਿਵ ਦੇਵੇ ਦਾਜਾ, ਵਸਤ ਅਮੋਲਕ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਅਵੱਲਾ, ਨਿਰਗੁਣ ਨਰ ਨਿਰੰਕਾਰ ਆਪ ਕਰਾਇੰਦਾ । ਵਸਣਹਾਰਾ ਨਿਹਚਲ ਧਾਮ ਅਟੱਲਾ, ਸਚਖੰਡ ਸਾਚੇ ਸੋਭਾ ਪਾਇੰਦਾ । ਜੋਤੀ ਸ਼ਬਦੀ ਆਪੇ ਰਲਾ, ਰੂਪ ਰੰਗ ਰੇਖ ਨਾ ਕੋਇ ਵਖਾਇੰਦਾ । ਜੁਗ ਚੌਕੜੀ ਸਚ ਸੰਦੇਸ ਸਤਿ ਸਤਿਵਾਦੀ ਆਪਣਾ ਘੱਲਾ, ਨਿਸ਼ਅੱਖਰ ਵੱਖਰ ਆਪ ਪੜ੍ਹਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਫੜਾਏ ਪੱਲਾ, ਪੱਲੂ ਆਪਣੀ ਗੰਢ ਪੁਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਜਣਾਇੰਦਾ । ਸਾਚਾ ਖੇਲ ਕਰਤਾ ਪੁਰਖ, ਹਰਿ ਕਰਤਾ ਆਪ ਜਣਾਈਆ । ਨਾ ਕੋਈ ਸੋਗ ਨਾ ਕੋਈ ਹਰਖ਼, ਚਿੰਤਾ ਗ਼ਮ ਨਾ ਕੋਇ ਜਣਾਈਆ । ਜਿਸ ਜਨ ਆਤਮ ਕਰਨਾ ਦਰਸ, ਸਤਿਗੁਰ ਪੂਰਾ ਦਏ ਕਰਾਈਆ । ਜਨਮ ਜਨਮ ਦੀ ਮੇਟੇ ਹਰਸ, ਪੂਰਬ ਲਹਿਣਾ ਝੋਲੀ ਪਾਈਆ । ਜਿਨ੍ਹਾਂ ਉਤੇ ਕੀਤਾ ਤਰਸ, ਤਿਨ੍ਹਾਂ ਆਪਣੀ ਬੂਝ ਬੁਝਾਈਆ । ਲੇਖਾ ਚੁਕਾ ਅਰਸ਼ ਫ਼ਰਸ਼, ਕਾਇਆ ਕੁਰਾ ਖੋਜ ਖੁਜਾਈਆ । ਅੱਧਵਿਚਕਾਰ ਗੁਰਮੁਖ ਕੋਈ ਨਾ ਜਾਏ ਅਟਕ, ਭਾਂਡਾ ਭਰਮ ਭੌ ਭੰਨਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਪੰਚ ਵਿਕਾਰਾ ਦੇਵੇ ਝਟਕ, ਨਾਮ ਖੰਡਾ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਹਰਿ ਖੇਲ ਅਪਾਰ, ਨਿਰਗੁਣ ਨਿਰਗੁਣ ਨਿਰੰਕਾਰ ਆਪ ਕਰਾਇੰਦਾ । ਸਚਖੰਡ ਨਿਵਾਸੀ ਸਚ ਲਾ ਦਰਬਾਰ, ਦਰ ਦਰਬਾਰੀ ਸੋਭਾ

ਪਾਇੰਦਾ । ਤਖ਼ਤ ਨਿਵਾਸੀ ਹੋ ਉਜਿਆਰ, ਸਾਚੇ ਤਖ਼ਤ ਆਸਣ ਲਾਇੰਦਾ । ਜੋਤ ਪਰਕਾਸ਼ ਏਕੰਕਾਰ, ਅਕਲ ਕਲਾ ਵਡਿਆਇੰਦਾ । ਸ਼ਬਦ ਅਗੰਮੀ ਸਾਚੀ ਧਾਰ, ਧਾਰ ਧਾਰ ਵਿਚੋਂ ਜਣਾਇੰਦਾ । ਦੋ ਜਹਾਨਾਂ ਕਰੇ ਖ਼ਬਰਦਾਰ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਆਪ ਉਠਾਇੰਦਾ । ਲੱਖ ਚੁਰਾਸੀ ਪਾਵੇ ਸਾਰ, ਜੀਵ ਜੰਤ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪਣੇ ਹੱਥ ਰਖਾਇੰਦਾ । ਸਾਚੀ ਕਰਨੀ ਰੱਖੇ ਹੱਥ, ਸ੍ਰੀ ਭਗਵਾਨ ਵੱਡੀ ਵਡਿਆਈਆ । ਜੁਗ ਚੌਕੜੀ ਚਲਾਏ ਰਥ, ਬਣ ਰਥਵਾਹੀ ਸੇਵ ਕਮਾਈਆ । ਗੁਰ ਅਵਤਾਰਾਂ ਦੇ ਵੱਥ, ਨਾਮ ਵੰਡਣ ਇਕ ਵੰਡਾਈਆ । ਸਾਚਾ ਮਾਰਗ ਸਾਹਿਬ ਦੱਸ, ਸ੍ਰਿਸ਼ਟ ਸਬਾਈ ਦਏ ਸਮਝਾਈਆ । ਨਿਰਗੁਣ ਜੋਤ ਕਰ ਪਰਕਾਸ਼, ਬ੍ਰਹਮ ਲੇਖਾ ਦਏ ਲਗਾਈਆ । ਮੰਡਲ ਮੰਡਪ ਪਾ ਰਾਸ, ਗੋਪੀ ਕਾਹਨ ਨਚਾਈਆ । ਸਦਾ ਸੁਹੇਲਾ ਵਸੇ ਸਾਥ, ਸਗਲਾ ਸੰਗ ਨਿਭਾਈਆ । ਅਗੰਮ ਅਥਾਹ ਜਣਾਏ ਗਾਥ, ਮੰਤਰ ਇਕੋ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਖੇਲ ਵਖਾਈਆ । ਜੁਗ ਜੁਗ ਖੇਲ ਹਰਿ ਭਗਵੰਤ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਹਰਿ ਪੁਰਖ ਨਿਰੰਜਣ ਮਹਿਮਾ ਅਗਣਤ, ਭੇਵ ਕੋਇ ਨਾ ਪਾਇੰਦਾ । ਏਕੰਕਾਰਾ ਮਣੀਆਂ ਮੰਤ, ਨਾਉਂ ਨਿਰੰਕਾਰਾ ਆਪ ਦ੍ਰਿੜਾਇੰਦਾ । ਆਦਿ ਨਿਰੰਜਣ ਸੋਭਾਵੰਤ, ਸਚਖੰਡ ਸਾਚਾ ਆਪ ਸੁਹਾਇੰਦਾ । ਸ੍ਰੀ ਭਗਵਾਨ ਨਾਰ ਕੰਤ, ਸੇਜ ਸੁਹੰਜਣੀ ਆਪ ਹੰਢਾਇੰਦਾ । ਅਬਿਨਾਸ਼ੀ ਕਰਤਾ ਚਾੜ੍ਹੇ ਰੰਗ ਬਸੰਤ, ਉਤਰ ਕਦੇ ਨਾ ਜਾਇੰਦਾ । ਪਾਰਬ੍ਰਹਮ ਬ੍ਰਹਮ ਲੇਖਾ ਜਾਣ ਜੀਵ ਜੰਤ, ਲੱਖ ਚੁਰਾਸੀ ਖੋਜ ਖੁਜਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨਿਰਗੁਣ ਸਰਗੁਣ ਦੇਂਦਾ ਰਿਹਾ ਮੰਤ, ਸਿਫ਼ਤੀ ਸਿਫ਼ਤ ਨਾਮ ਦ੍ਰਿੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਜੁਗ ਚੌਕੜੀ ਵੰਡਣ ਵੰਡ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਗੰਢ ਪੁਆਈਆ । ਲੇਖਾ ਜਾਣ ਨਵ ਦਰ ਨੌਂ ਖੰਡ, ਨਵ ਰਸ ਰਸ ਭਰਾਈਆ । ਸੇਵਾ ਲਾ ਸੂਰਜ ਚੰਦ, ਤਾਰਾ ਮੰਡਲ ਕਿਰਨ ਕਿਰਨ ਰੁਸ਼ਨਾਈਆ । ਢੋਲਾ ਸੋਹਲਾ ਸੁਣਾ ਛੰਦ, ਗੀਤ ਗੋਬਿੰਦ ਜਣਾਈਆ । ਆਤਮ ਪਰਮਾਤਮ ਦੇ ਅਨੰਦ, ਅਨੰਦ ਇਕੋ ਇਕ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਵੇਖ ਵਖਾਈਆ । ਜੁਗ ਚੌਕੜੀ ਵੇਖਣਹਾਰਾ, ਨਿਰਗੁਣ ਸਰਗੁਣ ਧਾਰ ਚਲਾਇੰਦਾ । ਰੂਪ ਧਰ ਗੁਰ ਅਵਤਾਰਾ, ਪੀਰ ਪੈਗ਼ੰਬਰ ਖੇਲ ਖਿਲਾਇੰਦਾ । ਸ਼ਬਦ ਅਗੰਮੀ ਬੋਲ ਜੈਕਾਰਾ, ਜੈ ਜੈਕਾਰ ਅਲਾਇੰਦਾ । ਭਗਤ ਭਗਵਾਨ ਦੇ ਸਹਾਰਾ, ਸਿਰ ਆਪਣਾ ਹੱਥ ਟਿਕਾਇੰਦਾ । ਵੇਖਣਹਾਰਾ ਵਾਰੋ ਵਾਰਾ, ਨਿਤ ਨਵਿਤ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਕਰਨੇ ਯੋਗ, ਯੁਗਤੀ ਆਪਣੇ ਹੱਥ ਰਖਾਈਆ । ਲੱਖ ਚੁਰਾਸੀ ਪੰਜ ਤੱਤ ਕਾਇਆ ਕਰ ਸੰਜੋਗ, ਧੁਰ ਸੰਜੋਗੀ ਮੇਲ ਮਿਲਾਈਆ । ਆਤਮ ਪਰਮਾਤਮ ਸੋ ਪੁਰਖ ਨਿਰੰਜਣ ਹੰ ਬ੍ਰਹਮ ਦੇਵੇ ਨਾਮ ਚੋਗ, ਵਸਤ ਅਮੋਲਕ ਇਕ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਕਰਤਾ ਵੇਖ ਵਖਾਈਆ । ਜੁਗ ਕਰਤਾ ਜਗ ਵੇਖਣਹਾਰਾ, ਜੁਗ ਜੁਗ ਆਪਣੀ ਧਾਰ ਚਲਾਇੰਦਾ । ਭੇਵ ਅਭੇਦਾ ਗੁਰ ਅਵਤਾਰਾ, ਪੀਰ ਪੈਗ਼ੰਬਰ ਪਰਦਾ ਲਾਹਿੰਦਾ । ਦੀਆ ਬਾਤੀ ਕਮਲਾਪਾਤੀ ਕਰ ਉਜਿਆਰਾ, ਜੋਤੀ ਜਾਤਾ ਡਗਮਗਾਇੰਦਾ । ਸ਼ਬਦ ਅਨਾਦ ਸੱਚੀ ਧੁਨਕਾਰਾ, ਧੁਨ ਆਤਮਕ ਰਾਗ ਅਲਾਇੰਦਾ । ਕਾਇਆ ਮੰਦਰ ਸਚ ਮਕਾਨ ਸੱਚਾ ਗੁਰਦੁਆਰਾ,

੨੨੭
੧੪

ਸਤਿਗੁਰ ਸਾਚਾ ਸੋਭਾ ਪਾਇੰਦਾ । ਚੌਦਾਂ ਲੋਕ ਹੱਟ ਵਣਜਾਰਾ, ਚੌਦਾਂ ਤਬਕਾਂ ਭੇਵ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਵੇਖ ਵਖਾਇੰਦਾ । ਜੁਗ ਚੌਕੜੀ ਵੇਖੇ ਆਪ, ਪ੍ਰਭ ਆਪਣੀ ਦਇਆ ਕਮਾਈਆ । ਦੇਵਣਹਾਰਾ ਸਦਾ ਸਦਾ ਸਦ ਜਾਪ, ਜੀਵਣ ਜੁਗਤ ਜੁਗਤ ਜਣਾਈਆ । ਉਤਾਰਨਹਾਰਾ ਕੋਟਨ ਕੋਟ ਪਾਪ, ਦੁਰਮਤ ਮੈਲ ਮੈਲ ਧੁਆਈਆ । ਸੱਜਣ ਸੈਣ ਹਰਿਜਨ ਵੇਖੇ ਸਾਕ, ਸਗਲਾ ਸੰਗ ਨਿਭਾਈਆ । ਬਜ਼ਰ ਕਪਾਟੀ ਖੋਲ੍ਹ ਤਾਕ, ਦੂਈ ਦਵੈਤੀ ਪਰਦਾ ਲਾਹੀਆ । ਨਿਰਗੁਣ ਜੋਤ ਕਰ ਪਰਕਾਸ਼, ਅੰਧ ਅੰਧੇਰ ਗਵਾਈਆ । ਭਗਤ ਭਗਵਾਨ ਪੂਰੀ ਕਰੇ ਆਸ, ਨਿਰਾਸਾ ਕੋਇ ਰਹਿਣ ਨਾ ਪਾਈਆ । ਸੇਵਾ ਕਰੇ ਬਣ ਬਣ ਦਾਸੀ ਦਾਸ, ਮਾਣ ਅਭਿਮਾਨ ਨਾ ਕੋਇ ਜਣਾਈਆ । ਦਸਦਾ ਗਿਆ ਭਵਿਖਤ ਵਾਕ, ਗੁਰ ਅਵਤਾਰ ਪੀਰ ਪੈਗ਼ੰਬਰ ਕਰ ਪੜ੍ਹਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਅੰਤਮ ਸਭ ਦੀ ਪਤ ਲਏ ਰਾਖ, ਸਮਰਥ ਪੁਰਖ ਵੱਡੀ ਵਡਿਆਈਆ । ਹੋਏ ਸਹਾਈ ਅਨਾਥਾਂ ਨਾਥ, ਦੀਨਨ ਆਪਣੇ ਗਲੇ ਲਗਾਈਆ । ਲੇਖਾ ਜਾਣ ਪ੍ਰਿਥਮੀ ਅਕਾਸ਼, ਗਗਨ ਮੰਡਲ ਖੋਜ ਖੁਜਾਈਆ । ਜਨ ਭਗਤਾਂ ਅੰਦਰ ਕਰੇ ਵਾਸ, ਥਾਨ ਭੂਮਕਾ ਇਕ ਸੁਹਾਈਆ । ਰਸਨਾ ਚਲੇ ਪਵਣ ਸਵਾਸ, ਉਣੰਜਾ ਪਵਣ ਨੈਣ ਸ਼ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ ਕਮਾਈਆ । ਬੇਪਰਵਾਹ ਖੇਲ ਅਨੋਖਾ, ਭੇਵ ਕੋਇ ਨਾ ਪਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਜਨ ਭਗਤਾਂ ਕਦੇ ਨਾ ਦੇਵੇ ਧੋਖਾ, ਧੁਰ ਸੰਜੋਗੀ ਮੇਲ ਮਿਲਾਇੰਦਾ । ਪੰਧ ਮੁਕਾਏ ਤੰਗ ਔਖਾ, ਔਖੀ ਘਾਟੀ ਆਪ ਚੜ੍ਹਾਇੰਦਾ । ਨਿਰਗੁਣ ਸਰਗੁਣ ਹੋ ਕੇ ਵੇਖਣ ਆਏ ਮੌਕਾ, ਮਿਹਰਵਾਨ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਧਾਰਾ ਆਪਣੇ ਹੱਥ ਰਖਾਇੰਦਾ । ਸਾਚੀ ਧਾਰ ਹਰਿ ਨਿਰੰਕਾਰ ਸੋ ਪੁਰਖ ਨਿਰੰਜਣ ਆਪਣੇ ਹੱਥ ਰਖਾਈਆ । ਹਰਿ ਪੁਰਖ ਨਿਰੰਜਣ ਖੋਲ੍ਹ ਕਿਵਾੜ, ਕਰਨੀ ਕਰਤਾ ਦਇਆ ਕਮਾਈਆ । ਏਕੰਕਾਰਾ ਕਰ ਪਸਾਰ, ਵੇਖਣਹਾਰਾ ਚਾਈਂ ਚਾਈਂਆ । ਆਦਿ ਨਿਰੰਜਣ ਨੂਰ ਉਜਿਆਰ, ਜੋਤ ਨਿਰੰਜਣ ਘਰ ਘਰ ਰਿਹਾ ਟਿਕਾਈਆ । ਅਬਿਨਾਸ਼ੀ ਕਰਤਾ ਮੀਤ ਮੁਰਾਰ, ਮਿੱਤਰ ਪਿਆਰਾ ਇਕ ਅਖਵਾਈਆ । ਸ੍ਰੀ ਭਗਵਾਨ ਸਾਂਝਾ ਯਾਰ, ਸਗਲਾ ਸੰਗ ਨਿਭਾਈਆ । ਪਾਰਬ੍ਰਹਮ ਬ੍ਰਹਮ ਕਰੇ ਪਿਆਰ, ਆਤਮ ਸੇਜਾ ਇਕ ਸੁਹਾਈਆ । ਸ਼ਬਦੀ ਰਾਗ ਸੱਚੀ ਧੁਨਕਾਰ, ਬਿਨ ਰਸਨਾ ਜਿਹਵਾ ਗਾਈਆ । ਬੱਤੀ ਦੰਦ ਨਾ ਕੋਇ ਪੁਕਾਰ, ਉਚੀ ਕੂਕ ਨਾ ਕੋਇ ਅਲਾਈਆ । ਲੇਖਾ ਜਾਣੇ ਗੁਪਤ ਜ਼ਾਹਰ, ਅੰਦਰ ਬਾਹਰ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਭੇਵ ਖੁਲ੍ਹਾਈਆ । ਜੁਗ ਚੌਕੜੀ ਭੇਵ ਖੋਲ੍ਹੇ, ਖੋਲਣਹਾਰ ਅਖਵਾਇੰਦਾ । ਸਚ ਤਰਾਜੂ ਨਿਰਗੁਣ ਤੋਲੇ, ਵੱਟਾ ਧੜੀ ਨਾ ਕੋਇ ਰਖਾਇੰਦਾ । ਭਗਤ ਦੁਆਰਾ ਇਕੋ ਖੋਲ੍ਹੇ, ਵਸਤ ਅਮੋਲਕ ਨਾਮ ਵਰਤਾਇੰਦਾ । ਭਾਗ ਲਗਾਏ ਕਾਇਆ ਚੋਲੇ, ਪੰਜ ਤੱਤ ਆਪਣੀ ਗੰਢ ਪੁਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਜਣਾਇੰਦਾ । ਸਾਚੀ ਖੇਲ ਜਣਾਏ ਖ਼ਾਲਕ, ਪਰਵਰਦਿਗਾਰ ਵੱਡੀ ਵਡਿਆਈਆ । ਆਦਿ ਜੁਗਾਦਿ ਨਾ ਕੋਈ ਨਿੰਦਰਾ ਨਾ ਕੋਈ ਆਲਸ, ਅੱਠੇ ਪਹਿਰ ਸੇਵ ਕਮਾਈਆ । ਭਗਤ ਭਗਵਾਨ ਮਾਰਗ ਦੱਸੇ ਖ਼ਾਲਸ, ਖ਼ਾਲਸਾ ਇਕੋ ਰੂਪ ਦਰਸਾਈਆ । ਗੁਰ ਗੋਬਿੰਦ ਬਣੇ ਸਾਲਸ, ਗੁਰ ਸ਼ਬਦੀ ਰੂਪ ਧਰਾਈਆ । ਦੂਜਾ ਕਰੇ ਨਾ ਕੋਇ ਸਫ਼ਾਰਸ਼, ਹਸਤੀ ਨਜ਼ਰ ਕਿਸੇ ਨਾ ਆਈਆ । ਨਿਰਗੁਣ ਵੇਖਣਹਾਰ ਇਬਾਦਤ, ਘਰ ਘਰ ਬੈਠਾ ਡੇਰਾ ਲਾਈਆ । ਲੇਖਾ ਜਾਣੇ

ਤੁਲਬਾ ਤਾਲਬ, ਤਾਅਲੀਮ ਅਜ਼ੀਮ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਥਾਉਂ ਥਾਈਆ । ਲੇਖਾ ਜਾਣੇ ਜੁਗ ਚਾਰ, ਚੌਕੜੀ ਆਪਣੀ ਗੰਢ ਪੁਆਇੰਦਾ । ਜਗਤ ਸੰਦੇਸਾ ਵੇਦ ਚਾਰ, ਚਾਰੇ ਮੁਖ ਸਿਫ਼ਤ ਸਲਾਹਿੰਦਾ । ਚਾਰੇ ਖਾਣੀ ਕਰ ਤਿਆਰ, ਅੰਡਜ ਜੇਰਜ ਉਤਭੁਜ ਸੇਤਜ ਵੰਡ ਵੰਡਾਇੰਦਾ । ਚਾਰੇ ਬਾਣੀ ਬੋਲ ਜੈਕਾਰ, ਪਰਾ ਪਸੰਤੀ ਮਧਮ ਬੈਖ਼ਰੀ ਆਪੇ ਗਾਇੰਦਾ । ਚਾਰੇ ਵਰਨਾਂ ਦੇ ਆਧਾਰ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਵੇਖ ਵਖਾਇੰਦਾ । ਚਾਰੇ ਕੁੰਟ ਖੇਲ ਨਿਆਰ, ਚਾਰ ਯਾਰੀ ਰੰਗ ਰੰਗਾਇੰਦਾ । ਚੌਥੇ ਯੁਗ ਹੋ ਉਜਿਆਰ, ਏਕਾ ਦੂਆ ਪੰਧ ਮੁਕਾਇੰਦਾ । ਏਕੰਕਾਰਾ ਸਾਂਝਾ ਯਾਰ, ਦੂਜੀ ਕੁਦਰਤ ਵੰਡ ਵੰਡਾਇੰਦਾ । ਤੀਜਾ ਨੈਣ ਖੋਲ੍ਹ ਕਿਵਾੜ, ਅੱਖ ਪਰਤੱਖ ਆਪ ਜਣਾਇੰਦਾ । ਚੌਥੇ ਘਰ ਦੇਵੇ ਵਾੜ, ਪਦ ਇਕੋ ਇਕ ਸਮਝਾਇੰਦਾ । ਪੰਚਮ ਮੀਤਾ ਮੀਤ ਮੁਰਾਰ, ਪੰਚ ਪੰਚਾਇਣ ਆਪ ਸਮਝਾਇੰਦਾ । ਛੇਵੇਂ ਛੱਪਰ ਦੇ ਸਹਾਰ, ਸਾਚੇ ਮੰਦਰ ਸੋਭਾ ਪਾਇੰਦਾ । ਸਤਵੇਂ ਸਤਿ ਸਤਿਵਾਦੀ ਕਰੇ ਕਾਰ, ਸਤਿ ਪੁਰਖ ਨਿਰੰਜਣ ਰਾਹ ਵਖਾਇੰਦਾ । ਅੱਠਵੇਂ ਅੱਠਾਂ ਤੱਤਾਂ ਮਾਰੇ ਮਾਰ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨਮਤ ਬੁਧ ਵੰਡ ਨਾ ਕੋਇ ਵੰਡਾਇੰਦਾ । ਨਾਵੇਂ ਨੌਂ ਦਰ ਖੋਲ੍ਹਣਹਾਰ ਕਿਵਾੜ, ਮਿਹਰ ਨਜ਼ਰ ਆਪ ਟਿਕਾਇੰਦਾ । ਦਸਵੇਂ ਮੇਲਾ ਗੁਰਮੁਖ ਯਾਰ, ਯਾਰੀ ਯਾਰਾਂ ਨਾਲ ਰਖਾਇੰਦਾ । ਸੰਤ ਸਾਜਣ ਕਰ ਪਿਆਰ, ਪ੍ਰੇਮ ਪ੍ਰੀਤੀ ਤੋੜ ਨਿਭਾਇੰਦਾ । ਭਗਤ ਭਗਵਾਨ ਦੇ ਦੀਦਾਰ, ਈਦ ਦੀਦ ਚੰਦ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਕਰਨੀ ਕਰਤਾ ਆਪ ਕਰਾਇੰਦਾ । ਚਾਰ ਯੁਗ ਗੁਰ ਅਵਤਾਰ, ਕਰਨੀ ਲੋਕਮਾਤ ਕਰਾਈਆ । ਸ਼ਬਦ ਸੰਦੇਸਾ ਵਾਰੋ ਵਾਰ, ਜੁਗ ਜੁਗ ਮਾਤ ਪੜ੍ਹਾਈਆ । ਧੁਰ ਦਾ ਲਹਿਣਾ ਧੁਰ ਦਰਬਾਰ, ਹਰਿ ਕਰਤਾ ਆਪ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਲੇਖਾ ਅਗੰਮ, ਨਜ਼ਰ ਕਿਸੇ ਨਾ ਆਇੰਦਾ । ਨਾ ਮਰੇ ਨਾ ਪਏ ਜੰਮ, ਜੀਵਣ ਮਰਨ ਨਾ ਕੋਇ ਜਣਾਇੰਦਾ । ਜੁਗ ਚੌਕੜੀ ਨਿਰਗੁਣ ਹੋ ਕੇ ਕਰੇ ਕੰਮ, ਸਰਗੁਣ ਆਪਣੇ ਧੰਦੇ ਲਾਇੰਦਾ । ਲੱਖ ਚੁਰਾਸੀ ਬੇੜਾ ਬੰਨ੍ਹ, ਆਪਣੇ ਕੰਧ ਉਠਾਇੰਦਾ । ਤੇਈ ਅਵਤਾਰਾਂ ਦੇ ਨਾਮ ਧਨ, ਝੋਲੀ ਇਕੋ ਇਕ ਭਰਾਇੰਦਾ । ਭਗਤ ਅਠਾਰਾਂ ਮੇਟ ਜਨ, ਜਨ ਜਨ ਕਾ ਮੇਲ ਮਿਲਾਇੰਦਾ । ਈਸਾ ਮੂਸਾ ਮੁਹੰਮਦ ਨੂਰੀ ਜਲਵਾ ਦੇਵੇ ਤਨ, ਤਨ ਖ਼ਾਕੀ ਸੋਭਾ ਪਾਇੰਦਾ । ਨਾਨਕ ਨਿਰਗੁਣ ਨਾਲ ਗਿਆ ਮੰਨ, ਗੋਬਿੰਦ ਆਪਣੀ ਗੋਦ ਸੁਹਾਇੰਦਾ । ਕਰੇ ਖੇਲ ਸ੍ਰੀ ਭਗਵਨ, ਪੁਰਖ ਅਕਾਲ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਧਾਰ ਆਪ ਜਣਾਇੰਦਾ । ਜੁਗ ਚੌਕੜੀ ਲੋਕਮਾਤ ਧਾਰ, ਧਰਨੀ ਧਰਤ ਧਵਲ ਦਏ ਵਡਿਆਈਆ । ਸਾਚੀ ਸਿਖਿਆ ਵਿਚ ਸੰਸਾਰ, ਸਤਿਗੁਰ ਸ਼ਬਦ ਸ਼ਬਦ ਜਣਾਈਆ । ਜੋਗ ਅਭਿਆਸ ਦੇ ਅਧਾਰ, ਪੂਜਾ ਪਾਠ ਕਰੇ ਕੁੜਮਾਈਆ । ਗੰਗਾ ਗੋਦਾਵਰੀ ਜਮਨਾ ਸੁਰਸਤੀ ਧਾਰ, ਅਠਸਠ ਤੀਰਥ ਕਰ ਕੁੜਮਾਈਆ । ਖਾਣੀ ਬਾਣੀ ਬੋਧ ਅਗਾਧ ਬਣ ਲਿਖਾਰ, ਕਾਤਬ ਲੇਖਾ ਜਾਣੇ ਕਲਮ ਸ਼ਾਹੀਆ । ਸ੍ਰਿਸ਼ਟ ਸਬਾਈ ਕਰ ਪਿਆਰ, ਆਤਮ ਪਰਮਾਤਮ ਪਰਮਾਤਮ ਆਤਮ ਰਾਹ ਜਣਾਈਆ । ਬਣ ਵਿਚੋਲਾ ਹਰਿ ਨਿਰੰਕਾਰ, ਸੋਹੰ ਢੋਲਾ ਇਕੋ ਗਾਈਆ । ਨਾਨਕ ਤੋਲਾ ਅਪਰ ਅਪਾਰ, ਦੋ ਜਹਾਨਾਂ ਤੋਲ ਤੁਲਾਈਆ । ਸ੍ਰਿਸ਼ਟ ਸਬਾਈ ਸੁੱਤੀ ਪੈਰ ਪਸਾਰ, ਨੇਤਰ ਅੱਖ ਨਾ ਕੋਇ ਖੁਲ੍ਹਾਈਆ । ਗੋਬਿੰਦ ਖੜਗ ਖੰਡਾ ਕਰ ਚਮਕਾਰ, ਚੰਡ ਪਰਚੰਡ ਇਕ ਚਮਕਾਈਆ । ਦੂਤਾਂ ਦੁਸ਼ਟਾਂ ਕਰ ਸੰਘਾਰ, ਸਫ਼ਾ

ਸਭ ਦੀ ਦਏ ਉਲਟਾਈਆ । ਅੰਮ੍ਰਿਤ ਬਖ਼ਸ਼ ਠੰਡਾ ਠਾਰ, ਭਰ ਪਿਆਲਾ ਜਾਮ ਪਿਆਈਆ । ਪ੍ਰੀਤੀ ਸਚ ਸਚ ਪਿਆਰ, ਚਾਰ ਵਰਨ ਗਿਆ ਦ੍ਰਿੜਾਈਆ । ਊਚ ਨੀਚ ਨਾ ਕੋਇ ਧਾਰ, ਰਾਓ ਰੰਕ ਨਾ ਕੋਇ ਵਖਾਈਆ । ਪੁਰਖ ਅਕਾਲ ਮੀਤ ਮੁਰਾਰ, ਸਤਿਗੁਰ ਇਕੋ ਨਜ਼ਰੀ ਆਈਆ । ਸਦਾ ਸਦਾ ਸਦ ਦੀਨ ਦਿਆਲ, ਦੀਨਨ ਰੱਛਿਆ ਕਰੇ ਥਾਉਂ ਥਾਈਂਆ । ਕਲਜੁਗ ਜੀਵ ਨਾ ਹੋ ਬੇਹਾਲ, ਗੁਰਮਤ ਇਕੋ ਇਕ ਦ੍ਰਿੜਾਈਆ । ਸਭ ਦੇ ਸਿਰ ਤੇ ਕੂਕੇ ਕਾਲ, ਕਾਲ ਨਗਾਰਾ ਇਕ ਵਜਾਈਆ । ਬਿਨ ਸਾਹਿਬ ਸਤਿਗੁਰ ਸਾਰੇ ਹੋਣ ਬੇਹਾਲ, ਵੇਲੇ ਅੰਤ ਨਾ ਕੋਇ ਛੁਡਾਈਆ । ਇਕੋ ਡੰਕਾ ਵੱਜੇ ਦੋ ਜਹਾਨ, ਦੋ ਜਹਾਨਾਂ ਵਾਲੀ ਆਪ ਵਜਾਈਆ । ਸ਼ੰਕਾ ਰਹੇ ਨਾ ਕੋਈ ਅਵਾਣ, ਬੁੱਧੀ ਮਿਲੇ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਜਣਾਈਆ । ਭੇਵ ਅਭੇਦਾ ਖੋਲ੍ਹੇ ਭਗਵਾਨ, ਭਗਵਨ ਆਪਣੀ ਦਇਆ ਕਮਾਇੰਦਾ । ਜੁਗ ਚੌਕੜੀ ਦੇ ਦੇ ਦਾਨ, ਸਾਚੀ ਵਸਤ ਆਪ ਵਰਤਾਇੰਦਾ । ਤਖ਼ਤ ਨਿਵਾਸੀ ਧੁਰ ਫ਼ਰਮਾਣ, ਸਚ ਸੰਦੇਸਾ ਸਰਬ ਸੁਣਾਇੰਦਾ । ਵੇਦ ਵਿਆਸਾ ਕਰ ਧਿਆਨ, ਧਿਆਨ ਧਿਆਨ ਨਾਲ ਮਿਲਾਇੰਦਾ । ਪਰਗਟ ਹੋਵੇ ਬ੍ਰਹਿਮਣ ਗੌੜਾ ਪੂਤ ਸਪੂਤਾ ਨੌਜਵਾਨ, ਉਚੇ ਟਿੱਲੇ ਪਰਬਤ ਸੋਭਾ ਪਾਇੰਦਾ । ਮੂਸਾ ਕਹੇ ਮੇਰਾ ਮਿਹਰਵਾਨ, ਜਲਵਾ ਨੂਰ ਇਕ ਦਰਸਾਇੰਦਾ । ਈਸਾ ਕਹੇ ਮੇਰਾ ਰਹਿਮਾਨ, ਮੇਰੇ ਪਿਛੋਂ ਰਹਿਮਤ ਇਕ ਕਮਾਇੰਦਾ । ਮੁਹੰਮਦ ਕਹੇ ਵਡ ਅਮਾਮ, ਸਿਰ ਅਮਾਮਾਂ ਵੇਸ ਵਟਾਇੰਦਾ । ਨਾਨਕ ਕਹੇ ਸ੍ਰੀ ਭਗਵਾਨ, ਨਿਹਕਲੰਕਾ ਨਾਉਂ ਧਰਾਇੰਦਾ । ਗੋਬਿੰਦ ਕਹੇ ਪੁਰਖ ਅਕਾਲ, ਅਕਲ ਕਲ ਆਪਣੀ ਧਾਰ ਚਲਾਇੰਦਾ । ਕਲ ਕਲਕੀ ਲੈ ਅਵਤਾਰ, ਰੂਪ ਰੰਗ ਰੇਖ ਨਾ ਕੋਇ ਰਖਾਇੰਦਾ । ਸੰਬਲ ਵਸੇ ਧਾਮ ਨਿਆਰ, ਖੇੜਾ ਇਕੋ ਇਕ ਵਡਿਆਇੰਦਾ । ਸ਼ਬਦ ਡੰਕਾ ਵੱਜੇ ਨਿਰੰਕਾਰ, ਦੋ ਜਹਾਨਾਂ ਆਪ ਸੁਣਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਉਠ ਉਠ ਰੋਵਣ ਜ਼ਾਰੋ ਜ਼ਾਰ, ਧੀਰਜ ਧੀਰ ਨਾ ਕੋਇ ਧਰਾਇੰਦਾ । ਤੇਈ ਅਵਤਾਰ ਹੋਣ ਬੇਦਾਰ, ਨੇਤਰ ਅੱਖ ਸਰਬ ਖੁਲ੍ਹਾਇੰਦਾ । ਭਗਤ ਅਠਾਰਾਂ ਕਰਨ ਪੁਕਾਰ, ਅੱਠ ਦਸ ਭੇਵ ਨਾ ਕੋਇ ਜਣਾਇੰਦਾ । ਈਸਾ ਮੂਸਾ ਮੁਹੰਮਦ ਨੇਤਰ ਵੇਖਣ ਖੋਲ੍ਹ ਉਘਾੜ, ਚੌਦਾਂ ਤਬਕ ਪਰਦਾ ਲਾਹਿੰਦਾ । ਨਾਨਕ ਨਿਰਗੁਣ ਬੋਲ ਜੈਕਾਰ, ਜੈ ਜੈਕਾਰ ਆਪ ਸੁਣਾਇੰਦਾ । ਗੋਬਿੰਦ ਕਹੇ ਪੁਰਖ ਅਕਾਲ ਕਰੇ ਵਿਹਾਰ, ਬਿਵਹਾਰੀ ਆਪਣਾ ਫੇਰਾ ਪਾਇੰਦਾ । ਪੂਤ ਸਪੂਤਾ ਰੱਖੇ ਨਾਲ, ਸ਼ਬਦੀ ਸੁਤ ਸੰਗ ਨਿਭਾਇੰਦਾ । ਇਕ ਸੁਹਾਏ ਸੱਚੀ ਧਰਮਸਾਲ, ਜਿਸ ਗ੍ਰਿਹ ਆਪਣਾ ਡੇਰਾ ਲਾਇੰਦਾ । ਨਿਰਗੁਣ ਦੀਆ ਬਾਤੀ ਕਮਲਾਪਾਤੀ ਆਪੇ ਬਾਲ, ਤੇਲ ਵਟੀ ਨਾ ਕੋਇ ਜਣਾਇੰਦਾ । ਸਾਚੀ ਹਾਟੀ ਖੋਲ੍ਹ ਦੁਕਾਨ, ਨਾਮ ਹੱਟ ਇਕ ਰਖਾਇੰਦਾ । ਧੁਰ ਸੰਦੇਸਾ ਦੇ ਨੌਜਵਾਨ, ਨੌਬਤ ਆਪਣੇ ਨਾਮ ਵਜਾਇੰਦਾ । ਕਲਜੁਗ ਕੂੜੀ ਕਿਰਿਆ ਉਠਾਏ ਨਾਲ, ਸੋਇਆ ਕੋਇ ਰਹਿਣ ਨਾ ਪਾਇੰਦਾ । ਨਿਰਗੁਣ ਵੇਖੇ ਮਾਰ ਧਿਆਨ, ਨੇਤਰ ਅੱਖ ਨਾ ਕੋਇ ਜਣਾਇੰਦਾ । ਚਾਰੋਂ ਕੁੰਟ ਹੋਏ ਹੈਰਾਨ, ਹਰਿ ਕਾ ਭੇਵ ਕੋਇ ਨਾ ਪਾਇੰਦਾ । ਸ਼ਰਅ ਰੋਵੇ ਜਗਤ ਸ਼ੈਤਾਨ, ਸ਼ਰੀਅਤ ਸੰਗ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਕਰਾਇੰਦਾ । ਸੱਚੀ ਖੇਲ ਕਰੇ ਭਗਵਾਨਾ, ਪ੍ਰਭ ਆਪਣੀ ਦਇਆ ਕਮਾਈਆ । ਕਲਜੁਗ ਅੰਤਮ ਹੋ ਪਰਧਾਨਾ, ਨਾਮ ਪਰਧਾਨਗੀ ਇਕ ਕਮਾਈਆ । ਸ਼ਾਹੋ ਭੂਪ ਵਡ ਰਾਜ ਰਾਜਾਨਾ, ਸ਼ਹਿਨਸ਼ਾਹ ਇਕੋ ਇਕ ਅਖਵਾਈਆ । ਲੇਖਾ ਜਾਣੇ ਦੋ ਜਹਾਨਾਂ, ਨਿਰਗੁਣ ਸਰਗੁਣ ਕਾਰ ਕਮਾਈਆ । ਜੋਧਾ ਸੂਰ ਬਲੀ ਬਲਵਾਨਾ, ਬਲ ਆਪਣਾ ਆਪ ਦਰਸਾਈਆ । ਨਾਮ ਸ਼ਬਦ

ਚਿਲਾ ਤੀਰ ਕਮਾਨਾ, ਖੰਡਾ ਖੜਗ ਇਕ ਉਠਾਈਆ । ਬ੍ਰਹਿਮੰਡ ਖੰਡ ਵੇਖੇ ਮਾਰ ਧਿਆਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਪ੍ਰਭ ਏਕਾ ਏਕ, ਏਕੰਕਾਰਾ ਆਪ ਅਖਵਾਇੰਦਾ । ਆਦਿ ਜੁਗਾਦਿ ਜੁਗ ਚੌਕੜੀ ਦੇਵੇ ਸਾਚੀ ਟੇਕ, ਸਿਰ ਆਪਣਾ ਹੱਥ ਟਿਕਾਇੰਦਾ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਨਿਰਵੈਰ ਹੋ ਕੇ ਲਏ ਵੇਖ, ਦੂਈ ਵੰਡ ਨਾ ਕੋਇ ਵੰਡਾਇੰਦਾ । ਚਾਰ ਵਰਨ ਰਾਉ ਰੰਕ ਊਚ ਨੀਚ ਸ੍ਰਿਸ਼ਟ ਸਬਾਈ ਕਰੇ ਹੇਤ, ਆਤਮ ਪਰਮਾਤਮ ਆਪਣਾ ਰੰਗ ਰੰਗਾਇੰਦਾ । ਘਟ ਘਟ ਅੰਦਰ ਕਾਇਆ ਮੰਦਰ ਸਤਿ ਸਵਾਮੀ ਹੋ ਕੇ ਰਿਹਾ ਖੇਡ, ਖੇਡਣਹਾਰਾ ਆਪਣਾ ਖੇਲ ਖਲਾਇੰਦਾ । ਸ਼ਬਦ ਅਗੰਮ ਸੰਦੇਸਾ ਰਿਹਾ ਭੇਜ, ਤੰਦੀ ਤੰਦ ਨਾ ਕੋਇ ਹਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਆਪਣਾ ਰਾਹ ਜਣਾਇੰਦਾ । ਜੁਗ ਚੌਕੜੀ ਰਹੀ ਉਡੀਕ, ਨੇਤਰ ਨੈਣ ਧਿਆਨ ਲਗਾਈਆ । ਗੁਰ ਅਵਤਾਰ ਦੱਸ ਕੇ ਗਏ ਤਰੀਕ, ਲੇਖਾ ਲਿਖਤ ਜਗਤ ਸਮਝਾਈਆ । ਪਰਗਟ ਹੋਵੇ ਲਾਸ਼ਰੀਕ, ਪਰਵਰਦਿਗਾਰ ਸੱਚਾ ਸ਼ਹਿਨਸ਼ਾਹੀਆ । ਕਲਜੁਗ ਮੇਟੇ ਅੰਧੇਰਾ ਤਾਰੀਕ, ਨਿਰਗੁਣ ਚੰਦ ਕਰੇ ਰੁਸ਼ਨਾਈਆ । ਜਨ ਭਗਤਾਂ ਕਾਇਆ ਚੋਲੀ ਚਾੜ੍ਹੇ ਰੰਗ ਮਜੀਠ, ਲੋਕਮਾਤ ਉਤਰ ਕਦੇ ਨਾ ਜਾਈਆ । ਖੇਲ ਕਰੇ ਆਪ ਅਨਡੀਠ, ਅਨਡਿਠੜਾ ਰੂਪ ਧਰਾਈਆ । ਪਰਗਟ ਹੋਵੇ ਬੀਸ ਬੀਸ, ਪੰਦਰਾਂ ਕੱਤਕ ਵੱਜੇ ਵਧਾਈਆ । ਜਿਸ ਦੇ ਸਿਰ ਤੇ ਛਤਰ ਝੁਲੇ ਸੀਸ, ਦੋ ਜਹਾਨ ਮਿਲੇ ਵਡਿਆਈਆ । ਜਿਸ ਦੀ ਸਿਫ਼ਤ ਕਰਦੇ ਰਾਗ ਛਤੀਸ, ਪੁਰਾਨ ਵੇਦ ਰਹੇ ਜਸ ਗਾਈਆ । ਸੋ ਸਾਹਿਬ ਪਤਤ ਪੁਨੀਤ, ਪਤਤ ਪਾਪੀ ਦਏ ਤਰਾਈਆ । ਕਲਜੁਗ ਕੂੜੀ ਮੇਟੇ ਰੀਤ, ਰੀਤੀਵਾਨ ਹੋਏ ਸਹਾਈਆ । ਸ੍ਰਿਸ਼ਟ ਸਬਾਈ ਮਾਰਗ ਦੱਸੇ ਠੀਕ, ਕੂੜਾ ਠੀਕਰ ਭੰਨ ਵਖਾਈਆ । ਆਤਮ ਪਰਮਾਤਮ ਸਭ ਦੀ ਲਏ ਜੀਤ, ਜੀਵ ਜੰਤ ਇਕੋ ਰੰਗ ਰੰਗਾਈਆ । ਕਾਇਆ ਮੰਦਰ ਅੰਦਰ ਸਚ ਵਖਾਏ ਮੰਦਰ ਮਸੀਤ, ਮਸਲਾ ਇਕੋ ਵਾਰ ਹੱਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੁਰਖ ਅਕਾਲ ਬੇਪਰਵਾਹੀਆ । ਪੁਰਖ ਅਕਾਲ ਅਕਾਲ ਅਕਾਲਾ, ਅਕਲ ਕਲਾ ਅਖਵਾਇੰਦਾ । ਸਾਹਿਬ ਸਤਿਗੁਰ ਦੀਨ ਦਿਆਲਾ, ਸ਼ਬਦੀ ਰੰਗ ਰੰਗਾਇੰਦਾ । ਤੋੜਨਹਾਰਾ ਜਗਤ ਜੰਜਾਲਾ, ਤ੍ਰੈਗੁਣ ਮਾਇਆ ਬੰਧਨ ਆਪ ਕਟਾਇੰਦਾ । ਜਨ ਭਗਤਾਂ ਦੱਸੇ ਰਾਹ ਸੁਖਾਲਾ, ਘਰ ਘਰ ਵਿਚ ਮੇਲ ਮਿਲਾਇੰਦਾ । ਲੇਖਾ ਜਾਣੇ ਆਦਿ ਸ਼ਕਤ ਨੂਰ ਜਵਾਲਾ, ਚਤੁਰਭੁਜ ਸ੍ਰੀ ਭਗਵਾਨ ਨੌਜਵਾਨ ਰਮੱਯਾ ਰਾਮ ਕ੍ਰਿਸ਼ਨ ਕਾਹਨ, ਈਸਾ ਮੂਸਾ ਧਾਰ ਆਪਣੇ ਵਿਚੋਂ ਪਰਗਟਾਇੰਦਾ । ਨਾਨਕ ਲੇਖਾ ਧੁਰ ਦਰਬਾਰ, ਗੁਰ ਗੋਬਿੰਦ ਕਰੇ ਜੈਕਾਰ, ਸ੍ਰਿਸ਼ਟ ਸਬਾਈ ਲੋਕਮਾਤ ਦੇ ਦਾਤ, ਕਲਜੁਗ ਅੰਤਮ ਬਾਹਰ ਆਪ ਕਢਾਇੰਦਾ । ਸਤਿ ਧਰਮ ਦੀ ਇਕ ਜਮਾਤ, ਲੇਖਾ ਲਿਖੇ ਬਿਨ ਸ਼ਾਹੀ ਕਲਮ ਦਵਾਤ, ਧੁਰ ਦਾ ਅੰਕ ਆਪਣਾ ਆਪ ਪਰਗਟਾਇੰਦਾ । ਮਿਟੇ ਰੈਣ ਅੰਧੇਰੀ ਰਾਤ, ਸਤਿਜੁਗ ਸਾਚੇ ਮਿਲੀ ਦਾਤ, ਅੱਠੇ ਪਹਿਰ ਰਹੇ ਪਰਭਾਤ, ਆਤਮ ਪਰਮਾਤਮ ਜੁੜੇ ਨਾਤ, ਨਾਤਾ ਬਿਧਾਤਾ ਆਪ ਜੁੜਾਇੰਦਾ । ਗੁਰ ਗੋਬਿੰਦ ਵਸੇ ਸਭ ਦੇ ਸਾਥ, ਅੰਦਰ ਬਾਹਰ ਗੁਪਤ ਜ਼ਾਹਰ, ਸ਼ਬਦੀ ਰੂਪ ਪੰਜ ਤੱਤ ਨਾ ਕੋਇ ਰਖਾਈਆ । ਬਿਨ ਪੁਰਖ ਅਕਾਲ ਕੋਈ ਨਾ ਕਿਸੇ ਟੇਕੇ ਮਾਥ, ਹਰਿ ਸਤਿਗੁਰ ਨਿਹਕਰਮੀ ਨਿਰਗੁਣ ਏਕਾ ਨਜ਼ਰੀ ਆਈਆ । ਸਦਾ ਸੁਹੇਲਾ ਇਕ ਇਕੇਲਾ, ਅੰਤਰਜਾਮੀ, ਜਾਨਣਹਾਰਾ ਵਡ ਵਡਿਆਈਆ । ਅਗੰਮ ਅਥਾਹ ਜਿਸ ਦੀ ਬਾਣੀ, ਬਾਣੀ ਸਿਫ਼ਤ ਸਿਫ਼ਤ ਸਾਲਾਹੀਆ । ਸਚਖੰਡ ਦੀ ਸਾਚੀ ਰਾਣੀ, ਲੋਕਮਾਤ ਦੀ ਇਕ ਨਿਸ਼ਾਨੀ, ਨਿਸ਼ਾਨਾ ਤੀਰ

੨੩੧ ੧੪

ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਹਿਬ ਸਤਿਗੁਰ ਦਾਤਾ ਬੇਪਰਵਾਹੀਆ । ਸਾਹਿਬ ਸਤਿਗੁਰ ਦਾਤਾ ਗਹਿਰ ਗੰਭੀਰ, ਭੇਵ ਕਿਸੇ ਨਾ ਆਇੰਦਾ । ਲੇਖਾ ਜਾਣੇ ਪੰਜ ਤੱਤ ਜਗਤ ਸਰੀਰ, ਤਤਵ ਤਤ ਆਪ ਹੰਢਾਇੰਦਾ । ਚੋਟੀ ਚੜ੍ਹ ਕੇ ਬਹੇ ਅਖ਼ੀਰ, ਮੰਜ਼ਲ ਆਪਣੇ ਹੱਥ ਰਖਾਇੰਦਾ । ਬਦਲਣਹਾਰ ਸਰਬ ਤਕਦੀਰ, ਤਦਬੀਰ ਆਪਣੀ ਆਪ ਜਣਾਇੰਦਾ । ਵੀਹ ਸੌ ਇਕੀ ਬਿਕਰਮੀ ਪਹਿਲੀ ਚੇਤ ਸਭ ਦੇ ਸ਼ਰਅ ਦੇ ਕੱਟੇ ਜ਼ੰਜੀਰ, ਸ਼ਰੀਅਤ ਵਿਚ ਨਾ ਕੋਇ ਵਖਾਇੰਦਾ । ਗੋਬਿੰਦ ਕਹਿ ਕੇ ਗਿਆ ਪੁਰਖ ਅਕਾਲ ਸਭ ਦਾ ਪੀਰਨ ਪੀਰ, ਪੁਰਖ ਅਕਾਲ ਇਕੋ ਨਜ਼ਰੀ ਆਇੰਦਾ । ਸਤਿਨਾਮ ਸਭ ਨੂੰ ਦੇਵੇ ਧੀਰ, ਨਾਮ ਸਤਿ ਇਕੋ ਘਰ ਵਖਾਇੰਦਾ । ਕੂੜੀ ਕਿਰਿਆ ਕੋਇ ਨਾ ਕਰੇ ਭੀੜ, ਅੰਦਰ ਬਾਹਰ ਰੌਲਾ ਕੋਇ ਨਾ ਪਾਇੰਦਾ । ਜਿਨ੍ਹਾਂ ਸਤਿਗੁਰ ਦੇਵੇ ਅੰਮ੍ਰਿਤ ਸੀਰ, ਤਿਨ੍ਹਾਂ ਸਤਿਗੁਰ ਸਾਂਤਕ ਸਤਿ ਕਰਾਇੰਦਾ । ਬਜ਼ਰ ਕਪਾਟੀ ਦੇਵੇ ਚੀਰ, ਚੀਰਾ ਇਕੋ ਨਾਮ ਲਗਾਇੰਦਾ । ਸਤਿ ਸੰਤੋਖੀ ਆਵੇ ਧੀਰ, ਜਤ ਧੀਰਜ ਝੋਲੀ ਪਾਇੰਦਾ । ਜਿਸ ਤਰਾਂ ਸਤਿਗੁਰ ਪੂਰੇ ਗੁਰੂ ਗਰੰਥ ਦੀ ਇਕੱਠੀ ਕਰ ਕੇ ਬੱਧੀ ਬੀੜ, ਆਪਣੇ ਨਾਮ ਬੰਧਨ ਪਾਇੰਦਾ । ਕੋਈ ਨਾ ਭੁੱਲੇ ਪੀਰ ਫ਼ਕੀਰ, ਸ਼ਾਹ ਪਾਤਸ਼ਾਹ ਆਪ ਸਮਝਾਇੰਦਾ । ਨਾਨਕ ਨਿਰਗੁਣ ਸਚਖੰਡ ਚੋਟੀ ਚੜ੍ਹ ਕੇ ਵੇਖੇ ਅਖ਼ੀਰ, ਕਬੀਰ ਜੁਲਾਹਾ ਨਾਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਲੇਖਾ ਆਪਣੇ ਹੱਥ ਵਖਾਇੰਦਾ । ਲੇਖਾ ਹੱਥ ਰੱਖੇ ਨਿਰੰਕਾਰ, ਨਿਰਗੁਣ ਵੱਡਾ ਵਡ ਵਡਿਆਈਆ । ਸਾਚੇ ਸੰਤੋ ਕਰੋ ਵਿਚਾਰ, ਸਤਿਗੁਰ ਵਸੇ ਕਿਹੜੇ ਥਾਈਆ । ਜਿਸ ਦਾ ਮਿਲੇ ਸਚ ਦੀਦਾਰ, ਬਿਨ ਅੱਖਾਂ ਨਜ਼ਰੀ ਆਈਆ । ਰਾਤੀਂ ਸੁਤਿਆਂ ਕਰੇ ਪਿਆਰ, ਦਿਨੇ ਜਾਗਦਿਆਂ ਗਲੇ ਲਗਾਈਆ । ਪੰਜਾਂ ਚੋਰਾਂ ਕਰੇ ਖ਼ਬਰਦਾਰ, ਅੰਦਰ ਲੰਘਣ ਕੋਇ ਨਾ ਪਾਈਆ । ਨਾਮ ਖੰਡਾ ਮਾਰੇ ਮਾਰ, ਗੋਬਿੰਦ ਗੁਰ ਗਿਆ ਜਣਾਈਆ । ਗੁਰਸਿਖ ਕੋਈ ਨਾ ਜਾਏ ਹਾਰ, ਜਿਤ ਸਭ ਦੀ ਝੋਲੀ ਪਾਈਆ । ਫ਼ਤਿਹ ਡੰਕਾ ਵੱਜੇ ਵਿਚ ਸੰਸਾਰ, ਪੁਰਖ ਅਕਾਲ ਆਪ ਵਜਾਈਆ । ਨਿਹਕਲੰਕ ਨਿਰਗੁਣ ਅਵਤਾਰ, ਕਿਸੇ ਜੰਮਿਆ ਨਾ ਪਿਤਾ ਮਾਈਆ । ਸਰਬ ਜੀਆਂ ਦਾ ਸਾਂਝਾ ਯਾਰ, ਘਟ ਘਟ ਰਿਹਾ ਸਮਾਈਆ । ਜਿਸ ਨੇ ਕਰਨਾ ਓਸ ਦਾ ਸਚ ਦੀਦਾਰ, ਦੋਏ ਜੋੜ ਮੰਗੋ ਪ੍ਰਭ ਝੋਲੀ ਦੇਵੇ ਪਾਈਆ । ਫੜ ਬਾਹੋਂ ਲਏ ਉਠਾਲ, ਆਪਣੇ ਗਲੇ ਲਗਾਈਆ । ਜਲਵਾ ਦੱਸੇ ਇਕ ਜਮਾਲ, ਜ਼ਹੂਰ ਇਕੋ ਇਕ ਰੁਸ਼ਨਾਈਆ । ਸਭ ਦਾ ਲੇਖਾ ਚੁਕਾਏ ਸ਼ਾਹ ਕੰਗਾਲ, ਗ਼ਰੀਬ ਨਿਮਾਣੇ ਕੋਇ ਨਾ ਵੰਡ ਵੰਡਾਈਆ । ਜੇ ਕਿਸੇ ਨੂੰ ਕੋਈ ਦੁੱਖ ਕਰੇ ਸਵਾਲ, ਸਭ ਦਾ ਦੁਖੜਾ ਦਏ ਮਿਟਾਈਆ । ਕਾਇਆ ਮੰਦਰ ਅੰਦਰ ਵਖਾਏ ਸੱਚੀ ਧਰਮਸਾਲ, ਜਿਸ ਘਰ ਗੁਰ ਸਤਿਗੁਰ ਬੈਠਾ ਡੇਰਾ ਲਾਈਆ । ਰੌਲਾ ਪਾਓ ਨਾ ਮਿਲੇ ਕੋਈ ਮਿਸਾਲ, ਮਿਸਲ ਸਭ ਦੀ ਰਿਹਾ ਲਿਖਾਈਆ । ਬਿਨ ਸਤਿਗੁਰ ਪੂਰੇ ਸਾਰੇ ਹੋਣ ਬੇਹਾਲ, ਅੱਗੇ ਮਿਲੇ ਨਾ ਬੇਪਰਵਾਹੀਆ । ਨਾਤਾ ਜੁੜੇ ਨਾਲ ਕਾਲ, ਰਾਏ ਧਰਮ ਬੰਨ੍ਹੇ ਥਾਉਂ ਥਾਈਂਆ । ਚਿਤਰ ਗੁਪਤ ਲੇਖਾ ਦਏ ਵਖਾਲ, ਬਚਿਆ ਕੋਇ ਰਹਿਣ ਨਾ ਪਾਈਆ । ਲਾੜ੍ਹੀ ਮੌਤ ਮਾਰੇ ਸ਼ਾਹ ਕੰਗਾਲ, ਦਰ ਦਰ ਘਰ ਘਰ ਆਪਣਾ ਫੇਰਾ ਪਾਈਆ । ਚਾਰ ਕੁੰਟ ਜੇ ਭੱਜ ਭੱਜ ਲੱਭੋ ਹੱਥ ਨਾ ਆਵੇ ਦੀਨ ਦਿਆਲ, ਪਾਂਧੀਆਂ ਪੰਧ ਨਾ ਕੋਇ ਮੁਕਾਈਆ । ਹੋ ਨਿਮਾਣੇ ਕਰ ਬੇਨੰਤੀ ਮੰਗੋ ਨਾਮ ਸੱਚਾ ਧੰਨ ਮਾਲ, ਅਤੁਟ ਖ਼ਜ਼ਾਨਾ ਝੋਲੀ ਦੇਵੇ ਪਾਈਆ । ਗੁਰ ਗੋਬਿੰਦ ਨਾਲ ਮੇਲੇ ਹੋ ਕਿਰਪਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਦਾਤਾ ਪੁਰਖ ਬਿਧਾਤਾ ਜਨ ਭਗਤਾਂ ਰੱਖੇ ਉਤਮ ਜਾਤਾ, ਆਪਣੀ ਜ਼ਾਤ ਨਾ ਕੋਇ ਵਖਾਈਆ । ਭਗਤ ਜਨੋ ਸੁਣੋ ਸੱਚ, ਹਰਿ ਸਾਚਾ ਸਚ ਜਣਾਇੰਦਾ । ਕਾਇਆ ਮਾਟੀ ਭਾਂਡਾ ਕੱਚ, ਥਿਰ ਰਹਿਣ ਨਾ ਪਾਇੰਦਾ । ਮਨ ਵਾਸਨਾ ਸਾਰੇ ਰਹੇ ਨੱਚ, ਗੁਰਮਤ ਗੁਰਮੁਖ ਵਿਰਲਾ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜੁਗ ਚੌਕੜੀ ਆਪਣੀ ਕਾਰ ਕਮਾਇੰਦਾ । ਜੁਗ ਚੌਕੜੀ ਕਾਰ ਕਮੌਂਦਾ, ਪਾਰਬ੍ਰਹਮ ਵੱਡੀ ਵਡਿਆਈਆ । ਧੁਰ ਸੰਦੇਸਾ ਆਪ ਸੁਣੌਂਦਾ, ਸ਼ਬਦੀ ਸ਼ਬਦ ਰਾਗ ਅਲਾਈਆ । ਭਗਤ ਭਗਵਾਨ ਆਪ ਮਿਲੌਂਦਾ, ਜੁਗ ਵਿਛੜੇ ਲਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਕਮਾਈਆ । ਸਾਚੀ ਕਰਨੀ ਆਪ ਕਮਾਵੇਗਾ । ਪ੍ਰਭ ਪਰਮੇਸ਼ਵਰ ਖੇਲ ਰਚਾਵੇਗਾ । ਸੰਤ ਸੁਹੇਲੇ ਆਪ ਉਠਾਵੇਗਾ । ਗੁਰ ਚੇਲੇ ਰੰਗ ਰੰਗਾਵੇਗਾ । ਨਾਮ ਮਰਦੰਗ ਇਕ ਵਜਾਵੇਗਾ । ਗ਼ਰੀਬ ਨਿਮਾਣਿਆਂ ਦਾ ਨੰਗ ਮਿਟਾਵੇਗਾ । ਜਨ ਭਗਤਾਂ ਅੰਦਰ ਲੰਘ, ਦਰਸ ਦਿਖਾਵੇਗਾ । ਅਸਵ ਘੋੜੇ ਕਸ ਤੰਗ, ਗੁਰ ਗੋਬਿੰਦ ਸੂਰਬੀਰ ਦੋ ਜਹਾਨ ਵੇਖ ਵਖਾਵੇਗਾ । ਪੰਜ ਤੱਤ ਕਿਸੇ ਨਜ਼ਰ ਨਾ ਆਵੇ ਗੁਜਰੀ ਚੰਦ, ਸ਼ਬਦ ਆਪਣੀ ਧਾਰ ਪਰਗਟਾਵੇਗਾ । ਹਰਿ ਕਾ ਖੰਡਾ ਤੇਜ਼ ਪਰਚੰਡ, ਦੋ ਜਹਾਨਾਂ ਆਪ ਜਣਾਵੇਗਾ । ਸ੍ਰਿਸ਼ਟ ਸਬਾਈ ਹੋਈ ਰੰਡ, ਕਲਜੁਗ ਅੰਤ ਰੰਡੇਪ ਮੁਕਾਵੇਗਾ । ਵੇਖਣਹਾਰਾ ਨੌਂ ਖੰਡ, ਸੱਤਾਂ ਦੀਪਾਂ ਚਰਨਾਂ ਹੇਠ ਦਬਾਵੇਗਾ । ਗੁਰਮੁਖ ਗੁਰਸਿਖ ਜੋ ਸਾਚੀ ਮੰਗਾ ਰਹੇ ਮੰਗ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਲੇਖ ਅਲੇਖ ਜਣਾਵੇਗਾ ।

## ★ ੨੪ ਚੇਤ ੨੦੨੦ ਬਿਕਰਮੀ ਗੁਰਦੀਪ ਸਿੰਘ ਦੇ ਗ੍ਰਿਹ ਪਿੰਡ ਸਮਰਾ ★

ਕਰਮ ਕਹੇ ਮੇਰੀ ਪਾਈ ਸਾਰ, ਨਿਹਕਰਮੀ ਦਇਆ ਕਮਾਈਆ । ਧਰਮ ਕਹੇ ਮੇਰਾ ਧਰਮ ਪਿਆਰ, ਧੁਰ ਦਰਬਾਰੀ ਆਪ ਸਮਝਾਈਆ । ਵਰਨ ਕਹੇ ਮੇਰਾ ਵਰਨ ਯਾਰ, ਨਿਰਗੁਣ ਬੇਪਰਵਾਹੀਆ । ਭਗਵਾਨ ਕਹੇ ਮੇਰਾ ਸਰਬ ਆਧਾਰ, ਘਟ ਘਟ ਡੇਰਾ ਲਾਈਆ । ਜੁਗ ਚੌਕੜੀ ਪਾ ਸਾਰ, ਹਰਿਜਨ ਮੇਲ ਮਿਲਾਈਆ । ਊਚਾਂ ਨੀਚਾਂ ਵਸਿਆ ਬਾਹਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਆਪਣਾ ਰੰਗ ਵਖਾਈਆ । ਰੰਗ ਵਖਾਏ ਰੰਗ ਅਨਮੋਲ, ਅਨਮੁਲੜੀ ਦਇਆ ਕਮਾਇੰਦਾ । ਨਾਮ ਵਸਤ ਰੱਖੇ ਕੋਲ, ਸਦਾ ਸਦਾ ਵਰਤਾਇੰਦਾ । ਤੋਲਣਹਾਰਾ ਸਾਚਾ ਤੋਲ, ਤਰਾਜੂ ਕੰਡਾ ਇਕੋ ਇਕ ਉਠਾਇੰਦਾ । ਜਿਸ ਹਿਰਦੇ ਹਰਿ ਜਾਏ ਮੌਲ, ਤਿਸ ਆਪਣਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਾਜਣ ਸਾਚੇ ਘਰ ਬਹਾਇੰਦਾ ।

## ★ ੨੪ ਚੇਤ ੨੦੨੦ ਬਿਕਰਮੀ ਉਜਾਗਰ ਸਿੰਘ ਦੇ ਗ੍ਰਿਹ ਪਿੰਡ ਸਰੀਂ ★

ਸ੍ਰੀ ਭਗਵਾਨ ਸਚ ਨਰੇਸ਼, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਤੇਰੇ ਹੱਥ ਵਡਿਆਈਆ । ਇਕਾਵਨ ਬਾਵਨ ਬਣ ਦਰਵੇਸ਼, ਬੈਠੇ ਸੀਸ ਝੁਕਾਈਆ ।

ਨਿਰਗੁਣ ਸਾਹਿਬ ਰਹੇ ਹਮੇਸ਼, ਨਾ ਮਰੇ ਨਾ ਜਾਈਆ । ਸਚਖੰਡ ਵਸੇ ਸਾਚੇ ਦੇਸ, ਸਚ ਸਿੰਘਾਸਣ ਸੋਭਾ ਪਾਈਆ । ਜੁਗ ਚੌਕੜੀ ਜਾਣੇ ਲੇਖ, ਗੁਰ ਅਵਤਾਰ ਦਏ ਵਡਿਆਈਆ । ਪੀਰ ਪੈਗ਼ੰਬਰ ਤੇਰਾ ਭੇਖ, ਰਾਗ ਸ਼ਬਦ ਧੁਨ ਸ਼ਨਵਾਈਆ । ਨਿਰਗੁਣ ਸਰਗੁਣ ਕਰੇਂ ਹੇਤ, ਬੇਪਰਵਾਹ ਤੇਰੀ ਵਡ ਵਡਿਆਈਆ । ਦੋ ਜਹਾਨਾਂ ਖੇਲੇਂ ਖੇਡ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਨਾਚ ਨਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪਣੇ ਹੱਥ ਰਖਾਈਆ । ਸ਼ਾਹ ਪਾਤਸ਼ਾਹ ਸਚ ਸੁਲਤਾਨ, ਮਹਿਮਾਂ ਅਕੱਥ ਕੱਥੀ ਨਾ ਜਾਈਆ । ਦਰ ਦਰਵੇਸ਼ ਕੋਟਨ ਕੋਟ ਖੜੇ ਮਹਾਨ, ਨੇਤਰ ਨੈਣਾਂ ਨੀਰ ਰਹੇ ਵਹਾਈਆ । ਖ਼ਾਲੀ ਝੋਲੀ ਮੰਗਣ ਦਾਨ, ਦੋਏ ਜੋੜ ਵਾਸਤਾ ਪਾਈਆ । ਕਿਰਪਾ ਕਰ ਸ੍ਰੀ ਭਗਵਾਨ, ਤੇਰੇ ਹੱਥ ਸਰਬ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਬਾਲ ਨਿਧਾਨ, ਛੋਟੇ ਬਾਲੇ ਇਕੋ ਆਸ ਰਖਾਈਆ । ਤੇਰਾ ਲੇਖਾ ਜੀਵ ਜਹਾਨ, ਲੱਖ ਚੁਰਾਸੀ ਤੇਰੀ ਕੁੜਮਾਈਆ । ਪੰਜ ਤੱਤ ਤੇਰਾ ਖੇਲ ਮਹਾਨ, ਤ੍ਰੈਗੁਣ ਤੇਰਾ ਰੰਗ ਵਟਾਈਆ । ਪਰਮਾਤਮ ਆਤਮ ਤੇਰਾ ਨਿਸ਼ਾਨ, ਬ੍ਰਹਮ ਤੇਰਾ ਰੂਪ ਦਰਸਾਈਆ । ਤੇਰਾ ਜਸ ਸੱਚਾ ਗਾਣ, ਅਨਹਦ ਨਾਦ ਰਾਗੀ ਰਾਗ ਅਲਾਈਆ । ਤੇਰਾ ਪ੍ਰੇਮ ਸਾਚਾ ਝਿਰਨਾ ਅੰਮ੍ਰਿਤ ਪੀਣ ਖਾਣ, ਅੰਮਿਉਂ ਰਸ ਇਕੋ ਨਜ਼ਰੀ ਆਈਆ । ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਸਤਿ ਸਤਿਵਾਦੀ ਸੱਚਾ ਕਾਹਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਮਿਲੇ ਵਡਿਆਈਆ । ਸ਼ਹਿਨਸ਼ਾਹ ਪ੍ਰਭ ਖੇਲ ਬੇਅੰਤ, ਅੰਤ ਕਹਿਣ ਕੋਇ ਨਾ ਪਾਈਆ । ਆਦਿ ਜੁਗਾਦਿ ਸਾਹਿਬ ਭਗਵੰਤ, ਭਗਵਨ ਤੇਰੀ ਸਚ ਸਰਨਾਈਆ । ਕੋਟਨ ਕੋਟ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਗਾ ਗਾ ਥੱਕੇ ਸੰਤ, ਰਸਨਾ ਜਿਹਵਾ ਬੱਤੀ ਦੰਦ ਸਿਫ਼ਤ ਸਾਲਾਹੀਆ । ਸੇਜ ਹੰਢਾ ਹੰਢਾ ਥੱਕੇ ਨਾਰ ਕੰਤ, ਆਤਮ ਪਰਮਾਤਮ ਸਾਚੀ ਸੁਹੰਜਣੀ ਰੁੱਤ ਵਖਾਈਆ । ਜੋਤ ਪਰਕਾਸ਼ ਪੁਰਖ ਅਬਿਨਾਸ਼ ਲੱਖ ਚੁਰਾਸੀ ਜੀਵ ਜੰਤ, ਘਟ ਘਟ ਤੇਰਾ ਨੂਰ ਰੁਸ਼ਨਾਈਆ । ਦਰ ਦਰਵੇਸ਼ ਨਰ ਨਰੇਸ਼ ਗੁਰ ਅਵਤਾਰ ਪੀਰ ਪੈਗ਼ੰਬਰ ਰਹੇ ਮੰਗਤ, ਖ਼ਾਲੀ ਝੋਲੀ ਅੱਗੇ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਨਾਮ ਵਡਿਆਈਆ । ਸ਼ਹਿਨਸ਼ਾਹ ਤੇਰਾ ਸਚ ਮਹੱਲਾ, ਸਚਖੰਡ ਇਕੋ ਨਜ਼ਰੀ ਆਇੰਦਾ । ਸਦਾ ਵਸੇ ਇਕ ਇਕੱਲਾ, ਦੂਜਾ ਸੰਗ ਨਾ ਕੋਇ ਰਖਾਇੰਦਾ । ਨਿਰਗੁਣ ਹੋ ਫੜਾਇਆ ਪੱਲਾ, ਸਰਗੁਣ ਤੇਰਾ ਰਾਹ ਤਕਾਇੰਦਾ । ਦੀਪਕ ਜੋਤ ਆਪੇ ਬਲਾ, ਪਰਕਾਸ਼ ਪਰਕਾਸ਼ ਵਿਚੋਂ ਪਰਗਟਾਇੰਦਾ । ਸਚ ਸੰਦੇਸ ਬੋਧ ਅਗਾਧ ਆਦਿ ਜੁਗਾਦਿ ਜੁਗ ਜੁਗ ਘੱਲਾ, ਗੁਰ ਅਵਤਾਰ ਪੀਰ ਪੈਗ਼ੰਬਰ ਲੋਕਮਾਤ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਕਰਾਇੰਦਾ । ਸ਼ਾਹ ਪਾਤਸ਼ਾਹ ਤੇਰਾ ਖੇਲ ਅਪਾਰਾ, ਗਤਮਿਤ ਕਹਿਣ ਕੋਇ ਨਾ ਪਾਈਆ । ਸੋ ਪੁਰਖ ਨਿਰੰਜਣ ਤੇਰਾ ਧਾਮ ਨਿਆਰਾ, ਹਰਿ ਪੁਰਖ ਨਿਰੰਜਣ ਤੇਰੀ ਬੇਪਰਵਾਹੀਆ । ਏਕੰਕਾਰ ਤੇਰਾ ਸਚ ਪਸਾਰਾ, ਆਦਿ ਨਿਰੰਜਣ ਤੇਰਾ ਨੂਰ ਰੁਸ਼ਨਾਈਆ । ਅਬਿਨਾਸ਼ੀ ਕਰਤੇ ਤੇਰਾ ਸਹਾਰਾ, ਸ੍ਰੀ ਭਗਵਾਨ ਤੇਰਾ ਇਕੋ ਰੰਗ ਨਜ਼ਰੀ ਆਈਆ । ਪਾਰਬ੍ਰਹਮ ਤੇਰਾ ਖੇਲ ਨਿਆਰਾ, ਬ੍ਰਹਮ ਤੇਰੀ ਅੰਸ ਲੱਖ ਚੁਰਾਸੀ ਸਰਬੰਸ, ਸਹੰਸ ਸਹੰਸਾ ਖੇਲ ਖਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਭੇਵ ਜਣਾਈਆ । ਸ਼ਹਿਨਸ਼ਾਹ ਸੁਲਤਾਨ ਸਚ ਭੂਪ, ਭੂਪਤ ਤੇਰੇ ਹੱਥ ਵਡਿਆਈਆ । ਤੇਰਾ ਦਿਸੇ ਕੋਈ ਰੰਗ ਨਾ ਰੂਪ, ਚੱਕਰ ਚਿੰਨ ਨਾ ਕੋਇ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤੈਨੂੰ ਕਹਿੰਦੇ

੨੩੪ ੧੪

ਗਏ ਸਤਿ ਸਰੂਪ, ਸਤਿ ਸਤਿਵਾਦੀ ਸਤਿ ਪੁਰਖ ਨਿਰੰਜਣ ਇਕ ਅਖਵਾਈਆ । ਵਸਣਹਾਰਾ ਚਾਰੇ ਕੂਟ, ਦਹਿ ਦਿਸ਼ਾ ਵੇਖ ਵਖਾਈਆ । ਸਚ ਸੁਹੰਜਣੀ ਸਦਾ ਸੁਹਾਏ ਰੁੱਤ, ਰੁੱਤ ਰੁੱਤੜੀ ਆਪ ਮਹਿਕਾਈਆ । ਭਾਗ ਲਗਾ ਕਾਇਆ ਬੁੱਤ, ਪੰਜ ਤੱਤ ਦਏ ਵਡਿਆਈਆ । ਆਪਣਾ ਨਾਉਂ ਰੱਖ ਅਬਿਨਾਸ਼ੀ ਅਚੁਤ, ਚੇਤਨ ਆਪਣੀ ਧਾਰ ਜਣਾਈਆ । ਭਗਤ ਭਗਵਾਨ ਆਪਣੀ ਗੋਦੀ ਚੁੱਕ, ਜੁਗ ਜੁਗ ਸਾਚੀ ਸੇਵ ਕਮਾਈਆ । ਕਲਜੁਗ ਅੰਤਮ ਨਿਰਗੁਣ ਧਾਰੋਂ ਉਠ, ਨਰ ਨਿਰੰਕਾਰ ਨਿਰਗੁਣ ਜੋਤ ਕਰੇ ਰੁਸ਼ਨਾਈਆ । ਸੰਤ ਸੁਹੇਲੇ ਗੁਰੂ ਗੁਰ ਚੇਲੇ ਵੇਖਣਹਾਰਾ ਸਾਚੇ ਸੁਤ, ਪਿਤਾ ਪੁਰਖ ਅਕਾਲ ਫੇਰਾ ਪਾਈਆ । ਜੁਗ ਜਨਮ ਜੋ ਬੈਠੇ ਰੁੱਠ, ਹਰਿ ਸਤਿਗੁਰ ਰੁਠਿਆਂ ਲਏ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰੀ ਆਸਾ ਸਰਬ ਕਰਾਈਆ । ਸ਼ਹਿਨਸ਼ਾਹ ਹਰਿ ਮੀਤ ਪਿਆਰਾ, ਮਿੱਤਰ ਇਕੋ ਇਕ ਅਖਵਾਇੰਦਾ । ਲੇਖਾ ਚੁਕਾਏ ਗੁਰ ਅਵਤਾਰਾ, ਸਤਿਗੁਰ ਆਪਣਾ ਵੇਸ ਵਟਾਇੰਦਾ । ਪੀਰ ਪੈਗ਼ੰਬਰ ਦੇ ਸਹਾਰਾ, ਪਰਵਰਦਿਗਾਰ ਆਪਣੀ ਉਂਗਲੇ ਲਾਇੰਦਾ । ਭਗਤ ਭਗਵਾਨ ਕਰ ਪਿਆਰਾ, ਪ੍ਰੇਮ ਪ੍ਰੀਤੀ ਇਕ ਜਣਾਇੰਦਾ । ਜੁਗ ਚੌਕੜੀ ਪਾਰ ਕਿਨਾਰਾ, ਨੱਯਾ ਇਕੋ ਨਾਮ ਸਮਝਾਇੰਦਾ । ਕਰੇ ਖੇਲ ਅਗੰਮ ਅਪਾਰਾ, ਅਲੱਖ ਅਗੋਚਰ ਆਪਣੀ ਕਾਰ ਕਮਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨੌਂ ਸੌ ਚੁਰਾਨਵੇਂ ਚੌਕੜੀ ਕੀਤਾ ਖੇਲ ਨਿਆਰਾ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਸਿਫ਼ਤ ਸਾਲਾਹਿੰਦਾ । ਕਲਜੁਗ ਅੰਤ ਸ੍ਰੀ ਭਗਵੰਤ ਨਿਰਗੁਣ ਦਾਤਾ ਪੁਰਖ ਬਿਧਾਤਾ ਜੋਤੀ ਜਾਤਾ ਲੈ ਅਵਤਾਰਾ, ਅਵਤਾਰੀ ਆਪਣਾ ਭੇਵ ਚੁਕਾਇੰਦਾ । ਕਾਗ਼ਦ ਕਲਮ ਨਾ ਲਿਖਣਹਾਰਾ, ਲੇਖਾ ਲਿਖ ਨਾ ਕੋਇ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਆਪ ਉਠਾਇੰਦਾ । ਆਪਣਾ ਪਰਦਾ ਦੇਵੇ ਲਾਹ, ਸੋ ਸਾਹਿਬ ਵੱਡੀ ਵਡਿਆਈਆ । ਹੰ ਬ੍ਰਹਮ ਦਏ ਸਮਝਾ, ਆਤਮ ਪਰਮਾਤਮ ਵੇਖ ਵਖਾਈਆ । ਸਚ ਸੰਦੇਸਾ ਇਕੋ ਢੋਲਾ ਦਏ ਜਣਾ, ਨਾਮ ਨਿਧਾਨ ਇਕ ਦ੍ਰਿੜਾਈਆ । ਜਨ ਭਗਤਾਂ ਹੌਲਾ ਭਾਰ ਦਏ ਕਰਾ, ਕੂੜੀ ਕਿਰਿਆ ਰਹਿਣ ਨਾ ਪਾਈਆ । ਸਾਚਾ ਮੰਦਰ ਦਏ ਵਖਾ, ਜਿਸ ਘਰ ਵਸੇ ਬੇਪਰਵਾਹੀਆ । ਕਾਇਆ ਮੰਦਰ ਅੰਦਰ ਸਚ ਮਹੱਲੇ ਦਰਸ ਦਏ ਦਿਖਾ, ਆਤਮ ਦਰਸੀ ਆਪਣੀ ਦਇਆ ਕਮਾਈਆ । ਜਨਮ ਕਰਮ ਦੀ ਹਰਸ ਦਏ ਮਿਟਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਸਭ ਦਾ ਝੋਲੀ ਪਾਈਆ । ਜੁਗ ਜਨਮ ਦਾ ਲੇਖਾ ਚੁੱਕੇ, ਜਿਸ ਜਨ ਆਪਣੀ ਦਇਆ ਕਮਾਇੰਦਾ । ਆਵਣ ਜਾਵਣ ਪੈਂਡਾ ਮੁੱਕੇ, ਲੱਖ ਚੁਰਾਸੀ ਫੰਦ ਕਟਾਇੰਦਾ । ਗੁਰਮੁਖ ਬੂਟਾ ਕਦੇ ਨਾ ਸੁੱਕੇ, ਸਤਿਗੁਰ ਸਾਚਾ ਅੰਮ੍ਰਿਤ ਸਿੰਚ ਹਰਾ ਕਰਾਇੰਦਾ । ਸਾਢੇ ਤਿੰਨ ਹੱਥ ਅੰਦਰ ਨਿਰਗੁਣ ਸਰਗੁਣ ਕਦੇ ਨਾ ਲੁੱਕੇ, ਭੇਵ ਅਭੇਦਾ ਆਪ ਖੁਲਾਇੰਦਾ । ਦੀਨ ਦਿਆਲ ਠਾਕਰ ਸੁਆਮੀ ਜਨ ਭਗਤਾਂ ਕੋਲੋਂ ਸਦਾ ਪੁੱਛੇ, ਨਿਤ ਨਵਿਤ ਫੇਰਾ ਪਾਇੰਦਾ । ਪ੍ਰਭ ਦਰਸ਼ਨ ਦੇ ਜੋ ਜਨ ਭੁੱਖੇ, ਤਿਨ੍ਹਾਂ ਨਿਜ ਨੇਤਰ ਦਰਸ ਕਰਾਇੰਦਾ । ਕੂੜੀ ਕਿਰਿਆ ਕੂੜ ਕੁੜਿਆਰੇ ਕੁੱਤੇ, ਕੂਕਰ ਸ਼ੂਕਰ ਜੂਨ ਭੁਆਇੰਦਾ । ਖ਼ਾਲੀ ਕਰੇ ਕਾਇਆ ਠੂਠੇ, ਵਸਤ ਸਚ ਨਾ ਕੋਇ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਵੇਖ ਵਖਾਇੰਦਾ । ਹਰਿਜਨ ਵੇਖੇ ਜੁਗ ਜੁਗ, ਹਰਿ ਕਰਤਾ ਵਡ ਵਡਿਆਈਆ । ਲਹਿਣਾ ਦੇਣਾ ਚੁਕਾਏ ਲੁਕ ਲੁਕ, ਕਾਇਆ ਮੰਦਰ ਅੰਦਰ ਡੇਰਾ ਲਾਈਆ । ਸੇਵਾ ਕਰੇ ਸਾਹਿਬ ਸੁਲਤਾਨ ਉਠ ਉਠ, ਜਗਤ ਨੇਤਰ ਨਜ਼ਰ ਕਿਸੇ ਨਾ ਆਈਆ । ਸ਼ਾਹ ਪਾਤਸ਼ਾਹ

ਸ਼ਹਿਨਸ਼ਾਹ ਜਾਏ ਤੁਠ, ਅਤੁਲ ਭੰਡਾਰ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਸਾਚੀ ਕਰਨੀ ਕਰੇ ਕਰਤਾਰ, ਹਰਿ ਕਰਤਾ ਖੇਲ ਕਰਾਇੰਦਾ । ਜੁਗ ਚੌਕੜੀ ਬੀਤੇ ਚਾਰ, ਕੋਟਨ ਕੋਟ ਕਾਲ ਪੰਧ ਮੁਕਾਇੰਦਾ । ਰਾਹ ਤੱਕਣ ਗੁਰ ਅਵਤਾਰ, ਪੀਰ ਪੈਗ਼ੰਬਰ ਧਿਆਨ ਲਗਾਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਕਰਨ ਪੁਕਾਰ, ਗੀਤਾ ਗਿਆਨ ਕੂਕ ਕੂਕ ਸੁਣਾਇੰਦਾ । ਅੰਜੀਲ ਕੁਰਾਨ ਧਾਹਾਂ ਰਹੇ ਮਾਰ, ਨਿਉਂ ਨਿਉਂ ਸਜਦਾ ਸੀਸ ਸਰਬ ਝੁਕਾਇੰਦਾ । ਗੁਰ ਗੁਰ ਕਰੇ ਖੇਲ ਅਪਾਰ, ਹਰਿ ਕਰਤਾ ਕਾਰ ਕਮਾਇੰਦਾ । ਕਲਜੁਗ ਅੰਤਮ ਹੋ ਤਿਆਰ, ਤ੍ਰੈਗੁਣ ਅਤੀਤਾ ਵੇਸ ਵਟਾਇੰਦਾ । ਠਾਂਡਾ ਸੀਤਾ ਏਕੰਕਾਰ, ਅਕਲ ਕਲ ਆਪਣੀ ਖੇਲ ਖਲਾਇੰਦਾ । ਮੰਦਰ ਮਸੀਤਾਂ ਵਸਿਆ ਬਾਹਰ, ਸ਼ਿਵਦੁਆਲੇ ਮੱਠ ਨਜ਼ਰ ਕਿਸੇ ਨਾ ਆਇੰਦਾ । ਬੈਠਾ ਰਹੇ ਅਤੀਤਾ ਸਚ ਸਿਰਜਣਹਾਰ, ਘਰ ਘਰ ਆਪਣਾ ਮੇਲ ਮਿਲਾਇੰਦਾ । ਚਲਾਏ ਰੀਤਾ ਅਗੰਮ ਅਪਾਰ, ਅਲੱਖ ਅਗੋਚਰ ਅਗੰਮ ਅਥਾਹ ਆਪਣੀ ਖੇਲ ਖਲਾਇੰਦਾ । ਕਲਜੁਗ ਅੰਤਮ ਪਾਵੇ ਸਾਰ, ਨੌਂ ਖੰਡ ਪ੍ਰਿਥਮੀ ਸੱਤ ਦੀਪ ਚਾਰ ਕੁੰਟ ਖੋਜ ਖੁਜਾਇੰਦਾ । ਸ੍ਰਿਸ਼ਟ ਸਬਾਈ ਜੀਵ ਜੰਤ ਕਰਮ ਧਰਮ ਗਏ ਹਾਰ, ਸਚ ਸੁੱਚ ਨਾ ਕੋਇ ਰਖਾਇੰਦਾ । ਜੂਠ ਝੂਠ ਜਗਤ ਪਿਆਰ, ਆਸਾ ਤ੍ਰਿਸਨਾ ਮਾਇਆ ਮਮਤਾ ਹਉਮੇ ਹੰਗਤਾ ਗੜ੍ਹ ਸਰਬ ਵਖਾਇੰਦਾ । ਕਾਮ ਕਰੋਧ ਲੋਭ ਮੋਹ ਹੰਕਾਰ ਘਰ ਘਰ ਝੱਖ ਰਹੇ ਮਾਰ, ਧੀਰਜ ਧੀਰ ਨਾ ਕੋਇ ਧਰਾਇੰਦਾ । ਨਾਰੀ ਪੁਰਸ਼ ਨਾ ਕੋਇ ਪਿਆਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਭੇਵ ਅਭੇਦਾ ਖੋਲ੍ਹਣ ਆਇਆ, ਪਾਰਬ੍ਰਹਮ ਵੱਡੀ ਵਡਿਆਈਆ । ਵੇਖਣਹਾਰਾ ਤ੍ਰੈਗੁਣ ਮਾਇਆ, ਤ੍ਰੈ ਲੋਕਾਂ ਬੰਧਨ ਪਾਈਆ । ਹਰਿ ਕਾ ਰੂਪ ਸਤਿ ਸਰੂਪ ਕਲਜੁਗ ਜੀਵ ਕਿਸੇ ਨਜ਼ਰ ਨਾ ਆਇਆ, ਦੋਏ ਲੋਚਣ ਬੈਠੇ ਬੰਦ ਕਰਾਈਆ । ਨਿਜ ਨੇਤਰ ਨਾ ਕਿਸੇ ਖੁਲ੍ਹਾਇਆ, ਸਤਿਗੁਰ ਸਚ ਨਾ ਮਿਲੀ ਸਰਨਾਈਆ । ਰਸਨਾ ਜਿਹਵਾ ਪੜ੍ਹ ਪੜ੍ਹ ਜਗਤ ਸੁਣਾਇਆ, ਜਗਜੀਵਣ ਦਾਤਾ ਘਰ ਮਿਲਿਆ ਨਾ ਸੱਚਾ ਮਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ ਸਜਦਾ ਹੱਕ ਨਾ ਕਿਸੇ ਕਰਾਇਆ, ਹਕੀਕਤ ਹੱਕ ਨਾ ਕੋਇ ਵਖਾਈਆ । ਲਾਸ਼ਰੀਕ ਨਾ ਮੇਲ ਮਿਲਾਇਆ, ਸ਼ਿਰਕਤ ਸਕੇ ਨਾ ਕੋਇ ਮਿਟਾਈਆ । ਮਹਿਬੂਬ ਮੁਹੱਬਤ ਨਾ ਕੋਇ ਤੋੜ ਨਿਭਾਇਆ, ਭਰਮੇ ਭੁੱਲੀ ਸਰਬ ਲੋਕਾਈਆ । ਆਤਮ ਪਰਮਾਤਮ ਸੋਹਲਾ ਢੋਲਾ ਕਾਇਆ, ਮੰਦਰ ਅੰਦਰ ਕਿਸੇ ਨਾ ਗਾਇਆ, ਗੀਤ ਗੋਬਿੰਦ ਨਾ ਕੋਇ ਅਲਾਈਆ । ਸ੍ਰੀ ਭਗਵਾਨ ਦੂਰ ਦੁਰਾਡਾ ਨੇਰਨ ਨੇਰਾ ਦੋ ਜਹਾਨਾਂ ਵੇਖ ਵਖਾਇਆ, ਬ੍ਰਹਿਮੰਡ ਖੰਡ ਭੇਵ ਅਭੇਦ ਜਣਾਈਆ । ਚਾਰ ਕੁੰਟ ਕਲਜੁਗ ਅੰਤਮ ਭੇਖ ਪਖੰਡ ਡੌਰੂ ਡੰਕਾ ਰਿਹਾ ਵਜਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਚਾਰੋਂ ਕੁੰਟ ਡੌਰੂ ਡੰਕ, ਕਲਜੁਗ ਰਿਹਾ ਵਜਾਈਆ । ਨਾ ਕੋਈ ਰਾਉ ਨਾ ਕੋਈ ਰੰਕ, ਸ਼ਾਹ ਕੰਗਾਲ ਦੋਵੇਂ ਦੇਣ ਦੁਹਾਈਆ । ਨਾ ਕੋਈ ਸਾਧ ਨਾ ਕੋਈ ਸੰਤ, ਸਤਿ ਸਰੂਪ ਨਾ ਕੋਇ ਸਮਾਈਆ । ਨਾ ਕੋਈ ਨਾਰ ਨਾ ਕੋਈ ਕੰਤ, ਸੇਜ ਸੁਹੰਜਣੀ ਨਾ ਕੋਇ ਹੰਢਾਈਆ । ਨਾ ਕੋਈ ਮਨ ਨਾ ਕੋਈ ਮੰਤ, ਮੰਤਰ ਨਾਮ ਨਾ ਕੋਇ ਜਣਾਈਆ । ਘਰ ਘਰ ਬਣਿਆ ਗੜ੍ਹ ਹਉਮੇ ਹੰਗਤ, ਹੰ ਬ੍ਰਹਮ ਨਜ਼ਰ ਕਿਸੇ ਨਾ ਆਈਆ । ਕਲਜੁਗ ਮਾਇਆ ਪਾਈ ਬੇਅੰਤ, ਜੀਵ ਜੰਤ ਕਰਨ ਲੜਾਈਆ । ਭੇਵ ਨਾ ਜਾਣੇ ਕੋਈ ਪੰਡਤ, ਬੋਧ ਅਗਾਧ ਨਾ ਕੋਇ ਸਮਝਾਈਆ । ਸ੍ਰਿਸ਼ਟ ਸਬਾਈ ਹੋਈ ਨੰਗਤ, ਨਾਮ ਓਢਣ ਸੀਸ ਨਾ ਕੋਇ ਟਿਕਾਈਆ ।

੨੩੬ ੧੪

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਵੈਰ ਵੇਖਣਹਾਰਾ ਥਾਉਂ ਥਾਈਆ । ਵੇਖਣਹਾਰਾ ਥਾਨ ਥਨੰਤਰ, ਸਚਖੰਡ ਨਿਵਾਸੀ ਖੇਲ ਖਲਾਇੰਦਾ । ਕਲਜੁਗ ਅੰਤਮ ਲੱਗੀ ਬਸੰਤਰ, ਅੰਮ੍ਰਿਤ ਮੇਘ ਨਾ ਕੋਇ ਬਰਸਾਇੰਦਾ । ਫਿਰੀ ਦਰੋਹੀ ਗਗਨ ਗਗਨੰਤਰ, ਵਿਸ਼ਨ ਬ੍ਰਹਮਾ ਸ਼ਿਵ ਕੁਰਲਾਇੰਦਾ । ਕਰੋੜ ਤੇਤੀਸਾ ਕੋਈ ਨਾ ਫੁਰੇ ਮੰਤਰ, ਇਸ਼ਟ ਦੇਵ ਨਾ ਕੋਇ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਸਾਚੇ ਵੇਖ ਵਖਾਇੰਦਾ । ਵੇਖਣਹਾਰ ਹਰਿ ਗੋਪਾਲ, ਗੋਬਿੰਦ ਵਡ ਵਡਿਆਈਆ । ਸ੍ਰਿਸ਼ਟ ਸਬਾਈ ਹੋਈ ਬੇਹਾਲ, ਬਿਹਬਲ ਹੋ ਕੇ ਰੋਵੇ ਦਏ ਦੁਹਾਈਆ । ਸਭ ਦੇ ਸਿਰ ਤੇ ਕੂਕੇ ਕਾਲ, ਕਾਲ ਨਗਾਰਾ ਰਿਹਾ ਵਜਾਈਆ । ਸਚ ਦਿਸੇ ਨਾ ਕੋਈ ਧਰਮਸਾਲ, ਧਰਮ ਦੁਆਰਾ ਨਜ਼ਰ ਨਾ ਕੋਇ ਵਖਾਈਆ । ਸ਼ਰਅ ਸ਼ਰੀਅਤ ਹੋਈ ਸ਼ੈਤਾਨ, ਗ੍ਰਿਹ ਗ੍ਰਿਹ ਕਰੇ ਲੜਾਈਆ । ਦੀਨ ਮਜ਼੍ਹਬ ਭੁਲਿਆ ਭਗਵਾਨ, ਭਗਤੀ ਭਗਤ ਨਾ ਕੋਇ ਕਮਾਈਆ । ਹਰਕਤ ਹੋਈ ਬੇ ਈਮਾਨ, ਸ਼ਿਰਕਤ ਕਰੇ ਸਰਬ ਲੋਕਾਈਆ । ਚਾਰੋਂ ਕੁੰਟ ਕੂੜ ਤੁਫਾਨ, ਆਪਣਾ ਬਲ ਰਿਹਾ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਦੀ ਬੀਸਵੀਂ ਹੋਏ ਹੈਰਾਨ, ਹਰਿ ਜੂ ਕੀ ਕੀ ਖੇਲ ਵਰਤਾਈਆ । ਜੀਵ ਜੰਤ ਬਣੇ ਸਰਬ ਅਵਾਣ, ਮਨ ਵਾਸਨਾ ਹੋਈ ਹਲਕਾਈਆ । ਬੁੱਧੀ ਰਹੀ ਨਾ ਕੋਇ ਸੁਜਾਨ, ਚਤੁਰ ਸੁਘੜ ਨਾ ਕੋਇ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਇਕ ਅਖਵਾਈਆ । ਵੇਖਣਹਾਰਾ ਵੇਖੇ ਆਪ, ਪ੍ਰਭ ਆਪਣੀ ਦਇਆ ਕਮਾਇੰਦਾ । ਜੁਗ ਚੌਕੜੀ ਜਿਸ ਦੱਸਿਆ ਜਾਪ, ਗੁਰ ਅਵਤਾਰ ਜਗਤ ਪੜ੍ਹਾਇੰਦਾ । ਪੀਰ ਪੈਗ਼ੰਬਰ ਥਾਪਣ ਥਾਪ, ਕਲਮਾ ਨਬੀ ਰਸੂਲ ਜਣਾਇੰਦਾ । ਪਰਵਰਦਿਗਾਰ ਪਾਕੀ ਪਾਕ, ਪੁਨੀਤ ਇਕੋ ਇਕ ਅਖਵਾਇੰਦਾ । ਕਲਜੁਗ ਅੰਤਮ ਆਤਮ ਪਰਮਾਤਮ ਸਭ ਦਾ ਤੁਟਾ ਸਾਕ, ਨਾਤਾ ਬਿਧਾਤਾ ਨਾ ਕੋਇ ਜੁੜਾਇੰਦਾ । ਕੂੜੀ ਕਿਰਿਆ ਛਾਨਣ ਖ਼ਾਕ, ਨਾਮ ਲਾਲ ਅਮੋਲਕ ਹੱਥ ਕਿਸੇ ਨਾ ਆਇੰਦਾ । ਝਗੜਾ ਪਿਆ ਜ਼ਾਤ ਪਾਤ, ਆਤਮ ਬ੍ਰਹਮ ਵੇਖ ਕੋਇ ਨਾ ਪਾਇੰਦਾ । ਕਾਇਆ ਮੰਦਰ ਕੋਇ ਨਾ ਸਕੇ ਝਾਕ, ਬੰਦ ਕਿਵਾੜੀ ਕੁੰਡਾ ਕੋਇ ਨਾ ਲਾਹਿੰਦਾ । ਕੂੜੀ ਕਿਰਿਆ ਵਿਕੇ ਹਾਟ, ਸੌਦਾ ਸਚ ਨਜ਼ਰ ਕਿਸੇ ਨਾ ਆਇੰਦਾ । ਲਹਿਣਾ ਦੇਣਾ ਮੁੱਕੇ ਨਾ ਹੱਥੋ ਹਾਥ, ਲੱਖ ਚੁਰਾਸੀ ਗੇੜਾ ਸਰਬ ਭੁਆਇੰਦਾ । ਬਿਨ ਭਗਤਾਂ ਪ੍ਰਭ ਮਿਲੇ ਨਾ ਪੁਰਖ ਸਮਰਾਥ, ਮਿਹਰ ਨਜ਼ਰ ਨਾ ਕੋਇ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਜੁਗ ਕਿਰਿਆ ਵੇਖ ਵਖਾਇੰਦਾ । ਕਲਜੁਗ ਕਿਰਿਆ ਵੇਖ ਭਗਵਾਨ, ਮਿਹਰ ਨਜ਼ਰ ਉਠਾਈਆ । ਪਰਗਟ ਹੋ ਸੂਰਬੀਰ ਬਲਵਾਨ, ਬਲ ਆਪਣਾ ਆਪ ਧਰਾਈਆ । ਸ਼ਬਦ ਅਗੰਮ ਇਕ ਨਿਸ਼ਾਨ, ਦੋ ਜਹਾਨਾਂ ਦਏ ਵਖਾਈਆ । ਲੋਕਮਾਤ ਕਰ ਪਰਧਾਨ, ਸਿਰ ਆਪਣਾ ਹੱਥ ਟਿਕਾਈਆ । ਸੰਤ ਸੁਹੇਲੇ ਭਗਤ ਭਗਵੰਤ ਕਰ ਪਹਿਚਾਨ, ਨਿਰਗੁਣ ਸਰਗੁਣ ਮੇਲ ਮਿਲਾਈਆ । ਆਤਮ ਦਰਸੀ ਦੇਵੇ ਦਾਨ, ਵਸਤ ਅਮੋਲਕ ਝੋਲੀ ਪਾਈਆ । ਨਜ਼ਰੀ ਆਏ ਇਕੋ ਕਾਹਨ, ਲੱਖ ਚੁਰਾਸੀ ਗੋਪੀ ਰਿਹਾ ਹੰਢਾਈਆ । ਸ਼ਾਹ ਪਾਤਸ਼ਾਹ ਰਾਜ ਰਾਜਾਨ, ਸ਼ਹਿਨਸ਼ਾਹ ਆਪਣੀ ਖੇਲ ਖਲਾਈਆ । ਜੋਤੀ ਜਾਤਾ ਨੂਰ ਮਹਾਨ, ਜਲਵਾ ਨੂਰ ਨੂਰ ਰੁਸ਼ਨਾਈਆ । ਸ਼ਬਦੀ ਨਾਦ ਸੱਚੀ ਧੁਨਕਾਨ, ਆਤਮਕ ਇਕੋ ਰਾਗ ਅਲਾਈਆ । ਮੰਦਰ ਵਖਾਏ ਸਚ ਮਕਾਨ, ਕਾਇਆ ਕਾਅਬਾ ਇਕੋ ਨਜ਼ਰੀ ਆਈਆ । ਦੋ ਦੋ ਆਬਾ ਖੇਲ ਮਹਾਨ, ਅੰਮ੍ਰਿਤ ਇਕੋ ਜਾਮ ਪਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ

ਵੇਖੇ ਬੇਪਰਵਾਹੀਆ । ਕਲਜੁਗ ਕੂੜੀ ਕਿਰਿਆ ਵੇਖ ਹੱਟ, ਸ੍ਰੀ ਭਗਵਾਨ ਵੇਸ ਵਟਾਇੰਦਾ । ਨਿਹਕਲੰਕ ਹੋ ਪਰਗਟ, ਜੋਤੀ ਜੋਤ ਡਗਮਗਾਇੰਦਾ । ਸ਼ਬਦ ਅਗੰਮ ਚਲਾਏ ਰਥ, ਬਣ ਰਥਵਾਹੀ ਸੇਵ ਕਮਾਇੰਦਾ । ਸਤਿ ਸਤਿਵਾਦੀ ਮਾਰਗ ਦੱਸ, ਜਨ ਭਗਤਾਂ ਰਾਹ ਵਖਾਇੰਦਾ । ਹਿਰਦੇ ਅੰਦਰ ਆਪੇ ਵਸ, ਆਤਮ ਪਰਮਾਤਮ ਮੇਲ ਮਿਲਾਇੰਦਾ । ਨਿਝਰ ਝਿਰਨਾ ਦੇਵੇ ਰਸ, ਅੰਮ੍ਰਿਤ ਮੇਘ ਬਰਸਾਇੰਦਾ । ਸੁਰਤੀ ਸ਼ਬਦੀ ਕਰੇ ਇਕੱਠ, ਮਿਲਣੀ ਜਗਦੀਸ਼ ਆਪ ਕਰਾਇੰਦਾ । ਜਨ ਭਗਤਾਂ ਮਾਲਾ ਲਏ ਰਟ, ਰੱਟਾ ਅਗਲਾ ਪਿਛਲਾ ਆਪ ਮੁਕਾਇੰਦਾ । ਵਸਤ ਅਮੋਲਕ ਕਾਇਆ ਗੋਲਕ ਆਪੇ ਘੱਤ, ਖ਼ਜ਼ਾਨਾ ਇਕੋ ਵਾਰ ਭਰਾਇੰਦਾ । ਨਾੜ ਬਹੱਤਰ ਨਾ ਉਬਲੇ ਰਤ, ਰਤੀ ਰਤ ਆਪ ਜਣਾਇੰਦਾ । ਦੇਵਣਹਾਰਾ ਬ੍ਰਹਮ ਮਤ, ਬ੍ਰਹਮ ਵਿਦਿਆ ਆਪ ਪੜ੍ਹਾਇੰਦਾ । ਸਤਿਜੁਗ ਸਾਚਾ ਮਾਰਗ ਆਤਮ ਪਰਮਾਤਮ ਗਾਏ ਜਸ, ਸਿਫ਼ਤ ਸਾਲਾਹੀ ਸਿਫ਼ਤ ਸਾਲਾਹਿੰਦਾ । ਗੁਰੂ ਚੇਲਾ ਇਕੋ ਘਰ ਜਾਣ ਵਸ, ਦੂਜਾ ਮੰਦਰ ਨਜ਼ਰ ਕੋਇ ਨਾ ਆਇੰਦਾ । ਪ੍ਰੇਮ ਪ੍ਰੀਤੀ ਅੰਦਰ ਜਾਇਣ ਢੱਠ, ਹੰਕਾਰ ਵਿਕਾਰ ਨਾ ਕੋਇ ਜਣਾਇੰਦਾ । ਸਰ ਸਰੋਵਰ ਇਕੋ ਨੁਹਾਵਣ ਤੱਟ, ਕਿਨਾਰਾ ਅਵਰ ਨਾ ਕੋਇ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਜਨ ਭਗਤਾਂ ਵੇਖ ਵਖਾਇੰਦਾ । ਜਨ ਭਗਤਾਂ ਵੇਖੇ ਮਿਹਰਵਾਨ, ਮਿਹਬਾਨ ਬੀਦੋ ਵੱਡੀ ਵਡਿਆਈਆ । ਪੰਜ ਤੱਤ ਤੱਤ ਕਰ ਪਰਵਾਨ, ਤਤਵ ਤਤ ਨਾਮ ਜਣਾਈਆ । ਮਨ ਵਾਸਨਾ ਮੇਟ ਸ਼ੈਤਾਨ, ਬੁਧ ਮਤ ਏਕਾ ਰੰਗ ਰੰਗਾਈਆ । ਚੌਦਾਂ ਲੋਕ ਚੌਦਾਂ ਤਬਕ ਪੰਧ ਮੁਕਾਏ ਸ੍ਰੀ ਭਗਵਾਨ, ਸਬਕ ਇਕੋ ਇਕ ਜਣਾਈਆ । ਰਮਜ਼ ਨਾਲ ਰਮਜ਼ ਮਿਲਾਏ ਇਸ਼ਾਰੇ ਨਾਲ ਇਸ਼ਾਰਾ ਰਿਹਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੰਤ ਸਾਜਣ ਵੇਖ ਵਖਾਈਆ । ਸੰਤ ਸਾਜਣ ਵੇਖੇ ਨੇਤਰ ਖੋਲ੍ਹ, ਬਿਨ ਅੱਖਾਂ ਮੇਲ ਮਿਲਾਇੰਦਾ । ਸ਼ਬਦ ਅਗੰਮ ਵਜਾਏ ਢੋਲ, ਸੋਈ ਸੁਰਤੀ ਆਪ ਉਠਾਇੰਦਾ । ਬਜ਼ਰ ਕਪਾਟੀ ਕੁੰਡਾ ਦੇਵੇ ਖੋਲ੍ਹ, ਸਾਚੀ ਤਾਕੀ ਪਰਦਾ ਲਾਹਿੰਦਾ । ਅੱਠੇ ਪਹਿਰ ਵਸੇ ਕੋਲ, ਦਿਵਸ ਰੈਣ ਆਪਣਾ ਰੰਗ ਰੰਗਾਇੰਦਾ । ਹੌਲੀ ਹੌਲੀ ਰਿਹਾ ਬੋਲ, ਧੁਨ ਆਤਮਕ ਰਾਗ ਅਲਾਇੰਦਾ । ਆਤਮ ਸੇਜਾ ਕਰੇ ਚੋਹਲ, ਸੇਜ ਸੋਹੰਜਣੀ ਸੋਭਾ ਪਾਇੰਦਾ । ਹਰਿ ਕਾ ਭੇਵ ਕੋਈ ਨਾ ਜਾਣੇ ਪੰਡਤ ਪਾਂਧਾ ਰੌਲ, ਗਰੰਥੀ ਪੰਥੀ ਸਾਰ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਰਨੀ ਕਰਤਾ ਆਪ ਕਰਾਇੰਦਾ । ਕਰਨੀ ਕਰਤਾ ਕਰੇ ਕਰਤਾਰ, ਕੁਦਰਤ ਕਾਦਰ ਵੇਖ ਵਖਾਈਆ । ਕਲ ਕਲਕੀ ਲੈ ਅਵਤਾਰ, ਕਲ ਕਲੇਸ਼ ਦਏ ਮਿਟਾਈਆ । ਦਸ ਦਸਮੇਸ਼ਾ ਮੀਤ ਮੁਰਾਰ, ਪੁਰਖ ਅਕਾਲਾ ਗੋਦ ਸੁਹਾਈਆ । ਬਣ ਵਿਚੋਲਾ ਸਿਰਜਣਹਾਰ, ਨਿਰਗੁਣ ਸਾਚੀ ਸੇਵ ਕਮਾਈਆ । ਸੰਬਲ ਵਸੇ ਧਾਮ ਨਿਆਰ, ਧਰਮ ਦੁਆਰਾ ਇਕ ਵਡਿਆਈਆ । ਨਾਮ ਅਗੰਮ ਬੋਲ ਜੈਕਾਰ, ਜੈ ਜੈਕਾਰ ਰਿਹਾ ਸੁਣਾਈਆ । ਕਲਜੁਗ ਕੂੜੀ ਕਿਰਿਆ ਕਰੇ ਪਾਰ, ਸਤਿਜੁਗ ਸਾਚਾ ਰਾਹ ਵਖਾਈਆ । ਚਾਰੇ ਵਰਨਾਂ ਇਕ ਆਧਾਰ, ਬਰਨ ਅਠਾਰਾਂ ਬੰਧਨ ਪਾਈਆ । ਇਕੋ ਨਾਮ ਇਕ ਜੈਕਾਰ, ਇਕੋ ਢੋਲਾ ਰਿਹਾ ਸੁਣਾਈਆ । ਇਕੋ ਮੰਦਰ ਇਕ ਦੁਆਰ, ਗੁਰੂਦੁਆਰ ਇਕ ਦ੍ਰਿੜ੍ਹਾਈਆ । ਏਕੋ ਇਸ਼ਟ ਦੇਵ ਨਿਰੰਕਾਰ, ਹਵਨ ਪਵਨ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਕਲਜੁਗ ਅੰਤ ਸ੍ਰੀ ਭਗਵੰਤ, ਹਰਿ ਸੱਜਣ ਮੇਲ ਮਿਲਾਈਆ । ਮੇਲ ਮਿਲਾਵਾ ਗੁਰਮੁਖ ਸੱਜਣ, ਹਰਿ ਸਤਿਗੁਰ ਆਪ

ਕਰਾਇੰਦਾ । ਚਰਨ ਧੂੜ ਕਰਾਏ ਨਿਰਮਲ ਮਜਨ, ਦੁਰਮਤ ਮੈਲ ਧੁਆਇੰਦਾ । ਨਵ ਦੁਆਰੇ ਪਾਰ ਹੱਦਨ, ਸਚ ਹਦੂਦ ਇਕ ਵਖਾਇੰਦਾ । ਗੜ੍ਹ ਹੰਕਾਰੀ ਭਾਂਡੇ ਭੱਜਣ, ਪ੍ਰੇਮ ਪ੍ਰੀਤੀ ਇਕ ਵਡਿਆਇੰਦਾ । ਗੁਰਮੁਖ ਗੁਰ ਗੁਰ ਚੇਲੇ ਦੋਵੇਂ ਨੱਚਣ, ਰੰਗ ਮਹੱਲ ਸੋਭਾ ਪਾਇੰਦਾ । ਪ੍ਰੇਮ ਪਿਆਰ ਦੇ ਸਾਚੇ ਬਚਨ, ਬੋਧ ਅਗਾਧ ਕਥਾ ਸੁਣਾਇੰਦਾ । ਸਾਚੀ ਰੀਤੀ ਅੰਦਰ ਹੱਸਣ, ਸੋਹੰ ਹੰਸਾ ਇਕੋ ਰਾਗ ਅਲਾਇੰਦਾ । ਪੁਰਖ ਅਕਾਲ ਦੇ ਚਰਨਾਂ ਵਿਚ ਵਸਣ, ਦੂਜਾ ਘਰ ਨਜ਼ਰ ਨਾ ਆਇੰਦਾ । ਸਰਨ ਸਰਨਾਈ ਸਾਚੀ ਢੱਠਣ, ਧੂੜੀ ਟਿੱਕਾ ਮਸਤਕ ਖ਼ਾਕ ਰਮਾਇੰਦਾ । ਕੋਟਨ ਕੋਟ ਜੀਵ ਜੰਤ ਜੁਗ ਚੌਕੜੀ ਪ੍ਰਭ ਮਿਲਣ ਦਾ ਕਰਦੇ ਰਹੇ ਜਤਨ, ਨੇਤਰ ਨੈਣ ਸਰਬ ਧਿਆਨ ਲਗਾਇੰਦਾ । ਬਿਨ ਸਤਿਗੁਰ ਕਿਰਪਾ ਕਿਸੇ ਨਾ ਮਿਲਿਆ ਪਿਛਲਾ ਵਤਨ, ਵਿਛੜਿਆ ਯਾਰ ਨਾ ਕੋਇ ਮਿਲਾਇੰਦਾ । ਦੀਨ ਦਿਆਲ ਠਾਕਰ ਸਵਾਮੀ ਕਲਜੁਗ ਅੰਤਮ ਜਨ ਭਗਤਾਂ ਪਤ ਆਇਆ ਰੱਖਣ, ਸਿਰ ਆਪਣਾ ਹੱਥ ਟਿਕਾਇੰਦਾ । ਲੱਖ ਚੁਰਾਸੀ ਵਿਚੋਂ ਵਿਰੋਲੇ ਮੱਖਣ, ਨਾਮ ਮਧਾਣਾ ਇਕੋ ਪਾਇੰਦਾ । ਲੋਕਮਾਤ ਵਿਚੋਂ ਕੱਢ ਸਚਖੰਡ ਦੁਆਰੇ ਆਇਆ ਢਕਣ, ਨਿਰਗੁਣ ਆਪਣਾ ਪਰਦਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਆਪ ਮਿਲਾਇੰਦਾ । ਭਗਤ ਮਿਲਾਵਾ ਏਕੰਕਾਰ, ਭਗਵਾਨ ਦਏ ਵਡਿਆਈਆ । ਸਾਚਾ ਦਾਅਵਾ ਵਿਚ ਸੰਸਾਰ, ਦਰਦੀਆਂ ਦਰਦ ਵੰਡਾਈਆ । ਜਿਸ ਦਾ ਨਾਵਾਂ ਲਾਏ ਆਪ ਕਰਤਾਰ, ਤਿਸ ਦਾ ਲੇਖਾ ਸਕੇ ਨਾ ਕੋਇ ਮਿਟਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰਨ ਨਿਮਸਕਾਰ, ਜਨ ਭਗਤ ਤੇਰੀ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਵੇਖਣ ਨੈਣ ਉਘਾੜ, ਨਿਜ ਨੇਤਰ ਧਿਆਨ ਲਗਾਈਆ । ਸਾਹਿਬ ਸਤਿਗੁਰ ਦੀਨ ਦਿਆਲ, ਸਰਬ ਘਟ ਵਾਸੀ ਪੁਰਖ ਅਬਿਨਾਸ਼ੀ ਜਨ ਭਗਤਾਂ ਕਰੇ ਪਿਆਰ, ਪਰਮ ਪੁਰਖ ਆਪਣੀ ਪ੍ਰੀਤੀ ਆਪ ਨਿਭਾਈਆ । ਚਲੋ ਰਲ ਕੇ ਸਾਰੇ ਕਰੀਏ ਦੀਦਾਰ, ਮਿਲੇ ਦਿਲਦਾਰ ਸੱਚਾ ਮਾਹੀਆ । ਜਿਸ ਨੂੰ ਦੱਸਦੇ ਆਏ ਸਾਂਝਾ ਯਾਰ, ਸਗਲਾ ਸੰਗ ਨਿਭਾਈਆ । ਸੋ ਸਾਹਿਬ ਸਿਰਜਣਹਾਰ, ਸਿਰ ਸਿਰ ਰਿਜ਼ਕ ਸਬਾਈਆ । ਕਲਜੁਗ ਅੰਤ ਲੈ ਅਵਤਾਰ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਸੰਬਲ ਬੈਠਾ ਚੌਂਕੜਾ ਮਾਰ, ਨਜ਼ਰ ਕਿਸੇ ਨਾ ਆਈਆ । ਔਕੜ ਪਏ ਸਰਬ ਸੰਸਾਰ, ਓੜਕ ਹੋਏ ਨਾ ਕੋਇ ਸਹਾਈਆ । ਰੋਕੜ ਰਹੇ ਨਾ ਨਕਦ ਉਧਾਰ, ਖ਼ਾਲੀ ਹੱਟ ਰਿਹਾ ਕਰਾਈਆ । ਬਰਦੇ ਬਣੀਏ ਚਲ ਗ਼ੁਲਾਮ, ਸਜਦਾ ਸੀਸ ਝੁਕਾਈਆ । ਪਰਵਰਦਿਗਾਰ ਇਕ ਅਮਾਮ, ਨੂਰ ਨੁਰਾਨਾ ਨਜ਼ਰੀ ਆਈਆ । ਜਿਸ ਦੀ ਸੱਚੀ ਸਚ ਕਲਾਮ, ਸੋਹਲਾ ਸਚ ਸਚ ਜਣਾਈਆ । ਜਿਸ ਦਾ ਆਦਿ ਜੁਗਾਦਿ ਖੇਲ ਤਮਾਮ, ਸੋ ਜਨ ਭਗਤਾਂ ਤਮਾਂ ਰਿਹਾ ਮਿਟਾਈਆ । ਦਰ ਦਰਵੇਸ਼ ਬਣੋ ਕਰੋ ਸਲਾਮ, ਸਮਾਂ ਸਭ ਨੂੰ ਰਿਹਾ ਜਗਾਈਆ । ਹਮਾਂ ਤੁਮਾਂ ਨਾ ਸਕੇ ਪਹਿਚਾਨ, ਸੋ ਪਹਿਚਾਨੇ ਜਿਸ ਆਪਣੀ ਅੱਖ ਖੁਲ੍ਹਾਈਆ । ਆਦਿ ਜੁਗਾਦਿ ਸਾਹਿਬ ਸਤਿਗੁਰ ਸੋ ਪੁਰਖ ਨਿਰੰਜਣ ਹੰ ਬ੍ਰਹਮ ਦੇਵਣਹਾਰਾ ਦਾਨ ਵਿਸ਼ਨੂੰ ਭਗਵਾਨ, ਜਗ ਰੀਤਾ ਜਗ ਕਰਤਾ ਜਗ ਹਰਤਾ ਜਗ ਜੀਵਣ ਦਾਤਾ ਇਕ ਅਨੇਕ ਹਰ ਘਟ ਵੇਖ, ਭਗਤ ਭਗਵਾਨ ਦੇ ਟੇਕ, ਟਿੱਕਾ ਮਸਤਕ ਇਕੋ ਨਾਮ ਲਗਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਸ਼ਬਦੀ ਧਰਿਆ ਭੇਖ, ਜੋਤ ਸ਼ਬਦ ਦੋਵੇਂ ਨਜ਼ਰ ਨਾ ਆਈਆ ।


੨੩੯
੧੪

## ★ ੨੪ ਚੇਤ ੨੦੨੦ ਬਿਕਰਮੀ ਪ੍ਰੀਤਮ ਸਿੰਘ ਦੇ ਗ੍ਰਿਹਿ ਜੰਡਿਆਲਾ ★

ਆਪਣਾ ਆਪਣਾ ਦੱਸੋ ਹਾਲ, ਹਰਿ ਸੰਗਤ ਰਿਹਾ ਜਣਾਈਆ । ਸਭ ਦਾ ਪੂਰਾ ਕਰੇ ਸਵਾਲ, ਬਿਨ ਨੇਤਰਾਂ ਵੇਖ ਵਖਾਈਆ । ਅੱਗੇ ਪਿਛੇ ਦੋ ਜਹਾਨ ਦਾ ਦਏ ਅਹਿਵਾਲ, ਲੋਕ ਪਰਲੋਕ ਬ੍ਰਹਿਮੰਡ ਖੰਡ ਭੇਵ ਖੁਲ੍ਹਾਈਆ । ਅੰਦਰ ਬਾਹਰ ਗੁਪਤ ਜ਼ਾਹਰ ਚਲਣਹਾਰਾ ਨਾਲ ਨਾਲ, ਗ੍ਰਿਹਿ ਗ੍ਰਿਹਿ ਮੰਦਰ ਕਾਇਆ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਆਪ ਉਠਾਈਆ । ਹਰਿ ਸੰਗਤ ਜੋ ਕਹਿਣਾ ਕਹੇ, ਗੁਰ ਸਤਿਗੁਰ ਮੰਗ ਮੰਗਾਇੰਦਾ । ਦਰ ਆਇਆ ਜੋ ਲਹਿਣਾ ਲੈਣਾ ਲਏ, ਅਨਮੁਲੜੀ ਦਾਤ ਝੋਲੀ ਪਾਇੰਦਾ । ਹਰਿ ਸਰਨਾਈ ਜਿਸ ਬਹਿਣਾ ਜਾਏ ਬਹਿ, ਸਚ ਸਿੰਘਾਸਣ ਇਕ ਵਖਾਇੰਦਾ । ਨਾਤਾ ਤੋੜੇ ਤ੍ਰੈਗੁਣ ਤ੍ਰੈ, ਤ੍ਰੈਗੁਣ ਅਤੀਤਾ ਆਪਣਾ ਰੰਗ ਰੰਗਾਇੰਦਾ । ਲੇਖਾ ਚੁੱਕੇ ਤੂੰ ਮੈਂ, ਪਾਰਬ੍ਰਹਮ ਪ੍ਰਭ ਇਕੋ ਨਜ਼ਰੀ ਆਇੰਦਾ । ਅੰਮ੍ਰਿਤ ਧਾਰ ਵਹਾਏ ਸਾਚੀ ਨੈਂ, ਝਿਰਨਾ ਨਿਝਰ ਇਕ ਝਿਰਾਇੰਦਾ । ਮਨਮਤ ਮਰੇ ਨਾ ਖਹਿ ਖਹਿ, ਗੁਰਮਤ ਇਕੋ ਇਕ ਦ੍ਰਿੜਾਇੰਦਾ । ਕਲਜੁਗ ਝੂਠਾ ਬੁਰਜ ਜਾਣਾ ਢਹਿ, ਥਿਰ ਨਜ਼ਰ ਕੋਇ ਨਾ ਆਇੰਦਾ । ਲੱਖ ਚੁਰਾਸੀ ਜਾਣਾ ਗਹਿ, ਬਣ ਕਿਰਸਾਣਾ ਆਪਣੀ ਕਾਰ ਕਮਾਇੰਦਾ । ਪੁਰਖ ਅਕਾਲ ਦੀਨ ਦਿਆਲ ਦੀ ਇਕੋ ਹੋਣੀ ਜੈ, ਗੋਬਿੰਦ ਸੂਰਾ ਫ਼ਤਹਿ ਡੰਕਾ ਇਕ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੀਸਵੀਂ ਸਦੀ ਸਭ ਨੂੰ ਆਪ ਉਠਾਇੰਦਾ । ਹਰਿ ਸੰਗਤ ਜੋ ਕਹਿਣਾ ਦੱਸ, ਦੀਦਾ ਦਾਨਿਸਤਾ ਰਿਹਾ ਜਣਾਈਆ । ਜਿਸ ਦਾ ਗੁਰ ਅਵਤਾਰ ਪੀਰ ਪੈਗ਼ੰਬਰ ਗੌਂਦੇ ਰਹੇ ਜਸ, ਸੋ ਆਪਣਾ ਨਾਦ ਸੁਣਾਈਆ । ਆਦਿ ਜੁਗਾਦਿ ਜੁਗ ਚੌਕੜੀ ਜਿਸ ਦੇ ਵਸ, ਖਾਣੀ ਬਾਣੀ ਜਿਸ ਦੀ ਧਾਰ ਅਖਵਾਈਆ । ਕੋਟਨ ਕੋਟ ਬ੍ਰਹਿਮੰਡ ਜਿਸ ਦੀ ਸਾਇਆ ਹੇਠ ਰਹੇ ਵਸ, ਵਿਸ਼ਨ ਬ੍ਰਹਮਾ ਸ਼ਿਵ ਬੈਠੇ ਧਿਆਨ ਲਗਾਈਆ । ਦੀਨ ਦਿਆਲ ਠਾਕਰ ਸਵਾਮੀ ਏਕੰਕਾਰ ਇਕ ਸਮਰਥ, ਸਮਰਥ ਆਪਣੀ ਕਾਰ ਕਮਾਈਆ । ਲੱਖ ਚੁਰਾਸੀ ਘਟ ਘਟ ਅੰਦਰ ਵੇਖੇ ਨੱਠ, ਦੂਰ ਦੁਰਾਡਾ ਨੇਰਨ ਨੇਰਾ ਆਪਣਾ ਫੇਰਾ ਪਾਈਆ । ਲੇਖਾ ਜਾਣੇ ਗੁਰਦਰ ਮੰਦਰ ਮਸਜਿਦ ਮੱਠ ਸ਼ਿਵਦੁਆਲੇ ਤੀਰਥ ਤੱਟ, ਤੱਟ ਕਿਨਾਰ ਵੇਖੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਹਰਿ ਸੰਗਤ ਦੱਸੋ ਆਪਣੀ ਗੱਲ, ਸਿਧੀ ਬੋਲੀ ਵਿਚ ਸਮਝਾਈਆ । ਕਿਸੇ ਦਾ ਰਹਿਣ ਨਾ ਦੇਵੇ ਵਲ ਛਲ, ਅਛਲ ਛਲ ਧਾਰੀ ਆਪਣਾ ਫੇਰਾ ਪਾਈਆ । ਸਭ ਦੀ ਕਾਇਆ ਅੰਦਰ ਜੋਤੀ ਬੈਠਾ ਮਲ, ਨਿਰਗੁਣ ਆਪਣਾ ਆਸਣ ਲਾਈਆ । ਦੀਪਕ ਦੀਆ ਹੋ ਕੇ ਰਿਹਾ ਬਲ, ਤੇਲ ਬਾਤੀ ਨਾ ਕੋਇ ਰਖਾਈਆ । ਅੰਮ੍ਰਿਤ ਸਰੋਵਰ ਭਰ ਕੇ ਬੈਠਾ ਜਲ, ਅੰਮ੍ਰਿਤ ਜਾਮ ਹੱਥ ਰਖਾਈਆ । ਵਸਣਹਾਰਾ ਨਿਹਚਲ ਧਾਮ ਅਟੱਲ, ਮਹਿਫ਼ਲ ਆਪਣੀ ਇਕੋ ਸੁਣਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਸਾਧਾਂ ਸੰਤਾਂ ਜੀਵਾਂ ਜੰਤਾਂ ਆਦਿ ਅੰਤਾ ਸਵਾਲ ਸਭ ਦੇ ਕਰਦਾ ਰਿਹਾ ਹੱਲ, ਆਪਣਾ ਅਹਿਵਾਲ ਨਾ ਕਿਸੇ ਸਮਝਾਈਆ । ਜੋ ਜਨ ਦੂਰ ਦੁਰਾਡੇ ਨੇੜੇ ਆਏ ਚਲ, ਤਿਨ੍ਹਾਂ ਸਚ ਚਲਿਤਰ ਦਏ ਵਖਾਈਆ । ਪਿਛੋਂ ਕੋਈ ਨਾ ਕਹੇ ਗਲ, ਕਲ ਵੇਲਾ ਗਿਆ ਹੱਥ ਨਾ ਆਈਆ । ਸ੍ਰੀ ਭਗਵਾਨ ਵਾਲੀ ਦੋ ਜਹਾਨ, ਕਲਜੁਗ ਵੜਿਆ ਡੂੰਘੀ ਝੱਲ, ਨੌਂ ਖੰਡ ਸੱਤ ਦੀਪ ਛਿੰਨ ਭੰਗਰ ਵੇਖ ਵਖਾਈਆ । ਕਾਇਆ ਮਾਟੀ ਵੇਖਣਹਾਰਾ ਪੋਚੀ ਪਾਚੀ ਖੱਲ, ਖ਼ਾਲ ਖ਼ਲਕ ਖ਼ਾਲਕ ਖ਼ਾਲਕ ਖ਼ਲਕ ਆਪਣੀ ਧਾਰ ਬੰਧਾਈਆ । ਕੋਟਨ ਕੋਟ ਅਰਬਨ ਅਰਬ ਪਦਮਨ ਪਦਰ ਗੁਰ ਅਵਤਾਰ

੨੪੦ ੧੪

ਪੀਰ ਪੈਗ਼ੰਬਰ ਜਿਸ ਦਾ ਦਲ, ਸ਼ਬਦੀ ਸ਼ਬਦ ਇਕੋ ਹੁਕਮ ਮਨਾਈਆ । ਕਲਜੁਗ ਕੂੜ ਜਵਾਨੀ ਪਰਛਾਵਾਂ ਰਿਹਾ ਢਲ, ਬੁੜ੍ਹੇਪਾ ਸਭ ਦੇ ਸਿਰ ਤੇ ਛਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡ ਵਡਿਆਈਆ । ਹਰਿ ਸੰਗਤ ਕੋਈ ਦਿਓ ਸੰਦੇਸਾ, ਸੁਣਨਹਾਰ ਪ੍ਰਭ ਆਇਆ । ਕਰੇ ਖੇਲ ਹਰਿ ਨਰ ਨਰੇਸ਼ਾ, ਨਿਰਗੁਣ ਜੋਤ ਜੋਤ ਰੁਸ਼ਨਾਇਆ । ਵਸਣਹਾਰਾ ਸਚਖੰਡ ਸਾਚੇ ਦੇਸਾ, ਲੋਕਮਾਤ ਆਪਣੀ ਧਾਰ ਜਣਾਇਆ । ਸੇਵਾ ਲਾਏ ਬ੍ਰਹਮਾ ਵਿਸ਼ਨ ਮਹੇਸ਼ਾ ਗਣਪਤ ਗਣੇਸ਼ਾ, ਗਿਰਵਰ ਗਿਰਧਾਰ ਆਪਣੀ ਧਾਰ ਇਕ ਬੰਧਾਇਆ । ਜੁਗ ਚੌਕੜੀ ਜਿਸ ਦਾ ਲੇਖਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹਿਆ । ਹਰਿ ਸੰਗਤ ਕੋਈ ਦੱਸੇ ਗੀਤ, ਗੀਤ ਗੋਬਿੰਦ ਮੰਗ ਮੰਗਾਇੰਦਾ । ਪੁਰਖ ਅਕਾਲ ਦੀ ਇਕੋ ਰੀਤ, ਰੀਤੀਵਾਨ ਵੇਖ ਵਖਾਇੰਦਾ । ਪੀਰ ਪੈਗ਼ੰਬਰ ਗੁਰ ਅਵਤਾਰ ਵੇਖਣ ਬੈਠਾ ਇਕ ਅਤੀਤ, ਤ੍ਰੈਗੁਣ ਵਿਚ ਕਦੇ ਨਾ ਆਇੰਦਾ । ਲੇਖਾ ਜਾਣੇ ਹਸਤ ਕੀਟ, ਊਚ ਨੀਚ ਆਪਣਾ ਖੇਲ ਖਲਾਇੰਦਾ । ਸਦਾ ਸੁਹੇਲਾ ਇਕ ਇਕੇਲਾ ਧਰਮ ਦੁਆਰਾ ਰੱਖੇ ਠੰਡਾ ਸੀਤ, ਅਗਨੀ ਤੱਤ ਨਾ ਕੋਇ ਜਲਾਇੰਦਾ । ਏਕਾ ਨਾਮ ਨਿਧਾਨਾ ਸ੍ਰੀ ਭਗਵਾਨਾ ਸੋਹਲਾ ਢੋਲਾ ਗਾਏ ਗੀਤ, ਗਹਿਰ ਗੰਭੀਰ ਇਕੋ ਰੰਗ ਰੰਗਾਇੰਦਾ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਆਦਿ ਜੁਗਾਦੀ ਸ਼ਬਦ ਅਨਾਦੀ ਸਤਿ ਜਣਾਏ ਸਤਿ ਪ੍ਰੀਤ, ਪ੍ਰੀਤੀਵਾਨ ਰਾਹ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪਣੇ ਹੱਥ ਰਖਾਇੰਦਾ । ਹਰਿ ਸੰਗਤ ਖੋਲ੍ਹੋ ਆਪਣੀ ਜ਼ਬਾਨ, ਬੇਜ਼ਬਾਂ ਰਿਹਾ ਸਮਝਾਈਆ । ਦੇਵਣਹਾਰਾ ਸ਼ਬਦ ਧੁਰ ਕਲਾਮ, ਕਲਮਾ ਨਬੀ ਰਸੂਲ ਸੁਣਾਈਆ । ਪਰਵਰਦਿਗਾਰ ਇਕ ਅਮਾਮ, ਮਿਹਰਵਾਨ ਫੇਰਾ ਪਾਈਆ । ਜਿਸ ਦਾ ਲੇਖਾ ਨਾ ਜਾਣੇ ਕੋਈ ਤਮਾਮ, ਤਮਾਂ ਵਿਚ ਸਰਬ ਲੋਕਾਈਆ । ਪੀਰ ਪੈਗ਼ੰਬਰ ਬਰਦੇ ਬਣੇ ਗ਼ੁਲਾਮ, ਈਸਾ ਮੂਸਾ ਮੁਹੰਮਦ ਬੈਠੇ ਸੀਸ ਝੁਕਾਈਆ । ਸਜਦਾ ਕਰਨ ਨਾਲ ਸਲਾਮ, ਅਲੈਕਮ ਆਪਣੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖ਼ਾਲਕ ਖ਼ਲਕ ਵੇਖ ਵਖਾਈਆ । ਹਰਿ ਸੰਗਤ ਖੋਲ੍ਹੋ ਅੱਖ, ਕਲਜੁਗ ਆਖ਼ਰ ਆਪ ਜਣਾਇੰਦਾ । ਪਤਿਪਰਮੇਸ਼ਵਰ ਨਿਹਕਲੰਕ ਨਿਰਗੁਣ ਸਵਾਮੀ ਪਰਗਟ ਹੋਇਆ ਪਰਤੱਖ, ਪਰਦਾ ਉਹਲਾ ਨਾ ਕੋਇ ਰਖਾਇੰਦਾ । ਨੌਂ ਖੰਡ ਪ੍ਰਿਥਮੀ ਸੱਤ ਦੀਪ ਲੱਖ ਚੁਰਾਸੀ ਭਾਂਡੇ ਕਰੇ ਸੱਖ, ਭਰਿਆ ਕੋਇ ਨਜ਼ਰ ਨਾ ਆਇੰਦਾ । ਜੀਵਾਂ ਜੰਤਾਂ ਸਾਧਾਂ ਸੰਤਾਂ ਆਤਮ ਪਰਮਾਤਮ ਪਰਮ ਪੁਰਖ ਪਰਮੇਸ਼ਵਰ ਇਕੋ ਮਾਰਗ ਦੇਵੇ ਦੱਸ, ਦਹਿ ਦਿਸ਼ਾ ਵੇਖ ਵਖਾਇੰਦਾ । ਪਾਰਬ੍ਰਹਮ ਬ੍ਰਹਮ ਮੇਲ ਮਿਲਾਏ ਹੱਸ ਹੱਸ, ਸੋਹੰ ਹੰਸਾ ਇਕੋ ਰਾਗ ਅਲਾਇੰਦਾ । ਅੰਮ੍ਰਿਤ ਆਤਮ ਨਿਝਰ ਝਿਰਨਾ ਸਚ ਝਿਰਾਏ ਰਸ, ਰਸਕ ਰਸਕ ਆਪਣੀ ਬੂੰਦ ਇਕ ਟਪਕਾਇੰਦਾ । ਲਹਿਣਾ ਦੇਣਾ ਚੁਕਾਏ ਤੱਤ ਅੱਠ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਬਬੇਕ ਕੋਇ ਰਹਿਣ ਨਾ ਪਾਇੰਦਾ । ਨੌਂ ਦੁਆਰੇ ਦੂਈ ਦਵੈਤੀ ਪਰਦਾ ਦੇਵੇ ਕੱਟ, ਮਾਇਆ ਮਮਤਾ ਹਉਮੇ ਹੰਗਤਾ ਗੜ੍ਹ ਤੁੜਾਇੰਦਾ । ਦਸਵੇਂ ਘਰ ਕਰ ਜੋਤ ਪਰਕਾਸ਼, ਪਰਕਾਸ਼ ਆਪਣੀ ਕਲ ਵਖਾਇੰਦਾ । ਮੇਲ ਮਿਲਾਵਾ ਪੁਰਖ ਅਬਿਨਾਸ਼, ਸੇਵਾ ਕਰੇ ਬਣ ਬਣ ਦਾਸੀ ਦਾਸ, ਰੂਪ ਰੰਗ ਰੇਖ ਨਜ਼ਰ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਕਰਾਇੰਦਾ । ਹਰਿ ਸੰਗਤ ਖੋਲ੍ਹੋ ਆਪਣਾ ਭੇਤ, ਅਨਭਵ ਆਪਣੀ ਧਾਰ ਜਣਾਇੰਦਾ । ਜਿਸ ਦਾ ਮੰਗੇ ਸਾਚਾ ਹੇਤ, ਸੋ ਸਾਹਿਬ ਵੇਖ ਵਖਾਇੰਦਾ । ਜਿਸ ਦੇ

ਪਿਛੇ ਗੁਰ ਅਰਜਣ ਸੀਸ ਪੁਆਈ ਰੇਤ, ਸੋ ਸਤਿਗੁਰ ਆਪਣੀ ਕਾਰ ਕਮਾਇੰਦਾ । ਜਿਸ ਦੇ ਪਿਛੇ ਗੋਬਿੰਦ ਬੱਚੇ ਝੂਝੇ ਖੇਤ, ਰਣ ਭੂਮੀ ਰੰਗ ਰੰਗਾਇੰਦਾ । ਜਿਸ ਦੇ ਪਿਛੇ ਦੱਬੇ ਨੀਂਹਾਂ ਹੇਠ, ਸੋ ਮਹੱਲ ਅਟੱਲ ਇਕ ਰੁਸ਼ਨਾਇੰਦਾ । ਜਿਸ ਦੇ ਪਿਛੇ ਸੱਥਰ ਸੂਲਾਂ ਮਾਣੀ ਸੇਜ, ਸੋ ਨਾਮ ਖ਼ੰਜ਼ਰ ਇਕੋ ਇਕ ਚਮਕਾਇੰਦਾ । ਦੋ ਜਹਾਨ ਸ੍ਰੀ ਭਗਵਾਨ ਨੌਜਵਾਨ ਮਰਦ ਮਰਦਾਨ ਸ਼ਬਦ ਸਨੇਹੜਾ ਰਿਹਾ ਭੇਜ, ਲਿਖ ਲਿਖ ਪਾਤੀ ਹੱਥ ਨਾ ਕਿਸੇ ਫੜਾਇੰਦਾ । ਜੋਤੀ ਨੂਰ ਚਮਕੇ ਤੇਜ, ਦਮਕ ਇਕੋ ਇਕ ਰਖਾਇੰਦਾ । ਜਿਸ ਦੇ ਹੁਕਮੇ ਅੰਦਰ ਨਾਨਕ ਹੱਥ ਖੂੰਡੀ ਮੋਢੇ ਧਰਿਆ ਖੇਸ, ਸੋ ਦੋ ਜਹਾਨਾਂ ਖ਼ਾਲਸ ਰੂਪ ਵਟਾਇੰਦਾ । ਕਲਜੁਗ ਅੰਤਮ ਲੱਗਣ ਨਾ ਦੇਵੇ ਠੇਸ, ਠੋਕਰ ਆਪਣੇ ਨਾਮ ਲਗਾਇੰਦਾ । ਜਿਨ੍ਹਾਂ ਰੱਖੇ ਚਰਨਾਂ ਹੇਠ, ਤਿਨ੍ਹਾਂ ਆਪਣਾ ਰੰਗ ਚੜ੍ਹਾਇੰਦਾ । ਰਾਤੀਂ ਸੁਤਿਆਂ ਖੋਲ੍ਹੇ ਭੇਤ, ਦਿਨੇ ਜਾਗਦਿਆਂ ਪਰਦਾ ਲਾਹਿੰਦਾ । ਗੁਰਮੁਖਾਂ ਵਿਚ ਬਾਲਕ ਰੂਪ ਹੋ ਕੇ ਰਿਹਾ ਖੇਡ, ਵਡਾ ਛੋਟਾ ਭੇਵ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲ ਆਪਣਾ ਰਾਹ ਚਲਾਇੰਦਾ । ਹਰਿ ਸੰਗਤ ਦੱਸੇ ਸਾਚਾ ਗੁਣ, ਗਹਿਰ ਗੰਭੀਰ ਪੁੱਛ ਪੁਛਾਈਆ । ਦੂਰ ਦੁਰਾਡਿਉਂ ਆਏ ਸੁਣ, ਜੰਡਿਆਲੇ ਆਇਆ ਬੇਪਰਵਾਹੀਆ । ਗੁਰਮੁਖ ਵਿਰਲੇ ਵਿਰਲੇ ਰਿਹਾ ਚੁਣ, ਜਿਨ੍ਹਾਂ ਆਪਣੀ ਬੂਝ ਬੁਝਾਈਆ । ਅੰਤਰ ਆਤਮ ਦੇਵੇ ਧੁਨ, ਰਾਗ ਅਨਰਾਗੀ ਆਪ ਸੁਣਾਈਆ । ਸੁਰਤੀ ਸ਼ਬਦ ਮੇਲ ਮਿਲਾਏ ਫੁਨ, ਜੋਗ ਅਭਿਆਸ ਨਾ ਕੋਇ ਕਰਾਈਆ । ਸਾਹਮਣੇ ਬੈਠਾ ਵੇਖੇ ਹੁਣ, ਪਿਛੇ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੇ ਪਰਦਾ ਹੋ ਕੇ ਆਪਣਾ ਪਰਦਾ ਰਿਹਾ ਲਾਹੀਆ । ਵੇਖੋ ਸੰਗਤ ਲੱਥਾ ਪਰਦਾ, ਸੋ ਪੁਰਖ ਨਿਰੰਜਣ ਖੇਲ ਕਰਾਇੰਦਾ । ਜੇਠ ਮਹੀਨੇ ਸ਼ਾਹ ਸੁਲਤਾਨਾਂ ਦੀ ਛਾਤੀ ਉਤੇ ਚੜ੍ਹਦਾ, ਨਿਰਭੌ ਭੈ ਨਾ ਕੋਇ ਜਣਾਇੰਦਾ । ਚਾਰ ਕੁੰਟ ਨੌਂ ਖੰਡ ਪ੍ਰਿਥਮੀ ਅੱਗੇ ਕੋਈ ਨਾ ਅੜਦਾ, ਮੂੰਹ ਦੇ ਭਾਰ ਸੁਟਾਇੰਦਾ । ਲੱਖ ਚੁਰਾਸੀ ਜੀਵ ਜੰਤ ਸੜਦਾ, ਨਿਰਗੁਣ ਅਗਨੀ ਅੱਗ ਲਗਾਇੰਦਾ । ਗੁਰਮੁਖ ਵਿਰਲਾ ਗੋਬਿੰਦ ਗੋਬਿੰਦ ਕਰਦਾ, ਨੇਤਰ ਨੈਣ ਧਿਆਨ ਲਗਾਇੰਦਾ । ਪੀਰ ਪੈਗ਼ੰਬਰ ਹੋਏ ਬਰਦਾ, ਦਰ ਦਰ ਘਰ ਘਰ ਸੀਸ ਝੁਕਾਇੰਦਾ । ਸਭ ਦੀ ਪੁਠੀ ਹੋਏ ਨਰਦਾ, ਸਾਰਪਾਸ਼ ਆਪਣੀ ਵੰਡ ਵੰਡਾਇੰਦਾ । ਲੇਖਾ ਜਾਣੇ ਲੱਖ ਚੁਰਾਸੀ ਘਰ ਘਰ ਦਾ, ਬਚਿਆ ਕੋਇ ਰਹਿਣ ਨਾ ਪਾਇੰਦਾ । ਵੇਖੋ ਖੇਲ ਨਰਾਇਣ ਨਰ ਹਰਿ ਦਾ, ਨਿਹਕਲੰਕ ਆਪਣੀ ਕਲ ਪਰਗਟਾਇੰਦਾ । ਲੇਖਾ ਜਾਣੇ ਜਲ ਥਲ ਦਾ, ਮਹੀਅਲ ਆਪਣਾ ਰੰਗ ਰੰਗਾਇੰਦਾ । ਜੰਗਲ ਜੂਹ ਉਜਾੜ ਪਹਾੜ ਉਚੇ ਟਿੱਲੇ ਆਪੇ ਮਲਦਾ, ਪਰਬਤ ਚੋਟੀ ਖੋਜ ਖੁਜਾਇੰਦਾ । ਲੇਖਾ ਚੁਕਾਏ ਡੂੰਘੀ ਡਲ ਦਾ, ਸਾਢੇ ਤਿੰਨ ਹੱਥ ਕਾਇਆ ਮੰਦਰ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਨਿਰਗੁਣ ਹਰਿ, ਸਰਗੁਣ ਭੇਵ ਕੋਇ ਨਾ ਪਾਇੰਦਾ । ਹਰਿ ਸੰਗਤ ਉਚੀ ਬੋਲੋ ਕੂਕ ਕੂਕ, ਦੋ ਜਹਾਨ ਸੁਣਾਈਆ । ਕਲਜੁਗ ਅੰਤਮ ਚੁੱਕੇ ਚੂਕ, ਚੌਕੰਨੇ ਸਭ ਨੂੰ ਰਿਹਾ ਕਰਾਈਆ । ਗੂੜ੍ਹੀ ਨੀਂਦੇ ਕੋਈ ਨਾ ਸੋਵੇ ਘੂਕ, ਆਲਸ ਨਿੰਦਰਾ ਸਭ ਦਾ ਦਏ ਮਿਟਾਈਆ । ਮਾਇਆ ਮਮਤਾ ਜੂਠ ਝੂਠ ਦੇਵੇ ਫੂਕ, ਨਾਮ ਫੁੰਕਾਰਾ ਇਕੋ ਲਾਈਆ । ਭਗਤ ਭਗਵਾਨ ਮਾਰਗ ਲਾਏ ਤਾਣਾ ਪੇਟਾ ਇਕੋ ਸੂਤ, ਸੂਤਰਧਾਰੀ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭੁੱਖਿਆਂ ਝੋਲੀ ਪਾਏ ਪੂਤ, ਪੁੱਤ ਪੋਤਰੇ ਗੰਢ ਪੁਆਈਆ । ਹਰਿ ਸੰਗਤ ਹਰਿ ਸਾਚਾ ਮੇਲਾ, ਮਿਲਣੀ ਜਗਦੀਸ਼ ਕਰਾਇੰਦਾ । ਏਕਾ ਘਰ

ਨਜ਼ਰੀ ਆਏ ਗੁਰੂ ਗੁਰ ਚੇਲਾ, ਚੇਲਾ ਗੁਰ ਇਕੋ ਬੰਧਨ ਪਾਇੰਦਾ । ਨਿਰਗੁਣ ਨਿਰਵੈਰ ਪਾਰਬ੍ਰਹਮ ਪੁਰਖ ਪਰਮੇਸ਼ਵਰ ਵਸੇ ਇਕ ਇਕੇਲਾ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਜੋਤੀ ਜਾਤਾ ਡਗਮਗਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਆਪਣੇ ਹੱਥ ਰੱਖੇ ਆਪਣਾ ਵੇਲਾ, ਵਾਰ ਥਿਤ ਨਾ ਕਿਸੇ ਸਮਝਾਇੰਦਾ । ਪਾਰਬ੍ਰਹਮ ਪ੍ਰਭ ਅਚਰਜ ਖੇਲ ਆਪੇ ਖੇਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲ ਆਪਣਾ ਰੂਪ ਵਟਾਇੰਦਾ । ਹਰਿ ਸੰਗਤ ਵੇਖ ਕਲ ਕਾਤੀ, ਚਾਰੋਂ ਕੁੰਟ ਅੰਧੇਰਾ ਛਾਈਆ । ਸਦੀ ਬੀਸਵੀਂ ਅੰਧੇਰੀ ਰਾਤੀਂ, ਚੰਦ ਚੌਧਵੀਂ ਨਾ ਕੋਇ ਚਮਕਾਈਆ । ਦੀਨ ਮਜ਼੍ਹਬ ਝਗੜਾ ਪਿਆ ਜਮਾਤੀ, ਨਿਰਗੁਣ ਧਾਰ ਨਾ ਕੋਇ ਸਮਝਾਈਆ । ਸ਼ਾਹ ਸੁਲਤਾਨ ਭੇਵ ਨਾ ਜਾਨਣ ਬੰਦਾ ਖ਼ਾਕੀ, ਖ਼ਾਲਕ ਖ਼ਲਕ ਪਰਦਾ ਸਕੇ ਨਾ ਕੋਇ ਉਠਾਈਆ । ਮਨ ਹੰਕਾਰੀ ਹੋਇਆ ਆਕੀ, ਬੁੱਧੀ ਚਲੇ ਨਾ ਕੋਇ ਚਤੁਰਾਈਆ । ਧਰਤ ਮਾਤ ਨੇਤਰ ਰੋਵੇ ਦੋਹੱਥੜੀਂ ਪਿਟੇ ਛਾਤੀ, ਪ੍ਰਭ ਅੱਗੇ ਹਾਲ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੁਧ ਬਿਨ ਹੋਏ ਨਾ ਕੋਇ ਸਹਾਈਆ । ਧਰਤ ਧਵਲ ਧਰਨ ਮਾਰੇ ਨਾਅਰਾ, ਉਚੀ ਕੂਕ ਕੂਕ ਸੁਣਾਇਆ । ਤੁਧ ਬਿਨ ਕਰੇ ਨਾ ਕੋਈ ਪਿਆਰਾ, ਦੁਖੀਆਂ ਦੁੱਖ ਦਰਦ ਵਧਾਇਆ । ਨੇਤਰ ਰੋਵੇ ਜ਼ਾਰੋ ਜ਼ਾਰਾ, ਗਲ ਹੰਝੂਆਂ ਹਾਰ ਪਰੋਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਲਜੁਗ ਵੇਲਾ ਅੰਤਮ ਆਇਆ । ਹਰਿ ਧਰਨੀ ਆਪ ਸਮਝਾਇੰਦਾ । ਸ੍ਰੀ ਭਗਵਾਨ ਦਇਆ ਕਮਾਇੰਦਾ । ਭੇਵ ਅਭੇਦਾ ਆਪ ਖੁਲ੍ਹਾਇੰਦਾ । ਅਛਲ ਅਛੇਦਾ ਵੇਸ ਵਟਾਇੰਦਾ । ਰਾਹ ਸਿਧਾ ਮਾਰਗ ਲਾਇੰਦਾ । ਨੌਂ ਨਿਧਾਂ ਪੰਧ ਮੁਕਾਇੰਦਾ । ਅਠਾਰਾਂ ਸਿਧਾਂ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਰਚਾਇੰਦਾ । ਸਾਚਾ ਖੇਲ ਆਪ ਰਚਾਵਾਂਗਾ । ਬੀਸਵੀਂ ਸਦੀ ਰੰਗ ਰੰਗਾਵਾਂਗਾ । ਵਦੀ ਸੁਦੀ ਵੇਖ ਵਖਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਦੁਆਰ ਇਕ ਸੁਹਾਵਾਂਗਾ । ਸਚ ਦਰਬਾਰ ਇਕ ਸੁਹਾਵਾਂਗਾ । ਗੁਰ ਅਵਤਾਰ ਪੀਰ ਪੈਗ਼ੰਬਰ ਕੋਲ ਬਹਾਵਾਂਗਾ । ਭਗਤ ਭਗਵਾਨ ਇਕੋ ਰੰਗ ਰੰਗਾਵਾਂਗਾ । ਸਾਚਾ ਮਾਰਗ ਫੇਰ ਵਖਾਵਾਂਗਾ । ਨਾਮ ਸ਼ਮਸ਼ੀਰ ਇਕ ਚਮਕਾਵਾਂਗਾ । ਦਿਲਗੀਰ ਦੋ ਜਹਾਨ ਕਰਾਵਾਂਗਾ । ਸ਼ਰਅ ਜ਼ੰਜੀਰ ਕਟਾਵਾਂਗਾ । ਪੀਰ ਫ਼ਕੀਰ ਵੇਖ ਵਖਾਵਾਂਗਾ । ਤਕਦੀਰ ਧਰਨੀ ਤੇਰੀ ਬਦਲਾਵਾਂਗਾ । ਅਕਸੀਰ ਆਪਣਾ ਨਾਮ ਜਣਾਵਾਂਗਾ । ਸਚ ਤਸਵੀਰ ਨਜ਼ਰੀ ਆਵਾਂਗਾ । ਗੁਣੀ ਗਹੀਰ ਫੇਰ ਅਖਵਾਵਾਂਗਾ । ਸਤਿਜੁਗ ਸਾਚਾ ਤੇਰੀ ਗੋਦ ਬਹਾਵਾਂਗਾ । ਹਿਰਦਾ ਸੋਧ ਰਾਗ ਅਲਾਵਾਂਗਾ । ਜੋਧਨ ਜੋਧ ਇਕ ਕਰਾਵਾਂਗਾ । ਅਗਾਧ ਬੋਧ ਅੱਖਰ ਪੜ੍ਹਾਵਾਂਗਾ । ਪਿਛਲਾ ਰੋਸ ਸਰਬ ਮਿਟਾਵਾਂਗਾ । ਸ਼ਬਦੀ ਜੋਸ਼ ਇਕ ਜਣਾਵਾਂਗਾ । ਸਭ ਦੀ ਹੋਸ਼ ਟਿਕਾਣੇ ਲਾਵਾਂਗਾ । ਬੇਦੋਸ਼ ਸਰਬ ਬਚਾਵਾਂਗਾ । ਚੌਦਾਂ ਲੋਕ ਪੰਧ ਮੁਕਾਵਾਂਗਾ । ਚੌਦਾਂ ਤਬਕਾਂ ਵੇਖ ਵਖਾਵਾਂਗਾ । ਵਿਸ਼ਨ ਬ੍ਰਹਮਾ ਸ਼ਿਵ ਪਕੜ ਉਠਾਵਾਂਗਾ । ਕਰੋੜ ਤੇਤੀਸਾ ਫੜ ਹਲਾਵਾਂਗਾ । ਸੁਰਪਤ ਧੀਰ ਨਾ ਕੋਇ ਜਣਾਵਾਂਗਾ । ਪਵਣ ਉਨੰਜਾ ਬੰਦ ਕਰਾਵਾਂਗਾ । ਇਕਵੰਜਾ ਬਵੰਜਾ ਵੇਖ ਵਖਾਵਾਂਗਾ । ਪਾਂਜਾ ਦੂਆ ਵੰਡ ਕਰਾਵਾਂਗਾ । ਨਿਰਗੁਣ ਹੋ ਕੇ ਨਜ਼ਰੀ ਆਵਾਂਗਾ । ਤੇਈ ਅਵਤਾਰਾਂ ਝੋਲੀ ਪਾਵਾਂਗਾ । ਈਸਾ ਮੂਸਾ ਮੁਹੰਮਦ ਜੋਤੀ ਜੋਤ ਸਮਾਵਾਂਗਾ । ਭਗਤ ਭਗਵਾਨ ਰੰਗ ਰੰਗਾਵਾਂਗਾ । ਨਾਨਕ ਗੋਬਿੰਦ ਡੰਕ ਵਜਾਵਾਂਗਾ । ਰਾਉ ਰੰਕ ਇਕੋ ਘਰ ਵਸਾਵਾਂਗਾ । ਨਾਮ ਸ਼ਬਦ ਰਾਗ ਸੁਣਾਵਾਂਗਾ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਤੇਰਾ ਹੌਲਾ ਭਾਰ ਕਰਾਵਾਂਗਾ । ਕਿਸ ਵੇਲੇ ਹੋਏ ਹੌਲਾ ਭਾਰ, ਧਰਨੀ ਚਰਨ ਧਿਆਨ ਲਗਾਈਆ । ਮੈਂ ਸੁਣਦੀ ਰਹੀ ਤੂੰ ਗੋਬਿੰਦ ਨਾਲ ਕਰਿਆ ਇਕਰਾਰ, ਨਿਰਗੁਣ ਆਪਣੀ ਗੰਢ ਪੁਆਈਆ । ਨਾਨਕ ਸਤਿਗੁਰ ਕਹਿ ਕੇ ਗਿਆ ਮਹਾਂਬਲੀ ਉਤਰੇ ਅਵਤਾਰ, ਮਾਤ ਪਿਤ ਨਾ ਕੋਇ ਬਣਾਈਆ । ਮੁਹੰਮਦ ਕਹਿ ਕੇ ਗਿਆ ਆਏ ਅਮਾਮ ਯਾਰ, ਯਾਰੀ ਯਾਰਾਂ ਨਾਲ ਨਿਭਾਈਆ । ਈਸਾ ਕਹੇ ਮੇਰਾ ਪਿਤਾ ਫੇਰਾ ਮਾਰੇ ਪਰਵਰਦਿਗਾਰ, ਬੇਪਰਵਾਹ ਸੱਚਾ ਸ਼ਹਿਨਸ਼ਾਹੀਆ । ਮੂਸਾ ਕਹੇ ਜਿਸ ਦਾ ਜਲਵਾ ਤੱਕ ਕੇ ਡਿਗਾ ਮੂੰਹ ਦੇ ਭਾਰ, ਅੰਤਮ ਫੜ ਕੇ ਬਾਹੋਂ ਲਏ ਉਠਾਈਆ । ਵੇਦ ਵਿਆਸਾ ਲਿਖ ਕੇ ਗਿਆ ਅਪਾਰ, ਪੂਤ ਸਪੂਤਾ ਬ੍ਰਹਿਮਣ ਗੌੜਾ ਉਚਾ ਟਿੱਲਾ ਪਰਬਤ ਦਏ ਸੁਹਾਈਆ । ਪੁਰਖ ਅਕਾਲ ਦੀਨ ਦਿਆਲ ਕਹੇ ਮੇਰੀ ਕਿਸੇ ਨਾ ਪਾਈ ਸਾਰ, ਥੋੜੇ ਥੋੜੇ ਇਸ਼ਾਰੇ ਗਿਆ ਜਣਾਈਆ । ਕਲਜੁਗ ਅੰਤਮ ਇਕ ਇਕੱਲਾ ਆਵੇ ਆਪਣੀ ਵਾਰ, ਵਾਰਤਾ ਸਭ ਦੀ ਵੇਖ ਵਖਾਈਆ । ਕਾਗਦ ਕਲਮ ਸ਼ਾਹੀ ਨਾ ਲਿਖਣਹਾਰ, ਕਾਤਬ ਰੋਵਣ ਜ਼ਾਰੋ ਜ਼ਾਰ, ਤੁਆਕਬ ਕਰੇ ਬੇਪਰਵਾਹੀਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤੇਰੀ ਆਦਤ ਦੀਨ ਮਜ਼੍ਹਬ ਜ਼ਾਤ ਪਾਤ ਜੁਗ ਚੌਕੜੀ ਦਿਤੀ ਵਗਾੜ, ਮਨਮਤ ਕੂੜਾ ਰਾਹ ਚਲਾਈਆ । ਅੱਗੇ ਇਕੋ ਇਬਾਦਤ ਦੱਸੇ ਹਰਿ ਨਿਰੰਕਾਰ, ਸਖ਼ਾਵਤ ਆਪਣੀ ਝੋਲੀ ਪਾਈਆ । ਉਲਫ਼ਤ ਕਰੇ ਸਰਬ ਸੰਸਾਰ, ਗ਼ਫ਼ਲਤ ਕੋਇ ਰਹਿਣ ਨਾ ਪਾਈਆ । ਮਹਿਫ਼ਲ ਲਾ ਕੇ ਗੁਰ ਅਵਤਾਰ, ਪੀਰ ਪੈਗ਼ੰਬਰ ਨਗ਼ਮਾ ਨਾਮ ਸੁਣਾਈਆ । ਇਕੋ ਸ਼ਮਾ ਹੋਏ ਉਜਿਆਰ, ਦੀਪਕ ਦੀਆ ਡਗਮਗਾਈਆ । ਦੂਸਰ ਕੋਈ ਨਾ ਕਰੇ ਨਿਮਸਕਾਰ, ਬਿਨ ਪੁਰਖ ਅਕਾਲ ਸੀਸ ਨਾ ਕੋਇ ਝੁਕਾਈਆ । ਵਾਅਦਾ ਕੀਤਾ ਗੁਰ ਅਵਤਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੰਡ ਵੰਡਾਈਆ । ਭਰਮੇ ਭੁੱਲੇ ਨਾ ਕੋਇ ਸੰਸਾਰ, ਭਰਮ ਭੁਲੇਖੇ ਵਿਚ ਹਰਿ ਜੂ ਕਦੇ ਨਾ ਆਈਆ । ਲਿਖਿਆਂ ਪੜ੍ਹਿਆਂ ਇਹ ਕਰਨੀ ਵਿਚਾਰ, ਬਿਨ ਲੇਖਾ ਲਿਖਿਆਂ ਨਜ਼ਰ ਕਿਸੇ ਨਾ ਆਈਆ । ਹਰਿ ਕਾ ਲੇਖਾ ਸਦਾ ਲਿਖਣ ਪੜ੍ਹਨ ਤੋਂ ਬਾਹਰ, ਅਲਫ਼ ਯੇ ਹੱਦ ਨਾ ਕੋਇ ਵੰਡਾਈਆ । ਨਿੱਕੀ ਨਿੱਕੀ ਪੀਰ ਪੈਗ਼ੰਬਰਾਂ ਨਾਲ ਕਰਦਾ ਰਿਹਾ ਗ਼ੁਫ਼ਤਾਰ, ਗ਼ੁਫ਼ਤ ਆਪਣਾ ਰਾਹ ਜਣਾਈਆ । ਜੇ ਕੋਈ ਅਗਾਂਹ ਹੋ ਕੇ ਵੇਖੇ ਦਿਸੇ ਪਰਵਰਦਿਗਾਰ, ਨੂਰ ਨੁਰਾਨਾ ਨਜ਼ਰ ਕਿਸੇ ਨਾ ਆਈਆ । ਇਕੋ ਸਤਿਗੁਰ ਨਾਨਕ ਪੁਰਖ ਅਬਿਨਾਸ਼ੀ ਆਪਣੇ ਚਰਨ ਦਏ ਵਖਾਲ, ਸਚਖੰਡ ਦੁਆਰੇ ਦਿਤੀ ਵਡਿਆਈਆ । ਕਬੀਰ ਜੁਲਾਹੇ ਪ੍ਰੀਤੀ ਬੱਝੀ ਨਾਲ, ਸ੍ਰੀ ਭਗਵਾਨ ਆਪ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਕਲਜੁਗ ਤੇਰੀ ਅੰਤਮ ਵਰ, ਨਿਰਗੁਣ ਹਰਿ ਨਰਾਇਣ, ਰਸਨਾ ਕੋਈ ਨਾ ਸਕੇ ਕਹਿਣ, ਕਹਿ ਕਹਿ ਅੰਤ ਕੋਇ ਨਾ ਪਾਈਆ । ਹਰਿ ਸੰਗਤ ਤੇਰਾ ਸਤਿ ਵਿਹਾਰ, ਸਤਿ ਸਤਿਵਾਦੀ ਆਪ ਕਰਾਇੰਦਾ । ਜੁਗ ਚੌਕੜੀ ਸਾਚੀ ਧਾਰ, ਨਵ ਨੌਂ ਚਾਰ ਵੇਖ ਵਖਾਇੰਦਾ । ਆਤਮ ਪਰਮਾਤਮ ਖੇਲ ਸੰਸਾਰ, ਬ੍ਰਹਮ ਪਾਰਬ੍ਰਹਮ ਵੰਡ ਵੰਡਾਇੰਦਾ । ਗੁਰ ਸ਼ਬਦ ਅਨਾਦੀ ਇਕ ਜੈਕਾਰ, ਜੈ ਜੈਕਾਰ ਆਪ ਸੁਣਾਇੰਦਾ । ਸਿਫ਼ਤੀ ਸਿਫ਼ਤ ਨਾਮ ਕੋਟਨ ਕੋਟ ਕਰਨ ਪੁਕਾਰ, ਸਿਫ਼ਤ ਸਾਲਾਹੀ ਖੇਲ ਖਲਾਇੰਦਾ । ਸਾਰ ਸ਼ਬਦ ਸਰਬ ਦਾ ਬਣੇ ਧਾਰ, ਘਟ ਘਟ ਆਪਣੀ ਕਾਰ ਕਮਾਇੰਦਾ । ਗੁਰ ਸ਼ਬਦ ਸਦਾ ਕਰੇ ਪਿਆਰ, ਪੰਜ ਤੱਤ ਕਾਇਆ ਚੋਲਾ ਕੰਮ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਬਦ ਗੁਰੂ ਗੁਰ ਇਕ ਸਮਝਾਇੰਦਾ । ਸ਼ਬਦ ਗੁਰੂ ਗੁਰ ਸਾਚਾ

ਦੇਵ, ਆਦਿ ਜੁਗਾਦਿ ਅਖਵਾਈਆ । ਥਿਰ ਘਰ ਵਸੇ ਸਦਾ ਨੇਹਕੇਵ, ਨਿਹਚਲ ਆਪਣਾ ਆਸਣ ਲਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੇਵਣਹਾਰਾ ਮੇਵ, ਰਸ ਇਕੋ ਝੋਲੀ ਪਾਈਆ । ਭਾਗ ਲਗਾ ਰਸਨਾ ਜਿਹਵ, ਬੱਤੀ ਦੰਦ ਸਿਫ਼ਤ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਗੁਰੂ ਇਕ ਸਮਝਾਈਆ । ਸ਼ਬਦ ਗੁਰੂ ਗੁਰ ਦਾਤਾ ਏਕ, ਆਦਿ ਜੁਗਾਦਿ ਉਪਾਇੰਦਾ । ਸ੍ਰੀ ਭਗਵਾਨ ਦੇਵੇ ਟੇਕ, ਸਿਰ ਆਪਣਾ ਹੱਥ ਰਖਾਇੰਦਾ । ਜੁਗ ਚੌਕੜੀ ਲਏ ਵੇਖ, ਨਿਰਗੁਣ ਸਰਗੁਣ ਕਾਰ ਕਮਾਇੰਦਾ । ਆਤਮ ਪਰਮਾਤਮ ਕਰ ਕਰ ਹੇਤ, ਹਿਤਕਾਰੀ ਮੇਲ ਮਿਲਾਇੰਦਾ । ਅੰਤਰ ਅੰਤਰ ਖੋਲ੍ਹੇ ਭੇਤ, ਭੇਵ ਅਭੇਦਾ ਆਪ ਜਣਾਇੰਦਾ । ਨਿਜ ਸਰੂਪ ਲਏ ਵੇਖ, ਸਤਿ ਸਰੂਪ ਭੇਵ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸ਼ਬਦ ਰੰਗ ਰੰਗਾਇੰਦਾ । ਗੁਰ ਸ਼ਬਦ ਰੰਗ ਰੰਗ ਰੰਗੀਲਾ, ਰੰਗਤ ਇਕੋ ਇਕ ਜਣਾਈਆ । ਆਦਿ ਜੁਗਾਦਿ ਜੁਗ ਚੌਕੜੀ ਬਣ ਵਸੀਲਾ, ਭਗਤ ਭਗਵਾਨ ਲਏ ਤਰਾਈਆ । ਸਦਾ ਸਦਾ ਸਦ ਰੱਖੇ ਇਕ ਅਸੂਲਾ, ਅਸਲੀਅਤ ਸਭ ਨੂੰ ਦਏ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸ੍ਰਿਸ਼ਟ ਸਬਾਈ ਰਿਹਾ ਸਮਝਾਈਆ । ਸ੍ਰਿਸ਼ਟ ਸਬਾਈ ਵੇਖ ਆਪਣਾ ਮੂਲ, ਕਿਉਂ ਹਰਿ ਜੂ ਹਰਿ ਭੁਲਾਇਆ । ਸਰਬ ਜੀਆਂ ਦਾ ਇਕ ਕੰਤ ਕੰਤੂਹਲ, ਲੱਖ ਚੁਰਾਸੀ ਨਾਰ ਰਿਹਾ ਹੰਢਾਇਆ । ਸਚ ਪੰਘੂੜਾ ਸਾਹਿਬ ਸਤਿਗੁਰ ਦਾ ਝੂਲ, ਕਾਇਆ ਮੰਦਰ ਅੰਦਰ ਆਪ ਟਿਕਾਇਆ । ਕੂੜੀ ਕਿਰਿਆ ਕਿਉਂ ਗਈ ਭੂਲ, ਅਨਭੁੱਲ ਗੁਰੂ ਭੁਲਾਇਆ । ਬਿਨ ਸਤਿਗੁਰ ਪੂਰੇ ਕੋਈ ਨਾ ਮੌਲੇ ਫੂਲ, ਫੁੱਲ ਫਲਵਾੜੀ ਨਾ ਕੋਇ ਮਹਿਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਈ ਸੁਰਤੀ ਰਿਹਾ ਜਗਾਇਆ । ਸੋਈ ਸੁਰਤੀ ਜਾ ਜਾਗ, ਹਰਿ ਜਾਗਰਤ ਆਪ ਜਗਾਇੰਦਾ । ਅੰਤਰ ਉਪਜੇ ਇਕ ਵੈਰਾਗ, ਵੈਰਾਗੀ ਧਾਰ ਸਮਝਾਇੰਦਾ । ਜਗਤ ਵਾਸਨਾ ਕਰ ਤਿਆਗ, ਤਿਆਗੀ ਰਾਹ ਵਖਾਇੰਦਾ । ਉਠ ਸਵਾਣੀ ਕਿਉਂ ਬਣੀ ਕਾਗ, ਹਰਿ ਹੰਸ ਰੂਪ ਵਟਾਇੰਦਾ । ਦੁਰਮਤ ਮੈਲ ਧੋਵੇ ਦਾਗ਼, ਸੋਹੰ ਸਾਚਾ ਜਾਪ ਜਪਾਇੰਦਾ । ਆਤਮ ਪਰਮਾਤਮ ਮਿਲ ਕੇ ਹੋਏ ਵਡਭਾਗ, ਵਡਭਾਗੀ ਆਪ ਸਮਝਾਇੰਦਾ । ਮਾਇਆ ਮਮਤਾ ਤ੍ਰੈਗੁਣ ਬੁਝੇ ਤ੍ਰਿਸ਼ਨਾ ਆਗ, ਹਰਸ ਹਵਸ ਸਰਬ ਮਿਟਾਇੰਦਾ । ਨਜ਼ਰੀ ਆਏ ਇਕੋ ਸਾਕ, ਹਰਿ ਸੱਜਣ ਵੇਖ ਵਖਾਇੰਦਾ । ਬੰਦ ਤਾਕੀ ਖੋਲ੍ਹ ਤਾਕ, ਬਜਰ ਲੱਗਾ ਆਪ ਤੁੜਾਇੰਦਾ । ਘਰ ਵਿਚ ਘਰ ਵੇਖ ਹਾਟ, ਬਿਨ ਦੀਏ ਬਾਤੀ ਡਗਮਗਾਇੰਦਾ । ਉਠ ਮਿਲ ਕਮਲਾਪਾਤ, ਕਵਲ ਨੈਣ ਵੇਖ ਵਖਾਇੰਦਾ । ਭਿੰਨੜੀ ਰੈਣ ਮਿਲੇ ਦਾਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਇੰਦਾ । ਸੁਰਤ ਕਹੇ ਮੈਂ ਭਗਤਨ ਦਾਸੀ, ਘਰ ਭਗਤਾਂ ਡੇਰਾ ਲਾਈਆ । ਤੇਰੇ ਮਿਲਣ ਦੀ ਸਦਾ ਪਿਆਸੀ, ਜੁਗ ਚੌਕੜੀ ਰਾਹ ਤਕਾਈਆ । ਅਸਾਂ ਛੱਡਿਆ ਖਹਿੜਾ ਪੰਡਤ ਕਾਂਸ਼ੀ, ਦੂਜੇ ਘਰ ਪੜ੍ਹਨ ਕਦੇ ਨਾ ਜਾਈਆ । ਤੇਰੀ ਸਿਖਿਆ ਇਕੋ ਭਾਖੀ, ਪਾਰਬ੍ਰਹਮ ਸੱਚੀ ਸਰਨਾਈਆ । ਨਿਰਗੁਣ ਹੋ ਕੇ ਕਰੇਂ ਰਾਖੀ, ਦਰ ਦਰ ਆਪਣੀ ਅਲਖ ਜਗਾਈਆ । ਜਾਮ ਪਿਆਏਂ ਬਣ ਕੇ ਸਾਕੀ, ਅੰਮ੍ਰਿਤ ਪਿਆਲਾ ਹੱਥ ਉਠਾਈਆ । ਦਾਤਾ ਹੋ ਕੇ ਦੇਵੇਂ ਬਾਕੀ, ਲਹਿਣਾ ਪਿਛਲਾ ਝੋਲੀ ਪਾਈਆ । ਆਪਣੇ ਨਾਲ ਮਿਲਾਏਂ ਮੇਰੀ ਜ਼ਾਤੀ, ਅਜ਼ਾਤੀ ਰੂਪ ਰਹਿਣ ਨਾ ਪਾਈਆ । ਪ੍ਰਭ ਤੇਰੇ ਚਰਨ ਇਕੋ ਪਰਭਾਤੀ, ਰੁੱਤ ਇਕੋ ਇਕ ਸੁਹਾਈਆ । ਪਰਮਾਤਮਾ ਤੇਰੇ ਨਾਲ ਹੋਏ ਮੇਰੀ ਸ਼ਾਦੀ, ਸ਼ਹਿਨਸ਼ਾਹ ਘਰ ਸਾਚੇ ਵੱਜੇ ਵਧਾਈਆ । ਬੇਸ਼ਕ ਮੈਨੂੰ ਹੱਸਣ ਆਂਢੀ ਗਵਾਂਢੀ,

ਲੋਕ ਲੱਜਿਆ ਦਿਤੀ ਤਜਾਈਆ । ਪ੍ਰਭੂ ਤੇਰੇ ਪ੍ਰੇਮ ਅੰਦਰ ਸਾਢੇ ਤਿੰਨ ਹੱਥ ਤਪਾਈ ਹਾਂਡੀ, ਹੱਡੀਆਂ ਬਾਲਣ ਵਿਚ ਡਾਹੀਆ । ਦਿਵਸ ਰਾਤ ਪੋਚੀ ਮਾਂਜੀ, ਤੇਰੇ ਪ੍ਰੇਮ ਪ੍ਰੀਤ ਨਾਲ ਕਰ ਸਫ਼ਾਈਆ । ਵੇਖੀਂ ਕਲਜੁਗ ਵੇਲੇ ਅੰਤ ਦੁੱਧ ਨੂੰ ਜਾਗ ਲੱਗੇ ਨਾ ਕਾਂਜੀ, ਕਲਜੁਗ ਜੀਵ ਮੇਰੇ ਨਾਲ ਛੋਹਣ ਨਾ ਪਾਈਆ । ਸਤਿ ਪੁਰਖ ਨਿਰੰਜਣ ਤੇਰਾ ਨਾਮ ਸੱਚੀ ਭਾਜੀ, ਮੇਰੀ ਝੋਲੀ ਦੇ ਭਰਾਈਆ । ਭਾਵੇਂ ਰੁੱਸ ਜਾਏ ਤਾਈ ਚਾਚੀ, ਚਾਚਿਆਂ ਤਾਇਆਂ ਦੀ ਲੋੜ ਰਹੇ ਨਾ ਰਾਈਆ । ਮੈਂ ਤੇਰੇ ਦਰ ਤੇ ਬਣ ਸਵਾਣੀ ਨਾਚੀ, ਬੁਲੇ ਸ਼ਾਹ ਗਿਆ ਸਮਝਾਈਆ । ਜੇ ਕਥਾ ਸੁਣਾਵਾਂ ਸਾਚੀ, ਸਭ ਨੂੰ ਅਗਨੀ ਲੱਗੇ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੁਰਤੀ ਪ੍ਰੇਮ ਸਿੰਘਾਸਣ ਉਤੇ ਬਹਿ, ਮੇਰੇ ਜਿਹਾ ਬੇਪਰਵਾਹ ਤੇਰਾ ਦੁੱਖੜਾ ਦਏ ਮਿਟਾਈਆ । ਕਵਣ ਵੇਲਾ ਪ੍ਰਭ ਦੁੱਖੜਾ ਮੇਰਾ ਮਿਟਾਵੇਂਗਾ । ਉਜਲਾ ਮੁਖ ਮਾਤ ਕਰਾਵੇਂਗਾ । ਅੰਦਰਲੀਆਂ ਗੁੰਝਲਾਂ ਆਪ ਖੁਲ੍ਹਾਵੇਂਗਾ । ਬਿਨ ਉਂਗਲਾਂ ਆਪ ਸਮਝਾਵੇਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਦੇਣਾ ਨਾਮ ਵਰ, ਘਰ ਕਿਹੜੇ ਫੜ ਬਹਾਵੇਂਗਾ । ਜਿਸ ਵੇਲੇ ਭਗਤ ਦੁਆਰੇ ਆਏਂਗੀ । ਆ ਕੇ ਸੀਸ ਝੁਕਾਏਂਗੀ । ਪਿਛਲਾ ਵੇਲਾ ਸਰਬ ਭੁੱਲ ਜਾਏਂਗੀ । ਗੁਰ ਚੇਲਾ ਰੂਪ ਧਰਾਏਂਗੀ । ਘਰ ਨਵੇਲਾ ਇਕ ਵਸਾਏਂਗੀ । ਪ੍ਰਭ ਸਾਚਾ ਆਪਣੇ ਅੰਗ ਲਗਾਏਂਗੀ । ਨਾਮ ਮਰਦੰਗ ਵਜਾਏਂਗੀ । ਸ੍ਰਿਸ਼ਟ ਸਬਾਈ ਸਾਰਾ ਸੰਗ ਤਜਾਏਂਗੀ । ਗੀਤ ਗੋਬਿੰਦ ਇਕੋ ਗਾਏਂਗੀ । ਅੰਦਰ ਆਤਮ ਅਨੰਦ ਵੇਖ ਵਖਾਏਂਗੀ । ਸਾਚਾ ਚੰਦ ਚੰਦ ਚਮਕਾਏਂਗੀ । ਟੁੱਟੀ ਆਪਣੀ ਗੰਢ ਵਖਾਏਂਗੀ । ਪ੍ਰਭ ਪ੍ਰੀਤਮ ਫੇਰ ਮਨਾਏਂਗੀ । ਹਰਿ ਚਰਨ ਦੁਆਰੇ ਬਹਿ ਕੇ, ਖ਼ੁਸ਼ੀ ਹਰਿ ਸੰਗਤ ਵਿਚ ਪਾਏਂਗੀ । ਪ੍ਰਭ ਮੈਂ ਛੇਤੀ ਛੇਤੀ ਆਵਾਂਗੀ । ਕਲਜੁਗ ਪੰਧ ਮੁਕਾਵਾਂਗੀ । ਗੁਰ ਗੋਬਿੰਦ ਢੋਲਾ ਗਾਵਾਂਗੀ । ਸੋਹਲਾ ਇਕੋ ਰਾਗ ਅਲਾਵਾਂਗੀ । ਸ਼ਬਦ ਵਿਚੋਲਾ ਵਿਚ ਰਖਾਵਾਂਗੀ । ਪਰਦਾ ਉਹਲਾ ਪਰੇ ਹਟਾਵਾਂਗੀ । ਕਲਜੁਗ ਬੋਲਾ ਅੰਤ ਵਿਹਾਵਾਂਗੀ । ਉਚੀ ਕੂਕ ਕੂਕ ਰੌਲਾ ਦੋ ਜਹਾਨ ਪਾਵਾਂਗੀ । ਸੋਹੰ ਢੋਲਾ ਇਕੋ ਗਾਵਾਂਗੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਤੇਰੇ ਅਲਖ ਜਗਾਵਾਂਗੀ । ਜੋ ਸੋਹੰ ਢੋਲਾ ਗਾਏਗਾ । ਪ੍ਰਭ ਨਜ਼ਰੀ ਇਕੋ ਆਏਗਾ । ਜਗਤ ਵਿਚੋਲਾ ਵੇਖ ਵਖਾਏਗਾ । ਭਾਰ ਹੌਲਾ ਆਪ ਕਰਾਏਗਾ । ਸ਼ੌਹ ਦਰਯਾਏ ਨਾ ਕੋਇ ਰੁੜ੍ਹਾਏਗਾ । ਡੁਬਦੇ ਪਾਥਰ ਆਪ ਤਰਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੀਸ ਬੀਸਾ ਹਰਿ ਜਗਦੀਸ਼ਾ ਛਤਰ ਝੁਲਾਏ ਇਕੋ ਸੀਸਾ, ਰਾਜ ਰਾਜਾਨ ਨਜ਼ਰ ਕੋਇ ਨਾ ਆਏਗਾ । ਮੈਂ ਸਖੀਆਂ ਵਿਚ ਆਵਾਂਗੀ । ਪ੍ਰਭ ਗੀਤ ਤੇਰਾ ਸਚ ਗਾਵਾਂਗੀ । ਮੰਦਰ ਮਸੀਤ ਤਜਾਵਾਂਗੀ । ਅਤੀਤ ਇਕੋ ਦਰਸ਼ਨ ਪਾਵਾਂਗੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਮਿਲ ਕੇ ਵਿਛੜ ਕਦੇ ਨਾ ਜਾਵਾਂਗੀ । ਜੋ ਦਰ ਸਾਚੇ ਮਿਲਣੇ ਆਏਗਾ । ਪ੍ਰਭ ਸਾਚਾ ਦਇਆ ਕਮਾਏਗਾ । ਦੀਨਨ ਆਪਣੇ ਗਲੇ ਲਗਾਏਗਾ । ਈਨਨ ਇਕੋ ਇਕ ਮਨਾਏਗਾ । ਰੰਗ ਭੀਨਨ ਆਪ ਚੜ੍ਹਾਏਗਾ । ਰਸਨਾ ਜਿਹਵਾ ਚੀਨਨ ਕੋਇ ਨਾ ਪਾਏਗਾ । ਸੀਨਨ ਸਾਚਾ ਇਕ ਦਰਸਾਏਗਾ । ਜਲ ਮੀਨਨ ਰੂਪ ਵਟਾਏਗਾ । ਲੋਕ ਤੀਨਨ ਪਾਰ ਕਰਾਏਗਾ । ਜੀਵਣ ਸਾਚਾ ਸਚ ਸਮਝਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗ੍ਰਿਹਿ ਮੰਦਰ ਆਪ ਬਹਾਏਗਾ । ਗ੍ਰਿਹਿ ਮੰਦਰ ਜੋ ਜਨ ਵੜੇਗਾ । ਸਤਿਗੁਰ ਪੌੜੇ ਸਾਚੇ ਚੜ੍ਹੇਗਾ । ਅੱਧਵਿਚਕਾਰ ਨਾ ਕੋਇ ਅੜੇਗਾ । ਸ੍ਰੀ

ਭਗਵਾਨ ਚਰਨ ਜਾ ਫੜੇਗਾ । ਨਾ ਜੀਵੇਗਾ ਨਾ ਮਰੇਗਾ । ਬਿਨ ਮਰਿਆਂ ਮਾਤ ਤਰੇਗਾ । ਸੋਹੰ ਢੋਲਾ ਜੈ ਜੈਕਾਰ ਕਰੇਗਾ । ਵਿਸ਼ਨ ਬ੍ਰਹਮਾ ਸ਼ਿਵ ਧਿਆਨ ਨਾ ਕੋਈ ਧਰੇਗਾ । ਸ਼ਾਸਤਰ ਸਿਮਰਤ ਵੇਦ ਬਿਨ ਪੜ੍ਹਿਆਂ ਕੰਮ ਸਰੇ ਗਾ । ਜੋ ਸਾਹਿਬ ਸਤਿਗੁਰ ਪੁਰਖ ਅਕਾਲ ਦੀ ਸਰਨੀ ਪੜੇਗਾ । ਭਗਤ ਭਗਵਾਨ ਸਚ ਨਿਸ਼ਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਵਾਰੇ ਆਪੇ ਖੜੇਗਾ । ਸਚ ਦੁਆਰ ਆਪ ਖਲ੍ਹੋਏਗਾ । ਆਪਣੇ ਜਿਹਾ ਆਪੇ ਹੋਏਗਾ । ਨਿਰਗੁਣ ਦੀਪ ਇਕ ਬਲੋਏਗਾ । ਦੋ ਜਹਾਨਾਂ ਚਾਨਣ ਹੋਏਗਾ । ਭਗਤ ਭਗਵਾਨ ਆਮ੍ਹਣ ਸਾਮ੍ਹਣ ਵੇਖ ਵਖਾਏਗਾ । ਦਾਤਾ ਜ਼ਾਮਨ ਜ਼ਾਮਨੀ ਸਚ ਨਿਭਾਏਗਾ । ਜਿਉਂ ਰਾਮ ਮਾਰਿਆ ਰਾਵਣ, ਬਿਨ ਖੰਡਿਉਂ ਕਲਜੁਗ ਪਾਰ ਕਰਾਏਗਾ । ਜਿਉਂ ਦਰੋਪਦ ਫੜਾਇਆ ਦਾਮਨ, ਤਿਉਂ ਗ਼ਰੀਬ ਨਿਮਾਣੇ ਆਪਣੇ ਕੰਧ ਉਠਾਏਗਾ । ਮੇਟਣਹਾਰਾ ਰੈਣ ਅੰਧੇਰੀ ਸ਼ਾਮਨ, ਗੁਰਮੁਖ ਸ਼ਮਾ ਇਕ ਚਮਕਾਏਗਾ । ਬੋਧ ਅਗਾਧਾ ਪਰਗਟ ਹੋਵੇ ਬ੍ਰਹਿਮਣ, ਬ੍ਰਹਮ ਵਿਦਿਆ ਇਕ ਪੜ੍ਹਾਏਗਾ । ਗੁਰਸਿਖ ਕਿਸੇ ਦੁਆਰੇ ਨਾ ਜਾਏ ਕੋਈ ਭਾਲਣ, ਸਤਿਗੁਰ ਘਰ ਵਿਚੋਂ ਨਜ਼ਰੀ ਆਏਗਾ । ਸੇਵਾ ਕਰੇ ਜੋਤ ਅਕਾਲਣ, ਪੁਰਖ ਅਕਾਲ ਆਪਣੀ ਕਾਰ ਕਮਾਏਗਾ । ਭਗਤਾਂ ਪਿਛੇ ਬਣੇ ਮਾਲਣ, ਕਲੀ ਕਲੀ ਹਾਰ ਤੋੜ ਆਪਣੀ ਸੇਵ ਕਮਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਸਾਚਾ ਰੰਗ ਆਪ ਰੰਗਾਏਗਾ । ਪ੍ਰਭ ਸੱਚਾ ਰੰਗ ਰੰਗੇਗਾ । ਭਿਛਿਆ ਕਿਸੇ ਕੋਲੋਂ ਨਾ ਮੰਗੇਗਾ । ਜਨ ਭਗਤਾਂ ਕਾਇਆ ਮੰਦਰ ਡੂੰਘੀ ਕੰਦਰ ਆਪੇ ਲੰਘੇਗਾ । ਮਨਮੁਖਾਂ ਕੋਲੋਂ ਸਦਾ ਸੰਗੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਖੇਲ ਕਰੇ ਸੂਰੇ ਸਰਬੰਗੇ ਦਾ । ਸੂਰਾ ਸਰਬੰਗਾ
੨੪੭ ਪੁਰਖ ਅਕਾਲਾ । ਬਹੁ ਰੰਗਾ ਦੀਨ ਦਿਆਲਾ । ਦੋ ਟੰਗਾ ਜੋਤ ਅਕਾਲਾ । ਨਿਰਗੁਣ ਚੰਦਾ ਸਚ ਉਜਾਲਾ । ਖ਼ਾਕੀ ਬੰਦਾ ਇਕ ਧਰਮਸਾਲਾ । ੨੪੭
੧੪ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਦੀਨ ਦਿਆਲਾ । ਦੀਨ ਦਿਆਲਾ ਹਰਿ ਜੂ ਠਾਕਰ । ਵੇਖਣਹਾਰਾ ਕਾਇਆ ਗਾਗਰ । ਅੰਮ੍ਰਿਤ ਭਰਿਆ ਨਿਰਮਲ ਸਾਗਰ । ਦਰ ਦਰ ਆਇਆਂ ਦੇਵੇ ਆਦਰ । ਨਿਹਕਰਮੀ ਕਰਮ ਕਰੇ ਉਜਾਗਰ । ਹਰਿਜਨ ਨਾਮ ਬਣਾਏ ਸੌਦਾਗਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਕਰਤਾ ਕਰੀਮ ਇਕੋ ਕਾਦਰ । ਕਰਤਾ ਕਰੀਮ ਕਾਦਰ ਕਾਇਨਾਤ, ਕਲਮਾ ਕਲਾਮ ਇਲਾਹੀ ਆਪ ਜਣਾਇੰਦਾ । ਆਦਿ ਜੁਗਾਦਿ ਜੁਗ ਚੌਕੜੀ ਸਦੀ ਸਦੀਵੀ ਵੇਖਣਹਾਰਾ ਵਫ਼ਾਤ, ਫ਼ਤਵਾ ਸਭ ਦੇ ਉਤੇ ਲਾਇੰਦਾ । ਦੀਨ ਮਜ਼੍ਹਬ ਜ਼ਾਤ ਪਾਤ ਬਣਾਵਣਹਾਰਾ ਜਗਤ ਜਮਾਤ, ਜੁਮਲਾ ਅੱਖਰ ਵੱਖਰ ਵੱਖਰ ਆਪ ਪੜ੍ਹਾਇੰਦਾ । ਮੁਰੀਦ ਮੁਰਸ਼ਦ ਜੋੜਨਹਾਰਾ ਨਾਤ, ਨਾਤਾ ਬਿਧਾਤਾ ਇਕੋ ਘਰ ਮੇਲ ਮਿਲਾਇੰਦਾ । ਕਲਜੁਗ ਅੰਤਮ ਜਨ ਭਗਤਾਂ ਵੇਖੇ ਆਪੇ ਹਾਲਾਤ, ਹਰਿ ਜੂ ਆਪਣਾ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸ਼ਬਦੀ ਜੋਤੀ ਜੋਤੀ ਸ਼ਬਦੀ ਜੋਤ ਜੋਤ ਜੋਤ ਆਪ ਪਰਗਟਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੋਕਮਾਤ ਨਾ ਕੋਇ ਨਿਸ਼ਾਨ, ਸਿਫ਼ਤ ਕਰੇ ਰਸਨਾ ਜਿਹਵਾ ਜ਼ਬਾਨ, ਮਿਹਬਾਨ ਬੀਦੋ ਬੀ ਖ਼ੈਰ ਯਾ ਅੱਲਾ ਨੂਰ ਇਲਾਹੀ ਆਪਣਾ ਨੂਰ ਜਣਾਇੰਦਾ ।

ਮੈਂ ਕਿਆ ਹੂੰ, ਹਰਿ ਸਤਿਗੁਰ ਦਏ ਸਮਝਾਈਆ । ਨਾ ਹਾਂ ਨਾ ਹੂੰ, ਨਜ਼ਰ ਕੋਇ ਨਾ ਆਈਆ । ਨਾ ਸ਼ੂੰ ਨਾ ਸ਼ਾਂ, ਚੱਕਰ ਚਿਹਨ ਨਾ ਕੋਇ ਵਖਾਈਆ । ਨਾ ਪਿਤਾ ਨਾ ਮਾਂ, ਭੈਣ ਭਾਈ ਨਾਂ ਕੋਇ ਅਖਵਾਈਆ । ਨਾ ਢੋਲਾ ਨਾ ਨਾਂ, ਗੀਤ ਅਤੀਤ ਨਾ ਕੋਇ ਸੁਣਾਈਆ । ਨਾ ਧੁੱਪ ਨਾ ਛਾਂ, ਸੂਰਜ ਚੰਦ ਨਾ ਕੋਇ ਰੁਸ਼ਨਾਈਆ । ਨਾ ਹੱਥ ਪੈਰ ਨੱਕ ਮੂੰਹ ਰਸਨਾ ਜਿਹਵਾ ਬੱਤੀ ਦੰਦ ਗਾ, ਤਤਵ ਤਤ ਨਾ ਕੋਇ ਵਡਿਆਈਆ । ਨਿਰਗੁਣ ਨੂਰ ਖੇਲ ਬੇਪਰਵਾਹ, ਸ਼ਾਹ ਪਾਤਸ਼ਾਹ ਆਪ ਕਰਾਈਆ । ਪਾਰਬ੍ਰਹਮ ਪ੍ਰਭ ਦਇਆ ਕਮਾ, ਬ੍ਰਹਮ ਆਪਣੀ ਵੰਡ ਰਖਾਈਆ । ਤ੍ਰੈਗੁਣ ਪੰਜ ਤੱਤ ਆਪਣੀ ਇਛਿਆ ਝੋਲੀ ਪਾ, ਰਕਤ ਬੂੰਦ ਕਾਇਆ ਮਾਟੀ ਜੋੜ ਜੁੜਾਈਆ । ਸਾਚੀ ਹਾਟੀ ਆਪ ਬਣਾ, ਸੋਭਾਵੰਤ ਸਾਹਿਬ ਸੁਹਾਈਆ । ਸਰਗੁਣ ਰੂਪ ਬਾਹਰ ਵਖਾ, ਜਗਤ ਜੁਗਤ ਵਡਿਆਈਆ । ਅੰਤਰ ਆਪਣਾ ਅੰਗ ਟਿਕਾ, ਨਿਰਗੁਣ ਨੂਰ ਨੂਰ ਜੋਤ ਰੁਸ਼ਨਾਈਆ । ਸਾਹਿਬ ਸੁਲਤਾਨ ਸ਼ਹਿਨਸ਼ਾਹ ਬੇਪਰਵਾਹ ਆਪਣੀ ਧਾਰ ਚਲਾ, ਸਾਚੀ ਰਚਨ ਰਚਾਈਆ । ਮੈਂ ਤੂੰ ਆਪ ਅਖਵਾ, ਆਪਣਾ ਆਸਣ ਲਾਈਆ । ਪਾਰਬ੍ਰਹਮ ਬ੍ਰਹਮ ਨਾਉਂ ਪਰਗਟਾ, ਮੈਂ ਮੈਂ ਸਮਝਾਈਆ । ਆਤਮ ਪਰਮਾਤਮ ਵੰਡ ਵੰਡਾ, ਤੂੰ ਤੂੰ ਜਣਾਈਆ । ਈਸ਼ ਜੀਵ ਆਪਣਾ ਖੇਲ ਖਲਾ, ਜਗਦੀਸ਼ਰ ਰਾਹ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰਸਾਵਣਹਾਰਾ ਸਾਚਾ ਦਰ, ਮੈਂ ਬਣ ਮਨਸਾ ਬਣ ਆਸਾ ਬਣ ਸੰਸਾ ਬਣ ਖ਼ਾਹਸ਼, ਪੁਰਖ ਅਬਿਨਾਸ਼ੀ ਆਪਣਾ ਅੰਸ ਮੈਂ ਰੂਪ ਜਣਾਈਆ । ਮੈਂ ਪਾਰਬ੍ਰਹਮ ਬ੍ਰਹਮ ਦੀ ਬਿੰਦ, ਪਿਤਾ ਪੂਤ ਨਜ਼ਰ ਕੋਇ ਨਾ ਆਈਆ । ਖੇਲ ਜਾਣੇ ਗੁਣੀ ਗਹਿੰਦ, ਦੂਜੇ ਸਾਰ ਕੋਇ ਨਾ ਪਾਈਆ । ਖੇਲੇ ਖੇਲ ਸਾਗਰ ਸਿੰਧ, ਗਹਿਰ ਗੰਭੀਰ ਵੱਡੀ ਵਡਿਆਈਆ । ਮੈਂ ਜਾਣ ਨਾ ਸਕੇ ਵਿਸ਼ਨ ਬ੍ਰਹਮਾ ਸ਼ਿਵ ਕਰੋੜ ਤੇਤੀਸਾ ਸੁਰਪਤ ਇੰਦ, ਇੰਦ ਇੰਦਰਾਸਣ ਬੈਠੇ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤਿਸ ਜਣਾਏ ਮੈਂ ਜਿਸ ਆਪਣਾ ਮੇਲ ਮਿਲਾਏ ਅੰਤਰ ਥਾਈਂ ਆਤਮ ਪਰਮਾਤਮ ਨਿਰਗੁਣ ਨਿਰਗੁਣ ਸਰਗੁਣ ਸਰਗੁਣ ਦਏ ਜਣਾਈਆ । ਮੈਂ ਕਿਹਾ ਹੂੰ ਧੁਰ ਦੀ ਆਵਾਜ਼, ਸ਼ਬਦੀ ਸ਼ਬਦ ਸ਼ਬਦ ਜਣਾਇੰਦਾ । ਨਿਰਗੁਣ ਨਿਰਗੁਣ ਸਾਜਣ ਸਾਜ, ਸਰਗੁਣ ਸਰਗੁਣ ਬੰਧਨ ਪਾਇੰਦਾ । ਮੈਂ ਮੈਂ ਦਾ ਇਕੋ ਰਾਜ਼, ਰਾਜ਼ਕ ਰਹੀਮ ਆਪਣੇ ਹੱਥ ਰਖਾਇੰਦਾ । ਆਦਿ ਬ੍ਰਹਮਾ ਨੂਰ ਬ੍ਰਹਮਾ ਜਿਸ ਰਚਿਆ ਕਾਜ, ਨਿਰੰਤਰ ਬ੍ਰਹਮ ਆਪਣੀ ਧਾਰ ਬੰਧਾਇੰਦਾ । ਮਾਇਆ ਬ੍ਰਹਮ ਪਰਦਾ ਬੰਨ੍ਹ, ਅੰਤਰ ਮੁਖ ਛੁਪਾਇੰਦਾ । ਜਿਸ ਭੇਵ ਖੁਲ੍ਹਾਏ ਸ੍ਰੀ ਭਗਵਨ, ਤਿਸ ਮੈਂ ਮੈਂ ਸਮਝਾਇੰਦਾ । ਬਾਕੀ ਸਾਰੇ ਰੱਖੇ ਨੇਤਰ ਅੰਨ੍ਹ, ਹਾਏ ਹਾਏ ਕਰ ਸਰਬ ਕੁਰਲਾਇੰਦਾ । ਜੋ ਸਾਹਿਬ ਸਤਿਗੁਰ ਦੀ ਸਰਨੀ ਲੱਗੇ ਜਨ, ਤਿਸ ਮੈਂ ਕਿਆ ਹੂੰ ਬਿਨ ਅੱਖਾਂ ਆਪ ਦਖਾਇੰਦਾ । ਕੋਈ ਸੁਣਨ ਨਾ ਪਾਏ ਕੰਨ, ਕੋਈ ਸੁਰਤ ਨਾ ਧਿਆਨ ਲਗਾਇੰਦਾ । ਕੋਈ ਨਜ਼ਰ ਨਾ ਆਵੇ ਸੂਰਜ ਚੰਨ, ਮੰਡਲ ਮੰਡਪ ਨਾ ਕੋਇ ਰੁਸ਼ਨਾਇੰਦਾ । ਜਿਸ ਦੁਆਰੇ ਗੁਰ ਅਵਤਾਰ ਪੀਰ ਪੈਗ਼ੰਬਰ ਵਿਸ਼ਨ ਬ੍ਰਹਮਾ ਸ਼ਿਵ ਰਹੇ ਮੰਗ, ਸੋ ਸਰਬੰਗ ਭੇਵ ਖੁਲ੍ਹਾਇੰਦਾ । ਜਿਸ ਮੈਂ ਵੰਡੀ ਵੰਡ, ਸੋ ਮਿਹਰਵਾਨ ਪਰਦਾ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਖਾਵਣਹਾਰਾ ਸਾਚਾ ਦਰ, ਨਾ ਮੈਂ ਨਾ ਤੂੰ ਨਿਰਗੁਣ ਦਾਤਾ ਪੁਰਖ ਬਿਧਾਤਾ ਆਦਿ ਜੁਗਾਦਿ ਜੁਗਾ ਜੁਗੰਤਰ ਆਤਮ ਪਰਮਾਤਮ ਪਰਮਾਤਮ ਆਤਮ ਸਾਚੀ ਧਾਰ ਚਲਾਇੰਦਾ । ਨਾਨਕ ਜਾਣਿਆ ਇਕੋ ਮੈਂ, ਮੈਂ ਕਹਿ ਕੇ ਗਿਆ ਸਮਝਾਈਆ । ਹੈਰਾਨ ਹੋ ਕੇ ਕਹੇ ਜਿਧਰ ਵੇਖਾਂ ਨਜ਼ਰੀ ਆਏਂ ਤੂੰ ਹੀ ਹੈਂ, ਵਾਹਵਾ ਤੇਰੀ ਵੱਡੀ ਵਡਿਆਈਆ ।

੨੪੮ ੧੪

ਥੱਲੇ ਉਪਰ ਵੇਖਿਆ ਤੂੰ ਹਰ ਘਟ ਅੰਦਰ ਬਹੇਂ, ਸਚ ਸਿੰਘਾਸਣ ਸੋਭਾ ਪਾਈਆ । ਗ਼ੌਰ ਕਰ ਕੇ ਤੱਕਿਆ ਤੇਰੇ ਹੱਥ ਨਾ ਕੋਈ ਸ਼ੈ, ਦੇਵਣਹਾਰ ਸਰਬ ਅਖਵਾਈਆ । ਪ੍ਰੇਮ ਪਿਆਰ ਕਰ ਕੇ ਵੇਖਿਆ ਤੂੰ ਸਭ ਦੀ ਚਰਨੀ ਢਹੇਂ, ਏਸੇ ਕਰਕੇ ਨਾਨਕ ਸਰਗੁਣ ਨਿਰਗੁਣ ਗ਼ਰੀਬ ਨਿੰਦਕ ਰੂਪ ਅਖਵਾਈਆ । ਤੇਰੇ ਨਾਮ ਦੀ ਆਦਿ ਜੁਗਾਦਿ ਜੁਗਾ ਜੁਗੰਤਰ ਹੁੰਦੀ ਵੇਖੀ ਜੈ, ਜੈ ਜੈਕਾਰ ਕਰੇ ਖ਼ੁਦਾਈਆ । ਸਾਹਿਬ ਸੁਲਤਾਨ ਤੂੰ ਇਕੋ ਰਹੇਂ, ਦੂਜਾ ਨਜ਼ਰ ਕੋਇ ਨਾ ਆਈਆ । ਤੇਰੀ ਕਿਰਪਾ ਵੇਖਿਆ ਜੋ ਤੂੰ ਸੋ ਮੈਂ, ਏਸੇ ਕਰ ਕੇ ਨਾਨਕ ਸੋਹੰ ਢੋਲਾ ਗਿਆ ਗਾਈਆ । ਸੋ ਪੁਰਖ ਨਿਰੰਜਣ ਇਕ ਇਕੱਲਾ, ਨਿਰਗੁਣ ਨਿਰਾਕਾਰ ਅਸੁਤੇ ਪਰਕਾਸ਼ ਬੇਪਰਵਾਹੀਆ । ਹਰਿ ਪੁਰਖ ਨਿਰੰਜਣ ਸਚ ਮਹੱਲਾ, ਬਿਨ ਰੰਗ ਰੂਪ ਆਪ ਵਸਾਈਆ । ਏਕੰਕਾਰ ਅਟੱਲ ਅਟੱਲਾ, ਦਰ ਘਰ ਸਾਚੇ ਸੋਭਾ ਪਾਈਆ । ਆਦਿ ਨਿਰੰਜਣ ਜੋਤੀ ਜੋਤ ਆਪੇ ਬਲਾ, ਨੂਰੋ ਨੂਰ ਨੂਰ ਰੁਸ਼ਨਾਈਆ । ਸ੍ਰੀ ਭਗਵਾਨ ਆਪਣਾ ਪਕੜ ਆਪੇ ਪੱਲਾ, ਆਪਣੀ ਗੰਢ ਪੁਆਈਆ । ਅਬਿਨਾਸ਼ੀ ਕਰਤਾ ਨਿਰਗੁਣ ਨਿਰਗੁਣ ਧਾਰ ਆਪੇ ਰਲਾ, ਰੂਪ ਰੰਗ ਰੇਖ ਨਜ਼ਰ ਕੋਇ ਨਾ ਆਈਆ । ਪਾਰਬ੍ਰਹਮ ਆਦਿ ਆਦਿ ਅਪਰੰਪਰ ਸਵਾਮੀ ਜੋਧਾ ਸੂਰ ਬਲਧਾਰੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਲ ਆਪ ਧਰਾਈਆ । ਆਪਣੀ ਕਲ ਆਪੇ ਰੱਖ, ਨਿਰਗੁਣ ਆਪਣੀ ਧਾਰ ਵੇਖ ਵਖਾਇੰਦਾ । ਬੇਪਰਵਾਹ ਹੋ ਪਰਤੱਖ, ਬੇਪਰਵਾਹੀ ਕਾਰ ਕਮਾਇੰਦਾ । ਇਕ ਇਕੱਲਾ ਸਚਖੰਡ ਮਹੱਲਾ ਰਚ, ਸਚ ਸਿੰਘਾਸਣ ਆਸਣ ਲਾਇੰਦਾ । ਸ਼ਾਹੋ ਭੂਪ ਬਣ ਕੇ ਸੱਚ, ਸਚ ਸਾਚੀ ਕਾਰ ਕਮਾਇੰਦਾ । ਜਿਧਰ ਵੇਖੇ ਆਪਣੇ ਖ਼ਾਲੀ ਹੱਥ, ਦੂਜਾ ਨਜ਼ਰ ਕੋਇ ਨਾ ਆਇੰਦਾ । ਬਿਨ ਖ਼ੁਸ਼ੀ ਗ਼ਮੀ ਪਿਆ ਹੱਸ, ਹਰਖ ਸੋਗ ਨਾ ਕੋਇ ਰਖਾਇੰਦਾ । ਨਿਰਗੁਣ ਨੂਰ ਕਰਿਆ ਪਰਗਟ, ਪਰਗਟ ਆਪਣੀ ਕਾਰ ਕਮਾਇੰਦਾ । ਜਿੰਨਾਂ ਚਿਰ ਨਾ ਖੋਲਾਂ ਕੋਈ ਹੱਟ, ਵੇਹਲਿਆਂ ਬੈਠਿਆਂ ਝੱਟ ਨਾ ਕੋਇ ਲੰਘਾਇੰਦਾ । ਆਪਣੀ ਇਛਿਆ ਪਰਬਲ ਕਰ ਪੁਰਖ ਸਮਰਥ, ਆਪਣੀ ਆਸਾ ਆਸਾ ਵਿਚੋਂ ਕਢਾਇੰਦਾ । ਕਰੇ ਖੇਲ ਅਕੱਥਨਾ ਅਕੱਥ, ਕਥਨੀ ਕਥ ਨਾ ਕੋਇ ਸੁਣਾਇੰਦਾ । ਨਿਰਗੁਣ ਹੋ ਚਲਾਵਾਂ ਰਥ, ਰਥ ਰਥਵਾਹੀ ਆਪਣੀ ਸੇਵ ਜਣਾਇੰਦਾ । ਆਪਣੇ ਵਿਚੋਂ ਆਪਣਾ ਝੋਲੀ ਪਾਵਾਂ ਵੱਥ, ਦਾਤਾ ਦਾਨੀ ਆਪ ਹੋ ਜਾਇੰਦਾ । ਦਰ ਦਰਵੇਸ਼ ਹੋ ਕੇ ਮੰਗਾਂ ਮੰਗ, ਖ਼ਾਲੀ ਝੋਲੀ ਅੱਗੇ ਡਾਹਿੰਦਾ । ਆਪਣੀ ਕਿਰਪਾ ਆਪਣਾ ਵੇਖਾਂ ਇਕ ਅਨੰਦ, ਅਨੰਦ ਅਨੰਦ ਵਿਚੋਂ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਆਦਿ ਆਪਣੀ ਖੇਲ ਵਖਾਇੰਦਾ । ਆਦਿ ਪੁਰਖ ਆਦਿ ਕਰਤਾਰ, ਕਰਨੀ ਕਰਤਾ ਆਪ ਕਮਾਈਆ । ਆਪਣੀ ਇਛਿਆ ਆਪ ਵਿਚਾਰ, ਆਪੇ ਰਿਹਾ ਜਣਾਈਆ । ਆਪੇ ਖੇਲ ਕਰੇ ਨਿਰੰਕਾਰ, ਨਿਰਗੁਣ ਨਿਰਗੁਣ ਆਪਣੀ ਵੰਡ ਵੰਡਾਈਆ । ਆਪੇ ਪੁਰਖ ਆਪੇ ਨਾਰ, ਕੰਤ ਕੰਤੂਹਲ ਆਪ ਹੋ ਜਾਈਆ । ਆਪੇ ਸੇਜ ਸੁਹੰਜਣੀ ਮਾਣੇ ਮਾਨਣਹਾਰ, ਸੋਭਾਵੰਤ ਵੱਡੀ ਵਡਿਆਈਆ । ਆਪੇ ਅੰਦਰ ਆਪੇ ਬਾਹਰ, ਗੁਪਤ ਜ਼ਾਹਰ ਆਪਣੀ ਕਾਰ ਕਮਾਈਆ । ਜਨਨੀ ਜਨ ਬਣ ਸਿਰਜਣਹਾਰ, ਪੂਤ ਸਪੂਤਾ ਇਕੋ ਜਾਈਆ । ਨਾਉਂ ਰੱਖ ਸ਼ਬਦ ਦੁਲਾਰ, ਜੋਤੀ ਮਾਤਾ ਆਪਣੇ ਘਰ ਸਗਨ ਮਨਾਈਆ । ਸਚਖੰਡ ਵੱਜੇ ਸਚ ਧੁਨਕਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਇਛਿਆ ਪਾਈ ਭਿਛਿਆ, ਜੰਮਿਆ ਬਾਲਾ ਸ਼ਬਦੀ ਸ਼ਬਦ ਸ਼ਬਦ ਸਾਹਿਬ ਸਤਿਗੁਰ ਆਪਣੀ ਗੋਦ ਬਹਾਈਆ । ਸ਼ਬਦ ਸੁਤ ਹਰਿ ਜੂ ਜਾ, ਆਪਣੀ ਦਇਆ ਕਮਾਇੰਦਾ । ਸਚਖੰਡ ਅੰਦਰ ਥਿਰ ਘਰ ਦਏ ਬਣਾ, ਗ੍ਰਿਹਿ ਮੰਦਰ ਆਪ ਵਡਿਆਇੰਦਾ ।

ਛੋਟਾ ਬਾਲਾ ਉਪਰ ਦਏ ਟਿਕਾ, ਘਰ ਇਕੋ ਆਸਣ ਲਾਇੰਦਾ । ਸਾਚੀ ਸਿਖਿਆ ਦਏ ਦ੍ਰਿੜਾ, ਭੇਵ ਅਭੇਦ ਆਪ ਖੁਲ੍ਹਾਇੰਦਾ । ਇਸ਼ਾਰੇ ਨਾਲ ਦਏ ਸਮਝਾ, ਰਮਜ਼ ਰਮਜ਼ ਵਿਚ ਮਿਲਾਇੰਦਾ । ਨਿਰਗੁਣ ਨਿਰਗੁਣ ਰਾਹ ਜਣਾ, ਰਹਿਬਰ ਨਿਰਗੁਣ ਇਕੋ ਨਜ਼ਰੀ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਥਿਰ ਘਰ ਦਰਬਾਰ ਸੁਤ ਦੁਲਾਰੇ ਕਰ ਪਿਆਰ, ਵਸਤ ਦੇਵੇ ਅਗੰਮ ਅਪਾਰ, ਅਨਡਿਠੜੀ ਦਾਤ ਸਾਹਿਬ ਸੁਲਤਾਨ ਝੋਲੀ ਪਾਇੰਦਾ । ਉਠ ਸੁਤ ਮੇਰੇ ਸ਼ਬਦ ਲਾਲ, ਸੋ ਪੁਰਖ ਨਿਰੰਜਣ ਆਪ ਜਣਾਈਆ । ਤੇਰੀ ਵਸਾਵਾਂ ਸਚ ਸੱਚੀ ਧਰਮਸਾਲ, ਧਰਮ ਦੁਆਰਾ ਇਕ ਵਡਿਆਈਆ । ਸਦਾ ਸਦਾ ਸਦ ਚਲਾਂ ਤੇਰੇ ਨਾਲ, ਵਿਛੜ ਕਦੇ ਨਾ ਜਾਈਆ । ਨਿਰਗੁਣ ਨਿਰਗੁਣ ਬਣ ਦਲਾਲ, ਸਾਚੀ ਸੇਵਕ ਸੇਵ ਰਖਾਈਆ । ਮਹੱਲ ਅਟੱਲ ਇਕ ਉਸਾਰ, ਮਹਿਫ਼ਲ ਤੇਰੇ ਨਾਮ ਲਗਾਈਆ । ਆਪਣੀ ਇਛਿਆ ਤੇਰੀ ਭਿਛਿਆ ਝੋਲੀ ਦੇਵਾਂ ਡਾਰ, ਸਾਚੀ ਸਿਖਿਆ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧਾਰ ਵਿਚੋਂ ਧਾਰ ਕੱਢ, ਪਿਤਾ ਪੂਤ ਅੱਡ ਅੱਡ, ਸ਼ਬਦ ਰੰਗ ਸੂਰਾ ਸਰਬੰਗ, ਇਕੋ ਇਕ ਆਪਣਾ ਰੂਪ ਜਣਾਈਆ । ਸੁਤ ਦੁਲਾਰਾ ਕਹੇ ਦੋਏ ਜੋੜ, ਸਾਹਿਬ ਤੇਰੀ ਸਰਨਾਈਆ । ਨਿਰਗੁਣ ਨਿਰਗੁਣ ਨਿਰਗੁਣ ਤੇਰੀ ਲੋੜ, ਦੂਜੀ ਓਟ ਨਾ ਕੋਇ ਤਕਾਈਆ । ਤੁਧ ਬਿਨ ਨਜ਼ਰ ਨਾ ਆਏ ਕੋਈ ਹੋਰ, ਹੋਕਾ ਦੇ ਦੇ ਰਿਹਾ ਸੁਣਾਈਆ । ਮੈਂ ਨੱਢਾ ਬਾਲਾ ਤੇਰਾ ਛੋਹਰ, ਸ਼ਹਿਨਸ਼ਾਹ ਤੇਰੀ ਬੇਪਰਵਾਹੀਆ । ਜਿਧਰ ਚਾਹੇਂ ਦੇਵੇਂ ਤੋਰ, ਮੈਂ ਬਣ ਸੇਵਕ ਸੇਵ ਕਮਾਈਆ । ਸ੍ਰੀ ਭਗਵਾਨ ਕਹੇ ਤੇਰੇ ਹੱਥ ਦੇਵਾਂ ਡੋਰ, ਤੰਦ ਇਕੋ ਇਕ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਹਕੂਕ ਹਕੀਕਤ ਵਿਚ ਸ਼ਬਦੀ ਹੱਥ ਫੜਾਈਆ । ਸ਼ਬਦ ਸ਼ਬਦ ਉਠ ਬਲ ਧਾਰ, ਆਪਣੀ ਦਇਆ ਕਮਾਇੰਦਾ । ਕਰਾਂ ਕਰਾਵਾਂ ਸਚ ਵਿਹਾਰ, ਬਿਵਹਾਰੀ ਰਾਹ ਵਖਾਇੰਦਾ । ਨਿਰਗੁਣ ਨਿਰਗੁਣ ਕਰੇ ਕਾਰ, ਕਰਨੀ ਕਰਤਾ ਆਪ ਕਮਾਇੰਦਾ । ਆਪਣੀ ਇਛਿਆ ਕਰ ਪਿਆਰ, ਪ੍ਰੇਮ ਪ੍ਰੀਤੀ ਬੰਧਨ ਪਾਇੰਦਾ । ਸਚ ਸਰੂਪ ਸ਼ਾਹੋ ਭੂਪ ਵਿਸ਼ਵ ਵਿਸ਼ਵ ਕਰੇ ਕਾਰ, ਵਿਸ਼ਨੂੰ ਆਪਣਾ ਰੰਗ ਰੰਗਾਇੰਦਾ । ਵਿਸ਼ਨੂੰ ਅੰਦਰ ਅੰਮ੍ਰਿਤਧਾਰ, ਰਸ ਚਰਨਾਂ ਨਾਲ ਰਗੜਾਇੰਦਾ । ਰਸ ਰੱਖੇ ਕਵਲ ਨਾਭ, ਨਾਭੀ ਨਜ਼ਰ ਕਿਸੇ ਨਾ ਆਇੰਦਾ । ਪਾਰਬ੍ਰਹਮ ਬ੍ਰਹਮ ਵੰਡੇ ਵੰਡ ਅਗੰਮ ਅਪਾਰ, ਅਲੱਖ ਅਲੱਖਣਾ ਆਪਣੀ ਅਲਖ ਜਗਾਇੰਦਾ । ਆਪਣੀ ਪ੍ਰੇਮ ਪ੍ਰੀਤੀ ਫੁਲ ਫਲਵਾੜੀ ਦਿਸੇ ਗੁਲਜ਼ਾਰ, ਕਵਲ ਫੁਲ ਆਪਣਾ ਨਾਉਂ ਨਾਮ ਰਖਾਇੰਦਾ । ਪੰਖੜੀਆਂ ਪੰਖੜੀਆਂ ਹੋ ਉਜਿਆਰ ਸਚ ਸੁਗੰਧੀ ਇਕੋ ਇਕ ਵਿਚ ਭਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਬ੍ਰਹਮ ਆਪਣਾ ਬੰਸ ਸ਼ਬਦ ਸਹੰਸ, ਇਕੋ ਇਕ ਪਰਗਟਾਇੰਦਾ । ਬ੍ਰਹਮ ਉਪਾਇਆ ਖੇਲ ਰਚਾਇਆ, ਪਾਰਬ੍ਰਹਮ ਖ਼ੁਸ਼ੀ ਮਨਾਈਆ । ਸ਼ਬਦੀ ਸੁਤ ਸਿਰ ਹੱਥ ਟਿਕਾਇਆ, ਦੇਵਣਹਾਰ ਵਡਿਆਈਆ । ਸੁਨ ਅਗੰਮ ਰਾਹ ਜਣਾਇਆ, ਧੂਆਂ ਧਾਰ ਸਮਾਈਆ । ਆਸਾ ਤ੍ਰਿਸ਼ਨਾ ਦਏ ਵਧਾਇਆ, ਵਿਦਤ ਇਕੋ ਇਕ ਕਰੇ ਪੜ੍ਹਾਈਆ । ਸ਼ੰਕਰ ਮੇਲਾ ਸਹਿਜ ਸੁਭਾਇਆ, ਭੋਲਾ ਨਾਥ ਮੇਲ ਮਿਲਾਈਆ । ਤਿੰਨਾਂ ਵਿਚੋਲਾ ਹਰਿ ਰਘੁਰਾਇਆ, ਬੇਪਰਵਾਹ ਬੇਪਰਵਾਹੀ ਧਾਰ ਚਲਾਈਆ । ਸਚ ਸੰਦੇਸਾ ਇਕ ਸੁਣਾਇਆ, ਸੋ ਪੁਰਖ ਨਿਰੰਜਣ ਆਪੇ ਗਾਈਆ । ਸ਼ਬਦੀ ਓਟ ਸ਼ਬਦੀ ਰੰਗ ਸ਼ਬਦੀ ਸੰਗ ਨਿਭਾਇਆ, ਸਖਾ ਸੁਹੇਲਾ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ

ਇਛਿਆ ਜਾਇਆ ਸੁਤ, ਸੁਤ ਦੁਲਾਰਾ ਖੇਲ ਵਖਾਏ ਅਬਿਨਾਸ਼ੀ ਅਚੁਤ, ਅਬਿਨਾਸ਼ੀ ਅਚੁਤ ਨਿਰਗੁਣ ਧਾਰ ਚੇਤਨ ਰਿਹਾ ਕਰਾਈਆ। ਚੇਤਨ ਹੋਏ ਤ੍ਰੈ ਤ੍ਰੈ, ਤ੍ਰੈ ਤ੍ਰੈ ਮੇਲਾ ਆਪ ਮਿਲਾਇੰਦਾ। ਧੁਰ ਸੰਦੇਸਾ ਇਕੋ ਕਹਿ ਕਹਿ, ਧੁਰ ਫ਼ਰਮਾਣਾ ਆਪ ਸਮਝਾਇੰਦਾ। ਸਚਖੰਡ ਦੁਆਰੇ ਬਹਿ ਬਹਿ, ਥਿਰ ਘਰ ਸਾਚਾ ਵੇਖ ਵਖਾਇੰਦਾ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਆਸਾ ਸਚ ਭਰਵਾਸਾ ਸ਼ਬਦੀ ਸ਼ਬਦ ਖੇਲ ਤਮਾਸ਼ਾ, ਹੁਕਮੀ ਹੁਕਮ ਅੰਦਰ ਖੇਲ ਕਰਾਇੰਦਾ। ਸ਼ਬਦ ਇਛਿਆ ਬੜੀ ਬਲਵਾਨ, ਭੇਵ ਅਭੇਦ ਜਣਾਇੰਦਾ। ਬ੍ਰਹਿਮੰਡ ਖੰਡ ਪੁਰੀ ਲੋਅ ਰਚ ਜ਼ਿਮੀਂ ਅਸਮਾਨ, ਮੰਡਲ ਮੰਡਪ ਆਪ ਵਡਿਆਇੰਦਾ। ਰਵ ਸਸ ਕਿਰਨ ਕਿਰਨ ਕਰ ਪਰਵਾਨ, ਨੂਰ ਜ਼ਹੂਰ ਆਪ ਦਰਸਾਇੰਦਾ। ਵਿਸ਼ਨ ਬ੍ਰਹਮਾ ਸ਼ਿਵ ਦੇ ਦਾਨ, ਵਸਤ ਅਮੋਲਕ ਝੋਲੀ ਪਾਇੰਦਾ। ਅਗਲਾ ਖੇਲ ਕਰੇ ਮਹਾਨ, ਭੇਵ ਅਭੇਦਾ ਆਪ ਖੁਲ੍ਹਾਇੰਦਾ। ਤ੍ਰੈਗੁਣ ਮਾਇਆ ਕਰ ਪਰਧਾਨ, ਰਜੋ ਤਮੋ ਸਤੋ ਗੰਢ ਪੁਆਇੰਦਾ। ਲੇਖਾ ਜਾਣ ਸ੍ਰੀ ਭਗਵਾਨ, ਅਲੇਖ ਆਪਣੇ ਹੱਥ ਰਖਾਇੰਦਾ। ਪੰਜ ਤੱਤ ਗੁਣ ਨਿਧਾਨ, ਅਪ ਤੇਜ ਵਾਏ ਪ੍ਰਿਥਮੀ ਆਕਾਸ਼, ਆਪਣਾ ਸੰਗ ਆਪ ਜਣਾਇੰਦਾ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਪੰਜ ਪਚੀਸ ਸੁਣਾ ਹਦੀਸ, ਸਾਚਾ ਮਾਰਗ ਇਕੋ ਇਕ, ਇਕੋ ਵਾਰ ਜਣਾਇੰਦਾ। ਸ਼ਬਦ ਕਹੇ ਮੈਂ ਰਚਾਂ ਸੰਸਾਰ, ਸ੍ਰੀ ਭਗਵਾਨ ਕਹੇ ਮੈਂ ਆਪਣਾ ਹੁਕਮ ਮਨਾਈਆ। ਕਰੇ ਖੇਲ ਅਗੰਮ ਅਪਾਰ, ਅਲਖ ਅਗੋਚਰ ਆਪਣੀ ਕਾਰ ਕਮਾਈਆ। ਵਿਸ਼ਨ ਬ੍ਰਹਮਾ ਸ਼ਿਵ ਕਹਿਣ ਅਸੀਂ ਸੇਵਾਦਾਰ, ਬਣ ਸੇਵਕ ਸੇਵ ਆਪਣੀ ਤੋੜ ਨਿਭਾਈਆ। ਤ੍ਰੈਗੁਣ ਮਾਇਆ ਕਹੇ ਤੇਰੇ ਚਰਨ ਧੂੜ ਖ਼ਾਰ, ਖ਼ਾਕੀ ਖ਼ਾਕ ਅਖਵਾਈਆ। ਪੰਜ ਤੱਤ ਕਹੇ ਤੇਰਾ ਪਿਆਰ, ਨਾਤਾ ਬਿਧਾਤਾ ਜੋੜ ਜੁੜਾਈਆ। ਸ਼ਬਦ ਕਹੇ ਮੈਂ ਵੰਡਾਂ ਵੰਡ ਅਪਾਰ, ਨਿਰਗੁਣ ਨਿਰਗੁਣ ਹਿੱਸਾ ਆਪਣੇ ਹੱਥ ਰਖਾਈਆ। ਬ੍ਰਹਮ ਬ੍ਰਹਮ ਲੱਖ ਚੁਰਾਸੀ ਦੇ ਆਧਾਰ, ਜੀਵ ਜੰਤ ਜਗਤ ਕਰਾਂ ਕੁੜਮਾਈਆ। ਅੰਡਜ ਜੇਰਜ ਉਤਭੁਜ ਸੇਤਜ ਕਰ ਤਿਆਰ, ਤ੍ਰੈਗੁਣ ਮੇਲਾ ਪੰਜ ਤੱਤ ਸੱਜਣ ਸੁਹੇਲਾ, ਸਗਲਾ ਸੰਗ ਰਖਾਈਆ। ਸਾਚੀ ਇਛਿਆ ਪਾ ਭਿਛਿਆ ਨਿਰਗੁਣ ਸਰਗੁਣ ਰਚ ਸੰਸਾਰ, ਕਰਤਾ ਕਰਨੀ ਕਰੇ ਕਾਰ, ਵਿਚਾਰਿਆਂ ਵਿਚ ਨਾ ਆਏ ਵਿਚਾਰ, ਸੋਚਿਆਂ ਸੋਚ ਕੋਈ ਨਾ ਪਾਏ ਸਾਰ, ਬਿਨ ਸੋਚ ਸਮਝ ਇਕ ਅਗੰਮੀ ਰਮਜ਼ ਆਪਣੇ ਇਸ਼ਾਰੇ ਨਾਲ ਦੀਨ ਦਿਆਲ ਹੋ ਕਿਰਪਾਲ, ਵਸਤ ਦੇ ਸ਼ਬਦ ਲਾਲ, ਰਚਨਾ ਰਚ ਕੇ ਰਚ ਰਚ ਵੇਖ ਵਖਾਈਆ। ਗਿਆਨ ਕਰਮ ਦੋਵੇਂ ਰਹੇ ਦੌੜ, ਆਪਣਾ ਆਪਣਾ ਜ਼ੋਰ ਲਗਾਈਆ। ਚੜ੍ਹ ਚੜ੍ਹ ਬੈਠੇ ਆਪਣੇ ਘੋੜ, ਵਾਗਾਂ ਆਪਣੇ ਹੱਥ ਉਠਾਈਆ। ਬਿਨ ਸਤਿਗੁਰ ਪੂਰੇ ਦੋਹਾਂ ਨਾ ਲੱਭੇ ਕੋਈ ਪੌੜ, ਦੂਰੋਂ ਦੂਰੋਂ ਵੇਖਣ ਚਾਈਂ ਚਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗਿਆਨ ਕਰਮ ਕਰਮ ਗਿਆਨ ਦੋਵੇਂ ਪ੍ਰਭ ਦਾ ਕਰਨ ਧਿਆਨ, ਬਿਨ ਸਤਿਗੁਰ ਸਾਹਿਬ ਸੁਲਤਾਨ, ਅੰਤ ਮੇਲ ਨਾ ਕੋਇ ਮਿਲਾਈਆ।

ਮੁਕਤੀ ਨਿੱਕੀ ਜਿਹੀ ਦਾਤ, ਨਿੱਕਿਆਂ ਨਿੱਕਿਆਂ ਦਿਤੀ ਸਮਝਾਈਆ। ਜਿਸ ਦੀ ਪੁਰਖ ਅਕਾਲ ਸਾਹਿਬ ਸਤਿਗੁਰ ਨਾਲ ਹੋਏ ਮੁਲਾਕਾਤ, ਤਿਸ ਕਰਮ ਕਾਂਡ ਕੋਇ ਰਹਿਣ ਨਾ ਪਾਈਆ। ਅੱਗੇ ਪਿਛੇ ਦੋ ਜਹਾਨਾਂ ਮਿਲੇ ਨਜ਼ਾਤ, ਨਿਜ ਘਰ ਸਾਚੇ ਵੱਜੇ ਵਧਾਈਆ। ਸੁਰਤ ਸਵਾਣੀ ਬਣੀ

੨੫੧
੧੪

ਨਾ ਰਹੇ ਨਾਰ ਕਮਜ਼ਾਤ, ਘਰ ਕੰਤ ਕੰਤੂਹਲਾ ਇਕੋ ਨਜ਼ਰੀ ਆਈਆ । ਜੋ ਜਨ ਮਿਲੇ ਭਗਤ ਜਮਾਤ, ਤਿਨ੍ਹਾਂ ਮੁਕਤੀ ਪਿਛੇ ਭੱਜੇ ਵਾਹੋ ਦਾਹੀਆ । ਮੈਨੂੰ ਵੀ ਲੈ ਚਲੋ ਸਾਥ, ਜਿਥੇ ਸ੍ਰੀ ਭਗਵਾਨ ਵਸੇ ਬੇਪਰਵਾਹੀਆ । ਜਿਸ ਦੀ ਗੁਰ ਪੀਰ ਅਵਤਾਰ ਗੌਂਦੇ ਗਾਥ, ਲਿਖ ਲਿਖ ਢੋਲਾ ਜਗਤ ਗਿਆ ਸੁਣਾਈਆ । ਮੈਂ ਸੁਣਿਆ ਉਹ ਅਨਾਥਾਂ ਦਾ ਨਾਥ, ਗ਼ਰੀਬ ਨਿਮਾਣੇ ਆਪਣੇ ਗਲੇ ਲਗਾਈਆ । ਜਿਸ ਦੇ ਦਰਸ਼ਨ ਨੂੰ ਕੋਟਨ ਕੋਟ ਵਿਸ਼ਨ ਬ੍ਰਹਮਾ ਸ਼ਿਵ ਰਹੇ ਝਾਕ, ਨੇਤਰ ਨੈਣ ਨੈਣ ਉਠਾਈਆ । ਉਹ ਭਗਤਾਂ ਦਾ ਗੁਰਮੁਖਾਂ ਦਾ ਬਣੇ ਜੁਗ ਜੁਗ ਸੱਜਣ ਸਾਕ, ਸਗਲਾ ਸੰਗ ਨਿਭਾਈਆ । ਬੇਪਰਵਾਹ ਪਰਵਰਦਿਗਾਰ ਪਾਕੀ ਪਾਕ, ਸਚ ਰਸੂਲ ਇਕ ਅਖਵਾਈਆ । ਮੁਕਤੀ ਕਹੇ ਮੈਂ ਉਹਦੇ ਚਰਨਾਂ ਦੀ ਮੰਗਾਂ ਖ਼ਾਕ, ਮੇਰੀ ਚਲੇ ਨਾ ਕੋਇ ਵਡਿਆਈਆ । ਗਿਆਨ ਕਰਮ ਓਥੇ ਵਿਕੇ ਨਾ ਕਿਸੇ ਹਾਟ, ਨਿਹਕਰਮੀ ਨਿਰਗੁਣ ਦਾਤਾ ਪ੍ਰੇਮ ਪ੍ਰੀਤੀ ਇਕੋ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਰਮ ਗਿਆਨ ਜਗਤ ਧਿਆਨ ਸਤਿਗੁਰ ਮੰਜ਼ਲ ਬੇ ਮਹਾਨ, ਗੁਰਮੁਖ ਵਿਰਲੇ ਦੱਸੇ ਨਿਸ਼ਾਨ, ਜਿਸ ਆਪਣਾ ਸ਼ਬਦ ਤੀਰ ਨਿਸ਼ਾਨਾ ਦਏ ਲਗਾਈਆ । ਕਰਮ ਕਹੇ ਮੈਂ ਕਰਮ ਕਮਾਵਾਂਗਾ । ਸਾਚੇ ਰਸਤੇ ਪਾਵਾਂਗਾ । ਗਿਆਨ ਕਹੇ ਮੈਂ ਗੋਝ ਜਣਾਵਾਂਗਾ । ਸਿਰ ਆਪਣੇ ਤੋਂ ਬੋਝ ਲਾਹਵਾਂਗਾ । ਏਕਾ ਦੂਜਾ ਭੇਵ ਚੁਕਾਵਾਂਗਾ । ਸਤਿਗੁਰ ਦੀ ਸਰਨ ਸੂਝ ਬੂਝ ਬੁਝਾਵਾਂਗਾ । ਜਿਸ ਦੇ ਉਤੋਂ ਮੈਂ ਵੀ ਗਿਆ ਝੂਝ, ਉਸ ਦਾ ਰਾਹ ਵਖਾਵਾਂਗਾ । ਮੇਰੇ ਕੋਲ ਨਹੀਂ ਕੁਛ, ਸਭ ਕੁਛ ਸਤਿਗੁਰ ਹੱਟ ਵਿਕਾਵਾਂਗਾ । ਤੁਸਾਂ ਮੈਥੋਂ ਰਾਹ ਲਿਆ ਪੁੱਛ, ਫੜ ਕੇ ਬਾਹੋਂ ਰਾਹ ਪਾਵਾਂਗਾ । ਜੋ ਤੁਹਾਥੋਂ ਰਿਹਾ ਲੁਕ, ਉਸ ਦਾ ਮੇਲ ਮਿਲਾਵਾਂਗਾ । ਉਸ ਨੂੰ ਸਜਦਾ ਕਰੋ ਝੁਕ, ਮੁਕਤੀ ਤੁਹਾਡੇ ਪਿਛੇ ਪਿਛੇ ਭਜਾਵਾਂਗਾ । ਉਹ ਤੁਹਾਨੂੰ ਗੋਦੀ ਲਏ ਚੁੱਕ, ਸਚਖੰਡ ਰਾਹ ਵਖਾਵਾਂਗਾ । ਭਗਤ ਭਗਵਾਨ ਬੂਟਾ ਕਦੇ ਨਾ ਜਾਏ ਸੁੱਕ, ਕਰਮ ਕਾਂਡ ਦਾ ਲੇਖਾ ਸਰਬ ਚੁਕਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਕਰਮ ਗਿਆਨ ਦੋਹਾਂ ਫੜਾਇਆ ਆਪਣਾ ਲੜ, ਲੜੀ ਲੜੀ ਨਾਲ ਜੁੜਾਵਾਂਗਾ । ਬੂਟਾ ਲੱਗੇ ਜੁਗ ਚਾਰ, ਚਾਰ ਵਰਨ ਸਦਾ ਜਗ ਗਾਈਆ । ਜਿਸ ਘਰ ਆਇਆ ਨਿਰੰਕਾਰ, ਨਿਰਗੁਣ ਆਪਣਾ ਫੇਰਾ ਪਾਈਆ । ਤਿਸ ਪ੍ਰੀਤਮ ਪ੍ਰੀਤਮ ਪਾਇਆ ਪਿਆਰ, ਜਗਤ ਵਿਛੋੜਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਦੇ ਕੇ ਜਾਏ ਇਕ ਵਰ, ਜਿਸ ਨਾਲ ਮੇਲ ਮਿਲਾਈਆ । ਪਤ ਡਾਲੀ ਮੁਢ ਜੜ੍ਹ ਚੋਟੀ ਅਖ਼ੀਰ ਬੇਨਜ਼ੀਰ ਬਿਨ ਤਸਵੀਰ, ਸ੍ਰਿਸ਼ਟ ਸਬਾਈ ਦਏ ਵਖਾਈਆ । ਪਾਰਬ੍ਰਹਮ ਪ੍ਰਭ ਦੱਸ ਸਾਚਾ ਮੰਗਲ, ਦੋ ਜਹਾਨ ਰਹੇ ਧਿਆਨ ਲਗਾਈਆ । ਖ਼ਾਲੀ ਝੋਲੀ ਸਾਰੇ ਮੰਗਣ, ਅੰਤਰ ਆਤਮ ਇਕ ਲਿਵ ਲਾਈਆ । ਬਿਨ ਹਰਿ ਨਾਮੇ ਹੋਏ ਨੰਗਨ, ਪਰਦਾ ਨਜ਼ਰ ਕੋਇ ਨਾ ਆਈਆ । ਸਾਚੇ ਦੀਪਕ ਕਿਤੇ ਨਾ ਜਗਣ, ਜਗਤ ਅੰਧੇਰਾ ਰਿਹਾ ਛਾਈਆ । ਆਤਮ ਪਰਮਾਤਮ ਕੋਇ ਨਾ ਲਾਏ ਸਗਨ, ਸਾਚਾ ਰੰਗ ਨਾ ਕੋਇ ਰੰਗਾਈਆ । ਤ੍ਰੈਗੁਣ ਮਾਇਆ ਸਾਰੇ ਦਝਣ, ਅਗਨੀ ਤੱਤ ਰਿਹਾ ਜਲਾਈਆ । ਸਚ ਪ੍ਰੀਤੀ ਦਿਸੇ ਨਾ ਕੋਇ ਲਗਨ, ਧਿਆਨ ਇਕੋ ਇਕ ਰਖਾਈਆ । ਹੰਸ ਹੋਏ ਕੱਗਣ, ਕਾਗ ਵਾਂਗ ਰਹੇ ਕੁਰਲਾਈਆ । ਚਾਰ ਕੁੰਟ ਦਹਿ ਦਿਸ਼ਾ ਭੱਜਣ, ਨੌਂ ਦੁਆਰ ਧੀਰ ਨਾ ਕੋਇ ਧਰਾਈਆ । ਸਤਿ ਸਤਿਵਾਦੀ ਕੋਈ ਨਾ ਕਰੇ ਭਜਨ, ਸੰਸਾ ਰੋਗ ਨਾ ਕੋਇ ਮਿਟਾਈਆ । ਨਾਮ ਅਮੋਲਕ ਹੱਥ ਨਾ ਆਵੇ ਕਿਸੇ ਰਤਨ, ਜਗਤ ਵਣਜਾਰੇ ਫੇਰੀਆਂ ਰਹੇ ਪਾਈਆ । ਸ੍ਰੀ ਭਗਵਾਨ ਤੇਰਾ

ਭੁੱਲਿਆ ਸਭ ਨੂੰ ਵਤਨ, ਬੇਵਤਨ ਦੇਣ ਦੁਹਾਈਆ । ਲੱਭਦੇ ਫਿਰਦੇ ਪਹਾੜ ਕੰਦਰ ਡੂੰਘੇ ਜੰਗਲ, ਉਚੇ ਟਿੱਲੇ ਫੇਰਾ ਪਾਈਆ । ਕੋਈ ਨਾ ਤੋੜੇ ਸ਼ਰਅ ਸੰਗਲ, ਸ਼ਨਾਖ਼ਤ ਤੇਰੀ ਨਾ ਕੋਇ ਜਣਾਈਆ । ਦੀਨਾਂ ਮਜ਼੍ਹਬਾਂ ਪਿਆ ਦੰਗਲ, ਨਵ ਨੌਂ ਕਰੇ ਲੜਾਈਆ । ਕਲਜੁਗ ਅੰਤਮ ਆਇਆ ਕੰਢਨ, ਕੰਢੀ ਬੈਠਾ ਡੇਰਾ ਲਾਈਆ । ਦਰੋਹੀ ਦੇਵੇ ਸਰਬ ਵਡਭੰਡਨ, ਬ੍ਰਹਿਮੰਡ ਰਿਹਾ ਕੁਰਲਾਈਆ । ਮਸਤਕ ਲੱਗਾ ਕਿਸੇ ਨਾ ਦਿਸੇ ਚੰਦਨ, ਜੋਤੀ ਨੂਰ ਨਾ ਕੋਇ ਰੁਸ਼ਨਾਈਆ । ਦੋਏ ਜੋੜ ਕਰੇ ਨਾ ਕੋਈ ਬੰਦਨ, ਬੰਦਗੀ ਸਚ ਨਾ ਕੋਇ ਕਮਾਈਆ । ਗ੍ਰਹਿ ਮਿਲੇ ਨਾ ਪਰਮਾਨੰਦਨ, ਨਿਜ ਰਸ ਨਾ ਕੋਇ ਵਖਾਈਆ । ਟੁੱਟੀ ਆਏ ਨਾ ਕੋਈ ਗੰਢਣ, ਗੰਢਣਹਾਰ ਗੋਪਾਲ ਸੁਆਮੀ ਤੇਰੀ ਸਾਰ ਕੋਇ ਨਾ ਪਾਈਆ । ਸ੍ਰਿਸ਼ਟ ਸਬਾਈ ਹੋਈ ਪਖੰਡਣ, ਭੇਖਾਧਾਰੀ ਬੈਠੇ ਡੇਰਾ ਲਾਈਆ । ਤੇਰਾ ਨਾਮ ਕੂੜੀ ਮਾਇਆ ਪਿਛੇ ਵੰਡਣ, ਕਲਮ ਸ਼ਾਹੀ ਕਾਗ਼ਜ਼ ਕੀਮਤ ਰਹੇ ਪਾਈਆ । ਜੀਵ ਜੰਤ ਭਾਗਾਂ ਮੰਦਨ, ਮੰਦਰ ਹੱਕ ਕੋਇ ਨਾ ਵੇਖ ਵਖਾਈਆ । ਸਾਚਾ ਢੋਲਾ ਸੋਹਲਾ ਕੋਇ ਨਾ ਗਾਵੇ ਛੰਦਨ, ਸਾਚੀ ਬਾਣੀ ਨਾ ਕੋਈ ਸੁਣਾਈਆ । ਕਾਇਆ ਚੋਲਾ ਸਾਚਾ ਚਾੜ੍ਹੇ ਨਾ ਕੋਇ ਰੰਗਣ, ਰੰਗ ਮਜੀਠ ਨਾ ਕੋਇ ਰੰਗਾਈਆ । ਕੂੜੀ ਕਿਰਿਆ ਮਾਇਆ ਮਮਤਾ ਸਿਰ ਚੁੱਕੀ ਪੰਡਨ, ਹੌਲਾ ਭਾਰ ਨਾ ਕੋਇ ਕਰਾਈਆ । ਅੱਗੇ ਮਿਲੇ ਨਾ ਕਿਸੇ ਲੰਘਣ, ਰਾਏ ਧਰਮ ਦਏ ਸਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸੱਚਾ ਵਰ, ਦਰ ਤੇਰੇ ਮਿਲੇ ਸਰਨਾਈਆ । ਲੱਖ ਚੁਰਾਸੀ ਕਰੇ ਪੁਕਾਰ, ਉਚੀ ਕੂਕ ਕੂਕ ਸੁਣਾਈਆ । ਸਚ ਨਾ ਮਿਲੇ ਕਿਸੇ ਦੁਆਰ, ਦੁਆਰਕਾ ਨਜ਼ਰ ਕਿਸੇ ਨਾ ਆਈਆ । ਰਾਮ ਰਾਮ ਨਾ ਕੋਇ ਪਿਆਰ, ਸੀਤਾ ਸੁਰਤੀ ਨਾ ਕੋਇ ਪਰਨਾਈਆ । ਰਾਧਾ ਕ੍ਰਿਸ਼ਨ ਨਾ ਕੋਇ ਆਧਾਰ, ਨਾਮ ਬੰਸਰੀ ਨਾ ਕੋਇ ਸੁਣਾਈਆ । ਮੂਸੇ ਜਲਵਾ ਨਾ ਪਰਵਰਦਿਗਾਰ, ਬੇਨਜ਼ੀਰ ਨਜ਼ਰ ਨਾ ਕੋਇ ਟਿਕਾਈਆ । ਈਸਾ ਮਿਲੇ ਨਾ ਸਾਂਝਾ ਯਾਰ, ਸਗਲਾ ਸੰਗ ਨਾ ਕੋਇ ਰਖਾਈਆ । ਮੁਹੰਮਦ ਕਲਮਾ ਸੁਣੇ ਨਾ ਕੋਈ ਕਾਇਨਾਤ, ਆਲਮ ਉਲਮਾ ਬੈਠੇ ਮੁਖ ਭੁਆਈਆ । ਸਾਚੇ ਹੁਜਰੇ ਕੋਈ ਨਾ ਵੇਖੇ ਮਾਰ ਝਾਕ, ਬੰਦ ਤਾਕੀ ਕੁੰਡਾ ਕੋਇ ਨਾ ਲਾਹੀਆ । ਨਜ਼ਰ ਨਾ ਆਏ ਸਾਖਿਆਤ, ਸੂਰਤ ਸਚ ਨਾ ਕੋਇ ਦਰਸਾਈਆ । ਪਿਆਲਾ ਪਿਆਏ ਨਾ ਆਬੇਹਯਾਤ, ਹਯਾਤੀ ਦਏ ਨਾ ਕੋਇ ਬਦਲਾਈਆ । ਤੇਰਾ ਪੀਰ ਪੈਗ਼ੰਬਰ ਲੈਂਦੇ ਰਹੇ ਖ਼ੁਆਬ, ਅੰਤਰ ਅੰਤਰ ਧਿਆਨ ਲਗਾਈਆ । ਸਾਰੇ ਮੰਨਦੇ ਗਏ ਹੱਕ ਜਨਾਬ, ਮੁਕਾਮੇ ਹੱਕ ਡੇਰਾ ਲਾਈਆ । ਨਿਉਂ ਨਿਉਂ ਸਜਦਾ ਕਰਦੇ ਗਏ ਆਦਾਬ, ਸੀਸ ਜਗਦੀਸ਼ ਤੇਰੀ ਭੇਟ ਚੜ੍ਹਾਈਆ । ਕਲਜੁਗ ਅੰਤਮ ਤੇਰਾ ਨਜ਼ਾਮ ਹੋਇਆ ਖ਼ਰਾਬ, ਖ਼ਾਲਕ ਖ਼ਲਕ ਗਈ ਭੁਲਾਈਆ । ਸਾਚੀ ਦਿਸੇ ਨਾ ਕੋਇ ਮਹਿਰਾਬ, ਮਹਿਬੂਬ ਨਜ਼ਰ ਕਿਸੇ ਨਾ ਆਈਆ । ਰੂਹ ਰਹੀ ਨਾ ਕੋਈ ਪਾਕ, ਰਹਿਮਤ ਹੱਕ ਨਾ ਕਿਸੇ ਜਣਾਈਆ । ਕੂੜੀ ਕਿਰਿਆ ਖ਼ਾਕੀ ਖ਼ਾਕ, ਚਾਰੋਂ ਕੁੰਟ ਧੂੜ ਉਡਾਈਆ । ਮਨ ਵਾਸਨਾ ਹੋਈ ਆਕ, ਆਕੀ ਇਕੋ ਨਜ਼ਰੀ ਆਈਆ । ਝਗੜਾ ਪਿਆ ਜ਼ਾਤ ਪਾਤ, ਊਚ ਨੀਚ ਕਰੇ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖੌਣਾ ਸਾਚਾ ਘਰ, ਜਿਸ ਘਰ ਮਿਲੇ ਵਡਿਆਈਆ । ਲੱਖ ਚੁਰਾਸੀ ਜੀਵ ਜੰਤ ਰਿਹਾ ਰੋ, ਨੇਤਰ ਨੈਣਾਂ ਨੀਰ ਵਹਾਇੰਦਾ । ਜੁਗ ਚੌਕੜੀ ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਤੇਰੀ ਦੇਂਦੀ ਰਹੀ ਸੋ, ਸੋ ਪੁਰਖ ਨਿਰੰਜਣ ਤੇਰਾ ਰੂਪ ਨਜ਼ਰ ਨਾ ਆਇੰਦਾ । ਦੋ ਜਹਾਨ ਦਰ ਦਰਵੇਸ਼ ਮੰਗਦੇ ਹਮੇਸ਼ ਤੇਰੇ ਨਾਮ ਦਾ ਢੋਆ ਢੋ, ਆਸ ਇਕੋ ਇਕ ਵਖਾਇੰਦਾ ।

ਕਰ ਕਿਰਪਾ ਜਿਸ ਨਾਲ ਜਾਵੇਂ ਛੋਹ, ਸ਼ਹਿਨਸ਼ਾਹ ਆਪਣਾ ਰੰਗ ਰੰਗਾਇੰਦਾ । ਜੁਗ ਜੁਗ ਜਨ ਭਗਤਾਂ ਕਰੇਂ ਮੋਹ, ਮੁਹੱਬਤ ਇਕੋ ਵਾਰ ਵਧਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਘਰ ਘਰ ਵਿਸ਼ਨ ਬ੍ਰਹਮਾ ਸ਼ਿਵ ਆਪੇ ਹੋ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣੀ ਕਾਰ ਕਮਾਇੰਦਾ । ਜੀਵ ਜੰਤ ਦਏ ਦੁਹਾਈ, ਕੂਕ ਕੂਕ ਸੁਣਾਈਆ । ਕਲਜੁਗ ਰੈਣ ਅੰਧੇਰੀ ਛਾਈ, ਸਾਚਾ ਚੰਦ ਨਾ ਕੋਇ ਚੜ੍ਹਾਈਆ । ਨਾਤਾ ਤੁੱਟਾ ਭੈਣਾਂ ਭਾਈ, ਮਾਤ ਪਿਤ ਹਿੱਤ ਨਾ ਕੋਇ ਵਖਾਈਆ । ਸਾਚੀ ਕਰੇ ਨਾ ਕੋਇ ਕੁੜਮਾਈ, ਸੁਰਤੀ ਸ਼ਬਦ ਨਾ ਕੋਇ ਪਰਨਾਈਆ । ਕਾਇਆ ਮੰਦਰ ਨਾ ਕੋਇ ਰੁਸ਼ਨਾਈ, ਜੋਤ ਨਿਰੰਜਣ ਨਾ ਕੋਇ ਡਗਮਗਾਈਆ । ਅਨਹਦ ਨਾਦ ਨਾ ਕੋਇ ਰਿਹਾ ਸ਼ਨਵਾਈ, ਪੜ੍ਹ ਪੜ੍ਹ ਥੱਕੀ ਸਰਬ ਲੋਕਾਈਆ । ਅੰਮ੍ਰਿਤ ਆਤਮ ਜਾਮ ਨਾ ਕੋਇ ਰਿਹਾ ਪਿਆਈ, ਤੀਰਥ ਅੱਠਸੱਠ ਦੇਵਣ ਹਾਲ ਦੁਹਾਈਆ । ਨਾ ਕੋਈ ਮੇਟੇ ਭਰਮ ਕੀ ਕਾਈ, ਭਾਂਡਾ ਭਰਮ ਨਾ ਕੋਇ ਭੰਨਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਬ੍ਰਹਮ ਮਿਲੇ ਨਾ ਤੇਰੀ ਸਰਨਾਈ, ਕਰਮ ਬੰਧਨ ਨਾ ਕੋਇ ਕਟਾਈਆ । ਦੁਰਮਤ ਮੈਲ ਨਾ ਕੋਇ ਧੁਆਈ, ਸਵਛ ਸਰੂਪ ਨੂਰ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸੱਚਾ ਵਰ, ਤੇਰੇ ਮਿਲਣ ਦੀ ਓਟ ਰਖਾਈਆ । ਤੇਰੇ ਮਿਲਣ ਦੀ ਓਟ, ਆਤਮ ਪਰਮਾਤਮ ਧਿਆਨ ਲਗਾਇਆ । ਕਰ ਕਿਰਪਾ ਕੱਢਦੇ ਖੋਟ, ਕੂੜੀ ਕਿਰਿਆ ਪੰਧ ਮੁਕਾਇਆ । ਤੇਰੇ ਆਹਲਣਿਉਂ ਡਿਗਾ ਤੇਰਾ ਬ੍ਰਹਮ ਬੋਟ, ਤੁਧ ਬਿਨ ਸਕੇ ਨਾ ਕੋਇ ਉਠਾਇਆ । ਤੂੰ ਦਾਤਾ ਹਉਂ ਤੇਰੀ ਅੰਸ ਨਿਰਮਲ ਜੋਤ, ਜੋਤੀ ਜੋਤ ਲੈ ਮਿਲਾਇਆ । ਸ਼ਬਦ ਅਗੰਮ ਲਗਾ ਚੋਟ, ਡੰਕਾ ਇਕੋ ਨਾਮ ਸੁਣਾਇਆ । ਬਿਨ ਗਾਈਏ ਰਸਨਾ ਹੋਂਟ, ਬੱਤੀ ਦੰਦ ਨਾ ਕੋਇ ਸਾਲਾਹਿਆ । ਰਸਨਾ ਜਿਹਵਾ ਰਹੇ ਖ਼ਾਮੋਸ਼, ਅਜੱਪਾ ਜਾਪ ਤੇਰੀ ਵਡਿਆਇਆ । ਪ੍ਰੇਮ ਪਿਆਲਾ ਦੇ ਕਰ ਮਦਹੋਸ਼, ਰਸ ਮਧੁਰ ਜਾਮ ਵਖਾਇਆ । ਲੇਖਾ ਚੁੱਕੇ ਚੌਦਾਂ ਲੋਕ, ਪਰਲੋਕ ਤੇਰੀ ਸਰਨ ਨਜ਼ਰ ਆਇਆ । ਵਿਸ਼ਨ ਬ੍ਰਹਮਾ ਸ਼ਿਵ ਤੇਰਾ ਢੋਲਾ ਗਾਇਣ ਸਲੋਕ, ਕਰੋੜ ਤੇਤੀਸਾ ਸਿਫ਼ਤ ਸਾਲਾਹਿਆ । ਗੁਰ ਅਵਤਾਰ ਪੀਰ ਪੈਗ਼ੰਬਰ ਤੇਰੀ ਗੋਤ, ਜ਼ਾਤ ਅਜ਼ਾਤੀ ਰੂਪ ਨਾ ਕੋਇ ਜਣਾਇਆ । ਕਲਜੁਗ ਅੰਤਮ ਸ੍ਰੀ ਭਗਵਾਨ ਨਿਰਗੁਣ ਹੋ ਕੇ ਪਹੁੰਚ, ਨਿਰਗੁਣ ਆਤਮ ਦਏ ਦੁਹਾਇਆ । ਤੂੰ ਵਸਣਹਾਰਾ ਸੱਤ ਦੀਪ ਨੌਂ ਖੰਡ ਪ੍ਰਿਥਮੀ ਲੱਖਣ ਪੁਸ਼ਕਰ ਕਰੌਚ, ਜੰਬੂ ਆਪਣਾ ਡੇਰਾ ਲਾਇਆ । ਸਾਨ ਸਲਮਲ ਤੇਰੀ ਧੌਂਸ, ਕੁਸ਼ਾ ਤੇਰਾ ਰਾਹ ਤਕਾਇਆ । ਤੂੰ ਆਦਿ ਜੁਗਾਦੀ ਸਭ ਦਾ ਖੌਤ, ਲੱਖ ਚੁਰਾਸੀ ਬੀਵੀ ਰੂਪ ਵਟਾਇਆ । ਕੋਈ ਨਾ ਜਾਣੇ ਤੇਰੀ ਹੋਂਦ, ਬੇਅੰਤ ਬੇਪਰਵਾਹ ਬੇਆਸ ਤੇਰੀ ਆਸ ਤਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਭਗਤ ਭਗਵਾਨ ਮਿਲਣ ਦਾ ਸਦਾ ਸ਼ੌਕ, ਦੂਜਾ ਨਜ਼ਰ ਕੋਇ ਨਾ ਆਇਆ । ਪਾਰਬ੍ਰਹਮ ਪ੍ਰਭ ਛੇਤੀ ਆ, ਜੀਵ ਜੰਤ ਦਏ ਦੁਹਾਈਆ । ਨਿਰਗੁਣ ਹੋ ਕੇ ਬਣ ਮਲਾਹ, ਸਰਗੁਣ ਬੇੜਾ ਮਾਤ ਚਲਾਈਆ । ਸਾਚਾ ਦੱਸ ਇਕੋ ਰਾਹ, ਰਹਿਬਰ ਇਕੋ ਨਜ਼ਰੀ ਆਈਆ । ਨਿਰਗੁਣ ਨੂਰ ਕਰ ਰੁਸ਼ਨਾ, ਅੰਧ ਅੰਧੇਰ ਗਵਾਈਆ । ਸ਼ਬਦ ਨਾਦ ਧੁਨ ਸੁਣਾ, ਆਤਮਕ ਰਾਗ ਸੁਣਾਈਆ । ਬਜਰ ਕਪਾਟੀ ਕੁੰਡਾ ਲਾਹ, ਦੂਈ ਦਵੈਤੀ ਰਹਿਣ ਨਾ ਪਾਈਆ । ਜੋਤ ਨਿਰੰਜਣ ਡਗਮਗਾ, ਆਦਿ ਨਿਰੰਜਣ ਤੇਰੀ ਵਡਿਆਈਆ । ਚਤੁਰਭੁਜ ਦਰਸ ਦਿਖਾ, ਆਦਿ ਸ਼ਕਤ ਗੋਦ ਬਹਾਈਆ । ਪਾਰਬ੍ਰਹਮ ਬ੍ਰਹਮ ਮੇਲਾ ਦੇ ਮਿਲਾ, ਮਿਲ ਮਿਲ ਆਪਣਾ ਰੰਗ ਰੰਗਾਈਆ । ਗੁਰ ਚੇਲਾ ਏਕਾ ਘਰ ਦੇ ਵਸਾ, ਗ੍ਰਹਿ ਮੰਦਰ

ਵੱਜੇ ਵਧਾਈਆ । ਸਾਚਾ ਸਗਨ ਲੈ ਮਨਾ, ਰੁੱਤ ਸੁਹੰਜਣੀ ਸੋਭਾ ਪਾਈਆ । ਨਾਮ ਨਿਧਾਨ ਨੇਤਰ ਅੰਜਨ ਦੇ ਪਾ, ਗਿਆਨ ਨੇਤਰ ਇਕ ਖੁਲ੍ਹਾਈਆ । ਚਾਰੋਂ ਕੁੰਟ ਨਜ਼ਰੀ ਜਾਏ ਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮਿਲੇ ਸਚ ਤੇਰੀ ਸਰਨਾਈਆ । ਸ੍ਰੀ ਭਗਵਾਨ ਤੇਰੀ ਸਰਨਾ, ਇਕੋ ਇਕ ਧਿਆਨ ਲਗਾ । ਕਰ ਕਿਰਪਾ ਖੋਲ੍ਹ ਨੇਤਰ ਹਰਨਾ ਫਰਨਾ, ਫੁਰਨਾ ਆਪਣਾ ਨਾਮ ਜਣਾ । ਏਕਾ ਦੇ ਨਾਮ ਧਨਾ, ਧਨ ਧਨਾਢੀ ਬਣ ਵੱਡਾ ਸ਼ਾਹ । ਦਹਿ ਦਿਸ਼ਾ ਉਠ ਉਠ ਭੱਜੇ ਨਾ ਮਨਾ, ਮਨ ਵਾਸਨਾ ਬੰਦ ਦੇ ਕਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾ । ਮਿਹਰ ਨਜ਼ਰ ਉਠਾ ਭਗਵਾਨ, ਜੀਵ ਜੰਤ ਤੇਰਾ ਧਿਆਨ ਲਗਾਈਆ । ਸਾਹਿਬ ਸੁਲਤਾਨ ਬਣ ਸੱਚਾ ਕਾਹਨ, ਲੱਖ ਚੁਰਾਸੀ ਗੋਪੀ ਮਾਤ ਹੰਢਾਈਆ । ਆਤਮ ਪਰਮਾਤਮ ਆਦਿ ਦਿਤਾ ਦਾਨ, ਅੰਤਰ ਆਪਣਾ ਮੇਲ ਮਿਲਾਈਆ । ਤ੍ਰੈਗੁਣ ਮਾਇਆ ਨਾ ਹੋਏ ਪਰਧਾਨ, ਪੰਜ ਤੱਤ ਨਾ ਕੋਇ ਵਡਿਆਈਆ । ਸਚ ਵਖਾ ਆਪਣਾ ਨਿਸ਼ਾਨ, ਧਰਮ ਨਿਸ਼ਾਨਾ ਰਿਹਾ ਝੁਲਾਈਆ । ਅਗੰਮ ਅਥਾਹ ਤੇਰਾ ਮਕਾਨ, ਛੱਪਰ ਛੰਨ ਨਾ ਕੋਇ ਛੁਹਾਈਆ । ਸੂਰਜ ਚੰਦ ਨਾ ਕੋਇ ਰੁਸ਼ਨਾ, ਨਿਰਗੁਣ ਜੋਤ ਡਗਮਗਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਸਚਖੰਡ ਦੁਆਰੇ ਬੈਠੋਂ ਡੇਰਾ ਲਾ, ਨਿਰਗੁਣ ਆਪਣਾ ਆਸਣ ਲਾਈਆ । ਕਲਜੁਗ ਅੰਤ ਗ਼ਰੀਬ ਨਿਮਾਣਿਆਂ ਵਲ ਕਰ ਧਿਆਂ, ਅੱਖ ਪਰਤੱਖ ਲੈ ਖੁਲ੍ਹਾਈਆ । ਦੋ ਜਹਾਨਾਂ ਕਰ ਸਚ ਨਿਆਂ, ਅਦਲ ਆਦਲ ਅਦਾਲਤ ਤੇਰੀ ਇਕੋ ਭਾਈਆ । ਕੋੜ੍ਹਿਆਂ ਕਮਲਿਆਂ ਪਕੜ ਬਾਂਹ, ਚਰਨ ਕਵਲ ਦੇ ਸਰਨਾਈਆ । ਇਕ ਜਣਾ ਆਪਣਾ ਨਾਂ, ਜਿਸ ਜਪਿਆਂ ਦੁੱਖ ਰਹੇ ਨਾ ਰਾਈਆ । ਦੀਨ ਮਜ਼੍ਹਬ ਜ਼ਾਤ ਪਾਤ ਝੇੜਾ ਦੇ ਮੁਕਾ, ਇਕੋ ਬ੍ਰਹਮ ਬ੍ਰਹਮ ਦਰਸਾਈਆ । ਨਿਹਕਰਮੀ ਆਪਣਾ ਕਰਮ ਕਮਾ, ਕਰਮ ਕਾਂਡ ਲੇਖਾ ਆਪਣੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸਾ ਨਰ ਨਰੇਸ਼ਾ ਨਿਰਗੁਣ ਦਾਤਾ ਪੁਰਖ ਬਿਧਾਤਾ, ਪਾਰਬ੍ਰਹਮ ਬ੍ਰਹਮ ਆਪਣਾ ਰਿਹਾ ਜਣਾਈਆ । ਸਚ ਸੰਦੇਸਾ ਸੋਹੰ ਢੋਲਾ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਆਤਮ ਪਰਮਾਤਮ ਬਣ ਵਿਚੋਲਾ, ਨਿਰਗੁਣ ਨਿਰਗੁਣ ਮੇਲ ਮਿਲਾਇੰਦਾ । ਨਾ ਕੋਈ ਪਰਦਾ ਨਾ ਕੋਈ ਉਹਲਾ, ਸਾਖਿਆਤ ਦਰਸ ਦਰਸਾਇੰਦਾ । ਨਿਜ ਸਰੂਪ ਨਿਜ ਘਰ ਨਿਜ ਆਤਮ ਪਰਮਾਤਮ ਵਸੇ ਕੋਲਾ, ਵਿਛੜ ਕਦੇ ਨਾ ਜਾਇੰਦਾ । ਭਾਗ ਲਗਾਏ ਕਾਇਆ ਚੋਲਾ, ਘਰ ਘਰ ਵਿਚ ਸੋਭਾ ਪਾਇੰਦਾ । ਸਤਿ ਸਤਿਵਾਦੀ ਸਦਾ ਸਦਾ ਸਤਿ ਸਰੂਪ ਬਣੇ ਤੋਲਾ, ਨਾਮ ਕੰਡਾ ਹੱਥ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਤਰ ਆਪ ਦ੍ਰਿੜਾਇੰਦਾ । ਸਾਚਾ ਮੰਤਰ ਸੋਹੰ ਧਾਰ, ਆਤਮ ਪਰਮਾਤਮ ਕਰੇ ਕੁੜਮਾਈਆ । ਸ਼ਬਦ ਸ਼ੇਰ ਵੱਡ ਬਲਕਾਰ, ਸਿੰਘ ਆਪਣਾ ਰੂਪ ਵਖਾਈਆ । ਵਿਸ਼ਨੂੰ ਵਿਸ਼ਵ ਸੇਵਾਦਾਰ, ਘਰ ਘਰ ਰਿਜ਼ਕ ਪੁਚਾਈਆ । ਭਗਵਨ ਕਰੇ ਜੈ ਜੈਕਾਰ, ਜੈ ਜੈਕਾਰਾ ਇਕੋ ਇਕ ਸੁਣਾਈਆ । ਜੁਗ ਚੌਕੜੀ ਖੇਲ ਅਪਾਰ, ਹਰਿ ਕਰਤਾ ਕਰਨੀ ਆਪਣੇ ਹੱਥ ਰਖਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਖੋ ਵਾਰ, ਗੁਰ ਅਵਤਾਰ ਪੀਰ ਪੈਗ਼ੰਬਰ ਸਾਚੀ ਸੇਵ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭਗਤਨ ਮੀਤਾ ਠਾਂਡਾ ਸੀਤਾ ਤ੍ਰੈਗੁਣ ਅਤੀਤਾ, ਤ੍ਰੈਭਵਨ ਧਨੀ ਤ੍ਰੈਗੁਣ ਮਾਇਆ ਮੇਟੇ ਛਾਇਆ, ਏਕਾ ਨਾਮ ਗੁਣ ਨਿਧਾਨ, ਪਾਰਬ੍ਰਹਮ ਬ੍ਰਹਮ ਆਪਣਾ ਆਪ ਜਣਾਇੰਦਾ । ਪਾਰਬ੍ਰਹਮ ਬ੍ਰਹਮ ਮਿੱਤਰ ਮੀਤ, ਸੋ ਸਤਿਗੁਰ ਦਏ

ਵਡਿਆਈਆ । ਜਨ ਭਗਤਾਂ ਵਸੇ ਸਦਾ ਚੀਤ, ਚਿਤਵਿਤ ਠਗੌਰੀ ਕੋਇ ਨਾ ਪਾਈਆ । ਘਰ ਅੰਦਰ ਗ੍ਰਿਹ ਮੰਦਰ ਨਜ਼ਰੀ ਆਏ ਇਕ, ਅਤੀਤ, ਸਚ ਸਿੰਘਾਸਣ ਡੇਰਾ ਲਾਈਆ । ਚਰਨ ਕਵਲ ਉਪਰ ਧਵਲ ਬੰਧਾਏ ਸਚ ਪ੍ਰੀਤ, ਪ੍ਰੀਤੀ ਇਕੋ ਇਕ ਦਰਸਾਈਆ । ਨਿਰਗੁਣ ਨਿਰਗੁਣ ਸਾਚੀ ਰੀਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਨਾਮ ਇਕ ਦ੍ਰਿੜਾਈਆ । ਸਾਚਾ ਨਾਮ ਦ੍ਰਿੜਾਏ ਸੋਹੰ ਸੋ, ਸਾਹਿਬ ਸਤਿਗੁਰ ਖੇਲ ਕਰਾਇੰਦਾ । ਨਿਰਗੁਣ ਸਰਗੁਣ ਆਪੇ ਹੋ, ਦੋਏ ਦੋਏ ਧਾਰ ਆਪ ਜਣਾਇੰਦਾ । ਜੋਤੀ ਜੋਤ ਦੇਵੇ ਸਾਚੀ ਲੋ, ਪਰਕਾਸ਼ ਪਰਕਾਸ਼ ਵਿਚੋਂ ਪਰਗਟਾਇੰਦਾ । ਆਤਮ ਪਰਮਾਤਮ ਸੱਚਾ ਮੋਹ, ਮੇਲ ਮਿਲਾਵਾ ਆਪਣੇ ਹੱਥ ਰਖਾਇੰਦਾ । ਕੂੜੀ ਕਿਰਿਆ ਜਨ ਭਗਤਾਂ ਕੋਲੋਂ ਲਵੇ ਖੋਹ, ਨਾਮ ਭੰਡਾਰਾ ਹੱਥ ਰਖਾਇੰਦਾ । ਦੇਵਣਹਾਰਾ ਧੁਰ ਦਾ ਢੋਆ ਢੋ, ਵਸਤ ਅਮੋਲਕ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਸੋਹੰ ਨਾਮ ਅੰਮਿਉਂ ਰਸ ਜਾਮ ਨਿਸ਼ਕਾਮ ਸੇਵਕ ਸੇਵਾ ਆਪ ਕਮਾਇੰਦਾ ।

★ ੨੫ ਚੇਤ ੨੦੨੦ ਬਿਕਰਮੀ ਮਹਿੰਦਰ ਕੌਰ ਨਛੱਤਰ ਕੌਰ ਦੇ ਗ੍ਰਿਹ ਜੰਡਿਆਲਾ ਜ਼ਿਲਾ ਜਲੰਧਰ ★



ਜੀਵ ਜੀ ਕਾ ਜਾਣੇ ਭੇਵ, ਜੁਗ ਜੁਗ ਵੇਖ ਵਖਾਇੰਦਾ । ਜੀਵ ਜੀ ਕਾ ਜਾਣੇ ਨੇਮ, ਨਿਤ ਨਿਤ ਵੇਖ ਵਖਾਇੰਦਾ । ਜੀਵ ਜੀ ਕਾ ਜਾਣੇ ਪ੍ਰੇਮ, ਘਰ ਘਰ ਖੋਜ ਖੋਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਵੱਖੋ ਵੱਖ ਰਖਾਇੰਦਾ । ਜੀਵ ਜੀ ਕਾ ਲੇਖਾ ਵੱਖਰਾ, ਮਾਤ ਪਿਤ ਭਾਈ ਭੈਣ ਵੰਡ ਨਾ ਕੋਇ ਵੰਡਾਇੰਦਾ । ਜੀਵ ਜੀ ਕਾ ਲੇਖਾ ਜਾਣੇ ਵਿਚ ਪੱਥਰਾਂ, ਟਿੱਲੇ ਪਰਬਤ ਵੇਖ ਵਖਾਇੰਦਾ । ਜੀਵ ਜੀ ਕਾ ਪ੍ਰੇਮ ਪਿਆਰ ਸਾਚਾ ਸੱਥਰਾ, ਸੱਥਰ ਯਾਰੜਾ ਸੇਜ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਸਭ ਦੀ ਝੋਲੀ ਪਾਇੰਦਾ । ਜੀਵ ਜੀ ਕਾ ਸਦਾ ਸਦ ਹਿਤ, ਹਿਤਕਾਰੀ ਵੇਖ ਵਖਾਇੰਦਾ । ਜੀਵ ਜੀ ਕਾ ਲਹਿਣਾ ਨਿਤ ਨਵਿਤ, ਜੁਗ ਜੁਗ ਝੋਲੀ ਪਾਇੰਦਾ । ਜੀਵ ਜੀ ਕਾ ਬਣੇ ਮਾਤ ਪਿਤ, ਗੋਦ ਸੁਹੰਜਣੀ ਆਪ ਸੁਹਾਇੰਦਾ । ਜੀਵ ਜੀ ਕਾ ਲੇਖਾ ਮੁੱਕੇ ਬੂੰਦ ਰਿਤ, ਤੱਤ ਚੋਲਾ ਲੇਖੇ ਪਾਇੰਦਾ । ਜੀਵ ਜੀ ਕਾ ਲੇਖਾ ਲਿਖ, ਬਿਨ ਲੇਖਿਉਂ ਪਾਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਇੰਦਾ । ਜੀਵ ਜੀ ਪਹਿਨੇ ਚੋਗਾ, ਚੋਲਾ ਤਨ ਹੰਢਾਈਆ । ਜੀਵ ਜੀ ਕਾ ਇਕੋ ਮੌਕਾ, ਮਾਣਸ ਜਨਮ ਵਡਿਆਈਆ । ਜੀਵ ਜੀ ਕਾ ਇਕੋ ਨਾਮ ਸੌਖਾ, ਸੋਹੰ ਕਰੇ ਪੜ੍ਹਾਈਆ । ਜੀਵ ਜੀ ਕਾ ਚੁੱਕੇ ਧੋਖਾ, ਦੂਈ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਜੀਵ ਜੀ ਕਾ ਜਾਨਣਹਾਰ, ਹਰਿ ਸਤਿਗੁਰ ਆਪ ਅਖਵਾਇੰਦਾ । ਜੀਵ ਜੀ ਕਾ ਵਣਜ ਵਪਾਰ, ਹਰਿ ਸਤਿਗੁਰ ਨਾਮ ਹੱਟ ਵਿਕਾਇੰਦਾ । ਜੀਵ ਜੀ ਕਾ ਠਾਂਡਾ ਦਰਬਾਰ, ਸਤਿਗੁਰ ਸਰਨਾਈ ਇਕ ਦਰਸਾਇੰਦਾ । ਜੀਵ ਜੀ ਕਾ ਮੇਲਾ ਕੰਤ ਭਤਾਰ, ਨਰ ਨਰਾਇਣ ਸੁਰਤ ਸ਼ਬਦ ਪਰਨਾਇੰਦਾ । ਜੀਵ ਜੀ ਕਾ ਇਕ ਦੁਆਰ, ਦਰ ਦਰਵਾਜ਼ਾ ਆਪ ਖੁਲ੍ਹਾਇੰਦਾ । ਜੋ ਜਨ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ

ਭਗਵਾਨ, ਬੋਲੇ ਜੈਕਾਰ, ਤਿਸ ਜਮ ਨੇੜ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਨਮ ਜਨਮ ਕਰਮ ਕਰਮ ਵਰਨ ਵਰਨ ਬਰਨ ਬਰਨ ਉਪਰ ਧਰਨੀ ਧਰਨ, ਧਵਲ ਲੇਖਾ ਸਰਬ ਮੁਕਾਇੰਦਾ ।

### ★ ੨੫ ਚੇਤ ੨੦੨੦ ਬਿਕਰਮੀ ਲਛਮਣ ਸਿੰਘ ਗੁਰਮੇਜ ਸਿੰਘ ਦੇ ਗ੍ਰਿਹ ਰੁੜਕਾ ਕਲਾਂ ਜ਼ਿਲਾ ਜਲੰਧਰ ★

ਭਗਤ ਭਗਵਾਨ ਦਾ ਸਾਂਝਾ ਬਿਆਨ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਪ੍ਰਹਿਲਾਦ ਵੇਖ ਕਰੇ ਧਿਆਨ, ਨੇਤਰ ਨੈਣ ਖੁਲਾਇੰਦਾ । ਜਿਸ ਹਰਨਾਕਸ਼ ਮਾਰਿਆ ਆਣ, ਨਰ ਸਿੰਘ ਰੂਪ ਵਟਾਇੰਦਾ । ਸੋ ਸਾਹਿਬ ਵਡ ਬਲਵਾਨ, ਆਪਣਾ ਫੇਰਾ ਪਾਇੰਦਾ । ਲੇਖਾ ਜਾਣ ਜ਼ਿਮੀ ਅਸਮਾਨ, ਦੋ ਜਹਾਨ ਖੋਜ ਖੁਜਾਇੰਦਾ । ਕਲਜੁਗ ਅੰਤਮ ਦੇਵੇ ਦਾਨ, ਦਰ ਦਰਵੇਸ਼ ਵੇਖ ਵਖਾਇੰਦਾ । ਧੁਰ ਸੰਦੇਸਾ ਇਕ ਪਰਵਾਨ, ਨਾਮ ਪਰਵਾਨਾ ਹੱਥ ਫੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਸਮਝਾਇੰਦਾ । ਭਗਤ ਭਗਵਾਨ ਹੋਣ ਇਕੱਠੇ, ਘਰ ਸਾਚੇ ਵੱਜੇ ਵਧਾਈਆ । ਇਕ ਦੂਜੇ ਦੀ ਚਰਨੀ ਦੋਵੇਂ ਢੱਠੇ, ਵੱਡਾ ਛੋਟਾ ਕੋਇ ਨਜ਼ਰ ਨਾ ਆਈਆ । ਪ੍ਰੇਮ ਪ੍ਰੀਤੀ ਅੰਦਰ ਦੋਵੇਂ ਰਤੇ, ਰੰਗ ਇਕੋ ਇਕ ਰਖਾਈਆ । ਸਾਹਿਬ ਸਮਰਥ ਦੀ ਸਾਚੀ ਮਤੇ, ਸਿਖਿਆ ਸਚ ਸਚ ਦ੍ਰਿੜਾਈਆ । ਨਾਮ ਖ਼ਜ਼ਾਨਾ ਝੋਲੀ ਘੱਤੇ, ਭਾਂਡੇ ਖ਼ਾਲੀ ਰਿਹਾ ਭਰਾਈਆ । ਨਿੱਕੇ ਨਿੱਕੇ ਵੇਖਣਹਾਰਾ ਬੱਚੇ, ਪਾਰਬ੍ਰਹਮ ਪ੍ਰਭ ਆਪਣੀ ਗੋਦ ਉਠਾਈਆ । ਜਿਉਂ ਭਾਵੇ ਤਿਉਂ ਦੋ ਜਹਾਨ ਰੱਖੇ, ਰੱਖਿਆ ਕਰੇ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਜੀਵਣ ਵਿਚੋਂ ਜੀਵਣ, ਜੀਵਣ ਜੀਵਣ ਝੋਲੀ ਪਾਈਆ । ਜੀਵਣ ਝੋਲੀ ਪਾਏ ਆਪ, ਪ੍ਰਭ ਆਪਣੀ ਦਇਆ ਕਮਾਇੰਦਾ । ਜਗਤ ਦਰਵਾਜ਼ਾ ਭਗਤ ਨਿਵਾਜ਼ਾ ਸਾਚੀ ਥਾਪਣ ਥਾਪ, ਸਿਰ ਆਪਣਾ ਹੱਥ ਟਿਕਾਇੰਦਾ । ਸਾਢੇ ਦਸ ਰੈਣ ਭਿੰਨੜੀ ਬਣੇ ਮਾਈ ਬਾਪ, ਮਈਆ ਪਿਤਾ ਇਕੋ ਨਜ਼ਰੀ ਆਇੰਦਾ । ਜਿਸ ਦਾ ਆਦਿ ਜੁਗਾਦੀ ਸੱਚਾ ਜਾਪ, ਜਪ ਜੀਵ ਆਤਮ ਰਸ ਇਕੋ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਆਪ ਕਰਾਇੰਦਾ । ਭਗਤ ਭਗਵਾਨ ਕਰ ਇਕੱਠ, ਇਕ ਦੂਜੇ ਨੂੰ ਦੇਣ ਵਧਾਈਆ । ਮੈਂ ਤੇਰਾ ਤੂੰ ਮੇਰਾ ਰਲ ਮਿਲ ਗਾਈਏ ਸੱਚਾ ਜਸ, ਵੇਦ ਪੁਰਾਨ ਕੰਮ ਕਿਸੇ ਨਾ ਆਈਆ । ਤੂੰ ਦੂਰ ਦੁਰਾਡਾ ਆਇਉਂ ਨੱਠ, ਅਸੀਂ ਤੇਰਾ ਰਾਹ ਤਕਾਈਆ । ਨਿਰਗੁਣ ਹੋ ਕੇ ਅੰਦਰ ਵਸ, ਸਰਗੁਣ ਪੂਰੀ ਆਸ ਤੇਰੇ ਉਤੇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਭਗਤ ਭਗਵਾਨ ਲਿਖਿਆ ਲੇਖਾ, ਲਿਖਤ ਆਪਣੀ ਆਪ ਜਣਾਇੰਦਾ । ਨਾ ਕੋਈ ਭਰਮ ਨਾ ਭੁਲੇਖਾ, ਭਾਂਡਾ ਭੌ ਆਪ ਭੰਨਾਇੰਦਾ । ਆਪਣੇ ਨੇਤਰ ਨਿਰਗੁਣ ਆਪ ਆ ਕੇ ਵੇਖਾ, ਦੂਜਾ ਵਿਚੋਲਾ ਨਾ ਕੋਇ ਰਖਾਇੰਦਾ । ਸਾਚੇ ਘਰ ਕੋਈ ਨਾ ਦੇਵੇ ਧੋਖਾ, ਕੂੜੀ ਕਿਰਿਆ ਮੇਟ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੁਆਰੇ ਆਪਣਾ ਰਾਹ ਵਖਾਇੰਦਾ । ਨਵੇਂ ਪਿਤਾ ਦਾ ਨਵਾਂ ਪਿਆਰ, ਨਵ ਜੀਵਣ ਦਏ ਜਣਾਈਆ । ਚਿੱਟੇ ਬਸਤਰ ਤਨ ਸ਼ਿੰਗਾਰ, ਸਾਚਾ ਰੰਗ ਵਖਾਈਆ । ਸਾਢੇ ਤਿੰਨ ਹੱਥ ਮੌਲੀ ਤੰਦ ਨਿਰੰਕਾਰ, ਨਿਰਗੁਣ ਮੰਗ ਮੰਗਾਈਆ । ਅਗਲਾ ਲੇਖਾ

ਜਾਨਣਹਾਰ, ਭਗਤਨ ਹੋਏ ਸਹਾਈਆ । ਚਾਲੀ ਦਿਨ ਰਹਿੰਦੇ ਵਿਚ ਸੰਸਾਰ, ਪੰਜ ਤੱਤ ਕਾਇਆ ਨਾਤਾ ਰਹੀ ਤੁੜਾਈਆ । ਬਿਨ ਸਤਿਗੁਰ ਪੂਰੇ ਕੋਈ ਨਾ ਪਾਵੇ ਸਾਰ, ਭਗਤ ਪਿਆਰ ਪ੍ਰੇਮ ਪ੍ਰੀਤੀ ਬੰਧਨ ਪੰਧ ਮੁਕਾਈਆ । ਨਵਾਂ ਪਿਉ ਬਣੇ ਆਪ ਨਿਰੰਕਾਰ, ਜੀਵਦਿਆਂ ਮਾਰ ਮਾਰ ਜੀਵਤ ਫੇਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੇਜ ਸਿੰਘ ਦਾ ਗੁਰੂ ਕਰਤਾਰ, ਸਾਚਾ ਲੇਖਾ ਰਾਤੀਂ ਰੁਤੀ ਦਏ ਸਮਝਾਈਆ ।

★ ੨੫ ਚੇਤ ੨੦੨੦ ਬਿਕਰਮੀ ਆਤਮਾ ਸਿੰਘ ਦੇ ਗ੍ਰਿਹ ਰੁੜਕਾ ਕਲਾਂ ★

ਸਤਿਗੁਰ ਮਿਲਿਆਂ ਉਪਜੇ ਅਨੰਦ, ਜਨਮ ਕਰਮ ਦੁੱਖ ਰਹੇ ਨਾ ਰਾਈਆ । ਗੁਰਮੁਖ ਗੁਰ ਗੁਰ ਚਾੜ੍ਹੇ ਚੰਦ, ਲੋਕਮਾਤ ਜਗਤ ਰੁਸ਼ਨਾਈਆ । ਲੱਖ ਚੁਰਾਸੀ ਤੋੜੇ ਬੰਦੀਖ਼ਾਨਾ, ਬੰਦ, ਜੂਨੀ ਜੂਨ ਨਾ ਕੋਇ ਭੁਆਈਆ । ਲੇਖੇ ਲਾਏ ਰਸਨਾ ਜਿਹਵਾ ਬੱਤੀ ਦੰਦ, ਜੋ ਜਨ ਹਰਿ ਹਰਿ ਨਾਮ ਧਿਆਈਆ । ਅੰਤਰ ਆਤਮ ਪਾਵੇ ਠੰਡ, ਸਵਛ ਸਰੂਪੀ ਜਿਸ ਜਨ ਦਰਸ ਦਿਖਾਈਆ । ਜੁਗ ਜਨਮ ਦੀ ਟੁੱਟੀ ਦੇਵੇ ਗੰਢ, ਗੰਢਣਹਾਰ ਗੋਪਾਲ ਸਵਾਮੀ ਦਇਆ ਕਮਾਈਆ । ਦੂਈ ਦਵੈਤੀ ਕੂੜੀ ਕਿਰਿਆ ਢਾਹੇ ਕੰਧ, ਸਚ ਸੁਚ ਮੰਤਰ ਨਾਮ ਦ੍ਰਿੜਾਈਆ । ਗੀਤ ਸੁਹਾਗੀ ਜਣਾਏ ਛੰਦ, ਆਤਮ ਪਰਮਾਤਮ ਵੱਜੇ ਵਧਾਈਆ । ਦੀਨ ਦਿਆਲ ਸਦਾ ਬਖ਼ਸ਼ੰਦ, ਹਰਿਜਨ ਵੇਖੇ ਥਾਉਂ ਥਾਈਂਆ । ਅੰਮ੍ਰਿਤ ਮੇਘ ਬਰਸ ਪਾਏ ਠੰਡ, ਤ੍ਰੈਗੁਣ ਅਗਨੀ ਤੱਤ ਬੁਝਾਈਆ । ਆਵਣ ਜਾਵਣ ਮਾਤ ਗਰਭ ਮੁਕਾਏ ਪੰਧ, ਜੋਤੀ ਜੋਤ ਜੋਤ ਲਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਸਤਿਗੁਰ ਪੂਰਾ ਹੋਏ ਸਹਾਈਆ । ਸਤਿਗੁਰ ਮਿਲਿਆਂ ਮਿਟੇ ਦੁੱਖ, ਦਰਦ ਰਹਿਣ ਨਾ ਪਾਇੰਦਾ । ਉਜਲ ਹੋਏ ਜਗਤ ਮੁਖ, ਭਗਤ ਭਗਵਾਨ ਸਿਫ਼ਤ ਸਾਲਾਹਿੰਦਾ । ਸਫਲ ਕਰਾਏ ਮਾਤ ਕੁੱਖ, ਜਨ ਜਨਨੀ ਲੇਖੇ ਲਾਇੰਦਾ । ਗ਼ਰੀਬ ਨਿਮਾਣਿਆਂ ਆਪਣੀ ਗੋਦੀ ਲਏ ਚੁੱਕ, ਸਤਿਗੁਰ ਪੂਰਾ ਜੁਗ ਜੁਗ ਸੇਵ ਕਮਾਇੰਦਾ । ਪੰਚ ਵਿਕਾਰ ਵਿਚੋਂ ਕੱਢੇ ਕੁੱਟ, ਕੂੜੀ ਕਿਰਿਆ ਡੇਰਾ ਢਾਹਿੰਦਾ । ਨਾਮ ਭੰਡਾਰਾ ਦਏ ਅਤੁਟ, ਕਾਇਆ ਝੋਲੀ ਆਪ ਭਰਾਇੰਦਾ । ਕਿਰਪਾ ਕਰ ਅਬਿਨਾਸ਼ੀ ਅਚੁਤ, ਚੇਤਨ ਆਪਣਾ ਰਾਹ ਵਖਾਇੰਦਾ । ਸੁਰਤੀ ਸ਼ਬਦੀ ਮੌਲੇ ਰੁੱਤ, ਰੁੱਤ ਰੁਤੜੀ ਆਪ ਮਹਿਕਾਇੰਦਾ । ਗੁਰਮੁਖਾਂ ਗੁਰਸਿਖਾਂ ਹਰਿ ਸਤਿਗੁਰ ਲਏ ਪੁੱਛ, ਜੁਗ ਜੁਗ ਆਪਣਾ ਫੇਰਾ ਪਾਇੰਦਾ । ਕਰਮ ਕਾਂਡ ਪਿਛੇ ਜੋ ਗਏ ਰੁੱਠ, ਤਿਨ੍ਹਾਂ ਕਰ ਕਿਰਪਾ ਮੇਲ ਮਿਲਾਇੰਦਾ । ਅੰਮ੍ਰਿਤ ਆਤਮ ਜਾਮ ਪਿਆਏ ਘੁੱਟ, ਨਿਝਰ ਝਿਰਨਾ ਆਪ ਝਿਰਾਇੰਦਾ । ਦਰਸ ਦਖਾਏ ਦਇਆ ਕਮਾਏ ਕਾਇਆ ਹਰਿਮੰਦਰ ਵਿਚੋਂ ਉਠ, ਜੋਤੀ ਨੂਰ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸਤਿਗੁਰ ਆਪਣੇ ਰੰਗ ਰੰਗਾਇੰਦਾ । ਗੁਰਸਿਖ ਚਾੜ੍ਹੇ ਸਤਿਗੁਰ ਰੰਗ, ਸਤਿ ਸਤਿਵਾਦੀ ਦਇਆ ਕਮਾਈਆ । ਆਤਮ ਸੇਜਾ ਸੁਹਾਏ ਪਲੰਘ, ਪਾਵਾ ਚੂਲ ਨਾ ਕੋਇ ਰਖਾਈਆ । ਅੱਠੇ ਪਹਿਰ ਵਜਾਏ ਮਰਦੰਗ, ਅਨਹਦ ਨਾਦੀ ਨਾਦ ਸੁਣਾਈਆ । ਨੌਂ ਦੁਆਰੇ ਵੇਖੇ ਪਾਰ ਲੰਘ, ਦਸਵੇਂ ਆਪਣਾ ਮੇਲ ਮਿਲਾਈਆ । ਖ਼ੁਸ਼ੀ ਕਰਾਏ ਬੰਦ ਬੰਦ, ਬੰਦੀਖ਼ਾਨਾ ਦਏ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ

ਦੇਵਣਹਾਰਾ ਵਰ, ਦਰ ਘਰ ਸਾਚੇ ਹੋਏ ਸਹਾਈਆ । ਹੋਏ ਸਹਾਈ ਸਦਾ ਆਪ, ਸ੍ਰੀ ਭਗਵਾਨ ਦਇਆ ਕਮਾਇੰਦਾ । ਜਨ ਭਗਤਾਂ ਬਣ ਮਾਈ ਬਾਪ, ਪਿਤਾ ਪੂਤ ਗੋਦ ਉਠਾਇੰਦਾ । ਪਾਰਬ੍ਰਹਮ ਬ੍ਰਹਮ ਦੇਵੇ ਜਾਪ, ਨਿਸ਼ਅੱਖਰ ਵੱਖਰ ਆਪ ਪੜ੍ਹਾਇੰਦਾ । ਮੇਟ ਮਿਟਾਏ ਤੀਨੋਂ ਤਾਪ, ਤ੍ਰੈਗੁਣ ਅਗਨ ਨਾ ਕੋਇ ਤਪਾਇੰਦਾ । ਲੇਖਾ ਜਾਣੇ ਪੰਜ ਤੱਤ ਮਾਟੀ ਖ਼ਾਕ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਖੋਜ ਖੁਜਾਇੰਦਾ । ਉਤਮ ਰੱਖੇ ਗੁਰਮੁਖ ਜ਼ਾਤ, ਊਚ ਨੀਚ ਨਾ ਕੋਇ ਵਡਿਆਇੰਦਾ । ਦੇਵੇ ਦਰਸ ਬਹੁ ਬਿਧ ਭਾਂਤ, ਅਨਕ ਕਲ ਆਪਣੀ ਕਾਰ ਕਮਾਇੰਦਾ । ਕਾਇਆ ਮੰਦਰ ਮੇਟ ਅੰਧੇਰੀ ਰਾਤ, ਨਿਰਗੁਣ ਨੂਰ ਸੱਚਾ ਚੰਦ ਚਮਕਾਇੰਦਾ । ਕਿਰਪਾ ਕਰ ਠਾਕਰ ਸਵਾਮੀ ਹਰਿ ਸਤਿਗੁਰ ਪੁੱਛੇ ਵਾਤ, ਦੀਨ ਦਿਆਲ ਦੀਨਨ ਆਪਣਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖਾਂ ਦੇਵਣਹਾਰ ਨਜਾਤ, ਨਿਜ ਆਤਮ ਨਿਜ ਪਰਮਾਤਮ ਨਿਜ ਘਰ ਨਿਜ ਗ੍ਰਿਹਿ ਨਿਜ ਮੰਦਰ ਆਪਣਾ ਰੰਗ ਵਖਾਇੰਦਾ ।

★ ੨੫ ਚੇਤ ੨੦੨੦ ਬਿਕਰਮੀ ਲਛਮਣ ਸਿੰਘ ਦੇ ਖੂਹ ਉਤੇ ਰੁੜਕਾ ਕਲਾਂ ★

ਲਛਮਣ ਕੁੱਲੀ ਕਹੇ ਮੇਰੇ ਵੇਖੋ ਲੱਛਣ, ਉਚੀ ਕੂਕ ਕੂਕ ਸੁਣਾਈਆ । ਸਾਹਿਬ ਸਤਿਗੁਰ ਮੇਰੀ ਪਤ ਆਇਆ ਰੱਖਣ, ਮਿਹਰ ਨਜ਼ਰ ਉਠਾਈਆ । ਹਰਿ ਸੰਗਤ ਨਾਲ ਮਿਲਾਈ ਵਰੋਲ ਮੱਖਣ, ਛਾਛ ਰੂਪ ਨਾ ਕੋਇ ਵਖਾਈਆ । ਮੇਰੇ ਅੰਗ ਅੰਗ ਲੱਗੇ ਫਰਕਣ, ਮੇਰੀ ਸੁਰਤੀ ਲਏ ਅੰਗੜਾਈਆ । ਜਨਮ ਜਨਮ ਦੀ ਮੇਰੀ ਮਿਟੇ ਧੜਕਣ, ਦੁੱਖ ਦਰਦ ਰਹੇ ਨਾ ਰਾਈਆ । ਗੁਰਮੁਖ ਵੇਖ ਮੇਰੇ ਨੈਣ ਲੱਗੇ ਮਟਕਣ, ਖ਼ੁਸ਼ੀ ਖ਼ੁਸ਼ੀ ਵਿਚੋਂ ਪਰਗਟਾਈਆ । ਮੇਰੇ ਵਿਕਾਰ ਲੱਗੇ ਝਟਕਣ, ਭੱਜਣ ਵਾਹੋ ਦਾਹੀਆ । ਪ੍ਰੇਮ ਪ੍ਰੀਤ ਨਗਾਰੇ ਲੱਗੇ ਖੜਕਣ, ਹਰਿਜਨ ਢੋਲੇ ਸੱਚੇ ਗਾਈਆ । ਗੁਰਸਿਖ ਸਾਚੇ ਲੱਗੇ ਕੜਕਣ, ਬੋਲ ਬੁਲਾਰਾ ਇਕੋ ਇਕ ਜਣਾਈਆ । ਮੇਰੀ ਪਿਛਲੀ ਮਿਟੇ ਮੁੜੱਤਨ, ਬਲ ਆਪਣਾ ਦਏ ਜਣਾਈਆ । ਅਗਲੀ ਪਿਛਲੀ ਮਿਟੀ ਹਰਸਨ, ਹਰਸ ਰਹੀ ਨਾ ਰਾਈਆ । ਅੰਮ੍ਰਿਤ ਮੇਘ ਲੱਗਾ ਬਰਸਨ, ਮਿਹਰ ਨਜ਼ਰ ਉਠਾਈਆ । ਖੋਟੇ ਖਰੇ ਲੱਗਾ ਪਰਖਣ, ਸਚ ਕਸਵਟੀ ਹੱਥ ਉਠਾਈਆ । ਕਾਇਆ ਭਾਂਡੇ ਮਾਟੀ ਪੋਚੇ ਬਰਤਨ, ਨਿਰਗੁਣ ਸਰਗੁਣ ਸਾਫ਼ ਕਰਾਈਆ । ਮੇਰੇ ਵਿਚ ਰਹੇ ਨਾ ਕੋਈ ਅੜਚਨ, ਅੰਧ ਅੰਧੇਰਾ ਦਏ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਲਛਮਣ ਕੁੱਲੀ ਵੇਖ ਵੇਖ ਨੱਚੇ, ਨਾਚ ਆਪਣਾ ਰਹੀ ਵਖਾਈਆ । ਮੈਂ ਗੁਰਮੁਖ ਗੁਰਸਿਖ ਵੇਖੇ ਸੱਚੇ, ਸਚ ਸਚ ਜਿਨ੍ਹਾਂ ਮਿਲੀ ਵਡਿਆਈਆ । ਪਾਰਬ੍ਰਹਮ ਦੇ ਸਾਚੇ ਬੱਚੇ, ਚਲ ਕੇ ਆਏ ਵਾਹੋ ਦਾਹੀਆ । ਮੈਨੂੰ ਕੋਝੀ ਕਮਲੀ ਨੂੰ ਇਹੋ ਲੱਗੇ ਅੱਛੇ, ਅੱਛੀ ਤਰ੍ਹਾਂ ਸਮਝਾਈਆ । ਮੇਰੇ ਲੂੰ ਲੂੰ ਅੰਦਰ ਰਚੇ, ਰਚਨਾ ਆਪਣੀ ਰਹੇ ਵਖਾਈਆ । ਹੁਣ ਨਹੀਂ ਦਿਸਦੇ ਕੱਚੇ, ਗੋਬਿੰਦ ਇਕੋ ਵਾਰ ਪਕਾਈਆ । ਪਿਛੇ ਮੈਨੂੰ ਵੀ ਪੈਂਦੇ ਰਹੇ ਧੱਕੇ, ਹੁਣ ਧੱਕਾ ਨਾ ਕੋਇ ਲਗਾਈਆ । ਹਰਿ ਸੰਗਤ ਮਿਲਿਆ ਮੇਲ ਭੈਣ ਭਾਈ ਸਕੇ, ਸਤਿਗੁਰ ਨਾਤਾ ਆਪ ਜੁੜਾਈਆ । ਕਲਜੁਗ ਜੀਵ ਰਹਿਣ ਹੱਕੇ ਬੱਕੇ, ਹਰਿ ਕਾ ਭੇਵ ਕੋਇ ਨਾ ਪਾਈਆ । ਸ੍ਰੀ ਭਗਵਾਨ ਸ਼ਾਹ ਸੁਲਤਾਨ ਜਿਸ ਵੇਲੇ ਮੇਰੇ ਵਲ ਤੱਕੇ, ਮੇਰੇ ਨੈਣ ਨੈਣ ਸ਼ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰਹਿਮਤ ਇਕੋ ਇਕ

ਕਮਾਈਆ । ਲਛਮਣ ਕੁੱਲੀ ਕਹੇ ਮੈਨੂੰ ਆਵੇ ਹਾਸਾ, ਹੱਸਦਿਆਂ ਚੈਨ ਜ਼ਰਾ ਨਾ ਆਈਆ । ਜਿਸ ਦਾ ਗੁਰ ਅਵਤਾਰ ਪੀਰ ਪੈਗੰਬਰ ਵੇਖਣ ਜਾਣ ਤਮਾਸ਼ਾ, ਸੋ ਤਮਾਸ਼ਾ ਆਪਣਾ ਰਿਹਾ ਵਖਾਈਆ । ਭੁੱਲੀ ਭਟਕੀ ਨੂੰ ਦਰ ਆ ਕੇ ਦਏ ਦਿਲਾਸਾ, ਸਿਰ ਆਪਣਾ ਹੱਥ ਟਿਕਾਈਆ । ਪ੍ਰਭ ਚਰਨ ਚਰਨ ਰੱਖ ਭਰਵਾਸਾ, ਤੇਰਾ ਭਰਮ ਦਏ ਗਵਾਈਆ । ਤੇਰਾ ਖ਼ਾਲੀ ਰਹੇ ਨਾ ਕਾਸਾ, ਵਸਤ ਅਮੋਲਕ ਵਿਚ ਟਿਕਾਈਆ । ਕਰਵਟ ਲੈ ਕੇ ਬਦਲਿਆ ਪਾਸਾ, ਪਾਸਾ ਤੇਰਾ ਦਏ ਉਲਟਾਈਆ । ਜੁਗ ਜੁਗ ਦੀ ਪੂਰੀ ਕਰੇ ਆਸਾ, ਆਸਾ ਆਸਾ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਲਛਮਣ ਕੁੱਲੀ ਅੱਖ ਖੋਲ੍ਹੇ, ਚੋਰੀ ਚੋਰੀ ਨੈਣ ਉਠਾਈਆ । ਕਵਣ ਕੂਟੇ ਮੇਰਾ ਹਰਿ ਜੂ ਬੋਲੇ, ਆਪਣਾ ਰਾਗ ਸੁਣਾਈਆ । ਹਰਿ ਸੰਗਤ ਜਿਸ ਦੇ ਵਸੇ ਕੋਲੇ, ਦੂਰ ਦੁਰਾਡੇ ਆਪਣੇ ਅੰਗ ਰਖਾਈਆ । ਮੈਂ ਵੇਖਿਆ ਉਹ ਸਾਰੇ ਭੋਲੇ ਭਾਲੇ, ਜਿਨ੍ਹਾਂ ਦੀ ਧੰਨਾ ਸੇਵ ਕਮਾਈਆ । ਸਭ ਦੇ ਲੇਖੇ ਲਾਏ ਪੰਜ ਤੱਤ ਕਾਇਆ ਚੋਲੇ, ਜਿਨ੍ਹਾਂ ਆਪਣਾ ਰੰਗ ਰੰਗਾਈਆ । ਮੈਂ ਵੀ ਚੜ੍ਹਨਾ ਓਸੇ ਡੋਲੇ, ਜਿਸ ਡੋਲੇ ਵਿਚ ਮੇਰਾ ਲਛਮਣ ਵਸੇ ਸੱਚਾ ਮਾਹੀਆ । ਮੇਰਾ ਪਰਦਾ ਕੋਈ ਨਾ ਫੋਲੇ, ਮੇਰਾ ਘੁੰਗਟ ਨਾ ਕੋਇ ਉਠਾਇਆ । ਮੈਂ ਸੁਣਦੀ ਰਹੀ ਸਾਧਾਂ ਸੰਤਾਂ ਦੇ ਰੌਲੇ, ਚਾਰੋਂ ਕੁੰਟ ਦੇਣ ਦੁਹਾਈਆ । ਜਿੰਨਾਂ ਚਿਰ ਪ੍ਰਭ ਮੇਰਾ ਮੇਰੇ ਨਾਲ ਨਾ ਬੋਲੇ, ਮੇਰੀ ਸ਼ਾਂਤ ਨਾ ਕੋਇ ਕਰਾਈਆ । ਧੰਨ ਭਾਗ ਮੇਰਾ ਕੁੰਡਾ ਆ ਕੇ ਖੋਲ੍ਹੇ, ਖਿੜਕੀ ਬੰਦ ਰਹਿਣ ਨਾ ਪਾਈਆ । ਪ੍ਰੇਮ ਪਿਆਰ ਦੇ ਦਏ ਝਕੋਲੇ, ਹੁਲਾਰਾ ਆਪਣਾ ਨਾਮ ਲਗਾਈਆ । ਗੁਰਮੁਖ ਗੌਣ ਸੋਹੰ ਢੋਲੇ, ਘਰ ਸਾਚੇ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਦਏ ਚੁਕਾਈਆ । ਲਛਮਣ ਕੁੱਲੀ ਉਚੀ ਚੜ੍ਹ, ਨੇਤਰ ਨੈਣ ਉਠਾਈਆ । ਕਵਣ ਮੇਰਾ ਰਾਗ ਰਿਹਾ ਪੜ੍ਹ, ਪੜ੍ਹ ਪੜ੍ਹ ਜਗਤ ਸੁਣਾਇਆ । ਨੇਤਰ ਵੇਖ ਡਿਗੀ ਦੜ, ਹੋਸ਼ ਰਹੀ ਨਾ ਰਾਇਆ । ਸਾਹਿਬ ਸੁਲਤਾਨ ਸਿਫ਼ਤਾਂ ਰਿਹਾ ਕਰ, ਜਿਸ ਦਾ ਨਾ ਸੀਸ ਨਾ ਧੜ, ਨਾਮ ਢੋਲਾ ਇਕੋ ਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਰਿਹਾ ਚੁਕਾਇਆ । ਲਛਮਣ ਕੁੱਲੀ ਕਹੇ ਮੈਂ ਗੁੰਦਾ ਸੀਸ, ਹਾਰ ਸ਼ਿੰਗਾਰ ਲਗਾਈਆ । ਮੈਨੂੰ ਵੇਖੇ ਮੇਰਾ ਜਗਦੀਸ਼, ਵਲ ਮੇਰੇ ਧਿਆਨ ਲਗਾਈਆ । ਮੈਂ ਆਂਢੀਆਂ ਗਵਾਂਢੀਆਂ ਕਹਾਂ ਮੇਰੀ ਕੋਇ ਨਾ ਕਰੇ ਰੀਸ, ਮੈਨੂੰ ਇਕੋ ਮਿਲਿਆ ਸੱਚਾ ਮਾਹੀਆ । ਜਿਸ ਦੇ ਦੁਆਰੇ ਕੋਈ ਨਾ ਲੱਗੇ ਫ਼ੀਸ, ਫ਼ੈਸਲਾ ਇਕੋ ਵਾਰ ਸੁਣਾਈਆ । ਕਰ ਕਿਰਪਾ ਦੇਵੇ ਨਾਮ ਹਦੀਸ, ਸਾਹਿਬ ਹੋਰ ਰਹੇ ਨਾ ਰਾਈਆ । ਮਿਹਰਵਾਨ ਹੋ ਕੇ ਦੇਵੇ ਅਸੀਸ, ਅਸਲੀਅਤ ਆਪਣੀ ਦਏ ਸਮਝਾਈਆ । ਕਿਰਪਾ ਕਰ ਜਿਸ ਦੁਆਰ ਚਰਨ ਟਿਕਾਏ ਵਿਚ ਸੰਮਤ ਬੀਸ, ਲੋਕਮਾਤ ਵਿਚੋਂ ਬਿਸਤਰੇ ਚੁੱਕ ਕੇ ਸਚਖੰਡ ਦਏ ਲਗਾਈਆ । ਮੈਨੂੰ ਏਹੋ ਵਸਤ ਚਾਹੀਦੀ ਠੀਕ, ਦੂਜੀ ਲੋੜ ਰਹੇ ਨਾ ਰਾਈਆ । ਨਿਤ ਨਵਿਤ ਰਾਹ ਤੱਕ ਕੇ ਰਹੀ ਉਡੀਕ, ਆਪਣੀ ਅੱਖ ਖੁਲ੍ਹਾਈਆ । ਸੋ ਵੇਲਾ ਆਇਆ ਪ੍ਰਭ ਭੁਗਤਣ ਆਇਆ ਤਰੀਕ, ਗਵਾਹ ਗੁਰ ਚੇਲੇ ਨਾਲ ਮਿਲਾਈਆ । ਜਿਸ ਦਾ ਦਿਸੇ ਨਾ ਕੋਇ ਸ਼ਰੀਕ, ਮੇਰੀ ਸ਼ਰਕਤ ਦਏ ਗਵਾਈਆ । ਮੈਂ ਕੋਝੀ ਕਮਲੀ ਕੀ ਕਰਾਂ ਤਾਅਰੀਫ਼, ਜਿਸ ਤੁਆਰਫ਼ ਆਪਣਾ ਦਿਤਾ ਕਰਾਈਆ । ਇਕੋ ਮੰਗ ਮੇਰੀ ਲੱਗੀ ਨਿਭ ਜਾਏ ਪ੍ਰੀਤ, ਪ੍ਰੀਤੀਵਾਨ ਤੇਰੇ ਹੱਥ ਵਡਿਆਈਆ । ਮੇਰੇ ਵਿਚ ਇਕੋ ਨਿੱਕੀ ਜਿਹੀ ਝੀਤ, ਜਿਸ ਵਿਚੋਂ ਹਰਿ ਜੂ ਨਜ਼ਰੀ ਆਈਆ । ਦੇ ਦਰਸ ਕਰੇ ਠੰਡੀ ਸੀਤ, ਸੀਤਲ ਧਾਰ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਮੇਰੇ ਸੁੱਤੇ ਭਾਗ ਜਗਾਈਆ । ਨੀਂ ਸਈਓ ਮੇਰੇ ਜਾਗੇ ਭਾਗ, ਵਡਭਾਗੀ ਘਰ ਆਇਆ । ਮੇਰੇ ਅੰਧੇਰੇ ਜਗਾਏ ਚਿਰਾਗ, ਤੇਲ ਬਾਤੀ ਨਾ ਕੋਇ ਰਖਾਇਆ । ਮੇਰੇ ਪਾਪਣ ਦੇ ਧੋਵੇ ਦਾਗ਼, ਦੁਰਮਤ ਮੈਲ ਰਹੇ ਨਾ ਰਾਇਆ । ਘਰ ਮੇਲੇ ਕੰਤ ਸੁਹਾਗ, ਖ਼ੁਸ਼ੀ ਇਕੋ ਵਾਰ ਜਣਾਇਆ । ਦਿਵਸ ਰੈਣ ਰਹੇ ਵੈਰਾਗ, ਮੇਰੀ ਚਲੇ ਨਾ ਕੋਇ ਚਤੁਰਾਇਆ । ਜਿਸ ਵੇਲੇ ਮੇਰੀ ਖੁਲ੍ਹੇ ਜਾਗ, ਚਾਰੋਂ ਕੁੰਟ ਹਰਿ ਜੂ ਨਜ਼ਰੀ ਆਇਆ । ਮੈਂ ਵੇਖ ਖ਼ੁਸ਼ੀ ਹੋਈ ਆਜ, ਅਚਨਚੇਤ ਆਪਣਾ ਖੇਲ ਖਲਾਇਆ । ਜਿਸ ਦੀ ਹਰਿ ਸੰਗਤ ਬਣੀ ਸਮਾਜ, ਸੋਹਣਾ ਰੰਗ ਵਖਾਇਆ । ਫੜ ਕੇ ਬਦੋ ਬਦੀ ਮੇਰਾ ਪਰਦਾ ਦਿਤਾ ਉਠਾਲ, ਪ੍ਰਭ ਆਪਣਾ ਸਗਨ ਮਨਾਇਆ । ਮੈਨੂੰ ਸੁੱਤੀ ਨੂੰ ਮਾਰ ਆਵਾਜ਼, ਬੌਹੜੀ ਆਪਣਾ ਹੁਕਮ ਸੁਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਲਛਮਣ ਕੁੱਲੀ ਵੇਖ ਅਨਮੁਲੀ, ਕੀਮਤ ਆਪੇ ਰਿਹਾ ਚੁਕਾਇਆ । ਇਹ ਕੁੱਲੀ ਕਹੇ ਓ ਮਹੀਂਵਾਲ, ਸੋਹਣੀ ਤੇਰਾ ਧਿਆਨ ਲਗਾਈਆ । ਨੈਂ ਦੀ ਝੱਲੇ ਨਾ ਕੋਈ ਝਾਲ, ਧਾਰ ਵਹਿਣ ਰਿਹਾ ਵਹਾਈਆ । ਇਕ ਆਰ ਇਕ ਪਾਰ ਦੋਹਾਂ ਨਾ ਮਿਲੇ ਕੋਇ ਸਹਾਰ, ਰੋਵਣ ਮਾਰਨ ਧਾਹੀਂਆ । ਯਾਰ ਨਾਲੋਂ ਵਿਛੜਿਆ ਯਾਰ, ਯਾਰੀ ਯਾਰ ਤੋੜ ਨਾ ਕੋਇ ਨਿਭਾਈਆ । ਕੱਚਾ ਘੜਾ ਸੰਗ ਨਾ ਚਲਿਆ ਘੁਮਿਆਰ, ਘੁੰਮਣ ਘੇਰਾ ਪਾਈਆ । ਓਸ ਵੇਲੇ ਸੋਹਣੀ ਕਰੀ ਪੁਕਾਰ, ਬਿਨ ਖ਼ੁਦਾਵੰਦ ਬੇੜਾ ਪਾਰ ਨਾ ਕੋਇ ਕਰਾਈਆ । ਕੱਖਾਂ ਕੁੱਲੀ ਦੇ ਗਈ ਹਾਰ, ਜਿਸ ਦਾ ਨਿਤ ਨਿਤ ਧਿਆਨ ਰਖਾਈਆ । ਓ ਸਾਹਿਬ ਪਰਵਰਦਿਗਾਰ, ਤੇਰੇ ਹੱਥ ਵਡਿਆਈਆ । ਫੇਰ ਮੇਲੀਂ ਵਿਚ ਸੰਸਾਰ, ਏਹ ਸਰ ਬੂਟੇ ਕਮਾਦ ਕਾਨੇ ਰੂਪ ਵਟਾਈਆ । ਇਹ ਹਲਟ ਚਲੇ ਸੰਸਾਰ, ਜਲ ਧਾਰਾ ਰੂਪ ਵਟਾਈਆ । ਇਹ ਜਿਨ੍ਹਾਂ ਦਾ ਸੱਚਾ ਪਿਆਰ, ਸਾਹਿਬ ਸਤਿਗੁਰ ਦਏ ਵਡਿਆਈਆ । ਖੇਲ ਕਰੇ ਆਪ ਨਿਰੰਕਾਰ, ਝੁੱਗੀ ਤੇਰਾ ਲਹਿਣਾ ਦਏ ਉਤਾਰ, ਹਰਿ ਕਾ ਪ੍ਰੇਮ ਸੋਹਣੀ ਧਾਰ, ਮਹੀਂਵਾਲ ਲਛਮਣ ਨਜ਼ਰੀ ਆਈਆ ।

ਸੋ ਪੁਰਖ ਨਿਰੰਜਣ ਸਰਬ ਗੁਣਵੰਤ, ਸ਼ਾਹ ਪਾਤਸ਼ਾਹ ਵੱਡੀ ਵਡਿਆਈਆ । ਹਰਿ ਪੁਰਖ ਨਿਰੰਜਣ ਮਹਿਮਾ ਅਗਣਤ, ਸ਼ਾਹੋ ਭੂਪ ਇਕ ਅਖਵਾਈਆ । ਏਕੰਕਾਰਾ ਖੇਲ ਬੇਅੰਤ, ਵਡ ਦਾਤਾ ਇਕ ਰਘੁਰਾਈਆ । ਆਦਿ ਨਿਰੰਜਣ ਨੂਰ ਮਹੰਤ, ਜੋਤੀ ਜੋਤ ਜੋਤ ਰੁਸ਼ਨਾਈਆ । ਸ੍ਰੀ ਭਗਵਾਨ ਸਾਚਾ ਕੰਤ, ਜੁਗ ਚੌਕੜੀ ਖੇਲ ਕਰਾਈਆ । ਅਬਿਨਾਸ਼ੀ ਕਰਤਾ ਸਾਚਾ ਧਾਮ ਸੁਹੰਤ, ਸਚਖੰਡ ਸਾਚੇ ਡੇਰਾ ਲਾਈਆ । ਪਾਰਬ੍ਰਹਮ ਏਕਾ ਨਾਉਂ ਜਣਾਏ ਸਾਚਾ ਮੰਤ, ਮੰਤਰ ਇਕੋ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਮ ਦਏ ਪਰਗਟਾਈਆ । ਹਰਿ ਕਾ ਨਾਉਂ ਸੱਚਾ ਨਿਰੰਕਾਰ, ਆਦਿ ਜੁਗਾਦਿ ਆਪ ਚਲਾਇੰਦਾ । ਹਰਿ ਕਾ ਨਾਉਂ ਆਤਮ ਆਧਾਰ, ਜੋਤੀ ਜਾਤਾ ਆਪ ਪਰਗਟਾਇੰਦਾ । ਹਰਿ ਕਾ ਨਾਮ ਖੇਲ ਕਰਤਾਰ, ਕਰਨੀ ਕਰਤਾ ਆਪ ਕਮਾਇੰਦਾ । ਹਰਿ ਕਾ ਨਾਮ ਵਸੇ ਸਚ ਦੁਆਰ, ਥਿਰ ਘਰ ਸਾਚੇ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਆਪ ਸਮਝਾਇੰਦਾ । ਹਰਿ ਕਾ ਨਾਮ ਸਾਚਾ ਮੀਤ, ਮਿੱਤਰ ਪਿਆਰਾ ਇਕ ਅਖਵਾਇੰਦਾ । ਹਰਿ ਕਾ ਨਾਮ ਧੁਰ ਸੰਦੇਸਾ ਗੀਤ, ਸਤਿ ਸਤਿਵਾਦੀ ਆਪ ਸੁਣਾਇੰਦਾ । ਹਰਿ ਕਾ ਨਾਮ ਰਹੇ ਸਦਾ ਅਤੀਤ, ਤ੍ਰੈਗੁਣ ਵਿਚ ਕਦੇ ਨਾ ਆਇੰਦਾ ।

ਹਰਿ ਕਾ ਨਾਮ ਜੁਗ ਚੌਕੜੀ ਲਏ ਚੀਤ, ਜਗ ਜੀਵਣ ਦਾਤਾ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦ ਆਪ ਖੁਲ੍ਹਾਇੰਦਾ । ਹਰਿ ਕਾ ਨਾਉਂ ਸਦਾ ਅਗੰਮ ਨੇਤਰ, ਨਜ਼ਰ ਕਿਸੇ ਨਾ ਆਈਆ । ਹਰਿ ਕਾ ਨਾਉਂ ਨਿਰਗੁਣ ਧਾਰੋਂ ਪਏ ਜੰਮ, ਮਾਤ ਪਿਤ ਨਾ ਕੋਇ ਬਣਾਈਆ । ਹਰਿ ਕਾ ਨਾਉਂ ਸਦਾ ਸਦਾ ਸਦ ਜਾਣੇ ਆਪਣਾ ਕੰਮ, ਨਿਹਕਰਮੀ ਆਪਣੀ ਕਾਰ ਕਮਾਈਆ । ਹਰਿ ਕਾ ਨਾਉਂ ਲੱਖ ਚੁਰਾਸੀ ਜੀਵ ਜੰਤ ਬੇੜਾ ਦੇਵੇ ਬੰਨ੍ਹ, ਜਗ ਸਾਗਰ ਆਪ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਮ ਦਏ ਵਡਿਆਈਆ । ਹਰਿ ਕਾ ਨਾਉਂ ਸਾਚਾ ਰਸ, ਸੋ ਪੁਰਖ ਨਿਰੰਜਣ ਆਪ ਪਰਗਟਾਇੰਦਾ । ਹਰਿ ਕਾ ਨਾਉਂ ਮਾਰਗ ਦੱਸ, ਹਰਿ ਪੁਰਖ ਨਿਰੰਜਣ ਰਾਹ ਚਲਾਇੰਦਾ । ਹਰਿ ਕਾ ਨਾਉਂ ਹਰ ਘਟ ਵਸ, ਏਕੰਕਾਰਾ ਗੰਢ ਪੁਆਇੰਦਾ । ਹਰਿ ਕਾ ਨਾਉਂ ਜੋਤ ਪਰਕਾਸ਼, ਨੂਰ ਨੁਰਾਨਾ ਨਜ਼ਰੀ ਆਇੰਦਾ । ਹਰਿ ਕਾ ਨਾਉਂ ਸ਼ਾਹੋ ਸ਼ਾਬਾਸ਼, ਸ਼ਾਹ ਪਾਤਸ਼ਾਹ ਵੇਸ ਵਟਾਇੰਦਾ । ਹਰਿ ਕਾ ਨਾਉਂ ਦਾਸੀ ਦਾਸ, ਸੇਵਕ ਸੇਵਾ ਇਕ ਕਮਾਇੰਦਾ । ਹਰਿ ਕਾ ਨਾਉਂ ਮੰਡਲ ਮੰਡਪ ਪਾਵੇ ਰਾਸ, ਗੋਪੀ ਕਾਹਨ ਨਾਚ ਨਚਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਆਪ ਪਰਗਟਾਇੰਦਾ । ਹਰਿ ਕਾ ਨਾਉਂ ਵਿਸ਼ਨੂੰ ਰੰਗ, ਵਿਸ਼ਵ ਆਪ ਚੜ੍ਹਾਇੰਦਾ । ਹਰਿ ਕਾ ਨਾਉਂ ਬ੍ਰਹਮਾ ਮੰਗ, ਪਾਰਬ੍ਰਹਮ ਪ੍ਰਭ ਝੋਲੀ ਆਪ ਭਰਾਇੰਦਾ । ਹਰਿ ਕਾ ਨਾਉਂ ਸ਼ੰਕਰ ਮਰਦੰਗ, ਸਤਿ ਤਰਸੂਲ ਇਕ ਚਮਕਾਇੰਦਾ । ਹਰਿ ਕਾ ਨਾਉਂ ਸੱਚਾ ਅਨੰਦ, ਅਨੰਦ ਅਨੰਦ ਵਿਚ ਜਣਾਇੰਦਾ । ਹਰਿ ਕਾ ਨਾਉਂ ਦੇਵਣਹਾਰ ਸੂਰਾ ਸਰਬੰਗ, ਸ੍ਰੀ ਭਗਵਾਨ ਆਪ ਵਰਤਾਇੰਦਾ । ਹਰਿ ਕਾ ਨਾਉਂ ਜੁਗ ਚੌਕੜੀ ਦੇਵਣਹਾਰਾ ਦੰਡ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਆਪ ਸਮਝਾਇੰਦਾ । ਸਾਚਾ ਨਾਮ ਸਾਚਾ ਖੇਲ, ਸੋ ਕਰਤਾ ਆਪ ਜਣਾਈਆ । ਸਾਚਾ ਨਾਮ ਮੇਲੇ ਮੇਲ, ਵਿਛੋੜਾ ਕੋਇ ਰਹਿਣ ਨਾ ਪਾਈਆ । ਸਾਚਾ ਨਾਮ ਸਾਚਾ ਚਾੜ੍ਹੇ ਤੇਲ, ਘਰ ਸਾਚੇ ਸਗਨ ਮਨਾਈਆ । ਸਾਚਾ ਨਾਮ ਪੁਰਖ ਅਕਾਲ ਮੇਲੇ ਸੱਜਣ ਸੁਹੇਲ, ਸ੍ਰੀ ਭਗਵਾਨ ਗੰਢ ਪੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਇਕ ਦਰਸਾਈਆ । ਸਾਚਾ ਨਾਮ ਨਾਮ ਸਤਿ, ਸਤਿ ਸਤਿਵਾਦੀ ਆਪ ਜਣਾਇੰਦਾ । ਸਾਚਾ ਨਾਮ ਬ੍ਰਹਮ ਮਤ, ਬ੍ਰਹਮ ਵਿਦਿਆ ਆਪ ਪੜ੍ਹਾਇੰਦਾ । ਸਾਚਾ ਨਾਮ ਨਿਰਗੁਣ ਤੱਤ, ਸਰਗੁਣ ਆਪਣਾ ਖੇਲ ਵਖਾਇੰਦਾ । ਸਾਚਾ ਨਾਮ ਨਿਝਰ ਰਸ, ਘਰ ਝਿਰਨਾ ਇਕ ਝਿਰਾਇੰਦਾ । ਸਾਚਾ ਨਾਮ ਹਿਰਦੇ ਵਸ, ਹਰਿ ਮੰਦਰ ਇਕ ਵਖਾਇੰਦਾ । ਸਾਚਾ ਨਾਮ ਲੇਖਾ ਚੁਕਾਏ ਤੱਤ ਅੱਠ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਇਕ ਰਖਾਇੰਦਾ । ਸਾਚਾ ਨਾਮ ਏਕੋ ਏਕ, ਆਦਿ ਜੁਗਾਦਿ ਵੱਡੀ ਵਡਿਆਈਆ । ਸਾਚਾ ਨਾਮ ਸਾਚੀ ਟੇਕ, ਵਿਸ਼ਨ ਬ੍ਰਹਮਾ ਸ਼ਿਵ ਧਿਆਨ ਲਗਾਈਆ । ਸਾਚਾ ਨਾਮ ਕਰੇ ਸਾਚਾ ਹੇਤ, ਆਤਮ ਪਰਮਾਤਮ ਮੇਲ ਮਿਲਾਈਆ । ਸਾਚਾ ਨਾਮ ਰੁੱਤ ਬਸੰਤੀ ਕਰੇ ਚੇਤ, ਫੁੱਲ ਫਲਵਾੜੀ ਆਪ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਇਕ ਜਣਾਈਆ । ਸਾਚਾ ਨਾਮ ਏਕੰਕਾਰ, ਅਕਲ ਕਲਧਾਰੀ ਆਪ ਜਣਾਇੰਦਾ । ਸ਼ਬਦ ਅਗੰਮ ਕਰ ਤਿਆਰ, ਹਰਿ ਸਾਚੀ ਸੇਵਾ ਲਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਰਚ ਅਖਾੜ, ਨਿਰਗੁਣ ਸਾਚਾ ਨਾਚ ਨਚਾਇੰਦਾ । ਕਰਨਹਾਰਾ ਸਤਿ ਪਿਆਰ, ਪ੍ਰੇਮ ਪ੍ਰੀਤੀ ਇਕ ਦਰਸਾਇੰਦਾ । ਹੁਕਮੇ ਅੰਦਰ

ਹੁਕਮੀ ਕਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਦਰਸਾਇੰਦਾ । ਸਾਚੀ ਖੇਲ ਕਰੇ ਭਗਵਾਨ, ਭਗਵਨ ਹੱਥ ਵੱਡੀ ਵਡਿਆਈਆ । ਸ਼ਬਦ ਸੁਤ ਸੁਤ ਬਲਵਾਨ, ਸੂਰਬੀਰ ਇਕ ਉਠਾਈਆ । ਲੇਖਾ ਜਾਣ ਦੋ ਜਹਾਨ, ਦੋਏ ਦੋਏ ਧਾਰਾਂ ਵੰਡ ਵਖਾਈਆ । ਨਿਰਗੁਣ ਸਰਗੁਣ ਕਰ ਪਰਵਾਨ, ਸਚ ਪਰਵਾਨਾ ਨਾਮ ਜਣਾਈਆ । ਦੇਵਣਹਾਰਾ ਸਾਚਾ ਦਾਨ, ਸਾਚੀ ਵਸਤ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਇਕ ਦਰਸਾਈਆ । ਸਾਚਾ ਨਾਮ ਸੋਹੰ ਸੋ, ਸੋ ਪੁਰਖ ਨਿਰੰਜਣ ਆਪ ਪਰਗਟਾਇੰਦਾ । ਸਾਚਾ ਨਾਮ ਸਦਾ ਨਿਰਮੋਹ, ਮੁਹੱਬਤ ਇਕੋ ਘਰ ਵਖਾਇੰਦਾ । ਸਾਚਾ ਨਾਮ ਕਰੇ ਪਰਕਾਸ਼ ਲੋ, ਅੰਧ ਅੰਧੇਰ ਚੁਕਾਇੰਦਾ । ਸਾਚਾ ਨਾਮ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਜਣਾਇੰਦਾ । ਸਾਚਾ ਨਾਮ ਭਗਤਨ ਰੰਗ, ਰੰਗ ਰੰਗੀਲਾ ਆਪ ਚੜ੍ਹਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਮੰਗਦੇ ਗਏ ਮੰਗ, ਬਣ ਭਿਖਾਰੀ ਝੋਲੀ ਸਰਬ ਡਾਹਿੰਦਾ । ਦੇਵਣਹਾਰਾ ਏਕੰਕਾਰ ਸੂਰਾ ਸਰਬੰਗ, ਜੁਗ ਚੌਕੜੀ ਵੇਖ ਵਖਾਇੰਦਾ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਆਪੇ ਲੰਘ, ਜ਼ਿਮੀ ਅਸਮਾਨਾਂ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਜਣਾਇੰਦਾ । ਸਾਚਾ ਭੇਵ ਖੋਲ੍ਹੇ ਕਰਤਾਰ, ਹਰਿ ਕਰਤਾ ਵਡ ਵਡਿਆਈਆ । ਲੇਖਾ ਲੇਖ ਲਿਖ ਜੁਗ ਚਾਰ, ਜੁਗ ਚੌਕੜੀ ਬੰਧਨ ਪਾਈਆ । ਉਚੀ ਕੂਕਨ ਵੇਦ ਚਾਰ, ਸ਼ਾਸਤਰ ਸਿਮਰਤ ਦੇਣ ਗਵਾਹੀਆ । ਗੀਤਾ ਗਿਆਨ ਕਰੇ ਪੁਕਾਰ, ਅੱਠ ਦਸ ਰਿਹਾ ਸਮਝਾਈਆ । ਪੁਰਾਨ ਅਠਾਰਾਂ ਖੋਲ੍ਹ ਕਿਵਾੜ, ਬ੍ਰਹਮ ਪਾਰਬ੍ਰਹਮ ਜਣਾਈਆ । ਅੰਜੀਲ ਕੁਰਾਨ ਹਾਹਾਕਾਰ, ਨਾਅਰਾ ਇਕੋ ਇਕ ਸੁਣਾਈਆ । ਖਾਣੀ ਬਾਣੀ ਕਰੇ ਖ਼ਬਰਦਾਰ, ਧੁਰ ਸੰਦੇਸਾ ਇਕ ਅਲਾਈਆ । ਗੁਰ ਅਵਤਾਰ ਕਰ ਕਰ ਪਿਆਰ, ਸਾਚੀ ਸਿਖਿਆ ਗਏ ਸਮਝਾਈਆ । ਪੀਰ ਪੈਗ਼ੰਬਰ ਬਣ ਯਾਰ, ਮਿੱਤਰ ਪਿਆਰੇ ਜਗਤ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਇਕੋ ਇਕ ਵਖਾਈਆ । ਸਾਚਾ ਨਾਮ ਸਾਹਿਬ ਦਾ ਮੀਤਾ, ਆਦਿ ਜੁਗਾਦਿ ਸੰਗ ਨਿਭਾਇੰਦਾ । ਸਾਚਾ ਨਾਮ ਸਦਾ ਅਨਡੀਠਾ, ਜਗਤ ਨੇਤਰ ਨਜ਼ਰ ਕਿਸੇ ਨਾ ਆਇੰਦਾ । ਸਾਚਾ ਨਾਮ ਸਦਾ ਅਤੀਤਾ, ਤ੍ਰੈਗੁਣ ਪਰਦਾ ਕੋਇ ਨਾ ਪਾਇੰਦਾ । ਸਾਚਾ ਨਾਮ ਠਾਂਡਾ ਸੀਤਾ, ਸਤਿਗੁਰ ਸਾਚੀ ਧਾਰ ਵਹਾਇੰਦਾ । ਸਾਚਾ ਨਾਮ ਜੁਗ ਚੌਕੜੀ ਚਲਾਏ ਰੀਤਾ, ਰੀਤੀਵਾਨ ਇਕ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਇਕੋ ਇਕ ਵਖਾਇੰਦਾ । ਸਾਚਾ ਨਾਮ ਪੁਰਖ ਅਕਾਲ ਹੱਥ, ਸ੍ਰੀ ਭਗਵਾਨ ਆਪਣੀ ਵੰਡ ਵੰਡਾਈਆ । ਜੁਗ ਚੌਕੜੀ ਚਲਾ ਰਥ, ਨਿਰਗੁਣ ਸਰਗੁਣ ਗੁਰ ਅਵਤਾਰ ਸੇਵ ਕਮਾਈਆ । ਸਤਿ ਸਤਿਵਾਦੀ ਦੇ ਵੱਥ, ਨਰ ਨਿਰੰਕਾਰ ਝੋਲੀ ਦਏ ਭਰਾਈਆ । ਆਤਮ ਪਰਮਾਤਮ ਢੋਲਾ ਜਸ, ਸਿਫ਼ਤੀ ਸਿਫ਼ਤ ਸਿਫ਼ਤ ਸਾਲਾਹੀਆ । ਨਿਰਮਲ ਨੂਰ ਜੋਤ ਕਰ ਪਰਕਾਸ਼, ਜੋਤੀ ਜੋਤ ਡਗਮਗਾਈਆ । ਮੰਡਲ ਮੰਡਪ ਸਾਚੀ ਰਾਸ, ਗੋਪੀ ਕਾਹਨ ਨਾਚ ਨਚਾਈਆ । ਸਦਾ ਸਦਾ ਸਦ ਖੇਲ ਤਮਾਸ਼, ਖ਼ਾਲਕ ਖ਼ਲਕ ਰਿਹਾ ਕਰਾਈਆ । ਭਗਤ ਭਗਵਾਨ ਪੂਰੀ ਕਰੇ ਆਸ, ਨਾਮ ਨਿਸ਼ਾਨਾ ਇਕ ਵਖਾਈਆ । ਲੇਖਾ ਜਾਣ ਪ੍ਰਿਥਮੀ ਆਕਾਸ਼, ਗਗਨ ਮੰਡਲ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਮ ਮੰਗਣ ਦੀ ਸਾਚੀ ਰੀਤੀ, ਆਦਿ ਆਦਿ ਜਣਾਈਆ । ਪ੍ਰਭ ਦਾ ਨਾਮ ਆਦਿ ਮੰਗਦੇ, ਵਿਸ਼ਨ ਬ੍ਰਹਮਾ ਸ਼ਿਵ ਝੋਲੀ ਡਾਹੀਆ । ਹਰਿ ਕਾ ਨਾਮ ਗੁਰ ਅਵਤਾਰ ਪੀਰ

੨੬੩
੧੪

ਪੈਗ਼ੰਬਰ ਵੰਡਦੇ, ਜੀਵਾਂ ਜੰਤਾਂ ਦੇ ਵਡਿਆਈਆ । ਹਰਿ ਕਾ ਨਾਮ ਖੇਲ ਖੇਲੇ ਸੂਰੇ ਸਰਬੰਗ, ਦੇ ਸ਼ਾਹ ਪਾਤਸ਼ਾਹ ਭੇਵ ਅਭੇਦ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਮ ਵਡ ਵਡਿਆਈਆ । ਹਰਿ ਕਾ ਨਾਮ ਸਦਾ ਸੁਹੇਲਾ, ਆਦਿ ਜੁਗਾਦਿ ਅਖਵਾਇੰਦਾ । ਹਰਿ ਕਾ ਨਾਮ ਭਗਤਨ ਮੇਲਾ, ਭਗਤੀ ਆਪਣਾ ਰਾਹ ਵਖਾਇੰਦਾ । ਹਰਿ ਕਾ ਨਾਮ ਗੁਰੂ ਗੁਰ ਚੇਲਾ, ਗੁਰ ਸਤਿਗੁਰ ਆਪ ਸਮਝਾਇੰਦਾ । ਹਰਿ ਕਾ ਨਾਮ ਵਸੇ ਸਦਾ ਨਵੇਲਾ, ਜਗਤ ਨੇਤਰ ਨਜ਼ਰ ਕਿਸੇ ਨਾ ਆਇੰਦਾ । ਕੱਟਣਹਾਰਾ ਧਰਮ ਰਾਏ ਦੀ ਜੇਲਾ, ਲੱਖ ਚੁਰਾਸੀ ਪੰਧ ਮੁਕਾਇੰਦਾ । ਹਰਿ ਕਾ ਨਾਮ ਹੋਏ ਸਹਾਈ ਜੰਗਲ ਜੂਹ ਉਜਾੜ ਪਹਾੜ ਡੂੰਘੀ ਕੰਦਰ ਬੇਲਾ, ਸਮੁੰਦ ਸਾਗਰ ਵੇਖ ਵਖਾਇੰਦਾ । ਹਰਿ ਕਾ ਨਾਮ ਜਪਣ ਦਾ ਅੰਤਮ ਵੇਲਾ, ਲੱਖ ਚੁਰਾਸੀ ਜੀਵ ਜੰਤ ਸੋ ਪੁਰਖ ਨਿਰੰਜਣ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਮ ਇਕੋ ਇਕ ਵਖਾਇੰਦਾ । ਹਰਿ ਕਾ ਨਾਮ ਜਪਣ ਪੀਰ ਫ਼ਕੀਰ, ਨਿਜ ਨੇਤਰ ਧਿਆਨ ਲਗਾਈਆ । ਹਰਿ ਕਾ ਨਾਮ ਜਪਣ ਦਸਤਗੀਰ, ਸਦਾ ਸਦਾ ਸੰਗ ਰਖਾਈਆ । ਹਰਿ ਕਾ ਨਾਮ ਜਪਣ ਗੁਣੀ ਗਹੀਰ, ਗਹਿਰ ਗੰਭੀਰ ਦਏ ਵਡਿਆਈਆ । ਹਰਿ ਕਾ ਨਾਮ ਨਿਰਾਲਾ ਤੀਰ, ਅਣਯਾਲਾ ਇਕ ਵਖਾਈਆ । ਹਰਿ ਕਾ ਨਾਮ ਬਜ਼ਰ ਕਪਾਟੀ ਦੇਵੇ ਚੀਰ, ਕੂੜੀ ਕਿਰਿਆ ਮੇਟ ਮਿਟਾਈਆ । ਹਰਿ ਕਾ ਨਾਮ ਚੋਟੀ ਚਾੜ੍ਹੇ ਫੜ ਅਖ਼ੀਰ, ਹਉਮੇ ਹੰਗਤਾ ਦਏ ਗਵਾਈਆ । ਹਰਿ ਕਾ ਨਾਮ ਠਾਂਡਾ ਕਰੇ ਸਰੀਰ, ਅਗਨੀ ਤੱਤ ਨਾ ਲਾਗੇ ਰਾਈਆ । ਹਰਿ ਕਾ ਨਾਮ ਸ਼ਰਅ ਕੱਟੇ ਜ਼ੰਜੀਰ, ਸ਼ਰੀਅਤ ਕਰੇ ਨਾ ਕੋਇ ਲੜਾਈਆ । ਹਰਿ ਕਾ ਨਾਮ ਬਦਲੇ ਸਰਬ ਤਕਦੀਰ, ਜੋ ਬੈਠੇ ਨਾਮ ਧਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਹਰਿ ਕਾ ਨਾਮ ਸਾਚਾ ਸੰਗ, ਸਦਾ ਸਦਾ ਸਦ ਅਖਵਾਇੰਦਾ । ਹਰਿ ਕਾ ਨਾਮ ਅਗੰਮੀ ਮਰਦੰਗ, ਕਾਇਆ ਮੰਦਰ ਸਤਿਗੁਰ ਆਪ ਵਜਾਇੰਦਾ । ਹਰਿ ਕਾ ਨਾਮ ਸੂਰਾ ਸਰਬੰਗ, ਭੈ ਭੌ ਨਾ ਕੋਇ ਰਖਾਇੰਦਾ । ਹਰਿ ਕਾ ਨਾਮ ਏਕੰਕਾਰ ਇਕੋ ਦੇਵੇ ਸਚ ਅਨੰਦ, ਅਨੰਦ ਆਤਮ ਆਪ ਜਣਾਇੰਦਾ । ਹਰਿ ਕਾ ਨਾਮ ਮੇਟੇ ਅਗਲਾ ਪਿਛਲਾ ਪੰਧ, ਸਾਚੇ ਮਾਰਗ ਫੜ ਫੜ ਲਾਇੰਦਾ । ਹਰਿ ਕਾ ਨਾਮ ਜਨਮ ਕਰਮ ਦੀ ਟੁੱਟੀ ਦੇਵੇ ਗੰਢ, ਸਰਗੁਣ ਨਿਰਗੁਣ ਪੁਰਖ ਅਕਾਲ ਗੰਢ ਪੁਆਇੰਦਾ । ਹਰਿ ਕਾ ਨਾਮ ਸ਼ਬਦ ਸੁਹਾਗੀ ਛੰਦ, ਸੋਹਲਾ ਗੁਰ ਅਵਤਾਰ ਪੀਰ ਪੈਗ਼ੰਬਰ ਗਾਇੰਦਾ । ਹਰਿ ਕਾ ਨਾਮ ਸੁਰਤ ਸਵਾਣੀ ਹੋਣ ਨਾ ਦੇਵੇ ਰੰਡ, ਕੰਤ ਸੁਹਾਗ ਇਕ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਇਕ ਉਪਜਾਇੰਦਾ । ਹਰਿ ਕਾ ਨਾਮ ਊਚਨ ਊਚ, ਨੀਕਨ ਨੀਕ ਨੀਕ ਅਖਵਾਈਆ । ਹਰਿ ਕਾ ਨਾਮ ਚਾਰੇ ਕੂਟ, ਦਹਿ ਦਿਸ਼ਾ ਹੋਏ ਸਹਾਈਆ । ਹਰਿ ਕਾ ਨਾਮ ਨਾਤਾ ਤੋੜੇ ਜੂਠ ਝੂਠ, ਸਚ ਸੁਚ ਦਏ ਸਮਝਾਈਆ । ਹਰਿ ਕਾ ਨਾਮ ਗੁਰਮੁਖਾਂ ਉਪਰ ਜਾਏ ਤੁਠ, ਜਿਸ ਜਨ ਆਪਣੀ ਮਿਹਰ ਨਜ਼ਰ ਟਿਕਾਈਆ । ਹਰਿ ਕਾ ਨਾਮ ਅੰਮ੍ਰਿਤ ਜਾਮ ਪਿਆਏ ਘੁੱਟ, ਠਾਂਡਾ ਸੀਰ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਹਰਿ ਕਾ ਨਾਮ ਰੁੱਤ ਸੁਹੰਜਣ, ਸੋਭਾਵੰਤ ਸੁਹਾਇੰਦਾ । ਹਰਿ ਕਾ ਨਾਮ ਨੇਤਰ ਪਾਏ ਏਕੋ ਅੰਜਨ, ਅਗਿਆਨ ਅੰਧੇਰ ਚੁਕਾਇੰਦਾ । ਹਰਿ ਕਾ ਨਾਮ ਸਾਚਾ ਮਜਨ, ਦੁਰਮਤ ਮੈਲ ਧੁਆਇੰਦਾ । ਹਰਿ ਕਾ ਨਾਮ ਪਰਦੇ ਕੱਜਣ, ਗ਼ਰੀਬ ਨਿਮਾਣਿਆਂ ਸਿਰ ਆਪਣਾ ਹੱਥ ਟਿਕਾਇੰਦਾ । ਹਰਿ ਕਾ ਨਾਮ ਸੱਚਾ ਸੱਜਣ, ਦੋ ਜਹਾਨਾਂ ਵਿਛੜ ਨਾ

ਜਾਇੰਦਾ । ਹਰਿ ਕਾ ਨਾਮ ਹਰਿ ਕਾ ਭਜਨ, ਸਿਮਰ ਸਿਮਰ ਸਰਬ ਸੁਖ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਆਪ ਦਰਸਾਇੰਦਾ । ਹਰਿ ਕਾ ਨਾਮ ਜੁਗ ਜੁਗ ਉਡੀਕ, ਸਤਿਜੁਗ ਆਪਣਾ ਧਿਆਨ ਲਗਾਈਆ । ਤ੍ਰੇਤਾ ਵੇਖੇ ਕਵਣ ਵੇਲਾ ਆਏ ਤਰੀਕ, ਪ੍ਰਭ ਮੇਲਾ ਮੇਲੇ ਸਹਿਜ ਸੁਭਾਈਆ । ਦੁਆਪਰ ਕਹੇ ਮੇਰਾ ਕੋਈ ਨਾ ਰਹੇ ਸ਼ਰੀਕ, ਨਿਰਗੁਣ ਸ਼ਰਕਤ ਦਏ ਗਵਾਈਆ । ਕਲਜੁਗ ਕਹੇ ਮੈਂ ਨੇਤਰ ਵੇਖਾਂ ਠੀਕ, ਜੋ ਸ੍ਰੀ ਭਗਵਾਨ ਦਏ ਸਮਝਾਈਆ । ਮੇਰੇ ਅੰਦਰ ਕੋਈ ਲਾਏ ਪਾਰਬ੍ਰਹਮ ਨਾਲ ਪ੍ਰੀਤ, ਸਚ ਪ੍ਰੀਤੀ ਕਵਣ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਸਮਝਾਈਆ । ਸਾਚਾ ਨਾਮ ਨਿਰਗੁਣ ਗਾਇਆ, ਨਾਨਕ ਨਾਨਕ ਨਾਮ ਵੱਜੀ ਵਧਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਇਕ ਮਨਾਇਆ, ਦੂਜਾ ਇਸ਼ਟ ਨਾ ਕੋਇ ਰਖਾਈਆ । ਮੰਤਰ ਸੋਹਲਾ ਢੋਲਾ ਇਕ ਦ੍ਰਿੜਾਇਆ, ਜੀਵ ਜੰਤ ਕਰ ਪੜ੍ਹਾਈਆ । ਸਾਧ ਸੰਤ ਰਾਹ ਵਖਾਇਆ, ਆਤਮ ਪਰਦਾ ਕੁੰਡਾ ਲਾਹੀਆ । ਜੀਵ ਜੰਤ ਸੜਦਾ ਆਪ ਬਚਾਇਆ, ਅੰਮ੍ਰਿਤ ਮੇਘ ਇਕ ਬਰਸਾਈਆ । ਥਿਰ ਘਰ ਦਾ ਸਾਚਾ ਭੇਵ ਖੁਲ੍ਹਾਇਆ, ਸ਼ਬਦ ਅਗੰਮ ਰਬਾਬ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਇਕ ਦਰਸਾਈਆ । ਨਾਨਕ ਨਿਰਗੁਣ ਸਾਚਾ ਨਾਮ ਜਾਣ, ਜਾਣੀ ਜਾਣ ਅਖਵਾਇਆ । ਨਿਰਗੁਣ ਹੋ ਕੇ ਮਿਲ ਭਗਵਾਨ, ਸਚਖੰਡ ਸੋਭਾ ਪਾਇਆ । ਲੈ ਕੇ ਆਇਆ ਧੁਰ ਫ਼ਰਮਾਣ, ਮੰਤਰ ਨਾਮ ਸਤਿ ਦ੍ਰਿੜਾਇਆ । ਜੀਵਾਂ ਜੰਤਾਂ ਦੇ ਗਿਆਨ, ਚਾਰ ਵਰਨ ਇਕੋ ਰੰਗ ਵਖਾਇਆ । ਸੋਹੰ ਰੂਪ ਨੌਜਵਾਨ, ਆਤਮ ਪਰਮਾਤਮ ਪਰਮਾਤਮ ਆਤਮ ਇਕੋ ਗੰਢ ਪੁਆਇਆ । ਭਰਮ ਭੁੱਲੇ ਨਾ ਕੋਇ ਨਾਦਾਨ, ਭੁਲੇਖਾ ਇਕੇ ਵਾਰ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਮ ਸਚ ਸਚ ਉਪਾਇਆ । ਨਾਮ ਕਹੇ ਵੱਡਾ ਬਲਵਾਨ, ਮੇਰੇ ਹੱਥ ਸਰਬ ਵਡਿਆਈਆ । ਗੁਰ ਅਵਤਾਰ ਮੇਰਾ ਕਰਨ ਧਿਆਨ, ਪੀਰ ਪੈਗ਼ੰਬਰ ਮੇਰੀ ਸਿਫ਼ਤ ਸਾਲਾਹੀਆ । ਬਿਨ ਮੇਰੇ ਮਿਲੇ ਨਾ ਕੋਈ ਭਗਵਾਨ, ਭਗਵਨ ਨਜ਼ਰ ਕਿਸੇ ਨਾ ਆਈਆ । ਸਚ ਧਰਮ ਦੀ ਸਤਿ ਦੁਕਾਨ, ਜੁਗ ਜੁਗ ਮਾਤ ਚਲਾਈਆ । ਦੇਂਦਾ ਰਿਹਾ ਧੁਰ ਫ਼ਰਮਾਣ, ਅੱਖਰ ਵੱਖਰ ਜਗਤ ਸੰਦੇਸ ਸੁਣਾਈਆ । ਮਨੌਂਦਾ ਰਿਹਾ ਆਪਣੀ ਆਨ, ਸਿਰ ਸਿਰ ਹੁਕਮ ਮਨਾਈਆ । ਨੌਂ ਸੌ ਚੁਰਾਨਵੇ ਚੌਕੜੀ ਯੁਗ, ਹੋ ਪਰਧਾਨ ਸਚ ਪਰਧਾਨਗੀ ਆਪ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮੇਰੀ ਸੇਵਾ ਇਕੋ ਲਾਈਆ । ਨਾਮ ਕਹੇ ਮੇਰੀ ਸੇਵਾ ਗਈ ਲੱਗ, ਹਰਿ ਸਤਿਗੁਰ ਆਪ ਲਗਾਇੰਦਾ । ਖੇਲਾਂ ਖੇਲ ਨੌਂ ਖੰਡ ਪ੍ਰਿਥਮੀ ਵਿਚ ਜਗ, ਲੱਖ ਚੁਰਾਸੀ ਵੇਖ ਵਖਾਇੰਦਾ । ਜਨ ਭਗਤਾਂ ਮੇਲ ਮਿਲਾਵਾਂ ਉਪਰ ਸ਼ਾਹ ਰਗ, ਨੌਂ ਦਰ ਦੁਆਰੇ ਪੰਧ ਮੁਕਾਇੰਦਾ । ਦੀਪਕ ਦੀਆ ਜੋਤ ਜਾਏ ਜਗ, ਅਗਿਆਨ ਅੰਧੇਰ ਚੁਕਾਇੰਦਾ । ਫੜ ਫੜ ਹੰਸ ਬਣਾਵਾਂ ਕੱਗ, ਕਾਗੋਂ ਹੰਸ ਆਪ ਉਡਾਇੰਦਾ । ਸਾਚੇ ਮੰਦਰ ਆਪੇ ਸੱਦ, ਘਰ ਘਰ ਵਿਚ ਆਪ ਵਖਾਇੰਦਾ । ਵੱਜੇ ਨਾਦ ਸ਼ਬਦ ਧੁਨ ਅਨਹਦ, ਅਨਰਾਗੀ ਰਾਗ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਇਕ ਸੁਣਾਇੰਦਾ । ਸਾਚਾ ਨਾਮ ਲਏ ਸੁਣ, ਜਿਸ ਜਨ ਦਇਆ ਕਮਾਈਆ । ਆਤਮ ਉਪਜੇ ਇਕੋ ਧੁਨ, ਤਾਲ ਤਲਵਾੜਾ ਨਾ ਕੋਇ ਰਖਾਈਆ । ਸ੍ਰੀ ਭਗਵਾਨ ਜਣਾਏ ਆਪਣੇ ਗੁਣ, ਗਹਿਰ ਗੰਭੀਰ ਦਏ ਜਣਾਈਆ । ਸੰਤ ਸੁਹੇਲੇ ਸਾਚੇ ਚੁਣ, ਗੁਰ ਚੇਲੇ ਵੇਖ ਵਖਾਈਆ । ਲੱਖ ਚੁਰਾਸੀ ਛਾਣ ਪੁਣ, ਭਗਤ

ਭਗਵੰਤ ਲਏ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਹਰਿ ਨਾਮ ਵਡ ਵਡਿਆਈਆ । ਹਰਿ ਹਰਿ ਨਾਮ ਵਡ ਵਡੇਰਾ, ਜੁਗ ਚੌਕੜੀ ਰਾਹ ਜਣਾਇੰਦਾ । ਦੂਰ ਦੁਰਾਡਾ ਨੇਰਨ ਨੇਰਾ, ਘਰ ਘਰ ਸੋਭਾ ਪਾਇੰਦਾ । ਲੇਖਾ ਜਾਣੇ ਤੇਰਾ ਮੇਰਾ, ਮੇਰਾ ਤੇਰਾ ਇਕੋ ਘਰ ਬਣਾਇੰਦਾ । ਸੁਰਤ ਸਵਾਣੀ ਦੇਵਣਹਾਰਾ ਗੇੜਾ, ਉਲਟੀ ਲੱਠ ਆਪ ਗਿੜਾਇੰਦਾ । ਕੂੜ ਕੁੜਿਆਰਾ ਮੇਟਣਹਾਰਾ ਝੇੜਾ, ਮਨ ਮਤ ਬੁਧ ਆਪ ਖਪਾਇੰਦਾ । ਬੰਨ੍ਹਣਹਾਰਾ ਸਾਚਾ ਬੇੜਾ, ਖੇਵਟ ਖੇਟਾ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਹਰਿ ਨਾਮ ਸਿਫ਼ਤ ਸਾਲਾਹਿੰਦਾ । ਹਰਿ ਹਰਿ ਨਾਮ ਸਿਫ਼ਤ ਸਾਲਾਹ, ਜੁਗ ਜੁਗ ਵੱਡੀ ਵਡਿਆਈਆ । ਰਹਿਬਰ ਬਣੇ ਮਾਤ ਮਲਾਹ, ਸਾਚਾ ਰਾਹ ਵਖਾਈਆ । ਨਿਰਗੁਣ ਸਰਗੁਣ ਦਏ ਸਲਾਹ, ਸਾਚੀ ਸਿਖਿਆ ਇਕ ਸਮਝਾਈਆ । ਲੱਖ ਚੁਰਾਸੀ ਜੀਵ ਜੰਤ ਪਰਦਾ ਦਏ ਉਠਾ, ਅਨਭਵ ਪਰਕਾਸ਼ ਵਖਾਈਆ । ਅੰਮ੍ਰਿਤ ਆਤਮ ਜਾਮ ਦਏ ਪਿਆ, ਮਧੁਰ ਰਸ ਇਕ ਵਖਾਈਆ । ਸਾਚੀ ਸਿਖਿਆ ਦਏ ਦ੍ਰਿੜਾ, ਬੋਧ ਅਗਾਧ ਕਰੇ ਪੜ੍ਹਾਈਆ । ਸ੍ਰਿਸ਼ਟ ਸਬਾਈ ਮਿਥਿਆ ਦਏ ਜਣਾ, ਅਟੱਲ ਰਹਿਣ ਕੋਇ ਨਾ ਪਾਈਆ । ਧੁਰ ਦਾ ਲਿਖਿਆ ਸਕੇ ਨਾ ਕੋਇ ਮਿਟਾ, ਮੇਟਣਹਾਰ ਨਾ ਕੋਇ ਅਖਵਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨੌਂ ਸੌ ਚੁਰਾਨਵੇਂ ਚੌਕੜੀ ਯੁਗ ਲਏ ਹੰਢਾ, ਪਾਰਬ੍ਰਹਮ ਪ੍ਰਭ ਆਪਣਾ ਫੇਰਾ ਪਾਈਆ । ਗੁਰ ਅਵਤਾਰ ਰਚਨ ਰਚਾ, ਪੀਰ ਪੈਗ਼ੰਬਰ ਧਾਰ ਵਖਾਈਆ । ਦੀਨ ਮਜ਼੍ਹਬ ਮਾਰਗ ਲਾ, ਜ਼ਾਤ ਪਾਤ ਕਰੀ ਕੁੜਮਾਈਆ । ਆਖ਼ਰ ਇਕੋ ਪੁਰਖ ਅਕਾਲ ਜਣਾ, ਪਰਵਰਦਿਗਾਰ ਸਚ ਸਮਝਾਈਆ । ਵਰਨ ਬਰਨ ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਆਤਮ ਪਰਮਾਤਮ ਦਏ ਦਰਸਾ, ਬ੍ਰਹਮ ਇਕੋ ਨਜ਼ਰੀ ਆਈਆ । ਵਿਸ਼ਨੂੰ ਸੇਵਾ ਰਿਹਾ ਕਮਾ, ਘਰ ਘਰ ਰਿਜ਼ਕ ਪੁਚਾਈਆ । ਬ੍ਰਹਮਾ ਜੋਤ ਰਿਹਾ ਜਗਾ, ਨੂਰ ਨੂਰ ਕਰੇ ਰੁਸ਼ਨਾਈਆ । ਸ਼ੰਕਰ ਲੇਖਾ ਰਿਹਾ ਮੁਕਾ, ਹੱਥ ਤਰਸੂਲ ਉਠਾਈਆ । ਗੁਰ ਸ਼ਬਦ ਹੁਕਮ ਰਿਹਾ ਸੁਣਾ, ਨਾ ਕੋਈ ਮੇਟੇ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਮ ਅਖੰਡ ਇਕ ਪਰਗਟਾਈਆ । ਹਰਿ ਕਾ ਨਾਮ ਸਦਾ ਅਖੰਡਤ, ਖੰਡ ਖੰਡ ਨਾ ਕੋਇ ਕਰਾਇੰਦਾ । ਭੇਵ ਨਾ ਜਾਣੇ ਕੋਈ ਪੰਡਤ, ਜਗਤ ਨੇਤਰ ਨਜ਼ਰ ਨਾ ਆਇੰਦਾ । ਵਸਣਹਾਰਾ ਜੇਰਜ ਅੰਡਤ, ਉਤਭੁਜ ਸੇਤਜ ਕਾਰ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਇਕ ਉਪਾਇੰਦਾ । ਸਾਚਾ ਨਾਮ ਸਤਿ ਸਰੂਰ, ਸਤਿ ਸਤਿ ਦ੍ਰਿੜਾਇੰਦਾ । ਸਾਚਾ ਨਾਮ ਤੋੜੇ ਗ਼ਰੂਰ, ਗ਼ੁਰਬਤ ਰੂਪ ਨਾ ਕੋਇ ਵਟਾਇੰਦਾ । ਸਾਚਾ ਨਾਮ ਆਸਾ ਮਨਸਾ ਕਰੇ ਪੂਰ, ਜੁਗ ਜੁਗ ਆਸਾ ਵੇਖ ਵਖਾਇੰਦਾ । ਸਾਚਾ ਨਾਮ ਨਾਤਾ ਤੋੜੇ ਕੂੜੋ ਕੂੜ, ਸਾਚੀ ਸਿਖਿਆ ਇਕ ਸਮਝਾਇੰਦਾ । ਸਾਚਾ ਨਾਮ ਹਾਜ਼ਰ ਹਜ਼ੂਰ, ਹਰਿਜਨ ਸਾਚੇ ਵੇਖ ਵਖਾਇੰਦਾ । ਸਾਚਾ ਨਾਮ ਸਰਬ ਭਰਪੂਰ, ਘਟ ਘਟ ਡੇਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਸਰਬ ਵਖਾਇੰਦਾ । ਸਾਚਾ ਨਾਮ ਚਾਰ ਵਰਨ, ਚਾਰ ਯੁਗ ਸਮਾਈਆ । ਸਾਚਾ ਨਾਮ ਖੋਲ੍ਹੇ ਹਰਨ ਫਰਨ, ਨਿਜ ਨੇਤਰ ਦਏ ਵਡਿਆਈਆ । ਸਾਚਾ ਨਾਮ ਤਰਨੀ ਤਰਨ, ਕਰਤਾ ਪੁਰਖ ਆਪ ਉਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਮ ਸਿਫ਼ਤ ਸਾਲਾਹੀਆ । ਸਾਚਾ ਨਾਮ ਜੁਗ ਚੌਕੜੀ ਧਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਹੰਢਾਇੰਦਾ । ਸਾਚਾ ਨਾਮ ਸਚ ਵਪਾਰ, ਜਗਤ ਵਣਜਾਰਾ ਹੱਟ ਚਲਾਇੰਦਾ । ਸਾਚਾ ਨਾਮ ਸ਼ਬਦ

ਕਰਤਾਰ, ਦੂਜੀ ਵਸਤ ਨਾ ਕੋਇ ਵਖਾਇੰਦਾ । ਸਾਚਾ ਨਾਮ ਮਸਤ ਖ਼ੁਮਾਰ, ਮਸਤੀ ਇਕੋ ਇਕ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਜਣਾਇੰਦਾ । ਸਾਚਾ ਨਾਮ ਕਰੇ ਪੁਕਾਰ, ਉਚੀ ਕੂਕ ਕੂਕ ਸੁਣਾਈਆ । ਕਲ ਕਲਕੀ ਆਵੇ ਅਵਤਾਰ, ਨਿਰਗੁਣ ਆਪਣਾ ਫੇਰਾ ਪਾਈਆ । ਡੰਕਾ ਵੱਜੇ ਅਗੰਮ ਅਪਾਰ, ਦੋ ਜਹਾਨ ਕਰੇ ਸ਼ਨਵਾਈਆ । ਵਿਸ਼ਨ ਬ੍ਰਹਮਾ ਸ਼ਿਵ ਲਏ ਉਠਾਲ, ਸੋਇਆ ਕੋਇ ਰਹਿਣ ਨਾ ਪਾਈਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਬਣ ਦਲਾਲ, ਵੇਖਣਹਾਰਾ ਥਾਉਂ ਥਾਈਂਆ । ਲੇਖਾ ਜਾਣੇ ਸ਼ਾਹ ਕੰਗਾਲ, ਸ਼ਹਿਨਸ਼ਾਹ ਆਪਣਾ ਫੇਰਾ ਪਾਈਆ । ਆਪੇ ਸੁਣੇ ਮੁਰੀਦਾਂ ਹਾਲ, ਮੁਰਸ਼ਦ ਦਾਤਾ ਵਡ ਵਡਿਆਈਆ । ਕਲਜੁਗ ਚਲੇ ਅਵੱਲੜੀ ਚਾਲ, ਸਮਝ ਸਕੇ ਨਾ ਕੋਇ ਰਾਈਆ । ਹਰਿਜਨ ਸਾਚੇ ਆਪੇ ਉਠਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਖੁਲ੍ਹਾਈਆ । ਸਾਚਾ ਨਾਮ ਭੇਵ ਖੋਲ੍ਹੇ, ਖੋਲ੍ਹਣਹਾਰ ਅਖਵਾਇੰਦਾ । ਅੰਤਰ ਆਤਮ ਨਿਰਗੁਣ ਬੋਲੇ, ਅਨਬੋਲਤ ਰਾਗ ਅਲਾਇੰਦਾ । ਭਾਗ ਲਗਾਏ ਕਾਇਆ ਚੋਲੇ, ਸਾਢੇ ਤਿੰਨ ਹੱਥ ਬੰਕ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਮ ਇਕੋ ਘਰ ਵਸਾਇੰਦਾ । ਨਾਮ ਵਸੇ ਘਰ ਨਿਰੰਕਾਰ, ਦੂਜੇ ਹੱਟ ਨਾ ਕੋਇ ਵਿਕਾਈਆ । ਕਲਜੁਗ ਅੰਤਮ ਹੋ ਤਿਆਰ, ਸ੍ਰੀ ਭਗਵਾਨ ਦਇਆ ਕਮਾਈਆ । ਨਾਮ ਅਗੰਮ ਲੈ ਭੰਡਾਰ, ਦੋ ਜਹਾਨਾਂ ਵੇਖ ਵਖਾਈਆ । ਜੋਤੀ ਜੋਤ ਹੋ ਉਜਿਆਰ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਵਸਣਹਾਰਾ ਠਾਂਡੇ ਦਰਬਾਰ, ਸੰਬਲ ਏਕਾ ਘਰ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਮ ਇਕੋ ਇਕ ਜਣਾਈਆ । ਇਕੋ ਨਾਮ ਸਦਾ ਅਨੰਤ, ਅਕਲ ਕਲਾ ਅਖਵਾਇੰਦਾ । ਇਕੋ ਨਾਮ ਸਦਾ ਬੇਅੰਤ, ਅੰਤ ਕੋਇ ਨਾ ਆਇੰਦਾ । ਇਕੋ ਨਾਮ ਲੇਖਾ ਜਾਣੇ ਸਾਧ ਸੰਤ, ਸਤਿਗੁਰ ਆਪਣੀ ਕਾਰ ਕਮਾਇੰਦਾ । ਇਕੋ ਨਾਮ ਆਤਮ ਪਰਮਾਤਮ ਮੰਤ, ਮੰਤਰ ਇਕੋ ਇਕ ਪੜ੍ਹਾਇੰਦਾ । ਇਕੋ ਨਾਮ ਆਦਿ ਅੰਤ, ਜੁਗ ਚੌਕੜੀ ਖੇਲ ਕਰਾਇੰਦਾ । ਇਕੋ ਨਾਮ ਸ੍ਰੀ ਭਗਵੰਤ, ਸ਼ਾਹ ਪਾਤਸ਼ਾਹ ਆਪਣਾ ਨਾਉਂ ਪਰਗਟਾਇੰਦਾ । ਇਕੋ ਨਾਮ ਗੜ੍ਹ ਤੋੜ੍ਹੇ ਹਉਮੇ ਹੰਗਤ, ਨਿਵਣ ਸੋ ਅੱਖਰ ਰਾਹ ਜਣਾਇੰਦਾ । ਇਕੋ ਨਾਮ ਸਾਚਾ ਪੰਥ, ਮਾਰਗ ਇਕੋ ਇਕ ਸਮਝਾਇੰਦਾ । ਇਕੋ ਨਾਮ ਸਾਚਾ ਸੰਖ, ਦੋ ਜਹਾਨਾਂ ਨਾਦ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਇਕੋ ਨਾਮ ਸਚ ਵਕੀਲ, ਦਰਗਹਿ ਸਾਚੀ ਹੋਏ ਸਹਾਈਆ । ਇਕੋ ਨਾਮ ਅੰਤ ਅਪੀਲ, ਬਰੀਖ਼ਾਨਾ ਦਏ ਵਖਾਈਆ । ਇਕੋ ਨਾਮ ਸਭ ਦੀ ਕਰੇ ਤਾਅਮੀਲ, ਘਰ ਘਰ ਫੇਰਾ ਪਾਈਆ । ਇਕੋ ਨਾਮ ਬਦਲਣ ਨਾ ਦੇਵੇ ਕਿਸੇ ਦਲੀਲ, ਮਨ ਵਾਸਨਾ ਚਲੇ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਸਰਬ ਦਰਸਾਈਆ । ਸਾਚਾ ਨਾਮ ਹਰਿ ਗੁਣ ਗਾਓ, ਗਹਿਰ ਗੰਭੀਰ ਵਡ ਵਡਿਆਇੰਦਾ । ਪ੍ਰਭ ਮਿਲਣ ਦਾ ਰੱਖੋ ਚਾਓ, ਇਸ਼ਟ ਇਕੋ ਇਕ ਵਡਿਆਇੰਦਾ । ਹਰਿ ਸਤਿਗੁਰ ਸਰਨਾਈ ਲਾਗੋ ਪਾਉਂ, ਨਿਉਂ ਨਿਉਂ ਸੀਸ ਸਰਬ ਝੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ੍ਰਿਸ਼ਟ ਸਬਾਈ ਆਪ ਦ੍ਰਿੜਾਇੰਦਾ । ਹਰਿ ਕਾ ਨਾਮ ਜੀਵ ਜਪ, ਜਗਜੀਵਣ ਦਾਤਾ ਆਪ ਜਣਾਈਆ । ਤ੍ਰੈਗੁਣ ਮਿਟੇ ਅਗਨੀ ਤਪ, ਤੀਨੋਂ ਤਾਪ ਰਹਿਣ ਨਾ ਪਾਈਆ । ਧੀਰਜ ਬਖ਼ਸ਼ੇ ਸੰਤੋਖ ਸਤਿ, ਧਰਮ ਇਕੋ ਇਕ ਸਮਝਾਈਆ । ਨਾੜ ਬਹੱਤਰ ਨਾ ਉਬਲੇ ਰਤ, ਰਤੀ ਰਤ ਨਾ ਕੋਇ ਵਖਾਈਆ । ਜਾਣਨਹਾਰਾ ਮਿਤ ਗਤ,

ਭੇਵ ਅਭੇਦ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਮ ਇਕ ਇਕ ਦਰਸਾਈਆ । ਹਰਿ ਕਾ ਨਾਮ ਸਦਾ ਅਨੋਖਾ, ਨਜ਼ਰ ਕਿਸੇ ਨਾ ਆਇੰਦਾ । ਲੱਖ ਚਰਾਸੀ ਨਾਲ ਕਰੇ ਧੋਖਾ, ਲੁਕ ਲੁਕ ਆਪਣਾ ਮੁਖ ਛੁਪਾਇੰਦਾ । ਬਿਨ ਸਤਿਗੁਰ ਪੂਰੇ ਮਾਰਗ ਹੋਇ ਨਾ ਸੌਖਾ, ਗੁਰ ਨਾਨਕ ਗੁਰ ਇਹ ਸਮਝਾਇੰਦਾ । ਕੂੜੀ ਕਿਰਿਆ ਕੋਇ ਨਾ ਭਰੇ ਹੌਕਾ, ਹਾਹਾਕਾਰ ਕੰਮ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਵਡਿਆਇੰਦਾ । ਸਾਚਾ ਨਾਮ ਹਰਿ ਦੀ ਸਿਖਿਆ, ਗੁਰ ਸਤਿਗੁਰ ਗਿਆ ਸਮਝਾਈਆ । ਨਾ ਕੋਈ ਮੇਟੇ ਧੁਰ ਦਾ ਲਿਖਿਆ, ਮੇਟਣਹਾਰਾ ਨਜ਼ਰ ਕੋਇ ਨਾ ਆਈਆ । ਗੁਰਮੁਖ ਵਿਰਲੇ ਮਨ ਮਨੂਆ ਜਿਤਿਆ, ਜਿਸ ਪ੍ਰਭ ਆਪਣੀ ਦਇਆ ਕਮਾਈਆ । ਘਰ ਪਾਇਆ ਇਕ ਅਨਡਿਠਿਆ, ਛੱਪਰ ਛੰਨ ਨਾ ਕੋਇ ਛੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਆਪਣਾ ਨਾਮ ਬੁਝਾਈਆ । ਜਿਸ ਨੇ ਬੁਝਿਆ ਹਰਿ ਕਾ ਨਾਮ, ਤਿਸ ਮਿਲੇ ਇਕ ਵਡਿਆਈਆ । ਅੰਤਰ ਆਤਮ ਪੀਤਾ ਜਾਮ, ਝਗੜਾ ਕੋਇ ਰਹਿਣ ਨਾ ਪਾਈਆ । ਦੂਜਾ ਦਿਸੇ ਨਾ ਕੋਇ ਨਿਸ਼ਾਨ, ਪੁਰਖ ਅਕਾਲ ਇਕ ਦਰਸਾਈਆ । ਜੁਗ ਚੌਕੜੀ ਬਦਲਣਹਾਰ ਨਜ਼ਾਮ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣੀ ਵੰਡ ਵੰਡਾਈਆ । ਪਰਵਰਦਿਗਾਰ ਕਰਾਵਣਹਾਰ ਸਲਾਮ, ਅਲੈਕਮ ਆਪਣਾ ਰਾਹ ਜਣਾਈਆ । ਕਾਇਨਾਤ ਦੇਵਣਹਾਰ ਪੈਗ਼ਾਮ, ਪੀਰ ਪੈਗ਼ੰਬਰ ਕਲਮਾ ਨਬੀ ਪੜ੍ਹਾਈਆ । ਪਰਗਟਾਵਣਹਾਰਾ ਕਾਹਨਾ ਰਾਮ, ਰਾਮ ਰਾਮ ਦਏ ਸਰਨਾਈਆ । ਈਸਾ ਮੂਸਾ ਮੁਹੰਮਦ ਦੇਵਣਹਾਰਾ ਦਾਨ, ਦਾਤਾ ਦਾਨੀ ਵਡ ਵਡਿਆਈਆ । ਨਾਨਕ ਨਿਰਗੁਣ ਸਰਗੁਣ ਕਰ ਪਰਵਾਨ, ਸੋ ਪੁਰਖ ਨਿਰੰਜਣ ਆਪਣਾ ਰੰਗ ਵਖਾਈਆ । ਗੁਰ ਗੋਬਿੰਦ ਜੋਧਾ ਸੂਰਬੀਰ ਬਲੀ ਬਲਵਾਨ, ਬਲ ਇਕੋ ਇਕ ਪਰਗਟਾਈਆ । ਸੁਤ ਦੁਲਾਰਾ ਨੌਜਵਾਨ, ਨਾ ਮਰੇ ਨਾ ਜਾਈਆ । ਸ਼ਬਦ ਸਰੂਪੀ ਖੇਲ ਮਹਾਨ, ਜੁਗ ਚੌਕੜੀ ਆਪ ਖਲਾਈਆ । ਸਾਚਾ ਨਾਮ ਕਰ ਪਰਧਾਨ, ਦੋ ਜਹਾਨਾਂ ਪਰਧਾਨਗੀ ਇਕ ਕਮਾਈਆ । ਲੱਖ ਚੁਰਾਸੀ ਬਰਦੇ ਕਰੇ ਗ਼ੁਲਾਮ, ਸਿਰ ਸਕੇ ਨਾ ਕੋਇ ਉਠਾਈਆ । ਨੀਤੀ ਰਹਿਣ ਨਾ ਦੇਵੇ ਸ਼ੈਤਾਨ, ਸ਼ਰੀਅਤ ਕਰੇ ਨਾ ਕੋਇ ਲੜਾਈਆ । ਸਰਬ ਜੀਆਂ ਦਾ ਇਕ ਭਗਵਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਮ ਇਕੋ ਘਰ ਵਖਾਈਆ । ਨਾਮ ਵਿਕੇ ਇਕੋ ਹੱਟ, ਸੋ ਪੁਰਖ ਨਿਰੰਜਣ ਆਪ ਵਿਕਾਇੰਦਾ । ਗੁਰਮੁਖ ਵਿਰਲੇ ਲਾਹਾ ਲੈਣ ਖੱਟ, ਦੂਸਰ ਨਜ਼ਰ ਕਿਸੇ ਨਾ ਆਇੰਦਾ । ਦੇਵਣਹਾਰ ਪੁਰਖ ਸਮਰਥ, ਸ੍ਰੀ ਭਗਵਾਨ ਆਪਣੀ ਕਾਰ ਕਮਾਇੰਦਾ । ਲਹਿਣਾ ਦੇਣ ਚੁਕਾਏ ਹੱਥੋ ਹੱਥ, ਜਗਤ ਉਧਾਰ ਨਾ ਕੋਇ ਵਖਾਇੰਦਾ । ਕਲਜੁਗ ਅੰਤਮ ਹੋ ਪਰਗਟ, ਨਿਰਗੁਣ ਆਪਣੀ ਜੋਤ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਇਕ ਰਖਾਇੰਦਾ । ਸਾਚਾ ਨਾਮ ਇਕੋ ਰੱਖ, ਰੱਖਿਆ ਕਰੇ ਸਰਬ ਥਾਈਂਆ । ਕਲਜੁਗ ਅੰਤ ਹੋ ਪਰਗਟ, ਪਾਰਬ੍ਰਹਮ ਪ੍ਰਭ ਭੇਵ ਚੁਕਾਈਆ । ਸਾਚਾ ਮਾਰਗ ਸਾਹਿਬ ਦੱਸ, ਦਹਿ ਦਿਸ਼ਾ ਕਰੇ ਸ਼ਨਵਾਈਆ । ਇਕੋ ਮੰਨੋ ਪੁਰਖ ਸਮਰਥ, ਅਕਾਲ ਪੁਰਖ ਵੱਡੀ ਵਡਿਆਈਆ । ਨਾਤਾ ਤੋੜੋ ਪੰਜ ਤੱਤ, ਪੰਜ ਤੱਤ ਗੁਰੂ ਨਾ ਕੋਇ ਅਖਵਾਈਆ । ਸ਼ਬਦ ਗੁਰੂ ਹਰ ਘਟ ਰਿਹਾ ਵਸ, ਘਰ ਖੋਜੋ ਸੱਜਣ ਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਮ ਹੱਟੀ ਦਏ ਜਣਾਈਆ । ਨਾਮ ਹੱਟ ਕਾਇਆ ਅੰਦਰ, ਸੋ ਪੁਰਖ ਨਿਰੰਜਣ ਆਪ ਟਿਕਾਇੰਦਾ । ਜਨ ਭਗਤੋ ਖੋਲ੍ਹੋ ਆਪਣਾ ਜੰਦਰ, ਕੁੰਜੀ ਨਿਰਗੁਣ ਆਪ ਪਰਗਟਾਇੰਦਾ । ਚੜ੍ਹ ਕੇ ਵੇਖੋ ਸਾਚੇ

ਮੰਦਰ, ਸਤਿਗੁਰ ਸਾਚਾ ਨਜ਼ਰੀ ਆਇੰਦਾ । ਮਨ ਵਾਸਨਾ ਬੰਨ੍ਹੋ ਬੰਦਰ, ਦਹਿ ਦਿਸ਼ਾ ਨਾ ਉਠ ਉਠ ਧਾਇੰਦਾ । ਭਾਗ ਲਗਾਓ ਅੰਧੇਰੇ ਖੰਡਰ, ਜੋਤੀ ਜੋਤ ਜੋਤ ਰੁਸ਼ਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਇਕ ਉਪਾਇੰਦਾ । ਸਾਚਾ ਨਾਮ ਇਕ ਪਰਕਾਸ਼, ਪਰਕਾਸ਼ਵਾਨ ਅਖਵਾਈਆ । ਹਰਿ ਕਾ ਨਾਮ ਸ਼ਬਦ ਸਵਾਸ, ਸਵਾਸ ਸਵਾਸ ਸਮਾਈਆ । ਹਰਿ ਕਾ ਨਾਮ ਖੇਲ ਤਮਾਸ਼, ਖ਼ਾਲਕ ਖ਼ਲਕ ਵੇਖੇ ਚਾਈਂ ਚਾਈਂਆ । ਹਰਿ ਕਾ ਨਾਮ ਹਰਿ ਕੀ ਸ਼ਾਖ਼, ਸ਼ਨਾਖ਼ਤ ਆਪਣੇ ਹੱਥ ਜਣਾਈਆ । ਹਰਿ ਕਾ ਨਾਮ ਸਤਿਗੁਰ ਰਿਹਾ ਭਾਖ, ਭਾਖਿਆ ਅਗਲੀ ਦਏ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਈਆ । ਹਰਿ ਕਾ ਨਾਮ ਨਾਮ ਸੋ, ਸੋ ਸਤਿਗੁਰ ਆਪ ਜਣਾਇੰਦਾ । ਹਰਿ ਕਾ ਨਾਮ ਹੰ ਬ੍ਰਹਮ ਕਰ ਆਏ ਮੋਹ, ਆਤਮ ਪਰਮਾਤਮ ਜੋੜ ਜੁੜਾਇੰਦਾ । ਹਰਿ ਕਾ ਨਾਮ ਮਹਾਰਾਜ ਰੂਪ ਹੋ, ਮਹਿਮਾ ਆਪਣੀ ਸਿਫ਼ਤ ਸਾਲਾਹਿੰਦਾ । ਹਰਿ ਕਾ ਨਾਮ ਸ਼ੇਰ ਕੂੜੀ ਕਿਰਿਆ ਲਵੇ ਖੋਹ, ਸਚ ਸੁਚ ਇਕ ਵਰਤਾਇੰਦਾ । ਹਰਿ ਕਾ ਨਾਮ ਸਿੰਘ ਬੱਬਰ ਰੂਪ ਹੋ ਕੇ ਸਭ ਨੂੰ ਲਏ ਜੋਹ, ਲੱਖ ਚੁਰਾਸੀ ਫੋਲ ਫੁਲਾਇੰਦਾ । ਵਿਸ਼ਨੂੰ ਸੇਵਾਦਾਰ ਬਣ ਕੇ ਘਰ ਘਰ ਰਿਜ਼ਕ ਢੋਆ ਰਿਹਾ ਢੋ, ਸ੍ਰੀ ਭਗਵਾਨ ਸੇਵ ਲਗਾਇੰਦਾ । ਭਗਵਾਨ ਆਪਣੇ ਵਰਗਾ ਆਪੇ ਹੋ, ਨਿਰਗੁਣ ਆਪਣੀ ਕਲ ਰਖਾਇੰਦਾ । ਜੈ ਜੈਕਾਰ ਕਰਨ ਸਰਬ ਲੋਅ, ਲੋਕ ਪਰਲੋਕ ਇਕੋ ਨਾਅਰਾ ਲਾਇੰਦਾ । ਬਿਨ ਸਤਿਗੁਰ ਨਾਨਕ ਹੋਰ ਨਾ ਜਾਣੇ ਕੋ, ਕਬੀਰ ਜੁਲਾਹਾ ਆਪਣਾ ਧਿਆਨ ਲਗਾਇੰਦਾ । ਲੱਖ ਚੁਰਾਸੀ ਰਹੀ ਰੋ, ਹਰਿ ਕਾ ਨਾਮ ਹੱਥ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਾਮ ਇਕੋ ਇਕ ਉਪਾਇੰਦਾ । ਹਰਿ ਕਾ ਨਾਮ ਇਕੋ ਇਕ, ਏਕੰਕਾਰ ਦਏ ਵਡਿਆਈਆ । ਕੋਈ ਨਾ ਸਕੇ ਪੜ੍ਹ ਲਿਖ, ਲਿਖਣ ਪੜ੍ਹਨ ਵਿਚ ਨਾ ਆਈਆ । ਜੁਗ ਚੌਕੜੀ ਸ੍ਰੀ ਭਗਵਾਨ ਵੰਡਣਹਾਰਾ ਹਿਸ, ਸਾਚਾ ਹਿੱਸਾ ਆਪ ਵੰਡਾਈਆ । ਕਰ ਕਿਰਪਾ ਦਿਤਾ ਜਿਸ ਜਿਸ, ਸੋ ਗਾ ਗਾ ਢੋਲਾ ਗਏ ਸੁਣਾਈਆ । ਮੇਰਾ ਸਾਹਿਬ ਸਦਾ ਅਨਡਿਠ, ਜਗਤ ਨੇਤਰ ਨਜ਼ਰ ਨਾ ਆਈਆ । ਆਦਿ ਜੁਗਾਦਿ ਨਾ ਦੇਵੇ ਪਿੱਠ, ਸਨਮੁਖ ਦਿਸੇ ਬੇਪਰਵਾਹੀਆ । ਜਨ ਭਗਤਾਂ ਕਰੇ ਹਿੱਤ, ਨਿਤ ਨਵਿਤ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਵੇਸ ਵਟਾਈਆ । ਜੁਗ ਜੁਗ ਵੇਸ ਕਰੇ ਕਰਤਾਰ, ਕੁਦਰਤ ਕਾਦਰ ਵੇਖ ਵਖਾਇੰਦਾ । ਕਲਜੁਗ ਅੰਤਮ ਹੋ ਉਜਿਆਰ, ਨਿਰਗੁਣ ਨੂਰ ਜੋਤ ਜਗਾਇੰਦਾ । ਸਾਚੇ ਭਗਤਾਂ ਕਰ ਪਿਆਰ, ਸ੍ਰੀ ਭਗਵਾਨ ਆਪ ਉਠਾਇੰਦਾ । ਅੰਤਰ ਅੰਤਰ ਦੇ ਪਿਆਰ, ਪ੍ਰੇਮ ਪ੍ਰੀਤੀ ਇਕ ਸਮਝਾਇੰਦਾ । ਝਗੜਾ ਕਰੇ ਸਰਬ ਸੰਸਾਰ, ਝਗੜਤ ਝਗੜਤ ਪੰਧ ਨਾ ਕੋਇ ਮੁਕਾਇੰਦਾ । ਗੁਰਮੁਖ ਗੁਰਸਿਖ ਕਰੇ ਵਿਚਾਰ, ਗੁਰ ਸਤਿਗੁਰ ਭੇਵ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗਾ ਜੁਗੰਤਰ ਜਨ ਭਗਤਾਂ ਖੇਲ ਵਖਾਇੰਦਾ । ਜਨ ਭਗਤਾਂ ਵਖਾਏ ਖੇਲ ਆਪ, ਆਪਣੇ ਹੱਥ ਰੱਖੇ ਵਡਿਆਈਆ । ਜਿਉਂ ਪ੍ਰਹਿਲਾਦ ਹਰਨਾਕਸ਼ ਬਣਿਆ ਬਾਪ, ਘਰ ਘਰ ਵਿਚ ਪਏ ਲੜਾਈਆ । ਸਾਹਿਬ ਸੱਚਾ ਥਾਪਣ ਰਿਹਾ ਥਾਪ, ਸਮਰਥ ਪੁਰਖ ਬੇਪਰਵਾਹੀਆ । ਦੇਵਣਹਾਰ ਅਗੰਮੀ ਦਾਤ, ਵਸਤ ਅਮੋਲਕ ਆਪ ਵਰਤਾਈਆ । ਕਲਜੁਗ ਵੇਖ ਅੰਧੇਰੀ ਰਾਤ, ਸਾਚਾ ਚੰਦ ਇਕ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਬੇਪਰਵਾਹੀਆ । ਭਗਤ ਵਖਾਇਆ ਇਕ ਧਰੂ,

ਘਰ ਧੋਖਾ ਮਾਤ ਕਰਾਈਆ । ਫੜ ਕੇ ਕੱਢਿਆ ਜੰਗਲ ਜੂਹ, ਮਹੱਲ ਅਟੱਲ ਰਹਿਣ ਨਾ ਪਾਈਆ । ਨਿਰਧਨ ਹੋ ਕੇ ਗਾਇਆ ਤੂ ਹੀ ਤੂ, ਤੁਧ ਬਿਨ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਭਗਤਾਂ ਵੇਖੇ ਥਾਉਂ ਥਾਈਆ । ਭਗਤਾਂ ਵੇਖੇ ਬਲ ਬਲ ਧਾਰ, ਬਲ ਬਾਵਨ ਰੂਪ ਵਟਾਈਆ । ਬ੍ਰਹਿਮਣ ਬਣ ਕੇ ਏਕੰਕਾਰ, ਅਛਲ ਛਲ ਖੇਲ ਕਰਾਈਆ । ਢਾਈ ਕਰਮਾਂ ਮੰਗ ਦੁਆਰ, ਦੋਏ ਵਿਚ ਪੰਧ ਮੁਕਾਈਆ । ਅੰਤਮ ਸੁਟਿਆ ਮੂੰਹ ਦੇ ਭਾਰ, ਮਾਣ ਤਾਣ ਨਾ ਕੋਇ ਰਖਾਈਆ । ਹਾਸੀ ਕਰੇ ਸਰਬ ਸੰਸਾਰ, ਭਗਤ ਚਲੇ ਸ਼ਬਦ ਰਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਭਗਤ ਅਮਰੀਕ ਰਿਹਾ ਜਣਾਇਆ, ਦੁਰਬਾਸ਼ਾ ਵੇਸ ਵਟਾਈਆ । ਚਰਨੋਦਕ ਲੈ ਮੁਖ ਲਗਾਇਆ, ਸਰਾਫ਼ ਦੇਵੇ ਵਾਹੋ ਦਾਹੀਆ । ਸ੍ਰੀ ਭਗਵਾਨ ਇਕ ਧਿਆਇਆ, ਨਿਜ ਅੰਤਰ ਧਿਆਨ ਲਗਾਈਆ । ਚੱਕਰ ਸੁਦਰਸ਼ਨ ਸੇਵਾ ਲਾਇਆ, ਸੇਵਾ ਸਚ ਕਮਾਈਆ । ਇੰਦਲੋਕ ਸ਼ਿਵਲੋਕ ਬ੍ਰਹਮਲੋਕ ਭਗਤ ਭਗਵਾਨ ਆਪ ਭਜਾਇਆ, ਅੱਗੇ ਦਿਸੇ ਨਾ ਕੋਇ ਸਹਾਈਆ । ਕਰ ਕਿਰਪਾ ਸਿਰ ਹੱਥ ਟਿਕਾਇਆ, ਤੱਤੀ ਵਾ ਨਾ ਲਾਗੇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜੁਗ ਜੁਗ ਭਗਤਾਂ ਠੋਕਰ ਰਿਹਾ ਲਗਾਈਆ । ਠੋਕਰ ਲੱਗੀ ਭਗਤ ਕਬੀਰ, ਗੰਗਾ ਵਿਚ ਖੇਲ ਰਚਾਈਆ । ਬੰਨ੍ਹ ਕੇ ਸੁਟਿਆ ਪੰਜ ਤੱਤ ਸਰੀਰ, ਸ਼ਰੀਕ ਬਣੀ ਜਗਤ ਲੋਕਾਈਆ । ਕੋਈ ਨਾ ਜਾਣੇ ਹੱਦ ਅਖ਼ੀਰ, ਆਖ਼ਰ ਹਰਿ ਜੂ ਖੇਲ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਜੁਗ ਜੁਗ ਵੇਸ ਵਟਾਈਆ । ਜੁਗ ਜੁਗ ਵੇਸ ਵਟਾਏ ਕਰਤਾ, ਕਰਤਾ ਪੁਰਖ ਵੱਡੀ ਵਡਿਆਈਆ । ਆਦਿ ਜੁਗਾਦਿ ਕਦੇ ਨਾ ਮਰਦਾ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਆਪਣੀ ਕਰਨੀ ਆਪੇ ਕਰਦਾ, ਕਰ ਕਰ ਰਿਹਾ ਵਖਾਈਆ । ਅਗਨੀ ਹਵਨ ਕਦੇ ਨਾ ਸੜਦਾ, ਮੜ੍ਹੀ ਗੋਰ ਨਾ ਕੋਇ ਦਬਾਈਆ । ਸਦਾ ਸਦਾ ਸਦ ਆਪਣਾ ਨਾਉਂ ਆਪੇ ਪੜ੍ਹਦਾ, ਦੋ ਜਹਾਨਾਂ ਰਿਹਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਆਪ ਕਰਾਈਆ । ਸਾਚੀ ਕਰਨੀ ਕਰੇ ਹਰਨਾਕਸ਼, ਨਰ ਸਿੰਘ ਆਪਣੀ ਧਾਰ ਜਣਾਈਆ । ਦਰ ਦਰਵਾਜ਼ੇ ਵਿਚ ਔਂਦਿਆਂ ਬਹਿ ਕੇ ਕਰੀ ਹਿਫਾਜ਼ਤ, ਮਿਹਰਵਾਨ ਆਪਣਾ ਚਰਨ ਟਿਕਾਈਆ । ਅੱਗੇ ਦੇਵੇ ਨਾ ਕਿਸੇ ਇਜ਼ਾਜ਼ਤ, ਹੁਕਮ ਬੰਧਨ ਇਕੋ ਪਾਈਆ । ਵੇਖਣਹਾਰ ਸਰਬ ਸ਼ਰਾਰਤ, ਸ਼ਹਿਨਸ਼ਾਹ ਬੇਪਰਵਾਹੀਆ । ਜਨ ਭਗਤਾਂ ਕਰੇ ਨਾ ਕਦੇ ਕੋਇ ਮਮਾਨਤ, ਰੋਕ ਸਕੇ ਨਾ ਕੋਇ ਰਾਈਆ । ਸਚ ਧਰਮ ਦੀ ਸਚ ਅਮਾਨਤ, ਗੁਰਮੁਖ ਗੁਰ ਗੁਰ ਗੋਦ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ੍ਰਿਸ਼ਟ ਸਬਾਈ ਏਕਾ ਨਾਮ ਦ੍ਰਿੜਾਈਆ । ਸ੍ਰਿਸ਼ਟ ਸਬਾਈ ਨਾਮ ਦ੍ਰਿੜ, ਦ੍ਰਿੜ ਵਿਸ਼ਵਾਸ ਕਰਾਇੰਦਾ । ਦੂਈ ਦਵੈਤੀ ਨਾ ਕੋਈ ਕਿੜ, ਕਿਰਿਆ ਕਰਮ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗਾ ਜੁਗੰਤਰ ਚਾਰ ਵਰਨ ਸਚ ਪ੍ਰੀਤੀ, ਦੋ ਜਹਾਨ ਇਕੋ ਰੀਤੀ, ਇਕੋ ਬਣਤ ਬਣਾਇੰਦਾ । ਇਕੋ ਬਣਤ ਬਣਾਏ ਸ੍ਰੀ ਭਗਵਾਨ, ਹਰਿ ਕਰਤਾ ਸੇਵ ਕਮਾਇੰਦਾ । ਸ਼ਬਦ ਸਰੂਪੀ ਸਚ ਗਿਆਨ, ਜੁਗ ਚੌਕੜੀ ਆਪ ਜਣਾਇੰਦਾ । ਕਲਜੁਗ ਅੰਤਮ ਖੇਲ ਮਹਾਨ, ਨਿਰਗੁਣ ਨਿਰੰਕਾਰ ਆਪ ਵਖਾਇੰਦਾ । ਭਗਤ ਭਗਵੰਤ ਕਰ ਪਰਵਾਨ, ਬੇਪਰਵਾਹ ਰੰਗ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਦੇਵਣਹਾਰਾ ਸਾਚਾ ਵਰ, ਨਾਮ ਗਾਨਾਂ ਧੁਰ ਨਿਸ਼ਾਨਾ ਸਾਚਾ ਤੰਦ ਬੰਧਾਇੰਦਾ । ਸਾਚਾ ਤੰਦ ਬੰਨ੍ਹੇ ਡੋਰ, ਸਾਢੇ ਤਿੰਨ ਹੱਥ ਮੰਗ ਮੰਗਾਈਆ । ਪਰਮ ਪੁਰਖ ਪ੍ਰਭ ਪੈ ਗਈ ਲੋੜ, ਗੁਰਮੁਖ ਇਕੋ ਆਸ ਰਖਾਈਆ । ਨਿਰਗੁਣ ਸਰਗੁਣ ਨਾਤਾ ਜੋੜ, ਮੌਲੀ ਤੰਦ ਗੰਢ ਪੁਆਈਆ । ਮੁਲਾਂ ਸ਼ੇਖ਼ ਮਚਾਵਣ ਸ਼ੋਰ, ਪੰਡਤ ਪਾਂਧੇ ਰਹੇ ਕੁਰਲਾਈਆ । ਸ੍ਰੀ ਭਗਵਾਨ ਆਪਣੇ ਹੱਥ ਵਿਚ ਫੜੀ ਡੋਰ, ਦੋ ਜਹਾਨਾਂ ਰਿਹਾ ਭੁਆਈਆ । ਲੱਖ ਚੁਰਾਸੀ ਵੇਖੇ ਕਰ ਕੇ ਗ਼ੌਰ, ਗਹਿਰ ਗੰਭੀਰ ਨੈਣ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਢੇ ਤਿੰਨ ਹੱਥ ਤੇਰਾ ਲੇਖਾ ਲੇਖੇ ਵਿਚੋਂ ਲਏ ਬਚਾਈਆ । ਲੇਖੇ ਵਿਚੋਂ ਲੇਖ ਬਚਾ, ਸੋ ਸਤਿਗੁਰ ਦਇਆ ਕਮਾਇੰਦਾ । ਪੂਤ ਸਪੂਤੇ ਦਇਆ ਕਮਾ, ਮਿਹਰ ਨਜ਼ਰ ਉਠਾਇੰਦਾ । ਤੰਦੀ ਤੰਦ ਇਕ ਮੰਗਾ, ਸਾਢੇ ਤਿੰਨ ਹੱਥ ਵੰਡ ਵੰਡਾਇੰਦਾ । ਚਾਲੀ ਦਿਨ ਅਗਲੇ ਵੇਖ ਵਖਾ, ਮਿਹਰ ਨਜ਼ਰ ਉਠਾਇੰਦਾ । ਗੁਰਮੇਜ਼ ਸਿੰਘ ਗੁਰ ਅੰਗ ਲਗਾ, ਜਨਮ ਜਨਮ ਵਿਚੋਂ ਬਦਲਾਇੰਦਾ । ਚਾਲੀਵੇਂ ਦਿਨ ਪੰਜ ਤੱਤ ਹੋ ਜਾਣਾ ਸੀ ਸੁਆਹ ਲੋਕਮਾਤ ਰਹਿਣ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਅਗਨ ਇਕੋ ਲਾ, ਰੋਵਣ ਨੂੰ ਇਕੱਠੇ ਕੀਤੇ ਆਂਢੀ ਗਵਾਂਢੀ ਭੈਣ ਭਰਾ, ਸਚ ਵਿਹਾਰਾ ਆਪ ਕਰਾਇੰਦਾ । ਚਾਲੀ ਦਿਨ ਦੂਰ ਨੇੜੇ, ਨੇਰਨ ਨੇਰ ਜਣਾਈਆ । ਉਜੜੇ ਵਸਾਏ ਫੇਰ ਖੇੜੇ, ਖੇੜਾ ਆਪਣੇ ਰੰਗ ਰੰਗਾਈਆ । ਬੰਨ੍ਹਣਹਾਰ ਡੁੱਬਦੇ ਬੇੜੇ, ਪਾਥਰ ਪਾਹਨ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਵਾਂ ਜੀਵਣ ਫਿਰ ਦਿਵਾਈਆ । ਨਵਾਂ ਜੀਵਣ ਦੇਵੇ ਨਵਾਂ ਬਾਪ, ਪੁਰਖ ਅਕਾਲ ਪਿਤਾ ਅਖਵਾਇੰਦਾ । ਗੁਰ ਸਤਿਗੁਰ ਬਣੇ ਸੱਚਾ ਸਾਕ, ਪਿਛਲਾ ਨਾਤਾ ਤੋੜ ਤੁੜਾਇੰਦਾ । ਅੱਗੇ ਪੁਛਣਹਾਰਾ ਵਾਤ, ਆਪ ਆਪਣਾ ਮੇਲ ਮਿਲਾਇੰਦਾ । ਦੇਵਣਹਾਰਾ ਤੱਤ ਵਿਚੋਂ ਤੱਤ ਦਾਤ, ਦਾਤਾ ਦਾਨੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੀਂਵਦਿਆਂ ਹੀ ਮਰਗ ਵਿਹਾਰ, ਮਿਰਤੂ ਦੇਵੇ ਫੜ ਕੇ ਤਾਰ, ਤਾਰਨਹਾਰਾ ਇਕ ਅਖਵਾਇੰਦਾ । ਤਾਰਨਹਾਰਾ ਹਰਿ ਰਘੁਨਾਥ, ਹਰਿ ਵੱਡਾ ਵਡ ਵਡਿਆਈਆ । ਜੁਗ ਚੌਕੜੀ ਵਸੇ ਸਾਥ, ਸਾਹਿਬ ਸਤਿਗੁਰ ਵਿਛੜ ਕਦੇ ਨਾ ਜਾਈਆ । ਸਚ ਪ੍ਰੀਤੀ ਜੋੜੇ ਚਰਨ ਕਵਲ ਨਾਤ, ਨਾਤਾ ਬਿਧਾਤਾ ਇਕੋ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਢੇ ਤਿੰਨ ਹੱਥ ਰੰਗ ਰੰਗਾਈਆ । ਸਾਢੇ ਤਿੰਨ ਹੱਥ ਮੌਲੀ ਤੰਦ, ਮੌਲਾ ਆਪਣੀ ਕਾਰ ਕਮਾਇੰਦਾ । ਲੇਖਾ ਚੁੱਕੇ ਸੂਰਜ ਚੰਦ, ਤਾਰਾ ਮੰਡਲ ਨਾ ਕੋਇ ਚਮਕਾਇੰਦਾ । ਲੋਕ ਪਰਲੋਕ ਦੋ ਜਹਾਨ ਚੌਦਾਂ ਤਬਕ ਖੰਡ ਬ੍ਰਹਿਮੰਡ ਦੇਵੇ ਬੰਧ, ਬੰਧਨ ਫੇਰ ਨਾ ਕੋਇ ਤੁੜਾਇੰਦਾ । ਸਚ ਸੰਗੀਤ ਇਕੋ ਢੋਲਾ ਸੋਹਲਾ ਸੁਣਾਏ ਛੰਦ, ਵਿਸ਼ਨ ਬ੍ਰਹਮਾ ਸ਼ਿਵ ਰਾਗ ਅਲਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਸਾਧ ਸੰਤ ਸ੍ਰੀ ਭਗਵੰਤ ਮਾਨਣ ਇਕ ਅਨੰਦ, ਅਨੰਦ ਅਨੰਦ ਵਿਚ ਰਖਾਇੰਦਾ । ਜੁਗ ਜਨਮ ਦੀ ਟੁੱਟੀ ਗੰਢ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਾਰ ਆਪ ਕਮਾਇੰਦਾ । ਸਾਚੀ ਕਾਰ ਕਰਾਵਣ ਆਇਆ, ਹਰਿ ਵੱਡਾ ਵਡ ਵਡਿਆਈਆ । ਤ੍ਰੈਗੁਣ ਮਾਇਆ ਪਰਦਾ ਲਾਹਿਆ, ਪੰਜ ਤੱਤ ਨਾ ਕੋਇ ਲੜਾਈਆ । ਅੰਮ੍ਰਿਤ ਜਾਮ ਇਕ ਪਿਆਇਆ, ਰਸ ਮਿੱਠਾ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸਾਢੇ ਤਿੰਨ ਹੱਥ ਅੱਗੋਂ ਮਾਰੇ ਨਾਅਰਾ, ਕੂਕ ਕੂਕ ਸੁਣਾਈਆ । ਕਿਉਂ ਕੂੜੀ ਕਿਰਿਆ ਕੀਤਾ ਪਿਆਰਾ, ਪੰਜ ਤੱਤ

ਮਾਟੀ ਤੇਰੇ ਕੰਮ ਕਿਸੇ ਨਾ ਆਈਆ । ਸ੍ਰੀ ਭਗਵਾਨ ਕਹੇ ਪ੍ਰਭ ਸਿਰਜਣਹਾਰਾ, ਦੇ ਮਤ ਰਿਹਾ ਸਮਝਾਈਆ । ਭਗਤਨ ਹਿੱਤ ਕੀਆ ਵਿਹਾਰਾ, ਦੂਜੀ ਲੋੜ ਕੋਇ ਨਾ ਰਾਈਆ । ਬਿਨ ਭਗਤਾਂ ਭਗਵਾਨ ਹੋਏ ਨਾ ਮਾਤ ਉਜਿਆਰਾ, ਜਗਤ ਮਿਲੇ ਨਾ ਕੋਇ ਵਡਿਆਈਆ । ਵੇਲੇ ਗਜ ਕੀਆ ਹੁਦਾਰਾ, ਤੰਦੂਆ ਤੰਦ ਤੰਦ ਕਟਾਈਆ । ਸਾਢੇ ਤਿੰਨ ਹੱਥ ਲੇਖੇ ਲੱਗੇ ਫੇਰ ਮਨਾਰਾ, ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਮੇਲ ਮਿਲਾਈਆ । ਨਿਰਗੁਣ ਮੇਲ ਨਿਰਗੁਣ ਧਾਰਾ, ਸਰਗੁਣ ਸਰਗੁਣ ਵੰਡ ਵੰਡਾਈਆ । ਚੇਲਾ ਗੁਰ ਗੁਰ ਅਵਤਾਰਾ, ਅਵਤਰੀ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸ੍ਰਿਸ਼ਟ ਸਬਾਈ ਏਕਾ ਰੰਗ ਵਖਾਈਆ । ਸਾਢੇ ਤਿੰਨ ਹੱਥ ਵੇਖ ਵਿਚਾਰ, ਸਤਿ ਸਤਿਵਾਦੀ ਆਪ ਜਣਾਇੰਦਾ । ਤੁਧ ਬਿਨ ਕੋਈ ਨਾ ਦਿਸੇ ਯਾਰ, ਸਰਗੁਣ ਰੂਪ ਨਾ ਕੋਇ ਵਟਾਇੰਦਾ । ਤੇਰਾ ਓਢਣ ਪਾ ਪਾ ਗਏ ਗੁਰ ਅਵਤਾਰ, ਪੀਰ ਪੈਗ਼ੰਬਰ ਤੇਰੇ ਅੰਦਰ ਵੜ ਵੜ ਪਰਦਾ ਪਾਇੰਦਾ । ਤੇਰਾ ਮਹੱਲ ਅਟੱਲ ਮਨਾਰ, ਖ਼ਾਕੀ ਖ਼ਾਕ ਰੂਪ ਵਟਾਇੰਦਾ । ਜਿਸ ਅੰਦਰ ਵੜੇ ਆਪ ਨਿਰੰਕਾਰ, ਨਿਰਗੁਣ ਦੀਆ ਬਾਤੀ ਡਗਮਗਾਇੰਦਾ । ਤੇਰੇ ਨਾਲ ਵਸੇ ਸੰਸਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਢੇ ਤਿੰਨ ਹੱਥ ਆਪ ਸਮਝਾਇੰਦਾ । ਸਾਢੇ ਤਿੰਨ ਹੱਥ ਕਹੇ ਮੇਰਾ ਮੀਤ ਰਵਦਾਸ, ਜੋ ਲੇਖਾ ਗਿਆ ਲਿਖਾਈਆ । ਸਦ ਵਸੇ ਮੇਰੇ ਪਾਸ, ਵਿਛੋੜਾ ਕੋਇ ਨਜ਼ਰ ਨਾ ਆਈਆ । ਕਬੀਰ ਜੁਲਾਹੇ ਮੇਰੇ ਅੰਦਰ ਕੀਤਾ ਨਿਵਾਸ, ਬੈਠਾ ਆਪਣਾ ਮੁਖ ਛੁਪਾਈਆ । ਮੇਰੇ ਅੰਦਰ ਵੜ ਕੇ ਸਤਿਗੁਰ ਨਾਨਕ ਬਣਿਆ ਦਾਸੀ ਦਾਸ, ਚਾਰ ਵਰਨਾਂ ਸੇਵ ਕਮਾਈਆ । ਮੇਰੇ ਮੰਦਰ ਬਹਿ ਕੇ ਗੁਰ ਗੋਬਿੰਦ ਗੁਰਮੁਖਾਂ ਕਿਹਾ ਸ਼ਾਬਾਸ਼ ਸ਼ਾਬਾਸ਼, ਅੰਮ੍ਰਿਤ ਸਚ ਪਿਆਲਾ ਜਾਮ ਪਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਦੇਣਾ ਸਾਚਾ ਵਰ, ਤੇਰਾ ਨਾਤਾ ਤੁਟ ਨਾ ਜਾਈਆ । ਪੰਜ ਤੱਤ ਸੁਣ ਅਖ਼ੀਰ, ਹਰਿ ਆਖ਼ਰ ਆਪ ਜਣਾਇੰਦਾ । ਤੇਰੇ ਅੰਦਰ ਵਸ ਕੇ ਗਏ ਪੈਗ਼ੰਬਰ ਪੀਰ, ਪਾਰਬ੍ਰਹਮ ਪ੍ਰਭ ਆਪਣੀ ਧਾਰ ਚਲਾਇੰਦਾ । ਤੇਰੇ ਅੰਦਰ ਸ਼ਰਅ ਜ਼ੰਜੀਰ, ਸ਼ਰੀਅਤ ਤੇਰੇ ਵਿਚ ਰਖਾਇੰਦਾ । ਤੇਰੇ ਅੰਦਰ ਅੰਮ੍ਰਿਤ ਨੀਰ, ਰਸ ਇਕੋ ਇਕ ਵਖਾਇੰਦਾ । ਤੇਰੇ ਅੰਦਰ ਕਾਮ ਕਰੋਧ ਲੋਭ ਮੋਹ ਹੰਕਾਰ ਲਾਈ ਪੀੜ, ਆਸਾ ਤ੍ਰਿਸ਼ਨਾ ਹਉਮੇ ਹੰਗਤਾ ਮਾਇਆ ਮਮਤਾ ਨਾਚ ਨਚਾਇੰਦਾ । ਤੇਰੇ ਅੰਦਰ ਵਸਣ ਸ਼ਾਹ ਹਕੀਰ, ਸ਼ਾਹ ਪਾਤਸ਼ਾਹ, ਤੇਰੀ ਓਟ ਤਕਾਇੰਦਾ । ਤੂੰ ਕਿਉਂ ਹੋਇਉਂ ਅੰਤ ਦਿਲਗੀਰ, ਤੇਰਾ ਨਾਤਾ ਨਾ ਅਜੇ ਤੁੜਾਇੰਦਾ । ਭਾਈਆ ਨਾਲ ਭਾਈ ਮਿਲਿਆ ਰਹਿ ਜਾਏ ਵੀਰ, ਗੁਰਮੇਜ ਆਤਮ ਸੇਜ ਫੇਰ ਵਿਛਾਇੰਦਾ । ਸਾਹਿਬ ਸਤਿਗੁਰ ਮਾਰੇ ਨਿਰਾਲਾ ਤੀਰ, ਅਣਆਲਾ ਆਪ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੀਵਣ ਜੀਵਣ ਵਿਚੋਂ ਬਦਲਾਇੰਦਾ । ਜੀਵਣ ਵਿਚੋਂ ਜੀਵਣ ਆਇਆ, ਜੁਗਤੀ ਨਜ਼ਰ ਕਿਸੇ ਨਾ ਆਈਆ । ਸਮਰਥ ਪੁਰਖ ਦਇਆ ਕਮਾਇਆ, ਦੀਨਨ ਹੋਏ ਸਹਾਈਆ । ਜੀਂਵਦਿਆਂ ਹੀ ਪਾਰ ਕਰਾਇਆ, ਕਿਨਾਰਾ ਇਕੋ ਇਕ ਰਖਾਈਆ । ਮਰਦਿਆਂ ਮਰਦਿਆਂ ਫੇਰ ਜਵਾਇਆ, ਮੁਰਦਾ ਰੂਪ ਨਾ ਕੋਇ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਨਵੇਂ ਜੀਵਣ ਦਾ ਨਵਾਂ ਬਾਪ, ਸਾਚਾ ਗਾਨਾਂ ਹੱਥ ਬੰਧਾਇੰਦਾ । ਤੂੰ ਮੇਰਾ ਮੈਂ ਤੇਰਾ ਸਾਕ, ਦੂਜਾ ਨਜ਼ਰ ਕੋਇ ਨਾ ਆਇੰਦਾ । ਬਿਨ ਅੱਖਾਂ ਖੋਲ੍ਹੇ ਅੰਦਰ ਤਾਕ, ਬਜਰ ਕਪਾਟੀ ਕੁੰਡਾ ਲਾਹਿੰਦਾ । ਹੱਥ ਨਾਲ ਮਿਲਾਏ ਹਾਥ, ਦਸਤ ਦਸਤ ਵਿਚ

ਫੜਾਇੰਦਾ । ਤੇਰੀ ਮੇਰੀ ਇਕੋ ਯਾਦ, ਯਾਦਾਸ਼ਤ ਹੋਰ ਵਧਾਇੰਦਾ । ਤੇਰੀ ਕੂਕ ਸੁਣ ਫਰਿਯਾਦ, ਹਰਿ ਫਰਿਯਾਦੀ ਫੇਰਾ ਪਾਇੰਦਾ । ਤੇਰਾ ਜਨਮ ਸਾਚੀ ਦਾਦ, ਤੇਰੀ ਝੋਲੀ ਫੇਰ ਭਰਾਇੰਦਾ । ਲੱਖ ਚੁਰਾਸੀ ਵਿਚੋਂ ਕਾਢ, ਹਰਿ ਜੂ ਆਪਣੇ ਨਾਲ ਮਿਲਾਇੰਦਾ । ਸਾਚੀ ਗੋਦ ਲਡਾਏ ਲਾਡ, ਮਿਹਰ ਨਜ਼ਰ ਇਕ ਉਠਾਇੰਦਾ । ਅੰਤਰ ਆਤਮ ਦੇਵੇ ਸੁਆਦ, ਰਸ ਇਕੋ ਇਕ ਚਖਾਇੰਦਾ । ਬੇੜੇ ਚਾੜ੍ਹੇ ਨਾਲ ਜ਼ਹਾਜ਼, ਜਨ ਭਗਤ ਭਗਤਾਂ ਨਾਲ ਰਖਾਇੰਦਾ । ਫੜ ਸੁਤਿਆਂ ਮਾਰ ਆਵਾਜ਼, ਸ੍ਰੀ ਭਗਵਾਨ ਆਪ ਜਗਾਇੰਦਾ । ਅੰਦਰ ਵੜ ਕੇ ਖੋਲ੍ਹੇ ਰਾਜ਼, ਭੇਵ ਅਭੇਦ ਸਮਝਾਇੰਦਾ । ਕਿਸੇ ਕੰਮ ਨਾ ਔਣੇ ਦੋ ਜਹਾਨਾਂ ਰਾਜ, ਸ਼ਹਿਨਸ਼ਾਹ ਨਜ਼ਰ ਕੋਇ ਨਾ ਆਇੰਦਾ । ਜਿਸ ਮਿਲੇ ਆਪ ਮਹਾਰਾਜ, ਸ੍ਰੀ ਭਗਵਾਨ ਅੰਗ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੀਵਣ ਵਿਚੋਂ ਜੀਵਣ ਹਯਾਤੀ ਦਿਵਸ ਰੈਣ ਇਕ ਪਰਭਾਤੀ, ਜਗੇ ਜੋਤ ਬਿਨ ਤੇਲ ਬਾਤੀ, ਹਵਨ ਇਕੋ ਇਕ ਕਰਾਇੰਦਾ । ਜੀਵਣ ਕਹੇ ਮੇਰੀ ਜ਼ਿੰਦਗੀ ਆਈ, ਜ਼ਿੰਦਾ ਹਰਿ ਕਰਾਇਆ । ਨਜ਼ਰੀ ਆਈ ਜੋਤ ਅਕਾਲਣ ਇਕੋ ਮਾਈ, ਪਿਤਾ ਪੁਰਖ ਅਕਾਲ ਹੋਏ ਸਹਾਇਆ । ਨਿਰਗੁਣ ਬਣਿਆ ਦਾਇਆ ਦਾਈ, ਦਰ ਸਾਚੇ ਸੇਵ ਕਮਾਇਆ । ਆਤਮ ਪਰਮਾਤਮ ਹੋਈ ਕੁੜਮਾਈ, ਘਰ ਮੰਦਰ ਇਕ ਵਡਿਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਾਮ ਇਕੋ ਝੋਲੀ ਪਾਇਆ । ਨਾਮ ਵਸਤ ਝੋਲੀ ਪਾ, ਪੱਲੂ ਹਰਿ ਫੜਾਈਆ । ਜੁਗ ਚੌਕੜੀ ਵਿਛੜੇ ਮੇਲ ਮਿਲਾ, ਜੋਤੀ ਜੋਤ ਜੋਤ ਰੁਸ਼ਨਾਈਆ । ਆਸਾ ਤ੍ਰਿਸ਼ਨਾ ਭੁਖੜੇ ਹਰਸ ਦਿਖਾ, ਦਰਦੀਆਂ ਦਰਦ ਵੰਡਾਈਆ । ਬਣ ਮਾਤ ਗਰਭ ਦੇ ਉਲਟੇ ਰੁਖੜੇ ਜਨਮ ਦਿਵਾ, ਸਤਿਗੁਰ ਜਨਮ ਘਰ ਆਪਣੇ ਦਏ ਸਮਝਾਈਆ । ਬਣੇ ਜਣ ਜਣੇਂਦੀ ਮਾਂ, ਗੋਦੀ ਇਕੋ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਚਾਰ ਵਰਨ, ਊਚ ਨੀਚ ਰਾਉ ਰੰਕ ਜਾਨਣਾ ਭੈਣ ਭਾਈਆ । ਚਾਰ ਵਰਨ ਇਕੋ ਨਾਤਾ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਆਪ ਜਣਾਇੰਦਾ । ਸਰਬ ਜੀਆਂ ਦਾ ਪੁਰਖ ਬਿਧਾਤਾ, ਘਟ ਘਟ ਡੇਰਾ ਲਾਇੰਦਾ । ਆਪਣਾ ਆਪ ਜਿਸ ਪਛਾਤਾ, ਤਿਸ ਦੂਜਾ ਨਜ਼ਰ ਕੋਇ ਨਾ ਆਇੰਦਾ । ਸਰਬ ਜੀਆਂ ਦਾ ਇਕੋ ਦਾਤਾ, ਦੂਜੀ ਵੰਡ ਨਾ ਕੋਇ ਵਖਾਇੰਦਾ । ਆਤਮ ਪਰਮਾਤਮ ਸਤਿਜੁਗ ਸਾਚੀ ਗਾਥਾ, ਸੋ ਪੁਰਖ ਨਿਰੰਜਣ ਰਾਹ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਲਹਿਣਾ ਦੇਣਾ ਨੇਤਰ ਨੈਣਾਂ ਆਪ ਵਖਾਇੰਦਾ । ਲਹਿਣਾ ਦੇਣਾ ਮਾਤ ਚੁਕਾਇਆ, ਹਰਿ ਸਤਿਗੁਰ ਸੇਵ ਕਮਾਈਆ । ਗੁਰ ਗੁਰ ਮੇਲਾ ਸਹਿਜ ਸੁਭਾਇਆ, ਘਰ ਸਾਚੇ ਵੱਜੇ ਵਧਾਈਆ । ਨਾਮ ਤੰਦਨ ਤੰਦ ਬੰਧਾਇਆ, ਬੇਪਰਵਾਹ ਹੋ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਪੰਝੀ ਚੇਤ ਕਾਇਆ ਖੇਤ, ਸਾਚਾ ਹੇਤ, ਉਜੜਿਆ ਖੇਤ ਫੇਰ ਵਸਾਈਆ ।

★ ੨੬ ਚੇਤ ੨੦੨੦ ਬਿਕਰਮੀ ਜੋਗਿੰਦਰ ਸਿੰਘ ਦੇ ਗ੍ਰਿਹਿ ਰੁੜਕਾ ਕਲਾਂ ਜ਼ਿਲਾ ਜਲੰਧਰ ★

ਪ੍ਰੇਮ ਕਹੇ ਮੈਂ ਸੱਚਾ ਪ੍ਰੇਮ, ਪ੍ਰੀਤੀ ਪਰਮ ਪੁਰਖ ਨਾਲ ਨਿਭਾਈਆ । ਮੇਰਾ ਖੇਲ ਜਾਣੇ ਕੁੰਟ ਹੇਮ, ਪਵਣ ਪਾਣੀ ਰਹੇ ਜਸ ਗਾਈਆ । ਸਦਾ

ਸਦਾ ਨਿਭਾਵਾਂ ਆਪਣਾ ਨੇਮ, ਕੀਤਾ ਕੌਲ ਭੁੱਲ ਨਾ ਜਾਈਆ । ਵੇਖ ਵਖਾਵਾਂ ਨਾਈ ਸੈਣ, ਸੱਜਣ ਇਕੋ ਇਕ ਬਣਾਈਆ । ਨਿਰਗੁਣ ਸਰਗੁਣ ਚੁਕਾਵਾਂ ਲਹਿਣ ਦੇਣ, ਦੋਹਾਂ ਵਿਚੋਲਾ ਸਦ ਅਖਵਾਈਆ । ਮੈਨੂੰ ਵੇਖ ਨਾ ਸਕੇ ਕੋਈ ਜਗਤ ਨੈਣ, ਗੁਰਮੁਖ ਵਿਰਲਾ ਰੀਤੀ ਜਾਣੇ ਚਾਈਂ ਚਾਈਆ । ਰਸਨਾ ਜਿਹਵਾ ਮੇਰੀ ਸਿਫ਼ਤ ਨਾ ਸਕੇ ਕੋਈ ਕਹਿਣ, ਸੀਸ ਧੜ ਮੇਰੇ ਅੱਗੇ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਪ੍ਰੀਤੀ ਇਕ ਨਿਭਾਈਆ । ਪ੍ਰੇਮ ਕਹੇ ਮੈਂ ਸਾਚਾ ਮੀਤਾ, ਮਿੱਤਰ ਪਿਆਰੇ ਮੇਲ ਮਿਲਾਇੰਦਾ । ਪ੍ਰੇਮ ਕਹੇ ਮੇਰੀ ਅਚਰਜ ਰੀਤਾ, ਗੁਰ ਅਵਤਾਰ ਮੇਰਾ ਸੰਗ ਨਿਭਾਇੰਦਾ । ਪ੍ਰੇਮ ਕਹੇ ਮੇਰਾ ਨਿਸ਼ਾਨ ਠੀਕਾ, ਸਤਿ ਸਤਿਵਾਦੀ ਇਕ ਦਰਸਾਇੰਦਾ । ਪ੍ਰੇਮ ਕਹੇ ਮੇਰਾ ਅਜਬ ਤਰੀਕਾ, ਬਿਨਾਂ ਗੋਬਿੰਦ ਹੱਥ ਕਿਸੇ ਨਾ ਆਇੰਦਾ । ਪ੍ਰੇਮ ਕਹੇ ਮੈਂ ਲੇਖਾ ਜਾਣਾਂ ਜੀਵ ਜੀ ਕਾ, ਜੀਵਣ ਸਭ ਦਾ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਦ੍ਰਿੜਾਇੰਦਾ । ਪ੍ਰੇਮ ਕਹੇ ਮੇਰਾ ਸਚ ਪਿਆਰ, ਪਿਆਰਿਆਂ ਨਾਲ ਰਖਾਈਆ । ਜੁਗ ਚੌਕੜੀ ਵਸਾਂ ਵਿਚ ਸੰਸਾਰ, ਜਨਮ ਮਰਨ ਵਿਚ ਕਦੇ ਨਾ ਆਈਆ । ਸਾਹਿਬ ਸਤਿਗੁਰ ਕਿਰਪਾ ਕਰ ਦੀਨ ਦਿਆਲ, ਜਨ ਭਗਤਾਂ ਅੰਦਰ ਬਿਨ ਮੰਗਿਆਂ ਦੇਵੇ ਝੋਲੀ ਪਾਈਆ । ਮੇਰਾ ਨਾਤਾ ਸ਼ਾਹ ਕੰਗਾਲ, ਊਚ ਨੀਚ ਨਾ ਕੋਇ ਰਖਾਈਆ । ਜੁਗ ਜੁਗ ਬਣਾਂ ਜਗਤ ਦਲਾਲ, ਗੁਰਮੁਖ ਗੁਰ ਗੁਰ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪ੍ਰੀਤੀਵਾਨ ਨਾਮ ਅਖਵਾਈਆ । ਪ੍ਰੇਮ ਕਹੇ ਮੇਰਾ ਸੱਚਾ ਨਾਤਾ, ਨਾ ਕੋਈ ਤੋੜ ਤੁੜਾਇੰਦਾ । ਬਿਨ ਭਗਤ ਕਿਸੇ ਨਾ ਜਾਤਾ, ਲੱਖ ਚੁਰਾਸੀ ਨਜ਼ਰ ਕਿਸੇ ਨਾ ਆਇੰਦਾ । ਪਾਰਬ੍ਰਹਮ ਪਤਿਪਰਮੇਸ਼ਵਰ ਜਿਸ ਮੇਰੀ ਦੇਵੇ ਦਾਤਾ, ਤਿਸ ਆਪਣਾ ਬੰਧਨ ਪਾਇੰਦਾ । ਮੈਂ ਵਸਾਂ ਸਦਾ ਇਕਾਂਤਾ, ਜਿਸ ਗ੍ਰਿਹਿ ਸਤਿਗੁਰ ਸਾਹਿਬ ਵਸਾਇੰਦਾ । ਮੇਰਾ ਖੇਲ ਬਹੁ ਬਿਧ ਭਾਤਾ, ਅਚਰਜ ਆਪਣੀ ਕਾਰ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪ੍ਰੇਮ ਆਪਣਾ ਰੰਗ ਵਖਾਇੰਦਾ । ਪ੍ਰੇਮ ਕਹੇ ਮੇਰਾ ਰੰਗ ਅਪਾਰ, ਅਪਰੰਪਰ ਧਾਰ ਜਣਾਈਆ । ਕਿਸੇ ਨੂੰ ਸੂਲੀਆਂ ਉਪਰ ਦੇਵਾਂ ਚਾੜ੍ਹ, ਪੁੱਠੀ ਖੱਲ ਕਿਸੇ ਲੁਹਾਈਆ । ਕਿਸੇ ਤੱਤੀਆਂ ਲੋਹਾ ਉਤੇ ਦੇਵਾਂ ਬਹਾਲ, ਸੀਸ ਧੜ ਕਿਸੇ ਅੱਡ ਕਰਾਈਆ । ਕਿਸੇ ਨੀਂਹਾਂ ਹੇਠਾਂ ਦਿਆਂ ਸੁਆਲ, ਕਿਸੇ ਖੜਗ ਖੰਡਾ ਚਮਕਾਈਆ । ਕਿਸੇ ਚਲਾਂ ਨਾਲ ਨਾਲ, ਕਿਸੇ ਦੂਰ ਦੁਰਾਡੇ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਸੇਵਾ ਇਕ ਲਗਾਈਆ । ਪਿਆਰ ਕਰਨ ਦੀ ਮੇਰੀ ਸੇਵਾ, ਸਾਚੀ ਹਰਿ ਜਣਾਇੰਦਾ । ਰਾਹ ਤੱਕਣ ਦੇਵੀ ਦੇਵਾ, ਦੇਵਤ ਸੁਰ ਧਿਆਨ ਰਖਾਇੰਦਾ । ਪ੍ਰੇਮ ਪ੍ਰੀਤੀ ਅੰਮ੍ਰਿਤ ਰਸ ਸਾਚਾ ਮੇਵਾ, ਜੁਗ ਚੌਕੜੀ ਫਲ ਖੁਆਇੰਦਾ । ਮੇਰੀ ਸਿਫ਼ਤ ਨਾ ਕਰੇ ਰਸਨਾ ਜਿਹਵਾ, ਸਿਫ਼ਤੀ ਸਿਫ਼ਤ ਨਾ ਕੋਇ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪ੍ਰੇਮ ਪ੍ਰੀਤੀ ਇਕ ਵਖਾਇੰਦਾ । ਪ੍ਰੇਮ ਕਰਨ ਦਾ ਮੋਹੇ ਚਾਓ, ਘਰ ਵੱਜਦੀ ਰਹੇ ਵਧਾਈਆ । ਕਵਣ ਵੇਲਾ ਜਨ ਭਗਤਾਂ ਪਕੜਾਂ ਬਾਹੋਂ, ਭਗਵਾਨ ਨਾਲ ਮਿਲਾਈਆ । ਵਸ ਕੇ ਵੇਖਾਂ ਸੱਚੇ ਥਾਉਂ, ਜਿਸ ਗ੍ਰਿਹਿ ਹਰਿ ਹਰਿ ਢੋਲਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਰੀਤੀ ਇਕ ਬਣਾਈਆ । ਪ੍ਰੇਮ ਕਹੇ ਮੇਰਾ ਅੰਤਰ ਵਾਸਾ, ਪ੍ਰੇਮੀ ਪ੍ਰੇਮਕਾ ਵੇਖ ਵਖਾਇੰਦਾ । ਸੁਰਤ ਸਵਾਣੀ ਮੇਰੀ ਕਰੇ ਆਸਾ, ਹਰਿ ਮੰਦਰ ਮੇਰਾ ਰਾਹ ਤਕਾਇੰਦਾ । ਮੈਂ ਦੋਹਾਂ ਵੇਖ ਕਰਾਂ ਹਾਸਾ, ਆਪਣਾ ਖੇਲ ਕਰਾਇੰਦਾ । ਜਿੰਨਾਂ ਚਿਰ

੨੭੪ ੧੪

ਬਣਾ ਨਾ ਸੱਚਾ ਸਾਥਾ, ਅੱਗੇ ਹੋ ਗੰਢ ਨਾ ਕੋਇ ਪੁਆਇੰਦਾ । ਇਕ ਦੂਜੇ ਦਾ ਬਣ ਵਿਚੋਲਾ ਬਣਾਵਾਂ ਸਾਕਾ, ਸਗਲਾ ਸੰਗ ਨਿਭਾਇੰਦਾ । ਸੌਹਰੇ ਸਚ ਵੇਖਾਂ ਮਾਪਾ, ਪੇਕਾ ਇਕੋ ਘਰ ਵਖਾਇੰਦਾ । ਉਤਮ ਆਦਿ ਮੇਰੀ ਜ਼ਾਤਾ, ਜੁਗਾਦਿ ਆਪਣਾ ਘਰ ਵਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪ੍ਰੇਮ ਪਿਆਰ ਵਿਚੋਂ ਪਰਗਟਾਇੰਦਾ । ਪ੍ਰੇਮ ਪਿਆਰ ਕਹੇ ਮੇਰਾ ਇਕੋ ਮੰਤ, ਮੰਤਰ ਹਰਿ ਦ੍ਰਿੜਾਈਆ । ਸਾਚਾ ਮੇਲਾ ਨਾਰ ਕੰਤ, ਕੰਤੂਹਲ ਸਾਹਿਬ ਸੁਖਦਾਈਆ । ਸੰਜੋਗ ਮਿਲਾਵਾ ਜੀਵ ਜੰਤ, ਰਸ ਭੋਗ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਆਸਾ ਇਕ ਰਖਾਈਆ । ਮੇਰੀ ਆਸਾ ਪ੍ਰਭ ਹੋਏ ਮੇਲਾ, ਮਿਲਣੀ ਜਗਦੀਸ਼ ਕਰਾਈਆ । ਇਕੋ ਘਰ ਸੋਹੇ ਗੁਰੂ ਗੁਰ ਚੇਲਾ, ਘਰ ਸੁਹੰਜਣਾ ਸੋਭਾ ਪਾਈਆ । ਸਾਹਿਬ ਸਤਿਗੁਰ ਮੇਰਾ ਵੇਖੇ ਅੰਤਮ ਵੇਲਾ, ਨਿਰਗੁਣ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵਾ ਇਕ ਦਰਸਾਈਆ । ਸੇਵਾ ਕਰਾਂ ਪਿਆਰ ਅੰਦਰ, ਅੰਤਰ ਖੇਲ ਖਲਾਇੰਦਾ । ਬੰਕ ਸੁਹਾਵਾਂ ਸਾਚਾ ਮੰਦਰ, ਜਿਸ ਘਰ ਆਪਣਾ ਫੇਰਾ ਪਾਇੰਦਾ । ਭਾਗ ਲਗਾ ਵੈਰਾਨ ਖੰਡਰ, ਸੁਹੰਜਣੀ ਰੁੱਤ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਿਆਰ ਭਾਵ ਭਗਤੀ ਵਿਚ ਰਖਾਇੰਦਾ । ਪਿਆਰ ਕਹੇ ਮੇਰਾ ਭਾਓ ਭਗਤੀ, ਭਰਮ ਰਹੇ ਨਾ ਰਾਈਆ । ਮੇਲ ਮਿਲਾਵਾਂ ਆਤਮ ਸ਼ਕਤੀ, ਸ਼ੁਕਰ ਸ਼ੁਕਰ ਸੁਣਾਈਆ । ਗੁਰਮੁਖ ਸੱਜਣ ਵੇਖ ਵਿਅਕਤੀ, ਬੇਕਲ ਹੋ ਕੇ ਦਏ ਦੁਹਾਈਆ । ਬਿਨ ਭਗਤਾਂ ਮੇਰੀ ਚੁੱਕੇ ਨਾ ਕੋਇ ਅਰਥੀ, ਅਰਥ
ਅਰਥਾਤ ਅਥਵਾ ਕੋਇ ਨਾ ਸਕੇ ਸਮਝਾਈਆ । ਮੇਰੇ ਪ੍ਰੇਮ ਦੀ ਸਚ ਜਮਾਤ, ਪੱਟੀ ਇਕੋ ਇਕ ਪੜ੍ਹਾਈਆ । ਸਾਚਾ ਲੇਖਾ ਬਿਨ ਕਲਮ ਦਵਾਤ, ਸ਼ਾਹੀ ਨਜ਼ਰ ਕੋਇ ਨਾ ਆਈਆ । ਜਿਸ ਦੇਵੇ ਪ੍ਰਭ ਮੇਰੀ ਦਾਤ, ਮੇਰੇ ਨਾਲ ਲਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਪ੍ਰੇਮ ਪਿਆਰ ਭਗਤ ਅਧਾਰ, ਭਗਵਨ ਆਪਣਾ ਰੰਗ ਵਖਾਈਆ ।



੨੭੫ ੧੪

### ★ ੨੯ ਚੇਤ ੨੦੨੦ ਬਿਕਰਮੀ ਕੇਹਰ ਸਿੰਘ ਦੇ ਗ੍ਰਿਹਿ ਰੁੜਕਾ ਕਲਾਂ ਜ਼ਿਲਾ ਜਲੰਧਰ ★

ਹਰਿ ਸਤਿਗੁਰ ਸਚ ਪਿਆਰ, ਗੁਰ ਸ਼ਬਦ ਸ਼ਬਦ ਵਡਿਆਈਆ । ਨਾਤਾ ਰਹੇ ਸਦਾ ਜੁਗ ਚਾਰ, ਜੁਗ ਚੌਕੜੀ ਨਾ ਕੋਇ ਤੁੜਾਈਆ । ਖ਼ੁਸ਼ੀ ਮਨਾਵਣ ਬ੍ਰਹਮਾ ਵਿਸ਼ਨ ਸ਼ਿਵ ਬੋਲ ਜੈਕਾਰ, ਦੋ ਜਹਾਨ ਵੱਜੇ ਵਧਾਈਆ । ਸੁਰ ਨਰ ਮੁਨ ਜਨ ਦੇਵਤ ਕਰਨ ਨਿਮਸਕਾਰ, ਬੈਠਣ ਸੀਸ ਝੁਕਾਈਆ । ਸਾਚੇ ਘਰ ਖਿਲੇ ਗੁਲਜ਼ਾਰ, ਗੁਲਸ਼ਨ ਆਪਣੀ ਰੁੱਤ ਸੁਹਾਈਆ । ਮਹਿਕ ਆਏ ਅਗੰਮ ਅਪਾਰ, ਸਤਿ ਸਰੂਪ ਦਏ ਸਮਝਾਈਆ । ਮੇਲ ਮਿਲਾਵਾ ਸਿਰਜਣਹਾਰ, ਸ਼ਾਹ ਪਾਤਸ਼ਾਹ ਹੋਏ ਸਹਾਈਆ । ਲੇਖਾ ਜਾਣ ਧੁਰ ਦਰਬਾਰ, ਧੁਰ ਦੀ ਕਰਨੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਪ੍ਰੇਮ ਬੰਧਨ ਪਾਈਆ । ਭਗਤ ਭਗਵਾਨ ਕਹੇ ਪ੍ਰੇਮ ਅਪਾਰਾ, ਆਦਿ ਜੁਗਾਦਿ ਜਣਾਇੰਦਾ । ਇਕ ਦੂਜੇ ਦਾ ਸ਼ਬਦ ਸਹਾਰਾ, ਗੁਰ ਸ਼ਬਦੀ ਕਾਰ ਕਮਾਇੰਦਾ । ਇਕ ਦੂਜੇ ਦਾ ਸਚ ਵਿਹਾਰਾ, ਬਿਵਹਾਰੀ ਆਪ ਸਮਝਾਇੰਦਾ । ਇਕ ਦੂਜੇ ਦਾ ਪ੍ਰੇਮ ਵਣਜਾਰਾ, ਘਰ ਘਰ ਹੱਟ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਆਪਣਾ ਭੇਵ ਜਣਾਇੰਦਾ ।

ਭਗਤ ਭਗਵਾਨ ਸਚ ਪ੍ਰੇਮ ਹੱਟ, ਹਟਵਾਣਾ ਇਕੋ ਨਜ਼ਰੀ ਆਈਆ । ਗੰਗਾ ਗੋਦਾਵਰੀ ਜਮਨਾ ਸੁਰਸਤੀ ਤਰਬੈਣੀ ਰਾਹ ਰਹੀ ਤੱਕ, ਈੜਾ ਪਿੰਗਲ ਸੁਖਮਨ ਤਿੰਨੇ ਇਕੋ ਧਿਆਨ ਲਗਾਈਆ । ਪ੍ਰਭ ਪ੍ਰੇਮ ਪ੍ਰੀਤੀ ਕਰਦਾ ਕਦੇ ਨਾ ਜਾਏ ਥੱਕ, ਅਨਥਕ ਆਪਣੀ ਸੇਵ ਕਮਾਈਆ । ਵਸਤ ਅਮੋਲਕ ਦੇਂਦਾ ਕਦੀ ਨਾ ਜਾਏ ਅੱਕ, ਹਰਖ਼ ਸੋਗ ਨਾ ਕੋਇ ਰਖਾਈਆ । ਜਿਸ ਵਲ ਮਿਹਰ ਨਜ਼ਰ ਕਰ ਕੇ ਲਏ ਤੱਕ, ਤਿਸ ਅੰਤਰ ਬੂਝ ਬੁਝਾਈਆ । ਕਰੇ ਕਰਾਏ ਨਬੇੜਾ ਹੱਕ, ਹਕੀਕਤ ਆਪਣੀ ਦਏ ਸਮਝਾਈਆ । ਪ੍ਰੇਮ ਪ੍ਰੀਤੀ ਸਾਚੀ ਦੱਸ, ਪਰਮ ਪੁਰਖ ਦਏ ਵਡਿਆਈਆ । ਹਰਿ ਹਿਰਦੇ ਅੰਦਰ ਜਾਏ ਵਸ, ਰੂਪ ਰੰਗ ਨਜ਼ਰ ਨਾ ਆਈਆ । ਪਰੇਮੀ ਕਦੇ ਨਾ ਜਾਏ ਪਿੱਛੇ ਹਟ, ਅੱਗੇ ਆਪਣਾ ਕਦਮ ਰਖਾਈਆ । ਦੂਈ ਦਵੈਤੀ ਨਾਲ ਪ੍ਰੇਮ ਮੇਟੇ ਫੱਟ, ਪੱਟੀ ਆਪਣੇ ਨਾਮ ਬੰਧਾਈਆ । ਕਰ ਖੇਲ ਪੁਰਖ ਸਮਰਥ, ਸਮਰਥ ਆਪਣੀ ਕਾਰ ਜਣਾਈਆ । ਲਹਿਣਾ ਦੇਣਾ ਹੱਥੋ ਹੱਥ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਪ੍ਰੇਮ ਪਿਆਰ ਭਗਤ ਭਗਤੀ ਸੱਚਾ ਸੰਗ, ਸੋ ਸਤਿਗੁਰ ਆਪ ਜਣਾਇੰਦਾ । ਆਦਿ ਜੁਗਾਦਿ ਚਾੜ੍ਹੇ ਇਕ ਰੰਗ, ਕਸੁੰਭੜਾ ਰੂਪ ਨਾ ਕੋਇ ਵਟਾਇੰਦਾ । ਸਚ ਤਰਾਨਾ ਸੁਣਾਏ ਛੰਦ, ਗੀਤ ਗੋਬਿੰਦ ਅਲਾਇੰਦਾ । ਅਨਹਦ ਨਾਦ ਵਜਾਏ ਮਰਦੰਗ, ਸਾਰੰਗ ਸਾਰੰਗਾ ਹੱਥ ਨਾ ਕੋਇ ਰਖਾਇੰਦਾ । ਘਰ ਮੰਦਰ ਜਣਾਏ ਅਨੰਦ, ਅਨੰਦ ਆਤਮ ਰਸ ਚਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਆਪਣੀ ਗੰਢ ਪੁਆਇੰਦਾ । ਪ੍ਰੇਮ ਪ੍ਰੀਤੀ ਨਿਰਗੁਣ ਸਰਗੁਣ ਗੰਢ, ਗੁਰ ਸਤਿਗੁਰ ਆਪ ਬੰਧਾਈਆ । ਜਨ ਭਗਤਾਂ ਹਿਰਦੇ ਪਾਵੇ ਠੰਡ, ਗੁਰਮੁਖ ਅਗਨੀ ਨਾ ਲਾਗੇ ਰਾਈਆ । ਗੁਰਸਿਖ ਡੋਰੀ ਇਕੋ ਤੰਦ, ਨਾਮ ਬੰਧਨ ਦਏ ਜਣਾਈਆ । ਭਗਤ ਭਗਵਾਨ ਸੱਚਾ ਛੰਦ, ਸੋਹੰ ਢੋਲਾ ਰਿਹਾ ਸੁਣਾਈਆ । ਜਨਮ ਕਰਮ ਦਾ ਕੱਟੇ ਫੰਦ, ਫਾਸੀ ਜਮ ਨਾ ਕੋਇ ਲਟਕਾਈਆ । ਕਰੇ ਪਰਕਾਸ਼ ਅੰਧੇਰਾ ਅੰਧ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਰੀਤੀ ਇਕ ਦ੍ਰਿੜਾਈਆ । ਪ੍ਰੇਮ ਕਹੇ ਮੇਰੀ ਪ੍ਰੀਤੀ, ਬਿਨ ਪ੍ਰੀਤਵਾਨ ਹੱਥ ਕਿਸੇ ਨਾ ਆਈਆ । ਮੈਨੂੰ ਲੱਭਦੇ ਮੰਦਰ ਮਸੀਤੀਂ, ਭੱਜੇ ਫਿਰਨ ਵਾਹੋ ਦਾਹੀਆ । ਲੇਖਾ ਵੇਖਾਂ ਸਭ ਦੀ ਨੀਤੀ, ਘਰ ਘਰ ਡੇਰਾ ਲਾਈਆ । ਮੇਰੀ ਧਾਰ ਸਦਾ ਅਨਡੀਠੀ, ਹੱਥ ਫੜ ਨਾ ਕਿਸੇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਪ੍ਰੇਮ ਗੰਢ ਜਨ ਭਗਤਾਂ ਨਾਲ ਪੀਚੀ, ਬਿਨ ਸਤਿਗੁਰ ਪੂਰੇ ਸਕੇ ਨਾ ਕੋਇ ਖੁਲ੍ਹਾਈਆ । ਨਿਰਗੁਣ ਨਾਨਕ ਇਸ਼ਾਰੇ ਦੇਂਦਾ ਰਿਹਾ ਜਗਤ ਨਾਲ ਨਿੱਕੀ ਚੀਚੀ, ਵੱਡੀ ਉਂਗਲ ਹੱਥ ਨਾ ਕੋਇ ਉਠਾਈਆ । ਲੱਖ ਚੁਰਾਸੀ ਪ੍ਰਭ ਸਾਚੇ ਦੀ ਜਗਤ ਬਗ਼ੀਚੀ, ਬਾਗ਼ਬਾਨ ਇਕੋ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤੀ ਸਚ ਸੁਗੰਧ, ਕਲੀ ਕਲੀ ਆਪ ਮਹਿਕਾਈਆ । ਪਿਆਰ ਕਹੇ ਮੇਰਾ ਪ੍ਰੇਮ ਬੰਧ ਫੂਲ, ਵਾਸਨਾ ਵਾਸਨਾ ਵਿਚੋਂ ਪਰਗਟਾਇੰਦਾ । ਕੰਡਿਆਂ ਵਿਚ ਨਾ ਜਾਵਾਂ ਭੂਲ, ਸਾਚੀ ਰੀਤੀ ਤੋੜ ਨਿਭਾਇੰਦਾ । ਆਦਿ ਜੁਗਾਦੀ ਬੱਝਾ ਅਸੂਲ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਮੇਰਾ ਮਾਲਕ ਹਰਿ ਕੰਤ ਕੰਤੂਹਲ, ਜਿਸ ਦੀ ਅੰਤਰ ਸੇਜ ਹੰਢਾਇੰਦਾ । ਸਦਾ ਸਦਾ ਸਦ ਚੁਕਾਵਣਹਾਰਾ ਮੂਲ, ਲਹਿਣਾ ਸਭ ਦੀ ਝੋਲੀ ਪਾਇੰਦਾ । ਦੇਵਣਹਾਰ ਨਾ ਜਾਏ ਭੂਲ, ਅਭੁੱਲ ਆਪਣੀ ਕਾਰ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੇਲ ਆਪ ਮਿਲਾਇੰਦਾ । ਸਾਚਾ ਮੇਲ ਭਗਤ ਭਗਵਾਨ, ਭਾਉ ਭਗਤੀ ਰਹੀ ਜਣਾਈਆ ।

ਸ਼ਾਸਤਰ ਸਿਮਰਤ ਵੇਦ ਪੁਰਾਨ ਦੇਣ ਬਿਆਨ, ਲਿਖ ਲਿਖ ਲੇਖਾ ਜਗਤ ਜਣਾਈਆ । ਉਚੀ ਕੂਕਣ ਅੰਜੀਲ ਕੁਰਾਨ, ਗੀਤਾ ਗਿਆਨ ਰਿਹਾ ਦ੍ਰਿੜਾਈਆ । ਜਿਸ ਉਪਰ ਮਿਹਰਵਾਨ ਹੋਏ ਭਗਵਾਨ, ਤਿਸ ਮੇਲਾ ਸਹਿਜ ਸੁਭਾਈਆ । ਅਠਸਠ ਤੀਰਥ ਨੈਣ ਸ਼ਰਮਾਣ, ਨੇਤਰ ਅੱਖ ਨਾ ਕੋਇ ਖੁਲ੍ਹਾਈਆ । ਜਿਸ ਹਰਿ ਜੂ ਦੇਵੇ ਦਾਨ, ਤਿਸ ਅੱਗੇ ਕਿਸੇ ਚਲੇ ਕਿਆ ਚਤੁਰਾਈਆ । ਤਿਸ ਮਹਿਮਾ ਜਗਤ ਮਹਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਸਿਰ ਰੱਖੇ ਹੱਥ ਜਿਸ ਮਿਹਰਵਾਨ, ਮਿਹਰ ਨਜ਼ਰ ਉਠਾਇੰਦਾ । ਰੋਗ ਸੋਗ ਸਰਬ ਮਿਟ ਜਾਣ, ਚਿੰਤਾ ਦੁੱਖ ਨਾ ਕੋਇ ਰਖਾਇੰਦਾ । ਅੰਮ੍ਰਿਤ ਦੇਵੇ ਪੀਣ ਖਾਣ, ਕੂੜੀ ਕਿਰਿਆ ਪੰਧ ਮੁਕਾਇੰਦਾ । ਆਤਮ ਪਰਮਾਤਮ ਕਰ ਪਰਵਾਨ, ਆਪ ਆਪਣੇ ਰੰਗ ਰੰਗਾਇੰਦਾ । ਵਖਾਵਣਹਾਰਾ ਸਚ ਨਿਸ਼ਾਨ, ਧਰਮ ਨਿਸ਼ਾਨਾ ਇਕ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਨਾਮ ਵਰ, ਤਿਸ ਸੰਸਾ ਰੋਗ ਮਿਟਾਇੰਦਾ । ਸੰਸਾ ਰੋਗ ਮਿਟੇ ਦੁੱਖ, ਦਰਦ ਰਹੇ ਨਾ ਰਾਈਆ । ਘਰ ਉਪਜੇ ਸਾਚਾ ਸੁਖ, ਘਰ ਘਰ ਵਿਚ ਵੱਜੇ ਵਧਾਈਆ । ਮਾਤ ਗਰਭ ਨਾ ਹੋਵੇ ਉਲਟਾ ਰੁਖ਼, ਦਸ ਦਸ ਮਾਸ ਨਾ ਅਗਨ ਤਪਾਈਆ । ਜਨਮ ਕਰਮ ਦੀ ਉਤਰੇ ਭੁੱਖ, ਜਿਸ ਜਨ ਆਪਣਾ ਦਰਸ ਕਰਾਈਆ । ਜੋ ਸਤਿਗੁਰ ਨਿਸ਼ਾਨਿਉਂ ਗਿਆ ਉਕ, ਤਿਸ ਠੌਰ ਕੋਇ ਨਾ ਪਾਈਆ । ਰਾਏ ਧਰਮ ਟੰਗੇ ਪੁੱਠ, ਦੋਜ਼ਖ਼ ਅਗਨੀ ਦੇਵੇ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਬਿਨ ਸਤਿਗੁਰ ਪਿਆਰ ਜਗਤ ਰੀਤੀ ਕੰਮ ਕਿਸੇ ਨਾ ਆਈਆ । ਸਤਿਗੁਰ ਪਿਆਰ ਸ਼ਬਦ ਸੱਚਾ, ਸ਼ਬਦੀ ਸ਼ਬਦ ਦ੍ਰਿੜਾਇੰਦਾ । ਗੁਰਮੁਖ ਗੁਰਸਿਖ ਅਵਾਣਾ ਬੱਚਾ, ਬਾਲਕ ਆਪਣੇ ਰਾਹੇ ਪਾਇੰਦਾ । ਪ੍ਰੇਮ ਪ੍ਰੀਤੀ ਅੰਦਰ ਰਹੇ ਕੋਈ ਨਾ ਕੱਚਾ, ਸਿਰ ਆਪਣਾ ਹੱਥ ਰਖਾਇੰਦਾ । ਇਕੋ ਨਾਮ ਸਾਚਾ ਦੱਸਾ, ਸੋਹੰ ਹੰਸਾ ਜਾਪ ਜਪਾਇੰਦਾ । ਅੰਮ੍ਰਿਤ ਆਤਮ ਦੇਵੇ ਰਸਾ, ਰਸ ਝਿਰਨਾ ਝਿਰ ਇਕੋ ਬੂੰਦ ਟਪਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪ੍ਰੇਮ ਪ੍ਰੀਤੀ ਭਗਤਾਂ ਦਾਨ, ਭਗਵਨ ਕਰ ਕਿਰਪਾ ਝੋਲੀ ਪਾਇੰਦਾ ।



### ★ ੨੬ ਚੇਤ ੨੦੨੦ ਬਿਕਰਮੀ ਉਜਾਗਰ ਸਿੰਘ ਦੇ ਗ੍ਰਿਹਿ ਰੁੜਕਾ ਕਲਾਂ ਜ਼ਿਲਾ ਜਲੰਧਰ ★

ਹਰਿ ਕਿਰਪਾ ਸਤਿਗੁਰ ਪ੍ਰੀਤ, ਸਦਾ ਸਦਾ ਵਡਿਆਈਆ । ਗੁਰ ਗੁਰ ਖੇਲ ਸਦਾ ਅਨਡੀਠ, ਜਗਤ ਨੇਤਰ ਨਜ਼ਰ ਨਾ ਆਈਆ । ਜਨ ਭਗਤ ਜਣਾਏ ਸਾਚੀ ਰੀਤ, ਅਨਭਵ ਆਪਣੀ ਕਾਰ ਕਮਾਈਆ । ਸਚ ਸੁਣਾ ਅਗੰਮ ਗੀਤ, ਰਾਗ ਨਾਦ ਸ਼ਨਵਾਈਆ । ਲੇਖਾ ਚੁੱਕੇ ਜਗਤ ਸੰਗੀਤ, ਸੁਰ ਤਾਲ ਨਾ ਕੋਇ ਵਡਿਆਈਆ । ਗੁਰ ਵੇਖੇ ਸਾਹਿਬ ਮੀਤ, ਮਿੱਤਰ ਪਿਆਰਾ ਨਜ਼ਰੀ ਆਈਆ । ਲੇਖਾ ਚੁੱਕੇ ਹਸਤ ਕੀਟ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਪ੍ਰੀਤ ਇਕ ਨਿਭਾਈਆ । ਪ੍ਰੀਤ ਨਿਭਾਏ ਪਰਵਰਦਿਗਾਰ, ਪੀਰ ਪੈਗ਼ੰਬਰ ਰਾਹ ਜਣਾਇੰਦਾ । ਅਦਿ ਜੁਗਾਦੀ ਸਾਂਝਾ ਯਾਰ, ਜੁਗ ਜੁਗ ਸੰਗ ਰਖਾਇੰਦਾ । ਕਲਮਾ ਕਲਾਮ ਕਰ ਤਿਆਰ, ਮਿਹਰਵਾਨ ਪੜ੍ਹਾਇੰਦਾ । ਕਾਲਮ ਕਲਮ ਕਾਤਬ ਬਣ ਲਿਖਾਰ, ਲਿਖ ਲਿਖ ਲੇਖਾ ਆਪ ਜਣਾਇੰਦਾ । ਰਸਨਾ ਜਿਹਵਾ ਬੋਲ ਜੈਕਾਰ, ਨਾਅਰਾ ਇਕੋ ਇਕ ਸਮਝਾਇੰਦਾ । ਮੁਰੀਦ ਮੁਰਸ਼ਦ ਦੇ

ਦੀਦਾਰ, ਰੂਹ ਬੁੱਤ ਖੇਲ ਖਲਾਇੰਦਾ । ਕਲਮਾ ਹੱਕ ਕਰ ਪਿਆਰ, ਹਕੀਕਤ ਇਕੋ ਘਰ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਆਪ ਰੰਗਾਇੰਦਾ । ਰੰਗ ਰੰਗਣ ਅਗੰਮ ਅਥਾਹ, ਸਾਹਿਬ ਸਤਿਗੁਰ ਆਪ ਰੰਗਾਈਆ । ਲੇਖਾ ਜਾਣ ਧੁਰਦਰਗਾਹ, ਦੋ ਜਹਾਨਾਂ ਹੋਏ ਸਹਾਈਆ । ਰਹਿਬਰ ਬਣ ਆਪ ਖ਼ੁਦਾ, ਖ਼ਾਲਕ ਖ਼ਲਕ ਵੇਖ ਵਖਾਈਆ । ਮੁਹੱਬਤ ਰਹਿਣ ਨਾ ਦੇਵੇ ਜੁਦਾ, ਆਪ ਆਪਣੇ ਨਾਲ ਪਰਨਾਈਆ । ਸੁਹਬਤ ਜਾਣੇ ਥਾਂ ਥਾਂ, ਥਾਨ ਥਨੰਤਰ ਖੋਜ ਖੁਜਾਈਆ । ਜਿਸ ਜਨ ਜਣਾਏ ਆਪਣਾ ਨਾਂ, ਨਾਉਂ ਨਿਰੰਕਾਰ ਮੇਲ ਮਿਲਾਈਆ । ਫੜ ਫੜ ਪਕੜ ਉਠਾਏ ਬਾਂਹ, ਬਲ ਆਪਣਾ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਦੇਵੇ ਵਡਿਆਈ ਪਰਮ ਪੁਰਖ, ਪਾਰਬ੍ਰਹਮ ਬ੍ਰਹਮ ਆਪਣੀ ਦਇਆ ਕਮਾਇੰਦਾ । ਨਿਰਗੁਣ ਸਰਗੁਣ ਉਤੇ ਕਰ ਤਰਸ, ਮਿਹਰ ਨਜ਼ਰ ਇਕ ਉਠਾਇੰਦਾ । ਪ੍ਰੇਮ ਵਿਛੋੜੇ ਵਿਚ ਜੋ ਰਹੇ ਭਟਕ, ਤਿਨ੍ਹਾਂ ਭਟਕਣਾ ਆਪ ਮੁਕਾਇੰਦਾ । ਬਣ ਪਾਂਧੀ ਜੋ ਰਹੇ ਲਟਕ, ਤਿਨ੍ਹਾਂ ਪੰਧ ਆਪ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪ੍ਰੇਮ ਪ੍ਰੀਤੀ ਅੰਦਰ ਆਪੇ ਆਵੇ ਪਰਤ, ਸਚਖੰਡ ਨਿਵਾਸੀ ਲੋਕਮਾਤ ਫੇਰਾ ਪਾਇੰਦਾ । ਲੋਕਮਾਤ ਆਏ ਭਗਵਾਨ, ਭਗਵਨ ਆਪਣੀ ਦਇਆ ਕਮਾਈਆ । ਭਗਤਾਂ ਦੇਵੇ ਸ਼ਬਦ ਗਿਆਨ, ਗੁਣ ਨਿਧਾਨ ਕਰੇ ਪੜ੍ਹਾਈਆ । ਨਿਸ਼ਾਨ ਵਖਾਏ ਇਕ ਮਹਾਨ, ਅਗੰਮ ਅਥਾਹ ਭੇਵ ਖੁਲ੍ਹਾਈਆ । ਮੇਲ ਮਿਲਾਏ ਵਾਲੀ ਦੋ ਜਹਾਨ, ਦੋਏ ਦੋਏ ਧਾਰਾ ਲੇਖ ਚੁਕਾਈਆ । ਸਰਗੁਣ ਨਿਰਗੁਣ ਕਰ ਪਹਿਚਾਨ, ਬੇਪਹਿਚਾਨ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਦੇਵੇ ਵਡਿਆਈ ਗ਼ਰੀਬ ਨਿਵਾਜ਼ਾ, ਗ਼ਰੀਬ ਨਿਮਾਣੇ ਗਲੇ ਲਗਾਇੰਦਾ । ਸੁਰਤ ਸਵਾਣੀ ਮਾਰੇ ਵਾਜਾਂ, ਸ਼ਬਦੀ ਹੁਕਮ ਸਮਝਾਇੰਦਾ । ਸ਼ਾਹੋ ਭੂਪ ਵਡ ਰਾਜਨ ਰਾਜਾ, ਸ਼ਹਿਨਸ਼ਾਹ ਆਪਣਾ ਫੇਰਾ ਪਾਇੰਦਾ । ਲੇਖਾ ਚੁੱਕੇ ਪੂਜਾ ਪਾਠਾ ਨਿਮਾਜ਼ਾ, ਹੁਜਰਾ ਇਕੋ ਇਕ ਵਖਾਇੰਦਾ । ਸਦਾ ਸਦਾ ਸਦ ਰੱਖੇ ਲਾਜਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਹਰਿਜਨ ਦੇਵੇ ਸੱਚਾ ਵਰ, ਘਰ ਇਕੋ ਇਕ ਵਡਿਆਇੰਦਾ ।



੨੭੮
੧੪

★ ੨੬ ਚੇਤ ੨੦੨੦ ਬਿਕਰਮੀ ਸੁਰਜੀਤ ਸਿੰਘ ਦਰਸ਼ਨ ਸਿੰਘ ਦੇ ਗ੍ਰਿਹ ਰੁੜਕਾ ਕਲਾਂ ਜ਼ਿਲਾ ਜਲੰਧਰ ★

ਗੁਰਮੁਖ ਸੱਜਣ ਜੋ ਤੱਕੇ ਰਾਹ, ਨੇਤਰ ਨੈਣ ਧਿਆਨ ਲਗਾਈਆ । ਤਿਨ੍ਹਾਂ ਸਤਿਗੁਰ ਪੂਰਾ ਹੋਏ ਸਹਾ, ਪੁਰਖ ਅਕਾਲ ਵੱਡੀ ਵਡਿਆਈਆ । ਜੁਗ ਚੌਕੜੀ ਗ਼ਰੀਬ ਨਿਮਾਣਿਆਂ ਪਕੜੇ ਬਾਂਹ, ਨਿਥਾਵਿਆਂ ਹੋਏ ਸਹਾਈਆ । ਸਾਚਾ ਮੰਤਰ ਨਾਮ ਦਏ ਸਮਝਾ, ਗੁਣਵੰਤਾ ਗੁਣ ਇਕੋ ਝੋਲੀ ਪਾਈਆ । ਸਾਚਾ ਮੰਦਰ ਦਏ ਵਖਾ, ਕਾਇਆ ਅੰਦਰ ਭੇਵ ਚੁਕਾਈਆ । ਧੁਰ ਸੰਦੇਸਾ ਦਏ ਸੁਣਾ, ਗੁਰ ਗਿਆਨ ਮੰਤਰ ਸ਼ਨਵਾਈਆ । ਕੂੜਾ ਨਾਤਾ ਦਏ ਤੁੜਾ, ਸੱਜਣ ਇਕੋ ਨਜ਼ਰੀ ਆਈਆ । ਜਗ ਕਰਮ ਦੇ ਵਿਛੜੇ ਲਏ ਮਿਲਾ, ਨਿਹਕਰਮੀ ਆਪਣੀ ਦਇਆ ਕਮਾਈਆ । ਵਰਨ ਬਰਨ ਝੇੜੇ ਦਏ ਗਵਾ, ਕਾਇਆ ਖੇੜੇ ਸੋਭਾ ਪਾਈਆ । ਜਿਹੜੇ ਜਿਹੜੇ ਰਹੇ ਤਕਾ, ਤਿਨ੍ਹਾਂ ਵੇਖੇ ਥਾਉਂ ਥਾਈਂ । ਦੀਨ ਦਿਆਲ ਕਦੇ ਨਾ ਸਕੇ ਭੁਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਲ ਮਿਲਾਏ ਆਪਣੇ ਥਾਈਆ । ਜਿਨ੍ਹਾਂ ਤੱਕਿਆ ਪਰਮ ਪੁਰਖ ਅਕਾਲ, ਪ੍ਰਭ

ਇਕੋ ਓਟ ਤਕਾਈਆ । ਤਿਨ੍ਹਾਂ ਮਿਲਾਏ ਕਾਇਆ ਧਰਮ ਸੱਚੀ ਧਰਮਸਾਲ, ਧਰਮ ਦੁਆਰਾ ਇਕ ਵਖਾਈਆ । ਪੂਰਬ ਪ੍ਰੀਤੀ ਨਿਭੇ ਨਾਲ, ਆਪਣੇ ਲੇਖੇ ਲਾਈਆ । ਨਾਤਾ ਤੋੜ ਸ਼ਾਹ ਕੰਗਾਲ, ਊਚ ਨੀਚ ਦੇਵੇ ਵਡਿਆਈਆ । ਲੱਖ ਚੁਰਾਸੀ ਵਿਚੋਂ ਭਾਲ, ਗੁਰਮੁਖ ਗੁਰਸਿਖ ਲਏ ਜਗਾਈਆ । ਸੁਰਤੀ ਹੋਣ ਨਾ ਦੇਵੇ ਬੇਹਾਲ, ਬਿਹਬਲ ਹੋ ਨਾ ਮਾਰੇ ਧਾਹੀਆ । ਵੇਲੇ ਅੰਤ ਨਾ ਖਾਏ ਕਾਲ, ਰਾਏ ਧਰਮ ਨਾ ਦਏ ਸਜਾਈਆ । ਸਤਿਗੁਰ ਪੂਰਾ ਹਾਜ਼ਰ ਹਜ਼ੂਰਾ ਦੋ ਜਹਾਨਾਂ ਕਰੇ ਸਦਾ ਸੰਭਾਲ, ਬਣ ਸੇਵਕ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਗੁਰਮੁਖ ਲੇਖਾ ਲੇਖੇ ਪਾਈਆ । ਤੱਕ ਰਾਹ ਜਿਨ੍ਹਾਂ ਰੱਖੀ ਆਸ, ਆਸਾ ਪੂਰ ਕਰਾਇੰਦਾ । ਜਨਮ ਜਨਮ ਦੀ ਮਿਟੇ ਪਿਆਸ, ਤ੍ਰਿਸ਼ਨਾ ਤ੍ਰਿਖਾ ਨਾ ਕੋਇ ਰਖਾਇੰਦਾ । ਲੇਖੇ ਲਾਵੇ ਰਸਨਾ ਜਿਹਵਾ ਪਵਣ ਸਵਾਸ, ਆਤਮ ਰਸ ਆਤਮ ਪਰਮਾਤਮ ਜੋੜ ਜੁੜਾਇੰਦਾ । ਕਰੇ ਕਰਾਏ ਬੰਦ ਖ਼ਲਾਸ, ਬੰਦੀਖ਼ਾਨਾ ਤੋੜ ਤੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰਮੁਖ ਸੱਜਣ ਹਰਿਜਨ ਆਪਣਾ ਮੇਲ ਮਿਲਾਇੰਦਾ ।

★ ੨੯ ਚੇਤ ੨੦੨੦ ਬਿਕਰਮੀ ਜੀਤ ਸਿੰਘ ਦੇ ਗ੍ਰਿਹ ਰੁੜਕਾ ਕਲਾਂ ਜ਼ਿਲਾ ਜਲੰਧਰ ★

ਸੋਹੰ ਸ਼ਬਦ ਰਹੇ ਜੁਗ ਚਾਰ, ਵਿਸ਼ਨ ਬ੍ਰਹਮਾ ਸ਼ਿਵ ਰਹੇ ਜਸ ਗਾਈਆ । ਸੋਹੰ ਸ਼ਬਦ ਨਿਰਗੁਣ ਨਿਰਗੁਣ ਨਿਰਗੁਣ ਧਾਰ, ਕਰੋੜ ਤੇਤੀਸਾ ੨੭੯ ੨੭੯
੧੪ ਸੁਰਪਤ ਇੰਦ ਰਹੇ ਧਿਆਨ ਲਗਾਈਆ । ਸੋਹੰ ਸ਼ਬਦ ਜਪਦੇ ਗਏ ਗੁਰ ਅਵਤਾਰ, ਤੂੰ ਮੇਰਾ ਮੈਂ ਤੇਰਾ ਇਕੋ ਢੋਲਾ ਗਾਈਆ । ਸੋਹੰ ਸ਼ਬਦ ਮੰਨਦੇ ੧੪
ਰਹੇ ਪੀਰ ਪੈਗ਼ੰਬਰ ਵਿਚ ਸੰਸਾਰ, ਮੁਰੀਦ ਮੁਰਸ਼ਦ ਰੂਪ ਵਟਾਈਆ । ਸੋਹੰ ਸ਼ਬਦ ਭਗਤ ਭਗਵਾਨ ਕਰਦੇ ਰਹੇ ਪਿਆਰ, ਅੰਤਰ ਅੰਤਰ ਵੇਖ ਵਖਾਈਆ । ਸੋਹੰ ਸ਼ਬਦ ਸੰਤ ਮੰਨਦੇ ਰਹੇ ਕੰਤ ਭਤਾਰ, ਨਾਰੀ ਨਰ ਨਰਾਇਣ ਪਰਨਾਈਆ । ਸੋਹੰ ਸ਼ਬਦ ਗੁਰਮੁਖ ਆਤਮ ਜੋਤ ਕਰੇ ਉਜਿਆਰ, ਪਰਮਾਤਮ ਮੇਲਾ ਸਹਿਜ ਸੁਭਾਈਆ । ਸੋਹੰ ਸ਼ਬਦ ਬ੍ਰਹਮ ਵੇਖੇ ਵੇਖਣਹਾਰ, ਪਾਰਬ੍ਰਹਮ ਦਏ ਵਡਿਆਈਆ । ਸੋਹੰ ਸ਼ਬਦ ਈਸ਼ ਜੀਵ ਖੇਲ ਕਰੇ ਕਰਤਾਰ, ਜਗਦੀਸ਼ਰ ਆਪਣਾ ਰਾਹ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਇਕੋ ਸੋਹਲਾ, ਸ਼ਬਦੀ ਢੋਲਾ ਰਾਗ ਅਲਾਈਆ । ਸੋਹੰ ਸ਼ਬਦ ਧੁਰ ਦੀ ਧਾਰ, ਨਿਰਗੁਣ ਨਿਰਗੁਣ ਆਪ ਪਰਗਟਾਇੰਦਾ । ਸੋਹੰ ਰੂਪ ਆਪ ਨਿਰੰਕਾਰ, ਸੋ ਪੁਰਖ ਨਿਰੰਜਣ ਖੇਲ ਖਲਾਇੰਦਾ । ਸੋਹੰ ਨੂਰ ਜੋਤ ਉਜਿਆਰ, ਹਰਿ ਪੁਰਖ ਨਿਰੰਜਣ ਵੇਸ ਵਟਾਇੰਦਾ । ਸੋਹੰ ਕਲ ਅਕਲ ਕਲ ਧਾਰ, ਏਕੰਕਾਰਾ ਖੇਲ ਵਖਾਇੰਦਾ । ਸੋਹੰ ਆਦਿ ਨਿਰੰਜਣ ਜੋਤ ਨਿਰੰਜਣ ਪਾਵੇ ਸਾਰ, ਜੋਤੀ ਜਾਤਾ ਡਗਮਗਾਇੰਦਾ । ਸੋਹੰ ਨਾਦ ਸ਼ਬਦ ਧੁਨ ਅਗੰਮੀ ਧਾਰ, ਧੁਰ ਦਰਬਾਰੀ ਹਰਿ ਨਿਰੰਕਾਰੀ ਸਿਰਜਣਹਾਰੀ ਇਕ ਇਕੱਲਾ ਆਪ ਪਰਗਟਾਇੰਦਾ । ਸੋਹੰ ਸ਼ਬਦ ਵਸਣਹਾਰਾ ਸਚ ਸੱਚੇ ਦਰਬਾਰ, ਨਾਮ ਸਤਿ ਆਪਣੀ ਸਿਫ਼ਤ ਸਾਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨੌਂ ਸੌ ਚੁਰਾਨਵੇਂ ਚੌਕੜੀ ਯੁਗ ਸੋਹੰ ਸਾਰ ਆਪਣੇ ਹੱਥ ਰਖਾਇੰਦਾ । ਸੋਹੰ ਸਾਰ ਨਾ ਪਾਵੇ ਜੀਵ, ਜੰਤ ਜੰਤ ਨਾ ਕੋਇ ਵਡਿਆਈਆ । ਜਿਸ ਦਾ ਲੇਖਾ ਅੰਤ ਅੰਤਰੀਵ, ਅੰਤਰ ਦ੍ਰਿਸ਼ਟ ਦਏ ਖੁਲ੍ਹਾਈਆ । ਲਹਿਣਾ

ਚੁਕਾਏ ਸਾਢੇ ਤਿੰਨ ਹੱਥ ਸੀਂਵ, ਕਾਇਆ ਮਾਟੀ ਲੇਖੇ ਲਾਈਆ । ਮੇਲ ਮਿਲਾਏ ਆਤਮ ਪਰਮਾਤਮ ਈਸ਼ਰ ਜੀਵ, ਈਸ਼ਵਰ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਸੋਹੰ ਧਾਰ ਸਮਝਾਈਆ । ਸੋਹੰ ਅੰਦਰ ਅੰਮ੍ਰਿਤ ਰਸ, ਰਸ ਪਿਆਲਾ ਆਪ ਪਿਆਇੰਦਾ । ਸੋਹੰ ਅੰਦਰ ਹਰਿ ਜੂ ਵਸ, ਆਤਮ ਪਰਮਾਤਮ ਜੋੜ ਜੁੜਾਇੰਦਾ । ਸੋਹੰ ਮਾਰਗ ਸਾਚਾ ਦੱਸ, ਬ੍ਰਹਮ ਪਾਰਬ੍ਰਹਮ ਪੰਧ ਮੁਕਾਇੰਦਾ । ਸੋਹੰ ਨਾਮ ਸ੍ਰੀ ਭਗਵਾਨ ਆਪੇ ਰਟ, ਜਨ ਭਗਤਾਂ ਸਿਫ਼ਤ ਸਾਲਾਹਿੰਦਾ । ਸੋਹੰ ਸ਼ਬਦ ਵਿਕੇ ਇਕੋ ਸਤਿਗੁਰ ਹੱਟ, ਸਾਧ ਸੰਤ ਕਹਿਣ ਕੋਇ ਨਾ ਪਾਇੰਦਾ । ਸਮਰਥ ਪੁਰਖ ਦੀ ਸਾਚੀ ਵੱਥ, ਆਦਿ ਜੁਗਾਦੀ ਮਹਿਮਾ ਅਕੱਥ, ਕਥਨੀ ਕਥ ਨਾ ਕੋਇ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹੰ ਅੰਸ ਸੂਰਾ ਸਰਬੰਗ ਆਪ ਪਰਗਟਾਇੰਦਾ । ਸੋਹੰ ਜਾਪ ਜੀਵ ਜਪ, ਜਪਤ ਜਪਤ ਸੁਖ ਪਾਈਆ । ਜਨਮ ਕਰਮ ਨਾ ਰਹੇ ਤਪ, ਤ੍ਰੈਗੁਣ ਮਾਇਆ ਡੇਰਾ ਢਾਹੀਆ । ਬੂਝ ਬੁਝਾਏ ਆਪਣਾ ਆਪ, ਭੇਵ ਅਭੇਦਾ ਦਏ ਖੁਲ੍ਹਾਈਆ । ਹੰ ਬ੍ਰਹਮ ਪਾਰਬ੍ਰਹਮ ਸੋ ਪੁਰਖ ਨਿਰੰਜਣ ਬਾਪ, ਪੂਤ ਪਿਤਾ ਗੋਦ ਸੁਹਾਈਆ । ਲੇਖਾ ਰਹੇ ਨਾ ਜ਼ਾਤ ਪਾਤ, ਦੀਨ ਮਜ੍ਹਬ ਨਜ਼ਰ ਕੋਇ ਨਾ ਆਈਆ । ਦਰਸ ਦਿਖਾਏ ਪੁਰਖ ਅਬਿਨਾਸ਼, ਅਬਿਨਾਸ਼ੀ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹੰ ਸੁਹੇਲਾ ਇਕ ਇਕੇਲਾ ਕਾਇਆ ਮੰਦਰ ਸਾਚਾ ਮੇਲਾ, ਸੁਰਤੀ ਸ਼ਬਦੀ ਸ਼ਬਦੀ ਸੁਰਤੀ ਅਕਾਲ ਮੂਰਤੀ ਅਕਲ ਕਲਧਾਰੀ ਜੋਤ ਨਿਰੰਕਾਰੀ ਨਿਰਗੁਣ ਦਾਤਾ ਪੁਰਖ ਬਿਧਾਤਾ ਭਗਵਨ ਮੀਤਾ ਠਾਂਡਾ ਸੀਤਾ, ਸਤਿਜੁਗ ਦੀ ਸਾਚੀ ਰੀਤਾ, ਆਪ ਚਲਾਏ ਪਤਤ ਪੁਨੀਤਾ, ਪਤਤ ਉਧਾਰਨ ਇਕੋ ਨਾਮ ਢੋਲਾ ਸੋਹੰ ਸੱਚਾ ਗਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਰੂਪ ਬਣ ਵਿਚੋਲਾ, ਦੋ ਜਹਾਨਾਂ ਫੇਰਾ ਪਾਈਆ ।



★ ੨੯ ਚੇਤ ੨੦੨੦ ਬਿਕਰਮੀ ਗਰਦਾਵਰ ਸਿੰਘ ਦੇ ਗ੍ਰਹਿ ਰੁੜਕਾ ਕਲਾਂ ਜ਼ਿਲਾ ਜਲੰਧਰ ★

ਤੱਤੀ ਵਾ ਨਾ ਲਾਗੇ ਰਾਏ, ਸ੍ਰੀ ਭਗਵਾਨ ਦਇਆ ਕਮਾਇੰਦਾ । ਜੁਗ ਜੁਗ ਵੇਖੇ ਥਾਉਂ ਥਾਏ, ਥਾਨ ਥਨੰਤਰ ਖੋਜ ਖੁਜਾਇੰਦਾ । ਕਰੇ ਪਿਆਰ ਜਿਉਂ ਪੁਤਰਾਂ ਮਾਏਂ, ਪੂਤ ਸਪੂਤਾ ਗੋਦ ਉਠਾਇੰਦਾ । ਮੇਲ ਮਿਲਾਏ ਫੜ ਫੜ ਬਾਂਹੇਂ, ਨਿਰਗੁਣ ਸਰਗੁਣ ਜੋੜ ਜੁੜਾਇੰਦਾ । ਦੋ ਜਹਾਨਾਂ ਕਰੇ ਸਚ ਨਿਆਏਂ, ਬ੍ਰਹਿਮੰਡਾਂ ਖੰਡਾਂ ਲੋਆਂ ਪੁਰੀਆਂ ਫੋਲ ਫੁਲਾਇੰਦਾ । ਫੜ ਫੜ ਹੰਸ ਬਣਾਏ ਕਾਏਂ, ਕਾਗੋਂ ਹੰਸ ਆਪ ਉਡਾਇੰਦਾ । ਦੇਵਣਹਾਰ ਠੰਡੀ ਛਾਏਂ, ਸਿਰ ਮਿਹਰ ਹੱਥ ਟਿਕਾਇੰਦਾ । ਮਾਣਸ ਜਨਮ ਗੁਰਮੁਖ ਤੇਰਾ ਨਾ ਜਾਏ ਅਜਾਏਂ, ਸਤਿਗੁਰ ਪੂਰਾ ਆਪਣੇ ਲੇਖੇ ਲਾਇੰਦਾ । ਲੱਖ ਚੁਰਾਸੀ ਕਰੇ ਹਾਏ ਹਾਏ, ਧੀਰਜ ਧੀਰ ਨਾ ਕੋਇ ਧਰਾਇੰਦਾ । ਰਾਏ ਧਰਮ ਅੰਤ ਦਏ ਸਜਾਏ, ਚਿਤਰ ਗੁਪਤ ਲੇਖਾ ਮੰਗ ਮੰਗਾਇੰਦਾ । ਲੱਖ ਚੁਰਾਸੀ ਫੰਦ ਨਾ ਕੋਇ ਕਟਾਏ, ਮਾਤ ਗਰਭ ਪੰਧ ਨਾ ਕੋਇ ਮੁਕਾਇੰਦਾ । ਜੋ ਗੁਰਮੁਖ ਗੁਰਸਿਖ ਹਰਿ ਸੱਜਣ ਸਤਿਗੁਰ ਲਾਗੇ ਪਾਏ, ਤਿਨ੍ਹਾਂ ਆਪਣਾ ਰੰਗ ਰੰਗਾਇੰਦਾ । ਮਿਹਰਵਾਨ ਮਿਹਰਵਾਨ ਪ੍ਰਭ ਦਇਆ ਕਮਾਏ, ਦੀਨਨ ਆਪਣੇ ਘਰ ਵਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਆਪਣਾ ਖੇਲ ਵਖਾਇੰਦਾ । ਤੱਤੀ ਵਾ ਨਾ ਲਾਗੇ ਅੱਗ, ਅਗਨੀ ਪੋਹ ਨਾ ਸਕੇ

ਰਾਈਆ । ਹੋਏ ਸਹਾਈ ਸੂਰਾ ਸਰਬੱਗ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਸਾਚਾ ਮਾਰਗ ਨਰ ਨਿਰੰਕਾਰਾ ਇਕੋ ਦੇਵੇ ਦੱਸ, ਦਹਿ ਦਿਸ਼ਾ ਵੇਖ ਵਖਾਈਆ । ਆਤਮ ਪਰਮਾਤਮ ਮੇਲ ਮਿਲਾਏ ਹੱਸ ਹੱਸ, ਸੋਹੰ ਹੰਸਾ ਇਕੋ ਜਾਪ ਜਪਾਈਆ । ਲੇਖੇ ਲਾਏ ਤੱਤ ਅੱਠ, ਨੌਂ ਦੁਆਰੇ ਖੋਜ ਖੁਜਾਈਆ । ਦਸਮ ਦੁਆਰੀ ਆਪੇ ਵਸ, ਹਰਿ ਜੂ ਪਰਦਾ ਦਏ ਉਠਾਈਆ । ਨਿਰਮਲ ਜੋਤ ਕਰ ਪਰਕਾਸ਼, ਅੰਧ ਅੰਧੇਰ ਦਏ ਗਵਾਈਆ । ਸਾਚੇ ਮੰਡਲ ਵਖਾਵੇ ਰਾਸ, ਗੋਪੀ ਕਾਹਨ ਨਾਚ ਨਚਾਈਆ । ਕਲਜੁਗ ਅੰਤਮ ਜਨ ਭਗਤਾਂ ਪੂਰੀ ਕਰੇ ਆਸ, ਨਿਰਾਸਾ ਰਹਿਣ ਕੋਇ ਨਾ ਪਾਈਆ । ਨਾਤਾ ਤੋੜੇ ਜ਼ਾਤ ਪਾਤ, ਵਰਨ ਗੋਤ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦ ਵਡਿਆਈਆ । ਕਲਜੁਗ ਅਗਨ ਨਾ ਆਵੇ ਨੇੜੇ, ਪੰਜ ਤੱਤ ਨਾ ਕੋਇ ਜਲਾਈਆ । ਦੂਈ ਦਵੈਤੀ ਹਉਮੇ ਹੰਗਤਾ ਕੂੜੀ ਕਿਰਿਆ ਮਿਟਣ ਝੇੜੇ, ਮਨ ਝਗੜਾ ਨਾ ਕੋਇ ਲੜਾਈਆ । ਆਤਮ ਪਰਮਾਤਮ ਨਜ਼ਰੀ ਆਏ ਨੇੜੇ, ਘਰ ਘਰ ਵਿਚ ਵੇਖ ਵਖਾਈਆ । ਸਾਹਿਬ ਸੁਲਤਾਨ ਸ੍ਰੀ ਭਗਵਾਨ ਜਨ ਭਗਤਾਂ ਚਾੜ੍ਹੇ ਆਪਣੇ ਬੇੜੇ, ਨੱਯਾ ਨੌਕਾ ਨਾਮ ਚਲਾਈਆ । ਆਪ ਵਸਾਏ ਸਚਖੰਡ ਸਾਚੇ ਖੇੜੇ, ਘਰ ਮੰਦਰ ਵੱਜੇ ਵਧਾਈਆ । ਆਵਣ ਜਾਵਣ ਚੁੱਕਣ ਫੇਰੇ, ਮੇਲ ਮਿਲਾਵਾ ਏਕਾ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੋਏ ਸਹਾਈ ਹਰ ਘਟ ਥਾਈਂਆ । ਕਲਜੁਗ ਅਗਨ ਨਾ ਲਾਏ ਭਾਹ, ਭਾਂਬੜ ਅਵਰ ਨਾ ਕੋਇ ਮਚਾਈਆ । ਜਿਨ੍ਹਾਂ ਪੁਰਖ ਅਕਾਲ ਬਣੇ ਮਲਾਹ, ਤਿਨ੍ਹਾਂ ਬੇੜਾ ਨਾ ਕੋਇ ਡੁਬਾਈਆ । ਦੋ ਜਹਾਨਾਂ ਦੇਵੇ ਪਾਰ ਕਰਾ, ਮੰਝਧਾਰ ਨਾ ਕੋਇ ਵਖਾਈਆ । ਖੇਵਟ ਖੇਟਾ ਬਣੇ ਬੇਪਰਵਾਹ, ਨਿਰਗੁਣ ਦਾਤਾ ਫੇਰਾ ਪਾਈਆ । ਰਹਿਮਤ ਕਰੇ ਆਪ ਖ਼ੁਦਾ, ਪਰਵਰਦਿਗਾਰ ਸੱਚਾ ਸ਼ਹਿਨਸ਼ਾਹੀਆ । ਮੁਕਾਮੇ ਹੱਕ ਦਏ ਵਖਾ, ਹਕੀਕਤ ਜਾਣੇ ਥਾਉਂ ਥਾਈਂਆ । ਨਰ ਨਿਰੰਕਾਰਾ ਵੇਸ ਵਟਾ, ਜੋਤੀ ਜੋਤ ਜੋਤ ਰੁਸ਼ਨਾਈਆ । ਜਨ ਭਗਤਾਂ ਭਗਤ ਦੁਆਰਾ ਦਏ ਵਖਾ, ਨਿਜ ਨੇਤਰ ਆਪ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਕਲਜੁਗ ਅਗਨੀ ਰਹਿ ਜਾਏ ਦੂਰ, ਦੂਰ ਦੁਰਾਡਾ ਨੈਣ ਸ਼ਰਮਾਈਆ । ਜਿਨ੍ਹਾਂ ਕੋਲ ਸਾਹਿਬ ਸਤਿਗੁਰ ਸਰਬ ਕਲਾ ਭਰਪੂਰ, ਕਲਕਾਤੀ ਮੇਟ ਮਿਟਾਈਆ । ਨਜ਼ਰੀ ਆਏ ਹਾਜ਼ਰ ਹਜ਼ੂਰ, ਹਜ਼ਰਤ ਆਪਣਾ ਫੇਰਾ ਪਾਈਆ । ਕੋਟ ਜਨਮ ਦੇ ਬਖ਼ਸ਼ ਕਸੂਰ, ਸਾਚੀ ਸਿਖਿਆ ਕਰੇ ਪੜ੍ਹਾਈਆ । ਅੰਤਮ ਮੇਲੇ ਆਪਣੇ ਨਾਲ ਜ਼ਰੂਰ, ਵਿਛੋੜਾ ਕੋਇ ਰਹਿਣ ਨਾ ਪਾਈਆ । ਗੁਰਮੁਖ ਰਹੇ ਨਾ ਕੋਈ ਮੂਰਖ ਮੁਗਧ ਮੂੜ੍ਹ, ਚਤੁਰ ਸੁਘੜ ਸਰਬ ਬਣਾਈਆ । ਜਿਨ੍ਹਾਂ ਦੇਵੇ ਚਰਨ ਮਸਤਕ ਧੂੜ, ਤਿਨ੍ਹਾਂ ਟਿੱਕਾ ਨਾਮ ਲਗਾਈਆ । ਨਾਤਾ ਤੁੱਟੇ ਕੂੜੋ ਕੂੜ, ਸਚ ਸੁੱਚ ਕਰੇ ਕੁੜਮਾਈਆ । ਅੰਮ੍ਰਿਤ ਮੇਘ ਬਰਸੇ ਠਾਂਡੀ ਭੂਰ, ਕਰੋੜ ਛਿਆਨਵੇਂ ਨੈਣ ਸ਼ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਹਿਜ ਸੁਖਦਾਈਆ । ਅਗਨੀ ਲੱਗ ਜਾਵੇ ਨੱਠ, ਆਪਣਾ ਮੁਖ ਭੁਆਈਆ । ਜਿਸ ਦੁਆਰੇ ਭਗਤ ਭਗਵਾਨ ਦਾ ਹੋਇਆ ਇਕੱਠ, ਤਿਸ ਦਰ ਚਲੇ ਨਾ ਕੋਇ ਚਤੁਰਾਈਆ । ਜਿਸ ਦੀ ਸਿਫਤ ਕਰ ਕਰ ਗਏ ਗੁਰ ਅਵਤਾਰ ਪੀਰ ਪੈਗੰਬਰ ਭੱਟ, ਰਾਗੀ ਰਾਗ ਨਾਦ ਸੁਣਾਈਆ । ਸੋ ਸਾਹਿਬ ਪੁਰਖ ਸਮਰਥ, ਕਲਜੁਗ ਅੰਤਮ ਫੇਰਾ ਪਾਈਆ । ਚਾਰ ਵਰਨਾਂ ਊਚਾਂ ਨੀਚਾਂ ਰਾਉ ਰੰਕਾਂ ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਮਾਰਗ ਰਿਹਾ ਦੱਸ, ਸਾਚੀ ਸਿਖਿਆ ਕਰੇ ਪੜ੍ਹਾਈਆ । ਅੰਤਮ ਸਭ ਦੇ ਖ਼ਾਲੀ ਹੱਥ, ਬਿਨ ਹਰਿ ਨਾਮੇ ਸੰਗ ਨਾ ਕੋਇ ਜਾਈਆ ।

੨੮੧ ੧੪

ਸੰਤ ਸੁਹੇਲੇ ਗੁਰੂ ਗੁਰ ਚੇਲੇ, ਸਾਹਿਬ ਸਤਿਗੁਰ ਸ਼ਬਦ ਸਵਾਮੀ ਲਏ ਰੱਖ, ਆਪ ਆਪਣੇ ਅੰਗ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਨਿਰਵੈਰ ਕਲਜੁਗ ਕੂੜੀ ਕਿਰਿਆ ਮੇਟੇ ਕਹਿਰ, ਗਹਿਰ ਗੰਭੀਰ ਗੁਣੀ ਗਹੀਰ ਜਨ ਭਗਤਾਂ ਠਾਂਡਾ ਕਰੇ ਸਰੀਰ, ਸਾਂਤਕ ਸਤਿ ਸਤਿ ਵਰਤਾਈਆ ।

★ ੨੯ ਚੇਤ ੨੦੨੦ ਬਿਕਰਮੀ ਪਿਆਰਾ ਸਿੰਘ ਦੇ ਗ੍ਰਿਹ ਦੋਸਾਂਝ ਕਲਾਂ ★

ਸੋ ਪੁਰਖ ਨਿਰੰਜਣ ਹੁਕਮਰਾਨ, ਆਦਿ ਜੁਗਾਦਿ ਹਰਿ ਅਖਵਾਇੰਦਾ । ਹਰਿ ਪੁਰਖ ਨਿਰੰਜਣ ਸ਼ਾਹ ਸੁਲਤਾਨ, ਸ਼ਹਿਨਸ਼ਾਹ ਆਪਣੀ ਕਾਰ ਕਮਾਇੰਦਾ । ਏਕੰਕਾਰਾ ਨੌਜਵਾਨ, ਬਲ ਆਪਣਾ ਆਪ ਪਰਗਟਾਇੰਦਾ । ਆਦਿ ਨਿਰੰਜਣ ਨੂਰ ਮਹਾਨ, ਜੋਤੀ ਜਾਤਾ ਡਗਮਗਾਇੰਦਾ । ਅਬਿਨਾਸ਼ੀ ਕਰਤਾ ਮਿਹਰਵਾਨ, ਮਿਹਰ ਰਹਿਮਤ ਆਪ ਕਮਾਇੰਦਾ । ਸ੍ਰੀ ਭਗਵਾਨ ਖੇਲ ਮਹਾਨ, ਅਨਭਵ ਆਪਣੀ ਧਾਰ ਚਲਾਇੰਦਾ । ਪਾਰਬ੍ਰਹਮ ਪ੍ਰਭ ਬਣ ਪਰਧਾਨ, ਸਚ ਪਰਧਾਨਗੀ ਆਪ ਕਮਾਇੰਦਾ । ਮਹੱਲ ਅਟੱਲ ਇਕ ਮਕਾਨ, ਸਚਖੰਡ ਸਾਚਾ ਆਪ ਸੁਹਾਇੰਦਾ । ਦੀਵਾ ਬਾਤੀ ਨਾ ਕੋਇ ਨਿਸ਼ਾਨ, ਨਿਰਗੁਣ ਨੂਰ ਨੂਰ ਰੁਸ਼ਨਾਇੰਦਾ । ਛੱਪਰ ਛੰਨ ਨਾ ਕੋਇ ਮਕਾਨ, ਚਾਰ ਦੀਵਾਰ ਨਾ ਵੰਡ ਵੰਡਾਇੰਦਾ । ਕਰੇ ਖੇਲ ਆਪ ਭਗਵਾਨ,
੨੮੨ ਭਗਵਨ ਆਪਣੀ ਕਾਰ ਕਮਾਇੰਦਾ । ਸਾਚਾ ਤਖ਼ਤ ਕਰ ਤਿਆਰ, ਆਪ ਆਪਣੀ ਸੇਵ ਕਮਾਇੰਦਾ । ਪਾਵਾ ਚੂਲ ਨਾ ਕੋਇ ਵਿਚਾਰ, ਸਤਿ ਸਤਿਵਾਦੀ ੨੮੨
੧੪ ਵੰਡ ਵੰਡਾਇੰਦਾ । ਸਾਚੇ ਮੰਦਰ ਰੱਖ ਨਿਰੰਕਾਰ, ਨਿਰਗੁਣ ਨਿਰਵੈਰ ਵੇਖ ਵਖਾਇੰਦਾ । ਸ਼ਾਹੋ ਭੂਪ ਹੋ ਤਿਆਰ, ਆਪ ਆਪਣਾ ਆਪ ਪਰਗਟਾਇੰਦਾ । ੧੪
ਸਾਚੇ ਤਖ਼ਤ ਬੈਠ ਸੱਚੀ ਸਰਕਾਰ, ਧੁਰ ਸੰਦੇਸਾ ਇਕ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਆਪਣਾ ਖੇਲ ਕਰਾਇੰਦਾ । ਸਚ ਸੰਦੇਸਾ ਦੇਵੇ ਸਚਖੰਡ, ਘਰ ਸਾਚੇ ਵੱਜੇ ਵਧਾਈਆ । ਤਖ਼ਤ ਨਿਵਾਸੀ ਸੂਰਾ ਸਰਬੰਗ, ਬੇਪਰਵਾਹ ਅਖਵਾਈਆ । ਆਪਣੀ ਇਛਿਆ ਆਪੇ ਮੰਗ, ਆਪੇ ਝੋਲੀ ਰਿਹਾ ਭਰਾਈਆ । ਵਸਣਹਾਰਾ ਆਪੇ ਸੰਗ, ਸਗਲਾ ਸੰਗ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਜਣਾਈਆ । ਸਾਚਾ ਹੁਕਮ ਦੇਵੇ ਸੰਦੇਸ, ਸਚਖੰਡ ਵਾਸੀ ਖੇਲ ਕਰਾਇੰਦਾ । ਨਿਰਗੁਣ ਧਰ ਅਵੱਲੜਾ ਭੇਸ, ਰੂਪ ਰੰਗ ਰੇਖ ਨਾ ਕੋਇ ਵਖਾਇੰਦਾ । ਮੁੱਛ ਦਾੜ੍ਹੀ ਨਾ ਕੋਇ ਕੇਸ, ਸੀਸ ਜਗਦੀਸ਼ ਨਾ ਕੋਇ ਮੁੰਡਾਇੰਦਾ । ਮਹੱਲ ਅਟੱਲ ਬੈਠ ਨਰੇਸ਼, ਆਦਿ ਨਿਰੰਜਣ ਸੋਭਾ ਪਾਇੰਦਾ । ਆਪ ਆਪਣਾ ਆਪੇ ਵੇਖ, ਘਰ ਸਾਚੇ ਖ਼ੁਸ਼ੀ ਮਨਾਇੰਦਾ । ਗ੍ਰਿਹ ਮੰਦਰ ਕਰੇ ਹੇਤ, ਪ੍ਰੀਤੀਵਾਨ ਪ੍ਰੀਤ ਬੰਧਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਪਰਗਟਾਇੰਦਾ । ਸਾਚਾ ਹੁਕਮ ਦੇਵਣਹਾਰ, ਆਦਿ ਪੁਰਖ ਵੱਡੀ ਵਡਿਆਈਆ । ਸਚਖੰਡ ਵੇਖੇ ਆਪ ਕਰਤਾਰ, ਬੇਐਬ ਆਪਣਾ ਪਰਦਾ ਲਾਹੀਆ । ਪਰਵਰਦਿਗਾਰ ਵਸਣਹਾਰਾ ਧਾਮ ਨਿਆਰ, ਮੁਕਾਮੇ ਹੱਕ ਹੱਕ ਕਰੇ ਰੁਸ਼ਨਾਈਆ । ਨੂਰੀ ਨੂਰ ਨੂਰ ਉਜਿਆਰ, ਜਲਵਾ ਇਕੋ ਇਕ ਦਰਸਾਈਆ । ਧੁਰ ਸੰਦੇਸਾ ਏਕਾ ਵਾਰ, ਏਕੰਕਾਰ ਕਰੇ ਪੜ੍ਹਾਈਆ । ਘਰ ਵਿਚ ਘਰ ਖੋਲ੍ਹ ਕਿਵਾੜ, ਸਚਖੰਡ ਸਾਚੇ ਦਏ ਵਡਿਆਈਆ । ਥਿਰ ਘਰ ਰੂਪ ਬਣਾਏ ਆਪ ਨਿਰਾਕਾਰ, ਦੂਜਾ ਸੰਗ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਹੁਕਮੇ ਅੰਦਰ ਸੇਵ ਕਮਾਈਆ । ਹੁਕਮੇ ਅੰਦਰ ਸ਼ਾਹ ਪਾਤਸ਼ਾਹ, ਆਪਣੀ ਸੇਵ ਕਮਾਇੰਦਾ । ਸਚਖੰਡ ਨਿਵਾਸੀ ਬੇਪਰਵਾਹ, ਬੇਪਰਵਾਹੀ ਆਪਣੀ ਕਾਰ ਕਮਾਇੰਦਾ । ਨਿਰਗੁਣ ਨਿਰਗੁਣ ਮਾਰਗ ਲਾ, ਨਿਰਗੁਣ ਦਾਤਾ ਵੇਖ ਵਖਾਇੰਦਾ । ਨਿਰਗੁਣ ਵਸੇ ਆਪਣੇ ਥਾਂ, ਥਾਨ ਥਨੰਤਰ ਆਪ ਸੁਹਾਇੰਦਾ । ਨਿਰਗੁਣ ਸਚਖੰਡ ਦੁਆਰਾ ਰਿਹਾ ਸੁਹਾ, ਥਿਰ ਘਰ ਆਪਣੀ ਬਣਤ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਧਾਰ ਆਪ ਜਣਾਇੰਦਾ । ਥਿਰ ਘਰ ਦੁਆਰਾ ਨਿਰਗੁਣ ਬਣਿਆ, ਹਰਿ ਬਾਢੀ ਆਪ ਅਖਵਾਈਆ । ਆਪਣਾ ਕਰਮ ਆਪੇ ਕਰਿਆ, ਨੇਹਕਰਮੀ ਆਪਣੇ ਹੱਥ ਰੱਖੇ ਵਡਿਆਈਆ । ਮਾਤ ਪਿਤ ਬਣ ਸੁਤ ਦੁਲਾਰਾ ਜਣਿਆ, ਹਰਿ ਸ਼ਬਦੀ ਨਾਉਂ ਰਖਾਈਆ । ਸੱਜਣ ਸੁਹੇਲਾ ਆਪੇ ਬਣਿਆ, ਸਗਲਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਤ ਸਪੂਤਾ ਗੋਦ ਸੁਹਾਈਆ । ਸ਼ਬਦ ਸੁਤ ਪ੍ਰਭ ਗੋਦੀ ਚੁੱਕ, ਸਚਖੰਡ ਸਾਚੇ ਖ਼ੁਸ਼ੀ ਮਨਾਇੰਦਾ । ਉਜਲ ਕਰੇ ਆਪ ਮੁਖ, ਮੁਖ ਮੁਖੜਾ ਹਰਿ ਸਾਲਾਹਿੰਦਾ । ਆਦਿ ਜੁਗਾਦਿ ਔਣ ਨਾ ਦੇਵੇ ਕੋਈ ਦੁੱਖ, ਦਰਦੀ ਦਰਦ ਆਪ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮੇ ਅੰਦਰ ਥਿਰ ਘਰ ਵੜ, ਸੁਤ ਦੁਲਾਰਾ ਨਿਰਗੁਣ ਧਾਰਾ ਗ੍ਰਿਹ ਮੰਦਰ ਆਪ ਬਹਾਇੰਦਾ । ਸੁਤ ਦੁਲਾਰੇ ਥਿਰ ਘਰ ਬਹਿਣਾ, ਸਚਖੰਡ ਨਿਵਾਸੀ ਆਪ ਜਣਾਈਆ । ਸਤਿ ਪੁਰਖ ਦਾ ਮੰਨਣਾ ਕਹਿਣਾ, ਆਦਿ ਜੁਗਾਦਿ ਸੇਵ ਕਮਾਈਆ । ਦਰਸ਼ਨ ਕਰ ਬਿਨ ਨੇਤਰ ਨੈਣਾਂ, ਨਿਜ ਸਰੂਪ ਰਿਹਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮੇ ਅੰਦਰ ਸਾਚੀ ਕਾਰ, ਸ਼ਬਦੀ ਦੇਵੇ ਸ਼ਬਦ ਭੰਡਾਰ, ਵਸਤ ਅਮੋਲਕ ਇਕ ਵਰਤਾਈਆ । ਹੁਕਮੇ ਅੰਦਰ ਵਿਸ਼ਨੂੰ ਰੰਗ, ਵਿਸ਼ਵ ਆਪ ਕਰਾਇੰਦਾ । ਹੁਕਮੇ ਅੰਦਰ ਬ੍ਰਹਮਾ ਸੰਗ, ਪਾਰਬ੍ਰਹਮ ਆਪਣੀ ਗੰਢ ਪੁਆਇੰਦਾ । ਹੁਕਮੇ ਅੰਦਰ ਸ਼ੰਕਰ ਧੂਆਂਧਾਰ ਵੇਖੇ ਅੰਧ, ਸੁੰਨ ਅਗੰਮ ਫੋਲ ਫੁਲਾਇੰਦਾ । ਹੁਕਮੇ ਅੰਦਰ ਜ਼ਿਮੀ ਅਸਮਾਨ ਸੂਰਜ ਚੰਦ, ਮੰਡਲ ਮੰਡਪ ਆਪ ਮੰਡਲਾਇੰਦਾ । ਹੁਕਮੇ ਅੰਦਰ ਤ੍ਰੈਗੁਣ ਮਾਇਆ ਰਜੋ ਤਮੋ ਸਤੋ ਪਾਏ ਬੰਧ, ਬੰਧਨ ਇਕੋ ਇਕ ਵਖਾਇੰਦਾ । ਹੁਕਮੇ ਅੰਦਰ ਪੰਜ ਤੱਤ ਦੇਵੇ ਸੰਗ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਆਪਣਾ ਰਾਹ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮੇ ਅੰਦਰ ਵਸਤ ਵੰਡ, ਵਿਸ਼ਨ ਬ੍ਰਹਮਾ ਸ਼ਿਵ ਝੋਲੀ ਆਪ ਭਰਾਇੰਦਾ । ਹੁਕਮੇ ਅੰਦਰ ਦੇਵੇ ਦਾਤ, ਦਾਤਾ ਦਾਨੀ ਇਕ ਅਖਵਾਈਆ । ਹੁਕਮੇ ਅੰਦਰ ਇਕ ਜਮਾਤ, ਵਿਸ਼ਨ ਬ੍ਰਹਮਾ ਸ਼ਿਵ ਕਰੇ ਪੜ੍ਹਾਈਆ । ਹੁਕਮੇ ਅੰਦਰ ਖੇਲ ਤਮਾਸ਼, ਸ੍ਰੀ ਭਗਵਾਨ ਰਿਹਾ ਸਮਝਾਈਆ । ਹੁਕਮੇ ਅੰਦਰ ਪਾਵੇ ਰਾਸ, ਮੰਡਲ ਮੰਡਪ ਨਾਚ ਨਚਾਈਆ । ਹੁਕਮੇ ਅੰਦਰ ਪੂਰੀ ਕਰੇ ਆਸ, ਆਸਾ ਆਪਣੀ ਆਪ ਪਰਗਟਾਈਆ । ਹੁਕਮੇ ਅੰਦਰ ਦੇਵੇ ਸਾਥ, ਨਿਰਗੁਣ ਸਰਗੁਣ ਵੰਡ ਵੰਡਾਈਆ । ਹੁਕਮੇ ਅੰਦਰ ਗਾਏ ਗਾਥ, ਬ੍ਰਹਮਾਵੇਤਾ ਚਾਰੇ ਵੇਦਾਂ ਕਰੇ ਸ਼ਨਵਾਈਆ । ਹੁਕਮੇ ਅੰਦਰ ਖੇਲ ਕਰੇ ਪੁਰਖ ਸਮਰਾਥ, ਸਮਰਥ ਆਪਣੀ ਕਾਰ ਕਮਾਈਆ । ਹੁਕਮੇ ਅੰਦਰ ਨਿਰਗੁਣ ਸਰਗੁਣ ਕਰ ਪਰਗਟ, ਲੱਖ ਚੁਰਾਸੀ ਜੂਨ ਉਪਾਈਆ । ਹੁਕਮੇ ਅੰਦਰ ਚਾਰੇ ਖਾਣੀ ਵੇਖੇ ਰਤ, ਅੰਡਜ ਜੇਰਜ ਉਤਭੁਜ ਸੇਤਜ ਆਪਣਾ ਮੇਲ ਮਿਲਾਈਆ । ਹੁਕਮੇ ਅੰਦਰ ਚਾਰੇ ਬਾਣੀ ਸ਼ਬਦ ਅਗੰਮੀ ਮਾਰੇ ਸੱਟ, ਠੋਕਰ ਆਪਣੇ ਨਾਮ ਲਗਾਈਆ । ਹੁਕਮੇ ਅੰਦਰ ਸਤਿ ਪੁਰਖ ਨਿਰੰਜਣ ਖੋਲ੍ਹੇ ਹੱਟ, ਬੋਧ ਅਗਾਧ ਕਰੇ ਪੜ੍ਹਾਈਆ । ਹੁਕਮੇ ਅੰਦਰ ਮੇਲ ਮਿਲਾਵਾ ਕਰੇ ਬੂੰਦ ਰਤ,

ਰਕਤ ਇਕੋ ਜੋੜ ਜੁੜਾਈਆ । ਹੁਕਮੇ ਅੰਦਰ ਨੌਂ ਦਰ ਵੇਖੇ ਸਬ, ਘਰ ਘਰ ਆਪਣੀ ਧਾਰ ਚਲਾਈਆ । ਹੁਕਮੇ ਅੰਦਰ ਘਰ ਵਿਚ ਘਰ ਕਰੇ ਪਰਗਟ, ਦਸਮ ਦੁਆਰੀ ਆਪਣੀ ਗੰਢ ਪੁਆਈਆ । ਹੁਕਮੇ ਅੰਦਰ ਕਾਮ ਕਰੋਧ ਲੋਭ ਮੋਹ ਹੰਕਾਰ ਦੇਵੇ ਰਸ, ਆਸਾ ਤ੍ਰਿਸ਼ਨਾ ਹਉਮੇ ਹੰਗਤਾ ਨਾਲ ਮਿਲਾਈਆ । ਹੁਕਮੇ ਅੰਦਰ ਨਿਰਮਲ ਜੋਤ ਕਰੇ ਪਰਕਾਸ਼, ਜੋਤ ਨਿਰੰਜਣ ਘਰ ਘਰ ਡਗਮਗਾਈਆ । ਹੁਕਮੇ ਅੰਦਰ ਸ਼ਬਦ ਨਾਦ ਸੁਣਾਏ ਸ਼ਹਿਨਸ਼ਾਹ ਸ਼ਾਬਾਸ਼, ਰਾਗ ਅਨਾਦੀ ਆਪ ਅਲਾਈਆ । ਹੁਕਮੇ ਅੰਦਰ ਖੇਲ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਵਰਤਾਈਆ । ਹੁਕਮੇ ਅੰਦਰ ਖੰਡ ਬ੍ਰਹਿਮੰਡ, ਬ੍ਰਹਿਮਾਂਡ ਨਾਚ ਨਚਾਇੰਦਾ । ਹੁਕਮੇ ਅੰਦਰ ਸੂਰਾ ਸਰਬੰਗ, ਸ਼ਾਹ ਪਾਤਸ਼ਾਹ ਆਪਣੀ ਕਾਰ ਕਮਾਇੰਦਾ । ਹੁਕਮੇ ਅੰਦਰ ਲੋਆਂ ਪੁਰੀਆਂ ਲੰਘ, ਦੋ ਜਹਾਨਾਂ ਵੇਖ ਵਖਾਇੰਦਾ । ਹੁਕਮੇ ਅੰਦਰ ਨਾਉਂ ਨਿਰੰਕਾਰ ਵਜਾਏ ਮਰਦੰਗ, ਸ੍ਰੀ ਭਗਵਾਨ ਆਪ ਸੁਣਾਇੰਦਾ । ਹੁਕਮੇ ਅੰਦਰ ਢੋਲਾ ਗੀਤ ਗਾਏ ਛੰਦ, ਭੇਵ ਅਭੇਦ ਆਪ ਖੁਲ੍ਹਾਇੰਦਾ । ਹੁਕਮੇ ਅੰਦਰ ਦੇਵੇ ਦੰਡ, ਬਚਿਆ ਕੋਇ ਰਹਿਣ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਰਾਇੰਦਾ । ਹੁਕਮੇ ਅੰਦਰ ਪ੍ਰਿਥਮੀ ਆਕਾਸ਼, ਧਰਤ ਧਵਲ ਲਏ ਉਪਾਈਆ । ਹੁਕਮੇ ਅੰਦਰ ਖੇਲ ਤਮਾਸ਼, ਖ਼ਾਲਕ ਖ਼ਲਕ ਰਿਹਾ ਵਖਾਈਆ । ਹੁਕਮੇ ਅੰਦਰ ਅਵਤਾਰ ਉਪਜਾਏ ਆਪਣੀ ਸ਼ਾਖ਼, ਸ਼ਨਾਖ਼ਤ ਆਪਣੇ ਹੱਥ ਰਖਾਈਆ । ਹੁਕਮੇ ਅੰਦਰ ਗੁਰ ਗੁਰ ਕਰੇ ਦਾਸ, ਦਾਸੀ ਦਾਸ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਹੁਕਮੇ ਅੰਦਰ ਸ਼ਾਸਤਰ ਸਿਮਰਤ ਵੇਦ, ਵੇਦ ਪੁਰਾਨਾਂ ਆਪ ਜਣਾਇੰਦਾ । ਹੁਕਮੇ ਅੰਦਰ ਖਾਣੀ ਬਾਣੀ ਭੇਦ, ਅਭੇਵ ਆਪ ਜਣਾਇੰਦਾ । ਹੁਕਮੇ ਅੰਦਰ ਨਿਰਗੁਣ ਸਰਗੁਣ ਕਰੇ ਹੇਤ, ਨਿਤ ਨਵਿਤ ਵੇਖ ਵਖਾਇੰਦਾ । ਹੁਕਮੇ ਅੰਦਰ ਆਤਮ ਪਰਮਾਤਮ ਖੇਡੇ ਖੇਡ, ਸਚ ਖਲਾਰੀ ਇਕ ਹੋ ਜਾਇੰਦਾ । ਹੁਕਮੇ ਅੰਦਰ ਪਾਰਬ੍ਰਹਮ ਬ੍ਰਹਮ ਲਿਖਣਹਾਰਾ ਲੇਖ, ਕਲਮ ਸ਼ਾਹੀ ਨਾ ਕੋਇ ਰਖਾਇੰਦਾ । ਹੁਕਮੇ ਅੰਦਰ ਈਸ਼ ਜੀਵ ਬੰਨ੍ਹੇ ਹੇਤ, ਹਿਤਕਾਰੀ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮੇ ਅੰਦਰ ਵੰਡ ਵੰਡਾਇੰਦਾ । ਹੁਕਮੇ ਅੰਦਰ ਜੁਗ ਚਾਰ, ਸਤਿਜੁਗ ਮਿਲੇ ਵਡਿਆਈਆ । ਹੁਕਮੇ ਅੰਦਰ ਖੇਲ ਅਪਾਰ, ਤ੍ਰੇਤਾ ਰੰਗ ਰੰਗਾਈਆ । ਹੁਕਮੇ ਅੰਦਰ ਖੇਲ ਕਰਤਾਰ, ਦੁਆਪਰ ਵੇਖੇ ਚਾਈਂ ਚਾਈਆ । ਹੁਕਮੇ ਅੰਦਰ ਹੋ ਤਿਆਰ, ਕਲਜੁਗ ਲੇਖਾ ਲੇਖੇ ਲਾਈਆ । ਹੁਕਮੇ ਅੰਦਰ ਵਰਨ ਚਾਰ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਵੰਡ ਵੰਡਾਈਆ । ਹੁਕਮੇ ਅੰਦਰ ਬਰਨ ਅਠਾਰਾਂ ਕਰ ਉਜਿਆਰ, ਕਰਤਾ ਕੀਮਤ ਕੋਇ ਨਾ ਲਾਈਆ । ਹੁਕਮੇ ਅੰਦਰ ਵੇਖੇ ਕੂਟਾਂ ਚਾਰ, ਉਤਰ ਪੂਰਬ ਪੱਛਮ ਦੱਖਣ ਫੋਲ ਫੁਲਾਈਆ । ਹੁਕਮੇ ਅੰਦਰ ਨਾਤਾ ਜੋੜ ਚਾਰ ਯਾਰ, ਯਾਰੀ ਯਾਰਾਂ ਸੰਗ ਰਖਾਈਆ । ਹੁਕਮੇ ਅੰਦਰ ਹੋ ਉਜਿਆਰ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਹੁਕਮੇ ਅੰਦਰ ਲਹਿਣਾ ਦੇਣਾ ਕਰਜ਼ ਦਏ ਉਤਾਰ, ਮਕਰੂਜ਼ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮ ਇਕੋ ਇਕ ਦਰਸਾਈਆ । ਹੁਕਮੇ ਅੰਦਰ ਗੀਤਾ ਗਿਆਨ, ਸ਼ਬਦੀ ਸ਼ਬਦੀ ਨਾਦ ਵਜਾਇੰਦਾ । ਹੁਕਮੇ ਅੰਦਰ ਖੇਲ ਮਹਾਨ, ਮਹਿਮਾ ਸਿਫ਼ਤ ਸਿਫ਼ਤ ਸਾਲਾਹਿੰਦਾ । ਹੁਕਮੇ ਅੰਦਰ ਅਠਾਰਾਂ ਪੁਰਾਨ, ਪੁਰਾਨ ਪੁਰਾਨੀਆਂ ਮੇਲ ਮਿਲਾਇੰਦਾ । ਹੁਕਮੇ ਅੰਦਰ ਗਿਆਨ ਧਿਆਨ, ਧਿਆਨ ਧਿਆਨ ਵਿਚ ਰਖਾਇੰਦਾ । ਹੁਕਮੇ

ਅੰਦਰ ਸਰੋਵਰ ਅਸ਼ਨਾਨ, ਤੱਟ ਕਿਨਾਰਾ ਸੋਭਾ ਪਾਇੰਦਾ । ਹੁਕਮੇ ਅੰਦਰ ਰਸਨਾ ਜਿਹਵਾ ਬੱਤੀ ਦੰਦ ਗਾਨ, ਗੀਤ ਗੋਬਿੰਦ ਗੋਬਿੰਦ ਸੁਣਾਇੰਦਾ । ਹੁਕਮੇ ਅੰਦਰ ਨਿਰਗੁਣ ਸਰਗੁਣ ਦਏ ਪਹਿਚਾਨ, ਬੇਪਹਿਚਾਨ ਆਪਣਾ ਪਰਦਾ ਲਾਹਿੰਦਾ । ਹੁਕਮੇ ਅੰਦਰ ਕਰੇ ਖੇਲ ਮਹਾਨ, ਮਹਿਮਾ ਆਪਣੀ ਸਿਫ਼ਤ ਸਾਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਹੁਕਮ ਆਪ ਰਖਾਇੰਦਾ । ਹੁਕਮੇ ਅੰਦਰ ਹੁਕਮ ਰੱਖ, ਕਰੇ ਖੇਲ ਬੇਪਰਵਾਹੀਆ । ਹੁਕਮੇ ਅੰਦਰ ਹੋ ਪਰਤੱਖ, ਨਿਰਗੁਣ ਸਰਗੁਣ ਕਾਰ ਕਮਾਈਆ । ਹੁਕਮੇ ਅੰਦਰ ਭਗਤ ਭਗਵਾਨ ਮਾਰਗ ਦੱਸ, ਜੁਗ ਜੁਗ ਰਾਹ ਵਖਾਈਆ । ਹੁਕਮੇ ਅੰਦਰ ਹਿਰਦੇ ਵਸ, ਹਰਿਜਨ ਹਰਿ ਕੇ ਪੌੜੇ ਦਏ ਚੜ੍ਹਾਈਆ । ਹੁਕਮੇ ਅੰਦਰ ਪੰਧ ਮੁਕਾਵੇ ਨੱਠ ਨੱਠ, ਦੋ ਜਹਾਨਾਂ ਚਰਨਾਂ ਹੇਠ ਦਬਾਈਆ । ਹੁਕਮੇ ਅੰਦਰ ਨਿਰਗੁਣ ਜੋਤ ਕਰੇ ਪਰਕਾਸ਼, ਨੂਰ ਨੁਰਾਨਾ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਹੁਕਮੇ ਅੰਦਰ ਭੇਜੇ ਸੰਤ, ਸਤਿਗੁਰ ਦਇਆ ਕਮਾਇੰਦਾ । ਹੁਕਮੇ ਅੰਦਰ ਮਣੀਆਂ ਮੰਤ, ਹਰਿ ਹਰਿ ਨਾਮ ਦ੍ਰਿੜਾਇੰਦਾ । ਹੁਕਮੇ ਅੰਦਰ ਮੇਲਾ ਨਾਰ ਕੰਤ, ਸੇਜ ਸੁਹੰਜਣੀ ਸੋਭਾ ਪਾਇੰਦਾ । ਹੁਕਮੇ ਅੰਦਰ ਚਾੜ੍ਹੇ ਰੰਗ ਬਸੰਤ, ਉਤਰ ਕਦੇ ਨਾ ਜਾਇੰਦਾ । ਹੁਕਮੇ ਅੰਦਰ ਗੜ੍ਹ ਤੋੜੇ ਹਉਮੇ ਹੰਗਤ, ਨਿਵਣ ਸੋ ਅੱਖਰ ਰਾਹ ਵਖਾਇੰਦਾ । ਹੁਕਮੇ ਅੰਦਰ ਬੋਧ ਅਗਾਧਾ ਹੋਏ ਪੰਡਤ, ਪੜ੍ਹ ਪੁਸਤਕ ਰਾਗ ਸੁਣਾਇੰਦਾ । ਹੁਕਮੇ ਅੰਦਰ ਵਸੇ ਜੇਰਜ ਅੰਡਤ, ਉਤਭੁਜ ਸੇਤਜ ਆਪਣਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਰਖਾਇੰਦਾ । ਹੁਕਮੇ ਅੰਦਰ ਤੇਈ ਅਵਤਾਰ, ਤ੍ਰੈਗੁਣ ਅਤੀਤਾ ਹੁਕਮ ਮਨਾਈਆ । ਹੁਕਮੇ ਅੰਦਰ ਕਰ ਕਰ ਖ਼ਬਰਦਾਰ, ਧੁਰ ਸੰਦੇਸ਼ਾ ਨਾਮ ਸੁਣਾਈਆ । ਹੁਕਮੇ ਅੰਦਰ ਖੜਗ ਖੰਡਾ ਚਿਲਾ ਤੀਰ ਕਮਾਨ, ਧਨੁਸ਼ ਇਕੋ ਇਕ ਰਖਾਈਆ । ਹੁਕਮੇ ਅੰਦਰ ਹੋ ਬਲਵਾਨ, ਬਲ ਆਪਣਾ ਦਏ ਦਰਸਾਈਆ । ਹੁਕਮੇ ਅੰਦਰ ਨੌਜਵਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਹੁਕਮੇ ਅੰਦਰ ਜ਼ਾਤ ਪਾਤ, ਪਤਿਪਰਮੇਸ਼ਵਰ ਧਾਰ ਚਲਾਇੰਦਾ । ਹੁਕਮੇ ਅੰਦਰ ਦੀਨ ਮਜ਼੍ਹਬ ਸਾਕ, ਸਗਲੀ ਵੰਡ ਵੰਡਾਇੰਦਾ । ਹੁਕਮੇ ਅੰਦਰ ਖੋਲ੍ਹੇ ਤਾਕ, ਬੰਦ ਕਿਵਾੜੀ ਕੁੰਡਾ ਲਾਹਿੰਦਾ । ਹੁਕਮੇ ਅੰਦਰ ਭਵਿਖਤ ਵਾਕ, ਗੁਰ ਅਵਤਾਰ ਪੀਰ ਪੈਗ਼ੰਬਰ ਆਪ ਪੜ੍ਹਾਇੰਦਾ । ਹੁਕਮੇ ਅੰਦਰ ਜਿਉਂ ਭਾਵੇ ਤਿਉਂ ਲਏ ਰਾਖ, ਮਿਹਰ ਨਜ਼ਰ ਇਕ ਉਠਾਇੰਦਾ । ਹੁਕਮੇ ਅੰਦਰ ਪਰਗਟ ਹੋਵੇ ਸਾਖਿਆਤ, ਸ਼ਾਹ ਪਾਤਸ਼ਾਹ ਆਪਣੀ ਕਲ ਧਰਾਇੰਦਾ । ਹੁਕਮੇ ਅੰਦਰ ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਦੇਵੇ ਦਾਤ, ਨਾਮ ਭੰਡਾਰਾ ਆਪ ਵਰਤਾਇੰਦਾ । ਹੁਕਮੇ ਅੰਦਰ ਵੇਖੇ ਅੰਧੇਰੀ ਰਾਤ, ਹੁਕਮੇ ਅੰਦਰ ਸਾਚਾ ਚੰਦ ਚਮਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਵਡਿਆਇੰਦਾ । ਹੁਕਮੇ ਅੰਦਰ ਪੈਗ਼ੰਬਰ ਪੀਰ, ਪਾਰਬ੍ਰਹਮ ਪਰਗਟਾਈਆ । ਹੁਕਮੇ ਅੰਦਰ ਦਸਤਗੀਰ, ਪਰਵਰਦਿਗਾਰ ਖੇਲ ਰਚਾਈਆ । ਹੁਕਮੇ ਅੰਦਰ ਸ਼ਰਅ ਜ਼ੰਜੀਰ, ਕੜੀ ਕੜੀ ਤੰਦ ਬੰਧਾਈਆ । ਹੁਕਮੇ ਅੰਦਰ ਸ਼ਾਹ ਹਕੀਰ, ਊਚ ਨੀਚ ਵੇਖ ਵਖਾਈਆ । ਹੁਕਮੇ ਅੰਦਰ ਚੋਟੀ ਚੜ੍ਹੇ ਅਖ਼ੀਰ, ਆਖਰ ਆਪਣਾ ਆਸਣ ਲਾਈਆ । ਹੁਕਮੇ ਅੰਦਰ ਹੱਕ ਤਦਬੀਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਦਏ ਜਣਾਈਆ । ਹੁਕਮੇ ਅੰਦਰ ਸੱਚਾ ਜਲਵਾ, ਪਰਵਰਦਿਗਾਰ ਆਪ ਪਰਗਟਾਇੰਦਾ । ਹੁਕਮੇ ਅੰਦਰ ਇਕੋ ਤਕਵਾ, ਨਿਰਗੁਣ ਓਟ ਓਟ ਸਮਝਾਇੰਦਾ । ਹੁਕਮੇ

ਅੰਦਰ ਮੇਟੇ ਸ਼ਿਕਵਾ, ਸ਼ਰਅ ਸ਼ਰੀਅਤ ਆਪਣੇ ਰੰਗ ਰੰਗਾਇੰਦਾ । ਹੁਕਮੇ ਅੰਦਰ ਲਾਵੇ ਫ਼ਤਵਾ, ਬਚਿਆ ਕੋਇ ਰਹਿਣ ਨਾ ਪਾਇੰਦਾ । ਜੋਤੀ
ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਾਰ ਕਮਾਇੰਦਾ । ਹੁਕਮੇ ਅੰਦਰ ਪੀਰ ਪੈਗ਼ੰਬਰ, ਬੇਪਰਵਾਹ ਉਪਾਈਆ । ਹੁਕਮੇ ਅੰਦਰ
ਰਚ ਸਵੰਬਰ, ਨਿਰਗੁਣ ਸਰਗੁਣ ਜੋੜ ਜੁੜਾਈਆ । ਹੁਕਮੇ ਅੰਦਰ ਦੋ ਜਹਾਨ ਅਡੰਬਰ, ਚੌਦਾਂ ਲੋਕ ਵੱਜੇ ਵਧਾਈਆ । ਹੁਕਮੇ ਅੰਦਰ ਕਰੇ
ਖੰਡਰ, ਦੀਵਾ ਬਾਤੀ ਨਾ ਕੋਇ ਜਗਾਈਆ । ਹੁਕਮੇ ਅੰਦਰ ਸੁਹਾਏ ਸ਼ਿਵਦੁਆਲੇ ਮੱਠ ਮੰਦਰ, ਮਸਜਿਦ ਮਸੀਤ ਦਏ ਵਡਿਆਈਆ । ਜੋਤੀ ਜੋਤ
ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਕਲਮਾ ਨਬੀ ਪੜ੍ਹਾਈਆ । ਹੁਕਮੇ ਅੰਦਰ ਹੱਕ ਅਮਾਮ, ਇਕੋ ਏਕ ਖੇਲ ਕਰਾਇੰਦਾ । ਹੁਕਮੇ
ਅੰਦਰ ਸਚ ਨਜ਼ਾਮ, ਨੌਬਤ ਆਪਣੇ ਨਾਮ ਸੁਣਾਇੰਦਾ । ਹੁਕਮੇ ਅੰਦਰ ਪੀਰ ਪੈਗ਼ੰਬਰ ਬਰਦੇ ਕਰੇ ਗ਼ੁਲਾਮ, ਸਿਰ ਸਿਰ ਆਪਣਾ ਹੁਕਮ ਮਨਾਇੰਦਾ ।
ਹੁਕਮੇ ਅੰਦਰ ਦਾਮਨਗੀਰ ਫੜਾਏ ਦਾਮ, ਪੱਲੂ ਆਪਣਾ ਗੰਢ ਪੁਆਇੰਦਾ । ਹੁਕਮੇ ਅੰਦਰ ਝੁਲਾਏ ਨਿਸ਼ਾਨ, ਸਚ ਨਿਸ਼ਾਨਾ ਇਕ ਰਖਾਇੰਦਾ ।
ਹੁਕਮੇ ਅੰਦਰ ਅੰਜੀਲ ਕੁਰਾਨ, ਕਲਮਾ ਨਬੀ ਰਸੂਲ ਸਮਝਾਇੰਦਾ । ਹੁਕਮੇ ਅੰਦਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਾਇਨਾਤ
ਗੰਢ ਪੁਆਇੰਦਾ । ਹੁਕਮੇ ਅੰਦਰ ਹੁਕਮ ਹਾਸਲ, ਹਰਿ ਹਜ਼ਰਤ ਆਪ ਜਣਾਈਆ । ਹੁਕਮੇ ਅੰਦਰ ਹੋਏ ਫ਼ਾਜ਼ਲ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ ।
ਹੁਕਮੇ ਅੰਦਰ ਬਣ ਆਦਲ, ਅਦਾਲਤ ਇਕੋ ਇਕ ਲਗਾਈਆ । ਹੁਕਮੇ ਅੰਦਰ ਬਣ ਕਾਤਲ, ਮਕਤੂਲ ਆਪਣਾ ਖੇਲ ਜਣਾਈਆ । ਹੁਕਮੇ ਅੰਦਰ
ਲੇਖਾ ਜਾਣੇ ਬਾਤਨ, ਬੈਤਲ ਆਪਣਾ ਭੇਵ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਹੁਕਮ ਰਿਹਾ ਵਰਤਾਈਆ ।
ਹੁਕਮੇ ਅੰਦਰ ਗੁਰੂ ਗੁਰਦੇਵ, ਸਾਚੀ ਕਾਰ ਕਮਾਇੰਦਾ । ਹੁਕਮੇ ਅੰਦਰ ਸਾਚੀ ਸੇਵ, ਜੁਗ ਚੌਕੜੀ ਰਾਹ ਵਖਾਇੰਦਾ । ਹੁਕਮੇ ਅੰਦਰ ਅੰਮ੍ਰਿਤ
ਮੇਵ, ਅੰਮ੍ਰਿਤ ਰਸ ਇਕ ਚਖਾਇੰਦਾ । ਹੁਕਮੇ ਅੰਦਰ ਦੇਵੀ ਦੇਵ, ਸੁਰਪਤ ਏਕਾ ਰੰਗ ਰੰਗਾਇੰਦਾ । ਹੁਕਮੇ ਅੰਦਰ ਰਸਨਾ ਜਿਹਵ, ਪਵਣ
ਸਵਾਸੀ ਸਿਫ਼ਤ ਸਾਲਾਹਿੰਦਾ । ਹੁਕਮੇ ਅੰਦਰ ਅਲੱਖ ਅਭੇਵ, ਅਗੋਚਰ ਆਪਣੀ ਕਾਰ ਕਮਾਇੰਦਾ । ਹੁਕਮੇ ਅੰਦਰ ਹੋ ਨਿਹਕੇਵ, ਨਿਹਚਲ ਆਪਣਾ
ਆਸਣ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਵਰਤਾਇੰਦਾ । ਹੁਕਮੇ ਅੰਦਰ ਹੋ ਜਗਦੀਸ਼ਰ,
ਜਗ ਜੀਵਣ ਦਾਤਾ ਦਇਆ ਕਮਾਈਆ । ਹੁਕਮੇ ਅੰਦਰ ਹੋ ਈਸ਼ਰ, ਇਸ਼ਟ ਦੇਵ ਇਕ ਜਣਾਈਆ । ਹੁਕਮੇ ਅੰਦਰ ਹੋ ਤਪੀਸ਼ਰ, ਤਪ ਸਾਧਨ
ਦਏ ਸਮਝਾਈਆ । ਹੁਕਮੇ ਅੰਦਰ ਹੋ ਰਖੀਸ਼ਰ, ਰਿਖ ਮੁਨ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,
ਹੁਕਮ ਅੰਦਰ ਵਡ ਵਡਿਆਈਆ । ਹੁਕਮੇ ਅੰਦਰ ਰਾਜ ਜੋਗ, ਜੋਗ ਜੁਗਤ ਆਪ ਜਣਾਇੰਦਾ । ਹੁਕਮੇ ਅੰਦਰ ਰਸ ਭੋਗ, ਵਡ ਭੋਗੀ ਖੇਲ
ਕਰਾਇੰਦਾ । ਹੁਕਮੇ ਅੰਦਰ ਸਚ ਸੰਜੋਗ, ਹਰਿ ਸੰਜੋਗੀ ਮੇਲ ਮਿਲਾਇੰਦਾ । ਹੁਕਮੇ ਅੰਦਰ ਕਰ ਵਿਜੋਗ, ਵਿਛੋੜਾ ਇਕੋ ਇਕ ਸਮਝਾਇੰਦਾ ।
ਹੁਕਮੇ ਅੰਦਰ ਨਾਮ ਸਲੋਕ, ਸੋਹਲਾ ਢੋਲਾ ਆਪੇ ਗਾਇੰਦਾ । ਹੁਕਮੇ ਅੰਦਰ ਰਚ ਰਚ ਕੋਟ, ਕਿਲੇ ਬੰਕ ਦੁਆਰ ਵਡਿਆਇੰਦਾ । ਹੁਕਮੇ ਅੰਦਰ
ਲਾਵੇ ਚੋਟ, ਨਾਮ ਨਗਾਰਾ ਇਕ ਰਖਾਇੰਦਾ । ਹੁਕਮੇ ਅੰਦਰ ਕੱਢੇ ਖੋਟ, ਕੂੜੀ ਕਿਰਿਆ ਮੇਟ ਮਿਟਾਇੰਦਾ । ਹੁਕਮੇ ਅੰਦਰ ਸੇਵਾ ਲਾਏ ਬੱਤੀ
ਦੰਦ ਹੋਂਟ, ਸਾਹ ਸਾਹ ਆਪਣਾ ਨਾਮ ਜਪਾਇੰਦਾ । ਹੁਕਮੇ ਅੰਦਰ ਨਿਰਮਲ ਜੋਤ, ਜੋਤੀ ਜੋਤ ਡਗਮਗਾਇੰਦਾ । ਹੁਕਮੇ ਅੰਦਰ ਹੋਏ ਮਦਹੋਸ਼,


੨੮੬
੧੪

ਮਧੁਰ ਜਾਮ ਇਕ ਪਿਆਇੰਦਾ । ਹੁਕਮੇ ਅੰਦਰ ਸੋਚਾਂ ਰਿਹਾ ਸੋਚ, ਸੋਚ ਆਪਣੀ ਨਾ ਕਿਸੇ ਸਮਝਾਇੰਦਾ । ਹੁਕਮੇ ਅੰਦਰ ਬਹੇ ਬਣ ਖਾਮੋਸ਼, ਘਟ ਘਟ ਅੰਦਰ ਡੇਰਾ ਲਾਇੰਦਾ । ਹੁਕਮੇ ਅੰਦਰ ਖੋਲ੍ਹੇ ਲੋਚਣ ਲੋਚ, ਨੈਣ ਨੈਣਾਂ ਨਾਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮ ਇਕੋ ਇਕ ਵਖਾਇੰਦਾ । ਹੁਕਮੇ ਅੰਦਰ ਖੇਲ ਅਗੰਮਾ, ਅਗੰਮੜੀ ਕਾਰ ਕਮਾਈਆ । ਹੁਕਮੇ ਅੰਦਰ ਬੇੜਾ ਬੰਨ੍ਹਾ, ਆਪਣੇ ਕੰਧ ਉਠਾਈਆ । ਹੁਕਮੇ ਅੰਦਰ ਦੇਵੇ ਨਾਮ ਧਨਾ, ਜੁਗ ਜੁਗ ਝੋਲੀ ਜਗਤ ਭਰਾਈਆ । ਹੁਕਮੇ ਅੰਦਰ ਸੇਵਾ ਕਰੇ ਸ੍ਰੀ ਭਗਵਨਾ, ਦਾਸੀ ਦਾਸ ਰੂਪ ਵਟਾਈਆ । ਹੁਕਮੇ ਅੰਦਰ ਸੂਰਜ ਚੰਨਾਂ, ਕੋਹ ਕਰੋੜੀ ਰਿਹਾ ਭੁਆਈਆ । ਹੁਕਮੇ ਅੰਦਰ ਬੰਨ੍ਹੇ ਬੰਨ੍ਹਾ, ਆਪਣੀ ਹੱਦ ਨਾ ਕਿਸੇ ਸਮਝਾਈਆ । ਹੁਕਮੇ ਅੰਦਰ ਹੋਵੇ ਅੰਨ੍ਹਾ, ਨਿਜ ਨੇਤਰ ਬੰਦ ਵਖਾਈਆ । ਹੁਕਮੇ ਅੰਦਰ ਬਣ ਕੇ ਜਨਨੀ ਜਨਾ, ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਭਗਤ ਭਗਵਾਨ ਗੋਦ ਉਠਾਈਆ । ਹੁਕਮੇ ਅੰਦਰ ਰਾਗ ਸੁਣਾਏ ਬਿਨ ਕੰਨਾਂ, ਅਨਹਦ ਨਾਦੀ ਨਾਦ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਦ੍ਰਿੜਾਈਆ । ਹੁਕਮੇ ਅੰਦਰ ਰਾਜ ਰਾਜਾਨ, ਸ਼ਾਹ ਪਾਤਸ਼ਾਹ ਆਪ ਉਪਜਾਇੰਦਾ । ਹੁਕਮੇ ਅੰਦਰ ਹੁਕਮ ਮਹਾਨ, ਜੀਵ ਜੰਤ ਆਪ ਮੰਨਾਇੰਦਾ । ਹੁਕਮੇ ਅੰਦਰ ਹੁਕਮ ਕਰ ਪਰਵਾਨ, ਨਾਮ ਪਰਵਾਨਾ ਸਰਬ ਸੁਣਾਇੰਦਾ । ਹੁਕਮੇ ਅੰਦਰ ਨਿਰਗੁਣ ਸਰਗੁਣ ਵੇਖੇ ਆਣ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਹੁਕਮੇ ਅੰਦਰ ਖਾਣੀ ਬਾਣੀ ਦਏ ਬਿਆਨ, ਧੁਰ ਦੀ ਧਾਰ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਾਰ ਆਪ ਕਰਾਇੰਦਾ । ਹੁਕਮੇ ਅੰਦਰ ਗੁਰ ਅਵਤਾਰ ਪੀਰ ਪੈਗ਼ੰਬਰ ਰਚ, ਰਚਨਾ ਆਪਣੀ ਦਏ ਸਮਝਾਈਆ । ਹੁਕਮੇ ਅੰਦਰ ਖੇਲ ਸੱਚ, ਸਤਿ ਸਤਿਵਾਦੀ ਆਪ ਵਖਾਈਆ । ਹੁਕਮੇ ਅੰਦਰ ਦੇਵੇ ਰਸ, ਰਸ ਅੰਮ੍ਰਿਤ ਇਕ ਚਖਾਈਆ । ਹੁਕਮੇ ਅੰਦਰ ਆਪੇ ਨੱਠ, ਦੋ ਜਹਾਨਾਂ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਹੁਕਮ ਰਿਹਾ ਸਮਝਾਈਆ । ਹੁਕਮੇ ਅੰਦਰ ਈਸਾ ਮੂਸਾ ਮੁਹੰਮਦੀ ਧਾਰ, ਸੋ ਸਾਹਿਬ ਆਪ ਚਲਾਇੰਦਾ । ਹੁਕਮੇ ਅੰਦਰ ਹੋ ਉਜਿਆਰ, ਹੁਕਮ ਹਾਸਲ ਇਕ ਵਖਾਇੰਦਾ । ਹੁਕਮੇ ਅੰਦਰ ਤਾਲਬ ਬਣੇ ਤਲਬਗਾਰ, ਆਸਾ ਇਕੋ ਇਕ ਪਰਗਟਾਇੰਦਾ । ਹੁਕਮੇ ਅੰਦਰ ਖ਼ਾਲਕ ਖ਼ਲਕ ਵੇਖੇ ਸੰਸਾਰ, ਮਖ਼ਲੂਕ ਆਪਣੇ ਰੰਗ ਰੰਗਾਇੰਦਾ । ਹੁਕਮੇ ਅੰਦਰ ਸਾਲਸ ਬਣੇ ਸਿਰਜਣਹਾਰ, ਗੁਰ ਸ਼ਬਦੀ ਰੂਪ ਧਰਾਇੰਦਾ । ਹੁਕਮੇ ਅੰਦਰ ਆਲਸ ਨਿੰਦਰਾ ਕਰੇ ਵਿਚਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਕਰਾਇੰਦਾ । ਹੁਕਮ ਅੰਦਰ ਗੁਰੂ ਗੁਰ ਦਸ ਜੋਤ, ਜੋਤੀ ਜੋਤ ਜੋਤ ਰੁਸ਼ਨਾਈਆ । ਹੁਕਮੇ ਅੰਦਰ ਨਾਮ ਨਗਾਰਾ ਵੱਜੇ ਚੋਟ, ਨਾਮ ਸਤਿ ਸਤਿ ਪੜ੍ਹਾਈਆ । ਹੁਕਮੇ ਅੰਦਰ ਚਾਰ ਵਰਨਾਂ ਦੇਵਣਹਾਰਾ ਮੋਖ, ਮੁਕਤੀ ਗੁਰੂਦੁਆਰ ਵਖਾਈਆ । ਹੁਕਮੇ ਅੰਦਰ ਨਾਤਾ ਤੋੜੇ ਹਰਖ ਸੋਗ, ਚਿੰਤਾ ਦੁੱਖ ਨਾ ਲਾਗੇ ਰਾਈਆ । ਹੁਕਮੇ ਅੰਦਰ ਸ੍ਰੀ ਭਗਵਾਨ ਜਾਏ ਪਹੁੰਚ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਹੁਕਮੇ ਅੰਦਰ ਬ੍ਰਹਮਾ ਸੁਤ, ਸੁਤ ਮਿਲੇ ਵਡਿਆਈਆ । ਹੁਕਮੇ ਅੰਦਰ ਬਰਾਹ ਸੁਹਾਈ ਰੁੱਤ, ਹੁਕਮੇ ਅੰਦਰ ਯਗਾ ਪੁਰਸ਼ ਸੇਵ ਕਮਾਈਆ । ਹੁਕਮੇ ਅੰਦਰ ਹਾਵ ਗ਼ਰੀਵ ਪਿਆ ਉਠ, ਹੁਕਮੇ ਅੰਦਰ ਨਰਾਇਣ ਮਿਲੇ ਵਡਿਆਈਆ । ਹੁਕਮੇ ਅੰਦਰ ਕਪਲ ਮੁਨ ਗੋਦੀ ਲਿਆ ਚੁੱਕ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮੇ ਅੰਦਰ

ਦੱਤਾ ਤ੍ਰੈ ਦਏ ਵਡਿਆਈਆ । ਹੁਕਮੇ ਅੰਦਰ ਰਿਖਪ ਦੇਵ, ਹੁਕਮੇ ਅੰਦਰ ਪਿਰਥੁ ਮਾਣ ਦਵਾਇੰਦਾ । ਹੁਕਮੇ ਅੰਦਰ ਲਾਏ ਮਤਸ ਸੇਵ, ਹੁਕਮੇ ਅੰਦਰ ਕਛਪ ਮਿੰਦਰਾ ਪਿੱਠ ਉਠਾਇੰਦਾ । ਹਕੁਮੇ ਅੰਦਰ ਧਨੰਤਰ ਮਿਲਿਆ ਧੁਰ ਦਾ ਮੇਵ, ਵਸਤ ਅਮੋਲਕ ਝੋਲੀ ਪਾਇੰਦਾ । ਹੁਕਮੇ ਅੰਦਰ ਹੰਸਾ ਗਾਏ ਬਿਨ ਰਸਨਾ ਜਿਹਵ, ਸੋਹੰ ਢੋਲਾ ਇਕ ਸੁਣਾਇੰਦਾ । ਹੁਕਮੇ ਅੰਦਰ ਬਾਵਨ ਧਰਿਆ ਭੇਖ, ਭੇਖ ਅਵੱਲੜਾ ਆਪ ਕਰਾਇੰਦਾ । ਹੁਕਮੇ ਅੰਦਰ ਨਰ ਸਿੰਘ ਹਰਨਾਕਸ਼ ਲਿਆ ਵੇਖ, ਆਪ ਆਪਣਾ ਫੇਰਾ ਪਾਇੰਦਾ । ਹੁਕਮੇ ਅੰਦਰ ਗਜ ਨਾਲ ਕਰੇ ਹੇਤ, ਨਰ ਨਰਾਇਣ ਰੂਪ ਵਟਾਇੰਦਾ । ਹੁਕਮੇ ਅੰਦਰ ਧਰੂ ਕੀਤਾ ਹੇਤ, ਹਰੀ ਆਪਣੀ ਕਲ ਵਖਾਇੰਦਾ । ਹੁਕਮੇ ਅੰਦਰ ਪਰਸਰਾਮ ਹੋਇਆ ਚੇਤਨ ਚੇਤ, ਚਿਤਰਕਾਰ ਆਪਣੀ ਕਾਰ ਕਮਾਇੰਦਾ । ਹੁਕਮੇ ਅੰਦਰ ਰਾਮ ਰਾਵਣ ਲਿਖੇ ਲੇਖ, ਲੇਖਾ ਨਜ਼ਰ ਕਿਸੇ ਨਾ ਆਇੰਦਾ । ਹੁਕਮੇ ਅੰਦਰ ਵੇਦ ਵਿਆਸਾ ਕਰੇ ਹੇਤ, ਰਾਗ ਅਨਾਦੀ ਰਾਗ ਅਲਾਇੰਦਾ । ਹੁਕਮੇ ਅੰਦਰ ਕਾਹਨ ਕ੍ਰਿਸ਼ਨ ਨਿਰਗੁਣ ਭੇਖ, ਸਰਗੁਣ ਬੰਸਰੀ ਨਾਮ ਵਜਾਇੰਦਾ । ਹੁਕਮੇ ਅੰਦਰ ਬੋਧ ਅਗਾਧਾ ਖੋਲ੍ਹੇ ਭੇਤ, ਅਭੇਵ ਆਪ ਸਮਝਾਇੰਦਾ । ਹੁਕਮੇ ਅੰਦਰ ਈਸਾ ਮੂਸਾ ਭੇਜ, ਨੂਰੀ ਜਲਵਾ ਨੂਰ ਦਰਸਾਇੰਦਾ । ਹੁਕਮੇ ਅੰਦਰ ਮੁਹੰਮਦ ਅੱਧਵਿਚਕਾਰ ਮਾਣੀ ਸੇਜ, ਚਾਰ ਯਾਰੀ ਗੰਢ ਪੁਆਇੰਦਾ । ਹੁਕਮੇ ਅੰਦਰ ਕਲਮਾ ਨਬੀ ਰਸੂਲ ਭੇਜ, ਇਜ਼ਰਾਈਲ ਜ਼ਬਰਾਈਲ ਮੇਕਾਈਲ ਅਸਰਾਫ਼ੀਲ ਸਾਚੀ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਆਪਣਾ ਹੁਕਮ ਵਰਤਾਇੰਦਾ । ਹੁਕਮੇ ਅੰਦਰ ਨਾਨਕ ਸਤਿਗੁਰ, ਨਿਰਗੁਣ ਸਰਗੁਣ ਜੋਤ ਕਰੀ ਰੁਸ਼ਨਾਈਆ । ਪੁਰਖ ਅਬਿਨਾਸ਼ੀ ਮੇਲਾ ਧੁਰ, ਧੁਰ ਮਸਤਕ ਜੋੜ ਜੁੜਾਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਸਚਖੰਡ ਦੁਆਰੇ ਦੋਵੇਂ ਗਏ ਜੁੜ, ਪੰਜ ਤੱਤ ਤੱਤ ਨਜ਼ਰ ਕੋਇ ਨਾ ਆਈਆ । ਸਤਿ ਸਰੂਪ ਸ਼ਾਹੋ ਭੂਪ ਪੁਰਖ ਅਬਿਨਾਸ਼ੀ ਗਿਆ ਬੌਹੜ, ਮੇਲ ਮਿਲਾਵਾ ਸਹਿਜ ਸੁਭਾਈਆ । ਹੁਕਮੇ ਅੰਦਰ ਚੜ੍ਹਿਆ ਘੋੜ, ਸ਼ਾਹਸਵਾਰਾ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਦਏ ਜਣਾਈਆ । ਹੁਕਮੇ ਅੰਦਰ ਨਾਮ ਦਾਤ, ਸਤਿਨਾਮ ਝੋਲੀ ਪਾਇੰਦਾ । ਹੁਕਮੇ ਅੰਦਰ ਖੇਲ ਤਮਾਸ਼, ਨਿਰਗੁਣ ਨਾਨਕ ਆਪ ਦਰਸਾਇੰਦਾ । ਹੁਕਮੇ ਅੰਦਰ ਸਚਖੰਡ ਦੁਆਰੇ ਵੇਖੇ ਰਾਸ, ਗਗਨ ਮੰਡਲ ਸੋਭਾ ਪਾਇੰਦਾ । ਹੁਕਮੇ ਅੰਦਰ ਚਾਰ ਵਰਨ ਅਠਾਰਾਂ ਬਰਨ ਲੋਕਮਾਤ ਪੂਰੀ ਕਰੇ ਆਸ, ਨਿਰਾਸਾ ਰੂਪ ਨਾ ਕੋਇ ਵਟਾਇੰਦਾ । ਹੁਕਮੇ ਅੰਦਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਰਗੁਣ ਸਰਗੁਣ ਗੰਢ ਪੁਆਇੰਦਾ । ਹੁਕਮੇ ਅੰਦਰ ਸਤਿਗੁਰ ਨਾਨਕ ਅੰਗਦ ਲਾਇਆ ਅੰਗ, ਅੰਗੀਕਾਰ ਕਰੇ ਵਡਿਆਈਆ । ਹੁਕਮੇ ਅੰਦਰ ਅਮਰ ਦਾਸ ਚੜ੍ਹਿਆ ਰੰਗ, ਰੰਗ ਰੰਗੀਲਾ ਇਕ ਵਖਾਈਆ । ਹੁਕਮੇ ਅੰਦਰ ਰਾਮ ਦਾਸ ਨਿਰਗੁਣ ਜੋਤ ਵੇਖਿਆ ਚੰਦ, ਸੂਰਜ ਚੰਦ ਨੈਣ ਸ਼ਰਮਾਈਆ । ਹੁਕਮੇ ਅੰਦਰ ਗੁਰ ਅਰਜਨ ਸੁਣਾਇਆ ਸਾਹਿਬ ਸ਼ਬਦ ਅਗੰਮੀ ਛੰਦ, ਗੁਰੂ ਗਰੰਥ ਗੁਰਦੇਵ ਦਏ ਵਡਿਆਈਆ । ਹੁਕਮੇ ਅੰਦਰ ਹਰਿਗੋਬਿੰਦ ਮੰਗੀ ਮੰਗ, ਪੁਰਖ ਅਕਾਲ ਇਕ ਸਰਨਾਈਆ । ਹੁਕਮੇ ਅੰਦਰ ਹਰਿ ਰਾਏ ਨੂਰ ਨੁਰਾਨਾ ਮਿਲਿਆ ਇਕ ਅਨੰਦ, ਅਨੰਦ ਅਨੰਦ ਵਿਚੋਂ ਦਰਸਾਈਆ । ਹੁਕਮੇ ਅੰਦਰ ਹਰਿਕ੍ਰਿਸ਼ਨ ਹਰਿ ਦੁਆਰੇ ਪਾਏ ਠੰਡ, ਸੀਤਲ ਸੀਤਲ ਧਾਰ ਵਹਾਈਆ । ਹੁਕਮੇ ਅੰਦਰ ਗੁਰ ਤੇਗ਼ਬਹਾਦਰ ਧਰਤ ਧਵਲ ਲਈ ਰੱਖ, ਸੀਸ ਆਪਣਾ ਭੇਟ ਚੜ੍ਹਾਈਆ । ਹੁਕਮੇ ਅੰਦਰ ਗੁਰ ਗੋਬਿੰਦ ਹੋ ਪਰਤੱਖ, ਸਰਗੁਣ ਲੇਖਾ ਦਏ ਜਣਾਈਆ । ਹੇਮ ਕੁੰਟ ਤੋਂ ਹੋਇਆ ਵੱਖ, ਦੁਸ਼ਟ ਦਮਨ ਫੇਰਾ

ਪਾਈਆ । ਪੁਰਖ ਅਕਾਲ ਸਿਰ ਰੱਖਿਆ ਹੱਥ, ਪ੍ਰਭ ਬਣਿਆ ਪਿਤਾ ਮਾਈਆ । ਹੁਕਮੇ ਅੰਦਰ ਮਾਰਗ ਦੱਸ, ਸਾਚਾ ਰਾਹ ਰਿਹਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮ ਇਕੋ ਇਕ ਜਣਾਈਆ । ਹੁਕਮੇ ਅੰਦਰ ਪੁਰਖ ਅਕਾਲ, ਗੋਬਿੰਦ ਸੁਤ ਸੁਤ ਵਡਿਆਇੰਦਾ । ਹੁਕਮੇ ਅੰਦਰ ਹੋ ਦਿਆਲ, ਦੀਨਨ ਇਕੋ ਘਰ ਜਣਾਇੰਦਾ । ਹੁਕਮੇ ਅੰਦਰ ਲੇਖਾ ਵੇਖ ਮਹਾਂਕਾਲ, ਕਾਲ ਹੁਕਮ ਵਿਚ ਬੰਧਾਇੰਦਾ । ਹੁਕਮੇ ਅੰਦਰ ਸਚ ਧਰਮ ਸੱਚੀ ਧਰਮਸਾਲ, ਗੁਰ ਚਰਨ ਦੁਆਰਾ ਆਪ ਪਰਗਟਾਇੰਦਾ । ਹੁਕਮੇ ਅੰਦਰ ਅੰਮ੍ਰਿਤ ਆਤਮ ਜਾਮ ਆਪ ਪਿਆਲ, ਪੰਜਾਂ ਚੋਰਾਂ ਪੰਜਾਂ ਕੋਲੋਂ ਘਾਇਲ ਕਰਾਇੰਦਾ । ਹੁਕਮੇ ਅੰਦਰ ਖੜਗ ਖੰਡਾ ਦੇ ਕਟਾਰ, ਤਨ ਗਾਤਰੇ ਆਪ ਸੁਹਾਇੰਦਾ । ਹੁਕਮੇ ਅੰਦਰ ਕਲਗ਼ੀ ਤੋੜਾ ਸੀਸ ਪਹਿਨ ਸੰਸਾਰ, ਸਤਿਗੁਰ ਸਾਚਾ ਰਾਹ ਵਖਾਇੰਦਾ । ਹੁਕਮੇ ਅੰਦਰ ਪੰਥ ਖ਼ਾਲਸ ਕਰ ਤਿਆਰ, ਜ਼ਾਤ ਪਾਤ ਊਚ ਨੀਚ ਰਾਉ ਰੰਕ ਰਾਜ ਰਾਜਾਨ ਵੰਡ ਨਾ ਕੋਇ ਵੰਡਾਇੰਦਾ । ਹੁਕਮੇ ਅੰਦਰ ਸਾਲਸ ਬਣ ਸਿਰਜਣਹਾਰ, ਸਾਚੀ ਕਰਨੀ ਆਪ ਕਰਾਇੰਦਾ । ਹੁਕਮੇ ਅੰਦਰ ਨੀਹਾਂ ਹੇਠਾਂ ਬਾਲੇ ਦਿਤੇ ਸੁਆਲ, ਹੁਕਮੇ ਅੰਦਰ ਚੰਡ ਪਰਚੰਡ ਚਮਕਾਇੰਦਾ । ਹੁਕਮੇ ਅੰਦਰ ਸੂਲਾਂ ਸੇਜ ਸੁੱਤਾ ਸੰਭਾਲ, ਸਚ ਸਿੰਘਾਸਣ ਸੋਭਾ ਪਾਇੰਦਾ । ਹੁਕਮੇ ਅੰਦਰ ਮੇਲ ਮਿਲਿਆ ਪੁਰਖ ਅਕਾਲ, ਅਕਲ ਕਲ ਆਪਣੀ ਖੇਲ ਵਖਾਇੰਦਾ । ਹੁਕਮੇ ਅੰਦਰ ਗੋਬਿੰਦ ਲਾਲ, ਹਰਿ ਲਾਲਨ ਰੰਗ ਰੰਗਾਇੰਦਾ । ਹੁਕਮੇ ਅੰਦਰ ਅਵੱਲੜੀ ਚਾਲ, ਚਾਲ ਨਿਰਾਲੀ ਨਾ ਕਿਸੇ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਦਿ ਜੁਗਾਦਿ ਜੁਗਾ ਜੁਗੰਤਰ ਹੁਕਮੇ ਅੰਦਰ ਨਾਮ ਮੰਤਰ, ਮੰਤਰ ਇਕੋ ਇਕ ਦ੍ਰਿੜਾਇੰਦਾ । ਹੁਕਮੇ ਅੰਦਰ ਕੋਟਨ ਨਾਮ, ਨਾਮ ਨਾਮ ਪਰਗਟਾਈਆ । ਹੁਕਮੇ ਅੰਦਰ ਇਸ਼ਟ ਦੇਵ ਭਗਵਾਨ, ਵਿਸ਼ਨੂੰ ਬਣ ਬਣ ਸੇਵ ਕਮਾਈਆ । ਹੁਕਮੇ ਅੰਦਰ ਚਤੁਰਭੁਜ ਹੋ ਪਰਧਾਨ, ਹੁਕਮੇ ਅੰਦਰ ਆਦਿ ਸ਼ਕਤ ਬਣੇ ਮਾਈਆ । ਹੁਕਮੇ ਅੰਦਰ ਅਸ਼ਟਭੁਜ ਹੋ ਬਲਵਾਨ, ਬਲ ਆਪਣਾ ਦਏ ਦਰਸਾਈਆ । ਹੁਕਮੇ ਅੰਦਰ ਓਮ ਓਮ ਨਿਸ਼ਾਨ, ਹੁਕਮੇ ਅੰਦਰ ਸੋਹੰ ਧਾਰ ਚਲਾਈਆ । ਹੁਕਮੇ ਅੰਦਰ ਸੱਯਾ ਰਾਮ, ਹੁਕਮੇ ਅੰਦਰ ਕ੍ਰਿਸ਼ਨ ਕ੍ਰਿਸ਼ਨ ਵਡਿਆਈਆ । ਹੁਕਮੇ ਅੰਦਰ ਸਜਦਾ ਸੀਸ ਸਲਾਮ, ਹੁਕਮੇ ਅੰਦਰ ਸਲਾਮਾ ਅਲੈਕਮ ਸਿਫ਼ਤ ਸਲਾਹੀਆ । ਹੁਕਮੇ ਅੰਦਰ ਮੰਤਰ ਸਤਿਨਾਮ, ਸ੍ਰਿਸ਼ਟ ਸਬਾਈ ਦਏ ਜਣਾਈਆ । ਹੁਕਮੇ ਅੰਦਰ ਵਾਹਿਗੁਰੂ ਫ਼ਤਹਿ ਡੰਕਾ ਵੱਜੇ ਵਿਚ ਜਹਾਨ, ਦੋ ਜਹਾਨਾਂ ਆਪ ਜਣਾਈਆ । ਹੁਕਮੇ ਅੰਦਰ ਸ਼ਾਸਤਰ ਸਿਮਰਤ ਵੇਦ ਪੁਰਾਨ, ਜੁਗ ਚੌਕੜੀ ਦੇਣ ਗਵਾਹੀਆ । ਹੁਕਮੇ ਅੰਦਰ ਵੇਦ ਵਿਆਸਾ ਲਿਖ ਕੇ ਲੇਖ ਗਿਆ ਮਹਾਨ, ਪੂਤ ਸਪੂਤਾ ਬ੍ਰਹਿਮਣ ਗੌੜਾ ਉਚੇ ਟਿੱਲੇ ਪਰਬਤ ਆਪਣਾ ਆਸਣ ਲਾਈਆ । ਹੁਕਮੇ ਅੰਦਰ ਮੂਸਾ ਦੇ ਕੇ ਗਿਆ ਪੈਗ਼ਾਮ, ਉਚੀ ਕੂਕ ਕੂਕ ਸੁਣਾਈਆ । ਹੁਕਮੇ ਅੰਦਰ ਈਸਾ ਕਹਿ ਕੇ ਗਿਆ ਮੇਰਾ ਪਿਤਾ ਅਮਾਮ, ਮੇਰੇ ਪਿਛੇ ਫੇਰਾ ਪਾਈਆ । ਹੁਕਮੇ ਅੰਦਰ ਮੁਹੰਮਦ ਨਿਉਂ ਨਿਉਂ ਕਰਦਾ ਗਿਆ ਸਲਾਮ, ਪਰਵਰਦਿਗਾਰ ਧਿਆਨ ਲਗਾਈਆ । ਹੁਕਮੇ ਅੰਦਰ ਚੌਦਾਂ ਤਬਕ ਦੇ ਕਲਾਮ, ਕਲਮਾ ਬਿਨ ਰਸਨਾ ਜਿਹਵਾ ਗਿਆ ਪੜ੍ਹਾਈਆ । ਹੁਕਮੇ ਅੰਦਰ ਨਾਨਕ ਨਿਰਗੁਣ ਸਾਚਾ ਦੱਸ ਕੇ ਗਿਆ ਨਿਸ਼ਾਨ, ਮਹਾਂਬਲੀ ਉਤਰੇ ਵਾਹੋ ਦਾਹੀਆ । ਨਿਹਕਲੰਕ ਨੌਜਵਾਨ, ਨਾ ਪਿਤਾ ਨਾ ਮਾਈਆ । ਗੋਬਿੰਦ ਕਰ ਕੇ ਗਿਆ ਪਰਵਾਨ, ਕਲ ਕਲਕੀ ਫੇਰਾ ਪਾਈਆ । ਪਰਗਟ ਹੋਏ ਮਰਦ ਮਰਦਾਨ, ਸਚ ਮਰਦਾਨਗੀ ਆਪ ਕਮਾਈਆ । ਇਕ ਉਠਾਏ ਧਰਮ ਨਿਸ਼ਾਨ, ਦੋ ਜਹਾਨਾਂ ਦਏ ਭੁਲਾਈਆ । ਰਾਉ ਰੰਕ ਸਰਬ

੨੯੦ ੧੪

ਮਿਟ ਜਾਣ, ਊਚ ਨੀਚ ਰਹਿਣ ਕੋਇ ਨਾ ਪਾਈਆ । ਸਾਰੇ ਗਾਇਣ ਪੁਰਖ ਅਕਾਲ, ਇਸ਼ਟ ਦੇਵ ਇਕੋ ਇਕ ਨਜ਼ਰੀ ਆਈਆ । ਸੰਬਲ ਵਸੇ ਧਾਮ ਸਚ ਮਕਾਨ, ਮੰਦਰ ਇਕੋ ਇਕ ਰੁਸ਼ਨਾਈਆ । ਜੁਗ ਚੌਕੜੀ ਲੇਖਾ ਚੁਕਾਏ ਆਣ, ਨਵ ਨੌਂ ਪੈਂਡਾ ਦਏ ਮੁਕਾਈਆ । ਵਿਸ਼ਨ ਬ੍ਰਹਮਾ ਸ਼ਿਵ ਸੀਸ ਝੁਕਾਣ, ਸਿਰ ਸਕੇ ਨਾ ਕੋਇ ਉਠਾਈਆ । ਤ੍ਰੈਗੁਣ ਮਾਇਆ ਹੋਏ ਹੈਰਾਨ, ਪੰਜ ਤੱਤ ਚਲੇ ਨਾ ਕੋਇ ਚਤੁਰਾਈਆ । ਬੁੱਧੀ ਦੇਵੇ ਨਾ ਕੋਇ ਗਿਆਨ, ਮਤ ਮਤਵਾਲੀ ਨੈਣ ਸ਼ਰਮਾਈਆ । ਮਨ ਮਨੂਆ ਨਾ ਨੱਠੇ ਸ਼ੈਤਾਨ, ਸ਼ਰਅ ਕਰੇ ਨਾ ਕੋਇ ਲੜਾਈਆ । ਵੇਖਣਹਾਰਾ ਦੀਨ ਈਮਾਨ, ਇਸਮ ਆਜ਼ਮ ਇਕੋ ਇਕ ਦਰਸਾਈਆ । ਮਿਹਬਾਨ ਬੀਦੋ ਬੀ ਖ਼ੈਰ ਯਾ ਇਲਾਹੀ ਹੋ ਪਰਧਾਨ, ਨੂਰ ਇਲਾਹੀ ਇਕ ਦਰਸਾਈਆ । ਸਾਹਿਬ ਸਤਿਗੁਰ ਵਡ ਬਲਵਾਨ, ਸ਼ਾਹ ਪਾਤਸ਼ਾਹ ਫੇਰਾ ਪਾਈਆ । ਚੌਦਾਂ ਲੋਕਾਂ ਖ਼ਾਲੀ ਕਰੇ ਦੁਕਾਨ, ਖ਼ਾਲਕ ਖ਼ਲਕ ਵੇਖੇ ਥਾਉਂ ਥਾਈਂਆ । ਚੌਦਾਂ ਰਤਨ ਮਿਟੇ ਨਿਸ਼ਾਨ, ਸੋਲਾਂ ਕਲਾਂ ਨਾ ਕੋਇ ਵਡਿਆਈਆ । ਚੌਦਾਂ ਵਿਦਿਆ ਬਣੇ ਨਾਦਾਨ, ਲੋਕ ਚਲੇ ਨਾ ਕੋਇ ਚਤੁਰਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਵੇਖ ਵੇਖ ਖ਼ੁਸ਼ੀ ਮਨਾਣ, ਪ੍ਰਭ ਸਾਚਾ ਸੰਗ ਰਖਾਈਆ । ਕਲਜੁਗ ਅੰਤ ਸ੍ਰੀ ਭਗਵੰਤ ਦੋ ਜਹਾਨਾਂ ਬਦਲ ਦਏ ਨਜ਼ਾਮ, ਨਿਰਗੁਣ ਆਪਣਾ ਹੁਕਮ ਵਰਤਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਲੱਖ ਚੁਰਾਸੀ ਨਜ਼ਰੀ ਆਏ ਇਕ ਭਗਵਾਨ, ਪੰਜ ਤੱਤ ਗੁਰੂ ਨਾ ਕੋਇ ਮਨਾਈਆ । ਹਰਿ ਕਾ ਸ਼ਬਦ ਹੋਏ ਬਲਵਾਨ, ਦੋ ਜਹਾਨਾਂ ਫਿਰੇ ਵਾਹੋ ਦਾਹੀਆ । ਰਾਜ ਰਾਜਾਨ ਸ਼ਾਹ ਸੁਲਤਾਨ ਸੀਸ ਸਰਬ ਝੁਕਾਣ, ਨੈਣ ਸਕੇ ਨਾ ਕੋਇ ਉਠਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਜਸ ਸਾਰੇ ਬਹਿ ਬਹਿ ਗਾਣ, ਵਾਹ ਵਾ ਵਾਹ ਵਾ ਗੁਰੂ ਤੇਰੀ ਵਡਿਆਈਆ । ਤੇਰਾ ਭੇਵ ਨਾ ਪਾਏ ਕੋਈ ਵਿਚ ਜਹਾਨ, ਮਹਿਮਾ ਸਕੇ ਨਾ ਕੋਇ ਸੁਣਾਈਆ । ਸਚਖੰਡ ਨਿਵਾਸੀ ਤੇਰਾ ਖੇਲ ਮਹਾਨ, ਆਦਿ ਜੁਗਾਦਿ ਜੁਗਾ ਜੁਗੰਤਰ ਤੇਰਾ ਲੇਖ ਨਾ ਕੋਇ ਲਿਖਾਈਆ । ਕਲਮ ਸ਼ਾਹੀ ਕਾਗ਼ਜ਼ ਨੇਤਰ ਰੋਣ ਨੀਰ ਬਹਾਣ, ਸਮੁੰਦਰ ਸੱਤ ਮਸ ਦਏ ਦੁਹਾਈਆ । ਬਸੁੱਧਾ ਕਹੇ ਮੈਂ ਬਾਲੀ ਨੱਢੀ ਅੰਜਾਣ, ਭਾਰ ਜ਼ਰਾ ਨਾ ਸਕਾਂ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹੁਕਮੇ ਅੰਦਰ ਜੁਗ ਚੌਕੜੀ ਪਾਰ ਕਰਾਈਆ । ਹੁਕਮੇ ਅੰਦਰ ਕੋਟਨ ਕਾਲ, ਕਾਲ ਕਾਲ ਰੂਪ ਵਟਾਈਆ । ਹੁਕਮੇ ਅੰਦਰ ਖੇਲ ਕਰਤਾਰ, ਜੁਗ ਚੌਕੜੀ ਆਪ ਜਣਾਈਆ । ਹੁਕਮੇ ਅੰਦਰ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਖੇ ਵਿਚ ਸੰਸਾਰ, ਨਿਰਗੁਣ ਸਰਗੁਣ ਰੂਪ ਵਟਾਈਆ । ਹੁਕਮੇ ਅੰਦਰ ਲੈ ਤੇਈ ਅਵਤਾਰ, ਹੁਕਮੇ ਅੰਦਰ ਭਗਤ ਅਠਾਰਾਂ ਨਾਲ ਮਿਲਾਈਆ । ਹੁਕਮੇ ਅੰਦਰ ਈਸਾ ਮੂਸਾ ਮੁਹੰਮਦ ਕਰ ਗੁਫ਼ਤਾਰ, ਗ਼ੁਫ਼ਤ ਸ਼ੁਨੀਦ ਕਰੀ ਸ਼ਨਵਾਈਆ । ਹੁਕਮੇ ਅੰਦਰ ਏਕਾ ਜੋਤੀ ਦਸ ਅਵਤਾਰ, ਗੁਰ ਗੋਬਿੰਦ ਕਲਗੀ ਤੋੜਾ ਸੀਸ ਟਿਕਾਈਆ । ਹੁਕਮੇ ਅੰਦਰ ਮੰਗ ਮੰਗ ਕੇ ਗਿਆ ਧੁਰ ਦਰਬਾਰ, ਪੁਰਖ ਅਕਾਲ ਅੱਗੇ ਝੋਲੀ ਡਾਹੀਆ । ਕਦ ਅੰਤਮ ਆਵੇਂ ਸਿਰਜਣਹਾਰ, ਤੇਰੇ ਹੱਥ ਸਰਬ ਵਡਿਆਈਆ । ਮੈਨੂੰ ਰੱਖਣਾ ਆਪਣੇ ਨਾਲ, ਬਣ ਸੇਵਕ ਸੇਵ ਕਮਾਈਆ । ਮੁਰੀਦ ਵੇਖੇ ਮੁਰਸ਼ਦ ਹਾਲ, ਮੁਰਸ਼ਦ ਮੁਰੀਦਾਂ ਹਾਲ ਵੇਖਣ ਆਪੇ ਆਈਆ । ਸੰਬਲ ਨਗਰ ਤੇਰਾ ਸਚ ਦੁਆਰਾ ਸੱਚੀ ਧਰਮਸਾਲ, ਨੂਰ ਇਕੋ ਇਕ ਰੁਸ਼ਨਾਈਆ । ਨਾ ਕੋਈ ਤਬਲਾ ਵੱਜੇ ਤਾਲ, ਸਾਰੰਗ ਸਰੰਗਾ ਹੱਥ ਨਾ ਕੋਇ ਉਠਾਈਆ । ਧੁਰ ਦਾ ਰਾਗ ਤੇਰਾ ਬੇਮਿਸਾਲ, ਲੋਕਮਾਤ ਮਿਸਲ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਹੁਕਮੇ ਅੰਦਰ ਕਰਨੀ ਕਰ, ਹਰਿ ਕਰਤਾ

ਖੇਲ ਰਚਾਇੰਦਾ । ਕਲਜੁਗ ਅੰਤਮ ਵੇਸ ਧਰ, ਧਰ ਧਰਨੀ ਆਪ ਸੁਹਾਇੰਦਾ । ਜੋਤ ਸਰੂਪ ਨਰਾਇਣ ਨਰ, ਜਗਤ ਨੇਤਰ ਨਜ਼ਰ ਕਿਸੇ ਨਾ ਆਇੰਦਾ । ਜਨ ਭਗਤਾਂ ਉਤੇ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਇੰਦਾ । ਬੰਦ ਕਿਵਾੜੀ ਖੋਲ੍ਹ ਦਰ, ਆਤਮ ਤਾਕੀ ਕੁੰਡਾ ਲਾਹਿੰਦਾ । ਸਾਢੇ ਤਿੰਨ ਹੱਥ ਮੰਦਰ ਅੰਦਰ ਵੜ, ਘਰ ਘਰ ਵਿਚ ਮੇਲ ਮਿਲਾਇੰਦਾ । ਨੌਂ ਦੁਆਰੇ ਪਾਰ ਕਰ, ਨਵ ਰਸ ਨਾ ਕੋਇ ਰਖਾਇੰਦਾ । ਦਸਮ ਦੁਆਰੀ ਆਪੇ ਖੜ੍ਹ, ਖਟਕਾ ਸਰਬ ਮੁਕਾਇੰਦਾ । ਸੁਰਤ ਸਵਾਣੀ ਸ਼ਬਦੀ ਫੜ, ਪ੍ਰੇਮ ਹਾਣੀ ਮੇਲ ਮਿਲਾਇੰਦਾ । ਆਤਮ ਪਰਮਾਤਮ ਸੋਹੰ ਢੋਲਾ ਸਾਚਾ ਪੜ੍ਹ, ਘਰ ਸੱਜਣ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮੇ ਅੰਦਰ ਰਾਹ ਚਲਾਇੰਦਾ । ਹੁਕਮੇ ਅੰਦਰ ਚਲੇ ਰਾਹ, ਜੁਗ ਜੁਗ ਆਪ ਚਲਾਈਆ । ਹੁਕਮੇ ਅੰਦਰ ਬਣ ਮਲਾਹ, ਸਦ ਸਦ ਸੇਵ ਕਮਾਈਆ । ਹੁਕਮੇ ਅੰਦਰ ਦੇ ਸਲਾਹ, ਸਿਫ਼ਤ ਸਿਫ਼ਤ ਵਡਿਆਈਆ । ਹੁਕਮੇ ਅੰਦਰ ਪਕੜੇ ਬਾਂਹ, ਜਨ ਭਗਤਾਂ ਲਏ ਉਠਾਈਆ । ਹੁਕਮੇ ਅੰਦਰ ਜਪਾਏ ਨਾਂ, ਨਾਉਂ ਨਿਰੰਕਾਰਾ ਆਪ ਦ੍ਰਿੜਾਈਆ । ਹੁਕਮੇ ਅੰਦਰ ਵਖਾਏ ਥਾਂ, ਨਥਾਵਿਆਂ ਲਏ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮੇ ਅੰਦਰ ਹੰਸ ਬਣਾਏ ਕਾਂ, ਸੋਹੰ ਹੰਸਾ ਜਾਪ ਜਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮੇ ਅੰਦਰ ਸਤਿਜੁਗ ਸਾਚਾ ਚੰਦ ਚਮਕਾਈਆ । ਹੁਕਮੇ ਅੰਦਰ ਕਲਜੁਗ ਮੁੱਕੇ, ਅੰਤ ਰਹਿਣ ਨਾ ਪਾਈਆ । ਹੁਕਮੇ ਅੰਦਰ ਸਤਿਜੁਗ ਉਠੇ, ਬੀਸ ਬੀਸਾ ਲਏ ਅੰਗੜਾਈਆ । ਹੁਕਮੇ ਅੰਦਰ ਭਗਤ ਭਗਵਾਨ ਮਨਾਏ ਰੁੱਸੇ, ਰੁਠਿਆ ਕੋਇ ਰਹਿਣ ਨਾ ਪਾਈਆ । ਹੁਕਮੇ ਅੰਦਰ ਲੱਖ ਚੁਰਾਸੀ ਕੋਲੋਂ ਪੁੱਛੇ, ਕਿਉਂ ਬੈਠੇ ਸ੍ਰੀ ਭਗਵਾਨ ਭੁਲਾਈਆ । ਹੁਕਮੇ ਅੰਦਰ ਪਾਣੀ ਰਹਿਣ ਨਾ ਦੇਵੇ ਕਿਸੇ ਹੁੱਕੇ, ਕਲਜੁਗ ਕੂੜੀ ਚਿਲਮ ਦਏ ਭੰਨਾਈਆ । ਹੁਕਮੇ ਅੰਦਰ ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਦੀਨ ਮਜ਼੍ਹਬ ਕਿਸੇ ਨਾ ਲੁੱਟੇ, ਕੂੜੀ ਕਰੇ ਨਾ ਕੋਇ ਲੜਾਈਆ । ਹੁਕਮੇ ਅੰਦਰ ਗੁਰਮੁਖ ਗੁਰਸਿਖ ਹਰਿਜਨ ਸਾਹਿਬ ਸਤਿਗੁਰ ਗੋਦੀ ਚੁੱਕੇ, ਚੁੱਕ ਚੁੱਕ ਖ਼ੁਸ਼ੀ ਮਨਾਈਆ । ਹੁਕਮੇ ਅੰਦਰ ਹੁਕਮ ਕਦੀ ਨਾ ਮੁੱਕੇ, ਇਕੋ ਹੁਕਮ ਹੁਕਮਰਾਨ ਅਖਵਾਈਆ । ਹਰਿ ਕਾ ਹੁਕਮ ਆਪਣੇ ਨਿਸ਼ਾਨਿਉਂ ਕਦੇ ਨਾ ਉਕੇ, ਤੀਰ ਨਿਰਾਲਾ ਇਕ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਏਕਾ ਹੁਕਮ ਦਏ ਵਡਿਆਈਆ । ਹੁਕਮੇ ਅੰਦਰ ਕੂੜੀ ਕਿਰਿਆ ਚੂਰ, ਮਾਇਆ ਮਮਤਾ ਮੋਹ ਮਿਟਾਇੰਦਾ । ਹੁਕਮੇ ਅੰਦਰ ਸਤਿਗੁਰ ਪੂਰਾ ਨਜ਼ਰੀ ਆਏ ਹਾਜ਼ਰ ਹਜ਼ੂਰ, ਨਿਜ ਨੇਤਰ ਨੈਣ ਖੁਲ੍ਹਾਇੰਦਾ । ਹੁਕਮੇ ਅੰਦਰ ਖੇਲੇ ਖੇਲ ਨੇੜੇ ਦੂਰ, ਦੂਰ ਦੁਰਾਡਾ ਪੰਧ ਮੁਕਾਇੰਦਾ । ਹੁਕਮੇ ਅੰਦਰ ਜਨ ਭਗਤਾਂ ਭੰਡਾਰ ਕਰੇ ਭਰਪੂਰ, ਅਤੋਟ ਅਤੁਟ ਨਾਮ ਵਰਤਾਇੰਦਾ । ਹੁਕਮੇ ਅੰਦਰ ਪ੍ਰਭ ਸਰਨਾਈ ਡਿਗਿਆਂ ਮੁਆਫ਼ ਕਰੇ ਕਸੂਰ, ਪਤਤ ਪਾਪੀ ਗਲੇ ਲਗਾਇੰਦਾ । ਹੁਕਮੇ ਅੰਦਰ ਸਤਿ ਧਰਮ ਲੋਕਮਾਤ ਚਲਾਏ ਜ਼ਰੂਰ, ਸਚ ਸੁੱਚ ਇਕ ਦ੍ਰਿੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹੁਕਮ ਇਕੋ ਇਕ ਦਰਸਾਇੰਦਾ । ਹੁਕਮੇ ਅੰਦਰ ਚਾੜ੍ਹੇ ਰੰਗ, ਰੰਗ ਰੰਗੀਲਾ ਇਕ ਅਖਵਾਇੰਦਾ । ਹੁਕਮੇ ਅੰਦਰ ਸੁਹਾਏ ਆਤਮ ਸੇਜ ਪਲੰਘ, ਸਚ ਸਿੰਘਾਸਣ ਡੇਰਾ ਲਾਇੰਦਾ । ਹੁਕਮੇ ਅੰਦਰ ਅਨਹਦ ਨਾਦ ਵਜਾਏ ਮਰਦੰਗ, ਸਾਚੀ ਸੇਵਾ ਆਪ ਕਮਾਇੰਦਾ । ਹੁਕਮੇ ਅੰਦਰ ਸੋਹਲਾ ਢੋਲਾ ਗਾਏ ਛੰਦ, ਰਸਨਾ ਜਿਹਵਾ ਨਾ ਕੋਇ ਹਿਲਾਇੰਦਾ । ਹੁਕਮੇ ਅੰਦਰ ਜਨ ਭਗਤਾਂ ਮੇਟੇ ਆਵਣ ਜਾਵਣ

ਪੰਧ, ਲੱਖ ਚੁਰਾਸੀ ਫੰਦ ਕਟਾਇੰਦਾ । ਹੁਕਮੇ ਅੰਦਰ ਹੋਏ ਸਾਹਿਬ ਬਖ਼ਸ਼ੰਦ, ਬਖ਼ਸ਼ਿਸ਼ ਆਪਣੀ ਆਪ ਵਰਤਾਇੰਦਾ । ਹੁਕਮੇ ਅੰਦਰ ਕਲਜੁਗ ਸੜਦਿਆਂ ਪਾਏ ਠੰਡ, ਸਾਂਤਕ ਸਤਿ ਸਤਿ ਕਰਾਇੰਦਾ । ਹੁਕਮੇ ਅੰਦਰ ਮੇਲ ਮਿਲਾਏ ਗੁਰ ਗੋਬਿੰਦ ਗੁਜਰੀ ਚੰਦ, ਸ਼ਬਦ ਸਤਿਗੁਰ ਗੁਰ ਸ਼ਬਦ ਆਪਣਾ ਘਰ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰੀ ਅੰਤਮ ਵਰ, ਸੰਤ ਸੁਹੇਲੇ ਸਾਚੇ ਫੜ, ਗੁਰ ਗੁਰ ਚੇਲੇ ਵੇਖੇ ਦਰ, ਦਰ ਦਰਵਾਜ਼ਾ ਗ਼ਰੀਬ ਨਿਵਾਜਾ ਭਗਤ ਦੁਆਰ ਸਾਜਣ ਸਾਜਾ, ਸ਼ਬਦ ਅਗੰਮੀ ਮਾਰੇ ਵਾਜਾ, ਕੋੜ੍ਹਿਆਂ ਕਮਲਿਆਂ ਰੱਖੇ ਲਾਜਾ, ਜੋ ਜਨ ਸਰਨਾਈ ਆਇੰਦਾ ।

### ★ ੨੭ ਚੇਤ ੨੦੨੦ ਬਿਕਰਮੀ ਜੀਤ ਸਿੰਘ ਦੇ ਗ੍ਰਹਿ ਦੋਸਾਂਝ ਕਲਾਂ ★

ਸਚਖੰਡ ਪਾ ਕੇ ਆਇਆ ਫੇਰਾ, ਨਿਰਗੁਣ ਆਪਣੀ ਦਇਆ ਕਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭ ਖ਼ਾਲੀ ਦਿਸੇ ਵੇਹੜਾ, ਤੁਧ ਬਿਨ ਭਾਗ ਨਾ ਕੋਇ ਲਗਾਈਆ । ਅਸੀਂ ਦਿਵਸ ਰੈਣ ਬੈਠੇ ਆਪਣਾ ਕਰ ਕੇ ਵੱਡਾ ਜ਼ੇਰਾ, ਸ਼ਾਹ ਪਾਤਸ਼ਾਹ ਤੇਰਾ ਧਿਆਨ ਲਗਾਈਆ । ਤੂੰ ਲੋਕਮਾਤ ਨਿਰਗੁਣ ਹੋ ਕੇ ਨਿਰਵੈਰ ਕਰੇਂ ਆਪਣੀ ਮਿਹਰਾ, ਮਿਹਰਵਾਨ ਆਪਣੀ ਨਜ਼ਰ ਉਠਾਈਆ । ਦਰ ਦਰ ਘਰ ਘਰ ਵੇਖੇਂ ਬਾਲਕ ਆਪਣਾ ਚੇਰਾ, ਚੇਤਨ ਆਪਣੀ ਧਾਰ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਆਪਣਾ ਵੇਖ ਵਖਾਈਆ । ਸਚਖੰਡ ਦੁਆਰੇ ਆਇਆ ਚੜ੍ਹ ਕੇ, ਪੌੜਾ ਨਜ਼ਰ ਕਿਸੇ ਨਾ ਆਇੰਦਾ । ਸਾਚੇ ਮੰਦਰ ਆਇਆ ਵੜ ਕੇ, ਗੁਰ ਅਵਤਾਰ ਵੇਖ ਵਖਾਇੰਦਾ । ਦਰਸ਼ਨ ਦੇ ਕੇ ਆਇਆ ਖੜ ਕੇ, ਸਵਛ ਸਰੂਪੀ ਰੂਪ ਧਰਾਇੰਦਾ । ਇਕੋ ਢੋਲਾ ਆਇਆ ਪੜ੍ਹ ਕੇ, ਤੂੰ ਮੇਰਾ ਮੈਂ ਤੇਰਾ ਰਾਗ ਅਲਾਇੰਦਾ । ਲੋਕਮਾਤ ਜਨ ਭਗਤਾਂ ਕੋਲੋਂ ਆਇਆ ਡਰ ਕੇ, ਭੈ ਆਪਣੇ ਸਿਰ ਰਖਾਇੰਦਾ । ਵੇਸ ਵਟਾਇਆ ਜੀਂਵਦਿਆਂ ਮਰ ਕੇ, ਪੰਜ ਤੱਤ ਨਾਤਾ ਨਾ ਕੋਇ ਰਖਾਇੰਦਾ । ਸੰਤ ਸੁਹੇਲੇ ਸਾਚੇ ਫੜ ਕੇ, ਭਗਤ ਭਗਵਾਨ ਮੇਲ ਮਿਲਾਇੰਦਾ । ਲਹਿਣਾ ਦੇਣਾ ਦੇਣਾ ਅੜ ਕੇ, ਹਿੱਸਾ ਸਭ ਦੀ ਝੋਲੀ ਪਾਇੰਦਾ । ਹਰਿ ਕਾ ਭਾਣਾ ਸਦਾ ਸਦ ਵਰਤੇ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਦੋ ਜਹਾਨ ਗੁਰ ਅਵਤਾਰ ਪੀਰ ਪੈਗ਼ੰਬਰ ਸਿਫ਼ਤ ਸਾਲਾਹ ਲਿਖ ਲਿਖ ਕੇ ਗਏ ਵਰਕੇ, ਵਾਰਤਾ ਅਗਲੀ ਨਾ ਕੋਇ ਜਣਾਇੰਦਾ । ਕਵਣ ਵੇਲਾ ਪ੍ਰਭ ਅੰਮ੍ਰਿਤ ਮੇਘ ਬਰਸੇ, ਮਿਹਰ ਨਜ਼ਰ ਨੈਣ ਉਠਾਇੰਦਾ । ਭਾਗ ਲਗਾਏ ਧਰਨੀ ਧਰਤ ਧਵਲ ਫ਼ਰਸ਼ੇ, ਮਾਟੀ ਖ਼ਾਕੀ ਵੇਖ ਵਖਾਇੰਦਾ । ਜੁਗ ਜਨਮ ਦਿਆਂ ਵਿਛੜਿਆਂ ਮਿਟੇ ਹਰਸੇ, ਆਸਾ ਮਨਸਾ ਪੂਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਸਚਖੰਡ ਦੁਆਰੇ ਬਹਿ ਕੇ ਆਇਆ, ਬਹਿ ਬਹਿ ਖ਼ੁਸ਼ੀ ਮਨਾਈਆ । ਗੁਰ ਅਵਤਾਰਾਂ ਕਹਿ ਕੇ ਆਇਆ, ਆਪਣਾ ਹੁਕਮ ਜਣਾਈਆ । ਆਪਣਾ ਭਾਣਾ ਸਹਿ ਕੇ ਆਇਆ, ਲੱਖ ਲੱਖ ਸ਼ੁਕਰ ਮਨਾਈਆ । ਜਨ ਭਗਤਾਂ ਚਰਨੀ ਢਹਿ ਕੇ ਆਇਆ, ਮਾਣ ਅਭਿਮਾਨ ਨਾ ਕੋਇ ਵਡਿਆਈਆ । ਦੋ ਜਹਾਨਾਂ ਸ਼ਹਿ ਕੇ ਆਇਆ, ਲੱਖ ਚੁਰਾਸੀ ਨਜ਼ਰ ਕਿਸੇ ਨਾ ਆਈਆ । ਸਾਢੇ ਤਿੰਨ ਹੱਥ ਮਨਾਰਾ ਢਹਿ ਕੇ ਆਇਆ, ਨਿਰਗੁਣ ਜੋਤ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਆਪਣਾ ਭੇਵ ਆਪ ਜਣਾਈਆ । ਸਚਖੰਡ ਦੁਆਰ ਆਇਆ ਕੋਲ, ਸਭ ਨੂੰ ਸਰਬ ਜਣਾਈਆ । ਰਲ ਮਿਲ ਸਾਰੇ ਵਜਾਓ ਇਕੋ ਢੋਲ, ਢੋਲਾ ਇਕੋ ਇਕ ਗਾਈਆ । ਨਾਮ ਜੈਕਾਰਾ ਲੈਣਾ ਬੋਲ, ਅਨਬੋਲਤ ਰਿਹਾ ਸੁਣਾਈਆ । ਨਿਤ ਨਵਿਤ ਵਸਾਂ ਸਭ ਦੇ ਕੋਲ, ਵਿਛੜ ਕਦੇ ਨਾ ਜਾਈਆ । ਸਦਾ ਸਦਾ ਸਦ ਤੋਲਾਂ ਸੱਚਾ ਤੋਲ, ਤੋਲਣਹਾਰਾ ਇਕ ਅਖਵਾਈਆ । ਲੱਖ ਚੁਰਾਸੀ ਜੀਵ ਜੰਤ ਲਵਾਂ ਵਿਰੋਲ, ਭਗਤ ਭਗਵਾਨ ਮੇਲ ਮਿਲਾਈਆ । ਏਥੇ ਓਥੇ ਬੈਠਾ ਰਹਾਂ ਅਡੋਲ, ਅਡੁਲ ਕਦੇ ਨਾ ਜਾਈਆ । ਜੁਗ ਚੌਕੜੀ ਗੁਰ ਅਵਤਾਰੋ ਪੀਰ ਪੈਗ਼ੰਬਰੋ ਤੁਹਾਡਾ ਵੇਂਹਦਾ ਰਿਹਾ ਘੋਲ, ਆਪਣਾ ਬਲ ਨਾ ਕਿਸੇ ਜਣਾਈਆ । ਕਲਜੁਗ ਅੰਤਮ ਸਭ ਦਾ ਲੇਖਾ ਰਿਹਾ ਫੋਲ, ਵਰਕਾ ਵਰਕਾ ਦਏ ਉਲਟਾਈਆ । ਕਵਣ ਵਸਤ ਰੱਖ ਕੇ ਬੈਠਾ ਕੋਲ, ਕਵਣ ਖ਼ਾਲੀ ਹੱਥ ਰਿਹਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਆਪ ਰੰਗਾਈਆ । ਸਚਖੰਡ ਦੁਆਰੇ ਵਸ ਕੇ ਆਇਆ, ਦਹਿ ਦਿਸ਼ਾ ਵੱਜੇ ਵਧਾਈਆ । ਛਿੰਨ ਭੰਗਰ ਰੂਪ ਵਸ ਕੇ ਆਇਆ, ਵਸਲ ਬਿਨ ਵਜੂਦ ਰਿਹਾ ਕਰਾਈਆ । ਖ਼ੁਸ਼ੀ ਗ਼ਮੀ ਵਿਚ ਹੱਸ ਕੇ ਆਇਆ, ਆਪ ਆਪਣਾ ਇਕੋ ਰੰਗ ਵਖਾਈਆ । ਨਿਰਗੁਣ ਹੋ ਕੇ ਨੱਸ ਕੇ ਆਇਆ, ਪਾਂਧੀ ਬਣਿਆ ਬੇਪਰਵਾਹੀਆ । ਜਨ ਭਗਤ ਪ੍ਰੀਤੀ ਅੰਦਰ ਫਸ ਕੇ ਆਇਆ, ਫ਼ੈਸਲਾ ਇਕੋ ਵਾਰ ਸੁਣਾਈਆ । ਗ਼ਰੀਬ ਨਿਮਾਣਾ ਕੋਝਾ ਕਮਲਾ ਨਿਮਰਤਾ ਅੰਦਰ ਢੱਠ ਕੇ ਆਇਆ, ਬਲਹੀਣ ਆਪਣਾ ਨਾਉਂ ਜਣਾਈਆ । ਅੰਮ੍ਰਿਤ ਝਿਰਨਾ ਰਸ ਕੇ ਆਇਆ, ਰਿਸਕ ਰਿਸਕ ਬੂੰਦ ਬਾਂਦੀ ਇਕ ਟਪਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋ ਸਹਾਈਆ । ਸਚਖੰਡ ਦੁਆਰੇ ਦੱਸ ਕੇ ਆਇਆ ਹਾਲ, ਅਹਿਵਾਲ ਸਰਬ ਜਣਾਇਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਮੇਰੀ ਕਰਨੀ ਭਾਲ, ਭਗਤ ਦੁਆਰਾ ਇਕ ਸੁਹਾਇਆ । ਜਿਥੇ ਵਸਣ ਸ਼ਾਹ ਕੰਗਾਲ, ਊਚ ਨੀਚ ਨਾ ਕੋਇ ਰਖਾਇਆ । ਨਿਰਗੁਣ ਹੋ ਕੇ ਬਣਾਂ ਦਲਾਲ, ਬਣ ਚਾਕਰ ਸੇਵ ਕਮਾਇਆ । ਗੁਰਮੁਖ ਵੇਖਾਂ ਸਾਚੇ ਲਾਲ, ਆਪ ਆਪਣੀ ਗੋਦ ਉਠਾਇਆ । ਲੱਖ ਚੁਰਾਸੀ ਵਿਚੋਂ ਕਰਾਂ ਬਹਾਲ, ਸਿਰ ਆਪਣਾ ਹੱਥ ਰਖਾਇਆ । ਤਿਨ੍ਹਾਂ ਨੇੜ ਨਾ ਆਏ ਕਾਲ, ਮਹਾਂਕਾਲ ਨਿਉਂ ਨਿਉਂ ਸੀਸ ਝੁਕਾਇਆ । ਸਚ ਧਰਮ ਦੀ ਸੱਚੀ ਧਰਮਸਾਲ, ਧਰਮ ਦੁਆਰਾ ਇਕ ਪਰਗਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੁਨੇਹੁੜਾ ਇਕ ਸੁਣਾਇਆ । ਸਚਖੰਡ ਦੁਆਰ ਕਰ ਪਰਕਾਸ਼, ਨੂਰ ਨੂਰ ਨੂਰ ਰੁਸ਼ਨਾਈਆ । ਜਿਸ ਨੇ ਔਣਾ ਮੇਰੇ ਪਾਸ, ਸੰਬਲ ਦੇਵਣਹਾਰ ਵਡਿਆਈਆ । ਜਿਸ ਗ੍ਰਿਹਿ ਪਏ ਸੱਚੀ ਰਾਸ, ਗੋਪੀ ਕਾਹਨ ਨਾਚ ਨਚਾਈਆ । ਗ਼ਰੀਬ ਨਿਮਾਣਿਆਂ ਪੂਰੀ ਕਰੇ ਆਸ, ਆਸਾ ਸਭ ਦੀ ਪੂਰ ਵਖਾਈਆ । ਸਜਦਾ ਕਰਨ ਜ਼ਿਮੀ ਅਸਮਾਨ ਅਕਾਸ਼ਾਂ ਆਕਾਸ਼, ਗਗਨ ਮੰਡਲ ਸੀਸ ਝੁਕਾਈਆ । ਵਿਸ਼ਨ ਬ੍ਰਹਮਾ ਸ਼ਿਵ ਵੇਖਣ ਹੋ ਉਦਾਸ, ਧੀਰਜ ਧੀਰ ਨਾ ਕੋਇ ਧਰਾਈਆ । ਬਣ ਖੰਡ ਨੱਚਣ ਭਾਗ ਲਗਾਇਆ ਵਿਚ ਪਰਭਾਸ, ਪਰਭਾਤੀ ਇਕੋ ਘਰ ਵਖਾਈਆ । ਸਾਹਿਬ ਸਤਿਗੁਰ ਠਾਕਰ ਸੁਆਮੀ ਜਨ ਭਗਤਾਂ ਵਸੇ ਸਾਥ, ਸਾਚਾ ਸੰਗ ਨਿਭਾਈਆ । ਤੁਸੀਂ ਸਚਖੰਡ ਕਰੋ ਮੇਰਾ ਪਾਠ, ਲੋਕਮਾਤ ਮੈਂ ਜਨ ਭਗਤਾਂ ਰਿਹਾ ਜਣਾਈਆ । ਦੋਹਾਂ ਵਿਚੋਲਾ ਬਣ ਬਣ ਆਪ, ਏਥੇ ਓਥੇ ਖੇਲ ਰਚਾਈਆ । ਚਰਨ ਪ੍ਰੀਤੀ ਸਾਚਾ ਨਾਤ, ਨਾਤਾ ਇਕੋ ਇਕ ਜੁੜਾਈਆ । ਸਾਹਿਬ ਸਤਿਗੁਰ ਦਾ ਵੇਖੋ ਡੂੰਘਾ ਖ਼ਾਤ, ਦੇਂਦਿਆਂ ਤੋਟ ਕੋਇ ਨਾ ਆਈਆ । ਜੁਗ ਚੌਕੜੀ ਦੇਂਦਾ ਰਿਹਾ ਦਾਤ, ਵਖੋ ਵੱਖ

ਝੋਲੀ ਭਰਾਈਆ । ਕਲਜੁਗ ਅੰਤਮ ਸਭ ਦੀ ਪੁਛੇ ਵਾਤ, ਅੱਗੇ ਪਿੱਛੇ ਕੋਇ ਰਹਿਣ ਨਾ ਪਾਈਆ । ਇਕੋ ਜਿਹਾ ਸਭ ਨੂੰ ਦੇਵੇ ਸਰਬ ਦਾ ਬਣੇ ਸੱਚਾ ਬਾਪ, ਦੂਜੀ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਾਰ ਕਮਾਈਆ । ਸਚਖੰਡ ਦੁਆਰੇ ਵਸ ਕੇ ਆਇਆ, ਘਰ ਸਾਚੇ ਵੱਜੇ ਵਧਾਈਆ । ਨਿਰਗੁਣ ਅੰਦਰ ਨਿਰਗੁਣ ਰਚ ਕੇ ਆਇਆ, ਸਰਗੁਣ ਵੇਖੇ ਸਹਿਜ ਸੁਭਾਈਆ । ਜੋਤੀ ਅਗਨੀ ਮੱਚ ਕੇ ਆਇਆ, ਹੱਡੀਆਂ ਬਾਲਣ ਦਿਤਾ ਜਲਾਈਆ । ਸਚ ਸਚ ਕਹਾਣੀ ਦੱਸ ਕੇ ਆਇਆ, ਦੋ ਜਹਾਨਾਂ ਨਾਮ ਪੜ੍ਹਾਈਆ । ਸੋਹੰ ਢੋਲਾ ਬਣ ਵਿਚੋਲਾ ਇਕੋ ਅੱਖਰ ਪੜ੍ਹ ਕੇ ਆਇਆ, ਪਾਰਬ੍ਰਹਮ ਬ੍ਰਹਮ ਲੇਖਾ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦੀਦਾ ਦਾਨਿਸਤਾ ਦੀਨਨ ਆਪਣੇ ਗਲੇ ਲਗਾਈਆ । ਸਚਖੰਡ ਪ੍ਰਭੂ ਆ ਛੇਤੀ, ਗੁਰ ਅਵਤਾਰ ਧਿਆਨ ਲਗਾਈਆ । ਆਦਿ ਜੁਗਾਦਿ ਜੁਗਾ ਜੁਗੰਤਰ ਤੂੰ ਸਾਡਾ ਭੇਤੀ, ਤੇਰੀ ਰਹਿਮਤ ਵਿਚ ਸਮਾਈਆ । ਬਿਨ ਮਾਲਕ ਦਿਸੇ ਉਜੜੀ ਖੇਤੀ, ਹਰਾ ਸਿੰਚ ਨਾ ਕੋਇ ਕਰਾਈਆ । ਕਲਜੁਗ ਅੰਤਮ ਮਿਹਰਵਾਨ ਹੋ ਕੇ ਕੀਤੀ ਸਾਡੇ ਨਾਲ ਨੇਕੀ, ਚਾਰ ਯੁਗ ਦੇ ਵਿਛੜੇ ਇਕੋ ਘਰ ਦਿਤੇ ਮਿਲਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਇਕ ਦੂਜੇ ਦੇ ਬਣੇ ਹੇਤੀ, ਵਿਤਕਰਾ ਕੋਇ ਨਾ ਰੱਖੇ ਰਾਈਆ । ਇਕੋ ਰੰਗ ਰੰਗਾਏ ਮੂੰਡ ਮੁੰਡਾਏ ਧਾਰੀ ਕੇਸੀ, ਪਰਦੇਸੀ ਸਾਰੇ ਦੇਣ ਦੁਹਾਈਆ । ਬੌਹੜੀ ਤੇਰੇ ਅੱਗੇ ਚਲੀ ਨਾ ਕੋਈ ਸ਼ੇਖ਼ੀ, ਸ਼ਹਿਨਸ਼ਾਹ ਦੋਏ ਜੋੜ ਤੇਰੀ ਸਰਨਾਈਆ । ਆਪਣੀ ਰੱਖੀਂ ਸਾਇਆ ਹੇਠੀ, ਨਿਰਗੁਣ ਇਕੋ ਓਟ ਤਕਾਈਆ । ਸਾਡੀ ਸਮਝ ਨਾ ਤੇਰੇ ਜੇਡੀ, ਬੇਅੰਤ ਤੇਰੀ ਵਡਿਆਈਆ । ਨਾ ਕੋਈ ਸੋਢੀ ਨਾ ਕੋਈ ਵੇਦੀ, ਨਾਨਕ ਗੋਬਿੰਦ ਰਿਹਾ ਜਣਾਈਆ । ਇਕੋ ਜੋਤ ਤੇਰੀ ਨਿਰਗੁਣ ਵੇਖੀ, ਨੂਰੋ ਨੂਰ ਨੂਰ ਰੁਸ਼ਨਾਈਆ । ਵੇਖੀਂ ਫੇਰ ਨਾ ਆਪਣੇ ਦਰ ਤੇ ਕਰੀਂ ਪੇਸ਼ੀ, ਪਿਛਲਾ ਲੇਖਾ ਝੋਲੀ ਦੇਣਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਚ ਦ੍ਰਿੜਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵਣਹਾਰਾ ਧੁਰ ਦਰਗਾਹੀ ਦਾਨ, ਦਰ ਗਾਹ ਬੇ ਦਰ ਸ਼ਾਹ ਦਰਦ ਪਨਾਹ ਰਹਿਮਤ ਕਮਾ ਰੋਸ਼ਨ ਜ਼ਮੀਰ ਬੇਨਜ਼ੀਰ ਅਸਲ ਤਸਵੀਰ ਵਸਲ ਅਖ਼ੀਰ ਰਸਲ ਰਸਾਇਲ ਰਾਸਤਾ ਬਰਾਸਤਾ ਆਹਿਸਤਾ ਆਹਿਸਤਾ ਦਏ ਜਣਾਈਆ ।



## ★ ੨੭ ਚੇਤ ੨੦੨੦ ਬਿਕਰਮੀ ਗੁਰਮੀਤ ਸਿੰਘ ਦੇ ਗ੍ਰਿਹ ਹਰਦੋ ਫਰਾਲਾ ★

ਆਓ ਜਿਸ ਜਨ ਪੌੜੇ ਚੜ੍ਹਨਾ, ਪੁਰਖ ਅਕਾਲ ਆਪ ਚੜ੍ਹਾਈਆ । ਆਓ ਸਾਹਿਬ ਸਤਿਗੁਰ ਜਿਸ ਲੜ ਫੜਨਾ, ਪੱਲੂ ਨਾਮ ਫੜਾਈਆ । ਆਓ ਆਤਮ ਪਰਮਾਤਮ ਜਿਸ ਮੇਲ ਕਰਨਾ, ਮੇਲ ਮਿਲਾਏ ਸਹਿਜ ਸੁਭਾਈਆ । ਆਓ ਜਿਸ ਨੇਤਰ ਖਲੌਣਾ ਹਰਨਾ ਫ਼ਰਨਾ, ਨਿਜ ਨੇਤਰ ਪਰਦਾ ਦਏ ਉਠਾਈਆ । ਆਓ ਜਿਸ ਚੁਕੌਣਾ ਮਰਨਾ ਡਰਨਾ, ਜੀਵਤ ਮੁਕਤ ਕਰਾਈਆ । ਆਓ ਜਿਸ ਦਰਸ਼ਨ ਕਰਨਾ, ਬਿਨ ਅੱਖਾਂ ਦਏ ਕਰਾਈਆ । ਆਓ ਜਿਸ ਸਚਖੰਡ ਦੁਆਰੇ ਸਾਚੇ ਵੜਨਾ, ਫੜ ਫੜ ਬਾਹੋਂ ਦਏ ਬਿਠਾਈਆ । ਆਓ ਆਤਮ ਪਰਮਾਤਮ ਜਿਸ ਢੋਲਾ ਪੜ੍ਹਨਾ, ਸੋਹੰ ਸੋ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਆਓ ਜਿਨ ਵੇਖਣਾ ਪੌੜੀ ਡੰਡਾ, ਸ੍ਰੀ ਭਗਵਾਨ ਆਪ ਵਖਾਈਆ ।

ਆਓ ਜਿਸ ਪਾਰ ਕਰਨਾ ਜਗਤ ਜਹਾਨ ਕੰਢਾ, ਦੋ ਜਹਾਨਾਂ ਪੰਧ ਮੁਕਾਈਆ । ਆਓ ਜਿਸ ਸੁਘੜ ਸੁਚੱਜਾ ਕਰਨਾ ਮਨ ਮੂਰਖ ਗੰਦਾ, ਦੇ ਮਤ ਰਿਹਾ ਸਮਝਾਈਆ । ਆਓ ਜਿਸ ਨਿਰਗੁਣ ਨੂਰ ਜੋਤ ਜਗੌਣਾ ਚੰਦਾ, ਜੋਤੀ ਜੋਤ ਡਗਮਗਾਈਆ । ਆਓ ਜਿਸ ਬਿਨ ਬੰਦਗੀਉਂ ਬਣਨਾ ਬੰਦਾ, ਮਿਹਰ ਨਜ਼ਰ ਨਾਲ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਦਇਆ ਕਮਾਈਆ । ਆਓ ਜਿਨ ਚੜ੍ਹਨਾ ਪੌੜੀ, ਪਾਰਬ੍ਰਹਮ ਪ੍ਰਭ ਆਪ ਚੜ੍ਹਾਇੰਦਾ । ਅੱਗੇ ਦਿਸੇ ਨਾ ਕੋਈ ਗਲੀ ਸੌੜੀ, ਔਝੜ ਰਾਹ ਨਾ ਕੋਇ ਵਖਾਈਆ । ਮਨ ਵਾਸਨਾ ਰਹੇ ਨਾ ਕੌੜੀ, ਵਿਖ ਰੂਪ ਨਜ਼ਰ ਕੋਇ ਨਾ ਆਈਆ । ਸੁਰਤੀ ਸਤਿਗੁਰ ਦੁਆਰੇ ਆਏ ਦੌੜੀ, ਸਾਹਿਬ ਮੇਲੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਆਓ ਜਿਨ ਚੜ੍ਹਨਾ ਮੰਦਰ, ਕਰਤਾ ਪੁਰਖ ਆਪ ਚੜ੍ਹਾਈਆ । ਜਿਸ ਦਾ ਕਿਸੇ ਕੋਲੋਂ ਨਾ ਖੁਲ੍ਹੇ ਜੰਦਰ, ਬੰਦ ਤਾਕ ਰਿਹਾ ਵਖਾਈਆ । ਤਿਸ ਮਹੱਲ ਸੋਹੇ ਸਾਚੇ ਮੰਦਰ, ਨਿਰਗੁਣ ਆਪਣਾ ਆਸਣ ਲਾਈਆ । ਚੁਕਾਏ ਅੰਧੇਰਾ ਅੰਧ ਕੰਧਰ, ਨਿਰਗੁਣ ਨੂਰ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਪੌੜੀ ਇਕ ਵਖਾਈਆ । ਸਾਚੀ ਪੌੜੀ ਗਈ ਲੱਗ, ਜਨ ਭਗਤ ਦੁਆਰ ਮਿਲੇ ਵਡਿਆਈਆ । ਗੁਰਮੁਖ ਵਿਰਲਾ ਚੜ੍ਹੇ ਭੱਜ, ਦੂਜੇ ਰਾਹ ਨਜ਼ਰ ਨਾ ਆਈਆ । ਅੱਗੋਂ ਸਾਹਿਬ ਸਤਿਗੁਰ ਮਿਲੇ ਹੱਸ ਹੱਸ, ਮਿਹਰਵਾਨ ਆਪਣੀ ਖ਼ੁਸ਼ੀ ਵਖਾਈਆ । ਨਾਲ ਸ਼ਬਦ ਇਸ਼ਾਰੇ ਮਾਰਗ ਦੇਵੇ ਦੱਸ, ਚਰਨ ਕਵਲ ਦਏ ਸਰਨਾਈਆ । ਪੰਧ ਮੁੱਕੇ ਨੱਠ ਨੱਠ, ਅੱਧਵਿਚਕਾਰ ਨਾ ਕੋਇ ਅਟਕਾਈਆ । ਗੁਰਸਿਖ ਗੁਰਮੁਖ ਗੌਂਦਾ ਜਾਏ ਹਰਿ ਨਾਮ ਜਸ, ਦੂਜਾ ਨਾਮ ਨਾ ਕੋਇ ਗਾਈਆ । ਅੰਦਰੇ ਅੰਦਰ ਇਕ ਦੂਜੇ ਦੇ ਹੋਵਣ ਵਸ, ਬਾਹਰੋਂ ਸਾਰ ਕੋਇ ਨਾ ਪਾਈਆ । ਪ੍ਰੇਮ ਪੌੜੀ ਅੰਦਰ ਦੋਵੇਂ ਜਾਣ ਫਸ, ਫ਼ੈਸਲਾ ਨਜ਼ਰ ਨਾ ਕਿਸੇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਆਪਣਾ ਰਾਹ ਵਖਾਈਆ । ਪੌੜੀ ਡੰਡਾ ਇਕੋ ਸੋਹਣਾ, ਸੋ ਸਤਿਗੁਰ ਆਪ ਚੜ੍ਹਾਇੰਦਾ । ਬਿਨ ਸਤਿਗੁਰ ਲੱਖ ਚੁਰਾਸੀ ਜੀਵ ਜੰਤ ਰੋਣਾ, ਅੱਗੇ ਰਾਹ ਨਾ ਕੋਇ ਵਖਾਇੰਦਾ । ਰਾਏ ਧਰਮ ਫੜ ਫੜ ਕੋਹਣਾ, ਕੁੰਭੀ ਨਰਕ ਪੁਆਇੰਦਾ । ਸਤਿਗੁਰ ਸੇਜ ਕਿਸੇ ਨਾ ਸੌਣਾ, ਸੁਖ ਆਸਣ ਨਾ ਕੋਇ ਵਖਾਇੰਦਾ । ਕੂੜੀ ਕਿਰਿਆ ਸਭ ਨੇ ਬੀਜ ਬੋਣਾ, ਅੰਮ੍ਰਿਤ ਫਲ ਹੱਥ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਆਓ ਚੜ੍ਹੋ ਪੌੜੀ ਮੀਤ, ਗੁਰਮੁਖਾਂ ਰਿਹਾ ਜਣਾਈਆ । ਠਾਂਡਾ ਮੰਦਰ ਠਾਂਡਾ ਸੀਤ, ਸੀਤਲ ਧਾਰ ਵਹਾਈਆ । ਸਾਹਿਬ ਸਤਿਗੁਰ ਸਦਾ ਅਤੀਤ, ਤ੍ਰੈਗੁਣ ਅਤੀਤਾ ਇਕੋ ਨਜ਼ਰੀ ਆਈਆ । ਲੇਖਾ ਜਾਣੇ ਹਸਤ ਕੀਟ, ਊਚ ਨੀਚ ਇਕੋ ਘਰ ਲੰਘਾਈਆ । ਸਤਿ ਸਤਿਵਾਦੀ ਕਰਾਏ ਹੱਕ ਪ੍ਰੀਤ, ਪ੍ਰੀਤੀਵਾਨ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਹ ਇਕ ਵਖਾਈਆ । ਆਓ ਪੌੜੀ ਚੜ੍ਹੋ ਜੱਗ, ਜੱਗ ਜੀਵਣ ਦਾਤਾ ਆਪ ਚੜ੍ਹਾਇੰਦਾ । ਜਨਮ ਜਨਮ ਦੀ ਮਿਟੇ ਅੱਗ, ਕਰਮ ਕਰਮ ਦਾ ਰੋਗ ਗਵਾਇੰਦਾ । ਭਗਤ ਸੁਹੇਲੇ ਸਾਚੇ ਸੱਦ, ਦਰ ਘਰ ਸਾਚੇ ਆਪ ਵਡਿਆਇੰਦਾ । ਕਾਇਆ ਪਾਰ ਕਰੋ ਆਪਣੀ ਹੱਦ, ਹਰਿ ਮੰਦਰ ਇਕ ਵਖਾਇੰਦਾ । ਜਿਥੇ ਇਕੋ ਢੋਲਾ ਸੋਹੰ ਗਾਇਣ ਛੰਦ, ਦੂਜਾ ਰਾਗ ਨਾ ਕੋਇ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪਣੇ ਹੱਥ ਰਖਾਇੰਦਾ । ਪੌੜੀ ਕਹੇ ਮੋਹੇ ਚੜ੍ਹਿਆ ਚਾਅ, ਘਰ ਮੰਦਰ ਵੱਜੀ

੨੯੫
੧੪

ਵਧਾਈਆ । ਸ੍ਰੀ ਭਗਵਾਨ ਪ੍ਰਭ ਗਿਆ ਆ, ਆਪ ਆਪਣਾ ਫੇਰਾ ਪਾਈਆ । ਜਗਤ ਗੂੜ੍ਹੀ ਨੀਂਦ ਸੁੱਤੀ ਲਈ ਜਗਾ, ਚਰਨ ਇਸ਼ਾਰੇ ਨਾਲ ਉਠਾਈਆ । ਉਠ ਸਵਾਣੀ ਨੈਣ ਤਕਾ, ਤੇਰੇ ਹਾਣੀ ਦਰ ਤੇ ਬੈਠੇ ਅਲੱਖ ਜਗਾਈਆ । ਫੜ ਬਾਹੋਂ ਗਲ ਨਾਲ ਲਾ, ਕਿਉਂ ਬੈਠੀ ਮੁਖ ਭੁਆਈਆ । ਹੌਲੀ ਹੌਲੀ ਭਾਰ ਉਠਾ, ਤੈਨੂੰ ਦੁੱਖ ਨਾ ਲਾਗੇ ਰਾਈਆ । ਪਹਿਲੇ ਅਖ਼ੀਰਲੇ ਡੰਡੇ ਵੇਖੇ ਬੇਪਰਵਾਹ, ਇਕੋ ਇਸ਼ਾਰਾ ਰਿਹਾ ਜਣਾਈਆ । ਉਪਰ ਚੜ੍ਹਦਿਆਂ ਨਜ਼ਰੀ ਜਾਏ ਆ, ਨਿਰਗੁਣ ਜੋਤ ਜੋਤ ਰੁਸ਼ਨਾਈਆ । ਤੇਰੇ ਅੰਦਰ ਵੜ ਕੇ ਮਨਮੁਖ ਕੋਈ ਲਾ ਨਾ ਸਕੇ ਦਾਅ, ਅੱਗੇ ਰਾਹ ਨਜ਼ਰ ਨਾ ਆਈਆ । ਜਨ ਭਗਤਾਂ ਸ੍ਰੀ ਭਗਵਾਨ ਸੇਵਾ ਰਿਹਾ ਕਮਾ, ਦਰ ਦਰਵੇਸ਼ ਹੋ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਪੌੜੀ ਕਹੇ ਮੇਰੇ ਧੰਨ ਭਾਗ, ਨਿਉਂ ਨਿਉਂ ਲਾਗੇ ਪਾਈਆ । ਸੰਤ ਸੁਹੇਲੇ ਮਿਲੇ ਆਜ, ਘਰ ਸਾਚੇ ਵੱਜੇ ਵਧਾਈਆ । ਮੈਂ ਨੀਵਾਂ ਸਿਰ ਕਰ ਕੇ ਉਪਰ ਏਨ੍ਹਾਂ ਚਰਨ ਲਵਾਂ ਰਾਖ, ਪਿੱਠ ਨਜ਼ਰ ਨਾ ਕੋਇ ਵਖਾਈਆ । ਹੋ ਕੇ ਰਹਾਂ ਦਾਸੀ ਦਾਸ, ਸੇਵਕ ਆਪਣਾ ਰੂਪ ਵਟਾਈਆ । ਜਿੰਨਾਂ ਚਿਰ ਮਿਲੇ ਨਾ ਪੁਰਖ ਸਮਰਾਥ, ਫੜ ਫੜ ਬਾਹੋਂ ਉਪਰ ਦਿਆਂ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਿਹਰਵਾਨ ਮਿਹਰਵਾਨ ਮਿਹਰਵਾਨ ਹੋਏ ਸਹਾਈਆ । ਪੌੜੀ ਕਹੇ ਪ੍ਰਭ ਮੇਰਾ ਖੋਲ੍ਹ ਦਰਵਾਜਾ ਕੁੰਜੀ ਤੇਰੇ ਹੱਥ, ਕਲਜੁਗ ਸੰਤ ਬੈਠੇ ਮੁਖ ਭੁਆਈਆ । ਕਰ ਕਿਰਪਾ ਆਪਣਾ ਮਾਰਗ ਦੱਸ, ਨੇਤਰ ਨੈਣ ਰਹੇ ਤਰਸਾਈਆ । ਮੈਂ ਦੋਹਾਂ ਦਾ ਸੁਣਾਂ ਜਸ, ਭਗਤ ਭਗਵਾਨ ਇਕ ਦੂਜੇ ਦਾ ਢੋਲਾ ਰਹੇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਦੇਵਣਹਾਰ ਵਡਿਆਈ ਪ੍ਰਭ, ਪਾਰਬ੍ਰਹਮ ਪ੍ਰਭ ਦਇਆ ਕਮਾਇੰਦਾ । ਗੁਰਮੁਖ ਸੱਜਣ ਸਾਚੇ ਲੱਭ, ਆਪ ਆਪਣਾ ਮੇਲ ਮਿਲਾਇੰਦਾ । ਨਿਰਗੁਣ ਸਰਗੁਣ ਪਰਦਾ ਕੱਜ, ਸਿਰ ਆਪਣਾ ਹੱਥ ਟਿਕਾਇੰਦਾ । ਦੂਰ ਦੁਰਾਡਾ ਉਪਰੋਂ ਨੀਚੇ ਆਵੇ ਭੱਜ, ਕਦਮ ਕਦਮ ਵੰਡ ਵੰਡਾਇੰਦਾ । ਦਰ ਦੁਆਰੇ ਖਲੋਵੇ ਸਜ, ਸ਼ਾਹ ਪਾਤਸ਼ਾਹ ਆਪਣੀ ਕਾਰ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਦਰਬਾਨ ਆਪ ਅਖਵਾਇੰਦਾ । ਦਰ ਦਰਬਾਨ ਖੋਲ੍ਹੇ ਭੀਤ, ਭੀਤਰ ਦਏ ਜਣਾਈਆ । ਬਿਨ ਸੋਚ ਸਮਝ ਤੋਂ ਚਲੇ ਰੀਤ, ਬੁੱਧੀ ਕੰਮ ਕਿਸੇ ਨਾ ਆਈਆ । ਭਗਤ ਭਗਵਾਨ ਇਕ ਪ੍ਰੀਤ, ਨਿਰਗੁਣ ਸਰਗੁਣ ਆਪ ਜਣਾਈਆ । ਸੇਵਾ ਕਰੇ ਸਾਹਿਬ ਸਤਿਗੁਰ ਠੀਕ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਈਆ । ਦਰਵਾਜ਼ਾ ਕਹੇ ਮੈਂ ਗਿਆ ਖੁਲ੍ਹ, ਤੁਧ ਬਿਨ ਬੰਦ ਨਾ ਕੋਇ ਕਰਾਈਆ । ਜੋ ਤੇਰੀ ਪ੍ਰੀਤੀ ਚਰਨ ਗਏ ਘੋਲ ਘੁਲ, ਤਿਨ੍ਹਾਂ ਵੇਖਾਂ ਚਾਈਂ ਚਾਈਂਆ । ਦੁਆਰਿਉਂ ਲੰਘਦਿਆਂ ਨੂੰ ਅੰਦਰ ਆਪ ਬਰਸਾਵਾਂ ਫੁੱਲ, ਦੇਵਤ ਸੁਰ ਸੇਵ ਨਾ ਕੋਇ ਲਗਾਈਆ । ਸ੍ਰੀ ਭਗਵਾਨ ਆਪ ਸੁਹਾਏ ਆਪਣੀ ਕੁੱਲ, ਕੁਲਵੰਤਾ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਮਹੱਲੇ ਉਚੇ ਪੌੜੇ ਕਾਇਆ ਮੰਦਰ ਅੰਦਰ ਫੂਲਨ ਸੇਜ ਆਪ ਵਿਛਾਈਆ । ਫੂਲਣ ਸੇਜਾ ਸ੍ਰੀ ਭਗਵਾਨ, ਆਪਣੀ ਹੱਥੀਂ ਆਪ ਵਿਛਾਇੰਦਾ । ਸੇਵਾ ਕਰੇ ਹੋ ਮਿਹਰਵਾਨ, ਮਿਹਰ ਨਜ਼ਰ ਇਕ ਉਠਾਇੰਦਾ । ਜਿਸ ਮਾਰਗ ਗੁਰਮੁਖ ਜਾਣ, ਤਿਨ੍ਹਾਂ ਚਰਨ ਕਵਲ ਧਿਆਨ ਲਗਾਇੰਦਾ । ਦੁੱਖ ਲੱਗੇ ਨਾ ਜ਼ਿਮੀਂ ਅਸਮਾਨ, ਕੋਮਲ ਫੁੱਲ ਨਾ ਕੋਇ ਕੁਮਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਮੰਦਰ ਆਪ

ਚੜ੍ਹਾਇੰਦਾ । ਫੁੱਲ ਕਹਿਣ ਜਿਸ ਵੇਲੇ ਗੁਰਮੁਖ ਲੰਘਣਗੇ । ਤੇਰੀ ਪ੍ਰੇਮ ਪ੍ਰੀਤੀ ਬਿਨ ਰਸਨਾ ਜਿਹਵਾ ਮੰਗਣਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰਾਹ ਜਾਂਦੇ ਮੂਲ ਨਾ ਸੰਗਣਗੇ । ਜਿਸ ਵੇਲੇ ਗੁਰਮੁਖ ਸਾਡੇ ਉਤੇ ਚਰਨ ਟਿਕੌਣਗੇ । ਸਾਡੇ ਸੋਏ ਭਾਗ ਉਠੌਣਗੇ । ਟਾਹਣੀ ਨਾਲੋਂ ਟੁੱਟਿਆਂ ਤੇਰੇ ਨਾਲ ਮਿਲੌਣਗੇ । ਕੰਡਿਆਂ ਖਾਰੀ ਵਿਚ ਨਾ ਫੇਰ ਬਹੌਣਗੇ । ਘਰ ਸਾਚਾ ਪ੍ਰੇਮ ਪਿਆਰੀ, ਪ੍ਰੀਤੀ ਤੇਰੇ ਨਾਲ ਜੁੜੌਣਗੇ । ਸਾਨੂੰ ਦੇ ਕੇ ਚਰਨ ਧੂੜ ਛਾਰੀ, ਮਸਤਕ ਟਿੱਕਾ ਇਕੋ ਲੌਣਗੇ । ਸਾਡੀ ਵਾਸਨਾ ਸਾਡੀ ਸੁਗੰਧ ਨਾ ਰਹੇ ਕੁਆਰੀ, ਪੱਤ ਪੰਖੜੀਆਂ ਰੋ ਰੋ ਵਾਸਤਾ ਪੌਣਗੇ । ਮਿਲੇ ਮੇਲ ਜੋਤ ਨਿਰੰਕਾਰੀ, ਅਗਲਾ ਪਿਛਲਾ ਪੰਧ ਮੁਕੌਣਗੇ । ਸਾਹਿਬ ਤੇਰਿਆਂ ਭਗਤਾਂ ਤੋਂ ਬਲਿਹਾਰੀ, ਜੋ ਸਾਡਾ ਲਹਿਣਾ ਲੇਖਾ ਮਾਤ ਮੁਕੌਣਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਸੀਸ ਝੁਕੌਣਗੇ । ਜਦ ਤੇਰਾ ਭਗਤ ਚਰਨ ਰੱਖੇਗਾ । ਸਾਨੂੰ ਇਕੋ ਮਾਰਗ ਦੱਸੇਗਾ । ਤੇਰਾ ਦਰਸ ਕਰਨ ਨੂੰ ਨੱਠੇਗਾ । ਖ਼ੁਸ਼ੀਆਂ ਨਾਲ ਹੱਸੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਸਾਨੂੰ ਪਿਛੇ ਕੋਇ ਨਾ ਰੱਖੇਗਾ । ਜਦ ਗੁਰਮੁਖ ਤੇਰੇ ਵਲ ਜਾਣਗੇ । ਸੋਹੰ ਢੋਲਾ ਇਕੋ ਗਾਣਗੇ । ਨਾਲ ਸਾਨੂੰ ਵੀ ਲੈ ਜਾਣਗੇ । ਨਾਲ ਖੜ ਨਾ ਫੇਰ ਪਛਤਾਣਗੇ । ਤੇਰਾ ਸ਼ੁਕਰ ਇਕ ਮਨਾਣਗੇ । ਚਰਨ ਕਵਲ ਧਿਆਨ ਲਗਾਣਗੇ । ਨਾ ਕੁਛ ਪੀਣਗੇ ਨਾ ਖਾਣਗੇ । ਜੋਤੀ ਜੋਤ ਮਿਲ ਜਾਣਗੇ । ਤੇਰਾ ਰੂਪ ਤੇਰੇ ਵਿਚ ਸਮਾਣਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਦੂਜੀ ਓਟ ਨਾ ਕੋਇ ਰਖਾਣਗੇ । ਜਨ ਭਗਤ ਕਹਿਣ ਜਦ ਜਾਵਾਂਗੇ । ਪ੍ਰਭ ਸੱਚੇ ਤੋਂ ਮੰਗ ਮੰਗਾਵਾਂਗੇ । ਝੋਲੀ ਖ਼ਾਲੀ ਵਡ ਭਰਾਵਾਂਗੇ । ਤੁਹਾਨੂੰ ਪਿਛੇ ਛੱਡ ਨਾ ਜਾਵਾਂਗੇ । ਸਮਰਥ ਨਾਲ ਮਿਲਾਵਾਂਗੇ । ਆਪਣੀ ਹੱਥੀਂ ਜਾ ਕੇ ਉਹਦੇ ਚਰਨ ਭੇਟ ਚੜ੍ਹਾਵਾਂਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਘਰ ਬਹਿ ਬਹਿ ਸ਼ੁਕਰ ਮਨਾਵਾਂਗੇ । ਜਦ ਭਗਤੋ ਦਇਆ ਕਮਾਓਗੇ । ਪ੍ਰਭ ਚਰਨਾਂ ਉਤੇ ਬਰਸਾਓਗੇ । ਮੇਰਾ ਜਨਮ ਜਨਮ ਬਦਲਾਓਗੇ । ਮੇਰਾ ਕਰਮ ਕਰਮ ਮਿਟਾਓਗੇ । ਮਾਰਗ ਇਕੋ ਇਕ ਸਮਝਾਓਗੇ । ਸ੍ਰੀ ਭਗਵਾਨ ਮੇਲ ਮਿਲਾਓਗੇ । ਚਰਨ ਧੂੜ ਅਸ਼ਨਾਨ ਕਰਾਓਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਘਰ ਸੱਜਣ ਇਕ ਦਰਸਾਓਗੇ । ਜਦ ਤੈਨੂੰ ਚਰਨ ਟਿਕਾਵਾਂਗੇ । ਨਾਲ ਆਪਣਾ ਸੀਸ ਨਿਵਾਵਾਂਗੇ । ਮਸਤਕ ਟਿੱਕਾ ਇਕੋ ਲਾਵਾਂਗੇ । ਵੱਡਾ ਨਿੱਕਾ ਸੋਹੰ ਢੋਲਾ ਗਾਵਾਂਗੇ । ਪ੍ਰਭ ਲੇਖਾ ਜਾਣੇ ਜੀਵ ਜੀ ਕਾ, ਅਗਲਾ ਪਿਛਲਾ ਹਾਲ ਸੁਣਾਵਾਂਗੇ । ਪ੍ਰਭ ਮਿਲਣ ਦਾ ਇਕੋ ਤਰੀਕਾ, ਸਾਚੀ ਸਿਖਿਆ ਇਕ ਦਰਸਾਵਾਂਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਤੇਰੇ ਅਲਖ ਜਗਾਵਾਂਗੇ । ਭਗਤ ਭਗਵਾਨ ਕਹੇ ਜਦ ਆਓਗੇ । ਪ੍ਰੇਮ ਪਿਆਰ ਫੂਲਣ ਖ਼ਾਰੀ, ਨਾਲ ਲਿਆਓਗੇ । ਭਵਰਾ ਗੂੰਜੇ ਸ਼ਾਹ ਸਿਕਦਾਰੀ, ਸ਼ਹਿਨਸ਼ਾਹ ਆਪਣਾ ਰੰਗ ਵਖਾਓਗੇ । ਮਾਲਣ ਬਣੇ ਜੋਤ ਨਿਰੰਕਾਰੀ, ਪਤ ਡਾਲੀ ਆਪਣੀ ਝੋਲੀ ਪਾਓਗੇ । ਹਾਰ ਗੁੰਦੇ ਵਾਰੋ ਵਾਰੀ, ਸੂਈ ਤਾਗਾ ਪ੍ਰੇਮ ਰੀਤੀ ਹੱਥ ਫੜਾਓਗੇ । ਕਰੇ ਖੇਲ ਸਿਰਜਣਹਾਰੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਲੜੀ ਤੰਦ ਤੰਦ ਬੰਦ ਬੰਦ ਬੰਦੀਖ਼ਾਨੇ ਵਿਚੋਂ ਛੁਡਾਓਗੇ । ਸੋ ਪੁਰਖ ਹਰਿ ਖੇਲ ਨਿਆਰਾ, ਨਰ ਨਿਰੰਕਾਰਾ ਆਪ ਕਰਾਈਆ । ਨਾ ਪੁਰਖ ਨਾ ਦਿਸੇ ਨਾਰਾ, ਰੂਪ ਰੰਗ ਰੇਖ ਨਾ ਕੋਇ ਜਣਾਈਆ ।

ਨਾ ਵੌਹਟੀ ਨਾ ਦਿਸੇ ਲਾੜਾ, ਪੱਟੀ ਸੀਸ ਨਾ ਕੋਇ ਗੁੰਦਾਈਆ । ਨਾ ਸਿਹਰਾ ਨਾ ਕੋਇ ਦਸਤਾਰਾ, ਘੋੜੀ ਵਾਗ ਨਾ ਕੋਇ ਫੜਾਈਆ । ਨਾ ਸਖੀਆਂ ਕੋਈ ਮੰਗਲ ਚਾਰਾ, ਮਹਿੰਦੀ ਰੰਗ ਨਾ ਕੋਇ ਰੰਗਾਈਆ । ਨਾ ਕੋਈ ਵੇਖੇ ਚੜ੍ਹਦਾ ਖਾਰਾ, ਉਠ ਛਲਾਂਗ ਨਾ ਕੋਇ ਲਗਾਈਆ । ਨਾ ਕੋਈ ਉਤੋਂ ਪਾਣੀ ਵਾਰਾ, ਨਾ ਕੋਈ ਸਗਨ ਮਨਾਈਆ । ਨਾ ਕੋਈ ਗਾਏ ਸੁਹਾਗੀ ਵਾਰਾ, ਰਾਗ ਨਾਦ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਕਾਜ ਰਚਾਈਆ । ਕਾਜ ਰਚਾਇਆ ਅੰਧੇਰੇ ਘੁੱਪ, ਨਜ਼ਰ ਕਿਸੇ ਨਾ ਆਇੰਦਾ । ਅੰਦਰ ਵੜ ਕੇ ਬੈਠਾ ਚੁੱਪ, ਚੁੱਪ ਚੁਪੀਤਾ ਰਾਗ ਸੁਣਾਇੰਦਾ । ਗੁਰਮੁਖ ਵਿਰਲੇ ਰਿਹਾ ਪੁੱਛ, ਨਿਰਗੁਣ ਆਪਣੀ ਸੇਵ ਕਮਾਇੰਦਾ । ਵੱਡਾ ਹੋ ਕੇ ਬੈਠਾ ਲੁਕ, ਨੀਵਾਂ ਹੋ ਹੋ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਕਰ ਕਰਤਾਰ, ਕਰਤਾ ਪੁਰਖ ਖੇਲ ਕਰਾਈਆ । ਭਗਤ ਭਗਵਾਨ ਇਕ ਵਿਹਾਰ, ਬਿਵਹਾਰੀ ਧਾਰ ਚਲਾਈਆ । ਦੋ ਜਹਾਨਾਂ ਪਾਵੇ ਸਾਰ, ਮਹਾਂਸਾਰਥੀ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਆਪ ਕਮਾਈਆ । ਸਾਚੀ ਕਰਨੀ ਕਰਨੇ ਆਇਆ, ਪ੍ਰਭ ਵੱਡਾ ਵਡ ਵਡਿਆਈਆ । ਨਿਰਗੁਣ ਹੋ ਕੇ ਸੇਵ ਕਮਾਇਆ, ਸਰਗੁਣ ਵੱਜੇ ਵਧਾਈਆ । ਦਰ ਦਰਵੇਸ਼ ਦਰ ਦਰਬਾਨ ਅਖਵਾਇਆ, ਸ਼ਾਹ ਪਾਤਸ਼ਾਹ ਆਪਣਾ ਮਾਣ ਮਿਟਾਈਆ । ਗੁਰਮੁਖ ਗੁਰਸਿਖ ਹਰਿਜਨ ਭਗਤ ਭਗਵਾਨ ਰੱਖਣ ਆਇਆ, ਰਾਖੀ ਕਰੇ ਬਾਉਂ ਥਾਈਂਆ । ਸਾਚਾ ਮਾਰਗ ਦੱਸਣ ਆਇਆ, ਬੁੱਧੀ ਆਪਣਾ ਆਪ ਸਮਝਾਈਆ । ਹਿਰਦੇ ਅੰਦਰ ਵਸਣ ਆਇਆ, ਦਵੈਤੀ ਪਰਦਾ ਰਿਹਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਖੇਲ ਕਰਨ ਨੂੰ ਕਰ ਇਕੱਠੇ, ਅਕਲ ਕਲਧਾਰੀ ਆਪਣੀ ਕਾਰ ਕਮਾਇੰਦਾ । ਵੱਡੇ ਨਿੱਕੇ ਸਾਰੇ ਬਣਾ ਕੇ ਆਪਣੇ ਬੱਚੇ, ਪਿਓ ਦਾਦਾ ਕਿਸੇ ਦਾ ਕੋਇ ਨਜ਼ਰ ਨਾ ਆਇੰਦਾ । ਆਪੇ ਢਾਲੇ ਨਾਮ ਸੱਚੇ, ਸਾਚਾ ਰੰਗ ਇਕ ਚੜ੍ਹਾਇੰਦਾ । ਬੀਸ ਬੀਸੇ ਗੁਰਮੁਖ ਮੂਲ ਨਾ ਰਹਿਣ ਕੱਚੇ, ਕੱਚਿਆਂ ਪੱਕਾ ਰੰਗ ਵਖਾਇੰਦਾ । ਪੀਰ ਪੈਗ਼ੰਬਰ ਹੱਕੇ ਬੱਕੇ, ਹੂ ਹੂ ਨਾਆਰਾ ਸਰਬ ਲਗਾਇੰਦਾ । ਗੁਰ ਅਵਤਾਰ ਪੈਗ਼ੰਬਰ ਤੱਕੇ, ਬਿਨ ਨੈਣਾਂ ਆਪਣੀ ਕਾਰ ਕਮਾਇੰਦਾ । ਪਾਰਬ੍ਰਹਮ ਪ੍ਰਭ ਧੁਰ ਸੰਦੇਸ਼ ਦੇਵੇ ਆਪਣੇ ਪੱਤੇ, ਲਿਖ ਲਿਖ ਪਾਤੀ ਹੱਥ ਨਾ ਕਿਸੇ ਫੜਾਇੰਦਾ । ਜਿਧਰ ਵੇਖੋ ਓਧਰ ਦਿਸੇ, ਘਰ ਘਰ ਆਪਣਾ ਡੇਰਾ ਲਾਇੰਦਾ । ਬਿਨ ਬਾਹਵਾਂ ਲੱਤਾਂ ਪੈਰਾਂ ਨੱਠੇ, ਔਂਦਾ ਜਾਂਦਾ ਨਜ਼ਰ ਨਾ ਆਇੰਦਾ । ਲੱਖ ਚੁਰਾਸੀ ਵਿਚੋਂ ਸੰਤ ਸੁਹੇਲੇ ਥੋੜੇ ਰੱਖੇ, ਜਿਨ੍ਹਾਂ ਆਪਣਾ ਮੇਲ ਮਿਲਾਇੰਦਾ । ਬਾਕੀ ਸ਼ੌਹ ਦਰਿਯਾਏ ਘੱਤੇ, ਡੂੰਘੀ ਧਾਰ ਵਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਮਿਲਣ ਦੀ ਪ੍ਰੀਤ, ਦੱਸਣਹਾਰਾ ਗੁਰ ਗੁਰ ਮੀਤ, ਗੁਰ ਚਰਨ ਧਿਆਨ ਲਗਾਇੰਦਾ । ਗੁਰ ਮੀਤ ਗੁਰ ਪ੍ਰੀਤ ਅਤੀਤ, ਤ੍ਰੈਭਵਣ ਧਨੀ ਤ੍ਰੈਗੁਣ ਵਿਚ ਕਦੇ ਨਾ ਲਿਆਇੰਦਾ । ਸਦਾ ਅਤੀਤ ਠਾਂਡਾ ਸੀਤ ਪਰਖਣਹਾਰਾ ਨੀਤ, ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਸ੍ਰੀ ਭਗਵੰਤ ਖੋਜ ਖੁਜਾਇੰਦਾ । ਸਿਰ ਤੋਂ ਲਾਹ ਕੇ ਛਤਰ ਸੀਸ, ਸੇਵਾ ਕਰੇ ਆਪ ਜਗਦੀਸ਼, ਸਤਿਜੁਗ ਨਿਸ਼ਾਨੀ ਦੇਵੇ ਠੀਕ, ਠੋਕਰ ਇਕੋ ਨਾਮ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਕਰੇ ਅਪਾਰ, ਸ੍ਰੀ ਭਗਵਾਨ ਰਿਹਾ ਜਣਾਈਆ । ਦੋ ਜਹਾਨ ਰਹੇ

ਖ਼ਬਰਦਾਰ, ਸਚ ਸੰਦੇਸਾ ਇਕ ਜਣਾਈਆ । ਦੋ ਸੱਤ ਹੋਏ ਵਿਹਾਰ, ਅੰਕ ਅੰਕ ਨਾਲ ਮਿਲਾਈਆ । ਸਭ ਨੇ ਗੌਣਾ ਮੰਗਲਾਚਾਰ, ਗ੍ਰਿਹ ਗ੍ਰਿਹ ਵੱਜੇ ਵਧਾਈਆ । ਗੁਰਮੁਖ ਨਾਰੀ ਹਰਿ ਮਿਲਣਾ ਕੰਤ ਭਤਾਰ, ਆਤਮ ਸੇਜਾ ਮੇਲ ਮਿਲਾਈਆ । ਚਾਓ ਘਨੇਰਾ ਹੋਏ ਵਿਚ ਸੰਸਾਰ, ਨੇਰਨ ਨੇਰਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਸੁਣਾਈਆ । ਸਾਰਿਆਂ ਚਲ ਕੇ ਔਣਾ ਰਾਤ, ਰਾਤੀਂ ਰੁਤੀ ਆਪ ਸੁਹਾਇੰਦਾ । ਢੋਲਾ ਗੌਣਾ ਮਿਲ ਜਮਾਤ, ਘਰ ਇਕੋ ਇਕ ਵਖਾਇੰਦਾ । ਪ੍ਰਭ ਜੂ ਵੇਖੇ ਬਣਦਾ ਸੱਜਣ ਸਾਕ, ਸਗਲਾ ਸੰਗ ਨਿਭਾਇੰਦਾ । ਗੁਰਮੁਖਾਂ ਘਰ ਪਹਿਲੋਂ ਖੋਲ੍ਹੇ ਆ ਕੇ ਤਾਕ, ਫਿਰ ਪੌੜੇ ਨਾਮ ਚੜ੍ਹਾਇੰਦਾ । ਅੰਦਰ ਵੜ ਕੇ ਡੂੰਘੇ ਅੰਧੇਰੇ ਰਿਹਾ ਝਾਕ, ਪਰਦਾ ਉਹਲਾ ਆਪ ਰਖਾਇੰਦਾ । ਬਿਨ ਵੇਖਿਆਂ ਵਸੇ ਸਾਥ, ਸਦਾ ਸਦ ਆਪਣਾ ਸੰਗ ਨਿਭਾਇੰਦਾ । ਧੁਰ ਫ਼ਰਮਾਣਾ ਸਭ ਨੇ ਰੱਖਣਾ ਯਾਦ, ਏਕੰਕਾਰਾ ਆਪ ਅਲਾਇੰਦਾ । ਸਾਰਿਆਂ ਇਕੱਠਿਆਂ ਹੋ ਕੇ ਮਾਰਨੀ ਇਕ ਅਵਾਜ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਧਾਰ ਆਪ ਜਣਾਇੰਦਾ । ਇਕੱਠੇ ਹੋਣ ਦਾ ਦੱਸਦੇ ਵੇਲਾ, ਪ੍ਰਭ ਤੇਰੇ ਅੱਗੇ ਅਰਜ਼ੋਈਆ । ਕੀ ਨਾਲ ਲੈ ਕੇ ਆਈਏ ਪੈਸਾ ਧੇਲਾ, ਜੋ ਤੇਰੀ ਭੇਟ ਚੜ੍ਹਾਈਆ । ਸ੍ਰੀ ਭਗਵਾਨ ਕਹੇ ਇਹ ਨਹੀਂ, ਪ੍ਰਭ ਮਿਲਣ ਦਾ ਸੱਚਾ ਮੇਲਾ, ਚਰਨ ਕਵਲ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਜਣਾਈਆ । ਸ੍ਰੀ ਭਗਵਾਨ ਕਹੇ ਤੁਸਾਂ ਰੱਖਣਾ ਧਿਆਨ, ਹਰਿ ਧਿਆਨੀ ਆਪ ਜਣਾਇੰਦਾ । ਜਿਸ ਵੇਲੇ ਭੇਜਾਂ ਸ਼ਬਦ ਬਬਾਣ, ਸਭ ਨੂੰ ਉਪਰ ਆਪ ਬਿਠਾਇੰਦਾ । ਬਿਨ ਮੰਜ਼ਲੋਂ ਪਹੁੰਚਣ ਆਣ, ਮੰਜ਼ਲੇ ਮਕਸੂਦ ਇਕੋ ਘਰ ਵਖਾਇੰਦਾ । ਨਾ ਕੋਈ ਥੱਕੇ ਬੁੱਢਾ ਬਾਲ ਅਵਾਣ, ਵੱਡੇ ਛੋਟੇ ਸੁਖਾਲ ਨਾਲ ਬਹਾਇੰਦਾ । ਰਲ ਮਿਲ ਢੋਲਾ ਇਕੋ ਗਾਣ, ਤੂੰ ਮੇਰਾ ਮੈਂ ਤੇਰਾ ਤੁਧ ਬਿਨ ਨਜ਼ਰ ਕੋਇ ਨਾ ਆਇੰਦਾ । ਪ੍ਰਭ ਮੇਲ ਮਿਲਾਵੇ ਹਾਣੀਆਂ ਹਾਣ, ਮੇਲ ਮਿਲਾਵਾ ਇਕੋ ਘਰ ਵਖਾਇੰਦਾ । ਸਾਚੀ ਸਖੀ ਪਰਵਾਨ ਕਰੇ ਇਕੋ ਕਾਹਨ, ਘਰ ਘਿਰਨਾ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਭੇਵ ਆਪ ਜਣਾਇੰਦਾ । ਸਾਚਾ ਭੇਵ ਦੱਸੇ ਭਗਵਾਨਾ, ਭਗਵਨ ਆਪਣੀ ਦਇਆ ਕਮਾਈਆ । ਜੁਗ ਜੁਗ ਭਗਤਾਂ ਦੇਵੇ ਦਾਨਾ, ਦਾਤਾ ਦਾਨੀ ਝੋਲੀ ਰਿਹਾ ਭਰਾਈਆ । ਜਿਵੇਂ ਗੁਰਮੇਜ਼ ਬੱਧਾ ਗਾਨਾਂ, ਨਿਰਗੁਣ ਸਰਗੁਣ ਗੰਢ ਪੁਆਈਆ । ਤਿਵੇਂ ਸੱਦਾ ਦੇਵੇ ਦੋ ਜਹਾਨਾਂ, ਹੁਕਮ ਹਰਿ ਜੂ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਰਿਕਪਾ ਕਰ, ਦੇਵਣਹਾਰਾ ਸਾਚਾ ਵਰ, ਆਤਮ ਪਰਮਾਤਮ ਕਰੇ ਵਿਵਾਹ, ਲੇਖਾ ਜਾਣ ਬੇਪਰਵਾਹ, ਸ਼ਾਦੀ ਗ਼ਮੀ ਇਕੋ ਰੰਗ ਵਖਾਈਆ । ਦੋ ਸੱਤ ਹੋਣਾ ਵਿਆਹ, ਅਨੰਦ ਕਾਰਜ ਆਪ ਜਣਾਇੰਦਾ । ਕਿਸੇ ਦਾ ਲੱਗਣ ਨਾ ਦੇਵੇ ਝੂਠਾ ਦਾਅ, ਸਿਰ ਆਪਣਾ ਹੱਥ ਟਿਕਾਇੰਦਾ । ਡੂੰਮ ਨਾਈ ਫੇਰਾ ਸਕੇ ਕੋਇ ਨਾ ਪਾ, ਸਾਹ ਆਪਣੇ ਹੁਕਮ ਸੁਧਾਇੰਦਾ । ਗਾਉੜੀ ਰਾਗ ਕੋਈ ਨਾ ਸਕੇ ਗਾ, ਘਰ ਆ ਆ ਸਗਨ ਨਾ ਕੋਇ ਪਾਇੰਦਾ । ਬਿਨ ਸਤਿਗੁਰ ਪੂਰੇ ਗਾਨਾ ਸਕੇ ਨਾ ਕੋਇ ਬਨ੍ਹਾ, ਸਾਚਾ ਤੰਦ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭਗਤ ਭਗਵਾਨ ਦਾ ਹੋਏ ਮੇਲ, ਬਿਨ ਨਾਈ ਬ੍ਰਹਿਮਣ ਚੜ੍ਹੇ ਤੇਲ, ਸ੍ਰੀ ਭਗਵਾਨ ਆਪਣੀ ਹੱਥੀਂ ਆਪ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਚਰਜ ਜਾਣੇ ਆਪਣਾ ਖੇਲ, ਖ਼ਾਲਕ ਭੇਵ ਆਪਣੇ ਹੱਥ ਰਖਾਇੰਦਾ ।

ਆ ਬ੍ਰਾਹਮਣ ਕੁਛ ਕਰੀਏ ਵਿਹਾਰ, ਜਜਮਾਨ ਰਿਹਾ ਸਮਝਾਈਆ । ਡੂੰਮ ਨਾ ਕਿਸੇ ਦਿਸੇ ਕੋਈ ਦੁਆਰ, ਘਰ ਇਕੋ ਵੱਜੇ ਵਧਾਈਆ । ਵਿਵਾਹ ਹੋਏ ਜੁਗ ਚਾਰ, ਚਾਰ ਦਿਹਾੜੇ ਜਿੰਦੜੀ ਨਾ ਖ਼ੁਸ਼ੀ ਵਖਾਈਆ । ਨਾਤਾ ਤੁਟ ਜਾਏ ਪੁਰਖ ਨਾਰ, ਲੋਕਮਾਤ ਹੋਏ ਜੁਦਾਈਆ । ਜਿਸ ਮਿਲੇ ਆਪ ਨਿਰੰਕਾਰ, ਤਿਸ ਵਿਛੋੜਾ ਰਹਿਣ ਨਾ ਪਾਈਆ । ਜੋੜਾ ਜੋੜੇ ਸਿਰਜਣਹਾਰ, ਜੋੜੀ ਇਕੋ ਇਕ ਬਣਾਈਆ । ਨਾਮ ਘੋੜਾ ਕਰ ਤਿਆਰ, ਵਾਗ ਆਪਣੇ ਹੱਥ ਉਠਾਈਆ । ਜੋਤ ਅਕਾਲਣ ਕਰ ਪਿਆਰ, ਬਣ ਭੈਣ ਸੀਸ ਗੁੰਦਾਈਆ । ਮੌਲੀ ਕੀਤੀ ਇਕ ਤਿਆਰ, ਪ੍ਰੇਮ ਰਤੀ ਰਤ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਨੰਦ ਕਾਰਜ ਇਕ ਜਣਾਈਆ । ਅਨੰਦ ਕਾਰਜ ਕਰੇ ਅਨੰਦ, ਅਨੰਦ ਇਕੋ ਇਕ ਜਣਾਇੰਦਾ । ਗੀਤ ਸੁਹਾਗੀ ਸੋਹਲਾ ਛੰਦ, ਸ਼ਾਹ ਪਾਤਸ਼ਾਹ ਆਪ ਅਲਾਇੰਦਾ । ਪ੍ਰੇਮ ਪ੍ਰੀਤੀ ਬੰਧਨ ਪਾਏ ਬੰਧ, ਨਾ ਕੋਈ ਤੋੜ ਤੁੜਾਇੰਦਾ । ਆਪਣੀ ਹੱਥੀਂ ਦੇਵੇ ਗੰਢ, ਦੋ ਜਹਾਨ ਨਾ ਕੋਇ ਖੁਲ੍ਹਾਇੰਦਾ । ਇਕ ਦੂਜੇ ਮਿਲ ਕੇ ਦੋਵੇਂ ਪੈ ਜਾਏ ਠੰਡ, ਸੀਨੇ ਅੱਗ ਨਾ ਕੋਇ ਭਟਕਾਇੰਦਾ । ਸਚ ਸੰਦੇਸਾ ਸੁਣ ਕੇ ਲੈਣ ਮੰਨ, ਮਨਸਾ ਹੋਰ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪ੍ਰੇਮ ਪ੍ਰੀਤੀ ਆਪ ਬਣਾਇੰਦਾ । ਪ੍ਰੇਮ ਪ੍ਰੀਤੀ ਅੰਦਰ ਪਾਵੇ ਸਗਨ, ਹਰਿ ਸੱਚਾ ਖੇਲ ਕਰਾਈਆ । ਆਪੇ ਜਾਣੇ ਆਪਣਾ ਲਗਣ, ਪੰਡਤ ਪਾਂਧਾ ਨਾ ਕੋਇ ਰਖਾਈਆ । ਆਪੇ ਮਲਣਹਾਰਾ ਵਟਨਾ ਮਜਨ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਪਾਵਣਹਾਰਾ ਨੇਤਰ ਕੱਜਲ, ਨਾਮ ਇਕੋ ਇਕ ਰਖਾਈਆ । ਵੇਖਣਹਾਰਾ ਸਾਹਿਬ ਸੱਜਣ, ਸੌਹਰੇ ਪੇਈਏ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਧੁਰਦਰਗਾਹੀਆ । ਆਓ ਵਿਹਾਰਾ ਸੱਚਾ ਕਰੀਏ, ਕਰਨਹਾਰ ਸਮਝਾਇਆ । ਇਕ ਦੂਜੇ ਨੂੰ ਪ੍ਰੇਮ ਪ੍ਰੀਤੀ ਨਾਲ ਵਰੀਏ, ਘਰ ਘਰ ਵਿਚ ਮੇਲ ਮਿਲਾਇਆ । ਕੂੜੀ ਕਿਰਿਆ ਕੋਲੋਂ ਨਾ ਡਰੀਏ, ਲੋਕਲਾਜ ਪਰੇ ਹਟਾਇਆ । ਪ੍ਰਭ ਸਾਚੇ ਦੀ ਸੇਜੇ ਚੜ੍ਹੀਏ, ਚੜ੍ਹਿਆਂ ਸ਼ਰਮ ਹਯਾ ਨਾ ਕੋਇ ਰਖਾਇਆ । ਜਗ ਵੇਂਹਦਿਆਂ ਪ੍ਰਭ ਬਾਹੋਂ ਫੜੀਏ, ਜਗ ਰੁਠਿਆਂ ਲਏ ਮਨਾਇਆ । ਸੋਹੰ ਢੋਲਾ ਇਕੋ ਪੜ੍ਹੀਏ, ਗਾ ਗਾ ਆਪਣਾ ਸ਼ੁਕਰ ਮਨਾਇਆ । ਦਰ ਦਰਵਾਜ਼ੇ ਸਾਚੇ ਖੜੀਏ, ਚਰਨ ਕਵਲ ਧਿਆਨ ਰਖਾਇਆ । ਜੀਂਵਦਿਆਂ ਹੀ ਜਗ ਮਰਨੋਂ ਪਹਿਲੋਂ ਮਰੀਏ, ਪਿਛੋਂ ਮਰਿਆ ਕੰਮ ਕਿਸੇ ਨਾ ਆਇਆ । ਸਤਿਗੁਰ ਭਾਣਾ ਸਿਰ ਤੇ ਜਰੀਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਰਾਇਆ । ਪਹਿਲੋਂ ਸੱਦਾ ਦੇ ਭਗਵਾਨ, ਸਚ ਸੰਦੇਸ ਸੁਣਾਈਆ । ਚਲ ਕੇ ਆਏ ਦੇਵ ਨੇਤ ਦੋ ਜਹਾਨ, ਆਪਣਾ ਪੰਧ ਮੁਕਾਈਆ । ਵੇਖੀਏ ਖੇਲ ਸ੍ਰੀ ਭਗਵਾਨ, ਕਰਤਾ ਕੀ ਕੀ ਕਾਜ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਾਰ ਰਿਹਾ ਦਰਸਾਈਆ । ਸਾਚੀ ਕਾਰ ਕਰਤਾ ਪੁਰਖ, ਆਪਣੀ ਆਪ ਕਰਾਇੰਦਾ । ਪਿਛਲਾ ਮੇਟੇ ਸੋਗ ਹਰਖ, ਅੱਗੇ ਚਿੰਤਾ ਨਾ ਕੋਇ ਜਣਾਇੰਦਾ । ਗੁਰਮੁਖ ਮੇਲਾ ਮਿਲਾਏ ਹੋ ਨਿਧੜਕ, ਭੈ ਭੌ ਸਰਬ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਨੰਦ ਕਾਰਜ ਇਕੋ ਘਰ ਵਖਾਇੰਦਾ । ਉਠ ਬ੍ਰਹਿਮਣ ਦੱਸ ਰਵਾਜ, ਪ੍ਰਭ ਸਾਚਾ ਪੁੱਛ ਪੁਛਾਈਆ । ਜਗਤ ਵਿਹਾਰਾ ਹੁੰਦਾ ਕਿਸ ਤਰ੍ਹਾਂ ਕਾਜ, ਕਿਵ ਬਿਧ ਹੋਵੇ ਕੁੜਮਾਈਆ । ਕੀ ਇਜ਼ਾਜ਼ਤ ਦਏ ਸਮਾਜ, ਕੀ ਸ਼ਰਅ ਬੰਧ ਵਖਾਈਆ । ਕੀ ਦੇਣਾ ਪਏ ਦਾਜ, ਕੀ ਢੋਆ ਲੈ ਕੇ ਆਈਆ । ਕੀ ਕਿਸ ਤਰ੍ਹਾਂ ਮਾਰੇ ਆਵਾਜ਼, ਦੂਲ੍ਹਾ ਦੁਲਹਨ ਲਏ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ


੩੦੦
੧੪

ਆਪਣੀ ਕਿਰਪਾ ਕਰ, ਜਗ ਵਿਛੜੇ ਮੇਲ ਮਿਲਾਈਆ । ਬ੍ਰਾਹਮਣ ਕਹੇ ਅਸੀਂ ਮਾਰਦੇ ਫੇਰੇ, ਤਿਹੱਤੇ ਭਤੱਤੇ ਵੇਖ ਵਖਾਈਆ । ਓਧਰੋਂ ਓਧਰੀ ਖਾਂਦੇ ਰਹਿੰਦੇ ਲੱਡੂ ਪੇੜੇ, ਸੱਚੀ ਗੱਲ ਨਾ ਕਿਸੇ ਸਮਝਾਈਆ । ਦੋਹਾਂ ਧਿਰਾਂ ਵਿਚ ਪਾ ਕੇ ਝੇੜੇ, ਝਗੜੇ ਵਿਚ ਲੋਕਾਈਆ । ਖ਼ੂਬ ਦਵਾਈਏ ਉਲਟੇ ਗੇੜੇ, ਸਭ ਦੀ ਮਤ ਗਵਾਈਆ । ਜੇ ਕੋਈ ਸਾਡੇ ਬਿਨਾਂ ਲੈ ਲਏ ਫੇਰੇ, ਵਿਆਹੀ ਦੇਈਏ ਛੁਡਾਈਆ । ਸਾਨੂੰ ਇਹੋ ਕੰਮ ਚੰਗੇਰੇ, ਇਕਦਿਰ ਲਾਈਏ ਇਕਦਿਰ ਦੇਈਏ ਬੁਝਾਈਆ । ਜਿੰਨਾਂ ਚਿਰ ਬ੍ਰਹਿਮਣ ਦੀ ਭੇਟਾ ਨਾ ਚੜ੍ਹਨ ਤੇਉਰੇ, ਕੰਗਣ ਹੱਥ ਨਾ ਕੋਇ ਪੁਆਈਆ । ਸਾਨੂੰ ਮੰਗਿਆਂ ਦਾਨ ਨਾ ਮਿਲਣ ਵਛੇਰੇ, ਗਊ ਦਾਨ ਨਾ ਕੋਇ ਕਰਾਈਆ । ਅਸੀਂ ਕਹੀਏ ਅਸੀਂ ਉਲਟੇ ਮਣਕੇ ਫੇਰੇ, ਤੋੜ ਚੜ੍ਹੇ ਨਾ ਕੋਇ ਕੁੜਮਾਈਆ । ਸੰਗਲੀ ਸੁਟ ਕੇ ਕਹਿਣ ਵੇਖੋ ਡੁੱਬਦੇ ਬੇੜੇ, ਪਤਰੀ ਆਪਣੀ ਦੇਈਏ ਵਖਾਈਆ । ਮਾਰ ਕੇ ਧਰਨਾ ਬਹੀਏ ਵੇਹੜੇ, ਮੂੰਹੋਂ ਮੰਗਿਆ ਦਾਨ ਦਿਓ ਵਾਲੇ ਧੀ ਜਵਾਈਆ । ਨਹੀਂ ਤੇ ਕਾਲ ਆਇਆ ਨੇੜੇ, ਦੂਸ਼ਨ ਲੱਗੇ ਸਭਨੀ ਥਾਈਆ । ਤੀਰਥ ਤੱਟਾਂ ਉੱਤੇ ਸਭ ਨੂੰ ਫੇਰੇ, ਪੁੰਨ ਦਾਨ ਦਏ ਸਮਝਾਈਆ । ਜੇ ਕੋਈ ਅੱਗੋਂ ਤਕੜਾ ਹੋ ਕੇ ਵੇਹਰੇ, ਉਹਨੂੰ ਮੱਥੇ ਲੱਗਾ ਤਰਸੂਲ ਦੇਈਏ ਵਖਾਈਆ । ਜੇ ਨਾ ਉਜਾੜਾਂ ਤੁਹਾਡੇ ਖੇੜੇ, ਮੈਨੂੰ ਬ੍ਰਾਹਮਣ ਨਾ ਸੱਦਿਓ ਮੇਰੇ ਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਿਮਣ ਤੇਰੀਆਂ ਗੱਲਾਂ ਸੁਣ ਕੇ ਖ਼ੁਸ਼ੀ ਮਨਾਈਆ । ਵਾਹ ਬ੍ਰਹਿਮਣ ਤੇਰੀ ਵੱਡੀ ਚਲਾਕੀ, ਸਾਹਿਬ ਸਤਿਗੁਰ ਸੱਚੇ ਭਾਈਆ । ਏਸੇ ਤਰ੍ਹਾਂ ਕਾਬੂ ਔਂਦੇ ਬੰਦੇ ਖ਼ਾਕੀ, ਗੁਰ ਕਾ ਸ਼ਬਦ ਨਾ ਕੋਇ ਕਮਾਈਆ । ਝੂਠੀ ਵਿਕਦੇ ਸਾਰੇ ਹਾਟੀ, ਸਾਚੀ ਵਸਤ ਲੈਣ ਕੋਇ ਨਾ ਜਾਈਆ । ਤ੍ਰਿਸ਼ਨਾ ਲੱਗੀ ਮੰਗਣ ਦਾਤੀ, ਹੰਕਾਰ ਵਿਕਾਰ ਵਿਚ ਡੁੱਬੀ ਲੋਕਾਈਆ । ਜਿੰਨਾਂ ਚਿਰ ਲਾੜੇ ਨਾਲ ਨਾ ਔਣ ਸਾਥੀ, ਜੰਵ ਸੋਭਾ ਕੋਈ ਨਾ ਪਾਈਆ । ਜੇ ਕੁੜਮ ਚੜ੍ਹ ਕੇ ਆਵੇ ਉਤੇ ਹਾਥੀ, ਲੱਜਪਤ ਸਾਡੀ ਫੇਰ ਰਹਿ ਜਾਈਆ । ਗਹਿਣੇ ਬਸਤਰ ਲਿਆਵੇ ਨੱਕ ਬਲਾਕੀ, ਭੂਸ਼ਨ ਜ਼ਰੀ ਦਾਰ ਬਣਾਈਆ । ਸੋਹਣਾ ਘੋੜਾ ਜੋੜਾ ਮੁੰਡਾ ਮਾਰ ਚੜ੍ਹੇ ਪਲਾਕੀ, ਸੋਲਾਂ ਕਲੀਆਂ ਆਸਣ ਲਾਈਆ । ਗੌਂਦੇ ਵਜੌਂਦੇ ਔਣ ਨਾਲ ਬਰਾਤੀ, ਖੁਲ੍ਹੀਆਂ ਪੱਗਾਂ ਗਲਾਂ ਵਖਾਈਆ । ਹੱਥੀਂ ਹੋਣ ਪਿਆਲੇ ਸਾਕੀ, ਬੋਤਲਾਂ ਕੂਕਣ ਦੇਣ ਦੁਹਾਈਆ । ਰਸਨਾ ਨਸੀਹਤ ਸਾਨੂੰ ਕਹਿਣ ਬੇਹੋਸ਼ੀ ਭਾਬੀ, ਭੈਣ ਭਾਈ ਸਾਰ ਰਹੇ ਨਾ ਰਾਈਆ । ਨਜ਼ਰ ਨਾ ਆਏ ਫੁੱਫੀ ਮਾਸੀ, ਕੁਆਰ ਕੰਨਿਆਂ ਨਾ ਕੋਇ ਵਡਿਆਈਆ । ਜਿੰਨਾਂ ਚਿਰ ਆਂਢੀ ਗਵਾਂਢੀ ਨਾ ਕਰਨ ਹਾਸੀ, ਤਿਨਾਂ ਚਿਰ ਜੰਵ ਨਾ ਸੋਭਾ ਪਾਈਆ । ਪੰਡਤ ਦੇ ਮੰਨ ਨੂੰ ਰਹੇ ਉਦਾਸੀ, ਜਿੰਨਾਂ ਚਿਰ ਕੁੜਮਾਂ ਵਿਚ ਨਾ ਹੋਏ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਬੇਪਰਵਾਹੀਆ । ਆ ਬ੍ਰਾਹਮਣ ਰਚੀਏ ਕਾਜ, ਸੋ ਸਾਹਿਬ ਸਤਿਗੁਰ ਆਪ ਜਣਾਇੰਦਾ । ਪਿਛਲਾ ਬਦਲੀਏ ਸਰਬ ਰਿਵਾਜ, ਅਗਲਾ ਰਾਹ ਆਪ ਸਮਝਾਇੰਦਾ । ਸਾਹਿਬ ਸਤਿਗੁਰ ਦਾ ਇਕੋ ਸਮਾਜ, ਦੂਜੀ ਵੰਡ ਨਾ ਕੋਇ ਵੰਡਾਇੰਦਾ । ਗੁਰਮੇਜ ਸਿੰਘ ਪੰਜ ਪੱਗਾਂ ਜੋ ਦਿਤੀਆਂ ਦਾਜ, ਪ੍ਰਭ ਸਾਚਾ ਮੰਗ ਮੰਗਾਇੰਦਾ । ਭਗਤ ਭਗਤ ਦਾ ਸਾਚਾ ਕਾਜ, ਸ੍ਰੀ ਭਗਵਾਨ ਦਇਆ ਕਮਾਇੰਦਾ । ਸੁਲੱਖਣੀ ਘੜੀ ਸੋਹੇ ਆਜ, ਘੜੀ ਪਲ ਖ਼ੁਸ਼ੀ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਾਰ ਆਪ ਕਮਾਇੰਦਾ । ਸਾਚੀ ਕਾਰ ਕਰੇ ਕਰਤਾਰ, ਹਰਿ ਕਰਤਾ ਵਡ ਵਡਿਆਈਆ । ਗੁਰਮੁਖ ਤੇਰਾ ਸਚ ਪਿਆਰ, ਪ੍ਰੇਮ ਰੰਗਣ ਰੰਗਾਈਆ । ਭੇਟਾ ਕੀਤੀ ਇਕ ਦਸਤਾਰ, ਸ਼ਾਹ ਪਾਤਸ਼ਾਹ ਤੇਰੀ ਸਰਨਾਈਆ । ਚਾਰ ਗੁਰਮੁਖਾਂ ਵਾਸਤੇ ਰੱਖੀਂ

ਸੰਭਾਲ, ਤੇਰੀ ਝੋਲੀ ਪਾਈਆ । ਦੀਨ ਦਿਆਲ ਹੋ ਖ਼ੁਸ਼ਹਾਲ, ਖ਼ੁਸ਼ੀ ਆਪਣੇ ਵਿਚ ਰਖਾਈਆ । ਵਾਹ ਵਾ ਸੁਚੱਜੇ ਲਾਡਲੇ ਲਾਲ, ਕਿਰਤ ਤੇਰੇ ਹੱਥ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਆਪਣੀ ਪ੍ਰੇਮ ਪ੍ਰੀਤੀ ਸਚ ਦਸਤਾਰ, ਹਰਿ ਦਸਤ ਬਦਸਤ ਫੜਾਇੰਦਾ । ਉਠ ਬ੍ਰਹਿਮਣ ਕਰ ਸ਼ਿੰਗਾਰ, ਮਿਹਰਵਾਨ ਦਇਆ ਕਮਾਇੰਦਾ । ਰੰਗ ਚੜ੍ਹਿਆ ਅਪਰ ਅਪਾਰ, ਲਲਾਰੀ ਰੰਗ ਨਾ ਕੋਇ ਵਖਾਇੰਦਾ । ਉਤਰ ਨਾ ਜਾਏ ਵਿਚ ਸੰਸਾਰ, ਚਾਰ ਯੁਗ ਗੰਢ ਪੁਆਇੰਦਾ । ਪਿਛੋਂ ਗੌਂਦਾ ਰਹੇ ਸਰਬ ਸੰਸਾਰ, ਰਸਨਾ ਜਿਹਵਾ ਢੋਲਾ ਰਾਗ ਅਲਾਇੰਦਾ । ਪ੍ਰਭ ਭਗਤਾਂ ਨਾਲ ਕਰ ਕੇ ਗਿਆ ਪਿਆਰ, ਪਿਛਲੀ ਕੀਤੀ ਸਭ ਉਲਟਾਇੰਦਾ । ਸੰਤ ਸਾਜਣ ਕਰ ਤਿਆਰ, ਗੁਰਮੁਖ ਗੁਰਮੁਖਾਂ ਨਾਲ ਮਿਲਾਇੰਦਾ । ਵੰਡਣ ਵੰਡ ਵੰਡੇ ਸਿਰਜਣਹਾਰ, ਸਿਰ ਸਿਰ ਤਾਜ ਸੁਹਾਇੰਦਾ । ਦੂਜੀ ਪਗੜੀ ਬੰਨ੍ਹੇ ਸਿਰ ਸਿੰਘ ਲਾਲ, ਲਾਲ ਗੁਲਾਲਾ ਵੇਖ ਵਖਾਇੰਦਾ । ਬਣ ਵਿਚੋਲਾ ਦੀਨ ਦਿਆਲ, ਦਰ ਦਰ ਘਰ ਘਰ ਵੇਖ ਵਖਾਇੰਦਾ । ਬੇਸ਼ਕ ਰੌਲਾ ਪਾਵੇ ਸਰਬ ਸੰਸਾਰ, ਅੱਖ ਤਲੇ ਨਾ ਕਿਸੇ ਲਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਖੇਲ ਆਪ ਕਰਾਇੰਦਾ । ਸਚ ਦਸਤਾਰ ਪੱਲਾ ਗਜ਼, ਗਜ ਦਏ ਵਡਿਆਈਆ । ਸਿੰਘ ਗੁਰਮੇਜ ਦੇ ਸੀਸ ਉਤੇ ਜਾਏ ਸਜ, ਸ੍ਰੀ ਭਗਵਾਨ ਆਪ ਬਨ੍ਹਾਈਆ । ਤਾਰਾ ਸਿੰਘ ਜਾਚ ਦੱਸ, ਕਿਵੇਂ ਭਗਤ ਭਗਵਾਨ ਹੋਵੇ ਕੁੜਮਾਈਆ । ਇਕ ਦੂਜੇ ਦੇ ਹੋਵਣ ਵਸ, ਵਾਸਤਾ ਇਕੋ ਜਿਹਾ ਪਾਈਆ । ਗੁਰਸਿਖੋ ਵੇਖਿਓ ਪਿਛੇ ਨਾ ਜਾਇਓ ਹਟ, ਹੱਦ ਹੱਥ ਕਿਸੇ ਨਾ ਆਈਆ । ਬਾਹਰੋਂ ਵੇਖੋ ਨਾ ਬੈਠਾ ਜੱਟ, ਅੰਦਰ ਨਿਰਗੁਣ ਨਿਰੰਕਾਰ ਆਸਣ ਲਾਈਆ । ਬਣਾਵਣ ਆਇਆ

੩੦੨ ਆਪਣੀ ਯੱਦ, ਵਿਸ਼ਵ ਆਪਣੀ ਕਾਰ ਕਮਾਈਆ । ਦੋ ਜਹਾਨਾਂ ਪਾਰ ਕਰ ਕੇ ਹੱਦ, ਲੋਕਮਾਤ ਵੇਖ ਵਖਾਈਆ । ਧੋਖਾ ਦੇ ਕੇ ਸਿੰਘ ਗੁਰਮੀਤ ੩੦੨

੧੪ ੧੪

ਹਰਿ ਜੂ ਘਰ ਲਿਆ ਸੱਦ, ਨੇਤਰ ਨੈਣਾਂ ਨੀਰ ਵਹਾਈਆ । ਕਿਉਂ ਬਾਪੂ ਸਾਥੋਂ ਹੋਇਓਂ ਅੱਡ, ਕੀ ਤੇਰੀ ਚਤੁਰਾਈਆ । ਤੇਰੇ ਵਿਛੋੜੇ ਵਿਚ ਸੁੱਕੇ ਹੱਡ, ਰਤੀ ਰਤ ਰਹਿਣ ਨਾ ਪਾਈਆ । ਸ੍ਰੀ ਭਗਵਾਨ ਹੋ ਬੇਵਸ, ਗੁਰਮੁਖ ਰਿਹਾ ਸਮਝਾਈਆ । ਤੇਰੇ ਪ੍ਰੇਮ ਵਿਚ ਆਪਣੀ ਕੱਢਾਂ ਰਤ, ਗੋਬਿੰਦ ਹੋ ਕੇ ਰੰਗ ਚੜ੍ਹਾਈਆ । ਦੂਜੀ ਪਗੜੀ ਤੇਰੇ ਸਿਰ ਤੇ ਰੱਖ, ਰੱਖਿਆ ਕਰਾਂ ਸਭਨੀ ਥਾਈਂਆ । ਪਿਛਾ ਦੇ ਨਾ ਜਾਵਾਂ ਨੱਸ, ਸੱਚੋ ਸਚ ਰਿਹਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੁਰਮੁਖ ਵੇਖ ਹੋ ਕਰੀਬ, ਹਰਿ ਕਰਤਾ ਖੇਲ ਖਲਾਇੰਦਾ । ਤੁਹਾਡੇ ਨਾਲ ਰਲੇ ਸਿੰਘ ਨਸੀਬ, ਨਿਸਬਤ ਆਪਣੇ ਹੱਥ ਰਖਾਇੰਦਾ । ਹਰਿ ਕਾ ਖੇਲ ਬੜਾ ਅਜੀਬ, ਜਗਤ ਨੇਤਰ ਨਜ਼ਰ ਨਾ ਆਇੰਦਾ । ਜਨ ਭਗਤਾਂ ਸਿਰ ਪੈਤੰਬਰ ਸੋਹੇ ਪੀਤ, ਸ਼ਾਹ ਪਾਤਸ਼ਾਹ ਆਪ ਸੁਹਾਇੰਦਾ । ਭਾਈ ਭਾਈਆਂ ਮਿਲ ਕੇ ਕਰਨੀ ਰੀਤ, ਸਾਚਾ ਰਾਹ ਇਕ ਵਖਾਇੰਦਾ । ਪੰਜਵਾਂ ਮੱਸਾ ਸਿੰਘ ਨਾਲ ਰਲ ਕੇ ਗਾਏ ਗੀਤ, ਰਲ ਮਿਲ ਇਕੋ ਘਰ ਵਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਰਾਇੰਦਾ । ਭਗਤ ਤੇਰੀ ਭਗਤੀ ਦਸਤਾਰ, ਭਗਵਨ ਸਾਚੀ ਸੇਵਾ ਲਾਈਆ । ਪੰਜ ਗਜ਼ ਦਾ ਪੰਜ ਵਿਹਾਰ, ਪੰਜਾਂ ਪੰਜਾਂ ਜੋੜ ਜੁੜਾਈਆ । ਢਾਈ ਗਜ਼ ਦੁਪੱਟਾ ਹੋਇਆ ਖ਼ਬਰਦਾਰ, ਕਿਸ਼ਨ ਸਿੰਘ ਰਿਹਾ ਸਮਝਾਈਆ । ਜਿਨ੍ਹਾਂ ਦਾ ਵਿਚੋਲਾ ਬਣਿਆ ਆਪ ਨਿਰੰਕਾਰ, ਪੁਰ ਗੁਰਦਾਸ ਦਿਤੀ ਵਡਿਆਈਆ । ਸੋ ਜਲੰਧਰ ਅੰਦਰ ਆ ਕੇ ਜਾਏ ਤਾਰ, ਗੁਰਮੁਖਾਂ ਹਰਿ ਮੰਦਰ ਇਕ ਸੁਹਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੀਸ ਸਭ ਦੇ ਰਿਹਾ ਗੁੰਦਾਈਆ । ਸੀਸ ਗੁੰਦੇ ਹਰਿ ਜੂ ਮੀਂਢੀ, ਸੇਵਾ ਨਿਰਗੁਣ ਆਪ ਕਮਾਇੰਦਾ । ਪ੍ਰੇਮ ਪ੍ਰੀਤੀ ਲਾਏ ਮਹਿੰਦੀ, ਖ਼ੂਨੀ ਧਾਰ ਧਾਰ ਵਹਾਇੰਦਾ । ਜੋਤ ਅਕਾਲਣ ਨਿਉਂ ਨਿਉਂ ਸਭ ਨੂੰ ਕਹਿੰਦੀ, ਪੁਰਖ ਅਕਾਲ ਆਪਣਾ ਮੇਲ ਮਿਲਾਇੰਦਾ । ਭਗਤੋ ਔਹ ਵੇਖੋ ਤੁਹਾਡੇ ਕੋਲ ਲਛਮੀ ਪੀਹੜਾ ਡਾਹ ਡਾਹ ਬਹਿੰਦੀ, ਨੇਤਰ ਨੈਣਾਂ ਰਾਹ ਤਕਾਇੰਦੀ । ਚਾਰੇ ਕੁੰਟਾਂ ਵੇਖੇ ਉਤਰ ਪੂਰਬ ਪੱਛਮ ਦੱਖਣ ਲਹਿੰਦੀ, ਲਹਿਣਾ ਹਰਿ ਜੂ ਕੀ ਕੀ ਚੁਕਾਇੰਦਾ । ਡਰਦੀ ਮਾਰੀ ਭਾਣਾ ਸਹਿੰਦੀ, ਅੱਗੋਂ ਬੋਲ ਨਾ ਕੋਇ ਅਲਾਇੰਦਾ । ਜੇ ਵੇਖਾਂ ਪਾਰਬ੍ਰਹਮ ਗੁਰਮੁਖਾਂ ਦੇ ਕਦੇ ਸਰਹਾਣੇ ਕਦੇ ਪੈਂਦੀ, ਕਦੇ ਛਾਤੀ ਉਪਰ ਆਸਣ ਲਾਇੰਦਾ । ਹੋ ਨਿਮਾਣੀ ਚਰਨੀ ਢਹਿੰਦੀ, ਤੇਰਾ ਅੰਤ ਕੋਇ ਨਾ ਆਇੰਦਾ । ਮੈਂ ਸੌਂਕਣ ਬਣ ਕੇ ਕਿਸੇ ਨਾਲ ਨਹੀਂ ਖਹਿੰਦੀ, ਜੋ ਤੇਰਾ ਸੋ ਤੇਰੀ ਨਜ਼ਰੀ ਆਇੰਦਾ । ਚਰਨ ਦੁਆਰੇ ਤੇਰੇ ਰਹਿੰਦੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਾਰ ਆਪ ਕਮਾਇੰਦਾ । ਦਸਤਾਰ ਕਹੇ ਮੈਂ ਆਈ ਦਸਤ, ਮਿਲਿਆ ਦਸਤਗੀਰ ਸੱਚਾ ਮਾਹੀਆ । ਜੋ ਵਡਿਆਈ ਦੇਵੇਂ ਕੀਟ ਹਸਤ, ਊਚਾਂ ਨੀਚਾਂ ਆਪਣੇ ਦਰ ਮੰਗਾਈਆ । ਮੇਰੇ ਧੰਨ ਭਾਗ ਮੈਂ ਗੁਰਸਿਖਾਂ ਸਿਰ ਤੇ ਚੜ੍ਹ ਕੇ ਹੋ ਜਾਵਾਂ ਮਸਤ, ਮਸਤੀ ਵਿਚ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਕਹੇ ਦਸਤਾਰ ਪ੍ਰਭ ਰੰਗ ਰੰਗਾਇਆ, ਬਣ ਨਿਰਗੁਣ ਅਜਬ ਲਲਾਰੀ । ਮੇਰਾ ਸਾਲੂ ਸੋਹਣਾ ਆਣ ਸੁਹਾਇਆ, ਫੜ ਖੋਲ੍ਹੀ ਆਪ ਪਟਾਰੀ । ਮੇਰੀ ਕੰਨੀ ਆਪਣੇ ਨਾਲ ਛੁਹਾਇਆ, ਮੇਰੀ ਆਸਾ ਰਹੀ ਨਾ ਕੁਆਰੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੀ ਖੇਲ ਇਕ ਨਿਆਰੀ । ਨਿਆਰੀ
੩੦੩
ਖੇਲ ਹਰਿ ਨਿਰੰਕਾਰ, ਨਿਰਗੁਣ ਦਾਤਾ ਆਪ ਕਰਾਈਆ । ਇਛਿਆ ਵਿਚ ਭਰ ਪਿਆਰ, ਭਿਛਿਆ ਪੰਜ ਦਸਤਾਰ ਪ੍ਰਭ ਦੀ ਝੋਲੀ ਪਾਈਆ ।
੧੪
ਇਕ ਲਾੜਾ ਤੇ ਚਾਰ ਯਾਰ, ਚੌਥੇ ਯੁਗ ਵੱਜੇ ਵਧਾਈਆ । ਚਾਰੇ ਕਾਨੀ ਹੋਏ ਖੁਆਰ, ਪ੍ਰਭ ਜੀਂਵਦਿਆਂ ਜੀਂਵਦਿਆਂ ਆਪਣੀ ਕਾਰ ਕਮਾਈਆ । ਸ਼ਬਦ ਵਿਚ ਦਿਤਾ ਮਾਰ, ਸ਼ਬਦ ਵਿਚ ਜੀਵਣ ਵੇਖ ਵਖਾਈਆ । ਅਨੰਦ ਕਾਰਜ ਅਪਰ ਅਪਾਰ, ਹਰਿ ਕਰਤਾ ਆਪ ਕਰਾਈਆ । ਜਗਤ ਨਾਰੀ ਸੁਣ ਪੁਕਾਰ, ਭਗਤ ਦੇਵੇ ਵਡਿਆਈਆ । ਬਣ ਵਿਚੋਲਾ ਸਿਰਜਣਹਾਰ, ਸਾਚੀ ਕਾਰ ਕਮਾਈਆ । ਗੁਰਮੀਤ ਸਿੰਘ ਤੇਰਾ ਘਰ ਅਪਾਰ, ਜਿਸ ਘਰ ਵੱਜੇ ਵਧਾਈਆ । ਤੂੰ ਰਸਨਾ ਕਿਹਾ ਦਿਲਜੀਤ ਮੇਰਾ ਭੈਣ ਭਾਈ ਪਿਆਰ, ਭੈਣ ਭਾਈ ਘਰ ਹੋਏ ਕੁੜਮਾਈਆ । ਸ਼ਾਦੀ ਕਰੇ ਆਪ ਕਰਤਾਰ, ਪਹਿਲਾ ਲੇਖਾ ਲੇਖਾ ਮੁਕਾਈਆ । ਏਹੋ ਸਾਹਿਬ ਦਾ ਸੱਚਾ ਵਿਹਾਰ, ਸਭ ਨੂੰ ਰਿਹਾ ਸਮਝਾਈਆ । ਜੋ ਜਨ ਆਏ ਚਰਨ ਦੁਆਰ, ਇਕੋ ਜਿਹਾ ਵਿਆਹ ਕਰਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਦਾ ਸਿਰਜਣਹਾਰ, ਘਰ ਸਾਚੇ ਲੈ ਕੇ ਜਾਵੇ ਚਾਈਂ ਚਾਈਆ ।

ਪ੍ਰਭੂ ਘਰ ਸਾਚੇ ਕਿਸ ਤਰ੍ਹਾਂ ਲੈ ਕੇ ਜਾਵੇਂਗਾ । ਅਸੀਂ ਦੂਰ ਦੁਰਾਡੇ ਵਿਛੜੇ, ਫੜ ਬਾਹੋਂ ਕਿਵੇਂ ਮਿਲਾਵੇਂਗਾ । ਅਸੀਂ ਪਿੰਡਾਂ ਗਰਾਵਾਂ ਘਰਾਂ ਵਿਚ ਨਿਖੜੇ, ਫੜ ਇਕੱਠੇ ਕਿਵੇਂ ਕਰਾਵੇਂਗਾ । ਅਸੀਂ ਅੱਡੋ ਅੱਡੀ ਲਾਏ ਬਿਸਤਰੇ, ਇਕ ਗੋਦ ਕਿਵੇਂ ਬਹਾਵੇਂਗਾ । ਅਸੀਂ ਬੋਲੀਏ ਬੋਲ ਫਿਕੇ ਫਿਕੜੇ, ਗੁੱਸੇ ਹੋਇਆਂ ਨੂੰ ਕਿਵੇਂ ਮਨਾਵੇਂਗਾ । ਅਸੀਂ ਮੋਤੀ ਤੇਰੀ ਡੋਰੀ ਵਿਚੋਂ ਨਿਖੜੇ, ਫੜ ਆਪਣਾ ਹਾਰ ਕਿਵੇਂ ਪਰੋਵੇਂਗਾ । ਅਸੀਂ ਅਵਗੁਣ

ਦੱਸੀਏ ਕਿਤਨੇ, ਬਖ਼ਸ਼ਣਹਾਰ ਕਿਵੇਂ ਬਖ਼ਸ਼ਾਵੇਂਗਾ । ਸ੍ਰੀ ਭਗਵਾਨ ਕਹੇ ਗੁਰਮੁਖ ਸਾਰੇ ਮੈਨੂੰ ਇਕੋ ਜਿਹੇ ਦਿਸਣੇ, ਨਿੱਕੇ ਵੱਡੇ ਵੱਡੇ ਨਿੱਕੇ ਇਕੋ ਰੰਗ ਦਸਾਵੇਂਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਘਰ ਮੰਦਰ ਬਹਿ ਬਹਿ ਸਾਰੇ ਸ਼ੁਕਰ ਮਨਾਵੇਂਗੇ । ਦਸਤਾਰ ਕਹੇ ਪ੍ਰਭ ਗੁਰਮੁਖਾਂ ਸਿਰ ਤੇ ਬੰਨ੍ਹ, ਸਾਨੂੰ ਮਿਲੀ ਵਡਿਆਈਆ । ਔਹ ਵੇਖ ਵੇਖਣ ਆਏ ਸੂਰਜ ਚੰਨ, ਤੇਰੇ ਚੰਨ ਕਰਨ ਰੁਸ਼ਨਾਈਆ । ਦੇਵਤ ਸੁਰ ਕਹਿਣ ਧੰਨ ਧੰਨ, ਧੰਨ ਤੇਰੀ ਵਡਿਆਈਆ । ਜਿਸ ਪਿਛਲੀ ਕੀਤੀ ਸਭ ਦੀ ਦਿਤੀ ਭੰਨ, ਰਾਹ ਆਪਣਾ ਇਕ ਵਖਾਈਆ । ਆਦਿ ਸ਼ਕਤ ਕਹੇ ਮੈਂ ਸੁਣ ਕੇ ਆਈ ਬਿਨ ਕੰਨ, ਹਰਿ ਜੂ ਆਪਣੀ ਖ਼ੁਸ਼ੀ ਮਨਾਈਆ । ਪੰਜਾਂ ਨਾਲ ਲੜ ਆਪਣਾ ਬੰਨ੍ਹ, ਜਗਤ ਸਮਾਜ ਰਿਹਾ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਆਪ ਕਮਾਈਆ । ਬ੍ਰਹਿਮਣ ਜੀ ਕੀ ਰਹੇ ਸੋਚ, ਹਰਿ ਸਾਚਾ ਪੁੱਛ ਪੁਛਾਇੰਦਾ । ਹੁਣ ਨਹੀਂ ਅੱਗੇ ਵਰਗੀ ਮੌਜ, ਮੌਜੂਦਾ ਆਪਣੀ ਕਾਰ ਕਮਾਇੰਦਾ । ਲੁੱਟਣ ਵਾਲੀ ਨਹੀਂ ਰਹੀ ਫੌਜ਼, ਫੌਜਦਾਰ ਇਕੋ ਫੇਰਾ ਪਾਇੰਦਾ । ਆਪਣਾ ਦਾਅ ਕੋਈ ਹੋਰ ਲਓ ਖੋਜ, ਹਰਿ ਖੋਜੀ ਆਪ ਸਮਝਾਇੰਦਾ । ਤੁਹਾਡਾ ਬੰਦ ਨਾ ਕਰੇ ਰੋਜ਼ੀ ਰੋਜ਼, ਰਾਜ਼ਕ ਰਹੀਮ ਦਇਆ ਕਮਾਇੰਦਾ । ਆਪਣਾ ਭਾਂਡਾ ਅੰਦਰੋਂ ਲਓ ਪੋਚ, ਨਾਮ ਵਸਤ ਵਿਚ ਟਿਕਾਇੰਦਾ । ਫੇਰ ਸੰਭਲੋ ਆਪਣੀ ਹੋਸ਼, ਹਰਿ ਸਤਿਗੁਰ ਆਪ ਸਮਝਾਇੰਦਾ । ਪ੍ਰਭ ਚਰਨ ਧਿਆਨ ਲਗਾਓ ਹੋ ਖ਼ਾਮੋਸ਼, ਅੰਤਰ ਮੰਤਰ ਆਪ ਦ੍ਰਿੜਾਇੰਦਾ । ਕਿਸੇ ਉਤੇ ਨਾ ਲਾਓ ਦੋਸ਼, ਨਿਰਦੋਸ਼ ਭਗਤ ਸਰਬ ਵਖਾਇੰਦਾ । ਪ੍ਰਭ ਸਭ ਦੀ ਆਸਾ ਪੂਰੀ ਕਰੇ ਲੋਚ, ਭੁੱਖਾ ਕੋਇ ਰਹਿਣ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣੀ ਕਾਰ ਕਮਾਇੰਦਾ । ਪੰਜੇ ਪੰਡਤ ਨੂੰ ਦੇਣਗੇ ਸਰੋਪਾ, ਪਗੜੀ ਇਕ ਬੰਧਾਈਆ । ਨਾਲੇ ਕਹਿਣਗੇ ਸਾਡਾ ਬਣੀ ਗਵਾਹ, ਸ਼ਹਾਦਤ ਇਕੋ ਇਕ ਰਖਾਈਆ । ਨਾਲੇ ਡਰਨ ਬ੍ਰਹਿਮਣ ਦਾ ਨਹੀਂ ਵਸਾਹ, ਜੋ ਰਵਦਾਸ ਨਾਲ ਦਗ਼ਾ ਗਿਆ ਕਮਾਈਆ । ਰਵਦਾਸ ਕਹੇ ਹੁਣ ਮਿਲਿਆ ਸੱਚਾ ਸ਼ਾਹ, ਬ੍ਰਹਿਮਣ ਦੀ ਪਿਛਲੀ ਮਤ ਭੁਆਈਆ । ਕਰ ਕਿਰਪਾ ਮੇਰੀ ਹੱਥੀਂ ਲੇਖਾ ਦਿਤਾ ਲਿਖਾ, ਵੇਖੋ ਚਲੇ ਕਲਮ ਸ਼ਾਹੀਆ । ਅੱਗੇ ਪ੍ਰਭੂ ਮੁੱਕਰ ਕਦੇ ਨਾ ਜਾ, ਤੇਰਾ ਲਿਖਿਆ ਲੇਖ ਨਾ ਕੋਇ ਮਿਟਾਈਆ । ਏਸੇ ਕਰ ਕੇ ਤਾਰਾ ਸਿੰਘ ਆਪਣਾ ਮੂੰਹ ਸਭ ਨੂੰ ਦੇ ਵਖਾ, ਮੱਥੇ ਰਹੀ ਕੋਈ ਨਾ ਸ਼ਾਹੀਆ । ਹਰਿ ਸੰਗਤ ਵਿਚ ਦਿਤਾ ਵਡਿਆ, ਵਡ ਵੱਡਾ ਹੋ ਸਹਾਈਆ । ਕਿਉਂ ਤੂੰ ਮੈਨੂੰ ਲਾਇਆ ਸੀ ਦਾਅ, ਏਸੇ ਕਰ ਕੇ ਤੇਰੀ ਕਰੀ ਸਫ਼ਾਈਆ । ਤੇਰੀ ਚੋਰੀ ਸਾਹਿਬ ਨੂੰ ਗਈ ਭਾ, ਕੰਗਾਲਾਂ ਘਰ ਲੁੱਟਣ ਕਦੀ ਨਾ ਜਾਈਆ । ਜੇ ਲੁੱਟੀਏ ਤੇ ਵੱਡਾ ਸ਼ਾਹ, ਸ਼ਾਹਾਂ ਦਾ ਸ਼ਾਹ ਪਾਤਸ਼ਾਹ ਜਿਸ ਘਰ ਤੋਟ ਆਏ ਨਾ ਰਾਈਆ । ਜਿਸ ਦੇ ਫਿਰ ਚਰਨੀ ਡਿਗੀਏ ਜਾ, ਰਹਿਮਤ ਦਏ ਕਮਾਈਆ । ਕੋਟਨ ਕੋਟ ਬਖ਼ਸ਼ ਗੁਨਾਹ, ਆਪਣੇ ਗਲ ਲਗਾਈਆ । ਸੋ ਸਾਹਿਬ ਲਈਏ ਮਨਾ, ਪਾਰਬ੍ਰਹਮ ਇਕ ਸ਼ਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਰਬ ਵਡਿਆਈਆ । ਬ੍ਰਹਿਮਣ ਕਹੇ ਮੈਂ ਕਿਹੜਾ ਗਿਆ ਮੰਗਣ, ਕੀ ਭਿਛਿਆ ਮੈਨੂੰ ਪਾਈਆ । ਆਪਣੀ ਲੋੜ ਪਿਛੇ ਦਿਤਾ ਕੰਗਣ, ਮੇਰੀ ਆਸ ਰਖਾਈਆ । ਤੂੰ ਕਿਵੇਂ ਕਹੇਂ ਮਾੜਾ ਚੰਗਣ, ਕੀ ਕੁਛ ਮੈਨੂੰ ਦਿਤਾ ਸਮਝਾਈਆ । ਜੇ ਰਵਦਾਸ ਗੌਂਦਾ ਤੇਰਾ ਛੰਦਨ, ਮੈਨੂੰ ਯਾਦ ਤੇਰੀ ਕਦੀ ਨਾ ਆਈਆ । ਮੈਂ ਕਿਉਂ ਜਾਂਦਾ ਦੂਜੇ ਘਰ ਛੱਡਣ, ਤੇਰੀ ਵਸਤ ਮੈਨੂੰ ਚੰਗੀ ਭਾਈਆ । ਜੇ ਤੂੰ ਮੈਨੂੰ ਆਇਉਂ ਘਰੋਂ ਕੱਢਣ, ਮੈਂ

ਤੇਰੇ ਪਿਛੇ ਭੱਜਾਂ ਵਾਹੋ ਦਾਹੀਆ । ਜਰਨੈਲ ਜੱਟ ਭੰਨਣ ਲੱਗਾ ਮੇਰੇ ਹੱਡਣ, ਹੱਥ ਕੋਰੜਾ ਇਕ ਉਠਾਈਆ । ਮੈਂ ਕੂਕ ਕੂਕ ਲੱਗਾ ਦੱਸਣ, ਪੜੋ ਰਵਦਾਸ ਜਾ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚੇ ਘਰ, ਮੇਰੇ ਉਤੇ ਇਹਸਾਨ ਨਾ ਕੋਇ ਚੜ੍ਹਾਈਆ । ਬ੍ਰਹਿਮਣ ਅੱਗੋਂ ਗਿਆ ਆਕੜ, ਆਖ ਆਖ ਸੁਣਾਇੰਦਾ । ਜੇ ਤੂੰ ਰਵਦਾਸ ਆਪਣੇ ਉਤੇ ਕੀਤਾ ਸ਼ਾਕਰ, ਮੈਨੂੰ ਕਿਉਂ ਨਹੀਂ ਸਮਝਾਇੰਦਾ । ਤੂੰ ਕੰਗਣ ਦਿਤਾ ਉਹਦੀ ਖ਼ਾਤਰ, ਮੈਂ ਖ਼ਾਲੀ ਹੱਥ ਫਿਰਾਇੰਦਾ । ਉਹ ਚੁਮਿਆਰ ਕਿਹੜਾ ਚਾਤਰ, ਮੈਂ ਬ੍ਰਹਿਮਣ ਸਵੇਰੇ ਉਠ ਗੰਗਾ ਨਹਾ ਆਪਣੀ ਕਾਇਆ ਮਾਟੀ ਪੋਚ ਪੁਚਾਇੰਦਾ । ਉਹ ਗੰਢੇ ਪਾਣਾ ਛਾਤਰ, ਮੈਂ ਮਾਲਾ ਮਣਕਾ ਮਣਕਾ ਭੁਆਇੰਦਾ । ਮੈਨੂੰ ਕੁਝ ਨਹੀਂ ਹੋਇਆ ਹਾਸਲ, ਏਸੇ ਕਰ ਕੇ ਚੋਰੀ ਆਪਣੇ ਵਿਚ ਛੁਪਾਇੰਦਾ । ਜੇ ਤੂੰ ਸਾਹਿਬ ਬੜਾ ਫ਼ਾਜ਼ਲ, ਕਿਉਂ ਨਹੀਂ ਰਹਿਮਤ ਨਜ਼ਰ ਉਠਾਇੰਦਾ । ਜੇ ਤੂੰ ਅਖਵਾਏਂ ਸੱਚਾ ਆਦਲ, ਕਿਉਂ ਨਹੀਂ ਅਦਲ ਇਕੋ ਜਿਹਾ ਵਖਾਇੰਦਾ । ਮੈਂ ਵੀ ਕਰਾਂ ਤੇਰੀ ਇਬਾਦਤ, ਰਵਦਾਸ ਤੇਰਾ ਨਾਮ ਧਿਆਇੰਦਾ । ਉਹਦੀ ਚੰਮ ਗੰਢਣ ਦੀ ਆਦਤ, ਮੈਂ ਠੱਗ ਠੱਗ ਲੋਕਾਂ ਖਾਇੰਦਾ । ਇਹ ਵੀ ਮੇਰੀ ਸਦਾਕਤ, ਫਿਰ ਵੀ ਤੇਰਾ ਸ਼ੁਕਰ ਮਨਾਇੰਦਾ । ਕੀ ਹੋਇਆ ਜੇ ਕੰਗਣ ਨਾਲ ਮੈਂ ਆਪਣੀ ਪੂਰੀ ਕਰਨ ਲੱਗਾ ਹਾਜਤ, ਤੂੰ ਵੇਖ ਕੇ ਦੁੱਖ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਦੇਣਾ ਸਾਚਾ ਵਰ, ਬ੍ਰਹਿਮਣ ਆਪਣੇ ਘਰ ਆਪਣੀ ਮੰਗ ਮੰਗਾਇੰਦਾ । ਅਨੰਦ ਕਾਰਜ ਦਾ ਸਚ ਅਰਦਾਸਾ, ਆਰਜ਼ੂ ਸਭ ਦੀ ਪੂਰ ਕਰਾਈਆ । ਸਤਿਗੁਰ ਚਰਨ ਕਵਲ ਇਕ ਭਰਵਾਸਾ, ਧੁਰ ਦੀ ਧੀਰ ਰਖਾਈਆ । ਤੋਲਾ ਬਣਿਆ ਸ਼ਾਹੋ ਸ਼ਾਬਾਸ਼ਾ, ਸ਼ਹਿਨਸ਼ਾਹ ਆਪਣੀ ਸੇਵ ਕਮਾਈਆ । ਨਾ ਰੱਤੀ ਨਾ ਤੋਲਾ ਮਾਸਾ, ਵੰਡ ਇਕੋ ਜਿਹੀ ਰਖਾਈਆ । ਜਨ ਭਗਤਾਂ ਦੇਵੇ ਸ਼ਬਦ ਦਿਲਾਸਾ, ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਦਾ ਸਾਂਝਾ ਸਭਨੀ ਥਾਈਂ ਹੋਏ ਸਹਾਈਆ ।



ਉਹ ਥਾਂ ਦੱਸ ਕੌਣ, ਕਵਣ ਵੇਖ ਵਖਾਈਆ । ਜ਼ਿਮੀ ਅਸਮਾਨ ਨਾ ਪਾਣੀ ਪੌਣ, ਅਗਨੀ ਤੱਤ ਨਾ ਕੋਇ ਵਖਾਈਆ । ਰਾਗ ਨਾਦ ਢੋਲਾ ਸੋਹਲਾ ਨਾ ਕੋਇ ਗੌਣ, ਤਾਰ ਸਤਾਰ ਨਾ ਕੋਇ ਵਜਾਈਆ । ਨਾ ਰਾਮ ਨਾ ਕੋਇ ਰੌਣ, ਕ੍ਰਿਸ਼ਨ ਕਾਹਨ ਨਾ ਨਾਚ ਨਚਾਈਆ । ਜੋਤੀ ਜੋਤ ਸਰੂਪ ਹਰਿ, ਆਪਣੀ ਕਿਰਪਾ ਕਰ, ਇਕ ਵਖਾਲ ਸੱਚਾ ਘਰ, ਜਿਸ ਘਰ ਵਸੇਂ ਸੱਚੇ ਮਾਹੀਆ । ਉਹ ਘਰ ਅਵੱਲਾ, ਸ੍ਰੀ ਭਗਵਾਨ ਸਚ ਜਣਾਇੰਦਾ । ਨਿਰਗੁਣ ਵਸੇ ਇਕ ਇਕੱਲਾ, ਦੂਜਾ ਨਜ਼ਰ ਕਿਸੇ ਨਾ ਆਇੰਦਾ । ਜੋਤੀ ਜੋਤ ਆਪੇ ਰਲਾ, ਨੂਰ ਨੂਰ ਨੂਰ ਸਮਾਇੰਦਾ । ਸਚ ਸਿੰਘਾਸਣ ਇਕੋ ਮੱਲਾ, ਸ਼ਾਹ ਪਾਤਸ਼ਾਹ ਸੋਭਾ ਪਾਇੰਦਾ । ਸਚਖੰਡ ਦੁਆਰਾ ਉਚ ਅਟੱਲਾ, ਰੰਗ ਮਹੱਲ ਇਕ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਫੜਾਏ ਆਪਣਾ ਪੱਲਾ, ਤਿਸ ਆਪਣਾ ਘਰ ਵਖਾਇੰਦਾ । ਸਚ ਦੁਆਰ ਸ੍ਰੀ ਭਗਵਾਨ ਸੁਹੌਂਦਾ, ਗ੍ਰਿਹਿ ਸਾਚੇ ਵੱਜੇ ਵਧਾਈਆ । ਵਿਸ਼ਨ ਬ੍ਰਹਮ ਸ਼ਿਵ ਵੇਖਣ ਔਂਦਾ, ਦੂਰ ਦੁਰਾਡਾ ਪੰਧ ਮੁਕਾਈਆ । ਗੁਰ ਅਵਤਾਰ ਖ਼ੁਸ਼ੀ ਮਨੌਂਦਾ, ਘਰ ਸਾਚੇ ਵੱਜੇ ਵਧਾਈਆ । ਪੀਰ ਪੈਗੰਬਰ ਨੈਣਾਂ ਰਾਹ ਤਕੌਂਦਾ, ਪਰਵਰਦਿਗਾਰ ਤੇਰੀ ਵਡਿਆਈਆ । ਕਰੋੜ ਤੇਤੀਸਾ ਸੇਵ ਕਮੌਂਦਾ, ਚਾਕਰ ਖ਼ਾਕ ਅਖਵਾਈਆ ।

ਮੁਨ ਜਨ ਸੁਰ ਫੁੱਲ ਬਰਸੌਂਦਾ, ਬਰਖਾ ਇਕੋ ਇਕ ਲਗਾਈਆ । ਭਗਤ ਭਗਵਾਨ ਆਪ ਮਨੌਂਦਾ, ਜੁਗ ਵਿਛੜੇ ਮੇਲ ਮਿਲਾਈਆ । ਆਤਮ ਪਰਮਾਤਮ ਢੋਲਾ ਸਾਚਾ ਗੌਂਦਾ, ਸੋਹੰ ਸ਼ਬਦ ਨਾਮ ਸੁਣਾਈਆ । ਕਰੇ ਖੇਲ ਜੋ ਸਾਹਿਬ ਸਤਿਗੁਰ ਸਮਝੌਂਦਾ, ਦੂਜਾ ਰਾਹ ਨਾ ਕੋਇ ਜਣਾਈਆ । ਜੁਗ ਚੌਕੜੀ ਕਰਨੀ ਢੌਂਦਾ, ਢਾਹ ਢਾਹ ਨਵੀਂ ਫੇਰ ਪਰਗਟਾਈਆ । ਆਲਸ ਨਿੰਦਰਾ ਵਿਚ ਕਦੇ ਨਾ ਔਂਦਾ, ਗ਼ਫ਼ਲਤ ਕੋਇ ਰੱਖੇ ਨਾ ਰਾਈਆ । ਨਿਰਗੁਣ ਆਪਣੀ ਬਣਤ ਬਣੌਂਦਾ, ਸਰਗੁਣ ਰਿਹਾ ਸਮਝਾਈਆ । ਸਤਿਜੁਗ ਵੇਲਾ ਜਾਂਦਾ ਔਂਦਾ, ਕਲਜੁਗ ਬੈਠੇ ਮੁਖ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸੋ ਪੁਰਖ ਨਿਰੰਜਣ ਸਚ ਦਰਵਾਜ਼ਾ, ਸ੍ਰੀ ਭਗਵਾਨ ਇਕ ਖੁਲ੍ਹਾਈਆ । ਆਦਿ ਜੁਗਾਦਿ ਜਿਸ ਸਾਜਨ ਸਾਜਾ, ਮਧ ਆਪਣੀ ਕਾਰ ਕਮਾਈਆ । ਭੂਪਤ ਭੂਪ ਵਡ ਰਾਜਨ ਰਾਜਾ, ਸ਼ਹਿਨਸ਼ਾਹ ਸ਼ਾਹ ਪਾਤਸ਼ਾਹ ਅਖਵਾਈਆ । ਨਿਰਗੁਣ ਸਰਗੁਣ ਰਚ ਰਚ ਕਾਜਾ, ਕਰਤਾ ਪੁਰਖ ਖੇਲ ਖਲਾਈਆ । ਸ਼ਬਦ ਅਗੰਮੀ ਵੱਜੇ ਵਾਜਾ, ਤੰਦੀ ਤੰਦ ਨਾ ਕੋਇ ਹਿਲਾਈਆ । ਗੀਤ ਗੌਣ ਸੰਤ ਸਾਧਾ, ਉਚੀ ਕੂਕ ਕੂਕ ਸੁਣਾਈਆ । ਵੇਖਣ ਖੇਲ ਪੁਰਖ ਅਬਿਨਾਸ਼ੀ ਮਾਧਵ ਮਾਧਾ, ਮੋਹਣੀ ਰੂਪ ਅਨੂਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਰਿਹਾ ਵਖਾਈਆ । ਸਾਚਾ ਖੇਲ ਸਚ ਦਰਗਹਿ, ਧੁਰਦਰਗਾਹੀ ਆਪ ਕਰਾਇੰਦਾ । ਪਰਵਰਦਿਗਾਰ ਬੇਪਰਵਾਹ, ਬੇਨਕਾਬ ਮੁਖ ਪਰਦਾ ਨਾ ਕੋਇ ਰਖਾਇੰਦਾ । ਪੀਰ ਪੈਗ਼ੰਬਰ ਦੇ ਸਲਾਹ, ਸਿਫ਼ਤੀ ਸਿਫ਼ਤ ਨਾਮ ਵਡਿਆਇੰਦਾ । ਜਲਵਾ ਨੂਰ ਕਰ ਰੁਸ਼ਨਾ, ਜ਼ਾਹਰ ਜ਼ਹੂਰ ਆਪ ਪਰਗਟਾਇੰਦਾ । ਵੇਖਣਹਾਰਾ ਦੋ ਜਹਾਨ, ਚੌਦਾਂ ਤਬਕ ਪਰਦਾ ਲਾਹਿੰਦਾ । ਰਹਿਬਰ ਬਣ ਆਪ ਖ਼ੁਦਾ, ਸਾਬਕ ਸਬਕ ਇਕ ਸਮਝਾਇੰਦਾ । ਆਲਮ ਉਲਮਾ ਰਿਹਾ ਜਣਾ, ਕਲਮਾ ਨਬੀ ਰਸੂਲ ਅਲਾਇੰਦਾ । ਆਫ਼ਤਾਬ ਰਿਹਾ ਚਮਕਾ, ਅਹਿਬਾਬ ਰਬਾਬ ਸਤਾਰ ਵਜਾਇੰਦਾ । ਸਾਚੀ ਰਚਨਾ ਰਿਹਾ ਰਚਾ, ਨਿਰਗੁਣ ਰਚ ਰਚ ਵੇਖ ਵਖਾਇੰਦਾ । ਈਸਾ ਮੂਸਾ ਮੁਹੰਮਦ ਵੇਖਣ ਦਾ ਚੜ੍ਹਿਆ ਚਾ, ਨੇਤਰ ਨੈਣ ਸਰਬ ਉਠਾਇੰਦਾ । ਮਲੰਗ ਬਣ ਕੇ ਸਾਰੇ ਰਿਹਾ ਨਚਾ, ਨਟੂਆ ਆਪਣਾ ਸਾਂਗ ਵਰਤਾਇੰਦਾ । ਮੁਰੀਦ ਮੁਰਸ਼ਦ ਵੇਖੇ ਹੁੰਦਾ ਨਕਾਹ, ਦਰ ਘਰ ਸਾਚੇ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪਣੀ ਕਿਰਪਾ ਕਰ, ਆਪਣੀ ਧਾਰ ਚਲਾਇੰਦਾ । ਸਚ ਦਰਬਾਰਾ ਇਕੋ ਖੋਲ੍ਹ, ਖ਼ਾਲਕ ਖ਼ਲਕ ਰਿਹਾ ਜਣਾਈਆ । ਨਾਮ ਅਗੰਮਾ ਵੱਜੇ ਢੋਲ, ਸ਼ਬਦ ਸ਼ਬਦ ਸ਼ਨਵਾਈਆ । ਤੋਲਣਹਾਰਾ ਸਾਚਾ ਤੋਲ, ਤਰਾਜ਼ੂ ਕੰਡਾ ਇਕੋ ਇਕ ਵਖਾਈਆ । ਲਾਹਵਣਹਾਰਾ ਪਰਦਾ ਉਹਲਾ, ਨਿਰਗੁਣ ਨੂਰ ਜੋਤ ਕਰੇ ਰੁਸ਼ਨਾਈਆ । ਵਸਣਹਾਰਾ ਸਦਾ ਕੋਲ, ਆਪਣਾ ਭੇਵ ਰਿਹਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਕਰਤਾ ਆਪ ਕਮਾਈਆ । ਕਰਨੀ ਕਰਤਾ ਕਰ ਕਰ ਆਪ, ਆਪਣਾ ਖੇਲ ਰਚਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਬੈਠੇ ਸਾਥ, ਸਗਲਾ ਸੰਗ ਜਣਾਇੰਦਾ । ਰਲ ਮਿਲ ਢੋਲਾ ਗਾਇਣ ਗਾਥ, ਅੱਖਰ ਵੱਖਰ ਆਪ ਪੜ੍ਹਾਇੰਦਾ । ਨਿਮਸਕਾਰ ਕਰਨ ਦੋਏ ਜੋੜ ਹਾਥ, ਨਿਰਗੁਣ ਸਰਗੁਣ ਧਾਰ ਵਖਾਇੰਦਾ । ਰਲ ਮਿਲ ਬਣੇ ਇਕ ਜਮਾਤ, ਅੱਖਰ ਵੱਖਰ ਇਕ ਪੜ੍ਹਾਇੰਦਾ । ਸਾਚਾ ਨਾਤਾ ਪੁਰਖ ਬਿਧਾਤਾ ਜੋੜੇ ਚਰਨ ਕਵਲ ਬਣ ਸੱਜਣ ਸਾਕ, ਸੈਣ ਇਕੋ ਨਜ਼ਰੀ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਚੁਕਾਇੰਦਾ । ਸਚ ਦਰਬਾਰੇ ਖੋਲ੍ਹੇ ਭੇਦ, ਅਭੇਵ ਦਏ ਵਡਿਆਈਆ । ਜਿਸ ਦੀ ਮਹਿਮਾ ਕਰਦੇ ਚਾਰ ਵੇਦ, ਪੁਰਾਨ ਅਠਾਰਾਂ ਸਿਫ਼ਤ

ਸਾਲਾਹੀਆ । ਜਿਸ ਦਾ ਅੰਤ ਨਾ ਪਾਇਆ ਸ਼ਾਸਤਰ ਸਿਮਰਤ ਕਤੇਬ, ਕਥਨੀ ਕਥ ਨਾ ਸਕੇ ਰਾਈਆ । ਸੋ ਸਾਹਿਬ ਆਦਿ ਜੁਗਾਦਿ ਅਛਲ ਅਛੇਦ, ਵਲ ਛਲ ਧਾਰੀ ਆਪਣਾ ਭੇਵ ਜਣਾਈਆ । ਜੁਗ ਚੌਕੜੀ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਗੁਰ ਅਵਤਾਰ ਪੀਰ ਪੈਗ਼ੰਬਰ ਭੇਜ, ਲੋਕਮਾਤ ਵੇਖ ਵਖਾਈਆ । ਨਿਰਗੁਣ ਹੋ ਕੇ ਆਪ ਮਾਣਦਾ ਰਿਹਾ ਅੰਦਰ ਸੇਜ, ਸੁਹੰਜਣੀ ਰੁੱਤ ਆਪ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜ਼ਾਹਰਾ ਰੂਪ ਨਾ ਕਿਸੇ ਦਸਾਈਆ । ਸਚ ਦਰਬਾਰ ਆਪੇ ਚੜ੍ਹ, ਆਪਣਾ ਹਾਲ ਸੁਣਾਈਆ । ਨਿਰਗੁਣ ਨਿਰਵੈਰ ਨਿਰੰਕਾਰ ਇਕੋ ਖੜ੍ਹ, ਖਟਕਾ ਸਭ ਦਾ ਦਏ ਮੁਕਾਈਆ । ਦੋ ਜਹਾਨ ਢੋਲਾ ਲਓ ਪੜ੍ਹ, ਪਾਰਬ੍ਰਹਮ ਪ੍ਰਭ ਰਿਹਾ ਪੜ੍ਹਾਈਆ । ਲੱਖ ਚੁਰਾਸੀ ਇਕੋ ਦਰ, ਦਰ ਦਰਵਾਜ਼ਾ ਰਿਹਾ ਜਣਾਈਆ । ਜਿਸ ਨੇ ਭਾਂਡੇ ਲਏ ਘੜ, ਸੋ ਵੇਖੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਸਾਚਾ ਰਿਹਾ ਸਮਝਾਈਆ । ਸਚ ਦੁਆਰੇ ਸਾਚਾ ਲੇਖਾ, ਸੋ ਸਾਹਿਬ ਸਤਿਗੁਰ ਆਪ ਜਣਾਇੰਦਾ । ਇਕੋ ਘਰ ਹਰਿ ਵੇਖੇ ਧਾਰੀ ਕੇਸਾ, ਮੂੰਡ ਮੁੰਡਾਏ ਇਕੋ ਰੰਗ ਰੰਗਾਇੰਦਾ । ਇਕੋ ਗੁਰ ਅਵਤਾਰ ਪੀਰ ਪੈਗ਼ੰਬਰ ਕਰਨ ਆਦੇਸਾ, ਨਿਉਂ ਨਿਉਂ ਸਜਦਾ ਸੀਸ ਝੁਕਾਇੰਦਾ । ਇਕੋ ਜੁਗ ਚੌਕੜੀ ਧਾਰੇ ਵੇਸਾ, ਰੂਪ ਅਨੂਪ ਆਪ ਪਰਗਟਾਇੰਦਾ । ਇਕੋ ਜਾਣੇ ਮੁਲਾਂ ਸ਼ੇਖ਼ ਮੁਸਾਇਕ ਪੰਡਤ ਲੇਖਾ, ਪਾਰਬ੍ਰਹਮ ਬ੍ਰਹਮ ਇਕੋ ਘਰ ਵਖਾਇੰਦਾ । ਇਕੋ ਕਰੇ ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਹੇਤਾ, ਹਿਤਕਾਰੀ ਇਕੋ ਇਕ ਅਖਵਾਇੰਦਾ । ਇਕੋ ਦੋ ਜਹਾਨਾਂ ਬਣੇ ਸੱਚਾ ਨੇਤਾ, ਸ੍ਰੀ ਭਗਵਾਨ ਹੁਕਮ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਕਰਤਾ ਖੇਲ ਕਰਾਇੰਦਾ । ਜੁਗ ਕਰਤਾ ਹਰਿ ਖੇਲ ਅਪਾਰਾ, ਸੋ ਪੁਰਖ ਨਿਰੰਜਣ ਆਪ ਕਰਾਈਆ । ਸਤਿਜੁਗ ਦਾ ਸਚ ਵਿਹਾਰਾ, ਸਾਹਿਬ ਸਤਿਗੁਰ ਦਏ ਸਮਝਾਈਆ । ਜੁਗ ਚੌਕੜੀ ਪਾਰ ਕਿਨਾਰਾ, ਥਿਰ ਰਹਿਣ ਕੋਇ ਨਾ ਪਾਈਆ । ਲੇਖਾ ਦੱਸ ਦੱਸ ਗਏ ਤੇਈ ਅਵਤਾਰਾ, ਭਗਤ ਅਠਾਰਾਂ ਗਿਆਨ ਦਿਵਾਈਆ । ਹੋਕਾ ਦੇ ਕੇ ਗਏ ਈਸਾ ਮੂਸਾ ਮੁਹੰਮਦ ਯਾਰਾ, ਤੀਸ ਬਤੀਸਾ ਸਿਫ਼ਤ ਸਾਲਾਹੀਆ । ਨਾਨਕ ਗੋਬਿੰਦ ਬੋਲ ਜੈਕਾਰਾ, ਉਚੀ ਕੂਕ ਕੂਕ ਜਣਾਈਆ । ਕਲ ਕਲਕੀ ਲੈ ਅਵਤਾਰਾ, ਕਲਜੁਗ ਅੰਤਮ ਫੇਰਾ ਪਾਈਆ । ਸਤਿਜੁਗ ਸਾਚੀ ਬੰਨ੍ਹੇ ਧਾਰਾ, ਕੂੜੀ ਕਿਰਿਆ ਰਹਿਣ ਨਾ ਪਾਈਆ । ਆਤਮ ਪਰਮਾਤਮ ਕਰੇ ਪਿਆਰਾ, ਬ੍ਰਹਮ ਪਾਰਬ੍ਰਹਮ ਕੁੜਮਾਈਆ । ਲੇਖਾ ਜਾਣ ਧੁਰ ਦਰਬਾਰਾ, ਧੁਰ ਦੀ ਧਾਰ ਆਪ ਸਮਝਾਈਆ । ਖੇਲ ਕਰੇ ਏਕੰਕਾਰਾ, ਅਕਲ ਕਲ ਆਪਣਾ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਅਵਤਾਰ ਪੀਰ ਪੈਗ਼ੰਬਰ ਕਰ ਇਕੱਠੇ, ਲੇਖਾ ਸਭ ਨੂੰ ਦਏ ਜਣਾਈਆ । ਲੇਖਾ ਦੱਸੇ ਸ੍ਰੀ ਭਗਵਾਨ, ਸਤਿਜੁਗ ਸਾਚਾ ਰਾਹ ਜਣਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਕਰੋ ਧਿਆਨ, ਹਰਿ ਧਿਆਨੀ ਧਿਆਨ ਵਖਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਦੇਂਦੇ ਰਹੇ ਗਿਆਨ, ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ, ਖਾਣੀ ਬਾਣੀ ਸਿਫ਼ਤ ਸਾਲਾਹਿੰਦਾ । ਦੀਨ ਮਜ਼੍ਹਬ ਜ਼ਾਤ ਪਾਤ ਦੱਸਦੇ ਰਹੇ ਈਮਾਨ, ਕਰਮ ਧਰਮ ਵੰਡ ਵੰਡਾਇੰਦਾ । ਹੁਕਮੇ ਅੰਦਰ ਦੇਂਦੇ ਰਹੇ ਪੈਗ਼ਾਮ, ਸਚ ਸੰਦੇਸਾ ਇਕ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਆਪ ਜਣਾਇੰਦਾ । ਸਾਚਾ ਲੇਖਾ ਅੰਤਮ ਵਾਰ, ਸੋ ਪੁਰਖ ਨਿਰੰਜਣ ਆਪ ਜਣਾਈਆ । ਜੁਗ ਚੌਕੜੀ ਹੁੰਦਾ ਰਿਹਾ ਵਿਹਾਰ, ਨਾਮ ਡੋਰੀ ਤੰਦ ਬੰਧਾਈਆ । ਸੁਰਤ ਸਵਾਣੀ ਕਰਦੀ ਰਹੀ ਪੁਕਾਰ, ਪੀਆ ਸਤਿਗੁਰ ਨਜ਼ਰ

ਕਿਤੇ ਨਾ ਆਈਆ । ਕਾਇਆ ਅੰਦਰ ਵੜ ਕੇ ਰੋਂਦੀ ਰਹੀ ਜ਼ਾਰੋ ਜ਼ਾਰ, ਧੀਰਜ ਧੀਰ ਨਾ ਕੋਇ ਧਰਾਈਆ । ਆਸਾ ਤ੍ਰਿਸ਼ਨਾ ਮਾਰੇ ਮਾਰ, ਹਉਮੇ ਹੰਗਤਾ ਕਰੇ ਲੜਾਈਆ । ਕਾਮ ਕਰੋਧ ਕਰੇ ਖੁਆਰ, ਲੋਭ ਮੋਹ ਹੰਕਾਰ ਚੱਲਣ ਦੇਵੇ ਨਾ ਕੋਇ ਚਤੁਰਾਈਆ । ਮਨ ਮਨੂਆ ਬਲ ਧਾਰ, ਦਹਿ ਦਿਸ਼ਾ ਉਠ ਉਠ ਧਾਈਆ । ਮਤ ਮਤਵਾਲੀ ਜਾਏ ਹਾਰ, ਆਪਣਾ ਆਪ ਨਾ ਕੋਇ ਜਣਾਈਆ । ਬੁੱਧੀ ਬਬੇਕ ਨਾ ਕੋਇ ਵਿਚਾਰ, ਸਮਝ ਸਮਝ ਨਾ ਕੋਇ ਰਖਾਈਆ । ਮਾਰਗ ਦੱਸ ਕੇ ਗਏ ਗੁਰੂ ਅਵਤਾਰ, ਪੀਰ ਪੈਗ਼ੰਬਰ ਲਿਖ ਲਿਖ ਗਏ ਸਮਝਾਈਆ । ਕਲਮਾ ਪੜ੍ਹੋ ਨਬੀ ਰਸੂਲਾਂ ਕਰੋ ਨਿਮਸਕਾਰ, ਸਜਦਾ ਸੀਸ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਕਲਮਾ ਪੜ੍ਹੋ ਜਪੋ ਨਾਮ, ਸਿਫ਼ਤੀ ਨਾਮ ਵਡ ਵਡਿਆਇੰਦਾ । ਨਿਰਗੁਣ ਸਰਗੁਣ ਪੂਰੇ ਕਰੇ ਕਾਮ, ਕਰਤਾ ਕਾਰਜ ਆਪ ਰਚਾਇੰਦਾ । ਮਿਹਰਵਾਨ ਹੋ ਕੇ ਪਕੜੇ ਦਾਮ, ਦਾਮਨਗੀਰ ਆਪ ਅਖਵਾਇੰਦਾ । ਲੇਖਾ ਜਾਣ ਕ੍ਰਿਸ਼ਨ ਰਾਮ, ਰਹੀਮ ਰਹਿਮਤ ਆਪ ਕਮਾਇੰਦਾ । ਈਸਾ ਮੂਸਾ ਮੁਹੰਮਦ ਦੇ ਪੈਗ਼ਾਮ, ਕਾਇਨਾਤ ਜਗਤ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਪੱਲੂ ਇਕ ਦਰਸਾਇੰਦਾ । ਸਾਚਾ ਪੱਲੂ ਦੱਸਣਹਾਰਾ, ਨਿਰਗੁਣ ਆਪਣੀ ਦਇਆ ਕਮਾਈਆ । ਸ੍ਰੀ ਭਗਵਾਨ ਨਿਰਗੁਣ ਨੂਰ ਜੋਤ ਕਰ ਉਜਿਆਰਾ, ਚਵੀਆਂ ਅਵਤਾਰ ਫੇਰਾ ਪਾਈਆ । ਅਵਣ ਗਵਣ ਤ੍ਰੈਭਵਨ ਲੋਕ ਪਰਲੋਕ ਪਾਵੇ ਸਾਰਾ, ਬ੍ਰਹਿਮੰਡ ਖੰਡ ਖੋਜ ਖੁਜਾਈਆ । ਮਹੱਲ ਅਟੱਲ ਉਚ ਮਨਾਰਾ ਸੋਭਾਵੰਤ ਆਪ ਸੁਹਾਈਆ । ਸਤਿਜੁਗ ਸੱਚੇ ਸੱਚਾ ਦੱਸੇ ਵਿਹਾਰਾ, ਸਚ ਸਚ ਸਚ ਦ੍ਰਿੜਾਈਆ । ਭਗਤ ਭਗਵਾਨ ਕਰੇ ਪਿਆਰਾ, ਮੇਲ ਮਿਲਾਵਾ ਸਹਿਜ ਸੁਭਾਈਆ । ਸਾਚਾ ਮਿੱਤਰ ਕੋਈ ਨਾ ਰਹੇ ਕੁਆਰਾ, ਜਿਸ ਆਪਣੇ ਅੰਗ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਰਤਾ ਕਾਜ ਆਪ ਰਚਾਈਆ । ਹਰਿ ਕਰਤੇ ਰਚਿਆ ਕਾਜ, ਲੋਕਮਾਤ ਵੱਜੇ ਵਧਾਈਆ । ਭਗਤ ਭਗਵਾਨ ਦਾ ਇਕ ਸਮਾਜ, ਸਮਝ ਵਿਚ ਕਿਸੇ ਨਾ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਲੈ ਕੇ ਆਏ ਦਾਜ, ਪੱਲੂ ਆਪਣੀ ਗੰਢ ਬੰਧਾਈਆ । ਵੇਖੇ ਖੇਲ ਕਰੇ ਗ਼ਰੀਬ ਨਿਵਾਜ, ਗ਼ਰੀਬ ਨਿਮਾਣਿਆਂ ਦਏ ਵਡਿਆਈਆ । ਲੱਖ ਚੁਰਾਸੀ ਵਿਚੋਂ ਸਾਜਣ ਸਾਜ, ਸਾਹਿਬ ਸਤਿਗੁਰ ਹੋਏ ਸਹਾਈਆ । ਸ਼ਬਦ ਅਗੰਮੀ ਮਾਰ ਵਾਜ, ਸੁਰਤੀ ਸੋਈ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਕਰਨੇ ਅਇਆ, ਲੋਕ ਪਰਲੋਕ ਵੱਜੇ ਵਧਾਈਆ । ਸਾਚਾ ਕਾਰਜ ਇਕ ਰਚਾਇਆ, ਨਜ਼ਰ ਕਿਸੇ ਨਾ ਆਈਆ । ਸ਼ਬਦ ਸੰਦੇਸੇ ਰਿਹਾ ਸੁਣਾਇਆ, ਅਗੰਮ ਅਥਾਹ ਵਡਿਆਈਆ । ਨਰ ਨਰੇਸੇ ਫੇਰਾ ਪਾਇਆ, ਨਿਰਗੁਣ ਨਿਰੰਕਾਰ ਵੇਖੇ ਚਾਈਂ ਚਾਈਂਆ । ਸਭ ਦਾ ਲੇਖਾ ਆਪਣੇ ਹੱਥ ਰਖਾਇਆ, ਬਚਿਆ ਕੋਇ ਰਹਿਣ ਨਾ ਪਾਈਆ । ਜੋਤੀ ਜਾਮਾ ਵੇਸਾ ਆਪ ਵਟਾਇਆ, ਬੇਪਰਵਾਹ ਸੱਚੇ ਸ਼ਹਿਨਸ਼ਾਹੀਆ । ਸਾਚੀ ਸੇਜਾ ਇਕ ਸੁਹਾਇਆ, ਰੁੱਤ ਰੁਤੜੀ ਆਪ ਮਹਿਕਾਈਆ । ਜੋਤੀ ਤੇਜਾ ਇਕ ਚਮਕਾਇਆ, ਅਗਿਆਨ ਅੰਧੇਰ ਮਿਟਾਈਆ । ਫਲਕਾਰੀ ਰੇਜਾ ਨਾ ਕੋਈ ਗੰਢ ਬੰਨ੍ਹਾਇਆ, ਵਸਤ ਅਮੋਲਕ ਨਾਮ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਜੀਜਾ ਵੇਖਣ ਆਇਆ, ਪਾਰਬ੍ਰਹਮ ਪ੍ਰਭ ਆਪਣਾ ਫੇਰਾ ਪਾਈਆ । ਗੁਰਮੁਖ ਜੀਜਾ ਲੱਗਾ ਸੋਹਣਾ, ਹਰਿ ਸੋਹਣੀ ਬਣਤ ਬਣਾਇੰਦਾ । ਨਿਰਗੁਣ ਸਰਗੁਣ ਰੂਪ ਮੋਹਣਾ, ਮੋਹ ਮੁਹੱਬਤ ਇਕ ਵਖਾਇੰਦਾ ।

ਅਮ੍ਰਿਤ ਜਲ ਨਾਲ ਧੋਣਾ, ਨਿਰਮਲ ਨਿਰਮਲ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲਾਲ ਆਪ ਵਡਿਆਇੰਦਾ । ਗੁਰਮੁਖ ਲਾਲ ਲੱਗਾ ਚੰਗਾ, ਚੰਗੀ ਤਰ੍ਹਾਂ ਸਮਝਾਈਆ । ਸ੍ਰੀ ਭਗਵਾਨ ਇਕੋ ਰੰਗ ਰੰਗਾ, ਉਤਰ ਕਦੇ ਨਾ ਜਾਈਆ । ਸਚ ਦੁਆਰੇ ਹੋਵੇ ਕਦੇ ਨਾ ਨੰਗਾ, ਪਰਦਾ ਸਕੇ ਨਾ ਕੋਇ ਉਠਾਈਆ । ਖ਼ੁਸ਼ੀ ਅੰਦਰ ਦੋ ਜਹਾਨ ਵਜਾਇਣ ਮਰਦੰਗਾ, ਰਾਗ ਨਾਦ ਇਕੋ ਇਕ ਸੁਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਚਲੋ ਵੇਖੀਏ ਕਾਰਜ ਅਨੰਦਾ, ਸਾਹਿਬ ਸਤਿਗੁਰ ਆਪ ਕਰਾਈਆ । ਭਗਤ ਭਗਵਾਨ ਸਚ ਅਨੰਦਾ, ਘਰ ਇਕੋ ਡੇਰਾ ਲਾਈਆ । ਆਪਣੀ ਹੱਥੀਂ ਦੇਵੇ ਗੰਢਾਂ, ਸਗਨ ਗਾਨੇ ਰਿਹਾ ਮਨਾਈਆ । ਦੋ ਜਹਾਨ ਹੋਏ ਨਾ ਰੰਡਾ, ਰੰਡੇਪਾ ਅਵਰ ਨਾ ਕੋਇ ਵਖਾਈਆ । ਨਾਲ ਸੁਣਾਏ ਸੁਹਾਗੀ ਛੰਦਾ, ਸੋਹੰ ਢੋਲਾ ਇਕੋ ਗਾਈਆ । ਦੋ ਜਹਾਨਾਂ ਮੁੱਕੇ ਪੰਧਾ, ਅੱਧਵਿਚਕਾਰ ਨਾ ਕੋਇ ਅਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਵੇਖੇ ਚਾਈਂ ਚਾਈਂਆ । ਗੁਰਮੁਖ ਵੇਖੇ ਹਰਿ ਜੂ ਲਾੜਾ, ਨਿਰਗੁਣ ਆਪਣੀ ਦਇਆ ਕਮਾਇੰਦਾ । ਰਲ ਮਿਲ ਸਖੀਆਂ ਲਾਇਆ ਅਖਾੜਾ, ਸਰਗੁਣ ਸਰਗੁਣ ਆਪਣੀ ਧਾਰ ਜਣਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਕੱਢਣ ਹਾੜਾ, ਵਾਹ ਵਾ ਤੇਰਾ ਅੰਤ ਕੋਇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਕਰਾਇੰਦਾ । ਗੁਰਮੁਖ ਸੱਚਾ ਕਰ ਤਿਆਰ, ਤ੍ਰੈਗੁਣ ਅਤੀਤਾ ਰਿਹਾ ਜਣਾਈਆ । ਸੋਹਣਾ ਸੁਹੱਪਣ ਕਰ ਸ਼ਿੰਗਾਰ, ਰੰਗ ਰਤੜਾ ਰੰਗ ਰੰਗਾਈਆ । ਪ੍ਰੇਮ ਸੀਸ ਬੰਨ੍ਹ ਦਸਤਾਰ, ਜਗਦੀਸ਼ ਵੇਖ ਵਖਾਈਆ । ਜੋਤ ਅਕਾਲਣ ਬਣ ਕੇ ਮਾਲਣ ਸਿਹਰਾ ਲੈ ਕੇ ਆਏ ਵਿਚ ਸੰਸਾਰ, ਕਲੀ ਕਲੀ ਤੰਦ ਤੰਦ ਨਾਲ ਬੰਧਾਈਆ । ਹੋਕਾ ਦੇਵੇ ਵਾਜਾਂ ਮਾਰ, ਗਲੀ ਗਲੀ ਰਹੀ ਸੁਣਾਈਆ । ਵੇਖੋ ਸਾਹਿਬ ਸਤਿਗੁਰ ਦਾ ਲਾਲ, ਬੇਮਿਸਾਲ ਖੇਲ ਰਚਾਈਆ । ਸੁਣ ਮੁਰੀਦਾਂ ਹਾਲ, ਮੁਰਸ਼ਦ ਆਪਣਾ ਫੇਰਾ ਪਾਈਆ । ਨਾਤਾ ਤੋੜ ਤ੍ਰੈਗੁਣ ਮਾਇਆ ਜਗਤ ਜੰਜਾਲ, ਜੋਤੀ ਜੋਤ ਕਰੇ ਰੁਸ਼ਨਾਈਆ । ਖੇਲ ਕਰੇ ਸੱਚੀ ਧਰਮਸਾਲ, ਧਰਮ ਦੁਆਰਾ ਇਕ ਵਡਿਆਈਆ । ਆਪ ਚਲੇ ਨਾਲ ਨਾਲ, ਸਾਚੀ ਘੋੜੀ ਰਿਹਾ ਜਣਾਈਆ । ਨਿਰਗੁਣ ਹੋ ਕੇ ਬਣਿਆ ਦਲਾਲ, ਵਿਚੋਲਾ ਇਕੋ ਬੇਪਰਵਾਹੀਆ । ਸਚ ਸਿੰਘਾਸਣ ਬਿਠਾਏ ਸੰਭਾਲ, ਸਿਰ ਆਪਣਾ ਹੱਥ ਟਿਕਾਈਆ । ਲੇਖਾ ਮੁੱਕੇ ਸ਼ਾਹ ਕੰਗਾਲ, ਸ਼ਹਿਨਸ਼ਾਹ ਦੇਵਣਹਾਰ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸਾਚਾ ਦੂਲ੍ਹਾ ਸ਼ਬਦ ਵਡ ਭਾਗਾ, ਸੋ ਸਤਿਗੁਰ ਆਪ ਕਰਾਇੰਦਾ । ਨਿਰਗੁਣ ਹੋ ਕੇ ਫਿਰੇ ਭਾਜਾ, ਔਂਦਿਆਂ ਜਾਂਦਿਆਂ ਡੇਰ ਕੋਇ ਨਾ ਲਾਇੰਦਾ । ਵੇਖਣਹਾਰਾ ਸੱਚਾ ਕਾਜਾ, ਹਰਿ ਕਰਤਾ ਕਾਰ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਜਣਾਇੰਦਾ । ਸਾਚੀ ਖੇਲ ਕਰੇ ਭਗਵਾਨੀ, ਭਗਵਨ ਆਪਣੀ ਦਇਆ ਕਮਾਈਆ । ਹਰਿਜਨ ਸੁਰਤ ਉਠਾਏ ਸਵਾਣੀ, ਦੇ ਹੁਲਾਰਾ ਅੱਖ ਖੁਲ੍ਹਾਈਆ । ਉਠ ਵੇਖ ਆਪਣੀ ਅੱਲੜ ਜਵਾਨੀ, ਜੋਬਨ ਰਤੜਾ ਭੇਵ ਚੁਕਾਈਆ । ਲੇਖਾ ਜਾਣ ਦੋ ਜਹਾਨੀ, ਦੋਏ ਦੋਏ ਆਪਣੀ ਕਾਰ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਗੁਰਮੁਖ ਸੁਰਤੀ ਸੋਈ ਉਠੇ, ਉਠ ਉਠ ਧਿਆਨ ਲਗਾਈਆ । ਮੇਰੇ ਉਤੇ ਕਵਣ ਤੁਠੇ, ਜਿਸ ਮੇਰੀ ਅੱਖ ਖੁਲ੍ਹਾਈਆ । ਅਨਭੋਲ ਸੁਹਾਈ ਰੁੱਤੇ, ਸੋਚ ਸਮਝ ਜ਼ਰਾ ਨਾ ਆਈਆ । ਕੋਝੀ ਕਮਲੀ ਪੁੱਛੇ, ਘਰ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਉਠ ਸਵਾਣੀ ਜਾਣਾ ਜਾਗ, ਜਾਗਰਤ ਜੋਤ ਜਗਾਇੰਦਾ । ਤੇਰੇ ਘਰ ਲੱਗਣ ਲੱਗਾ ਭਾਗ, ਭਾਗਾਂ ਭਰੀ ਵੇਖ ਵਖਾਇੰਦਾ । ਤੇਰਾ ਮੇਲਾ ਹੋਵੇ ਨਾਲ ਕੰਤ ਸੁਹਾਗ, ਸਾਚਾ ਕੰਤ ਆਪ ਵਡਿਆਇੰਦਾ । ਤੇਰੇ ਮੰਦਰ ਜਗੇ ਚਿਰਾਗ, ਜੋਤੀ ਦੀਪ ਡਗਮਗਾਇੰਦਾ । ਤੇਰੇ ਭੈਣ ਭਾਈ ਗੁਰ ਅਵਤਾਰ ਪੀਰ ਪੈਗ਼ੰਬਰ ਸੱਜਣ ਸਾਕ, ਸਗਲਾ ਨਾਤਾ ਆਪ ਵਖਾਇੰਦਾ । ਉਠ ਇਕ ਵੇਰ ਝਾਕ, ਨੇਤਰ ਨੈਣ ਅੱਖ ਖੁਲ੍ਹਾਇੰਦਾ । ਤੇਰੇ ਮੰਦਰ ਨਿੱਕਾ ਜਿਹਾ ਤਾਕ, ਬਿਨ ਸਤਿਗੁਰ ਪਰਦਾ ਕੋਇ ਨਾ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਜਣਾਇੰਦਾ । ਜਗਤ ਸਵਾਣੀ ਲੈ ਅੰਗੜਾਈ, ਆਪਣਾ ਆਪ ਜਣਾਈਆ । ਬੇਪਰਵਾਹ ਤੇਰੀ ਬੇਪਰਵਾਹੀ, ਮੇਰੀ ਸਮਝ ਵਿਚ ਨਾ ਆਈਆ । ਮੈਂ ਬਾਲੀ ਅੰਞਾਣੀ ਬਣੀ ਸੌਦਾਈ, ਨੇਤਰ ਰੋ ਰੋ ਦਿਆਂ ਦੁਹਾਈਆ । ਨਾਤਾ ਛੱਡਿਆ ਨਾ ਜਾਏ ਮਾਤ ਪਿਤ ਭੈਣ ਭਾਈ, ਬੇਟਾ ਦੂਰ ਨਾ ਕੋਇ ਕਰਾਈਆ । ਮੈਂ ਕੀ ਜਾਣਾ ਮੇਰਾ ਕੇਹੋ ਜਿਹਾ ਮਾਹੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਸਚ ਦੇ ਜਣਾਈਆ । ਸਚ ਦੱਸਾਂ ਸੁਣ ਕੁਆਰ ਕੰਨਿਆਂ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਸਹਿਬ ਸਤਿਗੁਰ ਇਕੋ ਮੰਨਿਆ, ਤੇਰਾ ਦਰਦ ਇਕੋ ਮਿਟਾਇੰਦਾ । ਜਿਸ ਕਾਇਆ ਮੰਦਰ ਅੰਦਰ ਘਰ ਵਿਚ ਘਰ ਬਣਾ ਕੇ ਤੈਨੂੰ ਜਣਿਆ, ਮਾਤ ਪਿਤ ਨਾ ਕੋਇ ਵਡਿਆਇੰਦਾ । ਡੇਰਾ ਲਗਾਏ ਬਿਨ ਛੱਪਰ ਛੰਨਿਆ, ਮਹੱਲ ਅਟੱਲ ਇਕ ਸੁਹਾਇੰਦਾ । ਦੇਵੇ ਨਾਮ ਸੱਚਾ ਧੰਨਿਆ, ਸਚ ਖ਼ਜ਼ੀਨਾ ਤੇਰੀ ਝੋਲੀ ਪਾਇੰਦਾ । ਦਾਜ ਦੇਵੇ ਨਾ ਥਾਲੀ ਛੰਨਿਆਂ, ਕੂੜੀ ਗੰਢ ਨਾ ਸਿਰ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਘਰ ਆਪ ਵਖਾਇੰਦਾ । ਔਹ ਵੇਖ ਘਰ ਸੱਚਾ, ਸੋ ਸਤਿਗੁਰ ਆਪ ਜਣਾਈਆ । ਦੂਜਾ ਵੇਖ ਗੁਰਮੁਖ ਬੱਚਾ, ਗੁਰ ਗੁਰ ਰੰਗ ਰੰਗਾਈਆ । ਦੋਹਾਂ ਵਿਚੋਂ ਕੋਇ ਨਾ ਕੱਚਾ, ਜੋ ਪੱਲੂ ਜਾਏ ਛੁਡਾਈਆ । ਏਹੋ ਕਾਰਜ ਚੌਥੇ ਯੁਗ ਸ੍ਰੀ ਭਗਵਾਨ ਨੂੰ ਲੱਗਾ ਅੱਛਾ, ਆਤਮ ਪਰਮਾਤਮ ਮੇਲ ਮਿਲਾਈਆ । ਨਾਲ ਦੇਵੇ ਨਾ ਕੋਈ ਗਾਂ ਵੱਛਾ, ਘੋੜੀ ਜੋੜੀ ਨਾ ਕੋਇ ਵਖਾਈਆ । ਨਿਰਗੁਣ ਹੋ ਕੇ ਲੂੰ ਲੂੰ ਅੰਦਰ ਰਚਾ, ਰਚਨਾ ਆਪਣੀ ਦਏ ਸਮਝਾਈਆ । ਜੋੜਾ ਜੋੜੇ ਆਪੇ ਪੱਕਾ, ਪੱਕੀ ਤਰ੍ਹਾਂ ਗੰਢ ਦਿਵਾਈਆ । ਲੱਖ ਚੁਰਾਸੀ ਜੀਵ ਜੰਤ ਰਹਿ ਜਾਏ ਹੱਕਾ, ਹਰਿ ਕਾ ਅੰਤ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਰਤ ਸਵਾਣੀ ਲਿਆ ਮਨਾਈਆ । ਸੁਰਤੀ ਕਹੇ ਮੈਂ ਗਈ ਮੰਨ, ਮੇਰੀ ਮੈਂ ਰਹੀ ਨਾ ਰਾਈਆ । ਮੈਂ ਲਾੜਾ ਵੇਖਿਆ ਸੋਹਣਾ ਚੰਨ, ਚੰਨ ਚੌਧਵੀਂ ਰਿਹਾ ਸ਼ਰਮਾਈਆ । ਸਾਹਿਬ ਸਤਿਗੁਰ ਬੇੜਾ ਰਿਹਾ ਬੰਨ੍ਹ, ਭਾਰ ਆਪਣੇ ਕੰਧ ਉਠਾਈਆ । ਮੈਂ ਕਹਾਂ ਧੰਨ ਧੰਨ, ਧੰਨ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੋਹਾਂ ਇਕੋ ਘਰ ਵਖਾਈਆ । ਇਕੋ ਘਰ ਜਾਣ ਦੀ ਕਰੋ ਤਿਆਰੀ, ਨਿਰਗੁਣ ਦਾਤਾ ਆਪ ਅਖਵਾਇੰਦਾ । ਸ਼ਬਦ ਅਗੰਮ ਦੇਵਾਂ ਅਸਵਾਰੀ, ਸਾਚੀ ਡੋਲੀ ਇਕ ਸੁਹਾਇੰਦਾ । ਭਗਤ ਭਗਵਾਨ ਬਣ ਕਹਾਰੀ, ਕੰਧ ਆਪਣੇ ਆਪ ਚੜ੍ਹਾਇੰਦਾ । ਲੇਖਾ ਮੁੱਕੇ ਵਾਰੋ ਵਾਰੀ, ਪਾਂਧੀ ਪੰਧ ਆਪ ਸਮਝਾਇੰਦਾ । ਮੰਜ਼ਲ ਚੜ੍ਹੋ ਅਗੰਮ ਅਪਾਰੀ, ਮਹੱਲ ਅਟੱਲ ਇਕ ਰੁਸ਼ਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਣਾ ਇਕ ਜਣਾਇੰਦਾ । ਧੁਰ ਫ਼ਰਮਾਣਾ ਦੇ ਸੰਦੇਸ, ਪੁਰਖ ਅਕਾਲ ਰਿਹਾ ਜਣਾਈਆ । ਬੀਬੀ ਰਾਣੀ ਕਰ ਲੈ ਸੋਹਣਾ ਵੇਸ, ਭੂਸ਼ਨ ਬਸਤਰ ਤਨ ਪਹਿਨਾਈਆ । ਕੰਘੀ

ਪੱਟੀ ਕਰ ਲੈ ਕੇਸ, ਮੀਢੀ ਗੁੱਤ ਇਕ ਗੁੰਦਾਈਆ । ਮਹਿੰਦੀ ਹੱਥੀਂ ਲੈ ਵੇਖ, ਕੰਗਣ ਖ਼ੁਸ਼ੀਆਂ ਨਾਲ ਛਣਕਾਈਆ । ਆਣਾ ਡੋਲਾ ਨੇਤਰ ਪੇਖ, ਸ੍ਰੀ ਭਗਵਾਨ ਰਿਹਾ ਬਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਰ ਕਰ ਹੇਤ, ਤੈਨੂੰ ਵੇਖਣ ਚਾਈਂ ਚਾਈਂਆ । ਤੂੰ ਲੋਕਮਾਤ ਬਣੀਉਂ ਨੇਕ, ਨੇਕੀ ਤੇਰੀ ਮਿਲੇ ਵਡਿਆਈਆ । ਪ੍ਰਭ ਸਤਿਗੁਰ ਦਿਤੀ ਟੇਕ, ਚਰਨ ਕਵਲ ਸਰਨਾਈਆ । ਪ੍ਰੇਮ ਪ੍ਰੀਤੀ ਤੇਰੀ ਭੇਟ, ਨਿਰਗੁਣ ਦਾਤਾ ਝੋਲੀ ਪਾਈਆ । ਸਾਚੇ ਕੰਤ ਨਾਲ ਮਿਲ ਮਿਲ ਖੇਡ, ਤੇਰੀ ਹੋਏ ਨਾ ਫੇਰ ਜੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਰਿਹਾ ਕਮਾਈਆ । ਚੁੰਨੀ ਲਵਾਂ ਕਿ ਸੁਬਰ, ਮਨ ਆਪਣੇ ਧਿਆਨ ਲਗਾਈਆ । ਉਚੀ ਉਡੀ ਫਿਰੇ ਉਭਰ, ਪ੍ਰਭ ਨੇਤਰ ਦਰਸ਼ਨ ਪਾਈਆ । ਮੇਰਾ ਕੰਤ ਨਹੀਂ ਕੋਈ ਬੁਢੜ, ਨੌਜਵਾਨ ਨਜ਼ਰੀ ਆਈਆ । ਮੈਂ ਦੋ ਜਹਾਨ ਨਾ ਹੋਵਾਂ ਛੁੱਟੜ, ਰੰਡੇਪਾ ਨਜ਼ਰ ਕੋਇ ਨਾ ਆਈਆ । ਧੁਰ ਦਾ ਡੋਲਾ ਆਇਆ ਚੁੱਕਣ, ਸ੍ਰੀ ਭਗਵਾਨ ਰਿਹਾ ਘਲਾਈਆ । ਮੈਂ ਸੋਹਣੀ ਮਾਰਾਂ ਬੁੱਕਲ, ਮੇਰਾ ਅੰਗ ਨਜ਼ਰ ਕਿਸੇ ਨਾ ਆਈਆ । ਕਰ ਕੇ ਕੌਲ ਨਾ ਜਾਵਾਂ ਮੁੱਕਰ, ਕੀਤਾ ਕੌਲ ਤੋੜ ਨਿਭਾਈਆ । ਪੀਆ ਮਿਲੇ ਮਨਾਵਾਂ ਸ਼ੁਕਰ, ਆਪਣਾ ਦੁੱਖ ਗਵਾਈਆ । ਦਰਸ ਪਿਆਸੀ ਮੈਂ ਭੁੱਖੜ, ਤ੍ਰਿਸ਼ਨਾ ਤ੍ਰਿਪਤ ਕਰਾਈਆ । ਮੇਰੀ ਸੁਹੰਜਣੀ ਸੋਹੇ ਰੁੱਤੜ, ਚੇਤ ਬਸੰਤੀ ਰੰਗ ਰੰਗਾਈਆ । ਜੇ ਆਂਢਣਾਂ ਗਵਾਂਢਣਾਂ ਪੁੱਛਣ, ਸਚ ਸਚ ਦਿਆਂ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭਗਤ ਭਗਵਾਨ ਮੇਲ ਮਿਲਾਏ ਸਹਿਜ ਸੁਭਾਈਆ । ਮੈਂ ਅੰਮ੍ਰਿਤ ਜਲ ਨਹਾਵਾਂਗੀ । ਦੁਰਮਤ ਮੈਲ ਧੁਆਂਵਾਂਗੀ । ਬਸਤਰ ਸੋਹਣੇ ਪਹਿਰ ਪਾਵਾਂਗੀ । ਮਨ ਮੋਹਣੇ ਨੈਣ ਮਟਕਾਵਾਂਗੀ । ਰਸਨਾ ਜਿਹਵਾ ਦੀਨ ਸੁਣਾਵਾਂਗੀ । ਸੋਹੰ ਢੋਲਾ ਗਾਵਾਂਗੀ । ਆਪਣਾ ਚੋਲਾ ਫੇਰ ਬਦਲਾਵਾਂਗੀ । ਪਾ ਰੌਲਾ ਸਰਬ ਸੁਣਾਵਾਂਗੀ । ਪਰਦਾ ਉਹਲਾ ਜਗਤ ਉਠਾਵਾਂਗੀ । ਉਂਗਲਾਂ ਨਾਲ ਵਖਾਵਾਂਗੀ । ਔਹ ਵੇਖੋ ਵਿਛੜਿਆ ਕੰਤ, ਦੋ ਜਹਾਨਾਂ ਮੇਲ ਮਿਲਾਵਾਂਗੀ । ਰੁੱਤ ਸੋਹੇ ਇਕ ਬਸੰਤ, ਬਸੰਤੜੀ ਰੁੱਤ ਆਪਣੇ ਅੰਗ ਲਗਾਵਾਂਗੀ । ਨਾਤਾ ਤੁੱਟੇ ਜੀਵ ਜੰਤ, ਸਾਧ ਸੰਤ ਸਹੇਲੀਆਂ ਆਪ ਬਣਾਵਾਂਗੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਤੇਰੇ ਆ ਕੇ ਦਰਸ਼ਨ ਪਾਵਾਂਗੀ । ਜਬ ਡੋਲੀ ਉਤੇ ਚੜ੍ਹਾਂਗੀ । ਪ੍ਰਭ ਤੇਰਾ ਧਿਆਨ ਕਰਾਂਗੀ । ਸੋਹੰ ਢੋਲਾ ਇਕੋ ਪੜ੍ਹਾਂਗੀ । ਜਗ ਪਰਦੇ ਅੰਦਰ ਵੜਾਂਗੀ । ਕਿਸੇ ਕੋਲੋਂ ਨਾ ਡਰਾਂਗੀ । ਤੇਰੇ ਚਰਨਾਂ ਸੇਵਾ ਕਰਾਂਗੀ । ਨਾ ਜਨਮਾਂਗੀ ਨਾ ਮਰਾਂਗੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੰਤ ਕੰਤੂਹਲ ਇਕੋ ਵਰਾਂਗੀ । ਜਿਸ ਵੇਲੇ ਕੰਤ ਮਨਾਏਂਗੀ । ਆਪ ਆਪਣਾ ਭੇਟ ਚੜ੍ਹਾਏਂਗੀ । ਦੇਵ ਨੇਤ ਦਰਸ਼ਨ ਪਾਏਂਗੀ । ਮਾਪਿਆਂ ਹੇਤ ਸਰਬ ਤਜਾਏਂਗੀ । ਨਿਰਗੁਣ ਵੇਖ ਖ਼ੁਸ਼ੀ ਮਨਾਏਂਗੀ । ਅਵਗੁਣ ਕੀਤੇ ਭੁੱਲ ਬਖਸ਼ਾਏਂਗੀ । ਅਨਮੁਲ ਵਸਤ ਘਰ ਆਪਣੇ ਇਕ ਟਿਕਾਏਂਗੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਹੱਲ ਅਟੱਲ ਇਕ ਸੁਹਾਏਂਗੀ । ਮਹੱਲ ਅਟੱਲ ਇਕ ਸੋਹੇਗਾ । ਪੁਰਖ ਅਕਾਲ ਓਥੇ ਇਕੋ ਹੋਵੇਗਾ । ਦੂਜਾ ਸੇਜ ਨਾ ਕੋਈ ਸੋਵੇਗਾ । ਨਾ ਕੋਈ ਹੱਸੇਗਾ ਨਾ ਰੋਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੀਪਕ ਇਕੋ ਇਕ ਬਲੋਵੇਗਾ । ਇਕ ਮੰਦਰ ਆਪ ਸੁਹਾਏਗਾ । ਸਚਖੰਡ ਡੇਰਾ ਆਪ ਜਣਾਏਗਾ । ਕੰਤ ਕੰਤੂਹਲ ਵਡ ਵਡਿਆਏਗਾ । ਸਾਚੇ ਫੁਲ ਪ੍ਰੇਮ ਬਰਸਾਏਗਾ । ਭੁਲ ਵਿਛੋੜਾ ਕਦੇ ਨਾ ਪਾਏਗਾ । ਆਪਣਾ ਅਸੂਲ ਇਕ ਸਮਝਾਏਗਾ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਮੰਦਰ ਇਕ ਵਖਾਏਗਾ । ਦਰ ਮੰਦਰ ਇਕ ਸੁਹਾਵੇਗਾ । ਭਗਤ ਭਗਵਾਨ ਮੇਲ ਮਿਲਾਵੇਗਾ । ਅੰਦਰ ਬਾਹਰ ਇਕੋ ਨਜ਼ਰੀ ਆਵੇਗਾ । ਦੂਜਾ ਕਦਮ ਨਾ ਕੋਇ ਟਿਕਾਵੇਗਾ । ਵਾਰੀ ਸਦਕੇ ਘੋਲੀ, ਘੋਲੀ ਘੋਲ ਘੋਲ ਘੁਮਾਵੇਗਾ । ਤੇਰੀ ਸੋਹਣੀ ਸੁਚੱਜੀ ਡੋਲੀ, ਆਪਣੇ ਮੰਦਰ ਵਿਚ ਰਖਾਵੇਗਾ । ਮਨਮੁਖ ਕੋਇ ਨਾ ਮਾਰੇ ਬੋਲੀ, ਕੂੜੀ ਕਿਰਿਆ ਪੰਧ ਮੁਕਾਵੇਗਾ । ਤੂੰ ਹੌਲੀ ਹੌਲੀ ਬੋਲੀਂ, ਸਾਚੀ ਸਿਖਿਆ ਇਕ ਸਮਝਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਇਕੋ ਮਾਣ ਰਖਾਵੇਗਾ । ਦਰ ਦੁਆਰੇ ਜਿਸ ਵੇਲੇ ਜਾਊਂਗੀ । ਪ੍ਰਭ ਤੇਰੀ ਓਟ ਤਕਾਊਂਗੀ । ਦੂਜਾ ਨਜ਼ਰ ਥੱਲੇ ਨਾ ਕੋਇ ਲਿਆਊਂਗੀ । ਨਾਰ ਦੁਹਾਗਣ ਨਾ ਰੂਪ ਵਟਾਊਂਗੀ । ਸੁਹਾਗਣ ਕੰਤ ਇਕ ਹੰਢਾਊਂਗੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਤੇਰੇ ਅਲਖ ਜਗਾਊਂਗੀ । ਜਦ ਦੁਆਰੇ ਮੇਰੇ ਆਓਗੇ । ਪਿਛਲਾ ਦੁੱਖ ਭੁਲਾਓਗੇ । ਸੁਖ ਇਕੋ ਇਕ ਸਾਚਾ ਪਾਓਗੇ । ਰਸ ਭੋਗ ਇਕ ਜਣਾਓਗੇ । ਸੋਹੰ ਚੋਗ ਸਚ ਚੁਗਾਓਗੇ । ਦਰਸ ਅਮੋਘ ਦਰਸ਼ਨ ਪਾਓਗੇ । ਜਨਮ ਕਰਮ ਦੀ ਹਿਰਸ ਗਵਾਓਗੇ । ਅਰਸ਼ ਫ਼ਰਸ਼ ਚਰਨਾਂ ਹੇਠ ਦਬਾਓਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਘਰ ਮੰਦਰ ਡੇਰਾ ਲਾਓਗੇ । ਘਰ ਮੰਦਰ ਪੌੜੀ ਚੜ੍ਹੋਗੇ । ਸੋਹੰ ਢੋਲਾ ਸਾਰੇ ਪੜ੍ਹੋਗੇ । ਪੁਰਖ ਅਬਿਨਾਸ਼ੀ ਲੜ ਫੜੋਗੇ । ਬਿਨ ਕਰਨੀਉਂ ਪਾਰ ਤਰੋਗੇ । ਕਲਜੁਗ ਮਰਨੀ ਕਦੀ ਨਾ ਮਰੋਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮੰਦਰ ਬਹਿ ਬਹਿ ਖ਼ੁਸ਼ੀ ਕਰੋਗੇ । ਜਦ ਪੌੜੇ ਆਪ ਚੜ੍ਹਾਵੇਂਗਾ । ਉਂਗਲਾਂ ਨਾਲ ਲਗਾਵੇਂਗਾ । ਪੱਲੂ ਆਪਣਾ ਨਾਮ ਫੜਾਵੇਂਗਾ । ਪ੍ਰੇਮ ਪ੍ਰੀਤੀ ਜਾਚ ਸਿਖਾਵੇਂਗਾ । ਪਿਛਲੀ ਨੀਤੀ ਸਰਬ ਬਦਲਾਵੇਂਗਾ । ਕਾਇਆ ਠਾਂਡੀ ਸੀਤ ਕਰਾਵੇਂਗਾ । ਮਨ ਜਿਤ ਆਪਣੀ ਜਿਤ ਵਖਾਵੇਂਗਾ । ਕਰ ਕੇ ਹਿੱਤ, ਮੇਲ ਮਿਲਾਵੇਂਗਾ । ਲਹਿਣਾ ਚੁੱਕੇ ਪਿਛਲਾ ਨਿਤ, ਅੱਗੇ ਆਪਣੇ ਰਾਹੇ ਪਾਵੇਂਗਾ । ਜੇ ਵੇਖੀਏ ਤੇ ਨਦਰੀ ਆਏਂ ਦਿਸ, ਮਿਹਰ ਨਜ਼ਰ ਉਠਾਵੇਂਗਾ । ਸਾਨੂੰ ਦੱਸ ਪ੍ਰਭ ਕਿਸ ਨੂੰ ਲੈ ਜਾਵੇਂ ਨਾਲ ਹਿੱਤ, ਸਾਚੀ ਡੋਲੀ ਕਿਸ ਬਹਾਵੇਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਘਰ ਮੰਦਰ ਕਵਣ ਸੁਹਾਵੇਂਗਾ । ਜੋ ਦਰ ਮੇਰੇ ਤੇ ਆਏਗਾ । ਨਿਉਂ ਨਿਉਂ ਸਜਦਾ ਸੀਸ ਝੁਕਾਏਗਾ । ਸੋਹੰ ਢੋਲਾ ਗਾਏਗਾ । ਸੋ ਡੋਲੀ ਚੜ੍ਹ ਜਾਏਗਾ । ਸ੍ਰੀ ਭਗਵਾਨ ਕੰਧ ਉਠਾਏਗਾ । ਵਾਰੋ ਵਾਰੀ ਲੈ ਕੇ ਜਾਏਗਾ । ਚਰਨ ਦੁਆਰ ਆਪ ਬਹਾਏਗਾ । ਵਿਸ਼ਨ ਬ੍ਰਹਮਾ ਸ਼ਿਵ ਰਾਹ ਤਕਾਏਗਾ । ਗੁਰ ਅਵਤਾਰ ਪੀਰ ਪੈਗ਼ੰਬਰ ਸ਼ੁਕਰ ਮਨਾਏਗਾ । ਭਗਤ ਭਗਵਾਨ ਇਕੋ ਦਰ ਬਹਿ ਕੇ ਮੰਦਰ ਇਕ ਵਡਿਆਏਗਾ । ਜੋ ਸ਼ਬਦੀ ਗਿਆ ਕਹਿ ਕੇ, ਸੋ ਜੋਤੀ ਮੇਲ ਮਿਲਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਰੰਗ ਆਪ ਰੰਗਾਏਗਾ । ਸਾਨੂੰ ਦੱਸ ਪਤਾ ਟਿਕਾਣਾ, ਪ੍ਰਭ ਆਪਣਾ ਭੇਵ ਖੁਲ੍ਹਾਈਆ । ਜਿਥੇ ਕੋਈ ਨਾ ਪੁਜੇ ਰਾਜਾ ਰਾਣਾ, ਕੋਟਨ ਕੋਟ ਬੈਠੇ ਧਿਆਨ ਲਗਾਈਆ । ਕਿਸੇ ਹੱਥ ਨਾ ਆਏਂ ਸੁਘੜ ਸਿਆਣਾ, ਮਨ ਮਤ ਬੁਧ ਚਲੇ ਨਾ ਕੋਇ ਚਤੁਰਾਈਆ । ਬੇਅੰਤ ਬੇਪਰਵਾਹ ਤੇਰਾ ਕਵਣ ਮਹੱਲ ਅਟੱਲ ਉਚ ਨਿਸ਼ਾਨਾ, ਜਿਸ ਮੰਦਰ ਆਸਣ ਸਿੰਘਾਸਣ ਸੋਭਾ ਪਾਈਆ । ਕਰ ਕਿਰਪਾ ਦੱਸ ਦੇ ਔਣਾ ਜਾਣਾ, ਔਂਦਿਆਂ ਜਾਂਦਿਆਂ ਦੇਰ ਲੱਗੇ ਨਾ ਰਾਈਆ । ਕਿਰਪਾ ਕਰ ਸ੍ਰੀ ਭਗਵਾਨਾ, ਸਾਹਿਬ ਸਤਿਗੁਰ ਰਿਹਾ ਸਮਝਾਈਆ । ਜਨ ਭਗਤੋ ਗਾਓ ਸੋਹੰ ਗਾਨਾ, ਤੂੰ ਮੇਰਾ

ਮੈਂ ਤੇਰਾ, ਦੂਜਾ ਨਜ਼ਰ ਕੋਇ ਨਾ ਆਈਆ । ਆਪੇ ਬਣੇ ਵੰਞ ਮੁਹਾਣਾ, ਖੇਵਟ ਖੇਟਾ ਬੇੜਾ ਆਪਣੇ ਕੰਧ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸ਼ਬਦ ਬਬਾਣਾ, ਸ੍ਰੀ ਭਗਵਾਨ ਆਪਣੀ ਸੇਵ ਕਮਾਈਆ । ਸ਼ਬਦ ਬਬਾਣਾ ਕਿਹੜਾ ਰੰਗ, ਪ੍ਰਭ ਆਪਣਾ ਦੇ ਸਮਝਾਈਆ । ਕਿਸ ਬਿਧ ਅੰਦਰ ਜਾਈਏ ਲੰਘ, ਆਈਏ ਚਾਈਂ ਚਾਈਂਆ । ਢੋਲਾ ਗੌਣਾ ਸੋਹੰ ਸਦ, ਛੰਦ ਇਕੋ ਇਕ ਵਡਿਆਈਆ । ਸੁਰਤ ਸਵਾਣੀ ਸੁਰਤੀ ਵਿਚੋਂ ਲਏ ਕੱਢ, ਮੂਰਤ ਅਕਾਲ ਦਏ ਵਡਿਆਈਆ । ਪਿਛੇ ਖ਼ਾਲੀ ਛੱਡੇ ਹੱਡ, ਪੰਜ ਤੱਤ ਕੰਮ ਕਿਸੇ ਨਾ ਆਈਆ । ਕੋਟਨ ਕੋਟ ਗੁਰ ਅਵਤਾਰ ਪੀਰ ਪੈਗ਼ੰਬਰ ਗਏ ਲਦ, ਜੁਗ ਚੌਕੜੀ ਆਪਣਾ ਫੇਰਾ ਪਾਈਆ । ਕਲਜੁਗ ਅੰਤਮ ਏਸੇ ਕਾਰਨ ਭਗਤ ਸੁਹੇਲੇ ਜੀਵੰਦੇ ਸੱਦ, ਅਨੰਦ ਕਾਰਜ ਦਿਤਾ ਕਰਾਈਆ । ਅੱਗੇ ਰਹਿਣ ਨਾ ਦਿਤੀ ਕੋਈ ਹੱਦ, ਦੀਨ ਮਜ਼੍ਹਬ ਬੰਨੇ ਦਿਤੇ ਤੁੜਾਈਆ । ਦਰਸ਼ਨ ਕਰਿਓ ਰੱਜ ਰੱਜ, ਸ੍ਰੀ ਭਗਵਾਨ ਨਜ਼ਰੀ ਆਈਆ । ਸੋਹੰ ਢੋਲਾ ਗੌਣਾ ਗੱਜ, ਉਚੀ ਕੂਕ ਕੂਕ ਸੁਣਾਈਆ । ਸਚਖੰਡ ਮੰਦਰ ਬਹਿਣਾ ਸਜ, ਪਿਛੇ ਸਕੇ ਨਾ ਕੋਇ ਹਟਾਈਆ । ਮਿਲਣਾ ਮੇਲ ਪੁਰਖ ਸਮਰਥ, ਸਮਰਥ ਦੇਵਣਹਾਰ ਵਡਿਆਈਆ । ਨਾਰ ਕੰਤ ਦੋਹਾਂ ਦਾ ਮਿਲੇ ਇਕੋ ਜਿਹਾ ਹੱਥ, ਹੱਥ ਹੱਥ ਨਾਲ ਮਿਲਾਈਆ । ਇਕ ਦੂਜੇ ਦੇ ਹੋਵਣ ਵਸ, ਪੱਲੂ ਸਕੇ ਨਾ ਕੋਇ ਛੁਡਾਈਆ । ਪ੍ਰੇਮ ਪ੍ਰੀਤੀ ਦੇਣ ਰਸ, ਰਸ ਇਕੋ ਇਕ ਦਰਸਾਈਆ । ਜਦ ਵੇਖਣ ਤੇ ਪੈਣ ਹੱਸ, ਨੇਤਰ ਨੈਣ ਨਾ ਨੀਰ ਵਹਾਈਆ । ਨਾਤਾ ਰਹੇ ਨਾ ਤੱਤ ਅੱਠ, ਨੌਂ ਦੁਆਰ ਨਾ ਕੋਇ ਵਡਿਆਈਆ । ਦਸਮ ਦੁਆਰੀ ਸੱਥਰ ਬੈਠੇ ਘੱਤ, ਸੇਜ ਸੁਹੰਜਣੀ ਮਿਲੇ ਵਡਿਆਈਆ । ਸੁਨ ਅਗੰਮ ਕਹੇ ਬਸ, ਬਸਤਾ ਆਪਣਾ ਦਏ ਬੰਧਾਈਆ । ਵਿਸ਼ਨ ਬ੍ਰਹਮਾ ਸ਼ਿਵ ਸੁਣੌਣ ਜਸ, ਗੁਰਮੁਖ ਅੱਗੇ ਜਾਓ ਮੇਰੇ ਭਾਈਆ । ਸਚਖੰਡ ਵਸੇ ਪੁਰਖ ਸਮਰਥ, ਨਿਰਗੁਣ ਆਪਣਾ ਆਸਣ ਲਾਈਆ । ਉਹਦੀ ਚਰਨੀਂ ਜਾਓ ਢੱਠ, ਜਿਸ ਚਰਨ ਦੁਆਰੇ ਨਾਨਕ ਕਬੀਰਾ ਬੈਠੇ ਆਸਣ ਲਾਈਆ । ਜਾ ਕੇ ਸਿਰ ਪੱਟਾਂ ਉਤੇ ਦਿਓ ਰੱਖ, ਦੁੱਖ ਆਪਣਾ ਦਿਓ ਸੁਣਾਈਆ । ਪ੍ਰਭ ਕਿਰਪਾ ਕਰ ਝੱਟ, ਤੇਰਾ ਵਿਛੋੜਾ ਝੱਲਿਆ ਨਾ ਜਾਈਆ । ਅੱਗੇ ਲੋੜ ਨਾ ਰਹੇ ਪੰਜ ਤੱਤ ਕਾਇਆ ਰਤ, ਮਾਤ ਗਰਭ ਨਾ ਫੇਰਾ ਪਾਈਆ । ਦਰੋਹੀ ਸਾਡੀ ਹੋਈ ਬਸ, ਲੱਖ ਚੁਰਾਸੀ ਜੂਨ ਨਾ ਫੇਰ ਭੁਆਈਆ । ਤੇਰੇ ਦਰ ਤੇ ਆ ਕੇ ਤੇਰੇ ਰਹੀਏ ਵਸ, ਦੋਏ ਜੋੜ ਵਾਸਤਾ ਪਾਈਆ । ਜੇ ਸਾਡੇ ਉਤੇ ਪਵੇ ਸ਼ੱਕ, ਬਾਹੋਂ ਫੜ ਕੇ ਬਾਹਰ ਦੇ ਕਢਾਈਆ । ਸਾਨੂੰ ਜੀਵ ਜੰਤ ਰਹੇ ਡੱਕ, ਸਾਰੇ ਰਹੇ ਮਾਤ ਸਮਝਾਈਆ । ਤੁਸੀਂ ਪਿਛੇ ਜਾਓ ਹਟ, ਕਿਉਂ ਬੈਠੇ ਵਕਤ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਤੇਰੇ ਦਰ ਮਿਲੇ ਸਰਨਾਈਆ । ਦਰ ਸਰਨ ਸਰਨਾਈ ਪਾਓਗੇ । ਧੀ ਜਵਾਈ ਰੂਪ ਵਟਾਓਗੇ । ਸੌਹਰੇ ਪੇਕੇ ਇਕੇ ਘਰ ਹੰਢਾਓਗੇ । ਪਿਛਲੇ ਲੇਖੇ ਸਰਬ ਚੁਕਾਓਗੇ । ਭਰਮ ਭੁਲੇਖੇ ਦੂਰ ਕਰਾਓਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਕੰਤ ਕੰਤੂਹਲ ਏਕਾ ਅੰਗ ਲਗਾਓਗੇ । ਕੰਤ ਕੰਤੂਹਲ ਇਕ ਅਖਵਾਏਗਾ । ਸ਼ਬਦ ਪੰਘੂੜਾ ਇਕ ਝੁਲਾਏਗਾ । ਰੰਗ ਗੂੜ੍ਹਾ ਨਾਮ ਰੰਗਾਏਗਾ । ਸਾਚਾ ਚੂੜਾ ਹੱਥ ਪਹਿਨਾਏਗਾ । ਮੂਰਖ ਮੂੜ੍ਹਾ ਚਤੁਰ ਵਖਾਏਗਾ । ਨਾਤਾ ਕੂੜਾ ਤੋੜ ਤੁੜਾਏਗਾ । ਦੂਰ ਨੇੜਾ ਪੰਧ ਮੁਕਾਏਗਾ । ਹਾਜ਼ਰ ਹਜ਼ੂਰ ਨਜ਼ਰੀ ਆਏਗਾ । ਆਸ਼ਕ ਮਾਅਸ਼ੂਕ ਦੋਹਾਂ ਮੁਖ ਸ਼ਰਮਾਏਗਾ । ਨਿਰਗੁਣ ਨਿਰਗੁਣ ਸੁਣ ਕੂਕ, ਸਰਗੁਣ ਸਰਗੁਣ ਮੋਹ ਮਿਟਾਏਗਾ । ਆਪਣਾ ਦੇਵੇ

ਸਚ ਸਬੂਤ, ਸਾਲਸ ਇਕੋ ਇਕ ਅਖਵਾਏਗਾ । ਘਰ ਔਂਦਿਆਂ ਮਿਲੇ ਮਹਿਬੂਬ, ਬੀਵੀ ਖ਼ੌਂਤ ਇਕ ਹੰਢਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰਵਰਦਿਗਾਰ ਦਇਆ ਕਮਾਏਗਾ । ਪਰਵਰਦਿਗਾਰ ਵੇਖ ਸਵਾਣੀ, ਵਨੀ ਬਹੁ ਇਕੋ ਇਕ ਵਡਿਆਈਆ । ਨਿਰਗੁਣ ਨਿਰੰਕਾਰ ਨਿਰਾਕਾਰ ਬਨ੍ਹਾਏ ਕੰਨੀ, ਸ਼ਬਦੀ ਡੋਰੀ ਗੰਢ ਪੁਆਈਆ । ਗੁਰਮੁਖ ਕਰੇ ਕਬੂਲ ਕਾਣੀ ਅਨ੍ਹੀ, ਨੇਤਰਹੀਣ ਦਏ ਵਡਿਆਈਆ । ਜੋ ਸਾਹਿਬ ਸਤਿਗੁਰ ਪੂਰੇ ਉਤੇ ਮੰਨੀ, ਕੋਝੀ ਕਮਲੀ ਗਲੇ ਲਗਾਈਆ । ਜਗਤ ਸੋਹਣੀ ਨੌਂ ਖੰਡ ਪ੍ਰਿਥਮੀ ਸੱਤ ਦੀਪ ਚਾਰ ਕੁੰਟਾਂ ਫਿਰੇ ਭੰਨੀ, ਦਰ ਢੋਈ ਕੋਇ ਨਾ ਪਾਈਆ । ਸਾਹਿਬ ਸਤਿਗੁਰ ਦੀਨ ਦਿਆਲ ਅਵਗੁਣਹਾਰੀ ਅੰਤਮ ਡੰਨੀ, ਡੰਡਾ ਇਕੋ ਸਿਰ ਲਗਾਈਆ । ਰੋਟੀ ਖਾਣ ਨੂੰ ਮਿਲੇ ਚੱਪਾ ਖੰਨੀ, ਧੀਰਜ ਧੀਰ ਨਾ ਕੋਇ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੰਤ ਸੁਹੇਲੇ ਸਾਚੇ ਫੜ, ਗੁਰ ਚੇਲੇ ਵੇਖੇ ਅੰਦਰ ਵੜ, ਭਗਤ ਭਗਵਾਨ ਲਗਾਏ ਜੜ੍ਹ, ਬੂਟਾ ਇਕੋ ਇਕ ਵਖਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵਣਹਾਰਾ ਦਾਤਾ ਦਾਨ, ਦਇਆਨਿਧ ਠਾਕਰ ਸਵਾਮੀ, ਸਰਬ ਜੀਆਂ ਘਟ ਅੰਤਰਜਾਮੀ, ਅੰਮ੍ਰਿਤ ਪਿਆਏ ਠੰਡਾ ਪਾਣੀ, ਬੋਧ ਅਗਾਧ ਸੁਣਾਏ ਬਾਣੀ, ਗੁਰਮੁਖ ਬਣਾਏ ਚਤੁਰ ਸੁਘੜ ਸੁਚੱਜੀ ਰਾਣੀ, ਸ਼ਾਹ ਪਾਤਸ਼ਾਹ ਘਰ ਆਪਣੇ ਲਏ ਬਹਾਈਆ ।

★ ੨੮ ਚੇਤ ੨੦੨੦ ਬਿਕਰਮੀ ਬੀਬੀ ਚਰਨ ਕੌਰ ਦੇ ਗ੍ਰਿਹਿ ਹਰਦੋ ਫਰਾਲਾ ਜ਼ਿਲਾ ਜਲੰਧਰ, ★



ਸਚ ਦੁਆਰ ਸੋਹਣਾ ਰੰਗ, ਸੋ ਸਾਹਿਬ ਬਣਤ ਬਣਾਈਆ । ਛੱਪਰ ਛੰਨ ਨਾ ਕੋਇ ਕੰਧ, ਚਾਰ ਦੀਵਾਰ ਨਾ ਕੋਇ ਰਖਾਈਆ । ਰਵ ਸਸ ਨਾ ਸੂਰਜ ਚੰਦ, ਤਾਰਾ ਮੰਡਲ ਨਾ ਕੋਇ ਵਡਿਆਈਆ । ਸੱਤ ਦੀਪ ਨਾ ਨੌਂ ਖੰਡ, ਬ੍ਰਹਿਮੰਡ ਵੇਸ ਨਾ ਕੋਇ ਵਟਾਈਆ । ਵਿਸ਼ਨ ਬ੍ਰਹਮਾ ਸ਼ਿਵ ਕੋਈ ਨਾ ਵਸੇ ਸੰਗ, ਸੰਗੀ ਨਜ਼ਰ ਕੋਇ ਨਾ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਨਾਮ ਵਜਾਏ ਨਾ ਕੋਇ ਮਰਦੰਗ, ਤਾਰ ਸਤਾਰ ਨਾ ਕੋਇ ਹਿਲਾਈਆ । ਸ਼ਾਹ ਪਾਤਸ਼ਾਹ ਸੂਰਾ ਸਰਬੰਗ, ਸ਼ਹਿਨਸ਼ਾਹ ਇਕੋ ਆਸਣ ਲਾਈਆ । ਆਦਿ ਜੁਗਾਦਿ ਆਪਣਾ ਜਾਣੇ ਇਕ ਅਨੰਦ, ਅਨੰਦ ਆਪਣੇ ਹੱਥ ਰਖਾਈਆ । ਜੁਗ ਚੌਕੜੀ ਮੁਕਾਵਣਹਾਰਾ ਪੰਧ, ਵਡ ਪਾਂਧੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚਾ ਇਕ ਸੁਹਾਈਆ । ਸਾਚਾ ਘਰ ਸੋਹਣਾ ਨੂਰ, ਨੂਰ ਨੁਰਾਨਾ ਡਗਮਗਾਇੰਦਾ । ਦਾਤਾ ਜੋਧਾ ਦਾਨੀ ਸੂਰ, ਸਾਹਿਬ ਸਤਿਗੁਰ ਡੇਰਾ ਲਾਇੰਦਾ । ਆਸਾ ਮਨਸਾ ਸਭ ਦੀ ਪੂਰ, ਪ੍ਰਭ ਪੂਰਨ ਖੇਲ ਕਰਾਇੰਦਾ । ਵਸਣਹਾਰਾ ਨੇਰਨ ਦੂਰ, ਘਰ ਇਕੋ ਇਕ ਵਡਿਆਇੰਦਾ । ਗਹਿਰ ਗੰਭੀਰ ਜ਼ਾਹਰ ਜ਼ਹੂਰ, ਜ਼ਾਹਰਾ ਆਪਣੀ ਕਾਰ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹੱਲ ਅਟੱਲ ਇਕ ਸੁਹਾਇੰਦਾ । ਹਰਿਦੁਆਰ ਸੋਹਣੀ ਧਾਰ, ਸੋ ਪੁਰਖ ਨਿਰੰਜਣ ਆਪ ਬਣਾਈਆ । ਕਾਗਦ ਕਲਮ ਨਾ ਲਿਖਣਹਾਰ, ਭੇਵ ਅਭੇਦ ਨਾ ਕੋਇ ਖੁਲ੍ਹਾਈਆ । ਜੋ ਗਿਆ ਸੋ ਡਿੱਗਾ ਚਰਨ ਦੁਆਰ, ਉਪਰ ਅੱਖ ਨਾ ਕੋਇ ਉਠਾਈਆ । ਜੋਤ ਮੇਲ ਨਾ ਸਕੇ ਕੋਇ ਚਮਤਕਾਰ, ਬੇਪਰਵਾਹ ਬੇਪਰਵਾਹ ਬੇਪਰਵਾਹੀ ਵਿਚ ਸਮਾਈਆ । ਧੂੜੀ ਮੰਗਣ ਸਾਰੇ ਛਾਰ, ਖ਼ਾਕੀ ਟਿੱਕਾ ਮਸਤਕ ਲਾਈਆ । ਦੀਆ ਬਾਤੀ ਕਮਲਾਪਾਤੀ ਇਕ ਉਜਿਆਰ, ਸਾਚੇ ਮੰਦਰ ਰਿਹਾ

ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਵਸੇ ਬੇਪਰਵਾਹੀਆ । ਸਚ ਮਹੱਲਾ ਸੋਹਣੀ ਬਣਤ, ਹਰਿ ਸਤਿਗੁਰ ਆਪ ਬਣਾਈਆ । ਜਿਸ ਗ੍ਰਿਹਿ ਮਿਲੇ ਨਰ ਹਰਿ ਨਰਾਇਣ ਸੱਚਾ ਕੰਤ, ਕੰਤ ਕੰਤੂਹਲ ਵਡ ਵਡਿਆਈਆ । ਬਿਨ ਕਿਰਪਾ ਕੋਈ ਨਾ ਵੇਖੇ ਸੰਤ, ਕੋਟਨ ਕੋਟ ਧਿਆਨ ਲਗਾਈਆ । ਪੜ੍ਹ ਪੜ੍ਹ ਥੱਕੇ ਜੀਵ ਜਹਾਨਾਂ ਸਿਫ਼ਤ, ਰਸਨਾ ਜਿਹਵਾ ਸੋਹਲਾ ਢੋਲਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਘਰ, ਅੰਤ ਕਹਿਣ ਕੋਇ ਨਾ ਆਈਆ । ਸੋਹਣਾ ਮੰਦਰ ਸੋਹਣੀ ਸੇਜ, ਸੁਹੰਜਣੀ ਰੁੱਤ ਸੁਹਾਇੰਦਾ । ਸ਼ਬਦ ਅਗੰਮ ਸੁਨੇਹੁੜਾ ਭੇਜ, ਅੱਖ ਪਰਤੱਖ ਖੁਲ੍ਹਾਇੰਦਾ । ਕੰਤ ਭਤਾਰਾ ਨਿਰਗੁਣ ਏਕ, ਏਕੰਕਾਰਾ ਪਰਦਾ ਲਾਹਿੰਦਾ । ਹਰਿਜਨ ਸੱਜਣ ਲਏ ਵੇਖ, ਪੇਖਤ ਖ਼ੁਸ਼ੀ ਮਨਾਇੰਦਾ । ਰੂਪ ਰੰਗ ਨਾ ਕੋਇ ਰੇਖ, ਅਨੁਭਵ ਪਰਕਾਸ਼ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦਰ ਆਪ ਸੁਹਾਇੰਦਾ । ਮੰਦਰ ਦਰ ਵੱਡਾ ਨਿੱਕਾ, ਨਿੱਕਾ ਵੱਡਾ ਆਪ ਬਣਾਈਆ । ਜਿਸ ਜਨ ਦੇਵੇ ਮਸਤਕ ਨਾਮ ਟਿੱਕਾ, ਤਿਸ ਘਰ ਸਾਚਾ ਦਏ ਵਖਾਈਆ । ਮਿਹਰ ਨਜ਼ਰ ਝੋਲੀ ਪਾਏ ਭਿਛਾ, ਭਿਖਕ ਪੂਰੀ ਆਸ ਕਰਾਈਆ । ਭਗਤ ਭਗਵਾਨ ਵੰਡੇ ਹਿੱਸਾ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਦੇਵਣਹਾਰ ਵਡਿਆਈਆ । ਘਰ ਮੰਦਰ ਉਚ ਮਨਾਰ, ਮਹਿਮਾਂ ਕਥ ਕੋਇ ਨਾ ਪਾਈਆ । ਵਸੇ ਦਾਤਾ ਨਿਰਗੁਣ ਧਾਰ, ਜੋਤੀ ਜੋਤ ਜੋਤ ਰੁਸ਼ਨਾਈਆ । ਭਗਤਨ ਮੀਤਾ ਏਕੰਕਾਰ, ਅਕਲ ਕਲਾ ਦਰਸਾਈਆ । ਸਾਚੀ ਰੀਤਾ ਵਿਚ ਸੰਸਾਰ, ਸਾਹਿਬ ਸਤਿਗੁਰ ਆਪ ਚਲਾਈਆ । ਠਾਂਡਾ ਸੀਤਾ ਕਰ ਪਿਆਰ, ਆਪਣੇ ਅੰਗ ਲਗਾਈਆ । ਲੱਗੀ ਪ੍ਰੀਤੀ ਨਿਭੇ ਨਾਲ, ਅੱਧਵਿਚਕਾਰ ਨਾ ਕੋਇ ਤੁੜਾਈਆ । ਭਗਤ ਜਨਾਂ ਵਖਾਏ ਸਚ ਸੱਚੀ ਧਰਮਸਾਲ, ਜਿਸ ਘਰ ਵਸੇ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਮਾਣ ਵਡਿਆਈਆ । ਹਰਿ ਮੰਦਰ ਕਹੇ ਮੇਰਾ ਸੋਹੇ ਰੂਪ, ਪ੍ਰਭ ਦੇਵਣਹਾਰ ਵਡਿਆਈਆ । ਮੈਂ ਵੇਖਾਂ ਉਠ ਉਠ ਚਾਰੇ ਕੂਟ, ਨੇਤਰ ਨੈਣ ਉਠਾਈਆ । ਸ੍ਰਿਸ਼ਟ ਸਬਾਈ ਜੂਠ ਝੂਠ, ਸਚ ਸੁੱਚ ਨਾ ਕੋਇ ਵਡਿਆਈਆ । ਜਿਨ੍ਹਾਂ ਉਪਰ ਦੀਨ ਦਿਆਲ ਸਵਾਮੀ ਗਿਆ ਤੁਠ, ਹਰਿ ਦਾਤਾ ਦਇਆ ਕਮਾਈਆ । ਅੰਮ੍ਰਿਤ ਜਾਮ ਪਿਆਇਆ ਘੁੱਟ, ਘਟਨਾ ਕੋਇ ਰਹਿਣ ਨਾ ਪਾਈਆ । ਦੂਈ ਦਵੈਤੀ ਕੱਢ ਫੁੱਟ, ਇਕੋ ਦਰ ਮੇਲ ਮਿਲਾਈਆ । ਸੋ ਮੇਰਾ ਰਾਹ ਰਹੇ ਪੁੱਛ, ਨੇਤਰ ਨੈਣ ਨੈਣ ਉਠਾਈਆ । ਕਵਣ ਵੇਲਾ ਪ੍ਰਭ ਗੋਦੀ ਲਏ ਚੁੱਕ, ਲੋਰੀ ਦੇਵੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੰਦਰ ਇਕੋ ਸੋਭਾ ਪਾਈਆ । ਇਕੋ ਮੰਦਰ ਹੋਵੇ ਸੋਭਾਵੰਤ, ਸ੍ਰੀ ਭਗਵਾਨ ਆਪ ਸੁਹਾਇੰਦਾ । ਜਿਸ ਗ੍ਰਿਹਿ ਇਕੋ ਨਾਮ ਇਕੋ ਮੰਤ, ਇਸ਼ਟ ਗੁਰਦੇਵ ਇਕੋ ਨਜ਼ਰੀ ਆਇੰਦਾ । ਜਿਸ ਘਰ ਇਕੋ ਸਾਹਿਬ ਨਰ ਨਰਾਇਣ ਕੰਤ, ਦੇਵਰ ਜੇਠ ਰੰਗ ਨਾ ਕੋਇ ਵਖਾਇੰਦਾ । ਇਕੋ ਚੋਲੀ ਇਕੋ ਡੋਲੀ ਇਕੋ ਰੰਗ ਚੜ੍ਹੇ ਬਸੰਤ, ਇਕੋ ਏਕੰਕਾਰਾ ਵੇਖ ਵਖਾਇੰਦਾ । ਇਕੋ ਬਾਣੀ ਇਕੋ ਪਾਣੀ ਇਕੋ ਰਾਣੀ, ਇਕੋ ਸ੍ਰੀ ਭਗਵੰਤ ਵੇਖ ਵਖਾਇੰਦਾ । ਇਕੋ ਕਥਾ ਇਕੋ ਕਹਾਣੀ, ਇਕੋ ਜਾਣੇ ਖੇਲ ਮਹਾਨੀ, ਹਰਿ ਖ਼ਾਲਕ ਆਪ ਕਰਾਇੰਦਾ । ਇਕੋ ਦੇਵਣਹਾਰਾ ਪਦ ਨਿਰਬਾਣੀ, ਨਿਰਬਾਣ ਪਦ ਆਪ ਜਣਾਇੰਦਾ । ਇਕੋ ਕਰਨਹਾਰ ਪਛਾਣੀ, ਲੱਖ ਚੁਰਾਸੀ ਵਿਚੋਂ ਖੋਜ ਖੁਜਾਇੰਦਾ । ਇਕੋ ਮੇਲ ਮਿਲਾਏ ਸਾਚੇ ਹਾਣੀ, ਜੋੜੀ ਜੋੜਾ ਇਕ ਬਣਾਇੰਦਾ । ਏਕਾ ਸੁੱਤਾ ਲੰਮੀਆਂ ਤਾਣੀ, ਨੇਤਰ ਅੱਖ ਨਾ ਕੋਇ

੩੧੫ ੧੪

ਖੁਲ੍ਹਾਇੰਦਾ । ਤਿਸ ਸਾਹਿਬ ਚਰਨਾਂ ਕੁਰਬਾਨੀ, ਜੋ ਆਦਿ ਜੁਗਾਦਿ ਜੁਗ ਜੁਗ ਆਪਣਾ ਕਾਜ ਰਚਾਇੰਦਾ । ਦੇਵਣਹਾਰਾ ਧੁਰ ਫ਼ਰਮਾਣੀ, ਸਚ ਸੰਦੇਸਾ ਇਕ ਅਲਾਇੰਦਾ । ਜੋ ਲੇਖੇ ਲਾਏ ਜੋਬਨ ਜਵਾਨੀ, ਬਾਲ ਬੁੜ੍ਹੇਪਾ ਭੇਵ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੰਦਰ ਦੁਆਰਾ ਇਕ ਵਖਾਇੰਦਾ । ਮੰਦਰ ਦੁਆਰਾ ਊਚੋ ਊਚ, ਅਗੰਮ ਅਥਾਹ ਵਡਿਆਈਆ । ਨਾ ਕੋਈ ਗਲੀ ਨਾ ਕੋਈ ਕੂਚ, ਦਰ ਦਰਵਾਜਾ ਨਜ਼ਰ ਕਿਸੇ ਨਾ ਆਈਆ । ਬਿਨ ਸਤਿਗੁਰ ਕਿਰਪਾ ਕੋਈ ਨਾ ਸਕੇ ਬੂਝ, ਕੋਟਨ ਕੋਟ ਬੈਠੇ ਧਿਆਨ ਲਗਾਈਆ । ਗੁਰਮੁਖ ਹਰਿਜਨ ਹਰਿ ਪ੍ਰੀਤੀ ਜਾਏ ਝੂਝ, ਬਣ ਸੇਵਕ ਸਾਚੀ ਸੇਵ ਕਮਾਈਆ । ਲੇਖਾ ਚੁੱਕੇ ਏਕਾ ਦੂਜ, ਦੂਆ ਏਕਾ ਏਕਾ ਗੰਢ ਪੁਆਈਆ । ਸੋ ਸਾਹਿਬ ਸਤਿਗੁਰ ਸਾਚੀ ਦੇਵੇ ਸੂਝ, ਸੁਰਤ ਸ਼ਬਦ ਕਰ ਕੁੜਮਾਈਆ । ਘਰ ਮੰਦਰ ਮਿਲੇ ਮਹਿਬੂਬ, ਮਹਿਫ਼ਲ ਇਕੋ ਇਕ ਲਗਾਈਆ । ਹੋਏ ਪਰਕਾਸ਼ ਹੁਜਰਾ ਅਰੂਜ, ਅਰਸ਼ ਨੂਰੋ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੁਆਰਾ ਭਗਤ ਸਹਾਰਾ, ਭਗਵਨ ਇਕੋ ਇਕ ਵਖਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਅਵਤਾਰਾ, ਆਵਤ ਜਾਵਤ ਜਾਵਤ ਆਵਤ ਆਪਣਾ ਖੇਲ ਰਖਾਈਆ ।

## ★ ੨੮ ਚੇਤ ੨੦੨੦ ਬਿਕਰਮੀ ਮਨਸਾ ਸਿੰਘ ਦੇ ਗ੍ਰਿਹ ਹਰਦੋ ਫਰਾਲਾ ਜ਼ਿਲਾ ਜਲੰਧਰ ★



ਹਰਿ ਮੰਦਰ ਰੰਗ ਅਜਾਇਬ, ਅਜਬ ਲੀਲਾ ਆਪ ਰਚਾਈਆ । ਲੁਕਿਆ ਰਹੇ ਹੋ ਕੇ ਗਾਇਬ, ਨਜ਼ਰ ਕਿਸੇ ਨਾ ਆਈਆ । ਨਾਉਂ ਰੱਖ ਸੱਚਾ ਸਾਹਿਬ, ਸ਼ਾਹ ਪਾਤਸ਼ਾਹ ਵੱਡੀ ਵਡਿਆਈਆ । ਕਰੇ ਖੇਲ ਇਕ ਇਕੱਲਾ ਵਾਹਦ, ਲਾਸ਼ਰੀਕ ਕਾਰ ਕਮਾਈਆ । ਆਪਣਾ ਜਾਣੇ ਕਾਨੂੰਨ ਕਵਾਇਦ, ਹੁਕਮ ਇਕੋ ਇਕ ਵਰਤਾਈਆ । ਨਾ ਕੋਈ ਦੂਜਾ ਦਿਸੇ ਓਥੇ ਨਾਇਬ, ਨਰ ਨਿਰੰਕਾਰ ਆਪਣੀ ਕਲ ਵਰਤਾਈਆ । ਦੋ ਜਹਾਨਾਂ ਬਣ ਮੁਸਾਹਿਬ, ਧੁਰ ਫ਼ਰਮਾਣਾ ਹੁਕਮ ਜਣਾਈਆ । ਆਦਿ ਜੁਗਾਦਿ ਜੁਗ ਚੌਕੜੀ ਆਪਣਾ ਜਾਣੇ ਸਚ ਰਿਵਾਇਜ, ਇਸ਼ਾਰਾ ਇਸ਼ਾਰੇ ਨਾਲ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਨੂਰ ਖ਼ੁਦਾਈਆ । ਨੂਰ ਮਹੱਲ ਪਰਵਰਦਿਗਾਰ ਅਜੀਬ, ਵਿਚ ਅਜ਼ਮਤ ਆਪ ਟਿਕਾਇੰਦਾ । ਦੂਰ ਨੇੜੇ ਨਾ ਕੋਇ ਕਰੀਬ, ਪਾਂਧੀ ਪੰਧ ਨਾ ਕੋਇ ਸਮਝਾਇੰਦਾ । ਵਸਣਹਾਰਾ ਲਾਸ਼ਰੀਕ, ਸ਼ਾਹ ਪਾਤਸ਼ਾਹ ਡੇਰਾ ਲਾਇੰਦਾ । ਰੱਖਣਹਾਰਾ ਨਿਤ ਉਡੀਕ, ਮੁਰੀਦ ਮੁਰਸ਼ਦ ਰਾਹ ਤਕਾਇੰਦਾ । ਨਿਭਾਵਣਹਾਰਾ ਸਚ ਪ੍ਰੀਤ, ਸਰਨ ਸਰਨਾਈ ਇਕ ਵਖਾਇੰਦਾ । ਜਣਾਵਣਹਾਰਾ ਢੋਲਾ ਗੀਤ, ਮੇਰਾ ਤੇਰਾ ਰਾਗ ਅਲਾਇੰਦਾ । ਵੇਖਣਹਾਰਾ ਹਸਤ ਕੀਟ, ਊਚ ਨੀਚ ਨਾ ਕੋਇ ਜਣਾਇੰਦਾ । ਬਦਲਾਵਣਹਾਰਾ ਆਪਣੀ ਪੀਠ, ਕਰਵਟ ਆਪਣੀ ਆਪ ਸਮਝਾਇੰਦਾ । ਲੱਖ ਚੁਰਾਸੀ ਆਦਿ ਜੁਗਾਦਿ ਲਏ ਜੀਤ, ਜਿਤ ਆਪਣੇ ਹੱਥ ਰਖਾਇੰਦਾ । ਮਹੱਲ ਅਟੱਲ ਇਕ ਅਤੀਤ, ਤ੍ਰੈਕਾਲ ਦਰਸੀ ਆਪ ਸੁਹਾਇੰਦਾ । ਭਗਤ ਭਗਵਾਨ ਸਾਚੀ ਰੀਤ, ਬਿਨ ਮੰਦਰ ਮਸੀਤ, ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਇਕੋ ਇਕ ਵਡਿਆਇੰਦਾ । ਘਰ ਮੰਦਰ ਸਚ ਅਨਡਿਠ, ਜਗ ਨੇਤਰ ਨਜ਼ਰ ਨਾ ਆਈਆ । ਕਾਇਆ ਅੰਦਰ

ਦੱਸ ਕੇ ਗਏ ਸਵਾ ਗਿੱਠ, ਅੰਗੁਸ਼ਤ ਇਕੋ ਨਾਪ ਨਪਾਈਆ । ਬਾਲਿਸ਼ਤ ਅੱਗੇ ਹੋ ਕੇ ਰਿਹਾ ਪੁੱਛ, ਮੇਰੀ ਵੰਡ ਕਵਣ ਸਮਝਾਈਆ । ਮੈਂ ਵੀ ਨੀਵਾਂ ਹੋ ਕੇ ਝੁਕ, ਨੇਤਰ ਨੈਣਾਂ ਧਿਆਨ ਲਗਾਈਆ । ਨਿੱਕਾ ਹੋ ਕੇ ਨਿਰੰਕਾਰ ਰਿਹਾ ਲੁਕ, ਨਜ਼ਰ ਕਿਸੇ ਨਾ ਆਈਆ । ਆਪਣੀ ਕਿਰਪਾ ਆਪੇ ਪਏ ਤੁਠ, ਜਨਨੀ ਦੇਵੇ ਨਾ ਕੋਇ ਵਡਿਆਈਆ । ਨਿਰਮਲ ਕਰ ਪਰਕਾਸ਼ ਜੋਤ, ਨੂਰੋ ਨੂਰ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਥਾਉਂ ਥਾਈਂਆ । ਹਰਿ ਮੰਦਰ ਕਹੇ ਮੇਰੀ ਸੋਹਣੀ ਮਾਟੀ, ਇਕੋ ਵਾਰ ਪੋਚ ਪੋਚਾਈਆ । ਪੁਰਖ ਅਕਾਲ ਮੇਰਾ ਬਾਢੀ, ਘਾੜਤ ਸਾਚੀ ਲਏ ਘੜਾਈਆ । ਰਕਤ ਬੂੰਦ ਨਾ ਕੋਈ ਹਾਡੀ, ਲਹੂ ਮਿਝ ਨਾ ਕੋਇ ਵਖਾਈਆ । ਮਾਤ ਪਿਤ ਨਾ ਕੋਈ ਦਾਦੀ, ਨਾਨਾ ਨਾਨੀ ਨਾ ਕੋਇ ਅਖਵਾਈਆ । ਨਾ ਪੜੋਸੀ ਨਾ ਕੋਈ ਗਵਾਂਢੀ, ਚਾਚਾ ਤਾਇਆ ਨਾ ਕੋਇ ਅਖਵਾਈਆ । ਨਾ ਪਤੀਲਾ ਕਿਰਮਚੀ ਹਾਂਡੀ, ਥਾਲੀ ਛੰਨਾ ਨਾ ਕੋਇ ਵਖਾਈਆ । ਸੋਨਾ ਰੂਪਾ ਨਾ ਕੋਇ ਚਾਂਦੀ, ਲਾਲ ਜਵਾਹਰ ਮਾਣਕ ਮੋਤੀ, ਨਜ਼ਰ ਕੋਇ ਨਾ ਆਈਆ । ਨਾ ਕੋਈ ਗੋਲੀ ਨਾ ਕੋਈ ਬਾਂਦੀ, ਨੈਣ ਮਰਾਸਣ ਸੰਗ ਨਾ ਕੋਇ ਰਖਾਈਆ । ਨਾ ਕੋਈ ਮੌਲੀ ਤੰਦ ਪਰਾਂਦੀ, ਚੂੜਾ ਕੰਗਣ ਨਾ ਕੋਇ ਰਖਾਈਆ । ਨੱਕ ਨੱਥ ਨਾ ਬਲਾਕ ਸੁਹਾਂਦੀ, ਮੱਥੇ ਟਿੱਕਾ ਨਾ ਕੋਇ ਲਟਕਾਈਆ । ਪ੍ਰੇਮ ਪਿਆਰ ਦਾ ਇਕੋ ਢੋਲਾ ਗਾਂਦੀ, ਪ੍ਰਭ ਤੇਰੇ ਸਰਨ ਮਿਲੇ ਸਰਨਾਈਆ । ਨਾ ਕੁਛ ਪੀਂਦੀ ਨਾ ਕੁਛ ਖਾਂਦੀ, ਤਨ ਓਢਣ ਨਾ ਕੋਇ ਰਖਾਈਆ । ਨਾ ਥੱਕੀ ਨਾ ਕੋਇ ਮਾਂਦੀ, ਮੰਜ਼ਲ ਮੰਜ਼ਲ ਆਪਣਾ ਪੰਧ ਮੁਕਾਈਆ । ਨਾ ਹੱਸੇ ਨਾ ਰੋਂਦੀ ਜਾਂਦੀ, ਨੈਣੀ ਨੀਰ ਨਾ ਕੋਇ ਵਹਾਈਆ । ਤੂਹੀ ਤੂਹੀ ਕਰ ਕੁਰਲਾਂਦੀ, ਪ੍ਰਭ ਇਕੋ ਸੱਚਾ ਮਾਹੀਆ । ਜਿਸ ਦੇ ਵਿਛੋੜੇ ਵਿਚ ਸਦਾ ਪਛਤਾਂਦੀ, ਪਸਚਾਤਾਪ ਸਕੇ ਨਾ ਕੋਇ ਮਿਟਾਈਆ । ਧੰਨ ਭਾਗ ਪ੍ਰਭ ਕਿਰਪਾ ਕਰ ਆਪਣੇ ਦੁਆਰੇ ਖਿਚ ਲਿਆਂਦੀ, ਡੋਰੀ ਨਾਮ ਪ੍ਰੇਮ ਬੰਧਾਈਆ । ਨਿਤ ਨਿਤ ਉਠ ਕੇ ਦਰਸ਼ਨ ਪਾਂਦੀ, ਹਰਸ ਹਵਸ ਰਹੀ ਨਾ ਰਾਈਆ । ਕਰ ਨਿਮਸਕਾਰ ਭੁਲਾਂ ਬਖ਼ਸ਼ਾਂਦੀ, ਬਖ਼ਸ਼ ਬਖ਼ਸ਼ਣਹਾਰ ਤੇਰੇ ਹੱਥ ਵਡਿਆਈਆ । ਨਧੜਕ ਹੋ ਕੇ ਸੇਜ ਸੁਹੰਜਣੀ ਸੌਂ ਜਾਂਦੀ, ਸਵੇਰੇ ਉਠ ਰਿੜਕਣਾ ਕੋਇ ਨਾ ਪਾਈਆ । ਜਿਸ ਵੇਲੇ ਪ੍ਰਭ ਚਰਨ ਧਿਆਨ ਲਗਾਂਦੀ, ਮੇਰੀ ਅਗਲੀ ਪਿਛਲੀ ਸੁਰਤ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖਾਇਆ ਸਾਚਾ ਘਰ, ਜਿਸ ਘਰ ਵੜਿਆਂ ਦੁੱਖ ਰਹੇ ਨਾ ਰਾਈਆ ।

★ ੨੮ ਚੇਤ ੨੦੨੦ ਬਿਕਰਮੀ ਗੁਰਬਚਨ ਸਿੰਘ ਦੇ ਗ੍ਰਿਹਿ ਹਰਦੋ ਫਰਾਲਾ ਜ਼ਿਲਾ ਜਲੰਧਰ ★

ਦਰਸ਼ਨ ਪੇਖ ਹੋਈ ਨਿਹਾਲ, ਨੇਤਰ ਨੈਣਾਂ ਰੰਗ ਗੁਲਾਲਿਆ । ਪ੍ਰਭ ਸਾਚਾ ਦੀਨ ਦਿਆਲ, ਲੇਖੇ ਲਾਏ ਸ਼ਾਹ ਕੰਗਾਲਿਆ । ਸਚ ਕੁਠਾਲੀ ਦੇਵੇ ਗਾਲ, ਨਾਮ ਸੁਹਾਗਾ ਉਪਰ ਡਾਲਿਆ । ਕੰਚਨ ਕਰੇ ਗੁਰਮੁਖ ਲਾਲ, ਰੰਗ ਚੜ੍ਹਾਵੇ ਲਾਲੋ ਲਾਲਿਆ । ਬਹਾਏ ਸਚ ਸੱਚੀ ਧਰਮਸਾਲ, ਚਰਨ ਕਵਲ ਇਕ ਵਖਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਇਕੋ ਮਾਣਿਆਂ । ਮਾਣ ਦੇਵੇ ਦਰ ਦਰਬਾਰ, ਦਰਗਹਿ ਸਾਚੀ ਦਏ ਵਡਿਆਈਆ । ਸਚ ਪ੍ਰੀਤੀ ਇਕੋ ਪਾਲ, ਪਾਲਕ ਹੋਏ ਸਭਨੀ ਥਾਈਂਆ । ਫਲ ਲਗਾਏ ਸਾਚੇ ਡਾਲ, ਰਸ ਅੰਮ੍ਰਿਤ ਵਿਚ

ਭਰਾਈਆ । ਨੇੜ ਨਾ ਆਏ ਜਗਤ ਕਾਲ, ਗਰਾਸ ਅੰਤ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਇਕ ਵਖਾਈਆ । ਦਰਸ਼ਨ ਪੇਖਤ ਆਤਮ ਸੀਤ, ਸਤਿ ਸਤਿ ਵਡਿਆਈਆ । ਸਮਝ ਆਈ ਕਿਵੇਂ ਲੱਗੇ ਪ੍ਰੀਤ, ਸਾਚੀ ਸਿਖਿਆ ਹਰਿ ਦ੍ਰਿੜਾਈਆ । ਗੁਰ ਚਰਨ ਧੂੜੀ ਮਸਤਕ ਟਿੱਕਾ ਲਾਓ ਠੀਕ, ਕੂੜਾ ਠੀਕਰ ਦਏ ਭੰਨਾਈਆ । ਸੋਹੰ ਢੋਲਾ ਗਾਓ ਗੀਤ, ਗੋਬਿੰਦ ਮਿਲੇ ਚਾਈਂ ਚਾਈਂਆ । ਸਾਹਿਬ ਸੱਚੇ ਦੀ ਇਕੋ ਰੀਤ, ਆਤਮ ਪਰਮਾਤਮ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇ ਦਰਸ ਤ੍ਰਿਪਤ ਕਰਾਈਆ । ਕਰ ਦਰਸ ਮਿਟਿਆ ਅੰਧਿਆਰਾ, ਅੰਧ ਰਹਿਣ ਕੋਇ ਨਾ ਪਾਈਆ । ਮਨ ਵਾਸਨਾ ਰੂਪ ਨਾ ਹੋਏ ਹੈਂਸਿਆਰਾ, ਹੈਂਕੜ ਰੱਖੇ ਨਾ ਕੋਇ ਰਾਈਆ । ਦਰ ਦਰਵੇਸ਼ ਬਣੇ ਭਿਖਾਰਾ, ਨਾਮ ਮੰਗੇ ਚਾਈਂ ਚਾਈਂਆ । ਦੇ ਵਸਤ ਅਮੋਲਕ ਥਾਰਾ, ਥਿਰ ਦਰਬਾਰੀ ਤੇਰੀ ਵਡ ਵਡਿਆਈਆ । ਤੂੰ ਜਿਤਿਆ ਮੈਂ ਹਾਰਾ, ਮੇਰੀ ਹਾਰ ਤੇਰੀ ਸਰਨਾਈਆ । ਤੂੰ ਸ਼ੌਹ ਦਰਯਾ ਸਾਗਰ ਡੂੰਘੀ ਗਾਰਾ, ਗਹਿਰ ਗੰਭੀਰ ਤੇਰੀ ਵਡਿਆਈਆ । ਤੂੰ ਕੰਤ ਕੰਤੂਹਲ ਹਉਂ ਪੁਰਖ ਪੁਰਖੋਤਮ ਤੇਰੀ ਨਾਰਾ, ਨਰ ਨਰਾਇਣ ਤੇਰੀ ਇਕੋ ਓਟ ਤਕਾਈਆ । ਤੂੰ ਠਾਕਰ ਸਵਾਮੀ ਮੀਤ ਮੁਰਾਰਾ, ਹਉਂ ਬਾਲਕ ਰੂਪ ਸਖਾਈਆ । ਤੇਰਾ ਤਖ਼ਤ ਸਚ ਸੁਲਤਾਨ ਸੋਹੇ ਸਚ ਦੁਆਰਾ, ਹਉਂ ਚਰਨ ਰੇਣ ਧੂੜੀ ਟਿੱਕਾ ਮਸਤਕ ਮੰਗ ਮੰਗਾਈਆ । ਤੂੰ ਸ਼ਾਹੋ ਭੂਪ ਸਿਕਦਾਰਾ, ਹਉਂ ਚੋਬਦਾਰ ਸੇਵਕ ਜਗ ਤੇਰੀ ਸੇਵ ਕਮਾਈਆ । ਤੂੰ ਨਾਦ ਸ਼ਬਦ ਧੁਨਕਾਰਾ, ਹਉਂ ਗਾ ਗਾ ਸ਼ੁਕਰ ਮਨਾਈਆ । ਤੂੰ ਸਾਹਿਬ ਸੱਜਣ ਸਿਰਜਣਹਾਰਾ, ਹਉਂ ਭਿਖਕ ਦਰ ਦਰ ਅਲਖ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਖਾਇਆ ਸਚ ਇਕ ਦੁਆਰਾ, ਜਿਸ ਪੇਖ ਦੁੱਖ ਰਿਹਾ ਨਾ ਰਾਈਆ । ਨੇਤਰ ਪੇਖਤ ਪਾਇਆ ਅਨੰਦ, ਘਰ ਸਾਚੇ ਵੱਜੇ ਵਧਾਈਆ । ਨਾਤਾ ਤੁੱਟਿਆ ਹਉਮੇ ਹੰਗਤ, ਹੰ ਬ੍ਰਹਮ ਇਕੋ ਨਜ਼ਰੀ ਆਈਆ । ਚੰਮ ਦ੍ਰਿਸ਼ਟੀ ਨਾ ਪਏ ਜੰਮ, ਇਸ਼ਟ ਸਤਿਗੁਰ ਦਏ ਸਮਝਾਈਆ । ਏਥੇ ਓਥੇ ਦੋ ਜਹਾਨ ਬੇੜ੍ਹਾ ਬੰਨ੍ਹ, ਕਾਇਆ ਉਜੜੀ ਬਸਤੀ ਆਤਮ ਪਰਮਾਤਮ ਵਖਾ ਇਕੋ ਹਸਤੀ, ਕੀਮਤ ਕਰਤਾ ਕੋਇ ਨਾ ਲਾਈਆ । ਆਪਣੀ ਕੀਮਤ ਦੱਸੇ ਸਸਤੀ, ਸਸਤਾ ਸੌਦਾ ਕੋਈ ਨਾ ਔਖਾ, ਸਾਹਿਬ ਮਿਲਣ ਦਾ ਇਕੋ ਮੌਕਾ, ਪ੍ਰਭ ਚਰਨ ਧਿਆਨ ਲਗਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿਜਨ ਪੂਰਾ ਕਰੇ ਸ਼ੌਕਾ, ਸ਼ਾਨ ਕਰੇ ਦੂਣ ਸਵਾਈਆ ।

### ★ ੨੮ ਚੇਤ ੨੦੨੦ ਬਿਕਰਮੀ ਗੁਰਮੀਤ ਸਿੰਘ ਦੇ ਗ੍ਰਿਹ ਹਰਦੋ ਫਰਾਲਾ ਜ਼ਿਲਾ ਜਲੰਧਰ ★

ਤੇਲ ਪਾਣੀ ਦਾ ਸਗਨ ਰੋਕ, ਹਰਿ ਰੋਕੜ ਨਾਮ ਝੋਲੀ ਪਾਇੰਦਾ । ਰਸਨਾ ਗਾਓ ਸੋਹੰ ਸਲੋਕ, ਹਰਿ ਭੁਖਿਆਂ ਭੁੱਖ ਮਿਟਾਇੰਦਾ । ਜਿਸ ਨੂੰ ਵੇਖਣ ਲੋਕ ਪਰਲੋਕ, ਵਿਸ਼ਨ ਬ੍ਰਹਮਾ ਸ਼ਿਵ ਨੈਣ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰਾ ਆਪ ਸਮਝਾਇੰਦਾ । ਗੁਰਮੁਖ ਸੱਚੇ ਬਣੇ ਲਾਗੀ, ਰਹੇ ਸਗਨ ਮਨਾਈਆ । ਸ੍ਰੀ ਭਗਵਾਨ ਸਾਜਣ ਸਾਜੀ, ਦੇਵਣਹਾਰ ਵਡਿਆਈਆ । ਅੰਦਰੋਂ ਬਾਹਰੋਂ ਰਹੇ ਰਾਜੀ, ਦੁੱਖ ਰਹੇ ਨਾ ਰਾਈਆ । ਅੱਗੇ ਲੇਖਾ ਚੁਕਿਆ ਪੰਡਤ ਕਾਜ਼ੀ, ਕਜ਼ਾ ਨੇੜ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਤੇਲ ਕਹੇ ਮੈਂ ਚੋਆ ਚੋਆ, ਬੂੰਦ ਬੂੰਦ ਟਪਕਾਈਆ । ਪ੍ਰਭ ਚਰਨ ਦੁਆਰੇ ਬਹਿ ਕੇ ਰੋਆ, ਆਪਣਾ ਹਾਲ ਸੁਣਾਈਆ । ਗੁਰਮੁਖ ਮੈਨੂੰ ਲੈ ਕੇ ਆਏ ਤੇਰਾ ਢੋਆ, ਦਰ ਤੇਰੇ ਭੇਟ ਚੜ੍ਹਾਈਆ । ਤੇਰੀ ਸੰਗਤ ਦੀ ਧੂੜੀ ਖ਼ਾਕ ਹੋਆ, ਆਪਣਾ ਮਾਣ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਪਾਣੀ ਕਹੇ ਮੈਂ ਭਰਿਆ ਪਾਣੀ, ਪਨਘਟ ਆਪਣਾ ਫੇਰਾ ਪਾਈਆ । ਗੁਰਮੁਖ ਸੁਘੜ ਸੁਚੱਜੀ ਸਵਾਣੀ, ਸਿਰ ਆਪਣੇ ਕੁੰਭ ਟਿਕਾਈਆ । ਲੈ ਕੇ ਆਏ ਦਰ ਦਰਬਾਨੀ, ਦਰ ਸਾਚੇ ਅਲਖ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਆਇਆ ਵਾਹੋ ਦਾਹੀਆ । ਦਰ ਆਏ ਕਟੋਰੇ ਕੀਤਾ ਬੰਦ, ਗੜਵੀ ਹੱਥ ਲੰਮਕਾਈਆ । ਅੰਦਰੇ ਅੰਦਰ ਗੌਂਦੇ ਤੇਰਾ ਛੰਦ, ਬਾਹਰੋਂ ਮੇਰੀ ਸ਼ਕਲ ਵਖਾਈਆ । ਮੈਂ ਹੱਸਾਂ ਟੱਪਾਂ ਬੱਤੀ ਦੰਦ, ਮਨ ਮੇਰੇ ਚਾਉ ਘਨੇਰਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰੀ ਸੇਵਾ ਮੋਹੇ ਭਾਈਆ । ਗੁਰਸਿਖ ਆਇਆ ਪਾਣੀ ਲੈ ਕੇ, ਬੂੰਦ ਬੂੰਦ ਬੂੰਦ ਬਰਸਾਈਆ । ਮੈਂ ਗੰਗਾ ਜਮਨਾ ਸੁਰਸਤੀ ਗੋਦਾਵਰੀ ਆਇਆ ਕਹਿ ਕੇ, ਏਕਾ ਹੁਕਮ ਸੁਣਾਈਆ । ਮੈਂ ਪੌਣਾ ਮਾਣ ਪ੍ਰਭ ਸਰਨਾਈ ਢਹਿ ਕੇ, ਤੁਹਾਡਾ ਮਾਣ ਕੋਇ ਰਹਿਣ ਨਾ ਪਾਈਆ । ਦੀਨ ਦਿਆਲ ਠਾਕਰ ਸੁਆਮੀ ਹਰਿ ਸੰਗਤ ਨਾਲ ਆਇਆ ਲੈ ਕੇ, ਲੱਗੇ ਬੱਧੇ ਆਪਣੇ ਸੰਗ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਆਪ ਕਮਾਈਆ । ਸਾਚੀ ਕਰਨੀ ਕਰੇ ਦੀਨ ਦਿਆਲ, ਸਗਨ ਆਪਣਾ ਪੂਰ ਕਰਾਈਆ । ਗੁਰਮੁਖ ਆਸਾ ਆਸਾ ਲਾਲ, ਗੁਰਮੇਜ ਰਿਹਾ ਸਮਝਾਈਆ । ਫੜ ਉਂਗਲੀ ਚਲ ਨਾਲ ਨਾਲ, ਜਗਤ ਵਿਛੋੜਾ ਪੰਧ ਮੁਕਾਈਆ । ਪ੍ਰਭ ਸਾਚੇ ਦੀ ਸਾਚੀ ਧਰਮਸਾਲ, ਗੁਰਮੁਖ ਸਾਚੇ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਆਓ ਲਾਗੀਓ ਤੁਹਾਡੇ ਦੇਵੇ ਲਾਗ, ਸ੍ਰੀ ਭਗਵਾਨ ਆਇਆ ਬੇਪਰਵਾਹੀਆ । ਜਿਉਂ ਤੁਸੀਂ ਸੋਹੰ ਬੋਲ ਲਾਹੀ ਜਾਗ, ਤਿਵੇਂ ਤੁਹਾਡੀ ਸੁਰਤ ਖੁਲ੍ਹਾਈਆ । ਦਸਵੇਂ ਦਾਲ ਥੱਲੇ ਡਾਹੀ ਆਗ, ਅਗਨੀ ਹਵਨ ਵਖਾਈਆ । ਰਲ ਮਿਲ ਢੋਲਾ ਗਾਇਆ ਕੰਤ ਸੁਹਾਗ, ਸ੍ਰੀ ਭਗਵਾਨ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਵਡਿਆਈਆ । ਲਾਗੀਆਂ ਦੇਵੇ ਲਾਗ ਅਪਾਰਾ, ਸ੍ਰੀ ਭਗਵਾਨ ਦਇਆ ਕਮਾਇੰਦਾ । ਅੱਠੇ ਪਹਿਰ ਰਹੇ ਖ਼ੁਮਾਰਾ, ਨਾਮ ਖ਼ੁਮਾਰੀ ਇਕ ਚੜ੍ਹਾਇੰਦਾ । ਮੇਲ ਮਿਲਾਵਾ ਯਾਰਾਂ ਨਾਲ ਯਾਰਾ, ਯਾਰੀ ਇਕੋ ਘਰ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਰਾਇੰਦਾ । ਔਹ ਵੇਖੋ ਦਾਲ ਦਾਣੇ ਭੁੜਕੇ, ਉਚੀ ਟੱਪਣ ਕੁੱਦਣ ਖ਼ੁਸ਼ੀ ਮਨਾਈਆ । ਸਾਨੂੰ ਖਾਣ ਆਏ ਰਲ ਮਿਲ ਵਾਲੇ ਰੁੜਕੇ, ਰੋੜ ਵਿਚ ਰਹਿਣ ਕੋਇ ਨਾ ਪਾਈਆ । ਹਰਿ ਸੰਗਤ ਨਾਲ ਬਹੀਏ ਜੁੜ ਕੇ, ਜੋੜੀ ਸਾਹਿਬ ਸਤਿਗੁਰ ਆਪ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਦਇਆ ਕਮਾਈਆ । ਔਹ ਵੇਖੋ ਭਾਜੀ ਨੇਤਰ ਵਹਾਏ ਨੀਰ, ਛਹਿਬਰ ਇਕੋ ਲਾਈਆ । ਗੁਰਮੁਖਾਂ ਮੈਨੂੰ ਛੁਰੀਆਂ ਚਾਕੂਆਂ ਨਾਲ ਦਿਤਾ ਚੀਰ, ਮੇਰਾ ਅੰਗ ਅੰਗ ਕਟਾਈਆ । ਮੈਂ ਫਿਰ ਨਹੀਂ ਹੋਈ ਦਿਲਗੀਰ, ਕਿਉਂ ਮੇਰਾ ਸਾਹਿਬ ਮੈਨੂੰ ਨਜ਼ਰੀ ਆਈਆ । ਮੇਰੇ ਵੱਡੇ ਭਾਗ ਰਲ ਮਿਲ ਖਾਵਣ ਮੇਰੇ ਵੀਰ, ਆਪ ਆਪਣੀ ਤ੍ਰਿਸ਼ਨਾ ਭੁੱਖ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ

ਵਡਿਆਈਆ । ਔਹ ਵੇਖੇ ਹੱਸੇ ਲੂਣ ਹਲਦੀ ਮਿਰਚ, ਕੜਵਾ ਰੰਗ ਨਾ ਕੋਇ ਵਖਾਈਆ । ਨਾ ਕੋਈ ਸੋਗ ਨਾ ਕੋਈ ਹਰਖ਼, ਦੋਸ਼ ਕਿਸੇ ਉਤੇ ਨਾ ਲਾਈਆ । ਪ੍ਰਭ ਸਾਹਿਬ ਕੀਤਾ ਤਰਸ, ਮੇਰੀ ਸੇਵਾ ਇਕ ਸਮਝਾਈਆ । ਮੇਰੀ ਕੋਈ ਨਾ ਆਵੇ ਫਟਕ, ਕੂੜਾ ਰੰਗ ਨਾ ਕੋਇ ਵਖਾਈਆ । ਮੈਨੂੰ ਕੂੰਡੇ ਡੰਡੇ ਵਿਚ ਝਟਕ, ਮੇਰਾ ਝਟਕਾ ਦਿਤਾ ਬਣਾਈਆ । ਫਿਰ ਹਾਂਢੀ ਵਿਚ ਦਿਤਾ ਪਰਤ, ਕੜਛੇ ਨਾਲ ਦਿਤਾ ਹਿਲਾਈਆ । ਮੈਂ ਲੂੰ ਲੂੰ ਵਿਚ ਰਚ ਕੇ ਰਹਿਣ ਨਾ ਦਿਤਾ ਫ਼ਰਕ, ਆਪ ਆਪਣਾ ਦਿਤਾ ਮਿਟਾਈਆ । ਧਨ ਭਾਗ ਜੇ ਗੁਰਮੁਖਾਂ ਮੇਰੇ ਉਤੇ ਕੀਤਾ ਤਰਸ, ਮੇਰੀ ਸੇਵਾ ਆਪਣੇ ਲੇਖੇ ਲੈਣ ਲਗਾਈਆ । ਮੈਂ ਫੇਰ ਨਾ ਆਵਾਂ ਲੋਕਮਾਤ ਪਰਤ, ਜਨ ਭਗਤਾਂ ਨਾਲ ਜਾਵਾਂ ਚਾਈਂ ਚਾਈਆ । ਪ੍ਰਭ ਸਾਚੇ ਦਾ ਕਰਾਂ ਜਾ ਕੇ ਦਰਸ, ਜਿਸ ਡਿਠਿਆਂ ਦੁੱਖ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਔਹ ਵੇਖੋ ਹੱਸੇ ਰੋਵੇ ਦੁੱਧ ਚਾਵਲ, ਮਨ ਚਾਉ ਘਨੇਰ ਰਖਾਈਆ । ਪ੍ਰਭ ਸਾਹਿਬ ਮਿਲਿਆ ਸਾਵਲ, ਸੁੰਦਰ ਮੋਹਣੀ ਰੂਪ ਵਟਾਈਆ । ਪ੍ਰੇਮ ਪ੍ਰੀਤੀ ਪਿਛੇ ਹੋਏ ਬਾਵਲ, ਬੌਰੇ ਹੋ ਹੋ ਰਹੇ ਜਣਾਈਆ । ਵੇਖੋ ਮੁਰੀਦੋ ਮੁਰਸ਼ਦ ਮਿਲਿਆ ਕਾਮਲ, ਕਮਲਿਆਂ ਕੋਝਿਆਂ ਆਪਣਾ ਰੰਗ ਵਖਾਈਆ । ਇਸ ਦੇ ਹੁਕਮ ਤੇ ਕਰੋ ਆਮਲ, ਅਮਲ ਇਕੋ ਇਕ ਜਣਾਈਆ । ਨਧੜਕ ਹੋ ਕੇ ਫੜੋ ਦਾਮਨ, ਪੱਲੂ ਆਪਣੀ ਗੰਢ ਬੰਨਾਈਆ । ਗੰਢ ਕੋਈ ਨਾ ਪਾਵੇ ਬਾਹਮਣ, ਬ੍ਰਹਿਮਣ ਨੇੜ ਕੋਇ ਨਾ ਆਈਆ । ਦੂਲ੍ਹਾ ਦੂਲਣ ਆਹਮਣੋ ਸਾਹਮਣ, ਸਨਮੁਖ ਕਰੇ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਅਗਨੀ ਕਹੇ ਪ੍ਰਭ ਵੇਖ ਪਿਆਰ, ਮੈਂ ਆਪਣਾ ਆਪ ਜਲਾਇਆ । ਧੂਆਂਧਾਰ ਕੀਤਾ ਪਾਰ, ਜੋਤੀ ਨੂਰ ਇਕ ਰੁਸ਼ਨਾਇਆ । ਅੰਗ ਅੰਗ ਦਿਤਾ ਸਾੜ, ਅਸਥੀਆਂ ਹੱਡੀਆਂ ਰਾਖ਼ ਬਣਾਇਆ । ਫਿਰ ਤੇਰੀ ਸੰਗਤ ਦਾ ਭੋਜਨ ਕੀਤਾ ਤਿਆਰ, ਮੇਰੀ ਸੇਵਾ ਲੇਖੇ ਲਾਇਆ । ਮੈਂ ਦੱਸਾਂ ਸਚ ਵਿਹਾਰ, ਗੁਰਮੁਖਾਂ ਏਹ ਜਣਾਇਆ । ਜਿਸ ਕਰਨਾ ਸਚ ਪਿਆਰ, ਮੈਥੋਂ ਸਿਖਿਆ ਲਓ ਮੇਰੇ ਭਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇਆ । ਓਧਰ ਆਟਾ ਰਿਹਾ ਵਾਜਾਂ ਮਾਰ, ਉਚੀ ਕੂਕ ਕੂਕ ਸੁਣਾਈਆ । ਮੈਨੂੰ ਬੁਢੀਆਂ ਨੱਢੀਆਂ ਮੁਕੀਆਂ ਮਾਰ ਮਾਰ ਕੀਤਾ ਖਵਾਰ, ਜਲ ਪਾਣੀ ਵਿਚ ਰਲਾਈਆ । ਹੱਥੀਂ ਖਿਚਣ ਵਾਰੋ ਵਾਰ, ਧੂ ਧੂ ਮੇਰੀ ਸੁਰਤ ਭੁਲਾਈਆ । ਜਿਸ ਵੇਲੇ ਹੋਸ਼ ਨਾ ਰਹੇ ਉਤੇ ਪਾਣੀ ਦਾ ਤੌਂਕਾ ਦੇਣ ਮਾਰ, ਫੇਰ ਦੋਵਾਂ ਹੱਥਾਂ ਨਾਲ ਫੜ ਕੇ ਦੇਣ ਉਲਟਾਈਆ । ਦੋਹਾਂ ਘਸੁੰਨਾਂ ਦਾ ਪਾਵਣ ਭਾਰ, ਪੋਟਾ ਪੋਟਾ ਮੇਰੇ ਵਿਚ ਧਸਾਈਆ । ਮੈਂ ਥੱਲੇ ਰੋਵਾਂ ਕਰਾਂ ਪੁਕਾਰ, ਤੇਰੀ ਮੰਨਾਂ ਇਕ ਰਜ਼ਾਈਆ । ਤੂੰ ਮਿਹਰ ਕੀਤੀ ਦਾਤਾਰ, ਮੇਰੀ ਧਾਰ ਇਕ ਰਖਾਈਆ । ਗੁਨ੍ਹ ਗੁਨ੍ਹ ਕੇ ਕਰ ਤਿਆਰ, ਉਪਰ ਪਰਦਾ ਦੇਣ ਪਾਈਆ । ਕੱਠੀਆਂ ਹੋ ਕੇ ਦੋ ਚਾਰ, ਪੰਜ ਸੱਤ ਕਰਨ ਸਾਲਾਹੀਆ । ਫੜ ਕੇ ਮੈਨੂੰ ਗੇੜਾ ਦੇਵਣ ਵਾਂਗ ਘੁੰਮਿਆਰ, ਤਲੀਆਂ ਉਤੇ ਰਹੀਆਂ ਭੁਆਈਆ । ਥੋੜਾ ਜਿਹਾ ਸੁੱਕਾ ਆਟਾ ਧੂੜਨ ਨਾਲ ਕਰ ਵਿਚਾਰ, ਮੇਰੀ ਸ਼ਕਲ ਦੇਣ ਬਦਲਾਈਆ । ਫੇਰ ਦੋ ਹੱਥਾਂ ਦੀ ਮਾਰਨ ਮਾਰ, ਘੜ ਘੜ ਮੇਰਾ ਮੂੰਹ ਭੁਆਈਆ । ਮੈਨੂੰ ਲੰਮਾ ਚੌੜਾ ਕਰ ਕੇ ਵੇਖਣ ਹੋਇਆ ਤਿਆਰ, ਬੈਠੇ ਹੱਥਾਂ ਉਤੇ ਲਟਕਾਈਆ । ਓਧਰ ਸਿੰਘ ਗਿਰਧਾਰਾ ਅੱਗ ਬਾਲ ਕਰੇ ਤਿਆਰ, ਲੋਹ ਤੱਤੀ ਤੱਤ ਵਖਾਈਆ । ਹਸਦੀਆਂ ਹਸਦੀਆਂ ਮੈਨੂੰ ਉਤੇ ਦੇਣ ਡਾਲ, ਮੇਰਾ ਪਾਸਾ ਤਵੀਆਂ ਉਤੇ ਤਪਾਈਆ । ਫਿਰ ਫੜ ਕੇ ਖੁਰਚਣੇ ਮੇਰਾ ਉਲਟਾ ਕਰਨ ਵਿਹਾਰ, ਬਚਿਆ

ਕਿਸੇ ਪਾਸੋਂ ਰਹਿਣ ਨਾ ਪਾਈਆ । ਮੈਂ ਕਰਾਂ ਹਾਲ ਪੁਕਾਰ, ਮੇਰੀ ਸੁਣੇ ਕੋਇ ਨਾ ਰਾਈਆ । ਓਧਰ ਛੇਤੀ ਪੱਕੀ ਦਾਲ, ਏਧਰ ਜਲਦੀ ਕਰੋ ਸਾਰੇ ਬੈਠੇ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੁਧ ਬਿਨ ਦੇਵੇ ਨਾ ਕੋਇ ਵਡਿਆਈਆ । ਦੋ ਪਾਸੇ ਮੈਨੂੰ ਦੇ ਕੇ ਸੇਕ, ਮੇਰਾ ਤਨ ਮਨ ਤੱਤ ਜਲਾਇਆ । ਫੇਰ ਕਰ ਕੇ ਸਾਚਾ ਹੇਤ, ਤੱਤੀ ਤਵੀ ਤੋਂ ਬਾਹਰ ਕਢਾਇਆ । ਫੜ ਕੇ ਕਪੜਿਆਂ ਵਿਚ ਦਿਤਾ ਲਪੇਟ, ਮੇਰਾ ਸਾਹ ਨਿਕਲ ਨਾ ਸਕੇ ਰਾਇਆ । ਨਿਰਗੁਣ ਮੈਂ ਤੈਨੂੰ ਰਿਹਾ ਚੇਤ, ਇਕੋ ਤੇਰਾ ਧਿਆਨ ਲਗਾਇਆ । ਆਪਣੇ ਖਾਣ ਦੀ ਖ਼ਾਤਰ ਮੇਰੇ ਨਾਲ ਕਿਸੇ ਨਾ ਕੀਤਾ ਹੇਤ, ਮੇਰਾ ਦੁੱਖ ਨਾ ਕਿਸੇ ਵੰਡਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਆਸ ਰਖਾਇਆ । ਪੱਕ ਪੱਕ ਕੇ ਹੋਇਆ ਤਿਆਰ, ਫੇਰ ਮੈਨੂੰ ਮਿਲੀ ਵਡਿਆਈਆ । ਖਾਣ ਬੈਠੇ ਜੀਵ ਸੰਸਾਰ, ਤ੍ਰਿਸ਼ਨਾ ਭੁੱਖ ਰਖਾਈਆ । ਵੰਡੀ ਜਾਵਣ ਵਾਰੋ ਵਾਰ, ਗਣਤੇ ਗਣਤ ਨਾ ਕੋਇ ਗਿਣਾਈਆ । ਮੈਂ ਵੀ ਤੱਕਦਾ ਰਿਹਾ ਜੁਗ ਚਾਰ, ਭਰੋਸਾ ਤੇਰਾ ਸਿਦਕ ਰਖਾਈਆ । ਜਿਸ ਵੇਲੇ ਆਵੇਂ ਕਲਕੀ ਅਵਤਾਰ, ਤੇਰੇ ਅੱਗੇ ਦਿਆਂ ਦੁਹਾਈਆ । ਮੈਂ ਸੜਦਾ ਸੜਦਾ ਹੋਵਾਂ ਠੰਡਾ ਠਾਰ, ਮੈਨੂੰ ਅਗਨੀ ਪੋਹ ਨਾ ਸਕੇ ਰਾਈਆ । ਤੇਰੀ ਚਰਨ ਪ੍ਰੀਤੀ ਕਰਾਂ ਇਕ ਪਿਆਰ, ਪਾਰਬ੍ਰਹਮ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਰਬ ਵਡਿਆਈਆ । ਫੁਲਕੇ ਸੁਣ ਰੁਲ ਕੇ, ਰੁਲ ਰੁਲ ਮਾਣ ਸਰਬ ਜਗ ਪਾਇੰਦਾ । ਤੈਨੂੰ ਖਾਦਾ ਜੀਵਾਂ ਸਾਧਾਂ ਸੰਤਾਂ ਭੁੰਨ ਕੇ, ਤੇਰਾ ਸ਼ੁਕਰ ਨਾ ਕੋਇ ਮਨਾਇੰਦਾ । ਮੈਂ ਆਇਆ ਤੇਰੀ ਪੁਕਾਰ ਸੁਣ ਕੇ, ਜਨ ਭਗਤਾਂ ਡੇਰਾ ਲਾਇੰਦਾ । ਤੈਨੂੰ ਸੀਨੇ ਨਾਲ ਲਗਾਵਾਂ ਘੁੱਟ ਕੇ, ਤੇਰਾ ਪਿਛਲਾ ਦੁੱਖ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਕਰੇ ਖੇਲ ਨਾਲ ਭਗਤਾਂ ਜੁੜ ਕੇ, ਭਗਤਾਂ ਨਾਲ ਜੁੜ ਕੇ ਜੋੜੀ ਆਪਣੀ ਇਕ ਬਣਾਇੰਦਾ । ਫੁਲਕੇ ਭਾਜੀ ਦਾਲ ਜਦ ਗੁਰਮੁਖ ਖੌਣਗੇ । ਉਸ ਵੇਲੇ ਮੇਰਾ ਨਾਮ ਧਿਔਣਗੇ । ਤੇਰਾ ਦੁੱਖ ਦੂਰ ਗਵੌਣਗੇ । ਤੇਰਾ ਜਨਮ ਲੇਖੇ ਲੌਣਗੇ । ਸਰਨ ਸਾਚੀ ਇਕ ਦਰਸੌਣਗੇ । ਮਰਨ ਡਰਨ ਭੈ ਮਿਟੌਣਗੇ । ਤਰਨੀ ਤਰਨ ਗੋਦ ਬਹੌਣਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਤੇਰਾ ਸਗਲਾ ਸੰਗ ਰਖੌਣਗੇ । ਜਿਸ ਵੇਲੇ ਗੁਰਮੁਖ ਮੈਨੂੰ ਫੜਨਗੇ । ਪਹਿਲੋਂ ਪ੍ਰਭ ਦਾ ਢੋਲਾ ਪੜ੍ਹਨਗੇ । ਫੇਰ ਉਂਗਲ ਅੰਗੂਠਾ ਮੇਰੇ ਉਤੇ ਧਰਨਗੇ । ਨਾ ਜੀਵਣਗੇ ਨਾ ਮਰਨਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਤੇਰੀ ਸਰਨੀ ਪੜਨਗੇ । ਜਦੋਂ ਉਂਗਲੀਆਂ ਨਾਲ ਤੋੜਨਗੇ । ਪ੍ਰਭ ਤੇਰੇ ਨਾਲ ਜੋੜਨਗੇ । ਅੰਗੂਠੇ ਨਾਲ ਮਰੋੜਨਗੇ । ਮੇਰਾ ਪੱਲੂ ਕਦੇ ਨਾ ਛੋੜਨਗੇ । ਆਪਣੀ ਤ੍ਰਿਸ਼ਨਾ ਭੁੱਖ ਇਕੋ ਲੋੜਨਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਤੇਰੇ ਨਾਲੋਂ ਨਾ ਕਦੀ ਵਛੋੜਨਗੇ । ਮੈਨੂੰ ਦਾਲ ਨਾਲ ਲਗੌਣਗੇ । ਰਸ ਆਪਣਾ ਇਕ ਬਣੌਣਗੇ । ਹੱਸ ਹੱਸ ਮੂੰਹ ਵਿਚ ਪੌਣਗੇ । ਜਸ ਪਾਰਬ੍ਰਹਮ ਦਾ ਗੌਣਗੇ । ਮੇਰੀ ਪਿਛਲੀ ਭੁੱਲ ਬਖ਼ਸ਼ੌਣਗੇ । ਆਪਣੀ ਤ੍ਰਿਸ਼ਨਾ ਭੁੱਖ ਮਿਟੌਣਗੇ । ਫਿਰ ਮੇਰਾ ਸ਼ੁਕਰ ਤੇਰੀ ਝੋਲੀ ਪੌਣਗੇ । ਵੇਲੇ ਅੰਤ ਨਾ ਜਾਵਣ ਮੁੱਕਰ, ਸਚ ਗਵਾਹੀ ਦੇ ਮੈਨੂੰ ਛੁਡੌਣਗੇ । ਮੈਨੂੰ ਨਾ ਜਾਣੋ ਸੁੱਕਾ ਟੁੱਕਰ, ਮੇਰੇ ਟੁੱਕੜੇ ਵੇਖ ਗੁਰਮੁਖ ਮਾਰਗ ਇਕ ਦਰਸੌਣਗੇ । ਓ ਸੁਣ ਆਟੇ ਤੇਰੀ ਹੋਈ ਰੋਟੀ, ਫੁਲਕਾ ਰੂਪ ਵਟਾਇਆ । ਅਗਨੀ ਤਾ ਕੇ ਕੱਢੀ ਵਾਸਨਾ

ਖੋਟੀ, ਤੇਰਾ ਸਚ ਰੂਪ ਵਟਾਇਆ । ਜਨ ਭਗਤ ਖਾਣ ਤੇਰੀ ਬੋਟੀ ਬੋਟੀ, ਖਾ ਖਾ ਪ੍ਰਭ ਦਾ ਸ਼ੁਕਰ ਮਨਾਇਆ । ਤੂੰ ਚੜ੍ਹਨਾ ਉਪਰ ਚੋਟੀ, ਜਿਸ ਘਰ ਸਤਿਗੁਰ ਡੇਰਾ ਲਾਇਆ । ਵੇਖੀਂ ਮਤ ਨਾ ਕਰੀਂ ਹੋਛੀ, ਅੱਜ ਦਾ ਵੇਲਾ ਫਿਰ ਹੱਥ ਨਾ ਆਇਆ । ਤੇਰੇ ਪਾਰ ਕਰਨ ਨੂੰ ਥੋੜੀ ਸੰਗਤ ਬਹੁਤੀ, ਬਹੁਤਾ ਜਗਤ ਕੰਮ ਕਿਸੇ ਨਾ ਆਇਆ । ਜੋ ਸੁਰਤ ਸਵਾਣੀ ਪ੍ਰਭ ਹਾਣੀ ਕੋਲ ਪਹੁੰਚੀ, ਸੋ ਤੈਨੂੰ ਲਏ ਮਿਲਾਇਆ । ਤੂੰ ਜਾਵੀਂ ਨਾਲ ਸ਼ੌਂਕੀ, ਆਪ ਆਪਣਾ ਪੰਧ ਮੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਿਵਾਹ ਕਰਨ ਦੀ ਖ਼ਾਤਰ ਤੈਨੂੰ ਲਿਖ ਕੇ ਦਿਤਾ ਪਾਤਰ, ਚਿਠੀ ਆਪਣੇ ਨਾਮ ਪਾਇਆ । ਸੇਵਾ ਕਰ ਲੈ ਵੇਲਾ ਆਇਆ, ਆਪਣਾ ਮਾਣ ਗਵਾਈਆ । ਗੁਰ ਚੇਲਾ ਇਕੋ ਘਰ ਵਸਾਇਆ, ਘਰ ਸਾਚੇ ਰੰਗ ਰੰਗਾਈਆ । ਧੀ ਜਵਾਈ ਇਕੋ ਦਰ ਬਹਾਇਆ, ਸੌਹਰਾ ਪੇਈਆ ਨਜ਼ਰ ਕੋਇ ਨਾ ਆਈਆ । ਰੰਗ ਰੰਗੀਲਾ ਇਕ ਰੰਗਾਇਆ, ਅਨਡਿਠੜਾ ਆਪ ਚੜ੍ਹਾਈਆ । ਪਾਰਬ੍ਰਹਮ ਬਣ ਵਸੀਲਾ ਫੇਰਾ ਪਾਇਆ, ਦਲੀਲ ਕਿਸੇ ਨਾ ਵਿਚ ਦੌੜਾਈਆ । ਛੈਲ ਛਬੀਲਾ ਹੋਏ ਸਹਾਇਆ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਭਗਤ ਕਬੀਲਾ ਨਾਲ ਰਲਾਇਆ, ਮਿਲਿਆ ਮੇਲ ਬੇਪਰਵਾਹੀਆ । ਜੀਵ ਜੀ ਕਾ ਪੰਧ ਮੁਕਾਇਆ, ਮਿਹਰ ਨਜ਼ਰ ਉਠਾਈਆ । ਡੋਰੀ ਤੰਦ ਇਕ ਬੰਧਾਇਆ, ਗਾਨਾਂ ਸਗਨ ਵਖਾਈਆ । ਸਾਚਾ ਛੰਦ ਇਕ ਸੁਣਾਇਆ, ਸੋਹੰ ਢੋਲਾ ਗਾਈਆ । ਗੁਰਮੁਖ ਪੰਗਤ ਆਪ ਬਹਾਇਆ, ਗੁਰਸਿਖ ਸਖੀਆਂ ਵੇਖਣ ਚਾਈਂ ਚਾਈਂਆ । ਪ੍ਰੇਮ ਸਰਵਾਰਨਾ ਦਏ ਸਮਝਾਇਆ, ਪੈਸਾ ਧੇਲਾ ਵੰਡ ਵੰਡਾਈਆ । ਸਭ ਦੀ ਝੋਲੀ ਦਏ ਭਰਾਇਆ, ਕੰਨੀ ਕੰਨੀ ਗੰਢ ਵਖਾਈਆ । ਸਾਚੀ ਡੋਲੀ ਦਏ ਚੜ੍ਹਾਇਆ, ਮਿਹਰਵਾਨ ਹੋ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਡੋਲੀ ਕਹੇ ਮੇਰੇ ਚਮਕਣ ਤਾਰੇ, ਮੇਰਾ ਰੰਗ ਰੰਗ ਵਖਾਈਆ । ਚਾਰੋਂ ਕੁੰਟ ਮੇਰੇ ਨਜ਼ਾਰੇ, ਨੇਤਰ ਨੈਣ ਵੇਖ ਸ਼ਰਮਾਈਆ । ਮੈਨੂੰ ਵੇਂਹਦੇ ਵਿਆਹੇ ਕੁਆਰੇ, ਸਾਰੇ ਬੈਠੇ ਧਿਆਨ ਲਗਾਈਆ । ਕਵਣ ਡੋਲੀ ਇਹ ਸ਼ਿੰਗਾਰੇ, ਪ੍ਰੇਮ ਪ੍ਰੀਤੀ ਸੇਵ ਕਮਾਈਆ । ਜਿਸ ਦਾ ਰਾਹ ਤੱਕਣ ਜੁਗ ਚਾਰੇ, ਚਾਰੋਂ ਕੁੰਟ ਨੈਣ ਉਠਾਈਆ । ਜਿਸ ਨੂੰ ਵੇਖਣ ਗੁਰ ਅਵਤਾਰੇ, ਗੀਤ ਗੋਬਿੰਦ ਅਲਾਈਆ । ਜਿਸ ਦੇ ਦੂਰ ਦੁਰਾਡੇ ਨਜ਼ਰੀ ਆਵਣ ਨਜ਼ਾਰੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਖੇਲ ਆਪ ਕਰਾਈਆ । ਡੋਲੀ ਕਹੇ ਮੇਰਾ ਰੰਗ ਅਨਮੋਲਾ, ਨਜ਼ਰ ਕਿਸੇ ਨਾ ਆਇਆ । ਸ੍ਰੀ ਭਗਵਾਨ ਬਣ ਵਿਚੋਲਾ, ਮੇਰੀ ਸੇਵ ਕਮਾਇਆ । ਨਾ ਪਰਦਾ ਨਾ ਕੋਇ ਉਹਲਾ, ਨੇਤਰ ਅੱਖ ਨਾ ਕੋਇ ਸ਼ਰਮਾਇਆ । ਮੇਰਾ ਵੇਖੋ ਬਦਲਿਆ ਚੋਲਾ, ਅੰਗੀ ਚੋਲੀ ਆਪਣਾ ਰੂਪ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਆਪ ਕਮਾਇਆ । ਡੋਲੀ ਕਹੇ ਮੇਰੇ ਕਲੀਰੇ ਛਣਕਣ, ਧੁਨਕਾਰ ਇਕ ਸੁਣਾਈਆ । ਮੇਰੀ ਸਾਰ ਨਾ ਪਾਏ ਕੋਈ ਮਨ ਤਨ, ਬੁੱਧੀ ਭੇਵ ਕੋਇ ਨਾ ਆਈਆ । ਔਹ ਵੇਖੋ ਸ੍ਰੀ ਭਗਵਾਨ ਦੇ ਸਾਚੇ ਘੋੜੇ ਹਿਣਕਣ, ਸੁੰਬ ਪੈਰ ਰਹੇ ਹਿਲਾਈਆ । ਆਪਣੀ ਚਾਲ ਵਖਾਵਣ ਮਟਕਣ, ਮਟਕ ਮਟਕ ਕਦਮ ਉਠਾਈਆ । ਮਾੜੇ ਸਵਾਰਾਂ ਨੂੰ ਮੂੰਹ ਦੇ ਭਾਰ ਸੁੱਟਣ, ਗੁਰਮੁਖ ਵਿਰਲੇ ਬੈਠੇ ਆਸਣ ਲਾਈਆ । ਕੋਟਨ ਕੋਟ ਅੱਧਵਿਚਕਾਰੇ ਲਟਕਣ, ਚਰਨ ਰਕਾਬ ਨਾ ਕੋਇ ਟਿਕਾਈਆ । ਸ਼ਬਦ ਸ਼ੋਰ ਵੇਖ ਕੇ ਸਾਧ ਸੰਤ ਖਿਸਕਣ, ਭੱਜਣ ਵਾਹੋ ਦਾਹੀਆ । ਪ੍ਰਭ ਕਾ ਖੇਲ ਅਨੋਖੀ ਤਿਲਕਣ, ਗੁਰਮੁਖ ਵਿਰਲਾ ਚਰਨ ਟਿਕਾਈਆ । ਕੂੜ ਕੁੜਿਆਰੇ ਸਾਰੇ ਵਿਲਕਣ,

੩੨੨
੧੪

ਨੇਤਰ ਰੋਵਣ ਮਾਰਨ ਧਾਹੀਆ । ਗੁਰਮੁਖ ਲਾੜਾ ਵੇਖ ਅੱਗੇ ਨਾ ਬਿਰਕਣ, ਬੈਠਣ ਨੀਵੀਆਂ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦੇਵਣਹਾਰ ਵਡਿਆਈਆ । ਡੋਲੀ ਕਹੇ ਮੈਂ ਦੇਵਾਂ ਦਲੀਲ, ਇਕੋ ਇਕ ਜਣਾਈਆ । ਮੇਰੀ ਆਦਤ ਸਦਾ ਅਸੀਲ, ਅਸਲੀਅਤ ਦਿਆਂ ਵਖਾਈਆ । ਮੇਰੀ ਸਾਹਿਬ ਅੱਗੇ ਅਪੀਲ, ਮੇਰੀ ਸੇਵਾ ਲੇਖੇ ਲਾਈਆ । ਅੱਗੇ ਪੈਣ ਨਾ ਦੇਵੇ ਤਾਅਤੀਲ, ਲੇਖਾ ਲਹਿਣਾ ਝੋਲੀ ਪਾਈਆ । ਮੈਨੂੰ ਕਰਨੀ ਨਾ ਪਵੇ ਅਪੀਲ, ਅਦਾਲਤ ਵਿਚ ਨਾ ਫੇਰਾ ਪਾਈਆ । ਪ੍ਰਭ ਮਿਲੇ ਛੈਲ ਛਬੀਲ, ਸ਼ਹਿਨਸ਼ਾਹ ਆਪਣੀ ਦਇਆ ਕਮਾਈਆ । ਹੁਣ ਲੇਖਾ ਨਹੀਂ ਕ੍ਰਿਸ਼ਨ ਭੀਲ, ਸ੍ਰੀ ਭਗਵਾਨ ਦੇਵਣਹਾਰ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਾਚੀ ਰਿਹਾ ਦ੍ਰਿੜਾਈਆ । ਗੁਰਮੁਖ ਕਹਿਣ ਜਿਸ ਵੇਲੇ ਖਾ ਕੇ ਰੱਜਾਂਗੇ । ਫਿਰ ਡੋਲੀ ਵਲ ਭੱਜਾਂਗੇ । ਲਾੜੇ ਲਾੜੀ ਸਣੇ ਬਹਿ ਕੇ ਸਜਾਂਗੇ । ਆਪਣਾ ਪਰਦਾ ਆਪੇ ਕੱਜਾਂਗੇ । ਪ੍ਰੇਮ ਪ੍ਰੀਤੀ ਅੰਦਰ ਬੱਝਾਂਗੇ । ਹੋ ਨਗਾਰਾ ਨਾਮ ਵੱਜਾਂਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਫਿਰ ਸਾਹਿਬ ਤੈਨੂੰ ਸੱਦਾਂਗੇ । ਲਾੜੀ ਲਾੜਾ ਕੱਠੇ ਹੋਣਗੇ । ਜਾਂਵੀ ਗੀਤ ਤੇਰਾ ਗੌਣਗੇ । ਨਾਈ ਲਾਗੀ ਖ਼ੁਸ਼ੀ ਮਨੌਣਗੇ । ਤੇਲ ਪਾਣੀ ਫੇਰ ਚਵੌਣਗੇ । ਮੂੰਹੋਂ ਸੋਹੰ ਸੋਹੰ ਧਿਔਣਗੇ । ਅੱਗੇ ਡੰਡਾ ਇਕ ਵਖੌਣਗੇ । ਬਾਹਰ ਅਟਕੌਣਗੇ । ਦੱਛਣਾ ਆਪਣੀ ਝੋਲੀ ਪੌਣਗੇ । ਫਿਰ ਦਰਵਾਜਿਉਂ ਅੰਦਰ ਲੰਘੌਣਗੇ । ਰਲ ਮਿਲ ਗੀਤ ਸੱਚੇ ਸੁਣੌਣਗੇ । ਦੇ ਸਿਠਣੀਆਂ ਰੰਗ ਵਖੌਣਗੇ । ਅਗਲੀਆਂ ਪਿਛਲੀਆਂ ਗੱਲਾਂ ਯਾਦ ਕਰੌਣਗੇ । ਜਗਤ ਵਿਚੋਲੇ ਨੈਣ ਸ਼ਰਮੌਣਗੇ । ਗੁਰਮੁਖ ਸੋਹਲੇ ਇਕ ਪਰਗਟੌਂਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਰੰਗ ਰੰਗੌਣਗੇ । ਜਦ ਡੋਲੀ ਸਾਚੀ ਜਾਵੇਗੀ । ਗੁਰਮੁਖ ਨਾਰੀ ਅੰਦਰ ਆਸਣ ਲਾਵੇਗੀ । ਛਿੰਨ ਵਿਚ ਕੁਆਰੀ ਛਿੰਨ ਵਿਚ ਵਿਆਹੀ, ਵਿਵਾਹ ਇਕੋ ਘਰ ਵਖਾਵੇਗੀ । ਪ੍ਰੇਮ ਪਿਆਰ ਦੀ ਸਾਂਭ ਪਟਾਰੀ, ਆਪਣੇ ਨਾਲ ਲੈ ਜਾਵੇਗੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਹ ਤਕਾਵੇਗੀ । ਸਾਚਾ ਰਾਹ ਤੱਕੇਗੀ । ਤੱਕਦੀ ਤੱਕਦੀ ਕਦੇ ਨਾ ਥੱਕੇਗੀ । ਸ੍ਰੀ ਭਗਵਾਨ ਧਿਆਨ ਰੱਖੇਗੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖੇ ਖੇਲ ਪੁਰਖ ਸਮਰਥੇ ਦੀ । ਜਦ ਸੌਹਰਿਆਂ ਘਰ ਜਾਊਂਗੀ । ਪਿੰਡੋਂ ਬਾਹਰ ਡੇਰਾ ਲਾਊਂਗੀ । ਨੇਤਰ ਨੈਣ ਸ਼ਰਮਾਊਂਗੀ । ਘਰ ਦੇ ਸਾਰੇ ਸੱਦ ਬਹਾਊਂਗੀ । ਕੁਛੜ ਚੜ੍ਹ ਕੇ ਫਿਰ ਜਾਊਂਗੀ । ਸਾਚਾ ਸਗਨ ਇਕ ਮਨਾਊਂਗੀ । ਪਾਣੀ ਉਤੋਂ ਵਾਰ ਪਿਆਊਂਗੀ । ਗੁਰੂਦੁਆਰ ਮੱਥਾ ਟੇਕਣ ਜਾਊਂਗੀ । ਆਪਣੇ ਲੇਖਣ ਲੇਖ ਵਖਾਊਂਗੀ । ਬਣ ਭੇਖਣ ਅਲਖ ਜਗਾਊਂਗੀ । ਦਰ ਇਕੋ ਮੰਗ ਮੰਗਾਊਂਗੀ । ਦੂਜੀ ਸੇਜ ਨਾ ਕਦੇ ਹੰਢਾਊਂਗੀ । ਕੰਤ ਕੰਤੂਹਲ ਇਕ ਮਨਾਂਊਂਗੀ । ਸਚ ਪੰਗੂੜਾ ਝੂਲ, ਖ਼ੁਸ਼ੀ ਆਪਣੀ ਝੋਲੀ ਪਾਊਂਗੀ । ਪਿਛਲਾ ਅਗਲਾ ਚੁੱਕੇ ਮੂਲ, ਬਾਕੀ ਪ੍ਰਭ ਦੇ ਹੱਥ ਫੜਾਊਂਗੀ । ਨਾ ਕੋਈ ਅਰਜ਼ ਨਾ ਕੋਈ ਤੂਲ, ਬਿਨ ਰਕਬੇ ਆਪਣਾ ਰਕਬਾ ਬੰਦ ਕਰਾਊਂਗੀ । ਲਾੜੇ ਲਾੜੀ ਦਾ ਇਕ ਅਸੂਲ, ਅਸਲੀਅਤ ਵਿਚ ਇਕੋ ਅੰਗ ਲਗਾਊਂਗੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਣਾ ਮੋਹੇ ਵਰ, ਗੁਰਮੁਖ ਗੁਰਮੇਜ ਗੁਰ ਕੇ ਰੰਗ ਸਮਾਊਂਗੀ । ਸਾਹਿਬ ਸੀਸ ਸ਼ਿੰਗਾਰ, ਸ਼ੰਕਾ ਸਰਬ ਮਿਟਾਈਆ । ਭਗਤ ਭਗਵਾਨ ਦਸਤਾਰ, ਦਸਤ ਦਸਤ ਬੰਧਾਈਆ । ਸ਼ਬਦ ਨਾਮ ਵਣਜਾਰ, ਵਸਤ ਹੱਟ ਵਿਕਾਈਆ । ਗੁਲਸ਼ਨ ਮੌਜ

ਬਹਾਰ, ਪਤ ਡਾਲੀ ਫੁੱਲ ਮਹਿਕਾਈਆ । ਬੁਲਬੁਲ ਚਹਿਕ ਕਰੇ ਪੁਕਾਰ, ਕੋਇਲ ਕੂਕ ਕੂਕ ਸੁਣਾਈਆ । ਮੋਰ ਨੱਚੇ ਹੋ ਤਿਆਰ, ਨੇਤਰ ਨੈਣਾਂ ਨੀਰ ਵਹਾਈਆ । ਸਾਚੀ ਸਖੀ ਕਰੇ ਪਿਆਰ, ਸਾਹਿਬ ਸਤਿਗੁਰ ਇਕ ਧਿਆਈਆ । ਮੇਲਾ ਮਿਲੇ ਅਗੰਮ ਅਪਾਰ, ਅਲੱਖ ਨਿਰੰਜਣ ਦਏ ਵਡਿਆਈਆ । ਪ੍ਰੇਮ ਪ੍ਰੀਤੀ ਗਲ ਫੂਲਣ ਪਾਏ ਹਾਰ, ਦੂਲ੍ਹਾ ਦੂਲ੍ਹਣ ਇਕੋ ਡੋਰ ਬੰਧਾਈਆ । ਏਥੇ ਓਥੇ ਸਚ ਪ੍ਰੀਤੀ ਨਿਭ ਜਾਏ ਨਾਲ, ਕਾਇਆ ਮਾਟੀ ਪਿਛੋਂ ਪਿਛੋਕੜ, ਬ੍ਰਹਮ ਬ੍ਰਹਮ ਵਿਛੜ ਕਦੇ ਨਾ ਜਾਈਆ । ਲੱਖ ਚੁਰਾਸੀ ਵਿਚ ਜੋ ਪਈ ਔਕੜ, ਸਤਿਗੁਰ ਪੂਰਾ ਦਏ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਹਾਰ ਕਹੇ ਪ੍ਰਭ ਮੇਰੀ ਗੰਢ ਤੋੜ, ਤੇਰੇ ਹੱਥ ਵਡਿਆਈਆ । ਮੈਂ ਤੰਦ ਨਾਲ ਜੁੜਿਆ ਮੈਨੂੰ ਗੁਰਮੁਖਾਂ ਨਾਲ ਜੋੜ, ਜੋ ਤੇਰੀ ਮੰਗਣ ਸਰਨਾਈਆ । ਜੇ ਤੈਨੂੰ ਆਪਨਿਆਂ ਦੀ ਪੈ ਗਈ ਲੋੜ, ਮੈਥੋਂ ਦੂਰ ਰਿਹਾ ਨਾ ਜਾਈਆ । ਕਿਉਂ ਮੈਨੂੰ ਰਿਹਾ ਵਿਛੋੜ, ਤੈਨੂੰ ਤਰਸ ਜ਼ਰਾ ਨਾ ਆਈਆ । ਮੈਨੂੰ ਏਨ੍ਹਾਂ ਦਿਆਂ ਚਰਨਾਂ ਹੇਠਾਂ ਰੋੜ੍ਹ, ਮੈਂ ਸੇਵਾ ਲਵਾਂ ਕਮਾਈਆ । ਜੇ ਤੂੰ ਆਪ ਗਿਉਂ ਬੌਹੜ, ਫਿਰ ਭੇਖ ਰਹੇ ਕਿਉਂ ਰਾਈਆ । ਵੇਖੀਂ ਦਰ ਤੋਂ ਨਾ ਦੇਵੀਂ ਹੋੜ, ਤੁਧ ਬਿਨ ਹੋਰ ਨਾ ਕੋਇ ਸਹਾਈਆ । ਕਰਵਟ ਲੈ ਨਾ ਦੇਵੀਂ ਰੋੜ੍ਹ, ਰੁੜਿਆਂ ਸਕੇ ਨਾ ਕੋਇ ਬਚਾਈਆ । ਜੇ ਤੂੰ ਆਇਉਂ ਵਾਗਾਂ ਮੋੜ, ਸ਼ਾਹਸਵਾਰ ਫੇਰਾ ਪਾਈਆ । ਜਿਥੇ ਗ਼ਰੀਬ ਨਿਮਾਣੇ ਵੇਖੇ ਕਰ ਕੇ ਗ਼ੌਰ, ਕਿਉਂ ਸਾਨੂੰ ਰਿਹਾ ਭੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਫੁੱਲ ਕਹਿਣ ਸਾਡੀ ਡੋਰ ਕੱਟ, ਕੱਟਣਹਾਰ ਅਖਵਾਇੰਦਾ । ਅਸੀਂ ਭਗਤਾਂ ਦੀ ਸੇਜ ਸੋਹੀਏ ਝੱਟ, ਥੱਲੇ ਆਸਣ ਇਕ ਲਗਾਇੰਦਾ । ਤੇਰੇ ਗੁਰਮੁਖ ਨੂੰ ਲੱਗਣ ਨਾ ਦੇਈਏ ਸੱਟ, ਜੋ ਸਾਡੇ ਉਤੇ ਚਰਨ ਟਿਕਾਇੰਦਾ । ਬਿਨ ਕੀਮਤੋਂ ਵਿਕੀਏ ਗੁਰਮੁਖਾਂ ਦੇ ਹੱਟ, ਕੀਮਤ ਸਾਡੀ ਨਾ ਕੋਇ ਚੁਕਾਇੰਦਾ । ਜੇ ਸਾਡੇ ਵਿਚ ਨਹੀਂ ਕੋਈ ਮਤ, ਤੂੰ ਦੇ ਮਤ ਸਰਬ ਸਮਝਾਇੰਦਾ । ਅਸੀਂ ਕਹਿੰਦੇ ਸਾਡੀ ਲੇਖੇ ਲੱਗ ਜਾਏ ਰਤ, ਕਿਉਂ ਤੂੰ ਆਪਨੀ ਰਤ ਗੁਰਮੁਖਾਂ ਨਾਲ ਪਰਨਾਇੰਦਾ । ਵੇਖੀਂ ਸਾਹਿਬ ਏਥੇ ਨਾ ਜਾਈਂ ਛੱਡ, ਤੁਧ ਬਿਨ ਰਾਹ ਨਜ਼ਰ ਕੋਇ ਨਾ ਆਇੰਦਾ । ਅਸੀਂ ਨਹੀਂ ਰਹਿਣਾ ਤੈਥੋਂ ਅੱਡ, ਭਗਤ ਭਗਵਾਨ ਮੈਨੂੰ ਏਹ ਸਮਝਾਇੰਦਾ । ਸਾਨੂੰ ਦੁੱਖ ਨਹੀਂ ਜਿਸ ਵੇਲੇ ਟਾਹਣੀ ਨਾਲੋਂ ਦਿਤਾ ਵੱਢ, ਪ੍ਰਭੂ ਤੇਰਾ ਦੁੱਖ ਝੱਲਿਆ ਨਾ ਜਾਇੰਦਾ । ਭਾਵੇਂ ਮਾਰ ਤੇ ਭਾਵੇਂ ਰੱਖ, ਤੇਰੇ ਨਾਲੋਂ ਨਹੀਂ ਹੋਣਾ ਵੱਖ, ਦੱਸ ਸਾਨੂੰ ਕਿਵੇਂ ਬਦਲੇਂਗਾ ਅੱਖ, ਅਸੀਂ ਲੈਣਾ ਤੂੰ ਸਾਡਾ ਦੇਣਾ ਹੱਕ, ਜੇ ਪ੍ਰੇਮ ਕਰਦਾ ਗਿਆ ਥੱਕ, ਉਤੇ ਸੁਆ ਕੇ ਤੇਰਾ ਥਕੇਵਾਂ ਦਿਆਂਗੇ ਲਾਹੀਆ । ਤੂੰ ਬੇਸ਼ਕ ਸਾਡੇ ਨਾਲ ਪ੍ਰੇਮ ਕਰ ਅਨਝੱਕ, ਤੈਨੂੰ ਕੋਈ ਮੇਹਣਾ ਲੱਗੇ ਨਾ ਰਾਈਆ । ਕੀ ਕੋਈ ਤੈਨੂੰ ਵੀ ਸਕਦਾ ਏ ਡੱਕ, ਪ੍ਰਭੂ ਤੇਰੇ ਹੱਥ ਸਰਬ ਵਡਿਆਈਆ । ਨਾ ਡਾਲ ਰਹੀ ਨਾ ਪੱਤ, ਨਾ ਰੂਪ ਰਿਹਾ ਨਾ ਤੱਤ, ਨਾ ਧਰਮ ਰਿਹਾ ਨਾ ਸਤਿ, ਇਕੋ ਤੇਰੀ ਆਸ ਬੈਠੇ ਰੱਖ, ਕਿਉਂ ਵੱਖ ਰਿਹਾ ਕਰਾਈਆ । ਅੱਗੋਂ ਸ੍ਰੀ ਭਗਵਾਨ ਕਹੇ ਹੱਸ, ਤਾਅਨਾ ਨਾ ਮਾਰ ਕਰ ਬਸ, ਤੇਰਾ ਲੇਖਾ ਚੁਕਾਵਾਂ ਹੱਥੋ ਹੱਥ, ਕਰਾਂ ਖੇਲ ਹੋ ਸਮਰਥ, ਜਨ ਭਗਤਾਂ ਝੋਲੀ ਤੈਨੂੰ ਇਕੋ ਵਾਰ ਦੇਵਾਂ ਘੱਤ, ਦੋਹਾਂ ਦੇ ਪ੍ਰੇਮ ਪਿਆਰ ਦੀ ਇਕੋ ਰਤ, ਤੇਰੀ ਖ਼ੁਸ਼ਬੂ ਤੇਰੀ ਸੁਗੰਧੀ ਗੁਰਸਿਖ ਦੀ ਗੁਰਮਤ, ਗੁਰ ਸਤਿਗੁਰ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਭ ਨੇ ਹਰਿ ਸਤਿਗੁਰ ਦੁਆਰੇ ਚਰਨ ਕਵਲਾਂ ਵਿਚ ਜਾਣਾ ਵਸ, ਦੂਜਾ ਮੰਦਰ ਨਾ ਕੋਇ ਵਖਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ

ਭਗਵਾਨ ਜਨ ਭਗਤਾਂ ਅਨੰਦ ਕਾਰਜ ਕੀਤਾ ਨੱਠ ਨੱਠ, ਵਾਹੋ ਦਾਹੀ ਬੇਪਰਵਾਹੀ ਪੈਂਡਾ ਆਪ ਮੁਕਾਇੰਦਾ ।

ਇਹ ਖਾਣ ਪੀਣ ਦਾ ਨਹੀਂ ਇਕੱਠ, ਬਿਵਹਾਰੀ ਆਪਣਾ ਵਿਵਹਾਰ ਵਖਾਇੰਦਾ । ਰਲ ਮਿਲ ਢੋਲਾ ਗਾਓ ਭਗਤ ਭਗਵਾਨ ਦਾ ਜਸ, ਸਤਿਗੁਰ ਸਾਹਿਬ ਆਪ ਸਮਝਾਇੰਦਾ । ਸਭ ਦੇ ਰੰਗੇ ਗਏ ਹੱਥ, ਖ਼ਾਲੀ ਕੋਇ ਨਜ਼ਰ ਨਾ ਆਇੰਦਾ । ਪਰੰਤੂ ਕਿਸੇ ਨੂੰ ਕੋਈ ਕੁਛ ਨਾ ਸਕੇ ਦੱਸ, ਪ੍ਰਭ ਕੀ ਕੀ ਸਾਡੀ ਝੋਲੀ ਪਾਇੰਦਾ । ਸ੍ਰੀ ਭਗਵਾਨ ਕਹੇ ਇਕੋ ਮੈਂ ਤੁਹਾਡੇ ਅੰਦਰ ਗਿਆ ਵਸ, ਜੋ ਕੁਛ ਮੇਰਾ ਸੋ ਤੁਹਾਡੀ ਝੋਲੀ ਪਾਇੰਦਾ । ਹੁਣ ਕਿਥੇ ਜਾਓਗੇ ਨੱਠ, ਭੱਜਿਆਂ ਰਾਹ ਨਜ਼ਰ ਕੋਇ ਨਾ ਆਇੰਦਾ । ਅੱਗੇ ਹੋ ਕੇ ਲਵੇ ਡੱਕ, ਸਤਿਗੁਰ ਪੂਰਾ ਬਲ ਵਖਾਇੰਦਾ । ਇਹ ਖੇਲ ਪੁਰਖ ਸਮਰਥ, ਸਮਰਥ ਸੁਆਮੀ ਸਦਾ ਨਿਹਕਾਮੀ ਅਚਰਜ ਰੀਤਾ ਰੀਤੀਵਾਨ ਆਪ ਵਖਾਇੰਦਾ । ਸਾਰੇ ਰਲ ਮਿਲ ਪੱਲੇ ਬੰਨ੍ਹੋ ਗੱਠ, ਦਿਤੀ ਗੰਢ ਨਾ ਕੋਇ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭੰਡ ਭੱਟ ਨਾ ਕੋਈ ਨਟ, ਬਾਜ਼ੀਗਰ ਸਵਾਂਗੀ ਸਵਾਂਗ ਨਾ ਕੋਇ ਰਚਾਇੰਦਾ । ਪਿਛੇ ਚਰਨ ਅੱਗੇ ਗੋਡੇ, ਖੇਲ ਅਗੰਮ ਕਰਾਇੰਦਾ । ਗੁਰਮੁਖਾਂ ਹਿਰਦੇ ਸੋਧੇ, ਸੁੱਧ ਆਪਣੀ ਆਪ ਸਮਝਾਇੰਦਾ । ਕੂੜ ਕੁੜਿਆਰਾ ਪੁੱਟੇ ਬੋਦੇ, ਬੋਦੀ ਜੰਞੂ ਸਰਬ ਵੇਖ ਵਖਾਇੰਦਾ । ਭਗਤ ਭਗਵਾਨ ਦੇ ਸੱਚੇ ਜੋਧੇ, ਸੂਰਬੀਰ ਆਪ ਬਣਾਇੰਦਾ । ਭੱਜੇ ਫਿਰਨ ਵਿਚ ਪ੍ਰੇਮ ਪਿਆਰ ਮੋਹ ਦੇ, ਮੁਹੱਬਤ ਇਕੋ ਘਰ ਬਣਾਇੰਦਾ । ਚਰਨ ਕਵਲ ਨਾਲ ਛੋਹ ਕੇ, ਛੋਹਰ ਬਾਂਕੇ ਰੰਗ ਰੰਗਾਇੰਦਾ । ਗੁਰਮੁਖਾਂ ਜਿਹਾ ਆਪੇ ਹੋ ਕੇ, ਜਨ ਭਗਤਾਂ ਆਪਣਾ ਰੰਗ ਚੜ੍ਹਾਇੰਦਾ । ਨਾੜ ਨਾੜ ਹਾਡੀ ਹਾਡੀ ਪਹਿਲੋਂ ਟੋਹ ਕੇ, ਫੇਰ ਆਪਣੀ ਵਸਤ ਵਰਤਾਇੰਦਾ । ਦੋ ਜਹਾਨਾਂ ਕੋਲੋਂ ਖੋਹ ਕੇ, ਖ਼ਾਲਸ ਆਪਣਾ ਹੱਟ ਚਲਾਇੰਦਾ । ਸਚ ਦੁਆਰਿਉਂ ਕੋਈ ਨਾ ਜਾਵੇ ਰੋ ਕੇ, ਰੋਇਆਂ ਆਪ ਹਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਪਣੇ ਕੋਲ ਕੁੱਛ ਨਾ ਰੱਖੇ ਲੁਕੋ ਕੇ, ਆਪਣੇ ਕੋਲ ਨਹੀਂ ਕੁਛ ਲਕੋਇਆ, ਖ਼ਾਲੀ ਹੱਥ ਵਖਾਈਆ । ਭਗਤਾਂ ਜੋਗਾ ਪ੍ਰਭ ਆਪ ਹੋਇਆ, ਅਨਹੋਣੀ ਕਾਰ ਕਮਾਈਆ । ਲੈ ਕੇ ਆਇਆ ਧੁਰ ਦਾ ਢੋਆ, ਨਾਮ ਵਸਤ ਝੋਲੀ ਰਿਹਾ ਭਰਾਈਆ । ਸਤਿ ਸਤਿਵਾਦੀ ਬੀਜ ਬੋਇਆ, ਅੰਮ੍ਰਿਤ ਫਲ ਇਕ ਵਖਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗਾ ਜੁਗੰਤਰ ਨਵਾਂ ਨਰੋਇਆ, ਜਨਮ ਮਰਨ ਵਿਚ ਕਦੇ ਨਾ ਆਈਆ ।



★ ੨੮ ਚੇਤ ੨੦੨੦ ਬਿਕਰਮੀ ਮੱਸਾ ਸਿੰਘ ਦੇ ਗ੍ਰਹਿ ਕੋਟਲੀ ਥਾਨ ਸਿੰਘ ★

ਸ੍ਰੀ ਭਗਵਾਨ ਸੱਚਾ ਸਤਿਗੁਰ, ਸਤਿ ਸਤਿ ਅਖਵਾਇੰਦਾ । ਦੇਵੇ ਵਡਿਆਈ ਗੁਰੂ ਗੁਰ, ਗੁਰ ਗੁਰ ਸ਼ਬਦੀ ਭੇਵ ਖੁਲਾਇੰਦਾ । ਭਗਤੀ ਅੰਦਰ ਭਗਤ ਜੁੜ ਜੁੜ, ਨਿਰਗੁਣ ਸਰਗੁਣ ਗੰਢ ਪੁਆਇੰਦਾ । ਸੰਤ ਸੁਹੇਲੇ ਮੁੜ ਮੁੜ, ਨਿਰਗੁਣ ਆਪਣੇ ਸੰਗ ਰਖਾਇੰਦਾ । ਗੁਰਮੁਖ ਮੰਤਰ ਫੁਰ ਫੁਰ, ਭੇਵ ਅਭੇਦ ਜਣਾਇੰਦਾ । ਗੁਰਸਿਖ ਲੇਖਾ ਧੁਰ ਧੁਰ, ਧੁਰ ਸੰਜੋਗੀ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਸਾਚੀ ਖੇਲ ਆਪ ਵਖਾਇੰਦਾ । ਸਤਿਗੁਰ ਸੱਚਾ ਪੁਰਖ ਅਕਾਲ, ਅਕਲ ਕਲਾ ਵਡਿਆਈਆ । ਗੁਰ ਗੁਰ ਰੂਪ ਸ਼ਬਦ ਦਿਆਲ, ਨਾਦ ਧੁੰਨ ਸ਼ਨਵਾਈਆ । ਭਗਤਨ ਮੀਤਾ ਭਗਤ ਵਛਲ ਕਿਰਪਾਲ, ਭਗਤ ਦੇਵਣਹਾਰ ਵਡਿਆਈਆ । ਸੰਤ ਸੁਹੇਲੇ ਆਪ ਉਠਾਲ, ਹਰਿ ਸੱਜਣ ਦਏ ਸਮਝਾਈਆ । ਗੁਰਮੁਖ ਵੇਖੇ ਆਪਣੇ ਲਾਲ, ਹਰਿ ਲਾਲਣ ਰੰਗ ਰੰਗਾਈਆ । ਗੁਰਸਿਖ ਗੁਰ ਚਰਨ ਦੁਆਰ ਬਹਾਲ, ਅਗਲਾ ਪਿਛਲਾ ਲੇਖਾ ਦਏ ਮੁਕਾਈਆ । ਦੇਵਣਹਾਰ ਸੱਚਾ ਧਨ ਮਾਲ, ਧਨ ਦੌਲਤ ਇਕ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਾਰ ਕਮਾਈਆ । ਸਤਿਗੁਰ ਸੱਚਾ ਸ੍ਰੀ ਭਗਵਾਨਾ, ਭਗਵਨ ਦਇਆ ਕਮਾਇੰਦਾ । ਗੁਰ ਗੁਰ ਰੂਪ ਸ਼ਬਦ ਤਰਾਨਾ, ਅਨਰਾਗੀ ਰਾਗ ਸੁਣਾਇੰਦਾ । ਭਗਤ ਭਗਵਾਨ ਖੇਲ ਮਹਾਨਾ, ਹਰਿ ਭਗਤੀ ਨਾਮ ਦ੍ਰਿੜਾਇੰਦਾ । ਸੰਤ ਸਾਜਣ ਕਰ ਪਰਵਾਨਾ, ਚਰਨ ਕਵਲ ਆਪ ਬਹਾਇੰਦਾ । ਗੁਰਮੁਖ ਸਾਜਣ ਸਚ ਨਿਸ਼ਾਨਾ, ਲੋਕਮਾਤ ਆਪ ਝੁਲਾਇੰਦਾ । ਗੁਰਸਿਖ ਦੇਵਣਹਾਰ ਗਿਆਨਾ, ਆਤਮ ਪਰਮਾਤਮ ਬੂਝ ਬੁਝਾਇੰਦਾ । ਜੋਧਾ ਸੂਰਬੀਰ ਮਰਦ ਮਰਦਾਨਾ, ਸਚ ਮਰਦਾਨਗੀ ਆਪ ਕਮਾਇੰਦਾ । ਨਿਰਗੁਣ ਸਰਗੁਣ ਪਹਿਰ ਜਾਮਾ, ਦੋਏ ਦੋਏ ਧਾਰ ਕਾਰ ਕਮਾਇੰਦਾ । ਕਲਜੁਗ ਅੰਤਮ ਹੋਏ ਪਰਧਾਨਾ, ਸਚ ਪਰਧਾਨਗੀ ਆਪ ਕਮਾਇੰਦਾ । ਗੁਰਮੁਖਾਂ ਗੁਰਸਿਖਾਂ ਸਤਿ ਸਰੂਪੀ ਬੰਨ੍ਹੇ ਗਾਨਾਂ, ਸਤਿਗੁਰ ਆਪਣੀ ਸੇਵ ਕਮਾਇੰਦਾ । ਦਰਗਹਿ ਸਾਚੀ ਦੇਵੇ ਮਾਣਾ, ਨਿਮਾਣਿਆਂ ਸਿਰ ਆਪਣਾ ਹੱਥ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਇਕੋ ਇਕ ਅਖਵਾਇੰਦਾ । ਸਾਹਿਬ ਸਤਿਗੁਰ ਦੀਨਾਂ ਨਾਥ, ਅਨਾਥਾਂ ਹੋਏ ਸਹਾਈਆ । ਗੁਰ ਗੁਰ ਸ਼ਬਦ ਸੁਣਾਏ ਗਾਥ, ਬੋਧ ਅਗਾਧ ਕਰੇ ਪੜ੍ਹਾਈਆ । ਭਗਤ ਭਗਵਾਨ ਇਕ ਦੂਜੇ ਦਾ ਦੇਵਣ ਸਾਥ, ਸਗਲਾ ਸੰਗ ਨਿਭਾਈਆ । ਸੰਤ ਜਨ ਮੰਨਣ ਪੂਜਾ ਪਾਠ, ਅੰਤਰ ਆਤਮ ਧਿਆਨ ਲਗਾਈਆ । ਗੁਰਮੁਖ ਵੇਖਣ ਸੱਚਾ ਘਾਟ, ਪੱਤਣ ਇਕੋ ਨਜ਼ਰੀ ਆਈਆ । ਗੁਰਸਿਖ ਮੁਕਾਵਣ ਆਪਣੀ ਵਾਟ, ਪੰਧ ਰਹਿਣ ਕੋਇ ਨਾ ਪਾਈਆ । ਪ੍ਰਭ ਨਾਲ ਮਿਲੇ ਸਾਚੀ ਜ਼ਾਤ, ਆਪਣੀ ਜ਼ਾਤ ਨਾ ਕੋਇ ਚਤੁਰਾਈਆ । ਅੰਦਰ ਬਾਹਰ ਸੁਣਨ ਇਕੋ ਬਾਤ, ਢੋਲਾ ਸ੍ਰੀ ਭਗਵਾਨ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਨਜ਼ਰ ਨਾ ਆਈਆ । ਸਤਿਗੁਰ ਸੱਚਾ ਅਗੰਮ ਅਥਾਹ, ਨਿਰਗੁਣ ਨਿਰਾਕਾਰ ਨਿਰੰਕਾਰ ਅਖਵਾਇੰਦਾ । ਗੁਰ ਗੁਰ ਬਣੇ ਜਗਤ ਮਲਾਹ, ਬੇੜਾ ਸਚ ਚਲਾਇੰਦਾ । ਭਗਤ ਜਣਾਏ ਸਾਚਾ ਨਾਂ, ਨਾਉਂ ਨਿਰੰਕਾਰਾ ਆਪ ਦ੍ਰਿੜਾਇੰਦਾ । ਸੰਤਾਂ ਫੜੇ ਆਪੇ ਬਾਂਹ, ਭੁਜਾਂ ਆਪਣੇ ਹੱਥ ਰਖਾਇੰਦਾ । ਗੁਰਮੁਖਾਂ ਦੇਵੇ ਠੰਡੀ ਛਾਂ, ਮਿਹਰਵਾਨ ਮਿਹਰ ਨਜ਼ਰ ਤਕਾਇੰਦਾ । ਗੁਰਸਿਖ ਨਿਥਾਵਿਆਂ ਦੇਵੇ ਸਾਚਾ ਥਾਂ, ਮਹੱਲ ਅਟੱਲ ਆਪ ਬਹਾਇੰਦਾ । ਜਿਨ੍ਹਾਂ ਸਾਹਿਬ ਸਤਿਗੁਰ ਦੀ ਰਮਜ਼ ਵਿਚ ਕੀਤੀ ਹਾਂ ਵਿਚ ਹਾਂ, ਤਿਨ੍ਹਾਂ ਆਪਣਾ ਰੰਗ ਰੰਗਾਇੰਦਾ । ਪੂਜਾ ਪਾਠ ਦੀ ਲੋੜ ਰਹੇ ਨਾ ਕਾ, ਕਾਗ ਹੰਸ ਆਪ ਵਖਾਇੰਦਾ । ਚਰਨ ਧਿਆਨ ਜੋ ਜਨ ਬੈਠੇ ਲਗਾ, ਤਿਨ੍ਹਾਂ ਲਗਨ ਇਕ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਵਖਾਇੰਦਾ । ਜਿਨ੍ਹਾਂ ਲੱਗੀ ਪ੍ਰੇਮ ਲੱਗਨ, ਸ੍ਰੀ ਭਗਵਾਨ ਆਪ ਲਗਾਈਆ । ਸੋ ਸਤਿਗੁਰ ਪ੍ਰੀਤ ਹੋਏ ਮਗਨ, ਮਸਤੀ ਨਾਮ ਚੜ੍ਹਾਈਆ । ਭਗਤ ਭਗਵਾਨ ਦੀਪਕ ਜਗਣ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਸੰਤ ਸੁਹੇਲੇ ਕਰਦੇ ਭਜਨ, ਸੋਹੰ ਢੋਲਾ ਗਾਈਆ । ਗੁਰਮੁਖ ਵੇਖ ਅਨਮੁਲੇ ਰਤਨ, ਮਾਣਕ ਆਪਣੇ ਘਰ ਟਿਕਾਈਆ । ਗੁਰਸਿਖ ਨੇਤਰ ਪੇਖਣ ਆਪਣਾ

ਵਤਨ, ਜਿਸ ਘਰ ਵਸੇ ਸੱਚਾ ਮਾਹੀਆ । ਇਕ ਦੂਜੇ ਨੂੰ ਖ਼ੁਸ਼ੀਆਂ ਨਾਲ ਦੱਸਣ, ਹੱਸ ਹੱਸ ਸਮਝਾਈਆ । ਸਾਰੇ ਰਲ ਮਿਲ ਹੋਏ ਕੱਠਣ, ਇਕੱਤਰ ਇਕੋ ਘਰ ਜਣਾਈਆ । ਹਰਿ ਕੇ ਮੰਦਰ ਕਦੇ ਨਾ ਢੱਠਣ, ਕੋਟਨ ਕੋਟ ਕਾਲ ਬਿਤਾਈਆ । ਉਹ ਸੱਚੇ ਆਵੇ ਨਾਮ ਪੱਕਣ, ਜੋਤੀ ਅਗਨੀ ਲੰਬੂ ਲਾਈਆ । ਓਥੇ ਭਗਤ ਸੁਹੇਲੇ ਵਸਣ, ਦੂਜਾ ਨਜ਼ਰ ਕੋਇ ਨਾ ਆਈਆ । ਇਕੋ ਨਾਮ ਅਗੰਮੀ ਰਟਣ, ਮੇਰਾ ਤੇਰਾ ਢੋਲਾ ਗਾਈਆ । ਸੀਸ ਦੇ ਪਿਛੇ ਨਾ ਹਟਣ, ਗਲੀ ਇਕੋ ਇਕ ਭਾਈਆ । ਕਮਰਕਸੇ ਸਾਚੇ ਕਸਣ, ਨਾ ਸਕੇ ਕੋਇ ਖੁਲ੍ਹਾਈਆ । ਅੰਮ੍ਰਿਤ ਗੋਬਿੰਦ ਸੱਚਾ ਛਕਣ, ਪਿਆਲਾ ਸਤਿਗੁਰ ਜਾਮ ਪਿਆਈਆ । ਨਿਰਗੁਣ ਨੂਰ ਵਰੋਲਣ ਮੱਖਣ, ਛਾਛ ਰੂਪ ਨਾ ਕੋਇ ਵਟਾਈਆ । ਸਿੰਘ ਸੂਰਮੇ ਹੋ ਕੇ ਬੁੱਕਣ, ਉਚੀ ਕੂਕ ਕੂਕ ਜਣਾਈਆ । ਪ੍ਰਭ ਸਾਹਿਬ ਸਾਨੂੰ ਆਇਆ ਚੁੱਕਣ, ਜੁਗ ਜੁਗ ਆਪਣੀ ਗੋਦ ਬਹਾਈਆ । ਅਗਲੇ ਪੈਂਡੇ ਸਭ ਦੇ ਮੁੱਕਣ, ਪੰਧ ਨਜ਼ਰ ਕੋਇ ਨਾ ਆਈਆ । ਭੁਲਿਆਂ ਭੱਟਕਿਆਂ ਆਇਆ ਪੁੱਛਣ, ਦੱਸੋ ਹਾਲ ਮੇਰੇ ਭਾਈਆ । ਪ੍ਰੇਮ ਪ੍ਰੀਤੀ ਅੰਦਰ ਆਇਆ ਝੁਕਣ, ਕਾਇਆ ਅੰਦਰ ਵੜ ਵੜ ਰਿਹਾ ਸਮਝਾਈਆ । ਦਿਨ ਦਿਹਾੜੇ ਆਇਆ ਲੁੱਟਣ, ਜਨ ਭਗਤ ਦੁਆਰੇ ਇਕੋ ਲੁੱਟ ਮਚਾਈਆ । ਕੂੜੀ ਕਿਰਿਆ ਬੂਟਾ ਆਇਆ ਪੁੱਟਣ, ਨਾਮ ਕੁਹਾੜਾ ਰਿਹਾ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਦੋ ਜਹਾਨ, ਗੁਰਮੁਖ ਮੇਲਾ ਕਰ ਪਰਵਾਨ, ਚੇਲਾ ਗੁਰ ਦੇਵੇ ਗਿਆਨ, ਸੱਜਣ ਸੁਹੇਲਾ ਧੁਰ ਫ਼ਰਮਾਣ, ਧਾਮ ਨਵੇਲਾ ਇਕ ਵਖਾਈਆ ।





## ★ ੨੮ ਚੇਤ ੨੦੨੦ ਬਿਕਰਮੀ ਮਹਿੰਗਾ ਸਿੰਘ ਦੇ ਗ੍ਰਿਹ ਪਿੰਡ ਹਰੀ ਪੁਰਾ ★

ਜੁਗ ਜੁਗ ਹਰਿ ਕਾ ਨਾਮ ਮਹਿੰਗਾ, ਸਾਧ ਸੰਤ ਧਿਆਨ ਲਗਾਈਆ । ਗੁਰ ਅਵਤਾਰ ਰਸਨਾ ਕਹਿੰਦਾ, ਪੀਰ ਪੈਗ਼ੰਬਰ ਢੋਲਾ ਗਾਈਆ । ਜੀਵ ਜੰਤ ਨਾ ਜਾਣੇ ਕਿਥੇ ਰਹਿੰਦਾ, ਕਵਣ ਦੁਆਰੇ ਆਸਣ ਲਾਈਆ । ਕਵਣ ਸੇਜਾ ਸਾਚੀ ਬਹਿੰਦਾ, ਸੋਭਾਵੰਤ ਸੁਹਾਈਆ । ਕਵਣ ਮੁਕਾਏ ਦੂਰ ਦੁਰਾਡਾ ਪੈਂਡਾ, ਬਣ ਕੇ ਪਾਂਧੀ ਰਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦ ਜਣਾਈਆ । ਹਰਿ ਕਾ ਨਾਮ ਉਚ ਅਥਾਹ, ਹੱਥ ਕਿਸੇ ਨਾ ਆਇੰਦਾ । ਲੱਖ ਚੁਰਾਸੀ ਰਹੀ ਧਿਆ, ਧਿਆਨ ਵਿਚ ਧਿਆਨ ਨਾ ਕੋਇ ਮਿਲਾਇੰਦਾ । ਕੋਟਨ ਕੋਟ ਰਸਨਾ ਰਹੀ ਗਾ, ਗਾ ਗਾ ਘਰ ਨਾ ਕੋਇ ਵਸਾਇੰਦਾ । ਕੋਟਣ ਕੋਟ ਲੱਭਣ ਰਾਹ, ਰਾਹ ਖਹਿੜਾ ਨਜ਼ਰ ਕਿਸੇ ਨਾ ਆਇੰਦਾ । ਕੋਟਨ ਕੋਟ ਅੰਦਰੇ ਅੰਦਰ ਰਹੇ ਧਿਆਨ ਲਗਾ, ਮੰਦਰ ਪਰਦਾ ਕੋਇ ਨਾ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲ ਆਪਣੀ ਦਇਆ ਕਮਾਇੰਦਾ । ਕਲਜੁਗ ਅੰਤਮ ਸ੍ਰੀ ਭਗਵਾਨ ਹਰਿ ਕਾ ਨਾਮ ਕਰੇ ਸਸਤਾ, ਬਿਨ ਦਮਾਂ ਆਪ ਵਿਕਾਈਆ । ਜਨ ਭਗਤਾਂ ਖੋਲ੍ਹੇ ਕਾਇਆ ਬਸਤਾ, ਹਰਫ਼ ਬਹਰਫ਼ ਕਰੇ ਪੜ੍ਹਾਈਆ । ਵੇਖਣਹਾਰਾ ਚਾਰੇ ਤਰਫ਼ਾ, ਦਹਿ ਦਿਸ਼ਾ ਫੋਲ ਫੁਲਾਈਆ । ਆਪੇ ਉਲਟਾਵੇ ਸਾਚਾ ਵਰਕਾ, ਪਰਦਾ ਵਿਚ ਰਹਿਣ ਨਾ ਪਾਈਆ । ਅੱਖਰ ਵੱਖਰ ਨਿਰਗੁਣ ਨਿਰਵੈਰ ਆਪੇ ਪੜ੍ਹਦਾ, ਪੜ੍ਹ ਪੜ੍ਹ ਰਿਹਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

੩੨੮ ੧੪

ਕਰ, ਏਕਾ ਨਾਮ ਦਏ ਜਣਾਈਆ । ਮਹਿੰਗਾ ਸਸਤਾ ਹਰਿ ਕਾ ਨਾਮ, ਬਿਨ ਸਤਿਗੁਰ ਪੂਰੇ ਹੱਥ ਕਿਸੇ ਨਾ ਆਇੰਦਾ । ਪੀਰ ਪੈਗ਼ੰਬਰ ਪੜ੍ਹਦੇ ਗਏ ਕਲਾਮ, ਕਲਮਾ ਨਬੀ ਰਸੂਲ ਜਣਾਇੰਦਾ । ਮੁਰੀਦ ਮੁਰਸ਼ਦ ਦੇ ਪੈਗ਼ਾਮ, ਭੇਵ ਅਭੇਦ ਖੁਲ੍ਹਾਇੰਦਾ । ਭਗਤ ਭਗਵਾਨ ਕਰੇ ਦਾਨ, ਸਾਚੀ ਵਸਤ ਝੋਲੀ ਪਾਇੰਦਾ । ਕਿਰਪਾ ਕਰ ਮਿਹਰਵਾਨ, ਮਿਹਰ ਨਜ਼ਰ ਉਠਾਇੰਦਾ । ਸੋ ਵੇਲਾ ਸੋ ਵਕਤ ਸੁਹੰਜਣਾ ਜਿਸ ਘੜੀ ਸਾਹਿਬ ਸਤਿਗੁਰ ਮਿਲੇ ਆਣ, ਆਪ ਆਪਣਾ ਘਰ ਵਸਾਇੰਦਾ । ਬਿਨ ਮੰਗਿਆਂ ਦੇਵੇ ਨਾਮ, ਗੁਣ ਨਿਧਾਨ ਗਹਿਰ ਗੰਭੀਰ ਝੋਲੀ ਆਪ ਭਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਸਤ ਆਪਣੀ ਆਪਣੇ ਹੱਥ ਵਰਤਾਇੰਦਾ । ਸੋ ਪੁਰਖ ਨਿਰੰਜਣ ਸਚ ਸੁਲਤਾਨ, ਸ਼ਹਿਨਸ਼ਾਹ ਵੱਡੀ ਵਡਿਆਈਆ । ਹਰਿ ਪੁਰਖ ਨਿਰੰਜਣ ਵਡ ਮਿਹਰਵਾਨ, ਬੇਪਰਵਾਹ ਦਇਆ ਕਮਾਈਆ । ਏਕੰਕਾਰ ਸਚ ਨਿਸ਼ਾਨ, ਨਿਰਗੁਣ ਨਿਰਵੈਰ ਆਪ ਝੁਲਾਈਆ । ਆਦਿ ਨਿਰੰਜਣ ਨੂਰ ਮਹਾਨ, ਜੋਤੀ ਜੋਤ ਜੋਤ ਰੁਸ਼ਨਾਈਆ । ਅਬਿਨਾਸ਼ੀ ਕਰਤਾ ਨੌਜਵਾਨ, ਰੂਪ ਰੰਗ ਰੇਖ ਨਾ ਕੋਇ ਵਖਾਈਆ । ਸ੍ਰੀ ਭਗਵਾਨ ਮਰਦ ਮਰਦਾਨ, ਵਡ ਮਰਦਾਨਗੀ ਆਪ ਕਮਾਈਆ । ਪਾਰਬ੍ਰਹਮ ਪ੍ਰਭ ਖੇਲ ਮਹਾਨ, ਭੇਵ ਅਭੇਦ ਆਪਣੇ ਵਿਚ ਛੁਪਾਈਆ । ਜੋਤੀ ਜਾਤਾ ਹੋ ਪਰਧਾਨ, ਪੁਰਖ ਅਕਾਲ ਲਏ ਅੰਗੜਾਈਆ । ਅਨੁਭਵ ਪਰਕਾਸ਼ ਖੇਲ ਮਹਾਨ, ਕਰਨਹਾਰਾ ਨਜ਼ਰ ਕਿਸੇ ਨਾ ਆਈਆ । ਸਚਖੰਡ ਦੁਆਰ ਇਕ ਪਰਵਾਨ, ਸਚ ਸਿੰਘਾਸਣ ਦਏ ਵਡਿਆਈਆ । ਭੂਪਤ ਭੂਪ ਰਾਜ ਰਾਜਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪਣੇ ਹੱਥ ਰਖਾਈਆ । ਭੂਪਤ ਭੂਪ ਰਾਜਨ ਰਾਜਾ, ਸ਼ਾਹ ਪਾਤਸ਼ਾਹ ਇਕ ਅਖਵਾਇੰਦਾ । ਆਦਿ ਜੁਗਾਦੀ ਤਖ਼ਤ ਨਿਵਾਸੀ ਸਾਚਾ ਸਾਜਣ ਸਾਜਾ, ਸਚਖੰਡ ਦੁਆਰੇ ਸਾਚੇ ਸੋਭਾ ਪਾਇੰਦਾ । ਪਰਵਰਦਿਗਾਰ ਬੇਪਰਵਾਹ ਵਡ ਨਵਾਬਾ, ਜਲਵਾ ਨੂਰ ਨੂਰ ਡਗਮਗਾਇੰਦਾ । ਮੁਕਾਮੇ ਹੱਕ ਖੇਲ ਤਮਾਸ਼ਾ, ਵੇਖਣਹਾਰ ਪੁਰਖ ਅਬਿਨਾਸ਼ਾ, ਦੂਜਾ ਨਜ਼ਰ ਕੋਇ ਨਾ ਆਇੰਦਾ । ਨਿਰਗੁਣ ਨੂਰ ਜੋਤ ਪਰਕਾਸ਼ਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸੱਚਾ ਇਕ ਸੁਹਾਇੰਦਾ । ਘਰ ਸੋਹੇ ਸਚ ਸੁਹੰਜਣਾ, ਸਚਖੰਡ ਵੱਜੇ ਵਧਾਈਆ । ਪਰਗਟ ਹੋ ਆਦਿ ਨਿਰੰਜਣਾ, ਨਿਰਵੈਰ ਆਪਣੀ ਕਲ ਧਰਾਈਆ । ਆਦਿ ਜੁਗਾਦਿ ਸਾਚਾ ਸੱਜਣਾ, ਸਗਲਾ ਸੰਗ ਆਪਣਾ ਆਪ ਨਿਭਾਈਆ । ਨਾ ਘੜਿਆ ਨਾ ਭੱਜਣਾ, ਜਨਮ ਮਰਨ ਵਿਚ ਨਾ ਆਈਆ । ਸਚ ਸਿੰਘਾਸਣ ਸ੍ਰੀ ਭਗਵਾਨ ਸਜਣਾ, ਤਖ਼ਤ ਨਿਵਾਸੀ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਤਖ਼ਤ ਨਿਵਾਸੀ ਸ਼ਾਹ ਸੁਲਤਾਨ, ਸਚ ਸਚ ਜਣਾਇੰਦਾ । ਦੇਵਣਹਾਰਾ ਧੁਰ ਫ਼ਰਮਾਣ, ਨਾਮ ਸੰਦੇਸਾ ਇਕ ਸੁਣਾਇੰਦਾ । ਵੇਖਣਹਾਰਾ ਦੋ ਜਹਾਨ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਵੇਖ ਵਖਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਦੇਵਣਹਾਰ ਗਿਆਨ, ਅੱਖਰ ਵੱਖਰ ਆਪ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਾਰ ਆਪ ਕਮਾਇੰਦਾ । ਸਾਚੀ ਕਾਰ ਕਰਤਾ ਪੁਰਖ, ਕਰਨਹਾਰ ਵੱਡੀ ਵਡਿਆਈਆ । ਜੁਗ ਚੌਕੜੀ ਨਾ ਸੋਗ ਨਾ ਕੋਈ ਹਰਖ਼, ਚਿੰਤਾ ਰੂਪ ਨਾ ਕੋਇ ਵਟਾਈਆ । ਨਿਰਗੁਣ ਨਿਰਵੈਰ ਨਿਰਾਕਾਰ ਅਜੂਨੀ ਰਹਿਤ ਸਚ ਸਰੂਪੀ ਦੇਵੇ ਦਰਸ, ਆਦਰਸ਼ ਆਪਣਾ ਦਏ ਵਖਾਈਆ । ਲੇਖਾ ਜਾਨਣਹਾਰਾ ਜਿਮੀਂ ਅਸਮਾਨ ਅਰਸ਼ ਫ਼ਰਸ਼, ਲੋਕ ਪਰਲੋਕ ਹੱਟ ਤੀਰਥ ਤੱਟ ਫੋਲ ਫੁਲਾਈਆ । ਪੜ੍ਹਾਵਣਹਾਰਾ ਸਾਚਾ ਸਬਕ, ਕਲਮਾ ਕਾਇਨਾਤ ਨਬੀ ਰਸੂਲ ਬਣਾ ਜਮਾਤ, ਆਇਤ ਸ਼ਰਾਇਤ

ਇਕੋ ਇਕ ਜਣਾਈਆ । ਵੇਖਣਹਾਰਾ ਚੌਦਾਂ ਤਬਕ, ਸੂਰਜ ਚੰਦ ਚੰਦ ਸਤਾਰ ਮੰਡਲ ਮੰਡਪ ਖੇਲ ਅਪਾਰ, ਨਿਰਗੁਣ ਨਿਰੰਕਾਰ ਆਪ ਵਖਾਈਆ । ਭੇਜਣਹਾਰ ਗੁਰ ਅਵਤਾਰ, ਦੇਵਣਹਾਰਾ ਨਾਮ ਭੰਡਾਰ, ਬੋਲਣਹਾਰਾ ਸ਼ਬਦ ਜੈਕਾਰ, ਬੋਧ ਅਗਾਧ ਕਰੇ ਸ਼ਨਵਾਈਆ । ਜੋਤੀ ਜਾਤਾ ਖੇਲ ਨਿਆਰ, ਪੁਰਖ ਬਿਧਾਤਾ ਹੋ ਉਜਿਆਰ, ਨਾਤਾ ਜੋੜੇ ਵਿਚ ਸੰਸਾਰ, ਲੱਖ ਚੁਰਾਸੀ ਪੁਰਖ ਅਬਿਨਾਸ਼ੀ ਆਪਣੀ ਗੰਢ ਪੁਆਈਆ । ਪੰਜ ਤੱਤ ਕਰੇ ਸ਼ਿੰਗਾਰ, ਤ੍ਰੈਗੁਣ ਮਾਇਆ ਦਏ ਅਧਾਰ, ਵਿਸ਼ਨ ਬ੍ਰਹਮਾ ਸ਼ਿਵ ਕਰੇ ਖ਼ਬਰਦਾਰ, ਆਲਸ ਨਿੰਦਰਾ ਨਾ ਕੋਇ ਰਖਾਈਆ । ਵੰਡਣਹਾਰਾ ਵਸਤ ਅਪਾਰ, ਨਿਰਗੁਣ ਨਿਰਗੁਣ ਕਰ ਵਣਜਾਰ, ਵਣਜ ਵਪਾਰੀ ਹਰਿ ਨਿਰੰਕਾਰੀ ਇਕੋ ਏਕ ਏਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਸਮਝਾਈਆ । ਏਕੰਕਾਰਾ ਖੇਲ ਨਿਆਰਾ, ਨਿਰਗੁਣ ਨਿਰਵੈਰ ਆਪ ਕਰਾਇੰਦਾ । ਤ੍ਰੈਭਵਨ ਧਨੀ ਖੋਲ੍ਹਣਹਾਰਾ ਠਾਂਡਾ ਦਰਬਾਰਾ, ਗ੍ਰਿਹ ਮੰਦਰ ਬੰਕ ਸੁਹਾਇੰਦਾ । ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਦੇ ਸਹਾਰਾ, ਰਜੋ ਤਮੋ ਸਤੋ ਇਕੋ ਬੰਧਨ ਪਾਇੰਦਾ । ਸਾਢੇ ਤਿੰਨ ਹੱਥ ਕਰ ਮਨਾਰਾ, ਖੋਲ੍ਹਣਹਾਰਾ ਨੌਂ ਦੁਆਰਾ, ਆਸਾ ਤ੍ਰਿਸ਼ਨਾ ਪ੍ਰੇਮ ਪਿਆਰਾ, ਹਉਮੇ ਹੰਗਤਾ ਨਾਲ ਮਿਲਾਇੰਦਾ । ਲੇਖਾ ਜਾਣੇ ਧੁਰ ਦੀ ਕਾਰਾ, ਅਲੱਖ ਅਗੋਚਰ ਅਗੰਮ ਅਥਾਹ ਬੇਪਰਵਾਹ ਪਰਵਰਦਿਗਾਰਾ ਸਾਂਝਾ ਯਾਰ ਆਪ ਹੋ ਜਾਇੰਦਾ । ਗ੍ਰਿਹ ਮੰਦਰ ਕਾਇਆ ਅੰਦਰ ਖੋਲ੍ਹਣਹਾਰ ਕਿਵਾੜਾ, ਬੰਦ ਤਾਕੀ ਕੁੰਡਾ ਲਾਹਿੰਦਾ । ਵੇਖਣਹਾਰਾ ਸੁਖਮਨ ਟੇਢੀ ਗਾਰਾ, ਬਣਾਵਣਹਾਰਾ ਈੜਾ ਪਿੰਗਲ ਲਾੜਾ, ਧੁਰ ਸੰਦੇਸ਼ਾ ਨਰ ਨਰੇਸ਼ਾ ਇਕੋ ਇਕ ਜਣਾਇੰਦਾ । ਬਖ਼ਸ਼ਣਹਾਰਾ ਅੰਮ੍ਰਿਤ ਠਾਂਡਾ ਠਾਰਾ, ਅੰਮ੍ਰਿਤ ਝਿਰਨਾ ਝਿਰੇ ਅਪਰ ਅਪਾਰਾ, ਬੂੰਦ ਬੂੰਦ ਆਪ ਟਪਕਾਇੰਦਾ । ਨਿਰਮਲ ਦੀਆ ਜੋਤੀ ਕਰ ਉਜਿਆਰਾ, ਦਸਮ ਦੁਆਰੀ ਦੇ ਸਹਾਰਾ, ਮਹੱਲ ਅਟੱਲ ਆਪ ਰੁਸ਼ਨਾਇੰਦਾ । ਆਤਮ ਪਰਮਾਤਮ ਵੇਖਣਹਾਰਾ, ਅੰਦਰ ਬਾਹਰ ਗੁਪਤ ਜ਼ਾਹਰਾ, ਰੂਪ ਰੰਗ ਨਾ ਕੋਇ ਕਿਨਾਰਾ, ਰੇਖ ਭੇਖ ਨਜ਼ਰ ਕਿਸੇ ਨਾ ਆਇੰਦਾ । ਅਨਹਦ ਨਾਦ ਸੁਣਾਏ ਸੱਚੀ ਧੁੰਨਕਾਰਾ, ਅਨਰਾਗੀ ਆਪਣਾ ਰਾਗ ਅਲਾਇੰਦਾ । ਪਾਰਬ੍ਰਹਮ ਬ੍ਰਹਮ ਮੀਤ ਮੁਰਾਰਾ, ਵੇਖਣਹਾਰਾ ਠਾਂਡਾ ਦਰਬਾਰਾ, ਘਰ ਸਾਚੇ ਸੋਭਾ ਪਾਇੰਦਾ । ਸੇਵਾ ਲਾ ਗੁਰੂ ਅਵਤਾਰਾ, ਪੀਰ ਪੈਗ਼ੰਬਰ ਬੋਲ ਨਾਅਰਾ, ਹੱਕ ਹੱਕ ਇਕ ਸਮਝਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੁਗ ਚੌਕੜੀ ਵੇਖਣਹਾਰਾ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਰੂਪ ਵਟਾਇੰਦਾ । ਵੇਦ ਪੁਰਾਨ ਸ਼ਾਸਤਰ ਸਿਮਰਤ ਕਾਤਬ ਬਣ ਕੇ ਲਿਖਣਹਾਰਾ, ਕਾਗ਼ਜ਼ ਕਲਮ ਸ਼ਾਹੀ ਰੰਗ ਚੜ੍ਹਾਇੰਦਾ । ਭਗਤ ਭਗਵਾਨ ਦੇ ਸਹਾਰਾ, ਗੀਤਾ ਗਿਆਨ ਕਰ ਉਜਿਆਰਾ, ਬੋਧ ਗਿਆਨਾ ਆਤਮ ਪੰਡਤ ਇਕੋ ਰੰਗਤ ਨਾਮ ਵਖਾਇੰਦਾ । ਅੰਜੀਲ ਕੁਰਾਨਾ ਖੋਲ੍ਹ ਕਿਵਾੜਾ, ਉਚੀ ਕੂਕੇ ਮਾਰੇ ਨਾਅਰਾ, ਹਕੀਕਤ ਇਕੋ ਇਕ ਸਮਝਾਇੰਦਾ । ਚਾਰੇ ਖਾਣੀ ਕਰ ਤਿਆਰਾ, ਗੁਰ ਗੁਰ ਬਾਣੀ ਦੇ ਆਧਾਰਾ, ਸਤਿਗੁਰ ਸਾਚਾ ਵੰਡ ਵੰਡਾਇੰਦਾ । ਸਭਨਾਂ ਸਿਰ ਸ਼ਾਹ ਸਿਕਦਾਰਾ, ਭੂਪਤ ਭੂਪ ਏਕੰਕਾਰਾ, ਵਸਣਹਾਰਾ ਧਾਮ ਨਿਆਰਾ, ਸਚਖੰਡ ਸਾਚੇ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਾਰ ਆਪ ਕਰਾਇੰਦਾ । ਧੁਰ ਦੀ ਕਾਰ ਕਰੇ ਅਕਾਲ, ਅਕਲ ਕਲਾ ਅਖਵਾਈਆ । ਜੁਗ ਚੌਕੜੀ ਹੋ ਦਿਆਲ, ਗੁਰ ਪੀਰ ਅਵਤਾਰ ਸੇਵ ਲਗਾਈਆ । ਵਖਾਵਣਹਾਰ ਸੱਚੀ ਧਰਮਸਾਲ, ਧਰਮ ਦੁਆਰ ਇਕ ਪਰਗਟਾਈਆ । ਸਰਗੁਣ ਨਿਰਗੁਣ ਚਲਣਹਾਰਾ ਨਾਲ ਨਾਲ, ਸਗਲਾ ਸੰਗ ਆਪ ਹੋ ਜਾਈਆ । ਪਰਗਟਾਵਣਹਾਰਾ ਕਾਲ ਮਹਾਂਕਾਲ, ਮਹਿਮਾ

ਅਕਥ ਕਥ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਵੇਖੇ ਥਾਉਂ ਥਾਈਆ । ਜੁਗ ਚੌਕੜੀ ਵੇਖਣਹਾਰਾ, ਏਕੰਕਾਰਾ ਆਪ ਅਖਵਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਕਰਨਹਾਰਾ ਪਾਰ ਕਿਨਾਰਾ, ਲਹਿਣਾ ਦੇਣਾ ਸਭ ਦੀ ਝੋਲੀ ਪਾਇੰਦਾ । ਨੌਂ ਸੌ ਚੁਰਾਨਵੇਂ ਚੌਕੜੀ ਦੇਂਦਾ ਰਿਹਾ ਸਹਾਰਾ, ਮਿਹਰਵਾਨ ਸਿਰ ਆਪਣਾ ਹੱਥ ਟਿਕਾਇੰਦਾ । ਕਲਜੁਗ ਅੰਤਮ ਵੇਖ ਕਿਨਾਰਾ, ਸ੍ਰੀ ਭਗਵਾਨ ਆਪਣਾ ਵੇਸ ਵਟਾਇੰਦਾ । ਜੋਤੀ ਜਾਤਾ ਹੋ ਉਜਿਆਰਾ, ਨਿਹਕਲੰਕ ਨਰ ਅਵਤਾਰਾ, ਨਿਰਗੁਣ ਆਪਣਾ ਨਾਉਂ ਸੁਣਾਇੰਦਾ । ਸ਼ਬਦ ਡੰਕਾ ਅਗੰਮ ਅਪਾਰਾ, ਦੋ ਜਹਾਨਾਂ ਕਰੇ ਖ਼ਬਰਦਾਰਾ, ਬ੍ਰਹਿਮੰਡ ਖੰਡ ਸੋਏ ਆਪ ਉਠਾਇੰਦਾ । ਲੋਕਮਾਤ ਇਕੋ ਨਾਅਰਾ, ਚਾਰ ਵਰਨਾਂ ਕਰੇ ਪਿਆਰਾ, ਅਠਾਰਾਂ ਬਰਨ ਵਖਾਏ ਦੁਆਰਾ, ਊਚ ਨੀਚ ਰਾਉ ਰੰਕ ਰਾਜ ਰਾਜਾਨ ਸ਼ਾਹ ਸੁਲਤਾਨ ਸ੍ਰੀ ਭਗਵਾਨ ਇਕੋ ਘਰ ਵਖਾਇੰਦਾ । ਕਲਜੁਗ ਕੂੜਾ ਹੋਏ ਹੈਰਾਨ, ਨੇਤਰ ਨੈਣ ਮਾਤ ਸ਼ਰਮਾਣ, ਹਰਿ ਜੂ ਕਰੇ ਖੇਲ ਮਹਾਨ, ਕਲ ਕਲਕੀ ਫੇਰਾ ਪਾਇੰਦਾ । ਮੇਰੀ ਬੰਦ ਹੋਏ ਜ਼ਬਾਨ, ਸ਼ਰਅ ਰਹੇ ਨਾ ਕੋਇ ਈਮਾਨ, ਉਲਟ ਜਾਣ ਜ਼ਿਮੀ ਅਸਮਾਨ, ਆਪਣੀ ਧਾਰ ਨਾ ਕੋਇ ਵਖਾਈਆ । ਜੂਠ ਝੂਠ ਨਾ ਮਿਲੇ ਨਿਸ਼ਾਨ, ਮਾਇਆ ਮਮਤਾ ਹੋਏ ਵੈਰਾਨ, ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਚਾਰ ਕੁੰਟ ਨਾ ਕੋਇ ਪਛਤਾਣ, ਪਸਚਾਤਾਪ ਦਏ ਮਿਟਾਈਆ । ਪੂਜਾ ਹੋਵੇ ਇਕ ਭਗਵਾਨ, ਦੂਜਾ ਦਿਸੇ ਨਾ ਕੋਇ ਨਿਸ਼ਾਨ, ਇਸ਼ਟ ਦੇਵ ਗੁਰਦੇਵ ਆਤਮਾ ਪਰਮਾਤਮਾ ਇਕੋ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣੀ ਕਾਰ ਕਮਾਈਆ । ਕਲਜੁਗ ਰੋਵੇ ਮਾਰੇ ਧਾਹ, ਚੌਥੇ ਯੁਗ ਲਏ ਅੰਗੜਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕੋਈ ਨਾ ਬਣੇ ਗਵਾਹ, ਸਾਰੇ ਬੈਠੇ ਮੁਖ ਭੁਆਈਆ । ਵੇਲੇ ਅੰਤ ਸਕੇ ਨਾ ਕੋਇ ਛੁਡਾ, ਚਾਰ ਯਾਰੀ ਨਾਤਾ ਰਹੀ ਤੁੜਾਈਆ । ਅੱਲਾ ਰਾਣੀ ਨੈਣ ਰਿਹਾ ਸ਼ਰਮਾ, ਕੱਜ਼ਲ ਅੱਖ ਨਾ ਕੋਇ ਉਠਾਈਆ । ਤ੍ਰੈਗੁਣ ਮਾਇਆ ਪੰਜ ਤੱਤ ਰਿਹਾ ਕੁਰਲਾ, ਉਚੀ ਕੂਕ ਕੂਕ ਜਣਾਈਆ । ਬੁੱਧੀ ਆਪਣਾ ਬਲ ਬੈਠੀ ਗਵਾ, ਮਤ ਮਤਵਾਲੀ ਸੁੱਧ ਕੋਇ ਨਾ ਆਈਆ । ਮਨ ਮਨੂਆ ਬਣਿਆ ਝੂਠਾ ਸ਼ਹਿਨਸ਼ਾਹ, ਚਾਰੋਂ ਕੁੰਟ ਆਪਣਾ ਹੁਕਮ ਮਨਾਈਆ । ਗੁਰ ਕਾ ਸ਼ਬਦ ਕਲਜੁਗ ਜੀਵ ਗਏ ਭੁਲਾ, ਸਾਚਾ ਢੋਲਾ ਕੋਇ ਨਾ ਗਾਈਆ । ਮੰਦਰ ਮਸਜਿਦ ਗੁਰੂਦੁਆਰ ਸ਼ਿਵਦੁਆਲੇ ਮੱਠ ਧੀਆਂ ਭੈਣਾਂ ਰਹੇ ਤਕਾ, ਨੇਤਰ ਅੱਖ ਨਾ ਕੋਇ ਸ਼ਰਮਾਈਆ । ਤੀਰਥ ਤੱਟਾਂ ਠੱਗ ਚੋਰ ਯਾਰ ਫੇਰੀਆਂ ਰਹੇ ਪਾ, ਜੀਵਾਂ ਜੰਤਾਂ ਲੁੱਟਣ ਵਾਹੋ ਦਾਹੀਆ । ਨਾਤਾ ਤੁੱਟਾ ਭੈਣ ਭਰਾ, ਪਿਤਾ ਪੂਤ ਮਾਣ ਨਾ ਕੋਇ ਰਖਾਈਆ । ਮਾਵਾਂ ਪੁੱਤਰ ਸੇਜ ਰਹੇ ਹੰਢਾ, ਨਾਰ ਕੰਤ ਸੇਜ ਨਾ ਕੋਇ ਹੰਢਾਈਆ । ਚਾਰੋਂ ਕੁੰਟ ਅੰਧੇਰਾ ਗਿਆ ਛਾ, ਸਾਚਾ ਚੰਦ ਨਜ਼ਰ ਕਿਸੇ ਨਾ ਆਈਆ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਆਤਮ ਪਰਮਾਤਮ ਮੇਲਾ ਕੋਈ ਨਾ ਸਕੇ ਮਿਲਾ, ਜਗਤ ਵਿਛੋੜਾ ਰਿਹਾ ਕੁਰਲਾਈਆ । ਦੀਨ ਮਜ਼੍ਹਬ ਝਗੜਾ ਰਹੇ ਪਾ, ਦੂਈ ਦਵੈਤੀ ਫੰਦ ਨਾ ਕੋਇ ਕਟਾਈਆ । ਭਗਵਾਨ ਸੀਸ ਕੋਈ ਨਾ ਰਿਹਾ ਝੁਕਾ, ਇੱਟਾਂ ਪੱਥਰਾਂ ਪੂਜ ਪੁਜਾਈਆ । ਨਾਨਕ ਗੋਬਿੰਦ ਕਹਿ ਕੇ ਗਿਆ ਪੁਰਖ ਅਕਾਲ ਸਭ ਦਾ ਪਿਤਾ ਮਾਂ, ਲੱਖ ਚੁਰਾਸੀ ਗੋਦ ਬਹਾਈਆ । ਸ੍ਰੀ ਭਗਵਾਨ ਦਾ ਜਪੋ ਨਾਂ, ਦੂਜੀ ਓਟ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣੀ ਕਾਰ ਕਮਾਈਆ । ਕਲਜੁਗ ਰੋਵੇ ਨੇਤਰ ਖੋਲ੍ਹ, ਉਚੀ ਕੂਕ ਕੂਕ ਸੁਣਾਇੰਦਾ । ਬੌਹੜੀ ਬੌਹੜੀ ਰਿਹਾ ਬੋਲ, ਦੋ ਜਹਾਨ ਵਾਸਤਾ ਪਾਇੰਦਾ । ਸਚ ਰਿਹਾ ਨਾ ਮੇਰੇ ਕੋਲ, ਖ਼ਾਲੀ ਹੱਟ

ਕੁੰਡਾ ਲਾਹਿੰਦਾ । ਚਾਰੋਂ ਕੁੰਟ ਵਜਾਵੇ ਢੋਲ, ਡੰਕਾ ਆਪਣੇ ਹੱਥ ਉਠਾਇੰਦਾ । ਕਲਜੁਗ ਜੀਵੋ ਮਾਰੇ ਜਾਓ ਅੰਤ ਅਨਭੋਲ, ਤੁਹਾਡਾ ਸੰਗ ਨਾ ਕੋਇ ਨਿਭਾਇੰਦਾ । ਸ੍ਰੀ ਭਗਵਾਨ ਸਭ ਦਾ ਕੱਢਣਾ ਪੋਲ, ਲੱਖ ਚੁਰਾਸੀ ਕਾਇਆ ਮੰਦਰ ਅੰਦਰ ਵੇਖ ਵਖਾਇੰਦਾ । ਭਰਮੇ ਭੁੱਲੇ ਪੰਡਤ ਪਾਂਧੇ ਰੌਲ, ਮੁੱਲਾਂ ਸ਼ੇਖ਼ ਮੁਸਾਇਕ ਭੇਵ ਕੋਇ ਨਾ ਪਾਇੰਦਾ । ਗਰੰਥੀ ਪੰਥੀ ਸਚ ਸਕੇ ਨਾ ਕੋਇ ਬੋਲ, ਕੂੜੀ ਕਿਰਿਆ ਗੰਢ ਸਰਬ ਪੁਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਾਰ ਆਪ ਕਮਾਇੰਦਾ । ਕਲਜੁਗ ਰੋਵੇ ਨੇਤਰ ਅੱਖ, ਆਖ਼ਰ ਸਭ ਨੂੰ ਰਿਹਾ ਸੁਣਾਈਆ । ਜੀਵੋ ਜੰਤੋ ਸਾਧੋ ਸੰਤੋ ਪ੍ਰਭ ਤੁਹਾਡੇ ਨਾਲੋਂ ਹੋਇਆ ਵੱਖ, ਘਰ ਵਿਚ ਨਜ਼ਰ ਕਿਸੇ ਨਾ ਆਈਆ । ਸਤਿਗੁਰ ਨਾਨਕ ਸਿਖਿਆ ਲੈ ਕੇ ਕਾਇਆ ਮੰਦਰ ਅੰਦਰ ਕਿਸੇ ਨਾ ਕੀਤਾ ਪਰਤੱਖ, ਰਸਨਾ ਜਿਹਵਾ ਗਾ ਗਾ ਹੋਣ ਹਲਕਾਈਆ । ਪੁਸਤਕ ਪੜ੍ਹ ਪੜ੍ਹ ਗਏ ਥੱਕ, ਪੁਰਖ ਅਕਾਲ ਨਜ਼ਰ ਕਿਸੇ ਨਾ ਆਈਆ । ਆਪਣਾ ਮਿਲਿਆ ਨਾ ਕਿਸੇ ਹੱਕ, ਆਤਮ ਪਰਮਾਤਮ ਜੋੜ ਨਾ ਕੋਇ ਜੁੜਾਈਆ । ਗੁਰ ਗੋਬਿੰਦ ਸਿੰਘ ਨੂੰ ਸਭ ਉਤੇ ਪੈ ਗਿਆ ਸ਼ੱਕ, ਸਾਬਤ ਕੋਈ ਸਿੱਖ ਨਜ਼ਰ ਨਾ ਆਈਆ । ਸਤਿਗੁਰ ਨਾਨਕ ਸਚ ਕਹਿ ਕੇ ਆਇਆ ਕਾਇਆ ਕਾਚੀ ਵਸਤ, ਸਾਚਾ ਫਲ ਨਾ ਕੋਇ ਰਖਾਈਆ । ਕਲਜੁਗ ਜੀਵ ਵਿਕੇ ਸਿਆਸਤ ਹੱਟ, ਧਰਮ ਨੀਤੀ ਹੱਥ ਨਾ ਕਿਸੇ ਰਖਾਈਆ । ਕਲਜੁਗ ਅੰਤਮ ਜੋਧਾ ਸੂਰਬੀਰ ਗੁਰ ਸ਼ਬਦ ਹੋਵੇ ਪਰਗਟ, ਨਿਰਗੁਣ ਦਾਤਾ ਵਡ ਵਡਿਆਈਆ । ਦੁਰਮਤ ਮੈਲ ਦੇਵੇ ਕੱਟ, ਨਾਮ ਖੰਡਾ ਇਕ ਚਮਕਾਈਆ । ਦੂਈ ਦਵੈਤੀ ਮੇਟੇ ਫੱਟ, ਪੱਟੀ ਇਕੋ ਨਾਮ ਬੰਧਾਈਆ । ਪੁਰਖ ਅਕਾਲ ਦੀਨ ਦਿਆਲ ਭਗਤ ਭਗਵਾਨ ਮਿਲੇ ਕਮਲਾਪਤ, ਘਰ ਸਾਚੇ ਵੱਜੇ ਵਧਾਈਆ । ਗੁਰਮੁਖ ਤੇਰੀ ਬਹੱਤਰ ਨਾੜ ਨਾ ਉਬਲੇ ਰਤ, ਜਿਸ ਮਿਲਿਆ ਗੋਬਿੰਦ ਸੱਚਾ ਮਾਹੀਆ । ਸਾਚਾ ਮਾਰਗ ਨਿਰੋਲ ਗਿਆ ਦੱਸ, ਖ਼ਾਲਸ ਖ਼ਾਲਸਾ ਗਿਆ ਬਣਾਈਆ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਉਚ ਨੀਚ ਅੰਦਰ ਵਸ, ਅੰਮ੍ਰਿਤ ਜਾਮ ਗਿਆ ਪਿਆਈਆ । ਕਿਉਂ ਪਿਛੇ ਰਹੇ ਹਟ, ਕਲਜੁਗ ਅੰਤਮ ਦਏ ਦੁਹਾਈਆ । ਸਤਿਗੁਰ ਖੇਲ ਬਾਜ਼ੀਗਰ ਨਟ, ਸਵਾਂਗੀ ਆਪਣਾ ਸਾਂਗ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਕਲਜੁਗ ਰੋਵੇ ਕੁਰਲਾਵੇ, ਨੇਤਰ ਨੈਣਾਂ ਨੀਰ ਵਹਾਇੰਦਾ । ਚਾਰੋਂ ਕੁੰਟ ਭਰੇ ਹਾਵੇ, ਸਾਂਤਕ ਸਤਿ ਨਾ ਕੋਇ ਕਰਾਇੰਦਾ । ਸੋ ਸਤਿਗੁਰ ਪੂਰਾ ਜੋ ਕਿਰਪਾ ਕਰ ਪਾੜੇ ਬੇਦਾਅਵੇ, ਦਰਦੀਆਂ ਦਰਦ ਦਰਦ ਵੰਡਾਇੰਦਾ । ਜਿਸ ਨੇ ਕੋਟਨ ਕੋਟ ਵਿਸ਼ਨ ਬ੍ਰਹਮਾ ਸ਼ਿਵ ਬੱਧੇ ਨਾਲ ਪਾਵੇ, ਸਚ ਸਿੰਘਾਸਣ ਉਪਰ ਆਪਣਾ ਆਸਣ ਲਾਇੰਦਾ । ਸੋ ਸਾਹਿਬ ਸਤਿਗੁਰ ਆਪਣੀ ਕਾਰ ਕਮਾਵੇ, ਬੇਪਰਵਾਹ ਨਜ਼ਰ ਕਿਸੇ ਨਾ ਆਇੰਦਾ । ਜੁਗ ਚੌਕੜੀ ਆਪ ਬਣਾਵੇ ਆਪੇ ਢਾਵੇ, ਦੂਜਾ ਸੰਗ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਜਣਾਇੰਦਾ । ਕਲਜੁਗ ਅੰਤਮ ਝੋਲੀ ਅੱਡ, ਚਾਰੋਂ ਕੁੰਟ ਰਿਹਾ ਵਖਾਈਆ । ਵੇਖੋ ਮੈਂ ਡਿੱਗਾ ਅੰਧੇਰੀ ਖੱਡ, ਰਾਹ ਖਹਿੜਾ ਨਜ਼ਰ ਕੋਇ ਨਾ ਆਈਆ । ਮੈਂ ਨਾਨਕ ਗੋਬਿੰਦ ਕਰੀ ਪਾਰ ਹੱਦ, ਕੂੜੀ ਕਿਰਿਆ ਦੇ ਵਡਿਆਈਆ । ਗੁਰ ਕਾ ਸ਼ਬਦ ਦਿਤਾ ਛੱਡ, ਅੰਤ ਛੁੱਟਣ ਲੱਗੀ ਲੋਕਾਈਆ । ਮੇਰੇ ਬੁੱਢੇ ਹੋਏ ਹੱਡ, ਭਾਰ ਸਕੇ ਨਾ ਕੋਇ ਉਠਾਈਆ । ਮੇਰੀ ਕਰਨੀ ਹੋਈ ਰੱਦ, ਰੱਦੀ ਕਰੇ ਬੇਪਰਵਾਹੀਆ । ਮੇਰੀ ਵਿਛੜਨ ਲੱਗੀ ਯਦ, ਚਾਰ ਯਾਰੀ ਮੁਖ ਭੁਆਈਆ । ਮੈਂ ਵਾਸਤਾ ਪਾਵਾਂ ਦਿਨ ਰੈਣ ਕੁਰਲਾਵਾਂ ਸ੍ਰੀ ਭਗਵਾਨ ਇਕ ਵਾਰ ਜੇ ਚਰਨਾਂ ਲਏ ਸੱਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,


੩੩੧ ੧੪

ਕਰੇ ਖੇਲ ਸਾਚਾ ਹਰਿ, ਸਾਚਾ ਲੇਖਾ ਆਪ ਜਣਾਈਆ । ਕਲਜੁਗ ਕਹੇ ਕਲਜੁਗ ਜੀਵੋ ਜਾਓ ਜਾਗ, ਵੇਲਾ ਅੰਤਮ ਨੇੜੇ ਆਈਆ । ਨੌਂ ਖੰਡ ਪ੍ਰਿਥਮੀ ਲੱਗਣੀ ਆਗ, ਸੱਤ ਦੀਪ ਨਾ ਕੋਇ ਬੁਝਾਈਆ । ਦੁਰਮਤ ਕੋਈ ਨਾ ਧੋਵੇ ਦਾਗ਼, ਸਾਚਾ ਸੀਰ ਨਾ ਕੋਇ ਪਿਆਈਆ । ਸੀਸ ਕਿਸੇ ਦੇ ਨਹੀਂ ਰਹਿਣਾ ਤਾਜ, ਰਾਜ ਰਾਜਾਨਾਂ ਖ਼ਾਕ ਮਿਲਾਈਆ । ਪਰਗਟ ਹੋਵੇ ਇਕ ਗ਼ਰੀਬ ਨਿਵਾਜ਼, ਗ਼ਰੀਬ ਨਿਮਾਣਿਆਂ ਗਲੇ ਲਗਾਈਆ । ਧੁਰ ਦੀ ਸੁਣਾਏ ਸ਼ਬਦ ਅਵਾਜ਼, ਪੁਰਖ ਅਕਾਲ ਢੋਲਾ ਗਾਈਆ । ਚਾਰ ਵਰਨ ਦਾ ਬਦਲ ਦੇਵੇ ਸਮਾਜ, ਗੁਰਮੁਖ ਗੁਰਸਿਖ ਇਕੋ ਰੂਪ ਵਖਾਈਆ । ਗੋਬਿੰਦ ਰਚ ਕੇ ਗਿਆ ਕਾਜ, ਸ੍ਰੀ ਭਗਵਾਨ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਕਲਜੁਗ ਜੀਵੋ ਉਠੋ ਭਾਗੋ, ਵੇਲਾ ਗਿਆ ਹੱਥ ਨਾ ਆਈਆ । ਸ੍ਰੀ ਭਗਵਾਨ ਦੀ ਚਰਨੀ ਲਾਗੋ, ਪੁਰਖ ਅਕਾਲ ਸਭ ਦਾ ਪਿਤਾ ਮਾਈਆ । ਕਾਗ ਬਣੇ ਫੇਰ ਹੰਸ ਬੁੱਧੀ ਰਹੇ ਨਾ ਕਾਗੋ, ਹੰਸ ਕਾਗਾ ਰੂਪ ਵਟਾਈਆ । ਸਤਿਗੁਰ ਸ਼ਬਦ ਕਰੋ ਸਚ ਲਾੜੋ, ਪ੍ਰੇਮ ਪ੍ਰੀਤੀ ਇਕ ਸਮਝਾਈਆ । ਦਰਸ਼ਨ ਕਰੋ ਮੋਹਣ ਮਾਧਵ ਮਾਧੋ, ਘਰ ਘਰ ਡੇਰਾ ਲਾਈਆ । ਵਾਹ ਵਾ ਗੁਰੂ ਇਕ ਅਰਾਧੋ, ਰਸਨਾ ਜਿਹਵਾ ਬੱਤੀ ਦੰਦ ਸਾਲਾਹੀਆ । ਕੂੜੀ ਕਿਰਿਆ ਵਿਚੋਂ ਕਾਢੋ, ਜੂਠ ਝੂਠ ਰਹੇ ਨਾ ਰਾਈਆ । ਸਾਚੀ ਸਿਖਿਆ ਸੁਣ ਲਓ ਸਾਧੋ, ਸਾਹਿਬ ਸਤਿਗੁਰ ਇਕ ਸਮਝਾਈਆ । ਅੰਤ ਪਾਰ ਨਾ ਉਤਰੇ ਕੋਈ ਪੁਰਖ ਅਕਾਲ ਬਾਹਝੋਂ, ਬਾਜ਼ੀ ਸਭ ਦੀ ਹਾਰੀ ਜਿਤ ਨਜ਼ਰ ਕਿਸੇ ਨਾ ਆਈਆ । ਸੁਣ ਲਓ ਦੀਨ ਮਜ਼੍ਹਬ ਦੇ ਉਸਤਾਦੋ, ਉਸਤਤ ਕਰੋ ਪੁਰਖ ਅਕਾਲ ਸੱਚੇ ਮਾਹੀਆ । ਕੂੜੀ ਕਿਰਿਆ ਖਹਿੜਾ ਛਾਡੋ, ਆਸਾ ਤ੍ਰਿਸ਼ਨਾ ਕੰਮ ਕਿਸੇ ਨਾ ਆਈਆ । ਪੈਸੇ ਧੇਲੇ ਪਿਛੇ ਨਾ ਪੜ੍ਹੋ ਨਿਮਾਜ਼ੋ, ਵੇਲੇ ਪੰਜ ਮਸਜਿਦ ਕੋਇ ਨਾ ਜਾਈਆ । ਪੇਟ ਦੀ ਖ਼ਾਤਰ ਸ੍ਰੀ ਭਗਵਾਨ ਨਾ ਕੋਇ ਅਰਾਧੋ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਚ ਸੁਨੇਹੁੜਾ ਇਕ ਜਣਾਈਆ । ਕਲਜੁਗ ਕਹੇ ਮੇਰਾ ਖ਼ਾਲੀ ਪੱਲਾ, ਕੰਨੀ ਨਜ਼ਰ ਕੁਛ ਨਹੀਂ ਆਇੰਦਾ । ਔਹ ਵੇਖੋ ਭੱਜੀ ਜਾਂਦੀ ਰਾਣੀ ਅੱਲਾ, ਸ੍ਰੀ ਭਗਵਾਨ ਹੁਕਮ ਸੁਣਾਇੰਦਾ । ਮੂੰਹੋਂ ਕਹੇ ਬੌਹੜੀ ਬੌਹੜੀ ਬਿਸਮਿਲਾ, ਤੇਰਾ ਭੇਵ ਕੋਇ ਨਾ ਪਾਇੰਦਾ । ਗੋਬਿੰਦ ਪਿਛੇ ਖਿਚਿਆ ਚਿਲਾ, ਤੀਰ ਗੋਸ਼ੇ ਆਪ ਚੜ੍ਹਾਇੰਦਾ । ਤਖ਼ਤੋਂ ਲਾਹੇ ਬੂਰਾ ਕੱਕਾ ਬਿਲਾ, ਬੀਸ ਬੀਸਾ ਨੈਣ ਉਠਾਇੰਦਾ । ਪੁਰਖ ਅਕਾਲ ਹੁਣ ਨਹੀਂ ਹੋਣਾ ਢਿੱਲਾ, ਬਲ ਆਪਣਾ ਆਪ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰਾ ਲੇਖ ਮੁਕਾਇੰਦਾ । ਕਲਜੁਗ ਉਠੇ ਰੋਵੇ ਹੱਸੇ, ਦੋਵੇਂ ਧਾਰ ਵਖਾਈਆ । ਕਲਜੁਗ ਰੈਣ ਅੰਧੇਰੀ ਮੱਸੇ, ਸਾਚਾ ਚੰਦ ਨਜ਼ਰ ਕੋਇ ਨਾ ਆਈਆ । ਸਾਧ ਸੰਤ ਕੂੜੀ ਕਿਰਿਆ ਫਸੇ, ਸਤਿ ਸੰਤੋਖ ਧੀਰਜ ਜਤ ਨਾ ਕੋਇ ਰਖਾਈਆ । ਹੱਥੀਂ ਮਣਕੇ ਮਾਲਾ ਰਟੇ, ਮਨ ਕਾ ਮਣਕਾ ਨਾ ਕੋਇ ਭੁਆਈਆ । ਜੀਵਾਂ ਜੰਤਾਂ ਸ੍ਰੀ ਭਗਵਾਨ ਦੇ ਪੜ੍ਹ ਪੜ੍ਹ ਸੁਣੌਂਦੇ ਪਤੇ, ਆਪ ਅੱਗੇ ਮਿਲਣ ਕੋਇ ਨਾ ਜਾਈਆ । ਸ੍ਰੀ ਭਗਵਾਨ ਸਤਿਗੁਰ ਪੂਰਾ ਕਰ ਕਿਰਪਾ ਜਿਸ ਨੂੰ ਆਪਣਾ ਮਾਰਗ ਦੱਸੇ, ਤਿਨ੍ਹ ਨਾਨਕ ਗੋਬਿੰਦ ਮੇਲਾ ਸਹਿਜ ਸੁਭਾਈਆ । ਘਰ ਅੰਮ੍ਰਿਤ ਆਤਮ ਇਕੋ ਰਸੇ, ਝਿਰਨਾ ਰਿਸਕ ਰਿਸਕ ਝਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰਾ ਲੇਖਾ ਰਿਹਾ ਜਣਾਈਆ । ਕਲਜੁਗ ਕਹੇ ਮੇਰਾ ਕੂੜਾ ਲੇਖਾ, ਪ੍ਰਭ ਮੈਨੂੰ ਨਜ਼ਰੀ ਆਇੰਦਾ । ਤੇਰੇ ਦਰ ਨਾ ਕੋਈ ਭੁਲੇਖਾ, ਪਰਦਾ ਉਹਲਾ ਨਾ ਕੋਇ ਜਣਾਇੰਦਾ । ਮੈਂ ਕਲਜੁਗ ਜੀਵਾਂ

ਭੁਲਾਇਆ ਤੇਰਾ ਚੇਤਾ, ਸੁਰਤੀ ਸਭ ਦੀ ਜਗਤ ਬਦਲਾਇੰਦਾ । ਤੇਰੇ ਪਿਛੇ ਸ੍ਰੀ ਭਗਵਾਨ ਨੌਜਵਾਨ ਸਤਿਗੁਰ ਨਾਨਕ ਮੋਢੇ ਧਰ ਕੇ ਭੂਰੀ ਖੇਸਾ, ਚਾਰ ਕੁੰਟ ਚਾਰ ਵਰਨਾਂ ਇਕੋ ਰਾਹ ਵਖਾਇੰਦਾ । ਔਹ ਵੇਖੋ ਪ੍ਰਭ ਸਭ ਦਾ ਸੱਚਾ ਨੇਤਾ, ਨਿਜ ਨੇਤਰ ਆਪ ਵਖਾਇੰਦਾ । ਆਤਮ ਪਰਮਾਤਮ ਕਰੋ ਹੇਤਾ, ਹਿਤਕਾਰੀ ਮੇਲ ਮਿਲਾਇੰਦਾ । ਸਤਿਗੁਰ ਸਾਹਿਬ ਦਾ ਸ਼ਬਦ ਸੁਤ ਇਕੋ ਜੇਠਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਕਲਜੁਗ ਕਹੇ ਮੇਰੇ ਦੋਵੇਂ ਹੱਥ ਖ਼ਾਲੀ, ਖ਼ਾਲਕ ਰਿਹਾ ਖ਼ਲਕ ਸਮਝਾਈਆ । ਮੈਂ ਝੂਠੀ ਕਰੀ ਦਲਾਲੀ, ਕੂੜਾ ਵਣਜ ਵਖਾਈਆ । ਅੰਤਮ ਫਲ ਦਿਸੇ ਨਾ ਕਿਸੇ ਪੱਤ ਡਾਲੀ, ਖ਼ਿਜ਼ਾਂ ਰੁੱਤ ਸਭ ਤੇ ਛਾਈਆ । ਜਿਨ੍ਹਾਂ ਸਾਹਿਬ ਸਤਿਗੁਰ ਮਿਲਿਆ ਧੁਰ ਦਾ ਮਾਲੀ, ਸੋ ਗੁਰਮੁਖ ਬੂਟੇ ਰਹੇ ਲਹਿਰਾਈਆ । ਨਾਨਕ ਗੋਬਿੰਦ ਇਕੋ ਜੋਤ ਅਕਾਲੀ, ਜੋਤੀ ਜੋਤ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਸਭ ਨੂੰ ਰਿਹਾ ਜਣਾਈਆ । ਕਲਜੁਗ ਕਹੇ ਮੇਰੇ ਖ਼ਾਲੀ ਹੱਥ, ਦੋਏ ਜੋੜ ਵਾਸਤਾ ਪਾਈਆ । ਮੈਂ ਕੂੜਾ ਚਲਾਇਆ ਰਥ, ਕੂੜੀ ਕਿਰਿਆ ਸੇਵ ਕਮਾਈਆ । ਸਚ ਵਸਤ ਨਾ ਕੋਇ ਵੱਥ, ਵਸਤੂ ਰਿਹਾ ਨਾ ਕੋਇ ਵਖਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਪਾਈ ਨੱਥ, ਡੋਰੀ ਆਪਣੇ ਹੱਥ ਰਖਾਈਆ । ਕਲਜੁਗ ਜੀਵ ਬਿਨ ਢਾਹਿਉਂ ਗਏ ਢੱਠ, ਅੰਤਮ ਆਪਣੀ ਪਿੱਠ ਲਵਾਈਆ । ਜਿੰਨਾਂ ਚਿਰ ਮਿਲੇ ਨਾ ਪੁਰਖ ਸਮਰਥ, ਬੰਧਨ ਸਕੇ ਨਾ ਕੋਇ ਕਟਾਈਆ । ਆਓ ਰਲ ਮਿਲ ਸਾਰੇ ਸ੍ਰੀ ਭਗਵਾਨ ਦਾ ਗਾਈਏ ਜਸ, ਜਿਸ ਗੌਂਦਿਆਂ ਦੁੱਖ ਨਾ ਲਾਗੇ ਰਾਈਆ । ਮਿਹਰਵਾਨ ਅਗੋਂ ਮਿਲੇ ਹੱਸ ਹੱਸ, ਨਿਰਗੁਣ ਸਰਗੁਣ ਆਪਣੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਕਲਜੁਗ ਕਹੇ ਮੈਂ ਰਿਹਾ ਭੁੱਲਾ, ਅਭੁੱਲ ਭੇਵ ਕੋਇ ਨਾ ਆਇਆ । ਕੂੜੀ ਕਰਨੀ ਅੰਦਰ ਰੁਲਾ, ਤੇਰੀ ਸੇਵ ਨਾ ਸਚ ਕਮਾਇਆ । ਮਾਇਆ ਮਮਤਾ ਵਿਚ ਫਲਿਆ ਫੁਲਾ, ਅੰਤ ਫਲ ਨਜ਼ਰ ਕੋਇ ਨਾ ਆਇਆ । ਬਿਨ ਤੇਰੀ ਨਾਮ ਭਗਤੀ ਬੂਟਾ ਹੁਲਾ, ਸਿੰਮਲ ਰੁੱਖ ਰਿਹਾ ਲਹਿਰਾਇਆ । ਗੁਰਮੁਖ ਗੁਰਸਿਖ ਤੇਰੀ ਕੁੱਲਾ, ਭਗਤ ਭਗਵਾਨ ਤੇਰੀ ਵਡਿਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਅਲੱਖ ਜਗਾਇਆ । ਕਲਜੁਗ ਮੰਗੇ ਮੰਗ, ਪ੍ਰਭ ਅੱਗੇ ਧਿਆਨ ਲਗਾਈਆ । ਸ੍ਰੀ ਭਗਵਾਨ ਮੈਂ ਸੁਣ ਕੇ ਤੇਰਾ ਮਰਦੰਗ, ਉਠ ਭੱਜਾਂ ਵਾਹੋ ਦਾਹੀਆ । ਦੋ ਜਹਾਨ ਮਿਲੇ ਇਕ ਅਨੰਦ, ਅਨੰਦ ਇਕੋ ਨਜ਼ਰੀ ਆਈਆ । ਤੇਰੇ ਗੁਰਮੁਖ ਵੇਖ ਸੋਹਣੇ ਚੰਦ, ਚੰਦ ਚੌਧਵੀਂ ਰਿਹਾ ਸ਼ਰਮਾਈਆ । ਜੋ ਤੇਰੇ ਢੋਲੇ ਗੌਂਦੇ ਛੰਦ, ਗੀਤ ਗੋਬਿੰਦ ਅਲਾਈਆ । ਤਿਨ੍ਹਾਂ ਨਾ ਰੰਡੇਪਾ ਨਾ ਰੰਡ, ਹਰਿ ਕੰਤ ਕੰਤੂਹਲ ਸਾਚੀ ਸੇਜ ਹੰਢਾਈਆ । ਮਿਲੇ ਮੇਲ ਸੂਰਾ ਸਰਬੰਗ, ਘਰ ਸਾਚੇ ਵੱਜੇ ਵਧਾਈਆ । ਆਵਣ ਜਾਵਣ ਮੁੱਕੇ ਪੰਧ, ਲੱਖ ਚੁਰਾਸੀ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮੇਰਾ ਲੇਖਾ ਲੇਖੇ ਲਾਈਆ । ਕਲਜੁਗ ਤੇਰਾ ਅੰਤ ਲੇਖ ਮੁਕਾਏਗਾ । ਪ੍ਰਭ ਸਾਚਾ ਦਇਆ ਕਮਾਏਗਾ । ਜੁਗ ਚੌਕੜੀ ਵੇਖ ਵਖਾਏਗਾ । ਨਿਰਗੁਣ ਸਰਗੁਣ ਪਰਦਾ ਲਾਹੇਗਾ । ਨੂਰੀ ਨੂਰ ਡਗਮਗਾਏਗਾ । ਜ਼ਾਹਰ ਜ਼ਹੂਰ ਫੇਰਾ ਪਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਚਰਜ ਖੇਲ ਆਪ ਵਰਤਾਏਗਾ । ਪ੍ਰਭ ਅੰਤਮ ਕਲ ਆਵੇਗਾ । ਤੇਰਾ ਲੇਖਾ ਮੂਲ ਚੁਕਾਵੇਗਾ । ਵਿਸ਼ਨ ਬ੍ਰਹਮਾ ਸ਼ਿਵ ਹਲਾਵੇਗਾ । ਕਰੋੜ


੩੩੩
੧੪

ਤੇਤੀਸਾ ਨੈਣ ਸ਼ਰਮਾਵੇਗਾ । ਜੂਠ ਝੂਠ ਉਠ ਉਠ ਮੁਖ ਲੁਕਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਘਰ ਸੱਚਾ ਇਕ ਵਖਾਵੇਗਾ । ਕਲਜੁਗ ਮਾਤ ਤਜੇਂਗਾ । ਪ੍ਰਭ ਚਰਨ ਦੁਆਰੇ ਸਜੇਂਗਾ । ਇਕੋ ਨਾਮ ਹਰੀ ਦਾ ਭਜੇਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਅੰਤ ਘਰ ਆਪਣਾ ਛੱਡੇਂਗਾ । ਜਿਸ ਵੇਲੇ ਘਰ ਤਜਾਏਂਗਾ । ਸ੍ਰੀ ਭਗਵਾਨ ਇਕ ਧਿਆਏਂਗਾ । ਕਵਲ ਚਰਨ ਸੀਸ ਝੁਕਾਏਂਗਾ । ਦੋਏ ਜੋੜ ਵਾਸਤਾ ਪਾਏਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਤੇਰਾ ਲੇਖਾ ਵੇਖ ਵਖਾਏਗਾ । ਜਿਸ ਵੇਲੇ ਅੰਤਮ ਆਵਾਂਗਾ । ਪ੍ਰਭ ਤੇਰਾ ਨਾਮ ਧਿਆਵਾਂਗਾ । ਦੂਜੀ ਓਟ ਨਾ ਕੋਇ ਰਖਾਵਾਂਗਾ । ਹੋਏ ਨਿਮਾਣਾਂ ਸੀਸ ਝੁਕਾਵਾਂਗਾ । ਧੂੜੀ ਟਿੱਕਾ ਮਸਤਕ ਲਾਵਾਂਗਾ । ਹੋ ਨਿੱਕਾ ਭੁੱਲ ਬਖ਼ਸ਼ਾਵਾਂਗਾ । ਰਸ ਫਿਕਾ ਤੇਰੀ ਝੋਲੀ ਪਾਵਾਂਗਾ । ਮੈਂ ਹਾਰਿਆ ਤੂੰ ਜਿਤਾ, ਏਹੋ ਆਖ ਸੁਣਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਤੇਰੇ ਸੀਸ ਨਿਵਾਵਾਂਗਾ । ਤੂੰ ਦਰ ਮੇਰੇ ਉਤੇ ਆਏਂਗਾ । ਆਪਣੀ ਕੀਤੀ ਭੁੱਲ ਬਖ਼ਸ਼ਾਏਂਗਾ । ਮੁਖੋਂ ਕਾਲਖ਼ ਟਿੱਕਾ ਲਾਹੇਂਗਾ । ਸਾਲਸ ਇਕੋ ਇਕ ਬਣਾਏਂਗਾ । ਖ਼ਾਲਸ ਆਪਣਾ ਰੂਪ ਦਰਸਾਏਂਗਾ । ਫਿਰ ਸਾਹਿਬ ਸੱਚਾ ਦਇਆ ਕਮਾਏਗਾ । ਸਤਿਜੁਗ ਸੋਇਆ ਸੁਤ ਉਠਾਏਗਾ । ਸਾਚੀ ਰੁੱਤ ਇਕ ਸੁਹਾਏਗਾ । ਅਬਿਨਾਸ਼ੀ ਅਚੁਤ ਵੇਖ ਵਖਾਏਗਾ । ਸੁਨ ਸਮਾਧ ਚੁਪ ਖੁਲ੍ਹਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਫਿਰ ਕਰਾਏਗਾ । ਸਤਿਜੁਗ ਸਾਚਾ ਉਠੇਗਾ । ਦੀਨ ਦਿਆਲ ਠਾਕਰ ਸਵਾਮੀ ਤੁਠੇਗਾ । ਸਚ ਸਚ ਇਕੋ ਗੱਲ ਪੁੱਛੇਗਾ । ਮੇਰੇ ਭਗਤਾਂ ਕੋਲੋਂ ਫੇਰ ਨਾ ਰੁਸੇਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦਾਤਾ ਦਾਨੀ ਕਦੇ ਨਾ ਲੁੱਕੇਗਾ । ਸਤਿਜੁਗ ਕਹੇ ਮੈਂ ਸੇਵ ਕਮਾਵਾਂਗਾ । ਤੇਰੇ ਭਗਤਾਂ ਰਾਹ ਤਕਾਵਾਂਗਾ । ਤੇਰੇ ਸੰਤਾਂ ਨੈਣ ਮਿਲਾਵਾਂਗਾ । ਤੇਰੇ ਗੁਰਮੁਖਾਂ ਧੂੜੀ ਟਿੱਕਾ ਮਸਤਕ ਛੁਹਾਵਾਂਗਾ । ਤੇਰੇ ਗੁਰਸਿਖਾਂ ਹਉਂ ਸਦਕੇ ਘੋਲੀ ਵਾਰ, ਆਪਣਾ ਆਪ ਭੇਟ ਚੜ੍ਹਾਵਾਂਗਾ । ਲੱਖ ਚੁਰਾਸੀ ਦੇਵਾਂ ਇਕੋ ਸੁਖਾ, ਘਰ ਮੰਦਰ ਰਾਗ ਸੁਣਾਵਾਂਗਾ । ਉਜਲ ਕਰਾਂ ਮੁਖਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਹਿਬ ਦੇਣਾ ਇਕੋ ਵਰ, ਦਰ ਤੇਰੀ ਸੇਵ ਕਮਾਵਾਂਗਾ । ਮੈਂ ਮਾਤ ਵਿਚ ਜਦ ਵਸਾਂਗਾ । ਤੇਰੇ ਭਗਤਾਂ ਰਾਹ ਦੱਸਾਂਗਾ । ਕੋਲ ਬਹਿ ਕੇ ਖ਼ੁਸ਼ੀਆਂ ਨਾਲ ਹੱਸਾਂਗਾ । ਅੱਗੇ ਪਿਛੇ ਉਠ ਉਠ ਭੱਜਾਂਗਾ । ਨੇਤਰ ਪੇਖ ਕਦੇ ਨਾ ਰੱਜਾਂਗਾ । ਗ਼ਰੀਬ ਨਿਮਾਣਿਆਂ ਪਰਦਾ ਕੱਜਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਤੇਰੇ ਚਰਨ ਕਵਲ ਬਹਿ ਕੇ ਸਜਾਂਗਾ । ਪ੍ਰਭ ਮੈਂ ਸਾਚੀ ਸੇਵਾ ਕਮਾਵਾਂਗਾ । ਤੇਰਾ ਢੋਲਾ ਇਕ ਸੁਣਾਵਾਂਗਾ । ਸੋ ਪੁਰਖ ਨਿਰੰਜਣ ਤੇਰਾ ਇਸ਼ਟ ਮਨਾਵਾਂਗਾ । ਹੰ ਬ੍ਰਹਮ ਮੇਲ ਮਿਲਾਵਾਂਗਾ । ਕਾਇਆ ਮਾਟੀ ਚੰਮ ਤੇਲ ਚੜ੍ਹਾਵਾਂਗਾ । ਸਾਚੀ ਹਾਟੀ ਇਕ ਖੁਲ੍ਹਾਵਾਂਗਾ । ਬਿਨ ਤੇਲ ਬਾਤੀ, ਜੋਤੀ ਦੀਪ ਜਗਾਵਾਂਗਾ । ਕਲਜੁਗ ਮੇਟ ਅੰਧੇਰੀ ਰਾਤੀ, ਸਤਿਜੁਗ ਸਾਚਾ ਚੰਦ ਚਮਕਾਵਾਂਗਾ । ਜਨ ਭਗਤਾਂ ਪੁੱਛਾਂ ਵਾਤੀ, ਸ੍ਰੀ ਭਗਵਾਨ ਤੇਰੀ ਵਾਰਤਾ ਜਾ ਸੁਣਾਵਾਂਗਾ । ਚਾਰ ਵਰਨ ਕਰੇ ਇਕੋ ਆਰਤੀ, ਆਹੂਤੀ ਇਕੋ ਰੂਪ ਵਟਾਵਾਂਗਾ । ਸਤਿਜੁਗ ਸਾਚੇ ਨਾ ਕੋਈ ਪੜ੍ਹੇ ਉਰਦੂ ਹਿੰਦੀ ਫ਼ਾਰਸੀ, ਗੁਰਮੁਖਾਂ ਗੁਰਮੁਖੀ ਰੂਪ ਵਖਾਵਾਂਗਾ । ਪੰਡਤ ਪਾਂਧਾ ਮੁਲਾਂ ਸ਼ੇਖ਼ ਕੋਈ ਨਾ ਬਣੇ ਆੜ੍ਹਤੀ, ਸਿੱਧਾ ਤੇਰੇ ਨਾਲ ਮਿਲਾਵਾਂਗਾ । ਅੱਗੇ ਹੋ


੩੩੪
੧੪

ਕੋਇ ਨਾ ਕਰੇ ਸਿਫ਼ਾਰਸ਼, ਨਧੜਕ ਤੇਰਾ ਖੇਲ ਵਖਾਵਾਂਗਾ । ਤੇਰੀ ਮਹਿਮਾ ਜੋ ਲਿਖੀ ਗਈ ਇਬਾਰਤੀ, ਤਿਸ ਨੂੰ ਸਚ ਸਚ ਕਰ ਵਖਾਵਾਂਗਾ । ਤੇਰਾ ਭੇਵ ਨਾ ਪਾਏ ਕੋਈ ਆਰਫ਼ੀ, ਆਰਫ਼ ਸਭ ਮੂੰਹ ਦੇ ਭਾਰ ਸੁਟਾਵਾਂਗਾ । ਤੂੰ ਮੇਰਾ ਮੈਂ ਤੇਰਾ ਦੋਹਾਂ ਦਾ ਇਕੋ ਇਕ ਤੁਆਰਫ਼ੀ, ਮੁਲਾਕਾਤ ਤੇਰੇ ਹੱਕ ਜਣਾਵਾਂਗਾ । ਕੋਈ ਕੰਮ ਨਾ ਦਿਸੇ ਕਾਗ਼ਜ਼ੀ, ਬਿਨ ਕਲਮ ਸ਼ਾਹੀ ਤੇਰਾ ਮੇਲ ਮਿਲਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਪ੍ਰਭ ਤੇਰੀ ਇਕੋ ਓਟ ਰਖਾਵਾਂਗਾ । ਸਤਿਜੁਗ ਕਹੇ ਪ੍ਰਭ ਦੇ ਦਾਤ, ਤੇਰੇ ਅੱਗੇ ਝੋਲੀ ਡਾਹੀਆ । ਤੇਰੇ ਭਗਤ ਹੋਣ ਮੇਰੀ ਜਮਾਤ, ਰਲ ਮਿਲ ਇਕੋ ਢੋਲਾ ਗਾਈਆ । ਗੁਰਮੁਖਾਂ ਵਿਛੜ ਨਾ ਜਾਏ ਮੇਰਾ ਸਾਥ, ਸਾਚੇ ਸੰਤ ਮੇਰਾ ਸੰਗ ਰਖਾਈਆ । ਗੁਰਸਿਖ ਤੇਰੇ ਮੇਰੀ ਪੁੱਛਣ ਵਾਤ, ਨੇਤਰ ਵੇਖਣ ਚਾਈਂ ਚਾਈਂਆ । ਮੈਂ ਨਿਤ ਨਵਿਤ ਵਸਾਂ ਓਨ੍ਹਾਂ ਸਾਥ, ਸਗਲਾ ਸੰਗ ਆਪ ਬੰਧਾਈਆ । ਸਭ ਨੂੰ ਦੱਸਾਂ ਇਕੋ ਪਾਠ, ਇਕੋ ਪੂਜਾ ਦਿਆਂ ਜਣਾਈਆ । ਇਕੋ ਮੰਦਰ ਮਸਜਿਦ ਸ਼ਿਵਦੁਆਲਾ ਮੱਠ, ਗੁਰੂਦੁਆਰਾ ਇਕੋ ਨਜ਼ਰੀ ਆਈਆ । ਇਕੋ ਤੀਰਥ ਇਕੋ ਤੱਟ, ਅਠਸਠ ਇਕੋ ਰੂਪ ਵਟਾਈਆ । ਇਕੋ ਖੋਲ੍ਹਣਹਾਰਾ ਚੌਦਾਂ ਲੋਕ ਹੱਟ, ਇਕੋ ਚੌਦਾਂ ਤਬਕ ਪਰਦਾ ਲਾਹੀਆ । ਇਕੋ ਨਿਰਗੁਣ ਜੋਤ ਕਰੇ ਪਰਕਾਸ਼, ਪਰਕਾਸ਼ਵਾਨ ਨੂਰ ਖ਼ੁਦਾਈਆ । ਇਕੋ ਪੀਰ ਪੈਗ਼ੰਬਰ ਗੁਰ ਅਵਤਾਰ ਮੰਡਲ ਮੰਡਪ ਪਾਵੇ ਰਾਸ, ਗੋਪੀ ਕਾਹਨ ਕਾਹਨ ਨਚਾਈਆ । ਇਕੋ ਲੇਖਾ ਜਾਣੇ ਪ੍ਰਿਥਮੀ ਆਕਾਸ਼, ਆਕਾਸ਼ ਆਕਾਸ਼ਾਂ ਉਪਰ ਡੇਰਾ ਲਾਈਆ । ਇਕੋ ਵਸੇ ਸਚਖੰਡ ਘਰ ਸਚ ਕਰੇ ਨਿਵਾਸ, ਅਬਿਨਾਸ਼ੀ ਇਕੋ ਨਜ਼ਰੀ ਆਈਆ । ਇਕੋ ਲਹਿਣਾ ਦੇਣਾ ਚੁਕਾਏ ਹੱਥੋ ਹਾਥ, ਜਗਤ ਉਧਾਰ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਤੇਰੇ ਆਸ ਤਕਾਈਆ । ਤੇਰੇ ਦਰ ਤੇ ਰੱਖੀ ਆਸ, ਮੇਰੇ ਸਾਹਿਬ ਸੱਚੇ ਸੁਲਤਾਨਾ । ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸ਼ਾਬਾਸ਼, ਮਿਹਰਵਾਨ ਮਿਹਰਵਾਨ ਮਿਹਰਵਾਨ ਮਰਦ ਮਰਦਾਨਾ । ਨਿਰਗੁਣ ਹੋ ਕੇ ਮੇਰਾ ਦੇਣਾ ਸਾਥ, ਮੈਂ ਬਾਲਕ ਰੂਪ ਬੱਚਾ ਇਕ ਨਾਦਾਨਾ । ਨਿਤ ਨਿਤ ਉਠ ਕੇ ਗਾਵਾਂ ਤੇਰੀ ਗਾਥ, ਨਾਤਾ ਛੁੱਟੇ ਵੇਦ ਪੁਰਾਨਾ । ਬਿਨ ਤੇਰੇ ਮੈਨੂੰ ਕੋਈ ਨਾ ਆਵੇ ਯਾਦ, ਲੱਖ ਚੁਰਾਸੀ ਵਿਸਰੇ ਸਰਬ ਜਹਾਨਾਂ । ਕਰ ਕਿਰਪਾ ਦੇ ਦੇ ਦਾਤ, ਸ੍ਰੀ ਭਗਵਾਨ ਤੇਰਾ ਅਤੁੱਟ ਖ਼ਜ਼ਾਨਾ । ਮੈਂ ਜਾਵਾਂ ਲੋਕਮਾਤ, ਗੁਣ ਤੇਰਾ ਨਾਮ ਵਖਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸਾ ਦਏ ਨੌਜਵਾਨਾ । ਸਤਿਜੁਗ ਸਾਚੇ ਕਰ ਧਿਆਨ, ਸਤਿ ਸਤਿਵਾਦੀ ਆਪ ਜਣਾਇੰਦਾ । ਤੇਰਾ ਮੇਲਾ ਵਿਚ ਜਹਾਨ, ਭਗਤ ਭਗਵਾਨ ਆਪ ਕਰਾਇੰਦਾ । ਦੋਹਾਂ ਵਿਚੋਲਾ ਗੁਣ ਨਿਧਾਨ, ਦੋ ਜਹਾਨਾਂ ਵੇਖ ਵਖਾਇੰਦਾ । ਸਤਿ ਧਰਮ ਦਾ ਇਕ ਨਿਸ਼ਾਨ, ਗੁਰ ਸਤਿਗੁਰ ਹੱਥ ਉਠਾਇੰਦਾ । ਦੇਵਣਹਾਰਾ ਧੁਰ ਫ਼ਰਮਾਣ, ਧੁਰ ਦੀ ਬਾਣੀ ਬਾਣ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਲੇਖਾ ਆਪਣੇ ਹੱਥ ਰਖਾਇੰਦਾ । ਅਗਲਾ ਲੇਖਾ ਰੱਖੇ ਹੱਥ, ਸ਼ਾਹ ਪਾਤਸ਼ਾਹ ਵੱਡੀ ਵਡਿਆਈਆ । ਨੌਂ ਸੌ ਚੁਰਾਨਵੇਂ ਚੌਕੜੀ ਜੋ ਬੈਠਾ ਰਿਹਾ ਕਰ ਕੇ ਹਠ, ਸਚਖੰਡ ਆਪਣਾ ਡੇਰਾ ਲਾਈਆ । ਕਲਜੁਗ ਅੰਤਮ ਹੋ ਪਰਗਟ, ਨਿਰਗੁਣ ਨੂਰ ਜੋਤ ਕਰੇ ਰੁਸ਼ਨਾਈਆ । ਸ਼ਬਦ ਅਗੰਮ ਲਗਾਏ ਸੱਟ, ਨਾਦ ਇਕੋ ਇਕ ਸ਼ਨਵਾਈਆ । ਵਿਸ਼ਨ ਬ੍ਰਹਮਾ ਸ਼ਿਵ ਸਾਰੇ ਰਹੇ ਨੱਠ, ਵੇਲਾ ਸਭ ਨੂੰ ਰਿਹਾ ਘਬਰਾਈਆ । ਸ਼ਾਹ ਸੁਲਤਾਨ ਰਾਜ ਰਾਜਾਨ ਰਹੇ ਤੱਕ, ਹਰਿ ਕਾ ਭੇਵ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਜੋਤ ਧਰ, ਕਰੇ ਖੇਲ ਸਾਚਾ ਹਰਿ, ਜਨ ਭਗਤਾਂ ਵੇਖੇ ਥਾਉਂ ਥਾਈਂਆ । ਜਨ ਭਗਤ ਰੰਗੇ ਪ੍ਰਭ ਭਗਤੀ ਰੰਗ, ਰੰਗ ਇਕੋ ਇਕ ਚੜ੍ਹਾਇੰਦਾ । ਆਤਮ ਸੇਜਾ ਵੇਖ ਪਲੰਘ, ਪਾਵਾ ਚੂਲ ਨਾ ਕੋਇ ਦਸਾਇੰਦਾ । ਅਨਹਦ ਨਾਦ ਵੱਜੇ ਮਰਦੰਗ, ਤਾਰ ਸਤਾਰ ਨਾ ਕੋਇ ਹਿਲਾਇੰਦਾ । ਆਤਮ ਪਰਮਾਤਮ ਗਾਏ ਛੰਦ, ਢੋਲਾ ਇਕੋ ਇਕ ਜਣਾਇੰਦਾ । ਨਿਜ ਘਰ ਆਵੇ ਸਚ ਅਨੰਦ, ਰਸ ਇਕੋ ਇਕ ਟਪਕਾਇੰਦਾ । ਸੁਰਤ ਸਵਾਣੀ ਮਿਲੇ ਸੂਰਾ ਸਰਬੰਗ, ਸ਼ਬਦ ਹਾਣੀ ਗੰਢ ਪੁਆਇੰਦਾ । ਪੌੜੀ ਵੇਖੋ ਚੜ੍ਹ ਕੇ ਡੰਡ, ਘਰ ਆਪਣੇ ਕੁੰਡਾ ਲਾਹਿੰਦਾ । ਓਥੇ ਨਾ ਕੋਈ ਸੂਰਜ ਨਾ ਕੋਈ ਚੰਦ, ਤਾਰਾ ਮੰਡਲ ਨਜ਼ਰ ਨਾ ਆਇੰਦਾ । ਦੀਨ ਦਿਆਲ ਸਾਹਿਬ ਬਖ਼ਸ਼ੰਦ, ਹਰਿ ਸਤਿਗੁਰ ਇਕੋ ਨਜ਼ਰੀ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਵਾਨ ਆਪਣਾ ਮੇਲ ਮਿਲਾਇੰਦਾ । ਭਗਤ ਭਗਵਾਨ ਇਕੋ ਰਾਹ, ਰਹਿਬਰ ਹਰਿ ਹਰਿ ਆਪ ਅਖਵਾਈਆ । ਨਿਰਗੁਣ ਸਰਗੁਣ ਬਣ ਮਲਾਹ, ਖੇਵਟ ਖੇਟਾ ਬੇੜਾ ਆਪਣੇ ਕੰਧ ਉਠਾਈਆ । ਨਾਮ ਨਿਧਾਨਾ ਦਏ ਸਲਾਹ, ਸਿਫ਼ਤੀ ਸਿਫ਼ਤ ਕਰੇ ਪੜ੍ਹਾਈਆ । ਗੁਰ ਕਾ ਸ਼ਬਦ ਬਣਾ ਗਵਾਹ, ਸ਼ਹਾਦਤ ਇਕੋ ਇਕ ਭੁਗਤਾਈਆ । ਸਚ ਅਦਾਲਤੋਂ ਬਰੀ ਲਏ ਕਰਾ, ਡੰਨ ਕੋਈ ਨਾ ਲਾਗੇ ਰਾਈਆ । ਜਿਨ੍ਹਾਂ ਸ੍ਰੀ ਭਗਵਾਨ ਲਿਆ ਮਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭਗਤਨ ਮੀਤਾ ਠਾਂਡਾ ਸੀਤਾ ਤ੍ਰੈਗੁਣ ਅਤੀਤਾ ਤਾਰ ਸਿਤਾਰ ਇਕ ਹਿਲਾਈਆ । ਤਾਰ ਸਿਤਾਰ ਹਿਲਾਏ ਤੰਦ, ਆਤਮ ਅੰਤਰ ਖੇਲ ਕਰਾਇੰਦਾ । ਬਿਨ ਰਸਨਾ ਜਿਹਵਾ ਗਾਏ ਛੰਦ, ਅਨਬੋਲਤ ਰਾਗ ਸੁਣਾਇੰਦਾ । ਦੂਈ ਦਵੈਤੀ ਮਾਇਆ ਮਮਤਾ ਹਉਮੇ ਹੰਗਤਾ ਢਾਹੇ ਕੰਧ, ਮੰਦਰ ਇਕੋ ਇਕ ਵਡਿਆਇੰਦਾ । ਗੁਰਮੁਖ ਵਿਰਲਾ ਅੰਦਰ ਵੇਖੇ ਲੰਘ, ਜਿਸ ਜਨ ਫੜ ਬਾਹੋਂ ਆਪ ਲੰਘਾਇੰਦਾ । ਸੇਜ ਰੰਗੀਲੀ ਵੇਖੇ ਪਲੰਘ, ਸੋਭਾਵੰਤ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਮੇਲਾ ਇਕੋ ਘਰ, ਘਰ ਮੰਦਰ ਇਕ ਵਡਿਆਇੰਦਾ । ਘਰ ਮੰਦਰ ਵਖਾਏ ਕਾਇਆ ਤਨ, ਘਰ ਘਰ ਵਿਚ ਦਏ ਵਡਿਆਈਆ । ਮਨ ਵਾਸਨਾ ਦੇਵੇ ਬੰਨ੍ਹ, ਦਹਿ ਦਿਸ਼ਾ ਨਾ ਉਠ ਉਠ ਧਾਈਆ । ਅਨਹਦ ਰਾਗ ਸੁਣਾਏ ਬਿਨ ਕੰਨ, ਬਿਨ ਕੰਨਾਂ ਰਾਗ ਸੁਣਾਈਆ । ਨਿਰਗੁਣ ਜੋਤ ਚਾੜ੍ਹ ਚੰਨ, ਅਗਿਆਨ ਅੰਧੇਰ ਮਿਟਾਈਆ । ਆਤਮ ਪਰਮਾਤਮ ਪ੍ਰੇਮ ਪ੍ਰੀਤੀ ਡੋਰੀ ਬੰਨ੍ਹ, ਬੰਧਨ ਇਕੋ ਇਕ ਰਖਾਈਆ । ਵਖਾਏ ਵਸੇਰਾ ਬਿਨ ਛੱਪਰ ਛੰਨ, ਮੰਡਲ ਮੰਡਪ ਨਾ ਕੋਇ ਵਡਿਆਈਆ । ਭਗਤ ਭਗਵਾਨ ਇਕ ਦੂਜੇ ਨੂੰ ਕਹਿਣ ਧੰਨ ਧੰਨ, ਧੰਨ ਧੰਨ ਨਿਰਗੁਣ ਸਰਗੁਣ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਰਨੀ ਕਰਤਾ ਜੁਗ ਚੌਕੜੀ ਸਭ ਦੀ ਵੇਖ ਵਖਾਈਆ ।

### ★ ੨੯ ਚੇਤ ੨੦੨੦ ਬਿਕਰਮੀ ਮਹਿੰਗਾ ਸਿੰਘ ਦੇ ਗ੍ਰਿਹ ਹਰੀ ਪੁਰ ★

ਅਕਲ ਕਲਾ ਇਕ ਨਿਰੰਕਾਰ, ਨਿਰਗੁਣ ਨਿਰਵੈਰ ਵੱਡੀ ਵਡਿਆਈਆ । ਸ਼ਬਦ ਅਗੰਮ ਦੂਜੀ ਧਾਰ, ਰੂਪ ਰੰਗ ਰੇਖ ਨਾ ਕੋਇ ਰਖਾਈਆ । ਵਿਸ਼ਨ ਬ੍ਰਹਮਾ ਸ਼ਿਵ ਤ੍ਰੈ ਤ੍ਰੈ ਪਿਆਰ ਤੀਜੇ ਆਪਣੀ ਗੰਢ ਪੁਆਈਆ । ਚੌਥੇ ਮੰਦਰ ਖੋਲ੍ਹ ਕਿਵਾੜ, ਪਦ ਇਕੋ ਇਕ ਸਮਝਾਈਆ । ਪੰਚਮ ਮੀਤਾ

ਕਰ ਪਿਆਰ, ਪੰਚ ਪੰਚਾਇਣ ਦਏ ਵਡਿਆਈਆ । ਛੇਵੇਂ ਵਸੇ ਸਚ ਘਰ ਬਾਰ, ਛੱਪਰ ਛੰਨ ਨਾ ਕੋਇ ਛੁਹਾਈਆ । ਸਤਵੇਂ ਸਤਿ ਸਤਿਵਾਦੀ ਸਾਚੀ ਕਾਰ, ਹਰਿ ਕਰਤਾ ਆਪ ਕਮਾਈਆ । ਅਠਵੇਂ ਅੱਠਾਂ ਤੱਤਾਂ ਕਰੇ ਖ਼ਬਰਦਾਰ, ਮਿਹਰਵਾਨ ਆਪਣੀ ਦਇਆ ਕਮਾਈਆ । ਨਾਵੇਂ ਨੌਂ ਖੰਡ ਵੇਖੇ ਮਾਰ ਧਿਆਨ, ਬ੍ਰਹਿਮੰਡ ਖੰਡ ਆਪਣੀ ਵੰਡ ਵੰਡਾਈਆ । ਦਸਵੇਂ ਦਹਿ ਦਿਸ਼ਾ ਕਰ ਪਰਵਾਨ, ਝੋਲੀ ਆਪਣੀ ਆਪ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਇਕ ਇਕੱਲਾ ਏਕਮ ਏਕ, ਏਕ ਏਕ ਵਡਿਆਈਆ । ਦੂਜੀ ਧਾਰ ਸ਼ਬਦ ਬਬੇਕ, ਦੂਈ ਆਪ ਪਰਗਟਾਈਆ । ਤੀਜੇ ਵਿਸ਼ਨ ਬ੍ਰਹਮਾ ਸ਼ਿਵ ਦੇ ਟੇਕ, ਟੇਕ ਇਕੋ ਇਕ ਰਖਾਈਆ । ਚੌਥੇ ਤ੍ਰੈਗੁਣ ਮਾਇਆ ਧਰ ਧਰ ਭੇਖ, ਰਜੋ ਤਮੋ ਸਤੋ ਬੰਧਨ ਪਾਈਆ । ਪੰਚਵੇਂ ਪੰਜਾਂ ਤੱਤਾਂ ਕਰ ਆਦੇਸ, ਸਾਚੀ ਸਿਖਿਆ ਇਕ ਦ੍ਰਿੜਾਈਆ । ਛੇਵੇਂ ਬਿਨ ਛੱਪਰ ਛੰਨ ਘਰ ਆਪਣਾ ਰਿਹਾ ਵੇਖ, ਵੇਖਣਹਾਰਾ ਨਜ਼ਰ ਕਿਸੇ ਨਾ ਆਈਆ । ਸਤਵੇਂ ਸਤਿ ਸਤਿਵਾਦੀ ਸਚਖੰਡ ਵਸੇ ਸਾਚੇ ਦੇਸ, ਸੀਤਲ ਧਾਰਾ ਆਪ ਚਲਾਈਆ । ਅਠਵੇਂ ਅੱਠਾਂ ਤੱਤਾਂ ਲਾਵਣਹਾਰਾ ਮੇਖ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਇਕੋ ਗੰਢ ਪੁਆਈਆ । ਨੌਵੇਂ ਨੌਂ ਦਰ ਕਰਨਹਾਰਾ ਹੇਤ, ਆਸਾ ਤ੍ਰਿਸ਼ਨਾ ਮਾਇਆ ਮਮਤਾ ਹਉਮੇ ਹੰਗਤਾ ਨਾਲ ਮਿਲਾਈਆ । ਦਸਵੇਂ ਦਰ ਘਰ ਸਾਚੇ ਨਿਰਗੁਣ ਨਿਰਗੁਣ ਵੇਖ, ਦਸਮ ਦੁਆਰੀ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਦਸ ਦੀ ਸਾਚੀ ਵੰਡ ਕਰੇ ਕਰਾਏ ਸੂਰਾ ਸਰਬੰਗ, ਦੂਜਾ ਸੰਗ ਨਾ ਕੋਇ ਰਖਾਈਆ । ਪਹਿਲੀ ਵੰਡ ਪਹਿਲੀ ਰਾਤ, ਨਿਰਗੁਣ ਸਰਗੁਣ ਦਇਆ ਕਮਾਇੰਦਾ । ਦੂਜਾ ਲੇਖਾ ਲਿਖੇ ਬਿਨ ਕਲਮ ਦਵਾਤ, ਅੱਖਰ ਵੱਖਰ ਆਪ ਪਰਗਟਾਇੰਦਾ । ਤੀਜੇ ਦੇਵਣਹਾਰਾ ਦਾਤ, ਜਨ ਭਗਤਾਂ ਝੋਲੀ ਨਾਮ ਭਰਾਇੰਦਾ । ਚੌਥੇ ਬਣਾ ਸਚ ਜਮਾਤ, ਚਾਰ ਵਰਨ ਇਕੋ ਗੰਢ ਪੁਆਇੰਦਾ । ਪੰਜਵੇਂ ਚਰਨ ਪ੍ਰੀਤੀ ਜੋੜ ਨਾਤ, ਸਰਨ ਸਰਨਾਈ ਇਕ ਵਖਾਇੰਦਾ । ਛੇਵੇਂ ਸ਼ਬਦ ਅਗੰਮ ਸੁਣਾਏ ਗਾਥ, ਬੋਧ ਅਗਾਧਾ ਨਾਉਂ ਦ੍ਰਿੜਾਇੰਦਾ । ਸੱਤਵੇਂ ਸਤਿ ਪੁਰਖ ਨਿਰੰਜਣ ਖੇਲ ਤਮਾਸ਼, ਹਰਿ ਖ਼ਾਲਕ ਖ਼ਲਕ ਵੇਖ ਵਖਾਇੰਦਾ । ਅਠਵੇਂ ਅੱਠਾਂ ਤੱਤਾਂ ਮਿਲ ਮਿਲ ਪਾਏ ਰਾਸ, ਗੋਪੀ ਕਾਹਨ ਨਾਚ ਨਚਾਇੰਦਾ । ਨਾਵੇਂ ਨੌਂ ਦਰ ਕਰੇ ਬੰਦ ਖ਼ਲਾਸ, ਬੰਦੀ ਛੋੜ ਆਪ ਅਖਵਾਇੰਦਾ । ਦਸਵੇਂ ਨਿਰਗੁਣ ਜੋਤ ਕਰ ਪਰਕਾਸ਼, ਨੂਰ ਨੁਰਾਨਾ ਡਗਮਗਾਇੰਦਾ । ਪਹਿਲੀ ਰਾਤ ਸ੍ਰੀ ਭਗਵਾਨ, ਦੋ ਦੋ ਆਪੇ ਵੰਡ ਵੰਡਾਈਆ । ਦੂਜੀ ਬਣਿਆ ਆਪ ਸਾਥ, ਸਗਲਾ ਸੰਗ ਨਿਭਾਈਆ । ਤੀਜੇ ਲੇਖਾ ਤ੍ਰਲੋਕੀ ਨਾਥ, ਤ੍ਰੈਭਵਨ ਧਨੀ ਰਿਹਾ ਜਣਾਈਆ । ਚੌਥੇ ਜਨ ਭਗਤਾਂ ਮਿਲਿਆ ਬਣ ਕੇ ਸੱਜਣ ਸਾਕ, ਦੂਰ ਦੁਰਾਡੇ ਦੂਰ ਨੇੜੇ ਕੱਠੇ ਆਪ ਕਰਾਈਆ । ਪੰਜਵੇਂ ਵਸਣਹਾਰ ਇਕਾਂਤ, ਆਪਣਾ ਦਰਸ਼ਨ ਦਏ ਵਖਾਈਆ । ਛੇਵੇਂ ਖੇਲ ਕਰੇ ਬਹੁ ਬਿਧ ਭਾਂਤ, ਭੇਵ ਕੋਇ ਨਾ ਪਾਈਆ । ਸੱਤਵੇਂ ਦੇਵੇ ਆਪਣੀ ਦਾਤ, ਮਾਣਸ ਮਾਣਸ ਜਨਮ ਬਦਲਾਈਆ । ਅੱਠਵੇਂ ਫੜ ਉਤਾਰੇ ਪਾਰ ਘਾਟ, ਕਿਨਾਰਾ ਇਕੋ ਇਕ ਜਣਾਈਆ । ਨਾਵੇਂ ਵੇਖਣਹਾਰ ਬਰਾਤ, ਪ੍ਰਭ ਦਾਤਾ ਬੇਪਰਵਾਹੀਆ । ਦਸਵੇਂ ਮੇਟਣਹਾਰਾ ਕੂੜੀ ਰਾਤ, ਨਿਰਗੁਣ ਚੰਦ ਇਕ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਸ ਦਿਨਾਂ ਦੀ ਸਾਚੀ ਵੰਡ ਇਕ ਦਸ ਦੀ ਇਕੋ ਗੰਢ, ਭਗਤ ਭਗਵਾਨ ਪਾਏ ਠੰਡ, ਸੀਨੇ ਅੱਗ ਨਾ ਕੋਇ ਲਗਾਈਆ । ਪਹਿਲੀ ਰਾਤ ਪਿੰਡ ਡਾਲਾ, ਸੂਰਤ ਸੂਰਤ ਪ੍ਰਭ ਸੁਹਾਈਆ । ਦੂਜੇ ਦਿਨ ਖੇਲ ਨਿਰਾਲਾ, ਛੋਟੇ ਬਾਲੇ ਮਿਲੇ ਵਡਿਆਈਆ । ਰਾਤ ਅੰਧੇਰੀ ਵੇਖ

ਕਾਲਾ, ਪੁਰ ਹਰਨਾਮ ਸੋਭਾ ਪਾਈਆ । ਮਹਿੰਦਰ ਮਾਰਗ ਦੇ ਸੁਖਾਲਾ, ਸਗਲ ਕੁਟੰਬ ਆਇਆ ਸਮਝਾਈਆ । ਤੀਜੀ ਰਾਤ ਨਸੀਬ ਸਿੰਘ ਨਸੀਬ ਕਰ ਉਜਾਲਾ, ਨਿਸਬਤ ਪਿਛਲੀ ਦਏ ਸਮਝਾਈਆ । ਚੌਥੀ ਰਾਤ ਹਰਿ ਗੋਪਾਲਾ, ਦਰ ਦਰਵੇਸ਼ ਬਣ ਕੇ ਫੇਰਾ ਪਾਈਆ । ਬਾਹਰ ਖਲੋਤਾ ਮੰਗੇ ਹਾਲਾ, ਕਰਨੀ ਕਰਤਾ ਵੇਖ ਵਖਾਈਆ । ਲਾਲੋ ਲਾਲ ਕਰ ਪਿਆਰਾ, ਦੇਵਣਹਾਰਾ ਨਾਮ ਆਧਾਰਾ, ਹਰਿ ਸੰਗਤ ਕਰ ਵਣਜਾਰਾ, ਘਰ ਸਾਚੇ ਮੇਲ ਮਿਲਾਈਆ । ਮਾਝਾ ਦੁਆਬਾ ਇਕੋ ਧਾਰਾ, ਮਾਲਵਾ ਵੰਡ ਨਾ ਕੋਇ ਵਖਾਈਆ । ਜੰਮੂ ਰਹੇ ਨਾ ਕੋਇ ਕਿਨਾਰਾ, ਤੱਟ ਜਮਨਾ ਰਿਹਾ ਸ਼ਰਮਾਈਆ । ਚੌਥੇ ਘਰ ਇਕ ਨਗਾਰਾ, ਨੌਬਤ ਆਪਣੇ ਨਾਮ ਵਜਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਾਣ ਬਲਿਹਾਰਾ, ਵਾਹ ਵਾ ਪਾਰਬ੍ਰਹਮ ਪਤਿਪਰਮੇਸ਼ਵਰ ਨਿਰਗੁਣ ਤੇਰੀ ਵਡ ਵਡਿਆਈਆ । ਪੰਜਵੀਂ ਰਾਤ ਪਰਕਾਸ਼ ਕਰ ਉਜਿਆਰਾ, ਜਗਤ ਅੰਧੇਰ ਦਏ ਮੁਕਾਈਆ । ਲਾਲ ਸਿੰਘ ਮੰਦਰ ਇਕ ਦੁਆਰਾ, ਹੇਰ ਹਰਿ ਹਰਿ ਰੂਪ ਦਰਸਾਈਆ । ਪੰਚਮ ਮੀਤਾ ਪੰਚਮ ਪਾਵੇ ਸਾਰਾ, ਪੰਚ ਪੰਚਾਇਨ ਕਰੇ ਲੜਾਈਆ । ਸਮਰਾਵਾਂ ਨਾਵਾਂ ਇਕੋ ਘਰ ਇਕ ਘਰ ਬਾਰਾ, ਇਕੋ ਦੇਵਣਹਾਰ ਵਡਿਆਈਆ । ਛੇਵੇਂ ਵੱਜਾ ਖੋਲ੍ਹੇ ਆਪ ਕਿਵਾੜਾ, ਬੰਦ ਤਾਕੀ ਕੁੰਡਾ ਲਾਹੀਆ । ਪ੍ਰੀਤਮ ਸਿੰਘ ਪ੍ਰਭ ਕਰ ਪਿਆਰਾ, ਪ੍ਰੀਤਮ ਇਕੋ ਇਕ ਜਣਾਈਆ । ਜਨਮ ਕਰਮ ਦਾ ਦੁੱਖ ਲੱਥੇ ਭਾਰਾ, ਭਾਵੀ ਸਿਰ ਤੇ ਰਹੇ ਨਾ ਰਾਈਆ । ਅੰਦਰ ਬਾਹਰ ਵੇਖਣਹਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੰਡਿਆਲਾ ਗੁਰਮੁਖ ਦੇਵਣਹਾਰ ਵਡਿਆਈਆ । ਸੱਤਵੀਂ ਰਾਤ ਆਏ ਰੁੜਕੇ, ਰੜਕ ਸਭ ਦੀ ਰਿਹਾ ਕਢਾਈਆ । ਮੂਰਖ ਮੁਗਧ ਸਾਰੇ ਭੜਕੇ, ਭਟਕਣਾ ਸਕੇ ਨਾ ਕੋਇ ਮੁਕਾਈਆ । ਬਿਨ ਫਾਸੀਉਂ ਲੋਕਮਾਤ ਲਟਕੇ, ਉਚੀ ਕੂਕਣ ਦੇਣ ਦੁਹਾਈਆ । ਬਿਨ ਖੰਡਿਉਂ ਗਏ ਝਟਕੇ, ਸੀਸ ਧੜ ਨਜ਼ਰ ਕਿਸੇ ਨਾ ਆਈਆ । ਰਾਏ ਧਰਮ ਫੜ ਕੇ ਪਟਕੇ, ਵੇਲੇ ਅੰਤ ਦਏ ਸਜਾਈਆ । ਵੇਖੋ ਖੇਲ ਪ੍ਰਭ ਸਮਰਥ ਦੇ, ਭੇਵ ਕੋਇ ਨਾ ਪਾਈਆ । ਜਨ ਭਗਤ ਰੱਖੇ ਹੱਥ ਦੇ, ਮਿਹਰ ਨਜ਼ਰ ਉਠਾਈਆ । ਗੁਰਸਿਖ ਕੀਮਤ ਕਰੋੜ ਭਾਵੇ ਕੋਟੀ ਲੱਖ ਦੇ, ਮਾਣਸ ਜਨਮ ਫੇਰ ਝੋਲੀ ਕੋਇ ਨਾ ਪਾਈਆ । ਇਹ ਖੇਲ ਪ੍ਰਭ ਦੇ ਵਸ ਦੇ, ਜਿਸ ਭਾਵੇ ਤਿਸ ਆਪਣੇ ਰਾਹ ਚਲਾਈਆ । ਗੁਰਮੁਖ ਸੱਜਣ ਭਗਤ ਭਗਵਾਨ ਦੋਵੇਂ ਮਿਲ ਕੇ ਹੱਸਦੇ, ਬਾਕੀ ਰੋਵਣਹਾਰ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਤਵੀਂ ਰਾਤ ਸਾਚਾ ਰੰਗ ਵਖਾਈਆ । ਸੱਤਵੀਂ ਰਾਤ ਜੀਵਣ ਦੀਆ, ਜੀਵਣ ਜੀਵਣ ਵਿਚ ਬਦਲਾਈਆ । ਪੂਰੇ ਸਤਿਗੁਰ ਦਾ ਏਹੋ ਹੀਆ, ਪਿਛਲੀ ਕੀਤੀ ਦਏ ਉਲਟਾਈਆ । ਨਾ ਕੋਈ ਵੇਖੇ ਕਰਮ ਬੀਜ ਬੀਆ, ਮਿਹਰ ਨਜ਼ਰ ਜਿਸ ਉਪਰ ਟਿਕਾਈਆ । ਵਿਛੜੀ ਸਵਾਣੀ ਮਿਲਾਏ ਪੀਆ, ਪ੍ਰੀਤਮ ਇਕੋ ਨਜ਼ਰੀ ਆਈਆ । ਲੇਖਾ ਚੁਕਿਆ ਸਾਢੇ ਤਿੰਨ ਹੱਥ ਸੀਆਂ, ਸੀਆਂ ਸਾਢੇ ਤਿੰਨ ਹੱਥ, ਹੱਥੋ ਹੱਥ ਫੇਰ ਦਏ ਵਖਾਈਆ । ਜੀਂਵਦਿਆਂ ਹੀ ਮਰਨੋਂ ਰੱਖ, ਮਰਨਾ ਆਪਣੀ ਝੋਲੀ ਪਾਈਆ । ਆਪਣੀ ਝੋਲੀ ਪਾ ਨਾ ਕਰੇ ਬਸ, ਅੱਗੇ ਸੇਵਾ ਫੇਰ ਕਮਾਈਆ । ਅੱਠਵੀਂ ਰਾਤ ਖੇਲ ਸਮਰਥ, ਸਿੰਘ ਪਿਆਰ ਦਏ ਵਡਿਆਈਆ । ਦੋਸਾਂਝ ਪਾਈ ਆਪਣੀ ਗੱਠ, ਦੋਹਾਂ ਵਿਚੋਲਾ ਬੇਪਰਵਾਹੀਆ । ਓਥੋਂ ਚਲਿਆ ਕਰ ਕੇ ਝੱਟ, ਮੁੜੀ ਜਾਂਦੀ ਸੰਗਤ ਫੇਰ ਰਲਾਈਆ । ਆਓ ਵੇਖੋ ਪ੍ਰਭ ਮਿਲਣ ਦਾ ਖੇਲ ਅਕੱਥ, ਕਥਨੀ ਕਥ ਨਾ ਸਕੇ ਰਾਈਆ । ਓਧਰ ਸਿੰਘ ਗੁਰਮੀਤ ਨਾਲੇ ਰੋਵੇ ਨਾਲੇ ਪਵੇ ਹੱਸ, ਖ਼ੁਸ਼ੀ ਵਿਚ ਸਮਝ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਰਬ ਵਡਿਆਈਆ ।

ਵਡਿਆਈ ਦੇਵਣ ਆਏ ਭਗਵਾਨ, ਭਗਵਨ ਆਪਣੀ ਦਇਆ ਕਮਾਈਆ । ਪਿਤਾ ਪੂਤ ਵੇਖੇ ਬਾਲ ਅਵਾਣ, ਦੇ ਮਤ ਆਪ ਸਮਝਾਈਆ । ਸ਼ਬਦ ਅਗੰਮੀ ਇਕ ਗਿਆਨ, ਪੜ੍ਹਾਵਣਹਾਰਾ ਬੇਪਰਵਾਹੀਆ । ਹਰਿ ਸੰਗਤ ਕੱਠੀ ਕੀਤੀ ਆਣ, ਘਰ ਸਾਚੇ ਮੇਲ ਮਿਲਾਈਆ । ਪਹਿਲੀ ਜੋੜੀ ਜੁੜਿਆ ਸ੍ਰੀ ਭਗਵਾਨ, ਦੂਜੇ ਆਪਣਾ ਚਰਨ ਟਿਕਾਈਆ । ਤੀਜੇ ਵੇਖੇ ਮਾਰ ਧਿਆਨ, ਚੌਥੇ ਖੜ ਕੇ ਸੇਵ ਕਮਾਈਆ । ਅੰਦਰ ਲੰਘੇ ਗੁਰਮੁਖ ਚਤੁਰ ਸੁਜਾਨ, ਹਰਿ ਸਤਿਗੁਰ ਨਜ਼ਰੀ ਆਈਆ । ਦਰਸ ਦਿਖਾਏ ਨੌਜਵਾਨ, ਵਡ ਦਾਤਾ ਬੇਪਰਵਾਹੀਆ । ਹੌਲੀ ਹੌਲੀ ਉਤਰੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਾਵੇਂ ਨੌਂ ਦਰ ਵੇਖ ਵਖਾਈਆ । ਨਾਵੇਂ ਨੌਂ ਦਰ ਕੁੰਡਾ ਖੋਲ੍ਹੇ, ਤਾਕੀ ਆਪਣੀ ਹੱਥੀਂ ਲਾਹਿੰਦਾ । ਸਾਚੇ ਪੌੜੇ ਚੜ੍ਹ ਕੇ ਬੋਲੇ, ਅਨਬੋਲਤ ਰਾਗ ਸੁਣਾਇੰਦਾ । ਅੰਦਰ ਆਓ ਸਾਰੇ ਹੌਲੇ ਹੌਲੇ, ਅੱਗੇ ਪਿਛੇ ਆਪਣਾ ਰਾਹ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਮੰਦਰ ਵੜ ਕੇ ਬੋਲੇ, ਲੇਖਾ ਸਭ ਦਾ ਪੂਰ ਕਰਾਇੰਦਾ । ਲੇਖਾ ਪੂਰਾ ਕਰੇ ਕਰਤਾਰ, ਦੇਵਣਹਾਰ ਵੱਡੀ ਵਡਿਆਈਆ । ਜਨਮ ਜਨਮ ਦੀ ਪਾਵੇ ਸਾਰ, ਕਰਮ ਕਰਮ ਦਾ ਲੇਖ ਚੁਕਾਈਆ । ਸੰਤ ਸੁਹੇਲੇ ਗੁਰੂ ਗੁਰ ਚੇਲੇ ਭਗਤ ਭਗਵਾਨ ਕੱਠੇ ਕੀਤੇ ਇਕ ਦੁਆਰ, ਦਰ ਦਰਵਾਜ਼ਾ ਇਕ ਖੁਲ੍ਹਾਈਆ । ਕਰਨੀ ਕਰਤਾ ਕਰੇ ਸਚ ਵਿਹਾਰ, ਸੀਸ ਜਗਦੀਸ਼ ਜਨ ਭਗਤਾਂ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪ੍ਰੇਮ ਪ੍ਰੀਤੀ ਸਾਚਾ ਰੰਗ, ਆਤਮ ਸੇਜ ਵੇਖ ਪਲੰਘ, ਸੁਹੰਜਣੀ ਰੁੱਤ ਆਪ ਮਹਿਕਾਈਆ । ਸੁਹੰਜਣੀ ਰੁੱਤ ਵੇਖੇ ਸ਼ਾਦੀ, ਸ਼ਾਦਿਆਨਾ ਇਕੋ ਇਕ ਵਖਾਇੰਦਾ । ਆਦਿ ਸ਼ਕਤ ਦੋਹਾਂ ਦੀ ਬਣੀ ਦਾਦੀ, ਪਿਤਾ ਇਕੋ ਨਜ਼ਰੀ ਆਇੰਦਾ । ਗੁਰਮੁਖ ਗੁਰਸਿਖ ਬਣੇ ਆਂਢ ਗਵਾਂਢੀ, ਦੂਜਾ ਨਜ਼ਰ ਕੋਇ ਨਾ ਆਇੰਦਾ । ਪ੍ਰੇਮ ਪਿਆਰ ਦੀ ਚੜ੍ਹੀ ਹਾਂਢੀ, ਨਾਮ ਪਕਵਾਨ ਆਪ ਪਕਾਇੰਦਾ । ਗੁਰਮੁਖ ਘੋੜੀ ਗੁਰਮੁਖ ਜਾਂਞੀ, ਗੁਰਮੁਖ ਸਿਹਰਾ ਸੀਸ ਗੁੰਦਾਇੰਦਾ । ਗੁਰਮੁਖ ਗੋਲੀ ਗੁਰਮੁਖ ਬਾਂਦੀ, ਗੁਰਮੁਖ ਸੇਵਕ ਰੂਪ ਵਟਾਇੰਦਾ । ਗੁਰਮੁਖ ਹੱਥੀਂ ਮੌਲੀ ਤੰਦ ਬੰਨ੍ਹੇ ਨਿਸ਼ਾਨੀ, ਨਿਸ਼ਾਨਾ ਇਕੋ ਇਕ ਜਣਾਇੰਦਾ । ਕਰੇ ਖੇਲ ਸ੍ਰੀ ਭਗਵਾਨੀ, ਭਗਵਨ ਆਪਣਾ ਰਾਹ ਵਖਾਇੰਦਾ । ਦੂਲ੍ਹਾ ਦੂਲ੍ਹਣ ਦੋਵੇਂ ਵਸਣ ਇਕ ਮਕਾਨੀ, ਘਰ ਇਕੋ ਇਕ ਸੁਹਾਇੰਦਾ । ਜੋਬਨ ਨਵਾਂ ਨਵੀਂ ਜਵਾਨੀ, ਨਵਾਂ ਅਨੰਦ ਕਾਰਜ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਵੀਂ ਰਾਤ ਕਰੇ ਪਰਭਾਤ, ਗੁਰਮੁਖਾਂ ਦੇਵੇ ਇਕੋ ਦਾਤ, ਸਾਚੀ ਦਾਤ ਝੋਲੀ ਪਾਇੰਦਾ । ਨਾਵੀਂ ਰਾਤ ਨੌਂ ਦਰ ਰੋਣ, ਕੂਕਣ ਦੇਣ ਦੁਹਾਈਆ । ਪੁਰਖ ਅਬਿਨਾਸ਼ੀ ਕਰਿਆ ਖੇਲ ਅਨਹੋਣ, ਹੋਣੀ ਸਭ ਦੇ ਸਿਰ ਤੇ ਛਾਈਆ । ਨੀਰ ਵਿਰੋਲੇ ਪਾਣੀ ਪੌਣ, ਦੋ ਜਹਾਨ ਦੇਣ ਦੁਹਾਈਆ । ਸਾਚੀ ਸੇਜੇ ਕਿਸੇ ਨਾ ਮਿਲਣਾ ਸੌਣ, ਗੂੜ੍ਹੀ ਨੀਂਦ ਨਜ਼ਰ ਕਿਸੇ ਨਾ ਆਈਆ । ਕਾਲ ਕੁੜਿਆਰੇ ਸਭ ਦੀ ਭੰਨਣੀ ਧੌਣ, ਕਲਜੁਗ ਡੰਕਾ ਰਿਹਾ ਵਜਾਈਆ । ਵੇਲੇ ਅੰਤ ਸਹਾਈ ਨਾ ਦਿਸੇ ਹੋਵੇ ਕੌਣ, ਸਿਰ ਆਪਣਾ ਹੱਥ ਟਿਕਾਈਆ । ਬਲਧਾਰੀ ਗਏ ਰੋਂਦੇ ਰੌਣ, ਧੀਰਜ ਧੀਰ ਨਾ ਕੋਇ ਧਰਾਈਆ । ਗੁਰਮੁਖ ਕਹਿਣ ਜੋ ਸੋਹੰ ਢੋਲਾ ਗੌਣ, ਤਿਨ੍ਹਾਂ ਏਥੇ ਓਥੇ ਮਿਲੇ ਵਡਿਆਈਆ । ਸੋ ਪ੍ਰਭ ਦੀ ਸੇਜੇ ਸੌਣ, ਸੁਤਿਆਂ ਸਕੇ ਨਾ ਕੋਇ ਉਠਾਈਆ । ਨਾਲੇ ਨਾਲ ਦੇਵੇ ਦਾਜ ਦੌਣ, ਵਸਤ ਅਮੋਲਕ ਆਪ ਵਰਤਾਈਆ । ਰਾਹ ਤੱਕਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਾਵੀਂ ਰਾਤ ਖੇਲ ਪੁਰਖ ਅਬਿਨਾਸ਼, ਭਗਤਨ ਵਸੇ ਸਦਾ ਸਾਥ, ਬਣ

ਵਿਚੋਲਾ ਸਾਚੀ ਸੇਵਾ ਕਮਾਈਆ । ਵਿਚੋਲਾ ਬਣੇ ਅਗੰਮ ਅਥਾਹ, ਭੇਵ ਕੋਇ ਨਾ ਆਇੰਦਾ । ਹਰਿ ਸੰਗਤ ਸਾਹ ਇਕ ਸੁਧਾ, ਸਿਧਾ ਰਾਹ ਜਣਾਇੰਦਾ । ਚਾਰ ਯੁਗ ਦਾ ਰਿੱਧਾ ਪੱਕਾ ਲੇਖੇ ਲਾ, ਭਖ ਭੋਜ ਲੇਹਜ ਫੇਜ ਇਕੋ ਰੰਗ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਮੇਲ ਮਿਲਾਇੰਦਾ । ਘਰ ਸਾਚੇ ਮਿਲਿਆ ਮੇਲ ਜੋੜੀ ਜੋੜੀ, ਨਿਰਗੁਣ ਸਰਗੁਣ ਆਪ ਕਰਾਈਆ । ਪਰਮ ਪੁਰਖ ਪ੍ਰਭ ਚਾੜ੍ਹੇ ਇਕੋ ਘੋੜੀ, ਵਾਗਾਂ ਆਪਣੇ ਹੱਥ ਉਠਾਈਆ । ਉਪਰ ਚਾਦਰ ਦੇਵੇ ਦੋਹਰੀ, ਦੋ ਜਹਾਨਾਂ ਪਰਦਾ ਪਾਈਆ । ਵੇਖਣਹਾਰਾ ਬਾਂਕੀ ਛੋਹਰੀ, ਸ਼ਹਿਨਸ਼ਾਹ ਸ਼ਾਹ ਪਾਤਸ਼ਾਹ ਆਪਣੇ ਹੱਥ ਰੱਖੇ ਵਡਿਆਈਆ । ਵਰ ਪਾਇਆ ਇਕੋ ਲੋੜੀ, ਦੂਜਾ ਨਜ਼ਰ ਕੋਇ ਨਾ ਆਈਆ । ਘਰਦਿਆਂ ਬਾਹਰਦਿਆਂ ਸਾਰਿਆਂ ਕੋਲੋਂ ਕਰੀ ਚੋਰੀ, ਚੋਰੀ ਚੋਰੀ ਅਨੰਦ ਕਾਰਜ ਦਿਤਾ ਕਰਾਈਆ । ਆਪਣੇ ਹੱਥ ਪਕੜੀ ਡੋਰੀ, ਨਾ ਸਕੇ ਕੋਇ ਤੁੜਾਈਆ । ਪ੍ਰੇਮ ਪ੍ਰੀਤ ਦੀ ਝੋਲੀ ਪਾਈ ਮੋਹਰੀ, ਧੰਨ ਖ਼ਜ਼ਾਨਾ ਨਾਮ ਅਤੁਟ ਵਰਤਾਈਆ । ਸ੍ਰੀ ਭਗਵਾਨ ਬਣਿਆ ਵੱਡਾ ਗੋਹਰੀ, ਗਹਿਰ ਗੰਭੀਰ ਆਪਣਾ ਭੇਵ ਨਾ ਕਿਸੇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰੰਗ ਇਕੋ ਇਕ ਵਖਾਈਆ । ਰੰਗ ਵਖਾਏ ਸਖੀ ਸਹੇਲੀ, ਸ਼ਹਿਨਸ਼ਾਹ ਇਕੋ ਧਾਰ ਬੰਧਾਇੰਦਾ । ਗੁਰਮੁਖ ਸਵਾਣੀ ਨਾ ਰਹੇ ਇਕੇਲੀ, ਸਗਲਾ ਸੰਗ ਆਪ ਜਣਾਇੰਦਾ । ਏਥੇ ਓਥੇ ਦੋ ਜਹਾਨ ਭਗਤ ਭਗਵਾਨ ਕੱਠੇ ਹੋਣ ਬੇਲੀ, ਬੇਲਾ ਜੰਗਲ ਜੂਹ ਉਜਾੜ ਪਹਾੜ ਨਜ਼ਰ ਕੋਇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਆਪ ਉਠਾਇੰਦਾ । ਦਸਵੇਂ ਦਿਨ ਦਿਨ ਦਿਹਾੜੇ, ਪ੍ਰਭ ਆਪਣੀ ਕਾਰ ਕਮਾਈਆ । ਕੱਠੇ ਕਰ ਗੁਰਮੁਖ ਪਿਆਰੇ, ਪ੍ਰੇਮ ਪ੍ਰੀਤੀ ਇਕ ਜਣਾਈਆ । ਪ੍ਰਭ ਨਾਲ ਮਿਲ ਕੇ ਰਹੇ ਨਾ ਕੋਈ ਕੁਆਰੇ, ਕੰਤ ਸੁਹਾਗ ਇਕੋ ਨਜ਼ਰੀ ਆਈਆ । ਮੁਖ ਸਗਣ ਲੱਗ ਜਾਣ ਛੁਹਾਰੇ, ਘਰ ਸਾਚੇ ਵੱਜੇ ਵਧਾਈਆ । ਸ੍ਰੀ ਭਗਵਾਨ ਬਣ ਵਿਚੋਲਾ ਫੇਰੇ ਮਾਰੇ, ਦੋ ਜਹਾਨਾਂ ਆਵੇ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਅੰਕ ਸਹੇਲੀ ਨਾਲ ਸਹੇਲਣਾਂ ਸਾਰੀਆਂ ਰਿਹਾ ਮਿਲਾਈਆ । ਗੁਰਮੁਖ ਮੁਖੋਂ ਕਹਿਣ ਸਹੇਲਣਾਂ, ਉਚੀ ਕੂਕ ਕੂਕ ਸੁਣਾਈਆ । ਅਸੀਂ ਬਣ ਕੇ ਆਈਆਂ ਮੇਲਣਾਂ, ਗੀਤ ਗੌਣ ਚਾਈਂ ਚਾਈਂਆ । ਪ੍ਰੇਮ ਪਿਆਰ ਦਾ ਚਾੜ੍ਹਨਾ ਤੇਲਣਾ, ਵਟਣਾ ਇਕੋ ਨਾਮ ਰਖਾਈਆ । ਜਿਸ ਨਾਲੋਂ ਵਿਛੜੀ ਤੈਨੂੰ ਓਸੇ ਨਾਲ ਮੇਲਣਾ, ਮਿਲ ਕੇ ਫੇਰ ਨਾ ਹੋਏ ਜੁਦਾਈਆ । ਤੂੰ ਹਰਿ ਮੰਦਰ ਬਹਿ ਕੇ ਖੇਲਣਾ, ਜਿਥੇ ਵੱਜੇ ਇਕ ਵਧਾਈਆ । ਉਹ ਧਾਮ ਸਦਾ ਨਵੇਲਣਾ, ਬਿਨ ਭਗਤਾਂ ਹੱਥ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰਮੁਖ ਜੋੜੀ ਜੋੜ ਜੁੜਾਈਆ । ਜੋੜ ਜੋੜੀ ਕਿਰਪਾਨਿਧ, ਆਪਣੀ ਦਇਆ ਕਮਾਇੰਦਾ । ਸਭ ਦੇ ਕਾਰਜ ਕਰ ਕੇ ਸਿਧ, ਸਿਧਾ ਰਾਹ ਇਕ ਵਖਾਇੰਦਾ । ਪ੍ਰਭ ਮਿਲਣ ਦੀ ਇਕੋ ਬਿਧ, ਚਰਨ ਪ੍ਰੀਤੀ ਸਚ ਸਮਝਾਇੰਦਾ । ਝੂਠੀ ਕਰਨੀ ਛੱਡੋ ਜ਼ਿਦ, ਬਿਨ ਨਿਵਣ ਸੋ ਅੱਖਰ ਬਾਲੀ ਨਾ ਕੋਈ ਰੀਝਾਇੰਦਾ । ਪ੍ਰੇਮ ਪ੍ਰੀਤੀ ਵਿਚ ਜਾਓ ਭਿੱਜ, ਭਿੰਨਾਂ ਭਿੰਨਾਂ ਰੰਗ ਰੰਗਾਇੰਦਾ । ਮਸਾ ਸਿੰਘ ਓਥੋਂ ਆਇਆ ਸਿਖ, ਜੋ ਫਰਾਲੇ ਵੇਖ ਵਖਾਇੰਦਾ । ਕੋਟਲੀ ਆ ਕੇ ਡਿਗਾ ਚਰਨਾਂ ਹੇਠ, ਧੂੜੀ ਟਿੱਕਾ ਮਸਤਕ ਲਾਇੰਦਾ । ਸ੍ਰੀ ਭਗਵਾਨ ਕਹੇ ਅੱਗੇ ਜਾ ਕੇ ਵੇਖ, ਮਹਿੰਗਾ ਮਹਿੰਗਾ ਸਿੰਘ ਧਿਆਨ ਲਗਾਇੰਦਾ । ਜਿਸ ਦੀ ਪਿਛਲੀ ਵਾਰ ਕੋਈ ਨਾ ਗਈ ਪੇਸ਼, ਦੋਏ ਜੋੜ ਵਾਸਤਾ ਪਾਇੰਦਾ । ਤਿਸ ਦਾ ਪ੍ਰਭ ਬਦਲਣ ਜਾਏ ਲੇਖ, ਲੇਖਾ ਆਪਣੇ

ਨਾਲ ਮਿਲਾਇੰਦਾ । ਹਰੀ ਪੁਰ ਪੁਰ ਹਰੀ ਹਰਿ ਆਪਣੀ ਖੇਡੇ ਖੇਡ, ਖੇਲਣਹਾਰਾ ਨਜ਼ਰ ਕੋਇ ਨਾ ਆਇੰਦਾ । ਦਸਵੀਂ ਰਾਤ ਪੁਰਖ ਅਬਿਨਾਸ਼, ਭਗਤ ਭਗਵਾਨ ਸਾਰੇ ਰੱਖੇ ਆਪਣੇ ਪੇਟ, ਦੂਜੀ ਮਾਂ ਨਾ ਕੋਇ ਵਖਾਇੰਦਾ । ਇਕੋ ਜਿਹਾ ਸਾਰਿਆਂ ਨਾਲ ਕਰੇ ਹੇਤ, ਵੱਡਾ ਛੋਟਾ ਨਾ ਕੋਇ ਦਸਾਇੰਦਾ । ਦਸਮ ਦੁਆਰੀ ਫੁਲ ਫਲਵਾੜੀ ਰੁੱਤ ਬਸੰਤੀ ਚੇਤ, ਪੱਤ ਡਾਲੀ ਆਪ ਮਹਿਕਾਇੰਦਾ । ਜਨ ਭਗਤੋ ਬੱਚੇ ਬਣੋ ਸਾਰੇ ਨੇਕ, ਸਾਚੀ ਸਿਖਿਆ ਆਪ ਸਮਝਾਇੰਦਾ । ਬਿਨ ਸਤਿਗੁਰ ਚਰਨ ਅੱਖ ਦੂਜੇ ਨੂੰ ਨਾ ਲਏ ਵੇਖ, ਪਰਤੱਖ ਆਪਣੀ ਕਾਰ ਕਮਾਇੰਦਾ । ਕੋਟਨ ਕੋਟ ਕਲਜੁਗ ਭੇਖ, ਸਤਿਗੁਰ ਪੂਰਾ ਨਜ਼ਰ ਕਿਤੇ ਨਾ ਆਇੰਦਾ । ਸ਼ਬਦ ਗੁਰੂ ਦੀ ਰੱਖੋ ਟੇਕ, ਪੰਜ ਤੱਤ ਥਿਰ ਰਹਿਣ ਨਾ ਪਾਇੰਦਾ । ਜਿਸ ਮੰਦਰ ਚੜ੍ਹ ਕੇ ਹਰਿ ਜੂ ਲਏ ਵੇਖ, ਸੋ ਮੰਦਰ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਸਵੀਂ ਰਾਤ ਭਗਤ ਜਮਾਤ ਇਕੋ ਅੱਖਰ ਨਾਮ ਪੜ੍ਹਾਇੰਦਾ । ਦਸਵੀਂ ਰਾਤ ਗਈ ਲੰਘ, ਆਪਣੀ ਸੇਵ ਕਮਾਈਆ । ਜਨ ਭਗਤਾਂ ਪੂਰੀ ਹੋਏ ਮੰਗ, ਆਸਾ ਸਭ ਦੀ ਪੂਰ ਵਖਾਈਆ । ਕਲਜੁਗ ਘਿਰਨਾ ਵਿਚ ਨਾ ਹੋਏ ਕੋਇ ਤੰਗ, ਤੰਗੀ ਸਭ ਦੀ ਦਏ ਕਟਾਈਆ । ਕਾਇਆ ਚੋਲੀ ਚਾੜ੍ਹੇ ਰੰਗ, ਰੰਗ ਇਕੋ ਇਕ ਰੰਗਾਈਆ । ਗਿਆਰਵੇਂ ਦਿਨ ਨਿਰਗੁਣ ਸਰਗੁਣ ਖੇਲ ਕਰੇ ਸਰਬੰਗ, ਸ਼ਾਹ ਪਾਤਸ਼ਾਹ ਵੱਡੀ ਵਡਿਆਈਆ । ਦਾਤਾ ਦਾਨੀ ਬੈਠ ਸੇਜ ਪਲੰਘ, ਆਪਣਾ ਪਰਵਾਰ ਵੇਖੇ ਚਾਈਂ ਚਾਈਂਆ । ਆਓ ਇਕ ਦੂਜੇ ਦਾ ਮਾਣੀਏ ਅਨੰਦ, ਬਿਨ ਅਨੰਦ ਰਸ ਕੰਮ ਕਿਸੇ ਨਾ ਆਈਆ । ਗੁਰਮੁਖ ਸੱਚੇ ਸੋਹਣ ਚੰਦ, ਚੰਦ ਚਾਂਦਨੀ ਨੈਣ ਸ਼ਰਮਾਈਆ । ਭਗਤ ਕਦੇ ਨਾ ਹੋਵੇ ਰੰਡ, ਸ੍ਰੀ ਭਗਵਾਨ ਰੰਡੇਪਾ ਰਿਹਾ ਕਟਾਈਆ । ਆਤਮ ਪਰਮਾਤਮ ਕੱਠੇ ਹੋ ਕੇ ਦੇ ਲਓ ਗੰਢ, ਦਿਤੀ ਗੰਢ ਨਾ ਕੋਇ ਖੁਲ੍ਹਾਈਆ । ਮਿਲ ਕੇ ਢੋਲਾ ਗਾਓ ਛੰਦ, ਸੋਹੰ ਵੱਜੇ ਵਧਾਈਆ । ਜਨ ਭਗਤਾਂ ਹੋਇਆ ਕਾਰਜ ਅਨੰਦ, ਹਰਿ ਕਰਤਾ ਆਪ ਕਰਾਈਆ । ਪਹਿਲੀ ਵਸਾਖ ਗੁਰ ਗੋਬਿੰਦ ਗੁਰਮੁਖਾਂ ਹੱਥੀਂ ਪਾਏ ਬੰਦ, ਬੰਦ ਉਹ ਜਿਹੜੇ ਬਿਨਾ ਬੰਦਗੀਉਂ ਦੋਵੇਂ ਹੱਥ ਦੇਣ ਮਿਲਾਈਆ । ਸਭ ਦੇ ਜੁੜੇ ਰਹਿ ਜਾਣ ਦੰਦ, ਰਸਨਾ ਢੋਲਾ ਗਾ ਨਾ ਸਕੇ ਰਾਈਆ । ਜਿਨ ਛੱਡਿਆ ਪੁਰੀ ਅਨੰਦ, ਸੋ ਅਨੰਦ ਕਾਰਜ ਗੁਰਮੁਖਾਂ ਨਾਲ ਕਰਾਈਆ । ਜਨ ਭਗਤਾਂ ਦਾਤ ਅਨਮੁਲੜੀ ਦੇਵੇ ਵੰਡ, ਖੁਲ ਹੋ ਕੇ ਗੱਫ਼ਾ ਵਰਤਾਈਆ । ਜੋ ਕੁਛ ਕਰ ਕੇ ਰੱਖਿਆ ਬੰਦ, ਪਰਦਾ ਦੋਂਹ ਹੱਥੀਂ ਦਏ ਉਠਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੂਰ ਦੁਰਾਡਾ ਕੱਟ ਕੇ ਆਏ ਪੰਧ, ਗੁਰਮੁਖਾਂ ਭਾਰ ਆਪਣੇ ਸਿਰ ਤੇ ਚੁੱਕੇ ਗੰਢ, ਦੁੱਖ ਮੰਨੇ ਨਾ ਕੋਇ ਰਾਈਆ । ਗੰਢ ਚੁੱਕ ਕੇ ਹਰਿ ਜੂ ਹੱਸੇ, ਆਪਣੀ ਦਇਆ ਕਮਾਈਆ । ਕੱਢਾਂ ਬਾਹਰ ਜੋ ਵਿਚ ਚੁਰਾਸੀ ਫਸੇ, ਫਾਂਸੀ ਸਭ ਦੇ ਗਲੋਂ ਲਾਹੀਆ । ਭਗਤ ਦੁਆਰੇ ਇਕੋ ਮਾਰਗ ਦੱਸੇ, ਰਹਿਬਰ ਬਣੇ ਬੇਪਰਵਾਹੀਆ । ਜਗਤ ਕਿਰਿਆ ਮੇਟੇ ਰੱਟੇ, ਰਟਨ ਇਕੋ ਨਾਮ ਵਖਾਈਆ । ਮਾਣਸ ਜਨਮ ਨਾ ਕੌਡੀਆਂ ਰਲੇ ਨਾ ਘੱਟੇ, ਮਾਣਕ ਆਪਣੇ ਰੰਗ ਰੰਗਾਈਆ । ਮਾਇਆ ਮਮਤਾ ਮੋਹ ਕਿਸੇ ਨਾ ਫਟੇ, ਨਾਮ ਡੋਰੀ ਇਕੋ ਤੰਦ ਬੰਧਾਈਆ । ਗੁਰ ਗੋਬਿੰਦ ਆਪਣੇ ਸਿਧੇ ਸਾਦੇ ਦੱਸੇ ਪਤੇ, ਕਾਇਆ ਅੰਦਰ ਪਤਰਾ ਦਏ ਉਲਟਾਈਆ । ਦਸਮ ਦੁਆਰੀ ਦਸਮ ਪਾਤਸ਼ਾਹ ਦਸਵੀਂ ਰਾਤ ਬਹਿ ਬਹਿ ਹੱਸੇ, ਹੱਸ ਹੱਸ ਆਪਣੀ ਖ਼ੁਸ਼ੀ ਮਨਾਈਆ । ਕਿਉਂ, ਗੁਰਮੀਤ ਸਿੰਘ ਗੁਰਮੁਖਾਂ ਦਿਤੇ ਕਛਹਿਰੇ ਕੱਸੇ, ਧੀਰਜ ਜੱਤ ਬੰਧਾਈਆ । ਵਸਾਖੀ ਉਤੇ ਬਚਨ ਦੱਸੇ ਸੱਚੇ, ਸਚ ਸਚ ਜਣਾਈਆ । ਗੁਰਮੁਖ ਸੋ ਜੋ ਧੀ ਭੈਣ ਕੋਈ ਨਾ ਤੱਕੇ, ਜੋ ਤੱਕੇ ਤਿਸ ਮਿਲੇ ਨਾ ਕੋਇ ਥਾਈਆ । ਜਿਸ ਕਰਨਾ

੩੪੨
੧੪

ਪ੍ਰੇਮ, ਸੋ ਸਤਿਗੁਰ ਸਰਨਾਈ ਢੱਠੇ, ਦੂਜੀ ਪ੍ਰੀਤੀ ਕੰਮ ਕਿਸੇ ਨਾ ਆਈਆ । ਪੁਰਖ ਅਕਾਲ ਦੇ ਸਾਰੇ ਬਣ ਜਾਓ ਬੱਚੇ, ਬੱਚਾ ਗੋਬਿੰਦ ਨਾਲ ਉਂਗਲੀਆਂ ਰਿਹਾ ਫਿਰਾਈਆ । ਜੋਤੀ ਜਾਤਾ ਪੁਰਖ ਬਿਧਾਤਾ ਲੂੰ ਲੂੰ ਅੰਦਰ ਰਚੇ, ਸਾਢੇ ਤਿੰਨ ਕਰੋੜ ਆਪਣੇ ਨਾਲ ਜੋੜ, ਜੋੜੀ ਜੋੜ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਅੱਗੇ ਗੁਰਮੁਖ ਹੋਰ ਨੂੰ ਪਈ ਲੋੜ, ਜੋ ਬੈਠਾ ਧਿਆਨ ਲਗਾਈਆ ।

ਇਹ ਚੰਦੋਆ ਨਹੀਂ ਮਨਜ਼ੂਰ, ਜੋ ਤਣੀਆਂ ਨਾਲ ਬੰਧਾਈਆ । ਹਰਿ ਕਾ ਚੰਦੋਆ ਇਕੋ ਨੂਰ, ਨਜ਼ਰ ਕਿਸੇ ਨਾ ਆਈਆ । ਨਾ ਨੇੜੇ ਨਾ ਦੂਰ, ਗੁਰਮੁਖ ਦੇ ਹਿਰਦੇ ਵਿਚ ਰਖਾਈਆ । ਪ੍ਰੇਮ ਪ੍ਰੀਤੀ ਵਿਚ ਗੁਰਮੁਖ ਹੋਏ ਮਜ਼ਬੂਰ, ਆਪਣੀ ਆਪ ਸੁਧ ਰਹੇ ਨਾ ਰਾਈਆ । ਨਾ ਕੋਈ ਗ਼ੁੱਸਾ ਗਿਲਾ ਨਾ ਕਸੂਰ, ਨਾ ਕੋਈ ਝਿੜਕੇ ਫੜ ਕੇ ਬਾਹੀਆ । ਸਾਹਿਬ ਸੱਚੇ ਦਾ ਇਕੋ ਦਸਤੂਰ, ਭੁੱਲਿਆਂ ਭਟਕਿਆਂ ਆਪਣੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੇ ਘਰ ਲਗਾਏ ਇਕ ਚੰਦੋਆ, ਆਦਿ ਜੁਗਾਦਿ ਰਹੇ ਨਰੋਆ, ਤਣੀ ਕੰਨੀ ਤੰਦ ਡੋਰੀ ਕੁੰਡਾ ਨਾ ਕੋਇ ਰਖਾਈਆ । ਇਸ ਚੰਦੋਏ ਉਤੇ ਆਕਾਸ਼, ਆਪਣਾ ਰੰਗ ਵਖਾਈਆ । ਇਸ ਚੰਦੋਏ ਉਤੇ ਚੰਦ ਸੂਰਜ ਪਰਕਾਸ਼, ਉਪਰ ਨੱਠਣ ਵਾਹੋ ਦਾਹੀਆ । ਇਸ ਚੰਦੋਏ ਉਤੇ ਵਿਸ਼ਨ ਬ੍ਰਹਮਾ ਸ਼ਿਵ ਕਰਨ ਨਾਚ, ਮੁਖ ਆਪਣਾ ਘੁੰਗਟ ਲਾਹੀਆ । ਇਸ ਚੰਦੋਏ ਦੇ ਗੁਰ ਅਵਤਾਰ ਪੀਰ ਪੈਗ਼ੰਬਰ ਕੀਤੇ ਅਰਦਾਸ, ਲੋਕਮਾਤ ਰਹਿਣ ਕੋਇ ਨਾ ਪਾਈਆ । ਇਹ ਚੰਦੋਆ ਪ੍ਰਭ ਅਬਿਨਾਸ਼ੀ ਦੀ ਦੱਸੇ ਯਾਦ, ਸ੍ਰੀ ਭਗਵਾਨ ਇਕੋ ਛਤਰ ਸੀਸ ਝੁਲਾਈਆ । ਸਾਹਿਬ ਸਤਿਗੁਰ ਦਾ ਚੰਦੋਆ ਖ਼ਾਸ, ਸੂਈ ਧਾਗਾ ਦਰਜ਼ੀ ਨਾ ਕੋਇ ਸਵਾਈਆ । ਉਸ ਦੇ ਉਤੇ ਹੋਰ ਕੋਈ ਨਾ ਪਾਵੇ ਰਾਸ, ਸਾਰੇ ਬੈਠੇ ਥੱਲੇ ਆਸਣ ਲਾਈਆ । ਸੋ ਚੰਦੋਆ ਸਾਹਿਬ ਸਤਿਗੁਰ ਸਦਾ ਰੱਖੇ ਆਪਣੇ ਪਾਸ, ਜਨ ਭਗਤਾਂ ਉਪਰ ਦਏ ਲਗਾਈਆ । ਜਿਸ ਦੇ ਥੱਲੇ ਗੁਰਮੁਖ ਕਰਨ ਨਿਵਾਸ, ਤੱਤੀ ਵਾ ਨਾ ਲਾਗੇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਉਹ ਚੰਦੋਆ ਸਾਚਾ ਚੰਦਨ, ਜਿਹੜਾ ਪ੍ਰਭ ਨੂੰ ਕਰੇ ਦੋਏ ਜੋੜ ਬੰਦਨ, ਬੰਦਾ ਤੱਤ ਤੱਤ ਨਜ਼ਰ ਕੋਇ ਨਾ ਆਈਆ ।

ਜੋ ਵਿਛੜੇ ਸੋ ਗਏ ਮਿਲ, ਮਿਲਣੀ ਜਗਦੀਸ਼ ਕਰਾਈਆ । ਹਰਿ ਸੰਗਤ ਤੇਰੇ ਰਹਿਣ ਨਾ ਦੋ ਦਿਲ, ਦਲੀਲ ਇਕੋ ਜਿਹੀ ਬਣਾਈਆ । ਚੋਟੀ ਪਰਬਤ ਰਹੇ ਹਿੱਲ, ਵਿਸ਼ਨ ਬ੍ਰਹਮਾ ਸ਼ਿਵ ਥਰਥਰਾਈਆ । ਜਨ ਭਗਤਾਂ ਚੱਟੀ ਅਲੂਣੀ ਸਿਲ, ਕਲਜੁਗ ਵਿਚੋਂ ਆਪਣੀ ਜਾਨ ਲੇਖੇ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਓਸੇ ਦਏ ਵਡਿਆਈਆ । ਜਿਸ ਘਰ ਲੇਖਾ ਹੋਏ ਫ਼ੇਲ, ਪਰਚਾ ਨਾਮ ਰਖਾਇਆ । ਤਿਸ ਦੁਆਰੇ ਮਿਲੇ ਸੱਜਣ ਸੁਹੇਲ, ਸਗਲਾ ਸੰਗ ਰਖਾਇਆ । ਰਲ ਮਿਲ ਕੇ ਇਕ ਦੂਜੇ ਨੂੰ ਪ੍ਰੇਮ ਪਿਆਰ ਦਾ ਚਾੜ੍ਹੋ ਤੇਲ, ਸਰਗੁਣ ਸਾਚਾ ਸਗਨ ਮਨਾਇਆ । ਜਿਸ ਨੂੰ ਪ੍ਰਭੂ ਮਿਲਣ ਦਾ ਨਹੀਂ ਵੇਹਲ, ਤਿਸ ਦਾ ਧੰਦਾ ਕੰਮ ਕਿਸੇ ਨਾ ਆਇਆ । ਏਸੇ ਕਰਕੇ ਕੀਤਾ ਖੇਲ, ਹਰਿ ਸੰਗਤ ਤੇਰਾ ਪ੍ਰੇਮ ਪਿਆਰ ਵਧਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੋਹਾਂ ਵਿਚੋਲਾ ਬਣ ਕੇ ਅਗਲਾ ਪਿਛਲਾ ਜੋੜ ਜੁੜਾਇਆ । ਜੋੜ ਜੋੜ ਕੇ ਸ੍ਰੀ ਭਗਵਾਨ, ਆਪਣੀ ਦਇਆ ਕਮਾਈਆ । ਕੱਠੇ ਕਰ ਕਰ ਦੇਵੇ ਦਾਨ, ਮਿਹਰ ਨਜ਼ਰ ਇਕ ਉਠਾਈਆ । ਇਕ ਦੂਜੇ ਦੀ

ਕਰੋ ਪਹਿਚਾਨ, ਪਿਛਲੇ ਲੇਖੇ ਰਿਹਾ ਸਮਝਾਈਆ । ਬਣੇ ਰਹੋ ਨਾ ਜਗਤ ਨਾਦਾਨ, ਗਿਆਨ ਨੇਤਰ ਇਕ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਵਿਚ ਹਰਿ ਸੰਗਤ ਰੰਗ ਪਰਮ ਪੁਰਖ ਪ੍ਰੇਮ ਪ੍ਰੀਤੀ ਇਕ ਚੜ੍ਹਾਈਆ । ਸਚ ਦੱਸੋ ਕੀ ਤੁਹਾਨੂੰ ਮਨਜ਼ੂਰ, ਪ੍ਰਭ ਔਣਾ ਜਾਣਾ ਮੁਜਰੇ ਲਾਈਆ । ਇਕ ਦੂਜੇ ਤੋਂ ਨਾ ਰਹਿਣਾ ਦੂਰ, ਦੂਰ ਦੁਰਾਡੇ ਨੇੜੇ ਨੇੜ ਕਰਾਈਆ । ਪਿਛਲੇ ਬਖ਼ਸ਼ੇ ਸਰਬ ਕਸੂਰ, ਅਗਲਾ ਮਾਰਗ ਇਕ ਸਮਝਾਈਆ । ਸਤਿਗੁਰ ਪੂਰਾ ਸਭ ਦੀਆਂ ਆਸਾਂ ਕਰੇ ਪੂਰ, ਜੋ ਆਏ ਚਲ ਸਰਨਾਈਆ । ਹਰਿ ਸੰਗਤ ਤੇਰੀ ਅਰਦਾਸ ਕਰੇ ਮਨਜ਼ੂਰ, ਰਹਿਮਤ ਆਪਣੀ ਆਪ ਕਮਾਈਆ । ਇਕੀ ਵਸਾਖ ਚਲ ਕੇ ਆਏ ਜ਼ਰੂਰ, ਪੈਰੀਂ ਜੋੜਾ ਨਾ ਕੋਇ ਪਾਈਆ । ਤੁਹਾਡੀ ਲਾ ਕੇ ਮਸਤਕ ਧੂੜ, ਆਪਣਾ ਟਿੱਕਾ ਲਏ ਚਮਕਾਈਆ । ਫੇਰ ਵੇਖ ਗੁਰਮੁਖ ਨੂਰ, ਨੂਰ ਨੂਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਬਣ ਸੇਵਕ ਸਭਨਾਂ ਸੇਵ ਕਮਾਈਆ ।

ਪਾਣੀ ਨਹੀਂ ਇਹ ਅੰਮ੍ਰਿਤ ਧਾਰ, ਅਮਰ ਅਮਰ ਪਦ ਦਰਸਾਇੰਦਾ । ਪਾਣੀ ਨਹੀਂ ਇਹ ਸਤਿਗੁਰ ਪਿਆਰ, ਬੂੰਦ ਬੂੰਦ ਰਸਨਾ ਮੁਖ ਲਗਾਇੰਦਾ । ਪਾਣੀ ਨਹੀਂ ਇਹ ਧੁਰ ਦੀ ਕਾਰ, ਮੋਏ ਫੇਰ ਜਿਵਾਇੰਦਾ । ਪਾਣੀ ਨਹੀਂ ਇਹ ਹਰਿ ਕਾ ਦੁਆਰ, ਸਰ ਸਰੋਵਰ ਇਕ ਵਖਾਇੰਦਾ । ਪਾਣੀ ਨਹੀਂ ਏਹ ਗੁਰ ਕਰਤਾਰ, ਗੂੜ੍ਹਾ ਰੰਗ ਚੜ੍ਹਾਇੰਦਾ । ਪਾਣੀ ਨਹੀਂ ਇਹ ਵਿਚੋਲਾ ਸੰਸਾਰ, ਨਿਰਗੁਣ ਸਰਗੁਣ ਮੇਲ ਮਿਲਾਇੰਦਾ । ਪਾਣੀ ਨਹੀਂ ਪ੍ਰਭ ਦਰਸ ਦੀਦਾਰ, ਘਰ ਸਾਚੇ ਨਜ਼ਰੀ ਆਇੰਦਾ । ਪਾਣੀ ਨਹੀਂ ਜੋ ਮਾਂ ਪੁਤਰਾਂ ਉਤੋਂ ਰਹੀ ਵਾਰ, ਪਾਣੀ ਨਹੀਂ ਏਥੇ ਓਥੇ ਦੋ ਜਹਾਨ ਸਤਿਗੁਰ ਪੂਰਾ ਹਾਜ਼ਰ ਹਜ਼ੂਰਾ ਜਨ ਭਗਤਾਂ ਦੇਵੇ ਪੀਣ ਖਾਣ । ਅੰਮ੍ਰਿਤ ਜਲ ਪੀਓਗੇ । ਬਿਨ ਜੀਵਤ ਜੀ ਜੀਓਗੇ । ਹਰਿ ਚਰਨ ਪ੍ਰੀਤੀ ਥੀਓਗੇ । ਆਪਣਾ ਪਾਟਾ ਕਪੜ ਸੀਓਗੇ । ਬੀਜ ਸੱਚਾ ਇਕ ਬੀਓਗੇ । ਜੇ ਮਰ ਵੀ ਗਏ ਤੇ ਫਿਰ ਵੀ ਜੀਓਗੇ । ਜੀ ਕੇ ਦੀਪਕ ਜਗਤ ਬਲੋਵੋਗੇ । ਪ੍ਰਭ ਵਰਗੇ ਭਗਤ ਭਗਵਾਨ ਹੋਵੋਗੇ । ਓਥੇ ਨਾ ਹੱਸੋਗੇ ਨਾ ਰੋਵੋਗੇ । ਨਾ ਆਪਣਾ ਆਪ ਖੋਵੋਗੇ । ਪ੍ਰਭ ਸਤਿਗੁਰ ਦੀ ਸੋਹਣੀ ਸੁਹੰਜਣੀ ਠਾਂਡੀ ਸੀਤਲ ਸਾਂਤਕ ਸਤਿ ਸੇਜ, ਸੁਖ ਆਸਣ ਵਿਚ ਸੋਵੋਗੇ । ਪਾਣੀ ਨਹੀਂ ਅੰਮ੍ਰਿਤ ਸਰ, ਸਰਸਾ ਲੇਖ ਚੁਕਾਇੰਦਾ । ਪਾਣੀ ਨਹੀਂ ਜਿਸ ਦਾ ਛੁਟਿਆ ਲੜ, ਫਿਰ ਓਸੇ ਨਾਲ ਬੰਧਾਇੰਦਾ । ਪਾਣੀ ਨਹੀਂ ਭਗਤ ਭਗਵਾਨ ਦੀ ਲਾਏ ਜੜ, ਲੱਗੀ ਜੜ ਨਾ ਫੇਰ ਕੋਇ ਉਖੜਾਇੰਦਾ । ਪਾਣੀ ਨਹੀਂ ਇਹ ਅੰਦਰ ਵੜ, ਗੁਰਮੁਖਾਂ ਅੱਗ ਬੁਝਾਇੰਦਾ । ਪਾਣੀ ਨਹੀਂ ਬਿਨ ਤਰਨੀਉਂ ਜਾਏ ਤਰ, ਜੋ ਸਤਿਗੁਰ ਚਰਨ ਸਰੋਵਰ ਨਹਾਇੰਦਾ । ਪਾਣੀ ਨਹੀਂ ਇਹ ਪਾਣੀ ਰਿਹਾ ਭਰ, ਪੀਸਣ ਪੀਸ ਤੁਹਾਡੀ ਸੇਵ ਕਮਾਇੰਦਾ । ਪਾਣੀ ਨਹੀਂ ਇਹ ਕਹੇ ਜਮ ਕਾ ਚੁਕਿਆ ਡਰ, ਰਾਏ ਧਰਮ ਨੇੜ ਨਾ ਆਇੰਦਾ । ਪਾਣੀ ਨਹੀਂ ਇਹ ਤੁਹਾਨੂੰ ਮੁੜ ਕੇ ਲੈ ਕੇ ਜਾਏ ਆਪਣੇ ਘਰ, ਜਿਹੜਾ ਘਰ ਹੱਥ ਕਿਸੇ ਨਾ ਆਇੰਦਾ । ਪਾਣੀ ਨਹੀਂ ਸ੍ਰੀ ਭਗਵਾਨ ਦਾ ਵਰ, ਜੋ ਗੁਰਮੁਖਾਂ ਮੁਖ ਚੁਆਇੰਦਾ । ਪਾਣੀ ਨਹੀਂ ਇਹ ਪੁਰਖ ਅਕਾਲ ਦਾ ਭਾਣਾ ਰਿਹਾ ਜਰ, ਹੁਕਮੇ ਅੰਦਰ ਆਪਣੀ ਕਾਰ ਕਮਾਇੰਦਾ । ਪਾਣੀ ਦੇਣ ਵਾਲੇ ਨੂੰ ਲਓ ਫੜ, ਕਿਤੇ ਆਪਣਾ ਪਾਣੀ ਕਿਸੇ ਗੁੱਠ ਵਿਚ ਛੁਪਾਇੰਦਾ । ਭਗਤ ਕਹਿਣ ਹੁਣ ਸਾਥੋਂ ਰਿਹਾ ਡਰ, ਸ੍ਰੀ ਭਗਵਾਨ ਆਪਣਾ ਬਲ ਗਵਾਇੰਦਾ ।

ਅਸੀਂ ਚਾਰੋਂ ਪਾਸਿਉਂ ਆ ਕੇ ਚਾਰੇ ਕੁੰਟਾਂ ਇਹਦੇ ਅੱਗੇ ਗਏ ਅੜ, ਉਤਰ ਪੂਰਬ ਪੱਛਮ ਦੱਖਣ ਦਰਵਾਜ਼ਾ ਨਜ਼ਰ ਕੋਇ ਨਾ ਆਇੰਦਾ । ਵੇਖੇ ਸਾਥੋਂ ਡਰਦਾ ਸਾਡੀਆਂ ਸਿਫ਼ਤਾਂ ਰਿਹਾ ਕਰ, ਸਿਫ਼ਤ ਸਾਲਾਹੀ ਸਿਫ਼ਤ ਸਾਲਾਹਿੰਦਾ । ਅਸੀਂ ਕਿਸੇ ਨੇ ਕੁਛ ਵੀ ਨਹੀਂ ਮੰਗਿਆ ਵਰ, ਫਿਰ ਵੀ ਸਾਡੀ ਝੋਲੀ ਭਰਾਇੰਦਾ । ਜੇ ਅਸੀਂ ਏਹਦੇ ਚਰਨੀ ਜਾਈਏ ਪੜ, ਸਾਡਾ ਘਟ ਕੁਛ ਨਹੀਂ ਜਾਇੰਦਾ । ਏਹਦਾ ਢੋਲਾ ਲਈਏ ਪੜ੍ਹ, ਜੋ ਤੇਰਾ ਮੇਰਾ ਰਾਗ ਅਲਾਇੰਦਾ । ਇਹ ਪਾਣੀ ਨਹੀਂ ਜਿਸ ਦੇ ਪੀਤਿਆਂ ਤਨ ਮਨ ਸੀਤਲ ਹੋ ਕੇ ਜਾਏ ਠਰ, ਠੰਡਕ ਇਕੋ ਇਕ ਵਖਾਇੰਦਾ । ਇਹ ਪਾਣੀ ਨਹੀਂ ਅਠਸਠ ਤੀਰਥ ਏਹਦੇ ਥੱਲੇ ਡਿੱਗੇ ਦੜ, ਏਹਦੇ ਵਿਚ ਲੰਘਣ ਕੋਇ ਨਾ ਪਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਕਲਕੀ ਅਵਤਾਰ, ਆਪਣੀ ਕਲਾਮ ਵਿਚ ਕਿਰਪਾ ਰਿਹਾ ਕਰ, ਅੱਗੇ ਪਿਛੇ ਵਸਤ ਹੱਥ ਨਾ ਕਿਸੇ ਫੜਾਇੰਦਾ ।

★ ੨੯ ਚੇਤ ੨੦੨੦ ਬਿਕਰਮੀ ਵਤਨ ਸਿੰਘ ਦੇ ਗ੍ਰਿਹ ਸਰੀਂਹ ਪੁਰ ਜ਼ਿਲਾ ਹੁਸ਼ਿਆਰ ਪੁਰ ★

ਭਗਤ ਭਗਵਾਨ ਸਚ ਭਰਵਾਸਾ, ਇਕ ਦੂਜੇ ਉਤੇ ਓਟ ਰਖਾਈਆ । ਆਤਮ ਪਰਮਾਤਮ ਖੇਲ ਤਮਾਸ਼ਾ, ਨਿਰਗੁਣ ਸਰਗੁਣ ਵੇਖ ਵਖਾਈਆ । ਮੰਡਲ ਮੰਡਪ ਸਾਚੀ ਰਾਸਾ, ਘਰ ਗੋਪੀ ਕਾਹਨ ਨਚਾਈਆ । ਲੇਖਾ ਚੁੱਕੇ ਪ੍ਰਿਥਮੀ ਆਕਾਸ਼ਾ, ਗਗਨ ਮੰਡਲ ਨਾ ਕੋਇ ਵਡਿਆਈਆ । ਦੀਨ ਦਿਆਲ ਠਾਕਰ ਸੁਆਮੀ ਬਣੇ ਰਾਖਾ, ਮਿਹਰ ਨਜ਼ਰ ਆਪ ਉਠਾਈਆ । ਪਾਰਬ੍ਰਹਮ ਬ੍ਰਹਮ ਜਣਾਏ ਨਿਰਗੁਣ ਜ਼ਾਤਾ, ਵਰਨ ਬਰਨ ਵੰਡ ਨਾ ਕੋਇ ਵੰਡਾਈਆ । ਕੂੜੀ ਕਿਰਿਆ ਮੇਟੇ ਰੈਣ ਅੰਧੇਰੀ ਰਾਤਾ, ਸਤਿਗੁਰ ਸਾਚਾ ਚੰਦ ਚੜ੍ਹਾਈਆ । ਸੋਹੰ ਢੋਲਾ ਧੁਰ ਦੀ ਗਾਥਾ, ਗੁਰ ਅਵਤਾਰ ਪੀਰ ਪੈਗ਼ੰਬਰ ਰਹੇ ਜਸ ਗਾਈਆ । ਸਦਾ ਸੁਹੇਲਾ ਵਸੇ ਸਾਥਾ, ਵਿਛੜ ਕਦੇ ਨਾ ਜਾਈਆ । ਜਨਮ ਜਨਮ ਪੂਰੀ ਕਰੇ ਆਸਾ, ਜੋ ਜਨ ਬੈਠਣ ਧਿਆਨ ਲਗਾਈਆ । ਭਾਗ ਲਗਾਏ ਕਾਇਆ ਕਾਸਾ, ਨਾਮ ਅਮੋਲਕ ਝੋਲੀ ਪਾਈਆ । ਨਿਜ ਆਤਮ ਕਰ ਕਰ ਵਾਸਾ, ਵਸਤੂ ਆਪਣੀ ਦਏ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਮੀਤਾ ਇਕ ਅਖਵਾਈਆ । ਭਗਤਨ ਮੀਤਾ ਏਕਾ ਏਕ, ਆਦਿ ਜੁਗਾਦਿ ਵੱਡੀ ਵਡਿਆਈਆ । ਨਿਰਗੁਣ ਸਰਗੁਣ ਦੇਵਣਹਾਰਾ ਟੇਕ, ਸਿਰ ਸਮਰਥ ਹੱਥ ਰਖਾਈਆ । ਨਿਜ ਨੇਤਰ ਲਏ ਵੇਖ, ਦੋਏ ਦੋਏ ਲੋਚਨ ਬੰਦ ਕਰਾਈਆ । ਸਚ ਪ੍ਰੀਤੀ ਅੰਦਰ ਕਰੇ ਹੇਤ, ਹਿਤਕਾਰੀ ਵਡ ਵਡਿਆਈਆ । ਸੁਰਤੀ ਸ਼ਬਦੀ ਲੇਖਾ ਜਾਣੇ ਚੇਤਨ ਚੇਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵੇਖੇ ਥਾਉਂ ਥਾਈਆ । ਭਗਤ ਭਗਵਾਨ ਸਦਾ ਸੁਹੇਲਾ, ਸਾਚਾ ਸੰਗ ਨਿਭਾਇੰਦਾ । ਧਾਮ ਸੁਹਾਏ ਇਕ ਨਵੇਲਾ, ਮਹੱਲ ਅਟੱਲ ਨਜ਼ਰ ਕਿਸੇ ਨਾ ਆਇੰਦਾ । ਲੇਖਾ ਜਾਣੇ ਗੁਰੂ ਗੁਰ ਚੇਲਾ, ਚੇਲਾ ਗੁਰ ਮੇਲ ਮਿਲਾਇੰਦਾ । ਜੁਗ ਚੌਕੜੀ ਸਦਾ ਸਦਾ ਪ੍ਰਭ ਅਚਰਜ ਖੇਲ ਖੇਲਾ, ਭੇਵ ਅਭੇਦ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਦਇਆ ਕਮਾਇੰਦਾ । ਹਰਿਜਨ ਸਾਚੇ ਦਇਆ ਧਾਰ, ਪ੍ਰਭ ਦੇਵਣਹਾਰ ਵਡਿਆਈਆ । ਜੁਗ ਜੁਗ ਸਦ ਸਦ ਮੇਲਣਹਾਰ, ਮੇਲ ਮਿਲਾਵਾ ਏਕਾ ਥਾਈਆ । ਅੰਤਰ ਆਤਮ ਖੋਲ੍ਹ ਕਿਵਾੜ, ਬੰਦ ਤਾਕੀ ਕੁੰਡਾ ਲਾਹੀਆ । ਅੰਮ੍ਰਿਤ ਸਚ ਪਿਆਲਾ ਦਏ ਪਿਆਲ, ਦੀਨ ਦਿਆਲ ਹੋਏ ਸਹਾਈਆ । ਰੱਖਿਆ ਕਰੇ

ਬਣ ਪ੍ਰਿਤਪਾਲ, ਪ੍ਰਿਤਪਾਲਕ ਸੇਵ ਕਮਾਈਆ । ਜੋ ਜਨ ਸਾਚੀ ਘਾਲਣ ਰਹੇ ਘਾਲ, ਤਿਨ੍ਹਾਂ ਲੇਖਾ ਇਕੋ ਨਾਮ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਨਾਮ ਵਡਿਆਈਆ । ਭਗਤ ਕਹੇ ਪ੍ਰਭ ਸੁਣ ਪੁਕਾਰ, ਇਕੋ ਓਟ ਰਖਾਈਆ । ਵਿਸ਼ਨ ਬ੍ਰਹਮਾ ਸ਼ਿਵ ਨਾ ਕੋਇ ਆਧਾਰ, ਕਰੋੜ ਤੇਤੀਸਾ ਆਸ ਨਾ ਕੋਇ ਰਖਾਈਆ । ਤ੍ਰੈਗੁਣ ਮਾਇਆ ਤੁਟੇ ਜੰਜਾਲ, ਬੰਧਨ ਬੰਧ ਨਾ ਕੋਇ ਪੁਆਈਆ । ਪੰਜ ਤੱਤ ਮਾਰਗ ਦੇ ਵਖਾਲ, ਘਰ ਇਕੋ ਇਕ ਦਰਸਾਈਆ । ਨਿਰਗੁਣ ਸਰਗੁਣ ਚਲਣਾ ਨਾਲ ਨਾਲ, ਬਣ ਪਾਂਧੀ ਫੇਰਾ ਪਾਈਆ । ਡੂੰਘੀ ਕੰਦਰ ਅੰਧੇਰ ਦੀਪਕ ਦੇ ਬਾਲ, ਜੋਤ ਨਿਰੰਜਣ ਕਰ ਰੁਸ਼ਨਾਈਆ । ਅੰਮ੍ਰਿਤ ਆਤਮ ਮਦਿ ਪਿਆਲਾ ਸੀਤਲ ਧਾਰ ਦੇ ਪਿਆਲ, ਨਿਝਰ ਝਿਰਨਾ ਰਸ ਚੁਆਈਆ । ਮੰਦਰ ਅੰਦਰ ਵਖਾ ਸੱਚੀ ਧਰਮਸਾਲ, ਛੱਪਰ ਛੰਨ ਨਜ਼ਰ ਕੋਇ ਨਾ ਆਈਆ । ਮਿਹਰਵਾਨ ਕਰ ਕਿਰਪਾ ਹੱਲ ਕਰ ਸਵਾਲ, ਤੇਰੇ ਅੱਗੇ ਇਕ ਅਰਜ਼ੋਈਆ । ਵੇਲੇ ਅੰਤ ਨਾ ਖਾਏ ਕਾਲ, ਰਾਏ ਧਰਮ ਨਾ ਦਏ ਸਜ਼ਾਈਆ । ਸਾਚੇ ਮੰਦਰ ਲੈਣਾ ਬਹਾਲ, ਜਿਸ ਘਰ ਤੇਰੀ ਵੱਜੇ ਵਧਾਈਆ । ਜਲਵਾ ਨੂਰ ਬੇਮਿਸਾਲ, ਜੋਤੀ ਜੋਤ ਹੋਏ ਰੁਸ਼ਨਾਈਆ । ਲੇਖਾ ਰਹੇ ਨਾ ਸ਼ਾਹ ਕੰਗਾਲ, ਊਚ ਨੀਚ ਨਾ ਕੋਇ ਜਣਾਈਆ । ਠਾਕਰ ਹੋ ਕੇ ਪੁਛੇ ਮੁਰੀਦਾਂ ਹਾਲ, ਮੁਰਸ਼ਦ ਆਪਣਾ ਫੇਰਾ ਪਾਈਆ । ਜੁਗ ਜਨਮ ਦੇ ਵਿਛੜੇ ਭਾਲ, ਪ੍ਰੀਆ ਪ੍ਰੀਤਮ ਆਪਣੇ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਪ੍ਰਭ ਤੇਰੀ ਸਚ ਸਰਨਾਈਆ । ਤੇਰੀ ਆਸ ਬੈਠੇ ਤੱਕ, ਬੇਪਰਵਾਹ ਵੱਡੀ ਵਡਿਆਈਆ । ਕਿਰਪਾ ਕਰ ਪੁਰਖ ਸਮਰਥ, ਦੀਨਨ ਦੀਨ ਦੇਣ ਦੁਹਾਈਆ । ਕੂੜੀ ਕਿਰਿਆ ਵਿਚੋਂ ਰੱਖ, ਸਿਰ ਆਪਣਾ ਹੱਥ ਟਿਕਾਈਆ । ਆਤਮ ਪਰਮਾਤਮ ਮਾਰਗ ਦੱਸ, ਪ੍ਰਭ ਮਿਲੀਏ ਚਾਈਂ ਚਾਈਂਆ । ਉਜੜਿਆ ਖੇੜਾ ਜਾਏ ਵਸ, ਘਰ ਸਾਚੇ ਵੱਜੇ ਵਧਾਈਆ । ਚਰਨ ਕਵਲ ਕਵਲ ਚਰਨ ਹਰਿ ਸਰਨਾਈ ਜਾਈਏ ਢੱਠ, ਸੀਸ ਇਕ ਜਗਦੀਸ਼ ਝੁਕਾਈਆ । ਤੇਰਾ ਨਾਉਂ ਲਈਏ ਰਟ, ਦੂਜਾ ਸੋਹਲਾ ਕੋਇ ਨਾ ਗਾਈਆ । ਤੂੰ ਰੱਖਣਹਾਰਾ ਪਤ, ਪਤਿਪਰਮੇਸ਼ਵਰ ਆਪਣਾ ਨਾਉਂ ਧਰਾਈਆ । ਭਗਤਾਂ ਕੋਲੋਂ ਨਾ ਹੋਣਾ ਵੱਖ, ਇਕੋ ਤੇਰੀ ਓਟ ਤਕਾਈਆ । ਰਲ ਮਿਲ ਸਾਂਝਾ ਗਾਈਏ ਜਸ, ਸਿਫ਼ਤ ਸਿਫ਼ਤਾਂ ਨਾਲ ਸਾਲਾਹੀਆ । ਇਕੇ ਮੰਦਰ ਜਾਈਏ ਵਸ, ਜਿਸ ਘਰ ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਮ ਦੇਣਾ ਸਾਚਾ ਵਰ, ਭਗਤ ਭਗਵਾਨ ਧਿਆਨ ਲਗਾਈਆ । ਭਗਤ ਕਹਿਣ ਪ੍ਰਭ ਤੇਰਾ ਸੰਗ, ਇਕੋ ਇਕ ਨਜ਼ਰੀ ਆਇੰਦਾ । ਕਲਜੁਗ ਨੱਚੇ ਨੌਂ ਖੰਡ ਸੁਰਤੀ ਬਣ ਮਲੰਘ, ਚਾਰੋਂ ਕੁੰਟ ਆਪਣਾ ਤਾਲ ਵਜਾਇੰਦਾ । ਧਰਮ ਦੁਆਰਾ ਕੋਈ ਨਾ ਸਕੇ ਲੰਘ, ਨੌਂ ਦੁਆਰੇ ਪੰਧ ਨਾ ਕੋਇ ਮੁਕਾਇੰਦਾ । ਰਸਨਾ ਗਾ ਗਾ ਥੱਕੀ ਤੇਰਾ ਛੰਦ, ਆਤਮ ਰਸ ਹੱਥ ਕਿਸੇ ਨਾ ਆਇੰਦਾ । ਬਿਨ ਸਾਹਿਬ ਸਤਿਗੁਰ ਸਾਚੀ ਪਾਏ ਨਾ ਕੋਇ ਠੰਡ, ਅਗਨੀ ਤੱਤ ਨਾ ਕੋਇ ਬੁਝਾਇੰਦਾ । ਸੁਰਤ ਸੁਹਾਗਣ ਹੋਏ ਨਾ ਰੰਡ, ਜਗਤ ਵਿਛੋੜਾ ਨਾ ਕੋਇ ਵਖਾਇੰਦਾ । ਤੇਰਾ ਗਾਈਏ ਸੱਚਾ ਛੰਦ, ਸੋਹੰ ਢੋਲਾ ਇਕੋ ਭਾਇੰਦਾ । ਖ਼ੁਸ਼ੀ ਹੋਏ ਬੰਦ ਬੰਦ, ਬੰਦੀਖ਼ਾਨਾ ਕੋਇ ਰਹਿਣ ਨਾ ਪਾਇੰਦਾ । ਭਗਤ ਭਗਵਾਨ ਚੜ੍ਹੇ ਸਾਚਾ ਚੰਦ, ਜੋਤੀ ਨੂਰ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਇੰਦਾ । ਭਗਤ ਭਗਵਾਨ ਇਕੋ ਆਸ, ਆਸਾ ਵਿਚ ਜਣਾਈਆ । ਮਿਲ ਮਿਲ ਬੁਝੇ ਕੂੜੀ ਪਿਆਸ, ਤ੍ਰਿਸ਼ਨਾ ਤ੍ਰਿਖਾ ਰਹਿਣ ਨਾ ਪਾਈਆ । ਘਰ ਮੰਡਲ ਵੇਖੇ ਸਾਚੀ ਰਾਸ,

ਗ੍ਰਿਹ ਆਪਣੇ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਸਦਾ ਵਡਿਆਈਆ । ਦੇਵੇ ਵਡਿਆਈ ਜਿਉਂ ਭਾਉ ਭਾਗ ਬਿਦਰ, ਗ਼ਰੀਬ ਨਿਮਾਣਿਆਂ ਦਇਆ ਕਮਾਇੰਦਾ । ਪੂਰੀ ਕਰਨਹਾਰਾ ਸਧਰ, ਆਸਾ ਆਸਾ ਨਾਲ ਮਿਲਾਇੰਦਾ । ਤਕਦੀਰ ਤਕਸੀਰ ਦੇਵੇ ਬਦਲ, ਤਦਬੀਰ ਆਪਣੇ ਹੱਥ ਰਖਾਇੰਦਾ । ਜੁਗ ਚੌਕੜੀ ਕਰੇ ਸੱਚਾ ਅਦਲ, ਅਦਾਲਤ ਇਕੋ ਇਕ ਵਖਾਇੰਦਾ । ਸ੍ਰੀ ਭਗਵਾਨ ਦੇ ਦਾਨ ਕਰੇ ਮਦਦ, ਵਸਤ ਅਗੰਮ ਝੋਲੀ ਪਾਇੰਦਾ । ਇਕ ਅੰਕੜਾ ਦੋ ਕੀਤੇ ਅਦਦ, ਮੇਲ ਮਿਲਾਵਾ ਆਪਣੇ ਹੱਥ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਕਰਾਇੰਦਾ । ਸਾਚਾ ਖੇਲ ਭਗਤ ਭਗਵਾਨ, ਕਲਜੁਗ ਨਜ਼ਰ ਕਿਸੇ ਨਾ ਆਈਆ । ਆਤਮ ਪਰਮਾਤਮ ਇਕ ਨਿਸ਼ਾਨ, ਘਰ ਸਾਚੇ ਵੇਖ ਵਖਾਈਆ । ਪਾਰਬ੍ਰਹਮ ਬ੍ਰਹਮ ਦੇਵੇ ਦਾਨ, ਵਸਤ ਅਮੋਲਕ ਆਪ ਵਰਤਾਈਆ । ਬੋਧ ਅਗਾਧ ਸ਼ਬਦ ਗਿਆਨ, ਧੁਰ ਸੰਦੇਸ ਕਰੇ ਪੜ੍ਹਾਈਆ । ਮਹੱਲ ਅਟੱਲ ਉਚ ਮਕਾਨ, ਘਰ ਸਾਚਾ ਆਪ ਸੁਹਾਈਆ । ਜੋਤੀ ਨੂਰ ਜੋਤ ਮਹਾਨ, ਨਿਰਗੁਣ ਨਿਰਵੈਰ ਡਗਮਗਾਈਆ । ਲੇਖਾ ਜਾਣ ਦੋ ਜਹਾਨ, ਬ੍ਰਹਿਮੰਡ ਖੰਡ ਖੋਜ ਖੁਜਾਈਆ । ਸੰਤ ਸੁਹੇਲੇ ਰੱਖੇ ਆਣ, ਨਿਰਗੁਣ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭਗਤਾਂ ਲੇਖਾ ਰਿਹਾ ਚੁਕਾਈਆ । ਭਗਤਨ ਲੇਖਾ ਚੁੱਕੇ ਜਗ, ਜਗਤ ਵਿਚ ਰਹਿਣ ਨਾ ਪਾਈਆ । ਕੂੜੀ ਤ੍ਰਿਸ਼ਨਾ ਨਾ ਲੱਗੇ ਅੱਗ, ਅਗਨੀ ਤੱਤ ਨਾ ਕੋਇ ਵਖਾਈਆ । ਸਚ ਪ੍ਰੀਤੀ ਜਾਏ ਬੱਝ, ਡੋਰੀ ਇਕੋ ਨਾਮ ਪਾਈਆ । ਨਾਮ ਨਗਾਰਾ ਜਾਏ ਵਜ, ਅਨਹਦ ਨਾਦੀ ਨਾਦ ਸੁਣਾਈਆ । ਧਰਮ ਦੁਆਰ ਦੀ ਵੇਖੇ ਹੱਦ, ਕਰਮ ਕਾਂਡ ਦਾ ਲੇਖਾ ਦਏ ਮੁਕਾਈਆ । ਸੋਹੰ ਢੋਲਾ ਸ਼ਬਦ ਵਿਚੋਲਾ ਗਾਏ ਛੰਦ, ਗੀਤ ਗੋਬਿੰਦ ਇਕੋ ਇਕ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਵਾਨ ਇਕੋ ਰੰਗ ਰੰਗਾਈਆ । ਭਗਤਨ ਰੰਗ ਸਦਾ ਅਨਡਿਠ, ਜਗਤ ਨੇਤਰ ਨਜ਼ਰ ਕਿਸੇ ਨਾ ਆਇੰਦਾ । ਪਾਰਬ੍ਰਹਮ ਬ੍ਰਹਮ ਸਾਚਾ ਹਿੱਤ, ਘਰ ਮੰਦਰ ਆਪ ਵਖਾਇੰਦਾ । ਕਰਵਟ ਬਦਲੇ ਜੋ ਸੁੱਤਾ ਦੇ ਕਰ ਪਿੱਠ, ਸਵੱਛ ਸਰੂਪੀ ਰੂਪ ਜਣਾਇੰਦਾ । ਮਨ ਵਾਸਨਾ ਲਏ ਜਿਤ, ਪ੍ਰੇਮ ਪ੍ਰੀਤੀ ਖ਼ਾਹਸ਼ ਇਕ ਉਪਜਾਇੰਦਾ । ਕੂੜੀ ਕਿਰਿਆ ਅੰਦਰੋਂ ਬਾਹਰ ਕੱਢੇ ਖਿਚ, ਸਚ ਸੁੱਚ ਆਪ ਵਰਤਾਇੰਦਾ । ਭੇਵ ਚੁਕਾਏ ਕਾਇਆ ਸਾਢੇ ਤਿੰਨ ਹੱਥ ਵਿਚ, ਬਣ ਵਿਚੋਲਾ ਕਾਰ ਕਮਾਇੰਦਾ । ਭਗਤ ਭਗਵਾਨ ਇਕੋ ਸਿਖਿਆ ਲਏ ਸਿਖ, ਸਾਚੀ ਸਿਖਿਆ ਸਿਖੀ ਨਾਮ ਪੜ੍ਹਾਇੰਦਾ । ਚਾਰ ਕੁੰਟ ਦਹਿ ਦਿਸ਼ਾ ਜਿਧਰ ਵੇਖੋ ਸਤਿਗੁਰ ਪੂਰਾ ਪਏ ਦਿਸ, ਪਰਦਾ ਉਹਲਾ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਵਾਨ ਇਕੋ ਘਰ ਵਸਾਇੰਦਾ । ਭਗਤ ਭਗਵਾਨ ਘਰ ਅਵੱਲਾ, ਸੋ ਸਾਹਿਬ ਸਤਿਗੁਰ ਆਪ ਜਣਾਈਆ । ਦੂਰ ਦੁਰਾਡਾ ਸਚ ਮਹੱਲਾ, ਸਚਖੰਡ ਸਾਚਾ ਸੋਭਾ ਪਾਈਆ । ਨਿਰਵੈਰ ਨਿਰੰਕਾਰ ਨਿਰਾਕਾਰ ਫੜਾਏ ਆਪਣਾ ਪੱਲਾ, ਪੱਲੂ ਸ਼ਬਦ ਰੂਪ ਵਖਾਈਆ । ਪਾਵੇ ਸਾਰ ਜਲਾਂ ਥਲਾਂ, ਡੂੰਘੀ ਗਾਰ ਟਿੱਲੇ ਪਰਬਤ ਮਹੀਅਲ ਖੋਜੇ ਬੇਪਰਵਾਹੀਆ । ਜੋਤੀ ਸ਼ਬਦੀ ਨਿਰਗੁਣ ਸਰਗੁਣ ਪੰਜ ਤੱਤ ਕਾਇਆ ਆਪੇ ਰਲਾ, ਤਤਵ ਤਤ ਲੇਖਾ ਆਪਣੇ ਹੱਥ ਰਖਾਈਆ । ਜੋਤ ਪਰਕਾਸ਼ ਪੁਰਖ ਅਬਿਨਾਸ਼ ਬਿਨ ਤੇਲ ਬਾਤੀ ਦੀਪਕ ਆਪੇ ਬਲਾ, ਨੂਰੋ ਨੂਰ ਨੂਰ ਕਰੇ ਰੁਸ਼ਨਾਈਆ । ਸਚ ਸੰਦੇਸ ਨਰ ਨਰੇਸ਼ ਬੋਧ ਅਗਾਧ ਸ਼ਬਦ ਅਗੰਮ ਇਕੋ ਘੱਲਾ, ਦੋ ਜਹਾਨਾਂ ਕਰੇ ਪੜ੍ਹਾਈਆ । ਲੇਖਾ ਜਾਣੇ ਕਾਇਆ ਮੰਦਰ ਅੰਦਰ ਡੂੰਘੀ ਡੱਲਾ, ਜੋਤੀ


੩੪੬
੧੪

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਦੇਵਣਹਾਰ ਵਡਿਆਈਆ । ਭਗਤ ਭਗਵਾਨ ਖੋਲ੍ਹੇ ਅੱਖ, ਮਿਹਰ ਨਜ਼ਰ ਆਪ ਉਠਾਇੰਦਾ । ਸਤਿ ਸਤਿਵਾਦੀ ਮਾਰਗ ਦੱਸ, ਸਾਚੇ ਰਾਹ ਆਪ ਚਲਾਇੰਦਾ । ਧੀਰਜ ਦੇ ਸੰਤੋਖ ਹੱਠ, ਸਤਿ ਧਰਮ ਆਪ ਬੰਧਾਇੰਦਾ । ਲੇਖੇ ਲਾ ਰਤੀ ਰਤ, ਰੁੱਤ ਰੁੱਤੜੀ ਮਾਤ ਮਹਿਕਾਇੰਦਾ । ਮੇਲ ਮਿਲਾਵਾ ਕਮਲਾਪਤ, ਘਰ ਮੰਦਰ ਇਕ ਵਡਿਆਇੰਦਾ । ਲੇਖਾ ਜਾਣ ਪੁਰਖ ਸਮਰਥ, ਸਰਬ ਕਲ ਧਾਰੀ ਆਪਣੀ ਕਾਰ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਮੇਲ ਮਿਲਾਇੰਦਾ । ਹਰਿਜਨ ਮੇਲਾ ਸਾਚੇ ਪੱਤਣ, ਪ੍ਰਭ ਮਾਹੀ ਫੇਰਾ ਪਾਈਆ । ਭਗਤ ਭਗਵਾਨ ਇਕ ਦੂਜੇ ਨੂੰ ਸਦਾ ਤੱਕਣ, ਨੇਤਰ ਨੈਣ ਨੈਣ ਉਠਾਈਆ । ਪੇਖ ਪੇਖ ਕਦੇ ਨਾ ਥੱਕਣ, ਸੁਖ ਸੁਖ ਵਿਚੋਂ ਉਪਜਾਈਆ । ਇਕ ਦੂਜੇ ਨੂੰ ਗੋਦੀ ਚੁੱਕਣ, ਜੁਗ ਜੁਗ ਖ਼ੁਸ਼ੀ ਮਨਾਈਆ । ਅਗਲਾ ਪਿਛਲਾ ਹਾਲ ਪੁਛਣ, ਕਿਉਂ ਪਾਈ ਨਿਰਗੁਣ ਸਰਗੁਣ ਨਾਲ ਜੁਦਾਈਆ । ਕਲਜੁਗ ਅੰਤਮ ਪਾਰਬ੍ਰਹਮ ਪ੍ਰਭ ਤੈਨੂੰ ਨਹੀਂ ਦੇਣਾ ਲੁਕਣ, ਤੇਰੀ ਲੁਕਣ ਮੀਚੀ ਜਨ ਭਗਤਾਂ ਰਹੀ ਸਤਾਈਆ । ਤੇਰੀ ਖੇਲ ਸਦਾ ਅਨਡੀਠੀ, ਨਿੱਕੀ ਨਿੱਕੀ ਸਮਝ ਕਿਸੇ ਨਾ ਆਈਆ । ਤੇਰੇ ਵਿਛੋੜੇ ਵੈਰਾਗ ਅੰਦਰ ਭਗਤ ਆਤਮਾ ਰੋ ਰੋ ਪਿੱਟੀ, ਨੇਤਰ ਨੈਣਾਂ ਨੀਰ ਵਹਾਈਆ । ਤੇਰੀ ਧਾਰ ਨਾ ਦਿਸੀ ਚਿੱਟੀ, ਸਤਿ ਸਫ਼ੈਦੀ ਕਾਰ ਨਾ ਕੋਇ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਚਰਨ ਧਿਆਨ ਲਗਾਈਆ । ਭਗਤ ਭਗਵਾਨ ਨੇਤਰ ਰੋ, ਨੈਣਾਂ ਛਹਿਬਰ ਲਾਈਆ । ਇਕ ਦੂਜੇ ਦੀ ਕੋਈ ਨਾ ਸੁਣੇ ਸੋ, ਸੋਇਆ ਮਾਤ ਨਾ ਕੋਇ ਉਠਾਈਆ । ਪ੍ਰੇਮ ਪ੍ਰੀਤੀ ਕਰੇ ਨਾ ਕੋਈ ਮੋਹ, ਮੁਹੱਬਤ ਬੈਠੀ ਮੁਖ ਭੁਆਈਆ । ਆਤਮ ਪਰਮਾਤਮ ਹੋ ਨਿਰਮੋਹ, ਵਿਛੋੜਾ ਘਰ ਘਰ ਰਹੇ ਜਣਾਈਆ । ਨਾ ਕੋਈ ਦੇਵੇ ਢੋਆ ਢੋ, ਵਸਤ ਹੱਕ ਨਾ ਝੋਲੀ ਪਾਈਆ । ਆਪਣਾ ਆਪ ਸਾਰੇ ਬੈਠੇ ਖੋਹ, ਖ਼ਾਲੀ ਹੱਥ ਦੇਣ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਤੁਧ ਬਿਨ ਮਿਲੇ ਨਾ ਕੋਇ ਸਰਨਾਈਆ । ਭਗਤ ਕਹੇ ਭਗਵਾਨ ਤੇਰੀ ਸਰਨਾ, ਸਰਨਗਤ ਇਕੋ ਇਕ ਜਣਾਇੰਦਾ । ਤੇਰੀ ਕਿਰਪਾ ਖੁਲ੍ਹੇ ਨੈਣ ਹਰਨਾ ਫ਼ਰਨਾ, ਫੁਰਨਾ ਇਕੋ ਇਕ ਨਜ਼ਰੀ ਆਇੰਦਾ । ਕਲਜੁਗ ਅੰਤ ਤੇਰੇ ਸਹਾਰੇ ਤਰਨਾ, ਡੂੰਘੇ ਸਾਗਰ ਸ਼ੌਹ ਦਰਯਾ ਨਾ ਕੋਇ ਰੁੜ੍ਹਾਇੰਦਾ । ਪਾਰਬ੍ਰਹਮ ਪ੍ਰਭ ਤੇਰੇ ਮੰਦਰ ਵੜਨਾ, ਜਿਸ ਘਰ ਇਕੋ ਰੰਗ ਨਜ਼ਰੀ ਆਇੰਦਾ । ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਤੇਰਾ ਢੋਲਾ ਪੜ੍ਹਨਾ, ਦੂਜਾ ਰਾਗ ਨਾ ਕੋਇ ਵਡਿਆਇੰਦਾ । ਨਿਰਗੁਣ ਸਰਗੁਣ ਤੇਰਾ ਪੱਲੂ ਫੜਨਾ, ਫੜਿਆ ਲੜ ਨਾ ਕੋਇ ਛੁਡਾਇੰਦਾ । ਕਰ ਕਿਰਪਾ ਕੱਟ ਦੇ ਜੀਣਾ ਮਰਨਾ, ਜੀਵਣ ਮਰਨ ਤੇਰੇ ਭਗਤ ਕੋਇ ਨਾ ਭਾਇੰਦਾ । ਲੇਖਾ ਟੁੱਟ ਜਾਏ ਵਰਨਾਂ ਬਰਨਾਂ, ਜ਼ਾਤ ਪਾਤ ਨਾ ਕੋਇ ਜਣਾਇੰਦਾ । ਲੱਗੇ ਪ੍ਰੀਤੀ ਤੇਰੇ ਚਰਨਾਂ, ਲੱਗੀ ਪ੍ਰੀਤ ਨਾ ਕੋਇ ਤੁੜਾਇੰਦਾ । ਦਰ ਆ ਕੇ ਬਾਹੋਂ ਫੜਨਾ, ਪ੍ਰਭ ਤੈਨੂੰ ਏਹੋ ਭਾਇੰਦਾ । ਤੇਰੇ ਸੋਹਣੇ ਮੰਦਰ ਚੜ੍ਹਨਾ, ਜਿਸ ਦਾ ਪੌੜਾ ਨਜ਼ਰ ਕਿਸੇ ਨਾ ਆਇੰਦਾ । ਨਿਰਗੁਣ ਤੇਰਾ ਦਰਸ਼ਨ ਕਰਨਾ, ਸਰਗੁਣ ਤੇਰਾ ਨਾਉਂ ਸਿਫ਼ਤ ਸਲਾਹਿੰਦਾ । ਤੂੰ ਕਿਰਪਾ ਨਿਧਾਨ ਅੱਗੇ ਹੋ ਕੇ ਖੜਨਾ, ਮੁਖ ਪਰਦਾ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰਾ ਦਰਸ਼ਨ ਮੋਹੇ ਭਾਇੰਦਾ । ਹਰਿ ਭਗਤ ਦਰਸ ਕਰਾਵਾਂਗਾ । ਘਰ ਆਪਣੇ ਪਰਦਾ ਲਾਹਵਾਂਗਾ । ਕਲਜੁਗ ਸੜਦਾ ਫੜ ਬਚਾਵਾਂਗਾ । ਮਰਦਾ ਮਰਦਾ ਗਲੇ ਲਗਾਵਾਂਗਾ ।

ਕਰ ਬਰਦਾ ਕੋਲ ਬਹਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਭਗਤਾਂ ਹੱਥ ਟਿਕਾਵਾਂਗਾ । ਸਿਰ ਰੱਖੇ ਹੱਥ ਸਵਾਮੀ, ਸਾਹਿਬ ਸਤਿਗੁਰ ਹੋਏ ਸਹਾਈਆ । ਭਗਤ ਭਗਵਾਨ ਅੰਤਰਜਾਮੀ, ਅੰਤਰ ਆਤਮ ਵੇਖ ਵਖਾਈਆ । ਸੁਣਾਵਣਹਾਰਾ ਸ਼ਬਦ ਬੋਧ ਅਗਾਧ ਬਾਣੀ, ਤੀਰ ਨਿਰਾਲਾ ਬਾਣ ਲਗਾਈਆ । ਦੇਵਣਹਾਰਾ ਅੰਮ੍ਰਿਤ ਰਸ ਠੰਡਾ ਪਾਣੀ, ਨਿਝਰ ਝਿਰਨਾ ਇਕ ਝਿਰਾਈਆ । ਲੇਖਾ ਚੁੱਕੇ ਚਾਰ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਫੇਰਾ ਫੇਰ ਨਾ ਪਾਈਆ । ਗੁਰ ਕਾ ਸ਼ਬਦ ਮਿਲੇ ਹਾਣੀ, ਮੇਲ ਮਿਲਾਵਾ ਸਹਿਜ ਸੁਭਾਈਆ । ਸਚਖੰਡ ਦੁਆਰ ਏਕਾ ਬਖ਼ਸ਼ੇ ਚਰਨ ਧਿਆਨੀ, ਗੜ੍ਹ ਹੰਕਾਰ ਨਾ ਕੋਇ ਵਖਾਈਆ । ਪ੍ਰਭ ਭਗਤਾਂ ਦੇਵੇ ਨਾਮ ਨਿਸ਼ਾਨੀ, ਦੋ ਜਹਾਨਾਂ ਦਏ ਝੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿ ਭਗਤ ਦੇਵੇ ਸਾਚਾ ਦਾਨ ਸਾਚੀ ਦਾਤ, ਦਾਤਾ ਦਾਨੀ ਦਇਆਵਾਨ ਹਰਿਜਨ ਝੋਲੀ ਪਾਈਆ ।

ਕਿੰਗ ਕਹੇ ਮੈਂ ਕਰੀ ਪੁਕਾਰ, ਦਰ ਆ ਕੇ ਦਿਤੀ ਦੁਹਾਈਆ । ਮੇਰੀ ਤੁੰਬੀ ਦੀ ਖਲੜੀ ਕੋਈ ਨਾ ਦੇਵੇ ਫੇਰ ਪਾੜ, ਆਰ ਪਾਰ ਤਾਰ ਨਾ ਕੋਇ ਲੰਘਾਈਆ । ਤਾਰ ਰੋਵੇ ਨੇਤਰ ਜ਼ਾਰੋ ਜ਼ਾਰ, ਮੈਨੂੰ ਅਗਨੀ ਵਿਚ ਕੋਇ ਨਾ ਪਾਈਆ । ਕਿਲੀ ਕਹੇ ਮੈਨੂੰ ਮਰੋੜੇ ਨਾ ਕੋਈ ਵਿਚ ਸੰਸਾਰ, ਹੱਥ ਮੇਰੇ ਉਤੇ ਟਿਕਾਈਆ । ਮੈਂ ਭੁੱਲੀ ਭੱਟਕੀ ਆਈ ਤੇਰੇ ਦੁਆਰ, ਆਪਣਾ ਹਾਲ ਰਹੀ ਸੁਣਾਈਆ । ਹੇਠਾਂ ਉਤਾਂ ਮੇਰੇ ਉਂਗਲਾਂ ਰਹੇ ਮਾਰ, ਇਸ਼ਾਰਿਆਂ ਨਾਲ ਨਾਚ ਕਰਾਈਆ । ਜੇ ਮੇਰਾ ਉਖੜ ਜਾਵੇ ਤਾਲ, ਦੇ ਮਰੋੜਾ ਮੇਰਾ ਰਾਗ ਕੰਨਾਂ ਕੋਲ ਸੁਣਨ ਪਾਈਆ । ਮੈਂ ਗਾ ਗਾ ਹੋਈ ਨਢਾਲ, ਮੇਰੀ ਸੁਰਤ ਦਏ ਦੁਹਾਈਆ । ਜਿੰਨਾਂ ਚਿਰ ਪ੍ਰਭ ਹੋਏਂ ਨਾ ਆਪ ਦਿਆਲ, ਮੇਰਾ ਲੇਖਾ ਸਕੇ ਨਾ ਕੋਇ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਣੀ ਸਚ ਸਰਨਾਈਆ । ਘੜਾ ਕਹੇ ਮੇਰਾ ਮੂੰਹ ਕੀਤਾ ਬੰਦ, ਉਤੇ ਪਰਦਾ ਰਹੇ ਪਾਈਆ । ਮੈਂ ਬੋਲਾਂ ਬਿਨ ਬੱਤੀ ਦੰਦ, ਆਪਣਾ ਹਾਲ ਸੁਣਾਈਆ । ਹੱਥਾਂ ਨਾਲ ਮੈਨੂੰ ਰਹੇ ਛੰਡ, ਉਂਗਲੀ ਉਂਗਲੀ ਚੋਟ ਲਗਾਈਆ । ਮੇਰੀ ਵੱਖੀਆਂ ਭੰਨ ਕੇ ਦਿਤਾ ਮੈਨੂੰ ਦੰਡ, ਰੋੜੇ ਠੀਕਰਾਂ ਮੇਰਾ ਤਾਲ ਬਣਾਈਆ । ਮੈਂ ਬ੍ਰਿਹੋਂ ਵਿਛੋੜਾ ਤੇਰਾ ਅੰਦਰੇ ਅੰਦਰ ਗਾਵਾਂ ਛੰਦ, ਬੇਵਸ ਰਿਹਾ ਕੁਰਲਾਈਆ । ਕਰ ਕਿਰਪਾ ਸਾਹਿਬ ਬਖ਼ਸ਼ੰਦ, ਦਰ ਤੇਰੇ ਅਰਜ਼ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਢੋਲਕ ਕਹੇ ਪ੍ਰਭ ਮੇਰਾ ਵੇਖ ਤਾਲ, ਬੇਤਾਲੀ ਤੇਰਾ ਧਿਆਨ ਲਗਾਈਆ । ਤਨ ਨਾਲੋਂ ਵੱਖਰੀ ਕੀਤੀ ਖੱਲ, ਕਾਠ ਨਾਲ ਜੋੜ ਜੁੜਾਈਆ । ਰੱਸੀਆਂ ਨਾਲ ਮੈਨੂੰ ਦਿਤਾ ਬੰਨ੍ਹ, ਤੱਤ ਨਕੋੜਾ ਇਕੋ ਪਾਈਆ । ਖਿਚ ਖਿਚ ਕੇ ਦਿਤਾ ਡੰਨ, ਹਿਲ ਸਕਾਂ ਜ਼ਰਾ ਨਾ ਰਾਈਆ । ਜਿਸ ਵੇਲੇ ਮੈਨੂੰ ਮਾਰਨ ਮੈਂ ਕਹਾਂ ਧੰਨ ਧੰਨ, ਧੰਨ ਤੇਰੀ ਵਡਿਆਈਆ । ਮੈਂ ਡਰਦੀ ਮਾਰੀ ਦਰ ਦੁਆਰੇ ਤੇਰੇ ਆਈ ਚਲ, ਆਪਣਾ ਪੈਂਡਾ ਜਗਤ ਮੁਕਾਈਆ । ਮੈਂ ਸੰਗਤ ਵਿਚ ਬੈਠੀ ਰਲ, ਚਰਨ ਧੂੜੀ ਮਸਤਕ ਆਪਣਾ ਟਿੱਕਾ ਲਾਈਆ । ਦਰ ਆਈ ਨੂੰ ਦੇ ਆਪਣਾ ਫਲ, ਤੇਰੇ ਹੱਥ ਵੱਡੀ ਵਡਿਆਈਆ । ਵੇਖੀਂ ਖ਼ਾਲੀ ਹੱਥੀਂ ਨਾ ਦੇਵੀਂ ਘੱਲ, ਤੇਰੇ ਦਰ ਤੇ ਆਇਆ ਖ਼ਾਲੀ ਕੋਈ ਨਾ ਜਾਈਆ । ਮੇਰਾ ਜਨਮ ਜਨਮ ਦਾ ਮੇਟੀਂ ਸਲ, ਕਰਮ ਕਰਮ ਦਾ ਰੋਗ

ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਗਾਵਣ ਆਏ ਆਏ ਭਗਤ, ਸੋਭਾ ਰਾਗ ਸੁਣਾਈਆ । ਭੇਵ ਨਾ ਜਾਣੇ ਕੋਈ ਜੀਵ ਜਗਤ, ਪ੍ਰਭ ਹੱਥ ਕੀ ਵਡਿਆਈਆ । ਸੁਣਾ ਗੌਣਾ ਖੇਲ ਫ਼ਕਤ, ਫ਼ਿਕਰਾ ਹੱਕ ਨਾ ਕੋਇ ਸਮਝਾਈਆ । ਸ੍ਰੀ ਭਗਵਾਨ ਲੇਖੇ ਲਾਏ ਬੂੰਦ ਰਕਤ, ਜੋ ਚਲ ਆਏ ਸਰਨਾਈਆ । ਮਾਤ ਗਰਭ ਫੇਰ ਨਾ ਆਏ ਪਰਤ, ਜੋ ਨੇਤਰ ਲੋਚਣ ਨੈਣ ਦਰਸ਼ਨ ਪਾਈਆ । ਕੂੜੀ ਕਿਰਿਆ ਮਾਇਆ ਮਮਤਾ ਹਉਮੇ ਹੰਗਤਾ ਪਿੱਛੇ ਦੇਵੇ ਹਟਕ, ਗੁਰਮਤ ਇਕੋ ਇਕ ਸਮਝਾਈਆ । ਮਾਨਸ ਜਨਮ ਵਿਚ ਪਾਰ ਉਤਰਨ ਦੀ ਰਹਿ ਨਾ ਜਾਏ ਰੜਕ, ਜੋ ਸਤਿਗੁਰ ਪਏ ਸਰਨਾਈਆ । ਸਤਿਗੁਰ ਪੂਰਾ ਕਿਰਪਾ ਕਰ ਕੇ ਇਕੋ ਵਖਾਏ ਨਾਮ ਸੜਕ, ਗੁਰਮੁਖ ਭੱਜਾ ਜਾਏ ਵਾਹੋ ਦਾਹੀਆ । ਅੱਗੇ ਸਚਖੰਡ ਨਿਵਾਸੀ ਦੇ ਸੱਚੇ ਕਰੇ ਦਰਸ, ਨਿਰਗੁਣ ਜੋਤ ਜੋਤ ਨਜ਼ਰੀ ਆਈਆ । ਅਗਲੀ ਪਿਛਲੀ ਦੋ ਜਹਾਨ ਦੀ ਮਿਟੇ ਹਰਸ, ਲੇਖਾ ਬਾਕੀ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਸਭ ਦਾ ਰਿਹਾ ਮੁਕਾਈਆ । ਸੁਣ ਕਿੰਗ ਤੇਰਾ ਲੇਖਾ ਮੁੱਕਾ, ਮੁੱਕੀ ਜਗਤ ਜੁਦਾਈਆ । ਸੁਣ ਘੜੇ ਤੇਰਾ ਵੇਲਾ ਢੁਕਾ, ਕੁੰਭ ਜਲ ਨਾਲ ਤਰਾਈਆ । ਸੁਣ ਢੋਲਕ ਤੇਰਾ ਆਵਣ ਜਾਵਣ ਛੁੱਟਾ, ਛੁੱਟੀ ਜਗਤ ਲੋਕਾਈਆ । ਗਾਵਣਹਾਰੇ ਤੇਰਾ ਭਾਗ ਜਾਗਾ ਸੁੱਤਾ, ਸੋਈ ਸੁਰਤ ਜਗਾਈਆ । ਬੋਲਣਹਾਰੇ ਤੇਰਾ ਬੋਲ ਨਾ ਲੱਗਾ ਫ਼ਿੱਕਾ, ਪ੍ਰਭ ਦੇਵਣਹਾਰ ਵਡਿਆਈਆ । ਮਾਣਸ ਜਨਮ ਸਭ ਨੇ ਆ ਕੇ ਜਿਤਾ, ਜੋ ਨੇਤਰ ਲੋਚਣ ਦਰਸ਼ਨ ਪਾਈਆ । ਸਾਹਿਬ ਸਤਿਗੁਰ ਇਕੋ ਡਿਠਾ, ਜਿਸ ਡਿਠਿਆਂ ਲੱਖ ਚੁਰਾਸੀ ਦੁੱਖ ਰਹੇ ਨਾ ਰਾਈਆ । ਆਦਿ ਜੁਗਾਦੀ ਇਕੋ ਪਿਤਾ, ਪੁਰਖ ਅਕਾਲ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਦਇਆ ਕਮਾਈਆ । ਕਿੰਗ ਕਹੇ ਮੇਰੀ ਸੋਹਣੀ ਲੱਗੀ ਪੁਕਾਰ, ਸ੍ਰੀ ਭਗਵਾਨ ਦਇਆ ਕਮਾਇੰਦਾ । ਘੜਾ ਕਹੇ ਮੇਰਾ ਉਚਾ ਸੁਣ ਜੈਕਾਰ, ਛੇਤੀ ਛੇਤੀ ਸਾਡੇ ਕੋਲ ਆਇੰਦਾ । ਢੋਲਕ ਕਹੇ ਮੇਰੀ ਸੁਣ ਕੇ ਹਾਹਾਕਾਰ, ਬਣ ਦਰਦੀ ਦਰਦ ਵੰਡਾਇੰਦਾ । ਗਾਵਣਹਾਰਾ ਕਹੇ ਮੇਰਾ ਸੁਰਤੀ ਸ਼ਬਦ ਵੇਖ ਪਿਆਰ, ਪ੍ਰੀਤੀ ਚਰਨਾਂ ਨਾਲ ਜੁੜਾਇੰਦਾ । ਬੋਲਣਹਾਰਾ ਕਹੇ ਪ੍ਰਭ ਦੇਵੇ ਦਰਸ ਦੀਦਾਰ, ਦੀਦ ਈਦ ਚੰਦ ਚੜ੍ਹਾਇੰਦਾ । ਸੋ ਮੰਦਰ ਸੋਹੇ ਦੁਆਰ, ਜਿਸ ਗ੍ਰਿਹ ਸਤਿਗੁਰ ਚਰਨ ਟਿਕਾਇੰਦਾ । ਵਤਨ ਸਿੰਘ ਦਾ ਵਤਨ ਵਸਦਾ ਰਹੇ ਅਪਾਰ, ਖੇੜਾ ਆਪਣੇ ਰੰਗ ਰੰਗਾਇੰਦਾ । ਜੋ ਦਰ ਆ ਸੱਚੇ ਦਿਲੋਂ ਕਰ ਕੇ ਜਾਏ ਨਿਮਸਕਾਰ, ਜਨਮ ਮਰਨ ਵਿਚ ਫੇਰ ਕਦੇ ਨਾ ਆਇੰਦਾ । ਢੋਲਕ ਘੜਾ ਕਿੰਗ ਗਾਵਣਹਾਰੇ ਉਤਰੇ ਪਾਰ, ਪਾਰ ਕਿਨਾਰਾ ਮੰਜਧਾਰਾ ਡੂੰਘਾ ਸੰਸਾਰਾ ਹਰਿ ਨਿਰੰਕਾਰਾ ਕਿਰਪਾ ਧਾਰਾ, ਮਿਹਰ ਨਜ਼ਰ ਨਾਲ ਤਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਰਬ ਵਰ, ਘਰ ਘਰ ਆਪਣਾ ਖੇਲ ਖਲਾਇੰਦਾ । ਪੂਰਬ ਲੇਖਾ ਵੱਡਾ ਲਹਿਣਾ, ਲਹਿਣੇਦਾਰ ਝੋਲੀ ਪਾਈਆ । ਏਨ੍ਹਾਂ ਭੱਟਾਂ ਕੋਲੋਂ ਸਿਖਿਆ ਬਹਿਣਾ, ਗੁਰ ਅਰਜਨ ਦਰ ਮਿਲੀ ਵਡਿਆਈਆ । ਪਹਿਲੇ ਦਿਨ ਕੱਠਿਆਂ ਹੋ ਕੇ ਨਾਮ ਸੱਚਾ ਕਹਿਣਾ, ਗਵਾਰ ਜੱਟਾਂ ਖ਼ੁਸ਼ੀ ਮਨਾਈਆ । ਵਿਆਹ ਸ਼ਾਦੀ ਦਾ ਚੁਕਿਆ ਲਹਿਣਾ, ਲਹਿਣੇਦਾਰ ਸਤਿਗੁਰ ਇਕੋ ਨਜ਼ਰੀ ਆਈਆ । ਤਿੰਨਾਂ ਨਾਲ ਤਿੰਨਾਂ ਮਿਲ ਕੇ ਬਹਿਣਾ, ਤ੍ਰੈਗੁਣ ਮਾਇਆ ਕੂੜੀ ਛਾਇਆ ਵਿਸ਼ਨ ਬ੍ਰਹਮਾ ਸ਼ਿਵ ਤ੍ਰੈਭਵਨ ਧਨੀ ਆਪਣਾ ਰਾਹ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਪੂਰਬ ਲੇਖਾ ਰੱਖੇ ਵਿਚ ਭਰਮ ਭੁਲੇਖਾ, ਬਿਨ ਗੁਰਮੁਖ ਸੱਚੇ ਭੇਵ ਨਾ ਕਿਸੇ

੩੫੦
੧੪

ਸਮਝਾਈਆ । ਪਟਨੇ ਵਾਲਾ ਦਇਆ ਕਮੌਂਦਾ, ਗੁਰਮੁਖ ਸੱਜਣ ਫੜ ਉਠੌਂਦਾ, ਘੜਾ ਤਨ ਦਾ ਵਜੌਂਦਾ, ਢੋਲ ਸ਼ਬਦ ਦਾ ਸੁਣੌਂਦਾ, ਕਿੰਗ ਪ੍ਰੇਮ ਤਾਰ ਹਿਲੌਂਦਾ, ਨਜ਼ਰ ਕਿਸੇ ਨੂੰ ਮਾਤ ਨਾ ਔਂਦਾ, ਸੱਜਣ ਵਿਰਲੇ ਆਪ ਮਿਲੌਂਦਾ, ਆਪਣਾ ਕਰੇ ਕਮਾਲ ਆ । ਮਿਹਰ ਨਜ਼ਰ ਉਠਾਈਆ, ਹਰਿ ਸੰਗਤ ਮੇਲ ਮਿਲਾਈਆ, ਓਹੋ ਪਟਨੇ ਵਾਲਾ ਸੱਚਾ ਮਾਹੀਆ, ਪਟਨੇ ਵਾਲਾ ਖੇਲ ਰਚੌਂਦਾ । । ਸੋਏ ਗੁਰਮੁਖ ਆਪ ਉਠੌਂਦਾ । ਇਕੋ ਰਾਗ ਆਪ ਅਲੌਂਦਾ । ਬਿਨ ਕੰਨਾਂ ਆਪ ਸੁਣੌਂਦਾ । ਕਰੇ ਖੇਲ ਜੋ ਹਰਿ ਭੌਂਦਾ । ਇਕ ਦਰ ਢਾਹੇ ਇਕ ਦਰ ਬਣੌਂਦਾ । ਜੋਤੀ ਨੂਰ ਇਕ ਚਮਕੌਂਦਾ । ਕਲਗੀ ਤੋੜਾ ਸੀਸ ਰਖੌਂਦਾ । ਭਗਤ ਭਗਵਾਨ ਜੋੜਾ ਆਪ ਬਣੌਂਦਾ । ਥੋੜਾ ਥੋੜਾ ਰਾਹ ਵਖੌਂਦਾ । ਪਟਨੇ ਵਾਲਾ ਪਿਛਲਾ ਪਿਆਰ ਨਹੀਂ ਅਜੇ ਭੁਲੌਂਦਾ । । ਕਿੰਗ ਢੋਲਕੀ ਘੜੇ ਵਾਲੇ ਆਏ ਨੇ । ਆ ਕੇ ਹਾਲ ਸੁਣਾਏ ਨੇ । ਪ੍ਰਭ ਦੁਖੀਆਂ ਦਰਦ ਵੰਡਾਏ ਨੇ । ਫੜ ਬਾਹੋਂ ਉਂਗਲੀ ਲਾਏ ਨੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਿਨ ਕਰਨੀਉਂ ਹਰਿ ਸੰਗਤ ਨਾਲ ਤਰਾਏ ਨੇ । ਸੋਹਣਾ ਦਰਬਾਰ ਲਗਾਇਆ ਏ । ਬ੍ਰਹਮ ਕਿੰਗ ਇਕ ਵਜਾਇਆ ਏ । ਸ਼ਬਦ ਧੁਨ ਰਾਗ ਅਲਾਇਆ ਏ । ਕਾਇਆ ਕੁੰਭ ਆਪ ਸੁਹਾਇਆ ਏ । ਢੋਲ ਮਰਦੰਗ ਨਾਲ ਰਲਾਇਆ ਏ । ਪ੍ਰਭ ਸਾਚਾ ਸੰਗ ਵਖਾਇਆ ਏ । ਲੋਕਮਾਤ ਵਕਤ ਸੁਹਾਇਆ ਏ । ਗੁਰ ਪੀਰ ਅਵਤਾਰ ਵੇਖਣ ਆਇਆ ਏ । ਵਿਸ਼ਨ ਬ੍ਰਹਮਾ ਸ਼ਿਵ ਸੀਸ ਝੁਕਾਇਆ ਏ । ਕਰੋੜ ਤੇਤੀਸਾ ਨੈਣ ਸ਼ਰਮਾਇਆ ਏ । ਗਣ ਗੰਧਰਬ ਮਾਣ ਗਵਾਇਆ ਏ । ਪੀਰ ਪੈਗ਼ੰਬਰ ਸਜਦਾ ਇਕ ਕਰਾਇਆ ਏ । ਸ਼ਾਸਤਰ ਸਿਮਰਤ ਵੇਦ ਪੁਰਾਨ ਨੇਤਰ ਨੈਣ ਰਿਹਾ ਸ਼ਰਮਾਇਆ ਏ । ਚਾਰ ਯੁਗ ਸਤਿਜੁਗ ਤ੍ਰੇਤਾ ਦੁਆਪਰ ਦਰ ਆਪਣਾ ਦੁੱਖ ਸੁਣਾਇਆ ਏ । ਸ੍ਰੀ ਭਗਵਾਨ ਉਜਲ ਕਰੇ ਸਭ ਦੇ ਮੁਖ, ਜੋ ਚਲ ਸਰਨਾਈ ਆਇਆ ਏ । ਜਨਮ ਜਨਮ ਦਾ ਕੱਟੇ ਦੁੱਖ, ਦਰਦ ਦਰਦੀਆਂ ਨਾਲ ਵੰਡਾਇਆ ਏ । ਮਾਤ ਗਰਭ ਨਾ ਹੋਏ ਉਲਟਾ ਰੁਖ, ਜਮ ਕੀ ਫਾਸੀ ਦਏ ਤੁੜਾਇਆ ਏ । ਆਪਣੀ ਗੋਦੀ ਲਏ ਚੁੱਕ, ਸਾਚੀ ਡੋਲੀ ਆਪ ਬਹਾਇਆ ਏ । ਆਵਣ ਜਾਵਣ ਦਾ ਪੈਂਡਾ ਜਾਏ ਮੁੱਕ, ਜਿਨ੍ਹਾਂ ਤੰਦ ਸਤਾਰ ਵਜਾਇਆ ਏ । ਨੇਤਰ ਕੀਤਾ ਦਰਸ ਝੁਕ, ਉਪਰ ਅੱਖ ਨਾ ਕੋਇ ਉਠਾਇਆ ਏ । ਵੇਲੇ ਅੰਤ ਲਏ ਪੁੱਛ, ਘਰ ਘਰ ਆਪਣਾ ਫੇਰਾ ਪਾਇਆ ਏ । ਮਾਣਸ ਜਨਮ ਸੁਹਾਏ ਰੁੱਤ, ਕਾਇਆ ਪੱਤ ਡਾਲੀ ਆਪ ਮਹਿਕਾਇਆ ਏ । ਸੋ ਸਾਹਿਬ ਦੇ ਸੱਚੇ ਪੁੱਤ, ਜਿਨ੍ਹਾਂ ਆਪਣਾ ਰਾਹ ਵਖਾਇਆ ਏ । ਏਥੇ ਓਥੇ ਲੋਕਮਾਤ ਵਿਚ ਰਹੇ ਨਾ ਕੋਈ ਲੁਕ, ਹਰਿ ਜੂ ਪਰਦਾ ਆਪ ਉਠਾਇਆ ਏ । ਢੋਲ ਘੜੇ ਕੋਲੋਂ ਰਿਹਾ ਪੁੱਛ, ਕੀ ਮਾਹੀ ਸੱਚਾ ਨਜ਼ਰੀ ਆਇਆ ਏ । ਕਿੰਗ ਕਹੇ ਮੇਰਾ ਬਦਲਿਆ ਰੁਖ਼, ਮੇਰੀ ਤਾਰ ਆਪਣੇ ਨਾਲ ਮਿਲਾਇਆ ਏ । ਮੈਂ ਧੰਨ ਭਾਗ ਕਰਾਂ ਜਿਨ੍ਹਾਂ ਮੈਨੂੰ ਲਿਆਂਦਾ ਚੁੱਕ, ਆ ਕੇ ਹਰਿ ਦੀ ਸੇਵ ਲਗਾਇਆ ਏ । ਮੈਂ ਵੇਖਾਂ ਉਚੀ ਅੱਡੀ ਉਠ, ਸ਼ਾਹਸਵਾਰਾ ਕਿਹੜੀ ਕੂਟੋਂ ਫੇਰਾ ਪਾਇਆ ਏ । ਗ਼ਰੀਬ ਨਿਮਾਣਿਆਂ ਉਤੇ ਰਿਹਾ ਤੁਠ, ਮਿਹਰ ਨਜ਼ਰ ਇਕ ਟਿਕਾਇਆ ਏ । ਬੌਹੜੀ ਦੁਹਾਈ ਸਾਡੇ ਕੋਲ ਨਹੀਂ ਕੁਛ, ਜੋ ਸੁਣਿਆ ਸੋ ਸਭ ਦਾ ਜਸ ਗਾਇਆ ਏ । ਜੇ ਅੱਗੇ ਦਾ ਹਾਲ ਪ੍ਰਭ ਲਏ ਪੁੱਛ, ਰਾਹ ਨਜ਼ਰ ਕਿਸੇ ਨਾ ਆਇਆ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਦੇਣਾ ਸਭ ਦਾ ਰਿਹਾ ਝੋਲੀ ਪਾਇਆ ਏ । ਕਿੰਗ ਕਹੇ ਮੈਂ ਗਾਵਾਂਗੀ । ਢੋਲ ਮਾਹੀ ਨਾਲ ਮਿਲਾਵਾਂਗੀ । ਘੜਾ ਸਿਰ ਆਪਣੇ ਤੇ ਚਾਵਾਂਗੀ । ਸਿਧੇ ਨੈਣ ਰਖਾਵਾਂਗੀ । ਪ੍ਰਭ ਸੱਚੇ ਦਾ ਦਰਸ਼ਨ ਪਾਵਾਂਗੀ । ਆਪਣੀ ਭੁੱਲ

ਬਖ਼ਸ਼ਾਵਾਂਗੀ । ਗਾਵਣ ਵਾਲੇ ਨਾਲ ਰਲਾਵਾਂਗੀ । ਸਿਰ ਚਰਨਾਂ ਉਤੇ ਟਿਕਾਵਾਂਗੀ । ਲੱਖ ਲੱਖ ਸ਼ੁਕਰ ਮਨਾਵਾਂਗੀ । ਤੂਹੀ ਤੂਹੀ ਰਾਗ ਅਲਾਵਾਂਗੀ । ਹੁਕ ਸਦ ਇਕ ਸੁਣਾਵਾਂਗੀ । ਲੁਕ ਲੁਕ ਕੇ ਅੰਦਰ ਜਾਵਾਂਗੀ । ਪੁੱਛ ਪੁੱਛ ਕੇ ਪਰਦਾ ਲਾਹਵਾਂਗੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੇ ਆਪਣਾ ਦੇ ਦਏ ਨਾਮ ਵਰ, ਫਿਰ ਦੁੱਖੜੇ ਸਰਬ ਗਵਾਵਾਂਗੀ । ਢੋਲ ਕਹੇ ਮੈਂ ਗੱਜਾਂਗਾ । ਕਿੰਗ ਤੈਨੂੰ ਨਾਲ ਲੈ ਕੇ ਭੱਜਾਂਗਾ । ਪ੍ਰਭ ਦਰ ਤੇ ਜਾ ਕੇ ਸਜਾਂਗਾ । ਮਾਣ ਹੰਕਾਰ ਤਜਾਂਗਾ । ਹੋਏ ਨਿਮਾਣਾ ਸਿਰ ਚਰਨਾਂ ਉਤੇ ਰੱਖਾਂਗਾ । ਆਪਣਾ ਦੁੱਖੜਾ ਸਾਰਾ ਦੱਸਾਂਗਾ । ਹਰਿ ਦੁਆਰੇ ਇਕੋ ਵਸਾਂਗਾ । ਮਨਮੁਖਾਂ ਕੋਲੋਂ ਨੱਠਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਮ ਦੇ ਦੇ ਸਾਚਾ ਵਰ, ਦਰ ਘਰ ਸਾਚੇ ਬਹਿ ਕੇ ਟੱਪਾਂਗਾ । ਘੜਾ ਕਹੇ ਮੈਂ ਪਾਣੀ ਢੋਵਾਂਗਾ । ਜਨ ਭਗਤਾਂ ਚਰਨ ਧੋਵਾਂਗਾ । ਦਿਨ ਰਾਤ ਕਦੀ ਨਾ ਸੋਵਾਂਗਾ । ਮੈਂ ਉਨ੍ਹਾਂ ਜੋਗਾ ਹੋਵਾਂਗਾ । ਤਨ ਮਨ ਆਪਣਾ ਖੋਵਾਂਗਾ । ਪ੍ਰਭ ਸੱਚੇ ਦੀ ਚਰਨੀ ਛੋਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਦੇ ਜਾਏ ਨਾਮ ਵਰ, ਹਰਿ ਸੰਗਤ ਵਿਚ ਮਿਲ ਕੇ ਠਾਂਡੇ ਦਰਬਾਰ ਸੋਵਾਂਗਾ । ਤਿੰਨੇ ਇਕੱਠੇ ਹੋ ਕੇ ਵੱਜਦੇ ਰਹੇ । ਪ੍ਰਭ ਦਰ ਦੇ ਉਤੇ ਸਜਦੇ ਰਹੇ । ਪ੍ਰੇਮ ਪ੍ਰੀਤੀ ਵਿਚ ਨੱਚਦੇ ਰਹੇ । ਗੀਤ ਸੰਗੀਤ ਵਿਚ ਦੱਸਦੇ ਰਹੇ । ਨਾਲੇ ਰੋਂਦੇ ਨਾਲੇ ਹੱਸਦੇ ਰਹੇ । ਪੀਆ ਪਿਆਰ ਵਿਚ ਫਸਦੇ ਰਹੇ । ਲੋਕ ਲੱਜਿਆ ਵੇਖ ਪਿਛੇ ਨੱਠਦੇ ਰਹੇ । ਭਗਤ ਤਰਦੇ ਵੇਖ ਚਰਨੀ ਢੱਠਦੇ ਰਹੇ । ਬਦਲ ਦੇਵੇ ਲੇਖ ਜੋ ਇਹਦੇ ਹੋ ਕੇ ਵਸਦੇ ਰਹੇ । ਕੀ ਹੋਇਆ ਅਸੀਂ ਬੇਜ਼ਬਾਨਾਂ ਧਰਿਆ ਭੇਖ, ਪਰ ਭੇਖ ਵਿਚ ਵੀ ਇਹਦੇ ਢੋਲੇ ਜਸ ਕਰਦੇ ਰਹੇ । ਹੁਣ ਅੱਖੀਂ ਲਿਆ ਵੇਖ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੇ ਵਖਾਲੇ ਆਪਣਾ ਘਰ, ਹੋਈਏ ਖ਼ੁਸ਼ ਜੀਹਦੇ ਪਿਛੇ ਮਰਦੇ ਰਹੇ । ਲੇਖਾ ਨਹੀਂ ਕਿੰਗ ਢੋਲ ਦਾ । ਬਚਨ ਪੂਰਾ ਗੁਰ ਅਰਜਨ ਬੋਲ ਦਾ । ਸਾਹਿਬ ਸਤਿਗੁਰ ਪੂਰਾ ਤੋਲ ਤੋਲਦਾ । ਆਦਿ ਜੁਗਾਦਿ ਜੁਗ ਜੁਗ ਆਪਣਾ ਕੁੰਡਾ ਖੋਲ੍ਹਦਾ । ਬੇਸ਼ਕ ਘੜਾ ਨਹੀਂ ਮੂੰਹੋਂ ਬੋਲਦਾ । ਅੰਦਰੇ ਅੰਦਰ ਜਾਣੇ ਇਹ ਖੇਲ ਪ੍ਰਭ ਸੱਚੇ ਦੇ ਚੋਲ੍ਹ ਦਾ । ਜਿਨ੍ਹਾਂ ਪ੍ਰੀਤੀ ਪਾਈ ਜਨਮ ਜਨਮ ਕਦੇ ਨਹੀਂ ਰੋਲਦਾ । ਉਚੀ ਕੂਕਣ ਦੇਣ ਦੁਹਾਈ ਸਤਿਗੁਰ ਚਰਨ ਮਿਲੇ ਵਡਿਆਈ, ਇਹ ਖੇਲ ਨਹੀਂ ਮਖ਼ੌਲ ਦਾ ।



## ★ ੩੦ ਚੇਤ ੨੦੨੦ ਬਿਕਰਮੀ ਵਤਨ ਸਿੰਘ ਦੇ ਗ੍ਰਿਹ ਸਰੀਂ ਪੁਰ ਜ਼ਿਲਾ ਹੁਸ਼ਿਆਰ ਪੁਰ ★

ਮਿਹਰਵਾਨ ਕਰੇ ਮਿਹਰ ਨਜ਼ਰ, ਬੇਨਜ਼ੀਰ ਦਇਆ ਕਮਾਈਆ । ਰਹਿਮਤ ਰਹੀਮ ਰਹਿਮਾਨ ਕਰੇ ਫ਼ਜ਼ਲ, ਆਬੇ ਹਯਾਤ ਪਿਆਲਾ ਪਿਆਈਆ । ਰੂਹ ਬੁੱਤ ਨਬੇੜਾ ਕਰੇ ਅਦਲ, ਅਦਾਲਤ ਇਕੋ ਘਰ ਲਗਾਈਆ । ਨੇੜ ਔਣ ਨਾ ਦੇਵੇ ਅਜ਼ਲ, ਅਲਾਮਤ ਕੋਈ ਰਹਿਣ ਨਾ ਪਾਈਆ । ਆਪ ਚੜ੍ਹਾਏ ਆਪਣੀ ਮੰਜ਼ਲ, ਪੰਧ ਇਕੋ ਵਾਰ ਮੁਕਾਈਆ । ਫਿਰ ਵੀ ਮੁਰੀਦ ਮੁਰਸ਼ਦ ਮੁਰਸ਼ਦ ਮੁਰੀਦ ਸ਼ੁਕਰੀਆ ਕਰਨ ਤਹਿ ਦਿਲ, ਸ਼ੁਕਰਾਨਾ ਇਕੋ ਵਾਰ ਜਣਾਈਆ । ਦਰ ਘਰ ਸਾਚੇ ਜਾਇਣ ਮਿਲ, ਮਿਲਿਆ ਮੇਲ ਨਾ ਕੋਇ ਛੁਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਜਿਸ ਉਠਾਈਆ । ਮਿਹਰਵਾਨ ਕਰੇ ਪ੍ਰਭ ਸਾਚੀ ਰਹਿਮਤ, ਦੀਨਨ ਆਪਣੀ ਦਇਆ ਕਮਾਇੰਦਾ । ਜਨ ਭਗਤਾਂ ਨਾਲ ਹੋਏ

ਸਹਿਮਤ, ਸਗਲਾ ਸੰਗ ਨਿਭਾਇੰਦਾ । ਗੁਰਮੁਖ ਕੋਈ ਨਾ ਰਹੇ ਅਹਿਮਕ, ਬੁਧ ਬਬੇਕੀ ਰੂਪ ਵਟਾਇੰਦਾ । ਲੇਖਾ ਜਾਣੇ ਜਿਨ੍ਹਾਂ ਤੇੜ ਬੱਧੀ ਤਹਿਮਤ, ਤੁਹਮਤ ਅਵਰ ਨਾ ਕੋਇ ਲਗਾਇੰਦਾ । ਮੁਰੀਦਾਂ ਨਾਲ ਮੁਰਸ਼ਦ ਹੋਇਆ ਸਹਿਮਤ, ਸਾਹ ਸਾਹ ਆਪਣਾ ਨਾਮ ਜਪਾਇੰਦਾ । ਅੰਦਰ ਵੜ ਕੇ ਮਾਰੇ ਸੈਨਤ, ਬਾਹਰੋਂ ਇਸ਼ਾਰਾ ਨਾ ਕੋਇ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਜਿਸ ਤਕਾਇੰਦਾ । ਮਿਹਰ ਨਜ਼ਰ ਕਰੇ ਰਹਿਮਾਨ, ਰਹਿਬਰ ਦਾਤਾ ਵਡ ਵਡਿਆਈਆ । ਸਿਦਕ ਸਬੂਰੀ ਦੇਵੇ ਈਮਾਨ, ਸਾਬਰ ਸਬਰ ਇਕ ਜਣਾਈਆ । ਜੋਤੀ ਨੂਰ ਦੇ ਨਿਸ਼ਾਨ, ਜ਼ਹੂਰ ਆਪਣਾ ਦਏ ਦਰਸਾਈਆ । ਪ੍ਰੇਮ ਪ੍ਰੀਤੀ ਇਕੋ ਦਾਨ, ਮੁਹੱਬਤ ਮਹਿਬੂਬ ਆਪ ਸਮਝਾਈਆ । ਕਲਮਾ ਨਬੀ ਰਸੂਲ ਕਰ ਪਰਵਾਨ, ਅਲਫ਼ ਯੇ ਲੇਖਾ ਦਏ ਚੁਕਾਈਆ । ਨਜ਼ਰੀ ਆਏ ਇਕ ਅਮਾਮ, ਸਾਚੇ ਹੁਜਰੇ ਸੋਭਾ ਪਾਈਆ । ਮਹਿਰਾਬ ਵੇਖੇ ਗੁਣ ਨਿਧਾਨ, ਚਾਰੋਂ ਕੁੰਟ ਨੈਣ ਉਠਾਈਆ । ਸਜਦਾ ਝੁਕ ਝੁਕ ਕਰੇ ਸਲਾਮ, ਅਲੈਕਮ ਇਕੋ ਨਾਅਰਾ ਲਾਈਆ । ਦੇਵਣਹਾਰ ਅਗੰਮ ਪੈਗ਼ਾਮ, ਬੇਪਰਵਾਹ ਕਰੇ ਪੜ੍ਹਾਈਆ । ਦਾਮਨਗੀਰ ਪਕੜੇ ਦਾਮ, ਜ਼ਾਮਨ ਇਕੋ ਇਕ ਅਖਵਾਈਆ । ਬਿਨ ਸ਼ਰਅ ਸ਼ਰੀਅਤ ਜਣਾਏ ਸਚ ਕਲਾਮ, ਕਲਮਾ ਹੱਕ ਹੱਕ ਦਰਸਾਈਆ । ਮੁਰਸ਼ਦ ਮੁਰੀਦ ਤੇਰੀ ਘਟਣ ਨਾ ਦੇਵੇ ਸ਼ਾਨ, ਸ਼ੌਕਤ ਤੇਰੇ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਜਿਸ ਦਰਸਾਈਆ । ਮਿਹਰ ਨਜ਼ਰ ਕਰੇ ਕਰੀਮ, ਕਰਮ ਅਪਣਾ ਆਪ ਕਰਾਇੰਦਾ । ਦੇਵਣਹਾਰਾ ਸਚ ਤਾਅਲੀਮ, ਅੱਖਰ ਵੱਖਰ ਆਪ ਪੜ੍ਹਾਇੰਦਾ । ਮਹੱਲ ਵਖਾਏ ਇਕ ਅਜ਼ੀਮ, ਉਚ ਅਟੱਲ ਆਪ ਰੁਸ਼ਨਾਇੰਦਾ । ਜਿਸ ਦਾ ਕਿਸੇ ਨਜ਼ਰ ਨਾ ਆਏ ਸੀਨ, ਨਕਸ਼ਾ ਘੜ ਨਾ ਕੋਇ ਜਣਾਇੰਦਾ । ਜਿਸ ਦੀ ਮਹਿਮਾ ਸਿਫ਼ਤ ਕਰੇ ਅਲਫ਼ ਯੇ ਬਿਨ ਨੁਕਤੇ ਨੂਨ ਮੀਮ, ਐਨ ਆਪਣੀ ਅੱਖ ਖੁਲ੍ਹਾਈਆ । ਉਹਦੀ ਕਿਸੇ ਹੱਥ ਨਾ ਆਈ ਤਕਸੀਮ, ਜੁਗ ਚੌਕੜੀ ਵੰਡ ਵੰਡਾਈਆ । ਜਿਸ ਨੂੰ ਦੇਵੇ ਆਪਣਾ ਸਚ ਯਕੀਨ, ਤਕਵਾ ਇਕੋ ਇਕ ਜਣਾਈਆ । ਸੋ ਬਰਦਾ ਬਣੇ ਮਸਕੀਨ, ਮੁਫ਼ਲਸ ਆਪਣਾ ਨਾਉਂ ਰਖਾਈਆ । ਤੜਫੇ ਵਿਛੋੜੇ ਜਿਉਂ ਜਲ ਮੀਨ, ਧੀਰਜ ਧੀਰ ਨਾ ਕੋਇ ਧਰਾਈਆ । ਬਿਨ ਕਲਮਿਉਂ ਬਿਨ ਕਾਅਬਿਉਂ ਹੋਏ ਅਧੀਨ, ਨਿਉਂ ਨਿਉਂ ਆਪਣਾ ਸੀਸ ਝੁਕਾਈਆ । ਧੁਰ ਫ਼ਰਮਾਣਾ ਹੁਕਮ ਕਰੇ ਤਸਲੀਮ, ਚਲੇ ਹੱਕ ਰਜ਼ਾਈਆ । ਨੇਤਰ ਨੈਣ ਨਾ ਹੋਏ ਨਾਬੀਨ, ਨੂਰ ਇਕੋ ਇਕ ਰੁਸ਼ਨਾਈਆ । ਲੇਖਾ ਜਾਣੇ ਯਾਮਬੀਨ, ਯਾਮਬੀਨ ਬੇਪਰਵਾਹੀਆ । ਨਾ ਨਰ ਨਾ ਮਦੀਨ, ਪੁਰਖ ਨਾਰ ਨਾ ਕੋਇ ਵਡਿਆਈਆ । ਮੁਰਸ਼ਦ ਮੁਰੀਦਾਂ ਹੋ ਅਧੀਨ, ਸਦ ਸਦ ਸੇਵ ਕਮਾਈਆ । ਰੰਗ ਚਾੜ੍ਹੇ ਇਕੋ ਭੀਨ, ਭਿੰਨੜੀ ਰੁੱਤ ਸੁਹਾਈਆ । ਮਾਰਗ ਦੱਸੇ ਸਚ ਮਹੀਨ, ਔਝੜ ਰਾਹ ਇਕ ਲੰਘਾਈਆ । ਸਚ ਸਾਚਾ ਦੱਸੇ ਦੀਨ, ਦੁਨੀ ਨਾਤਾ ਦਏ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਮਿਹਰ ਨਜ਼ਰ ਪਾਈਆ । ਮਿਹਰ ਨਜ਼ਰ ਪਾ ਵੇਖੇ ਹੱਕ, ਹਕੀਕਤ ਸਭ ਦੀ ਖੋਜ ਖੁਜਾਇੰਦਾ । ਨਿਰਵੈਰ ਹੋ ਕੇ ਲਏ ਤੱਕ, ਦਵੈਤ ਵਿਚ ਨਾ ਕੋਇ ਜਣਾਇੰਦਾ । ਦਸਤਗੀਰ ਫੜੇ ਹੱਥ, ਦਸਤਯਾਬ ਮੇਲ ਮਿਲਾਇੰਦਾ । ਰਹਿਬਰ ਰਾਹ ਇਕੋ ਦੱਸ, ਮਾਰਗ ਸੱਚਾ ਆਪ ਜਣਾਇੰਦਾ । ਸੱਚਾ ਨਾਮ ਮਾਲਾ ਮਣਕਾ ਰਟ, ਮਨ ਮਣਕਾ ਆਪ ਭੁਆਇੰਦਾ । ਪ੍ਰੇਮ ਪ੍ਰੀਤੀ ਮੌਲੀ ਤੰਦ ਘਟ, ਗੰਢ ਇਕੋ ਇਕ ਵਖਾਇੰਦਾ । ਲੇਖਾ ਜਾਣ ਚੌਦਾਂ ਤਬਕ ਹੱਟ, ਜ਼ਿਮੀ ਅਸਮਾਨਾਂ ਪਰਦਾ ਲਾਹਿੰਦਾ । ਕਰ ਖੇਲ ਪੁਰਖ ਸਮਰਥ, ਆਪਣੀ ਦਇਆ ਕਮਾਇੰਦਾ । ਸਚ ਮੁਸੱਲਾ

ਹੇਠਾਂ ਸੱਟ, ਵੁਜ਼ੂ ਆਬੇ ਹਯਾਤ ਕਰਾਇੰਦਾ । ਫੇਰ ਹੱਥ ਨੱਕ ਮੂੰਹ ਧੋ ਫੇਰ ਬੁਲਾਏ ਅਲਖ, ਅਲੱਖ ਅਲੱਖ ਇਕੋ ਇਕ ਵਡਿਆਇੰਦਾ । ਸਜਦਾ ਸੀਸ ਝੁਕਾਏ ਅਨਝਕ, ਨੇਤਰ ਨੈਣ ਨਾ ਕੋਇ ਸ਼ਰਮਾਇੰਦਾ । ਮੇਰਾ ਪੀਰ ਬੇਨਜ਼ੀਰ ਮੇਰੇ ਵਲ ਜੇ ਲਏ ਤੱਕ, ਰਹਿਮਤ ਰਹਿਮ ਰਹਿਮਾਨ ਨਜ਼ਰ ਨਜ਼ਰ ਨਾਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਕਰਾਇੰਦਾ । ਮਿਹਰ ਨਜ਼ਰ ਨਾਲ ਪਏ ਮੁਹੱਬਤ, ਮੋਹ ਆਪਣੇ ਨਾਲ ਜਣਾਈਆ । ਸਚ ਈਮਾਨ ਰਹੇ ਸਾਬਤ, ਸਿਦਕ ਇਕੋ ਇਕ ਵਖਾਈਆ । ਮੁਰਸ਼ਦ ਮੁਰੀਦਾਂ ਪਿਛੇ ਕਰੇ ਤੁਆਕਬ, ਆਪ ਆਪਣਾ ਫੇਰਾ ਪਾਈਆ । ਕੂੜੀ ਕਿਰਿਆ ਨਾਲ ਕਰੇ ਮਜ਼ਾਹਮਤ, ਨਿਤ ਨਿਤ ਵੇਖੇ ਥਾਉਂ ਥਾਈਂਆ । ਆਪ ਰਹੇ ਸਦਾ ਸਲਾਮਤ, ਮੁਕਾਮੇ ਹੱਕ ਡੇਰਾ ਲਾਈਆ । ਦੇਵਣਹਾਰਾ ਹੱਕ ਇਬਾਦਤ, ਅਵਲ ਅੱਲਾ ਆਪਣਾ ਨਾਮ ਜਣਾਈਆ । ਦਰਗਹਿ ਸਾਚੀ ਨਾ ਕੋਈ ਸਫ਼ਾਰਸ਼, ਵੇਖਣਹਾਰਾ ਬੇਪਰਵਾਹੀਆ । ਕਰ ਕਿਰਪਾ ਜਿਸ ਜੀਵਦਿਆਂ ਕਰਾਏ ਆਪਣਾ ਤੁਆਰਫ਼, ਤੋਹਫ਼ਾ ਆਪਣਾ ਕਲਮਾ ਝੋਲੀ ਪਾਈਆ । ਲੇਖਾ ਲਿਖੇ ਨਾ ਫੇਰ ਕੋਈ ਇਬਾਰਤ, ਕਾਤਬ ਕਲਮ ਸ਼ਾਹੀ ਨਾ ਕੋਇ ਉਠਾਈਆ । ਕਲਜੁਗ ਅੰਤਮ ਸ਼ਬਦ ਵਿਚੋਲਾ ਮਾਅਰਫ਼ਤ, ਹਰਿ ਮਹਿਫ਼ਲ ਮਜਲਸ ਦਏ ਮਿਲਾਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਦੋਵੇਂ ਹੋਏ ਫ਼ਾਰਗ਼, ਫ਼ਰਮਾਂਬਰਦਾਰ ਇਕੋ ਇਕ ਅਖਵਾਈਆ । ਪਿਛਲਾ ਅਗਲਾ ਲੇਖਾ ਕੋਈ ਨਾ ਹੋਵੇ ਵਾਰਦ, ਵਾਅਦਾ ਖਿਲਾਫ਼ ਨਾ ਕੋਇ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਕਰੀਮ ਕਾਦਰ, ਕਰਤਾ ਕਰਮ ਮਿਹਰ ਨਜ਼ਰ ਨਾਜ਼ ਨਾਲ ਵਾਂਗ ਨਿਆਜ਼ ਭਗਤਾਂ ਝੋਲੀ ਪਾਈਆ । ਨਾਜ਼ ਨਿਆਜ਼ ਸਾਹਿਬ ਦਾ ਨਖ਼ਰਾ, ਪਰਵਰਦਿਗਾਰ ਖੇਲ ਖਲਾਈਆ । ਜਿਸ ਦਾ ਕਿਸੇ ਨਾ ਲੱਭਾ ਸ਼ਜਰਾ ਹੱਥ ਨਾ ਆਇਆ ਖ਼ਸਰਾ, ਨੰਬਰ ਹੱਕ ਰਹਿਣ ਫ਼ੱਕ ਨਾ ਕੋਇ ਕਰਾਈਆ । ਥੋੜਾ ਥੋੜਾ ਸਾਰੇ ਕਰ ਦੇ ਗਏ ਤਬਸਰਾ, ਤਫ਼ਸੀਲ ਨਾਲ ਦਲੀਲ ਨਾ ਕੋਇ ਜਣਾਈਆ । ਲੇਖ ਜਣੌਂਦੇ ਗਏ ਯਾਰੇ ਹਸ਼ਰਾ, ਸ਼ੁਹਰਤੇ ਸ਼ਊਰ ਸ਼ਹਿਨਸ਼ਾਹ ਵਡਿਆਈਆ । ਆਦਿ ਜੁਗਾਦਿ ਜੁਗ ਜੁਗ ਬਣਿਆ ਰਹੇ ਮਸਜ਼ਰਾ, ਮੁਸ਼ਕਲ ਸਭ ਦੇ ਉਤੇ ਪਾਈਆ । ਬਣ ਕੇ ਜ਼ਿਦੀ ਹੋਇਆ ਰਹੇ ਅਥਰਾ, ਦਿਲ ਮੋਮ ਨਾ ਕਦੇ ਕਰਾਈਆ । ਜੁਗ ਚੌਕੜੀ ਕਲਮਾ ਕਲਾਮ ਲਿਖੌਂਦਾ ਰਿਹਾ ਪਤਰਾ ਪਤਰਾ, ਧੁਰ ਸੰਦੇਸ ਸੰਦੇਸ ਇਲਾਹੀਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਨੂੰ ਬਣਿਆ ਰਿਹਾ ਖ਼ਤਰਾ, ਡਰ ਵਿਚ ਸਾਰੇ ਸੀਸ ਝੁਕਾਈਆ । ਮੁਰੀਦਾਂ ਮੁਰਸ਼ਦਾਂ ਦਿਤਾ ਨਿੱਕਾ ਨਿੱਕਾ ਕਤਰਾ, ਬੂੰਦ ਬੂੰਦ ਵਿਚ ਟਪਕਾਈਆ । ਬਿਨ ਗੋਬਿੰਦ ਕਿਸੇ ਨਾ ਹੰਢਾਇਆ ਯਾਰ ਸੱਥਰਾ, ਸੇਜ ਸੁਹੰਜਣੀ ਆਸਣ ਕੋਇ ਨਾ ਲਾਈਆ । ਕ੍ਰਿਸ਼ਨ ਗੋਪੀਆਂ ਨਾਲ ਰਹਿ ਕੇ ਗਿਆ ਗੋਕਲ ਮਥਰਾ, ਪਾਰਬ੍ਰਹਮ ਆਪਣੀ ਗੋਦ ਨਾ ਕੋਇ ਬਹਾਈਆ । ਨੇਤਰ ਰੋ ਕੇ ਗਿਆ ਰਾਮ ਪੁੱਤ ਦਸਰਾ, ਦਰਦੀ ਦਰਦ ਨਾ ਕੋਇ ਵੰਡਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਰਦੇ ਰਹੇ ਯਤਨਾ, ਜ਼ੋਰ ਬਲ ਆਪਣਾ ਆਪ ਰਖਾਈਆ । ਕਵਣ ਵੇਲਾ ਮਾਹੀ ਵੇਖੀਏ ਚਲ ਕੇ ਪਿਛਲੇ ਵਤਨਾ, ਬੇਵਤਨ ਹੋ ਕੇ ਝੱਲੀ ਨਾ ਜਾਏ ਜੁਦਾਈਆ । ਜਿਸ ਦੇ ਸੀਸ ਉਤੇ ਸੋਹੇ ਤਾਜ ਹੀਰੇ ਲਾਲ ਅਮੋਲਕ ਰਤਨਾ, ਨੂਰੋ ਨੂਰ ਨੂਰ ਰੁਸ਼ਨਾਈਆ । ਜਿਸ ਦਾ ਦੁਆਰਾ ਕਦੀ ਨਾ ਹੋਵੇ ਸੱਖਣਾ, ਦੇਵਣਹਾਰ ਪਰਵਰਦਿਗਾਰ ਬੇਪਰਵਾਹੀਆ । ਜਿਸ ਦਾ ਗੀਤ ਸੰਗੀਤ ਢੋਲਾ ਵੱਖਰਾ, ਮੰਦਰ ਮਸੀਤ ਜਿਸ ਦੇ ਨਾਮ ਦੀ ਦੇਣ ਦੁਹਾਈਆ । ਉਹ ਬੈਠਾ ਸਾਚੇ ਧਾਮ ਪੱਧਰਾ, ਛੱਪਰ ਛੰਨ ਨਾ ਕੋਇ ਛੁਹਾਈਆ । ਸਭ ਦੀਆਂ ਪੂਰੀਆਂ ਕਰੇ ਸਧਰਾਂ, ਜੋ ਬੈਠੇ ਧਿਆਨ ਲਗਾਈਆ । ਨਾ ਕੋਈ ਜਾਮ ਪਿਆਏ

੩੫੩
੧੪

ਮਦਿਰਾ, ਰਸ ਅੰਮ੍ਰਿਤ ਇਕ ਵਖਾਈਆ । ਨਾ ਲੰਮਾ ਨਾ ਦਿਸੇ ਮਧਰਾ, ਵੱਡਾ ਛੋਟਾ ਨਾ ਕੋਇ ਜਣਾਈਆ । ਨਾ ਸੁਲ੍ਹਾ ਕਰਾਏ ਨਾ ਪਾਏ ਗ਼ਦਰਾ, ਆਪਣੀ ਕਾਰ ਆਪਣੇ ਹੱਥ ਰਖਾਈਆ । ਜਿਸ ਦਾ ਰੂਪ ਰੰਗ ਰੇਖ ਕਦੇ ਨਾ ਬਦਲਾ, ਬਦਲੀ ਕਰੇ ਸਰਬ ਲੋਕਾਈਆ । ਓਸ ਸਾਹਿਬ ਦੇ ਸਿਰ ਦਾ ਸਦਕਾ, ਜੋ ਸਿਰ ਸਿਰ ਰਿਜ਼ਕ ਸਬਾਈਆ । ਪਤਾ ਨਹੀਂ ਉਹ ਵਸੇ ਕਦੋਂ ਕੁ ਦਾ, ਘਰ ਆਪਣੇ ਆਸਣ ਲਾਈਆ । ਹੁਣ ਵੇਖੋ ਮੇਲਾ ਬਦੋ ਬਦੀ ਦਾ, ਘਰ ਆ ਆ ਮੇਲ ਮਿਲਾਈਆ । ਏਹੋ ਖੇਲ ਵੀਹਵੀਂ ਸਦੀ ਦਾ, ਰੁਠੜਾ ਯਾਰ ਹੰਢਾਈ ਦਾ । ਲੇਖਾ ਚੁਕਿਆ ਨੇਕੀ ਬਦੀ ਦਾ, ਜਿਸ ਵੇਲੇ ਪ੍ਰਭ ਸੱਚੇ ਦਾ ਦਰਸ਼ਨ ਪਾਈ ਦਾ । ਹੋਕਾ ਸੁਣੋ ਕੂਚੇ ਗਲੀ ਦਾ, ਨਗਰ ਖੇੜੇ ਨਾਅਰਾ ਸੁਣਾਈ ਦਾ । ਏਹੋ ਵੇਸ ਵਲੀ ਛਲੀ ਦਾ, ਜਗਤ ਨੇਤਰ ਦਰਸ ਕਦੇ ਨਾ ਪਾਈ ਦਾ । ਏਹ ਖ਼ਜ਼ਾਨਾ ਨਾਮ ਧਨੀ ਦਾ, ਬਿਨ ਮੰਗਿਆਂ ਭਗਤ ਲੁਟਾਈ ਦਾ । ਏਹ ਪਿਆਰ ਜਨਨੀ ਜਨ ਜਨੀ ਦਾ, ਗੁਰਮੁਖ ਸਾਚੀ ਗੋਦ ਉਠਾਈ ਦਾ । ਕੋਈ ਲੇਖਾ ਨਾ ਜਾਣੇ ਦੁਨੀਆਂ ਅੰਨ੍ਹੀਂ ਦਾ, ਨੇਤਰ ਪੇਖ ਮੁਖੜਾ ਫੇਰ ਭੁਆਈ ਦਾ । ਇਹ ਸੁਹਾਗ ਗੁਰਮੁਖ ਸਾਚੀ ਵੰਨੀ ਦਾ, ਦੁਲ੍ਹਨ ਇਕੋ ਰੰਗ ਰੰਗਾਈ ਦਾ । ਇਹ ਮੇਲਾ ਬੱਧੀ ਕੰਨੀ ਦਾ, ਫੜਿਆ ਪੱਲੂ ਨਾ ਫੇਰ ਛੁਡਾਈ ਦਾ । ਵੇਖੋ ਭਗਤਾਂ ਨੂੰ ਕਿਵੇਂ ਮੰਨੀ ਦਾ, ਭਗਵਾਨ ਦਰ ਆ ਆ ਸੇਵ ਕਮਾਈ ਦਾ । ਇਹ ਲੇਖਾ ਸਿਖ ਮਨੀ ਦਾ, ਬਿਨ ਮੰਗਿਆਂ ਦਾਨ ਝੋਲੀ ਪਾਈ ਦਾ । ਇਹੋ ਪਿਆਰ ਇਕ ਦੂਜੇ ਨਾਲ ਬਣੀ ਦਾ, ਗੁਰ ਚੇਲਾ ਇਕੋ ਰੰਗ ਵਖਾਈ ਦਾ । ਇਹ ਲੇਖਾ ਨਹੀਂ ਜਗ ਸ਼ੁਹਰਤ ਮਨੀ ਦਾ, ਗਹਿਰ ਗੰਭੀਰ ਡੂੰਘੇ ਸਾਗਰ ਅੰਦਰ ਗੁਰਮੁਖ ਤਾਲ ਰਖਾਈ ਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੇਵਣਹਾਰਾ ਸਾਚਾ ਦਾਨ, ਮਿਹਰ ਨਜ਼ਰ ਕਰ ਬਿਨ ਮੰਜ਼ਲ ਮੰਜ਼ਲੇ ਮਕਸੂਦ ਪੁਚਾਈ ਦਾ ।



## ★ ੩੦ ਚੇਤ ੨੦੨੦ ਬਿਕਰਮੀ ਅਸਮਾਨ ਸ਼ਹੀਦ ਦੇ ਕੋਲ ਸੜਕ ਉਤੇ ★

ਪ੍ਰੇਮ ਰੁਪੱਯਾ ਹੋਇਆ ਮੰਨਜ਼ੂਰ, ਲੇਖਾ ਲੇਖੇ ਲਾਈਆ । ਬਿਨ ਮਾਇਆ ਮਿਲੇ ਹਾਜ਼ਰ ਹਜ਼ੂਰ, ਆਤਮ ਅੰਤਰ ਬੇਪਰਵਾਹੀਆ । ਆਸਾ ਮਨਸ਼ਾ ਪੂਰੀ ਕਰੇ ਜ਼ਰੂਰ, ਜ਼ਰੂਰਤ ਹੋਰ ਰਹੇ ਨਾ ਰਾਈਆ । ਜਨਮ ਕਰਮ ਪੂਰਬ ਬਖ਼ਸ਼ੇ ਕਸੂਰ, ਦੁੱਖ ਦਰਦ ਨੇੜ ਨਾ ਆਈਆ । ਨਾਤਾ ਤੋੜੇ ਕੂੜੋ ਕੂੜ, ਸਚ ਸੁੱਚ ਦਏ ਵਡਿਆਈਆ । ਹਉਮੇ ਹੰਗਤਾ ਮਾਰ ਗ਼ਰੂਰ, ਨਿਵਣ ਸੋ ਅੱਖਰ ਇਕ ਸਮਝਾਈਆ । ਨਿਰਮਲ ਜੋਤੀ ਬਖ਼ਸ਼ ਨੂਰ, ਅਗਿਆਨ ਅੰਧੇਰ ਮਿਟਾਈਆ । ਸ਼ਬਦ ਅਨਾਦ ਸਾਚੀ ਤੂਰ, ਸੁਣ ਤੁਰਯਾ ਨੈਣ ਸ਼ਰਮਾਈਆ । ਸਰਬ ਕਲ ਭਰਪੂਰ, ਦੇਵਣਹਾਰ ਸਰਬ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਬਿਨ ਪੈਸੇ ਧੇਲੇ ਆਤਮ ਪਰਮਾਤਮ ਕਰੇ ਮੇਲੇ, ਬ੍ਰਹਮ ਪਾਰਬ੍ਰਹਮ ਗੁਰੂ ਗੁਰ ਚੇਲੇ, ਸੋਹੰ ਧਾਰ ਨਿਰਗੁਣ ਖੇਲੇ, ਸਰਗੁਣ ਆਪਣਾ ਰੰਗ ਵਖਾਈਆ । ਰੁਪੱਯਾ ਕਹੇ ਮੈਂ ਆਵਾਂ ਮੁੜ ਕੇ, ਘਰ ਆਪਣੇ ਫੇਰਾ ਪਾਈਆ । ਸਤਿਗੁਰ ਪੂਰੇ ਨਾਲ ਜੁੜ ਕੇ, ਪਿਛਲੀ ਭੁੱਲ ਬਖ਼ਸ਼ਾਈਆ । ਮੈਨੂੰ ਨਾ ਕੋਈ ਮਾਰੇ ਨਾ ਕੋਈ ਘੁਰਕੇ, ਭੈ ਭੌ ਨਾ ਕੋਇ ਰਖਾਈਆ । ਜੀਹਦੇ ਪਿਛੇ ਸਤਿਗੁਰ ਆਇਆ ਤੁਰ ਕੇ, ਤੁਰਤ ਆਪਣਾ ਮੇਲ ਮਿਲਾਈਆ । ਸੋ ਮੇਰੇ ਅੰਦਰੋਂ ਲਾਹੇ ਕਾਲੇ ਬੁਰਕੇ, ਮੁਖ ਆਪਣਾ ਦਏ ਵਖਾਈਆ । ਸੁਰਤ

ਸਵਾਣੀ ਨੱਚੇ ਭੁੜਕੇ, ਖ਼ੁਸ਼ੀ ਖ਼ੁਸ਼ੀ ਇਕੋ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ,
ਮਾਇਆ ਮਾਇਆ ਵਿਚ ਸਮਾਈਆ । ਰੁਪੱਯਾ ਕਹੇ ਮੇਰਾ ਟੁੱਟਾ ਨਾਤਾ, ਜਗਤ ਨਾਤਾ ਰਹਿਣ ਨਾ ਪਾਈਆ । ਸਤਿਗੁਰ ਮਿਲਿਆ ਪੁਰਖ ਬਿਧਾਤਾ,
ਬਿਧ ਆਪਣੀ ਦਏ ਸਮਝਾਈਆ । ਸਾਧਾਂ ਸੰਤਾਂ ਹੋ ਕੇ ਰਹਿਣਾ ਦਾਸੀ ਦਾਸਾ, ਨਿਰਇਛਤ ਸੇਵ ਕਮਾਈਆ । ਬੇਸ਼ਕ ਸਾਰੀ ਦੁਨੀਆਂ ਕਰੇ ਹਾਸਾ,
ਤੇਰੀ ਪ੍ਰੀਤੀ ਟੁੱਟ ਨਾ ਜਾਈਆ । ਤੇਰਾ ਬਟੂਆ ਕਾਇਆ ਕਾਸਾ, ਜਿਸ ਦਾ ਪਰਦਾ ਸਤਿਗੁਰ ਪੂਰਾ ਆਪ ਉਠਾਈਆ । ਤੂੰ ਇਸ ਦੇ ਵਿਚ ਕਰੀਂ
ਨਿਵਾਸਾ, ਬਾਹਰ ਨਿਕਲ ਕਦੇ ਨਾ ਜਾਈਆ । ਜੇ ਕੱਢੇ ਤੇ ਕੱਢੇ ਪੁਰਖ ਅਬਿਨਾਸ਼ਾ, ਆਪ ਆਪਣੀ ਵਸਤ ਆਪਣੇ ਹੱਥ ਰਖਾਈਆ । ਤੇਰੀ
ਪੂਰੀ ਕਰੇ ਆਸਾ, ਨਿਰਾਸਾ ਰੂਪ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਲੇਖੇ
ਲਾਏ ਇਕ ਰੁਪੱਯਾ, ਨਾਮ ਚੜ੍ਹਾਏ ਸਾਚੀ ਨੱਯਾ, ਏਥੇ ਓਥੇ ਪਕੜੇ ਬਹੀਯਾ, ਪਾਰਬ੍ਰਹਮ ਬ੍ਰਹਮ ਸਾਚਾ ਸੱਯਾ, ਆਤਮ ਪਰਮਾਤਮ ਸੋਹੰ ਢੋਲਾ ਨਿਰਗੁਣ
ਸਰਗੁਣ ਸ਼ਬਦ ਵਿਚੋਲਾ, ਬਣ ਵਿਚੋਲਾ ਜੋੜੀ ਇਕ ਵਖਾਈਆ । ਰੁਪੱਯਾ ਕਹੇ ਮੈਂ ਵਿਕਾਂ ਨਾ ਹੱਟ, ਮੇਰੀ ਕੀਮਤ ਕੋਈ ਨਾ ਪਾਈਆ । ਮੇਰੇ
ਪਿਆਰ ਅੰਦਰ ਲੱਖ ਚੁਰਾਸੀ ਗਈ ਫਸ, ਫਾਸੀ ਗਲ ਵਿਚ ਰਹੇ ਲਟਕਾਈਆ । ਮੇਰੇ ਪਿਛੇ ਪਿਛੇ ਰਹੇ ਨੱਠ, ਸ਼ਾਹ ਸੁਲਤਾਨ ਰਾਜ ਰਾਜਾਨ ਦੇਣ
ਦੁਹਾਈਆ । ਮੇਰੀ ਪੱਲੇ ਬੰਨ੍ਹਣ ਘੁੱਟ ਕੇ ਗੱਠ, ਧੀਆਂ ਭੈਣਾਂ ਭੈਣ ਭਰਾਵਾਂ ਕੋਲੋਂ ਚੋਰੀ ਰਹੇ ਕਮਾਈਆ । ਮੈਂ ਘਰ ਘਰ ਪਾਇਆ ਰਟ, ਜੀਵ
ਜੰਤ ਕਰਨ ਲੜਾਈਆ । ਹੁਣ ਮੈਂ ਆਇਆ ਸਤਿਗੁਰ ਹੱਥ, ਮੇਰਾ ਲੇਖਾ ਦੇਵੇ ਲਗਾਈਆ । ਮੈਂ ਮੂੰਹ ਦੇ ਭਾਰ ਜਾਵਾਂ ਢੱਠ, ਮੇਰੀ ਚਲੇ ਨਾ
ਕੋਇ ਚਤੁਰਾਈਆ । ਮੈਂ ਵਿਕਾਂ ਸੰਤਾਂ ਹੱਟ, ਕੀਮਤ ਇਕੋ ਇਕ ਰਖਾਈਆ । ਨਾ ਵੱਧ ਤੇ ਨਾ ਘੱਟ, ਸੋਲਾਂ ਸੋਲਾਂ ਪੂਰੀ ਕਾਰ ਕਮਾਈਆ ।
ਬਣ ਨਿਮਾਣਾ ਚਰਨੀ ਜਾਵਾਂ ਢੱਠ, ਦੋਏ ਜੋੜ ਸੀਸ ਝੁਕਾਈਆ । ਮੈਨੂੰ ਮਿਲ ਜਾਏ ਸਾਚੀ ਮਤ, ਬਿਨ ਸਾਹਿਬ ਸਤਿਗੁਰ ਹੋਰ ਨਾ ਕੋਇ ਸਰਨਾਈਆ ।
ਮੇਰੀ ਲੇਖੇ ਲੱਗੇ ਰਤ, ਰਤੀ ਰਤ ਰਤ ਵਿਚ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਹ ਰੁਪੱਯਾ ਰੁਪੱਯੀਏ
ਵਾਲਿਆਂ ਦੇ ਦਿਤਾ ਹੱਥ, ਜਿਸ ਹੱਥ ਨਾਲ ਖੇਲ ਚਲੇ ਜਗਤ ਲੋਕਾਈਆ । ਬਹਿਣ ਵਾਲਾ ਆਪੇ ਬਹਿੰਦਾ, ਬਹਿ ਬਹਿ ਖ਼ੁਸ਼ੀ ਮਨਾਈਆ । ਅਗਲਾ
ਪਿਛਲਾ ਹਾਲ ਕਹਿੰਦਾ, ਕਹਿ ਕਹਿ ਰਿਹਾ ਸੁਣਾਈਆ । ਪੂਰਬ ਲਹਿਣਾ ਸਭ ਦਾ ਦੇਂਦਾ, ਬਾਕੀ ਕੋਇ ਨਜ਼ਰ ਨਾ ਆਈਆ । ਜੋਤੀ ਜੋਤ ਸਰੂਪ
ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਤਖ਼ਤ ਪੋਸ਼ ਵੇਖ ਨਿਰਦੋਸ਼, ਬੈਠਾ ਰਿਹਾ ਚੁੱਪ ਖ਼ਾਮੋਸ਼, ਸੁਣ ਕੇ ਸ਼ਬਦ ਆਈ
ਹੋਸ਼, ਜਿਸ ਦਰਸ਼ਨ ਨੂੰ ਲੋਚਣ ਰਹੇ ਲੋਚ, ਸੋ ਸਾਹਿਬ ਗਿਆ ਪਹੁੰਚ, ਜਿਸ ਦੀ ਕੋਈ ਸੋਚ ਨਾ ਸਕੇ ਸੋਚ, ਸੋਚਣਹਾਰਾ ਆਪਣੀ ਦਇਆ ਕਮਾਈਆ ।
ਤਖ਼ਤਪੋਸ਼ ਕਹੇ ਮੇਰਾ ਤਖ਼ਤ, ਬਿਨ ਤਖ਼ਤ ਨਿਵਾਸੀ ਸੋਭਾ ਨਾ ਪਾਇੰਦਾ । ਧੰਨ ਭਾਗ ਮੇਰਾ ਸੋਹਿਆ ਵਕਤ, ਸੁਹੰਜਣੀ ਘੜੀ ਮੇਲ ਮਿਲਾਇੰਦਾ ।
ਬੇਸ਼ਕ ਮੇਰੇ ਉਤੇ ਸਾਰਾ ਬਹਿੰਦਾ ਜਗਤ, ਬਿਨ ਸਤਿਗੁਰ ਸ਼ਾਂਤ ਨਾ ਕੋਇ ਕਰਾਇੰਦਾ । ਜਿਸ ਦੇ ਨਾਲ ਉਹਦੇ ਭਗਤ, ਭਗਤ ਭਗਤੀ ਵਿਚ ਸਮਾਇੰਦਾ ।
ਜੀਹਦੇ ਚਰਨਾਂ ਨਾਲ ਮੇਰੇ ਘਰ ਵਿਚ ਹੋ ਜਾਏ ਬਰਕਤ, ਬਰੀਖ਼ਾਨਾ ਇਕ ਖੁਲ੍ਹਾਇੰਦਾ । ਏਥੇ ਕੋਈ ਨਾ ਕਰੇ ਬੁਰੀ ਹਰਕਤ, ਧੀ ਭੈਣ ਕੰਨਿਆਂ
ਨਾ ਕੋਇ ਤਕਾਇੰਦਾ । ਦੂਈ ਦਵੈਤ ਕੋਈ ਨਾ ਕਰੇ ਸ਼ਿਰਕਤ, ਸ਼ਰਾਰਤ ਸਭ ਦੀ ਮੇਟ ਮਿਟਾਇੰਦਾ । ਦਰ ਆ ਕੇ ਦਿਤਾ ਦਰਸ, ਮੇਰੀ ਪਿਛਲੀ

ਹਰਸ ਮਿਟਾਇੰਦਾ । ਕਾਠ ਉਤੇ ਕਰ ਕੇ ਜਾਏ ਤਰਸ, ਮੇਰੀ ਸੁੱਕੀ ਲਕੜੀ ਲੇਖੇ ਲਾਇੰਦਾ । ਮੇਰੀ ਸੱਚੀ ਕਰੇ ਪਰਖ, ਮੈਂ ਸਭ ਦੀ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਭ ਦੀ ਆਸਾ ਪੂਰ ਕਰਾਇੰਦਾ ।

★ ੩੦ ਚੇਤ ੨੦੨੦ ਬਿਕਰਮੀ ਅਰਜਣ ਸਿੰਘ ਦੇ ਗ੍ਰਿਹਿ ਸਲੀਮ ਪੁਰ ਜ਼ਿਲਾ ਹੁਸ਼ਿਆਰ ਪੁਰ ★

ਭਗਤਨ ਮੀਤਾ ਹਰਿ ਭਗਵਾਨ, ਜੁਗ ਜੁਗ ਦੇਵਣਹਾਰ ਵਡਿਆਈਆ । ਲੇਖਾ ਜਾਣੇ ਦੋ ਜਹਾਨ, ਨਿਰਗੁਣ ਸਰਗੁਣ ਵੇਸ ਵਟਾਈਆ । ਜੁਗ ਚੌਕੜੀ ਹੋ ਪਰਧਾਨ, ਨਾਮ ਪਰਧਾਨਗੀ ਇਕ ਕਮਾਈਆ । ਲੇਖਾ ਜਾਣ ਗੋਪੀ ਕਾਹਨ, ਮੰਡਲ ਮੰਡਪ ਰਾਸ ਰਚਾਈਆ । ਭੇਵ ਅਭੇਦਾ ਖੇਲ੍ਹ ਸ੍ਰੀ ਭਗਵਾਨ, ਭਗਵਨ ਆਪਣਾ ਰਾਹ ਜਣਾਈਆ । ਜਨ ਭਗਤਾਂ ਦੇਵੇ ਆਤਮ ਦਾਨ, ਵਸਤ ਅਮੋਲਕ ਝੋਲੀ ਪਾਈਆ । ਸ਼ਬਦ ਅਗੰਮੀ ਧੁਰ ਫ਼ਰਮਾਣ, ਸਚ ਸੰਦੇਸਾ ਆਪ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲਾ ਬੇਪਰਵਾਹੀਆ । ਭਗਤ ਭਗਵਾਨ ਇਕੋ ਰੰਗ, ਸੋ ਸਤਿਗੁਰ ਆਪ ਚੜ੍ਹਾਇੰਦਾ । ਸਾਚੀ ਸੇਜਾ ਵੇਖ ਪਲੰਘ, ਸਤਿ ਸਤਿਵਾਦੀ ਸੋਭਾ ਪਾਇੰਦਾ । ਅਨਹਦ ਨਾਦ ਵੱਜੇ ਮਰਦੰਗ, ਧੁਨ ਆਤਮਕ ਰਾਗ ਅਲਾਇੰਦਾ । ਆਤਮ ਪਰਮਾਤਮ ਵਸੇ ਸੰਗ, ਸਗਲਾ ਸਾਥ ਨਿਭਾਇੰਦਾ । ਨਿਜ ਘਰ ਨਿਜ ਗ੍ਰਿਹਿ ਦੇਵੇ ਨਿਜ ਅਨੰਦ, ਪਰਮਾਨੰਦ ਆਪ ਦਰਸਾਇੰਦਾ । ਸਿਫ਼ਤ ਸਾਲਾਹੀ ਸਿਫ਼ਤ ਜਣਾਏ ਬਿਨ ਬੱਤੀ ਦੰਦ, ਰਸਨਾ ਜਿਹਵਾ ਨਾ ਕੋਇ ਹਿਲਾਇੰਦਾ । ਸਤਿਜੁਗ ਸਤਿ ਸਤਿਵਾਦੀ ਸਾਚਾ ਛੰਦ, ਸੋਹੰ ਢੋਲਾ ਆਪੇ ਗਾਇੰਦਾ । ਆਪ ਆਪਣਾ ਗੁਪਤ ਜ਼ਾਹਰ ਮੇਟੇ ਪੰਧ, ਦੂਰ ਨੇੜਾ ਨਾ ਕੋਇ ਰਖਾਇੰਦਾ । ਆਤਮ ਪਰਮਾਤਮ ਟੁੱਟੀ ਦੇਵੇ ਗੰਢ, ਗੰਢਣਹਾਰ ਗੋਪਾਲ ਸਵਾਮੀ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਵਾਨ ਇਕੋ ਰਾਹ ਵਖਾਇੰਦਾ । ਭਗਤ ਭਗਵਾਨ ਇਕੋ ਰਾਹ, ਜੁਗ ਜੁਗ ਮਿਲੇ ਵਡਿਆਈਆ । ਨਿਰਗੁਣ ਸਰਗੁਣ ਬਣ ਮਲਾਹ, ਬੇੜਾ ਆਪਣੇ ਕੰਧ ਉਠਾਈਆ । ਸਤਿ ਸਤਿਵਾਦੀ ਸਿਫ਼ਤ ਸਾਲਾਹ, ਸਚ ਸਚ ਕਰੇ ਪੜ੍ਹਾਈਆ । ਅੰਤਰ ਅੰਤਰ ਭੇਵ ਖੁਲ੍ਹਾ, ਅਭੇਵ ਦਏ ਜਣਾਈਆ । ਨਿਰਗੁਣ ਸਰਗੁਣ ਮੇਲ ਮਿਲਾ, ਜੋਤੀ ਜਾਤਾ ਜੋੜ ਜੁੜਾਈਆ । ਰਹਿਬਰ ਬਣ ਬੇਪਰਵਾਹ, ਸੇਵਕ ਸਾਚੀ ਸੇਵ ਕਮਾਈਆ । ਵੇਖਣਹਾਰਾ ਥਾਉਂ ਥਾਂ, ਥਾਨ ਥਨੰਤਰ ਗਗਨ ਗਗਨੰਤਰ ਫੋਲ ਫੁਲਾਈਆ । ਜਪਾਵਣਹਾਰਾ ਇਕੋ ਨਾਂ, ਨਿਸ਼ਅੱਖਰ ਕਰੇ ਪੜ੍ਹਾਈਆ । ਸੰਤ ਸੁਹੇਲੇ ਫੜ ਫੜ ਬਾਂਹ, ਕੂੜੀ ਕਿਰਿਆ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਨਾਮ ਵਡਿਆਈਆ । ਭਗਤ ਭਗਵਾਨ ਸਗਲਾ ਸਾਥ, ਹਰਿ ਪੁਰਖ ਨਿਰੰਜਣ ਆਪ ਨਿਭਾਇੰਦਾ । ਨਿਰਗੁਣ ਢੋਲਾ ਨਿਰਗੁਣ ਗਾਥ, ਨਿਰਗੁਣ ਸੋਹਲਾ ਰਾਗ ਅਲਾਇੰਦਾ । ਸਰਗੁਣ ਵਿਚੋਲਾ ਪੁਰਖ ਸਮਰਥ, ਸਮਰਥ ਪੁਰਖ ਆਪਣੀ ਕਾਰ ਕਮਾਇੰਦਾ । ਜੁਗ ਚੌਕੜੀ ਸਤਿਜੁਗ ਤ੍ਰੇਤਾ ਦੁਆਪਰ ਦੇਵਣਹਾਰਾ ਵੱਥ, ਗੁਰ ਅਵਤਾਰ ਪੀਰ ਪੈਗ਼ੰਬਰ ਝੋਲੀ ਆਪ ਭਰਾਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਜਣਾਵਣਹਾਰਾ ਜਸ, ਧੁਰ ਦੀ ਬਾਣੀ ਬਾਣ ਲਗਾਇੰਦਾ । ਆਤਮ ਪਰਮਾਤਮ ਬ੍ਰਹਮ ਪਾਰਬ੍ਰਹਮ ਹੋ ਕੇ ਵਸ, ਈਸ਼ ਜੀਵ ਜਗਦੀਸ਼ ਜਗ ਜੀਵਣ ਦਾਤਾ ਆਪਣੀ ਕਾਰ ਕਮਾਇੰਦਾ । ਨੌਂ ਖੰਡ ਪ੍ਰਿਥਮੀ ਸੱਤ ਦੀਪ ਦੋ ਜਹਾਨ ਸ੍ਰੀ ਭਗਵਾਨ

ਜੇਰਜ ਅੰਡ ਉਤਭੁਜ ਸੇਤਜ ਆਪਣਾ ਮਾਰਗ ਦੱਸ, ਪੰਥ ਇਕੋ ਇਕ ਦਰਸਾਇੰਦਾ । ਏਥੇ ਓਥੇ ਦੋ ਜਹਾਨ ਨੌਜਵਾਨ ਪੰਧ ਮੁਕਾਏ ਨੱਠ ਨੱਠ, ਔਂਦਾ ਜਾਂਦਾ ਨਜ਼ਰ ਕਿਸੇ ਨਾ ਆਇੰਦਾ । ਭਗਤ ਭਗਵਾਨ ਹਿਰਦੇ ਵਸ, ਨਿਰਗੁਣ ਜੋਤ ਕਰ ਪਰਕਾਸ਼, ਸ਼ਬਦ ਅਨਾਦੀ ਨਾਦ ਧੁਨ ਨਿਰਗੁਣ ਸਾਚਾ ਰਾਗ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਵਾਨ ਆਪ ਸਮਝਾਇੰਦਾ । ਭਗਤ ਭਗਵਾਨ ਦੇਵੇ ਸੱਦਾ, ਨਾਮ ਸੰਦੇਸਾ ਇਕ ਸੁਣਾਈਆ । ਜ਼ਾਤ ਪਾਤ ਵਰਨ ਗੋਤ ਨੌਂ ਦੁਆਰੇ ਕੂੜੀ ਕਿਰਿਆ ਪਾਰ ਕਰੋ ਹੱਦਾ, ਆਸ਼ਾ ਤ੍ਰਿਸ਼ਨਾ ਹਉਮੇ ਹੰਗਤਾ ਸੰਗ ਨਾ ਕੋਇ ਰਖਾਈਆ । ਲੱਖ ਚੁਰਾਸੀ ਵਿਚੋਂ ਸਤਿਗੁਰ ਪੂਰੇ ਫੜ ਫੜ ਕੱਢਾ, ਸਿਰ ਆਪਣਾ ਹੱਥ ਟਿਕਾਈਆ । ਵੇਖਣਹਾਰਾ ਬੁੱਢਾ ਨੱਢਾ, ਬਚਪਨ ਸਭ ਦਾ ਆਪਣੀ ਝੋਲੀ ਪਾਈਆ । ਪਰਮ ਪੁਰਖ ਪਰਮੇਸ਼ਵਰ ਆਦਿ ਜੁਗਾਦਿ ਜੁਗਾ ਜੁਗੰਤਰ ਭਗਤ ਪ੍ਰੀਤੀ ਇਕੋ ਬੱਧਾ, ਦੂਜੀ ਲੋੜ ਨਾ ਰੱਖੇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਰਗੁਣ ਦਾਤਾ ਪੁਰਖ ਬਿਧਾਤਾ ਪਾਰਬ੍ਰਹਮ ਬੇਪਰਵਾਹੀਆ । ਭਗਤ ਜਨਾਂ ਹਰਿ ਭਗਤੀ ਜੋਗ, ਜਗ ਜੀਵਣ ਦਾਤਾ ਆਪ ਜਣਾਇੰਦਾ । ਆਤਮ ਪਰਮਾਤਮ ਧੁਰ ਸੰਜੋਗ, ਬਣ ਵਿਚੋਲਾ ਆਪ ਮਿਲਾਇੰਦਾ । ਕੱਟਣਹਾਰਾ ਜਨਮ ਕਰਮ ਦਾ ਰੋਗ, ਚਿੰਤਾ ਸੋਗ ਨਾ ਕੋਇ ਵਖਾਇੰਦਾ । ਦੇਵਣਹਾਰਾ ਸੋਹੰ ਹੰਸਾ ਸਾਚੀ ਚੋਗ, ਮਾਣਕ ਮੋਤੀ ਇਕੋ ਇਕ ਦਰਸਾਇੰਦਾ । ਸਾਢੇ ਤਿੰਨ ਹੱਥ ਕਾਇਆ ਲਗਾਵਣਹਾਰਾ ਚੋਟ, ਨਾਮ ਨਗਾਰਾ ਇਕ ਵਜਾਇੰਦਾ । ਕੂੜੀ ਕਿਰਿਆ ਕੱਢਣਹਾਰਾ ਖੋਟ, ਸਚ ਸੁੱਚ ਵਸਤ ਨਾਮ ਅਮੋਲਕ ਕਾਇਆ ਗੋਲਕ ਆਪ ਟਿਕਾਇੰਦਾ । ਕਰ ਪਰਕਾਸ਼ ਨਿਰਮਲ ਜੋਤ, ਅੰਧ ਅੰਧੇਰ ਅਗਿਆਨ ਮਿਟਾਇੰਦਾ । ਵਖਾਵਣਹਾਰਾ ਸਚਖੰਡ ਦੁਆਰ ਸਾਚਾ ਕੋਟ, ਛਪਰ ਛੰਨ ਨਾ ਕੋਇ ਛੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਵਾਨ ਇਕੋ ਘਰ ਸਮਝਾਇੰਦਾ । ਭਗਤ ਭਗਵਾਨ ਇਕੋ ਘਰ, ਘਰ ਸਾਚੇ ਵੱਜੇ ਵਧਾਈਆ । ਆਵਣ ਜਾਵਣ ਲੱਖ ਚੁਰਾਸੀ ਰਹੇ ਕੋਈ ਨਾ ਡਰ, ਰਾਏ ਧਰਮ ਨਾ ਦਏ ਸਜ਼ਾਈਆ । ਨਾ ਜਨਮੇ ਨਾ ਜਾਏ ਮਰ, ਜਨਮ ਮਰਨ ਗੇੜ ਰਹਿਣ ਨਾ ਪਾਈਆ । ਸਾਹਿਬ ਸਤਿਗੁਰ ਦੀਨ ਦਿਆਲ ਪੁਰਖ ਅਕਾਲ ਏਕਾ ਪੱਲੂ ਲਏ ਫੜ, ਨਿਰਗੁਣ ਸਰਗੁਣ ਗੰਢ ਪੁਆਈਆ । ਆਤਮ ਪੌੜੇ ਬਿਨ ਡੰਡਿਉਂ ਜਾਏ ਚੜ੍ਹ, ਪਹਿਲਾ ਦੂਜਾ ਤੀਜਾ ਚੌਥਾ ਇਕੋ ਗੰਢ ਪੁਆਈਆ । ਦਰ ਦੁਆਰੇ ਜਾਏ ਖੜ, ਨੇਤਰ ਨੈਣ ਨੈਣ ਉਠਾਈਆ । ਸ੍ਰੀ ਭਗਵਾਨ ਕਿਰਪਾ ਦੇਵੇ ਕਰ, ਮਿਹਰ ਨਜ਼ਰ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਮੇਲਾ ਲਏ ਮਿਲਾਈਆ । ਜਨ ਭਗਤਾਂ ਮੇਲਾ ਡੂੰਘੀ ਗਾਰ, ਕਾਇਆ ਮੰਦਰ ਅੰਦਰ ਆਪ ਮਿਲਾਇੰਦਾ । ਸ਼ਬਦ ਸਰੂਪੀ ਕਰ ਪਿਆਰ, ਗੁਰ ਸ਼ਬਦੀ ਦਇਆ ਕਮਾਇੰਦਾ । ਸੁਖਮਨ ਟੇਢੀ ਕਰੇ ਪਾਰ, ਅੱਧਵਿਚਕਾਰ ਨਾ ਕੋਇ ਅਟਕਾਇੰਦਾ । ਈੜਾ ਪਿੰਗਲ ਡਿਗਣ ਮੂੰਹ ਦੇ ਭਾਰ, ਆਪਣਾ ਬਲ ਨਾ ਕੋਇ ਵਖਾਇੰਦਾ । ਕਿਰਪਾ ਕਰ ਗੁਰ ਕਰਤਾਰ, ਕਰਨੀ ਆਪਣੇ ਹੱਥ ਰਖਾਇੰਦਾ । ਅੰਮ੍ਰਿਤ ਆਤਮ ਜਾਮ ਪਿਆਲ, ਸੁਰਤੀ ਸੋਈ ਆਪ ਉਠਾਇੰਦਾ । ਦੀਪਕ ਦੀਆ ਜੋਤ ਨਿਰੰਜਣ ਬਾਲ, ਅੰਧ ਅੰਧੇਰ ਮਿਟਾਇੰਦਾ । ਨਿਰਗੁਣ ਚਲੇ ਨਿਰਗੁਣ ਨਾਲ, ਸਰਗੁਣ ਰੂਪ ਨਾ ਕੋਇ ਵਖਾਇੰਦਾ । ਸੁਣਨਹਾਰ ਮੁਰੀਦਾਂ ਹਾਲ, ਮੁਰਸ਼ਦ ਆਪਣਾ ਫੇਰਾ ਪਾਇੰਦਾ । ਨਾਤਾ ਤੋੜ ਤ੍ਰੈਗੁਣ ਮਾਇਆ ਜਗਤ ਜੰਜਾਲ, ਪੰਜ ਤੱਤ ਮੋਹ ਨਾ ਕੋਇ ਵਧਾਇੰਦਾ । ਸਾਚਾ ਮੰਦਰ ਦਏ ਵਖਾਲ, ਹਰਿ ਮੰਦਰ ਹਰਿ ਜੂ ਸੋਭਾ ਪਾਇੰਦਾ । ਆਤਮ ਸੇਜਾ ਕਰ ਤਿਆਰ,

ਪਰਮਾਤਮ ਆਪਣਾ ਰੰਗ ਰੰਗਾਇੰਦਾ । ਪਾਰਬ੍ਰਹਮ ਬ੍ਰਹਮ ਮੇਲਾ ਨਾਰ ਕੰਤ ਭਤਾਰ, ਘਰ ਜੋੜੀ ਜੋੜ ਜੁੜਾਇੰਦਾ । ਵੇਖਣਹਾਰਾ ਸਿਰਜਣਹਾਰ, ਨਿਜ ਨੇਤਰ ਅੱਖ ਖੁਲ੍ਹਾਇੰਦਾ । ਦੇਵੇ ਦਰਸ ਦਰਸ ਦੀਦਾਰ, ਨੂਰ ਨੂਰ ਨੂਰ ਚਮਕਾਇੰਦਾ । ਭਗਤ ਭਗਵਾਨ ਦਾ ਸਚ ਪਿਆਰ, ਲੋਕਮਾਤ ਨਾ ਕੋਇ ਤੁੜਾਇੰਦਾ । ਲੱਖ ਚੁਰਾਸੀ ਹੋਏ ਖੁਆਰ, ਬਿਨ ਸਤਿਗੁਰ ਪੂਰੇ ਕੰਢਾ ਪਾਰ ਨਾ ਕੋਇ ਵਖਾਇੰਦਾ । ਡੁਬਦੇ ਵੇਖੇ ਵਿਚ ਸੰਸਾਰ, ਬੇਆਸਾ ਜੀਵ ਨਜ਼ਰ ਸਰਬ ਆਇੰਦਾ । ਗ਼ੋਤੇ ਖਾਵਣ ਘੁੰਮਣ ਘਾਰ, ਨੱਯਾ ਨਾਮ ਨਾ ਕੋਇ ਚੜ੍ਹਾਇੰਦਾ । ਸੱਯਾ ਨਜ਼ਰ ਨਾ ਆਏ ਸਿਰਜਣਹਾਰ, ਨੇਤਰ ਦਰਸ ਕੋਇ ਨਾ ਪਾਇੰਦਾ । ਪੜ੍ਹ ਪੜ੍ਹ ਥੱਕੇ ਜੀਵ ਗਵਾਰ, ਜਗ ਜੀਵਣ ਦਾਤਾ ਹੱਥ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਵਾਨ ਸਾਚੀ ਰੀਤੀ, ਰੀਤੀਵਾਨ ਇਕ ਸਮਝਾਇੰਦਾ । ਭਗਤ ਭਗਵਾਨ ਖੇਲ ਅਨਡਿਠ, ਜਗ ਨੇਤਰ ਨਜ਼ਰ ਨਾ ਆਈਆ । ਕਰਵਟ ਬਦਲ ਨਾ ਦੇਵੇ ਪਿੱਠ, ਸਨਮੁਖ ਦਿਸੇ ਸੱਚਾ ਮਾਹੀਆ । ਮਨ ਵਾਸਨਾ ਲਏ ਜਿਤ, ਮਨਸਾ ਹੋਰ ਨਾ ਕੋਇ ਰਖਾਈਆ । ਆਤਮ ਪਰਮਾਤਮ ਕਰੇ ਸਾਚਾ ਹਿੱਤ, ਪ੍ਰੇਮ ਪ੍ਰੀਤੀ ਇਕ ਜਣਾਈਆ । ਨਾਮ ਵਸਤ ਅਮੋਲਕ ਪਾਏ ਭਿੱਖ, ਭਿਛਿਆ ਇਕੋ ਦਏ ਸਮਝਾਈਆ । ਬਿਨ ਲੇਖਿਉਂ ਲੇਖਾ ਦੇਵੇ ਲਿਖ, ਲਿਖਣਹਾਰ ਵਡਿਆਈਆ । ਬਿਨ ਨੇਤਰ ਨੈਣਾਂ ਪਏ ਦਿਸ, ਨਿਜ ਨੇਤਰ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਵਨ ਭਗਤਨ ਆਪਣਾ ਭੇਵ ਖੁਲ੍ਹਾਈਆ । ਭਗਤਨ ਪਰਦਾ ਦੇਵੇ ਖੋਲ੍ਹ, ਹਰਿ ਖ਼ਾਲਕ ਖ਼ਲਕ ਦਇਆ ਕਮਾਇੰਦਾ । ਬੋਧ ਅਗਾਧਾ ਸ਼ਬਦ ਅਨਾਦਾ ਬ੍ਰਹਮ ਬ੍ਰਹਿਮਾਦਾ ਸਚ ਸੁਣਾਏ ਬੋਲ, ਅਨਬੋਲਤ ਆਪ ਜਣਾਇੰਦਾ । ਦੂਰ ਦੁਰਾਡਾ ਨੇਰਨ ਨੇਰਾ ਘਰ ਘਰ ਵਿਚੇ ਵਸੇ ਕੋਲ, ਬੰਕ ਦੁਆਰਾ ਹਰਿ ਨਿਰੰਕਾਰਾ ਇਕ ਸੁਹਾਇੰਦਾ । ਸੁਰਤੀ ਸ਼ਬਦੀ ਜਾਏ ਮੌਲ, ਉਲਟਾ ਕਰੇ ਨਾਭ ਕੌਲ, ਅੰਮ੍ਰਿਤ ਝਿਰਨਾ ਰਿਸਕ ਰਿਸਕ ਬੂੰਦ ਬੂੰਦ ਬੂੰਦ ਟਪਕਾਇੰਦਾ । ਦੇਵਣਹਾਰਾ ਧਰਨੀ ਧਰਤ ਧਵਲ ਮਾਣ ਦਾਤਾ ਦਾਨੀ ਸ੍ਰੀ ਭਗਵਾਨ ਭਗਤ ਭਗਵਾਨ ਉਠਾਏ ਇਕ ਨਿਸ਼ਾਨ, ਨਿਸ਼ਾਨਾ ਆਪਣਾ ਨਾਮ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਘਰ ਘਰ ਲੱਖ ਚੁਰਾਸੀ ਖੋਜ ਖੁਜਾਇੰਦਾ । ਲੱਖ ਚੁਰਾਸੀ ਅੰਦਰ ਵੜਿਆ, ਨਿਰਗੁਣ ਨਜ਼ਰ ਕਿਸੇ ਨਾ ਆਈਆ । ਸਾਚੇ ਪੌੜੇ ਆਪੇ ਚੜ੍ਹਿਆ, ਨਾਮ ਡੰਡੇ ਦਏ ਵਡਿਆਈਆ । ਮਹੱਲ ਅਟੱਲ ਉਚ ਮਨਾਰੇ ਆਪੇ ਖੜਿਆ, ਰੂਪ ਰੰਗ ਰੇਖ ਨਾ ਕੋਇ ਰਖਾਈਆ । ਗੁਰਮੁਖ ਵਿਰਲਾ ਸੰਤ ਸੁਹੇਲਾ ਭਗਤ ਭਗਵਾਨ ਆਪੇ ਫੜਿਆ, ਫੜ ਆਪਣਾ ਮੇਲ ਮਿਲਾਈਆ । ਸੋਹੰ ਢੋਲਾ ਧੁਰ ਦਾ ਬੋਲਾ ਬਣ ਵਿਚੋਲਾ ਰਿਹਾ ਪੜ੍ਹਿਆ, ਉਚੀ ਕੂਕ ਕੂਕ ਜਣਾਈਆ । ਨਾ ਜਨਮੇ ਨਾ ਕਦੇ ਮਰਿਆ, ਆਤਮ ਪਰਮਾਤਮ ਜੁਗ ਚੌਕੜੀ ਧਾਰ ਵਖਾਈਆ । ਨਹਾਵਣਹਾਰਾ ਸਾਚੇ ਸਰਿਆ, ਸਰ ਅੰਮ੍ਰਿਤ ਇਕ ਵਡਿਆਈਆ । ਆਦਿ ਜੁਗਾਦਿ ਸਰੋਵਰ ਸੱਚਾ ਭਰਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦ ਵਡਿਆਈਆ । ਵਡਿਆਈ ਦੇਵੇ ਹਰਿ ਵੱਡਾ ਆਪ, ਜਨ ਭਗਤਾਂ ਦਇਆ ਕਮਾਇੰਦਾ । ਨਿਰਗੁਣ ਸਰਗੁਣ ਮਾਈ ਬਾਪ, ਪਿਤਾ ਪੂਤ ਗੋਦ ਸੁਹਾਇੰਦਾ । ਧੁਰ ਧਾਰ ਦੀ ਧਾਰ ਸੱਚਾ ਜਾਪ, ਸੋ ਪੁਰਖ ਨਿਰੰਜਣ ਆਪ ਪੜ੍ਹਾਇੰਦਾ । ਹੰ ਬ੍ਰਹਮ ਪਛਾਣੇ ਆਪ, ਆਪਣਾ ਪਰਦਾ ਆਪ ਉਠਾਇੰਦਾ । ਤ੍ਰੈਗੁਣ ਨਾਤਾ ਤੁਟੇ ਤਾਪ, ਅਗਨੀ ਤੱਤ ਨਾ ਕੋਇ ਜਲਾਇੰਦਾ । ਸਾਹਿਬ ਦਿਸੇ ਸਤਿਗੁਰ ਸੱਜਣ ਸਾਕ, ਸਗਲਾ ਸੰਗ ਨਿਭਾਇੰਦਾ । ਲਹਿਣਾ ਦੇਣ ਚੁਕਾਏ ਹੱਥੋ ਹਾਥ, ਜਗਤ ਉਧਾਰ ਨਾ ਕੋਇ ਰਖਾਇੰਦਾ । ਆਤਮ ਪਰਮਾਤਮ

ਜਣਾਏ ਪੂਜਾ ਪਾਠ, ਹਵਨ ਸਮਗਰੀ ਹੋਰ ਨਾ ਕੋਇ ਬਣਾਇੰਦਾ । ਮੇਟਣਹਾਰ ਅੰਧੇਰੀ ਰਾਤ, ਗੁਰ ਸ਼ਬਦੀ ਚੰਦ ਚਮਕਾਇੰਦਾ । ਕਲਜੁਗ ਅੰਤਮ ਵੇਖਣਹਾਰਾ ਖੇਲ ਤਮਾਸ਼, ਖ਼ਾਲਕ ਖ਼ਲਕ ਪਾਵੇ ਸਾਰ, ਅਰਸ਼ ਫ਼ਰਸ਼ ਦੋ ਜਹਾਨ ਸ੍ਰੀ ਭਗਵਾਨ ਚੌਦਾਂ ਤਬਕ ਨੂਰ ਇਲਾਹੀ ਪਰਵਰਦਿਗਾਰ ਮੁਕਾਮੇ ਹੱਕ ਹੋ ਤਿਆਰ, ਲਾਸ਼ਰੀਕ ਸਾਂਝਾ ਯਾਰ, ਨੂਰ ਖ਼ੁਦਾਈ ਜ਼ਹੂਰ ਇਲਾਹੀ ਲੋਕਮਾਤ ਮਾਰ ਝਾਤ, ਮੁਰਸ਼ਦ ਮੁਰੀਦਾਂ ਦੇਵੇ ਦਾਤ, ਦਾਤਾ ਦਾਨੀ ਇਕੋ ਫੇਰਾ ਪਾਇੰਦਾ । ਦਾਤਾ ਦਾਨੀ ਗਹਿਰ ਗੰਭੀਰ, ਭਗਤ ਭਗਵਾਨ ਵੇਖ ਵਖਾਇੰਦਾ । ਕਲਜੁਗ ਅੰਤਮ ਲੱਖ ਚੁਰਾਸੀ ਤੋੜਨਹਾਰ ਜ਼ੰਜੀਰ, ਸ਼ਰਅ ਸ਼ਰੀਅਤ ਨਾ ਵੰਡ ਵੰਡਾਇੰਦਾ । ਗੁਰਮੁਖ ਚੋਟੀ ਚਾੜ੍ਹੇ ਫੜ ਅਖ਼ੀਰ, ਮਹੱਲ ਅਟੱਲ ਆਪ ਬਹਾਇੰਦਾ । ਬਦਲਣਹਾਰ ਸਾਹਿਬ ਤਕਦੀਰ, ਤਸਵੀਰ ਸਾਚੀ ਸਚ ਜਣਾਇੰਦਾ । ਅਮਾਮ ਅਮਾਮਾਂ ਵਡ ਪੀਰਨ ਪੀਰ, ਬੇਪਰਵਾਹ ਆਪਣੀ ਕਲ ਧਰਾਇੰਦਾ । ਸ਼ਾਹ ਪਾਤਸ਼ਾਹ ਗਹਿਰ ਗੰਭੀਰ, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਇੰਦਾ । ਕਰੇ ਖੇਲ ਬੇਨਜ਼ੀਰ, ਜਗਤ ਨੈਣਾਂ ਨਜ਼ਰ ਕਿਸੇ ਨਾ ਆਇੰਦਾ । ਲੱਖ ਚੁਰਾਸੀ ਹੋਈ ਦਿਲਗੀਰ, ਗੁਰ ਅਵਤਾਰ ਪੀਰ ਪੈਗ਼ੰਬਰ ਧੀਰ ਨਾ ਕੋਇ ਧਰਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਨੇਤਰ ਰੋਵਣ ਵਹਾਵਣ ਨੀਰ, ਉਚੀ ਕੂਕ ਕੂਕ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਹਿਬ ਸਤਿਗੁਰ ਦੀਨ ਦਿਆਲ, ਦੀਨਨ ਆਪਣਾ ਮੇਲ ਮਿਲਾਇੰਦਾ । ਦੀਨਨ ਮੇਲਾ ਧੁਰ ਦਰਬਾਰ, ਦਰਗਹਿ ਸਾਚੀ ਵੱਜੇ ਵਧਾਈਆ । ਲੇਖਾ ਜਾਣੇ ਪਰਵਰਦਿਗਾਰ, ਬੇਪਰਵਾਹੀ ਆਪਣੀ ਪਰਵਾਹ ਨਾ ਕਿਸੇ ਜਣਾਈਆ । ਕਲਜੁਗ ਅੰਤਮ ਲੈ ਅਵਤਾਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਸ੍ਰਿਸ਼ਟ ਸਬਾਈ ਸਾਂਝਾ ਯਾਰ, ਚਾਰ ਵਰਨਾਂ ਰਿਹਾ ਸਮਝਾਈਆ । ਆਤਮ ਪਰਮਾਤਮ ਕਰੋ ਪਿਆਰ, ਪਰਮ ਪੁਰਖ ਦਏ ਵਡਿਆਈਆ । ਪਾਰਬ੍ਰਹਮ ਬ੍ਰਹਮ ਮੇਲਾ ਵਿਚ ਸੰਸਾਰ, ਗੁਰ ਚੇਲਾ ਰੂਪ ਵਖਾਈਆ । ਨਾਮ ਖੰਡਾ ਤੇਜ਼ ਕਟਾਰ, ਹਰਿਜਨ ਗਾਤਰੇ ਤਨ ਲਟਕਾਈਆ । ਪੰਜ ਹੰਕਾਰੀ ਦੇਵੇ ਮਾਰ, ਤਨ ਸ਼ਿੰਗਾਰੀ ਵੇਖ ਵਖਾਈਆ । ਸੋਈ ਸੁਰਤੀ ਲਓ ਉਠਾਲ, ਅਕਾਲ ਮੂਰਤ ਮੇਲ ਮਿਲਾਵਾ ਸਹਿਜ ਸੁਭਾਈਆ । ਨਾਦ ਤੂਰਤ ਸੁਣੋ ਦੀਨ ਦਿਆਲ, ਗੁਰਮੁਖ ਬਣੋ ਸਾਚੇ ਲਾਲ, ਤ੍ਰੈਗੁਣ ਮਾਇਆ ਤੋੜ ਜੰਜਾਲ, ਜਾਗਰਤ ਜੋਤ ਹੋਏ ਰੁਸ਼ਨਾਈਆ । ਲੇਖਾ ਚੁਕੇ ਸ਼ਾਹ ਕੰਗਾਲ, ਮਿਲੇ ਨਾਮ ਸੱਚਾ ਧੰਨ ਮਾਲ, ਧੰਨ ਖ਼ਜ਼ੀਨਾ ਇਕੋ ਨਜ਼ਰੀ ਆਈਆ । ਕਾਇਆ ਮੰਦਰ ਅੰਦਰ ਵੇਖੋ ਸੱਚੀ ਧਰਮਸਾਲ, ਸਤਿਗੁਰ ਬੈਠਾ ਬੇਮਿਸਾਲ, ਮਿਸਲ ਲੋਕ ਸਕੇ ਨਾ ਕੋਇ ਬਣਾਈਆ । ਅੰਦਰ ਬਾਹਰ ਗੁਪਤ ਜ਼ਾਹਰ, ਆਦਿ ਜੁਗਾਦਿ ਜੁਗਾ ਜੁਗੰਤਰ ਭਗਤ ਭਗਵਾਨ ਚਲੇ ਨਾਲ ਨਾਲ, ਵਿਛੋੜਾ ਕੋਇ ਰਹਿਣ ਨਾ ਪਾਈਆ । ਨਾਤਾ ਤੋੜੇ ਕਾਲ ਮਹਾਂਕਾਲ, ਆਪਣੀ ਗੋਦੀ ਲਏ ਬਹਾਲ, ਸਚਖੰਡ ਦੁਆਰੇ ਖੇਲ ਅਪਾਰੇ ਪਰਮ ਪੁਰਖ ਦਾਤਾ ਦੇਵਣਹਾਰ ਹਰਿ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਮੇਟ ਅੰਧੇਰੀ ਰਾਤਾ, ਸਤਿਜੁਗ ਸਚ ਸੁਣਾਏ ਗਾਥਾ, ਇਕੋ ਢੋਲਾ ਵੱਜੇ ਵਧਾਈਆ । ਭਗਤੇ ਭਗਤੀ ਮਾਰਗ ਅੰਗ, ਅੰਗੀਕਾਰ ਜਣਾਇੰਦਾ । ਹਰਿ ਕਾ ਮੰਦਰ ਵੇਖੇ ਲੰਘ, ਸ੍ਰੀ ਭਗਵਾਨ ਆਪ ਦਰਸਾਇੰਦਾ । ਨਾ ਕੋਈ ਢੋਲਾ ਨਾ ਕੋਈ ਛੰਦ, ਰਾਗ ਤਾਲ ਨਾ ਕੋਇ ਜਣਾਇੰਦਾ । ਨਾ ਕੋਈ ਸੂਰਜ ਨਾ ਕੋਈ ਚੰਦ, ਦੀਆ ਬਾਤੀ ਨਾ ਕੋਇ ਜਗਾਇੰਦਾ । ਨਾ ਕੋਈ ਦਾਤਾ ਭਿਖਾਰੀ ਨਾ ਕੋਈ ਮੰਗਾਂ ਰਿਹਾ ਮੰਗ, ਖ਼ਾਲੀ ਝੋਲੀ ਨਾ ਕੋਇ ਜਣਾਇੰਦਾ । ਨਾ ਕੋਈ ਸ਼ਾਹਸਵਾਰਾ ਕਸੇ ਤੰਗ, ਅਸਵ ਨਜ਼ਰ ਕੋਇ ਨਾ ਆਇੰਦਾ । ਨਾ ਕੋਈ ਗੁਰ ਪੀਰ ਅਵਤਾਰ ਵੇਖੇ ਅਨੰਦ,

੩੫੯
੧੪

ਅਨੰਦ ਰੂਪ ਨਾ ਕੋਇ ਵਖਾਇੰਦਾ । ਸਚ ਸਿੰਘਾਸਣ ਪੁਰਖ ਅਬਿਨਾਸ਼ਣ ਸਚਖੰਡ ਦੁਆਰ ਏਕੰਕਾਰ ਇਕੋ ਬਹੇ ਪੁਰਖ ਸਮਰਥ, ਮਹਿਮਾ ਅਕਥ ਆਪਣੇ ਵਿਚ ਛੁਪਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨੌਂ ਸੌ ਚੁਰਾਨਵੇਂ ਚੌਕੜੀ ਯੁਗ ਚਲਾਇਆ ਰਥ, ਨਿਰਗੁਣ ਸਰਗੁਣ ਸਾਚੀ ਕਾਰ ਕਮਾਇੰਦਾ । ਕਲਜੁਗ ਅੰਤ ਸ੍ਰੀ ਭਗਵੰਤ ਨਾਨਕ ਗੋਬਿੰਦ ਸਾਚਾ ਮਾਰਗ ਗਿਆ ਦੱਸ, ਵਰਨ ਬਰਨ ਜ਼ਾਤ ਪਾਤ ਊਚ ਨੀਚ ਨਜ਼ਰ ਕੋਇ ਨਾ ਆਇੰਦਾ । ਨਿਰਗੁਣ ਦਾਤਾ ਪੁਰਖ ਬਿਧਾਤਾ ਕਲ ਕਲਕੀ ਹੋਏ ਪਰਗਟ, ਧਰਮ ਖੁਲ੍ਹਾਏ ਸਾਚਾ ਹੱਟ, ਚਾਰੇ ਕੁੰਟਾਂ ਇਕੋ ਰਾਗ ਇਕੋ ਧੁਨ ਇਕੋ ਅਵਾਜ਼ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭਗਤ ਭਗਵਾਨ ਸੱਚਾ ਮੀਤਾ ਕਾਇਆ ਕਰੇ ਠਾਂਡੀ ਸੀਤਾ, ਅਗਨੀ ਤੱਤ ਨਾ ਕੋਇ ਜਲਾਇੰਦਾ । ਅਗਨੀ ਤੱਤ ਨਾ ਜਾਏ ਲੱਗ, ਜਿਸ ਜਨ ਦਏ ਵਡਿਆਈਆ । ਦਰਸ ਕਰਾਏ ਉਪਰ ਸ਼ਾਹ ਰਗ, ਸ਼ਹਿਨਸ਼ਾਹ ਆਪਣਾ ਮੇਲ ਮਿਲਾਈਆ । ਕਾਇਆ ਮੰਦਰ ਅੰਦਰ ਸਾਚਾ ਹੱਜ, ਮੱਕਾ ਕਾਅਬਾ ਦਏ ਵਖਾਈਆ । ਸੁਰਤ ਸਵਾਣੀ ਸਚ ਮਹੱਲੇ ਸੱਦ, ਸਦਕੇ ਵਾਰੀ ਘੋਲੀ ਇਕੋ ਸਿਖਿਆ ਦਏ ਜਣਾਈਆ । ਜਗਤ ਕਿਨਾਰਾ ਪਾਰ ਹੱਦ, ਗੁਰ ਸਤਿਗੁਰ ਮਿਲੇ ਵਡਿਆਈਆ । ਆਤਮ ਪਰਮਾਤਮ ਰਹਿਣ ਨਾ ਦੇਵੇ ਅੱਡ, ਜਿਨ੍ਹਾਂ ਆਪਣੇ ਅੰਗ ਲਗਾਈਆ । ਸਚ ਵਖਾਏ ਨਿਰਬਾਣ ਪਦ, ਪਦਵੀ ਇਕੋ ਇਕ ਦਰਸਾਈਆ । ਪਾਰਬ੍ਰਹਮ ਦੀ ਭਗਤ ਸਾਚੀ ਯਦ, ਭਗਵਨ ਜੁਗ ਜੁਗ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰਮੁਖ ਲੇਖਾ ਲੇਖੇ ਲਾਈਆ । ਭਗਤ ਭਗਵੰਤ ਇਕੋ ਧਾਰ, ਸੋ ਪੁਰਖ ਨਿਰੰਜਣ ਆਪ ਚਲਾਇੰਦਾ । ਸੰਤ ਸਾਜਣ ਕਰ ਪਿਆਰ, ਹਰਿ ਪੁਰਖ ਨਿਰੰਜਣ ਖੇਲ ਕਰਾਇੰਦਾ । ਗੁਰਮੁਖ ਗੁਰ ਗੁਰ ਖੋਲ੍ਹ ਕਿਵਾੜ, ਏਕੰਕਾਰਾ ਪਰਦਾ ਲਾਹਿੰਦਾ । ਗੁਰਸਿਖ ਸਾਚੇ ਦੇ ਆਧਾਰ, ਆਦਿ ਨਿਰੰਜਣ ਜੋਤ ਨਿਰੰਜਣ ਦੀਪਕ ਡਗਮਗਾਇੰਦਾ । ਗ਼ਰੀਬ ਨਿਮਾਣਿਆਂ ਸਾਂਝਾ ਯਾਰ, ਸ੍ਰੀ ਭਗਵਾਨ ਆਪ ਅਖਵਾਇੰਦਾ । ਡੁਬਦੇ ਪਾਥਰ ਜਾਏ ਤਾਰ, ਅਬਿਨਾਸ਼ੀ ਕਰਤਾ ਚਰਨ ਛੁਹਾਇੰਦਾ । ਪਾਰਬ੍ਰਹਮ ਬ੍ਰਹਮ ਲੇਖਾ ਦਏ ਨਵਾਰ, ਲੇਖਾ ਅੱਗੇ ਨਾ ਕੋਇ ਲਿਖਾਇੰਦਾ । ਆਤਮ ਪਰਮਾਤਮ ਇਕ ਦੁਆਰ, ਘਰ ਮੰਦਰ ਆਪ ਸੁਹਾਇੰਦਾ । ਮੇਲ ਮਿਲਾਏ ਸਿਰਜਣਹਾਰ, ਜਗਤ ਵਿਛੋੜਾ ਨਾ ਕੋਇ ਪਾਇੰਦਾ । ਚੌਦਾਂ ਲੋਕ ਚੌਦਾਂ ਤਬਕ ਨੇਤਰ ਰੋਵਣ ਜ਼ਾਰੋ ਜ਼ਾਰ, ਧੀਰਜ ਧੀਰ ਨਾ ਕੋਇ ਰਖਾਇੰਦਾ । ਕਲਜੁਗ ਚਾਰ ਕੁੰਟ ਅੰਧ ਅੰਧਿਆਰ, ਸਾਚਾ ਚੰਦ ਨਾ ਕੋਇ ਚਮਕਾਇੰਦਾ । ਗੁਰ ਕਾ ਸ਼ਬਦ ਨਾ ਕੋਇ ਪਿਆਰ, ਹਰਿ ਚਰਨ ਧਿਆਨ ਨਾ ਕੋਇ ਲਗਾਇੰਦਾ । ਮਾਇਆ ਮਮਤਾ ਹਉਮੈਂ ਹੰਗਤਾ ਆਸਾ ਤ੍ਰਿਸ਼ਨਾ ਕੋਈ ਨਾ ਸਕੇ ਮਾਰ, ਕਾਮ ਕਰੋਧ ਲੋਭ ਮੋਹ ਹੰਕਾਰ, ਪੱਲੂ ਨਾ ਕੋਇ ਛੁਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਨ ਭਗਤਾਂ ਇਕੋ ਘਰ ਵਖਾਇੰਦਾ । ਜਨ ਭਗਤਾਂ ਘਰ ਵੇਖਿਆ ਉਚਾ, ਊਚ ਅਗੰਮ ਮਿਲੇ ਵਡਿਆਈਆ । ਨਾ ਕੋਈ ਗਲੀ ਨਾ ਕੋਈ ਕੂਚਾ, ਸ਼ਹਿਰ ਬਾਜ਼ਾਰ ਨਾ ਹੱਟ ਵਖਾਈਆ । ਨਾ ਕੋਈ ਏਕਾ ਨਾ ਕੋਈ ਦੂਜਾ, ਤੀਜੀ ਵੰਡ ਨਾ ਕੋਇ ਵੰਡਾਈਆ । ਨਾ ਕੋਈ ਭੇਵ ਰੱਖੇ ਗੁਝਾ, ਪਰਦਾ ਉਪਰ ਨਾ ਕੋਇ ਰਖਾਈਆ । ਜਿਸ ਸਾਹਿਬ ਸਤਿਗੁਰ ਦਾ ਦਰ ਸੁਝਾ, ਤਿਸ ਦੇਵਣਹਾਰ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਮੀਤਾ ਇਕ ਅਖਵਾਈਆ । ਭਗਤਨ ਮੀਤਾ ਹੋਏ ਆਪ, ਪ੍ਰਭ ਆਪਣੀ ਦਇਆ ਕਮਾਇੰਦਾ । ਕਰ ਕਿਰਪਾ ਪਹਿਲਾ ਦੇਵੇ ਜਾਪ, ਰਸਨਾ ਜਿਹਵਾ ਨਾ ਕੋਇ

ਹਿਲਾਇੰਦਾ । ਪਤਤ ਪੁਨੀਤ ਕਰੇ ਪਾਕ, ਪਤਤ ਉਧਾਰਨ ਵੇਖ ਵਖਾਇੰਦਾ । ਆਤਮ ਪਰਮਾਤਮ ਨਾਤਾ ਜੋੜ ਬਣਾਏ ਸਾਕ, ਸੱਜਣ ਇਕੋ ਇਕ ਅਖਵਾਇੰਦਾ । ਕਾਇਆ ਮੰਦਰ ਖੋਲ੍ਹ ਤਾਕ, ਬਜ਼ਰ ਕਪਾਟੀ ਕੁੰਡਾ ਲਾਹਿੰਦਾ । ਘਰ ਵਿਚ ਘਰ ਵਖਾਏ ਹਾਟ, ਸਚ ਸੁਹੰਜਣਾ ਮੰਦਰ ਆਪ ਸੁਹਾਇੰਦਾ । ਨਿਰਮਲ ਜੋਤ ਕਰ ਪਰਕਾਸ਼, ਪਰਕਾਸ਼ਵਾਨ ਨਜ਼ਰੀ ਆਇੰਦਾ । ਜਨ ਭਗਤਾਂ ਹੋਏ ਸਦਾ ਦਾਸ, ਬਣ ਸੇਵਕ ਸੇਵ ਕਮਾਇੰਦਾ । ਦਰ ਦਰ ਘਰ ਘਰ ਪੂਰੀ ਕਰੇ ਆਸ, ਨਰ ਹਰਿ ਆਪਣਾ ਫੇਰਾ ਪਾਇੰਦਾ । ਦੂਜਾ ਕੋਈ ਨਾ ਸਕੇ ਭਾਖ, ਮਨ ਮਤ ਬੁਧ ਕਹਿਣ ਕੋਇ ਨਾ ਪਾਇੰਦਾ । ਜਿਸ ਭਾਵੇ ਤਿਸ ਲਏ ਰਾਖ, ਜੁਗ ਜੁਗ ਆਪਣੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਨਾਮ ਵਰ, ਵਸਤ ਅਮੋਲਕ ਆਪ ਵਰਤਾਇੰਦਾ । ਵਸਤ ਅਮੋਲਕ ਨਾਮ ਹਰਿ, ਹਰਿ ਦਾਤਾ ਆਪ ਜਣਾਈਆ । ਸੰਤ ਸੁਹੇਲੇ ਸੱਜਣ ਫੜ, ਕਾਇਆ ਚੋਲੀ ਆਪ ਟਿਕਾਈਆ । ਜੀਂਵਦਿਆਂ ਜਗ ਜਾਇਣ ਮਰ, ਜਿਨ੍ਹਾਂ ਆਪਣਾ ਭੇਵ ਖੁਲ੍ਹਾਈਆ । ਇਕੋ ਢੋਲਾ ਲੈਣ ਪੜ੍ਹ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਸਾਹਿਬ ਸਤਿਗੁਰ ਸਰਨਾਈ ਜਾਣ ਪੜ੍ਹ, ਮਸਤਕ ਟਿੱਕਾ ਧੁਰ ਲਗਾਈਆ । ਗੁਰ ਸਤਿਗੁਰ ਦਾ ਵੇਖ ਘਰ, ਭੁੱਲੇ ਜਗਤ ਲੋਕਾਈਆ । ਨਜ਼ਰੀ ਆਏ ਨਰਾਇਣ ਨਰ, ਨਰ ਦਾਤਾ ਸਵਛ ਸਰੂਪ ਵਟਾਈਆ । ਕਲਜੁਗ ਅੰਤਮ ਜੋਤ ਸਰੂਪੀ ਖੇਲ ਰਿਹਾ ਕਰ, ਸ਼ਾਹੋ ਭੂਪ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰਮੁਖ ਗੁਰਸਿਖ ਗੁਰ ਗੁਰ ਇਕੋ ਤੰਦ ਡੋਰ ਬੰਧਾਈਆ ।



## ★ ੩੦ ਚੇਤ ੨੦੨੦ ਬਿਕਰਮੀ ਹਰਿ ਭਗਤ ਦੁਆਰ ਜੇਠੂਵਾਲ ★

ਨਿਰਗੁਣ ਸਰਗੁਣ ਸਾਚੀ ਧਾਰਾ, ਦੋਆ ਦੋ ਮਿਲੇ ਵਡਿਆਈਆ । ਛੀਆ ਛੀਕਾ ਹੋ ਉਜਿਆਰਾ, ਛੀਕਨ ਮੇਲਾ ਸਹਿਜ ਸੁਭਾਈਆ । ਚੌਕਾ ਬੋਲੇ ਉਚੀ ਨਾਅਰਾ, ਚਾਰ ਕੁੰਟ ਚੌਥੇ ਯੁਗ ਸੁਣਾਈਆ । ਦੋ ਛੇ ਚਾਰ ਜੋੜ ਇਕੋ ਅੰਕ ਕਰੇ ਤਿਆਰਾ, ਸ੍ਰੀ ਭਗਵਾਨ ਵੱਡੀ ਵਡਿਆਈਆ । ਪਿਛਲਾ ਲਹਿਣਾ ਦੇਣਾ ਦੇਵੇ ਕਰਜ਼ ਉਤਾਰਾ, ਅਗਲਾ ਆਪਣਾ ਰਾਹ ਵਖਾਈਆ । ਗੋਬਿੰਦ ਮੀਤਾ ਏਕੰਕਾਰਾ, ਅਕਲ ਕਲ ਵਡਿਆਈਆ । ਵਸਣਹਾਰਾ ਧਾਮ ਨਿਆਰਾ ਸਚਖੰਡ, ਸਾਚੇ ਸੋਭਾ ਪਾਈਆ । ਜੁਗ ਚੌਕੜੀ ਪਾਰ ਕਿਨਾਰਾ, ਥਿਰ ਕੋਇ ਰਹਿਣ ਨਾ ਪਾਈਆ । ਦੇਵਣਹਾਰਾ ਧੁਰ ਦੀ ਧਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਾਰ ਕਮਾਈਆ । ਦੋ ਛੇ ਚਾਰ ਹੋ ਇਕੱਠੇ, ਦੋ ਸੌ ਚੌਠ ਅੰਕ ਬਣਾਈਆ । ਇਕ ਦੂਜੇ ਵਲ ਪ੍ਰੇਮ ਪ੍ਰੀਤੀ ਨਾਲ ਨੱਠੇ, ਮੇਲ ਮਿਲਾਵਾ ਏਕਾ ਥਾਈਂਆ । ਦੂਆ ਆਪਣਾ ਹਾਲ ਦੱਸੇ, ਨਿਰਗੁਣ ਸਰਗੁਣ ਮੇਰੀ ਕਾਰ ਕਮਾਈਆ । ਛੇਵਾਂ ਕਹੇ ਛੇ ਗੁਰ ਮੇਰੇ ਅੰਦਰ ਵਸੇ, ਸ਼ਹਿਨਸ਼ਾਹ ਸਾਚੀ ਸੇਵ ਕਮਾਈਆ । ਚੌਕਾ ਕਹੇ ਚਾਰ ਜੁਗ ਮੇਰੇ ਪੱਠੇ, ਜੁਗ ਜੁਗ ਕੁਸ਼ਤੀ ਦਿਆਂ ਕਰਾਈਆ । ਸ੍ਰੀ ਭਗਵਾਨ ਅੰਤਮ ਸਭ ਨੂੰ ਕਰੇ ਇਕੋ ਮੁੱਠੇ, ਆਪਣੀ ਉਂਗਲੀਆਂ ਵਿਚ ਦਬਾਈਆ । ਇਕੋ ਵਾਰ ਏਕੰਕਾਰਾ ਪੁੱਛੇ, ਸਚ ਸਚ ਦਿਓ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਦੂਆ ਕਹੇ ਮੈਂ ਦੱਸਾਂ ਹਾਲ, ਮੇਰਾ ਭੇਵ ਕਿਸੇ ਨਾ ਪਾਇਆ ।

ਨਿਰਗੁਣ ਸਰਗੁਣ ਮੇਰੀ ਚਾਲ, ਚਾਲ ਨਿਰਾਲੀ ਇਕ ਜਣਾਇਆ । ਸਚਖੰਡ ਵਸਾਂ ਸਾਚੀ ਧਰਮਸਾਲ, ਸਾਚਾ ਮੰਦਰ ਇਕ ਵਡਿਆਇਆ । ਲੱਖ ਚੁਰਾਸੀ ਦੀਪਕ ਬਾਲ, ਘਰ ਘਰ ਆਪਣਾ ਡੇਰਾ ਲਾਇਆ । ਸਾਚੀ ਸਿਖਿਆ ਦੇਵਾਂ ਸਿਖਾਲ, ਸਾਚਾ ਮੰਤਰ ਨਾਮ ਦ੍ਰਿੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਾਰ ਮੋਹੇ ਲਾਇਆ । ਛੀਕਾ ਕਹੇ ਮੈਂ ਵੇਖਿਆ ਸ਼ਹਿਨਸ਼ਾਹ, ਸ਼ਾਹ ਪਾਤਸ਼ਾਹ ਵੱਡੀ ਵਡਿਆਈਆ । ਜਿਸ ਗ੍ਰਿਹਿ ਮੰਦਰ ਦਿਤਾ ਬਣਾ, ਮਹੱਲ ਅਟੱਲ ਕਰੇ ਰੁਸ਼ਨਾਈਆ । ਦੀਪਕ ਜੋਤ ਜੋਤ ਦਿਤੇ ਡਗਮਗਾ, ਨੂਰੋ ਨੂਰ ਨੂਰ ਰੁਸ਼ਨਾਈਆ । ਬੰਦ ਕਿਵਾੜੀ ਤਾਕ ਦਿਤੇ ਖੁਲ੍ਹਾ, ਦਰ ਦਰਵਾਜ਼ਾ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਚੌਕਾ ਕਹੇ ਮੇਰਾ ਸਾਚਾ ਪਦ, ਚਾਰ ਚਾਰ ਵਡਿਆਈਆ । ਜੁਗ ਚੌਕੜੀ ਵੇਖਾਂ ਹੱਦ, ਕਿਨਾਰਾ ਆਪਣਾ ਅੰਕ ਬਣਾਈਆ । ਢੋਲਾ ਗੀਤ ਸੁਣਾਵਾਂ ਛੰਦ, ਰਾਗ ਅਨਾਦ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਕਰਾਈਆ । ਦੂਆ ਛੀਕਾ ਕੱਠਾ ਚਾਰ, ਚਾਰ ਕੁੰਟ ਵੱਜੇ ਵਧਾਈਆ । ਚਾਰ ਛੇ ਦੂਆ ਕਰੇ ਪਿਆਰ, ਦੋਏ ਦੋਏ ਇਕੋ ਰੰਗ ਵਖਾਈਆ । ਦੋ ਛੇ ਚਾਰ ਹੋਏ ਖ਼ਬਰਦਾਰ, ਖ਼ਬਰਦਾਰ ਨਾ ਕੋਇ ਹਟਾਈਆ । ਦੋ ਛੇ ਚਾਰ ਪਿਆਰ, ਦੋ ਜਹਾਨਾਂ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਦੂਆ ਕਹੇ ਮੈਂ ਆਦਿ ਜੁਗਾਦਿ ਖੇਲ ਕਰਾਂ ਝੱਬੇ, ਨਿਰਗੁਣ ਸਰਗੁਣ ਮੇਰੀ ਵਡਿਆਈਆ । ਮੇਰਾ ਭੇਵ ਕਿਸੇ ਨਾ ਲੱਭੇ, ਦੋ ਜਹਾਨ ਖੋਜਣ ਥਾਉਂ ਥਾਈਂਆ । ਗੁਰ ਅਵਤਾਰ ਪੀਰ ਪੈਗੰਬਰ ਆਪਣੇ ਹੁਕਮੇ ਅੰਦਰ ਸੱਦੇ, ਸੱਦਾ ਇਕੋ ਨਾਮ ਜਣਾਈਆ । ਬਾਲੇ ਨੀਹਾਂ ਹੇਠਾਂ ਦੱਬੇ, ਏਕਾ ਆਪਣਾ ਰੰਗ ਚੜ੍ਹਾਈਆ । ਪ੍ਰੇਮ ਪ੍ਰੀਤੀ ਅੰਦਰ ਬੱਝੇ, ਸਾਚੀ ਰੀਤੀ ਇਕ ਵਖਾਈਆ । ਸ੍ਰੀ ਭਗਵਾਨ ਸਾਹਿਬ ਸੁਲਤਾਨ ਪਰਦਾ ਕੱਜੇ, ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਏਕਾ ਛੀਕਾ ਨਾਲ ਮਿਲਾਈਆ । ਛੀਕਾ ਕਹੇ ਮੇਰਾ ਸ਼ਹਿਨਸ਼ਾਹ, ਸ਼ਾਸਤਰ ਸਿਮਰਤ ਵੇਦ ਬਣਾਇੰਦਾ । ਜੁਗ ਚੌਕੜੀ ਦੱਸਦਾ ਰਿਹਾ ਰਾਹ, ਮਾਰਗ ਧੰਦੇ ਆਪੇ ਲਾਇੰਦਾ । ਦੋ ਜਹਾਨਾਂ ਬਣ ਮਲਾਹ, ਬੇੜਾ ਆਪਣੇ ਕੰਧ ਉਠਾਇੰਦਾ । ਘਰ ਅਵੱਲਾ ਦਏ ਵਸਾ, ਇਕ ਇਕੱਲਾ ਸੋਭਾ ਪਾਇੰਦਾ । ਜੋਤੀ ਜਾਤਾ ਪੁਰਖ ਬਿਧਾਤਾ ਨਿਰਗੁਣ ਨੂਰ ਕਰ ਰੁਸ਼ਨਾ, ਨਿਰਵੈਰ ਆਪਣੀ ਕਾਰ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਵਖਾਇੰਦਾ । ਚੌਕਾ ਕਹੇ ਮੇਰੀ ਚੌਥੀ ਧਾਰ, ਚਾਰ ਜੁਗ ਵਡਿਆਈਆ । ਚਾਰ ਵੇਦ ਮੇਰਾ ਪਿਆਰ, ਚਾਰ ਵਰਨ ਸਰਨ ਰਖਾਈਆ । ਚਾਰੇ ਖਾਣੀ ਦੇ ਆਧਾਰ, ਚਾਰ ਬਾਣੀ ਕਰੇ ਪੜ੍ਹਾਈਆ । ਚਾਰ ਕੁੰਟ ਇਕ ਹੁਲਾਰ, ਚਾਰ ਯਾਰੀ ਵੇਖ ਵਖਾਈਆ । ਚਾਰ ਅੱਖਰ ਦਾ ਕਰ ਪਿਆਰ, ਏਕਾ ਘਰ ਕਰੇ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦੂਆ ਛੀਕਾ ਚੌਕਾ ਏਕਾ ਨੌਕਾ ਆਪ ਬਣਾਈਆ । ਦੋ ਛੇ ਚਾਰ ਰਹੇ ਉਡੀਕ, ਆਪ ਆਪਣਾ ਧਿਆਨ ਲਗਾਈਆ । ਗੁਰ ਗੁਰ ਦੱਸ ਕੇ ਗਿਆ ਠੀਕ, ਭੇਵ ਅਭੇਦ ਜਣਾਈਆ । ਬੀਸ ਬੀਸਾ ਪ੍ਰਭ ਪਰਗਟ ਹੋਵੇ ਲਾਸ਼ਰੀਕ, ਸ਼ਾਹ ਪਾਤਸ਼ਾਹ ਆਪਣਾ ਫੇਰਾ ਪਾਈਆ । ਪਿਛਲੀ ਹੱਦ ਪਾਰ ਕਰੇ ਲੀਕ, ਆਪਣੀ ਲੀਕ ਫੇਰ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਕਰੇ ਖੇਲ ਬੇਪਰਵਾਹੀਆ । ਦੋ ਸੌ

ਚੌਠ ਤੱਕਦੇ ਰਹੇ ਰਾਹ, ਨੇਤਰ ਨੈਣ ਨੈਣ ਉਠਾਈਆ । ਕਵਣ ਵੇਲਾ ਆਏ ਬੇਪਰਵਾਹ, ਬੇਪਰਵਾਹੀ ਧਾਰ ਚਲਾਈਆ । ਸਾਡਾ ਲਹਿਣਾ ਦਏ ਚੁਕਾ, ਖ਼ਾਲੀ ਝੋਲੀ ਦਏ ਭਰਾਈਆ । ਜੋ ਮਾਰਗ ਗੋਬਿੰਦ ਦਿਤਾ ਲਾ, ਤਿਸ ਨੂੰ ਪੂਰਾ ਕਰ ਵਖਾਈਆ । ਚਾਰ ਵਰਨ ਅਠਾਰਾਂ ਬਰਨ ਰਹੇ ਸ਼ਰਮਾ, ਸਭ ਦੀ ਅੱਖ ਦਏ ਖੁਲ੍ਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦੀਨ ਮਜ਼੍ਹਬ ਜੋ ਹੱਦਾਂ ਗਏ ਬਣਾ, ਅੰਤਮ ਸਭ ਦਾ ਡੇਰਾ ਢਾਹਿਆ । ਆਤਮ ਪਰਮਾਤਮ ਭੇਵ ਚੁਕਾ, ਚਾਰ ਕੁੰਟ ਕਰੇ ਸ਼ਨਵਾਈਆ । ਮਹੱਲ ਅਟੱਲ ਇਕ ਰੁਸ਼ਨਾ, ਘਰ ਸਾਚਾ ਇਕ ਸੁਹਾਈਆ । ਨਿਰਗੁਣ ਸਰਗੁਣ ਸੇਵ ਕਮਾ, ਕਰਨੀ ਕਰਤਾ ਆਪ ਜਣਾਈਆ । ਭਗਤ ਦੁਆਰ ਇਕ ਪਰਗਟਾ, ਪਾਰਬ੍ਰਹਮ ਪ੍ਰਭ ਵੇਖੇ ਚਾਈਂ ਚਾਈਂਆ । ਗੁਰ ਅਵਤਾਰ ਪੀਰ ਪੈਗ਼ੰਬਰ ਬੀਸਵੀਂ ਸਦੀ ਇਕੱਠੇ ਕਰ ਕੇ ਅੰਦਰ ਲਏ ਬਹਾ, ਬਾਹਰ ਨਿਕਲ ਕੋਇ ਨਾ ਜਾਈਆ । ਸਤਿ ਸਤਿਵਾਦੀ ਸਾਚੀ ਕਰੇ ਫੇਰ ਸਲਾਹ, ਪੁਛਣਹਾਰਾ ਥਾਉਂ ਥਾਈਆ । ਉਠੋ ਸਾਰੇ ਬਣੋ ਗਵਾਹ, ਸ਼ਹਾਦਤ ਨਿਰਗੁਣ ਨਿਰਗੁਣ ਕੋਲੋਂ ਮੰਗ ਮੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਾਰ ਕਮਾਈਆ । ਦੋ ਸੌ ਚੌਠ ਗਏ ਬੀਤ, ਬੀਤੀ ਸਦੀ ਲੋਕਾਈਆ । ਪ੍ਰਭ ਪਰਗਟ ਹੋਇਆ ਇਕ ਅਤੀਤ, ਤ੍ਰੈਗੁਣ ਅਤੀਤਾ ਫੇਰਾ ਪਾਈਆ । ਸਤਿ ਧਰਮ ਦੀ ਸਾਚੀ ਰੀਤ, ਸਤਿ ਪੁਰਖ ਨਿਰੰਜਣ ਸਾਹਿਬ ਸਤਿਗੁਰ ਆਪ ਚਲਾਈਆ । ਦੋ ਜਹਾਨ ਇਕੋ ਗੀਤ ਰਾਗ ਨਾਦ ਇਕ ਸ਼ਨਵਾਈਆ । ਵਿਸ਼ਨ ਬ੍ਰਹਮਾ ਸ਼ਿਵ ਗੁਰ ਅਵਤਾਰ ਪੀਰ ਪੈਗ਼ੰਬਰ ਦੂਜਾ ਸੁਣਾਏ ਨਾ ਕੋਇ ਸੰਗੀਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਕਰਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਹੋਇਆ ਇਕੱਠ, ਭਗਤ ਦੁਆਰ ਵੱਜੀ ਵਧਾਈਆ । ਵੇਖੋ ਸਭ ਦਾ ਸਾਂਝਾ ਖੁਲ੍ਹਿਆ ਹੱਟ, ਦੂਜੀ ਵੰਡ ਨਾ ਕੋਇ ਵੰਡਾਈਆ । ਨਾ ਕੋਈ ਗਵੱਯਾ ਦਿਸੇ ਭੱਟ, ਡੂੰਮ ਨਾਈ ਸਾਥ ਨਾ ਕੋਇ ਵਖਾਈਆ । ਇਕੋ ਖੇਲ ਪੁਰਖ ਸਮਰਥ, ਸ਼ਾਹ ਪਾਤਸ਼ਾਹ ਰਿਹਾ ਕਰਾਈਆ । ਸਭ ਦੇ ਖ਼ਾਲੀ ਕੀਤੇ ਹੱਥ, ਭੰਡਾਰਾ ਇਕੋ ਇਕ ਵਰਤਾਈਆ । ਦਿਵਸ ਸੁਹੰਜਣਾ ਰਹੇ ਤੱਕ, ਵੇਲਾ ਵਕਤ ਮਿਲੇ ਵਡਿਆਈਆ । ਜਿਸ ਗੋਬਿੰਦ ਇਕ ਸੱਤ ਪੰਜ ਛੇ ਪੰਚਮ ਪੰਚ ਲਏ ਰੱਖ, ਪ੍ਰੇਮ ਪ੍ਰੀਤੀ ਧਾਰ ਵਹਾਈਆ । ਦੋ ਛੇ ਚਾਰ ਪਿਛੋਂ ਪ੍ਰਭ ਦਰ ਆਏ ਸਾਰੇ ਲੱਖ ਚੁਰਾਸੀ ਨਾਲੋਂ ਕਰੇ ਵੱਖ, ਵੱਖਰੀ ਕਾਰ ਕਮਾਈਆ । ਜਿਨ੍ਹਾਂ ਪਿਛੇ ਲੇਖੇ ਲਾਈ ਗੋਬਿੰਦ ਰਤ, ਤਿਨ੍ਹਾਂ ਰਤ ਆਪਣੇ ਨਾਮ ਰੰਗਾਈਆ । ਅੰਦਰ ਬਾਹਰ ਦੇਵੇ ਬ੍ਰਹਮ ਮਤ, ਬ੍ਰਹਮ ਵਿਦਿਆ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਵੀਹ ਸੌ ਵੀਹ ਤੇਰੀ ਵਸਾਖੀ, ਵਸਲ ਹਰਿ ਜੂ ਆਪ ਕਰਾਈਆ । ਭਗਤ ਦੁਆਰੇ ਬਹਿ ਕੇ ਕਰੇ ਰਾਖੀ, ਦਰ ਦਰਬਾਨ ਸੇਵ ਕਮਾਈਆ । ਸ਼ਬਦ ਸੰਦੇਸਾ ਦੇਵੇ ਪਾਤੀ, ਪਾਤਰ ਆਪਣਾ ਆਪ ਫੜਾਈਆ । ਹਰਿਜਨ ਦਿਵਸ ਰੈਣ ਇਕ ਪਰਭਾਤੀ, ਰੈਣ ਅੰਧੇਰ ਰਹਿਣ ਨਾ ਪਾਈਆ । ਅੰਮ੍ਰਿਤ ਬੂੰਦ ਦੇਵੇ ਸਵਾਂਤੀ, ਸੀਤਲ ਧਾਰ ਧਾਰ ਵਹਾਈਆ । ਨਜ਼ਰੀ ਆਏ ਇਕ ਇਕਾਂਤੀ, ਅਕਲ ਕਲਾ ਵੇਖ ਵਖਾਈਆ । ਖੋਲ੍ਹਣਹਾਰਾ ਬੰਦ ਤਾਕੀ, ਬਜ਼ਰ ਕਪਾਟੀ ਤੋੜ ਤੁੜਾਈਆ । ਪੁਛਣਹਾਰਾ ਨਿਰਗੁਣ ਸਰਗੁਣ ਵਾਤੀ, ਮਿਹਰ ਨਜ਼ਰ ਉਠਾਈਆ । ਪਿਛਲਾ ਲਹਿਣਾ ਦੇਵੇ ਬਾਕੀ, ਅੱਗੇ ਆਪਣੀ ਗੰਢ ਪੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਖੇਲ ਆਪ ਰਚਾਈਆ । ਸਾਚੀ ਖੇਲ ਕਰੇ ਨਿਰੰਕਾਰਾ, ਨਿਰਗੁਣ ਆਪਣੀ ਕਾਰ ਕਮਾਇੰਦਾ । ਭਗਤਨ ਬਣ ਮੀਤ ਪਿਆਰਾ, ਮਿੱਤਰ

ਆਪਣਾ ਮੇਲ ਮਿਲਾਇੰਦਾ । ਸੁਹਾਵਣਹਾਰਾ ਇਕ ਦੁਆਰਾ, ਦਰ ਦਰਵਾਜ਼ਾ ਆਪ ਵਡਿਆਇੰਦਾ । ਜਿਸ ਦਾ ਪਰਦਾ ਕਿਸੇ ਨਾ ਉਤਾਰਾ, ਉਤਰ ਪੂਰਬ ਪੱਛਮ ਦੱਖਣ ਚਾਰੇ ਕੁੰਟਾਂ ਰਾਹ ਤਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਆਪ ਕਮਾਇੰਦਾ । ਪ੍ਰਭ ਸਾਚੀ ਕਰਨੀ ਕਮਾਵੇਗਾ । ਪਹਿਲੀ ਵਸਾਖ ਦਿਵਸ ਸੁਹਾਵੇਗਾ । ਜੋ ਗੋਬਿੰਦ ਗਿਆ ਭਾਖ, ਸੋ ਪੂਰਾ ਕਰ ਵਖਾਵੇਗਾ । ਜੋ ਲਿਖਿਆ ਭਵਿਖਤ ਵਾਕ, ਤਿਸ ਲਹਿਣਾ ਆਪ ਮੁਕਾਵੇਗਾ । ਸ਼ਬਦ ਅਗੰਮੀ ਚੜ੍ਹ ਕੇ ਰਾਕ, ਅਸਵ ਇਕੋ ਇਕ ਦੌੜਾਵੇਗਾ । ਲੱਖ ਚੁਰਾਸੀ ਵੇਖੇ ਮਾਟੀ ਖ਼ਾਕ, ਖ਼ਾਲਕ ਆਪਣਾ ਫੇਰਾ ਪਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਇਕੋ ਖੇਲ ਵਖਾਵੇਗਾ । ਹਰਿ ਨਿਰਗੁਣ ਖੇਲ ਕਰਾਏਗਾ । ਗੁਰ ਅਵਤਾਰ ਨਾਲ ਮਿਲਾਏਗਾ । ਪੀਰ ਪੈਗ਼ੰਬਰ ਸਰਬ ਉਠਾਏਗਾ । ਸਾਚੀ ਉਂਗਲੀ ਆਪੇ ਲਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਸਾਚਾ ਖੇਲ ਆਪ ਸਮਝਾਏਗਾ । ਸਾਚਾ ਖੇਲ ਕਰੇ ਭਗਵਾਨ, ਆਪਣੇ ਹੱਥ ਰੱਖੇ ਵਡਿਆਈਆ । ਦੋ ਛੇ ਚਾਰ ਕਰ ਪਰਧਾਨ, ਪਰਧਾਨਗੀ ਇਕੋ ਹੱਥ ਫੜਾਈਆ । ਧਰਮ ਉਠਾਏ ਸਚ ਨਿਸ਼ਾਨ, ਨਰ ਨਿਰੰਕਾਰ ਨਿਸ਼ਾਨਾ ਇਕ ਝੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਰੁੱਤੜੀ ਆਪ ਮਹਿਕਾਈਆ । ਸਾਚੀ ਰੁੱਤੜੀ ਸੋਹੇ ਸਾਢੇ ਸੱਤ, ਭਿੰਨੜੀ ਰੈਣ ਮਿਲੇ ਵਡਿਆਈਆ । ਦਰ ਦਰਬਾਨ ਬਣੇ ਪੁਰਖ ਸਮਰਥ, ਚੋਬਦਾਰ ਸੇਵ ਕਮਾਈਆ । ਮੂਰਖ ਮੁਗਧ ਬਾਹਰ ਦੇਵੇ ਡੱਕ, ਅੰਦਰ ਕੋਇ ਵੜਨ ਨਾ ਪਾਈਆ । ਸੰਤ ਸੁਹੇਲੇ ਕਰ ਕੇ ਵੱਖ, ਮੁਖ ਮੁਖੜਾ ਦਏ ਭੁਆਈਆ । ਅੱਗੇ ਪਿਛੇ ਇਕੋ ਅੱਖ, ਲੋਚਣ ਦੇਵੇ ਨਾਮ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਦਏ ਸਮਝਾਈਆ । ਸਾਢੇ ਸੱਤ ਖੇਲ ਨਿਆਰਾ, ਸੋ ਸਾਹਿਬ ਆਪ ਕਰਾਇੰਦਾ । ਸਾਢੇ ਸੱਤ ਵਕਤ ਅਪਾਰਾ, ਗੁਰ ਗੋਬਿੰਦ ਵੇਖ ਵਖਾਇੰਦਾ । ਸਾਢੇ ਸੱਤ ਉਹ ਨਜ਼ਾਰਾ, ਜਿਸ ਵੇਲੇ ਪੁਰੀ ਅਨੰਦ ਤਜਾਇੰਦਾ । ਸਾਢੇ ਸੱਤ ਉਹ ਸਹਾਰਾ, ਜਿਸ ਵੇਲੇ ਸੱਥਰ ਸੇਜ ਹੰਢਾਇੰਦਾ । ਸਾਢੇ ਸੱਤ ਉਹ ਪੁਕਾਰਾ, ਪਰਮ ਪੁਰਖ ਮੇਲ ਮਿਲਾਇੰਦਾ । ਸਾਢੇ ਸੱਤ ਉਹ ਨਾਅਰਾ, ਉਚੀ ਕੂਕ ਕੂਕ ਅਲਾਇੰਦਾ । ਸਾਢੇ ਸੱਤ ਉਹ ਵਿਹਾਰਾ, ਜਿਸ ਦਾ ਭੇਵ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਾਰ ਆਪ ਕਮਾਇੰਦਾ । ਸਾਢੇ ਸੱਤ ਉਹ ਨਾਦ, ਸ੍ਰੀ ਭਗਵਾਨ ਰਿਹਾ ਵਜਾਈਆ । ਸਾਢੇ ਸੱਤ ਉਹ ਦਾਦ, ਜੋ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਝੋਲੀ ਪਾਈਆ । ਸਾਢੇ ਸੱਤ ਉਹ ਆਵਾਜ਼, ਜਿਸ ਸੁਣਨ ਨੂੰ ਵਿਸ਼ਨ ਬ੍ਰਹਮਾ ਸ਼ਿਵ ਧਿਆਨ ਲਗਾਈਆ । ਸਾਢੇ ਸੱਤ ਉਹ ਦਾਤ, ਨਿਰਗੁਣ ਸਰਗੁਣ ਜੋ ਵਰਤਾਈਆ । ਸਾਢੇ ਸੱਤ ਉਹ ਜਮਾਤ, ਭਗਤ ਭਗਵਾਨ ਆਪ ਫੜਾਈਆ । ਸਾਢੇ ਸੱਤ ਉਹ ਹਿਸਾਬ, ਜੋ ਗੋਬਿੰਦ ਸਰਸੇ ਗਿਆ ਡੁਬਾਈਆ । ਸਾਢੇ ਸੱਤ ਉਹ ਕਿਤਾਬ, ਬਿਨ ਅੱਖਰਾਂ ਦਏ ਕਢਾਈਆ । ਸਾਢੇ ਸੱਤ ਉਹ ਰਬਾਬ, ਅਹਿਬਾਬ ਦਏ ਵਜਾਈਆ । ਸਾਢੇ ਸੱਤ ਉਹ ਨਕਾਬ, ਨਕਾਬਪੋਸ਼ ਮੁਖ ਤੋਂ ਦਏ ਉਠਾਈਆ । ਸਾਢੇ ਸੱਤ ਉਹ ਆਦਾਬ, ਜਨ ਭਗਤਾਂ ਸੀਸ ਝੁਕਾਈਆ । ਸਾਢੇ ਸੱਤ ਉਹ ਰਕਾਬ, ਸ਼ਾਹਸਵਾਰਾ ਚਰਨ ਟਿਕਾਈਆ । ਸਾਢੇ ਸੱਤ ਉਹ ਮਹਿਰਾਬ, ਹੁਜਰਾ ਹੱਕ ਹੱਕ ਵਡਿਆਈਆ । ਸਾਢੇ ਸੱਤ ਉਹ ਨਵਾਬ, ਜੋ ਪੀਰ ਪੈਗ਼ੰਬਰਾਂ ਰਿਹਾ ਪਰਗਟਾਈਆ । ਸਾਢੇ ਸੱਤ ਉਹ ਸਵਾਬ, ਜੋ ਰਹਿਮਤ ਗੁਰਮੁਖਾਂ ਉਤੇ ਕਮਾਈਆ । ਸਾਢੇ

੩੬੪
੧੪

ਸੱਤ ਉਹ ਰਾਜ, ਰੱਯਤ ਵੇਖੇ ਲੱਖ ਚੁਰਾਸੀ ਥਾਉਂ ਥਾਈਆ । ਸਾਢੇ ਸੱਤ ਉਹ ਸਮਾਜ, ਚਾਰ ਵਰਨ ਕਰੇ ਕੁੜਮਾਈਆ । ਸਾਢੇ ਸੱਤ ਉਹ ਆਫ਼ਤਾਬ, ਨੂਰੋ ਨੂਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਆਪ ਵਡਿਆਈਆ । ਸਾਢੇ ਸੱਤ ਉਹ ਵੇਲਾ, ਹਰਿ ਵਕਤੀ ਵਕਤ ਜਣਾਇੰਦਾ । ਸਾਢੇ ਸੱਤ ਉਹ ਵੇਲਾ, ਜਿਸ ਵੇਲੇ ਗੁਰ ਚੇਲਾ ਧਾਰ ਬੰਧਾਇੰਦਾ । ਸਾਢੇ ਸੱਤ ਉਹ ਵੇਲਾ, ਜਿਸ ਵੇਲੇ ਸ੍ਰੀ ਭਗਵਾਨ ਆਪਣਾ ਦਰਸ ਕਰਾਇੰਦਾ । ਸਾਢੇ ਸੱਤ ਉਹ ਵੇਲਾ, ਜਿਸ ਵੇਲੇ ਦੁਸ਼ਟ ਦਮਨ ਹੇਮ ਕੁੰਟ ਪਕੜ ਉਠਾਇੰਦਾ । ਸਾਢੇ ਸੱਤ ਉਹ ਵੇਲਾ, ਜਿਸ ਵੇਲੇ ਨਿਹਕਰਮੀ ਆਪਣਾ ਕਰਮ ਕਮਾਇੰਦਾ । ਸਾਢੇ ਸੱਤ ਉਹ ਵੇਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰ ਵਖਾਇੰਦਾ । ਸਾਢੇ ਸੱਤ ਉਹ ਰਾਤ, ਜੇਹੜੀ ਗੋਬਿੰਦ ਇਕੋ ਨਜ਼ਰੀ ਆਈਆ । ਸਾਢੇ ਸੱਤ ਉਹ ਬਰਾਤ, ਜੋ ਗੁਰਮੁਖਾਂ ਦੀ ਲਏ ਚੜ੍ਹਾਈਆ । ਸਾਢੇ ਸੱਤ ਉਹ ਦਾਤ, ਜੋ ਨਿਰਗੁਣ ਨਿਰਵੈਰ ਦਏ ਵਰਤਾਈਆ । ਸਾਢੇ ਸੱਤ ਉਹ ਨਾਤ, ਬਿਧਾਤਾ ਆਪਣੇ ਨਾਲ ਜੁੜਾਈਆ । ਸਾਢੇ ਸੱਤ ਉਹ ਵਾਕ, ਭਵਿਖਤ ਲੇਖਾ ਦਏ ਲਿਖਾਈਆ । ਸਾਢੇ ਸੱਤ ਉਹ ਕਮਲਾਪਾਤ, ਕਵਲ ਨੈਣ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸਾਢੇ ਸੱਤ ਉਹ ਦੀਦ, ਦੀਦਾਰ ਹਰਿ ਜਣਾਇੰਦਾ । ਸਾਢੇ ਸੱਤ ਉਹ ਸ਼ਹੀਦ, ਜੋ ਕਰਬਲਾ ਭੇਟ ਚੜ੍ਹਾਇੰਦਾ । ਸਾਢੇ ਸੱਤ ਉਹ ਬਕਰੀਦ, ਜੋ ਮੂਸੇ ਮੂੰਹ ਦੇ ਭਾਰ ਸੁਟਾਇੰਦਾ । ਸਾਢੇ ਸੱਤ ਉਹ ਰਸੀਦ, ਜੋ ਗੋਬਿੰਦ ਪੁਰਖ ਅਕਾਲ ਹੱਥ ਫੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਲਾ ਵਕਤ ਆਪਣੇ ਹੱਥ ਰਖਾਇੰਦਾ । ਸਾਢੇ ਸੱਤ ਉਹ ਧਾਰ, ਧਰਤ ਧਵਲ ਬੈਠੀ ਧਿਆਨ ਲਗਾਈਆ । ਸਾਢੇ ਸੱਤ ਉਹ ਕਾਰ, ਕਰਤਾ ਪੁਰਖ ਆਪ ਕਮਾਈਆ । ਸਾਢੇ ਸੱਤ ਉਹ ਵਿਹਾਰ, ਗੁਰ ਜੋੜੀ ਜੋੜ ਜੁੜਾਈਆ । ਸਾਢੇ ਸੱਤ ਉਹ ਵਿਚਾਰ, ਜੋ ਸੋਚ ਸਮਝ ਵਿਚ ਕਿਸੇ ਨਾ ਆਈਆ । ਸਾਢੇ ਸੱਤ ਉਹ ਨਿਰੰਕਾਰ, ਜੋ ਘਟ ਘਟ ਰਿਹਾ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਸਮਝਾਈਆ । ਸਾਢੇ ਸੱਤ ਉਹ ਖੇਲ, ਆਦਿ ਜੁਗਾਦੀ ਆਪ ਕਰਾਇੰਦਾ । ਸਾਢੇ ਸੱਤ ਉਹ ਮੇਲ, ਮਿਲਿਆ ਮੇਲ ਵਿਛੜ ਕੋਇ ਨਾ ਜਾਇੰਦਾ । ਸਾਢੇ ਸੱਤ ਉਹ ਤੇਲ, ਬਿਨ ਡੂੰਮ ਨਾਈ ਆਪ ਚੜ੍ਹਾਇੰਦਾ । ਸਾਢੇ ਸੱਤ ਉਹ ਜੇਲ, ਲੱਖ ਚੁਰਾਸੀ ਫੰਦ ਕਟਾਇੰਦਾ । ਸਾਢੇ ਸੱਤ ਉਹ ਸੱਜਣ ਸੁਹੇਲ, ਜੋ ਨਾਨਕ ਗੋਬਿੰਦ ਅੰਗ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰਦਾ ਉਹਲਾ ਆਪ ਉਠਾਇੰਦਾ । ਸਾਢੇ ਸੱਤ ਉਹ ਸੁਹੰਜਣੀ ਰੈਣ, ਸਾਧ ਸੰਤ ਜਿਸ ਦੀ ਓਟ ਤਕਾਈਆ । ਸਾਢੇ ਸੱਤ ਉਹ ਭਾਈਆਂ ਮਿਲੇ ਭੈਣ, ਜਿਹੜੀ ਵਿਚ ਵਿਛੋੜੇ ਕੀਰਨੇ ਪਾਈਆ । ਸਾਢੇ ਸੱਤ ਉਹ ਵੇਖੇ ਆਪਣੇ ਨੈਣ, ਜੋ ਬਿਨ ਨੈਣਾਂ ਆਪਣੀ ਨਜ਼ਰ ਮਿਲਾਈਆ । ਸਾਢੇ ਸੱਤ ਉਹ ਆਏ ਕਹਿਣ, ਕਹਿ ਕਹਿ ਆਪਣੀ ਕਥਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਣ ਬਣ ਸੱਚਾ ਸਾਕ ਸੱਜਣ ਸੈਣ, ਆਪਣਾ ਫੇਰਾ ਪਾਈਆ । ਵੇਲਾ ਸਾਢੇ ਸੱਤ ਸੁਹਾਏਗਾ । ਸ੍ਰੀ ਪਤ ਦਇਆ ਕਮਾਏਗਾ । ਰਘੁਪਤ ਵੇਖ ਵਖਾਏਗਾ । ਤੱਤ ਨਜ਼ਰ ਕਿਸੇ ਨਾ ਆਏਗਾ । ਸੱਟ ਆਪਣੇ ਨਾਮ ਲਗਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਅਵਤਾਰ ਮੇਲ ਮਿਲਾਏਗਾ । ਗੁਰ ਅਵਤਾਰ ਅੰਦਰੋਂ ਉਠਣਗੇ । ਭਗਤ ਦੁਆਰੇ ਭਗਵਾਨ ਨੂੰ ਪੁਛਣਗੇ । ਅੱਗੇ ਪਿਛੇ ਫਿਰ ਨਾ ਲੁਕਣਗੇ ।

ਤਾਲ ਹੋ ਕੇ ਸ਼ੇਰ ਵਾਂਗ ਬੁੱਕਣਗੇ । ਕੂੜੀ ਕਿਰਿਆ ਮਾਤ ਕੁੱਟਣਗੇ । ਰਲ ਮਿਲ ਜੜ੍ਹ ਤੋਂ ਇਸ ਨੂੰ ਪੁਟਣਗੇ । ਸ਼ੌਹ ਦਰਯਾਏ ਸੁੱਟਣਗੇ । ਫਿਰ ਪ੍ਰਭ ਸਰਨਾਈ ਝੁਕਣਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੱਲ ਸੱਚੀ ਇਕੋ ਪੁਛਣਗੇ । ਗੱਲ ਸਾਚੀ ਪੁੱਛ ਪੁਛੌਣਗੇ । ਪ੍ਰਭ ਅੱਗੇ ਵਾਸਤਾ ਪੌਣਗੇ । ਦੋਏ ਜੌੜ ਸੀਸ ਝੁਕੌਣਗੇ । ਤੇਰੀ ਅੰਤਮ ਪਈ ਲੋੜ, ਭੁੱਲ ਬਖ਼ਸ਼ੌਣਗੇ । ਪਿਛੇ ਹੋਰ ਹੁਣ ਤੂੰ ਹੋਰ, ਤੇਰਾ ਸਵਾਂਗ ਨਾ ਕਿਸੇ ਸਮਝੌਣਗੇ । ਹੱਥ ਤੇਰੇ ਪਕੜੀ ਡੋਰ, ਗੁੱਡੀ ਤੇਰੇ ਨਾਲ ਚੜ੍ਹੌਣਗੇ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਪਾ ਕੇ ਆਏ ਸ਼ੋਰ, ਉਚੀ ਕੂਕ ਕੂਕ ਸੁਣੌਣਗੇ । ਸਾਡਾ ਲੇਖਾ ਵੇਖੀਂ ਨਾ ਕਰ ਕੇ ਗ਼ੌਰ, ਗਹਿਰ ਗੰਭੀਰ ਤੇਰੀ ਝੋਲੀ ਪੌਣਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਅਲਖ ਜਗੌਣਗੇ । ਦਰ ਤੇਰੇ ਅਲਖ ਜਗੌਣਗੇ । ਪ੍ਰਭ ਇਕੋ ਮੰਗ ਮੰਗੌਣਗੇ । ਖ਼ਾਲੀ ਝੋਲੀ ਅੱਗੇ ਵਖੌਣਗੇ । ਨਾਲੇ ਹੱਸਣਗੇ ਨਾਲੇ ਰੋਣਗੇ । ਤੇਰਾ ਢੋਲਾ ਇਕ ਜਣੌਣਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੀ ਮੰਗ ਮੰਗੌਣਗੇ । ਦਰ ਸਾਚੀ ਮੰਗ ਮੰਗਾਵਾਂਗਾ । ਮਿਹਰ ਨਜ਼ਰ ਇਕ ਉਠਾਵਾਂਗਾ । ਪਿਛਲਾ ਭੇਦ ਸਰਬ ਚੁਕਾਵਾਂਗਾ । ਸਦਾ ਸੁਹੰਜਣੀ ਰੁੱਤ ਮਹਿਕਾਵਾਂਗਾ । ਗੋਬਿੰਦ ਚੇਤਾ ਆਪ ਕਰਾਵਾਂਗਾ । ਯਾਰੜਾ ਸੇਜ ਹੰਢਾਵਾਂਗਾ । ਜੋਤੀ ਤੇਜ ਇਕ ਚਮਕਾਵਾਂਗਾ । ਸ਼ਬਦ ਅਗੰਮੀ ਭੇਜ, ਘਰ ਇਕੱਠ ਇਕ ਕਰਾਵਾਂਗਾ । ਆਪ ਸਭ ਨੂੰ ਲਵਾਂ ਵੇਖ, ਵੇਖਣ ਵਿਚ ਕਿਸੇ ਨਾ ਆਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੋਤੀ ਜਾਤਾ ਧਾਰ ਕੇ ਭੇਖ, ਅਵੱਲੜਾ ਵੇਸ ਇਕ ਕਰਾਵਾਂਗਾ । ਮੁਛ ਦਾੜ੍ਹੀ ਨਾ ਕੋਇ ਕੇਸ, ਸੀਸ ਦਸਤਾਰ ਨਾ ਕੋਇ ਬਨ੍ਹਾਵਾਂਗਾ । ਲੜ ਫੜ ਕੇ ਗੁਰ ਦਸਮੇਸ਼, ਆਪਣਾ ਮੰਦਰ ਉਹਨੂੰ ਬਣਾਵਾਂਗਾ । ਜੋ ਝੂਜਿਆ ਮੇਰੇ ਖੇਤ, ਮੈਂ ਉਸ ਦੀ ਅੰਸ ਬਚਾਵਾਂਗਾ । ਮੈਂ ਕਰ ਕੇ ਨਿਰਮਲ ਹੇਤ, ਹਿਤਕਾਰੀ ਫੇਰ ਅਖਵਾਵਾਂਗਾ । ਭਗਤ ਤਾਰੇ ਹਰਿ ਸੰਤ ਦੁਲਾਰੇ ਸਰਸੇ ਵਾਲੇ ਮੇਲ, ਸਭ ਵਸਾਖੀ ਵਾਲੇ ਦਿਨ ਆਪਣੀ ਗੋਦ ਬਹਾਵਾਂਗਾ । ਲੇਖਾ ਲਿਖਾਂ ਵਿਚ ਪੰਜਾਬੀ ਲੇਖ, ਹਿੰਦੀ ਫ਼ਾਰਸੀ ਉਰਦੂ ਟਿਪੀ ਬਿੰਦੀ ਨਾ ਕੋਈ ਮਿਲਾਵਾਂਗਾ । ਜਿਨ੍ਹਾਂ ਰੱਖਾਂ ਸਾਇਆ ਹੇਠ, ਤਿਨ੍ਹਾਂ ਮੇਰਾ ਧਿਆਨ ਕਰਾਵਾਂਗਾ । ਆਪਣਾ ਦੱਸ ਕੇ ਡੂੰਘਾ ਭੇਤ, ਪਰਦਾ ਉਹਲਾ ਆਪ ਚੁਕਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਦਕ ਸਬੂਰੀ ਇਕੋ ਇਕ ਸਭ ਦੀ ਝੋਲੀ ਪਾਵਾਂਗਾ । ਗੁਰ ਅਵਤਾਰ ਪੁਛ ਪੁਛੌਂਦੇ ਨੇ । ਮੁਖ ਪਰਦਾ ਆਪ ਲੌਂਹਦੇ ਨੇ । ਊਚੀ ਕੂਕ ਸੁਣੌਂਦੇ ਨੇ । ਦੀਨ ਮਜ਼੍ਹਬ ਦਾ ਡੇਰਾ ਢੌਂਹਦੇ ਨੇ । ਜ਼ਾਤ ਪਾਤ ਦਾ ਝਗੜਾ ਮਿਟੌਂਦੇ ਨੇ । ਖ਼ਤਰਾ ਪ੍ਰਭ ਤੇਰਾ ਇਕੋ ਰਖੌਂਦੇ ਨੇ । ਤੇਰਾ ਦਿਤਾ ਕਤਰਾ ਕਤਰਾ, ਅੰਮ੍ਰਿਤ ਆਪਣੇ ਮੁਖ ਵਿਚ ਪੌਂਦੇ ਨੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਤੇਰਾ ਚਰਨ ਧਿਆਨ ਰਖੌਂਦੇ ਨੇ । ਆਪਣਾ ਹਾਲ ਅੱਗੇ ਦੱਸਾਂਗਾ । ਭਗਤਾਂ ਹਿਰਦੇ ਵਸਾਂਗਾ । ਮਨਮੁਖਾਂ ਕੋਲੋਂ ਨੱਸਾਂਗਾ । ਨਾਮ ਨਿਰਾਲਾ ਤੀਰ ਕੱਸਾਂਗਾ । ਕਮਾਨ ਚਿਲਿਉਂ ਆਪੇ ਛੱਡਾਂਗਾ । ਦੋ ਜਹਾਨ ਨਿਸ਼ਾਨਾਂ ਗੱਡਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਪਣੀ ਕਰਨੀ ਕਰਕੇ ਹੱਟਾਂਗਾ । ਆਪਣੀ ਕਰਨੀ ਕਰ ਵਖਾਵਾਂਗਾ । ਜਨ ਸਾਚੇ ਪਾਰ ਕਰਾਵਾਂਗਾ । ਕਾਇਆ ਭਾਂਡੇ ਕਾਚੇ, ਮਾਟੀ ਪੋਚ ਪੁਚਾਵਾਂਗਾ । ਜੋ ਪ੍ਰੇਮ ਪਿਆਰ ਵਾਚੇ, ਤਿਨ੍ਹਾਂ ਹਿਰਦੇ ਸ਼ੁੱਧ ਕਰਾਵਾਂਗਾ ।


੩੯੯
੧੪

ਗੁਰਮੁਖ ਬਣਾਵਾਂ ਸਾਚੇ, ਕੂੜ ਕੁੜਿਆਰ ਦੁੱਖ ਮਿਟਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਰੀਤੀ ਇਕ ਦਰਸਾਵਾਂਗਾ । ਸਾਚੀ ਰੀਤ ਦੱਸੇ ਭਗਵਾਨ, ਭਗਵਨ ਆਪਣੀ ਦਇਆ ਕਮਾਈਆ । ਸਤਿਜੁਗ ਸਾਚਾ ਬਣੇ ਵਿਧਾਨ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣੀ ਧਾਰ ਬਣਾਈਆ । ਪੁਰਖ ਅਕਾਲ ਦੀਨ ਦਿਆਲ ਝੁਲਾਏ ਨਿਸ਼ਾਨ, ਨਿਸ਼ਾਨਾ ਇਕੋ ਨਜ਼ਰੀ ਆਈਆ । ਪਰਗਟ ਹੋਵੇ ਸਰਬ ਜੀਆਂ ਦਾ ਸਾਚਾ ਕਾਹਨ, ਲੱਖ ਚੁਰਾਸੀ ਗੋਪੀ ਮਾਤ ਹੰਢਾਈਆ । ਕੋਟਨ ਕੋਟਾਂ ਵਿਚੋਂ ਭਗਤ ਭਗਵੰਤ ਕਰ ਪਹਿਚਾਨ, ਆਪ ਆਪਣਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਪ੍ਰੇਮ ਪਿਆਰ ਦੀ ਸਤਿਗੁਰ ਰਤੀ ਕੇਸਰ, ਤਿਲਕ ਲਾਏ ਆਦਿ ਸ਼ਕਤੀ ਆਦਿ ਸ਼ਕਤ ਭਵਾਨੀ, ਜਨ ਭਗਤਾਂ ਦੇਣ ਆਏ ਨਿਸ਼ਾਨੀ, ਆਪਣੀ ਕਰੇ ਅੰਤ ਕੁਰਬਾਨੀ, ਭੇਟ ਆਪਣਾ ਆਪ ਚੜ੍ਹਾਈਆ । ਸਵਾ ਰਤੀ ਕੇਸਰ ਲਾਲ, ਮਸਤਕ ਟਿੱਕਾ ਨੂਰ ਜਮਾਲ, ਜਲਵਾ ਇਕੋ ਇਕ ਰੁਸ਼ਨਾਈਆ । ਲੇਖਾ ਚੁੱਕੇ ਮੁਹੰਮਦ ਯਾਰ, ਈਸਾ ਮੂਸਾ ਖ਼ਬਰਦਾਰ, ਕਾਲਾ ਸੂਸਾ ਤਨ ਸ਼ਿੰਗਾਰ, ਮੀਂਢੀ ਸੀਸ ਇਕ ਗੁੰਦਾਈਆ । ਅੱਲਾ ਰਾਣੀ ਹੋ ਹੁਸ਼ਿਆਰ, ਨੇਤਰ ਕਜਲਾ ਏਕਾ ਡਾਰ, ਸੋਲਾਂ ਹਾਰ ਕਰ ਸ਼ਿੰਗਾਰ, ਰਾਹ ਤੱਕੇ ਪਰਵਰਦਿਗਾਰ, ਪੀਰ ਜ਼ਾਹਰਾ ਨਜ਼ਰ ਕਿਸੇ ਨਾ ਆਈਆ । ਲਾਲ ਬਸਤਰ ਭੂਸ਼ਨ ਪਹਿਨ ਸ਼ਿੰਗਾਰ, ਲੱਛਮੀ ਆਵੇ ਕਰੇ ਪੁਕਾਰ, ਵਿਸ਼ਨੂੰ ਕੋਈ ਨਾ ਪਾਵੇ ਸਾਰ, ਭਗਵਨ ਕੀਤਾ ਖੇਲ ਅਪਾਰ, ਆਇਆ ਚਲ ਭਗਤ ਦੁਆਰ, ਪ੍ਰੀਤੀ ਭਗਤਾਂ ਨਾਲ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵੀਹ ਸੌ ਵੀਹ ਤੇਰੀ ਵਸਾਖੀ, ਜਨ ਭਗਤਾਂ ਕਰੇ ਆਪ ਰਾਖੀ, ਮਿਹਰਬਾਨ ਹੋਏ ਸਹਾਈਆ । ਵੀਹ ਸੌ ਵੀਹ ਵੇਖੇ ਵਸਾਖ, ਵਦੀ ਸੁਦੀ ਨਾ ਕੋਇ ਜਣਾਇੰਦਾ । ਪਿਛਲੀ ਸਭ ਦੀ ਖੋਹਵੇ ਦਾਤ, ਆਪਣੀ ਝੋਲੀ ਆਪ ਭਰਾਇੰਦਾ । ਕਿਸੇ ਕੋਲ ਨਾ ਰਹੇ ਕੋਈ ਕਰਾਮਾਤ, ਰਿਧੀ ਸਿਧੀ ਹੱਥ ਨਾ ਕਿਸੇ ਫੜਾਇੰਦਾ । ਨਾਨਕ ਗੋਬਿੰਦ ਲਿਖ ਕੇ ਗਿਆ ਕਲਮ ਦਵਾਤ, ਕਲਜੁਗ ਅੰਤ ਸ੍ਰੀ ਭਗਵੰਤ ਨਿਹਕਲੰਕ ਕਲ ਕਲਕੀ ਆਪਣਾ ਵੇਸ ਵਟਾਇੰਦਾ । ਇਕੋ ਨਾਮ ਇਕੋ ਮੰਤ, ਇਕੋ ਜੀਵ ਇਕੋ ਜੰਤ, ਇਕੋ ਸਾਧ ਇਕੋ ਸੰਤ, ਇਕੋ ਨਾਰ ਇਕੋ ਕੰਤ, ਇਕੋ ਮਹਿਮਾ ਇਕੋ ਅਗਣਤ, ਇਕ ਬਣਾਵਣਹਾਰ ਬਣਤ, ਇਕ ਮਣੀਆਂ ਇਕ ਮੰਤ, ਇਕ ਭਗਤ ਇਕ ਭਗਵੰਤ, ਭਗਵਨ ਆਪਣੀ ਕਾਰ ਕਮਾਈਆ । ਇਕ ਰਾਜਾ ਇਕ ਰਾਜ, ਇਕ ਕਰਮ ਇਕ ਕਾਜ, ਇਕ ਧਰਮ ਇਕ ਸਾਜ, ਇਕ ਗ਼ਰੀਬ ਇਕ ਨਿਵਾਜ, ਇਕ ਕਰੀਬ ਇਕ ਦੂਰ ਦੁਰਾਡਾ ਰਿਹਾ ਭਾਜ, ਪ੍ਰਭ ਕਾ ਖੇਲ ਅਜੀਬ ਕੋਈ ਸਮਝ ਨਾ ਸਕੇ ਰਾਜ਼, ਕੋਈ ਸਜਦਾ ਕੋਈ ਨਿਮਾਜ਼, ਕੋਈ ਬਰਦਾ ਕੋਈ ਆਦਾਬ, ਕੋਈ ਸੀਸ ਜਗਦੀਸ਼ ਝੁਕਾਈਆ । ਕਰੇ ਖੇਲ ਆਪ ਤਮਾਸ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਹੱਥ ਰੱਖੇ ਵਡਿਆਈਆ ।

★ ਪਹਿਲੀ ਵਸਾਖ ੨੦੨੦ ਬਿਕਰਮੀ ਜੇਠੂਵਾਲ ਦਰਬਾਰ ਵਿਚ ਵੱਡੇ ਦਰਵਾਜ਼ੇ ਦੇ ਵਿਚਕਾਰ ★

ਨਿਰਗੁਣ ਸਰਗੁਣ ਦੋਆ ਧਾਰ, ਦੋਆ ਸਿਫ਼ਰ ਰੂਪ ਸਮਾਈਆ । ਸਿਫ਼ਰ ਕਹੇ ਮੇਰਾ ਖੇਲ ਅਪਾਰ, ਭੇਵ ਕੋਇ ਨਾ ਪਾਈਆ । ਦੋਆ ਕਹੇ ਮੈਂ ਵੇਖਣਹਾਰ, ਨਿਰਗੁਣ ਸਰਗੁਣ ਕਰ ਰੁਸ਼ਨਾਈਆ । ਸਿਫ਼ਰ ਕਹੇ ਮੇਰਾ ਅੰਤ ਨਾ ਪਾਰਾਵਾਰ, ਅੰਕ ਅੰਕੜਾ ਰੂਪ ਨਾ ਕੋਇ ਜਣਾਈਆ ।

ਦੋਆ ਕਹੇ ਮੈਂ ਹੋ ਉਜਿਆਰ, ਨਿਰਗੁਣ ਸਰਗੁਣ ਕਾਰ ਕਮਾਈਆ । ਸਿਫ਼ਰਾ ਕਹੇ ਮੈਂ ਕਰ ਖ਼ੁਆਰ, ਨਾਮ ਨਿਸ਼ਾਨ ਨਾ ਕੋਇ ਜਣਾਈਆ । ਦੋਆ ਕਹੇ ਸਾਚਾ ਸਿਕਦਾਰ, ਨਿਰਗੁਣ ਸਰਗੁਣ ਸ਼ਾਹ ਪਾਤਸ਼ਾਹ ਅਖਵਾਈਆ । ਸਿਫ਼ਰਾ ਕਹੇ ਮੈਂ ਮਾਰਾਂ ਮਾਰ, ਰੂਪ ਰੰਗ ਰੇਖ ਰਹਿਣ ਕੋਇ ਨਾ ਪਾਈਆ । ਦੋਆ ਕਹੇ ਮੇਰਾ ਵੱਡ ਬਲਕਾਰ, ਨਿਰਗੁਣ ਸਰਗੁਣ ਦੋ ਜਹਾਨ ਮਿਲੇ ਵਡਿਆਈਆ । ਸਿਫ਼ਰਾ ਕਹੇ ਮੇਰਾ ਅੰਤ ਨਾ ਪਾਰਾਵਾਰ, ਬੇਅੰਤ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਦੂਆ ਕਹੇ ਨਿਰਗੁਣ ਸਰਗੁਣ ਮੇਰਾ ਖੇਲ, ਆਦਿ ਜੁਗਾਦਿ ਕਰਾਇੰਦਾ । ਸਿਫ਼ਰਾ ਕਹੇ ਮੈਂ ਵਸਾਂ ਧਾਮ ਨਵੇਲ, ਹੱਥ ਕਿਸੇ ਨਾ ਆਇੰਦਾ । ਦੂਆ ਕਹੇ ਨਿਰਗੁਣ ਸਰਗੁਣ ਆਦਿ ਜੁਗਾਦਿ ਜੁਗ ਚੌਕੜੀ ਚਾੜ੍ਹਾਂ ਤੇਲ, ਨਿਤ ਨਵਿਤ ਸਗਨ ਮਨਾਇੰਦਾ । ਸਿਫ਼ਰਾ ਕਹੇ ਮੈਂ ਫੜ ਕੇ ਆਪਣੇ ਅੰਦਰ ਘੱਤਾਂ ਸੱਚੀ ਜੇਲ, ਬਾਹਰ ਸਕੇ ਨਾ ਕੋਇ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦੂਆ ਸਿਫ਼ਰਾ ਦੋਹਾਂ ਭੇਵ ਜਣਾਈਆ । ਦੂਆ ਕਹੇ ਮੈਂ ਸਭ ਤੋਂ ਵੱਡਾ, ਇਕ ਤੋਂ ਦੋ ਬਣਾਇੰਦਾ । ਸਿਫ਼ਰ ਕਹੇ ਮੈਂ ਸਭ ਤੋਂ ਨੱਢਾ, ਨਜ਼ਰ ਕਿਸੇ ਨਾ ਆਇੰਦਾ । ਦੂਆ ਕਹੇ ਮੈਂ ਸਦ ਬਖ਼ਸ਼ੰਦਾ, ਨਿਰਗੁਨ ਸਰਗੁਣ ਦਇਆ ਕਮਾਇੰਦਾ । ਸਿਫ਼ਰਾ ਕਹੇ ਮੈਂ ਦੋਹਾਂ ਕਰਾਂ ਰੰਡਾ, ਖੇਲ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਜਣਾਇੰਦਾ । ਦੂਆ ਕਹੇ ਮੈਂ ਜੋਧਾ ਸੂਰ, ਨਿਰਗੁਣ ਸਰਗੁਣ ਮੇਰਾ ਬਲ ਰਖਾਈਆ । ਸਿਫ਼ਰ ਕਹੇ ਮੈਂ ਸਰਬ ਕਲਾ ਭਰਪੂਰ, ਆਪ ਆਪਣੇ ਵਿਚ ਸਮਾਈਆ । ਦੂਆ ਕਹੇ ਮੇਰਾ ਖੇਲ ਜ਼ਰੂਰ, ਨਿਰਗੁਣ ਸਰਗੁਣ ਕਾਰ ਕਮਾਈਆ । ਸਿਫ਼ਰਾ ਕਹੇ ਮੈਂ ਸਭ ਨੂੰ ਕਰਾਂ ਕੂੜ, ਥਿਰ ਕੋਇ ਰਹਿਣ ਨਾ ਪਾਈਆ । ਦੂਆ ਕਹੇ ਮੇਰਾ ਸਰਗੁਣ ਨਿਰਗੁਣ ਨੂਰ, ਜੋਤੀ ਜੋਤ ਜੋਤ ਰੁਸ਼ਨਾਈਆ । ਸਿਫ਼ਰਾ ਕਹੇ ਮੈਂ ਸਭ ਦੇ ਡੋਬੇ ਪੂਰ, ਨਿਰਗੁਣ ਸਰਗੁਣ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਦੂਆ ਕਹੇ ਸਿਫ਼ਰੇ ਸਚ ਦੱਸ, ਕੀ ਤੇਰੇ ਵਿਚ ਵਡਿਆਈਆ । ਸਿਫ਼ਰਾ ਅੱਗੋਂ ਪਿਆ ਹੱਸ, ਮਸਖ਼ਰਾ ਬਣ ਜਣਾਈਆ । ਮੈਂ ਸਭ ਦੇ ਅੰਦਰ ਰਿਹਾ ਵਸ, ਆਪਣਾ ਆਪ ਨਾ ਕੁਛ ਰਖਾਈਆ । ਤੂੰ ਦੂਆ ਹੋ ਕੇ ਹੋਏਂ ਪਰਗਟ, ਸਰਗੁਣ ਆਪਣੀ ਕਾਰ ਕਮਾਈਆ । ਸਿਫ਼ਰਾ ਕਹੇ ਮੇਰੀ ਨਾੜ ਮਾਸ ਹੱਡ ਨਾ ਕੋਇ ਰਤ, ਰਤੀ ਰਤ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸਿਫ਼ਰਾ ਕਹੇ ਸੁਣ ਦੂਏ ਹੋ ਦਲੇਰ, ਮੈਂ ਤੇਰੀ ਦੱਸਾਂ ਵਡਿਆਈਆ । ਤੂੰ ਨਿਰਗੁਣ ਰੂਪ ਹੋ ਕੇ ਸਰਗੁਣ ਬਣਿਉਂ ਸਿੰਘ ਸ਼ੇਰ, ਲੋਕਮਾਤ ਕਰ ਰੁਸ਼ਨਾਈਆ । ਪੰਜ ਤੱਤ ਚੋਲਾ ਹੰਢਾਇਆ ਢੇਰ, ਤਨ ਖ਼ਾਕੀ ਰੰਗ ਰੰਗਾਈਆ । ਕਿਸੇ ਕਿਸੇ ਉਤੇ ਕੀਤੀ ਥੋੜ੍ਹੀ ਥੋੜ੍ਹੀ ਮਿਹਰ, ਡਰਦੇ ਡਰਦੇ ਆਪਣੀ ਕਾਰ ਕਮਾਈਆ । ਵਸਦਾ ਰਿਹੋਂ ਨੇਰਨ ਨੇਰ, ਕਾਇਆ ਮੰਦਰ ਅੰਦਰ ਆਪਣਾ ਆਪ ਬੰਦ ਕਰਾਈਆ । ਮੈਂ ਸਿਫ਼ਰਾ ਹੋ ਕੇ ਤੇਰਾ ਨਿਰਗੁਣ ਸਰਗੁਣ ਫੇਰ ਆਪ ਦਿਤਾ ਨਿਬੇੜ, ਤੇਰਾ ਨਿਸ਼ਾਨ ਨਜ਼ਰ ਕੋਇ ਨਾ ਆਈਆ । ਸਿਫ਼ਰਾ ਹੋ ਕੇ ਖੇਲੀ ਆਪਣੀ ਖੇਡ, ਸਚਖੰਡ ਸਾਚੇ ਆਸਣ ਲਾਈਆ । ਸਚਖੰਡ ਵਿਚੋਂ ਆਪਣਾ ਸਿਫ਼ਰਾ ਦਿਤਾ ਭੇਜ, ਜਿਸ ਦੇ ਨਾਲ ਲੱਗ ਜਾਏ ਉਸ ਦਾ ਅੰਕ ਦਏ ਵਧਾਈਆ । ਨਿਰਗੁਣ ਸਰਗੁਣ ਮੈਂ ਨਿੱਕੀ ਜਿਹੀ ਛੇੜਦਾ ਰਿਹਾ ਛੇੜ, ਆਪਣਾ ਭੇਵ ਨਾ ਕਿਸੇ ਸਮਝਾਈਆ । ਨਾਲ ਇਸ਼ਾਰੇ ਲੋਕਮਾਤ ਦੇਂਦਾ ਰਿਹਾ ਰੇੜ੍ਹ, ਪਿਛੋਂ ਇਕੋ

ਨਿੱਕਾ ਧੱਕਾ ਲਾਈਆ । ਜੁਗ ਚੌਕੜੀ ਫੇਰਾ ਰਿਹਾ ਫੇਰ, ਪਾਂਧੀ ਪਾਂਧੀ ਮਾਰਗ ਲਾਈਆ । ਕਿਸੇ ਨਾ ਦੱਸਿਆ ਆਪਣਾ ਹੇਰ ਫੇਰ, ਹੇਰ ਫੇਰ ਨਾ ਕਿਸੇ ਸਮਝਾਈਆ । ਸਾਰੇ ਘੱਤੇ ਵਿਚ ਅੰਡਜ ਜੇਰ, ਬਿਨ ਮਾਤ ਪਿਤ ਜਨਮ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਰਿਹਾ ਸਮਝਾਈਆ । ਦੂਏ ਸੁਣ ਕਰਾਵਾਂ ਯਾਦ, ਸਿਫ਼ਰਾ ਇਕੋ ਇਕ ਜਣਾਇੰਦਾ । ਨਿਰਗੁਣ ਸਰਗੁਣ ਹੋ ਕੇ ਮੰਗਣ ਇਕ ਦੂਜੇ ਦੀ ਦਾਦ, ਬਿਨ ਸਰਗੁਣ ਨਿਰਗੁਣ ਕੰਮ ਕਿਸੇ ਨਾ ਆਇੰਦਾ । ਸਰਗੁਣ ਨਿਰਗੁਣ ਇਕ ਦੂਜੇ ਦੇ ਉਤੇ ਕਰਨ ਰਾਜ, ਸ਼ਾਹ ਪਾਤਸ਼ਾਹ ਭੇਵ ਨਾ ਕੋਇ ਖੁਲ੍ਹਾਇੰਦਾ । ਸਰਗੁਣ ਨਿਰਗੁਣ ਇਕ ਦੂਜੇ ਨੂੰ ਮਾਰਨ ਆਵਾਜ਼, ਉਚੀ ਕੂਕ ਕੂਕ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਰੰਗ ਵਖਾਇੰਦਾ । ਸਿਫ਼ਰ ਕਹੇ ਸੁਣ ਮੇਰੀ ਕਾਰ, ਨਿਰਗੁਣ ਸਰਗੁਣ ਦਿਆਂ ਸਮਝਾਈਆ । ਮੈਂ ਕੱਲਾ ਹੋ ਕੇ ਕਿਸੇ ਨਜ਼ਰ ਨਾ ਆਵਾਂ ਵਿਚ ਸੰਸਾਰ, ਮੇਰੀ ਕੀਮਤ ਕੋਇ ਨਾ ਪਾਈਆ । ਕਰ ਕਿਰਪਾ ਜਿਸ ਦੇ ਨਾਲ ਕਰਾਂ ਪਿਆਰ, ਤਿਸ ਦੇਵਾਂ ਮਾਣ ਵਡਿਆਈਆ । ਨਿਰਗੁਣ ਸਰਗੁਣ ਸ਼ੇਰ ਸਿੰਘ ਕਿਸੇ ਨਾ ਆਇਆ ਵਿਚ ਵਿਚਾਰ, ਵਿਚਾਰ ਸਕੇ ਨਾ ਕੋਇ ਰਾਈਆ । ਜਿਸ ਵੇਲੇ ਸਿਫ਼ਰਾ ਬੱਧੀ ਧਾਰ, ਲੱਖ ਚੁਰਾਸੀ ਰਿਹਾ ਜਗਾਈਆ । ਸਿਫ਼ਰੇ ਅੰਦਰ ਘੁੰਡੀ ਅਪਾਰ, ਜਿਸ ਦਾ ਪਰਦਾ ਕੋਈ ਖੋਲ੍ਹ ਨਾ ਸਕੇ ਰਾਈਆ । ਏਹ ਇਕੋ ਸਿਫ਼ਰਾ ਜਿਸ ਨੂੰ ਕਹਿੰਦੇ ਸਚਖੰਡ ਦੁਆਰ, ਚਾਰ ਕੁੰਟ ਨਜ਼ਰ ਕੋਇ ਨਾ ਆਈਆ । ਏਹ ਸਿਫ਼ਰਾ ਇਕੋ ਜਿਸ ਦੇ ਵਿਚੋਂ ਨਿਰਗੁਣ ਨਿਕਲੇ ਧਾਰ, ਧਾਰ ਧਾਰ ਵਿਚੋਂ ਪਰਗਟਾਈਆ । ਏਹ ਸਿਫ਼ਰਾ ਇਕੋ ਜਿਸ ਵਿਚੋਂ ਨਿਕਲੇ ਗੁਰ ਅਵਤਾਰ, ਵਿਸ਼ਨ ਬ੍ਰਹਮਾ ਸ਼ਿਵ ਨੂਰ ਰੁਸ਼ਨਾਈਆ । ਏਹ ਸਿਫ਼ਰਾ ਇਕੋ ਜਿਸ ਦੀ ਆਸਾ ਵਿਚ ਸੰਸਾਰ, ਲੱਖ ਚੁਾਰਾਸੀ ਜੂਨ ਉਪਾਈਆ । ਏਹ ਸਿਫ਼ਰਾ ਇਕੋ ਜਿਸ ਦੇ ਵਿਚ ਕੋਟਨ ਕੋਟ ਚੰਦ ਸੂਰਜ ਸਤਾਰ, ਮੰਡਲ ਮੰਡਪ ਬੈਠੇ ਮੁਖ ਛੁਪਾਈਆ । ਇਹ ਸਿਫ਼ਰਾ ਇਕੋ ਜਿਸ ਦਾ ਆਦਿ ਅੰਤ ਨਾ ਪਾਰਾਵਾਰ, ਬੇਅੰਤ ਕਹਿ ਕਹਿ ਸਾਰੇ ਸ਼ੁਕਰ ਮਨਾਈਆ । ਏਹ ਸਿਫ਼ਰਾ ਇਕੋ ਜਿਸ ਦਾ ਦਰ ਠਾਂਡਾ ਦਰਬਾਰ, ਦਰਵਾਜ਼ਾ ਨਜ਼ਰ ਕਿਸੇ ਨਾ ਆਈਆ । ਏਹ ਸਿਫ਼ਰਾ ਇਕੋ ਜੋ ਪ੍ਰੀਤਮ ਪਿਆਰਾ ਆਪ ਕਰੇ ਸਚ ਪਿਆਰ, ਸੇਜ ਸੁਹੰਜਣੀ ਨਾ ਕੋਇ ਸੁਹਾਈਆ । ਏਹ ਸਿਫ਼ਰਾ ਇਕੋ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਫ਼ਤ ਸਿਫ਼ਤ ਸਾਲਾਹੀਆ । ਸਿਫ਼ਰਾ ਕਹੇ ਸੁਣ ਸਰਗੁਣ ਨਿਰਗੁਣ ਕੀ ਤੇਰੀ ਵਡਿਆਈਆ । ਜੁਗ ਚੌਕੜੀ ਖੇਲ ਕਰੇਂ ਧੁਰ ਅਗੰਮੀ ਨਾਦ ਸੁਣ ਸੁਣ, ਸੁਣ ਸੰਦੇਸਾ ਰਾਗ ਅਲਾਈਆ । ਲੱਖ ਚੁਰਾਸੀ ਛਾਣ ਪੁਣ ਪੁਣ, ਦਰ ਦਰ ਘਰ ਘਰ ਆਪਣੀ ਅਲਖ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਨਿਰਗੁਣ ਸਰਗੁਣ ਬਣ ਦੋ, ਹਰਿ ਸਾਚੀ ਕਾਰ ਕਮਾਈਆ । ਸਿਫ਼ਰਾ ਰੂਪ ਆਪੇ ਹੋ, ਸਭ ਦੀ ਕਰੇ ਸਫ਼ਾਈਆ । ਸਿਫ਼ਰੇ ਕੋਲੋਂ ਬਣ ਦੋ, ਦੋਏ ਦੌਏ ਜੌੜ ਜੁੜਾਈਆ । ਦੋਏ ਜੋੜਾ ਸਿਫ਼ਰਾ ਮੋਹ, ਮੁਹੱਬਤ ਇਕੋ ਘਰ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਨਾਲ ਜਾਏ ਛੋਹ, ਤਿਸ ਨਿਰਗੁਣ ਸਰਗੁਣ ਵੇਖੇ ਦੋ ਦੋ, ਅੰਤ ਸਿਫ਼ਰ ਵਿਚ ਸਮਾਈਆ । ਸਿਫ਼ਰਾ ਕਹੇ ਮੈਂ ਕਿਉਂ ਬਲਕਾਰ, ਕੀ ਮੇਰੇ ਵਿਚ ਚਤੁਰਾਈਆ । ਮੇਰੀ ਧਾਰਾ ਸਚਖੰਡ ਦੁਆਰ, ਸਚ ਸਚ ਸਰਨਾਈਆ । ਮੇਰਾ ਦਰਵਾਜ਼ਾ ਥਿਰ ਦਰਬਾਰ, ਘਰ ਘਰ ਵਿਚ ਇਕ ਪਰਗਟਾਈਆ । ਮੇਰਾ ਲੇਖਾ ਵਿਸ਼ਨ ਬ੍ਰਹਮਾ ਸ਼ਿਵ ਅਧਾਰ, ਬੈਠਣ ਸੀਸ ਝੁਕਾਈਆ ।

੩੬੯
੧੪

ਮੇਰਾ ਇਸ਼ਾਰਾ ਗੁਰ ਅਵਤਾਰ, ਪੀਰ ਪੈਗ਼ੰਬਰ ਨਾਉਂ ਰਖਾਈਆ । ਮੇਰਾ ਨਾਅਰਾ ਧੁਰ ਜੈਕਾਰ, ਜੈ ਜੈਕਾਰ ਸੁਣਾਈਆ । ਮੇਰਾ ਵਿਹਾਰਾ ਲੱਖ ਚੁਰਾਸੀ ਧਾਰ, ਜੀਵ ਜੰਤ ਵਡਿਆਈਆ । ਮੇਰਾ ਵਿਹਾਰਾ ਅਪਰ ਅਪਾਰ, ਭੇਵ ਕੋਇ ਨਾ ਪਾਈਆ । ਮੇਰਾ ਮਨਾਰਾ ਠਾਂਡਾ ਦਰਬਾਰ, ਅਗਨੀ ਤੱਤ ਨਾ ਕੋਇ ਰਖਾਈਆ । ਮੇਰਾ ਕਿਨਾਰਾ ਨਾ ਆਰ ਨਾ ਪਾਰ, ਅੱਗਾ ਪਿੱਛਾ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਫ਼ਰਾ ਆਪਣੀ ਸਿਫ਼ਤ ਜਣਾਈਆ । ਸਿਫ਼ਰਾ ਕਹੇ ਸੁਣ ਮੇਰੀ ਸਿਫ਼ਤ, ਮੈਂ ਸਿਫ਼ਤਾਂ ਆਪ ਸੁਣਾਇੰਦਾ । ਮੇਰੀ ਸਿਫ਼ਤ ਅੰਦਰ ਲਿਖ ਕੇ ਗਏ ਲਿਖ਼ਤ, ਗੁਰ ਅਵਤਾਰ ਧਿਆਨ ਲਗਾਇੰਦਾ । ਜਿਸ ਨੂੰ ਕਹਿੰਦੇ ਮੇਰਾ ਭਵਿਖਤ, ਸੋ ਮੇਰੇ ਇਸ਼ਾਰੇ ਨਾਲ ਮਿਲਾਇੰਦਾ । ਜਿਸ ਦਾ ਖੇਲ ਇਕ ਅਨਡਿਠ, ਜਗ ਨੇਤਰ ਨਜ਼ਰ ਨਾ ਆਇੰਦਾ । ਮੇਰੀ ਆਸ ਰੱਖੀ ਕਿਸ ਕਿਸ, ਭੇਵ ਅਭੇਦ ਖੁਲ੍ਹਾਇੰਦਾ । ਜਿਸ ਨਿਰਗੁਣ ਸਰਗੁਣ ਲਿਆ ਜਿਤ, ਤਿਸ ਆਪਣਾ ਰਾਹ ਵਖਾਇੰਦਾ । ਪ੍ਰੇਮ ਪ੍ਰੀਤੀ ਅੰਦਰ ਕਰਦੇ ਗਏ ਹਿਤ, ਨਿਤ ਨਿਤ ਧਿਆਨ ਲਗਾਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਦੱਸਦੇ ਗਏ ਨਾ ਕੋਈ ਵਾਰ ਨਾ ਕੋਈ ਥਿਤ, ਹਰਿ ਕਰਤਾ ਆਪਣੀ ਕਾਰ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਸਿਫ਼ਰਾ ਕਹੇ ਸੁਣ ਮੇਰੇ ਮੀਤ, ਮੈਂ ਸਚ ਸਚ ਜਣਾਇੰਦਾ । ਨਿਰਗੁਣ ਸਰਗੁਣ ਜਗਤ ਰੀਤ, ਮੇਰਾ ਲੇਖ ਲਿਖਤ ਵਿਚ ਨਾ ਆਇੰਦਾ । ਚਾਰ ਚੌਕੜੀ ਜੁਗ ਚਾਰ ਨਵ ਨੌਂ ਮੇਰੀ ਰੱਖੇ ਉਡੀਕ, ਧਿਆਨ ਧਿਆਨ ਵਿਚ ਪਰਗਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਸਮਝਾਇੰਦਾ । ਸਿਫ਼ਰਾ ਕਹੇ ਮੇਰੀ ਕਰਨ ਤਾਅਰੀਫ਼, ਨਿਰਗੁਣ ਸਰਗੁਣ ਸੋਹਲੇ ਗਾਈਆ । ਸਰਗੁਣ ਸਰਗੁਣ ਹੋ ਕੇ ਕਰਨ ਪ੍ਰੀਤ, ਨਿਰਗੁਣ ਨਿਰਗੁਣ ਹੋ ਕੇ ਰਾਹ ਜਣਾਈਆ । ਮੈਂ ਵਸਾਂ ਧਾਮ ਅਤੀਤ, ਘਰ ਸਾਚੇ ਸੋਭਾ ਪਾਈਆ । ਮੇਰਾ ਧਿਆਨ ਰੱਖਦੇ ਗਏ ਬੀਸ ਬੀਸ, ਦੂਆ ਸਿਫ਼ਰੇ ਹੋ ਹੋ ਜਾਈਆ । ਸਭ ਦੇ ਖ਼ਾਲੀ ਹੋਏ ਖੀਸ, ਪੱਲੇ ਗੰਢ ਨਾ ਕੋਇ ਬਨ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਫ਼ਰਾ ਆਪਣਾ ਭੇਵ ਰਿਹਾ ਜਣਾਈਆ । ਸਿਫ਼ਰਾ ਕਹੇ ਮੈਂ ਵਡ ਬਲਵਾਨ, ਮੇਰਾ ਅੰਤ ਕਿਸੇ ਨਾ ਪਾਇਆ । ਗੁਰ ਅਵਤਾਰ ਧਰਦੇ ਗਏ ਧਿਆਨ, ਪੀਰ ਪੈਗ਼ੰਬਰ ਨੈਣ ਉਠਾਇਆ । ਜਿਸ ਨੇ ਕੀਤਾ ਨਿਰਗੁਣ ਸਰਗੁਣ ਜਗਤ ਨਿਸ਼ਾਨ, ਸੋ ਸਿਫ਼ਰਾ ਰੂਪ ਅਖਵਾਇਆ । ਜਿਸ ਦਾ ਲੇਖਾ ਦੋ ਜਹਾਨ, ਦੋਏ ਆਪਣਾ ਰਾਹ ਵਖਾਇਆ । ਜੋ ਸਾਹਿਬ ਮਰਦ ਮਰਦਾਨ, ਮਰਦ ਮਰਦਾਨਗੀ ਇਕ ਕਮਾਇਆ । ਜਿਸ ਦਾ ਰਾਗ ਰਾਗ ਤਰਾਨ, ਜਿਸ ਦਾ ਗੀਤ ਗੀਤ ਅਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦ ਖੁਲ੍ਹਾਇਆ । ਸਿਫ਼ਰਾ ਕਹੇ ਮੈਂ ਵੱਡ ਬਲਵਾਨਾ, ਮੇਰਾ ਅੰਤ ਕਹਿਣ ਕੋਇ ਨਾ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਮੰਗਦੇ ਗਏ ਦਾਨਾ, ਖ਼ਾਲੀ ਝੋਲੀ ਅੱਗੇ ਡਾਹੀਆ । ਮੈਂ ਸਭ ਨੂੰ ਦਿਤਾ ਗਿਆਨਾ, ਬੋਧ ਅਗਾਧ ਪੜ੍ਹਾਈਆ । ਇਕ ਸੁਣਾਇਆ ਧੁਰ ਫ਼ਰਮਾਣਾ, ਸਚ ਸੰਦੇਸ ਸੁਣਾਈਆ । ਨਵ ਨੌਂ ਖੇਲ ਮਹਾਨਾ, ਮਹਿਮਾਂ ਅਕੱਥ ਕਥ ਸੁਣਾਈਆ । ਕਲਜੁਗ ਅੰਤਮ ਖੇਲ ਕਰੇ ਵਾਲੀ ਦੋ ਜਹਾਨਾਂ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਫ਼ਰ ਵੇਖੇ ਸਰਬ ਲੋਕਾਈਆ । ਸਿਫ਼ਰਾ ਕਹੇ ਮੈਂ ਜਗ ਵਿਚ ਔਣਾ, ਮੇਰਾ ਸਰਬ ਧਿਆਨ ਲਗਾਈਆ । ਮਾਤ ਪਿਤ ਨਾ ਕਿਸੇ ਗੋਦ ਉਠੌਣਾ, ਜਨਨੀ ਜਨ ਨਾ ਕੋਇ ਅਖਵਾਈਆ । ਰਸਨਾ ਸੀਰ ਨਾ ਕਿਸੇ

ਪਿਔਣਾ, ਉਂਗਲੀ ਨਾਲ ਨਾ ਕੋਇ ਫਿਰਾਈਆ । ਕੁਛੜ ਚੁੱਕ ਨਾ ਕਿਸੇ ਖਡੌਣਾ, ਲੋਰੀ ਦੇ ਨਾ ਕੋਇ ਸੁਆਈਆ । ਤਨ ਬਸਤਰ ਨਾ ਕਿਸੇ ਸੁਹੌਣਾ, ਫੜ ਬਾਹੋਂ ਨਾ ਕੋਇ ਨੁਹਾਈਆ । ਸੀਸ ਦਸਤਾਰ ਨਾ ਕੋਇ ਬੰਧੌਣਾ, ਪੈਰੀਂ ਜੋੜਾ ਨਾ ਕੋਇ ਛੁਹਾਈਆ । ਤਨ ਬਸਤਰ ਨਾ ਕੋਇ ਲਗੌਣਾ, ਢਾਕਣ ਕੋ ਪਤ ਨਾ ਕੋਇ ਜਣਾਈਆ । ਸਾਕ ਸੱਜਣ ਨਾ ਕੋਇ ਦਰਸੌਣਾ, ਨਾਰ ਕੰਤ ਨਾ ਕੋਇ ਵਡਿਆਈਆ । ਪੁੱਤਰ ਧੀਆਂ ਨਾ ਸੰਗ ਰਖੌਣਾ, ਜਗਤ ਕੁਟੰਬ ਨਾ ਮੇਲ ਮਿਲਾਈਆ । ਪੁਸਤਕ ਪਾਠ ਨਾ ਕੋਇ ਪੜ੍ਹੌਣਾ, ਸੰਧਿਆ ਰੂਪ ਨਾ ਕੋਇ ਵਖਾਈਆ । ਹਵਨ ਪਵਨ ਨਾ ਕੋਇ ਰਖੌਣਾ, ਇਸ਼ਟ ਦੇਵ ਨਾ ਕੋਇ ਮਨਾਈਆ । ਰਾਗ ਨਾਦ ਨਾ ਕੋਇ ਗੌਣਾ, ਧੁਨ ਅਨਾਦ ਨਾ ਕੋਇ ਸ਼ਨਵਾਈਆ । ਸਿਫ਼ਰਾ ਰੂਪ ਹੋ ਕੇ ਫੇਰਾ ਪੌਣਾ, ਪੰਜ ਤੱਤ ਚੋਲਾ ਜਗਤ ਤਜਾਈਆ । ਸਿਫ਼ਰਾ ਰੂਪ ਗੁਰ ਅਵਤਾਰ ਪੀਰ ਪੈਗ਼ੰਬਰ ਅੰਤ ਵਖੌਣਾ, ਉਹ ਬੈਠਾ ਧਿਆਨ ਲਗਾਈਆ । ਸਿਫ਼ਰੇ ਮਿਲ ਕੇ ਰੰਗ ਰੰਗੌਣਾ, ਦੋਵੇਂ ਮਿਲ ਬੀਸ ਬੀਸ ਵੱਜੇ ਵਧਾਈਆ । ਦੂਆ ਕਹੇ ਮੇਰਾ ਖੇਲ ਹੋਏ ਅਨਹੋਣਾ, ਅਨਡਿਠੜੀ ਕਾਰ ਕਮਾਈਆ । ਸਿਫ਼ਰਾ ਕਹੇ ਮੈਂ ਨਿਰਗੁਣ ਭੇਵ ਖੁਲ੍ਹੌਣਾ, ਅਨਭਵ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੂਏ ਨਾਲ ਜੋੜ ਸਿਫ਼ਰਾ ਗੁਰ ਅਵਤਾਰ ਪੀਰ ਪੈਗ਼ੰਬਰਾਂ ਆਪ ਕਰੇ ਜ਼ਿਕਰਾ, ਪਿਛਲਾ ਫ਼ਿਕਰਾ ਫਾਕੇ ਵਾਲਾ ਰਹਿਣ ਨਾ ਪਾਈਆ । ਸਿਫ਼ਰ ਕਹੇ ਮੈਂ ਮੇਟਾਂ ਫ਼ਿਕਰ, ਫ਼ਾਤਿਹਾ ਸਭ ਦਾ ਆਪ ਪੜ੍ਹਾਇੰਦਾ । ਬਿਨ ਮੇਰੇ ਦੂਜਾ ਨਾ ਕਰੇ ਕੋਈ ਜ਼ਿਕਰ, ਜ਼ਾਹਰ ਜ਼ਹੂਰ ਨਾ ਕੋਇ ਅਖਵਾਇੰਦਾ । ਕੁਛ ਵੀ ਨਹੀਂ ਫੇਰ ਵੀ ਆਵਾਂ ਨਿਤਰ, ਬਲ ਆਪਣਾ ਆਪ ਪਰਗਟਾਇੰਦਾ । ਜੋ ਆਦਿ ਜੁਗਾਦਿ ਜੁਗ ਚੌਕੜੀ ਬੈਠੇ ਵਿਟਰ, ਸਭ ਦਾ ਮਾਣ ਗਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਾਰ ਆਪ ਕਮਾਇੰਦਾ । ਸਿਫ਼ਰਾ ਕਹੇ ਮੇਰੀ ਕਾਰ ਅਵੱਲੀ, ਨਜ਼ਰ ਕਿਸੇ ਨਾ ਆਈਆ । ਹੁਕਮੇ ਅੰਦਰ ਜੋਤ ਅਟੱਲੀ, ਅਟੱਲ ਧਾਮ ਸੀਸ ਨਿਵਾਈਆ । ਜੇ ਵੇਖਣ ਵਲੀ ਛਲੀ, ਨਾ ਵੇਖਣ ਤੇ ਬੇਪਰਵਾਹੀਆ । ਵਿਚਾਰ ਕਰਨ ਗੁਰ ਅਵਤਾਰ ਪੀਰ ਪੈਗ਼ੰਬਰ ਮੇਰੀ ਨਿੱਕੀ ਜਿਹੀ ਕਲੀ, ਜੁਗ ਚੌਕੜੀ ਲੋਕਮਾਤ ਮਹਿਕਾਈਆ । ਧੁਰ ਦੀ ਧਾਰ ਕਰ ਪਿਆਰ ਸ਼ਬਦ ਅਪਾਰ ਨਿੱਕੀ ਜਿਹੀ ਗਲ ਵਿਚ ਬੱਧੀ ਟੱਲੀ, ਕੰਠ ਵਿਚੋਂ ਹੁਕਮ ਨਾਲ ਵਜਾਈਆ । ਏਸੇ ਕਰ ਕੇ ਸਾਰੇ ਕਹਿ ਕੇ ਗਏ ਪ੍ਰਭ ਜੋਧਾ ਬਲੀ, ਉਹਦਾ ਅੰਤ ਕੋਇ ਨਾ ਪਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਖਾਣੀ ਬਾਣੀ ਆਪਣੇ ਰਸ ਵਿਚੋਂ ਦਿਤੀ ਇਕੋ ਨਿੱਕੀ ਜਿਹੀ ਫਲੀ, ਆਪਣਾ ਬਾਗ਼ ਬਗ਼ੀਚਾ ਨਾ ਕਿਸੇ ਦਸਾਈਆ । ਸਿਫ਼ਰੇ ਵਿਚ ਵੜ ਕੇ ਵੇਖੀ ਗੁਰ ਨਾਨਕ ਚਰਨਾਂ ਕੋਲ ਨਿੱਕੀ ਜਿਹੀ ਗਲੀ, ਜਿਸ ਦਾ ਅੱਗੇ ਰਾਹ ਨਜ਼ਰ ਨਾ ਆਈਆ । ਜੇ ਵੇਖੇ ਤਾਂ ਦੀਪਕ ਜੋਤ ਬਲੀ, ਤਾਬ ਝੱਲਿਆ ਕੋਇ ਨਾ ਜਾਈਆ । ਕਰ ਨਿਮਸਕਾਰ ਕਹੇ ਤੂੰ ਵੱਡਾ ਬਲੀ, ਬੇਪਰਵਾਹ ਤੇਰੀ ਵਡਿਆਈਆ । ਸ੍ਰੀ ਭਗਵਾਨ ਆਪਣੇ ਹੱਥ ਉਤੇ ਹੱਥ ਰੱਖ ਕੇ ਰਗੜੀ ਤਲੀ, ਤਿਲਕ ਆਪਣਾ ਦਿਤਾ ਵਖਾਈਆ । ਸਵਾ ਰਤੀ ਇਕੋ ਡਲੀ, ਸ੍ਰੀ ਭਗਵਾਨ ਆਪਣੇ ਹੱਥ ਦੀ ਮੈਲ ਲਾਹੀਆ । ਪ੍ਰੇਮ ਪ੍ਰੀਤੀ ਅੰਦਰ ਜਿਹੜੀ ਮਿਲੀ, ਜੁਗ ਛੱਤੀ ਲੋਕਮਾਤ ਜਗਤ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਏਸੇ ਕਰ ਕੇ ਨਾਨਕ ਕਿਹਾ ਦਾਨ ਮਹਿੰਡਾ ਤਲੀ ਖ਼ਾਕ, ਨਜ਼ਰ ਕਿਸੇ ਨਾ ਆਈਆ । ਪ੍ਰਭ ਇਕੋ ਵਾਰ ਪਰਗਟਾਈ ਪਾਕੀ ਪਾਕ, ਪਤ ਆਪਣੇ ਹੱਥ ਰਖਾਈਆ । ਨਿਰਗੁਣ ਸਰਗੁਣ ਦੋਹਾਂ ਦਾ ਤੋੜ ਸਾਕ, ਆਪ ਆਪਣਾ ਭੇਵ ਜਣਾਈਆ । ਸਿਫ਼ਰਾ ਹੋ ਕੇ ਨਾ ਜ਼ਾਤ ਨਾ ਪਾਤ,

ਨਾ ਸਰਗੁਣ ਨਾ ਨਿਰਗੁਣ, ਰੂਪ ਰੰਗ ਰੇਖ ਨਾ ਕੋਇ ਵਖਾਈਆ । ਸਿਫ਼ਰਾ ਕਹੇ ਮੈਂ ਸਭ ਦੇ ਨਾਲੋਂ ਆਜ਼ਾਦ, ਅੰਕ ਅੰਕ ਨਾ ਕੋਇ ਬਣਾਈਆ । ਆਦਿ ਅੰਤ ਸਭ ਮੇਰੀ ਆਸ ਰਖਾਈਆ । ਬਿਨ ਮੇਰੇ ਸਾਰੇ ਹੋਣ ਬਰਬਾਦ, ਥਿਰ ਕੋਇ ਰਹਿਣ ਨਾ ਪਾਈਆ । ਮੇਰੇ ਮਿਲਣ ਦੀ ਸਭ ਨੂੰ ਖ਼ਾਹਸ਼, ਅੰਤਰ ਅੰਤਰ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਰਬ ਵਡਿਆਈਆ । ਸਿਫ਼ਰਾ ਕਹੇ ਮੇਰੀ ਸੁਣੋ ਕਾਰ, ਮੈਂ ਸਚ ਸਚ ਜਣਾਇੰਦਾ । ਕਰਾਂ ਕਰਾਵਾਂ ਸਚ ਵਿਹਾਰ, ਭੇਵ ਅਭੇਦ ਖੁਲ੍ਹਾਇੰਦਾ । ਪੂਰਾ ਕਰਾਂ ਕੌਲ ਇਕਰਾਰ, ਕੀਤਾ ਕੌਲ ਭੁੱਲ ਨਾ ਜਾਇੰਦਾ । ਸੰਦੇਸਾ ਦੇਂਦਾ ਰਿਹਾ ਗੁਰ ਅਵਤਾਰ, ਪੀਰ ਪੈਗ਼ੰਬਰ ਮਾਤ ਪੜ੍ਹਾਇੰਦਾ । ਕਲਮਾ ਕਾਇਨਾਤ ਕਰ ਉਜਿਆਰ, ਵਾਹਦ ਇਕੋ ਇਕ ਸਮਝਾਇੰਦਾ । ਤਾਅਰੀਫ਼ ਕਰਦਾ ਰਿਹਾ ਸੰਸਾਰ, ਤੁਆਰਫ਼ ਆਪਣੇ ਹੱਥ ਰਖਾਇੰਦਾ । ਰੀਸ ਕੋਈ ਨਾ ਕਰੇ ਪਰਵਰਦਿਗਾਰ, ਸਾਂਝਾ ਯਾਰ ਹੱਥ ਕਿਸੇ ਨਾ ਆਇੰਦਾ । ਆਦਿ ਜੁਗਾਦੀ ਏਕੰਕਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਸਮਝਾਇੰਦਾ । ਸਿਫ਼ਰਾ ਹੋ ਕੇ ਕਰਿਆ ਕੰਮ, ਆਪਣੇ ਹੱਥ ਰੱਖੀ ਵਡਿਆਈਆ । ਪੰਜ ਤੱਤ ਕਾਇਆ ਭਾਂਡਾ ਦਿਤਾ ਭੰਨ, ਨਿਰਗੁਣ ਸਰਗੁਣ ਸ਼ੇਰ ਸਿੰਘ ਨਜ਼ਰ ਕਿਸੇ ਨਾ ਆਈਆ । ਸਚ ਸਚ ਹੋ ਕੇ ਬੇੜਾ ਬੰਨ੍ਹ, ਆਪਣੀ ਧਾਰ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਫ਼ਰੇ ਵਿਚੋਂ ਫ਼ਿਕਰਾ ਆਪ ਪਰਗਟਾਈਆ । ਸਿਫ਼ਰੇ ਵਿਚੋਂ ਪਰਗਟਿਆ ਫ਼ਿਕਰਾ, ਫ਼ਿਕਰ ਆਪਣਾ ਆਪ ਕਰਾਇੰਦਾ । ਜਗਤ ਜਹਾਨ ਜੋ ਹੋਇਆ ਬਿਖਰਾ, ਤਿਸ ਆਪਣੀ ਗੰਢ ਪੁਆਇੰਦਾ । ਚੋਟੀ ਚੜ੍ਹ ਕੇ ਵੇਖੇ ਸਿਖ਼ਰਾ, ਸਚ ਮਹੱਲ ਆਸਣ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਰਾਇੰਦਾ । ਸਾਚੀ ਕਰਨੀ ਸਿਫ਼ਰਾ ਰੂਪ, ਹਰਿ ਸਚ ਸਚ ਕਰਾਈਆ । ਕਲਜੁਗ ਅੰਤਮ ਵੇਖ ਚਾਰੇ ਕੂਟ, ਦਹਿ ਦਿਸ਼ਾ ਫੋਲ ਫੁਲਾਈਆ । ਕਰਮ ਧਰਮ ਬਰਨ ਵਰਨ ਨਾਤਾ ਜੁੜਿਆ ਜੂਠ ਝੂਠ ,ਸਚ ਸੁਚ ਨਾ ਕੋਇ ਪਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਈਆ । ਸਿਫ਼ਰਾ ਹੋ ਕੇ ਆਇਆ ਆਪ, ਵਡ ਦਾਤਾ ਬੇਪਰਵਾਹੀਆ । ਜਿਸ ਨੂੰ ਸਰਗੁਣ ਨਿਰਗੁਣ ਗੋਬਿੰਦ ਹੋ ਕੇ ਕਹਿ ਕੇ ਗਿਆ ਮੇਰਾ ਬਾਪ, ਪੁਰਖ ਅਕਾਲ ਸੱਚਾ ਸ਼ਹਿਨਸ਼ਾਹੀਆ । ਆਦਿ ਜੁਗਾਦਿ ਜੁਗਾ ਜੁਗੰਤਰ ਜਿਸ ਦਾ ਕਰਦੇ ਸਾਰੇ ਜਾਪ, ਨੇਤਰ ਨੈਣ ਧਿਆਨ ਲਗਾਈਆ । ਸੋ ਸਾਹਿਬ ਸਦਾ ਪਾਕ, ਪਵਿਤ ਰੂਪ ਵਟਾਈਆ । ਜਿਸ ਦਰਸ਼ਨ ਨੂੰ ਨੇਤਰ ਲੋਚਣ ਰਹੇ ਝਾਕ, ਨਿਤ ਨਵਿਤ ਧਿਆਨ ਲਗਾਈਆ । ਸੋ ਸਾਹਿਬ ਸਭ ਦਾ ਸਾਕ, ਨਜ਼ਰ ਕਿਸੇ ਨਾ ਆਈਆ । ਸਭ ਦਾ ਲੇਖਾ ਕਰੇ ਬੇਬਾਕ, ਸਿਫ਼ਰਾ ਅੰਕ ਅੰਤ ਬਣਾਈਆ । ਖ਼ਾਲੀ ਕਰੇ ਜਗਤ ਹਾਥ, ਵਸਤ ਹੱਥ ਨਾ ਕੋਇ ਫੜਾਈਆ । ਦੇਵਣਹਾਰ ਆਦਿ ਜੁਗਾਦੀ ਦਾਤ, ਵਡ ਦਾਤਾ ਵਡ ਵਡਿਆਈਆ । ਕਲਜੁਗ ਅੰਤਮ ਖੇਲ ਤਮਾਸ਼, ਬੇਪਰਵਾਹ ਆਪ ਕਰਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕੱਠੇ ਕਰ ਆਪ ਜਮਾਤ, ਅੱਖਰ ਇਕੋ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸਿਫ਼ਰਾ ਕਹੇ ਮੇਰਾ ਖੇਲ ਅਵੱਲਾ, ਇਕ ਇਕੱਲਾ ਆਪ ਕਰਾਇੰਦਾ । ਕਲਜੁਗ ਅੰਤਮ ਵੇਖਣਹਾਰਾ ਜਲਾਂ ਥਲਾਂ, ਉਚੇ ਟਿੱਲੇ ਪਰਬਤ ਫੋਲ ਫੁਲਾਇੰਦਾ । ਜੋਤ ਪਰਕਾਸ਼ ਪੁਰਖ ਅਬਿਨਾਸ਼ ਨੂਰੀ ਧਾਰ ਆਪੇ ਬਲਾ, ਦੀਆ ਦੀਪਕ ਡਗਮਗਾਇੰਦਾ । ਸਚ ਸੰਦੇਸ ਨਰ ਨਰੇਸ਼ ਇਕੋ ਘੱਲਾ, ਧੁਰ ਫ਼ਰਮਾਣਾ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਸਿਫ਼ਰਾ ਸਾਚੀ ਕਾਰ ਕਮਾਇੰਦਾ । ਸਿਫ਼ਰਾ ਕਹੇ ਮੇਰੀ ਸਾਚੀ ਕਾਰ, ਨਜ਼ਰ ਕਿਸੇ ਨਾ ਆਈਆ । ਨਵ ਨੌਂ ਚਾਰ ਮੇਰਾ ਤੱਕਦੇ ਗਏ ਦੀਦਾਰ, ਅੰਤਰ ਅੰਤਰ ਧਿਆਨ ਲਗਾਈਆ । ਦਰਵੇਸ਼ ਬਣ ਕੇ ਮੰਗਦੇ ਗਏ ਭਿਖਾਰ, ਝੋਲੀ ਅੱਗੇ ਆਪਣੀ ਡਾਹੀਆ । ਦੋਏ ਜੋੜ ਕਰਦੇ ਗਏ ਨਿਮਸਕਾਰ, ਨਿਉਂ ਨਿਉਂ ਸਜਦਾ ਸੀਸ ਝੁਕਾਈਆ । ਕਹਿ ਕੇ ਗਏ ਕਲ ਅੰਤਮ ਆਵੇ ਕਲ ਕਲਕੀ ਅਵਤਾਰ, ਨਿਹਕਲੰਕਾ ਨਾਉਂ ਰਖਾਈਆ । ਜੋ ਸਿਫ਼ਰਾ ਰੂਪ ਵੇਖੇ ਸੰਸਾਰ, ਇਕ ਸਿਫ਼ਰੇ ਵਿਚ ਵਡਿਆਈਆ । ਸਿਫ਼ਰੇ ਵਿਚੋਂ ਏਕਾ ਮਹੱਲ ਕਰੇ ਤਿਆਰ, ਤ੍ਰੈਗੁਣ ਅਤੀਤਾ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸਿਫ਼ਰਾ ਕਹੇ ਮੇਰਾ ਖੇਲ ਅਪਾਰਾ, ਅਪਰੰਪਰ ਧਾਰ ਚਲਾਇੰਦਾ । ਕਲਜੁਗ ਅੰਤ ਹੋ ਉਜਿਆਰਾ, ਭੇਵ ਅਭੇਦ ਖੁਲ੍ਹਾਇੰਦਾ । ਮਹੱਲ ਅਟੱਲ ਇਕ ਮਨਾਰਾ, ਦੋ ਜਹਾਨਾਂ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਜਣਾਇੰਦਾ । ਸਾਚਾ ਭੇਵ ਖੋਲ੍ਹ ਕਰਤਾਰ, ਉਹਲਾ ਰਿਹਾ ਜਣਾਈਆ । ਸਿਫ਼ਰਾ ਸਤਿ ਹੋ ਉਜਿਆਰ, ਸਤਿ ਸਤਿਵਾਦੀ ਕਾਰ ਕਮਾਈਆ । ਸਾਢੇ ਸੱਤ ਦੇ ਆਧਾਰ, ਵੇਖਣਹਾਰਾ ਥਾਉਂ ਥਾਈਂਆ । ਲੇਖਾ ਜਾਣ ਜਗਤ ਜਗਤਾਰ, ਜਗ ਜੀਵਣਦਾਤਾ ਆਪਣਾ ਭੇਵ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਖੇਲ ਕਰਨ ਦਾ ਸਾਚਾ ਚਾਉ, ਸਿਫ਼ਰਾ ਆਪਣੇ ਵਿਚੋਂ ਪਰਗਟਾਇੰਦਾ । ਕਰਨਹਾਰਾ ਸਚ ਨਿਆਉਂ, ਅਦਾਲਤ ਇਕੋ ਇਕ ਲਗਾਇੰਦਾ । ਪਕੜਨਹਾਰਾ ਸਾਚੀ ਬਾਹੋਂ, ਭਗਤ ਭਗਵਾਨ ਆਪ ਜਣਾਇੰਦਾ । ਲੇਖਾ ਜਾਣ ਪੁੱਤਰ ਮਾਉਂ, ਪਿਤਾ ਪੂਤ ਗੋਦ ਸੁਹਾਇੰਦਾ । ਦੇਵੇ ਵਡਿਆਈ ਸਾਚੇ ਥਾਉਂ, ਜਿਸ ਧਾਮ ਦੀ ਗੁਰ ਅਵਤਾਰ ਪੀਰ ਪੈਗ਼ੰਬਰ ਉਡੀਕ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਸਿਫ਼ਰਾ ਕਹੇ ਮੈਂ ਖੋਲ੍ਹਾਂ ਭੇਦ, ਭੇਵ ਕੋਇ ਨਾ ਪਾਈਆ । ਜਿਸ ਧਾਮ ਦਾ ਲੇਖਾ ਲਿਖਿਆ ਵਿਚ ਸਾਮ ਵੇਦ, ਅੰਕ ਨੌਂ ਸੌ ਇਕੱਤਰ ਸਤਰ ਅੱਠ ਅੱਠ ਵਡਿਆਈਆ । ਸੋ ਧਾਮ ਹੋਏ ਉਜਿਆਰ, ਜਿਸ ਮਿਲੇ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਫ਼ਰਾ ਸਭ ਦੀ ਸਾਂਝ ਬੰਧਾਈਆ । ਸਿਫ਼ਰਾ ਕਹੇ ਮੇਰਾ ਖੇਲ ਅਪਾਰਾ, ਆਦਿ ਜੁਗਾਦਿ ਕਾਰ ਕਮਾਇੰਦਾ । ਹੁਕਮੇ ਅੰਦਰ ਫਿਰੇ ਸੂਰਜ ਤਾਰਾ, ਮੰਡਲ ਮੰਡਪ ਨਾਚ ਨਚਾਇੰਦਾ । ਜੁਗ ਚੌਕੜੀ ਹੋ ਉਜਿਆਰਾ, ਹੁਕਮ ਹਾਸਲ ਇਕ ਸਮਝਾਇੰਦਾ । ਸਾਚਾ ਧਾਮ ਗੁਰ ਅਵਤਾਰ ਪੀਰ ਪੈਗ਼ੰਬਰ ਕਰੇ ਨਿਮਸਕਾਰਾ, ਸਜਦਾ ਇਕੋ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਰਾਮ ਰਾਮ, ਆਪਣੀ ਹਰਿ ਜਣਾਈਆ । ਸਾਚੇ ਧਾਮ ਕਰ ਅਸ਼ਨਾਨ, ਬੈਠਾ ਆਸਣ ਲਾਈਆ । ਇਕੋ ਇਕ ਇਕ ਨਿਸ਼ਾਨ, ਨਿਰਗੁਣ ਸਰਗੁਣ ਦੇਵੇ ਵਖਾਈਆ । ਸਰਗੁਣ ਵੇਖ ਹੋਇਆ ਹੈਰਾਨ, ਪੰਜ ਤੱਤ ਰਹਿਣ ਨਾ ਪਾਈਆ । ਪੰਜ ਤੱਤ ਸਿਫ਼ਰਾ ਰੂਪ ਵਿਚ ਜਹਾਨ, ਲੇਖਾ ਹੱਥ ਨਾ ਕੋਇ ਵਖਾਈਆ । ਇਕੋ ਖੋਲ੍ਹ ਵੇਖੇ ਭਗਵਾਨ ਦਾ ਭਗਵਾਨ, ਸੋ ਭਗਵਾਨ ਜੋ ਰਾਮ ਵਿਚ ਹੋ ਕੇ ਰਾਮ ਰਿਹਾ ਸਮਾਈਆ । ਕਰ ਕਿਰਪਾ ਦਿਤਾ ਦਾਨ, ਮਿਹਰ ਨਜ਼ਰ ਇਕ ਉਠਾਈਆ । ਏਹ ਭੂਮਕਾ ਸਚ ਅਸਥਾਨ, ਜਿਸ ਦਾ ਭੇਵ ਕੋਇ ਨਾ ਪਾਈਆ । ਇਕ ਭੀਲਣੀ ਦੇ ਗਿਆਨ, ਸ਼ਬਦ ਇਸ਼ਾਰੇ ਨਾਲ ਸਮਝਾਈਆ । ਬਾਲਮੀਕ ਲਾ ਕੇ ਜਾਏ ਨਿਸ਼ਾਨ, ਚੋਰੀ ਚੋਰੀ ਸੇਵ ਕਮਾਈਆ । ਤ੍ਰੇਤੇ ਵਿਚ ਕੋਈ ਨਾ ਲਏ


੩੭੩
੧੪

ਪਹਿਚਾਨ, ਵੇਲਾ ਦੂਰ ਦੁਰਾਡਾ ਰਿਹਾ ਦਸਾਈਆ । ਕਲਜੁਗ ਅੰਤ ਕਰੇ ਖੇਲ ਆਪ ਮਿਹਰਬਾਨ, ਮਿਹਰ ਨਜ਼ਰ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਚ ਵਧਾਈਆ । ਸਚ ਧਾਮ ਤੱਕੇ ਰਾਹ, ਧਰਨੀ ਧਵਲ ਧਿਆਨ ਲਗਾਈਆ । ਪੰਜ ਪਾਂਡੋ ਬੈਠੇ ਧਿਆਨ ਲਗਾ, ਨੈਣ ਨੈਣ ਉਠਾਈਆ । ਲੇਖਾ ਲੇਖ ਜਾਣੇ ਕੋਈ ਨਾ, ਬੇਅੰਤ ਤੇਰੀ ਵਡਿਆਈਆ । ਕਾਹਨ ਕ੍ਰਿਸ਼ਨ ਦਇਆ ਕਮਾ, ਏਕਾ ਅਰਜਨ ਕਰੇ ਸ਼ਨਵਾਈਆ । ਸੁਣ ਅਰਜਨ ਸਚ ਦਿਆਂ ਸੁਣਾ, ਭੇਵ ਅਭੇਦ ਖੁਲ੍ਹਾਈਆ । ਤੇਰਾ ਲੇਖਾ ਕਲਜੁਗ ਇਕ ਜਣਾ, ਜਾਨਣਹਾਰ ਕਦੇ ਆਪ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਬੇਪਰਵਾਹ ਬੇਪਰਵਾਹੀਆ । ਅਰਜਨ ਦੋਏ ਜੋੜ ਸੀਸ, ਚਰਨ ਕਵਲ ਧਿਆਨ ਲਗਾਇਆ । ਤੇਰਾ ਖੇਲ ਸਾਹਿਬ ਜਗਦੀਸ, ਬੇਪਰਵਾਹ ਤੇਰੀ ਵਡਿਆਇਆ । ਸਚ ਦੱਸ ਇਕ ਹਦੀਸ, ਭੁੱਲ ਰਹੇ ਨਾ ਰਾਇਆ । ਕ੍ਰਿਸ਼ਨ ਕਹੇ ਮੇਰਾ ਕਾਹਨ ਆਵੇ ਠੀਕ, ਜਿਸ ਮੈਨੂੰ ਕਾਹਨ ਬਣਾਇਆ । ਮੈਂ ਵੀ ਓਸ ਦੀ ਰੱਖਾਂ ਉਡੀਕ, ਸਿਰ ਆਪਣੇ ਮੋਰ ਮੁਕਟ ਸੁਹਾਇਆ । ਮੈਂ ਨਿਰਗੁਣ ਹੋ ਕੇ ਉਹਦੀ ਕਰਾਂ ਪ੍ਰੀਤ, ਸਰਗੁਣ ਹੋ ਕੇ ਤੁਹਾਨੂੰ ਨਾਲ ਮਿਲਾਇਆ । ਜਿਸ ਅੰਤ ਮੈਨੂੰ ਲੈਣਾ ਜੀਤ, ਮੈਂ ਤੁਹਾਡੀ ਜਿਤ ਕਰਾਇਆ । ਜਿਸ ਦਾ ਨਿਸ਼ਾਨਾ ਠੀਕ, ਦੋ ਜਹਾਨਾਂ ਤੀਰ ਹੱਥ ਕਿਸੇ ਨਾ ਆਇਆ । ਉਹ ਸਾਹਿਬ ਠਾਂਡਾ ਸੀਤ, ਮੈਂ ਅਗਨ ਬਾਣ ਠੰਡਾ ਠਾਰ ਕਰਾਇਆ । ਉਹ ਸਦਾ ਸਦਾ ਅਜੀਤ, ਜਿਤਿਆ ਕਦੇ ਨਾ ਜਾਇਆ । ਉਹ ਮੇਰੀ ਬਦਲਣ ਵਾਲਾ ਰੀਤ, ਪੰਜ ਤੱਤ ਕ੍ਰਿਸ਼ਨ ਚੋਲਾ ਨਜ਼ਰ ਕਿਸੇ ਨਾ ਆਇਆ । ਪਿਛੋਂ ਅਰਜਨ ਗੀਤਾ ਰਹਿ ਜਾਏ ਗੀਤ, ਗੋਬਿੰਦ ਹੱਥ ਕਿਸੇ ਨਾ ਆਇਆ । ਉਹ ਆਵੇ ਆਪਣੇ ਧਾਮ ਠੀਕ, ਨੇਤਰ ਨੈਣ ਨਜ਼ਰ ਕਿਸੇ ਨਾ ਆਇਆ । ਅੱਖੀਂ ਮੀਟ ਮੈਂ ਵਖਾਵਾਂ ਜਿਸ ਨਾਲ ਲੱਗੀ ਮੇਰੀ ਪ੍ਰੀਤ, ਸੋ ਸਾਚੇ ਧਾਮ ਆਪਣਾ ਚਰਨ ਰਿਹਾ ਟਿਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਾਰ ਆਪ ਕਮਾਇਆ । ਕਾਰ ਕਰੇ ਸਿਫ਼ਰਾ ਆਪ, ਆਪਣੀ ਦਇਆ ਕਮਾਈਆ । ਜਿਸ ਵੇਲੇ ਸਤਿਗੁਰ ਨਾਨਕ ਦਿਤਾ ਜਾਪ, ਸਤਿਨਾਮ ਕਰੀ ਪੜ੍ਹਾਈਆ । ਉਸ ਵੇਲੇ ਨਜ਼ਰੀ ਆਇਆ ਇਕੋ ਬਾਪ, ਪਿਤਾ ਪੁਰਖ ਅਕਾਲ ਵਡ ਵਡਿਆਈਆ । ਨਾਲ ਇਸ਼ਾਰੇ ਦੱਸਿਆ ਅਨਾਥਾਂ ਨਾਥ, ਦੀਨਨ ਦੀਨ ਰਿਹਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਖੁਲ੍ਹਾਈਆ । ਨਾਨਕ ਦੱਸਿਆ ਹੋ ਮਿਹਰਵਾਨ, ਪ੍ਰਭ ਆਪਣੀ ਦਇਆ ਕਮਾਈਆ । ਸਚਖੰਡ ਦਾ ਵੇਖ ਨਿਸ਼ਾਨ, ਸਤਿ ਸਤਿਵਾਦੀ ਆਪ ਝੁਲਾਈਆ । ਨਾ ਜ਼ਿਮੀ ਨਾ ਅਸਮਾਨ, ਮੰਡਲ ਮੰਡਪ ਨਾ ਕੋਇ ਵਖਾਈਆ । ਨਾ ਰੱਯਤ ਨਾ ਰਾਜ ਰਾਜਾਨ, ਚੋਬਦਾਰ ਨਾ ਕੋਇ ਰਖਾਈਆ । ਇਕ ਇਕੱਲਾ ਸ੍ਰੀ ਭਗਵਾਨ, ਸਚਖੰਡ ਸਾਚੇ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਖਾਵਣਹਾਰਾ ਸਾਚਾ ਘਰ, ਨਿਰਗੁਣ ਸਰਗੁਣ ਆਪ ਜਣਾਈਆ । ਨਾਨਕ ਵੇਖ ਧਾਮ ਅਪਾਰਾ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਸ਼ਬਦੀ ਸ਼ਬਦ ਕਰ ਇਸ਼ਾਰਾ, ਲੇਖਾ ਲਿਖਤ ਵਿਚ ਨਾ ਆਇੰਦਾ । ਏਸੇ ਕਾਰਨ ਨਾਨਕ ਨਿਰਗੁਣ ਕਿਹਾ ਕਲ ਮਹਾਂਬਲੀ ਉਤਰੇ ਅਵਤਾਰਾ, ਮਾਤ ਪਿਤ ਨਾ ਕੋਇ ਰਖਾਇੰਦਾ । ਜਿਸ ਦਾ ਸਰਬ ਨੂੰ ਆਦਿ ਜੁਗਾਦਿ ਸਹਾਰਾ, ਮਿਹਰਵਾਨ ਫੇਰਾ ਪਾਇੰਦਾ । ਮੈਂ ਲੱਭ ਲੱਭ ਥੱਕਾ ਮੈਨੂੰ ਨਜ਼ਰ ਨਾ ਆਇਆ ਕੋਈ ਕਿਨਾਰਾ, ਬੇਅੰਤ ਕਹਿ ਕਹਿ ਸ਼ੁਕਰ ਮਨਾਇੰਦਾ । ਇਕੋ ਬੋਲ ਨਾਮ ਜੈਕਾਰਾ, ਤੂਹੀ ਤੂਹੀ ਰਾਗ ਅਲਾਇੰਦਾ । ਤੂੰ ਮੇਰਾ ਸਚ

ਸਹਾਰਾ, ਮੈਂ ਤੇਰਾ ਰੂਪ ਵਟਾਇੰਦਾ । ਤੇਰਾ ਧਾਮ ਵਸੇ ਨਿਆਰਾ, ਜਗ ਨੇਤਰ ਵੇਖਣ ਕੋਇ ਨਾ ਆਇੰਦਾ । ਸੋ ਸੋਹੇ ਬੰਕ ਦੁਆਰਾ, ਜਿਸ ਗ੍ਰਿਹ ਆਪਣਾ ਚਰਨ ਟਿਕਾਇੰਦਾ । ਦੋਏ ਸਿਫ਼ਰਾ ਰੂਪ ਨਜ਼ਰ ਸੰਸਾਰਾ, ਦੂਜੀ ਵੰਡ ਨਾ ਕੋਇ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਧਾਮ ਆਪ ਉਪਾਇੰਦਾ । ਸੋ ਧਾਮ ਦੀਨ ਦਿਆਲ, ਇਕੋ ਇਕ ਵਡਿਆਈਆ । ਜਿਸ ਵੇਲੇ ਗੋਬਿੰਦ ਮਿਲਿਆ ਪੁਰਖ ਅਕਾਲ, ਘਰ ਸਾਚੇ ਵੱਜੀ ਵਧਾਈਆ । ਸ਼ਾਹ ਪਾਤਸ਼ਾਹ ਕਰੇ ਇਕ ਸਵਾਲ, ਪੂਤ ਸਪੂਤੇ ਪੁੱਛ ਪੁਛਾਈਆ । ਉਠ ਵੇਖ ਮੇਰੇ ਲਾਡਲੇ ਲਾਲ, ਨਿਰਗੁਣ ਸਰਗੁਣ ਰਿਹਾ ਜਣਾਈਆ । ਕਲਜੁਗ ਜੀਵ ਬਿਨ ਛੁਰੀਉਂ ਹੋਏ ਹਲਾਲ, ਕਸਾਈ ਬਣਿਆ ਜੀਵ ਕਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਗੋਬਿੰਦ ਵੇਖੇ ਸਿਫ਼ਰਾ ਧਾਰ, ਧਰਮ ਜੈਕਾਰ ਅਲਾਇੰਦਾ । ਵਾਹਵਾ ਤੇਰਾ ਖੇਲ ਅਪਾਰ, ਗੁਰ ਗੁਰ ਧਿਆਨ ਰਖਾਇੰਦਾ । ਆਦਿ ਜੁਗਾਦੀ ਅੰਤ ਨਾ ਪਾਰਾ ਵਾਰ, ਬੇਅੰਤ ਤੇਰਾ ਅੰਤ ਕੋਇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਆਪਣੀ ਕਾਰ ਕਮਾਇੰਦਾ । ਗੋਬਿੰਦ ਵੇਖ ਸਚ ਇਸ਼ਾਰਾ, ਹਰਿ ਇਸ਼ਾਰੇ ਨਾਲ ਜਣਾਈਆ । ਨਵ ਨੌਂ ਚਾਰ ਅੰਤ ਕਿਨਾਰਾ, ਦੂਰ ਦੁਰਾਡਾ ਪੰਧ ਮੁਕਾਈਆ । ਲੇਖਾ ਮੁਕੇ ਗੁਰ ਅਵਤਾਰਾਂ, ਅੰਤ ਕੋਇ ਰਹਿਣ ਨਾ ਪਾਈਆ । ਨਿਰਗੁਣ ਨੂਰ ਸਦਾ ਉਜਿਆਰਾ, ਨਾ ਮਰੇ ਨਾ ਜਾਈਆ । ਸਤਿਗੁਰ ਗੋਬਿੰਦ ਕਰ ਨਿਮਸਕਾਰਾ, ਦੋਏ ਜੋੜ ਮੰਗ ਮੰਗਾਈਆ । ਪੁਰਖ ਅਕਾਲ ਤੇਰਾ ਸਹਾਰਾ, ਇਕੋ ਓਟ ਰਖਾਈਆ । ਤੁਧ ਬਿਨ ਪਾਵੇ ਕਵਣ ਸਾਰਾ, ਦੋ ਜਹਾਨਾਂ ਹੋਏ ਸਹਾਈਆ । ਕਰ ਕਿਰਪਾ ਕਲਜੁਗ ਅੰਤ ਲੈਣਾ ਅਵਤਾਰਾ, ਵਡ ਅਵਤਾਰੀ ਤੇਰੀ ਵਡਿਆਈਆ । ਵੇਖਣਾ ਇਕੋ ਧਾਮ ਨਿਆਰਾ, ਨਿਆਂ ਕਰ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧਾਮ ਅਵੱਲੜਾ ਰਿਹਾ ਵਖਾਈਆ । ਓਸ ਧਾਮ ਦੀ ਦੱਸ ਨਿਸ਼ਾਨੀ, ਹਰਿ ਸਤਿਗੁਰ ਆਪ ਜਣਾਇੰਦਾ । ਗੁਰ ਗੁਰ ਕਹੇ ਮੈਂ ਓਸ ਪਿਛੇ ਦਿਆਂ ਆਪ ਕੁਰਬਾਨੀ, ਬੰਸ ਸਰਬੰਸ ਭੇਟ ਚੜ੍ਹਾਇੰਦਾ । ਚਾਰ ਦਿਨ ਖਾ ਕੇ ਤੇਰੀ ਨਿਰਗੁਣ ਸਰਗੁਣ ਜਾਏ ਮਹਿਮਾਨੀ, ਮੁਸਾਫ਼ਰ ਮੇਰਾ ਬੰਸ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਣਾ ਤੇਰਾ ਵਰ, ਮੈਂ ਆਪਣਾ ਰੂਪ ਸਿਫ਼ਰਾ ਤੇਰੇ ਵਿਚ ਸਮਾਇੰਦਾ । ਗੋਬਿੰਦ ਕਹੇ ਮੈਂ ਸਿਫ਼ਰ ਹੋ ਕੇ ਵਖਾਵਾਂਗਾ । ਆਪਣਾ ਜ਼ਿਕਰ ਤੈਨੂੰ ਸੁਣਾਵਾਂਗਾ । ਸਾਰਾ ਫ਼ਿਕਰ ਤੇਰੇ ਸਿਰ ਤੇ ਪਾਵਾਂਗਾ । ਆਪ ਹੋ ਬੇਫ਼ਿਕਰਾ, ਤੇਰੇ ਅੱਗੇ ਪਿਛੇ ਖ਼ੁਸ਼ੀਆਂ ਨਾਲ ਨਾਚ ਨਚਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰਾ ਲੇਖਾ ਵੇਖ ਵਖਾਵਾਂਗਾ । ਮੈਂ ਸਿਫ਼ਰਾ ਹੋ ਕੇ ਦੱਸਾਂਗਾ । ਮਾਂ ਪਿਓ ਪੁੱਤ ਆਪਣੇ ਕੋਲ ਕੁਛ ਨਾ ਰੱਖਾਂਗਾ । ਸਭ ਤੇਰੀ ਝੋਲੀ ਸੱਟਾਂਗਾ । ਇਕੋ ਤੇਰਾ ਨਾਮ ਪ੍ਰਭ ਰਟਾਂਗਾ । ਦੋਏ ਜੋੜ ਵਾਸਤਾ ਘੱਤਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਿਰ ਤੇਰੇ ਚਰਨਾਂ ਤੇ ਸੱਟਾਂਗਾ । ਗੋਬਿੰਦ ਤੈਨੂੰ ਜ਼ਰੂਰ ਆਪ ਬਣਾਊਂਗਾ । ਆਪ ਆਪਣੀ ਝੋਲੀ ਪਾਊਂਗਾ । ਸਾਚੀ ਡੋਲੀ ਫੜ ਚੜ੍ਹਾਊਂਗਾ । ਹੌਲੀ ਹੌਲੀ ਆਪਣਾ ਮੇਲ ਮਿਲਾਊਂਗਾ । ਤੰਦ ਮੌਲੀ ਨਾਲ ਰਖਾਊਂਗਾ । ਸਵਾ ਰਤੀ ਘੋਲ ਘੋਲੀ, ਆਪਣੇ ਹੱਥ ਫੜ ਉਠਾਊਂਗਾ । ਤੇਰੀ ਬਦਲ ਦੇਵਾਂ ਚੋਲੀ, ਚੋਲੀ ਆਪਣੇ ਰੰਗ ਰੰਗਾਊਂਗਾ । ਤੈਨੂੰ ਫੇਰ ਕੋਈ ਨਾ ਮਾਰੇ ਬੋਲੀ, ਬੋਲਣ ਵਾਲਾ ਕੋਈ ਨਜ਼ਰ ਨਾ ਆਊਂਗਾ । ਤੂੰ ਉਚੀ ਉਚੀ ਪਾਵੀਂ ਰੌਲੀ, ਮੈਂ ਤੇਰੇ ਨਾਮ ਡੰਕਾ ਇਕ ਸੁਣਾਊਂਗਾ ।

੩੭੫
੧੪

ਤੂੰ ਵਸੀਂ ਉਚੇ ਦੁਆਰੇ ਮੰਦਰ ਧੌਲੀਂ, ਮੈਂ ਤੇਰੇ ਦਰ ਤੇ ਸੇਵ ਕਮਾਊਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭੇਵ ਅਭੇਦ ਖੁਲਾਊਂਗਾ । ਬੰਸ ਸਰਬੰਸ ਤੇਰੀ ਭੇਟੇ ਚੜ੍ਹੇਗਾ । ਗੋਬਿੰਦ ਫਿਰ ਸਾਹਮਣੇ ਤੇਰੇ ਖੜੇਗਾ । ਜੋਧਾ ਹੋ ਕੇ ਸੂਰਬੀਰ ਲੜੇਗਾ । ਜੇ ਹੱਕ ਨਾ ਦੇਵੇਂ ਅੱਗੇ ਹੋ ਕੇ ਅੜੇਗਾ । ਨਿਰਭੈ ਭੈ ਤੇਰੇ ਕੋਲੋਂ ਕਦੇ ਨਾ ਡਰੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੱਸ ਜੋ ਆਪਣੀ ਕਾਰ ਕਰੇਂਗਾ । ਸਚ ਆਪਣੀ ਕਾਰ ਕਮਾਵਾਂਗਾ । ਤੇਰਾ ਬੰਸ ਸਰਬੰਸ ਲੁਟਾਵਾਂਗਾ । ਲੋਕਮਾਤ ਵਿਚੋਂ ਪੁੱਟ, ਬੂਟਾ ਸਚਖੰਡ ਲਗਾਵਾਂਗਾ । ਅੰਮ੍ਰਿਤ ਧੁਰ ਦਾ ਦੇ ਕੇ ਘੁੱਟ, ਗੁਰਮੁਖ ਆਪਣਾ ਪਰਦਾ ਲਾਹਵਾਂਗਾ । ਫਿਰ ਸਭ ਦੇ ਨਾਲੋਂ ਰੁੱਠ, ਤੇਰੇ ਚਰਨਾਂ ਡੇਰਾ ਲਾਵਾਂਗਾ । ਆਤਮ ਅੰਤਰ ਸਭ ਦੀ ਲੁੱਟ, ਖ਼ਾਲੀ ਘਰ ਕਰ ਵਖਾਵਾਂਗਾ । ਜਿਸ ਵੇਲੇ ਪਵੇਂ ਉਠ, ਤੇਰੀ ਉਂਗਲੀ ਆਪਣੇ ਹੱਥ ਰਖਾਵਾਂਗਾ । ਜਿੰਨਾਂ ਚਿਰ ਨਾ ਕਹੇਂ ਗੋਬਿੰਦ ਮੇਰਾ ਪੁੱਤ, ਤੇਰਾ ਪੱਲੂ ਛੱਡ ਨਾ ਜਾਵਾਂਗਾ । ਜਿੰਨਾਂ ਚਿਰ ਨਾ ਸੁਹਾਏਂ ਸਾਚੀ ਰੁੱਤ, ਅਬਿਨਾਸ਼ੀ ਅਚੁਤ, ਤੇਰੀ ਦਾਸੀ ਸੇਵ ਕਮਾਵਾਂਗਾ । ਮੇਰਾ ਲੇਖਾ ਨਾ ਜਾਏ ਮੁੱਕ, ਅਲੇਖ ਤੇਰੇ ਘਰ ਵਖਾਵਾਂਗਾ । ਮੇਰਾ ਬੂਟਾ ਨਾ ਜਾਏ ਸੁੱਕ, ਹਰਿਆ ਸਿੰਚ ਤੇਰੇ ਕੋਲੋਂ ਕਰਾਵਾਂਗਾ । ਜਿਸ ਵੇਲੇ ਕਲਜੁਗ ਅੰਤਮ ਆਏ ਢੁੱਕ, ਮੈਂ ਸੇਵਕ ਬਣ ਕੇ ਤੇਰਾ ਸੰਬਲ ਨਗਰ ਬਣਾਵਾਂਗਾ । ਤੂੰ ਅੰਦਰ ਵੜ ਜਾਈਂ ਘੁਸ, ਮੈਂ ਪਰਦਾ ਉਤੇ ਪਾਵਾਂਗਾ । ਫੇਰ ਮੈਨੂੰ ਲਈਂ ਪੁੱਛ, ਮੈਂ ਇਕੱਲਾ ਹਾਲ ਸੁਣਾਵਾਂਗਾ । ਪ੍ਰਭ ਤੇਰੇ ਭਗਤਾਂ ਨੂੰ ਤੇਰਾ ਦੁੱਖ, ਦੁਖੀਆਂ ਦਰਦ ਆਪ ਵੰਡਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਪਿਛਲਾ ਲੇਖਾ ਸਭ ਦਾ ਪੂਰ ਕਰਾਵਾਂਗਾ । ਜਿਸ ਵੇਲੇ ਪ੍ਰਭ ਦਇਆ ਕਮਾਏਂਗਾ । ਮਿਹਰ ਨਜ਼ਰ ਉਠਾਏਂਗਾ । ਕਲ ਕਲਕੀ ਫੇਰਾ ਪਾਏਂਗਾ । ਮੇਰੀ ਪਿਆਰ ਦੀ ਵੰਨਗੀ ਲੋਕਮਾਤ ਬਣਾਏਂਗਾ । ਸਿਰ ਕਲਗੀ ਇਕ ਚਮਕਾਏਂਗਾ । ਜਗਦੀਸ਼ ਤਾਜ ਇਕ ਸੁਹਾਏਂਗਾ । ਪ੍ਰੇਮ ਆਵਾਜ਼ ਇਕ ਲਗਾਏਂਗਾ । ਗ਼ਰੀਬ ਨਿਵਾਜ਼ ਨੇੜੇ ਆਏਂਗਾ । ਸਾਜਨ ਸਾਜ ਵੇਖ ਵਖਾਏਂਗਾ । ਮੇਰੀ ਲਾਜ ਅੰਤ ਰਖਾਏਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਘਰ ਸਾਚੇ ਰੰਗ ਵਖਾਏਂਗਾ । ਘਰ ਸਾਚੇ ਰੰਗ ਵਖਾਵਾਂਗਾ । ਗੋਬਿੰਦ ਤੇਰਾ ਸੰਗ ਨਿਭਾਵਾਂਗਾ । ਅੰਗ ਅੰਗ ਨਾਲ ਮਿਲਾਵਾਂਗਾ । ਨਾਮ ਮਰਦੰਗ ਇਕ ਵਜਾਵਾਂਗਾ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਲੰਘ, ਤੇਰਾ ਜੋੜ ਜੁੜਾਵਾਂਗਾ । ਤੇਰਾ ਚਾੜ੍ਹ ਸਾਚਾ ਚੰਦ, ਚੰਦ ਚਾਂਦਨਾ ਇਕ ਚਮਕਾਵਾਂਗਾ । ਗੋਬਿੰਦ ਕਹੇ ਤੂੰ ਬਖ਼ਸ਼ੰਦ, ਮੈਂ ਤੇਰਾ ਸ਼ੁਕਰ ਮਨਾਵਾਂਗਾ । ਵੇਖੀਂ ਵੇਲੇ ਸਿਰ ਨਾ ਜਾਈਂ ਮੁੱਕਰ, ਜੇ ਮੁਕਰੇਂ ਤੇ ਨੇਤਰ ਰੋ ਰੋ ਤੈਨੂੰ ਮਨਾਵਾਂਗਾ । ਕਿਉਂ, ਗੁਰ ਨਾਨਕ ਕਹਿ ਕੇ ਗਿਆ ਤੂੰ ਨਿਰਗੁਣ ਧਾਰੋਂ ਆਵੇਂ ਉਤਰ, ਨਿਹਕਲੰਕ ਹੋ ਆਵੇਂਗਾ । ਤੈਨੂੰ ਕਿਸੇ ਨਹੀਂ ਕਹਿਣਾ ਮੇਰਾ ਪੁੱਤਰ, ਤੂੰ ਸਭ ਦਾ ਬਾਪ ਅਖਵਾਵੇਂਗਾ । ਜਿਉਂ ਗੁਜਰੀ ਚੁਕਿਆ ਮੈਨੂੰ ਕੁਛੜ, ਫਿਰ ਤੇਰੇ ਕੁਛੜ ਚੜ੍ਹ ਕੇ ਆਪਣਾ ਖੇਲ ਵਖਾਵਾਂਗਾ । ਮੈਂ ਕੋਈ ਨਾ ਮੰਗਾਂ ਖਾਣ ਨੂੰ ਟੁੱਕਰ, ਪਾਣੀ ਮੰਗਣ ਦੀ ਆਸ ਨਾ ਕੋਈ ਰਖਾਵਾਂਗਾ । ਏਸੇ ਕਰ ਕੇ ਵਾਰੇ ਪੁੱਤਰ, ਪਿਤਾ ਪੂਤ ਬਣ ਕੇ ਧੁਰ ਦੀ ਸੇਵ ਕਮਾਵਾਂਗਾ । ਬੇਪਰਵਾਹ ਜੇ ਤੇਰੇ ਪਿਛੇ ਗਿਆ ਉਜੜ, ਤੇਰੇ ਭਗਤਾਂ ਜ਼ਰੂਰ ਵਸਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਣਾ ਸੱਚਾ ਇਕ ਵਰ, ਤੇਰਾ ਸਦਾ ਸਦਾ ਸਦ ਦਰਸ਼ਨ ਪਾਵਾਂਗਾ । ਗੋਬਿੰਦ ਜਿਸ ਵੇਲੇ ਮੇਰੇ ਭਗਤਾਂ ਪਿਆਰ ਜਣਾਏਂਗਾ । ਆਪਣਾ ਵੇਲਾ ਵਕਤ ਸੁਹਾਏਂਗਾ ।


੩੭੬
੧੪

ਬੂੰਦ ਰਕਤ ਅਗਲੀ ਪਿਛਲੀ ਲੇਖੇ ਲਾਏਂਗਾ । ਸ੍ਰੀ ਭਗਵਾਨ ਬਣਾਏ ਬਣਤ, ਬੇਪਰਵਾਹ ਆਪਣੀ ਕਾਰ ਕਮਾਏਗਾ । ਸੁਹੰਜਣਾ ਸੁਹਾਏ ਆਪ ਵਕਤ,
ਰੁੱਤ ਰੁੱਤੜੀ ਨਾਲ ਮਿਲਾਏਗਾ । ਜਿਸ ਵੇਲੇ ਸ੍ਰੀ ਭਗਵਾਨ ਆਏ ਪਰਤ, ਤੇਰਾ ਸਗਲਾ ਸੰਗ ਰਖਾਏਗਾ । ਪਿਛਲਾ ਸੋਗ ਮਿਟਾਏ ਹਰਖ, ਅੱਗੇ
ਇਕੋ ਸੁਖ ਵਖਾਏਗਾ । ਤੇਰੇ ਨਾਲ ਫਿਰੇ ਨਧੜਕ, ਭੈ ਜਗਤ ਨਾ ਕੋਇ ਜਣਾਏਗਾ । ਰੋਕਿਆਂ ਕਿਸੇ ਦੇ ਨਾ ਜਾਏ ਅਟਕ, ਆਪਣਾ ਮਾਰਗ
ਇਕ ਲਗਾਏਗਾ । ਪਿਛਲਾ ਕੀਤਾ ਸਭ ਦਾ ਕਰੇ ਤਰਕ, ਤੁਰਤ ਆਪਣਾ ਹੁਕਮ ਮਨਾਏਗਾ । ਜੇ ਨੀਹਾਂ ਹੇਠਾਂ ਬਾਲੇ ਰਹਿ ਗਿਆ ਫ਼ਰਕ, ਹੁਣ
ਨੀਹਾਂ ਹੇਠਾਂ ਰੱਖ ਕੇ ਭਗਤ ਦੁਆਰ ਸੁਹਾਏਗਾ । ਜਿਸ ਦੇ ਪਿਛੋਂ ਨੇਤਰ ਨੀਰ ਨਾ ਵਹਾਏ ਕੋਈ ਉਤੇ ਮਰਗ, ਮਨਜੀਤਾ ਹੁਕਮ ਮਨਾਏਗਾ । ਨਾਤਾ
ਤੋੜ ਸੋਗ ਹਰਖ, ਸਿੰਘ ਜਗਦੀਸ਼ਾ ਨੌਂ ਦੁਆਰੇ ਪੰਧ ਮੁਕਾਏਗਾ । ਉਪਰ ਵੇਖ ਸਚਖੰਡ ਦਾ ਸਚ ਨਿਸ਼ਾਨਾ ਰਿਹਾ ਲਟਕ, ਸਤਿ ਸਤਿਵਾਦੀ ਇਕੋ
ਰੰਗ ਚਮਕਾਏਗਾ । ਪਕੜ ਉਠਾਏ ਅਗਲੇ ਪਿਛਲੇ ਭਗਤ, ਭਗਵਨ ਆਪਣੀ ਗੋਦ ਬਹਾਏਗਾ । ਕੀ ਹੋਇਆ ਰਾਮ ਦਾ ਮਾਣ ਰੱਖਿਆ ਇਕ
ਭਰਤ, ਸ੍ਰੀ ਭਗਵਾਨ ਭਗਤ ਭਰਤ ਨਾਲੋਂ ਅੱਗੇ ਅੱਗੇ ਰਖਾਏਗਾ । ਓਸ ਧਾਮ ਕਰੇ ਪਰਗਟ, ਜਿਸ ਧਾਮ ਰਾਮ ਧਿਆਨ ਲਗਾਏਗਾ । ਓਸ
ਧਾਮ ਖੋਲ੍ਹੇ ਹੱਟ, ਜਿਸ ਧਾਮ ਕ੍ਰਿਸ਼ਨ ਅਰਜਨ ਸਮਝਾਏਗਾ । ਓਸ ਧਾਮ ਬੀਜੇ ਬੀਜ ਵਤ, ਜਿਸ ਧਾਮ ਨਾਤ ਨਿਰਗੁਣ ਸਿਫ਼ਤ ਸਾਲਾਹੇਗਾ । ਓਸ
ਧਾਮ ਲਏ ਰੱਖ, ਜਿਸ ਧਾਮ ਉਤੇ ਗੋਬਿੰਦ ਅੱਖ ਟਿਕਾਏਗਾ । ਉਹ ਧਾਮ ਸਭ ਤੋਂ ਵੱਖ, ਭਗਤ ਦੁਆਰਾ ਨਾਉਂ ਪਰਗਟਾਏਗਾ । ਏਕਾ ਦੂਆ
੩੭੭ ਦੂਆ ਸਭ ਨੂੰ ਦੇਵੇ ਦੱਸ, ਨਿਰਗੁਣ ਸਰਗੁਣ ਦੇਵੇ ਦੱਸ, ਸਿਫ਼ਰਾ ਹੋ ਕੇ ਦੇਵੇ ਦੱਸ, ਆਪ ਆਪਣਾ ਮੁਖ ਛੁਪਾਏਗਾ । ਜੋਤੀ ਜੋਤ ਸਰੂਪ ਹਰਿ, ੩੭੭
੧੪ ਆਪ ਆਪਣੀ ਕਿਰਪਾ ਕਰ, ਚਾਰ ਜੁਗ ਦੀ ਰੱਖੀ ਉਡੀਕ, ਗੁਰ ਅਵਤਾਰਾਂ ਲਾਈ ਪ੍ਰੀਤ, ਉਹ ਧਾਮ ਇਹ ਸਮਝ ਠੀਕ, ਜਿਸ ਉਤੇ ਸਾਢੇ ੧੪
ਤਿੰਨ ਹੱਥ ਨੌਂ ਦਰ ਭਗਤ ਘਰ ਦਿਤਾ ਬਣਾਈਆ । ਭਗਤ ਘਰ ਬਣਾ ਮਾਹੀ, ਮੁਹੱਬਤ ਇਕੋ ਇਕ ਜਣਾਇੰਦਾ । ਨਿਰਗੁਣ ਸਰਗੁਣ ਵੇਖ ਦੋਵੇਂ
ਰਾਹੀ, ਪੈਂਡਾ ਕਵਣ ਮੁਕਾਇੰਦਾ । ਲੋਕਮਾਤ ਨਿਰਗੁਣ ਸਰਗੁਣ ਇਕ ਦੂਜੇ ਦੇ ਨਾਲ ਮਿਲਾਏ ਆਪ ਮਿਲਾ ਕੇ ਬਾਹੀਂ, ਅੰਤਮ ਤੱਤ ਨਜ਼ਰ ਕੋਇ
ਨਾ ਆਇੰਦਾ । ਓਹੋ ਦੱਸੇ ਜੋ ਲਿਖ ਗਏ ਨਾਲ ਕਲਮ ਸ਼ਾਹੀ, ਸ਼ਹਿਨਸ਼ਾਹ ਆਪਣਾ ਰੂਪ ਨਾ ਕਿਸੇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ
ਆਪਣੀ ਕਿਰਪਾ ਕਰ, ਸਾਚਾ ਧਾਮ ਆਪ ਵਡਿਆਇੰਦਾ । ਗੋਬਿੰਦ ਕਹੇ ਤੇਰਾ ਧਾਮ ਚੰਗਾ, ਚੰਗੀ ਤਰਾਂ ਨਜ਼ਰੀ ਆਈਆ । ਜਿਸ ਨੂੰ ਚੜ੍ਹਿਆ
ਇਕੋ ਰੰਗਾ, ਪ੍ਰੇਮ ਪ੍ਰੀਤੀ ਰੰਗ ਵਖਾਈਆ । ਜਿਨ੍ਹਾਂ ਪਿਛੇ ਮਾਛੂਵਾੜੇ ਫਿਰਿਆ ਨੰਗਾ, ਸੂਲਾਂ ਸੱਥਰ ਸੇਜ ਹੰਢਾਈਆ । ਜਿਨ੍ਹਾਂ ਕਾਰਨ ਭੇਜਿਆ
ਆਪਣਾ ਬੰਦਾ, ਆਪਣੀ ਬੰਦਗੀ ਇਕ ਸਮਝਾਈਆ । ਉਹ ਜੀਵ ਕਲਜੁਗ ਹੋਇਆ ਗੰਦਾ, ਗੋਬਿੰਦ ਵੇਖ ਰਿਹਾ ਕੁਰਲਾਈਆ । ਮੈਂ ਦੇ ਕੇ ਗਿਆ
ਖੰਡਾ, ਸ਼ਸਤਰ ਚੰਡ ਪਰਚੰਡ ਚਮਕਾਈਆ । ਮੈਨੂੰ ਵੇਖ ਕੇ ਮੇਰਾ ਨੈਣ ਹੋ ਗਿਆ ਅੰਧਾ, ਅੱਖ ਅੱਖ ਨਾ ਕਿਸੇ ਖੁਲ੍ਹਾਈਆ । ਹੁਣ ਕਿਥੋਂ ਲੱਭੇ
ਗੁਜਰੀ ਚੰਦਾ, ਗੁਜਰੀ ਚੰਦ ਸ਼ਬਦ ਰੂਪ ਵਟਾਈਆ । ਨਾ ਮਾਣਸ ਨਾ ਬੰਦਾ, ਨਾ ਬੰਦਗੀ ਕਰ ਕੇ ਕਿਸੇ ਨੂੰ ਸੀਸ ਝੁਕਾਈਆ । ਨਾ ਸ਼ਸਤਰ
ਨਾ ਕੋਈ ਖੰਡਾ, ਤੀਰ ਕਮਾਨ ਨਾ ਕੋਇ ਉਠਾਈਆ । ਨਾ ਸੁਹਾਗੀ ਨਾ ਰੰਡਾ, ਨਾ ਕਰੇ ਕਿਸੇ ਕੁੜਮਾਈਆ । ਕਰੇ ਖੇਲ ਸੂਰਾ ਸਰਬੰਗਾ, ਸ਼ਾਹ
ਪਾਤਸ਼ਾਹ ਆਪਣੀ ਕਾਰ ਕਮਾਈਆ । ਦੀਨਨ ਦੀਨਨ ਦੀਨ ਦਿਆਲ ਹੋਇਆ ਬਖ਼ਸ਼ੰਦਾ, ਬਖ਼ਸ਼ਿਸ਼ ਪ੍ਰਭ ਦੇ ਕੋਲੋਂ ਮੰਗ ਮੰਗਾਈਆ । ਆਪਣੀ

ਹੱਥੀਂ ਜਨ ਭਗਤਾਂ ਰੰਗਣ ਆਇਆ ਪੰਜਾ, ਪੰਜੇ ਉਂਗਲਾਂ ਇਕੋ ਰੰਗ ਵਖਾਈਆ । ਹੁਣ ਜਨ ਭਗਤਾਂ ਵਸੇ ਸਦਾ ਸੰਗਾ, ਸਗਲਾ ਸੰਗ ਨਿਭਾਈਆ । ਇਕ ਵਖਾਏ ਆਪਣਾ ਡੰਡਾ, ਪੌੜੇ ਆਪਣੇ ਨਾਮ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਵਡਿਆਈ ਦੇ ਕੇ ਬਣਾਇਆ ਮਹੱਲ, ਸੋ ਸਾਹਿਬ ਦਇਆ ਕਮਾਈਆ । ਨਾਉਂ ਰੱਖ ਇਕ ਅਟੱਲ, ਅਟੱਲ ਅਟੱਲ ਰਿਹਾ ਸਮਝਾਈਆ । ਦੀਪਕ ਹੋ ਕੇ ਗਿਆ ਬਲ, ਜੋਤੀ ਨੂਰ ਨੂਰ ਰੁਸ਼ਨਾਈਆ । ਦੋ ਜਹਾਨਾਂ ਮੇਟੇ ਸਲ, ਦੁੱਖੜਾ ਕੋਇ ਰਹਿਣ ਨਾ ਪਾਈਆ । ਨਾਮ ਸੰਦੇਸਾ ਸਾਚਾ ਘੱਲ, ਹਰਿਜਨ ਸਾਚੇ ਲਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਲੇਖਾ ਆਪਣੇ ਹੱਥ ਰਖਾਈਆ । ਲੇਖਾ ਹੱਥ ਰੱਖੇ ਕਰਤਾਰ, ਵਡ ਦਾਤਾ ਵਡ ਵਡਿਆਈਆ । ਭਗਤ ਦੁਆਰ ਕਰ ਤਿਆਰ, ਨੀਹਾਂ ਹੇਠਾਂ ਹਰਿਜਨ ਆਪ ਸੁਆਈਆ । ਰਤ ਅਮੋਲਕ ਤਿਖੀ ਧਾਰ, ਗੋਬਿੰਦ ਆਪ ਵਹਾਈਆ । ਚੜ੍ਹਦੀ ਦਿਸ਼ਾ ਪਾਵੇ ਸਾਰ, ਉਤਰ ਪੂਰਬ ਪੱਛਮ ਦੱਖਣ ਚਾਰ ਚਾਰ ਦਾ ਪੰਜਵਾਂ ਨੇਤਾ, ਪਰਮ ਪੁਰਖ ਆਪ ਅਖਵਾਈਆ । ਛੱਤੀ ਛੱਤੀ ਕਰ ਕਰ ਵੇਂਤਾ, ਵਿਤਕਰੇ ਸਭ ਦੇ ਦਏ ਮਿਟਾਈਆ । ਗੁਰ ਅਵਤਾਰ ਪੀਰ ਪੈਗ਼ੰਬਰਾਂ ਦਿਤਾ ਨੇਂਤਾ, ਘਰ ਘਰ ਆਪ ਸਦਾਈਆ । ਪਹਿਲੀ ਦੂਜੀ ਤੀਜੀ ਚੌਥੀ ਮੰਜ਼ਲ ਚੜ੍ਹ ਕੇ ਵੇਖੇ ਅਗੇਤਾ ਪਛੇਤਾ, ਦੂਰ ਦੁਰਾਡੇ ਨੇਰਨ ਨੇਰੇ ਇਕੋ ਦਰ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਖੁਲ੍ਹਾਈਆ । ਭਗਤ ਦੁਆਰੇ ਚੜ੍ਹ ਕੇ ਵੇਖੇ, ਵੇਖਣਹਾਰ ਅਖਵਾਇੰਦਾ । ਸਭ ਦੇ ਪੂਰੇ ਕਰੇ ਲੇਖੇ, ਅੱਗੇ ਲੇਖ ਨਾ ਕੋਇ ਵਧਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਕਰੇ ਚੇਤੇ, ਚੇਤਨ ਸਭ ਨੂੰ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖ ਆਪ ਸਮਝਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਗਏ ਜਾਗ, ਸੋ ਸਾਹਿਬ ਆਪ ਜਗਾਈਆ । ਸੰਮਤ ਸੰਮਤੀ ਲੱਗਾ ਭਾਗ, ਸੰਮਣ ਸਭ ਦੇ ਘਰ ਘਰ ਪੁਚਾਈਆ । ਸੁਣ ਸੁਣ ਵੇਖ ਸਾਰੇ ਆਏ ਭਾਜ, ਭੱਜੇ ਵਾਹੋ ਦਾਹੀਆ । ਭਗਤ ਦੁਆਰ ਗ਼ਰੀਬ ਨਿਵਾਜ ਲਿਆ ਸਾਜ, ਇਕੋ ਰਾਹ ਵਖਾਈਆ । ਨਿਰਗੁਣ ਸਰਗੁਣ ਦੋਹਾਂ ਦਾ ਹੋਵੇ ਕਾਜ, ਸਿਫ਼ਰਾ ਆਪਣੀ ਗਲ ਸੁਣਾਈਆ । ਮੈਂ ਲੈ ਕੇ ਆਵਾਂ ਦਾਜ, ਵਸਤ ਅਮੋਲਕ ਇਕ ਵਖਾਈਆ । ਮੇਰੇ ਘਰ ਨਾ ਪੂਜਾ ਨਾ ਪਾਠ ਕੋਈ ਨਿਮਾਜ, ਵਰਕਾ ਵਰਕਾ ਨਾ ਕੋਇ ਉਠਾਈਆ । ਦੋਏ ਜੋੜ ਜੋ ਮੇਰੇ ਚਰਨ ਕਰੇ ਅਰਦਾਸ, ਤਿਸ ਆਪਣਾ ਮੇਲ ਮਿਲਾਈਆ । ਤੀਰਥ ਨਹਾਵਣ ਦੀ ਰਹੇ ਨਾ ਕੋਈ ਖ਼ਾਹਸ਼, ਸਰੋਵਰ ਪੰਧ ਨਾ ਕੋਇ ਪਾਈਆ । ਜਿਸ ਦਾ ਏਕਾ ਚਰਨ ਕਵਲ ਨਿਵਾਸ, ਤਿਸ ਆਪਣਾ ਘਰ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਭਗਤ ਵਡਿਆਈਆ । ਭਗਤ ਦਵਾਰ ਕਹੇ ਮੈਨੂੰ ਮਿਲਿਆ ਮੌਕਾ, ਮੋਤਬਰ ਬਣ ਕੇ ਰਿਹਾ ਸੁਣਾਈਆ । ਮੈਂ ਅੱਗੇ ਭਗਤਾਂ ਨਾਲ ਹੋਣ ਨਹੀਂ ਦੇਣਾ ਧੋਖਾ, ਨਾ ਦੇਵੇ ਕੋਇ ਸਜ਼ਾਈਆ । ਉਚੀ ਕੂਕ ਪਹਿਲੋਂ ਸ੍ਰੀ ਭਗਵਾਨ ਤੂੰ ਦਿਵਾਇਆ ਹੋਕਾ, ਫਿਰ ਆਪਣਾ ਨਿਸ਼ਾਨ ਸੁਹਾਈਆ । ਹੁਣ ਮੇਰੀ ਪ੍ਰਭੂ ਰੱਖੇ ਓਟਾ, ਕਿਉਂ ਮੈਂ ਭਗਤ ਆਪਣੇ ਵਿਚ ਰਖਾਈਆ । ਮੈਂ ਮਾਰਾਂ ਬਿਰਹੋਂ ਵੈਰਾਗੀ ਚੋਟਾਂ, ਚਟਾਨ ਪੱਥਰ ਦਿਲ ਦਿਆਂ ਹਿਲਾਈਆ । ਆਪਣੇ ਅੰਦਰ ਰਹਿਣ ਨਾ ਦੇਣਾ ਕੋਈ ਖੋਟਾ, ਖਰੇ ਕਰ ਕੇ ਬਾਹਰ ਦਿਆਂ ਕਢਾਈਆ । ਜਿਸ ਨੇ ਖ਼ਾਦਾ ਸੂਰ ਗਾਂ ਝੋਟਾ, ਤਿਨ੍ਹਾਂ ਦੇਵਾਂ ਸਜ਼ਾਈਆ । ਤਿਨ੍ਹਾਂ ਦਾ ਸਚਖੰਡ ਵਿਚ ਵੜਨ ਨਹੀਂ ਦੇਣਾ ਪੁੱਤ ਪੋਤਾ, ਕਲ ਕਲੰਕ ਦਿਆਂ ਲਗਾਈਆ । ਬੇਸ਼ਕ ਮੈਨੂੰ ਸਾਰੇ ਕਹਿਣ ਹੋਛਾ, ਮੈਂ ਸਚ ਸਚ ਜਣਾਈਆ ।

ਕੋਟਾਂ ਵਿਚੋਂ ਮੈਨੂੰ ਇਕੋ ਭਗਤ ਬਹੁਤਾ, ਜੋ ਮੇਰੇ ਅੰਦਰ ਆ ਕੇ ਸ੍ਰੀ ਭਗਵਾਨ ਧਿਆਈਆ । ਮੇਰਾ ਕਿਸੇ ਨਾਲ ਨਹੀਂ ਰੋਸਾ, ਜੋ ਪ੍ਰਭ ਭੁੱਲੇ ਤਿਨ੍ਹਾਂ ਧੱਕਾ ਦੇਵਾਂ ਲਾਈਆ । ਮੈਨੂੰ ਭਗਤ ਮਿਲਣ ਦਾ ਸ਼ੌਕਾ, ਮੇਰੇ ਅੰਤਰ ਇਕੋ ਖ਼ਾਹਸ਼ ਵੱਜੇ ਵਧਾਈਆ । ਮੈਂ ਆਪਣਾ ਪੋਚਿਆ ਚੌਂਕਾ, ਸਾਫ਼ ਅੱਛੀ ਤਰਾਂ ਕਰਾਈਆ । ਜਗ ਕਹੇ ਨਾਰ ਨਾ ਸੋਂਹਦੀ ਬਿਨ ਖੌਂਤਾ, ਭਗਵਾਨ ਕਹੇ ਮੇਰੀ ਭਗਤ ਬਿਨਾ ਨਾ ਕੋਇ ਵਡਿਆਈਆ । ਕਲਜੁਗ ਅੰਤਮ ਸਾਰਾ ਜਹਾਨ ਜਾਏ ਔਂਤਾ, ਪੀਹੜੀ ਵਧੇ ਨਾ ਚਲੇ ਸਾਂਝ ਜਗਤ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਭਗਤ ਦੁਆਰ ਰਿਹਾ ਮੰਗ ਮੰਗਾਈਆ । ਭਗਵਾਨ ਕਹੇ ਸੁਣ ਸਚ ਮਨਾਰੇ, ਸਚ ਸਚ ਦ੍ਰਿੜਾਈਆ । ਭਗਤ ਭਗਵਾਨ ਦੋਵੇਂ ਤੇਰੇ ਪਿਆਰੇ, ਪਿਛੇ ਕੋਇ ਰਹਿ ਨਾ ਜਾਈਆ । ਮੰਜ਼ਲ ਮੰਜ਼ਲ ਤੇਰੇ ਨਜ਼ਾਰੇ, ਨਰ ਨਰਾਇਣ ਆਪ ਦਰਸਾਈਆ । ਏਕਾ ਦੂਜਾ ਤੀਜਾ ਚੌਥਾ ਪੰਧ ਨਿਵਾਰੇ, ਵਡ ਦਾਤਾ ਬੇਪਰਵਾਹੀਅ । ਚੜ੍ਹ ਕੇ ਵੇਖੇ ਅੰਤ ਕਿਨਾਰੇ, ਕਿਨਾਰਾ ਇਕੋ ਇਕ ਵਖਾਈਆ । ਉਚੀ ਬੋਲ ਸਚ ਜੈਕਾਰੇ, ਸਾਚਾ ਢੋਲਾ ਦਏ ਸੁਣਾਈਆ । ਆਓ ਮਿਲੋ ਭਗਤ ਪਿਆਰੇ, ਪ੍ਰੇਮ ਪ੍ਰੀਤੀ ਇਕ ਵਧਾਈਆ । ਤੂੰ ਮੇਰਾ ਮੈਂ ਤੇਰੇ ਸਹਾਰੇ, ਦੂਜੀ ਓਟ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਚ ਵਡਿਆਈਆ । ਭਗਤ ਦੁਆਰਾ ਬਣਿਆ ਅਨੋਖਾ, ਸੋ ਸਾਹਿਬ ਆਪ ਬਣਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੇ ਕੇ ਮੌਕਾ, ਮੁਫ਼ਤੋ ਮੁਫ਼ਤ ਰਿਹਾ ਸਮਝਾਈਆ । ਵੇਖੋ ਤੁਹਾਡੇ ਬਰਦੇ ਤੁਹਾਡੇ ਨਾਲ ਕਰਦੇ ਧੋਖਾ, ਅੰਦਰੋਂ ਸੰਗ ਨਾ ਕੋਇ ਰਖਾਈਆ । ਰਸਨਾ ਜਿਹਵਾ ਪੜ੍ਹਦੇ ਪੁਸਤਕ ਪੋਥਾ, ਮਨ ਵਾਸਨਾ ਨਾ ਕੋਇ ਮਿਟਾਈਆ । ਕਲਜੁਗ ਜੀਵ ਹੋਇਆ ਬੋਥਾ, ਠੋਕਰ ਨਾਮ ਨਾ ਕੋਇ ਲਗਾਈਆ । ਏਨ੍ਹਾਂ ਪਿਛੇ ਕੋਈ ਨਾ ਕਰਿਓ ਰੋਸਾ, ਪ੍ਰਭ ਦੇਵਣਹਾਰ ਸਜ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੀਰ ਗੁਰੂ ਅਵਤਾਰ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਵੇਖ ਹੋਏ ਹੈਰਾਨ, ਹੈਰਾਨੀ ਸਭ ਦੇ ਉਤੇ ਛਾਈਆ । ਅਸੀਂ ਦੱਸ ਕੇ ਆਏ ਧਰਮ ਈਮਾਨ, ਸ਼ਰਅ ਸ਼ਰੀਅਤ ਵੰਡ ਵੰਡਾਈਆ । ਲਿਖ ਕੇ ਆਏ ਅੰਜੀਲ ਕੁਰਾਨ, ਸਿਫ਼ਤ ਕਰ ਕੇ ਆਏ ਵੇਦ ਪੁਰਾਨ, ਗੀਤਾ ਗਿਆਨ ਗਿਆਨ ਦ੍ਰਿੜਾਈਆ । ਸਾਰੇ ਸੁਣ ਕੇ ਸਾਰੇ ਪੜ੍ਹ ਕੇ ਹੋਏ ਬੇਈਮਾਨ, ਹਿਰਦੇ ਹਰਿ ਨਾ ਕੋਇ ਵਸਾਈਆ । ਕੰਨੀਂ ਸੁਣ ਕੇ ਬਣੇ ਸ਼ੈਤਾਨ, ਸ਼ਰਅ ਘਰ ਘਰ ਕਰੇ ਲੜਾਈਆ । ਸਾਬਤ ਰਿਹਾ ਨਾ ਕੋਇ ਈਮਾਨ, ਧਰਮ ਧੀਰ ਨਾ ਕੋਇ ਰਖਾਈਆ । ਘਰ ਘਰ ਵੜਿਆ ਮਾਣ ਅਭਿਮਾਨ, ਹੰਕਾਰ ਆਪਣਾ ਬਲ ਜਣਾਈਆ । ਕੂੜੀ ਕਿਰਿਆ ਚੜ੍ਹਿਆ ਤੂਫ਼ਾਨ, ਸਾਧਾਂ ਸੰਤਾਂ ਰਿਹਾ ਰੁੜ੍ਹਾਈਆ । ਸਾਚੇ ਵਸੇ ਨਾ ਕੋਇ ਮਕਾਨ, ਕੂੜੇ ਮੰਦਰ ਰਹੇ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਅਵਤਾਰ ਵੇਖ ਵੇਖ ਨੇਤਰ ਨੈਣ ਨੈਣ ਸ਼ਰਮਾਈਆ । ਕਲਜੁਗ ਅੰਤਮ ਵੇਖਿਆ, ਨੇਤਰ ਨੈਣ ਉਠਾ । ਕੂੜਾ ਹੋਇਆ ਜਗਤ ਭੇਖਿਆ, ਭੁਲਿਆ ਬੇਪਰਵਾਹ । ਬਿਨ ਕਰਸਾਣ ਉਜੜਿਆ ਖੇਤਿਆ, ਨਾ ਫਲ ਸਕੇ ਕੋਈ ਲਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਅਵਤਾਰ ਪੀਰ ਪੈਗ਼ੰਬਰ ਗਵਾਹ ਲਏ ਬਣਾ । ਬਣੇ ਗਵਾਹ ਪੀਰ ਪੈਗ਼ੰਬਰ ਗੁਰ ਅਵਤਾਰ, ਹਰਿ ਕਰਤਾ ਆਪ ਜਣਾਈਆ । ਨਾ ਮੁਹੱਬਤ ਨਾ ਪਿਆਰ, ਨਾ ਸੱਜਣ ਨਾ ਕੋਈ ਯਾਰ, ਸਗਲਾ ਸੰਗ ਨਾ ਕੋਇ ਵਖਾਈਆ । ਕੂੜਾ ਨਾਤਾ ਵੇਖੋ ਜਗਤ ਸੰਸਾਰ, ਕੂੜੀ ਕਿਰਿਆ ਹੋਇਆ ਵਿਹਾਰ, ਸਚ ਵਿਵਹਾਰ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨੇਤਰ ਨੈਣ ਨੈਣ ਸਰਬ ਵਖਾਈਆ । ਨੇਤਰ ਨੈਣ ਵੇਖ ਹੋਏ ਨਿਰਾਸ, ਉਚੀ ਕੂਕ ਕੂਕ ਸੁਣਾਈਆ । ਜਿਉਂ ਭਾਵੇ ਤਿਉਂ ਲੈਣਾ ਰਾਖ, ਤੇਰੇ ਹੱਥ ਪ੍ਰਭੂ ਵਡਿਆਈਆ । ਅਸੀਂ ਤੇਰੀ ਰੱਖ ਕੇ ਆਏ ਆਸ, ਸੋ ਵੇਲਾ ਗਿਆ ਆਈਆ । ਅਸੀਂ ਤੇਰੇ ਬਰਦੇ ਦਾਸ, ਦਰ ਬੈਠੇ ਸੀਸ ਝੁਕਾਈਆ । ਕਰ ਕਿਰਪਾ ਸੱਦ ਲੈ ਪਾਸ, ਪਿਛੇ ਲੋੜ ਰਹੇ ਨਾ ਰਾਈਆ । ਤੇਰਾ ਲੇਖ ਪੁਰਖ ਅਬਿਨਾਸ਼, ਤੇਰੇ ਹੱਥ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੁਨੇਹੁੜਾ ਸਰਬ ਜਣਾਈਆ । ਸਚ ਸੁਨੇਹੁੜਾ ਸਰਗੁਣ ਨਿਰਗੁਣ, ਦੋ ਦੋ ਆਪ ਜਣਾਇੰਦਾ । ਦੋ ਜਹਾਨਾਂ ਪੁਕਾਰ ਸੁਣ ਸੁਣ, ਸਾਹਿਬ ਸਤਿਗੁਰ ਹੁਕਮ ਜਣਾਇੰਦਾ । ਲੇਖਾ ਜਾਣੇ ਗੁਣ ਗੁਣ, ਅਵਗੁਣ ਗਹਿਰ ਗੰਭੀਰ ਖੋਜ ਖੁਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਕਰਾਇੰਦਾ । ਸਾਚੀ ਖੇਲ ਖੇਲ ਕਰੇਂ ਪ੍ਰਭ ਮਾਹੀ, ਤੇਰੇ ਹੱਥ ਸਦਾ ਵਡਿਆਈਆ । ਅਸੀਂ ਪਾਂਧੀ ਬਣੇ ਰਾਹੀ, ਚਲ ਆਏ ਸਚ ਸਰਨਾਈਆ । ਕਿਰਪਾ ਕਰ ਦੇ ਸਰਨਾਈ, ਸਰਨਗਤ ਇਕ ਤਕਾਈਆ । ਦਰ ਦਰਵਾਜ਼ਾ ਵੇਖੀਏ ਚਾਈਂ ਚਾਈਂ, ਜਿਸ ਘਰ ਭਗਤਾਂ ਡੇਰਾ ਲਾਈਆ । ਜੋ ਇਕੋ ਨਾਮ ਰਹੇ ਧਿਆਈ, ਤੂੰ ਮੇਰਾ ਮੈਂ ਤੇਰਾ ਰਾਗ ਅਲਾਈਆ । ਤੂੰ ਸਾਹਿਬ ਫੜ ਕੇ ਮੈਨੂੰ ਬਾਹੀਂ, ਆਪ ਆਪਣੇ ਨਾਲ ਮਿਲਾਈਆ । ਦੋ ਜਹਾਨ ਨਾ ਹੋਏ ਜੁਦਾਈ, ਵਿਛੋੜਾ ਕੋਇ ਨਜ਼ਰ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਰਿਹਾ ਖਲਾਈਆ । ਗੁਰ ਅਵਤਾਰ ਨਿਰਗੁਣ ਸਰਗੁਣ ਸੁਣੋ, ਸਿਫ਼ਰਾ ਰੂਪ ਸਰਬ ਜਣਾਇੰਦਾ । ਜੇ ਕੋਈ ਹੈ ਤੁਹਾਡਾ ਚੁਣੋ, ਸ੍ਰੀ ਭਗਵਾਨ ਆਪ ਸੁਣਾਇੰਦਾ । ਦਰ ਦਰ ਘਰ ਘਰ ਵੇਖੋ ਗੁਣੋ, ਕੌਣ ਸਿਖਿਆ ਤੁਹਾਡੀ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਾਰ ਸਮਝਾਇੰਦਾ । ਗੁਰ ਅਵਤਾਰ ਕਹਿਣ ਵੇਖ ਕੇ ਆਏ, ਨੌਂ ਖੰਡ ਪ੍ਰਿਥਮੀ ਫੇਰਾ ਪਾਈਆ । ਕਲਜੁਗ ਜੀਵ ਰਹੇ ਕੁਰਲਾਏ, ਕੂੜੀ ਕਿਰਿਆ ਕਰ ਕੁੜਮਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਹਲਕਾਏ, ਆਸਾ ਤ੍ਰਿਸ਼ਨਾ ਰਹੀ ਤੜਫਾਈਆ । ਤੇਰਾ ਨਾਮ ਗਏ ਭੁਲਾਏ, ਸਾਡੀ ਯਾਦ ਨਾ ਕੋਇ ਰਖਾਈਆ । ਸਾਚਾ ਮੰਦਰ ਨਾ ਕੋਇ ਸੁਹਾਏ, ਗੁਰੂਦੁਆਰ ਨਾ ਕੋਇ ਵਡਿਆਈਆ । ਸਜਦਾ ਸੀਸ ਨਾ ਕੋਇ ਝੁਕਾਏ, ਨਮਾਜ਼ ਵੁਜ਼ੂ ਨਾ ਕੋਇ ਵਡਿਆਈਆ । ਬਾਂਗ ਸਦਾ ਨਾ ਕੋਇ ਸੁਣਾਏ, ਨਾਅਰਾ ਹੱਕ ਨਾ ਕੋਇ ਜਣਾਈਆ । ਬੇਪਰਵਾਹ ਭੁਲਿਆ ਖ਼ੁਦਾਏ, ਖ਼ੁਦੀ ਘਰ ਘਰ ਡੇਰਾ ਲਾਈਆ । ਮਾਇਆ ਪਿਛੇ ਕਰਨ ਹਾਏ ਹਾਏ, ਹੌਕੇ ਲੈ ਲੈ ਵੱਡੇ ਛੋਟਿਆਂ ਰਹੇ ਸੁਣਾਈਆ । ਕੀ ਕਰ ਕੇ ਗਏ ਸਾਡੇ ਚਾਚੇ ਤਾਏ, ਪੁੱਤ ਪੋਤਰੇ ਆਪਣਾ ਬਲ ਧਰਾਈਆ । ਗੁਰ ਅਵਤਾਰ ਵੇਖ ਕੇ ਹਾਲ ਸਰਬ ਕੁਰਲਾਏ, ਸਾਡੀ ਕੀਤੀ ਰਹੇ ਉਲਟਾਈਆ । ਜਿਉਂ ਭਾਵੇ ਤਿਉਂ ਦੇ ਸਜਾਏ, ਸਾਰੇ ਤੇਰੇ ਤੇਰੀ ਝੋਲੀ ਪਾਈਆ । ਜਿਸ ਨੂੰ ਚਾਹੇਂ ਲਏਂ ਬਚਾਏ, ਆਪ ਆਪਣਾ ਮੇਲ ਮਿਲਾਈਆ । ਸ੍ਰੀ ਭਗਵਾਨ ਕਹਿ ਸੁਣਾਏ, ਊਚੀ ਕੂਕ ਕੂਕ ਜਣਾਈਆ । ਸਾਰੇ ਇਕੋ ਵਾਰ ਕਹੋ ਅਸੀਂ ਤੇਰੀ ਰਜ਼ਾਏ, ਤੈਥੋਂ ਲਈ ਮਰਜ਼ੀ ਤੇਰੀ ਝੋਲੀ ਪਾਈਆ । ਆਪਣੇ ਦਰ ਲਏ ਬਹਾਏ, ਚਾਰ ਜੁਗ ਤੇਰੇ ਹੁਕਮ ਅੰਦਰ ਫ਼ਰਜ਼ੀ ਸੇਵ ਕਮਾਈਆ । ਭੇਵ ਨਾ ਜਾਤਾ ਤੂੰ ਸਭ ਦਾ ਗ਼ਰਜ਼ੀ, ਘਟ ਘਟ ਰਿਹਾ ਸਮਾਈਆ । ਸਾਡੇ ਚੋਲੇ ਪਾਟੇ ਸੀਂ ਬਣ ਕੇ ਦਰਜ਼ੀ, ਨਾਮ ਧਾਗਾ ਪ੍ਰੇਮ ਸੂਈ ਚਲਾਈਆ । ਅਸੀਂ ਵੇਖਣ ਆਏ ਗੋਬਿੰਦ ਕਿਹੜੀ ਪਹਿਨੇ ਵਰਦੀ, ਵਾਰਦ ਹੋ ਕੇ ਸਭ ਤੇ ਛਾਈਆ । ਉਹਦੀ ਕਿਹੋ ਜਿਹੀ ਕਲਗੀ, ਤਾਜ ਕਵਣ ਸੀਸ ਟਿਕਾਈਆ ।

ਅਸੀਂ ਵੇਖ ਕੇ ਡਰ ਕੇ ਭੈ ਵਿਚ ਆ ਕੇ ਸਾਡੀ ਬਦਲ ਗਈ ਜ਼ਰਦੀ, ਜ਼ਰਾ ਜ਼ਰਾ ਅੱਖ ਉਠਾਈਆ । ਸਾਨੂੰ ਭੁੱਲ ਗਈ ਗਰਮੀ ਸਰਦੀ, ਰੁੱਤ ਰੁੱਤੜੀ ਕੋਇ ਨਜ਼ਰ ਨਾ ਆਈਆ । ਤੇਰੀ ਵੇਖ ਕਲਾ ਚੜ੍ਹਦੀ, ਚਾਰੋਂ ਕੁੰਟ ਵੱਜੇ ਵਧਾਈਆ । ਤੇਰੇ ਅੱਗੇ ਲੋਕਾਈ ਨਾ ਅੜਦੀ, ਚਾਰੋਂ ਕੁੰਟ ਰਿਹਾ ਢਾਈਆ । ਇਕੋ ਭਗਤ ਆਸਾ ਤੇਰੇ ਬਿਰਹੋਂ ਅੰਦਰ ਮਰਦੀ, ਮਰਦੀ ਮਰਦੀ ਤੇਰਾ ਧਿਆਨ ਲਗਾਈਆ । ਜੇ ਮਿਲੇ ਤੇ ਤੇਰੀ ਮਰਜ਼ੀ, ਨਾ ਮਿਲੇ ਤੇ ਫੇਰ ਵੀ ਤੇਰੀ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਗੁਰ ਅਵਤਾਰਾਂ ਦਏ ਸੁਣਾਈਆ । ਗੁਰ ਅਵਤਾਰ ਛੱਡ ਦਿਓ ਖੇੜੇ, ਸੋ ਸਾਹਿਬ ਆਪ ਸੁਣਾਇਆ । ਆਓ ਵੜ ਜਾਓ ਸਾਚੇ ਵੇਹੜੇ, ਜਿਸ ਦੁਆਰੇ ਸ੍ਰੀ ਭਗਵਾਨ ਡੇਰਾ ਲਾਇਆ । ਇਕੋ ਬਣ ਜਾਓ ਮੇਰੇ ਤੇਰੇ, ਦੂਜਾ ਨਜ਼ਰ ਕੋਇ ਨਾ ਆਇਆ । ਮੰਦਰ ਵੇਖੋ ਜਿਸ ਦੇ ਅੰਦਰ ਭਗਤ ਭਗਵਾਨ ਕੇਹੜੇ ਕੇਹੜੇ, ਏਕਾ ਨਾਮ ਸੁਣਾਇਆ । ਨਾ ਨਿਰਗੁਣ ਨਾ ਸਰਗੁਣ ਸਿੰਘ ਸ਼ੇਰੇ, ਸ਼ਹਿਨਸ਼ਾਹ ਆਪਣਾ ਫੇਰਾ ਪਾਇਆ । ਮਾਹੀ ਦੇ ਆ ਕੇ ਵਸੇ ਖੇੜੇ, ਜੋ ਖੇੜਾ ਉਜੜ ਕਦੇ ਨਾ ਜਾਇਆ । ਦਰਸ ਕਰੋ ਹੋ ਕੇ ਨੇੜੇ, ਦੂਰ ਦੁਰਾਡਾ ਮੇਲ ਮਿਲਾਇਆ । ਦੀਨ ਮਜ਼੍ਹਬ ਦੇ ਛੱਡੋ ਝੇੜੇ, ਝਗੜਾ ਦਿਓ ਗਵਾਇਆ । ਰਲ ਮਿਲ ਆਪਣੇ ਬੰਨ੍ਹੋ ਬੇੜੇ, ਸ੍ਰੀ ਭਗਵਾਨ ਵਖਾਇਆ । ਮੰਦਰ ਮਸਜਿਦ ਸ਼ਿਵਦੁਆਲੇ ਛੱਡੋ ਡੇਰੇ, ਡੇਰਾ ਸ੍ਰੀ ਭਗਵਾਨ ਇਕੋ ਇਕ ਉਪਾਇਆ । ਜਿਸ ਦੇ ਪਿਛੇ ਹੋਏ ਬੇਰੇ ਬੇਰੇ, ਆਪ ਆਪਣਾ ਮੇਟ ਮਿਟਾਇਆ । ਪੰਜ ਤੱਤ ਕਾਇਆ ਕੀਤੇ ਢੇਰੇ, ਕੋਈ ਮਸਾਣੀ ਕੋਈ ਬਬਾਣੀ, ਕੋਈ ਮੜ੍ਹੀ ਗੋਰ ਦਬਾਇਆ । ਸੋ ਕਰੇ ਹੱਕ ਨਬੇੜੇ, ਨੇਤਾ ਇਕੋ ਬਣ ਕੇ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਚ ਸਮਝਾਇਆ । ਹਾਂ ਪ੍ਰਭੂ ਤੇਰਾ ਵੇਖਿਆ ਦੂਆ, ਦੋ ਧਾਰ ਨਜ਼ਰ ਨਾ ਆਈਆ । ਤੇਰਾ ਸਿਫ਼ਰਾ ਹੋਇਆ ਹਊਆ, ਹਰ ਇਕ ਨੂੰ ਰਿਹਾ ਡਰਾਈਆ । ਤੁਧ ਬਿਨ ਨਜ਼ਰ ਨਾ ਆਏ ਕੋਆ, ਕੂਕ ਰਹੀ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਦਏ ਜਣਾਈਆ । ਆਓ ਵੇਖੋ ਵੜ ਗਏ ਅੰਦਰ, ਰੁੱਤ ਸੋਲਾਂ ਚੇਤ ਸੁਹਾਈਆ । ਬਹਿ ਕੇ ਸਾਚੇ ਮੰਦਰ, ਗੁਰ ਅਵਤਾਰ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਚ ਜਣਾਈਆ । ਗੁਰ ਅਵਤਾਰ ਅੰਦਰ ਵੜ, ਪ੍ਰਭ ਕਰੇ ਖੇਲ ਅਪਾਰਾ । ਭਗਤ ਭਗਵਾਨ ਬੰਨ੍ਹਾਏ ਲੜ, ਕਰੇ ਸਚ ਵਿਹਾਰਾ । ਸਾਚੇ ਘੋੜੇ ਫੜ ਕੇ ਚਾੜ੍ਹੇ, ਨਾਮ ਵਜਾਏ ਨਾਮ ਨਗਾਰਾ । ਸਖੀਆਂ ਮਿਲ ਕੇ ਲਾਏ ਅਖਾੜੇ, ਵਾਹ ਵਾ ਮੰਗਲਾਚਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੀਸ ਬੀਸਾ ਦੱਸੇ ਖੇਲ ਅਪਾਰਾ । ਬੀਸ ਬੀਸਾ ਵਜਾ ਢੋਲਾ, ਗੀਤ ਗੋਬਿੰਦ ਅਲਾਈਆ । ਸੋ ਸਤਿਗੁਰ ਬਣ ਵਿਚੋਲਾ, ਸਾਚਾ ਕਾਜ ਰਚਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਰੱਖਦਾ ਰਿਹਾ ਉਹਲਾ, ਅੰਤਮ ਆਪਣਾ ਭੇਵ ਖੁਲ੍ਹਾਈਆ । ਗੁਰ ਅਵਤਾਰੋ ਪੀਰ ਪੈਗ਼ੰਬਰੋ ਵੇਖੋ ਨਿਰਗੁਣ ਮੌਲਾ, ਨਿਰਗੁਣ ਆਪਣੀ ਕਾਰ ਕਮਾਈਆ । ਭਾਗ ਲਗਾਏ ਸਾਚੀ ਧੌਲਾ, ਧਰਨੀ ਧਰਤ ਧਵਲ ਦਏ ਵਡਿਆਈਆ । ਜਿਸ ਦਾ ਭੇਵ ਨਾ ਜਾਣੇ ਕੋਈ ਪੰਡਤ ਮੁਲਾਂ ਰੌਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਾਰ ਕਮਾਈਆ । ਭਗਤ ਦੁਆਰੇ ਸੋਹਣ ਭਗਤ, ਭਗਵਨ ਦਏ ਵਡਿਆਈਆ । ਵੀਹ ਸੌ ਵੀਹ ਵੇਖਣਹਾਰਾ ਸਾਚਾ ਵਕਤ, ਜਗ ਜੀਵਣ ਦਾਤਾ ਫੇਰਾ ਪਾਈਆ । ਨਿਰਵੈਰ ਕਰੇ ਆਪਣੀ ਹਰਕਤ, ਹਿਲਦਾ ਜੁਲਦਾ ਨਜ਼ਰ ਕਿਸੇ

ਨਾ ਆਈਆ । ਇਕੋ ਘਰ ਵਖਾਏ ਆਪਣੀ ਬਰਕਤ, ਖ਼ਾਲੀ ਦੁਆਰੇ ਸਰਬ ਕਰਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਨਾਲ ਕਰ ਕੇ ਲਿਖਤ ਪੜ੍ਹਤ, ਲੇਖਾ ਸਭ ਦਾ ਰਿਹਾ ਵਖਾਈਆ । ਅੱਗੇ ਕੋਈ ਨਾ ਮੰਗੇ ਹਰਿ ਕੇ ਨਾਮ ਕਾ ਧੜਤ, ਪੈਸਾ ਧੇਲਾ ਵੱਟਾ ਨਾ ਕੋਇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਕਰਾਈਆ । ਸਾਚੀ ਖੇਲ ਭਗਤ ਦੁਆਰ ਬਣਾ, ਸੋ ਸਾਹਿਬ ਆਪ ਕਰਾਇੰਦਾ । ਸਿਫ਼ਰਾ ਰੂਪ ਬੇਪਰਵਾਹ, ਨਿਰਗੁਣ ਸਰਗੁਣ ਆਪਣੇ ਵਿਚ ਛੁਪਾਇੰਦਾ । ਲੇਖਾ ਜਾਣ ਦੋ ਜਹਾਂ, ਦੋਹਰੀ ਧਾਰ ਵਖਾਇੰਦਾ । ਬਾਂਕਾ ਛੋਹਰਾ ਆਪ ਉਠਾ, ਨਾਮ ਘੋੜਾ ਇਕ ਉਪਾਇੰਦਾ । ਸੋਹਣਾ ਆਸਣ ਸੋਹਣਾ ਲਾ, ਸ਼ਾਹਸਵਾਰ ਸੋਭਾ ਪਾਇੰਦਾ । ਕਦਮ ਕਦਮ ਰਿਹਾ ਚਲਾ, ਪਦਮ ਪਦਮ ਪੰਧ ਮੁਕਾਇੰਦਾ । ਅਦਮ ਅਦਮ ਵੇਖ ਵਖਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਸਮਝਾਇੰਦਾ । ਬੀਸ ਬੀਸਾ ਖੇਲ ਅਪਾਰ, ਸੋ ਸਾਹਿਬ ਆਪ ਜਣਾਈਆ । ਭਗਤ ਦੁਆਰੇ ਅੰਦਰ ਕੱਠੇ ਕੀਤੇ ਗੁਰ ਅਵਤਾਰ, ਹੁਕਮ ਹਾਕਮ ਇਕ ਮਨਾਈਆ । ਭਗਤਾਂ ਨਾਲ ਮਿਲ ਕੇ ਬੋਲੋ ਸਰਬ ਜੈਕਾਰ, ਜੈ ਜੈਕਾਰ ਆਪ ਜਣਾਈਆ । ਸ੍ਰੀ ਭਗਵਾਨ ਨੌਜਵਾਨ ਬਣਿਆ ਪਹਿਰੇਦਾਰ, ਸਾਚੀ ਸੇਵਾ ਆਪ ਕਮਾਈਆ । ਦਰ ਦਰਵਾਜ਼ਾ ਦੋ ਜਹਾਨਾਂ ਸ੍ਰੀ ਭਗਵਾਨਾ ਕਰ ਤਿਆਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਰਿਹਾ ਕਮਾਈਆ । ਦਰ ਦਰਵਾਜ਼ਾ ਆਪ ਖੋਲ੍ਹ, ਖ਼ਾਲਕ ਖ਼ਲਕ ਦਏ ਜਣਾਈਆ । ਨਿਰਗੁਣ ਸਰਗੁਣ ਤੋਲੇ ਸਾਚਾ ਤੋਲ, ਤੋਲਣਹਾਰਾ ਬੇਪਰਵਾਹੀਆ । ਬੈਠਣਹਾਰ ਸਦਾ ਅਡੋਲ, ਡੁੱਲ ਕਦੇ ਨਾ ਜਾਈਆ । ਸਭ ਦਾ ਲਹਿਣਾ ਰੱਖ ਆਪਣੇ ਕੋਲ, ਅਟੱਲ ਅਟੱਲਾ ਆਪਣੇ ਚਰਨ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਚ ਵਡਿਆਈਆ । ਸਚ ਵਡਿਆਈ ਦੇਵੇ ਸਾਢੇ ਸੱਤ, ਸਤਿ ਸਤਿ ਸਮਝਾਇੰਦਾ । ਭਗਤ ਭਗਵਾਨ ਕਰਨ ਆਇਆ ਪੱਖ, ਪਾਰਖੂ ਆਪਣਾ ਫੇਰਾ ਪਾਇੰਦਾ । ਲੱਖ ਚੁਰਾਸੀ ਨਾਲੋਂ ਕਰ ਕੇ ਵੱਖ, ਵੱਖਰੀ ਧਾਰ ਸਮਝਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਬੀਸ ਬੀਸ ਗਏ ਦੱਸ, ਸੋ ਬੀਸ ਬੀਸ ਆਪਣੇ ਵਿਚ ਛੁਪਾਇੰਦਾ । ਸੰਤ ਸਾਜਣ ਵੇਖੇ ਹੱਸ ਹੱਸ, ਸਾਹਿਬ ਸਤਿਗੁਰ ਫੇਰਾ ਪਾਇੰਦਾ । ਪੰਧ ਮੁਕਾਏ ਨੱਸ ਨੱਸ, ਲੱਖ ਚੁਰਾਸੀ ਖੋਜ ਖੁਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਭਗਤ ਭਗਵਾਨ ਦਇਆ ਕਮਾਇੰਦਾ । ਭਗਤ ਭਗਵਾਨ ਅੰਦਰ ਵਾੜ, ਵਾੜੀ ਆਪਣੇ ਨਾਮ ਕਰਾਈਆ । ਸਾਚੇ ਘਰ ਬਣਾ ਸਾਚੇ ਲਾੜ, ਲਾੜੀ ਜੋਤ ਅਕਾਲਣ ਨਾਲ ਪਰਨਾਈਆ । ਸਖੀਆਂ ਲੱਗੇ ਇਕ ਅਖਾੜ, ਗੋਪੀ ਕਾਹਨ ਨਾਚ ਨਚਾਈਆ । ਵੇਖੋ ਭਾਗ ਲੱਗਾ ਵਿਚ ਉਜਾੜ, ਜੰਗਲ ਦੇਵਣਹਾਰ ਵਡਿਆਈਆ । ਜਿਥੇ ਬਾਲ ਨਿਧਾਨਿਆਂ ਰੱਖੀ ਖ਼ਾਕ, ਸੋ ਖ਼ਾਕ ਖ਼ਾਕ ਸਭ ਨੂੰ ਦਏ ਕਰਾਈਆ । ਸੋ ਧਾਮ ਪਵਿਤਰ ਹੋਇਆ ਪਾਕ, ਪੁਨੀਤ ਪੁਨੀਤ ਪੁਨੀਤ ਅਖਵਾਈਆ । ਸਿੰਘ ਮਨਜੀਤ ਮਿਲੀ ਦਾਤ, ਮਾਂ ਰਣਜੀਤ ਕੌਰ ਜਗਤ ਵਡਿਆਈਆ । ਜਗਦੀਸ਼ ਕਹੇ ਪ੍ਰਭ ਮੇਰਾ ਸਾਥ, ਸਗਲਾ ਸੰਗ ਨਿਭਾਈਆ । ਜਨ ਭਗਤਾਂ ਟਿੱਕਾ ਲੱਗੇ ਮਸਤਕ ਮਾਥ, ਲਹਿਣਾ ਕੋਇ ਰਹਿਣ ਨਾ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਘਰ ਸਾਚੇ ਬਣੇ ਸਾਕ, ਸੱਜਣ ਮੇਲਾ ਸਹਿਜ ਸੁਭਾਈਆ । ਅੰਤਮ ਉਤਰੇ ਪੂਰੇ ਘਾਟ, ਕਿਨਾਰਾ ਇਕੋ ਇਕ ਦਰਸਾਈਆ । ਆਵਣ ਜਾਵਣ ਮੁੱਕੇ ਵਾਟ, ਪਾਂਧੀ ਫੜ ਨਾ ਕੋਇ ਭੁਆਈਆ । ਲਹਿਣਾ ਚੁੱਕੇ ਜ਼ਾਤ ਪਾਤ, ਦੀਨ ਮਜ਼੍ਹਬ ਨਾ ਕੋਇ ਲੜਾਈਆ । ਲੇਖਾ ਮੁੱਕੇ ਪ੍ਰਿਥਮੀ ਅਕਾਸ਼, ਗਗਨ ਮੰਡਲ ਨਾ ਕੋਇ ਭੁਆਈਆ । ਪ੍ਰਭ ਚਰਨ

੩੮੩
੧੪

ਦੁਆਰੇ ਮਿਲਿਆ ਇਕ ਨਿਵਾਸ, ਘਰ ਸੱਚਾ ਨਜ਼ਰੀ ਆਈਆ । ਜਿਸ ਨਾਲੋਂ ਵਿਛੜੀ ਸ਼ਾਖ਼, ਅੰਤਮ ਓਸੇ ਅੰਗ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੀਸ ਬੀਸਾ ਦੇਵਣਹਾਰ ਵਡਿਆਈਆ । ਬੀਸ ਬੀਸਾ ਚਾੜ੍ਹੇ ਰੰਗ ਆਪਣੇ ਹੱਥ ਗੁਲਾਲ, ਮਹਿੰਦੀ ਇਕੋ ਇਕ ਲਗਾਇੰਦਾ । ਲੇਖਾ ਚੁੱਕੇ ਗੁਜ਼ਰੀ ਲਾਲ, ਗਹਿਰ ਗੰਭੀਰ ਆਪ ਸਮਝਾਇੰਦਾ । ਰਕਸ਼ਾ ਕਰੇ ਦੀਨ ਦਿਆਲ, ਨਾਮ ਖੰਡਾ ਇਕ ਚਮਕਾਇੰਦਾ , ਜਿਨ੍ਹਾਂ ਅੰਦਰ ਲਿਆ ਬਹਾਲ, ਤਿਨ੍ਹਾਂ ਆਪਣਾ ਘਰ ਵਖਾਇੰਦਾ । ਨਾਤਾ ਤੋੜ ਕੂੜੇ ਕਾਲ, ਕਲਜੁਗ ਕੂੜੇ ਪੰਧ ਮੁਕਾਇੰਦਾ । ਲੱਖ ਚੁਰਾਸੀ ਵਿਚੋਂ ਕਰੇ ਬਹਾਲ, ਆਪ ਆਪਣੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਸੇਵ ਕਮਾਇੰਦਾ । ਸੇਵਾ ਕਰੇ ਵਡ ਮਿਹਰਬਾਨ, ਸ਼ਾਹ ਪਾਤਸ਼ਾਹ ਵੱਡੀ ਵਡਿਆਈਆ । ਦਰਵਾਜ਼ਾ ਕਹੇ ਮੈਂ ਬੜਾ ਬਲਵਾਨ, ਬਿਨ ਮੇਰੇ ਅੰਦਰ ਲੰਘ ਕੋਇ ਨਾ ਜਾਈਆ । ਜਿਸ ਦਾ ਪਹਿਰੇਦਾਰ ਬਣਿਆ ਸ੍ਰੀ ਭਗਵਾਨ, ਆਪਣੀ ਸੇਵ ਕਮਾਈਆ । ਅੰਦਰ ਬਾਹਰ ਵੇਖੇ ਮਾਰ ਧਿਆਨ, ਸੱਜੇ ਖ਼ੱਬੇ ਨੈਣ ਉਠਾਈਆ । ਅੰਦਰ ਵੜੇ ਨਾ ਕੋਇ ਸ਼ੈਤਾਨ, ਗੁਰਮੁਖ ਸਾਚੇ ਰਿਹਾ ਲੰਘਾਈਆ । ਪਹਿਲੋਂ ਆ ਕੇ ਬੋਲੇ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਜ ਜੈਕਾਰੇ ਦਏ ਲਗਾਈਆ । ਫਿਰ ਰੱਖੇ ਚਰਨ ਧਿਆਨ, ਅੱਗੇ ਜਾਵੇ ਵਾਹੋ ਦਾਹੀਆ । ਨਜ਼ਰੀ ਆਏ ਨੌਜਵਾਨ, ਸ਼ਾਹ ਪਾਤਸ਼ਾਹ ਆਸਣ ਲਾਈਆ । ਜਿਸ ਦਾ ਲੇਖਾ ਬੇਮਿਸਾਲ, ਮਿਸਲ ਸਕੇ ਨਾ ਕੋਇ ਬਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਅੰਦਰ ਲਏ ਬਿਠਾਲ, ਸਾਹਿਬ ਵੇਖੇ ਚਾਈਂ ਚਾਈਂਆ । ਆਓ ਹਰਿ ਕਾ ਕਰੋ ਜਲਾਲ, ਜਲਵਾ ਨੂਰ ਰਿਹਾ ਰੁਸ਼ਨਾਈਆ । ਕਿਤੋਂ ਲੱਭੇ ਨਾ ਗੁਜ਼ਰੀ ਲਾਲ, ਲਾਲਨ ਆਪਣਾ ਰੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਚੋਬਦਾਰ ਬਣ ਖਲੋਤਾ, ਖ਼ਾਲਕ ਖ਼ਲਕ ਸੇਵ ਕਮਾਇੰਦਾ । ਹੱਥ ਵਿਚ ਫੜ ਕੇ ਨਾਮ ਸੋਟਾ, ਆਪ ਆਪਣਾ ਬਲ ਧਰਾਇੰਦਾ । ਗੋਬਿੰਦ ਤੇਰਾ ਪਿਛਲਾ ਮੇਟੇ ਰੋਸਾ, ਆ ਵੇਖ ਰੁੱਸਿਆਂ ਸਰਬ ਮਨਾਇੰਦਾ । ਹੁਣ ਨਹੀਂ ਅੱਗੇ ਦੇਂਦਾ ਧੋਖਾ, ਧੂਏਂ ਧੁਖਦੇ ਆਪਣੇ ਵਿਚ ਛੁਪਾਇੰਦਾ । ਜਿਨ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਆਪਣੇ ਮਿਲਣ ਦਾ ਦਿਤਾ ਮੌਕਾ, ਲੋਕਮਾਤ ਸਰਬ ਬੁਲਾਇੰਦਾ । ਉਹ ਗੁਰਮੁਖਾਂ ਰਾਹ ਨਾ ਦੱਸੇ ਔਖਾ, ਫੜ ਉਂਗਲੀ ਨਾਲ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੇਵਕ ਆਪਣੀ ਦਇਆ ਕਮਾਇੰਦਾ । ਸੇਵਕ ਫਿਰੇ ਚੋਬਦਾਰ, ਦਰ ਦਰਵਾਜ਼ੇ ਫੇਰਾ ਪਾਈਆ । ਖ਼ਬਰਦਾਰ ਹੋਵੇ ਸਰਬ ਸੰਸਾਰ, ਸੋਇਆ ਕੋਇ ਰਹਿਣ ਨਾ ਪਾਈਆ । ਹੋਕਾ ਦੇਵੇ ਵਾਰੋ ਵਾਰ, ਚਾਰੋਂ ਕੁੰਟ ਰਿਹਾ ਸੁਣਾਈਆ । ਆਓ ਜਿਸ ਨੇ ਲੰਘਣਾ ਪਾਰ, ਬਿਨ ਬੇੜੀਉਂ ਪਾਰ ਕਰਾਈਆ । ਵੀਹ ਸੌ ਵੀਹ ਬਿਕਰਮੀ ਜਗਤ ਵਸਾਖੀ ਰੋਵੇ ਧਾਹਾਂ ਮਾਰ, ਗੋਬਿੰਦ ਵਸਾਖੀ ਗੁਰਮੁਖਾਂ ਰੰਗ ਚੜ੍ਹਾਈਆ । ਖੇਲ ਕਰੇ ਆਪ ਨਿਰੰਕਾਰ, ਦੋ ਜਹਾਨਾਂ ਦਏ ਵਡਿਆਈਆ । ਸਾਕੀ ਬਣ ਕੇ ਸਾਂਝਾ ਯਾਰ, ਅੰਮ੍ਰਿਤ ਜਾਮ ਰਿਹਾ ਪਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਦਰਵਾਜ਼ਾ ਕਹੇ ਚੌਕੀਦਾਰ ਸੋਹਣਾ, ਆਲਸ ਨਿੰਦਰਾ ਵਿਚ ਨਾ ਆਇੰਦਾ । ਜੇ ਮੈਂ ਵੇਖਾਂ ਮੈਨੂੰ ਲੱਗੇ ਮੋਹਣਾ, ਮੇਰੇ ਨਾਲ ਮੁਹੱਬਤ ਪਾਇੰਦਾ । ਮੈਨੂੰ ਭੁੱਲ ਜਾਏ ਜਾਗਣਾ ਸੌਣਾ, ਆਲਸ ਨਿੰਦਰਾ ਨਾ ਕੋਇ ਰਖਾਇੰਦਾ । ਮੈਂ ਵੀ ਓਸ ਦਾ ਢੋਲਾ ਗੌਣਾ, ਜੋ ਮੇਰੀ ਸੇਵ ਕਮਾਇੰਦਾ । ਅੰਤਮ ਏਸੇ ਜੋਗਾ ਹੋਣਾ, ਦੂਜਾ ਨਜ਼ਰ ਕੋਇ ਨਾ ਆਇੰਦਾ । ਜਨ ਭਗਤਾਂ ਪਾਪ ਕਲੇਵਰ ਧੋਣਾ, ਏਸੇ ਕਰ ਕੇ ਬਾਹਰੋਂ ਪੰਜ

ਜੈਕਾਰ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਾਰ ਆਪ ਕਮਾਇੰਦਾ । ਜੋ ਭਗਤ ਆਣ ਏਥੇ ਝੁਕੇਗਾ । ਅਗਲਾ ਪਿਛਲਾ ਪੈਂਡਾ ਮੁੱਕੇਗਾ । ਸਾਹਿਬ ਸਤਿਗੁਰ ਆਪ ਪੁਛੇਗਾ । ਨਿਰਗੁਣ ਲੁਕਾਇਆਂ ਕਦੇ ਨਾ ਲੁਕੇਗਾ । ਲੁਟਾਇਆਂ ਕਦੇ ਨਾ ਲੁਟੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਬਹਿ ਕੇ ਪੁੱਛੇਗਾ । ਵੇਖੋ ਫਿਰਦਾ ਚੋਬਦਾਰ, ਹੋਕਾ ਦੇ ਦੇ ਜਗਾਈਆ । ਸਾਰੇ ਹੋ ਜਾਓ ਖ਼ਬਰਦਾਰ, ਬੇਖ਼ਬਰ ਆਪ ਜਣਾਈਆ । ਜਿਸ ਨੂੰ ਲੱਭਦੇ ਫਿਰਦੇ ਜੰਗਲ ਜੂਹ ਉਜਾੜ ਪਹਾੜ, ਡੂੰਘੀ ਕੰਦਰ ਡੇਰਾ ਲਾਈਆ । ਜਿਸ ਦੇ ਪਿਛੇ ਮੰਦਰ ਮਸਜਿਦ ਸ਼ਿਵਦੁਆਲੇ ਮੱਥੇ ਰਗੜਦਾ ਰਿਹਾ ਸੰਸਾਰ, ਸਾਰ ਕਿਸੇ ਨਾ ਆਈਆ । ਜਿਸ ਦੇ ਪਿਛੇ ਪੱਥਰਾਂ ਮੂਰਤੀਆਂ ਉਤੇ ਪੌਂਦੇ ਰਹੇ ਹਾਰ, ਕਾਗ਼ਜ਼ ਕਲਮ ਸ਼ਾਹੀ ਲਿਖਿਆ ਲੇਖ ਪੜ੍ਹ ਪੜ੍ਹ ਜਗਤ ਸੁਣਾਈਆ । ਜਿਸ ਦੇ ਪਿੱਛੇ ਗੁਰੂ ਮੰਨਦੇ ਰਹੇ ਜਗਤ ਅਵਤਾਰ, ਦਰ ਦਰ ਸੀਸ ਝੁਕਾਈਆ । ਤਿਸ ਸਾਹਿਬ ਦਾ ਕਰੋ ਦੀਦਾਰ, ਦਰ ਆਏ ਮਿਲੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਹੋਕਾ ਦੇਵੇ ਮਾਰੇ ਕੂਕ, ਉਠੋ ਮੇਰੇ ਭਾਈਆ । ਕਲਜੁਗ ਅੰਤ ਨਾ ਸੌਣਾ ਘੂਕ, ਸੁਤਿਆਂ ਹੱਥ ਕੁਛ ਨਾ ਆਈਆ । ਗੋਬਿੰਦ ਕਹੇ ਹੁਣ ਨਾ ਬਣਿਓ ਕਪੂਤ, ਪੁੱਤ ਪਿਤਾ ਗੋਦ ਸੁਹਾਈਆ । ਨੇਤਰ ਖੋਲ੍ਹੋ ਵੇਖੋ ਇਕੋ ਤਾਗਾ ਇਕੋ ਸੂਤ, ਇਕੋ ਸ਼ਬਦੀ ਤੰਦ ਬੰਧਾਈਆ । ਜਿਸ ਦਾ ਲੇਖਾ ਚਾਰ ਕੂਟ, ਦਹਿ ਦਿਸ਼ਾ ਨਾਮ ਵਡਿਆਈਆ । ਕਿਉਂ ਉਸ ਦੇ ਕੋਲੋਂ ਗਏ ਰੂਠ, ਰੁਠਿਆਂ ਫੇਰ ਨਾ ਕੋਇ ਮਨਾਈਆ । ਕਾਇਆ ਚੋਲਾ ਫੇਰ ਨਹੀਂ ਲੱਭਣਾ ਪੰਜ ਭੂਤ, ਮਾਣਸ ਜਨਮ ਹੱਥ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਦਰਵਾਜ਼ਾ ਕਹੇ ਦਰਬਾਨ ਬੜਾ ਚੁਸਤ, ਚੁਕੰਨਾ ਹੋ ਕੇ ਫਿਰੇ ਵਾਹੋ ਦਾਹੀਆ । ਮੇਰੀ ਨੰਗੀ ਹੋਣ ਨਾ ਦੇਵੇ ਪੁਸ਼ਤ, ਚਾਰੋਂ ਕੁੰਟਾਂ ਵੇਖ ਵਖਾਈਆ । ਉਸ ਦਾ ਅੰਗ ਅੰਗ ਰਿਹਾ ਫੜਕ, ਬਲ ਆਪਣਾ ਰਿਹਾ ਸਮਝਾਈਆ । ਏਹ ਲੇਖ ਚੁਕਾਏ ਤੁਰਤ, ਜੋ ਚਲ ਆਏ ਸਰਨਾਈਆ । ਉਸ ਸਾਹਿਬ ਨੂੰ ਮਿਲ ਕੇ ਕਿਸੇ ਹੋਰ ਦੀ ਰਹੇ ਨਾ ਹੁਟਕ, ਨੇਤਰ ਧਿਆਨ ਨਾ ਕੋਇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਸੇਵ ਕਮਾਈਆ । ਵੀਹ ਸੌ ਵੀਹ ਬਿਕਰਮੀ ਕਹੇ ਵਸਾਖਾ, ਵਾਹ ਵਾ ਸਾਹਿਬ ਤੇਰੀ ਵਡਿਆਈਆ । ਨਿਰਗੁਣ ਹੋ ਕੇ ਬਣਿਆ ਰਾਖਾ, ਆਪਣੀ ਕਾਰ ਕਮਾਈਆ । ਭਗਤ ਜਨਾਂ ਦਾ ਪਰਦਾ ਢਾਕਾ, ਮਿਹਰ ਨਜ਼ਰ ਉਠਾਈਆ । ਜਿਸ ਦਾ ਸਾਰੇ ਲਿਖ ਕੇ ਗਏ ਸਾਕਾ, ਸੋ ਸਾਖਿਆਤ ਨਜ਼ਰੀ ਆਈਆ । ਪੀਰ ਪੈਗ਼ੰਬਰ ਮੰਨਣ ਆਕਾ, ਪ੍ਰਭ ਆਇਆ ਬੇਪਰਵਾਹੀਆ । ਗੋਬਿੰਦ ਜਿਸ ਦੀ ਗੋਦੀ ਬਹੇ ਕਾਕਾ, ਅਕਾਲ ਪੁਰਖ ਫੇਰਾ ਪਾਈਆ । ਭਗਤ ਦੁਆਰੇ ਕੀਤਾ ਨਾਕਾ, ਸਨਮੁਖ ਅੰਦਰ ਕੋਇ ਨਾ ਆਈਆ । ਜਨ ਭਗਤਾਂ ਪੂਰਾ ਕੀਤਾ ਘਾਟਾ, ਦੂਆ ਸਿਫ਼ਰਾ ਵਿਚ ਮਿਲਾਈਆ । ਗੁਰਮੁਖ ਸਵਾਣੀ ਅੱਗੇ ਖੁਲ੍ਹਾ ਦਿਸੇ ਨਾ ਕਿਸੇ ਝਾਟਾ, ਮੀਂਢੀ ਸੀਸ ਆਪ ਗੁੰਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਬੇਪਰਵਾਹ ਵੱਡੀ ਵਡਿਆਈਆ । ਮੂਰਖ ਮੁਗਧੋ ਪਿਛੋਂ ਜਾਓ ਹਟ, ਹਰਿ ਇਕੋ ਵਾਰ ਜਣਾਈਆ । ਪਹਿਲੀ ਵਸਾਖ ਲੱਗਾ ਫੱਟ, ਅੱਗੇ ਫੇਰ ਪੱਟੀ ਨਾ ਕੋਈ ਬੰਧਾਈਆ । ਜੇ ਗੁਰ ਸਮਝੋ ਤਾਂ ਜੱਟਾਂ ਵਿਚੋਂ ਜੱਟ, ਨਿਰੰਕਾਰ ਸਮਝੋ ਤਾਂ ਹੋ ਜਾਏ ਨਿਰੰਕਾਰ, ਦੂਜਾ ਨਿਰੰਕਾਰ ਨਜ਼ਰ ਕਿਸੇ ਨਾ ਆਈਆ । ਜੇ ਹੱਟਾਂ ਵਿਚੋਂ ਵੇਖੋ ਹੱਟ, ਦੋ ਜਹਾਨਾਂ ਰਿਹਾ ਜਣਾਈਆ । ਜੇ ਜ਼ੋਰ ਵੇਖੋ ਤੇ ਪ੍ਰਭ ਸਮਰਥ, ਬਲ ਆਪਣਾ ਆਪ

ਰਖਾਈਆ । ਜੇ ਨਰੋਏ ਵਖਾਏ ਆਪਣੇ ਅੱਗੋਂ ਹੱਥ, ਬਿਨ ਹੱਥਾਂ ਨਾਮ ਖੰਡਾ ਤੀਰ ਚਲਾਈਆ । ਜੇ ਪ੍ਰੇਮ ਕਰੋ ਤੁਹਾਡੇ ਅੱਗੇ ਜਾਏ ਢੱਠ, ਆਪਣਾ ਬਲ ਨਾ ਕੋਇ ਵਖਾਈਆ । ਜੇ ਇਕੱਠੇ ਹੋ ਕੇ ਦਿਓ ਮਤ, ਤੁਹਾਡੀ ਮਤ ਆਪਣੀ ਝੋਲੀ ਪਾਈਆ । ਜੇ ਪ੍ਰੇਮ ਨਾਲ ਰੰਗੋ ਆਪਣੀ ਰਤ, ਪ੍ਰੇਮ ਰਤ ਹੱਥਾਂ ਨਾਲ ਲੱਗੀ ਦਏ ਵਖਾਈਆ । ਜੇ ਵਿਛੋੜੇ ਦਾ ਤੀਰ ਮਾਰੋ ਕਸ, ਤਾਂ ਆਪਣੀ ਸੁੱਧ ਲਏ ਭੁਲਾਈਆ । ਜੇ ਪ੍ਰਭ ਦੇ ਹੋਵੇ ਵਸ, ਆਪਣੀ ਛਾਤੀ ਲਏ ਲਗਾਈਆ । ਜੇ ਭਗਤ ਦੁਆਰੇ ਜਾਓ ਵਸ, ਤੇ ਸਚਖੰਡ ਸਾਚੇ ਦਏ ਵਸਾਈਆ । ਏਸ ਦੇ ਵਿਚ ਵੜਿਆ ਲੱਖ ਚੁਰਾਸੀ ਵਿਚ ਨਾ ਜਾਏ ਨੱਠ, ਵੀਹ ਸੌ ਵੀਹ ਬਿਕਰਮੀ ਦੀ ਏਹੋ ਵੱਡੀ ਵਡਿਆਈਆ । ਪਹਿਲੀ ਵਸਾਖ ਕਰੀ ਚੱਠ, ਅੱਗੇ ਆਪਣਾ ਕੰਮ ਜਣਾਈਆ । ਜੋ ਸਾਹਿਬ ਅਕਥਨਾ ਅਕਥ, ਵੇਖ ਗੁਰ ਅਵਤਾਰ ਪੀਰ ਪੈਗ਼ੰਬਰ ਸ਼ੁਕਰ ਮਨਾਈਆ । ਇਹ ਖੇੜਾ ਨਹੀਂ ਹੋਣਾ ਭੱਠ, ਭੱਠਾ ਸਭ ਦਾ ਦਏ ਬਿਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਪ ਆਪਣੀ ਕਾਰ ਕਮਾਈਆ । ਦਰਵਾਜ਼ਾ ਕਹੇ ਮੇਰਾ ਦਰਵੇਸ਼, ਮੈਂ ਇਕੋ ਮੰਗ ਮੰਗਾਇੰਦਾ । ਚੋਬਦਾਰ ਰਹੇ ਹਮੇਸ਼, ਸਾਚੀ ਸੇਵ ਕਮਾਇੰਦਾ । ਮੈਂ ਨਿਤ ਨਿਤ ਇਹਦਾ ਦਰਸ਼ਨ ਲਵਾਂ ਵੇਖ, ਏਸੇ ਕਰਕੇ ਮੰਗ ਮੰਗਾਇੰਦਾ । ਪ੍ਰੇਮ ਪ੍ਰੀਤੀ ਬੱਝਾ ਹੇਤ, ਹਿਤਕਾਰੀ ਇਕੋ ਨਜ਼ਰੀ ਆਇੰਦਾ । ਇਹ ਖੇਡਾਂ ਖੇਡਦਾ ਰਿਹਾ ਵਿਚ ਭਗਤਾਂ ਹੇਤ, ਜੀਂਦੇ ਮਾਰ ਮਾਰ ਜੀਂਦੇ ਆਪ ਕਰਾਇੰਦਾ । ਇਹਦੇ ਅੱਗੇ ਕਾਲ ਮਹਾਂਕਾਲ ਧਰਮ ਰਾਏ ਦੀ ਚਲੇ ਨਾ ਕੋਇ ਪੇਸ਼, ਭਾਣਾ ਸਿਰ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਮਹੱਲੇ ਆਪਣੀ ਕਾਰ ਕਮਾਇੰਦਾ । ਕਾਰ ਕਰੇ ਪ੍ਰਭ ਠਾਕਰ ਸਵਾਮੀ, ਸ਼ਾਹ ਪਾਤਸ਼ਾਹ ਸੇਵ ਕਮਾਈਆ । ਆਦਿ ਜੁਗਾਦਿ ਅੰਤਰਜਾਮੀ, ਵਡ ਦਾਤਾ ਬੇਪਰਵਾਹੀਆ । ਸਿਫ਼ਤ ਸਾਲਾਹੀ ਬੋਧ ਅਗਾਧੀ ਬਾਣੀ, ਕਰਨਹਾਰੇ ਸਚ ਪੜ੍ਹਾਈਆ । ਜੋਤੀ ਨੂਰ ਨੂਰ ਨੁਰਾਨੀ, ਸ਼ਬਦੀ ਸ਼ਬਦ ਸ਼ਬਦ ਸ਼ਨਵਾਈਆ । ਜਿਸ ਦੀ ਸੁਣਦੇ ਰਹੇ ਕਹਾਣੀ, ਸੋ ਪੀਰ ਬੇਨਜ਼ੀਰ ਗੁਣੀ ਗਹੀਰ ਆਪਣਾ ਫੇਰਾ ਪਾਈਆ । ਹੁਣ ਕਿਸ ਦੀ ਦੇਈਏ ਕੁਰਬਾਨੀ, ਕੁਰਬਾਨੀ ਲੈਣ ਵਾਲਾ ਆਪਣੀ ਭੇਟਾ ਰਿਹਾ ਚੜ੍ਹਾਈਆ । ਜੇ ਵੇਖੋ ਤੇ ਸਚ ਨਿਸ਼ਾਨੀ, ਨਾਮ ਖੰਡਾ ਰਿਹਾ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਦਰਵਾਜ਼ਾ ਕਹੇ ਮੈਂ ਮੰਗੀ ਮਦਦ, ਇਕੋ ਓਟ ਤਕਾਈਆ । ਅੱਗੇ ਨਿਰਗੁਣ ਸਰਗੁਣ ਬਣ ਕੇ ਬਣਦਾ ਰਿਹੋਂ ਅਦਦ, ਇਕੱਲੇ ਕਾਰ ਨਾ ਕੋਇ ਕਮਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਕੋਲੋਂ ਕਰੌਂਦਾ ਰਿਹੋਂ ਤਸ਼ਦਦ, ਦੀਨ ਮਜ਼੍ਹਬ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੀ ਸੇਵਾ ਮੋਹੇ ਭਾਈਆ । ਤੇਰੀ ਸੇਵਾ ਪ੍ਰਭੂ ਲੱਗੇ ਚੰਗੀ, ਦਰ ਦਰਵਾਜ਼ਾ ਆਪ ਸੁਣਾਇੰਦਾ । ਤੇਰੇ ਹੱਥ ਕਟਾਰ ਨੰਗੀ, ਭੁੱਖਾ ਨੰਗਾ ਬਹਿ ਬਹਿ ਖ਼ੁਸ਼ੀ ਮਨਾਇੰਦਾ । ਪ੍ਰਭ ਕੱਟ ਜਾਏ ਸਾਰੀ ਤੰਗੀ, ਦੁਖੀਆਂ ਦਰਦ ਮਿਟਾਇੰਦਾ । ਨਿਮਾਣਿਆਂ ਨਿਤਾਣਿਆਂ ਮਿਲ ਜਾਏ ਸੰਗੀ, ਸਗਲਾ ਸੰਗ ਰਖਾਇੰਦਾ । ਸਾਡੀ ਹਾਲਤ ਫੇਰ ਨਾ ਹੋਏ ਮੰਦੀ, ਰਾਏ ਧਰਮ ਨਾ ਡੰਨ ਲਗਾਇੰਦਾ । ਸੁਰਤ ਸਵਾਣੀ ਨਾ ਹੋਵੇ ਰੰਡੀ, ਜਗਤ ਰੰਡੇਪਾ ਆਪ ਕਟਾਇੰਦਾ । ਕੰਨੀਂ ਪਾਏ ਡੰਡੀ, ਨੱਥ ਸੁਹਾਗ ਇਕ ਰਖਾਇੰਦਾ । ਡੋਲੀ ਬਹਾਏ ਕਰ ਸ਼ਿੰਗਾਰ ਚੰਦ ਬਿੰਦੀ, ਟਿੱਕਾ ਦੌਣੀ ਨਾਲ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਾਰ ਕਮਾਇੰਦਾ । ਦਰਵਾਜ਼ਾ ਕਹੇ ਬਾਂਕਾ ਛੋਹਰਾ, ਸ਼ਹਿਨਸ਼ਾਹ

੩੮੫ ੧੪

ਆਪਣਾ ਰੂਪ ਵਟਾਈਆ । ਜਨ ਭਗਤਾਂ ਗਾਏ ਸਾਚਾ ਦੋਹਰਾ, ਦੋਹਰੀ ਧਾਰ ਵਖਾਈਆ । ਚੜ੍ਹ ਕੇ ਆਇਆ ਨਿਰਗੁਣ ਘੋੜਾ, ਘੋੜਾ ਨਜ਼ਰ ਕੋਇ ਨਾ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪੈ ਗਿਆ ਲੋਹੜਾ, ਸਾਡੀ ਪੇਸ਼ ਨਾ ਚਲੇ ਰਾਈਆ । ਭਗਤ ਭਗਵਾਨ ਆਪਣਾ ਆਪ ਬਣਾਇਆ ਜੋੜਾ, ਜੋੜੀ ਜੁੜੀ ਇਕੋ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਸਭਨਾਂ ਬੇਪਰਵਾਹੀਆ । ਵਸਾਖੀ ਕਹੇ ਮੈਂ ਗਈ ਵਸ, ਵਸਲ ਮਹਿਬੂਬ ਕਰਾਇਆ । ਜਿਧਰ ਵੇਖਾਂ ਪ੍ਰਭ ਮਿਲੇ ਹੱਸ, ਹੰਸ ਮੁਖ ਬੇਪਰਵਾਹਿਆ । ਨਿਰਗੁਣ ਸਰਗੁਣ ਸਿਫ਼ਰਾ ਹੋ ਕੇ ਪੂਰੀ ਕੀਤੀ ਆਸ, ਸਿਫ਼ਰਾ ਦੂਆ ਆਪਣਾ ਅੰਕ ਬਣਾਇਆ । ਦੋ ਜਹਾਨਾਂ ਪਾਈ ਰਾਸ, ਗੋਪੀ ਕਾਹਨ ਆਪ ਨਚਾਇਆ । ਭਗਤ ਮਿਲਣ ਦੀ ਰੱਖੀ ਖ਼ਾਹਸ਼, ਖ਼ਾਸਤਗਾਰ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਇਕੋ ਇਕ ਸੁਹਾਇਆ । ਦਰਵਾਜ਼ਾ ਕਹੇ ਪੁਰਖ ਅਬਿਨਾਸ਼ਨ, ਮੇਰਾ ਸੰਗ ਰਖਾਈਆ । ਮੇਰੇ ਵਿਚ ਲੱਗਾ ਸਿੰਘਾਸਣ, ਸੰਗੀ ਸੇਵ ਕਮਾਈਆ । ਨਾ ਸੰਧਿਆ ਨਾ ਕੋਈ ਆਥਣ, ਰਾਤ ਅੰਧੇਰੀ ਨਾ ਕੋਇ ਜਣਾਈਆ । ਨਾ ਕੋਈ ਪ੍ਰਭਾਤੀ ਦਿਸੇ ਸਾਥਣ, ਸਰਗੀ ਵੇਲਾ ਨਾ ਕੋਇ ਵਡਿਆਈਆ । ਨਾ ਕੋਈ ਨਿਮਾਜ਼ ਨਾ ਨਿਮਾਜ਼ਨ, ਹਾਜੀ ਹੱਜ ਨਾ ਕੋਇ ਕਰਾਈਆ । ਨਾ ਕੋਈ ਪਾਠੀ ਨਾ ਕੋਈ ਪਾਠਣ, ਪਾਠਸ਼ਾਲਾ ਨਾ ਕੋਇ ਵਖਾਈਆ । ਨਾ ਕੋਈ ਤੱਟ ਨਾ ਕੋਈ ਤਾਟਨ, ਸਰੋਵਰ ਨਜ਼ਰ ਕੋਇ ਨਾ ਆਈਆ । ਨਾ ਕੋਈ ਕਿਨਾਰਾ ਨਾ ਕੋਈ ਘਾਟਨ, ਘਾਟ ਮਿਲੇ ਨਾ ਕੋਇ ਵਡਿਆਈਆ । ਪ੍ਰਭ ਇਕੋ ਆਇਆ ਸਾਚੇ ਪਾਤਣ, ਗੁਰਮੁਖ ਸੱਜਣ ਲਏ ਤਰਾਈਆ । ਲੱਖ ਚੁਰਾਸੀ ਵਿਚੋਂ ਰੱਖਣ, ਰੱਖਿਆ ਕਰੇ ਹਰ ਘਟ ਥਾਈਂਆ । ਸਤਿਜੁਗ ਦਾ ਸਾਚਾ ਮਾਰਗ ਦੱਸਣ, ਸੋਹੰ ਸ਼ਬਦ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦਰ ਦਰਵੇਸ਼ ਇਕ ਅਖਵਾਈਆ । ਦਰ ਦਰਵੇਸ਼ ਬਣ ਦਰਬਾਨ, ਸੇਵਾ ਕਰ ਸ੍ਰੀ ਭਗਵਾਨ, ਖੰਡਾ ਖਿਚੇ ਵਿਚੋਂ ਮਿਆਨ, ਲੇਖਾ ਜਾਣੇ ਦੋ ਜਹਾਨ, ਜੋਧਾ ਸੂਰਬੀਰ ਬਲਵਾਨ, ਬਣ ਕੇ ਮਰਦ ਮਰਦ ਮਰਦਾਨ, ਭਗਤਾਂ ਦੇਵੇ ਨਾਮ ਪਰਵਾਨਾ, ਪਾਰਬ੍ਰਹਮ ਪਰਮ ਪੁਰਖ ਪਰਮੇਸ਼ਵਰ ਇਕੋ ਕਰੇ ਪੜ੍ਹਾਈਆ । ਸਿੰਘਾਸਣ ਕਹੇ ਮੈਂ ਗਿਆ ਡਹਿ, ਦਰ ਦੁਆਰੇ ਡੇਰਾ ਲਾਈਆ । ਮੈਂ ਇਕੋ ਭਗਵਾਨ ਦੀ ਹੋਣ ਦੇਣੀ ਜੈ, ਦੂਜਾ ਨਾਮ ਨਾ ਕੋਇ ਧਿਆਈਆ । ਪਿਛੇ ਨਾਮ ਇਕ ਦੂਜੇ ਨਾਲ ਮਰਦੇ ਰਹੇ ਖਹਿ ਖਹਿ, ਦੀਨਾਂ ਮਜ਼੍ਹਬਾਂ ਕਰੀ ਲੜਾਈਆ । ਹਰਿ ਕਾ ਨਾਮ ਇਕੋ ਘਰ ਬਹੇ, ਮੰਦਰ ਮਸਜਿਦ ਸ਼ਿਵਦੁਆਲੇ ਮੱਠ ਵੰਡ ਨਾ ਕੋਇ ਵੰਡਾਈਆ । ਜੋ ਜਨ ਰਸਨਾ ਜਿਹਵਾ ਕਹੇ, ਤਿਸ ਆਪਣਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸ਼ਬਦ ਸਿੰਘਾਸਣ ਕਹੇ ਮੈਂ ਗਿਆ ਡੱਠ, ਆਪਣੇ ਚਾਰੇ ਪੈਰ ਜਮਾਈਆ । ਮੇਰੇ ਕੋਲੋਂ ਕੋਈ ਭਗਤ ਬਾਹਰ ਨਾ ਜਾਏ ਨੱਠ, ਫੜ ਕੇ ਬਾਹੋਂ ਅੰਦਰੇ ਰਖਾਈਆ । ਏਸੇ ਕਰ ਕੇ ਵੀਹ ਸੌ ਵੀਹ ਬਿਕਰਮੀ ਕੀਤਾ ਕੱਠ, ਇਕੱਠੇ ਇਕੋ ਘਰ ਵਸਾਈਆ । ਨਾ ਕੋਈ ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਜ਼ਾਤ ਪਾਤ ਊਚ ਨੀਚ ਨਾ ਕੋਇ ਦੱਸਾਂ ਮਿੱਤ, ਜੋ ਚਲ ਆਇਆ ਸਰਨਾਈਆ । ਤਿਨ੍ਹਾਂ ਰੰਗਾਏ ਆਪਣੀ ਪ੍ਰੇਮ ਰਤ, ਰੰਗ ਇਕੋ ਇਕ ਚੜ੍ਹਾਈਆ । ਛੋਟਿਆਂ ਵੱਡਿਆਂ ਸਾਰਿਆਂ ਦੇਵਾਂ ਸਾਚੀ ਮਤ, ਵਿਤਕਰਾ ਵਿਚ ਨਾ ਕੋਇ ਰਖਾਈਆ । ਮਿਲੋ ਮੇਲ ਪੁਰਖ ਸਮਰਥ, ਜਿਸ ਮਿਲਿਆਂ ਦੁੱਖ ਰਹੇ ਨਾ ਰਾਈਆ । ਜੇ ਨੇਤਰ ਵੇਖੋ ਤੇ ਖੰਡਾ ਦਿਸੇ ਹੱਥ, ਜੇ ਅੰਦਰ ਵੇਖੋ ਤੇ ਜੋਤ ਨੂਰ ਰੁਸ਼ਨਾਈਆ ।

ਜੇ ਬਾਹਰੋਂ ਕਹੋ ਤੇ ਕੁਛ ਕਹਿਣ ਪੂਰਨ ਜੱਟ, ਜੇ ਅੰਦਰ ਵੜ ਕੇ ਵੇਖੇ ਪੁਰਖ ਸਮਰਥ ਆਪਣੀ ਕਾਰ ਕਮਾਈਆ । ਜੇ ਬਾਹਰੋਂ ਵੇਖੇ ਦਿਸੇ ਬਾਜ਼ੀਗਰ ਨਟ, ਜੇ ਅੰਦਰ ਵੇਖੇ ਤਾਂ ਪਿਤ ਸਾਚਾ ਰਿਹਾ ਮਿਲਾਈਆ । ਜੇ ਬਾਹਰੋਂ ਵੇਖੋ ਤਾਂ ਵੇਖਦਿਆਂ ਸਾਰੀ ਮਾਰੀ ਜਾਏ ਮਤ, ਜੇ ਅੰਦਰ ਵੇਖੇ ਬ੍ਰਹਮ ਗਿਆਨ ਦ੍ਰਿੜਾਈਆ । ਜੇ ਬਾਹਰੋਂ ਵੇਖੇ ਵੇਖ ਕੇ ਸਾਰੇ ਜਾਓ ਨੱਠ, ਜੇ ਅੰਦਰ ਵੇਖੇ ਮਹਿਮਾ ਅਕੱਥ ਕਰੇ ਪੜ੍ਹਾਈਆ । ਜੇ ਬਾਹਰੋਂ ਵੇਖੋ ਵੇਖ ਕੇ ਉਬਲੇ ਰਤ, ਜੇ ਅੰਦਰ ਵੇਖੋ ਸਚ ਸੀਤਗੁਰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਘਰ ਸਾਚੇ ਵੱਜੇ ਵਧਾਈਆ । ਵਸਾਖ ਕਹੇ ਪ੍ਰਭ ਅੱਗੇ ਆ ਜਾ, ਤੇਰੇ ਹੱਥ ਸਰਬ ਵਡਿਆਈਆ । ਜਨ ਭਗਤਾਂ ਸਚ ਸਚ ਸਮਝਾ ਜਾ, ਇਕੋ ਬੁਧ ਰਖਾਈਆ । ਦਰ ਅਇਆਂ ਦੀ ਰੱਖ ਲਾਜਾ, ਸਿਰ ਆਪਣਾ ਹੱਥ ਟਿਕਾਈਆ । ਲੋਕੀਂ ਕਹਿੰਦੇ ਪਰਗਟੇ ਮਾਝਾ, ਤੇਰਾ ਮਾਝਾ ਦੋ ਜਹਾਨ ਅਖਵਾਈਆ । ਤੂੰ ਹਰਿ ਸਭ ਦਾ ਸਾਂਝਾ, ਨਜ਼ਰੀ ਨਜ਼ਰ ਹੇਠ ਲੋਕਾਈਆ । ਜਿਹੜਾ ਲੇਖਾ ਰਹਿ ਗਿਆ ਨਕਾਹ ਕਰਨ ਦਾ ਹੀਰ ਤੇ ਰਾਂਝਾ, ਸੋ ਸਿੰਘ ਗੁਰਮੇਜ ਦਲਜੀਤ ਕਰੀ ਕੁੜਮਾਈਆ । ਤੂੰ ਆਸ਼ਕ ਮਾਅਸ਼ੂਕ ਦੋਹਾਂ ਦਾ ਸਾਂਝਾ, ਮੁਸ਼ਕਲ ਵਿਚ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਆਸ਼ਕ ਮਾਅਸ਼ੂਕ ਹਰਿ ਸੰਗਤ ਦੋਵੇਂ ਮਾਰੇ ਕੂਕ, ਕੂਕ ਕੂਕ ਜਣਾਇੰਦਾ । ਬਿਰਹੋਂ ਵੈਰਾਗ ਫ਼ਰਾਕ ਅੰਦਰ ਦਿਓ ਫੂਕ, ਫੋਕਾ ਰੰਗ ਨਾ ਕੋਇ ਲਗਾਇੰਦਾ । ਆਵਣ ਜਾਵਣ ਦੀ ਚੁੱਕੇ ਚੂਕ, ਦੋ ਜਹਾਨਾਂ ਪੰਧ ਮੁਕਾਇੰਦਾ । ਪ੍ਰਭ ਦੀ ਸੇਜੇ ਚੜ੍ਹ ਕੇ ਸੌਂ ਜਾਓ ਘੂਕ, ਸੁਤਿਆਂ ਫੇਰ ਨਾ ਕੋਇ ਉਠਾਇੰਦਾ । ਕਿਸੇ ਕੰਮ ਨਾ ਔਣਾ ਪੰਜ ਤੱਤ ਕਲਬੂਤ, ਕਲਮਾ ਆਪਣਾ ਆਪ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਦੁਆਰੇ ਇਕ ਵਿਵਾਹ, ਪਿਛਲਾ ਲੇਖਾ ਦਏ ਚੁਕਾ, ਪੀਰ ਜਾਮਨ ਫੜਾਏ ਦਾਮਨ, ਦਾਮਨਗੀਰ ਆਪ ਅਖਵਾਇੰਦਾ । ਦਾਮਨਗੀਰ ਬਣਿਆ ਭਗਤੇ, ਭਗਵਾਨ ਦਇਆ ਕਮਾਈਆ । ਵੇਲੇ ਸਿਰ ਸਾਰੇ ਪਰਖੇ, ਰਾਤੀ ਸੁਤਿਆਂ ਰਿਹਾ ਜਗਾਈਆ । ਉਚੀ ਢੋਲਾ ਗਾਓ ਕੜਕੇ, ਸੋਹੰ ਜੈ ਜੈਕਾਰ ਸੁਣਾਈਆ । ਸਿਧੀ ਸੜਕੇ ਮੂਲ ਨਾ ਅਟਕੋ, ਰਾਹ ਵਿਚ ਸਕੇ ਨਾ ਕੋਇ ਅਟਕਾਈਆ । ਇਧਰ ਉਧਰ ਨਾ ਨੈਣ ਮਟਕੋ, ਦੂਜਾ ਧਿਆਨ ਨਾ ਕੋਇ ਰਖਾਈਆ । ਜਾ ਕੇ ਸਿਰ ਚਰਨਾਂ ਉਤੇ ਪਰਤੋ, ਪਰਮ ਪੁਰਖ ਮੇਲ ਮਿਲਾਈਆ । ਸ੍ਰੀ ਭਗਵਾਨ ਨਾਲ ਭਾਈਚਾਰਾ ਬਣ ਕੇ ਵਰਤੋ, ਵੱਡਾ ਛੋਟਾ ਕੋਇ ਨਜ਼ਰ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਸਿੰਘਾਸਣ ਕਹੇ ਪ੍ਰਭ ਆਇਆ ਅੱਗੇ, ਸਾਚੀ ਸੇਵ ਕਮਾਈਆ । ਭਗਤ ਦੁਆਰੇ ਭਗਤ ਕੱਠੇ ਚੰਗੇ, ਚਰਨ ਕਵਲ ਦਏ ਵਡਿਆਈਆ । ਪ੍ਰੇਮ ਪ੍ਰੀਤੀ ਸਾਚੀ ਰੰਗੇ, ਰੰਗਣ ਇਕੋ ਇਕ ਰਖਾਈਆ । ਨਜ਼ਰ ਨਾ ਆਏ ਨੇਤਰ ਅੰਧੇ, ਕਲਜੁਗ ਜੀਵ ਸਾਰ ਕੋਇ ਨਾ ਪਾਈਆ । ਜਿਨ੍ਹਾਂ ਮਿਲਿਆ ਉਹ ਚੰਗੇ ਬਣ ਗਏ ਮੰਦੇ, ਮੰਦਿਆਂ ਚੰਗੇ ਦਏ ਬਣਾਈਆ । ਦਰ ਤੇ ਆ ਰਹਿਣ ਨਾ ਗੰਦੇ, ਗੰਦੀ ਵਾਸਨਾ ਦਏ ਕਢਾਈਆ । ਅੰਦਰ ਵੜ ਕੇ ਸਭ ਦੇ ਨਾਲ ਹੰਢੇ, ਆਪ ਆਪਣਾ ਮੇਲ ਮਿਲਾਈਆ । ਜੋ ਜਨ ਗੌਂਦੇ ਸੋਹੰ ਛੰਦੇ, ਸ਼ਹਿਨਸ਼ਾਹ ਆਪਣੇ ਘਰ ਬਹਾਈਆ । ਕੱਟੇ ਧਰਮ ਰਾਏ ਦੇ ਫੰਦੇ, ਫਾਸੀ ਗਲ ਨਾ ਕੋਇ ਲਟਕਾਈਆ । ਪਾਰ ਉਤਾਰੇ ਘਰ ਕਰਦੇ ਧੰਦੇ, ਜੋ ਘਰ ਬੈਠੇ ਤਿਨ੍ਹਾਂ ਸੰਗਤ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੀਸ ਬੀਸਾ ਖੇਲ ਰਚਾਈਆ । ਬੀਸ ਬੀਸਾ ਕਹੇ ਮੈਂ ਮਾਤ ਚੜ੍ਹਿਆ, ਚੜ੍ਹਦੀ ਕਲਾ ਵਖਾਈਆ ।

ਸ੍ਰੀ ਭਗਵਾਨ ਇਕੋ ਫੜਿਆ, ਭਗਤ ਦੁਆਰੇ ਸੇਵਾ ਲਾਈਆ । ਜੁਗ ਚੌਕੜੀ ਗੁਰ ਅਵਤਾਰ ਪੀਰ ਪੈਗ਼ੰਬਰ ਤੈਥੋਂ ਡਰਿਆ, ਤੂੰ ਸਭਨਾਂ ਭੈ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਾਰ ਆਪ ਕਮਾਈਆ । ਸਿੰਘਾਸਣ ਕਹੇ ਪ੍ਰਭ ਹੋ ਮਜ਼ਦੂਰ, ਮਜ਼ਦੂਰੀ ਆਪ ਕਮਾਈਆ । ਜਨ ਭਗਤਾਂ ਮੇਲੇ ਜ਼ਰੂਰ, ਜ਼ਰੂਰਤ ਇਕੋ ਇਕ ਰਖਾਈਆ । ਨਜ਼ਰੀ ਆਏ ਇਕ ਹਜ਼ੂਰ, ਹਜ਼ਰਤ ਆਪਣਾ ਆਸਣ ਲਾਈਆ । ਦਰ ਆਏ ਸਰਬ ਮਨਜ਼ੂਰ, ਲੇਖਾ ਆਪਣੀ ਝੋਲੀ ਪਾਈਆ । ਪਿਛਲੇ ਬਖ਼ਸ਼ੇ ਸਰਬ ਕਸੂਰ, ਅੱਗੇ ਦੇਵਣਹਾਰ ਵਡਿਆਈਆ । ਜੋ ਦਰ ਦਰਵਾਜ਼ੇ ਵਿਚੋਂ ਮਸਤਕ ਲਾਵੇ ਧੂੜ, ਤਿਨ੍ਹਾਂ ਮਾਣ ਅਭਿਮਾਨ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸਾਚਾ ਖੇਲ ਸ੍ਰੀ ਭਗਵੰਤ, ਭਗਵਾਨ ਇਕੋ ਇਕ ਕਰਾਇੰਦਾ । ਸੰਤ ਸੁਹੇਲੇ ਸਾਚੇ ਸੰਤ, ਦਰ ਸਾਚੇ ਆਪ ਬਹਾਇੰਦਾ । ਇਕੋ ਨਾਮ ਮਣੀਆਂ ਮੰਤ, ਇਸ਼ਟ ਗੁਰਦੇਵ ਇਕ ਵਖਾਇੰਦਾ । ਇਕੋ ਨਾਰ ਸੁਹਾਗੀ ਕੰਤ, ਸੇਜ ਸੁਹੰਜਣੀ ਆਪ ਹੰਢਾਇੰਦਾ । ਇਕੋ ਬਣਾਏ ਸਾਚੀ ਬਣਤ, ਘੜਨ ਭੰਨਣਹਾਰ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਇੰਦਾ । ਖੇਲ ਕਰਨ ਪ੍ਰਭ ਆਇਆ ਆਪ, ਆਪਣੀ ਦਇਆ ਕਮਾਈਆ । ਸਾਚੀ ਥਾਪਣ ਰਿਹਾ ਥਾਪ, ਬੇਪਰਵਾਹ ਧਾਰ ਵਖਾਈਆ । ਭਗਤ ਭਗਵਾਨ ਬਣਾਏ ਸਾਕ, ਸਗਲਾ ਸੰਗ ਰਖਾਈਆ । ਗ੍ਰਿਹ ਮੰਦਰ ਖੋਲ੍ਹੇ ਤਾਕ, ਹਾਟੀ ਕੁੰਡਾ ਆਪਣਾ ਲਾਹੀਆ । ਬਿਨ ਨੈਣਾਂ ਲਏ ਝਾਕ, ਅੱਖ ਅੱਖ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਦਰ ਬਾਹਰ ਸਦਾ ਸਦਾ ਸੇਵ ਕਮਾਈਆ । ਅੰਦਰ ਬਾਹਰ ਸੇਵਕ ਬਣਿਆ, ਸਾਢੇ ਤਿੰਨ ਹੱਥ ਆਸਣ ਲਾਈਆ । ਭਗਤ ਭਗਵਾਨ ਆਪੇ ਜਣਿਆ, ਧੰਨ ਬਣੇ ਜਣੇਂਦੀ ਮਾਈਆ । ਲੱਖ ਚੁਰਾਸੀ ਵਿਚੋਂ ਛਾਣ ਪੁਣਿਆ, ਪੁਣ ਛਾਣ ਆਪ ਕਰਾਈਆ । ਦੁਖੀਆਂ ਦੁੱਖ ਆਪੇ ਸੁਣਿਆ, ਦਰਦੀਆਂ ਦਰਦ ਵੰਡਾਈਆ । ਜਾਨਣਹਾਰ ਗੁਣ ਅਵਗੁਣਿਆ, ਘਰ ਘਰ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਦਰ ਬਾਹਰ ਵੇਖੇ ਥਾਉਂ ਥਾਈਂਆਂ । ਅੰਦਰ ਸਿੰਘਾਸਣ ਸਾਹਿਬ ਸੁਲਤਾਨ, ਸਤਿ ਪੁਰਖ ਉਪਜਾਈਆ । ਬਾਹਰ ਸਿੰਘਾਸਣ ਸ੍ਰੀ ਭਗਵਾਨ, ਦਾਤਾ ਦਾਨੀ ਵਡ ਵਡਿਆਈਆ । ਅੱਗੇ ਪਿੱਛੇ ਹੋ ਪਰਧਾਨ, ਸਾਚੀ ਸੇਵ ਕਮਾਈਆ । ਵਿਚ ਬੈਠੇ ਰਹਿਣ ਸੰਤ ਸੁਜਾਨ, ਭਗਤ ਭਗਵਾਨ ਦਏ ਵਡਿਆਈਆ । ਜਿਸ ਦਾ ਪਤੀ ਹੋਵੇ ਬਲਵਾਨ, ਤਿਸ ਬਲ ਅੱਖ ਨਾ ਸਕੇ ਕੋਇ ਉਠਾਈਆ । ਜਿਸ ਦਾ ਪੁੱਤਰ ਹੋਵੇ ਨਿਸ਼ਾਨ, ਤਿਸ ਪਿਤਾ ਮਿਲੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਨਹੀਂ ਜਗਤ ਮੁਲਾਜ਼ਮ, ਜਨ ਭਗਤਾਂ ਕਾਰ ਕਮਾਇੰਦਾ । ਜਿਸ ਨੂੰ ਕਹਿੰਦੇ ਅਜ਼ੀਮ ਆਜ਼ਮ, ਸੋ ਆਪਣੀ ਅਜ਼ਮਤ ਇਕ ਵਖਾਇੰਦਾ । ਜੋ ਨਜ਼ਾਮਾਂ ਦਾ ਬਣੇ ਨਾਜ਼ਮ, ਸੋ ਨਿਉਂ ਨਿਉਂ ਸੀਸ ਝੁਕਾਇੰਦਾ । ਜੋ ਆਲਮਾਂ ਦਾ ਹੋਏ ਆਲਮ, ਉਲਮਾ ਆਪ ਪੜ੍ਹਾਇੰਦਾ । ਜੋ ਤਾਲਬਾਂ ਦਾ ਹੋਏ ਤਾਲਬ, ਤਲਬ ਇਕੋ ਇਕ ਵਖਾਇੰਦਾ । ਜੋ ਗ਼ਾਲਬਾਂ ਦਾ ਹੋਏ ਗ਼ਲਬ, ਗ਼ੈਰਤ ਵਿਚ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸ਼ਾਇਰਾਂ ਦਾ ਸ਼ਾਇਰ, ਸ਼ਊਰ ਆਪਣਾ ਨਾ ਕੋਇ ਵਖਾਇੰਦਾ । ਨਾ ਸ਼ਾਇਰ ਨਾ ਸ਼ਊਰ, ਸੁਹਬਤ ਵਿਚ ਕਦੇ ਨਾ ਆਈਆ । ਜੇ ਕੋਈ ਲੱਭੇ ਬਣਿਆ ਰਹੇ ਮਫ਼ਰੂਰ, ਹੱਥ ਫੜਨ ਕੋਇ ਨਾ ਜਾਈਆ । ਜੇ ਕੋਈ ਸੁਣਨਾ

ਚਾਹੇ ਨਾਦ ਵਜਾਏ ਤੰਬੂਰ, ਕਾਇਆ ਕਿੰਗ ਬਣਾਈਆ । ਜੇ ਕੋਈ ਵੇਖਣ ਜਾਏ ਹਜ਼ੂਰ, ਨਿਰਗੁਣ ਜੋਤ ਨੂਰ ਰੁਸ਼ਨਾਈਆ । ਜੇ ਕੋਈ ਬਖ਼ਸ਼ਾਵਣ ਆਏ ਕਸੂਰ, ਸਵਛ ਸਰੂਪੀ ਹੋ ਕੇ ਦਰਸ ਦਿਖਾਈਆ । ਜੇ ਕੋਈ ਪ੍ਰੇਮ ਪ੍ਰੀਤੀ ਮੰਗੇ ਜ਼ਰੂਰ, ਜ਼ਰੂਰਤ ਸਭ ਦੀ ਪੂਰ ਕਰਾਈਆ । ਜੇ ਕੋਈ ਖ਼ਾਹਸ਼ ਰੱਖੇ ਮੈਨੂੰ ਬਹਿਸ਼ਤਾਂ ਵਿਚ ਮਿਲੇ ਹੂਰ, ਤਿਨ੍ਹਾਂ ਕੋਰਾ ਟਿੱਕਾ ਮਸਤਕ ਲਾਈਆ । ਮੁਹੰਮਦ ਏਸੇ ਗੱਲ ਤੋਂ ਰਿਹਾ ਦੂਰ, ਮੁਰੀਦਾਂ ਗਿਆ ਸਮਝਾਈਆ । ਓਥੇ ਲੋੜ ਹੂਰਾਂ ਜ਼ਹੂਰ, ਜ਼ਰੂਰ ਬਹਿਸ਼ਤ ਮਿਲੇ ਵਡਿਆਈਆ । ਇਹ ਪ੍ਰਭ ਸੱਚੇ ਨੂੰ ਨਹੀਂ ਮਨਜ਼ੂਰ, ਸੋ ਮਨਜ਼ੂਰ ਜੋ ਮਨਸੂਰ ਸੂਲੀ ਚੜ੍ਹ ਕੇ ਗਿਆ ਸਮਝਾਈਆ । ਓਥੇ ਸਾਹਿਬ ਇਕ ਗ਼ਫ਼ੂਰ, ਸ਼ਹਿਨਸ਼ਾਹ ਬੈਠਾ ਆਸਣ ਲਾਈਆ । ਜਿਸ ਦਾ ਜਲਵਾ ਜ਼ਾਹਰ ਜ਼ਹੂਰ, ਪਰਦਾ ਸਕੇ ਨਾ ਕੋਇ ਪਾਈਆ । ਮਿਹਰ ਰਹਿਮਤ ਵਿਚ ਆ ਕੇ ਬਣੇ ਮਜ਼ਦੂਰ, ਮਜ਼ਦੂਰਾਂ ਮੁਸ਼ਕਲ ਹੱਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੱਗੇ ਪਿੱਛੇ ਦੋਵੇਂ ਸਿੰਘਾਸਣ ਵਡਿਆਈਆ । ਅਗਲਾ ਸਿੰਘਾਸਣ ਕਹੇ ਮੈਂ ਸਭ ਦਾ ਦਾਤਾ, ਦਰ ਆਇਆਂ ਪਾਰ ਕਰਾਇੰਦਾ । ਪਿਛਲਾ ਸਿੰਘਾਸਣ ਕਹੇ ਮੈਂ ਭਗਤਾਂ ਰਾਖਾ, ਭਗਤਾਂ ਨੇੜ ਕੋਇ ਨਾ ਆਇੰਦਾ । ਅਗਲਾ ਸਿੰਘਾਸਣ ਕਹੇ ਮੈਂ ਪਿਤਾ ਮਾਤਾ, ਜੋ ਆਇਆ ਆਪਣੀ ਗੋਦ ਬਹਾਇੰਦਾ । ਪਿਛਲਾ ਸਿੰਘਾਸਣ ਕਹੇ ਮੈਂ ਜੋੜਾਂ ਨਾਤਾ, ਜਿਸ ਦਾ ਜੁੜਿਆ ਪਿਛੇ ਮੁੜ ਕੋਇ ਨਾ ਜਾਇੰਦਾ । ਅਗਲਾ ਸਿੰਘਾਸਣ ਕਹੇ ਮੈਂ ਸੱਜਣ ਸਾਕਾ, ਦਰ ਆਪਣਾ ਬੰਧਨ ਪਾਇੰਦਾ । ਪਿਛਲਾ ਸਿੰਘਾਸਣ ਕਹੇ ਮੈਂ ਕਮਲਾਪਾਤਾ, ਸਿਰ ਸਭਨਾਂ ਹੱਥ ਰਖਾਇੰਦਾ । ਅਗਲਾ ਸਿੰਘਾਸਣ ਕਹੇ ਮੇਰੇ ਉਤੇ ਪੁਰਖ ਸਮਰਾਥਾ, ਇਕੋ ਇਕ ਸੋਭਾ ਪਾਇੰਦਾ । ਪਿਛਲਾ ਸਿੰਘਾਸਣ ਕਹੇ ਮੈਂ ਇਕੋ ਇਕ ਜਾਤਾ, ਅੱਗੇ ਪਿਛੇ ਦੂਜਾ ਨਜ਼ਰ ਕੋਇ ਨਾ ਆਇੰਦਾ । ਅਗਲਾ ਸਿੰਘਾਸਣ ਕਹੇ ਮੇਰਾ ਸੋਹਣਾ ਰੰਗ, ਨੂਰੋ ਨੂਰ ਰੰਗਾਈਆ । ਪਿਛਲਾ ਸਿੰਘਾਸਣ ਕਹੇ ਮੈਂ ਭਗਤਾਂ ਦੱਸਾਂ ਢੰਗ, ਜਾਓ ਮੰਗੋ ਚਾਈਂ ਚਾਈਆ । ਅਗਲਾ ਸਿੰਘਾਸਣ ਕਹੇ ਮੈਂ ਲਾਵਾਂ ਅੰਗ, ਪਿਛਲਾ ਸਿੰਘਾਸਣ ਕਹੇ ਜਿੰਨਾਂ ਚਿਰ ਮੈਂ ਨਾ ਘੱਲਾਂ, ਕੌਣ ਲੱਗੇ ਤੇਰੀ ਪਾਈਆ । ਅਗਲਾ ਸਿੰਘਾਸਣ ਕਹੇ ਮੇਰਾ ਅਨੰਦ, ਪਿਛਲਾ ਸਿੰਘਾਸਣ ਕਹੇ ਬਿਨ ਭਗਤ ਚੰਦ ਹੱਥ ਕਿਸੇ ਨਾ ਆਈਆ । ਅਗਲਾ ਸਿੰਘਾਸਣ ਕਹੇ ਮੇਰਾ ਲੰਮਾਂ ਪੰਧ, ਪਿਛਲਾ ਸਿੰਘਾਸਣ ਕਹੇ ਮੈਂ ਕਿਰਪਾ ਕਰ ਇਕੋ ਧੱਕਾ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਉਹ ਨਿਰਗੁਣ ਇਹ ਸਰਗੁਣ ਨਿਰਗੁਣ ਸਰਗੁਣ ਨਿਰਗੁਣ ਨਿਰਗੁਣ ਨਾਲ ਮਿਲਾਈਆ । ਇਹ ਖੇਲ ਜਿਸ ਵੇਖਿਆ ਹੁਣ, ਨੌਂ ਸੌ ਚੁਰਾਨਵੇਂ ਚੌਕੜੀ ਜੁਗ ਫੇਰ ਨਜ਼ਰ ਕਿਸੇ ਨਾ ਆਈਆ । ਬੇਸ਼ਕ ਗ਼ੁਸੇ ਵਿਚ ਆ ਕੇ ਮਾਰੇ ਘਸੁੰਨ, ਸ੍ਰੀ ਭਗਵਾਨ ਦੁੱਖ ਨਾ ਕੋਇ ਮਨਾਈਆ । ਫੜ ਕੇ ਅਗਨੀ ਉਤੇ ਦਿਓ ਭੁੰਨ, ਲੰਬੂ ਜਗਤ ਲਗਾਈਆ । ਫਿਰ ਵੀ ਕਹੇ ਭਗਤੋ ਤੁਹਾਡਾ ਹੁਣ, ਤੁਸਾਂ ਮੇਰਾ ਲੇਖਾ ਆਪਣੇ ਲੇਖੇ ਲਾਈਆ । ਜੇ ਤੁਹਾਡੇ ਵਿਚ ਨਾ ਹੁੰਦਾ ਗੁਣ, ਕਿਉਂ ਭਗਵਾਨ ਔਂਦਾ ਚਾਈਂ ਚਾਈਆ । ਤੁਹਾਡੀ ਪੁਕਾਰ ਰਿਹਾ ਸੁਣ, ਕਿਉਂ ਬੈਠੇ ਮੁਖ ਛੁਪਾਈਆ । ਆਪਣੇ ਰਾਗ ਦੀ ਸੁਣਾਓ ਧੁੰਨ, ਸਾਰੇ ਇਕੋ ਵਾਰ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ ਢੋਲਾ ਲਾਈਆ । ਸੁਣ ਕੇ ਢੋਲਾ ਗੁਰ ਅਵਤਾਰ ਪੀਰ ਪੈਗ਼ੰਬਰ ਹੋ ਗਏ ਸੁੰਨ, ਸੁਨ ਸਮਾਧ ਸਮਾਈਆ । ਜਿਸ ਨੇ ਗ਼ਰੀਬ ਨਿਮਾਣੇ ਲਏ ਚੁਣ, ਚਾਰੋਂ ਕੁੰਟ ਦਏ ਵਡਿਆਈਆ । ਉਸ ਦਾ ਕੌਣ ਜਾਣੇ ਗੁਣ, ਗੁਣਵੰਤਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਬੀਸ ਬੀਸ ਤੇਰੇ ਛਤਰ ਸੀਸ ਭਗਤਾਂ ਮਿਲਿਆ ਆਪ ਜਗਦੀਸ਼,

੩੯੦ ੧੪

ਬਣ ਦਰਵੇਸ਼ ਸੇਵ ਕਮਾਈਆ । ਦਰਵੇਸ਼ ਬਣ ਕੀ ਤੇਰਾ ਘਟਦਾ, ਭਗਤ ਰਹੇ ਜਣਾਈਆ । ਔਹ ਵੇਖ ਤੇਰਾ ਪ੍ਰੇਮ ਤੀਰ ਲੱਗਦਾ, ਗੁਰਮੁਖ ਮੂਰਛਾ ਰੂਪ ਵਟਾਈਆ । ਔਹ ਵੇਖ ਕਲਜੁਗ ਭਾਂਬੜ ਲੱਗੇ ਅੱਗ ਦਾ, ਦਰ ਦਵਾਰਿਉਂ ਬਾਹਰ ਬੈਠੇ ਰੋਵਣ ਮਾਰਨ ਧਾਹੀਆ । ਖੇਲ ਵੇਖੇ ਸਚ ਦਰ ਪ੍ਰਭ ਦਾ, ਸਾਚਾ ਮੇਲ ਮਿਲਾਈਆ । ਔਹ ਵੇਖੋ ਨੌਂ ਖੰਡ ਸੱਤ ਦੀਪ ਨੱਚਦਾ, ਕਲਜੁਗ ਨਾਚ ਰਿਹਾ ਕਰਾਈਆ । ਇਹ ਖੇਲ ਵੇਖੋ ਸ੍ਰੀ ਭਗਵਾਨ ਕਿਵੇਂ ਰੱਖਦਾ, ਮਿਹਰ ਨਜ਼ਰ ਆਪ ਉਠਾਈਆ । ਔਹ ਵੇਖੋ ਭਠਿਆਲਾ ਤਪਦਾ, ਭੱਠੀ ਅਗਨੀ ਦੇ ਥੱਲੇ ਡਾਹੀਆ । ਔਹ ਵੇਖੋ ਗੁਰਮੁਖ ਟੱਪਦਾ, ਪ੍ਰਭ ਮਿਲਿਆ ਚਾਈਂ ਚਾਈਂਆ । ਔਹ ਵੇਖੋ ਸੰਸਾਰ ਕੂੜ ਕੁੜਿਆਰ ਭਖਦਾ, ਹਰਿ ਕਾ ਨਾਮ ਨਾ ਕੋਇ ਧਿਆਈਆ । ਆਓ ਵੇਖੋ ਭਗਤ ਭਗਵਾਨ ਇਕ ਦੂਜੇ ਦਾ ਜਾਪ ਜਪਦਾ, ਤੂੰ ਮੇਰਾ ਮੈਂ ਤੇਰਾ ਇਕੋ ਢੋਲਾ ਗਾਈਆ । ਏਸੇ ਕਾਰਨ ਕਲਜੁਗ ਅੰਤਮ ਪਤ ਰੱਖਦਾ, ਰੱਖਿਆ ਕਰੇ ਸਭਨੀਂ ਥਾਈਂਆ । ਇਹ ਖੇਲ ਪੁਰਖ ਸਮਰਥ ਦਾ, ਸਰਬ ਘਟ ਰਿਹਾ ਸਮਾਈਆ । ਲੇਖਾ ਚੁੱਕੇ ਤੱਤ ਅੱਠ ਦਾ, ਘਰ ਮੇਲਾ ਸੁਰਤ ਸ਼ਬਦ ਧੀ ਜਵਾਈਆ । ਸੌਹਰੇ ਪੇਕੇ ਆਪੇ ਵਸਦਾ, ਕੰਤ ਕੰਤੂਹਲ ਸਚ ਪੰਘੂੜੇ ਨਾਤਾ ਤੋੜੇ ਨਾਰ ਪਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭਗਤ ਦੁਆਰ ਕਿਵੇਂ ਵਸਾਈਆ । ਕਿਉਂ ਵਸੇ ਮੇਰਾ ਭਗਤ ਦੁਆਰ, ਸ੍ਰੀ ਭਗਵਾਨ ਰਿਹਾ ਜਣਾਈਆ । ਅੰਦਰ ਵੜ ਕੇ ਕਰਾਂ ਪਿਆਰ, ਸੋਈ ਸੁਰਤੀ ਆਪ ਉਠਾਈਆ । ਵਿਚੋਂ ਅੰਮ੍ਰਿਤ ਉਛਾਲਾ ਦੇਵੇ ਮਾਰ, ਨੇਤਰ ਰੋਵਣ ਮਾਰਨ ਧਾਹੀਂਆ । ਗੁਰਮੁਖ ਕਰੇ ਗੁਰ ਪਿਆਰ, ਗੁਰ ਪਿਆਰ ਗੁਰਮੁਖ ਵਿਚ ਡੇਰਾ ਲਾਈਆ । ਆਪੇ ਨਾਰ ਆਪੇ ਭਤਾਰ ਆਪੇ ਕੰਤ ਕੰਤੂਹਲ ਸੇਜ ਸੁਹੰਜਣੀ ਸੋਭਾ ਪਾਈਆ । ਆਪੇ ਗਲਵਕੜੀ ਪਾ ਕਰੇ ਪਿਆਰ, ਪ੍ਰੇਮ ਪ੍ਰੀਤੀ ਇਕ ਵਖਾਈਆ । ਆਪਣੀ ਤੱਕੜੀ ਤੱਕੜ ਤੋਲਣਹਾਰ, ਧੜੀ ਵੱਟਾ ਨਾ ਕੋਇ ਰਖਾਈਆ । ਕਿਉਂ, ਜਿਉਂ ਭੈਣ ਰੱਖੜੀ ਬੰਨ੍ਹੇ ਵਿਚ ਸੰਸਾਰ, ਤਿਉਂ ਨਾਤਾ ਪੁਰਖ ਬਿਧਾਤਾ ਭਗਤਾਂ ਨਾਲ ਰਖਾਈਆ । ਇਹ ਖੇਲ ਨਹੀਂ ਸ਼ਤਰੰਜ ਸ਼ੱਤਰੀ, ਨਰਦ ਪੁੱਠੀ ਸਿਧੀ ਨਾ ਕੋਇ ਵਖਾਈਆ । ਇਹ ਤਲਵਾਰ ਨਹੀਂ ਕਿਸੇ , ਬ੍ਰਹਿਮਣ ਸ਼ੂਦਰ ਵੈਸ਼ ਨਾ ਹੱਥ ਉਠਾਈਆ । ਇਹ ਖੰਡਾ ਸਰਬ ਸਰਬਤਰੀ, ਸਰਬੰਗ ਸੂਰਾ ਰਿਹਾ ਚਮਕਾਈਆ । ਕਿਸੇ ਭੇਵ ਨਾ ਪਾਇਆ ਖੋਲ੍ਹ ਕੇ ਪਤਰੀ, ਪਤਾ ਦੱਸਿਆ ਨਾ ਸੱਚੇ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚਾ ਵਰ, ਭਗਤਨ ਭਗਵਨ ਮੇਲ ਮਿਲਾਈਆ । ਬੀਸ ਬੀਸਾ ਕਹੇ ਵੇਖ ਮੇਰਾ ਵਸਾਖ, ਵਾਸਤਾ ਤੇਰੇ ਅੱਗੇ ਪਾਈਆ । ਬੇਪਰਵਾਹ ਉਠ ਕੇ ਝਾਕ, ਸੰਗਤ ਤੇਰਾ ਰਾਹ ਤਕਾਈਆ । ਕੀ ਅੱਜ ਪਹਿਲੀ ਵਸਾਖ ਖੋਲ੍ਹਿਆ ਤਾਕ, ਫੇਰ ਬੰਦ ਦੇਵੇਂ ਕਰਾਈਆ । ਨਹੀਂ ਇਹ ਗੋਬਿੰਦ ਦਾ ਭਵਿਖਤ ਵਾਕ, ਸੋ ਲੇਖਾ ਪੂਰ ਕਰਾਈਆ । ਸ੍ਰੀ ਭਗਵਾਨ ਬਣ ਕੇ ਸਾਕ, ਸੱਜਣ ਆਪਣੇ ਘਰ ਲੰਘਾਈਆ । ਪੁੱਤ ਧੀ ਨਾ ਕੋਈ ਜ਼ਾਤ, ਪਾਤ ਵੰਡ ਨਾ ਕੋਇ ਵੰਡਾਈਆ । ਜਿਸ ਨੇ ਚਰਨ ਧੂੜੀ ਮਸਤਕ ਲਾਈ ਖ਼ਾਕ, ਏਥੇ ਤਿਸ ਦਏ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਵੇਖੋ ਭਗਤਾਂ ਮਿਲੀ ਨਜ਼ਾਤ, ਪਰਵਰਦਿਗਾਰ ਸਿਰ ਆਪਣਾ ਹੱਥ ਟਿਕਾਈਆ । ਅੰਦਰ ਵੜ ਕੇ ਇਕ ਦੂਜੇ ਨਾਲ ਕਰਨ ਬਾਤ, ਨਵਾਂ ਦੁਆਰਿਆਂ ਵਿਚੋਂ ਇਕ ਦੂਜੇ ਨੂੰ ਹੌਲੀ ਹੌਲੀ ਸਮਝਾਈਆ । ਬਿਨ ਚੰਦੋਂ ਬਿਨ ਚਾਂਦੋਂ ਬਿਨ ਸੂਰਯੋਂ ਬਿਨ ਸੂਰਜੋਂ ਬਿਨ ਘੜੀ ਬਿਨ ਵੇਲਿਉਂ ਬਿਨ ਵਕਤੋਂ ਇਕ ਪਰਭਾਤ, ਪ੍ਰਭੂ ਆਪਣਾ ਰੰਗ ਵਖਾਈਆ । ਦਰੋਹੀ ਖ਼ੁਦਾ ਦੀ ਪੀਰਾਂ ਦੇ ਪੀਰ ਦੀ ਨਬੀਆਂ ਦਾ ਨਬੀ ਜਿਸ ਦੀ

ਪੜ੍ਹਦੇ ਰਹੇ ਨਿਮਾਜ਼, ਸੋ ਕਲਮਾ ਆਪ ਜਣਾਈਆ । ਜਿਸ ਦਾ ਰੋਜ਼ੇ ਹਸ਼ਰ ਮੰਗਦੇ ਰਹੇ ਆਬੇ ਹਯਾਤ, ਸੋ ਮੁਖ਼ਤਸਰ ਆਪਣਾ ਹਾਲ ਜਣਾਈਆ । ਜਿਸ ਦੀ ਸਿਫ਼ਤ ਲਿਖਦੇ ਰਹੇ ਕਾਗ਼ਜ਼ਾਤ, ਕਾਤਬ ਲੇਖਾ ਨਾਲ ਸ਼ਾਹੀਆ । ਸੋ ਵੇਖਣਹਾਰਾ ਬਾਗ਼ ਬਾਗ਼ਾਤ, ਬਗ਼ਲਗੀਰ ਬੇਪਰਵਾਹੀਆ । ਜਿਸ ਦੀ ਕੋਈ ਨਾ ਝੱਲੇ ਤਾਬ, ਸੋ ਮੁਰੀਦ ਮੁਰਸ਼ਦ ਆਫ਼ਤਾਬ ਰਿਹਾ ਚਮਕਾਈਆ । ਜਿਸ ਦਾ ਚਰਨ ਟਿਕਿਆ ਵਿਚ ਰਕਾਬ, ਅਹਿਬਾਬ ਰਬਾਬ ਆਪਣੇ ਨਾਮ ਵਜਾਈਆ । ਇਹਨੂੰ ਨਾ ਪੁੰਨ ਨਾ ਸਵਾਬ, ਦੁੱਖ ਸੁਖ ਨਾ ਕੋਇ ਵਡਿਆਈਆ । ਨਾ ਮੱਕਾ ਨਾ ਕਾਅਬ, ਹੁਜਰਾ ਹੱਜ ਕਰਾਈਆ । ਜਿਸ ਇਕ ਵਾਰ ਚਰਨਾਂ ਉਤੇ ਕੀਤਾ ਆਦਾਬ, ਦੋਜ਼ਖ਼ ਬਹਿਸ਼ਤ ਦੋਹਾਂ ਤੋਂ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਦੇਵਣਹਾਰ ਵਡਿਆਈਆ । ਮੇਰੇ ਭਗਤ ਕਿਥੇ ਵਸਣਗੇ । ਗੁਰੂਆਂ ਅਵਤਾਰਾਂ ਕੀ ਦੱਸਣ ਦੱਸਣਗੇ । ਵਿਸ਼ਨ ਬ੍ਰਹਮਾ ਸ਼ਿਵ ਕੀ ਵੇਖ ਹੱਸਣਗੇ । ਦੋ ਜਹਾਨ ਕਿਵੇਂ ਟੱਪਣਗੇ । ਜਿਸ ਵੇਲੇ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਢੋਲਾ ਜਪਣਗੇ । ਉਹ ਢੋਲਾ ਕਿਥੇ ਗੌਣਗੇ । ਕੇਹੜੀ ਬਿਧ ਨਾਲ ਤੈਨੂੰ ਧਿਔਣਗੇ । ਰੁੱਸੇ ਨੂੰ ਫਿਰ ਮਨੌਣਗੇ । ਗ਼ੁਸੇ ਨੂੰ ਜਗਤ ਗਵੌਣਗੇ । ਸੁਤੇ ਨੂੰ ਬਾਹਰ ਕਢੌਣਗੇ । ਆਪਣੀ ਰੁੱਤੜੀ ਰੁੱਤੇ ਸੁਹੌਣਗੇ । ਭਾਗ ਸੁੱਤੇ ਫਿਰ ਉਠੌਣਗੇ । ਜੀਂਵਦਿਆਂ ਮਰ ਕੇ ਮੁੱਕੇ, ਮਰ ਮੁੱਕੇ ਫੇਰ ਆਪਣਾ ਨਾਮ ਉਪਜੌਣਗੇ । ਜੋ ਕਲਜੁਗ ਬੂਟੇ ਸੁੱਕੇ, ਤੇਰੇ ਪ੍ਰੇਮ ਪਿਆਰ ਨਾਲ ਹਰੇ ਕਰੌਣਗੇ । ਉਹ ਬਣ ਕੇ ਸੱਚੇ ਸੁੱਚੇ, ਪ੍ਰਭ ਦਰਸ਼ਨ ਤੇਰਾ ਪੌਣਗੇ । ਸੱਚੇ ਸੁੱਚੇ ਕਿਵੇਂ ਬਣਨਗੇ । ਦਰਸ਼ਨ ਸਾਹਿਬ ਤੇਰਾ ਕਿਵੇਂ ਕਰਨਗੇ । ਦੱਸ ਜੀਂਵਦਿਆਂ ਕਿਵੇਂ ਮਰਨਗੇ । ਬਿਨ ਅਗਨੀਉਂ ਕਿਵੇਂ ਸੜਨਗੇ । ਬਿਨ ਪੌੜੀਉਂ ਕਿਵੇਂ ਚੜ੍ਹਨਗੇ । ਸ੍ਰੀ ਭਗਵਾਨ ਕਹੇ ਜੋ ਸੋਹੰ ਢੋਲਾ ਪੜ੍ਹਨਗੇ । ਸੋ ਮੇਰਾ ਦਰਸ਼ਨ ਕਰਨਗੇ । ਜਿਸ ਵੇਲੇ ਸੋਹੰ ਗਾਵਣਗੇ । ਲੋਕਾਂ ਤੋਂ ਸ਼ਰਮਾਵਣਗੇ । ਹੌਲੀ ਹੌਲੀ ਜ਼ਬਾਨ ਦਬਾਵਣਗੇ । ਏਧਰ ਓਧਰ ਵੇਖ ਕੇ ਫੇਰ ਨਾਮ ਧਿਆਵਣਗੇ । ਜੇ ਕੋਈ ਵੇਖੇ ਮੂੰਹ ਉਤੇ ਪਰਦਾ ਪਾਵਣਗੇ । ਜੇ ਤੂੰ ਆਵੇਂ ਸਾਨੂੰ ਚੇਤੇ, ਬਿਨ ਪੋਥੀਉਂ ਕਹਿ ਸੁਣਾਵਣਗੇ । ਪ੍ਰਭ ਜਿੰਨਾਂ ਨੇ ਤੇਰੇ ਨਾਮ ਦੇ ਅੱਡੋ ਅੱਡੀ ਲੈ ਲਏ ਠੇਕੇ, ਉਨ੍ਹਾਂ ਠੇਕੇਦਾਰਾਂ ਅਸੀਂ ਘੇਰਾ ਉਠਾਵਾਂਗੇ । ਸ੍ਰੀ ਭਗਵਾਨ ਕਹੇ ਓ ਗੁਰਮੁਖੋ ਭਗਤੋ ਸੰਤੋ ਜਿਨ੍ਹਾਂ ਛੱਡੇ ਪੇਕੇ, ਕੰਤ ਖ਼ੁਸ਼ੀਆਂ ਨਾਲ ਹੰਢਾਵਣਗੇ । ਜਿਸ ਦੇ ਹੱਥ ਵਿਚ ਸਾਡੇ ਲੇਖੇ, ਕਿਉਂ ਉਸ ਤੋਂ ਮੁਖ ਛੁਪਾਵਾਂਗੇ । ਜੇ ਕੋਈ ਕਹੇ ਮਿਟੇ ਭਰਮ ਭੁਲੇਖੇ, ਸ਼ੁਕਰ ਸ਼ੁਕਰ ਮਨਾਵਾਂਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਸਦ ਤੇਰੇ ਹੀ ਅਖਵਾਵਾਂਗੇ । ਜੇ ਮੇਰੇ ਅਖਵਾਓਗੇ । ਮੋਕਸ਼ ਮੁਕਤੀ ਜੁਗਤੀ ਭਗਤੀ ਭੁਗਤੀ, ਆਪਣੇ ਚਰਨਾਂ ਹੇਠ ਰਖਾਓਗੇ । ਜੋਤ ਜਗਦੀ ਘਰ ਆਪਣੇ ਦਰਸ਼ਨ ਪਾਓਗੇ । ਜਿਸ ਵੇਲੇ ਪ੍ਰੀਤ ਲੱਗਦੀ, ਸੋ ਪ੍ਰੀਤੀ ਵੇਲਾ ਵਕਤ ਸੁਹਾਓਗੇ । ਇਹ ਖੇਲ ਪੁਰਖ ਸਮਰਥ ਦੀ, ਬਿਨ ਪੜ੍ਹਿਆਂ ਬਿਨ ਗਾਨ ਇਕ ਚਰਨ ਧਿਆਨ ਲਗਾਇਆਂ ਸਚਖੰਡ ਸਾਚਾ ਪਾਓਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਘਰ ਸਾਚੇ ਬਹਿ ਕੇ ਖ਼ੁਸ਼ੀ ਮਨਾਓਗੇ । ਤੇਰੇ ਘਰ ਕਿਵੇਂ ਬਹਿਣਾ, ਸਾਨੂੰ ਖ਼ਬਰ ਕੋਈ ਨਾ ਰਾਈਆ । ਸ੍ਰੀ ਭਗਵਾਨ ਕਹੇ ਪਹਿਲੋਂ ਮੰਨਣਾ ਕਹਿਣਾ, ਚਲਣਾ ਹੁਕਮ ਰਜ਼ਾਈਆ । ਹਰਿ ਸੰਗਤ ਸੱਜਣ ਸਾਕ ਮਾਈ ਭਾਈ ਭੈਣਾਂ, ਪੁੱਤਰ ਧੀ ਇਕ ਕੁੜਮਾਈਆ । ਪ੍ਰੇਮ ਪਿਆਰ ਅੰਦਰ ਵਿਚ ਰਹਿਣਾ, ਹਰਖ ਸੋਗ ਨਾ ਕੋਇ ਲੜਾਈਆ । ਇਕੱਠਿਆਂ ਹੋ ਕੇ ਘਰ ਇਕੋ ਰਹਿਣਾ, ਰਹਿਣੀ ਸਤਿਗੁਰ ਦਏ ਬਣਾਈਆ । ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਘਰ ਸਾਚੇ ਲਏ ਮਿਲਾਈਆ । ਪ੍ਰਭੂ ਤੇਰੇ ਘਰ ਦਾ ਕਿਹੜਾ ਰਾਹ, ਗਲੀ ਕੂਚਾ ਨਜ਼ਰ ਕੋਈ ਨਾ ਆਈਆ । ਜਿਧਰ ਵੇਖੀਏ ਮਜ਼੍ਹਬਾਂ ਵਿਚ ਲੱਗਦੇ ਦਾਅ, ਤੇਰਾ ਪੱਲੂ ਨਾ ਕੋਇ ਫੜਾਈਆ । ਅਸੀਂ ਨਹੀਂ ਖਾਣਾ ਤੇਰਾ ਵਸਾਹ, ਜਿੰਨਾਂ ਚਿਰ ਘਰ ਆ ਕੇ ਦਰਸ ਨਾ ਦੇਵੇਂ ਦਿਖਾਈਆ । ਮਨਾਂਗੇ ਫੇਰ ਜੇ ਰਾਤੀਂ ਸੁਤਿਆਂ ਆਪਣਿਆਂ ਫੜ ਕੇ ਬਾਂਹ, ਫੜ ਬਾਂਹ ਗਲੇ ਲਗਾਈਆ । ਫੇਰ ਸਾਡੇ ਮੁਖ ਵਿਚੋਂ ਨਿਕਲੇ ਤੇਰਾ ਨਾਂ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਤੇਰੀ ਵਡਿਆਈਆ । ਤੂੰ ਅੱਗੋਂ ਕਹੇਂ ਹਾਂ ਹਾਂ, ਹੂੰ ਨਾ ਕੋਈ ਹੋਰ ਵਖਾਈਆ । ਵੇਖੀਂ ਭਗਵਾਨ ਬਣ ਕੇ ਨਾ ਕਰੀਂ ਨਾ, ਨਹੀਂ ਤੇਰੇ ਭਗਤ ਤੇਰੇ ਗਲ ਵਿਚ ਰੱਸਾ ਲੈਣ ਪਾਈਆ । ਜੇ ਭੱਜੇਂ ਲੁਕੇਂ ਭਗਤ ਦੁਆਰੇ ਲਏਂ ਫਾਹ, ਉਹ ਸੂਲੀ ਚਾਰ ਮੰਜ਼ਲ ਦਿਤੀ ਵਖਾਈਆ । ਕਿਉਂ ਤੂੰ ਇਸ ਦੇ ਉਤੇ ਚੜ੍ਹ ਕੇ ਸਾਫ਼ ਦਿਤਾ ਸੁਣਾ, ਮੈਂ ਤੁਹਾਡਾ ਤੁਸੀਂ ਮੇਰੇ ਦੂਜਾ ਹੋਰ ਕੋਈ ਨਜ਼ਰ ਨਾ ਆਈਆ । ਅਸੀਂ ਹੋਰ ਕੋਈ ਨਹੀਂ ਰੱਖਣਾ ਗਵਾਹ, ਗਵਾਹੀ ਕੰਮ ਕਿਸੇ ਨਾ ਆਈਆ । ਜੇ ਤੂੰ ਸਾਹਿਬ ਸਾਡਾ ਬੇਪਰਵਾਹ, ਅਸੀਂ ਵੀ ਬੇਪਰਵਾਹ ਆਪਣਾ ਨਾਮ ਧਰਾਈਆ । ਜੇ ਤੂੰ ਆਖੇਂ ਮੈਂ ਖ਼ੁਦਾ, ਤੇਰੀ ਖ਼ੁਦੀ ਦੇਣੀ ਮਿਟਾਈਆ । ਜੇ ਤੂੰ ਸਾਡਾ ਮੇਲ ਲਏਂ ਮਿਲਾ, ਅਸੀਂ ਤੇਰੇ ਢੋਲੇ ਗਾਈਏ ਚਾਈਂ ਚਾਈਆ । ਸ੍ਰੀ ਭਗਵਾਨ ਸਾਡੇ ਬਿਨਾਂ ਤੇਰਾ ਕੋਈ ਨਾ ਜਪੇ ਨਾਂ, ਜਿਧਰ ਵੇਖੇਂ ਤੇਰੇ ਪਿਛੇ ਡਾਗਾਂ ਸੋਟੇ ਲੈ ਕੇ ਭੱਜਣ ਵਾਹੋ ਦਾਹੀਆ । ਤੂੰ ਤੇ ਬਣਿਆ ਰਿਹੋਂ ਨਿਮਾਣੀ ਗਾਂ, ਜੰਗਲ ਬੇਲੇ ਚਰ ਕੇ ਸਾਧਾਂ ਸੰਤਾਂ ਨਾਲ ਝੱਟ ਲੰਘਾਈਆ । ਤੈਨੂੰ ਅੰਦਰ ਵੜ ਵੜ ਕੇ ਰਹੇ ਧਿਆ, ਅੱਖਾਂ ਵਿਚ ਉਂਗਲੀਆਂ ਪਾ, ਕੰਨਾਂ ਵਿਚ ਸੁਣਾ, ਸੁਣ ਤੂੰ ਸਾਫ਼ ਨਜ਼ਰ ਕਿਸੇ ਨਾ ਆਈਆ । ਅਸੀਂ ਸਾਫ਼ ਦਿਤਾ ਤੈਨੂੰ ਸੁਣਾ, ਜਿੰਨਾਂ ਚਿਰ ਸਾਡੇ ਕੋਲ ਨਾ ਜਾਵੇਂ ਆ, ਆਪਣਾ ਦਰਸ ਨਾ ਦਏਂ ਵਖਾ, ਸਾਡੀ ਤੇਰੀ ਕੋਈ ਨਹੀਂ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਘਰ ਸਾਚੇ ਵੱਜੇ ਵਧਾਈਆ । ਜਨ ਭਗਤੋ ਨਾ ਮਾਰੋ ਠੋਕਰ, ਤੁਹਾਡਾ ਦੁੱਖ ਝੱਲਿਆ ਨਾ ਜਾਈਆ । ਮੈਥੋਂ ਸੌਦਾ ਲਓ ਰੋਕੜ, ਰੋਕ ਹੱਥ ਉਤੇ ਟਿਕਾਈਆ । ਜੇ ਤੁਹਾਡੇ ਉਤੇ ਆਏ ਔਕੜ, ਮੈਂ ਹੋਵਾਂ ਸਦਾ ਸਹਾਈਆ । ਮੈਂ ਬੜਾ ਵੱਡਾ ਭੋਖੜ, ਤੁਹਾਡੇ ਮਿਲਣ ਦੀ ਭੁੱਖ ਵਧਾਈਆ । ਮੈਂ ਬੜਾ ਵੱਡਾ ਪਛੋਕੜ, ਜੋ ਪਿਛੇ ਰਹਿ ਗਏ ਤਿਨ੍ਹਾਂ ਅੱਗੇ ਲਵਾਂ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਸ੍ਰੀ ਭਗਵਾਨ ਅਸੀਂ ਸੁਣਿਆ ਤੂੰ ਦੇਵੇਂ ਲਾਰਾ, ਲਾਰੇ ਲੱਪੇ ਵਿਚ ਝੱਟ ਲੰਘਾਈਆ । ਬੀਸ ਬੀਸਾ ਗੁਰ ਅਵਤਾਰ ਦਿਤਾ ਇਸ਼ਾਰਾ, ਆਪਣਾ ਇਸ਼ਾਰਾ ਨਾ ਕਿਸੇ ਸਮਝਾਈਆ । ਜੇ ਤੈਨੂੰ ਪੁੱਛਣ ਸਚ ਤੂੰ ਵਿਆਹਿਆ ਕਿ ਕਵਾਰਾ, ਤੂੰ ਕੋਰਾ ਜਵਾਬ ਦਿਤਾ ਸੁਣਾਈਆ । ਜਿਸ ਵੇਲੇ ਮੇਰੇ ਨਾਲ ਪਵੇਗਾ ਛੁਹਾਰਾ, ਫੇਰ ਅਗਲੀ ਦੱਸਾਂ ਕੁੜਮਾਈਆ । ਵਿਆਹ ਵੇਲੇ ਕੋਈ ਨਾ ਰੱਖਾਂ ਗੁਰਦੁਆਰਾ, ਵੇਦੀ ਪਾਠ ਹਵਨ ਨਾ ਕੋਇ ਕਰਾਈਆ । ਪ੍ਰੇਮ ਪ੍ਰੀਤੀ ਕਰ ਪਿਆਰਾ, ਪਿਆਰ ਪਿਆਰ ਨਾਲ ਵਿਆਹੀਆ । ਸੋ ਕਾਜ ਕਰੇ ਕਰਤਾਰਾ, ਜਿਸ ਦੀ ਲਾਂਵ ਕਦੇ ਨਾ ਕਿਸੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਮੇਲਾ ਸਹਿਜ ਸੁਭਾਈਆ । ਪ੍ਰਭ ਤੈਨੂੰ ਮਿਲ ਕੇ ਕੀ ਕੁੱਛ ਲੱਭੇ, ਸਾਡੀ ਸਮਝ ਵਿਚ ਨਾ ਆਈਆ । ਜਿਨ੍ਹਾਂ ਤੇਰੇ ਨਾਲ ਪ੍ਰੇਮ ਕੀਤਾ ਸੋ ਕਲਜੁਗ ਮਾਇਆ ਕੂੜੀ ਕਿਰਿਆ ਏਨ੍ਹਾਂ ਹੇਠਾਂ ਦੱਬੇ, ਰਾਜ ਰਾਜਾਨ ਦੇਣ ਸਜਾਈਆ । ਦੁੱਖ ਝੱਲਦੇ ਵੇਖੇ ਹੱਬੇ, ਸੁਖ ਨਜ਼ਰ ਕਿਸੇ ਨਾ ਆਈਆ । ਏਸੇ ਕਰ ਕੇ

ਤੇਰੇ ਮਿਲਣ ਦੇ ਖਹਿੜੇ ਛੱਡੇ, ਚੰਗੀ ਲੱਗੇ ਜੁਦਾਈਆ । ਜੇ ਤੇਰੇ ਪਿਛੇ ਟੁੱਟਣ ਹੱਡੇ, ਖੱਲ ਖੱਲੜੀ ਲਾਹਵਣ ਬਣ ਕਸਾਈਆ । ਏਸ ਮਿਲਣ ਨਾਲੋਂ ਰੰਡੇ ਚੰਗੇ, ਸੇਜ ਸੁਹੰਜਣੀ ਨਾ ਕੋਇ ਵਡਿਆਈਆ । ਜਿੰਨਾਂ ਚਿਰ ਆਪਣੀ ਪਿਛਲੀ ਰੀਤੀ ਨਾ ਛੱਡੇਂ, ਓਨਾਂ ਚਿਰ ਤੇਰੇ ਦਰ ਨਹੀਂ ਔਣਾ ਚਾਈਂ ਚਾਈਂਆ । ਸ੍ਰੀ ਭਗਵਾਨ ਵਾਸਤਾ ਕੱਢੇ, ਅੱਗੋਂ ਬੋਲ ਕੇ ਰਿਹਾ ਸੁਣਾਈਆ । ਮੈਂ ਪਿਛਲੇ ਖਹਿੜੇ ਛੱਡੇ, ਛੱਡੀ ਸਰਬ ਲੋਕਾਈਆ । ਜਨ ਭਗਤੋ ਤੁਹਾਡੇ ਦੁਆਰੇ ਆ ਕੇ ਝੰਡੇ ਗੱਡੇ, ਨਿਸ਼ਾਨਾ ਇਕੋ ਇਕ ਵਖਾਈਆ । ਫੜ ਕਟਾਰ ਹੱਥ ਸੱਜੇ, ਸਭਨਾਂ ਰਿਹਾ ਮਿਲਾਈਆ । ਘਰ ਆ ਕੇ ਪਰਦਾ ਕੱਜੇ, ਤੁਹਾਡੀ ਖੇਚਲ ਨਾ ਕੋਇ ਕਰਾਈਆ । ਰਾਤੀਂ ਸੁਤਿਆਂ ਪਿਛੇ ਭੱਜੇ, ਫਿਰੇ ਵਾਹੋ ਦਾਹੀਆ । ਤੁਹਾਡਾ ਦਰਸ ਕਰ ਨਾ ਰੱਜੇ, ਭੁੱਖ ਆਪਣੀ ਨਾ ਸਕੇ ਮਿਟਾਈਆ । ਤੁਸੀਂ ਕਰਾਓ ਸਾਚਾ ਹੱਜੇ, ਹਾਜੀ ਬਣਿਆ ਬੇਪਰਵਾਹੀਆ । ਜਿਸ ਮਦੀਨੇ ਮੱਕੇ ਤਜੇ, ਤਲਬ ਦੀਦਾਰ ਇਕ ਰਖਾਈਆ । ਦਰ ਦੁਆਰੇ ਆਓ ਭੱਜੇ, ਭੱਜ ਭੱਜ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਲ ਕੇ ਮੇਲ ਲਏ ਮਿਲਾਈਆ । ਜੇ ਮਿਲੀਏ ਕੀ ਦੇਵੇਂਗਾ, ਦੱਸ ਸਾਹਿਬ ਸੱਚੇ ਸੁਲਤਾਨ । ਨਾ ਮਿਲੀਏ ਕੀ ਲਵੇਂਗਾ, ਬਣ ਮਰਦ ਮਰਦਾਨ । ਜੇ ਮਿਲੋਗੇ ਤਾਂ ਜੀਵਾਂਗਾ, ਜਗ ਜੀਵਣ ਜਗਤ ਜਹਾਨ । ਨਾ ਮਿਲੋਗੇ ਤੇ ਮਰਨੀ ਥੀਵਾਂਗਾ, ਮਿਰਤੂ ਮਿਰਤਕ ਲੋਥ ਵਖਾਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭਗਤੋ ਭਗਤਾਂ ਦਾ ਭਗਵਾਨ । ਕੀ ਤੂੰ ਭਗਤਾਂ ਦਾ ਭਗਵਾਨ, ਸਚ ਦੱਸ ਕੀ ਤੇਰੀ ਵਡਿਆਈਆ । ਭਗਤੋ ਨਹੀਂ ਮੈਂ ਨਿਮਾਣਿਆਂ ਦਾ ਮਾਣ, ਨਿਆਸਰਿਆਂ ਆਸਰਾ ਇਕ ਵਖਾਈਆ । ਪਹਿਲੋਂ ਕਰਾਂ ਆਪ ਪਹਿਚਾਨ, ਫਿਰ ਆਪਣਾ ਭੇਵ ਖੁਲ੍ਹਾਈਆ । ਫਿਰ ਬਣ ਕੇ ਦਰ ਦਰਬਾਨ, ਘਰ ਸਾਚੇ ਸੇਵ ਕਮਾਈਆ । ਮੈਨੂੰ ਨਹੀਂ ਕੋਈ ਹਾਣ, ਲੋਕ ਲਾਜ ਕੋਇ ਨਾ ਭਾਈਆ । ਗੁਰਮੁਖ ਮੇਰੇ ਬਾਲ ਅਵਾਣ, ਮੈਂ ਰਾਖਾ ਸਚ ਅਖਵਾਈਆ । ਏਸੇ ਕਰ ਕੇ ਕਹਿਣ ਵਿਸ਼ਨੂੰ ਭਗਵਾਨ, ਪ੍ਰਿਤਪਾਲਕ ਹੋ ਕੇ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਤਨ ਮੇਲਾ ਸਚ ਮਕਾਨ, ਸਚ ਮਕਾਨ ਹੱਕ ਮੁਕਾਮ ਬਣ ਅਮਾਮ, ਲੇਖਾ ਚੁੱਕੇ ਤਮਾਮ, ਤਮਾਂ ਕੋਇ ਰਹਿਣ ਨਾ ਪਾਈਆ ।

ਪ੍ਰਭ ਬਾਹਰੋਂ ਅੰਦਰ ਜਾਏਗਾ । ਪੰਜ ਪਿਆਰੇ ਨਾਲ ਰਲਾਏਗਾ । ਸਚ ਦੁਲਾਰੇ ਫੇਰ ਉਠਾਏਗਾ । ਆਏ ਦੁਆਰੇ ਪਾਰ ਕਰਾਏਗਾ । ਜੋ ਰਹੇ ਕੁਆਰੇ, ਇਕੋ ਵਾਰ ਵਿਆਹੇਗਾ । ਦੇ ਨਾਮ ਅਧਾਰੇ, ਪਿਆਰ ਪਾਏਗਾ । ਵੇਖ ਸਚ ਦਰਬਾਰੇ, ਖ਼ੁਸ਼ੀ ਮਨਾਏਗਾ । ਅੰਦਰ ਸਿੰਘਾਸਣ ਵਾਜਾਂ ਮਾਰੇ, ਮੇਰੀ ਸ਼ਾਨ ਕੌਣ ਵਧਾਏਗਾ । ਦੋਏ ਜੋੜ ਕੱਢੇ ਹਾੜੇ, ਹੌਕਾ ਇਕੋ ਭਰ ਵਖਾਏਗਾ । ਬਾਹਰ ਬੈਠੇ ਸਾਚੇ ਲਾੜੇ, ਦਰਬਾਨ ਦਰ ਤੇ ਸੋਭਾ ਪਾਏਗਾ । ਕਿਰਪਾ ਕਰੇ ਆਪ ਕਰਤਾਰੇ, ਆਪਣੀ ਕਰਨੀ ਕਾਰ ਕਮਾਏਗਾ । ਚਲ ਚਲੇ ਉਠ ਸੱਚੀ ਰਫ਼ਤਾਰੇ, ਆਹਿਸਤਾ ਆਹਿਸਤਾ ਪੰਧ ਮੁਕਾਏਗਾ । ਗੁਰਮੁਖੋ ਸਾਧ ਸੰਤ ਕਰਨੇ ਨਹੀਂ ਟੱਟੂ ਭਾੜੇ, ਸ਼ਬਦ ਗੁਰੂ ਇਕੋ ਇਕ ਵਖਾਏਗਾ । ਕੋਈ ਲੱਭਣ ਨਾ ਜਾਇਓ ਵਿਚ ਉਜਾੜੇ, ਜੰਗਲ ਹੱਥ ਕਿਸੇ ਨਾ ਆਏਗਾ । ਤਨ ਪਾਣੀ ਕੋਈ ਨਾ ਠਾਰੇ, ਅਠਸਠ ਮੈਲ ਨਾ ਕੋਇ ਗਵਾਏਗਾ । ਜੋਗ ਅਭਿਆਸ ਨਾ ਕੋਇ ਵਿਚਾਰੇ, ਸੁਨ

੩੯੩
੧੪

ਸਮਾਧ ਨਾ ਕੋਇ ਸਮਾਏਗਾ । ਧੂਣੀ ਤਾਅ ਨਾ ਕਦੇ ਸਾੜੇ, ਅੱਖੀਂ ਮੀਟ ਨਾ ਕੋਇ ਵਖਾਏਗਾ । ਕਿਸੇ ਲੱਭੇ ਨਾ ਜਗਤ ਦੁਆਰੇ, ਮੱਠ ਖੋਲ੍ਹ ਨਾ ਕੋਇ ਵਖਾਏਗਾ । ਵਿਸ਼ਨ ਬ੍ਰਹਮਾ ਸ਼ਿਵ ਅੱਗੇ ਕੋਈ ਨਾ ਕੱਢੇ ਹਾੜੇ, ਤਿੰਨਾਂ ਕਰ ਨਾ ਕੋਈ ਵਖਾਏਗਾ । ਸਰੋਵਰਾਂ ਵਿਚੋਂ ਕੋਈ ਨਾ ਕੱਢੇ ਗਾਰੇ, ਮਿਟੀ ਰੇਤ ਨਾ ਕੋਇ ਤਰਾਏਗਾ । ਸਿਲ ਪੂਜਾ ਨਾ ਕੋਇ ਪੁਜਾਰੇ, ਗਣਪਤ ਗਣੇਸ਼ ਨਾ ਕੋਇ ਮਨਾਏਗਾ । ਬਾਹਮਣ ਦੇਵੇ ਨਾ ਕੋਈ ਵਾੜੇ, ਪੁੰਨ ਦਾਨ ਨਾ ਕੋਇ ਤਰਾਏਗਾ । ਇਕ ਪ੍ਰਭ ਸਾਚੇ ਦਾ ਕਰੋ ਦੀਦਾਰੇ, ਜਿਸ ਮਿਲਿਆਂ ਅੱਗੇ ਫੇਰ ਨਾ ਕੋਇ ਸਤਾਏਗ । ਦੋ ਜਹਾਨ ਕਰੋ ਬਹਾਰੇ, ਗੁਲਸ਼ਨ ਇਕੋ ਇਕ ਵਖਾਏਗਾ । ਚਮਕਣ ਸਚ ਸੱਚੇ ਪ੍ਰੇਮ ਸਤਾਰੇ, ਨੂਰੋ ਨੂਰ ਡਗਮਗਾਏਗਾ । ਦੋ ਜਹਾਨ ਬਣਨ ਪਨਹਾਰੇ, ਲੋਕ ਪਰਲੋਕ ਸੇਵ ਕਮਾਏਗਾ । ਗੋਪੀ ਕਾਹਨ ਨੱਚਣ ਅਖਾੜੇ, ਸਾਚੀ ਸੇਵਾ ਇਕ ਜਣਾਏਗਾ । ਜੋ ਚਲ ਆਏ ਦਰਬਾਰੇ, ਦਰਗਹਿ ਸਾਚੀ ਧਾਮ ਵਖਾਏਗਾ । ਅੱਗੇ ਉਤਰੇ ਪਾਰ ਕਿਨਾਰੇ, ਅੱਧਵਿਚਕਾਰ ਨਾ ਕੋਇ ਅਟਕਾਏਗਾ । ਸਾਢੇ ਤਿੰਨ ਹੱਥ ਮਨਾਰਾ ਵਾਜਾਂ ਮਾਰੇ, ਆਓ ਸਿਖੋ ਹਰਿ ਸਤਿਗੁਰ ਮੇਲ ਮਿਲਾਏਗਾ । ਗ਼ਰੀਬ ਨਿਮਾਣਿਆਂ ਕਰੇ ਪਿਆਰੇ, ਪ੍ਰੇਮ ਪ੍ਰੀਤੀ ਜੋੜ ਜੁੜਾਏਗਾ । ਫੜ ਕੇ ਘੋੜੀ ਸਾਚੀ ਚਾੜ੍ਹੇ, ਸਿਰ ਸਿਹਰਾ ਸੀਸ ਪਹਿਨਾਏਗਾ । ਪਾਣੀ ਇਕੋ ਵਾਰ ਵਾਰੇ, ਸਗਨ ਸਾਚੇ ਘਰ ਵਖਾਏਗਾ । ਰਖਿਆ ਕਰੇ ਅੰਦਰ ਬਾਹਰੇ, ਬੇਪਰਵਾਹ ਆਸਣ ਲਾਏਗਾ । ਦੇਵੇ ਨਾਮ ਸਚ ਨਜ਼ਾਰੇ, ਨਜ਼ਰ ਇਕੋ ਵਾਰ ਬਦਲਾਏਗਾ । ਨਾਲ ਰੱਖੇ ਪੰਚ ਪਿਆਰੇ, ਪ੍ਰਭ ਪੰਚ ਜੋੜ ਜੁੜਾਏਗਾ । ਫੜ ਕੇ ਸੰਗਤ ਸਾਰੀ ਤਾਰੇ, ਬਚਿਆ ਕੋਈ ਰਹਿਣ ਨਾ ਪਾਏਗਾ । ਕਰੇ ਖੇਲ ਅਗੰਮ ਅਪਾਰੇ, ਹਰਿ ਕਰਨੀ ਕਾਰ ਕਮਾਏਗਾ । ਸੱਥਰ ਵੇਖੋ ਸਾਚੇ ਯਾਰੇ, ਯਾਰੀ ਯਾਰਾਂ ਨਾਲ ਨਿਭਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਅੰਦਰ ਬਾਹਰ ਵੇਖ ਵਖਾਏਗਾ । ਅੰਦਰ ਬਾਹਰ ਵਸੇ ਮਾਹੀ, ਮਹਿਫ਼ਲ ਆਪਣੀ ਆਪ ਲਗਾਇੰਦਾ । ਆਓ ਵੇਖੋ ਜਾਂਦਾ ਰਾਹੀ, ਰਹਿਬਰ ਇਕੋ ਨਜ਼ਰੀ ਆਇੰਦਾ । ਜਿਸ ਨੇ ਕੱਟੀ ਜਮ ਦੀ ਫਾਹੀ, ਫ਼ੈਸਲਾ ਅੰਤਮ ਪੰਧ ਮੁਕਾਇੰਦਾ । ਜਿਸ ਦੇ ਅੱਗੇ ਦੇਵੇ ਨਾ ਕੋਇ ਗਵਾਹੀ, ਸ਼ਹਾਦਤ ਹੋਰ ਨਾ ਕੋਇ ਰਖਾਇੰਦਾ । ਆਦਿ ਜੁਗਾਦੀ ਸੱਚੀ ਸ਼ਹਿਨਸ਼ਾਹੀ, ਸ਼ਹਿਨਸ਼ਾਹ ਇਕੋ ਇਕ ਅਖਵਾਇੰਦਾ । ਜਿਸ ਨੇ ਗੋਬਿੰਦ ਪਕੜੀ ਬਾਹੀਂ, ਆਪ ਆਪਣਾ ਮੇਲ ਮਿਲਾਇੰਦਾ । ਜਿਸ ਇਕੱਠੇ ਕੀਤੇ ਝੀਵਰ ਛੀਂਬੇ ਨਾਈ, ਗ਼ਰੀਬ ਨਿਮਾਣਿਆਂ ਰੰਗ ਰੰਗਾਇੰਦਾ । ਜਿਸ ਦੀਆਂ ਵੱਡੀਆਂ ਲੰਮੀਆਂ ਬਾਹੀਂ, ਦੋ ਜਹਾਨਾਂ ਇਕੋ ਗੰਢ ਪੁਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਅੰਦਰ ਬਾਹਰ ਆਪਣੀ ਕਾਰ ਕਮਾਇੰਦਾ । ਅੰਦਰ ਬਾਹਰ ਵੇਖੇ ਫਿਰਦਾ, ਫੇਰਾ ਆਪਣਾ ਆਪ ਲਗਾਈਆ । ਭਗਤ ਪ੍ਰੀਤੀ ਕਰਦਾ, ਚਰਨ ਦੇਵੇ ਵਡਿਆਈਆ । ਜਿਸ ਦਾ ਝਿਰਨਾ ਨਿਝਰ ਝਿਰਦਾ, ਬੂੰਦ ਬੂੰਦ ਟਪਕਾਈਆ । ਸ੍ਰੀ ਭਗਵਾਨ ਜਨ ਭਗਤਾਂ ਵੇਖ ਖ਼ੁਸ਼ੀ ਵਿਚ ਖਿੜਦਾ, ਕੁੰਡਾ ਆਪਣਾ ਰਿਹਾ ਲਾਹੀਆ । ਇਹ ਖੇਲ ਸੱਚੇ ਪਿਰ ਦਾ, ਪਾਰਬ੍ਰਹਮ ਵੇਸ ਵਟਾਈਆ । ਇਹ ਉਡੀਕਾਂ ਰੱਖਦਾ ਚਿਰ ਦਾ, ਨੌਂ ਸੌ ਚੁਰਾਨਵੇਂ ਚੌਕੜੀ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਆਓ ਵੇਖੋ ਸ਼ਾਹ ਕੰਗਾਲ, ਕੰਗਾਲੀ ਰੂਪ ਵਖਾਇੰਦਾ । ਨਿਰਗੁਣ ਬਣ ਕੇ ਸਚ ਦਲਾਲ, ਦਰ ਘਰ ਸਾਚੇ ਫੇਰਾ ਪਾਇੰਦਾ । ਦੇਵਣਹਾਰਾ ਹੱਕ ਹਲਾਲ, ਜੋਤੀ ਇਕ ਵਖਾਇੰਦਾ । ਸਾਢੇ ਤਿੰਨ ਹੱਥ ਸੱਚੀ ਧਰਮਸਾਲ,

ਧਰਮ ਦੁਆਰਾ ਇਕ ਪਰਗਟਾਇੰਦਾ । ਲੇਖਾ ਜਾਣੇ ਜੀਵ ਜਹਾਨ, ਜੁਗਤੀ ਆਪਣੀ ਆਪ ਸਮਝਾਇੰਦਾ । ਮਿਲੇ ਮੇਲ ਸ੍ਰੀ ਭਗਵਾਨ, ਸ਼ਾਹ ਪਾਤਸ਼ਾਹ ਆਪਣੇ ਰੰਗ ਰੰਗਾਇੰਦਾ । ਸੁਣੋ ਇਕ ਫ਼ਰਮਾਣ, ਧੁਰ ਫ਼ਰਮਾਣਾ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਦਰ ਬਾਹਰ ਆਪਣੀ ਕਾਰ ਕਮਾਇੰਦਾ । ਅੰਦਰ ਬਾਹਰ ਇਕੋ ਰਾਮ, ਰਹਿਮਤ ਆਪ ਕਮਾਈਆ । ਅੰਦਰ ਬਾਹਰ ਇਕੋ ਸ਼ਾਮ, ਇਕੋ ਰਾਸ ਰਚਾਈਆ । ਅੰਦਰ ਬਾਹਰ ਇਕੋ ਅਮਾਮ, ਨੂਰੋ ਨੂਰ ਕਰੇ ਰੁਸ਼ਨਾਈਆ । ਅੰਦਰ ਬਾਹਰ ਇਕੋ ਗ਼ੁਲਾਮ, ਬਰਦਾ ਰੂਪ ਵਟਾਈਆ । ਅੰਦਰ ਬਾਹਰ ਇਕੋ ਨਿਸ਼ਾਨ, ਸਤਿ ਸਤਿਵਾਦੀ ਆਪ ਝੁਲਾਈਆ । ਅੰਦਰ ਬਾਹਰ ਇਕੋ ਕਲਾਮ, ਕਲਮਾ ਨਬੀ ਰਿਹਾ ਜਣਾਈਆ । ਅੰਦਰ ਬਾਹਰ ਇਕੋ ਨਾਮ, ਨਗ਼ਮਾ ਇਕੋ ਰਾਗ ਅਲਾਈਆ । ਅੰਦਰ ਬਾਹਰ ਇਕੋ ਨਿਸ਼ਾਨ, ਦੋ ਜਹਾਨਾਂ ਰਿਹਾ ਵਖਾਈਆ । ਅੰਦਰ ਬਾਹਰ ਇਕੋ ਮਿਹਬਾਨ, ਮਹਿਬੂਬ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੱਗੇ ਪਿੱਛੇ ਸੇਵ ਕਮਾਈਆ । ਅੱਗੇ ਪਿੱਛੇ ਇਕੋ ਸੇਵਾ, ਸ੍ਰੀ ਭਗਵਾਨ ਆਪ ਜਣਾਇੰਦਾ । ਜਨ ਭਗਤਾਂ ਦੇਵੇ ਅੰਮ੍ਰਿਤ ਮੇਵਾ, ਫਲ ਇਕੋ ਇਕ ਖੁਆਇੰਦਾ । ਪਰਗਟ ਹੋਇਆ ਵਡ ਦੇਵੀ ਦੇਵਾ, ਦੇਵਤ ਸੁਰ ਨਾ ਕੋਇ ਵਖਾਇੰਦਾ । ਜਿਸ ਜਨ ਗਾਇਆ ਰਸਨਾ ਜਿਹਵਾ, ਤਿਸ ਆਪਣਾ ਰੰਗ ਰੰਗਾਇੰਦਾ । ਪਾਰਬ੍ਰਹਮ ਪ੍ਰਭ ਅਲਖ ਅਭੇਵਾ, ਅਲਖ ਜੈਕਾਰਾ ਇਕ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰ ਆਪ ਜਣਾਇੰਦਾ । ਆਓ ਵੇਖੋ ਹਰਿ ਕੀ ਧਾਰ, ਧੁਰਦਰਗਾਹੀ ਆਪ ਜਣਾਇੰਦਾ । ਸੋਹੰ ਸ਼ਬਦ ਪੰਜ ਜੈਕਾਰ, ਪੰਚਮ ਰਾਗ ਮਾਣ ਗਵਾਇੰਦਾ । ਮੇਲ ਮਿਲਾਵਾ ਅੰਤਰ ਬਾਹਰ, ਪ੍ਰਭ ਆਪਣੀ ਕਾਰ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵੀਹ ਸੌ ਵੀਹ ਵੇਖ ਵਸਾਖੀ, ਅੱਜ ਦੀ ਰਾਤ ਨੂੰ ਭਗਤੋ ਤੁਹਾਡੀ ਕਰੇ ਰਾਖੀ, ਅੱਗੇ ਤੁਹਾਨੂੰ ਵਿਸਰ ਕਦੇ ਨਾ ਜਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਸੇਵਾ ਲਾਈ ਸਾਚੀ, ਸਿਦਕ ਸਬੂਰੀ ਨਾਲ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਨਾਰੀ ਨਰ ਨਰਾਇਣ ਕਰੇ ਹੱਕ ਕੁੜਮਾਈਆ ।

## ★ ੨ ਵਸਾਖ ੨੦੨੦ ਬਿਕਰਮੀ ਹਰਿ ਭਗਤ ਦੁਆਰ ਜੇਠੂਵਾਲ ★

ਦੋ ਜਹਾਨ ਸੁਣ ਛੰਦ, ਸੁਣ ਸੁਣ ਖ਼ੁਸ਼ੀ ਮਨਾਈਆ । ਨਿਰਗੁਣ ਚੜ੍ਹਿਆ ਮਾਤ ਚੰਦ, ਸਰਗੁਣ ਬੈਠਾ ਧਿਆਨ ਲਗਾਈਆ । ਆਦਿ ਜੁਗਾਦੀ ਜਿਸ ਦੀ ਵੰਡ, ਜੁਗ ਜੁਗ ਹਿੱਸਾ ਪਾਈਆ । ਹੁਕਮੇ ਅੰਦਰ ਸੂਰਜ ਚੰਦ, ਬ੍ਰਹਿਮੰਡ ਖੰਡ ਭੁਆਈਆ । ਸਿਫ਼ਤ ਸਾਲਾਹੀ ਜਿਹਵਾ ਦੰਦ, ਰਸਨ ਕਰੇ ਵਡਿਆਈਆ । ਬਾਹਰੋਂ ਅੰਦਰ ਜਾਏ ਲੰਘ, ਮਿਹਰ ਨਜ਼ਰ ਉਠਾਈਆ । ਭਾਂਡਾ ਭਰਮ ਭੌ ਢਾਹੇ ਕੰਧ, ਦੂਈ ਦਵੈਤ ਮਿਟਾਈਆ । ਆਤਮ ਪਰਮਾਤਮ ਪਾਵੇ ਠੰਡ, ਸੀਤਲ ਧਾਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਵਖਾਈਆ । ਖੇਲ ਵਖਾਏ ਨਿਰਗੁਣ ਨਿਰੰਕਾਰ, ਸਰਗੁਣ ਦੇਵਣਹਾਰ ਵਡਿਆਈਆ । ਸਾਹਿਬ ਸਾਜਣ ਦਾ ਸਚ ਪਿਆਰ, ਸਿਖਿਆ ਸਾਚੀ ਇਕ ਦ੍ਰਿੜਾਈਆ । ਜਿਸ

ਦਾ ਲੇਖਾ ਸਕੇ ਨਾ ਕੋਇ ਵਿਚਾਰ, ਵਿਚਾਰ ਵਿਚ ਕਦੇ ਨਾ ਆਈਆ । ਸੋ ਸਾਹਿਬ ਸੱਚਾ ਦਾਤਾਰ, ਦਾਤਾ ਦਾਨੀ ਫੇਰਾ ਪਾਈਆ । ਵਸਤ ਅਮੋਲਕ ਦੇਵਣਹਾਰ ਭੰਡਾਰ, ਅਤੋਟ ਅਤੁਟ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਨਾਮ ਭੰਡਾਰਾ ਨਿਰਗੁਣ ਵੰਡੇ, ਵੰਡਣਹਾਰ ਅਖਵਾਈਆ । ਕੂੜੀ ਵਾਸਨਾ ਕਲਜੁਗ ਕੱਢੇ, ਸਚ ਸੁੱਚ ਸਮਝਾਈਆ । ਗ੍ਰਿਹਿ ਮੰਦਰ ਸਾਚੇ ਭਗਤ ਦੁਆਰ ਸੱਦੇ, ਸੱਦਾ ਨਾਮ ਦਿਵਾਈਆ । ਜਾਮ ਪਿਆਏ ਅੰਮ੍ਰਿਤ ਮਧੇ, ਰਸ ਇਕੋ ਇਕ ਵਖਾਈਆ । ਨਵ ਨੌਂ ਲੇਖਾ ਪਾਰ ਹੱਦੇ, ਘਰ ਸਾਚੇ ਵੱਜੇ ਵਧਾਈਆ । ਭਗਤ ਪ੍ਰੀਤੀ ਭਗਵਾਨ ਬੱਝੇ, ਆਪਣਾ ਪੰਧ ਮੁਕਾਈਆ । ਸਾਢੇ ਤਿੰਨ ਹੱਥ ਅੰਦਰ ਬਹਿ ਕੇ ਸਜੇ, ਸਚ ਸਿੰਘਾਸਣ ਡੇਰਾ ਲਾਈਆ । ਨਿਤ ਨਵਿਤ ਦਰਸ ਕਰ ਕਰ ਰੱਜੇ, ਆਪਣੀ ਤ੍ਰਿਖਾ ਇਕ ਜਣਾਈਆ । ਪ੍ਰੇਮ ਡੋਰੀ ਨਾਮ ਬੱਝੇ, ਤੰਦੀ ਤੰਦ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਆਇਆ ਪ੍ਰਭ ਨਿਰਗੁਣ ਵੱਡਾ ਵੱਡ ਵਡਿਆਈਆ । ਪਾਰ ਕਰ ਕੇ ਪਿਛਲੀ ਹੱਦ, ਸਾਚਾ ਮੰਦਰ ਇਕ ਸੁਹਾਈਆ । ਜਿਸ ਗ੍ਰਿਹਿ ਵਿਸ਼ਵ ਇਕੋ ਯਦ, ਬੰਸ ਬੰਸ ਵੰਡ ਨਾ ਕੋਇ ਵੰਡਾਈਆ । ਨਾਮ ਨਿਧਾਨਾ ਵੱਜੇ ਨੱਦ, ਜੈਕਾਰਾ ਇਕੋ ਇਕ ਅਲਾਈਆ । ਗ੍ਰਿਹਿ ਮੰਦਰ ਘਰ ਸਵਾਮੀ ਸੱਜਣ ਬਹੇ ਸਜ, ਸਚ ਸਿੰਘਾਸਣ ਸੋਭਾ ਪਾਈਆ । ਜਗਤ ਲੇਖਾ ਦੇਵੇ ਤਜ, ਭਗਤ ਭਗਵਾਨ ਕਰੇ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸ਼ਬਦ ਵਡਿਆਈਆ । ਸ਼ਬਦ ਕਹੇ ਮੈਂ ਸਭ ਦੀ ਧਾਰ, ਘਰ ਘਰ ਵੇਖ ਵਖਾਇੰਦਾ । ਜੋਤ ਕਹੇ ਨਿਰਗੁਣ ਨਿਰੰਕਾਰ, ਨਿਰਾਕਾਰ ਨਜ਼ਰ ਕਿਸੇ ਨਾ ਆਈਆ । ਦੋਹਾਂ ਅੰਤਰ ਇਕ ਪਿਆਰ, ਖ਼ਾਹਸ਼ ਸ੍ਰੀ ਭਗਵਾਨ ਪਰਗਟਾਈਆ । ਸੋ ਖ਼ਾਹਸ਼ ਵਿਚ ਸੰਸਾਰ, ਨਿਰਗੁਣ ਸਰਗੁਣ ਵੇਸ ਵਟਾਈਆ । ਸਰਗੁਣ ਨਿਰਗੁਣ ਦੇ ਪਿਆਰ, ਪ੍ਰੇਮ ਪ੍ਰੀਤੀ ਇਕ ਜਣਾਈਆ । ਸਾਚੀ ਰੀਤੀ ਅਗੰਮ ਅਪਾਰ, ਅਲੱਖ ਅਗੋਚਰ ਆਪ ਵਖਾਈਆ । ਮੰਦਰ ਮਸੀਤੀ ਜੀਵ ਜੰਤ ਵਾੜ, ਆਪਣਾ ਕੁੰਡਾ ਨਾ ਕਿਸੇ ਖੁਲ੍ਹਾਈਆ । ਅਨਡਿਠੀ ਖੇਲ ਕਰੇ ਕਰਤਾਰ, ਭਗਤਾਂ ਵੇਖੇ ਚਾਈਂ ਚਾਈਂਆ । ਰੀਤੀ ਲੱਖ ਚੁਰਾਸੀ ਪਰਖਣਹਾਰ, ਬੇਪਰਵਾਹ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਸਾਚੀ ਕਰਨੀ ਸੋਹੰ ਢੋਲਾ ਹਰਿ ਕਰਤਾ ਆਪ ਕਰਾਇੰਦਾ । ਆਤਮ ਪਰਮਾਤਮ ਬਣ ਵਿਚੋਲਾ, ਦਰ ਸਾਚੇ ਮੇਲ ਮਿਲਾਇੰਦਾ । ਹੱਟ ਵਣਜਾਰਾ ਇਕੋ ਖੋਲ੍ਹਾ, ਵਸਤ ਸਤਿ ਵਰਤਾਇੰਦਾ । ਧੁਰਦਰਗਾਹੀ ਨਿਰਗੁਣ ਤੋਲਾ, ਨਾਮ ਕੰਡਾ ਹੱਥ ਉਠਾਇੰਦਾ । ਸਾਚੀ ਧਾਰ ਸਾਹਿਬ ਸਤਿਗੁਰ ਬੋਲਾ, ਅਗਲੀ ਵੰਡ ਨਾ ਕੋਇ ਵੰਡਾਇੰਦਾ । ਕਾਇਆ ਪੰਜ ਤੱਤ ਅਨਮੋਲਾ, ਚੋਲਾ ਇਕੋ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚਾ ਇਕ ਸੁਹਾਇੰਦਾ । ਪੰਜ ਤੱਤ ਸੋਹੇ ਸਾਚਾ ਘਰ, ਘਰ ਘਰ ਵਿਚ ਵੱਜੇ ਵਧਾਈਆ । ਇਕੋ ਢੋਲਾ ਰਿਹਾ ਪੜ੍ਹ, ਏਕਾ ਨਾਮ ਸ਼ਨਵਾਈਆ । ਇਕੋ ਮੰਦਰ ਵੇਖੇ ਵੜ, ਘਰ ਆਪਣੇ ਪਰਦਾ ਲਾਹੀਆ । ਇਕੋ ਅੰਮ੍ਰਿਤ ਨੁਹਾਏ ਸਰ, ਸਰੋਵਰ ਇਕੋ ਇਕ ਦਰਸਾਈਆ । ਇਕੋ ਚੁਕਾਏ ਝੂਠਾ ਡਰ, ਭੈ ਅਵਰ ਨਾ ਕੋਇ ਜਣਾਈਆ । ਇਕੋ ਪੌੜੇ ਜਾਏ ਚੜ੍ਹ, ਸਾਚੀ ਮੰਜ਼ਲ ਵੇਖ ਵਖਾਈਆ । ਇਕੋ ਫੜੇ ਸਾਚਾ ਲੜ, ਪੱਲੂ ਗੰਢ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਮੇਲਾ ਸਹਿਜ ਸੁਭਾਈਆ । ਸਾਚਾ ਮੇਲਾ ਮੇਲ ਮਲੰਨਾ, ਹਰਿ ਜਗਦੀਸ਼ ਸੇਵ ਕਮਾਈਆ । ਲੇਖੇ

੩੯੬
੧੪

ਲਾਏ ਪੰਜ ਤੱਤ ਤਨਾ, ਤਨ ਮਾਟੀ ਸੋਭਾ ਪਾਈਆ । ਦੇਵਣਹਾਰਾ ਨਾਮ ਧਨਾ, ਸਚ ਖ਼ਜ਼ੀਨਾ ਆਪ ਵਰਤਾਈਆ । ਸੁਣਾਵਣਹਾਰਾ ਰਾਗ ਕੰਨਾ, ਧੁਨ ਨਾਮ ਸ਼ਬਦ ਸ਼ਨਵਾਈਆ । ਦੇਵਣਹਾਰਾ ਸਦਾ ਡੰਨਾ, ਹੁਕਮੀ ਹੁਕਮ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਵਖਾਈਆ । ਖੇਲ ਵੇਖਣ ਦਾ ਜਿਸ ਜਨ ਚਾਓ, ਚਾਓ ਘਨੇਰਾ ਆਪ ਪਰਗਟਾਇੰਦਾ । ਪਹਿਲਾਂ ਦੇਵੇ ਆਪਣਾ ਨਾਉਂ, ਨਾਉਂ ਨਿਰੰਕਾਰਾ ਆਪ ਸਮਝਾਇੰਦਾ । ਦੂਜੇ ਸੁਤਿਆਂ ਪਕੜੇ ਬਾਹੋਂ, ਸੋਏ ਆਪ ਉਠਾਇੰਦਾ । ਤੀਜੇ ਕਰੇ ਸਚ ਨਿਆਉਂ, ਨੇਤਰ ਅੱਖ ਇਕ ਖੁਲ੍ਹਾਇੰਦਾ । ਚੌਥੇ ਮੇਲਾ ਬੇਪਰਵਾਹੋ, ਘਰ ਸਾਚੇ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਆਪਣੇ ਹੱਥ ਰਖਾਇੰਦਾ । ਕਰਨੀ ਰੱਖੇ ਆਪਣੇ ਹੱਥ, ਕਰਨਹਾਰ ਅਖਵਾਇਆ । ਜੁਗ ਚੌਕੜੀ ਮਾਰਗ ਦੱਸ, ਗੁਰ ਅਵਤਾਰ ਪੀਰ ਪੈਗ਼ੰਬਰ ਪੜ੍ਹਾਇਆ । ਹਿਰਦੇ ਹਰਿ ਜੂ ਹਰ ਘਟ ਵਸ, ਡੇਰਾ ਸਚ ਲਗਾਇਆ । ਗੁਰਮੁਖ ਆਪਣੇ ਕਰ ਪਰਗਟ, ਭੇਵ ਅਭੇਦ ਖੁਲ੍ਹਾਇਆ । ਚਰਨ ਕਵਲ ਸਰਨਾਈ ਨੱਤ, ਬਿਧਾਤਾ ਇਕੋ ਜੋੜ ਜੁੜਾਇਆ । ਨਿਰਵੈਰ ਦੇਵੇ ਆਪਣੀ ਮਤ, ਵੈਰੀ ਰੂਪ ਨਾ ਕੋਇ ਵਖਾਇਆ । ਬੋਧ ਅਗਾਧ ਪੜ੍ਹਾਏ ਗਥ, ਸ਼ਬਦ ਅਨਰਾਗੀ ਰਾਗ ਸੁਣਾਇਆ । ਅੰਮ੍ਰਿਤ ਸਰੋਵਰ ਸਰ ਆਤਮ ਦੇਵੇ ਝੱਟ, ਧਰਮ ਪਿਆਲਾ ਜਾਮ ਪਿਆਇਆ । ਕਰਮ ਜਨਮ ਮੈਲ ਦੇਵੇ ਕੱਟ, ਵਰਨ ਬਰਨ ਰਹੇ ਨਾ ਰਾਇਆ । ਸੱਚਾ ਮਾਰਗ ਇਕੋ ਇਕ, ਦਹਿ ਦਿਸ਼ਾ ਦਏ ਵਖਾਇਆ । ਭਗਤ ਭਗਵਾਨ ਮੇਲ ਮਿਲਾਵਾ ਹੱਸ ਹੱਸ, ਘਰ ਸੱਜਣ ਨਜ਼ਰੀ ਆਇਆ । ਦੋ ਜਹਾਨ ਗਾਵਣ ਜਸ, ਵੇਦ ਪੁਰਾਨ ਸਿਫ਼ਤ ਸਾਲਾਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਲੇਖਾ ਆਪ ਲਿਖਾਇਆ । ਸਾਚਾ ਲੇਖਾ ਲਿਖ ਬਨਵਾਰੀ, ਲਿਖਤ ਇਕੋ ਇਕ ਜਣਾਈਆ । ਨਿਰਗੁਣ ਨੂਰ ਜੋਤ ਨਿਰੰਕਾਰੀ, ਨਿਰੰਕਾਰ ਵੱਡੀ ਵਡਿਆਈਆ । ਆਦਿ ਜੁਗਾਦਿ ਬਣ ਪਨਿਹਾਰੀ, ਤੱਟ ਕਿਨਾਰੇ ਸੇਵ ਕਮਾਈਆ । ਪ੍ਰੇਮ ਪਿਆਰ ਦੀ ਫੇਰ ਬਹਾਰੀ, ਜਨ ਭਗਤਾਂ ਅੰਦਰੋਂ ਕੂੜਾ ਬਾਹਰ ਕਢਾਈਆ । ਸਾਫ਼ ਸੋਹਣਾ ਸੁਥਰਾ ਤਨ ਸ਼ਿੰਗਾਰੀ, ਦੁਰਮਤ ਮੈਲ ਨਜ਼ਰ ਨਾ ਆਈਆ । ਅੰਮ੍ਰਿਤ ਜਲ ਦੇਵੇ ਠੰਡਾ ਠਾਰੀ, ਸਚ ਪਿਆਲਾ ਨਾਮ ਫੜਾਈਆ । ਨਿਰਮਲ ਜੋਤ ਕਰ ਉਜਿਆਰੀ, ਅਗਿਆਨ ਅੰਧੇਰ ਮਿਟਾਈਆ । ਨਾਮ ਵਸਤ ਖੋਲ੍ਹ ਪਟਾਰੀ, ਤਨ ਇਕੋ ਝੋਲੀ ਪਾਈਆ । ਗੁਰਮੁਖਾਂ ਕਰੇ ਸੱਚੀ ਦਾਰੀ, ਸੇਵਕ ਆਪਣਾ ਰੂਪ ਧਰਾਈਆ । ਲੋਕਮਾਤ ਨਾ ਹੋਏ ਖ਼ੁਆਰੀ, ਖ਼ਾਹਸ਼ ਆਪਣੀ ਪੂਰ ਕਰਾਈਆ । ਆਪ ਬੈਠਾਏ ਸਚ ਹਮਾਰੀ, ਐਰਾਪਤ ਬੈਠਾ ਸੀਸ ਝੁਕਾਈਆ । ਵੇਖਣਹਾਰਾ ਸ਼ਾਹਸਵਾਰੀ, ਸ਼ਹਿਨਸ਼ਾਹ ਦਾਤਾ ਵਡ ਵਡਿਆਈਆ । ਭਗਤ ਭਗਵਾਨ ਇਕੋ ਇਕ ਵਿਹਾਰੀ, ਵਿਵਹਾਰੀ ਆਪ ਕਰਾਈਆ । ਸਾਚੇ ਸੰਤ ਨਾਮ ਖ਼ੁਮਾਰੀ, ਰਸ ਇਕੋ ਇਕ ਰਖਾਈਆ । ਗੁਰਮੁਖ ਸੁਰਤੀ ਰਹੇ ਨਾ ਕੋਇ ਕੁਆਰੀ, ਬਾਲੀ ਕੰਨਿਆਂ ਹਰਿ ਸਰਨਾਈਆ । ਸਚ ਮਹੱਲੇ ਰੰਗਲੇ ਡੋਲੇ ਚਾੜ੍ਹੀ, ਵੰਨੀ ਜਾਣੇ ਚਾਉ ਚਾਈਂਆ । ਚਾਰ ਕੰਨੀਂ ਖੇਲ ਨਿਆਰੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਕਰੀਂ ਨਾ ਧੋਖਾ, ਕਲਜੁਗ ਧੁਖਦੀ ਪਈ ਲੋਕਾਈਆ । ਤੇਰੇ ਮਿਲਣ ਦਾ ਤੇਰੇ ਹੱਥ ਮੌਕਾ, ਸਾਡੀ ਚਲੇ ਨਾ ਕੋਇ ਚਤੁਰਾਈਆ । ਨੇਤਰ ਨਜ਼ਰ ਨਾ ਆਏ ਨੌਕਾ, ਸਾਗਰ ਭਵਰ ਨਾ ਕੋਇ ਦਰਸਾਈਆ । ਸਾਨੂੰ ਤੇਰੇ ਮਿਲਣ ਦਾ ਸ਼ੌਕਾ, ਨੇਤਰ ਨੈਣ ਧਿਆਨ ਲਗਾਈਆ । ਸਚਖੰਡ ਨਿਵਾਸੀ ਕਿਥੇ ਸੁਤੋਂ ਲਾ ਕੇ ਢੌਂਕਾ, ਜੁਗ ਚਾਰ ਨਾ ਅੱਖ ਖੁਲ੍ਹਾਈਆ । ਤੇਰੇ


੩੯੭ ੧੪

ਬੱਚੇ ਗੁਰ ਅਵਤਾਰ ਪੀਰ ਪੈਗੰਬਰ ਭਰਦੇ ਗਏ ਹੌਕਾ, ਉਭੇ ਸਾਹ ਧਿਆਨ ਲਗਾਈਆ । ਤੇਰੀ ਯਾਦ ਅੰਦਰ ਤੇਰੇ ਵੈਰਾਗ ਅੰਦਰ ਤੇਰੇ ਸੁਹਾਗ ਅੰਦਰ ਲਿਖ ਲਿਖ ਗਏ ਜਗਤ ਪੋਥਾ, ਪੁਸਤਕ ਦੇਵੇ ਮਾਣ ਵਡਿਆਈਆ । ਸਾਹਿਬ ਸੁਲਤਾਨ ਸ੍ਰੀ ਭਗਵਾਨ ਤੇਰਾ ਮੰਗ ਮੰਗ ਗਏ ਨਿਰਗੁਣ ਕੋਠਾ, ਜਗਤ ਦੁਆਰੇ ਮਾਤ ਤਜਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਪਾਰਬ੍ਰਹਮ ਤੇਰਾ ਮੁਕਿਆ ਨਾ ਅਜੇ ਰੋਸਾ, ਘਰ ਮਿਲੇ ਨਾ ਚਾਈਂ ਚਾਈਂਆ । ਨਿੱਕਿਆਂ ਨਿੱਕਿਆਂ ਬਾਲਾਂ ਨਾਲ ਕਰੇਂ ਖੇਲ ਹੋਛਾ, ਗਹਿਰ ਗੰਭੀਰ ਤੇਰੀ ਨਾ ਕੋਇ ਚਤੁਰਾਈਆ । ਜੇ ਪੁੱਤ ਨਹੀਂ ਤੇ ਮਿਲ ਜਾਏ ਪੋਤਾ, ਪੋਤਰਾ ਨਹੀਂ ਤੇ ਗੁਰਮੁਖਾਂ ਦੇ ਵਡਿਆਈਆ । ਫਿਰ ਹੋਵੇਂ ਮਾਤ ਨਾ ਔਂਤਾ, ਔਂਤਰਾ ਕਹੇ ਨਾ ਤੈਨੂੰ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਸ੍ਰੀ ਭਗਵਾਨ ਅੱਗੋਂ ਹੱਸ, ਹੱਸ ਹੱਸ ਜਣਾਇੰਦਾ । ਆਓ ਮਾਰਗ ਦੇਵਾਂ ਦੱਸ, ਦਹਿ ਦਿਸ਼ਾ ਭੇਵ ਚੁਕਾਇੰਦਾ । ਵੇਖੋ ਆਪਣਾ ਮੰਦਰ ਨੱਠ, ਸਾਚਾ ਰਾਹ ਜਣਾਇੰਦਾ । ਹਰਿ ਸੰਗਤ ਰੂਪ ਕਰੋ ਇਕੱਠ, ਇਕੋ ਘਰ ਵਸਾਇੰਦਾ । ਸਾਹਿਬ ਸਰਨਾਈ ਜਾਓ ਢੱਠ, ਡਿਗਿਆਂ ਆਪ ਉਠਾਇੰਦਾ । ਇਕੋ ਨਾਮ ਲਓ ਰਟ, ਮਨ ਕਾ ਮਣਕਾ ਆਪ ਭੁਆਇੰਦਾ । ਇਕ ਸਰੋਵਰ ਵੇਖੋ ਤੱਟ, ਕਿਨਾਰਾ ਇਕੋ ਇਕ ਜਣਾਇੰਦਾ । ਇਕੋ ਮੇਲ ਪੁਰਖ ਸਮਰਥ, ਸ੍ਰੀ ਭਗਵਾਨ ਆਪ ਕਰਾਇੰਦਾ । ਇਕੋ ਸਖ਼ਾਵਤ ਇਕੋ ਹੱਥ, ਖ਼ੈਰ ਬੰਦਗੀ ਇਕੋ ਪਾਇੰਦਾ । ਇਕੋ ਮਹਾਵਤ ਇਕੋ ਰਥ, ਰਥਵਾਹੀ ਇਕੋ ਸੇਵ ਕਮਾਇੰਦਾ । ਇਕੋ ਢੋਲਾ ਇਕੋ ਜਸ, ਸਿਫ਼ਤ ਸਲਾਹੀ ਇਕ ਅਖਵਾਇੰਦਾ । ਇਕੋ ਗੋਬਿੰਦ ਲੇਖੇ ਲਾਏ ਰਤ, ਬ੍ਰਹਮ ਮਤ ਇਕ ਦ੍ਰਿੜਾਇੰਦਾ । ਇਕ ਦੇ ਹੋ ਜਾਓ ਸਾਰੇ ਵਸ, ਵਸਲ ਇਕੋ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਧਾਰ ਆਪ ਜਣਾਇੰਦਾ । ਇਕੋ ਵਸ ਹੋਏ ਭਗਵਾਨ, ਭਗਤ ਬੈਠੇ ਸੀਸ ਝੁਕਾਈਆ । ਇਕੋ ਭੂਪ ਰਾਜ ਰਾਜਾਨ, ਸ਼ਹਿਨਸ਼ਾਹ ਇਕੋ ਨਜ਼ਰੀ ਆਈਆ । ਇਕੋ ਸਾਹਿਬ ਸੱਚਾ ਸੁਲਤਾਨ, ਸਤਿ ਸਤਿਵਾਦੀ ਵਡ ਵਡਿਆਈਆ । ਇਕੋ ਦਿਸੇ ਹੁਕਮਰਾਨ, ਜੁਗ ਚੌਕੜੀ ਹੁਕਮ ਚਲਾਈਆ । ਇਕੋ ਦੇਵਣਹਾਰਾ ਫ਼ਰਮਾਨ, ਸਚ ਸੰਦੇਸ ਜਣਾਈਆ । ਇਕੋ ਕਰਨਹਾਰਾ ਪਰਵਾਨ, ਮਿਹਰ ਨਜ਼ਰ ਰਖਾਈਆ । ਇਕੋ ਵੇਖਣਹਾਰਾ ਦੋ ਜਹਾਨ, ਇਕੋ ਖੋਜੇ ਥਾਉਂ ਥਾਈਂਆ । ਇਕੋ ਦੇਵੇ ਨਾਮ ਬਬਾਣ, ਇਕੋ ਸਭ ਨੂੰ ਰਿਹਾ ਚੜ੍ਹਾਈਆ । ਇਕੋ ਦੇਵੇ ਸਚ ਗਿਆਨ, ਇਕੋ ਕਰੇ ਹੱਕ ਪੜ੍ਹਾਈਆ । ਇਕੋ ਝੁਲਾਏ ਜਗਤ ਨਿਸ਼ਾਨ, ਇਕੋ ਭਗਤ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਆਪ ਜਣਾਈਆ । ਇਕੋ ਕੰਤ ਇਕ ਕੰਤੂਹਲ, ਕਰਨਹਾਰ ਇਕ ਅਖਵਾਇੰਦਾ । ਇਕੋ ਚੁਕਾਏ ਲਹਿਣਾ ਦੇਣਾ ਮੂਲ, ਲੇਖਾ ਸਭ ਦੀ ਝੋਲੀ ਪਾਇੰਦਾ । ਇਕੋ ਸੂਲੀਓਂ ਕਰੇ ਸੂਲ, ਸੁਲਾਕੁਲ ਇਕ ਅਖਵਾਇੰਦਾ । ਇਕੋ ਦੇਵੇ ਸਾਚੀ ਧੂਲ, ਧਵਲ ਹੌਲਾ ਭਾਰ ਵਖਾਇੰਦਾ । ਇਕੋ ਕਦੇ ਨਾ ਜਾਏ ਭੂਲ, ਭੁਲਿਆਂ ਆਪ ਉਠਾਇੰਦਾ । ਇਕੋ ਬੰਧਾਏ ਸਚ ਅਸੂਲ, ਵਿਸ਼ਨ ਬ੍ਰਹਮਾ ਸ਼ਿਵ ਸੇਵ ਲਗਾਇੰਦਾ । ਇਕੋ ਸਭ ਨੂੰ ਕਰੇ ਕਬੂਲ, ਦਰ ਆਇਆਂ ਲੇਖੇ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਇਕੋ ਕਾਤਲ ਇਕੋ ਮਕਤੂਲ, ਇਕੋ ਖ਼ੰਜ਼ਰ ਖੰਡਾ ਚਮਕਾਇੰਦਾ । ਇਕੋ ਆਦੇਸ ਇਕੋ ਨਰੇਸ਼, ਨਰ ਨਰਾਇਣ ਇਕ ਅਖਵਾਈਆ । ਇਕੋ ਰਹੇ ਸਦਾ ਹਮੇਸ਼, ਨਾ ਮਰੇ ਨਾ ਜਾਈਆ । ਇਕੋ ਸੁੱਤਾ ਬਾਸ਼ਕ ਸ਼ੇਸ਼, ਸਾਂਗੋ ਪਾਂਗ ਹੰਢਾਈਆ । ਇਕੋ ਹਰ ਘਟ ਰਿਹਾ ਖੇਡ, ਘਰ ਘਰ ਡੇਰਾ ਲਾਈਆ । ਇਕੋ

੩੯੮
੧੪

ਗੁਰ ਅਵਤਾਰ ਪੀਰ ਪੈਗ਼ੰਬਰ ਰਿਹਾ ਭੇਜ, ਲੋਕਮਾਤ ਦਏ ਵਡਿਆਈਆ । ਇਕੋ ਆਤਮ ਪਰਮਾਤਮ ਸੁਹਾਏ ਸਾਚੀ ਸੇਜ, ਸਿੰਘਾਸਣ ਆਸਣ ਸੋਭਾ ਪਾਈਆ । ਇਕੋ ਬਿਨ ਨੇਤਰ ਲਏ ਵੇਖ, ਅੱਖ ਪਰਤੱਖ ਆਪ ਖੁਲ੍ਹਾਈਆ । ਇਕੋ ਮੇਟਣਹਾਰਾ ਰੇਖ, ਇਕੋ ਰੇਖਾ ਦਏ ਬਦਲਾਈਆ । ਇਕੋ ਪਾਏ ਸਾਰ ਮਸਾਇਕ ਸ਼ੇਖ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਇਕੋ ਗੁਰਮੁਖ ਇਕੋ ਰੰਗ, ਰੰਗ ਰੰਗੀਲਾ ਇਕ ਵਖਾਇੰਦਾ । ਇਕੋ ਸੇਜ ਇਕ ਪਲੰਘ, ਇਕੋ ਸੋਭਾਵੰਤ ਡੇਰਾ ਲਾਇੰਦਾ । ਇਕੋ ਨਾਮ ਇਕੋ ਮਰਦੰਗ, ਇਕੋ ਢੋਲਾ ਰਾਗ ਸੁਣਾਇੰਦਾ । ਇਕੋ ਪ੍ਰੇਮ ਇਕੋ ਅਨੰਦ, ਇਕੋ ਚੰਦ ਨੂਰ ਚਮਕਾਇੰਦਾ । ਇਕੋ ਵਸੇ ਸਦਾ ਸੰਗ, ਇਕੋ ਸਦਾ ਸਗਲਾ ਸੰਗ ਨਿਭਾਇੰਦਾ । ਇਕੋ ਮੰਗਣ ਰਿਹਾ ਮੰਗ, ਝੋਲੀ ਇਕੋ ਇਕ ਭਰਾਇੰਦਾ । ਇਕੋ ਪਾਏ ਬੰਦੀ ਬੰਦ, ਬੰਦੀਖ਼ਾਨਾ ਇਕ ਤੁੜਾਇੰਦਾ । ਇਕੋ ਖੇਲ ਕਰੇ ਵਰਭੰਡ, ਬ੍ਰਹਿਮੰਡ ਇਕੋ ਨਾਚ ਨਚਾਇੰਦਾ । ਇਕੋ ਲੇਖਾ ਸੂਰਜ ਚੰਦ, ਇਕੋ ਨੂਰੋ ਨੂਰ ਡਗਮਗਾਇੰਦਾ । ਇਕੋ ਟੁੱਟੀ ਦੇਵੇ ਗੰਢ, ਗੰਢਣਹਾਰ ਗੋਪਾਲ ਸਵਾਮੀ ਆਪਣੀ ਗੰਢ ਪੁਆਇੰਦਾ । ਇਕੋ ਸਦਾ ਸਦਾ ਬਖ਼ਸ਼ੰਦ, ਬਖ਼ਸ਼ਿਸ਼ ਆਪਣੀ ਆਪ ਵਰਤਾਇੰਦਾ । ਇਕੋ ਮੇਟਣਹਾਰਾ ਪੰਧ, ਘਰ ਸਾਚੇ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਨ ਭਗਤਾਂ ਆਪਣੇ ਦਰ ਬਹਾਇੰਦਾ । ਦਰ ਬਹਾ ਕਰੇ ਵਿਹਾਰ, ਵਿਵਹਾਰੀ ਜਗਤ ਕੁੜਮਾਈਆ । ਨਾਤਾ ਜੋੜ ਕੰਤ ਨਾਰ, ਨਾਰ ਕੰਤ ਦਏ ਵਡਿਆਈਆ । ਆਤਮ ਪਰਮਾਤਮ ਬੰਨ੍ਹ ਪਿਆਰ, ਤਨ ਤੱਤ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਗਤ ਰੈਣ ਭਗਤ ਹੋਏ ਸਹਾਈਆ ।

ਭਗਤ ਭਗਵਾਨ ਇਕ ਪਰਦੱਖਣਾ, ਪਰਤੱਖ ਰਿਹਾ ਜਣਾਈਆ । ਦੁਆਰਿਉਂ ਕੋਈ ਨਾ ਜਾਏ ਸੱਖਣਾ, ਆਸਾ ਸਭ ਦੀ ਪੂਰ ਕਰਾਈਆ । ਸਦਾ ਮਿਹਰ ਹੱਥ ਸਿਰ ਰੱਖਣਾ, ਹੋਣਾ ਜਗਤ ਸਹਾਈਆ । ਪ੍ਰੇਮ ਪ੍ਰੀਤੀ ਕਰਦਿਆਂ ਕਦੇ ਨਾ ਥੱਕਣਾ, ਥਕਾਵਟ ਨਜ਼ਰ ਕੋਇ ਨਾ ਆਈਆ । ਤੁਹਾਡੇ ਨਾਲੋਂ ਮਿਲਣ ਲਈ ਕਿਸੇ ਨਾ ਡੱਕਣਾ, ਰੋੜਾ ਵਿਚ ਨਾ ਕੋਇ ਅਟਕਾਈਆ । ਦਰ ਔਂਦਿਆਂ ਮੂਲ ਨਾ ਝੱਕਣਾ, ਭੱਜਣਾ ਵਾਹੋ ਦਾਹੀਆ । ਪ੍ਰੇਮ ਪਿਆਲਾ ਇਕੋ ਛੱਕਣਾ, ਸਾਂਤਕ ਸਤਿ ਸਤਿ ਕਰਾਈਆ । ਧਰਮ ਦੀਵਾਰ ਦੀ ਪਹਿਲੀ ਪਰਦੱਖ਼ਣਾ, ਪਰਮ ਪੁਰਖ ਦਏ ਵਡਿਆਈਆ । ਦੂਜੀ ਪਰਦੱਖ਼ਣਾ ਦੋ ਦੋ ਧਾਰ, ਨਿਰਗੁਣ ਸਰਗੁਣ ਆਪ ਕਰਾਇੰਦਾ । ਨਿਰਗੁਣ ਅੰਦਰ ਸਰਗੁਣ ਬਾਹਰ, ਖ਼ਾਲਕ ਖ਼ਲਕ ਖੇਲ ਵਖਾਇੰਦਾ । ਚਾਰੋਂ ਕੁੰਟ ਚੌਤਰਫੀ ਪਿਆਰ, ਕੋਨਾ ਬਚਿਆ ਕੋਇ ਰਹਿਣ ਨਾ ਪਾਇੰਦਾ । ਸਾਹਿਬ ਸਤਿਗੁਰ ਸਾਚਾ ਚੰਦ, ਗੁਰਮੁਖ ਗਿਰਦ ਦਿਸੇ ਪਰਵਾਰ, ਕਿਰਨ ਕਿਰਨ ਕਿਰਨ ਰੁਸ਼ਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰਤੱਖ਼ ਆਪਣੀ ਕਾਰ ਕਮਾਇੰਦਾ । ਤੀਜੀ ਪਰਦੱਖ਼ਣਾ ਖੋਲ੍ਹੇ ਨੈਣ, ਮਿਲੇ ਮੇਲ ਸੱਚੇ ਮਾਹੀਆ । ਗੁਰਮੁਖ ਇਕ ਦੂਜੇ ਨੂੰ ਕਹਿਣ, ਆਓ ਵੇਖੋ ਬੇਪਰਵਾਹੀਆ । ਨਾਤੇ ਛੱਡ ਬਣਾਓ ਸੱਜਣ ਸੈਣ, ਸਗਲਾ ਸੰਗ ਰਖਾਈਆ । ਰਲ ਮਿਲ ਸਾਰੇ ਬਣ ਗਏ ਭਾਈ ਭੈਣ, ਸਗਲਾ ਬੰਧਨ ਪਾਈਆ । ਆਤਮ ਰੋਵੇ ਕੁਰਲਾਵੇ ਪਾਵੇ ਵੈਣ, ਵਾਹ ਵਾ ਤੇਰੀ

ਝੱਲੀ ਨਾ ਜਾਏ ਜੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਰਿਹਾ ਖਲਾਈਆ । ਚੌਥੀ ਪਰਦੱਖ਼ਣਾ ਚੌਥਾ ਰੰਗ, ਚਾਰ ਚਾਰ ਜਣਾਇੰਦਾ । ਕਿਰਪਾ ਨਿਧਾਨ ਵਜਾ ਮਰਦੰਗ, ਸੋਏ ਭੌਰੇ ਆਪ ਉਠਾਇੰਦਾ । ਆਓ ਲਓ ਸੁਗੰਧ, ਵਾਸਨਾ ਅੰਮ੍ਰਿਤ ਰੂਪ ਵਖਾਇੰਦਾ । ਦਰ ਆ ਕੇ ਵਿਚੋਂ ਨਿਕਲੇ ਗੰਦ, ਕੂੜੀ ਕਿਰਿਆ ਬਾਹਰ ਕਢਾਇੰਦਾ । ਪਰਮ ਪੁਰਖ ਦਾ ਢੋਲਾ ਗਾਓ ਛੰਦ, ਸ਼ਾਸਤਰ ਸਿਮਰਤ ਜਿਸ ਦੀ ਸਿਫ਼ਤ ਸਾਲਾਹਿੰਦਾ । ਚਰਨ ਕਵਲ ਮਾਣੋ ਅਨੰਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਧਾਰ ਬਣਾਇੰਦਾ । ਪੰਜਵੀਂ ਪਰਦੱਖਣਾ ਪੰਚ ਜੈਕਾਰ, ਪੰਚ ਪੰਚ ਵਡਿਆਈਆ । ਪੰਜਾਂ ਕਰੇ ਇਕ ਪਿਆਰ, ਪੰਚਾਇਣ ਦਿਤੀ ਵਡਿਆਈਆ । ਸੀਸ ਜਗਦੀਸ਼ ਬੰਨ੍ਹ ਦਸਤਾਰ, ਸੋਹਣੇ ਸੀਸ ਸੁਹਾਈਆ । ਜਗਤ ਪਰਦੱਖਣਾ ਵੇਖੇ ਨੈਣ ਉਠਾਲ, ਆਪਣੀ ਅੱਖ ਖੁਲ੍ਹਾਈਆ । ਸਾਹਿਬ ਸਤਿਗੁਰ ਕਲਜੁਗ ਅੰਤ ਕਰੇ ਪਿਆਰ, ਭਗਤਨ ਆਪਣਾ ਮੇਲ ਮਿਲਾਈਆ । ਨਿਰਵੈਰ ਹੋ ਕੇ ਬਣਿਆ ਆਪ ਦਲਾਲ, ਸਚ ਦਲਾਲੀ ਰਿਹਾ ਕਮਾਈਆ । ਕੱਠੇ ਹੋ ਕੇ ਸਾਰੇ ਕਰੀਏ ਸਵਾਲ, ਪ੍ਰਭ ਸਾਚਾ ਸਾਚੀ ਦਇਆ ਕਮਾਈਆ । ਤੇਰੀ ਲੱਗੀ ਤੇਰੇ ਨਿਭ ਜਾਏ ਨਾਲ, ਦੂਜਾ ਯਾਰ ਨਜ਼ਰ ਕੋਇ ਨਾ ਆਈਆ । ਜੇ ਇਕ ਵਾਰੀ ਗੋਦੀ ਲਿਆ ਬਿਠਾਲ, ਫਿਰ ਬਾਹਰ ਨਾ ਕਦੇ ਕਢਾਈਆ । ਜੇ ਭੁਲਿਆਂ ਭੱਟਕਿਆਂ ਲਿਆ ਭਾਲ, ਪ੍ਰਭ ਹੋਏ ਨਾ ਫੇਰ ਜੁਦਾਈਆ । ਸਭ ਕੁਛ ਤੈਨੂੰ ਦਿਤਾ ਸੰਭਾਲ, ਆਪਣੇ ਹੱਥ ਰੱਖਿਆ ਕੁਛ ਨਾ ਰਾਈਆ । ਤੇਰੀ ਵੇਖ ਸੱਚੀ ਧਰਮਸਾਲ, ਸਭ ਦੀ ਆਤਮ ਢੋਲਾ ਗਾਈਆ । ਸਾਹਿਬ ਮੇਰੇ ਪ੍ਰਿਤਪਾਲ, ਪ੍ਰਭ ਤੇਰੀ ਵੱਡ ਵਡਿਆਈਆ । ਸਾਨੂੰ ਲੋਕੀਂ ਕਹਿਣ ਕੰਗਾਲ, ਤੇਰੇ ਘਰ ਮਿਲੇ ਸ਼ਹਿਨਸ਼ਾਹੀਆ । ੪੦੦ ਕਿਰਪਾ ਕਰ ਦੀਨ ਦਿਆਲ, ਸਚ ਸਚ ਰਿਹਾ ਸਮਝਾਈਆ । ਪੰਜ ਪਰਦੱਖਣਾ ਲਓ ਮੇਰੇ ਲਾਲ, ਲਾਲ ਲਾਲ ਰੰਗ ਚੜ੍ਹਾਈਆ । ਸਦਾ ਸਦਾ ਸਦ ਵਸੇ ਤੁਹਾਡੇ ਨਾਲ, ਦਿਵਸ ਰੈਣ ਵੰਡ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਰ ਧਿਆਨ ਦੇ ਗਿਆਨ ਕਰ ਪਰਵਾਨ, ਪਰਵਾਨਾ ਆਪਣੀ ਝੋਲੀ ਪਾਈਆ । ਸਦਾ ਵਕਤ ਰਹੇ ਸੁਹੇਲਾ, ਸੁਹੰਜਣੀ ਘੜੀ ਮਿਲੇ ਵਡਿਆਈਆ । ਸੁਤਿਆਂ ਜਾਗਦਿਆਂ ਰਹੇ ਮੇਲਾ, ਵਿਛੋੜਾ ਨਜ਼ਰ ਕੋਇ ਨਾ ਆਈਆ । ਗੁਰ ਬਣਿਆ ਚੇਲਾ, ਚੇਲੇ ਗੁਰੂ ਵਿਚ ਸਮਾਈਆ । ਦੋਹਾਂ ਦਾ ਰੰਗ ਨਵੇਲਾ, ਵੱਖਰੀ ਧਾਰ ਜਣਾਈਆ । ਖ਼ਾਲੀ ਹੱਥ ਨਾ ਪੈਸਾ ਨਾ ਧੇਲਾ, ਧਰਮ ਪ੍ਰੀਤੀ ਇਕ ਵਡਿਆਈਆ । ਏਸੇ ਕਰ ਕੇ ਪ੍ਰਭੂ ਵੇਹਲਾ, ਮਾਇਆ ਬੰਧਨ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦਾ ਦੂਰ ਸਦਾ ਹਜ਼ੂਰ, ਹਾਜ਼ਰ ਹੋ ਕੇ ਘਰ ਘਰ ਆਪਣੀ ਹਾਜ਼ਰੀ ਦਏ ਲਗਾਈਆ । ਸਤਿਗੁਰ ਧਾਰ ਸ਼ਬਦ ਦੀ ਰੀਤ, ਸਦਾ ਸਦਾ ਪੜ੍ਹਾਈਆ । ਸਤਿਗੁਰ ਸ਼ਬਦ ਸਾਹਿਬ ਦੀ ਜੀਤ, ਅਜਿਤ ਜਿਤਿਆ ਕਦੇ ਨਾ ਜਾਈਆ । ਸਤਿਗੁਰ ਸ਼ਬਦ ਸਦਾ ਅਤੀਤ, ਬੰਧਨ ਬੰਧ ਨਾ ਕੋਇ ਰਖਾਈਆ । ਸਤਿਗੁਰ ਸ਼ਬਦ ਸਦਾ ਨਜ਼ਦੀਕ, ਘਰ ਘਰ ਵਿਚ ਆਸਣ ਲਾਈਆ । ਸਤਿਗੁਰ ਸ਼ਬਦ ਸਦਾ ਸਦ ਠੀਕ, ਕੂੜੀ ਕਿਰਿਆ ਠੀਕਰ ਦਏ ਭੰਨਾਈਆ । ਸਤਿਗੁਰ ਸ਼ਬਦ ਸਦਾ ਲਾਸ਼ਰੀਕ, ਝਗੜੇ ਵਿਚ ਕਦੇ ਨਾ ਆਈਆ । ਸਤਿਗੁਰ ਸ਼ਬਦ ਸਚ ਤੌਫ਼ੀਕ, ਦੇਵਣਹਾਰ ਸਦਾ ਵਡਿਆਈਆ । ਸਤਿਗੁਰ ਸ਼ਬਦ ਸਤਿ ਤਾਅਰੀਫ਼, ਸਿਫ਼ਤੀ ਸਿਫ਼ਤ ਵਡਿਆਈਆ । ਸਤਿਗੁਰ ਸ਼ਬਦ ਨਾ ਹੋਏ ਜ਼ਈਫ਼, ਏਕਾ ਰੰਗ ਸਮਾਈਆ । ਸਤਿਗੁਰ ਸ਼ਬਦ ਚਾੜ੍ਹੇ ਰੰਗ ਬਸੀਠ, ਉਤਰ ਕਦੇ ਨਾ ਜਾਈਆ । ਸਤਿਗੁਰ ਸ਼ਬਦ ਪ੍ਰਭੂ ਦੀ ਪ੍ਰੀਤ, ਪ੍ਰੀਤੀਵਾਨ

ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸਤਿਗੁਰ ਸ਼ਬਦ ਸਾਹਿਬ ਦਾ ਸੰਗ, ਸਦਾ ਸਦਾ ਵਡਿਆਈਆ । ਸਤਿਗੁਰ ਸ਼ਬਦ ਸਾਹਿਬ ਦਾ ਰੰਗ, ਰੰਗ ਰੰਗ ਚਮਕਾਈਆ । ਸਤਿਗੁਰ ਸ਼ਬਦ ਸਾਹਿਬ ਮਰਦੰਗ, ਨਾਦ ਧੁਨ ਸ਼ਨਵਾਈਆ । ਸਤਿਗੁਰ ਸ਼ਬਦ ਸਾਹਿਬ ਦਾ ਅੰਗ, ਅੰਗੀਕਾਰ ਕਰ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਸਤਿਗੁਰ ਸ਼ਬਦ ਸਭ ਸੇ ਉਚਾ, ਊਚ ਊਚ ਅਖਵਾਇੰਦਾ । ਸਤਿਗੁਰ ਸ਼ਬਦ ਸਭ ਸੇ ਸੁੱਚਾ, ਸੋ ਪੁਰਖ ਨਿਰੰਜਣ ਸਿਫ਼ਤ ਸਾਲਾਹਿੰਦਾ । ਸਤਿਗੁਰ ਸ਼ਬਦ ਸਦਾ ਅੱਧ ਮੁਚਾ, ਦੀਰਘ ਆਪਣੀ ਕਾਰ ਕਮਾਇੰਦਾ । ਸਤਿਗੁਰ ਸ਼ਬਦ ਵਸੇ ਚਾਰ ਕੂਟਾਂ, ਦਹਿ ਦਿਸ਼ਾ ਵੇਖ ਵਖਾਇੰਦਾ । ਸਤਿਗੁਰ ਸ਼ਬਦ ਨਾਤਾ ਤੋੜੇ ਜੂਠਾ ਝੂਠਾ, ਸਚ ਸੁੱਚ ਵਡਿਆਇੰਦਾ । ਸਤਿਗੁਰ ਸ਼ਬਦ ਬਾਝੋਂ ਸਭ ਦਾ ਖ਼ਾਲੀ ਠੂਠਾ, ਵਸਤ ਸਚ ਨਾ ਕੋਇ ਜਣਾਇੰਦਾ । ਸਤਿਗੁਰ ਸ਼ਬਦ ਅਗੰਮੀ ਬੂਟਾ, ਦੋ ਜਹਾਨ ਆਪ ਲਹਿਰਾਇੰਦਾ । ਸਤਿਗੁਰ ਸ਼ਬਦ ਭਾਗ ਲਗਾਏ ਕਾਇਆ ਪੰਜ ਤੱਤ ਕਲਬੂਤਾ, ਮੰਦਰ ਅੰਦਰ ਸੋਭਾ ਪਾਇੰਦਾ । ਸਤਿਗੁਰ ਸ਼ਬਦ ਸਦਾ ਸਬੂਤਾ, ਸਾਬਤ ਆਪਣੀ ਸੂਰਤ ਜਣਾਇੰਦਾ । ਸਤਿਗੁਰ ਸ਼ਬਦ ਤਨ ਕਦੇ ਨਾ ਲਾਏ ਭਬੂਤਾ, ਤੀਰਥ ਨਹਾਵਣ ਕੋਇ ਨਾ ਜਾਇੰਦਾ । ਸਤਿਗੁਰ ਸ਼ਬਦ ਸਦਾ ਅਨਡੀਠਾ, ਜਗ ਨੇਤਰ ਨਜ਼ਰ ਨਾ ਆਇੰਦਾ । ਸਤਿਗੁਰ ਸ਼ਬਦ ਜੁਗ ਜੁਗ ਠੰਡਾ ਕਰੇ ਅਗਨ ਅੰਗੀਠਾ, ਮੇਘ ਇਕ ਬਰਸਾਇੰਦਾ । ਸਤਿਗੁਰ ਸ਼ਬਦ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਾਰ ਕਮਾਇੰਦਾ । ਸਤਿਗੁਰ ਸ਼ਬਦ ਬੋਧ ਅਗਾਧ, ਬਿਨ ਅੱਖਰਾਂ ਕਰੇ ਪੜ੍ਹਾਈਆ । ਸਤਿਗੁਰ ਸ਼ਬਦ ਸਦਾ ਸਾਥ, ਸਗਲਾ ਸੰਗ ਨਿਭਾਈਆ । ਸਤਿਗੁਰ ਸ਼ਬਦ ਖੇਲ ਖਲਾਏ ਤ੍ਰਿਲੋਕੀ ਨਾਥ, ਪੁਰੀ ਲੋਅ ਨਾਚ ਨਚਾਈਆ । ਸਤਿਗੁਰ ਸ਼ਬਦ ਮਹਿਮਾ ਸਿਫ਼ਤ ਗਾ ਗਾਥ, ਨਿਰਵੈਰ ਕਰੇ ਪੜ੍ਹਾਈਆ । ਸਤਿਗੁਰ ਸ਼ਬਦ ਜਿਸ ਮਸਤਕ ਲੇਖਾ ਧੁਰ ਮਾਥ, ਤਿਸ ਮੇਲ ਮਿਲਾਏ ਚਾਈਂ ਚਾਈਂਆ । ਸਤਿਗੁਰ ਸ਼ਬਦ ਕਾਇਆ ਅੰਦਰ ਸੋਵੇ ਸਾਚੀ ਖਾਟ, ਮਹੱਲ ਅਟੱਲ ਇਕੋ ਕਰ ਰੁਸ਼ਨਾਈਆ । ਸਤਿਗੁਰ ਸ਼ਬਦ ਨਾਤਾ ਤੋੜੇ ਜ਼ਾਤ ਪਾਤ, ਊਚ ਨੀਚ ਵੇਖ ਵਖਾਈਆ । ਸਤਿਗੁਰ ਸ਼ਬਦ ਸਦਾ ਸਮਰਥ, ਸਮਰਥ ਆਪਣੀ ਕਾਰ ਕਮਾਈਆ । ਸਤਿਗੁਰ ਸ਼ਬਦ ਲੇਖਾ ਚੁਕਾਏ ਸੀਆਂ ਸਾਢੇ ਤਿੰਨ ਤਿੰਨ ਹੱਥ, ਜੋ ਜਨ ਅੰਤਰ ਧਿਆਨ ਲਗਾਈਆ । ਸਤਿਗੁਰ ਸ਼ਬਦ ਜਨ ਭਗਤਾਂ ਹੋਏ ਵਸ, ਦੋਏ ਜੋੜ ਵਾਸਤਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਸਰੂਪੀ ਸਾਚਾ ਦਾਨ, ਗੁਣਵੰਤਾ ਝੋਲੀ ਆਪ ਭਰਾਈਆ ।

## ★ ੨੧ ਵਸਾਖ ੨੦੨੦ ਬਿਕਰਮੀ ਕੱਖਾਂ ਦੀ ਸੇਜ ਉਤੇ ਪਰਭਾਸ ਵਿਚ ਅਲ੍ਹੜ ਪਿੰਡੀ ਜ਼ਿਲਾ ਗੁਰਦਾਸ ਪੁਰ ★

ਮਾਛੂਵਾੜ ਅੰਧੇਰਾ ਘੁੱਪ, ਨੂਰ ਨਜ਼ਰ ਕੋਇ ਨਾ ਆਈਆ । ਗੋਬਿੰਦ ਸੂਰਾ ਬੈਠਾ ਚੁੱਪ, ਇਕ ਧਿਆਨ ਲਗਾਈਆ । ਵਾਰ ਪਰਵਾਰ ਹੋਇਆ ਖ਼ੁਸ਼, ਘਰ ਸਾਚੇ ਵੱਜੇ ਵਧਾਈਆ । ਗੁਰਸਿਖਾਂ ਵਿਛੋੜਾ ਲੱਗਾ ਦੁੱਖ, ਰੋਗ ਨਜ਼ਰ ਕੋਇ ਨਾ ਆਈਆ । ਪਰਭਾਸ ਅੰਦਰ ਬੈਠਾ ਲੁਕ, ਭੇਵ ਅਭੇਦ ਜਣਾਈਆ । ਪੁਰਖ ਅਕਾਲ ਕੋਲੋਂ ਰਿਹਾ ਪੁੱਛ, ਕੀ ਤੇਰੀ ਪ੍ਰਭ ਵਡਿਆਈਆ । ਪਹਿਲੋਂ ਬਣਾ ਕੇ ਆਪਣਾ ਪੁੱਤ, ਕਿਉਂ ਜੰਗਲਾਂ ਵਿਚ

੪੦੧
੧੪

ਰੁਲਾਈਆ । ਕੀ ਲੜ ਤੇਰਾ ਗਿਆ ਛੁੱਟ, ਕੰਨੀ ਹੱਥ ਨਾ ਕੋਇ ਵਖਾਈਆ । ਜਗਤ ਦੁਆਰਾ ਮੇਰਾ ਪੁੱਟ, ਚਾਰ ਕੁੰਟ ਫਿਰੀ ਦੁਹਾਈਆ ।
ਵੇਲੇ ਅੰਤਮ ਗਿਉਂ ਰੁੱਸ, ਤੈਨੂੰ ਲਾਜ ਜ਼ਰਾ ਨਾ ਆਈਆ । ਨੇਤਰ ਖੋਲ੍ਹ ਵੇਖ ਉਠ, ਇਕ ਵਾਰ ਲੈ ਅੰਗੜਾਈਆ । ਜਿਨ੍ਹਾਂ ਪਿਆਇਆ ਹੱਥੀਂ
ਅੰਮ੍ਰਿਤ ਘੁੱਟ, ਸੋ ਸੰਗ ਨਾ ਕੋਇ ਵਖਾਈਆ । ਇਕ ਇਕੱਲਾ ਤੇਰਾ ਗੋਬਿੰਦ ਸ਼ੇਰ ਰਿਹਾ ਬੁੱਕ, ਭਬਕ ਤੈਨੂੰ ਰਿਹਾ ਜਣਾਈਆ । ਜੋਤੀ ਜੋਤ
ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੀ ਸਾਚੀ ਸਚ ਸਰਨਾਈਆ । ਮਾਛੂਵਾੜਾ ਸੋਹਣਾ ਧਾਮ, ਅਵੱਲੜਾ
ਇਕ ਸੁਹਾਇੰਦਾ । ਗੋਬਿੰਦ ਸੂਰਾ ਕਰੇ ਆਰਾਮ, ਦੁੱਖ ਸੁਖ ਵਿਚ ਬਦਲਾਇੰਦਾ । ਸੇਵਾ ਕਰ ਸੱਚੀ ਨਿਸ਼ਕਾਮ, ਆਪਣੀ ਆਸ਼ਾ ਨਾ ਕੋਇ ਜਣਾਇੰਦਾ ।
ਇਕੋ ਨਾਮ ਤੇਰਾ ਭਗਵਾਨ, ਭਗਵਨ ਮੇਰੇ ਮੋਹੇ ਭਾਇੰਦਾ । ਤੇਰਾ ਪ੍ਰੇਮ ਸਚ ਨਿਸ਼ਾਨ, ਨਿਸ਼ਾਨਾ ਅਵਰ ਨਾ ਕੋਇ ਝੁਲਾਇੰਦਾ । ਤੇਰਾ ਚਰਨ
ਮੇਰਾ ਮਕਾਨ, ਦੂਜਾ ਮੰਦਰ ਨਾ ਕੋਇ ਵਡਿਆਇੰਦਾ । ਤੇਰਾ ਖੇਲ ਸਦਾ ਮਹਾਨ, ਬੇਅੰਤ ਅੰਤ ਕੋਇ ਨਾ ਪਾਇੰਦਾ । ਨੇਤਰ ਖੋਲ੍ਹ ਵੇਖ ਆਣ,
ਤੇਰਾ ਤੇਰਾ ਰਾਹ ਤਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਅਲਖ ਜਗਾਇੰਦਾ ।
ਵੇਖ ਸੇਜ ਸੁਹੰਜਣੀ ਰੰਗ, ਗੁਰ ਗੋਬਿੰਦ ਰਿਹਾ ਜਣਾਈਆ । ਸੂਲਾਂ ਸੱਥਰ ਸੇਜ ਪਲੰਘ, ਤੇਰੀ ਖ਼ੁਸ਼ੀਆਂ ਨਾਲ ਹੰਡਾਈਆ । ਤੇਰੇ ਪ੍ਰੇਮ ਦਾ ਇਕ
ਅਨੰਦ, ਪੁਰੀ ਅਨੰਦ ਦਿਤੀ ਤਜਾਈਆ । ਗੁਜਰੀ ਮਾਤ ਨਾ ਵੇਖੇ ਚੰਦ, ਤੇਗ਼ ਬਹਾਦਰ ਨਾ ਉਂਗਲੀ ਲਾਈਆ । ਤੁਧ ਬਿਨ ਕੋਈ ਨਾ ਪਾਵੇ
ਠੰਡ, ਪੁੱਤਰ ਧੀ ਨਾ ਕੋਇ ਵਡਿਆਈਆ । ਇਕੋ ਪਾਈ ਸੱਚੀ ਗੰਢ, ਗੁਰਮੁਖਾਂ ਸੰਗ ਨਿਭਾਈਆ । ਦੀਨ ਦਿਆਲ ਸਦਾ ਬਖ਼ਸ਼ੰਦ, ਬਖ਼ਸ਼ਿਸ਼
ਤੇਰੇ ਹੱਥ ਵਡਿਆਈਆ । ਵੇਖੀਂ ਕੋਲ ਔਣ ਤੋਂ ਜਾਈਂ ਨਾ ਸੰਗ, ਲੱਜਿਆ ਲੋਕ ਨਾ ਕੋਇ ਜਣਾਈਆ । ਜੁਗ ਚੌਕੜੀ ਤੂੰ ਕੱਟਣਹਾਰਾ ਪੰਧ, ਬਣੇ
ਪਾਂਧੀ ਸਾਚਾ ਰਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਹੱਥ ਤੇਰੇ ਵਡਿਆਈਆ । ਮਾਛੂਵਾੜੇ
ਚੌਥੀ ਕੂਕ, ਚਾਰ ਕੁੰਟ ਏਕਾ ਵਾਰ ਜਗਾਇੰਦਾ । ਸ੍ਰੀ ਭਗਵਾਨ ਅਬਿਨਾਸ਼ੀ ਕਰਤੇ ਸੁੱਤਾ ਰਹੀਂ ਨਾ ਘੂਕ, ਤੇਰੀ ਅੱਖ ਇਕ ਖੁਲ੍ਹਾਇੰਦਾ । ਉਠ
ਵੇਖ ਆਪਣਾ ਪੂਤ, ਤੇਰੇ ਬਿਰਹੋਂ ਅੰਦਰ ਆਪਣਾ ਹਾਲ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ
ਵਰ, ਘਰ ਸਾਚੇ ਮੰਗ ਮੰਗਾਇੰਦਾ । ਮਾਛੂਵਾੜਾ ਸੇਜ ਸੁਹੌਣੀ, ਸੋਹਣੀ ਰੁੱਤ ਸੁਹਾਈਆ । ਜੋ ਕਰੇਂ ਸੋ ਤੈਨੂੰ ਭੌਣੀ, ਪ੍ਰਭ ਤੇਰੇ ਹੱਥ ਵਡਿਆਈਆ ।
ਗੋਬਿੰਦ ਅੱਗੇ ਤੇਰੀ ਅੜੌਣੀ, ਭੇਵ ਅਭੇਦ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ
ਵਰ, ਦਰ ਤੇਰੇ ਆਸ ਰਖਾਈਆ । ਪੰਜਵੀਂ ਵਾਰ ਪੰਚਮ ਨਾਅਰਾ, ਗੋਬਿੰਦ ਇਕ ਲਗਾਇੰਦਾ । ਦੁਸ਼ਟ ਦਮਨ ਕਰ ਸੁਤ ਦੁਲਾਰਾ, ਹੇਮ ਕੁੰਟ
ਵਕਤ ਸੁਹਾਇੰਦਾ । ਨਿਰਗੁਣ ਸਰਗੁਣ ਖੇਲ ਅਪਾਰਾ, ਅੰਤ ਬੇਅੰਤ ਕੋਇ ਨਾ ਪਾਇੰਦਾ । ਤੇਰਾ ਲੇਖਾ ਧੁਰ ਦਰਬਾਰਾ, ਲੋਕਮਾਤ ਨਜ਼ਰ ਕਿਸੇ
ਨਾ ਆਇੰਦਾ । ਹੁਕਮੇ ਅੰਦਰ ਖੇਲ ਨਿਆਰਾ, ਹਾਕਮ ਆਪਣੀ ਕਾਰ ਕਮਾਇੰਦਾ । ਹਉਂ ਬਾਲਕ ਸੇਵਕ ਸੇਵਾਦਾਰਾ, ਸਾਚੀ ਸੇਵ ਕਮਾਇੰਦਾ ।
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਆਸ ਰਖਾਇੰਦਾ । ਤੇਰੇ ਦਰ ਇਕੋ ਆਸ, ਆਸਾਵੰਤ
ਤੇਰੀ ਵਡਿਆਈਆ । ਗੁਰਮੁਖਾਂ ਰਹਾਂ ਸਦਾ ਦਾਸ, ਸਦ ਸਦ ਸੇਵ ਕਮਾਈਆ । ਫੜ ਫੜ ਲਿਆਵਾਂ ਤੇਰੇ ਪਾਸ, ਜਗਤ ਵਿਛੋੜਾ ਪੰਧ ਮੁਕਾਈਆ ।

੪੦੨ ੧੪

ਸੂਲਾਂ ਸੱਥਰ ਸਾਚੀ ਸੇਜ ਤੇਰਾ ਪ੍ਰੇਮ ਭੋਗ ਬਲਾਸ, ਮਿਲਿਆ ਸੁਖ ਸਹਿਜ ਸੁਖਦਾਈਆ । ਨੇਤਰ ਰੋਵਣ ਪ੍ਰਿਥਮੀ ਅਕਾਸ਼, ਗਗਨ ਮੰਡਲ ਦੇਣ ਦੁਹਾਈਆ । ਤੇਰਾ ਵੇਖ ਖੇਲ ਤਮਾਸ਼, ਪੀਰ ਪੈਗ਼ੰਬਰ ਰਹੇ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਵਡ ਵਡਿਆਈਆ । ਗੋਬਿੰਦ ਕਹੇ ਵੇਖ ਹਾਲ, ਬੇਪਰਵਾਹ ਆਪ ਜਣਾਇੰਦਾ । ਦੀਨ ਦੁਨੀ ਮੰਨ ਸਵਾਲ, ਦਇਆਵਾਨ ਮੰਗ ਮੰਗਾਇੰਦਾ । ਅਗੰਮ ਅਥਾਹ ਮਾਰ ਛਾਲ, ਬਲ ਇਕੋ ਵੇਖ ਵਖਾਇੰਦਾ । ਨਧਾਨ ਸਵਾਮੀ ਠਾਕਰ ਭਾਲ, ਅਗੋਚਰ ਆਪਣਾ ਭੇਵ ਜਣਾਇੰਦਾ । ਜੁਗ ਚੌਕੜੀ ਅਵੱਲੜੀ ਚਾਲ, ਪੰਜ ਤੱਤ ਖਲੜੀ ਭੇਵ ਨਾ ਆਇੰਦਾ । ਸ਼ਬਦ ਸੁਤ ਬਣ ਦਲਾਲ, ਜਗਤ ਵਣਜਾਰਾ ਹੱਟ ਚਲਾਇੰਦਾ । ਖੇਲੇ ਖੇਲ ਕਾਲ ਮਹਾਂਕਾਲ, ਭੇਵ ਅਭੇਦ ਨਾ ਕਿਸੇ ਸਮਝਾਇੰਦਾ । ਤੇਰੇ ਅੱਗੇ ਇਕ ਸਵਾਲ, ਆਸ਼ਾ ਆਪਣੀ ਆਪ ਪਰਗਟਾਇੰਦਾ । ਮੇਰੇ ਗੁਰਮੁਖ ਰਹਿਣ ਮੇਰੇ ਨਾਲ, ਦੂਜੀ ਮੰਗ ਨਾ ਕੋਇ ਮੰਗਾਇੰਦਾ । ਤੇਰੀ ਸੇਵਾ ਦੀ ਸਾਚੀ ਘਾਲ, ਘਾਲ ਆਪਣੀ ਗੁਰਮੁਖਾਂ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸੱਚਾ ਵਰ, ਦਰ ਤੇਰੇ ਝੋਲੀ ਡਾਹਿੰਦਾ । ਮਾਛੂਵਾੜੇ ਝੋਲੀ ਅੱਡ, ਅੱਡਰੀ ਮੰਗ ਮੰਗਾਈਆ । ਬੰਸ ਪਰਵਾਰ ਦਿਤਾ ਛੱਡ, ਛੱਡੀ ਸਰਬ ਲੋਕਾਈਆ । ਦੋ ਜਹਾਨਾਂ ਮੁੱਕੀ ਹੱਦ, ਬ੍ਰਹਿਮੰਡ ਖੰਡ ਨਾ ਕੋਇ ਵਡਿਆਈਆ । ਰਾਗ ਨਾਦ ਨਾ ਕੋਇ ਸਦ, ਢੋਹਲਾ ਸੋਹਲਾ ਨਾ ਕੋਇ ਗਾਈਆ । ਘੜਨ ਭੰਨਣ ਖੇਲ ਸਮਰਥ, ਅਕਥ ਤੇਰੀ ਵਡਿਆਈਆ । ਭੇਵ ਅਭੇਦ ਆਪਣਾ ਦੱਸ, ਪ੍ਰਭ ਕੀ ਤੇਰੀ ਚਤੁਰਾਈਆ । ਮੈਂ ਗਾਵਾਂ ਤੇਰਾ ਜਸ, ਤੂੰ ਬੈਠਾ ਮੁਖ ਲੁਕਾਈਆ । ਮੈਂ ਦਰਸ ਮੰਗਾਂ ਹੱਸ ਹੱਸ, ਤੇਰਾ ਨੈਣ ਰਿਹਾ ਸ਼ਰਮਾਈਆ । ਕੀ ਮੇਰੇ ਉਤੇ ਕੋਈ ਸ਼ੱਕ, ਸ਼ਕਵਾ ਸਾਰਾ ਦੇ ਮਿਟਾਈਆ । ਤੇਰੇ ਕੋਲੋਂ ਮੰਗਣ ਦਾ ਮੈਨੂੰ ਹੱਕ, ਤੂੰ ਪਿਤਾ ਸਾਹਿਬ ਸੁਖਦਾਈਆ । ਆਪਣੀ ਵਰਾਸਤ ਮੇਰੇ ਨਾਮ ਕਰ ਦੇ ਫ਼ੱਕ, ਲੇਖਾ ਇਕੋ ਵਾਰ ਲਿਖਾਈਆ । ਦੋ ਜਹਾਨਾਂ ਅਦਾਲਤ ਕੋਈ ਨਾ ਸਕੇ ਡੱਕ, ਹੁਕਮ ਅਵਰ ਨਾ ਕੋਇ ਜਣਾਈਆ । ਮੇਰਾ ਪੂਰਾ ਕਰ ਦੇ ਘਾਟ, ਘਾਟਾ ਫੇਰ ਰਹੇ ਨਾ ਰਾਈਆ । ਉਠ ਵੇਖ ਮਾਛੂਵਾੜੇ ਵਿਚ ਮੇਰਾ ਕੋਈ ਨਾ ਦਿਸੇ ਸਾਥ, ਪੁਰੀ ਅਨੰਦ ਜੋ ਆਇਆ ਤਜਾਈਆ । ਮੇਰੇ ਖ਼ਾਲੀ ਵੇਖ ਹਾਥ, ਧੰਨ ਦੌਲਤ ਸਰਸੇ ਵਿਚ ਦਬਾਈਆ । ਨਾ ਕੋਈ ਪੱਤਣ ਰਿਹਾ ਘਾਟ, ਬੇੜਾ ਨਜ਼ਰ ਕੋਇ ਨਾ ਆਈਆ । ਨਾ ਕੋਈ ਦਿਵਸ ਰਹੀ ਨਾ ਰਾਤ, ਚੰਦ ਚਾਂਦਨੀ ਨਾ ਕੋਇ ਚਮਕਾਈਆ । ਚਾਰੋਂ ਕੁੰਟ ਮੇਰਾ ਕਰੇ ਘਾਤ, ਤੁਧ ਬਿਨ ਅਵਰ ਨਾ ਕੋਇ ਸਹਾਈਆ । ਐਸ ਵੇਲੇ ਜੇ ਪੁੱਛੇਂ ਨਾ ਵਾਤ, ਤੈਨੂੰ ਪਿਤਾ ਪੁਰਖ ਕੋਇ ਨਾ ਗਾਈਆ । ਤੂੰ ਸਾਹਿਬ ਅਨਾਥਾਂ ਨਾਥ, ਦੀਨਨ ਦੇਵਣਹਾਰ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦੇਂਦਿਆਂ ਤੋਟ ਕੋਇ ਨਾ ਆਈਆ । ਗੋਬਿੰਦ ਸੇਜ ਮਾਛੂਵਾੜ, ਵਾੜੇ ਆਪਣੀ ਮੰਗ ਮੰਗਾਇੰਦਾ । ਵੇਖ ਸੋਹਣਾ ਆਪਣਾ ਲਾੜ, ਲਾੜਾ ਇਕੋ ਨਜ਼ਰੀ ਆਇੰਦਾ । ਆਪਣੀ ਹੱਥੀਂ ਘੋੜੀ ਚਾੜ੍ਹ, ਦੂਜਾ ਸੰਗ ਨਾ ਕੋਇ ਬਣਾਇੰਦਾ । ਆਪਣੇ ਘਰ ਆਪ ਉਤਾਰ, ਮੰਜ਼ਲ ਪੰਧ ਨਾ ਕੋਇ ਵਖਾਇੰਦਾ । ਸਾਚੇ ਦਰ ਕਰ ਪਿਆਰ, ਦਰ ਯਾਰ ਇਕੋ ਨਜ਼ਰੀ ਆਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਤੇਰੇ ਅੱਗੇ ਕਰਦੇ ਗਏ ਪੁਕਾਰ, ਪਿਛਲੀ ਰੀਤੀ ਮੈਂ ਵੀ ਪੂਰ ਕਰਾਇੰਦਾ । ਜੇ ਨਾ ਮੰਨੇਂ ਸਿਰਜਣਹਾਰ, ਫਿਰ ਆਪਣੀ ਖੇਲ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਤੇਰੇ ਅਲਖ ਜਗਾਇੰਦਾ । ਜੇ ਨਾ

੪੦੩
੧੪

ਮੰਨੇਂ ਮੇਰੇ ਭਗਵਾਨ, ਗੋਬਿੰਦ ਸਚ ਸਚ ਜਣਾਇੰਦਾ । ਤੇਰੇ ਕੋਲੋਂ ਲੈਣ ਨਹੀਂ ਆਇਆ ਦਾਨ, ਮੰਗਤਾ ਹੋ ਨਾ ਝੋਲੀ ਡਾਹਿੰਦਾ । ਮੇਰਾ ਹੱਕ ਤੈਨੂੰ ਕਰਨਾ ਪਏ ਪਰਵਾਨ, ਕਿਉਂ ਤੂੰ ਪਿਤਾ ਮੇਰਾ ਅਖਵਾਇੰਦਾ । ਬਿਨ ਮੇਰੇ ਤੇਰਾ ਕੋਈ ਨਾ ਰਹੇ ਨਿਸ਼ਾਨ, ਤੇਰਾ ਨਾਮ ਨਾ ਕੋਇ ਧਿਆਇੰਦਾ । ਉਠ ਵੇਖ ਮਾਰ ਧਿਆਨ, ਤੇਰੇ ਸੱਥਰ ਉਤੇ ਸੁੱਤਾ ਨੌਜਵਾਨ, ਕਲਗੀ ਤੋੜਾ ਨਾ ਸੀਸ ਟਿਕਾਇੰਦਾ । ਖੜਗ ਖੰਡਾ ਨਾ ਕੋਇ ਮਿਆਨ, ਤੀਰ ਕਮਾਨ ਨਾ ਹੱਥ ਉਠਾਇੰਦਾ । ਕਮਚ ਰੱਖੇ ਨਾ ਕੋਇ ਕਿਰਪਾਨ, ਸ਼ਮਸ਼ ਧਾਰ ਨਾ ਕੋਇ ਬੰਧਾਇੰਦਾ । ਜੋਧਾ ਸੂਰਬੀਰ ਬਲੀ ਬਲਵਾਨ, ਬਲ ਤੇਰੀ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਦਰ ਤੇਰੇ ਵਾਸਤਾ ਪਾਇੰਦਾ । ਗੋਬਿੰਦ ਕਹੇ ਵੇਖ ਮੇਰਾ ਕਮਰ ਕਸਾ, ਕਸਰਤ ਆਪਣੀ ਰਿਹਾ ਜਣਾਈਆ । ਜੇ ਰੁਲਦਾ ਤੈਨੂੰ ਚੰਗਾ ਲੱਗੇ ਆਪਣਾ ਬੱਚਾ, ਖ਼ਾਕ ਵਿਚ ਦੇ ਰੁਲਾਈਆ । ਫਿਰ ਗੋਬਿੰਦ ਵਰਗਾ ਹੋਰ ਨਹੀਂ ਢਲਣਾ ਸੱਚਾ, ਚੰਦ ਨੂਰ ਨਾ ਕੋਇ ਰੁਸ਼ਨਾਈਆ । ਜੇ ਐਸ ਵੇਲੇ ਰਹਿ ਗਿਆ ਗੋਬਿੰਦ ਕੱਚਾ, ਫੇਰ ਤੇਰੀ ਪੱਕੀ ਨਾ ਕਿਸੇ ਕਰਾਈਆ । ਮੈਂ ਤੇਰਾ ਸੁਣਾਵਾਂ ਸਭ ਨੂੰ ਪਤਾ, ਪੁਰਖ ਅਕਾਲ ਪਿਤਾ ਮਾਈਆ । ਦੋ ਜਹਾਨ ਫਿਰਾਂ ਨੱਠਾ, ਦਿਵਸ ਰੈਣ ਪੰਧ ਮੁਕਾਈਆ । ਲੋਕਮਾਤ ਪਾਇਆ ਰੱਟਾ, ਦੀਨ ਮਜ਼੍ਹਬ ਵੇਖ ਵਖਾਈਆ । ਸਭ ਦੀ ਅੱਖੀਂ ਪਾਇਆ ਘੱਟਾ, ਆਪਣਾ ਭੇਵ ਨਾ ਕਿਸੇ ਜਣਾਈਆ । ਤੇਰਾ ਭਾਣਾ ਲੱਗਾ ਅੱਛਾ, ਏਸੇ ਕਰ ਕੇ ਸੱਥਰ ਸੇਜ ਹੰਢਾਈਆ । ਨਾ ਕੋਈ ਪੌਣ ਨਾ ਕੋਈ ਪੱਖਾ, ਅਗਨੀ ਸੰਗ ਨਾ ਕੋਇ ਵਖਾਈਆ । ਜੇ ਐਸ ਵੇਲੇ ਦੇਵੇਂ ਧੱਕਾ, ਤੇਰਾ ਬੂਟਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਪ੍ਰਭੂ ਤੇਰੇ ਦਰ ਵਡਿਆਈਆ । ਮਾਛੂਵਾੜੇ ਵੇਖ ਮੇਰੀ ਕਲਗੀ, ਤੇਰੇ ਚਰਨ ਧਿਆਨ ਲਗਾਇੰਦੀ । ਤੇਰੇ ਦਰ ਦੀ ਸਦਾ ਬਰਦੀ, ਨੇਤਰ ਨੈਣ ਨੈਣ ਸ਼ਰਮਾਇੰਦੀ । ਹੰਝੂਆਂ ਪਾਣੀ ਤੇਰਾ ਭਰਦੀ, ਸੇਵਕ ਆਪਣੀ ਸੇਵ ਕਮਾਇੰਦੀ । ਏਥੇ ਓਥੇ ਤੈਥੋਂ ਡਰਦੀ, ਤੇਰਾ ਨਾਮ ਧਿਆਇੰਦੀ । ਇਕੋ ਤੇਰਾ ਢੋਲਾ ਪੜ੍ਹਦੀ, ਤੂੰ ਮੇਰਾ ਮੈਂ ਤੇਰਾ ਦੂਜਾ ਸੰਗ ਨਾ ਕੋਇ ਹੰਢਾਇੰਦੀ । ਤੇਰੇ ਵਿਛੋੜੇ ਅੰਦਰ ਮਰਦੀ, ਇਕੋ ਇਕ ਆਸ ਤਕਾਇੰਦੀ । ਨਾ ਵੇਖੇ ਗ਼ਰਮੀ ਨਾ ਸਰਦੀ, ਰੁੱਤ ਬਸੰਤ ਨਾ ਕੋਇ ਵਡਿਆਇੰਦੀ । ਤੇਰੇ ਬਿਨਾਂ ਕਿਸੇ ਕੋਲੋਂ ਨਹੀਂ ਡਰਦੀ, ਸੂਲਾਂ ਸੱਥਰ ਪੈ ਪੈ ਖ਼ੁਸ਼ੀ ਮੰਨਾਇੰਦੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਤੇਰੇ ਵਾਸਤਾ ਪਾਇੰਦੀ । ਆ ਵੇਖ ਮੇਰੇ ਤਨ ਦਾ ਜਾਮਾ, ਕਲੀ ਕਲੀ ਤੇਰਾ ਨਾਮ ਧਿਆਈਆ । ਨੇੜੇ ਆ ਮੇਰੇ ਭਗਵਾਨਾ, ਕਿਉਂ ਬੈਠਾ ਦੂਰ ਦੁਰਾਡਾ ਆਸਣ ਲਾਈਆ । ਆ ਮੇਰੇ ਸੋਹਣੇ ਰਾਮਾ, ਰਹੀਮ ਤੇਰੀ ਸਰਨਾਈਆ । ਪਰਵਰਦਿਗਾਰ ਸਚ ਅਮਾਮਾ, ਰਹਿਮਤ ਤੇਰੀ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਚਾ ਵਰ, ਦੂਜਾ ਘਰ ਨਜ਼ਰ ਕੋਇ ਨਾ ਆਈਆ । ਆ ਵੇਖ ਮੇਰੇ ਪੈਰ ਨੰਗੇ, ਉਚੀ ਚੁੱਕ ਚੁੱਕ ਆਪ ਵਖਾਇੰਦਾ । ਮਾਛੂਵਾੜੇ ਦਾਤੀ ਮੰਗੇ, ਦਾਤਾ ਤੇਰਾ ਸੰਗ ਨਿਭਾਇੰਦਾ । ਜਿੰਨਾਂ ਚਿਰ ਨਾ ਚੁਕੇਂ ਆਪਣੇ ਕੰਧੇ, ਗੋਬਿੰਦ ਆਪਣਾ ਬਲ ਨਾ ਕੋਇ ਰਖਾਇੰਦਾ । ਦੋ ਜਹਾਨ ਦੇ ਛੱਡ ਦੇ ਸਾਰੇ ਧੰਦੇ, ਸਾਚਾ ਰਾਹ ਇਕੋ ਨਜ਼ਰੀ ਆਇੰਦਾ । ਤੇਰਾ ਬੇੜਾ ਤੇਰੇ ਕੰਢੇ, ਤੁਧ ਬਿਨ ਪਾਰ ਨਾ ਕੋਇ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਤੇਰੇ ਚਰਨ ਧਿਆਨ ਲਗਾਇੰਦਾ । ਸੂਲਾਂ ਸੇਜ ਪਈ ਰੋ, ਨੇਤਰ ਨੈਣਾਂ ਛਹਿਬਰ ਲਾਈਆ । ਗੋਬਿੰਦ ਸਾਡੇ ਉਤੇ ਰਿਹਾ ਸੌਂ,

ਖ਼ੁਸ਼ੀਆਂ ਨਾਲ ਕਰੀ ਵਿਛਾਈਆ । ਜਨਮ ਜਨਮ ਦੇ ਦੁੱਖੜੇ ਦਿਤੇ ਧੋ, ਦਰਦ ਰਹੇ ਨਾ ਰਾਈਆ । ਘਰ ਸਾਡੇ ਕਰੀ ਲੋਅ, ਅੰਧ ਅੰਧੇਰ ਗਵਾਈਆ । ਰੁੱਤ ਵੇਖ ਮਹੀਨਾ ਪੋਹ, ਪਾਰਬ੍ਰਹਮ ਦਏ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਤੇਰੀ ਸਰਨਾਈਆ । ਡਾਲੀ ਪਤ ਮਾਰਨ ਧਾਹ, ਧਿਆਨ ਇਕ ਲਗਾਈਆ । ਜਗਤ ਦਾ ਵਾਲੀ ਵੇਖੇ ਮਲਾਹ, ਬੈਠਾ ਜੰਗਲ ਡੇਰਾ ਲਾਈਆ । ਸਗਲਾ ਸੰਗ ਕੋਈ ਦਿਸੇ ਨਾ, ਇਕ ਇਕੱਲਾ ਸੋਭਾ ਪਾਈਆ । ਪੁਰਖ ਅਕਾਲ ਰਿਹਾ ਮਨਾ, ਅੰਤਰ ਆਤਮ ਆਵਾਜ਼ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਘਰ ਸੱਚਾ ਇਕੋ ਨਜ਼ਰੀ ਆਈਆ । ਸੂਲਾਂ ਸੇਜ ਸੋਹਣਾ ਸਿੰਘਾਸਣ ਸੁਖ ਆਸਣ ਰੂਪ ਵਟਾਈਆ । ਭਾਣਾ ਤੇਰਾ ਪੁਰਖ ਅਬਿਨਾਸ਼ਣ, ਕਰਤੇ ਅਬਿਨਾਸ਼ੀ ਮੋਹੇ ਭਾਈਆ । ਸੇਵਕ ਸੇਵਾ ਕਰੇ ਦਾਸੀ ਦਾਸਨ, ਦਿਵਸ ਰੈਣ ਸੇਵ ਕਮਾਈਆ । ਇਕੋ ਅੰਤਰ ਰੱਖੀ ਆਸਨ, ਆਸਾ ਵੱਡੀ ਵਡ ਸੁਣਾਈਆ । ਗੁਰਮੁਖ ਮੇਰੇ ਰਹਿਣ ਸਾਥਨ, ਦੂਜਾ ਸੰਗ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਗੁਰਮੁਖਾਂ ਦੇਣਾ ਮੇਰਾ ਸਾਥ, ਤੇਰੇ ਅੱਗੇ ਧਿਆਨ ਲਗਾਇੰਦਾ । ਦੀਨਾਂ ਨਾਥ ਮੇਰੇ ਨਾਥ, ਸਾਚਾ ਸੰਗ ਇਕ ਵਖਾਇੰਦਾ । ਸਦਾ ਸਦਾ ਸਦ ਵਸਣਾ ਪਾਸ, ਵਿਛੋੜਾ ਰੂਪ ਨਾ ਕੋਇ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਦੇਣਾ ਇਕ ਵਰ, ਦਰ ਤੇਰੇ ਆਸ ਰਖਾਇੰਦਾ । ਪੁਰਖ ਅਕਾਲ ਗਿਆ ਆ, ਨਜ਼ਰ ਕਿਸੇ ਨਾ ਆਈਆ । ਗੋਬਿੰਦ ਸ਼ਬਦੀ ਲਿਆ ਉਠਾ, ਪੰਜ ਤੱਤ ਸਿਫ਼ਤ ਸਾਲਾਹੀਆ । ਅੰਤਰ ਅੰਤਰ ਭੇਵ ਜਣਾਈਆ । ਸਾਚੀ ਸਿਖਿਆ ਦਏ ਸਮਝਾ, ਲੇਖਾ ਲਿਖਤ ਨਾ ਕੋਇ ਲਿਖਾਈਆ । ਆਪੇ ਬਣੇ ਸਚ ਗਵਾਹ, ਸ਼ਹਾਦਤ ਹੋਰ ਨਾ ਕੋਇ ਰਖਾਈਆ । ਤੇਰੇ ਵਿਛੜੇ ਦਏ ਮਿਲਾ, ਵਿਛੋੜਾ ਕੋਇ ਰਹਿਣ ਨਾ ਪਾਈਆ । ਜੋ ਸਰਸੇ ਅਇਉਂ ਰੁੜ੍ਹਾ, ਤਿਨ੍ਹਾਂ ਦੇਵੇ ਮਾਣ ਵਡਿਆਈਆ । ਜਿਹੜੇ ਚਮਕੌਰ ਅਇਉਂ ਕਟਾ, ਤਿਨ੍ਹਾਂ ਕਟਾਕਸ਼ ਤੀਰ ਦਏ ਲਗਾਈਆ । ਤੇਰਾ ਬੇੜਾ ਦਏ ਤਰਾ, ਮੰਜਧਾਰ ਨਾ ਕੋਇ ਰੁੜ੍ਹਾਈਆ । ਤੇਰਾ ਬੂਟਾ ਦਏ ਲਗਾ, ਫਲ ਅੰਮ੍ਰਿਤ ਇਕ ਵਖਾਈਆ । ਤੇਰਾ ਨਿਸ਼ਾਨਾ ਦਏ ਝੁਲਾ, ਦੋ ਜਹਾਨ ਤੇਰੀ ਸ਼ਰਨਾਈਆ । ਤੇਰਾ ਸਿੰਘਾਸਣ ਦਏ ਵਡਿਆ, ਪ੍ਰਭ ਵੱਡਾ ਵਡ ਵਡਿਆਈਆ । ਤੇਰਾ ਲਹਿਣਾ ਦੇਣਾ ਦਏ ਚੁਕਾ, ਲੇਖਾ ਭੁੱਲ ਕਦੇ ਨਾ ਜਾਈਆ । ਤੇਰਾ ਤੇਰਾ ਤੇਰੀ ਝੋਲੀ ਦੇਵੇ ਪਾ, ਦੂਜੀ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੋਬਿੰਦ ਰਿਹਾ ਜਣਾਈਆ । ਗੁਰ ਗੋਬਿੰਦ ਸੁਨੇਹੁੜਾ ਤੇਰਾ ਪੌਣ, ਪਵਣ ਪਾਣੀ ਭੇਵ ਨਾ ਆਇੰਦਾ । ਹਰਿ ਕਾ ਭੇਵ ਜਾਣੇ ਕੌਣ, ਕਵਣ ਗੁਣ ਨਾ ਕੋਇ ਸਮਝਾਇੰਦਾ । ਤੇਰਾ ਸੱਥਰ ਸੋਹਣਾ ਲੱਗੇ ਮੈਨੂੰ ਸੌਣ, ਤੈਨੂੰ ਸੁਤਿਆਂ ਨਾ ਕੋਇ ਉਠਾਇੰਦਾ । ਕੋਟ ਬ੍ਰਹਿਮੰਡ ਤੇਰੇ ਚਾਰੋਂ ਕੁੰਟ ਭੌਣ, ਤੇਰੇ ਚਰਨ ਧਿਆਨ ਲਗਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਤੇਰਾ ਜਸ ਗੌਣ, ਨੇਤਰ ਨੈਣ ਸਰਬ ਸ਼ਰਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨੇੜੇ ਆ ਆ ਵੇਖ ਵਖਾਇੰਦਾ । ਨੇੜੇ ਆ ਕੇ ਪੁਰਖ ਅਕਾਲ ਪਿਆ ਹੱਸ, ਹੰਸ ਮੁਖ ਵੱਡੀ ਵਡਿਆਈਆ । ਸੁਤ ਦੁਲਾਰੇ ਸੂਲਾਂ ਸੇਜ ਉਤੇ ਸੌਂ ਕੇ ਦੱਸ, ਮੈਂ ਵੇਖਾਂ ਚਾਈਂ ਚਾਈਆ । ਤੂੰ ਆਪਣਾ ਖੇੜਾ ਕੀਤਾ ਭੱਠ, ਗੁਰਮੁਖਾਂ ਖੇੜੇ ਰਿਹਾ ਵਸਾਈਆ । ਸਚਖੰਡ ਦੁਆਰਿਉਂ ਆਇਆ ਨੱਠ, ਆਪ ਆਪਣਾ ਪੰਧ ਮੁਕਾਈਆ । ਵੇਖੇ ਤੇਰੀ ਚਰਨੀ ਲੱਗੇ ਫੱਟ, ਨੰਗੀਂ ਪੈਰੀਂ ਸੇਵ ਕਮਾਈਆ ।

ਜੇ ਅੰਦਰ ਵੜ ਕੇ ਵੇਖਾਂ ਮੈਨੂੰ ਨਜ਼ਰੀ ਆਏ ਮੇਰਾ ਹਟ, ਦੂਜਾ ਮੰਦਰ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਰਨਾਈਆ । ਨੇੜੇ ਆ ਕੇ ਸ੍ਰੀ ਭਗਵਾਨ, ਫੜ ਬਾਹੋਂ ਆਪ ਉਠਾਇੰਦਾ । ਉਠ ਸੁਤ ਮੇਰੇ ਨਿਸ਼ਾਨ, ਤੇਰਾ ਨਿਸ਼ਾਨਾ ਇਕ ਝੁਲਾਇੰਦਾ । ਸਦਾ ਸਦਾ ਸਦ ਰਹਾਂ ਨਿਗਾਹਬਾਨ, ਅੱਖ ਅੱਖ ਨਾ ਕੋਇ ਬਦਲਾਇੰਦਾ । ਤੇਰੀ ਬੇਨੰਤੀ ਕਰਾਂ ਪਰਵਾਨ, ਪਰਵਾਨਾ ਆਪਣਾ ਹੱਥ ਫੜਾਇੰਦਾ । ਸਦ ਵੇਖਾਂ ਮਾਰ ਧਿਆਨ, ਧਿਆਨ ਧਿਆਨ ਵਿਚ ਜਣਾਇੰਦਾ । ਤੂੰ ਮੇਰਾ ਮੈਂ ਤੇਰਾ ਰੱਖਾਂ ਮਾਣ, ਸਿਰ ਤੇਰੇ ਹੱਥ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਵੇ ਸਾਚਾ ਵਰ, ਆਪਣੀ ਆਸ਼ਾ ਆਪ ਜਣਾਇੰਦਾ । ਗੋਬਿੰਦ ਕਹੇ ਇਹ ਸੋਹਣੀ ਸੇਜ, ਜਿਸ ਮੈਨੂੰ ਦਿਤੀ ਵਡਿਆਈਆ । ਤੇਰੀ ਕਿਰਪਾ ਤੈਨੂੰ ਦਿਤਾ ਭੇਜ, ਚਲ ਕੇ ਆਇਉਂ ਮੇਰੇ ਮਾਹੀਆ । ਤੇਰਾ ਝੱਲਿਆ ਨਾ ਜਾਵੇ ਤੇਜ, ਤੇਰਾ ਨੂਰ ਤੇਰੀ ਰੁਸ਼ਨਾਈਆ । ਆ ਵੇਖ ਨਾਨਕ ਮੇਰੇ ਹੇਠ ਵਛਾਇਆ ਖੇਸ, ਜੋ ਮੋਢੇ ਫਿਰਦਾ ਰਿਹਾ ਉਠਾਈਆ । ਮੈਨੂੰ ਇਹੋ ਸਚਖੰਡ ਦੇਸ, ਜਿਸ ਘਰ ਪਿਤਾ ਮੇਰਾ ਆਵੇ ਚਾਈਂ ਚਾਈਂਆ । ਔਹ ਵੇਖ ਛੱਡ ਕੇ ਆਵੇ ਵਿਸ਼ਨੂੰ ਬਾਸ਼ਕ ਸੇਜ, ਸਾਂਗੋ ਪਾਂਗ ਨਾ ਕੋਇ ਚਤੁਰਾਈਆ । ਤੇਰਾ ਪ੍ਰੇਮ ਆਪਣੇ ਵਿਚ ਮੈਨੂੰ ਰਿਹਾ ਲਪੇਟ, ਤਿਨਕਾ ਤਿਨਕਾ ਕੋਈ ਦੁੱਖ ਨਾ ਦੇਵੇ ਰਾਈਆ । ਤੂੰ ਮੇਰੇ ਨਾਲ ਕੀਤਾ ਨੇਮ, ਪ੍ਰੇਮ ਪਿਆਰ ਵਿਚੋਂ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖੌਣਾ ਸਾਚਾ ਘਰ, ਜਿਸ ਘਰ ਬੈਠਾ ਡੇਰਾ ਲਾਈਆ । ਗੋਬਿੰਦ ਤੇਰੀ ਸੇਜ ਸੋਹਣਾ ਰੰਗ, ਰੰਗ ਇਕੋ ਨਜ਼ਰੀ ਆਇੰਦਾ । ਨਾ ਕੋਈ ਨੀਲੇ ਕਸਾਇਆ ਤੰਗ, ਸੋਲਾਂ ਕਲੀਆਂ ਸਿੰਘਾਸਣ ਨਾ ਕੋਇ ਸੁਹਾਇੰਦਾ । ਨਾ ਕੋਈ ਖੰਡਾ ਤੀਰ ਤਲਵਾਰ ਨਾ ਜੰਗ, ਛੱਤਰੂ ਰੂਪ ਨਾ ਕੋਇ ਵਟਾਇੰਦਾ । ਨਾ ਕੋਈ ਦਿਸੇ ਪੁਰੀ ਅਨੰਦ, ਕੇਸ ਗੜ੍ਹ ਰੁੱਤ ਨਾ ਕੋਇ ਸੁਹਾਇੰਦਾ । ਨਾ ਕੋਈ ਕਰੇ ਜਗਤ ਵੰਡ, ਜਗਤ ਲੋਹਾਰ ਨਾ ਕੋਇ ਦ੍ਰਿੜਾਇੰਦਾ । ਇਹ ਸੇਜ ਸੋਹਣੀ ਜਿਸ ਉਤੇ ਸੌਂ ਕੇ ਇਕੋ ਪੁਰਖ ਅਕਾਲ ਦੀ ਮੰਗੀ ਮੰਗ, ਦੂਜੀ ਆਸ ਨਾ ਕੋਇ ਮਿਲਾਇੰਦਾ । ਤੇਰਾ ਕੱਟ ਕੇ ਆਇਆ ਪੰਧ, ਪਾਂਧੀ ਆਪਣਾ ਫੇਰਾ ਪਾਇੰਦਾ । ਗੋਬਿੰਦ ਉਠ ਕੇ ਗਾ ਛੰਦ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਇੰਦਾ । ਤੇਰਾ ਭਾਰ ਆਪਣੇ ਸਿਰ ਤੇ ਚੁੱਕਾਂ ਪੰਡ, ਹੌਲਾ ਤੇਰਾ ਰਾਹ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕੋ ਵਾਰ ਜਣਾਇੰਦਾ । ਸਾਚੇ ਸੁਤ ਸਚ ਸਮਝਾਵਾਂਗਾ । ਵਸਤ ਅਮੋਲਕ ਝੋਲੀ ਪਾਵਾਂਗਾ । ਕਾਇਆ ਗੋਲਕ ਇਕ ਰਖਾਵਾਂਗਾ । ਪੰਜ ਤੱਤ ਢੋਲਕ ਨਾ ਕੋਇ ਵਜਾਵਾਂਗਾ । ਅਡੋਲਤ ਆਪਣੀ ਕਾਰ ਕਮਾਵਾਂਗਾ । ਅਨਬੋਲਤ ਧਾਰ ਜਣਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਸਾਚੀ ਸਿਖਿਆ ਇਕ ਦ੍ਰਿੜਾਵਾਂਗਾ । ਸਾਚੀ ਸਿਖਿਆ ਸਚ ਦ੍ਰਿੜਾਵਾਂਗਾ । ਭੇਵ ਅਭੇਦ ਆਪ ਖੁਲ੍ਹਾਵਾਂਗਾ । ਕਲ ਕਲਕੀ ਫੇਰਾ ਪਾਵਾਂਗਾ । ਨਿਹਕਲੰਕ ਆਪ ਅਖਵਾਵਾਂਗਾ । ਤੇਰਾ ਬੰਕ ਦੁਆਰ ਸੁਹਾਵਾਂਗਾ । ਸਾਚੇ ਮੰਦਰ ਡੇਰਾ ਲਾਵਾਂਗਾ । ਜਗਤ ਨੇਤਰ ਨਜ਼ਰ ਨਾ ਆਵਾਂਗਾ । ਰੁੱਤ ਚੇਤਰ ਇਕ ਵਖਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਾਚੀ ਵੇਲ ਵਧਾਵਾਂਗਾ । ਸਚ ਸਾਚੀ ਵੇਲ ਵਧਾਵਾਂਗਾ । ਅਵੱਲੜਾ ਖੇਲ ਕਰਾਵਾਂਗਾ । ਇਕ ਇਕੱਲੜਾ ਫੇਰਾ ਪਾਵਾਂਗਾ । ਗੋਬਿੰਦ ਤੇਰਾ ਪਲੜਾ ਆਪਣੇ ਨਾਲ ਬੰਨ੍ਹਾਵਾਂਗਾ । ਰਾਹ ਸੁਖੱਲੜਾ ਇਕ ਚਲਾਵਾਂਗਾ । ਜੋਤੀ

੪੦੬ ੧੪

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਖੇਲ ਇਕ ਵਖਾਵਾਂਗਾ । ਸਾਚਾ ਖੇਲ ਇਕ ਵਖਾਵਾਂਗਾ ।
ਲੋਕਮਾਤ ਅੰਤਮ ਆਵਾਂਗਾ । ਨਿਹਕਲੰਕ ਡੰਕ ਵਜਾਵਾਂਗਾ । ਰਾਉ ਰੰਕ ਸਰਬ ਉਠਾਵਾਂਗਾ । ਦੁਆਰ ਬੰਕ ਇਕ ਸੁਹਾਵਾਂਗਾ । ਸੰਬਲ ਆਪਣਾ
ਨਗਰ ਸੁਹਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਕਰ ਵਖਾਵਾਂਗਾ । ਸਾਚੀ
ਕਰਨੀ ਕਰ ਵਖਾਵਾਂਗਾ । ਕਲ ਅੰਤਮ ਫੇਰਾ ਪਾਵਾਂਗਾ । ਤੇਰਾ ਨਗਰ ਇਕ ਵਸਾਵਾਂਗਾ । ਤੇਰੀ ਪਿਛਲੀ ਸੱਧਰ ਪੂਰ ਕਰਾਵਾਂਗਾ । ਤੇਰਾ
ਨਾਉਂ ਬਦਲ, ਬਦਲਾ ਸਰਬ ਚੁਕਾਵਾਂਗਾ । ਇਹ ਕਰਾਂ ਸੱਚਾ ਅਦਲ, ਅਦਾਲਤ ਇਕੋ ਇਕ ਵਖਾਵਾਂਗਾ । ਕੋਈ ਤਲਵਾਰ ਤੈਨੂੰ ਨਾ ਕਰੇ
ਕਤਲ, ਕਾਤਲ ਮਕਤੂਲ ਦੋਵੇਂ ਰੂਪ ਵਟਾਵਾਂਗਾ । ਜੇ ਕੋਈ ਤੇਰੇ ਆਵੇ ਪੱਤਣ, ਫੜ ਬਾਹੋਂ ਪਾਰ ਕਰਾਵਾਂਗਾ । ਤੂੰ ਮੇਰੇ ਪਿਛੇ ਛੱਡਿਆ ਵਤਨ,
ਮੈਂ ਤੇਰਾ ਵਤਨ ਵਖਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਤੇਰੀ ਸੋਹਣੀ ਸੇਜ ਹੰਢਾਵਾਂਗਾ ।
ਤੇਰੀ ਸੋਹਣੀ ਸੇਜ ਹੰਢਾਵਾਂਗਾ । ਗੋਬਿੰਦ ਤੈਨੂੰ ਸੰਗ ਰਖਾਵਾਂਗਾ । ਤੇਰੀ ਮੰਗ ਪੂਰ ਕਰਾਵਾਂਗਾ । ਤੇਰੇ ਗੁਰਮੁਖ ਚੰਦ ਚਮਕਾਵਾਂਗਾ । ਘਰ
ਸਚ ਅਨੰਦ ਵਖਾਵਾਂਗਾ । ਪਿਛਲੀ ਟੁੱਟੀ ਗੰਢ, ਤੋੜ ਨਿਭਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ
ਵਰ, ਸਾਚੀ ਕਰਨੀ ਕਾਰ ਜਣਾਵਾਂਗਾ । ਸਾਚੀ ਕਰਨੀ ਆਪ ਕਰਾਵਾਂਗਾ । ਤੇਰੇ ਵਿਛੜੇ ਮੇਲ ਮਿਲਾਵਾਂਗਾ । ਅਨਡਿਠੜੇ ਨਾਲ ਰਲਾਵਾਂਗਾ ।
ਮਿਠੜੇ ਮਿਠੜੇ ਬੋਲ ਸੁਣਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਕਰ ਜਣਾਵਾਂਗਾ ।
੪੦੭ ਗੋਬਿੰਦ ਹੋ ਸਵਾਧਾਨ, ਸਾਹਿਬ ਅੱਗੇ ਸੀਸ ਝੁਕਾਇੰਦਾ । ਤੇਰਾ ਹੁਕਮ ਮੋਹੇ ਪਰਵਾਨ, ਪਰਵਾਨਾ ਆਪਣੇ ਹੱਥ ਰਖਾਇੰਦਾ । ਕਲਜੁਗ ਅੰਤਮ ੪੦੭
੧੪ ਵੇਖੀਂ ਆਣ, ਏਹੋ ਭਾਣਾ ਮੋਹੇ ਭਾਇੰਦਾ । ਤੂੰ ਭੁੱਲ ਨਾ ਜਾਈਂ ਬਾਲ ਅਵਾਣ, ਬਾਲਕ ਤੇਰੇ ਅੱਗੇ ਝੋਲੀ ਡਾਹਿੰਦਾ । ਪੁਰਖ ਅਕਾਲ ਹੋ ਦਿਆਲ, ੧੪
ਮਿਹਰਵਾਨ ਹੁਕਮ ਸੁਣਾਇੰਦਾ । ਤੂੰ ਮੇਰਾ ਸੱਚਾ ਲਾਲ, ਹਉਂ ਲਾਲਨ ਰੰਗ ਰੰਗਾਇੰਦਾ । ਤੈਨੂੰ ਕਰਾਂ ਅੰਤ ਦਲਾਲ, ਸਚ ਦਲਾਲੀ ਆਪ ਸਮਝਾਇੰਦਾ ।
ਗੁਰਮੁਖ ਸੱਜਣ ਸੱਚੇ ਭਾਲ, ਦਰ ਤੇਰੇ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ
ਲੇਖਾ ਆਪ ਚੁਕਾਇੰਦਾ । ਜਿਸ ਵਿਛੋੜਿਆ ਸੋਈ ਮੇਲੇ, ਮੇਲਣਹਾਰ ਅਖਵਾਇੰਦਾ । ਗੁਰੂ ਨਾਲੋਂ ਵੱਡੇ ਹੋਏ ਚੇਲੇ, ਜਿਨ੍ਹਾਂ ਪਿਛੇ ਆਪਣੀ ਸੇਵ
ਕਮਾਇੰਦਾ । ਪੁਰਖ ਅਕਾਲ ਦੇ ਸੱਜਣ ਸੁਹੇਲੇ, ਸਾਹਿਬ ਸਤਿਗੁਰ ਰੰਗ ਰੰਗਾਇੰਦਾ । ਲੋਕਮਾਤ ਵਿਚ ਕੱਠੇ ਹੋ ਗਏ ਹੋ ਕੇ ਵੇਹਲੇ, ਵੇਲਾ ਇਕੋ
ਇਕ ਜਣਾਇੰਦਾ । ਖ਼ਾਲੀ ਹੱਥੀਂ ਨਾ ਕੋਈ ਪੱਲੇ ਪੈਸੇ ਧੇਲੇ, ਜਗਤ ਮਾਇਆ ਨਾ ਕੋਇ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ
ਕਿਰਪਾ ਕਰ, ਪਿਛਲਾ ਲਹਿਣਾ ਮੂਲ ਚੁਕਾਇੰਦਾ । ਸਰਸੇ ਵਾਲਿਓ ਸੁਣ ਲਓ ਮੀਤ, ਮਿੱਤਰ ਪਿਆਰਾ ਆਪ ਜਣਾਈਆ । ਤੁਸਾਂ ਨਾ ਛੱਡੀ ਆਪਣੀ
ਰੀਤ, ਰੀਤੀਵਾਨ ਹੋਏ ਸਹਾਈਆ । ਪੁਰਖ ਅਕਾਲ ਦਾ ਗੌਣਾ ਗੀਤ, ਦੂਜੀ ਹੋਰ ਨਾ ਕੋਇ ਪੜ੍ਹਾਈਆ । ਸਾਹਿਬ ਇਕੋ ਵਸੇ ਚੀਤ, ਚਿਤ
ਵਿਤ ਠਗੌਰੀ ਕੋਇ ਨਾ ਪਾਈਆ । ਜਿਹੜਾ ਮਾਛੂਵਾੜੇ ਸੁੱਤਾ ਠੀਕ, ਸੋ ਤੁਹਾਡੇ ਸਾਹਮਣੇ ਤੁਹਾਡਾ ਸੱਥਰ ਰਿਹਾ ਹੰਢਾਈਆ । ਪਿਛਲੀ ਭੁੱਲ ਨਹੀਂ
ਗਿਆ ਪ੍ਰੀਤ, ਅੱਗੇ ਪ੍ਰੀਤੀ ਹੋਰ ਸਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਗੜ੍ਹੀ ਵੇਖ

ਵੇਖ ਚਮਕੌਰ, ਚਮਕ ਆਪਣੀ ਆਪ ਜਣਾਇੰਦਾ । ਇਹ ਗੋਬਿੰਦ ਇਹ ਨਹੀਂ ਜੇ ਹੋਰ, ਹੋਕਾ ਦੇ ਦੇ ਆਪ ਸਮਝਾਇੰਦਾ । ਅੰਦਰ ਵੜ ਕੇ ਵੇਖੋ ਕਰ ਕੇ ਗ਼ੌਰ, ਗਹਿਰ ਗੰਭੀਰ ਨਜ਼ਰੀ ਆਇੰਦਾ । ਜਿਸ ਦੇ ਕੋਲੋਂ ਅੰਮ੍ਰਿਤ ਛਕੀ ਪੌਹਲ, ਸੋ ਅੰਤਰ ਆਤਮ ਅੰਮ੍ਰਿਤ ਆਤਮ ਜਾਮ ਪਿਆਇੰਦਾ । ਤੁਹਾਡਾ ਕਰੇ ਭਾਰ ਹੌਲ, ਸਿਰ ਆਪਣੇ ਭਾਰ ਉਠਾਇੰਦਾ । ਮਾਛੂਵਾੜੇ ਕੀਤਾ ਕੌਲ, ਕੀਤਾ ਕੌਲ ਭੁੱਲ ਨਾ ਜਾਇੰਦਾ । ਵੇਖੇ ਹੱਸੇ ਧਰਨੀ ਧਰਤ ਧੌਲ, ਧਵਲ ਆਪਣਾ ਰੰਗ ਰੰਗਾਇੰਦਾ । ਗੁਰਮੁਖਾਂ ਵਸਿਆ ਸਾਹਿਬ ਕੋਲ, ਆਪ ਆਪਣੇ ਅੰਗ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਾਰ ਕਮਾਇੰਦਾ । ਸੇਜ ਕਹੇ ਮੇਰੀ ਸੋਹੀ ਰੁੱਤ, ਰੁੱਤੜੀ ਫੇਰ ਮਹਿਕਾਈਆ । ਮੇਰਾ ਹਾਲ ਲਿਆ ਪੁੱਛ, ਪਿਛਲੀ ਯਾਦ ਚੇਤੇ ਰਿਹਾ ਕਰਾਈਆ । ਜਿਸ ਦੇ ਵਿਛੋੜੇ ਵਿਚ ਗਰਮੀਆਂ ਸਰਦੀਆਂ ਰਹੀ ਸੁੱਕ, ਆਪਣਾ ਤਨ ਰਹੀ ਜਲਾਈਆ । ਸੋ ਸਤਿਗੁਰ ਸਾਹਿਬ ਪਿਆ ਉਠ, ਮਿਹਰਵਾਨ ਦਏ ਵਡਿਆਈਆ । ਕੱਖਾਂ ਕੰਡਿਆਂ ਉਤੇ ਗਿਆ ਤੁਠ, ਦੀਨਨ ਦੀਨਨ ਦਇਆ ਕਮਾਈਆ । ਭਗਤ ਦੁਆਰ ਦੋ ਹੱਥਾਂ ਨਾਲ ਗੰਢ ਦਿਤੀ ਘੁੱਟ, ਸੂਲਾਂ ਸੱਥਰ ਨਿਸ਼ਾਨੀਆਂ ਰਿਹਾ ਵਖਾਈਆ । ਏਸੇ ਕਰ ਕੇ ਇਹ ਕਾਹੀ ਬੂਟੇ ਲਏ ਪੁੱਟ, ਰਾਤੀ ਗੁਰਮੁਖਾਂ ਹੋਇਆ ਸਹਾਈਆ । ਆਪਣੀ ਪੈਰੀਂ ਨਾ ਪਾਏ ਜੋੜਾ ਜੁਤ, ਨੰਗੀ ਪੈਰੀਂ ਸੇਵ ਕਮਾਈਆ । ਜਿਸ ਪੁਰਖ ਅਕਾਲ ਦਾ ਬਦਲਿਆ ਰੁਖ਼, ਸੋ ਤੁਹਾਡਾ ਰੁਖ਼ ਦੇਵੇ ਬਦਲਾਈਆ । ਸੁੱਖਾਂ ਸੁੱਖ ਕੇ ਲਏ ਗੁਰਮੁਖ ਪੁੱਤ, ਆਪਣੇ ਪੁੱਤ ਭੇਟ ਚੜ੍ਹਾਈਆ । ਛਾਤੀ ਨਾਲ ਲਾਵੇ ਘੁੱਟ, ਪਿਛੇ ਫੇਰ ਨਾ ਕੋਇ ਹਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਸੇਜ ਦਏ ਵਡਿਆਈਆ । ਸੇਜ ਕਹੇ ਸੁਣੋ ਮੇਰੇ ਭਾਈ, ਹਰਿ ਭੇਵ ਅਭੇਦ ਜਣਾਇੰਦਾ ।

੪੦੮ ੪੦੮

੧੪ ੧੪

ਰਲ ਮਿਲ ਸਾਰੇ ਦਿਓ ਗਵਾਹੀ, ਸਾਹਿਬ ਸਤਿਗੁਰ ਸੋਭਾ ਪਾਇੰਦਾ । ਦੂਰ ਨੇੜੇ ਕੱਠੇ ਕੀਤੇ ਥਾਉਂ ਥਾਈਂ, ਬਚਿਆ ਕੋਈ ਰਹਿਣ ਨਾ ਪਾਇੰਦਾ । ਮੱਘਰ ਮਹੀਨੇ ਕਰੀ ਕੁੜਮਾਈ, ਅੰਤਮ ਆਪਣਾ ਸਗਨ ਵਖਾਇੰਦਾ । ਪੂਰਬ ਜਨਮ ਦੀ ਸਭ ਦੀ ਧੋਤੀ ਸ਼ਾਹੀ, ਕਾਲਾ ਲੇਖ ਨਜ਼ਰ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚੇ ਸੋਭਾ ਪਾਇੰਦਾ । ਸੇਜ ਕਹੇ ਮੇਰਾ ਸਾਚਾ ਤਿਨਕਾ, ਤਿਲ ਫੁਲ ਮੇਰੀ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਮੰਗਦੇ ਪ੍ਰਭ ਦੇ ਕੋਲੋਂ ਨਿੱਕਾ ਕਿਣਕਾ, ਤੇਰੇ ਉਤੇ ਪ੍ਰਭ ਜੂ ਬੈਠਾ ਡੇਰਾ ਲਾਈਆ । ਵੇਖੋ ਖੇਲ ਹਰਿ ਸੱਚੇ ਪਿਰ ਕਾ, ਪ੍ਰੀਤੀ ਇਕੋ ਇਕ ਸਮਝਾਈਆ । ਇਹ ਲੇਖਾ ਗੁਰਸਿਖੋ ਚਿਰ ਦਾ, ਪੂਰਬ ਲਹਿਣਾ ਝੋਲੀ ਪਾਈਆ । ਜੁਗ ਜੁਗ ਗੇੜਾ ਸਦਾ ਗਿੜਦਾ, ਨਾ ਕੋਈ ਮੇਟੇ ਮੇਟ ਮਿਟਾਈਆ । ਸ੍ਰੀ ਭਗਵਾਨ ਭਗਤਾਂ ਪਿਛੇ ਫਿਰਦਾ, ਬਣ ਸੇਵਕ ਸੇਵ ਕਮਾਈਆ । ਸਭ ਦੇ ਅੰਦਰ ਝਿਰਨਾ ਝਿਰਦਾ, ਬੂੰਦ ਰਿਸਕ ਰਿਸਕ ਟਪਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੋਬਿੰਦ ਨੈਣਾਂ ਦਏ ਵਖਾਈਆ । ਗੋਬਿੰਦ ਵੇਖ ਨੈਣ, ਹਰਿ ਨੇਤਰ ਆਪ ਜਣਾਇੰਦਾ । ਗੁਰਮੁਖ ਤੇਰੇ ਸੱਜਣ ਸੈਣ, ਤੇਰਾ ਸੰਗ ਨਿਭਾਇੰਦਾ । ਹਰਿ ਸੰਗਤ ਨਾਤਾ ਭਾਈ ਭੈਣ, ਪੁਰਖ ਬਿਧਾਤਾ ਜੋੜ ਜੁੜਾਇੰਦਾ । ਪਿਛਲਾ ਚੁਕਿਆ ਲਹਿਣ ਦੇਣ, ਅੱਗੇ ਲੇਖਾ ਆਪਣੇ ਹੱਥ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਆਪ ਕਮਾਇੰਦਾ । ਸੇਜ ਕਹੇ ਮੇਰੀ ਆਸਾ ਪੂਰ, ਪ੍ਰਭ ਪੂਰਨ ਦਇਆ ਕਮਾਈਆ । ਹਾਜ਼ਰ ਹੋਇਆ ਹਾਜ਼ਰ ਹਜ਼ੂਰ, ਹਰਿ ਜੂ ਆਪਣਾ ਫੇਰਾ ਪਾਈਆ । ਜੋਤੀ ਚਮਕੇ ਇਕੋ ਨੂਰ, ਨੂਰ ਨੂਰ ਰੁਸ਼ਨਾਈਆ । ਹਰਿ ਸੰਗਤ ਬੇੜਾ ਭਰਿਆ

ਪੂਰ, ਪ੍ਰਭ ਆਪਣੇ ਕੰਧ ਉਠਾਈਆ । ਨਾ ਕੋਈ ਨੇੜਾ ਨਾ ਕੋਈ ਦੂਰ, ਦੂਰ ਦੁਰਾਡੇ ਲਏ ਤਰਾਈਆ । ਨਾਤਾ ਤੁਟੇ ਕੂੜੋ ਕੂੜ, ਸਚ ਸੁੱਚ ਮਿਲੇ ਵਡਿਆਈਆ । ਸਰਬ ਕਲਾ ਭਰਪੂਰ, ਭਰਪੂਰ ਰਿਹਾ ਸਰਬ ਥਾਈਂਆ । ਬਖ਼ਸ਼ਣਹਾਰ ਸਦਾ ਕਸੂਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਤੁਹਾਡੇ ਵਿਛੋੜੇ ਵਿਚ ਗੋਬਿੰਦ ਹੋਇਆ ਰਿਹਾ ਮਜ਼ਬੂਰ, ਹੁਕਮੇ ਅੰਦਰ ਆਪਣਾ ਆਪ ਛੁਪਾਈਆ । ਵੇਖੋ ਅੰਤ ਮਿਲਿਆ ਆਪ ਜ਼ਰੂਰ, ਜ਼ਰੂਰਤ ਸਭ ਦੀ ਪੂਰ ਵਖਾਈਆ । ਢੱਯਾ ਵਿਛੋੜਾ ਮੁਆਫ਼ ਕਰੋ ਕਸੂਰ, ਦੋਏ ਜੋੜ ਮੰਗ ਮੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਜ ਇਕ ਹੰਢਾਈਆ । ਸਾਚੀ ਸੇਜ ਹੰਢਾਈ ਨਾਲ, ਹੰਡੋਲਾ ਇਕ ਵਖਾਇੰਦਾ । ਗੋਬਿੰਦ ਮਿਲਿਆ ਦੀਨ ਦਿਆਲ, ਦਇਆਵਾਨ ਵੇਸ ਵਟਾਇੰਦਾ । ਜੁਗ ਚੌਕੜੀ ਜਿਸ ਨੂੰ ਰਹੇ ਭਾਲ, ਭਾਲਿਆਂ ਹੱਥ ਕਿਸੇ ਨਾ ਆਇੰਦਾ । ਜਿਸ ਦਾ ਰੂਪ ਸਕੇ ਨਾ ਕੋਇ ਵਖਾਲ, ਰੰਗ ਨਜ਼ਰ ਨਾ ਕੋਇ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਸੋਹਣੀ ਸੇਜ ਹੰਢਾਇੰਦਾ । ਸੋਹਣੀ ਸੇਜ ਸੰਗਤ ਪਿਆਰ, ਦੋ ਜਹਾਨਾਂ ਹੱਥ ਕਿਸੇ ਨਾ ਆਈਆ । ਔਹ ਵੇਖੋ ਗੁਰ ਅਵਤਾਰ, ਸਾਰੇ ਬੈਠੇ ਧਿਆਨ ਲਗਾਈਆ । ਦੋਏ ਜੋੜ ਕਰਨ ਨਿਮਸਕਾਰ, ਵਾਹ ਵਾ ਤੇਰੀ ਵਡ ਵਡਿਆਈਆ । ਸਾਚਾ ਖੇਲ ਕਰੇ ਕਰਤਾਰ, ਕਰਤਾ ਪੁਰਖ ਤੇਰੀ ਸਰਨਾਈਆ । ਨਾ ਕੋਈ ਮੰਦਰ ਨਾ ਦੁਆਰ, ਛੱਪਰ ਛੰਨ ਨਾ ਕੋਇ ਛੁਹਾਈਆ । ਹਰਿ ਸੰਗਤ ਲੱਗਾ ਸਚ ਦਰਬਾਰ, ਦਰਗਹਿ ਸਾਚੀ ਵੱਜੇ ਵਧਾਈਆ । ਚੌਥੇ ਯੁਗ ਦਾ ਉਤਰਿਆ ਭਾਰ, ਨੌਂ ਸੌ ਚੁਰਾਨਵੇਂ ਚੌਕੜੀ ਯੁਗ ਢੇਰੀ ਢਾਹੀਆ । ਗੋਬਿੰਦ ਹੁਣ ਬਣਿਆ ਪੁੱਤ ਪੁਰਖ ਅਕਾਲ, ਗੁਜਰੀ ਦਿਸੇ ਨਾ ਕੋਈ ਮਾਈਆ । ਰਾਤੀਂ ਸੁਤਿਆਂ ਸਭ ਦੀ ਸੁਰਤ ਰਿਹਾ ਸੰਭਾਲ, ਦਰ ਦਰ ਘਰ ਘਰ ਆਪਣਾ ਫੇਰਾ ਪਾਈਆ । ਗੁਰਸਿਖੋ ਆਪਣੀ ਸੇਜਾ ਉਤੇ ਲਓ ਸੁਆਲ, ਸੌਂਦਿਆਂ ਦੁੱਖ ਨਾ ਕੋਇ ਮਨਾਈਆ । ਨਾ ਸ਼ਾਹ ਤੇ ਨਾ ਕੰਗਾਲ, ਸ਼ਹਿਨਸ਼ਾਹ ਇਕੋ ਇਕ ਅਖਵਾਈਆ । ਗੁਰਸਿਖੋ ਤੁਹਾਡੇ ਚਰਨਾਂ ਦੀ ਸੱਚੀ ਧਰਮਸਾਲ, ਧਰਮ ਦੁਆਰਾ ਦਏ ਬਣਾਈਆ । ਗੋਬਿੰਦ ਸੁਣੇ ਮੁਰੀਦਾਂ ਹਾਲ, ਮੁਰਸ਼ਦ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹਣੀ ਸੇਜ ਇਕ ਸੁਹਾਈਆ । ਸੇਜ ਕਹੇ ਮੈਂ ਸਾਹਿਬ ਪਿਆਰੀ, ਮੇਰੇ ਵਿਚ ਵੱਡੀ ਵਡਿਆਈਆ । ਬਿਨਾਂ ਗੋਬਿੰਦ ਰਹੀ ਕੁਆਰੀ, ਮੇਰੇ ਉਤੇ ਚਰਨ ਨਾ ਕੋਇ ਟਿਕਾਈਆ । ਮੇਰਾ ਨੈਣ ਨਾ ਕੋਇ ਸ਼ਿੰਗਾਰੀ, ਮੀਂਢੀ ਸੀਸ ਨਾ ਕੋਇ ਗੁੰਦਾਈਆ । ਮਹਿੰਦੀ ਰੰਗਲੀ ਨਾ ਕੋਇ ਵਿਚਾਰੀ, ਕੱਜਲ ਧਾਰ ਨਾ ਕੋਇ ਬੰਧਾਈਆ । ਉਠ ਉਠ ਤੱਕਦੀ ਰਹੀ ਚਾਰ ਕੁੰਟ ਵਿਚਾਰੀ, ਕਵਣ ਵੇਲੇ ਮੇਰਾ ਆਵੇ ਸੱਚਾ ਮਾਹੀਆ । ਮਾਛੂਵਾੜੇ ਮੈਨੂੰ ਦੇ ਕੇ ਪਛਾੜੀ, ਮੁੜ ਕੇ ਮੁਖ ਨਾ ਫੇਰ ਭੁਆਈਆ । ਮੈਂ ਕੱਢਦੀ ਰਹੀ ਹਾੜੀ, ਗੱਲ ਆਪਣੇ ਪੱਲੂ ਪਾਈਆ । ਗੋਬਿੰਦ ਤੇਰੀ ਪੁਰਖ ਅਕਾਲ ਨਾਲ ਯਾਰੀ, ਮੈਂ ਯਾਰੀ ਤੇਰੇ ਚਰਨਾਂ ਨਾਲ ਲਗਾਈਆ । ਤੇਰੀ ਧੂੜ ਮੇਰਾ ਸ਼ਿੰਗਾਰੀ, ਮੇਰੇ ਮਸਤਕ ਮਿਲੇ ਵਡਿਆਈਆ । ਮੇਰੇ ਨੇਤਰ ਤੱਕ ਥੱਕ ਥੱਕ ਗਏ ਹਾਰੀ, ਤੇਰੀ ਨਜ਼ਰ ਮਿਹਰ ਮਿਹਰਵਾਨ ਨਾ ਕੋਇ ਉਠਾਈਆ । ਧੰਨ ਭਾਗ ਹਰਿ ਸੰਗਤ ਜਿਨ ਮੇਰੀ ਸੁਣੀ ਪੁਕਾਰੀ, ਮੇਰਾ ਦੁੱਖੜਾ ਲਿਆ ਵੰਡਾਈਆ । ਇਹ ਸੇਜ ਜਗਤ ਸ਼ਿੰਗਾਰੀ, ਚਾਰੋਂ ਕੁੰਟ ਵੇਖਣ ਚਾਈਂ ਚਾਈਂਆ । ਕਵਣ ਵੇਲਾ ਆਏ ਮੇਰਾ ਸੱਜਣ ਮੀਤ ਮੁਰਾਰੀ, ਬੇਪਰਵਾਹ ਬੇਪਰਵਾਹੀਆ । ਉਤੇ ਸਵੇਂ ਪੈਰ ਪਸਾਰੀ, ਚਰਨ ਪੁਰਖ ਅਕਾਲ ਵਲ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਰਬ ਵਡਿਆਈਆ । ਸੇਜ ਕਹੇ ਹਰਿ

ਸੰਗਤ ਤੇਰਾ ਜਸ, ਮੇਰਾ ਤਿਨਕਾ ਤਿਨਕਾ ਰਿਹਾ ਗਾਈਆ । ਤੁਹਾਡੇ ਅੰਦਰ ਪ੍ਰਭ ਮੇਰਾ ਗਿਆ ਫਸ, ਬਾਹਰ ਨੱਠ ਕਿਤੇ ਨਾ ਜਾਈਆ । ਮੇਰੇ ਉਤੇ ਬਹੇ ਸਜ, ਆਪਣਾ ਆਸਣ ਲਾਈਆ । ਕੋਝੀ ਕਮਲੀ ਦਾ ਪਰਦਾ ਲਏ ਕੱਜ, ਮਿਹਰ ਨਜ਼ਰ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਹਰਿ ਸੰਗਤ ਸੇਜ ਸਾਚੀ ਜ਼ਰੀ, ਜ਼ਰਾ ਜ਼ਰਾ ਰਿਹਾ ਜਸ ਗਾਈਆ । ਹਰਿ ਸੰਗਤ ਜਿਸ ਨੇ ਕੀਤੀ ਬਰੀ, ਬੰਦੀਖ਼ਾਨਾ ਦਿਤਾ ਤੁੜਾਈਆ । ਹਰਿ ਸੰਗਤ ਵਿਚ ਦਿਸੇ ਨਾ ਕੋਇ ਸ਼ਰਈ, ਸ਼ਰੀਅਤ ਰੂਪ ਨਾ ਕੋਇ ਵਟਾਈਆ । ਸਭ ਦਾ ਇਕੋ ਦਾਤਾ ਹਰੀ, ਹਰ ਘਟ ਬੈਠਾ ਡੇਰਾ ਲਾਈਆ । ਗੋਬਿੰਦ ਬਾਂਹ ਗੁਰਸਿਖਾਂ ਫੜੀ, ਅੱਗੇ ਲਏ ਨਾ ਕੋਇ ਛੁਡਾਈਆ । ਵੀਹ ਸੌ ਵੀਹ ਦੀ ਸਾਚੀ ਘੜੀ, ਘੜੀ ਸੁਲੱਖਣੀ ਲੇਖੇ ਲਾਈਆ । ਸਰਸੇ ਚਮਕੌਰ ਦੀ ਸਾਚੀ ਲੜੀ, ਪ੍ਰੇਮ ਡੋਰੀ ਤੰਦ ਬੰਧਾਈਆ । ਆਪਣੀ ਕਿਰਪਾ ਆਪੇ ਕਰੀ, ਪੂਰਬ ਲੇਖਾ ਰਿਹਾ ਚੁਕਾਈਆ । ਗੁਰਸਿਖ ਆਤਮ ਨਾ ਜਨਮੇ ਨਾ ਕਦੇ ਮਰੀ, ਸਤਿਗੁਰ ਆਪਣੇ ਸੰਗ ਰਖਾਈਆ । ਸਚ ਮਹੱਲੇ ਸਾਚੇ ਚੜ੍ਹੀ, ਘਰ ਸਾਚੇ ਸੋਭਾ ਪਾਈਆ । ਨਾ ਭੈ ਨਾ ਕੋਇ ਡਰੀ, ਭਿਆਨਕ ਰੂਪ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਜਾ ਦਏ ਵਡਿਆਈਆ । ਹਰਿ ਸੰਗਤ ਸੇਜ ਸਭ ਨੂੰ ਦੇਵੇ ਗੰਢ, ਭਾਜੀ ਨਾਮ ਵਰਤਾਈਆ । ਹਰਿ ਸੰਗਤ ਪਾਈ ਮੈਨੂੰ ਠੰਡ, ਮੇਰੀ ਠੰਡ ਹਰਿ ਸੰਗਤ ਵਿਚ ਸਮਾਈਆ । ਮੇਰੇ ਗੋਬਿੰਦ ਮੈਨੂੰ ਹੋਣ ਨਾ ਦਿਤਾ ਰੰਡ, ਮੇਰਾ ਰੰਡੇਪਾ ਦਿਤਾ ਕਟਾਈਆ । ਹਰਿ ਸੰਗਤ ਵਿਚ ਓਹੋ ਚੰਦ, ਪੁਰਖ ਅਕਾਲ ਰਿਹਾ ਚੜ੍ਹਾਈਆ । ਇਹ ਸੁਖ ਵੱਡਾ ਨਾਲੋਂ ਪੁਰੀ ਅਨੰਦ, ਜਿਸ ਧਾਮ ਜਿਸ ਗ੍ਰਿਹ ਜਿਸ ਆਸਣ ਪੁਰਖ ਅਕਾਲ ਗੋਬਿੰਦ ਦੋਵੇਂ ਵਸਣ ਏਕਾ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਤੇਰੀ ਵਡਿਆਈ ਮੈਂ ਕੀ ਜਾਣਾਂ, ਸਰਸਾ ਕੂਕ ਕੂਕ ਸੁਣਾਇੰਦਾ । ਗੁਰਮੁਖਾਂ ਮੰਨਿਆਂ ਤੇਰਾ ਭਾਣਾ, ਮੈਂ ਤੇਰੇ ਭਾਣੇ ਵਿਚ ਤੇਰੇ ਸਿਖ ਰੁੜ੍ਹਾਇੰਦਾ । ਅੰਤਰ ਅੰਤਰ ਅੰਤਰ ਪਛਤਾਣਾ, ਪਸਚਾਤਾਪ ਕੀਤਾ ਫੇਰ ਹੱਥ ਨਾ ਆਇੰਦਾ । ਇਕੋ ਮੰਗ ਮੰਗੀ ਕਰ ਕੇ ਤੇਰੇ ਚਰਨ ਧਿਆਨਾ, ਧਿਆਨ ਧਿਆਨ ਵਿਚ ਰਖਾਇੰਦਾ । ਮਿਹਰਵਾਨ ਦੇ ਦਾਨਾ, ਦਾਤਾ ਇਕੋ ਨਜ਼ਰੀ ਆਇੰਦਾ । ਗੋਬਿੰਦ ਹੁਕਮ ਇਕ ਸੁਣਾਨਾ, ਸਾਚਾ ਢੋਲਾ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਰਸੇ ਤੇਰਾ ਜਲ, ਜਲਧਾਰਾ ਨਾਲ ਬਦਲਾਇੰਦਾ । ਸਰਸੇ ਸੁਣ ਸਚ ਗਿਆਨ, ਗੁਰ ਗੋਬਿੰਦ ਰਿਹਾ ਜਣਾਈਆ । ਮੇਰਾ ਪਿਤਾ ਪੁਰਖ ਅਕਾਲ, ਪੂਤ ਸਪੂਤਾ ਗੋਬਿੰਦ ਨਾਉਂ ਧਰਾਈਆ । ਮੇਰਾ ਪੂਤ ਗੁਰਸਿਖ ਬਾਲ ਅਵਾਣ, ਜਿਸ ਦੀ ਬੁਧ ਆਪਣੇ ਵਿਚ ਛੁਪਾਈਆ । ਏਕਾ ਦੂਆ ਤੀਆ ਤਿੰਨੇ ਧਾਰਾਂ ਇਕ ਨਿਸ਼ਾਨ, ਨਿਸ਼ਾਨਾ ਇਕੋ ਇਕ ਦ੍ਰਿੜਾਈਆ । ਅਰਜਨ ਮੰਗ ਕੇ ਗਿਆ ਦਾਨ, ਪ੍ਰਭ ਅੱਗੇ ਝੋਲੀ ਡਾਹੀਆ । ਕਵਣ ਵੇਲਾ ਕੰਢੀ ਕਰੇਂ ਪਰਵਾਨ, ਕੰਢਾ ਆਪਣਾ ਦਏਂ ਵਖਾਈਆ । ਕਲਜੁਗ ਅੰਤ ਹੋਏ ਪਰਵਾਨ, ਤ੍ਰੈ ਤ੍ਰੈ ਲੇਖਾ ਮੂਲ ਚੁਕਾਈਆ । ਸਤਲੁਜ ਬਿਆਸਾ ਰਾਵੀ ਤਿੰਨਾਂ ਇਕੋ ਮਿਲੇ ਮਾਣ, ਆਰ ਪਾਰ ਪਾਰ ਆਰ ਇਕੋ ਰੰਗ ਵਖਾਈਆ । ਬਿਨਾਂ ਲਿਖਤ ਬਿਨਾਂ ਪੜ੍ਹਤ ਬਿਨਾਂ ਪੇਖ ਬਿਨਾਂ ਨੇਤਰ ਬਿਨਾਂ ਖੇਤਰ ਬੁਧੂ ਸ਼ਾਹ ਬੇਪਰਵਾਹ ਗੋਬਿੰਦ ਸੂਰਾ ਅਰਸ਼ੀ ਨੂਰਾ ਹਾਜ਼ਰ ਹਜ਼ੂਰਾ ਸਾਚਾ ਸੂਰਾ ਕਲ ਭਰਪੂਰਾ ਨੇੜੇ ਦੂਰਾ ਵੇਖਿਆ ਮਾਰ ਧਿਆਨ, ਧਿਆਨ ਵਿਚੋਂ ਧਿਆਨ ਲਗਾਈਆ । ਐਸ ਧਾਮ ਸਜਦਾ ਕਰਨ ਜ਼ਿਮੀਂ ਅਸਮਾਨ, ਜ਼ਮਾਨਾ ਕੋਈ ਨਾ ਦਏ ਗਵਾਹੀਆ । ਬਿਨ ਗੋਬਿੰਦ ਕੋਈ ਨਾ ਸਕੇ

ਪਛਾਣ, ਕਾਤਬ ਕਲਮ ਨਾਲ ਲਿਖੇ ਨਾ ਕੋਇ ਸ਼ਾਹੀਆ । ਜਿਹਵਾ ਕਰੇ ਨਾ ਕੋਇ ਬਿਆਨ, ਬੱਤੀ ਦੰਦ ਨਾ ਕੋਇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਭ ਦਾ ਲੇਖਾ ਲੇਖੇ ਪਾਈਆ । ਬੁਧੂ ਸ਼ਾਹ ਗਵਾਈ ਬੁਧ, ਆਪਣੀ ਬੁਧ ਨਾ ਕੋਇ ਰਖਾਈਆ । ਪੀਰ ਜ਼ਾਹਰਾ ਗਿਆ ਸੁਝ, ਸੋਝੀ ਇਕੋ ਵਾਰ ਆਈਆ । ਜੋ ਕੁਛ ਹੈ ਸੋ ਏਹੋ ਕੁਝ, ਦੂਜਾ ਨਜ਼ਰ ਕੋਇ ਨਾ ਆਈਆ । ਕਰ ਕੇ ਧਿਆਨ ਵੇਖਿਆ ਗੋਬਿੰਦ ਐਸ ਮਿਟੀ ਅੰਦਰ ਰਿਹਾ ਰੁਝ, ਬਿਨ ਨੇਤਰਾਂ ਧਿਆਨ ਲਗਾਈਆ । ਫ਼ਕੀਰ ਫ਼ੱਕਰ ਹੋ ਕੇ ਲਿਆ ਪੁੱਛ, ਅੱਖਰ ਲਿਖਤ ਨਾ ਕੋਇ ਲਿਖਾਈਆ । ਕਿਸ ਦੀ ਰੁੱਚੀ ਵਿਚ ਬੈਠੋਂ ਰੁਚ, ਚਸ਼ਮ ਦੀਦ ਨਾ ਕੋਇ ਜਣਾਈਆ । ਗੋਬਿੰਦ ਕਹੇ ਉਹ ਵੇਲਾ ਰਿਹਾ ਢੁਕ, ਜਿਸ ਦਾ ਰਾਹ ਰਿਹਾ ਤਕਾਈਆ । ਪੁਰਖ ਅਕਾਲ ਜੋ ਬੈਠਾ ਓਹਲੇ ਲੁਕ, ਪਰਗਟ ਹੋਵੇ ਮੇਰਾ ਮਾਹੀਆ । ਮੈਨੂੰ ਗੋਦੀ ਲਏ ਚੁੱਕ, ਆਪ ਆਪਣੀ ਗੋਦ ਸੁਹਾਈਆ । ਮੇਰੇ ਭਗਤਾਂ ਸੁਹਾਏ ਰੁੱਤ, ਜੋ ਅੱਗੇ ਲੇਖੇ ਲੈਣੇ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਰ ਇਕੋ ਇਕ ਸਮਝਾਈਆ । ਹਰਿ ਕਾ ਹਾਰ ਪ੍ਰੇਮ ਨਿਸ਼ਾਨੀ, ਹਰਿ ਸੰਗਤ ਮਿਲੇ ਵਡਿਆਈਆ । ਏਥੇ ਓਥੇ ਦੋ ਜਹਾਨੀ, ਨਿਰਗੁਣ ਸਰਗੁਣ ਖੇਲ ਖਲਾਈਆ । ਚੌਥੇ ਯੁਗ ਭਗਤ ਭਗਵਾਨੀ, ਭਾਉ ਇਕੋ ਇਕ ਦਰਸਾਈਆ । ਜਾਣੇ ਭੇਵ ਨਾ ਕੋਇ ਵਿਦਵਾਨੀ, ਗਿਆਨ ਧਿਆਨ ਨਾ ਕੋਇ ਵਡਿਆਈਆ । ਗੁਰਸਿਖ ਗੁਰੂ ਦੀ ਜਾਣੇ ਕਹਾਣੀ, ਸਤਿਗੁਰ ਗੁਰਸਿਖਾਂ ਕਰੇ ਪੜ੍ਹਾਈਆ । ਲੱਖ ਚੁਰਾਸੀ ਦੁਨੀਆਂ ਫ਼ਾਨੀ, ਫ਼ਾਤਿਹਾ ਸਭ ਦਾ ਰਿਹਾ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਲੇਖਾ ਸਭ ਦੀ ਝੋਲੀ ਪਾਈਆ । ਹਾਰ ਕਹੇ ਮੈਂ ਹਰਿ ਕਾ ਪੂਤ, ਆਦਿ ਜੁਗਾਦਿ ਅਖਵਾਇੰਦਾ । ਮੇਰੇ ਅੰਦਰ ਸੋਹਣਾ ਸੂਤ, ਮੇਰਾ ਸੰਗ ਨਿਭਾਇੰਦਾ । ਮੇਰੀ ਨਾ ਕੋਈ ਦਿਸ਼ਾ ਨਾ ਕੋਈ ਕੂਟ, ਹਿੱਸਾ ਵੰਡ ਨਾ ਕੋਇ ਵੰਡਾਇੰਦਾ । ਮੈਂ ਗੁਰਮੁਖਾਂ ਗਲ ਵਿਚ ਹੁਲਾਰਾ ਰਿਹਾ ਝੂਟ, ਸ੍ਰੀ ਭਗਵਾਨ ਆਪ ਝੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਵਡਿਆਇੰਦਾ । ਹਾਰ ਕਹੇ ਮੈਂ ਹਰੀ ਦਵਾਰਾ, ਜੁਗ ਜੁਗ ਵੇਖ ਵਖਾਇੰਦਾ । ਕੋਈ ਚੜ੍ਹਾਏ ਮੰਦਰ ਕੋਈ ਗੁਰੂਦੁਆਰਾ, ਠਾਕਰ ਦੁਆਰੇ ਕੋਈ ਸੁਹਾਇੰਦਾ । ਬਿਨ ਸਤਿਗੁਰ ਪੂਰੇ ਗੁਰਸਿਖਾਂ ਨਾਲ ਕਰੇ ਨਾ ਕੋਈ ਪਿਆਰਾ, ਆਪਣੇ ਗਲੋਂ ਲਾਹ ਕੇ ਗੁਰਸਿਖਾਂ ਤਨ ਸੁਹਾਇੰਦਾ । ਆਪ ਕੱਖਾਂ ਸੇਜਾ ਕਰੇ ਪਿਆਰਾ, ਗੁਰਸਿਖ ਆਪਣੇ ਹੱਥਾਂ ਉਤੇ ਉਠਾਇੰਦਾ । ਸਰਸੇ ਵਾਲਾ ਲੇਖਾ ਭੁੱਲਿਆਂ ਨਹੀਂ ਭੁਲਣਹਾਰਾ, ਅਭੁੱਲ ਆਪਣੀ ਕਾਰ ਕਮਾਇੰਦਾ । ਆਓ ਉਠ ਕੇ ਰਲ ਮਿਲ ਸਾਰੇ ਕਰੀਏ ਵਿਹਾਰਾ, ਬਿਵਹਾਰੀ ਆਪ ਜਣਾਇੰਦਾ । ਜਿਨ੍ਹਾਂ ਗੋਬਿੰਦ ਕੀਤਾ ਪਿਆਰਾ, ਤਿਨ੍ਹਾਂ ਪੁਰਖ ਅਕਾਲ ਵੇਖ ਵਖਾਇੰਦਾ । ਪੁਰਖ ਅਕਾਲ ਦਾ ਸੱਚਾ ਲਾਓ ਨਾਅਰਾ, ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੈ ਜੈਕਾਰ ਸਰਬ ਕਰਾਇੰਦਾ । ਗੁਰ ਸੰਗਤ ਅੱਗੇ ਚਲੋ ਵਾਰੋ ਵਾਰਾ, ਹਰਿ ਜੂ ਮਾਰਗ ਇਕ ਦਰਸਾਇੰਦਾ । ਗੁਰਸਿਖ ਗੁਰਸਿਖ ਨਾਲ ਕਰੋ ਪਿਆਰਾ, ਸਾਚੀ ਰੀਤੀ ਇਕ ਚਲਾਇੰਦਾ । ਲਾਲੋ ਭੁੱਖੇ ਦਾ ਦੱਸੇ ਫੇਰ ਦੁਆਰਾ, ਭੁਖਿਆਂ ਭੁੱਖ ਆਪ ਗਵਾਇੰਦਾ । ਲਾਲ ਸਿੰਘ ਬਣੇ ਵਣਜਾਰਾ, ਲਾਲਨ ਆਪਣੀ ਗੰਢ ਪੁਆਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦਾ ਬਣੇ ਸਹਾਰਾ, ਸਭ ਨੂੰ ਮਾਣ ਦਿਵਾਇੰਦਾ । ਸਾਚੀ ਸੇਜ ਕਰੇ ਪਿਆਰਾ, ਸੁਹੰਜਣੀ ਰੁੱਤ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ,





Rev-01

ਨਿਹਕਲੰਕ ਨਰਾਇਣ ਨਰ, ਪਿਛਲਾ ਲਾਹੇ ਪੂਰਬ ਕਰਜ਼, ਪੂਰਾ ਕਰੇ ਆਪਣਾ ਫ਼ਰਜ਼, ਹਰਿ ਸੰਗਤ ਹੋਣ ਨਾ ਦੇਵੇ ਤੇਰਾ ਹਰਜ਼, ਹਾਜ਼ਰ ਹੋ ਕੇ ਲਹਿਣਾ ਦੇਣਾ ਨੇਤਰ ਨੈਣਾਂ ਸਭ ਦੀ ਝੋਲੀ ਪਾਇੰਦਾ । ਗੁਰਮੁਖ ਤੇਰੇ ਦਰ ਦਰਬਾਨ, ਪੁਰਖ ਹਰਿ ਜੂ ਸੇਵ ਕਮਾਈਆ । ਜਿਸ ਦਾ ਲੇਖਾ ਹੱਥ ਭਗਵਾਨ, ਭਗਵਨ ਰਿਹਾ ਚੁਕਾਈਆ । ਅੱਗੇ ਕਿਸੇ ਕੋਈ ਨਾ ਦੇਵੇ ਦਾਨ, ਪੂਜਣ ਜੜ੍ਹ ਨਾ ਕੋਇ ਜਾਣ, ਪਾਣੀ ਪਾ ਨਾ ਕਰਾਏ ਅਸ਼ਨਾਨ, ਨਿਉਂ ਨਿਉਂ ਸਸਿ ਨਾ ਕੋਇ ਝੁਕਾਈਆ । ਗੁਰਸਿਖ ਗੁਰਮੁਖ ਹਰਿਜਨ ਹਰਿਭਗਤ ਸ੍ਰੀ ਭਗਵਾਨ ਸਭ ਨਾਲੋਂ ਵੱਡਾ ਬਣਾਇਆ ਨਿਸ਼ਾਨ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜੜ੍ਹ ਪੂਜਾ ਸਰਬ ਮਿਟਾਈਆ ।

## ★ ੨੧ ਵਸਾਖ ੨੦੨੦ ਬਿਕਰਮੀ ਕਿਸ਼ਨ ਸਿੰਘ ਦੇ ਗ੍ਰਿਹ ਅਲੂੜ ਪਿੰਡੀ ਜ਼ਿਲਾ ਗੁਰਦਾਸ ਪੁਰ ★

ਗੋਬਿੰਦ ਵੇਖ ਆਪਣਾ ਬਾਗ਼ੀਚਾ, ਸ੍ਰੀ ਭਗਵਾਨ ਰਿਹਾ ਵਖਾਈਆ । ਜਿਨ੍ਹਾਂ ਪਿਛੇ ਹੋਇਉਂ ਨੀਚਾ, ਊਚੋ ਊਚ ਦਏ ਵਡਿਆਈਆ । ਪ੍ਰੇਮ ਪਿਆਰ ਦੀ ਕਰ ਲੈ ਰੀਝਾ, ਸਾਚੀ ਸਿਖਿਆ ਇਕ ਸਮਝਾਈਆ । ਅੱਗੇ ਕੋਈ ਨਾ ਰਹੇ ਗੁਰੂ ਸਿਖ ਚਾਚਾ ਭਤੀਜਾ, ਪੁਰਖ ਅਕਾਲ ਇਕੋ ਨਜ਼ਰੀ ਆਈਆ । ਸਾਚਾ ਬੀਜ ਸਾਹਿਬ ਬੀਜਾ, ਪਤ ਡਾਲੀ ਆਪ ਮਹਿਕਾਈਆ । ਅੰਦਰ ਲੰਘ ਕੇ ਵੇਖ ਦਹਿਲੀਜ਼ਾ, ਦਰ ਦਰਬਾਨ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰਦਾ ਰਿਹਾ ਉਠਾਈਆ । ਗੋਬਿੰਦ ਵੇਖ ਸਚ ਫੁਲਵਾੜੀ, ਪਾਰਬ੍ਰਹਮ ਬ੍ਰਹਮ ਉਪਾਇੰਦਾ । ਜਿਸ ਦੇ ਪਿਛੇ ਵਿਸ਼ਨ ਬ੍ਰਹਮਾ ਸ਼ਿਵ ਲਾਈ ਤਾੜੀ, ਨਿਤ ਨਵਿਤ ਧਿਆਨ ਲਗਾਇੰਦਾ । ਤਿਨ੍ਹਾਂ ਸਤਿਗੁਰ ਫਿਰੇ ਪਿਛੇ ਅਗਾੜੀ, ਦਿਵਸ ਰੈਣ ਸੇਵ ਕਮਾਇੰਦਾ । ਅੰਦਰ ਬਾਹਰ ਨਿਰਗੁਣ ਸਰਗੁਣ ਕਰੇ ਕਾਰੀ, ਕਰਤਾ ਆਪਣੀ ਕਾਰ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਵਖਾਇੰਦਾ । ਗੋਬਿੰਦ ਵੇਖ ਆਪਣਾ ਪਰਵਾਰ, ਪਰਮ ਪੁਰਖ ਰਿਹਾ ਵਖਾਈਆ । ਜਿਨ੍ਹਾਂ ਪਿਛੇ ਸਭ ਕੁਛ ਗਿਉਂ ਵਾਰ, ਪਿਛੋਂ ਵਾਰਤਾ ਗਾਏ ਲੋਕਾਈਆ । ਤੇਰੀ ਕੋਇ ਨਾ ਪਾਏ ਸਾਰ, ਤੇਰਾ ਭੇਵ ਕਿਸੇ ਨਾ ਆਈਆ । ਤੇਰਾ ਲੇਖਾ ਜਾਣੇ ਆਪ ਨਿਰੰਕਾਰ, ਨਿਰਗੁਣ ਦਾਤਾ ਵਡ ਵਡਿਆਈਆ । ਕਲਜੁਗ ਅੰਤਮ ਕਰੇ ਸਚ ਪਿਆਰ, ਪ੍ਰੇਮ ਪ੍ਰੀਤੀ ਇਕ ਦਰਸਾਈਆ । ਉਠ ਵੇਖ ਹੋ ਨਿਹਾਲ, ਪਿਛਲਾ ਦੁੱਖ ਭੁਲਾਈਆ । ਲਹਿਣਾ ਚੁਕਾਏ ਆਪ ਅਕਾਲ, ਅਕਲ ਕਲਾ ਹੋ ਜਾਈਆ । ਜਿਸ ਦੀ ਕੋਈ ਨਾ ਝੱਲੇ ਝਾਲ, ਝਲਕ ਦੇ ਕੇ ਸਭ ਨੂੰ ਮੂੰਹ ਦੇ ਭਾਰ ਸੁਟਾਈਆ । ਸੋ ਪੁਛੇ ਤੇਰਾ ਹਾਲ, ਮੁਰੀਦ ਮੁਰਸ਼ਦ ਫੇਰਾ ਪਾਈਆ । ਅੰਤਮ ਹੱਲ ਕਰੇ ਸਵਾਲ, ਜ਼ੇਰ ਜ਼ਬਰ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਹੱਥੋ ਹੱਥ ਫੜਾਈਆ । ਗੋਬਿੰਦ ਵੇਖ ਆਪਣਾ ਦੁਆਰ, ਧੁਰ ਦਰਬਾਰੀ ਆਪ ਜਣਾਇੰਦਾ । ਸਾਚਾ ਦੀਪਕ ਇਕ ਉਜਿਆਰ, ਤੇਲ ਬਾਤੀ ਨਾ ਕੋਇ ਟਿਕਾਇੰਦਾ । ਸਾਚਾ ਨਾਮ ਸ਼ਬਦ ਧੁਨਕਾਰ, ਸਾਜ ਤਾਲ ਨਾ ਕੋਇ ਵਜਾਇੰਦਾ । ਸਾਚੀ ਸਖੀਆਂ ਮੰਗਲਚਾਰ, ਗੀਤ ਗੋਬਿੰਦ ਇਕ ਅਲਾਇੰਦਾ । ਸਾਚਾ ਸੱਜਣ ਮੀਤ ਮੁਰਾਰ, ਸਗਲਾ ਸੰਗ ਨਿਭਾਇੰਦਾ । ਸਾਚਾ ਲੇਖਾ ਧੁਰ ਦਰਬਾਰ, ਧੁਰਦਰਗਾਹੀ ਆਪ ਮੁਕਾਇੰਦਾ । ਤੇਰਾ ਸੱਥਰ ਕਰ ਪਿਆਰ, ਤੇਰੇ ਅੱਥਰ ਨੈਣ ਆਪ ਪੂੰਝਾਇੰਦਾ । ਤੇਰਾ ਪੱਥਰ ਹਿਰਦਾ ਦੇਵੇ ਪਾੜ, ਪ੍ਰੇਮ ਨਿਸ਼ਾਨਾ ਤੀਰ ਲਗਾਇੰਦਾ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗ੍ਰਿਹ ਤੇਰਾ ਇਕ ਸਮਝਾਇੰਦਾ । ਗੋਬਿੰਦ ਵੇਖ ਆਪਣਾ ਗ੍ਰਿਹ, ਘਰ ਮੰਦਰ ਆਪ ਜਣਾਇੰਦਾ । ਜਿਸ ਮੰਦਰ ਅੰਦਰ ਹਰਿ ਜੂ ਰਹਿ, ਨਿਰਗੁਣ ਆਪਣਾ ਡੇਰਾ ਲਾਇੰਦਾ । ਜੋ ਕਰਨੀ ਸੋ ਤੈਨੂੰ ਕਹੇ, ਦੂਸਰ ਹੋਰ ਨਾ ਕਿਸੇ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਕਲ ਵਰਤਾਇੰਦਾ । ਗੋਬਿੰਦ ਵੇਖ ਖੋਲ੍ਹ ਅੱਖ, ਹਰਿ ਆਖ਼ਰ ਦਇਆ ਕਮਾਈਆ । ਬਾਕੀ ਭਾਂਡੇ ਕਰ ਕੇ ਸੱਖ, ਤੇਰਾ ਭੰਡਾਰਾ ਰਿਹਾ ਭਰਾਈਆ । ਪੰਜ ਤੱਤ ਨਾਲੋਂ ਕਰ ਕੇ ਵੱਖ, ਨਿਰਗੁਣ ਸ਼ਬਦ ਨੂਰ ਜੋਤ ਰੁਸ਼ਨਾਈਆ । ਡੂੰਘੀ ਧਾਰ ਮਾਰਗ ਦੱਸ, ਰਸਤੇ ਕਰੇ ਪੜ੍ਹਾਈਆ । ਮੇਲ ਮਿਲਾਏ ਨੱਠ ਨੱਠ, ਪਾਂਧੀ ਬਣ ਬੇਪਰਵਾਹੀਆ । ਬਣ ਵਣਜਾਰਾ ਖੋਲ੍ਹ ਹੱਟ, ਵਸਤ ਇਕੋ ਇਕ ਵਿਕਾਈਆ । ਤੇਰੀ ਸੇਜ ਸੁਹਾਏ ਸੁੱਚਾ ਪੱਟ, ਪੱਟ ਪਟਨਾ ਨਜ਼ਰ ਕੋਇ ਨਾ ਆਈਆ । ਤੂੰ ਮੇਰਾ ਮੈਂ ਤੇਰਾ ਇਕੋ ਨਾਮ ਲਈਏ ਰਟ, ਰੱਟਾ ਮੁੱਕੇ ਜਗਤ ਲੋਕਾਈਆ । ਪ੍ਰੇਮ ਪਿਆਰ ਬਿਰਹੋਂ ਮਾਰ ਸਿਟੇ ਸੱਟ, ਚੋਟ ਨਗਾਰੇ ਇਕ ਜਣਾਈਆ । ਨਾ ਕੋਈ ਰੂਪ ਰੰਗ ਰੇਖ ਦਿਸੇ ਪੁਰਖ ਸਮਰਥ, ਸਮਰਥ ਆਪਣੀ ਕਾਰ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਦੇਣਾ ਝੋਲੀ ਪਾਈਆ । ਗੋਬਿੰਦ ਵੇਖ ਆਪਣਾ ਪੀਰ, ਬੇਪੀਰ ਫੇਰਾ ਪਾਇੰਦਾ । ਜਿਸ ਦੀ ਨਜ਼ਰ ਨਾ ਆਏ ਤਸਵੀਰ, ਤਸਬੀ ਗਲ ਨਾ ਕੋਇ ਲਟਕਾਇੰਦਾ । ਨਾ ਕੋਈ ਸ਼ਰਅ ਨਾ ਜ਼ੰਜੀਰ, ਕੜੀ ਕੜੀ ਨਾ ਕੋਇ ਬੰਧਾਇੰਦਾ । ਜੀਹਦਾ ਲੇਖਾ ਬੇਨਜ਼ੀਰ, ਨਜ਼ਰ ਵਿਚ ਨਾ ਕੋਇ ਰਖਾਇੰਦਾ । ਬਦਲਣਹਾਰ ਤਕਸੀਰ, ਤਦਬੀਰ ਆਪਣੀ ਆਪ ਜਣਾਇੰਦਾ । ਅੱਗੇ ਲੋਕਮਾਤ ਵਿਚ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਬਣੀ ਰਹਿਣ ਨਾ ਦੇਵੇ ਭੀੜ, ਸਾਚਾ ਮਾਰਗ ਇਕ ਵਖਾਇੰਦਾ । ਪਰਵਰਦਿਗਾਰ ਸਤਿ ਅਖ਼ੀਰ, ਸਚ ਸਾਚੀ ਕਾਰ ਕਮਾਇੰਦਾ । ਆਦਿ ਅੰਤ ਨਾ ਹੋਏ ਦਿਲਗੀਰ, ਦੁੱਖ ਦਰਦ ਨਾ ਕੋਇ ਰਖਾਇੰਦਾ । ਨਾ ਕੋਈ ਖੰਡਾ ਨਾ ਸ਼ਮਸ਼ੀਰ, ਚੰਡ ਪਰਚੰਡ ਨਾ ਕੋਇ ਚਮਕਾਇੰਦਾ । ਨਾ ਕੋਈ ਸ਼ਸਤਰ ਕਮਾਨ ਨਾ ਤੀਰ, ਚਿਲਾ ਭੱਥਾ ਨਾ ਕੋਇ ਉਠਾਇੰਦਾ । ਹੁਕਮੇ ਅੰਦਰ ਦੋ ਜਹਾਨਾਂ ਦੇਵੇ ਚੀਰ, ਬਚਿਆ ਕੋਇ ਰਹਿਣ ਨਾ ਪਾਇੰਦਾ । ਸੋ ਬੇਮੁਹਤਾਜ ਆਇਆ ਪੀਰ, ਮੁਫ਼ਲਸ ਆਪਣਾ ਵੇਸ ਵਟਾਇੰਦਾ । ਨਾ ਕੋਈ ਜਾਣੇ ਖੇਲ ਸ਼ਰੀਰ, ਸ਼ਿਰਕਤ ਵਿਚ ਕਦੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਤੇਰਾ ਲੇਖਾ ਤੇਰੇ ਹੱਥ ਫੜਾਇੰਦਾ । ਗੋਬਿੰਦ ਸੁਣ ਆਪਣੇ ਕੰਨ, ਹਰਿ ਸਾਹਿਬ ਸਚ ਜਣਾਈਆ । ਤੂੰ ਮੇਰਾ ਕਹਿਣਾ ਲਿਆ ਮੰਨ, ਬੰਸ ਸਰਬੰਸ ਦਿਤਾ ਲੁਟਾਈਆ । ਫਿਰ ਵੀ ਕਰ ਕੇ ਸ਼ੁਕਰ ਕਿਹਾ ਧੰਨ, ਧੰਨ ਤੇਰੀ ਸਰਨਾਈਆ । ਕਲਜੁਗ ਜੀਵ ਨਾ ਜਾਨਣ ਅੰਨ੍ਹ, ਅੰਧਿਆਂ ਰਾਹ ਕੋਇ ਨਾ ਪਾਈਆ । ਘਰ ਘਰ ਦਰ ਦਰ ਤੇਰਾ ਪਿਆ ਜਨ, ਸੰਸਾ ਰੋਗ ਨਾ ਕੋਇ ਚੁਕਾਈਆ । ਤੇਰੇ ਪਿੱਛੇ ਦੇਵਾਂ ਡੰਨ, ਡੰਕਾ ਇਕੋ ਇਕ ਵਜਾਈਆ । ਜੋ ਘੜਿਆ ਦੇਵਾਂ ਭੰਨ, ਠੀਕਰ ਘਰ ਘਰ ਦਿਆਂ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਗੋਬਿੰਦ ਵੇਖ ਆਪਣੇ ਸਿਖ, ਸਿੰਘ ਨਜ਼ਰ ਕੋਇ ਨਾ ਆਇੰਦਾ । ਜਿਨ੍ਹਾਂ ਲੇਖਾ ਦਿਤਾ ਲਿਖ, ਤਿਨ੍ਹਾਂ ਪਿਛਲਾ ਲੇਖ ਸਮਝਾਇੰਦਾ । ਬਾਕੀ ਸਾਰੇ ਮੰਗਦੇ ਭਿੱਖ, ਝੋਲੀ ਵਸਤ ਨਾ ਕੋਇ ਟਿਕਾਇੰਦਾ । ਕਰੇ ਖੇਲ ਆਪ ਅਨਡਿਠ, ਅਨਡਿਠੜੀ ਕਾਰ ਕਮਾਇੰਦਾ । ਸੂਲਾਂ ਸੱਥਰ ਨਾ ਦਿਤੀ ਪਿੱਠ, ਕਰਵਟ ਆਪਣੀ ਆਪ ਬਦਲਾਇੰਦਾ । ਨਾ ਹਾਰ ਨਾ ਜਾਣੇ ਜਿਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਲੇਖਾ ਤੇਹੇ ਸਮਝਾਇੰਦਾ ।

ਗੋਬਿੰਦ ਵੇਖ ਨੌਜਵਾਨ, ਨਾਮ ਜਵਾਨੀ ਰਿਹਾ ਵਖਾਈਆ । ਜਿਸ ਦਾ ਝੁੱਲੇ ਸਦਾ ਨਿਸ਼ਾਨ, ਨਿਸ਼ਾਨਾ ਇਕੋ ਇਕ ਬਣਾਈਆ । ਵੇਖਣਹਾਰਾ ਰਾਜ ਰਾਜਾਨ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਦੇਵਣਹਾਰਾ ਧੁਰ ਫ਼ਰਮਾਣ, ਸਚ ਸੰਦੇਸ਼ਾ ਇਕ ਅਲਾਈਆ । ਸੰਤ ਸੁਹੇਲੇ ਕਰ ਪਰਵਾਨ, ਗੁਰ ਚੇਲੇ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਪਰਮ ਪੁਰਖ ਦਇਆ ਕਮਾਈਆ । ਗੋਬਿੰਦ ਕਹੇ ਸਚ ਪ੍ਰਭ, ਪੁਰਖ ਅਕਾਲ ਦਇਆ ਕਮਾਇੰਦਾ । ਗੁਰਮੁਖ ਗੁਰਸਿਖ ਸਾਚੇ ਲੱਭ, ਦਰ ਆਪਣੇ ਮੇਲ ਮਿਲਾਇੰਦਾ । ਮੈਂ ਗਵਾਇਆ ਕਿਛ ਹੱਬ, ਤੇਰਾ ਕੀਤਾ ਆਪਣੀ ਝੋਲੀ ਪਾਇੰਦਾ । ਕਲਜੁਗ ਵੇਖ ਤੇਰੀ ਹੱਦ, ਹਦੂਦ ਆਪਣੀ ਡੇਰਾ ਢਾਹਿੰਦਾ । ਕਿਰਪਾ ਵਿਚੋਂ ਕਿਰਪਾ ਨਿਧਾਨ ਕੱਢ, ਕਿਰਪਨ ਆਪਣੀ ਗੋਦ ਸੁਹਾਇੰਦਾ । ਵਿਛੋੜਾ ਦੇ ਜਿਨ੍ਹਾਂ ਆਇਆ ਛੱਡ, ਸਰਸਾ ਡੂੰਘੀ ਧਾਰ ਵਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਣਾ ਇਕ ਵਰ, ਚਰਨ ਕਵਲ ਮੰਗ ਮੰਗਾਇੰਦਾ । ਗੋਬਿੰਦ ਕਹੇ ਸਚ ਮਿਹਰਵਾਨ, ਸੁੱਚ ਤੇਰੀ ਵਡਿਆਈਆ । ਮੈਂ ਕੀ ਜਾਣਾ ਬਾਲ ਅਵਾਣ, ਅਥਾਹ ਤੇਰੀ ਚਤੁਰਾਈਆ । ਹੁਕਮੇ ਅੰਦਰ ਹੁਕਮ ਪਰਵਾਨ, ਸ਼ਬਦ ਵਿਚ ਨਾਮ ਸ਼ਨਵਾਈਆ । ਕਾਹਨਾਂ ਵਿਚੋਂ ਸੱਚਾ ਕਾਹਨ, ਏਕਾ ਤੂ ਹੀ ਨਜ਼ਰੀ ਆਈਆ । ਮੰਦਰਾਂ ਵਿਚੋਂ ਮੰਦਰ ਮਹਾਨ, ਮਹਿਮਾ ਅਕੱਥ ਅਕੱਥ ਵਡਿਆਈਆ । ਜਿਧਰ ਵੇਖਾਂ ਮਾਰ ਧਿਆਨ, ਏਕ ਤੂ ਹੀ ਨਜ਼ਰੀ ਆਈਆ । ਤੇਰਾ ਤੁਲਹਾ ਸਚ ਨਿਸ਼ਾਨ, ਤੇਰਾ ਬੇੜਾ ਬੇਪਰਵਾਹੀਆ । ਤੇਰਾ ਖੇੜਾ ਇਕ ਮਹਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਣਾ ਇਕੋ ਵਰ, ਇਕੋ ਏਕ ਨਜ਼ਰੀ ਆਈਆ । ਗੋਬਿੰਦ ਕਹੇ ਤੇਰਾ ਪਰਵਾਰ, ਪਰਮ ਪਰਮ ਵਡਿਆਈਆ । ਬ੍ਰਹਮ ਬ੍ਰਹਮ ਧਾਰ, ਕਰਮ ਕਰਮ ਜਣਾਈਆ । ਵਰਨ ਵਰਨ ਸ਼ਿੰਗਾਰ, ਸਰਨ ਸਰਨ ਸਰਨਾਈਆ । ਤਰਨ ਤਰਨ ਦਾਤਾਰ, ਹਰਨ ਫਰਨ ਖੁਲ੍ਹਾਈਆ । ਜੁਗ ਚੌਕੜੀ ਜਗਤ ਵਿਹਾਰ, ਭਗਤ ਭਗਵਾਨ ਸੋਭਾ ਪਾਈਆ । ਲਹਿਣਾ ਦੇਣਾ ਕਰਜ਼ ਉਤਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਭੇਵ ਅਭੇਦ ਇਕ ਜਣਾਈਆ । ਗੋਬਿੰਦ ਕਹੇ ਦਿਆਲ ਸਵਾਮੀ, ਤੇਰਾ ਅੰਤ ਕੋਇ ਨਾ ਆਇੰਦਾ । ਸਰਬ ਜੀਆਂ ਤੂੰ ਅੰਤਰਜਾਮੀ, ਘਟ ਘਟ ਡੇਰਾ ਲਾਇੰਦਾ । ਤੇਰੀ ਇਛਿਆ ਗੁਰ ਗੁਰ ਬਾਣੀ, ਸਤਿਗੁਰ ਤੇਰੀ ਸਿਫ਼ਤ ਸਾਲਾਹਿੰਦਾ । ਤੇਰੇ ਨਾਮ ਦੀ ਜਗਤ ਕਹਾਣੀ, ਲੱਖ ਚੁਰਾਸੀ ਵਡ ਵਡਿਆਇੰਦਾ । ਤੂੰ ਸ਼ਹਿਨਸ਼ਾਹ ਸ਼ਾਹ ਪਾਤਸ਼ਾਹ ਸੁਲਤਾਨੀ, ਸੁਤ ਦਾਰਾ ਵੇਖ ਵਖਾਇੰਦਾ । ਤੇਰਾ ਮੰਦਰ ਇਕ ਸੁਲਤਾਨੀ, ਸਲਲ ਆਪਣਾ ਰੰਗ ਰੰਗਾਇੰਦਾ । ਆਲਮ ਇਲਮ ਨਾ ਜਾਣੇ ਕੋਈ ਕਹਾਣੀ ਆਲਮੇ ਜਾਵਦਾਨੀ, ਤੇਰੀ ਦਰਗਹਿ ਧਾਮ ਸੁਹਾਇੰਦਾ । ਤਨ ਦਿਸੇ ਜਗਤ ਕਾਨੀ, ਕਾਤਬ ਕਲਮ ਕਲਾਮ ਮਕਤਬ ਲੇਖ ਨਾ ਕੋਇ ਵਖਾਇੰਦਾ । ਤੇਰੇ ਤੇਰੇ ਹੋਏ ਹਰਾਮੀ, ਹੱਕ ਹਲਾਲ ਨਾ ਕੋਇ ਸਮਝਾਇੰਦਾ । ਉਠ ਸਭ ਦੀ ਵੇਖ ਪੇਸ਼ਾਨੀ, ਮਸਤਕ ਟਿੱਕਾ ਨਜ਼ਰ ਕਿਸੇ ਨਾ ਆਇੰਦਾ । ਕਲਮਿਆਂ ਅੰਦਰ ਵੜ ਗਈ ਬੇਈਮਾਨੀ, ਤੇਰੇ ਨੂਰੀ ਅੱਖਰ ਕੂੜੀ ਕਿਰਿਆ ਜਗਤ ਵੰਡ ਵੰਡਾਇੰਦਾ । ਜਗਤ ਅਦਾਲਤ ਤੇਰੀ ਕਰੇ ਬਦਨਾਮੀ, ਹੱਕ ਹਕੀਕਤ ਕੋਇ ਨਾ ਖੋਜ ਖੁਜਾਇੰਦਾ । ਨਾ ਕੋਈ ਇਸਮ ਨਾ ਇਸਲਾਮੀ, ਆਜ਼ਮ ਰੂਪ ਨਾ ਕੋਇ ਧਰਾਇੰਦਾ । ਮੈਂ ਵੇਖ ਹੋਇਆ ਹੈਰਾਨੀ, ਤੇਰੀ ਹਰਕਤ ਬੰਦ ਨਾ ਕੋਇ ਕਰਾਇੰਦਾ । ਨਾ ਕੋਈ ਬਣਿਆ ਕਦਰ ਦਾਨੀ, ਤੇਰੀ ਕੀਮਤ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੀ ਮਹਿਫ਼ਲ

ਵੇਖ ਵਖਾਇੰਦਾ । ਤੇਰੀ ਮਹਿਫ਼ਲ ਵੇਖਾਂ ਰੋਜ਼, ਰਹੀਮ ਤੇਰੀ ਸ਼ਰਨਾਈਆ । ਸ੍ਰੀ ਭਗਵਾਨ ਕਹੇ ਗੋਬਿੰਦ ਕੋਈ ਨਾ ਸੋਚ, ਸੋਚਣ ਵਿਚ ਕਦੇ ਨਾ ਆਈਆ । ਤੇਰੇ ਅੰਦਰ ਵਖਾਵਾਂ ਕੋਟਨ ਕੋਟ ਲੋਕ ਪਰਲੋਕ, ਬ੍ਰਹਿਮੰਡ ਖੰਡ ਤੇਰੇ ਵਿਚ ਟਿਕਾਈਆ । ਤੇਰੇ ਘਰ ਜਗਾਵਾਂ ਨਿਰਮਲ ਜੋਤ, ਨੂਰ ਨੁਰਾਨਾ ਇਕ ਰੁਸ਼ਨਾਈਆ । ਸਾਚਾ ਭੇਵ ਖੁਲ੍ਹਾਵਾਂ ਤੇਰੇ ਹੋਂਟ, ਧੁਰ ਦੀ ਧਾਰ ਧਾਰ ਜਣਾਈਆ । ਤੇਰੀ ਮੇਰੀ ਕਦੇ ਨਾ ਹੋਵੇ ਛੋਟ, ਅੰਤ ਛੁਟੇ ਸਰਬ ਲੋਕਾਈਆ । ਤੂੰ ਮੇਰਾ ਆਹਲਣਿਉਂ ਡਿਗਾ ਬੋਟ, ਅੰਤ ਆਪਣੀ ਗੋਦ ਉਠਾਈਆ । ਤੂੰ ਰੱਖੀ ਇਕੋ ਓਟ, ਪੁਰਖ ਅਕਾਲ ਧਿਆਈਆ । ਤੂੰ ਗੁਰਮੁਖਾਂ ਮਿਲਣ ਦਾ ਰੱਖਿਆ ਸ਼ੌਕ, ਪੁੱਤ ਪੋਤਰੇ ਆਪਣੇ ਨਾ ਕੋਇ ਹੰਢਾਈਆ । ਸ੍ਰੀ ਭਗਵਾਨ ਤੇਰੀ ਸੰਭਾਲੇ ਹੋਸ਼, ਹਸ਼ਰ ਆਪਣਾ ਦਏ ਕਰਾਈਆ । ਤੇਰੇ ਗੁਰਸਿਖ ਵੇਖੇ ਨਿਰਦੋਸ਼ ਦੋਸ਼ੀ ਕੋਈ ਨਜ਼ਰ ਨਾ ਆਈਆ । ਮਾਛੂਵਾੜੇ ਮਿਲਿਆ ਤੈਨੂੰ ਬਣ ਖ਼ਾਮੋਸ਼, ਆਪਣੀ ਕਥਾ ਨਾ ਕਿਸੇ ਸੁਣਾਈਆ । ਆਪਣੇ ਅੰਦਰ ਤੇਰਾ ਦੱਬਿਆ ਜੋਸ਼, ਤਾਕਤਵਰ ਤਾਕਤ ਨਾ ਕੋਇ ਅਜ਼ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਗੋਬਿੰਦ ਅੱਗੋਂ ਕਰੇ ਹਾਸਾ, ਹੱਸ ਹੱਸ ਖ਼ੁਸ਼ੀ ਮਨਾਇੰਦਾ । ਗੱਲਾਂ ਬਾਤਾਂ ਨਾਲ ਦੇ ਭਰਵਾਸਾ, ਬਿਨ ਕੀਤੀ ਸਬਰ ਮੋਹੇ ਨਾ ਆਇੰਦਾ । ਜੁਗ ਚੌਕੜੀ ਤੇਰਾ ਵੇਂਹਦੇ ਗਏ ਤਮਾਸ਼ਾ, ਤੂੰ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਖ਼ਾਕ ਮਿਲਾਇੰਦਾ । ਗਾ ਗਾ ਗਏ ਤੇਰੀ ਗਾਥਾ, ਸਿਫ਼ਤੀ ਸਿਫ਼ਤ ਤੇਰਾ ਨਾਮ ਵਡਿਆਇੰਦਾ । ਟੇਕਦੇ ਗਏ ਤੇਰੇ ਚਰਨ ਮਾਥਾ, ਮਸਤਕ ਤਿਲਕ ਸਰਬ ਵਖਾਇੰਦਾ । ਮੈਂ ਮੰਨਿਆਂ ਤੇਰਾ ਸਾਕਾ, ਪਿਤਾ ਪੂਤ ਵੇਖ ਵਖਾਇੰਦਾ । ਬ੍ਰਹਿਮੰਡ ਖੰਡ ਜੋ ਤੇਰਾ ਹਾਤਾ, ਤਿਸ ਉਤੇ ਮੈਂ ਆਪਣਾ ਹੱਕ ਰਖਾਇੰਦਾ । ਤੂੰ ਸਭ ਦਾ ਵੱਡਾ ਆਕਾ, ਮੈਂ ਹਾਕਮ ਹੁਕਮ ਮੰਨਾਇੰਦਾ । ਤੇਰੀ ਫਲਵਾੜੀ ਦਾ ਬਣਿਆਂ ਰਹਾਂ ਰਾਖਾ, ਲੱਖ ਚੁਰਾਸੀ ਵੇਖ ਵਖਾਇੰਦਾ । ਮੈਂ ਹੁਣ ਉਹਲੇ ਹੋ ਕੇ ਖਿਚਣ ਨਹੀਂ ਦੇਣਾ ਖ਼ਾਕਾ, ਤੇਰੀ ਤਸਵੀਰ ਆਪਣੇ ਵਿਚ ਰਖਾਇੰਦਾ । ਦੱਸ ਕਿਵੇਂ ਤੋੜੇਂਗਾ ਨਾਤਾ, ਪਿਛਲਾ ਨਾਤਾ ਫੇਰ ਜਗਾਇੰਦਾ । ਆ ਪੁੱਛ ਮੇਰੀਆਂ ਬਾਤਾਂ, ਬੀਤੀ ਕਹਾਣੀ ਆਪ ਸਮਝਾਇੰਦਾ । ਤੇਰੇ ਪਿਛੇ ਮਾਛੂਵਾੜੇ ਕੱਟੀ ਅੰਧੇਰੀ ਰਾਤਾ, ਸੂਲਾਂ ਸੱਥਰ ਸੇਜ ਹੰਢਾਇੰਦਾ । ਪਿਓ ਮਾਂ ਪੁੱਤ ਵਾਰ ਕੇ ਤੇਰੀ ਬਣਿਆ ਜ਼ਾਤਾ, ਆਪਣੀ ਜ਼ਾਤ ਨਾ ਕੋਇ ਰਖਾਇੰਦਾ । ਹੁਣ ਚੜ੍ਹ ਕੇ ਬਹੂੰ ਤੇਰੀ ਢਾਕਾ, ਗਲਵਕੜੀ ਆਪਣੀ ਪਾਇੰਦਾ । ਮੇਰਾ ਬਸਤਰ ਚੋਲਾ ਪਿਛਲਾ ਪਾਟਾ, ਅੱਗੇ ਤਨ ਨਾ ਕੋਇ ਵਖਾਇੰਦਾ । ਮੈਂ ਕਿਸੇ ਨੂੰ ਕਹਿਣਾ ਨਹੀਂ ਚਾਚਾ, ਬਾਪੂ ਇਕੋ ਨਜ਼ਰੀ ਆਇੰਦਾ । ਹੁਣ ਕੱਟਣਾ ਨਹੀਂ ਫ਼ਾਕਾ, ਫਿਕਾ ਰਸ ਨਾ ਕੋਇ ਰਖਾਇੰਦਾ । ਅੱਗੇ ਬਣਿਆ ਰਿਹਾ ਦਾਸੀ ਦਾਸਾ, ਹੁਣ ਸਾਹਮਣੇ ਹੋ ਕੇ ਮੰਗ ਮੰਗਾਇੰਦਾ । ਉਠ ਵੇਖ ਮਾਰ ਝਾਤਾ, ਝਾਕੀ ਆਪਣਿਆਂ ਗੁਰਮੁਖਾਂ ਵਲ ਪਾਇੰਦਾ । ਤੂੰ ਮੇਰਾ ਕਮਲਾਪਾਤਾ, ਪਤਿਪਰਮੇਸ਼ਵਰ ਇਕ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸੱਚਾ ਵਰ, ਦੂਜਾ ਦਰ ਨਾ ਮੰਗਣ ਜਾਇੰਦਾ । ਗੋਬਿੰਦ ਕਹੇ ਉਠ ਮਰਦ, ਮਰਦਾਨਗੀ ਦੇ ਜਣਾਈਆ । ਬੇਦਰਦੀ ਤੈਨੂੰ ਕੋਈ ਨਾ ਆਵੇ ਦਰਦ, ਦੁਖੀਆਂ ਦਰਦ ਵੰਡਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤੇਰੇ ਅੱਗੇ ਕਰਦੇ ਗਏ ਅਰਜ਼, ਆਰਜ਼ੂ ਵਿਚ ਆਰਜ਼ੀ ਪਾਈਆ । ਢੋਲਾ ਸੋਹਲਾ ਰਾਗ ਗੌਂਦੇ ਗਏ ਤਰਜ਼, ਤਰ੍ਹਾ ਤਰ੍ਹਾ ਸਮਝਾਈਆ । ਤੇਰਾ ਪੂਰਾ ਹੋਇਆ ਨਾ ਕਿਸੇ ਕੋਲੋਂ ਫ਼ਰਜ਼, ਫ਼ਰਮਾਂਬਰਦਾਰ ਨਾ ਕੋਇ ਅਖਵਾਈਆ । ਮੇਲਣ ਵਿਛੋੜਨ ਦੀ ਤੈਨੂੰ ਮਰਜ਼, ਤੇਰਾ ਰੋਗ ਨਾ ਕੋਇ ਹਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ

ਵਰ, ਦਰ ਮੰਗਣਹਾਰਾ ਮਾਂਗਤ ਨਜ਼ਰ ਕਿਸੇ ਨਾ ਆਈਆ । ਪੁਰਖ ਅਕਾਲ ਕਹੇ ਨਾ ਕਰ ਜ਼ਿਦ, ਜ਼ਿੰਦਗੀ ਸਭ ਦੀ ਦਿਆਂ ਬਦਲਾਈਆ । ਗੋਬਿੰਦ ਗੁਰਮੁਖ ਤੇਰੀ ਬਿੰਦ, ਬਿੰਦ ਲੇਖੇ ਲੇਖੇ ਪਾਈਆ । ਜਿਨ੍ਹਾਂ ਖ਼ਾਕ ਰੁਲਾਇਆ ਸੁਰਪਤ ਇੰਦ, ਸ਼ਿਵ ਬ੍ਰਹਮਾ ਧੱਕਾ ਲਾਈਆ । ਤਿੰਨਾਂ ਧਾਰ ਬਹਾਵਾਂ ਅੰਮ੍ਰਿਤ ਸਾਗਰ ਸਿੰਧ, ਲਹਿਰ ਲਹਿਰ ਵਿਚ ਧਰਾਈਆ । ਤਿਨ੍ਹਾਂ ਨਾਤਾ ਤੁਟੇ ਜੀਉ ਪਿੰਡ, ਪਿੰਡੀ ਭਰਨ ਕੋਇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਗੋਬਿੰਦ ਅੰਤ ਨਾ ਪੈ ਖਹਿੜੇ, ਖਹਿੜਾ ਸਭ ਦਾ ਦਿਆਂ ਛੁਡਾਈਆ । ਭਰ ਕੇ ਚਾੜ੍ਹਾਂ ਆਪਣੇ ਬੇੜੇ, ਬੇੜਾ ਇਕੋ ਵਾਰ ਤਰਾਈਆ । ਲੇਖੇ ਲਾਵਾਂ ਦੂਰ ਨੇੜੇ, ਨੇਰਨ ਦੂਰ ਇਕੋ ਨਜ਼ਰੀ ਆਈਆ । ਲੱਖ ਚੁਰਾਸੀ ਵਿਚੋਂ ਲੱਭਾਂ ਤੇਰੇ, ਜਿਨ੍ਹਾਂ ਸਾਚੀ ਸੇਵ ਕਮਾਈਆ । ਜੋ ਰਣ ਝੂਜੇ ਕੱਟ ਬੇਰੇ ਬੇਰੇ, ਬਿਰਤੀ ਤਿਨ੍ਹਾਂ ਵੇਖ ਵਖਾਈਆ । ਜੋ ਸਰਸੇ ਧਾਰ ਪਾਣੀ ਰੇੜ੍ਹੇ, ਤੇਰਾ ਢੋਲਾ ਗਏ ਗਾਈਆ । ਸੋ ਸਾਰੇ ਕੱਠੇ ਹੋ ਕੇ ਆ ਗਏ ਆਪਣੇ ਵੇਹੜੇ, ਘਰ ਸਾਚੇ ਮਿਲੇ ਵਡਿਆਈਆ । ਜਨਮ ਕਰਮ ਦੇ ਚੁੱਕ ਗਏ ਝੇੜੇ, ਝੰਜਟ ਕੋਇ ਰਹਿਣ ਨਾ ਪਾਈਆ । ਸਾਹਿਬ ਸਤਿਗੁਰ ਦੇ ਵੜ ਗਏ ਡੇਰੇ, ਤੰਬੂ ਕਨਾਤ ਨਾ ਕੋਇ ਰਖਾਈਆ । ਮਿਲ ਕੇ ਕਹਿਣ ਅਸੀਂ ਤੇਰੇ, ਤੂੰ ਸਾਹਿਬ ਸਾਡਾ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਸਰਨਾਈਆ । ਲੋਕਮਾਤ ਜੇ ਦੇਵੇਂ ਸਰਨਾ, ਸਾਂਤ ਮੋਹੇ ਨਾ ਆਈਆ । ਏਥੇ ਓਥੇ ਚੁੱਕੇ ਮਰਨਾ ਡਰਨਾ, ਮੇਰਾ ਗੁਰਸਿਖ ਜਨਮ ਮਰਨ ਵਿਚ ਕਦੇ ਨਾ ਆਈਆ । ਜਿਸ ਮੇਰਾ ਪੱਲੂ ਫੜਨਾ, ਮੈਂ ਤੇਰੀ ਝੋਲੀ ਦੇਵਾਂ ਟਿਕਾਈਆ । ਜਿਸ ਮੇਰੇ ਅੰਦਰ ਵੜਨਾ, ਮੈਂ ਤੇਰੇ ਦੁਆਰੇ ਦੇਵਾਂ ਪੁਚਾਈਆ । ਤੇਰਾ ਮੇਰਾ ਢੋਲਾ ਸਭ ਨੇ ਪੜ੍ਹਨਾ, ਸੋਹੰ ਰੂਪ ਇਕੋ ਨਜ਼ਰੀ ਆਈਆ । ਕਰ ਕੌਲ ਸਚ ਇਕਰਾਰ, ਗੋਬਿੰਦ ਮੈਂ ਤੇਰਿਆਂ ਗੁਰਸਿਖਾਂ ਸਚਖੰਡ ਖੜਨਾ, ਅੱਧਵਿਚਕਾਰ ਨਾ ਕੋਇ ਅਟਕਾਈਆ । ਬਿਨ ਪੌੜੀਉਂ ਡੰਡਿਉਂ ਚੜ੍ਹਨਾ, ਚੌਥਾ ਪਦ ਗੁਰਮੁਖਾਂ ਚਰਨਾਂ ਹੇਠ ਰਖਾਈਆ । ਸਤਿ ਰੂਪ ਸਭ ਨੂੰ ਕਰਨਾ, ਅਸਤਿ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਹੱਥ ਡੋਰ ਫੜਾਈਆ । ਆਪਣੇ ਹੱਥ ਡੋਰੀ ਫੜ, ਸ੍ਰੀ ਭਗਵਾਨ ਦਇਆ ਕਮਾਇੰਦਾ । ਜਿਨ੍ਹਾਂ ਗੋਬਿੰਦ ਲਾਇਆ ਲੜ, ਤਿਨ੍ਹਾਂ ਆਪਣਾ ਘਰ ਵਖਾਇੰਦਾ । ਸਾਚੇ ਮੰਦਰ ਜਾਇਣ ਚੜ੍ਹ, ਘਰ ਇਕੋ ਇਕ ਵਡਿਆਇੰਦਾ । ਮਿਲੇ ਮੇਲ ਪੁਰਖ ਨਰ, ਨਰ ਨਰਾਇਣ ਨਜ਼ਰੀ ਆਇੰਦਾ । ਲੇਖਾ ਚੁੱਕੇ ਚੋਟੀ ਜੜ੍ਹ, ਅਸਥੂਲ ਰੂਪ ਨਾ ਕੋਇ ਵਟਾਇੰਦਾ । ਸਾਹਿਬ ਸਤਿਗੁਰ ਕਿਰਪਾ ਕਰ, ਆਪ ਆਪਣਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਿਛਲਾ ਕਰੇ ਪੂਰਾ ਵਰ, ਕੀਤਾ ਕੌਲ ਆਪ ਨਿਭਾਇੰਦਾ । ਗੋਬਿੰਦ ਕਹੇ ਮੈਂ ਨੇਤਰ ਨੈਣ ਉਠਾਵਾਂਗਾ । ਇਕ ਧਿਆਨ ਲਗਾਵਾਂਗਾ । ਤੇਰਾ ਰਾਹ ਤਕਾਵਾਂਗਾ । ਗੁਰਮੁਖਾਂ ਨਾਲ ਮਿਲਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਦੂਜਾ ਦਰ ਨਾ ਮੰਗਣ ਜਾਵਾਂਗਾ । ਜਿਸ ਵੇਲੇ ਗੁਰਮੁਖ ਜਾਣਗੇ । ਦਰ ਤੇਰੇ ਸੋਭਾ ਪਾਣਗੇ । ਭਗਤ ਭਗਵਾਨ ਢੋਲਾ ਗਾਣਗੇ । ਹਰਿ ਮੰਦਰ ਇਕ ਵਸਾਣਗੇ । ਪਿਛਲੇ ਨਾਤੇ ਸਰਬ ਛੱਡ ਜਾਣਗੇ । ਇਕ ਇਕਾਂਤੇ ਤੇਰਾ ਦਰਸ਼ਨ ਪਾਣਗੇ । ਮਿਲ ਸਚ ਸੱਚੀ ਜਮਾਤੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਆਪਣਾ ਵਰ, ਦੂਜਾ ਦਰ ਨਾ ਵੇਖਣ ਪਾਣਗੇ । ਜਾਲੀ ਦੇ ਹੱਥ ਵਿਚ ਹੁੰਦਾ ਛੜ, ਕੁੰਡੀ ਸੋਟੇ ਉਤੇ

ਲਗਾਈਆ । ਉਚੀਆਂ ਟਾਹਣੀਆਂ ਲੈਂਦਾ ਫੜ, ਆਪਣੀਆਂ ਬਾਹਵਾਂ ਵਧਾਈਆ । ਜੇ ਕੋਈ ਅੱਗੇ ਜਾਏ ਅੜ, ਦੋਹਾਂ ਹੱਥਾਂ ਨਾਲ ਧੂਹੇ ਵਾਹੋ ਦਾਹੀਆ । ਜੇ ਪਿਛੋਂ ਖੇਤੀ ਵਾਲਾ ਜਾਏ ਆ ਫਿਰ ਪਿਛੋਂ ਜਾਏ ਡਰ, ਅੱਗਾ ਪਿੱਛਾ ਵੇਖੇ ਰਾਹ ਨਜ਼ਰ ਕੋਇ ਨਾ ਆਈਆ । ਭੇਡਾਂ ਬੱਕਰੀਆਂ ਵਿਚ ਜਾਏ ਵੜ, ਆਪਣਾ ਆਪ ਛੁਪਾਈਆ । ਭੈ ਵਿਚ ਮੈਂ ਮੈਂ ਰਿਹਾ ਕਰ, ਮਮਤਾ ਜਗਤ ਵਧਾਈਆ । ਅੰਦਰੇ ਅੰਦਰ ਹੌਕੇ ਰਿਹਾ ਭਰ, ਹਾਹਾਕਾਰ ਸੁਣਾਈਆ । ਇਕ ਵਾਰ ਜੇ ਦੇਵੇ ਛੱਡ, ਫਿਰ ਰੁੱਖ ਨਾ ਕੋਇ ਕਟਾਈਆ । ਮਾਣਸ ਨਹੀਂ ਇਹ ਹੱਡ, ਮਾਟੀ ਚੰਮ ਪੋਚ ਪੁਚਾਈਆ । ਡੋਰੀ ਸਾਹਿਬ ਸਤਿਗੁਰ ਉਤੇ ਛੱਡ, ਆਪਣਾ ਮਾਣ ਨਾ ਕੋਇ ਰਖਾਈਆ । ਚਾਰ ਕੁੰਟ ਦਹਿ ਦਿਸ਼ਾ ਵਿਚੋਂ ਕੰਡੇ ਦੇਵੇ ਵੱਢ, ਨੁੱਕਰ ਵਿਚ ਅੜਿਆ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਾਲੀਆਂ ਜੰਜਾਲ ਦਏ ਤੁੜਾਈਆ ।

★ ੨੨ ਵਸਾਖ ੨੦੨੦ ਬਿਕਰਮੀ ਕਿਸ਼ਨ ਸਿੰਘ ਦੇ ਗ੍ਰਿਹ ਅੱਲੜ ਪਿੰਡੀ ਜ਼ਿਲਾ ਗੁਰਦਾਸ ਪੁਰ ★

ਦੋ ਇਕ ਦਾ ਇਕ ਪਿਆਰ, ਹਰਿ ਖ਼ਾਲਕ ਖ਼ਲਕ ਜਣਾਇੰਦਾ । ਦੋ ਇਕ ਦਾ ਇਕ ਜੈਕਾਰ, ਹਰਿ ਅਰਸ਼ ਫ਼ਰਸ਼ ਸੁਣਾਇੰਦਾ । ਦੋ ਇਕ ਦਾ ਇਕ ਆਧਾਰ, ਧਰਨੀ ਧਰਤ ਧਵਲ ਵੇਖ ਵਖਾਇੰਦਾ । ਦੋ ਇਕ ਦਾ ਇਕ ਸ਼ਿੰਗਾਰ, ਦੋ ਜਹਾਨਾਂ ਰੰਗ ਰੰਗਾਇੰਦਾ । ਦੋ ਇਕ ਦਾ ਇਕ ਵਿਚਾਰ, ਨਿਰਗੁਣ ਸਰਗੁਣ ਕਾਰ ਕਮਾਇੰਦਾ । ਦੋ ਇਕ ਦਾ ਇਕ ਮਨਾਰ, ਮਹੱਲ ਅਟੱਲ ਇਕ ਰੁਸ਼ਨਾਇੰਦਾ । ਦੋ ਇਕ ਦਾ ਇਕ ਘਰ ਬਾਰ, ਗ੍ਰਿਹ ਮੰਦਰ ਸੋਭਾ ਪਾਇੰਦਾ । ਦੋ ਇਕ ਦਾ ਇਕ ਕਰਤਾਰ, ਇਕ ਦੋ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਲ ਆਪ ਵਰਤਾਇੰਦਾ । ਦੋ ਇਕ ਦਾ ਇਕ ਰਥ, ਰਥ ਰਥਵਾਹੀ ਹਰਿ ਅਖਵਾਇੰਦਾ । ਦੋ ਇਕ ਦਾ ਇਕ ਸਾਥ, ਹਰਿ ਸਗਲਾ ਸੰਗ ਨਿਭਾਇੰਦਾ । ਦੋ ਇਕ ਦਾ ਇਕ ਨਾਥ, ਅਨਾਥਾਂ ਵੇਖ ਵਖਾਇੰਦਾ । ਦੋ ਇਕ ਦਾ ਇਕ ਦਾਸ, ਦਾਸੀ ਦਾਸ ਸੇਵ ਕਮਾਇੰਦਾ । ਦੋ ਇਕ ਦਾ ਇਕ ਘਰ ਵਾਸ, ਘਰ ਮੰਦਰ ਆਪ ਸੁਹਾਇੰਦਾ । ਦੋ ਇਕ ਦਾ ਇਕ ਪਰਕਾਸ਼, ਪਰਕਾਸ਼ਵਾਨ ਨੂਰ ਚਮਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੋ ਇਕ ਵੇਖ ਵਖਾਇੰਦਾ । ਦੋ ਇਕ ਦਾ ਇਕ ਮੀਤ, ਮਿੱਤਰ ਪਿਆਰਾ ਇਕ ਅਖਵਾਈਆ । ਦੋ ਇਕ ਦਾ ਇਕ ਗੀਤ, ਸੋਹੰ ਢੋਲਾ ਕਰੇ ਪੜ੍ਹਾਈਆ । ਦੋ ਇਕ ਦਾ ਇਕ ਅਨਡੀਠ, ਨਿਰਗੁਣ ਨੂਰ ਨਜ਼ਰ ਨਾ ਆਈਆ । ਦੋ ਇਕ ਦਾ ਇਕ ਅਤੀਤ, ਤ੍ਰੈਗੁਣ ਬੈਠਾ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਦਇਆ ਕਮਾਈਆ । ਦੋ ਇਕ ਦਾ ਇਕ ਪਰਕਾਸ਼, ਪਰਕਾਸ਼ਵਾਨ ਦਇਆ ਕਮਾਇੰਦਾ । ਦੋ ਇਕ ਦਾ ਇਕ ਅਭਿਆਸ, ਜੋਗੀ ਜੁਗਤ ਨਾ ਕੋਇ ਰਖਾਇੰਦਾ । ਦੋ ਇਕ ਦਾ ਇਕ ਸਾਸ, ਸਾਹ ਸਾਹ ਆਪ ਸਮਝਾਇੰਦਾ । ਦੋ ਇਕ ਦਾ ਇਕ ਵਾਸ, ਵਸੇਰਾ ਇਕੋ ਘਰ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰਾਹ ਚਲਾਇੰਦਾ । ਦੋ ਇਕ ਦਾ ਇਕ ਨਬੇੜਾ, ਬੇਅੰਤ ਆਪਣੇ ਹੱਥ ਰਖਾਈਆ । ਦੋ ਇਕ ਦਾ ਇਕ ਖੇੜਾ, ਮਹੱਲ ਅਟੱਲ ਹੋਏ ਰੁਸ਼ਨਾਈਆ । ਦੋ ਇਕ ਦਾ ਇਕ ਗੇੜਾ, ਜੁਗ ਚੌਕੜੀ ਰਿਹਾ ਭੁਆਈਆ । ਦੋ ਇਕ ਦਾ ਇਕ ਬੇੜਾ, ਏਕਾ ਚੱਪੂ ਰਿਹਾ

ਲਗਾਈਆ । ਦੋ ਇਕ ਦਾ ਇਕ ਨਬੇੜਾ, ਨਿਰਵੈਰ ਕਰੇ ਥਾਉਂ ਥਾਈਂਆ । ਦੋ ਇਕ ਦਾ ਰਹੇ ਨਾ ਝੇੜਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਖਿਲਾਈਆ । ਦੋ ਇਕ ਦਾ ਇਕ ਹੱਕ, ਹਕੀਕਤ ਇਕੋ ਇਕ ਜਣਾਇੰਦਾ । ਦੋ ਇਕ ਦਾ ਰਾਹ ਰਿਹਾ ਤੱਕ, ਇਕ ਦੋ ਵੇਖ ਵਖਾਇੰਦਾ । ਦੋ ਇਕ ਦਾ ਇਕ ਰਸ, ਅਨਰਸ ਆਪਣਾ ਭੇਵ ਚੁਕਾਇੰਦਾ । ਦੋ ਇਕ ਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਵ ਆਪ ਸਮਝਾਇੰਦਾ । ਦੋ ਇਕ ਨਿਰਗੁਣ ਧਾਰ, ਸਰਗੁਣ ਦੇਣਹਾਰ ਵਡਿਆਈਆ । ਇਕ ਦੋ ਖੇਲ ਅਪਾਰ, ਅਪਰੰਪਰ ਆਪਣੀ ਕਾਰ ਕਮਾਈਆ । ਦੋ ਇਕ ਜਗਤ ਸੰਗਾਰ, ਕਾਇਆ ਕਪੜ ਕੋਟ ਹੰਢਾਈਆ । ਇਕ ਦੋ ਨਿਰਮਲ ਦੀਪਕ ਕਰ ਉਜਿਆਰ, ਨੂਰੋ ਨੂਰ ਡਗਮਗਾਈਆ । ਦੋ ਇਕ ਬੋਲ ਜੈਕਾਰ, ਨਾਦ ਸ਼ਬਦ ਧੁਨ ਸ਼ਨਵਾਈਆ । ਇਕ ਦੋ ਖੇਲ ਅਪਾਰ, ਕਰਨੀ ਕਰਤਾ ਆਪ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਸੱਚਾ ਸ਼ਹਿਨਸ਼ਾਹੀਆ । ਦੋ ਇਕ ਅਨਡਿਠ ਰੰਗ, ਰੂਪ ਰੇਖ ਨਾ ਕੋਇ ਰਖਾਇੰਦਾ । ਇਕ ਦੋ ਸੇਜ ਪਲੰਘ, ਸੁਹੰਜਣੀ ਰੁੱਤ ਆਪ ਸੁਹਾਇੰਦਾ । ਇਕ ਦੋ ਅੰਦਰ ਲੰਘ, ਸਾਚੇ ਮੰਦਰ ਡੇਰਾ ਲਾਇੰਦਾ । ਦੋ ਇਕ ਚਾੜ੍ਹ ਚੰਦ, ਨੂਰੋ ਨੂਰ ਡਗਮਗਾਇੰਦਾ । ਦੋ ਇਕ ਬੋਲ ਛੰਦ, ਸਿਫ਼ਤ ਸਾਲਾਹੀ ਢੋਲਾ ਗਾਇੰਦਾ । ਇਕ ਦੋ ਦੇ ਅਨੰਦ, ਅਨੰਦ ਅਨੰਦ ਵਿਚ ਪਰਗਟਾਇੰਦਾ । ਦੋ ਇਕ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਾਰ ਆਪ ਸਮਝਾਇੰਦਾ । ਦੋ ਇਕ ਏਕਾ ਹੋਆ, ਹਰਿ ਜੂ ਆਪਣੀ ਖੇਲ ਕਰਾਈਆ । ਨਿਰਗੁਣ ਬੀਜ ਨਿਰਗੁਣ ਬੋਆ, ਪਤ ਡਾਲੀ ਆਪ ਮਹਿਕਾਈਆ । ਨਿਰਗੁਣ ਸੇਜ ਨਿਰਗੁਣ ਸੋਇਆ, ਕਰਵਟ ਸਕੇ ਨਾ ਕੋਇ ਬਦਲਾਈਆ । ਨਿਰਗੁਣ ਅੰਮ੍ਰਿਤ ਨਿਰਗੁਣ ਚੋਇਆ, ਨਿਰਗੁਣ ਵੇਖੇ ਚਾਈਂ ਚਾਈਆ । ਨਿਰਗੁਣ ਵਸਤ ਨਿਰਗੁਣ ਢੋਆ, ਦੇਵਣਹਾਰ ਆਪ ਅਖਵਾਈਆ । ਨਿਰਗੁਣ ਜੰਮਿਆਂ ਨਾ ਕਦੇ ਮੋਆ, ਜਨਮ ਮਰਨ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੋ ਇਕ ਆਪ ਹੋ ਜਾਈਆ । ਨਿਰਗੁਣ ਸਰਗੁਣ ਹੋਇਆ ਦੋ, ਦੋਹਰੀ ਧਾਰ ਚਲਾਇੰਦਾ । ਦੋਹਾਂ ਵਿਚੋਂ ਹੋ ਨਿਰਮੋਹ, ਨਿਰਵੈਰ ਆਪਣੀ ਕਾਰ ਕਮਾਇੰਦਾ । ਆਪਣੇ ਮੰਦਰ ਕਰ ਕਰ ਲੋ, ਪਰਕਾਸ਼ ਆਪਣੇ ਵਿਚ ਛੁਪਾਇੰਦਾ । ਦੂਜਾ ਕੋਇ ਨਾ ਸਕੇ ਛੋਹ, ਸ਼ਹਿਨਸ਼ਾਹ ਇਕੋ ਨਜ਼ਰੀ ਆਇੰਦਾ । ਬਲੀ ਬਲਵਾਨ ਕੋਇ ਨਾ ਸਕੇ ਟੋਹ, ਭੇਵ ਅਭੇਦ ਨਾ ਕੋਇ ਰਖਾਇੰਦਾ । ਇਕ ਤੋਂ ਦੂਆ ਗਿਆ ਹੋ, ਦੂਏ ਤੋਂ ਏਕਾ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦੋਏ ਦੋਏ ਆਪਣੀ ਕਾਰ ਕਮਾਇੰਦਾ । ਦੂਆ ਬਣਿਆ ਨਿਰਗੁਣ ਸਰਗੁਣ, ਹਰਿ ਵੱਡਾ ਵਡ ਵਡਿਆਈਆ । ਲੇਖਾ ਜਾਣੇ ਦੋ ਜਹਾਨ ਸੰਤ ਭਗਤ ਸਾਚੇ ਚੁਣ ਚੁਣ, ਲੱਖ ਚੁਰਾਸੀ ਖੋਜ ਖੁਜਾਈਆ । ਗ਼ਰੀਬ ਨਿਮਾਣਿਆਂ ਕੋੜ੍ਹਿਆਂ ਕਮਲਿਆਂ ਪੁਕਾਰ ਸੁਣ ਸੁਣ, ਨਿਰਵੈਰ ਵੇਖੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਰਿਹਾ ਜਣਾਈਆ । ਦੂਆ ਕਹੇ ਮੇਰੀ ਦੁਆ, ਪ੍ਰਭ ਅੱਗੇ ਸੀਸ ਝੁਕਾਈਆ । ਨਿਰਗੁਣ ਸਰਗੁਣ ਵੇਸ ਵਟਾ, ਜੁਗ ਜੁਗ ਸੇਵ ਕਮਾਈਆ । ਧੁਰ ਫ਼ਰਮਾਣਾ ਹੁਕਮ ਜਣਾ, ਗੁਰ ਅਵਤਾਰ ਕਰੀ ਪੜ੍ਹਾਈਆ । ਬੋਧ ਅਗਾਧਾ ਲੇਖ ਲਿਖਾ, ਖਾਣੀ ਬਾਣੀ ਰਾਹ ਵਖਾਈਆ । ਬ੍ਰਹਮ ਬ੍ਰਹਿਮਾਦਾ ਨਾਦ ਵਜਾ, ਅਨਾਦੀ ਨਾਦ ਕਰੇ ਸ਼ਨਵਾਈਆ । ਢੋਲਾ ਸੋਹਲਾ ਸਾਚਾ ਗਾ, ਗਾ ਗਾ ਖ਼ੁਸ਼ੀ ਮਨਾਈਆ ।

ਮਿਹਰ ਨਜ਼ਰ ਇਕ ਉਠਾ, ਮਿਹਰਵਾਨ ਹੋਏ ਸਹਾਈਆ । ਨਿਰਗੁਣ ਆਪਣਾ ਆਪ ਛੁਪਾ, ਇਕ ਇਕੱਲਾ ਨਜ਼ਰ ਕਿਸੇ ਨਾ ਆਈਆ । ਗੋਬਿੰਦ ਹੋਇਆ ਇਕ ਫ਼ਿਦਾ, ਆਪ ਆਪਣਾ ਗਿਆ ਮਿਟਾਈਆ । ਪੁਰਖ ਅਕਾਲ ਮਿਲਿਆ ਸਿੱਧਾ, ਅੱਧਵਿਚਕਾਰ ਨਾ ਕੋਇ ਅਟਕਾਈਆ । ਦੂਏ ਮਿਲਣ ਦੀ ਇਕੋ ਬਿੱਧਾ, ਇਕ ਇਕੱਲਾ ਗਿਆ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਾਰਗ ਧੰਦੇ ਆਪੇ ਲਾਈਆ । ਦੂਆ ਰੋਵੇ ਝੁਕੇ ਸੀਸ, ਜਗਦੀਸ਼ ਧਿਆਨ ਲਗਾਇੰਦਾ । ਜੁਗ ਚੌਕੜੀ ਪੀਸਣ ਪੀਸ, ਸਦ ਸਦ ਸੇਵ ਕਮਾਇੰਦਾ । ਗਾ ਗਾ ਥੱਕਾ ਤੇਰੀ ਹਦੀਸ, ਹਜ਼ਰਤ ਤੇਰਾ ਅੰਤ ਕੋਇ ਨਾ ਪਾਇੰਦਾ । ਤੇਰੇ ਮਕਤਬ ਤੇਰੇ ਦਵਾਲੇ ਤੇਰੇ ਵਿਦਿਆਲੇ ਕੋਈ ਨਾ ਲੱਗੇ ਫ਼ੀਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਦੇਣਾ ਸੱਚਾ ਵਰ, ਘਰ ਸੱਚਾ ਮੋਹੇ ਭਾਇੰਦਾ । ਦੂਆ ਰੋਵੇ ਮਾਰੇ ਚੀਕ, ਦੋ ਜਹਾਨਾਂ ਰਿਹਾ ਸੁਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਮੇਰਾ ਰੂਪ ਧਰ ਕੇ ਗਏ ਠੀਕ, ਅੰਤਮ ਠੀਕਰਾ ਕਾਇਆ ਗਏ ਭੰਨਾਈਆ । ਰਸਨਾ ਜਿਹਵਾ ਦੱਸਦੇ ਰਹੇ ਨਿਹਕਲੰਕ ਨਰਾਇਣ ਨਰ ਆਵੇ ਆਪਣੀ ਆਪਣੀ ਸਚ ਤਰੀਕ, ਵਾਰ ਥਿਤ ਨਾ ਕਿਸੇ ਸਮਝਾਈਆ । ਬੀਸਵੀਂ ਬੀਸਵੀਂ ਬੀਸਵੀਂ ਰਹੀ ਬੀਤ, ਦੂਆ ਵੇਖੇ ਨੈਣ ਉਠਾਈਆ । ਦੂਏ ਦਾ ਖ਼ਾਲੀ ਹੋਇਆ ਖ਼ੀਸ, ਅੱਗੇ ਜ਼ੀਰੋ ਨਜ਼ਰੀ ਆਈਆ । ਜ਼ੀਰੋ ਕਿਸੇ ਨਾ ਵਸੇ ਨਜ਼ਦੀਕ, ਦੂਰ ਦੁਰਾਡਾ ਡੇਰਾ ਲਾਈਆ । ਸਭ ਨੂੰ ਦੇਵੇ ਇਕ ਹਦੀਸ, ਉਚੀ ਕੂਕ ਕੂਕ ਸੁਣਾਈਆ । ਦੂਏ ਤੋਂ ਜ਼ੀਰੋ ਜ਼ੀਰੋ ਤੋਂ ਦੂਆ ਦੋਹਾਂ ਵਿਚੋਂ ਨਿਕਲੀ ਧਾਰ ਬਰੀਕ, ਬਾਰੀਕ ਧਾਰ ਨਿਰਗੁਣ ਨਿਰਾਕਾਰ ਨਿਰੰਕਾਰ ਇਕ ਅਖਵਾਈਆ । ਸੋ ਏਕਾ ਇਕੋ ਠੀਕ, ਜਿਸ ਮਿਲਿਆਂ ਦੂਏ ਮਿਲੇ ਵਡਿਆਈਆ । ਅੱਗੇ ਲੱਗ ਕੇ ਲਏ ਘਸੀਟ, ਆਪਣਾ ਰਾਹ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਦੂਆ ਸੋ ਏਕਾ ਦੋਹਾਂ ਨੇਤਰ ਆਪੇ ਪੇਖਾ, ਲੋਕਮਾਤ ਬਣਾਈ ਰੇਖਾ, ਰੇਖਾ ਆਪਣੀ ਆਪ ਜਣਾਈਆ । ਦੂਆ ਕਹੇ ਮੇਰੀ ਦਲੀਲ, ਜਨ ਭਗਤਾਂ ਰਿਹਾ ਸਮਝਾਈਆ । ਉਠ ਕੇ ਸਾਰੇ ਕਰੋ ਇਕੋ ਵਕੀਲ, ਏਥੇ ਓਥੇ ਲਏ ਛੁਡਾਈਆ । ਜਿਸ ਨੇ ਕਪੜੇ ਪਹਿਨੇ ਨੀਲ, ਨੀਲੀ ਧਾਰੋਂ ਪਾਰ ਕਰੇ ਰੁਸ਼ਨਾਈਆ । ਸੋ ਸਾਹਿਬ ਸ਼ਹਿਨਸ਼ਾਹ ਸ਼ਾਹ ਪਾਤਸ਼ਾਹ ਵੱਡਾ ਅਸੀਲ, ਅਸਲੀਯਤ ਸਾਚੀ ਦਏ ਜਣਾਈਆ । ਜਿਸ ਦਾ ਠਾਣਾ ਨਾ ਕੋਇ ਤਸੀਲ, ਜ਼ਿਲਾ ਵੰਡ ਨਾ ਕੋਇ ਵੰਡਾਈਆ । ਅੱਗੇ ਸੁਣੇ ਨਾ ਕੋਇ ਅਪੀਲ, ਕੋਰਟ ਜੱਜ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਦੇਵਣਹਾਰ ਵਡਿਆਈਆ । ਦੂਆ ਕਹੇ ਦੇਵਾਂ ਦੱਸ, ਦਰਦੀਆਂ ਦਰਦ ਵੰਡਾਇੰਦਾ । ਮੇਰਾ ਚਲੇ ਨਾ ਕੋਇ ਵਸ, ਦੂਆ ਨਿਰਗੁਣ ਸਰਗੁਣ ਨਿਰਗੁਣ ਵਿਚ ਸਮਾਇੰਦਾ । ਗੋਬਿੰਦ ਇਕੋ ਰਿਹਾ ਹੱਸ, ਦੂਜਾ ਭੇਵ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਕਰਾਇੰਦਾ । ਗੋਬਿੰਦ ਹੋਇਆ ਦੂਆ ਆਪ, ਦੋਹਰੀ ਧਾਰ ਵਖਾਈਆ । ਇਕ ਇਕੱਲਾ ਨਿਰਗੁਣ ਬਾਪ, ਪਿਤਾ ਪੁਰਖ ਬੇਪਰਵਾਹੀਆ । ਦੋਹਾਂ ਮਿਲ ਕੇ ਬਣਿਆ ਸਾਥ, ਸਗਲਾ ਸੰਗ ਨਿਭਾਈਆ । ਅੱਗੇ ਪਿਛੇ ਮੁਕਾਵਣ ਵਾਟ, ਪਾਂਧੀ ਆਪਣਾ ਪੰਧ ਮੁਕਾਈਆ । ਅੰਤਮ ਆਏ ਸਾਚੇ ਘਾਟ, ਹਰਿ ਸੰਗਤ ਪਤਣ ਡੇਰਾ ਲਾਈਆ । ਵੇਖਣਹਾਰਾ ਖੇਲ ਤਮਾਸ਼, ਮਿਹਰਵਾਨ ਵੱਡੀ ਵਡਿਆਈਆ । ਦੂਆ ਏਕਾ ਇਕ ਦੂਜੇ ਦੇ ਹੋ ਗਏ ਪਾਸ, ਦੂਰ ਦੁਰਾਡਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦੂਆ ਏਕਾ ਇਕੋ ਰੰਗ ਵਖਾਈਆ । ਦੂਆ ਏਕਾ ਬਣ ਜਾਏ ਇਕੀ, ਏਕੰਕਾਰ

ਧਾਰ ਪਰਗਟਾਇੰਦਾ । ਇਹ ਗੋਬਿੰਦ ਦੀ ਸਾਚੀ ਸਿਖੀ, ਜਿਸ ਸਿਖਿਆ ਪੁਰਖ ਅਕਾਲ ਸਮਝਾਇੰਦਾ । ਇਹਦੀ ਧਾਰ ਖੰਡਿਉਂ ਤਿੱਖੀ, ਜਗਤ ਨੇਤਰ ਵੇਖ ਕੋਇ ਨਾ ਪਾਇੰਦਾ । ਕਰੇ ਖੇਲ ਸਾਹਿਬ ਅਨਡਿਠੀ, ਅਨਡਿਠੜੀ ਧਾਰ ਚਲਾਇੰਦਾ । ਪਹਿਲੇ ਗੋਬਿੰਦ ਪੁਰਖ ਅਕਾਲ ਦੀ ਦੇ ਕੇ ਗਿਆ ਚਿੱਠੀ, ਆਪਣੀ ਹੱਥੀਂ ਬੰਦ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੂਆ ਏਕਾ ਮੇਲ ਮਿਲਾਇੰਦਾ । ਚਿੱਠੀ ਬੰਦ ਗੋਬਿੰਦ ਖੋਲ੍ਹੇ, ਖੋਲ੍ਹ ਖੋਲ੍ਹ ਸਮਝਾਈਆ । ਮੇਰਾ ਪ੍ਰੀਤਮ ਮੇਰੇ ਉਹਲੇ, ਮੇਰਾ ਪਰਦਾ ਦਏ ਉਠਾਈਆ । ਸਾਚੇ ਕੰਡੇ ਤੋਲ ਤੋਲੇ, ਤਰਾਜ਼ੂ ਇਕੋ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਦੂਆ ਏਕਾ ਜੁੜਿਆ ਜੋੜ, ਇਕੀ ਆਪਣਾ ਅੰਕ ਬਣਾਇੰਦਾ । ਨਿਰਗੁਣ ਸਰਗੁਣ ਜਾਏ ਬੌਹੜ, ਆਪ ਆਪਣਾ ਮੇਲ ਮਿਲਾਇੰਦਾ । ਰਸ ਵੇਖ ਮਿੱਠਾ ਕੌੜ, ਅੰਮ੍ਰਿਤ ਤਾਲ ਇਕ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖੀ ਮੂਲ ਰਖਾਇੰਦਾ । ਸੋ ਸਿਖੀ ਜਿਸ ਸਿਖਾਇਆ ਪ੍ਰਭ, ਕਰੇ ਨਾਮ ਪੜ੍ਹਾਈਆ । ਸੋ ਸਿਖੀ ਸਤਿਗੁਰ ਲਏ ਲੱਭ, ਵੇਖਣਹਾਰਾ ਥਾਉਂ ਥਾਈਂਆ । ਸੋ ਸਿਖੀ ਪਾਰ ਕਰ ਕੇ ਆਈ ਹੱਦ, ਤੱਟ ਕਿਨਾਰੇ ਡੇਰਾ ਢਾਹੀਆ । ਸੋ ਸਿਖੀ ਜਿਸ ਦਰ ਦੁਆਰੇ ਲਏ ਸੱਦ, ਸੱਦਾ ਦੇਵੇ ਚਾਈਂ ਚਾਈਂਆ । ਸੋ ਸਿਖੀ ਪੁਰਖ ਅਕਾਲ ਦੀ ਯਦ, ਜਨ ਭਗਤ ਰੂਪ ਦਰਸਾਈਆ । ਸੋ ਸਿਖੀ ਜੋ ਗੋਬਿੰਦ ਅੰਮ੍ਰਿਤ ਪੀਵੇ ਮਦਿ, ਰਸ ਇਕੋ ਇਕ ਵਖਾਈਆ । ਸੋ ਸਿਖੀ ਜੋ ਆਪਣੇ ਵਿਚੋਂ ਲਈ ਕੱਢ, ਨਿਰਗੁਣ ਸਰਗੁਣ ਰੂਪ ਵਖਾਈਆ । ਸੋ ਸਿਖੀ ਜੋ ਸ੍ਰਿਸ਼ਟ ਸਬਾਈ ਨਾਲੋਂ ਹੋਈ ਅੱਡ, ਕੂੜੀ ਕਿਰਿਆ ਨਾਤਾ ਦਿਤਾ ਤੁੜਾਈਆ । ਸੋ ਸਿਖੀ ਸਚ ਪ੍ਰੀਤੀ ਅੰਦਰ ਗਈ ਬੱਝ, ਪ੍ਰੇਮ ਡੋਰੀ ਤੰਦ ਉਠਾਈਆ । ਸੋ ਸਿਖੀ ਕਰੇ ਸਾਚਾ ਹੱਜ, ਮਹਿਬੂਬ ਇਕੋ ਨਜ਼ਰੀ ਆਈਆ । ਸੋ ਸਿਖੀ ਸੋਹੀ ਅੱਜ, ਅੱਜ ਉਹ ਪ੍ਰਭ ਚਰਨ ਮਿਲੇ ਵਡਿਆਈਆ । ਸ੍ਰੀ ਭਗਵਾਨ ਦਇਆਵਾਨ ਇਕੀ ਸਿਖਾਂ ਪਰਦਾ ਦੇਵੇ ਕੱਜ, ਸੀਸ ਦਸਤਾਰ ਸਰਬ ਬੰਧਾਈਆ । ਹਰਿ ਸੰਗਤ ਹਰੀ ਦੁਆਰ ਬਹੇ ਸਜ, ਸੱਜਣ ਇਕੋ ਨਜ਼ਰੀ ਆਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵਣਹਾਰਾ ਸੱਚਾ ਦਾਜ, ਗੱਠੜੀ ਇਕੋ ਵਾਰ ਬੰਧਾਈਆ । ਹਰਿ ਸੰਗਤ ਸਿਹਰਾ ਸੀਸ ਦਸਤਾਰ, ਸੀਸ ਆਪਣੇ ਲੇਖੇ ਲਾਈਆ । ਵੱਡਿਆਂ ਨਿਕਿਆਂ ਇਕੋ ਜਿਹਾ ਪਿਆਰ, ਦੂਈ ਸਾਹਿਬ ਨਾ ਕੋਇ ਵਖਾਈਆ । ਲਾਲੋ ਤੇਰਾ ਕਰਜ਼ਾ ਦਿਤਾ ਉਤਾਰ, ਭੁੱਖੇ ਘਰ ਵੇਖੀ ਬਾਦਸ਼ਾਹੀਆ । ਹਰਿ ਸੰਗਤ ਤੇਰਾ ਸਾਚਾ ਆਧਾਰ, ਨਰ ਹਰਿ ਸਾਚਾ ਆਪ ਕਰਾਈਆ । ਦੂਰ ਦੁਰਾਡੇ ਕੱਠੇ ਕੀਤੇ ਆਪ ਕਰਤਾਰ, ਨਿਹਕਰਮੀ ਆਪਣਾ ਕਰਮ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਰਬ ਵਡਿਆਈਆ । ਹਰਿ ਸੰਗਤ ਤੇਰਾ ਸੀਸ ਸਤਿਗੁਰ ਹੱਥ, ਦੂਜਾ ਹੱਥ ਨਾ ਕੋਇ ਲਗਾਇੰਦਾ । ਅੱਗੇ ਜੰਮਣਾ ਮਰਨਾ ਹੋਇਆ ਬਸ, ਗੇੜੇ ਵਿਚ ਨਾ ਕੋਇ ਰਖਾਇੰਦਾ । ਪਿਛਲਾ ਮੇਟਿਆ ਸਾਰਾ ਸ਼ੱਕ, ਅੱਗੇ ਪਰਦਾ ਆਪ ਉਠਾਇੰਦਾ । ਏਹੋ ਗੋਬਿੰਦ ਵੇਲੇ ਰਹਿ ਗਿਆ ਹੱਕ, ਸੀਸ ਧੜ ਅੰਤਮ ਆਪਣੀ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਇਕੀ ਵਡ ਵਡਿਆਇੰਦਾ । ਇਕੀਆਂ ਜੋਗਾ ਹੋਇਆ ਇਕੋ, ਏਕੰਕਾਰ ਬੇਪਰਵਾਹੀਆ । ਗੁਰਮੁਖ ਸਾਚੀ ਸਿਖਿਆ ਸਿਖੋ, ਸਿਖਾਵਣਹਾਰ ਸੱਚਾ ਸ਼ਹਿਨਸ਼ਾਹੀਆ । ਆਪਣਾ ਲੇਖਾ ਪ੍ਰਭ ਦੁਆਰੇ ਲਿਖੋ, ਦੂਜਾ ਦਰ ਨਾ ਕੋਇ ਵਖਾਈਆ । ਮਾਣਸ ਜਨਮ ਅੰਤਮ ਜਿਤੋ, ਹਾਰ ਬੈਠੇ ਮੁਖ ਭੁਆਈਆ । ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਿਰਧ ਬਾਲ ਨੌਜਵਾਨਾਂ ਇਸਤਰੀ ਪੁਰਸ਼ ਦੇਵੇ ਮਾਣਾ, ਸਿਰ ਆਪਣਾ ਹੱਥ ਟਿਕਾਈਆ । ਪਗੜੀ ਕਹੇ ਮੈਂ ਪਰਸੇ ਪਗ, ਪਤਿਪਰਮੇਸ਼ਵਰ ਨਜ਼ਰੀ ਆਇਆ । ਮੈਂ ਸਭ ਦੇ ਬਹਿਣਾ ਚੜ੍ਹ ਕੇ ਉਪਰ ਸ਼ਾਹ ਰਗ, ਸੀਸ ਆਪਣਾ ਆਸਣ ਲਾਇਆ । ਮੈਂ ਸਭ ਤੋਂ ਪਹਿਲੋਂ ਕਰਿਆ ਹੱਜ, ਪ੍ਰਭ ਚਰਨ ਟਿੱਕਾ ਲਾਇਆ । ਏਸੇ ਕਰ ਕੇ ਗੁਰਸਿਖਾਂ ਦੇ ਸਿਰ ਤੇ ਗਈ ਬੱਝ, ਨਾਤਾ ਕੂੜਾ ਜਗਤ ਤਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦਿਤਾ ਮੋਹੇ ਵਰ, ਮੇਰਾ ਨਾਮ ਜਗਤ ਵਡਿਆਇਆ । ਪਗੜੀ ਕਹੇ ਮੈਂ ਏਸੇ ਕਾਰਨ ਵੱਡੀ, ਦੀਨ ਦੁਨੀ ਮੈਨੂੰ ਵਡਿਆਇੰਦਾ । ਮੈਂ ਵੱਡਿਓਂ ਹੋ ਜਾਵਾਂ ਨੱਢੀ, ਬਾਲ ਬਾਲੀ ਰੂਪ ਵਟਾਇੰਦਾ । ਮੈਂ ਫਿਰ ਕੇ ਆਈ ਅੱਜੀ ਪੱਜੀ, ਜਨ ਭਗਤ ਦੁਆਰ ਮੋਹੇ ਭਾਇੰਦਾ । ਇਕੀ ਵਸਾਖ ਆਈ ਭੱਜੀ, ਦੂਰ ਨੇੜਾ ਪੰਧ ਨਜ਼ਰ ਕੋਇ ਨਾ ਆਇੰਦਾ । ਸਚ ਦੁਆਰੇ ਆ ਕੇ ਸਜੀ, ਸਚ ਸਿੰਘਾਸਣ ਸੋਭਾ ਪਾਇੰਦਾ । ਪਤਿਪਰਮੇਸ਼ਵਰ ਦਰਸ਼ਨ ਕਰ ਕੇ ਰੱਜੀ, ਦੁਖੜਾ ਦਰਦ ਮਿਟਾਇੰਦਾ । ਪਾ ਵਾਸਤਾ ਕਿਹਾ ਮੇਰਾ ਪਰਦਾ ਕੱਜੀਂ, ਦੂਜਾ ਨਜ਼ਰ ਕੋਇ ਨਾ ਆਇੰਦਾ । ਸ੍ਰੀ ਭਗਵਾਨ ਕਹੇ ਮੇਰੇ ਭਗਤਾਂ ਸਿਰ ਤੇ ਬੱਝੀਂ, ਸਿਰ ਸਦਕਾ ਸਭ ਦਾ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇ ਮਤ ਆਪ ਸਮਝਾਇੰਦਾ । ਪਗੜੀ ਕਹੇ ਜਨ ਭਗਤੋ, ਜਦ ਪ੍ਰਭ ਨੂੰ ਸੀਸ ਝੁਕਾਓਗੇ । ਪ੍ਰਭ ਚਰਨਾਂ ਤੇ ਮੈਨੂੰ ਪਹਿਲੋਂ ਲਗਾਓਗੇ । ਆਪਣਾ ਪਿਛਲਾ ਮਾਣ ਗਵਾਓਗੇ । ਕਵਲ ਚਰਨ ਧਿਆਨ ਲਗਾਓਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮੇਰਾ ਨਾਤਾ ਜੋੜ ਜੁੜਾਓਗੇ । ਉਹ ਦੀਦਾਰ ਉਹ ਵਕਤ, ਵਕਤ ਰਿਹਾ ਜਣਾਈਆ । ਨਾ ਦੁਨੀਆਂ ਨਾ ਜਗਤ, ਜੁਗਤ ਨਾ ਕਿਸੇ ਸਮਝਾਈਆ । ਗੁਰਸਿਖ ਵਡਿਆਈ ਦਿਤੀ ਫ਼ਕਤ, ਫ਼ਿਕਰ ਆਪਣਾ ਸਰਬ ਮਿਟਾਈਆ । ਸੋ ਗੋਬਿੰਦ ਆਇਆ ਪਰਤ, ਜੋ ਦੇ ਕੇ ਗਿਆ ਜੁਦਾਈਆ । ਪ੍ਰੇਮ ਪ੍ਰੀਤੀ ਆਪਣੇ ਵਿਚੋਂ ਕੱਢੇ ਅਰਕ, ਜੋਤੀ ਲੰਬੂ ਇਕੋ ਲਾਈਆ । ਸਚ ਨਿਸ਼ਾਨੀ ਦੇਵੇ ਲਾ ਕੇ ਸ਼ਰਤ, ਸ਼ਹਿਨਸ਼ਾਹ ਦਾਤਾ ਬੇਪਰਵਾਹੀਆ । ਗੁਰਸਿਖੋ ਗੁਰਮੁਖੋ ਇਕੋ ਵਾਰ ਆਪਣੇ ਅੰਤਰ ਆਤਮ ਖੋਲ੍ਹੋ ਵਰਤ, ਪ੍ਰਭ ਅੰਮ੍ਰਿਤ ਆਤਮ ਜਾਮ ਪਿਆਈਆ । ਤੁਹਾਡੇ ਵਿਚ ਕੋਈ ਨਹੀਂ ਰਿਹਾ ਫ਼ਰਕ, ਜੋ ਮੇਰਾ ਸੋ ਤੁਹਾਡੀ ਝੋਲੀ ਪਾਈਆ । ਜੇ ਪਿਛੇ ਰਹਿ ਗਈ ਰੜਕ, ਰੇੜਕਾ ਅਗਲਾ ਦਏ ਮੁਕਾਈਆ । ਅੱਧਵਿਚਕਾਰ ਕੋਈ ਨਾ ਜਾਏ ਅਟਕ, ਅਟਕਣ ਸਭ ਦੀ ਰਿਹਾ ਕਢਾਈਆ । ਭਗਤ ਦੁਆਰੇ ਆਪਣਾ ਮਸਤਕ ਦਿਤਾ ਝਟਕ, ਖ਼ੂਨ ਖ਼ੁਸ਼ੀ ਨਾਲ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਕਰਾਈਆ । ਗੋਬਿੰਦ ਦੇਵੇ ਚਰਨ ਖ਼ੂਨ, ਪੈਰ ਚੋਟੀ ਤੁਹਾਡੇ ਲੇਖੇ ਲਾਇੰਦਾ । ਅੱਗੇ ਫੇਰ ਬਣੇ ਮਜ਼ਮੂਨ, ਮੁਸ਼ਕਲ ਸਭ ਦੀ ਹੱਲ ਕਰਾਇੰਦਾ । ਹਰਿ ਕਾ ਜਾਣੇ ਨਾ ਕੋਈ ਕਾਨੂੰਨ, ਲਿਖਤ ਪੜ੍ਹਤ ਵਿਚ ਕਦੇ ਨਾ ਆਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਦਇਆ ਆਪ ਕਮਾਇੰਦਾ । ਗੋਬਿੰਦ ਖ਼ੂਨ ਰੱਜ ਰੱਜ ਪੀਓ, ਭੁਖਿਆਂ ਭੁੱਖ ਰਹਿਣ ਨਾ ਪਾਈਆ । ਏਥੇ ਓਥੇ ਪ੍ਰਭ ਦੀ ਗੋਦੀ ਜੀਓ, ਜੀਵਣ ਮੁਕਤ ਵਖਾਈਆ । ਨਾਤਾ ਤੁੱਟੇ ਸਾਢੇ ਤਿੰਨ ਹੱਥ ਸੀਓ, ਰਵਦਾਸ ਚੁਮਾਰਾ ਦਏ ਗਵਾਹੀਆ । ਪ੍ਰਭ ਪੌਣਾ ਇਕੋ ਪੀਓ, ਪ੍ਰੀਤਮ ਮਿਲੇ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਖ਼ੂਨ ਨਾਲ ਰਲਿਆ ਪਾਣੀ, ਪਾਣੀ ਝੁਜਾਰ ਹੱਥ ਨਾ ਆਇੰਦਾ । ਅੰਤਮ ਅੰਤ ਇਕ ਨਿਸ਼ਾਨੀ, ਨਿਸ਼ਾਨਾ ਆਪਣਾ ਤੀਰ ਚਲਾਇੰਦਾ । ਅੱਗੇ ਲਿਖਤ

ਲੇਖ ਦੋਵੇਂ ਮਹਾਨੀ, ਦੋਹਾਂ ਆਪਣੇ ਵਿਚ ਬੰਦ ਕਰਾਇੰਦਾ । ਜੇ ਤੁਹਾਨੂੰ ਸੱਚੀ ਦੱਸੇ ਕਹਾਣੀ, ਤੁਹਾਥੋਂ ਦੁੱਖ ਝੱਲਿਆ ਨਾ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਸੇ ਕਰ ਕੇ ਥੋੜਾ ਲੇਖਾ ਆਪਣੇ ਵਿਚੋਂ ਤੁਹਾਡੇ ਵਿਚ ਰਖਾਇੰਦਾ । ਅੰਗੂਠਾ ਕਹੇ ਮੇਰੀ ਅੰਗੁਸ਼ਤ, ਅੰਗੀਕਾਰ ਇਕ ਅਖਵਾਈਆ । ਮੈਂ ਬੇੜਾ ਤਾਰਾਂ ਪੁਸ਼ਤ ਦਰ ਪੁਸ਼ਤ, ਪਿਛਲਾ ਲੇਖ ਚੁਕਾਈਆ । ਮੇਰ ਖ਼ੂਨ ਕਦੇ ਨਾ ਹੋਵੇ ਖ਼ੁਸ਼ਕ, ਰਗ ਰਗ ਰਿਹਾ ਟਪਕਾਈਆ । ਤਿਸ ਦਾ ਰਸ ਨਾ ਹੋਏ ਤੁਰਸ਼, ਮਿੱਠਾ ਇਕੋ ਵਾਰ ਪਾਈਆ । ਜੇ ਕੋਈ ਸਤਿਜੁਗ ਪੁੱਛੇ ਕਿਹੜੇ ਮਹਾਂਪੁਰਸ਼, ਗੁਰਮੁਖਾਂ ਦਏ ਵਖਾਈਆ । ਇਕ ਦੋ ਨਹੀਂ ਕੌੜੀ ਗੁਰਸ, ਬੇਪਰਵਾਹ ਬੇਪਰਵਾਹੀ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਨਿਸ਼ਾਨੀ ਆਪ ਆਪਣਾ ਭੇਟ ਚੜ੍ਹਾਈਆ ।

★ ੨੨ ਵਸਾਖ ੨੦੨੦ ਬਿਕਰਮੀ ਦਲੀਪ ਸਿੰਘ ਦੇ ਗ੍ਰਿਹ ਬਾਬੂਪੁਰਾ ਜ਼ਿਲਾ ਗੁਰਦਾਸ ਪੁਰ ★

ਸਾਹਿਬ ਸਤਿਗੁਰ ਸਦਾ ਤਰਸ, ਜਨ ਭਗਤਾਂ ਆਪ ਕਮਾਇੰਦਾ । ਚਿੰਤਾ ਮੇਟੇ ਰੋਗ ਸੋਗ ਹਰਖ, ਹਰਦਮ ਆਪਣਾ ਨਾਮ ਸਮਝਾਇੰਦਾ । ਸੇਜ ਸੁਹੰਜਣੀ ਸੁਹਾਏ ਫ਼ਰਸ਼, ਫ਼ਜ਼ਲ ਰਹਿਮਤ ਆਪ ਕਮਾਇੰਦਾ । ਪ੍ਰੇਮ ਪ੍ਰੀਤੀ ਮੇਘ ਬਰਸ, ਬੂੰਦਾ ਬਾਂਦੀ ਨੀਰ ਟਪਕਾਇੰਦਾ । ਗ਼ਰੀਬ ਨਿਮਾਣਿਆਂ ਕਦੇ ਨਾ ਦੇਵੇ ਝਿੜਕ, ਫੜ ਬਾਹੋਂ ਗਲੇ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਸਦਾ ਅਖਵਾਇੰਦਾ । ਤਰਸ ਕਰੇ ਸਦਾ ਮਸਕੀਨ, ਮੁਫ਼ਲਸ ਆਪਣੀ ਗੋਦ ਬਹਾਇੰਦਾ । ਗੁਰਮੁਖ ਗੁਰ ਗੁਰ ਲੇਖਾ ਜਿਉਂ ਜਲ ਮੀਨ, ਜਲ ਮੀਨ ਡੇਰਾ ਢਾਹਿੰਦਾ । ਜਿਸ ਜਨ ਕਰੇ ਚਰਨ ਅਧੀਨ, ਲੋਕ ਤੀਨ ਪਾਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਸਦਾ ਵਰ, ਮਿਹਰਵਾਨ ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਇਕ ਟਿਕਾਇੰਦਾ ।

★ ੨੨ ਵਸਾਖ ੨੦੨੦ ਬਿਕਰਮੀ ਅਜੀਤ ਸਿੰਘ ਦੇ ਗ੍ਰਿਹ ਬਟਾਲਾ ਜ਼ਿਲਾ ਗੁਰਦਾਸ ਪੁਰ ★

ਸੋ ਪੁਰਖ ਸਾਹਿਬ ਸੁਲਤਾਨਾ, ਨਿਰਗੁਣ ਨਿਰਵੈਰ ਵਡ ਵਡਿਆਈਆ । ਸੋ ਪੁਰਖ ਮਰਦ ਮਰਦਾਨਾ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਸੋ ਪੁਰਖ ਨਿਰੰਜਣ ਨੌਜਵਾਨਾ, ਆਦਿ ਜੁਗਾਦਿ ਸਦਾ ਰੁਸ਼ਨਾਈਆ । ਸੋ ਪੁਰਖ ਨਿਰੰਜਣ ਵਡ ਬਲਵਾਨਾ, ਬਲਧਾਰੀ ਇਕ ਅਖਵਾਈਆ । ਸੋ ਪੁਰਖ ਨਿਰੰਜਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦ ਦਏ ਜਣਾਈਆ । ਸੋ ਪੁਰਖ ਨਿਰੰਜਣ ਸਾਹਿਬ ਆਪ, ਭੇਵ ਅਭੇਵ ਜਣਾਇੰਦਾ । ਨਿਰਗੁਣ ਨਿਰਗੁਣ ਥਾਪਣ ਥਾਪ, ਬੇਪਰਵਾਹ ਧਾਰ ਚਲਾਇੰਦਾ । ਖੇਲਣਹਾਰਾ ਖੇਲ ਤਮਾਸ਼, ਸਾਚਾ ਖੇਲ ਆਪ ਪਰਗਟਾਇੰਦਾ । ਆਪਣੀ ਇਛਿਆ ਪੂਰੀ ਆਸ, ਭਿਛਿਆ ਸਾਚੀ ਝੋਲੀ ਪਾਇੰਦਾ । ਸਚਖੰਡ ਨਿਵਾਸੀ ਸਚ ਦੁਆਰੇ ਕਰ ਨਿਵਾਸ, ਗ੍ਰਿਹ ਮੰਦਰ ਸੋਭਾ ਪਾਇੰਦਾ । ਦੂਜਾ ਕੋਈ ਨਾ ਵਸੇ ਪਾਸ, ਇਕ ਇਕੱਲਾ ਵੇਖ ਵਖਾਇੰਦਾ । ਨਾ ਕੋਈ ਪ੍ਰਿਥਮੀ ਨਾ ਆਕਾਸ਼, ਗਗਨ ਮੰਡਲ ਨਾ ਕੋਇ ਵਡਿਆਇੰਦਾ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਜਣਾਇੰਦਾ । ਸੋ ਪੁਰਖ ਨਿਰੰਜਣ ਨਿਰਗੁਣ ਨੂਰ, ਨੂਰ ਨੂਰ ਰੁਸ਼ਨਾਈਆ । ਦਾਤਾ ਦਾਨੀ ਹਾਜ਼ਰ ਹਜ਼ੂਰ, ਸ਼ਾਹ ਪਾਤਸ਼ਾਹ ਆਪ ਅਖਵਾਈਆ । ਸਰਬ ਕਲ ਹੋ ਭਰਪੂਰ, ਆਪਣੀ ਇਛਿਆ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸੋ ਪੁਰਖ ਨਿਰੰਜਣ ਪੁਰਖ ਨਾਰ, ਹਰਿ ਕੰਤ ਖੇਲ ਕਰਾਇੰਦਾ । ਸਚਖੰਡ ਦੁਆਰਾ ਖੋਲ੍ਹ ਕਿਵਾੜ, ਸਾਚੇ ਮੰਦਰ ਸੋਭਾ ਪਾਇੰਦਾ । ਨਿਰਗੁਣ ਦੀਆ ਬਾਤੀ ਕਰ ਉਜਿਆਰ, ਕਮਲਾਪਾਤੀ ਵੇਖ ਵਖਾਇੰਦਾ । ਪੁਰਖ ਅਬਿਨਾਸ਼ੀ ਠਾਂਡਾ ਦਰਬਾਰ, ਸ੍ਰੀ ਭਗਵਾਨ ਇਕ ਸੁਹਾਇੰਦਾ । ਹਰਿ ਪੁਰਖ ਨਿਰੰਜਣ ਵੇਖਣਹਾਰ, ਆਦਿ ਨਿਰੰਜਣ ਨੂਰ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਸਮਝਾਇੰਦਾ । ਸੋ ਪੁਰਖ ਨਿਰੰਜਣ ਕਰਨੀ ਕਰ, ਹਰਿ ਕਰਤਾ ਕਾਰ ਕਮਾਈਆ । ਹਰਿ ਪੁਰਖ ਨਿਰੰਜਣ ਖੋਲ੍ਹ ਦਰ, ਦਰ ਦਰਵਾਜ਼ਾ ਇਕ ਦ੍ਰਿੜਾਈਆ । ਏਕੰਕਾਰਾ ਅੰਦਰ ਵੜ, ਸਚ ਸਿੰਘਾਸਣ ਸੋਭਾ ਪਾਈਆ । ਆਦਿ ਨਿਰੰਜਣ ਜੋਤ ਧਰ, ਨੂਰੋ ਨੂਰ ਕਰੇ ਰੁਸ਼ਨਾਈਆ । ਸ੍ਰੀ ਭਗਵਾਨ ਵੇਖੇ ਖੜ, ਰੂਪ ਰੰਗ ਰੇਖ ਨਜ਼ਰ ਕੋਇ ਨਾ ਆਈਆ । ਅਬਿਨਾਸ਼ੀ ਕਰਤਾ ਮੰਗੇ ਵਰ, ਦਰ ਦਰਵੇਸ਼ ਅਲਖ ਜਗਾਈਆ । ਪਾਰਬ੍ਰਹਮ ਪ੍ਰਭ ਕਿਰਪਾ ਕਰ, ਆਪਣੀ ਵਸਤ ਆਪ ਵਰਤਾਈਆ । ਲੇਖਾ ਜਾਣੇ ਧੁਰ ਦਰਬਾਰ, ਦਰਗਹਿ ਸਾਚੀ ਸੋਭਾ ਪਾਈਆ । ਮੁਕਾਮੇ ਹੱਕ ਖੇਲ ਅਪਾਰ, ਲਾਸ਼ਰੀਕ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਸਾਹਿਬ ਇਕ ਅਖਵਾਈਆ । ਸੋ ਸਾਹਿਬ ਗਿਆ ਉਠ, ਆਦਿ ਅੰਤ ਭੇਵ ਕੋਇ ਨਾ ਪਾਇੰਦਾ । ਨਿਰਵੈਰ ਆਪਣੇ ਉਪਰ ਤੁਠ, ਦੀਨ ਦਿਆਲ ਆਪਣੀ ਦਇਆ ਕਮਾਇੰਦਾ । ਆਪਣਾ ਲੇਖਾ ਜਾਣੇ ਸਭ ਕੁਛ, ਕਿਛ ਹੱਥ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸੋ ਸਾਹਿਬ ਸਾਹਿਬ ਸੁਲਤਾਨਾ, ਹਰਿ ਵੱਡਾ ਵਡ ਵਡਿਆਈਆ । ਸਾਚੇ ਮੰਦਰ ਹੋ ਪਰਧਾਨਾ, ਵਡ ਪਰਧਾਨਗੀ ਇਕ ਕਮਾਈਆ । ਦੇਵਣਹਾਰਾ ਧੁਰ ਫ਼ਰਮਾਣਾ, ਸਚ ਸੰਦੇਸ਼ਾ ਇਕ ਅਲਾਈਆ । ਆਪਣੀ ਇਛਿਆ ਕਰ ਪਰਵਾਨਾ, ਬੇਪਰਵਾਹ ਝੋਲੀ ਦਏ ਭਰਾਈਆ । ਨਾਰ ਕੰਤ ਖੇਲ ਮਹਾਨਾ, ਸੇਜ ਸੁਹੰਜਣੀ ਇਕ ਹੰਢਾਈਆ । ਨਿਰਗੁਣ ਨਿਰਗੁਣ ਕਰ ਨਿਸ਼ਾਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਬੇਪਰਵਾਹੀਆ । ਬੇਪਰਵਾਹ ਖੇਲ ਅਵੱਲਾ, ਸੋ ਸਤਿਗੁਰ ਆਪ ਕਰਾਇੰਦਾ । ਆਦਿ ਜੁਗਾਦੀ ਇਕ ਇਕੱਲਾ, ਦੂਜਾ ਸੰਗ ਨਾ ਕੋਇ ਰਖਾਇੰਦਾ । ਸਚ ਸਿੰਘਾਸਣ ਆਸਣ ਮੱਲਾ, ਸੇਜ ਸੁਹੰਜਣੀ ਰੁੱਤ ਵਡਿਆਇੰਦਾ । ਪੁਰਖ ਨਾਰੀ ਫੜਿਆ ਪੱਲਾ, ਪੱਲੂ ਇਕ ਗੰਢ ਪੁਆਇੰਦਾ । ਨਿਰੰਕਾਰ ਨਿਰਵੈਰ ਨਿਰਾਕਾਰ ਅਜੂਨੀ ਰਹਿਤ ਆਪੇ ਰਲਾ, ਅਨਭਵ ਆਪਣੀ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਸਤਿਗੁਰ ਰਾਹ ਚਲਾਇੰਦਾ । ਸੋ ਸਤਿਗੁਰ ਸਾਹਿਬ ਦੀਨ ਦਿਆਲ, ਦਇਆਨਿਧ ਵੱਡੀ ਵਡਿਆਈਆ । ਸਚਖੰਡ ਬੈਠ ਸੱਚੀ ਧਰਮਸਾਲ, ਧਰਮ ਦੁਆਰ ਇਕ ਸੁਹਾਈਆ । ਆਪਣੀ ਅੰਤਰ ਇਛਿਆ ਕਰ ਪ੍ਰਿਤਪਾਲ, ਭਿਛਿਆ ਵੇਖੇ ਬੇਪਰਵਾਹੀਆ । ਦਾਈ ਦਾਇਆ ਬਣ ਸ਼ਾਹ ਗੋਪਾਲ, ਸ਼ਹਿਨਸ਼ਾਹ ਆਪਣੀ ਸੇਵ ਕਮਾਈਆ । ਸੁਤ ਦੁਲਾਰਾ ਜੰਮਿਆ ਲਾਲ, ਸ਼ਬਦੀ ਰੂਪ ਵਟਾਈਆ । ਪਾਰਬ੍ਰਹਮ ਖੇਲ ਨਿਰਾਲ, ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਜੋਤ ਨਿਰਗੁਣ ਧਾਰ, ਸ਼ਬਦੀ ਸੁਤ ਉਪਜਿਆ ਅਪਾਰ, ਸੋ ਹੋਇਆ

ਖ਼ਬਰਦਾਰ, ਸੁਤ ਦੁਲਾਰੇ ਕਰੇ ਪਿਆਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਸੋ ਆਪ ਪ੍ਰਭ ਸਚ ਸੁਲਤਾਨਾ, ਸਤਿ ਪੁਰਖ ਵੱਡੀ ਵਡਿਆਈਆ । ਸ਼ਬਦੀ ਸੁਤ ਬਾਲ ਨਿਧਾਨਾ, ਹੰ ਰੂਪ ਦਰਸਾਈਆ । ਸੋਹੰ ਰੂਪ ਇਕ ਨਿਸ਼ਾਨਾ, ਨਿਰਗੁਣ ਸਰਗੁਣ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸੋਹੰ ਰੂਪ ਪਿਤਾ ਪੂਤ, ਪੁਰਖ ਅਕਾਲ ਖੇਲ ਖਲਾਇੰਦਾ । ਏਕਾ ਤਾਗਾ ਏਕਾ ਸੂਤ, ਏਕਾ ਡੋਰੀ ਤੰਦ ਬੰਧਾਇੰਦਾ । ਇਕ ਸੁਹਾਏ ਸੁਹੰਜਣੀ ਰੁੱਤ, ਰੁੱਤ ਰੁਤੜੀ ਆਪ ਮਹਿਕਾਇੰਦਾ । ਏਕਾ ਖੇਲ ਕਰੇ ਅਬਿਨਾਸ਼ੀ ਅਚੁਤ, ਦੂਜਾ ਸੰਗ ਨਾ ਕੋਇ ਰਖਾਇੰਦਾ । ਨਾ ਕੋਈ ਕਾਇਆ ਨਾ ਕੋਈ ਬੁੱਤ, ਤਤਵ ਤਤ ਨਾ ਵੰਡ ਵੰਡਾਇੰਦਾ । ਨਿਰਗੁਣ ਧਾਰੋਂ ਨਿਰਗੁਣ ਉਠ, ਨਿਰਗੁਣ ਆਪਣੀ ਦਇਆ ਕਮਾਇੰਦਾ । ਨਿਰਗੁਣ ਬਣਾ ਨਿਰਗੁਣ ਸੁਤ, ਨਿਰਗੁਣ ਆਪਣੀ ਕਾਰ ਕਮਾਇੰਦਾ । ਨਿਰਗੁਣ ਨਿਰਗੁਣ ਕਰੇ ਹਿਤ, ਨਿਰਗੁਣ ਆਪਣਾ ਬੰਧਨ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਇੰਦਾ । ਹੰ ਬਣਾਇਆ ਸ਼ਬਦ ਦੁਲਾਰਾ, ਪ੍ਰਭ ਦੇਵਣਹਾਰ ਵਡਿਆਈਆ । ਆਪ ਵਸੇ ਸਚਖੰਡ ਮਹੱਲ ਅਟੱਲ ਮਨਾਰਾ, ਆਸਣ ਸਿੰਘਾਸਣ ਸੋਭਾ ਪਾਈਆ । ਘਰ ਵਿਚ ਘਰ ਕਰ ਤਿਆਰਾ, ਥਿਰ ਘਰ ਆਪਣੀ ਬਣਤ ਜਣਾਈਆ । ਸ਼ਬਦੀ ਸ਼ਬਦ ਕਰ ਪਿਆਰਾ, ਪ੍ਰਭ ਦੇਵਣਹਾਰ ਵਡਿਆਈਆ । ਸੋਹੰ ਰੂਪ ਅਗੰਮ ਅਪਾਰਾ, ਅਲੱਖ ਅਗੋਚਰ ਆਪਣਾ ਰਾਹ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਤੋਂ ਹੋਏ ਦੋ, ਦੂਆ ਏਕਾ ਇਕੋ ਰੰਗ ਰੰਗਾਈਆ । ਸ਼ਬਦ ਸੁਤ ਹੋਇਆ ਹੰ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਕਿਰਪਾ ਕਰੇ ਪਾਰਬ੍ਰਹਮ, ਭੇਵ ਅਭੇਦ ਖੁਲ੍ਹਾਇੰਦਾ । ਨਿਰਗੁਣ ਧਾਰੋਂ ਵਿਸ਼ਨੂੰ ਜੰਮ, ਵਿਸ਼ਵ ਕਾਰ ਕਮਾਇੰਦਾ । ਵਿਸ਼ਨ ਅੰਦਰ ਰੱਖ ਧੰਨ, ਕਵਲ ਨਾਭ ਅੰਮ੍ਰਿਤ ਭਰਾਇੰਦਾ । ਸਤਿ ਸਤਿਵਾਦੀ ਚਾੜ੍ਹ ਚੰਨ, ਚੰਦ ਚਾਂਦਨਾ ਨੂਰ ਵਖਾਇੰਦਾ । ਆਪਣਾ ਬੇੜਾ ਆਪੇ ਬੰਨ੍ਹ, ਆਪਣੇ ਕੰਧ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਸਮਝਾਇੰਦਾ । ਵਿਸ਼ਨੂੰ ਅੰਦਰ ਪਾਰਬ੍ਰਹਮ ਪ੍ਰਭ ਧਾਰ, ਹਰਿ ਕਰਤਾ ਆਪ ਪਰਗਟਾਈਆ । ਬ੍ਰਹਮ ਬ੍ਰਹਮ ਕਰ ਪਸਾਰ, ਦੇਵਣਹਾਰ ਵਡਿਆਈਆ । ਸ਼ਬਦੀ ਸ਼ਬਦ ਖੇਲ ਅਪਾਰ, ਵੇਖਣਹਾਰ ਸੁਨ ਅਗੰਮ ਧੁਆਂਧਾਰ ਸਮਾਈਆ । ਸ਼ੰਕਰ ਖੇਲ ਸ੍ਰੀ ਭਗਵਨ, ਭੋਲਾ ਨਾਥ ਦਏ ਵਡਿਆਈਆ । ਤਿੰਨਾਂ ਰਾਗ ਸੁਣਾਏ ਕੰਨ, ਤਿੰਨਾਂ ਬਣੇ ਪਿਤਾ ਪੂਤ ਮਾਈਆ । ਏਕਾ ਮਾਈ ਲਏ ਜਣ, ਜਨ ਜਨਨੀ ਗੋਦ ਸੁਹਾਈਆ । ਸੋਹੰ ਰੂਪ ਵੇਖੇ ਆਪ ਭਗਵਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਤੋਂ ਹੋਏ ਦੋ, ਦੂਆ ਏਕਾ ਸੋਹੰ ਧਾਰ ਬਣਾਈਆ । ਸ਼ਬਦ ਸੁਤ ਤੇਰਾ ਖੇਲ ਅਪਾਰਾ, ਸ੍ਰੀ ਭਗਵਾਨ ਆਪ ਜਣਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਤੇਰਾ ਸਹਾਰਾ, ਮਿਹਰਵਾਨ ਦਇਆ ਕਮਾਇੰਦਾ । ਨਿਰਗੁਣ ਤੇਰਾ ਰੂਪ ਥਾਰਾ, ਰੇਖ ਰੰਗ ਨਜ਼ਰ ਕਿਸੇ ਨਾ ਆਇੰਦਾ । ਥਿਰ ਘਰ ਤੇਰਾ ਮਹੱਲ ਮਨਾਰਾ, ਮਹਿਫ਼ਲ ਇਕੋ ਇਕ ਲਗਾਇੰਦਾ । ਤੇਰਾ ਵਣਜ ਸਚ ਵਪਾਰਾ, ਹੱਟ ਸਾਚਾ ਇਕ ਖੁਲ੍ਹਾਇੰਦਾ । ਤਿੰਨਾਂ ਦੇਵੇ ਇਕ ਪਿਆਰਾ, ਮਿਹਰ ਨਜ਼ਰ ਉਠਾਇੰਦਾ । ਸ਼ਬਦ ਅੰਦਰੋਂ ਵਿਸ਼ਨ ਬ੍ਰਹਮਾ ਸ਼ਿਵ ਧਾਰਾ, ਧਾਰ ਧਾਰ ਵਿਚੋਂ ਵਖਾਇੰਦਾ । ਸੋਹੰ ਰੂਪ ਅਪਰ ਅਪਾਰਾ, ਏਕਾ ਦੂਆ ਗੰਢ ਪੁਆਇੰਦਾ । ਸੋਹੰ ਰੂਪ ਬਣੇ ਮਹਾਰਾਜ, ਮਹਿਮਾਂ ਅਗਣਤ ਗਣੀ ਨਾ ਜਾਈਆ । ਸਚਖੰਡ ਦੁਆਰੇ ਜਿਸ ਦਾ ਰਾਜ, ਥਿਰ ਘਰ ਸਾਚਾ ਹੁਕਮ ਮਨਾਈਆ । ਸਤਿ ਸਤਿਵਾਦੀ ਜਿਸ ਦੇ ਸਿਰ ਤੇ

੪੨੪
੧੪

ਤਾਜ, ਤਖ਼ਤ ਨਿਵਾਸੀ ਸੋ ਅਖਵਾਈਆ । ਆਪਣੀ ਇਛਿਆ ਰਚ ਕੇ ਕਾਜ, ਵਿਸ਼ਨ ਬ੍ਰਹਮਾ ਸ਼ਿਵ ਲਏ ਪਰਗਟਾਈਆ । ਖੇਲੇ ਖੇਲ ਗ਼ਰੀਬ ਨਿਵਾਜ਼, ਮਿਹਰਵਾਨ ਵੱਡੀ ਵਡਿਆਈਆ । ਆਪਣਾ ਨਾਉਂ ਰੱਖ ਆਪ ਮਹਾਰਾਜ, ਆਪਣਾ ਲੇਖਾ ਆਪਣੇ ਵਿਚ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਰਿਹਾ ਸਮਝਾਈਆ । ਕਰਨੀ ਕਰਤਾ ਕਰੇ ਦਲੇਰ, ਨਿਰਭੌ ਭੈ ਨਾ ਕੋਇ ਰਖਾਇੰਦਾ । ਨਿਰਗੁਣ ਦਾਤਾ ਇਕੋ ਸ਼ੇਰ, ਸ਼ਹਿਨਸ਼ਾਹ ਆਪਣੀ ਭਬਕ ਲਗਾਇੰਦਾ । ਸਚਖੰਡ ਬੈਠਾ ਰਹੇ ਕਰ ਕਰ ਆਪਣੀ ਮਿਹਰ, ਮਿਹਰਵਾਨ ਆਪ ਅਖਵਾਇੰਦਾ । ਅੱਗੇ ਚਲਾਏ ਆਪਣਾ ਗੇੜ, ਗੇੜਾ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਕਾਰ ਕਮਾਇੰਦਾ । ਆਪੇ ਸਿੰਘ ਹੋਵੇ ਬੱਬਰ, ਬੇਪਰਵਾਹ ਵੱਡੀ ਵਡਿਆਈਆ । ਸਚਖੰਡ ਬੈਠਾ ਕਰ ਕੇ ਆਪਣਾ ਸਬਰ, ਸਬਰ ਸਬੂਰੀ ਆਪਣੇ ਨਾਲ ਹੰਢਾਈਆ । ਆਪਣਾ ਸੁਤ ਦੁਲਾਰਾ ਸ਼ਬਦੀ ਆਪਣਾ ਵਿਸ਼ਨ ਬ੍ਰਹਮਾ ਸ਼ਿਵ ਬਣਾਇਆ ਟੱਬਰ, ਸਾਚੀ ਕਰਨੀ ਕਾਰ ਕਮਾਈਆ । ਸਭ ਦੀ ਪੂਰੀ ਕਰੇ ਸਧਰ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਆਪ ਉਠਾਈਆ । ਆਪੇ ਬਣਿਆ ਭਗਵਾਨ, ਭਗਵਨ ਆਪਣੀ ਦਇਆ ਕਮਾਇੰਦਾ । ਆਪੇ ਦੇਵਣਹਾਰਾ ਦਾਨ, ਦਾਤਾ ਦਾਨੀ ਹਰਿ ਅਖਵਾਇੰਦਾ । ਆਪੇ ਸਾਹਿਬ ਸੱਚਾ ਕਾਹਨ, ਆਪੇ ਗੋਪੀ ਇਕ ਹੰਢਾਇੰਦਾ । ਆਪੇ ਮਰਦ ਮਰਦ ਮਰਦਾਨ, ਸਚ ਮਰਦਾਨਗੀ ਆਪ ਕਮਾਇੰਦਾ । ਆਪੇ ਸ਼ਹਿਨਸ਼ਾਹ ਸ਼ਾਹ ਸੁਲਤਾਨ, ਸ਼ਾਹ ਪਾਤਸ਼ਾਹ ਆਪਣਾ ਨਾਉਂ ਧਰਾਇੰਦਾ । ਆਪੇ ਹੋਏ ਬੇਪਹਿਚਾਨ, ਬੇਨਜ਼ੀਰ ਨਜ਼ਰ ਕਿਸੇ ਨਾ ਆਇੰਦਾ । ਆਪੇ ਵਸੇ ਸਚਖੰਡ ਮਕਾਨ, ਸਚ ਦੁਆਰੇ ਸੋਭਾ ਪਾਇੰਦਾ । ਆਪੇ ਮੁਕਾਮੇ ਹੱਕ ਕਰੇ ਕਲਿਆਣ, ਕਲਮਾ ਆਪਣਾ ਆਪ ਸੁਣਾਇੰਦਾ । ਆਪੇ ਵੇਖੇ ਮਾਰ ਧਿਆਨ, ਨੇਤਰ ਅੱਖ ਨਾ ਕੋਇ ਰਖਾਇੰਦਾ । ਆਪੇ ਹੋਏ ਜਾਣੀ ਜਾਣ, ਜਾਣਣਹਾਰ ਆਪਣਾ ਭੇਵ ਖੁਲ੍ਹਾਇੰਦਾ । ਆਪੇ ਦੇਵੇ ਸਮਰਥ ਪੁਰਖ ਹੋ ਦਾਨ, ਵਸਤ ਅਮੋਲਕ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਪਣਾ ਖੇਲ ਆਪ ਕਰਾਇੰਦਾ । ਆਪਣੀ ਖੇਲ ਕਰੇ ਖੇਲ, ਖੇਲ ਖੇਲ ਵਿਚੋਂ ਪਰਗਟਾਈਆ । ਨਿਰਗੁਣ ਨਿਰਗੁਣ ਕਰ ਕਰ ਮੇਲ, ਮੇਲ ਮਿਲਾਵਾ ਬੇਪਰਵਾਹੀਆ । ਮਹੱਲ ਅਟੱਲ ਬਣ ਸੱਜਣ ਸੁਹੇਲ, ਸਗਲਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਹਰਿ ਖੇਲ ਅਪਾਰਾ, ਆਦਿ ਪੁਰਖ ਕਰਾਇੰਦਾ । ਸ਼ਬਦੀ ਸੁਤ ਦਏ ਸਹਾਰਾ, ਸਿਰ ਆਪਣਾ ਹੱਥ ਟਿਕਾਇੰਦਾ । ਸ਼ਬਦੀ ਸ਼ਬਦ ਨਿਕਲੀ ਧਾਰਾ, ਧਾਰ ਜੋਤੀ ਜੋਤ ਜਗਾਇੰਦਾ । ਲੇਖਾ ਜਾਣ ਆਪ ਕਰਤਾਰਾ, ਵਿਸ਼ਵ ਆਪਣੀ ਕਾਰ ਕਮਾਇੰਦਾ । ਵਿਸ਼ਨੂੰ ਕਰ ਸਾਹਿਬ ਉਜਿਆਰਾ, ਮਿਸਲ ਆਪਣੀ ਆਪ ਪਰਗਟਾਇੰਦਾ । ਅੰਮ੍ਰਿਤ ਸਚ ਦੇ ਭੰਡਾਰਾ, ਵਸਤ ਅਮੋਲਕ ਝੋਲੀ ਪਾਇੰਦਾ । ਸੁੰਦਰ ਮੁਖ ਕਵਲ ਨੈਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਵ ਆਪਣੀ ਕਾਰ ਜਣਾਇੰਦਾ । ਵਿਸ਼ਨੂੰ ਰੂਪ ਆਪੇ ਰੱਖ, ਵਿਸ਼ਵ ਦਏ ਵਡਿਆਈਆ । ਸੋਹੰ ਧਾਰ ਕਰ ਪਰਤੱਖ, ਪ੍ਰਭ ਵੇਖੇ ਬੇਪਰਵਾਹੀਆ । ਮਹਾਰਾਜ ਹੋ ਸਮਰਥ, ਸ਼ੇਰ ਆਪਣਾ ਬਲ ਜਣਾਈਆ । ਸਿੰਘ ਬੋਲ ਇਕ ਅਲੱਖ, ਜੈ ਜੈਕਾਰ ਇਕ ਸੁਣਾਈਆ । ਵਿਸ਼ਨੂੰ ਦਰ ਦੁਆਰੇ ਗਿਆ ਢੱਠ, ਪ੍ਰਭ ਅੱਗੇ ਸੀਸ ਝੁਕਾਈਆ । ਤੂੰ ਸਾਹਿਬ ਪੁਰਖ ਸਮਰਥ, ਤੇਰੇ ਹੱਥ ਵਡਿਆਈਆ । ਮੈਂ ਤੇਰਾ ਗਾਵਾਂ ਜਸ,

ਸਿਫ਼ਤੀ ਢੋਲਾ ਸਿਫ਼ਤ ਸਾਲਾਹੀਆ । ਤੂੰ ਅੰਤਰ ਮੇਰੇ ਵਸ, ਮੈਂ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸੋ ਪੁਰਖ ਨਿਰੰਜਣ ਹਰਿ ਦਾਤਾਰ, ਦਇਆਵਾਨ ਅਖਵਾਇੰਦਾ । ਆਦਿ ਪੁਰਖ ਕਰ ਪਿਆਰ, ਆਦਿ ਆਪਣੀ ਕਾਰ ਕਮਾਇੰਦਾ । ਵਿਸ਼ਨੂੰ ਦੇਵੇ ਸਾਚਾ ਆਧਾਰ, ਸਿਰ ਆਪਣਾ ਹੱਥ ਟਿਕਾਇੰਦਾ । ਤੇਰੀ ਸੇਵਾ ਅਪਰ ਅਪਾਰ, ਹਰਿ ਸੇਵਕ ਰੂਪ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਆਪ ਕਰਾਇੰਦਾ । ਵਿਸ਼ਨੂੰ ਸੁਣ ਕਰ ਧਿਆਨ, ਸ੍ਰੀ ਭਗਵਾਨ ਜਣਾਈਆ । ਤੇਰੇ ਉਪਰ ਮੇਰਾ ਨਿਸ਼ਾਨ, ਨਿਸ਼ਾਨਾ ਇਕੋ ਇਕ ਪਰਗਟਾਈਆ । ਸਾਹਿਬ ਸਤਿਗੁਰੂ ਹੋ ਮਿਹਰਵਾਨ, ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨੂਰ ਦਏ ਦਰਸਾਈਆ । ਵਿਸ਼ਨੂੰ ਵੇਖਿਆ ਨੂਰ ਉਜਾਲਾ, ਨੂਰੋ ਨੂਰ ਰੁਸ਼ਨਾਈਆ । ਨਜ਼ਰੀ ਆਇਆ ਹਰਿ ਗੋਪਾਲਾ, ਬੇਪਰਵਾਹ ਵੱਡੀ ਵਡਿਆਈਆ । ਸੱਚਖੰਡ ਵਸੇ ਸੱਚੀ ਧਰਮਸਾਲਾ, ਛੱਪਰ ਛੰਨ ਨਾ ਕੋਇ ਛੁਹਾਈਆ । ਅਗਨੀ ਜੋਤ ਨਾ ਕੋਇ ਜਵਾਲਾ, ਹਵਨ ਰੂਪ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਇਸ਼ਾਰਾ ਦਏ ਜਣਾਈਆ । ਵਿਸ਼ਨੂੰ ਤੱਕਿਆ ਹਰਿ ਕਾ ਨੂਰ, ਨਿਰਗੁਣ ਨਜ਼ਰੀ ਆਇਆ । ਸਰਬ ਕਲਾ ਸਾਹਿਬ ਭਰਪੂਰ, ਬੇਪਰਵਾਹ ਅਖਵਾਇਆ । ਅਬਿਨਾਸ਼ੀ ਕਰਤੇ ਕਿਰਪਾ ਕਰ ਆਪਣਾ ਨਾਦ ਸੁਣਾਇਆ ਤੂਰ, ਤੁਰਤ ਰਾਗ ਅਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨੂੰ ਅੱਖਰ ਇਕ ਪੜ੍ਹਾਇਆ । ਵਿਸ਼ਨੂੰ ਅੱਖਰ ਨਿਸ਼ਅੱਖਰ ਦੱਸ, ਪ੍ਰਭ ਦੇਵਣਹਾਰ ਵਡਿਆਈਆ । ਚਰਨ ਕਵਲ ਜਾਣਾ ਵਸ, ਮਿਲੇ ਸਚ ਸਰਨਾਈਆ । ਪ੍ਰੇਮ ਪ੍ਰੀਤੀ ਇਕੋ ਰਸ, ਝਿਰਨਾ ਰਿਸਕ ਰਿਸਕ ਝਿਰਾਈਆ । ਆਦਿ ਜੁਗਾਦਿ ਗੌਣਾ ਜਸ, ਪ੍ਰਭ ਦੇਵਣਹਾਰ ਵਡਿਆਈਆ । ਨੇਤਰ ਖੋਲ੍ਹ ਤੱਕ ਸੱਚ, ਤਸਵੀਰ ਬੇਨਜ਼ੀਰ ਦਏ ਦਰਸਾਈਆ । ਤੇਰਾ ਲੇਖਾ ਹੱਕੋ ਹੱਕ, ਹਕੀਕਤ ਇਕੋ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨੂੰ ਦੇਵੇ ਇਕੋ ਵਰ, ਏਕਾ ਏਕ ਕਰੇ ਪੜ੍ਹਾਈਆ । ਵਿਸ਼ਨੂੰ ਪੜ੍ਹਿਆ ਸ੍ਰੀ ਭਗਵਾਨ ਦੀ ਜੈ, ਜੈ ਜੈ ਆਪ ਸੁਣਾਈਆ । ਤੁਧ ਬਿਨ ਆਦਿ ਅੰਤ ਕੋਈ ਨਾ ਰਹੇ, ਸਚ ਦੁਆਰ ਨਾ ਕੋਇ ਸੁਹਾਈਆ । ਜੋ ਉਪਜੇ ਸੋ ਹੋਵੇ ਲੈ, ਪ੍ਰਭ ਤੇਰੇ ਹੱਥ ਵਡਿਆਈਆ । ਤੇਰਾ ਦੱਸਿਆ ਵਿਸ਼ਨੂੰ ਕਹੇ, ਮੇਰੀ ਚਲੇ ਨਾ ਕੋਇ ਚਤੁਰਾਈਆ । ਜਿਸ ਸਿੰਘਾਸਣ ਹਰਿ ਜੂ ਬਹੇ, ਸੋ ਤਖ਼ਤ ਸੋਭਾ ਪਾਈਆ । ਪ੍ਰਭੂ ਤੇਰਾ ਸੱਚਾ ਨਾਮ ਮੇਰੇ ਬਿਨਾਂ ਕੋਈ ਨਾ ਲਏ, ਇਹ ਵਿਸ਼ਨੂੰ ਮੰਗ ਮੰਗਾਈਆ । ਦੋਏ ਜੋੜ ਚਰਨੀ ਢਹਿ, ਮੰਗੀ ਸਚ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨੂੰ ਦੇਵਣਹਾਰ ਵਡਿਆਈਆ । ਵਿਸ਼ਨੂੰ ਤੇਰਾ ਮਾਣ ਰਖਾਵਾਂਗਾ । ਤ੍ਰੈਗੁਣ ਮਾਇਆ ਇਕ ਉਪਾਵਾਂਗਾ । ਤਿੰਨਾਂ ਦੀ ਝੋਲੀ ਪਾਵਾਂਗਾ । ਸਾਚਾ ਰਾਹ ਵਖਾਵਾਂਗਾ । ਰਜੋ ਤਮੋ ਸਤੋ ਨਾਮ ਧਰਾਵਾਂਗਾ । ਪੰਚਮ ਗੰਢ ਪੁਆਵਾਂਗਾ । ਅਪ ਤੇਜ ਵਾਏ ਪ੍ਰਿਥਮੀ ਆਕਾਸ਼, ਇਛਿਆ ਭਿਛਿਆ ਇਕ ਦਰਸਾਵਾਂਗਾ । ਵਿਸ਼ਨ ਬ੍ਰਹਮਾ ਸ਼ਿਵ ਕਰ ਕੇ ਦਾਸੀ ਦਾਸ, ਧੁਰ ਫ਼ਰਮਾਣਾ ਹੁਕਮ ਮਨਾਵਾਂਗਾ । ਰਚਨਾ ਰਚ ਪ੍ਰਿਥਮੀ ਆਕਾਸ਼, ਗਗਨ ਮੰਡਲ ਸੋਭਾ ਪਾਵਾਂਗਾ । ਲੋਆਂ ਪੁਰੀਆਂ ਖੇਲ ਤਮਾਸ਼, ਸੂਰਜ ਚੰਦ ਨੂਰ ਚਮਕਾਵਾਂਗਾ । ਨਿਰਗੁਣ ਸਰਗੁਣ ਕਰ ਪਰਕਾਸ਼, ਜੋਤੀ ਜਾਤਾ ਆਪ ਅਖਵਾਵਾਂਗਾ । ਸ਼ਬਦ ਅਗੰਮੀ ਪਾ ਕੇ ਰਾਸ, ਦੋ ਜਹਾਨ ਢੋਲ ਵਜਾਵਾਂਗਾ । ਪਵਣੀ ਪਵਣ ਪਵਣ ਸਵਾਸ, ਆਸ ਸਭ ਦੀ

ਪੂਰ ਕਰਾਵਾਂਗਾ । ਨਿਰਗੁਣ ਸਰਗੁਣ ਚਲੇ ਸ਼ਾਖ਼, ਸ਼ਨਾਖ਼ਤ ਆਪਣੀ ਆਪਣੇ ਵਿਚ ਛੁਪਾਵਾਂਗਾ । ਜੋ ਇਛਿਆ ਗਈ ਭਾਖ, ਸੋ ਪੂਰੀ ਕਰ ਵਖਾਵਾਂਗਾ । ਨੇਤਰ ਖੋਲ੍ਹ ਜਾਗ, ਬਿਨ ਅੱਖਾਂ ਅੱਖ ਮਿਲਾਵਾਂਗਾ । ਤੇਰਾ ਇਕੋ ਇਕ ਪਾਠ, ਜੈ ਜੈ ਤੇਰਾ ਰਾਗ ਅਲਾਵਾਂਗਾ । ਨਿਰਗੁਣ ਸਰਗੁਣ ਦੇ ਦੇ ਸਾਥ, ਸਗਲਾ ਸੰਗ ਨਿਭਾਵਾਂਗਾ । ਲੱਖ ਚੁਰਾਸੀ ਬਣੇ ਖ਼ਾਹਸ਼, ਚਾਰੇ ਖਾਣੀ ਵੰਡ ਵੰਡਾਵਾਂਗਾ । ਅੰਡਜ ਜੇਰਜ ਉਤਭੁਜ ਸੇਤਜ ਕਰ ਨਿਵਾਸ, ਨਿਰਮਲ ਜੋਤੀ ਜੋਤ ਜਗਾਵਾਂਗਾ । ਚਾਰੇ ਬਾਣੀ ਕਰ ਪਰਕਾਸ਼, ਧੁਰ ਦਾ ਰਾਗੀ ਰਾਗ ਸੁਣਾਵਾਂਗਾ । ਚਾਰੇ ਯੁਗ ਖੇਲ ਤਮਾਸ਼, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਮਾਤ ਹੰਢਾਵਾਂਗਾ । ਨਿਰਗੁਣ ਸਰਗੁਣ ਚਲਾਵਾਂ ਸ਼ਾਖ਼, ਗੁਰ ਗੁਰ ਸ਼ਬਦੀ ਵੰਡ ਵੰਡਾਵਾਂਗਾ । ਬ੍ਰਹਮਾ ਵੇਤਾ ਦੱਸਾਂ ਪਾਠ, ਪਾਠਸ਼ਾਲਾ ਇਕ ਬਣਾਵਾਂਗਾ । ਅੰਮ੍ਰਿਤ ਮਾਰੇ ਸਰੋਵਰ ਠਾਠ, ਲਹਿਰ ਲਹਿਰ ਵਿਚੋਂ ਪਰਗਟਾਵਾਂਗਾ । ਦੋ ਜਹਾਨਾਂ ਪੱਤਣ ਘਾਟ, ਪੱਤਣ ਘਾਟ ਕਿਨਾਰਾ ਇਕੋ ਇਕ ਵਡਿਆਵਾਂਗਾ । ਲੇਖਾ ਲਿਖ ਬਿਨ ਕਲਮ ਦਵਾਤ, ਨਿਸ਼ਅੱਖਰ ਅੱਖਰ ਬਣਾਵਾਂਗਾ । ਫਿਰ ਬ੍ਰਹਮਾ ਦੇਵਾਂ ਦਾਤ, ਚਾਰੇ ਵੇਦਾਂ ਆਪ ਪੜ੍ਹਾਵਾਂਗਾ । ਲੋਕਮਾਤ ਬਣੇ ਜਮਾਤ, ਜੁਮਲਾ ਆਪਣਾ ਨਾ ਕਿਸੇ ਸਮਝਾਵਾਂਗਾ । ਅੰਤਮ ਸਭ ਦੀ ਕਰਾਂ ਵਫ਼ਾਤ, ਫ਼ਾਤਿਹਾ ਸਭ ਦਾ ਆਪ ਪੜ੍ਹਾਵਾਂਗਾ । ਮੇਰਾ ਲੇਖਾ ਕੋਈ ਨਾ ਜਾਣੇ ਲੁਗਾਤ, ਕਲਮਾ ਆਪਣਾ ਆਪ ਪਰਗਟਾਵਾਂਗਾ । ਸਚ ਪਿਆਲਾ ਆਬੇ ਹਯਾਤ, ਹਯਾਤੀ ਸਭ ਦੀ ਆਪ ਬਦਲਾਵਾਂਗਾ । ਤੇਰੀ ਪੂਰੀ ਕਰਾਂ ਖ਼ਾਹਸ਼, ਕੀਤਾ ਕੌਲ ਭੁੱਲ ਨਾ ਜਾਵਾਂਗਾ । ਨੌਂ ਸੌ ਚੁਰਾਨਵੇਂ ਚੌਕੜੀ ਯੁਗ ਸੇਵਾ ਕਰਨੀ ਬਣ ਕੇ ਦਾਸੀ ਦਾਸ, ਫਿਰ ਆਪਣਾ ਭੇਵ ਖੁਲ੍ਹਾਵਾਂਗਾ । ਮੰਡਲ ਮੰਡਪ ਪਾਵਾਂ ਰਾਸ, ਗੋਪੀ ਕਾਹਨ ਨਚਾਵਾਂਗਾ । ਗੁਰ ਅਵਤਾਰ ਪੀਰ ਪੈਗ਼ੰਬਰ ਕਰ ਕਰ ਦਾਸੀ ਦਾਸ, ਸਾਚੀ ਸਿਖਿਆ ਇਕ ਸਮਝਾਵਾਂਗਾ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਦੱਸ ਦੱਸ ਪਾਠ, ਰਸਨਾ ਜਿਹਵਾ ਬੱਤੀ ਦੰਦ ਸਮਝਾਵਾਂਗਾ । ਸਰੋਵਰ ਬਣਾ ਤੀਰਥ ਤੱਟ ਘਾਟ, ਕਿਨਾਰਾ ਜਗਤ ਰੂਪ ਦਰਸਾਵਾਂਗਾ । ਜੋਗ ਅਭਿਆਸ ਖੇਲ ਤਮਾਸ਼, ਨਿਓਲੀ ਕਰਮ ਜ਼ਾਤ ਪਾਤ ਵਰਨ ਬਰਨ ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਵੰਡ ਵੰਡਾਵਾਂਗਾ । ਕੋਟਨ ਕੋਟ ਰਸਨਾ ਜਿਹਵਾ ਗੁਰ ਅਵਤਾਰ ਪੀਰ ਪੈਗ਼ੰਬਰ ਹਰਫ਼ ਬਹਰਫ਼ ਮੇਰਾ ਨਾਮ ਪੜ੍ਹਨ, ਪੜ੍ਹ ਪੜ੍ਹ ਨਾਮ ਆਪਣਾ ਆਪ ਜਣਾਵਾਂਗਾ । ਮੰਜ਼ਲ ਮੰਜ਼ਲ ਸਾਰੇ ਚੜ੍ਹਨ, ਬਿਨ ਆਪਣੀ ਕਿਰਪਾ ਆਪਣੇ ਘਰ ਨਾ ਕਿਸੇ ਲਿਆਵਾਂਗਾ । ਜੁਗ ਚੌਕੜੀ ਸਾਰੇ ਡਰਨ, ਭੈ ਇਕੋ ਇਕ ਦਰਸਾਵਾਂਗਾ । ਤੇਈ ਅਵਤਾਰ ਭਗਤ ਅਠਾਰਾਂ ਗੁਰ ਦਸ, ਈਸਾ ਮੂਸਾ ਮੁਹੰਮਦ ਮੰਗਣ ਸਰਨ, ਸਰਨਗਤ ਇਕ ਜਣਾਵਾਂਗਾ । ਸਾਧਾਂ ਸੰਤਾਂ ਖੋਲ੍ਹਾਂ ਹਰਨ ਫ਼ਰਨ, ਨੇਤਰ ਅੱਖ ਅੱਖ ਮਿਲਾਵਾਂਗਾ । ਰਾਮ ਕ੍ਰਿਸ਼ਨ ਅੱਲਾ ਹੂ ਹੌਕਾ ਸਾਰੇ ਭਰਨ, ਸਤਿਨਾਮ ਵਾਹਿਗੁਰੂ ਆਪਣਾ ਖੇਲ ਜਣਾਵਾਂਗਾ । ਜੋ ਨਾਮ ਮੇਰਾ ਧਰਨ, ਸੋ ਪੰਜ ਤੱਤ ਚੋਲੇ ਵਿਚੋਂ ਮਰਨ, ਅੰਤ ਸਭ ਨਿਸ਼ਾਨ ਮਿਟਾਵਾਂਗਾ । ਆਦਿ ਜੁਗਾਦੀ ਘਾੜਨ ਘੜ, ਘੜ ਘੜ ਭਾਂਡੇ ਵੇਖ ਵਖਾਵਾਂਗਾ । ਲੱਖ ਚੁਰਾਸੀ ਅੰਦਰ ਵੜ, ਸਚ ਸਿੰਘਾਸਣ ਸੋਭਾ ਪਾਵਾਂਗਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਹੁਕਮੇ ਅੰਦਰ ਜਣਾਵਾਂ ਆਪਣਾ ਦਰ, ਦਰ ਦਰਵਾਜ਼ਾ ਇਕ ਖੁਲ੍ਹਾਵਾਂਗਾ । ਨਾਨਕ ਗੋਬਿੰਦ ਦੇ ਕੇ ਜਾਏ ਵਰ, ਵੇਦ ਵਿਆਸਾ ਮੂਲ ਚੁਕਾਵਾਂਗਾ । ਮੁਹੰਮਦ ਮੰਗੇ ਖਲ੍ਹੋ ਕੇ ਨਡਰ, ਨੀਲੇ ਬਸਤਰ ਤਨ ਰੰਗਾਵਾਂਗਾ । ਮੂਸਾ ਮੂੰਹ ਦੇ ਭਾਰ ਡਿੱਗੇ ਦੜ, ਨੂਰੀ ਝਲਕ ਝਲਕ ਪਰਗਾਟਾਵਾਂਗਾ । ਈਸਾ ਕਹੇ ਮੇਰਾ ਬਾਪ ਮੇਰਾ ਪੱਲੂ ਲਏ ਫੜ, ਇਕੋ ਉਹਦੀ ਓਟ ਰਖਾਵਾਂਗਾ । ਨਾਨਕ ਨਿਹਕਲੰਕ ਨਰਾਇਣ ਨਿਰਗੁਣ ਜੋਤ ਲਏ ਧਰ, ਮਾਤ ਪਿਤ

੪੨੭
੧੪

ਨਾ ਕੋਇ ਬਣਾਵਾਂਗਾ । ਗੋਬਿੰਦ ਕਹੇ ਸੰਬਲ ਨਗਰ ਜਾਏ ਵੜ, ਸਾਚਾ ਮੰਦਰ ਇਕ ਸੁਹਾਵਾਵਾਂਗਾ । ਦੋ ਜਹਾਨ ਬਣਾਵਾਂ ਆਪਣਾ ਘਰ, ਗ੍ਰਿਹਿ ਇਕੋ ਇਕ ਵਖਾਵਾਂਗਾ । ਸਾਚੀ ਚੋਟੀ ਆਪੇ ਚੜ੍ਹ, ਆਖ਼ਰ ਆਪਣਾ ਰੰਗ ਰੰਗਾਵਾਂਗਾ । ਵਿਸ਼ਨੂੰ ਤੇਰਾ ਪੱਲੂ ਫੜ, ਤੇਰਾ ਪਾਇਆ ਵਾਸਤਾ ਪੂਰ ਕਰਾਵਾਂਗਾ । ਕਲਜੁਗ ਅੰਤ ਸ੍ਰੀ ਭਗਵੰਤ ਤੇਰਾ ਪੂਰਾ ਕਰੇ ਵਰ, ਵਰ ਦਾਤਾ ਫੇਰ ਅਖਵਾਵਾਂਗਾ । ਨਿਰਗੁਣ ਸਰਗੁਣ ਰੂਪ ਧਰ, ਸੋਹੰ ਸਤਿ ਸਤਿ ਵਡਿਆਵਾਂਗਾ । ਮਹਾਰਾਜ ਹੋ ਨਡਰ, ਭੈ ਭੌ ਨਾ ਕੋਇ ਰਖਾਵਾਂਗਾ । ਸ਼ੇਰ ਹੋ ਕੇ ਲੋਕਮਾਤ ਜੂਹ ਵਿਚ ਵੜ, ਲੱਖ ਚੁਰਾਸੀ ਜੀਵ ਸਰਬ ਭਜਾਵਾਂਗਾ । ਸਿੰਘ ਹੋ ਕੇ ਸਭ ਦੀ ਛਾਤੀ ਜਾਵਾਂ ਚੜ੍ਹ, ਮੂੰਹ ਦੇ ਭਾਰ ਸਰਬ ਸੁਟਾਵਾਂਗਾ । ਵਿਸ਼ਨੂੰ ਤੂੰ ਸੇਵਾ ਕਰੀਂ ਘਰ ਘਰ, ਜਨ ਭਗਤਾਂ ਤੇਰਾ ਮੇਲ ਮਿਲਾਵਾਂਗਾ । ਅੰਤ ਭਗਵਾਨ ਪੱਲੂ ਲਏ ਫੜ, ਫੜਿਆ ਪੱਲੂ ਆਪਣੇ ਨਾਲ ਬੰਧਾਵਾਂਗਾ । ਔਂਦਾ ਜਾਂਦਾ ਦੋ ਜਹਾਨਾਂ ਜੈ ਜੈਕਾਰ ਲੈਣਾ ਕਰ, ਹਰਿ ਕਰਤਾ ਰੂਪ ਵਖਾਵਾਂਗਾ । ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ ਇਹਦਾ ਕੋਈ ਘਾੜਨ ਸਕੇ ਨਾ ਘੜ, ਘੜਨ ਭੰਨਣਹਾਰ ਆਪ ਅਖਵਾਵਾਂਗਾ । ਜੋ ਇਸ ਢੋਲਾ ਲਏ ਪੜ੍ਹ, ਤਿਸ ਆਪਣਾ ਮੇਲ ਮਿਲਾਵਾਂਗਾ । ਵਿਸ਼ਨੂੰ ਤੂੰ ਵੀ ਡਿਗਣਾ ਦੜ, ਤੇਰਾ ਮਾਣ ਮਿਟਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਮਾਰਗ ਇਕ ਦਰਸਾਵਾਂਗਾ । ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜੈ ਜੈਕਾਰਾ, ਹਰਿ ਕਾ ਰੂਪ ਦਰਸਾਈਆ । ਜਿਸ ਦਾ ਆਦਿ ਅੰਤ ਨਜ਼ਰ ਨਾ ਆਇਆ ਕਿਨਾਰਾ, ਸੋ ਸਾਹਿਬ ਰਿਹਾ ਸੁਣਾਈਆ । ਜਿਸ ਦਾ ਗੁਰ ਅਵਤਾਰ ਪੀਰ ਪੈਗ਼ੰਬਰ ਤੱਕਦੇ ਰਹੇ ਸਹਾਰਾ, ਸੋ ਸਤਿਗੁਰ ਕਰੇ ਪੜ੍ਹਾਈਆ । ਜਿਸ ਦਾ ਖਾਣੀ ਬਾਣੀ ਬੋਧ ਅਗਾਧਾ ਸਹਾਰਾ, ਸੋ ਸਾਹਿਬ ਬੇਪਰਵਾਹੀਆ । ਭਗਤ ਭਗਵਾਨ ਵਖਾਏ ਇਕ ਦੁਆਰਾ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਕਾਗ਼ਦ ਕਲਮ ਨਾ ਲਿਖਣਹਾਰਾ, ਨੇਤਰ ਰੋਵੇ ਸਮੁੰਦ ਸਾਗਰ ਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜੈ ਜੈਕਾਰ ਇਕ ਜਣਾਈਆ । ਜੈ ਜੈਕਾਰ ਭਗਤ ਭਗਵਾਨ, ਸ੍ਰੀ ਭਗਵਾਨ ਆਪ ਸਮਝਾਇੰਦਾ । ਵਿਸ਼ਨੂੰ ਮੰਗਿਆ ਵਿਸ਼ਵ ਦਾਨ, ਵਸਤੂ ਹਰਿ ਜੀ ਝੋਲੀ ਪਾਇੰਦਾ । ਸਿੰਘ ਸ਼ੇਰ ਵਡ ਬਲਵਾਨ, ਪ੍ਰਭ ਆਪਣੇ ਨਾਮ ਭਬਕ ਲਗਾਇੰਦਾ । ਮਹਾਰਾਜ ਬਣ ਪਰਧਾਨ, ਸਾਚੀ ਸਿਖਿਆ ਇਕ ਸਮਝਾਇੰਦਾ । ਹੰ ਰੂਪ ਸਰਬ ਜਹਾਨ, ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਜਨ ਆਪਣਾ ਰੰਗ ਰੰਗਾਇੰਦਾ । ਸੋ ਪੁਰਖ ਨਿਰੰਜਣ ਸਭ ਦੀ ਕਰੇ ਕਲਿਆਣ, ਕਰਤਾ ਆਪਣੀ ਕਾਰ ਕਮਾਇੰਦਾ । ਆਦਿ ਸੋ ਅੰਤ ਭਗਵਾਨ ਦੋਹਾਂ ਦੀ ਹੋਵੇ ਜੈ, ਜੈ ਜੈਕਾਰ ਦੋ ਜਹਾਨ ਅਲਾਇੰਦਾ । ਦੂਜਾ ਕੋਈ ਮਾਤ ਨਾ ਰਹੇ, ਜੋ ਘੜਿਆ ਭੰਨ ਵਖਾਇੰਦਾ । ਸਚ ਦੁਆਰੇ ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਆਦਿ ਜੁਗਾਦੀ ਸ਼ਬਦ ਅਨਾਦੀ ਸਤਿਗੁਰ ਪੂਰਾ ਬਹੇ, ਦੂਜਾ ਆਸਣ ਕੋਇ ਨਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਾ ਸਚ ਜੈਕਾਰਾ, ਨਿਰਗੁਣ ਸਰਗੁਣ ਕਰੇ ਪਿਆਰਾ, ਆਤਮ ਪਰਮਾਤਮ ਮੇਲ ਦੁਆਰਾ, ਦਰ ਦਰਵਾਜ਼ਾ ਗ਼ਰੀਬ ਨਿਵਾਜ਼ਾ ਗਹਿਰ ਗੰਭੀਰ ਬੇਨਜ਼ੀਰ ਬੇਤਸਵੀਰ, ਲਾਸ਼ਰੀਕ ਸ਼ਹਿਨਸ਼ਾਹ ਇਕੋ ਇਕ ਜਣਾਈਆ । ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ, ਜੋ ਨਾਅਰਾ ਲਏ ਲਗਾਈਆ । ਤਿਸ ਸਿਰ ਜਮ ਕਾ ਡੰਡ ਨਾ ਰਹੇ, ਰਾਏ ਧਰਮ ਨਾ ਦਏ ਸਜ਼ਾਈਆ । ਲੱਖ ਚੁਰਾਸੀ ਵਹਿਣ ਨਾ ਵਹੇ, ਮਾਤ ਗਰਭ ਨਾ ਫੇਰਾ ਪਾਈਆ । ਪੁਰਖ ਅਕਾਲ ਦੀ ਚਰਨੀ ਬਹੇ, ਜਿਸ ਦੁਆਰ ਮਿਲੇ ਵਡਿਆਈਆ । ਨਾਤਾ ਤੁੱਟੇ ਤੂੰ

ਮੈਂ, ਮੈਂ ਤੂੰ ਰਹਿਣ ਨਾ ਪਾਈਆ । ਜਿਸ ਨੂੰ ਗੁਰ ਅਵਤਾਰ ਪੀਰ ਪੈਗ਼ੰਬਰ ਕਹਿੰਦੇ ਗਏ ਹੈਂ, ਹਰਿ ਜੂ ਕੀ ਖੇਲ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਨਾਅਰਾ ਦਏ ਵਡਿਆਈਆ । ਇਕੋ ਨਾਅਰੇ ਅੰਦਰ ਦੋ ਜਹਾਨ, ਬਚਿਆ ਕੋਇ ਨਜ਼ਰ ਨਾ ਆਇੰਦਾ । ਇਕੋ ਨਾਅਰੇ ਅੰਦਰ ਵਿਸ਼ਨ ਬ੍ਰਹਮਾ ਸ਼ਿਵ ਮੰਗਣ ਦਾਨ, ਝੋਲੀ ਖ਼ਾਲੀ ਸਰਬ ਵਖਾਇੰਦਾ । ਇਕੋ ਨਾਅਰੇ ਅੰਦਰ ਗੁਰ ਅਵਤਾਰ ਪੀਰ ਪੈਗ਼ੰਬਰ ਕਰਨ ਪਰਵਾਨ, ਹਰਿ ਪਰਵਾਨਾ ਆਪ ਫੜਾਇੰਦਾ । ਇਕੋ ਨਾਅਰੇ ਅੰਦਰ ਭਗਤ ਭਗਵਾਨ ਮਿਲਣ ਆਣ, ਬਿਨ ਭਗਤੀਉਂ ਮੇਲ ਮਿਲਾਇੰਦਾ । ਇਕੋ ਨਾਅਰੇ ਅੰਦਰ ਅੰਮ੍ਰਿਤ ਆਤਮ ਸਰੋਵਰ ਕਰਾਏ ਅਸ਼ਨਾਨ, ਦੁਰਮਤ ਮੈਲ ਧੁਆਇੰਦਾ । ਇਕੋ ਨਾਅਰੇ ਅੰਦਰ ਆਤਮ ਪਰਮਾਤਮ ਦੇਵੇ ਗਿਆਨ, ਚੌਦਾਂ ਵਿਦਿਆ ਨਾ ਕੋਇ ਪੜ੍ਹਾਇੰਦਾ । ਇਕੋ ਨਾਅਰੇ ਅੰਦਰ ਬਖ਼ਸ਼ੇ ਚਰਨ ਧਿਆਨ, ਸਚ ਪ੍ਰੀਤੀ ਇਕ ਸਮਝਾਇੰਦਾ । ਇਕੋ ਨਾਅਰੇ ਅੰਦਰ ਕਰੇ ਕਲਿਆਣ, ਜਿਸ ਨੂੰ ਕਲਮਾ ਆਪ ਸਮਝਾਇੰਦਾ । ਇਕੋ ਨਾਅਰੇ ਅੰਦਰ ਮਿਲੇ ਅਮਾਮ, ਮਿਹਰਵਾਨ ਆਪਣਾ ਰੰਗ ਰੰਗਾਇੰਦਾ । ਇਕੋ ਨਾਅਰੇ ਅੰਦਰ ਮੇਲੇ ਰਾਮ, ਰਮੱਯਾ ਆਪਣੀ ਗੰਢ ਪੁਆਇੰਦਾ । ਇਕੋ ਨਾਅਰੇ ਅੰਦਰ ਵੇਖੇ ਸ਼ਾਮ, ਘਨੱਯਾ ਆਪਣਾ ਭੇਵ ਚੁਕਾਇੰਦਾ । ਇਕੋ ਨਾਅਰੇ ਅੰਦਰ ਦਏ ਪੈਗ਼ਾਮ, ਸਚ ਹਦੀਸ ਆਪ ਸੁਣਾਇੰਦਾ । ਇਕੋ ਨਾਅਰੇ ਅੰਦਰ ਵੇਖੇ ਸਤਿ ਨਾਮ, ਨਾਮ ਸਤਿ ਗੰਢ ਪੁਆਇੰਦਾ । ਇਕੋ ਨਾਅਰੇ ਅੰਦਰ ਵਾਹਿਗੁਰੂ ਜਪੇ ਨਿਸ਼ਕਾਮ, ਆਸਾ ਮਨਸਾ ਪੂਰ ਵਖਾਇੰਦਾ । ਇਕੋ ਨਾਅਰੇ ਅੰਦਰ ਲੇਖਾ ਚੁੱਕੇ ਤਮਾਮ, ਤਮਾ ਹਿਰਸ ਨਾ ਕੋਇ ਵਧਾਇੰਦਾ । ਇਕੋ ਨਾਅਰੇ ਅੰਦਰ ਵਖਾਏ ਸਚ ਨਿਸ਼ਾਨ, ਦਰਗਹਿ ਸਾਚੀ ਆਪ ਝੁਲਾਇੰਦਾ । ਇਕੋ ਨਾਅਰੇ ਅੰਦਰ ਕਰੇ ਪਰਵਾਨ, ਜਿਨ੍ਹਾਂ ਆਪਣਾ ਨਾਮ ਸਮਝਾਇੰਦਾ । ਇਕੋ ਨਾਅਰੇ ਅੰਦਰ ਸਚਖੰਡ ਵਸਾਏ ਸਚ ਮਕਾਮ, ਬੇਮਕਾਮ ਆਪਣੀ ਦਇਆ ਕਮਾਇੰਦਾ । ਇਕੋ ਨਾਅਰੇ ਅੰਦਰ ਕਰੇ ਸਰਬ ਸਲਾਮ, ਸਜਦਾ ਸੀਸ ਸਰਬ ਝੁਕਾਇੰਦਾ । ਇਕੋ ਨਾਅਰਾ ਆਦਿ ਜੁਗਾਦਿ ਸ੍ਰੀ ਭਗਵਾਨ, ਸੋ ਪੁਰਖ ਨਿਰੰਜਣ ਆਪਣੇ ਹੱਥ ਰਖਾਇੰਦਾ । ਸੋਹੰ ਰੂਪ ਜੋ ਲਏ ਪਹਿਚਾਨ, ਪਸਚਾਤਾਪ ਨਾ ਕੋਇ ਰਹਾਇੰਦਾ । ਮਹਾਰਾਜ ਜਿਸ ਕਿਰਪਾ ਕਰੇ ਆਣ, ਤਿਸ ਸ਼ੇਰ ਰੂਪ ਵਟਾਇੰਦਾ । ਸਿੰਘ ਭਬਕੇ ਵਿਚ ਜਹਾਨ, ਜੰਗਲ ਜੂਹ ਉਜਾੜ ਪਹਾੜ ਬੇਲੇ ਡੂੰਘੀ ਕੰਦਰ ਵੇਖ ਵਖਾਇੰਦਾ । ਵਿਸ਼ਨੂੰ ਦਰ ਦਰਵੇਸ਼ ਦਰ ਦਰ ਦੇਵੇ ਦਾਨ, ਦਸਤ ਬਦਸਤ ਆਪ ਵਰਤਾਇੰਦਾ । ਸ੍ਰੀ ਭਗਵਾਨ ਵੇਖੇ ਮਾਰ ਧਿਆਨ, ਨੇਤਰ ਨੈਣ ਨੈਣ ਉਠਾਇੰਦਾ । ਜੈ ਜੈਕਾਰ ਕਰਨ ਦੋ ਜਹਾਨ, ਸਤਿ ਪੁਰਖ ਨਿਰੰਜਣ ਸਤਿ ਸਤਿਵਾਦੀ ਸਾਚਾ ਢੋਲਾ ਤੇਰਾ ਸਰਬ ਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਇਕੋ ਨਾਮ ਧੁਰ ਦਾ ਜਾਮ, ਜਨ ਭਗਤਾਂ ਆਪ ਪਿਆਇੰਦਾ । ਜਨ ਭਗਤ ਖ਼ੁਸ਼ੀ ਮੰਨੌਣਗੇ । ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ ਦਾ ਢੋਲਾ ਗੌਣਗੇ । ਕਾਇਆ ਮੰਦਰ ਅੰਦਰ ਪਰਦਾ ਉਹਲਾ ਸਰਬ ਚੁਕੌਣਗੇ । ਘਰ ਵਿਚ ਨਜ਼ਰੀ ਆਏ ਮੌਲਾ, ਅਨਮੁਲੜੀ ਵਸਤ ਘਰ ਆਪਣੇ ਵਿਚੋਂ ਪੌਣਗੇ । ਉਲਟਾ ਕਰੇ ਨਾਭ ਕੌਲਾ, ਕਵਲ ਨਾਭੀ ਅੰਮ੍ਰਿਤ ਸਚ ਭਰੌਣਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਰੰਗ ਵਖੌਣਗੇ । ਜੋ ਸੋਹੰ ਢੋਲਾ ਗਾਏਗਾ । ਆਤਮ ਪਰਮਾਤਮ ਮੇਲ ਮਿਲਾਏਗਾ । ਪਾਰਬ੍ਰਹਮ ਬ੍ਰਹਮ ਵਿਛੋੜਾ ਅੰਤ ਕਟਾਏਗਾ । ਸੁਰਤੀ ਸ਼ਬਦੀ ਜੋੜਾ ਇਕ ਜੁੜਾਏਗਾ । ਨਾਮ ਘੋੜਾ ਇਕ ਵਖਾਏਗਾ । ਸੱਸੇ ਉਪਰ ਹੋੜਾ ਲਾਏਗਾ । ਹਾਹਾ ਟਿੱਪੀ ਵਿਚ ਬੰਦ ਕਰਾਏਗਾ । ਚੌਥਾ ਅੱਖਰ

ਸੱਸਾ ਕਿਲਾ ਰੂਪ ਦਰਸਾਏਗਾ । ਹਾਹਾ ਹੰਸ ਮੁਖ ਹੱਸਾ, ਹਰਿ ਕੀ ਧਾਰ ਵਿਚ ਸਮਾਏਗਾ । ਪੰਚਮ ਅੱਖਰ ਇਕੋ ਦੱਸਾ, ਦਹਿ ਦਿਸ਼ਾ ਵੇਖ ਵਖਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਗੋਦ ਬਹਾਏਗਾ । ਗੁਰਮੁਖ ਕਹਿਣ ਢੋਲਾ ਗਾਵਾਂਗੇ । ਸੋ ਪੁਰਖ ਨਿਰੰਜਣ ਧਿਆਵਾਂਗੇ । ਹੰ ਬ੍ਰਹਮ ਮੇਲ ਮਿਲਾਵਾਂਗੇ । ਕਰਮ ਕਾਂਡ ਨਾ ਕੋਇ ਰਖਾਵਾਂਗੇ । ਆਂਢ ਗਵਾਂਢ ਸਮਝਾਵਾਂਗੇ । ਪ੍ਰਭ ਸੱਜਣ ਇਕ ਵਖਾਵਾਂਗੇ । ਕਰ ਮਜਨ ਖ਼ੁਸ਼ੀ ਮਨਾਵਾਂਗੇ । ਦੁੱਖ ਦਲਿਦਰ ਭੱਜਿਆ, ਦੁਰਮਤ ਮੈਲ ਧੁਆਂਵਾਂਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਮੰਗ ਮੰਗਾਵਾਂਗੇ । ਗੁਰਮੁਖੋ ਸੋਹੰ ਢੋਲਾ ਪੜ੍ਹੋਗੇ । ਪ੍ਰਭ ਸੱਚੇ ਦਾ ਲੜ ਫੜੋਗੇ । ਪੁਰਖ ਅਗੰਮ ਦੁਆਰੇ ਵੜੋਗੇ । ਨਾ ਜੀਓਗੇ ਨਾ ਮਰੋਗੇ । ਨਾ ਰੋਵੋਗੇ ਨਾ ਡਰੋਗੇ । ਨਾ ਡਿਗੋਗੇ ਨਾ ਮੁੜੋਗੇ, ਪ੍ਰਭ ਸੱਚੇ ਦਾ ਦਰਸ਼ਨ ਕਰੋਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੁਆਰੇ ਸਾਚੇ ਖੜੋਗੇ । ਸਚ ਦੁਆਰੇ ਜਾਵਾਂਗੇ । ਸੋ ਪੁਰਖ ਨਿਰੰਜਣ ਧਿਆਵਾਂਗੇ । ਅਲੱਖ ਅਲੱਖ ਢੋਲਾ ਇਕ ਸੁਣਾਵਾਂਗੇ । ਲੱਖ ਚੁਰਾਸੀ ਨਾਲੋਂ ਹੋ ਕੇ ਵੱਖ, ਭਗਤਾਂ ਵਿਚ ਮਿਲ ਜਾਵਾਂਗੇ । ਏਥੇ ਆਪਣੀ ਲੱਜਿਆ ਰੱਖ, ਅੱਗੇ ਆਤਮ ਪਰਮਾਤਮ ਨਾਲ ਪਰਨਾਵਾਂਗੇ । ਪਰਮਾਤਮਾ ਨਾਲ ਮਿਲ ਕੇ ਨਹੀਂ ਕਰਨੀ ਬਸ, ਉਹਦੀ ਛਾਤੀ ਉਤੇ ਡੇਰਾ ਲਾਵਾਂਗੇ । ਜਿੰਨਾਂ ਚਿਰ ਫੜੇ ਨਾ ਬੋਲ ਕੇ ਹੱਸ, ਆਪਣੀ ਅੱਖ ਨਾ ਕੋਈ ਬਦਲਾਵਾਂਗੇ । ਜਾ ਕੇ ਕਹੀਏ ਇਕ ਘਰ ਰਹੀਏ ਢੋਲਾ ਗਾਈਏ ਇਕ ਦੂਜੇ ਦਾ ਜਸ, ਸੋਹੰ ਰੂਪ ਫੇਰ ਵਖਾਵਾਂਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਘਰ ਸਾਚੇ ਸੋਭਾ ਪਾਵਾਂਗੇ । ਘਰ ਸਾਚੇ ਗੁਰਮੁਖ ਆਓਗੇ । ਪ੍ਰਭ ਸੱਚੇ ਦਾ ਦਰਸ਼ਨ ਪਾਓਗੇ । ਪਿਛਲਾ ਲੇਖਾ ਸਰਬ ਚੁਕਾਓਗੇ । ਮੇਰਾ ਨਾਮ ਇਕ ਧਿਆਓਗੇ । ਆਪਣਾ ਡੇਰਾ ਨਾ ਕੋਇ ਵਖਾਓਗੇ । ਝੂਠਾ ਝੇੜਾ ਸਰਬ ਮਿਟਾਓਗੇ । ਬੰਨ੍ਹ ਬੇੜਾ ਪਾਰ ਕਰਾਓਗੇ । ਅੱਗੇ ਵੇਖੋ ਖੁਲ੍ਹਾ ਵੇਹੜਾ, ਸਚਖੰਡ ਦੁਆਰੇ ਸੋਭਾ ਪਾਓਗੇ । ਓਥੇ ਸ੍ਰੀ ਭਗਵਾਨ ਕਹੇ ਤੂੰ ਮੇਰਾ ਮੈਂ ਤੇਰਾ ਨਾਨਕ ਨਿਰਗੁਣ ਕੋਲੋਂ ਸਿਖਿਆ ਇਕ ਸਿਖ ਜਾਓਗੇ । ਨਾ ਸੰਝ ਨਾ ਕੋਇ ਸਵੇਰਾ, ਘੜੀ ਪਲ ਨਾ ਵੰਡ ਵੰਡਾਓਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਦੇਵੇ ਸਾਚਾ ਵਰ, ਵਰ ਇਕੋ ਇਕ ਹੰਢਾਓਗੇ । ਵਿਸ਼ਨੂੰ ਨਾਲ ਕੌਲ ਇਕਰਾਰ, ਆਦਿ ਆਦਿ ਜਣਾਈਆ । ਜੈ ਜੈਕਾਰ ਤੇਰਾ ਵਿਹਾਰ, ਨਿਉਂ ਨਿਉਂ ਸੀਸ ਝੁਕਾਈਆ । ਸੇਵਕ ਬਣ ਵਿਚ ਸੰਸਾਰ, ਸਾਚੀ ਸੇਵ ਕਮਾਈਆ । ਅੰਤਮ ਲਹਿਣਾ ਕਰੇ ਪਾਰ, ਦੇਣਾ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਬੇਪਰਵਾਹੀਆ । ਗੋਬਿੰਦ ਨਾਲ ਕੌਲ ਇਕਰਾਰ, ਮਾਛੂਵਾੜੇ ਰੁੱਤ ਸੁਹਾਇੰਦਾ । ਪੁਰਖ ਅਕਾਲ ਆਵੇ ਆਪਣੀ ਧਾਰ, ਧਰਤ ਧਵਲ ਸੋਭਾ ਪਾਇੰਦਾ । ਮਹੱਲ ਅਟੱਲ ਇਕ ਉਸਾਰ, ਦਰ ਘਰ ਸਾਚੇ ਆਸਣ ਲਾਇੰਦਾ । ਤੇਰਾ ਨਾਮ ਕਰੇ ਉਜਿਆਰ, ਦੋ ਜਹਾਨਾਂ ਚੰਦ ਚਮਕਾਇੰਦਾ । ਡੰਕਾ ਵੱਜੇ ਸਚ ਸਰਕਾਰ, ਸ਼ਹਿਨਸ਼ਾਹ ਆਪਣਾ ਹੁਕਮ ਮਨਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਕਰਜ਼ਾ ਦਏ ਉਤਾਰ, ਮਕਰੂਜ਼ ਆਪਣੀ ਕਾਰ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਗੁਰ ਗੋਬਿੰਦ ਨਾਲ ਕੀਤਾ ਕੌਲ, ਕਵਲ ਕਵਲ ਵਡਿਆਈਆ । ਪਰਗਟ ਹੋਵੇ ਉਪਰ ਧੌਲ, ਧੌਲਾ ਹੌਲਾ ਭਾਰ ਵਖਾਈਆ । ਹਰ ਘਟ ਅੰਦਰ ਜਾਏ ਮੌਲ, ਮੌਲਾ ਆਪਣਾ ਰੂਪ

ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ, ਜੁਗ ਚੌਕੜੀ ਖੇਲ ਖਲਾਇਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਰਚ ਅਡੰਬਰ, ਬੇਪਰਵਾਹ ਰਾਹ ਚਲਾਇਆ । ਨਿਰਗੁਣ ਸਰਗੁਣ ਰਚ ਸਵੰਬਰ, ਸਾਚਾ ਨਾਤਾ ਆਪ ਬੰਧਾਇਆ । ਸਰਬ ਘਟ ਹੋ ਆਪ ਭਰਤੰਬਰ , ਭਰਭੂਰੀ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਜਣਾਇਆ । ਵਿਸ਼ਨੂੰ ਕਹੇ ਜੈ ਪੁਕਾਰਾਂਗਾ । ਗੋਬਿੰਦ ਕਹੇ ਤੇਰਾ ਮਹੱਲ ਸੁਆਰਾਂਗਾ । ਸ੍ਰੀ ਭਗਵਾਨ ਕਹੇ ਮੈਂ ਆਪਣਾ ਰੰਗ ਵਖਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭੇਵ ਅਭੇਦ ਆਪਣਾ ਆਪ ਜਣਾਵਾਂਗਾ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਲੇਖਾ ਮੁੱਕੇਗਾ । ਪ੍ਰਭ ਅੰਤਮ ਆਏ ਲੈਣ, ਹਰਿ ਕਾ ਭਾਣਾ ਕਦੇ ਨਾ ਰੁਕੇਗਾ । ਉਚੇ ਟਿੱਲੇ ਪਰਬਤ ਸਾਰੇ ਢਹਿਣ, ਸੂਰਬੀਰ ਸਾਹਿਬ ਉਠੇਗਾ । ਲੱਖ ਚੁਰਾਸੀ ਜੀਵ ਜੰਤ ਇਕ ਦੂਜੇ ਨਾਲ ਖਹਿਣ, ਹਰਿ ਨਿਸ਼ਾਨਾ ਕਦੇ ਨਾ ਉਕੇਗਾ । ਮੰਦਰ ਮਸਜਿਦ ਗੁਰੂਦੁਆਰ ਸ਼ਿਵਦੁਆਲੇ ਮੱਠ ਪੈਣ ਵੈਣ, ਸ਼ਾਸਤਰ ਸਿਮਰਤ ਵੇਦ ਪੁਰਾਨ ਕੋਇ ਨਾ ਪੁੱਛੇਗਾ । ਨਾਤਾ ਤੁੱਟੇ ਭਾਈ ਭੈਣ, ਪਿਤਾ ਪੂਤ ਕੋਲੋਂ ਲੁੱਟੇਗਾ । ਸ਼ਾਹ ਸੁਲਤਾਨ ਇਕ ਦੂਜੇ ਨਾਲ ਖਹਿਣ, ਗ਼ਰੀਬ ਨਿਮਾਣਿਆਂ ਹਾਲ ਕੋਇ ਨਾ ਪੁੱਛੇਗਾ । ਚਾਰੋਂ ਕੁੰਟ ਮਾਇਆ ਰਾਣੀ ਹੋਏ ਡੈਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਨਿਰਵੈਰ ਕਦੇ ਨਾ ਲੁਕੇਗਾ । ਵਿਸ਼ਨੂੰ ਨਾਲ ਕੌਲ ਕੀਤਾ, ਦੇਵਣਹਾਰ ਵਡਿਆਈਆ । ਗੋਬਿੰਦ ਨਾਮ ਨਿਧਾਨ ਪੀਤਾ, ਪ੍ਰੇਮ ਪਿਆਲਾ ਜਾਮ ਪਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਲੇਖਾ ਲਿਖ ਕੇ ਗਏ ਠੀਕਾ, ਵਾਕ ਭਵਿਖਤ ਜਣਾਈਆ । ਸ੍ਰੀ ਭਗਵਾਨ ਆਦਿ ਅੰਤ ਜਾਣੇ ਆਪਣਾ ਤਰੀਕਾ, ਜੁਗ ਚੌਕੜੀ ਤਰ੍ਹਾ ਤਰ੍ਹਾ ਖੇਲ ਕਰਾਈਆ । ਪਰਵਰਦਿਗਾਰ ਲਾਸ਼ਰੀਕਾ, ਸ਼ਹਿਨਸ਼ਾਹ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਇਕ ਪੰਜ, ਇਕ ਪੰਜ ਵੱਡੀ ਵਡਿਆਈਆ । ਜੁਗ ਚੌਕੜੀ ਵੇਖ ਸ਼ਤਰੰਜ, ਸਾਰ ਪਾਸਾ ਚਾਲ ਚਲਾਈਆ । ਹਰਖ਼ ਸੋਗ ਨਾ ਖ਼ੁਸ਼ੀ ਰੰਜ, ਗ਼ਮੀ ਰੂਪ ਨਾ ਕੋਇ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਇਕ ਪੰਜ ਪੰਜ ਪੰਜੋਤਰਾ, ਪੰਚਮ ਰਾਹ ਚਲਾਇੰਦਾ । ਨਾ ਕੋਈ ਜਾਣੇ ਪੁੱਤਰ ਧੀ ਦੋਹਤਰਾ ਪੋਤਰਾ, ਪਿਤਾ ਪੂਤ ਨਾ ਵੇਖ ਵਖਾਇੰਦਾ । ਦੋ ਜਹਾਨ ਸ੍ਰੀ ਭਗਵਾਨ ਲੱਖ ਚੁਰਾਸੀ ਜੀਵ ਜੰਤ ਵੇਖੇ ਜਾਂਦਾ ਔਤਰਾ, ਸਾਚੀ ਜੜ੍ਹ ਨਾ ਕੋਇ ਲਗਾਈਆ । ਬਿਨ ਗੋਬਿੰਦ ਹੋਏ ਨਾ ਕੋਇ ਸੌਂਤਰਾ, ਸਾਚੀ ਸੇਵ ਨਾ ਕੋਇ ਕਮਾਈਆ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਪੋਚ ਪੋਚ ਰੱਖਦੇ ਰਹੇ ਚੌਂਤਰਾ, ਗੋਬਰ ਮਾਟੀ ਨਾਲ ਮਿਲਾਈਆ । ਸਿਰ ਤੇ ਚੁੱਕੇ ਕੂੜੀ ਕਿਰਿਆ ਟੋਕਰਾ, ਭੱਜੇ ਫਿਰਦੇ ਵਾਹੋ ਦਾਹੀਆ । ਕਿਸੇ ਸਵਾਣੀ ਸਾਫ਼ ਨਾ ਕੀਤਾ ਪੋਤੜਾ, ਦੁਰਮਤ ਮੈਲ ਨਾ ਕੋਇ ਧੁਆਈਆ । ਬਿਨ ਗੁਜ਼ਰੀ ਕਿਸੇ ਨਾ ਜੰਮਿਆ ਸੱਚਾ ਛੋਕਰਾ, ਛੋਹਰ ਨਜ਼ਰ ਕੋਇ ਨਾ ਆਈਆ । ਜੋ ਹੋਇਆ ਗੁਰਮੁਖ ਜੋਗੜਾ ਆਪਣੀ ਜੋੜੀ ਨੀਹਾਂ ਹੇਠ ਦਬਾਈਆ । ਗ਼ਰੀਬ ਨਿਮਾਣਿਆਂ ਕੱਟੇ ਔਕੜਾ, ਆਪਣੀ ਔਕੜ ਤਲਵਾਰ ਭੇਟ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੋਬਿੰਦ ਨਾਲ ਕੀਤਾ ਕੌਲ ਸਮਝਾਈਆ । ਗੋਬਿਦ ਕੌਲ ਇਕ ਅਨੋਖਾ, ਭੇਵ ਕੋਇ ਨਾ ਪਾਇੰਦਾ । ਲੱਖ ਚੁਰਾਸੀ ਆਈ ਵਿਚ ਧੋਖਾ, ਸੰਸਾ ਰੋਗ ਨਾ ਕੋਇ ਮਿਟਾਇੰਦਾ । ਹਰਿ ਕਾ ਮਾਰਗ ਕਦੇ ਨਾ ਸੌਖਾ, ਬਿਨ


੪੩੧
੧੪

ਸਤਿਗੁਰ ਨਜ਼ਰ ਕਿਸੇ ਨਾ ਆਇੰਦਾ । ਗੋਬਿੰਦ ਦੇ ਕੇ ਗਿਆ ਹੋਕਾ, ਉਚੀ ਕੂਕ ਕੂਕ ਸੁਣਾਇੰਦਾ । ਪ੍ਰਭ ਮਿਲਣ ਦਾ ਸੱਚਾ ਮੌਕਾ, ਮੋਹ ਮੁਹੱਬਤ ਇਕ ਵਡਿਆਇੰਦਾ । ਇਕ ਢੱਯਾ ਸੌਂ ਜਾਓ ਲਾ ਕੇ ਢੌਂਕਾ, ਸਾਹਿਬ ਸਤਿਗੁਰ ਫੇਰ ਜਗਾਇੰਦਾ । ਆਪਣਾ ਖੇਲ ਕਰੇ ਨਾਲ ਸ਼ੌਂਕਾ, ਸ਼ਹਿਨਸ਼ਾਹ ਆਪਣੀ ਕਲ ਵਰਤਾਇੰਦਾ । ਸ੍ਰੀ ਭਗਵਾਨ ਕਦੇ ਨਾ ਗਿਆ ਔਂਤਾ, ਜਨ ਭਗਤਾਂ ਗੰਢ ਪੁਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਪੰਜ ਭੇਵ ਖੁਲ੍ਹਾਇੰਦਾ । ਇਕ ਪੰਜ ਗੋਬਿੰਦ ਧਾਰ, ਪੰਚ ਦਏ ਵਡਿਆਈਆ । ਪੰਚਮ ਕਰ ਸ਼ਿੰਗਾਰ, ਪੰਚਮ ਰੰਗ ਰੰਗਾਈਆ । ਪੰਚਮ ਅੰਮ੍ਰਿਤ ਧਾਰ, ਪੰਚਮ ਖੰਡਾ ਖੜਗ ਚਮਕਾਈਆ । ਪੰਚਮ ਸੀਸ ਦਸਤਾਰ, ਦਸਤ ਬਦਸਤ ਫੜਾਈਆ । ਪੰਚਮ ਖਿਚ ਤੇਜ ਕਟਾਰ, ਚਿਲਾ ਤੀਰ ਭੱਥਾ ਕਰ ਕੁੜਮਾਈਆ । ਪੰਚਮ ਪੰਚ ਪਰਪੰਚ ਮਾਰ, ਪੰਚ ਪੰਚ ਸ਼ਬਦ ਸ਼ਨਵਾਈਆ । ਪੰਜਾਂ ਮੇਲਾ ਇਕ ਨਿਰੰਕਾਰ, ਇਕ ਪੰਜ ਦੇਵੇ ਵਡਿਆਈਆ । ਇਕ ਪੰਜ ਦਾ ਅੰਕ ਕਰ ਵਿਚਾਰ, ਪੰਦਰਾਂ ਰੂਪ ਵਟਾਈਆ । ਪੰਦਰਾਂ ਕੱਤਕ ਗੁਰ ਗੋਬਿੰਦ ਆਪਣੀ ਕਾਇਆ ਮੰਦਰ ਅੰਦਰ ਬੈਠ ਨਿਆਰ, ਪੁਰਖ ਅਕਾਲ ਲਿਆ ਧਿਆਈਆ । ਪਿਤਾ ਪੂਤ ਮਿਲਿਆ ਆਣ, ਘਰ ਸਾਚੇ ਵੱਜੇ ਵਧਾਈਆ । ਦਰਸ਼ਨ ਪਾਇਆ ਦੀਨ ਦਿਆਲ, ਦੀਨ ਦੁਨੀ ਲੇਖਾ ਦਿਤਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਪੰਦਰਾਂ ਪੰਦਰਾਂ ਦਏ ਵਡਿਆਈਆ । ਪੰਦਰਾਂ ਦੇਵੇ ਮਾਣ, ਗੋਬਿੰਦ ਮਿਲੇ ਵਡਿਆਈਆ । ਇਕ ਪੰਜ ਦਾ ਇਕ ਗਿਆਨ, ਇਕੋ ਘਰ ਵਧਾਈਆ । ਇਕ ਪੰਜ ਦਾ ਇਕ ਨਿਸ਼ਾਨ, ਇਕੋ ਘਰ ਰੁਸ਼ਨਾਈਆ । ਇਕ ਪੰਜ ਦਾ ਇਕ ਪਰਵਾਨ, ਪਰਵਾਨਾ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਬੇਪਰਵਾਹੀਆ । ਸੱਸੇ ਨਾਲ ਬਨਿਆ ਸੋ, ਸਾਹਿਬ ਸਤਿਗੁਰ ਆਪ ਬਣਾਇਆ । ਹੰ ਬ੍ਰਹਮ ਆਪੇ ਹੋ, ਹਾਹਾ ਸੱਸੇ ਵਿਚ ਛੁਪਾਇਆ । ਅੱਗੇ ਕੱਕਾ ਰਿਹਾ ਰੋ, ਆਪਣਾ ਦੁੱਖ ਰਿਹਾ ਜਣਾਇਆ । ਕਰਮਾਂ ਮਾਰੇ ਕਿਤੇ ਨਾ ਮਿਲੇ ਢੋ, ਸਿਰ ਹੱਥ ਨਾ ਕੋਇ ਰਖਾਇਆ । ਸਤਿਗੁਰ ਨਾਨਕ ਲਿਖ ਕੇ ਗਿਆ ਕੱਕਾ ਕੱਤਕ ਕਰਮ ਕਮਾਵਣੇ, ਜਗਤ ਕਾਂਡ ਵਿਚ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚੇ ਘਰ, ਆਪਣਾ ਭੇਵ ਆਪ ਛੁਪਾਇਆ । ਸਤਿਗੁਰ ਸਾਹਿਬ ਸੁਖ ਦਾਤੀ, ਮਿਹਰਵਾਨ ਅਖਵਾਇੰਦਾ । ਹਰ ਘਟ ਅੰਦਰ ਮਾਰੇ ਝਾਤੀ, ਮਾਲਵਾ ਆਪਣੀ ਮਾਲ ਗੁਜ਼ਾਰ ਵਖਾਇੰਦਾ । ਸਭ ਦਾ ਲਹਿਣਾ ਦੇਵੇ ਬਾਕੀ, ਘਰ ਘਰ ਝੋਲੀ ਆਪ ਭਰਾਇੰਦਾ । ਕਾਇਆ ਮੰਦਰ ਖੋਲ੍ਹੇ ਤਾਕੀ, ਪਰਦਾ ਦੂਈ ਦਵੈਤ ਉਠਾਇੰਦਾ । ਭਰ ਪਿਆਲਾ ਜਾਮ ਪਿਆਏ ਸਾਕੀ, ਮਧੁਰ ਰਸ ਹੱਥ ਉਠਾਇੰਦਾ । ਮਹੀਨੇ ਅੱਸੂ ਚੁਕਾਏ ਬਾਕੀ, ਅਸਵ ਸਾਚੇ ਤੰਗ ਕਸਾਇੰਦਾ । ਜਨ ਭਗਤਾਂ ਤਨ ਲੇਖੇ ਲੱਗੇ ਖ਼ਾਕੀ, ਖ਼ਾਲਕ ਅਪਣੇ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਆਪ ਉਠਾਇੰਦਾ । ਮਾਲਵੇ ਵਾਲਿਓ ਰਹਿਣਾ ਤਿਆਰ, ਮੁਲਖ ਜਾਗੀਰ ਵੇਖ ਵਖਾਇੰਦਾ । ਜਿਸ ਮਾਲਵੇ ਵਿਚੋਂ ਹੋ ਕੇ ਗਿਆ ਦਿਲਗੀਰ, ਤਿਸ ਗ੍ਰਿਹਿ ਆਪਣਾ ਫੇਰਾ ਪਾਇੰਦਾ । ਸਭ ਦੀ ਬਦਲ ਦੇਵੇ ਤਕਦੀਰ, ਤਕਸੀਰ ਸਭ ਦੀ ਵੇਖ ਵਖਾਇੰਦਾ । ਸਾਚੀ ਦੱਸ ਕੇ ਆਏ ਤਦਬੀਰ, ਤਾਲਬ ਤੁਲਬਾ ਆਪ ਪੜ੍ਹਾਇੰਦਾ । ਬਣ ਕੇ ਆਏ ਜ਼ਾਹਰਾ ਪੀਰ, ਪਾਰਬ੍ਰਹਮ ਪ੍ਰਭ ਖੇਲ ਕਰਾਇੰਦਾ । ਨਾਮ ਖੰਡਾ ਫੜ ਸ਼ਮਸ਼ੀਰ, ਨਿਰਗੁਣ ਨਿਰਵੈਰ ਆਪ ਚਮਕਾਇੰਦਾ । ਆਤਮ ਪਰਮਾਤਮ ਮਿਲਣ ਦਾ ਵੇਲਾ ਇਹ ਅਖ਼ੀਰ, ਆਖ਼ਰ ਆਪਣੀ ਕਾਰ ਕਮਾਇੰਦਾ । ਤੋੜਨਹਾਰਾ

੪੩੨ ੧੪

ਸ਼ਰਅ ਜ਼ੰਜੀਰ, ਸ਼ਿਰਕਤ ਆਪਣੀ ਆਪ ਮਿਟਾਇੰਦਾ । ਲੇਖੇ ਲਾਏ ਹਸਤ ਕੀਟ, ਊਚ ਨੀਚ ਗੰਢ ਪੁਆਇੰਦਾ । ਸੁੱਤੇ ਰਹਿਣਾ ਨਾ ਦੇ ਕਰ ਪੀਠ, ਪਿਛਲਾ ਲੇਖਾ ਆਪ ਸਮਝਾਇੰਦਾ । ਇਕ ਦੂਜੇ ਨਾਲ ਮਿਲ ਕੇ ਕਰੋ ਪ੍ਰੀਤ, ਪ੍ਰੀਤੀਵਾਨ ਸਰਬ ਸਮਝਾਇੰਦਾ । ਪਿਛਲੀ ਬਦਲ ਦੇਵੇ ਸਭ ਰੀਤ, ਅਗਲਾ ਮਾਰਗ ਇਕ ਵਖਾਇੰਦਾ । ਪ੍ਰਭ ਹੱਥ ਨਾ ਔਣਾ ਕਿਸੇ ਮੰਦਰ ਮਸੀਤ, ਜਨ ਭਗਤਾਂ ਡੇਰਾ ਆਪ ਵਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸ਼ਾ ਇਕ ਸੁਣਾਇੰਦਾ । ਘਨਕ ਪੁਰ ਵਾਸੀ ਦਾ ਸਾਚਾ ਦੇਸ, ਜਨ ਭਗਤ ਰਿਹਾ ਜਣਾਈਆ । ਜਿਨ੍ਹਾਂ ਅੰਦਰ ਵੜ ਕੇ ਲਏ ਵੇਖ, ਨਿਰਗੁਣ ਆਪਣਾ ਫੇਰਾ ਪਾਈਆ । ਬਿਨ ਸੱਦਿਆਂ ਪੁਛਿਆਂ ਕਰ ਲਏ ਹੇਤ, ਹਿਤਕਾਰੀ ਵਡ ਵਡਿਆਈਆ । ਰਾਤੀਂ ਸੁਤਿਆਂ ਦੱਸ ਕੇ ਆਏ ਭੇਤ, ਭੇਵ ਅਭੇਦ ਖੁਲ੍ਹਾਈਆ । ਹਰਿਆ ਕਰੇ ਸੁੱਕਾ ਖੇਤ, ਫੁੱਲ ਫੁਲਵਾੜੀ ਆਪ ਮਹਿਕਾਈਆ । ਨਜ਼ਰੀ ਆਏ ਨੇਤਨ ਨੇਤ, ਨਿਜ ਨੇਤਰ ਦਏ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਮਾਲਵੇ ਦੇ ਦੇਸ ਦਸੰਤਰ, ਦਹਿ ਦਿਸ਼ਾ ਵੇਖ ਵਖਾਇੰਦਾ । ਗੁਰਮੁਖਾਂ ਬੁਝਾ ਕੇ ਆਏ ਲੱਗੀ ਬਸੰਤਰ, ਅੰਮ੍ਰਿਤ ਮੇਘ ਬਰਸਾਇੰਦਾ । ਨਾਮ ਜਣਾਏ ਇਕੋ ਮੰਤਰ, ਮਨ ਮਤ ਬੁਧ ਆਪ ਦ੍ਰਿੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਾਇਆ ਵੇਖ ਗਗਨ ਗਗਨੰਤਰ, ਗ੍ਰਿਹ ਮੰਦਰ ਇਕ ਵਖਾਇੰਦਾ । ਕਾਇਆ ਮੰਦਰ ਹਰਿ ਕਾ ਦੇਸ, ਸਾਹਿਬ ਸਤਿਗੁਰ ਰਿਹਾ ਜਣਾਈਆ । ਸਰਗੁਣ ਅੰਦਰ ਨਿਰਗੁਣ ਪਰਵੇਸ਼, ਪਰਮ ਪੁਰਖ ਬੇਪਰਵਾਹੀਆ । ਸੇਵਾ ਲਾ ਬ੍ਰਹਮਾ ਵਿਸ਼ਨ ਸ਼ਿਵ ਕਰਨ ਆਦੇਸ, ਨਿਉਂ ਨਿਉਂ ਸੀਸ ਝੁਕਾਈਆ । ਬਿਨ ਨੇਤਰ ਲੋਚਣ ਨੈਣ ਰਹੇ ਪੇਖ, ਘਰ ਇਕੋ ਨਜ਼ਰੀ ਆਈਆ । ਜਿਸ ਦੁਆਰੇ ਗੁਰਮੁਖ ਗੁਰਸਿਖ ਭਗਤ ਭਗਵਾਨ ਦੋਵੇਂ ਰਹੇ ਖੇਡ, ਸੋ ਹਰਿ ਕਾ ਦੇਸ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਸ ਦਏ ਸਮਝਾਈਆ । ਸਾਚਾ ਦੇਸ ਕਾਇਆ ਗੜ੍ਹ, ਗਹਿਰ ਗੰਭੀਰ ਆਪ ਜਣਾਇੰਦਾ । ਜਿਸ ਦੇ ਅੰਦਰ ਜਾਏ ਵੜ, ਨਜ਼ਰ ਕਿਸੇ ਨਾ ਆਇੰਦਾ । ਸਾਚੀ ਸੇਜਾ ਬਹੇ ਚੜ੍ਹ, ਸਿੰਘਾਸਣ ਇਕੋ ਇਕ ਸੁਹਾਇੰਦਾ । ਪਰਮਾਤਮ ਆਤਮ ਢੋਲਾ ਲਏ ਪੜ੍ਹ, ਸੋਹੰ ਸੋ ਨਾਮ ਵਡਿਆਇੰਦਾ । ਲੇਖਾ ਜਾਣ ਚੋਟੀ ਜੜ੍ਹ, ਮਧ ਆਪਣੀ ਕਾਰ ਕਮਾਇੰਦਾ । ਸੋ ਸਾਹਿਬ ਦਾ ਵਸੇ ਘਰ, ਜਿਸ ਘਰ ਗੁਰਮੁਖ ਡੇਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਸ ਇਕ ਸਮਝਾਇੰਦਾ । ਮਾਲਵੇ ਵਾਲਿਓ ਹਰਿ ਕਾ ਦੇਸ ਸੋਹਣਾ, ਗੋਬਿੰਦ ਗੜ੍ਹ ਬਣਾਈਆ । ਨਾ ਜਾਗਣਾ ਨਾ ਕੋਈ ਸੌਣਾ, ਆਲਸ ਨਿੰਦਰਾ ਨਾ ਕੋਇ ਵਖਾਈਆ । ਨਾ ਹੱਸਣਾ ਨਾ ਕੋਇ ਰੋਣਾ, ਖ਼ੁਸ਼ੀ ਗ਼ਮ ਨਾ ਕੋਇ ਵਡਿਆਈਆ । ਓਥੇ ਪਾਰਬ੍ਰਹਮ ਪਤਿਪਰਮੇਸ਼ਵਰ ਜਨ ਭਗਤਾਂ ਜੋਗਾ ਹੋਣਾ, ਦੂਜੀ ਆਸ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਸ ਦਏ ਵਖਾਈਆ । ਦੇਸ ਵਖਾਏ ਨਿਰਗੁਣ ਅੱਖ, ਅਕਲ ਕਲਾ ਅਖਵਾਇੰਦਾ । ਸਾਹਿਬ ਸਤਿਗੁਰ ਨਜ਼ਰ ਆਏ ਪਰਤੱਖ, ਪਰਮ ਪੁਰਖ ਵੇਸ ਵਟਾਇੰਦਾ । ਜਿਸ ਦੁਆਰੇ ਸ੍ਰੀ ਭਗਵਾਨ ਭਗਤਾਂ ਗਾਏ ਜਸ, ਸੋ ਦੁਆਰਾ ਸੋਭਾ ਪਾਇੰਦਾ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਹੋ ਕੇ ਰਿਹਾ ਵਸ, ਬਸਤੀ ਆਪਣੀ ਡੇਰਾ ਲਾਇੰਦਾ । ਓਥੇ ਮਿਲਣਾ ਹੱਸ ਹੱਸ, ਸੋਹੰ ਹੰਸਾ ਜਾਪ ਜਪਾਇੰਦਾ । ਦੇਸ ਮਾਹੀ ਦਾ ਰਿਹਾ ਵਸ, ਜੋ ਉਜੜੇ ਸੋ ਆਪਣੇ ਘਰ ਬਹਾਇੰਦਾ । ਸਾਰਿਆਂ ਮਿਲਣਾ ਨੱਠ ਨੱਠ, ਰਾਹ ਇਕੋ ਇਕ ਵਖਾਇੰਦਾ । ਨੌ ਪਿੰਡ

੪੩੩
੧੪

ਪਖੋਵਾਲ ਕਰਨਾ ਇਕੱਠ, ਪੁਖ਼ਤਾ ਹੁਕਮ ਸੁਣਾਇੰਦਾ । ਗ਼ਰੀਬ ਨਿਮਾਣਿਆਂ ਗੇੜ ਦੇਵੇ ਉਲਟੀ ਲੱਠ, ਰਾਜੇ ਰਾਣਿਆਂ ਖ਼ਾਕ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਹਾਲ ਘਰ ਆ ਕੇ ਦੇਵੇ ਦੱਸ, ਹਰਿ ਜੂ ਕੀ ਕੀ ਖੇਲ ਵਰਤਾਇੰਦਾ ।

## ★ ੨੩ ਵਸਾਖ ੨੦੨੦ ਬਿਕਰਮੀ ਅਜੀਤ ਸਿੰਘ ਦੇ ਗ੍ਰਿਹਿ ਬਟਾਲਾ ਜ਼ਿਲਾ ਗੁਰਦਾਸ ਪੁਰ ★



ਜਿਸ ਉਪਾਇਆ ਜਗ, ਸੋ ਕਰਤਾ ਖੇਲ ਕਰਾਇੰਦਾ । ਆਪੇ ਲਾਵਣਹਾਰਾ ਅੱਗ, ਅੰਮ੍ਰਿਤ ਮੇਘ ਆਪ ਬਰਸਾਇੰਦਾ । ਵਸਣਹਾਰ ਪਾਰ ਹੱਦ, ਹਦੂਦ ਸਭ ਦੀ ਵੰਡ ਵੰਡਾਇੰਦਾ । ਜੁਗ ਚੌਕੜੀ ਗੁਰ ਅਵਤਾਰ ਪੀਰ ਪੈਗ਼ੰਬਰ ਬਣਾ ਸ਼ਬਦੀ ਯਦ, ਸਦ ਨਦ ਨਾਮ ਵਜਾਇੰਦਾ । ਲੱਖ ਚੁਰਾਸੀ ਆਪਣੀ ਧਾਰੋਂ ਕੱਢ, ਪਾਰਬ੍ਰਹਮ ਬ੍ਰਹਮ ਆਪਣੀ ਵੰਡ ਵੰਡਾਇੰਦਾ । ਨਿਰਗੁਣ ਸਰਗੁਣ ਦੇਵੇ ਦਾਦ, ਵਸਤ ਅਮੋਲਕ ਝੋਲੀ ਪਾਇੰਦਾ । ਜੁਗ ਚੌਕੜੀ ਖੋਲ੍ਹਣਹਾਰਾ ਜਾਗ, ਅੱਖ ਪਰਤੱਖ ਆਪ ਖੁਲ੍ਹਾਇੰਦਾ । ਕਲਜੁਗ ਅੰਤਮ ਮਨ ਵਾਸਨਾ ਹੋਣੀ ਕਾਗ, ਜੀਵ ਜੰਤ ਸਰਬ ਕੁਰਲਾਇੰਦਾ । ਮਾਇਆ ਮਮਤਾ ਹਉਮੇ ਹੰਗਤਾ ਕੂੜੀ ਕਿਰਿਆ ਲੱਗਾ ਦਾਗ਼, ਦੁਰਮਤ ਮੈਲ ਨਾ ਕੋਇ ਧੁਆਇੰਦਾ । ਸੁਰਤੀ ਮਿਲੇ ਨਾ ਕੰਤ ਸੁਹਾਗ, ਸਾਚੀ ਡੋਲੀ ਨਾ ਕੋਇ ਚੜ੍ਹਾਇੰਦਾ । ਜਗਤ ਵਾਸਨਾ ਰਹੀ ਭਾਗ, ਚਾਰ ਕੁੰਟ ਦਹਿ ਦਿਸ਼ਾ ਫੇਰ ਫਿਰਾਇੰਦਾ । ਮੋਹ ਮਮਤਾ ਘਰ ਘਰ ਹੋਇਆ ਲਾਡ, ਆਤਮ ਪਰਮਾਤਮ ਸੰਗ ਨਾ ਕੋਇ ਨਿਭਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਕਰ ਕਰ ਗਏ ਯਾਦ, ਯਾਦਾਸਤ ਸਰਬ ਬਣਾਇੰਦਾ । ਕਲਜੁਗ ਅੰਤ ਸੁਣੇ ਫ਼ਰਯਾਦ, ਬੇਪਰਵਾਹ ਦਇਆ ਕਮਾਇੰਦਾ । ਕਹਿ ਕਹਿ ਗਏ ਵਾਹਦ ਅੱਲਾ ਹੂ ਮੁਕਾਮੇ ਹੱਕ ਇਕੋ ਗਾਡ, ਰਹਿਬਰ ਪਾਕ ਰਸੂਲ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਖੇਲ ਖਲਾਇੰਦਾ । ਜੁਗ ਚੌਕੜੀ ਖੇਲ ਜ਼ਮਾਨਾ, ਜ਼ਿਮਨੀ ਸਭ ਦੀ ਆਪ ਭਰਾਇੰਦਾ । ਆਪਣੇ ਹੱਥ ਰੱਖੇ ਪੈਮਾਨਾ, ਪੈਮਾਇਸ਼ ਵਿਚ ਕਦੇ ਨਾ ਆਇੰਦਾ । ਗੁਰ ਅਵਤਾਰ ਬਣਾ ਗ਼ੁਲਾਮਾ, ਲੋਕਮਾਤ ਹੁਕਮ ਮਨਾਇੰਦਾ । ਪੀਰ ਪੈਗ਼ੰਬਰ ਕਰਦੇ ਗਏ ਸਲਾਮਾਂ, ਅਲੈਕਮ ਆਪਣੀ ਕਾਰ ਕਮਾਇੰਦਾ । ਸ਼ਾਹੋ ਭੂਪ ਵੱਡ ਅਮਾਮਾਂ, ਸ਼ਾਹ ਸੁਲਤਾਨ ਹਰਿ ਅਖਵਾਇੰਦਾ । ਲੇਖਾ ਜਾਣ ਦੋ ਜਹਾਨਾਂ, ਬ੍ਰਹਿਮੰਡ ਖੰਡ ਨਾਚ ਨਚਾਇੰਦਾ । ਧੁਰਦਰਗਾਹੀ ਧੁਰ ਫ਼ਰਮਾਣਾ, ਸ਼ਬਦ ਅਗੰਮੀ ਆਪ ਸੁਣਾਇੰਦਾ । ਮਨ ਮਤ ਬੁਧ ਪੰਜ ਤੱਤ ਖੇਲ ਮਹਾਨਾ, ਤ੍ਰੈਗੁਣ ਇਕੋ ਰੰਗ ਰੰਗਾਇੰਦਾ । ਖ਼ਾਲਕ ਖ਼ਲਕ ਹੋ ਪਰਧਾਨਾ, ਸਤਿ ਪਰਧਾਨਗੀ ਇਕ ਦ੍ਰਿੜਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਹੋਣ ਹੈਰਾਨਾ, ਹਰਿ ਕਾ ਭੇਵ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਕਰਤਾ ਮਾਤ, ਮਿਹਰਵਾਨ ਦਇਆ ਕਮਾਈਆ । ਵਰਨ ਬਰਨ ਬਣਾ ਜਮਾਤ, ਦੀਨ ਮਜ਼੍ਹਬ ਵੰਡ ਵੰਡਾਈਆ । ਕਲਮ ਸ਼ਾਹੀ ਲੇਖਾ ਲਿਖ ਨਾਲ ਦਵਾਤ, ਦਾਅਵੇ ਸਭ ਦੇ ਉਤੇ ਚਲਾਈਆ । ਅੰਤਮ ਕਰੇ ਆਪ ਵਫ਼ਾਤ, ਫ਼ਤਵੇ ਸਾਦਰ ਬੇਪਰਵਾਹੀਆ । ਜਾਨਣਹਾਰ ਸਰਬ ਹਾਲਾਤ, ਅਹਿਵਾਲ ਆਪਣਾ ਨਾ ਕਿਸੇ ਜਣਾਈਆ । ਦੇਵਣਹਾਰ ਸਰਬ ਨਜ਼ਾਤ, ਨਛਾਵਰ ਆਪਣਾ ਆਪ ਕਰਾਈਆ । ਜੁਗ ਚੌਕੜੀ ਵੇਖ

ਬਾਗ਼ਾਤ, ਬਾਗ਼ਵਾਨ ਫੇਰਾ ਪਾਈਆ । ਜਿਸ ਦੀ ਬਾਤਨ ਕਰਦੇ ਰਹੇ ਬਾਤ, ਸੋ ਜ਼ਾਹਰਾ ਪੀਰ ਰੂਪ ਧਰਾਈਆ । ਕਲਜੁਗ ਵੇਖੇ ਮਾਰ ਝਾਤ, ਚਾਰੋਂ ਕੁੰਟ ਨੈਣ ਉਠਾਈਆ । ਵੇਖਣਹਾਰਾ ਖੇਲ ਤਮਾਸ਼, ਖ਼ਾਲਕ ਖ਼ਲਕ ਵਡ ਵਡਿਆਈਆ । ਜੁਗ ਚੌਕੜੀ ਰੱਖਦੇ ਗਏ ਆਸ, ਪੀਰ ਪੈਗ਼ੰਬਰ ਧਿਆਨ ਲਗਾਈਆ । ਕਵਣ ਵੇਲਾ ਪ੍ਰਭ ਦੇਵੇ ਸਾਥ, ਸਗਲਾ ਸੰਗ ਨਿਭਾਈਆ । ਦੋਏ ਜੋੜ ਸਰਨ ਪਏ ਤ੍ਰਿਲੋਕੀ ਨਾਥ, ਕੋਟਨ ਰਾਮ ਸੀਸ ਝੁਕਾਈਆ । ਈਸਾ ਮੂਸਾ ਮੁਹੰਮਦ ਕਰ ਕਰ ਗਏ ਘਾਤ, ਘਾਉ ਹਰਿ ਕਾ ਨਾਮ ਲਗਾਈਆ । ਨਾਨਕ ਗੋਬਿੰਦ ਚਰਨ ਕਵਲ ਢਹੇ ਬ ਸਫ਼ਾਤ, ਸਫ਼ਾ ਹਸਤੀ ਨਾ ਕੋਇ ਰਖਾਈਆ । ਚਰਨ ਪ੍ਰੀਤੀ ਮੰਗੀ ਨਾਤ, ਨਾਤਾ ਬਿਧਾਤਾ ਜੋੜ ਜੁੜਾਈਆ । ਚੌਥੇ ਯੁਗ ਪਰਗਟ ਹੋਵੇ ਸਾਖਿਆਤ, ਸ਼ਹਿਨਸ਼ਾਹ ਆਪਣਾ ਫੇਰਾ ਪਾਈਆ । ਨੌਂ ਖੰਡ ਪ੍ਰਿਥਮੀ ਖੋਲ੍ਹੇ ਤਾਕ, ਸੱਤਾਂ ਦੀਪਾਂ ਪਰਦਾ ਲਾਹੀਆ । ਕੂੜੀ ਕਿਰਿਆ ਮੇਟੇ ਖ਼ਾਕ, ਖ਼ਾਕੀ ਖ਼ਾਕ ਸਰਬ ਉਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਜਗਤ ਜ਼ਮਾਨਾ ਮਾਰੇ ਧਾਹ, ਚਾਰ ਕੁੰਟ ਕੁਰਲਾਈਆ । ਪੀਰ ਪੈਗ਼ੰਬਰ ਗੁਰ ਅਵਤਾਰ ਪੱਲੂ ਗਏ ਛੁਡਾ, ਸਗਲਾ ਸੰਗ ਨਾ ਕੋਇ ਨਿਭਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਲਿਖ ਕੇ ਗਏ ਸਮਝਾ, ਆਪਣੀ ਜ਼ਾਮਨੀ ਵਿਚ ਨਾ ਕੋਇ ਰਖਾਈਆ । ਪੜ੍ਹ ਪੜ੍ਹ ਸਾਰੇ ਹੋਏ ਸ਼ੁਦਾ, ਸ਼ਹਿਨਸ਼ਾਹ ਮਿਲੇ ਨਾ ਬੇਪਰਵਾਹੀਆ । ਘਰ ਵਸਦਿਆਂ ਹੋਇਆ ਜੁਦਾ, ਪੱਲੂ ਹੱਥ ਨਾ ਕਿਸੇ ਫੜਾਈਆ । ਮਨ ਬੁੱਧੀ ਰਿਹਾ ਲੜਾ, ਮਤ ਚਲੇ ਨਾ ਕੋਇ ਚਤੁਰਾਈਆ । ਬ੍ਰਹਮ ਆਪਣਾ ਬੈਠਾ ਛੁਪਾ, ਆਤਮ ਰੂਪ ਨਾ ਕੋਇ ਦਰਸਾਈਆ । ਜਗਤ ਅੰਧੇਰਾ ਰਿਹਾ ਛਾ, ਸਾਚਾ ਚੰਦ ਨਾ ਕੋਇ ਚਮਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤੋਬਾ ਤੋਬਾ ਕਰ ਕੇ ਗਏ ਸੁਣਾ, ਕਲਮਾ ਹੱਕ ਹਕੀਕਤ ਇਕ ਪੜ੍ਹਾਈਆ । ਜਿੰਨਾਂ ਚਿਰ ਆਪ ਨਾ ਆਵੇ ਖ਼ੁਦਾ, ਖ਼ੁਦੀ ਸਕੇ ਨਾ ਕੋਇ ਮਿਟਾਈਆ । ਨੌਂ ਖੰਡ ਪ੍ਰਿਥਮੀ ਹੁਕਮੇ ਅੰਦਰ ਛੋਟੀ ਛੋਟੀ ਪੂਜਾ ਸਾਰੇ ਗਏ ਸੁਣਾ, ਏਕਾ ਦੂਜਾ ਭੌ ਨਾ ਕੋਇ ਚੁਕਾਈਆ । ਕਾਇਆ ਕੂਜ਼ਾ ਬੰਦ ਕਰਾ, ਨਾਮ ਮਿੱਠਾ ਵਿਚ ਟਿਕਾਈਆ । ਬਿਨ ਸਤਿਗੁਰ ਮੂਧਾ ਸਕੇ ਨਾ ਕੋਇ ਕਰਾ, ਵਸਤ ਝੋਲੀ ਨਾ ਕੋਇ ਪਾਈਆ । ਵਰਨ ਬਰਨ ਠਾਕਰ ਦੁਆਰੇ ਮੰਦਰ ਫਿਰਾ, ਮਸੀਤਾਂ ਵਿਚ ਰਿਹਾ ਰੁਲਾਈਆ । ਗੁਰੂਦੁਆਰੇ ਕੋਟ ਖੁਲ੍ਹਾ, ਗੁਰ ਕਾ ਰੂਪ ਨਾ ਕਿਸੇ ਦਰਸਾਈਆ । ਪੜ੍ਹ ਪੜ੍ਹ ਸਾਰੇ ਕਹਿਣ ਬੇਪਰਵਾਹ, ਬੇਅੰਤ ਬੇਅੰਤ ਰਹੇ ਜਸ ਗਾਈਆ । ਪ੍ਰਭ ਨੇ ਆਪਣਾ ਕਿਸੇ ਨੂੰ ਦੱਸਿਆ ਨਾ ਦਾਅ, ਗੁਰ ਅਵਤਾਰਾਂ ਗਿਆ ਦਾਅ ਲਗਾਈਆ । ਸਾਰੇ ਗਏ ਓਟ ਰਖਾ, ਓੜਕ ਇਕ ਧਿਆਨ ਲਗਾਈਆ । ਜਿਸ ਨੇ ਸਾਨੂੰ ਦਿਤਾ ਉਪਾ, ਸੋ ਪੁਰਖ ਵੱਡ ਵਡਿਆਈਆ । ਜਿਸ ਕੋਟਨ ਕੋਟ ਨਾਮ ਲਏ ਪਰਗਟਾ, ਸਿਫ਼ਤੀ ਸਿਫ਼ਤ ਕਰੇ ਪੜ੍ਹਾਈਆ । ਕਲਜੁਗ ਅੰਤਮ ਘਰ ਘਰ ਰੌਲਾ ਦੇਵੇ ਪਾ, ਧੀਰਜ ਧੀਰ ਨਾ ਕੋਇ ਧਰਾਈਆ । ਸ਼ਾਹ ਸੁਲਤਾਨ ਰਹੇ ਕੁਰਲਾ, ਰਾਜ ਰਾਜਾਨ ਨੇਤਰ ਨੈਣਾਂ ਨੀਰ ਵਹਾਈਆ । ਗ਼ਰੀਬ ਨਿਮਾਣੇ ਮਾਰਨ ਧਾਹ, ਭੁਖਿਆਂ ਭੁੱਖ ਨਾ ਕੋਇ ਗਵਾਈਆ । ਦੀਨ ਮਜ਼੍ਹਬ ਝਗੜਾ ਰਹੇ ਪਾ, ਕੂੜੀ ਕਿਰਿਆ ਕਰੇ ਲੜਾਈਆ । ਵੇਖਣਹਾਰਾ ਬੇਪਰਵਾਹ, ਸਚਖੰਡ ਨਿਵਾਸੀ ਵੇਖੇ ਥਾਉਂ ਥਾਈਂਆ । ਬੀਸ ਬੀਸਾ ਨੇੜੇ ਗਿਆ ਆ, ਜਗਤ ਜਗਦੀਸ਼ਾ ਹੋਏ ਸਹਾਈਆ । ਮਿਹਰਵਾਨ ਮਿਹਰਵਾਨ ਮਿਹਰਵਾਨ ਘਟ ਘਟ ਅੰਦਰ ਆਪਣਾ ਡੇਰਾ ਲਾ, ਜੂਠਾ ਝੂਠਾ ਝੇੜਾ ਦਏ ਮੁਕਾਈਆ । ਸਾਚਾ ਖੇੜਾ ਦਏ ਵਸਾ, ਕਾਇਆ ਖਿੜਕੀ ਕੁੰਡਾ ਲਾਹੀਆ । ਨਾਮ ਜੋੜਾ ਗਲ ਵਿਚ ਦੇਵੇ ਪਾ, ਤੰਦੀ ਤੰਦ ਨਜ਼ਰ ਕਿਸੇ ਨਾ ਆਈਆ । ਉਲਟਾ

ਗੇੜਾ ਦਏ ਭੁਆ, ਮਨ ਕਾ ਮਣਕਾ ਆਪ ਭੁਆਈਆ । ਤੇਰਾ ਮੇਰਾ ਮੇਰਾ ਤੇਰਾ ਲੇਖਾ ਦਏ ਮੁਕਾ, ਪਾਰਬ੍ਰਹਮ ਬੇਪਰਵਾਹੀਆ । ਕਰ ਕਿਰਪਾ ਬਖ਼ਸ਼ੇ ਸਚ ਸਰਨਾ, ਸਰਨਗਤ ਇਕ ਸਮਝਾਈਆ । ਦੁਖੀਆਂ ਦਰਦ ਦਏ ਮਿਟਾ, ਸੁਖ ਇਕੋ ਇਕ ਉਪਜਾਈਆ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਦਏ ਸਮਝਾ, ਸਮਝ ਰਮਜ ਵਿਚ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਦਿਤਾ ਸੱਚਾ ਵਰ, ਬੁੱਧੀ ਸਭ ਦੀ ਕਾਗ ਵਾਂਗ ਕੁਰਲਾਈਆ । ਸਾਧ ਸੰਤ ਜੀਵ ਜੰਤ ਫਿਰਨ ਨੱਠੇ, ਚਾਰੋਂ ਕੁੰਟ ਵਾਹੋ ਦਾਹੀਆ । ਜਗਤ ਸਮੇਲਨ ਹੋ ਇਕੱਠੇ, ਰਸਨਾ ਜਿਹਵਾ ਢੋਲਾ ਗਾਈਆ । ਕੂੜੀ ਕਿਰਿਆ ਹੱਟੇ ਕੱਟੇ, ਨਿਰਬਲ ਬੈਠੇ ਹਰਿ ਕਾ ਨਾਮ ਹੱਥ ਕਿਸੇ ਨਾ ਆਈਆ । ਦੂਈ ਦਵੈਤੀ ਸਾਰੇ ਫਟੇ, ਪੱਟੀ ਨਾਮ ਹੱਥ ਨਾ ਕੋਇ ਰਖਾਈਆ । ਇਕ ਦੂਜੇ ਨੂੰ ਕਹਿਣ ਧੁਰ ਦਰਗਾਹੋਂ ਅਸੀਂ ਲਿਖਾਏ ਪਟੇ, ਗੁਰ ਗੁਰ ਆਪਣਾ ਨਾਮ ਜਣਾਈਆ । ਬਾਹਰੋਂ ਬਾਣੇ ਦਿਸਣ ਚਿੱਟੇ, ਅੰਦਰ ਕੂੜੀ ਕਿਰਿਆ ਮੈਲ ਵਧਾਈਆ । ਮਨ ਵਾਸਨਾ ਉਚੀ ਕੂਕ ਕੂਕ ਪਿੱਟੇ, ਜੀਵਾਂ ਜੰਤਾਂ ਰਹੀ ਸੁਣਾਈਆ । ਹਰਿ ਜੂ ਸਾਧਾਂ ਆਪ ਨਾ ਦਿਸੇ, ਬੈਠਾ ਮੁਖ ਛੁਪਾਈਆ । ਰਾਮ ਕ੍ਰਿਸ਼ਨ ਨਾਨਕ ਗੋਬਿੰਦ ਈਸਾ ਮੂਸਾ ਮੁਹੰਮਦ ਪੜ੍ਹਦੇ ਕਿੱਸੇ, ਆਪਣੀ ਕਿਸਮਤ ਨਾ ਕਿਸੇ ਅਜ਼ਮਾਈਆ । ਹਰਿ ਕਾ ਨਾਮ ਕਿਸੇ ਨਾ ਆਇਆ ਹਿੱਸੇ, ਖ਼ਾਲੀ ਝੋਲੀ ਰਹੇ ਵਖਾਈਆ । ਗੁਰੂ ਗ੍ਰੰਥ ਅੰਜੀਲ ਕੁਰਾਨ ਵੇਦ ਪੁਰਾਨ ਪੱਤਰੇ ਖੋਲ੍ਹ ਵਖੌਂਦੇ ਚਿੱਠੇ, ਆਪਣੀ ਚਿੱਠੀ ਹੱਥ ਨਾ ਕਿਸੇ ਫੜਾਈਆ । ਕੋਈ ਨਾ ਜਾਣੇ ਪ੍ਰਭ ਵਸਦਾ ਕਿਥੇ, ਇਸ਼ਾਰੇ ਨਾਲ ਨਾ ਕੋਇ ਸਮਝਾਈਆ । ਮਨ ਵਾਸਨਾ ਕੋਇ ਨਾ ਜਿਤੇ, ਆਸਾ ਤ੍ਰਿਸ਼ਨਾ ਨਾ ਕੋਇ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਵੇਖਣਹਾਰਾ ਥਾਉਂ ਥਾਈਆ । ਜਗਤ ਜ਼ਮਾਨਾ ਵੇਖੇ ਹੱਸੇ, ਆਪਣੀ ਕਾਰ ਕਮਾਇੰਦਾ । ਸਾਧ ਸੰਤ ਕੁਕਰਮਾਂ ਵਿਚ ਫਸੇ, ਧੀਰਜ ਧੀਰ ਨਾ ਕੋਇ ਧਰਾਇੰਦਾ । ਮੇਲੇ ਲੌਣ ਪੁਨਿਆਂ ਮੱਸੇ, ਮਸਿਆ ਅੰਧੇਰ ਨਾ ਕੋਇ ਚੁਕਾਇੰਦਾ । ਤੇੜ ਪਾਏ ਸਭ ਨੇ ਕਛਹਿਰੇ ਕੱਛੇ, ਜਤ ਨਜ਼ਰ ਕਿਸੇ ਨਾ ਆਇੰਦਾ । ਇਕੋ ਬਚਨ ਯਾਦ ਰਖਿਆ ਪ੍ਰਭ ਧੰਨੇ ਦੇ ਚਾਰੇ ਵੱਛੇ, ਧੰਨਾ ਬਣਨ ਕੋਇ ਨਾ ਪਾਇੰਦਾ । ਮੁਖੋਂ ਕਹਿਣ ਗੁਰੂ ਗੋਬਿੰਦ ਸਿੰਘ ਦੇ ਬੱਚੇ, ਗੁਰ ਕਾ ਹੁਕਮ ਸਿਰ ਨਾ ਕੋਇ ਰਖਾਇੰਦਾ । ਜਿਧਰ ਵੇਖੋ ਸਾਰੇ ਕੱਚੇ, ਸਾਚਾ ਰੰਗ ਨਾ ਕੋਇ ਰੰਗਾਇੰਦਾ । ਸਾਧ ਸੰਤ ਜੀਵ ਜੰਤ ਗੁਰੂ ਗ੍ਰੰਥ ਅੱਗੇ ਕਾਮੀ ਕਰੋਧੀ ਨੱਚੇ, ਕਾਇਆ ਕਪੜ ਸਾਚਾ ਬਸਤਰ ਤਨ ਨਾ ਕੋਇ ਸੁਹਾਇੰਦਾ । ਸ੍ਰੀ ਭਗਵਾਨ ਜਨ ਭਗਤਾਂ ਮਾਰਗ ਦੱਸੇ, ਸਾਚਾ ਰਾਹ ਇਕ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਕੁਕਰਮ ਵੇਖ ਵਖਾਇੰਦਾ । ਕਲਜੁਗ ਕਰਮ ਕਹੇ ਮੇਰੀ ਆਈ ਵਾਰੀ, ਮਿਲੀ ਜਗਤ ਵਡਿਆਈਆ । ਸਾਧਾਂ ਸੰਤਾਂ ਹੋਈ ਖ਼ੁਆਰੀ, ਤਨ ਅੰਦਰ ਪਈ ਲੜਾਈਆ । ਸਤਿ ਧਰਮ ਨਾ ਧੀ ਕੁਆਰੀ, ਬ੍ਰਹਮ ਮਿਲੇ ਨਾ ਕੋਇ ਵਡਿਆਈਆ । ਦੀਨ ਮਜ਼੍ਹਬ ਦੀ ਚਲਦੀ ਆਰੀ, ਛੁਰੀ ਜਗਤ ਕਸਾਈਆ । ਸ਼ਰਅ ਸ਼ਰੀਅਤ ਤਿਖੀ ਕੁਹਾੜੀ, ਦੋ ਦੋ ਫਾੜ ਕਰਾਈਆ । ਸਭ ਦੀ ਕਿਸਮਤ ਹੋਈ ਮਾੜੀ, ਗੁਰ ਕਾ ਸ਼ਬਦ ਗਏ ਭੁਲਾਈਆ । ਅੰਤਮ ਪਰਨਾਏ ਮੌਤ ਲਾੜੀ, ਹਰਿ ਜੂ ਲਾੜਾ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਕਿਰਿਆ ਵੇਖ ਵਖਾਈਆ । ਜਗਤ ਕਿਰਿਆ ਕੂੜਾ ਰੰਗ, ਘਰ ਘਰ ਨਜ਼ਰੀ ਆਇੰਦਾ । ਕਾਮ ਕਾਮਨੀ ਸੇਜ ਪਲੰਘ, ਜੀਵ ਜੰਤ ਹੰਢਾਇੰਦਾ । ਢੋਲ ਤੰਬੂਰ ਵੱਜੇ ਮਰਦੰਗ, ਸਾਰੰਗਾ ਕਿੰਗ ਉਂਗਲੀ ਸਤਾਰ ਹਿਲਾਇੰਦਾ । ਕੋਈ ਨਾ ਜਾਣੇ ਅੰਤਰ ਆਤਮ ਪਰਮਾਨੰਦ,

ਬਿਨ ਸਤਿਗੁਰ ਚੰਦ ਨਾ ਕੋਇ ਚਮਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕੂੜੀ ਕਿਰਿਆ ਵੇਖ ਵਖਾਇੰਦਾ । ਕੂੜੀ ਕਿਰਿਆ ਵੇਖੇ ਮਾਇਆ, ਮਿਹਰਵਾਨ ਦਇਆ ਕਮਾਈਆ । ਚਾਰੋਂ ਕੁੰਟ ਅੰਧੇਰਾ ਛਾਇਆ, ਨੂਰੀ ਜੋਤ ਨਜ਼ਰ ਨਾ ਆਈਆ । ਸਭ ਨੂੰ ਭੁਲਿਆ ਦਾਈ ਦਾਇਆ, ਦਇਆਵਾਨ ਨਾ ਕੋਇ ਵਡਿਆਈਆ । ਮਨ ਵਾਸਨਾ ਜਗਤ ਵਧਾਇਆ, ਹਉਮੇ ਸੰਗ ਰਲਾਈਆ । ਕੂੜ ਕੁੜਿਆਰਾ ਭੋਜਨ ਖਾਇਆ, ਸਚ ਸੁੱਚ ਰਸਨਾ ਜਿਹਵਾ ਨਾ ਕੋਇ ਲਗਾਈਆ । ਸੋ ਵੇਲਾ ਅੰਤਮ ਨੇੜੇ ਆਇਆ, ਜਿਸ ਦਾ ਰਾਹ ਸਰਬ ਤਕਾਈਆ । ਭਗਤ ਮਾਰਗ ਦਏ ਸਮਝਾਇਆ, ਸਿੰਧ ਸਾਗਰ ਧਾਰ ਵਹਾਈਆ । ਕਰਮ ਉਜਾਗਰ ਦਏ ਕਰਾਇਆ, ਨਿਹਕਰਮੀ ਵਡ ਵਡਿਆਈਆ । ਸਾਚੀ ਸਰਨ ਇਕ ਦਰਸਾਇਆ, ਪੁਰਖ ਅਕਾਲ ਹੋਏ ਸਹਾਈਆ । ਜੁਗ ਜੁਗ ਚੌਕੜੀ ਦਏ ਬਦਲਾਇਆ, ਬਦਲਾ ਲਵੇ ਥਾਉਂ ਥਾਈਂਆ । ਸਾਚਾ ਅਦਲੀ ਇਕੋ ਆਇਆ, ਅਦਲ ਅਦਾਲਤ ਇਕ ਜਣਾਈਆ । ਕਾਤਲ ਮਕਤੂਲ ਖੇਲ ਖਲਾਇਆ, ਮਾਅਕੂਲ ਆਪਣਾ ਹੁਕਮ ਸੁਣਾਈਆ । ਸਚ ਅਸੂਲ ਦਏ ਬਣਾਇਆ, ਧੁਰ ਫ਼ਰਮਾਣਾ ਹੁਕਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਰਬ ਵਡਿਆਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਦੋ ਜਹਾਨ, ਕਲਜੁਗ ਅੰਤਮ ਵੇਖੇ ਆਣ, ਕੂੜੀ ਕਿਰਿਆ ਮੇਟੇ ਨਿਸ਼ਾਨ, ਸਚ ਧਰਮ ਝੁਲਾਏ ਨਿਸ਼ਾਨ, ਲੱਖ ਚੁਰਾਸੀ ਪਾਏ ਆਣ, ਜੀਵ ਜੰਤ ਸਾਧ ਸੰਤ ਆਤਮ ਪਰਮਾਤਮ ਪਰਮਾਤਮ ਆਤਮ ਇਕੋ ਰਾਹ ਵਖਾਈਆ । ਆਪਣੀ ਮਤ ਜੋ ਕਰੇ ਵਿਚਾਰ, ਵਿਚਾਰ ਵਿਚੋਂ ਪਰਗਟਾਈਆ । ਆਪਣੀ ਮਤ ਨਾ ਜਾਣੇ ਸੰਸਾਰ, ਸੰਸਾਰ ਸਾਗਰ ਬੇਪਰਵਾਹੀਆ । ਆਪਣੀ ਮਤ ਨਾ ਕੋਇ ਆਧਾਰ, ਸਾਚਾ ਸੰਗ ਨਾ ਕੋਇ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਘਰ ਦੇਵੇ ਬ੍ਰਹਮ ਮਤ, ਬ੍ਰਹਮ ਵਿਦਿਆ ਇਕ ਪੜ੍ਹਾਈਆ । ਆਪਣੀ ਮਤ ਜਗਤ ਨਾਤਾ, ਕਾਇਆ ਕਰਮ ਕਾਂਡ ਵਖਾਇੰਦਾ । ਖੇਲੇ ਖੇਲ ਪੁਰਖ ਬਿਧਾਤਾ, ਮਨ ਬੁਧ ਸੰਗ ਨਿਭਾਇੰਦਾ । ਵੇਖਣਹਾਰ ਖੇਲ ਤਸ਼ਾਸ਼ਾ, ਜੀਵਣ ਜੁਗਤ ਜਗਤ ਵਡਿਆਇੰਦਾ । ਨਿਰਗੁਣ ਧਾਰ ਜੋਤ ਪਰਕਾਸ਼ਾ, ਅਬਿਨਾਸ਼ੀ ਆਪਣੀ ਕਲ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰ ਘਟ ਆਪਣੀ ਖੇਲ ਕਰਾਇੰਦਾ । ਜਗਤ ਮਤ ਸਦਾ ਮਤਵਾਲੀ, ਕਿਰਿਆ ਕਰਮ ਵਿਚ ਫਸਾਈਆ । ਜਦ ਵੇਖੋ ਦੋਵੇਂ ਹੱਥਾਂ ਖ਼ਾਲੀ, ਵਸਤ ਸਚ ਨਾ ਕੋਇ ਟਿਕਾਈਆ । ਮਨ ਭਰਦਾ ਰਹੇ ਦਲਾਲੀ, ਦਲੀਲ ਦੇਵੇ ਇਕ ਚਤੁਰਾਈਆ । ਪਰਮ ਪੁਰਖ ਅਵੱਲੜੀ ਚਾਲੀ, ਤਨ ਮਾਟੀ ਤੱਤ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਬੇਪਰਵਾਹੀਆ । ਆਪਣੀ ਮਤ ਨਾ ਜਾਣੇ ਕੋਇ, ਭੇਵ ਨਜ਼ਰ ਕਿਸੇ ਨਾ ਆਇੰਦਾ । ਗੂੜ੍ਹੀ ਨੀਂਦੇ ਸਾਰੇ ਸੋਏ, ਬਿਨ ਸਤਿਗੁਰ ਅੱਖ ਨਾ ਕੋਇ ਖੁਲ੍ਹਾਇੰਦਾ । ਜੀਵਤ ਜੀ ਨਾ ਜਨਮੇ ਮੋਏ, ਲੱਖ ਚੁਰਾਸੀ ਗੇੜ ਭੁਆਇੰਦਾ । ਅੰਤਰ ਅੰਤਰ ਮਨ ਵਾਸਨਾ ਰੋਏ, ਧੀਰਜ ਧੀਰ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਾਇਆ ਤੱਤ ਜਗਤ ਮਤ ਮਤ ਭੇਦ ਆਪਣੇ ਹੱਥ ਰਖਾਇੰਦਾ । ਜਗਤ ਮਤ ਜਗਤ ਦੁਹਾਗਣ ਦੋਏ ਦੋਏ ਨੈਣਾਂ ਦਏ ਦੁਹਾਈਆ । ਕੂੜੀ ਕਿਰਿਆ ਬਣ ਵੈਰਾਗਣ, ਘਰ ਘਰ ਫੇਰਾ ਪਾਈਆ । ਸਾਹਿਬ ਸਤਿਗੁਰ ਹਰਿ ਕੰਤ ਨਾ ਮਿਲੇ ਹੋਏ ਸੁਹਾਗਣ, ਸੋਭਾਵੰਤ ਨਾ ਕੋਇ ਵਡਿਆਈਆ । ਬਿਨ ਕਿਰਪਾ ਬਿਨ ਕਰਮ ਹੋਈ ਅਭਾਗਣ, ਨਿਹਕਰਮੀ ਵੇਖੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ

੪੩੭
੧੪

ਘਰ ਦੇਵੇ ਜਗਤ ਮਤ, ਭਗਤ ਮਤ ਆਪਣੇ ਹੱਥ ਰਖਾਈਆ । ਜਗਤ ਮਤ ਜਗਤ ਨਾਤਾ, ਜਗਤ ਜੀਵਾਂ ਨਾਲ ਰਖਾਇੰਦਾ । ਭਗਤ ਮਤ ਭਗਵਾਨ ਨਾਤਾ, ਪਰਮ ਪੁਰਖ ਆਪ ਮਿਲਾਇੰਦਾ । ਦੋਹਾਂ ਵਿਚੋਲਾ ਕਮਲਾਪਾਤਾ, ਆਪਣੀ ਧਾਰ ਆਪ ਚਲਾਇੰਦਾ । ਅੰਤਰ ਬੈਠਾ ਸਾਖ਼ਯਾਤਾ, ਸ਼ਨਾਖ਼ਤ ਵਿਚ ਕਦੇ ਨਾ ਆਇੰਦਾ । ਹਰਿ ਕਾ ਭੇਵ ਸਮਝਿਆ ਨਾ ਜਾਏ ਵਿਚ ਗੱਲਾਂ ਬਾਤਾਂ, ਕਰਮ ਕਾਂਡ ਪਰਦਾ ਨਾ ਕੋਇ ਉਠਾਇੰਦਾ । ਜਿਸ ਮਿਲਿਆ ਪੁਰਖ ਸਮਰਥ ਦਾਤਾ, ਸੋ ਸਤਿਗੁਰ ਜੀਵਣ ਵਿਚੋਂ ਜੀਵਣ ਬਦਲਾਇੰਦਾ । ਆਤਮ ਪਰਮਾਤਮ ਪੜ੍ਹਾਏ ਇਕੋ ਗਾਥਾ, ਮੰਤਰ ਨਮੋ ਸਤਿ ਸਮਝਾਇੰਦਾ । ਪੂਰਬ ਜਨਮ ਦਾ ਪੂਰਾ ਕਰੇ ਘਾਟਾ, ਅਗਲਾ ਰਾਹ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਤ ਵਿਚੋਂ ਮਤ ਸਮਝਾਇੰਦਾ । ਜਗਤ ਮਤ ਜਗਤ ਸਲੋਕ, ਸੋਹਲਾ ਜਗਤ ਗਾਈਆ । ਭਗਤ ਮਤ ਲੋਕ ਪਰਲੋਕ, ਦੋ ਜਹਾਨਾਂ ਦਏ ਵਡਿਆਈਆ । ਸਤਿਗੁਰ ਪੂਰਾ ਕਰਮ ਕਾਂਡ ਲੇਖਾ ਦੇਵੇ ਰੋਕ, ਰੋਕੜ ਆਪਣੇ ਹੱਥ ਰਖਾਈਆ । ਜਿਸ ਬਣਾਇਆ ਕਾਇਆ ਕਿਲਾ ਕੋਟ, ਮਨ ਮਤ ਬੁਧ ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਪੰਜ ਤੱਤ ਤ੍ਰੈਗੁਣ ਮਾਇਆ ਰਜੋ ਤਮੋ ਸਤੋ ਗੰਢ ਪੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਜਗਤ ਮਤ, ਮਿੱਤਰ ਪਿਆਰਾ ਬੇਪਰਵਾਹੀਆ । ਜਗਤ ਮਤ ਨਾ ਕੁਛ ਬਣਾਏ, ਜਗਤ ਚਲੇ ਚਤੁਰਾਈਆ । ਗੁਰਮਤ ਗੁਰਸਿਖ ਸਮਝਾਏ, ਗੁਰ ਸਤਿਗੁਰ ਮੇਲ ਮਿਲਾਈਆ । ਆਤਮ ਪਰਮਾਤਮ ਜੋੜ ਜੁੜਾਏ, ਬ੍ਰਹਮ ਪਾਰਬ੍ਰਹਮ ਸਮਾਈਆ । ਜੀਵ ਈਸ਼ ਕੰਠ ਲਗਾਏ, ਜਗਦੀਸ਼ ਦਇਆ ਕਮਾਈਆ । ਕਰਮ ਕਾਂਡ ਕਿਛ ਰਹਿਣ ਨਾ ਪਾਏ, ਜਿਸ ਪ੍ਰਭ ਆਪਣੇ ਰੰਗ ਰੰਗਾਈਆ । ਧਰੂ ਪ੍ਰਹਿਲਾਦ ਜਿਉਂ ਤਰਾਏ, ਤ੍ਰੈਗੁਣ ਮਾਇਆ ਡੇਰਾ ਢਾਹੀਆ । ਕਰ ਕਿਰਪਾ ਜਿਸ ਬੂਝ ਬੁਝਾਏ, ਤਿਸ ਨੇਤਰ ਨੈਣ ਖੁਲ੍ਹਾਈਆ । ਏਕਾ ਦੂਜਾ ਭੇਵ ਚੁਕਾਏ, ਦੂਈ ਪਰਦਾ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਤ ਭੇਦ ਆਪਣਾ ਆਪ ਰਖਾਈਆ । ਇਕ ਮਤ ਵਿਚ ਜੱਗ, ਜਗਤ ਕਰੇ ਵਡਿਆਈਆ । ਇਕ ਮਤ ਉਪਰ ਸ਼ਾਹ ਰਗ, ਬਿਨ ਗੁਰਮੁਖਾਂ ਹੱਥ ਕਿਸੇ ਨਾ ਆਈਆ । ਇਕ ਮਤ ਬਣਾਏ ਕੱਗ, ਕਾਗ ਰੂਪ ਵਟਾਈਆ । ਇਕ ਮਤ ਸ੍ਰਿਸ਼ਟ ਸਬਾਈ ਨਾਲੋਂ ਕਰੇ ਅਲੱਗ, ਪੁਰਖ ਅਕਾਲ ਨਾਲ ਮਿਲਾਈਆ । ਇਕ ਮਤ ਕੂੜੀ ਕਿਰਿਆ ਘਰ ਵਿਚ ਲਏ ਸੱਦ, ਮਾਇਆ ਮਮਤਾ ਮੋਹ ਵਧਾਈਆ । ਇਕ ਮਤ ਆਤਮ ਪਰਮਾਤਮ ਸ਼ਬਦ ਅਨਾਦ ਵਜਾਏ ਨਦ, ਅਨਹਦ ਨਾਦੀ ਰਾਗ ਸੁਣਾਈਆ । ਇਕ ਮਤ ਜਗਤ ਸੁਣਾਏ ਗਾਥ, ਰਸਨਾ ਜਿਹਵਾ ਬੱਤੀ ਦੰਦ ਪੜ੍ਹਾਈਆ । ਇਕ ਮਤ ਮੇਲ ਮਿਲਾਏ ਪੁਰਖ ਸਮਰਾਥ, ਘਰ ਘਰ ਵਿਚ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੋਵਾਂ ਦੇਵੇ ਆਪਣਾ ਸਾਥ, ਜਿਉਂ ਭਾਵੇ ਤਿਉਂ ਚਲੇ ਆਪ ਰਜ਼ਾਈਆ ।



★ ੨੩ ਵਸਾਖ ੨੦੨੦ ਬਿਕਰਮੀ ਹੁਕਮ ਸਿੰਘ ਦੇ ਗ੍ਰਿਹਿ ਫੈਜ਼ਪੁਰ ਬਟਾਲਾ ਜ਼ਿਲਾ ਗੁਰਦਾਸ ਪੁਰ ★

ਸਤਿਗੁਰ ਪਿਆਰਾ ਸਦਾ ਸਤਿ, ਸਤਿ ਸਤਿ ਵਿਚ ਰਖਾਇੰਦਾ । ਸਤਿਗੁਰ ਪਿਆਰਾ ਸਤਿਗੁਰ ਤੱਤ, ਤੱਤ ਤੱਤ ਵਿਚ ਰਲਾਇੰਦਾ । ਸਤਿਗੁਰ ਪਿਆਰਾ ਸਤਿਗੁਰ ਰਤ, ਰਤੀ ਰਤ ਲੇਖੇ ਲਾਇੰਦਾ । ਸਤਿਗੁਰ ਪਿਆਰਾ ਸਤਿਗੁਰ ਮਤ, ਬ੍ਰਹਮ ਮਤ ਇਕ ਪੜ੍ਹਾਇੰਦਾ । ਸਤਿਗੁਰ ਪਿਆਰਾ

ਸਤਿਗੁਰ ਨਤ, ਸ੍ਰੀ ਭਗਵਾਨ ਨਾਤਾ ਆਪ ਵਖਾਇੰਦਾ । ਸਤਿਗੁਰ ਪਿਆਰਾ ਸਤਿਗੁਰ ਗਾਥ, ਅਨਰਾਗੀ ਰਾਗ ਆਪ ਅਲਾਇੰਦਾ । ਸਤਿਗੁਰ ਪਿਆਰਾ ਸਤਿਗੁਰ ਵਸ, ਏਕਾ ਦੂਜਾ ਭੌ ਮਿਟਾਇੰਦਾ । ਸਤਿਗੁਰ ਪਿਆਰਾ ਸਤਿਗੁਰ ਰਸ, ਅੰਮ੍ਰਿਤ ਇਕ ਵਖਾਇੰਦਾ । ਸਤਿਗੁਰ ਪਿਆਰਾ ਸਤਿਗੁਰ ਹੱਥ, ਸ਼ਖ਼ਾਵਤ ਇਕੋ ਇਕ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਦ ਸਾਚਾ ਰੰਗ ਵਖਾਇੰਦਾ । ਸਤਿਗੁਰ ਪਿਆਰਾ ਸਤਿਗੁਰ ਦੂਲ੍ਹਾ, ਨਿਰਗੁਣ ਨੂਰ ਜੋਤ ਪਰਨਾਈਆ । ਸਤਿਗੁਰ ਪਿਆਰਾ ਸਤਿਗੁਰ ਫੂਲਾ, ਪਤ ਡਾਲੀ ਜਗਤ ਮਹਿਕਾਈਆ । ਸਤਿਗੁਰ ਪਿਆਰਾ ਸਤਿਗੁਰ ਝੂਲਾ, ਦੋ ਜਹਾਨਾਂ ਹੁਲਾਰਾ ਇਕ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਸਤਿਗੁਰ ਪਿਆਰਾ ਸਤਿਗੁਰ ਸੰਗ, ਹਰਿ ਸੰਗੀ ਆਪ ਅਖਵਾਇੰਦਾ । ਸਤਿਗੁਰ ਪਿਆਰਾ ਸਤਿਗੁਰ ਰੰਗ, ਰੰਗ ਮਜੀਠੀ ਇਕ ਚੜ੍ਹਾਇੰਦਾ । ਸਤਿਗੁਰ ਪਿਆਰਾ ਸਤਿਗੁਰ ਮਰਦੰਗ, ਅਨਹਦ ਨਾਦੀ ਨਾਦ ਵਜਾਇੰਦਾ । ਸਤਿਗੁਰ ਪਿਆਰਾ ਸਤਿਗੁਰ ਪਲੰਘ, ਸਚ ਸਿੰਘਾਸਣ ਸੋਭਾ ਪਾਇੰਦਾ । ਸਤਿਗੁਰ ਪਿਆਰਾ ਸਤਿਗੁਰ ਅਨੰਦ, ਅਨੰਦ ਆਤਮ ਆਪ ਵਖਾਇੰਦਾ । ਸਤਿਗੁਰ ਪਿਆਰਾ ਸਤਿਗੁਰ ਚੰਦ, ਚੰਦ ਚਾਂਦਨੀ ਨੂਰ ਚਮਕਾਇੰਦਾ । ਸਤਿਗੁਰ ਪਿਆਰਾ ਸਤਿਗੁਰ ਛੰਦ, ਨਿਰਗੁਣ ਸਰਗੁਣ ਢੋਲਾ ਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚਾ ਮੇਲ ਮਿਲਾਇੰਦਾ । ਸਤਿਗੁਰ ਪਿਆਰਾ ਸਤਿਗੁਰ ਮੀਤਾ, ਮਿੱਤਰ ਪਿਆਰਾ ਵਡ ਵਡਿਆਈਆ । ਸਤਿਗੁਰ ਪਿਆਰਾ ਸਤਿਗੁਰ ਰੀਤਾ, ਨਿਤ ਨਵਿਤ ਸਾਚੀ ਕਾਰ ਕਮਾਈਆ । ਸਤਿਗੁਰ ਪਿਆਰਾ ਸਤਿਗੁਰ ਅੰਗੀਠਾ, ਹਵਨ ਕੁੰਡ ਇਕ ਬਣਾਈਆ । ਸਤਿਗੁਰ ਪਿਆਰਾ ਸਤਿਗੁਰ ਜੀਤਾ, ਜੀਵਣ ਜੁਗਤ ਜਣਾਈਆ । ਸਤਿਗੁਰ ਪਿਆਰਾ ਸਤਿਗੁਰ ਅਤੀਤਾ, ਤ੍ਰੈਗੁਣ ਡੇਰਾ ਦੇਵੇ ਢਾਹੀਆ । ਸਤਿਗੁਰ ਪਿਆਰਾ ਸਤਿਗੁਰ ਆਪਣੇ ਜਿਹਾ ਕੀਤਾ, ਮਿਹਰ ਨਜ਼ਰ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਸਤਿਗੁਰ ਪਿਆਰਾ ਸਤਿਗੁਰ ਨੇਤਰ, ਅੱਖ ਪਰਤੱਖ ਆਪ ਖੁਲ੍ਹਾਇੰਦਾ । ਸਤਿਗੁਰ ਪਿਆਰਾ ਸਤਿਗੁਰ ਖੇਤਰ, ਕਾਇਆ ਖੇਤ ਸੋਭਾ ਪਾਇੰਦਾ । ਸਤਿਗੁਰ ਪਿਆਰਾ ਸਤਿਗੁਰ ਰੁੱਤ ਬਸੰਤੀ ਚੇਤਰ, ਸੁਗੰਧ ਵਾਸ਼ਨਾ ਆਪ ਮਹਿਕਾਇੰਦਾ । ਸਤਿਗੁਰ ਪਿਆਰਾ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਬੰਧਨ ਬੰਧ ਤੁੜਾਇੰਦਾ । ਸਤਿਗੁਰ ਪਿਆਰਾ ਸਤਿਗੁਰ ਮੇਲਾ, ਮਿਲਣੀ ਜਗਦੀਸ਼ ਕਰਾਈਆ । ਸਤਿਗੁਰ ਪਿਆਰਾ ਸਤਿਗੁਰ ਚੇਲਾ, ਵੇਖਣਹਾਰ ਆਪ ਅਖਵਾਈਆ । ਸਤਿਗੁਰ ਪਿਆਰਾ ਸਤਿਗੁਰ ਸੁਹੇਲਾ, ਸੱਜਣ ਇਕੋ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਆਪ ਵਡਿਆਈਆ । ਸਤਿਗੁਰ ਪਿਆਰਾ ਸਤਿਗੁਰ ਸਿਖ, ਹਰਿ ਸਿਖਿਆ ਸਚ ਦ੍ਰਿੜ੍ਹਾਇੰਦਾ । ਧੁਰ ਦੀ ਧਾਰ ਲੇਖਾ ਲਿਖ, ਪਿਛਲਾ ਲੇਖ ਚੁਕਾਇੰਦਾ । ਦਰਸ ਦਿਖਾਏ ਨਿਤ ਨਿਤ, ਨਵਿਤ ਆਪਣੀ ਕਾਰ ਕਮਾਇੰਦਾ । ਪ੍ਰੇਮ ਪ੍ਰੀਤੀ ਪ੍ਰੀਤਮ ਹਿਤ, ਪਰਮ ਪੁਰਖ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪਿਆਰ ਇਕ ਬੰਧਾਇੰਦਾ । ਸਤਿਗੁਰ ਪਿਆਰ ਸੱਚਾ ਬੰਧਨ, ਬੰਦਗੀ ਇਕ ਜਣਾਈਆ । ਸਤਿਗੁਰ ਪਿਆਰ ਮਸਤਕ ਚੰਦਨ, ਟਿੱਕਾ ਨਾਮ ਲਗਾਈਆ । ਸਤਿਗੁਰ ਪਿਆਰ ਅਨੰਦ ਅਨੰਦਨ, ਨਿਜ ਘਰ ਵੇਖੇ ਬੇਪਰਵਾਹੀਆ । ਸਤਿਗੁਰ ਪਿਆਰ ਸਦਾ ਬਖ਼ਸ਼ੰਦਨ, ਡੁਬਦੇ ਪਾਥਰ ਲਏ ਤਰਾਈਆ । ਸਤਿਗੁਰ ਪਿਆਰ ਗੁਰਮੁਖ ਸਾਚੇ ਮੰਗਣ, ਜਿਸ ਅੰਤਰ ਆਤਮ ਬੂਝ ਬੁਝਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਆਪ ਹੋ ਜਾਈਆ । ਸਤਿਗੁਰ ਪਿਆਰ ਵਸਤ ਅਮੋਲ, ਅਮੋਲਕ ਆਪ ਵਰਤਾਇੰਦਾ । ਸਤਿਗੁਰ ਪਿਆਰ ਭੰਡਾਰਾ ਅਨਤੋਲ, ਕੰਡਾ ਤਰਾਜ਼ੂ ਨਾ ਕੋਇ ਤੁਲਾਇੰਦਾ । ਸਤਿਗੁਰ ਪਿਆਰ ਸਦਾ ਅਡੋਲ, ਦੋ ਜਹਾਨ ਨਾ ਕੋਇ ਡੁਲਾਇੰਦਾ । ਸਤਿਗੁਰ ਪਿਆਰ ਸੋ ਸਤਿਗੁਰ ਕੋਲ, ਬਿਨ ਗੁਰਮੁਖਾਂ ਹੱਥ ਨਾ ਕਿਸੇ ਫੜਾਇੰਦਾ । ਸਤਿਗੁਰ ਪਿਆਰ ਅੰਦਰ ਬਾਹਰ ਵਜਾਏ ਢੋਲ, ਉਚੀ ਕੂਕ ਕੂਕ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਰਾਇੰਦਾ । ਸਤਿਗੁਰ ਪਿਆਰ ਗੁਰਸਿਖ ਪ੍ਰੇਮ, ਪਰਮ ਪੁਰਖ ਦਏ ਵਡਿਆਈਆ । ਸਤਿਗੁਰ ਪਿਆਰ ਜਗਤ ਜੁਗਤ ਨੇਮ, ਮਾਰਗ ਇਕੋ ਇਕ ਦਰਸਾਈਆ । ਸਤਿਗੁਰ ਪਿਆਰ ਗੋਬਿੰਦ ਕੀਤਾ ਕੁੰਟ ਹੇਮ, ਹਉਂ ਮੈਂ ਨਾ ਕੋਇ ਰਖਾਈਆ । ਸਤਿਗੁਰ ਪਿਆਰ ਨੈਣ ਬੈਨ, ਨੇਤਰ ਲੇਖਾ ਲਏ ਲਗਾਈਆ । ਸਤਿਗੁਰ ਪਿਆਰ ਸਤਿਗੁਰ ਚੇਲੇ ਕਹਿਣ, ਗੁਰ ਚੇਲੇ ਇਕੋ ਘਰ ਕਮਾਈਆ । ਸਤਿਗੁਰ ਪਿਆਰ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਰਸਾਇਣ ਇਕ ਦਰਸਾਈਆ । ਸਤਿਗੁਰ ਪਿਆਰ ਕੰਚਨ ਗੜ੍ਹ, ਗੜ੍ਹੀ ਸਾਚੀ ਇਕ ਵਖਾਇੰਦਾ । ਸਤਿਗੁਰ ਪਿਆਰ ਗੁਰਮੁਖ ਵੇਖਣ ਚੜ੍ਹ, ਜਿਸ ਆਪਣਾ ਰਾਹ ਵਖਾਇੰਦਾ । ਸਤਿਗੁਰ ਪਿਆਰ ਹਰਿ ਸੰਤ ਸੁਹੇਲੇ ਰਹੇ ਕਰ, ਦੂਸਰ ਨੇੜ ਕੋਇ ਨਾ ਆਇੰਦਾ । ਸਤਿਗੁਰ ਪਿਆਰ ਸਤਿ ਵਖਾਏ ਘਰ, ਜਿਸ ਘਰ ਹਰਿ ਸਤਿਗੁਰ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਿਨ ਮੰਗਿਆਂ ਦੇਵੇ ਸਾਚਾ ਦਾਨ, ਸਤਿਗੁਰ ਪਿਆਰ ਕਰ ਪਿਆਰ ਕਰਤਾਰ ਆਪ ਪਿਆਇੰਦਾ ।



੧੪ ੧੪

★ ੨੩ ਵਸਾਖ ੨੦੨੦ ਬਿਕਰਮੀ ਬੀਬੀ ਵੀਰੋ ਦੇ ਗ੍ਰਿਹ ਸ਼ੁਕਰ ਪੁਰ ਬਟਾਲਾ ਜ਼ਿਲਾ ਗੁਰਦਾਸ ਪੁਰ ★

ਹਰਿ ਕਾ ਨਾਉਂ ਹਰਿਜਨ ਮੰਦਰ, ਆਦਿ ਜੁਗਾਦਿ ਸਮਾਇੰਦਾ । ਸਤਿਗੁਰ ਨਾਉਂ ਗੁਰਮੁਖ ਅੰਦਰ, ਗੁਰ ਗੁਰ ਧਾਰ ਪਰਗਟਾਇੰਦਾ । ਗੁਰ ਗੁਰ ਨਾਮ ਤੋੜੇ ਜੰਦਰ, ਦਰ ਦਰਵਾਜ਼ਾ ਇਕ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਮੰਦਰ ਇਕ ਵਖਾਇੰਦਾ । ਗੁਰਮੁਖ ਮੰਦਰ ਡੂੰਘਾ ਸਾਗਰ, ਜਗ ਨੈਣ ਨਜ਼ਰ ਨਾ ਆਇੰਦਾ । ਗੁਰਮੁਖ ਮੰਦਰ ਕਾਇਆ ਗਾਗਰ, ਘਰ ਘਰ ਵਿਚ ਆਪ ਪਰਗਟਾਇੰਦਾ । ਗੁਰਮੁਖ ਮੰਦਰ ਨਿਰਮਲ ਜੋਤ ਦੀਆ ਇਕ ਉਜਾਗਰ, ਜੁਗ ਚੌਕੜੀ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਮੰਦਰ ਇਕ ਸੁਹਾਇੰਦਾ । ਗੁਰ ਕਾ ਮੰਦਰ ਗੁਰਮੁਖ ਗ੍ਰਿਹ, ਘਰ ਸਾਚੇ ਵੱਜੇ ਵਧਾਈਆ । ਸਾਹਿਬ ਸਤਿਗੁਰ ਨਿਰਗੁਣ ਰਹੇ, ਸਰਗੁਣ ਦੇਵੇ ਵਡਿਆਈਆ । ਨਾਮ ਅਨਮੋਲਾ ਇਕੋ ਕਹੇ, ਜਸ ਢੋਲਾ ਸਾਚਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਮੰਦਰ ਇਕ ਵਖਾਈਆ । ਗੁਰ ਕਾ ਮੰਦਰ ਸਾਢੇ ਤਿੰਨ ਹੱਥ, ਛੱਪਰ ਛੰਨ ਨਾ ਕੋਇ ਵਖਾਇੰਦਾ । ਸਤਿਗੁਰ ਮੰਦਰ ਵਸੇ ਪੁਰਖ ਸਮਰਥ, ਪੁਰਖ ਅਕਾਲ ਡੇਰਾ ਲਾਇੰਦਾ । ਸਰਗੁਣ ਮਾਰਗ ਸਾਚਾ ਦੱਸ, ਰਾਹ ਪੰਥ ਇਕ ਜਣਾਇੰਦਾ । ਬਿਨ ਲੇਖ ਲਿਖਤ ਗਾਏ ਜਸ, ਸਿਫ਼ਤ ਸਾਲਾਹੀ ਸਿਫ਼ਤ ਸਾਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮੰਦਰ ਇਕ ਸੁਹਾਇੰਦਾ । ਗੁਰ ਕਾ ਮੰਦਰ ਗੁਰਮੁਖ ਘਰ, ਘਰ

ਘਰ ਵੱਜੇ ਵਧਾਈਆ । ਸਾਹਿਬ ਸਤਿਗੁਰ ਵੇਖੇ ਵੜ, ਅੰਦਰ ਬਾਹਰ ਖੋਜ ਖੁਜਾਈਆ । ਜਗਤ ਮਹੱਲੇ ਆਵੇ ਡਰ, ਹਰਿ ਕਾ ਨਾਉਂ ਨਜ਼ਰ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਨਾਮ ਸ਼ਨਵਾਈਆ । ਗੁਰ ਕਾ ਮੰਦਰ ਇਕੋ ਸੋ, ਸੋ ਪੁਰਖ ਨਿਰੰਜਣ ਆਪ ਸੁਹਾਇੰਦਾ । ਹਰਿ ਮੰਦਰ ਹਰਿ ਬਹੇ ਓਹ, ਨਿਰਗੁਣ ਨਜ਼ਰ ਕਿਸੇ ਨਾ ਆਇੰਦਾ । ਕਲਜੁਗ ਵਸਤ ਸਭ ਤੋਂ ਲਏ ਖੋਹ, ਖ਼ਾਲੀ ਭਾਂਡੇ ਆਪ ਕਰਾਇੰਦਾ । ਅੱਗੇ ਕਿਸੇ ਨਾ ਮਿਲੇ ਢੋ, ਦਰਗਹਿ ਸਾਚੀ ਧੱਕਾ ਲਾਇੰਦਾ । ਸਤਿਗੁਰ ਸਰਨ ਜੋ ਜਨ ਜਾਏ ਛੋਹ, ਤਿਸ ਆਪਣਾ ਮੇਲ ਮਿਲਾਇੰਦਾ । ਕਰ ਪਰਕਾਸ਼ ਕਰੇ ਲੋ, ਅਗਿਆਨ ਅੰਧੇਰ ਚੁਕਾਇੰਦਾ । ਨਾਮ ਅਨਮੁਲਾ ਢੋਆ ਦੇਵੇ ਢੋ, ਸਾਚੀ ਦਾਤ ਝੋਲੀ ਪਾਇੰਦਾ । ਲੱਖ ਚੁਰਾਸੀ ਰਹੀ ਰੋ, ਨੇਤਰ ਅੱਖ ਨਾ ਕੋਇ ਖੁਲ੍ਹਾਇੰਦਾ । ਖੁਲ੍ਹੀ ਮੀਂਢੀ ਰਹੇ ਖੋਹ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰ ਘਰ ਸਾਚਾ ਵੇਖ ਵਖਾਇੰਦਾ । ਸਤਿਗੁਰ ਮੰਦਰ ਗਹਿਰ ਗੰਭੀਰ, ਗਵਰ ਆਪ ਬਣਾਈਆ । ਆਦਿ ਜੁਗਾਦਿ ਖਿਚ ਨਾ ਸਕੇ ਕੋਇ ਤਸਵੀਰ, ਮੁਸੱਵਰ ਤਸੱਵਰ ਨਾ ਕੋਇ ਕਰਾਈਆ । ਲੇਖਾ ਜਾਣੇ ਬੇਨਜ਼ੀਰ, ਨਜ਼ਰ ਸਕੇ ਨਾ ਕੋਇ ਟਿਕਾਈਆ । ਜਿਸ ਗ੍ਰਿਹਿ ਵਸੇ ਸ਼ਾਹ ਹਕੀਰ, ਸ਼ਹਿਨਸ਼ਾਹ ਇਕੋ ਰੰਗ ਰੰਗਾਈਆ । ਸਚ ਤੌਫ਼ੀਕ ਸਾਂਝੇ ਪੀਰ, ਹਜ਼ਰਤ ਦੇਵਣਹਾਰ ਵਡਿਆਈਆ । ਕਲਮਾ ਕੱਟ ਸ਼ਰਅ ਜ਼ੰਜੀਰ, ਸਾਚੀ ਸਿਖਿਆ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗ੍ਰਿਹਿ ਇਕੋ ਇਕ ਵਸਾਈਆ । ਸਤਿਗੁਰ ਮੰਦਰ ਬਿਨ ਚਾਰ ਦੀਵਾਰ, ਛੱਪਰ ਛੰਨ ਨਾ ਕੋਇ ਰਖਾਇੰਦਾ । ਸਤਿਗੁਰ ਮੰਦਰ ਨਿਰਗੁਣ ਦੀਪਕ ਬਾਲ, ਤੇਲ ਬਾਤੀ ਨਾ ਕੋਇ ਟਿਕਾਇੰਦਾ । ਸਤਿਗੁਰ ਮੰਦਰ ਸਚਖੰਡ ਸੱਚੀ ਧਰਮਸਾਲ, ਸਚ ਸਿੰਘਾਸਣ ਸੋਭਾ ਪਾਇੰਦਾ । ਸਤਿਗੁਰ ਮੰਦਰ ਜੋਤੀ ਨੂਰ ਜਲਾਲ, ਜਲਵਾ ਇਕੋ ਇਕ ਵਖਾਇੰਦਾ । ਸਤਿਗੁਰ ਮੰਦਰ ਸਤਿ ਕਮਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਸੋਭਾ ਪਾਇੰਦਾ । ਸਤਿਗੁਰ ਮੰਦਰ ਨਾ ਲੰਮਾ ਨਾ ਚੌੜਾ, ਤੂਲ ਅਰਜ਼ ਨਾ ਕੋਇ ਰਖਾਈਆ । ਇਕੋ ਵੇਖੇ ਫਿਰ ਕੇ ਹਰਿ ਸ਼ਬਦੀ ਅਗੰਮੀ ਘੋੜਾ, ਦੂਜਾ ਪੰਧ ਨਾ ਕੋਇ ਮੁਕਾਈਆ । ਲੱਖ ਚੁਰਾਸੀ ਬੈਠੀ ਅੰਧ ਘੋਰਾ, ਸ਼ਬਦ ਚੰਦ ਨਾ ਕੋਇ ਰੁਸ਼ਨਾਈਆ । ਸਭ ਦਾ ਕਾਗ਼ਜ਼ ਦਿਸੇ ਕੋਰਾ, ਪੱਟੀ ਹੱਕ ਨਾ ਕੋਇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮੰਦਰ ਇਕ ਸਮਝਾਈਆ । ਸਚ ਮੰਦਰ ਵਸੇ ਮਹਿਬੂਬ, ਮੁਹੱਬਤ ਇਕੋ ਇਕ ਜਣਾਇੰਦਾ । ਉਚ ਅਗੰਮ ਅਥਾਹ ਅਰੂਜ, ਅਰਸ਼ ਕੁਰਸ਼ ਭੇਵ ਕੋਇ ਨਾ ਪਾਇੰਦਾ । ਉਸ ਦਾ ਕੋਈ ਨਾ ਦਏ ਸਬੂਤ, ਸਾਬਤ ਇਲਮ ਨਜ਼ਰ ਕੋਇ ਨਾ ਆਇੰਦਾ । ਜਿਸ ਘਰ ਵਸੇ ਆਪ ਕਲਬੂਤ, ਤਿਸ ਕਲਬੂਤ ਕਲਮਾ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮਹੱਲ ਇਕ ਵਡਿਆਇੰਦਾ । ਸਚ ਮਹੱਲ ਵਖਾਏ ਫ਼ਜ਼ਲ, ਰਹਿਮਤ ਆਪ ਕਮਾਈਆ । ਇਕੋ ਨਗ਼ਮਾ ਇਕੋ ਗ਼ਜ਼ਲ, ਸ਼ਾਇਰ ਇਕੋ ਇਕ ਅਖਵਾਈਆ । ਆਦਿ ਜੁਗਾਦਿ ਜੁਗ ਚੌਕੜੀ ਤਰਾਨਾ ਕੋਈ ਨਾ ਦਏ ਬਦਲ, ਬਦਲੀ ਸਭ ਦੀ ਦਏ ਕਰਾਈਆ । ਸ਼ਾਹ ਸੁਲਤਾਨਾ ਨੌਜਵਾਨਾ ਮਰਦ ਮਰਦਾਨਾ ਸਾਚੇ ਮੰਦਰ ਕਰੇ ਅਦਲ, ਅਦਾਲਤ ਇਕੋ ਇਕ ਲਗਾਈਆ । ਦੋਸ਼ ਨਿਰਦੋਸ਼ ਦੋਹਾਂ ਕੋਈ ਨਾ ਕਰੇ ਕਤਲ, ਛੁਰੀ ਕਟਾਰ ਨਾ ਕੋਇ ਉਠਾਈਆ । ਸਚ ਦ੍ਰਿੜਾਏ ਆਪਣੀ ਮਜ਼ਲ, ਮੰਜ਼ਲੇ ਮਕਸੂਦ ਆਪ ਪੁਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਮੰਦਰ ਇਕ ਵਖਾਈਆ ।

ਗੁਰਮੁਖ ਮੰਦਰ ਸਚ ਮਕਾਨ, ਹਰਿ ਸਤਿਗੁਰ ਖੇਲ ਕਰਾਇੰਦਾ । ਨਾ ਸ਼ਰਅ ਨਾ ਕੋਇ ਈਮਾਨ, ਦੀਨ ਮਜ਼ਬ ਨਾ ਵੰਡ ਵੰਡਾਇੰਦਾ । ਅੱਖਰ ਅੱਖਰ ਨਾ ਕੋਇ ਗਿਆਨ, ਰਸਨਾ ਜਿਹਵਾ ਨਾ ਕੋਇ ਅਲਾਇੰਦਾ । ਸੀਸ ਚਰਨ ਨਾ ਕੋਇ ਨਿਸ਼ਾਨ, ਬਰਦਾ ਰੂਪ ਨਾ ਕੋਇ ਵਟਾਇੰਦਾ । ਭੂਪਤ ਭੂਪ ਨਾ ਕੋਇ ਪਰਧਾਨ, ਹੁਕਮ ਹਾਕਮ ਨਾ ਕੋਇ ਸੁਣਾਇੰਦਾ । ਕਰੇ ਖੇਲ ਸ੍ਰੀ ਭਗਵਾਨ, ਸਚ ਦਰ ਸਾਚੇ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਦਰ ਇਕ ਵਖਾਇੰਦਾ । ਸਾਚਾ ਮੰਦਰ ਦਏ ਵਖਾਲ, ਹਰਿ ਵੱਖਰੀ ਧਾਰ ਚਲਾਈਆ । ਜਿਸ ਧਾਮ ਵਸੇ ਦੀਨ ਦਿਆਲ, ਤਿਸ ਗ੍ਰਿਹਿ ਦਏ ਵਡਿਆਈਆ । ਨੇੜ ਨਾ ਆਏ ਕਾਲ ਮਹਾਂਕਾਲ, ਜਮ ਭੈ ਨਾ ਕੋਇ ਜਣਾਈਆ । ਸਦਾ ਸਦਾ ਸਦ ਵਸੇ ਨਾਲ, ਜਗਤ ਵਿਛੋੜਾ ਪੰਧ ਮੁਕਾਈਆ । ਘਰ ਵਿਚ ਘਰ ਵਖਾਏ ਸੱਚੀ ਧਰਮਸਾਲ, ਧਰਮ ਦੁਆਰਾ ਇਕ ਬਣਾਈਆ । ਭੂਤ ਭਵਿਖਤ ਜਾਣੇ ਕਾਲ, ਬੇਪਰਵਾਹ ਬੇਪਰਵਾਹੀਆ । ਸੰਤ ਸੁਹੇਲੇ ਸੱਜਣ ਭਾਲ, ਹਰਿਜਨ ਵੇਖੇ ਥਾਉਂ ਥਾਈਂਆ । ਨਿਰਗੁਣ ਸਰਗੁਣ ਬਣ ਦਲਾਲ, ਸਾਚਾ ਵਣਜ ਰਿਹਾ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਮੰਦਰ ਦਏ ਬਹਾਲ, ਜਿਸ ਦੁਆਰੇ ਮਿਲੇ ਵਡਿਆਈਆ । ਗੁਰਮੁਖ ਸਾਚੇ ਮੰਦਰ ਬਹਿਣਾ, ਹਰਿ ਮਹਿਫ਼ਲ ਨਾਮ ਲਗਾਇੰਦਾ । ਦਰਸ਼ਨ ਪੇਖੇ ਪੇਖਤ ਨੈਣਾਂ, ਨਿਜ ਨੇਤਰ ਮੇਲ ਮਿਲਾਇੰਦਾ । ਝੇੜਾ ਛੁੱਟੇ ਰਸਨਾ ਗੌਣਾ, ਆਤਮ ਪਰਮਾਤਮ ਆਪ ਪੜ੍ਹਾਇੰਦਾ । ਕਰਜ਼ਾ ਚੁੱਕੇ ਲਹਿਣਾ ਦੇਣਾ, ਪੂਰਬ ਲੇਖਾ ਝੋਲੀ ਪਾਇੰਦਾ । ਸੱਚਾ ਮੰਦਰ ਇਕੋ ਰਹਿਣਾ, ਆਦਿ ਜੁਗਾਦਿ ਜੁਗਾ ਜੁਗੰਤਰ ਹਰਿ ਸਤਿਗੁਰ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਦੇਵੇ ਇਕੋ ਦਾਨ, ਸਚਖੰਡ ਦੁਆਰ ਸਚ ਮਕਾਨ, ਝੁਲਦਾ ਰਹੇ ਧਰਮ ਨਿਸ਼ਾਨ, ਦਰ ਦੁਆਰਾ ਇਕੋ ਨਜ਼ਰੀ ਆਈਆ ।



## ★ ਪਹਿਲੀ ਜੇਠ ੨੦੨੦ ਬਿਕਰਮੀ ਜੇਠੂਵਾਲ ਦਰਬਾਰ ਵਿਚ ★

ਜੈ ਜੈਕਾਰ ਹੋਏ ਸਚਖੰਡ, ਦੋ ਜਹਾਨ ਵੱਜੇ ਵਧਾਈਆ । ਪਰਗਟ ਹੋਇਆ ਸੂਰਾ ਸਰਬੰਗ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਆਦਿ ਜੁਗਾਦਿ ਇਕ ਅਨੰਦ, ਜੁਗ ਜੁਗ ਰੰਗ ਵਖਾਈਆ । ਖੇਲੇ ਖੇਲ ਵਿਚ ਬ੍ਰਹਿਮੰਡ, ਭੇਵ ਅਭੇਦ ਕੋਇ ਨਾ ਆਈਆ । ਹੁਕਮੇ ਅੰਦਰ ਸੂਰਜ ਚੰਦ, ਰਵ ਸਸ ਸੇਵ ਕਮਾਈਆ । ਲੇਖਾ ਜਾਣੇ ਆਪਣੀ ਵੰਡ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਆਪਣੀ ਕਾਰ ਕਮਾਈਆ । ਜੈ ਜੈਕਾਰ ਸਰਬ ਲੋਕ, ਪਰਲੋਕ ਰਹੇ ਜਸ ਗਾਈਆ । ਸਾਹਿਬ ਸੁਲਤਾਨ ਦਾ ਸਚ ਸਲੋਕ, ਰਾਗ ਨਾਦ ਨਾ ਕੋਇ ਸੁਣਾਈਆ । ਜੁਗ ਚੌਕੜੀ ਦੇਵੇ ਮੋਖ, ਮੁਫ਼ਤ ਆਪਣੀ ਸੇਵ ਕਮਾਈਆ । ਸਚ ਦੁਆਰੇ ਕੋਈ ਨਾ ਸਕੇ ਪਹੁੰਚ, ਅੰਤਰ ਵੇਖਣ ਕੋਇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਆਪਣੀ ਕਾਰ ਕਮਾਈਆ । ਜੈ ਜੈਕਾਰ ਆਦਿ ਨਿਰੰਜਣ, ਨਿਰਗੁਣ ਆਪਣੀ ਕਾਰ ਕਮਾਇੰਦਾ । ਜੈ ਜੈਕਾਰ ਦਰਦ ਦੁੱਖ ਭੈ ਭੰਜਨ, ਸ੍ਰੀ ਭਗਵਾਨ ਵੇਸ ਵਟਾਇੰਦਾ । ਜੈ ਜੈਕਾਰ ਜੁਗਾ ਜੁਗੰਤਰ ਸਾਚੇ ਸੱਜਣ, ਦੋ ਜਹਾਨਾਂ ਵੇਖ ਵਖਾਇੰਦਾ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਵੈਰ ਆਪਣਾ ਭੇਵ ਖੁਲ੍ਹਾਇੰਦਾ । ਜੈ ਜੈਕਾਰ ਸੋ ਪੁਰਖ, ਪੁਰਖ ਪੁਰਖੋਤਮ ਵਡ ਵਡਿਆਈਆ । ਜੈ ਜੈਕਾਰ ਹਰਿ ਪੁਰਖ, ਬੇਪਰਵਾਹ ਸੱਚਾ ਸ਼ਹਿਨਸ਼ਾਹੀਆ । ਜੈ ਜੈਕਾਰ ਏਕੰਕਾਰ ਨਿਰਗੁਣ ਖੇਲ ਇਕ ਆਦਰਸ, ਦਰਸ ਰੂਪ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੈ ਜੈਕਾਰ ਇਕ ਜਣਾਈਆ । ਜੈ ਜੈਕਾਰ ਸ੍ਰੀ ਭਗਵਾਨਾ, ਭਗਵਨ ਆਪਣਾ ਭੇਵ ਖੁਲ੍ਹਾਇੰਦਾ । ਆਦਿ ਪੁਰਖ ਹੋ ਪਰਧਾਨਾ, ਸਚ ਪਰਧਾਨਗੀ ਆਪ ਕਮਾਇੰਦਾ । ਜੋਧਾ ਸੂਰਬੀਰ ਮਰਦ ਮਰਦਾਨਾ, ਸਚ ਮਰਦਾਨਗੀ ਆਪ ਜਣਾਇੰਦਾ । ਸਚਖੰਡ ਨਿਵਾਸੀ ਵਡ ਮਿਹਰਵਾਨਾ, ਮਿਹਰ ਨਜ਼ਰ ਆਪ ਉਠਾਇੰਦਾ । ਤਖ਼ਤ ਨਿਵਾਸੀ ਨੌਜਵਾਨਾ, ਬਲ ਆਪਣਾ ਆਪ ਪਰਗਟਾਇੰਦਾ । ਹੁਕਮੀ ਹੁਕਮ ਧੁਰ ਫ਼ਰਮਾਣਾ, ਸਚ ਸੰਦੇਸਾ ਇਕ ਅਲਾਇੰਦਾ । ਲੇਖਾ ਜਾਣ ਦੋ ਜਹਾਨਾਂ, ਨਿਰਗੁਣ ਸਰਗੁਣ ਕਾਰ ਕਮਾਇੰਦਾ । ਬ੍ਰਹਿਮੰਡ ਖੰਡ ਵੇਖੇ ਮਾਰ ਧਿਆਨਾ, ਪੁਰੀ ਲੋਅ ਫੋਲ ਫੁਲਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਦੇਵੇ ਗਿਆਨਾ, ਸ਼ਬਦ ਅਨਾਦੀ ਨਾਦ ਪੜ੍ਹਾਇੰਦਾ । ਤ੍ਰੈਗੁਣ ਮਾਇਆ ਕਰ ਪਰਵਾਨਾ, ਸਚ ਪਰਵਾਨਗੀ ਆਪ ਜਣਾਇੰਦਾ । ਪੰਜ ਤੱਤ ਖੇਲ ਮਹਾਨਾ, ਖ਼ਾਲਕ ਖ਼ਲਕ ਰੂਪ ਵਟਾਇੰਦਾ । ਮੁਕਾਮੇ ਹੱਕ ਇਕ ਨਿਸ਼ਾਨਾ, ਨੂਰ ਜ਼ਹੂਰ ਆਪ ਦਰਸਾਇੰਦਾ । ਦਰਗਹਿ ਸਾਚੀ ਵਡ ਬਲਵਾਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੈ ਜੈਕਾਰ ਇਕ ਜਣਾਇੰਦਾ । ਜੈ ਜੈਕਾਰ ਆਦਿ ਅੰਤ, ਬੇਅੰਤ ਬੇਪਰਵਾਹ ਆਪ ਜਣਾਈਆ । ਜੈ ਜੈਕਾਰ ਮਹਿਮਾ ਅਗਣਤ, ਲੇਖਾ ਲਿਖਤ ਨਾ ਕੋਇ ਵਖਾਈਆ । ਜੈ ਜੈਕਾਰ ਨਾਰ ਕੰਤ, ਨਿਰਵੈਰ ਢੋਲਾ ਇਕ ਸੁਣਾਈਆ । ਜੈ ਜੈਕਾਰ ਮਣੀਆਂ ਮੰਤ, ਮੰਤਰ ਨਾਮ ਸਚ ਦ੍ਰਿੜਾਈਆ । ਜੈ ਜੈਕਾਰ ਜੀਵ ਜੰਤ, ਜਾਗਰਤ ਜੋਤ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਜੈ ਜੈਕਾਰ ਸਰਬ ਸਵਾਮੀ, ਸਾਹਿਬ ਸੁਲਤਾਨ ਖੇਲ ਕਰਾਇੰਦਾ । ਜੈ ਜੈਕਾਰ ਅੰਤਰਜਾਮੀ, ਨਿਰਗੁਣ ਆਪਣੀ ਕਾਰ ਕਮਾਇੰਦਾ । ਜੈ ਜੈਕਾਰ ਬੋਧ ਅਗਾਧ ਅਗੰਮ ਬਾਣੀ, ਨਿਸ਼ਅੱਖਰ ਵੱਖਰ ਆਪ ਪੜ੍ਹਾਇੰਦਾ । ਜੈ ਜੈਕਾਰ ਸਾਹਿਬ ਸੁਲਤਾਨੀ, ਸਤਿ ਸਰੂਪ ਇਕ ਅਖਵਾਇੰਦਾ । ਜੈ ਜੈਕਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਜੈ ਜੈਕਾਰ ਪਰਵਰਦਿਗਾਰ ਬੇਪਰਵਾਹ ਵੱਡੀ ਵਡਿਆਈਆ । ਜੈ ਜੈਕਾਰ ਸਾਂਝੇ ਯਾਰ, ਲਾਸ਼ਰੀਕ ਇਕ ਸਦ ਸੁਣਾਈਆ । ਜੈ ਜੈਕਾਰ ਮੀਤ ਮੁਰਾਰ, ਮਿੱਤਰ ਪਿਆਰਾ ਦਏ ਵਡਿਆਈਆ । ਜੈ ਜੈਕਾਰ ਰਹੇ ਜੁਗ ਚਾਰ, ਜੁਗ ਚੌਕੜੀ ਰੰਗ ਰੰਗਾਈਆ । ਜੈ ਜੈਕਾਰ ਭਗਤ ਭਗਵਾਨ ਆਧਾਰ, ਨਿਰਗੁਣ ਸਰਗੁਣ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਜੈ ਜੈਕਾਰ ਮੰਗਣ ਵਿਸ਼ਨ ਬ੍ਰਹਮਾ ਸ਼ਿਵ, ਆਦਿ ਜੁਗਾਦਿ ਝੋਲੀ ਡਾਹੀਆ । ਜੈ ਜੈਕਾਰ ਕਰਨ ਗੁਰ ਅਵਤਾਰ ਪੀਰ ਪੈਗੰਬਰ ਲਾ ਲਿਵ, ਨੇਤਰ ਅੱਖ ਨਾ ਕੋਇ ਖੁਲ੍ਹਾਈਆ । ਜੈ ਜੈਕਾਰ ਕਰਨ ਕਰੋੜ ਤੇਤੀਸਾ ਦੇਵੀ ਦੇਵ, ਸੁਰਪਤ ਏਕਾ ਏਕ ਮੰਗ ਮੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਜੈ ਜੈਕਾਰ ਖੇਲ ਅਪਾਰਾ, ਭੇਵ ਕਿਸੇ ਨਾ ਆਇਆ । ਜੈ ਜੈਕਾਰ ਸਚ ਦੁਆਰਾ, ਸਚਖੰਡ ਸਾਚਾ ਇਕ ਸੁਹਾਇਆ । ਜੈ ਜੈਕਾਰ ਥਿਰ ਦਰਬਾਰਾ, ਸ਼ਬਦੀ ਢੋਲਾ ਰਾਗ ਅਲਾਇਆ । ਜੈ ਜੈਕਾਰ ਗੁਰੂ ਅਵਤਾਰਾ, ਗੁਰ ਮੰਤਰ ਨਾਮ ਦ੍ਰਿੜਾਇਆ । ਜੈ ਜੈਕਾਰ ਜਗਤ ਭੰਡਾਰਾ, ਹਰਿ ਭਗਤੀ ਵੇਸ ਵਟਾਇਆ । ਜੈ ਜੈਕਾਰ ਸਰਬ ਸੰਸਾਰਾ, ਆਤਮ

ਪਰਮਾਤਮ ਰਾਹ ਵਖਾਇਆ । ਜੈ ਜੈਕਾਰ ਪੁਰਖ ਨਾਰਾ, ਨਾਰ ਕੰਤ ਵੰਡ ਵੰਡਾਇਆ । ਜੈ ਜੈਕਾਰ ਸਿਰਜਣਹਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇਆ । ਜੈ ਜੈਕਾਰ ਜੁਗ ਚੌਕੜੀ ਚਾਰ, ਕੋਟਨ ਕੋਟ ਕਾਲ ਬਿਤਾਈਆ । ਜੈ ਜੈਕਾਰ ਆਤਮ ਪਰਮਾਤਮ ਧਾਰ, ਧਰਤ ਧਵਲ ਕਰੇ ਸ਼ਨਵਾਈਆ । ਜੈ ਜੈਕਾਰ ਜ਼ਿਮੀਂ ਅਸਮਾਨ, ਦੋ ਜਹਾਨ ਰਹੇ ਜਸ ਗਾਈਆ । ਜੈ ਜੈਕਾਰ ਗਗਨ ਮੰਡਲ ਕਰਨ ਧਿਆਨ, ਬ੍ਰਹਿਮੰਡ ਖੰਡ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੈ ਜੈਕਾਰ ਇਕੋ ਘਰ ਸਮਝਾਈਆ । ਜੈ ਜੈਕਾਰ ਆਦਿ ਗੁਰ, ਹਰਿ ਸਤਿਗੁਰ ਰਾਗ ਸੁਣਾਈਆ । ਜੈ ਜੈਕਾਰ ਬਾਣੀ ਧੁਰ, ਧੁਰ ਦੀ ਧਾਰ ਆਪ ਬੰਧਾਈਆ । ਜੈ ਜੈਕਾਰ ਅਗੰਮੀ ਸੁਰ, ਰਾਗ ਤਾਲ ਨਾ ਕੋਇ ਸੁਣਾਈਆ । ਜੈ ਜੈਕਾਰ ਆਤਮ ਪਰਮਾਤਮ ਜਾਏ ਜੁੜ, ਦੂਜਾ ਨਜ਼ਰ ਕੋਇ ਨਾ ਆਈਆ । ਜੈ ਜੈਕਾਰ ਚੜ੍ਹਾਏ ਸਾਚੇ ਘੁੜ, ਅਸਵ ਇਕੋ ਇਕ ਵਖਾਈਆ । ਜੈ ਜੈਕਾਰ ਸ੍ਰੀ ਭਗਵਾਨ ਜਾਏ ਬੌਹੜ, ਦੂਰ ਨੇੜ ਨਾ ਕੋਇ ਰਖਾਈਆ । ਜੈ ਜੈਕਾਰ ਨਿਰਗੁਣ ਸਰਗੁਣ ਪਏ ਲੋੜ, ਲੋੜੀਂਦਾ ਘਰ ਵੇਖ ਵਖਾਈਆ । ਜੈ ਜੈਕਾਰ ਚੁਕਾਏ ਮੋਰ ਤੋਰ, ਤੋਰ ਮੋਰ ਰਹਿਣ ਨਾ ਪਾਈਆ । ਜੈ ਜੈਕਾਰ ਗੁਰ ਕਾ ਸ਼ਬਦ ਜ਼ੋਰ, ਜ਼ੋਰੂ ਜ਼ਰ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਜੈ ਦਏ ਸਮਝਾਈਆ । ਜੈ ਜੈਕਾਰ ਧੁਰ ਦਾ ਨਾਤਾ, ਪੁਰਖ ਅਕਾਲ ਆਪ ਜਣਾਇੰਦਾ । ਜੈ ਜੈਕਾਰ ਪੁਰਖ ਬਿਧਾਤਾ, ਬਿਧ ਆਪਣੇ ਹੱਥ ਰਖਾਇੰਦਾ । ਜੈ ਜੈਕਾਰ ਸਾਚੀ ਗਾਥਾ, ਲੇਖਾ ਲੇਖ ਨਾ ਕੋਇ ਸਮਝਾਇੰਦਾ । ਜੈ ਜੈਕਾਰ ਅਗੰਮੀ ਰਾਥਾ, ਰਥ ਰਥਵਾਹੀ ਇਕੋ ਇਕ ਅਖਵਾਇੰਦਾ । ਜੈ ਜੈਕਾਰ ਸਗਲਾ ਸਾਥਾ, ਸਾਚਾ ਸੰਗ ਨਿਭਾਇੰਦਾ । ਜੈ ਜੈਕਾਰ ਪੂਰਾ ਕਰੇ ਘਾਟਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਆਪ ਸਮਝਾਇੰਦਾ । ਜੈ ਜੈਕਾਰ ਆਦਿ ਪੁਰਖ ਅਪਰੰਪਰ, ਆਦਿ ਆਦਿ ਉਪਾਈਆ । ਨਿਰਗੁਣ ਨਿਰਗੁਣ ਰਚ ਸਵੰਬਰ, ਸਚਖੰਡ ਸਾਚੇ ਖ਼ੁਸ਼ੀ ਮਨਾਈਆ । ਸਰਬ ਕਲਾਂ ਹੋ ਭਰਤੰਬਰ, ਸਰਬ ਸਵਾਮੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਜੈ ਦਏ ਜਣਾਈਆ । ਜੈ ਬੋਲੇ ਆਪ ਭਗਵਾਨਾ, ਦੂਜਾ ਸੰਗ ਨਾ ਕੋਇ ਰਖਾਇੰਦਾ । ਨਿਰਗੁਣ ਨਿਰਗੁਣ ਪਹਿਰ ਬਾਣਾ, ਬੇਪਰਵਾਹ ਵੇਸ ਵਟਾਇੰਦਾ । ਸਚਖੰਡ ਸਚ ਮਕਾਨਾ, ਮਹੱਲ ਅਟੱਲ ਇਕ ਰੁਸ਼ਨਾਇੰਦਾ । ਜੋਤੀ ਨੂਰ ਨੂਰ ਮਹਾਨਾ, ਦੀਪਕ ਦੀਆ ਨਾ ਕੋਇ ਵਖਾਇੰਦਾ । ਪੁਰਖ ਅਕਾਲ ਸਾਚਾ ਕਾਹਨਾ, ਗੋਪੀ ਰੂਪ ਆਪ ਹੋ ਜਾਇੰਦਾ । ਆਦਿ ਪੁਰਖ ਮਰਦ ਮਰਦਾਨਾ, ਸਾਚਾ ਵੇਸ ਆਪ ਵਖਾਇੰਦਾ । ਸੇਜ ਸੁਹੰਜਣੀ ਸਾਹਿਬ ਸੁਲਤਾਨਾ, ਨਿਰਵੈਰ ਆਸਣ ਲਾਇੰਦਾ । ਸਾਚਾ ਹੁਕਮ ਧੁਰ ਫ਼ਰਮਾਣਾ, ਧੁਰ ਦੀ ਧਾਰ ਆਪ ਬੰਧਾਇੰਦਾ । ਸ਼ਾਹੋ ਭੂਪ ਬਣ ਰਾਜ ਰਾਜਾਨਾ, ਸ਼ਹਿਨਸ਼ਾਹ ਆਪਣੀ ਕਾਰ ਕਮਾਇੰਦਾ । ਸੋ ਪੁਰਖ ਨਿਰੰਜਣ ਖੇਲ ਮਹਾਨਾ, ਮਿਹਰਵਾਨ ਆਪ ਜਣਾਇੰਦਾ । ਹਰਿ ਪੁਰਖ ਨਿਰੰਜਣ ਕਰ ਪਰਵਾਨਾ, ਨਿਉਂ ਸਜਦਾ ਸੀਸ ਝੁਕਾਇੰਦਾ । ਏਕੰਕਾਰ ਕਰੇ ਸਲਾਮਾ, ਅਲੈਕਮ ਆਪਣੇ ਹੱਥ ਵਖਾਇੰਦਾ । ਆਦਿ ਨਿਰੰਜਣ ਹੋ ਪਰਧਾਨਾ, ਸਚ ਪਰਧਾਨਗੀ ਆਪ ਕਮਾਇੰਦਾ । ਅਬਿਨਾਸ਼ੀ ਕਰਤਾ ਵੇਖੇ ਮਾਰ ਧਿਆਨਾ, ਨੇਤਰ ਅੱਖ ਨਾ ਕੋਇ ਜਣਾਇੰਦਾ । ਪਾਰਬ੍ਰਹਮ ਪ੍ਰਭ ਗਾਏ ਗਾਨਾ, ਉਚੀ ਕੂਕ ਕੂਕ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਆਪਣਾ ਨਾਉਂ ਪਰਗਟਾਇੰਦਾ । ਆਦਿ ਪੁਰਖ ਪੁਰਖ ਅਬਿਨਾਸ਼ਾ, ਆਪਣੀ ਕਾਰ ਕਮਾਈਆ । ਸਚਖੰਡ

ਦੁਆਰੇ ਸਚ ਤਮਾਸ਼ਾ, ਸ਼ਾਹ ਪਾਤਸ਼ਾਹ ਆਪ ਪਰਗਟਾਈਆ । ਨਿਰਗੁਣ ਨਿਰਗੁਣ ਪਾਵੇ ਰਾਸਾ, ਗੋਪੀ ਕਾਹਨ ਨਾ ਕੋਇ ਵਖਾਈਆ । ਬੇਪਰਵਾਹ ਆਪਣੀ ਪੂਰੀ ਕਰੇ ਆਸਾ, ਆਸਾ ਆਸਾ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਹਰਿ ਖੇਲ ਅਗੰਮ, ਅਗੰਮੜੀ ਕਾਰ ਕਮਾਇੰਦਾ । ਨਿਰਗੁਣ ਧਾਰ ਆਪੇ ਹਰਿ ਜੰਮ, ਮਾਤ ਪਿਤ ਆਪ ਅਖਵਾਇੰਦਾ । ਸੋ ਸਾਹਿਬ ਸਵਾਮੀ ਕਰੇ ਕੰਮ, ਕਰਤਾ ਆਪਣੀ ਕਾਰ ਕਮਾਇੰਦਾ । ਨਾ ਕੋਈ ਜਨਨੀ ਨਾ ਕੋਈ ਜਨ, ਗੋਦੀ ਗੋਦ ਨਾ ਕੋਇ ਉਠਾਇੰਦਾ । ਨਾ ਕੋਈ ਘੜੇ ਨਾ ਲਏ ਭੰਨ, ਤੱਤਵ ਤਨ ਨਾ ਕੋਇ ਵਡਿਆਇੰਦਾ । ਨਾ ਕੋਈ ਸੂਰਜ ਨਾ ਕੋਈ ਚੰਨ, ਮੰਡਲ ਰੂਪ ਨਾ ਕੋਇ ਵਟਾਇੰਦਾ । ਆਪਣਾ ਬੇੜਾ ਆਪੇ ਬੰਨ੍ਹ, ਆਪਣੇ ਕੰਧ ਉਠਾਇੰਦਾ । ਕਰ ਖੇਲ ਸ੍ਰੀ ਭਗਵਨ, ਸਾਚੀ ਕਾਰ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਦਰ ਇਕ ਸੁਹਾਇੰਦਾ । ਸਾਚਾ ਮੰਦਰ ਸਤਿ ਦੁਆਰਾ, ਸਤਿ ਸਤਿਵਾਦੀ ਆਪ ਸੁਹਾਈਆ । ਸਚਖੰਡ ਨਿਵਾਸੀ ਹੋ ਉਜਿਆਰਾ, ਨਿਰਗੁਣ ਆਪਣੀ ਕਾਰ ਕਮਾਈਆ । ਤਖ਼ਤ ਨਿਵਾਸੀ ਸ਼ਾਹ ਸਿਕਦਾਰਾ, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਈਆ । ਆਪਣਾ ਨਾਉਂ ਬੋਲ ਜੈਕਾਰਾ, ਜੈ ਜੈਕਾਰ ਦਏ ਸਮਝਾਈਆ । ਦੂਜਾ ਨਾ ਕੋਈ ਮੀਤ ਮੁਰਾਰਾ, ਸੱਜਣ ਰੂਪ ਨਾ ਕੋਇ ਵਖਾਈਆ । ਸੋਹੇ ਮੰਦਰ ਇਕ ਮਨਾਰਾ, ਘਰ ਵਸੇ ਬੇਪਰਵਾਹੀਆ । ਤਖ਼ਤ ਨਿਵਾਸੀ ਪੁਰਖ ਅਬਿਨਾਸ਼ੀ ਸ਼ਾਹੋ ਭੂਪ ਬਿਨ ਰੰਗ ਰੂਪ ਖੇਲ ਕਰੇ ਕਰਤਾਰਾ, ਕੁਦਰਤ ਰੰਗ ਨਾ ਕੋਇ ਵਖਾਈਆ । ਕਾਗ਼ਦ ਕਲਮ ਨਾ ਲਿਖਣਹਾਰਾ, ਲੇਖਾ ਜਾਣੇ ਨਾ ਕੋਇ ਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਢੋਲਾ ਇਕੋ ਗਾਈਆ । ਸਾਚਾ ਢੋਲਾ ਗਾ ਜੈਕਾਰ, ਜੈ ਜੈਕਾਰ ਸੁਣਾਇਆ । ਨਾਉਂ ਧਰ ਆਪ ਨਿਰੰਕਾਰ, ਨਿਰਗੁਣ ਆਪਣਾ ਨਾਮ ਵਡਿਆਇਆ । ਤਖ਼ਤ ਨਿਵਾਸੀ ਹੋ ਸਿਕਦਾਰ, ਧੁਰ ਫ਼ਰਮਾਣਾ ਹੁਕਮ ਜਣਾਇਆ । ਦਰ ਦਰਵੇਸ਼ ਬਣ ਭਿਖਾਰ, ਘਰ ਆਪਣੇ ਅਲਖ ਜਗਾਇਆ । ਦੇਵਣਹਾਰ ਸਿਰਜਣਹਾਰ, ਸਾਹਿਬ ਸੁਲਤਾਨ ਆਪ ਅਖਵਾਇਆ । ਕਰੇ ਖੇਲ ਆਪ ਕਰਤਾਰ, ਕਰਨੀ ਆਪਣੇ ਹੱਥ ਰਖਾਇਆ । ਨਾ ਕੋਈ ਦਿਸੇ ਮਦਦਗਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਤਖ਼ਤ ਸਾਹਿਬ ਚੜ੍ਹ, ਨਾਅਰਾ ਇਕੋ ਇਕ ਸੁਣਾਇਆ । ਜਿਸ ਵੇਲੇ ਸਾਚੇ ਤਖ਼ਤ ਚੜ੍ਹਿਆ, ਸਚਖੰਡ ਵੱਜੀ ਵਧਾਈਆ । ਨਿਰਗੁਣ ਆਪਣਾ ਨਾਉਂ ਪੜ੍ਹਿਆ, ਜੈ ਜੈਕਾਰ ਸੁਣਾਈਆ । ਨਾ ਜਨਮੇ ਨਾ ਕਦੇ ਮਰਿਆ, ਜਨਮ ਮਰਨ ਵਿਚ ਨਾ ਆਈਆ । ਨਿਰਭੈ ਹੋ ਕਦੇ ਨਾ ਡਰਿਆ, ਭੌ ਸਿਰ ਨਾ ਕੋਇ ਰਖਾਈਆ । ਆਪਣਾ ਪੱਲੂ ਆਪੇ ਫੜਿਆ, ਨਿਰਗੁਣ ਨਿਰਗੁਣ ਗੰਢ ਪੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਜੈ ਜੈਕਾਰ ਬੋਲ ਜੈਕਾਰਾ, ਨਿਰਗੁਣ ਆਪਣਾ ਆਪ ਸੁਣਾਇੰਦਾ । ਸ਼ਾਹੋ ਭੂਪ ਬਣ ਸਿਕਦਾਰਾ, ਭਿਖਕ ਭਿਖਿਆ ਝੋਲੀ ਪਾਇੰਦਾ । ਦਰ ਦਰਵੇਸ਼ ਬਣ ਭਿਖਾਰਾ, ਆਸਾ ਆਸਾ ਆਪ ਪਰਗਟਾਇੰਦਾ । ਦੇਵਣਹਾਰ ਬਣ ਦਾਤਾਰਾ, ਅਨਮੁਲੜੀ ਦਾਤ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਸਾਚਾ ਖੇਲ ਕਰਾਵਾਂਗਾ । ਸਚਖੰਡ ਦੁਆਰ ਸੁਹਾਵਾਂਗਾ । ਸਚ ਸਿੰਘਾਸਣ ਇਕ ਉਪਜਾਵਾਂਗਾ । ਤਖ਼ਤ ਨਿਵਾਸੀ ਡੇਰਾ ਲਾਵਾਂਗਾ । ਸ਼ਾਹੋ ਸ਼ਾਬਾਸ਼ੀ ਆਪ ਅਖਵਾਵਾਂਗਾ । ਨਿਰਗੁਣ ਜੋਤ ਜੋਤ ਪਰਕਾਸ਼ੀ, ਨੂਰ ਉਪਜਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਾਰ ਕਮਾਵਾਂਗਾ । ਸਾਚੀ


੪੪੫ ੧੪

ਕਾਰ ਕਮਾਵਾਂਗਾ । ਜੋਤੀ ਨਾਰੀ ਆਪ ਪਰਨਾਵਾਂਗਾ । ਕੰਤ ਕੰਤੂਹਲ ਸੇਜ ਹੰਢਾਵਾਂਗਾ । ਨਿਰਗੁਣ ਨਿਰਗੁਣ ਮੇਲ ਮਿਲਾਵਾਂਗਾ । ਦੀਪਕ ਦੀਆ ਇਕ ਜਗਾਵਾਂਗਾ । ਤੇਲ ਬਾਤੀ ਨਾ ਕੋਈ ਪਾਵਾਂਗਾ । ਪੁਰਖ ਅਬਿਨਾਸ਼ੀ ਨਾਮ ਰਖਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਰਚਨਾ ਇਕ ਰਚਾਵਾਂਗਾ । ਸਾਚੀ ਰਚਨਾ ਇਕ ਰਚਾਵਾਂਗਾ । ਸੇਜ ਸੁਹੰਜਣੀ ਇਕ ਹੰਢਾਵਾਂਗਾ । ਆਪਣੀ ਕੁੱਖ ਆਪ ਸੁਹਾਵਾਂਗਾ । ਸੁਤ ਦੁਲਾਰਾ ਇਕ ਉਪਜਾਵਾਂਗਾ । ਸ਼ਬਦੀ ਨਾਮ ਧਰਾਵਾਂਗਾ । ਰੂਪ ਰੇਖ ਨਾ ਕੋਇ ਵਖਾਵਾਂਗਾ । ਵਾਰ ਥਿਤ ਨਾ ਕੋਇ ਸਮਝਾਵਾਂਗਾ । ਕਰ ਹਿੱਤ ਮੇਲ ਮਿਲਾਵਾਂਗਾ । ਮਾਤ ਪਿਤ ਆਪ ਬਣ ਜਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਦਿ ਆਪਣੀ ਕਲ ਰਖਾਵਾਂਗਾ । ਆਦਿ ਆਪਣੀ ਕਲ ਰਖਾਊਂਗਾ । ਨਿਰਗੁਣ ਹੋ ਕੇ ਵੇਸ ਵਟਾਊਂਗਾ । ਨਾਰ ਕੰਤ ਇਕ ਹੰਢਾਊਂਗਾ । ਰੰਗ ਬਸੰਤ ਅੰਤ ਚੜ੍ਹਾਊਂਗਾ । ਬੇਅੰਤ ਧਾਰ ਚਲਾਊਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਆਪਣੀ ਕਾਰ ਕਮਾਊਂਗਾ । ਸਚਖੰਡ ਕਾਰ ਕਮਾਵਾਂਗਾ । ਸੁਤ ਦੁਲਾਰਾ ਗੋਦ ਉਠਾਵਾਂਗਾ । ਸ਼ਬਦੀ ਨਾਮ ਉਪਜਾਵਾਂਗਾ । ਸਿਰ ਆਪਣਾ ਹੱਥ ਟਿਕਾਵਾਂਗਾ । ਸਮਰਥ ਪੁਰਖ ਅਖਵਾਵਾਂਗਾ । ਮਿਹਰ ਨਜ਼ਰ ਰਖਾਵਾਂਗਾ । ਦੇਰ ਕੋਈ ਨਾ ਲਾਵਾਂਗਾ । ਹੋ ਦਲੇਰ ਹੁਕਮ ਸੁਣਾਵਾਂਗਾ । ਸ਼ਹਿਨਸ਼ਾਹ ਇਕ ਹੋ ਜਾਵਾਂਗਾ । ਸੀਸ ਆਪਣੇ ਤਾਜ ਟਿਕਾਵਾਂਗਾ । ਪੰਚਮ ਰੂਪ ਵਟਾਵਾਂਗਾ । ਸਾਚਾ ਸੁਖ ਇਕ ਉਪਜਾਵਾਂਗਾ । ਨਾ ਮਾਣਸ ਨਾ ਮਾਨੁਖ, ਧਾਰ ਧਾਰ ਵਿਚੋਂ ਦ੍ਰਿੜਾਵਾਂਗਾ । ਰੱਖ ਆਪਣੀ ਕੁੱਖ, ਗੋਦ ਇਕ ਵਡਿਆਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚਖੰਡ ਸਾਚਾ ਇਕ ਵਸਾਵਾਂਗਾ । ਸਚਖੰਡ ਸਾਚਾ ਮੇਰਾ ਵਸੇਗਾ । ਪੁੱਤ ਮੇਰਾ ਇਕੋ ਹੱਸੇਗਾ । ਦੋਏ ਜੋੜ ਚਰਨੀ ਢੱਠੇਗਾ । ਸਾਹਿਬ ਦਿਆਲ ਪਤ ਰੱਖੇਗਾ । ਮਾਰਗ ਇਕੋ ਆਪਣਾ ਦੱਸੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਦੁਆਰੇ ਸਾਚੇ ਤਖ਼ਤ ਬਹਿ ਕੇ ਹੱਸੇਗਾ । ਸੁਤ ਦੁਲਾਰਾ ਇਕ ਉਪਜਾਵਾਂਗਾ । ਇਕੋ ਆਪਣਾ ਨਾਮ ਸਮਝਾਵਾਂਗਾ । ਮਿਹਰ ਨਜ਼ਰ ਇਕ ਉਠਾਵਾਂਗਾ । ਸਚਖੰਡ ਵੰਡ ਵੰਡਾਵਾਂਗਾ । ਅੰਦਰ ਮੰਦਰ ਇਕ ਸੁਹਾਵਾਂਗਾ । ਥਿਰ ਦਰਬਾਰਾ ਨਾਉਂ ਧਰਾਵਾਂਗਾ । ਬਾਲੇ ਨਿੱਕੇ ਵਿਚ ਬਹਾਵਾਂਗਾ । ਪਿੱਛੇ ਆਪਣਾ ਹੱਥ ਰਖਾਵਾਂਗਾ । ਸਾਚੇ ਹਿੱਸੇ ਆਪ ਵੰਡਾਵਾਂਗਾ । ਬਿਨ ਲਿਖੇ ਲੇਖ ਸਮਝਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੁਨੇਹੁੜਾ ਇਕ ਦ੍ਰਿੜਾਵਾਂਗਾ । ਸਚ ਸੁਨੇਹੁੜਾ ਇਕ ਦਰਸਾਊਂਗਾ । ਸੁਤ ਦੁਲਾਰੇ ਆਪ ਉਠਾਊਂਗਾ । ਹੱਟ ਵਣਜਾਰੇ ਇਕ ਵਖਾਊਂਗਾ । ਵੱਡ ਭੰਡਾਰੇ ਨਜ਼ਰ ਮਿਲਾਊਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਘਰ ਸਾਚਾ ਇਕ ਦਰਸਾਊਂਗਾ । ਸੁਤ ਦੁਲਾਰਾ ਉਠੇਗਾ । ਪ੍ਰਭ ਸਾਹਿਬ ਸੱਚਾ ਤੁਠੇਗਾ । ਚਰਨੀ ਢਹਿ ਕੇ ਮੰਗ ਇਕੋ ਪੁੱਛੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਗੁਰ ਸਾਹਿਬ ਇਕੋ ਬੁਕੇਗਾ । ਸਾਹਿਬ ਸਤਿਗੁਰ ਇਕੋ ਬੋਲੇਗਾ । ਨਿਰਵੈਰ ਤੋਲ ਤੋਲੇਗਾ । ਥਿਰ ਘਰ ਦਾ ਕੁੰਡਾ ਖੋਲ੍ਹੇਗਾ । ਆਦਿ ਜੁਗਾਦਿ ਕਦੇ ਨਾ ਡੋਲੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਨਿਰਗੁਣ ਅੰਦਰ ਮੌਲੇਗਾ । ਨਿਰਗੁਣ ਅੰਦਰ, ਨਿਰਗੁਣ ਧਾਰ ਚਲਾਵਾਂਗਾ । ਸਚਖੰਡ ਅੰਦਰ, ਥਿਰ ਘਰ ਇਕ ਵਸਾਵਾਂਗਾਂ ।



੪੪੬
੧੪

ਸੁਤ ਦੁਲਾਰਾ ਸ਼ਬਦ ਬਹਾਵਾਂਗਾ । ਨਾਮ ਜੈਕਾਰਾ ਇਕ ਸੁਣਾਵਾਂਗਾ । ਜੈ ਜੈਕਾਰ ਵਸਤ ਅਮੋਲਕ ਝੋਲੀ ਪਾਵਾਂਗਾ । ਕਰ ਪਿਆਰ ਸੇਵ ਲਗਾਵਾਂਗਾ । ਸਾਚੀ ਧਾਰ ਦਰਸਾਵਾਂਗਾ । ਨਿਰਾਕਾਰ ਨਿਰੰਕਾਰ ਨਿਰਵੈਰ ਰੰਗ ਰੰਗਾਵਾਂਗਾ । ਅਜੂਨੀ ਰਹਿਤ ਬੇਪਰਵਾਹ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵਾ ਇਕ ਲਗਾਵਾਂਗਾ । ਸਾਚੀ ਸੇਵ ਇਕ ਲਗਾਏਗਾ । ਪ੍ਰਭ ਆਪਣੀ ਦਇਆ ਕਮਾਏਗਾ । ਸ਼ਬਦੀ ਸੁਤ ਰਾਹ ਵਖਾਏਗਾ । ਅਬਿਨਾਸ਼ੀ ਅਚੁਤ ਵੇਖ ਵਖਾਏਗਾ । ਥਿਰ ਘਰ ਰੁੱਤ ਸੁਹਾਏਗਾ । ਪਿਤਾ ਪੁੱਤ ਵੇਸ ਵਟਾਏਗਾ । ਸਚ ਆਦੇਸ ਇਕ ਸੁਣਾਏਗਾ । ਨਰ ਨਰੇਸ਼ ਹੁਕਮ ਮਨਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਖੁਲ੍ਹਾਏਗਾ । ਭੇਵ ਅਭੇਦਾ ਆਪ ਖੁਲ੍ਹਾਵੇਗਾ । ਸੁਤ ਦੁਲਾਰੇ ਹੁਕਮ ਜਣਾਵੇਗਾ । ਨਿਰਗੁਣ ਆਪਣੀ ਕਾਰ ਕਮਾਵੇਗਾ । ਵੇਸ ਅਨੇਕਾ ਰੂਪ ਧਰਾਵੇਗਾ । ਵਿਸ਼ਨੂੰ ਆਪਣਾ ਅੰਗ ਬਣਾਵੇਗਾ । ਨਾਮ ਮਰਦੰਗ ਵਜਾਵੇਗਾ । ਜੈ ਜੈਕਾਰ ਅਲਾਵੇਗਾ । ਸੇਵਾਦਾਰ ਸਮਝਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚਾ ਇਕ ਸੁਹਾਵੇਗਾ । ਵਿਸ਼ਨੂੰ ਵਿਸ਼ਵ ਉਠੇਗਾ । ਨਿਰਵੈਰ ਕਦੇ ਨਾ ਲੁਕੇਗਾ । ਜੈ ਜੈਕਾਰ ਢੋਲਾ ਇਕੋ ਬੁਕੇਗਾ । ਸ਼ਬਦ ਸੁਤ ਦੁਲਾਰਾ ਪੁੱਛੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਹਿਬ ਸੁਲਤਾਨ ਦੀਨ ਦਿਆਲ ਇਕ ਇਕੱਲਾ ਆਪੇ ਲੁੱਟੇਗਾ । ਇਕ ਇਕੱਲਾ ਲੁੱਟ ਮਚਾਏਗਾ । ਲੁੱਟਣਹਾਰਾ ਨਜ਼ਰ ਨਾ ਆਏਗਾ । ਸਭ ਕੁਛ ਆਪਣੇ ਹੱਥ ਵਖਾਏਗਾ । ਵਿਸ਼ਨੂੰ ਨੇਤਰ ਨੈਣ ਉਠਾਏਗਾ । ਨੈਣਾਂ ਨੀਰ ਵਹਾਏਗਾ । ਦੋਏ ਜੋੜ ਵਾਸਤਾ ਪਾਏਗਾ । ਤੇਰੀ ਲੋੜ ਤੁਧ ਬਿਨ ਨਜ਼ਰ ਕੋਇ ਨਾ ਆਏਗਾ । ਨਿਰਗੁਣ ਨਿਰਗੁਣ ਨਾਲ ਜੋੜ, ਸਰਗੁਣ ਸਰਗੁਣ ਵੰਡ ਵੰਡਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਵਿਚੋਲਾ ਇਕ ਬਣਾਏਗਾ । ਸਚ ਵਿਚੋਲਾ ਆਪ ਬਣਾਵੇਗਾ । ਸ਼ਬਦ ਸੁਤ ਇਕ ਉਠਾਵੇਗਾ । ਉਜਲ ਮੁਖ ਆਪ ਕਰਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਾਰ ਆਪ ਦ੍ਰਿੜਾਵੇਗਾ । ਸਾਚੀ ਕਾਰ ਵਿਸ਼ਵ ਧਾਰ, ਵਿਸ਼ਨ ਕਰੇ ਜਣਾਈਆ । ਚਰਨ ਕਵਲ ਕਵਲ ਪਿਆਰ, ਕਵਲ ਨੈਣ ਨੈਣ ਦਰਸਾਈਆ । ਪਰਮ ਪੁਰਖ ਬੇਪਰਵਾਹ ਪਾਰਬ੍ਰਹਮ ਬੇਅੰਤ ਖੇਲ ਕਰੇ ਅਗੰਮ ਅਪਾਰ, ਅਥਾਹ ਬਖ਼ਸ਼ੇ ਇਕ ਸ਼ਰਨਾਈਆ । ਦੇਵਣਹਾਰ ਵਸਤ ਅਪਾਰ, ਖੋਲ੍ਹਣਹਾਰ ਹੱਟ ਬਾਜ਼ਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਿਸ਼ਨੂੰ ਇਕੋ ਇਕ ਜਣਾਈਆ । ਵਿਸ਼ਨੂੰ ਖੋਲ੍ਹ ਅੱਖ, ਸ੍ਰੀ ਭਗਵਾਨ ਆਪ ਜਣਾਇੰਦਾ । ਨਿਰਗੁਣ ਧਾਰ ਵੇਖ ਪਰਤੱਖ, ਪਾਰਖੂ ਆਪਣੀ ਪਰਖ ਕਰਾਇੰਦਾ । ਆਦਿ ਜੁਗਾਦੀ ਸਦਾ ਵੱਖ, ਵੱਖਰੀ ਕਾਰ ਕਮਾਇੰਦਾ । ਜਿਸ ਭਾਵੇ ਤਿਸ ਲਏ ਰੱਖ, ਦੂਜਾ ਕੋਇ ਰਹਿਣ ਨਾ ਪਾਇੰਦਾ । ਤੇਰਾ ਖੋਲ੍ਹੇ ਤ੍ਰੈਭਵਨ ਧਨੀ ਹੱਟ, ਵਣਜ ਵਣਜਾਰਾ ਇਕ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਦ੍ਰਿੜਾਇੰਦਾ । ਸੁਣ ਸੰਦੇਸਾ ਸ੍ਰੀ ਭਗਵਾਨ, ਵਿਸ਼ਨੂੰ ਸੀਸ ਝੁਕਾਈਆ । ਬਣ ਯਾਚਕ ਮੰਗੇ ਦਾਨ, ਦੋਏ ਜੋੜ ਪਿਆ ਸਰਨਾਈਆ । ਕਿਰਪਾ ਕਰ ਹਰਿ ਮਿਹਰਵਾਨ, ਮਿਹਰ ਨਜ਼ਰ ਉਠਾਈਆ । ਹਉਂ ਬਾਲਕ ਬਾਲ ਅਵਾਣ, ਤੇਰੀ ਸਾਰ ਕੋਇ ਨਾ ਆਈਆ । ਤੂੰ ਸਾਹਿਬ ਸੱਚਾ ਸੁਲਤਾਨ, ਬੇਅੰਤ ਤੇਰੀ ਸ਼ਹਿਨਸ਼ਾਹੀਆ । ਤੇਰਾ ਹੁਕਮ ਵਡ ਬਲਵਾਨ, ਨਾ ਕੋਈ ਮੇਟੇ ਮੇਟ ਮਿਟਾਈਆ । ਹਉਂ ਬਰਦਾ ਤੇਰਾ ਗ਼ੁਲਾਮ, ਚਰਨ ਧੂੜੀ ਮੰਗ ਮੰਗਾਈਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਵਿਸ਼ਨੂੰ ਇਕੋ ਗੁਣ ਸਮਝਾਈਆ । ਵਿਸ਼ਨੂੰ ਸੁਣ ਕਰ ਧਿਆਨ, ਸਾਹਿਬ ਦਿਆਲ ਆਪ ਸਮਝਾਇੰਦਾ । ਤੇਰਾ ਤੇਰਾ ਇਕ ਗਿਆਨ, ਮੰਤਰ ਮੰਤਰ ਆਪ ਦ੍ਰਿੜਾਇੰਦਾ । ਤੇਰਾ ਤੇਰਾ ਇਕ ਧਿਆਨ, ਧਿਆਨ ਧਿਆਨ ਵਿਚ ਰਖਾਇੰਦਾ । ਤੇਰਾ ਤੇਰਾ ਇਕ ਮਕਾਨ, ਚਰਨ ਕਵਲ ਕਵਲ ਜਣਾਇੰਦਾ । ਤੇਰਾ ਤੇਰਾ ਇਕ ਨਿਸ਼ਾਨ, ਚਰਨ ਧੂੜੀ ਸਚ ਨਿਸ਼ਾਨਾ ਇਕ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਬੇਪਰਵਾਹ ਦਇਆ ਕਮਾਇੰਦਾ । ਬੇਪਰਵਾਹ ਦੇਵਣਹਾਰਾ, ਆਪਣੀ ਦਇਆ ਕਮਾਈਆ । ਵਿਸ਼ਨੂੰ ਉਠ ਵੇਖ ਭੰਡਾਰਾ, ਬੇਪਰਵਾਹ ਰਿਹਾ ਸਮਝਾਈਆ । ਚਰਨਾਂ ਨਾਲ ਚਰਨ ਰਗੜ ਕੀਤਾ ਖੇਲ ਅਪਾਰਾ, ਧੂੜੀ ਧੂੜ ਨਜ਼ਰ ਕਿਸੇ ਨਾ ਆਈਆ । ਅੰਮ੍ਰਿਤ ਵਹੇ ਠੰਡੀ ਧਾਰਾ, ਵਿਸ਼ਨੂੰ ਬੂੰਦ ਬੂੰਦ ਟਪਕਾਈਆ । ਰਸ ਪਿਆ ਅਗੰਮ ਅਪਾਰਾ, ਮਿਠਤ ਰੂਪ ਨਾ ਕੋਇ ਵਖਾਈਆ । ਨਿਰਗੁਣ ਨਿਰਗੁਣ ਕਰ ਉਜਿਆਰਾ, ਨਿਰਾਕਾਰ ਕਰੇ ਰੁਸ਼ਨਾਈਆ । ਸਰ ਸਰੋਵਰ ਠੰਡਾ ਠਾਰਾ, ਕਵਲ ਕਵਲ ਦਏ ਵਡਿਆਈਆ । ਸਰ ਸਰ ਕਰ ਪਿਆਰਾ, ਸਾਰ ਹਰਿ ਜੂ ਰਿਹਾ ਪਾਈਆ । ਨਰ ਨਰ ਖੇਲ ਕਰਤਾਰਾ, ਨਰ ਨਰਾਇਣ ਰਿਹਾ ਜਣਾਈਆ । ਵਣਜ ਵਣਜ ਵਪਾਰਾ, ਘਰ ਹਟ ਹਟ ਖੁਲ੍ਹਾਈਆ । ਬ੍ਰਹਮ ਬ੍ਰਹਮ ਕਰ ਪਸਾਰਾ, ਬ੍ਰਹਮੇ ਦੇਵਣਹਾਰ ਵਡਿਆਈਆ । ਧੂਆਂਧਾਰ ਹੋ ਉਜਿਆਰਾ, ਨੂਰ ਜ਼ਹੂਰ ਕਰੇ ਰੁਸ਼ਨਾਈਆ । ਲੇਖਾ ਜਾਣ ਧੁਰ ਦਰਬਾਰਾ, ਧੁਰ ਦੀ ਕਾਰ ਕਮਾਈਆ । ਸ਼ੰਕਰ ਦੇ ਇਕ ਸਹਾਰਾ, ਸ਼ੰਕਾ ਸਰਬ ਰਿਹਾ ਗਵਾਈਆ । ਤਿੰਨਾਂ ਵਿਚੋਲਾ ਏਕੰਕਾਰਾ, ਸ਼ਬਦੀ ਧਾਰ ਕਰੇ ਕੁੜਮਾਈਆ । ਸਾਚਾ ਸੋਹਲਾ ਸੁਣਾਏ ਸੁਣਾਵਣਹਾਰਾ, ਗੀਤ ਇਕੋ ਇਕ ਗਾਈਆ । ਜੈ ਜੈ ਜੈ ਕਰੋ ਇਕੋ ਵਾਰਾ, ਤਿੰਨਾਂ ਕਰੇ ਆਪ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਬ੍ਰਹਮਾ ਸ਼ਿਵ ਦੇਵੇ ਸਮਝਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰੋ ਜੈ, ਸਚਖੰਡ ਨਿਵਾਸੀ ਆਪ ਅਖਵਾਇੰਦਾ । ਆਦਿ ਜੁਗਾਦਿ ਪੁਰਖ ਅਬਿਨਾਸ਼ੀ ਇਕੋ ਰਹੇ, ਦੂਜਾ ਰਹਿਣ ਕੋਇ ਨਾ ਪਾਇੰਦਾ । ਜੋ ਉਪਜੇ ਸੋ ਹੋਵੇ ਖੈ, ਖਹਿੜਾ ਅੰਤ ਆਪ ਛੁਡਾਇੰਦਾ । ਪੁਰਖ ਅਕਾਲ ਜੋ ਚਰਨੀ ਢਹੇ, ਤਿਸ ਆਪਣਾ ਮੇਲ ਮਿਲਾਇੰਦਾ । ਸੋ ਕਹਿਣਾ ਜੋ ਪ੍ਰਭ ਰਿਹਾ ਕਹਿ, ਦੂਜਾ ਅੱਖਰ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੈ ਜੈਕਾਰ ਆਪ ਜਣਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਜੈ ਜੈਕਾਰ ਗੌਂਦੇ, ਗਾ ਗਾ ਸ਼ੁਕਰ ਮਨਾਈਆ । ਨਿਰਗੁਣ ਨਿਰਵੈਰ ਨਿਰਾਕਾਰ ਧਿਆਨ ਲਗੌਂਦੇ, ਇਸ਼ਟ ਦੇਵ ਇਕ ਮਨਾਈਆ । ਪਰਮ ਪੁਰਖ ਇਕ ਮਨੌਂਦੇ, ਦੂਜੀ ਓਟ ਨਾ ਕੋਇ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਚ ਰਿਹਾ ਦ੍ਰਿੜਾਈਆ । ਵਿਸ਼ਨ ਬ੍ਰਹਮਾ ਸ਼ਿਵ ਜੈ ਜੈਕਾਰ ਗਾ, ਪ੍ਰਭ ਅੱਗੇ ਕਰੀ ਅਰਜ਼ੋਈਆ । ਸੋ ਪੁਰਖ ਨਿਰੰਜਣ ਦੇ ਸਮਝਾ, ਕੀ ਤੇਰੀ ਵਡ ਵਡਿਆਈਆ । ਹਰਿ ਪੁਰਖ ਨਿਰੰਜਣ ਆਪਣਾ ਪਰਦਾ ਦੇ ਉਠਾ, ਮੁਖ ਨਕ਼ਾਬ ਨਾ ਕੋਇ ਰਖਾਈਆ । ਏਕੰਕਾਰ ਆਪਣਾ ਮੰਦਰ ਦੇ ਵਖਾ, ਜਿਸ ਘਰ ਵਸੇਂ ਆਸਣ ਲਾਈਆ । ਆਦਿ ਨਿਰੰਜਣ ਆਪਣਾ ਦੀਪ ਕਰ ਰੁਸ਼ਨਾ, ਜੋਤੀ ਜੋਤ ਡਗਮਗਾਈਆ । ਸ੍ਰੀ ਭਗਵਾਨ ਆਪਣਾ ਤਖ਼ਤ ਦੇ ਜਣਾ, ਜਿਸ ਉਪਰ ਹੁਕਮ ਸੁਣਾਈਆ । ਅਬਿਨਾਸ਼ੀ ਕਰਤੇ ਆਪਣਾ ਲੇਖਾ ਦੇ ਪੜ੍ਹਾ, ਜੋ ਬਿਨ ਅੱਖਰਾਂ ਰਿਹਾ ਬਣਾਈਆ । ਪਾਰਬ੍ਰਹਮ ਪ੍ਰਭ ਆਪਣੀ ਵੰਡ ਦੇ ਜਣਾ, ਜੋ ਹਿੱਸੇ ਰਿਹਾ ਪਾਈਆ । ਵਿਸ਼ਨੂੰ ਤੇਰੇ ਉਤੋਂ ਫ਼ਿਦਾ, ਆਪਣਾ ਆਪ ਨਾ ਕੁਛ ਰਖਾਈਆ । ਬ੍ਰਹਮਾ ਰੋਵੇ ਮਾਰੇ


੪੪੮ ੧੪

ਧਾਹ, ਨੇਤਰ ਨੈਣਾਂ ਨੀਰ ਵਹਾਈਆ । ਸ਼ੰਕਰ ਮੂੰਹ ਦੇ ਭਾਰ ਡਿਗਾ ਆ, ਖੁਲ੍ਹੜੇ ਕੇਸ ਰਿਹਾ ਵਖਾਈਆ । ਤੇਰਾ ਨਾਉਂ ਤੇਰੀ ਜੈ ਜੈਕਾਰ ਤੁਧ ਬਿਨ ਕੋਈ ਨਾ ਸਕੇ ਗਾ, ਸਿਫ਼ਤੀ ਸਿਫ਼ਤ ਨਾ ਕੋਇ ਸਾਲਾਹੀਆ । ਮਿਹਰਵਾਨ ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਇਕ ਟਿਕਾ, ਟਿੱਕਾ ਮਸਤਕ ਚਰਨ ਧੂੜੀ ਲਾਈਆ । ਸਾਚਾ ਮਾਰਗ ਦੇ ਸਮਝਾ, ਧੰਦਾ ਇਕੋ ਇਕ ਵਖਾਈਆ । ਤੂੰ ਬਖ਼ਸ਼ੰਦਾ ਬੇਪਰਵਾਹ, ਬਖ਼ਸ਼ਿਸ਼ ਤੇਰੇ ਹੱਥ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰਾ ਢੋਲਾ ਸੱਚਾ ਗਾਈਆ । ਤੇਰਾ ਢੋਲਾ ਸੱਚਾ ਗਾਵਾਂਗੇ । ਪ੍ਰਭ ਲੱਖ ਲੱਖ ਸ਼ੁਕਰ ਮਨਾਵਾਂਗੇ । ਦਰ ਤੇਰੇ ਅਲਖ ਜਗਾਵਾਂਗੇ । ਹੋ ਵੱਖ ਨਾ ਰਾਹ ਵਖਾਵਾਂਗੇ । ਜਿਸ ਵੇਲੇ ਭਾਂਡੇ ਹੋਵਣ ਸਖ, ਤੇਰੇ ਦਰ ਤੋਂ ਮੰਗਣ ਆਵਾਂਗੇ । ਤੂੰ ਲਜ ਪਤ ਲਈਂ ਰੱਖ, ਦਰ ਤੇਰੇ ਵਾਸਤਾ ਪਾਵਾਂਗੇ । ਸਾਡੇ ਪਰਦੇ ਲਈਂ ਢਕ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਸਾਚੀ ਕਾਰ ਇਕ ਕਮਾਵਾਂਗੇ । ਵਿਸ਼ਨ ਬ੍ਰਹਮਾ ਸ਼ਿਵ ਸਾਚੀ ਸੇਵ ਕਮਾਓਗੇ । ਤ੍ਰੈਗੁਣ ਮਾਇਆ ਨਾਲ ਰਲਾਓਗੇ । ਪੰਜ ਤੱਤ ਆਪਣੀ ਗੰਢ ਪੁਆਓਗੇ । ਲੱਖ ਚੁਰਾਸੀ ਘਾੜਤ ਘੜ ਵਖਾਓਗੇ । ਅੰਡਜ ਜੇਰਜ ਉਤਭੁਜ ਸੇਤਜ ਵੰਡ ਵੰਡਾਓਗੇ । ਚਾਰੇ ਖਾਣੀ ਰੰਗ ਰੰਗਾਓਗੇ । ਤਨ ਕਾਇਆ ਮਾਟੀ ਹੱਟ ਚਲਾਓਗੇ । ਦੋਏ ਜੋੜ ਸੀਸ ਝੁਕਾਓਗੇ । ਮੰਗ ਇਕੋ ਫੇਰ ਮੰਗਾਓਗੇ । ਨਿਰਗੁਣ ਸਰਗੁਣ ਨਾਤਾ ਜੋੜ ਜੁੜਾਓਗੇ । ਮਨ ਮਤ ਬੁਧ ਦਾਤਾ ਝੋਲੀ ਪਾਓਗੇ । ਕਾਮ ਕਰੋਧ ਲੋਭ ਮੋਹ ਹੰਕਾਰ ਆਸਾ ਤ੍ਰਿਸ਼ਨਾ ਰੰਗ ਰੰਗਾਓਗੇ । ਘਰ ਘਰ ਵਿਚ ਵੰਡ ਵੰਡਾਓਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਲੱਖ ਚੁਰਾਸੀ ਖੇਲ ਖਲਾਓਗੇ । ਲੱਖ ਚੁਰਾਸੀ ਖੇਲ ਖੇਲੇਗਾ । ਨਿਰਗੁਣ ਸਰਗੁਣ ਮੇਲ ਮੇਲੇਗਾ । ਲੇਖਾ ਜਾਣ ਸੱਜਣ ਸੁਹੇਲੇ ਦਾ, ਭੇਵ ਚੁੱਕੇ ਗੁਰੂ ਚੇਲੇ ਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਰੰਗ ਵੇਖੇ ਇਕ ਨਵੇਲੇ ਦਾ । ਰੰਗ ਨਵੇਲਾ ਇਕ ਵਖਾਏਗਾ । ਲੱਖ ਚੁਰਾਸੀ ਰਾਹ ਚਲਾਏਗਾ । ਵਿਸ਼ਨ ਬ੍ਰਹਮਾ ਸ਼ਿਵ ਸੇਵ ਕਮਾਏਗਾ । ਧੁਰ ਫ਼ਰਮਾਣਾ ਹੁਕਮ ਮਨਾਏਗਾ । ਸਾਚਾ ਰਾਣਾ ਇਕ ਹੋ ਜਾਏਗਾ । ਜੁਗ ਚੌਕੜੀ ਵੰਡ ਵੰਡਾਏਗਾ । ਸ਼ਾਸਤਰ ਸਿਮਰਤ ਵੇਦ ਪੁਰਾਨ ਪੜ੍ਹਾਏਗਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਗੰਢ ਪੁਆਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਏਗਾ । ਪ੍ਰਭ ਸਾਚਾ ਖੇਲ ਕਰਾਵੇਗਾ । ਤ੍ਰੈਗੁਣ ਸੇਵਾ ਇਕ ਲਗਾਵੇਗਾ । ਸ਼ਬਦ ਵਿਚੋਲਾ ਵਿਚ ਰਖਾਵੇਗਾ । ਜੁਗ ਜੁਗ ਢੋਲਾ ਰਾਗ ਅਲਾਵੇਗਾ । ਸਾਚਾ ਸੋਹਲਾ ਇਕ ਉਪਜਾਵੇਗਾ । ਬਣ ਤੋਲਾ ਫੇਰਾ ਪਾਵੇਗਾ । ਅਨਮੋਲਾ ਹੱਟ ਵਖਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਇਕ ਦਰਸਾਵੇਗਾ । ਸਾਚਾ ਖੇਲ ਇਕ ਦੱਸੇਗਾ । ਲੱਖ ਚੁਰਾਸੀ ਅੰਦਰ ਵਸੇਗਾ । ਆਤਮ ਪਰਮਾਤਮ ਪ੍ਰੀਤੀ ਫਸੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪਣੇ ਹੱਥ ਰੱਖੇਗਾ । ਭੇਵ ਆਪਣੇ ਹੱਥ ਰਖਾਵਾਂਗਾ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਬ੍ਰਹਿਮੰਡ ਖੰਡ ਪੁਰੀ ਲੋਅ ਸੂਰਜ ਚੰਨ ਚਮਕਾਵਾਂਗਾ । ਗਗਨ ਮੰਡਲ ਵੇਖ ਵਖਾਵਾਂਗਾ । ਧਰਤ ਧਵਲ ਉਪਜਾਵਾਂਗਾ । ਪਵਣ ਪਾਣੀ ਸਮਾਵਾਂਗਾ । ਅਗਨੀ ਹਵਨ ਕਰਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਇਕ ਦਰਸਾਵਾਂਗਾ । ਸਾਚਾ ਲੇਖਾ ਇਕ ਦਰਸਾਊਂਗਾ । ਵਿਸ਼ਨ ਬ੍ਰਹਮੇ ਆਪ ਸਮਝਾਊਂਗਾ । ਜੁਗ ਚੌਕੜੀ ਵੇਸ

੪੪੯
੧੪

ਵਟਾਊਂਗਾ । ਗੁਰ ਅਵਤਾਰ ਨਾਮ ਧਰਾਊਂਗਾ । ਧੁਰ ਸੰਦੇਸਾ ਆਪ ਸੁਣਾਊਂਗਾ । ਜਗਤ ਵਿਦਿਆ ਵੰਡ ਵੰਡਾਊਂਗਾ । ਅੱਖਰ ਵੱਖਰ ਕਰ ਵਖਾਊਂਗਾ । ਗੁਰ ਗੁਰ ਆਪਣੀ ਗੰਢ ਪੁਆਊਂਗਾ । ਬੋਧ ਅਗਾਧ ਭੇਵ ਜਣਾਊਂਗਾ । ਨਾਮ ਨਾਦ ਇਕ ਸੁਣਾਊਂਗਾ ਬ੍ਰਹਮ ਬ੍ਰਹਿਮਾਦ ਵੇਖ ਵਖਾਊਂਗਾ । ਬਣ ਸਵਾਂਗੀ ਸਵਾਂਗ ਰਚਾਊਂਗਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਹੰਡਾਊਂਗਾ । ਚਾਰੇ ਵੇਦਾਂ ਗੰਢ ਪੁਆਊਂਗਾ । ਪੁਰਾਨ ਅਠਾਰਾਂ ਰੰਗ ਰੰਗਾਊਂਗਾ । ਛੇ ਸ਼ਾਸਤਰ ਚੰਦ ਚਮਕਾਊਂਗਾ । ਸਿਮਰਤ ਆਪਣਾ ਸਮੀਮ ਦਰਸਾਊਂਗਾ । ਗੀਤਾ ਗਿਆਨ ਤਰਮੀਮ ਕਰਾਊਂਗਾ । ਸ਼ਾਨ ਅਜ਼ੀਮ ਇਕ ਵਖਾਊਂਗਾ । ਸਚ ਤਾਅਲੀਮ ਫੇਰ ਪੜ੍ਹਾਊਂਗਾ । ਗ਼ਨੀ ਗ਼ਨੀਮ ਰਾਮ ਰਹੀਮ ਵੇਸ ਵਟਾਊਂਗਾ । ਕਰ ਤਕਸੀਮ ਵੰਡ ਵੰਡਾਊਂਗਾ । ਹੋ ਹੁਸੀਨ ਨੈਣ ਮਟਕਾਊਂਗਾ । ਜਾਨਸ਼ੀਨ ਸਰਬ ਅਖਵਾਊਂਗਾ । ਪੇਸ਼ੀਨ ਹੁਕਮ ਇਕ ਜਣਾਊਂਗਾ । ਬੇਜ਼ਬਾਨ ਜ਼ਬਾਨ ਨਾ ਕੋਇ ਹਿਲਾਊਂਗਾ । ਸਚ ਕਲਾਮ ਇਕ ਪੜ੍ਹਾਊਂਗਾ । ਅਮਾਮ ਇਕੋ ਇਕ ਵਖਾਊਂਗਾ । ਮੁਕਾਮੇ ਹੱਕ ਡੇਰਾ ਲਾਊਂਗਾ । ਹਕੀਕਤ ਆਪਣੇ ਹੱਥ ਜਣਾਊਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਮਨਾਊਂਗਾ । ਸਾਚਾ ਹੁਕਮ ਇਕ ਮਨਾਵਾਂਗਾ । ਜੁਗ ਜੁਗ ਆਪਣਾ ਵੇਸ ਵਟਾਵਾਂਗਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਹੰਢਾਵਾਂਗਾ । ਤੇਈ ਅਵਤਾਰ ਗੰਢ ਪੁਆਵਾਂਗਾ । ਭਗਤ ਅਠਾਰਾਂ ਰੋਗ ਗਵਾਵਾਂਗਾ । ਈਸਾ ਮੂਸਾ ਮੁਹੰਮਦ ਕਲਮਾ ਕੂਕ ਜਣਾਵਾਂਗਾ । ਚੌਦਾਂ ਲੋਕ ਵਡਿਆਵਾਂਗਾ । ਚੌਦਾਂ ਤਬਕ ਭਵਾਵਾਂਗਾ । ਸਬਕ ਆਪਣਾ ਅੱਖਰ ਪੜ੍ਹਾਵਾਂਗਾ । ਅਲਫ਼ ਯੇ ਪੰਧ ਮੁਕਾਵਾਂਗਾ । ਨਿਰਗੁਣ ਧਾਰ ਧਾਰ ਜਣਾਵਾਂਗਾ । ਕਰ ਕਰਤਾ ਹੋ ਤਿਆਰ, ਤ੍ਰੈਗੁਣ ਅਤੀਤਾ ਤ੍ਰੈਭਵਨ ਧਨੀ ਆਪਣਾ ਹੁਕਮ ਮਨਾਵਾਂਗਾ । ਗੁਰ ਸ਼ਬਦੀ ਠਾਂਡਾ ਸੀਤਾ, ਸਤਿਗੁਰ ਭੇਵ ਚੁਕਾਵਾਂਗਾ । ਸਰਗੁਣ ਸਾਚੀ ਰੀਤਾ, ਨਾਨਕ ਰੂਪ ਵਖਾਵਾਂਗਾ । ਗੋਬਿੰਦ ਮਿੱਤਰ ਮੀਤਾ, ਏਕਾ ਗੰਢ ਪੁਆਵਾਂਗਾ । ਜੁਗ ਚੌਕੜੀ ਤਪੇ ਅੰਗੀਠਾ, ਅਗਨੀ ਕੁੰਡ ਵਖਾਵਾਂਗਾ । ਆਪਣਾ ਖੇਲ ਰੱਖਾਂ ਅਨਡੀਠਾ, ਚਾਰੇ ਬਾਣੀ ਸਿਫ਼ਤ ਸਾਲਾਹਵਾਂਗਾ । ਸ਼ਿਵਦੁਆਲੇ ਮੰਦਰ ਠਾਕਰ ਦੁਆਰੇ ਬਣਾ ਮਸੀਤਾ, ਗੁਰੂਦੁਆਰੇ ਵੰਡ ਵੰਡਾਵਾਂਗਾ । ਲੇਖਾ ਜਾਣ ਹਸਤ ਕੀਟਾ, ਊਚ ਨੀਚਾਂ ਵੇਖ ਵਖਾਵਾਂਗਾ । ਜੁਗ ਚੌਕੜੀ ਜਗਤ ਬਗ਼ੀਚਾ, ਬਣ ਕੇ ਮਾਲੀ ਸੇਵ ਕਮਾਵਾਂਗਾ । ਸਚ ਭੰਡਾਰੀ ਭਰ ਕੇ ਆਪਣਾ ਖ਼ੀਸਾ, ਵਸਤ ਅਮੋਲਕ ਇਕ ਵਰਤਾਵਾਂਗਾ । ਨਾਉਂ ਧਰ ਜਗਤ ਜਗਦੀਸਾ, ਜਗਦੀਸ਼ਰ ਆਪਣੀ ਕਾਰ ਕਮਾਵਾਂਗਾ । ਸੀਸ ਸੋਹੇ ਤਾਜ ਸੀਸਾ, ਸਾਹਿਬ ਸਤਿਗੁਰ ਵੰਡ ਵੰਡਾਵਾਂਗਾ । ਲੱਖ ਚੁਰਾਸੀ ਪਰਖ ਨੀਤਾ, ਨੀਤੀਵਾਨ ਨਾਉਂ ਧਰਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੈ ਜੈਕਾਰ ਇਕ ਕਰਾਵਾਂਗਾ । ਵਿਸ਼ਨ ਬ੍ਰਹਮਾ ਸ਼ਿਵ ਸੇਵ ਕਮਾਓਗੇ । ਤ੍ਰੈ ਪੰਜ ਰਾਹ ਵਖਾਓਗੇ । ਨਿਰਗੁਣ ਸਰਗੁਣ ਧਾਰ ਗੰਢ ਪੁਆਓਗੇ । ਗੁਰ ਅਵਤਾਰ ਜਗ ਉਪਜਾਓਗੇ । ਗ਼ੁਫ਼ਤਾਰ ਇਕ ਸਮਝਾਓਗੇ । ਰਫ਼ਤਾਰ ਇਕ ਬਣਾਓਗੇ । ਸਿਕਦਾਰ ਇਕ ਸਮਝਾਓਗੇ । ਬਣ ਬਰਖ਼ੁਰਦਾਰ ਸੀਸ ਝੁਕਾਓਗੇ । ਨੌਂ ਸੌ ਚੁਰਾਨਵੇਂ ਚੌਕੜੀ ਯੁਗ ਧੁਰ ਦਾ ਹੁਕਮ ਨਾ ਮੇਟ ਮਿਟਾਓਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦਰ ਘਰ ਇਕੋ ਇਕ ਦਰਸਾਓਗੇ । ਦਰ ਘਰ ਇਕੋ ਇਕ ਦਰਸਾਵਾਂਗੇ । ਪ੍ਰਭ ਤੇਰਾ ਦਰਸ਼ਨ ਪਾਵਾਂਗੇ । ਦੂਜੀ ਮੰਗ ਨਾ ਕੋਇ ਮੰਗਾਵਾਂਗੇ । ਕਵਣ ਵੇਲਾ ਕਵਣ ਵਕਤ ਵੇਖੀਏ ਜਗਤ, ਤੇਰਾ ਢੋਲਾ ਇਕੋ ਗਾਵਾਂਗੇ । ਤੂੰ ਨਜ਼ਰੀ ਆਏਂ ਫ਼ਕਤ, ਫ਼ਿਕਰ ਹੋਰ ਸਭ ਗਵਾਵਾਂਗੇ । ਕਿਸ ਧਾਰੋਂ ਆਵੇਂ

ਪਰਤ, ਪਾਰਬ੍ਰਹਮ ਦਰ ਤੇਰਾ ਇਕ ਦਰਸਾਵਾਂਗੇ । ਸਾਡੇ ਨਾਲ ਕਰ ਲੈ ਲਿਖਤ ਪੜ੍ਹਤ, ਜਿਸ ਵੇਲੇ ਤੇਰਾ ਦਰਸ਼ਨ ਪਾਵਾਂਗੇ । ਕੋਈ ਮੰਗੀ ਨਾ ਸਾਥੋਂ ਧੜਤ, ਤੇਰਾ ਮੁਫ਼ਤ ਹੱਟ ਚਲਾਵਾਂਗੇ । ਸਾਡੇ ਸਿਰੋਂ ਨਹੀਂ ਲਹਿਣਾ ਕਰਜ਼, ਮਕਰੂਜ਼ ਤੇਰੇ ਅਖਵਾਵਾਂਗੇ । ਤੂੰ ਪੂਰਾ ਕਰੀਂ ਫ਼ਰਜ਼, ਬਣ ਗੋਲੇ ਤੇਰੀ ਸੇਵ ਕਮਾਵਾਂਗੇ । ਤੂੰ ਦੱਸਿਆ ਤਾਲ ਦੱਸੀ ਤਰਜ਼, ਜੈ ਜੈਕਾਰ ਤੇਰਾ ਰਾਗ ਅਲਾਵਾਂਗੇ । ਤੂੰ ਮੰਨੀਂ ਸਾਡੀ ਅਰਜ਼, ਆਰਜ਼ੂ ਤੇਰੇ ਅੱਗੇ ਟਿਕਾਵਾਂਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਘਰ ਤੇਰਾ ਵੇਖਣ ਆਵਾਂਗੇ । ਘਰ ਸਾਚਾ ਸਚ ਵਖਾਵਾਂਗਾ । ਦਰ ਦਰਵਾਜ਼ਾ ਇਕ ਖੁਲ੍ਹਾਵਾਂਗਾ । ਨੌਂ ਸੌ ਚੁਰਾਨਵੇਂ ਚੌਕੜੀ ਯੁਗ ਲੰਘਾਵਾਂਗਾ । ਗੁਰ ਅਵਤਾਰ ਸੇਵ ਲਗਾਵਾਂਗਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਪਾਰ ਕਰਾਵਾਂਗਾ । ਇਕਵੰਜਾ ਬਵੰਜਾ ਆਪਣੀ ਗੋਦ ਬਹਾਵਾਂਗਾ । ਖੇਲ ਸ਼ਤਰੰਜਾ ਇਕ ਖਲਾਵਾਂਗਾ । ਸੱਤ ਰੰਗਾ ਰੂਪ ਵਟਾਵਾਂਗਾ । ਮਰਦੰਗਾ ਨਾਮ ਵਜਾਵਾਂਗਾ । ਬ੍ਰਹਿਮੰਡਾਂ ਖੰਡਾਂ ਆਪ ਉਠਾਵਾਂਗਾ । ਜੇਰਜ ਅੰਡਾਂ ਵੇਖ ਵਖਾਵਾਂਗਾ । ਉਤਭੁਜ ਸੇਤਜ ਪਰਦਾ ਲਾਹਵਾਂਗਾ । ਨਿਰਗੁਣ ਹੋ ਕੇ ਫੇਰਾ ਪਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭੇਦ ਅਭੇਦ ਖੁਲ੍ਹਾਵਾਂਗਾ । ਨੌਂ ਸੌ ਚੁਰਾਨਵੇਂ ਚੌਕੜੀ ਯੁਗ ਲੰਘੇਗਾ । ਪ੍ਰਭ ਆਪਣਾ ਲਹਿਣਾ ਮੰਗੇਗਾ । ਵੇਖੇ ਹਾਲ ਭੁੱਖੇ ਨੰਗੇ ਦਾ । ਲੱਖ ਚੁਰਾਸੀ ਮਾਣਸ ਬੰਦੇ ਦਾ । ਜੀਵ ਜੰਤ ਕੂੜੇ ਧੰਦੇ ਦਾ । ਲੇਖਾ ਚੁੱਕੇ ਚੰਗੇ ਮੰਦੇ ਦਾ । ਮੁੱਲ ਪਵੇ ਵਿਸ਼ਨ ਬ੍ਰਹਮਾ ਸ਼ਿਵ ਪ੍ਰਭ ਦੇ ਗਾਏ ਛੰਦੇ ਦਾ । ਇਕੋ ਸ਼ਬਦ ਸੱਚਾ ਨਾਲ ਹੰਡੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੂਰੇ ਸਰਬੰਗੇ ਦਾ । ਨੌਂ ਸੌ ਚੁਰਾਨਵੇਂ ਚੌਕੜੀ ਯੁਗ ਪੰਧ ਮੁਕਾਵਾਂਗਾ । ਨਿਰਗੁਣ ਨਿਰਵੈਰ ਹੋ ਕੇ ਆਵਾਂਗਾ । ਨਿਹਕਲੰਕ ਨਾਉਂ ਰਖਾਵਾਂਗਾ । ਜੋਤੀ ਨੂਰ ਨੂਰ ਚਮਕਾਵਾਂਗਾ । ਸ਼ਬਦੀ ਰਾਗ ਅਲਾਵਾਂਗਾ । ਲੋਕਮਾਤ ਵੇਖ ਵਖਾਵਾਂਗਾ । ਸਚਖੰਡ ਦੁਆਰ ਬਣਾਵਾਂਗਾ । ਸਚ ਸਿੰਘਾਸਣ ਇਕ ਸੁਹਾਵਾਂਗਾ । ਪੁਰਖ ਅਬਿਨਾਸ਼ਣ ਹੋ ਕੇ ਡੇਰਾ ਲਾਵਾਂਗਾ । ਸੀਸ ਤਾਜ ਇਕ ਟਿਕਾਵਾਂਗਾ । ਦੋ ਜਹਾਨਾਂ ਰਾਜ ਕਮਾਵਾਂਗਾ । ਜਗਤ ਸਮਾਜ ਵੇਖ ਵਖਾਵਾਂਗਾ । ਜਨ ਭਗਤਾਂ ਲਾਜ ਆਪਣੇ ਹੱਥ ਰਖਾਵਾਂਗਾ । ਸਚ ਸਮਗਰੀ ਰਚ ਕੇ ਸਾਚਾ ਕਾਜ, ਸਾਚਾ ਹੁਕਮ ਇਕ ਸੁਣਾਵਾਂਗਾ । ਦੋ ਜਹਾਨਾਂ ਬੇੜਾ ਚਲੇ ਜਹਾਜ਼, ਚਪੂ ਆਪਣਾ ਨਾਮ ਲਗਾਵਾਂਗਾ । ਨਿਰਗੁਣ ਸਰਗੁਣ ਪਏ ਸਾਂਝ, ਸਾਂਝਾ ਪੀਰ ਇਕ ਅਖਵਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਅਵਤਾਰ ਪੀਰ ਪੈਗ਼ੰਬਰ ਜੁਗ ਚੌਕੜੀ ਵਿਛੜੇ ਕੱਠੇ ਕਰ ਬਹਾਵਾਂਗਾ । ਨੌਂ ਸੌ ਚੁਰਾਨਵੇਂ ਚੌਕੜੀ ਯੁਗ ਬੀਤੇਗਾ । ਲੇਖਾ ਚੁੱਕੇ ਮੰਦਰ ਮਸੀਤੇ ਦਾ । ਲਹਿਣਾ ਮੁੱਕੇ ਤਪੇ ਅੰਗੀਠੇ ਦਾ । ਲੇਖਾ ਚੁੱਕੇ ਕੌੜੇ ਰੀਠੇ ਦਾ । ਵੇਖਣਾ ਖੇਲ ਬੀਸ ਬੀਸੇ ਦਾ । ਨਾਉਂ ਚਲੇ ਇਕ ਜਗਦੀਸੇ ਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭੇਵ ਚੁੱਕੇ ਖ਼ਾਲੀ ਖ਼ੀਸੇ ਦਾ । ਨੌਂ ਸੌ ਚੁਰਾਨਵੇਂ ਚੌਕੜੀ ਯੁਗ ਪੈਂਡਾ ਮੁਕੇਗਾ । ਸ੍ਰੀ ਭਗਵਾਨ ਕਦੇ ਨਾ ਲੁਕੇਗਾ । ਵਿਸ਼ਨ ਬ੍ਰਹਮਾ ਸ਼ਿਵ ਤੁਹਾਡਾ ਸ਼ੇਰ ਇਕੋ ਬੁਕੇਗਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਕੋਲੋਂ ਪੁਛੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਹੋ ਕੇ ਇਕੋ ਉਠੇਗਾ । ਨਿਰਗੁਣ ਹੋ ਕੇ ਆਵਾਂਗਾ । ਆਦੀ ਧਾਰ ਚਲਾਵਾਂਗਾ । ਸ਼ਬਦੀ ਗੰਢ ਪੁਆਵਾਂਗਾ । ਸੋਹੰ ਵੰਡ ਵੰਡਾਵਾਂਗਾ । ਆਤਮ ਪਰਮਾਤਮ ਚੰਦ ਚਮਕਾਵਾਂਗਾ । ਸਰਬ ਬਖ਼ਸ਼ੰਦ ਅਖਵਾਵਾਂਗਾ । ਇਕ ਅਨੰਦ ਉਪਜਾਵਾਂਗਾ । ਪਰਮਾਨੰਦ


੪੫੧
੧੪

ਸਮਾਵਾਂਗਾ । ਜੁਗ ਚੌਕੜੀ ਨਾਮ ਵੇਖ ਵਖਾਵਾਂਗਾ । ਦੀਨ ਮਜ਼੍ਹਬ ਫੋਲ ਫੁਲਾਵਾਂਗਾ । ਜ਼ਾਤ ਪਾਤ ਪਰਦਾ ਲਾਹਵਾਂਗਾ । ਮਨਮਤ ਨਾਰ ਕਮਜ਼ਾਤ ਸੁੱਤੀ ਉਠਾਵਾਂਗਾ । ਦੇ ਭਗਤਾਂ ਆਪਣੀ ਦਾਤ, ਦਾਤਾ ਦਾਨੀ ਇਕ ਹੋ ਜਾਵਾਂਗਾ । ਗੁਰ ਅਵਤਾਰ ਪੀਰ ਪੈਗ਼ੰਬਰ ਜਿਹੜੇ ਪੜ੍ਹਾਏ ਆਪਣੀ ਜਮਾਤ, ਆਪਣਾ ਅੱਖਰ ਫੇਰ ਵਖਾਵਾਂਗਾ । ਫੇਰਾ ਪਾ ਕੇ ਗਏ ਕਾਇਨਾਤ, ਕਲਮਾ ਨਬੀ ਨਬੀ ਜਣਾਵਾਂਗਾ । ਪੰਜ ਤੱਤ ਪਾਈ ਵਫ਼ਾਤ, ਫ਼ਤਵੇ ਸਭ ਦੇ ਉਪਰ ਦਰਸਾਵਾਂਗਾ । ਕਲਮਾ ਕਲਾਮ ਲਿਖ ਲਿਖ ਗਏ ਹਾਲਾਤ, ਅਸਲ ਹਾਲ ਨਾ ਕਿਸੇ ਵਖਾਵਾਂਗਾ । ਹਰਫ਼ ਬਹਰਫ਼ ਦੱਸ ਕੇ ਗਏ ਨਾਲ ਕਲਮ ਦਵਾਤ, ਬਿਨ ਕਲਮ ਸ਼ਾਹੀ ਆਪਣਾ ਨਾਮ ਜਣਾਵਾਂਗਾ । ਗੁਰ ਅਵਤਾਰ ਲੇਖਾ ਦੱਸਦੇ ਗਏ ਬਹੁ ਬਿਧ ਭਾਂਤ, ਭਾਣਾ ਸਭ ਦੇ ਸਿਰ ਰਖਾਵਾਂਗਾ । ਲੇਖਾ ਲਿਖ ਲਿਖ ਗਏ ਅੰਦਰ ਕਨਾਤ, ਪਰਦਾ ਉਹਲਾ ਇਕ ਜਣਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਇਕ ਵਖਾਵਾਂਗਾ । ਨਵ ਨੌਂ ਚਾਰ ਦੁਹਾਈ ਪਾਏਗਾ । ਨੌਂ ਖੰਡ ਨਜ਼ਰ ਕੋਇ ਨਾ ਆਏਗਾ । ਨੌਂ ਦਰ ਧੀਰ ਨਾ ਕੋਇ ਧਰਾਏਗਾ । ਚੌਥੇ ਘਰ ਨਾ ਕੋਇ ਮਿਲਾਏਗਾ । ਨੌਂ ਸੌ ਚੁਰਾਨਵੇਂ ਚੌਕੜੀ ਪੰਧ ਨਾ ਕੋਇ ਵਖਾਏਗਾ । ਚੌਕਾ ਚਾਰ ਕੁੰਟ ਨੈਣ ਉਠਾਏਗਾ । ਨਾਇਆ ਨੌਕਾ ਇਕ ਚਲਾਏਗਾ । ਨਾਇਆ ਨੌਂ ਦਰ ਦਰ ਦਰ ਰੌਲਾ ਪਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਵ ਨੌਂ ਚਾਰ ਵੇਖ ਵਖਾਏਗਾ । ਨਵ ਨੌਂ ਚਾਰ ਵੇਖਣ ਆਵੇਗਾ । ਪ੍ਰਭ ਆਪਣਾ ਵੇਸ ਵਟਾਵੇਗਾ । ਵਿਸ਼ਨ ਬ੍ਰਹਮਾ ਸ਼ਿਵ ਲੇਖ ਜਣਾਵੇਗਾ । ਮੁਛ ਦਾੜ੍ਹੀ ਕੇਸ ਨਾ ਕੋਇ ਦਸਾਵੇਗਾ । ਵਸਣਹਾਰਾ ਸਾਚੇ ਦੇਸ, ਦੇਸ ਦਸੰਤਰ ਇਕ ਵਡਿਆਵੇਗਾ । ਆਦਿ ਜੁਗਾਦਿ ਰਹੇ ਹਮੇਸ਼, ਜੁਗ ਜੁਗ ਆਪਣੀ ਕਾਰ ਕਮਾਵੇਗਾ । ਗੁਰ ਅਵਤਾਰ

੪੫੨ ਪੀਰ ਪੈਗ਼ੰਬਰ ਨਾ ਪਾਇਆ ਭੇਤ, ਅਭੇਦ ਆਪਣਾ ਆਪ ਖੁਲ੍ਹਾਵੇਗਾ । ਨੇਤਰ ਰੋਂਦੇ ਗਏ ਮੁਲਾਂ ਸ਼ੇਖ਼, ਪੰਡਤ ਪਾਂਧਾ ਸਰਬ ਕੁਰਲਾਵੇਗਾ । ਜਨ ੪੫੨

੧੪ ਭਗਤਾਂ ਕਰੇ ਹੇਤ, ਹਿਤਕਾਰੀ ਫੇਰਾ ਪਾਵੇਗਾ । ਰੁੱਤ ਸੁਹੰਜਣੀ ਰੱਖੇ ਚੇਤ, ਫੁੱਲ ਫਲਵਾੜੀ ਆਪ ਮਹਿਕਾਵੇਗਾ । ਕਲਜੁਗ ਅੰਤਮ ਖੇਲੇ ਖੇਡ, ੧੪

ਖਿਡਾਰੀ ਇਕੋ ਨਜ਼ਰੀ ਆਵੇਗਾ । ਲੱਖ ਚੁਰਾਸੀ ਭੇੜੇ ਭੇੜ, ਰਾਉ ਰੰਕ ਟੱਕਰ ਲਗਾਵੇਗਾ । ਲੱਖ ਚੁਰਾਸੀ ਕੂੜੀ ਕਿਰਿਆ ਧਰਮ ਰਾਏ ਦਾ ਬਣਿਆ ਹੇੜ, ਮਨਮੁਖ ਮੂਰਖ ਮੂੜ੍ਹ ਇਜੜ ਇਕ ਵਖਾਵੇਗਾ । ਬੀਸ ਬੀਸਾ ਹਰਿ ਜਗਦੀਸ਼ਾ ਨਿਰਗੁਣ ਆਦਿ ਜੁਗਾਦਿ ਆਪਣੀ ਕਰਨੀ ਨਾ ਲਾਏ ਦੇਰ, ਕਰਤਾ ਆਪਣੀ ਕਾਰ ਕਮਾਵੇਗਾ । ਜੁਗ ਚੌਕੜੀ ਲਿਆਵੇ ਫੇਰ ਫੇਰ, ਕੋਹਲੂ ਚੱਕੀ ਚੱਕ ਭੁਆਵੇਗਾ । ਅੰਡਜ ਜੇਰਜ ਉਤਭੁਜ ਸੇਹਤਜ ਰੱਖੇ ਘੇਰ, ਘੇਰਾ ਆਪਣੇ ਨਾਮ ਰਖਾਵੇਗਾ । ਬਿਨ ਭਗਤਾਂ ਕਿਸੇ ਉਤੇ ਨਾ ਕਰੇ ਮਿਹਰ, ਰਾਏ ਧਰਮ ਹੱਥ ਸਰਬ ਫੜਾਵੇਗਾ । ਪੰਧ ਮੁਕਾਏ ਨੇਰਨ ਨੇਰ, ਦੂਰ ਦੁਰਾਡਾ ਚਲ ਕੇ ਆਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਖੁਲ੍ਹਾਵੇਗਾ । ਭੇਵ ਅਭੇਦਾ ਆਪ ਖੁਲ੍ਹਾਵਾਂਗਾ । ਸਚਖੰਡ ਦੁਆਰ ਸੁਹਾਵਾਂਗਾ । ਭਗਤ ਦੁਆਰ ਵਡਿਆਵਾਂਗਾ । ਸਚ ਸਿੰਘਾਸਣ ਡੇਰਾ ਲਾਵਾਂਗਾ । ਪੁਰਖ ਅਬਿਨਾਸ਼ਨ ਨਾਮ ਵਡਿਆਵਾਂਗਾ । ਪ੍ਰਿਥਮੀ ਅਕਾਸ਼ਨ ਭੇਵ ਚੁਕਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਲ ਆਪ ਵਰਤਾਵਾਂਗਾ । ਪ੍ਰਭੂ ਜਬ ਆਪਣੀ ਕਲ ਵਰਤਾਏਂਗਾ । ਕੀ ਕੀ ਖੇਲ ਵਖਾਏਂਗਾ । ਕਵਣ ਧਾਮ ਡੇਰਾ ਲਾਏਂਗਾ । ਕਵਣ ਖੇੜਾ ਮਾਤ ਵਡਿਆਏਂਗਾ । ਕਵਣ ਜੇੜਾ ਕੱਟ ਵਖਾਏਂਗਾ । ਕਵਣ ਗੇੜਾ ਆਪ ਦਵਾਵੇਗਾ । ਕਵਣ ਬੇੜਾ ਬੰਨ੍ਹ ਚਲਾਏਂਗਾ । ਕਵਣ ਮੇਰਾ ਤੇਰਾ ਤੇਰਾ ਮੇਰਾ ਘਰ ਵਸਾਏਂਗਾ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਵਣ ਵੇਲੇ ਦਇਆ ਕਮਾਏਗਾ । ਜਿਸ ਵੇਲੇ ਅੰਤਮ ਆਵਾਂਗਾ । ਨਿਰਗੁਣ ਨੂਰੀ ਜੋਤੀ ਜਾਮਾ ਪਾਵਾਂਗਾ । ਗੁਰ ਅਵਤਾਰਾਂ ਲੇਖਾ ਪੂਰ ਕਰਾਵਾਂਗਾ । ਪੂਤ ਸਪੂਤਾ ਬ੍ਰਹਿਮਣ ਗੌੜਾ, ਗੰਢ ਪੁਆਵਾਂਗਾ । ਵੇਦ ਵਿਆਸਾ ਰੰਗ ਰੰਗਾਵਾਂਗਾ । ਈਸਾ ਆਸ਼ਾ ਪੂਰ ਕਰਾਵਾਂਗਾ । ਮੁਹੰਮਦ ਭਰਵਾਸਾ ਇਕ ਜਣਾਵਾਂਗਾ । ਅਮਾਮ ਅਮਾਮਾਂ ਵਡ ਅਖਵਾਵਾਂਗਾ । ਨਾਮ ਦਮਾਮਾਂ ਇਕ ਵਜਾਵਾਂਗਾ । ਸਚ ਕਲਾਮ ਇਕ ਪੜ੍ਹਾਵਾਂਗਾ । ਪਿਛਲਾ ਨਜ਼ਾਮ ਸਰਬ ਬਦਲਾਵਾਂਗਾ । ਸਚ ਇਸਲਾਮ ਇਕ ਸਮਝਾਵਾਂਗਾ । ਪੈਗ਼ਾਮ ਇਕ ਪਰਗਟਾਵਾਂਗਾ । ਨਗਰ ਖੇੜਾ ਇਕ ਵਸਾਵਾਂਗਾ । ਸੰਬਲ ਡੇਰਾ ਲਾਵਾਂਗਾ । ਨਾਨਕ ਲੇਖਾ ਲੇਖ ਜਣਾਵਾਂਗਾ । ਸੋਹੰ ਢੋਲਾ ਗਾਵਾਂਗਾ । ਭਰਮ ਭੁਲੇਖ ਕਢਾਵਾਂਗਾ । ਸਾਚਾ ਦੇਸ ਵਸਾਵਾਂਗਾ । ਨਰ ਨਰੇਸ਼ ਹੋ ਜਾਵਾਂਗਾ । ਨੇਤਰ ਲੋਚਣ ਪੇਖ, ਲੱਖ ਚੁਰਾਸੀ ਵੇਖ ਵਖਾਵਾਂਗਾ । ਜਿਨ੍ਹਾਂ ਗੋਬਿੰਦ ਕਰਿਆ ਹੇਤ, ਤਿਨ੍ਹਾਂ ਆਪਣਾ ਮੇਲ ਮਿਲਾਵਾਂਗਾ । ਅੰਦਰ ਵੜ ਕੇ ਦੱਸਾਂ ਭੇਤ, ਡੂੰਘੀ ਕੰਦਰ ਫੋਲ ਫੁਲਾਵਾਂਗਾ । ਸਚ ਸੁਹੰਜਣੀ ਮਾਣਾਂ ਸੇਜ, ਰੰਗ ਰੰਗੀਲਾ ਇਕ ਰੰਗਾਵਾਂਗਾ । ਨਾਮ ਸੁਨੇਹੁੜਾ ਇਕੋ ਭੇਜ, ਆਤਮ ਪਰਮਾਤਮ ਗੰਢ ਪੁਆਵਾਂਗਾ । ਜੋਤੀ ਚਮਕੇ ਨੂਰੀ ਤੇਜ, ਸੂਰਜ ਚੰਦ ਨੈਣ ਸ਼ਰਮਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚਾ ਇਕ ਵਸਾਵਾਂਗਾ । ਘਰ ਸਾਚਾ ਇਕ ਵਸਾਵਾਂਗਾ । ਸਚ ਸਿੰਘਾਸਣ ਡੇਰਾ ਲਾਵਾਂਗਾ । ਸਾਢੇ ਤਿੰਨ ਹੱਥ ਮਾਣ ਦਿਵਾਵਾਂਗਾ । ਗੋਬਿੰਦ ਸ਼ਬਦੀ ਵੰਡ ਵੰਡਾਵਾਂਗਾ । ਬ੍ਰਹਿਮੰਡ ਖੰਡ ਵੇਖ ਵਖਾਵਾਂਗਾ । ਗੁਜਰੀ ਚੰਦ ਚੰਦ ਚਮਕਾਵਾਂਗਾ । ਤੀਰ ਕਮੰਦ ਨਾਮ ਜਣਾਵਾਂਗਾ । ਪੁਰੀ ਅਨੰਦ ਅਨੰਦ ਵਸਾਵਾਂਗਾ । ਭਗਤ ਭਗਵਾਨ ਢੋਲਾ ਗਾਵਾਂਗਾ । ਬਣ ਵਿਚੋਲਾ ਸੇਵ ਕਮਾਵਾਂਗਾ । ਪਰਦਾ ਉਹਲਾ ਸਰਬ ਉਠਾਵਾਂਗਾ । ਮੌਲਾ ਹੋ ਕੇ ਹਰ ਘਟ ਨਜ਼ਰੀ ਆਵਾਂਗਾ । ਕਾਇਆ ਚੋਲਾ ਇਕ ਬਦਲਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਮੰਦਰ ਇਕ ਸੁਹਾਵਾਂਗਾ । ਸਾਚਾ ਮੰਦਰ ਇਕ ਸੁਹਾਏਗਾ । ਸ੍ਰੀ ਭਗਵਾਨ ਡੇਰਾ ਲਾਏਗਾ । ਤੇਈ ਅਵਤਾਰ ਦਰ ਬੁਲਾਏਗਾ । ਈਸਾ ਮੂਸਾ ਮੁਹੰਮਦ ਦੂਰ ਦੁਰਾਡਾ ਸੀਸ ਝੁਕਾਏਗਾ । ਦਸ ਗੁਰੂ ਜੋਤ ਚਮਕਾਏਗਾ । ਭਗਤ ਅਠਾਰਾਂ ਧਿਆਨ ਲਗਾਏਗਾ । ਚਾਰ ਯੁਗ ਦੀ ਕੀਤੀ ਸਰਬ ਵਖਾਏਗਾ । ਦੀਨ ਮਜ਼੍ਹਬ ਪਰਦਾ ਲਾਹੇਗਾ । ਡਰਦਾ ਸਿਰ ਨਾ ਕੋਇ ਉਠਾਏਗਾ । ਮਰਦਾ ਜੀਵ ਨਾ ਕੋਇ ਤਰਾਏਗਾ । ਬਰਦਾ ਗਲੇ ਨਾ ਕੋਇ ਲਗਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਫੇਰਾ ਪਾਏਗਾ । ਕਲਜੁਗ ਅੰਤਮ ਫੇਰਾ ਪਾਵੇਗਾ । ਸਚ ਦਰਬਾਰ ਇਕ ਲਗਾਵੇਗਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਲੋਕਮਾਤ ਆਪ ਵਖਾਵੇਗਾ । ਦੀਨ ਮਜ਼੍ਹਬ ਜਗਤ ਜਮਾਤ, ਝਗੜਾ ਘਰ ਘਰ ਇਕ ਵੰਡਾਵੇਗਾ । ਦਿਸੇ ਸਚ ਨਾ ਕੋਈ ਸਾਥ, ਜੂਠ ਝੂਠ ਸਰਬ ਪਰਨਾਵੇਗਾ । ਗੁਰ ਕੀ ਕੋਈ ਨਾ ਗਾਥ, ਰਸਨਾ ਜਿਹਵਾ ਸਰਬ ਹਲਕਾਵੇਗਾ । ਧੂੜੀ ਮਸਤਕ ਨਾ ਕੋਇ ਮਾਥ, ਜੋਤ ਲਲਾਟ ਨਾ ਕੋਇ ਜਗਾਵੇਗਾ । ਸਾਧ ਸੰਤ ਕਾਮ ਕਰੋਧ ਲੋਭ ਮੋਹ ਹੰਕਾਰ ਵਿਕਣ ਹਾਟ, ਹਰਿ ਕਾ ਹੱਟ ਨਾ ਕੋਇ ਖੁਲ੍ਹਾਵੇਗਾ । ਆਸ਼ਾ ਤ੍ਰਿਸ਼ਨਾ ਨਟੂਆ ਨਾਟ, ਮਨ ਵਾਸਨਾ ਨਾਚ ਨਚਾਵੇਗਾ । ਧੀਰਜ ਕੋਈ ਨਾ ਦਿਸੇ ਸਾਤ, ਸਤਿ ਧਰਮ ਨਾ ਕੋਇ ਰਖਾਵੇਗਾ । ਨਾਰ ਕੰਤ ਨਾ ਕੋਇ ਜਤ, ਵੇਸਵਾ ਰੂਪ ਸਰਬ ਬਣਾਵੇਗਾ । ਧੀ ਭੈਣ ਕੋਈ ਨਾ ਰੱਖੇ ਪਤ, ਪਿਤਾ ਪੁੱਤਰ ਨਾ ਕੋਇ ਸ਼ਰਮਾਵੇਗਾ । ਕਲਜੁਗ ਸਭ ਦਾ ਤੋੜੇ ਹੱਠ, ਧੀਰਜ ਧੀਰ ਨਾ ਕੋਇ ਬੰਧਾਵੇਗਾ । ਕਾਇਆ

ਖ਼ਾਲੀ ਹੋਏ ਮਟ, ਨਾਮ ਹਰੀ ਘਰ ਨਾ ਕੋਇ ਵਸਾਵੇਗਾ । ਘਰ ਘਰ ਉਪਜੇ ਮਨਮਤ, ਮਨੂਆ ਆਪਣਾ ਡੰਕ ਵਜਾਵੇਗਾ । ਨਾੜ ਬਹੱਤਰ ਉਬਲੇ ਰਤ, ਅੰਮ੍ਰਿਤ ਮੇਘ ਨਾ ਕੋਇ ਬਰਸਾਵੇਗਾ । ਸਭ ਦੀ ਧਰਮ ਵਰਾਸਤ ਹੋਣੀ ਫ਼ਕ, ਹੱਕਦਾਰ ਨਜ਼ਰ ਕੋਇ ਨਾ ਆਵੇਗਾ । ਗੁਰ ਅਵਤਾਰ ਪੀਰ ਪੈਗ਼ੰਬਰ ਗਵਾਹੀ ਦੇਣੋਂ ਪਿਛੇ ਜਾਣੇ ਹਟ, ਅੱਗੇ ਹੋ ਨਾ ਕੋਈ ਛੁਡਾਵੇਗਾ । ਉਚੇ ਮੰਦਰ ਜਾਣੇ ਢੱਠ, ਧੌਲਰ ਨਜ਼ਰ ਕੋਇ ਨਾ ਆਵੇਗਾ । ਨੌਂ ਖੰਡ ਪ੍ਰਿਥਮੀ ਘਰ ਘਰ ਵੱਜੇ ਸੱਟ, ਠੋਕਰ ਹਰਿ ਜੂ ਆਪ ਲਗਾਵੇਗਾ । ਕਾਇਆ ਚੀਥੜ ਜਾਏ ਫੱਟ, ਪੱਟੀ ਨਾਮ ਨਾ ਕੋਇ ਬੰਧਾਵੇਗਾ । ਉਸ ਵੇਲੇ ਵਿਸ਼ਨੂੰ ਤੇਰੇ ਖ਼ਾਲੀ ਹੋਵਣ ਹੱਥ, ਤੇਰਾ ਭੰਡਾਰਾ ਨਜ਼ਰ ਕਿਸੇ ਨਾ ਆਵੇਗਾ । ਬ੍ਰਹਮੇ ਦੀ ਰਹੇ ਨਾ ਬ੍ਰਹਮ ਮਤ, ਚੌਦਾਂ ਵਿਦਿਆ ਮੂਲ ਨਾ ਕੋਇ ਜਣਾਵੇਗਾ । ਸ਼ੰਕਰ ਤਰਸੂਲ ਬਹੇ ਸੱਟ, ਜਟਾ ਜੂਟ ਨੇਤਰ ਨੈਣ ਨੀਰ ਵਹਾਵੇਗਾ । ਉਸ ਵਕਤ ਕਿਸੇ ਦਾ ਰਹੇ ਨਾ ਹਠ, ਪ੍ਰਭ ਸਭ ਦਾ ਮਾਣ ਗਵਾਵੇਗਾ । ਮਨ ਕਾ ਮਣਕਾ ਨਾਮ ਨਾਮ ਜੁਗ ਚੌਕੜੀ ਜੋ ਰਹੇ ਰਟ, ਰੱਟਾ ਸਭ ਦਾ ਆਪ ਮੁਕਾਵੇਗਾ । ਇਕੋ ਖੋਲ੍ਹੇ ਸਮਰਥ ਹੱਟ, ਪਰਦਾ ਉਹਲਾ ਆਪ ਚੁਕਾਵੇਗਾ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਮੰਗਣ ਕਰ ਕੇ ਅੱਗੇ ਹੱਥ, ਸਜਦਾ ਸੀਸ ਸਰਬ ਝੁਕਾਵੇਗਾ । ਕਿਰਪਾ ਕਰ ਪੁਰਖ ਸਮਰਥ, ਤੇਰੀ ਓਟ ਸਰਬ ਤਕਾਵੇਗਾ । ਸ੍ਰੀ ਭਗਵਾਨ ਮਾਰਗ ਦੇਵੇ ਦੱਸ, ਦੋ ਜਹਾਨ ਆਪ ਸਮਝਾਵੇਗਾ । ਸੋਹੰ ਜਾਪ ਜਪੋ ਹੱਸ ਹੱਸ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਵੇਗਾ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭ ਅਸੀਂ ਤੇਰੇ ਹੋਏ ਵਸ, ਵਸ ਸਾਡਾ ਨਾ ਕੋਈ ਜਾਵੇਗਾ । ਲੋਕਮਾਤ ਆਏ ਨੱਠ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਚ ਇਕ ਜਣਾਵੇਗਾ ।

੪੫੪

੧੪

ਗੁਰ ਅਵਤਾਰ ਪੀਰ ਪੈਗ਼ੰਬਰ ਦਰ ਤੇ ਔਣਗੇ । ਦੂਆ ਸਿਫ਼ਰਾ ਵੰਡ ਵੰਡੌਣਗੇ । ਨਿਰਗੁਣ ਨਿਰਗੁਣ ਸਰਗੁਣ ਸਰਗੁਣ ਹੋਏ ਦੋ, ਜ਼ੀਰੋ ਆਪਣਾ ਆਪ ਜਣੌਣਗੇ । ਨਿਰਵੈਰ ਨਿਰਾ ਨਿਰਮੋਹ, ਮੋਹ ਤੇਰੇ ਨਾਲ ਵਧੌਣਗੇ । ਚਰਨ ਕਵਲ ਕਵਲ ਛੋਹ, ਸ਼ਹਿਨਸ਼ਾਹ ਆਪਣੇ ਅੰਗ ਲਗੌਣਗੇ । ਤੇਰੇ ਜੋਗੇ ਗਏ ਹੋ, ਹੋਕਾ ਦੇ ਦੇ ਮਾਤ ਸੁਣੌਣਗੇ । ਆਪਣਾ ਦੇ ਦੇ ਢੋਆ ਢੋ, ਝੋਲੀ ਖ਼ਾਲੀ ਸਰਬ ਭਰੌਣਗੇ । ਨੇਤਰ ਨੈਣਾਂ ਨੈਣਾਂ ਰੋ, ਨੀਰ ਨੀਰ ਨੀਰ ਵਹੌਣਗੇ । ਤੁਧ ਬਿਨ ਨਜ਼ਰ ਨਾ ਆਏ ਕੋ, ਕੋਟ ਕਿਲਾ ਗੜ੍ਹ ਇਕੋ ਚਰਨ ਕਵਲ ਤਕੌਣਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਢੋਲਾ ਇਕੋ ਗੌਣਗੇ । ਸਾਚਾ ਢੋਲਾ ਸਭ ਨੇ ਗੌਣਾ ਏਂ । ਕਲਜੁਗ ਅੰਤਮ ਵਕਤ ਸੁਹੌਣਾ ਏਂ । ਸੋਹੰ ਰੂਪ ਹਰੀ ਹਰਿ ਦਰਸੌਣਾ ਏਂ । ਚਾਰੇ ਕੁੰਟ ਡੰਕ ਵਜੌਣਾ ਏਂ । ਨਿਰਗੁਣ ਧਾਰੋਂ ਉਠ, ਸਰਗੁਣ ਆਪ ਉਠੌਣਾ ਏਂ । ਜਨ ਭਗਤਾਂ ਉਪਰ ਤੁਠ, ਰੁਠਿਆਂ ਆਪ ਮਨੌਣਾ ਏਂ । ਨੌਂ ਸੌ ਚੁਰਾਨਵੇਂ ਚੌਕੜੀ ਯੁਗ ਸਚਖੰਡ ਦੁਆਰ ਜੋ ਰਿਹਾ ਲੁਕ, ਤਿਸ ਆਪਣਾ ਰੂਪ ਪਰਗਟੌਣਾ ਏਂ । ਸ਼ੇਰ ਹੋ ਕੇ ਪਏ ਬੁੱਕ, ਭਬਕ ਆਪਣੇ ਨਾਮ ਸੁਣੌਣਾ ਏਂ । ਸੁਤ ਸ਼ਬਦੀ ਰਖਿਆ ਕੁੱਖ, ਕੁੱਖ ਆਪਣੀ ਹਰੀ ਕਰੌਣਾ ਏਂ । ਵਿਸ਼ਨ ਬ੍ਰਹਮਾ ਸ਼ਿਵ ਸੁੱਖਣਾ ਰਹੇ ਸੁੱਖ, ਸੁੱਖਾਂ ਸੁੱਖਦਿਆਂ ਵਕਤ ਸੁਹੌਣਾ ਏਂ । ਬੀਸ ਬੀਸੇ ਪੈਂਡਾ ਰਿਹਾ ਮੁਕ, ਪਾਂਧੀ ਨਜ਼ਰ ਕੋਇ ਨਾ ਔਣਾ ਏਂ । ਗੁਰ ਅਵਤਾਰ ਪੀਰ ਪੈਗ਼ੰਬਰ ਰਹੇ ਝੁਕ, ਝੁਕ ਝੁਕ ਸੀਸ ਸਰਬ ਝੁਕੌਣਾ ਏਂ । ਸਾਰੇ ਕਹਿਣ ਸਾਡੇ ਕੋਲ ਨਹੀ ਕੁਛ, ਕੌਸ਼ਲਿਆ ਪੁੱਤ ਰਾਮ ਰਾਮ ਰਾਮ ਵਿਚ ਸਮੌਣਾ ਏਂ । ਨਾ ਜਾਣੇ ਨੰਦ ਜਸੋਧਾ ਸੁਤ, ਨੰਦਨ ਚੰਦਨ ਚੰਦ ਚਾਂਦਨੀ ਵਿਚ ਚਮਕੌਣਾ ਏਂ । ਗੁਰ ਅਵਤਾਰ ਪੀਰ ਪੈਗ਼ੰਬਰ ਪ੍ਰਭ ਦੀ ਗੋਦੀ

ਬੈਠੇ ਲੁਕ, ਲੁਕਿਆਂ ਫੇਰ ਬਾਹਰ ਕਢੌਣਾ ਏਂ । ਬਿਨ ਨਾਨਕ ਕੋਈ ਨਾ ਸਕੇ ਬੁੱਝ, ਸਚਖੰਡ ਦੁਆਰ ਆ, ਦਰਸ ਕਿਸੇ ਨਾ ਪੌਣਾ ਏਂ । ਬਿਨ
ਕਬੀਰ ਜਾਏ ਨਾ ਤੁਠ, ਬਿਨ ਨਾਨਕ ਅੰਗ ਨਾ ਕਿਸੇ ਲਗੌਣਾ ਏਂ । ਬਿਨ ਗੋਬਿੰਦ ਕਿਸੇ ਨਾ ਬਣਾਏ ਪੁੱਤ, ਸੁਤ ਦੁਲਾਰਾ ਨਾ ਕਿਸੇ ਜਣੌਣਾ ਏਂ ।
ਕਲਜੁਗ ਅੰਤਮ ਸੋਹੀ ਰੁੱਤ, ਰੁੱਤ ਰੁਤੜੀ ਆਪ ਮਹਿਕੌਣਾ ਏਂ । ਕਰੇ ਖੇਲ ਬਿਨ ਕਾਇਆ ਬੁੱਤ, ਪੰਜ ਤੱਤ ਨਾ ਕੋਇ ਵਖੌਣਾ ਏਂ । ਸਿੰਘ ਸ਼ੇਰ
ਹੋ ਕੇ ਬੁੱਕ, ਨਾਮ ਡੰਕਾ ਇਕ ਵਜੌਣਾ ਏਂ । ਸੰਤ ਸੁਹੇਲੇ ਗੋਦੀ ਚੁੱਕ, ਆਪ ਆਪਣੇ ਰੰਗ ਰੰਗੌਣਾ ਏਂ । ਵਿਸ਼ਨੂੰ ਚਰਨੀ ਡਿਗ ਕੇ ਰਿਹਾ ਪੁੱਛ,
ਪ੍ਰਭ ਕੀ ਕੀ ਨਾਮ ਜਪੌਣਾ ਏਂ । ਨਵ ਨੌਂ ਚਾਰ ਬੈਠਾ ਰਿਹੋਂ ਚੁੱਪ, ਤੇਰਾ ਭੇਵ ਨਾ ਕਿਸੇ ਸਮਝੌਣਾ ਏਂ । ਜੇ ਕੋਈ ਵੇਖੇ ਵਸੇਂ ਅੰਧੇਰਾ ਘੁਪ, ਨੂਰ
ਚੰਦ ਨਾ ਕੋਇ ਚਮਕੌਣਾ ਏਂ । ਕਿਹੜੀ ਧਾਰੋਂ ਰਿਹੋਂ ਉਠ, ਪਰਦਾ ਆਪਣਾ ਆਪ ਲੌਹਣਾ ਏਂ । ਕਵਣ ਕੂਟੇ ਰੱਖਿਆ ਪੁੱਤ, ਸੁਤ ਦੁਲਾਰਾ ਨਾਲ
ਮਿਲੌਣਾ ਏਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਚ ਸਮਝੌਣਾ ਏਂ । ਵਿਸ਼ਨੂੰ ਸਚ ਸਚ
ਸਮਝਾਵਾਂਗਾ । ਕਾਇਆ ਕੱਚ ਲੇਖ ਮੁਕਾਵਾਂਗਾ । ਸੰਬਲ ਖੇੜੇ ਜਾਵਾਂ ਵਸ, ਗੋਬਿੰਦ ਪੁੱਤ ਇਕ ਉਠਾਵਾਂਗਾ । ਨਿਰਵੈਰ ਹੋ ਕੇ ਪਵਾਂ ਹੱਸ, ਨਿਰਾਕਾਰ
ਖੇਲ ਕਰਾਵਾਂਗਾ । ਜਨ ਭਗਤਾਂ ਜਾਵਾਂ ਵਸ, ਢੋਲਾ ਰਾਗ ਇਕ ਪਰਗਟਾਵਾਂਗਾ । ਸਚ ਦੁਆਰਾ ਖੋਲ੍ਹ ਹੱਟ, ਨਾਮ ਅਮੋਲਕ ਇਕ ਵਰਤਾਵਾਂਗਾ ।
ਨਿਰਗੁਣ ਹੋ ਕੇ ਵਸਾਂ ਘਟ ਘਟ, ਗ੍ਰਿਹ ਮੰਦਰ ਡੇਰਾ ਲਾਵਾਂਗਾ । ਲੇਖਾ ਚੁਕਾਵਾਂ ਧੰਨੇ ਜੱਟ, ਜੱਟ ਲੇਖੇ ਆਪਣੇ ਪਾਵਾਂਗਾ । ਗੋਬਿੰਦ ਲੱਗਾ
ਪਿਛਲਾ ਫੱਟ, ਬਣ ਸ਼ਬਦੀ ਦਰਦ ਵੰਡਾਵਾਂਗਾ । ਜੋਤੀ ਨੂਰ ਲਟ ਲਟ, ਅਗੰਮ ਜੋਤ ਦਰਸਾਵਾਂਗਾ । ਲੋਕਮਾਤ ਹੋ ਪਰਤੱਖ, ਪਾਰਬ੍ਰਹਮ ਅਖਵਾਵਾਂਗਾ ।
ਲੱਖ ਚੁਰਾਸੀ ਭਾਂਡੇ ਕਰ ਕੇ ਸੱਖ, ਸੱਖਣੀ ਹਾਂਡੀ ਇਕ ਚੜ੍ਹਾਵਾਂਗਾ । ਗੁਰਮੁਖ ਸੰਤ ਸੁਹੇਲੇ ਸੱਜਣ ਰੱਖ, ਬਣ ਰਾਖਾ ਸੇਵ ਕਮਾਵਾਂਗਾ । ਭਗਤਾਂ
ਖੋਲ੍ਹਾਂ ਆਪਣੀ ਅੱਖ, ਜਗਤ ਲੋਚਣ ਬੰਦ ਕਰਾਵਾਂਗਾ । ਵਿਸ਼ਨੂੰ ਤੈਨੂੰ ਮਾਰਗ ਦੱਸ, ਸੇਵਕ ਤੇਰੀ ਸੇਵ ਜਣਾਵਾਂਗਾ । ਗ਼ਰੀਬ ਨਿਮਾਣਿਆਂ ਦੇਣਾ
ਹੱਕ, ਸ਼ਾਹ ਸੁਲਤਾਨਾਂ ਖ਼ਾਕ ਮਿਲਾਵਾਂਗਾ । ਭੁੱਖੇ ਨੰਗੇ ਲੋਕਮਾਤ ਪ੍ਰਭ ਤੋਂ ਗਏ ਅਕ, ਦੁਖੀਆਂ ਦਰਦ ਆਪ ਵੰਡਾਵਾਂਗਾ । ਹਉਮੇ ਹੰਗਤਾ ਰੋਗ
ਕੱਟ, ਸਾਚੀ ਸੰਗਤ ਵਿਚ ਮਿਲਾਵਾਂਗਾ । ਗੁਰ ਅਵਤਾਰ ਪੀਰ ਪੈਗ਼ੰਬਰ ਔਣ ਨੱਠ, ਗੁਰਮੁਖਾਂ ਵਿਚ ਬਹਾਵਾਂਗਾ । ਸਾਰੇ ਮਿਲ ਕੇ ਇਕ ਦੂਜੇ
ਦਾ ਗੌਣ ਜਸ, ਸੋਹੰ ਢੋਲਾ ਇਕ ਪੜ੍ਹਾਵਾਂਗਾ । ਅੱਗੇ ਮੀਰੀ ਪੀਰੀ ਸਭ ਦੀ ਹੋਈ ਬਸ, ਗੱਦੀਦਾਰ ਗੱਦੀ ਉਤੋਂ ਸਾਰੇ ਲਾਹਵਾਂਗਾ । ਸ਼ਾਹ
ਸੁਲਤਾਨਾਂ ਨਕੇਲ ਪਾ ਨੱਕ, ਚਾਰੋਂ ਕੁੰਟ ਆਪ ਭੁਆਵਾਂਗਾ । ਸਭ ਦਾ ਖੇੜਾ ਹੋਏ ਭੱਠ, ਭੱਠੀ ਇਕੋ ਇਕ ਤਪਾਵਾਂਗਾ । ਕਲਜੁਗ ਮੰਦਰ ਜਾਏ
ਢੱਠ, ਸਤਿਜੁਗ ਮਹੱਲ ਫੇਰ ਬਣਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਵਿਸ਼ਨੂੰ ਤੈਨੂੰ ਇਕੋ
ਜੈ ਸਮਝਾਵਾਂਗਾ । ਵਿਸ਼ਨੂੰ ਤੇਰੀ ਜੈ ਦਾ ਇਕੋ ਮੁਲ, ਅਨਮੁਲੜਾ ਆਪ ਪੁਆਇੰਦਾ । ਬ੍ਰਹਮੇ ਤੇਰਾ ਤੋਲੇ ਤੋਲ, ਤੋਲਣਹਾਰਾ ਆਪ ਅਖਵਾਇੰਦਾ ।
ਸ਼ੰਕਰ ਤੇਰਾ ਪਰਦਾ ਖੋਲ੍ਹ, ਅੰਦਰ ਮੰਦਰ ਭੇਵ ਚੁਕਾਇੰਦਾ । ਨਵ ਨੌਂ ਚਾਰ ਬੈਠਾ ਰਹੇ ਅਡੋਲ, ਗੁਰ ਅਵਤਾਰ ਪੀਰ ਪੈਗ਼ੰਬਰ ਲੋਕਮਾਤ ਹੁਕਮ
ਮਨਾਇੰਦਾ । ਕਲਜੁਗ ਅੰਤ ਸ੍ਰੀ ਭਗਵੰਤ ਪਰਗਟ ਹੋਏ ਉਪਰ ਧੌਲ, ਧਰਤ ਧਵਲ ਵੇਖ ਵਖਾਇੰਦਾ । ਆਦਿ ਕੀਤਾ ਸੱਚਾ ਕੌਲ, ਅੰਤ ਆਪਣਾ
ਪੂਰ ਕਰਾਇੰਦਾ । ਨਾ ਕੋਈ ਮੇਟੇ ਰਤੀ ਚੌਲ, ਮੇਟਣਹਾਰਾ ਨਾ ਕੋਇ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,


੪੫੫
੧੪

ਆਪਣਾ ਨਾਮ ਸਚ ਵਡਿਆਇੰਦਾ । ਵਿਸ਼ਨੂੰ ਨਾਉਂ ਇਕ ਜੈਕਾਰ, ਸ੍ਰੀ ਭਗਵਾਨ ਆਪ ਜਣਾਈਆ । ਨਿਰਗੁਣ ਸਰਗੁਣ ਸਚ ਪਿਆਰ, ਆਤਮ ਪਰਮਾਤਮ ਮੇਲ ਮਿਲਾਈਆ । ਪਾਰਬ੍ਰਹਮ ਬ੍ਰਹਮ ਦਏ ਆਧਾਰ, ਜੋੜੀ ਜੋੜਾ ਇਕ ਰਖਾਈਆ । ਈਸ਼ ਜੀਵ ਕਰ ਉਜਿਆਰ, ਜਗਦੀਸ਼ ਹੋਏ ਸਹਾਈਆ । ਕੋਟਨ ਨਾਮ ਜਗਤ ਉਚਾਰ, ਸਿਫ਼ਤੀ ਸਿਫ਼ਤ ਸਿਫ਼ਤ ਸਾਲਾਹੀਆ । ਸੱਚਾ ਨਾਮ ਇਕ ਕਰਤਾਰ, ਨਿਰਗੁਣ ਦਾਤਾ ਦਏ ਸਮਝਾਈਆ । ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪ੍ਰਭੂ ਜੈਕਾਰ, ਚਾਰ ਯੁਗ ਗੁਰ ਅਵਤਾਰ ਪੀਰ ਪੈਗ਼ੰਬਰ ਯਾਦ ਕਿਸੇ ਨਾ ਆਈਆ । ਸਭ ਨੇ ਰਹਿਣਾ ਖ਼ਬਰਦਾਰ, ਬੇਖ਼ਬਰ ਖ਼ਬਰ ਆਪ ਸੁਣਾਈਆ । ਮਿਲੇ ਮੇਲ ਅਗੰਮੜਾ ਯਾਰ, ਯਾਰੀ ਯਾਰਾਂ ਨਾਲ ਨਿਭਾਈਆ । ਨਾੜੀ ਚਮੜਾ ਨਾ ਕੋਈ ਆਧਾਰ, ਹੱਡ ਮਾਸ ਨਾ ਵੰਡ ਵੰਡਾਈਆ । ਅੰਮੀਂ ਅਮੜਾ ਨਾ ਕਰੇ ਕੋਇ ਪਿਆਰ, ਪਿਤਾ ਪੂਤ ਨਾ ਕੋਇ ਉਠਾਈਆ । ਦਾਈ ਦਾਇਆ ਨਾ ਕੋਇ ਉਜਿਆਰ, ਸੀਸ ਹੱਥ ਨਾ ਕੋਇ ਟਿਕਾਈਆ । ਖੇਲੇ ਖੇਲ ਆਪ ਕਰਤਾਰ, ਕਰਤਾ ਪੁਰਖ ਬੇਪਰਵਾਹੀਆ । ਵਿਸ਼ਨੂੰ ਵੇਖ ਖੇਲ ਨਿਰੰਕਾਰ, ਖ਼ਾਲਕ ਖ਼ਲਕ ਰਿਹਾ ਵਖਾਈਆ । ਤੇਰੀ ਬਦਲੀ ਕਰੇ ਆਪ ਆਪਣੀ ਧਾਰ, ਤੇਰਾ ਲਹਿਣਾ ਦਏ ਮੁਕਾਈਆ । ਔਹ ਵੇਖ ਬ੍ਰਹਮਾ ਰੋਵੇ ਜ਼ਾਰੋ ਜ਼ਾਰ, ਚਾਰ ਵੇਦ ਨਾ ਕੋਇ ਸਹਾਈਆ । ਸ਼ੰਕਰ ਹਾ ਹਾ ਕਰੇ ਪੁਕਾਰ, ਭੋਲੇ ਨਾਥ ਨਾ ਕੋਇ ਵਡਿਆਈਆ । ਤੇਈ ਅਵਤਾਰ ਗਏ ਹਾਰ, ਜੁਗ ਜੁਗ ਆਪਣੀ ਤਾਰ ਸਤਾਰ ਵਜਾਈਆ । ਪੀਰ ਪੈਗ਼ੰਬਰ ਕਰ ਕਰ ਗਏ ਗੁਫ਼ਤਾਰ, ਗੁਫ਼ਤ ਸ਼ਨੀਦ ਭੇਵ ਚੁਕਾਈਆ । ਗੁਰ ਗੁਰ ਬਣਦੇ ਗਏ ਲਿਖਾਰ, ਲੇਖਾ ਲੇਖ ਨਾਮ ਜਗਤ ਕੁੜਮਾਈਆ । ਭਗਤ ਮੰਗਦੇ ਗਏ ਦੀਦਾਰ, ਭਗਵਨ ਮਿਲੇ ਬੇਪਰਵਾਹੀਆ । ਕੋਈ ਨਾ ਪਾਏ ਹਰਿ ਕੀ ਸਾਰ, ਬੇਅੰਤ ਬੇਅੰਤ ਬੇਅੰਤ ਕਹਿ ਕਹਿ ਸ਼ੁਕਰ ਮਨਾਈਆ । ਸੋ ਸਾਹਿਬ ਹੋਇਆ ਖ਼ਬਰਦਾਰ, ਸੱਸਾ ਸਤਿਗੁਰ ਰੂਪ ਵਟਾਈਆ । ਊੜਾ ਓਅੰਕਾਰ ਨਿਰੰਕਾਰ ਨਿਰਾਕਾਰ ਤਿੰਨਾਂ ਗੁਣਾਂ ਵਸਿਆ ਬਾਹਰ, ਐੜਾ ਅੱਖ ਪਰਤੱਖ ਖੁਲ੍ਹਾਈਆ । ਈੜੀ ਈਸ਼ਟ ਹੋਇਆ ਦਰਕਾਰ, ਸੀਸ ਝੁਕਿਆ ਇਕ ਕਰਤਾਰ, ਪਰਨਾਮ ਨਮੋ ਨਮੋ ਜਣਾਈਆ । ਸੱਸਾ ਕਿਲਾ ਹੋਇਆ ਤਿਆਰ, ਸਤਿਗੁਰ ਵੜਿਆ ਸਚ ਸਿਕਦਾਰ, ਸਿੰਘਾਸਣ ਆਸਣ ਡੇਰਾ ਲਾਈਆ । ਹਾਹਾ ਹੰ ਬ੍ਰਹਮ ਕਰੇ ਪਿਆਰ, ਨਿਹਕਰਮੀ ਕਰਮ ਵਿਚਾਰ, ਸਾਚੀ ਸਰਨ ਦਏ ਦਾਤਾਰ, ਦਇਅਵਾਨ ਵਡ ਵਡਿਆਈਆ । ਸੋਹੰ ਰੂਪ ਅਪਰ ਅਪਾਰ, ਨਿਰਗੁਣ ਸਰਗੁਣ ਕਰੇ ਪਿਆਰ, ਆਤਮ ਪਰਮਾਤਮ ਖੇਲ ਨਿਆਰ, ਬ੍ਰਹਮ ਪਾਰਬ੍ਰਹਮ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਇਕ ਸਮਝਾਈਆ । ਜੈ ਜੈਕਾਰ ਜਗਤ ਜੁਗ, ਜਗ ਜੀਵਣ ਦਾਤਾ ਆਪ ਜਣਾਇੰਦਾ । ਜੁਗ ਚੌਕੜੀ ਔਧ ਜਾਏ ਪੁਗ, ਗੁਰ ਅਵਤਾਰ ਭੇਵ ਨਾ ਆਇੰਦਾ । ਪੀਰ ਪੈਗ਼ੰਬਰ ਸਜਦਾ ਕਰਨ ਨਿਉਂ ਨਿਉਂ ਝੁਕ, ਬਰਦਾ ਗ਼ੁਲਾਮ ਸਰਬ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰੀ ਅੰਤਮ ਵਰ, ਵਿਸ਼ਨ ਪੂਰਾ ਕਰੇ ਵਰ, ਬ੍ਰਹਮ ਵਖਾਏ ਆਪਣਾ ਘਰ, ਸ਼ੰਕਰ ਬਨ੍ਹਾਏ ਇਕੋ ਲੜ, ਪੱਲੂ ਇਕੋ ਇਕ ਵਖਾਇੰਦਾ । ਪੱਲੂ ਵਖਾਏ ਪ੍ਰਭ ਅਨੋਖਾ, ਤਾਣਾ ਪੇਟਾ ਨਜ਼ਰ ਕਿਸੇ ਨਾ ਆਈਆ । ਜਿਸ ਫੜਿਆ ਤਿਸ ਮਿਲੇ ਨਾ ਧੋਖਾ, ਆਦਿ ਜੁਗਾਦਿ ਦਏ ਵਡਿਆਈਆ । ਬਿਨ ਕਿਰਪਾ ਨਹੀਂ ਫੜਨਾ ਸੌਖਾ, ਕੋਟਨ ਕੋਟ ਧਿਆਨ ਲਗਾਈਆ । ਕਲਜੁਗ ਅੰਤਮ ਜਨ ਭਗਤਾਂ ਪ੍ਰਭ ਨੇ ਦਿਤਾ ਮੌਕਾ, ਮੌਕਾ ਵੇਖਣ ਆਪੇ ਆਈਆ । ਘਰ ਘਰ ਦਰ ਦਰ ਬਾਹਮਣ ਸਾਫ਼ ਰੱਖਣ ਚੌਂਕਾ, ਚੌਂਕੀ ਡਾਹ ਡਾਹ ਰਹੇ

ਮਨਾਈਆ । ਮੁਲਾਂ ਸ਼ੇਖ਼ ਨਾਲ ਹੋਇਆ ਔਤਾ, ਪੀਹੜੀ ਅੱਗੇ ਨਾ ਕੋਇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਇਕ ਦ੍ਰਿੜਾਈਆ । ਸਾਚਾ ਨਾਮ ਦ੍ਰਿੜ ਵਿਸ਼ਵਾਸ, ਹਰਿ ਦ੍ਰਿੜਤਾ ਆਪ ਦ੍ਰਿੜਾਇੰਦਾ । ਜਿਸ ਦਾ ਕੋਈ ਨਾ ਕਰੇ ਘਾਤ, ਘਾਉ ਨਜ਼ਰ ਕੋਇ ਨਾ ਆਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਬਣੇ ਇਕ ਜਮਾਤ, ਹਰਿ ਜਮਾਤ ਭਗਤ ਵਖਾਇੰਦਾ । ਬੀਸ ਬੀਸੇ ਸੁਹੰਜਣੀ ਰਾਤ, ਰਾਤੀ ਰੁੱਤੀ ਆਪ ਮਹਿਕਾਇੰਦਾ । ਜੇ ਕੋਈ ਸੰਸਾ ਪੁਛੇ ਬਾਤ, ਦਾਤਾ ਦਾਨੀ ਸਰਬ ਸਮਝਾਇੰਦਾ । ਜੰਮ ਕੇ ਫੇਰ ਨਾ ਪਾਓ ਵਫ਼ਾਤ, ਸੋ ਮਰਨਾ ਆਪ ਸਮਝਾਇੰਦਾ । ਹਰਿ ਕਾ ਨਾਉਂ ਲਿਖ ਲਿਖ ਦੇ ਕੇ ਆਏ ਕਲਮ ਦਵਾਤ, ਕਲਮ ਸ਼ਾਹੀ ਜੋੜ ਜੁੜਾਇੰਦਾ । ਰਸਨਾ ਦੱਸ ਦੱਸ ਆਏ ਆਬੇਹਯਾਤ, ਹਯਾਤ ਹਯਾਤੀ ਨਾ ਕੋਇ ਬਦਲਾਇੰਦਾ । ਜਿਸ ਦੇ ਖ਼ੁਆਬ ਅੰਦਰ ਲਿਖਿਆ ਕਲਮਾ ਸੋ ਦੇਵੇ ਜਵਾਬ, ਲਾਜਵਾਬ ਸਰਬ ਕਰਾਇੰਦਾ । ਸਾਰੇ ਨਿਉਂ ਕੇ ਕਰਨ ਆਦਾਬ, ਆਦਲ ਇਕੋ ਨਜ਼ਰੀ ਆਇੰਦਾ । ਸਾਡਾ ਪੁੱਛ ਨਾ ਹੋਰ ਹਾਲਾਤ, ਹਾਲਤ ਸਭ ਦੀ ਵੇਖ ਵਖਾਇੰਦਾ । ਬਣ ਤਰਖਾਣ ਨਾ ਸਾਨੂੰ ਤਰਾਸ਼, ਤੇਰਾ ਤੀਰ ਅਣਯਾਲਾ ਝੱਲਿਆ ਨਾ ਜਾਇੰਦਾ । ਇਕੋ ਤੇਰੇ ਮਿਲਣ ਦੀ ਖ਼ਾਹਸ਼, ਖ਼ਾਲਕ ਤੂਹੀ ਨਜ਼ਰੀ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸ਼ਾ ਇਕ ਅਲਾਇੰਦਾ । ਸਾਰੇ ਉਠੋ ਵੇਖੋ ਅੱਖ, ਆਖ਼ਰ ਹਰਿ ਜਣਾਈਆ । ਤਨ ਮਾਟੀ ਸੜ ਕੇ ਗਏ ਕੱਖ, ਕੁੱਲੀ ਕੱਖਾਂ ਸੰਗ ਕਿਸੇ ਨਾ ਜਾਈਆ । ਅੰਤਮ ਹੋਏ ਖ਼ਾਲੀ ਹੱਥ, ਹੱਥ ਗੰਢ ਨਾ ਕੋਇ ਬੰਧਾਈਆ । ਬਿਨ ਢਾਹਿਉਂ ਗਏ ਢੱਠ, ਆਪਣਾ ਬਲ ਨਾ ਕੋਇ ਜਣਾਈਆ । ਹਾਲ ਅਹਿਵਾਲ ਸਾਰੇ ਦਿਓ ਦੱਸ, ਕਾਲ ਮਹਾਂਕਾਲ ਕੀ ਕੀ ਸੇਵ ਕਮਾਈਆ । ਗੁਰ ਅਵਤਾਰ

੪੫੭ ੪੫੭

ਪੀਰ ਪੈਗ਼ੰਬਰ ਆਪੋ ਆਪਣਿਆਂ ਸਿਰ ਤੇ ਰੱਖੋ ਹੱਥ, ਜੋ ਤੁਹਾਡੇ ਹੋ ਕੇ ਹਰਿ ਹਰਿ ਜਸ ਰਹੇ ਗਾਈਆ । ਬੀਸ ਬੀਸੇ ਕਿਸੇ ਦਾ ਰਹਿਣ ਨਾ ਦੇਵੇ

੧੪ ੧੪

ਹੱਕ, ਹਕੀਕਤ ਵੇਖੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸਾ ਸ਼ਬਦ ਸੁਣਾਈਆ । ਸੁਣ ਸੰਦੇਸਾ ਤੇਰਾ ਮਹਿਬੂਬ, ਮੁਹੱਬਤ ਤੇਰੀ ਯਾਦ ਆਈਆ । ਨਜ਼ਰੀ ਆਏ ਇਕ ਅਰੂਜ, ਅਰਸ਼ ਫ਼ਰਸ਼ ਤੇਰੀ ਵਡਿਆਈਆ । ਤੇਰਾ ਲੇਖਾ ਚੁੱਕੇ ਨਾਲ ਸੂਦ, ਅਸਲ ਤੇਰੀ ਝੋਲੀ ਪਾਈਆ । ਸਾਡੀ ਕੋਈ ਨਾ ਦਿਸੇ ਹਦੂਦ, ਦੀਨ ਮਜ਼੍ਹਬ ਨਾ ਕੋਇ ਵਡਿਆਈਆ । ਬਿਨ ਤੇਰੇ ਕੋਈ ਨਾ ਰਹੇ ਪੂਜ, ਸਿਲ ਪਾਥਰ ਪਾਹਨ ਨਾ ਕੋਇ ਮਨਾਈਆ । ਖਾਣੀ ਬਾਣੀ ਤੇਰਾ ਭੇਵ ਖੋਲ੍ਹੇ ਗੂਝ, ਤੇਰਾ ਰਾਹ ਰਹੀ ਸਮਝਾਈਆ । ਜੋ ਤੇਰੀ ਚਰਨੀ ਗਿਆ ਝੂਝ, ਤਿਸ ਝਿਜਕ ਰਹੇ ਨਾ ਰਾਈਆ । ਸੋ ਚੜ੍ਹੇ ਮੰਜ਼ਲੇ ਮਕਸੂਦ, ਮਕਸਦ ਆਪਣਾ ਹੱਲ ਕਰਾਈਆ । ਕਲਜੁਗ ਅੰਤ ਬਿਨ ਤੇਰੀ ਕਿਰਪਾ ਪੜ੍ਹਨਾ ਹੋਇਆ ਫ਼ਜ਼ੂਲ, ਫ਼ਜ਼ਲ ਤੇਰਾ ਨਜ਼ਰ ਕਿਸੇ ਨਾ ਆਈਆ । ਖਾਣੀ ਬਾਣੀ ਕੋਲੋਂ ਮੰਗੇ ਮਸੂਲ, ਚੁੰਗੀਖ਼ਾਨੇ ਬੈਠੇ ਬਣਾਈਆ । ਤੇਰਾ ਕੋਈ ਨਾ ਜਾਣੇ ਅਰਜ਼ ਤੂਲ, ਰਕਬਾ ਕੱਢੇ ਨਾ ਕੋਇ ਲੋਕਾਈਆ । ਤੇਰੇ ਹੋ ਕੇ ਤੈਨੂੰ ਗਏ ਭੂਲ, ਭੁਲਿਆਂ ਅੱਖ ਨਾ ਕਿਸੇ ਖੁਲ੍ਹਾਈਆ । ਤੇਰਾ ਸਚ ਸੱਚਾ ਅਸੂਲ, ਜੁਗ ਚੌਕੜੀ ਦੇਵੇ ਸਜ਼ਾਈਆ । ਤੇਰਾ ਨਾਮ ਸ਼ਬਦ ਮਾਅਕੂਲ, ਹੁਕਮ ਇਕੋ ਇਕ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦਰ ਦਰਵੇਸ਼ ਸੀਸ ਝੁਕਾਈਆ । ਵਿਸ਼ਨੂੰ ਖੜਾ ਦਰਵੇਸ਼, ਦਰ ਸੀਸ ਝੁਕਾਇੰਦਾ । ਤੇਰੇ ਅੱਗੇ ਚਲੇ ਨਾ ਕੋਈ ਪੇਸ਼, ਪੇਸ਼ਵਾ ਨਜ਼ਰ ਕੋਇ ਨਾ ਆਇੰਦਾ । ਮੇਰੀ ਰੋਂਦੀ ਬਾਸ਼ਕ ਸੇਜ, ਸਾਂਗੋ ਪਾਂਗ ਸੁਖ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਇਕ ਦੇਣਾ ਸਾਚਾ ਵਰ, ਤੁਧ ਬਿਨ ਨਜ਼ਰ ਕੋਇ ਨਾ ਆਇੰਦਾ । ਤੁਧ ਬਿਨ ਨਜ਼ਰ ਨਾ ਆਏ ਬੇਨਜ਼ੀਰ, ਨੈਣ ਅੱਖ ਨਾ ਕੋਇ ਖੁਲ੍ਹਾਈਆ । ਪਰਵਰਦਿਗਾਰ ਗਹਿਰ ਗੰਭੀਰ, ਗੁਣੀ ਗਹੀਰ ਤੇਰੀ ਵਡਿਆਈਆ । ਤੁਧ ਬਿਨ ਹੋਇਆ ਦਿਲਗੀਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਤੇਰਾ ਵੇਲਾ ਅੰਤ ਅਖ਼ੀਰ, ਆਖ਼ਰ ਆਪਣਾ ਭੇਵ ਜਣਾਈਆ । ਚਾਰ ਵਰਨ ਸ਼ਰਅ ਜ਼ੰਜੀਰ, ਸਿਰਕਤ ਘਰ ਘਰ ਕਰੇ ਲੜਾਈਆ । ਨਾ ਕੋਈ ਬਦਲੇ ਤਕਦੀਰ, ਤਦਬੀਰ ਸਕੇ ਨਾ ਕੋਇ ਸਮਝਾਈਆ । ਹੱਥ ਫੜ ਜਗਤ ਸ਼ਮਸ਼ੀਰ, ਸ਼ੀਰ ਖ਼ਾਰ ਰਹੇ ਡਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਦੇਣਾ ਸਾਚਾ ਵਰ, ਜਿਸ ਮਿਲਿਆਂ ਤੋਟ ਰਹੇ ਨਾ ਰਾਈਆ । ਹਰਿ ਕਾ ਵਰ ਏਕਾ ਏਕ, ਏਕੰਕਾਰਾ ਆਪ ਜਣਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਰੱਖਣੀ ਟੇਕ, ਸਤਿ ਸਤਿਵਾਦੀ ਆਪ ਸਮਝਾਇੰਦਾ । ਜੁਗ ਚੌਕੜੀ ਰਹੇ ਹਮੇਸ਼, ਜਨਮ ਮਰਨ ਵਿਚ ਨਾ ਆਇੰਦਾ । ਤਿਸ ਸਾਹਿਬ ਕਰੋ ਆਦੇਸ, ਦੇਸ ਦਸੰਤਰ ਸੋਭਾ ਪਾਇੰਦਾ । ਤਿਸ ਭਾਣਾ ਮੰਨੇ ਨਰ ਨਰੇਸ਼, ਨਰ ਨਰਾਇਣ ਹੁਕਮ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਧਾਰ ਆਪ ਜਣਾਇੰਦਾ । ਧੁਰ ਦੀ ਧਾਰ ਦੱਸੇ ਭਗਵਾਨ, ਸ੍ਰੀ ਭਗਵਾਨ ਦਇਆ ਕਮਾਈਆ । ਕਲਜੁਗ ਅੰਤ ਹੋਏ ਸੋ ਪਰਵਾਨ, ਜਿਸ ਪਰਵਾਨਾ ਹੱਥ ਫੜਾਈਆ । ਜਿਸ ਜਨ ਰਸਨਾ ਗਾਇਆ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤਿਸ ਜੈ ਜੈਕਾਰ ਕਰੇ ਲੋਕਾਈਆ । ਵਿਸ਼ਨੂੰ ਤੇਰਾ ਤੁਟੇ ਮਾਣ, ਹਰਿ ਭਗਤ ਮਿਲੇ ਵਡਿਆਈਆ । ਤੂੰ ਸੇਵਾਦਾਰ ਦਰਬਾਨ, ਗੁਰਮੁਖ ਮੇਰੇ ਘਰ ਔਣ ਚਾਈਂ ਚਾਈਆ । ਬ੍ਰਹਮਾ ਵੰਡਣਹਾਰਾ ਦਾਨ, ਹਰਿਜਨ ਦਾਤੇ ਦਾਨੀ ਮਿਲ ਖ਼ੁਸ਼ੀ ਮਨਾਈਆ । ਸ਼ੰਕਰ ਕਰਨਹਾਰ ਕਲਿਆਣ, ਜੋ ਘੜਿਆ ਭੰਨ ਵਖਾਈਆ । ਭਗਤ ਭਗਵਾਨ ਕਰਨ ਪਰਵਾਨ , ਦੂਜਾ ਇਸ਼ਟ ਨਾ ਕੋਇ ਮਨਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨਾਮ ਬਾਣੀ ਚਲਦੀ ਰਹੀ ਦੁਕਾਨ, ਗੁਰ ਸਤਿਗੁਰ ਹੱਟ ਖੁਲ੍ਹਾਈਆ । ਸਾਰੇ ਬਣ ਕੇ ਔਂਦੇ ਰਹੇ ਮਹਿਮਾਨ, ਕੱਟ ਰੈਣ ਉਠ ਉਠ ਆਪਣੇ ਘਰ ਨੂੰ ਜਾਈਆ । ਰਸਨਾ ਕਹਿ ਕੇ ਗਏ ਸਭ ਦਾ ਦਾਤਾ ਸ੍ਰੀ ਭਗਵਾਨ, ਸੋ ਪੁਰਖ ਨਿਰੰਜਣ ਬੇਪਰਵਾਹੀਆ । ਹੰ ਬ੍ਰਹਮ ਕਰੇ ਪਰਵਾਨ, ਪਰਮ ਪੁਰਖ ਇਕ ਸਰਨਾਈਆ । ਕਲਜੁਗ ਅੰਤ ਹੋ ਮਿਹਰਵਾਨ, ਮਿਹਰਵਾਨ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਾਮ ਨਾਮ ਜੈਕਾਰਾ ਏਕੰਕਾਰਾ, ਸ਼ਬਦ ਸਹਾਰਾ ਦਏ ਸਮਝਾਈਆ । ਸੋਹੰ ਜੈਕਾਰਾ ਜੀਵ ਜਪ, ਜਗ ਜੀਵਣ ਦਾਤਾ ਆਪ ਜਣਾਇੰਦਾ । ਲੇਖਾ ਚੁੱਕੇ ਤੀਨੋਂ ਤਪ, ਤ੍ਰੈਗੁਣ ਨਾਤਾ ਤੋੜ ਤੁੜਾਇੰਦਾ । ਕੋਟ ਜਨਮ ਦੇ ਉਤਾਰੇ ਪੱਪ, ਪਤਤ ਪਾਪੀ ਪਾਰ ਕਰਾਇੰਦਾ । ਜੋ ਜਨ ਦੁਆਰੇ ਆਇਣ ਨੱਠ, ਤਿਨ੍ਹਾਂ ਬਣ ਪਾਂਧੀ ਮੇਲ ਮਿਲਾਇੰਦਾ । ਜਿਸ ਦਾ ਵਿਸ਼ਨੂੰ ਗਾਏ ਜਸ, ਸੋ ਭਗਵਾਨ ਫੇਰਾ ਪਾਇੰਦਾ । ਗੁਰਮੁਖੋ ਮਿਲੋ ਹੱਸ, ਹੰਸ ਮੁਖ ਆਪਣੇ ਨਾਲ ਮਿਲਾਇੰਦਾ । ਲੱਭਿਆਂ ਕਿਸੇ ਨਾ ਆਵੇ ਹੱਥ, ਰੂਪ ਰੰਗ ਰੇਖ ਨਾ ਕੋਇ ਰਖਾਇੰਦਾ । ਸਵਾਮੀ ਪੁਰਖ ਆਪ ਸਮਰਥ, ਨਿਹਕਰਮੀ ਕਰਮ ਕਮਾਇੰਦਾ । ਲੇਖਾ ਜਾਣੇ ਤੱਤ ਅੱਠ, ਅੱਠ ਅਠੋਤਰ ਫੋਲ ਫੁਲਾਇੰਦਾ । ਨੌਂ ਦੁਆਰੇ ਕਰ ਕੇ ਵੱਖ, ਨੌਂ ਰਸ ਮੇਟ ਮਿਟਾਇੰਦਾ । ਦਸਮ ਦੁਆਰੀ ਨਿੱਕਾ ਜਿਹਾ ਛੋਟਾ ਹੱਟ, ਇਸ਼ਾਰੇ ਨਾਲ ਖੁਲ੍ਹਾਇੰਦਾ । ਅੱਗੇ ਮਾਰਗ ਫੇਰ ਦੱਸ, ਗੁਰ ਸ਼ਬਦੀ ਉਂਗਲੀ ਲਾਇੰਦਾ । ਸੁਨ ਅਗੰਮ ਚਰਨਾਂ ਹੇਠ ਦੱਬ, ਥਿਰ ਘਰ ਆਪਣਾ ਮੇਲ ਮਿਲਾਇੰਦਾ । ਥਿਰ ਘਰ ਲਹਿਣਾ ਚੁੱਕੇ ਹੱਬ, ਅੱਗੇ ਆਪਣੀ ਕਾਰ ਕਮਾਇੰਦਾ । ਜਿਨ੍ਹਾਂ ਕਰ ਕਿਰਪਾ

ਲਏ ਲੱਭ, ਸਿਰ ਆਪਣਾ ਹੱਥ ਟਿਕਾਇੰਦਾ । ਸਚਖੰਡ ਦੁਆਰੇ ਲੈ ਕੇ ਜਾਏ ਝੱਬ, ਅੱਧਵਿਚਕਾਰ ਨਾ ਕੋਇ ਅਟਕਾਇੰਦਾ । ਭਗਤ ਭਗਵਾਨ ਇਕ ਦੁਆਰੇ ਦੋਵੇਂ ਬਹਿਣ ਫਬ, ਫ਼ਾਸਲਾ ਚਰਨ ਸੀਸ ਰਖਾਇੰਦਾ । ਆਦਿ ਜੁਗਾਦੀ ਇਕੋ ਯਦ, ਬੰਸ ਸਰਬੰਸ ਆਪ ਵਡਿਆਇੰਦਾ । ਸ਼ਰਅ ਸ਼ਰੀਅਤ ਛੱਡੇ ਹੱਦ, ਹੱਦ ਇਕੋ ਇਕ ਵਖਾਇੰਦਾ । ਬੋਧ ਅਗਾਧੀ ਵੱਜੇ ਨਦ, ਛੱਤੀ ਰਾਗ ਭੇਵ ਨਾ ਆਇੰਦਾ । ਜਿਸ ਨੂੰ ਕਹਿੰਦੇ ਸਾਡੇ ਨਾਲੋਂ ਅੱਡ, ਸੋ ਤੁਹਾਡੇ ਘਰ ਵਖਾਇੰਦਾ । ਕੂੜੀ ਕਿਰਿਆ ਖਹਿੜਾ ਦੇਵੇ ਛੱਡ, ਦੇਵਤ ਸੁਰ ਨਰ ਮੁਨ ਜਨ ਗੁਰਮੁਖੋ ਤੋਹੇ ਸੀਸ ਝੁਕਾਇੰਦਾ । ਪ੍ਰਭ ਨੂੰ ਮਿਲ ਕੇ ਖੋਲ੍ਹੋ ਆਪਣੀ ਅੱਖ, ਬਿਨ ਸਤਿਗੁਰ ਅੱਖ ਗੁਰੂ ਨਜ਼ਰ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰਤੱਖ ਆਪਣੀ ਕਾਰ ਕਮਾਇੰਦਾ । ਪਰਤੱਖ ਦਾ ਕੀ ਹਾਲ ਕਹਿਣਾ, ਕਹਿਣ ਕੋਇ ਨਾ ਜਾਈਆ । ਜੋ ਵੇਖੇ ਸੋ ਆਪਣੇ ਨੈਣਾਂ, ਨੈਣਾਂ ਦਏ ਜਣਾਈਆ । ਸਾਹਿਬ ਸਤਿਗੁਰ ਸੱਜਣ ਸੈਣਾ, ਸਾਕ ਇਕੋ ਇਕ ਅਖਵਾਈਆ । ਨਾਨਕ ਗੋਬਿੰਦ ਮੰਨੋ ਕਹਿਣਾ, ਪਰਮ ਪੁਰਖ ਪਰਮਾਤਮਾ ਗਿਆ ਆਈਆ । ਜਿਸ ਦਾ ਮੰਦਰ ਕਦੇ ਨਾ ਢਹਿਣਾ, ਚਾਰ ਦੀਵਾਰ ਨਾ ਕੋਇ ਗਿਰਾਈਆ । ਆਦਿ ਜੁਗਾਦਿ ਜੁਗਾ ਜੁਗੰਤਰ ਇਕੋ ਜਿਹਾ ਰਹਿਣਾ, ਵੱਡਾ ਛੋਟਾ ਨਾ ਕੋਇ ਬਣਾਈਆ । ਕਲਜੁਗ ਅੰਤਮ ਗੋਬਿੰਦ ਆਖੇ ਸਾਢੇ ਤਿੰਨ ਹੱਥ ਪਾਇਆ ਗਹਿਣਾ, ਜਗਤ ਸ਼ਿੰਗਾਰ ਰਿਹਾ ਵਖਾਈਆ । ਸਚ ਸਿੰਘਾਸਣ ਸਾਚੇ ਬਹਿਣਾ, ਸਮਰਥ ਸੇਜ ਵਿਛਾਈਆ । ਗੁਰਮੁਖਾਂ ਦੇਵੇ ਲਹਿਣਾ ਦੇਣਾ, ਦੇਣਾ ਸਭ ਦੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੈ ਜੈਂਕਾਰ ਇਕ ਅਖਵਾਈਆ । ਜੈ ਜੈਕਾਰ ਕਰਨ ਬ੍ਰਹਿਮੰਡ, ਬ੍ਰਹਿਮਾਂਡ ਵੱਜੇ ਵਧਾਈਆ । ਜੈ ਜੈਕਾਰ ਕਰਨ ਜੇਰਜ ਅੰਡ, ਅੰਡਜ ਜੇਰਜ ਰਹੇ ਜਸ ਗਾਈਆ । ਜੈ ਜੈਕਾਰ ਕਰਨ ਸੂਰਜ ਚੰਦ, ਚੰਨ ਸੂਰਜ ਰਹੇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜੈ ਜੈਕਾਰ ਇਕ ਉਪਾਈਆ । ਜੈ ਜੈਕਾਰ ਆਪ ਉਪਾਈ, ਉਪਮਾਂ ਆਪਣੇ ਹੱਥ ਰਖਾਇੰਦਾ । ਆਪਣੀ ਸਿਖਿਆ ਆਪ ਪੜ੍ਹਾਈ, ਸਿਖਾਵਣਹਾਰਾ ਨਜ਼ਰ ਕਿਸੇ ਨਾ ਆਇੰਦਾ । ਆਪਣੀ ਵਿਦਿਆ ਆਪ ਜਣਾਈ, ਪਾਠਸ਼ਾਲਾ ਆਪ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਰਾਇੰਦਾ । ਸਾਚੀ ਕਰਨੀ ਜੈ ਜੈਕਾਰ ਜੋਗ, ਜੁਗਤ ਜੁਗਤੀ ਆਪ ਜਣਾਇੰਦਾ । ਆਦਿ ਜੁਗਾਦੀ ਧੁਰ ਸੰਜੋਗ, ਹਰਿ ਸਤਿਗੁਰ ਮੇਲ ਮਿਲਾਇੰਦਾ । ਨਿਰਗੁਣ ਸਰਗੁਣ ਖੇਲ ਲੋਕ ਪਰਲੋਕ, ਦੋ ਜਹਾਨਾਂ ਵੰਡ ਵੰਡਾਇੰਦਾ । ਨਾਮ ਨਿਧਾਨਾ ਅਗੰਮ ਸਲੋਕ, ਸੋਹਲਾ ਰਾਗ ਅਲਾਇੰਦਾ । ਪ੍ਰਭ ਕਾ ਭਾਣਾ ਕੋਈ ਨਾ ਸਕੇ ਰੋਕ, ਜੋ ਕਰਨੀ ਸੋ ਕਰ ਵਖਾਇੰਦਾ । ਜੁਗ ਚੌਕੜੀ ਖੇਲੇ ਖੇਲ ਪੋਤਰਾ ਪੋਤ, ਪੂਤ ਸਪੂਤਾ ਗੰਢ ਪੁਆਇੰਦਾ । ਸਦਾ ਸਦਾ ਸਦ ਰਹੇ ਮਦਹੋਸ਼, ਖ਼ੁਮਾਰ ਖ਼ੁਮਾਰੀ ਇਕ ਜਣਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਦਰਸ਼ਨ ਰਹੇ ਲੋਚ, ਲੋਚਾਂ ਸਭ ਦੀ ਪੂਰ ਕਰਾਇੰਦਾ । ਗੁਰ ਅਵਤਾਰ ਸੋਚਾਂ ਰਹੇ ਸੋਚ, ਆਪਣੀ ਸੋਚ ਨਾ ਕਿਸੇ ਸਮਝਾਇੰਦਾ । ਕਲਜੁਗ ਅੰਤਮ ਸਭ ਨੂੰ ਜਾਏ ਪਹੁੰਚ, ਆਪ ਆਪਣਾ ਪੰਧ ਮੁਕਾਇੰਦਾ । ਗੁਰਮੁਖ ਨਾਰੀ ਮਿਲੇ ਸਾਚਾ ਖੌਂਤ, ਕੰਤ ਨਾਰ ਆਪ ਹੰਢਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਰ ਹਰਿ ਆਪਣੀ ਕਾਰ ਕਮਾਇੰਦਾ । ਕਾਰ ਕਮਾਏ ਕਰਤਾ ਪੁਰਖ, ਪੁਰਖ ਪੁਰਖੋਤਮ ਵਡ ਵਡਿਆਈਆ । ਨਾ ਕੋਈ ਸੋਗ ਨਾ ਕੋਈ ਹਰਖ, ਹਿਰਸ ਹਵਸ ਨਾ ਕੋਇ ਵਧਾਈਆ । ਜਨ ਭਗਤਾਂ ਉਤੇ ਕਰ ਕੇ ਤਰਸ, ਰਹਿਮਤ

ਆਪਣੀ ਆਪ ਕਮਾਈਆ । ਨਿਰਗੁਣ ਹੋ ਕੇ ਆਇਆ ਪਰਤ, ਸਰਗੁਣ ਰੂਪ ਨਾ ਕੋਇ ਵਟਾਈਆ । ਅੰਮ੍ਰਿਤ ਮੇਘ ਇਕੋ ਬਰਖ, ਬਰਖਾ ਆਪਣੇ ਨਾਮ ਲਗਾਈਆ । ਦੋ ਜਹਾਨਾਂ ਜੁਗ ਚੌਕੜੀ ਜੋ ਕਰਦਾ ਰਿਹਾ ਲਿਖਤ ਪੜ੍ਹਤ, ਅੰਤਮ ਆਪਣੇ ਲੇਖੇ ਪਾਈਆ । ਅੱਗੇ ਰਹੇ ਨਾ ਕਿਸੇ ਦੀ ਕੋਈ ਚੜ੍ਹਤ, ਚੜ੍ਹਦੀ ਕਲਾ ਨਾ ਕੋਇ ਜਣਾਈਆ । ਪੁਰਖ ਅਕਾਲ ਢੋਲਾ ਗੌਣਾ ਸਭ ਨੇ ਹੋ ਨਧੜਕ, ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਵੱਜੇ ਵਧਾਈਆ । ਅੱਗੇ ਰਹੇ ਨਾ ਕੋਈ ਫ਼ਰਕ, ਫ਼ੈਸਲਾ ਇਕੋ ਵਾਰ ਸੁਣਾਈਆ । ਗੁਰਮੁਖ ਕੋਈ ਨਾ ਚੜ੍ਹੇ ਚਰਖ, ਪੁੱਠੀ ਖੱਲ ਨਾ ਕੋਇ ਲੁਹਾਈਆ । ਰਾਤੀਂ ਸੁਤਿਆਂ ਦਿਨੇ ਜਾਗਦਿਆਂ ਦੇਵੇ ਦਰਸ, ਦਰ ਦਰ ਘਰ ਘਰ ਫੇਰਾ ਪਾਈਆ । ਭਗਤੇ ਭਗਵਾਨ ਰੱਖੇ ਸਦਾ ਮਿਲਣ ਦੀ ਗਰਜ਼, ਨਿਤ ਨਿਤ ਆਪਣਾ ਫੇਰਾ ਪਾਈਆ । ਨਿਰਗੁਣ ਵੇਖ ਨਾ ਹੋਣਾ ਅਸਚਰਜ, ਧਰੂ ਪ੍ਰਹਿਲਾਦ ਸਭ ਨੂੰ ਗਿਆ ਸਮਝਾਈਆ । ਪ੍ਰਭ ਕਿਸੇ ਕੋਲੋਂ ਰਿਹਾ ਨਾ ਵਰਜਿਆ ਸਾਰੇ ਰਹੇ ਵਰਜ, ਗ਼ਰੀਬ ਨਿਮਾਣਿਆਂ ਗਲੇ ਲਗਾਈਆ । ਜੋ ਗੋਬਿੰਦ ਕੋਲੋਂ ਹੋ ਗਿਆ ਹਰਜ, ਸੋ ਪੂਰਾ ਦਏ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਪਰਤ ਕੇ ਆਇਆ ਮਰਦ, ਸਚ ਮਰਦਾਨਗੀ ਦਏ ਵਖਾਈਆ । ਇਕੋ ਮਰਦ ਬਣੇ ਮਰਦਾਨਾ, ਸਚ ਮਰਦਾਨਗੀ ਆਪ ਕਮਾਇੰਦਾ । ਇਕੋ ਧਰਮ ਇਕ ਨਿਸ਼ਾਨਾ, ਇਕੋ ਮੰਦਰ ਹਰਿ ਸੁਹਾਇੰਦਾ । ਇਕੋ ਨਾਮ ਇਕੋ ਗਾਣਾ, ਇਕੋ ਰਾਗ ਆਪ ਅਲਾਇੰਦਾ । ਇਕੋ ਇਸ਼ਟ ਦੇਵ ਮਿਲਾਣਾ, ਇਕੋ ਰੂਪ ਅਨੂਪ ਦਰਸਾਇੰਦਾ । ਇਕੋ ਚਰਨ ਕਵਲ ਧਿਆਨਾ, ਧਿਆਨ ਇਕੋ ਇਕ ਸਮਝਾਇੰਦਾ । ਇਕੋ ਪੀਣਾ ਇਕੋ ਖਾਣਾ, ਵੰਡਣ ਇਕੋ ਇਕ ਵੰਡਾਇੰਦਾ । ਇਕੋ ਰੂਪ ਸ੍ਰੀ ਭਗਵਾਨਾ, ਹਰ ਘਟ ਅੰਦਰ ਡੇਰਾ ਲਾਇੰਦਾ । ਇਕੋ ਹੋਏ ਜਾਣੀ ਜਾਣਾ, ਅੰਤਰ ਆਤਮ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਰਾਹ ਇਕ ਵਖਾਇੰਦਾ । ਇਕ ਵਖਾਏ ਸੱਚਾ ਰਾਹ, ਰਹਿਬਰ ਇਕੋ ਨਜ਼ਰੀ ਆਈਆ । ਇਕ ਜਣਾਏ ਸਚ ਮਲਾਹ, ਬੇੜਾ ਇਕੋ ਇਕ ਤਰਾਈਆ । ਇਕ ਜਣਾਏ ਸਚ ਸਲਾਹ, ਕਰੇ ਸ਼ਬਦ ਨਾਮ ਪੜ੍ਹਾਈਆ । ਇਕ ਫੜਾਏ ਆਪਣੀ ਬਾਂਹ, ਫੜੀ ਬਾਂਹ ਨਾ ਕੋਇ ਛੁਡਾਈਆ । ਇਕ ਜਣਾਏ ਹਰੀ ਹਰਿ ਨਾਂ, ਨਾਉਂ ਨਿਰੰਕਾਰਾ ਇਕ ਦਰਸਾਈਆ । ਇਕ ਕਰੇ ਕਰਾਏ ਹਾਂ ਵਿਚ ਹਾਂ, ਤੂੰ ਮੈਂ ਨਾ ਕੋਇ ਰਖਾਈਆ । ਇਕ ਬਣੇ ਪਿਤਾ ਮਾਂ, ਪਿਤਾ ਪੂਤ ਦਏ ਵਡਿਆਈਆ । ਇਕ ਬਣਾਏ ਹੰਸ ਕਾਂ, ਕਾਗੋਂ ਹੰਸ ਉਡਾਈਆ । ਇਕ ਦਏ ਨਿਥਾਵਿਆਂ ਥਾਂ, ਚਰਨ ਕਵਲ ਸੱਚੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਆਪਣੀ ਕਾਰ ਕਮਾਈਆ । ਨਿਰਗੁਣ ਕਾਰ ਕਮਾਏ ਕਰਨੀ, ਕਰਤਾ ਪੁਰਖ ਦਇਆ ਕਮਾਇੰਦਾ । ਨਾਤਾ ਤੋੜੇ ਵਰਨੀ ਬਰਨੀ, ਜ਼ਾਤ ਪਾਤ ਇਕ ਵਡਿਆਇੰਦਾ । ਜੋ ਜਨ ਸਰਨਾਏ ਆਏ ਚਰਨੀ, ਤਿਨ੍ਹਾਂ ਚਰਨ ਕਵਲ ਧਿਆਨ ਲਗਾਇੰਦਾ । ਗੇੜ ਚੁੱਕੇ ਮਰਨੀ ਡਰਨੀ, ਲੱਖ ਚੁਰਾਸੀ ਫੰਦ ਕਟਾਇੰਦਾ । ਸਾਚੀ ਤਾਰੀ ਇਕੋ ਤਰਨੀ, ਤਾਰਨਹਾਰਾ ਆਪ ਸਿਖਾਇੰਦਾ । ਰੂਹ ਸ਼ਬਦ ਅੰਤ ਫੜਨੀ, ਸੁਰਤੀ ਮੇਲਾ ਮੇਲ ਮਿਲਾਇੰਦਾ । ਸਤਿਗੁਰ ਪੂਰੇ ਅੱਗੇ ਕੋਇ ਨਾ ਅੜਨੀ, ਜੁਗ ਵਿਛੜੀ ਜੋੜ ਜੁੜਾਇੰਦਾ । ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜ਼ਬਾਨ ਬਾਣੀ ਜਿਸ ਨੇ ਪੜ੍ਹਨੀ, ਤਿਸ ਪੁਸਤਕ ਹੋਰ ਨਾ ਕੋਇ ਵਖਾਇੰਦਾ । ਸ੍ਰੀ ਭਗਵਾਨ ਨਾਲ ਸ੍ਰਿਸ਼ਟ ਸਬਾਈ ਲੜਨੀ, ਕਿਉਂ ਉਲਟਾ ਰਾਹ ਚਲਾਇੰਦਾ । ਅੰਤਮ ਵਾਂਗ ਅੰਗਿਆਰੀ ਝੜਨੀ, ਸ਼ੋਅਲਾ ਕੋਈ ਰਹਿਣ ਨਾ ਪਾਇੰਦਾ ।

ਸਾਰੇ ਚਲ ਕੇ ਔਣੇ ਸਰਨੀ, ਰਾਉ ਰੰਕ ਬਚਿਆ ਨਾ ਕੋਇ ਅਖਵਾਇੰਦਾ । ਪ੍ਰਭ ਨੇ ਅੰਦਰੇ ਅੰਦਰ ਕਾਰ ਕਰਨੀ, ਬਾਹਰੋਂ ਹੁਕਮ ਨਾ ਕੋਇ ਸੁਣਾਇੰਦਾ । ਜਿਸ ਦੀ ਲਿਖਤ ਕਿਸੇ ਨਾ ਪੜ੍ਹਨੀ, ਬਿਨ ਲਿਖਿਆਂ ਲੇਖ ਬਣਾਇੰਦਾ । ਜਿਸ ਦੇ ਚਰਨ ਚੁੰਮੇ ਧਰਨੀ, ਧਰਤ ਧਵਲ ਆਸ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਆਪਣੀ ਕਲ ਵਰਤਾਇੰਦਾ । ਕਲ ਵਰਤਾਏ ਆਪਣੀ ਕਲ, ਕਲਵੰਤ ਭੇਵ ਨਾ ਆਇੰਦਾ । ਆਦਿ ਜੁਗਾਦੀ ਅਛਲ ਅਛੱਲ, ਜੁਗ ਜੁਗ ਵੇਸ ਵਟਾਇੰਦਾ । ਜੋਤ ਸ਼ਬਦ ਗਿਆ ਰਲ, ਨਜ਼ਰ ਕਿਸੇ ਨਾ ਆਇੰਦਾ । ਵਸਣਹਾਰਾ ਜਲ ਥਲ, ਮਹੀਅਲ ਆਪਣਾ ਡੇਰਾ ਲਾਇੰਦਾ । ਗੁਰ ਅਵਤਾਰ ਪੀਰ ਪੈਗੰਬਰ ਜੋ ਰਿਹਾ ਘੱਲ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਹੁਕਮ ਮਨਾਇੰਦਾ । ਸੋ ਸਾਹਿਬ ਆਇਆ ਚਲ, ਚਲਤ ਆਪਣਾ ਇਕ ਜਣਾਇੰਦਾ । ਦੋ ਜਹਾਨ ਜਾਇਣ ਹੱਲ, ਧੀਰਜ ਧੀਰ ਨਾ ਕੋਇ ਧਰਾਇੰਦਾ । ਲੇਖਾ ਮੁਕਾਏ ਬਿਨ ਘੜੀ ਪਲ, ਅੱਖੀ ਅੱਖ ਨਾ ਕੋਇ ਫਰਕਾਇੰਦਾ । ਸਭ ਨੂੰ ਦੇਵਣਹਾਰ ਕਰਨੀ ਫਲ, ਕੀਤੀ ਸਭ ਦੀ ਝੋਲੀ ਪਾਇੰਦਾ । ਕਲਜੁਗ ਕੂੜੀ ਕਿਰਿਆ ਖ਼ਾਲੀ ਦਿਸੇ ਡਾਲ, ਫਲ ਨਜ਼ਰ ਕੋਇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਸੰਦੇਸਾ ਨਰ ਨਰੇਸ਼ਾ ਨਿਰਗੁਣ ਦਾਤਾ ਪੁਰਖ ਬਿਧਾਤਾ ਨਿਰਵੈਰ ਸਵਾਮੀ ਸਦਾ ਨਿਹਕਾਮੀ ਅੰਤਰਜਾਮੀ ਸ੍ਰੀ ਭਗਵਾਨ ਆਪ ਅਲਾਇੰਦਾ ।



## ★ ੨ ਜੇਠ ੨੦੨੦ ਬਿਕਰਮੀ ਆਤਮਾ ਸਿੰਘ ਦੇ ਗ੍ਰਹਿ ਮਲੂਵਾਲ ਜ਼ਿਲਾ ਅੰਮ੍ਰਿਤਸਰ ★

੪੬੧ ੧੪

ਸੋ ਪੁਰਖ ਨਿਰੰਜਣ ਧਾਮ ਅਨਡੀਠ, ਸਚਖੰਡ ਸਾਚੇ ਸੋਭਾ ਪਾਇੰਦਾ । ਹਰਿ ਪੁਰਖ ਨਿਰੰਜਣ ਸਚ ਪ੍ਰੀਤ, ਨਿਰਗੁਣ ਨਿਰਵੈਰ ਆਪ ਕਰਾਇੰਦਾ । ਏਕੰਕਾਰਾ ਠਾਂਡਾ ਸੀਤ, ਸਤਿ ਸਤਿਵਾਦੀ ਨਾਉਂ ਧਰਾਇੰਦਾ । ਆਦਿ ਨਿਰੰਜਦ ਸਦਾ ਅਤੀਤ, ਤ੍ਰੈਗੁਣ ਵਿਚ ਕਦੇ ਨਾ ਆਇੰਦਾ । ਅਬਿਨਾਸ਼ੀ ਕਰਤਾ ਸਾਚੀ ਰੀਤ, ਆਦਿ ਜੁਗਾਦਿ ਆਪ ਚਲਾਇੰਦਾ । ਸ੍ਰੀ ਭਗਵਾਨ ਹਸਤ ਕੀਟ, ਨਿਰਗੁਣ ਸਰਗੁਣ ਖੇਲ ਕਰਾਇੰਦਾ । ਪਾਰਬ੍ਰਹਮ ਬ੍ਰਹਮ ਸਚ ਪ੍ਰੀਤ, ਆਤਮ ਪਰਮਾਤਮ ਮੇਲ ਮਿਲਾਇੰਦਾ । ਸਾਹਿਬ ਸਤਿਗੁਰ ਸੱਚਾ ਗੀਤ, ਢੋਲਾ ਇਕੋ ਇਕ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਕਰ ਕਰਤਾਰ, ਕਰਤਾ ਆਪਣੀ ਕਾਰ ਕਮਾਈਆ । ਦਰ ਖੋਲ੍ਹ ਠਾਂਡਾ ਦਰਬਾਰ, ਗ੍ਰਹਿ ਮੰਦਰ ਸੋਭਾ ਪਾਈਆ । ਜੋਤੀ ਬਾਤੀ ਕਰ ਉਜਿਆਰ, ਨਿਰਮਲ ਦੀਪਕ ਇਕ ਰੁਸ਼ਨਾਈਆ । ਪੁਰਖ ਅਗੰਮ ਹੋ ਤਿਆਰ, ਅਗੰਮੜੀ ਕਾਰ ਕਮਾਈਆ । ਜੋਧਾ ਸੂਰ ਬਣ ਬਲਕਾਰ, ਬਲ ਆਪਣਾ ਆਪ ਪਰਗਟਾਈਆ । ਸ਼ਾਹੋ ਭੂਪ ਸਚ ਸਿਕਦਾਰ, ਸ਼ਹਿਨਸ਼ਾਹ ਇਕੋ ਇਕ ਵਡਿਆਈਆ । ਹੁਕਮੀ ਹੁਕਮ ਸੱਚੀ ਸਰਕਾਰ, ਦੋ ਜਹਾਨਾਂ ਆਪ ਸੁਣਾਈਆ । ਨਾਮ ਪਰਵਾਨਾ ਏਕੰਕਾਰ, ਅਕਲ ਕਲ ਧਾਰੀ ਆਪ ਦ੍ਰਿੜਾਈਆ । ਖੇਲ ਖੇਲੇ ਅਪਰ ਅਪਾਰ, ਖ਼ਾਲਕ ਆਪਣਾ ਭੇਵ ਜਣਾਈਆ । ਮੁਕਾਮੇ ਹੱਕ ਸਾਂਝਾ ਯਾਰ, ਪਰਵਰਦਿਗਾਰ ਨੂਰ ਰੁਸ਼ਨਾਈਆ । ਸਾਚਾ ਨਗ਼ਮਾ ਕਰ ਤਿਆਰ, ਤਰਾਨਾ ਇਕੋ ਇਕ ਸੁਣਾਈਆ । ਲੇਖਾ ਜਾਣ ਧੁਰ ਦਰਬਾਰ, ਦਰਗਹਿ ਸਾਚੀ ਵੱਜੇ ਵਧਾਈਆ । ਸਚਖੰਡ ਖੋਲ੍ਹ ਕਿਵਾੜ, ਦਰ ਦਰਵਾਜ਼ਾ ਇਕ

ਜਣਾਈਆ । ਥਿਰ ਘਰ ਪਾਵਣਹਾਰਾ ਸਾਰ, ਬੇਪਰਵਾਹ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਕਾਰ ਕਮਾਈਆ । ਆਦਿ ਜੁਗਾਦੀ ਏਕਾ ਏਕ, ਏਕੰਕਾਰਾ ਖੇਲ ਖਲਾਇੰਦਾ । ਜੁਗਾ ਜੁਗੰਤਰ ਸਾਚੀ ਟੇਕ, ਮਿਹਰਵਾਨ ਇਕ ਜਣਾਇੰਦਾ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਵੇਖ, ਜੇਰਜ ਅੰਡਜ ਧਿਆਨ ਲਗਾਇੰਦਾ । ਨਿਰਗੁਣ ਸਰਗੁਣ ਕਰ ਕਰ ਹੇਤ, ਹਿਤਕਾਰੀ ਮੇਲ ਮਿਲਾਇੰਦਾ । ਲੱਖ ਚੁਰਾਸੀ ਵੇਖੇ ਕਾਇਆ ਖੇਤ, ਘਟ ਘਟ ਆਪਣਾ ਡੇਰਾ ਲਾਇੰਦਾ । ਭਗਤ ਭਗਵਾਨ ਦੇਵੇ ਭੇਤ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਸ੍ਰੀ ਭਗਵਾਨ, ਸੋ ਪੁਰਖ ਨਿਰੰਜਣ ਆਪ ਕਮਾਈਆ । ਆਦਿ ਆਦਿ ਦਿਤਾ ਦਾਨ, ਮਧ ਆਪਣੀ ਰਚਨ ਰਚਾਈਆ । ਅੰਤਮ ਵੇਖੇ ਨਰ ਹਰਿ ਆਣ, ਨਰਾਇਣ ਵਡ ਵਡਿਆਈਆ । ਦੋ ਜਹਾਨਾਂ ਸੱਚਾ ਕਾਹਨ, ਬੰਸਰੀ ਇਕੋ ਨਾਮ ਵਜਾਈਆ । ਆਤਮ ਪਰਮਾਤਮ ਸੱਚਾ ਰਾਮ, ਰਹੀਮ ਇਕੋ ਇਕ ਦਰਸਾਈਆ । ਸ਼ਬਦ ਅਗੰਮੀ ਧੁਰ ਫ਼ਰਮਾਣ, ਸਚ ਸੰਦੇਸਾ ਇਕ ਅਲਾਈਆ । ਕਲਮਾ ਨਬੀ ਰਸੂਲ ਪੀਰ ਪੈਗ਼ੰਬਰ ਸਰਬ ਗਾਨ, ਕੁਤਬ ਗੌਂਸ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਹਰਿ ਖੇਲ ਅਵੱਲਾ, ਏਕੰਕਾਰ ਆਪ ਕਰਾਇੰਦਾ । ਸਚਖੰਡ ਦੁਆਰ ਸਚ ਮਹੱਲਾ, ਸਾਹਿਬ ਸਤਿਗੁਰ ਡੇਰਾ ਲਾਇੰਦਾ । ਨਿਰਗੁਣ ਜੋਤ ਨਿਰਗੁਣ ਰਲਾ, ਜੋਤੀ ਜਾਤਾ ਡਗਮਗਾਇੰਦਾ । ਸ਼ਬਦੀ ਧਾਰ ਅਗੰਮੀ ਪੱਲਾ, ਪੁਰਖ ਪੁਰਖੋਤਮ ਆਪ ਫੜਾਇੰਦਾ । ਸਚ ਸੰਦੇਸ ਇਕੋ ਘੱਲਾ, ਵਿਸ਼ਨ ਬ੍ਰਹਮਾ ਸ਼ਿਵ ਹਰਿ ਪੜ੍ਹਾਇੰਦਾ । ਲੇਖਾ ਜਾਣੇ ਜਲਾਂ ਥਲਾ, ਜ਼ਿਮੀ ਅਸਮਾਨਾਂ ਖੋਜ ਖੁਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਜਣਾਇੰਦਾ । ਸਾਚਾ ਭੇਵ ਆਦਿ ਅੰਤ, ਬੇਪਰਵਾਹ ਦਏ ਸਮਝਾਈਆ । ਜੁਗ ਚੌਕੜੀ ਸ੍ਰੀ ਭਗਵੰਤ, ਭਗਵਨ ਆਪਣੀ ਕਾਰ ਕਮਾਈਆ । ਨਾਮ ਨਿਧਾਨਾ ਮਣੀਆਂ ਮੰਤ, ਗੁਰ ਮੰਤਰ ਕਰੇ ਪੜ੍ਹਾਈਆ । ਭੇਵ ਖੁਲਾਏ ਅਵਤਾਰ ਗੁਰ ਸੰਤ, ਗੁਰ ਸਤਿਗੁਰ ਵੇਖ ਵਖਾਈਆ । ਲੇਖਾ ਜਾਣੇ ਜੀਵ ਜੰਤ, ਜੁਗ ਚੌਕੜੀ ਵੇਸ ਵਟਾਈਆ । ਮਹਿਮਾ ਸੁਣਾਏ ਆਪ ਅਨੰਤ, ਖਾਣੀ ਬਾਣੀ ਰਾਗ ਅਲਾਈਆ । ਲੇਖਾ ਜਾਣੇ ਗਿਆਨ ਬੋਧ ਪੰਡਤ, ਆਤਮ ਪਰਮਾਤਮ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਥਾਉਂ ਥਾਈਂਆ । ਲੇਖਾ ਜਾਣੇ ਪੁਰਖ ਅਗੰਮ, ਸੋ ਸਾਹਿਬ ਨਜ਼ਰ ਕਿਸੇ ਨਾ ਆਇੰਦਾ । ਆਦਿ ਜੁਗਾਦਿ ਬੇੜਾ ਬੰਨ੍ਹ, ਜੁਗ ਜੁਗ ਰਾਹ ਵਖਾਇੰਦਾ । ਸੇਵਕ ਸੇਵਾ ਸੂਰਜ ਚੰਨ, ਚੰਦ ਚਾਂਦਨਾ ਨੂਰ ਧਰਾਇੰਦਾ । ਭੇਵ ਅਭੇਦ ਪੰਜ ਤਨ, ਤਤਵ ਤਤ ਰੰਗ ਰੰਗਾਇੰਦਾ । ਰਾਗ ਸੁਣਾਏ ਅਨਾਦੀ ਕੰਨ, ਕਾਇਨਾਤ ਆਪ ਪੜ੍ਹਾਇੰਦਾ । ਲੇਖਾ ਜਾਣੇ ਸ਼ਬਦ ਜਨ, ਪੂਤ ਸਪੂਤਾ ਭੇਵ ਖੁਲ੍ਹਾਇੰਦਾ । ਨਾਤਾ ਜੋੜ ਮਤ ਬੁਧ ਮਨ, ਆਸਾ ਤ੍ਰਿਸ਼ਨਾ ਗੰਢ ਪੁਆਇੰਦਾ । ਸਮਰਥ ਪੁਰਖ ਆਪੇ ਘੜੇ ਆਪੇ ਲਏ ਭੰਨ, ਭੰਨਣਹਾਰ ਆਪਣੀ ਖੇਲ ਆਪ ਖਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਰਾਇੰਦਾ । ਸਾਚੀ ਕਰਨੀ ਜੈ ਜੈਕਾਰ, ਦੋ ਜਹਾਨਾਂ ਆਪ ਕਰਾਈਆ । ਜੁਗ ਚੌਕੜੀ ਬੀਤੇ ਚਾਰ, ਨਵ ਨੌਂ ਪੰਧ ਮੁਕਾਈਆ । ਨਵ ਨੌਂ ਰੋਵਣ ਜ਼ਾਰੋ ਜ਼ਾਰ, ਨੇਤਰ ਨੈਣਾਂ ਦੇਣ ਦੁਹਾਈਆ । ਚਾਰੇ ਖਾਣੀ ਗਈ ਹਾਰ, ਚਾਰੇ ਬਾਣੀ ਨੈਣ ਸ਼ਰਮਾਈਆ । ਚਾਰੋਂ ਕੁੰਟ ਧੁਆਂਧਾਰ, ਚਾਰ ਵਰਨ ਦੇਣ ਦੁਹਾਈਆ । ਚਾਰ ਯਾਰੀ ਡਿਗੀ ਮੂੰਹ ਦੇ ਭਾਰ, ਸਬਰ ਪਿਆਲਾ

੪੬੨
੧੪

ਨਾ ਕੋਇ ਪਿਆਈਆ । ਚਾਰ ਕੁੰਟ ਕੂਕੇ ਉਚੀ ਕਰੇ ਪੁਕਾਰ, ਹੂ ਹੂ ਢੋਲਾ ਇਕੋ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਬੇਪਰਵਾਹੀਆ । ਬੇਪਰਵਾਹ ਵੇਖਣਹਾਰਾ, ਪਰਵਰਦਿਗਾਰ ਖੇਲ ਕਰਾਇੰਦਾ । ਮੁਕਾਮੇ ਹੱਕ ਸਾਂਝਾ ਯਾਰਾ, ਸਾਹਿਬ ਸਤਿਗੁਰ ਡੇਰਾ ਲਾਇੰਦਾ । ਹੱਕ ਹਕੀਕਤ ਬੋਲ ਜੈਕਾਰਾ, ਨਾਅਰਾ ਇਕੋ ਇਕ ਸੁਣਾਇੰਦਾ । ਭੂਪਤ ਭੂਪ ਬਣ ਸਿਕਦਾਰਾ ਸ਼ਹਿਨਸ਼ਾਹ ਸੀਸ ਤਾਜ ਟਿਕਾਇੰਦਾ । ਧੁਰ ਫ਼ਰਮਾਣਾ ਦੇਵੇ ਇਕੋ ਵਾਰਾ, ਦੂਜਾ ਰਾਗ ਨਾ ਕੋਇ ਅਲਾਇੰਦਾ । ਕਾਗਦ ਕਲਮ ਨਾ ਲਿਖਣਹਾਰਾ, ਕਲਮ ਸ਼ਾਹੀ ਵੰਡ ਨਾ ਕੋਇ ਵੰਡਾਇੰਦਾ । ਲੇਖਾ ਜਾਣੇ ਧੁਰ ਦਰਬਾਰਾ, ਧੁਰ ਦੀ ਸਾਚੀ ਕਾਰ ਸਮਝਾਇੰਦਾ । ਪਾਰਬ੍ਰਹਮ ਪਤਿਪਰਮੇਸ਼ਵਰ ਨਿਹਕਰਮੀ ਮੀਤ ਮੁਰਾਰਾ, ਆਦਿ ਜੁਗਾਦਿ ਸਗਲਾ ਸੰਗ ਨਿਭਾਇੰਦਾ । ਜੁਗ ਚੌਕੜੀ ਵੇਖਣਹਾਰਾ, ਸਤਿਜੁਗ ਤ੍ਰੇਤਾ ਦੁਆਪਰ ਆਪ ਹੰਡਾਇੰਦਾ । ਕਲਜੁਗ ਖੋਲ੍ਹਣਹਾਰ ਕਿਵਾੜਾ, ਬੰਦ ਤਾਕੀ ਕੁੰਡਾ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਜਣਾਇੰਦਾ । ਸਾਚਾ ਭੇਵ ਦੱਸੇ ਭਗਵਾਨ, ਭਗਵਨ ਆਪਣੀ ਦਇਆ ਕਮਾਈਆ । ਜੋਧਾ ਸੂਰਬੀਰ ਨੌਜਵਾਨ, ਬੇਪਰਵਾਹ ਬਲ ਧਰਾਈਆ । ਪਰਗਟ ਹੋ ਵਿਚ ਜਹਾਨ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਸ਼ਬਦ ਨਾਦ ਸੱਚੀ ਧੁਨਕਾਨ, ਰਾਗ ਅਨਾਦੀ ਨਾਦ ਸੁਣਾਈਆ । ਰਸਨਾ ਜਿਹਵਾ ਗਾ ਨਾ ਸਕੇ ਕੋਈ ਜ਼ਬਾਨ, ਬੇਜ਼ਬਾਨ ਰਿਹਾ ਸਮਝਾਈਆ । ਨਜ਼ਰ ਨਾ ਆਏ ਕਿਸੇ ਮਕਾਨ, ਮੰਦਰ ਮਸਜਿਦ ਸ਼ਿਵਦੁਆਲੇ ਮੱਠ ਦੇਣ ਦੁਹਾਈਆ । ਚਾਰੋਂ ਕੁੰਟ ਰਾਹ ਤਕਾਣ, ਗੁਰ ਅਵਤਾਰ ਧਿਆਨ ਲਗਾਈਆ । ਪੀਰ ਪੈਗ਼ੰਬਰ ਮੰਗਣ ਦਾਨ, ਖ਼ਾਲੀ ਝੋਲੀ ਅੱਗੇ ਡਾਹੀਆ । ਦਾਤਾ ਦਾਨੀ ਇਕ ਮਿਹਰਵਾਨ, ਮਹਿਬੂਬ ਇਕੋ ਇਕ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਰਿਹਾ ਖਲਾਈਆ । ਸਾਚਾ ਖੇਲ ਕਰਾਏ ਖ਼ਾਲਕ, ਭੇਵ ਅਭੇਦ ਆਪਣੇ ਹੱਥ ਰਖਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਸ੍ਰਿਸ਼ਟ ਸਬਾਈ ਸੱਚਾ ਪਾਲਕ, ਪ੍ਰਿਤਪਾਲਕ ਆਪਣਾ ਨਾਉਂ ਧਰਾਇੰਦਾ । ਜੁਗ ਚੌਕੜੀ ਨਾ ਨਿੰਦਰਾ ਨਾ ਕੋਈ ਆਲਸ, ਰੋਗ ਸੋਗ ਨਾ ਕੋਇ ਵਖਾਇੰਦਾ । ਨਿਰਮਲ ਜੋਤ ਸਦਾ ਸਦਾ ਸਦ ਖ਼ਾਲਸ, ਖ਼ਾਲਸ ਗੋਬਿੰਦ ਰੂਪ ਪਰਗਟਾਇੰਦਾ । ਦੋ ਜਹਾਨਾਂ ਬਣ ਕੇ ਸਾਲਸ, ਸਾਹਿਬ ਸਤਿਗੁਰ ਫੇਰਾ ਪਾਇੰਦਾ । ਕੂੜੀ ਕਿਰਿਆ ਮੇਟੇ ਨਾਲਸ਼, ਧੁਰ ਫ਼ਰਮਾਣਾ ਹੁਕਮ ਸੁਣਾਇੰਦਾ । ਦਰਗਹਿ ਸਾਚੀ ਕੋਈ ਨਾ ਕਰੇ ਸਫ਼ਾਰਸ਼, ਕਰਮ ਕੁਕਰਮਾਂ ਵੇਖ ਵਖਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਕੋਈ ਨਾ ਦੇਵੇ ਆੜ੍ਹਤ, ਧੜਤ ਵੱਟਾ ਨਾ ਕੋਇ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਰਾਇੰਦਾ । ਸਾਚੀ ਕਰਨੀ ਰੱਖ ਹੱਥ, ਸੋ ਸਾਹਿਬ ਫੇਰਾ ਪਾਈਆ । ਪਰਗਟ ਹੋ ਪੁਰਖ ਸਮਰਥ, ਨਰ ਨਿਰੰਕਾਰਾ ਵੇਸ ਵਟਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਸਾਧਾਂ ਸੰਤਾਂ ਮਾਰਗ ਦੱਸ, ਜੁਗ ਚੌਕੜੀ ਭਗਤ ਭਗਵਾਨ ਕਰੇ ਪੜ੍ਹਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਗਾਏ ਜਸ, ਕੁਰਾਨ ਅੰਜੀਲ ਅਲਫ਼ ਯੇ ਕਰੇ ਪੜ੍ਹਾਈਆ । ਲੇਖਾ ਜਾਣੇ ਦੋ ਜਹਾਨਾਂ ਨੱਠ ਨੱਠ, ਪਾਂਧੀ ਬਣ ਬੇਪਰਵਾਹੀਆ । ਨਾਨਕ ਗੋਬਿੰਦ ਹਿਰਦੇ ਵਸ, ਹਰਿ ਮੰਤਰ ਇਕ ਦ੍ਰਿੜਾਈਆ । ਤੀਰ ਅਣਯਾਲਾ ਮਾਰੇ ਕਸ, ਨਜ਼ਰ ਕਿਸੇ ਨਾ ਆਈਆ । ਰਸਨਾ ਜਿਹਵਾ ਸਿਫ਼ਤ ਸਲਾਹ ਬੱਤੀ ਦੰਦ ਢੋਲਾ ਗਾਵਣ ਹੱਸ ਹੱਸ, ਸੋਹੰ ਹੰਸਾ ਰਾਗ ਮੁਖ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਮਹਿਮਾ ਅਕੱਥ ਆਪਣੇ ਹੱਥ ਰਖਾਈਆ । ਮਹਿਮਾ ਅਕੱਥ ਅਗੰਮ


੪੬੩ ੧੪

ਅਥਾਹ, ਲੇਖਾ ਲਿਖਣ ਵਿਚ ਨਾ ਆਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਸ਼ਬਦੀ ਅੱਖਰ ਸਰਗੁਣ ਢੋਲਾ ਗਏ ਗਾ, ਨਿਸ਼ਅੱਖਰ ਨਿਰਗੁਣ ਧਾਰ ਹੱਥ ਨਾ ਕੋਇ ਫੜਾਇੰਦਾ । ਦੀਨ ਮਜ਼੍ਹਬ ਜ਼ਾਤ ਪਾਤ ਚਾਰ ਵਰਨ ਬਣਾ ਰਾਹ, ਬਰਨ ਅਠਾਰਾਂ ਵੰਡ ਵੰਡਾਇੰਦਾ । ਕਲਮਾ ਕਲਾਮ ਨਬੀ ਰਸੂਲ ਪੈਗ਼ਾਮ ਸੁਣਾ, ਪੈਗ਼ੰਬਰ ਇਕੋ ਇਕ ਜਣਾਇੰਦਾ । ਨਾਰ ਕੰਤ ਸਵੰਬਰ ਜਗਤ ਰਚਾ, ਨਿਰਗੁਣ ਸਰਗੁਣ ਜੋੜੀ ਜੋੜ ਜੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਦਰਸਾਇੰਦਾ । ਸਾਚਾ ਖੇਲ ਦਰਸਾਏ ਆਪ, ਆਪਣੇ ਹੱਥ ਰੱਖੇ ਵਡਿਆਈਆ । ਜੁਗ ਚੌਕੜੀ ਦੇਵਣਹਾਰਾ ਜਾਪ, ਜੀਵਣ ਜੁਗਤ ਕਰੇ ਪੜ੍ਹਾਈਆ । ਮੇਟਣਹਾਰਾ ਤੀਨੋਂ ਤਾਪ, ਤ੍ਰੈਗੁਣ ਡੇਰਾ ਆਪੇ ਢਾਹੀਆ । ਗੁਰ ਸ਼ਬਦੀ ਸਰਗੁਣ ਵਸੇ ਸਾਥ, ਨਿਰਗੁਣ ਆਪਣਾ ਰੰਗ ਰੰਗਾਈਆ । ਸਾਹਿਬ ਸਤਿਗੁਰ ਪੂਜਾ ਪਾਠ, ਮੰਤਰ ਨਾਮ ਇਕ ਦ੍ਰਿੜਾਈਆ । ਆਤਮ ਪਰਮਾਤਮ ਢੋਲਾ ਗਾਥ, ਗਹਿਰ ਗੰਭੀਰ ਦਏ ਸਮਝਾਈਆ । ਸ਼ੰਕਰ ਮਿਲੇ ਉਪਰ ਕੈਲਾਸ਼, ਬ੍ਰਹਮਾ ਪਾਰਬ੍ਰਹਮ ਚਰਨ ਧਿਆਨ ਲਗਾਈਆ । ਵਿਸ਼ਨੂੰ ਵਿਸ਼ਵ ਹੋਇਆ ਦਾਸ, ਨਿਉਂ ਨਿਉਂ ਆਪਣਾ ਸੀਸ ਝੁਕਾਈਆ । ਸ੍ਰੀ ਭਗਵਾਨ ਵੇਖਣਹਾਰਾ ਖੇਲ ਤਮਾਸ਼, ਲੱਖ ਚੁਰਾਸੀ ਵੰਡ ਵੰਡਾਈਆ । ਮੰਡਲ ਮੰਡਪ ਪੁਰੀਆਂ ਲੋਆਂ ਪਾਵੇ ਰਾਸ, ਗੋਪੀ ਕਾਹਨ ਨਿਰਗੁਣ ਦਾਤਾ ਪੁਰਖ ਬਿਧਾਤਾ ਨਿਰਵੈਰ ਨਾਚ ਨਚਾਈਆ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਆਦਿ ਜੁਗਾਦੀ ਸ਼ਬਦ ਅਨਾਦੀ ਇਕ ਨਿਸ਼ਾਨ, ਦੋ ਜਹਾਨਾਂ ਸ੍ਰੀ ਭਗਵਾਨਾ ਮਰਦ ਮਰਦਾਨਾ ਆਪ ਝੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਆਦਿ ਜੁਗਾਦਿ ਜੁਗਾ ਜੁਗੰਤਰ, ਮੰਤਰ ਆਪਣਾ ਨਾਮ ਪੜ੍ਹਾਈਆ । ਆਪਣਾ ਮੰਤਰ ਦੱਸੇ ਪ੍ਰਭ, ਬੇਪਰਵਾਹ ਦਇਆ ਕਮਾਇੰਦਾ । ਜੁਗ ਚੌਕੜੀ ਪਾਵੇ ਹੱਦ, ਆਪਣੀ ਹੱਦ ਨਾ ਕਿਸੇ ਸਮਝਾਇੰਦਾ । ਕੋਟਨ ਕਾਲ ਗਏ ਲਦ, ਕਾਲ ਮਹਾਂਕਾਲ ਸੇਵ ਕਮਾਇੰਦਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਕਾਇਆ ਭਾਂਡੇ ਗਏ ਭੱਜ, ਨਿਰਗੁਣ ਨਿਰਗੁਣ ਆਪਣੇ ਵਿਚ ਮਿਲਾਇੰਦਾ । ਸਚਖੰਡ ਦਵਾਰੇ ਸਚ ਮਹੱਲੇ ਸੱਦ, ਸੱਦਾ ਆਪਣਾ ਨਾਮ ਦਿਵਾਇੰਦਾ । ਮੁਰੀਦ ਮੁਰਸ਼ਦ ਕਰਾਏ ਹੱਜ, ਮਹਿਬੂਬ ਇਕੋ ਨਜ਼ਰੀ ਆਇੰਦਾ । ਸਚ ਮਹਿਰਾਬੇ ਬਹੇ ਸਜ, ਸਾਚਾ ਹੁਜਰਾ ਇਕ ਵਡਿਆਇੰਦਾ । ਇਕੋ ਨਾਮ ਬਾਂਗ ਲਗਾਏ ਸਦ, ਕਲਮਾ ਨਬੀ ਰਸੂਲ ਪੜ੍ਹਾਇੰਦਾ । ਲੋਕ ਪਰਲੋਕਾਂ ਪਰਦਾ ਕੱਜ, ਚੌਦਾਂ ਤਬਕਾਂ ਭੇਵ ਚੁਕਾਇੰਦਾ । ਨਿਰਾਕਾਰ ਨਿਰਵੈਰ ਨਿਰੰਕਾਰ ਹੋ ਕੇ ਅੱਡ, ਘਟ ਘਟ ਆਪਣੀ ਧਾਰ ਬੰਧਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਨਾ ਕਿਸੇ ਜਣਾਇੰਦਾ । ਆਪਣਾ ਭੇਵ ਨਾ ਦੱਸੇ ਮਾਤ, ਬੇਅੰਤ ਵੱਡ ਵਡਿਆਈਆ । ਸ਼ਬਦ ਨਿਧਾਨਾ ਦੇ ਦੇ ਦਾਤ, ਲੋਕਮਾਤ ਕਰੇ ਕੁੜਮਾਈਆ । ਦੀਨ ਮਜ਼੍ਹਬ ਜਗਤ ਜਮਾਤ, ਜੀਵਣ ਜੁਗਤ ਵੰਡ ਵੰਡਾਈਆ । ਪੀਰ ਪੈਗ਼ੰਬਰ ਦੇ ਦੇ ਸਾਥ, ਕਲਮਾ ਕਲਮਾ ਅਮਾਮ ਸੁਣਾਈਆ । ਦੇ ਸਹਾਰਾ ਅਨਾਥਾਂ ਨਾਥ, ਤ੍ਰਿਲੋਕੀ ਆਪਣੀ ਗੰਢ ਪੁਆਈਆ । ਅੱਖਰਾਂ ਨਾਲ ਜਪੌਂਦਾ ਰਿਹਾ ਪਾਠ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੱਥਰਾਂ ਨਾਲ ਕਰੇ ਲਿਖਾਈਆ । ਅੱਖਰ ਪੱਥਰ ਦੋਵੇਂ ਜੋੜ, ਜੋੜਾ ਇਕੋ ਇਕ ਬਣਾਇੰਦਾ । ਚੜ੍ਹ ਕੇ ਵੇਖੇ ਅਗੰਮੀ ਘੋੜ, ਨਿਰਗੁਣ ਘੋੜਾ ਆਪ ਦੌੜਾਇੰਦਾ । ਲੋਕਮਾਤ ਦਾ ਮਾਤਰ ਪੌੜ, ਭੂਮੀ ਕੂੜੀ ਵੰਡ ਵੰਡਾਇੰਦਾ । ਜਗਤ ਵਾਸਨਾ ਪਾਏ ਸ਼ੋਰ, ਸ਼ਹਿਨਸ਼ਾਹ ਨਜ਼ਰ ਕਿਸੇ ਨਾ ਆਇੰਦਾ । ਅੱਖਰ ਕਹਿਣ ਵਸੇ ਅੰਧ ਘੋਰ, ਬਿਨ ਅੱਖ਼ਰਾਂ ਨਜ਼ਰੀ ਆਇੰਦਾ । ਪੱਥਰ ਕਹੇ ਪ੍ਰਭ ਦੇਵੇ ਤੋੜ, ਤੀਰ ਨਿਸ਼ਾਨਾ ਇਕ ਚਲਾਇੰਦਾ ।

ਅੱਖਰ ਪੱਥਰ ਦੋਹਾਂ ਦੀ ਪ੍ਰਭ ਆਪਣੇ ਹੱਥ ਰੱਖੀ ਡੋਰ, ਲੱਖ ਚੁਰਾਸੀ ਭਰਮੇ ਭਰਮ ਭੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਖਲਾਇੰਦਾ । ਸਾਚੀ ਖੇਲ ਦੱਸੇ ਮਿਹਰਵਾਨ, ਮਿਹਰ ਨਜ਼ਰ ਇਕ ਉਠਾਈਆ । ਵਿਸ਼ਨੂੰ ਕੀਤਾ ਚਰਨ ਧਿਆਨ, ਦੋਏ ਜੋੜ ਮੰਗ ਮੰਗਾਈਆ । ਬ੍ਰਹਮਾ ਰੋਵੇ ਬੇਮੁਹਾਨ, ਧੀਰਜ ਧੀਰ ਨਾ ਕੋਇ ਰਖਾਈਆ । ਸ਼ੰਕਰ ਦਿਸੇ ਨਾ ਕੋਇ ਨਿਸ਼ਾਨ, ਤ੍ਰਸੂਲ ਹੱਥ ਨਾ ਕੋਇ ਉਠਾਈਆ । ਖੇਲੇ ਖੇਲ ਸ੍ਰੀ ਭਗਵਾਨ, ਭਗਵਨ ਆਪਣੀ ਕਾਰ ਕਮਾਈਆ । ਧੁਰ ਫ਼ਰਮਾਣਾ ਦੇਵੇ ਨੌਜਵਾਨ, ਬਿਨ ਅੱਖਰਾਂ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਚ ਇਕ ਦ੍ਰਿੜਾਈਆ । ਸਚ ਸਚ ਹਰਿ ਦ੍ਰਿੜਾ, ਦੀਨਨ ਦੀਨ ਦਇਆ ਕਮਾਇੰਦਾ । ਵਿਸ਼ਨੂੰ ਨਿਸ਼ਅੱਖਰ ਰਿਹਾ ਪੜ੍ਹਾ, ਬ੍ਰਹਮਾ ਵੇਖ ਵੇਖ ਬਿਗਸਾਇੰਦਾ । ਸ਼ੰਕਰ ਨੀਵੀਂ ਅੱਖ ਧਿਆਨ ਲਗਾ, ਚੋਰੀ ਚੋਰੀ ਅੱਖ ਪਲਟਾਇੰਦਾ । ਕਰ ਕਿਰਪਾ ਪ੍ਰਭ ਸਾਨੂੰ ਦੇ ਸਮਝਾ, ਸਮਝ ਆਪਣੇ ਨਾਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰੇ ਖਿਆਲ, ਅੰਤਰ ਅੰਤਰ ਧਿਆਨ ਲਗਾਈਆ । ਸੋ ਪੁਰਖ ਨਿਰੰਜਣ ਦੀਨ ਦਿਆਲ, ਵੇਖਣਹਾਰ ਵਡ ਵਡਿਆਈਆ । ਸਭ ਦੀ ਰਿਹਾ ਸੁਰਤ ਸੰਭਾਲ, ਬੇਨਜ਼ੀਰ ਹੋਏ ਸਹਾਈਆ । ਹੁਕਮ ਦੇਵੇ ਧੁਰ ਫ਼ਰਮਾਣ, ਸਚ ਸੰਦੇਸਾ ਇਕ ਜਣਾਈਆ । ਦੇਵਾਂ ਨਾਮ ਸ਼ਬਦ ਗਿਆਨ, ਸਾਚੀ ਸਿਖਿਆ ਇਕ ਪੜ੍ਹਾਈਆ । ਉਠੋ ਤਿੰਨੇ ਵੇਖੋ ਮਾਰੋ ਧਿਆਨ, ਪ੍ਰਭ ਚਰਨ ਧਿਆਨ ਜਣਾਈਆ । ਇਕ ਦੂਜੇ ਦੇ ਉਤੇ ਡਿਗੇ ਆਣ, ਵਿਸ਼ਨ ਬ੍ਰਹਮਾ ਸ਼ਿਵ ਉਪਰ ਥੱਲੇ ਡੇਰਾ ਲਾਈਆ । ਤਿੰਨੇ ਹੋਏ ਦਰ ਪਰਵਾਨ, ਇਕ ਊੜਾ ਰੂਪ ਵਖਾਈਆ । ਉਪਰ ਕਵਲ ਮੁਖ ਮਹਾਨ, ਆਪਣਾ ਆਕਾਰ ਦਏ ਜਣਾਈਆ । ਡੰਡਾ ਖਿਚੇ ਨੌਜਵਾਨ, ਕੁੰਡਾ ਹੱਥ ਨਾ ਕਿਸੇ ਫੜਾਈਆ । ਇਸ ਦੇ ਅੰਦਰ ਦੋ ਜਹਾਨ, ਚਰਨ ਕਵਲ ਸਚਖੰਡ ਦੁਆਰ ਦਏ ਸਮਝਾਈਆ । ਜਿਸ ਸਿੰਘਾਸਣ ਉਪਰ ਬਹੇ ਭਗਵਾਨ, ਸੋ ਸਿੰਘਾਸਣ ਸੋਭਾ ਪਾਈਆ । ਤਿੰਨਾਂ ਕੱਠਾ ਕਰੇ ਆਣ, ਅੰਕ ਅੰਕ ਨਾਲ ਜੁੜਾਈਆ । ਐੜਾ ਹੋ ਇਕ ਪਰਧਾਨ, ਅੱਖ ਸਭ ਦੀ ਦਏ ਖੁਲ੍ਹਾਈਆ । ਹਕੀਕਤ ਹੱਕ ਹੱਕ ਪਛਾਣ, ਨੀਕਣ ਨੀਕ ਦਏ ਸਮਝਾਈਆ । ਈੜੀ ਇਸ਼ਟ ਇਕ ਮਹਾਨ, ਵਿਸ਼ਵ ਧਾਰ ਧਾਰ ਜਣਾਈਆ । ਲੇਖਾ ਜਾਣ ਸ੍ਰੀ ਭਗਵਾਨ, ਭਗਵਨ ਆਪਣੀ ਕਰੇ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਭੇਵ ਅਭੇਦਾ ਆਪ ਖੁਲ੍ਹਾਈਆ । ਊੜਾ ਐੜਾ ਬਣ ਕੇ ਈੜੀ, ਇਸ਼ਟ ਹਰਿ ਬਣਾਇਆ । ਪਾਰਬ੍ਰਹਮ ਦੀ ਚਲੀ ਪੀਹੜੀ, ਵਿਸ਼ਨ ਬ੍ਰਹਮਾ ਸ਼ਿਵ ਨਾਲ ਮਿਲਾਇਆ । ਪਹਿਲਾ ਦੂਜਾ ਤੀਜੀ ਸੀੜ੍ਹੀ, ਚੌਥਾ ਡੰਡਾ ਸੱਸਾ ਰੂਪ ਵਟਾਇਆ । ਕਰੇ ਖੇਲ ਬੇਨਜ਼ੀਰੀ, ਨਜ਼ਰ ਕਿਸੇ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਹਿਬ ਸਤਿਗੁਰ ਨਾਮ ਧਰਾਇਆ । ਊੜਾ ਕਹੇ ਉਤਮ ਜ਼ਾਤ, ਅੰਤਰਜਾਮੀ ਵਡ ਵਡਿਆਈਆ । ਐੜਾ ਕਹੇ ਆਖ਼ਰ ਬਾਤ, ਇਕੋ ਇਕ ਜਣਾਈਆ । ਈੜੀ ਕਹੇ ਇਸ਼ਟ ਸੱਚਾ ਬੰਨ੍ਹੇ ਨਾਤ, ਨਾਤਾ ਬਿਧਾਤਾ ਜੋੜ ਜੁੜਾਈਆ । ਸੱਸਾ ਕਹੇ ਦੇਵਾਂ ਸਾਥ, ਸਤਿਗੁਰ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਵਿਸ਼ਨ ਬ੍ਰਹਮਾ ਸ਼ਿਵ ਤਿੰਨੇ ਸੱਸੇ ਵਿਚ ਬਹਾਈਆ । ਤਿੰਨੇ ਸੱਸੇ ਅੰਦਰ ਵਾੜ, ਸੋ ਸਤਿਗੁਰ ਆਪ ਜਣਾਇੰਦਾ । ਆਪਣਾ ਮੁਖ ਲਓ ਉਘਾੜ, ਬਿਨ ਇਸ਼ਾਰਿਉਂ ਆਪ ਜਣਾਇੰਦਾ । ਜਿਧਰ ਵੇਖੋ ਨਜ਼ਰੀ ਆਏ

ਸੱਚਾ ਲਾੜ, ਸ਼ਹਿਨਸ਼ਾਹ ਆਪਣਾ ਰੂਪ ਵਟਾਇੰਦਾ । ਤਿੰਨੇ ਕਰੋ ਇਕ ਪਿਆਰ, ਪਰਮ ਪ੍ਰੀਤੀ ਹਰਿ ਜਣਾਇੰਦਾ । ਉਚੀ ਕੂਕੇ ਕਰੋ ਪੁਕਾਰ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਤਿੰਨੇ ਜੋੜ ਕਰਨ ਨਿਮਸਕਾਰ, ਨਿਉਂ ਨਿਉਂ ਸੀਸ ਸਰਬ ਝੁਕਾਇੰਦਾ । ਕਵਣ ਢੋਲਾ ਬੋਲੀਏ ਜੈਕਾਰ, ਨਾਅਰਾ ਨਜ਼ਰ ਕੋਇ ਨਾ ਆਇੰਦਾ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਸਾਚੀ ਸਿਖਿਆ ਇਕ ਸਮਝਾਇੰਦਾ । ਸੱਸੇ ਵਿਚੋਂ ਕਰ ਤਿਆਰ, ਸਤਿਗੁਰ ਆਪਣੀ ਕਾਰ ਕਮਾਇੰਦਾ । ਹਾਹਾ ਰੱਖ ਅਪਾਰ, ਹਰੀ ਹਰਿ ਆਪਣਾ ਬੰਸ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੱਡਿਉਂ ਨਿੱਕਾ ਰੂਪ ਧਰਾਇੰਦਾ । ਵੱਡਿਉਂ ਹੋਇਆ ਨਿੱਕਾ, ਨਿੱਕੀ ਨਿੱਕੀ ਧਾਰ ਜਣਾਈਆ । ਸੱਸੇ ਕਿਲੇ ਬੈਠ ਰਾਹ ਤਕਾ, ਮਸਤਕ ਇਕੋ ਇਕ ਚਮਕਾਈਆ । ਵਿਸ਼ਨ ਬ੍ਰਹਮਾ ਸ਼ਿਵ ਭੇਵ ਖੁਲ੍ਹਾਏ ਅਨਡਿਠਾ, ਪਰਦਾ ਆਪ ਚੁਕਾਈਆ । ਬਿਨ ਲੇਖਿਉਂ ਲੇਖਾ ਲਿਖਾ, ਲਿਖਣਹਾਰ ਦਏ ਸਮਝਾਈਆ । ਉਠ ਵਿਸ਼ਨੂੰ ਵੇਖ ਹਰਿ ਜੂ ਵੰਡੇ ਹਿੱਸਾ, ਪੰਚਮ ਹਿੱਸਾ ਰਿਹਾ ਜਣਾਈਆ । ਬ੍ਰਹਮਾ ਸੁਣ ਲੈ ਸਾਚਾ ਕਿੱਸਾ, ਕਹਾਣੀ ਇਕੋ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਇਕ ਖੁਲ੍ਹਾਈਆ । ਭੇਵ ਅਭੇਦਾ ਖੋਲ੍ਹਿਆ ਇਕੋ ਆਪ ਜਣਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਬੱਧਾ ਦਾਅਵਾ, ਸ੍ਰੀ ਭਗਵਾਨ ਦਇਆ ਕਮਾਇੰਦਾ । ਨਾਉਂ ਨਿਰੰਕਾਰ ਸਾਚਾ ਨਾਵਾਂ, ਨਿਰੰਕਾਰ ਆਪ ਜਣਾਇੰਦਾ । ਇਕ ਦੂਜੇ ਦੀਆਂ ਪਕੜੇ ਬਾਹਵਾਂ, ਬਿਨ ਹੱਥਾਂ ਹੱਥ ਛੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਾਹਾ ਆਪਣੀ ਕਾਰੇ ਲਾਇੰਦਾ । ਸੱਸੇ ਅੰਦਰੋਂ ਹਾਹਾ ਕੱਢ, ਹਰਿ ਜੂ ਆਪਣੀ ਦਇਆ ਕਮਾਈਆ । ਨਿਰਗੁਣ ਸਰਗੁਣ ਵੰਡੇ ਹੱਦ, ਹੱਦ ਇਕੋ ਇਕ ਰਖਾਈਆ । ਵਿਸ਼ਨ ਬ੍ਰਹਮਾ ਸ਼ਿਵ ਸੱਦ, ਸਾਚੀ ਕਰੇ ਪੜ੍ਹਾਈਆ । ਇਕੋ ਢੋਲਾ ਗਾਓ ਛੰਦ, ਸੋਹਲਾ ਰਾਗ ਅਲਾਈਆ । ਸਚ ਦੁਆਰੇ ਮੁਕੇ ਪੰਧ, ਹਰਿ ਪਾਂਧੀ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਸੱਸਾ ਹਾਹਾ ਇਕੋ ਰੰਗ, ਸੋ ਸਤਿਗੁਰ ਆਪ ਰੰਗਾਈਆ । ਤਿੰਨਾਂ ਪੂਰੀ ਕਰੇ ਮੰਗ, ਦੇਵਣਹਾਰ ਵਡਿਆਈਆ । ਇਕ ਦੂਜੇ ਨਾਲ ਪੱਲੂ ਗੰਢ, ਸੇਵਾ ਸਚ ਲਗਾਈਆ । ਸਾਚਾ ਢੋਲਾ ਗਾਓ ਛੰਦ, ਸੋਹੰ ਦਏ ਸਮਝਾਈਆ । ਤੇਰਾ ਮੇਰਾ ਇਕ ਅਨੰਦ, ਅਨੰਦ ਇਕੋ ਇਕ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਜ ਅੱਖਰ ਬਿਨ ਅੱਖਰਾਂ ਆਪ ਸਮਝਾਈਆ । ਸੋਹੰ ਢੋਲਾ ਸੁਣਿਆ ਏਕ, ਏਕੰਕਾਰ ਸੁਣਾਇਆ । ਵਿਸ਼ਨ ਬ੍ਰਹਮਾ ਸ਼ਿਵ ਪਕੜੀ ਟੇਕ, ਰਘੁਨਾਥ ਇਕੋ ਇਕ ਮਨਾਇਆ । ਚਰਨ ਕਵਲ ਨੇਤਰ ਪੇਖ, ਪੇਖ ਪੇਖ ਰੰਗ ਚੜ੍ਹਾਇਆ । ਸਾਹਿਬ ਤੇਰਾ ਸੱਚਾ ਦੇਸ, ਦਰ ਘਰ ਸਾਚਾ ਇਕ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਦਿਤਾ ਸਾਚਾ ਵਰ, ਅੰਤ ਕਵਣ ਵੇਖ ਵਖਾਇਆ । ਵਿਸ਼ਨ ਬ੍ਰਹਮਾ ਸ਼ਿਵ ਕਰੇ ਅਰਦਾਸ, ਬੇਨੰਤੀ ਇਕ ਸੁਣਾਈਆ । ਤੇਰਾ ਨਾਮ ਬਿਨ ਪਵਣ ਸਵਾਸ, ਬਿਨ ਰਸਨਾ ਜਿਹਵਾ ਢੋਲਾ ਗਾਈਆ । ਸਦਾ ਸਵਾਮੀ ਵਸਣਾ ਪਾਸ, ਨਿਹਕਾਮੀ ਹੋਣਾ ਸਹਾਈਆ । ਤੇਰੀ ਸੇਵਾ ਕਰੀਏ ਖ਼ਾਸ, ਖ਼ਾਹਸ਼ ਆਪਣੀ ਪੂਰ ਕਰਾਈਆ । ਜੁਗ ਚੌਕੜੀ ਬਣੀਏ ਦਾਸ, ਦਰ ਦਰਬਾਨ ਮਿਲੇ ਵਡਿਆਈਆ । ਤੇਰਾ ਢੋਲਾ ਗਾਈਏ ਪਾਠ, ਪੂਜਾ ਹੋਰ ਨਾ ਕੋਇ ਵਖਾਈਆ । ਸਾਚੀ ਪੜ੍ਹੀਏ ਇਕ ਜਮਾਤ, ਦੂਜੀ ਪੱਟੀ ਨਾ ਕੋਇ ਸਮਝਾਈਆ । ਲੇਖਾ ਲਿਖਿਆ ਬਿਨ ਕਲਮ ਦਵਾਤ, ਕਾਗ਼ਜ਼ ਸ਼ਾਹੀ ਨਾ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ

ਰਿਹਾ ਸਮਝਾਈਆ । ਸਾਚਾ ਖੇਲ ਵਿਸ਼ਨੂੰ ਸੁਣ, ਹਰਿ ਸਤਿਗੁਰ ਆਪ ਜਣਾਇੰਦਾ । ਬ੍ਰਹਮੇ ਦੇਵੇ ਆਪਣਾ ਗੁਣ, ਪਾਰਬ੍ਰਹਮ ਬ੍ਰਹਮ ਝੋਲੀ ਆਪ ਭਰਾਇੰਦਾ । ਸ਼ੰਕਰ ਤੇਰੀ ਪੁਕਾਰ ਸੁਣ, ਸਿਰ ਤੇਰੇ ਹੱਥ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਲੇਖਾ ਆਪ ਜਣਾਇੰਦਾ । ਅਗਲਾ ਲੇਖਾ ਸਚ ਜਣਾਵਾਂਗਾ । ਭੇਵ ਅਭੇਦ ਖੁਲ੍ਹਾਵਾਂਗਾ । ਵਡ ਦੇਵੀ ਦੇਵ ਅਖਵਾਵਾਂਗਾ । ਨਿਰਗੁਣ ਨੂਰ ਜੋਤ ਚਮਕਾਵਾਂਗਾ । ਸਾਚਾ ਕੋਟ ਇਕ ਵਸਾਵਾਂਗਾ । ਨਾਮ ਚੋਟ ਸਚ ਲਗਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵਿਸ਼ਨ ਬ੍ਰਹਮਾ ਸ਼ਿਵ ਸੇਵ ਸਮਝਾਵਾਂਗਾ । ਵਿਸ਼ਨ ਬ੍ਰਹਮਾ ਸ਼ਿਵ ਸੇਵ ਲਗਾਵਾਂਗਾ । ਲੱਖ ਚੁਰਾਸੀ ਖੇਲ ਖਲਾਵਾਂਗਾ । ਕਾਲ ਮਹਾਂਕਾਲ ਨਾਲ ਰਲਾਵਾਂਗਾ । ਰਾਏ ਧਰਮ ਆਪ ਉਠਾਵਾਂਗਾ । ਚਿੱਤਰ ਗੁਪਤ ਦਰ ਬੁਲ੍ਹਾਵਾਂਗਾ । ਲਾੜੀ ਮੌਤ ਗੰਢ ਪੁਆਵਾਂਗਾ । ਕਾਲ ਡੰਕ ਵਜਾਵਾਂਗਾ । ਮਹਾਂਕਾਲ ਵੇਖ ਵਖਾਵਾਂਗਾ । ਜੁਗ ਚੌਕੜੀ ਰਾਹ ਚਲਾਵਾਂਗਾ । ਗੁਰ ਅਵਤਾਰ ਮਾਤ ਪਰਗਟਾਵਾਂਗਾ । ਨਾਮ ਆਧਾਰ ਇਕ ਰਖਾਵਾਂਗਾ । ਖਾਣੀ ਬਾਣੀ ਆਪ ਪੜ੍ਹਾਵਾਂਗਾ । ਸਾਚੀ ਰਾਣੀ ਜਗਤ ਬਣਾਵਾਂਗਾ । ਧੁਰ ਦਾ ਪਾਣੀ ਅੰਮ੍ਰਿਤ ਪਿਆਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਸਾਚਾ ਲੇਖਾ ਆਪ ਜਣਾਵਾਂਗਾ । ਕੀ ਪ੍ਰਭ ਜੀ ਲੇਖ ਜਣਾਏਂਗਾ । ਫੜ ਬਾਹੋਂ ਰਾਹੇ ਪਾਏਂਗਾ । ਆਪਣੀ ਕਰਨੀ ਹੱਕ ਸਮਝਾਏਂਗਾ । ਸਾਚੀ ਤਰਨੀ ਇਕ ਤਰਾਏਂਗਾ । ਮਰਨੀ ਡਰਨੀ ਗੇੜ ਮੁਕਾਏਂਗਾ । ਆਪਣੀ ਚਰਨੀ ਅੰਤਮ ਲਾਏਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਦੇਣਾ ਇਕ ਵਰ, ਜੁਗ ਵਿਛੜੇ ਮੇਲ ਮਿਲਾਏਂਗਾ । ਜੁਗ ਵਿਛੜੇ ਮੇਲ ਮਿਲਾਵਾਂਗਾ । ਵਿਸ਼ਨ ਬ੍ਰਹਮਾ ਸ਼ਿਵ ਤੇਰਾ ਲਹਿਣਾ ਅੰਤ ਮੁਕਾਵਾਂਗਾ । ਸਾਚਾ ਮਾਰਗ ਇਕ ਲਗਾਵਾਂਗਾ । ਜੁਗ ਚੌਕੜੀ ਵੇਖ ਵਖਾਵਾਂਗਾ । ਕਲਜੁਗ ਅੰਤਮ ਫੇਰਾ ਪਾਵਾਂਗਾ । ਨਿਹਕਲੰਕਾ ਨਾਉਂ ਰਖਾਵਾਂਗਾ । ਗੁਰ ਅਵਤਾਰ ਦਰ ਬੁਲਾਵਾਂਗਾ । ਪੀਰ ਪੈਗ਼ੰਬਰ ਚਰਨ ਬਹਾਵਾਂਗਾ । ਜਨ ਭਗਤਾਂ ਸਵੰਬਰ ਆਪ ਰਚਾਵਾਂਗਾ । ਭਰਤੰਬਰ ਨਾਮ ਰਖਾਵਾਂਗਾ । ਅਡੰਬਰ ਪਿਛਲਾ ਆਪ ਮਿਟਾਵਾਂਗਾ । ਜੰਗਲ ਜੂਹ ਉਜਾੜ ਪਹਾੜ ਡੂੰਘੀ ਕੰਦਰ ਵੇਖ ਵਖਾਵਾਂਗਾ । ਸਮੁੰਦ ਸਾਗਰ ਖੋਜ ਖੁਜਾਵਾਂਗਾ । ਕਾਇਆ ਗਾਗਰ ਫੋਲ ਫੁਲਾਵਾਂਗਾ । ਨਿਰਮਲ ਕਰਮ ਉਜਾਗਰ ਗੁਰਮੁਖਾਂ ਆਪ ਕਰਾਵਾਂਗਾ । ਬਣ ਕੇ ਨਾਮ ਸ਼ਬਦ ਸੌਦਾਗਰ, ਘਰ ਘਰ ਫੇਰਾ ਪਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਲਹਿਣਾ ਸਭ ਦਾ ਮੂਲ ਚੁਕਾਵਾਂਗਾ । ਕੀ ਪ੍ਰਭ ਸਾਡਾ ਮੂਲ ਚੁਕਾਏਂਗਾ । ਦੂਰ ਦੁਰਾਡਾ ਪੰਧ ਮੁਕਾਏਂਗਾ । ਨੇਰਨ ਨੇਰੇ ਹੋ ਕੇ ਦਰਸ ਦਖਾਏਂਗਾ । ਜੁਗ ਗੇੜੇ ਪੰਧ ਮੁਕਾਏਂਗਾ । ਝੂਠੇ ਡੇਰੇ ਜਗਤ ਢਾਹੇਂਗਾ । ਸਾਚੇ ਖੇੜੇ ਅੰਤ ਵਸਾਏਂਗਾ । ਤੇਰੇ ਮੇਰੇ ਭੇਵ ਮੁਕਾਏਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਸਾਡੇ ਹੱਥ ਰਖਾਏਂਗਾ । ਸਿਰ ਤੁਹਾਡੇ ਹੱਥ ਰੱਖਾਂਗਾ । ਸਾਚਾ ਮਾਰਗ ਦੱਸਾਂਗਾ । ਨਿਰਗੁਣ ਹੋ ਕੇ ਨੱਠਾਂਗਾ । ਜਨ ਭਗਤਾਂ ਅੰਦਰ ਵਸਾਂਗਾ । ਪ੍ਰੇਮ ਪ੍ਰੀਤੀ ਇਕੋ ਦੱਸਾਂਗਾ । ਤੀਰ ਨਿਰਾਲਾ ਇਕੋ ਕਸਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਅੰਦਰ ਫਸਾਂਗਾ । ਸਚ ਭਗਵਾਨ ਤੂੰ ਆਵੇਂਗਾ । ਕੀ ਸਚ ਨਿਸ਼ਾਨ ਝੁਲਾਵੇਂਗਾ । ਕਵਣ ਧਾਮ ਡੇਰਾ ਲਾਵੇਂਗਾ । ਕਵਣ ਨਾਮ ਜਗਤ ਜਣਾਵੇਂਗਾ । ਕਵਣ ਭਾਨ ਨੂਰ ਚਮਕਾਵੇਂਗਾ । ਕਵਣ ਰਾਗ ਕਾਨ ਸੁਣਾਵੇਂਗਾ । ਕਵਣ ਮਕਾਨ ਸੋਭਾ ਪਾਵੇਂਗਾ । ਕਵਣ ਦਾਤ ਮਾਤ

ਵਰਤਾਵੇਂਗਾ । ਕਵਣ ਕਾਹਨ ਖੇਲ ਖਲਾਵੇਂਗਾ । ਕਵਣ ਰਾਮ ਮੇਲ ਮਿਲਾਵੇਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਵਣ ਵੇਲਾ ਚਰਨ ਲਗਾਵੇਂਗਾ । ਹਰਿ ਵੇਲਾ ਸਚ ਜਣਾਇੰਦਾ । ਸ਼ਬਦ ਅਗੰਮੀ ਧਾਰ, ਧੁਰ ਸੰਦੇਸਾ ਆਪ ਅਲਾਇੰਦਾ । ਪਾਰਬ੍ਰਹਮ ਪ੍ਰਭ ਏਕੰਕਾਰ, ਨੌਂ ਸੌ ਚੁਰਾਨਵੇਂ ਚੌਕੜੀ ਪੰਧ ਮੁਕਾਇੰਦਾ । ਕਲਜੁਗ ਆਏ ਅੰਤਮ ਵਾਰ । ਕਲ ਕਲਕੀ ਫੇਰਾ ਪਾਇੰਦਾ । ਨਿਹਕਲੰਕ ਲਏ ਅਵਤਾਰ, ਸੰਬਲ ਡੇਰਾ ਇਕੋ ਲਾਇੰਦਾ । ਗੁਰ ਗੋਬਿੰਦ ਕਰੇ ਪਿਆਰ, ਗੁਰਮੁਖਾਂ ਬੇੜਾ ਆਪ ਤਰਾਇੰਦਾ । ਚੱਪੂ ਲਾਏ ਵਿਚ ਮੰਝਧਾਰ, ਆਪਣੇ ਕੰਧ ਆਪ ਉਠਾਇੰਦਾ । ਹਰਿ ਜੂ ਬਣੇ ਸੇਵਾਦਾਰ, ਸਾਚਾ ਰਾਹ ਇਕ ਚਲਾਇੰਦਾ । ਦੋ ਜਹਾਨਾਂ ਕਰੇ ਖ਼ਬਰਦਾਰ, ਵਿਸ਼ਨੂੰ ਤੈਨੂੰ ਆਪਣਾ ਬਰਦਾ ਮਾਤ ਬਣਾਇੰਦਾ । ਦਰ ਦਰ ਵਖਾਏ ਜਗਤ ਘਰ ਬਾਰ, ਬ੍ਰਹਮੇ ਲੇਖਾ ਆਪ ਮੁਕਾਇੰਦਾ । ਗੁਰਮੁਖ ਸਾਚੇ ਕਰ ਤਿਆਰ, ਤੇਗ਼ ਬਹਾਦਰ ਲਹਿਣਾ ਝੋਲੀ ਪਾਇੰਦਾ । ਪਿਛਲਾ ਕਰਜ਼ਾ ਦਏ ਉਤਾਰ, ਪਾਲ ਸਿੰਘ ਪਾਲਕੀ ਵਿਚ ਬਹਾਇੰਦਾ । ਚਰਨ ਕਵਲ ਦਏ ਆਧਾਰ, ਸਚ ਸਾਲਸੀ ਆਪ ਕਮਾਇੰਦਾ । ਏਥੇ ਓਥੇ ਵੇਖਣਹਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਕਲ ਧਰਾਇੰਦਾ । ਵਿਸ਼ਨ ਕਹੇ ਪ੍ਰਭ ਕੀ ਕੀ ਕਿਹਾ, ਤੇਰਾ ਕਹਿਣਾ ਭੇਵ ਨਾ ਆਈਆ । ਬ੍ਰਹਮਾ ਤੇਰਾ ਅੰਤ ਨਾ ਰਿਹਾ, ਰਹੇ ਕੋਇ ਨਾ ਜਗਤ ਲੋਕਾਈਆ । ਤੇਰਾ ਭਾਣਾ ਸਭ ਨੇ ਸਿਹਾ, ਸਿਰ ਸਿਰ ਹੁਕਮ ਮਨਾਈਆ । ਸਰਨ ਸਰਨਾਈ ਸਾਚੀ ਢਿਹਾ, ਧੂੜੀ ਟਿੱਕਾ ਮਸਤਕ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਵਿਸ਼ਨੂੰ ਵੇਖ ਕਰ ਧਿਆਨ, ਸ੍ਰੀ ਭਗਵਾਨ ਜਣਾਈਆ । ਤੁਹਾਨੂੰ ਦਿਤਾ ਜਗਤ ਗਿਆਨ, ਆਪਣਾ ਗਿਆਨ ਨਾ ਝੋਲੀ ਪਾਈਆ । ਗੌਂਦੇ ਰਹੋ ਸੁਣੌਂਦੇ ਰਹੋ ਆਪਣੇ ਮਕਾਨ, ਉਚੀ ਕੂਕ ਕੂਕ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਵਿਸ਼ਨੂੰ ਕਹੇ ਦੱਸ ਪ੍ਰਭ ਮੀਤਾ, ਕੀ ਤੇਰੀ ਵਡਿਆਈਆ । ਸਾਡੇ ਬਿਨਾਂ ਚਲੇ ਨਾ ਤੇਰੀ ਰੀਤਾ, ਤੇਰੀ ਗੰਢ ਨਾ ਕੋਇ ਪੁਆਈਆ । ਕਰ ਕਿਰਪਾ ਦਿਤਾ ਆਪਣਾ ਖੀਸਾ, ਮੇਰੇ ਹੱਥ ਦਾਨ ਵਰਤਾਈਆ । ਮੈਂ ਵੇਖਾਂ ਹਸਤ ਕੀਟਾ, ਕੀਟ ਕੀਟਾਂ ਸੇਵ ਕਮਾਈਆ । ਮੈਂ ਨਾ ਜਾਤਾ ਤੇਰਾ ਕੀਤਾ, ਪ੍ਰਭ ਕੀ ਤੇਰੀ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਦੇ ਪੜ੍ਹਾਈਆ । ਸਾਚੀ ਸਿਖਿਆ ਵਿਸ਼ਨੂੰ ਦੱਸ, ਸੋ ਪੁਰਖ ਨਿਰੰਜਣ ਦਇਆ ਕਮਾਇੰਦਾ । ਪਿੱਠ ਉਤੇ ਮਾਰ ਹੱਥ, ਮੁਖੋਂ ਹੱਸ ਹੱਸ ਸਮਝਾਇੰਦਾ । ਤੇਰਾ ਚਲੇ ਨਾ ਕੋਈ ਵਸ, ਵਾਸਤਾ ਤੇਰੀ ਝੋਲੀ ਪਾਇੰਦਾ । ਜੁਗ ਚੌਕੜੀ ਖੇਲ ਕਰਾਂ ਅਕੱਥ, ਕਥਨੀ ਕਥ ਨਾ ਕੋਇ ਸਮਝਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਕਾਇਆ ਮਾਟੀ ਤਨ ਚਲਾਵਾਂ ਰਥ, ਬਣ ਰਥਵਾਹੀ ਸੇਵ ਕਮਾਇੰਦਾ । ਜਗਤ ਵਿਦਿਆ ਜਗਤ ਅੱਖਰ ਜਗਤ ਨਾਮ ਜੁਗਤ ਦੇਵਾਂ ਦੱਸ, ਖਾਣੀ ਬਾਣੀ ਭੇਵ ਚੁਕਾਇੰਦਾ । ਲੱਖ ਚੁਰਾਸੀ ਵਿਚੋਂ ਇਕੋ ਭਗਤ ਕਰਾਂ ਅੱਡ, ਜਿਨ੍ਹਾਂ ਆਪਣਾ ਪਰਦਾ ਲਾਹਿੰਦਾ । ਮੇਰੇ ਭਗਤ ਪੂਜਾ ਪਾਠ ਸ਼ਾਸਤਰ ਸਿਮਰਤ ਵੇਦ ਪੁਰਾਨ ਪੜ੍ਹਨਾ ਲਿਖਣਾ ਦੋਵੇਂ ਜਾਣ ਛੱਡ, ਬਿਨ ਮੇਰੇ ਨਜ਼ਰ ਕੋਇ ਨਾ ਆਇੰਦਾ । ਮੈਂ ਓਨ੍ਹਾਂ ਦਾ ਉਹ ਮੇਰੀ ਹੋਵਣ ਯਦ, ਬੰਸ ਆਪਣਾ ਆਪ ਵਡਿਆਇੰਦਾ । ਓਸ ਵੇਲੇ ਵਿਸ਼ਨੂੰ ਤੈਨੂੰ ਲਵਾਂ ਸੱਦ, ਲੋਕਮਾਤ ਵਕਤ ਸੁਹਾਇੰਦਾ । ਆਪਣੀ ਧਾਰੋਂ ਲਵਾਂ ਕੱਢ, ਧਾਰ ਧਾਰ ਨਾਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਸਮਝਾਇੰਦਾ । ਪ੍ਰਭ ਤੇਰੇ

੪੬੮
੧੪

ਭਗਤ ਜਿਸ ਵੇਲੇ ਔਣਗੇ । ਕੀ ਤੇਰਾ ਨਾਮ ਧਿਔਣਗੇ । ਤੁਧ ਬਿਨ ਦਰਸ ਕੋਈ ਨਾ ਪੌਣਗੇ । ਕਵਣ ਢੋਲਾ ਮਾਤ ਗੌਣਗੇ । ਕਵਣ ਸੇਜਾ ਸੋਹਣੀ ਸੌਣਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਵਣ ਮੰਦਰ ਤੇਰਾ ਦਰਸ਼ਨ ਪੌਣਗੇ । ਜਦ ਆਪਣੇ ਭਗਤ ਉਪਜਾਵਾਂਗਾ । ਪਹਿਲੋਂ ਆਪ ਚਲ ਕੇ ਆਵਾਂਗਾ । ਪੰਜ ਤੱਤ ਖੇਲ ਰਚਾਵਾਂਗਾ । ਕਾਇਆ ਹੱਟ ਇਕ ਬਣਾਵਾਂਗਾ । ਨੱਠ ਨੱਠ ਕੇ ਕੁੰਡਾ ਲਾਹਵਾਂਗਾ । ਅੰਦਰ ਵਸ ਵਸ ਸਮਝਾਵਾਂਗਾ । ਬਹਿ ਢੋਲਾ ਜਸ ਅਲਾਵਾਂਗਾ । ਅੰਮ੍ਰਿਤ ਰਸ ਇਕ ਪਿਆਵਾਂਗਾ । ਪ੍ਰੇਮ ਪ੍ਰੀਤੀ ਅੰਦਰ ਫਸ, ਆਪਣੀ ਗੰਢ ਪੁਆਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਰੀਤੀ ਆਪ ਚਲਾਵਾਂਗਾ । ਸਾਚੀ ਰੀਤੀ ਆਪ ਚਲਾਵਾਂਗਾ । ਤਨ ਮਾਟੀ ਖ਼ਾਕ ਮਿਲਾਵਾਂਗਾ । ਅਗਨੀ ਵਿਚ ਸੜਾਵਾਂਗਾ । ਧੂਆਂਧਾਰ ਬਣਾਵਾਂਗਾ । ਜ਼ਿਮੀ ਅਸਮਾਨ ਹਿਲਾਵਾਂਗਾ । ਹੋ ਮਿਹਰਵਾਨ ਫੇਰ ਆਵਾਂਗਾ । ਨਿਹਕਲੰਕ ਨਾਉਂ ਧਰਾਵਾਂਗਾ । ਗੋਬਿੰਦ ਪੁੱਤ ਨਾਲ ਮਿਲਾਵਾਂਗਾ । ਸਾਚੀ ਰੁੱਤ ਇਕ ਸੁਹਾਵਾਂਗਾ । ਅਬਿਨਾਸ਼ੀ ਅਚੁਤ ਰੂਪ ਵਟਾਵਾਂਗਾ । ਜੋ ਲੁਕਿਆ ਰਿਹਾ ਗੁਠ, ਫੜ ਉਠਾਵਾਂਗਾ । ਨਿਰਗੁਣ ਹੋ ਕੇ ਜਾਵਾਂ ਤੁਠ, ਸਰਗੁਣ ਪਰਦਾ ਲਾਹਵਾਂਗਾ । ਜੇ ਵਿਸ਼ਨੂੰ ਲਿਆ ਪੁੱਛ, ਤੈਨੂੰ ਉਂਗਲੀ ਫੜ ਵਖਾਵਾਂਗਾ । ਜੋ ਕੁਛ ਮੇਰੇ ਭਗਤ ਸੋ ਹੋਣੇ ਨਹੀਂ ਪਿਆਰੇ, ਮੈਂ ਪੁੱਤਾਂ ਨਾਲੋਂ ਪਿਆਰ ਵਧਾਵਾਂਗਾ । ਆਪਣੀ ਗੋਦੀ ਲਵਾਂ ਚੁਕ, ਤੇਰੀ ਸੇਜ ਸਾਂਗੋ ਪਾਂਗ ਚਰਨ ਨਾਲ ਧਕਾਵਾਂਗਾ । ਤੂੰ ਵੇਖੀ ਨੀਵਾਂ ਹੋ ਕੇ ਝੁਕ, ਬਿਨ ਅੱਖਾਂ ਤੈਨੂੰ ਵਖਾਵਾਂਗਾ । ਬ੍ਰਹਮੇ ਦਾ ਪੈਂਡਾ ਜਾਏ ਮੁੱਕ, ਗੁਰਮੁਖ ਆਪਣੇ ਰੰਗ ਰੰਗਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਵਡਿਆਵਾਂਗਾ । ਜਿਸ ਵੇਲੇ ਪ੍ਰਭ ਦਇਆ ਕਮਾਏਂਗਾ । ਜਨ ਭਗਤਾਂ ਮੇਲ ਮਿਲਾਏਂਗਾ । ਘਰ ਆਪਣੇ ਸੱਦ ਬਹਾਏਂਗਾ । ਜ਼ਾਤ ਪਾਤ ਦੀ ਹੱਦ ਮੁਕਾਏਂਗਾ । ਲੱਖ ਚੁਰਾਸੀ ਨਾਲੋਂ ਕਰ ਕੇ ਅੱਡ ਬਹਾਏਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਕੀ ਰਹਿਮਤ ਰਾਮ ਕਮਾਏਂਗਾ । ਮੈਂ ਆਪਣੀ ਰਹਿਮਤ ਸਚ ਕਮਾਵਾਂਗਾ । ਸੋ ਸਹਿਮਤ ਨਾਲ ਮਿਲਾਵਾਂਗਾ । ਸ਼ਬਦ ਇਸ਼ਾਰਾ ਸੈਨਤ ਇਕ ਲਗਾਵਾਂਗਾ । ਐਨ ਗ਼ੈਨ ਨਾ ਕੋਈ ਪੜ੍ਹਾਵਾਂਗਾ । ਤਰਫ਼ੈਨ ਪਰੇ ਹਟਾਵਾਂਗਾ । ਨੁਕਤਾ ਨੂਨ ਨਾ ਕੋਇ ਜਣਾਵਾਂਗਾ । ਮਜ਼ਮੂਨ ਇਕ ਸਿਖਾਵਾਂਗਾ । ਮਮਨੂਨ ਸਰਬ ਕਰਾਵਾਂਗਾ । ਕਾਨੂੰਨ ਇਕ ਬਣਾਵਾਂਗਾ । ਜਨੂਨ ਇਕ ਜਣਾਵਾਂਗਾ । ਮਾਅਸੂਮ ਗ਼ਰੀਬ ਨਿਮਾਣੇ ਆਪਣੀ ਗੋਦ ਉਠਾਵਾਂਗਾ । ਰਾਜੇ ਰਾਣੇ ਕਰ ਮਹਿਰੂਮ, ਖ਼ਾਲੀ ਹੱਥ ਫਿਰਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਿਸ਼ਨੂੰ ਤੇਰੀਆਂ ਅੱਖਾਂ ਫੇਰ ਖੁਲ੍ਹਾਵਾਂਗਾ । ਪ੍ਰਭ ਜਿਸ ਵੇਲੇ ਅੱਖ ਖੋਲ੍ਹੇਂਗਾ । ਵਿਸ਼ਨੂੰ ਤੇਰਾ ਤੇਰੇ ਦਰ ਤੇ ਬੋਲੇਗਾ । ਚਰਨ ਪ੍ਰੀਤੀ ਘੋਲ ਘੋਲੇਗਾ । ਪਿਛਲੇ ਦੁਖੜੇ ਤੇਰੇ ਚਰਨ ਡੋਲ੍ਹੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਪਰਦਾ ਚੁਕੇ ਤੇਰੇ ਮੇਰੇ ਉਹਲੇ ਦਾ । ਪਹਿਲੋਂ ਭਗਤਾਂ ਉਹਲਾ ਲਾਹਵਾਂਗਾ । ਆਪਣਾ ਬੋਲਾ ਨਾਮ ਜਣਾਵਾਂਗਾ । ਬਣ ਤੋਲਾ ਤੋਲ ਤੁਲਾਵਾਂਗਾ । ਚਿੜੀਆਂ ਕਾਗਾਂ ਵਾਲਾ ਰੌਲਾ ਸਰਬ ਮਿਟਾਵਾਂਗਾ । ਇਕੋ ਸੋਹੰ ਹੰਸਾ ਜਾਪ ਜਪਾਵਾਂਗਾ । ਚਾਰ ਵਰਨ ਬੰਸਾ ਇਕ ਬਣਾਵਾਂਗਾ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਵਰਨ ਬਰਨ ਭੇਵ ਚੁਕਾਵਾਂਗਾ । ਅੱਖਰ ਵੱਖਰ ਸਾਰੇ ਪੜ੍ਹਨ, ਪਰਦਾ ਦਵੈਤ ਆਪ ਉਠਾਵਾਂਗਾ । ਬਿਨ ਪੌੜੀਉਂ ਪੌੜੇ ਚੜ੍ਹਨ, ਡੰਡਾ ਨਾਮ ਹੱਥ ਫੜਾਵਾਂਗਾ । ਤੂਹੀ ਤੂਹੀ ਸਾਰੇ ਕਰਨ,


੪੬੯ ੧੪

ਏਕ ਤੂਹੀ ਗੋਬਿੰਦ ਰੰਗ ਰੰਗਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਰ ਵਖਾਵਾਂਗਾ । ਜਿਸ ਵੇਲੇ ਕਰਨੀ ਕਰੇਂਗਾ । ਪ੍ਰਭ ਸਾਚੀ ਤਰਨੀ ਤਰੇਂਗਾ । ਨਿਰਭੈ ਕਦੇ ਨਾ ਡਰੇਂਗਾ । ਗ਼ਰੀਬ ਨਿਮਾਣਿਆਂ ਪੱਲੂ ਫੜੇਂਗਾ । ਤੇਰਾ ਮੇਰਾ ਢੋਲਾ ਪੜ੍ਹੇਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਕੀ ਭਗਤਾਂ ਦੇ ਘਰ ਵੜੇਂਗਾ । ਮੈਂ ਭਗਤਾਂ ਦੇ ਗ੍ਰਿਹਿ ਆਵਾਂਗਾ । ਨਿਉਂ ਨਿਉਂ ਸਜਦਾ ਸੀਸ ਝੁਕਾਵਾਂਗਾ । ਦੋਏ ਜੋੜ ਭੁੱਲ ਬਖ਼ਸ਼ਾਵਾਂਗਾ । ਅਨਮੁਲ ਦਾਤ ਵਰਤਾਵਾਂਗਾ । ਸਾਚੀ ਕੁਲ ਆਪ ਬਣਾਵਾਂਗਾ । ਪ੍ਰੇਮ ਫੁੱਲ ਭੇਟ ਚੜ੍ਹਾਵਾਂਗਾ । ਉਨ੍ਹਾਂ ਦੇ ਕੰਡੇ ਤੁਲ, ਆਪਣਾ ਕੰਡਾ ਉਨ੍ਹਾਂ ਹੱਥ ਫੜਾਵਾਂਗਾ । ਗੁਰਮੁਖ ਬੂਟਾ ਨਾ ਜਾਏ ਹੁਲ, ਅੰਮ੍ਰਿਤ ਫਲ ਇਕ ਲਗਾਵਾਂਗਾ । ਕਲਜੁਗ ਅੰਤਮ ਪਾਵਾਂ ਮੁੱਲ, ਕੀਮਤ ਆਪਣੇ ਹੱਥ ਰਖਾਵਾਂਗਾ । ਸਚ ਦੁਆਰ ਜਾਏ ਖੁੱਲ੍ਹ, ਭਗਤ ਦੁਆਰ ਇਕ ਦਸਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਮੰਦਰ ਇਕ ਵਡਿਆਵਾਂਗਾ । ਸਾਚਾ ਮੰਦਰ ਸੁਹਾਏਗਾ । ਪੁਰਖ ਅਬਿਨਾਸ਼ੀ ਡੇਰਾ ਲਾਏਗਾ । ਘਨਕ ਪੁਰ ਵਾਸੀ ਫੇਰਾ ਪਾਏਗਾ । ਸ਼ਾਹੋ ਸ਼ਾਬਾਸੀ ਸੀਸ ਤਾਜ ਟਿਕਾਏਗਾ । ਸਾਚਾ ਮੰਡਲ ਰਾਸੀ, ਰਾਸ ਰਚਾਏਗਾ । ਗੁਰਮੁਖਾਂ ਸਾਥੀ ਬਣ ਕੇ ਆਏਗਾ । ਰਘੁਨਾਥੀ ਵੇਸ ਵਟਾਏਗਾ । ਪੰਡਤ ਕਾਂਸ਼ੀ ਦਰ ਦੁਰਕਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਵੇਖ ਵਖਾਏਗਾ । ਗੁਰਮੁਖ ਸਾਚੇ ਵੇਖ ਵਖਾਵੇਗਾ । ਜੋ ਸੋਹੰ ਢੋਲਾ ਗਾਵੇਗਾ । ਕਾਇਆ ਚੋਲਾ ਆਪ ਬਦਲਾਵੇਗਾ । ਅਨਮੋਲਾ ਨਾਮ ਵਰਤਾਵੇਗਾ । ਅੱਗੇ ਹੌਲਾ ਭਾਰ ਵਖਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦਾ ਭਗਤੀ ਮੂਲ, ਭੋਲੇ ਭਾਉ ਗੋਬਿੰਦ ਮਿਲਾਵੇਗਾ । ਜਨ ਭਗਤੋ ਵੇਖੇ ਭਗਤੀ ਰੰਗ, ਰੰਗ ਰੰਗੀਲਾ ਆਪ ਰੰਗਾਇੰਦਾ । ਸਿੰਘ ਪਾਲ ਮੰਗੀ ਮੰਗ, ਇਕੋ ਵਾਰ ਝੋਲੀ ਡਾਹਿੰਦਾ । ਮੇਰੀ ਪਿੱਠ ਨਾ ਹੋਵੇ ਨੰਗ, ਤੇਰਾ ਸਿਰ ਹੱਥ ਟਿਕਾਇੰਦਾ । ਤੂੰ ਮੇਰਾ ਮੈਂ ਤੇਰਾ ਢੋਲਾ ਗਾਇਆ ਦੋਹਾਂ ਛੰਦ, ਵਿਚੋਲਾ ਨਜ਼ਰ ਕੋਇ ਨਾ ਆਇੰਦਾ । ਪਿਛਲੀ ਦਿਤੀ ਅੱਗੇ ਗੰਢ, ਦਿਤੀ ਗੰਢ ਨਾ ਕੋਇ ਖੁਲ੍ਹਾਇੰਦਾ । ਦੀਨ ਦਿਆਲ ਸਾਹਿਬ ਬਖ਼ਸ਼ੰਦ, ਬਖ਼ਸ਼ਿਸ਼ ਤੇਰੇ ਹੱਥ ਵਖਾਇੰਦਾ । ਤੂੰ ਮੇਟਣਾ ਸਭ ਦਾ ਪੰਧ, ਤੁਧ ਬਿਨ ਪਾਂਧੀ ਨਜ਼ਰ ਕੋਇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦੋ ਚਾਰ ਮੰਗ ਮੰਗਾਇੰਦਾ । ਦੋ ਚਾਰ ਮੰਗ ਅਸੀਸ, ਆਸਰਾ ਇਕ ਤਕਾਈਆ । ਮੈਂ ਤੇਰਾ ਤੂੰ ਮੇਰਾ ਜਗਦੀਸ਼, ਜਗਦੀਸ਼ਰ ਤੇਰੇ ਹੱਥ ਵਡਿਆਈਆ । ਤੇਰਾ ਨਾਉਂ ਸ਼ਬਦ ਹਦੀਸ, ਮੈਂ ਭੈਣਾਂ ਭਾਈਆਂ ਗਿਆ ਸਮਝਾਈਆ । ਤੇਰੀ ਭੁੱਲੇ ਨਾ ਕਿਸੇ ਰੀਤ, ਮੰਦਰ ਮਸੀਤ ਨਾ ਕੋਇ ਵਡਿਆਈਆ । ਮੈਂ ਤੇਰੀ ਪ੍ਰੀਤੀ ਲਈ ਜੀਤ, ਤੂੰ ਜਿਤਿਆ ਹਾਰ ਕਦੇ ਨਾ ਜਾਈਆ । ਮੇਰਾ ਪਿਛਾ ਰੱਖਣਾ ਠੰਡਾ ਸੀਤ, ਅੱਗੇ ਤੇਰੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਣੀ ਇਕ ਵਡਿਆਈਆ । ਸ੍ਰੀ ਭਗਵਾਨ ਦਏ ਦਿਲਾਸਾ, ਜੋਤੀ ਜਾਤਾ ਦਇਆ ਕਮਾਇੰਦਾ । ਤੇਰੀ ਪੂਰੀ ਕਰਾਂ ਆਸਾ, ਆਪਣੀ ਆਸਾ ਵਿਚ ਮਿਲਾਇੰਦਾ । ਤੇਰਾ ਬੰਸ ਮੇਰਾ ਸਾਥਾ, ਸਰਬੰਸ ਤੇਰੀ ਗੋਦ ਬਹਾਇੰਦਾ । ਜੋ ਗਾਏ ਸਾਚੀ ਗਾਥਾ, ਤਿਸ ਬੇੜਾ ਪਾਰ ਵਖਾਇੰਦਾ । ਰਹਿਣ ਦੇਵੇ ਨਾ ਕੋਈ ਘਾਟਾ, ਘਾਟ ਆਪਣਾ ਇਕ ਜਣਾਇੰਦਾ । ਹੌਲੀ ਹੌਲੀ ਸਭ ਦੀ ਮੇਟੇ ਵਾਟਾ, ਅੰਤਮ ਤੇਰੇ ਕੋਲ ਬਹਾਇੰਦਾ । ਤੂੰ ਅਗਲਿਆਂ ਪਿਛਲਿਆਂ ਪੁੱਛ ਲਏਂ ਬਾਤਾਂ,

੪੭੧
੧੪

ਨਿਰਗੁਣ ਹੋ ਕੇ ਸੇਵ ਕਮਾਇੰਦਾ । ਉਠ ਵੇਖ ਲੈ ਆਪਣਾ ਖਾਤਾ, ਵਹੀ ਹੱਥ ਨਾ ਕਿਸੇ ਫੜਾਇੰਦਾ । ਏਥੇ ਓਥੇ ਪਿਤਾ ਮਾਤਾ, ਸ੍ਰੀ ਭਗਵਾਨ ਨਜ਼ਰੀ ਆਇੰਦਾ । ਤੇਰੇ ਪਿਛੇ ਸਭ ਦਾ ਪਲਟਿਆ ਪਾਸਾ, ਸਾਰਪਾਸ ਖੇਲ ਕਰਾਇੰਦਾ । ਸੱਚਾ ਦੇਵਾਂ ਖੋਲ੍ਹ ਖ਼ੁਲਾਸਾ, ਖ਼ਾਲਕ ਖ਼ਲਕ ਆਪ ਜਣਾਇੰਦਾ । ਤੇਰੇ ਭਾਈਆਂ ਅੰਦਰ ਵਾਸਾ, ਤੇਰੇ ਭੱਯਾਂ ਸੰਗ ਨਿਭਾਇੰਦਾ । ਤੇਰੇ ਪੁੱਤਰ ਦਾ ਬਣ ਕੇ ਦਾਸਾ, ਗੋਬਿੰਦ ਆਪਣੀ ਗੋਦ ਉਠਾਇੰਦਾ । ਛੋਟਿਆਂ ਵੱਡਿਆਂ ਖ਼ਾਲੀ ਰਹਿਣ ਨਾ ਦੇਵੇ ਕਾਸਾ, ਕਸਮ ਖਾ ਕੇ ਤੇਰੇ ਨਾਲ ਮਤਾ ਪਕਾਇੰਦਾ । ਉਠ ਵੇਖ ਪਾਰਬ੍ਰਹਮ ਦਾ ਵੱਡਾ ਹਾਤਾ, ਕੋਟਨ ਕੋਟ ਜੀਵ ਬਹਾਇੰਦਾ । ਤੇਰੇ ਪਿਛੇ ਭੋਲੇ ਭਾਉ ਖਿਚਾਇਆ ਖ਼ਾਕਾ, ਖ਼ਾਕੀ ਮਾਟੀ ਆਪਣੇ ਲੇਖੇ ਲਾਇੰਦਾ । ਨਾ ਕੋਈ ਪੂਜਾ ਨਾ ਕੋਈ ਪਾਠਾ, ਸਰੋਵਰ ਅਸ਼ਨਾਨ ਨਾ ਕੋਇ ਜਣਾਇੰਦਾ । ਆਤਮਾ ਪਰਮਾਤਮਾ ਇਕੋ ਜੋੜੇ ਨਾਤਾ, ਸਿੰਘ ਆਤਮਾ ਗੰਢ ਪੁਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰਮੁਖ ਮੇਰੇ ਨਾਮ ਬਿਨਾਂ ਕੋਈ ਨਾ ਕੱਟੇ ਫ਼ਾਕਾ, ਭੁਖਿਆਂ ਭੁੱਖ ਆਪ ਗਵਾਇੰਦਾ । ਆਤਮਾ ਸਿੰਘ ਆਤਮਾ ਅੰਤਰ ਨਿਰਗੁਣ ਨਿਰਗੁਣ ਵੇਖ ਵਖਾਈਆ । ਪਾਰਬ੍ਰਹਮ ਪ੍ਰਭ ਪੜ੍ਹਿਆ ਮੰਤਰ, ਮੰਤਵ ਦਿਤੀ ਮਾਣ ਵਡਿਆਈਆ । ਲੇਖਾ ਚੁੱਕੇ ਗਗਨ ਗਗਨੰਤਰ, ਗ੍ਰਿਹਿ ਸਾਚੇ ਵੱਜੇ ਵਧਾਈਆ । ਦੋਏ ਜੋੜ ਨਿਮਸਕਾਰ ਕਰੇ ਸ਼ੰਕਰ, ਚਰਨ ਕਵਲ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਲੇਖੇ ਦਏ ਲਗਾਈਆ । ਲੇਖੇ ਲਾਏ ਪਿਤਾ ਪੂਤ ਬੰਸ ਸਰਬੰਸ, ਸਾਹਿਬ ਸਤਿਗੁਰ ਦਇਆ ਕਮਾਇੰਦਾ । ਕਾਗੋਂ ਆਪ ਬਣਾਏ ਹੰਸ, ਹੰਸ ਰੂਪ ਸਰਬ ਵਟਾਇੰਦਾ । ਮਿਲੇ ਵਡਿਆਈ ਕੋਟਨ ਕੋਟ ਵਿਚ ਸਹੰਸ, ਸਹੰਸਰ ਨਾਮਾ ਆਪਣੇ ਹੱਥ ਲਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਸਾਚਾ ਪੰਥ, ਭਗਤ ਭਗਵਾਨ ਆਪਣੀ ਗੋਦ ਬਹਾਇੰਦਾ । ਭਗਤ ਭਗਵਾਨ ਉਠਾਏ ਸੋਤਾ, ਸੁਤਿਆਂ ਅੱਖ ਖੁਲ੍ਹਾਈਆ । ਪੁੱਤਾਂ ਪੋਤਰਿਆਂ ਨਾਲ ਤਾਰੇ ਦੋਹਤਾ, ਸਿੰਘ ਰਘਬੀਰ ਮਿਲੀ ਵਡਿਆਈਆ । ਵੱਜੇ ਵਧਾਈ ਲੋਕ ਪਰਲੋਕਾ, ਦੇਵਤ ਸੁਰ ਰਹੇ ਜਸ ਗਾਈਆ । ਗੁਰਮੁਖ ਉਚੀ ਕੂਕ ਦੇਵੇ ਹੋਕਾ, ਪ੍ਰਭ ਮਿਲਿਆ ਬੇਪਰਵਾਹੀਆ । ਏਥੇ ਓਥੇ ਕਿਸੇ ਨਾ ਦੇਵੇ ਧੋਖਾ, ਜਿਨ੍ਹਾਂ ਆਪਣੇ ਚਰਨ ਲਗਾਈਆ । ਪਾਰ ਲੰਘਣ ਦਾ ਇਕੋ ਮੌਕਾ, ਪ੍ਰਭ ਨੌਕਾ ਨਾਮ ਲਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਰਿਹਾ ਚੜ੍ਹਾਈਆ । ਗੁਰਮੁਖ ਸਾਚੇ ਬੇੜੇ ਚੜ੍ਹਨਗੇ । ਸ਼ੌਹ ਦਰਯਾ ਪਾਰ ਕਰਨਗੇ । ਸੋਹੰ ਢੋਲਾ ਇਕੋ ਪੜ੍ਹਨਗੇ । ਘਰ ਮੰਦਰ ਸੋਹਣੇ ਵੜਨਗੇ । ਪ੍ਰਭ ਸੱਚੇ ਦੀ ਸਰਨੀ ਸੀਸ ਧਰਨਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਖ਼ਾਲੀ ਝੋਲੀ ਸਰਬ ਭਰਨਗੇ । ਖ਼ਾਲੀ ਝੋਲੀ ਸਰਬ ਭਰਾਵਾਂਗਾ । ਜਿਸ ਉਪਰ ਦਇਆ ਕਮਾਵਾਂਗਾ । ਫੜ ਬਾਹੋਂ ਗਲੇ ਲਗਾਵਾਂਗਾ । ਰਾਤੀਂ ਸੁਤਿਆਂ ਦਰਸ ਦਿਖਾਵਾਂਗਾ । ਗੁਰ ਗੋਬਿੰਦ ਮੇਲ ਮਿਲਾਵਾਂਗਾ । ਜਨਮ ਜਨਮ ਦੀ ਚਿੰਦ ਮਿਟਾਵਾਂਗਾ । ਨਾਦੀ ਬਿੰਦ ਉਪਜਾਵਾਂਗਾ । ਅੰਮ੍ਰਿਤ ਧਾਰ ਸਿੰਧ ਪਿਆਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵੇ ਇਕ ਵਰ, ਵਿਸ਼ਨੂੰ ਤੇਰਾ ਵਕਤ ਸੁਹਾਵਾਂਗਾ । ਵਿਸ਼ਨੂੰ ਸੇਵਾ ਸਚ ਕਮਾਏਂਗਾ । ਮੇਰਾ ਢੋਲਾ ਰਾਗ ਅਲਾਏਂਗਾ । ਘਰ ਘਰ ਤੋਲਾ ਬਣ ਕੇ ਜਾਏਂਗਾ । ਸਾਚੀ ਧਾਰਨਾ ਇਕ ਰਖਾਏਂਗਾ । ਚਾਰ ਵਰਨ ਇਕੋ ਛਾਬੇ ਪਾਏਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਨ ਭਗਤਾਂ ਗੰਢ ਪੁਆਏਂਗਾ । ਮੈਂ

ਭਗਤ ਦੁਆਰੇ ਜਾਵਾਂਗਾ । ਦੂਰ ਬਹਿ ਕੇ ਸੀਸ ਨਿਵਾਵਾਂਗਾ । ਹਜ਼ੂਰ ਤੇਰਾ ਦਰਸ਼ਨ ਪਾਵਾਂਗਾ । ਜ਼ਰੂਰ ਆਪਣੀ ਭੁੱਲ ਬਖ਼ਸ਼ਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਦੇਣਾ ਇਕ ਵਰ, ਦਰ ਤੇਰੇ ਅਲਖ ਜਗਾਵਾਂਗਾ । ਦਰ ਮੇਰੇ ਅਲਖ ਜਗਾਏਂਗਾ । ਪਰਤੱਖ ਦਰਸ਼ਨ ਪਾਏਂਗਾ । ਸਮਰਥ ਸੀਸ ਝੁਕਾਏਂਗਾ । ਚਰਨੀ ਢੱਠ ਮੰਗ ਮੰਗਾਏਂਗਾ । ਹਰ ਘਟ ਅੰਦਰ ਵੇਖ ਵਖਾਏਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਦਰ ਸਾਚੇ ਮੰਗ ਮੰਗਾਏਂਗਾ । ਦਰ ਸੱਚਾ ਇਕੋ ਸੋਹੇਗਾ । ਜਿਸ ਦੁਆਰੇ ਭਗਤ ਹੋਏਗਾ । ਨਾ ਹੱਸੇਗਾ ਨਾ ਰੋਏਗਾ । ਨਾ ਜਾਗੇਗਾ ਨਾ ਸੋਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਸਾਚੇ ਓਸ ਖਲੋਏਗਾ । ਉਹ ਸੱਚਾ ਦਰ ਸੁਹਾਵੇਗਾ । ਜਿਸ ਘਰ ਪਰਮੇਸ਼ਵਰ ਆਵੇਗਾ । ਓਥੇ ਗੁਰ ਅਵਤਾਰ ਪੀਰ ਪੈਗ਼ੰਬਰ ਬਿਨ ਸੱਦਿਆਂ ਸੀਸ ਨਿਵਾਵੇਗਾ । ਕਰੋੜ ਤੇਤੀਸਾ ਸੁਰ ਨਰ ਮੁਨ, ਜਨ ਫੂਲਨ ਬਰਖ਼ਾ ਲਾਵੇਗਾ । ਪ੍ਰੇਮ ਪ੍ਰੀਤੀ ਰਾਗ ਸੁਣ ਸੁਣ, ਵਿਸ਼ਨੂੰ ਬ੍ਰਹਮਾ ਸ਼ਿਵ ਨੈਣ ਸ਼ਰਮਾਵੇਗਾ । ਭਗਤ ਭਗਵਾਨ ਸਾਚੇ ਚੁਣ ਚੁਣ, ਕਲਜੁਗ ਅੰਤਮ ਆਪਣੇ ਚਰਨ ਬਹਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਘਰ ਇਕ ਵਡਿਆਵੇਗਾ । ਸਾਚਾ ਘਰ ਇਕ ਵਡੇਰਾ ਏ । ਜਿਥੇ ਪ੍ਰਭ ਸੱਚੇ ਦਾ ਡੇਰਾ ਏ । ਗੁਰਮੁਖਾਂ ਚਾਉ ਸਦਾ ਘਨੇਰਾ ਏ । ਹਰਿ ਵਸੇ ਨੇਰਨ ਨੇਰਾ ਏ । ਨਿਤ ਨਵਿਤ ਕਰਦਾ ਮਿਹਰਾ ਏ । ਢੋਲਾ ਗਾਏ ਤੂੰ ਮੇਰਾ ਮੈਂ ਤੇਰਾ ਏ । ਆਪੇ ਗੁਰੂ ਆਪੇ ਗੁਰ ਚੇਰਾ ਏ । ਹਰਿ ਸੰਗਤ ਚਾਰੋਂ ਕੁੰਟ ਪਾਇਆ ਘੇਰਾ ਏ । ਵਿਚ ਸ਼ਬਦੀ ਗੁਰ ਸ਼ੇਰਾ ਏ । ਦੋ ਜਹਾਨ ਦਾ ਖੁਲ੍ਹਾ ਵੇਹੜਾ ਏ । ਜਨ ਭਗਤਾਂ ਬੱਧਾ ਬੇੜਾ ਏ । ਕਬੀਰ ਪੁੱਛੇ ਕੇਹੜਾ ਕੇਹੜਾ ਏ । ਅਠਾਰਾਂ ਵਿਚ ਪੈ ਗਿਆ ਝੇੜਾ ਏ । ਤੇਈਆਂ ਕਰੇ ਨਾ ਕੋਇ ਨਖੇੜਾ ਏ । ਈਸੇ ਮੂਸੇ ਢੱਠਾ ਡੇਰਾ ਏ । ਮੁਹੰਮਦ ਪਾ ਕੇ ਗਿਆ ਫੇਰਾ ਏ । ਨਾਨਕ ਕਿਹਾ ਤੂੰ ਮੇਰਾ ਮੈਂ ਤੇਰਾ ਏ । ਗੋਬਿੰਦ ਬਣਿਆ ਇਕੋ ਚੇਰਾ ਏ । ਜਿਨ੍ਹਾਂ ਢੱਯਾ ਕੀਤਾ ਜੇਰਾ ਏ । ਅੰਤਮ ਆਪਣਾ ਦਿਤਾ ਗੇੜਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਨਾਮ ਵਰ, ਨਾ ਕਰੇ ਹੇਰਾ ਫੇਰਾ ਏ । ਹੇਰੇ ਫੇਰੇ ਦੀ ਛੱਡੀ ਆਦਤ, ਹਰਿ ਸਾਚਾ ਸਚ ਜਣਾਇੰਦਾ । ਪਰਮ ਪੁਰਖ ਦੀ ਇਕ ਇਬਾਦਤ, ਸਚ ਖ਼ੁਦਾਵੰਦ ਆਪ ਜਣਾਇੰਦਾ । ਦੋ ਜਹਾਨ ਨਾ ਲੱਗੇ ਅਲਾਮਤ, ਦੁਰਮਤ ਮੈਲ ਨਾ ਕੋਇ ਰਖਾਇੰਦਾ । ਪੀਰ ਪੈਗ਼ੰਬਰੋ ਵੇਖੋ ਭਗਤ ਸਦਾ ਸਹੀ ਸਲਾਮਤ, ਸੁਲਾਹਕੁਲ ਆਪਣੇ ਨਾਲ ਮੇਲ ਮਿਲਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਰੱਖਦਾ ਰਿਹਾ ਅਮਾਨਤ, ਅੰਤਮ ਆਪਣੇ ਖਾਤੇ ਵਿਚ ਪਾਇੰਦਾ । ਬਰੀਖ਼ਾਨਾ ਖੋਲ੍ਹਿਆ ਬਿਨਾਂ ਜ਼ਮਾਨਤ, ਜ਼ਾਮਨੀ ਵਿਚ ਨਾ ਕੋਇ ਰਖਾਇੰਦਾ । ਦੀਨ ਮਜ਼੍ਹਬ ਸ਼ਰਅ ਨਾ ਕਰੇ ਕੋਇ ਮਮਾਨਤ, ਲਾਸ਼ਰੀਕ ਵੇਖ ਵਖਾਇੰਦਾ । ਸਰਬ ਜੀਆਂ ਪ੍ਰਭ ਹੋਇਆ ਜਾਣਤ, ਘਟ ਘਟ ਆਪਣਾ ਭੇਵ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤ ਸੁਹੇਲੇ ਮੇਲ ਮਿਲਾਇੰਦਾ । ਸੰਤ ਕਹਿਣ ਕੀ ਤੇਰੀ ਖੇਲ, ਸਮਝ ਵਿਚ ਨਾ ਆਈਆ । ਜਿਉਂ ਭਾਵੇ ਤਿਉਂ ਲੈਣਾ ਮੇਲ, ਬਿਨ ਕਿਰਪਾ ਚਲੇ ਨਾ ਕੋਇ ਚਤੁਰਾਈਆ । ਕਲਜੁਗ ਅੰਤਮ ਪਾਰਬ੍ਰਹਮ ਪਤਿਪਰਮੇਸ਼ਵਰ ਮਿਲਿਆ ਸੱਜਣ ਸੁਹੇਲ, ਸਾਹਿਬ ਸਤਿਗੁਰ ਹੋਏ ਸਹਾਈਆ । ਆਤਮ ਪਰਮਾਤਮ ਚੜ੍ਹਿਆ ਤੇਲ, ਸਿੰਘ ਆਤਮਾ ਰੰਗ ਵਖਾਈਆ । ਗੁਰ ਸਤਿਗੁਰ ਸਿਖ ਸਿਖ ਗੁਰ ਕਾ ਚੇਲ, ਗੁਰ ਚੇਲਾ ਸਿਖ ਵਿਚ ਸਮਾਈਆ । ਬਿਨ ਮੰਦਰ ਬਿਨ ਮਸਜਿਦ ਬਿਨ ਸ਼ਿਵਦੁਆਲੇ ਮੱਠ ਹੋ ਜਾਏ ਮੇਲ, ਬਿਨ ਪੰਡਤ ਪਾਂਧੇ ਬਿਨ ਮੁਲਾਂ

ਸ਼ੇਖ਼ ਬਿਨ ਗਰੰਥੀ ਗੁਰ ਨਾਰ ਕੰਤ ਗੁਰਮੁਖ ਲਏ ਪਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਭਗਤੀ ਤੰਦ ਕਰੇ ਕੁੜਮਾਈਆ ।

ਭਗਤੀ ਤੰਦ ਪਿਆ ਹੱਸ, ਹੱਸ ਹੱਸ ਖ਼ੁਸ਼ੀ ਮਨਾਇੰਦਾ । ਪ੍ਰਭ ਹੋਇਆ ਭਗਤਾਂ ਵਸ, ਭਗਵਾਨ ਇਕੋ ਘਰ ਡੇਰਾ ਲਾਇੰਦਾ । ਦੋਹਾਂ ਮਿਲ ਕੇ ਖੋਲ੍ਹਿਆ ਹੱਟ, ਭਗਤ ਦੁਆਰਾ ਨਾਉਂ ਧਰਾਇੰਦਾ । ਜੋ ਜਨ ਉਸ ਦੁਆਰੇ ਜਾਏ ਢੱਠ, ਡਿਗਿਆਂ ਆਪ ਉਠਾਇੰਦਾ । ਲੇਖਾ ਚੁੱਕੇ ਤੀਰਥ ਅੱਠ ਸੱਠ, ਗੁਰਮੁਖ ਗੰਗਾ ਜਮਨਾ ਸੁਰਸਤੀ ਗੋਦਾਵਰੀ ਅਸ਼ਨਾਨ ਨਾ ਕੋਇ ਕਰਾਇੰਦਾ । ਖਹਿੜਾ ਚੁੱਕੇ ਮੰਦਰ ਮਸਜਿਦ ਸ਼ਿਵਦੁਆਲੇ ਮੱਠ, ਜਿਸ ਸਾਹਿਬ ਸਤਿਗੁਰ ਘਰ ਬੈਠਿਆਂ ਨਜ਼ਰੀ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧੰਨੇ ਜੱਟ ਕਰੇ ਕਲਿਆਣ, ਕਾਲਮ ਕਲਮ ਨਾਲ ਬਣਾਇੰਦਾ ।

### ★ ੫ ਜੇਠ ੨੦੨੦ ਬਿਕਰਮੀ ਜੇਠੂਵਾਲ ਦਰਬਾਰ ਵਿਚ ★

ਨਿਰਗੁਣ ਰੂਪ ਸ੍ਰੀ ਭਗਵਾਨ, ਨਿਰਾਕਾਰ ਵਡ ਵਡਿਆਈਆ । ਸਾਲ ਬਹੱਤਰਵੇਂ ਹੋ ਪਰਧਾਨ, ਬਹੱਤਰ ਦੇਵਣਹਾਰ ਵਡਿਆਈਆ । ਪੰਚਮ ਜੇਠ ਖੇਲ ਮਹਾਨ, ਦੋ ਜਹਾਨਾਂ ਵੇਖ ਵਖਾਈਆ । ਭੂਪਤ ਭੂਪ ਨੌਜਵਾਨ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਤ ਦੋ ਦਏ ਵਡਿਆਈਆ । ਸਤਿ ਸਤਿਵਾਦੀ ਆਪ ਸਤਿ, ਸਤਿ ਪੁਰਖ ਨਿਰੰਜਣ ਨਾਉਂ ਧਰਾਇੰਦਾ । ਦੋਏ ਦੋਏ ਰੂਪ ਹੋ ਪਰਤੱਖ, ਨਿਰਗੁਣ ਸਰਗੁਣ ਧਾਰ ਵਖਾਇੰਦਾ । ਆਦਿ ਜੁਗਾਦੀ ਖੇਲ ਪੁਰਖ ਸਮਰਥ, ਹਰਿ ਕਾ ਭੇਵ ਕੋਇ ਨਾ ਪਾਇੰਦਾ । ਜੁਗ ਚੌਕੜੀ ਮਾਰਗ ਦੱਸ, ਧੁਰ ਫ਼ਰਮਾਣਾ ਹੁਕਮ ਮਨਾਇੰਦਾ । ਲੱਖ ਚੁਰਾਸੀ ਡੋਰ ਨੱਥ, ਤੰਦੀ ਨਾਮ ਤੰਦ ਬੰਧਾਇੰਦਾ । ਹਰ ਘਟ ਅੰਤਰ ਹਿਰਦੇ ਵਸ, ਆਤਮ ਪਰਮਾਤਮ ਜੋੜ ਜੁੜਾਇੰਦਾ । ਦੇਵਣਹਾਰਾ ਸਾਚੀ ਵਥ, ਵਸਤ ਅਮੋਲਕ ਆਪ ਵਰਤਾਇੰਦਾ । ਬੋਧ ਅਗਾਧ ਮਹਿਮਾ ਅਕੱਥ, ਨਿਰਬਾਣ ਸ਼ਬਦ ਸਮਝਾਇੰਦਾ । ਅਗੰਮ ਅਥਾਹ ਬੋਲ ਅਲੱਖ, ਸਚ ਜੈਕਾਰ ਅਲਾਇੰਦਾ । ਪੁਰਖ ਅਕਾਲ ਹੋ ਵੱਖ, ਵੱਖਰੀ ਕਾਰ ਕਮਾਇੰਦਾ । ਗੁਰ ਅਵਤਾਰਾਂ ਮਾਰਗ ਦੱਸ, ਪੀਰ ਪੈਗ਼ੰਬਰ ਆਪ ਪੜ੍ਹਾਇੰਦਾ । ਨਾਮ ਨਿਧਾਨਾ ਸੱਚਾ ਜਸ, ਵੇਦ ਪੁਰਾਨ ਸਿਫ਼ਤ ਸਾਲਾਹਿੰਦਾ । ਨਿਰਮਲ ਨਿਰਵੈਰ ਅੰਮਿਉਂ ਰਸ, ਰਸ ਨਿਝਰ ਇਕ ਜਣਾਇੰਦਾ । ਪ੍ਰੇਮ ਅਣਯਾਲਾ ਮਾਰੇ ਕਸ, ਤਿਖੀ ਮੁਖੀ ਧਾਰ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਬਹੱਤਰ ਸਾਲ ਹੋਇਆ ਬਿਹਤਰ, ਬਿਹਤਰੀ ਆਪਣੀ ਰਿਹਾ ਜਣਾਈਆ । ਲੱਖ ਚੁਰਾਸੀ ਕਾਇਆ ਖੇਤਰ, ਨਾੜ ਬਹੱਤਰ ਕਰੀ ਕੁੜਮਾਈਆ । ਨਿਰਗੁਣ ਸਰਗੁਣ ਅੱਗੇ ਪਾਇਆ ਪੇਪਰ, ਹੱਲ ਸਵਾਲ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਆਪਣੇ ਹੱਥ ਰਖਾਈਆ । ਸੱਤ ਦੋ ਕਰਨੀ ਕਰ, ਬਹੱਤਰ ਏਕਾ ਗੰਢ ਪੁਆਇੰਦਾ । ਸ਼ਾਹੋ ਭੂਪ ਦੇ ਵਰ, ਜੁਗ

ਚੌਕੜੀ ਵੇਖ ਵਖਾਇੰਦਾ । ਜੁਗ ਚੌਕੜੀ ਖੋਲ੍ਹ ਦਰ, ਦਰ ਦਰਵਾਜ਼ਾ ਆਪ ਜਣਾਇੰਦਾ । ਧੁਰ ਫ਼ਰਮਾਣਾ ਹੁਕਮ ਘੱਲ, ਸਚ ਸੰਦੇਸ ਅਲਾਇੰਦਾ । ਨਿਰਗੁਣ ਸਰਗੁਣ ਖੇਲ ਅਛਲ ਅਛੱਲ, ਛਲ ਧਾਰੀ ਆਪ ਕਰਾਇੰਦਾ । ਸਚਖੰਡ ਨਿਵਾਸੀ ਸਚ ਦੁਆਰ ਮਲ, ਥਿਰ ਘਰ ਆਪਣਾ ਚਰਨ ਟਿਕਾਇੰਦਾ । ਜੋਤੀ ਸ਼ਬਦੀ ਧਾਰ ਰਲ, ਦੋਏ ਦੋਏ ਆਪਣੀ ਕਾਰ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਕਰਾਮਾਤ, ਕੁਦਰਤ ਕਾਦਰ ਆਪਣੇ ਵਿਚ ਰਖਾਈਆ । ਆਦਿ ਜੁਗਾਦੀ ਏਕਾ ਦਾਤ, ਏਕੰਕਾਰ ਆਪ ਵਰਤਾਈਆ । ਬੋਧ ਅਗਾਧੀ ਸ਼ਬਦ ਜਮਾਤ, ਅੱਖਰ ਇਕੋ ਇਕ ਦਰਸਾਈਆ । ਦੋ ਜਹਾਨਾਂ ਸੱਚਾ ਵਾਕ, ਵਾਤਾਵਰਨ ਦਏ ਜਣਾਈਆ । ਨਿਰਗੁਣ ਸਰਗੁਣ ਖੇਲ ਤਮਾਸ਼, ਅਪਰੰਪਰ ਆਪਣੀ ਕਾਰ ਕਮਾਈਆ । ਸਰਬ ਨਿਵਾਸੀ ਰੱਖੇ ਵਾਸ, ਵਾਸਤਾ ਆਪਣੇ ਨਾਲ ਜੁੜਾਈਆ । ਲੱਖ ਚੁਰਾਸੀ ਕਰ ਕਰ ਦਾਸ, ਦਾਸੀ ਰੂਪ ਦਏ ਸਮਝਾਈਆ । ਗੁਰ ਅਵਤਾਰ ਜੁਗੰਤਰ ਸ਼ਾਖ਼, ਸ਼ਖ਼ਸੀਅਤ ਦੇਵਣਹਾਰ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸੱਤ ਦੋ ਖੇਲ ਅਨੋਖਾ, ਭੇਵ ਕੋਇ ਨਾ ਆਇੰਦਾ । ਨਿਰਗੁਣ ਸਰਗੁਣ ਮਾਰਗ ਸੌਖਾ, ਜੁਗ ਚੌਕੜੀ ਕਾਰ ਕਮਾਇੰਦਾ । ਭਗਤ ਭਗਵੰਤ ਇਕੋ ਮੌਕਾ, ਮੁਕੰਮਲ ਆਪਣਾ ਮੇਲ ਮਿਲਾਇੰਦਾ । ਨਵ ਨੌਂ ਚਾਰ ਨਾ ਰਾਹ ਸੌਖਾ, ਪਾਂਧੀ ਪੰਧ ਨਾ ਕੋਇ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਸੱਤ ਦੋ ਖੋਲ੍ਹੇ ਭੇਦ, ਅਨਭਵ ਆਪਣੀ ਕਾਰ ਕਮਾਈਆ । ਨੇਤਰ ਸ਼ਰਮਾਇਣ ਚਾਰ ਵੇਦ ਪੁਰਾਨ ਅਠਾਰਾਂ ਦੇਣ ਦੁਹਾਈਆ । ਸ਼ਾਸਤਰ ਸਿਮਰਤ ਰੋਵੇ ਕਤੇਬ, ਹਰਿ ਕਾ ਅੰਤ ਕਹਿਣ ਨਾ ਪਾਈਆ । ਅੰਜੀਲ ਕੁਰਾਨ ਨਾ ਸਕੇ ਕੋਈ ਪੇਖ, ਗੀਤਾ ਗਿਆਨ ਰਿਹਾ ਦ੍ਰਿੜਾਈਆ । ਖਾਣੀ ਬਾਣੀ ਪਦ ਨਿਰਬਾਣੀ ਸਾਚਾ ਹੇਤ, ਬੋਧ ਅਗਾਧ ਅਗਾਧ ਬੋਧ ਸ਼ਬਦ ਨਾਦ ਸ਼ਨਵਾਈਆ । ਨਿਰਵੈਰ ਨਿਰਾਕਾਰ ਨਿਰੰਕਾਰ ਸਾਚਾ ਹੇਤ, ਅਜੂਨੀ ਰਹਿਤ ਅਛਲ ਛਲਧਾਰੀ ਭਗਤ ਭਗਵਾਨ ਆਪ ਜਣਾਈਆ । ਅਲਖ ਅਗੋਚਰ ਅਗੰਮ ਅਥਾਹ ਬੇਪਰਵਾਹ ਖੇਲੇ ਖੇਲ, ਖ਼ਾਲਕ ਖ਼ਲਕ ਰੂਪ ਵਖਾਈਆ । ਦਾਤਾ ਜੋਧਾ ਸੂਰਬੀਰ ਨਰ ਨਰੇਸ਼, ਨਰ ਨਿਰੰਕਾਰ ਇਕ ਅਖਵਾਈਆ । ਆਦਿ ਜੁਗਾਦਿ ਜੁਗਾ ਜੁਗੰਤਰ ਰਹੇ ਹਮੇਸ਼, ਨਾ ਮਰੇ ਨਾ ਜਾਈਆ । ਪੀਰ ਪੈਗ਼ੰਬਰ ਗੁਰ ਗੁਰ ਭੇਜ, ਅਵਤਾਰੀ ਅਵਤਾਰ ਦਏ ਵਡਿਆਈਆ । ਹਰ ਘਟ ਅੰਤਰ ਮਾਣੇ ਸੇਜ, ਸੇਜ ਸੁਹੰਜਣੀ ਆਪ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਤ ਦੋ ਦਏ ਸਮਝਾਈਆ । ਸਤਿ ਸਤਿ ਪੁਰਖ ਨਿਰੰਜਣ, ਸੱਤ ਸੱਤ ਵਡਿਆਈਆ । ਦੋ ਦੋ ਨਿਰਗੁਣ ਸਰਗੁਣ ਦਾਤਾ ਦਾਨੀ ਦਰਦ ਦੁੱਖ ਭੈ ਭੰਜਨ, ਬੇਪਰਵਾਹ ਬੇਪਰਵਾਹੀਆ । ਆਦਿ ਜੁਗਾਦੀ ਸਾਚਾ ਸੱਜਣ, ਜੁਗ ਜੁਗ ਕਾਰ ਕਮਾਈਆ । ਸਰ ਸਰੋਵਰ ਨੁਹਾਏ ਮਜਨ, ਦੁਰਮਤ ਮੈਲ ਧੁਆਈਆ । ਸਦਾ ਸੁਹੇਲਾ ਪਰਦੇ ਕੱਜਣ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਤਾ ਦੂਆ ਜੋੜ ਜੁੜਾਈਆ । ਸੱਤ ਦੋ ਬਣਿਆ ਅੰਕ, ਏਕੰਕਾਰ ਆਪ ਬਣਾਇੰਦਾ । ਨਿਰਗੁਣ ਸਰਗੁਣ ਸੋਹੇ ਬੰਕ, ਬੰਕ ਦੁਆਰੀ ਵੇਖ ਵਖਾਇੰਦਾ । ਅਨਹਦ ਨਾਦੀ ਵੱਜੇ ਡੰਕ, ਸੁਰ ਤਾਲ ਨਾ ਕੋਇ ਜਣਾਇੰਦਾ । ਨਾਮ ਨਿਧਾਨਾ ਮਣੀਆਂ ਮੰਤ, ਇਕੋ ਰਾਗ ਅਲਾਇੰਦਾ । ਮੇਲ ਮਿਲਾਵਾ ਨਰ ਨਰਾਇਣ ਕੰਤ, ਨਾਰੀ ਹਰਿਜਨ ਆਪ ਪਰਨਾਇੰਦਾ । ਦਰਵੇਸ਼ ਭਿਖਾਰੀ ਬਣੇ ਮੰਗਤ, ਦਾਤਾ ਦਾਨੀ ਆਪ ਹੋ ਜਾਇੰਦਾ । ਬੋਧ ਅਗਾਧਾ ਗਿਆਨ

ਪੰਡਤ, ਨਿਸ਼ਅੱਖਰ ਅੱਖਰ ਰਾਗ ਅਲਾਇੰਦਾ । ਸੱਤ ਦੋ ਦਾ ਸਾਚਾ ਸੰਤ, ਸਤਿਗੁਰ ਇਕੋ ਇਕ ਅਖਵਾਇੰਦਾ । ਆਦਿ ਬਣਾਏ ਆਪਣੀ ਬਣਤ, ਅੰਤ ਘਾੜਨ ਵੇਖ ਵਖਾਇੰਦਾ । ਲੱਖ ਚੁਰਾਸੀ ਜੀਵ ਜੰਤ, ਖਾਣੀ ਬਾਣੀ ਆਪਣਾ ਨਾਚ ਨਚਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਲ ਬਹੱਤਰ ਵੰਡ ਵੰਡਾਇੰਦਾ । ਸਾਲ ਬਹੱਤਰ ਸਤਿ ਸਤਿਵਾਦੀ, ਸਤਿ ਸਤਿ ਜਣਾਈਆ । ਲੇਖਾ ਜਾਣ ਬੋਧ ਅਗਾਧੀ, ਭੇਵ ਅਭੇਦ ਆਪ ਛੁਪਾਈਆ । ਵੇਖਣਹਾਰਾ ਪੂਤ ਪੋਤਰਾ ਪੂਤ ਸਪੂਤਾ ਬ੍ਰਹਮ ਬ੍ਰਹਿਮਾਦੀ, ਪਾਰਬ੍ਰਹਮ ਵਡ ਵਡਿਆਈਆ । ਦੋ ਜਹਾਨਾਂ ਰਚ ਰਚ ਸ਼ਾਦੀ, ਸਵੰਬਰ ਇਕੋ ਇਕ ਜਣਾਈਆ । ਆਰ ਪਾਰ ਕਿਨਾਰਾ ਜਾਣੇ ਹਾਦੀ, ਹਦੂਦ ਹੱਥ ਨਾ ਕਿਸੇ ਫੜਾਈਆ । ਨਿਰਗੁਣ ਸਰਗੁਣ ਬਣ ਸਮਾਜੀ, ਸਾਚੀ ਰਚਨਾ ਵੇਖ ਵਖਾਈਆ । ਨਾਮ ਨਿਧਾਨਾ ਅਗੰਮੜੀ ਭਾਜੀ, ਭਗਤ ਭਗਵਾਨ ਆਪ ਵਰਤਾਈਆ । ਸਤਿ ਸਰੂਪੀ ਸੱਚਾ ਤਾਜੀ, ਅਸਵ ਇਕੋ ਇਕ ਦੌੜਾਈਆ । ਹੱਕ ਹਕੀਕਤ ਬਣੇ ਹਾਜ਼ੀ, ਲਾਸ਼ਰੀਕ ਫੇਰਾ ਪਾਈਆ । ਮਹਿਬੂਬ ਬਣੇ ਇਕ ਨਿਮਾਜ਼ੀ, ਸਜਦਾ ਸੀਸ ਜਗਦੀਸ਼ ਝੁਕਾਈਆ । ਆਪਣੇ ਘਰ ਆਪਣੇ ਮੰਦਰ ਇਕੋ ਹੋਵੇ ਆਪ ਰਾਜ਼ੀ, ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਆਪ ਕਮਾਈਆ । ਸਾਚੀ ਕਰਨੀ ਸਾਲ ਬਹੱਤਰ, ਪੰਚਮ ਜੇਠ ਦੇਵਣਹਾਰ ਵਡਿਆਈਆ । ਜੋਤੀ ਜਾਤਾ ਕਰ ਇਕੱਤਰ, ਏਕਾ ਰੰਗ ਵਖਾਈਆ । ਲੇਖਾ ਜਾਣੇ ਨਾਲ ਸੱਤਰ, ਸਤਿ ਪੁਰਖ ਨਿਰੰਜਣ ਮੇਲ ਮਿਲਾਈਆ । ਸੱਤ ਚਾਰ ਦਾ ਬੀਜ ਬੀਜਿਆ ਏਕਾ ਵੱਤਰ, ਫੁੱਲ ਫਲਵਾੜੀ ਆਪ ਮਹਿਕਾਈਆ । ਪਤ ਡਾਲੀ ਵੇਖੇ ਪੱਤਰ, ਨਿਰਗੁਣ ਨੈਣ ਅੱਖ ਖੁਲ੍ਹਾਈਆ । ਗੁਰ ਕਾ ਲੇਖਾ ਨਾ ਜਾਣੇ ਅੱਖਰ, ਸਤਿਗੁਰ ਆਪਣਾ ਪਰਦਾ ਲਾਹੀਆ । ਉਚੇ ਟਿੱਲੇ ਫੋਲੇ ਪੱਥਰ, ਪਰਬਤ ਵੇਖੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਮਾਣ ਤੋੜੇ ਅਸ਼ਟਾਬੱਕਰ, ਮਿਹਰ ਨਜ਼ਰ ਇਕ ਉਠਾਈਆ । ਸੱਤ ਦੋ ਗਿਆ ਜਾਗ, ਸਾਲ ਬਹੱਤਰਵੇਂ ਮਿਲੀ ਵਡਿਆਈਆ । ਪੰਚਮ ਜੇਠ ਪਰਮ ਪੁਰਖ ਪਰਮਾਤਮਾ ਕੰਤ ਸੁਹਾਗ, ਨਰ ਨਰਾਇਣ ਸੱਚਾ ਸ਼ਹਿਨਸ਼ਾਹੀਆ । ਲੱਖ ਚੁਰਾਸੀ ਲਾਏ ਆਗ, ਨਵ ਨੌਂ ਆਪਣਾ ਫੇਰਾ ਪਾਈਆ । ਚਾਰ ਕੁੰਟ ਵੇਖੇ ਭਾਜ ਭਾਜ, ਪਾਂਧੀ ਬਣ ਬਣ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਪੰਚਮ ਜੇਠ ਸਾਲ ਬਹੱਤਰਵਾਂ, ਨਿਰਗੁਣ ਆਪਣਾ ਆਪ ਜਣਾਇੰਦਾ । ਲੇਖਾ ਚੁੱਕੇ ਸੱਤ ਜ਼ੀਰੋ ਸੱਤਰਵਾਂ, ਸਾਤਾ ਇਕੋ ਨਜ਼ਰੀ ਆਇੰਦਾ । ਸੱਤ ਚਾਰ ਦਾ ਦਿਵਸ ਇਕੱਤਰਵਾਂ, ਚੌਥੇ ਯੁਗ ਸਤਿ ਪੁਰਖ ਨਿਰੰਜਣ ਆਪਣੀ ਕਾਰ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਭੇਵ ਚੁਕਾਇੰਦਾ । ਪੰਚਮ ਜੇਠ ਦਿਵਸ ਸੁਹੌਣਾ, ਸੁਹੰਜਣੀ ਰੈਣ ਮਿਲੇ ਵਡਿਆਈਆ । ਸ੍ਰੀ ਭਗਵਾਨ ਖੇਲ ਰਚੌਣਾ, ਰਚ ਰਚ ਵੇਖੇ ਬੇਪਰਵਾਹੀਆ । ਸ਼ਾਹ ਸੁਲਤਾਨ ਸਰਬ ਰਵੌਣਾ, ਨੇਤਰ ਨੈਣ ਨੀਰ ਵਹਾਈਆ । ਤਖ਼ਤ ਤਾਜ ਸਰਬ ਗਵੌਣਾ, ਸ਼ਹਿਨਸ਼ਾਹ ਰੂਪ ਨਾ ਕੋਇ ਜਣਾਈਆ । ਸਾਚੀ ਨੀਂਦ ਨਾ ਕਿਸੇ ਸੌਣਾ, ਸੁਖ ਆਸਣ ਨਾ ਕੋਇ ਵਡਿਆਈਆ । ਗੀਤ ਸੁਹਾਗ ਕਿਸੇ ਨਾ ਗੌਣਾ, ਚਾਰ ਕੁੰਟ ਰਹੀ ਕੁਰਲਾਈਆ । ਪੁਰਖ ਅਬਿਨਾਸ਼ੀ ਕਿਸੇ ਨਾ ਪੌਣਾ, ਭਰਮੇ ਭੁੱਲੀ ਸਰਬ ਲੋਕਾਈਆ । ਬੀਸ ਬੀਸਾ ਰੰਗ ਨਾ ਕਿਸੇ ਚੜ੍ਹੌਣਾ, ਦੁਰਮਤ ਮੈਲ ਨਾ ਕੋਇ ਧਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਚਮ ਜੇਠ ਦਏ ਵਡਿਆਈਆ । ਪੰਚਮ ਜੇਠ ਘਰ ਘਰ ਸੋਗ, ਬਿਨ

ਸਤਿਗੁਰ ਖ਼ੁਸ਼ੀ ਨਾ ਕੋਇ ਮਨਾਇੰਦਾ । ਜਨਮ ਕਰਮ ਦਾ ਹੋਏ ਵਜੋਗ, ਧੁਰ ਸੰਜੋਗ ਨਾ ਕੋਇ ਮਿਲਾਇੰਦਾ । ਕੂੜੀ ਕਿਰਿਆ ਖੁਸਣੀ ਚੋਗ, ਮਾਇਆ ਮਮਤਾ ਮੋਹ ਚੁਕਾਇੰਦਾ । ਫਿਰੇ ਦੁਹਾਈ ਲੋਕ ਪਰਲੋਕ, ਨਾਮ ਸਲੋਕ ਨਾ ਕੋਇ ਅਲਾਇੰਦਾ । ਸਦ ਢੋਲਾ ਸਚ ਗਾਏ ਨਾ ਕੋਈ ਝੋਕ, ਸੋਹਲਾ ਰਾਗ ਨਾ ਕੋਇ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਵਰਤਾਇੰਦਾ । ਪੰਚਮ ਜੇਠ ਹੋਵੇ ਦੁੱਖ, ਦੁਖੀਆਂ ਦੁੱਖ ਵਧਾਈਆ । ਬੇਪਰਵਾਹ ਏਕਾ ਉਠ, ਸ੍ਰਿਸ਼ਟ ਸਬਾਈ ਦਏ ਹਿਲਾਈਆ । ਨਿਰਗੁਣ ਸਰਗੁਣ ਆਪਣੀ ਕਾਰੇ ਪਏ ਜੁਟ, ਬਲ ਆਪਣਾ ਆਪ ਪਰਗਟਾਈਆ । ਸ਼ਾਹ ਸੁਲਤਾਨਾਂ ਲਏ ਪੁੱਛ, ਸੁੱਤਿਆਂ ਮਾਤ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਕਰਾਈਆ । ਪੰਚਮ ਜੇਠ ਹੋਵੇ ਰੋਣਾ, ਲੱਖ ਚੁਰਾਸੀ ਸਰਬ ਕੁਰਲਾਇੰਦਾ । ਗੁਰਮੁਖ ਵਿਰਲੇ ਦੁਰਮਤ ਦਾਗ਼ ਧੋਣਾ, ਜਿਸ ਜਨ ਆਪਣਾ ਭੇਵ ਚੁਕਾਇੰਦਾ । ਸਾਚਾ ਰਾਗ ਕਿਸੇ ਨਾ ਗੌਣਾ, ਨਾਮ ਤਾਲ ਨਾ ਕੋਇ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਆਪ ਕਮਾਇੰਦਾ । ਪੰਚਮ ਜੇਠ ਖੇਲ ਅਪਾਰਾ, ਹਰਿ ਸਵਾਮੀ ਆਪ ਕਰਾਇੰਦਾ । ਸਾਲ ਬਹੱਤਰਵਾਂ ਕਰ ਉਜਿਆਰਾ, ਉਜਰਤ ਸਭ ਤੋਂ ਮੰਗ ਮੰਗਾਇੰਦਾ । ਕੂੜੀ ਕਿਰਿਆ ਜਗਤ ਕਿਨਾਰਾ, ਮੰਝਧਾਰਾ ਆਪ ਰੁੜ੍ਹਾਇੰਦਾ । ਸਾਹਿਬ ਸ਼ਬਦ ਦਾ ਨਾਮ ਪਿਆਰਾ, ਸਤਿਗੁਰ ਗੁਰ ਗੁਰ ਆਪ ਜਣਾਇੰਦਾ । ਖੜਗ ਖੰਡਾ ਦੋ ਧਾਰਾ, ਨਿਰਗੁਣ ਸਰਗੁਣ ਆਪ ਚਮਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਛੁਪਾਇੰਦਾ । ਪੰਚਮ ਜੇਠ ਚੜ੍ਹੇ ਚਾ, ਚਾਉ ਘਨੇਰਾ ਇਕ ਜਣਾਈਆ । ਪਾਰਬ੍ਰਹਮ ਪ੍ਰਭ ਮਿਲੇ ਬੇਪਰਵਾਹ, ਬੇਪਰਵਾਹੀ ਦਏ ਵਖਾਈਆ । ਜਲ ਥਲ ਮਹੀਅਲ ਵੇਖੇ ਅਸਗਾਹ, ਪੁਰੀ ਲੋਅ ਖੋਜ ਖੁਜਾਈਆ । ਬ੍ਰਹਿਮੰਡ ਖੰਡ ਫੇਰਾ ਪਾ, ਜੇਰਜ ਅੰਡ ਪਰਦਾ ਦਏ ਚੁਕਾਈਆ । ਚੌਦਾਂ ਤਬਕਾਂ ਵੇਖ ਵਖਾ, ਚਾਰ ਵਰਨ ਕਰੇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਿਰਤੀ ਆਪਣੀ ਕਾਰ ਕਮਾਈਆ । ਪੰਚਮ ਜੇਠ ਨੀਰ ਉਛਾਲ, ਆਪਣਾ ਆਪ ਜਣਾਇੰਦਾ । ਵੇਖੋ ਸ਼ਾਹ ਹੁੰਦੇ ਕੰਗਾਲ, ਕੰਗਾਲਾਂ ਸ਼ਾਹ ਬਣਾਇੰਦਾ । ਕਲਜੁਗ ਵਿਚ ਸਤਿਜੁਗ ਦਿਆਂ ਵਖਾਲ, ਪੂਰਬ ਲੇਖਾ ਪੂਰ ਕਰਾਇੰਦਾ । ਨਿਰਗੁਣ ਹੋ ਕੇ ਬਣ ਦਲਾਲ, ਸਚ ਦਲਾਲੀ ਨਾਮ ਕਮਾਇੰਦਾ । ਸੰਤ ਸੁਹੇਲੇ ਜਗਤ ਉਠਾਲ, ਭਗਤ ਭਗਵਾਨ ਜੋੜ ਜੁੜ੍ਹਾਇੰਦਾ । ਜੀਂਵਦਿਆਂ ਜਗ ਦੇਵੇ ਮਾਣ, ਮਰਿਆਂ ਆਪਣੀ ਗੋਦ ਉਠਾਇੰਦਾ । ਬੀਸ ਬੀਸਾ ਬੀਸ ਫ਼ਰਮਾਣ, ਬੀਸ ਬੀਸ ਸਿਫ਼ਤ ਸਾਲਾਹਿੰਦਾ । ਸ਼ਾਹ ਜਗਦੀਸ਼ਾ ਨੌਜਵਾਨ, ਤ੍ਰੈਗੁਣ ਅਤੀਤਾ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਚਮ ਜੇਠ ਦਇਆ ਕਮਾਇੰਦਾ । ਪੰਚਮ ਜੇਠ ਹੋਵੇ ਸੋਗ, ਖ਼ੁਸ਼ੀ ਗ਼ਮੀ ਵਿਚ ਬਦਲਾਈਆ । ਘਰ ਘਰ ਲੱਗੇ ਚਿੰਤਾ ਰੋਗ, ਕਾਇਆ ਚੁਲ੍ਹਾ ਰੂਪ ਜਣਾਈਆ । ਸਚ ਮਿਲੇ ਨਾ ਕੋਇ ਜੋਗ, ਜੋਗੀ ਜੁਗਤ ਨਾ ਕੋਇ ਜਣਾਈਆ । ਕਾਇਆ ਮੰਦਰ ਬਿਰਹੋਂ ਰੋਗ, ਮਨਮਤ ਇਕੋ ਤੀਰ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਪੰਚਮ ਜੇਠ ਮਾਰੇ ਆਵਾਜ਼, ਉਚੀ ਕੂਕ ਕੂਕ ਸੁਣਾਇੰਦਾ । ਭਿੰਨੜੀ ਰੈਣ ਮੇਰਾ ਦੇਣਾ ਸਾਥ, ਤੇਰਾ ਸੰਗ ਰਖਾਇੰਦਾ । ਦੋਹਾਂ ਵਿਚੋਲਾ ਪੁਰਖ ਅਬਿਨਾਸ਼, ਦੂਜਾ ਨਜ਼ਰ ਕੋਇ ਨਾ ਆਇੰਦਾ । ਚਾਰ ਕੁੰਟ ਖੇਲ ਤਮਾਸ਼, ਹਰਿ ਖ਼ਾਲਕ ਵੇਖ ਵਖਾਇੰਦਾ । ਸ਼ਾਹ ਸੁਲਤਾਨਾਂ ਲਾਏ ਆਤਸ਼ ਆਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਆਪ

ਕਮਾਇੰਦਾ । ਪੰਚਮ ਜੇਠ ਆਤਸ਼ ਅੱਗ, ਮਨਮਤ ਦਏ ਲਗਾਈਆ । ਘਰ ਘਰ ਨਗਾਰਾ ਜਾਏ ਵੱਜ, ਡੰਕਾ ਇਕੋ ਇਕ ਸੁਣਾਈਆ । ਸਚ ਧਰਮ ਦੀ ਟੁੱਟੇ ਹੱਦ, ਕੂੜੀ ਕਿਰਿਆ ਝੋਲੀ ਪਾਈਆ । ਗੁਰ ਸਤਿਗੁਰ ਦੋਵੇਂ ਜਾਣ ਛੱਡ, ਪ੍ਰਭ ਮਿਲੇ ਨਾ ਬੇਪਰਵਾਹੀਆ । ਗੁਰਮਤ ਨਾਲੋਂ ਹੋਣ ਅੱਡ, ਕੂੜਾ ਬੰਧਨ ਏਕਾ ਪਾਈਆ । ਸੋਹਲਾ ਰਾਗ ਨਾ ਗਾਏ ਕੋਇ ਛੰਦ, ਆਤਮ ਪਰਮਾਤਮ ਜੋੜ ਨਾ ਕੋਇ ਜੁੜਾਈਆ । ਸਚ ਨਾ ਲੈਣ ਨਿਜਾਨੰਦ, ਆਤਮ ਰਸ ਨਾ ਕੋਇ ਵਖਾਈਆ । ਬੀਸ ਬੀਸੇ ਮੁੱਕੇ ਕਿਸੇ ਨਾ ਪੰਧ, ਜੁਗ ਚੌਕੜੀ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਸਮਝਾਈਆ । ਸਾਚਾ ਖੇਲ ਕਰੇ ਖ਼ਾਲਕ ਮਖ਼ਲੂਕ, ਮਾਲਕ ਆਪਣੀ ਕਾਰ ਕਮਾਇੰਦਾ । ਸਾਬਤ ਰਹਿਣ ਨਾ ਦੇਵੇ ਕਿਸੇ ਸਲੂਕ, ਦਸਤ ਦਸਤ ਨਾ ਕੋਇ ਮਿਲਾਇੰਦਾ । ਅਗਨੀ ਤੱਤ ਲਾਏ ਕਲਬੂਤ, ਪੰਜ ਤੱਤ ਕਾਇਆ ਆਪ ਜਲਾਇੰਦਾ । ਸਚ ਦਏ ਨਾ ਕੋਇ ਸਬੂਤ, ਸਾਬਤ ਈਮਾਨ ਨਾ ਕੋਇ ਵਖਾਇੰਦਾ । ਚਾਰੋਂ ਕੁੰਟ ਜੂਠ ਝੂਠ, ਮਾਇਆ ਮਮਤਾ ਮੋਹ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਪੰਚਮ ਜੇਠ ਕਹੇ ਮੇਰੀ ਆਈ ਵਾਰੀ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਜਾਮੇ ਦੋ ਦੋ ਪਲਟਾਈਆ । ਪਹਿਲੇ ਪੰਜ ਤੱਤ ਸ਼ਿੰਗਾਰੀ, ਦੂਜੇ ਨਿਰਮਲ ਜੋਤ ਉਜਿਆਰੀ, ਤੀਜੇ ਮਾਰ ਸ਼ਬਦੀ ਉਡਾਰੀ, ਚੌਥੇ ਆਤਮ ਕਵਾਰੀ ਆਣ ਪਰਨਾਈਆ । ਦੇਵਣਹਾਰ ਸਚ ਖ਼ੁਮਾਰੀ, ਲੇਖਾ ਜਾਣੇ ਧੁਰ ਦਰਬਾਰੀ, ਜੋਤੀ ਨੂਰ ਨੂਰ ਉਜਿਆਰੀ, ਨਾਦ ਧੁੰਨ ਸ਼ਬਦ ਸ਼ਨਵਾਈਆ । ਲਹਿਣਾ ਦੇਣਾ ਕਰਜ਼ ਉਤਾਰੀ, ਖੇਲੇ ਖੇਲ ਸ਼ਾਹ ਅਸਵਾਰੀ, ਗੋਬਿੰਦ ਸੁਤ ਪੈਜ ਸੁਆਰੀ, ਅਬਿਨਾਸ਼ੀ ਅਚੁਤ ਵਡ ਵਡਿਆਈਆ । ਸ਼ਾਹੋ ਭੂਪ ਬਣ ਸਿਕਦਾਰੀ, ਦੋ ਜਹਾਨਾਂ ਬਣੇ ਹੱਕਦਾਰੀ, ਕੂੜੀ ਕਿਰਿਆ ਕਰੇ ਖ਼ਵਾਰੀ, ਸਚ ਸੁੱਚ ਦੇਵਣਹਾਰ ਵਡਿਆਈਆ । ਨਵ ਨੌਂ ਚਾਰ ਪਾਰ ਉਤਾਰੀ, ਕਰੇ ਖੇਲ ਅਗੰਮ ਅਪਾਰੀ, ਕਲ ਕਲਕੀ ਲੈ ਅਵਤਾਰੀ, ਨਿਹਕਲੰਕਾ ਆਪਣਾ ਡੰਕ ਵਜਾਈਆ । ਬੀਸ ਬੀਸਾ ਰਿਹਾ ਸ਼ਿੰਗਾਰੀ, ਨੇਤਰ ਨੈਣ ਇਕ ਉਘਾੜੀ, ਚਾਰ ਕੁੰਟ ਵੇਖੇ ਵਾਰੋ ਵਾਰੀ, ਦਹਿ ਦਿਸ਼ਾ ਫੋਲ ਫੁਲਾਈਆ । ਸ਼ਾਹ ਸੁਲਤਾਨਾਂ ਮਾਰੇ ਮਾਰੀ, ਰਾਜ ਰਾਜਾਨਾਂ ਕਰੇ ਖ਼ਵਾਰੀ, ਲੇਖੇ ਲੱਗੇ ਨਾ ਕਿਸੇ ਦਿਹਾੜੀ, ਨੇਤਰ ਰੋਵੇ ਪੁਰਖ ਨਾਰੀ, ਧੀਰਜ ਧੀਰ ਨਾ ਕੋਇ ਧਰਾਈਆ । ਨਿਰਗੁਣ ਚੀਰ ਪਾਵੇ ਦੋ ਫਾੜੀ, ਲੇਖਾ ਚੁੱਕੇ ਕਲਜੁਗ ਹਾੜੀ, ਚਾਰੋਂ ਕੁੰਟ ਨੱਚੇ ਮੌਤ ਲਾੜੀ, ਰਾਏ ਧਰਮ ਘਰ ਘਰ ਦਰ ਦਰ ਆਪਣਾ ਲੇਖਾ ਰਿਹਾ ਜਣਾਈਆ । ਚਿਤਰ ਗੁਪਤ ਅੱਖ ਉਘਾੜੀ, ਵਹੀ ਖ਼ਾਤਾ ਰਿਹਾ ਵਖਾਲੀ, ਅੰਤਮ ਆਈ ਰੈਣ ਅੰਧੇਰੀ ਕਾਲੀ, ਸਾਚਾ ਚੰਦ ਨਾ ਕੋਇ ਚਮਕਾਈਆ । ਪਰਮ ਪੁਰਖ ਪ੍ਰਭ ਖੇਲ ਨਿਰਾਲੀ, ਪਰਗਟ ਨੂਰ ਜੋਤ ਅਕਾਲੀ, ਵੇਖਣਹਾਰਾ ਸਚਖੰਡ ਸੱਚੀ ਧਰਮਸਾਲੀ, ਧਰਮ ਦੁਆਰ ਇਕ ਸੁਹਾਈਆ । ਭਗਤ ਵਛਲ ਸਦਾ ਪ੍ਰਿਤਪਾਲੀ, ਜੁਗ ਚੌਕੜੀ ਬਣੇ ਮਾਲੀ, ਦੇਵਣਹਾਰ ਨਾਮ ਦਲਾਲੀ, ਸਾਚੀ ਸਿਖਿਆ ਇਕ ਸਮਝਾਈਆ । ਸੰਤ ਸੁਹੇਲੇ ਸੱਜਣ ਭਾਲੀ, ਮਸਤਕ ਦੇਵੇ ਨਾਮ ਲਾਲੀ, ਕਰੇ ਖੇਲ ਬੇਮਿਸਾਲੀ, ਮਿਸਲ ਆਪਣੀ ਨਵੀਂ ਬਣਾਈਆ । ਚਾਰ ਯੁਗ ਕਰੇ ਖ਼ਾਲੀ, ਇਕਵੰਜਾ ਬਵੰਜਾ ਲੇਖੇ ਲਾਏ ਸੇਵਾ ਘਾਲੀ, ਨਿਰਗੁਣ ਸਰਗੁਣ ਸੁਰਤ ਸੰਭਾਲੀ, ਸਾਹਿਬ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਪੰਚਮ ਜੇਠ ਮਾਰੇ ਡਾਕਾ, ਨਿਰਗੁਣ ਨਜ਼ਰ ਕਿਸੇ ਨਾ ਆਇੰਦਾ । ਸਭ ਦਾ ਪੂਰਾ ਕਰੇ ਭਵਿਖਤ ਵਾਕਾ, ਗੁਰ ਅਵਤਾਰ ਪੀਰ ਪੈਗ਼ੰਬਰ ਆਪਣੇ ਦਰ ਵਖਾਇੰਦਾ । ਸ਼ਬਦੀ ਪੂਰਾ ਕਰੇ

ਸਾਕਾ, ਸਾਖ਼ੀ ਆਪਣੇ ਨਾਮ ਜਣਾਇੰਦਾ । ਹੱਕ ਰਹੇ ਨਾ ਕਿਸੇ ਕੋਈ ਬਾਕਾ, ਬਾਕੀ ਸਭ ਦੀ ਝੋਲੀ ਪਾਇੰਦਾ । ਨਿਰਵੈਰ ਪੁਰਖ ਨਿਰੰਕਾਰ ਖੇਲ ਖਲਾਏ ਸਚ ਤਮਾਸ਼ਾ, ਸਾਚੀ ਕਰਨੀ ਆਪ ਜਣਾਇੰਦਾ । ਜਨ ਭਗਤਾਂ ਪੂਰੀ ਕਰੇ ਆਸਾ, ਆਸਾ ਆਪਣੀ ਵਿਚ ਸਮਾਇੰਦਾ । ਚਰਨ ਕਵਲ ਦੇ ਭਰਵਾਸਾ, ਸਚਖੰਡ ਦੁਆਰ ਇਕ ਵਖਾਇੰਦਾ । ਪਰਗਟ ਹੋ ਪੁਰਖ ਸਮਰਾਥਾ, ਸਮਰਥ ਆਪਣੀ ਕਾਰ ਕਮਾਇੰਦਾ । ਹੋਏ ਸਹਾਈ ਅਨਾਥ ਅਨਾਥਾਂ, ਗ਼ਰੀਬ ਨਿਮਾਣੇ ਗਲੇ ਲਗਾਇੰਦਾ । ਸ਼ਬਦੀ ਸ਼ਬਦ ਸੁਣਾਏ ਗਾਥਾ, ਨਾਮ ਨਾਮਾ ਰਾਗ ਅਲਾਇੰਦਾ । ਭੇਵ ਖੋਲ੍ਹੇ ਮਸਤਕ ਮਾਥਾ, ਬੰਦ ਤਾਕੀ ਕੁੰਡਾ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਚਮ ਆਪਣੀ ਗੰਢ ਪੁਆਇੰਦਾ । ਪੰਚਮ ਜੇਠ ਆਇਆ ਨੇੜੇ, ਦੂਰ ਦੁਰਾਡਾ ਪੰਧ ਮੁਕਾਈਆ । ਕਰਮ ਕਾਂਡ ਜਗਤ ਝੇੜੇ, ਨਿਹਕਰਮੀ ਕਰਮ ਨਾ ਕੋਇ ਕਟਾਈਆ । ਚਾਰੋਂ ਕੁੰਟ ਲੱਗੇ ਡੇਰੇ, ਸਾਚਾ ਸੰਤ ਨਜ਼ਰ ਕੋਇ ਨਾ ਆਈਆ । ਕੂੜੀ ਕਿਰਿਆ ਨਾਲ ਲੈ ਲਏ ਫੇਰੇ, ਮਾਇਆ ਮਮਤਾ ਲੈਣ ਪਰਨਾਈਆ । ਆਸਾ ਤ੍ਰਿਸ਼ਨਾ ਕੋਈ ਨਾ ਕਰੇ ਬੇਰੇ, ਤੀਰ ਨਿਰਾਲਾ ਨਾ ਕੋਇ ਚਲਾਈਆ । ਦੀਨ ਮਜ਼੍ਹਬ ਪਏ ਝਗੜੇ ਝੇੜੇ, ਝਗੜਾ ਹੱਕ ਨਾ ਕੋਇ ਮਿਟਾਈਆ । ਕਲਜੁਗ ਅੰਦਰ ਸਤਿਜੁਗ ਖੁਲ੍ਹੇ ਹੋਣ ਵੇਹੜੇ, ਧਰਮ ਦੁਆਰ ਇਕ ਬਣਾਈਆ । ਪਾਰ ਉਤਰਨ ਦਰਸ਼ਨ ਕਰਨ ਜੇਹੜੇ, ਜੀਵਣ ਜੁਗਤ ਦਏ ਜਣਾਈਆ । ਲੱਖ ਚੁਰਾਸੀ ਚੁਕਣ ਝੇੜੇ, ਆਵਣ ਜਾਵਣ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਚਮ ਜੇਠ ਦਾ ਪੰਚ ਖ਼ੁਲਾਸਾ, ਆਪ ਜਣਾਏ ਪੁਰਖ ਅਬਿਨਾਸ਼ਾ, ਅਬਿਨਾਸ਼ੀ ਆਪਣੀ ਕਾਰ ਕਮਾਇੰਦਾ । ਪੰਚਮ ਜੇਠ ਬੰਨ੍ਹੇ ਗਾਨਾ, ਤੰਦ ਆਪਣਾ ਨਾਉਂ ਰਖਾਇੰਦਾ । ਤਖ਼ਤ ਨਿਵਾਸੀ ਨੌਜਵਾਨਾ, ਸ਼ਾਹ ਭੂਪਤ ਭੂਪ ਵੇਸ ਵਟਾਇੰਦਾ । ਸੂਰਬੀਰ ਮਰਦ ਮਰਦਾਨਾ, ਜੋਧਾ ਆਪਣੀ ਕਾਰ ਕਮਾਇੰਦਾ । ਅੰਤਮ ਆਏ ਵਿਚ ਮੈਦਾਨਾ, ਮੇਦਨੀ ਸਾਰੀ ਵੇਖ ਵਖਾਇੰਦਾ । ਚੰਦ ਚਮਕੇ ਇਕੋ ਭਾਨਾ, ਨੂਰ ਨੂਰ ਵਿਚੋਂ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਚਮ ਆਪਣਾ ਪਰਦਾ ਲਾਹਿੰਦਾ । ਪੰਚਮ ਪਰਦਾ ਲਾਹੇ ਚੋਲਾ, ਚੁਗਲੀ ਨਿੰਦਿਆ ਨਾ ਕੋਇ ਜਣਾਈਆ । ਨੌਂ ਖੰਡ ਪ੍ਰਿਥਮੀ ਬਣ ਵਿਚੋਲਾ, ਦੋ ਦੋ ਧੜ ਦਏ ਕਰਾਈਆ । ਨਾਰ ਕੰਤ ਬਣ ਕਹਾਰ ਚੁੱਕੇ ਡੋਲਾ, ਨਿਰਗੁਣ ਸਰਗੁਣ ਸੇਵ ਕਮਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਸਤਿ ਸਵਾਮੀ ਬਣ ਕੇ ਮੌਲਾ, ਮੁਲ ਕੀਮਤ ਘਰ ਘਰ ਦੇਵੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਹਰਿ ਖੇਲ ਅਪਾਰਾ, ਸਤਿ ਪੁਰਖ ਨਿਰੰਜਣ ਆਪ ਕਰਾਇੰਦਾ । ਦਿਵਸ ਨਾਲ ਮਿਲੇ ਦਿਹਾੜਾ, ਦਿਹਾੜੇ ਨਾਲ ਆਪਣੀ ਵੰਡ ਵੰਡਾਇੰਦਾ । ਆਪਣੇ ਨਾਲ ਕਰੇ ਪਿਆਰਾ, ਪਰਮ ਪੁਰਖ ਆਪਣੀ ਧਾਰ ਪਰਗਟਾਇੰਦਾ । ਆਪਣੀ ਧਾਰ ਕਰੇ ਵਿਹਾਰਾ, ਬਿਵਹਾਰੀ ਸਾਚੀ ਕਾਰ ਕਮਾਇੰਦਾ । ਸਾਚੀ ਕਾਰ ਕਰਨੇਹਾਰਾ, ਕਾਦਰ ਕੁਦਰਤ ਵੇਖ ਵਖਾਇੰਦਾ । ਕੁਦਰਤ ਖਿੜੀ ਮਾਤ ਗੁਲਜ਼ਾਰਾ, ਗੁਲਸ਼ਨ ਆਪਣਾ ਇਕ ਮਹਿਕਾਇੰਦਾ । ਗ਼ੁੰਚਾ ਫੂਲ ਨਾ ਜਾਣੇ ਸਾਰਾ, ਪਤ ਡਾਲੀ ਭੇਵ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਆਪ ਜਣਾਇੰਦਾ । ਪੰਚਮ ਜੇਠ ਹੋ ਜਵਾਨ, ਸਾਲ ਵੀਹਵੇਂ ਰਿਹਾ ਜਣਾਈਆ । ਮੇਰਾ ਮੇਰੇ ਵਲ ਹੋਇਆ ਧਿਆਨ, ਮੇਰੀ ਮੇਰੀ ਮੇਰੀ ਵਿਚੋਂ ਪਰਗਟਾਈਆ । ਤੇਰਾ ਤੇਰਾ ਤੈਨੂੰ ਪਰਵਾਨ, ਤੇਰਾ ਤੇਰਾ ਤੇਰੀ ਸਰਨਾਈਆ । ਲੇਖਾ ਜਾਣ ਜ਼ਿਮੀ ਅਸਮਾਨ, ਗਗਨ ਗਗਨੰਤਰ ਖੋਜ ਖੁਜਾਈਆ । ਚਾਰ ਕੁੰਟ ਖੇਲ

ਮਹਾਨ, ਖ਼ਾਲਕ ਖ਼ਲਕ ਵੇਖ ਵਖਾਈਆ । ਪੰਚਮ ਜੇਠ ਕਰ ਪਰਵਾਨ, ਪਰਵਾਨਾ ਸ਼ਾਹ ਸੁਲਤਾਨਾ ਇਕ ਪੁਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜ਼ੀਰੋ ਜ਼ੀਰੋ ਜ਼ੀਰੋ ਇਕ ਆਪਣਾ ਦਰਸ ਦਿਖਾਈਆ । ਇਕ ਦਰਸ ਦਏ ਅਨੇਕ, ਅਨਕ ਕਲ ਆਪਣੀ ਖੇਲ ਕਰਾਇੰਦਾ । ਦੱਸ ਕੇ ਆਏ ਅਗੰਮੀ ਭੇਤ, ਧੁਰ ਫ਼ਰਮਾਣਾ ਹੁਕਮ ਜਣਾਇੰਦਾ । ਰਣ ਭੂਮੀ ਔਣਾ ਸਭ ਨੇ ਖੇਤ, ਘਰ ਇਕੋ ਇਕ ਵਖਾਇੰਦਾ । ਰੁੱਤ ਰਹੇ ਨਾ ਬਸੰਤੀ ਚੇਤ, ਖ਼ਿਜ਼ਾਂ ਰੂਪ ਸਰਬ ਵਟਾਇੰਦਾ । ਜੋ ਹੋਣਾ ਸੋ ਲੈਣਾ ਪੇਖ, ਨੇਤਰ ਨੈਣ ਨੈਣ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਤਮ ਪਰਮਾਤਮ ਦੇਵੇ ਸੱਚਾ ਰਾਜ, ਸਚ ਸਿੰਘਾਸਣ ਇਕ ਵਖਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਨਿਜ ਘਰ ਰੱਖੇ ਵਾਸਨ, ਵਸਲ ਬਣ ਮੁਰਸ਼ਦ ਮੁਰੀਦਾਂ ਆਪ ਕਰਾਇੰਦਾ ।

★ ੭ ਜੇਠ ੨੦੨੦ ਬਿਕਰਮੀ ਹਰਭਜਨ ਸਿੰਘ ਗੁਰਦਿਆਲ ਸਿੰਘ ਦੇ ਗ੍ਰਿਹਿ ਪਿੰਡ ਮੈਹਣੀਆਂ ਜ਼ਿਲਾ ਅੰਮ੍ਰਿਤਸਰ ★

ਸੋ ਸਾਹਿਬ ਸਤਿਗੁਰ ਵਕਤ ਸੁਹੇਲਾ, ਨਿਰਗੁਣ ਨਿਰਵੈਰ ਆਪ ਸੁਹਾਇੰਦਾ । ਆਦਿ ਜੁਗਾਦੀ ਪੁਰਖ ਅਗੰਮ ਇਕੇਲਾ, ਅਲੱਖ ਅਗੋਚਰ ਖੇਲ ਕਰਾਇੰਦਾ । ਲੇਖਾ ਜਾਣੇ ਗੁਰੂ ਗੁਰ ਚੇਲਾ, ਸ਼ਬਦੀ ਸ਼ਬਦ ਵੇਸ ਵਟਾਇੰਦਾ । ਦੋ ਜਹਾਨ ਲਗਾਏ ਮੇਲਾ, ਅਕਲ ਕਲ ਧਾਰੀ ਆਪਣੀ ਖੇਲ ਵਖਾਇੰਦਾ । ਵਸਣਹਾਰਾ ਧਾਮ ਨਵੇਲਾ, ਸਚਖੰਡ ਸਾਚੇ ਸੋਭਾ ਪਾਇੰਦਾ । ਜੁਗ ਚੌਕੜੀ ਸੱਜਣ ਸੁਹੇਲਾ, ਨਰ ਨਿਰੰਕਾਰਾ ਨਾਉਂ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਨਭਵ ਆਪਣੀ ਕਾਰ ਕਮਾਇੰਦਾ । ਅਨਭਵ ਕਾਰ ਕਰੇ ਕਰਤਾਰਾ, ਭੇਵ ਅਭੇਦ ਨਾ ਕੋਇ ਜਣਾਈਆ । ਸ਼ਾਹੋ ਭੂਪ ਬਣ ਸਿਕਦਾਰਾ, ਸ਼ਹਿਨਸ਼ਾਹ ਆਪਣਾ ਹੁਕਮ ਜਣਾਈਆ । ਵਸਣਹਾਰਾ ਧਾਮ ਨਿਆਰਾ, ਮਹੱਲ ਅਟੱਲ ਡੇਰਾ ਲਾਈਆ । ਨਿਰਗੁਣ ਨੂਰ ਕਰ ਉਜਿਆਰਾ, ਜੋਤੀ ਜੋਤ ਜੋਤ ਰੁਸ਼ਨਾਈਆ । ਸ਼ਬਦ ਅਨਾਦ ਸੱਚੀ ਧੁਨਕਾਰਾ, ਬੋਧ ਅਗਾਧ ਕਰੇ ਪੜ੍ਹਾਈਆ । ਲੇਖਾ ਜਾਣੇ ਧੁਰ ਦਰਬਾਰਾ, ਦਰਗਹਿ ਸਾਚੀ ਦਏ ਵਡਿਆਈਆ । ਬੇਪਰਵਾਹ ਪਰਵਰਦਿਗਾਰਾ, ਮੁਕਾਮੇ ਹੱਕ ਨੂਰ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਸਾਚੀ ਕਰਨੀ ਬੇਪਰਵਾਹ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਤਖ਼ਤ ਨਿਵਾਸੀ ਸ਼ਹਿਨਸ਼ਾਹ, ਹਰਿ ਪੁਰਖ ਨਿਰੰਜਣ ਵੇਸ ਵਟਾਇੰਦਾ । ਸਚ ਮਹੱਲੇ ਡੇਰਾ ਲਾ, ਏਕੰਕਾਰਾ ਖੇਲ ਕਰਾਇੰਦਾ । ਦੀਆ ਬਾਤੀ ਕਰ ਰੁਸ਼ਨਾ, ਆਦਿ ਨਿਰੰਜਣ ਡਗਮਗਾਇੰਦਾ । ਸੀਸ ਜਗਦੀਸ਼ ਤਾਜ ਸੁਹਾ, ਅਬਿਨਾਸ਼ੀ ਕਰਤਾ ਕਾਰ ਕਮਾਇੰਦਾ । ਧੁਰ ਫ਼ਰਮਾਣਾ ਹੁਕਮ ਸੁਣਾ, ਸ੍ਰੀ ਭਗਵਾਨ ਸਾਚਾ ਰਾਹ ਆਪ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਾਰਬ੍ਰਹਮ ਪ੍ਰਭ ਆਪਣੀ ਕਾਰ ਕਮਾਇੰਦਾ । ਆਪਣੀ ਕਾਰ ਕਰੇ ਅਗੰਮ, ਭੇਵ ਅਭੇਦ ਨਾ ਕੋਇ ਜਣਾਈਆ । ਨਾ ਮਰੇ ਨਾ ਪਏ ਜੰਮ, ਜੀਵਣ ਜੁਗਤ ਨਾ ਕੋਇ ਵਡਿਆਈਆ । ਨਿਰਗੁਣ ਜੋਤ ਸ੍ਰੀ ਭਗਵਨ, ਰੂਪ ਰੰਗ ਰੇਖ ਨਾ ਕੋਇ ਰਖਾਈਆ । ਹੱਥ ਪੈਰ ਨਾ ਕੋਇ ਕੰਨ, ਤਤਵ ਤਤ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਹਰਿ ਖੇਲ ਅਵੱਲਾ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਹਰਿ

ਪੁਰਖ ਨਿਰੰਜਣ ਧਾਮ ਸੁਹਾਏ ਨਿਹਚਲ ਇਕ ਅਟੱਲਾ, ਮਹੱਲ ਅਟੱਲ ਇਕ ਰੁਸ਼ਨਾਇੰਦਾ । ਦੀਪਕ ਜੋਤ ਆਪੇ ਬਲਾ, ਤੇਲ ਬਾਤੀ ਨਾ ਕੋਇ ਵਖਾਇੰਦਾ । ਅਗੰਮੀ ਧਾਰ ਆਪੇ ਰਲਾ, ਹੱਡ ਮਾਸ ਨਾੜੀ ਚੰਮ ਵੰਡ ਨਾ ਕੋਇ ਵੰਡਾਇੰਦਾ । ਸਚ ਸੰਦੇਸ ਏਕਾ ਘੱਲਾ, ਧੁਰ ਦੀ ਧਾਰ ਆਪ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਨਰ ਨਰੇਸਾ ਆਦਿ ਪੁਰਖ ਅਪਰੰਪਰ ਸਵਾਮੀ ਸਦਾ ਸਦਾ ਸਦ ਅੰਤਰਜਾਮੀ, ਨਿਰਗੁਣ ਆਪਣਾ ਹੁਕਮ ਮਨਾਇੰਦਾ । ਨਿਰਗੁਣ ਹੁਕਮ ਅਗੰਮ ਅਥਾਹ, ਲੇਖਾ ਲਿਖਤ ਵਿਚ ਨਾ ਆਈਆ । ਆਦਿ ਪੁਰਖ ਆਦਿ ਦਿਤਾ ਸੁਣਾ, ਸਚ ਸੰਦੇਸ ਬੇਪਰਵਾਹੀਆ । ਦੂਸਰ ਕੋਈ ਜਾਣੇ ਨਾ, ਏਕੰਕਾਰਾ ਇਕ ਇਕੱਲਾ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਰਿਹਾ ਜਣਾਈਆ । ਸਾਚਾ ਭੇਵ ਖੋਲ੍ਹੇ ਆਪ, ਆਪਣੇ ਹੱਥ ਰੱਖੇ ਵਡਿਆਈਆ । ਆਦਿ ਜੁਗਾਦੀ ਮਾਈ ਬਾਪ, ਪਿਤਾ ਪੂਤ ਸਹਿਜ ਸੁਖਦਾਈਆ । ਨਾਉਂ ਨਿਰੰਕਾਰਾ ਏਕਾ ਜਾਪ, ਜੀਵਣ ਜੁਗਤ ਜਗਤ ਜਣਾਈਆ । ਸਾਹਿਬ ਸਵਾਮੀ ਠਾਕਰ ਕਮਲਾਪਾਤ, ਪਤਿਪਰਮੇਸ਼ਵਰ ਵਡ ਵਡਿਆਈਆ । ਖੇਲਣਹਾਰ ਖੇਲ ਤਮਾਸ਼, ਖ਼ਾਲਕ ਖ਼ਲਕ ਭੇਵ ਨਾ ਰਾਈਆ । ਕਰਨਹਾਰਾ ਭੋਗ ਬਲਾਸ, ਭਸਮੜ ਆਪਣੀ ਕਾਰ ਕਮਾਈਆ । ਪੂਰੀ ਕਰਨਹਾਰਾ ਆਸ, ਆਸਾ ਆਸਾ ਵਿਚ ਸਮਾਈਆ । ਕਰਨਹਾਰ ਜੋਤ ਪਰਕਾਸ਼, ਜੋਤੀ ਜੋਤ ਜੋਤ ਰੁਸ਼ਨਾਈਆ । ਬਣਨਹਾਰਾ ਦਾਸੀ ਦਾਸ, ਸੇਵਕ ਸੇਵਕ ਰੂਪ ਵਖਾਈਆ । ਨਾਉਂ ਧਰ ਪੁਰਖ ਅਬਿਨਾਸ਼, ਨਾ ਮਰੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਹਰਿ ਕਮਾਈਆ । ਸਾਚੀ ਕਰਨੀ ਹਰਿ ਕਮਾਇੰਦਾ । ਨਿਰਗੁਣ ਨੂਰ ਜੋਤ ਉਪਜਾਇੰਦਾ । ਇਛਿਆ ਇਛਿਆ ਵਿਚ ਧਰਾਇੰਦਾ । ਸਾਚੀ ਸਿਖਿਆ ਇਕ ਸਮਝਾਇੰਦਾ । ਨਿਰਗੁਣ ਲੁਕਿਆ ਨਜ਼ਰ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਜਣਾਇੰਦਾ । ਆਪਣੀ ਖੇਲ ਪੁਰਖ ਸਮਰਥ, ਆਦਿ ਆਦਿ ਜਣਾਈਆ । ਨਰ ਨਿਰੰਕਾਰ ਹੋ ਪਰਗਟ, ਪਰਗਟ ਆਪਣੀ ਕਾਰ ਕਮਾਈਆ । ਵਸਤ ਅਗੰਮੀ ਦੇ ਵੱਥ, ਅਮੋਲਕ ਆਪਣੀ ਝੋਲੀ ਪਾਈਆ । ਦੂਸਰ ਨਾ ਕੋਇ ਦਿਸੇ ਸਾਥ, ਸਗਲਾ ਸੰਗ ਆਪ ਹੋ ਜਾਈਆ । ਆਪਣੇ ਦਰ ਆਪੇ ਗਾਏ ਜਸ, ਢੋਲਾ ਆਪਣਾ ਰਾਗ ਅਲਾਈਆ । ਪ੍ਰੇਮ ਪ੍ਰੀਤੀ ਅੰਦਰ ਵਸ, ਆਪ ਆਪਣੀ ਕਰੇ ਕੁੜਮਾਈਆ । ਨਿਰਗੁਣ ਨਿਰਗੁਣ ਜਾਣੇ ਰਸ, ਰਸ ਰਸੀਆ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਸਾਚੀ ਕਰਨੀ ਪੁਰਖ ਅਕਾਲ, ਏਕੰਕਾਰਾ ਆਪ ਕਮਾਇੰਦਾ । ਆਦਿ ਪੁਰਖ ਪ੍ਰਭ ਹੋ ਦਿਆਲ, ਦੀਨ ਦਿਆਲ ਵੇਸ ਵਟਾਇੰਦਾ । ਸਚਖੰਡ ਦੁਆਰੇ ਖੇਲ ਕਮਾਲ, ਕਰਨੀ ਕਰਤਾ ਆਪ ਕਮਾਇੰਦਾ । ਨਿਰਮਲ ਦੀਆ ਇਕੋ ਬਾਲ, ਜੋਤੀ ਜੋਤ ਜੋਤ ਰੁਸ਼ਨਾਇੰਦਾ । ਸਚ ਦੁਆਰ ਸੱਚੀ ਧਰਮਸਾਲ, ਦਰ ਘਰ ਮੰਦਰ ਇਕ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਆਪ ਸਮਝਾਇੰਦਾ । ਸਾਚਾ ਲੇਖਾ ਸਚਖੰਡ ਨਿਵਾਸ, ਪੁਰਖ ਅਬਿਨਾਸ਼ੀ ਆਪ ਜਣਾਈਆ । ਆਪੇ ਸ਼ਾਹ ਆਪੇ ਦਾਸ, ਭੂਪਤ ਭੂਪ ਰੂਪ ਵਟਾਈਆ । ਆਪੇ ਨਿਰਗੁਣ ਨਿਰਾਕਾਰ ਨਿਰਵੈਰ ਹੋ ਕੇ ਦੇਵੇ ਸਾਥ, ਸਗਲਾ ਸੰਗ ਆਪ ਹੋ ਜਾਈਆ । ਆਪੇ ਵੇਖੇ ਆਪਣਾ ਘਾਟ, ਆਪੇ ਪੱਤਣ ਵਡ ਵਡਿਆਈਆ । ਆਪੇ ਨੱਟੂਆ ਸਾਚਾ ਨਾਟ, ਬਣ ਸਵਾਂਗੀ ਸਵਾਂਗ ਰਚਾਈਆ । ਆਪੇ ਖੋਲ੍ਹ ਸਾਚਾ ਹਾਟ, ਬਣ ਵਣਜਾਰਾ ਹੱਟ ਚਲਾਈਆ । ਆਪੇ ਦੇਵਣਹਾਰਾ ਦਾਤ, ਦਾਤਾ ਦਾਨੀ ਆਪ

੪੮੦
੧੪

ਅਖਵਾਈਆ । ਆਪੇ ਸੱਜਣ ਆਪੇ ਸਾਕ, ਸਾਚਾ ਸੰਗ ਆਪ ਨਿਭਾਈਆ । ਆਪੇ ਪਾਕੀ ਆਪੇ ਪਾਕ, ਪਤਤ ਪੁਨੀਤ ਆਪਣਾ ਨਾਉਂ ਧਰਾਈਆ । ਆਪੇ ਕਰੇ ਅਗੰਮੀ ਬਾਤ, ਸ਼ਬਦੀ ਬੋਧ ਅਗਾਧ ਸ਼ਨਵਾਈਆ । ਆਪੇ ਹੋਏ ਅਲੱਖਣਾ ਲਾਖ, ਅਲਖ ਇਕੋ ਨਾਮ ਸੁਣਾਈਆ । ਆਪੇ ਨਿਰਗੁਣ ਹੋ ਪਰਤੱਖ, ਪਰਮ ਪੁਰਖ ਪ੍ਰਭ ਵੇਸ ਵਟਾਈਆ । ਆਪੇ ਸਚਖੰਡ ਦੁਆਰੇ ਪਏ ਵਸ, ਘਰ ਮੰਦਰ ਸੋਭਾ ਪਾਈਆ । ਆਪੇ ਸਚ ਪ੍ਰੀਤੀ ਅੰਦਰ ਜਾਏ ਫਸ, ਪ੍ਰੇਮ ਪ੍ਰੀਤੀ ਇਕ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਰੀਤੀ ਆਪ ਪਰਗਟਾਈਆ । ਸਾਚੀ ਰੀਤ ਆਪ ਪਰਗਟਾ, ਆਦਿ ਪੁਰਖ ਖੇਲ ਕਰਾਇੰਦਾ । ਨਿਰਗੁਣ ਨੂਰ ਜੋਤ ਧਰਾ, ਨਿਹਕਰਮੀ ਕਰਮ ਕਮਾਇੰਦਾ । ਸਾਚਾ ਮੰਦਰ ਇਕ ਸੁਹਾ, ਸੋਭਾਵੰਤ ਡੇਰਾ ਲਾਇੰਦਾ । ਨਾਤਾ ਬਿਧਾਤਾ ਜੋੜ ਜੁੜਾ, ਨਾਰ ਕੰਤ ਵੇਸ ਵਟਾਇੰਦਾ । ਸੇਜ ਸੁਹੰਜਣੀ ਇਕ ਹੰਢਾ, ਸੋਭਾਵੰਤ ਸੋਭਾ ਪਾਇੰਦਾ । ਸੁਤ ਦੁਲਾਰਾ ਏਕਾ ਜਾ, ਹਰਿ ਸ਼ਬਦੀ ਰੂਪ ਵਖਾਇੰਦਾ । ਧੁਰ ਫ਼ਰਮਾਣਾ ਹੁਕਮ ਸੁਣਾ, ਸਾਚੀ ਸਿਖਿਆ ਇਕ ਪੜ੍ਹਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਗੋਦ ਬਹਾ, ਜਨ ਜਨਨੀ ਲੇਖੇ ਲਾਇੰਦਾ । ਤੁਰਤ ਨਾਦ ਇਕ ਵਜਾ, ਮੂਰਤ ਅਕਾਲ ਰੂਪ ਦਰਸਾਇੰਦਾ । ਸਾਚੀ ਸੂਰਤ ਸਹਿਜ ਸੁਭਾ, ਜਲਵਾ ਨੂਰ ਨੂਰ ਧਰਾਇੰਦਾ । ਮੁਕਾਮੇ ਹੱਕ ਹੋ ਰੁਸ਼ਨਾ, ਸਚ ਮਹਿਬੂਬ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਵਡਿਆਇੰਦਾ । ਸਾਚਾ ਹੁਕਮ ਸਚ ਫ਼ਰਮਾਣਾ, ਸਚਖੰਡ ਨਿਵਾਸੀ ਆਪ ਜਣਾਈਆ । ਤਖ਼ਤ ਨਿਵਾਸੀ ਨੌਜਵਾਨਾ, ਮਰਦ ਮਰਦਾਨਾ ਬੇਪਰਵਾਹੀਆ । ਰੂਪ ਰੰਗ ਨਾ ਕੋਇ ਵਖਾਨਾ, ਭੇਖੀ ਆਪਣਾ ਭੇਖ ਧਰਾਈਆ । ਰਾਗ ਨਾਦ ਅਗੰਮ ਤਰਾਨਾ, ਇਕੋ ਨਾਦ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਰਾਗ ਅਨਰਾਗ ਸਾਚਾ ਨਾਦ, ਅਨਾਦੀ ਹਰਿ ਜਣਾਇੰਦਾ । ਸੁਤ ਦੁਲਾਰੇ ਖੋਲ੍ਹ ਜਾਗ, ਨੇਤਰ ਅੱਖ ਪਰਤੱਖ ਵਖਾਇੰਦਾ । ਨਾਮ ਨਿਧਾਨਾ ਬੋਧ ਅਗਾਧ, ਨਿਸ਼ਅੱਖਰ ਆਪ ਪੜ੍ਹਾਇੰਦਾ । ਨਿਰਗੁਣ ਨਿਰਗੁਣ ਹੋ ਵਿਸਮਾਦ, ਵਿਸਮਾਦੀ ਕਾਰ ਕਮਾਇੰਦਾ । ਸਾਚੀ ਵਸਤ ਦੇਵੇ ਦਾਦ, ਅਮੋਲਕ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਸ਼ਬਦ ਆਪ ਜਣਾਇੰਦਾ । ਸ਼ਬਦੀ ਸੁਤ ਸਚ ਦੁਲਾਰੇ, ਹਰਿ ਸਾਚਾ ਸਚ ਜਣਾਈਆ । ਆਦਿ ਪੁਰਖ ਪ੍ਰਭ ਕਿਰਪਾ ਧਾਰੇ, ਤੇਰੀ ਬਣਤ ਬਣਾਈਆ । ਸਾਚੇ ਮੰਦਰ ਦਏ ਹੁਲਾਰੇ, ਨਾਮ ਹੁਲਾਰਾ ਇਕ ਲਗਾਈਆ । ਅਸਥਲ ਸੋਹਣ ਤੇਰੇ ਚੁਬਾਰੇ, ਥਿਰ ਘਰ ਦੇਵਣਹਾਰ ਵਡਿਆਈਆ । ਵਿਸ਼ਨ ਬ੍ਰਹਮਾ ਸ਼ਿਵ ਤੇਰੇ ਪਨਹਾਰੇ, ਸਾਚੀ ਸੇਵਕ ਸੇਵ ਲਗਾਈਆ । ਤ੍ਰੈਗੁਣ ਮਾਇਆ ਭਰ ਭੰਡਾਰੇ, ਲੇਖਾ ਲੇਖਾ ਦਏ ਜਣਾਈਆ । ਪੰਜ ਤੱਤ ਕਰ ਵਣਜਾਰੇ, ਹੱਟ ਹੱਟਵਾਣਾ ਹੱਟ ਖੁਲ੍ਹਾਈਆ । ਲੱਖ ਚੁਰਾਸੀ ਖੋਲ ਕਿਵਾੜੇ, ਅੰਡਜ ਜੇਰਜ ਉਤਭੁਜ ਸੇਤਜ ਵੰਡ ਵੰਡਾਈਆ । ਸਾਚਾ ਨਾਮ ਸਚ ਜੈਕਾਰੇ, ਪਰਾ ਪਸੰਤੀ ਮਧਮ ਬੈਖ਼ਰੀ ਇਕੋ ਗਾਈਆ । ਚਾਰੇ ਯੁਗ ਖੇਲ ਨਿਆਰੇ, ਨਿਰਗੁਣ ਸਰਗੁਣ ਵੇਸ ਵਟਾਈਆ । ਚਾਰੇ ਮੁਖ ਮੁਖ ਪੁਕਾਰੇ, ਚਾਰੇ ਵੇਦ ਸਿਫ਼ਤ ਸਾਲਾਹੀਆ । ਚਾਰੇ ਖਾਣੀ ਕਿਰਪਾ ਧਾਰੇ, ਚਾਰ ਵਰਨ ਕਰੇ ਕੁੜਮਾਈਆ । ਚਾਰੇ ਯੁਗ ਕਰ ਪਸਾਰੇ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਏਕਾ ਰਾਹ ਵਖਾਈਆ । ਨੌਂ ਸੌ ਚੁਰਾਨਵੇਂ ਚੌਕੜੀ ਯੁਗ ਲੱਗੇ ਰਹਿਣ ਮਾਤ ਅਖਾੜੇ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਨਾਚ ਨਚਾਈਆ । ਵਿਸ਼ਨੂੰ ਬਣੇ ਸੇਵਾਦਾਰੇ, ਘਰ ਘਰ ਸਾਚਾ ਰਿਜ਼ਕ ਪੁਚਾਈਆ । ਬ੍ਰਹਮਾ ਬ੍ਰਹਮ ਰੂਪ ਪਸਾਰੇ, ਪਾਰਬ੍ਰਹਮ ਪ੍ਰਭ ਵੇਸ ਵਟਾਈਆ ।

ਸ਼ੰਕਰ ਕਰੇ ਖੇਲ ਨਿਆਰੇ, ਤਰਸੂਲ ਤ੍ਰੈ ਤ੍ਰੈ ਲੇਖ ਮੁਕਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਕਿਰਪਾਨਿਧ ਸਵਾਮੀ ਆਪਣੀ ਕਿਰਪਾ ਧਾਰੇ, ਬੇਪਰਵਾਹ ਬੇਪਰਵਾਹੀਆ । ਸ਼ਬਦ ਅਗੰਮ ਨਾਦ ਬੋਧ ਅਗਾਧ ਜਣਾਏ ਜੈਕਾਰੇ, ਜੈ ਜੈਕਾਰ ਇਕੋ ਨਾਮ ਸੁਣਾਈਆ । ਧਰਨੀ ਧਰਤ ਧਵਲ ਦੇ ਸਹਾਰੇ, ਪਵਣ ਜਲ ਰੰਗ ਰੰਗਾਈਆ । ਅਗਨੀ ਵੇਖੇ ਆਪ ਅਖਾੜੇ, ਭੇਵ ਅਭੇਦਾ ਆਪ ਖੁਲ੍ਹਾਈਆ । ਤਤਵ ਤਤ ਤੱਤ ਨਗਾਰੇ, ਨਿਰਗੁਣ ਸਰਗੁਣ ਨਾਦ ਵਜਾਈਆ । ਆਤਮ ਪਰਮਾਤਮ ਕਰ ਪਸਾਰੇ, ਘਰ ਘਰ ਆਪਣਾ ਡੇਰਾ ਲਾਈਆ । ਪਾਰਬ੍ਰਹਮ ਬ੍ਰਹਮ ਦੇ ਆਧਾਰੇ, ਬ੍ਰਹਮ ਵਿਦਿਆ ਕਰੇ ਪੜ੍ਹਾਈਆ । ਈਸ਼ ਜੀਵ ਖੇਲ ਕਰੇ ਕਰਤਾਰੇ, ਕੁਦਰਤ ਕਾਦਰ ਆਪਣਾ ਨਾਚ ਵਖਾਈਆ । ਹੱਕ ਹਕੀਕਤ ਬੋਲ ਜੈਕਾਰੇ, ਲਾਸ਼ਰੀਕ ਕਰੇ ਸ਼ਨਵਾਈਆ । ਲੇਖਾ ਜਾਣ ਗੁਰੂ ਅਵਤਾਰੇ, ਗੁਰ ਗੁਰ ਸ਼ਬਦ ਰੂਪ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਮਾਣ ਵਡਿਆਈਆ । ਸ਼ਬਦ ਸੁਤ ਕਰ ਧਿਆਨ, ਸਤਿ ਸਵਾਮੀ ਆਪ ਜਣਾਈਆ । ਜੁਗ ਚੌਕੜੀ ਖੇਲ ਮਹਾਨ, ਕਰਤਾ ਪੁਰਖ ਆਪ ਕਰਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ, ਗੀਤਾ ਗਿਆਨ ਜਗਤ ਜਣਾਈਆ । ਮਨ ਮਤ ਬੁਧ ਖੇਲ ਮਹਾਨ, ਪੰਜ ਤੱਤ ਕਾਇਆ ਇਕੋ ਨਤ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਰ ਪਰਧਾਨ, ਨਾਮ ਪਰਧਾਨਗੀ ਹੱਥ ਫੜਾਈਆ । ਸਾਚਾ ਲੇਖਾ ਧੁਰ ਫ਼ਰਮਾਣ, ਧੁਰ ਦੀ ਬਾਣੀ ਰਾਗ ਅਲਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਖੇਲੇ ਖੇਲ ਸ੍ਰੀ ਭਗਵਾਨ ਖ਼ਾਲਕ ਖ਼ਲਕ ਰੂਪ ਧਰਾਈਆ । ਲੇਖਾ ਜਾਣੇ ਜ਼ਿਮੀ ਅਸਮਾਨ, ਲੋਕ ਪਰਲੋਕ ਖੋਜ ਖੁਜਾਈਆ । ਜੇਰਜ ਅੰਡਜ ਉਤਭੁਜ ਸੇਤਜ ਦੇਵਣਹਾਰ ਗਿਆਨ, ਨਿਸ਼ਅੱਖਰ ਅੱਖਰ ਕਰੇ ਪੜ੍ਹਾਈਆ । ਧੁਰ ਸੰਦੇਸ਼ਾ ਨਰ ਨਰੇਸ਼ਾ ਨਿਰਗੁਣ ਦੇਵੇ ਆਣ, ਸਰਗੁਣ ਸਚ ਸਚ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪਣੇ ਹੱਥ ਰਖਾਈਆ । ਸ਼ਬਦ ਸੁਤ ਕਰ ਨਿਮਸਕਾਰ, ਦੋਏ ਦੋਏ ਚਰਨ ਸੀਸ ਝੁਕਾਇੰਦਾ । ਕਰ ਕਿਰਪਾ ਹਰਿ ਕਰਤਾਰ, ਦਰ ਤੇਰੇ ਮੰਗ ਮੰਗਾਇੰਦਾ । ਜੁਗ ਚੌਕੜੀ ਖੇਲ ਅਪਾਰ, ਤੇਰਾ ਅੰਤ ਕੋਇ ਨਾ ਆਇੰਦਾ । ਖਾਣੀ ਬਾਣੀ ਬੋਲ ਜੈਕਾਰ, ਗੁਰ ਪੀਰ ਅਵਤਾਰ ਤੇਰਾ ਨਾਮ ਧਿਆਇੰਦਾ । ਕਲਮ ਸ਼ਾਹੀ ਬਣ ਲਿਖਾਰ, ਕਾਗ਼ਜ਼ ਆਪਣੀ ਗੰਢ ਪੁਆਇੰਦਾ । ਤੇਰਾ ਲਹਿਣਾ ਧੁਰ ਦਰਬਾਰ, ਤੇਰੇ ਨੈਣਾਂ ਨਜ਼ਰ ਕਿਸੇ ਨਾ ਆਇੰਦਾ । ਚੌਦਾਂ ਵਿਦਿਆ ਕਰ ਹੁਸ਼ਿਆਰ, ਲੋਕਮਾਤ ਵਡ ਵਡਿਆਇੰਦਾ । ਆਪਣਾ ਖੇਲ ਨਿਰਗੁਣ ਧਾਰ, ਨਿਰਾਕਾਰ ਆਪਣੇ ਵਿਚ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸੁਤ ਦੁਲਾਰਾ ਮੰਗ ਮੰਗਾਇੰਦਾ । ਸੁਤ ਦੁਲਾਰੇ ਜਾਣਾ ਜਾਗ, ਸ੍ਰੀ ਭਗਵਾਨ ਆਪ ਜਗਾਈਆ । ਆਦਿ ਜੁਗਾਦੀ ਮੇਰਾ ਨਾਉਂ ਕੰਤ ਸੁਹਾਗ, ਲੱਖ ਚੁਰਾਸੀ ਨਾਰ ਪਰਨਾਈਆ । ਨਾਮ ਨਿਧਾਨਾ ਦੇਵਾਂ ਦਾਜ, ਘਰ ਘਰ ਝੋਲੀ ਆਪ ਭਰਾਈਆ । ਬ੍ਰਿਹੋਂ ਵਿਛੋੜਾ ਇਕ ਵੈਰਾਗ, ਅੰਤਰ ਆਤਮ ਤੀਰ ਲਗਾਈਆ । ਫੜ ਫੜ ਹੰਸ ਬਣਾਵਾਂ ਕਾਗ, ਜਿਸ ਜਨ ਆਪਣਾ ਭੇਵ ਚੁਕਾਈਆ । ਸੋ ਪੁਰਖ ਨਿਰੰਜਣ ਵੱਜੇ ਨਾਦ, ਹੰ ਬ੍ਰਹਮ ਲਏ ਉਠਾਈਆ । ਤੇਰਾ ਮੇਰਾ ਇਕੋ ਰਾਗ, ਦੂਜਾ ਤਾਲ ਨਾ ਕੋਇ ਵਜਾਈਆ । ਸੋਹੰ ਰੂਪ ਆਦਿ ਜੁਗਾਦਿ, ਜੁਗ ਚੌਕੜੀ ਗੰਢ ਪੁਆਈਆ । ਆਪਣੀ ਧਾਰੋਂ ਲਿਆ ਕਾਢ, ਦੂਜੇ ਹੱਥ ਨਾ ਕੋਇ ਵਡਿਆਈਆ । ਆਤਮ ਪਰਮਾਤਮ ਸੱਚਾ ਸਾਕ, ਸੱਜਣ ਇਕੋ ਇਕ ਅਖਵਾਈਆ । ਪਾਰਬ੍ਰਹਮ ਬ੍ਰਹਮ ਖੋਲ੍ਹੇ ਤਾਕ, ਦੂਈ ਪਰਦਾ ਆਪ ਚੁਕਾਈਆ । ਬਾਤਨ ਹੋ ਕੇ ਕਰੇ ਬਾਤ, ਬੈਤਲ ਆਪਣਾ ਧਾਮ ਰਖਾਈਆ । ਮੇਟੇ ਰੈਣ ਅੰਧੇਰੀ ਰਾਤ, ਨਿਰਗੁਣ

ਸਾਚਾ ਚੰਦ ਚਮਕਾਈਆ । ਸੁਤ ਦੁਲਾਰੇ ਤੇਰੀ ਗਾਥ, ਲਿਖਣ ਪੜ੍ਹਨ ਵਿਚ ਨਾ ਆਈਆ । ਪਹਿਲੀ ਦੂਜੀ ਚੌਥੀ ਇਕੋ ਜਮਾਤ, ਤੀਜੀ ਅੱਖ ਦਏ ਖੁਲ੍ਹਾਈਆ । ਪੰਚਮ ਜੋੜੇ ਸਾਚਾ ਨਾਤ, ਛੇਵੇਂ ਛੱਪਰ ਛੰਨ ਨਾ ਕੋਇ ਛੁਹਾਈਆ । ਸਤਵੇਂ ਸਤਿ ਪੁਰਖ ਨਿਰੰਜਣ ਕਮਲਾਪਾਤ, ਕਵਲ ਨੈਣ ਦਏ ਵਡਿਆਈਆ । ਇਕੋ ਢੋਲਾ ਰੱਖਣਾ ਯਾਦ, ਯਾਦਾਸ਼ਤ ਰਿਹਾ ਬਣਾਈਆ । ਨਿਰਗੁਣ ਨਿਰਗੁਣ ਸੁਣੇ ਫ਼ਰਯਾਦ, ਸਰਗੁਣ ਸਰਗੁਣ ਵੇਖ ਵਖਾਈਆ । ਆਦਿ ਜੁਗਾਦਿ ਜੁਗ ਚੌਕੜੀ ਦੋ ਜਹਾਨਾਂ ਰੱਖੇ ਲਾਜ, ਲਾਜਾਵੰਤ ਹੋਏ ਸਹਾਈਆ । ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾਂ ਵੇਖੇ ਭਾਜ ਭਾਜ, ਔਂਦਾ ਜਾਂਦਾ ਨਜ਼ਰ ਕਿਸੇ ਨਾ ਆਈਆ । ਤਖ਼ਤ ਨਿਵਾਸੀ ਧੁਰ ਦਰਬਾਰੀ ਸਚਖੰਡ ਨਿਵਾਸੀ ਕਰੇ ਸਾਚਾ ਰਾਜ, ਹੁਕਮੇ ਅੰਦਰ ਸਰਬ ਭਵਾਈਆ । ਵਿਸ਼ਨ ਬ੍ਰਹਮਾ ਸ਼ਿਵ ਤੇਰਾ ਸਮਾਜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਸੁਤ ਰਿਹਾ ਦ੍ਰਿੜਾਈਆ । ਸ਼ਬਦ ਸੁਤ ਖੋਲ੍ਹ ਅੱਖ, ਪ੍ਰਭ ਨੇਤਰ ਦਰਸ਼ਨ ਪਾਇਆ । ਚਾਰੋਂ ਕੁੰਟ ਦਿਸੇ ਪਰਤੱਖ, ਦਹਿ ਦਿਸ਼ਾ ਵੇਸ ਵਟਾਇਆ । ਸੋਹੰ ਹੰਸਾ ਰੂਪ ਹੋ ਕੇ ਪਿਆ ਹੱਸ, ਏਕਾ ਦੂਜਾ ਭੌ ਮਿਟਾਇਆ । ਤੂੰ ਮੇਰਾ ਮੈਂ ਤੇਰੇ ਵਸ, ਦੂਜਾ ਨਜ਼ਰ ਕੋਇ ਨਾ ਆਇਆ । ਰਲ ਕੇ ਢੋਲਾ ਗਾਈਏ ਜਸ, ਸਿਫ਼ਤੀ ਸਿਫ਼ਤ ਸਿਫ਼ਤ ਸਾਲਾਹਿਆ । ਪ੍ਰਭ ਮਾਰਗ ਆਪਣਾ ਦੱਸ, ਭੇਵ ਅਭੇਦਾ ਭੇਵ ਖੁਲ੍ਹਾਇਆ । ਕਿਸ ਬਿਧ ਖੋਲ੍ਹੇਂ ਆਪਣਾ ਹੱਟ, ਬਣ ਵਣਜਾਰਾ ਹੱਟ ਚਲਾਇਆ । ਤੇਰੀ ਚਰਨੀ ਗਿਆ ਢੱਠ, ਦੋਏ ਜੋੜ ਵਾਸਤਾ ਪਾਇਆ । ਤੂੰ ਸਾਹਿਬ ਮੇਰਾ ਸਮਰਥ, ਪੁਰਖ ਅਕਾਲ ਤੇਰੀ ਸਰਨਾਇਆ । ਮੇਰੀ ਡੋਰ ਤੇਰੇ ਹੱਥ, ਤੰਦੀ ਆਪਣੇ ਨਾਲ ਬੰਧਾਇਆ । ਜਿਉਂ ਭਾਵੇ ਤਿਉਂ ਲੈਣਾ ਰੱਖ, ਸਰਨਗਤ ਇਕ ਧਰਾਇਆ । ਸ੍ਰੀ ਭਗਵਾਨ ਸਿਰ ਰੱਖ ਹੱਥ, ਮਿਹਰਵਾਨ ਮਿਹਰ ਨਜ਼ਰ ਉਠਾਇਆ । ਉਠ ਮੇਰਾ ਨਾਮ ਰਟ, ਸ਼ਬਦੀ ਸੁਤ ਸੁਤ ਸਮਝਾਇਆ । ਤੇਰਾ ਅੰਤਰ ਖੋਲ੍ਹਾਂ ਹੱਟ, ਬਣ ਵਿਚੋਲਾ ਹੱਟ ਚਲਾਇਆ । ਤੇਰਾ ਰੂਪ ਘਟ ਘਟ, ਘਟ ਘਟ ਆਪਣਾ ਰਾਹ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਦਿ ਆਦਿ ਆਪ ਸਮਝਾਇਆ । ਸ਼ਬਦ ਸੁਤ ਚਰਨੀ ਲੱਗ, ਨੇਤਰ ਨੈਣਾਂ ਨੀਰ ਵਹਾਈਆ । ਤੂੰ ਸਾਹਿਬ ਮੇਰਾ ਸਰਬੱਗ, ਸ਼ਹਿਨਸ਼ਾਹ ਤੇਰੀ ਵਡਿਆਈਆ । ਲਜ ਪਤ ਤੇਰੀ ਤੇਰੇ ਹੱਥ, ਦੂਜਾ ਨਜ਼ਰ ਕੋਇ ਨਾ ਆਈਆ । ਸਾਚਾ ਮਾਰਗ ਦਿਤਾ ਦੱਸ, ਬਣ ਸੇਵਕ ਸੇਵ ਕਮਾਈਆ । ਜੁਗ ਚੌਕੜੀ ਪੰਧ ਮੁਕਾਵਾਂ ਨੱਠ ਨੱਠ, ਬਣ ਪਾਂਧੀ ਮਾਤ ਰਾਹੀਆ । ਤੇਰਾ ਖੋਲ੍ਹ ਵਖਾਵਾਂ ਹੱਟ, ਗੁਰ ਅਵਤਾਰ ਰੂਪ ਵਟਾਈਆ । ਪੀਰ ਪੈਗ਼ੰਬਰ ਵਸਤ ਘੱਤ, ਕਲਮਾ ਨਬੀ ਰਸੂਲ ਜਣਾਈਆ । ਨਿਰਗੁਣ ਸਰਗੁਣ ਹੋ ਕੇ ਗਾਏ ਜਸ, ਸਿਫ਼ਤ ਇਕੋ ਇਕ ਸਮਝਾਈਆ । ਜਿੰਨਾਂ ਚਿਰ ਨਾ ਕਹੇਂ ਬੱਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸੱਚਾ ਵਰ, ਤੇਰੇ ਚਰਨਾਂ ਓਟ ਰਖਾਈਆ । ਸੁਤ ਦੁਲਾਰੇ ਹੋ ਮਿਹਰਵਾਨ, ਪ੍ਰਭ ਆਪਣੀ ਦਇਆ ਕਮਾਇੰਦਾ । ਨੌਂ ਸੌ ਚਰਾਨਵੇਂ ਚੌਕੜੀ ਯੁਗ ਤੇਰੀ ਹੋਏ ਕਲਿਆਣ, ਤੇਰਾ ਸੋਹਲਾ ਢੋਲਾ ਨਾਉਂ ਵਡਿਆਇੰਦਾ । ਪੰਜ ਤੱਤ ਕਾਇਆ ਹੋ ਪਰਧਾਨ, ਗੁਰ ਗੁਰ ਤੇਰਾ ਵੇਸ ਵਟਾਇੰਦਾ । ਰਾਗ ਨਾਦ ਨਾਦ ਧੁਨ ਕਾਨ, ਧੁਨ ਆਤਮਕ ਰਾਗ ਅਲਾਇੰਦਾ । ਰਸਨਾ ਜਿਹਵਾ ਬੋਲ ਜ਼ਬਾਨ, ਬੱਤੀ ਦੰਦ ਸਿਫ਼ਤ ਸਾਲਾਹਿੰਦਾ । ਕਾਗਦ ਕਲਮ ਕਰ ਧਿਆਨ, ਨਿਰਅੱਖਰ ਰੂਪ ਵਟਾਇੰਦਾ । ਪੰਜ ਤੱਤ ਕਾਇਆ ਦੇ ਗਿਆਨ, ਸ਼ਬਦੀ ਸ਼ਬਦ ਗੰਢ ਪੁਆਇੰਦਾ । ਆਪ ਹੋ ਬੇਪਹਿਚਾਨ, ਜਗਤ ਨੇਤਰ ਨਜ਼ਰ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

੪੮੩
੧੪

ਦੇਵਣਹਾਰਾ ਸਾਚਾ ਵਰ, ਸਾਚੀ ਵਸਤ ਤੇਰੀ ਝੋਲੀ ਪਾਇੰਦਾ । ਸਾਚੀ ਵਸਤ ਝੋਲੀ ਪਾ, ਬੇਪਰਵਾਹ ਤੇਰੀ ਬੇਪਰਵਾਹੀਆ । ਮੈਂ ਮੰਨਾਂ ਤੇਰੀ ਰਜ਼ਾ, ਰਾਜ਼ਕ ਰਹੀਮ ਤੇਰੀ ਸਰਨਾਈਆ । ਤੇਰੇ ਚਰਨਾਂ ਹੋਵਾਂ ਫ਼ਿਦਾ, ਫ਼ਿਤਰਤ ਸਰਬ ਮਿਟਾਈਆ । ਆਦਿ ਜੁਗਾਦਿ ਹੋਣਾ ਸਹਾ, ਸਰਨਗਤ ਤੇਰੀ ਤਕਾਈਆ । ਰਹਿਬਰ ਬਣ ਮੇਰੇ ਖ਼ੁਦਾ, ਖ਼ਾਲਕ ਵੇਖੀਂ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਵਣ ਵੇਲੇ ਮੇਰੀ ਪੂਰੀ ਆਸ ਕਰਾਈਆ । ਸ਼ਬਦ ਸੁਤ ਤੇਰੀ ਆਸਾ ਪੂਰ ਕਰਾਵਾਂਗਾ । ਨਿਰਗੁਣ ਦਾਤਾ ਨਾਮ ਧਰਾਵਾਂਗਾ । ਪੁਰਖ ਬਿਧਾਤਾ ਵੇਸ ਵਟਾਵਾਂਗਾ । ਸਰਗੁਣ ਨਿਰਗੁਣ ਰੰਗ ਰੰਗਾਵਾਂਗਾ । ਨਾਦ ਧੁਨ ਸ਼ਬਦ ਉਪਜਾਵਾਂਗਾ । ਵਿਸ਼ਨ ਬ੍ਰਹਮਾ ਸ਼ਿਵ ਸੇਵ ਲਗਾਵਾਂਗਾ । ਤ੍ਰੈਗੁਣ ਮਾਇਆ ਗੰਢ ਪੁਆਵਾਂਗਾ । ਪੰਜ ਤੱਤ ਵੰਡ ਵੰਡਾਵਾਂਗਾ । ਜੇਰਜ ਅੰਡ ਵੇਖ ਵਖਾਵਾਂਗਾ । ਉਤਭੁਜ ਸੇਤਜ ਪਰਦਾ ਲਾਹਵਾਂਗਾ । ਸਰਗੁਣ ਹੋ ਕੇ ਖੇਲ ਕਰਾਵਾਂਗਾ । ਨਾਮ ਨਿਧਾਨਾ ਢੋਲਾ ਗਾਵਾਂਗਾ । ਗੁਰ ਅਵਤਾਰ ਕਾਰ ਕਮਾਵਾਂਗਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਹੰਢਾਵਾਂਗਾ । ਪੀਰ ਪੈਗ਼ੰਬਰ ਕਲਮਾ ਨਬੀ ਆਪ ਪੜ੍ਹਾਵਾਂਗਾ । ਆਇਤ ਸ਼ਰਾਇਤ ਇਕ ਸਮਝਾਵਾਂਗਾ । ਕਾਇਨਾਤ ਵੇਖ ਵਖਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਦ੍ਰਿੜਾਵਾਂਗਾ । ਸਾਚੀ ਸਿਖਿਆ ਇਕ ਦ੍ਰਿੜਾਊਂਗਾ । ਹਰ ਘਟ ਅੰਦਰ ਡੇਰਾ ਲਾਊਂਗਾ । ਨਿਰਗੁਣ ਜੋਤ ਡਗਮਗਾਊਂਗਾ । ਸ਼ਬਦ ਨਾਦ ਇਕ ਸੁਣਾਊਂਗਾ । ਘਰ ਮੰਦਰ ਇਕ ਵਸਾਊਂਗਾ । ਆਤਮ ਸੇਜਾ ਸੋਭਾ ਪਾਊਂਗਾ । ਅੰਮ੍ਰਿਤ ਮੇਘ ਇਕ ਵਰਸਾਊਂਗਾ । ਨਾਮ ਖੜਗ ਖੰਡਾ ਤੇਗ਼ ਇਕ ਚਮਕਾਊਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਪਰਦਾ ਆਪ ਉਠਾਊਂਗਾ । ਸਚ ਪਰਦਾ ਆਪ ਉਠਾਵਾਂਗਾ । ਨਿਰਗੁਣ ਹੋ ਕੇ ਨਜ਼ਰੀ ਆਵਾਂਗਾ । ਸਰਗੁਣ ਸਾਚਾ ਮੇਲ ਮਿਲਾਵਾਂਗਾ । ਆਤਮ ਪਰਮਾਤਮ ਗੰਢ ਵਖਾਵਾਂਗਾ । ਬੰਦ ਕਿਵਾੜੀ ਕੁੰਡਾ ਉਠਾਵਾਂਗਾ । ਦੀਆ ਬਾਤੀ ਇਕ ਰੁਸ਼ਨਾਵਾਂਗਾ । ਕਮਲਾਪਾਤੀ ਨਾਮ ਧਰਾਵਾਂਗਾ । ਬਣ ਸਾਕੀ ਜਾਮ ਪਿਆਵਾਂਗਾ । ਲਹਿਣਾ ਦੇਣਾ ਬਾਕੀ ਝੋਲੀ ਪਾਵਾਂਗਾ । ਸਾਚਾ ਨਾਤੀ ਨਾਤਾ ਇਕ ਦਰਸਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਨਾਮ ਜਪਾਵਾਂਗਾ । ਜੁਗ ਜੁਗ ਆਪਣਾ ਨਾਮ ਜਪਾਵਾਂਗਾ । ਪੁਰਖ ਅਕਾਲ ਅਖਵਾਵਾਂਗਾ । ਦੀਨ ਦਿਆਲ ਵੇਸ ਵਟਾਵਾਂਗਾ । ਕਾਲ ਮਹਾਂਕਾਲ ਵੰਡ ਵੰਡਾਵਾਂਗਾ । ਅਵੱਲੜੀ ਚਾਲ ਇਕ ਜਣਾਵਾਂਗਾ । ਧਰਮਸਾਲ ਇਕ ਬਣਾਵਾਂਗਾ । ਸਾਢੇ ਤਿੰਨ ਹੱਥ ਮੰਦਰ ਬਣਾਵਾਂਗਾ । ਗੁਰ ਅਵਤਾਰ ਨਾਉਂ ਧਰਾਵਾਂਗਾ । ਸ਼ਬਦੀ ਤਾਰ ਸਤਾਰ ਵਜਾਵਾਂਗਾ । ਨਾਮ ਗ਼ੁਫ਼ਤਾਰ ਇਕ ਸੁਣਾਵਾਂਗਾ । ਆਪਣੀ ਰਫ਼ਤਾਰ ਨਾ ਕਿਸੇ ਜਣਾਵਾਂਗਾ । ਹੋ ਮੁਹਤਾਜ ਮੁਫ਼ਲਸ ਦਰ ਭਿਖਾਰੀ ਅਲਖ ਜਗਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜੁਗ ਚੌਕੜੀ ਪੰਧ ਮੁਕਾਵਾਂਗਾ । ਜੁਗ ਚੌਕੜੀ ਪੰਧ ਮੁਕਾਵਾਂਗਾ । ਤੇਈ ਅਵਤਾਰ ਨਾਉਂ ਜਪਾਵਾਂਗਾ । ਭਗਤ ਅਠਾਰਾਂ ਗੰਢ ਪੁਆਵਾਂਗਾ । ਈਸਾ ਮੂਸਾ ਮੁਹੰਮਦ ਨੂਰੀ ਨੂਰ ਨੂਰ ਧਰਾਵਾਂਗਾ । ਨਾਨਕ ਗੋਬਿੰਦ ਜੋਤ ਜਗਾਵਾਂਗਾ । ਦਹਿ ਦਿਸ਼ਾ ਵੇਖ ਵਖਾਵਾਂਗਾ । ਕਲ ਕਲੇਸ਼ ਇਕ ਮਿਟਾਵਾਂਗਾ । ਨਰ ਨਰੇਸ਼ ਨਾਉਂ ਪਰਗਟਾਵਾਂਗਾ । ਦਹਿ ਦਿਸ਼ਾਂ ਵੇਖ ਵਖਾਵਾਂਗਾ । ਵਿਸ਼ਨ ਬ੍ਰਹਮਾ ਸ਼ਿਵ ਆਪ ਉਠਾਵਾਂਗਾ । ਅੰਤਰ ਲਿਵ ਇਕੋ ਇਕ ਜਣਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਤੇਰਾ ਮਾਣ


੪੮੪
੧੪

ਉਪਜਾਵਾਂਗਾ । ਗੁਰ ਸ਼ਬਦੀ ਤੇਰਾ ਮਾਣ ਉਪਜਾਵਾਂਗਾ । ਸੋਹਲਾ ਇਕੋ ਇਕ ਸੁਣਾਵਾਂਗਾ । ਬੰਕ ਦੁਆਰ ਇਕ ਵਖਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਿਛਲੀ ਕੀਤੀ ਸਭ ਦੀ ਯਾਦ ਕਰਾਵਾਂਗਾ । ਪਿਛਲੀ ਕੀਤੀ ਯਾਦ ਕਰਾਊਂਗਾ । ਨਿਹਕਲੰਕ ਰੂਪ ਧਰਾਊਂਗਾ । ਨੌਂ ਸੌ ਚੁਰਾਨਵੇਂ ਚੌਕੜੀ ਯੁਗ ਪੰਧ ਮੁਕਾਊਂਗਾ । ਸਚਖੰਡ ਦੁਆਰ ਇਕ ਬਣਾਊਂਗਾ । ਛੱਪਰ ਛੰਨ ਨਾ ਕੋਇ ਛੁਹਾਊਂਗਾ । ਦੀਵਾ ਬਾਤੀ ਨਾ ਕੋਇ ਰਖਾਊਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਘਰ ਇਕੋ ਇਕ ਵਡਿਆਊਂਗਾ । ਘਰ ਇਕੋ ਇਕ ਵਡਿਆਏਗਾ । ਸੋ ਪੁਰਖ ਨਿਰੰਜਨ ਫੇਰਾ ਪਾਏਗਾ । ਹਰਿ ਪੁਰਖ ਨਿਰੰਜਣ ਵੇਸ ਵਟਾਏਗਾ । ਏਕੰਕਾਰਾ ਪਰਦਾ ਲਾਹੇਗਾ । ਜੋਤ ਨਿਰੰਜਣ ਨੂਰ ਚਮਕਾਏਗਾ । ਆਦਿ ਨਿਰੰਜਣ ਵੇਖਣ ਆਏਗਾ । ਪੁਰਖ ਅਬਿਨਾਸ਼ੀ ਵੇਖ ਵਖਾਏਗਾ । ਸ੍ਰੀ ਭਗਵਾਨ ਦਇਆ ਕਮਾਏਗਾ । ਪਾਰਬ੍ਰਹਮ ਪ੍ਰਭ ਰੰਗ ਰੰਗਾਏਗਾ । ਵਿਸ਼ਨ ਬ੍ਰਹਮਾ ਸ਼ਿਵ ਨਾਲ ਮਿਲਾਏਗਾ । ਤਿੰਨ ਪੰਜ ਡੇਰਾ ਢਾਹੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਬੰਕ ਇਕ ਵਖਾਏਗਾ । ਸਾਚਾ ਬੰਕ ਇਕੋ ਹੋਵੇਗਾ । ਪੁਰਖ ਅਬਿਨਾਸ਼ੀ ਸੱਚਾ ਸੋਹਵੇਗਾ । ਨਾ ਕੋਈ ਹੱਸੇਗਾ ਨਾ ਕੋਈ ਰੋਵੇਗਾ । ਨਾ ਕੋਈ ਜਾਗੇਗਾ ਨਾ ਕੋਈ ਸੋਵੇਗਾ । ਪ੍ਰਭ ਇਕੋ ਜਿਹਾ ਹੋਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਰਮਲ ਜੋਤ ਇਕ ਬਲੋਵੇਗਾ । ਨਿਰਗੁਣ ਜੋਤ ਇਕ ਜਗਾਏਗਾ । ਸ੍ਰੀ ਭਗਵਾਨ ਫੇਰਾ ਪਾਏਗਾ । ਨਵ ਨੌਂ ਚਾਰ ਡੇਰਾ ਢਾਹੇਗਾ । ਜੁਗ ਗੇੜਾ ਆਪ ਦਿਵਾਏਗਾ । ਨੇਰਨ ਨੇਰਾ ਵਕਤ ਲਿਆਏਗਾ । ਦੋ ਜਹਾਨ ਝੇੜਾ ਆਪ ਮੁਕਾਏਗਾ । ਹੱਕ ਨਬੇੜਾ ਹੱਕ ਕਰਾਏਗਾ । ਤੇਰਾ ਮੇਰਾ ਪਰਦਾ ਲਾਹੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਪਿਛਲਾ ਲੇਖਾ ਪੂਰ ਕਰਾਏਗਾ । ਪਿਛਲਾ ਲੇਖਾ ਪੂਰ ਕਰਾਏਗਾ । ਸਚ ਦੁਆਰੇ ਸੋਭਾ ਪਾਏਗਾ । ਸ਼ਾਹੋ ਭੂਪ ਨਾਮ ਧਰਾਏਗਾ । ਤੇਈ ਅਵਤਾਰ ਦਰਸਾਏਗਾ । ਭਗਤ ਅਠਾਰਾਂ ਕੋਲ ਬਹਾਏਗਾ । ਮੂਸਾ ਈਸਾ ਮੁਹੰਮਦ ਚਰਨ ਸੀਸ ਨਿਵਾਏਗਾ । ਨਾਨਕ ਗੋਬਿੰਦ ਜਸ ਸੁਣਾਏਗਾ । ਪੰਜ ਇਕ ਵੰਡ ਵੰਡਾਏਗਾ । ਸੱਤ ਰੰਗ ਰੰਗ ਵਖਾਏਗਾ । ਪਰਮਾਨੰਦ ਅਨੰਦ ਵਿਚ ਸਮਾਏਗਾ । ਸੂਰਜ ਚੰਦ ਨੈਣ ਸ਼ਰਮਾਏਗਾ । ਬ੍ਰਹਿਮੰਡ ਖੰਡ ਸਰਬ ਕੁਰਲਾਏਗਾ । ਜੇਰਜ ਅੰਡ ਨਾ ਧੀਰ ਧਰਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਬਦ ਸੁਤ ਤੇਰਾ ਵੇਲਾ ਇਕ ਵਖਾਏਗਾ । ਸ਼ਬਦ ਸੁਤ ਤੇਰਾ ਵੇਲਾ ਆਵੇਗਾ । ਗੁਰ ਚੇਲਾ ਰੂਪ ਵਟਾਵੇਗਾ । ਗੁਰ ਅਵਤਾਰ ਪੀਰ ਪੈਗ਼ੰਬਰ ਵੇਖ ਵਖਾਵੇਗਾ । ਭਗਤ ਭਗਵਾਨ ਢੋਲਾ ਗਾਵੇਗਾ । ਸਾਧ ਸੰਤ ਸੀਸ ਝੁਕਾਵੇਗਾ । ਗੁਰਮੁਖ ਗੁਰ ਗੁਰ ਗੋਦ ਬਹਾਵੇਗਾ । ਗੁਰਸਿਖ ਇਕੋ ਰਾਹ ਤਕਾਵੇਗਾ । ਕਵਣ ਘਰ ਕਵਣ ਬੰਕ, ਜਿਸ ਘਰ ਪਰਮੇਸ਼ਵਰ ਫੇਰਾ ਪਾਵੇਗਾ । ਦੋ ਜਹਾਨਾਂ ਵੱਜੇ ਡੰਕ, ਵਿਸ਼ਨ ਬ੍ਰਹਮਾ ਸ਼ਿਵ ਸੀਸ ਨਿਵਾਵੇਗਾ । ਨਾ ਕੋਈ ਰਾਉ ਨਾ ਕੋਈ ਰੰਕ, ਇਕੋ ਰੰਗ ਸਰਬ ਵਖਾਵੇਗਾ । ਨਾ ਕੋਈ ਪਾਂਧਾ ਨਾ ਕੋਈ ਪੰਡਤ, ਮੁਲਾਂ ਸ਼ੇਖ਼ ਨਾ ਰੂਪ ਵਟਾਵੇਗਾ । ਨਾ ਕੋਈ ਨਾਦ ਨਾ ਕੋਈ ਸੰਖ਼, ਰਸਨਾ ਜਿਹਵਾ ਬੋਲ ਨਾ ਕੋਈ ਅਲਾਵੇਗਾ । ਨਾ ਕੋਈ ਮਣੀਆਂ ਨਾ ਕੋਈ ਮੰਤ, ਨਾਰ ਕੰਤ ਨਾ ਕੋਇ ਮਿਲਾਵੇਗਾ । ਆਦਿ ਜੁਗਾਦਿ ਜੁਗਾ ਜੁਗੰਤਰ ਜੁਗ ਚੌਕੜੀ ਸਾਹਿਬ ਸੁਲਤਾਨ ਸਦਾ ਬੇਅੰਤ, ਗੁਰ ਸ਼ਬਦੀ ਤੇਰਾ ਰੰਗ ਰੰਗਾਵੇਗਾ । ਤੂੰ ਮੇਰਾ ਮੈਂ ਤੇਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ


੪੮੫
੧੪

ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਆਪ ਕਮਾਵੇਗਾ । ਸਾਚੀ ਕਰਨੀ ਆਪ ਕਮਾਵਾਂਗਾ । ਨੌਂ ਸੌ ਚੁਰਾਨਵੇਂ ਚੌਕੜੀ ਯੁਗ ਪੰਧ ਮੁਕਾਵਾਂਗਾ । ਲੋਕ ਪਰਲੋਕ ਵੇਖ ਵਖਾਵਾਂਗਾ । ਚੌਦਾਂ ਤਬਕਾਂ ਪਰਦਾ ਲਾਹਵਾਂਗਾ । ਅਲਫ਼ ਯੇ ਸੁਤਿਆਂ ਵੇਖ ਵਖਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਭੇਵ ਆਪ ਜਣਾਵਾਂਗਾ । ਪ੍ਰਭ ਸਾਚਾ ਭੇਵ ਜਣਾਏਗਾ । ਧੁਰ ਦਾ ਲੇਖਾ ਵੇਖ ਵਖਾਏਗਾ । ਗੁਰ ਅਵਤਾਰ ਪੀਰ ਪੈਗ਼ੰਬਰ ਸਜਦਾ ਸੀਸ ਝੁਕਾਏਗਾ । ਸਤਿ ਸਵਾਮੀ ਵੇਖ ਸਵੰਬਰ, ਵਿਸ਼ਨ ਬ੍ਰਹਮਾ ਸ਼ਿਵ ਫੁੱਲ ਬਰਸਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਰਬ ਗੁਣਾਂ ਹੋਏ ਭਰਤੰਬਰ, ਨਿਹਕਰਮੀ ਆਪਣਾ ਕਰਮ ਕਮਾਏਗਾ । ਪ੍ਰਭ ਕੀ ਕੀ ਕਰਮ ਕਮਾਵੇਂਗਾ । ਜਿਸ ਵੇਲੇ ਅੰਤਮ ਆਵੇਂਗਾ । ਲੋਕਮਾਤ ਵੇਖ ਵਖਾਵੇਂਗਾ । ਕਵਣ ਜਮਾਤ ਵਡ ਵਡਿਆਵੇਂਗਾ । ਕਵਣ ਕਲਮ ਦਵਾਤ ਉਠਾਵੇਂਗਾ । ਕਵਣ ਸਾਖਿਆਤ ਰੂਪ ਵਟਾਵੇਂਗਾ । ਕਵਣ ਨਾਤਾ ਜੋੜ ਜੁੜਾਵੇਂਗਾ । ਕਵਣ ਮਾਤਾ ਕਵਣ ਪਿਤਾ, ਪੂਤ ਗੋਦ ਨਾ ਕੋਇ ਸੁਹਾਵੇਂਗਾ । ਕਵਣ ਕਰੇਂ ਸਾਚਾ ਹਿੱਤਾ, ਪ੍ਰੇਮ ਪ੍ਰੀਤੀ ਰਾਹ ਵਖਾਵੇਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਵਣ ਵੇਲਾ ਪੂਰੀ ਆਸ ਕਰਾਵੇਂਗਾ । ਮਾਤਾ ਪਿਤਾ ਨਾ ਕੋਈ ਬਣਾਵਾਂਗਾ । ਗੋਦੀ ਗੋਦ ਨਾ ਡੇਰਾ ਲਾਵਾਂਗਾ । ਨਿਰਗੁਣ ਨੂਰ ਜੋਤ ਚਮਕਾਵਾਂਗਾ । ਲੋਕ ਪਰਲੋਕ ਵੇਖ ਵਖਾਵਾਂਗਾ । ਸਚ ਸਲੋਕ ਇਕ ਅਲਾਵਾਂਗਾ । ਕਿਲਾ ਕੋਟ ਇਕ ਵਸਾਵਾਂਗਾ । ਨਾਮ ਸ਼ਬਦ ਚੋਟ ਲਗਾਵਾਂਗਾ । ਭੰਡਾਰ ਅਤੋਟ ਵਰਤਾਵਾਂਗਾ । ਨਾ ਹਰਖ਼ ਨਾ ਸੋਗ, ਚਿੰਤਾ ਗ਼ਮੀ ਨਾ ਕੋਈ ਜਣਾਵਾਂਗਾ । ਨਿਹਕਰਮੀ ਹੋ ਕੇ ਦੇਵਾਂ ਮੋਖ, ਮੁਫ਼ਤ ਆਪਣਾ ਨਾਮ ਵਰਤਾਵਾਂਗਾ । ਨਿਰਦੋਸ਼ਿਆਂ ਕੋਈ ਨਾ ਵੇਖਾਂ ਦੋਸ਼, ਕਰ ਮਿਹਰ ਪਾਰ ਕਰਾਵਾਂਗਾ । ਸੋਚਿਆਂ ਮੇਰੀ ਕੋਈ ਨਾ ਕਰੇ ਸੋਚ, ਸੋਚ ਵਿਚ ਕਦੇ ਨਾ ਆਵਾਂਗਾ । ਜੋ ਜਨ ਦਰਸ਼ਨ ਰਹੇ ਲੋਚ, ਤਿਨ੍ਹਾਂ ਆਪਣਾ ਰੂਪ ਪਰਗਟਾਵਾਂਗਾ । ਨਾਨਕ ਗੋਬਿੰਦ ਮਾਣੀ ਮੇਰੀ ਮੌਜ, ਸਾਚੀ ਸੇਜ ਇਕ ਪਰਗਟਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਬਦ ਸੁਤ ਤੇਰਾ ਸਤਿ ਰੂਪ ਬਣਾਵਾਂਗਾ । ਸ਼ਬਦ ਸੁਤ ਤੇਰਾ ਸਤਿ ਰੂਪ ਵਟਾਵਾਂਗਾ । ਅਬਿਨਾਸ਼ੀ ਅਚੁਤ, ਹੋ ਕੇ ਗੋਦ ਉਠਾਵਾਂਗਾ । ਰੁੱਤ ਰੁਤੜੀ ਆਪ ਸੁਹਾਵਾਂਗਾ । ਮਾਤ ਕੁਖੜੀ ਆਪ ਬਣਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਾਤਾ ਤੇਰੇ ਨਾਲ ਜੁੜਾਵਾਂਗਾ । ਨਾਤਾ ਤੇਰੇ ਨਾਲ ਜੁੜਾਊਂਗਾ । ਸੁਤ ਦੁਲਾਰਾ ਨਾਮ ਰਖਾਊਂਗਾ । ਗੋਬਿੰਦ ਤੇਰੀ ਵੰਡ ਵੰਡਾਊਂਗਾ । ਗੁਣੀ ਗਹਿੰਦ ਹੋ ਕੇ ਤੇਰਾ ਖੇਲ ਵਖਾਊਂਗਾ । ਸਰਬ ਬਖ਼ਸ਼ੰਦ ਦੀਨ ਦਿਆਲ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਤੇਰੇ ਹੱਥ ਰਖਾਊਂਗਾ । ਧੰਨ ਭਾਗ, ਪ੍ਰਭ ਮੇਰੇ ਸਿਰ ਹੱਥ ਰਖਾਏਂਗਾ । ਮੇਰਾ ਦੀਪਕ ਜਗੇ ਚਿਰਾਗ਼, ਜੋਤੀ ਜੋਤ ਰੂਪ ਵਟਾਏਂਗਾ । ਤੇਰਾ ਮੇਰਾ ਇਕ ਵੈਰਾਗ, ਬਣ ਵੈਰਾਗੀ ਰੂਪ ਦਰਸਾਏਂਗਾ । ਵੇਲੇ ਅੰਤਮ ਰੱਖੇਂ ਲਾਜ, ਮਿਹਰ ਨਜ਼ਰ ਉਠਾਏਂਗਾ । ਭਗਤ ਭਗਵਾਨ ਰਚ ਕੇ ਕਾਜ, ਕਰਨੀ ਆਪਣੀ ਆਪ ਕਮਾਏਂਗਾ । ਤੇਰਾ ਨਜ਼ਰੀ ਆਏ ਸਚ ਸਮਾਜ, ਦੀਨ ਮਜ਼੍ਹਬ ਨਾ ਕੋਇ ਬਣਾਏਂਗਾ । ਸੋ ਪੁਰਖ ਨਿਰੰਜਣ ਹੋ ਕੇ ਮਾਰੇਂ ਆਵਾਜ਼, ਹੰ ਬ੍ਰਹਮ ਸਰਬ ਉਠਾਏਂਗਾ । ਸੀਸ ਰੱਖ ਤਾਜ, ਤਾਜਾਂ ਵਾਲੇ ਖ਼ਾਕ ਮਿਲਾਏਂਗਾ । ਗਲੇ ਲਗਾ ਗ਼ਰੀਬ ਨਿਵਾਜ਼, ਗ਼ਰੀਬ ਨਿਮਾਣਿਆਂ ਗੋਦ ਬਹਾਏਂਗਾ । ਸਤਿਜੁਗ ਸਾਚਾ ਰਚ ਕੇ ਕਾਜ, ਪਿਛਲੀ ਕੀਤੀ ਸਭ ਦੀ

ਝੋਲੀ ਪਾਏਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਵਣ ਮੰਦਰ ਡੇਰਾ ਲਾਏਂਗਾ । ਸਾਚਾ ਮੰਦਰ ਇਕ ਵਸਾਵਾਂਗਾ । ਬੰਕ ਦੁਆਰ ਜਗਤ ਵਡਿਆਵਾਂਗਾ । ਘਾੜਤ ਘੜ ਠਿਆਰ, ਆਪ ਅਖਵਾਵਾਂਗਾ । ਅੰਦਰ ਵੜ ਕੇ ਡੇਰਾ ਲਾਵਾਂਗਾ । ਜਗਤ ਨੇਤਰ ਵੇਖਿਆਂ ਨਜ਼ਰ ਨਾ ਆਵਾਂਗਾ । ਬਿਨ ਰੇਖੋਂ ਰੇਖ ਬਣਾਵਾਂਗਾ । ਬਿਨ ਵੇਸੋਂ ਵੇਸ ਦਸਾਵਾਂਗਾ । ਬਿਨ ਨਰੇਸ਼ੋਂ ਨਰੇਸ਼ ਹੋ ਜਾਵਾਂਗਾ । ਦਸ ਦਸਮੇਸ਼ ਮੇਲ ਮਿਲਾਵਾਂਗਾ । ਰਹਾਂ ਹਮੇਸ਼, ਹਰਖ਼ ਸੋਗ ਨਾ ਕੋਇ ਜਣਾਵਾਂਗਾ । ਮੁਛ ਦਾੜ੍ਹੀ ਨਾ ਕੋਇ ਕੇਸ, ਮੂੰਡ ਮੁੰਡਾਇਆ ਨਾ ਵੇਸ ਵਟਾਵਾਂਗਾ । ਸੁਖ ਕੋਇ ਨਾ ਬਾਸ਼ਕ ਸੇਜ, ਸਾਂਗੋ ਪਾਂਗੋ ਨਾ ਕੋਇ ਹੰਢਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੁਤ ਵੇਖ ਵਖਾਵਾਂਗਾ । ਸੁਤ ਸ਼ਬਦੀ ਵੇਖ ਵਖਾਵਾਂਗਾ । ਤੇਰਾ ਪਿਛਲਾ ਦੁੱਖ ਮਿਟਾਵਾਂਗਾ । ਉਜਲ ਮੁਖ ਮਾਤ ਕਰਾਵਾਂਗਾ । ਸਫਲ ਕੁੱਖ ਇਕ ਬਣਾਵਾਂਗਾ । ਨਾ ਮਾਣਸ ਨਾ ਮਨੁਖ, ਜੋਤੀ ਨੂਰ ਇਕ ਧਰਾਵਾਂਗਾ । ਦਸ ਮਾਸ ਨਾ ਉਲਟਾ ਰੁਖ਼, ਗਰਭ ਜੂਨ ਨਾ ਵੰਡ ਵੰਡਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਤੇਰਾ ਰਹਿਬਰ ਇਕ ਅਖਵਾਵਾਂਗਾ । ਤੇਰਾ ਰਹਿਬਰ ਆਪ ਅਖਵਾਏਗਾ । ਸਹਿਮਤ ਹੋ ਕੇ ਫੇਰਾ ਪਾਏਗਾ । ਰਹਿਮਤ ਹੋ ਕੇ ਰਹਿਮ ਕਮਾਏਗਾ । ਗਹਿਰ ਗੰਭੀਰ ਫੇਰਾ ਪਾਏਗਾ । ਸਰੀਰ ਨਜ਼ਰ ਕਿਸੇ ਨਾ ਆਏਗਾ । ਬੇਨਜ਼ੀਰ ਨਜ਼ਰੀਆ ਆਪਣਾ ਸਭ ਦੇ ਉਤੇ ਟਿਕਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਵੇਸ ਆਪਣਾ ਸਚ ਧਰਾਏਗਾ । ਕਵਣ ਹਰਿ ਜੂ ਵੇਸ ਧਰੇਂਗਾ । ਕਵਣ ਤਖ਼ਤੇ ਸਾਚੇ ਚੜ੍ਹੇਂਗਾ । ਕਵਣ ਮੰਦਰ ਸੋਹਣੇ ਵੜੇਂਗਾ । ਕਵਣ ਅੱਖਰ ਨਾਮ ਪੜ੍ਹੇਂਗਾ । ਕਵਣ ਭਗਤ ਸੱਜਣ ਫੜੇਂਗਾ । ਕਵਣ ਖੇੜੇ ਜਾ ਕੇ ਲੜੇਂਗਾ । ਕਵਣ ਡੇਰੇ ਜਾ ਕੇ ਅੜੇਂਗਾ । ਕੀ ਆਪਣੀ ਕਰਨੀ ਕਰੇਂਗਾ । ਕੀ ਜੀਵੇਂਗਾ ਕਿ ਮਰੇਂਗਾ । ਕੀ ਡੁਬੇਂਗਾ ਜਾਂ ਤਰੇਂਗਾ । ਕੀ ਸਾਡਾ ਲੜ ਫੜੇਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਵਣ ਦੁਆਰੇ ਸੱਜਣ ਖੜੇਂਗਾ । ਜਿਸ ਵੇਲੇ ਨਿਰਗੁਣ ਹੋ ਕੇ ਆਵਾਂਗਾ । ਸਰਗੁਣ ਵੇਖ ਵਖਾਵਾਂਗਾ । ਨਾਮ ਧੁਨ ਉਪਜਾਵਾਂਗਾ । ਸੁਨ ਮੁਨ ਖੁਲਾਵਾਂਗਾ । ਲੱਖ ਚੁਰਾਸੀ ਵਿਚੋਂ ਚੁਣ ਗੁਰਮੁਖ ਆਪ ਜਣਾਵਾਂਗਾ । ਪੂਰਬ ਜਨਮ ਦੇ ਜਾਣਾ ਗੁਣ, ਕਰਮ ਕਾਂਡ ਨਾ ਕੋਇ ਦ੍ਰਿੜਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਭੇਵ ਆਪ ਖੁਲ੍ਹਾਵਾਂਗਾ । ਸਾਚਾ ਭੇਵ ਆਪ ਖੁਲ੍ਹਾਵਾਂਗਾ । ਗੁਰਮੁਖਾਂ ਅੰਦਰ ਡੇਰਾ ਲਾਵਾਂਗਾ । ਸ਼ਬਦੀ ਸ਼ਬਦ ਨਾਲ ਮਿਲਾਵਾਂਗਾ । ਅਕਾਲ ਮੂਰਤੀ ਨਜ਼ਰੀ ਆਵਾਂਗਾ । ਨਾਦ ਤੂਰਤੀ, ਇਕ ਸੁਣਾਵਾਂਗਾ । ਆਸਾ ਪੂਰਤੀ ਪੂਰ ਕਰਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਵਾਂਗਾ । ਹਰਿਜਨ ਵੇਖ ਵਖਾਵਾਂਗਾ । ਬਜ਼ਰ ਕਪਾਟੀ ਤੋੜ ਤੁੜਾਵਾਂਗਾ । ਸਾਚੀ ਹਾਟੀ ਇਕ ਖੁਲ੍ਹਾਵਾਂਗਾ । ਤੀਰ ਅਗੰਮੀ ਨਾਮ ਚਲਾਵਾਂਗਾ । ਲਹਿਣਾ ਦੇਣਾ ਬਾਕੀ ਝੋਲੀ ਪਾਵਾਂਗਾ । ਕਮਲਾਪਾਤੀ ਮੇਲ ਮਿਲਾਵਾਂਗਾ । ਆਤਮ ਸੇਜ ਸੁਤਿਆਂ, ਰਾਤੀਂ ਆਪ ਉਠਾਵਾਂਗਾ । ਗੂੜ੍ਹੀ ਨੀਂਦੇ ਸੁਤਿਆਂ, ਜਾਗਰਤ ਰੂਪ ਜਣਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਪ ਆਪਣੇ ਰੰਗ ਰੰਗਾਵਾਂਗਾ । ਕੀ ਪ੍ਰਭ ਆਪਣੇ ਰੰਗ ਰੰਗਾਏਂਗਾ । ਦਰ ਦਰ ਘਰ ਘਰ ਫੇਰਾ ਪਾਏਂਗਾ । ਗੁਰਮੁਖ ਗੁਰ ਗੁਰ ਫੜ ਉਠਾਏਂਗਾ । ਤੁਰ ਤੁਰ ਆਪਣਾ ਪੰਧ

ਮੁਕਾਏਂਗਾ । ਜੁੜ ਜੁੜ ਸਾਚਾ ਜੋੜ ਜੁੜਾਏਂਗਾ । ਬੁੜ ਬੁੜ ਦਰ ਦਰਵੇਸ਼ ਮੰਗਣ ਆਏਂਗਾ । ਮੁੜ ਮੁੜ ਰੁਸੇ ਆਪ ਮਨਾਏਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਵਣ ਵੇਲਾ ਵਕਤ ਸੁਹਾਏਂਗਾ । ਵੇਲਾ ਸੱਚਾ ਸੋਹਵੇਗਾ । ਪ੍ਰਭ ਇਕੋ ਇਕ ਹੋਵੇਗਾ । ਜਨ ਭਗਤਾਂ ਦੁਰਮਤ ਮੈਲ ਧੋਵੇਗਾ । ਅੰਮ੍ਰਿਤ ਆਤਮ ਮੇਘ ਚੋਵੇਗਾ । ਦੀਪਕ ਜੋਤ ਇਕ ਬਲੋਵੇਗਾ । ਕੂੜੀ ਕਿਰਿਆ ਗੁਰਮੁਖਾਂ ਕੋਲੋਂ ਸਾਰੀ ਖੋਹਵੇਗਾ । ਧੁਰ ਦਾ ਲਿਖਾ ਆਪ ਮਿਟਾਵੇਗਾ । ਸਾਚਾ ਸਿੱਟਾ ਅੰਤ ਕਢਾਵੇਗਾ । ਵੱਡਾ ਨਿੱਕਾ ਪਾਰ ਕਰਾਵੇਗਾ । ਪੁਰਖ ਅਕਾਲ ਪਿਤਾ, ਗੋਬਿਦ ਪੁੱਤ ਇਕੋ ਨਜ਼ਰੀ ਆਵੇਗਾ । ਗ਼ਰੀਬ ਨਿਮਾਣਿਆਂ ਨਾਲ ਕਰੇ ਹਿੱਤਾ, ਹਿਤਕਾਰੀ ਵੇਖ ਵਖਾਵੇਗਾ । ਨਾਨਕ ਅੱਖਰ ਨਿਸ਼ਅੱਖਰ ਧਾਰ ਲਿਖਾ, ਨਿਹਕਲੰਕ ਵੇਸ ਵਟਾਵੇਗਾ । ਤਿਸ ਦਾ ਚਲੇ ਅਗੰਮੀ ਸਿੱਕਾ, ਸ਼ਾਹ ਸੁਲਤਾਨ ਭੇਵ ਕੋਈ ਨਾ ਪਾਵੇਗਾ । ਪਿਛਲਾ ਰਸ ਸਾਰਾ ਕਰ ਦਏ ਫਿਕਾ, ਅੱਗੇ ਅੰਮ੍ਰਿਤ ਮੇਘ ਬਰਸਾਵੇਗਾ । ਜੋ ਸੁੱਤੇ ਦੇ ਕਰ ਪਿੱਠਾ, ਕਰਵਟ ਸਭ ਦੀ ਆਪ ਬਦਲਾਵੇਗਾ । ਕਰੇ ਖੇਲ ਆਪ ਅਨਡਿਠਾ, ਸ਼ਾਸਤਰ ਸਿਮਰਤ ਭੇਵ ਨਾ ਆਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣੀ ਕਰਨੀ ਕਾਰ ਕਮਾਵੇਗਾ । ਪ੍ਰਭ ਆਪਣੀ ਕਰਨੀ ਕਰੇਗਾ । ਨਿਰਭੈ ਨਾ ਕਦੇ ਡਰੇਗਾ । ਸਚ ਸਿੰਘਾਸਣ ਆਪੇ ਚੜ੍ਹੇਗਾ । ਨਾਮ ਖੰਡਾ ਇਕੋ ਫੜੇਗਾ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਸ਼ਬਦੀ ਰੂਪ ਲੜੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੁਤ ਸ਼ਬਦ ਸ਼ਬਦ ਦੁਲਾਰੇ, ਆਦਿ ਜੁਗਾਦਿ ਗੁਰ ਅਵਤਾਰ ਤੇਰੇ ਪਨਹਾਰੇ, ਪੀਰ ਪੈਗ਼ੰਬਰ ਤੇਰੀ ਸਰਨੀ ਪੜੇਗਾ । ਪੀਰ ਪੈਗ਼ੰਬਰ ਆਵਣ ਸੱਦੇ, ਸੱਦਾ ਹਰਿ ਹਰਿ ਨਾਮ ਦਿਵਾਈਆ । ਪ੍ਰੇਮ ਪ੍ਰੀਤੀ ਅੰਦਰ ਮਧੇ, ਮਧੁਰ ਰਸ ਇਕ ਵਖਾਈਆ । ਸਚ ਮਹੱਲੇ ਕਰਨ ਹੱਜੇ, ਮੱਕਾ ਕਾਅਬਾ ਮਾਣ ਗਵਾਈਆ । ਹੱਕ ਮਹਿਰਾਬੇ ਵੇਖੇ ਸਜੇ, ਮਹਿਬੂਬ ਇਕੋ ਦਰਸ਼ਨ ਪਾਈਆ । ਨਾ ਘੜੇ ਨਾ ਕਦੀ ਭੱਜੇ, ਘੜਨ ਭੰਨਣਹਾਰ ਆਪ ਅਖਵਾਈਆ । ਉਸ ਦੇ ਹੁਕਮੇ ਅੰਦਰ ਬੱਧੇ, ਗ਼ੁਲਾਮ ਆਪਣਾ ਆਪ ਕਰਾਈਆ । ਸ਼ਾਹ ਸੁਲਤਾਨ ਪਰਦੇ ਕੱਜੇ, ਨਫ਼ਰ ਬੈਠੇ ਦੇਣ ਦੁਹਾਈਆ । ਸੀਸ ਚਰਨਾਂ ਉਤੇ ਧਰਨ ਨਾਲ ਪੱਗੇ, ਪਗੜੀ ਕੁੱਲੇ ਨਾਲ ਸ਼ਰਮਾਈਆ । ਸਾਡੇ ਪੂਰੇ ਕਰ ਦੇ ਹੱਜੇ, ਹਾਜਤ ਹੋਰ ਰਹੇ ਨਾ ਰਾਈਆ । ਦਰ ਦਰਵੇਸ਼ ਦੋਏ ਜੋੜ ਬੱਧੇ, ਬੰਦਨਾ ਕਰ ਸਜਦਾ ਸੀਸ ਝੁਕਾਈਆ । ਹਉਂ ਤੇਰੇ ਤੇਰੇ ਬੰਦੇ, ਬੰਦਗੀ ਤੇਰਾ ਢੋਲਾ ਗਾਈਆ । ਚਾਹੇ ਚੰਗੇ ਚਾਹੇ ਮੰਦੇ, ਮੰਦ ਵਾਸਨਾ ਤੇਰੀ ਵਡਿਆਈਆ । ਬਿਨ ਤੇਰੇ ਨੇਤਰ ਅੰਧੇ, ਜਗਤ ਗਿਆਨ ਨਾ ਕੋਇ ਚਤੁਰਾਈਆ । ਸ੍ਰਿਸ਼ਟ ਸਬਾਈ ਕੂੜੀ ਵੇਖੀ ਖ਼ੰਦਕ ਖ਼ੰਦੇ, ਡੂੰਘਾ ਸਾਗਰ ਰਿਹਾ ਸੜਾਈਆ । ਤੁਧ ਬਿਨ ਕੋਈ ਨਾ ਚਾੜ੍ਹੇ ਸਾਚੇ ਡੰਡੇ, ਪੌੜਾ ਹੱਥ ਹੱਕ ਨਜ਼ਰ ਨਾ ਆਈਆ । ਜੁਗ ਚੌਕੜੀ ਸਾਰੇ ਲੰਘੇ, ਅੰਤਮ ਵੇਲਾ ਗਿਆ ਆਈਆ । ਕੋਈ ਸੋਏ ਨਾ ਉਤੇ ਸੇਜ ਪਲੰਘੇ, ਗੁਰ ਗੋਬਿੰਦ ਸੂਲਾਂ ਸੱਥਰ ਗਿਆ ਹੰਢਾਈਆ । ਕਲਜੁਗ ਅੰਤਮ ਆਇਆ ਕੰਢੇ, ਬੇਪਰਵਾਹ ਕੰਢੀ ਡੇਰਾ ਬੈਠਾ ਲਾਈਆ । ਸਤਿਜੁਗ ਸਾਚੀ ਦਾਤ ਵੰਡੇ, ਨਾਮ ਨਿਧਾਨਾ ਝੋਲੀ ਪਾਈਆ । ਤ੍ਰੈਗੁਣ ਮਾਇਆ ਤੋੜੇ ਫੰਦੇ, ਰਜੋ ਤਮੋ ਸਤੋ ਨਾ ਕੋਇ ਵਡਿਆਈਆ । ਸਚ ਪ੍ਰੀਤੀ ਇਕੋ ਮੰਗੇ, ਨਿਵਣ ਸੋ ਅੱਖਰ ਰਿਹਾ ਸਮਝਾਈਆ । ਆਤਮ ਪਰਮਾਤਮ ਦਏ ਇਕ ਅਨੰਦੇ, ਨਿਜਾਨੰਦ ਦਏ ਦਰਸਾਈਆ । ਸ਼ਬਦ ਸੁਤ ਅਬਿਨਾਸ਼ੀ ਅਚੁਤ ਦੋਵੇਂ ਇਕ ਦੂਜੇ ਦੇ ਗੌਣ ਛੰਦੇ, ਤੂੰ ਮੇਰਾ ਮੈਂ ਤੇਰਾ ਸੋਹੰ ਢੋਲਾ ਰੂਪ ਵਟਾਈਆ । ਨੌਂ ਸੌ ਚੁਰਾਨਵੇਂ ਚੌਕੜੀ ਯੁਗ ਸੋਹੰ ਭੇਵ ਨਾ ਪਾਇਆ

ਕਿਸੇ ਪੰਡੇ, ਪੰਡਤ ਦੱਸੇ ਨਾ ਕੋਇ ਸਮਝਾਈਆ । ਬਿਨ ਸੋਹੰ ਰੂਪ ਸਾਰੇ ਹੋਏ ਰੰਡੇ, ਗੁਰ ਅਵਤਾਰ ਪੀਰ ਪੈਗ਼ੰਬਰ ਦੇਣ ਗਵਾਹੀਆ । ਜਿਨ੍ਹਾਂ ਮਿਲੇ ਸਾਹਿਬ ਬਖ਼ਸ਼ੰਦੇ, ਸਤਿਗੁਰ ਪੂਰਾ ਹੋਏ ਸਹਾਈਆ । ਸੋ ਉਤਰਨ ਪਾਰ ਕੰਢੇ, ਮੰਝਧਾਰ ਨਾ ਕੋਇ ਰੁੜ੍ਹਾਈਆ । ਮਿਲੇ ਮੇਲ ਸੂਰੇ ਸਰਬੰਗੇ, ਸ੍ਰੀ ਭਗਵਾਨ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਛੰਦੇ ਇਕੋ ਗਾਈਆ । ਸੁਤ ਸ਼ਬਦ ਵੇਲਾ ਅੰਤ ਔਣਾ, ਪ੍ਰਭ ਸਾਚਾ ਸਚ ਜਣਾਈਆ । ਨਿਰਗੁਣ ਨਾਉਂ ਸਭ ਨੇ ਗੌਣਾ, ਸਰਗੁਣ ਕਰੇ ਨਾ ਕੋਇ ਪੜ੍ਹਾਈਆ । ਸੋਹੰ ਰੂਪ ਪ੍ਰਭ ਭੇਵ ਖੁਲੌਣਾ, ਆਦਿ ਅਨਾਦ ਜਣਾਈਆ । ਸ਼ਬਦੀ ਰੰਗ ਰੰਗ ਚੜ੍ਹੌਣਾ, ਉਤਰ ਕਦੇ ਨਾ ਜਾਈਆ । ਸੂਰੇ ਸਰਬੰਗ ਖੇਲ ਰਚੌਣਾ, ਖ਼ਾਲਕ ਖ਼ਲਕ ਵੇਖ ਵਖਾਈਆ । ਭਗਤ ਭਗਵੰਤ ਫੇਰ ਮਿਲੌਣਾ, ਜਾਗਰਤ ਜੋਤ ਕਰ ਰੁਸ਼ਨਾਈਆ । ਸੁਰਤੀ ਸ਼ਬਦੀ ਗੰਢ ਪਵੌਣਾ, ਨਾਰ ਕੰਤ ਕਰੇ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚਾ ਲਏ ਪਰਗਟਾਈਆ । ਕਲਜੁਗ ਅੰਦਰ ਸਤਿਜੁਗ ਧਾਰ, ਸੋਹੰ ਰੂਪ ਬਣਾਈਆ । ਤੂੰ ਮੇਰਾ ਮੈਂ ਤੇਰਾ ਯਾਰ, ਯਾਰੀ ਯਾਰਾਂ ਨਾਲ ਨਿਭਾਈਆ । ਸੂਲਾਂ ਸੱਥਰ ਕਰ ਪਿਆਰ, ਸੇਜ ਸੁਹੰਜਣੀ ਸੋਭਾ ਪਾਈਆ । ਡੁਬਦੇ ਪੱਥਰ ਦੇਵੇ ਤਾਰ, ਪਾਹਨ ਆਪਣਾ ਚਰਨ ਛੁਹਾਈਆ । ਸ਼ਬਦੀ ਸੁਤ ਸੁਤ ਦੁਲਾਰ, ਦੂਲ੍ਹਾ ਇਕੋ ਨਜ਼ਰੀ ਆਈਆ । ਸਾਚਾ ਝੂਲਾ ਦੇ ਸੰਸਾਰ, ਸਾਖਿਆਤ ਰੂਪ ਵਟਾਈਆ । ਫਲਿਆ ਫੂਲਾ ਏਕੰਕਾਰ, ਪਤ ਡਾਲੀ ਆਪ ਮਹਿਕਾਈਆ । ਛੈਲ ਛਬੀਲਾ ਹੋ ਤਿਆਰ, ਨਿਰਗੁਣ ਜੋਤ ਜੋਤ ਰੁਸ਼ਨਾਈਆ । ਨਾਮ ਕਬੀਲਾ ਇਕ ਵਿਚਾਰ, ਭਗਤ ਭਗਵਾਨ ਵੇਖ ਵਖਾਈਆ । ਜਗਤ ਦਲੀਲਾਂ ਵਸੇ ਬਾਹਰ, ਮਨ ਮਤ ਬੁਧ ਸਮਝ ਨਾ ਸਕੇ ਰਾਈਆ । ਲੇਖਾ ਜਾਣੇ ਧੁਰ ਦੀ ਕਾਰ, ਧੁਰ ਦਰਬਾਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੀਸ ਬੀਸਾ ਵੇਖ ਵਖਾਈਆ । ਬੀਸ ਅੰਦਰ ਰੱਖੇ ਵੀਹ, ਵੀਹ ਬੀਸ ਵੇਖ ਵਖਾਇੰਦਾ । ਰਵਦਾਸ ਚੁਮਾਰੇ ਵੰਡੀ ਵੰਡ ਸਾਢੇ ਤਿੰਨ ਹੱਥ ਸੀਂ, ਸੀਂ ਸਾਢੇ ਤਿੰਨ ਹੱਥ ਰੰਗ ਚੜ੍ਹਾਇੰਦਾ । ਲੱਖ ਚੁਰਾਸੀ ਲੇਖਾ ਜਾਣੇ ਜਗਤ ਜੀਅ, ਜੀਵਣ ਜੁਗਤ ਆਪ ਜਣਾਇੰਦਾ । ਆਤਮ ਪਰਮਾਤਮ ਅੰਮ੍ਰਿਤ ਮੇਘ ਬਰਸੇ ਮੀਂਹ, ਮੇਘਲਾ ਇਕੋ ਧਾਰ ਵਹਾਇੰਦਾ । ਨਾਮ ਨਿਧਾਨ ਗੁਰਮੁਖ ਵਿਰਲਾ ਲਏ ਪੀ, ਜਿਸ ਜਨ ਆਤਮ ਪਿਆਲਾ ਮੁਖ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਏਕਾ ਨਾਉਂ ਆਪ ਵਡਿਆਇੰਦਾ । ਸ਼ਬਦ ਸੁਤ ਤੇਰਾ ਸਾਚਾ ਨਾਉਂ, ਆਦਿ ਜੁਗਾਦਿ ਦਏ ਵਡਿਆਈਆ । ਕਲਜੁਗ ਅੰਤਮ ਵਸੇ ਸਾਚਾ ਗਾਉਂ, ਸੰਬਲ ਇਕੋ ਘਰ ਵਖਾਈਆ । ਗੋਬਿੰਦ ਮੇਲਾ ਸਹਿਜ ਸੁਭਾਉ, ਚੇਲਾ ਗੁਰੂ ਰੂਪ ਸਮਾਈਆ । ਕਰੇ ਖੇਲ ਬੇਪਰਵਾਹੋ, ਪਰਵਾਹ ਅਵਰ ਨਾ ਕੋਇ ਜਣਾਈਆ । ਸਤਿਜੁਗ ਸਾਚਾ ਦੱਸੇ ਰਾਹੋ, ਵਰਨ ਗੋਤ ਕੋਇ ਰਹਿਣ ਨਾ ਪਾਈਆ । ਸਰਬ ਜੀਆਂ ਦਾ ਇਕੋ ਪਿਤਾ ਮਾਉਂ, ਪੁਰਖ ਅਕਾਲ ਅਖਵਾਈਆ । ਫੜ ਫੜ ਹੰਸ ਬਣਾਏ ਕਾਉਂ, ਜਿਨ੍ਹਾਂ ਸੋਹੰ ਹੰਸਾ ਨਾਮ ਜਪਾਈਆ । ਕਰੇ ਪਿਆਰ ਜਿਉਂ ਪੁਤਰਾਂ ਮਾਉਂ, ਗੁਰਮੁਖ ਸੱਚੇ ਮਾਤ ਉਠਾਈਆ । ਤਿਸ ਸਾਹਿਬ ਬਲ ਬਲ ਜਾਓ, ਜੋ ਵਿਛੜਿਆਂ ਰਿਹਾ ਮਿਲਾਈਆ । ਦੀਨ ਦਿਆਲ ਠਾਕਰ ਸਵਾਮੀ ਲਾਗੋ ਪਾਉਂ, ਪਵਣ ਉਨੰਜਾ ਭੇਵ ਕੋਇ ਨਾ ਰਾਈਆ । ਨਿਥਾਵਿਆਂ ਦੇਵੇ ਸਾਚਾ ਥਾਉਂ, ਥਾਨ ਥਨੰਤਰ ਇਕ ਵਖਾਈਆ । ਸੋਹੰ ਢੋਲਾ ਸੱਚਾ ਗਾਓ, ਪ੍ਰਭ ਮਿਲੇ ਚਾਈਂ ਚਾਈਆ । ਚਾਉ ਘਨੇਰਾ ਮਨ ਰਖਾਓ, ਰੱਖਿਆ ਕਰੇ ਹਰ ਘਟ ਥਾਈਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਏਕਾ ਨਾਮ ਕਰੇ ਰੁਸ਼ਨਾਈਆ । ਏਕਾ ਨਾਮ ਰੋਸ਼ਨ ਜ਼ਮੀਰ, ਜ਼ਾਹਰ ਜ਼ਹੂਰ ਆਪ ਜਣਾਇੰਦਾ । ਕਲਜੁਗ ਵੇਖੇ ਅੰਤ ਅਖ਼ੀਰ, ਆਖ਼ਰ ਆਪਣੀ ਕਲ ਧਰਾਇੰਦਾ । ਪਰਗਟ ਹੋਏ ਜ਼ਾਹਰਾ ਪੀਰ, ਅਮਾਮ ਅਮਾਮਾਂ ਫੇਰਾ ਪਾਇੰਦਾ । ਸਾਚੀ ਤਸਬੀ ਹੱਥ ਜ਼ੰਜੀਰ, ਤਲਬ ਸਭ ਦੀ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸ਼ਬਦ ਮਹਿਫ਼ਲ ਇਕ ਲਗਾਇੰਦਾ । ਸ਼ਬਦ ਮਹਿਫ਼ਲ ਨਾਮ ਮਸ਼ਗ਼ੂਲ, ਮੁਸ਼ਕਲ ਸਭ ਦੀ ਹੱਲ ਕਰਾਈਆ । ਸਤਿਜੁਗ ਸਤਿ ਧਰਮ ਦਾ ਇਕ ਅਸੂਲ, ਜ਼ਾਤ ਪਾਤ ਵਰਨ ਗੋਤ ਨਾ ਕੋਇ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਪ੍ਰਭ ਚਰਨ ਦੁਆਰੇ ਸਾਰੇ ਕਬੂਲ, ਕਾਇਆ ਕਾਅਬਾ ਗ੍ਰਿਹ ਮੰਦਰ ਦੁਆਰ ਗੁਰੂ ਇਕੋ ਨਜ਼ਰੀ ਆਈਆ । ਸਚ ਪੰਘੂੜਾ ਲੈਣਾ ਝੂਲ, ਪਰਮਾਤਮ ਆਤਮ ਆਤਮ ਪਰਮਾਤਮ ਇਕ ਹੁਲਾਰ ਲਗਾਈਆ । ਘਰ ਬੈਠਿਆਂ ਰਾਤੀਂ ਸੁਤਿਆਂ ਦਿਨੇ ਜਾਗਦਿਆਂ ਸਤਿਗੁਰ ਮਿਲੇ ਆਪ ਕੰਤ ਕੰਤੂਹਲ, ਗੁਰਸਿਖ ਲੱਭਣ ਕਿਤੇ ਨਾ ਜਾਈਆ । ਏਥੇ ਓਥੇ ਦੋ ਜਹਾਨ ਕਰਮਾਂ ਮੰਗੇ ਨਾ ਕੋਇ ਮਸੂਲ, ਮੁਫ਼ਤ ਸਭ ਨੂੰ ਪਾਰ ਕਰਾਈਆ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਸੰਤ ਸੁਹੇਲੇ ਕਦੇ ਨਾ ਜਾਏ ਭੂਲ, ਅਭੁਲ ਭੁੱਲ ਵਿਚ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸ਼ਬਦ ਸਭ ਦਾ ਤਾਜ ਬਣਾਈਆ । ਗੁਰ ਸ਼ਬਦ ਤਾਜ ਜਗ ਸਾਚਾ ਸਿਹਰਾ, ਗੁਰ ਗੋਬਿੰਦ ਸੀਸ ਸੁਹਾਇੰਦਾ । ਪੁਰਖ ਅਕਾਲ ਕਹੇ ਤੂੰ ਮੇਰਾ ਮੈਂ ਤੇਰਾ, ਪਿਤਾ ਪੂਤ ਇਕੋ ਗੰਢ ਪੁਆਇੰਦਾ । ਨਵ ਨੌਂ ਚਾਰ ਵੇਖਿਆ ਕਰ ਕੇ ਵੱਡਾ ਜੇਰਾ, ਅੰਤਮ ਵੇਲਾ ਸੋਭਾ ਪਾਇੰਦਾ । ਸੰਬਲ ਨਗਰ ਵਸੇ ਖੇੜਾ, ਖਿੜਕੀ ਦਰਵਾਜ਼ਾ ਨਜ਼ਰ ਕਿਸੇ ਨਾ ਆਇੰਦਾ । ਮਨ ਮਤ ਬੁਧ ਜਗਤ ਕਰੇ ਝੇੜਾ, ਅੰਤਰ ਖੋਜ ਨਾ ਕੋਇ ਖੁਜਾਇੰਦਾ । ਕੂੜੀ ਕਿਰਿਆ ਪਾਇਆ ਘੇਰਾ, ਮਾਇਆ ਮਮਤਾ ਬੰਧਨ ਨਾ ਕੋਇ ਤੁੜਾਇੰਦਾ । ਵਰਨਾਂ ਬਰਨਾਂ ਡੁਬਦਾ ਜਾਂਦਾ ਬੇੜਾ, ਚੱਪੂ ਨਾਮ ਨਾ ਕੋਇ ਵਖਾਇੰਦਾ । ਹਰਿ ਕਾ ਨਾਮ ਇਕੋ ਸ਼ੇਰਾ, ਸਿੰਘ ਹੋ ਕੇ ਭਬਕ ਲਗਾਇੰਦਾ । ਵਿਸ਼ਨੂੰ ਢਹਿ ਕੇ ਹੋਇਆ ਢੇਰਾ, ਨਿਉਂ ਨਿਉਂ ਚਰਨਾਂ ਸੀਸ ਝੁਕਾਇੰਦਾ । ਭਗਵਨ ਆਪੇ ਬੰਨ੍ਹੇ ਬੇੜਾ, ਜਿਸ ਦਾ ਬੇੜਾ ਸੋ ਆਪਣੇ ਕੰਧ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸ਼ਬਦ ਇਕ ਸਮਝਾਇੰਦਾ । ਸ਼ਬਦ ਕਹੇ ਮੈਂ ਆਵਾਂਗਾ । ਪ੍ਰਭ ਤੇਰਾ ਜਸ ਗਾਵਾਂਗਾ । ਪੰਜ ਤੱਤ ਦਾ ਰਸ ਵਖਾਵਾਂਗਾ । ਨੱਸ ਨੱਸ ਕੇ ਪੰਧ ਮੁਕਾਵਾਂਗਾ । ਹੱਸ ਹੱਸ ਕੇ ਗੁਰਮੁਖ ਆਪ ਮਨਾਵਾਂਗਾ । ਅੰਦਰ ਵਸ ਵਸ ਕੇ ਤੇਰੀ ਧਾਰ ਸਮਝਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰਾ ਮੇਲਾ ਮੇਲ ਮਿਲਾਵਾਂਗਾ । ਤੇਰਾ ਮੇਲਾ ਮੇਲ ਮਿਲਾਵਾਂਗਾ । ਸੱਜਣ ਸੁਹੇਲਾ ਇਕ ਵਖਾਵਾਂਗਾ । ਵੇਹਲਾ ਹੋ ਨਾ ਵਕਤ ਲੰਘਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸੱਚਾ ਵਰ, ਤੇਰਾ ਮੰਦਰ ਵੇਖਣ ਆਵਾਂਗਾ । ਤੈਨੂੰ ਮੰਦਰ ਆਪ ਵਖਾਵਾਂਗਾ । ਸਾਢੇ ਤਿੰਨ ਹੱਥ ਵੰਡ ਵੰਡਾਵਾਂਗਾ । ਰੰਗ ਅਨੋਖਾ ਇਕ ਰੰਗਾਵਾਂਗਾ । ਲੱਖ ਚੁਰਾਸੀ ਨਾਲ ਕਰ ਕੇ ਧੋਖਾ, ਗੋਬਿੰਦ ਸੁਤ ਵਿਚ ਬਹਾਵਾਂਗਾ । ਜੀਵ ਜੰਤ ਪੜ੍ਹਦੇ ਰਹਿ ਜਾਣ ਪੋਥਾ, ਪੋਥੀ ਪੁਸਤਕ ਮੂਧੀ ਸਭ ਦੀ ਆਪ ਕਰਾਵਾਂਗਾ । ਆਤਮ ਪਰਮਾਤਮ ਮਿਲਣ ਦਾ ਰਾਹ ਸੌਖਾ, ਗੁਰ ਸ਼ਬਦ ਹੋ ਜਣਾਵਾਂਗਾ । ਪ੍ਰਭ ਮਿਲਣ ਦਾ ਨੌਂ ਸੌ ਚੁਰਨਵੇਂ ਚੌਕੜੀ ਜੁਗ ਪਿਛੋਂ ਆਏ ਮੌਕਾ, ਮੌਕੇ ਸਿਰ ਸ਼ਹਾਦਤ ਸਾਚੀ ਆਪੇ ਪਾਵਾਂਗਾ । ਗੁਰਮੁਖ ਛੱਡ ਦਿਓ ਇਬਾਦਤ, ਅਵਲ ਅੱਲਾ ਨੂਰ

ਦਰਸਾਵਾਂਗਾ । ਦੀਨ ਮਜ਼ੁਬ ਕਰਦੇ ਰਹੇ ਬਗ਼ਾਵਤ, ਅੰਤਮ ਝਗੜਾ ਸਰਬ ਮਿਟਾਵਾਂਗਾ । ਸਤਿਗੁਰ ਸ਼ਬਦ ਬਣ ਕੇ ਆਇਆ ਮਹਾਵਤ, ਨਾਮ ਨੇਜ਼ਾ ਹੱਥ ਉਠਾਵਾਂਗਾ । ਜਿਸ ਦੀ ਦੱਸਦੇ ਰਹੇ ਕਹਾਵਤ, ਸੋ ਜ਼ਾਹਰਾ ਹੋ ਕੇ ਨਜ਼ਰੀ ਆਵਾਂਗਾ । ਆਦਿ ਜੁਗਾਦਿ ਜੁਗਾ ਜੁਗੰਤਰ ਪਾਰਬ੍ਰਹਮ ਪ੍ਰਭ ਸਹੀ ਸਲਾਮਤ, ਜਨਮ ਮਰਨ ਮਰਨ ਜਨਮ ਸਭ ਦੇ ਗੇੜ ਕਟਾਵਾਂਗਾ । ਨਾਨਕ ਗੋਬਿੰਦ ਪੁਰਖ ਅਕਾਲ ਨੂੰ ਦੇ ਕੇ ਗਏ ਅਮਾਨਤ, ਅੰਤ ਅਮਾਨਤ ਉਨ੍ਹਾਂ ਹੱਥ ਫੜਾਵਾਂਗਾ । ਗੁਰ ਪੀਰ ਜੇਹੜਾ ਦੇਵਣ ਆਏ ਜ਼ਮਾਨਤ, ਜ਼ਾਮਨੀ ਪਿਛਲੀ ਕੱਢ ਵਖਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਇਕੋ ਨਾਮ ਇਕੋ ਢੋਲਾ ਇਕੋ ਰਾਗ ਇਕੋ ਬੋਲਾ, ਇਕੋ ਕੰਡਾ ਇਕੋ ਤੋਲਾ, ਤਰਾਜ਼ੂ ਇਕੋ ਹੱਥ ਉਠਾਵਾਂਗਾ । ਇਕੋ ਤਰਾਜ਼ੂ ਪਕੜੇ ਹੱਥ, ਸ੍ਰੀ ਭਗਵਾਨ ਦਇਆ ਕਮਾਈਆ । ਸਤਿ ਸਤਿਵਾਦੀ ਲਏ ਰੱਖ, ਸਤਿ ਪੁਰਖ ਨਿਰੰਜਣ ਬੇਪਰਵਾਹੀਆ । ਸਾਚਾ ਮਾਰਗ ਦੇਵੇ ਦੱਸ, ਦਹਿ ਦਿਸ਼ਾ ਕਰੇ ਪੜ੍ਹਾਈਆ । ਹਰਿਜਨ ਮੇਲੇ ਪੁਰਖ ਸਮਰਥ, ਸਮਰਥ ਆਪਣਾ ਮੇਲ ਮਿਲਾਈਆ । ਮਹਿਮਾ ਨਾਮ ਸੁਣਾਏ ਅਕੱਥ, ਕਥਨੀ ਕੱਥ ਨਾ ਸਕੇ ਰਾਈਆ । ਕਰ ਕਿਰਪਾ ਦੇਵੇ ਵੱਥ, ਵਸਤ ਇਕੋ ਝੋਲੀ ਪਾਈਆ । ਭਗਤ ਭਗਵਾਨ ਇਕ ਦੂਜੇ ਦਾ ਕਰੋ ਜਸ, ਬਿਨ ਭਗਤਾਂ ਭਗਵਾਨ ਕੰਮ ਕਿਸੇ ਨਾ ਆਈਆ । ਕਲਜੁਗ ਅੰਤਮ ਨਿਰਗੁਣ ਹੋ ਕੇ ਆਇਆ ਨੱਠ, ਬਣ ਪਾਂਧੀ ਫੇਰਾ ਪਾਈਆ । ਬਾਹਰੋਂ ਦਿਸੇ ਪੰਜ ਤੱਤ ਕਾਇਆ ਕਲਬੂਤ ਜੱਟ, ਲੋਕਮਾਤੀ ਵੰਡ ਵੰਡਾਈਆ । ਅੰਤਰ ਖੁਲ੍ਹਿਆ ਸੱਚਾ ਹੱਟ, ਨਾਮ ਨਾਮਾ ਇਕ ਵਰਤਾਈਆ । ਲੇਖੇ ਲਾਏ ਰਤੀ ਰਤ, ਰਤੀ ਰਤ ਦਏ ਸੁਕਾਈਆ । ਜਿਸ ਜਨ ਦੇਵੇ ਬ੍ਰਹਮ ਮਤ, ਬ੍ਰਹਮ ਵਿਦਿਆ ਕਰੇ ਪੜ੍ਹਾਈਆ । ਗੁਰਸਿਖ ਉਜੜਿਆ ਖੇੜਾ ਜਾਏ ਵਸ, ਫੁੱਲ ਫਲਵਾੜੀ ਮਾਤ ਮਹਿਕਾਈਆ । ਅੰਮ੍ਰਿਤ ਝਿਰਨਾ ਚੋਵੇ ਰਸ, ਨਿਝਰ ਆਪਣੀ ਧਾਰ ਵਹਾਈਆ । ਸਾਹਿਬ ਸਤਿਗੁਰ ਮਿਲੇ ਹੱਸ, ਹੰਸ ਮੁਖ ਵਡ ਵਡਿਆਈਆ । ਆਪਣਾ ਮਾਰਗ ਦੇਵੇ ਦੱਸ, ਦਰਦੀ ਦਰਦੀਆਂ ਦਰਦ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸ਼ਬਦੀ ਗੁਰ ਸਾਚਾ ਵਰ, ਸੰਤ ਸੁਹੇਲੇ ਸਾਚੇ ਫੜ, ਗੁਰ ਚੇਲੇ ਵੇਖੇ ਅੰਦਰ ਵੜ, ਸੋਹੰ ਢੋਲਾ ਅੱਖਰ ਪੜ੍ਹ, ਤੇਰਾ ਮੇਰਾ ਮੇਰਾ ਤੇਰਾ ਇਕੋ ਘਰ ਇਕੋ ਦਰ, ਇਕੋ ਵਰ ਇਕੋ ਹਰਿ, ਇਕੋ ਨਰ ਨਰਾਇਣ ਨਜ਼ਰੀ ਆਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਲਗਾਏ ਆਪਣੇ ਲੜ, ਲੜੀ ਲੜੀ ਲੜੀ ਨਾਲ ਬੰਧਾਈਆ ।

★ ੯ ਜੇਠ ੨੦੨੦ ਬਿਕਰਮੀ ਚੇਲਾ ਸਿੰਘ ਦੇ ਗ੍ਰਹਿ ਵਜ਼ਾਰਤ ਰੋਡ ਜੰਮੂ ★

ਅਗਲਾ ਸਮਾਂ ਜੋ ਅੱਗੇ ਔਣਾ, ਸੋ ਪੁਰਖ ਨਿਰੰਜਣ ਖੇਲ ਕਰਾਈਆ । ਹਰਿ ਪੁਰਖ ਨਿਰੰਜਣ ਪਰਦਾ ਲੌਹਣਾ, ਭੇਵ ਅਭੇਦ ਦਏ ਸਮਝਾਈਆ । ਏਕੰਕਾਰ ਹੁਕਮ ਵਰਤੌਣਾ, ਨਾ ਕੋਈ ਮੇਟੇ ਮੇਟ ਮਿਟਾਈਆ । ਆਦਿ ਨਿਰੰਜਣ ਨੂਰ ਧਰੌਣਾ, ਜੋਤੀ ਜੋਤ ਜੋਤ ਰੁਸ਼ਨਾਈਆ । ਅਬਿਨਾਸ਼ੀ ਕਰਤੇ ਭੇਵ ਖੁਲੌਣਾ, ਅਨਭਵ ਆਪਣੀ ਕਾਰ ਕਮਾਈਆ । ਸ੍ਰੀ ਭਗਵਾਨ ਸਾਚਾ ਤਖ਼ਤ ਸੁਹੌਣਾ, ਤਖ਼ਤ ਨਿਵਾਸੀ ਡੇਰਾ ਲਾਈਆ । ਪਾਰਬ੍ਰਹਮ ਪ੍ਰਭ ਆਪਣਾ ਰੰਗ ਰੰਗੌਣਾ, ਰੰਗ ਰੰਗੀਲਾ ਇਕ ਵਖਾਈਆ । ਨਿਰਗੁਣ ਨੂਰੀ ਨੂਰ ਪਰਗਟੌਣਾ, ਜੋਤੀ ਜੋਤ ਜੋਤ ਚਮਕਾਈਆ । ਸਚਖੰਡ ਦੁਆਰਾ ਲੋਕਮਾਤ

ਪਰਗਟੌਣਾ, ਛੱਪਰ ਛੰਨ ਚਾਰ ਦੀਵਾਰ ਨਾ ਕੋਇ ਵਖਾਈਆ । ਥਿਰ ਘਰ ਸਾਚਾ ਬੰਕ ਵਡਿਔਣਾ, ਦੇਵਣਹਾਰ ਆਪ ਵਡਿਆਈਆ । ਕਮਲਾਪਾਤੀ ਵੇਖ ਵਖੌਣਾ, ਕਵਲ ਨੈਣ ਸੱਚਾ ਸ਼ਹਿਨਸ਼ਾਹੀਆ । ਸਚ ਸਿੰਘਾਸਣ ਡੇਰਾ ਲੌਣਾ, ਪਾਵਾ ਚੂਲ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਅਗਲਾ ਲੇਖਾ ਇਕ ਜਣਾਈਆ । ਅਗਲਾ ਲੇਖਾ ਪੁਰਖ ਅਪਾਰ, ਸ੍ਰੀ ਭਗਵਾਨ ਆਪ ਜਣਾਇੰਦਾ । ਸਚਖੰਡ ਨਿਵਾਸੀ ਖੇਲ ਅਪਾਰ, ਕਰਨੀ ਕਰਤਾ ਆਪ ਕਰਾਇੰਦਾ । ਲੇਖਾ ਜਾਣੇ ਧੁਰ ਦਰਬਾਰ, ਦਰਗਹਿ ਸਾਚੀ ਸੋਭਾ ਪਾਇੰਦਾ । ਨਿਰਗੁਣ ਨੂਰ ਆਪ ਨਿਰੰਕਾਰ ਨਿਰਵੈਰ ਆਪਣੀ ਕਾਰ ਕਮਾਇੰਦਾ । ਮੁਕਾਮੇ ਹੱਕ ਹੋ ਨਿਆਰ, ਹੱਕ ਹਕੀਕਤ ਖੋਜ ਖੁਜਾਇੰਦਾ । ਲਾਸ਼ਰੀਕ ਸਾਂਝਾ ਯਾਰ, ਪਰਵਰਦਿਗਾਰ ਆਪਣਾ ਰਾਹ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਸ੍ਰੀ ਭਗਵਾਨ, ਸਤਿ ਸਤਿਵਾਦੀ ਆਪ ਕਮਾਈਆ । ਤਖ਼ਤ ਨਿਵਾਸੀ ਨੌਜਵਾਨ, ਸ਼ਾਹ ਪਾਤਸ਼ਾਹ ਬੇਪਰਵਾਹੀਆ । ਭੂਪਤ ਭੂਪ ਰਾਜ ਰਾਜਾਨ, ਸਚ ਸੰਦੇਸਾ ਨਰ ਨਰੇਸ਼ਾ ਇਕੋ ਇਕ ਜਣਾਈਆ । ਖੇਲੇ ਖੇਲ ਖ਼ਾਲਕ ਖ਼ਲਕ ਮਹਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਰਿਹਾ ਸਮਝਾਈਆ । ਸਾਚਾ ਭੇਵ ਦੇਵੇ ਖੋਲ੍ਹ, ਸੋ ਪੁਰਖ ਨਿਰੰਜਣ ਦਇਆ ਕਮਾਇੰਦਾ । ਸ਼ਬਦ ਅਗੰਮ ਵਜਾਏ ਢੋਲ, ਰਾਗ ਨਾਦ ਨਾ ਕੋਇ ਵਡਿਆਇੰਦਾ । ਲੋਆਂ ਪੁਰੀਆਂ ਬ੍ਰਹਿਮੰਡਾਂ ਪਰਦਾ ਖੋਲ੍ਹ, ਜ਼ਿਮੀਂ ਅਸਮਾਨਾਂ ਵੇਖ ਵਖਾਇੰਦਾ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਵਸੇ ਕੋਲ, ਕਾਇਆ ਖੇੜਾ ਖੋਜ ਖੁਜਾਇੰਦਾ । ਘਟ ਘਟ ਵਾਸੀ ਰਲ ਆਤਮ ਪਰਮਾਤਮ ਆਪਣਾ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸਮਾਂ ਆਪ ਸਮਝਾਇੰਦਾ । ਸਾਚਾ ਸਮਾਂ ਸ੍ਰੀ ਭਗਵੰਤ, ਸਤਿ ਸਤਿਵਾਦੀ ਆਪ ਜਣਾਈਆ । ਭੇਵ ਅਭੇਦਾ ਮਹਿਮਾ ਅਗਣਤ, ਸ਼ਾਸਤਰ ਸਿਮਰਤ ਵੇਦ ਪੁਰਾਨ ਕਹਿਣ ਨਾ ਪਾਈਆ । ਲੇਖਾ ਜਾਣੇ ਆਦਿ ਅੰਤ, ਜੁਗ ਚੌਕੜੀ ਕਾਰ ਕਮਾਈਆ । ਨਰ ਨਰਾਇਣ ਨਾਰ ਕੰਤ, ਪੁਰਖ ਪੁਰਖ਼ੋਤਮ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਦਏ ਸਮਝਾਈਆ । ਸਾਚਾ ਲੇਖਾ ਪੁਰਖ ਅਗੰਮ, ਅਲੱਖ ਅਗੋਚਰ ਆਪ ਜਣਾਇੰਦਾ । ਕਰੇ ਖੇਲ ਸ੍ਰੀ ਭਗਵੰਤ, ਜਗ ਨੇਤਰ ਨਜ਼ਰ ਕਿਸੇ ਨਾ ਆਇੰਦਾ । ਦਾਤਾ ਜੋਧਾ ਸੂਰਬੀਰ ਵਡ ਬਲਵਾਨ, ਬਲ ਆਪਣਾ ਆਪ ਪਰਗਟਾਇੰਦਾ । ਸਤਿ ਸਤਿਵਾਦੀ ਸਤਿ ਸਰੂਪੀ ਸਾਚਾ ਕਾਹਨ, ਸੀਸ ਜਗਦੀਸ਼ ਇਕੋ ਇਕ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਲੇਖਾ ਆਪ ਜਣਾਇੰਦਾ । ਅਗਲਾ ਲੇਖਾ ਜਾਣੇ ਆਪ, ਪ੍ਰਭ ਸਾਚੀ ਖੇਲ ਰਚਾਇੰਦਾ । ਜੁਗ ਚੌਕੜੀ ਥਾਪਣ ਥਾਪ, ਨਿਰਗੁਣ ਸਰਗੁਣ ਵੇਖ ਵਖਾਇੰਦਾ । ਆਦਿ ਜੁਗਾਦੀ ਜਿਸ ਦਾ ਜਾਪ, ਬੱਤੀ ਦੰਦ ਸਿਫ਼ਤ ਸਾਲਾਹਿੰਦਾ । ਵੇਖਣਹਾਰਾ ਤੀਰਥ ਤਾਟ, ਤੱਟ ਕਿਨਾਰਾ ਆਪ ਵਡਿਆਇੰਦਾ । ਲੋਕ ਪਰਲੋਕ ਖੋਲ੍ਹ ਹਾਟ, ਚੌਦਾਂ ਤਬਕ ਵੰਡ ਵੰਡਾਇੰਦਾ । ਖੇਲੇ ਖੇਲ ਤ੍ਰਲੋਕੀ ਨਾਥ, ਬ੍ਰਹਿਮੰਡ ਖੰਡ ਆਪਣੀ ਕਾਰ ਕਮਾਇੰਦਾ । ਖੇਲਣਹਾਰਾ ਖੇਲ ਤਮਾਸ਼, ਮੰਡਲ ਮੰਡਪ ਰਾਸ ਰਚਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਲੇਖਾ ਆਪ ਪਰਗਟਾਇੰਦਾ । ਅਗਲਾ ਲੇਖਾ ਦੱਸੇ ਮੀਤ, ਮਿੱਤਰ ਪਿਆਰਾ ਹਰਿ ਅਖਵਾਇੰਦਾ । ਜੁਗ ਚੌਕੜੀ ਖੇਲ ਅਨਡੀਠ, ਭੇਵ ਅਭੇਦ ਨਾ ਕਿਸੇ ਜਣਾਇੰਦਾ । ਸਾਹਿਬ ਸਤਿਗੁਰ ਠਾਕਰ ਸਵਾਮੀ ਦੀਨ ਦਿਆਲਾ ਬਣ ਬਣ

ਮੀਤ, ਮਾਰਗ ਰਾਹ ਆਪ ਲਗਾਇੰਦਾ । ਆਤਮ ਪਰਮਾਤਮ ਸਾਚਾ ਗੀਤ, ਪਾਰਬ੍ਰਹਮ ਬ੍ਰਹਮ ਵਿਦਿਆ ਆਪ ਪੜ੍ਹਾਇੰਦਾ । ਸਚਖੰਡ ਦੁਆਰੇ ਬੈਠਾ ਰਹੇ ਅਤੀਤ, ਤ੍ਰੈਗੁਣ ਵਿਚ ਕਦੇ ਨਾ ਆਇੰਦਾ । ਮੰਦਰ ਮੱਠ ਸ਼ਿਵਦੁਆਲੇ ਵੇਖੇ ਮਸੀਤ, ਗੁਰੂਦੁਆਰੇ ਵੰਡ ਵੰਡਾਇੰਦਾ । ਲੱਖ ਚੁਰਾਸੀ ਪਰਖਣਹਾਰਾ ਨੀਤ, ਘਟ ਘਟ ਅੰਦਰ ਆਪਣਾ ਡੇਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਫ਼ਰਮਾਣਾ ਇਕੋ ਇਕ ਜਣਾਇੰਦਾ । ਧੁਰ ਫ਼ਰਮਾਣਾ ਏਕੰਕਾਰ, ਆਦਿ ਆਦਿ ਜਣਾਈਆ । ਨਿਰਗੁਣ ਸਰਗੁਣ ਕਰ ਤਿਆਰ, ਤ੍ਰੈਭਵਣ ਧਨੀ ਆਪਣੀ ਖੇਲ ਰਚਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰ ਕਰ ਖ਼ਬਰਦਾਰ, ਬੇਖ਼ਬਰ ਖ਼ਬਰ ਜਣਾਈਆ । ਤ੍ਰੈਗੁਣ ਮਾਇਆ ਭਰ ਭੰਡਾਰ, ਪੰਜ ਤੱਤ ਕਰੇ ਕੁੜਮਾਈਆ । ਲੱਖ ਚੁਰਾਸੀ ਘਾੜਨ ਘੜ ਠਠਿਆਰ, ਰੂਪ ਅਨੂਪ ਆਪ ਦਰਸਾਈਆ । ਮੰਦਰ ਅੰਦਰ ਖੋਲ੍ਹ ਕਿਵਾੜ, ਸਾਚੀ ਹਾਟੀ ਆਪ ਜਣਾਈਆ । ਆਤਮ ਪਰਮਾਤਮ ਖੇਲ ਅਪਾਰ, ਨਿਰਗੁਣ ਸਰਗੁਣ ਖੇਲ ਖਲਾਈਆ । ਜੋਤੀ ਜਾਤਾ ਹੋ ਉਜਿਆਰ, ਨਿਰਗੁਣ ਨੂਰ ਹਰਿ ਨਿਰੰਕਾਰ, ਬੋਧ ਅਗਾਧਾ ਰਾਗ ਅਲਾਈਆ । ਲੇਖਾ ਜਾਣ ਗੁਰ ਅਵਤਾਰ, ਪੀਰ ਪੈਗ਼ੰਬਰ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਦਏ ਪਰਗਟਾਈਆ । ਸਾਚਾ ਲੇਖਾ ਦੋ ਜਹਾਨ, ਨਿਰਗੁਣ ਸਰਗੁਣ ਕਾਰ ਕਮਾਇੰਦਾ । ਨਵ ਨੌਂ ਚਾਰ ਕਰ ਪਰਵਾਨ, ਧੁਰ ਫ਼ਰਮਾਣਾ ਆਪ ਸੁਣਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰੋ ਧਿਆਨ ਨੇਤਰ ਨੈਣ ਅੱਖ ਖੁਲ੍ਹਾਇੰਦਾ । ਅੰਤਰ ਅੰਤਰ ਇਕ ਗਿਆਨ, ਮੰਤਰ ਆਪਣਾ ਨਾਮ ਦ੍ਰਿੜਾਇੰਦਾ । ਜੀਵ ਜਹਾਨ, ਲੱਖ ਚੁਰਾਸੀ ਅਗਨੀ ਤੱਤ ਜਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਲੇਖਾ ਆਪ ਦ੍ਰਿੜਾਇੰਦਾ । ਧੁਰ ਦਾ ਲੇਖਾ ਦੱਸਣ ਜੋਗ, ਜੁਗਤ ਆਪਣੇ ਹੱਥ ਰਖਾਈਆ । ਸ੍ਰਿਸ਼ਟ ਸਬਾਈ ਸਚ ਸੰਜੋਗ, ਸਰਗੁਣ ਮੇਲਾ ਸਹਿਜ ਸੁਭਾਈਆ । ਆਤਮ ਪਰਮਾਤਮ ਚੁਗਾਵੇ ਚੋਗ, ਨਾਮ ਨਿਧਾਨਾ ਘਰ ਘਰ ਆਪ ਵਰਤਾਈਆ । ਨਾ ਹਰਖ ਨਾ ਸੋਗ, ਚਿੰਤਾ ਗ਼ਮ ਨਾ ਕੋਇ ਜਣਾਈਆ । ਲੇਖਾ ਜਾਣੇ ਚੌਦਾਂ ਲੋਕ, ਲੋਕ ਪਰਲੋਕ ਵੇਖ ਵਖਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੇਵੇ ਓਟ, ਭਗਤ ਭਗਵੰਤ ਨਾਰ ਕੰਤ ਰੂਪ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਸਮਾਂ ਇਕ ਦਰਸਾਈਆ । ਅਗਲਾ ਸਮਾਂ ਰੱਖਣਾ ਯਾਦ, ਸੋ ਸਾਹਿਬ ਆਪ ਜਣਾਇੰਦਾ । ਪਰਗਟ ਹੋ ਪੁਰਖ ਅਬਿਨਾਸ਼, ਅਬਿਨਾਸ਼ੀ ਆਪਣੀ ਕਾਰ ਕਮਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰ ਕਰ ਦਾਸੀ ਦਾਸ, ਦਾਸ ਰੂਪ ਸਮਝਾਇੰਦਾ । ਕਰੋੜ ਤੇਤੀਸਾ ਰੱਖੇ ਪਾਸ, ਸੁਰਪਤ ਇੰਦ ਸੀਸ ਝੁਕਾਇੰਦਾ । ਰਵ ਸਸ ਵੇਖ ਪਰਕਾਸ਼, ਚੰਦ ਚਾਨਣਾ ਨੈਣ ਸ਼ਰਮਾਇੰਦਾ । ਲੇਖਾ ਜਾਣੇ ਧਰਤ ਧਵਲ ਜ਼ਿਮੀ ਅਸਮਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਕਰੇ ਮਿਹਰਵਾਨ, ਮਿਹਰ ਨਜ਼ਰ ਉਠਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਗੁਰ ਅਵਤਾਰ ਪੀਰ ਪੈਗ਼ੰਬਰ ਦੇਂਦਾ ਰਿਹਾ ਦਾਨ, ਦਾਤਾ ਦਾਨੀ ਆਪਣੀ ਵਸਤ ਵਰਤਾਈਆ । ਤੇਈ ਅਵਤਾਰ ਕਰ ਪਰਵਾਨ, ਭਗਤ ਅਠਾਰਾਂ ਕਰੀ ਕੁੜਮਾਈਆ । ਈਸਾ ਮੂਸਾ ਮੁਹੰਮਦ ਨੈਣ ਝੁਕਾਣ, ਚਾਰ ਯਾਰੀ ਵੰਡ ਵੰਡਾਈਆ । ਮੁਕਾਮੇ ਹੱਕ ਹੱਕ ਨਿਸ਼ਾਨ, ਸ਼ਾਹ ਸੁਲਤਾਨ ਇਕ ਅਖਵਾਈਆ । ਨਿਰਗੁਣ ਨਿਰਵੈਰ ਪਹਿਰਿਆ ਬਾਣ, ਪੰਜ ਤੱਤ ਕਰੇ ਕੁੜਮਾਈਆ । ਨਾਨਕ ਗੋਬਿੰਦ ਇਕ ਧਿਆਨ, ਚਰਨ ਕਵਲ ਦਏ ਸਰਨਾਈਆ । ਸ਼ਾਸਤਰ ਸਿਮਰਤ

ਵੇਦ ਪੁਰਾਨ ਗੀਤਾ ਗਿਆਨ, ਬੋਧ ਗਿਆਨ ਅਗਾਧ ਬੋਧ ਕਰੇ ਪੜ੍ਹਾਈਆ । ਲੇਖਾ ਜਾਣ ਅੰਜੀਲ ਕੁਰਾਨ, ਤੀਸ ਬਤੀਸਾ ਸਿਫ਼ਤ ਸਾਲਾਹੀਆ । ਖਾਣੀ ਬਾਣੀ ਹੋ ਪਰਧਾਨ, ਪਰਾ ਪਸੰਤੀ ਮਧਮ ਬੈਖ਼ਰੀ ਆਪਣਾ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣੀ ਕਾਰ ਕਮਾਈਆ । ਜੁਗ ਜੁਗ ਕਾਰ ਕਰੇ ਕਰਤਾਰਾ, ਨਿਰਗੁਣ ਸਰਗੁਣ ਵੇਖ ਵਖਾਇੰਦਾ । ਗੁਰ ਅਵਤਾਰ ਬਣ ਲਿਖਾਰਾ, ਪੀਰ ਪੈਗ਼ੰਬਰ ਕਾਤਬ ਕਲਮ ਚਲਾਇੰਦਾ । ਵੇਦ ਵਿਆਸਾ ਦੇ ਆਧਾਰਾ, ਧੀਰਜ ਧੀਰ ਇਕ ਜਣਾਇੰਦਾ । ਕਲ ਕਲਕੀ ਲਏ ਅਵਤਾਰਾ, ਨਿਹਕਲੰਕਾ ਨਾਉਂ ਪਰਗਟਾਇੰਦਾ । ਪੂਤ ਸਪੂਤਾ ਬ੍ਰਹਿਮਣ ਗੌੜਾ ਮਹੱਲ ਅਟੱਲ ਵਸੇ ਧਾਮ ਨਿਆਰਾ, ਉਚੇ ਟਿੱਲੇ ਪਰਬਤ ਡੇਰਾ ਲਾਇੰਦਾ । ਨੂਰੀ ਜਲਵਾ ਨੂਰ ਉਜਿਆਰਾ, ਆਲਮ ਉਲਮਾ ਵੇਖ ਵਖਾਇੰਦਾ । ਸ਼ਾਹ ਸੁਲਤਾਨ ਵਡ ਸਿਕਦਾਰਾ, ਸ਼ਹਿਨਸ਼ਾਹ ਆਪਣੀ ਕਾਰ ਕਮਾਇੰਦਾ । ਨਾਨਕ ਗੋਬਿੰਦ ਦੇ ਆਧਾਰਾ, ਭੇਵ ਅਭੇਦਾ ਆਪ ਜਣਾਇੰਦਾ । ਮਹਾਂਬਲੀ ਉਤਰੇ ਆਪਣੀ ਵਾਰਾ, ਮਾਤ ਪਿਤ ਨਾ ਕੋਇ ਬਣਾਇੰਦਾ । ਜਨਨੀ ਜਨ ਨਾ ਸੁਤ ਦੁਲਾਰਾ, ਗੋਦੀ ਗੋਦ ਨਾ ਕੋਇ ਵਡਿਆਇੰਦਾ । ਸ੍ਰਿਸ਼ਟ ਸਬਾਈ ਸਾਂਝਾ ਯਾਰਾ, ਜ਼ਾਹਰਾ ਪੀਰ ਇਕ ਅਖਵਾਇੰਦਾ । ਕਲਜੁਗ ਆਏ ਅੰਤਮ ਵਾਰਾ, ਨੌਂ ਸੌ ਚੁਰਾਨਵੇਂ ਚੌਕੜੀ ਪੰਧ ਮੁਕਾਇੰਦਾ । ਸਚ ਬਣਾਏ ਇਕ ਦਰਬਾਰਾ, ਦਰ ਦਰਬਾਰੀ ਨਾਉਂ ਪਰਗਟਾਇੰਦਾ । ਕਾਗ਼ਜ਼ ਕਲਮ ਨਾ ਲਿਖਣਹਾਰਾ, ਸੱਤ ਸਾਗਰ ਨੇਤਰ ਨੈਣਾਂ ਨੀਰ ਵਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਆਪ ਸਮਝਾਇੰਦਾ । ਧੁਰ ਦਾ ਲੇਖਾ ਦੱਸਣਹਾਰ, ਦਹਿ ਦਿਸ਼ਾ ਵੇਖ ਵਖਾਈਆ । ਕਲਜੁਗ ਅੰਤਮ ਹੋ ਉਜਿਆਰ, ਨਿਰਗੁਣ ਨੂਰ ਜੋਤ ਕਰੇ ਰੁਸ਼ਨਾਈਆ । ਚਾਰੋਂ ਕੁੰਟ ਦਏ ਹੁਲਾਰ, ਉਤਰ ਪੂਰਬ ਪੱਛਮ ਦੱਖਣ ਦਏ ਹਿਲਾਈਆ । ਸ਼ਾਹ ਸੁਲਤਾਨ ਰਾਜ ਰਾਜਾਨ ਕਰੇ ਖ਼ਵਾਰ, ਸੀਸ ਤਾਜ ਨਾ ਕੋਇ ਟਿਕਾਈਆ । ਚਾਰ ਵਰਨ ਕਰਨ ਹਾਹਾਕਾਰ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਸਤਿ ਸੰਤੋਖ ਨਾ ਕੋਇ ਰਖਾਈਆ । ਅਠਾਰਾਂ ਬਰਨ ਰੋਵੇ ਜ਼ਾਰੋ ਜ਼ਾਰ, ਨੇਤਰ ਨੈਣਾਂ ਨੀਰ ਵਹਾਈਆ । ਸੱਜਣ ਸਾਕ ਨਾ ਕੋਇ ਮੀਤ ਮੁਰਾਰ, ਨਾਰ ਕੰਤ ਪਿਤਾ ਪੂਤ ਨਾ ਕੋਇ ਵਡਿਆਈਆ । ਧੀਆਂ ਭੈਣਾਂ ਜਗਤ ਹੱਟ ਵਣਜਾਰ, ਚਾਰੋਂ ਕੁੰਟ ਵਿਭਚਾਰ ਅੰਧੇਰਾ ਛਾਈਆ । ਨਜ਼ਰ ਨਾ ਆਏ ਏਕੰਕਾਰ, ਅਕਲ ਕਲ ਧਾਰੀ ਆਪਣਾ ਪਰਦਾ ਪਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਹੋਏ ਧੂਆਂਧਾਰ, ਸਾਚਾ ਚੰਦ ਨਾ ਕੋਇ ਚਮਕਾਈਆ । ਗੁਰ ਕਾ ਸ਼ਬਦ ਨਾ ਕਰੇ ਕੋਈ ਪਿਆਰ, ਰਸਨਾ ਕੂੜੀ ਕਿਰਿਆ ਹੋਏ ਹਲਕਾਈਆ । ਸੋ ਸਾਹਿਬ ਸੀਤਗੁਰ ਪੁਰਖ ਅਬਿਨਾਸ਼, ਘਟ ਘਟ ਵਾਸੀ ਵੇਖ ਵਖਾਈਆ । ਸਚਖੰਡ ਬੈਠਾ ਸੱਚਾ ਯਾਰ, ਨਿਰਗੁਣ ਨਿਰਗੁਣ ਲਏ ਅਵਤਾਰ, ਨਿਰਗੁਣ ਸਰਗੁਣ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਸਾਚੀ ਕਰਨੀ ਕਰੇ ਮਾਤ, ਬੇਪਰਵਾਹ ਖੇਲ ਖਲਾਇੰਦਾ । ਕਲਜੁਗ ਵੇਖ ਅੰਧੇਰੀ ਰਾਤ, ਸਾਹਿਬ ਸਤਿਗੁਰ ਵੇਸ ਵਟਾਇੰਦਾ । ਚਾਰੋਂ ਕੁੰਟ ਝੂਠਾ ਨਾਤ, ਸਾਚਾ ਜੋੜ ਨਾ ਕੋਇ ਜੁੜਾਇੰਦਾ । ਝਗੜਾ ਵੇਖੇ ਜ਼ਾਤ ਪਾਤ, ਵਰਨ ਬਰਨ ਵੰਡ ਵੰਡਾਇੰਦਾ । ਜਨ ਭਗਤਾਂ ਆਤਮ ਅੰਤਰ ਪੂਰੀ ਕਰੇ ਖ਼ਾਹਸ਼, ਮਨ ਮਮਤਾ ਮੇਟ ਮਿਟਾਇੰਦਾ । ਸਾਚੀ ਸੇਜਾ ਪਾਵੇ ਰਾਸ, ਸੁਰਤੀ ਸ਼ਬਦੀ ਗੋਪੀ ਕਾਹਨ ਨਚਾਇੰਦਾ । ਸਦਾ ਸੁਹੇਲਾ ਇਕ ਇਕੇਲਾ ਗ੍ਰਹਿ ਮੰਦਰ ਵਸੇ ਪਾਸ, ਦਰ ਘਰ ਸਾਚੇ ਸੋਭਾ ਪਾਇੰਦਾ । ਨਿਰਗੁਣ ਜੋਤ ਕਰੇ ਪਰਕਾਸ਼, ਦੀਆ ਬਾਤੀ ਨਾ ਕੋਇ ਜਗਾਇੰਦਾ । ਸੰਤ ਸੁਹੇਲਾ ਵਸੇ ਸਾਥ, ਸਗਲਾ ਸੰਗ ਨਿਭਾਇੰਦਾ ।

੪੯੪ ੧੪

ਕਲਜੁਗ ਅੰਤ ਚਲਾਏ ਰਾਥ, ਬਣ ਰਥਵਾਹੀ ਫੇਰਾ ਪਾਇੰਦਾ । ਵੇਖਣਹਾਰਾ ਪੱਤਣ ਘਾਟ, ਖੇਵਟ ਖੇਟਾ ਆਪ ਅਖਵਾਇੰਦਾ । ਕਲਜੁਗ ਅੰਤਮ ਮੁੱਕੇ ਵਾਟ, ਚਾਰ ਲੱਖ ਹਜ਼ਾਰ ਬੱਤੀ ਆਪਣੇ ਖਾਤੇ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸਮਾਂ ਆਪ ਜਣਾਇੰਦਾ । ਸਾਚਾ ਸਮਾਂ ਗਿਆ ਆ, ਸਹਿਜ ਸਹਿਜ ਵਕਤ ਲੰਘਾਈਆ । ਸ੍ਰੀ ਭਗਵਾਨ ਨਿਰਗੁਣ ਜੋਤ ਜਗਾ, ਜੋਤੀ ਜੋਤ ਕਰੇ ਰੁਸ਼ਨਾਈਆ । ਸਚ ਸਿੰਘਾਸਣ ਇਕ ਸੁਹਾ, ਸੋਭਾਵੰਤ ਡੇਰਾ ਲਾਈਆ । ਤਖ਼ਤ ਨਿਵਾਸੀ ਬਣ ਕੇ ਸ਼ਾਹ, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਈਆ । ਨੌਂ ਸੌ ਚੁਰਾਨਵੇਂ ਚੌਕੜੀ ਦਾ ਲੇਖਾ ਦਏ ਸਮਝਾ, ਪੂਰਬ ਲਹਿਣਾ ਭੇਵ ਚੁਕਾਈਆ । ਵਿਸ਼ਨ ਬ੍ਰਹਮਾ ਸ਼ਿਵ ਦਰ ਮੰਗਾ, ਦਰ ਦਰਵੇਸ਼ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਆਪ ਕਮਾਈਆ । ਸਾਚੀ ਕਰਨੀ ਕਰੇ ਪੁਰਖ ਸਮਰਥ, ਸਮਰਥ ਆਪਣੀ ਕਾਰ ਕਮਾਇੰਦਾ । ਨਰ ਹਰਿ ਨਰਾਇਣ ਚਲਾਏ ਰਥ, ਹਰੀ ਹਰਿ ਆਪਣੀ ਧਾਰ ਵਖਾਇੰਦਾ । ਲੱਖ ਚੁਰਾਸੀ ਦੇਵੇ ਮਥ, ਨਾਮ ਮਧਾਣਾ ਇਕੋ ਪਾਇੰਦਾ । ਭਗਤ ਭਗਵਾਨ ਲਏ ਰੱਖ, ਜਿਸ ਜਨ ਆਪਣੀ ਦਇਆ ਕਮਾਇੰਦਾ । ਕੂੜੀ ਕਿਰਿਆ ਵੇਖੇ ਹੱਟ, ਲੋਕ ਪਰਲੋਕ ਖੋਜ ਖੁਜਾਇੰਦਾ । ਦੇਵਣਹਾਰਾ ਬ੍ਰਹਮ ਮਤ, ਮਨਮਤ ਦੂਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਜਣਾਇੰਦਾ । ਸਾਚਾ ਸਮਾਂ ਆਇਆ ਨਜ਼ਦੀਕ, ਦੂਰਨ ਦੂਰ ਪੰਧ ਮੁਕਾਈਆ । ਜਿਸ ਨੂੰ ਈਸਾ ਮੂਸਾ ਮੁਹੰਮਦ ਕਹਿੰਦੇ ਗਏ ਲਾਸ਼ਰੀਕ, ਸੋ ਸ਼ਹਿਨਸ਼ਾਹ ਆਪਣਾ ਵੇਸ ਵਟਾਈਆ । ਕਲਜੁਗ ਅੰਤ ਮੇਟੇ ਅੰਧੇਰਾ ਤਾਰੀਕ, ਚੰਦ ਚਾਂਦਨਾ ਇਕ ਚਮਕਾਈਆ । ਸਾਚੀ ਧਾਰ ਦੱਸੇ ਬਾਰੀਕ, ਜਗਤ ਨੇਤਰ ਨਜ਼ਰ ਕਿਸੇ ਨਾ ਆਈਆ । ਜਨ ਭਗਤਾਂ ਦੱਸੇ ਸਚ ਪ੍ਰੀਤ, ਸ੍ਰੀ ਭਗਵਾਨ ਚਰਨ ਸਰਨਾਈਆ । ਸਦੀ ਬੀਸਵੀਂ ਰਹੀ ਬੀਤ, ਬੀਸ ਬੀਸਾ ਦਏ ਦੁਹਾਈਆ । ਸਤਿਜੁਗ ਬਦਲਣਹਾਰਾ ਰੀਤ, ਰੀਤੀਵਾਨ ਇਕ ਅਖਵਾਈਆ । ਲੇਖਾ ਜਾਣੇ ਹਸਤ ਕੀਟ, ਊਚ ਨੀਚ ਵੇਖ ਵਖਾਈਆ । ਸਭ ਨੇ ਢੋਲਾ ਗੌਣਾ ਇਕੋ ਗੀਤ, ਆਤਮ ਪਰਮਾਤਮ ਕਰੇ ਪੜ੍ਹਾਈਆ । ਸਾਹਿਬ ਸਤਿਗੁਰ ਸਦਾ ਵਸੇ ਚੀਤ, ਚਿਤਵਿਤ ਠਗੌਰੀ ਕੋਇ ਨਾ ਪਾਈਆ । ਜੋ ਸੁੱਤਾ ਦੇ ਕਰ ਪੀਠ, ਘਰ ਘਰ ਕਰਵਟ ਲਏ ਬਦਲਾਈਆ । ਸੋਹੰ ਢੋਲਾ ਸੱਚਾ ਗੀਤ, ਆਦਿ ਜੁਗਾਦਿ ਇਕੋ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸਾਚਾ ਸਮਾਂ ਆਇਆ ਜਗ, ਵੇਲਾ ਵਕਤ ਅੰਤ ਜਣਾਈਆ । ਨੌਂ ਖੰਡ ਪ੍ਰਿਥਮੀ ਲੱਗੇ ਅੱਗ, ਲੋਕਮਾਤ ਸਕੇ ਨਾ ਕੋਇ ਬੁਝਾਈਆ । ਜਨ ਭਗਤਾਂ ਮੇਲ ਮਿਲਾਏ ਉਪਰ ਸ਼ਾਹ ਰਗ, ਸ਼ਹਿਨਸ਼ਾਹ ਆਪਣੀ ਦਇਆ ਕਮਾਈਆ । ਫੜ ਫੜ ਹੰਸ ਬਣਾਏ ਕੱਗ, ਸੋਹੰ ਹੰਸਾ ਜਾਪ ਜਪਾਈਆ । ਅੰਮ੍ਰਿਤ ਜਾਮ ਪਿਆਏ ਮਦਿ, ਨਿਝਰ ਝਿਰਨਾ ਆਪ ਝਿਰਾਈਆ । ਨੌਂ ਦੁਆਰੇ ਕਰੇ ਪਾਰ ਹੱਦ, ਦਸਮ ਦਵਾਰੀ ਵੱਜੇ ਵਧਾਈਆ । ਲੱਖ ਚੁਰਾਸੀ ਵਿਚੋਂ ਕੱਢ, ਨਿਰਗੁਣ ਆਪਣਾ ਮੇਲ ਮਿਲਾਈਆ । ਅੱਧਵਿਚਕਾਰ ਨਾ ਜਾਏ ਛੱਡ, ਜਿਸ ਪੱਲੂ ਲਏ ਫੜਾਈਆ । ਅੰਤਮ ਪਰਦਾ ਦੇਵੇ ਕੱਜ, ਮਿਹਰ ਨਜ਼ਰ ਨਜ਼ਰ ਉਠਾਈਆ । ਕਲਜੁਗ ਕੂੜ ਨਗਾਰਾ ਰਿਹਾ ਵੱਜ, ਚਾਰੋਂ ਕੁੰਟ ਪਏ ਦੁਹਾਈਆ । ਜੋ ਘੜਿਆ ਸੋ ਜਾਏ ਭੱਜ, ਥਿਰ ਨਜ਼ਰ ਕੋਇ ਨਾ ਆਈਆ । ਮੱਕੇ ਕਾਅਬੇ ਮੁੱਕਣਾ ਹੱਜ, ਹਾਜੀ ਹੁਜਰਾ ਇਕ ਦਰਸਾਈਆ । ਸਚ ਮਹਿਰਾਬ ਹੱਕ ਮਹਿਬੂਬ ਰਿਹਾ ਸਜ, ਨਫ਼ਰ ਗ਼ੁਲਾਮ ਨਾ ਕੋਇ ਬਣਾਈਆ । ਸਜਦਾ ਸੀਸ ਝੁਕੌਣ ਭੱਜ ਭੱਜ, ਨੇਤਰ ਨੈਣ ਨੈਣ ਸ਼ਰਮਾਈਆ । ਜੋਤੀ ਜੋਤ


੪੯੫
੧੪

ਸਰੂਪ ਹਰਿ, ਆਪ ਆਪਣੀ ਜੋਤ ਧਰ, ਲੇਖਾ ਜਾਣੇ ਥਾਉਂ ਥਾਈਆ । ਅਗਲਾ ਸਮਾਂ ਆਇਆ ਨੇੜੇ, ਨੇਰਨ ਨੇਰ ਵਖਾਇੰਦਾ । ਲੱਖ ਚੁਰਾਸੀ ਮੁਕਣੇ ਝੇੜੇ, ਝਗੜਾ ਅੱਗੇ ਨਾ ਕੋਇ ਵਧਾਇੰਦਾ । ਸ੍ਰੀ ਭਗਵਾਨ ਹੋ ਮਿਹਰਬਾਨ ਜਨ ਭਗਤਾਂ ਬੰਨੇ ਬੇੜੇ, ਬੇੜਾ ਆਪਣੇ ਕੰਧ ਉਠਾਇੰਦਾ । ਇਕੋ ਰੰਗ ਵਖਾਏ ਸੰਝ ਸਵੇਰੇ, ਦਿਵਸ ਰੈਣ ਨਾ ਵੰਡ ਵੰਡਾਇੰਦਾ । ਨਾਤਾ ਜੁੜੇ ਮੇਰੇ ਤੇਰੇ, ਮੇਰਾ ਤੇਰਾ ਇਕੋ ਨਜ਼ਰੀ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਰਚਾਇੰਦਾ । ਸਾਚਾ ਖੇਲ ਕਰੇ ਨਿਰੰਕਾਰ, ਖ਼ਾਲਕ ਖ਼ਲਕ ਦਏ ਜਣਾਈਆ । ਸ੍ਰਿਸ਼ਟ ਸਬਾਈ ਖ਼ਬਰਦਾਰ, ਬੇਖ਼ਬਰ ਖ਼ਬਰ ਪੁਚਾਈਆ । ਬੀਸ ਬੀਸਾ ਮਾਰੇ ਮਾਰ, ਹਰਿ ਜਗਦੀਸ਼ ਸੱਚਾ ਸ਼ਹਿਨਸ਼ਾਹੀਆ । ਖ਼ਾਲੀ ਖੀਸਾ ਹੋਏ ਸ਼ਹਿਨਸ਼ਾਹ ਸਿਕਦਾਰ, ਦਰ ਦਰ ਘਰ ਘਰ ਭਿਖਿਆ ਭਿਖ ਮੰਗਾਈਆ । ਰਾਉ ਰੰਕ ਵੇਖਣਹਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਅਗਲਾ ਸਮਾਂ ਦੱਸੇ ਔਖਾ, ਔਖੀ ਘਾਟੀ ਨਜ਼ਰੀ ਆਈਆ । ਪ੍ਰਭ ਮਿਲਣ ਦਾ ਏਹੋ ਮੌਕਾ, ਗੁਰ ਅਵਤਾਰ ਗਏ ਸਮਝਾਈਆ । ਕਲਜੁਗ ਡੁੱਬਣ ਵਾਲੀ ਨੌਕਾ, ਚੱਪੂ ਨਾਮ ਨਾ ਕੋਇ ਲਗਾਈਆ । ਗੁਰਮੁਖ ਵਿਰਲਾ ਕਾਇਆ ਅੰਦਰ ਸਾਫ਼ ਕਰੇ ਚੌਂਕਾ, ਦੁਰਮਤ ਮੈਲ ਧਵਾਈਆ । ਭਗਤ ਭਗਵਾਨ ਕਦੇ ਨਾ ਜਾਏ ਔਂਤਾ, ਲੋਕਮਾਤ ਗੰਢ ਪੁਆਈਆ । ਲੱਖ ਚੁਰਾਸੀ ਨਾਲ ਹੋਵਣ ਵਾਲਾ ਧੋਖਾ, ਧੂਆਂ ਘਰ ਘਰ ਰਹੇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਸਮਾਂ ਆਪ ਦਰਸਾਈਆ । ਅਗਲਾ ਸਮਾਂ ਆਇਆ ਮਾਤ, ਧਰਤ ਧਵਲ ਧਿਆਨ ਲਗਾਈਆ । ਦੀਨ ਮਜ਼੍ਹਬ ਜ਼ਾਤ ਪਾਤ ਕੋਈ ਨਾ ਰਹੇ ਜਮਾਤ, ਵਰਨ ਬਰਨ ਨਾ ਕੋਇ ਲੜਾਈਆ । ਪਰਗਟ ਹੋਏ ਪੁਰਖ ਅਬਿਨਾਸ਼ੀ ਸਾਖਯਾਤ, ਸ਼ਨਾਖ਼ਤ ਆਪਣੀ ਦਏ ਜਣਾਈਆ । ਸੰਤ ਸੁਹੇਲੇ ਬਣਾ ਪਾਰਜਾਤ, ਪਰਮ ਪੁਰਖ ਪ੍ਰਭ ਆਪਣਾ ਮੇਲ ਮਿਲਾਈਆ । ਲੇਖਾ ਜਾਣੇ ਕਾਇਨਾਤ, ਚਾਰੋਂ ਕੁੰਟ ਖੋਜ ਖੁਜਾਈਆ । ਜਿਨ੍ਹਾਂ ਸਾਹਿਬ ਸਤਿਗੁਰ ਵਸੇ ਸਾਥ, ਤਿਨ੍ਹਾਂ ਦੁੱਖ ਨਾ ਲਾਗੇ ਰਾਈਆ । ਮੰਤਰ ਢੋਲਾ ਆਤਮ ਪਾਠ, ਬ੍ਰਹਮ ਵਿਦਿਆ ਇਕ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਮਾਂ ਸਮਾਂ ਦਏ ਬਦਲਾਈਆ । ਕਲਜੁਗ ਸਮਾਂ ਰਿਹਾ ਕੂਕ, ਕੂਕ ਕੂਕ ਸੁਣਾਇੰਦਾ । ਕੂੜੀ ਕਿਰਿਆ ਚੁੱਕੇ ਚੂਕ, ਮਾਇਆ ਮਮਤਾ ਮੋਹ ਮਿਟਾਇੰਦਾ । ਹਉਮੇ ਹੰਗਤਾ ਦੇਵੇ ਫੂਕ, ਜੋਤੀ ਅਗਨੀ ਲੰਬੂ ਲਾਇੰਦਾ । ਸਤਿਜੁਗ ਸਾਚਾ ਵਰਨ ਬਰਨ ਚਾਰ ਯਾਰੀ ਇਕ ਸਲੂਕ, ਸਾਹਿਬ ਸੁਲਤਾਨ ਇਕੋ ਰਾਹ ਵਖਾਇੰਦਾ । ਵੇਖਣਹਾਰਾ ਖ਼ਾਲਕ ਮਖ਼ਲੂਕ, ਖ਼ਲਕ ਆਪਣਾ ਰਾਹ ਜਣਾਇੰਦਾ । ਪਰਦਾ ਖੋਲ੍ਹੇ ਕਾਇਆ ਪੰਜ ਭੂਤ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਖੋਜ ਖੁਜਾਇੰਦਾ । ਲਹਿਣਾ ਦੇਣਾ ਜਾਣੇ ਕਾਇਆ ਤਾਣਾ ਪੇਟਾ ਸੂਤ, ਸੂਤਰ ਧਾਰੀ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸਮਾਂ ਆਪ ਵਡਿਆਇੰਦਾ । ਸਾਚਾ ਸਮਾਂ ਲਿਆਏ ਸਤਿ, ਸਤਿ ਸਤਿਵਾਦੀ ਦਇਆ ਕਮਾਈਆ । ਨਾੜ ਬਹੱਤਰ ਨਾ ਉਬਲੇ ਰਤ, ਰਤੀ ਰਤ ਨਾ ਕੋਇ ਸੁਕਾਈਆ । ਸਰਬ ਜੀਆਂ ਜਾਣੇ ਮਿਤ ਗਤ, ਪ੍ਰਭ ਦੇਵਣਹਾਰ ਵਡਿਆਈਆ । ਸ੍ਰਿਸ਼ਟ ਸਬਾਈ ਏਕਾ ਨੱਤ, ਨਾਤਾ ਬਿਧਾਤਾ ਜੋੜ ਜੁੜਾਈਆ । ਆਤਮ ਪਰਮਾਤਮ ਬ੍ਰਹਮ ਮਤ, ਮਨਮਤ ਦਏ ਗਵਾਈਆ । ਲੱਖ ਚੁਰਾਸੀ ਵਿਚੋਂ ਸੰਤ ਸੁਹੇਲੇ ਸਾਚੇ ਰੱਖ, ਗੁਰਮੁਖ ਆਪਣੀ ਗੰਢ ਪੁਆਈਆ । ਨਵ ਨੌਂ ਚਾਰ ਉਡਦੇ ਦਿਸਣ ਕੱਖ, ਖ਼ਾਲੀ ਹੱਥ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਮਾਂ ਸਮਾਂ ਵੇਖ ਵਖਾਈਆ ।


੪੯੬ ੧੪

੪੯੭
੧੪

ਸਮਾਂ ਸਮਾਂ ਹਰਿ ਵੇਖਣ ਆਇਆ, ਬੇਪਰਵਾਹ ਖੇਲ ਖਲਾਈਆ । ਨਾਤਾ ਤੋੜੇ ਤ੍ਰੈਗੁਣ ਮਾਇਆ, ਰਜੋ ਸਤੋ ਤਮੋ ਬੰਧਨ ਬੰਧ ਨਾ ਕੋਇ ਰਖਾਈਆ । ਭਗਤ ਭਗਵਾਨ ਏਕਾ ਇਕੋ ਮਿਲਾਇਆ, ਪ੍ਰਭ ਬਣੇ ਸੱਚਾ ਮਾਹੀਆ । ਜੀਵ ਜੰਤ ਆਪ ਸਮਝਾਇਆ, ਕਰੇ ਸਚ ਪੜ੍ਹਾਈਆ । ਬੂੰਦ ਰਕਤ ਲੇਖੇ ਲਾਇਆ, ਸਫਲ ਕੁੱਖ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਸਤਿ ਦਏ ਵਡਿਆਈਆ । ਵੀਹ ਸੌ ਵੀਹ ਸਤਿ ਸਤਿਵਾਦ, ਸਤਿ ਸਤਿਵਾਦੀ ਦਇਆ ਕਮਾਇੰਦਾ । ਸ਼ਬਦ ਅਨਾਦੀ ਇਕੋ ਨਾਦ, ਨਰ ਨਿਰੰਕਾਰਾ ਆਪ ਵਜਾਇੰਦਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਸਾਧਾਂ ਸੰਤਾਂ ਦੇਵਣਹਾਰਾ ਦਾਦ, ਵਸਤ ਅਮੋਲਕ ਆਪ ਵਰਤਾਇੰਦਾ । ਕਲਜੁਗ ਕੂੜੀ ਕਿਰਿਆ ਮੇਟੇ ਨਾਰ ਕਮਜ਼ਾਤ, ਗੁਰਮਤ ਇਕੋ ਰਾਹ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਬੀਸ ਬੀਸਾ ਹਰਿ ਜਗਦੀਸ਼ਾ, ਨਿਹਕਰਮੀ ਆਪਣਾ ਕਰਮ ਕਮਾਇੰਦਾ । ਆਪਣਾ ਕਰਮ ਕਰੇ ਪ੍ਰਭ ਆਪ, ਆਪਣੇ ਹੱਥ ਰੱਖੇ ਵਡਿਆਈਆ । ਮੇਟਣਹਾਰਾ ਤੀਨੋਂ ਤਾਪ, ਤ੍ਰੈਭਵਨ ਧਨੀ ਸੱਚਾ ਸ਼ਹਿਨਸ਼ਾਹੀਆ । ਸਤਿਜੁਗ ਸਾਚਾ ਚਲੇ ਜਾਪ, ਸੋਹੰ ਅੱਖਰ ਕਰੇ ਪੜ੍ਹਾਈਆ । ਜਨਮ ਜਨਮ ਦੇ ਮੇਟੇ ਪਾਪ, ਜੋ ਜਨ ਆਏ ਸਰਨਾਈਆ । ਕਰੇ ਕਰਾਏ ਪਾਕੀ ਪਾਕ, ਪਤਤ ਪੁਨੀਤ ਆਪ ਕਰਾਈਆ । ਅੰਦਰ ਬਾਹਰ ਗੁਪਤ ਜ਼ਾਹਰ ਸੋਵਤ ਜਾਗਤ ਪੁੱਛੇ ਵਾਤ, ਨਿਰਗੁਣ ਸਰਗੁਣ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸਮਾਂ ਆਪ ਸੁਹਾਈਆ । ਸਾਚਾ ਸਮਾਂ ਹਰਿ ਸੁਹਾਵਣਾ, ਰੈਣ ਸੁਹੰਜਣੀ ਨਾਲ ਮਿਲਾਇੰਦਾ । ਬੀਸ ਬੀਸਾ ਜਗਤ ਵਡਿਆਵਣਾ, ਵਡਿਆਈ ਆਪਣੇ ਹੱਥ ਰਖਾਇੰਦਾ । ਭਗਤ ਭਗਵਾਨ ਇਕੋ ਢੋਲਾ ਗਾਵਣਾ, ਦੂਜਾ ਰਾਗ ਨਾ ਕੋਇ ਅਲਾਇੰਦਾ । ਨੌਂ ਖੰਡ ਪ੍ਰਿਥਮੀ ਸ਼ਾਹੋ ਭੂਪ ਅਖਵਾਵਣਾ, ਸੀਸ ਜਗਦੀਸ ਤਾਜ ਸੁਹਾਇੰਦਾ । ਪ੍ਰਭ ਸਾਚਾ ਮਸਤਕ ਟਿੱਕਾ ਧੂੜੀ ਲਾਵਣਾ, ਖ਼ਾਕੀ ਖ਼ਾਕ ਭੇਟ ਚੜ੍ਹਾਇੰਦਾ । ਅਗੰਮ ਅਥਾਹ ਬੇਪਰਵਾਹ ਧੁਰ ਫ਼ਰਮਾਣਾ ਇਕ ਸੁਣਾਵਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਸਮਾਂ ਆਪ ਵਖਾਇੰਦਾ । ਸਾਚਾ ਸਮਾਂ ਗੁਰਮੁਖ ਵੇਖੇ, ਗੁਰ ਸਤਿਗੁਰ ਆਪ ਵਖਾਈਆ । ਕਲਜੁਗ ਅੰਤਮ ਲਿਖ ਕੇ ਲੇਖੇ, ਲੇਖਾ ਲੇਖੇ ਰਿਹਾ ਲਗਾਈਆ । ਬੀਸ ਬੀਸਾ ਰਹਿਣ ਨਾ ਦੇਵੇ ਭਰਮ ਭੁਲੇਖੇ, ਭਾਂਡਾ ਭਰਮ ਭੌ ਭੰਨਾਈਆ । ਵਸਣਹਾਰਾ ਸਚਖੰਡ ਦੇਸੇ, ਦੇਸ ਦਸੰਤਰ ਖੋਜ ਖੁਜਾਈਆ । ਸੇਵਾ ਲਾਏ ਵਿਸ਼ਨ ਬ੍ਰਹਮ ਮਹੇਸ਼ੇ, ਸ਼ੰਕਰ ਦੇਵਣਹਾਰ ਵਡਿਆਈਆ । ਆਦਿ ਜੁਗਾਦਿ ਜੁਗ ਚੌਕੜੀ ਖੇਲ ਖੇਲੇ, ਖੇਲਣਹਾਰ ਆਪਣੀ ਰਚਨ ਰਚਾਈਆ । ਕੰਤ ਭਗਤ ਭਗਵਾਨ ਮੇਲ ਮੇਲੇ, ਭਗਵਨ ਆਪਣਾ ਰੰਗ ਰੰਗਾਈਆ । ਲੇਖਾ ਜਾਣੇ ਗੁਰੂ ਗੁਰ ਚੇਲੇ, ਚੇਲਾ ਗੁਰ ਰੂਪ ਵਟਾਈਆ । ਮੂਰਖ ਮੁਗਧ ਅਵਾਣ ਦੁਸ਼ਟ ਦੁਰਾਚਾਰ ਧਰਮ ਰਾਏ ਦੀ ਜਾਣ ਜੇਲੇ, ਚਿਤਰ ਗੁਪਤ ਹਿਸਾਬ ਵਖਾਈਆ । ਅਚਰਜ ਖੇਲ ਪਾਰਬ੍ਰਹਮ ਪ੍ਰਭ ਖੇਲੇ, ਬਿਨ ਗੁਰਮੁਖ ਪੂਰੇ ਭੇਵ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਮਾਂ ਸਭ ਦੇ ਸਿਰ ਤੇ ਭਵਾਈਆ । ਸਭ ਦੇ ਸਿਰ ਤੇ ਸਮਾਂ ਰਿਹਾ ਭੌਂ, ਭੈ ਭੌਂ ਆਪ ਜਣਾਇੰਦਾ । ਭਗਤ ਭਗਵਾਨ ਇਕ ਦੂਜੇ ਦਾ ਰੱਖਣ ਗੌਂ, ਗਹਿਰ ਗੰਭੀਰ ਖੇਲ ਖਲਾਇੰਦਾ । ਕਲਜੁਗ ਜੀਵ ਗੂੜ੍ਹੀ ਨੀਂਦੇ ਗਏ ਸੌਂ, ਸੋਇਆ ਮਾਤ ਨਾ ਕੋਇ ਉਠਾਇੰਦਾ । ਲੱਖ ਚੁਰਾਸੀ ਦਰ ਦਰ ਘਰ ਘਰ ਰਹੀ ਭੌਂ, ਆਤਮ ਤਾਕੀ ਕੁੰਡਾ ਕੋਈ ਨਾ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਅੰਧੇਰਾ ਇਕ ਵਖਾਇੰਦਾ । ਅਗਲਾ ਸਮਾਂ ਦਿਸੇ ਅੰਧ, ਚਾਰੋਂ

ਕੁੰਟ ਅੰਧੇਰਾ ਛਾਈਆ । ਸਨਿਆਸੀ ਜੋਗੀ ਕੋਈ ਨਾ ਮੁਕਾਏ ਆਪਣਾ ਪੰਧ, ਸਾਰੇ ਬੈਠੇ ਢੇਰੀਆਂ ਢਾਹੀਆ । ਰਸਨਾ ਜਿਹਵਾ ਗਾ ਗਾ ਥੱਕੀ ਛੰਦ, ਆਤਮ ਪਰਮਾਤਮ ਮੇਲ ਨਾ ਕੋਇ ਮਿਲਾਈਆ । ਘਰ ਘਰ ਦੀਪਕ ਤੇਲ ਬਾਤੀ ਜਗੇ ਚੰਦ, ਨਿਰਗੁਣ ਜੋਤ ਨਾ ਕੋਇ ਰੁਸ਼ਨਾਈਆ । ਪੜ੍ਹ ਪੜ੍ਹ ਪੁਸਤਕ ਥੱਕੇ ਬੱਤੀ ਦੰਦ, ਬੰਦਨਾ ਸਚ ਨਾ ਕੋਇ ਕਰਾਈਆ । ਆਤਮ ਪਰਮਾਤਮ ਕਿਸੇ ਨਾ ਮਿਲਿਆ ਅਨੰਦ, ਪਰਮਾਨੰਦ ਨਾ ਕੋਇ ਸਮਾਈਆ । ਜਨਮ ਜਨਮ ਟੁੱਟੀ ਕੋਈ ਨਾ ਸਕਿਆ ਗੰਢ, ਸੁਰਤੀ ਸ਼ਬਦੀ ਨਾ ਮੇਲ ਮਿਲਾਈਆ । ਜਗਤ ਦੁਹਾਗਣ ਹੋਈ ਰੰਡ, ਉਚੀ ਕੂਕ ਕੂਕ ਅਲਾਈਆ । ਬਿਨ ਸਤਿਗੁਰ ਪੂਰੇ ਕੋਈ ਨਾ ਮੇਟੇ ਪੰਧ, ਫੜ ਬਾਹੋਂ ਪਾਰ ਨਾ ਕੋਇ ਕਰਾਈਆ । ਨਵ ਨੌਂ ਚਾਰ ਚੌਥਾ ਜੁਗ ਰਿਹਾ ਹੰਢ, ਸਚ ਹੰਢੋਲਾ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਣ ਪਾਂਧੀ ਵੇਖ ਵਖਾਈਆ । ਬਣ ਪਾਂਧੀ ਵੇਖੇ ਕਰਤਾਰ, ਦੋ ਜਹਾਨਾਂ ਪੰਧ ਮੁਕਾਇੰਦਾ । ਕਲ ਕਲਕੀ ਲੈ ਅਵਤਾਰ, ਨਿਰਗੁਣ ਆਪਣਾ ਵੇਸ ਵਟਾਇੰਦਾ । ਸੰਬਲ ਵਸੇ ਧਾਮ ਨਿਆਰ, ਸਚ ਸਿੰਘਾਸਣ ਸੋਭਾ ਪਾਇੰਦਾ । ਸ਼ਬਦ ਅਗੰਮ ਬੋਲ ਜੈਕਾਰ, ਨਾਅਰਾ ਇਕੋ ਰਾਗ ਅਲਾਇੰਦਾ । ਲੇਖਾ ਜਾਣੇ ਧੁਰ ਦਰਬਾਰ, ਧੁਰ ਦੀ ਬਾਣੀ ਬਾਣ ਲਗਾਇੰਦਾ । ਜੋ ਜਨ ਸਾਹਿਬ ਸਤਿਗੁਰ ਕਰੇ ਪਿਆਰ, ਤਿਸ ਪ੍ਰੇਮ ਪ੍ਰੀਤੀ ਆਪ ਸਿਖਾਇੰਦਾ । ਅਗਲਾ ਸਮਾਂ ਕੋਈ ਨਾ ਸਕੇ ਵਿਚਾਰ, ਪੰਡਤ ਪਾਂਧਾ ਸਰਬ ਧਿਆਨ ਲਗਾਇੰਦਾ । ਗਰੰਥੀ ਪੰਥੀ ਗਏ ਹਾਰ, ਹਰਿ ਕਾ ਭੇਵ ਕਿਸੇ ਨਾ ਆਇੰਦਾ । ਮੁਲਾਂ ਸ਼ੇਖ਼ ਮੁਸਾਇਕ ਹੋਏ ਖ਼ਵਾਰ, ਖ਼ਾਲਕ ਖ਼ਲਕ ਪਰਦਾ ਨਾ ਕੋਇ ਚੁਕਾਇੰਦਾ । ਆਪਣੀ ਕਰਨੀ ਕਰੇ ਕਰਤਾਰ, ਕੁਦਰਤ ਆਪਣੇ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਸਮਾਂ ਆਪ ਸੁਹਾਇੰਦਾ । ਸਾਚਾ ਸਮਾਂ ਹਰਿ ਸੁਹੌਣਾ, ਰੁੱਤ ਸੁਹੰਜਣੀ ਦਏ ਵਡਿਆਈਆ । ਭਗਤ ਭਗਵਾਨ ਮੇਲ ਮਿਲੌਣਾ, ਮਿਲਣੀ ਜਗਦੀਸ਼ ਕਰਾਈਆ । ਸੰਤ ਸੱਜਣ ਕੋਲ ਬਹੌਣਾ, ਦੂਰ ਦੁਰਾਡਾ ਪੰਧ ਮੁਕਾਈਆ । ਗੁਰਮੁਖ ਗੁਰ ਗੁਰ ਗੋਦ ਉਠੌਣਾ, ਗਲਵਕੜੀ ਏਕਾ ਪਾਈਆ । ਗੁਰਸਿਖ ਸਿਖ ਇਕ ਸਮਝੌਣਾ, ਵਿਦਿਆ ਸਚ ਦ੍ਰਿੜਾਈਆ । ਰਾਤੀਂ ਸੁਤਿਆਂ ਮੇਲ ਮਿਲੌਣਾ, ਦਿਨੇ ਜਾਗਦਿਆਂ ਮੇਲ ਮਿਲਾਈਆ । ਅੰਦਰ ਵੜ ਕੇ ਵੇਖ ਵਖੌਣਾ, ਨਿਰਗੁਣ ਆਪਣਾ ਫੇਰਾ ਪਾਈਆ । ਸਾਚੀ ਸੇਜਾ ਸੋਭਾ ਪੌਣਾ, ਸੋਭਾਵੰਤ ਸਹਿਜ ਸੁਖਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਮਾਂ ਸਭ ਨੂੰ ਦਏ ਵਖਾਈਆ । ਸਾਚਾ ਸਮਾਂ ਸਦਾ ਬਲਵਾਨ, ਸ੍ਰੀ ਭਗਵਾਨ ਆਪ ਜਣਾਇੰਦਾ । ਸਮਾਂ ਵੇਖ ਹੋਏ ਹੈਰਾਨ, ਗੁਰ ਅਵਤਾਰ ਪੀਰ ਪੈਗ਼ੰਬਰ ਸਮੇਂ ਵਿਚ ਭਵਾਇੰਦਾ । ਸਮੇਂ ਅੰਦਰ ਸ਼ਬਦ ਨਿਸ਼ਾਨ, ਦੋ ਜਹਾਨਾਂ ਆਪ ਝੁਲਾਇੰਦਾ । ਸਮੇਂ ਅੰਦਰ ਹੁਕਮਰਾਨ, ਧੁਰ ਫ਼ਰਮਾਣਾ ਹੁਕਮ ਜਣਾਇੰਦਾ । ਸਮੇਂ ਅੰਦਰ ਸ਼ਾਸਤਰ ਸਿਮਰਤ ਵੇਦ ਪੁਰਾਨ, ਗੀਤਾ ਗਿਆਨ ਧਿਆਨ ਦ੍ਰਿੜਾਇੰਦਾ । ਸਮੇਂ ਅੰਦਰ ਅੰਜੀਲ ਕੁਰਾਨ, ਤੀਸ ਬਤੀਸਾ ਆਪ ਜਣਾਇੰਦਾ । ਸਮੇਂ ਅੰਦਰ ਖਾਣੀ ਬਾਣੀ ਕਰ ਪਰਵਾਨ, ਨਾਨਕ ਗੋਬਿੰਦ ਹੁਕਮ ਮਨਾਇੰਦਾ । ਸਮੇਂ ਅੰਦਰ ਫਿਰ ਫਿਰ ਜੰਗਲ ਜੂਹ ਉਜਾੜ ਪਹਾੜ ਬੀਆਬਾਨ, ਬਨਬਾਸੀ ਰੂਪ ਜਣਾਇੰਦਾ । ਸਮੇਂ ਅੰਦਰ ਬਣ ਬਣ ਕਾਹਨ, ਸਾਚੀ ਬੰਸਰੀ ਨਾਮ ਵਜਾਇੰਦਾ । ਸਮੇਂ ਅੰਦਰ ਕਰ ਧਿਆਨ, ਗ਼ਰੀਬ ਨਿਮਾਣਿਆਂ ਵੇਖ ਵਖਾਇੰਦਾ । ਸਮੇਂ ਅੰਦਰ ਕਰ ਪਰਵਾਨ, ਸਚ ਪਰਵਾਨਾ ਨਾਮ ਜਣਾਇੰਦਾ । ਸਮੇਂ ਅੰਦਰ ਦੇਵੇ ਦਾਨ, ਭਗਤ ਭਗਵਾਨ ਝੋਲੀ ਆਪ ਭਰਾਇੰਦਾ । ਸਮੇਂ ਅੰਦਰ ਕਰ ਵੈਰਾਨ, ਘਰ ਘਰ ਵੈਰੀ ਆਪ ਪਰਗਟਾਇੰਦਾ । ਸਮੇਂ

ਅੰਦਰ ਚਾੜ੍ਹ ਤੂਫ਼ਾਨ, ਦੋ ਜਹਾਨਾਂ ਖੇਹ ਉਡਾਇੰਦਾ । ਸਮੇਂ ਅੰਦਰ ਵਿਸ਼ਨ ਬ੍ਰਹਮਾ ਸ਼ਿਵ ਕਰ ਨਿਸ਼ਾਨ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਨਾਚ ਨਚਾਇੰਦਾ । ਸਮੇਂ ਅੰਦਰ ਸਮੇਂ ਸਿਰ ਹੋ ਬਲਵਾਨ, ਖੜਗ ਖੰਡਾ ਤੇਜ਼ ਚੰਡ ਪਰਚੰਡਾ ਹੱਥ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸਮਾਂ ਆਪ ਉਪਾਇੰਦਾ । ਸਾਚਾ ਸਮਾਂ ਸਾਹਿਬ ਦਾ ਰੰਗ, ਜੁਗ ਚੌਕੜੀ ਵੇਖ ਵਖਾਈਆ । ਜਨ ਭਗਤਾਂ ਦੇਵੇ ਇਕ ਅਨੰਦ, ਅਨੰਦ ਅਨੰਦ ਵਿਚੋਂ ਪਰਗਟਾਈਆ । ਸਤਿਜੁਗ ਸਾਚਾ ਚੜ੍ਹੇ ਚੰਦ, ਕਲਜੁਗ ਅੰਧੇਰਾ ਦੂਰ ਵਖਾਈਆ । ਭਰਮ ਭੁਲੇਖਾ ਦੂਈ ਦਵੈਤੀ ਢਾਹੇ ਕੰਧ, ਘਰ ਇਕੋ ਨਜ਼ਰੀ ਆਈਆ । ਆਤਮ ਪਰਮਾਤਮ ਸੋਹੰ ਢੋਲਾ ਸਭ ਨੇ ਗੌਣਾ ਛੰਦ, ਸ਼ਹਿਨਸ਼ਾਹ ਇਕੋ ਇਕ ਕਰੇ ਪੜ੍ਹਾਈਆ । ਖ਼ੁਸ਼ੀ ਕਰਾਏ ਬੰਦ ਬੰਦ, ਬੰਦੀਖ਼ਾਨਾ ਤੋੜ ਤੁੜਾਈਆ । ਸਭ ਦੀ ਪੂਰੀ ਕਰੇ ਮੰਗ, ਜੋ ਬੈਠਣ ਚਰਨ ਧਿਆਨ ਲਗਾਈਆ । ਦੁੱਖ ਦਲਿਦਰ ਕਰੇ ਖੰਡ ਖੰਡ, ਖੰਡਾ ਖੜਗ ਨਾਮ ਚਮਕਾਈਆ । ਸੁਰਤ ਸਵਾਣੀ ਨਾ ਹੋਵੇ ਰੰਡ, ਸ਼ਬਦ ਕੰਤ ਦਏ ਮਿਲਾਈਆ । ਕਲਜੁਗ ਜੀਵ ਭਾਗਾਂ ਮੰਦ, ਨੇਤਰ ਨੈਣ ਨਾ ਸਕੇ ਖੁਲ੍ਹਾਈਆ । ਮਦਿਰਾ ਮਾਸ ਰਸਨਾ ਜਿਹਵਾ ਗੰਦ, ਗੀਤ ਗੋਬਿੰਦ ਨਾ ਕੋਇ ਅਲਾਈਆ । ਕੂੜੀ ਕਿਰਿਆ ਚੁੱਕੀ ਸੀਸ ਪੰਡ, ਹੌਲਾ ਭਾਰ ਨਾ ਕੋਇ ਵਖਾਈਆ । ਨਾਤਾ ਜੁੜਿਆ ਜੇਰਜ ਅੰਡ, ਉਤਭੁਜ ਸੇਤਜ ਜੂਨੀ ਜੂਨ ਭਵਾਈਆ । ਜਿਨ੍ਹਾਂ ਸਤਿਗੁਰ ਮਿਲੇ ਸਾਹਿਬ ਬਖ਼ਸ਼ੰਦ, ਤਿਨ੍ਹਾਂ ਆਵਣ ਜਾਵਣ ਦਏ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸਮੇਂ ਦਏ ਵਡਿਆਈਆ । ਸਾਚਾ ਸਮਾਂ ਭਗਤਾਂ ਮੀਤ, ਭਗਤੀ ਮਾਰਗ ਇਕ ਵਖਾਇੰਦਾ । ਸਾਹਿਬ ਸਤਿਗੁਰ ਦੀ ਸਾਚੀ ਰੀਤ, ਮੇਲ ਮਿਲਾਵਾ ਆਪ ਜਣਾਇੰਦਾ । ਲੇਖਾ ਚੁੱਕੇ ਊਚ ਨੀਚ, ਰਾਉ ਰੰਕ ਇਕੋ ਘਰ ਬਹਾਇੰਦਾ । ਸਾਚੇ ਮੰਦਰ ਲੰਘ ਦਹਿਲੀਜ਼, ਸਾਢੇ ਤਿੰਨ ਹੱਥ ਅੰਦਰ ਡੇਰਾ ਲਾਇੰਦਾ । ਘਰ ਵਿਚ ਘਰ ਵਖਾਏ ਪ੍ਰੀਤ, ਪ੍ਰੀਤੀਵਾਨ ਫੇਰਾ ਪਾਇੰਦਾ । ਪ੍ਰਭ ਮਿਲਣ ਦੀ ਕੋਈ ਨਾ ਲੱਗੇ ਫ਼ੀਸ, ਪਹਿਰੇਦਾਰ ਨਾ ਕੋਇ ਅਟਕਾਇੰਦਾ । ਜਿਸ ਦੇ ਛੱਤਰ ਝੁੱਲੇ ਸੀਸ, ਸੋ ਸਾਹਿਬ ਇਕ ਅਖਵਾਇੰਦਾ । ਲੇਖਾ ਜਾਣੇ ਹਸਤ ਕੀਟ, ਕੀਟ ਕੀਟਾਂ ਅੰਦਰ ਡੇਰਾ ਲਾਇੰਦਾ । ਗੁਰਮੁਖ ਗੁਰਸਿਖ ਸੰਤ ਸੁਹੇਲੇ ਮਾਣਸ ਜਨਮ ਜਾਵਣ ਜੀਤ, ਜਿਸ ਜਨ ਆਪਣਾ ਭੇਵ ਖੁਲਾਇੰਦਾ । ਬਣ ਸਵਾਣੀ ਮੰਗੇ ਭੀਖ, ਖ਼ਾਲੀ ਝੋਲੀ ਸਰਬ ਭਰਾਇੰਦਾ । ਅਗਲਾ ਸਮਾਂ ਰਿਹਾ ਉਡੀਕ, ਬਿਨ ਸਤਿਗੁਰ ਗੋਦ ਨਾ ਕੋਇ ਬਹਾਇੰਦਾ । ਨੇਤਰ ਨੈਣ ਨਾ ਖੋਲ੍ਹੇ ਕੋਇ ਤੀਜ, ਦੋਏ ਲੋਚਣ ਲਹਿਣਾ ਨਾ ਕੋਇ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਸਮਾਂ ਆਪ ਦਰਸਾਇੰਦਾ । ਗੁਰਮੁਖ ਸਮਾਂ ਰਹੇ ਉਡੀਕ, ਨਿਜ ਨੇਤਰ ਧਿਆਨ ਲਗਾਈਆ । ਕਵਣ ਵੇਲਾ ਪ੍ਰਭ ਦੇਵੇ ਸਚ ਪ੍ਰੀਤ, ਨਾਤਾ ਲੱਖ ਚੁਰਾਸੀ ਨਾਲੋਂ ਤੁੜਾਈਆ । ਸਤਿ ਧਰਮ ਦੀ ਦੱਸੇ ਰੀਤ, ਰੀਤੀਵਾਨ ਹੋਏ ਸਹਾਈਆ । ਅੰਦਰ ਬਾਹਰ ਇਕੋ ਗੀਤ, ਸਾਚਾ ਢੋਲਾ ਦਏ ਜਣਾਈਆ । ਨਾਤਾ ਤੁਟੇ ਮੰਦਰ ਮਸੀਤ, ਘਰ ਬੈਠਿਆਂ ਸਤਿਗੁਰ ਪੂਰਾ ਨਜ਼ਰੀ ਆਈਆ । ਆਤਮ ਪਰਮਾਤਮ ਲੱਗੇ ਪ੍ਰੀਤ, ਲੋਕਮਾਤ ਸਕੇ ਨਾ ਕੋਇ ਤੁੜਾਈਆ । ਜੀਂਵਦਿਆਂ ਜਗ ਜਾਏ ਜੀਤ, ਮਰਨਾ ਕੋਇ ਨਜ਼ਰ ਨਾ ਆਈਆ । ਲੇਖੇ ਲੱਗੇ ਧੜ ਸੀਸ, ਜੋ ਜਨ ਸਤਿਗੁਰ ਪਏ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸਮਾਂ ਸੰਮਤੀ ਦਏ ਬਦਲਾਈਆ । ਸਾਚਾ ਸਮਾਂ ਸਾਹਿਬ ਦਾ ਭਾਣਾ, ਭਾਵੀ ਨਾਲ ਮਿਲਾਇੰਦਾ । ਤਖ਼ਤੋਂ ਲਹਿਣਾ ਰਾਜਾ ਰਾਣਾ, ਰਾਉ ਰੰਕ ਵੇਖ ਵਖਾਇੰਦਾ । ਮਾਣ ਅਭਿਮਾਨ ਤੋੜੇ ਮਾਣਾ, ਬਲਧਾਰੀ ਬਲ ਨਾ ਕੋਇ ਜਣਾਇੰਦਾ । ਨਵ ਨੌਂ

ਚਾਰ ਹੋਏ ਨਿਮਾਣਾ, ਸੀਸ ਉਪਰ ਨਾ ਕੋਇ ਉਠਾਇੰਦਾ । ਸਭ ਨੂੰ ਭੁੱਲੇ ਪੀਣਾ ਖਾਣਾ, ਚਾਰੇ ਖਾਣੀ ਆਪ ਭਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸਾਚਾ ਸਮਾਂ ਆਪ ਬਦਲਾਇੰਦਾ । ਸਾਚਾ ਸਮਾਂ ਕਰੇ ਬਦਲੀ, ਹਰਿ ਬਦਲਾ ਆਪ ਚੁਕਾਈਆ । ਪਰਮ ਪੁਰਖ ਪਰਮੇਸ਼ਵਰ ਇਕੋ ਅਦਲੀ, ਨਾਮ ਅਦਾਲਤ ਇਕ ਲਗਾਈਆ । ਸ੍ਰਿਸ਼ਟ ਸਬਾਈ ਕਰੇ ਪਧਰੀ, ਪਰਮ ਪੁਰਖ ਪ੍ਰਭ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਲਏ ਜਗਾਈਆ । ਹਰਿਜਨ ਜਾਗ ਖੋਲ੍ਹੇ ਅੱਖ, ਆਖ਼ਰ ਆਪਣਾ ਮੇਲ ਮਿਲਾਇੰਦਾ । ਸਵਛ ਸਰੂਪੀ ਦਰਸ ਦੇਵੇ ਪਰਤੱਖ, ਨਿਰਗੁਣ ਸਰਗੁਣ ਨਜ਼ਰੀ ਆਇੰਦਾ । ਲੱਖ ਚੁਰਾਸੀ ਨਾਲੋਂ ਕਰ ਕੇ ਵੱਖ, ਭਗਤ ਭਗਵਾਨ ਮੇਲ ਮਿਲਾਇੰਦਾ । ਸਾਚਾ ਮਾਰਗ ਇਕੋ ਦੱਸ, ਦਰ ਮੰਦਰ ਵੇਖ ਵਖਾਇੰਦਾ । ਪੰਧ ਮੁਕਾਏ ਨੱਠ ਨੱਠ, ਬਣ ਪਾਂਧੀ ਫੇਰਾ ਪਾਇੰਦਾ । ਹਿਰਦੇ ਅੰਤਰ ਆਪੇ ਵਸ, ਗ੍ਰਿਹ ਮੰਦਰ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਮਾਂ ਇਕੋ ਰੰਗ ਰੰਗਾਇੰਦਾ । ਸਮਾਂ ਚੜ੍ਹਾਵੇ ਆਪਣਾ ਰੰਗ, ਰੰਗ ਰੰਗੀਲਾ ਇਕ ਜਣਾਈਆ । ਗੁਰਮੁਖ ਆਤਮ ਸੇਜ ਸੋਹੇ ਪਲੰਘ, ਪਰਮ ਪੁਰਖ ਪ੍ਰਭ ਆਪਣਾ ਡੇਰਾ ਲਾਈਆ । ਅਨਹਦ ਸ਼ਬਦ ਵੱਜੇ ਮਰਦੰਗ, ਰਾਗ ਅਨਾਦੀ ਨਾਦ ਅਲਾਈਆ । ਚਰਨ ਦੁਆਰ ਵਹੇ ਗੰਗ, ਗੰਗਾ ਜਮਨਾ ਸੁਰਸਤੀ ਗੁਦਾਵਰੀ ਬੈਠੇ ਨੈਣ ਸ਼ਰਮਾਈਆ । ਲੇਖਾ ਮੁਕੇ ਸੂਰਜ ਚੰਦ, ਨਿਰਗੁਣ ਜੋਤ ਜੋਤ ਰੁਸ਼ਨਾਈਆ । ਆਵਣ ਜਾਵਣ ਲੱਖ ਚੁਰਾਸੀ ਮਾਤ ਗਰਭ ਮੁੱਕੇ ਪੰਧ, ਦਸ ਦਸ ਮਾਸ ਅਗਨ ਨਾ ਕੋਇ ਤਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਮੇਂ ਸਾਰ ਸਾਰ ਸ਼ਬਦ ਦਏ ਸਮਝਾਈਆ । ਜਨ ਭਗਤੋ ਵੇਖੋ ਸ਼ਬਦ ਸਾਰ, ਸਾਰੰਗ ਧਰ ਜਣਾਇੰਦਾ । ਜਿਸ ਨਾਲ ਗੁਰ ਅਵਤਾਰ ਕਰਦੇ ਗਏ ਪਿਆਰ, ਪਰਮ ਪ੍ਰੀਤੀ ਇਕ ਵਡਿਆਇੰਦਾ । ਪੀਰ ਪੈਗ਼ੰਬਰ ਜਿਸ ਦਾ ਆਧਾਰ, ਸੋ ਸਾਹਿਬ ਖੇਲ ਖਲਾਇੰਦਾ । ਲੱਖ ਚੁਰਾਸੀ ਇਕ ਪਿਆਰ, ਗੁਲਸ਼ਨ ਇਕੋ ਇਕ ਮਹਿਕਾਇੰਦਾ । ਗੁਰਮੁਖ ਬੂਟੇ ਕਰ ਤਿਆਰ, ਧਰਤ ਧਵਲ ਆਪ ਟਿਕਾਇੰਦਾ । ਭੌਰਾ ਬਣੇ ਆਪ ਨਿਰੰਕਾਰ, ਸਾਚੀ ਗੂੰਝ ਇਕ ਗੁੰਜਾਇੰਦਾ । ਤੂ ਹੀ ਤੂ ਤੇਰਾ ਦਰਬਾਰ, ਭੇਵ ਅਭੇਦਾ ਆਪ ਖੁਲਾਇੰਦਾ । ਤੇਰਾ ਮੇਰਾ ਇਕ ਪਿਆਰ, ਪਿਆਰ ਪਿਆਰ ਨਾਲ ਵਟਾਇੰਦਾ । ਸੋਹੰ ਸ਼ਬਦ ਬੋਲ ਜੈਕਾਰ, ਜੈ ਜੈਕਾਰਾ ਇਕ ਸੁਣਾਇੰਦਾ । ਸਾਚਾ ਸਮਾਂ ਜਨ ਭਗਤਾਂ ਉਤੋਂ ਜਾਏ ਬਲਿਹਾਰ, ਜਿਨ੍ਹਾਂ ਸਤਿਗੁਰ ਪੂਰਾ ਨਜ਼ਰੀ ਆਇੰਦਾ । ਮਨਮੁਖ ਰੋਵਣ ਜ਼ਾਰੋ ਜ਼ਾਰ, ਨੇਤਰ ਨੈਣ ਨੀਰ ਵਹਾਇੰਦਾ । ਸਾਚਾ ਦਿਸੇ ਨਾ ਕੋਈ ਯਾਰ, ਸੱਥਰ ਯਾਰ ਨਾ ਕੋਇ ਹੰਢਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਮਾਂ ਇਕੋ ਘਰ ਵਖਾਇੰਦਾ । ਸਮਾਂ ਵਖਾਏ ਸਾਚਾ ਘਰ, ਘਰ ਘਰ ਵਿਚ ਦਏ ਵਡਿਆਈਆ । ਪੁਰਖ ਅਬਿਨਾਸ਼ੀ ਮਿਲੇ ਵਰ, ਨਾਰੀ ਨਰ ਕੰਤ ਪਰਨਾਈਆ । ਨਿਰਭੌ ਚੁਕਾਏ ਭੈ ਡਰ, ਭਿਆਨਕ ਰੂਪ ਨਾ ਕੋਇ ਦਰਸਾਈਆ । ਸੋਈ ਸੁਰਤੀ ਲਏ ਫੜ, ਜਾਗਰਤ ਰੂਪ ਰੂਪ ਵਟਾਈਆ । ਸਚ ਮਹੱਲੇ ਆਪੇ ਚੜ੍ਹ, ਸਚ ਸਿੰਘਾਸਣ ਡੇਰਾ ਲਾਈਆ । ਤੇਰਾ ਮੇਰਾ ਢੋਲਾ ਪੜ੍ਹ, ਸੋਹੰ ਰਾਗ ਅਲਾਈਆ । ਕਰਤਾ ਪੁਰਖ ਕਰਨੀ ਕਰ, ਕਰਾਮਾਤ ਨਾ ਕੋਇ ਵਖਾਈਆ । ਸਚ ਸਰੋਵਰ ਨੁਹਾਏ ਸਰ, ਦੁਰਮਤ ਮੈਲ ਧਵਾਈਆ । ਜਗਤ ਦੁਆਰੇ ਪਾਰ ਕਰ, ਘਰ ਮੰਦਰ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਮੇਂ ਸਿਰ ਹੋਏ ਸਹਾਈਆ । ਸਮੇਂ ਸਿਰ ਹੋਏ ਸਹਾ, ਸਾਹਿਬ

ਆਪਣੀ ਦਇਆ ਕਮਾਇੰਦਾ । ਸਮਾਂ ਪੁੱਛਣ ਦਾ ਜੇ ਸਾਚਾ ਚਾ, ਚਾਉ ਘਨੇਰਾ ਇਕ ਵਖਾਇੰਦਾ । ਪ੍ਰਭ ਮਿਲਣ ਦਾ ਲੱਭੇ ਰਾਹ, ਪ੍ਰਭ ਮਿਲਿਆਂ ਵਕਤ ਸੋਭਾ ਪਾਇੰਦਾ । ਪ੍ਰਭ ਦੇਵੇ ਸੱਚਾ ਥਾਂ, ਥਾਨ ਥਨੰਤਰ ਇਕ ਵਖਾਇੰਦਾ । ਫੜ ਕੇ ਹੰਸ ਬਣਾਏ ਕਾਂ, ਕਾਗੋਂ ਹੰਸ ਉਡਾਇੰਦਾ । ਕਰੇ ਪਿਆਰ ਜਿਉਂ ਪੁਤਰਾਂ ਮਾਂ, ਗੁਰਮੁਖ ਸਾਚੇ ਗੋਦ ਬਹਾਇੰਦਾ । ਸਿਰ ਰੱਖੇ ਠੰਡੀ ਛਾਂ, ਮਿਹਰ ਨਜ਼ਰ ਨੈਣ ਉਠਾਇੰਦਾ । ਪਾਰ ਕਰਾਏ ਫੜ ਕੇ ਬਾਂਹ, ਮੰਜਧਾਰ ਨਾ ਕੋਇ ਰੁੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਧਾਮ ਦਏ ਵਸਾ, ਜਿਸ ਘਰ ਵਸਿਆ ਫੇਰ ਨਾ ਕੋਇ ਉਠਾਇੰਦਾ । ਸਮਾਂ ਪੁੱਛਣ ਦਾ ਜੇ ਮਨ ਚਾਉ, ਚਾਉ ਘਨੇਰਾ ਇਕ ਜਣਾਈਆ । ਪਾਰਬ੍ਰਹਮ ਪ੍ਰਭ ਇਕ ਮਨਾਓ, ਜਿਸ ਮੰਨਿਆਂ ਦੁੱਖ ਰਹਿਣ ਨਾ ਪਾਈਆ । ਅੱਗੇ ਹੋ ਕੇ ਫੜੇ ਬਾਂਹੋਂ, ਪੱਲੂ ਆਪਣੀ ਗੰਢ ਬੰਧਾਈਆ । ਏਥੇ ਓਥੇ ਦੋ ਜਹਾਨਾਂ ਕਰੇ ਸਚ ਨਿਆਉਂ, ਅਦਲ ਆਦਲ ਇਕ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਮਾਂ ਸਮਾਜ ਵਿਚੋਂ ਬਦਲਾਈਆ । ਸਮਾਂ ਪੁਛਣ ਦਾ ਜਿਸ ਜਨ ਖਿਆਲ, ਦਲੀਲ ਦਲੀਲ ਵਿਚੋਂ ਜਣਾਇੰਦਾ । ਸਤਿਗੁਰ ਪੂਰਾ ਲੱਭੇ ਇਕ ਦਲਾਲ, ਸਚ ਦਲਾਲੀ ਮਾਤ ਕਮਾਇੰਦਾ । ਭੇਵ ਖੋਲ੍ਹੇ ਹੱਕ ਹਲਾਲ, ਹਕੀਕਤ ਆਪਣੇ ਵਿਚੋਂ ਸਮਝਾਇੰਦਾ । ਮਾਰਗ ਦੱਸੇ ਇਕ ਸੁਖਾਲ, ਔਖਾ ਰਾਹ ਨਾ ਕੋਇ ਵਖਾਇੰਦਾ । ਲੇਖਾ ਜਾਣੇ ਸ਼ਾਹ ਕੰਗਾਲ, ਕੰਗਾਲ ਸ਼ਾਹ ਇਕੋ ਰੰਗ ਰੰਗਾਇੰਦਾ । ਕਲਜੁਗ ਅੰਤਮ ਚਾਰੋਂ ਕੁੰਟ ਲਓ ਭਾਲ, ਨਿਰਗੁਣ ਲੁਕ ਲੁਕ ਆਪਣੀ ਖੇਲ ਕਰਾਇੰਦਾ । ਸੋ ਸਾਹਿਬ ਪੂਰਾ ਕਰੇ ਸਵਾਲ, ਜੋ ਜਨ ਸਵਾਲੀ ਚਲ ਕੇ ਆਇੰਦਾ । ਵੇਲੇ ਅੰਤ ਨਾ ਖਾਏ ਕਾਲ, ਮਹਾਂਕਾਲ ਪੰਧ ਮੁਕਾਇੰਦਾ । ਤ੍ਰੈਗੁਣ ਮਾਇਆ ਤੋੜੇ ਜੰਜਾਲ, ਸਮਾਂ ਆਪਣਾ ਰੂਪ ਵਖਾਇੰਦਾ । ਆਪੇ ਪੁੱਛੇ ਮੁਰੀਦਾਂ ਹਾਲ, ਮੁਰਸ਼ਦ ਆਪਣਾ ਫੇਰਾ ਪਾਇੰਦਾ । ਨੂਰੀ ਜਲਵਾ ਦੇ ਜਲਾਲ, ਜ਼ਾਹਰ ਜ਼ਹੂਰ ਵੇਖ ਵਖਾਇੰਦਾ । ਅੰਦਰ ਬਾਹਰ ਚਲੇ ਨਾਲ ਨਾਲ, ਜਗਤ ਨੇਤਰ ਨਜ਼ਰ ਕਿਸੇ ਨਾ ਆਇੰਦਾ । ਦੇਵਣਹਾਰ ਸੱਚਾ ਧੰਨ ਮਾਲ, ਨਾਮ ਨਿਧਾਨ ਝੋਲੀ ਪਾਇੰਦਾ । ਦੀਪਕ ਦੀਆ ਜੋਤੀ ਬਾਲ, ਆਤਮ ਪਰਮਾਤਮ ਖੋਜ ਖੁਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਮਾਂ ਅੰਤ ਕੰਤ ਸਮਝਾਇੰਦਾ । ਸਮਾਂ ਅੰਤ ਅੰਤ ਅਖ਼ੀਰ, ਬੁੱਧੀ ਸਾਰ ਕੋਇ ਨਾ ਪਾਈਆ । ਮਤ ਹੋਈ ਜਗਤ ਦਿਲਗੀਰ, ਧੀਰਜ ਸਕੇ ਨਾ ਕੋਇ ਧਰਾਈਆ । ਮਨ ਲੱਗੀ ਹਉਮੇ ਪੀੜ, ਦੁੱਖ ਦਰਦ ਨਾ ਕੋਇ ਵੰਡਾਈਆ । ਬਿਨ ਸਤਿਗੁਰ ਪੂਰੇ ਕੱਟੇ ਨਾ ਕੋਇ ਭੀੜ, ਸਿਰ ਹੱਥ ਨਾ ਕੋਇ ਟਿਕਾਈਆ । ਕੂੜੀ ਕਿਰਿਆ ਕੱਟੇ ਸ਼ਰਅ ਨਾ ਕੋਇ ਜ਼ੰਜੀਰ, ਸ਼ਿਰਕਤ ਸਕੇ ਨਾ ਕੋਇ ਗਵਾਈਆ । ਬਦਲੇ ਕੋਈ ਨਾ ਮਾਤ ਤਕਦੀਰ, ਤਦਬੀਰ ਸਕੇ ਨਾ ਕੋਇ ਜਣਾਈਆ । ਸਚ ਦਰਸਾਏ ਨਾ ਕੋਇ ਤਸਵੀਰ, ਨੂਰੀ ਨੂਰ ਨਾ ਕੋਇ ਰੁਸ਼ਨਾਈਆ । ਜਨ ਭਗਤਾਂ ਸਾਚਾ ਸਮਾਂ ਬੇਨਜ਼ੀਰ, ਮਿਹਰਬਾਨ ਆਪਣੀ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲੇ ਸਮੇਂ ਦਾ ਦੱਸੇ ਹਾਲ, ਲੇਖਾ ਚੁੱਕੇ ਸ਼ਾਹ ਕੰਗਾਲ, ਹਲ ਹੋਏ ਨਾ ਕਿਸੇ ਦਾ ਕੋਈ ਸਵਾਲ, ਚਾਰੋਂ ਕੁੰਟ ਜੀਵ ਜੰਤ ਸਾਧ ਸੰਤ ਰਾਉ ਰੰਕ ਰਾਜ ਰਾਜਾਨ ਸ਼ਾਹ ਸੁਲਤਾਨ, ਨੇਤਰ ਰੋਵਣ ਮਾਰਨ ਧਾਹੀਂਆ । ਜਗਤ ਬੰਦਨਾ ਦੋਏ ਜੋੜ, ਜਗਤ ਰਿਹਾ ਵਖਾਈਆ । ਸਤਿ ਬੰਦਨਾ ਸਰਬ ਗੁਰਮੁਖ ਲੋੜ, ਆਤਮ ਅੰਤਰ ਧਿਆਨ ਲਗਾਈਆ । ਜਗਤ ਬੰਦਨਾ ਜਗਤ ਵਾਸਨਾ ਲੋੜ, ਸ੍ਰਿਸ਼ਟ ਸਬਾਈ ਧਿਆਨ ਲਗਾਈਆ । ਸਤਿ ਬੰਦਨਾ ਸਤਿ ਪੁਰਖ ਹੱਥ ਫੜੌਣੀ ਡੋਰ, ਦੂਜੀ ਆਸ ਨਾ ਕੋਇ ਰਖਾਈਆ । ਜਗਤ ਬੰਦਨਾ ਕਰਦੇ ਠੱਗ

ਚੋਰ, ਮੰਦਰ ਮਸਜਿਦ ਸ਼ਿਵਦੁਆਲੇ ਮੱਠ ਜਾਈਆ । ਸਤਿ ਬੰਦਨਾ ਗੁਰਮੁਖ ਕਰਦੇ ਅੰਧ ਘੋਰ, ਜਗਤ ਨੇਤਰ ਨਜ਼ਰ ਕਿਸੇ ਨਾ ਆਈਆ । ਜਗਤ ਬੰਦਨਾ ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਚੜ੍ਹਿਆਂ ਹੋਵੇ ਉਪਰ ਘੋੜ, ਦਰ ਦਰਬਾਨ ਸੀਸ ਝੁਕਾਈਆ । ਸਤਿ ਬੰਦਨਾ ਚੁਕਾਵੇ ਮੋਰ ਤੋਰ, ਤੇਰਾ ਮੇਰਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੰਦਨਾ ਨਾਲ ਬੰਦਨਾ ਰਿਹਾ ਟਕਰਾਈਆ ।

★ ੧੦ ਜੇਠ ੨੦੨੦ ਬਿਕਰਮੀ ਪਰਕਾਸ਼ ਚੰਦ ਦੇ ਗ੍ਰਿਹ ਜੰਮੂ ★

ਸੋ ਸਾਹਿਬ ਸਤਿਗੁਰ ਸੱਚਾ ਸ਼ਹਿਨਸ਼ਾਹ, ਸ਼ਾਹ ਪਾਤਸ਼ਾਹ ਵੱਡੀ ਵਡਿਆਈਆ । ਸਚ ਸਿੰਘਾਸਣ ਸੋਭਾ ਪਾ, ਤਖ਼ਤ ਨਿਵਾਸੀ ਨੂਰ ਰੁਸ਼ਨਾਈਆ । ਨਿਰਗੁਣ ਦਾਤਾ ਬੇਪਰਵਾਹ, ਰੂਪ ਰੰਗ ਰੇਖ ਨਾ ਕੋਇ ਵਖਾਈਆ । ਸਚਖੰਡ ਵਸੇ ਸਚ ਮਕਾਂ, ਛੱਪਰ ਛੰਨ ਨਾ ਕੋਇ ਛੁਹਾਈਆ । ਆਦਿ ਜੁਗਾਦੀ ਖੇਲ ਰਚਾ, ਜੁਗ ਚੌਕੜੀ ਵੇਖ ਵਖਾਈਆ । ਧੁਰ ਫ਼ਰਮਾਣਾ ਹੁਕਮ ਸੁਣਾ, ਧੁਰ ਦੀ ਬਾਣੀ ਇਕ ਜਣਾਈਆ । ਲੇਖਾ ਜਾਣੇ ਦੋ ਜਹਾਂ, ਦੋਏ ਦੋਏ ਅਪਣੀ ਕਾਰ ਕਮਾਈਆ । ਸਚਖੰਡ ਦੁਆਰਾ ਦਏ ਵਡਿਆ, ਥਿਰ ਘਰ ਦੇਵਣਹਾਰ ਵਡਿਆਈਆ । ਮਾਤ ਪਿਤ ਆਪ ਅਖਵਾ, ਪੂਤ ਸਪੂਤਾ ਹਰਿ ਪਰਗਟਾਈਆ । ਜਨਨੀ ਜਨ ਖੇਲ ਖਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਸੋ ਪੁਰਖ ਨਿਰੰਜਣ ਦਾਤਾ ਸੂਰ, ਸ੍ਰੀ ਭਗਵਾਨ ਖੇਲ ਕਰਾਇੰਦਾ । ਨਿਰਗੁਣ ਨਿਰਵੈਰ ਜੋਤੀ ਨੂਰ, ਨਰ ਨਿਰੰਕਾਰਾ ਵੇਸ ਵਟਾਇੰਦਾ । ਆਦਿ ਜੁਗਾਦਿ ਜੁਗ ਚੌਕੜੀ ਆਸਾ ਮਨਸਾ ਆਪਣੀ ਪੂਰ, ਸੰਸਾ ਹੋਰ ਨਾ ਕੋਇ ਰਖਾਇੰਦਾ । ਲੇਖਾ ਜਾਣੇ ਨੇੜੇ ਦੂਰ, ਨੇਰਨ ਨੇਰ ਆਪਣੀ ਕਾਰ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੋ ਸਾਹਿਬ ਵੇਸ ਵਟਾਇੰਦਾ । ਸੋ ਸਾਹਿਬ ਪੁਰਖ ਅਗੰਮ, ਅਗੰਮੜੀ ਕਾਰ ਕਮਾਇੰਦਾ । ਨਾ ਮਰੇ ਨਾ ਪਏ ਜੰਮ, ਜਨਮ ਮਰਨ ਵਿਚ ਕਦੇ ਨਾ ਆਇੰਦਾ । ਨਿਹਕਰਮੀ ਕਰੇ ਆਪਣਾ ਕੰਮ, ਕਰਮ ਕਾਂਡ ਨਾ ਕੋਇ ਵਖਾਇੰਦਾ । ਹਰਖ ਸੋਗ ਨਾ ਕੋਇ ਗ਼ਮ, ਚਿੰਤਾ ਰੋਗ ਨਾ ਕੋਇ ਜਣਾਇੰਦਾ । ਆਦਿ ਪੁਰਖ ਬੇੜਾ ਬੰਨ੍ਹ, ਸ੍ਰੀ ਭਗਵਾਨ ਆਪਣੇ ਕੰਧ ਉਠਾਇੰਦਾ । ਵਸਤ ਅਮੋਲਕ ਸਾਚਾ ਧੰਨ, ਨਾਉਂ ਨਿਰੰਕਾਰਾ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਰਾਇੰਦਾ । ਸੋ ਪੁਰਖ ਨਿਰੰਜਣ ਸਾਚੀ ਕਾਰ, ਹਰਿ ਕਰਤਾ ਆਪ ਕਮਾਈਆ । ਹਰਿ ਪੁਰਖ ਨਿਰੰਜਣ ਖੋਲ੍ਹ ਕਿਵਾੜ, ਦਰ ਘਰ ਸਾਚੇ ਦਏ ਵਡਿਆਈਆ । ਏਕੰਕਾਰਾ ਕਰ ਪਿਆਰ, ਵੇਖ ਵਖਾਣੇ ਥਾਉਂ ਥਾਈਆ । ਆਦਿ ਨਿਰੰਜਣ ਨੂਰ ਉਜਿਆਰ, ਜੋਤੀ ਜਾਤਾ ਜੋਤ ਰੁਸ਼ਨਾਈਆ । ਸ੍ਰੀ ਭਗਵਾਨ ਸ਼ਾਹ ਸਿਕਦਾਰ, ਭੂਪਤ ਭੂਪ ਇਕ ਅਖਵਾਈਆ । ਅਬਿਨਾਸ਼ੀ ਕਰਤਾ ਵੇਖਣਹਾਰ, ਨੇਤਰ ਅੱਖ ਨਾ ਕੋਇ ਜਣਾਈਆ । ਪਾਰਬ੍ਰਹਮ ਪ੍ਰਭ ਪਾਵੇ ਸਾਰ, ਆਦਿ ਅੰਤ ਏਕਾ ਰੰਗ ਸਮਾਈਆ । ਸਚਖੰਡ ਦੁਆਰਾ ਖੇਲ ਨਿਆਰ, ਨਿਰਵੈਰ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਸੋ ਪੁਰਖ ਨਿਰੰਜਣ ਭੇਵ ਅਵੱਲਾ, ਨਰ ਹਰਿ ਨਰਾਇਣ ਆਪ ਜਣਾਇੰਦਾ । ਆਦਿ ਜੁਗਾਦੀ ਇਕ ਇਕੱਲਾ, ਏਕੰਕਾਰਾ ਵੇਸ ਵਟਾਇੰਦਾ । ਵਸਣਹਾਰਾ ਸਚ ਮਹੱਲਾ, ਸਚ ਸਿੰਘਾਸਣ ਆਸਣ ਲਾਇੰਦਾ । ਦੀਪਕ ਜੋਤ ਆਪੇ ਬਲਾ, ਨੂਰੋ ਨੂਰ ਡਗਮਗਾਇੰਦਾ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਕਰੇ ਆਪ, ਆਪਣੇ ਹੱਥ ਰੱਖੇ ਵਡਿਆਈਆ । ਆਦਿ ਪੁਰਖ ਮਾਈ ਬਾਪ, ਪਿਤਾ ਪੂਤ ਵੇਖ ਵਖਾਈਆ । ਅੰਤਰ ਮੰਤਰ ਸਾਚਾ ਜਾਪ, ਅੱਖਰ ਅੱਖਰ ਨਾ ਕੋਇ ਵਡਿਆਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਆਪਣਾ ਜਾਣੇ ਖੇਲ ਤਮਾਸ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਇਕ ਖੁਲ੍ਹਾਈਆ । ਭੇਵ ਅਭੇਦਾ ਖੋਲ੍ਹਣਹਾਰਾ, ਪਰਵਰਦਿਗਾਰ ਖੇਲ ਕਰਾਇੰਦਾ । ਦਰਗਹਿ ਸਾਚੀ ਧਾਮ ਨਿਆਰਾ, ਮਹੱਲ ਅਟੱਲ ਸੋਭਾ ਪਾਇੰਦਾ । ਮੁਕਾਮੇ ਹੱਕ ਕਰ ਪਸਾਰਾ, ਹੱਕ ਹਕੀਕਤ ਆਪਣੇ ਹੱਥ ਰਖਾਇੰਦਾ । ਲਾਸ਼ਰੀਕ ਸਾਂਝਾ ਯਾਰਾ, ਜਲਵਾ ਨੂਰ ਡਗਮਗਾਇੰਦਾ । ਲੇਖਾ ਜਾਣੇ ਧੁਰ ਦਰਬਾਰਾ, ਧੁਰ ਦੀ ਕਾਰ ਆਪ ਕਮਾਇੰਦਾ । ਦੂਜਾ ਮੀਤ ਨਾ ਮੁਰਾਰਾ, ਮਿੱਤਰ ਪਿਆਰਾ ਸੰਗ ਨਾ ਕੋਇ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਖੁਲ੍ਹਾਇੰਦਾ । ਸਾਚਾ ਭੇਵ ਖੋਲ੍ਹੇ ਕਰਤਾਰ, ਨਿਰਗੁਣ ਨਿਰਗੁਣ ਦਏ ਵਡਿਆਈਆ । ਸਚਖੰਡ ਦੁਆਰੇ ਹੋ ਤਿਆਰ, ਤ੍ਰੈਭਵਨ ਧਨੀ ਆਪਣੀ ਕਾਰ ਕਮਾਈਆ । ਨਾਤਾ ਜੋੜ ਅਗੰਮ ਅਪਾਰ, ਬਿਧਾਤਾ ਆਪਣੀ ਗੰਢ ਪੁਆਈਆ । ਲੇਖਾ ਜਾਣ ਪੁਰਖ ਨਾਰ, ਪੁਰਖੋਤਮ ਆਪਣਾ ਵੇਸ ਵਟਾਈਆ । ਸੇਜ ਸੁਹੰਜਣੀ ਅਪਰ ਅਪਾਰ, ਅਪਰੰਪਰ ਆਪਣੀ ਆਪ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਆਪਣਾ ਲੇਖਾ ਦਏ ਜਣਾਈਆ । ਸੋ ਸਾਹਿਬ ਪੁਰਖ ਸਮਰਥ, ਸਚ ਸਾਚੀ ਕਾਰ ਕਮਾਇੰਦਾ । ਨਿਰਗੁਣ ਨਿਰਗੁਣ ਦੇਵੇ ਵੱਥ, ਵਸਤ ਅਮੋਲਕ ਆਪ ਵਰਤਾਇੰਦਾ । ਨਿਰਗੁਣ ਮਹਿਮਾਂ ਨਿਰਗੁਣ ਅਕੱਥ, ਨਿਰਗੁਣ ਸਿਫ਼ਤੀ ਸਿਫ਼ਤ ਸਾਲਾਹਿੰਦਾ । ਨਿਰਗੁਣ ਅੰਮ੍ਰਿਤ ਨਿਰਗੁਣ ਰਸ, ਨਿਰਗੁਣ ਰਸੀਆ ਰਸ ਆਪ ਹੋ ਜਾਇੰਦਾ । ਨਿਰਗੁਣ ਅੰਦਰ ਨਿਰਗੁਣ ਵਸ, ਸਚ ਮਹੱਲ ਸੋਭਾ ਪਾਇੰਦਾ । ਨਿਰਗੁਣ ਬਲਾਸ ਨਿਰਗੁਣ ਕਰੇ ਹੱਸ, ਨਿਰਗੁਣ ਆਪਣਾ ਰੂਪ ਵਟਾਇੰਦਾ । ਨਿਰਗੁਣ ਮਾਰਗ ਨਿਰਗੁਣ ਦੱਸ, ਰਹਿਬਰ ਨਿਰਗੁਣ ਆਪ ਹੋ ਜਾਇੰਦਾ । ਨਿਰਗੁਣ ਸੋਭਾ ਨਿਰਗੁਣ ਜਸ, ਨਿਰਗੁਣ ਸਾਚਾ ਢੋਲਾ ਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਖੁਲ੍ਹਾਇੰਦਾ । ਨਿਰਗੁਣ ਮਿੱਤਰ ਨਿਰਗੁਣ ਮੀਤ, ਨਿਰਵੈਰ ਆਪਣੀ ਕਾਰ ਕਮਾਈਆ । ਨਿਰਗੁਣ ਨਾਮ ਸਦਾ ਅਤੀਤ, ਦਰ ਘਰ ਸਾਚੇ ਬੈਠਾ ਆਸਣ ਲਾਈਆ । ਨਿਰਗੁਣ ਆਦਿ ਜੁਗਾਦਿ ਜਾਣੇ ਆਪਣੀ ਰੀਤ, ਰੀਤੀਵਾਨ ਵਡ ਵਡਿਆਈਆ । ਨਿਰਗੁਣ ਸਦਾ ਸੁਹੇਲਾ ਠਾਂਡਾ ਸੀਤ, ਅਗਨੀ ਤੱਤ ਨਾ ਕੋਇ ਰਖਾਈਆ । ਨਿਰਗੁਣ ਨਿਰਗੁਣ ਕਰੇ ਪ੍ਰੀਤ, ਪ੍ਰੀਤ ਇਕੋ ਇਕ ਸਮਝਾਈਆ । ਨਿਰਗੁਣ ਨਿਰਗੁਣ ਛਤਰ ਝੁਲਾਏ ਸੀਸ, ਜਗਦੀਸ਼ ਦੇਵਣਹਾਰ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਸਾਹਿਬ ਆਪਣਾ ਰੰਗ ਵਖਾਈਆ । ਸੋ ਸਾਹਿਬ ਰੰਗ ਅਮੋਲਾ, ਨਜ਼ਰ ਕਿਸੇ ਨਾ ਆਇੰਦਾ । ਸਚ ਦੁਆਰੇ ਬਣ ਕੇ ਤੋਲਾ, ਕੰਡਾ ਤਰਾਜ਼ੂ ਆਪਣੇ ਹੱਥ ਉਠਾਇੰਦਾ । ਸਾਚੀ ਧਾਰਨ ਏਕਾ ਬੋਲਾ, ਤੂੰ ਮੇਰਾ ਮੈਂ ਤੇਰਾ ਰਾਗ ਅਲਾਇੰਦਾ । ਪੁਰਖ ਅਗੰਮ ਬਣ ਵਿਚੋਲਾ, ਬਣ ਵਣਜਾਰਾ ਹੱਟ ਖੁਲ੍ਹਾਇੰਦਾ । ਸਚਖੰਡ ਅੰਦਰ ਥਿਰ ਘਰ ਉਹਲਾ, ਘਰ ਘਰ ਵਿਚ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਨਭਵ ਆਪਣੀ ਕਾਰ ਕਮਾਇੰਦਾ । ਸਚਖੰਡ ਅੰਦਰ ਥਿਰ ਘਰ ਖੋਲ੍ਹ, ਨਿਰਗੁਣ ਆਪਣੀ ਕਾਰ ਕਮਾਈਆ । ਨਰ ਨਿਰੰਕਾਰਾ ਆਪੇ ਬੋਲ, ਅਨਬੋਲਤ ਰਾਗ ਸੁਣਾਈਆ । ਨਾਮ ਨਿਧਾਨ ਵਜਾਏ ਢੋਲ, ਅਗੰਮ ਅਗੰਮੜਾ ਭੇਵ ਚੁਕਾਈਆ ।

ਸਦਾ ਸੁਹੇਲਾ ਵਸੇ ਕੋਲ, ਇਕ ਇਕੇਲਾ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਦਿ ਪੁਰਖ ਆਪਣਾ ਆਪ ਵੇਸ ਦਏ ਸਮਝਾਈਆ । ਆਦਿ ਪੁਰਖ ਵੇਸ ਅਪਾਰਾ, ਅਪਰੰਪਰ ਆਪਣੀ ਕਾਰ ਕਮਾਇੰਦਾ । ਸਚਖੰਡ ਅੰਦਰ ਖੇਲ੍ਹ ਥਿਰ ਘਰ ਦੁਆਰਾ, ਆਪਣੀ ਬਣਤ ਆਪ ਬਣਾਇੰਦਾ । ਵੰਡੇ ਵੰਡ ਵੰਡਣਹਾਰਾ, ਸਾਚਾ ਹਿੱਸਾ ਆਪ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਰਨੀ ਆਪਣੇ ਹੱਥ ਰਖਾਇੰਦਾ । ਕਰਨੀ ਹੱਥ ਰੱਖੇ ਕਰਤਾਰ, ਬੇਪਰਵਾਹ ਵੱਡੀ ਵਡਿਆਈਆ । ਸੋ ਪੁਰਖ ਨਿਰੰਜਣ ਕਰ ਪਿਆਰ, ਪ੍ਰੇਮ ਪ੍ਰੀਤੀ ਇਕ ਦਰਸਾਈਆ । ਆਪਣੀ ਧਾਰ ਵਿਚੋਂ ਕੱਢੇ ਧਾਰ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਵੇਖੇ ਵਿਗਸੇ ਵੇਖਣਹਾਰ, ਦੂਸਰ ਨਜ਼ਰ ਕਿਸੇ ਨਾ ਆਈਆ । ਕਾਗ਼ਜ਼ ਕਲਮ ਨਾ ਲਿਖਣਹਾਰ, ਕਾਤਬ ਚਲੇ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੀ ਸਾਚੀ ਧਾਰ, ਥਿਰ ਘਰ ਵੰਡੇ ਵੰਡਣਹਾਰ, ਬੇਪਰਵਾਹ ਆਪਣੀ ਸੇਵਾ ਆਪ ਲਗਾਈਆ । ਸਾਚੀ ਧਾਰ ਵੰਡ ਅਪਾਰ, ਸ੍ਰੀ ਭਗਵਾਨ ਆਪ ਕਰਾਇੰਦਾ । ਮਾਤ ਪਿਤ ਬਣ ਸਿਕਦਾਰ, ਸ਼ਹਿਨਸ਼ਾਹ ਆਪਣਾ ਹੁਕਮ ਦ੍ਰਿੜਾਇੰਦਾ । ਸੁਤ ਦੁਲਾਰਾ ਇਕ ਉਜਿਆਰ, ਪੂਤ ਸਪੂਤਾ ਨਾਉਂ ਧਰਾਇੰਦਾ । ਸ਼ਬਦੀ ਸ਼ਬਦ ਵਣਜ ਵਣਜਾਰ, ਹੱਟ ਹੱਟਵਾਣਾ ਹੱਟ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਜਣਾਇੰਦਾ । ਸੋ ਪੁਰਖ ਨਿਰੰਜਣ ਖੇਲ ਕਰਾਇਆ, ਭੇਵ ਕੋਇ ਨਾ ਪਾਈਆ । ਸੁਤ ਦੁਲਾਰਾ ਏਕਾ ਜਾਇਆ, ਸ਼ਬਦੀ ਨਾਉਂ ਰਖਾਈਆ । ਥਿਰ ਘਰ ਦੁਆਰੇ ਆਪ ਬਹਾਇਆ, ਆਪੇ ਬਣੇ ਪਿਤਾ ਮਾਈਆ । ਸਚ ਸੰਦੇਸਾ ਇਕ ਸੁਣਾਇਆ, ਧੁਰ ਧੁਰ ਫ਼ਰਮਾਣਾ ਰਾਗ ਅਲਾਈਆ । ਤੂੰ ਮੇਰਾ ਮੈਂ ਤੇਰਾ ਇਕੋ ਗੰਢ ਪੁਆਇਆ, ਦੂਜਾ ਤੰਦ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਅੰਦਰ ਆਪਣੀ ਕਾਰ ਕਮਾਈਆ । ਸੁਤ ਦੁਲਾਰੇ ਖੋਲ੍ਹ ਅੱਖ, ਥਿਰ ਘਰ ਮਿਲੀ ਮਾਣ ਵਡਿਆਈਆ । ਸਚਖੰਡ ਦੁਆਰੇ ਪਰਮ ਪੁਰਖ ਨਜ਼ਰ ਆਇਆ ਪਰਤੱਖ, ਪਾਰਬ੍ਰਹਮ ਮਿਲੀ ਸਚ ਸਰਨਾਈਆ । ਦੋਏ ਜੋੜ ਗਿਆ ਢੱਠ, ਮਸਤਕ ਧੂੜੀ ਟਿੱਕਾ ਲਾਈਆ । ਜਿਉਂ ਭਾਵੇ ਤਿਉਂ ਲੈਣਾ ਰੱਖ, ਪ੍ਰਭ ਤੇਰੀ ਓਟ ਤਕਾਈਆ । ਸ੍ਰੀ ਭਗਵਾਨ ਪਿਆ ਹੱਸ, ਖ਼ੁਸ਼ੀ ਇਕੋ ਵਾਰ ਜਣਾਈਆ । ਤੇਰਾ ਮੇਰਾ ਸਾਚਾ ਰਸ, ਝਿਰਨਾ ਰਿਸਕ ਰਿਸਕ ਝਿਰਾਈਆ । ਚਰਨ ਨਾਲ ਚਰਨ ਮਸ, ਅੰਮ੍ਰਿਤ ਧਾਰ ਇਕ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਦਏ ਜਣਾਈਆ । ਸਚ ਸੰਦੇਸਾ ਦੇਵੇ ਭਗਵੰਤ, ਭਗਵਨ ਦਇਆ ਕਮਾਇੰਦਾ । ਸ਼ਬਦੀ ਸੁਤ ਬਣਾਈ ਬਣਤ, ਘਾੜਨ ਘੜਤ ਆਪ ਘੜਾਇੰਦਾ । ਲੇਖਾ ਚੁੱਕੇ ਨਾਰ ਕੰਤ, ਸੇਜ ਸੁਹੰਜਣੀ ਆਪ ਸੁਹਾਇੰਦਾ । ਤੇਰਾ ਮੇਰਾ ਇਕੋ ਮੰਤ, ਮੰਤਰ ਆਪਣਾ ਨਾਮ ਜਣਾਇੰਦਾ । ਜੁਗ ਚੌਕੜੀ ਰਹੇ ਆਦਿ ਅੰਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਵਰਤਾਇੰਦਾ । ਸਾਚਾ ਹੁਕਮ ਹਰਿ ਜਗਦੀਸ਼, ਏਕੰਕਾਰਾ ਇਕੋ ਵਾਰ ਸੁਣਾਈਆ । ਧੁਰ ਫ਼ਰਮਾਣਾ ਹੱਕ ਹਦੀਸ, ਕਰੇ ਨਾਮ ਪੜ੍ਹਾਈਆ । ਜੁਗ ਚੌਕੜੀ ਆਦਿ ਜੁਗਾਦਿ ਕਰਵਟ ਦੇ ਨਾ ਬਦਲੇ ਪੀਠ, ਸਨਮੁਖ ਆਪਣੀ ਅੱਖ ਜਣਾਈਆ । ਸਾਚਾ ਢੋਲਾ ਗੌਣਾ ਗੀਤ, ਹਰਿ ਗੋਬਿੰਦ ਆਪ ਸਮਝਾਈਆ । ਸਦਾ ਸਦਾ ਰਹਿਣਾ ਅਤੀਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਸੁਤ ਦਏ ਸਮਝਾਈਆ । ਸ਼ਬਦੀ

ਸੁਤ ਹੋ ਖ਼ਬਰਦਾਰ, ਸੋ ਪੁਰਖ ਨਿਰੰਜਣ ਆਪ ਜਗਾਇੰਦਾ । ਤੇਰਾ ਮੇਰਾ ਇਕ ਪਿਆਰ, ਨੇਤਰ ਨਜ਼ਰ ਕਿਸੇ ਨਾ ਆਇੰਦਾ । ਉਚੀ ਬੋਲ ਸਚ ਜੈਕਾਰ, ਨਿਸ਼ਅੱਖਰ ਰਾਗ ਅਲਾਇੰਦਾ । ਸੋ ਪੁਰਖ ਨਿਰੰਜਣ ਮੀਤ ਮੁਰਾਰ, ਹੰ ਸ਼ਬਦੀ ਕਾਰ ਕਮਾਇੰਦਾ । ਸੋਹੰ ਰੂਪ ਅਪਰ ਅਪਾਰ, ਸਚਖੰਡ ਅੰਦਰ ਥਿਰ ਘਰ ਦੁਆਰਾ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹੰ ਆਪਣਾ ਰੂਪ ਜਣਾਇੰਦਾ । ਨਿਰਗੁਣ ਨਿਰਗੁਣ ਸੋਹੰ ਰੂਪ, ਸ੍ਰੀ ਭਗਵਾਨ ਸਚ ਜਣਾਈਆ । ਲੇਖਾ ਜਾਣੇ ਸ਼ਾਹੋ ਭੂਪ, ਸ਼ਹਿਨਸ਼ਾਹ ਆਪਣੇ ਹੱਥ ਰੱਖੇ ਵਡਿਆਈਆ । ਏਕਾ ਤਾਣਾ ਏਕਾ ਸੂਤ, ਪੇਟਾ ਇਕੋ ਇਕ ਪਾਈਆ । ਏਕਾ ਦਿਸ਼ਾ ਏਕਾ ਕੂਟ, ਏਕਾ ਮੰਦਰ ਦਏ ਸਮਝਾਈਆ । ਏਕਾ ਨਿਰਮਲ ਏਕਾ ਜੋਤ ਨੂਰ, ਨੂਰੋ ਨੂਰ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹੰ ਆਪਣਾ ਰੂਪ ਪਰਗਟਾਈਆ । ਸੋਹੰ ਰੂਪ ਅਗੰਮ ਅਪਾਰ, ਸਤਿ ਸਤਿਵਾਦੀ ਆਪ ਪਰਗਟਾਇੰਦਾ । ਸੁਤ ਦੁਲਾਰੇ ਕਰ ਪਿਆਰ, ਸਚ ਸਾਚਾ ਭੇਵ ਚੁਕਾਇੰਦਾ । ਨਿਰਗੁਣ ਨਿਰਗੁਣ ਕਰ ਉਜਿਆਰ, ਦੀਆ ਬਾਤੀ ਡਗਮਗਾਇੰਦਾ । ਸ਼ਬਦ ਅਗੰਮ ਬੋਲ ਜੈਕਾਰ, ਨਰ ਨਿਰੰਕਾਰਾ ਆਪ ਸਮਝਾਇੰਦਾ । ਸਾਚੀ ਖੇਲ ਕਰੇ ਕਰਨੇਹਾਰ, ਕਰਤਾ ਆਪਣੀ ਕਾਰ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਇਕ ਇਕ ਤੋਂ ਹੋਏ ਦੋ, ਦੋ ਇਕ ਆਪਣੇ ਵਿਚ ਛੁਪਾਇੰਦਾ । ਇਕ ਦੋ ਇਕੋ ਏਕ, ਏਕੰਕਾਰ ਵੱਡੀ ਵਡਿਆਈਆ । ਦੋ ਇਕ ਸਾਚੀ ਟੇਕ, ਸਚ ਦੁਆਰੇ ਦਰ ਆਪਣੀ ਦਏ ਵਖਾਈਆ । ਦੋ ਇਕ ਲਿਖੇ ਲੇਖ, ਲਿਖਣਹਾਰਾ ਦਿਸ ਕਿਸੇ ਨਾ ਆਈਆ । ਦੋ ਇਕ ਧਾਰੇ ਭੇਖ, ਅਨਭਵ ਆਪਣੀ ਖੇਲ ਰਚਾਈਆ । ਦੋ ਇਕ ਵਸੇ ਸਾਚੇ ਦੇਸ, ਸਚਖੰਡ ਸਾਚੇ ਆਸਣ ਲਾਈਆ । ਦੋ ਇਕ ਰਹੇ ਹਮੇਸ਼, ਨਾ ਮਰੇ ਨਾ ਜਾਈਆ । ਦੋ ਇਕ ਬਦਲੇ ਭੇਸ, ਨਿਰਵੈਰ ਆਪਣੀ ਕਾਰ ਕਮਾਈਆ । ਦੋ ਇਕ ਕਰੇ ਹੇਤ, ਹਿਤਕਾਰੀ ਸਹਿਜ ਸੁਖਦਾਈਆ । ਦੋ ਇਕ ਖੇਲੇ ਖੇਡ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਸਦਾ ਆਪਣਾ ਨਾਮ ਵਡਿਆਈਆ । ਦੋ ਇਕ ਮਾਰਗ ਦੱਸ, ਹਰਿ ਸਾਚੀ ਕਾਰ ਕਮਾਇੰਦਾ । ਸੋਹੰ ਰੂਪ ਹੋ ਪਰਤੱਖ, ਜੋਤੀ ਸ਼ਬਦੀ ਵੰਡ ਵੰਡਾਇੰਦਾ । ਸਾਚੀ ਵਸਤ ਫੜ ਹੱਥ, ਸਿਰ ਆਪਣਾ ਹੱਥ ਟਿਕਾਇੰਦਾ । ਸੁਤ ਦੁਲਾਰੇ ਖੋਲ੍ਹ ਹੱਟ, ਸ੍ਰੀ ਭਗਵਾਨ ਭੇਵ ਚੁਕਾਇੰਦਾ । ਆਦਿ ਦੇਵੇ ਇਕੋ ਮਤ, ਅੰਤਮ ਅੰਤ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਣਾ ਇਕ ਜਣਾਇੰਦਾ । ਧੁਰ ਫ਼ਰਮਾਣਾ ਦੱਸਣ ਜੋਗ, ਜੁਗਤੀ ਇਕੋ ਇਕ ਜਣਾਈਆ । ਨਿਰਗੁਣ ਨਿਰਗੁਣ ਸਚ ਸੰਜੋਗ, ਧੁਰ ਸੰਜੋਗੀ ਮੇਲ ਮਿਲਾਈਆ । ਸਤਿ ਸੰਤੋਖੀ ਸਾਚੀ ਚੋਗ, ਨਾਮ ਨਿਧਾਨ ਇਕ ਵਖਾਈਆ । ਤੇਰਾ ਮੇਰਾ ਢੋਲਾ ਨਾਮ ਸਲੋਕ, ਸੋਹਲਾ ਇਕੋ ਰਾਗ ਅਲਾਈਆ । ਮੰਦਰ ਵਖਾਏ ਸਾਚਾ ਕੋਟ, ਕਿਲਾ ਬੰਕ ਦਏ ਵਖਾਈਆ । ਕਰ ਪਰਕਾਸ਼, ਨਿਰਮਲ ਜੋਤ, ਜੋਤੀ ਨੂਰ ਰੁਸ਼ਨਾਈਆ । ਤੇਰੇ ਮਿਲਣ ਦਾ ਸਾਚਾ ਸ਼ੌਕ, ਸ਼ਹਿਨਸ਼ਾਹ ਦਏ ਸਮਝਾਈਆ । ਆਦਿ ਜੁਗਾਦਿ ਜਾਏ ਪਹੁੰਚ, ਬੇਪਰਵਾਹ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਸ਼ਬਦ ਦਏ ਵਡਿਆਈਆ । ਸ਼ਬਦੀ ਸੁਤ ਕਰੇ ਅਰਦਾਸ, ਪ੍ਰਭ ਚਰਨਾਂ ਸੀਸ ਨਿਵਾਇੰਦਾ । ਪੁਰਖ ਅਕਾਲ ਸਦ ਵਸ ਪਾਸ, ਦਰ ਇਕੋ ਮੰਗ ਮੰਗਾਇੰਦਾ । ਨਿਰਗੁਣ ਤੇਰੀ ਵੇਖਾਂ ਰਾਸ, ਮੰਡਲ ਮੰਡਪ ਨਾਚ ਨਚਾਇੰਦਾ । ਹਉਂ ਬਾਲਾ ਨੱਢਾ ਤੇਰੀ ਸ਼ਾਖ਼, ਤੇਰਾ ਅੰਤ ਕੋਇ ਨਾ ਆਇੰਦਾ । ਹੁਕਮੇ ਅੰਦਰ ਖੇਲ ਤਮਾਸ਼,

ਸਚ ਕਰਨੀ ਕਾਰ ਕਮਾਇੰਦਾ । ਹੋਣਾ ਸਹਾਈ ਅਨਾਥਾਂ ਨਾਥ, ਦੋਏ ਜੋੜ ਵਾਸਤਾ ਪਾਇੰਦਾ । ਸਾਹਿਬ ਸੁਲਤਾਨ ਤੂ ਹੀ ਸੱਜਣ ਸਾਕ, ਇਕੋ ਨਜ਼ਰੀ ਆਇੰਦਾ । ਨਿਰਗੁਣ ਹੋ ਕੇ ਖੋਲ੍ਹਾਂ ਹਾਟ, ਬਣ ਹਟਵਾਣਾ ਹੱਟ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਮੰਗ ਮੰਗਾਇੰਦਾ । ਸਾਚੀ ਵਸਤ ਦੇਵੇ ਨਿਰੰਕਾਰ, ਪ੍ਰਭ ਆਪਣੀ ਦਇਆ ਕਮਾਈਆ । ਸੁਤ ਦੁਲਾਰੇ ਹੋ ਤਿਆਰ, ਸ੍ਰੀ ਭਗਵਾਨ ਰਿਹਾ ਸਮਝਾਈਆ । ਵਿਸ਼ਨ ਬ੍ਰਹਮਾ ਸ਼ਿਵ ਜਣਾਵਾਂ ਧਾਰ, ਧਾਰ ਧਾਰ ਵਿਚੋਂ ਪਰਗਟਾਈਆ । ਸ਼ਾਹ ਸੁਲਤਾਨ ਬਣ ਸਿਕਦਾਰ, ਸਾਚੀ ਸੇਵਾ ਇਕ ਲਗਾਈਆ । ਤ੍ਰੈਗੁਣ ਮਾਇਆ ਭਰ ਭੰਡਾਰ, ਬੰਧਨ ਇਕੋ ਇਕ ਪਾਈਆ । ਪੰਜ ਤੱਤ ਖੋਲ੍ਹ ਕਿਵਾੜ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਕਰ ਤਿਆਰ, ਜੇਰਜ ਅੰਡਜ ਸੇਤਜ ਉਤਭੁਜ ਵੰਡ ਵੰਡਾਈਆ । ਧੁਰ ਦੀ ਬਾਣੀ ਬੋਲ ਜੈਕਾਰ, ਨਾਅਰਾ ਹਸਤ ਕੀਟ ਸੁਣਾਈਆ । ਲੇਖਾ ਲੇਖ ਅਗੰਮ ਅਪਾਰ, ਬ੍ਰਹਮਾ ਵੇਤਾ ਕਰੇ ਪੜ੍ਹਾਈਆ । ਨੇਤਾ ਇਕੋ ਨਜ਼ਰੀ ਆਏ ਨਿਰੰਕਾਰ, ਦੋਏ ਜੋੜ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਤ ਦੁਲਾਰੇ ਦਏ ਵਡਿਆਈਆ । ਸੁਤ ਦੁਲਾਰੇ ਖੋਲ੍ਹ ਅੱਖ, ਸ੍ਰੀ ਭਗਵਾਨ ਆਪ ਜਣਾਇੰਦਾ । ਜੁਗ ਚੌਕੜੀ ਕਰਾਂ ਪੱਖ, ਨਿਤ ਨਵਿਤ ਤੇਰਾ ਧਿਆਨ ਲਗਾਇੰਦਾ । ਲਹਿਣਾ ਦੇਣਾ ਦੇਵਾਂ ਹੱਕ, ਹਕੀਕਤ ਸਭ ਦੀ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਸਗਲਾ ਸੰਗ ਨਿਭਾਇੰਦਾ । ਤੇਰ ਸੰਗ ਰੱਖੇ ਨਿਰੰਕਾਰ, ਨਰ ਨਿਰੰਕਾਰਾ ਆਪ ਜਣਾਈਆ । ਮੰਡਲ ਮੰਡਪ ਪੁਰੀ ਲੋਅ ਮਹੱਲ ਉਸਾਰ, ਮਹਿਫ਼ਲ ਤੇਰੇ ਨਾਮ ਲਗਾਈਆ । ਰਵ ਸਸ ਕਰ ਉਜਿਆਰ, ਜੋਤੀ ਕਿਰਨ ਨੂਰ ਰੁਸ਼ਨਾਈਆ । ਮੰਡਲ ਮੰਡਪ ਖੇਲ ਅਪਾਰ, ਖ਼ਾਲਕ ਖ਼ਲਕ ਦਏ ਵਖਾਈਆ । ਕਾਲ ਮਹਾਂਕਾਲ ਕਰ ਤਿਆਰ, ਸਾਚੀ ਕਰਨੀ ਆਪ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਤੇਰਾ ਲੇਖਾ ਦਏ ਜਣਾਈਆ । ਤੇਰਾ ਲੇਖਾ ਦੱਸੇ ਭਗਵਾਨ, ਪ੍ਰਭ ਆਪਣੀ ਦਇਆ ਕਮਾਇੰਦਾ । ਆਦਿ ਪੁਰਖ ਹੋ ਮਿਹਰਬਾਨ, ਸਚ ਰਚਨਾ ਆਪ ਰਚਾਇੰਦਾ । ਵਿਸ਼ਨੂੰ ਦੇਵੇ ਵਿਸ਼ਵ ਦਾਨ, ਘਰ ਘਰ ਸੇਵਕ ਸੇਵ ਕਮਾਇੰਦਾ । ਬ੍ਰਹਮੇ ਬ੍ਰਹਮ ਕਰ ਪਰਵਾਨ, ਸਚ ਪਰਵਾਨਾ ਹੱਥ ਫੜਾਇੰਦਾ । ਸ਼ੰਕਰ ਕਰਨਹਾਰ ਕਲਿਆਣ, ਤ੍ਰੈ ਤ੍ਰੈ ਇਕੋ ਰੰਗ ਰੰਗਾਇੰਦਾ । ਤ੍ਰੈਗੁਣ ਮਾਇਆ ਕਰ ਪਰਵਾਨ, ਰਜੋ ਤਮੋ ਸਤੋ ਨਾਚ ਨਚਾਇੰਦਾ । ਪੰਜ ਤੱਤ ਖੇਲ ਮਹਾਨ, ਨਾਤਾ ਬਿਧਾਤਾ ਜੋੜ ਜੁੜਾਇੰਦਾ । ਲੱਖ ਚੁਰਾਸੀ ਮਾਤ ਨਿਸ਼ਾਨ, ਧਰਤ ਧਵਲ ਸੋਭਾ ਪਾਇੰਦਾ । ਪਵਣ ਪਾਣੀ ਹੋਣ ਹੈਰਾਨ, ਹਰਿ ਕਾ ਭੇਵ ਕਿਸੇ ਨਾ ਆਇੰਦਾ । ਮਨ ਮਤ ਬੁਧ ਖੇਲ ਜਹਾਨ, ਜਗ ਜੀਵਣ ਦਾਤਾ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਤ ਦੁਲਾਰੇ ਤੇਰਾ ਰਾਹ ਵਖਾਇੰਦਾ । ਸੁਤ ਦੁਲਾਰੇ ਰਾਹ ਵੇਖ, ਸੋ ਸਾਹਿਬ ਆਪ ਵਖਾਈਆ । ਨਿਰਗੁਣ ਦੁਆਰੇ ਸਾਚਾ ਲੇਖ, ਜੁਗ ਚੌਕੜੀ ਵੰਡ ਵੰਡਾਈਆ । ਵਸਣਹਾਰਾ ਸਾਚੇ ਦੇਸ, ਸਾਹਿਬ ਸਤਿਗੁਰ ਫੇਰਾ ਪਾਈਆ । ਮੁਛ ਦਾੜ੍ਹੀ ਨਾ ਕੋਇ ਕੇਸ, ਸੀਸ ਜਗਦੀਸ਼ ਨਾ ਮੂੰਡ ਮੁੰਡਾਈਆ । ਹੁਕਮੇ ਅੰਦਰ ਵਿਸ਼ਨ ਬ੍ਰਹਮਾ ਮਹੇਸ਼, ਸ਼ੰਕਰ ਆਪਣੀ ਕਾਰੇ ਲਾਈਆ । ਏਕਾ ਨਾਮ ਸਦਾ ਆਦੇਸ, ਨਿਉਂ ਨਿਉਂ ਸਜਦਾ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਨਭਵ ਆਪਣਾ ਭੇਵ ਚੁਕਾਈਆ । ਅਨਭਵ ਭੇਵ ਖੋਲ੍ਹੇ ਖੋਲਣਹਾਰਾ, ਏਕਾ ਏਕ ਏਕ ਜਣਾਈਆ । ਜੁਗ ਚੌਕੜੀ ਚਲੇ ਵਿਹਾਰਾ, ਨਿਰਗੁਣ ਸਰਗੁਣ ਕਾਰ ਕਮਾਈਆ । ਗੁਰ ਅਵਤਾਰ

ਲਏ ਅਵਤਾਰਾ, ਪੀਰ ਪੈਗ਼ੰਬਰ ਵੰਡ ਵੰਡਾਈਆ । ਬੋਧ ਅਗਾਧ ਨਾਮ ਜੈਕਾਰਾ, ਸ਼ਬਦੀ ਢੋਲਾ ਰਾਗ ਸੁਣਾਈਆ । ਕਾਗ਼ਜ਼ ਕਲਮ ਦਏ ਆਧਾਰਾ, ਸ਼ਾਹੀ ਸਿਫ਼ਤੀ ਸਿਫ਼ਤ ਸਾਲਾਹੀਆ । ਆਪ ਵਸੇ ਸਭ ਤੋਂ ਬਾਹਰਾ, ਨੇਤਰ ਨਜ਼ਰ ਕਿਸੇ ਨਾ ਆਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੰਡ ਵੰਡੇ ਅਪਾਰਾ, ਚਾਰੇ ਖਾਣੀ ਰਿਹਾ ਸਮਝਾਈਆ । ਚਾਰੇ ਬਾਣੀ ਖੋਲ੍ਹ ਕਿਵਾੜਾ, ਪਰਾ ਪਸੰਤੀ ਮਧਮ ਬੈਖ਼ਰੀ ਆਪੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਸੁਤ ਦੇਵੇ ਵਰ, ਕੋਟਨ ਕੋਟ ਤੇਰੇ ਨਾਉਂ ਪਰਗਟਾਈਆ । ਕੋਟਨ ਕੋਟ ਸਿਫ਼ਤੀ ਨਾਮ, ਸਿਫ਼ਤ ਸਲਾਹੀ ਆਪ ਜਣਾਇੰਦਾ । ਗੁਰ ਅਵਤਾਰ ਕਰ ਗ਼ੁਲਾਮ, ਪੀਰ ਪੈਗ਼ੰਬਰ ਬਰਦੇ ਰੂਪ ਵਖਾਇੰਦਾ । ਜੁਗ ਚੌਕੜੀ ਭੇਜ ਸ੍ਰੀ ਭਗਵਾਨ, ਤੇਰੀ ਸਾਚੀ ਕਾਰ ਕਮਾਇੰਦਾ । ਨਿਰਗੁਣ ਨਾਉਂ ਕਰ ਪਰਧਾਨ, ਸਰਗੁਣ ਸਾਚਾ ਰਾਹ ਵਖਾਇੰਦਾ । ਲੇਖਾ ਜਾਣ ਦੋ ਜਹਾਨ, ਧਰਨੀ ਧਰਤ ਧਵਲ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਕਰਾਇੰਦਾ । ਸਾਚੀ ਖੇਲ ਕਰੇ ਸੰਸਾਰ, ਲੱਖ ਚੁਰਾਸੀ ਵੰਡ ਵੰਡਾਈਆ । ਲੇਖਾ ਜਾਣੇ ਜੁਗ ਚੌਕੜੀ ਚਾਰ, ਨਵ ਨੌਂ ਆਪਣੀ ਗੰਢ ਪੁਆਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਕਰ ਤਿਆਰ, ਗੀਤਾ ਗਿਆਨ ਸ਼ਬਦ ਸੁਣਾਈਆ । ਅੰਜੀਲ ਕੁਰਾਨਾ ਖੋਲ੍ਹ ਕਿਵਾੜ, ਤੀਸ ਬਤੀਸਾ ਦਏ ਸਮਝਾਈਆ । ਖਾਣੀ ਬਾਣੀ ਕਰ ਪਿਆਰ, ਬੋਧ ਅਗਾਧ ਕਰੇ ਸ਼ਨਵਾਈਆ । ਨਾਤਾ ਜੋੜ ਗੁਰੂ ਅਵਤਾਰ, ਸਤਿਗੁਰ ਆਪਣਾ ਬੰਧਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਦੁਲਾਰੇ ਦਏ ਜਣਾਈਆ । ਸ਼ਬਦ ਦੁਲਾਰੇ ਦੱਸੇ ਸ੍ਰੀ ਭਗਵਾਨ, ਸਚਖੰਡ ਨਿਵਾਸੀ ਦਇਆ ਕਮਾਇੰਦਾ । ਜੁਗ ਜੁਗ ਖੇਲ ਕਰੇ ਮਹਾਨ, ਨਿਰਗੁਣ ਸਰਗੁਣ ਵੇਸ ਵਟਾਇੰਦਾ । ਤੇਰਾ ਨਾਉਂ ਕਰੇ ਪਰਧਾਨ, ਨਾਉਂ ਨਿਰੰਕਾਰਾ ਆਪ ਜਣਾਇੰਦਾ । ਲੱਖ ਚੁਰਾਸੀ ਗੋਪੀ ਕਾਹਨ, ਮੰਡਲ ਰਾਸੀ ਆਪ ਰਚਾਇੰਦਾ । ਵੇਖਣਹਾਰਾ ਦੋ ਜਹਾਨ, ਦੋਏ ਦੋਏ ਆਪਣੀ ਕਾਰ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਤੇਰੇ ਵਿਚ ਸਮਾਇੰਦਾ । ਸ਼ਬਦ ਸੁਤ ਚਰਨੀ ਢਹੇ, ਸਰਨ ਸਰਨ ਨਿਮਸਕਾਰਿਆ । ਕਵਣ ਨਾਮ ਪ੍ਰਭ ਤੇਰਾ ਰਹੇ, ਆਦਿ ਜੁਗਾਦਿ ਇਕ ਜੈਕਾਰਿਆ । ਮਹੱਲ ਅਟੱਲ ਕਵਣ ਬਹੇ, ਵਸੇ ਧਾਮ ਨਿਆਰਿਆ । ਕਵਣ ਗ੍ਰਿਹ ਹੋਵੇ ਜੈ, ਜੈ ਜੈਕਾਰ ਇਕ ਕਰਤਾਰਿਆ । ਆਦਿ ਜੁਗਾਦਿ ਨਾ ਹੋਏ ਲੈ, ਜਨਮ ਮਰਨ ਨਾ ਰੂਪ ਵਟਾ ਰਿਹਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸੁਤ ਦੁਲਾਰਾ ਮੰਗ ਮੰਗਾ ਰਿਹਾ, ਸ੍ਰੀ ਭਗਵਾਨ ਹੋ ਮਿਹਰਬਾਨ, ਏਕਾ ਏਕ ਜਣਾਈਆ । ਸ਼ਬਦ ਸੁਤ ਤੇਰਾ ਮੇਰਾ ਰਹੇ ਨਿਸ਼ਾਨ, ਦੂਜਾ ਨਜ਼ਰ ਕੋਇ ਨਾ ਆਈਆ । ਜੁਗ ਚੌਕੜੀ ਖੇਲਾਂ ਖੇਲ ਮਹਾਨ, ਲੱਖ ਚੁਰਾਸੀ ਵੰਡ ਵੰਡਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੇਵਾਂ ਦਾਨ, ਪੰਜ ਤੱਤ ਚੋਲਾ ਕਰਾਂ ਕੁੜਮਾਈਆ । ਢੋਲਾ ਰਸਨਾ ਜਿਹਵਾ ਸਾਰੇ ਗਾਣ, ਗਾ ਗਾ ਦੱਸਣ ਸਿਫ਼ਤ ਸਾਲਾਹੀਆ । ਅੰਤਮ ਛੱਡਣਾ ਪਏ ਮਕਾਨ, ਸਾਢੇ ਤਿੰਨ ਹੱਥ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਚ ਦਏ ਸਮਝਾਈਆ । ਸਤਿ ਕਹੇ ਪ੍ਰਭ ਮੇਰੇ ਭਗਵਾਨ, ਭਗਵਨ ਤੇਰੇ ਹੱਥ ਵਡਿਆਈਆ । ਜੁਗ ਚੌਕੜੀ ਤੇਰਾ ਖੇਲ ਮਹਾਨ, ਸਮਝ ਵਿਚ ਕਿਸੇ ਨਾ ਆਈਆ । ਕੋਈ ਗੋਪੀ ਕੋਈ ਕਾਹਨ, ਕੋਈ ਸੀਤਾ ਰਾਮ ਵਡਿਆਈਆ । ਕੋਈ ਪੂਜੇ ਸ਼ਾਸਤਰ ਸਿਮਰਤ ਵੇਦ ਪੁਰਾਨ, ਕੋਈ ਅੱਖਰ ਅੱਖਰ ਰਾਗ ਅਲਾਈਆ । ਕੋਈ ਅਵਤਾਰ ਤੇਈ ਕਰੇ ਧਿਆਨ, ਕੋਈ ਭਗਤ ਅਠਾਰਾਂ ਰਿਹਾ ਵਡਿਆਈਆ ।


੫੦੭
੧੪

ਕੋਈ ਕਹੇ ਗੀਤਾ ਗਿਆਨ, ਦਸ ਅੱਠ ਪੰਧ ਮੁਕਾਈਆ । ਕੋਈ ਕਹੇ ਅਠਸਠ ਅਸ਼ਨਾਨ, ਦੁਰਮਤ ਮੈਲ ਦਏ ਧਵਾਈਆ । ਕੋਈ ਕਹੇ ਈਸਾ ਮੂਸਾ ਦਏ ਪੈਗ਼ਾਮ, ਪੀਰ ਪੈਗ਼ੰਬਰ ਕਰਨ ਪੜ੍ਹਾਈਆ । ਕੋਈ ਕਹੇ ਮੁਹੰਮਦ ਸਾਚੀ ਇਸਲਾਮ, ਇਸਮ ਨੂਰੀ ਨਜ਼ਰੀ ਆਈਆ । ਕੋਈ ਕਹੇ ਨਾਨਕ ਸਤਿ ਨਾਮ ਕਰੇ ਪਰਧਾਨ, ਸਤਿ ਸਤਿਵਾਦੀ ਫੇਰਾ ਪਾਈਆ । ਕੋਈ ਕਹੇ ਗੁਰ ਗੋਬਿੰਦ ਵਡ ਬਲਵਾਨ, ਖੜਗ ਖੰਡਾ ਤੀਰ ਚਮਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਕਹਿਣ ਸਰਬ ਦਾ ਸ੍ਰੀ ਭਗਵਾਨ, ਦੂਜਾ ਨਜ਼ਰ ਕੋਇ ਨਾ ਆਈਆ । ਏਕਾ ਸਤਿਗੁਰੂ ਸਚ ਸੁਲਤਾਨ, ਜੁਗ ਚੌਕੜੀ ਹੁਕਮ ਮਨਾਈਆ । ਦੇਵੇ ਸੰਦੇਸ਼ਾ ਨੌਜਵਾਨ, ਨੱਯਾ ਇਕੋ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਬਾਲੇ ਨੱਢੇ ਲਏ ਉਠਾਈਆ । ਬਾਲੇ ਨੱਢੇ ਜਾਣਾ ਜਾਗ, ਸੋ ਪੁਰਖ ਨਿਰੰਜਣ ਆਪ ਜਗਾਇੰਦਾ । ਬਿਨ ਸੁਤ ਦੁਲਾਰੇ ਕਿਸੇ ਨਾ ਲੱਗੇ ਭਾਗ, ਵਡਭਾਗੀ ਆਪਣੀ ਕਾਰ ਕਮਾਇੰਦਾ । ਜੁਗ ਚੌਕੜੀ ਗੁਰ ਅਵਤਾਰ ਉਪਜੇ ਬੁਝੇ ਚਿਰਾਗ਼, ਦੀਆ ਬਾਤੀ ਕਮਲਾਪਾਤੀ ਆਪਣੇ ਹੱਥ ਰਖਾਇੰਦਾ । ਪਰਮ ਪੁਰਖ ਦੀਨ ਦਿਆਲਾ ਇਕੋ ਸੱਜਣ ਸਾਕ, ਸ੍ਰੀ ਭਗਵਾਨ ਨਜ਼ਰੀ ਆਇੰਦਾ । ਕੋਈ ਨਾ ਦਿਸੇ ਪੰਜ ਤੱਤ ਕਾਇਆ ਮਾਟੀ ਖ਼ਾਕ, ਖ਼ਾਕੀ ਖ਼ਾਕ ਸਰਬ ਸਮਾਇੰਦਾ । ਤੇਰਾ ਮੇਰਾ ਆਦਿ ਜੁਗਾਦਿ ਜੁਗ ਚੌਕੜੀ ਖੁਲ੍ਹਾ ਰਹੇ ਤਾਕ, ਅੱਗੇ ਹੋ ਬੰਦ ਨਾ ਕੋਇ ਕਰਾਇੰਦਾ । ਤੇਰੇ ਵਿਚੋਂ ਗੁਰੂ ਅਵਤਾਰ ਲੈਣ ਅਗੰਮੀ ਵਾਕ, ਧੁਰ ਸੰਦੇਸ਼ਾ ਰਾਗ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਤੇਰੇ ਹੱਥ ਰਖਾਇੰਦਾ । ਸੁਤ ਦੁਲਾਰਾ ਹੋਇਆ ਖ਼ੁਸ਼, ਖ਼ੁਸ਼ੀ ਆਪਣੇ ਘਰ ਮਨਾਈਆ । ਸਾਂਤਕ ਹੋ ਕੇ ਹੋਇਆ ਚੁੱਪ, ਬੋਲ ਸਕੇ ਨਾ ਹੋਰ ਰਾਈਆ । ਕਵਣ ਵੇਲਾ ਪ੍ਰਭ ਲਏਂ ਪੁੱਛ, ਆਪ ਆਪਣਾ ਫੇਰਾ ਪਾਈਆ । ਸਚ ਦੁਆਰੇ ਬਹਾਂ ਲੁਕ, ਰੂਪ ਰੰਗ ਨਾ ਕੋਇ ਵਖਾਈਆ । ਸਾਚੀ ਗੋਦੀ ਲੈਣਾ ਚੁੱਕ, ਸਿਰ ਆਪਣਾ ਹੱਥ ਟਿਕਾਈਆ । ਜੁਗ ਚੌਕੜੀ ਪੈਂਡਾ ਜਾਏ ਮੁੱਕ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਆਸ ਰਖਾਈਆ । ਤੇਰੀ ਪੂਰੀ ਕਰਾਂ ਆਸ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਜੁਗ ਚੌਕੜੀ ਖੇਲ ਤਮਾਸ਼, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਹੰਢਾਇੰਦਾ । ਗੁਰ ਅਵਤਾਰ ਦਾਸੀ ਦਾਸ, ਪੀਰ ਪੈਗ਼ੰਬਰ ਸੇਵਕ ਰੂਪ ਬਣਾਇੰਦਾ । ਨਾਮ ਨਿਧਾਨ ਅਗੰਮੀ ਗਾਥ, ਗੁਰ ਮੰਤਰ ਇਕ ਸਮਝਾਇੰਦਾ । ਦੋਏ ਜੋੜ ਪ੍ਰਭ ਮਿਲਣ ਦੀ ਸਾਰੇ ਰੱਖਣ ਆਸ, ਡੋਰੀ ਆਪਣੇ ਹੱਥ ਰਖਾਇੰਦਾ । ਖੇਲਾਂ ਖੇਲ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਵੇਖ ਵਖਾਇੰਦਾ । ਲੱਖ ਚੁਰਾਸੀ ਭੋਗ ਬਲਾਸ, ਆਤਮ ਸੇਜਾ ਡੇਰਾ ਲਾਇੰਦਾ । ਖਾਣੀ ਬਾਣੀ ਨਿੱਕੀ ਜਿਹੀ ਸ਼ਾਖ਼, ਸ਼ਨਾਖ਼ਤ ਹੱਥ ਨਾ ਕਿਸੇ ਫੜਾਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਨਿੱਕੀ ਜਿਹੀ ਸੁਣਾਵਣ ਬਾਤ, ਭੇਵ ਅਭੇਦ ਨਾ ਕਿਸੇ ਸਮਝਾਇੰਦਾ । ਨਵ ਨੌਂ ਚਾਰ ਵੇਖੇ ਖੇਲ ਖ਼ਲਕ ਤਮਾਸ਼, ਤਰ੍ਹਾ ਤਰ੍ਹਾ ਵੇਸ ਵਟਾਇੰਦਾ । ਕਲਜੁਗ ਅੰਤਮ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਆਪ ਜਣਾਇੰਦਾ । ਸੁਤ ਦੁਲਾਰੇ ਪ੍ਰਭ ਸਾਚਾ ਦਇਆ ਕਮਾਵੇਗਾ । ਤੇਰਾ ਲਹਿਣਾ ਤੇਰੀ ਝੋਲੀ ਪਾਵੇਗਾ । ਨੇਤਰ ਨੈਣਾਂ ਆਪ ਦਰਸਾਵੇਗਾ । ਨੌਂ ਸੌ ਚੁਰਾਨਵੇਂ ਚੌਕੜੀ ਪੰਧ ਮੁਕਾਵੇਗਾ । ਨਿਰਗੁਣ ਹੋ ਕੇ ਫੇਰਾ ਪਾਵੇਗਾ । ਨਿਹਕਲੰਕ ਨਾਉਂ ਰਖਾਵੇਗਾ । ਕਲ ਕਲਕੀ ਵੇਸ ਵਟਾਵੇਗਾ । ਧੁਰ ਦੀ ਵੰਨਗੀ ਨਾਮ ਲਿਆਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਭੇਵ ਅਭੇਦਾ ਆਪ ਖੁਲ੍ਹਾਵੇਗਾ । ਭੇਵ ਅਭੇਦਾ ਆਪ ਖੁਲਾਏਗਾ । ਪੁਰਖ ਅਬਿਨਾਸ਼ੀ ਫੇਰਾ ਪਾਏਗਾ । ਸਚਖੰਡ ਨਿਵਾਸੀ ਵੇਸ ਵਟਾਏਗਾ । ਕਿਲਾ ਕੋਟ ਇਕ ਵਸਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਿੰਘਾਸਣ ਸੋਭਾ ਪਾਏਗਾ । ਸਚ ਸਿੰਘਾਸਣ ਸੋਭਾ ਪਾਵੇਗਾ । ਪੁਰਖ ਅਬਿਨਾਸ਼ੀ ਵੇਸ ਵਟਾਵੇਗਾ । ਜਗਤ ਨੇਤਰ ਨਜ਼ਰ ਨਾ ਆਵੇਗਾ । ਵਿਸ਼ਨ ਬ੍ਰਹਮਾ ਸ਼ਿਵ ਢੋਲਾ ਗਾਵੇਗਾ । ਗੁਰ ਅਵਤਾਰ ਸੀਸ ਝੁਕਾਵੇਗਾ । ਪੀਰ ਪੈਗੰਬਰ ਸਜਦਾ ਇਕ ਜਣਾਵੇਗਾ । ਦੋ ਜਹਾਨ ਵੇਖ ਵਖਾਵੇਗਾ । ਪਰਦਾ ਉਹਲਾ ਸਰਬ ਹਟਾਵੇਗਾ । ਮੌਲਾ ਹਰ ਘਟ ਮੌਲਿਆ ਨਜ਼ਰੀ ਆਵੇਗਾ । ਪਿਛਲਾ ਕੀਤਾ ਕੌਲ ਪੂਰ ਕਰਾਵੇਗਾ । ਉਪਰ ਧੌਲ ਚਰਨ ਰਖਾਵੇਗਾ । ਧਰਨੀ ਹੌਲਾ ਭਾਰ ਕਰਾਵੇਗਾ । ਜਨ ਭਗਤਾਂ ਹਰਨੀ ਫਰਨੀ ਆਪ ਖੁਲ੍ਹਾਵੇਗਾ । ਜਗ ਮਰਨੀ ਆਪ ਚੁਕਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਤਰਨੀ ਇਕ ਤਰਾਵੇਗਾ । ਸਾਚੀ ਤਰਨੀ ਏਕਾ ਤਾਰੇਗਾ । ਗੁਰਮੁਖ ਸਾਚੇ ਆਪ ਉਠਾਲੇਗਾ । ਸਚ ਦੁਆਰੇ ਸਾਹਿਬ ਬਹਾਲੇਗਾ । ਚਰਨ ਪ੍ਰੀਤੀ ਇਕ ਲਗਾਲੇਗਾ । ਲੇਖਾ ਚੁੱਕੇ ਸ਼ਾਹ ਕੰਗਾਲੇ ਦਾ । ਨਾਤਾ ਤੁਟੇ ਤ੍ਰੈਗੁਣ ਮਾਇਆ ਜਗਤ ਜੰਜਾਲੇ ਦਾ । ਭਗਤਾਂ ਸੁਰਤ ਸਵਾਣੀ ਸ਼ਬਦ ਗੁਰ ਆਪ ਸੰਭਾਲੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਕਰੇ ਖੇਲ ਵਾਲੀ ਦੋ ਜਹਾਨੇ ਦਾ । ਦੋ ਜਹਾਨਾਂ ਵਾਲੀ ਫੇਰਾ ਪਾਏਗਾ । ਕਲਜੁਗ ਰੈਣ ਅੰਧੇਰੀ ਕਾਲੀ ਅੰਤ ਮਿਟਾਏਗਾ । ਨਵ ਖੰਡ ਪ੍ਰਿਥਮੀ ਸੱਚੀ ਧਰਮਸਾਲੀ, ਧਰਮ ਦੁਆਰਾ ਇਕ ਬਣਾਏਗਾ । ਨਿਰਮਲ ਜੋਤ ਜਗੇ ਅਕਾਲੀ, ਕੂੜ ਕੁੜਿਆਰਾ ਚੰਦ ਮੁਖ ਛੁਪਾਏਗਾ । ਗੁਰਮੁਖ ਕੋਈ ਨਾ ਦਿਸੇ ਖ਼ਾਲੀ, ਅੰਤਰ ਆਤਮ ਇਕੋ ਨਾਮ ਦਰਸਾਏਗਾ । ਲੱਖ ਚੁਰਾਸੀ ਵਿਚੋਂ ਭਾਲੀ, ਆਪ ਆਪਣਾ ਮੇਲ ਮਿਲਾਏਗਾ । ਏਥੇ ਓਥੇ ਬਣ ਪ੍ਰਿਤਪਾਲੀ, ਸਿਰ ਆਪਣਾ ਹੱਥ ਟਿਕਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਨਾਉਂ ਸ਼ਬਦ ਵਡਿਆਏਗਾ । ਤੇਰਾ ਨਾਉਂ ਸ਼ਬਦ ਵਡਿਆਵੇਗਾ । ਨਿਰਗੁਣ ਆਪਣੀ ਕਾਰ ਕਮਾਵੇਗਾ । ਸਰਗੁਣ ਰੂਪ ਨਾ ਕੋਇ ਵਖਾਵੇਗਾ । ਗੁਰ ਅਵਤਾਰਾਂ ਪੰਧ ਮੁਕਾਵੇਗਾ । ਜੋਤੀ ਜਾਤਾ ਚੰਦ ਚਮਕਾਵੇਗਾ । ਜੇਰਜ ਅੰਡ ਸਰਬ ਉਠਾਵੇਗਾ । ਉਤਭੁਜ ਸੇਤਜ ਵੇਖ ਵਖਾਵੇਗਾ । ਧੁਰ ਦਾ ਲੇਖ ਆਪ ਮੁਕਾਵੇਗਾ । ਨਰ ਨਰੇਸ਼ ਦਇਆ ਕਮਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਨਾਉਂ ਇਕ ਉਪਜਾਵੇਗਾ । ਕਵਣ ਵੇਲਾ ਨਾਮ ਉਪਾਏਂਗਾ । ਇਕੋ ਨਾਮ ਨਜ਼ਰੀ ਆਏਂਗਾ । ਏਕੰਕਾਰ ਇਸ਼ਟ ਦੇਵ ਇਕ ਵਖਾਏਂਗਾ । ਜ਼ਾਤ ਪਾਤ ਵਰਨ ਗੋਤ ਨਾ ਕੋਇ ਰਖਾਏਂਗਾ । ਸਾਖਯਾਤ ਫੇਰਾ ਪਾਏਂਗਾ । ਪਾਰਜਾਤ ਜਨ ਭਗਤ ਬਣਾਏਂਗਾ । ਮੇਟ ਅੰਧੇਰੀ ਰਾਤ, ਸਤਿਜੁਗ ਸਾਚਾ ਚੰਦ ਚੜ੍ਹਾਏਂਗਾ । ਲਹਿਣਾ ਲਹਿਣਾ ਦੇਵੇਂ ਸਾਥ, ਸਗਲਾ ਸੰਗ ਨਿਭਾਏਂਗਾ । ਇਕੋ ਪੂਜਾ ਇਕੋ ਪਾਠ, ਇਕੋ ਮੰਤਰ ਨਾਮ ਪੜ੍ਹਾਏਂਗਾ । ਇਕੋ ਦੁਆਰਾ ਇਕੋ ਹਾਟ, ਇਕੋ ਕੰਡਾ ਤੋਲ ਤਰਾਜ਼ੂ ਵਖਾਏਂਗਾ । ਇਕੋ ਪੰਧ ਇਕੋ ਵਾਟ, ਇਕੋ ਕਿਨਾਰਾ ਇਕੋ ਘਾਟ, ਇਕੋ ਪਤਣ ਵਖਾਏਂਗਾ । ਇਕੋ ਸੱਜਣ ਇਕੋ ਸਾਕ, ਸੈਣ ਇਕੋ ਨਜ਼ਰੀ ਆਏਂਗਾ । ਇਕੋ ਪਤਤ ਇਕ ਪੁਨੀਤ, ਪਤਤ ਇਕੋ ਵਾਰ ਤਰਾਏਂਗਾ । ਇਕੋ ਢੋਲਾ ਇਕੋ ਗੀਤ, ਇਕੋ ਵਾਰ ਸੁਣਾਏਂਗਾ । ਇਕੋ ਮੰਦਰ ਇਕੋ ਮਸੀਤ, ਸ਼ਿਵਦੁਆਲਾ ਮੱਠ ਇਕ ਦਰਸਾਏਂਗਾ । ਇਕੋ ਦੂਰ ਵਸੇਂ ਨਜ਼ਦੀਕ, ਘਰ ਘਰ ਵਿਚ ਮੇਲ ਮਿਲਾਏਗਾ । ਇਕੋ ਸਾਹਿਬ ਲਾਸ਼ਰੀਕ, ਸ਼ਿਰਕਤ ਸਭ ਦੀ ਵੇਖ ਵਖਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਕਵਣ ਵੇਲਾ ਵੇਸ ਵਟਾਏਂਗਾ । ਸਾਚਾ ਵੇਲਾ ਆਪ ਸੁਹਾਵਾਂਗਾ । ਕਲਜੁਗ ਅੰਤਮ ਫੇਰਾ ਪਾਵਾਂਗਾ । ਪੂਰਬ ਲਹਿਣਾ ਸਰਬ ਚੁਕਾਵਾਂਗਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਕੋਲ ਰਖਾਵਾਂਗਾ । ਨਾਮ ਢੋਲ ਇਕ ਵਜਾਵਾਂਗਾ । ਸਾਚਾ ਤੋਲ ਤੋਲ ਤੁਲਾਵਾਂਗਾ । ਅਨਮੋਲ ਹੱਟ ਚਲਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਕਰ ਵਖਾਵਾਂਗਾ । ਸਾਚੀ ਕਰਨੀ ਕਰ ਵਖਾਵਾਂਗਾ । ਕਲਜੁਗ ਅੰਤਮ ਫੇਰਾ ਪਾਵਾਂਗਾ । ਨਿਰਗੁਣ ਨੂਰ ਨਜ਼ਰੀ ਆਵਾਂਗਾ । ਜ਼ਾਹਰ ਜ਼ਹੂਰ ਕਾਰ ਕਮਾਵਾਂਗਾ । ਬਦਸਤੂਰ ਆਪਣਾ ਦਸਤ ਉਠਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭਾਨ ਇਕ ਚਮਕਾਵਾਂਗਾ । ਸਾਚਾ ਭਾਨ ਇਕ ਚਮਕਾਏਗਾ । ਨਿਰਗੁਣ ਜੋਤ ਨੂਰ ਰੁਸ਼ਨਾਏਗਾ । ਦਰਗਹਿ ਸਾਚੀ ਸੋਭਾ ਪਾਏਗਾ । ਦਰ ਘਰ ਸਾਚੇ ਸੋਭਾ ਪਾਏਗਾ । ਹੱਕ ਮੁਕਾਮ ਵੇਖ ਵਖਾਏਗਾ । ਪਰਵਰਦਿਗਾਰ ਵੇਸ ਵਟਾਏਗਾ । ਲਾਸ਼ਰੀਕ ਖੇਲ ਖਲਾਏਗਾ । ਜਗਤ ਅੰਧੇਰਾ ਤਾਰੀਕ ਮਿਟਾਏਗਾ । ਸੰਞ ਸਵੇਰ ਨਜ਼ਰ ਕੋਇ ਨਾ ਆਏਗਾ । ਪੀਰ ਪੈਗ਼ੰਬਰ ਈਸਾ ਮੂਸਾ ਮੁਹੰਮਦ ਸਾਚਾ ਸਬਕ ਆਪ ਪੜ੍ਹਾਏਗਾ । ਅਲਫ਼ ਯੇ ਪਰਦਾ ਲਾਹੇਗਾ । ਨੂਨ ਵਿਚ ਨਾ ਕੋਇ ਰਖਾਏਗਾ । ਹਮਜ਼ਾ ਰਮਜ਼ ਨਾ ਕੋਇ ਲਗਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਮਹਿਰਾਬੇ ਸੋਭਾ ਪਾਏਗਾ । ਸਚ ਮਹਿਰਾਬੇ ਸੋਹੇ ਮਹਿਬੂਬ, ਮੁਹੱਬਤ ਆਪਣੀ ਦਏ ਜਣਾਈਆ । ਇਕ ਜਣਾ ਸਚ ਅਰੂਜ਼, ਅਰਸ਼ ਕੁਰਸ਼ ਵੇਖ ਵਖਾਈਆ । ਨਾਤਾ ਤੋੜੇ ਏਕਾ ਦੂਜ, ਦੂਆ ਏਕਾ ਇਕੋ ਗੰਢ ਪੁਆਈਆ । ਮੁਰੀਦ ਮੁਰਸ਼ਦ ਦੇਵੇ ਸੂਝ, ਨੇਤਰ ਨੈਣ ਅੱਖ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਤੇਰੀ ਧਾਰ ਵਖਾਈਆ । ਸ਼ਬਦੀ ਤੇਰਾ ਕਲਮਾ ਸੱਚ, ਕਾਇਨਾਤ ਆਪ ਸਮਝਾਇੰਦਾ । ਪਰਗਟ ਹੋ ਪੁਰਖ ਸਮਰਥ, ਇਲਾਹੀ ਨੂਰ ਡਗਮਗਾਇੰਦਾ । ਈਸਾ ਮੂਸਾ ਮੁਹੰਮਦ ਕਰਨਹਾਰਾ ਪੱਖ, ਮਿਹਰਵਾਨ ਮਿਹਰਵਾਨ ਬੇਨਜ਼ੀਰ ਸਚ ਤਸਵੀਰ ਇਕੋ ਇਕ ਪਰਗਟਾਇੰਦਾ । ਸਭ ਦਾ ਦੇ ਕੇ ਹੱਕ, ਲੇਖਾ ਸਭ ਦੀ ਝੋਲੀ ਪਾਇੰਦਾ । ਕਲਜੁਗ ਅੰਤਮ ਬੂਟਾ ਰਿਹਾ ਪੱਕ, ਪਤਝੜ ਵੇਲਾ ਅੰਤਮ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੁਤ ਸੁਤ ਦੁਲਾਰੇ ਤੇਰਾ ਖੋਲ੍ਹੇ ਇਕੋ ਹੱਟ, ਦੂਜਾ ਹੱਟ ਨਜ਼ਰ ਕੋਇ ਨਾ ਆਇੰਦਾ । ਤੇਰਾ ਸਾਚਾ ਹੱਟ ਖੁਲੌਣਾ ਏਂ । ਸੌਦਾ ਇਕੋ ਨਾਮ ਪੌਣਾ ਏਂ । ਚਾਰ ਵਰਨਾਂ ਅਠਾਰਾਂ ਬਰਨਾਂ ਡੇਰਾ ਢੌਣਾ ਏਂ । ਗੁਰ ਅਵਤਾਰ ਰਾਹ ਤਕੌਣਾ ਏਂ । ਪੀਰ ਪੈਗ਼ੰਬਰ ਰਾਹ ਜਣੌਣਾ ਏਂ । ਦੀਨਾਂ ਮਜ਼੍ਹਬਾਂ ਡੇਰਾ ਢੌਣਾ ਏਂ । ਅਰਬਾਂ ਖ਼ਰਬਾਂ ਲੇਖ ਲਿਖੌਣਾ ਏਂ । ਭਰਮਾਂ ਕੰਧ ਢੌਣਾ ਏਂ । ਸਾਚਾ ਨਗ਼ਮਾ ਇਕ ਸੁਣੌਣਾ ਏਂ । ਕਲਮਾ ਨਬੀ ਆਪ ਪੜ੍ਹੌਣਾ ਏਂ । ਇਕੋ ਨਜ਼ਰੀ ਔਣਾ ਏਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਕੂੜੀ ਮੇਟੇ ਬਦੀ, ਬਦਲਾ ਸਭ ਦੀ ਝੋਲੀ ਪੌਣਾ ਏਂ । ਬੀਤਦੀ ਜਾਏ ਚੌਧਵੀਂ ਸਦੀ, ਸਦਕੇ ਵਾਰੀ ਘੋਲੀ ਘੋਲ ਘੁਮੌਣਾ ਏਂ । ਬੀਸ ਬੀਸੇ ਧਾਰ ਇਕੋ ਲੱਭੀ, ਧਾਰ ਧਾਰ ਵਿਚੋਂ ਪਰਗਟੌਣਾ ਏਂ । ਗੁਰ ਅਵਤਾਰ ਪੀਰ ਪੈਗ਼ੰਬਰ ਦੀਨ ਮਜ਼੍ਹਬ ਜ਼ਾਤ ਪਾਤ ਕੂੜੀ ਕਿਰਿਆ ਕੋਇ ਨਾ ਲੱਭੀ, ਮਾਇਆ ਲੋਭ ਸਰਬ ਗਵੌਣਾ ਏਂ । ਸ੍ਰਿਸ਼ਟ ਸਬਾਈ ਪੁਰਖ ਅਕਾਲ ਦੀ ਸਾਚੀ ਯਦੀ, ਵਿਸ਼ਨੂੰ ਵੰਸ ਇਕ ਸੁਹੌਣਾ ਏਂ । ਪੁਰਖ ਅਕਾਲ ਬਹੇ ਇਕੋ ਗੱਦੀ, ਸ਼ਾਹ ਸੁਲਤਾਨਾਂ ਗਦਾਗਰ ਜਣੌਣਾ ਏਂ । ਚਾਰ ਯੁਗ ਦੀ ਪਿਛਲੀ ਕੀਤੀ ਪੁਰਖ ਪੁਰਖੋਤਮ ਆਪਣੀ ਹੱਥੀਂ ਕਰੇ ਰੱਦੀ, ਰੁਤਬਾ ਇਕੋ ਹੱਥ ਫੜੌਣਾ ਏਂ । ਲੇਖਾ ਚੁਕੇ ਵਦੀ ਸੁਦੀ, ਸੁਧਾਸਰ

ਇਕੋ ਤਾਲ ਨੁਹੌਣਾ ਏਂ । ਗੁਰਮੁਖ ਗੁਰਸਿਖ ਹਰਿਭਗਤ ਹਰਿ ਭਗਵਾਨ ਲੇਖੇ ਲਾਏ ਹੱਡੀ, ਹੱਡ ਮਾਸ ਨਾੜੀ ਪਿੰਜਰ ਆਪਣੇ ਵਿਚ ਸਮੌਣਾ ਏਂ । ਲੱਖ ਚੁਰਾਸੀ ਪਿਛੇ ਛੱਡੀ, ਰਾਏ ਧਰਮ ਹੱਥ ਫੜੌਣਾ ਏਂ । ਕਲਜੁਗ ਕੂੜੀ ਕਿਰਿਆ ਵਗਦੀ ਨਦੀ, ਮਨਮੁਖਾਂ ਵਿਚ ਰੁੜੌਣਾ ਏਂ । ਸਾਹਿਬ ਸਤਿਗੁਰ ਨਾਲ ਜਿਨ੍ਹਾਂ ਪ੍ਰੀਤੀ ਲੱਗੀ, ਤਿਨ੍ਹਾਂ ਪੁਰਖ ਅਕਾਲ ਪਾਰ ਕਰੌਣਾ ਏਂ । ਜਿਨ੍ਹਾਂ ਖ਼ਾਦੀ ਢੱਗੀ ਵੱਛੀ, ਤਿਨ੍ਹਾਂ ਦੋਜ਼ਖ਼ ਵਿਚ ਬਹੌਣਾ ਏਂ । ਜਿਹੜੇ ਸੂਰ ਰਹੇ ਛਕੀ, ਕੂਕਰ ਸ਼ੂਕਰ ਰੂਪ ਵਖੌਣਾ ਏਂ । ਬਿਨ ਭਗਤਾਂ ਸਾਚੇ ਸੰਤਾਂ ਆਤਮ ਰਿਹਾ ਨਾ ਕੋਈ ਜਤੀ, ਮਨਮੁਖਤਾ ਗੰਢ ਵਖੌਣਾ ਏਂ । ਸੁਰਤ ਸਵਾਣੀ ਜਾਣਿਆ ਪਰਮ ਪੁਰਖ ਪਰਮੇਸ਼ਵਰ ਪਤੀ, ਦੁਹਾਗਣ ਜਗਤ ਰੂਪ ਅਖਵੌਣਾ ਏਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੋ ਪੁਰਖ ਨਿਰੰਜਣ ਆਪਣਾ ਹੁਕਮ ਵਰਤੌਣਾ ਏਂ । ਸੁਤ ਸ਼ਬਦ ਅੱਗੋਂ ਕਰੇ ਹਾਂ, ਰਹਿਮਤ ਤੇਰੀ ਮੋਹੇ ਭਾਈਆ । ਤੂ ਹੀ ਪਿਤਾ ਤੂ ਹੀ ਮਾਂ, ਪ੍ਰਭ ਤੇਰੇ ਹੱਥ ਵਡਿਆਈਆ । ਮੈਂ ਮੰਨਾਂ ਤੇਰੀ ਰਜ਼ਾ, ਜਿਉਂ ਭਾਵੇ ਤਿਉਂ ਲੈ ਸਮਝਾਈਆ । ਕਲਜੁਗ ਅੰਤਮ ਸਭ ਦੇ ਸਿਰ ਤੇ ਕੂਕੇ ਕਜ਼ਾ, ਕਿਆਮਤ ਦੂਰ ਦਰਾਡੀ ਨੇੜੇ ਆਈਆ । ਕਲਜੁਗ ਜੀਵ ਕੂਕ ਰਹੇ ਕਾਂ, ਬੁੱਧੀ ਕਾਗ ਵਾਂਗ ਕੁਰਲਾਈਆ । ਸਿਰ ਦੇਵੇ ਨਾ ਠੰਡੀ ਕੋਈ ਛਾਂ, ਗੁਰ ਅਵਤਾਰ ਪੀਰ ਪੈਗ਼ੰਬਰ ਬੈਠੇ ਮੁੱਖ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਸਹੀ ਸਲਾਮਤ, ਸੋ ਸਾਹਿਬ ਦਇਆ ਕਮਾਇੰਦਾ । ਆਦਿ ਜੁਗਾਦਿ ਜੁਗ ਚੌਕੜੀ ਕਰੇ ਸਚ ਅਦਾਲਤ, ਅਦਲ ਆਪਣੇ ਹੱਥ ਰਖਾਇੰਦਾ । ਕਲਜੁਗ ਅੰਤਮ ਵੇਖ ਕਿਆਮਤ, ਚਾਰੋਂ ਕੁੰਟ ਅੰਧੇਰਾ ਛਾਇੰਦਾ । ਸਚ ਦੁਆਰੇ ਦੇਵੇ ਨਾ ਕੋਇ ਜ਼ਮਾਨਤ, ਜ਼ਮਨੀ ਹੱਕ ਨਾ ਕੋਇ ਭਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਚ ਸਚ ਸੁਣਾਇੰਦਾ । ਸਚ ਸਚ ਨਾ ਕੋਈ ਭੇਵ, ਭੇਦ ਨਾ ਕੋਇ ਜਣਾਈਆ । ਲੱਖ ਚੁਰਾਸੀ ਕੂੜੀ ਕਿਰਿਆ ਲੱਗੀ ਸੇਵ, ਆਤਮ ਪਰਮਾਤਮ ਨਾ ਕੋਇ ਮਨਾਈਆ । ਗਾ ਗਾ ਥੱਕੀ ਰਸਨਾ ਜਿਹਵ, ਹਿਰਦੇ ਹਰਿ ਨਾ ਕੋਇ ਵਸਾਈਆ । ਖਾ ਖਾ ਥੱਕੀ ਰਸਨਾ ਜਿਹਵ, ਅੰਮ੍ਰਿਤ ਰਸ ਨਾ ਕੋਇ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਬੇਪਰਵਾਹੀਆ । ਵੇਖਣਹਾਰਾ ਬੇਪਰਵਾਹ, ਬੇਪਰਵਾਹੀ ਧਾਰ ਚਲਾਇੰਦਾ । ਦੋ ਜਹਾਨਾਂ ਫੇਰਾ ਪਾ, ਨਵ ਨੌਂ ਆਪਣਾ ਪੰਧ ਚੁਕਾਇੰਦਾ । ਕੂੜੀ ਕਿਰਿਆ ਥਾਂ ਥਾਂ, ਘਰ ਘਰ ਡੇਰਾ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸੱਚੀ ਕਰਨੀ ਕਰੇ ਨਿਰੰਕਾਰਾ, ਨਿਰਗੁਣ ਆਪਣੀ ਕਾਰ ਕਮਾਈਆ । ਕਲ ਕਲਕੀ ਲੈ ਅਵਤਾਰਾ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਲੇਖਾ ਜਾਣੇ ਧੁਰ ਦਰਬਾਰਾ, ਸ੍ਰਿਸ਼ਟ ਸਬਾਈ ਫੋਲ ਫੁਲਾਈਆ । ਲੱਖ ਚੁਰਾਸੀ ਹਾਹਾਕਾਰਾ, ਜੀਵ ਜੰਤ ਰਹੇ ਕੁਰਲਾਈਆ । ਮੰਦਰ ਮਸਜਦ ਸ਼ਿਵਦਵਾਲੇ ਮੱਠ ਧੂਆਂਧਾਰਾ, ਗੁਰੂਦਵਾਰ ਪਈ ਲੜਾਈਆ । ਨਜ਼ਰ ਨਾ ਆਏ ਨਿਰਗੁਣ ਦਵਾਰਾ, ਜਗਤ ਰੀਤੀ ਕਾਮ ਕਰੋਧ ਲੋਭ ਮੋਹ ਹੰਕਾਰ ਹੋਏ ਹਲਕਾਈਆ । ਸਾਧ ਸੰਤ ਨਾ ਕੋਇ ਪਿਆਰਾ, ਸਤਿ ਸਰੂਪ ਨਾ ਕੋਇ ਸਮਾਈਆ । ਪੜ੍ਹ ਪੜ੍ਹ ਥੱਕੇ ਜੀਵ ਗਵਾਰਾ, ਪੁਸਤਕ ਪਾਂਧੇ ਹੱਥ ਉਠਾਈਆ । ਬਗ਼ਲ ਕੁਰਾਨ ਦਏ ਹੁਲਾਰਾ, ਮੁੱਲਾਂ ਸ਼ੇਖ਼ ਦੇਣ ਦੁਹਾਈਆ । ਹੱਕ ਲਾਏ ਨਾ ਕੋਈ ਨਾਅਰਾ, ਨੌਬਤ ਨਾਮ ਨਾ ਕੋਇ ਵਜਾਈਆ । ਦੀਨ ਮਜ਼੍ਹਬ ਹੋਏ ਮੁਜ਼ਾਹਰਾ, ਮਿਲੇ ਨਾ ਬੇਪਰਵਾਹੀਆ । ਮਨਮਤ ਹੋਏ ਮੁਸ਼ਾਹਿਰਾ, ਮੁਸ਼ਕਲ ਹੱਲ ਨਾ ਕੋਇ ਕਰਾਈਆ । ਘਰ

ਘਰ ਬਣੇ ਫਿਰਦੇ ਸ਼ਾਇਰਾ, ਸ਼ਰੀਅਤ ਹੱਦ ਨਾ ਕੋਇ ਤੁੜਾਈਆ । ਕੂੜੀ ਕਿਰਿਆ ਅੰਦਰ ਹੋਏ ਕਾਇਰਾ, ਬਲ ਆਪਣਾ ਨਾ ਕੋਇ ਪਰਗਟਾਈਆ । ਸਾਚਾ ਦਿਸੇ ਨਾ ਕੋਇ ਅਖਾੜਾ, ਮਨਮਤ ਕੂੜੀ ਕਿਰਿਆ ਵਾਸਨਾ ਨਾਚ ਨਚਾਈਆ । ਧੁਰਦਰਗਾਹੀ ਨਜ਼ਰ ਨਾ ਆਏ ਲਾੜਾ, ਨਾਰ ਕੰਤ ਨਾ ਕੋਇ ਪਰਨਾਈਆ । ਨਾਨਕ ਗੋਬਿੰਦ ਕੱਢ ਕੇ ਗਏ ਹਾੜਾ, ਕਲ ਕਲਕੀ ਫੇਰਾ ਪਾਈਆ । ਫਿਰੇ ਦਰੋਹੀ ਜੰਗਲ ਜੂਹ ਉਜਾੜ ਪਹਾੜਾ, ਉਚੇ ਟਿੱਲੇ ਪਰਬਤ ਸਮੁੰਦ ਸਾਗਰ ਵੇਖ ਵਖਾਈਆ । ਸਾਹਿਬ ਸਤਿਗੁਰ ਦਾ ਇਕੋ ਹੋਵੇ ਨਾਅਰਾ, ਦੂਜੀ ਅਲਖ ਨਾ ਕੋਇ ਜਗਾਈਆ । ਸੁਤ ਸ਼ਬਦ ਤੇਰਾ ਕਰੇ ਸਚ ਪਿਆਰਾ, ਪਰੇਮ ਪ੍ਰੀਤੀ ਇਕ ਸਿਖਾਈਆ । ਤੂੰ ਮੇਰਾ ਮੈਂ ਤੇਰਾ ਦੋਹਾਂ ਦਾ ਇਕ ਦਵਾਰਾ, ਦਰ ਦਰਵਾਜ਼ਾ ਦਏ ਖੁਲ੍ਹਾਈਆ । ਦੀਨ ਮਜ਼੍ਹਬ ਤੋਂ ਵਸੇ ਬਾਹਰਾ, ਜ਼ਾਤ ਪਾਤ ਨਾ ਕੋਇ ਰਖਾਈਆ । ਪੁਰਖ ਅਕਾਲ ਖੇਲ ਨਿਆਰਾ, ਨਿਰਗੁਣ ਆਪਣੀ ਕਾਰ ਕਮਾਈਆ । ਨਾਲ ਉਠਾਏ ਸੁਤ ਦੁਲਾਰਾ, ਗੋਬਿੰਦ ਗੰਢ ਪੁਆਈਆ । ਸੋਹੰ ਸ਼ਬਦ ਸਚ ਜੈਕਾਰਾ, ਆਦਿ ਅੰਤ ਇਕ ਸਮਝਾਈਆ । ਨਾਨਕ ਗਾ ਕੇ ਗਿਆ ਆਪਣੀ ਵਾਰਾ, ਦੂਸਰ ਸਮਝ ਕਿਸੇ ਨਾ ਆਈਆ । ਗੋਬਿੰਦ ਕਹੇ ਕਿਸੇ ਕੰਮ ਨਾ ਆਏ ਖੰਡਾ ਖੜਗ ਤਲਵਾਰਾ, ਭੱਥਾ ਤੀਰ ਗਿਆ ਸੁਟਾਈਆ । ਸੋਹੰ ਨਾਮ ਤਿਖੀ ਧਾਰਾ, ਦੋ ਜਹਾਨਾਂ ਆਰ ਪਾਰ ਕਰਾਈਆ । ਗੁਰਮੁਖਾਂ ਚੀਰੇ ਫਿਰ ਕੋਈ ਨਾ ਆਰਾ, ਚਰਖੜੀ ਉਪਰ ਨਾ ਕੋਇ ਚੜ੍ਹਾਈਆ । ਉਬਲੇ ਦੇਗ ਨਾ ਗੁਰਮੁਖ ਲਾੜਾ, ਅਗਨੀ ਤੱਤ ਨਾ ਲਾਗੇ ਰਾਈਆ । ਸ੍ਰੀ ਭਗਵਾਨ ਕਰੇ ਪਿਆਰਾ, ਪ੍ਰਭ ਆਪਣੀ ਗੋਦ ਉਠਾਈਆ । ਸਾਚੇ ਭਗਤਾਂ ਦਏ ਹੁਲਾਰਾ, ਅੰਦਰੇ ਅੰਦਰ ਵੇਖ ਵਖਾਈਆ । ਦਰਸ ਦਿਖਾਏ ਅਗੰਮ ਅਪਾਰਾ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਨਜ਼ਰੀ ਆਏ ਠਾਂਡਾ ਦਰਬਾਰਾ, ਪ੍ਰਭ ਸਰਨ ਮਿਲੇ ਸਰਨਾਈਆ । ਆਤਮ ਪਰਮਾਤਮ ਇਕ ਪਿਆਰਾ, ਬ੍ਰਹਮ ਪਾਰਬ੍ਰਹਮ ਸਮਾਈਆ । ਭਗਤ ਭਗਵਾਨ ਦੋਵੇਂ ਮੁਖ ਬੋਲ ਸਚ ਜੈਕਾਰਾ, ਸੋਹੰ ਢੋਲਾ ਸੱਚਾ ਗਾਈਆ । ਮਹਾਰਾਜ ਸ਼ੇਰ ਸਿੰਘ ਬਣ ਵਣਜਾਰਾ, ਵਿਸ਼ਨੂੰ ਸੇਵਾ ਇਕ ਕਮਾਈਆ । ਭਗਵਨ ਕਹੇ ਮੇਰਾ ਆਧਾਰਾ, ਆਦਿ ਅੰਤ ਦੇਵਣਹਾਰ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਦੁਲਾਰੇ ਦੇਵੇ ਵਰ, ਤੇਰਾ ਮੇਰਾ ਵਸੇ ਘਰ, ਸਚਖੰਡ ਅੰਦਰ ਥਿਰ ਘਰ ਦਰ ਮਹੱਲ ਅਟੱਲ ਚੋਟੀ ਚੜ੍ਹ, ਨਿਰਗੁਣ ਦਵਾਰ ਅੱਖਰ ਪੜ੍ਹ, ਸਰਗੁਣ ਨਾਮ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਰਨਗਤ ਇਕ ਜਣਾਈਆ ।



## ★ ੧੦ ਜੇਠ ੨੦੨੦ ਬਿਕ੍ਰਮੀ ਕਰਮੋ ਦੇਵੀ ਦੇ ਗ੍ਰਿਹਿ ਜੰਮੂ ★

ਬਿਨ ਸੱਜਣੋਂ ਬਣੇ ਸਾਕ, ਹਰਿ ਸਤਿਗੁਰ ਦਇਆ ਕਮਾਇੰਦਾ । ਬਿਨ ਸੱਦਿਆਂ ਖੋਲ੍ਹੇ ਤਾਕ, ਗ੍ਰਿਹਿ ਮੰਦਰ ਪੜਦਾ ਲਾਹਿੰਦਾ । ਬਿਨ ਸੱਦਿਆਂ ਮਾਰੇ ਆਵਾਜ਼, ਜਗ ਸੁੱਤਿਆਂ ਆਪ ਜਗਾਇੰਦਾ । ਬਿਨ ਸੱਦਿਆਂ ਰੱਖੇ ਲਾਜ, ਸਿਰ ਆਪਣਾ ਹੱਥ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਇੰਦਾ । ਮਿਹਰ ਨਜ਼ਰ ਮਿਹਰਵਾਨ ਕਰ, ਦੇਵਣਹਾਰ ਸਦਾ ਵਡਿਆਈਆ । ਸੰਤ ਸੁਹੇਲੇ ਸਾਚੇ ਫੜ, ਗੁਰ ਮੰਤਰ ਨਾਮ ਪੜ੍ਹਾਈਆ । ਡੂੰਘੀ ਕੰਦਰ ਵੇਖੇ ਵੜ, ਉਚੇ ਟਿੱਲੇ ਫੋਲ ਫੁਲਾਈਆ । ਜਗਤ ਤੋੜ ਹੰਕਾਰੀ ਗੜ੍ਹ, ਘਰ ਸਾਚੇ ਕਰੇ

ਰੁਸ਼ਨਾਈਆ । ਕਿਰਪਾਨਿਧਾਨ ਕਿਰਪਾ ਕਰ, ਕਰਨੀ ਕਿਰਤ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਦੇਵੇ ਵਰ ਪੁਰਖ ਨਾਰ, ਪਰਮ ਪੁਰਖ ਪ੍ਰਭ ਦਇਆ ਕਮਾਇੰਦਾ । ਪੂਰਬ ਲਹਿਣਾ ਕਰਮ ਵਿਚਾਰ, ਖ਼ਾਲੀ ਝੋਲੀ ਸਰਬ ਭਰਾਇੰਦਾ । ਜਨਮ ਕਰਮ ਦੁੱਖ ਦਏ ਨਵਾਰ, ਸੰਸਾ ਰੋਗ ਸਰਬ ਮੁਕਾਇੰਦਾ । ਉਜਲ ਮੁੱਖ ਕਰੇ ਕਰਤਾਰ, ਦੁਰਮਤ ਮੈਲ ਧਵਾਇੰਦਾ । ਆਵਣ ਜਾਵਣ ਬੇੜਾ ਕਰੇ ਪਾਰ, ਲੱਖ ਚੁਰਾਸੀ ਫੰਦ ਕਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਇੰਦਾ । ਨਾਰ ਪੁਰਖ ਇਕੋ ਲੇਖਾ, ਸ੍ਰੀ ਭਗਵਾਨ ਆਪ ਚੁਕਾਇੰਦਾ । ਜੁਗ ਚੌਕੜੀ ਨੇਤਰ ਪੇਖਾ, ਭਗਤ ਭਗਵਾਨ ਵੇਖ ਵਖਾਇੰਦਾ । ਨਿਰਗੁਣ ਸਰਗੁਣ ਕਰੇ ਹੇਤਾ, ਹਿਤਕਾਰੀ ਫੇਰਾ ਪਾਇੰਦਾ । ਆਤਮ ਪਰਮਾਤਮ ਖੋਲ੍ਹੇ ਭੇਤਾ, ਪਰਦਾ ਦੂਈ ਆਪ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਦੇਣਾ ਝੋਲੀ ਪਾਇੰਦਾ । ਪੁਰਖ ਨਾਰ ਲਹਿਣਾ ਏਕ, ਏਕੰਕਾਰ ਆਪ ਚੁਕਾਈਆ । ਜੁਗ ਚੌਕੜੀ ਲਿਖਣਹਾਰਾ ਲੇਖ, ਲੇਖਾ ਦੇਵੇ ਥਾਉਂ ਥਾਈਂਆ । ਨਿਜ ਨੇਤਰ ਲੋਚਣ ਲੈਣਾ ਪੇਖ, ਸਰਗੁਣ ਪਰਦਾ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਬਖ਼ਸ਼ਣਹਾਰ ਸਚ ਸਰਨਾਈਆ । ਸਚ ਸਰਨਾਈ ਸਤਿਗੁਰ ਚਰਨ, ਕਵਲ ਕਵਲ ਵਡਿਆਇੰਦਾ । ਕਰਤਾ ਪੁਰਖ ਕਰਨੀ ਕਰਨ, ਕਰਨਹਾਰਾ ਵੇਖ ਵਖਾਇੰਦਾ । ਲੇਖਾ ਚੁਕੇ ਮਰਨ ਡਰਨ, ਭੈ ਭਉ ਨਾ ਕੋਇ ਰਖਾਇੰਦਾ । ਸੰਤ ਸੁਹੇਲੇ ਆਇਆ ਫੜਨ, ਫੜ ਬਾਂਹੋਂ ਮੇਲ ਮਿਲਾਇੰਦਾ । ਡੂੰਘੇ ਪੌੜੇ ਆਇਆ ਚੜ੍ਹਨ, ਅੰਤਰ ਆਤਮ ਕੁੰਡਾ ਲਾਹਿੰਦਾ । ਸੁਰਤੀ ਸ਼ਬਦੀ ਆਇਆ ਵਰਨ, ਵਰ ਇਕੋ ਇਕ ਵਖਾਇੰਦਾ । ਸਾਚੀ ਤਰਨੀ ਆਇਆ ਤਰਨ, ਗ਼ਰੀਬ ਨਿਮਾਣੇ ਪਾਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਕਰਨੀ ਜਨ ਭਗਤਾਂ ਝੋਲੀ ਪਾਇੰਦਾ ।

## ★ ੧੦ ਜੇਠ ੨੦੨੦ ਬਿਕ੍ਰਮੀ ਸ਼ੇਖ਼ ਸਰ ਤੇਜ ਭਾਨ ਦੇ ਘਰ ਦਇਆ ਹੋਈ ਜੰਮੂ ★

ਸਾਹਿਬ ਸਤਿਗੁਰ ਸਦਾ ਸਦ ਤਾਰੇ, ਨਵਿਤ ਨਿਤ ਫੇਰਾ ਪਾਈਆ । ਜੁਗ ਚੌਕੜੀ ਖੇਲ ਨਿਆਰੇ, ਨਿਰਗੁਣ ਸਰਗੁਣ ਸੇਵ ਕਮਾਈਆ । ਭਗਤ ਵਛਲ ਹਰਿ ਭਗਤ ਉਧਾਰੇ, ਭਗਵਨ ਆਪਣੀ ਦਇਆ ਕਮਾਈਆ । ਮਹੱਲ ਅਟੱਲ ਇਕ ਉਸਾਰੇ, ਮੰਦਰ ਦੇਵਣਹਾਰ ਵਡਿਆਈਆ । ਦੀਆ ਬਾਤੀ ਕਰ ਉਜਿਆਰੇ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਨਾਮ ਨਿਧਾਨ ਬੋਲ ਜੈਕਾਰੇ, ਜੈ ਜੈਕਾਰ ਇਕ ਸੁਣਾਈਆ । ਵੇਖੇ ਵਿਗਸੇ ਵੇਖਣਹਾਰੇ, ਬੇਪਰਵਾਹ ਬੇਪਰਵਾਹੀਆ । ਲੇਖਾ ਜਾਣੇ ਜੁਗ ਚੌਕੜੀ ਚਾਰੇ, ਚਾਰੇ ਕੁੰਟ ਫੋਲ ਫੁਲਾਈਆ । ਸੇਵਾ ਲਾ ਗੁਰੂ ਅਵਤਾਰੇ, ਗੁਰ ਗੁਰ ਆਪਣਾ ਭੇਵ ਖੁਲ੍ਹਾਈਆ । ਵਣਜ ਵਖਾ ਹੱਟ ਵਣਜਾਰੇ, ਸ਼ਾਸਤਰ ਸਿਮਰਤ ਨਾਮ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਸਾਚੀ ਕਰਨੀ ਜੁਗ ਜੁਗ ਕਰਦਾ, ਸਤਿਗੁਰ ਪੂਰਾ ਖੇਲ ਕਰਾਇੰਦਾ । ਗੁਰਮੁਖ ਸੱਜਣ ਸਾਚੇ ਵਰਦਾ, ਦਰ ਦਰ ਘਰ ਘਰ ਫੇਰਾ ਪਾਇੰਦਾ । ਕਾਇਆ ਮੰਦਰ ਪੌੜੇ ਚੜ੍ਹਦਾ, ਰੂਪ ਰੰਗ ਰੇਖ ਨਜ਼ਰ ਕਿਸੇ ਨਾ ਆਇੰਦਾ । ਸਾਚਾ ਢੋਲਾ ਇਕੋ ਪੜ੍ਹਦਾ,

ਪੜ੍ਹ ਪੁਸਤਕ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਖੇਲ ਖਲਾਇੰਦਾ । ਹਰਿਜਨ ਖੇਲ ਆਦਿ ਜੁਗਾਦਿ, ਜੁਗ ਚੌਕੜੀ ਬੰਧਨ ਪਾਈਆ । ਵੇਖਣਹਾਰਾ ਬ੍ਰਹਮ ਬ੍ਰਹਿਮੰਡ, ਬ੍ਰਹਿਮਾਦ ਖੋਜ ਖੁਜਾਈਆ । ਤਾਰਨਹਾਰਾ ਸੰਤ ਸਾਧ, ਭਗਤ ਭਗਵਨ ਦਏ ਵਡਿਆਈਆ । ਕਲਜੁਗ ਅੰਤਮ ਖੇਲ ਤਮਾਸ਼, ਅਵੱਲੜੀ ਕਾਰ ਕਮਾਈਆ । ਸਾਚੇ ਮੰਡਲ ਪਾਵੇ ਰਾਸ, ਨਿਰਗੁਣ ਗੋਪੀ ਕਾਹਨ ਨਚਾਈਆ । ਅੰਡਜ ਜੇਰਜ ਉਤਭੁਜ ਸੇਤਜ ਚਾਰੇ ਖਾਣੀ ਪੂਰੀ ਕਰੇ ਆਸ, ਮਿਹਰ ਨਜ਼ਰ ਆਪ ਉਠਾਈਆ । ਲੇਖਾ ਜਾਣ ਪ੍ਰਿਥਮੀ ਆਕਾਸ਼, ਗਗਨ ਮੰਡਲ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਵੱਲੜੀ ਕਾਰ ਆਪ ਕਮਾਈਆ । ਅਵੱਲੜੀ ਕਾਰ ਕਰੇ ਕਰਤਾਰ, ਨਿਰਗੁਣ ਆਪਣਾ ਖੇਲ ਖਲਾਇੰਦਾ । ਕਲਜੁਗ ਪਰਗਟ ਹੋ ਸੰਸਾਰ, ਪਰਮ ਪੁਰਖ ਪ੍ਰਭ ਵੇਸ ਵਟਾਇੰਦਾ । ਮਿਹਰ ਨਜ਼ਰ ਨਰ ਨਰਾਇਣ ਡਾਰ, ਨਰ ਹਰਿ ਆਪਣੇ ਨਾਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਵਰਤਾਇੰਦਾ । ਸਾਚਾ ਹੁਕਮ ਧੁਰ ਸੰਦੇਸ਼ਾ, ਸ੍ਰੀ ਭਗਵਾਨ ਆਪ ਜਣਾਈਆ । ਕਲਜੁਗ ਅੰਤਮ ਵਡ ਨਰੇਸ਼ਾ, ਨਰ ਨਿਰੰਕਾਰ ਫੇਰਾ ਪਾਈਆ । ਵਸਣਹਾਰਾ ਆਤਮ ਦੇਸਾ, ਦੇਸ ਦੇਸੰਤਰ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਾਣੇ ਧੁਰ ਦਾ ਲੇਖਾ, ਧੁਰ ਦੀ ਕਾਰ ਆਪ ਕਮਾਈਆ । ਧੁਰ ਦੀ ਕਾਰ ਕਰੇ ਕਰਤਾਰ, ਹਰਿ ਕਰਤਾ ਖੇਲ ਕਰਾਇੰਦਾ । ਨਿਰਗੁਣ ਆਵੇ ਆਪਣੀ ਧਾਰ, ਜੋਤੀ ਜਾਤਾ ਡਗਮਗਾਇੰਦਾ । ਪੂਰਬ ਲਹਿਣਾ ਕਰਮ ਵਿਚਾਰ, ਹਰਿਜਨ ਸਾਚੇ ਵੇਖ ਵਖਾਇੰਦਾ । ਪੱਥਰ ਪਾਹਨ ਦੇਵੇ ਤਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਪੱਥਰ ਪਾਹਨ ਤਾਰੇ ਨਰ, ਨਰਾਇਣ ਵੱਡੀ ਵਡਿਆਈਆ । ਜਿਸ ਧਰਨੀ ਚਰਨ ਦੇਵੇ ਧਰ, ਸੋ ਧਵਲ ਸੋਭਾ ਪਾਈਆ । ਹੋਏ ਵਧਾਈ ਘਰ ਘਰ, ਜੈ ਜੈਕਾਰ ਸਰਬ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨੈਣ ਉਠਾਈਆ । ਪੱਥਰ ਪਾਹਨ ਸਾਰੇ ਨੱਚਣ, ਘਰ ਖ਼ੁਸ਼ੀ ਇਕ ਵਖਾਇੰਦਾ । ਇਕ ਦੂਜੇ ਨੂੰ ਉਠ ਉਠ ਦੱਸਣ, ਮੇਰਾ ਮੁਰਸ਼ਦ ਵੇਖ ਵਖਾਇੰਦਾ । ਖ਼ੁਸ਼ੀ ਗ਼ਮੀ ਤੋਂ ਬਾਹਰ ਹੱਸਣ, ਚਿੰਤਾ ਰੋਗ ਨਾ ਕੋਇ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਰਾਇੰਦਾ । ਰੋੜੇ ਪੱਥਰ ਨਾਲ ਨਾਲੇ, ਪਾਣੀ ਧਾਰ ਮਿਲੇ ਵਡਿਆਈਆ । ਸਾਰੇ ਕਹਿਣ ਪ੍ਰਭ ਮਿਲਿਆ ਹਰਿ ਗੋਪਾਲੇ, ਗੋਬਿੰਦ ਆਪਣਾ ਦਰਸ ਦਿਖਾਈਆ । ਤੋੜਣਹਾਰ ਜਗਤ ਜੰਜਾਲੇ, ਜਾਗਰਤ ਜੋਤ ਕਰੇ ਰੁਸ਼ਨਾਈਆ । ਜਿਧਰ ਵੇਖੀਏ ਨਜ਼ਰ ਆਏ ਸਭ ਦੇ ਨਾਲੇ, ਹਰ ਘਟ ਆਪਣਾ ਡੇਰਾ ਲਾਈਆ । ਮਾਰਗ ਦੱਸੇ ਇਕ ਸੁਖਾਲੇ, ਰਹਿਬਰ ਬਣਿਆ ਬੇਪਰਵਾਹੀਆ । ਜੁਗ ਚੌਕੜੀ ਬਣੇ ਰਹੇ ਬੇਹਾਲੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ ਕਮਾਈਆ । ਇੱਟਾਂ ਪੱਥਰ ਵੇਖਣ ਉਚੇ ਟਿੱਬੇ, ਨੇਤਰ ਨੈਣ ਨੈਣ ਉਠਾਈਆ । ਜੰਗਲ ਜੂਹ ਉਜਾੜ ਪਹਾੜ ਪੈਂਦੇ ਗਿਧੇ, ਘਰ ਘਰ ਮੰਗਲ ਰਾਗ ਅਲਾਈਆ । ਭਗਤ ਭਗਵਾਨ ਇਕ ਦੂਜੇ ਨੂੰ ਮਿਲਦੇ ਸਿਧੇ, ਜਗ ਵਿਚੋਲਾ ਨਾ ਕੋਇ ਬਣਾਈਆ । ਪੁਰਖ ਅਬਿਨਾਸ਼ੀ ਦੱਸੀ ਆਪਣੀ ਬਿਧੇ, ਨਿਰਗੁਣ ਸਰਗੁਣ ਕਰ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਟਿੱਬਿਆਂ ਨਾਲਿਆਂ ਉਤੇ ਹੱਸਣ ਕਿੱਕਰ, ਕਿਕਲੀ ਏਕਾ ਨਾਮ ਪਾਈਆ । ਪੁਰਖ ਅਬਿਨਾਸ਼ੀ ਮਿਲਣ ਆਇਆ ਮਿੱਤਰ, ਮਿੱਤਰ ਪਿਆਰਾ ਬੇਪਰਵਾਹੀਆ ।

੫੧੫
੧੪

ਜਿਸ ਦਾ ਲੇਖ ਕੋਈ ਨਾ ਜਾਣੇ ਬਾਜ ਤਿੱਤਰ, ਸੋ ਤ੍ਰੈਗੁਣ ਅਤੀਤਾ ਵੇਸ ਵਟਾਈਆ । ਸਾਚੀ ਧਾਰੋਂ ਆਇਆ ਨਿਤਰ, ਮਾਤ ਪਿਤ ਨਾ ਕੋਇ ਜਾਈਆ । ਗ਼ਰੀਬ ਨਿਮਾਣਿਆਂ ਕਰੇ ਆਪੇ ਫਿਕਰ, ਫਿਕਰਾ ਆਪਣਾ ਨਾਮ ਸੁਣਾਈਆ । ਸੋਵਤ ਜਾਗਤ ਕਰੇ ਜਿਕਰ, ਸਚ ਸੰਦੇਸਾ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਕਿਕਰ ਕੰਡੇ ਵੇਖ ਤਾਲਾਬ, ਤਾਬ ਆਪਣੀ ਆਪ ਜਣਾਇੰਦਾ । ਦੇਵਣਹਾਰਾ ਸੱਚਾ ਆਬ, ਆਬੇ ਹਯਾਤ ਪਿਆਲਾ ਹੱਥ ਉਠਾਇੰਦਾ । ਜਿਸ ਦਾ ਲੈਂਦੇ ਰਹੇ ਖ਼ਵਾਬ, ਸੋ ਸਾਹਿਬ ਫੇਰਾ ਪਾਇੰਦਾ । ਦਰਸਣ ਕਰੋ ਹੱਕ ਜਨਾਬ, ਲੇਖਾ ਸਭ ਦਾ ਪੂਰ ਕਰਾਇੰਦਾ । ਦਰ ਤੇ ਮੰਗੋ ਜਾ ਕੇ ਦਾਤ, ਦਾਤਾ ਦਾਨੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦੀ ਪੁੱਛਣਹਾਰਾ ਵਾਤ, ਮਿਹਰਵਾਨ ਆਪਣਾ ਫੇਰਾ ਪਾਇੰਦਾ । ਤਾਲਾਬ ਕੰਢੇ ਹੱਸੇ ਬੋਹੜ, ਉਚੀ ਕੂਕ ਕੂਕ ਸੁਣਾਈਆ । ਸਾਹਿਬ ਸਾਹਿਬ ਦੀ ਪਈ ਲੋੜ, ਲੋਹੜਾ ਕਰੇ ਜਗਤ ਲੋਕਾਈਆ । ਨਿਰਗੁਣ ਨਿਰਗੁਣ ਆਇਆ ਦੌੜ, ਸਰਗੁਣ ਸਰਗੁਣ ਮਾਤ ਉਠਾਈਆ । ਬਿਨ ਸਤਿਗੁਰ ਪੂਰੇ ਫਲ ਦਿਸੇ ਮਿੱਠਾ ਕੌੜ, ਅੰਮ੍ਰਿਤ ਰਸ ਨਾ ਕੋਇ ਭਰਾਈਆ । ਜੁਗ ਚੌਕੜੀ ਲੱਗੀ ਔੜ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਜਾ ਵੇਖਿਆ ਤੱਕਿਆ ਕਰਕੇ ਗ਼ੌਰ, ਗਹਿਰ ਗੰਭੀਰ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਰਬ ਵਡਿਆਈਆ । ਰੋੜੇ ਪੱਥਰ ਪਾਹਨ ਰਹੋ ਤਿਆਰ, ਹਰਿ ਸਤਿਗੁਰ ਆਪ ਜਣਾਇੰਦਾ । ਸਭ ਦਾ ਲੇਖਾ ਦਏ ਨਵਾਰ, ਜਿਨ੍ਹਾਂ ਉਪਰ ਚਰਨ ਟਿਕਾਇੰਦਾ । ਚਰਨ ਚਰਨਾਂ ਨਾਲ ਕਰ ਪਿਆਰ, ਪਰੇਮ ਪ੍ਰੀਤੀ ਇਕ ਸਿਖਾਇੰਦਾ । ਗੁਰਮੁਖ ਗੁਰ ਗੁਰ ਕਰ ਵਿਹਾਰ, ਵਿਵਹਾਰੀ ਕਾਰ ਕਮਾਇੰਦਾ । ਚਾਰੋਂ ਕੁੰਟ ਗੁਰਸਿਖ ਆਪਣੀ ਨਜ਼ਰ ਲਏ ਮਾਰ, ਨੈਣ ਨੈਣ ਨੈਣ ਮਿਲਾਇੰਦਾ । ਸੋ ਪਾਹਨ ਉਤਰੇ ਪਾਰ, ਜੋ ਗੁਰਮੁਖ ਨਜ਼ਰੀ ਆਇੰਦਾ । ਸੋ ਪੱਥਰ ਹੋਏ ਨਾ ਕਦੇ ਬੇਜ਼ਾਰ, ਬਣ ਦਰਦੀ ਦਰਦ ਵੰਡਾਇੰਦਾ । ਸੋ ਟਿਬੇ ਉਤਰੇ ਪਾਰ, ਜਿਨ੍ਹਾਂ ਆਪਣਾ ਨੈਣ ਛੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਦੇਣਾ ਸਭ ਦਾ ਪੂਰ ਕਰਾਇੰਦਾ । ਪੱਥਰ ਰੋੜੇ ਪਾਹਨ ਕਰਨ ਹਾਸਾ, ਹੱਸਦਿਆਂ ਖ਼ੁਸ਼ੀ ਮਨਾਈਆ । ਪ੍ਰਭ ਪੂਰਨ ਦੇਵੇ ਇਕ ਭਰਵਾਸਾ, ਭਾਂਡਾ ਭਰਮ ਭਉ ਭੰਨਾਈਆ । ਸਭ ਦੀ ਪੂਰੀ ਕਰੇ ਆਸਾ, ਨਿਰਾਸਾ ਰੂਪ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਟਿੱਲੇ ਪਰਬਤ ਕਰਨ ਵਿਚਾਰ, ਅੰਤਰ ਅੰਤਰ ਧਿਆਨ ਲਗਾਈਆ । ਪੁਰਖ ਅਬਿਨਾਸ਼ੀ ਪਾਵਣ ਆਇਆ ਸਾਰ, ਮਹਾਸਾਰਥੀ ਫੇਰਾ ਪਾਈਆ । ਜੁਗ ਜਨਮ ਦੇ ਦੁਖੜੇ ਦਏ ਨਵਾਰ, ਦਰਦੀ ਆਪਣਾ ਦਰਦ ਵੰਡਾਈਆ । ਫੜ ਫੜ ਬਾਂਹੋਂ ਕਰੇ ਪਾਰ, ਪਾਰ ਉਤਾਰਾ ਇਕ ਜਣਾਈਆ । ਜਿਸ ਕੰਢੀ ਵਸੇ ਆਪ ਕਰਤਾਰ, ਤਿਸ ਰੰਡੀ ਵਸਤ ਕੋਇ ਰਹਿਣ ਨਾ ਪਾਈਆ । ਜਿਸ ਦਵਾਰੇ ਛੰਦੀ ਢੋਲਾ ਗਾਏ ਸੋਹੰ ਜੈਕਾਰ, ਤੇਰਾ ਮੇਰਾ ਇਕੋ ਰੂਪ ਦਰਸਾਈਆ । ਭਾਗਾਂ ਮੰਦੀ ਧਰਤੀ ਧਵਲ ਕਰੇ ਪੁਕਾਰ, ਨੇਤਰ ਨੈਣਾਂ ਨੀਰ ਵਹਾਈਆ । ਕਰ ਕਿਰਪਾ ਸਿਰਜਣਹਾਰ, ਕਲ ਅੰਤਮ ਫੇਰਾ ਪਾਈਆ । ਵੇਖੇ ਵਿਗਸੇ ਵੇਖਣਹਾਰ, ਮਿਹਰ ਨਜ਼ਰ ਨੈਣ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲੇਖਾ ਪੂਰ ਕਰਾਈਆ । ਕਿਕਰ ਬੋਹੜ ਨਾਲ ਦਰਖਤ, ਦਰ ਦਰਵੇਸ਼ ਦਇਆ ਕਮਾਇੰਦਾ । ਸਭ ਦਾ ਵੇਲਾ ਆਇਆ ਵਕਤ, ਬਨਾਸਪਤ ਆਪਣੇ ਵਿਚ ਸਮਾਇੰਦਾ । ਨਿਰਗੁਣ ਨਿਰਵੈਰ ਨਿਰੰਕਾਰ

ਆਇਆ ਪਰਤ, ਪੱਤਰ ਆਪਣਾ ਨਾਮ ਸੁਣਾਇੰਦਾ । ਇਕ ਦੂਜੇ ਵਿਚ ਰਹਿਣ ਨਾ ਦੇਵੇ ਫਰਕ ਜਿਨ੍ਹਾਂ ਆਪਣਾ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਆਪ ਜਣਾਇੰਦਾ । ਬੋਹੜ ਕਿਕਰ ਨਾਲ ਮਿਲਾਏ ਅੱਕ, ਅਕਲ ਕਲ ਧਾਰੀ ਖੇਲ ਕਰਾਇੰਦਾ । ਜੁਗ ਚੌਕੜੀ ਦੇਂਦਿਆਂ ਕਦੀ ਨਾ ਜਾਏ ਥੱਕ, ਅਤੋਟ ਅਤੁਟ ਆਪ ਵਰਤਾਇੰਦਾ । ਜਨ ਭਗਤਾਂ ਨਾਲ ਏਨ੍ਹਾਂ ਮੁੱਕੇ ਹੱਕ, ਹਕੀਕਤ ਸਭ ਦੀ ਵੇਖ ਵਖਾਇੰਦਾ । ਜੋ ਗੁਰਮੁਖਾਂ ਰਹੇ ਤੱਕ, ਤਿਨ੍ਹਾਂ ਆਪਣੇ ਨਾਲ ਮਿਲਾਇੰਦਾ । ਨਵ ਨੌਂ ਚਾਰ ਖੁਲੀ ਅੱਖ, ਆਖਰ ਆਪਣੀ ਕਾਰ ਕਮਾਇੰਦਾ । ਪਾਰ ਉਤਰੇ ਕੰਡਾ ਕੁਲੀ ਕੱਖ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੱਤ ਡਾਲੀ ਖੋਜ ਖੁਜਾਇੰਦਾ । ਕੱਖ ਕੰਡਾ ਕਹੇ ਸੂਲ, ਤਿੱਖਾ ਮੁੱਖ ਜਣਾਈਆ । ਪਾਰਬ੍ਰਹਮ ਮੇਰੀ ਕਰਨੀ ਵੇਖ ਨਾ ਜਾਣਾ ਭੂਲ, ਅਭੁੱਲ ਤੇਰੀ ਵਡਿਆਈਆ । ਆਦਿ ਜੁਗਾਦਿ ਜੁਗ ਚੌਕੜੀ ਤੇਰਾ ਅਸੂਲ, ਦੁਖੀਆਂ ਦੇਵੇਂ ਦੁਖ ਮਿਟਾਈਆ । ਮੇਰੀ ਸੇਵਾ ਕਰ ਕਬੂਲ, ਜੋ ਜਨ ਭਗਤ ਦਵਾਰੇ ਰਿਹਾ ਕਮਾਈਆ । ਏਕਾ ਦੇ ਹੁਕਮ ਮਾਅਕੂਲ, ਸਤਿ ਸੰਦੇਸ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦ ਵਡਿਆਈਆ । ਤਿਖੀ ਸੂਲ ਤਿਖਾ ਮੁਖ, ਤੇਰਾ ਮੁਖੜਾ ਆਪ ਸਾਲਾਹਿੰਦਾ । ਤੇਰਾ ਰੂਪ ਮਾਣਸ ਨਾ ਮਨੁਖ, ਅੱਖ ਆਪਣੇ ਨਾਲ ਮਿਲਾਇੰਦਾ । ਉਠ ਦਰਸ਼ਨ ਕਰ ਝੁਕ, ਨੇਤਰ ਨੈਣ ਨਾ ਕੋਇ ਵਡਿਆਇੰਦਾ । ਅੰਤਮ ਪੈਂਡਾ ਜਾਏ ਮੁਕ, ਜੋ ਭਗਤ ਦਵਾਰੇ ਦਰਸ਼ਨ ਪਾਇੰਦਾ । ਅੱਗੇ ਪਿਛੇ ਰਹੇ ਨਾ ਭੁੱਖ, ਤ੍ਰਿਸਨਾ ਸਭ ਦੀ ਪੂਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਇੰਦਾ । ਸੂਲਾਂ ਕੰਡਿਆਂ ਬੋਲੇ ਵਾੜ, ਆਪਣਾ ਹਾਲ ਸੁਣਾਈਆ । ਮੈਂ ਪਹਿਲੋਂ ਲੱਗੀ ਨਾਲ ਝਾੜ, ਫਿਰ ਅੰਗ ਅੰਗ ਕਟਾਈਆ । ਤੇਰੇ ਭਗਤ ਦੀ ਬਣ ਦੀਵਾਰ, ਚਾਰੋਂ ਕੁੰਟ ਸੇਵ ਕਮਾਈਆ । ਤੂੰ ਅੰਦਰ ਵੜਿਆ ਆਣ, ਤੇਰੀ ਰਹਿਮਤ ਇਕੋ ਮੋਹੇ ਨਜ਼ਰੀ ਆਈਆ । ਮੈਂ ਵੇਖ ਹੋਈ ਹੈਰਾਨ, ਸ੍ਰੀ ਭਗਵਾਨ ਕੀ ਤੇਰੀ ਚਤੁਰਾਈਆ । ਉਚੇ ਮੰਦਰ ਛੱਡ ਜਗਤ ਮਕਾਨ, ਕੰਢੀ ਆਪਣਾ ਵਕਤ ਲੰਘਾਈਆ । ਜੰਗਲ ਦਿਸੇ ਬੀਆਬਾਨ, ਨਿਜ ਮਾਤਰ ਨਾਮ ਨਾ ਕੋਇ ਧਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਸੇਵ ਕਮਾਈਆ । ਤੇਰੇ ਦਰ ਚਾਰੋਂ ਗਿਰਦੇ, ਆਪਣੀ ਸੇਵ ਕਮਾਈਆ । ਉਠ ਵੇਖ ਮੇਰੇ ਹਿਰਦੇ, ਹਿਰਦੇ ਤੇਰਾ ਰੂਪ ਸਮਾਈਆ । ਮੇਰੇ ਅੰਦਰ ਗੁਰਮੁਖ ਤੇਰੇ ਫਿਰਦੇ, ਫਿਰ ਫਿਰ ਆਪਣੀ ਖ਼ੁਸ਼ੀ ਵਖਾਈਆ । ਮੈਂ ਵੇਖਿਆ ਅੰਤਮ ਗੇੜੇ ਗਿੜਦੇ, ਉਲਟੀ ਲੱਠ ਰਿਹਾ ਭਵਾਈਆ । ਲਹਿਣੇ ਦੇਣੇ ਚੁਕਣ ਪਿਛਲੇ ਚਿਰ ਦੇ, ਨਵ ਨੌਂ ਚਾਰ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਆਸ ਰਖਾਈਆ । ਸ੍ਰੀ ਭਗਵਾਨ ਹੋ ਦਿਆਲ, ਦੀਨ ਆਪਣੀ ਦਇਆ ਕਮਾਇੰਦਾ । ਤੇਰਾ ਹੱਲ ਕਰਾਂ ਸਵਾਲ, ਪਿਛਲਾ ਲੇਖਾ ਪੂਰ ਕਰਾਇੰਦਾ । ਸਦ ਰੱਖਾ ਭਗਤਾਂ ਨਾਲ, ਭਗਵਨ ਆਪਣਾ ਰਾਹ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਕਿਕਰ ਕਹੇ ਮੇਰੇ ਹੇਠਾਂ ਭੱਠੀ, ਗੁਰਮੁਖ ਪਰੇਮ ਨਾਲ ਖ਼ੁਦਾਈਆ । ਤੇਰੇ ਪਰੇਮ ਪਿਆਰ ਦੀ ਅਗਨੀ ਤੱਤੀ, ਮੇਰੀਆਂ ਜੜ੍ਹਾਂ ਰਹੀ ਜਲਾਈਆ । ਦੁੱਖ ਵੇਖ ਮੈਂ ਨਾ ਅੱਕੀ, ਆਪਣਾ ਦੁੱਖ ਨਾ ਕੋਇ ਸੁਣਾਈਆ । ਦਰਸਨ ਕਰਕੇ ਰਹਿ ਗਈ ਹੱਕੀ ਬੱਕੀ, ਸੁਧ ਸਾਰ ਕੋਇ ਨਾ ਆਈਆ । ਧੰਨ ਭਾਗ ਜੁਗ ਚੌਕੜੀ ਵਿਛੜਿਆਂ ਮਿਲਿਆ ਪਤੀ,

੫੧੭
੧੪

ਪਤਿਪਰਮੇਸ਼ਰ ਫੇਰਾ ਪਾਈਆ । ਮੇਰੇ ਘਰ ਜਗਿਆ ਦੀਵਾ ਬੱਤੀ, ਨਿਰਗੁਣ ਜੋਤ ਹੋਈ ਰੁਸ਼ਨਾਈਆ । ਮੈਂ ਵੇਖਿਆ ਆਪਣੀ ਅੱਖੀਂ, ਬਨਾਸਪਤ ਦਿਆਂ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਦ ਮਿਲੇ ਤੇਰੀ ਸਰਨਾਈਆ । ਭੱਠੀ ਨਾਲ ਰਲਿਆ ਭਠਿਆਰਾ, ਅੱਗ ਅਗਨੀ ਹੇਠਾਂ ਡਾਹਿੰਦਾ । ਮਾਰਗ ਦੱਸਿਆ ਇਕ ਸੁਖਾਲਾ, ਰਾਹ ਤੇਰਾ ਇਕ ਜਣਾਇੰਦਾ । ਘਰ ਆਇਆ ਹਰਿ ਗੋਪਾਲਾ, ਗੋਬਿੰਦ ਇਕੋ ਨਜ਼ਰੀ ਆਇੰਦਾ । ਮੇਰਾ ਤੁਟਾ ਸਰਬ ਜੰਜਾਲਾ, ਜਾਗਰਤ ਜੋਤ ਜੋਤ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਕਰੇ ਆਪ, ਪ੍ਰਭ ਆਪਣੀ ਦਇਆ ਕਮਾਈਆ । ਧੰਨ ਭਾਗ ਹਰਿ ਦੇਵੇ ਸਾਥ, ਸਗਲਾ ਸੰਗ ਨਿਭਾਈਆ । ਦੁੱਖ ਦਰਦ ਮੇਟੇ ਸੰਤਾਪ, ਸਤਿ ਸਤਿਵਾਦੀ ਹੋਏ ਸਹਾਈਆ । ਸਚ ਜਣਾਏ ਇਕੋ ਜਾਪ, ਕਰੇ ਕਰਾਏ ਨਾਮ ਪੜ੍ਹਾਈਆ । ਪੂਰਬ ਜਨਮ ਉਤਾਰੇ ਪਾਪ, ਨਿਹਕਰਮੀ ਕਰਮ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਰਬ ਵਡਿਆਈਆ । ਭਗਤਨ ਸੰਗ ਤਾਰੇ ਸਭ ਕੋ, ਹਰਿ ਕਰਨੀ ਆਪ ਕਮਾਇੰਦਾ । ਕਰ ਪਰਕਾਸ਼ ਸਾਚੀ ਲੋ, ਨਿਰਗੁਣ ਅੱਖ ਪਰਤੱਖ ਖੁਲ੍ਹਾਇੰਦਾ । ਗੁਰਮੁਖਾਂ ਜੋਗਾ ਗਿਆ ਹੋ, ਹਰਿਜਨ ਆਪਣਾ ਮੇਲ ਮਿਲਾਇੰਦਾ । ਧੁਰ ਦਾ ਢੋਆ ਦੇਵੇ ਢੋ, ਵਸਤ ਅਮੋਲਕ ਝੋਲੀ ਪਾਇੰਦਾ । ਚਰਨ ਕਵਲ ਜੋ ਜਾਏ ਛੋਹ, ਤਿਸ ਦਾ ਲਹਿਣਾ ਆਪ ਮੁਕਾਇੰਦਾ । ਅੱਗੇ ਪਿਛੇ ਸਕੇ ਨਾ ਕੋਈ ਰੋ, ਰੋਣਾ ਸਭ ਦਾ ਬੰਦ ਕਰਾਇੰਦਾ । ਸਾਚਾ ਸਚ ਕਰਾਏ ਮੋਹ, ਮੁਹੱਬਤ ਇਕੋ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰੇ ਖਾਣੀ ਲੇਖਾ ਆਪਣੇ ਹੱਥ ਰਖਾਇੰਦਾ । ਚਾਰੇ ਖਾਣੀ ਭਗਤੀ ਰੰਗ, ਸ੍ਰੀ ਭਗਵਾਨ ਆਪ ਚੜ੍ਹਾਈਆ । ਭਗਤ ਦਵਾਰੇ ਸਾਚਾ ਸੰਗ, ਸਗਲਾ ਰੂਪ ਦਰਸਾਈਆ । ਦੇਵਣਹਾਰ ਸਰਬ ਅਨੰਦ, ਅਨੰਦ ਇਕੋ ਘਰ ਵਖਾਈਆ । ਗੁਰਮੁਖ ਗੁਰ ਗੁਰ ਚੜ੍ਹਿਆ ਚੰਦ, ਚੰਦ ਚਾਂਦਨੀ ਇਕ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਪਾਹਨ ਪਾਥਰ ਨਾਲ ਮਿਲਾਈਆ । ਪਾਹਨ ਪਾਥਰ ਨਾਲ ਪਹਾੜ, ਉਚੇ ਟਿੱਬੇ ਸੰਗ ਰਖਾਈਆ । ਲੇਖਾ ਚੁਕੇ ਜੰਗਲ ਜੂਹ ਉਜਾੜ, ਅੰਮ੍ਰਿਤ ਸਭ ਦੀ ਝੋਲੀ ਪਾਈਆ । ਸਰਬ ਸੁਖ ਦਾਤਾ ਪੁਰਖ ਬਿਧਾਤਾ ਚਲੇ ਨਾਲ, ਨਰ ਨਿਰੰਕਾਰ ਸੇਵ ਕਮਾਈਆ । ਅੰਤਮ ਸਾਰੇ ਕਰੇ ਬਹਾਲ, ਬੰਧਨ ਕੋਇ ਰਹਿਣ ਨਾ ਪਾਈਆ । ਲੋਕਮਾਤ ਵਿਚੋਂ ਉਠਾਲ, ਸਚਖੰਡ ਦੇਵਣਹਾਰ ਵਡਿਆਈਆ । ਜੋਤੀ ਮੇਲਾ ਬੇਮਿਸਾਲ, ਮਿਸਲ ਆਪਣੀ ਫੇਰ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕੰਕਰ ਪੱਥਰ ਦੇਵੇ ਦਾਨ, ਕਿਨਕਾ ਕਿਨਕਾ ਪਾਰ ਕਰਾਈਆ ।

## ★ ੧੧ ਜੇਠ ੨੦੨੦ ਬਿਕ੍ਰਮੀ ਤੇਜ ਭਾਨ ਦੇ ਗ੍ਰਿਹ ਦਇਆ ਹੋਈ ਸ਼ੇਖਸਰ ਜੰਮੂ ★

ਨਿਰਗੁਣ ਸਰਗੁਣ ਤੇਰੇ ਧਿਆਉਂਦੇ, ਸਭ ਤੂਹੀ ਤੂਹੀ ਅਲਾਈਆ । ਨੇਤਰ ਨੈਣ ਧਿਆਨ ਲਗਾਉਂਦੇ, ਚਰਨ ਕਵਲ ਸਰਨਾਈਆ । ਜੁਗ ਜੁਗ ਉਠ ਉਠ ਦਰਸਨ ਪਾਉਂਦੇ ਬਲ ਤੇਰਾ ਇਕ ਵਖਾਈਆ । ਇਸ਼ਟ ਦੇਵ ਜਗ ਨੇਤ ਮਨਾਉਂਦੇ, ਬਣ ਸੇਵਕ ਸੇਵ ਕਮਾਈਆ । ਦਰ ਦਰ

ਘਰ ਘਰ ਸੋਭਾ ਪਾਉਂਦੇ, ਮਹੱਲ ਅਟੱਲ ਹੋਏ ਰੁਸ਼ਨਾਈਆ । ਆਸਾ ਮਨਸਾ ਪੂਰ ਕਰਾਉਂਦੇ, ਸੰਸਾ ਰੋਗ ਨਾ ਕੋਇ ਰਖਾਈਆ । ਮਿਲ ਮਿਲ ਸੱਜਣ ਪ੍ਰੀਤ ਵਧਾਉਦੇ, ਸਾਜਨ ਸਾਹਿਬ ਇਕ ਦਰਸਾਈਆ । ਪੱਥਰ ਪਾਹਨ ਸਰਬ ਪਛਤਾਉਂਦੇ, ਰਸਨਾ ਜਿਹਵਾ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਦੇਣੀ ਮਾਣ ਵਡਿਆਈਆ । ਨਿਰਗੁਣ ਸਰਗੁਣ ਸਦਾ ਚਾਅ, ਜੁਗ ਚੋਕੜੀ ਮਿਲੇ ਵਡਿਆਈਆ । ਨਿਰਗੁਣ ਸਰਗੁਣ ਬਣੇ ਮਲਾਹ, ਜੁਗ ਜੁਗ ਹੋਏ ਸਹਾਈਆ । ਨਿਰਗੁਣ ਸਰਗੁਣ ਜਣਾਏ ਨਾਂ, ਨਾਉਂ ਨਿਰੰਕਾਰਾ ਕਰ ਪੜ੍ਹਾਈਆ । ਨਿਰਗੁਣ ਸਰਗੁਣ ਪਕੜੇ ਬਾਂਹ, ਅਨਭਵ ਆਪਣੀ ਸੇਵ ਕਮਾਈਆ । ਨਿਰਗੁਣ ਸਰਗੁਣ ਦੇਵੇ ਥਾਂ, ਸਰਨਗਤ ਇਕ ਸਮਝਾਈਆ । ਨਿਰਗੁਣ ਸਰਗੁਣ ਬਣੇ ਪਿਤਾ ਮਾਂ, ਪੂਤ ਸਪੂਤਾ ਗੋਦ ਉਠਾਈਆ । ਨਿਰਗੁਣ ਸਰਗੁਣ ਬਲ ਬਲ ਜਾਂ, ਬਲਿਹਾਰੀ ਬਲਹਾਰ ਇਕ ਅਖਵਾਈਆ । ਪੱਥਰ ਪਾਹਨ ਰੋਵਣ ਮਾਰਨ ਧਾਹ, ਸਾਨੂੰ ਸਿਖਿਆ ਸਚ ਨਾ ਕਿਸੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣੀ ਸਚ ਸਰਨਾਈਆ । ਨਿਰਗੁਣ ਸਰਗੁਣ ਜਗ ਮੇਲਾ, ਜੁਗ ਚੌਕੜੀ ਭੇਵ ਚੁਕਾਇੰਦਾ । ਨਿਰਗੁਣ ਸਰਗੁਣ ਗੁਰ ਚੇਲਾ, ਗੁਰ ਚੇਲਾ ਰੂਪ ਵਟਾਇੰਦਾ । ਨਿਰਗੁਣ ਸਰਗੁਣ ਸਦਾ ਸੁਹੇਲਾ, ਸਦਾ ਸਦ ਸਾਚਾ ਸੰਗ ਨਿਭਾਇੰਦਾ । ਨਿਰਗੁਣ ਸਰਗੁਣ ਅਚਰਜ ਖੇਲ ਖੇਲਾ, ਪਾਰਬ੍ਰਹਮ ਬ੍ਰਹਮ ਆਪਣੀ ਧਾਰ ਪਰਗਟਾਇੰਦਾ । ਪਾਹਨ ਪਾਥਰ ਸਦਾ ਦੁਹੇਲਾ, ਤੇਰਾ ਧਿਆਨ ਨਾ ਕੋਇ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਤੇਰੇ ਅਲਖ ਜਗਾਇੰਦਾ । ਨਿਰਗੁਣ ਸਰਗੁਣ ਸਦ ਸਦ ਓਟ, ਓਟ ਇਕੋ ਇਕ ਜਣਾਈਆ । ਨਿਰਗੁਣ ਸਰਗੁਣ ਸਾਚਾ ਕੋਟ, ਕਿਲਾ ਬੰਕ ਆਪ ਵਡਿਆਈਆ । ਨਿਰਗੁਣ ਸਰਗੁਣ ਭੰਡਾਰ ਅਤੋਟ, ਅਤੁਟ ਰਿਹਾ ਵਰਤਾਈਆ । ਨਿਰਗੁਣ ਸਰਗੁਣ ਨਿਰਮਲ ਜੋਤ, ਜੋਤੀ ਜੋਤ ਜੋਤ ਰੁਸ਼ਨਾਈਆ । ਨਿਰੁਗਣ ਸਰਗੁਣ ਮਿਲਣ ਦਾ ਸਾਚਾ ਸ਼ੌਕ, ਮੇਲ ਮਿਲਾਵਾ ਸਹਿਜ ਸੁਭਾਈਆ । ਪੱਥਰ ਪਾਹਨ ਸਦਾ ਔਤ, ਸਾਚਾ ਮੇਲ ਨਜ਼ਰ ਕਿਸੇ ਨਾ ਆਈਆ । ਬਿਨ ਹੱਥਾਂ ਪੈਰਾਂ ਬਿਨ ਕਰਨੀ ਤੈਨੂੰ ਕੋਈ ਨਾ ਸਕੇ ਪਹੁੰਚ, ਬਿਨ ਧਿਆਨ ਧਿਆਨ ਨਾ ਕੋਇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਣੀ ਮਾਣ ਵਡਿਆਈਆ । ਨਿਰਗੁਣ ਸਰਗੁਣ ਸਦਾ ਆਸ, ਆਸਾ ਆਸਾ ਵਿਚ ਰਖਾਇੰਦਾ । ਨਿਰਗੁਣ ਸਰਗੁਣ ਦਾਸੀ ਦਾਸ, ਜੁਗ ਚੌਕੜੀ ਸੇਵ ਕਮਾਇੰਦਾ । ਨਿਰਗੁਣ ਸਰਗੁਣ ਸਾਚੀ ਰਾਸ, ਮੰਡਲ ਆਪਣਾ ਰੂਪ ਵਖਾਇੰਦਾ । ਨਿਰਗੁਣ ਸਰਗੁਣ ਸਚ ਪਰਕਾਸ਼, ਨੂਰ ਨੂਰਾਨਾ ਨੂਰ ਧਰਾਇੰਦਾ । ਨਿਰਗੁਣ ਸਰਗੁਣ ਖੇਲ ਤਮਾਸ਼, ਭਗਤ ਭਗਵੰਤ ਵੇਸ ਵਟਾਇੰਦਾ । ਨਿਰਗੁਣ ਸਰਗੁਣ ਸਾਚੀ ਸਾਖ, ਪਤ ਡਾਲੀ ਮਾਤ ਮਹਿਕਾਇੰਦਾ । ਨਿਰਗੁਣ ਸਰਗੁਣ ਖੇਲ ਤਮਾਸ਼, ਖ਼ਾਲਕ ਖ਼ਲਕ ਰੂਪ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਾਹਨ ਪਾਥਰ ਹੋਏ ਨਿਰਾਸ, ਸਾਚੀ ਸਿਖਿਆ ਨਾ ਕੋਇ ਦ੍ਰਿੜਾਇੰਦਾ । ਨਿਰਗੁਣ ਸਰਗੁਣ ਲਾਗੇ ਅੰਗ, ਅੰਗੀਕਾਰ ਆਪ ਕਰਾਈਆ । ਨਿਰਗੁਣ ਸਰਗੁਣ ਚਾੜ੍ਹੇ ਰੰਗ, ਨਿਰਵੈਰ ਆਪਣੀ ਦਇਆ ਕਮਾਈਆ । ਨਿਰਗੁਣ ਸਰਗੁਣ ਵਜਾਏ ਮਰਦੰਗ, ਨਾਮ ਨਿਧਾਨ ਢੋਲਾ ਗਾਈਆ । ਨਿਰਗੁਣ ਸਰਗੁਣ ਕਰੇ ਪਰਕਾਸ਼ ਆਪਣਾ ਚੰਦ, ਜੋਤੀ ਜੋਤ ਨੂਰ ਰੁਸ਼ਨਾਈਆ । ਨਿਰਗੁਣ ਸਰਗੁਣ ਦਏ ਅਨੰਦ, ਅਨੰਦ ਆਤਮ ਇਕ ਦਰਸਾਈਆ । ਨਿਰਗੁਣ ਸਰਗੁਣ ਤੋੜੇ ਬੰਧ, ਬੰਦੀਖ਼ਾਨਾ ਰਹਿਣ ਕੋਇ ਨਾ ਪਾਈਆ । ਪਾਹਨ ਪਾਥਰ ਕੋਈ ਨਾ ਮੇਟੇ ਰੰਜ, ਦੁਖੀਆਂ ਦਰਦ ਨਾ ਕੋਇ ਵੰਡਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰਾ ਰੂਪ ਨਜ਼ਰ ਕਿਸੇ ਨਾ ਆਈਆ । ਨਿਰਗੁਣ ਸਰਗੁਣ ਜਗਤ ਵਿਚੋਲਾ, ਜੁਗ ਜੁਗ ਆਪਣੀ ਕਾਰ ਕਮਾਇੰਦਾ । ਨਿਰਗੁਣ ਸਰਗੁਣ ਗਾਏ ਢੋਲਾ, ਸੋਹਲਾ ਇਕੋ ਇਕ ਜਣਾਇੰਦਾ । ਨਿਰਗੁਣ ਸਰਗੁਣ ਬਣ ਬਣ ਤੋਲਾ, ਸਾਚਾ ਕੰਡਾ ਇਕ ਉਪਾਇੰਦਾ । ਨਿਰਗੁਣ ਸਰਗੁਣ ਘੋਲੀ ਘੋਲ ਘੋਲਾ, ਮਾਣ ਤਾਣ ਨਾ ਕੋਇ ਰਖਾਇੰਦਾ । ਨਿਰਗੁਣ ਸਰਗੁਣ ਚੁੱਕੇ ਪਰਦਾ ਉਹਲਾ, ਦੂਈ ਦਵੈਤ ਮਿਟਾਇੰਦਾ । ਪੱਥਰ ਪਾਹਨ ਪਾਏ ਰੌਲਾ, ਸਾਡਾ ਭੇਵ ਨਾ ਕੋਇ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੁਧ ਬਿਨ ਨਜ਼ਰ ਕੋਇ ਨਾ ਆਇੰਦਾ । ਨਿਰਗੁਣ ਸਰਗੁਣ ਰੰਗ ਰੰਗੀਲਾ, ਗਹਿਰ ਗੰਭੀਰ ਵੱਡੀ ਵਡਿਆਈਆ । ਨਿਰਗੁਣ ਸਰਗੁਣ ਛੈਲ ਛਬੀਲਾ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਵੇਖ ਵਖਾਈਆ । ਨਿਰਗੁਣ ਸਰਗੁਣ ਧਾਰ ਵੇਖੇ ਸੂਹਾ ਪੀਲਾ ਨੀਲਾ, ਰੰਗ ਰੂਪ ਨਾ ਕੋਇ ਜਣਾਈਆ । ਨਿਰਗੁਣ ਸਰਗੁਣ ਬਣ ਵਸੀਲਾ, ਸਾਚੀ ਕਰਨੀ ਰਿਹਾ ਕਮਾਈਆ । ਪੱਥਰ ਪਾਹਨ ਦੇਵੇ ਨਾ ਕੋਇ ਦਲੀਲਾ, ਦਿਲਬਰ ਸਕੇ ਨਾ ਕੋਇ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣੀ ਸਚ ਸਰਨਾਈਆ । ਨਿਰਗੁਣ ਸਰਗੁਣ ਸਾਚਾ ਮੀਤ, ਹਰਿ ਮਿੱਤਰ ਪਿਆਰਾ ਆਪ ਅਖਵਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਦੱਸਦਾ ਆਇਆ ਰੀਤ, ਨਿਰਗੁਣ ਸਰਗੁਣ ਆਪ ਪੜ੍ਹਾਇੰਦਾ । ਲੇਖਾ ਜਾਣ ਸ਼ਿਵਦਵਾਲੇ ਠਾਕਰ ਮੰਦਰ ਮਸੀਤ, ਗੁਰੂਦਵਾਰੇ ਵੰਡ ਵੰਡਾਇੰਦਾ । ਨਿਰਗੁਣ ਸਰਗੁਣ ਪਰਖਣਹਾਰਾ ਨੀਤ, ਨੀਤੀਵਾਨ ਘਟ ਘਟ ਡੇਰਾ ਲਾਇੰਦਾ । ਨਿਰਗੁਣ ਸਰਗੁਣ ਦੱਸੇ ਸਚ ਪ੍ਰੀਤ, ਸਚ ਪ੍ਰੀਤੀ ਇਕ ਵਖਾਇੰਦਾ । ਪਾਹਨ ਪੱਥਰ ਕਾਇਆ ਕੋਇ ਨਾ ਕਰੇ ਠਾਂਢੀ ਸੀਤ, ਸਚ ਗਿਆਨ ਨਾ ਕੋਇ ਦ੍ਰਿੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਵਾਸਤਾ ਪਾਇੰਦਾ । ਨਿਰਗੁਣ ਸਰਗੁਣ ਕਰ ਕਰ ਪੂਜਾ, ਸਿਲ ਪੂਜਸ ਰੂਪ ਵਟਾਈਆ । ਭੇਵ ਨਾ ਚੁਕਿਆ ਏਕਾ ਦੂਜਾ, ਦੂਈ ਦਵੈਤ ਨਾ ਕੋਇ ਮਿਟਾਈਆ । ਨੈਣ ਨਾ ਖੁਲ੍ਹਿਆ ਕਿਸੇ ਤੀਜਾ, ਤ੍ਰੈਗੁਣ ਨਾਤਾ ਨਾ ਕੋਇ ਤੁੜਾਈਆ । ਚੌਥੇ ਘਰ ਨਾ ਕੋਇ ਪਤੀਜਾ, ਸਾਂਤਕ ਸਤਿ ਨਾ ਕੋਇ ਵਰਤਾਈਆ । ਪੰਚਮ ਕਰੇ ਨਾ ਕੋਈ ਰੀਝਾ, ਆਸਾ ਮਨਸਾ ਪੂਰ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੱਥਰ ਪਾਹਨ ਤੇਰੇ ਪਰੇਮ ਅੰਤਰ ਨਾ ਕੋਇ ਪਤੀਜਾ, ਮਿਲਿਆ ਮੇਲ ਨਾ ਸੱਚੇ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸੱਚਾ ਵਰ, ਤੇਰੀ ਚਰਨ ਆਸ ਰਖਾਈਆ । ਨਿਰਗੁਣ ਸਰਗੁਣ ਕਰਦੇ ਰਹੇ ਖਿਆਲ, ਸੁਰਤੀ ਸੁਰਤ ਸੁਰਤ ਦ੍ਰਿੜਾਈਆ । ਮੈਨੂੰ ਫੜ ਫੜ ਰਹੇ ਨੁਹਾਲ, ਜਲ ਪਾਣੀ ਧਾਰ ਵਹਾਈਆ । ਦੋ ਜਹਾਨ ਬਣਾਉਂਦੇ ਰਹੇ ਦਲਾਲ, ਠਾਕਰ ਮੇਰਾ ਰੂਪ ਵਟਾਈਆ । ਪ੍ਰਭ ਸਚ ਪੁਛੇਂ ਮੈਂ ਆਦਿ ਜੁਗਾਦਿ ਰਿਹਾ ਕੰਗਾਲ, ਮੇਰੇ ਹੱਥ ਵਸਤ ਨਾ ਕੋਇ ਫੜਾਈਆ । ਜੁਗ ਚੌਕੜੀ ਕਰਦਾ ਰਿਹਾ ਭਾਲ, ਨਿਰਗੁਣ ਨਜ਼ਰ ਕਿਤੇ ਨਾ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤੇਰਾ ਹੱਲ ਕਰ ਨਾ ਸਕੇ ਸਵਾਲ, ਭੇਵ ਅਭੇਦ ਨਾ ਕੋਇ ਜਣਾਈਆ । ਤੇਰਾ ਨਾਮ ਬਾਣੀ ਕਰ ਉਛਾਲ, ਰਸਨਾ ਜਿਹਵਾ ਢੋਲਾ ਗਾਈਆ । ਸ੍ਰਿਸ਼ਟ ਸਬਾਈ ਗਏ ਸਿਖਾਲ, ਸਿਖਿਆ ਅੱਖਰ ਅੱਖਰ ਪੜ੍ਹਾਈਆ । ਅੰਤਮ ਕੋਈ ਨਾ ਨਿਭਿਆ ਨਾਲ, ਪੱਲੂ ਸਾਰੇ ਗਏ ਛੁਡਾਈਆ । ਨਵ ਨੌਂ ਚਾਰ ਦਿਸੇ ਬੇਹਾਲ, ਬਿਹਬਲ ਰੋਵੇ ਸਰਬ ਲੋਕਾਈਆ । ਨਾ ਕੋਈ ਸੁਣੇ ਮੁਰੀਦਾਂ ਹਾਲ, ਮੁਰਸ਼ਦ ਫੇਰਾ ਕੋਇ ਨਾ ਪਾਈਆ । ਚਾਰ ਵਰਨ

ਘਾਲਣ ਰਹੇ ਘਾਲ, ਘਾਲੀ ਘਾਲ ਥਾਏਂ ਨਾ ਕੋਇ ਰਖਾਈਆ । ਚਾਰ ਕੁੰਟ ਪਿਆ ਜੰਜਾਲ, ਜਾਗਰਤ ਜੋਤ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮੇਰੀ ਆਸਾ ਪੂਰ ਕਰਾਈਆ । ਨਹਾ ਧੋ ਕੇ ਵੜਦਾ ਅੰਦਰ, ਤਿਲਕ ਮਸਤਕ ਉਪਰ ਲਗਾਇੰਦਾ । ਨਾਲ ਸੰਧੂਰ ਸੂਹੇ ਮੰਦਰ, ਮੰਦ ਵਾਸਨਾ ਨਾ ਕੋਇ ਕਢਾਇੰਦਾ । ਦਰੋਹੀ ਮੇਰੇ ਅੰਦਰ ਵੱਜਾ ਜੰਦਰ, ਤੁਧ ਬਿਨ ਅਵਰ ਨਾ ਕੋਇ ਖੁਲ੍ਹਾਇੰਦਾ । ਮੈਂ ਟਿੱਲੇ ਪਰਬਤ ਵਸਾਂ ਖੰਡਰ, ਜਗਤ ਅੰਧੇਰ ਨਾ ਕੋਇ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸੱਚਾ ਵਰ, ਸਾਚੀ ਆਸਾ ਤੇਰੇ ਅੱਗੇ ਰਖਾਇੰਦਾ । ਤੇਰੇ ਅੱਗੇ ਆਸ ਪ੍ਰਭ, ਇਕੋ ਓਟ ਤਕਾਈਆ । ਕਰ ਕਿਰਪਾ ਕਲ ਲੈਣਾ ਲੱਭ, ਨਿਰਗੁਣ ਨਿਰਗੁਣ ਵੇਖ ਵਖਾਈਆ । ਮੇਰਾ ਸੰਸਾ ਰੋਗ ਲੱਥੇ ਹੱਬ, ਚਿੰਤਾ ਅਵਰ ਰਹਿਣ ਨਾ ਪਾਈਆ । ਪਾਰ ਕਰਾ ਕੇ ਆਉਣੀ ਹੱਦ, ਬਣ ਪਾਂਧੀ ਪੰਧ ਮੁਕਾਈਆ । ਸਚ ਦੁਆਰੇ ਬਹਿਣਾ ਸਜ, ਸਿੰਘਾਸਣ ਇਕੋ ਇਕ ਵਖਾਈਆ । ਭਗਤ ਭਗਵਾਨ ਮੇਲ ਭੱਜ ਭੱਜ, ਦਰ ਘਰ ਸਾਚੇ ਵੱਜੇ ਵਧਾਈਆ । ਤਿਸ ਗ੍ਰਿਹਿ ਲੈਣਾ ਸੱਦ, ਸੱਦਾ ਆਪਣਾ ਨਾਮ ਰਖਾਈਆ । ਆ ਕੇ ਦਰਸ਼ਨ ਕਰੀਏ ਰੱਜ, ਪਿਛੇ ਸਕੇ ਨਾ ਕੋਇ ਹਟਾਈਆ । ਪਰੇਮ ਪ੍ਰੀਤੀ ਅੰਦਰ ਜਾਈਏ ਬੱਝ, ਸਾਚੀ ਡੋਰੀ ਤੰਦ ਬੰਧਾਈਆ । ਸਾਡਾ ਪਰਦਾ ਲੈਣਾ ਕਜ, ਪ੍ਰਭ ਤੇਰੀ ਸਰਨ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲਹਿਣਾ ਦਏ ਚੁਕਾਈਆ । ਸ੍ਰੀ ਭਗਵਾਨ ਹੋ ਦਿਆਲ, ਸ਼ਾਹ ਪਾਤਸ਼ਾਹ ਦਇਆ ਕਮਾਇੰਦਾ । ਸਚ ਦੁਆਰ ਸੱਚੀ ਧਰਮਸਾਲ, ਧਰਮ ਦਵਾਰਾ ਇਕ ਵਡਿਆਇੰਦਾ । ਜਿਸ ਗ੍ਰਿਹਿ ਵਸੇ ਸ੍ਰੀ ਭਗਵਾਨ, ਸੋ ਮੰਦਰ ਸੋਭਾ ਪਾਇੰਦਾ । ਲੇਖਾ ਚੁੱਕੇ ਦੋ ਜਹਾਨ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣੀ ਕਾਰ ਕਮਾਇੰਦਾ । ਖੇਲੇ ਖੇਲ ਆਪ ਮਹਾਨ, ਮਹਿਮਾ ਅਕਥ ਕਥ ਜਣਾਇੰਦਾ । ਚਾਰੋਂ ਕੁੰਟ ਵੇਖੇ ਮਾਰ ਧਿਆਨ, ਦਹਿ ਦਿਸ਼ਾ ਖੋਜ ਖੁਜਾਇੰਦਾ । ਸਭ ਨੇ ਦਰਸ਼ਨ ਕਰਨਾ ਆਣ, ਦੀਦ ਈਦ ਚੰਦ ਚਮਕਾਇੰਦਾ । ਅੰਦਰ ਵੜ ਕੇ ਦੇਵੇ ਗਿਆਨ, ਬਾਹਰੋਂ ਨਜ਼ਰ ਕਿਸੇ ਨਾ ਆਇੰਦਾ । ਵਿਸ਼ਨੂੰ ਸੇਵਾ ਕਰੇ ਮਹਾਨ, ਭਗਵਨ ਆਪਣੀ ਕਾਰ ਕਮਾਇੰਦਾ । ਤੂੰ ਮੇਰਾ ਮੈਂ ਤੇਰਾ ਦੋਹਾਂ ਵਿਚੋਲਾ ਬਣ ਨੌਜਵਾਨ, ਨੱਯਾ ਆਪਣਾ ਨਾਮ ਰਖਾਇੰਦਾ । ਲੇਖਾ ਚੁੱਕੇ ਆਵਣ ਜਾਣ, ਪਿਛਲਾ ਲਹਿਣਾ ਝੋਲੀ ਪਾਇੰਦਾ । ਪੱਥਰ ਪਾਹਨ ਹੋਵਣ ਪਰਵਾਨ, ਜਿਨ੍ਹਾਂ ਆਪਣੀ ਨਜ਼ਰ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਮਰਥ ਆਪਣੀ ਦਇਆ ਕਮਾਇੰਦਾ । ਪੱਥਰ ਪਾਹਨ ਸਰਬ ਤਰਨਾ, ਤਾਰਨਹਾਰ ਰਿਹਾ ਤਰਾਈਆ । ਜਿਸ ਜੂਹ ਹਰਿ ਜੂ ਸ੍ਰੀ ਭਗਵਾਨ ਵੜਨਾ, ਤਿਸ ਜੰਗਲ ਮਿਲੇ ਵਡਿਆਈਆ । ਜਿਸ ਧਵਲ ਚਰਨ ਕਵਲ ਧਰਨਾ, ਸੋ ਧਰਤ ਹੋਏ ਸਹਾਈਆ । ਜਿਸ ਮੰਦਰ ਸਾਹਿਬ ਆਸਣ ਕਰਨਾ, ਤਿਸ ਗ੍ਰਿਹਿ ਹੋਏ ਰੁਸ਼ਨਾਈਆ । ਜਿਸ ਭਗਤ ਭਗਵਾਨ ਆਤਮ ਪਰਮਾਤਮ ਵਰਨਾ, ਵਰਨ ਗੋਤ ਦਏ ਮਿਟਾਈਆ । ਨੇਤਰ ਖੋਲ੍ਹੇ ਹਰਨਾ ਫਰਨਾ, ਫੂਰੂ ਮੰਤਰ ਸਚ ਸਮਝਾਈਆ । ਜੈ ਜੈਕਾਰ ਇਕੋ ਕਰਨਾ, ਢੋਲਾ ਨਾਮ ਨਾਮ ਪੜ੍ਹਾਈਆ । ਸਾਚਾ ਅੱਖਰ ਸੋਹਲਾ ਪੜ੍ਹਨਾ, ਸੋ ਪੁਰਖ ਨਿਰੰਜਣ ਆਪ ਸਮਝਾਈਆ । ਹੰ ਬ੍ਰਹਮ ਕਦੇ ਨਾ ਮਰਨਾ, ਮਰਨ ਜੀਵਣ ਇਕੋ ਘਰ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਲਹਿਣੇਦਾਰ ਰਿਹਾ ਚੁਕਾਈਆ । ਪੱਥਰ ਪਾਹਨ ਸਾਰੇ ਜਾਗੋ, ਸਾਹਿਬ ਸਤਿਗੁਰ ਆਪ ਜਗਾਇੰਦਾ । ਚਾਰੋਂ ਕੁੰਟ ਉਠ ਉਠ ਭਾਗੋ, ਪਰੇਮ ਭਾਉ

ਗੋਬਿੰਦ ਸਿਖਾਇੰਦਾ । ਪ੍ਰਭ ਸਰਨਾਈ ਸਰਗੁਣ ਲਾਗੋ, ਨਿਰਗੁਣ ਆਪਣਾ ਪਰਦਾ ਲਾਹਿੰਦਾ । ਪਰਮ ਪੁਰਖ ਪ੍ਰਭ ਪਾਉ ਮਾਧੋ, ਮਾਧਵ ਆਪਣਾ ਵੇਸ ਵਟਾਇੰਦਾ । ਪੱਥਰ ਪਾਹਨ ਬਣੇ ਯਾਦੋ, ਯਾਦਵ ਕਾਹਨ ਕ੍ਰਿਸ਼ਨਾ ਖੇਲ ਰਚਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਘਰ ਘਰ ਆਪ ਚੁਕਾਇੰਦਾ । ਉਠੋ ਨੱਠੋ ਬਣ ਰਾਹੀ, ਰਹਿਬਰ ਹਰਿ ਹਰਿ ਆਪ ਜਣਾਈਆ । ਬਣੋ ਪਾਂਧੀ ਸਾਚੇ ਪਾਹੀ, ਪੈਂਡਾ ਪੰਧ ਮੁਕਾਈਆ । ਅੰਤਰ ਅੰਤਰ ਧਿਆਨ ਲਗਾਈ, ਨਿਜ ਨੇਤਰ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਚੀ ਸਿਖਿਆ ਰਿਹਾ ਸਮਝਾਈਆ । ਨਿਰਗੁਣ ਸਰਗੁਣ ਉਠ ਉਠ ਆਵਾਂਗੇ । ਪ੍ਰਭ ਤੇਰਾ ਨਾਮ ਧਿਆਵਾਂਗੇ । ਬਿਨ ਅੱਖਾਂ ਦਰਸ਼ਨ ਪਾਵਾਂਗੇ । ਬਿਨ ਹੱਥਾਂ ਸੇਵ ਕਮਾਵਾਂਗੇ । ਬਿਨ ਜਿਹਵਾ ਢੋਲਾ ਗਾਵਾਂਗੇ । ਬਿਨ ਦੰਦਾਂ ਰਾਗ ਅਲਾਵਾਂਗੇ । ਬਿਨ ਪੈਰਾਂ ਪੰਧ ਮੁਕਾਵਾਂਗੇ । ਦੂਰ ਦੁਰਾਡੇ ਨੇੜੇ ਆਵਾਂਗੇ । ਨੇਤਰ ਖੋਲ੍ਹ ਦਰਸ਼ਨ ਪਾਵਾਂਗੇ । ਉਚੀ ਬੋਲ ਬੋਲ ਜਣਾਵਾਂਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਸੀਸ ਨਿਵਾਵਾਂਗੇ । ਜਿਸ ਵੇਲੇ ਕੋਲ ਆਉਗੇ । ਬਿਨ ਸੀਸੋਂ ਸੀਸ ਝੁਕਾਉਗੇ । ਅਣਮੰਗੀ ਦਾਤ ਝੋਲੀ ਪਾਉਗੇ । ਸਤਿਸੰਗੀ ਭਗਤਾਂ ਦੇ ਬਣ ਜਾਉਗੇ । ਮੰਦਰ ਵੜ ਨਾ ਸੀਸ ਮੱਥਾ ਟਿਕਾਉਗੇ । ਜਗਦੀਸ ਸਰਨ ਇਕ ਤਕਾਉਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਘਰ ਸਾਚੇ ਸੋਭਾ ਪਾਉਗੇ । ਪ੍ਰਭ ਦਰਸ਼ਨ ਤੇਰਾ ਕਰਾਂਗੇ । ਨਾ ਜਨਮਾਂਗੇ ਨਾ ਮਰਾਂਗੇ । ਜਨ ਭਗਤਾਂ ਵਿਚ ਰਲਾਂਗੇ । ਇਕ ਦੂਜੇ ਦਾ ਪੱਲੂ ਫੜਾਂਗੇ । ਤੇਰਾ ਸਾਚਾ ਢੋਲਾ ਪੜ੍ਹਾਂਗੇ । ਤੂੰ ਹੀ ਤੂੰ ਇਕੋ ਕਰਾਂਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਣਾ ਨਾਮ ਵਰ, ਦਰ ਘਰ ਸਾਚੇ ਸਰਨੀ ਤੇਰੀ ਪੜਾਂਗੇ । ਜਬ ਸਰਨ ਸੱਚੀ ਆਉਗੇ । ਪ੍ਰਭੂ ਨੇਤਰ ਦਰਸ਼ਨ ਪਾਉਗੇ । ਪਿਛਲਾ ਖੇਤਰ ਸਰਬ ਭੁੱਲ ਜਾਉਗੇ । ਮਿੱਤਰ ਮੀਤ ਇਕੋ ਇਕ ਬਣਾਉਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਮੰਦਰ ਵੇਖ ਵਖਾਉਗੇ । ਸਚ ਮੰਦਰ ਸਚ ਵਖਾਵਾਂਗਾ । ਫੜ ਬਾਂਹੋਂ ਚਰਨ ਬਹਾਵਾਂਗਾ । ਜਗਤ ਵਿਛੋੜਾ ਪੰਧ ਮੁਕਾਵਾਂਗਾ । ਜੋਤੀ ਸ਼ਬਦ ਜੁੜੇ ਜੋੜਾ, ਦੂਜਾ ਰੰਗ ਨਾ ਕੋਇ ਰੰਗਾਵਾਂਗਾ । ਲੇਖਾ ਚੁਕੇ ਤੋਰਾ ਮੋਰਾ, ਸੋਹੰ ਰੂਪ ਸਰਬ ਮਨਾਵਾਂਗਾ । ਨਾਤਾ ਤੁੱਟੇ ਅੰਧ ਘੋਰਾ, ਨਿਰਗੁਣ ਨੂਰ ਜੋਤ ਚਮਕਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਘਰ ਸਾਚੇ ਮੇਲ ਮਿਲਾਵਾਂਗਾ । ਘਰ ਸਾਚੇ ਮੇਲ ਮਿਲਾਏਗਾ । ਭਗਤ ਭਗਵਾਨ ਵੇਖ ਵਖਾਏਗਾ । ਪਾਹਨ ਪੱਥਰ ਨਾਲ ਮਿਲਾਏਗਾ । ਸਾਚਾ ਸੱਥਰ ਇਕ ਵਿਛਾਏਗਾ । ਨੇਤਰ ਨੈਣਾਂ ਅੱਥਰ ਨਾ ਕੋਇ ਵਹਾਏਗਾ । ਚੋਟੀ ਚੜ੍ਹ ਕੇ ਸਿਖਰ ਵੇਖ ਵਖਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲਹਿਣਾ ਝੋਲੀ ਪਾਏਗਾ । ਸਭ ਦਾ ਲਹਿਣਾ ਝੋਲੀ ਪਾਵੇਗਾ । ਸਭ ਦਾ ਦੁਖੜਾ ਸਰਬ ਮਿਟਾਵੇਗਾ । ਸਾਚਾ ਸੁਖ ਇਕ ਉਪਜਾਵੇਗਾ । ਅਜੂਨੀ ਅਜੂਨ ਰੂਪ ਵਟਾਵੇਗਾ । ਸਤਿ ਸਰੂਪ ਵਿਚ ਸਮਾਵੇਗਾ । ਸ਼ਾਹੋ ਭੂਪ ਨਜ਼ਰੀ ਆਵੇਗਾ । ਚਾਰੇ ਕੂਟ ਵੇਖ ਵਖਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਿਹਰਵਾਨ ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਇਕ ਉਠਾਵੇਗਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੇਵੇ ਦਾਨ, ਅਨਮੰਗੀ ਵਸਤ ਸਭ ਦੀ ਝੋਲੀ ਪਾਵੇਗਾ ।

੫੨੧ ੧੪

## ★ ੧੧ ਜੇਠ ੨੦੨੦ ਬਿਕ੍ਰਮੀ ਮਿਹਰ ਸਿੰਘ ਦੇ ਗ੍ਰਿਹ ਦਇਆ ਹੋਈ ਸ਼ੇਖਸਰ ਜੰਮੂ ★

ਅਨਬੋਲਤ ਪ੍ਰਭ ਤੇਰਾ ਬੋਲ, ਅਨਡਿਠੜਾ ਰਾਗ ਅਲਾਈਆ । ਸਚ ਦੁਆਰਾ ਏਕਾ ਖੋਲ੍ਹ, ਅਚਰਜ ਖੇਲ ਵਖਾਈਆ । ਨਾਮ ਅਗੰਮਾ ਤੋਲੇ ਤੋਲ, ਕੰਡਾ ਨਜ਼ਰ ਕੋਇ ਨਾ ਆਈਆ । ਸ਼ਬਦ ਅਗੰਮੀ ਵੱਜੇ ਢੋਲ, ਸੁਰ ਤਾਲ ਨਾ ਕੋਇ ਰਖਾਈਆ । ਪਰੇਮ ਪ੍ਰੀਤੀ ਖੇਲੇਂ ਹੋਲ, ਜਗਤ ਰੰਗ ਨਾ ਕੋਇ ਰੰਗਾਈਆ । ਡੂੰਘੀ ਭਵਰੀ ਕਰੇਂ ਚੋਲ੍ਹ, ਨੇਤਰ ਨੈਣ ਨਾ ਕੋਇ ਦਰਸਾਈਆ । ਸਚ ਸਰੂਪੀ ਰਿਹਾ ਮੌਲ, ਰੇਖ ਰੂਪ ਨਾ ਕੋਇ ਵਟਾਈਆ । ਕਰੇ ਖੇਲ ਉਪਰ ਧੌਲ, ਧਰਨੀ ਦੇਵਣਹਾਰ ਵਡਿਆਈਆ । ਆਦਿ ਜੁਗਾਦੀ ਪੂਰਾ ਕਰੇਂ ਕੌਲ, ਕੀਤਾ ਕੌਲ ਤੋੜ ਨਿਭਾਈਆ । ਸਦਾ ਸੁਹੇਲਾ ਬਣ ਕੇ ਵਸੇਂ ਕੋਲ, ਠਾਕਰ ਸਵਾਮੀ ਫੇਰਾ ਪਾਈਆ । ਸਦਾ ਬੈਠਾ ਰਹੇਂ ਅਡੋਲ, ਅਡੁਲ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਖੁਲ੍ਹਾਈਆ । ਅਨਬੋਲਤ ਤੇਰਾ ਸਾਚਾ ਢੋਲਾ, ਸਰਵਣ ਸੁਣਨ ਕੋਇ ਨਾ ਪਾਇੰਦਾ । ਆਦਿ ਜੁਗਾਦੀ ਰਖੇਂ ਉਹਲਾ, ਪਰਦਾ ਪਰਦਾ ਨਾ ਕੋਇ ਉਠਾਇੰਦਾ । ਸਤਿ ਪੁਰਖ ਨਿਰੰਜਣ ਬਣ ਵਿਚੋਲਾ, ਸਤਿ ਸਤਿਵਾਦੀ ਕਾਰ ਕਮਾਇੰਦਾ । ਬੰਕ ਦੁਆਰ ਏਕਾ ਖੋਲ੍ਹਾ, ਏਕਉਂਕਾਰਾ ਹੱਟ ਚਲਾਇੰਦਾ । ਨਾ ਕੋਈ ਜਾਣੇ ਤੇਰਾ ਬੋਲਾ, ਰਸਨਾ ਜਿਹਵਾ ਸਿਫ਼ਤ ਨਾ ਕੋਇ ਸਾਲਾਹਿੰਦਾ । ਅੰਦਰ ਪੜਦਾ ਕਿਸੇ ਨਾ ਫੋਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਛੁਪਾਇੰਦਾ । ਅਨਬੋਲਤ ਤੇਰੀ ਬੋਲੀ ਅਲੱਗ, ਸਮਝ ਵਿਚ ਕਿਸੇ ਨਾ ਆਈਆ । ਕੋਟਨ ਕੋਟ ਗਏ ਲੱਦ, ਅੰਤ ਸਾਰ ਕਿਸੇ ਨਾ ਪਾਈਆ । ਪਾਰ ਕਰੀ ਨਾ ਕਿਸੇ ਹੱਦ, ਕਿਨਾਰੇ ਡੇਰਾ ਨਾ ਕੋਇ ਰਖਾਈਆ । ਦੂਰ ਦੁਰਾਡੇ ਤੇਰਾ ਕਰ ਕਰ ਗਏ ਹੱਜ, ਨੇਤਰ ਨੈਣ ਨੈਣ ਉਠਾਈਆ । ਸਾਚੇ ਮੰਦਰ ਕੋਈ ਨਾ ਬਹਿਆ ਸਜ, ਸਜਦਾ ਹੱਕ ਨਾ ਕੋਇ ਵਖਾਈਆ । ਤੇਰੇ ਭਾਣੇ ਅੰਦਰ ਗਏ ਨੱਚ, ਹੁਕਮੇ ਹੁਕਮ ਫੇਰਾ ਪਾਈਆ । ਭਾਗ ਲਗਾ ਕਾਇਆ ਕੱਚ, ਤਨ ਮਾਟੀ ਖੇਹ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਦੇ ਸਮਝਾਈਆ । ਅਨਬੋਲਤ ਤੇਰਾ ਖੇਲ ਅਵੱਲਾ, ਅੱਵਲ ਨਜ਼ਰ ਕਿਸੇ ਨਾ ਆਇੰਦਾ । ਆਦਿ ਜੁਗਾਦਿ ਜੁਗ ਚੌਕੜੀ ਕਿਸੇ ਹੱਥ ਨਾ ਆਇਆ ਪੱਲਾ, ਪੱਲੂ ਗੰਢ ਨਾ ਕੋਇ ਪੁਆਇੰਦਾ । ਕੋਈ ਸਿਫ਼ਤ ਸਾਲਾਹੀ ਕਹਿ ਕੇ ਗਿਆ ਅੱਲਾ, ਕੋਈ ਵਾਹ ਵਾ ਗੁਰੂ ਰੂਪ ਸਮਝਾਇੰਦਾ । ਕੋਈ ਕਹਿ ਕਹਿ ਗਿਆ ਵਸੇ ਜਲਾ ਥਲਾ, ਘਟ ਘਟ ਅੰਦਰ ਡੇਰਾ ਲਾਇੰਦਾ । ਕੋਈ ਕਹੇ ਵਸੇ ਨਿਹਚਲ ਧਾਮ ਅਟੱਲਾ, ਸਚਖੰਡ ਸਾਚੇ ਸੋਭਾ ਪਾਇੰਦਾ । ਕੋਈ ਕਹੇ ਸਚ ਸੰਦੇਸ ਇਕੋ ਘੱਲਾ, ਨਾਉਂ ਨਿਰੰਕਾਰਾ ਸਰਬ ਜਣਾਇੰਦਾ । ਕੋਈ ਕਹੇ ਸਚ ਸਿੰਘਾਸਣ ਸਾਚਾ ਮੱਲਾ, ਸ਼ਾਹੋ ਭੂਪ ਨਾਮ ਧਰਾਇੰਦਾ । ਕੋਈ ਕਹੇ ਜੁਗ ਚੌਕੜੀ ਫੂਲਾ ਫਲਾ, ਲੱਖ ਚੁਰਾਸੀ ਪੱਤ ਡਾਲੀ ਆਪ ਮਹਿਕਾਇੰਦਾ । ਕੋਈ ਕਹੇ ਹੱਥ ਰੱਖੇ ਤਿਖਾ ਭੱਲਾ, ਦੋ ਜਹਾਨਾਂ ਆਰ ਪਾਰ ਕਰਾਇੰਦਾ । ਕੋਈ ਕਹੇ ਸਮੁੰਦ ਸਾਗਰ ਵਸੇ ਡੂੰਘੀ ਡੱਲਾ, ਉਚੇ ਟਿੱਲੇ ਪਰਬਤ ਸੋਭਾ ਪਾਇੰਦਾ । ਕੋਈ ਕਹੇ ਜੋਤੀ ਸ਼ਬਦੀ ਧਾਰ ਰਲਾ, ਨਿਰਗੁਣ ਆਪਣੀ ਕਾਰ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਵਣ ਦਵਾਰੇ ਸੋਭਾ ਪਾਇੰਦਾ । ਅਨਬੋਲਤ ਤੇਰਾ ਰਾਗ ਅਨਡਿਠ, ਨੇਤਰ ਨਜ਼ਰ ਕਿਸੇ ਨਾ ਆਈਆ । ਜੁਗ ਚੌਕੜੀ ਕਰ ਕਰ ਗਏ ਹਿਤ, ਗੁਰ ਅਵਤਾਰ ਧਿਆਨ ਲਗਾਈਆ । ਸਾਰੇ ਕਹਿੰਦੇ ਗਏ ਪਿਤ, ਪਿਤਾ ਪੂਤ ਨਾਮ ਜਪਾਈਆ ।

ਤੇਰੀ ਮਹਿਮਾਂ ਗਏ ਲਿਖ, ਤੇਰੀ ਸਿਫ਼ਤ ਕਰੀ ਵਡਿਆਈਆ । ਦਰ ਮੰਗਦੇ ਗਏ ਭਿਖ, ਭਿਖਾਰੀ ਰੂਪ ਜਣਾਈਆ । ਤੇਰਾ ਭੇਵ ਪਾਇਆ ਕਿਸ ਕਿਸ, ਕਿਸਾ ਹਾਲ ਕਵਣ ਸੁਣਾਈਆ । ਤੂੰ ਮਿਹਰ ਕਰਨੀ ਤਿਸ, ਜਿਸ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੁਧ ਬਿਨ ਸਮਝ ਨਾ ਕੋਇ ਸਮਝਾਈਆ । ਅਨਬੋਲਤ ਤੇਰਾ ਡੂੰਘਾ ਸਾਗਰ, ਗਹਿਰ ਗੰਭੀਰ ਤੇਰੀ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤੇਰਾ ਕਰਦੇ ਗਏ ਆਦਰ, ਆਦਰਸ਼ ਇਕੋ ਧਿਆਨ ਲਗਾਈਆ । ਤੂੰ ਸਭ ਨੂੰ ਡੋਬਿਆ ਕਾਇਆ ਗਾਗਰ, ਸਿਰ ਆਪਣਾ ਹੱਥ ਟਿਕਾਈਆ । ਪੰਜ ਤੱਤ ਕਾਇਆ ਦਿਤੀ ਚਾਦਰ, ਪਰਦਾ ਉਹਲਾ ਇਕ ਵਖਾਈਆ । ਬਣਿਉ ਰਹਿਉ ਆਪ ਆਦਲ, ਅਦਾਲਤ ਇਕੋ ਇਕ ਲਗਾਈਆ । ਅੰਤਮ ਸਭ ਦਾ ਬਣ ਕੇ ਕਾਤਲ, ਸਿਰ ਧੜ ਰਹਿਣ ਕੋਇ ਨਾ ਪਾਈਆ । ਤੇਰੀ ਰਹਿਮਤ ਨਜ਼ਰ ਨਾ ਆਈ ਫਾਜ਼ਲ, ਫਜ਼ੂਲ ਗਏ ਵਕਤ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਸਾਜ਼ਸ਼ ਦੇ ਸਮਝਾਈਆ । ਅਨਬੋਲਤ ਤੇਰੀ ਡੂੰਘੀ ਸਾਜ਼ਸ਼, ਰਾਜ਼ ਨਜ਼ਰ ਕਿਸੇ ਨਾ ਆਇਆ । ਜੁਗ ਚੌਕੜੀ ਤੇਰੀ ਆਤਸ਼, ਅਗਨੀ ਅੱਗ ਰੂਪ ਵਟਾਇਆ । ਤੇਰਾ ਭੇਵ ਅਣੋਖਾ ਰਾਕਸ਼, ਲੱਖ ਚੁਰਾਸੀ ਰਿਹਾ ਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਜੋੜ ਵਾਸਤਾ ਪਾਇਆ । ਅਨਬੋਲਤ ਆਪਣਾ ਦੱਸ ਰਾਗ, ਅਨਰਾਗੀ ਤੇਰੇ ਹੱਥ ਵਡਿਆਈਆ । ਪੱਥਰ ਪਾਹਨ ਕਿਵੇਂ ਉਪਜੇ ਵੈਰਾਗ, ਵੈਰਾਗੀ ਰੂਪ ਵਟਾਈਆ । ਸਰਗੁਣ ਨਿਰਗੁਣ ਦੋਹਾਂ ਕਰ ਤਿਆਗ, ਤਿਆਗੀ ਆਪਣੀ ਕਾਰ ਕਮਾਈਆ । ਦੁਰਮਤ ਮੈਲ ਧੋ ਦਾਗ਼, ਮਿਹਰ ਨਜ਼ਰ ਇਕ ਉਠਾਈਆ । ਸਾਡੇ ਮੰਦਰ ਜਗਾ ਚਿਰਾਗ਼, ਨਿਰਗੁਣ ਜੋਤ ਕਰ ਰੁਸ਼ਨਾਈਆ । ਸਾਡਾ ਬਦਲ ਦੇ ਸਮਾਜ, ਆਪਣੀ ਸਮਝ ਨਾਲ ਸਮਝਾਈਆ । ਸਾਡਾ ਰਚ ਸੱਚਾ ਕਾਜ, ਕਰਤਾ ਕੀਮਤ ਆਪਣੇ ਲੇਖੇ ਲਾਈਆ । ਅਨਬੋਲਤ ਬਿਨ ਰਸਨਾ ਜਿਹਵਾ ਮਾਰ ਆਵਾਜ਼, ਬਿਨ ਸੁਰਤੀ ਸੁਰਤ ਮਿਲਾਈਆ । ਤੇਰਾ ਨਾਮ ਗੁਰੂ ਮਹਾਰਾਜ, ਗੁਰਦੇਵ ਤੇਰੀ ਸਰਨਾਈਆ । ਡੁੱਬਦਾ ਪਾਰ ਕਰ ਜਹਾਜ, ਪੱਥਰ ਪਾਹਨ ਦੇ ਤਰਾਈਆ । ਵੇਲੇ ਅੰਤ ਰੱਖ ਲਾਜ, ਨਵ ਨੌਂ ਚਾਰ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਨਬੋਲਤ ਤੇਰਾ ਧਿਆਨ ਲਗਾਈਆ । ਅਨਬੋਲਤ ਤੇਰਾ ਰੂਪ ਪੱਥਰ, ਰਸਨਾ ਜਿਹਵਾ ਨਜ਼ਰ ਕੋਇ ਨਾ ਆਈਆ । ਤੇਰੇ ਵਿਛੋੜੇ ਅੰਦਰ ਲਾ ਕੇ ਬੈਠੇ ਸੱਥਰ, ਜੰਗਲ ਜੂਹ ਉਜਾੜ ਪਹਾੜ ਡੇਰਾ ਲਾਈਆ । ਤੈਨੂੰ ਦਰਦ ਨਾ ਆਇਆ ਬਣ ਕੇ ਦਰਦੀ ਨੀਰ ਨੇਤਰ ਨਾ ਵਿਰੋਲਿਆ ਅੱਥਰ, ਹੰਝੂਆਂ ਧਾਰ ਨਾ ਕੋਇ ਵਹਾਈਆ । ਚੜ੍ਹ ਕੇ ਬੈਠੋਂ ਚੋਟੀ ਸਿਖਰ, ਸਖੀ ਸਰਵਰ ਹੋ ਨਾ ਫੇਰਾ ਪਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਨਾ ਆਇਆ ਫਿਕਰ, ਤੇਰੇ ਪਿਛੇ ਬੈਠੇ ਆਪਣਾ ਆਪ ਗੁਆਈਆ । ਕਲਜੁਗ ਅੰਤਮ ਬਣ ਮਿੱਤਰ, ਮੀਤ ਪਿਆਰੇ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਬੋਲੀ ਦੇ ਸਮਝਾਈਆ । ਅਨਬੋਲਤ ਕਹੇ ਮੇਰੀ ਅਗੰਮੀ ਬੋਲੀ, ਰਸਨਾ ਜਿਹਵਾ ਸਮਝ ਕੋਇ ਨਾ ਆਈਆ । ਨਿਰਗੁਣ ਤੋਲੇ ਸਾਚਾ ਤੋਲੀ, ਤੋਲਣਹਾਰਾ ਬੇਪਰਵਾਹੀਆ । ਕਲਜੁਗ ਅੰਤਮ ਚੁੱਕੇ ਡੋਲੀ, ਸਿਰ ਆਪਣੇ ਭਾਰ ਉਠਾਈਆ । ਜੁਗ ਚੌਕੜੀ ਸਚ ਪ੍ਰੀਤੀ ਜਿਨ੍ਹਾਂ ਘੋਲੀ, ਤਿਨ੍ਹਾਂ ਲੇਖੇ ਲਏ ਲਗਾਈਆ । ਪੰਧ ਮੁਕਾਏ ਹੌਲੀ ਹੌਲੀ, ਹੌਲਾ ਭਾਰ ਸਰਬ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਦਰ ਵੜ ਵੜ ਦਏ ਸਮਝਾਈਆ ।

ਅਨਬੋਲਤ ਅਨਬੋਲਤ ਅੰਦਰ ਵੜਦਾ, ਦਰ ਦਰਵਾਜ਼ਾ ਨਜ਼ਰ ਕਿਸੇ ਨਾ ਆਈਆ । ਸਾਚੇ ਪੌੜੇ ਆਪੇ ਚੜ੍ਹਦਾ, ਚਰਨ ਕਵਲ ਕਦਮ ਕਦਮ ਉਠਾਈਆ । ਪਰੇਮ ਪ੍ਰੀਤੀ ਢੋਲਾ ਪੜ੍ਹਦਾ, ਤੇਰਾ ਮੇਰਾ ਰਾਗ ਅਲਾਈਆ । ਬਿਨ ਰਸਨਾ ਜਿਹਵਾ ਸਾਰੇ ਵਰਦਾ, ਦੇਵਣਹਾਰ ਸੱਚੀ ਸਰਨਾਈਆ । ਮਿਹਰਵਾਨ ਪ੍ਰਭ ਕਿਰਪਾ ਕਰਦਾ, ਕਿਰਪਨ ਆਪਣੇ ਗਲੇ ਲਗਾਈਆ । ਦਰ ਦਰ ਘਰ ਘਰ ਨਰ ਹਰਿ ਫਿਰਦਾ, ਫੇਰੀ ਇਕੋ ਇਕ ਜਣਾਈਆ । ਕਲਜੁਗ ਅੰਤਮ ਗੇੜਾ ਗਿੜਦਾ, ਸ੍ਰੀ ਭਗਵਾਨ ਰਿਹਾ ਭਵਾਈਆ । ਵੇਖੇ ਲੇਖਾ ਸੱਚੇ ਪਿਰਦਾ, ਪੀਆ ਪ੍ਰੀਤਮ ਰਿਹਾ ਮੁਕਾਈਆ । ਲੇਖਾ ਚੁੱਕੇ ਪਿਛਲਾ ਚਿਰ ਦਾ, ਚਿਰੰਜੀਵ ਰਿਹਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਿਨ ਰਸਨਾ ਜਿਹਵਾ ਅਨਬੋਲਤ ਰਿਹਾ ਤਰਾਈਆ ।

## ★ ੧੧ ਜੇਠ ੨੦੨੦ ਬਿਕ੍ਰਮੀ ਸਰਦਾਰਾ ਸਿੰਘ ਦੇ ਗ੍ਰਿਹ ਸ਼ੇਖ਼ਸਰ ਜੰਮੂ ★

ਅਨਬੋਲਤ ਤੇਰਾ ਅਗੰਮੀ ਗੀਤ, ਹੱਥ ਕਿਸੇ ਨਾ ਆਈਆ । ਨਜ਼ਰ ਨਾ ਆਇਆ ਮੰਦਰ ਮਸੀਤ, ਸ਼ਿਵਦਵਾਲੇ ਰੂਪ ਨਾ ਕੋਇ ਧਰਾਈਆ । ਤੇਰਾ ਖੇਲ ਸਦਾ ਅਨਡੀਠ, ਅਨਭਵ ਆਪਣੀ ਧਾਰ ਚਲਾਈਆ । ਬਿਨ ਭਗਤਾਂ ਕਿਸੇ ਨਾ ਬਣਿਆ ਮੀਤ, ਸਚ ਪਿਆਰ ਨਾ ਕੋਇ ਦਰਸਾਈਆ । ਆਦਿ ਜੁਗਾਦੀ ਜੁਗ ਚੌਕੜੀ ਮੀਤ, ਨਿਰਗੁਣ ਸਰਗੁਣ ਸੰਗ ਨਿਭਾਈਆ । ਸਦ ਵਸੇ ਧਾਮ ਅਤੀਤ, ਦਰ ਮੰਦਰ ਸੋਭਾ ਪਾਈਆ । ਕਵਣ ਬਿਧ ਕਰੀਏ ਤੇਰੀ ਸਚ ਪ੍ਰੀਤ, ਸਾਚੀ ਸਿਖਿਆ ਦੇ ਦ੍ਰਿੜ੍ਹਾਈਆ । ਹਉਂ ਕੀਟਨ ਕੀਟ ਨੀਚਨ ਨੀਚ, ਊਚੋ ਊਚ ਤੇਰੀ ਸਰਨਾਈਆ । ਸਾਚੀ ਭਿਖਿਆ ਪਾ ਭੀਖ, ਭਿਖਾਰੀ ਦਰ ਦਰਵੇਸ਼ ਮੰਗਣ ਆਈਆ । ਤੇਰੀ ਸਿਖਿਆ ਲਈਏ ਸੀਖ, ਸਤਿ ਸਤਿ ਕਰ ਪੜ੍ਹਾਈਆ । ਅੰਤਮ ਵੇਲਾ ਦੱਸ ਤਾਰੀਖ਼ ਦਰ ਤੇਰੇ ਮੰਗ ਮੰਗਾਈਆ । ਕਵਣ ਵੇਲਾ ਆਏਂ ਨਜ਼ਦੀਕ, ਦੂਰ ਦੁਰਾਡਾ ਪੰਧ ਮੁਕਾਈਆ । ਲਹਿਣਾ ਦੇਣਾ ਚੁਕਾਏਂ ਠੀਕ, ਠੋਕਰ ਆਪਣੇ ਨਾਮ ਲਗਾਈਆ । ਨਵ ਨੌਂ ਚਾਰ ਗਈ ਬੀਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਤੇਰਾ ਦਰਸ਼ਨ ਪਾਈਆ । ਅਨਬੋਲਤ ਦੱਸ ਸਾਚਾ ਵਕਤ, ਦਰ ਇਕ ਧਿਆਨ ਲਗਾਈਆ । ਕਵਣ ਵੇਲੇ ਲੇਖਾ ਚੁੱਕੇ ਜਗਤ, ਜੁਗਤ ਤੇਰੇ ਹੱਥ ਵਡਿਆਈਆ । ਕਰ ਕਿਰਪਾ ਜਿਵੇਂ ਤਾਰੇਂ ਭਗਤ, ਭਗਵਨ ਆਪਣੀ ਦਇਆ ਕਮਾਈਆ । ਕਿਉਂ ਸਾਡੇ ਵਿਚ ਰੱਖਿਆ ਫ਼ਰਕ, ਬੇਪਰਵਾਹ ਤੇਰੀ ਬੇਪਰਵਾਹੀਆ । ਪਿਛਲਾ ਲੇਖਾ ਕਰ ਤਰਕ, ਤੁਰਤ ਆਪਣਾ ਆਪ ਬਦਲਾਈਆ । ਸਾਡਾ ਜਨਮ ਜਨਮ ਦਾ ਮੇਟ ਹਰਖ਼, ਦੁਖ ਦਰਦ ਦੇ ਗਵਾਈਆ । ਕਿਰਪਾਨਿਧਾਨ ਕਰ ਤਰਸ, ਮਿਹਰ ਨਜ਼ਰ ਇਕ ਉਠਾਈਆ । ਪਰੇਮ ਪ੍ਰੀਤੀ ਮੇਘ ਬਰਸ, ਅਗਨੀ ਤੱਤ ਰਹਿਣ ਨ ਪਾਈਆ । ਨਿਰਗੁਣ ਹੋ ਕੇ ਆਇਉਂ ਪਰਤ, ਸਰਗੁਣ ਰੂਪ ਨਾ ਕੋਇ ਵਟਾਈਆ । ਜੋਤ ਜਗਾਈ ਉਪਰ ਧਰਤ, ਧਰਨੀ ਦੇਵਣਹਾਰ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗ ਲੇਖਾ ਦਏ ਮੁਕਾਈਆ । ਅਨਬੋਲਤ ਤੇਰਾ ਸਚ ਸੰਦੇਸਾ, ਸਦ ਭਾਵਨਾ ਇਕ ਜਣਾਇੰਦਾ । ਚਾਰੋਂ ਕੁੰਟ ਤੂੰ ਹੀ ਪੇਖਾ, ਤੁਧ ਬਿਨ ਨਜ਼ਰ ਕੋਇ ਨਾ ਆਇੰਦਾ । ਕਲਜੁਗ ਅੰਤਮ ਮੁੱਕੇ ਲੇਖਾ, ਹਿਸਾਬ ਬੇਬਾਕ ਸਰਬ ਵਖਾਇੰਦਾ । ਅਸੀਂ ਰਲ ਮਿਲ ਸਭ ਨੇ ਕਰ ਲਿਆ

ਏਕਾ, ਏਕੰਕਾਰਾ ਇਸ਼ਟ ਇਕ ਮਨਾਇੰਦਾ । ਤੂੰ ਭੇਵ ਜਾਣੇਂ ਜੀਅ ਜੀਵ ਕਾ, ਬਚਿਆ ਕੋਇ ਨਜ਼ਰ ਨਾ ਆਇੰਦਾ । ਰਸ ਸਾਰਾ ਹੋਇਆ ਫੀਕਾ, ਅੰਮ੍ਰਿਤ ਧਾਰ ਨਾ ਕੋਇ ਵਹਾਇੰਦਾ । ਜੁਗ ਚਾਰ ਦਾ ਵੇਲਾ ਬੀਤਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਤੇਰਾ ਇਕ ਸੁਹਾਇੰਦਾ । ਅਨਬੋਲਤ ਤੇਰੀ ਅਗੰਮੀ ਮਿਹਰ, ਮਿਹਰਵਾਨ ਤੇਰੀ ਵਡਿਆਈਆ । ਨਿਰਗੁਣ ਕਿਉਂ ਲਾਈ ਡੇਰ, ਸ਼ਾਹ ਪਾਤਸ਼ਾਹ ਸੱਚੇ ਸ਼ਹਿਨਸ਼ਾਹੀਆ । ਨਾਉਂ ਰੱਖ ਆਪਣਾ ਸ਼ੇਰ, ਸ਼ਬਦੀ ਗਰਜ਼ ਇਕ ਜਣਾਈਆ । ਦੋ ਜਹਾਨਾਂ ਰਿਹਾ ਘੇਰ, ਘੇਰਾ ਇਕੋ ਵਾਰ ਪਾਈਆ । ਲੱਖ ਚੁਰਾਸੀ ਕਰੇਂ ਢੇਰ, ਢੇਰੀ ਸਭ ਦੀ ਖ਼ਾਕ ਮਿਲਾਈਆ । ਸਾਹਿਬ ਸਤਿਗੁਰ ਗੇੜੇਂ ਗੇੜ, ਗੇੜਾ ਆਪਣੇ ਨਾਮ ਭਵਾਈਆ । ਦੋ ਜਹਾਨਾਂ ਛੇੜੇਂ ਛੇੜ, ਛੇਕੜ ਆਪਣਾ ਹੁਕਮ ਵਰਤਾਈਆ । ਲਹਿਣਾ ਦੇਣਾ ਦੇਵੇਂ ਨਬੇੜ, ਬਾਕੀ ਕੋਇ ਨਜ਼ਰ ਨਾ ਆਈਆ । ਨਿਰਗੁਣ ਸਰਗੁਣ ਦੇਵੇਂ ਭੇੜ, ਖੇਲ ਵੇਖੇਂ ਥਾਉਂ ਥਾਈਆ । ਸ਼ਾਹੋ ਭੂਪ ਬਣ ਦਲੇਰ, ਸਚ ਦਲੇਰੀ ਰਿਹਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰਸ ਦਿਖਾ ਨੇਰਨ ਨੇਰ, ਬਿਨ ਨੇਤਰ ਨੈਣ ਮਿਲਾਈਆ । ਅਨਬੋਲਤ ਤੇਰਾ ਖੇਲ ਅਨੋਖਾ, ਅਨਭਵ ਆਪਣੀ ਕਾਰ ਕਮਾਇੰਦਾ । ਕਲਜੁਗ ਅੰਤ ਨਾ ਦੇਈਂ ਧੋਖਾ, ਦਰੋਹੀ ਤੇਰੇ ਨਾਮ ਪਾਇੰਦਾ । ਓਨ੍ਹਾਂ ਮਾਰਗ ਦੱਸ ਸੌਖਾ, ਸੋਭਾ ਤੇਰੇ ਦਰ ਗਾਇੰਦਾ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਦੋਹਾਂ ਨੂੰ ਮੇਰਾ ਮੌਕਾ, ਮੇਲ ਮਿਲਾਵਾ ਇਕੋ ਇਕ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਤੇਰਾ ਇਕ ਰਖਾਇੰਦਾ । ਅਨਬੋਲਤ ਤੇਰਾ ਦਰ ਦਰਵਾਜ਼ਾ, ਸ੍ਰੀ ਭਗਵਾਨ ਇਕੋ ਨਜ਼ਰੀ ਆਈਆ । ਆਦਿ ਜੁਗਾਦੀ ਗ਼ਰੀਬ ਨਿਵਾਜਾ, ਮਿਹਰਵਾਨ ਤੇਰੀ ਸਰਨਾਈਆ । ਕਰ ਕਿਰਪਾ ਤੂੰ ਸਾਜਣ ਸਾਜਾ, ਅੰਤ ਤੇਰੀ ਸਰਨ ਤਕਾਈਆ । ਜਿਉਂ ਭਾਵੇਂ ਤਿਉਂ ਰੱਖੀਂ ਲਾਜਾ, ਕਿਉਂ ਬੈਠਾ ਮੁਖ ਭਵਾਈਆ । ਸਦਾ ਸਹਾਈ ਨਾਥ ਅਨਾਥਾਂ, ਦੇਵਣਹਾਰ ਵਡਿਆਈਆ । ਤੇਰੇ ਚਰਨ ਕਵਲ ਟਿਕਾਇਆ ਮਾਥਾ, ਮਸਤਕ ਧੂੜੀ ਟਿੱਕਾ ਲਾਈਆ । ਤੂੰ ਸਾਹਿਬ ਸੁਲਤਾਨ ਪੁਰਖ ਸਮਰਾਥਾ, ਸਚ ਸੁੱਚ ਤੇਰੀ ਸ਼ਰਨਾਈਆ । ਜੋਤੀ ਜ਼ਾਤ ਵਿਚੋਂ ਤੂੰ ਹੀ ਜਾਤਾ, ਨਿਰਗੁਣ ਜੋਤ ਨੂਰ ਰੁਸ਼ਨਾਈਆ । ਸਾਡਾ ਪਾੜ ਪਿਛਲਾ ਖਾਤਾ, ਅੱਗੇ ਲੇਖਾ ਦੇ ਜਣਾਈਆ । ਤੇਰੇ ਪਰਮ ਵਿਛੋੜੇ ਅੰਦਰ ਕੱਟਿਆ ਫ਼ਾਕਾ, ਫ਼ਿਕਰ ਸਾਰਾ ਦੇ ਗਵਾਈਆ । ਚਰਨ ਕਵਲ ਜੋੜ ਨਾਤਾ, ਬਿਧਾਤਾ ਤੇਰੀ ਸਰਨ ਤਕਾਈਆ । ਤੂੰਹੀ ਪਿਤਾ ਤੂੰਹੀ ਮਾਤਾ, ਪਿਤਾ ਪੂਤ ਗੋਦ ਸੁਹਾਈਆ । ਨਥਾਵਿਆਂ ਬਣੇਂ ਆਪੇ ਰਾਖਾ, ਮਿਹਰ ਨਜ਼ਰ ਇਕ ਉਠਾਈਆ । ਅਸੀਂ ਤੇਰੀ ਗਾਈਏ ਗਾਥਾ, ਸੋਹਲਾ ਤੇਰਾ ਨਾਮ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਜੋਤੀ ਜਾਤਾ ਤੇਰੀ ਮਿਲੇ ਸਚ ਸਰਨਾਈਆ । ਅਨਬੋਲਤ ਤੇਰਾ ਖੇਲ ਅਪਾਰਾ, ਅਪਰੰਪਰ ਤੇਰੀ ਧਾਰ ਨਜ਼ਰ ਨਾ ਆਈਆ । ਤੂੰ ਸਾਹਿਬ ਸੁਲਤਾਨ ਸੱਚਾ ਸਿਕਦਾਰਾ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਨਿਰਗੁਣ ਨੂਰ ਜੋਤ ਉਜਿਆਰਾ, ਨਿਰੰਕਾਰ ਇਕੋ ਨੂਰ ਨੂਰ ਰੁਸ਼ਨਾਈਆ । ਮਹੱਲ ਅਟੱਲ ਤੇਰਾ ਮਨਾਰਾ, ਸਚ ਮਕਾਨ ਸੋਭਾ ਪਾਈਆ । ਹੁਕਮੀ ਹੁਕਮ ਧੁਰ ਦਰਬਾਰਾ, ਸਚ ਸੰਦੇਸਾ ਇਕ ਸੁਣਾਈਆ । ਜੁਗ ਚੌਕੜੀ ਔਂਦੇ ਰਹੇ ਗੁਰੂ ਅਵਤਾਰਾ, ਦਰ ਦਰ ਤੇਰਾ ਨਾਮ ਅਲੱਖ ਜਗਾਈਆ । ਸਾਡਾ ਕਿਸੇ ਕਰਿਆ ਨਾ ਪਾਰ ਉਤਾਰਾ, ਜੀਉਂਦੇ ਜੀਵ ਸਰਬ ਤਰਾਈਆ । ਮਰਿਆਂ ਪਾਏ ਨਾ ਕੋਇ ਸਾਰਾ, ਮਿਰਤਕ ਵੰਡ ਨਾ ਕੋਇ ਵੰਡਾਈਆ । ਚਰਨ ਕਵਲ ਦਿਤਾ ਨਾ ਕਿਸੇ ਸਹਾਰਾ, ਸਿਰ ਹੱਥ ਨਾ ਕੋਇ ਟਿਕਾਈਆ । ਕਲਜੁਗ ਅੰਤਮ ਵੇਖ ਕਿਨਾਰਾ, ਤੂੰ

ਕਿਰਪਾ ਆਪ ਕਮਾਈਆ । ਤੇਰਾ ਸਚ ਸੱਚਾ ਦਰਬਾਰਾ, ਸਚ ਤੇਰੀ ਸਰਨਾਈਆ । ਦੋਏ ਜੋੜ ਕਰਨ ਨਿਮਸਕਾਰਾ, ਪਾਹਨ ਪਾਥਰ ਸੀਸ ਝੁਕਾਈਆ । ਤੇਰੇ ਭਗਤਾਂ ਨਾਲ ਵੇਖੀਏ ਸਚ ਮਨਾਰਾ, ਸਚਖੰਡ ਸਾਚੇ ਸੇਜ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਘਰ ਤੇਰੇ ਮਿਲੇ ਸਰਨਾਈਆ । ਜਨ ਭਗਤਾਂ ਰੱਖੇ ਸੱਚਾ ਸੰਗ, ਸ੍ਰੀ ਭਗਵਾਨ ਆਪ ਜਣਾਇੰਦਾ । ਬਿਨ ਕਾਇਆ ਚੋਲੀ ਚੜ੍ਹੇ ਰੰਗ, ਰੰਗ ਰੰਗੀਲਾ ਆਪ ਰੰਗਾਇੰਦਾ । ਬਿਨ ਰਸਨਾ ਜਿਹਵਾ ਦਾਨ ਲਿਆ ਮੰਗ, ਅਨਮੰਗੀ ਦਾਤ ਝੋਲੀ ਪਾਇੰਦਾ । ਬਿਨ ਦੰਦਾਂ ਗਾਇਆ ਛੰਦ, ਸੋਹਲਾ ਇਕੋ ਇਕ ਸਮਝਾਇੰਦਾ । ਬਿਨ ਪੈਰਾਂ ਮੁਕੇ ਪੰਧ, ਪਾਂਧੀ ਆਪਣੇ ਲੇਖੇ ਲਾਇੰਦਾ । ਨਿਹਕਰਮੀ ਕਰਮ ਕਾਂਡ ਬਿਨਾਂ ਲਏ ਗੰਢ, ਗੰਢ ਆਪਣੇ ਨਾਮ ਪੁਆਇੰਦਾ । ਬਿਨ ਰਸਨਾ ਗਾਓ ਛੰਦ, ਤੇਰਾ ਮੇਰਾ ਰਾਗ ਸੁਣਾਇੰਦਾ । ਲੇਖਾ ਚੁੱਕੇ ਧਾਰ ਮੰਝ, ਪਾਰ ਕਿਨਾਰਾ ਇਕ ਜਣਾਇੰਦਾ । ਨਾਤਾ ਤੁਟੇ ਸਵੇਰ ਸੰਝ, ਘੜੀ ਪਲ ਨਾ ਕੋਇ ਵਖਾਇੰਦਾ । ਸੇਜ ਸੁਹੰਜਣੀ ਸੁਹਾਏ ਪਲੰਘ, ਆਸਣ ਸਿੰਘਾਸਣ ਇਕ ਵਡਿਆਇੰਦਾ । ਚਰਨ ਦਵਾਰ ਦਏ ਅਨੰਦ, ਅਨੰਦ ਅਨੰਦ ਵਿਚੋਂ ਪਰਗਟਾਇੰਦਾ । ਕੋਈ ਰਹੇ ਨਾ ਭਾਗਾਂ ਮੰਦ, ਜਿਨ੍ਹਾਂ ਆਪਣੇ ਸੰਗ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਮਰਦੰਗ ਨਾਮ ਵਜਾਇੰਦਾ ।

## ★ ੧੧ ਜੇਠ ੨੦੨੦ ਬਿਕ੍ਰਮੀ ਤੇਜ ਭਾਨ ਦੇ ਗ੍ਰਿਹ ਸ਼ੇਖ਼ਸਰ ਜੰਮੂ ★

ਕਿਰਪਾ ਕਰੇ ਸ੍ਰੀ ਭਗਵਾਨ, ਜਨ ਭਗਤ ਦਏ ਵਡਿਆਈਆ । ਬਿਨ ਅੱਖਰਾਂ ਜਣਾਏ ਨਾਮ, ਬਿਨ ਸਤਰਾਂ ਕਰੇ ਪੜ੍ਹਾਈਆ । ਬਿਨ ਪੱਥਰਾਂ ਕਰਾਏ ਪਰਨਾਮ, ਬਿਨ ਸੱਥਰਾਂ ਸੇਜ ਹੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਬਿਨ ਅੱਖਰਾਂ ਦੇਵੇ ਨਾਮ, ਪ੍ਰਭ ਆਪਣੀ ਦਇਆ ਕਮਾਇੰਦਾ । ਬਿਨ ਪੱਥਰਾਂ ਮਿਲਾਏ ਰਾਮ, ਰਮੱਯਾ ਆਪਣੀ ਕਾਰ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਸਮਝਾਇੰਦਾ । ਸਾਚਾ ਖੇਲ ਭਗਤ ਭਗਵਾਨ, ਸੋ ਪੁਰਖ ਨਿਰੰਜਣ ਆਪ ਜਣਾਈਆ । ਨਿਰਗੁਣ ਨਿਰਗੁਣ ਦੇਵੇ ਦਾਨ, ਸਰਗੁਣ ਸਰਗੁਣ ਬੂਝ ਬੁਝਾਈਆ । ਸ਼ਬਦੀ ਸ਼ਬਦ ਕਰੇ ਕਲਿਆਣ, ਅਨਾਦੀ ਨਾਦ ਨਾਦ ਸ਼ਨਵਾਈਆ । ਜੋਤੀ ਜੋਤ ਜੋਤ ਮਹਾਨ, ਦੀਪਕ ਦੀਆ ਇਕ ਰੁਸ਼ਨਾਈਆ । ਮੰਦਰ ਅੰਦਰ ਸਚ ਮਕਾਨ, ਗ੍ਰਿਹ ਕਰੇ ਇਕ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਭਗਤ ਵਡਿਆਈਆ । ਭਗਤ ਵਡਿਆਈ ਭਗਤੀ ਭਾਉ, ਸ੍ਰੀ ਭਗਵਾਨ ਦਇਆ ਕਮਾਇੰਦਾ । ਸਦਾ ਸੁਹੇਲਾ ਮੇਲ ਮਿਲਣ ਦਾ ਰੱਖੇ ਚਾਉ, ਚਾਉ ਘਨੇਰਾ ਇਕ ਜਣਾਇੰਦਾ । ਇਹ ਆਪੇ ਬੇਪਰਵਾਹੋ, ਬੇਪਰਵਾਹੀ ਕਾਰ ਕਮਾਇੰਦਾ । ਖੇਲੇ ਖੇਲ ਅਗੰਮ ਅਥਾਹੋ, ਨਿਰਗੁਣ ਨਿਰਵੈਰ ਨਜ਼ਰ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਸੁਹੇਲਾ ਵੇਸ ਵਟਾਇੰਦਾ । ਭਗਤ ਸੁਹੇਲਾ ਸਾਹਿਬ ਸਤਿਗੁਰ, ਸੋ ਸਤਿ ਸਤਿ ਵਡਿਆਈਆ । ਹਰਿ ਪੁਰਖ ਨਿਰੰਜਣ ਲੇਖਾ ਜਾਣੇ ਧੁਰ, ਏਕੰਕਾਰ ਫੇਰਾ ਪਾਈਆ । ਨਿਰਗੁਣ ਜੋਤੀ ਸ਼ਬਦੀ ਧਾਰ ਜੁੜ, ਮੇਲ ਮਿਲਾਵਾ ਸਹਿਜ ਸੁਭਾਈਆ । ਆਤਮ ਪਰਮਾਤਮ ਏਕਾ ਲੋੜ, ਆਸਾ ਆਸਾ ਵਿਚ ਸਮਾਈਆ । ਪਾਰਬ੍ਰਹਮ

ਬ੍ਰਹਮ ਪਏ ਬੌਹੜ, ਦੂਰ ਦੁਰਾਡਾ ਪੰਧ ਮੁਕਾਈਆ । ਗ੍ਰਿਹਿ ਮੰਦਰ ਕਰ ਕੇ ਵੇਖੇ ਗ਼ੌਰ, ਗਹਿਰ ਗੰਭੀਰ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਵਨ ਆਪਣਾ ਖੇਲ ਕਰਾਈਆ । ਭਗਵਨ ਖੇਲ ਭਗਤ ਆਧਾਰ, ਸ੍ਰੀ ਭਗਵਾਨ ਦਇਆ ਕਮਾਇੰਦਾ । ਸਾਚੀ ਕਰਨੀ ਕਰਮ ਵਿਚਾਰ, ਨਿਹਕਰਮੀ ਵੇਖ ਵਖਾਇੰਦਾ । ਸਾਚੀ ਸਰਨੀ ਏਕੰਕਾਰ, ਸਰਨਗਤ ਇਕ ਸਮਝਾਇੰਦਾ । ਸਾਚੀ ਕਰਨੀ ਸਿਰਜਣਹਾਰ, ਸਚ ਕਿਨਾਰਾ ਇਕ ਦ੍ਰਿੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਰੰਗ ਰੰਗਾਇੰਦਾ । ਸਚ ਕਿਨਾਰਾ ਭਗਤ ਭਗਵਾਨ, ਏਕੰਕਾਰ ਆਪ ਜਣਾਈਆ । ਸਚ ਧਰਮ ਦਾ ਸਚ ਨਿਸ਼ਾਨ, ਸ਼ਾਹ ਪਾਤਸ਼ਾਹ ਦਏ ਵਖਾਈਆ । ਮੀਤ ਮੁਰਾਰਾ ਦੋ ਜਹਾਨ, ਬ੍ਰਹਿਮੰਡ ਖੰਡ ਵੇਖੇ ਥਾਉਂ ਥਾਈਆ । ਸ਼ਬਦੀ ਨਾਦ ਸੱਚੀ ਧੁਨਕਾਨ, ਰਾਗ ਅਨਾਦ ਕਰੇ ਸ਼ਨਵਾਈਆ । ਮਹੱਲ ਅਟੱਲ ਵਿਚ ਮਕਾਨ, ਗ੍ਰਿਹਿ ਮੰਦਰ ਸੋਭਾ ਪਾਈਆ । ਜੋਧਾ ਸੂਰਬੀਰ ਬਲਵਾਨ, ਨੌਜਵਾਨ ਰੂਪ ਜਣਾਈਆ । ਨਾਮ ਨਿਧਾਨ ਧੁਰ ਫ਼ਰਮਾਨ, ਸੰਦੇਸ ਇਕੋ ਇਕ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜਨ ਭਗਤਾਂ ਭਗਤੀ ਰੂਪ ਸਮਾਈਆ । ਭਗਤੀ ਭਗਤ ਭਗਤਨ ਦਾਸੀ, ਦਾਸਨ ਦਾਸ ਰੂਪ ਧਰਾਇੰਦਾ । ਨਿਰਗੁਣ ਸਰਗੁਣ ਬਣ ਬਣ ਸਾਥੀ, ਸਗਲਾ ਸੰਗ ਨਿਭਾਇੰਦਾ । ਆਤਮ ਪਰਮਾਤਮ ਮੇਲ ਮਿਲਾਵਾ ਕਮਲਾਪਾਤੀ, ਨਾਰ ਕੰਤ ਸ੍ਰੀ ਭਗਵੰਤ ਆਪਣਾ ਸੰਗ ਰਖਾਇੰਦਾ । ਅੰਦਰ ਬਾਹਰ ਖੋਲ੍ਹਣਹਾਰ ਤਾਕੀ, ਬੰਦ ਕਿਵਾੜਾ ਕੁੰਡਾ ਲਾਹਿੰਦਾ । ਸਬਰ ਪਿਆਲਾ ਦੇਵੇ ਸਾਕੀ, ਸਤਿ ਸਤਿਵਾਦੀ ਮਿਹਰ ਨਜ਼ਰ ਉਠਾਇੰਦਾ । ਉਤਮ ਕਰੇ ਹਰਿਜਨ ਜ਼ਾਤੀ, ਅਜ਼ਾਤੀ ਰੂਪ ਨਾ ਕੋਇ ਵਟਾਇੰਦਾ । ਦਿਵਸ ਰੈਣ ਰੱਖੇ ਪਰਭਾਤੀ, ਘੜੀ ਪਲ ਵੰਡ ਨਾ ਕੋਇ ਵੰਡਾਇੰਦਾ । ਕਲਜੁਗ ਅੰਤ ਮੇਟ ਅੰਧੇਰੀ ਰਾਤੀ, ਸਤਿਜੁਗ ਸਾਚਾ ਚੰਦ ਚਮਕਾਇੰਦਾ । ਪਾਰਬ੍ਰਹਮ ਬ੍ਰਹਮ ਗਾਏ ਗਾਥੀ, ਢੋਲਾ ਇਕੋ ਰਾਗ ਅਲਾਇੰਦਾ । ਚਰਨ ਕਵਲ ਬੰਧਾਏ ਨਾਤੀ, ਨਾਤਾ ਬਿਧਾਤਾ ਜੋੜ ਜੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਮੇਲ ਮਿਲਾਇੰਦਾ । ਜਨ ਭਗਤਾਂ ਮੇਲ ਪੁਰਖ ਸਮਰਥ, ਕਲ ਅੰਤਮ ਆਪ ਕਰਾਈਆ । ਨਿਰਗੁਣ ਹੋ ਕੇ ਮਾਰਗ ਦੱਸ, ਸਰਗੁਣ ਕਰੇ ਸਚ ਪੜ੍ਹਾਈਆ । ਆਤਮ ਹੋ ਪਰਮਾਤਮ ਵਸ, ਪਰਮਾਤਮ ਆਤਮ ਬੂਝ ਬੁਝਾਈਆ । ਬ੍ਰਹਮ ਦੇਵੇ ਪਾਰਬ੍ਰਹਮ ਰਸ, ਨਿਝਰ ਝਿਰਨਾ ਇਕ ਝਿਰਾਈਆ । ਜੋਤ ਨਿਰੰਜਣ ਆਦਿ ਨਿਰੰਜਣ ਕਰੇ ਪਰਕਾਸ਼, ਦੀਵਾ ਬਾਤੀ ਇਕ ਟਿਕਾਈਆ । ਨਾਮ ਨਿਧਾਨ ਸੁਣਾਏ ਨਦ, ਅਨਹਦ ਸਾਚੀ ਸੇਵ ਕਮਾਈਆ । ਅੰਮ੍ਰਿਤ ਜਾਮ ਪਿਆਏ ਮਧ, ਸਚ ਸਚ ਖ਼ੁਮਾਰ ਚੜ੍ਹਾਈਆ । ਨਿਰਵੈਰ ਹੋ ਕੇ ਕਰੇ ਲੱਡ, ਆਪ ਆਪਣੀ ਗੋਦ ਬਹਾਈਆ । ਸਰਗੁਣ ਹੋ ਕੇ ਵੇਖੇ ਅੱਡ, ਭੇਵ ਅਭੇਦ ਅਭੇਵ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦ ਵਡਿਆਈਆ । ਭਗਤ ਵਡਿਆਈ ਦੇਵੇ ਆਪ, ਪ੍ਰਭ ਆਪਣੀ ਦਇਆ ਕਮਾਇੰਦਾ । ਦੇਵਣਹਾਰਾ ਸਾਚਾ ਜਾਪ, ਨਾਮ ਨਿਧਾਨਾ ਝੋਲੀ ਪਾਇੰਦਾ । ਵੇਖਣਹਾਰਾ ਖੇਲ ਤਮਾਸ਼, ਨਿਰਗੁਣ ਸਰਗੁਣ ਖੇਲ ਰਚਾਇੰਦਾ । ਪੂਰੀ ਕਰਨਹਾਰਾ ਆਸ, ਆਸਾ ਤ੍ਰਿਸਨਾ ਮੇਟ ਮਿਟਾਇੰਦਾ । ਬੁਝਾਵਣਹਾਰਾ ਪਿਆਸ, ਅੰਮ੍ਰਿਤ ਮੇਘ ਆਪ ਬਰਸਾਇੰਦਾ । ਕਰਨਹਾਰਾ ਭੋਗ ਬਲਾਸ, ਸਾਚੀ ਸੇਜਾ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਵਨ ਰੰਗ ਆਪ ਰੰਗਾਇੰਦਾ । ਭਗਵਨ ਰੰਗ ਭਗਵਨ ਹੱਥ, ਸ੍ਰੀ ਭਗਵਾਨ ਆਪ ਰੰਗਾਇੰਦਾ । ਆਦਿ ਜੁਗਾਦਿ ਜੁਗ ਚੌਕੜੀ

ਦੋ ਜਹਾਨ ਨਾ ਜਾਏ ਲੱਥ, ਕਸੁੰਭੜਾ ਰੂਪ ਨਾ ਕੋਇ ਵਟਾਇੰਦਾ । ਵੇਖਣਹਾਰ ਪੁਰਖ ਸਮਰਥ, ਨੇਤਰ ਨੈਣ ਨੈਣ ਉਠਾਇੰਦਾ । ਗ੍ਰਿਹਿ ਮੰਦਰ ਸਾਚੇ ਵਸ, ਘਰ ਸਾਚਾ ਇਕ ਸੁਹਾਇੰਦਾ । ਬਿਨ ਸਖੀਆਂ ਗਾਵੇ ਜਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਬੋਲਾ ਰਾਗ ਅਲਾਇੰਦਾ । ਭਗਤ ਭਗਵਾਨ ਬੋਲਾ ਅਨਰਾਗ, ਅਨਰਾਗੀ ਰਾਗ ਅਲਾਈਆ । ਬਿਨ ਇਛਿਆ ਬਿਨ ਤ੍ਰਿਸਨਾ ਉਪਜਾਏ ਵੈਰਾਗ, ਵੈਰਾਗੀ ਆਪਣੀ ਕਾਰ ਕਮਾਈਆ । ਬਿਨ ਸੱਦਿਆਂ ਬਿਨ ਪੁਛਿਆਂ ਦੇਵੇ ਸਾਥ, ਹਰਿ ਸਗਲਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਦੇਵਣਹਾਰ ਵਡਿਆਈਆ । ਭਗਤ ਵਡਿਆਈ ਦੇਵਣ ਆਇਆ, ਸ੍ਰੀ ਭਗਵਾਨ ਦਇਆ ਕਮਾਇੰਦਾ । ਕਲਜੁਗ ਅੰਤਮ ਖੇਲ ਖਲਾਇਆ, ਨਰ ਹਰਿ ਆਪੇ ਵੇਖ ਵਖਾਇੰਦਾ । ਨਿਰਗੁਣ ਸਰਗੁਣ ਵੇਸ ਵਟਾਇਆ, ਕਰਨੀ ਕਰਤਾ ਆਪ ਕਮਾਇੰਦਾ । ਗੁਰ ਅਵਤਾਰ ਨਜ਼ਰ ਨਾ ਆਇਆ, ਪੰਜ ਤੱਤ ਨਾ ਕੋਇ ਹੰਡਾਇੰਦਾ । ਰਸਨਾ ਜਿਹਵਾ ਰਾਗ ਨਾ ਗਾਇਆ, ਬੱਤੀ ਦੰਦ ਨਾ ਸਿਫ਼ਤ ਸਾਲਾਹਿੰਦਾ । ਸੇਜ ਪਲੰਘ ਨਾ ਕੋਇ ਹੰਡਾਇਆ, ਬਸਤਰ ਭੂਸ਼ਨ ਨਾ ਤਨ ਸੁਹਾਇੰਦਾ । ਸਾਕ ਸੈਣ ਨਾ ਕੋਇ ਬਣਾਇਆ, ਜਗਤ ਕੁਟੰਬ ਨਾ ਕੋਇ ਹੰਡਾਇੰਦਾ । ਪੁੱਤਰ ਧੀ ਨਾ ਗੰਢ ਪੁਆਇਆ, ਨਾਰ ਕੰਤ ਨਾ ਵੇਸ ਵਟਾਇੰਦਾ । ਪੁਰਖ ਅਬਿਨਾਸ਼ੀ ਫੇਰਾ ਪਾਇਆ, ਰੂਪ ਰੰਗ ਰੇਖ ਨਜ਼ਰ ਕਿਸੇ ਨਾ ਆਇੰਦਾ । ਸ਼ਬਦ ਅਨਾਦੀ ਰਾਗ ਅਲਾਇਆ, ਲਿਖਣ ਪੜ੍ਹਨ ਵਿਚ ਨਾ ਆਇੰਦਾ । ਵਿਸਮਾਦੀ ਹੋ ਕੇ ਡੇਰਾ ਲਾਇਆ, ਬ੍ਰਹਮ ਬ੍ਰਹਿਮਾਦੀ ਖੋਜ ਖੁਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਵਾਨ ਵੇਖ ਵਖਾਇੰਦਾ । ਭਗਤ ਵੇਖਣ ਆਏ ਘਰ ਘਰ, ਘਰ ਆਪਣਾ ਦਏ ਵਖਾਈਆ । ਦਰਵੇਸ਼ ਹੋ ਕੇ ਫਿਰੇ ਦਰ ਦਰ, ਦਰ ਦਰਵਾਜ਼ਾ ਪਰਦਾ ਲਾਹੀਆ । ਨਰੇਸ਼ ਹੋ ਕੇ ਦੇਵੇ ਵਰ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਮਰਗੇਸ਼ ਹੋ ਕੇ ਚੁਕਾਏ ਡਰ, ਭੈ ਭੌ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਵਨ ਮੇਲਾ ਸਹਿਜ ਸੁਭਾਈਆ । ਭਗਵਨ ਮੇਲਾ ਭਗਤ ਆਧਾਰ, ਸੋ ਸਾਹਿਬ ਦਇਆ ਕਮਾਇੰਦਾ । ਕਾਗ਼ਜ਼ ਕਲਮ ਨਾ ਲਿਖਣਹਾਰ, ਲੇਖਾ ਆਪਣੇ ਹੱਥ ਰਖਾਇੰਦਾ । ਖਾਣੀ ਬਾਣੀ ਚਾਰ ਯੁਗ ਗਈ ਹਾਰ, ਚੌਕੜ ਕੀਮਤ ਕੋਇ ਨਾ ਪਾਇੰਦਾ । ਪੁੱਠੀ ਨਰਦ ਰੋਵੇ ਜ਼ਾਰੋ ਜ਼ਾਰ, ਸਾਰ ਪਾਸਾ ਖੇਲ ਨਾ ਕੋਇ ਖਲਾਇੰਦਾ । ਚਾਰੇ ਕੁੰਟਾਂ ਹਾਹਾਕਾਰ, ਧੀਰਜ ਧੀਰ ਨਾ ਕੋਇ ਕਰਾਇੰਦਾ । ਜਨ ਭਗਤਾਂ ਕਰੇ ਪਿਆਰ, ਸਾਜਣ ਮੀਤ ਆਪ ਹੋ ਜਾਇੰਦਾ । ਮਹੱਲ ਅਟੱਲ ਇਕ ਉਸਾਰ, ਸਾਢੇ ਤਿੰਨ ਹੱਥ ਸੋਭਾ ਪਾਇੰਦਾ । ਦੀਆ ਬਾਤੀ ਕਰ ਉਜਿਆਰ, ਕਮਲਾਪਾਤੀ ਮੇਲ ਮਿਲਾਇੰਦਾ । ਸਾਚਾ ਸਾਕੀ ਭਰ ਪਿਆਲ, ਸਾਚਾ ਜਾਮ ਇਕ ਪਿਆਇੰਦਾ । ਦੀਨਾ ਨਾਥ ਹੋ ਦਿਆਲ, ਠਾਕਰ ਸਵਾਮੀ ਆਪਣਾ ਘਰ ਵਸਾਇੰਦਾ । ਲੇਖਾ ਜਾਣ ਗੁਰ ਗੋਪਾਲ, ਗੁਣੀ ਗਹਿੰਦ ਆਪਣੀ ਕਾਰ ਕਮਾਇੰਦਾ । ਸਚ ਧਰਮ ਦੀ ਸੱਚੀ ਧਰਮਸਾਲ, ਧਰਮ ਦਵਾਰ ਇਕ ਖੁਲਾਇੰਦਾ । ਪੁਛਣਹਾਰ ਮੁਰੀਦਾਂ ਹਾਲ, ਮੁਰਸ਼ਦ ਆਪਣਾ ਵੇਸ ਵਟਾਇੰਦਾ । ਕਲਜੁਗ ਚਲੇ ਅਵਲੜੀ ਚਾਲ, ਚਾਲ ਨਿਰਾਲੀ ਇਕ ਰਖਾਇੰਦਾ । ਨਿਰਗੁਣ ਸਰਗੁਣ ਬਣ ਦਲਾਲ, ਸਾਚੀ ਵਸਤ ਇਕ ਵਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭਗਤ ਭਗਵਾਨ ਇਕੋ ਘਰ ਬਹਾਇੰਦਾ । ਭਗਤ ਭਗਵਾਨ ਘਰ ਸਾਚੇ ਬਹਿਣਾ, ਦੇਵਣਹਾਰ ਵਡ ਵਡਿਆਈਆ । ਨੇਤਰ ਪੇਖੇ ਲੋਚਣ ਨੈਣਾਂ, ਦਰਸੀ ਦਰਸ ਦਰਸ ਕਰਾਈਆ । ਅਗਲਾ ਪਿਛਲਾ

ਜਨਮ ਕਰਮ ਚੁੱਕੇ ਲਹਿਣਾ, ਦੇਣਾ ਸਭ ਦੀ ਝੋਲੀ ਪਾਈਆ । ਮਹੱਲ ਅਟੱਲ ਉਚ ਮਨਾਰ ਸ੍ਰੀ ਭਗਵਾਨ ਮੰਨਣਾ ਕਹਿਣਾ, ਧੁਰ ਫ਼ਰਮਾਨਾ ਹੁਕਮ ਜਣਾਈਆ । ਸੀਸ ਜਗਦੀਸ ਭਾਣਾ ਸਹਿਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਸਿਖਿਆ ਇਕ ਦ੍ਰਿੜਾਈਆ । ਸਾਚੀ ਸਿਖਿਆ ਭਗਤ ਭਗਵਾਨ, ਆਦਿ ਜੁਗਾਦਿ ਜਣਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਇਕ ਇਕ ਦੇਂਦਾ ਆਇਆ ਦਾਨ, ਏਕੰਕਾਰ ਆਪਣੀ ਕਾਰ ਕਮਾਇੰਦਾ । ਸ਼ਾਹੋ ਭੂਪ ਪਾਰਬ੍ਰਹਮ ਪਤਿਪਰਮੇਸ਼ਵਰ ਭਗਤ ਇਕੱਠੇ ਕੀਤੇ ਆਣ, ਆਣ ਆਪਣੀ ਏਕਾ ਪਾਇੰਦਾ । ਬਿਨ ਪੜ੍ਹਿਆਂ ਦੇਵੇ ਗਿਆਨ, ਬਿਨ ਅੱਖਰਾਂ ਅੱਖਰ ਸਮਝਾਇੰਦਾ । ਬਿਨ ਮੰਗਿਆਂ ਦੇਵੇ ਦਾਨ, ਦਾਤਾ ਦਾਨੀ ਦਇਆ ਕਮਾਇੰਦਾ । ਬਿਨ ਹੁਕਮ ਕਰੇ ਫ਼ਰਮਾਨ, ਹੁਕਮ ਹਾਕਮ ਆਪ ਸੁਣਾਇੰਦਾ । ਬਿਨ ਮੰਦਰ ਵਖਾਏ ਮਕਾਨ, ਸਚ ਦਵਾਰ ਸੋਭਾ ਪਾਇੰਦਾ । ਬਿਨ ਸਰੋਵਰ ਕਰਾਏ ਅਸ਼ਨਾਨ, ਦੁਰਮਤ ਮੈਲ ਧਵਾਇੰਦਾ । ਬਿਨ ਗੋਪੀ ਨਜ਼ਰੀ ਆਏ ਕਾਹਨ, ਰੂਪ ਰੰਗ ਰੇਖ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭਗਤ ਭਗਵਾਨ ਇਕੋ ਘਰ, ਗ੍ਰਿਹ ਮੰਦਰ ਵਡ ਵਡਿਆਇੰਦਾ । ਗ੍ਰਿਹ ਮੰਦਰ ਹੋਏ ਵੱਡਾ, ਸ੍ਰੀ ਭਗਵਾਨ ਦਏ ਵਡਿਆਈਆ । ਜਿਸ ਦਵਾਰੇ ਨਰ ਨਿਰੰਕਾਰ ਬਹੇ ਨੱਢਾ, ਚਤੁਰਭੁਜ ਰੂਪ ਵਟਾਈਆ । ਭਗਤ ਸੁਹਾਏ ਸੂਰਾ ਸਰਬੰਗਾ, ਸ਼ਾਹ ਪਾਤਸ਼ਾਹ ਸੋਭਾ ਪਾਈਆ । ਵੱਜੇ ਨਾਮ ਇਕ ਮਰਦੰਗਾ, ਤਾਲ ਤਲਵਾੜਾ ਨਾ ਕੋਇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਦੇਵੇ ਵਡਿਆਈ ਹਰਿ ਜੂ ਭਗਤ, ਭਗਵਨ ਆਪਣੀ ਦਇਆ ਕਮਾਈਆ । ਜਿਸ ਦਾ ਫਿਕਰਾ ਕਿਸੇ ਨਾ ਗਾਇਆ ਫ਼ਕਤ, ਫ਼ੈਸਲਾ ਅੰਤ ਨਾ ਕੋਇ ਕਰਾਈਆ । ਤਿਸ ਸਾਹਿਬ ਦਾ ਇਕੋ ਜਿਹਾ ਮੰਤ, ਦੂਜੀ ਵੰਡ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਕਰਨੀ ਕਾਰ ਭਗਤ ਪ੍ਰਭ ਮੀਤਾ, ਬੇਪਰਵਾਹ ਆਪ ਕਰਾਇੰਦਾ । ਨਾ ਮਰਿਆ ਨਾ ਜੀਵਣ ਜੀਤਾ, ਜਗ ਨਜ਼ਰ ਕਿਸੇ ਨਾ ਆਇੰਦਾ । ਨਾ ਤੱਤਾ ਨਾ ਠੰਡਾ ਸੀਤਾ, ਪੰਚਮ ਰੂਪ ਨਾ ਕੋਇ ਵਟਾਇੰਦਾ । ਨਾ ਗਿਆਨ ਧਿਆਨ ਨਾ ਅੱਖਰ ਗੀਤਾ, ਸ਼ਾਸਤਰ ਸਿਮਰਤ ਵੇਦ ਰੂਪ ਨਾ ਕੋਇ ਵਟਾਇੰਦਾ । ਨਾ ਅੰਮ੍ਰਿਤ ਨਾ ਰਸ ਪੀਤਾ, ਨਾ ਖ਼ੁਮਾਰੀ ਵਿਚ ਸਮਾਇੰਦਾ । ਨਾ ਹਸਤ ਨਾ ਦਿਸੇ ਕੀਟਾ, ਊਚ ਨੀਚ ਨਾ ਕੋਇ ਜਣਾਇੰਦਾ । ਨਾ ਖੱਟਾ ਨਾ ਹੋਏ ਮੀਠਾ, ਅਨਰਸ ਆਪਣੇ ਵਿਚ ਰਖਾਇੰਦਾ । ਨਾ ਮਾਤਾ ਨਾ ਹੋਏ ਪਿਤਾ, ਪੂਤ ਪੋਤਰਾ ਨਾ ਕੋਇ ਹੰਢਾਇੰਦਾ । ਨਾ ਰਾਮ ਨਾ ਦਿਸੇ ਸੀਤਾ, ਸੀਤਾ ਰਾਮ ਨਾ ਕੋਇ ਜਣਾਇੰਦਾ । ਸੋ ਸਾਹਿਬ ਸਦਾ ਅਨਡੀਠਾ, ਭੇਵ ਕੋਇ ਨਾ ਪਾਇੰਦਾ । ਕਲਜੁਗ ਅੰਤਮ ਬਣਿਆ ਮੀਤਾ, ਨਿਰਗੁਣ ਆਪਣਾ ਵੇਸ ਵਟਾਇੰਦਾ । ਦੋ ਜਹਾਨਾਂ ਕਰ ਕੇ ਖ਼ਾਲੀ ਖੀਸਾ, ਜਨ ਭਗਤਾਂ ਝੋਲੀ ਆਪ ਭਰਾਇੰਦਾ । ਨਾਉਂ ਰੱਖ ਬੀਸ ਬੀਸਾ, ਦੂਆ ਜ਼ੀਰੋ ਨਾਲ ਵਖਾਇੰਦਾ । ਜ਼ੀਰੋ ਦੂਆ ਸਚ ਹਦੀਸਾ, ਨਿਰਗੁਣ ਸਰਗੁਣ ਕਾਰ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਭੇਵ ਚੁਕਾਇੰਦਾ । ਭੇਵ ਚੁਕਾਏ ਇਕ ਪੰਜ, ਨੌਬਤ ਆਪਣੇ ਨਾਮ ਵਜਾਈਆ । ਸਤਿ ਸਰੂਪ ਸ਼ਬਦ ਮਰਦੰਗ, ਹੱਕ ਸੰਦੇਸਾ ਇਕ ਸੁਣਾਈਆ । ਖੇਲੇ ਖੇਲ ਸੂਰਾ ਸਰਬੰਗ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਆਕਾਸ਼ ਪਰਕਾਸ਼ ਦੋ ਜਹਾਨ ਪੁਰੀ ਲੋਅ ਆਪੇ ਲੰਘ, ਜਨ ਭਗਤਾਂ ਵੇਖ ਵਖਾਈਆ । ਆਦਿ ਜੁਗਾਦੀ ਢੋਲਾ ਛੰਦ, ਸੋਹੰ ਅਨਾਦੀ ਨਾਦ ਅਲਾਈਆ । ਅੰਦਰ

ਬਾਹਰ ਕੋਇ ਨਾ ਕੰਧ, ਪਰਦਾ ਵਿਚ ਨਾ ਕੋਇ ਰਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਮੰਗਦੇ ਗਏ ਮੰਗ, ਆਸਾ ਤ੍ਰਿਸਨਾ ਨਾਲ ਮਿਲਾਈਆ । ਬਿਨ ਹਰਿ ਕਿਰਪਾ ਸਾਰੇ ਦਿਸਣ ਨੰਗ, ਰਹਿਮਤ ਸੀਸ ਨਾ ਛਤਰ ਝੁਲਾਈਆ । ਸ੍ਰੀ ਭਗਵਾਨ ਨਿਰਗੁਣ ਰੂਪ ਸੁੱਤਾ ਦੇ ਕਰ ਕੰਡ, ਜੁਗ ਚਾਰ ਕਰਵਟ ਨਾ ਕਿਸੇ ਬਦਲਾਈਆ । ਜੋ ਆਇਆ ਤਿਸ ਲੱਗਾ ਦੰਡ, ਬਚਿਆ ਕੋਇ ਰਹਿਣ ਨਾ ਪਾਈਆ । ਅੰਤਮ ਹੋ ਕੇ ਗਿਆ ਖੰਡ ਖੰਡ, ਆਪ ਆਪਣਾ ਭੇਟ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਭਗਤ ਦਏ ਵਡਿਆਈਆ । ਹਰਿ ਭਗਤ ਤੇਰੀ ਸੱਚੀ ਧਾਰ, ਸੋ ਸਤਿਗੁਰ ਆਪ ਜਣਾਇੰਦਾ । ਜੁਗ ਚੌਕੜੀ ਤੇਰਾ ਪਿਆਰ, ਨਿਰਗੁਣ ਸਰਗੁਣ ਵੇਖ ਵਖਾਇੰਦਾ । ਜਿਸ ਵੇਲੇ ਲੋਕਮਾਤ ਲਏ ਅਵਤਾਰ, ਪੰਜ ਤੱਤ ਚੋਲਾ ਆਪ ਹੰਡਾਇੰਦਾ । ਪਹਿਲੋਂ ਭਗਤਾਂ ਕਰੇ ਖ਼ਬਰਦਾਰ, ਲੋਕਮਾਤ ਅੱਖ ਖੁਲ੍ਹਾਇੰਦਾ । ਬਿਨ ਭਗਤਾਂ ਚਲੇ ਨਾ ਕੋਇ ਵਿਹਾਰ, ਸ੍ਰੀ ਭਗਵਾਨ ਕੰਮ ਕਿਸੇ ਨਾ ਆਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਕਰਦਾ ਰਿਹਾ ਪਿਆਰ, ਪਰੇਮ ਪ੍ਰੀਤੀ ਸਚ ਸਿਖਲਾਇੰਦਾ । ਕਲਜੁਗ ਅੰਤਮ ਖੋਲ੍ਹ ਕਿਵਾੜ, ਗ੍ਰਿਹਿ ਮੰਦਰ ਇਕ ਵਡਿਆਇੰਦਾ । ਜਿਸ ਘਰ ਵਸੇ ਨਿਰੰਕਾਰ, ਸੋ ਦਰ ਆਪਣੇ ਰੰਗ ਰੰਗਾਇੰਦਾ । ਮਜਲਸ ਮਹਿਫ਼ਲ ਲੱਗੀ ਅਗੰਮ ਅਪਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਵੇਖ ਵਖਾਇੰਦਾ । ਮਜਲਸ ਮਹਿਫ਼ਲ ਲੱਗੀ ਮਾਤ, ਸ੍ਰੀ ਭਗਵਾਨ ਆਪ ਲਗਾਈਆ । ਭਗਤ ਭਗਵਾਨ ਇਕ ਜਮਾਤ, ਏਕਾ ਅੱਖਰ ਕਰਨ ਪੜ੍ਹਾਈਆ । ਏਕਾ ਲੇਖਾ ਕਲਮ ਦਵਾਤ, ਲਿਖੀ ਜਾਏ ਬਿਨ ਕਲਮ ਸ਼ਾਹੀਆ । ਏਕਾ ਸਾਹਿਬ ਸਤਿਗੁਰ ਸਾਥ, ਬਿਨ ਤੱਤ ਕਰੇ ਕੁੜਮਾਈਆ । ਇਕ ਚੜ੍ਹਾਏ ਅਗੰਮ ਰਾਥ, ਅਸਵ ਨਜ਼ਰ ਕੋਇ ਨਾ ਆਈਆ । ਇਕ ਉਠਾਏ ਹਾਥ ਰਾਸ, ਡੋਰੀ ਤੰਦ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਦਏ ਵਡਿਆਈਆ । ਭਗਤ ਵਡਿਆਈ ਦੇਂਦਾ ਵੇਖ, ਦੋ ਜਹਾਨ ਲਏ ਅੰਗੜਾਈਆ । ਸਾਰੇ ਤੱਕਣ ਨਿਰਗੁਣ ਹੇਤ, ਕਲਜੁਗ ਅੰਤਮ ਰਿਹਾ ਜਗਾਈਆ । ਭਾਗ ਲਗਾ ਕਾਇਆ ਖੇਤ, ਸਾਢੇ ਤਿੰਨ ਹੱਥ ਸੋਭਾ ਪਾਈਆ । ਪ੍ਰਭ ਨਜ਼ਰੀ ਆਏ ਨੇਤਨ ਨੇਤ, ਨਿਜ ਨੇਤਰ ਰੂਪ ਦਰਸਾਈਆ । ਮੈਨੂੰ ਲੱਭਦੇ ਗਏ ਕੇਤਨ ਕੇਤ, ਕੋਟਨ ਕੋਟ ਰਾਹ ਤਕਾਈਆ । ਸੋ ਭਗਤਾਂ ਦੇਵੇ ਆਪਣਾ ਭੇਤ, ਅਭੇਦ ਆਪ ਖੁਲ੍ਹਾਈਆ । ਜਿਸ ਦੇ ਪਿਛੇ ਤੱਤੀ ਪਾਈ ਰੇਤ, ਸੀਸ ਜਗਦੀਸ ਭੇਟ ਚੜ੍ਹਾਈਆ । ਸੋ ਸਾਹਿਬ ਰਿਹਾ ਵੇਖ, ਨਿਰਗੁਣ ਆਪਣੀ ਅੱਖ ਖੁਲ੍ਹਾਈਆ । ਜੋਤੀ ਨੂਰ ਧਰਿਆ ਭੇਖ, ਪੰਜ ਤੱਤ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦਏ ਸਮਝਾਈਆ । ਜਨ ਭਗਤਾਂ ਕਰੇ ਮੁਆਫ਼ ਕਸੂਰ, ਪ੍ਰਭ ਮਿਹਰ ਨਜ਼ਰ ਉਠਾਇੰਦਾ । ਜਿਸ ਦੇ ਪਿਛੇ ਸੂਲੀ ਚੜ੍ਹਿਆ ਮਨਸੂਰ, ਮਨਸਾ ਇਕੋ ਇਕ ਰਖਾਇੰਦਾ । ਜਿਸ ਦੇ ਪਿਛੇ ਤਨ ਤਪਿਆ ਵਾਂਗ ਤੰਦੂਰ, ਅਗਨੀ ਅਗਨ ਸਰਬ ਵਖਾਇੰਦਾ । ਸੋ ਸਾਹਿਬ ਹਾਜ਼ਰ ਹਜ਼ੂਰ, ਹਜ਼ਰਤ ਆਪਣਾ ਮੇਲ ਮਿਲਾਇੰਦਾ । ਮੁਰੀਦ ਮੁਰਸ਼ਦ ਮਿਲੇ ਜ਼ਰੂਰ, ਜ਼ਰੂਰਤ ਸਭ ਦੀ ਪੂਰ ਕਰਾਇੰਦਾ । ਨੇਰਨ ਨੇਰੇ ਆਇਆ ਦੂਰ ਦੁਰਾਡਾ ਪੈਂਡਾ ਹੋਇਆ ਦੂਰ, ਪਾਂਧੀ ਆਪਣਾ ਪੰਧ ਮੁਕਾਇੰਦਾ । ਨਵ ਨੌਂ ਚਾਰ ਬਣਿਆ ਰਿਹਾ ਮਫ਼ਰੂਰ, ਕਲਜੁਗ ਅੰਤਮ ਪਰਦਾ ਲਾਹਿੰਦਾ । ਦੇਵਣਹਾਰਾ ਸਤਿ ਸਰੂਰ, ਨਾਮ ਰਸ ਇਕ ਵਖਾਇੰਦਾ । ਜਨ ਭਗਤਾਂ ਆਸਾ ਪੂਰ, ਕੂੜੀ ਤ੍ਰਿਸਨਾ ਮੇਟ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਇੰਦਾ । ਹਰਿਜਨ

ਸਾਚੇ ਤੇਰਾ ਸਚ ਨਿਆਉਂ, ਨਿਰਗੁਣ ਨਿਰਗੁਣ ਆਪ ਕਰਾਈਆ । ਦਰ ਦਰ ਘਰ ਘਰ ਪਕੜੇ ਬਾਂਹੋਂ, ਬਾਹੂ ਬਲ ਆਪ ਰਖਾਈਆ । ਨਿਮਾਣਿਆਂ ਦੇਵੇ ਸਾਚਾ ਥਾਉਂ, ਦਰਗਹਿ ਸਾਚੀ ਮਿਲੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਮਿਹਰ ਨਜ਼ਰ ਅੰਦਰ ਤਾਰੇ ਅਨੇਕ, ਅਕਲ ਕਲ ਅਖਵਾਇੰਦਾ । ਭਗਤ ਭਗਵਾਨ ਰਿਹਾ ਵੇਖ, ਆਪ ਆਪਣਾ ਪਰਦਾ ਲਾਹਿੰਦਾ । ਸਚ ਸੁਹੰਜਣਾ ਵਸਿਆ ਦੇਸ, ਜਿਸ ਦੇਸ ਡੇਰਾ ਲਾਇੰਦਾ । ਕੱਠੇ ਹੋਏ ਮੁੱਲਾਂ ਸ਼ੇਖ਼, ਸ਼ੇਖ਼ ਆਪਣਾ ਮਾਣ ਗਵਾਇੰਦਾ । ਹਰਿ ਸਾਹਿਬ ਇਕੋ ਭੇਖ, ਨੇਤਰ ਨੈਣ ਧਿਆਨ ਲਗਾਇੰਦਾ । ਨਿਰਗੁਣ ਨਿਰਗੁਣ ਕਰੇ ਹੇਤ, ਆਤਮ ਪਰਮਾਤਮ ਮੇਲ ਮਿਲਾਇੰਦਾ । ਕੋਈ ਨਾ ਜਾਣੇ ਹਰਿ ਕਾ ਭੇਤ, ਪੜ੍ਹਿਆਂ ਹੱਥ ਕਿਸੇ ਨਾ ਆਇੰਦਾ । ਚਾਰੇ ਖਾਣੀ ਸੁੰਞਾਂ ਖੇਤ, ਰਾਖਾ ਰੂਪ ਨਾ ਕੋਇ ਵਟਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਆਪਣੀ ਵਾਰੀ ਖੇਲਾਂ ਗਏ ਖੇਡ, ਸਗਲਾ ਸੰਗ ਨਾ ਕੋਇ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਨਿਤ ਨਵਿਤ ਸ੍ਰੀ ਭਗਵਾਨ ਭਗਤਾਂ ਆਪ ਤਰਾਇੰਦਾ । ਭਗਤ ਭਗਵਾਨ ਦੇਵੇ ਦਾਤ, ਆਦਿ ਜੁਗਾਦਿ ਰੂਪ ਵਟਾਈਆ । ਭਗਤਾਂ ਮੇਲਾ ਸਾਚੇ ਸਾਧ, ਸੰਤ ਸਾਜਣ ਵੇਖ ਵਖਾਈਆ । ਭਗਤਾਂ ਸਿਫ਼ਤ ਬੋਧ ਅਗਾਧ, ਨਾਮ ਨਿਧਾਨ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਬਿਨ ਭਗਤ ਭਗਵਾਨ ਅੱਖਰ ਕੰਮ ਕਿਸੇ ਨਾ ਆਈਆ । ਭਗਤ ਕਹੇ ਪ੍ਰਭ ਤੇਰਾ ਅੱਖਰ, ਢੋਲਾ ਸਿਫ਼ਤ ਸੁਣਾਇੰਦਾ । ਭਗਵਾਨ ਕਹੇ ਇਹ ਹੋਏ ਪੱਥਰ, ਬਿਨ ਭਗਤਾਂ ਰਾਗ ਨਾ ਕੋਇ ਅਲਾਇੰਦਾ । ਭਗਤ ਕਹੇ ਪ੍ਰਭ ਤੇਰਾ ਸੱਥਰ, ਦਰ ਘਰ ਸਾਚੇ ਸੋਭਾ ਪਾਇੰਦਾ । ਭਗਵਾਨ ਕਹੇ ਭਗਤ ਮੈਂ ਤੇਰਾ ਕਰਾਂ ਸ਼ੁਕਰ, ਤੁਧ ਬਿਨ ਨਾਮ ਨਾ ਮੇਰਾ ਕੋਇ ਧਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਸੋਭਾ ਪਾਇੰਦਾ । ਭਗਤ ਕਹੇ ਭਗਵਾਨ ਤੇਰੀ ਸਿਫ਼ਤ ਸਾਲਾਹ, ਸਾਲਾਹਗੀਰ ਤੇਰੀ ਵਡਿਆਈਆ । ਜੁਗ ਚੌਕੜੀ ਬਣ ਮਲਾਹ, ਬੇੜਾ ਲੋਕਮਾਤ ਤਰਾਈਆ । ਨਾਮ ਜਣਾਏ ਆਪਣਾ ਸ਼ਹਿਨਸ਼ਾਹ, ਨਰ ਨਿਰੰਕਾਰ ਕਰੇਂ ਪੜ੍ਹਾਈਆ । ਰਹਿਬਰ ਬਣੇਂ ਸਚ ਖ਼ੁਦਾ, ਮਾਰਗ ਇਕੋ ਇਕ ਦਰਸਾਈਆ । ਨੂਰੀ ਨੂਰ ਕਰੇਂ ਰੁਸ਼ਨਾ, ਜੋਤੀ ਜੋਤ ਜੋਤ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰਾ ਭੇਵ ਕੋਇ ਨਾ ਆਈਆ । ਭਗਵਾਨ ਕਹੇ ਸੁਣ ਮੇਰੇ ਭਗਤ ਮੀਤ, ਤੇਰੇ ਹੱਥ ਮੇਰੀ ਵਡਿਆਈਆ । ਤੁਧ ਬਿਨ ਕੋਈ ਨਾ ਚਲਾਏ ਮਾਤ ਰੀਤ, ਰੀਤੀਵਾਨ ਨਾ ਕੋਇ ਅਖਵਾਈਆ । ਕੋਈ ਨਾ ਗਾਏ ਮੇਰਾ ਗੀਤ, ਸਾਚਾ ਨਾਮ ਨਾ ਕੋਇ ਧਿਆਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਦੋਹਾਂ ਰੂਪ ਠੀਕ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੇਲਾ ਲਏ ਮਿਲਾਈਆ । ਠੀਕ ਰੂਪ ਪ੍ਰਭ ਦੱਸਿਆ ਤੇਰਾ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਧੰਨ ਭਾਗ ਤੂੰ ਕਿਹਾ ਰੂਪ ਮੇਰਾ, ਮੇਰਾ ਨਜ਼ਰ ਕੁਛ ਨਾ ਆਈਆ । ਸਰਗੁਣ ਅੰਦਰ ਨਿਰਗੁਣ ਝੇੜਾ, ਝਗੜਾ ਸਕੇ ਨਾ ਕੋਇ ਮਿਟਾਈਆ । ਪੰਜ ਤੱਤ ਵਸਦਾ ਉਜੜਦਾ ਰਿਹਾ ਖੇੜਾ, ਥਿਰ ਨਜ਼ਰ ਕੋਇ ਨਾ ਆਈਆ । ਤੂੰ ਬੱਧਾ ਮੇਰਾ ਬੇੜਾ, ਸੰਗ ਆਪਣੇ ਲਿਆ ਤਰਾਈਆ । ਹੁਣ ਦੱਸ ਪਿਆਰਾ ਲੱਗੇ ਕੇਹੜਾ, ਜਿਸ ਆਪਣਾ ਸੰਗ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਸਚ ਸਚ ਰਿਹਾ ਜਣਾਈਆ । ਮੈਨੂੰ ਪਿਆਰਾ ਲੱਗੇ ਉਹ, ਜਿਸ ਆਪਣੀ ਦਇਆ ਕਮਾਇੰਦਾ । ਜੋ

ਚਰਨੀ ਗਿਆ ਛੋਹ, ਸੋ ਏਕਾ ਰੰਗ ਵਖਾਇੰਦਾ । ਭਗਵਾਨ ਓਨ੍ਹਾਂ ਜੋਗਾ ਗਿਆ ਹੋ, ਜੋ ਮੇਰਾ ਨਾਮ ਧਿਆਇੰਦਾ । ਸਚ ਵਸਤ ਸਾਰੀ ਖੋਹ, ਜਨ ਭਗਤਾਂ ਝੋਲੀ ਪਾਇੰਦਾ । ਅੰਦਰ ਬਾਹਰ ਇਕੋ ਮੋਹ, ਆਤਮ ਪਰਮਾਤਮ ਜੋੜ ਜੁੜਾਇੰਦਾ । ਮੇਰਾ ਭੇਵ ਨਾ ਜਾਣੇ ਕੋ, ਸ਼ਾਸਤਰ ਸਿਮਰਤ ਨੈਣ ਸ਼ਰਮਾਇੰਦਾ । ਸੂਰਜ ਚੰਦ ਕਰ ਨਾ ਸਕੇ ਲੋ, ਜੋਤ ਪਰਕਾਸ਼ ਇਕ ਵਖਾਇੰਦਾ । ਧੁਰਦਰਗਾਹੀ ਢੋਆ ਢੋ, ਨਾਮ ਅਮੋਲਕ ਇਕ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਸੁਣਾਇੰਦਾ । ਮੋਹੇ ਪਿਆਰਾ ਲੱਗੇ ਬੁੱਢਾ ਨੱਢਾ ਨੌਜਵਾਨ ਬਾਲਕ, ਬਾਲੀ ਬੁਧ ਦਿਆਂ ਵਡਿਆਈਆ । ਮੇਰਾ ਨਾਉਂ ਖ਼ਲਕ ਖ਼ਾਲਕ, ਮਖ਼ਲੂਕ ਮੇਰੀ ਸ਼ਹਿਨਸ਼ਾਹੀਆ । ਮੇਰਾ ਸ਼ਬਦ ਸੁਤ ਸਾਚਾ ਸਾਲਸ, ਜੁਗ ਚੌਕੜੀ ਵੇਖ ਵਖਾਈਆ । ਨਿਤ ਨਵਿਤ ਨਾ ਕਰਾਂ ਆਲਸ, ਜਨ ਭਗਤਾਂ ਹੋਵਾਂ ਸਹਾਈਆ । ਮੇਰੀ ਧਾਰ ਨਿਰਗੁਣ ਖ਼ਾਲਸ, ਖ਼ਾਲਸ ਸਭ ਨੂੰ ਦਿਆਂ ਬਣਾਈਆ । ਏਥੇ ਚਲੇ ਨਾ ਕੋਇ ਸਫ਼ਾਰਸ਼, ਨੇਤਰ ਵੇਖਾਂ ਚਾਈਂ ਚਾਈਂਆ । ਲਿਖਣ ਪੜ੍ਹਨ ਦੀ ਨਹੀਂ ਇਬਾਰਤ, ਕਲਮ ਸ਼ਾਹੀ ਨਾ ਕੋਇ ਚਤੁਰਾਈਆ । ਸਿਫ਼ਤਾਂ ਕਰਨ ਦੀ ਨਹੀਂ ਕੋਈ ਆਦਤ, ਜਿਸ ਫੜਿਆ ਤਿਸ ਪਾਰ ਕਰਾਈਆ । ਪਿਛਲੇ ਜਨਮ ਦੀ ਲੇਖੇ ਲਾਈ ਇਬਾਦਤ, ਅੱਗੇ ਕਲਮਾ ਇਕ ਜਣਾਈਆ । ਕਰ ਕਿਰਪਾ ਕਰੀ ਸਖ਼ਾਵਤ, ਖ਼ਾਲੀ ਝੋਲੀ ਆਪ ਭਰਾਈਆ । ਭਗਤ ਭਗਵਾਨ ਰਹੇ ਨਾ ਕੋਈ ਅਦਾਵਤ, ਦੂਈ ਝਗੜਾ ਦਿਤਾ ਗਵਾਈਆ । ਮਿਲਣ ਵਿਛੜਨ ਦੀ ਰਹੇ ਨਾ ਕੋਈ ਅਲਾਮਤ, ਫ਼ੈਸਲਾ ਇਕੋ ਵਾਰ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਕਰਾਏ ਸਚ ਸ਼ਨਾਖ਼ਤ, ਪਰਦਾ ਸਕੇ ਨਾ ਕੋਈ ਪਾਈਆ । ਸ਼ਨਾਖ਼ਤ ਕਰੇ ਸਾਹਿਬ ਗੁਰ ਮੀਤਾ, ਦਰ ਦਰ ਘਰ ਘਰ ਪਰਦਾ ਲਾਹਿੰਦਾ । ਹਰਿ ਸੰਗਤ ਦੱਸੇ ਇਕ ਪ੍ਰੀਤਾ, ਵੱਡਾ ਛੋਟਾ ਨਾ ਕੋਇ ਜਣਾਇੰਦਾ । ਸੋਹੰ ਨਾਮ ਨਿਧਾਨ ਜਿਸ ਨੇ ਪੀਤਾ, ਤਿਸ ਆਤਮ ਪਰਮਾਤਮ ਜੋੜ ਜੁੜਾਇੰਦਾ । ਤ੍ਰੈਗੁਣ ਮਾਇਆ ਨਾ ਤਪੇ ਅੰਗੀਠਾ, ਅਗਨੀ ਤੱਤ ਨਾ ਕੋਇ ਜਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਆਪ ਤਰਾਇੰਦਾ । ਜਨ ਭਗਤਾਂ ਤਾਰੇ ਤਾਰਨਹਾਰ, ਤਰਨੀ ਇਕੋ ਇਕ ਜਣਾਈਆ । ਇਕ ਇਕ ਦਾ ਇਕ ਪਿਆਰ, ਇਕ ਦੂਜੇ ਨਾਲ ਬੰਧਾਈਆ । ਇਕ ਦੂਜੇ ਦਾ ਸਚ ਸ਼ੰਗਾਰ, ਨਿਜ ਨੈਣ ਦਰਸਾਈਆ । ਤੀਜਾ ਨੈਣ ਕਰ ਉਜਿਆਰ, ਚੌਥੇ ਘਰ ਦਏ ਵਡਿਆਈਆ । ਚੌਥੇ ਘਰ ਆਪ ਬਹਾਲ, ਪੰਜਮ ਕਰੇ ਸਚ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਮਿਹਰ ਨਜ਼ਰ ਜਨ ਸਾਚੇ ਤਰਨਾ, ਬੇਨਜ਼ੀਰ ਦਇਆ ਕਮਾਇੰਦਾ । ਸਤਿਗੁਰ ਘਰ ਜੰਮ ਫੇਰ ਨਾ ਮਰਨਾ, ਮਰਨਾ ਜੀਣਾ ਵਕਤ ਚੁਕਾਇੰਦਾ । ਹਰਿ ਕਾ ਨਾਮ ਅੱਖਰ ਪੜ੍ਹਨਾ, ਸੋਹੰ ਸਾਚਾ ਰਾਗ ਸੁਣਾਇੰਦਾ । ਆਤਮ ਪਰਮਾਤਮ ਪੌੜੇ ਚੜ੍ਹਨਾ, ਮੰਜ਼ਲ ਇਕੋ ਇਕ ਰਖਾਇੰਦਾ । ਮਹੱਲ ਅਟੱਲ ਅਗੰਮ ਵੜਨਾ, ਦਰ ਦਰਵਾਜ਼ਾ ਆਪ ਖੁਲ੍ਹਾਇੰਦਾ । ਪ੍ਰਭ ਸਾਚੇ ਦੀ ਸਰਨੀ ਪੜਨਾ, ਦੂਜਾ ਇਸ਼ਟ ਨਾ ਕੋਇ ਬਣਾਇੰਦਾ । ਨਿਰਗੁਣ ਨਿਰਗੁਣ ਪੱਲੂ ਫੜਨਾ, ਨਾਮ ਗੰਢ ਇਕ ਪੁਆਇੰਦਾ । ਤੂੰ ਮੇਰਾ ਮੈਂ ਤੇਰਾ ਸਭ ਨੇ ਇਕੋ ਵਾਰ ਕਰਨਾ, ਦੂਜਾ ਰਾਗ ਨਾ ਹੋਰ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਵਾਨ ਲਏ ਫੜ, ਫੜ ਆਪਣਾ ਮੇਲ ਮਿਲਾਇੰਦਾ । ਮੇਲ ਮਿਲਾਵਾ ਰੱਖੇ ਹੱਥ, ਬਿਨ ਹੱਥਾਂ ਦਇਆ ਕਮਾਈਆ । ਕਿਰਪਾ ਕਰ ਪੁਰਖ ਸਮਰਥ, ਸਾਚੀ ਸਮਝ ਦਏ ਸਮਝਾਈਆ । ਸ੍ਰੀ ਭਗਵਾਨ ਗੌਣਾ ਜਸ, ਏਕੰਕਾਰਾ ਸਿਫ਼ਤ ਸਾਲਾਹੀਆ । ਉਹਦੇ ਬਰਦੇ


੫੩੨
੧੪

ਹੋ ਕੇ ਮੰਦਰ ਜਾਓ ਵਸ, ਗ੍ਰਹਿ ਮਿਲੇ ਮਾਣ ਵਡਿਆਈਆ । ਸਰਨ ਸਰਨਾਈ ਸਾਚੀ ਜਾਣਾ ਢੱਠ, ਨਿਉਂ ਨਿਉਂ ਲਾਗੋ ਪਾਈਆ । ਲੇਖੇ ਲੱਗੇ ਤੱਤ ਅੱਠ, ਤਤਵ ਤਤ ਤੱਤ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦ ਵਡਿਆਈਆ । ਸੁਣ ਸੰਦੇਸਾ ਪ੍ਰਭ ਕਾ ਸੱਚਾ, ਪਾਹਨ ਲੈਣ ਅੰਗੜਾਈਆ । ਸਾਡੇ ਨਾਲ ਕਰ ਵਾਅਦਾ ਪੱਕਾ, ਪੱਕੀ ਤਰ੍ਹਾ ਦੇ ਸਮਝਾਈਆ । ਜੇ ਭਗਤ ਤੇਰਾ ਬੱਚਾ, ਕਿਉਂ ਸਾਨੂੰ ਰਿਹਾ ਦੁਰਕਾਈਆ । ਤੂੰ ਘਟ ਘਟ ਅੰਦਰ ਰਚਾ, ਗ੍ਰਹਿ ਗ੍ਰਹਿ ਡੇਰਾ ਲਾਈਆ । ਜੇ ਕਰਨੀ ਵਿਚੋਂ ਰਹਿ ਗਿਆ ਕੱਚਾ, ਮਿਹਰ ਨਜ਼ਰ ਕਰ ਤਰਾਈਆ । ਲਾਰਾ ਦੇ ਨਾ ਕਹੀਂ ਅੱਛਾ, ਅੱਛੀ ਤਰ੍ਹਾ ਦੇ ਸਮਝਾਈਆ । ਜੇ ਧੰਨੇ ਦਾ ਚਾਰਿਆ ਵੱਛਾ, ਕੀ ਸਾਡੀ ਭੁੱਲ ਨਾ ਦਏਂ ਬਖ਼ਸ਼ਾਈਆ । ਤੂੰ ਸਾਹਿਬ ਲੱਗੇਂ ਚੰਗਾ, ਸੀਸ ਜਗਦੀਸ ਤਾਜ ਸੁਹਾਈਆ । ਦਰ ਤੇਰਾ ਇਕੋ ਮੰਗਾ, ਦੂਜੇ ਦਰ ਮੰਗਣ ਨਾ ਜਾਈਆ । ਜੇ ਹੋਵੇਂ ਭੁੱਖਾ ਨੰਗਾ, ਤੇਰੇ ਘਰ ਫੇਰਾ ਕੋਇ ਨਾ ਪਾਈਆ । ਤੂੰ ਸਦਾ ਸੂਰਾ ਸਰਬੰਗਾ, ਹੱਥ ਤੇਰੇ ਵਡਿਆਈਆ । ਵੇਖੀਂ ਕੰਢੀ ਆ ਕੇ ਹੋ ਨਾ ਜਾਵੀਂ ਅੰਧਾ, ਆਪਣਾ ਨੈਣ ਬੰਦ ਕਰਾਈਆ । ਜੇ ਤੂੰ ਤਾਰੇਂ ਖ਼ਾਕੀ ਬੰਦਾ, ਕਿਉਂ ਪੱਥਰਾਂ ਰਿਹਾ ਰੁਵਾਈਆ । ਅਸੀਂ ਵੀ ਤੇਰਾ ਗਾਈਏ ਛੰਦਾ, ਜੇ ਦੇਵੇਂ ਜ਼ਬਾਨ ਲਗਾਈਆ । ਆਪਣਾ ਸੀਨਾ ਕਰੀਏ ਠੰਡਾ, ਤੇਰੇ ਚਰਨ ਕਵਲ ਟਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਜਨ ਭਗਤਾਂ ਨਾਲ ਮਿਲਾਈਆ । ਸ੍ਰੀ ਭਗਵਾਨ ਅੱਗੋਂ ਹੱਸ, ਹੌਲੀ ਹੌਲੀ ਸਮਝਾਇੰਦਾ । ਭਗਤਾਂ ਪਿਛੇ ਤੁਹਾਡੇ ਵਿਚ ਗਿਆ ਫਸ, ਰਾਹ ਨਜ਼ਰ ਕੋਇ ਨਾ ਆਇੰਦਾ । ਅੱਗੇ ਕਰਾਂ ਫੇਰ ਨਾ ਅੱਡ, ਸਗਲਾ ਸੰਗ ਨਿਭਾਇੰਦਾ । ਤੁਹਾਡਾ ਵੇਖਾਂ ਇਕੋ ਹੱਡ, ਨਾੜੀ ਆਪਣੀ ਲੇਖੇ ਪਾਇੰਦਾ । ਤੁਹਾਡਾ ਲਹਿਣਾ ਯਾਦਵ ਯੱਦ, ਯਾਦਵ ਬੰਸ ਪੂਰ ਕਰਾਇੰਦਾ । ਬਾਕੀ ਤੁਸਾਂ ਲੈਣੇ ਸੱਦ, ਡੋਰ ਤੁਹਾਡੇ ਹੱਥ ਫੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਲੇਖਾ ਸਭ ਦਾ ਪੂਰ ਕਰਾਇੰਦਾ । ਲੇਖਾ ਪੂਰਾ ਕਰੀਂ ਕਰਤਾਰ, ਹੱਥ ਤੇਰੇ ਵਡਿਆਈਆ । ਸੁਣ ਕੇ ਅਸੀਂ ਨਾ ਸਕੇ ਵਿਚਾਰ, ਤੇਰੀ ਸਮਝ ਜ਼ਰਾ ਨਾ ਆਈਆ । ਕਿਸ ਬਿਧ ਦੇਵੇਂ ਸਾਨੂੰ ਤਾਰ, ਪਾਰ ਕਿਨਾਰ ਲਗਾਈਆ । ਸਾਚਾ ਦੱਸ ਆਪ ਵਿਹਾਰ, ਵਿਵਹਾਰੀ ਭੇਵ ਖੁਲ੍ਹਾਈਆ । ਦਰ ਆਏ ਚਲ ਦਰਬਾਰ, ਇਕੋ ਅਲਖ ਜਗਾਈਆ । ਭਿਛਿਆ ਦੇ ਸੱਚੀ ਸਰਕਾਰ, ਖ਼ਾਲੀ ਝੋਲੀ ਆਪ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਆਪਣੇ ਤਾਰਨ ਦੀ ਦੱਸਾਂ ਬਿਧ, ਸ੍ਰੀ ਭਗਵਾਨ ਆਪ ਜਣਾਇੰਦਾ । ਤੁਹਾਡਾ ਕਾਰਜ ਕਰਾਂ ਸਿਧ, ਮਿਹਰ ਨਜ਼ਰ ਉਠਾਇੰਦਾ । ਕਰ ਕਿਰਪਾ ਲੇਖਾ ਦੇਵਾਂ, ਲਿਖ, ਲਿਖਿਆ ਫੇਰ ਨਾ ਕੋਇ ਮਿਟਾਇੰਦਾ । ਤੁਸਾਂ ਦਰਸ਼ਨ ਕੀਤਾ ਮੇਰੇ ਸਿਖ, ਇਕ ਇਕ ਸਿਖ ਨਾਲ ਅਸੰਖ ਅਸੰਖ ਪਾਰ ਕਰਾਇੰਦਾ । ਅਸੰਖ ਅਸੰਖ ਨਿੱਕਾ ਹਿਸ, ਅਗਲਾ ਖੇਲ ਨਾ ਕੋਇ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰ ਕਿਰਪਾ ਪਾਏ ਭਿਖ, ਭਿਛਿਆ ਆਪਣੀ ਸਚ ਵਰਤਾਇੰਦਾ । ਭਿਛਿਆ ਝੋਲੀ ਦਿਤੀ ਪਾ, ਪਾਹਨ ਮਿਲੀ ਵਡਿਆਈਆ । ਸਾਰੇ ਕਰਨ ਇਕੋ ਚਾ, ਪ੍ਰਭ ਮਿਲਿਆ ਬੇਪਰਵਾਹੀਆ । ਜਨ ਭਗਤਾਂ ਨਾਲ ਦਿਤਾ ਮਿਲਾ, ਮਿਲੀ ਜਗਤ ਵਧਾਈਆ । ਸਿਖਾਂ ਚਰਨ ਦਿਤਾ ਛੁਹਾ, ਛੋਹ ਆਪਣੀ ਨਾਲ ਲਗਾਈਆ । ਅਸੰਖ ਅਸੰਖ ਦਿਤੇ ਤਰਾ, ਕੋਟਨ ਕੋਟ ਰਹੇ ਜਸ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਰਬ ਵਡਿਆਈਆ । ਭਾਨ ਕਹੇ

ਸੁਣ ਭਗਤ ਪਿਆਰੇ, ਅਰਦਾਸ ਮੇਰੀ ਅਰਜ਼ੋਈਆ । ਭੁੱਲ ਨਾ ਜਾਈਂ ਵਿਚ ਸੰਸਾਰੇ, ਤੇਰੀ ਓਟ ਰਖਾਈਆ । ਬੁਧ ਮਤ ਹੀਣ ਗਵਾਰੇ, ਸਾਡੀ ਚਲੀ ਨਾ ਕੋਈ ਚਤੁਰਾਈਆ । ਪ੍ਰਭ ਚਰਨ ਇਕੋ ਨਿਮਸਕਾਰੇ, ਨਿਉਂ ਨਿਉਂ ਸੀਸ ਝੁਕਾਈਆ । ਕਿਰਪਾ ਕਰ ਸਿਰਜਣਹਾਰੇ, ਸਾਡਾ ਸਿਦਕ ਦਿਤਾ ਨਿਭਾਈਆ । ਜਨ ਭਗਤ ਰੱਖਣੇ ਸਦਾ ਨਾਲੇ, ਨਾਮ ਡੋਰੀ ਤੰਦ ਬੰਧਾਈਆ । ਪਾਰ ਲੰਘਣ ਦੇ ਰਾਹ ਸੁਖਾਲੇ, ਸਾਹਿਬ ਸਤਿਗੁਰ ਗਿਆ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਉਪਰ ਹੋਏ ਆਪ ਮਿਹਰਵਾਨ, ਬਿਨ ਭਗਤੀ ਬਿਨ ਸ਼ਕਤੀ ਬਿਨ ਜੁਗਤੀ ਬਿਨ ਜਗਤ ਵਕਤ ਪਾਰ ਕਰਾਈਆ ।

## ★ ੧੨ ਜੇਠ ੨੦੨੦ ਬਿਕ੍ਰਮੀ ਸ਼ਿਵ ਸਿੰਘ ਦੇ ਗ੍ਰਿਹ ਸ਼ੇਖ਼ਸਰ ਜੰਮੂ ★

ਸਚਖੰਡ ਵੱਜੇ ਵਧਾਈ, ਹਰਿ ਸਤਿਗੁਰ ਆਪ ਵਜਾਇੰਦਾ । ਸਚਖੰਡ ਹੋਏ ਰੁਸ਼ਨਾਈ, ਹਰਿ ਸਤਿਗੁਰ ਆਪ ਕਰਾਇੰਦਾ । ਸਚਖੰਡ ਹੋਏ ਸ਼ਨਵਾਈ, ਹਰਿ ਸਤਿਗੁਰ ਰਾਗ ਅਲਾਇੰਦਾ । ਸਚਖੰਡ ਹੋਏ ਕੁੜਮਾਈ, ਹਰਿ ਸਤਿਗੁਰ ਮੇਲ ਮਿਲਾਇੰਦਾ । ਸਚਖੰਡ ਖੇਲੇ ਖੇਲ ਬੇਪਰਵਾਹੀ, ਬੇਪਰਵਾਹ ਆਪਣੀ ਕਾਰ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਜਣਾਇੰਦਾ । ਸਚਖੰਡ ਸੋਹੇ ਮਹੱਲ, ਹਰਿ ਸਤਿਗੁਰ ਆਪ ਸੁਹਾਈਆ । ਸਚਖੰਡ ਖੇਲ ਅਚਲ, ਹਰਿ ਸਤਿਗੁਰ ਚਲਤ ਰਿਹਾ ਜਣਾਈਆ । ਸਚਖੰਡ ਖੇਲ ਅਛਲ ਅਛੱਲ, ਛਲਧਾਰੀ ਭੇਸ ਵਟਾਈਆ । ਸਚਖੰਡ ਉਚ ਅਟੱਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸਚਖੰਡ ਸਚ ਮਨਾਰ, ਹਰਿ ਸਤਿਗੁਰ ਆਪ ਪਰਗਟਾਇੰਦਾ । ਸਚਖੰਡ ਸਚ ਕਰਤਾਰ, ਹਰਿ ਕਰਤਾ ਵੇਸ ਵਟਾਇੰਦਾ । ਸਚਖੰਡ ਸਚ ਦੀਦਾਰ, ਨਿਰਗੁਣ ਨਿਰਗੁਣ ਵੇਖ ਵਖਾਇੰਦਾ । ਸਚਖੰਡ ਸਚ ਪਿਆਰ, ਨਿਰਾਕਾਰ ਨਿਰਵੈਰ ਆਪ ਕਮਾਇੰਦਾ । ਸਚਖੰਡ ਸਚ ਵਿਹਾਰ, ਵਿਵਹਾਰੀ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਆਪ ਸਮਝਾਇੰਦਾ । ਸਚਖੰਡ ਸਾਚੀ ਕਰਨੀ, ਹਰਿ ਕਰਤਾ ਆਪ ਕਮਾਈਆ । ਸਚਖੰਡ ਸਾਚੀ ਸਰਨੀ, ਸਰਨਗਤ ਇਕ ਰਖਾਈਆ । ਸਚਖੰਡ ਸਾਚੀ ਪੜ੍ਹਨੀ, ਸ੍ਰੀ ਭਗਵਾਨ ਰਿਹਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਸਚਖੰਡ ਸਚ ਰਾਗ, ਅਨਰਾਗੀ ਆਪ ਅਲਾਇੰਦਾ । ਸਚਖੰਡ ਸਚ ਸਮਾਜ, ਹਰਿ ਸਤਿਗੁਰ ਆਪ ਪਰਗਟਾਇੰਦਾ । ਸਚਖੰਡ ਸਾਚਾ ਰਾਜ, ਸ਼ਾਹੋ ਭੂਪ ਰਾਜ ਕਮਾਇੰਦਾ । ਸਚਖੰਡ ਸਚ ਆਵਾਜ਼, ਸੋ ਸਾਹਿਬ ਆਪ ਲਗਾਇੰਦਾ । ਸਚਖੰਡ ਸਚ ਦਾਜ, ਵਸਤ ਅਮੋਲਕ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਚੁਕਾਇੰਦਾ । ਸਚਖੰਡ ਸਚ ਨਜ਼ਾਰਾ, ਬੇਨਜ਼ੀਰ ਰਖਾਈਆ । ਸਚਖੰਡ ਸਚ ਮੁਜ਼ਾਹਰਾ, ਸ੍ਰੀ ਭਗਵਾਨ ਆਪ ਜਣਾਈਆ । ਸਚਖੰਡ ਸਚ ਇਸ਼ਾਰਾ, ਏਕੰਕਾਰਾ ਇਕੋ ਇਕ ਵਖਾਈਆ । ਸਚਖੰਡ ਸਚ ਵਣਜਾਰਾ, ਸੋ ਪੁਰਖ ਨਿਰੰਜਣ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਚ ਦਏ ਵਡਿਆਈਆ । ਸਚਖੰਡ ਸਚ ਸਿੰਘਾਸਣ, ਹਰਿ ਸਤਿਗੁਰ ਆਪ ਲਗਾਇੰਦਾ । ਸਚਖੰਡ ਖੇਲ ਪੁਰਖ ਅਬਿਨਾਸ਼ਨ, ਹਰਿ ਆਪਣੀ

ਖੇਲ ਵਖਾਇੰਦਾ । ਸਚਖੰਡ ਸਾਚੀ ਰਾਸਨ, ਸ੍ਰੀ ਭਗਵਾਨ ਰਾਸ ਰਚਾਇੰਦਾ । ਸਚਖੰਡ ਜੋਤ ਪਰਕਾਸ਼ਨ, ਦੀਵਾ ਬਾਤੀ ਨਾ ਕੋਇ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਜਣਾਇੰਦਾ । ਸਚਖੰਡ ਸਾਚੀ ਲੋ, ਸ੍ਰੀ ਭਗਵਾਨ ਆਪ ਕਰਾਈਆ । ਸਚਖੰਡ ਸਚ ਨਿਵਾਸੀ ਹੋ, ਨਿਰਗੁਣ ਆਪਣਾ ਘਰ ਵਸਾਈਆ । ਸਚਖੰਡ ਸਚ ਧਾਰ ਅੰਮ੍ਰਿਤ ਚੋ, ਰਸ ਇਕੋ ਇਕ ਜਣਾਈਆ । ਸਚਖੰਡ ਰੂਪ ਧਰੇ ਨਾ ਕੋਈ ਦੋ, ਨਿਰਗੁਣ ਇਕੋ ਇਕ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸਚਖੰਡ ਕਹੇ ਮੇਰੀ ਸੱਚੀ ਧਾਰ, ਹਰਿ ਪ੍ਰਭ ਮਿਲੀ ਸਰਨਾਈਆ । ਨਿਰਗੁਣ ਕਰੇ ਇਕ ਪਿਆਰ, ਏਕੰਕਾਰ ਵੱਜੇ ਵਧਾਈਆ । ਤਖ਼ਤ ਨਿਵਾਸੀ ਸ਼ਾਹ ਸਿਕਦਾਰ, ਸ਼ਹਿਨਸ਼ਾਹ ਆਸਣ ਲਾਈਆ । ਮਹੱਲ ਅਟੱਲ ਇਕ ਮਨਾਰ, ਊਚੋ ਊਚ ਜਣਾਈਆ । ਧੁਰਦਰਗਾਹੀ ਸਾਚੀ ਕਾਰ, ਹਰਿ ਕਰਤਾ ਆਪ ਕਮਾਈਆ । ਨਾ ਕੋਈ ਦੂਜਾ ਮੀਤ ਮੁਰਾਰ, ਮਿਲੇ ਮੇਲ ਨਾ ਸੱਜਣ ਗੋਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਸਾਚੇ ਵੇਖ ਵਖਾਈਆ । ਸਚਖੰਡ ਨਗਾਰਾ ਵੱਜਦਾ, ਵਜਾਏ ਬੇਪਰਵਾਹ । ਪਰਮ ਪੁਰਖ ਪ੍ਰਭ ਏਕਾ ਸਜਦਾ, ਸੀਸ ਜਗਦੀਸ ਤਾਜ ਟਿਕਾ । ਸਾਚੇ ਮੰਦਰ ਆਪੇ ਲੰਘਦਾ, ਦਰ ਦਰਵਾਜ਼ਾ ਆਪ ਖੁਲ੍ਹਾ । ਬਣ ਭਿਖਾਰੀ ਇਕੋ ਮੰਗਦਾ, ਦਾਤਾ ਦਾਨੀ ਦੇਵਣਹਾਰ ਸਾਚੀ ਝੋਲੀ ਰਿਹਾ ਭਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਵਾਲੀ ਦੋ ਜਹਾਨ । ਦੋ ਜਹਾਨਾਂ ਵਾਲੀ ਖੇਲ ਅਪਾਰ, ਸ੍ਰੀ ਭਗਵਾਨ ਧਾਰ ਚਲਾਈਆ । ਨਵ ਨੌਂ ਚਾਰ ਕਰ ਕਰ ਪਾਰ, ਪਾਰ ਕਿਨਾਰਾ ਦਏ ਸਮਝਾਈਆ । ਕਲਜੁਗ ਅੰਤਮ ਹੋ ਤਿਆਰ, ਤ੍ਰੈਗੁਣ ਅਤੀਤਾ ਫੇਰਾ ਪਾਈਆ । ਨਿਰਗੁਣ ਸਾਚੀ ਕਰੇ ਕਾਰ, ਸਰਗੁਣ ਭੇਵ ਕੋਇ ਨਾ ਆਈਆ । ਸਚ ਦਵਾਰਾ ਖੋਲ੍ਹ ਕਿਵਾੜ, ਸਚਖੰਡ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ ਕਮਾਈਆ । ਆਪਣੀ ਕਰਨੀ ਲੋਕਮਾਤ, ਸੋ ਸਾਹਿਬ ਆਪ ਕਰਾਇੰਦਾ । ਕਲਜੁਗ ਅੰਤਮ ਦੇਵੇ ਦਾਤ, ਨਾਮ ਭੰਡਾਰਾ ਆਪ ਵਰਤਾਇੰਦਾ । ਨਿਰਗੁਣ ਸਰਗੁਣ ਹੋ ਕੇ ਸਾਥ, ਸਗਲਾ ਸੰਗ ਨਿਭਾਇੰਦਾ । ਆਦਿ ਸੁਣਾਈ ਆਪਣੀ ਗਾਥ, ਜੁਗਾਦਿ ਵੰਡ ਵੰਡਾਇੰਦਾ । ਖੇਲੇ ਖੇਲ ਪੁਰਖ ਸਮਰਾਥ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਮੰਦਰ ਇਕ ਵਡਿਆਇੰਦਾ । ਕਰ ਕਿਰਪਾ ਮਿਹਰਵਾਨ, ਭਗਤ ਭਗਵਾਨ ਮਾਤ ਜਗਾਇੰਦਾ । ਦੇਵੇ ਦਰਸ ਨੌਜਵਾਨ, ਸਾਚੇ ਮਾਰਗ ਆਪੇ ਲਾਇੰਦਾ । ਰਾਹ ਦੱਸੇ ਹੋ ਮਿਹਰਵਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਕਰੇ ਖੇਲ ਵਿਚ ਜਹਾਨ । ਸਾਚਾ ਖੇਲ ਕਰੇ ਜਹਾਨ, ਦੋਏ ਦੋਏ ਆਪਣੀ ਧਾਰ ਚਲਾਈਆ । ਸਚਖੰਡ ਦਾ ਸਚ ਮਕਾਨ, ਲੋਕਮਾਤ ਪਰਗਟਾਈਆ । ਸਾਢੇ ਤਿੰਨ ਇਕ ਨਿਸ਼ਾਨ, ਗਿਣਤੀ ਗਣਤ ਨਾ ਕੋਇ ਗਣਾਈਆ । ਸਾਢੇ ਤਿੰਨ ਕਰੋੜ ਦਏ ਬਿਆਨ, ਰੋਮ ਰੋਮ ਰੋਮ ਜਸ ਗਾਈਆ । ਹੇਮ ਕੁੰਟ ਬੀਆਬਾਨ, ਜੰਗਲ ਜੂਹ ਰਹੇ ਕੁਰਲਾਈਆ । ਸਚ ਬੈਕੁੰਠ ਹਰਿ ਕਾ ਮਕਾਨ, ਜਿਸ ਗ੍ਰਿਹਿ ਅੰਦਰ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰ ਦਏ ਬਣਾਈਆ । ਸਚਖੰਡ ਸਚ ਦਵਾਰ, ਹਰਿ ਸਾਚਾ ਸਚ ਬਣਾਇੰਦਾ । ਮਹੱਲ ਅਟੱਲ ਇਕ ਉਸਾਰ, ਉਸਤਤ ਆਪਣੀ ਵਿਚ ਟਿਕਾਇੰਦਾ । ਪੁਸਤਕ ਕਰੇ ਨਾ ਕੋਇ ਪਿਆਰ, ਭਗਤ ਭਗਵਾਨ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

੫੩੬
੧੪

ਸਾਚਾ ਮੰਦਰ ਇਕ ਉਪਾਇੰਦਾ । ਸਚਖੰਡ ਸਾਚਾ ਮੰਦਰ ਸੋਹਣਾ, ਸੋ ਸਾਹਿਬ ਆਪ ਉਪਾਈਆ । ਜਿਸ ਦੇ ਅੰਦਰ ਨਿਰਗੁਣ ਵਸੇ ਆਪ ਪਰੌਹਣਾ, ਦੂਜਾ ਨਜ਼ਰ ਕੋਇ ਨਾ ਆਈਆ । ਸਾਚੀ ਸੇਜਾ ਇਕੋ ਸੌਣਾ, ਸਿੰਘਾਸਣ ਵਖਾਵਣਹਾਰ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮਹੱਲ ਇਕ ਵਸਾਈਆ । ਸਚਖੰਡ ਮਹੱਲ ਅਪਾਰਾ, ਸ੍ਰੀ ਭਗਵਾਨ ਆਪ ਜਣਾਇੰਦਾ । ਨਿਰਗੁਣ ਜੋਤ ਕਰ ਉਜਿਆਰਾ, ਨੂਰੋ ਨੂਰ ਨੂਰ ਧਰਾਇੰਦਾ । ਬੋਧ ਅਗਾਧ ਨਾਮ ਜੈਕਾਰਾ, ਸ਼ਬਦੀ ਰਾਗ ਅਲਾਇੰਦਾ । ਖੇਲੇ ਖੇਲ ਅਪਰ ਅਪਾਰਾ, ਭੇਵ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਸਚ ਸਮਝਾਇੰਦਾ । ਸਚਖੰਡ ਲੋਕਮਾਤ, ਹਰਿ ਭਗਵਨ ਆਪ ਜਣਾਈਆ । ਜਿਸ ਗ੍ਰਿਹਿ ਵਸੇ ਪੁਰਖ ਸਮਰਾਥ, ਤਿਸ ਦੇਵਣਹਾਰ ਵਡਿਆਈਆ । ਪੁਰੀ ਲੋਅ ਆਸ ਪਾਸ, ਨਗਰ ਖੇੜਾ ਰੂਪ ਜਣਾਈਆ । ਹਰਿ ਕਾ ਭੇਵ ਨਾ ਜਾਣੇ ਕੋਈ ਆਕਾਸ਼, ਆਕਾਸ਼ ਬੈਠਾ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੇਵਣਹਾਰ ਵਡਿਆਈਆ । ਸਚਖੰਡ ਰੱਖਿਆ ਕਾਇਆ ਉਹਲਾ, ਨਜ਼ਰ ਕੋਇ ਨਾ ਪਾਈਆ । ਨਿਰਗੁਣ ਬਦਲਿਆ ਆਪਣਾ ਚੋਲਾ, ਚੋਲੀ ਰੰਗ ਵਖਾਈਆ । ਜਿਸ ਮੰਦਰ ਗਾਏ ਸਾਚਾ ਸੋਹਲਾ, ਸੋ ਮੰਦਰ ਇਕ ਸੁਹਾਈਆ । ਸਚ ਦਵਾਰ ਨਰ ਹਰਿ ਖੋਲ੍ਹਾ, ਨਿਰਵੈਰ ਵੰਡ ਵੰਡਾਈਆ । ਪਰਮ ਪੁਰਖ ਪ੍ਰਭ ਗਾਏ ਢੋਲਾ, ਢੋਲਕ ਹੋਰ ਨਾ ਕੋਇ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਮੰਦਰ ਸੁਹੰਜਣਾ ਸੋਭਨੀਕ, ਹਰਿ ਸਤਿਗੁਰ ਆਪ ਉਪਾਇੰਦਾ । ਦੂਸਰ ਨਾ ਕੋਈ ਦਿਸੇ ਸ਼ਰੀਕ, ਕੂੜੀ ਵੰਡ ਨਾ ਕੋਇ ਵੰਡਾਇੰਦਾ । ਗ੍ਰਿਹਿ ਮੰਦਰ ਵਸੇ ਨਜ਼ਦੀਕ, ਦੂਰ ਦੁਰਾਡਾ ਪੰਧ ਮੁਕਾਇੰਦਾ । ਮਾਰਗ ਧਾਰਾ ਇਕ ਬਾਰੀਕ, ਔਖੀ ਘਾਟੀ ਆਪ ਜਣਾਇੰਦਾ । ਚਰਨ ਕਵਲ ਜੋ ਲਾਏ ਪ੍ਰੀਤ, ਤਿਸ ਮੰਜ਼ਲ ਸਚ ਪੁਚਾਇੰਦਾ । ਪ੍ਰਭ ਨਜ਼ਰੀ ਆਏ ਠੀਕ, ਠੀਕਰ ਕੂੜਾ ਭੰਨ ਜਣਾਇੰਦਾ । ਸਚਖੰਡ ਦਵਾਰੇ ਰੱਖੇ ਸਚ ਉਡੀਕ, ਭਗਤ ਭਗਵਾਨ ਰਾਹ ਤਕਾਇੰਦਾ । ਲਹਿਣਾ ਚੁੱਕੇ ਵੀਹ ਬੀਸ, ਬੀਸ ਬੀਸਾ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੰਡ ਸਚ ਵੰਡ ਵੰਡਾਇੰਦਾ । ਸਚਖੰਡ ਸਤਿ ਸਤਿਗੁਰ, ਗੁਰ ਗੁਰ ਰੂਪ ਜਣਾਈਆ । ਲੇਖਾ ਜਾਣੇ ਆਪਣਾ ਧੁਰ, ਧੁਰ ਧੁਰ ਦੀ ਕਾਰ ਕਮਾਈਆ । ਆਤਮ ਪਰਮਾਤਮ ਜਾਏ ਜੁੜ, ਜੋੜੀ ਹਰਿ ਜਗਦੀਸ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਸਾਚਾ ਦਏ ਪਰਗਟਾਈਆ । ਸਚਖੰਡ ਪਰਗਟੇ ਸਾਢੇ ਤਿੰਨ ਹੱਥ, ਹਰਿ ਸਤਿਗੁਰ ਆਪ ਜਣਾਇੰਦਾ । ਨਿਰਗੁਣ ਹੋ ਕੇ ਅੰਦਰ ਵਸ, ਸਰਗੁਣ ਪਰਦਾ ਪਾਇੰਦਾ । ਸਾਹਿਬ ਸਵਾਮੀ ਗਾ ਜਸ, ਢੋਲਾ ਰਾਗ ਅਲਾਇੰਦਾ । ਜੋਤੀ ਜੋਤ ਕਰ ਪਰਕਾਸ਼, ਨੂਰੋ ਨੂਰ ਨੂਰ ਰੁਸ਼ਨਾਇੰਦਾ । ਭਗਤ ਭਗਵਾਨ ਪੂਰੀ ਆਸ, ਘਰ ਸਾਚੇ ਆਪ ਕਰਾਇੰਦਾ । ਸੇਵਕ ਸੇਵਕ ਦਾਸੀ ਦਾਸ, ਭਿਖਕ ਭਿਖਾਰਾ ਖੇਲ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਾ ਸਚ ਸਰੂਪ ਆਪ ਪਰਗਟਾਏ ਸ਼ਾਹੋ ਭੂਪ, ਸਚ ਦਰਸਾਏ ਆਪਣੀ ਕੂਟ, ਕੂੰਟ ਹੋਰ ਨਾ ਕੋਇ ਜਣਾਇੰਦਾ । ਸਾਚੀ ਕੂਟ ਸਾਚੀ ਦਿਸ਼ਾ, ਸ੍ਰੀ ਭਗਵਾਨ ਆਪ ਜਣਾਈਆ । ਪੁਰਖ ਅਕਾਲ ਇਕੋ ਹਿੱਸਾ, ਹਿੱਸਾ ਆਪਣਾ ਵੰਡ ਵੰਡਾਈਆ । ਕਲਜੁਗ ਅੰਤ ਸ੍ਰੀ ਭਗਵੰਤ ਕਿਸੇ ਨਾ ਦਿਸਾ, ਭਗਤਨ ਮੇਲਾ ਸਹਿਜ ਸੁਭਾਈਆ । ਖਾਣੀ ਬਾਣੀ ਜਿਸ ਦਾ ਕਿੱਸਾ, ਕਥਾ ਕਹਾਣੀ ਰਹੀ ਗਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦੇ ਦੇ ਗਏ ਚਿੱਠਾ, ਚਿਠੀ

ਸਿਫ਼ਤੀ ਸਿਫ਼ਤ ਸਾਲਾਹੀਆ । ਪੁਰਖ ਅਕਾਲ ਨੇਤਰ ਨੈਣ ਕਿਸੇ ਨਾ ਡਿਠਾ, ਸੁਣ ਸੁਣ ਸਾਰੇ ਰਹੇ ਜਸ ਗਾਈਆ । ਸਭ ਦੇ ਅੰਦਰ ਸੁੱਤਾ ਦੇ ਕਰ ਪਿਠਾ, ਕਰਵਟ ਸਕੇ ਨਾ ਕੋਇ ਬਦਲਾਈਆ । ਜਨ ਭਗਤਾਂ ਉਪਰ ਹਰਿ ਜੂ ਤੁਠਾ, ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚਖੰਡ ਸਾਚੇ ਸੋਭਾ ਪਾਈਆ । ਸਚਖੰਡ ਦਾ ਸਚ ਰੰਗ, ਰੰਗ ਰੰਗੀਲਾ ਆਪ ਰੰਗਾਇੰਦਾ । ਸਚਖੰਡ ਹਰਿ ਭਗਤ ਪਲੰਘ, ਪੁਰਖ ਅਬਿਨਾਸ਼ੀ ਸੇਜ ਵਿਛਾਇੰਦਾ । ਸਚਖੰਡ ਹਰਿ ਸੰਤ ਅਨੰਦ, ਅਨੰਦ ਇਕੋ ਇਕ ਜਣਾਇੰਦਾ । ਸਚਖੰਡ ਗੁਰਮੁਖ ਸੰਗ, ਗੁਰ ਸਤਿਗੁਰ ਮੇਲ ਮਿਲਾਇੰਦਾ । ਸਚਖੰਡ ਗੁਰਸਿਖ ਚੰਦ, ਨਿਰਗੁਣ ਨੂਰ ਨੂਰ ਚਮਕਾਇੰਦਾ । ਦੀਨ ਦਿਆਲ ਹੋ ਬਖ਼ਸ਼ੰਦ, ਮਿਹਰਵਾਨ ਮਿਹਰ ਨਜ਼ਰ ਉਠਾਇੰਦਾ । ਨਾਤਾ ਤੋੜ ਬੰਦੀਖ਼ਾਨਾ ਬੰਦ, ਬੰਦ ਖ਼ੁਲਾਸੀ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਭਗਤ ਭਗਵਾਨ ਸਚ ਨਿਸ਼ਾਨ, ਆਪ ਵਖਾਏ ਸਚਖੰਡ ਮਕਾਨ, ਦਰ ਇਕੋ ਇਕ ਸੁਹਾਇੰਦਾ ।

## ★ ੧੨ ਜੇਠ ੨੦੨੦ ਬਿਕ੍ਰਮੀ ਫ਼ਰੰਗੀ ਰਾਮ ਦੇ ਗ੍ਰਿਹਿ ਤੂਤਾਂ ਵਾਲਾ ਜੰਮੂ ★

ਸਚਖੰਡ ਸਚ ਸੁਲਤਾਨਾ, ਸੋ ਪੁਰਖ ਨਿਰੰਜਣ ਸੋਭਾ ਪਾਈਆ । ਸਚਖੰਡ ਹਰਿ ਮਿਹਰਵਾਨਾ, ਹਰਿ ਪੁਰਖ ਨਿਰੰਜਣ ਵੇਸ ਵਟਾਈਆ । ਸਚਖੰਡ ਨੌਜਵਾਨਾ, ਏਕੰਕਾਰਾ ਬਲ ਰਖਾਈਆ । ਸਚਖੰਡ ਨੂਰ ਮਹਾਨਾ, ਆਦਿ ਨਿਰੰਜਣ ਜੋਤ ਰੁਸ਼ਨਾਈਆ । ਸਚਖੰਡ ਮਰਦ ਮਰਦਾਨਾ, ਅਬਿਨਾਸ਼ੀ ਕਰਤਾ ਸੋਭਾ ਪਾਈਆ । ਸਚਖੰਡ ਸ੍ਰੀ ਭਗਵਾਨਾ, ਭਗਵਨ ਆਪਣੀ ਕਾਰ ਕਮਾਈਆ । ਸਚਖੰਡ ਪਾਰਬ੍ਰਹਮ ਹੋ ਪਰਧਾਨਾ, ਆਸਣ ਸਿੰਘਾਸਣ ਦਏ ਵਡਿਆਈਆ । ਸਚਖੰਡ ਸ਼ਹਿਨਸ਼ਾਹ ਸੁਲਤਾਨਾ, ਪਾਤਸ਼ਾਹ ਬੇਪਰਵਾਹੀਆ । ਸਚਖੰਡ ਸਚ ਹੁਕਮਰਾਨਾ, ਧੁਰ ਫ਼ਰਮਾਨਾ, ਇਕ ਜਣਾਈਆ । ਸਚਖੰਡ ਸਤਿਗੁਰ ਰੂਪ ਪੁਰਖ ਅਕਾਲਾ, ਅਕਲ ਕਲ ਧਾਰੀ ਆਪ ਹੋ ਜਾਈਆ । ਸਚਖੰਡ ਨਿਰਗੁਣ ਨਿਰਗੁਣ ਪਹਿਰ ਬਾਣਾ, ਭੇਵ ਅਭੇਦਾ ਆਪ ਜਣਾਈਆ । ਸਚਖੰਡ ਦੇਵਣਹਾਰਾ ਦਾਨਾ, ਸਰਗੁਣ ਸਰਗੁਣ ਮਾਣ ਵਡਿਆਈਆ । ਸਚਖੰਡ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਜਣਾਈਆ । ਸਚਖੰਡ ਨਿਵਾਸੀ ਸਤਿਗੁਰ ਧਾਰ, ਸੋ ਸਾਹਿਬ ਆਪ ਚਲਾਇੰਦਾ । ਨਿਰਗੁਣ ਨਿਰਗੁਣ ਲੈ ਅਵਤਾਰ, ਗੁਰ ਗੁਰ ਵੇਸ ਵਟਾਇੰਦਾ । ਗੁਰ ਗੁਰ ਨਾਦ ਸ਼ਬਦ ਧੁਨਕਾਰ, ਨਾਮ ਨਾਮਾ ਰੂਪ ਪਰਗਟਾਇੰਦਾ । ਲੇਖਾ ਜਾਣ ਜੀਵ ਜਹਾਨ, ਜੁਗਤੀ ਇਕੋ ਇਕ ਸਮਝਾਇੰਦਾ । ਸਮਰਥ ਪੁਰਖ ਹੋ ਮਿਹਰਵਾਨ, ਮਿਹਰ ਨਜ਼ਰ ਇਕ ਉਠਾਇੰਦਾ । ਅੱਖਰ ਵੱਖਰ ਕਰ ਪਰਧਾਨ, ਸਚ ਪਰਧਾਨਗੀ ਇਕ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰ ਬਹਿ ਬਹਿ ਖੇਲ ਰਚਾਇੰਦਾ । ਸਚਖੰਡ ਨਿਵਾਸੀ ਸਤਿਗੁਰ ਪੂਰਾ, ਸੋ ਪੁਰਖ ਨਿਰੰਜਣ ਵਡ ਵਡਿਆਈਆ । ਜੋਤੀ ਜਾਤਾ ਏਕਾ ਨੂਰਾ, ਨੂਰੋ ਨੂਰ ਨੂਰ ਰੁਸ਼ਨਾਈਆ । ਸਦਾ ਸਦਾ ਸਦ ਬਣਿਆ ਰਹੇ ਮਜ਼ਦੂਰਾ, ਸੇਵਕ ਆਪਣੀ ਸੇਵ ਕਮਾਈਆ । ਜੁਗ ਚੌਕੜੀ ਕੂੜੀ ਕਿਰਿਆ ਹੁੰਝੇ ਕੂੜਾ, ਨਾਮ ਬਹਾਰਾ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਰਬ ਕਲ ਹੋ ਭਰਪੂਰਾ, ਪ੍ਰਭ ਆਪਣੀ ਕਾਰ ਕਮਾਈਆ । ਕਾਰ ਕਮਾਏ ਸਚਖੰਡ ਨਿਵਾਸੀ, ਸਚ ਸਾਚੀ ਸੇਵ ਕਮਾਇੰਦਾ ।


੫੩੭
੧੪

ਆਦਿ ਜੁਗਾਦਿ ਨਾ ਕੋਇ ਉਦਾਸੀ, ਹਰਖ਼ ਸੋਗ ਨਾ ਕੋਇ ਵਖਾਇੰਦਾ । ਮੰਡਲ ਮੰਡਪ ਇਕੋ ਰਾਸੀ, ਇਕੋ ਨਾਚ ਨਚਾਇੰਦਾ । ਕਲਜੁਗ ਵੇਖੇ ਖੇਲ ਤਮਾਸ਼ੀ, ਨਿਰਗੁਣ ਆਪਣਾ ਫੇਰਾ ਪਾਇੰਦਾ । ਭਗਤ ਭਗਵਾਨ ਬਣਿਆ ਸਾਥੀ, ਸਗਲਾ ਸੰਗ ਨਿਭਾਇੰਦਾ । ਇਕ ਜਣਾਏ ਪੂਜਾ ਪਾਠੀ, ਆਤਮ ਪਰਮਾਤਮ ਰਾਗ ਅਲਾਇੰਦਾ । ਨਿਰਗੁਣ ਸਰਗੁਣ ਦੇਵੇ ਦਾਤੀ, ਨਾਮ ਅਮੋਲਕ ਆਪ ਵਰਤਾਇੰਦਾ । ਮੇਟੇ ਰੈਣ ਅੰਧੇਰੀ ਰਾਤੀ, ਸਤਿਗੁਰ ਸਾਚਾ ਚੰਦ ਚੜ੍ਹਾਇੰਦਾ । ਦਿਵਸ ਰੈਣ ਰੱਖੇ ਪਰਭਾਤੀ, ਪ੍ਰਭ ਆਪਣਾ ਖੇਲ ਖਲਾਇੰਦਾ । ਨਿਰਧਨ ਸਰਧਨ ਪੁਛੇ ਵਾਤੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰਾ ਏਕੰਕਾਰਾ ਹਰਿ ਨਿਰੰਕਾਰਾ ਇਕ ਸੁਹਾਇੰਦਾ । ਸਚਖੰਡ ਦਵਾਰਾ ਸੋਭਾਵੰਤ, ਸੋਭਨੀਕ ਸੁਹਾਈਆ । ਖੇਲੇ ਖੇਲ ਜੁਗਾ ਜੁਗੰਤ, ਜੁਗ ਚੌਕੜੀ ਵੇਸ ਵਟਾਈਆ । ਕਲਜੁਗ ਵੇਲਾ ਜਾਣੇ ਅੰਤ, ਬੇਅੰਤ ਬੇਪਰਵਾਹੀਆ । ਸ੍ਰਿਸ਼ਟ ਸਬਾਈ ਦੇਵੇ ਮੰਤ, ਹਰਿ ਮੰਤਰ ਨਾਮ ਦ੍ਰਿੜਾਈਆ । ਲੇਖਾ ਜਾਣੇ ਜੀਵ ਜੰਤ, ਲੱਖ ਚੁਰਾਸੀ ਖੋਜ ਖੁਜਾਈਆ । ਸਤਿ ਬਣਾਏ ਸਾਚੀ ਬਣਤ, ਘੜਨ ਭੰਨਣਹਾਰ ਬੇਪਰਵਾਹੀਆ । ਆਤਮ ਪਰਮਾਤਮ ਨਾਰ ਕੰਤ, ਸੇਜ ਸੁਹੰਜਣੀ ਇਕ ਸੁਹਾਈਆ । ਨਾਮ ਚੋਲੀ ਰੰਗ ਬਸੰਤ, ਬੇਪਰਵਾਹ ਆਪ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਆਪਣਾ ਫੇਰਾ ਪਾਈਆ । ਨਿਰਗੁਣ ਫੇਰਾ ਅਗੰਮ ਅਥਾਹ, ਬੇਪਰਵਾਹ ਖੇਲ ਖਲਾਇੰਦਾ । ਪਰਗਟ ਹੋ ਸੱਚਾ ਸ਼ਹਿਨਸ਼ਾਹ, ਸ਼ਾਹੋ ਭੂਪ ਵੇਸ ਵਟਾਇੰਦਾ । ਦੋ ਜਹਾਨਾਂ ਮੰਜ਼ਲ ਜਾਣੇ ਰਾਹ, ਰਹਿਬਰ ਆਪਣੀ ਕਾਰ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਾਰ ਆਪ ਕਮਾਇੰਦਾ । ਸਾਚੀ ਕਾਰ ਕਰੇ ਕਰਤਾਰ, ਕਾਦਰ ਵੱਡਾ ਵਡ ਵਡਿਆਈਆ । ਭਗਤ ਭਗਵਾਨ ਮੀਤ ਮੁਰਾਰ, ਮਿਲ ਮਿਲ ਆਪਣੀ ਖ਼ੁਸ਼ੀ ਜਣਾਈਆ । ਦੂਰ ਦਰਾਡਾ ਪੰਧ ਮੁਕਾਏ ਸਿਰਜਣਹਾਰ, ਸਿਰ ਸਿਰ ਰਿਹਾ ਰਿਜ਼ਕ ਸਬਾਈਆ । ਕਾਗ਼ਜ਼ ਕਲਮ ਨਾ ਲਿਖਣਹਾਰ, ਲੇਖਾ ਲੇਖ ਨਾ ਕੋਇ ਪਰਗਟਾਈਆ । ਜਿਉਂ ਭਾਵੇ ਤਿਉਂ ਕਰੇ ਕਰਾਏ ਆਪਣੀ ਕਾਰ, ਹਰਿ ਕਰਤਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਨ ਭਗਤ ਸਿਫ਼ਤ ਸਾਲਾਹੀਆ । ਸਿਫ਼ਤ ਭਗਤ ਸਿਫ਼ਤ ਸਾਲਾਹ, ਸਲਾਹਗੀਰ ਹਰਿ ਅਖਵਾਇੰਦਾ । ਸਤਿ ਦਵਾਰੇ ਚਰਨ ਛੁਹਾ, ਸ਼ਹਿਨਸ਼ਾਹ ਆਪਣਾ ਰੰਗ ਰੰਗਾਇੰਦਾ । ਕੁੱਲੀ ਕੱਖਾਂ ਭਾਗ ਲਗਾ, ਆਪਣੀ ਦਇਆ ਕਮਾਇੰਦਾ । ਦੀਪਕ ਜੋਤੀ ਜੋਤ ਜਗਾ, ਚਿਰਾਗ਼ ਇਕੋ ਇਕ ਜਣਾਇੰਦਾ । ਆਤਮ ਪਰਮਾਤਮ ਕਰ ਰੁਸ਼ਨਾ, ਅਗਿਆਨ ਅੰਧੇਰ ਮਿਟਾਇੰਦਾ । ਸਿਧਾ ਮਾਰਗ ਇਕੋ ਲਾ, ਸੁਖਮਨ ਟੇਢੀ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚਾ ਖੇਲ ਖਲਾਇੰਦਾ । ਕੁਲੀ ਕੱਖਾਂ ਲੇਖੇ ਲੱਗੇ ਕੱਖ, ਹਰਿ ਕਰਤਾ ਕੀਮਤ ਪਾਈਆ । ਮਿਹਰਵਾਨ ਖੋਲ੍ਹ ਅੱਖ, ਆਖ਼ਰ ਆਪਣਾ ਰੰਗ ਰੰਗਾਈਆ । ਦਰਸ ਦਿਖਾਏ ਆਪ ਪਰਤੱਖ, ਨਿਰਗੁਣ ਜੋਤ ਨੂਰ ਰੁਸ਼ਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦੂਰ ਦੁਰਾਡੇ ਰਹੇ ਹੱਸ, ਘਰ ਘਰ ਆਪਣੀ ਖ਼ੁਸ਼ੀ ਮਨਾਈਆ । ਪੀਰ ਪੈਗ਼ੰਬਰ ਚੌਦਾਂ ਲੋਕ ਰਹੇ ਨੱਠ, ਚੌਦਾਂ ਤਬਕ ਖੇਲ ਰਚਾਈਆ । ਭਗਤ ਭਗਵਾਨ ਗੌਂਦੇ ਜਸ, ਵੇਦ ਪੁਰਾਨ ਸਿਫ਼ਤ ਨਾ ਰਾਈਆ । ਨਾਤਾ ਤੁੱਟੇ ਅੱਠ ਤੱਤ, ਤੱਤ ਅੱਠ ਸੋਭਾ ਪਾਈਆ । ਲੇਖੇ ਲੱਗੇ ਸਾਚੀ ਰਤ, ਰਤੀ ਰਤ ਵੇਖ ਵਖਾਈਆ । ਪ੍ਰਭ ਦੇਵਣਹਾਰਾ ਬ੍ਰਹਮ ਮਤ, ਬ੍ਰਹਮ ਵਿਦਿਆ ਕਰੇ ਪੜ੍ਹਾਈਆ । ਲੱਖ ਚੁਰਾਸੀ ਵਿਚੋਂ ਰੱਖ, ਰੱਖਕ ਹੋਏ ਸਭਨੀ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ

ਹੋਏ ਸਹਾਈਆ । ਕੱਖਾਂ ਕੁੱਲੀ ਪੜ੍ਹੇ ਕਲਾਮ, ਕਲਮਾ ਨਬੀ ਰਸੂਲ ਅਲਾਈਆ । ਪਾਰਬ੍ਰਹਮ ਪ੍ਰਭ ਰੂਪ ਇਕ ਅਮਾਮ, ਪਰਵਰਦਿਗਾਰ ਸੱਚਾ ਸ਼ਹਿਨਸ਼ਾਹੀਆ । ਆਦਿ ਜੁਗਾਦਿ ਜੁਗ ਚੌਕੜੀ ਸੱਚਾ ਦੱਸੇ ਨਜ਼ਾਮ, ਨੌਬਤ ਆਪਣੇ ਨਾਮ ਵਜਾਈਆ । ਜ਼ਾਹਰ ਜ਼ਹੂਰ ਦਏ ਪੈਗ਼ਾਮ, ਕਾਇਨਾਤ ਕਰੇ ਪੜ੍ਹਾਈਆ । ਸਾਚਾ ਸਜਦਾ ਇਕ ਸਲਾਮ, ਹੁਜਰਾ ਇਕੋ ਇਕ ਦਰਸਾਈਆ । ਦਾਮਨਗੀਰ ਪਕੜੇ ਦਾਮ, ਪੱਲੂ ਆਪਣੀ ਗੰਢ ਪੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜਨ ਭਗਤ ਦਏ ਵਡਿਆਈਆ । ਕੁੱਲੀ ਕੱਖ ਹੱਸੇ ਰੋਵੇ, ਦੋਵੇਂ ਧਾਰ ਜਣਾਈਆ । ਪੁਰਖ ਅਬਿਨਾਸ਼ੀ ਮੇਰਾ ਹੋਵੇ, ਦੂਜੇ ਸਾਰ ਕੋਇ ਨਾ ਆਈਆ । ਦਿਵਸ ਰੈਣ ਕਦੇ ਨਾ ਸੋਵੇ, ਆਲਸ ਨਿੰਦਰਾ ਨਾ ਕੋਇ ਜਣਾਈਆ । ਦੁਰਮਤ ਮੈਲ ਸਭ ਦੀ ਧੋਵੇ, ਜੋ ਜਨ ਆਏ ਸਰਨਾਈਆ । ਕੂੜੀ ਕਿਰਿਆ ਅੰਤਰ ਖੋਵੇ, ਗੁਰਮਤ ਝੋਲੀ ਪਾਈਆ । ਸਾਚਾ ਬੀਜ ਇਕੋ ਬੋਵੇ, ਪੱਤ ਡਾਲੀ ਨਾਮ ਮਹਿਕਾਈਆ । ਨਿਰਗੁਣ ਨਿਰਗੁਣ ਜਿਹਾ ਹੋਵੇ, ਗੁਰਮੁਖ ਗੁਰ ਗੁਰ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਆਪ ਕਮਾਈਆ । ਕੁੱਲੀ ਕੱਖ ਨੈਣ ਉਘਾੜ, ਚਾਰੋਂ ਕੁੰਟ ਵੇਖ ਵਖਾਈਆ । ਦਹਿ ਦਿਸ਼ਾ ਦਿਸੇ ਉਜਾੜ, ਖੇੜਾ ਨਜ਼ਰ ਨਾ ਕੋਇ ਜਣਾਈਆ । ਸਾਚਾ ਕਰੇ ਨਾ ਕੋਇ ਪਿਆਰ, ਪਰੇਮੀ ਪ੍ਰੀਤ ਨਾ ਕੋਇ ਲਗਾਈਆ । ਲੱਖ ਚੁਰਾਸੀ ਰੂਪ ਨਰ ਨਾਰ, ਧੀਰਜ ਧੀਰ ਨਾ ਕੋਇ ਧਰਾਈਆ । ਹਾਹਾਕਾਰ ਸਰਬ ਸੰਸਾਰ, ਹੌਕਾ ਲੈ ਲੈ ਮਰੇ ਲੋਕਾਈਆ । ਇਕੋ ਭਗਤ ਬੋਲੇ ਜੈਕਾਰ, ਸੋਹੰ ਢੋਲਾ ਰਿਹਾ ਗਾਈਆ । ਉਹਲਾ ਪਰਦਾ ਦਿਤਾ ਪਾੜ, ਸ਼ਬਦ ਵਚੋਲਾ ਫੇਰਾ ਪਾਈਆ । ਤੋਲਾ ਬਣਿਆ ਆਪ ਨਿਰੰਕਾਰ, ਨਾਮ ਕੰਡਾ ਹੱਥ ਉਠਾਈਆ । ਵੇਖੇ ਵਿਗਸੇ ਪਾਵੇ ਸਾਰ, ਵੇਖਣਹਾਰ ਨਜ਼ਰ ਕਿਸੇ ਨਾ ਆਈਆ । ਸਗਲੇ ਸੱਜਣ ਲਏ ਨਾਲ, ਸਾਥੀ ਆਪਣਾ ਸੰਗ ਮਿਲਾਈਆ । ਨਾਤਾ ਤੋੜ ਸ਼ਾਹ ਕੰਗਾਲ, ਸ਼ਹਿਨਸ਼ਾਹ ਇਕੋ ਘਰ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਲੇਖਾ ਰਿਹਾ ਚੁਕਾਈਆ । ਕੁੱਲੀ ਕੱਖ ਮਾਰੇ ਝਾਤੀ, ਨੇਤਰ ਨੈਣ ਨੈਣ ਉਘਾੜਿਆ । ਪੁਰਖ ਅਬਿਨਾਸ਼ੀ ਖੋਲ੍ਹ ਤਾਕੀ, ਘਰ ਆਇਆ ਮੀਤ ਮੁਰਾਰਿਆ । ਜਾਮ ਪਿਆਏ ਇਕੋ ਸਾਕੀ, ਮਧੁਰ ਰਸ ਇਕ ਵਖਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗ੍ਰਿਹ ਮੰਦਰ ਡੇਰਾ ਲਾ ਰਿਹਾ । ਕੁੱਲੀ ਕੱਖ ਚਾਉ ਘਨੇਰਾ, ਸਖੀਆਂ ਰਹੀ ਜਣਾਈਆ । ਓ ਸਖੀਓ ਘਰ ਆਇਆ ਪ੍ਰਭ ਮੇਰਾ, ਮੈਂ ਮੇਰੀ ਦਏ ਮਿਟਾਈਆ । ਡੁੱਬਦਾ ਤਾਰਨਹਾਰਾ ਬੇੜਾ, ਚੱਪੂ ਆਪਣਾ ਨਾਮ ਲਗਾਈਆ । ਨਾਉਂ ਰੱਖ ਸਿੰਘ ਸ਼ੇਰਾ, ਵਡ ਦਲੇਰੀ ਇਕ ਜਣਾਈਆ । ਆਵਣ ਜਾਵਣ ਮੁਕਾਏ ਝੇੜਾ, ਝਗੜਾ ਕੋਇ ਰਹਿਣ ਨਾ ਪਾਈਆ । ਅੰਤਮ ਕਰੇ ਹੱਕ ਨਬੇੜਾ, ਅਦਾਲਤ ਇਕੋ ਇਕ ਲਗਾਈਆ । ਸਾਚਾ ਵਸੇ ਗੁਰਮੁਖ ਖੇੜਾ, ਗੁਰ ਸਤਿਗੁਰ ਆਪ ਵਸਾਈਆ । ਦੂਰ ਦੁਰਾਡਾ ਆਇਆ ਨੇੜਾ, ਨੇਰਨ ਨੇਰ ਰੂਪ ਦਰਸਾਈਆ । ਖੇਲ ਖੇਲੇ ਗੁਰੂ ਗੁਰ ਚੇਰਾ, ਚੇਲਾ ਆਪਣੀ ਸੇਵਾ ਲਾਈਆ । ਮਿਹਰਵਾਨ ਕਰੇ ਮਿਹਰਾਂ, ਮਿਹਰ ਨਜ਼ਰ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਮੈਂਡੇ ਲਾਇਆ ਡੇਰਾ, ਮੈਂ ਕੀ ਆਪਣੇ ਨਾਲ ਰਲਾਈਆ । ਝੁੱਗੀ ਕਹੇ ਮੈਂ ਕੀ ਦੱਸਾਂ, ਹਾਲ ਦੱਸਣ ਵਿਚ ਨਾ ਆਈਆ । ਖ਼ੁਸ਼ੀਆਂ ਵਿਚ ਉਠ ਉਠ ਨੱਸਾਂ, ਚਾਰੋਂ ਕੁੰਟ ਨੈਣ ਉਠਾਈਆ । ਪਰੇਮ ਪ੍ਰੀਤੀ ਅੰਦਰ ਵਸਾਂ ਵਾਸਤਾ ਇਕੋ ਅੱਗੇ ਪਾਈਆ । ਅੰਮਿਉਂ ਰਸ ਇਕੋ ਚੱਖਾਂ, ਸ੍ਰੀ ਭਗਵਾਨ

੫੩੯
੧੪

ਜਾਮ ਇਕ ਪਿਆਈਆ । ਮੈਂਹਦੀ ਲਾਵਾਂ ਸਾਚੇ ਹੱਥਾਂ, ਰੰਗ ਇਕੋ ਇਕ ਚਮਕਾਈਆ । ਪਰਮ ਪੁਰਖ ਦੀ ਚਰਨੀ ਢੱਠਾਂ, ਜੋ ਦੇਵਣਹਾਰ ਵਡਿਆਈਆ । ਦੋਏ ਜੋੜ ਵਾਸਤਾ ਘੱਤਾਂ, ਨੇਤਰ ਨੈਣਾਂ ਨੀਰ ਵਹਾਈਆ । ਪ੍ਰਭ ਨਾਤਾ ਛੁਡਾ ਦੇ ਪੰਜਾਂ ਤੱਤਾਂ, ਜੋ ਤੇਰੀ ਰਹਿਣ ਸਰਨਾਈਆ । ਦਰਸ਼ਨ ਕਰਾਂ ਤੇਰੀਆਂ ਅੱਖਾਂ, ਆਪਣੀ ਅੱਖ ਨਾ ਕੋਇ ਰਖਾਈਆ । ਭਾਗ ਲਗਾਇਆ ਮੇਰਿਆਂ ਕੱਖਾਂ, ਕੱਖੋਂ ਲੱਖ ਬਣਾਈਆ । ਢੋਲਾ ਗਾਵਾਂ ਤੇਰਾ ਜਸਾ, ਸੋਹੰ ਰਾਗ ਅਲਾਈਆ । ਹਰਿ ਸੰਗਤ ਵਿਚ ਬਹਿ ਕੇ ਵਸਾਂ, ਵਿਛੋੜਾ ਕੋਇ ਰਹਿਣ ਨਾ ਪਾਈਆ । ਨਾਉਂ ਨਿਧਾਨਾ ਤੇਰਾ ਰਟਾਂ, ਰੱਟਾ ਰਹੇ ਨਾ ਜਗਤ ਲੋਕਾਈਆ । ਸੱਚਾ ਲਾਹਾ ਇਕੋ ਖੱਟਾਂ, ਪ੍ਰਭ ਮਿਲੇ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਦ ਤੇਰਾ ਦਰਸ਼ਨ ਪਾਈਆ । ਕੁੱਲੀ ਕੱਖ ਕਹੇ ਮੇਰਾ ਮਨ ਅਨੰਦ, ਅਨੰਦ ਅਨੰਦ ਵਿਚ ਰਖਾਇੰਦਾ । ਜਿਸ ਘਰ ਚੜ੍ਹਿਆ ਸਾਚਾ ਚੰਦ, ਗੁਜਰੀ ਚੰਦ ਨੂਰ ਚਮਕਾਇੰਦਾ । ਮੈਂ ਗਾਇਆ ਉਹਦਾ ਛੰਦ, ਜੋ ਛੰਦ ਆਪਣਾ ਸਰਬ ਸੁਣਾਇੰਦਾ । ਮੇਰੀ ਤੁੱਟੀ ਲਏ ਗੰਢ, ਗੰਢਣਹਾਰ ਫੇਰਾ ਪਾਇੰਦਾ । ਮੇਰੀ ਚਾਰ ਦੀਵਾਰੀ ਦਿਸੇ ਨਾ ਕੋਈ ਕੰਧ, ਛੱਪਰ ਛੰਨ ਨਾ ਕੋਇ ਵਖਾਇੰਦਾ । ਇਕੋ ਪਰੇਮ ਮੇਰੇ ਸੰਗ, ਜੋ ਪ੍ਰਭ ਸਾਚੇ ਨੂੰ ਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸੱਚਾ ਇਕੋ ਨਜ਼ਰੀ ਆਇੰਦਾ । ਕੁੱਲੀ ਕਹੇ ਮੇਰਾ ਵੇਖ ਕੁਲਾ, ਕੁਲ ਆਪਣੀ ਨਾਲ ਮਿਲਾਈਆ । ਪਾਰਬ੍ਰਹਮ ਪ੍ਰਭ ਪੌਣਾ ਮੁੱਲਾ, ਕੀਮਤ ਤੇਰੇ ਹੱਥ ਰਖਾਈਆ । ਕਲਜੁਗ ਬੂਟਾ ਸਭ ਦਾ ਹੁੱਲਾ, ਫਲ ਨਜ਼ਰ ਕੋਇ ਨਾ ਆਈਆ । ਤੱਤੀ ਵਾਉ ਵਗੇ ਬੁੱਲਾ, ਪਤਝੜ ਰਿਹਾ ਜਣਾਈਆ । ਤੇਰਾ ਦਵਾਰਾ ਇਕੋ ਖੁੱਲ੍ਹਾ, ਮਿਲੇ ਸਰਬ ਸਰਨਾਈਆ । ਦੇਵੇਂ ਨਾਮ ਸਦਾ ਅਨਮੁੱਲਾ, ਕੌੜਾ ਰੀਠਾ ਨਾ ਕੋਇ ਜਣਾਈਆ । ਦਰ ਆਇਉਂ ਪ੍ਰਭ ਮੇਰੇ ਭੁੱਲਾ, ਅਭੁੱਲ ਤੇਰੀ ਸਰਨਾਈਆ । ਤੇਰੀ ਸਰਨ ਕੋਈ ਨਾ ਰੁੱਲਾ, ਜੋ ਆਇਆ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਦੇਣੀ ਨਾਮ ਵਡਿਆਈਆ । ਕੁੱਲੀ ਕਹੇ ਤੂੰ ਕੁਲਵੰਤ, ਕਲਕਾਤੀ ਫੇਰਾ ਪਾਈਆ । ਤੇਰਾ ਨਾਮ ਅਗੰਮਾ ਮੰਤ, ਮੰਤਰ ਤੇਰਾ ਨਾਮ ਪੜ੍ਹਾਈਆ । ਪਿਛੇ ਤਾਰੇ ਸਾਧ ਸੰਤ, ਭਗਤ ਭਗਵੰਤ ਦਇਆ ਕਮਾਈਆ । ਹੁਣ ਕਲਜੁਗ ਵੇਲਾ ਅੰਤ, ਪਾਹਨ ਪਾਥਰ ਨਾਲ ਰਲਾਈਆ । ਤੇਰੀ ਮਹਿਮਾ ਸਦਾ ਬੇਅੰਤ, ਅੰਤ ਕਹਿਣ ਕੋਇ ਨਾ ਪਾਈਆ । ਤੇਰੇ ਦਵਾਰੇ ਇਕੋ ਮਿੰਨਤ, ਦੋਏ ਜੋੜ ਜੋੜ ਸਰਨਾਈਆ । ਸਾਡੇ ਵਿਚ ਨਾ ਕੋਈ ਹਿੰਮਤ, ਤੇਰਾ ਨਾਮ ਲਈਏ ਧਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਦ ਮਿਲੇ ਤੇਰੀ ਸਰਨਾਈਆ । ਕੁੱਲੀ ਕਹੇ ਉਚੀ ਕੂਕ, ਕੂਕ ਕੂਕ ਸੁਣਾਇਆ । ਪਰੇਮ ਅਗਨੀ ਨਾਲ ਫੂਕ, ਜੋਤੀ ਲੰਬੂ ਇਕ ਲਗਾਇਆ । ਨਾਤਾ ਰਹੇ ਨਾ ਪੰਚ ਭੂਤ, ਭੂਤਕ ਸੰਗ ਨਾ ਕੋਇ ਵਖਾਇਆ । ਇਕੋ ਧਾਗਾ ਇਕੋ ਸੂਤ, ਤਾਣਾ ਪੇਟਾ ਤੇਰਾ ਨਾਉਂ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰਾ ਸੋ ਸੋ ਪੁਰਖ ਨਜ਼ਰੀ ਆਇਆ । ਕੁੱਲੀ ਕੱਖ ਕਰ ਵਿਚਾਰ, ਸ੍ਰੀ ਭਗਵਾਨ ਆਪ ਜਣਾਈਆ । ਤੇਰੇ ਦਰ ਲੱਗਾ ਦਰਬਾਰ, ਹਰਿ ਦਰਦੀ ਦਰਦ ਵੰਡਾਈਆ । ਹਰਿ ਸੰਗਤ ਸੰਗ ਕਰ ਪਿਆਰ, ਨੇਤਰ ਨੈਣ ਨੈਣ ਉਠਾਈਆ । ਦੋਏ ਜੋੜ ਕਰ ਨਿਮਸਕਾਰ, ਸੀਸ ਸੀਸ ਝੁਕਾਈਆ । ਉਚੀ ਕੂਕ ਸੁਣਾ ਹਾਲ, ਆਪਣੀ ਆਪ ਦਏ ਦੁਹਾਈਆ । ਗੁਰਮੁਖੋ ਮੈਨੂੰ ਲੈਣਾ ਨਾਲ, ਪਿਛਲਾ ਪੰਧ ਦਿਓ ਮੁਕਾਈਆ । ਜਿਨ੍ਹਾਂ ਮਿਲਿਆ ਦੀਨ

ਦਿਆਲ, ਦਇਆਨਿਧ ਆਪਣੀ ਸੇਵ ਲਗਾਈਆ । ਤਿਨ੍ਹਾਂ ਤੁਟਾ ਕੂੜ ਜੰਜਾਲ, ਮਾਇਆ ਪੋਹ ਨਾ ਸਕੇ ਰਾਈਆ । ਤੇਰਾ ਹੱਲ ਹੋਏ ਸਵਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਖ ਮਤ ਇਕ ਜਣਾਈਆ । ਕੁੱਲੀ ਕੱਖ ਕਰੇ ਅਰਦਾਸ, ਜਨ ਭਗਤਾਂ ਆਖ ਸੁਣਾਈਆ । ਸੰਤ ਸੁਹੇਲਿਓ ਰੱਖੋ ਮੈਨੂੰ ਪਾਸ, ਦਰ ਬੈਠੀ ਸੀਸ ਝੁਕਾਈਆ । ਕਰੇ ਦੁਹਾਈ ਅਨਾਥਾਂ ਅਨਾਥ, ਨਿਰਧਨ ਆਪਣਾ ਹਾਲ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਮਿਲਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇ ਦਰਸ ਕਰ ਤਰਸ, ਮਿਟਾ ਹਰਸ, ਹਾਸਲ ਵਸੂਲ ਅਸਲ ਅਸੂਲ ਅਸਲੀਯਤ ਵਿਚੋਂ ਪਰਗਟਾਈਆ ।

## ★ ੧੨ ਜੇਠ ੨੦੨੦ ਬਿਕ੍ਰਮੀ ਗਿਆਨ ਚੰਦ ਦੇ ਗ੍ਰਿਹ ਤੂਤਾਂ ਵਾਲੀ ਜੰਮੂ ★

ਸੋ ਪੁਰਖ ਸਾਹਿਬ ਸੁਲਤਾਨ, ਸਤਿ ਸਤਿਵਾਦੀ ਨਾਉਂ ਧਰਾਇੰਦਾ । ਹਰਿ ਪੁਰਖ ਨਿਰੰਜਣ ਵਡ ਮਿਹਰਵਾਨ, ਬੇਪਰਵਾਹ ਖੇਲ ਖਲਾਇੰਦਾ । ਏਕੰਕਾਰਾ ਨੌਜਵਾਨ, ਬਿਰਧ ਬਾਲ ਨਾ ਰੂਪ ਵਟਾਇੰਦਾ । ਆਦਿ ਨਿਰੰਜਣ ਜੋਤ ਮਹਾਨ, ਜੋਤੀ ਜਾਤਾ ਡਗਮਗਾਇੰਦਾ । ਅਬਿਨਾਸ਼ੀ ਕਰਤਾ ਵਡ ਬਲਵਾਨ, ਬਲ ਆਪਣਾ ਆਪ ਪਰਗਟਾਇੰਦਾ । ਸ੍ਰੀ ਭਗਵਾਨ ਖੇਲ ਮਹਾਨ, ਲੇਖਾ ਲੇਖ ਨਾ ਕੋਇ ਸਮਝਾਇੰਦਾ । ਪਾਰਬ੍ਰਹਮ ਪ੍ਰਭ ਹੋ ਪਰਧਾਨ,
੫੪੧ ਸਚ ਪਰਧਾਨਗੀ ਆਪ ਕਮਾਇੰਦਾ । ਸਾਚੀ ਇਛਿਆ ਕਰ ਪਰਵਾਨ, ਭਿਛਿਆ ਆਪਣੀ ਝੋਲੀ ਪਾਇੰਦਾ । ਮਹੱਲ ਅਟੱਲ ਸਚ ਮਕਾਨ, ਸਤਿ ੫੪੧
੧੪ ਦਵਾਰਾ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਅਪਰੰਪਰ ਸਵਾਮੀ ਭੇਵ ਅਭੇਦਾ ਆਪਣੇ ਹੱਥ ਰਖਾਇੰਦਾ । ੧੪
ਆਦਿ ਪੁਰਖ ਪੁਰਖ ਅਗੰਮ, ਅਗੋਚਰ ਆਪਣੀ ਕਾਰ ਕਮਾਈਆ । ਨਿਰਗੁਣ ਨਿਰਗੁਣ ਬੇੜਾ ਬੰਨ੍ਹ, ਨਿਰਵੈਰ ਪੁਰਖ ਚਲਾਈਆ । ਵਸਤ ਅਮੋਲਕ ਸਾਚੀ ਧਨ, ਸਤਿ ਸਤਿਵਾਦੀ ਆਪ ਵਰਤਾਈਆ । ਸ਼ਾਹੋ ਭੂਪ ਬਣ ਰਾਜ ਰਾਜਾਨ, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਈਆ । ਸਚਖੰਡ ਦਵਾਰ ਖੋਲ੍ਹ ਦੁਕਾਨ, ਮਹੱਲ ਅਟੱਲ ਕਰੇ ਰੁਸ਼ਨਾਈਆ । ਬੇਪੀਰ ਮਿਹਬਾਨ ਬੀਦੋ ਨੂਰ ਇਲਾਹੀ ਮਹਾਨ, ਮੁਕਾਮੇ ਹੱਕ ਹੱਕ ਰੁਸ਼ਨਾਈਆ । ਸਚ ਤੌਫ਼ੀਕ ਨੌਜਵਾਨ, ਰਫ਼ੀਕ ਹੋਰ ਨਾ ਕੋਇ ਬਣਾਈਆ । ਪਰਵਰਦਿਗਾਰ ਹੋ ਮਿਹਰਵਾਨ, ਬੇਨਜ਼ੀਰ ਨਜ਼ਰ ਨਾ ਕੋਇ ਦਰਸਾਈਆ । ਸਤਿ ਸਤਿਵਾਦੀ ਸਚ ਤਸਵੀਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧਾਰ ਧਾਰ ਵਿਚੋਂ ਪਰਗਟਾਈਆ । ਧਾਰ ਧਾਰ ਹਰਿ ਖੇਲ ਨਿਰਾਲਾ, ਹਰਿ ਨਿਰਗੁਣ ਨਿਰਗੁਣ ਖੇਲ ਖਲਾਇੰਦਾ । ਪਰਮ ਪੁਰਖ ਪ੍ਰਭ ਦੀਨ ਦਿਆਲਾ, ਦਇਆਨਿਧ ਆਪਣਾ ਵੇਸ ਵਟਾਇੰਦਾ । ਵਸਣਹਾਰਾ ਸਚਖੰਡ ਸੱਚੀ ਧਰਮਸਾਲਾ, ਧਰਮ ਦਵਾਰਾ ਇਕ ਪਰਗਟਾਇੰਦਾ । ਦੀਪਕ ਜੋਤੀ ਜੋਤ ਨਿਰਾਲਾ, ਕਮਲਾਪਾਤੀ ਆਪ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਦਰ ਆਪ ਸੁਹਾਇੰਦਾ । ਸਾਚਾ ਮੰਦਰ ਸਚਖੰਡ, ਸਤਿ ਸਤਿਵਾਦੀ ਆਪ ਸੁਹਾਈਆ । ਨਿਰਗੁਣ ਨਿਰਵੈਰ ਬੈਠ ਅਖੰਡ, ਨਿਰਾਕਾਰ ਵੇਸ ਵਟਾਈਆ । ਕਰ ਪਰਕਾਸ਼ ਬਿਨ ਸੂਰਜ ਚੰਦ, ਜੋਤੀ ਜੋਤ ਜੋਤ ਰੁਸ਼ਨਾਈਆ । ਖੇਲੇ ਖੇਲ ਸੂਰਾ ਸਰਬੰਗ, ਬੇਅੰਤ ਬੇਪਰਵਾਹ ਆਪਣੀ ਕਾਰ ਕਮਾਈਆ । ਦਰ ਦਰਵੇਸ਼ ਭਿਖਕ ਭਿਖਾਰੀ ਮੰਗੇ ਮੰਗ, ਖ਼ਾਲੀ ਝੋਲੀ ਅੱਗੇ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਹਰਿ ਇਕੱਲਾ, ਏਕੰਕਾਰ ਆਪਣੀ ਕਾਰ ਕਮਾਇੰਦਾ । ਵਸਣਹਾਰ ਸਚਖੰਡ ਮਹੱਲਾ, ਗ੍ਰਿਹਿ ਮੰਦਰ ਸੋਭਾ ਪਾਇੰਦਾ । ਦੀਪਕ ਜੋਤ ਆਪੇ ਬਲਾ, ਨੂਰੋ ਨੂਰ ਡਗਮਗਾਇੰਦਾ । ਸਤਿ ਸਰੂਪ ਫੜਾਏ ਪੱਲਾ, ਪੱਲੂ ਆਪਣੀ ਗੰਢ ਬੰਧਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਇੰਦਾ । ਸਾਚੀ ਕਰਨੀ ਕਰੇ ਕਰਤਾਰ, ਕੁਦਰਤ ਰੂਪ ਨਾ ਕੋਇ ਦਰਸਾਈਆ । ਮਹੱਲ ਅਟੱਲ ਉਚ ਮਨਾਰ, ਸ੍ਰੀ ਭਗਵਾਨ ਸੋਭਾ ਪਾਈਆ । ਛੱਪਰ ਛੰਨ ਨਾ ਚਾਰ ਦੀਵਾਰ, ਮੰਡਲ ਮੰਡਪ ਨਾ ਕੋਇ ਦ੍ਰਿੜਾਈਆ । ਸੂਰਜ ਚੰਨ ਨਾ ਕੋਇ ਉਸਾਰ, ਕਿਰਨ ਕਿਰਨ ਨਾ ਕੋਇ ਚਮਕਾਈਆ । ਬ੍ਰਹਿਮੰਡ ਖੰਡ ਲੋਅ ਪੁਰੀ ਆਕਾਸ਼ ਨਾ ਕੋਇ ਪਸਾਰ, ਜ਼ਿਮੀਂ ਅਸਮਾਨ ਨਾ ਕੋਇ ਬਣਾਈਆ । ਜੰਗਲ ਜੂਹ ਉਜਾੜ ਪਹਾੜ ਸਮੁੰਦ ਸਾਗਰ ਨਾ ਕੋਈ ਗ਼ਾਰ, ਗਹਿਰ ਗੰਭੀਰ ਆਪਣੀ ਖੇਲ ਰਚਾਈਆ । ਬ੍ਰਹਮਾ ਵਿਸ਼ਨ ਸ਼ਿਵ ਨਾ ਕੋਇ ਆਕਾਰ, ਦੂਜੀ ਧਾਰ ਨਾ ਕੋਇ ਵਖਾਈਆ । ਪੰਜ ਤੱਤ ਨਾ ਕੋਇ ਅਖਾੜ, ਜਗਤ ਵਿਦਿਆ ਨਾ ਕੋਇ ਪੜ੍ਹਾਈਆ । ਰਾਗ ਸ਼ਬਦ ਨਾ ਕੋਇ ਧੁਨਕਾਰ, ਸੋਹਲਾ ਢੋਲਾ ਨਾ ਕੋਇ ਸੁਣਾਈਆ । ਲੱਖ ਚੁਰਾਸੀ ਨਾ ਕੋਇ ਵਿਹਾਰ, ਗੁਰ ਅਵਤਾਰ ਪੀਰ ਪੈਗ਼ੰਬਰ ਵੰਡ ਨਾ ਕੋਇ ਵੰਡਾਈਆ । ਰਸਨਾ ਜਿਹਵਾ ਨਾ ਕੋਇ ਜੈਕਾਰ, ਬੱਤੀ ਦੰਦ ਨਾ ਸਿਫ਼ਤ ਸਾਲਾਹੀਆ । ਮਨ ਮਤ ਬੁਧ ਨਾ ਕੋਇ ਆਧਾਰ, ਕਾਇਆ ਬੰਕ ਨਾ ਕੋਇ ਜਣਾਈਆ । ਸ਼ਾਸਤਰ ਸਿਮਰਤ ਵੇਦ ਨਾ ਕੋਈ ਪੁਰਾਨ, ਗੀਤਾ ਗਿਆਨ ਨਾ ਕੋਇ ਸਮਝਾਈਆ । ਅੰਜੀਲ ਕੁਰਾਨ ਨਾ ਕੋਇ ਨਿਸ਼ਾਨ, ਤੀਸ ਬੱਤੀਸ ਢੋਲਾ ਨਾ ਕੋਇ ਸੁਣਾਈਆ । ਖਾਣੀ ਬਾਣੀ ਨਾ ਕੋਇ ਵਿਚਾਰ, ਪਰਾ ਪਸੰਤੀ ਮਧਮ ਬੈਖਰੀ ਰੂਪ ਨਾ ਕੋਇ ਜਣਾਈਆ । ਭਗਤ ਭਗਵਾਨ ਨਾ ਕੋਇ ਸ਼ੰਗਾਰ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਰੰਗ ਨਾ ਕੋਇ ਰੰਗਾਈਆ । ਸੰਤ ਸਾਜਣ ਨਾ ਕੋਈ ਵਿਚਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਏਕੰਕਾਰ ਆਪਣੀ ਕਲ ਆਪ ਧਰਾਈਆ । ਆਪਣੀ ਕਲ ਆਪੇ ਰੱਖ, ਹਰਿ ਕਰਤਾ ਕਾਰ ਕਮਾਈਆ । ਨਿਰਗੁਣ ਨਿਰਗੁਣ ਹੋ ਪਰਤੱਖ, ਨਿਰਵੈਰ ਵੇਸ ਵਟਾਈਆ । ਸਰਬ ਕਲ ਹੋ ਸਮਰਥ, ਸਮਰਥ ਆਪਣੀ ਧਾਰ ਚਲਾਈਆ । ਪੁਰਖ ਪੁਰਖੋਤਮ ਅਲੱਖਨਾ ਅਲੱਖ, ਅਲਖ ਅਗੋਚਰ ਅਗੰਮ ਅਥਾਹ ਬੇਪਰਵਾਹ ਆਪਣਾ ਵੇਸ ਵਟਾਈਆ । ਨਰ ਨਿਰੰਕਾਰਾ ਕਰ ਪਿਆਰਾ ਸਾਚਾ ਢੋਲਾ ਗਾਏ ਜਸ, ਸਿਫ਼ਤ ਸਾਲਾਹ ਇਕੋ ਇਕ ਸਮਝਾਈਆ । ਸਚ ਦਵਾਰ ਰਿਹਾ ਵਸ, ਨਿਰਗੁਣ ਜੋਤ ਕਰ ਪਰਕਾਸ਼, ਦੀਪਕ ਦੀਆ ਹੋਰ ਨਾ ਕੋਇ ਜਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰੇ ਸਾਚੀ ਕਰਨੀ ਆਪਣੇ ਹੱਥ ਰਖਾਈਆ । ਸਚ ਦਵਾਰੇ ਨਿਰਗੁਣ ਚੜ੍ਹਿਆ, ਤਖ਼ਤ ਨਿਵਾਸੀ ਸੋਭਾ ਪਾਇੰਦਾ । ਸਚ ਮਹੱਲ ਆਪੇ ਖੜਿਆ, ਸ੍ਰੀ ਭਗਵਾਨ ਸੋਭਾ ਪਾਇੰਦਾ । ਨਿਰਗੁਣ ਧਾਰ ਨਿਰਗੁਣ ਵਿਚਾਰ ਨਿਰਗੁਣ ਨਿਸ਼ਅੱਖਰ ਆਪੇ ਪੜ੍ਹਿਆ, ਅੱਖਰ ਰੂਪ ਨਾ ਕੋਇ ਜਣਾਇੰਦਾ । ਆਦਿ ਜੁਗਾਦਿ ਨਾ ਜਨਮੇ ਨਾ ਕਦੇ ਮਰਿਆ, ਅਜੂਨੀ ਜੂਨ ਨਾ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਅਸੁਤੇ ਆਪਣੀ ਧਾਰ ਵਖਾਇੰਦਾ । ਅਸੁਤੇ ਧਾਰ ਅਨਭਵ ਪਰਕਾਸ਼, ਭੇਵ ਅਭੇਦ ਨਾ ਕੋਇ ਜਣਾਈਆ । ਸੋ ਸਾਹਿਬ ਸਰਬ ਗੁਣ ਤਾਸ, ਹਰਿ ਪੁਰਖ ਨਿਰੰਜਣ ਪਰਦਾ ਆਪ ਉਠਾਈਆ । ਏਕੰਕਾਰਾ ਖੇਲ ਤਮਾਸ਼, ਆਦਿ ਨਿਰੰਜਣ ਕਰ ਨਿਵਾਸ, ਸਾਚੀ ਨਗਰੀ ਆਪ ਸੁਹਾਈਆ । ਸ੍ਰੀ ਭਗਵਾਨ

ਦਾਸੀ ਦਾਸ, ਅਬਿਨਾਸ਼ੀ ਕਰਤਾ ਕਰੇ ਵਾਸ, ਪਾਰਬ੍ਰਹਮ ਪ੍ਰਭ ਆਪਣੀ ਕਾਰ ਕਮਾਈਆ । ਸਚਖੰਡ ਦਵਾਰੇ ਖੇਲ ਤਮਾਸ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਕਰਾਏ ਸਾਚਾ ਹਰਿ, ਦੂਜਾ ਸੰਗ ਨਾ ਕੋਇ ਰਖਾਈਆ । ਦੂਜਾ ਸੰਗ ਨਾ ਕੋਈ ਸਾਥ, ਸਾਥੀ ਨਜ਼ਰ ਕੋਇ ਨਾ ਆਇੰਦਾ । ਸਚਖੰਡ ਦਵਾਰ ਕਰ ਪਰਕਾਸ਼, ਪਰਕਾਸ਼ਵਾਨ ਵੇਖ ਵਖਾਇੰਦਾ । ਸਾਚੀ ਪਾਵੇ ਇਕੋ ਰਾਸ, ਨਿਰਗੁਣ ਨਿਰਗੁਣ ਰਾਸ ਰਚਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਸੰਦੇਸਾ ਨਰ ਨਰੇਸ਼ਾ ਆਪਣੀ ਧਾਰੋਂ ਆਪ ਪਰਗਟਾਇੰਦਾ । ਸਚ ਸੰਦੇਸਾ ਅਗੰਮ ਧਾਰ, ਨਿਰਗੁਣ ਨਿਰੰਕਾਰ ਆਪ ਪਰਗਟਾਈਆ । ਸ਼ਾਹੋ ਭੂਪ ਬਣ ਸਿਕਦਾਰ, ਸ਼ਹਿਨਸ਼ਾਹ ਏਕਾ ਹੁਕਮ ਜਣਾਈਆ । ਸਚਖੰਡ ਸੋਹੇ ਦਵਾਰ, ਬੰਕ ਮਿਲੇ ਵਡਿਆਈਆ । ਨਿਰਗੁਣ ਨਿਰਗੁਣ ਕਰ ਪਿਆਰ, ਪਰੇਮ ਪ੍ਰੀਤੀ ਗੰਢ ਪੁਆਈਆ । ਨਾਰ ਕੰਤ ਖੇਲ ਅਪਾਰ, ਨਰ ਨਰਾਇਣ ਸੇਜ ਸੁਹਾਈਆ । ਦਾਈ ਦਾਇਆ ਅਪਰ ਅਪਾਰ, ਬੇਪਰਵਾਹ ਆਪਣੀ ਕਾਰ ਕਮਾਈਆ । ਸੁਤ ਦੁਲਾਰਾ ਜਾਇਆ ਏਕੰਕਾਰ, ਆਪ ਆਪਣੀ ਕਲ ਜਣਾਈਆ । ਸ਼ਬਦੀ ਸ਼ਬਦ ਕਰ ਉਜਿਆਰ, ਜੋਤੀ ਜਾਤਾ ਵੱਜੇ ਵਧਾਈਆ । ਸਚਖੰਡ ਅੰਦਰ ਖੋਲ੍ਹ ਕਿਵਾੜ, ਥਿਰ ਘਰ ਆਪਣੀ ਬਣਤ ਬਣਾਈਆ । ਪੂਤ ਸਪੂਤਾ ਅੰਦਰ ਵਾੜ, ਦੇਵਣਹਾਰ ਵਡਿਆਈਆ । ਸਤਿ ਸਤਿਵਾਦੀ ਸਚ ਪਿਆਰ, ਨਿਸ਼ਅੱਖਰ ਕਰ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਪਣਾ ਵੇਸ ਵਖਾਈਆ । ਸੁਤ ਦੁਲਾਰਾ ਏਕਾ ਜਾਇਆ, ਘਰ ਸਾਚੇ ਵੱਜੀ ਵਧਾਈਆ । ਮਾਤ ਪਿਤ ਹਰਿ ਆਪ ਅਖਵਾਇਆ, ਨਿਰਗੁਣ ਨੂਰ ਨੂਰ ਉਪਜਾਈਆ । ਸੇਵਾਦਾਰ ਦਾਈ ਦਾਇਆ, ਸਾਚੀ ਸੇਵ ਕਮਾਈਆ । ਆਦਿ ਜੁਗਾਦਿ ਕਿਸੇ ਭੇਵ ਨਾ ਆਇਆ, ਅੰਤ ਕਹਿ ਨਾ ਸਕੇ ਕੋਈ ਰਾਈਆ । ਆਪ ਆਪਣਾ ਖੇਲ ਰਚਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਸਾਚੇ ਸੋਭਾ ਪਾਈਆ । ਸਚਖੰਡ ਸੱਚਾ ਸਚ ਮਨਾਰਾ, ਹਰਿ ਮਹਿਫ਼ਲ ਆਪ ਲਗਾਇੰਦਾ । ਇਕ ਇਕੱਲਾ ਏਕੰਕਾਰਾ, ਆਪਣੀ ਕਲ ਧਰਾਇੰਦਾ । ਸ਼ਬਦ ਅਗੰਮੀ ਸੁਤ ਦੁਲਾਰਾ, ਬਣ ਜਨਨੀ ਗੋਦ ਉਠਾਇੰਦਾ । ਦੇਵਣਹਾਰ ਸਚ ਹੁਲਾਰਾ, ਨਾਮ ਹੁਲਾਰਾ ਇਕ ਲਗਾਇੰਦਾ । ਥਿਰ ਘਰ ਖੋਲ੍ਹ ਆਪ ਕਿਵਾੜਾ, ਮੰਦਰ ਅੰਦਰ ਮੰਦਰ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ ਸਮਝਾਇੰਦਾ । ਸਾਚੀ ਕਰਨੀ ਕਰ ਕਰਤਾਰ, ਸੁਤ ਦੁਲਾਰੇ ਦਏ ਸਮਝਾਈਆ । ਆਦਿ ਪੁਰਖ ਤੇਰਾ ਪਿਆਰ, ਪਰਮ ਪ੍ਰੀਤੀ ਇਕ ਜਣਾਈਆ । ਘਰ ਵਿਚ ਘਰ ਕਰ ਤਿਆਰ, ਗ੍ਰਿਹ ਮੰਦਰ ਦਏ ਵਡਿਆਈਆ । ਦੀਆ ਬਾਤੀ ਨਿਰਗੁਣ ਜੋਤ ਨੂਰ ਉਜਿਆਰ, ਏਕਾ ਏਕ ਏਕ ਰੁਸ਼ਨਾਈਆ । ਸਾਚਾ ਸੱਜਣ ਮੀਤ ਮੁਰਾਰ, ਸ੍ਰੀ ਭਗਵਾਨ ਸੰਗ ਰਖਾਈਆ । ਠਾਂਡਾ ਸੀਤਾ ਘਰ ਦਰਬਾਰ, ਅਗਨੀ ਤੱਤ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਦਿ ਆਦਿ ਆਪਣਾ ਭੇਵ ਜਣਾਈਆ । ਆਦਿ ਪੁਰਖ ਪੁਰਖ ਅਗੰਮ, ਆਪਣੀ ਕਾਰ ਜਣਾਇੰਦਾ । ਸੁਤ ਦੁਲਾਰੇ ਤੇਰਾ ਕੰਮ, ਸ੍ਰੀ ਭਗਵਾਨ ਆਪ ਸਮਝਾਇੰਦਾ । ਧੁਰ ਫ਼ਰਮਾਨਾ ਲੈਣਾ ਮੰਨ, ਹੁਕਮੀ ਹੁਕਮ ਆਪ ਅਲਾਇੰਦਾ । ਚਰਨ ਕਵਲ ਕਰ ਧਿਆਨ, ਧਿਆਨ ਧਿਆਨ ਨਾਲ ਮਿਲਾਇੰਦਾ । ਤੇਰਾ ਬੇੜਾ ਦਿਤਾ ਬੰਨ੍ਹ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਆਪ ਉਠਾਇੰਦਾ । ਸੁਤ ਦੁਲਾਰੇ ਜਾਣਾ ਜਾਗ, ਸੋ ਪੁਰਖ ਨਿਰੰਜਣ ਆਪ ਜਗਾਈਆ । ਥਿਰ ਘਰ ਲੱਗੇ ਤੇਰਾ ਭਾਗ,

ਵਡ ਭਾਗੀ ਹੋਏ ਸਹਾਈਆ । ਤੇਰੀ ਰਚਨਾ ਰਚੀ ਆਦਿ, ਅੰਤ ਤੇਰੇ ਹੱਥ ਫੜਾਈਆ । ਤੂੰ ਮੇਰਾ ਮੈਂ ਤੇਰਾ ਸਾਕ, ਸੱਜਣ ਹੋਰ ਨਾ ਕੋਇ ਬਣਾਈਆ । ਤੇਰਾ ਮੇਰਾ ਨਾਤਾ ਪਾਕ, ਪਤਤ ਪੁਨੀਤ ਨਾ ਰੂਪ ਵਟਾਈਆ । ਤੇਰਾ ਮੇਰਾ ਇਕੋ ਘਾਟ, ਪੱਤਣ ਇਕੋ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਸੁਤ ਦਏ ਵਡਿਆਈਆ । ਸ਼ਬਦ ਸੁਤ ਕਰ ਨਿਮਸਕਾਰ, ਪ੍ਰਭ ਅੱਗੇ ਸੀਸ ਝੁਕਾਇੰਦਾ । ਤੂੰ ਕਰਤਾ ਕਰਨੇਹਾਰ, ਤੇਰਾ ਅੰਤ ਕੋਇ ਨਾ ਆਇੰਦਾ । ਮੈਂ ਮੰਗਾਂ ਦਰਸ ਦੀਦਾਰ, ਨਿਤ ਤੇਰਾ ਦਰਸ਼ਨ ਪਾਇੰਦਾ । ਤੂੰ ਸ਼ਾਹੋ ਭੂਪ ਸਿਕਦਾਰ, ਹੁਕਮ ਆਪਣਾ ਇਕ ਚਲਾਇੰਦਾ । ਹਉਂ ਬਾਲਕ ਬਾਲ ਨਾਦਾਨ ਦੋਏ ਜੋੜ ਵਾਸਤਾ ਪਾਇੰਦਾ । ਤੂੰ ਵਸੇਂ ਸਚਖੰਡ ਮਕਾਨ, ਸਚ ਸਿੰਘਾਸਣ ਆਸਣ ਲਾਇੰਦਾ । ਮੈਂ ਥਿਰ ਘਰ ਕਰਾਂ ਪਰਵਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਅਲਖ ਜਗਾਇੰਦਾ । ਤੇਰੇ ਦਰ ਜਗਾਵਾਂ ਅਲਖ, ਅਲਖ ਅਗੋਚਰ ਤੇਰੀ ਵਡਿਆਈਆ । ਕਵਣ ਵੇਲਾ ਹੋਵੇਂ ਪਰਤੱਖ, ਪ੍ਰਭ ਆਪਣਾ ਰੂਪ ਧਰਾਈਆ । ਕਰੇਂ ਨਬੇੜਾ ਹੱਕ, ਹਕੀਕਤ ਦੇਵਣਹਾਰ ਵਡਿਆਈਆ । ਏਥੇ ਓਥੇ ਰੱਖੇਂ ਪਤ, ਪਤਿਪਰਮੇਸ਼ਵਰ ਤੇਰੀ ਸਰਨਾਈਆ । ਮੈਂ ਗਾਵਾਂ ਤੇਰਾ ਜਸ, ਸਦਾ ਸਦਾ ਸਿਫ਼ਤ ਸਾਲਾਹੀਆ । ਤੂੰ ਪੂਰੀ ਕਰਨੀ ਆਸ, ਆਸਾ ਆਸਾ ਵਿਚ ਮਿਲਾਈਆ । ਤੇਰਾ ਨਿਰਗੁਣ ਨੂਰ ਜੋਤ ਪਰਕਾਸ਼, ਅਨਭਵ ਤੇਰੀ ਖੇਲ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੁਤ ਦੁਲਾਰੇ ਤੇਰਾ ਸੰਗ ਸਾਹਿਬ ਨਿਭਾਈਆ । ਸੁਤ ਦੁਲਾਰੇ ਸਾਚੇ ਲਾਲ, ਸ੍ਰੀ ਭਗਵਾਨ ਆਪ ਜਣਾਈਆ । ਤੇਰਾ ਖੇਲ ਕਰਾਂ ਮਹਾਨ, ਮਹਿਮਾਂ ਆਪਣੀ ਸਿਫ਼ਤ ਸਾਲਾਹੀਆ । ਥਿਰ ਘਰ ਖੋਲ੍ਹ ਤੇਰੀ ਦੁਕਾਨ, ਵਸਤ ਅਮੋਲਕ ਵਿਚ ਟਿਕਾਈਆ । ਦੇਵਣਹਾਰ ਸ੍ਰੀ ਭਗਵਾਨ, ਦੂਜਾ ਅਵਰ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਰਹਿਮਤ ਸਾਚੀ ਆਪ ਕਮਾਈਆ । ਸੁਤ ਦੁਲਾਰੇ ਉਠ ਜਾਗ, ਸੋ ਸਾਹਿਬ ਆਪ ਜਗਾਇੰਦਾ । ਤੇਰੇ ਦਰ ਲੱਗੇ ਭਾਗ, ਹਰਿ ਕਰਤਾ ਆਪ ਲਗਾਇੰਦਾ । ਨਿਰਗੁਣ ਪਕੜੇ ਤੇਰੀ ਵਾਗ, ਡੋਰੀ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੰਸ ਸਰਬੰਸ ਤੇਰਾ ਰੂਪ ਵਖਾਇੰਦਾ । ਬੰਸ ਸਰਬੰਸ ਤੇਰੀ ਧਾਰ, ਸੋ ਪੁਰਖ ਨਿਰੰਜਣ ਆਪ ਚਲਾਈਆ । ਆਦਿ ਆਦਿ ਕਰ ਪਿਆਰ, ਦੇਵਣਹਾਰ ਵਡਿਆਈਆ । ਨਿਰਗੁਣ ਨੂਰ ਨੂਰ ਉਜਿਆਰ, ਜੋਤੀ ਜੋਤ ਜੋਤ ਰੁਸ਼ਨਾਈਆ । ਸ਼ਬਦੀ ਸ਼ਬਦ ਸ਼ਬਦ ਦੁਲਾਰ, ਪੂਤ ਸਪੂਤਾ ਹੋਏ ਸਹਾਈਆ । ਦਾਤਾ ਦੇਵਣਹਾਰ ਭੰਡਾਰ, ਵਸਤ ਅਮੋਲਕ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਮਰਥ ਪੁਰਖ ਹੋਏ ਸਹਾਈਆ । ਸਮਰਥ ਪੁਰਖ ਇਕੋ ਦਾਤਾ, ਸੁਤ ਦੁਲਾਰੇ ਆਪ ਸਮਝਾਇੰਦਾ । ਇਕੋ ਪਿਤਾ ਇਕੋ ਮਾਤਾ, ਪੁਰਖ ਅਕਾਲ ਨਜ਼ਰੀ ਆਇੰਦਾ । ਇਕੋ ਚਰਨ ਇਕੋ ਨਾਤਾ, ਇਕੋ ਬਿਧਾਤਾ ਜੋੜ ਜੁੜਾਇੰਦਾ । ਇਕੋ ਨਾਮ ਇਕੋ ਗਾਥਾ, ਇਕੋ ਢੋਲਾ ਸਚ ਸੁਣਾਇੰਦਾ । ਇਕੋ ਨੂਰ ਇਕੋ ਜਾਤਾ, ਇਕੋ ਮੇਲਾ ਮੇਲ ਮਿਲਾਇੰਦਾ । ਇਕੋ ਪੁਛਣਹਾਰਾ ਬਾਤਾਂ, ਨਿਤ ਨਵਿਤ ਵੇਖ ਵਖਾਇੰਦਾ । ਇਕੋ ਦੱਸੇ ਸਾਚੀ ਬਾਤਾ, ਬਾਤਨ ਆਪਣਾ ਹਾਲ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੁਤ ਦੁਲਾਰਾ ਆਪ ਉਠਾਇੰਦਾ । ਸੁਤ ਦੁਲਾਰਾ ਗਿਆ ਉਠ, ਥਿਰ ਘਰ ਲਏ ਅੰਗੜਾਈਆ । ਪੁਰਖ ਅਬਿਨਾਸ਼ੀ ਬਣਾਇਆ ਮੈਨੂੰ ਪੁੱਤ, ਸਿਰ

ਮੇਰੇ ਹੱਥ ਟਿਕਾਈਆ । ਮੇਰੀ ਸੁਹਾਏ ਸੁਹੰਜਣੀ ਰੁੱਤ, ਰੁੱਤ ਰੁੱਤੜੀ ਆਪ ਮਹਿਕਾਈਆ । ਸੰਗ ਨਿਭਾਏ ਅਬਿਨਾਸ਼ੀ ਅਚੁਤ, ਚੇਤਨ ਆਪਣੀ ਕਾਰ ਕਮਾਈਆ । ਆਪ ਬੈਠਾ ਸਚਖੰਡ ਲੁਕ, ਮੈਨੂੰ ਦੇਵਣਹਾਰ ਵਡਿਆਈਆ । ਮੈਂ ਸਜਦਾ ਕਰਾਂ ਝੁਕ, ਦੋਏ ਜੋੜ ਸੀਸ ਝੁਕਾਈਆ । ਪ੍ਰਭ ਦੇ ਦਾਤ ਕੁਛ, ਕਿਛ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਦਿ ਆਦਿ ਆਪਣਾ ਭੇਵ ਦਏ ਖੁਲ੍ਹਾਈਆ । ਆਦਿ ਪੁਰਖ ਭੇਵ ਖੋਲ੍ਹ, ਨਿਰਗੁਣ ਨਿਰਗੁਣ ਆਪ ਜਣਾਇੰਦਾ । ਨਿਰਵੈਰ ਤੋਲੇ ਆਪਣਾ ਤੋਲ, ਕੰਡਾ ਨਜ਼ਰ ਕਿਸੇ ਨਾ ਆਇੰਦਾ । ਸੁਤ ਦੁਲਾਰੇ ਰਹਿਣਾ ਅਡੋਲ, ਅਡੁਲ ਆਪ ਜਣਾਇੰਦਾ । ਸਦਾ ਸਦਾ ਸਦ ਵਸਾਂ ਤੇਰੇ ਕੋਲ, ਵਿਛੋੜਾ ਅਵਰ ਨਾ ਕੋਇ ਜਣਾਇੰਦਾ । ਤੇਰੇ ਪਿਆਰ ਅੰਤਰ ਜਾਵਾਂ ਮੌਲ, ਮੌਲਾ ਹੋ ਕੇ ਕਾਰ ਕਮਾਇੰਦਾ । ਆਦਿ ਪੁਰਖ ਕਰੇ ਕੌਲ, ਕੀਤਾ ਕੌਲ ਭੁੱਲ ਨਾ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਧਾਰਾ ਆਪ ਬਣਾਇੰਦਾ । ਆਦਿ ਕੀਤਾ ਕੌਲ ਇਕਰਾਰ, ਇਕਰਾਰਨਾਮਾ ਨਜ਼ਰ ਕਿਸੇ ਨਾ ਆਇੰਦਾ । ਸੁਤ ਦੁਲਾਰਾ ਕਰ ਤਿਆਰ, ਤ੍ਰੈਭਵਨ ਧਨੀ ਆਪ ਸਮਝਾਇੰਦਾ । ਸਚ ਦਵਾਰਾ ਖੋਲ੍ਹ ਕਿਵਾੜ, ਹਾਟੀ ਇਕੋ ਵਣਜ ਕਰਾਇੰਦਾ । ਤੇਰੀ ਇਛਿਆ ਭਰੇ ਭੰਡਾਰ, ਭਿਛਿਆ ਆਪਣੇ ਨਾਮ ਵਰਤਾਇੰਦਾ । ਸਾਚੀ ਸਿਖਿਆ ਸਚ ਵਿਚਾਰ, ਸਚ ਸਾਚਾ ਆਪ ਸਮਝਾਇੰਦਾ । ਨਿਰਗੁਣ ਨਿਰਗੁਣ ਦਏ ਆਧਾਰ, ਬਣ ਵਿਚੋਲਾ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਜਣਾਇੰਦਾ । ਸ਼ਬਦ ਸੁਤ ਤੇਰਾ ਮੇਲ ਨਿਰੰਕਾਰੀ, ਜੋਤੀ ਜੋਤ ਜੋਤ ਰੁਸ਼ਨਾਈਆ । ਤੇਰਾ ਨਾਉਂ ਨਾਦ ਸ਼ਬਦ ਧੁਨਕਾਰੀ, ਰਾਗੀ ਰਾਗ ਅਲਾਈਆ । ਥਿਰ ਘਰ ਸੋਹੇ ਮਹੱਲ ਅਟਾਰੀ, ਗ੍ਰਿਹ ਮੰਦਰ ਮਿਲੇ ਵਡਿਆਈਆ । ਪ੍ਰਭ ਮਿਲਿਆ ਵਡ ਭੰਡਾਰੀ, ਦਾਤਾ ਦਾਨੀ ਹੋਏ ਸਹਾਈਆ । ਤੇਰੀ ਖੇਲ ਕਰੇ ਨਿਆਰੀ, ਭੇਵ ਕੋਇ ਨਾ ਪਾਈਆ । ਤੇਰਾ ਬੰਸ ਕਰੇ ਤਿਆਰੀ, ਸਰਬੰਸ ਵੇਖ ਵਖਾਈਆ । ਵਿਸ਼ਨੂੰ ਨੂਰ ਤੇਰਾ ਉਜਿਆਰੀ, ਜੋਤੀ ਜੋਤ ਡਗਮਗਾਈਆ । ਬ੍ਰਹਮਾ ਹੋਏ ਕਵਲ ਆਧਾਰੀ, ਕਵਲ ਨੈਣ ਨੈਣ ਖੁਲ੍ਹਾਈਆ । ਅੰਮ੍ਰਿਤ ਬੂੰਦ ਠੰਡੀ ਠਾਰੀ, ਚਰਨ ਰਗੜ ਰਗੜ ਬਿਗਸਾਈਆ । ਧੂੜੀ ਧਾਰ ਖੇਲ ਆਪਾਰੀ, ਸੁਨ ਅਗੰਮ ਭੇਵ ਚੁਕਾਈਆ । ਸ਼ੰਕਰ ਦੇਵੇ ਇਕ ਆਧਾਰੀ, ਇਧਰ ਉਧਰ ਨਾ ਕੋਇ ਸਮਾਈਆ । ਸੋ ਪੁਰਖ ਨਿਰੰਜਣ ਸੱਚਾ ਸਿਕਦਾਰੀ, ਹਰਿ ਪੁਰਖ ਨਿਰੰਜਣ ਹੁਕਮ ਮਨਾਈਆ । ਏਕੰਕਾਰ ਹੋਏ ਆਧਾਰੀ, ਆਦਿ ਨਿਰੰਜਣ ਨੂਰ ਰੁਸ਼ਨਾਈਆ । ਸ੍ਰੀ ਭਗਵਾਨ ਕਰੇ ਕਾਰੀ, ਅਬਿਨਾਸ਼ੀ ਕਰਤਾ ਸੇਵ ਕਮਾਈਆ । ਪਾਰਬ੍ਰਹਮ ਪ੍ਰਭ ਕਰੇ ਪਸਾਰੀ, ਬ੍ਰਹਮਵੇਤਾ ਰੂਪ ਧਰਾਈਆ । ਜੋਤੀ ਜਾਤਾ ਕਰੇ ਖੇਲ ਪੁਰਖ ਨਾਰੀ, ਨਾਰ ਕੰਤ ਆਪ ਅਖਵਾਈਆ । ਸ਼ਾਹੋ ਭੂਪ ਬਣ ਸਿਕਦਾਰੀ, ਸ਼ਹਿਨਸ਼ਾਹ ਆਪਣਾ ਹੁਕਮ ਮਨਾਈਆ । ਤਿੰਨਾਂ ਮੇਲਾ ਇਕ ਵਾਰੀ, ਸ਼ਬਦ ਸੁਤ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਹਰਿ, ਸਾਚੀ ਸਿਖਿਆ ਇਕ ਦ੍ਰਿੜਾਈਆ । ਸਾਚੀ ਸਿਖਿਆ ਦ੍ਰਿੜ ਵਿਸ਼ਵਾਸ਼, ਸ਼ਬਦ ਸੁਤ ਸੀਸ ਨਿਵਾਇੰਦਾ । ਪਾਰਬ੍ਰਹਮ ਤੇਰਾ ਖੇਲ ਤਮਾਸ਼, ਹਉਂ ਬਾਲਕ ਵੇਖ ਵਖਾਇੰਦਾ । ਨਿਰਗੁਣ ਨੂਰ ਕਰ ਪਰਕਾਸ਼, ਵਿਸ਼ਨ ਬ੍ਰਹਮਾ ਸ਼ਿਵ ਰੂਪ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਿਸ ਬਿਧ ਤੇਰੀ ਸੇਵ ਕਮਾਇੰਦਾ । ਸਾਚਾ ਵਰ ਦੇਵੇ ਦਾਨੀ, ਦਾਤਾਰ ਆਪਣੀ ਦਇਆ ਕਮਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਤੇਰੀ ਨਿਸ਼ਾਨੀ, ਸਚ ਨਿਸ਼ਾਨਾ

੫੪੫ ੧੪

ਆਪ ਜਣਾਇੰਦਾ । ਪੁਰਖ ਪੁਰਖੋਤਮ ਕਰ ਮਿਹਰਵਾਨੀ, ਮਿਹਰ ਨਜ਼ਰ ਉਠਾਇੰਦਾ । ਤ੍ਰੈਗੁਣ ਮਾਇਆ ਕਰ ਪਰਧਾਨੀ, ਰਜੋ ਤਮੋ ਸਤੋ ਗੰਢ ਪੁਆਇੰਦਾ । ਪੰਜ ਤੱਤ ਨੂਰ ਨੂਰਾਨੀ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਬੰਧਨ ਪਾਇੰਦਾ । ਤਤਵ ਤਤ ਕਰ ਕਲਿਆਨੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਾਰੇ ਆਪੇ ਲਾਇੰਦਾ । ਸਾਚੀ ਕਾਰ ਲਾਏ ਧੰਦਾ, ਧੁਰਦਰਗਾਹੀ ਆਪ ਜਣਾਈਆ । ਦੀਨ ਦਿਆਲ ਸਦਾ ਬਖ਼ਸ਼ੰਦਾ, ਬਖ਼ਸ਼ਸ਼ ਆਪਣੀ ਰਿਹਾ ਸਮਝਾਈਆ । ਰਵ ਸਸ ਪਰਕਾਸ਼ ਨੂਰੀ ਚੰਦਾ, ਕਿਰਨ ਕਿਰਨ ਵਿਚ ਚਮਕਾਈਆ । ਬ੍ਰਹਿਮੰਡ ਖੰਡ ਵੇਖੇ ਜੇਰਜ ਅੰਡਾ, ਉਤਭੁਜ ਸੇਤਜ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੁਤ ਸ਼ਬਦ ਦਏ ਵਡਿਆਈਆ । ਸੁਤ ਸ਼ਬਦ ਤੇਰੀ ਸਾਚੀ ਧਾਰ, ਵਿਸ਼ਨ ਬ੍ਰਹਮਾ ਸ਼ਿਵ ਉਪਜਾਇੰਦਾ । ਤ੍ਰੈਗੁਣ ਮਾਇਆ ਭਰ ਭੰਡਾਰ, ਪੰਚਮ ਜੋੜ ਜੁੜਾਇੰਦਾ । ਲੱਖ ਚੁਰਾਸੀ ਘੜ ਠਠਿਆਰ, ਘਟ ਭਾਂਡਾ ਵੇਸ ਵਟਾਇੰਦਾ । ਨੌਂ ਦਵਾਰੇ ਖੋਲ੍ਹ ਕਿਵਾੜ, ਜਗਤ ਵਾਸਨਾ ਬੰਦ ਕਰਾਇੰਦਾ । ਮਨ ਮਤ ਬੁਧ ਦੇ ਆਧਾਰ, ਸਗਲਾ ਰਾਹ ਵਖਾਇੰਦਾ । ਘਰ ਵਿਚ ਘਰ ਕਰ ਤਿਆਰ, ਬੰਦ ਤਾਕੀ ਕੁੰਡਾ ਲਾਹਿੰਦਾ । ਅਲਖ ਅਗੋਚਰ ਖੇਲ ਕਰਿਆ ਨਿਰੰਕਾਰ, ਭੇਵ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਬਦੀ ਤੇਰੀ ਵੰਡ ਤੇਰੇ ਹੱਥ ਫੜਾਇੰਦਾ । ਸ਼ਬਦ ਸੁਤ ਲੱਖ ਚੁਰਾਸੀ ਦਾਤਾ, ਤੇਰੇ ਹੱਥ ਵਡਿਆਈਆ । ਤੇਰਾ ਨਾਮ ਤੇਰੀ ਗਾਥਾ, ਤੇਰਾ ਢੋਲਾ ਸਿਫ਼ਤ ਸੁਣਾਈਆ । ਤੂੰ ਹੀ ਤੂੰ ਹੀ ਮਾਤਾ, ਪਿਤਾ ਪੂਤ ਤੂੰ ਹੀ ਅਖਵਾਈਆ । ਤੂੰ ਹੀ ਨੂਰ ਆਤਮ ਜਾਤਾ, ਨੂਰੋ ਨੂਰ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਪੰਜ ਤੱਤ ਮਿਲੇ ਵਡਿਆਈਆ । ਪੰਜ ਤੱਤ ਤ੍ਰੈਗੁਣ ਮਾਇਆ, ਤਤਵ ਤਤ ਜੋੜ ਜੁੜਾਈਆ । ਨਿਰਗੁਣ ਸਰਗੁਣ ਖੇਲ ਰਚਾਇਆ, ਭੇਵ ਕੋਇ ਨਾ ਪਾਈਆ । ਵਿਸ਼ਨ ਬ੍ਰਹਮਾ ਸ਼ਿਵ ਸੇਵ ਕਮਾਇਆ, ਸੇਵਕ ਆਪਣਾ ਰੂਪ ਵਖਾਈਆ । ਅੰਤਰ ਕਿਸੇ ਭੇਵ ਨਾ ਰਾਇਆ, ਮੰਤਰ ਸਚ ਨਾ ਕੋਇ ਸਮਝਾਈਆ । ਨਿਰੰਤਰ ਬ੍ਰਹਮ ਨਜ਼ਰ ਨਾ ਆਇਆ, ਮਾਇਆ ਬ੍ਰਹਮ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਵਸਤ ਆਪ ਵਰਤਾਈਆ । ਸਾਚੀ ਵਸਤ ਅਮੋਲਕ ਧਾਰ, ਹਰਿ ਕਰਤਾ ਆਪ ਵਰਤਾਇੰਦਾ । ਵੰਡੇ ਵੰਡ ਅਪਰ ਅਪਾਰ, ਸ੍ਰੀ ਭਗਵਾਨ ਦਇਆ ਕਮਾਇੰਦਾ । ਪਾਰਬ੍ਰਹਮ ਬ੍ਰਹਮ ਕਰ ਪਸਾਰ, ਬ੍ਰਹਮ ਆਪਣੀ ਅੰਸ ਸੁਹਾਇੰਦਾ । ਆਤਮ ਪਰਮਾਤਮ ਜੋਤ ਨਿਰੰਕਾਰ, ਜੋਤੀ ਬੰਸ ਸਰਬੰਸ ਵਖਾਇੰਦਾ । ਜੋਤ ਨਿਰੰਜਣ ਦੇ ਆਧਾਰ, ਆਦਿ ਨਿਰੰਜਣ ਖ਼ੁਸ਼ੀ ਮਨਾਇੰਦਾ । ਸ਼ਬਦ ਦੁਲਾਰੇ ਕਰ ਪਿਆਰ, ਘਰ ਮੰਦਰ ਆਪ ਵਸਾਇੰਦਾ । ਧੁਨ ਅਨਾਦੀ ਬੋਲ ਜੈਕਾਰ, ਏਕਾ ਰਾਗ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗ੍ਰਹਿ ਮੰਦਰ ਆਪ ਵਸਾਇੰਦਾ । ਗ੍ਰਹਿ ਮੰਦਰ ਵਸਾਏ ਆਪ, ਘਰ ਸਾਚੇ ਵੱਜੇ ਵਧਾਈਆ । ਨਿਰਗੁਣ ਸਰਗੁਣ ਦੇ ਪਰਤਾਪ, ਪਰਮਾਤਮ ਆਤਮ ਜੋੜ ਜੁੜਾਈਆ । ਬਿਨ ਰਸਨਾ ਬਿਨ ਜਿਹਵਾ ਦੱਸੇ ਜਾਪ, ਬਿਨ ਦੰਦਾਂ ਸਿਫ਼ਤ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਘਰ ਵਿਚ ਕਰੇ ਰੁਸ਼ਨਾਈਆ । ਘਰ ਵਿਚ ਘਰ ਕਰੇ ਤਿਆਰ, ਗ੍ਰਹਿ ਮੰਦਰ ਸੋਭਾ ਪਾਇੰਦਾ । ਆਤਮ ਸੇਜਾ ਅਪਰ ਅਪਾਰ, ਪਰਮਾਤਮ ਆਪ ਸੁਹਾਇੰਦਾ । ਸ਼ਬਦ ਨਾਦ ਸੱਚੀ ਧੁਨਕਾਰ, ਅਨਰਾਗੀ ਰਾਗ ਅਲਾਇੰਦਾ । ਢੋਲਾ ਸੋਹਲਾ ਏਕੰਕਾਰ, ਅਕਲ ਕਲਧਾਰੀ ਆਪੇ ਗਾਇੰਦਾ ।

ਬਣ ਵਿਚੋਲਾ ਸਿਰਜਣਹਾਰ, ਨਿਰਗੁਣ ਸਰਗੁਣ ਵੇਖ ਵਖਾਇੰਦਾ । ਸ਼ਬਦ ਦੁਲਾਰੇ ਦੇ ਆਧਾਰ, ਸਚ ਸਾਚੀ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਅਛਲ ਅਛੇਦਾ ਏਕਾ ਏਕੋ ਵਾਰ ਜਣਾਇੰਦਾ । ਆਦਿ ਪੁਰਖ ਤੇਰਾ ਖੇਲ ਰਚਾਇਆ, ਰਚਨ ਸਚ ਜਣਾਈਆ । ਵਿਸ਼ਨ ਬ੍ਰਹਮਾ ਸ਼ਿਵ ਸੰਗ ਰਲਾਇਆ, ਸਗਲਾ ਸੰਗ ਰਖਾਈਆ । ਜੁਗ ਚੌਕੜੀ ਵੰਡ ਵੰਡਾਇਆ, ਖਾਣੀ ਬਾਣੀ ਬੂਝ ਬੁਝਾਈਆ । ਬੋਧ ਅਗਾਧਾ ਰਾਗ ਅਲਾਇਆ, ਚਾਰੇ ਵੇਦ ਕਰੇ ਸ਼ਨਵਾਈਆ । ਸ਼ਾਸਤਰ ਸਿਮਰਤ ਨਾਦ ਵਜਾਇਆ, ਜੀਵ ਜਹਾਨ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਤਮ ਪਰਮਾਤਮ ਰੱਖੇ ਉਹਲਾ, ਪਰਦਾ ਸਕੇ ਨਾ ਕੋਇ ਉਠਾਈਆ । ਸ਼ਬਦ ਸੁਤ ਤੇਰਾ ਪਰਦਾ ਉਹਲਾ ਸ੍ਰੀ ਭਗਵਾਨ ਆਪ ਉਠਾਇੰਦਾ । ਕਾਇਆ ਅੰਦਰ ਬਣ ਵਿਚੋਲਾ, ਨਿਰਗੁਣ ਸਰਗੁਣ ਮੇਲ ਮਿਲਾਇੰਦਾ । ਨਾਉਂ ਨਿਰੰਕਾਰਾ ਇਕੋ ਬੋਲਾ, ਏਕੰਕਾਰ ਰਾਗ ਅਲਾਇੰਦਾ । ਦੋ ਜਹਾਨਾਂ ਬਣ ਬਣ ਤੋਲਾ, ਤੋਲ ਸਚ ਤਰਾਜ਼ੂ ਹੱਥ ਉਠਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਪੰਜ ਤੱਤ ਕਾਇਆ ਸਭ ਦਾ ਵੇਖੇ ਡੋਲਾ, ਘਰ ਘਰ ਕਾਇਆ ਮੰਦਰ ਅੰਦਰ ਆਪਣਾ ਫੇਰਾ ਪਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਧੁਰ ਦੀ ਕਾਰ ਗਾਇਣ ਢੋਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਬਦੀ ਸੁਤ ਤੇਰੀ ਕਾਰ ਕਰੇ ਕਰਾਏ ਕਰਨੇਹਾਰ, ਕਰਤਾ ਪੁਰਖ ਪੁਰਖ ਪੁਰਖੋਤਮ ਪਾਰਬ੍ਰਹਮ ਦੇਵੇ ਮਾਣ ਵਡਿਆਈਆ । ਸੁਤ ਸ਼ਬਦ ਤੇਰਾ ਰੂਪ ਅਗੰਮ, ਅਗੰਮੜਾ ਖੇਲ ਕਰਾਇੰਦਾ । ਤੇਰੀ ਧਾਰੋਂ ਪਏ ਜੰਮ, ਗੁਰ ਅਵਤਾਰ ਨਾਉਂ ਰਖਾਇੰਦਾ । ਮਿਲੇ ਵਸਤ ਕਾਇਆ ਤਨ, ਪੰਜ ਤੱਤ ਸੋਭਾ ਪਾਇੰਦਾ । ਨਾਤਾ ਤੁਟੇ ਬੁਧ ਮਤ ਮਨ, ਮਨ ਮਨਸਾ ਪੂਰ ਕਰਾਇੰਦਾ । ਨਿਰਗੁਣ ਜੋਤ ਚੜ੍ਹੇ ਚੰਨ, ਚੰਦ ਚਾਂਦਨਾ ਇਕ ਚਮਕਾਇੰਦਾ । ਸੁਣੇ ਰਾਗ ਬਿਨ ਸਰਵਣ ਕੰਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਭੇਵ ਸਮਝਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਆਵਣ ਮਾਤ, ਸ੍ਰੀ ਭਗਵਾਨ ਦਏ ਵਡਿਆਈਆ । ਨਾਮ ਨਿਧਾਨ ਲੈ ਕੇ ਦਾਤ, ਜੀਵ ਜੰਤ ਜਗਤ ਵਡਿਆਈਆ । ਕੂੜੀ ਕਿਰਿਆ ਮੇਟ ਅੰਧੇਰੀ ਰਾਤ, ਨਾਮ ਸ਼ਬਦ ਚੰਦ ਚਮਕਾਈਆ । ਆਤਮ ਪਰਮਾਤਮ ਸਭ ਨੂੰ ਦੱਸ ਸਾਥ, ਭੇਵ ਅਭੇਦਾ ਭੇਵ ਜਣਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਗਾ ਗਾ ਗਏ ਗਾਥ, ਕਲਮ ਸ਼ਾਹੀ ਸਿਫ਼ਤ ਸਾਲਾਹੀਆ । ਕਾਗ਼ਜ਼ ਕਲਮ ਦੇਵਣਹਾਰ ਬਿਆਨ, ਕਲਮਾ ਨਬੀ ਰਸੂਲ ਜਣਾਈਆ । ਅੰਤ ਸਾਰੇ ਪੌਣ ਵਫ਼ਾਤ ਪਿਛੇ ਰਹਿ ਜਾਏ ਕਹਾਣੀ ਕਥਾ ਵਾਤ, ਬਾਤਲ ਰੂਪ ਸਰਬ ਦਰਸਾਈਆ । ਕਲਮ ਸ਼ਾਹੀ ਕਾਗ਼ਜ਼ ਸੁਣਾਏ ਵਾਕ, ਖੋਲ੍ਹੇ ਬੰਦ ਨਾ ਕੋਈ ਤਾਕ, ਮਿਲਾਏ ਪੁਰਖ ਨਾ ਕੋਈ ਸਾਕ, ਸੱਜਣ ਨਜ਼ਰ ਕੋਇ ਨਾ ਆਈਆ । ਸ਼ਬਦ ਗੁਰ ਤੇਰਾ ਘਾਟ, ਆਦਿ ਜੁਗਾਦਿ ਇਕੋ ਵਾਟ, ਜੁਗ ਚੌਕੜੀ ਪੁਛੇ ਵਾਤ, ਚਾਰ ਵਰਨ ਇਕ ਜਮਾਤ, ਅਠਾਰਾਂ ਬਰਨ ਦੇਵੇਂ ਦਾਤ, ਆਤਮ ਪਰਮਾਤਮ ਕਰੇਂ ਸਚ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੁਤ ਸ਼ਬਦੀ ਸਚ ਜਣਾਈਆ । ਸੁਤ ਸ਼ਬਦ ਸਚ ਲਿਆ ਜਾਣ, ਜਾਨਣਹਾਰ ਆਪ ਜਣਾਈਆ । ਸਚ ਦੱਸ ਸ੍ਰੀ ਭਗਵਾਨ, ਪ੍ਰਭੂ ਕੀ ਤੇਰੀ ਵਡਿਆਈਆ । ਕਵਣ ਵੇਲਾ ਮਿਲੇਂ ਆਣ, ਨਿਰਗੁਣ ਨਿਰਗੁਣ ਫੇਰਾ ਪਾਈਆ । ਜੁਗ ਚੌਕੜੀ ਕਰਾਂ ਧਿਆਨ, ਨਿਜ ਨੇਤਰ ਨੈਣ ਉਠਾਈਆ । ਕਵਣ ਵਸੇਂ ਸਚ ਮਕਾਨ, ਕਵਣ ਮੰਦਰ ਡੇਰਾ ਲਾਈਆ । ਕਵਣ ਗ੍ਰਿਹਿ ਕਰੇਂ ਪਰਵਾਨ, ਕਵਣ ਝੁੱਗੀ ਹੋਏਂ ਸਹਾਈਆ ।

੫੪੭ ੧੪

ਕਵਣ ਗਾਏਂ ਸਾਚਾ ਗਾਨ, ਕਵਣ ਨਾਮ ਸਿਫ਼ਤ ਸਾਲਾਹੀਆ । ਕਵਣ ਦੇਵੇਂ ਸਾਚਾ ਦਾਨ, ਦਾਤਾ ਦਾਨੀ ਆਪ ਅਖਵਾਈਆ । ਕਵਣ ਬਣੇਂ ਦੋ ਜਹਾਨਾਂ ਕਾਹਨ, ਕਵਣ ਗੋਪੀ ਸਰਬ ਪਰਨਾਈਆ । ਕਵਣ ਨਜ਼ਰੀ ਆਏਂ ਰਾਮ, ਰੱਮਯਾ ਆਪਣੀ ਧਾਰ ਚਲਾਈਆ । ਕਵਣ ਕਲਮਾ ਪੜ੍ਹੇਂ ਕਲਾਮ, ਕਾਇਨਾਤ ਕਵਣ ਜਣਾਈਆ । ਕਵਣ ਸਜਦਾ ਕਰੇ ਸਲਾਮ, ਕਵਣ ਪੀਰ ਪੈਗ਼ੰਬਰ ਰੂਪ ਵਖਾਈਆ । ਕਵਣ ਜਣਾਏਂ ਸਾਚੀ ਪਹਿਚਾਣ, ਅਦਮ ਆਪਣੀ ਧਾਰ ਜਣਾਈਆ । ਕਵਣ ਝੁਲਾਏਂ ਸਚ ਨਿਸ਼ਾਨ, ਰੋਸ਼ਨ ਜ਼ਮੀਰ ਨਜ਼ਰੀ ਆਈਆ । ਕਵਣ ਦਵਾਰੇ ਮੇਲ ਕਰੇਂ ਆਣ, ਪੀਰ ਜ਼ਾਹਰਾ ਰੂਪ ਵਖਾਈਆ । ਮਿਹਬਾਨ ਬੀਦੋ ਬੀ ਖ਼ੈਰ ਯਾ ਅੱਲਾ ਕਵਣ ਵੇਲੇ ਕਰੇਂ ਪਰਵਾਨ, ਪਰਵਾਨਾ ਆਪਣਾ ਨਾਮ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਸੁਤ ਸ਼ਬਦ ਮੰਗ ਮੰਗਾਈਆ । ਸ੍ਰੀ ਭਗਵਾਨ ਹੋ ਦਲੇਰ, ਆਦਿ ਆਦਿ ਜਣਾਈਆ । ਨੌਂ ਸੌ ਚੁਰਾਨਵੇਂ ਚੌਕੜੀ ਪਿਛੋਂ ਕਰਾਂ ਮਿਹਰ, ਮਿਹਰ ਨਜ਼ਰ ਇਕ ਉਠਾਈਆ । ਚਾਰ ਜੁਗ ਦੇ ਗੁਰ ਅਵਤਾਰ ਪੀਰ ਪੈਗ਼ੰਬਰ ਘੇਰ, ਦਰ ਤੇਰੇ ਦਿਆਂ ਬਹਾਈਆ । ਕੱਠੇ ਕਰਾਂ ਇਕੋ ਵੇਰ, ਏਕਾ ਦੂਜਾ ਭੇਵ ਚੁਕਾਈਆ । ਸ਼ਬਦੀ ਤੇਰਾ ਨਾਉਂ ਸ਼ੇਰ, ਭਬਕ ਆਪਣੇ ਨਾਮ ਜਣਾਈਆ । ਦੋ ਜਹਾਨਾਂ ਖੁਲ੍ਹਾ ਕਰਾਂ ਵੇਹੜ, ਭੀੜਾ ਰਾਹ ਨਾ ਕੋਇ ਵਖਾਈਆ । ਜ਼ਾਤ ਪਾਤ ਝਗੜਾ ਦਿਆਂ ਨਬੇੜ, ਦੀਨ ਮਜ਼੍ਹਬ ਨਾ ਵੰਡ ਵੰਡਾਈਆ । ਲੱਖ ਚੁਰਾਸੀ ਚਲਾਵਾਂ ਇਕੋ ਬੇੜ, ਬੇੜਾ ਆਪਣਾ ਨਾਮ ਵਖਾਈਆ । ਉਲਟਾ ਗੇੜਾ ਦੇਵਾਂ ਗੇੜ, ਲੋਕਮਾਤ ਸਕੇ ਨਾ ਕੋਇ ਅਟਕਾਈਆ । ਕੂੜੀ ਕਿਰਿਆ ਜੜ ਦੇਵਾਂ ਉਖੇੜ, ਲੋਕਮਾਤ ਸਕੇ ਨਾ ਕੋਇ ਲਗਾਈਆ । ਲੇਖਾ ਚੁਕੇ ਮੇਰ ਤੇਰ, ਤੇਰਾ ਮੇਰਾ ਨਜ਼ਰ ਕੋਇ ਨਾ ਆਈਆ । ਕਲਜੁਗ ਅੰਤਮ ਕਰਾਂ ਮਿਹਰ, ਤੇਈ ਅਵਤਾਰ ਦਰ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਬਦ ਸੁਤ ਤੇਰੀ ਵੱਜੇ ਵਧਾਈਆ । ਸ਼ਬਦ ਸੁਤ ਤੇਰਾ ਨਾਦ ਵਜੌਣਾ, ਸੋ ਸਾਹਿਬ ਆਪ ਸਮਝਾਇੰਦਾ । ਹਰਿ ਪੁਰਖ ਨਿਰੰਜਣ ਵੇਸ ਵਟੌਣਾ, ਰੂਪ ਰੰਗ ਰੇਖ ਨਜ਼ਰ ਕਿਸੇ ਨਾ ਆਇੰਦਾ । ਏਕੰਕਾਰ ਖੇਲ ਖਲੌਣਾ, ਖ਼ਾਲਕ ਖ਼ਲਕ ਪਰਦਾ ਲਾਹਿੰਦਾ । ਆਦਿ ਨਿਰੰਜਣ ਜੋਤ ਜਗੌਣਾ, ਨੂਰੀ ਨੂਰ ਨੂਰ ਉਪਜਾਇੰਦਾ । ਅਬਿਨਾਸ਼ੀ ਕਰਤੇ ਡੰਕ ਵਜੌਣਾ, ਦੋ ਜਹਾਨਾਂ ਆਪ ਉਠਾਇੰਦਾ । ਸ੍ਰੀ ਭਗਵਾਨ ਸਾਂਗ ਵਰਤੌਣਾ, ਭੇਵ ਅਭੇਦ ਨਾ ਕੋਈ ਪਾਇੰਦਾ । ਪਾਰਬ੍ਰਹਮ ਬ੍ਰਹਮ ਲੇਖੇ ਲੌਣਾ, ਜਿਸ ਜਨ ਆਪਣਾ ਮੇਲ ਮਿਲਾਇੰਦਾ । ਪਿਛਲਾ ਚੇਤਾ ਚੇਤੇ ਕਰੌਣਾ, ਅਭੁੱਲ ਭੁੱਲ ਕਦੇ ਨਾ ਜਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਉਠੌਣਾ, ਆਲਸ ਨਿੰਦਰਾ ਨਾ ਕੋਇ ਰਖਾਇੰਦਾ । ਤ੍ਰੈਗੁਣ ਮਾਇਆ ਡੇਰਾ ਢੌਣਾ, ਮਹੱਲ ਅਟੱਲ ਨਾ ਕੋਇ ਵਡਿਆਇੰਦਾ । ਪੰਜ ਤੱਤ ਕੂੜਾ ਨਾਤਾ ਮੋਹ ਮਿਟੌਣਾ, ਸਚ ਸੁੱਚ ਇਕ ਸਮਝਾਇੰਦਾ । ਸ੍ਰਿਸ਼ਟ ਸਬਾਈ ਇਕੋ ਇਸ਼ਟ ਤੇਰਾ ਵਖੌਣਾ, ਦ੍ਰਿਸ਼ਟ ਸਭ ਦੀ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਬਦ ਸੁਤ ਤੇਰੀ ਸੋਹੇ ਰੁੱਤ, ਵੇਖਣ ਆਏ ਅਬਿਨਾਸ਼ੀ ਅਚੁਤ, ਕਾਇਆ ਬੁੱਤ ਨਜ਼ਰ ਕੋਇ ਨਾ ਆਇੰਦਾ । ਸੁਤ ਦੁਲਾਰੇ ਤੇਰਾ ਨਾਦ, ਹਰਿ ਸਾਚਾ ਆਪ ਜਣਾਈਆ । ਲੋਕ ਪਰਲੋਕ ਸੁਣੇ ਬ੍ਰਹਿਮੰਡ, ਬ੍ਰਹਿਮਾਦਿ ਵੱਜੇ ਵਧਾਈਆ । ਜਿਸ ਰਚਨਾ ਰਚੀ ਆਦਿ, ਸੋ ਜੁਗ ਚੌਕੜੀ ਖੇਲ ਰਚਾਈਆ । ਜਿਸ ਦਾ ਨਾਉਂ ਸਿਫ਼ਤ ਸਾਲਾਹੀ ਬੋਧ ਅਗਾਧ, ਗੁਰ ਅਵਤਾਰ ਪੀਰ ਪੈਗ਼ੰਬਰ ਢੋਲਾ ਗਾਈਆ । ਸੋ ਦੇਵਣਹਾਰਾ ਦਾਦ, ਵਸਤ ਅਮੋਲਕ ਇਕ ਵਰਤਾਈਆ । ਕਲਜੁਗ ਅੰਤਮ ਰੱਖੇ ਯਾਦ, ਯਾਦਦਾਸ਼ਤ

੫੪੮ ੧੪

ਨਾ ਕਦੇ ਭੁਲਾਈਆ । ਸਾਹਿਬ ਸਤਿਗੁਰ ਸੁਣੇ ਫ਼ਰਯਾਦ, ਬੇਅੰਤ ਫੇਰਾ ਪਾਈਆ । ਮੁਖ ਤੋਂ ਪਰਦਾ ਲਾਹੇ ਨਕਾਬ, ਨਕਾਬਪੋਸ਼ ਆਪਣਾ ਨੂਰ ਦਏ ਦਰਸਾਈਆ । ਈਸਾ ਮੂਸਾ ਮੁਹੰਮਦ ਜਿਸ ਦਾ ਲੈਂਦੇ ਰਹੇ ਖ਼ਵਾਬ, ਸੋ ਖ਼ਾਲਕ ਨਜ਼ਰੀ ਆਈਆ । ਤਿਸ ਨੂੰ ਸਜਦਾ ਕਰੇ ਆਦਾਬ, ਨਿਉਂ ਨਿਉਂ ਸੀਸ ਝੁਕਾਈਆ । ਹਕੀਕਤ ਵੇਖੇ ਹੱਕ ਜਨਾਬ, ਸ਼ਾਹ ਪਾਤਸ਼ਾਹ ਫੇਰਾ ਪਾਈਆ । ਲੇਖਾ ਜਾਣੇ ਰਸੂਲ ਪਾਕ, ਪਾਕੀਜ਼ਾ ਵੇਖੇ ਸਰਬ ਖ਼ੁਦਾਈਆ । ਦੇਵਣਹਾਰਾ ਆਬੇ ਹਯਾਤ, ਹਯਾਤੀ ਸਭ ਦੀ ਦਏ ਬਦਲਾਈਆ । ਲੇਖਾ ਚੁੱਕੇ ਪੁੰਨ ਸਵਾਬ, ਦੋਜ਼ਖ਼ ਬਹਿਸ਼ਤ ਆਪਣਾ ਹੁਕਮ ਵਰਤਾਈਆ । ਚੌਦਾਂ ਲੋਕ ਚੌਦਾਂ ਤਬਕ ਮਾਰੇ ਇਕ ਆਵਾਜ਼, ਅਗੰਮ ਅਗੰਮੜਾ ਆਪ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਬਦ ਸੁਤ ਤੇਰੀ ਸੁਹਾਏ ਰੁੱਤ, ਰੁੱਤ ਰੁੱਤੜੀ ਨਾਲ ਮਹਿਕਾਈਆ । ਰੁੱਤ ਸੁਹਾਏ ਸੁਹੰਜਣੀ, ਸੋਭਾਵੰਤ ਦਏ ਵਡਿਆਈਆ । ਜਗੇ ਜੋਤ ਆਦਿ ਨਿਰੰਜਣੀ, ਪੁਰਖ ਅਕਾਲ ਵੇਖ ਵਖਾਈਆ । ਆਦਿ ਜੁਗਾਦਿ ਦਰਦ ਦੁਖ ਭੈ ਭੰਜਨੀ, ਭਵ ਸਾਗਰ ਪਾਰ ਤਰਾਈਆ । ਧੁਰ ਕਰਾਏ ਸਾਚਾ ਮਜਨੀ, ਦੁਰਮਤ ਮੈਲ ਧਵਾਈਆ । ਨਿਰਗੁਣ ਸਰਗੁਣ ਨਜ਼ਰੀ ਆਏ ਸੱਜਣੀ, ਸਾਕ ਇਕੋ ਇਕ ਜਣਾਈਆ । ਲੱਖ ਚੁਰਾਸੀ ਸ੍ਰਿਸ਼ਟੀ ਸਾਰੀ ਭੱਜਣੀ, ਜੋ ਘੜਿਆ ਸੋ ਰਹਿਣ ਕੋਇ ਨਾ ਪਾਈਆ । ਕੂੜੀ ਕਾਇਆ ਸਭ ਨੇ ਤਜਣੀ, ਪੰਜ ਤੱਤ ਨਾ ਕੋਇ ਹੰਡਾਈਆ । ਜਗਤ ਅੰਧੇਰੀ ਇਕੋ ਵਗਣੀ, ਸ਼ਬਦੀ ਗੁਰ ਦਏ ਸਮਝਾਈਆ । ਨੌਂ ਖੰਡ ਪ੍ਰਿਥਮੀ ਲੱਗੇ ਅਗਨੀ, ਅਗਨੀ ਤੱਤ ਨਾ ਕੋਇ ਬੁਝਾਈਆ । ਸਤਿ ਰਹੇ ਨਾ ਕਿਸੇ ਬਦਨੀ, ਕਾਮ ਕਰੋਧ ਲੋਭ ਮੋਹ ਹੰਕਾਰ ਹੋਏ ਹਲਕਾਈਆ । ਨੇਤਰ ਧਾਰ ਨਾ ਕੋਈ ਕਜਲੀ, ਕਲਜੁਗ ਨੈਣ ਅੱਖ ਮਟਕਾਈਆ । ਨਿਰਗੁਣ ਆਏ ਇਕੋ ਅਦਲੀ, ਸ੍ਰੀ ਭਗਵਾਨ ਫੇਰਾ ਪਾਈਆ । ਪਿਛਲੀ ਕਰ ਦਏ ਸਭ ਦੀ ਬਦਲੀ, ਅੱਗੇ ਆਪਣਾ ਖੇਲ ਰਚਾਈਆ । ਖੇਲ ਨਿਰਾਲੀ ਜੁਗ ਜੁਗ ਅਡਲੀ, ਧਾਰ ਧਾਰ ਵਿਚੋਂ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੁਤ ਸ਼ਬਦ ਤੇਰੇ ਹੱਥ ਵਡਿਆਈਆ । ਤੇਰੇ ਹੱਥ ਵਡਿਆਈ ਦੇਵੇ ਵਡ, ਵਡ ਵੱਡਾ ਦਇਆ ਕਮਾਇੰਦਾ । ਕੂੜੀ ਕਿਰਿਆ ਦੇਣੀ ਕੱਢ, ਜੂਠਾ ਝੂਠਾ ਨਾਤਾ ਮੋਹ ਤੁੜਾਇੰਦਾ । ਮਾਇਆ ਮਮਤਾ ਹਉਮੇਂ ਹੰਗਤਾ ਖ਼ਾਲੀ ਕਰਨੇ ਹੱਡ, ਆਸਾ ਤ੍ਰਿਸਨਾ ਮੇਟ ਮਿਟਾਇੰਦਾ । ਗੁਰਮੁਖ ਸੱਜਣ ਸੱਚੇ ਸੱਦ, ਨਿਰਗੁਣ ਸਰਗੁਣ ਰੰਗ ਵਖਾਇੰਦਾ । ਮੂਰਖ ਮੁਗਧ ਦੇਣੇ ਛੱਡ, ਹਰਿ ਕਾ ਨਾਉਂ ਨਾ ਜਿਨ੍ਹਾਂ ਭਾਇੰਦਾ । ਰਾਏ ਧਰਮ ਦੇਵੇ ਬਧ, ਚਿਤਰ ਗੁਪਤ ਲੇਖਾ ਹੱਥ ਫੜਾਇੰਦਾ । ਡੂੰਘੀ ਭਵਰੀ ਦੇਵੇ ਸੱਟ, ਫੜ ਬਾਂਹੋਂ ਬਾਹਰ ਨਾ ਕੋਇ ਕਢਾਇੰਦਾ । ਜਿਨ੍ਹਾਂ ਹਰਿ ਕਾ ਨਾਉਂ ਲਿਆ ਰਟ, ਰਸਨਾ ਜਿਹਵਾ ਢੋਲਾ ਗਾਇੰਦਾ । ਤਿਨ੍ਹਾਂ ਮੇਟਣਾ ਦੂਈ ਫਟ, ਦਵੈਤ ਰੂਪ ਨਾ ਕੋਇ ਵਖਾਇੰਦਾ । ਨਿਰਗੁਣ ਵਖੌਣਾ ਨਿਰਗੁਣ ਹੱਟ, ਜਿਸ ਘਰ ਇਕੋ ਨਾਮ ਵਿਕਾਇੰਦਾ । ਦਰ ਆਇਆਂ ਮਿਲੇ ਕਮਲਾਪਤ, ਨਾਰ ਕੰਤ ਆਪਣੇ ਅੰਗ ਲਗਾਇੰਦਾ । ਕਿਰਪਾ ਕਰੇ ਪੁਰਖ ਸਮਰਥ, ਸਮਰਥ ਆਪਣੀ ਧਾਰ ਜਣਾਇੰਦਾ । ਤੂੰ ਮੇਰਾ ਮੈਂ ਤੇਰਾ ਜਿਸ ਨੇ ਗਾਇਆ ਜਸ, ਤਿਸ ਦਾ ਲੇਖਾ ਸਰਬ ਮੁਕਾਇੰਦਾ । ਭਗਤ ਭਗਵਾਨ ਇਕ ਦੂਜੇ ਦੇ ਵਸ, ਦੂਜਾ ਸੰਗੀ ਨਜ਼ਰ ਕੋਇ ਨਾ ਆਇੰਦਾ । ਬਾਕੀ ਖੇੜਾ ਹੋਇਆ ਭੱਠ, ਭਠਿਆਲਾ ਅਗਨੀ ਇਕੋ ਡਾਹਿੰਦਾ । ਸਾਚੇ ਸ਼ਬਦ ਲੈ ਕਰਵਟ, ਕਰਵਟ ਆਪਣੀ ਆਪ ਬਦਲਾਇੰਦਾ । ਨਿਹਕਲੰਕ ਖੇਲ ਬਾਜ਼ੀਗਰ ਨਟ, ਹਰਿ ਸਵਾਂਗੀ ਨਜ਼ਰ ਕਿਸੇ ਨਾ ਆਇੰਦਾ । ਬਾਹਰੋਂ ਦਿਸੇ ਪੰਜ ਤੱਤ ਕਾਇਆ ਜੱਟ, ਅੰਦਰ

੫੪੯
੧੪

ਨਿਰਵੈਰ ਪੁਰਖ ਡੇਰਾ ਲਾਇੰਦਾ । ਗੋਬਿੰਦ ਨਾਲ ਮਿਲਾਏ ਹੱਥ, ਦਸਤ ਦਸਤ ਵਿਚ ਫਸਾਇੰਦਾ । ਸੰਬਲ ਨਗਰ ਗਿਆ ਵਸ, ਅਡੰਬਰ ਹੋਰ ਨਾ ਕੋਇ ਰਚਾਇੰਦਾ । ਨਿਰਗੁਣ ਜੋਤ ਕਰ ਪਰਗਟ, ਨਿਹਕਲੰਕਾ ਨਾਉਂ ਰਖਾਇੰਦਾ । ਲੱਖ ਚੁਰਾਸੀ ਜਾਣੇ ਮਿਤ ਗਤ, ਆਪਣਾ ਭੇਵ ਨਾ ਕਿਸੇ ਸਮਝਾਇੰਦਾ । ਪੜ੍ਹ ਪੜ੍ਹ ਥੱਕੀ ਬੁਧ ਮਤ, ਮਨਮਤ ਜੀਵ ਜਗਤ ਰੁਲਾਇੰਦਾ । ਪੜ੍ਹ ਪੜ੍ਹ ਸੱਥਰ ਬੈਠੇ ਘਤ, ਪੜ੍ਹਿਆਂ ਹੱਥ ਕਿਸੇ ਨਾ ਆਇੰਦਾ । ਅੰਦਰ ਪਾ ਕੇ ਬੈਠਾ ਨੱਥ, ਆਤਮ ਪਰਮਾਤਮ ਪੜਦਾ ਆਪ ਛੁਪਾਇੰਦਾ । ਬੁਧੀ ਆਪਣੇ ਨਾਲੋਂ ਕਰ ਕੇ ਵੱਖ, ਜਗਤ ਸਿਆਸਤ ਵੰਡ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੁਤ ਤੇਰੀ ਸਾਚੀ ਧਾਰ, ਆਪ ਜਣਾਏ ਏਕੰਕਾਰ, ਭਗਤਾਂ ਦੇਵੇ ਸਚ ਪਿਆਰ, ਸੰਤ ਵਖਾਏ ਇਕ ਮਨਾਰ, ਗੁਰਮੁਖ ਪੌੜੇ ਸਾਚੇ ਚਾੜ੍ਹ ਗੁਰਸਿਖ ਸੱਜਣ ਘਰ ਬਹਾਲ, ਮੇਲ ਮਿਲਾਵਾ ਦੀਨ ਦਿਆਲ, ਦੀਨਨ ਆਪਣੀ ਦਇਆ ਕਮਾਈਆ । ਜਗਤ ਬੁੱਧੀ ਲੋਚੇ ਜੱਗ, ਜਗ ਜੀਵਣ ਨਜ਼ਰ ਕਿਸੇ ਨਾ ਆਈਆ । ਸੋਚਾਂ ਅੰਦਰ ਲੱਗੀ ਅੱਗ, ਸ਼ਾਹ ਰਗ ਉਪਰ ਦਰਸ ਕੋਇ ਨਾ ਪਾਈਆ । ਹਉਮੇਂ ਹੰਗਤਾ ਵਿਚ ਗਏ ਬੱਝ, ਟਿਕਣ ਨਾ ਦੇਵੇ ਜਗਤ ਚਤੁਰਾਈਆ । ਜਿਨ੍ਹਾਂ ਮਿਲਿਆ ਸਾਹਿਬ ਸਤਿਗੁਰ ਸਮਰਥ, ਗੁਰ ਸ਼ਬਦੀ ਮੇਲ ਮਿਲਾਈਆ । ਉਹ ਉਚੀ ਕੂਕਣ ਦੋਵੇਂ ਕਰ ਕੇ ਹੱਥ, ਜੀਵ ਜੰਤ ਸਰਬ ਸਮਝਾਈਆ । ਕਿਸੇ ਕੰਮ ਨਾ ਔਣੀ ਬੁਧ ਮਤ, ਅੱਗੇ ਹੋਏ ਨਾ ਕੋਇ ਸਹਾਈਆ । ਲੇਖੇ ਲਾਓ ਆਪਣੀ ਰਤ, ਪ੍ਰਭ ਚਰਨ ਮਿਲੇ ਵਡਿਆਈਆ । ਧੰਦਿਆਂ ਵਿਚ ਗਾਓ ਜਸ, ਬੰਦਿਆਂ ਵਿਚੋਂ ਬੰਦਗੀ ਇਕੋ ਭਾਈਆ । ਗੰਦਿਆਂ ਵਿਚੋਂ ਪਿਛੇ ਜਾਓ ਹਟ, ਪੱਲੂ ਆਪਣਾ ਆਪ ਛੁਡਾਈਆ । ਮਨ ਨੀਵਾਂ ਕਰ ਕੇ ਜਾਓ ਢੱਠ, ਢਠਿਆਂ ਲਜਿਆ ਕੋਇ ਨਾ ਆਈਆ । ਮਾਣਸ ਦੇਹੀ ਸਾਚਾ ਸੌਦਾ ਦਮੜੇ ਲਓ ਵੱਟ, ਕਾਚੀ ਮਾਟੀ ਅੰਤ ਕੰਮ ਕਿਸੇ ਨਾ ਆਈਆ । ਪੜ੍ਹ ਪੜ੍ਹ ਸਟੀਕ ਰਸਨਾ ਜਿਹਵਾ ਰਹੇ ਰਟ, ਰੱਟਾ ਆਵਣ ਜਾਵਣ ਨਾ ਕੋਇ ਮੁਕਾਈਆ । ਸਤਿਗੁਰ ਮਾਰਗ ਰਿਹਾ ਦੱਸ, ਨਾਨਕ ਗੋਬਿੰਦ ਸ਼ਬਦ ਪੜ੍ਹਾਈਆ । ਜਿਨ੍ਹਾਂ ਪਾਰਬ੍ਰਹਮ ਪ੍ਰਭ ਹੋਇਆ ਵਸ, ਤਿਨ੍ਹਾਂ ਨਿਉਂ ਨਿਉਂ ਚਰਨ ਲਾਗੇ ਸਰਬ ਲੋਕਾਈਆ । ਭਗਤ ਭਗਵਾਨ ਇਕ ਦੂਜੇ ਦਾ ਗਾਵਣ ਜਸ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਗੁਰਮੁਖਾਂ ਕੋਲ ਚੌਦਾਂ ਵਿਦਿਆ ਹੋਈ ਭੱਠ, ਇਕੋ ਅੱਖਰ ਮਿਲੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਅਪਰੰਪਰ ਸਵਾਮੀ ਆਦਿ ਜੁਗਾਦਿ ਲੱਖ ਚੁਰਾਸੀ ਘਟ ਘਟ ਅੰਤਰਜਾਮੀ, ਬੋਧ ਅਗਾਧ ਸ਼ਬਦ ਬਾਣੀ, ਗੁਰ ਬਾਣੀ ਰਾਗ ਅਲਾਈਆ । ਅੰਮ੍ਰਿਤ ਆਤਮ ਸਚ ਸਰੋਵਰ ਠੰਡਾ ਪਾਣੀ, ਨਿਝਰ ਝਿਰਨਾ ਆਪ ਝਿਰਾਈਆ । ਸੁਰਤੀ ਸ਼ਬਦੀ ਮੇਲ ਮਿਲਾਵਾ ਸਾਚੇ ਹਾਣੀ, ਘਰ ਵੱਜੇ ਇਕ ਵਧਾਈਆ । ਨਾਤਾ ਤੁਟੇ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਬੰਧਨ ਰਹੇ ਨਾ ਰਾਈਆ । ਪਦ ਮਿਲੇ ਇਕ ਨਿਰਬਾਣੀ, ਨਿਰਬਾਣ ਪਦ ਸਮਾਈਆ । ਹੋਏ ਸਹਾਈ ਸ਼ਾਹ ਸੁਲਤਾਨੀ, ਸ਼ਹਿਨਸ਼ਾਹ ਆਪਣੀ ਦਇਆ ਕਮਾਈਆ । ਪਕੜ ਬਹਾਏ ਸ਼ਬਦ ਬਬਾਣੀ, ਨਾਮ ਬਬਾਣਾ ਇਕ ਬਣਾਈਆ । ਸਚਖੰਡ ਵਸਾਏ ਸਚ ਮਕਾਨੀ, ਬੇਮੁਕਾਮ ਮੁਕਾਮ ਇਕ ਜਣਾਈਆ । ਸ੍ਰਿਸ਼ਟ ਸਬਾਈ ਦਿਸੇ ਫ਼ਾਨੀ, ਫ਼ਾਤਿਹਾ ਅੰਤ ਸਰਬ ਪੜ੍ਹਾਈਆ । ਜੋ ਗੁਰਸਿਖ ਗੁਰਮੁਖ ਹਰਿਜਨ ਹਰਿਭਗਤ ਸਾਚਾ ਸੰਤ ਸਾਹਿਬ ਸਤਿਗੁਰ ਉਤੋਂ ਆਪਣਾ ਪਰੇਮ ਕਰੇ ਕੁਰਬਾਨੀ, ਤਿਨ੍ਹਾਂ ਨਾਮ ਨਿਸ਼ਾਨੀ ਦਏ ਜਣਾਈਆ । ਰਸਨਾ ਜਿਹਵਾ ਨਾ ਜਗਤ ਕਹਾਣੀ, ਆਤਮ ਪਰਮਾਤਮ ਖੇਲ ਮਹਾਨੀ, ਪਾਰਬ੍ਰਹਮ ਬ੍ਰਹਮ ਮੇਲ ਮਿਲਾਵਾ ਮਿਲ ਆਪਣਾ ਆਪ ਜਣਾਈਆ ।

੫੫੦
੧੪

★ ੧੨ ਜੇਠ ੨੦੨੦ ਬਿਕ੍ਰਮੀ ਗੁੜ੍ਹਾ ਰਾਮ ਦੇ ਗ੍ਰਿਹ ਸ਼ੇਖ਼ਸਰ ਜੰਮੂ ★

ਸਤਿਗੁਰ ਪੂਰਾ ਅਗੰਮ ਅਪਾਰ, ਗੁਰ ਗੁਰ ਧਾਰ ਚਲਾਇੰਦਾ । ਗੁਰ ਗੁਰ ਧਾਰ ਸ਼ਬਦ ਜੈਕਾਰ, ਨਾਅਰਾ ਏਕਾ ਨਾਮ ਜਣਾਇੰਦਾ । ਸਾਚਾ ਨਾਮ ਅਪਰ ਅਪਾਰ, ਭਗਤ ਭਗਵਾਨ ਆਪ ਜਣਾਇੰਦਾ । ਭਗਤ ਭਗਵਾਨ ਹੋ ਉਜਿਆਰ, ਸਾਚੇ ਸੰਤਾਂ ਮੇਲ ਮਿਲਾਇੰਦਾ । ਸਾਚੇ ਸੰਤਾਂ ਦੇ ਦੀਦਾਰ, ਬੋਧ ਅਗਾਧ ਭੇਵ ਖੁਲ੍ਹਾਇੰਦਾ । ਬੋਧ ਅਗਾਧ ਨਾਦ ਧੁਨਕਾਰ, ਗੁਰਮੁਖ ਬੂਝ ਬੁਝਾਇੰਦਾ । ਗੁਰਮੁਖ ਸਾਚੀ ਪਾਵੇ ਸਾਰ, ਆਤਮ ਪਰਮਾਤਮ ਪੜਦਾ ਲਾਹਿੰਦਾ । ਆਤਮ ਪਰਮਾਤਮ ਖੇਲ ਨਿਆਰ, ਨਿਰੰਕਾਰ ਨਿਰਗੁਣ ਆਪ ਜਣਾਇੰਦਾ । ਮਹੱਲ ਅਟੱਲ ਕਰ ਤਿਆਰ, ਮੰਦਰ ਇਕੋ ਇਕ ਵਡਿਆਇੰਦਾ । ਗੁਰਸਿਖ ਕਾਇਆ ਬੰਕ ਦਵਾਰ, ਸ੍ਰੀ ਭਗਵਾਨ ਹੱਟ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਹਿਬ ਸਤਿਗੁਰ ਦਇਆ ਕਮਾਇੰਦਾ । ਸਾਹਿਬ ਸਤਿਗੁਰ ਪੁਰਖ ਅਕਾਲ, ਏਕਾ ਏਕ ਵੱਡੀ ਵਡਿਆਈਆ । ਗੁਰ ਗੁਰ ਰੂਪ ਸ਼ਬਦੀ ਲਾਲ, ਸੁਤ ਦੁਲਾਰਾ ਦਏ ਵਡਿਆਈਆ । ਭਗਤ ਭਗਵਾਨ ਖੇਲ ਮਹਾਨ, ਪੁਰਖ ਅਬਿਨਾਸ਼ੀ ਸੰਗ ਨਿਭਾਈਆ । ਸੰਤ ਸਾਜਣ ਕਰ ਪਰਵਾਨ, ਸਚ ਪਰਵਾਨਾ ਇਕ ਸਮਝਾਈਆ । ਗੁਰਮੁਖ ਗੁਰ ਗੁਰ ਦੇ ਗਿਆਨ, ਗਿਆਨ ਨੇਤਰ ਇਕ ਖੁਲ੍ਹਾਈਆ । ਗੁਰਸਿਖ ਕਰ ਸਚ ਪਹਿਚਾਨ, ਪਹਿਚਾਨ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਪੂਰਾ ਇਕ ਅਖਵਾਈਆ । ਸਤਿਗੁਰ ਪੂਰਾ ਪੁਰਖ ਸਮਰਥ, ਨਿਰਗੁਣ ਨਿਰਵੈਰ ਖੇਲ ਖਲਾਇੰਦਾ । ਗੁਰ ਗੁਰ ਆਪ ਚਲਾਏ ਰਥ, ਬਣ ਰਥਵਾਹੀ ਸੇਵ ਕਮਾਇੰਦਾ । ਭਗਤ ਭਗਵਾਨ ਮਾਰਗ ਦੱਸ, ਸਾਚਾ ਰਾਹ ਇਕ ਵਖਾਇੰਦਾ । ਸੰਤ ਸਾਜਣ ਅੰਤਰ ਵਸ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਗੁਰਮੁਖਾਂ ਮੇਲਾ ਹੱਸ ਹੱਸ, ਸੋਹੰ ਅਜਪਾ ਜਾਪ ਜਪਾਇੰਦਾ । ਗੁਰਸਿਖਾਂ ਦੇਵੇ ਇਕੋ ਰਸ, ਅੰਮ੍ਰਿਤ ਝਿਰਨਾ ਆਪ ਝਿਰਾਇੰਦਾ । ਨਿਰਗੁਣ ਜੋਤ ਕਰ ਪਰਗਟ, ਅਗਿਆਨ ਅੰਧੇਰ ਮਿਟਾਇੰਦਾ । ਨਾਮ ਨਿਧਾਨਾ ਮਾਰ ਸੱਟ, ਸੋਈ ਸੁਰਤੀ ਆਪ ਉਠਾਇੰਦਾ । ਦੇਵਣਹਾਰਾ ਬ੍ਰਹਮ ਮਤ, ਸਾਚੀ ਸਿਖਿਆ ਇਕ ਪੜ੍ਹਾਇੰਦਾ । ਲੇਖੇ ਲਾਏ ਰਤੀ ਰਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਪੂਰਾ ਵੇਖ ਵਖਾਇੰਦਾ । ਸਤਿਗੁਰ ਪੂਰਾ ਪਾਰਬ੍ਰਹਮ, ਬੇਅੰਤ ਵੱਡੀ ਵਡਿਆਈਆ । ਗੁਰ ਗੁਰ ਧਾਰ ਪਏ ਜੰਮ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਭਗਤ ਭਗਵਾਨ ਜਣਾਏ ਕੰਮ, ਭਗਤੀ ਇਕੋ ਇਕ ਸਮਝਾਈਆ । ਸੰਤਨ ਦੇਵੇ ਨਾਮ ਧੰਨ, ਵਸਤ ਅਮੋਲਕ ਝੋਲੀ ਪਾਈਆ । ਗੁਰਮੁਖਾਂ ਰਾਗ ਸੁਣਾਏ ਕੰਨ, ਧੁਰ ਦੀ ਬਾਣੀ ਬਾਣ ਲਗਾਈਆ । ਗੁਰਸਿਖ ਚਾੜ੍ਹੇ ਸਾਚੇ ਚੰਨ, ਲੋਕਮਾਤ ਕਰੇ ਰੁਸ਼ਨਾਈਆ । ਸਰਗੁਣ ਨਿਰਗੁਣ ਬੇੜਾ ਬੰਨ੍ਹ, ਭਾਰ ਆਪਣੇ ਕੰਧ ਉਠਾਈਆ । ਨਾਤਾ ਤੋੜ ਮਨਸਾ ਮਨ, ਆਸਾ ਤ੍ਰਿਸਨਾ ਦਏ ਬੁਝਾਈਆ । ਕੂੜੀ ਕਿਰਿਆ ਦੇਵੇ ਡੰਨ, ਕਾਮ ਕਰੋਧ ਲੋਭ ਮੋਹ ਹੰਕਾਰ ਨਾ ਹੋਇ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਪੂਰਾ ਬੇਪਰਵਾਹੀਆ । ਸਤਿਗੁਰ ਪੂਰਾ ਸਦ ਮਿਹਰਵਾਨ, ਮਿਹਰਵਾਨ ਦਇਆ ਕਮਾਇੰਦਾ । ਗੁਰ ਗੁਰ ਰੂਪ ਦੇਵੇ ਦਾਨ, ਦਾਤਾ ਦਾਨੀ ਆਪ ਅਖਵਾਇੰਦਾ । ਭਗਤ ਭਗਵਾਨ ਉਪਜਾਏ ਨਿਸ਼ਾਨ, ਸਚ ਨਿਸ਼ਾਨਾ ਇਕ ਝੁਲਾਇੰਦਾ । ਸੰਤ ਸਾਜਣ ਕਰ ਪਰਧਾਨ, ਨਾਮ ਪਰਧਾਨਗੀ ਹੱਥ ਫੜਾਇੰਦਾ । ਗੁਰਮੁਖ ਗੁਰ ਗੁਰ ਦੇ ਗਿਆਨ, ਆਤਮ ਪਰਮਾਤਮ ਬੂਝ ਬੁਝਾਇੰਦਾ । ਗੁਰਸਿਖ ਸਾਚੇ ਚਤਰ ਸੁਜਾਨ, ਸੁਘੜ ਆਪਣੇ ਰੰਗ ਰੰਗਾਇੰਦਾ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਪੂਰਾ ਇਕ ਅਖਵਾਇੰਦਾ । ਸਤਿਗੁਰ ਪੂਰਾ ਏਕਾ ਏਕ, ਏਕੰਕਾਰ ਵੱਡੀ ਵਡਿਆਈਆ । ਗੁਰ ਗੁਰ ਦੇਵਣਹਾਰਾ ਟੇਕ, ਸਿਰ ਆਪਣਾ ਹੱਥ ਟਿਕਾਈਆ । ਭਗਤ ਭਗਵਾਨ ਲਿਖਣਹਾਰਾ ਲੇਖ, ਲੇਖਾ ਸਭ ਦਾ ਰਿਹਾ ਚੁਕਾਈਆ । ਸੰਤ ਸਾਜਣ ਆਪੇ ਪੇਖ, ਪੇਖ ਪੇਖ ਆਪ ਬਿਗਸਾਈਆ । ਗੁਰਮੁਖਾਂ ਜਣਾਏ ਸਾਚੀ ਰੇਖ, ਰੇਖਾ ਪਿਛਲੀ ਦਏ ਬਦਲਾਈਆ । ਗੁਰਸਿਖ ਕਰੇ ਇਕ ਆਦੇਸ਼, ਨਿਉਂ ਨਿਉਂ ਲਾਗੇ ਪਾਈਆ । ਸ੍ਰੀ ਭਗਵਾਨ ਸਾਚਾ ਭੇਸ, ਸਤਿ ਸਰੂਪੀ ਆਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਗੁਰ ਸਾਚੀ ਬੂਝ ਬੁਝਾਈਆ । ਸਤਿਗੁਰ ਸਾਚੀ ਬੂਝੇ ਬੂਝ, ਬੂਝਣਹਾਰ ਆਪ ਅਖਵਾਇੰਦਾ । ਗੁਰ ਗੁਰ ਲੇਖਾ ਚੁਕੇ ਏਕਾ ਦੂਜ, ਏਕਾ ਦੂਆ ਏਕਾ ਘਰ ਵਖਾਇੰਦਾ । ਭਗਤ ਭਗਵਾਨ ਪਰੇਮ ਪ੍ਰੀਤੀ ਜਾਏ ਰੁਝ, ਨਿਜ ਅੰਤਰ ਧਿਆਨ ਲਗਾਇੰਦਾ । ਸੰਤ ਸਾਜਣ ਕਵਲ ਕਰੇ ਊਂਧ, ਉਲਟਾ ਮੁਖ ਭਵਾਇੰਦਾ । ਗੁਰਮੁਖ ਗੁਰਸਿਖ ਜਾਏ ਜੂਝ, ਬਲੀਦਾਨ ਆਪ ਕਰਾਇੰਦਾ । ਗੁਰਸਿਖ ਵੇਖੇ ਸਚ ਅਰੂਜ, ਮੁਰੀਦ ਮੁਰਸ਼ਦ ਆਪ ਵਖਾਇੰਦਾ । ਜਗਤ ਤ੍ਰਿਸਨਾ ਮਿਟੇ ਭੂਖ, ਜਗਤ ਆਸਾ ਨਾ ਕੋਇ ਰਖਾਇੰਦਾ । ਗ੍ਰਿਹ ਮੰਦਰ ਜਣਾਏ ਸੁਖ, ਸੁਖ ਅੰਤਰ ਅੰਤਰ ਪਰਗਟਾਇੰਦਾ । ਜਨਮ ਕਰਮ ਦਾ ਮੇਟੇ ਦੂਖ, ਦੂਖ ਨਿਵਾਰਨ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਆਪਣਾ ਭੇਵ ਜਣਾਇੰਦਾ । ਸਤਿਗੁਰ ਸਾਚਾ ਇਕੋ ਇਕ, ਏਕੰਕਾਰ ਅਖਵਾਈਆ । ਗੁਰ ਅਵਤਾਰਾਂ ਦੇਵੇ ਟੇਕ, ਪੀਰ ਪੈਗ਼ੰਬਰ ਸੀਸ ਝੁਕਾਈਆ । ਭਗਤ ਭਗਵਾਨ ਜਣਾਏ ਭੇਖ, ਭੇਖਾਧਾਰੀ ਵੇਸ ਵਟਾਈਆ । ਸੰਤ ਸਾਜਣ ਕਰਨ ਆਦੇਸ, ਨਿਉਂ ਨਿਉਂ ਸੀਸ ਝੁਕਾਈਆ ।

੫੫੨ ਗੁਰਮੁਖ ਦਰਸ ਮੰਗਣ ਨੇਤਨ ਨੇਤ, ਵਿਛੋੜਾ ਕੋਇ ਨਾ ਭਾਈਆ । ਗੁਰਸਿਖ ਮਿਠੇ ਹੋਵਣ ਕੌੜੇ ਰੇਠ, ਅੰਮ੍ਰਿਤ ਰਸ ਏਕਾ ਖਾਈਆ । ਆਤਮ ੫੫੨

੧੪ ਪਰਮਾਤਮ ਸਾਚਾ ਹੇਤ, ਬ੍ਰਹਮ ਪਾਰਬ੍ਰਹਮ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਇਕੋ ਇਕ ਹੋ ਜਾਈਆ । ੧੪

ਸਤਿਗੁਰ ਪੂਰਾ ਇਕੋ ਇਕ, ਅਕਲ ਕਲ ਅਖਵਾਇੰਦਾ । ਤ੍ਰੈਗੁਣ ਮਾਇਆ ਨਾ ਲਾਏ ਸੇਕ, ਜਿਸ ਜਨ ਆਪਣੀ ਦਇਆ ਕਮਾਇੰਦਾ । ਕਾਇਆ ਮੰਦਰ ਅੰਦਰ ਖੇਡ, ਪਰਦਾ ਦੂਈ ਆਪ ਚੁਕਾਇੰਦਾ । ਸ਼ਬਦ ਅਗੰਮ ਸੰਦੇਸਾ ਭੇਜ, ਸੋਈ ਸੁਰਤੀ ਆਪ ਉਠਾਇੰਦਾ । ਨੂਰੀ ਦੇਵੇ ਤੇਜ, ਜੋਤੀ ਜਾਤਾ ਡਗਮਗਾਇੰਦਾ । ਆਤਮ ਪਰਮਾਤਮ ਮਾਣੇ ਸੇਜ, ਸੇਜ ਸੁਹੰਜਣੀ ਇਕ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਇਕੋ ਇਕ ਅਖਵਾਇੰਦਾ । ਸਤਿਗੁਰ ਏਕੋ ਏਕ, ਆਦਿ ਜੁਗਾਦਿ ਵਡਿਆਈਆ । ਨਿਰਗੁਣ ਕਰੇ ਨਿਰਗੁਣ ਹੇਤ, ਸਰਗੁਣ ਸਰਗੁਣ ਬੂਝ ਬੁਝਾਈਆ । ਵਸਣਹਾਰਾ ਆਪਣੇ ਖੇਤ, ਦੇਸ ਦਸੰਤਰ ਸੋਭਾ ਪਾਈਆ । ਰੁੱਤ ਰੱਖੇ ਬਸੰਤੀ ਚੇਤ, ਪਤ ਡਾਲੀ ਰੂਪ ਮਹਿਕਾਈਆ । ਜਨ ਭਗਤਾਂ ਦੇਵੇ ਆਪਣਾ ਭੇਤ, ਦੂਜੇ ਸਮਝ ਕੋਇ ਨਾ ਆਈਆ । ਜਗਤ ਨੇਤਰ ਸਾਰੇ ਰਹੇ ਵੇਖ, ਗੁਰ ਗਿਆਨ ਨੇਤਰ ਨਾ ਕੋਇ ਖੁਲ੍ਹਾਈਆ । ਬੁਧੀ ਕੋਇ ਨਾ ਪਾਵੇ ਭੇਤ, ਮਨ ਚਲੇ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਦੇਵਣਹਾਰ ਵਡਿਆਈਆ । ਸਤਿਗੁਰ ਪੂਰਾ ਆਦਿ ਅੰਤ, ਸੋ ਪੁਰਖ ਨਿਰੰਜਣ ਆਪ ਅਖਵਾਇੰਦਾ । ਗੁਰ ਗੁਰ ਦੇਵੇ ਨਾਮ ਮੰਤ, ਜੁਗ ਚੌਕੜੀ ਸੇਵ ਲਗਾਇੰਦਾ । ਭਗਤ ਭਗਵਾਨ ਨਾਤਾ ਨਾਰ ਕੰਤ, ਗ੍ਰਿਹ ਮੰਦਰ ਸੋਭਾ ਪਾਇੰਦਾ । ਸੰਤ ਮਹਿਮਾਂ ਗਾਣ ਅਗਣਤ, ਅਗਣਤ ਆਪਣੀ ਕਾਰੇ ਲਾਇੰਦਾ । ਗੁਰਮੁਖ

ਵਡਿਆਈ ਵਿਚ ਜੀਵ ਜੰਤ, ਜਾਗਰਤ ਜੋਤ ਜੋਤ ਜਗਾਇੰਦਾ । ਗੁਰਸਿਖਾਂ ਗੜ੍ਹ ਤੋੜੇ ਹਉਮੇਂ ਹੰਗਤ, ਹੰ ਬ੍ਰਹਮ ਭੇਵ ਚੁਕਾਇੰਦਾ । ਲੇਖਾ ਜਾਣੇ ਜੇਰਜ ਅੰਡਜ, ਉਤਭੁਜ ਸੇਤਜ ਵੇਖ ਵਖਾਇੰਦਾ । ਗਿਆਨ ਬੋਧ ਆਤਮ ਪੰਡਤ, ਅਨਹਦ ਅਨਾਦੀ ਰਾਗ ਅਲਾਇੰਦਾ । ਜੁਗ ਚੌਕੜੀ ਬਣਾਏ ਬਣਤ, ਘੜਨ ਭੰਨਣਹਾਰ ਆਪਣੀ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਪੂਰਾ ਸੂਰਾ ਇਕ ਅਖਵਾਇੰਦਾ । ਸਤਿਗੁਰ ਪੂਰਾ ਸੂਰਬੀਰ, ਸ਼ਾਹ ਪਾਤਸ਼ਾਹ ਸੱਚਾ ਅਖਵਾਈਆ । ਗੁਰ ਗੁਰ ਮਾਰੇ ਨਿਰਾਲਾ ਤੀਰ, ਅਣਿਯਾਲਾ ਨਾਮ ਚਲਾਈਆ । ਭਗਤ ਭਗਵਾਨ ਘਤ ਵਹੀਰ, ਨਿਰਗੁਣ ਸਰਗੁਣ ਮਿਲਣੇ ਆਈਆ । ਸੰਤਾਂ ਚੋਟੀ ਚਾੜ੍ਹੇ ਅਖ਼ੀਰ, ਆਖ਼ਰ ਆਪਣੀ ਗੰਢ ਪੁਆਈਆ । ਗੁਰਮੁਖਾਂ ਦੇਵੇ ਸਾਚੀ ਧੀਰ, ਧੀਰਜ ਇਕੋ ਇਕ ਬੰਧਾਈਆ । ਗੁਰਸਿਖਾਂ ਕੱਢੇ ਹਉਮੇਂ ਪੀੜ, ਦੁਰਮਤ ਮੈਲ ਧਵਾਈਆ । ਕਰੇ ਖੇਲ ਬੇਨਜ਼ੀਰ, ਜਗਤ ਨੇਤਰ ਨਜ਼ਰ ਕਿਸੇ ਨਾ ਆਈਆ । ਜਿਸ ਜਣਾਏ ਆਪਣੀ ਸਚ ਤਸਵੀਰ, ਜਲਵਾ ਨੂਰ ਨੂਰ ਖ਼ੁਦਾਈਆ । ਸਾਹਿਬ ਸਤਿਗੁਰ ਸਾਂਝਾ ਪੀਰ, ਪੈਗ਼ੰਬਰ ਧਿਆਨ ਲਗਾਈਆ । ਆਦਿ ਜੁਗਾਦਿ ਨਾ ਹੋਏ ਦਿਲਗੀਰ, ਜਗਤ ਉਦਾਸੀ ਨਾ ਕੋਈ ਰਖਾਈਆ । ਨਾ ਸ਼ਾਹ ਨਾ ਕੋਈ ਫ਼ਕੀਰ, ਫ਼ਿਕਰ ਗ਼ਮ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸਾਚੇ ਵਡ ਵਡਿਆਈਆ । ਸਤਿਗੁਰ ਸਾਚਾ ਪੁਰਖ ਅਥਾਹ, ਅਕਲ ਕਲਧਾਰੀ ਆਪ ਅਖਵਾਇੰਦਾ । ਗੁਰ ਗੁਰੂ ਚਲਾਏ ਰਾਹ, ਲੋਕਮਾਤ ਖੇਲ ਖਲਾਇੰਦਾ । ਭਗਤ ਭਗਵਾਨ ਆਪ ਉਠਾ, ਸਾਚੀ ਭਗਤੀ ਇਕ ਸਮਝਾਇੰਦਾ । ਸੰਤ ਸਾਜਣ ਲਏ ਮਿਲਾ, ਟਿੱਲੇ ਪਰਬਤ ਫੋਲ ਫੁਲਾਇੰਦਾ । ਗੁਰਮੁਖਾਂ ਗੁਰ ਗੁਰ ਬੂਝ ਦਏ ਬੁਝਾ, ਭੇਵ ਅਭੇਦ ਜਣਾਇੰਦਾ । ਗੁਰਸਿਖਾਂ ਸੂਝ ਦਏ ਪਾ, ਸੋ ਪੁਰਖ ਨਿਰੰਜਣ ਆਪਣਾ ਘਰ ਵਖਾਇੰਦਾ । ਏਕਾ ਦੂਜ ਦਏ ਗਵਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਪੂਰਾ ਏਕਾ ਘਰ ਵਡਿਆਇੰਦਾ । ਸਤਿਗੁਰ ਪੂਰਾ ਵੱਡਾ ਆਪ, ਪ੍ਰਭ ਆਪਣੀ ਦਇਆ ਕਮਾਈਆ । ਗੁਰ ਅਵਤਾਰਾਂ ਬਣਿਆ ਬਾਪ, ਪੀਰ ਪੈਗ਼ਬਰਾਂ ਪਿਤਾ ਮਾਈਆ । ਭਗਤਾਂ ਬਣਿਆ ਸੱਚਾ ਸਾਕ, ਸੰਤਾਂ ਸੱਜਣ ਇਕੋ ਨਜ਼ਰੀ ਆਈਆ । ਗੁਰਮੁਖਾਂ ਖੋਲ੍ਹੇ ਸੱਚਾ ਹਾਟ, ਗੁਰਸਿਖ ਗੁਰ ਗੁਰ ਬੂਝ ਬੁਝਾਈਆ । ਜੁਗ ਚੌਕੜੀ ਵੇਖੇ ਵਾਟ, ਬਣ ਪਾਂਧੀ ਜਗਤ ਰਾਹੀਆ । ਨਵ ਨੌਂ ਚਾਰ ਵੇਖੇ ਘਾਟ, ਨਿਰਗੁਣ ਆਪਣਾ ਫੇਰਾ ਪਾਈਆ । ਜੁਗ ਚੌਕੜੀ ਜਾਣੇ ਗਾਥ, ਨਾਮ ਨਿਧਾਨ ਕਰੇ ਸ਼ਨਵਾਈਆ । ਸਰਗੁਣ ਦੇਵਣਹਾਰਾ ਦਾਤ, ਵਸਤ ਅਮੋਲਕ ਆਪ ਵਰਤਾਈਆ । ਦਰਸਾਵਣਹਾਰਾ ਵਡ ਕਰਾਮਾਤ, ਕਰਮ ਕਾਂਡ ਗੰਢ ਪੁਆਈਆ । ਡੂੰਘਾ ਰੱਖੇ ਆਪਣਾ ਖਾਤ, ਨਿਰਗੁਣ ਸਰਗੁਣ ਸਮਝ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਪੂਰਾ ਇਕ ਹੋ ਜਾਈਆ । ਸਤਿਗੁਰ ਪੂਰਾ ਇਕ ਇਸ਼ਟ ਦੇਵ, ਦੇਵ ਆਤਮਾ ਸਰਬ ਜਣਾਇੰਦਾ । ਆਦਿ ਜੁਗਾਦੀ ਅਲਖ ਅਭੇਵ, ਅਲਖ ਅਗੋਚਰ ਆਪਣੀ ਕਾਰ ਕਮਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਲਾਏ ਸੇਵ, ਵਿਸ਼ਨ ਬ੍ਰਹਮਾ ਸ਼ਿਵ ਹੁਕਮ ਮਨਾਇੰਦਾ । ਸਿਫ਼ਤ ਸਾਲਾਹੀ ਰਸਨਾ ਜਿਹਵ, ਖਾਣੀ ਬਾਣੀ ਰਾਗ ਸੁਣਾਇੰਦਾ । ਆਪ ਸਦਾ ਰਹੇ ਨਿਹਕੇਵ, ਨਿਹਚਲ ਧਾਮ ਡੇਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸਾਚਾ ਇਕ ਅਖਵਾਇੰਦਾ । ਸਤਿਗੁਰ ਸਾਚਾ ਇਕੋ ਬਣ, ਬਣਤ ਸਰਬ ਬਣਾਈਆ । ਵਿਸ਼ਨ ਬ੍ਰਹਮਾ ਸ਼ਿਵ ਜਣ, ਆਦਿ ਸ਼ਕਤ ਵੇਖੇ ਸੱਚੀ ਮਾਈਆ । ਸ਼ਬਦ ਨਾਦ ਰਾਗ ਸੁਣਾ ਕੰਨ, ਬਿਨ ਕੰਨਾਂ

ਕਰੇ ਸ਼ਨਵਾਈਆ । ਵਸਤ ਅਮੋਲਕ ਦੇ ਧਨ, ਭੰਡਾਰ ਅਤੁਟ ਵਰਤਾਈਆ । ਜੋਤੀ ਜੋਤ ਚਾੜ੍ਹ ਚੰਨ, ਨੂਰ ਜ਼ਹੂਰ ਰੁਸ਼ਨਾਈਆ । ਕਰ ਵਸੇਰਾ ਬਿਨ ਛੱਪਰੀ ਛੰਨ, ਮਹੱਲ ਅਟੱਲ ਸੋਭਾ ਪਾਈਆ । ਕਰੇ ਖੇਲ ਘੜੀ ਪਲ, ਘੜਨ ਭੰਨਣਹਾਰ ਆਪਣੀ ਕਾਰ ਕਮਾਈਆ । ਆਦਿ ਜੁਗਾਦਿ ਦੇਵੇ ਡੰਨ, ਡੰਕਾ ਆਪਣਾ ਨਾਮ ਵਜਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਧੰਨ ਧੰਨ ਧੰਨ, ਧੰਨ ਧੰਨ ਤੇਰੀ ਵਡਿਆਈਆ । ਹੁਕਮੇ ਅੰਦਰ ਹੁਕਮ ਰਹੇ ਮੰਨ, ਸੀਸ ਸਕੇ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਪੂਰਾ ਇਕ ਅਖਵਾਈਆ । ਸਤਿਗੁਰ ਪੂਰਾ ਹੋਏ ਪੂਰ, ਪੂਰੀ ਆਸਾ ਸਰਬ ਕਰਾਈਆ । ਆਦਿ ਜੁਗਾਦੀ ਹਾਜ਼ਰ ਹਜ਼ੂਰ, ਹਜ਼ਰਤ ਆਪਣਾ ਫੇਰਾ ਪਾਈਆ । ਜੁਗ ਚੌਕੜੀ ਬੰਨ੍ਹਣਹਾਰ ਦਸਤੂਰ, ਦਸਤ ਬਦਸਤ ਹੁਕਮ ਮਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਹੁਕਮੇ ਅੰਦਰ ਹੋ ਮਜਬੂਰ, ਦਰ ਦਰ ਘਰ ਘਰ ਅਲਖ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਇਕੋ ਓਟ ਤਕਾਈਆ । ਸਤਿਗੁਰ ਪੂਰੇ ਇਕੋ ਓਟ, ਆਦਿ ਜੁਗਾਦਿ ਜਣਾਇੰਦਾ । ਗੁਰ ਅਵਤਾਰ ਜਿਸ ਦੀ ਜੋਤ, ਨਿਰਮਲ ਬਿਮਲ ਰੂਪ ਵਖਾਇੰਦਾ । ਸਚ ਮੁਕਾਮ ਜਿਸ ਦਾ ਕੋਟ, ਸਚਖੰਡ ਸੋਭਾ ਪਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਜਿਸ ਦਾ ਓਤ ਪੋਤ, ਲੱਖ ਚੁਰਾਸੀ ਖੇਲ ਕਰਾਇੰਦਾ । ਘੜਨ ਭੰਨਣ ਦਾ ਜਿਸ ਨੂੰ ਸ਼ੌਕ, ਜੁਗ ਚੌਕੜੀ ਵੇਸ ਵਟਾਇੰਦਾ । ਨਿਰਗੁਣ ਸਰਗੁਣ ਆਪੇ ਪਹੁੰਚ, ਮਿਹਰਵਾਨ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਆਪਣੀ ਕਾਰ ਕਮਾਇੰਦਾ । ਸਤਿਗੁਰ ਪੂਰਾ ਸ੍ਰੀ ਭਗਵਾਨ, ਆਦਿ ਜੁਗਾਦਿ ਅਖਵਾਈਆ । ਨਾਮ ਝੁਲਾਏ ਸਚ ਨਿਸ਼ਾਨ, ਦਰਗਹਿ ਸਾਚੀ ਆਪ ਉਠਾਈਆ । ਧੁਰ ਦਰਬਾਰੀ ਹੁਕਮਰਾਨ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਨਾਮ ਸੰਦੇਸਾ ਦੋ ਜਹਾਨ, ਏਕੰਕਾਰਾ ਆਪ ਜਣਾਈਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਦੇ ਗਿਆਨ, ਵਿਸ਼ਨ ਬ੍ਰਹਮਾ ਸ਼ਿਵ ਕਰੇ ਪੜ੍ਹਾਈਆ । ਗੁਰ ਅਵਤਾਰਾਂ ਦੇਵੇ ਦਾਨ, ਵਸਤ ਅਮੋਲਕ ਆਪ ਵਰਤਾਈਆ । ਹੁਕਮੇ ਅੰਦਰ ਗੋਪੀ ਕਾਹਨ, ਜੁਗ ਚੌਕੜੀ ਨਾਚ ਨਚਾਈਆ । ਖੇਲੇ ਖੇਲ ਸ੍ਰੀ ਭਗਵਾਨ, ਭਗਵਨ ਆਪਣੀ ਕਾਰ ਕਮਾਈਆ । ਪੀਰ ਪੈਗ਼ੰਬਰ ਕਰ ਪਰਧਾਨ, ਕਲਮਾ ਨਬੀ ਰਸੂਲ ਜਣਾਈਆ । ਸਾਚੀ ਸਿਫ਼ਤ ਇਕ ਅਨਜਾਣ, ਆਲਮ ਆਮਲ ਸਭ ਨੂੰ ਦਏ ਸਮਝਾਈਆ । ਕਾਮਲ ਪੁਰਖ ਹੋਏ ਭਗਵਾਨ, ਭਗਵਨ ਆਪਣਾ ਭੇਵ ਜਣਾਈਆ । ਆਲਮ ਸਾਰੀ ਹੋਏ ਹੈਰਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਰਾਲਮ ਇਕੋ ਕਾਰ ਕਰਾਈਆ । ਸਤਿਗੁਰ ਪੂਰਾ ਪਰਵਰਦਿਗਾਰ, ਬੇਪਰਵਾਹ ਅਖਵਾਇੰਦਾ । ਆਦਿ ਜੁਗਾਦੀ ਸਾਂਝਾ ਯਾਰ, ਜੁਗ ਜੁਗ ਵੇਸ ਵਟਾਇੰਦਾ । ਜੋਤੀ ਜਾਤਾ ਹੋ ਉਜਿਆਰ, ਜਲਵਾ ਨੂਰ ਨੂਰ ਧਰਾਇੰਦਾ । ਕਲਮਾ ਨਬੀ ਨਬੀ ਤਿਆਰ, ਉਲਮਾ ਆਲਮ ਆਪ ਸਮਝਾਇੰਦਾ । ਸਾਚਾ ਫਿਕਰਾ ਬੋਲ ਜੈਕਾਰ, ਨਾਅਰਾ ਇਕੋ ਇਕ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸਾਹਿਬ ਦਇਆ ਕਮਾਇੰਦਾ । ਸਤਿਗੁਰ ਸਾਹਿਬ ਦੀਨ ਦਿਆਲ, ਦਇਆਨਿਧ ਅਖਵਾਈਆ । ਜੋਤੀ ਜਲਵਾ ਨੂਰ ਜਮਾਲ, ਜ਼ਾਹਰ ਜ਼ਹੂਰ ਰੁਸ਼ਨਾਈਆ । ਸਚਖੰਡ ਵਸਣਹਾਰ ਸੱਚੀ ਧਰਮਸਾਲ, ਮੁਕਾਮੇ ਹੱਕ ਨੂਰ ਰੁਸ਼ਨਾਈਆ । ਮਿਹਬਾਨ ਬੀਦੋ ਨੌਜਵਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿਗੁਰ ਆਪਣਾ ਰੂਪ ਵਟਾਈਆ । ਸਤਿਗੁਰ ਰੂਪ ਆਪ ਖ਼ੁਦਾ, ਖ਼ੁਦੀ ਵਿਚ ਕਦੇ ਨਾ ਆਇੰਦਾ । ਨਿਰਗੁਣ ਨਿਰਗੁਣ

ਹੋ ਫ਼ਿਦਾ, ਫ਼ਿਤਰਤ ਆਪਣੀ ਸਰਬ ਮਿਟਾਇੰਦਾ । ਨਿਰਵੈਰ ਰੂਪ ਨਾ ਹੋਏ ਜੁਦਾ, ਜੁਜ਼ ਅੰਗ ਨਾ ਵੰਡ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੁਰੀਦ ਮੁਰਸ਼ਦ ਵੇਖ ਵਖਾਇੰਦਾ । ਮੁਰੀਦ ਮੁਰਸ਼ਦ ਦੇਵੇ ਦੀਦ, ਦੀਦ ਈਦ ਇਕ ਜਣਾਈਆ । ਕਲਮਾ ਨਬੀ ਸਚ ਰਸੀਦ, ਰਸੀਦਾ ਇਕੋ ਹੱਥ ਫੜਾਈਆ । ਪੀਰ ਪੈਗ਼ੰਬਰਾਂ ਕਰ ਤਾਈਦ, ਤਾਲਬ ਤੁਲਬਾ ਆਪ ਸਮਝਾਈਆ । ਸਚ ਨਿਸ਼ਾਨਾ ਦੱਸੇ ਠੀਕ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੰਜ਼ਲ ਇਕੋ ਇਕ ਵਖਾਈਆ । ਇਕੋ ਮੰਜ਼ਲ ਮੰਜ਼ਲੇ ਮਕਸੂਦ, ਪਰਵਰਦਿਗਾਰ ਆਪ ਜਣਾਇੰਦਾ । ਓਥੇ ਪੜ੍ਹੇ ਨਾ ਕੋਇ ਹਜ਼ਾਰਾ ਦਰੂਦ, ਕਲਮਾ ਨਬੀ ਨਾ ਕੋਇ ਅਲਾਇੰਦਾ । ਨਾ ਕੋਈ ਲੇਖਾ ਆਸ਼ਕ ਮਾਅਸ਼ੂਕ, ਪਰੇਮ ਪਿਆਰ ਨਾ ਕੋਇ ਜਣਾਇੰਦਾ । ਇਕੋ ਹੱਕ ਇਕੋ ਤੌਫ਼ੀਕ, ਖ਼ੁਦ ਖ਼ੁਦਾ ਆਪਣੇ ਹੱਥ ਰਖਾਇੰਦਾ । ਕਰੇ ਖੇਲ ਲਾਸ਼ਰੀਕ, ਸ਼ਿਰਕਤ ਵਿਚ ਕਦੇ ਨਾ ਆਇੰਦਾ । ਜਿਸ ਦੀ ਕਰਦੇ ਸਰਬ ਉਡੀਕ, ਸੋ ਹੁਜਰੇ ਸੋਭਾ ਪਾਇੰਦਾ । ਜਿਸ ਦੀ ਧਾਰ ਸਦਾ ਬਾਰੀਕ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸਤਿਗੁਰ ਭੇਵ ਚੁਕਾਇੰਦਾ । ਸਤਿਗੁਰ ਸਾਚਾ ਸ੍ਰੀ ਭਗਵੰਤ, ਭਗਵਨ ਭੇਵ ਜਣਾਈਆ । ਜੁਗ ਚੌਕੜੀ ਨਾਮ ਮੰਤ, ਗੁਰ ਅਵਤਾਰ ਅੱਖਰ ਪੜ੍ਹਾਈਆ । ਪੀਰ ਪੈਗ਼ੰਬਰ ਦਰਵੇਸ਼ ਮੰਗਤ, ਗਲ ਅਲਫ਼ੀ ਮੰਗ ਮੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਸਤ ਇਕੋ ਇਕ ਵਰਤਾਈਆ । ਸਤਿਗੁਰ ਪੂਰਾ ਵਰਤੇ ਵਰਤਾਂਤ, ਵਸਤ ਆਪਣੀ ਆਪ ਉਪਾਇੰਦਾ । ਜੁਗ ਚੌਕੜੀ ਦੇ ਦੇ ਦਾਤ, ਨਿਰਗੁਣ ਸਰਗੁਣ ਖੇਲ ਵਖਾਇੰਦਾ । ਸਰਗੁਣ ਰੂਪ ਬਹੁ ਬਿਧ ਭਾਂਤ, ਪੰਜ ਤੱਤ ਕਾਇਆ ਚੋਲਾ ਆਪ ਹੰਡਾਇੰਦਾ । ਨਾਮ ਨਿਧਾਨਾ ਗਾ ਗਾ ਗਾਥ, ਅੱਖਰ ਵੱਖਰ ਨਾਮ ਸਮਝਾਇੰਦਾ । ਕਲਜੁਗ ਅੰਤਮ ਖੇਲ ਤਮਾਸ਼, ਸੋ ਪੁਰਖ ਨਿਰੰਜਣ ਵੇਖ ਵਖਾਇੰਦਾ । ਨੌਂ ਖੰਡ ਪ੍ਰਿਥਮੀ ਕੂੜੀ ਰਾਸ, ਸਾਚਾ ਕਾਹਨ ਨਜ਼ਰ ਕੋਇ ਨਾ ਆਇੰਦਾ । ਸ਼ਿਵਦਵਾਲੇ ਮੱਠ ਮੰਦਰ ਮਸਜਦ ਬੈਠੇ ਬਦਮੁਆਸ਼, ਖ਼ਾਹਸ਼ ਪੂਰੀ ਨਾ ਕੋਇ ਕਰਾਇੰਦਾ । ਸਤਿ ਧਰਮ ਦੀ ਨਜ਼ਰ ਨਾ ਆਏ ਸ਼ਾਖ਼, ਚਾਰੋਂ ਕੁੰਟ ਅੰਧੇਰਾ ਛਾਇੰਦਾ । ਬੁਧੀ ਅੰਦਰ ਸਾਰੇ ਰਹੇ ਭਾਖ, ਹਰਿ ਕੀ ਭਾਖਿਆ ਨਾ ਕੋਇ ਜਣਾਇੰਦਾ । ਇਕ ਦੂਜੇ ਨੂੰ ਰਹੇ ਆਖ, ਮਨ ਮਤ ਸਰਬ ਵਡਿਆਇੰਦਾ । ਕੋਈ ਨਾ ਬੁੱਝੇ ਆਤਮ ਪਰਮਾਤਮ ਜ਼ਾਤ, ਬਿਨ ਪਰਮਾਤਮਾ ਨਜਾਤ ਨਾ ਕੋਇ ਵਖਾਇੰਦਾ । ਸਾਰੇ ਡਿਗੇ ਡੂੰਘੇ ਖਾਤ, ਬਾਂਹੋਂ ਫੜ ਪਾਰ ਨਾ ਕੋਇ ਲੰਘਾਇੰਦਾ । ਦੀਨ ਮਜ਼੍ਹਬ ਦੀ ਪੱਟੀ ਪੜ੍ਹੀ ਜਮਾਤ, ਕਲਮਾ ਹੱਕ ਨਾ ਕੋਇ ਸਮਝਾਇੰਦਾ । ਜਿਸ ਦਵਾਰੇ ਮਿਲੇ ਨਿਜਾਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਪੂਰਾ ਆਪਣਾ ਖੇਲ ਖਲਾਇੰਦਾ । ਸਤਿਗੁਰ ਪੂਰਾ ਅੰਤਮ ਅੰਤ, ਨਿਰਗੁਣ ਆਪਣਾ ਫੇਰਾ ਪਾਈਆ । ਲੱਖ ਚੁਰਾਸੀ ਵੇਖੇ ਜੀਵ ਜੰਤ, ਸਾਧ ਸੰਤ ਪਰਦਾ ਲਾਹੀਆ । ਕਵਣ ਨਾਰੀ ਕਵਣ ਕੰਤ, ਸੇਜ ਸੁਹੰਜਣੀ ਕਵਣ ਹੰਡਾਈਆ । ਕਵਣ ਚੋਲੀ ਚੜ੍ਹਿਆ ਰੰਗ ਬਸੰਤ, ਕਵਣ ਕਸੁੰਭੜਾ ਰੂਪ ਵਟਾਈਆ । ਕਵਣ ਦਰਵੇਸ਼ ਬਣਿਆ ਮੰਗਤ, ਕਵਣ ਬੈਠਾ ਅਲਖ ਜਗਾਈਆ । ਕਵਣ ਫਸਿਆ ਵਿਚ ਹਉਮੇਂ ਹੰਗਤ, ਕੂੜੀ ਕਿਰਿਆ ਗੜ੍ਹ ਬਣਾਈਆ । ਕਵਣ ਮਿਲਿਆ ਸਾਚੀ ਸੰਗਤ, ਮਾਇਆ ਮਮਤਾ ਮੋਹ ਤਜਾਈਆ । ਕਵਣ ਬਣਿਆ ਸਾਚਾ ਪੰਡਤ, ਸੋਹੰ ਢੋਲਾ ਰਿਹਾ ਗਾਈਆ । ਕਵਣ ਹੋਇਆ ਮਾਤ ਅਖੰਡਤ, ਹਿਰਦੇ ਹਰਿ ਨਾ ਰਿਹਾ ਵਸਾਈਆ । ਨਾਤਾ ਜੁੜਿਆ ਜੇਰਜ ਅੰਡਜ, ਉਤਭੁਜ ਸੇਤਜ ਹੋਈ ਕੁੜਮਾਈਆ । ਕਵਣ ਬੈਠਾ ਸਾਚੀ ਪੰਗਤ, ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਸਤਿਗੁਰ ਪੂਰਾ ਵੇਖੇ ਥਾਉਂ ਥਾਈਂਆ । ਸਤਿਗੁਰ ਪੂਰਾ ਕਰੇ ਜੋਧ, ਜੁਗ ਚੌਕੜੀ ਖੇਲ ਖਲਾਇੰਦਾ । ਆਦਿ ਜੁਗਾਦੀ ਦਾਤਾ ਬੋਧ, ਬੋਧ ਗਿਆਨ ਦ੍ਰਿੜਾਇੰਦਾ । ਆਤਮ ਪਰਮਾਤਮ ਭਗਤਾਂ ਸੋਧ, ਸੁਧਾ ਸਰ ਅਸ਼ਨਾਨ ਕਰਾਇੰਦਾ । ਪਾਰਬ੍ਰਹਮ ਬ੍ਰਹਮ ਨਾਮ ਸਲੋਕ, ਸੋਹੰ ਢੋਲਾ ਇਕ ਪੜ੍ਹਾਇੰਦਾ । ਨਾਤਾ ਤੁਟੇ ਲੋਕ ਪਰਲੋਕ, ਦੋ ਜਹਾਨਾਂ ਪੰਧ ਮੁਕਾਇੰਦਾ । ਚਰਨਾਂ ਹੇਠ ਦਬਾਏ ਮੁਕਤੀ ਮੋਖ, ਮੁਖਤ ਆਪਣਾ ਮੇਲ ਮਿਲਾਇੰਦਾ । ਕੋਈ ਨਾ ਹਰਖ ਨਾ ਸੋਗ, ਚਿੰਤਾ ਗ਼ਮ ਨਾ ਕੋਇ ਜਣਾਇੰਦਾ । ਭਗਤ ਭਗਵਾਨ ਦੀ ਇਕੋ ਚੋਗ, ਸੋਹੰ ਹੰਸਾ ਮਾਣਕ ਮੋਤੀ ਮੁਖ ਲਗਾਇੰਦਾ । ਆਤਮ ਪਰਮਾਤਮ ਧੁਰ ਸੰਜੋਗ, ਧੁਰ ਸੰਜੋਗੀ ਮੇਲ ਮਿਲਾਇੰਦਾ । ਨੇਤਰ ਵੇਂਹਦੇ ਰਹਿਣ ਲੋਕ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਪੂਰਾ ਆਪਣੇ ਅੰਗ ਲਗਾਇੰਦਾ । ਸਤਿਗੁਰ ਪੂਰਾ ਅੰਗੀਕਾਰ, ਏਕਾ ਏਕ ਏਕ ਅਖਵਾਈਆ । ਭਗਤ ਵਛਲ ਗਿਰਵਰ ਗਿਰਧਾਰ, ਮੁਕੰਦ ਮਨੋਹਰ ਲਖਮੀ ਨਰਾਇਣ ਸੋਭਾ ਪਾਈਆ । ਚਤੁਰਭੁਜ ਹੋ ਤਿਆਰ, ਆਦਿ ਸ਼ਕਤ ਵੇਸ ਵਟਾਈਆ । ਮੰਦਰ ਖੋਲ੍ਹ ਇਕ ਕਿਵਾੜ, ਦਰ ਦਰਵਾਜ਼ਾ ਦਏ ਦਰਸਾਈਆ । ਦੀਵਾ ਬਾਤੀ ਕਰ ਉਜਿਆਰ, ਕਮਲਾਪਾਤੀ ਵੇਖ ਵਖਾਈਆ । ਸਾਚਾ ਸਾਥੀ ਸਿਰਜਣਹਾਰ, ਨਿਰਗੁਣ ਆਪਣਾ ਫੇਰਾ ਪਾਈਆ । ਮਨ ਮਤ ਬੁਧ ਤੋਂ ਵਸਿਆ ਬਾਹਰ, ਗੁਰਮੁਖ ਗੁਰ ਗੁਰ ਕਰੇ ਪੜ੍ਹਾਈਆ । ਲੇਖਾ ਜਾਣੇ ਅੰਦਰ ਬਾਹਰ, ਗੁਪਤ ਜ਼ਾਹਰ ਕਰੇ ਸ਼ਨਵਾਈਆ । ਸ਼ਾਸਤਰ ਸਿਮਰਤ ਕੋਈ ਨਾ ਪਾਏ ਸਾਰ, ਵੇਦ ਪੁਰਾਨ ਦੇਣ ਦੁਹਾਈਆ । ਅੰਜੀਲ ਕੁਰਾਨਾ ਹਾਹਾਕਾਰ, ਅਲਫ਼ ਯੇ ਨੈਣਾਂ ਨੀਰ ਵਹਾਈਆ । ਸਾਚਾ ਖੇਲ ਕਰੇ ਨਿਰੰਕਾਰ, ਨਿਰਗੁਣ ਆਪਣੀ ਕਾਰ ਕਮਾਈਆ । ਗੁਰ ਅਵਤਾਰ ਬਣ ਭਿਖਾਰ, ਝੋਲੀ ਨਾਮ ਜਗਤ ਭਰਾਈਆ । ਮੰਗਦੇ ਗਏ ਵਾਰੋ ਵਾਰ, ਦੋਏ ਜੋੜ ਜੋੜ ਵਾਸਤਾ ਪਾਈਆ । ਕਲ ਕਲਕੀ ਲੈ ਅਵਤਾਰ, ਨਿਰਗੁਣ ਆਪਣਾ ਵੇਸ ਵਟਾਈਆ । ਸੰਬਲ ਵਸੇ ਧਾਮ ਨਿਆਰ, ਬੰਕ ਇਕੋ ਇਕ ਪਰਗਟਾਈਆ । ਨਾਮ ਸ਼ਬਦ ਬੋਲ ਜੈਕਾਰ, ਦੋ ਜਹਾਨਾਂ ਲਏ ਜਗਾਈਆ । ਕਰੇ ਖੇਲ ਅਗੰਮ ਅਪਾਰ, ਅਗੰਮੜੀ ਕਾਰ ਕਮਾਈਆ । ਲੱਖ ਚੁਰਾਸੀ ਵਿਚੋਂ ਭਾਲ, ਗੁਰਮੁਖ ਸਤਿਗੁਰ ਨਾਲ ਮਿਲਾਈਆ । ਸ਼ਬਦ ਸਰੂਪੀ ਬਣ ਦਲਾਲ, ਸੌਦਾ ਇਕੋ ਵਾਰ ਕਰਾਈਆ । ਅੱਗੇ ਕੋਈ ਨਾ ਘਾਲੇ ਘਾਲ, ਜੰਗਲ ਜੂਹ ਉਜਾੜ ਪਹਾੜ ਫੇਰਾ ਕੋਇ ਨਾ ਪਾਈਆ । ਕਾਇਆ ਮੰਦਰ ਅੰਦਰ ਵਖਾਏ ਸੱਚੀ ਧਰਮਸਾਲ, ਜਿਸ ਘਰ ਬੈਠਾ ਬੇਪਰਵਾਹੀਆ । ਬੁਧੀ ਸੁਣ ਸੁਣ ਹੋਏ ਹੈਰਾਨ, ਸਤਿਗੁਰ ਕੀ ਕੀ ਖੇਲ ਰਚਾਈਆ । ਮੈਂ ਬਣੀ ਰਹੀ ਅਵਾਣ, ਮਤ ਹੋਛੀ ਸਾਰ ਨਾ ਪਾਈਆ । ਕਮਲੀ ਕੋਝੀ ਕੋਈ ਨਾ ਕਰੇ ਪਰਵਾਨ, ਮਿਲੇ ਮਾਣ ਨਾ ਕੋਇ ਵਡਿਆਈਆ । ਜਗਤ ਵਿਦਿਆ ਨਾ ਕੋਇ ਗਿਆਨ, ਬਿਨ ਸਤਿਗੁਰ ਪੂਰੇ ਲੜ ਨਾ ਕੋਇ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਪੂਰਾ ਇਕੋ ਹਰਿ, ਕਲਜੁਗ ਅੰਤਮ ਵੇਖ ਵਖਾਈਆ । ਸਤਿਗੁਰ ਪੂਰਾ ਇਕੋ ਆਇਆ, ਗਹਿਰ ਗੰਭੀਰ ਨਾਉਂ ਧਰਾਇੰਦਾ । ਦੋ ਜਹਾਨ ਜਿਸ ਦੀ ਸਾਇਆ, ਗੁਰ ਪੀਰ ਅਵਤਾਰ ਪੈਗ਼ੰਬਰ ਸੀਸ ਝੁਕਾਇੰਦਾ । ਤ੍ਰੈਗੁਣ ਜਿਸ ਦੀ ਵਰਤੇ ਮਾਇਆ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਚੌਥਾ ਘਰ ਜਿਸ ਵਸਾਇਆ, ਮਹੱਲ ਅਟੱਲ ਇਕ ਸੁਹਾਇੰਦਾ । ਪੰਚਮ ਰਾਗ ਜਿਸ ਅਲਾਇਆ, ਗੁਰ ਸ਼ਬਦੀ ਨਾਦ ਵਜਾਇੰਦਾ । ਛੇਵਾਂ ਘਰ ਜਿਸ ਵਸਾਇਆ, ਛੱਪਰ ਛੰਨ ਨਾ ਕੋਇ ਛੁਹਾਇੰਦਾ । ਸਤਿ ਸਤਿਵਾਦੀ ਦੀਪਕ ਜਿਸ ਜਗਾਇਆ, ਜੋਤੀ ਨੂਰ ਡਗਮਗਾਇੰਦਾ । ਅੱਠਾਂ ਤੱਤਾਂ ਖੇੜਾ ਜਿਸ ਵਸਾਇਆ, ਲੱਖ ਚੁਰਾਸੀ ਸੋਭਾ ਪਾਇੰਦਾ ।

੫੫੬
੧੪

ਨੌਂ ਦਵਾਰੇ ਜਿਸ ਰਾਹ ਜਣਾਇਆ, ਜਗਤ ਵਾਸਨਾ ਵਿਚ ਭਰਾਇੰਦਾ । ਦਸਮ ਦਵਾਰੀ ਜਿਸ ਡੇਰਾ ਲਾਇਆ, ਸੋ ਸਾਹਿਬ ਸਤਿਗੁਰ ਪੂਰਾ ਹਾਜ਼ਰ ਹਜ਼ੂਰਾ ਜੋਤੀ ਨੂਰਾ ਸ਼ਬਦੀ ਤੂਰਾ ਬਚਨੀ ਪੂਰਾ, ਗੁਰਮੁਖ ਗੁਰਸਿਖ ਭਗਤ ਭਗਵਾਨ ਜੀਆ ਦਾਨ ਹੋ ਮਿਹਰਵਾਨ, ਸ਼ਬਦ ਮਹਾਨ ਕਰ ਕਲਿਆਣ, ਕਲਮਾ ਨਬੀ ਨਬੀ ਰਸੂਲ ਕਰ ਕਬੂਲ ਸਚ ਅਸੂਲ ਜਵਾਬ ਮਾਅਕੂਲ, ਮੁਕੰਮਲ ਇਕੋ ਨਾਮ ਜਣਾਇੰਦਾ । ਇਕੋ ਨਾਮ ਸਦਾ ਮੁਕੰਮਲ, ਮੁਕਾਮੇ ਹੱਕ ਹੱਕ ਜਣਾਈਆ । ਪੀਰ ਪੈਗ਼ੰਬਰਾਂ ਕਰਨਾ ਅਮਲ, ਆਲਮਯਤ ਵਿਚ ਰੂਪ ਨਾ ਕੋਇ ਵਟਾਈਆ । ਪਗ ਰਖਣਾ ਅੱਗੇ ਸੰਭਲ, ਸਾਚੀ ਸਿਖਿਆ ਗਿਆ ਸਮਝਾਈਆ । ਨਿਰਗੁਣ ਨੂਰ ਇਕੋ ਅਵਲ, ਆਲਮੀਨ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਪੂਰਾ ਕਰੇ ਫ਼ਜ਼ਲ, ਆਦਿ ਜੁਗਾਦੀ ਸਾਚਾ ਅਦਲ ਅਦਾਲਤ ਇਕੋ ਘਰ ਵਖਾਈਆ । ਸਤਿਗੁਰ ਪੂਰਾ ਸੱਚਾ ਰਾਮ, ਰਹਿਮਤ ਆਪਣੀ ਆਪ ਕਮਾਇੰਦਾ । ਸਤਿਗੁਰ ਪੂਰਾ ਸੱਚਾ ਸ਼ਾਮ, ਨਾਮ ਬੰਸਰੀ ਆਪ ਵਜਾਇੰਦਾ । ਸਤਿਗੁਰ ਪੂਰਾ ਸ੍ਰੀ ਭਗਵਾਨ, ਭਗਵਨ ਆਪਣਾ ਭੇਵ ਖੁਲ੍ਹਾਇੰਦਾ । ਸਤਿਗੁਰ ਪੂਰਾ ਦੇਵੇ ਦਾਨ, ਭਗਤ ਵਛਲ ਵੇਸ ਵਟਾਇੰਦਾ । ਸਤਿਗੁਰ ਪੂਰਾ ਨੌਜਵਾਨ, ਨਿਰਗੁਣ ਨੂਰ ਡਗਮਗਾਇੰਦਾ । ਸਤਿਗੁਰ ਪੂਰਾ ਵਡ ਬਲਵਾਨ, ਬਲਧਾਰੀ ਭੇਵ ਜਣਾਇੰਦਾ । ਸਤਿਗੁਰ ਪੂਰਾ ਵਸੇ ਸਚ ਮਕਾਨ, ਸਚਖੰਡ ਦਵਾਰਾ ਸੋਭਾ ਪਾਇੰਦਾ । ਸਤਿਗੁਰ ਪੂਰਾ ਹੋ ਪਰਧਾਨ, ਨਾਮ ਪਰਧਾਨਗੀ ਇਕ ਕਮਾਇੰਦਾ । ਸਤਿਗੁਰ ਪੂਰਾ ਵਾਲੀ ਦੋ ਜਹਾਨ, ਦੋਏ ਦੋਏ ਆਪਣੀ ਕਾਰ ਕਮਾਇੰਦਾ । ਸਤਿਗੁਰ ਪੂਰਾ ਨਿਰਗੁਣ ਜੋਤ ਮਹਾਨ, ਨੂਰ ਨੂਰਾਨਾ ਡਗਮਗਾਇੰਦਾ । ਸਤਿਗੁਰ ਪੂਰਾ ਕਲਜੁਗ ਅੰਤਮ ਵੇਖੇ ਆਣ, ਲੋਕ ਪਰਲੋਕ ਖੋਜ ਖੁਜਾਇੰਦਾ । ਸਤਿਗੁਰ ਪੂਰਾ ਏਕਾ ਨਾਮ ਝੁਲਾਏ ਨਿਸ਼ਾਨ, ਨਿਸ਼ਾਨਾ ਇਕੋ ਇਕ ਜਣਾਇੰਦਾ । ਸਤਿਗੁਰ ਪੂਰਾ ਵਰਨ ਬਰਨ ਵਖਾਏ ਇਕ ਈਮਾਨ, ਅਮਲ ਇਕੋ ਇਕ ਦਰਸਾਇੰਦਾ । ਸਤਿਗੁਰ ਪੂਰਾ ਜੁਗ ਚੌਕੜੀ ਜਣਾਏ ਸਾਚਾ ਕਾਮ, ਨਿਹਕਰਮੀ ਆਪਣੀ ਕਾਰ ਸਮਝਾਇੰਦਾ । ਸਤਿਗੁਰ ਪੂਰਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਜਨਮ ਮਰਨ ਵਿਚ ਨਾ ਆਇੰਦਾ । ਜਨ ਭਗਤਾਂ ਕਰੇ ਕਲਿਆਣ, ਮਿਹਰ ਨਜ਼ਰ ਇਕ ਉਠਾਇੰਦਾ । ਸਚ ਵਖਾਏ ਸਚ ਮਕਾਨ, ਸਚਖੰਡ ਦਵਾਰੇ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਦੇਵੇ ਆਪਣਾ ਵਰ, ਵਰ ਦਾਤਾ ਆਪ ਅਖਵਾਇੰਦਾ । ਮਾਣਸ ਸ਼ਾਨਤੀ ਮਨੁਖ ਜ਼ਾਤੀ, ਜੋਤੀ ਜਾਤਾ ਆਪ ਜਣਾਇੰਦਾ । ਸੁਖ ਮਿਲੇ ਨਾ ਗੱਲੀਂ ਬਾਤੀ, ਗੁਰ ਸਤਿਗੁਰ ਭੇਵ ਚੁਕਾਇੰਦਾ । ਪ੍ਰਭ ਮਿਲੇ ਨਾ ਪੜ੍ਹਿਆ ਗਾਥੀ, ਗਹਿਰ ਗੰਭੀਰ ਖੇਲ ਖਲਾਇੰਦਾ । ਜਿਸ ਜਨ ਦੇਵੇ ਸਾਚੀ ਦਾਤੀ, ਦਇਆਵਾਨ ਦਇਆ ਕਮਾਇੰਦਾ । ਫੜ ਉਠਾਏ ਸੁੱਤਿਆਂ ਰਾਤੀਂ, ਦਿਨੇ ਜਾਗਦਿਆਂ ਵੇਖ ਵਖਾਇੰਦਾ । ਅੰਮ੍ਰਿਤ ਬੂੰਦ ਚੁਆਏ ਸਵਾਂਤੀ, ਨਿਝਰ ਝਿਰਨਾ ਆਪ ਝਿਰਾਇੰਦਾ । ਮਨ ਮਨੂਆ ਅੱਗ ਨਾ ਲਾਏ ਚਵਾਤੀ, ਭਾਂਬੜ ਹੋਰ ਨਾ ਕੋਇ ਵਖਾਇੰਦਾ । ਅੰਦਰ ਨਾਮ ਸੁਣਾਏ ਸਾਖੀ, ਬਿਨ ਰਸਨਾ ਜਿਹਵਾ ਢੋਲਾ ਗਾਇੰਦਾ । ਤਨ ਡੂੰਘਾ ਵੇਖੇ ਖ਼ਾਕੀ, ਤਨ ਮੰਦਰ ਅੰਦਰ ਫੋਲ ਫੁਲਾਇੰਦਾ । ਬਾਤਨ ਕਰੇ ਆਪਣੀ ਬਾਤੀ, ਭੇਵ ਅਭੇਦਾ ਆਪ ਜਣਾਇੰਦਾ । ਮਿਹਰ ਨਜ਼ਰ ਕਰ ਜਿਸ ਦੇਵੇ ਚਰਨ ਪ੍ਰੀਤੀ, ਸੱਚੀ ਸ਼ਾਨਤੀ ਸ਼ਹਿਨਸ਼ਾਹ ਆਪਣੇ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਸਾ ਰੋਗ ਸਰਬ ਚੁਕਾਇੰਦਾ । ਕਾਇਆ ਅੰਦਰ ਸਤਿ ਸਰੂਪ, ਸਤਿਗੁਰ ਬੈਠਾ ਆਸਣ ਲਾਈਆ । ਵੇਖਣਹਾਰਾ ਅੰਧ ਕੂਪ, ਦਹਿ ਦਿਸ਼ਾ ਫੋਲ ਫੁਲਾਈਆ । ਅੱਠੇ ਪਹਿਰ ਸੁੱਤਾ

ਰਹੇ ਘੂਕ, ਬਿਨ ਗੁਰਮੁਖਾਂ ਸਕੇ ਨਾ ਕੋਇ ਜਗਾਈਆ । ਮਨ ਵਾਸਨਾ ਸਭ ਨੂੰ ਰਹੀ ਫੂਕ, ਘਰ ਘਰ ਅਗਨੀ ਰਹੀ ਲਾਈਆ । ਬੁਧੀ ਰੋਵੇ ਕੁਰਲਾਵੇ ਮਾਰੇ ਕੂਕ, ਉਚੀ ਉਚੀ ਦਏ ਦੁਹਾਈਆ । ਮੇਰੀ ਕੋਈ ਨਾ ਚੁਕਾਵੇ ਚੂਕ, ਹੱਥ ਨਾਲ ਹੱਥ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਾਨਤੀ ਇਕੋ ਘਰ ਵਖਾਈਆ । ਸਤਿਗੁਰ ਹੱਥ ਸੱਚੀ ਸ਼ਾਨਤੀ, ਸੁਖ ਸੁਖ ਵਖਾਇੰਦਾ । ਬੈਠਾ ਵੇਖੇ ਇਕ ਇਕਾਂਤੀ, ਨਜ਼ਰ ਕਿਸੇ ਨਾ ਆਇੰਦਾ । ਮਨ ਵਾਸਨਾ ਖੇਲ ਬਹੁ ਬਿਧ ਭਾਂਤੀ, ਭਾਉ ਭਾਵ ਨਾਲ ਮਿਲਾਇੰਦਾ । ਆਸਾ ਤ੍ਰਿਸਨਾ ਖੇਲ ਤਮਾਸ਼ੀ, ਹਉਮੇਂ ਹੰਗਤਾ ਨਾਲ ਮਿਲਾਇੰਦਾ । ਕਾਮ ਕਰੋਧ ਬਣੇ ਸਾਥੀ, ਮੋਹ ਮਮਤਾ ਜੋੜ ਜੁੜਾਇੰਦਾ । ਜੀਵ ਜੰਤ ਡਿਗਾ ਡੂੰਘੀ ਖਾਡੀ, ਕਾਇਆ ਵਿਚੋਂ ਬਾਹਰ ਨਾ ਕੋਇ ਕਢਾਇੰਦਾ । ਜਿਨ੍ਹਾਂ ਸਾਹਿਬ ਸਤਿਗੁਰ ਮਿਲਿਆ ਲਹਿਣਾ ਦੇਣਾ ਚੁਕਾਵੇ ਬਾਕੀ, ਹਿਸਾਬ ਹੋਰ ਨਾ ਕੋਇ ਵਖਾਇੰਦਾ । ਚੁਪ ਕਰ ਕੇ ਅੰਦਰ ਵੜ ਕੇ ਖੋਲ੍ਹ ਦੇਵੇ ਤਾਕੀ, ਪਰਦਾ ਦੂਈ ਦਵੈਤ ਉਠਾਇੰਦਾ । ਨਾ ਦਿਵਸ ਨਾ ਰਹੇ ਰਾਤੀ, ਸੂਰਜ ਚੰਦ ਨਾ ਕੋਇ ਚਮਕਾਇੰਦਾ । ਨਾ ਮਨ ਨਾ ਬੁਧੀ ਸਾਥੀ, ਮਤ ਮਤਵਾਲੀ ਡੇਰਾ ਢਾਹਿੰਦਾ । ਸੁਰਤੀ ਮਿਲੇ ਕਮਲਾਪਾਤੀ, ਕਵਲ ਨੈਣ ਦਇਆ ਕਮਾਇੰਦਾ । ਉਸ ਵੇਲੇ ਆਵੇ ਸ਼ਾਂਤੀ, ਦੁਖ ਰੋਗ ਨਜ਼ਰ ਕੋਇ ਨਾ ਆਇੰਦਾ । ਸ਼ਾਂਤੀ ਕਹੇ ਮੈਂ ਸਤਿਗੁਰ ਹੱਥ, ਦੂਜੇ ਹੱਥ ਕਿਸੇ ਨਾ ਆਈਆ । ਬਿਨ ਸਤਿਗੁਰ ਪੂਰੇ ਮੇਰੀ ਰੱਖੇ ਨਾ ਕੋਈ ਪਤ, ਕਲਜੁਗ ਜੀਵ ਮੇਰੇ ਉਤੇ ਬੈਠੇ ਨੈਣ ਟਿਕਾਈਆ । ਚਾਰੋਂ ਕੁੰਟ ਮਨਮਤ, ਗੁਰਮਤ ਗਏ ਭੁਲਾਈਆ । ਕੂੜੀ ਕਿਰਿਆ ਅੰਦਰ ਫਸ, ਸਾਚਾ ਮਾਰਗ ਨਜ਼ਰ ਕਿਸੇ ਨਾ ਆਈਆ । ਆਪਣਾ ਆਪਣਾ ਗੌਂਦੇ ਜਸ, ਹਰਿ ਕਾ ਢੋਲਾ ਨਾ ਕੋਇ ਸੁਣਾਈਆ । ਦੂਈ ਦਵੈਤੀ ਲੱਗਾ ਫਟ, ਪੱਟੀ ਨਾਮ ਨਾ ਕੋਇ ਬੰਧਾਈਆ । ਵੱਡੀ ਵਡਿਆਈ ਦਿਤੀ ਮਤ, ਬੁਧੀ ਨਾਲ ਇਸ਼ਾਰਿਆਂ ਰਹੀ ਸਮਝਾਈਆ । ਭੇਵ ਨਾ ਪਾਇਆ ਕਮਲਾਪਤ, ਪਤਿਪਰਮੇਸ਼ਵਰ ਸੰਗ ਨਾ ਕੋਇ ਰਖਾਈਆ । ਬਿਨ ਸਤਿਗੁਰ ਪੂਰੇ ਜੀਵ ਜਗਤ ਜਹਾਨ ਖ਼ਾਲੀ ਵਜਾਵਣ ਹੱਥ, ਹੱਥ ਕਿਸੇ ਮੈਂ ਨਾ ਆਈਆ । ਜਿਸ ਮਾਰਗ ਪ੍ਰਭ ਨੇ ਦਿਤਾ ਦੱਸ, ਤਿਸ ਪੈਂਡਾ ਪੰਧ ਮੁਕਾਈਆ । ਮੈਂ ਗੁਰਮੁਖਾਂ ਦੇ ਚਰਨੀ ਜਾਵਾਂ ਢੱਠ, ਗਲ ਪੱਲੂ ਵਾਸਤਾ ਪਾਈਆ । ਮੇਰੀ ਪਤ ਲਓ ਰੱਖ, ਦੂਰ ਦੁਰਾਡੀ ਚਲ ਕੇ ਡੇਰੇ ਆਈਆ । ਮੈਂ ਤੁਹਾਡੇ ਅੰਦਰ ਜਾਵਾਂ ਵਸ, ਹੋ ਨਿਮਾਣੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸ਼ਾਨਤੀ ਚਰਨਾਂ ਵਿਚ ਰਖਾਈਆ । ਸ਼ਾਨਤੀ ਕਹੇ ਮੇਰਾ ਸ਼ਹਿਨਸ਼ਾਹ, ਜੁਗ ਜੁਗ ਦਇਆ ਮਾਤ ਕਮਾਇੰਦਾ । ਜਿਸ ਨੂੰ ਮੈਨੂੰ ਮਿਲਣ ਦਾ ਚਾ, ਸਾਹਿਬ ਸਤਿਗੁਰ ਮੇਲ ਮਿਲਾਇੰਦਾ । ਉਸ ਦੇ ਕੋਲੋਂ ਪੁਛਾਂ ਰਾਹ, ਜੋ ਰਹਿਬਰ ਸਰਬ ਅਖਵਾਇੰਦਾ । ਕਰ ਕਿਰਪਾ ਜੇ ਹੁਕਮ ਦੇਵੇ ਸੁਣਾ, ਧੁਰ ਫ਼ਰਮਾਨਾ ਇਕ ਅਲਾਇੰਦਾ । ਮੈਂ ਅੱਗੇ ਹੋ ਕੇ ਉਹਦੀ ਫੜਾਂ ਬਾਂਹ, ਜੋ ਮੇਰੇ ਸਤਿਗੁਰ ਸਾਹਿਬ ਭਾਇੰਦਾ । ਗੁਰਸਿਖ ਮੈਂ ਕਦੀ ਨਾ ਕਰਾਂ ਨਾਂਹ, ਹਾਂ ਹਾਂ ਵਿਚ ਹਾਂ ਰਖਾਇੰਦਾ । ਸ਼ਾਨਤੀ ਨਿਮਾਣੀ ਜਨ ਭਗਤਾਂ ਭਰੇ ਪਾਣੀ, ਜਿਸ ਪੜ੍ਹੀ ਸਮਰਥ ਪੁਰਖ ਦੀ ਬਾਣੀ, ਬਾਣ ਨਿਰਾਲਾ ਤੀਰ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਨਾਮ ਵਰ, ਤਿਸ ਮਨ ਸ਼ਾਂਤ ਘਰ ਆਵੇ ਸ਼ਾਨਤੀ, ਸ਼ਾਨ ਗੁਰਮੁਖ ਫੇਰ ਵਧਾਇੰਦਾ ।

★ ੧੩ ਜੇਠ ੨੦੨੦ ਬਿਕ੍ਰਮੀ ਰਾਮ ਚੰਦ ਦੇ ਗ੍ਰਿਹ ਪਿੰਡ ਦੇਵਾ ਜੰਮੂ ★

ਆਦਿ ਜੁਗਾਦਿ ਸੱਚਾ ਦਾਤਾ, ਸ੍ਰੀ ਭਗਵਾਨ ਇਕ ਅਖਵਾਇੰਦਾ । ਜੁਗ ਚੌਕੜੀ ਬੰਨ੍ਹੇ ਨਾਤਾ, ਭਗਤ ਭਗਵਾਨ ਮੇਲ ਮਿਲਾਇੰਦਾ । ਆਤਮ ਪਰਮਾਤਮ ਦੱਸੇ ਗਾਥਾ, ਸਾਚੀ ਸਿਖਿਆ ਇਕ ਸਮਝਾਇੰਦਾ । ਮੇਟੇ ਰੈਣ ਅੰਧੇਰੀ ਰਾਤਾ, ਨਿਰਗੁਣ ਸੱਚਾ ਚੰਦ ਚਮਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣੀ ਕਾਰ ਕਮਾਇੰਦਾ । ਆਦਿ ਜੁਗਾਦਿ ਸ੍ਰੀ ਭਗਵਾਨ, ਸੋ ਪੁਰਖ ਨਿਰੰਜਣ ਦਇਆ ਕਮਾਈਆ । ਜਨ ਭਗਤਾਂ ਦੇਵੇ ਨਾਮ ਨਿਧਾਨ, ਵਸਤ ਅਮੋਲਕ ਇਕ ਵਰਤਾਈਆ । ਘਰ ਘਰ ਮੇਲਾ ਸਾਚੇ ਕਾਹਨ, ਗ੍ਰਿਹ ਮੰਦਰ ਖ਼ੁਸ਼ੀ ਵਖਾਈਆ । ਲੇਖਾ ਜਾਣ ਦੋ ਜਹਾਨ, ਜੀਵਣ ਜੁਗਤ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਆਦਿ ਜੁਗਾਦਿ ਸ੍ਰੀ ਭਗਵੰਤ, ਭਗਵਨ ਆਪਣੀ ਦਇਆ ਕਮਾਇੰਦਾ । ਲੇਖਾ ਜਾਣੇ ਸਾਚੇ ਸੰਤ, ਹਰਿ ਸਤਿਗੁਰ ਮੇਲ ਮਿਲਾਇੰਦਾ । ਜੁਗ ਚੌਕੜੀ ਬਣਾਏ ਬਣਤ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਹੰਡਾਇੰਦਾ । ਨਾਮ ਨਿਧਾਨਾ ਮਣੀਆਂ ਮੰਤ, ਆਤਮ ਪਰਮਾਤਮ ਆਪ ਪੜ੍ਹਾਇੰਦਾ । ਗੜ੍ਹ ਤੋੜ ਹਉਮੇਂ ਹੰਗਤ, ਨਿਵਣ ਸੋ ਅੱਖਰ ਇਕ ਸਮਝਾਇੰਦਾ । ਦੇ ਵਡਿਆਈ ਜੀਵ ਜੰਤ, ਜਾਗਰਤ ਜੋਤ ਜਗਾਇੰਦਾ । ਮੇਲ ਮਿਲਾਵਾ ਸਾਚੀ ਸੰਗਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਸਾਚਾ ਖੇਲ ਖਲਾਇੰਦਾ । ਆਦਿ ਜੁਗਾਦਿ ਸ੍ਰੀ ਭਗਵਾਨਾ, ਭਗਵਨ ਆਪਣੀ ਦਇਆ ਕਮਾਈਆ । ਨਾਮ ਝੁਲਾਏ ਸਚ ਨਿਸ਼ਾਨਾ, ਦੋ ਜਹਾਨਾਂ ਦਏ ਵਖਾਈਆ । ਗੁਰਮੁਖਾਂ ਦੇਵੇ ਨਾਮ ਗਿਆਨਾ, ਅਗਿਆਨ ਅੰਧੇਰ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗ ਚੌਕੜੀ ਆਪਣੀ ਕਾਰ ਕਮਾਈਆ । ਆਦਿ ਜੁਗਾਦਿ ਜੁਗਾਂ ਜੁਗੰਤਰ, ਜੁਗ ਕਰਤਾ ਕਾਰ ਕਮਾਇੰਦਾ । ਸਤਿਜੁਗ ਦੇਵਣਹਾਰਾ ਮੰਤਰ, ਤ੍ਰੇਤਾ ਰਾਮ ਰਾਮ ਪਰਗਟਾਇੰਦਾ । ਆਤਮ ਪਰਮਾਤਮ ਬਣਾਏ ਬਣਤਰ, ਘੜਨ ਭੰਨਣਹਾਰ ਵੇਸ ਵਟਾਇੰਦਾ । ਲੇਖਾ ਜਾਣ ਗਗਨ ਗਗਨੰਤਰ, ਗ੍ਰਿਹ ਮੰਦਰ ਖੋਜ ਖੁਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਆਦਿ ਜੁਗਾਦਿ ਬੋਧ ਅਗਾਧ, ਹਰਿ ਹਰਿ ਨਾਮ ਉਪਾਈਆ । ਲੇਖਾ ਜਾਣੇ ਸੰਤ ਸਾਧ, ਹਰਿ ਸਾਜਣ ਵਡ ਵਡਿਆਈਆ । ਲੱਖ ਚੁਰਾਸੀ ਵਿਚੋਂ ਲਾਧ, ਭਗਤ ਭਗਵਾਨ ਮੇਲ ਮਿਲਾਈਆ । ਅੰਤਰ ਵਜਾਏ ਏਕਾ ਨਾਦ, ਧੁਨ ਰਾਗ ਸੱਚੀ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਆਦਿ ਜੁਗਾਦਿ ਭਗਤਨ ਲੇਖਾ, ਭਗਵਨ ਆਪ ਚੁਕਾਇੰਦਾ । ਵਸਣਹਾਰਾ ਸਚਖੰਡ ਦੇਸਾ, ਲੋਕਮਾਤ ਫੇਰਾ ਪਾਇੰਦਾ । ਦੇਵਣਹਾਰਾ ਸਚ ਸੰਦੇਸਾ, ਜੁਗ ਜੁਗ ਰਾਗ ਅਲਾਇੰਦਾ । ਸੇਵਾ ਲਾ ਬ੍ਰਹਮਾ ਵਿਸ਼ਨ ਮਹੇਸ਼ਾ, ਸ਼ੰਕਰ ਆਪਣੀ ਕਾਰ ਜਣਾਇੰਦਾ । ਕੱਢਣਹਾਰਾ ਭਰਮ ਭੁਲੇਖਾ, ਭਾਂਡਾ ਭਰਮ ਭੌ ਭੰਨਾਇੰਦਾ । ਦੱਸਣਹਾਰਾ ਸਾਚਾ ਪੇਸ਼ਾ, ਏਕਾ ਭਗਤੀ ਨਾਮ ਜਣਾਇੰਦਾ । ਲਾਵਣਹਾਰਾ ਮਸਤਕ ਰੇਖਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਭਗਤ ਭਗਵਾਨ ਸਾਚਾ ਮੀਤਾ, ਪਾਰਬ੍ਰਹਮ ਬੇਪਰਵਾਹੀਆ । ਕਰੇ ਖੇਲ ਸਦਾ ਅਨਡੀਠਾ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਤ੍ਰੈਗੁਣ ਤਪਦਾ ਰਹੇ ਅੰਗੀਠਾ, ਪੰਜ ਤੱਤ ਅਗਨੀ ਤੱਤ ਵਖਾਈਆ । ਭਗਤ ਭਗਵਾਨ ਬਣ ਕੇ ਸਾਚਾ ਮੀਤਾ, ਮਿੱਤਰ ਪਿਆਰਾ ਹੋਏ ਸਹਾਈਆ । ਪ੍ਰਭ ਮਿਲਣ ਦੀ

ਦੱਸੇ ਰੀਤਾ, ਸਾਚੀ ਸਿਖਿਆ ਇਕ ਸਮਝਾਈਆ । ਲੇਖਾ ਜਾਣੇ ਜੀਵ ਜੀਅ ਕਾ, ਘਟ ਘਟ ਰਿਹਾ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਆਦਿ ਜੁਗਾਦਿ ਕਰਨੀ ਕਰਤਾਰ, ਹਰਿ ਕਰਤਾ ਆਪ ਕਮਾਇੰਦਾ । ਜੁਗ ਚੌਕੜੀ ਵੇਖ ਸੰਸਾਰ, ਨਿਰਗੁਣ ਸਰਗੁਣ ਰੂਪ ਵਟਾਇੰਦਾ । ਗੁਰ ਗੁਰ ਜਾਣੇ ਆਪਣੀ ਧਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਖਿਲਾਇੰਦਾ । ਆਦਿ ਜੁਗਾਦਿ ਲੇਖਾ ਅਥਾਹ, ਸਾਰ ਕੋਇ ਨਾ ਪਾਈਆ । ਜੁਗ ਚੌਕੜੀ ਬੇਪਰਵਾਹ, ਆਪਣੀ ਕਾਰ ਕਮਾਈਆ । ਸਤਿਜੁਗ ਤ੍ਰੇਤਾ ਲਿਆ ਹੰਡਾ, ਦੁਆਪਰ ਕਲਜੁਗ ਵੰਡ ਵੰਡਾਈਆ । ਨੌਂ ਸੌ ਚੁਰਾਨਵੇ ਚੌਕੜੀ ਪੰਧ ਮੁਕਾ, ਨਿਰਗੁਣ ਫੇਰਾ ਪਾਈਆ । ਭਗਤ ਭਗਵਾਨ ਲਏ ਉਠਾ, ਅੰਤਰ ਆਤਮ ਬੂਝ ਬੁਝਾਈਆ । ਸਾਚਾ ਮੰਦਰ ਦਏ ਵਖਾ, ਜਿਸ ਘਰ ਵਸੇ ਬੇਪਰਵਾਹੀਆ । ਪੂਜਾ ਹਵਨ ਇਕ ਜਣਾ, ਤੀਰਥ ਤਟ ਸਚ ਸਮਝਾਈਆ । ਇਸ਼ਟ ਦੇਵ ਇਕ ਮਨਾ, ਗੁਰ ਗੁਰ ਰੂਪ ਅਨੂਪ ਦਰਸਾਈਆ । ਪਰੇਮ ਪ੍ਰੀਤੀ ਭੇਟ ਚੜ੍ਹਾ, ਫੂਲਨ ਬਰਖਾ ਇਕ ਲਗਾਈਆ । ਲੇਖਾ ਚੁੱਕੇ ਕਾਗ਼ਜ਼ ਕਲਮ ਸ਼ਾਹ, ਜਿਨ੍ਹਾਂ ਮਿਲਿਆ ਬੇਪਰਵਾਹੀਆ । ਡੂੰਘੇ ਸਾਗਰ ਕਾਇਆ ਭਵਰੀ ਪਕੜੇ ਬਾਂਹ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਉਠਾਈਆ । ਆਦਿ ਜੁਗਾਦਿ ਭਗਤਨ ਰੰਗ, ਸ੍ਰੀ ਭਗਵਾਨ ਆਪ ਚੜ੍ਹਾਇੰਦਾ । ਮਾਨਸ ਜਨਮ ਨਾ ਹੋਏ ਭੰਗ, ਮਾਨੁਖ ਆਪਣੀ ਕਾਰੇ ਲਾਇੰਦਾ । ਅੰਤਰ ਦੇਵੇ ਇਕ ਅਨੰਦ, ਬਾਹਰ ਅਨੰਦ ਸਰਬ ਭੁਲਾਇੰਦਾ । ਕਰ ਪਰਕਾਸ਼ ਚਾੜ੍ਹੇ ਚੰਦ, ਚੰਦ ਆਪਣਾ ਰੂਪ ਦਰਸਾਇੰਦਾ । ਰਾਮ ਰਹੀਮ ਸਦਾ ਬਖ਼ਸ਼ੰਦ, ਬਖ਼ਸ਼ਸ਼ ਆਪਣੀ ਆਪ ਕਮਾਇੰਦਾ । ਜੁਗ ਜਨਮ ਦੀ ਟੁੱਟੀ ਗੰਢ, ਗੰਢਨਹਾਰ ਗੋਪਾਲ ਸਵਾਮੀ ਆਪਣਾ ਮੇਲ ਮਿਲਾਇੰਦਾ । ਨਾਤਾ ਤੋੜ ਖਾਨਾ ਬੰਦੀ ਬੰਦ, ਲੱਖ ਚੁਰਾਸੀ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚਾ ਵੇਖ ਵਖਾਇੰਦਾ । ਆਦਿ ਜੁਗਾਦਿ ਭਗਤ ਵਿਚੋਲਾ, ਸਤਿ ਸਤਿਗੁਰੂ ਆਪ ਅਖਵਾਈਆ । ਅੰਦਰ ਵੜਕੇ ਗਾਏ ਢੋਲਾ, ਅਨਰਾਗੀ ਆਪਣਾ ਰਾਗ ਸੁਣਾਈਆ । ਭਾਗ ਲਗਾਏ ਕਾਇਆ ਚੋਲਾ, ਚੋਲੀ ਚੋਲੀ ਦਏ ਬਦਲਾਈਆ । ਸਚ ਦਵਾਰਾ ਇਕੋ ਖੋਲ੍ਹਾ, ਗ੍ਰਿਹਿ ਮੰਦਰ ਵੱਜੇ ਵਧਾਈਆ । ਉਲਟਾ ਕਰੇ ਨਾਭ ਕਵਲਾ, ਕਵਲ ਮੁਖ ਅੰਮ੍ਰਿਤ ਧਾਰ ਵਹਾਈਆ । ਮੇਲ ਮਿਲਾਏ ਸਾਵਲ ਸਵਲਾ, ਕਵਲ ਨੈਣ ਫੇਰਾ ਪਾਈਆ । ਮਿਲੇ ਵਡਿਆਈ ਉਪਰ ਧਵਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਹਰਿ, ਸ੍ਰੀ ਭਗਵਾਨ ਸੱਚਾ ਸ਼ਹਿਨਸ਼ਾਹੀਆ । ਆਦਿ ਜੁਗਾਦਿ ਪਰਖੋਤਮ ਧਾਰ, ਪਰਮ ਪੁਰਖ ਦਏ ਵਡਿਆਈਆ । ਜਨ ਭਗਤਾਂ ਮਿਲੇ ਮੀਤ ਮੁਰਾਰ, ਦਰ ਸਾਚੀ ਸੇਵ ਕਮਾਈਆ । ਮੰਦਰ ਖੋਲ੍ਹ ਠਾਂਡਾ ਦਰਬਾਰ, ਗ੍ਰਿਹਿ ਆਪਣਾ ਰੰਗ ਰੰਗਾਈਆ । ਮਿਲ ਸਖੀਆਂ ਮੰਗਲਾਚਾਰ, ਗੀਤ ਗੋਬਿੰਦ ਸੁਣਾਈਆ । ਜੁਗ ਚੌਕੜੀ ਵੇਖੇ ਚਾਰ, ਕੋਟਨ ਕੋਟ ਕਾਲ ਬਿਤਾਈਆ । ਸੇਵਾ ਲਾ ਗੁਰੂ ਅਵਤਾਰ, ਪੀਰ ਪੈਗ਼ੰਬਰ ਹੁਕਮ ਮਨਾਈਆ । ਭਗਤ ਭਗਵਾਨ ਦੇ ਆਧਾਰ, ਸਾਧ ਸੰਤ ਕਰੇ ਰੁਸ਼ਨਾਈਆ । ਗੁਰਮੁਖ ਗੁਰ ਗੁਰ ਗੋਦ ਬਹਾਲ, ਗੁਰਸਿਖ ਦੇਵਣਹਾਰ ਵਡਿਆਈਆ । ਮੰਦਰ ਮਸਜਦ ਸ਼ਿਵਦਵਾਲੇ ਮੱਠ ਧਰਮਸਾਲ, ਪੂਜਾ ਪਾਠ ਜਗਤ ਜਣਾਈਆ । ਅਠਸਠ ਤੀਰਥ ਸਰੋਵਰ ਤੇਰਾ ਉਛਾਲ, ਗੰਗਾ ਸੁਰਸਤੀ ਜਮਨਾ ਗੋਦਾਵਰੀ ਧਾਰ ਧਾਰ ਵਿਚ ਜਣਾਈਆ । ਆਪੇ ਵਸੇ ਸਭ ਤੋਂ ਬਾਹਰ, ਖੇਲੇ ਖੇਲ ਸਦਾ ਨਿਰੰਕਾਰ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਕਾਰ ਲਗਾਈਆ ।

੫੬੦
੧੪

ਕਲ ਕਲਕੀ ਲੈ ਅਵਤਾਰ, ਪਰਗਟ ਹੋ ਅਗੰਮ ਅਪਾਰ, ਅਗੰਮੜੀ ਕਾਰ ਕਮਾਈਆ । ਭਗਤ ਵਛਲ ਸਿਰਜਣਹਾਰ, ਵੇਖੇ ਵਿਗਸੇ ਪਾਵੇ ਸਾਰ, ਧਰਨੀ ਧਰਤ ਧਵਲ ਦਏ ਅਧਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਰੰਗ ਰੰਗਾਈਆ । ਆਦਿ ਜੁਗਾਦਿ ਖੇਲ ਅਪਾਰਾ, ਸ੍ਰੀ ਭਗਵਾਨ ਆਪ ਕਰਾਇੰਦਾ । ਕਲਜੁਗ ਅੰਤ ਲੈ ਅਵਤਾਰਾ, ਅਵਤਰੀ ਵੇਸ ਵਟਾਇੰਦਾ । ਜਨ ਭਗਤਾਂ ਦੇ ਨਾਮ ਭੰਡਾਰਾ, ਵਡ ਭੰਡਾਰੀ ਆਪ ਵਰਤਾਇੰਦਾ । ਕੋਝਾ ਕਮਲਾ ਲਾਏ ਪਾਰਾ, ਜਿਸ ਆਪਣੀ ਨਜ਼ਰ ਮਿਲਾਇੰਦਾ । ਗ਼ਰੀਬ ਨਿਮਾਣੇ ਦਏ ਸਹਾਰਾ, ਸਿਰ ਸਿਰ ਆਪਣਾ ਹੱਥ ਟਿਕਾਇੰਦਾ । ਸ਼ਬਦ ਅਗੰਮੀ ਇਕ ਇਸ਼ਾਰਾ, ਆਤਮ ਪਰਮਾਤਮ ਆਪ ਸਮਝਾਇੰਦਾ । ਉਚੀ ਕੰਢੀ ਜਗਤ ਕਿਨਾਰਾ, ਸੱਚਾ ਸਾਹਿਬ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਆਪਣਾ ਫੇਰਾ ਪਾਇੰਦਾ । ਉਚੀ ਕੰਢੀ ਸੋਹਣਾ ਡੇਰਾ, ਸ੍ਰੀ ਭਗਵਾਨ ਆਪ ਸੁਹਾਈਆ । ਭਗਤ ਭਗਵਾਨ ਖੁਲ੍ਹਾ ਵਿਹੜਾ, ਘਰ ਸਾਚੇ ਵੱਜੇ ਵਧਾਈਆ । ਝੇੜਾ ਚੁੱਕੇ ਮੇਰਾ ਤੇਰਾ, ਤੇਰਾ ਮੇਰਾ ਇਕੋ ਰੂਪ ਸਮਾਈਆ । ਨਜ਼ਰੀ ਆਏ ਨੇਰਨ ਨੇਰਾ, ਦੂਰ ਦੁਰਾਡਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਉਚਾ ਮੰਦਰ ਸੋਹਣਾ ਰੂਪ, ਅਨੂਪ ਦਏ ਦਰਸਾਈਆ । ਪਾਰਬ੍ਰਹਮ ਪ੍ਰਭ ਸ਼ਾਹੋ ਭੂਪ, ਨਿਰਗੁਣ ਆਸਣ ਲਾਈਆ । ਕਰੇ ਪਰਕਾਸ਼ ਚਾਰੋਂ ਕੂਟ, ਦਹਿ ਦਿਸ਼ਾ ਦਏ ਵਡਿਆਈਆ । ਨਾਤਾ ਤੋੜੇ ਜੂਠ ਝੂਠ, ਸਚ ਸੁੱਚ ਦਏ ਸਮਝਾਈਆ । ਮਾਣ ਦਿਵਾਏ ਕਾਇਆ ਪੰਜ ਭੂਤ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਲੇਖੇ ਪਾਈਆ । ਵੇਖਣਹਾਰਾ ਤਾਣਾ ਪੇਟਾ ਸੂਤ, ਨਿਰਗੁਣ ਨਿਰਗੁਣ ਫੇਰਾ ਪਾਈਆ । ਆਵਣ ਜਾਵਣ ਮਾਣਸ ਜਨਮ ਚੁੱਕੇ ਚੂਕ, ਲੱਖ ਚੁਰਾਸੀ ਰਹਿਣ ਨਾ ਪਾਈਆ । ਕੂੜੀ ਕਿਰਿਆ ਦੇਵੇ ਫੂਕ, ਅਗਨੀ ਜੋਤੀ ਇਕੋ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਵਾਨ ਹੋਏ ਸਹਾਈਆ । ਉਚਾ ਮੰਦਰ ਸੋਹੇ ਏਕ, ਏਕ ਮਿਲੇ ਵਡਿਆਈਆ । ਦੇਵਣਹਾਰਾ ਸਾਚੀ ਟੇਕ, ਰਘੁਨਾਥ ਵਡ ਵਡਿਆਈਆ । ਵੇਖਣਹਾਰਾ ਪੂਰਬ ਲੇਖ, ਲੇਖਾ ਫੋਲ ਫੁਲਾਈਆ । ਨੇਤਰ ਲੋਚਣ ਆਪਣੇ ਪੇਖ, ਮਿਹਰ ਨਜ਼ਰ ਉਠਾਈਆ । ਨਿਰਗੁਣ ਸਰਗੁਣ ਕਰੇ ਹੇਤ, ਹਿਤਕਾਰੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੋਵਣਹਾਰ ਸਦਾ ਸਹਾਈਆ । ਉਚਾ ਮੰਦਰ ਸਚ ਮਨਾਰ, ਸ੍ਰੀ ਭਗਵਾਨ ਆਪ ਵਡਿਆਇੰਦਾ । ਜਿਸ ਗ੍ਰਿਹ ਦੇਵੇ ਦਰਸ ਦੀਦਾਰ, ਤਿਸ ਮੰਦਰ ਸੋਭਾ ਪਾਇੰਦਾ । ਤਿਸ ਦਾ ਲੇਖ ਰਹੇ ਜੁਗ ਚਾਰ, ਲੋਕਮਾਤ ਨਾ ਕੋਇ ਮਿਟਾਇੰਦਾ । ਪੂਜਾ ਕਰੇ ਸਰਬ ਸੰਸਾਰ, ਨਿਉਂ ਨਿਉਂ ਮਸਤਕ ਸੀਸ ਝੁਕਾਇੰਦਾ । ਰਾਮ ਚੰਦ ਦਾ ਰਾਮ ਆਧਾਰ, ਰਾਮ ਰਾਮ ਰੂਪ ਵਖਾਇੰਦਾ । ਜਗਤ ਵਿਛੋੜਾ ਪੰਧ ਨਿਵਾਰ, ਜੋਤੀ ਜੋੜਾ ਜੋੜ ਜੁੜਾਇੰਦਾ । ਸ਼ਬਦ ਘੋੜਾ ਸ਼ਾਹਸਵਾਰ, ਸ਼ਹਿਨਸ਼ਾਹ ਆਪਣਾ ਫੇਰਾ ਪਾਇੰਦਾ । ਹੋੜਾ ਸੱਸਾ ਕਰੇ ਖ਼ਬਰਦਾਰ, ਹਾਹਾ ਹੰ ਬ੍ਰਹਮ ਸਮਝਾਇੰਦਾ । ਕਲਗ਼ੀ ਤੋੜਾ ਇਕ ਨਿਰੰਕਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਇੰਦਾ । ਉਚਾ ਮੰਦਰ ਪਿਆ ਹੱਸ, ਸੋਹੰ ਹੰਸਾ ਰਾਗ ਅਲਾਈਆ । ਪਾਰਬ੍ਰਹਮ ਪ੍ਰਭ ਹੋਇਆ ਵਸ, ਵਸਤ ਆਪਣੀ ਰਿਹਾ ਵਰਤਾਈਆ । ਸਾਚਾ ਮਾਰਗ ਰਿਹਾ ਦੱਸ, ਨਿਰਗੁਣ ਸਰਗੁਣ ਕਰ ਪੜ੍ਹਾਈਆ । ਹਰਿ ਸਰਨਾਈ ਔਣਾ ਨੱਠ, ਦੂਰ ਦੁਰਾਡਾ ਪੰਧ ਮੁਕਾਈਆ । ਇਕੋ ਢੋਲਾ ਲੈਣਾ ਰਟ, ਸੋਹੰ ਵੱਜੇ ਸਚ ਵਧਾਈਆ । ਪਿਛਲੀ ਜਾਵੇ ਕੂੜੀ ਮਤ, ਗੁਰਮਤ ਅੱਗੇ ਝੋਲੀ ਪਾਈਆ ।



੫੬੧ ੧੪

ਮੇਲ ਮਿਲਾਵਾ ਕਮਲਾਪਤ, ਕਵਲ ਨੈਣ ਨਜ਼ਰੀ ਆਈਆ । ਦਰਸ ਦਿਖਾਏ ਸਾਖਿਆਤ, ਸਾਹਿਬ ਸਤਿਗੁਰ ਵੇਸ ਵਟਾਈਆ । ਇਕ ਬਣਾਏ ਉਤਮ ਜ਼ਾਤ, ਜ਼ਾਤ ਅਜ਼ਾਤੀ ਦਏ ਮਿਟਾਈਆ । ਪਾਰਬ੍ਰਹਮ ਬ੍ਰਹਮ ਬੰਨ੍ਹੇ ਨਾਤ, ਨਾਤਾ ਬਿਧਾਤਾ ਜੋੜ ਜੁੜਾਈਆ । ਡੂੰਘੀ ਭਵਰੀ ਦੇਵੇ ਸਾਥ, ਸਮੁੰਦ ਸਾਗਰ ਹੋਏ ਸਹਾਈਆ । ਕੂੜੀ ਮੇਟੇ ਅੰਤ ਰਾਤ, ਰਾਤੀ ਰੁੱਤੀ ਆਪ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਚ ਵਡਿਆਈਆ । ਉਚਾ ਮੰਦਰ ਨੇਤਰ ਖੋਲ੍ਹ, ਨੈਣ ਨੈਣ ਉਘੜਾਈਆ । ਉਚੀ ਕੂਕ ਸੁਣਾਵੇ ਬੋਲ, ਢੋਲਾ ਰਾਗ ਅਲਾਈਆ । ਰਾਮ ਰਾਮ ਦੇ ਵਸਿਆ ਕੋਲ, ਰਾਮ ਰਾਮ ਵਿਚ ਸਮਾਈਆ । ਰਾਮ ਅੰਦਰ ਪਰਦਾ ਉਹਲ, ਰਾਮ ਦੂਈ ਦਵੈਤ ਮਿਟਾਈਆ । ਰਾਮ ਦਵਾਰਾ ਰਾਮ ਖੋਲ੍ਹ, ਰਾਮ ਵੇਖੇ ਚਾਈਂ ਚਾਈਂਆ । ਰਾਮ ਅੰਤਰ ਰਾਮ ਮੌਲ, ਰਮਿਆ ਆਪਣਾ ਰੂਪ ਛੁਪਾਈਆ । ਰਾਮ ਅੰਦਰ ਅੰਮ੍ਰਿਤ ਕੌਲ, ਨਾਭੀ ਆਪਣੀ ਧਾਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਦਇਆ ਆਪ ਕਮਾਈਆ । ਰਾਮ ਅੰਦਰ ਰਾਮ ਵਾਸਾ, ਰਹਿਮਤ ਆਪਣੀ ਰਾਮ ਕਮਾਇੰਦਾ । ਰਾਮ ਦੇਵੇ ਰਾਮ ਭਰਵਾਸਾ, ਰਾਮ ਰਾਮ ਵੇਖ ਵਖਾਇੰਦਾ । ਰਾਮ ਮੰਦਰ ਰਾਮ ਤਮਾਸ਼ਾ, ਰਾਮ ਆਪਣੀ ਰਾਸ ਰਚਾਇੰਦਾ । ਰਾਮ ਨਜ਼ਰੀ ਆਏ ਨਾੜੀ ਹੱਡ ਮਾਸਾ, ਰਾਮ ਨਿਰਗੁਣ ਨੂਰ ਜੋਤ ਜਗਾਇੰਦਾ । ਰਾਮ ਪੰਜ ਤੱਤ ਦੇਵੇ ਸਾਥਾ, ਰਾਮ ਆਤਮ ਪਰਮਾਤਮ ਵੰਡ ਵੰਡਾਇੰਦਾ । ਰਾਮ ਰਸਨਾ ਜਿਹਵਾ ਗਾਏ ਗਾਥਾ, ਰਾਮ ਇਸ਼ਟ ਦੇਵ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰਾਮ ਮੰਦਰ ਇਕ ਵਖਾਇੰਦਾ । ਰਾਮ ਮੰਦਰ ਹੋ ਖ਼ੁਸ਼ਹਾਲ, ਖ਼ੁਸ਼ੀ ਆਪਣੀ ਇਕ ਜਣਾਈਆ । ਭਗਤ ਭਗਵਾਨ ਦੇ ਸਾਚੇ ਲਾਲ, ਲਾਲਨ ਆਪਣਾ ਰੰਗ ਰੰਗਾਈਆ । ਨਾਤਾ ਤੋੜ ਸ਼ਾਹ ਕੰਗਾਲ, ਸ਼ਖ਼ਸੀਯਤ ਇਕੋ ਇਕ ਸਮਝਾਈਆ । ਕਾਇਆ ਮੰਦਰ ਸੱਚੀ ਧਰਮਸਾਲ, ਧਰਮ ਦਵਾਰਾ ਦਏ ਵਖਾਈਆ । ਸਾਹਿਬ ਸਤਿਗੁਰ ਚਲੇ ਨਾਲ ਨਾਲ, ਜੁਗ ਚੌਕੜੀ ਕਾਰ ਕਮਾਈਆ । ਦਿਵਸ ਰੈਣ ਕਰੇ ਪ੍ਰਿਤਪਾਲ, ਪ੍ਰਿਤਪਾਲਕ ਬੇਪਰਵਾਹੀਆ । ਗੁਰਮੁਖ ਵੇਖੇ ਗੁਰ ਗੁਰ ਬਾਲ, ਜੁਗ ਜੁਗ ਆਪਣਾ ਫੇਰਾ ਪਾਈਆ । ਸ਼ਬਦ ਸਰੂਪੀ ਬਣ ਦਲਾਲ, ਸਾਚਾ ਵਣਜ ਦਏ ਕਰਾਈਆ । ਸੁਰਤ ਸਵਾਣੀ ਲਏ ਸੰਭਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੇ ਅੰਗ ਲਗਾਈਆ । ਆਦਿ ਜੁਗਾਦਿ ਲਗਾਏ ਅੰਗ, ਅੰਗੀਕਾਰ ਹਰਿ ਅਖਵਾਇੰਦਾ । ਭਗਤ ਭਗਵਾਨ ਸਾਚਾ ਸੰਗ, ਸਗਲਾ ਸੰਗ ਨਿਭਾਇੰਦਾ । ਸੰਤ ਸੱਜਣ ਵਜਾਏ ਮਰਦੰਗ, ਨਾਮ ਮਰਦੰਗਾ ਇਕ ਉਠਾਇੰਦਾ । ਗੁਰਮੁਖ ਗੁਰ ਗੁਰ ਅੰਦਰ ਲੰਘ, ਆਤਮ ਸੇਜ ਪਲੰਘ ਵਡਿਆਇੰਦਾ । ਗੁਰਸਿਖ ਗਾਏ ਸਾਚਾ ਛੰਦ, ਢੋਲਾ ਇਕੋ ਰਾਗ ਅਲਾਇੰਦਾ । ਪ੍ਰਭ ਦੇਵਣਹਾਰਾ ਅਨੰਦ, ਅਨੰਦ ਅਨੰਦ ਵਿਚੋਂ ਪਰਗਟਾਇੰਦਾ । ਲੱਖ ਚੁਰਾਸੀ ਪਾਰ ਲੰਘ, ਮਾਣਸ ਮਾਨੁਖ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਵਾਨ ਖੇਲ ਕਰਾਇੰਦਾ । ਭਗਤ ਭਗਵਾਨ ਖੇਲੇ ਖੇਲ, ਖੇਲਣਹਾਰ ਵਡ ਵਡਿਆਈਆ । ਕਲਜੁਗ ਅੰਤਮ ਕਰ ਕਰ ਮੇਲ, ਮੇਲ ਮਿਲਾਵਾ ਦਏ ਸਮਝਾਈਆ । ਜੋਤ ਨਿਰੰਜਣ ਚਾੜ੍ਹੇ ਤੇਲ, ਆਦਿ ਨਿਰੰਜਣ ਸਗਨ ਵਖਾਈਆ । ਡੂੰਘੀ ਭਵਰੇ ਸੱਜਣ ਸੁਹੇਲ, ਵੇਖਣਹਾਰਾ ਚਾਈਂ ਚਾਈਂਆ । ਲੇਖਾ ਜਾਣ ਗੁਰੂ ਗੁਰ ਚੇਲ, ਚੇਲਾ ਗੁਰ ਭੇਵ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਆਪਣੀ ਉਂਗਲੀ ਲਾਈਆ । ਆਪਣੀ ਉਂਗਲੀ ਰੱਖੇ ਰਾਮ, ਨਾਮ ਇਸ਼ਾਰਾ ਇਕ ਜਣਾਇੰਦਾ । ਅੰਤਰ ਆਤਮ ਮੇਲਾ ਰਾਮ, ਰਾਮ ਆਪਣੇ

ਰੰਗ ਰੰਗਾਇੰਦਾ । ਆਤਮ ਪਰਮਾਤਮ ਸੱਚਾ ਜਾਮ, ਸਚ ਪਿਆਲਾ ਇਕ ਵਖਾਇੰਦਾ । ਭਗਤ ਭਗਵਾਨ ਆਪ ਪਹਿਚਾਨ, ਲੱਖ ਚੁਰਾਸੀ ਵਿਚੋਂ ਉਠਾਇੰਦਾ । ਸੋਹੰ ਦੇਵੇ ਸੱਚਾ ਦਾਨ, ਦਾਤਾ ਦਾਨੀ ਦਇਆ ਕਮਾਇੰਦਾ । ਮੇਲ ਮਿਲਾਏ ਸਾਚੇ ਕਾਹਨ, ਕਾਹਨ ਇਕੋ ਨਜ਼ਰੀ ਆਇੰਦਾ । ਸੋਭਾ ਪਾਏ ਉਚ ਮਕਾਨ, ਮੰਦਰ ਇਕੋ ਇਕ ਵਡਿਆਇੰਦਾ । ਦੀਵਾ ਜੋਤੀ ਜਗੇ ਮਹਾਨ, ਤੇਲ ਬਾਤੀ ਨਾ ਕੋਇ ਰਖਾਇੰਦਾ । ਨਜ਼ਰੀ ਆਏ ਨੌਜਵਾਨ, ਨਿਰਗੁਣ ਆਪਣਾ ਆਸਣ ਲਾਇੰਦਾ । ਗੁਰਮੁਖ ਦੋਏ ਜੋੜ ਕਰੇ ਪਰਨਾਮ, ਪ੍ਰਭ ਅੱਗੇ ਸੀਸ ਝੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਵਾਨ ਵਖਾਏ ਏਕਾ ਘਰ, ਘਰ ਮੰਦਰ ਏਕਾ ਸੋਭਾ ਪਾਇੰਦਾ । ਹਰਿਭਗਤ ਦਵਾਰ ਮੰਦਰ ਏਕ, ਹਰਿ ਮੰਦਰ ਦਏ ਵਡਿਆਈਆ । ਸਤਿਗੁਰ ਕਿਰਪਾ ਲਏ ਵੇਖ, ਜਗ ਨੇਤਰ ਨਜ਼ਰ ਨਾ ਆਈਆ । ਜਿਸ ਦਵਾਰੇ ਖੜੇ ਵਿਸ਼ਨ ਬ੍ਰਹਮ ਮਹੇਸ਼, ਸ਼ਿਵ ਸ਼ੰਕਰ ਧਿਆਨ ਲਗਾਈਆ । ਦੋਏ ਜੋੜ ਕਰਨ ਆਦੇਸ਼, ਨਿਉਂ ਨਿਉਂ ਸੀਸ ਝੁਕਾਈਆ । ਸੋ ਮੰਦਰ ਰਹੇ ਹਮੇਸ਼, ਢੇਰੀ ਢਾਹ ਨਾ ਕੋਇ ਕਰਾਈਆ । ਨਿਰਗੁਣ ਦਾਤਾ ਵਡ ਨਰੇਸ਼, ਸ਼ਾਹ ਪਾਤਸ਼ਾਹ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਗੁਰ ਗੁਰ ਦਏ ਬੁਝਾਈਆ । ਸੋ ਮੰਦਰ ਸੋਹਣਾ ਰੰਗ, ਛੱਪਰ ਛੰਨ ਨਾ ਕੋਇ ਛੁਹਾਇੰਦਾ । ਨਾ ਸੂਰਜ ਨਾ ਚੰਦ, ਤਾਰਾ ਮੰਡਲ ਨਾ ਕੋਇ ਵਖਾਇੰਦਾ । ਸਿਫ਼ਤ ਸਾਲਾਹ ਰਾਗ ਨਾ ਬੱਤੀ ਦੰਦ, ਰਸਨਾ ਜਿਹਵਾ ਨਾ ਕੋਇ ਹਿਲਾਇੰਦਾ । ਏਕੋ ਏਕ ਸੂਰਾ ਸਰਬੰਗ, ਸ਼ਾਹ ਪਾਤਸ਼ਾਹ ਸੋਭਾ ਪਾਇੰਦਾ । ਆਪਣਾ ਜਾਣੇ ਸਚ ਅਨੰਦ, ਅਨੰਦ ਅਨੰਦ ਵਿਚੋਂ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤਿਸ ਮੰਦਰ ਸਦਾ ਵਡਿਆਇੰਦਾ । ਸੋ ਮੰਦਰ ਗਹਿਰ ਗੰਭੀਰ, ਨਜ਼ਰ ਕਿਸੇ ਨਾ ਆਈਆ । ਖਿਚ ਸਕੇ ਨਾ ਕੋਇ ਤਸਵੀਰ, ਮੁਸਵਰ ਸੇਵ ਨਾ ਕੋਇ ਕਮਾਈਆ । ਪੰਜ ਤੱਤ ਵੇਖੇ ਨਾ ਕੋਇ ਸਰੀਰ, ਬੇਨਜ਼ੀਰ ਖੇਲ ਰਚਾਈਆ । ਦੀਨ ਮਜ਼੍ਹਬ ਸ਼ਰਅ ਨਾ ਕੋਇ ਜ਼ੰਜੀਰ, ਸ਼ਰੀਅਤ ਰੂਪ ਨਾ ਕੋਇ ਵਟਾਈਆ । ਚੋਟੀ ਆਖ਼ਰ ਇਕ ਅਖ਼ੀਰ, ਬੇਪਰਵਾਹ ਡੇਰਾ ਲਾਈਆ । ਸਭ ਦਾ ਦਾਤਾ ਜ਼ਾਹਰਾ ਪੀਰ, ਸ਼ਾਹ ਪਾਤਸ਼ਾਹ ਸੋਭਾ ਪਾਈਆ । ਆਦਿ ਜੁਗਾਦਿ ਜੁਗਾ ਜੁਗੰਤਰ ਨਾ ਹੋਏ ਦਿਲਗੀਰ, ਸਦਾ ਸਦ ਇਕੋ ਰੰਗ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਮੰਦਰ ਰਿਹਾ ਸਮਝਾਈਆ । ਸੋ ਮੰਦਰ ਉਚ ਮਹੱਲ, ਮਹੱਲਾ ਇਕੋ ਇਕ ਵਖਾਈਆ । ਸ੍ਰੀ ਭਗਵਾਨ ਬਣਾਇਆ ਅਟੱਲ, ਜੁਗ ਚੌਕੜੀ ਅਟੱਲ ਰਖਾਈਆ । ਜੋਤ ਦੀਪਕ ਰਿਹਾ ਬਲ, ਸਦਾ ਸਦਾ ਕਰੇ ਰੁਸ਼ਨਾਈਆ । ਅੰਮ੍ਰਿਤ ਧਾਰ ਨਿਰਮਲ ਜਲ, ਸਰੋਵਰ ਹੋਰ ਨਾ ਕੋਇ ਜਣਾਈਆ । ਅਬਿਨਾਸ਼ੀ ਕਰਤਾ ਧਾਰ ਬਲ, ਆਪ ਆਪਣਾ ਵੇਸ ਵਟਾਈਆ । ਕਰੇ ਖੇਲ ਅਛਲ ਅਛੱਲ, ਸਮਝ ਸਕੇ ਕੋਈ ਨਾ ਰਾਈਆ । ਉਚ ਸਿੰਘਾਸਣ ਬੈਠਾ ਮੱਲ, ਸ਼ਾਹ ਪਾਤਸ਼ਾਹ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤਿਸ ਮੰਦਰ ਭਗਤਾਂ ਦਏ ਵਖਾਈਆ । ਸੋ ਮੰਦਰ ਭਗਤ ਨੇਤਰ, ਨਰ ਨਿਰੰਕਾਰ ਆਪ ਵਖਾਈਆ । ਆਦਿ ਜੁਗਾਦਿ ਜੁਗ ਚੌਕੜੀ ਇਕੋ ਰੁੱਤ ਬਸੰਤੀ ਰਹੇ ਚੇਤਰ, ਖ਼ਿਜ਼ਾਂ ਰੂਪ ਨਾ ਕੋਇ ਵਟਾਈਆ । ਭਗਤ ਭਗਵਾਨ ਮਿਲ ਕੇ ਦੋਵੇਂ ਬਹਿਣ ਦੂਜਾ ਸੰਗ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਨਰ ਹਰਿ ਸਾਚਾ ਮੰਦਰ ਮਾਤ ਪਰਗਟਾਈਆ । ਸਾਚਾ ਮੰਦਰ ਸਾਢੇ ਤਿੰਨ ਹੱਥ, ਤ੍ਰੈਭਵਣ ਧਨੀ ਆਪ ਪਰਗਟਾਇੰਦਾ । ਜਿਸ

ਅੰਦਰ ਬਹਿ ਚਲਾਏ ਰਥ, ਰਥ ਰਥਵਾਹੀ ਸੇਵ ਕਮਾਇੰਦਾ । ਧੁਰ ਸੰਦੇਸਾ ਦੇਵੇ ਦੱਸ, ਪਰਮਾਤਮ ਆਤਮ ਆਪ ਪੜ੍ਹਾਇੰਦਾ । ਢੋਲਾ ਗਾਏ ਸਾਚਾ ਜਸ, ਸਿਫ਼ਤ ਸਾਲਾਹੀ ਸਿਫ਼ਤੀ ਰਾਗ ਅਲਾਇੰਦਾ । ਨਿਰਗੁਣ ਜੋਤ ਕਰ ਪਰਕਾਸ਼, ਅਗਿਆਨ ਅੰਧੇਰ ਮਿਟਾਇੰਦਾ । ਲਹਿਣਾ ਚੁਕੇ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਪੰਧ ਮੁਕਾਇੰਦਾ । ਭਗਤ ਭਗਵਾਨ ਪੂਰੀ ਕਰੇ ਆਸ, ਆਸਾ ਪੂਰ ਆਪ ਹੋ ਜਾਇੰਦਾ । ਨਿਰਗੁਣ ਸਰਗੁਣ ਬਣ ਬਣ ਦਾਸ, ਦਾਸੀ ਦਾਸ ਸੇਵ ਕਮਾਇੰਦਾ । ਰਾਮ ਪਾਸ ਵਸੇ ਰਾਮ, ਰਾਮ ਦਵਾਰਾ ਇਕ ਵਡਿਆਇੰਦਾ । ਅੰਮ੍ਰਿਤ ਆਤਮ ਪਿਆਏ ਜਾਮ, ਜਮ ਨੇੜ ਕੋਇ ਨਾ ਆਇੰਦਾ । ਕੂੜੀ ਕਿਰਿਆ ਮੇਟੇ ਸ਼ਾਮ, ਸ਼ਾਮ ਘਨੱਯਾ ਦਇਆ ਕਮਾਇੰਦਾ । ਧੁਰਦਰਗਾਹੀ ਦਏ ਪੈਗ਼ਾਮ, ਸਚ ਸੰਦੇਸਾ ਇਕ ਸੁਣਾਇੰਦਾ । ਏਥੇ ਓਥੇ ਏਕਾ ਮਾਣ, ਅਭਿਮਾਨ ਰੂਪ ਨਾ ਕੋਇ ਵਟਾਇੰਦਾ । ਜਿਸ ਘਰ ਆ ਮਿਲੇ ਭਗਵਾਨ, ਤਿਸ ਪੂਰਬ ਭਗਤੀ ਲੇਖੇ ਲਾਇੰਦਾ । ਸੋ ਗੁਰਮੁਖ ਸੁਘੜ ਸੁਜਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਘਰ ਇਕੋ ਇਕ ਸੁਹਾਇੰਦਾ । ਇਕੋ ਏਕ ਘਰ ਸੁਹੌਣਾ, ਘਰ ਸਚ ਵੱਜੇ ਵਧਾਈਆ । ਰਾਮ ਰਾਮ ਪ੍ਰਭ ਨਜ਼ਰੀ ਔਣਾ, ਨਜ਼ਰ ਨਜ਼ਰ ਨਾਲ ਮਿਲਾਈਆ । ਕਾਇਆ ਕੱਪੜ ਕੂੜਾ ਪਰਦਾ ਲੌਹਣਾ, ਲਹਿਰ ਲਹਿਰ ਦਏ ਸਮਝਾਈਆ । ਲਹਿਰ ਵਿਚੋਂ ਨੂਰ ਧਰੌਣਾ, ਜ਼ਹੂਰ ਇਕ ਰੁਸ਼ਨਾਈਆ । ਜ਼ਹੂਰ ਵਿਚੋਂ ਵੇਸ ਵਟੌਣਾ, ਭੇਵ ਅਭੇਦ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭਗਤਨ ਇਛਿਆ ਪੂਰ ਕਰਾਈਆ । ਭਗਤਨ ਇਛਿਆ ਸੱਚੀ ਆਸ, ਆਸਾਵੰਦ ਪੂਰ ਕਰਾਇੰਦਾ । ਸ੍ਰੀ ਭਗਵਾਨ ਸਦ ਵਸੇ ਪਾਸ, ਜਗਤ ਵਿਛੋੜਾ ਦੂਰ ਕਰਾਇੰਦਾ । ਕਲਜੁਗ ਅੰਤਮ ਕੰਮ ਇਕੋ ਖ਼ਾਸ, ਖ਼ਾਹਸ਼ ਭਗਤਾਂ ਪੂਰ ਕਰਾਇੰਦਾ । ਹਰਿਜਨ ਹੋਏ ਨਾ ਕਦੇ ਉਦਾਸ, ਸੁਖ ਸ਼ਾਂਤੀ ਝੋਲੀ ਪਾਇੰਦਾ । ਕੱਟਣਹਾਰਾ ਜੰਮ ਕਾ ਫਾਸ, ਫਾਸੀ ਜਮ ਨਾ ਕੋਇ ਲਟਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਸਾਚਾ ਵਰ, ਘਰ ਮੰਦਰ ਇਕ ਸੁਹਾਇੰਦਾ । ਘਰ ਮੰਦਰ ਹਰਿ ਕਾ ਸਦਾ ਸੋਹਣਾ, ਸੋਹਣਾ ਰੂਪ ਵਟਾਈਆ । ਨਾ ਹੱਸਣਾ ਨਾ ਓਥੇ ਰੋਣਾ, ਗੁਰਮੁਖ ਇਕੋ ਰੰਗ ਸਮਾਈਆ । ਅਗਲਾ ਪਿਛਲਾ ਕੂੜਾ ਕੱਪੜ ਧੋਣਾ, ਦੁਰਮਤ ਮੈਲ ਗਵਾਈਆ । ਅੰਮ੍ਰਿਤ ਰਸ ਇਕੋ ਚੋਣਾਂ, ਨਿਝਰ ਝਿਰਨਾ ਆਪ ਝਿਰਾਈਆ । ਆਤਮ ਪਰਮਾਤਮ ਬੀਜ ਬੋਣਾ, ਫਲ ਸਚ ਸੁੱਚ ਵਖਾਈਆ । ਭਗਤ ਭਗਵਾਨ ਦੀ ਗੋਦੀ ਸੌਣਾ, ਅੰਤ ਸਕੇ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਦੇਵੇ ਵਰ, ਜਿਸ ਜਨ ਲਗਾਏ ਆਪਣੇ ਲੜ, ਲੇਖੇ ਲਾਏ ਸੀਸ ਧੜ, ਪੰਜ ਤੱਤ ਕਾਇਆ ਤ੍ਰੈਗੁਣ ਮਾਇਆ ਕੂੜੀ ਛਾਇਆ ਪੋਹ ਨਾ ਸਕੇ ਰਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਲ ਮਿਲਾਇਆ, ਆਵਣ ਜਾਵਣ ਰਹੇ ਨਾ ਰਾਇਆ, ਜੋਤੀ ਜੋਤ ਜੋਤ ਸਮਾਇਆ, ਸਚਖੰਡ ਦਵਾਰੇ ਹਰਿ ਨਿਰੰਕਾਰੇ ਕਿਰਪਾ ਧਾਰੇ ਭਗਤ ਭਗਵਾਨ ਏਕਾ ਮੰਦਰ ਏਕਾ ਅੰਦਰ ਇਕ ਸਿੰਘਾਸਣ ਪੁਰਖ ਅਬਿਨਾਸ਼ਨ ਭਗਤਾਂ ਦਾਸਨ ਸਾਚੀ ਸੇਜ ਸੁਹਾਈਆ ।

★ ੧੩ ਜੇਠ ੨੦੨੦ ਬਿਕ੍ਰਮੀ ਮਲੂਕਾ ਰਾਮ ਦੇ ਗ੍ਰਿਹ ਪਿੰਡ ਦੇਵਾ ਜੰਮੂ ★

ਹਰਿ ਦਾਤਾ ਦਾਤਾਰ, ਦਰਦੀ ਦਰਦਵੰਦ ਅਖਵਾਇੰਦਾ । ਹਰਿ ਦਾਤਾ ਕਰਤਾਰ, ਕਰਨੀ ਕਰਤਾ ਕਰ ਵਖਾਇੰਦਾ । ਹਰਿ ਦਾਤਾ ਨਿਰੰਕਾਰ, ਨਿਰਗੁਣ ਸਰਗੁਣ ਵੇਖ ਵਖਾਇੰਦਾ । ਹਰਿ ਦਾਤਾ ਭੰਡਾਰ, ਨਾਮ ਭੰਡਾਰ ਆਪ ਵਰਤਾਇੰਦਾ । ਹਰਿ ਦਾਤਾ ਆਧਾਰ, ਜੁਗ ਜੁਗ ਇਕ ਆਧਾਰ ਰਖਾਇੰਦਾ । ਹਰਿ ਦਾਤਾ ਸਿਕਦਾਰ, ਸਦ ਸਦ ਸਾਚਾ ਹੁਕਮ ਮਨਾਇੰਦਾ । ਹਰਿ ਦਾਤਾ ਜੈਕਾਰ, ਜੈ ਜੈਕਾਰ ਇਕੋ ਨਾਉਂ ਅਲਾਇੰਦਾ । ਹਰਿ ਦਾਤਾ ਮੰਦਰ ਠਾਕਰ ਦਵਾਰ, ਗੁਰੂ ਗੁਰ ਆਪਣਾ ਆਸਣ ਲਾਇੰਦਾ । ਹਰਿ ਦਾਤਾ ਖੇਲ ਪੁਰਖ ਨਾਰ, ਸੁਰਤੀ ਸ਼ਬਦੀ ਗੰਢ ਪੁਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਆਪਣੇ ਹੱਥ ਰਖਾਇੰਦਾ । ਹਰਿ ਦਾਤਾ ਭਗਵੰਤ, ਭਗਵਨ ਆਪਣੀ ਕਾਰ ਕਮਾਈਆ । ਹਰਿ ਦਾਤਾ ਸਾਚਾ ਸੰਤ, ਸਤਿਗੁਰ ਧਾਰ ਜਣਾਈਆ । ਹਰਿ ਦਾਤਾ ਮਹਿਮਾ ਅਗਣਤ, ਜੁਗਾ ਜੁਗੰਤਰ ਸਿਫ਼ਤ ਸਾਲਾਹੀਆ । ਹਰਿ ਦਾਤਾ ਚਾੜ੍ਹੇ ਰੰਗ ਬਸੰਤ, ਭਗਤ ਭਗਵਾਨ ਜੋਤੀ ਆਪ ਰੰਗਾਈਆ । ਹਰਿ ਦਾਤਾ ਸਾਚਾ ਪੰਡਤ, ਅੱਖਰ ਵੱਖਰ ਕਰੇ ਪੜ੍ਹਾਈਆ । ਹਰਿ ਦਾਤਾ ਲੇਖਾ ਜਾਣੇ ਜੇਰਜ ਅੰਡਜ, ਅੰਡਜ ਜੇਰਜ ਆਪਣੀ ਕਾਰ ਕਮਾਈਆ । ਹਰਿ ਦਾਤਾ ਸਦਾ ਅਖੰਡਤ, ਖੰਡ ਖੰਡ ਕਰੇ ਲੋਕਾਈਆ । ਹਰਿ ਦਾਤਾ ਸਦਾ ਮੰਗਤ, ਪਰੇਮ ਪ੍ਰੀਤੀ ਮੰਗ ਮੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਆਪ ਕਮਾਈਆ । ਹਰਿ ਦਾਤਾ ਹਰਿ ਦੀਨ, ਦੀਨਨ ਗਲੇ ਲਗਾਇੰਦਾ । ਹਰਿ ਦਾਤਾ ਮਸਕੀਨ, ਜੁਗ ਜੁਗ ਸੇਵ ਕਮਾਇੰਦਾ । ਹਰਿ ਦਾਤਾ ਅਧੀਨ, ਜਨ ਭਗਤਾਂ ਮਾਣ ਰਖਾਇੰਦਾ । ਹਰਿ ਦਾਤਾ ਪਰੇਮ ਪਿਆਰਾ ਜਿਉਂ ਜਲ ਮੀਨ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣੀ ਕਾਰ ਵਖਾਇੰਦਾ । ਹਰਿ ਦਾਤਾ ਦਾਤਾਰ ਲੋਕ ਤੀਨ, ਤ੍ਰੈਗੁਣ ਮਾਇਆ ਡੇਰਾ ਢਾਹਿੰਦਾ । ਹਰਿ ਦਾਤਾ ਜਗਤ ਨੇਤਰਹੀਨ, ਨਿਜ ਨੇਤਰ ਇਕ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਖਲਾਇੰਦਾ । ਹਰਿ ਦਾਤਾ ਖੇਲ ਖਲਾਰੀ, ਖ਼ਾਲਕ ਖ਼ਲਕ ਰੂਪ ਵਟਾਈਆ । ਹਰਿ ਦਾਤਾ ਜੋਤ ਨਿਰੰਕਾਰੀ, ਘਟ ਘਟ ਰਿਹਾ ਸਮਾਈਆ । ਹਰਿ ਦਾਤਾ ਸ਼ਬਦ ਉਡਾਰੀ, ਦੋ ਜਹਾਨਾਂ ਆਪ ਲਗਾਈਆ । ਹਰਿ ਦਾਤਾ ਭਗਤ ਭਗਵਾਨ ਦੇ ਆਧਾਰੀ, ਸਿਰ ਆਪਣਾ ਹੱਥ ਟਿਕਾਈਆ । ਹਰਿ ਦਾਤਾ ਪਰਗਟ ਹੋ ਕਲਜੁਗ ਅੰਤਮ ਵਾਰੀ, ਅੰਤਮ ਆਪਣਾ ਫੇਰਾ ਪਾਈਆ । ਹਰਿ ਦਾਤਾ ਪਾਵੇ ਸਾਰ ਮੂਰਖ ਮੁਗਧ ਗਵਾਰੀ, ਚਤਰ ਸੁਘੜ ਵੇਖ ਵਖਾਈਆ । ਹਰਿ ਦਾਤਾ ਕੂੜੀ ਕਿਰਿਆ ਕਰੇ ਖ਼ੁਆਰੀ, ਸਚ ਦੇਵਣਹਾਰ ਵਡਿਆਈਆ । ਹਰਿ ਦਾਤਾ ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਚਰਨ ਕਵਲ ਕਰਾਏ ਨਿਮਸਕਾਰੀ, ਨਿਮਸਕਾਰ ਆਪਣੀ ਨਾ ਕਿਸੇ ਜਣਾਈਆ ।

★ ੧੩ ਜੇਠ ੨੦੨੦ ਬਿਕ੍ਰਮੀ ਮਲੂਕਾਂ ਵਾਲੀ ਪਿੱਪਲ ਦੇ ਹੇਠ ਜੰਮੂ ★

ਨਾ ਖੱਪਰੀ ਨਾ ਮੁੰਦਰਾ ਤਨ, ਭਬੂਤੀ ਤਨ ਨਾ ਕੋਇ ਰਮਾਈਆ । ਨਾ ਆਸਾ ਨਾ ਮਨਸਾ ਮਨ, ਮਾਣਸ ਰੂਪ ਇਕ ਵਡਿਆਈਆ । ਨਾ ਮੰਦਰ ਨਾ ਗ੍ਰਿਹ ਧਨ, ਨਾ ਛੱਪਰੀ ਛੰਨ ਛੁਹਾਈਆ । ਨਾ ਰਾਗ ਨਾ ਤਿਆਗ ਨਾ ਵੈਰਾਗ ਨਾ ਜਨਨੀ ਨਾ ਦੀਸੇ ਜਨ, ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਥਾਉਂ ਥਾਈਂਆ । ਚਰਪਟ ਤੇਰਾ ਲਹਿਣਾ ਚਿੰਰਜੀਵ, ਹਰਿ ਚੇਤਨ ਆਪ ਕਰਾਇੰਦਾ । ਭਾਗ ਲੱਗੇ ਸਾਡੀ ਸੀਂਵ, ਜਿਸ ਧਰਤੀ ਧਿਆਨ ਲਗਾਇੰਦਾ । ਪਰੇਮ ਪ੍ਰੀਤੀ ਰੱਖੀ ਨੀਂਵ, ਡੂੰਘੀ ਧਾਰ ਜੜ ਲਗਾਇੰਦਾ । ਅੰਤਰ ਧਿਆਨ ਬੀਜਿਆ ਬੀਵ, ਫਲ ਫੁਲ ਆਪ ਮਹਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਵੇਖ ਵਖਾਇੰਦਾ । ਪੂਰਬ ਲੇਖਾ ਜੋਗੀ ਜਗਿਆਸ, ਜਗਿਆਸੂ ਦਏ ਵਡਿਆਈਆ । ਅੰਤਰ ਆਤਮ ਹੋਇਆ ਦਾਸ, ਗਿਆਨ ਧਿਆਨ ਨਾ ਕੋਇ ਵਡਿਆਈਆ । ਪ੍ਰਭ ਮਿਲਣ ਦੀ ਇਕੋ ਆਸ, ਗੁਰਦੇਵ ਗਿਆ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਟਿਕਾਈਆ । ਚਰਪਟ ਰੱਖੀ ਅੰਤਰ ਕੰਧ, ਪਰਦਾ ਪਰਦੇ ਵਿਚ ਰਖਾਇੰਦਾ । ਗੋਰਖ ਗੁਰੂ ਨਾ ਮੇਟੇ ਪੰਧ, ਪਾਂਧੀ ਨਜ਼ਰ ਕੋਇ ਨਾ ਆਇੰਦਾ । ਦੀਪਕ ਦੀਆ ਚੜ੍ਹਿਆ ਚੰਦ, ਨੂਰ ਆਪਣਾ ਆਪ ਚਮਕਾਇੰਦਾ । ਪਾਰਬ੍ਰਹਮ ਮਿਲੇ ਨਾ ਕੋਇ ਅਨੰਦ, ਅਨੰਦ ਅਨੰਦ ਨਾ ਕੋਇ ਵਖਾਇੰਦਾ । ਏਕਾ ਢੋਲਾ ਗਾਏ ਛੰਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਲਖ ਨਿਰੰਜਣ ਅਲਖ ਨਿਰੰਜਣ ਅਲਖ ਅਲਖ ਇਕੋ ਗਾਇੰਦਾ । ਚਰਪਟ ਗਾਏ ਅਲਖ ਨਿਰੰਜਣ, ਅਲਖ ਮਿਲੇ ਵਡਿਆਈਆ । ਦਾਤਾ ਦਾਨੀ ਦਰਦ ਦੁਖ ਭੈ ਭੰਜਣ, ਭੇਵ ਅਭੇਦਾ ਦਏ ਜਣਾਈਆ । ਬਾਹਰ ਮਿਲੇ ਨਾ ਕੋਇ ਸੱਜਣ, ਅੰਦਰ ਵਸੇ ਸੱਚਾ ਸਾਈਂਆ । ਜੰਗਲ ਜੂਹ ਉਜਾੜ ਪਹਾੜ ਉਚੇ ਟਿਲੇ ਜਿਸ ਨੂੰ ਲੱਭਣ, ਪਰਬਤ ਚੋਟੀ ਫੇਰਾ ਪਾਈਆ । ਸੋ ਗ੍ਰਿਹਿ ਆਤਮ ਕਰਾਏ ਆਪਣਾ ਮਜਨ, ਦੁਰਮਤ ਮੈਲ ਧੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਚਰਪਟ ਵੇਖ ਮਾਰ ਧਿਆਨ, ਪੂਰਬ ਹਰਿ ਜਣਾਇੰਦਾ । ਰਾਮ ਰਾਮਦਾਸ ਹੋ ਮਿਹਰਵਾਨ, ਮਿਹਰ ਨਜ਼ਰ ਇਕ ਉਠਾਇੰਦਾ । ਬ੍ਰਹਿਮਣ ਆਪਣਾ ਬ੍ਰਹਮ ਪਹਿਚਾਣ, ਪਾਰਬ੍ਰਹਮ ਸਮਝਾਇੰਦਾ । ਗੰਗਾ ਗਹਿਰ ਮਾਰ ਧਿਆਨ, ਕਸੀਰਾ ਨਜ਼ਰ ਕੋਇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭੇਵ ਅਭੇਦਾ ਆਪ ਜਣਾਇੰਦਾ । ਚਰਪਟ ਕਹੇ ਕੋਈ ਨਾ ਅੱਖ, ਨੈਣ ਨਜ਼ਰ ਕੋਇ ਨਾ ਆਈਆ । ਕਰ ਕਿਰਪਾ ਪ੍ਰਭ ਪਿਛਲਾ ਮਾਰਗ ਦੱਸ, ਭੇਵ ਅਭੇਦ ਜਣਾਈਆ । ਕਵਣ ਦਵਾਰ ਕਵਣ ਕੂਟ ਕਵਣ ਘਾਟ ਗੰਗਾ ਗਿਆ ਨੱਠ, ਕਵਣ ਵੇਸ ਵਟਾਈਆ । ਕਵਣ ਕਸੀਰਾ ਦਿਤਾ ਸੱਟ, ਡੂੰਘੀ ਧਾਰ ਵਹਾਈਆ । ਕਵਣ ਖੇਲ ਕਰੇ ਪਰਗਟ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭੇਵ ਅਭੇਦ ਜਣਾਈਆ । ਚਰਪਟ ਚੁੱਕ ਆਪਣੀ ਫੂੜੀ, ਸੋ ਸਾਹਿਬ ਆਪ ਜਣਾਇੰਦਾ । ਨੀਚੇ ਵੇਖ ਚਰਨ ਧੂੜੀ, ਸ੍ਰੀ ਭਗਵਾਨ ਆਪ ਟਿਕਾਇੰਦਾ । ਹੋਏ ਗਿਆਨ ਮੂਰਖ ਮੂੜ੍ਹੀ, ਅਗਿਆਨ ਅੰਧੇਰ ਮਿਟਾਇੰਦਾ । ਦਰਸ਼ਨ ਆਏ ਇਕੋ ਨੂਰੀ, ਪੂਰਬ ਲਹਿਣਾ ਜਣਾਇੰਦਾ । ਕਿਸੇ ਕੰਮ ਨਾ ਆਈ ਕਫ਼ਨੀ ਭੂਰੀ, ਸਾਚਾ ਜੋਗ ਨਾ ਕੋਇ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚਾ ਮੰਗ ਮੰਗਾਇੰਦਾ । ਚਰਪਟ ਕਰੇ ਇਕ ਅਰਦਾਸ, ਬੇਨੰਤੀ ਸਚ ਸੁਣਾਈਆ । ਪੂਰਬ ਲੇਖ ਤੇਰੇ ਹਾਥ, ਅੱਗੇ ਮਾਰਗ ਆਪਣਾ ਲਾਈਆ । ਮੈਂ ਫਿਰ ਫਿਰ ਥੱਕਾ ਉਪਰ ਕੈਲਾਸ਼, ਸ਼ੰਕਰ ਨੂਰ ਨਾ ਕੋਇ ਰੁਸ਼ਨਾਈਆ । ਗੋਰਖ ਟਿੱਲੇ ਉਤੇ ਹੋਇਆ ਉਦਾਸ, ਰਿਧੀ ਸਿਧੀ ਦਏ ਦੁਹਾਈਆ । ਮੈਂ ਧੂਣੀ ਲਾਈ ਆਗ, ਲਕੜੀ ਬਾਲਣ ਨਾਲ ਮਿਲਾਈਆ । ਮੇਰੇ ਅੰਦਰ ਨਾ ਜਗਿਆ ਚਿਰਾਗ਼, ਜੋਤੀ ਨੂਰ ਨਾ

ਕੋਇ ਰੁਸ਼ਨਾਈਆ । ਇਕੋ ਸੁਣਿਆ ਨਿੱਕਾ ਜਿਹਾ ਨਾਦ, ਧੁਨ ਨਿੱਕੀ ਨਿੱਕੀ ਉਪਜਾਈਆ । ਬਿਨ ਰਸਨਾ ਆਇਆ ਸੁਆਦ, ਰਸ ਮਿਠਾ ਬੇਪਰਵਾਹੀਆ । ਸੁਨ ਸਮਾਧ ਹੋਇਆ ਵਿਸਮਾਦ, ਧਿਆਨ ਧਿਆਨ ਵਿਚ ਲਗਾਈਆ । ਪ੍ਰਭ ਆਪਣਾ ਸਾਜਣ ਸਾਜ, ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਚਾ ਲਹਿਣ ਦੇ ਮੁਕਾਈਆ । ਸੁਣ ਚਰਪਟ ਗੰਗਾ ਰਾਮ, ਗਹਿਰ ਗੰਭੀਰ ਜਣਾਇੰਦਾ । ਨਾਵੇਂ ਜਾਮੇ ਪੂਰਾ ਕਾਮ, ਨੱਯਾ ਨੌਕਾ ਨਾਮ ਚੜ੍ਹਾਇੰਦਾ । ਪਰਗਟ ਹੋਏ ਸ੍ਰੀ ਭਗਵਾਨ, ਭਗਵਨ ਆਪਣਾ ਫੇਰਾ ਪਾਇੰਦਾ । ਪੂਰਬ ਲੇਖਾ ਵੇਖੇ ਆਣ, ਭੇਵ ਅਭੇਦਾ ਆਪ ਚੁਕਾਇੰਦਾ । ਨਿਰਗੁਣ ਸਰਗੁਣ ਕਰ ਪਰਵਾਨ, ਸਾਰੰਗ ਧਰ ਭਗਵਾਨ ਬੀਠਲੋ ਆਪਣਾ ਰੰਗ ਰੰਗਾਇੰਦਾ । ਧੂਆਂਧਾਰ ਨਾ ਪਵਣ ਮਸਾਣ, ਅਗਨੀ ਹਵਨ ਨਾ ਕੋਇ ਕਰਾਇੰਦਾ । ਚਲ ਕੇ ਆਏ ਵਡ ਮਿਹਰਵਾਨ, ਬੇਪਰਵਾਹੀ ਫੇਰਾ ਪਾਇੰਦਾ । ਤੇਰੀ ਧੂੜੀ ਖ਼ਾਕ ਕਰੇ ਪਰਵਾਨ, ਮਿਹਰ ਨਜ਼ਰ ਇਕ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਰਪਟ ਦੇਵੇ ਇਕੋ ਵਰ, ਸਿੰਘ ਤਾਰਾ ਲਗਾਏ ਜੜ੍ਹ, ਨਾ ਚੋਟੀ ਨਾ ਦਿਸੇ ਜੜ, ਬੂਟੀ ਆਪਣੇ ਨਾਮ ਸੁੰਘਾਇੰਦਾ । ਬੂਟੀ ਸੁਲਫ਼ਾ ਨਾ ਲਾਏ ਸੂਟਾ, ਚਿਲਮ ਹੱਥ ਨਾ ਕੋਇ ਉਠਾਈਆ । ਨਾ ਖਪਰੀ ਨਾ ਕੋਇ ਠੂਠਾ, ਪਿਆਲਾ ਸੰਗ ਨਾ ਕੋਇ ਜਣਾਈਆ । ਨਾ ਛੱਪਰੀ ਨਾ ਕੋਇ ਬੂਟਾ, ਨਾ ਮੰਦਰ ਵਡਿਆਈਆ । ਸਾਹਿਬ ਸਤਿਗੁਰ ਜਾਨਣਹਾਰ ਇਕੋ ਪਹੁੰਚਾ, ਪਿਛਲਾ ਲੇਖ ਚੁਕਾਈਆ । ਮਾਣਸ ਜਨਮ ਮਿਲਿਆ ਪ੍ਰਭ ਮੇਲ ਮਿਲਾਇਆ ਨਾਲ ਸ਼ੌਕਾ, ਸੰਸਾ ਰੋਗ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਧਰਨੀ ਕਹੇ ਚਰਪਟ ਨਾਥ, ਚਰਪਟ ਕਹੇ ਧਰਨੀ ਮਾਤ, ਜਿਸ ਘਰ ਪ੍ਰਭ ਜੂ ਫੇਰਾ ਪਾਈਆ । ਗੰਗਾ ਰਾਮ ਨਬੇੜਾ ਚੁਮਾਰ ਰਵਦਾਸ, ਲੇਖਾ ਹੱਥੋ ਹੱਥੀ ਮੁਕਾਈਆ । ਅੱਗੇ ਵਸਣਾ ਪ੍ਰਭ ਦੇ ਸਾਥ, ਪਿਛਲਾ ਦੁਖ ਰਹੇ ਨਾ ਰਾਈਆ । ਕਹਿਣ ਸੁਣਨ ਦੀ ਨਹੀਂ ਬਾਤ, ਜੋ ਕਰਨੀ ਸੋ ਕਰ ਵਖਾਈਆ । ਦੋਵੇਂ ਪੁੱਜੇ ਏਕਾ ਘਾਟ, ਗੁਰ ਚੇਲਾ ਰੂਪ ਧਰਾਈਆ । ਮਿਲੀ ਵਡਿਆਈ ਲੋਕਮਾਤ, ਮਧ ਮਾਧਵ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਲੇਖਾ ਬਿਨ ਲੇਖਿਉਂ ਲੇਖੇ ਪਾਈਆ ।



## ★ ੧੩ ਜੇਠ ੨੦੨੦ ਬਿਕ੍ਰਮੀ ਰਾਮ ਲਾਲ ਦੇ ਗ੍ਰਿਹ ਪਿੰਡ ਸਰਦਾਰੀ ਜੰਮੂ ★

ਸਾਚੇ ਤਖ਼ਤ ਬੈਠ ਨਿਰੰਕਾਰ, ਹਰਿ ਸਾਚੀ ਕਾਰ ਕਮਾਇੰਦਾ । ਸ਼ਬਦ ਦੁਲਾਰਾ ਪਹਿਰੇਦਾਰ, ਚੋਬਦਾਰ ਇਕੋ ਨਜ਼ਰੀ ਆਇੰਦਾ । ਧੁਰ ਫ਼ਰਮਾਨਾ ਬੋਲ ਜੈਕਾਰ, ਨਾਮ ਨਗਾਰਾ ਇਕ ਲਗਾਇੰਦਾ । ਸਚਖੰਡ ਦਵਾਰਾ ਖੋਲ੍ਹ ਕਿਵਾੜ ਥਿਰ ਘਰ ਆਪਣਾ ਪਰਦਾ ਲਾਹਿੰਦਾ । ਕਰੇ ਖੇਲ ਅਗੰਮ ਅਪਾਰ, ਅਲਖ ਅਗੋਚਰ ਕਾਰ ਕਮਾਇੰਦਾ । ਸੋ ਪੁਰਖ ਨਿਰੰਜਣ ਹੋ ਤਿਆਰ, ਹਰਿ ਪੁਰਖ ਨਿਰੰਜਣ ਮੇਲ ਮਿਲਾਇੰਦਾ । ਏਕੰਕਾਰਾ ਸਾਂਝਾ ਯਾਰ, ਆਦਿ ਨਿਰੰਜਣ ਡਗਮਗਾਇੰਦਾ । ਸ੍ਰੀ ਭਗਵਾਨ ਪਾਵੇ ਸਾਰ, ਅਬਿਨਾਸ਼ੀ ਕਰਤਾ ਵੇਸ ਵਟਾਇੰਦਾ । ਪਾਰਬ੍ਰਹਮ ਪ੍ਰਭ ਦਏ ਹੁਲਾਰ, ਸਚ ਹੁਲਾਰਾ ਇਕ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੇ ਤਖ਼ਤ ਸੋਭਾ ਪਾਇੰਦਾ । ਸਾਚੇ ਤਖ਼ਤ ਚੜ੍ਹ ਸੁਲਤਾਨ, ਸ਼ਾਹ ਪਾਤਸ਼ਾਹ

ਦਇਆ ਕਮਾਈਆ । ਆਦਿ ਜੁਗਾਦੀ ਹੁਕਮਰਾਨ, ਨਰ ਨਿਰੰਕਾਰਾ ਨਜ਼ਰੀ ਆਈਆ । ਸੁਤ ਦੁਲਾਰਾ ਕਰ ਪਰਵਾਨ, ਗੁਰ ਸ਼ਬਦੀ ਦੇਵਣਹਾਰ ਵਡਿਆਈਆ । ਜੋਤੀ ਜਾਤਾ ਖੇਲ ਮਹਾਨ, ਜਾਗਰਤ ਜੋਤ ਕਰੇ ਰੁਸ਼ਨਾਈਆ । ਮੁਕਾਮੇ ਹੱਕ ਹੋ ਪਰਧਾਨ, ਪਰਵਰਦਿਗਾਰ ਨੂਰ ਇਲਾਹੀਆ । ਸਾਚੇ ਤਖ਼ਤ ਨੌਜਵਾਨ, ਨਿਰਗੁਣ ਨਿਰੰਕਾਰ ਡੇਰਾ ਲਾਈਆ । ਖ਼ਾਲਕ ਖੇਲ ਕਰੇ ਮਹਾਨ, ਭੇਵ ਅਭੇਦਾ ਦਏ ਜਣਾਈਆ । ਬ੍ਰਹਿਮੰਡ ਖੰਡ ਲੋਅ ਪੁਰੀ ਵੇਖੇ ਮਾਰ ਧਿਆਨ, ਨੇਤਰ ਨੈਣ ਨੈਣ ਖੁਲ੍ਹਾਈਆ । ਸਤਿ ਸਰੂਪੀ ਦੇ ਗਿਆਨ, ਬੋਧ ਅਗਾਧ ਕਰੇ ਪੜ੍ਹਾਈਆ । ਵਿਸ਼ਨੂੰ ਉਠ ਕਰ ਪਹਿਚਾਨ, ਨੇਤਰ ਨੈਣ ਖੁਲ੍ਹਾਈਆ । ਲੇਖਾ ਜਾਣ ਦੋ ਜਹਾਨ, ਬ੍ਰਹਮਵੇਤਾ ਆਪ ਜਗਾਈਆ । ਸ਼ੰਕਰ ਕਰਨਹਾਰ ਕਲਿਆਣ, ਧੁਰ ਦੀ ਧਾਰ ਸਮਝਾਈਆ । ਵਸਣਹਾਰਾ ਸਚ ਮਕਾਨ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਦਰਬਾਰਾ ਦਏ ਵਡਿਆਈਆ । ਸਚ ਦਰਬਾਰੇ ਆਪੇ ਚੜ੍ਹ, ਸੋ ਪੁਰਖ ਨਿਰੰਜਣ ਸੋਭਾ ਪਾਇੰਦਾ । ਸਚਖੰਡ ਮਹੱਲੇ ਆਪੇ ਖੜ, ਬੇਪਰਵਾਹ ਨਜ਼ਰੀ ਆਇੰਦਾ । ਕਰਤਾ ਪੁਰਖ ਕਰਨੀ ਕਰ, ਕਰਨੀ ਆਪਣੇ ਹੱਥ ਰਖਾਇੰਦਾ । ਦੇਵਣਹਾਰਾ ਸਾਚਾ ਵਰ, ਵਰ ਦਾਤਾ ਭੇਵ ਚੁਕਾਇੰਦਾ । ਨਿਰਭੌ ਹੋ ਕੇ ਦੇਵੇ ਡਰ, ਭਿਆਨਕ ਰੂਪ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਰਬਾਰਾ ਇਕ ਵਖਾਇੰਦਾ । ਸਚ ਦਰਬਾਰਾ ਲੱਗਾ ਏਕ, ਏਕੰਕਾਰਾ ਆਪ ਲਗਾਈਆ । ਆਦਿ ਜੁਗਾਦੀ ਸਾਚੀ ਟੇਕ, ਜੁਗ ਚੌਕੜੀ ਹੁਕਮ ਮਨਾਈਆ । ਵਿਸ਼ਨ ਬ੍ਰਹਮਾ ਸ਼ਿਵ ਵੇਖ, ਬਿਨ ਨੇਤਰ ਨੈਣ ਖੁਲ੍ਹਾਈਆ । ਨਰ ਨਿਰੰਕਾਰ ਕਰ ਕਰ ਭੇਖ, ਭੇਖਾਧਾਰੀ ਭੇਵ ਜਣਾਈਆ । ਲਿਖਣਹਾਰਾ ਸਾਚਾ ਲੇਖ, ਲੇਖਾ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਰਬਾਰ ਇਕ ਬਣਾਈਆ । ਸਚ ਦਰਬਾਰ ਸਚ ਦਵਾਰੇ, ਸ੍ਰੀ ਭਗਵਾਨ ਆਪ ਲਗਾਇੰਦਾ । ਨਿਰਗੁਣ ਨੂਰ ਜੋਤ ਕਰ ਉਜਿਆਰੇ, ਨੂਰ ਨੂਰਾਨਾ ਡਗਮਗਾਇੰਦਾ । ਨਾ ਕੋਈ ਦੂਸਰ ਮੀਤ ਮੁਰਾਰੇ, ਸਗਲਾ ਸੰਗ ਨਾ ਕੋਇ ਰਖਾਇੰਦਾ । ਦੀਆ ਬਾਤੀ ਨਾ ਕੋਇ ਉਜਿਆਰੇ, ਸੂਰਜ ਚੰਦ ਨਾ ਕੋਇ ਚਮਕਾਇੰਦਾ । ਜ਼ਿਮੀਂ ਅਸਮਾਨ ਨਾ ਕੋਇ ਅਖਾੜੇ, ਮੰਡਲ ਮੰਡਪ ਨਾ ਕੋਇ ਵਡਿਆਇੰਦਾ । ਕਰੇ ਖੇਲ ਅਗੰਮ ਅਪਾਰੇ, ਨਿਰਗੁਣ ਆਪਣੀ ਕਾਰ ਕਮਾਇੰਦਾ । ਕਾਗਦ ਕਲਮ ਨਾ ਲਿਖਣਹਾਰੇ, ਲੇਖਾ ਲਿਖ ਨਾ ਕੋਇ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸਾ ਇਕ ਅਲਾਇੰਦਾ । ਧੁਰ ਸੰਦੇਸਾ ਨਰ ਨਰੇਸ਼, ਨਰ ਨਰਾਇਣ ਆਪ ਜਣਾਈਆ । ਦਰ ਦਰਵੇਸ਼ ਵਿਸ਼ਨ ਬ੍ਰਹਮ ਮਹੇਸ਼, ਸ਼ੰਕਰ ਆਪੇ ਕਾਰੇ ਲਾਈਆ । ਨਿਰਵੈਰ ਹੋ ਕੇ ਰਿਹਾ ਵੇਖ, ਅਨਭਵ ਅਪਣੀ ਖੇਲ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਰਬਾਰੇ ਆਪੇ ਖੜ, ਨਿਰਗੁਣ ਕੁੰਡਾ ਇਕੋ ਲਾਹੀਆ । ਸਚ ਦਵਾਰਾ ਆਪੇ ਖੋਲ੍ਹ, ਸੋ ਪੁਰਖ ਨਿਰੰਜਣ ਵੇਖ ਵਖਾਇੰਦਾ । ਬੋਧ ਅਗਾਧਾ ਬੋਲੇ ਬੋਲ, ਰਸਨਾ ਜਿਹਵਾ ਨਾ ਕੋਇ ਹਿਲਾਇੰਦਾ । ਅਗੰਮ ਅਥਾਹ ਤੋਲੇ ਤੋਲ, ਸਾਚਾ ਕੰਡਾ ਹੱਥ ਉਠਾਇੰਦਾ । ਸਚਖੰਡ ਦਵਾਰੇ ਬੈਠ ਅਡੋਲ, ਅਡੁਲ ਆਪਣੀ ਕਾਰ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਬਦ ਵਣਜਾਰਾ ਖੇਲ ਨਿਆਰਾ ਸਾਚਾ ਹੱਟ ਚਲਾਇੰਦਾ । ਸਚਖੰਡ ਦਵਾਰਾ ਸਾਚਾ ਹੱਟ, ਸੋ ਸਤਿਗੁਰ ਆਪ ਚਲਾਈਆ । ਨਿਰਗੁਣ ਨਿਰਵੈਰ ਹੋ ਪਰਗਟ, ਜੋਤੀ ਜਾਤਾ ਨੂਰ ਧਰਾਈਆ । ਕਰੇ ਖੇਲ ਪੁਰਖ ਸਮਰਥ, ਮਹਿਮਾ ਅਕਥ ਰਿਹਾ ਜਣਾਈਆ । ਰਥ ਰਥਵਾਹੀ ਚਲਾਏ ਰਥ, ਬਣ


Rev-01

੫੬੯ ੧੪

ਸੇਵਕ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰ ਉਚ ਅਟੱਲਾ ਨਿਹਚਲ ਧਾਮ ਦਏ ਵਡਿਆਈਆ । ਨਿਹਚਲ ਧਾਮ ਏਕਾ ਰਾਮ, ਨਿਰਗੁਣ ਨਿਰਗੁਣ ਨਜ਼ਰੀ ਆਇੰਦਾ । ਸਚਖੰਡ ਨਿਵਾਸੀ ਨੌਜਵਾਨ, ਬਿਰਧ ਬਾਲ ਨਾ ਰੂਪ ਵਟਾਇੰਦਾ । ਨਿਰਗੁਣ ਹੋ ਕੇ ਕਰੇ ਕਾਮ, ਨਿਹਕਰਮੀ ਆਪਣਾ ਕਰਮ ਕਮਾਇੰਦਾ । ਸਾਚਾ ਨਾਉਂ ਕਰ ਪਰਧਾਨ, ਨਾਉਂ ਨਿਰੰਕਾਰਾ ਵਡ ਵਡਿਆਇੰਦਾ । ਲੇਖਾ ਜਾਣ ਦੋ ਜਹਾਨ, ਸਾਚੀ ਕਾਰ ਆਪ ਕਰਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਦੇ ਗਿਆਨ, ਤੇਰਾ ਮੇਰਾ ਮੇਰਾ ਤੇਰਾ ਆਪਣਾ ਪਰਦਾ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਮੰਡਲ ਮੰਡਪ ਪਾਵੇ ਰਾਸੀ, ਨਿਰਗੁਣ ਗੋਪੀ ਨਿਰਗੁਣ ਕਾਹਨ ਨਿਰਗੁਣ ਵਸੇ ਸਚ ਮਕਾਨ, ਸਚ ਦਵਾਰਾ ਇਕ ਸੁਹਾਇੰਦਾ । ਸਚ ਦਵਾਰਾ ਸੋਭਾਵੰਤ, ਸ੍ਰੀ ਭਗਵਾਨ ਆਪ ਸੁਹਾਈਆ । ਆਦਿ ਜੁਗਾਦਿ ਮਹਿਮਾ ਅਗਣਤ, ਆਦਿ ਸ਼ਕਤ ਨੂਰ ਵਖਾਈਆ । ਆਦਿ ਜੁਗਾਦੀ ਜੁਗ ਚੌਕੜੀ ਨਾਰ ਕੰਤ, ਕੰਤ ਕੰਤੂਹਲ ਸੇਜ ਹੰਡਾਈਆ । ਨਮੋ ਨਮੋ ਨਮੋ ਮਣੀਆਂ ਮੰਤ, ਵਾਸਦੇਵ ਦੇਵ ਆਤਮਾ ਭੇਵ ਚੁਕਾਈਆ । ਕਰੇ ਖੇਲ ਸ੍ਰੀ ਭਗਵੰਤ, ਭਗਵਨ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਮਹੱਲ ਉਚ ਮਨਾਰ ਨਿਰਗੁਣ ਜੋਤ ਕਰ ਉਜਿਆਰ, ਦਰ ਘਰ ਸਾਚੇ ਸੋਭਾ ਪਾਈਆ । ਦਰ ਘਰ ਸਾਚਾ ਇਕ ਸੁਹੰਜਣਾ, ਸੋਭਾਵੰਤ ਆਪ ਸੁਹਾਇੰਦਾ । ਦੀਨਾਂ ਨਾਥ ਦਰਦ ਦੁਖ ਭੈ ਭੰਜਨਾ, ਬੇਪਰਵਾਹ ਆਸਣ ਲਾਇੰਦਾ । ਆਦਿ ਜੁਗਾਦਿ ਜੁਗ ਚੌਕੜੀ ਨਾ ਘੜਿਆ ਨਾ ਭੱਜਣਾ, ਜਨਮ ਮਰਨ ਵਿਚ ਕਦੇ ਨਾ ਆਇੰਦਾ । ਸਦਾ ਸੁਹੇਲਾ ਇਕੋ ਸੱਜਣਾ, ਸਦ ਸਦ ਆਪਣਾ ਰੰਗ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਿੰਘਾਸਣ ਇਕ ਵਡਿਆਇੰਦਾ । ਸਚ ਸਿੰਘਾਸਣ ਸਿੰਘ ਰੂਪ, ਸਤਿ ਸਤਿਵਾਦੀ ਆਪ ਸੁਹਾਈਆ । ਸਾਚਾ ਰਾਣਾ ਸ਼ਾਹੋ ਭੂਪ, ਭੂਪਤ ਇਕੋ ਡੇਰਾ ਲਾਈਆ । ਰੰਗ ਰੂਪ ਨਾ ਕੋਈ ਰੇਖ, ਭੇਖ ਨਜ਼ਰ ਕਿਸੇ ਨਾ ਆਈਆ । ਵਸਣਹਾਰਾ ਸਾਚੇ ਦੇਸ, ਦੇਸ ਸੁਹੰਜਣਾ ਇਕ ਵਖਾਈਆ । ਨਿਰਗੁਣ ਨੂਰ ਜੋਤ ਪਰਵੇਸ਼, ਕਾਇਆ ਤੱਤ ਨਾ ਕੋਇ ਬਣਾਈਆ । ਸ਼ਬਦ ਅਗੰਮ ਸਚ ਸੰਦੇਸ, ਵਿਸ਼ਨ ਬ੍ਰਹਮਾ ਸ਼ਿਵ ਕਰੇ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦਰ ਦਰਵਾਜ਼ਾ ਗ਼ਰੀਬ ਨਿਵਾਜਾ ਇਕੋ ਇਕ ਖੁਲ੍ਹਾਈਆ । ਦਰ ਦਰਵਾਜ਼ਾ ਖੋਲ੍ਹਣਹਾਰਾ, ਹਰਿ ਹਰਿ ਆਪਣੀ ਕਾਰ ਕਮਾਇੰਦਾ । ਦੇਵਣਹਾਰਾ ਸਚ ਭੰਡਾਰਾ, ਨਾਮ ਅਮੋਲਕ ਵਿਸ਼ਨੂੰ ਝੋਲੀ ਪਾਇੰਦਾ । ਪਾਰਬ੍ਰਹਮ ਬ੍ਰਹਮ ਕਰ ਪਸਾਰਾ, ਬ੍ਰਹਮਵੇਤਾ ਵੇਖ ਵਖਾਇੰਦਾ । ਸ਼ੰਕਰ ਸ਼ੰਕਰ ਇਕ ਹੁਲਾਰਾ, ਹੱਥ ਤਰਸੂਲ ਵਖਾਇੰਦਾ । ਤਿੰਨਾਂ ਵਿਚੋਲਾ ਨਿਰਗੁਣ ਨਿਰੰਕਾਰਾ, ਸਾਚੀ ਕਾਰੇ ਆਪੇ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਭੰਡਾਰਾ ਆਪ ਭਰਾਇੰਦਾ । ਸਚ ਭੰਡਾਰ ਕਰ ਭਰਪੂਰ, ਭਰਪੂਰੀ ਦਇਆ ਕਮਾਈਆ । ਸਾਹਿਬ ਸੁਹੇਲਾ ਸਦਾ ਹਜ਼ੂਰ, ਹਜ਼ਰਤ ਆਪਣੀ ਕਾਰ ਕਮਾਈਆ । ਵਸਣਹਾਰਾ ਨੇੜੇ ਦੂਰ, ਦੂਰ ਦੁਰਾਡਾ ਪੰਧ ਮੁਕਾਈਆ । ਆਸਾ ਮਨਸਾ ਕਰੇ ਪੂਰ, ਤ੍ਰਿਸਨਾ ਅਵਰ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਰਬਾਰ ਇਕ ਸੁਹਾਈਆ । ਸਚ ਦਰਬਾਰ ਲੱਗਾ ਸਚਖੰਡ, ਸੋ ਸਾਹਿਬ ਆਪ ਲਗਾਇੰਦਾ । ਵੇਖਣਹਾਰ ਕੋਟ ਬ੍ਰਹਿਮੰਡ, ਬ੍ਰਹਿਮਾਂਡ

ਪਰਦਾ ਲਾਹਿੰਦਾ । ਨਿਰਗੁਣ ਨੂਰ ਉਜਾਲਾ ਚੰਦ, ਚੰਦ ਚਾਂਦਨਾ ਆਪ ਚਮਕਾਇੰਦਾ । ਸਾਹਿਬ ਦਿਆਲ ਸਦਾ ਬਖ਼ਸ਼ੰਦ, ਨਿਰਗੁਣ ਆਪਣੀ ਕਾਰ ਕਮਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਪਾਏ ਵੰਡ, ਤ੍ਰੈਗੁਣ ਨਾਤਾ ਜੋੜ ਜੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰਜੋ ਤਮੋ ਸਤੋ ਵੇਸ ਵਟਾਇੰਦਾ । ਰਜੋ ਤਮੋ ਸਤੋ ਚਾੜ੍ਹੇ ਰੰਗ, ਰੰਗ ਰੰਗੀਲਾ ਬੇਪਰਵਾਹੀਆ । ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਪੰਜ ਤੱਤ ਪਾਏ ਗੰਢ, ਗੰਢਣਹਾਰ ਵਡ ਵਡਿਆਈਆ । ਦੇਵਣਹਾਰਾ ਸਾਚੀ ਮਤ, ਸਿਖਿਆ ਇਕੋ ਇਕ ਪੜ੍ਹਾਈਆ । ਧਾਰ ਜਾਣ ਪੁਰਖ ਸਮਰਥ, ਨਿਰਗੁਣ ਸਰਗੁਣ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਰਬਾਰੇ ਇਕੋ ਹੁਕਮ ਮਨਾਈਆ । ਆਪਣਾ ਹੁਕਮ ਧੁਰ ਦਰਬਾਰ, ਧੁਰ ਦਰਬਾਰੀ ਆਪ ਜਣਾਇੰਦਾ । ਲੱਖ ਚੁਰਾਸੀ ਕਰ ਤਿਆਰ, ਨਿਰਗੁਣ ਸਰਗੁਣ ਵੰਡ ਵੰਡਾਇੰਦਾ । ਆਤਮ ਪਰਮਾਤਮ ਦੇ ਆਧਾਰ, ਬ੍ਰਹਮ ਪਾਰਬ੍ਰਹਮ ਵੇਖ ਵਖਾਇੰਦਾ । ਈਸ਼ ਜੀਵ ਕਰ ਪਿਆਰ, ਜਗਦੀਸ ਬੰਧਨ ਪਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਖੋਲ੍ਹ ਕਿਵਾੜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰੇ ਖਾਣੀ ਚਾਰੇ ਬਾਣੀ ਚਾਰੇ ਯੁਗ ਵੰਡ ਵੰਡਾਇੰਦਾ । ਚਾਰੇ ਖਾਣੀ ਕਰ ਵਿਚਾਰ, ਅੰਡਜ ਜੇਰਜ ਉਤਭੁਜ ਸੇਤਜ ਵੰਡ ਵੰਡਾਈਆ । ਚਾਰੇ ਬਾਣੀ ਬੋਲ ਜੈਕਾਰ, ਪਰਾ ਪਸੰਤੀ ਮਧਮ ਬੈਖਰੀ ਰਾਗ ਅਲਾਈਆ । ਚਾਰੇ ਵੇਦਾਂ ਦੇ ਆਧਾਰ, ਚਾਰੇ ਮੁਖ ਸਿਫ਼ਤ ਸਾਲਾਹੀਆ । ਚਾਰੇ ਯੁਗ ਖ਼ਬਰਦਾਰ, ਚਾਰ ਵਰਨ ਜੋੜ ਜੁੜਾਈਆ । ਚਾਰੇ ਕੁੰਟ ਬੋਲ ਜੈਕਾਰ, ਚੌਥੇ ਪਦ ਰਾਗ ਸੁਣਾਈਆ । ਚਾਰ ਯਾਰੀ ਮੀਤ ਮੁਰਾਰ, ਨਿਰਗੁਣ ਸਰਗੁਣ ਸੰਗ ਨਿਭਾਈਆ । ਲੱਖ ਚੁਰਾਸੀ ਦੇ ਆਧਾਰ, ਜੋਤੀ ਜੋਤ ਕਰੇ ਰੁਸ਼ਨਾਈਆ । ਪੰਜ ਤੱਤ ਵੇਖ ਅਖਾੜ, ਨਿਰਗੁਣ ਸਰਗੁਣ ਨਾਚ ਨਚਾਈਆ । ਖੇਲੇ ਖੇਲ ਬਹੱਤਰ ਨਾੜ, ਤਿੰਨ ਸੋ ਸੱਠ ਹਾਡੀ ਵੰਡ ਵੰਡਾਈਆ । ਨੌਂ ਦਵਾਰੇ ਖੋਲ੍ਹ ਕਿਵਾੜ, ਆਸਾ ਤ੍ਰਿਸਨਾ ਵਿਚ ਮਿਲਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਕਰ ਖ਼ੁਆਰ, ਮਾਇਆ ਮਮਤਾ ਜੋੜ ਜੁੜਾਈਆ । ਘਰ ਘਰ ਵਿਚ ਕਰ ਤਿਆਰ, ਆਤਮ ਸੇਜਾ ਸੋਭਾ ਪਾਈਆ । ਸ਼ਬਦ ਅਨਾਦ ਸੱਚੀ ਧੁਨਕਾਰ, ਧੁਨ ਆਤਮਕ ਰਾਗ ਅਲਾਈਆ । ਨਿਰਗੁਣ ਜੋਤ ਕਰ ਉਜਿਆਰ, ਦੀਆ ਬਾਤੀ ਇਕ ਰੁਸ਼ਨਾਈਆ । ਕਮਲਾਪਾਤੀ ਮੀਤ ਮੁਰਾਰ, ਘਟ ਘਟ ਬੈਠਾ ਡੇਰਾ ਲਾਈਆ । ਜੁਗ ਜੁਗ ਖੇਲ ਕਰੇ ਕਰਤਾਰ, ਕੁਦਰਤ ਕਾਦਰ ਵੇਖ ਵਖਾਈਆ । ਨਿਰਗੁਣ ਸਰਗੁਣ ਦੇ ਆਧਾਰ, ਨਾਤਾ ਬਿਧਾਤਾ ਜੋੜ ਜੁੜਾਈਆ । ਲੇਖਾ ਜਾਣ ਗੁਰੂ ਅਵਤਾਰ, ਪੀਰ ਪੈਗ਼ੰਬਰ ਆਪਣੀ ਗੰਢ ਪੁਆਈਆ । ਕਲਮਾ ਨਬੀ ਰਸੂਲ ਕਰ ਉਜਿਆਰ, ਨੌਬਤ ਇਕੋ ਨਾਮ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜੁਗ ਚੌਕੜੀ ਵੰਡ ਵੰਡਾਈਆ । ਜੁਗ ਚੌਕੜੀ ਵੰਡ ਅਮੋਲ, ਹਰਿ ਕਰਤਾ ਆਪ ਕਰਾਇੰਦਾ । ਨਿਰਗੁਣ ਸਰਗੁਣ ਤੋਲੇ ਤੋਲ, ਤਰਾਜ਼ੂ ਨਜ਼ਰ ਕਿਸੇ ਨਾ ਆਇੰਦਾ । ਅਨਬੋਲਤ ਰਾਗ ਸਾਚਾ ਬੋਲ, ਸੋਹਲਾ ਢੋਲਾ ਨਿਸ਼ਅੱਖਰ ਵੱਖਰ ਰਾਗ ਅਲਾਇੰਦਾ । ਆਤਮ ਪਰਮਾਤਮ ਲੱਖ ਚੁਰਾਸੀ ਮੌਲ, ਘਟ ਘਟ ਆਪਣਾ ਡੇਰਾ ਲਾਇੰਦਾ । ਅੰਮ੍ਰਿਤ ਸਰੋਵਰ ਭਰਿਆ ਨਾਭ ਕੌਲ, ਨਿਝਰ ਝਿਰਨਾ ਆਪ ਝਿਰਾਇੰਦਾ । ਲੇਖਾ ਜਾਣੇ ਧਰਨੀ ਧਰਤ ਧੌਲ, ਜ਼ਿਮੀ ਅਸਮਾਨਾਂ ਖੋਜ ਖੁਜਾਇੰਦਾ । ਸਤਿ ਸਰੂਪੀ ਜਾਏ ਮੌਲ, ਰੂਪ ਰੰਗ ਰੇਖ ਨਾ ਕੋਇ ਜਣਾਇੰਦਾ । ਨਾਂਉਂ ਰਖਾਏ ਇਲਾਹੀ ਨੂਰ, ਅਵਲ ਆਦਿ ਅੰਤ ਆਪਣੀ ਕਾਰ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰੇ

ਕਰ ਪਸਾਰੇ ਪਰਮ ਪੁਰਖ ਪਰਮਾਤਮ ਆਤਮ ਆਪਣੀ ਧਾਰ ਚਲਾਇੰਦਾ । ਆਤਮ ਪਰਮਾਤਮ ਧਾਰ ਏਕ, ਆਦਿ ਪੁਰਖ ਚਲਾਈਆ । ਨਿਰਗੁਣ ਸਰਗੁਣ ਨੇਤਰ ਪੇਖ, ਨਿਜ ਨੇਤਰ ਦਏ ਦਰਸਾਈਆ । ਪਾਰਬ੍ਰਹਮ ਪ੍ਰਭ ਕਰੇ ਹੇਤ, ਨਿਤ ਨਵਿਤ ਮੇਲ ਮਿਲਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਭੇਜ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਅੱਖਰ ਨਾਮ ਕਰੇ ਪੜ੍ਹਾਈਆ । ਤੇਈ ਅਵਤਾਰ ਮਾਣ ਸੇਜ, ਭਗਤ ਅਠਾਰਾਂ ਰੰਗ ਰੰਗਾਈਆ । ਈਸਾ ਮੂਸਾ ਮੁਹੰਮਦ ਦੇ ਜੋਤੀ ਤੇਜ, ਨੂਰ ਜ਼ਹੂਰ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਨਿਵਾਸੀ ਸਾਚਾ ਹੁਕਮ ਵਰਤਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਭੇਜ, ਅਨਭਵ ਆਪਣੀ ਕਾਰ ਕਮਾਇੰਦਾ । ਆਤਮ ਮਾਣੇ ਸਾਚੀ ਸੇਜ, ਸੇਜ ਸੁਹੰਜਣੀ ਡੇਰਾ ਲਾਇੰਦਾ । ਨਿਰਵੈਰ ਨਿਰੰਕਾਰ ਨਿਰਗੁਣ ਸਰਗੁਣ ਖੇਲੇ ਖੇਲ, ਖ਼ਾਲਕ ਖ਼ਲਕ ਰੂਪ ਵਟਾਇੰਦਾ । ਸੁਰਤੀ ਸ਼ਬਦੀ ਕਰ ਕਰ ਮੇਲ, ਭੇਵ ਅਭੇਦਾ ਆਪ ਜਣਾਇੰਦਾ । ਆਦਿ ਨਿਰੰਜਣ ਚਾੜ੍ਹੇ ਤੇਲ, ਜੋਤ ਨਿਰੰਜਣ ਸਗਨ ਮਨਾਇੰਦਾ । ਅਚਰਜ ਖੇਲੇ ਆਪਣਾ ਖੇਲ, ਜਗਤ ਨੇਤਰ ਨੈਣਾਂ ਨਜ਼ਰ ਕਿਸੇ ਨਾ ਆਇੰਦਾ । ਜੁਗ ਚੌਕੜੀ ਸੱਜਣ ਸੁਹੇਲ, ਸਾਹਿਬ ਸਤਿਗੁਰ ਸੰਗ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਆਪਣੀ ਕਾਰ ਕਮਾਇੰਦਾ । ਜੁਗ ਚੌਕੜੀ ਕਾਰ ਕਰ, ਹਰਿ ਕਰਤਾ ਵੇਖ ਵਖਾਈਆ । ਤੇਈ ਅਵਤਾਰ ਧਰਨੀ ਧਰ, ਧਵਲ ਦਏ ਵਡਿਆਈਆ । ਨਿਰਗੁਣ ਸਰਗੁਣ ਵੇਸ ਅਪਰ, ਅਪਰੰਪਰ ਆਪਣਾ ਭੇਵ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਫ਼ਰਮਾਨਾ ਹੁਕਮ ਮਨਾਈਆ । ਧੁਰ ਫ਼ਰਮਾਨਾ ਦੇਵੇ ਏਕ, ਏਕਾ ਏਕ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਰਖਦੇ ਗਏ ਟੇਕ, ਸ੍ਰੀ ਭਗਵਾਨ ਧਿਆਨ ਲਗਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਲਿਖ ਲਿਖ ਦੇ ਕੇ ਗਏ ਲੇਖ, ਖਾਣੀ ਬਾਣੀ ਸਿਫ਼ਤ ਸਾਲਾਹੀਆ । ਨਰ ਨਿਰੰਕਾਰ ਏਕੰਕਾਰ ਅਕਲ ਕਲ ਧਾਰ ਕਲਕੀ ਅਵਤਾਰ ਪਰਗਟ ਹੋਵੇ ਵਿਚ ਸੰਸਾਰ, ਨਵ ਨੌਂ ਚਾਰ ਨੌਂ ਸੌ ਚੁਰਾਨਵੇ ਚੌਕੜੀ ਯੁਗ ਪੰਧ ਮੁਕਾਈਆ । ਕਰੇ ਖੇਲ ਅਪਰ ਅਪਾਰ, ਜੀਵ ਜੰਤ ਸਾਧ ਸੰਤ ਸਕੇ ਨਾ ਕੋਇ ਵਿਚਾਰ, ਭੇਵ ਅਭੇਦ ਨਾ ਕਿਸੇ ਜਣਾਈਆ । ਰਾਉ ਰੰਕ ਹੋਏ ਬੇਜ਼ਾਰ, ਧੀਰਜ ਧਰੇ ਨਾ ਕੋਇ ਸੰਸਾਰ, ਸਾਂਤਕ ਸਤਿ ਰੂਪ ਨਾ ਕੋਇ ਵਖਾਈਆ । ਚਾਰੋਂ ਕੁੰਟ ਧੂਆਂਧਾਰ, ਸਾਚਾ ਚੰਦ ਨਾ ਕੋਇ ਉਜਿਆਰ, ਨਿਰਗੁਣ ਜੋਤ ਨਾ ਕੋਇ ਰੁਸ਼ਨਾਈਆ । ਨਵ ਖੰਡ ਹਾਹਾਕਾਰ, ਸੱਤ ਦੀਪ ਕਰਨ ਪੁਕਾਰ, ਆਤਮ ਰਸ ਹੱਥ ਕਿਸੇ ਨਾ ਆਈਆ । ਕਾਗ਼ਜ਼ ਕਲਮ ਜਾਏ ਹਾਰ, ਸ਼ਾਹੀ ਕੂਕ ਕਰੇ ਪੁਕਾਰ, ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਨੇਤਰ ਰੋਵੇ ਜ਼ਾਰੋ ਜ਼ਾਰ, ਨੇਤਰ ਨੈਣਾਂ ਨੀਰ ਵਹਾਈਆ । ਲੱਖ ਚੁਰਾਸੀ ਜੀਵ ਜੰਤ ਕੂੜੀ ਕਿਰਿਆ ਹੋਏ ਨਾਰ ਵਿਭਚਾਰ, ਨਰ ਹਰਿ ਨਰਾਇਣ ਕੰਤ ਨਜ਼ਰ ਕਿਸੇ ਨਾ ਆਈਆ । ਧੀਆਂ ਭੈਣਾਂ ਕਰਨ ਵਪਾਰ, ਮੰਦਰ ਮਸਜਦ ਮੱਠ ਸ਼ਿਵਦਵਾਲੇ ਹੋਣ ਖ਼ਵਾਰ, ਸਤਿ ਧਰਮ ਨਜ਼ਰ ਕੋਇ ਨਾ ਆਈਆ । ਤੇਈ ਅਵਤਾਰ ਵੇਖਣ ਵਾਰੋ ਵਾਰ, ਭਗਤ ਅਠਾਰਾਂ ਕਰਨ ਪੁਕਾਰ, ਈਸਾ ਮੂਸਾ ਮੁਹੰਮਦ ਨੇਤਰ ਨੈਣ ਹੋਏ ਸ਼ਰਮਸਾਰ, ਅੱਖ ਪਰਤੱਖ ਨਾ ਕੋਇ ਖੁਲ੍ਹਾਈਆ । ਅੱਲਾ ਰਾਣੀ ਕਰੇ ਗਿਰਿਆ ਜ਼ਾਰ, ਚਾਰੋਂ ਕੁੰਟ ਵੇਖੇ ਨੈਣ ਉਘਾੜ, ਨਜ਼ਰ ਨਾ ਆਏ ਪਰਵਰਦਿਗਾਰ, ਸਾਂਝਾ ਯਾਰ ਰੂਪ ਨਾ ਕੋਇ ਵਟਾਈਆ । ਨਾਨਕ ਗੋਬਿੰਦ ਬਣ ਭਿਖਾਰ, ਮੰਗਣ ਵਰ ਦੇ ਦਾਤਾਰ, ਕਿਰਪਾ ਕਰ ਆਪ ਨਿਰੰਕਾਰ, ਨਿਰਗੁਣ ਆਪਣਾ ਫੇਰਾ ਪਾਈਆ । ਪੀਰ

ਪੈਗ਼ੰਬਰ ਗੁਰ ਅਵਤਾਰ ਆਪਣਾ ਬਲ ਗਿਆ ਹਾਰ, ਲੱਖ ਚੁਰਾਸੀ ਕੋਈ ਨਾ ਸਕੇ ਸੰਭਾਲ, ਲੇਖਾ ਚੁਕੇ ਨਾ ਸ਼ਾਹ ਕੰਗਾਲ, ਗ਼ਰੀਬ ਨਿਮਾਣਿਆਂ ਸਾਰ ਕੋਇ ਨਾ ਪਾਈਆ । ਕੂੜੀ ਕਿਰਿਆ ਵੱਜੇ ਤਾਲ, ਜੂਠ ਝੂਠ ਹੋਇਆ ਦਲਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖੌਣਾ ਸਾਚਾ ਘਰ, ਦਰ ਤੇਰੇ ਆਸ ਲਗਾਈਆ । ਜ਼ਿਮੀਂ ਅਸਮਾਨ ਕਰਨ ਪੁਕਾਰ, ਗਗਨ ਮੰਡਲ ਧਿਆਨ ਲਗਾਈਆ । ਕਲਜੁਗ ਅੰਤ ਚੁਕਿਆ ਨਾ ਜਾਏ ਭਾਰ, ਧਵਲਾ ਹੌਲਾ ਭਾਰ ਨਾ ਕੋਇ ਵਖਾਈਆ । ਸੱਜਣ ਮਿਲੇ ਨਾ ਮੀਤ ਮੁਰਾਰ, ਸਾਕ ਨਜ਼ਰ ਕੋਇ ਨਾ ਆਈਆ । ਗੁਰ ਕਾ ਸ਼ਬਦ ਕੋਈ ਨਾ ਸਕੇ ਵਿਚਾਰ, ਸੁਰਤੀ ਸੀਤਾ ਰਾਮ ਨਾ ਕੋਇ ਮਿਲਾਈਆ । ਰਾਧਾ ਕ੍ਰਿਸ਼ਨ ਨਾ ਕੋਇ ਆਧਾਰ, ਬੰਸਰੀ ਨਾਮ ਨਾ ਕੋਇ ਸੁਣਾਈਆ । ਅੱਲਾ ਰਾਣੀ ਨਾ ਕੋਇ ਵਿਚਾਰ, ਮੀਆਂ ਨਜ਼ਰ ਕਿਸੇ ਨਾ ਆਈਆ । ਮੁਹੰਮਦ ਧਾਹਾਂ ਰਿਹਾ ਮਾਰ, ਚਾਰ ਯਾਰੀ ਪੱਲਾ ਗਈ ਛੁਡਾਈਆ । ਨਾਨਕ ਕੂਕੇ ਕਰੇ ਪੁਕਾਰ, ਚਾਰ ਵਰਨ ਮਿਲੀ ਨਾ ਕੋਇ ਸਰਨਾਈਆ । ਗੋਬਿੰਦ ਕਹੇ ਮੇਰਾ ਕਿਸੇ ਦਰ ਨਾ ਰਿਹਾ ਪਿਆਰ, ਗੁਰਮੁਖ ਰੂਪ ਨਾ ਕੋਇ ਵਟਾਈਆ । ਧੀਆਂ ਭੈਣਾਂ ਤੱਕੇ ਸਰਬ ਸੰਸਾਰ, ਨਿਜ ਨੇਤਰ ਧਿਆਨ ਨਾ ਕੋਇ ਲਗਾਈਆ । ਬਿਨ ਤੇਰੇ ਕੋਈ ਨਾ ਮਦਦਗਾਰ, ਪਾਰਬ੍ਰਹਮ ਪ੍ਰਭ ਤੇਰੀ ਓਟ ਤਕਾਈਆ । ਕਲਜੁਗ ਅੰਤਮ ਪਾ ਸਾਰ, ਮਹਾਂਸਾਰਥੀ ਹੋ ਸਹਾਈਆ । ਸ੍ਰਿਸ਼ਟ ਸਬਾਈ ਹੋਈ ਵਿਭਚਾਰ ਭੈ ਭੌ ਨਾ ਕੋਇ ਜਣਾਈਆ । ਦੀਨ ਮਜ਼੍ਹਬ ਬਣੇ ਗ਼ਦਾਰ, ਘਰ ਘਰ ਪਈ ਲੜਾਈਆ । ਜ਼ਾਤ ਪਾਤ ਕਰੇ ਪੁਕਾਰ, ਊਚ ਨੀਚ ਨਾ ਕੋਇ ਮਿਟਾਈਆ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਕੋਈ ਨਾ ਦਏ ਆਧਾਰ, ਬਰਨ ਅਠਾਰਾਂ ਨਾ ਕੋਇ ਸਮਝਾਈਆ । ਸਾਚਾ ਮੰਦਰ ਦਏ ਨਾ ਕੋਇ ਵਖਾਲ, ਮਸਜਦ ਮੱਠ ਸ਼ਿਵਦਵਾਲੇ ਜੀਵਾਂ ਜੰਤਾਂ ਵੰਡ ਵੰਡਾਈਆ । ਤੂੰ ਸਾਹਿਬ ਸਤਿਗੁਰ ਦੀਨ ਦਿਆਲ, ਤੇਰੇ ਹੱਥ ਕਾਲ ਮਹਾਂਕਾਲ, ਬੇਮਿਸਾਲ ਤੇਰੀ ਸ਼ਰਨਾਈਆ । ਕਲਜੁਗ ਵੇਖ ਅਵਲੱੜੀ ਚਾਲ, ਸੰਤ ਸੁਹੇਲੇ ਸਾਚੇ ਭਾਲ, ਜਿਨ੍ਹਾਂ ਪਿਛੇ ਨਿਭੀ ਤੇਰੇ ਨਾਲ, ਅੱਗੇ ਤੇਰਾ ਧਿਆਨ ਲਗਾਈਆ । ਕਾਇਆ ਮੰਦਰ ਵਖਾ ਸੱਚੀ ਧਰਮਸਾਲ, ਜਲਵਾ ਜੋਤੀ ਨੂਰ ਜਲਾਲ, ਅਨਹਦ ਨਾਦ ਸ਼ਬਦ ਸ਼ਨਵਾਈਆ । ਮਿਲੇ ਵਸਤ ਅਮੋਲਕ ਸੱਚਾ ਧੰਨ ਮਾਲ, ਇਕੋ ਰੰਗ ਸ਼ਾਹ ਕੰਗਾਲ, ਰਾਜ ਰਾਜਾਨ ਨਜ਼ਰ ਕੋਇ ਨਾ ਆਈਆ । ਇਕੋ ਮੰਦਰ ਇਕ ਮਕਾਨ, ਇਕੋ ਵਸਤ ਇਕ ਦੁਕਾਨ, ਇਕੋ ਦੇਵਣਹਾਰ ਮਿਹਰਵਾਨ, ਦਾਤਾ ਇਕੋ ਇਕ ਅਖਵਾਈਆ । ਇਕੋ ਏਕ ਸ੍ਰੀ ਭਗਵਾਨ, ਇਕੋ ਨਾਮ ਤੇਰਾ ਸਚ ਸਚ ਨਿਸ਼ਾਨ, ਇਕੋ ਵਾਲੀ ਦੋ ਜਹਾਨ, ਨਿਰਗੁਣ ਸਰਗੁਣ ਆਪਣੀ ਕਾਰ ਕਮਾਈਆ । ਇਕੋ ਨਾਮ ਤੇਰਾ ਪਰਧਾਨ, ਇਕੋ ਰਸਨਾ ਜਿਹਵ ਗਾਏ ਗਾਨ, ਇਕੋ ਬੱਤੀ ਦੰਦ ਸਿਫ਼ਤ ਸਾਲਾਹੀਆ । ਅੰਤਮ ਸਾਰੇ ਹੋਏ ਹੈਰਾਨ, ਸ਼ਰਅ ਸ਼ਰੀਅਤ ਬੇਈਮਾਨ, ਸਿਦਕ ਸਬੂਰੀ ਨਾ ਕੋਇ ਹੰਡਾਈਆ । ਕਾਇਨਾਤ ਕਰ ਕਲਿਆਣ, ਕਲਮਾ ਨਬੀ ਇਕ ਫ਼ਰਮਾਨ, ਸ਼ਾਹ ਪਾਤਸ਼ਾਹ ਤੇਰੀ ਵਡਿਆਈਆ । ਮਿਹਬਾਨ ਬੀਦੋ ਹੋ ਮਿਹਰਵਾਨ, ਨੂਰ ਇਲਾਹੀ ਸਦ ਪਰਧਾਨ, ਨੌਜਵਾਨ ਫੇਰਾ ਪਾਈਆ । ਰਹਿਮਤ ਕਰ ਸਾਚੇ ਰਾਮ, ਅੰਮ੍ਰਿਤ ਦੇ ਇਕੋ ਜਾਮ, ਪੂਰਨ ਹੋਏ ਅੰਤਰ ਕਾਮ, ਕਾਮਨਾ ਹੋਰ ਰਹੇ ਨਾ ਰਾਈਆ । ਨਜ਼ਰੀ ਆ ਸਾਚੇ ਕਾਹਨ, ਚਮਕੇ ਇਕੋ ਤੇਰਾ ਭਾਨ, ਦੂਜੀ ਰਹੇ ਨਾ ਕੋਇ ਆਣ, ਇਸ਼ਟ ਦੇਵ ਇਕ ਵਖਾਈਆ । ਨਾਨਕ ਗੋਬਿੰਦ ਇਕ ਪਰਨਾਮ, ਪੁਰਖ ਅਕਾਲ ਦੇਵੇ ਗਿਆਨ, ਸ਼ਬਦ ਅਨਾਦੀ ਬੋਧ ਧਿਆਨ, ਅਨਰਾਗੀ ਆਪਣਾ ਰਾਗ ਸੁਣਾਈਆ । ਪ੍ਰਭ ਤੇਰਾ ਸਰਬ ਜਹਾਨ, ਤੂੰ ਸਭ ਦਾ ਸਿਦਕ ਈਮਾਨ, ਘਰ ਘਰ ਤੇਰਾ ਨੂਰ ਰੁਸ਼ਨਾਈਆ ।

੫੭੨
੧੪

ਏਕਾ ਢੋਲਾ ਦੱਸ ਮਿਹਰਵਾਨ, ਬਣ ਵਿਚੋਲਾ ਵਿਚ ਜਹਾਨ, ਗਾ ਸੋਹਲਾ ਬੇਜਵਾਨ, ਜ਼ੇਰ ਜ਼ਬਰ ਨਾ ਕੋਇ ਲਗਾਈਆ । ਪੁਰਖ ਅਬਿਨਾਸ਼ੀ ਹੋ ਮਿਹਰਵਾਨ, ਦੇਵਣਹਾਰਾ ਸਾਚਾ ਦਾਨ, ਸਚਖੰਡ ਦਵਾਰਿਉਂ ਕਰੇ ਫ਼ਰਮਾਨ, ਧੁਰ ਫ਼ਰਮਾਨਾ ਹੁਕਮ ਜਣਾਈਆ । ਸਾਰੇ ਨੇਤਰ ਖੋਲ੍ਹੋ ਅਵਾਣ, ਉਠੋ ਵੇਖੋ ਮਾਰ ਧਿਆਨ, ਪ੍ਰਭ ਕਰਨਹਾਰ ਕਲਿਆਣ, ਨਿਰਗੁਣ ਸਰਗੁਣ ਰੂਪ ਧਰਾਈਆ । ਆਦਿ ਅੰਤ ਸਦਾ ਮਿਹਰਵਾਨ, ਸ੍ਰੀ ਭਗਵੰਤ ਦੇਵੇ ਸਚ ਦਾਨ, ਜੀਵ ਜੰਤ ਝੁਲਾਏ ਨਿਸ਼ਾਨ, ਨਾਮ ਨਿਸ਼ਾਨਾ ਇਕ ਜਣਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਸਾਰੇ ਗਾਣ, ਆਤਮ ਪਰਮਾਤਮ ਮੇਲ ਸ੍ਰੀ ਭਗਵਾਨ, ਭਗਵਨ ਆਪਣਾ ਮੇਲ ਮਿਲਾਈਆ । ਸਾਚਾ ਨਾਉਂ ਸਰਬ ਕਰੇ ਪਰਵਾਨ, ਜਗਤ ਵਿਛੋੜੇ ਸਰਬ ਮਿਟ ਜਾਣ, ਅੰਧੇ ਢੋਰੇ ਸਰਬ ਤਰ ਜਾਣ, ਠੱਗ ਚੋਰ ਸਰਬ ਤਰ ਜਾਣ, ਕਰਮ ਕਾਂਡ ਰਹਿਣ ਨਾ ਪਾਈਆ । ਚਾਰੇ ਜੁਗ ਵੇਖ ਹੋਣ ਹੈਰਾਨ, ਤੇਈ ਅਵਤਾਰ ਕਰਨ ਧਿਆਨ, ਭਗਤ ਅਠਾਰਾਂ ਮੰਨਣ ਆਣ, ਈਸਾ ਮੂਸਾ ਮੁਹੰਮਦ ਕਲਮਾ ਸਾਚਾ ਗਾਣ, ਨਾਨਕ ਗੋਬਿੰਦ ਕਹੇ ਤੇਰਾ ਹੁਕਮ ਪਰਵਾਨ, ਪਰਵਾਨਾ ਇਕੋ ਇਕ ਜਣਾਈਆ । ਵਿਸ਼ਨ ਬ੍ਰਹਮਾ ਸ਼ਿਵ ਕਹਿਣ ਤੇਰਾ ਨਾਉਂ ਨਿਧਾਨ, ਜੁਗ ਚੌਕੜੀ ਹੋਏ ਪਰਧਾਨ, ਜੀਵਾਂ ਜੰਤਾਂ ਦੇਵੇ ਮਾਣ, ਦਰ ਦਰ ਘਰ ਘਰ ਵੇਖ ਵਖਾਈਆ । ਅੰਤਮ ਦੱਸ ਇਕ ਨਿਸ਼ਾਨ, ਝੁਲਦਾ ਰਹੇ ਦੋ ਜਹਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਇਕ ਸੁਣਾਏ ਧੁਰ ਫ਼ਰਮਾਨ । ਧੁਰ ਫ਼ਰਮਾਨ ਸੁਣੋ ਸਚ ਮੀਤ, ਹਰਿ ਮਿੱਤਰ ਪਿਆਰਾ ਆਪ ਜਣਾਇੰਦਾ । ਆਦਿ ਜੁਗਾਦੀ ਸਾਚਾ ਗੀਤ, ਸੋਹੰ ਢੋਲਾ ਇਕ ਸਮਝਾਇੰਦਾ । ਮਹਾਰਾਜ ਸ਼ੇਰ ਸਿੰਘ ਸਦਾ ਅਤੀਤ, ਵਿਸ਼ਨੂੰ ਸੇਵਕ ਰੂਪ ਵਟਾਇੰਦਾ । ਭਗਵਨ ਧਾਮ ਵਸੇ ਅਨਡੀਠ, ਨਜ਼ਰ ਕਿਸੇ ਨਾ ਆਇੰਦਾ । ਜੈ ਜੈਕਾਰ ਕਰੋ ਜਗ ਜੀਤ, ਜਗ ਜੀਵਣ ਦਾਤਾ ਦਇਆ ਕਮਾਇੰਦਾ । ਕਾਇਆ ਮੰਦਰ ਅੰਦਰ ਵਖਾਏ ਮਸੀਤ, ਹੁਜਰਾ ਹੱਕ ਹੱਕ ਸੁਹਾਇੰਦਾ । ਸਾਹਿਬ ਸਵਾਮੀ ਵਸੇ ਸਦਾ ਚੀਤ, ਵਿਛੜ ਕਦੇ ਨਾ ਜਾਇੰਦਾ । ਆਤਮ ਪਰਮਾਤਮ ਕਰੇ ਪ੍ਰੀਤ, ਸਾਚੀ ਸਿਖਿਆ ਇਕ ਦ੍ਰਿੜਾਇੰਦਾ । ਸਾਹਿਬ ਸਤਿਗੁਰ ਨਜ਼ਰੀ ਆਏ ਠੀਕ, ਕੂੜਾ ਠੀਕਰ ਭੰਨ ਵਖਾਇੰਦਾ । ਡੂੰਘੀ ਭਵਰੀ ਧਾਰ ਵੇਖੇ ਬਾਰੀਕ, ਬੇਪਰਵਾਹ ਆਪ ਅਖਵਾਇੰਦਾ । ਜਿਸ ਦੀ ਜੁਗ ਚੌਕੜੀ ਗੁਰ ਅਵਤਾਰ ਪੀਰ ਪੈਗ਼ੰਬਰ ਰੱਖਦੇ ਗਏ ਉਡੀਕ, ਸੋ ਮਿਹਰਵਾਨ ਫੇਰਾ ਪਾਇੰਦਾ । ਏਥੇ ਓਥੇ ਦੋ ਜਹਾਨ ਚੌਦਾਂ ਲੋਕ ਚੌਦਾਂ ਤਬਕ ਲਾਸ਼ਰੀਕ, ਸਿਰਕਤ ਵਿਚ ਕਦੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਢੋਲਾ ਇਕ ਜਣਾਇੰਦਾ । ਸਾਚਾ ਢੋਲਾ ਹਰਿਜਨ ਗਾਓ, ਗਹਿਰ ਗੰਭੀਰ ਰਿਹਾ ਜਣਾਈਆ । ਪੁਰਖ ਅਬਿਨਾਸ਼ੀ ਘਰ ਮੇਂ ਪਾਓ, ਬਾਹਰ ਖੋਜਣ ਕੋਇ ਨਾ ਜਾਈਆ । ਆਤਮ ਪਰਮਾਤਮ ਮੇਲ ਮਿਲਾਓ, ਘਰ ਸਾਚੇ ਵੱਜੇ ਵਧਾਈਆ । ਸੁਰਤੀ ਸ਼ਬਦੀ ਗੰਢ ਪੁਆਓ, ਗੰਢਣਹਾਰ ਇਕ ਗੋਸਾਈਆ । ਅਨਹਦ ਨਾਦੀ ਰਾਗ ਅਲਾਓ, ਘਰ ਸਖੀਆਂ ਮੰਗਲ ਗਾਈਆ । ਬੰਦ ਕਿਵਾੜੀ ਆਪ ਖੁਲ੍ਹਾਓ, ਬਜਰ ਕਪਾਟੀ ਪਰਦਾ ਰਹਿਣ ਨਾ ਪਾਈਆ । ਸਾਚੀ ਹਾਟੀ ਸੌਦਾ ਮੰਗਣ ਆਓ, ਗੁਰ ਸਤਿਗੁਰ ਪੂਰਾ ਰਿਹਾ ਵਰਤਾਈਆ । ਪ੍ਰਭ ਮਿਲਣ ਦਾ ਜਿਨ੍ਹਾਂ ਚਾਓ, ਲੋਕ ਲੱਜਿਆ ਦਿਓ ਤਜਾਈਆ । ਨੇਤਰ ਦਰਸ਼ਨ ਘਰ ਵਿਚ ਪਾਓ, ਨਿਜ ਨੇਤਰ ਦਏ ਖੁਲ੍ਹਾਈਆ । ਰਾਤੀਂ ਸੁੱਤਿਆਂ ਪਕੜੇ ਬਾਂਹੋਂ, ਦਰ ਦਰ ਘਰ ਘਰ ਵੇਖ ਵਖਾਈਆ । ਕਰੇ ਪਿਆਰ ਜਿਉਂ ਪੁੱਤਰਾਂ ਮਾਉਂ, ਪੂਤ ਸਪੂਤ ਗੋਦ ਉਠਾਈਆ । ਤਿਸ ਸਾਹਿਬ ਸਤਿਗੁਰ ਬਲ ਬਲ ਜਾਓ, ਜੋ ਵਿਛੜੇ ਰਿਹਾ ਮਿਲਾਈਆ । ਸੋਹੰ ਢੋਲਾ ਇਕੋ

ਗਾਓ, ਸੋਹੰ ਹੰਸਾ ਰੂਪ ਵਟਾਈਆ । ਲੱਖ ਚੁਰਾਸੀ ਫੰਦ ਕਟਾਓ, ਮਾਤ ਗਰਭ ਉਲਟਾ ਰੁਖ਼ ਫੇਰ ਕੋਇ ਨਾ ਆਈਆ । ਠਾਕਰ ਸਵਾਮੀ ਘਰ ਵਿਚ ਰੁਠਾ ਆਪ ਮਨਾਓ, ਆਪ ਆਪਣਾ ਭੇਟ ਚੜ੍ਹਾਈਆ । ਲੱਖ ਚੁਰਾਸੀ ਵਿਚ ਫਿਰ ਨਾ ਫੇਰ ਪਛਤਾਓ, ਪਸਚਾਤਾਪ ਰਿਹਾ ਮਿਟਾਈਆ । ਸਭ ਦਾ ਲੇਖਾ ਮੁਕੇ ਨਾ ਕੋਈ ਰੰਕ ਨਾ ਕੋਈ ਰਾਉ, ਰਾਜ ਰਾਜਾਨ ਸ਼ਾਹ ਸੁਲਤਾਨ ਗ਼ਰੀਬ ਨਿਮਾਣੇ ਏਕਾ ਘਰ ਬਹਾਈਆ । ਨਿਥਾਵਿਆਂ ਦੇਵੇ ਸਾਚਾ ਥਾਉਂ, ਦਰਗਹਿ ਸਾਚੀ ਧਾਮ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਵਾਰੇ ਇਕੋ ਘਰ ਵਸਾਈਆ । ਸਚ ਦਵਾਰਾ ਵਸੇ ਘਰ, ਗ੍ਰਿਹਿ ਮੰਦਰ ਇਕ ਵਡਿਆਈਂਦਾ । ਭਗਤ ਭਗਵਾਨ ਦੇਵੇ ਵਰ, ਵਰ ਦਾਤਾ ਆਪ ਅਖਵਾਈਂਦਾ । ਕੂੜੀ ਕਿਰਿਆ ਚੁਕਾਏ ਡਰ, ਭੈ ਭੌ ਨਾ ਕੋਇ ਜਣਾਈਂਦਾ । ਕਾਇਆ ਮੰਦਰ ਆਪੇ ਵੜ, ਡੂੰਘੀ ਭਵਰੀ ਵੇਖ ਵਖਾਈਂਦਾ । ਸਚ ਮਹੱਲੇ ਆਪੇ ਚੜ੍ਹ, ਗੁਰਮੁਖ ਗੁਰਸਿਖ ਆਪ ਜਗਾਈਂਦਾ । ਸੁਰਤ ਸਵਾਣੀ ਸ਼ਬਦ ਹਾਣੀ ਫੜ, ਸੋਹੰ ਰਾਗ ਅਲਾਈਂਦਾ । ਤੂੰ ਮੇਰਾ ਮੈਂ ਤੇਰਾ ਦੋਹਾਂ ਵਸੇਰਾ ਇਕੋ ਘਰ, ਘਰ ਸਾਚਾ ਬੰਕ ਖੁਲ੍ਹਾਈਂਦਾ । ਨਾ ਜਨਮੇ ਨਾ ਜਾਏ ਮਰ, ਜਨਮ ਮਰਨ ਫੰਦ ਮੁਕਾਈਂਦਾ । ਮਾਣਸ ਜਨਮ ਨਾ ਜਾਏ ਹਰ, ਜੋ ਜਨ ਹਰਿ ਸਰਨਾਈ ਆਈਂਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਤਖ਼ਤ ਨਿਵਾਸੀ ਪੁਰਖ ਅਬਿਨਾਸ਼ੀ ਘਟ ਘਟ ਵਾਸੀ ਵਸਲ ਇਕੋ ਸਚ ਕਰਾਈਂਦਾ । ਇਕੋ ਵਸਲ ਕਰੋ ਵਜੂਦ, ਵਾਹਦ ਆਪਣਾ ਮੇਲ ਮਿਲਾਈਆ । ਬੇਪਰਵਾਹ ਦਏ ਸਬੂਤ, ਸਾਬਤ ਸੂਰਤ ਇਕ ਦਰਸਾਈਆ । ਲੇਖੇ ਲੱਗੇ ਕਾਇਆ ਕਲਬੂਤ, ਕਲਮਾ ਹੱਕ ਹੱਕ ਪੜ੍ਹਾਈਆ । ਨਜ਼ਰੀ ਆਏ ਇਕ ਅਰੂਜ, ਅਰਸ਼ ਕੁਰਸ਼ ਡੇਰਾ ਢਾਹੀਆ । ਗੁਰਮੁਖੋ ਮੁਰੀਦੋ ਮੁਰਸ਼ਦ ਚਰਨ ਸੱਚਾ ਮਹਿਫ਼ੂਜ਼, ਫ਼ਜ਼ਲ ਆਪਣਾ ਰਹਿਮ ਕਮਾਈਆ । ਵੇਲਾ ਅੰਤਮ ਲਓ ਬੂਝ, ਦੀਦ ਨੈਣ ਨੈਣ ਖੁਲ੍ਹਾਈਆ । ਸਚ ਪ੍ਰੀਤੀ ਜਾਓ ਝੂਝ, ਬੇਮਿਸਾਲ ਮਿਸਲ ਰਿਹਾ ਬਣਾਈਆ । ਲੇਖਾ ਚੁਕਾਓ ਏਕ ਦੂਜ, ਏਕਾ ਦੂਆ ਜ਼ੀਰੋ ਰੂਪ ਵਖਾਈਆ । ਜਿਸ ਦੀ ਵਿਸ਼ਨ ਬ੍ਰਹਮਾ ਸ਼ਿਵ ਕਰਦੇ ਪੂਜ, ਗੁਰ ਅਵਤਾਰ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਸੋ ਸਾਹਿਬ ਰਿਹਾ ਸਮਝਾਈਆ । ਸਾਹਿਬ ਸਮਝਾਏ ਸ਼ਬਦ ਅਨਰਾਗ, ਦੂਜੀ ਧਾਰ ਨਾ ਕੋਇ ਜਣਾਈਂਦਾ । ਗੁਰਮੁਖਾਂ ਉਪਜਾਏ ਇਕ ਵੈਰਾਗ, ਵੈਰਾਗੀ ਰੂਪ ਵਟਾਈਂਦਾ । ਹਰਿਜਨ ਹਰਿਭਗਤ ਜਗਤ ਕੁਟੰਬ ਜਾਣ ਤਿਆਗ, ਜਿਨ੍ਹਾਂ ਹਰਿ ਹਰਿ ਨਜ਼ਰੀ ਆਈਂਦਾ । ਕੂੜੀ ਕਿਰਿਆ ਧੋਵਣ ਦਾਗ਼, ਦੁਰਮਤ ਰੂਪ ਨਾ ਕੋਇ ਵਖਾਈਂਦਾ । ਮਾਇਆ ਮਮਤਾ ਹਉਮੇਂ ਹੰਗਤਾ ਬੁਝੇ ਆਗ, ਸਾਂਤਕ ਸਤਿ ਸਤਿ ਕਰਾਈਂਦਾ । ਘਰ ਦੀਪਕ ਜੋਤ ਜਗੇ ਚਿਰਾਗ਼, ਅਗਿਆਨ ਅੰਧੇਰ ਮਿਟਾਈਂਦਾ । ਪ੍ਰਭ ਦਰਸ਼ਨ ਕਰਨ ਭਾਗ ਭਾਗ, ਪਾਂਧੀਆਂ ਪੰਧ ਨਜ਼ਰ ਕੋਇ ਨਾ ਆਈਂਦਾ । ਕਰ ਕਿਰਪਾ ਜਿਨ੍ਹਾਂ ਅੰਦਰ ਵੜ ਕੇ ਮਾਰੇ ਵਾਜ, ਸੋ ਸੋਇਆ ਕੋਇ ਰਹਿਣ ਨਾ ਪਾਈਂਦਾ । ਨਾਤਾ ਛੁੱਟੇ ਪੂਜਾ ਪਾਠ, ਪੜ੍ਹ ਨਿਮਾਜ਼ ਸਜਦਾ ਸੀਸ ਨਾ ਕੋਇ ਝੁਕਾਈਂਦਾ । ਇਕੋ ਕਹਿਣ ਸ੍ਰੀ ਭਗਵਾਨ ਏਥੇ ਓਥੇ ਦੋ ਜਹਾਨਾਂ ਰੱਖੇ ਲਾਜ, ਮਿਹਰਵਾਨ ਸਿਰ ਆਪਣਾ ਹੱਥ ਟਿਕਾਈਂਦਾ । ਸਦਾ ਸਹਾਈ ਗ਼ਰੀਬ ਨਿਵਾਜ਼, ਡੂੰਘੇ ਸਾਗਰ ਪਾਰ ਕਰਾਈਂਦਾ । ਜਿਸ ਦੇ ਸੀਸ ਸੋਹੇ ਸਚ ਤਾਜ, ਦੋ ਜਹਾਨਾਂ ਰਾਜ ਕਮਾਈਂਦਾ । ਉਹਦਾ ਭਗਤ ਸੱਚਾ ਸਮਾਜ, ਸਹਿਜ ਸਹਿਜ ਆਪਣਾ ਮੇਲ ਮਿਲਾਈਂਦਾ । ਲੱਖ ਚੁਰਾਸੀ ਵਿਚੋਂ ਵੰਡੇ ਭਾਗ, ਹਿਸਾ ਇਕੋ ਝੋਲੀ ਪਾਈਂਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਜੁਗ ਚੌਕੜੀ ਰੱਖੇ ਯਾਦ, ਜੋ ਨਰ ਹਰਿ ਹਰਿ ਨਾਮ ਧਿਆਇੰਦਾ । ਹਰਿ ਹਰਿ ਨਾਮ ਧਿਆਓ ਮਿਤ, ਹਰਿ ਮਿੱਤਰ ਸਦਾ ਜਣਾਈਆ । ਪਤਿਪਰਮੇਸ਼ਵਰ ਕਰੋ ਹਿਤ, ਹਿਤਕਾਰੀ ਹੋਏ ਸਹਾਈਆ । ਵੇਸ ਵਟਾਏ ਨਿਤ ਨਵਿਤ, ਜੁਗ ਜੁਗ ਫੇਰਾ ਪਾਈਆ । ਜਨ ਭਗਤਾਂ ਸਵਾਮੀ ਵਸੇ ਚਿਤ, ਚੇਤਨ ਰੂਪ ਕਰਾਈਆ । ਦੇਵੇ ਨਾਮ ਸਦਾ ਅਨਡਿਠ, ਨਜ਼ਰ ਕਿਸੇ ਨਾ ਆਈਆ । ਕਰਵਟ ਲੈ ਬਦਲਾਏ ਪਿਠ, ਸਨਮੁਖ ਆਪਣਾ ਮੁਖ ਵਖਾਈਆ । ਜਿਨ੍ਹਾਂ ਉਪਰ ਜਾਏ ਤੁਠ, ਜਨਮ ਕਰਮ ਦਾ ਦੁੱਖ ਮਿਟਾਈਆ । ਅੰਮਿਉਂ ਰਸ ਜਾਮ ਦੇਵੇ ਘੁਟ, ਮਧਰ ਇਕੋ ਰਸ ਵਖਾਈਆ । ਆਵਣ ਜਾਵਣ ਜਮ ਕਾ ਫਾਸ ਜਾਏ ਛੁੱਟ, ਛੁੱਟੇ ਸਰਬ ਲੋਕਾਈਆ । ਅੰਤਮ ਵਾਤ ਲਏ ਪੁਛ, ਪੁਸ਼ਤ ਦਰ ਪੁਸ਼ਤ ਹੋਏ ਸਹਾਈਆ । ਜੋ ਅੰਦਰ ਵੜ ਕੇ ਬੈਠਾ ਚੁਪ, ਸੋ ਆਪਣਾ ਰਾਗ ਸੁਣਾਈਆ । ਕਰ ਪਰਕਾਸ਼ ਅੰਧੇਰੇ ਘੁਪ, ਸਾਚਾ ਨੂਰ ਦਏ ਦਰਸਾਈਆ । ਭਗਤ ਭਗਵਾਨ ਅੰਦਰੋਂ ਉਠ, ਉਠ ਉਠ ਆਪਣਾ ਮੇਲ ਮਿਲਾਈਆ । ਪੰਚ ਵਿਕਾਰਾ ਦੇਵੇ ਕੁੱਠ, ਕੂੜੀ ਕਿਰਿਆ ਬਾਹਰ ਕਢਾਈਆ । ਸਚ ਸੁਹਾਏ ਸੁਹੰਜਣੀ ਰੁੱਤ, ਰੁੱਤ ਰੁੱਤੜੀ ਆਪ ਮਹਿਕਾਈਆ । ਮੇਲ ਮਿਲਾਵਾ ਅਬਿਨਾਸ਼ੀ ਅਚੁਤ, ਜਗਤ ਠਗੌਰੀ ਕੋਇ ਨਾ ਪਾਈਆ । ਹੋਏ ਸਹਾਈ ਜੋ ਬੈਠਾ ਲੁਕ, ਮੁਖ ਨਕ਼ਾਬ ਪਰਦਾ ਲਾਹੀਆ । ਸੰਤ ਸੁਹੇਲੇ ਗੋਦੀ ਚੁੱਕ, ਸ੍ਰੀ ਭਗਵਾਨ ਖ਼ੁਸ਼ੀ ਮਨਾਈਆ । ਧੰਨ ਭਾਗ ਕਹੇ ਸ੍ਰੀ ਭਗਵਾਨ ਭਗਤ ਮਿਲੇ ਮੇਰੇ ਪੁੱਤ, ਪੂਤ ਸਪੂਤ ਦਏ ਵਡਿਆਈਆ । ਨੀਵਾਂ ਹੋ ਕੇ ਮੁਖੜਾ ਵੇਖੇ ਝੁਕ, ਧੰਨ ਮੁਖ ਜੋ ਸੋਹੰ ਗਿਆ ਗਾਈਆ । ਕਲਜੁਗ ਅੰਤ ਜੋ ਏਸ ਨਿਸ਼ਾਨਿਉਂ ਗਿਆ ਉਕ, ਰਾਏ ਧਰਮ ਦਏ ਸਜ਼ਾਈਆ । ਅੱਗੇ ਕਰੇ ਨਾ ਕੋਈ ਪੁੱਛ, ਕੁੰਭੀ ਨਰਕ ਨਾ ਕੋਇ ਸਹਾਈਆ । ਕਿਸੇ ਕੰਮ ਨਹੀਂ ਔਣਾ ਪੰਜ ਤੱਤ ਕਾਇਆ ਮਾਟੀ ਪੋਚਿਆ ਬੁੱਤ, ਬਿਨ ਹਰਿ ਨਾਮੇ ਕੀਮਤ ਕੋਇ ਨਾ ਪਾਈਆ । ਮੁੜ ਮੁੜ ਮਾਤ ਗਰਭ ਆਵੇ ਉਲਟਾ ਰੁਖ, ਜੂਨੀ ਜੂਨ ਜੂਨ ਭੁਆਈਆ । ਬਿਨ ਸਤਿਗੁਰ ਪੂਰੇ ਕੋਈ ਨਾ ਦੇਵੇ ਸੁਖ, ਦੁੱਖਾਂ ਭਰੀ ਸਰਬ ਲੋਕਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਕਲਜੁਗ ਅੰਤ ਹੋ ਮਿਹਰਵਾਨ, ਜਨ ਭਗਤਾਂ ਸਾਚੇ ਸੰਤਾਂ ਅੰਤਮ ਗੋਦੀ ਚੁਕ, ਸਚ ਦਵਾਰ ਸਚਖੰਡ ਦਰਬਾਰ ਚਰਨ ਕਵਲ ਦੇਵੇ ਆਪ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਕਰੇ ਕਰਨੇਹਾਰ, ਕਲ ਆਪਣੀ ਕਾਰ ਕਮਾਈਆ ।



## ★ ੧੪ ਜੇਠ ੨੦੨੦ ਬਿਕ੍ਰਮੀ ਰਵੇਲਾ ਰਾਮ ਦੇ ਗ੍ਰਿਹ ਪਿੰਡ ਸਰਦਾਰੀ ਜੰਮੂ ★

ਮਾਨੁਖ ਜਾਤੀ ਮਾਣਸ ਕਰਨੀ, ਮਾਨੁਸ਼ ਮਿਲੇ ਵਡਿਆਈਆ । ਮਾਇਆ ਤੱਤ ਸਤਿਗੁਰ ਸਰਨੀ, ਬ੍ਰਹਮ ਮਿਲੇ ਵਡਿਆਈਆ । ਆਤਮ ਸਿਖਿਆ ਇਕੋ ਪੜ੍ਹਨੀ, ਨਿਸ਼ਅੱਖਰ ਰੂਪ ਜਣਾਈਆ । ਸੁਰਤੀ ਪੌੜੇ ਸਾਚੇ ਚੜ੍ਹਨੀ, ਘਰ ਮੰਦਰ ਖੋਜ ਖੁਜਾਈਆ । ਨਿਮਸਕਾਰ ਪ੍ਰਭ ਸਰਨੀ ਕਰਨੀ, ਇਸ਼ਟ ਦੇਵ ਨਾ ਅਵਰ ਮਨਾਈਆ । ਸਤਿ ਸਤਿਵਾਦੀ ਤਰਨੀ ਤਰਨੀ, ਭਵ ਸਾਗਰ ਪਾਰ ਕਰਾਈਆ । ਸਚ ਦਵਾਰੇ ਮਰਨੀ ਮਰਨੀ, ਮਰ ਜੀਵਤ ਰੂਪ ਵਟਾਈਆ । ਲਹਿਣਾ ਚੁਕੇ ਵਰਨੀ ਬਰਨੀ, ਜ਼ਾਤ ਪਾਤ ਨਾ ਕੋਇ ਰਖਾਈਆ । ਨੇਤਰ ਖੁਲ੍ਹੇ ਹਰਨੀ ਫ਼ਰਨੀ, ਜੋਤੀ ਜਾਤਾ ਦਏ ਵਡਿਆਈਆ । ਸਾਚੀ ਘਾੜਤ ਠਠਿਆਰ ਘੜਨੀ, ਘੜਨ ਭੰਨਣਹਾਰ ਬੇਪਰਵਾਹੀਆ । ਆਦਿ ਜੁਗਾਦੀ ਬਣੇ ਜਨਨੀ, ਜਨ ਜਣੇਂਦੀ ਸੱਚੀ ਮਾਈਆ । ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਾਣਸ ਮਾਨੁਖ ਮਾਨੁਸ਼ ਦਏ ਸਮਝਾਈਆ । ਮਾਣਸ ਮੰਗੇ ਮਾਨੁਖ ਦਾਤ, ਮਾਨੁਸ਼ ਮਿਲੇ ਵਡਿਆਈਆ । ਆਤਮ ਅੰਤਰ ਪਰਮਾਤਮ ਸਾਥ, ਬ੍ਰਹਮ ਮੇਲਾ ਸਹਿਜ ਸੁਭਾਈਆ । ਨਾਦ ਅਗੰਮੀ ਬਿਨ ਰਸਨਾ ਪਾਠ, ਬਿਨ ਹਵਨੀ ਪੂਜ ਪੁਜਾਈਆ । ਸਗਲ ਵਿਸੂਰੇ ਜਾਇਣ ਲਾਥ, ਸੁਖ ਸਾਗਰ ਰੂਪ ਵਟਾਈਆ । ਨਾਤਾ ਬੰਧਾਏ ਏਕਾ ਬਿਧਾਤ, ਬਿਧ ਆਪਣੀ ਆਪ ਜਣਾਈਆ । ਤਾਕੀ ਖੋਲ੍ਹੇ ਬੰਦ ਤਾਕ, ਪਰਦਾ ਦੂਈ ਦਵੈਤ ਚੁਕਾਈਆ । ਡੂੰਘੀ ਭਵਰੀ ਵੇਖੇ ਝਾਕ, ਗਹਿਰ ਗੰਭੀਰ ਸੱਚਾ ਗੋਸਾਈਆਂ । ਮਨ ਵਾਸਨਾ ਕਰੇ ਖ਼ਾਕ, ਕੂੜੀ ਕਿਰਿਆ ਡੇਰਾ ਢਾਹੀਆ । ਅਨਡਿਠੜਾ ਅਤੀਤ ਬਣੇ ਸੁਹੰਜਣਾ ਸਾਕ, ਸਗਲਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਮਾਣਸ ਮਾਂਗੇ ਮਾਨੁਖ ਧਿਆਨ, ਮਾਨੁਸ਼ ਨੈਣ ਉਠਾਈਆ । ਗੁਰ ਸ਼ਬਦੀ ਸੱਚਾ ਇਕ ਗਿਆਨ, ਗਿਆਨ ਗੁਰੂ ਸਮਝਾਈਆ । ਪਰਮ ਪੁਰਖ ਦਾ ਪਦ ਧਿਆਨ, ਬੋਧ ਅਗਾਧ ਪੜ੍ਹਾਈਆ । ਧਰਮ ਸਚ ਦਾ ਸਚ ਨਿਸ਼ਾਨ, ਕਰਮ ਕਾਂਡ ਮਿਟਾਈਆ । ਮੰਦਰ ਗ੍ਰਿਹ ਅਟੱਲ ਮਕਾਨ, ਊਚ ਊਚ ਜਣਾਈਆ । ਭੂਪਤ ਭੂਪ ਸ਼ਾਹ ਸੁਲਤਾਨ, ਸ਼ਹਿਨਸ਼ਾਹ ਆਸਣ ਲਾਈਆ । ਹਾਕਮ ਹੁਕਮ ਹੁਕਮਰਾਨ, ਤਖ਼ਤ ਨਿਵਾਸੀ ਨਜ਼ਰੀ ਆਈਆ । ਰਾਜਨ ਰਾਜ ਰਾਜ ਰਾਜਾਨ, ਰਾਉ ਰੰਕ ਦਏ ਵਡਿਆਈਆ । ਖ਼ਾਲਕ ਖ਼ਲਕ ਖੇਲ ਕਰੇ ਭਗਵਾਨ, ਭਗਵਨ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਾਨੁਖ ਲੇਖਾ ਰਿਹਾ ਚੁਕਾਈਆ । ਮਾਣਸ ਮਾਨੁਖ ਏਕਾ ਮਤ, ਸੋ ਸਾਹਿਬ ਆਪ ਜਣਾਇੰਦਾ । ਮਾਨੁਸ਼ ਦਾ ਦੱਸੇ ਸਾਚਾ ਤੱਤ, ਤਤਵ ਤਤ ਆਪ ਜਣਾਇੰਦਾ । ਆਦਰਸ਼ ਦਿਖਾਏ ਪੁਰਖ ਸਮਰਥ, ਸਮਰਥ ਆਪਣਾ ਭੇਵ ਚੁਕਾਇੰਦਾ । ਲਹਿਣਾ ਦੇਣਾ ਰੱਖੇ ਹੱਥ, ਜੁਗ ਜੁਗ ਆਪਣੀ ਕਾਰ ਕਮਾਇੰਦਾ । ਦੇਵਣਹਾਰਾ ਬ੍ਰਹਮ ਮਤ, ਬ੍ਰਹਮ ਵਿਦਿਆ ਇਕ ਪੜ੍ਹਾਇੰਦਾ । ਸਾਚੇ ਮੰਦਰ ਸੱਬਰ ਘੱਤ, ਸੇਜ ਸੁਹੰਜਣੀ ਡੇਰਾ ਲਾਇੰਦਾ । ਬਿਰਹੋਂ ਵੈਰਾਗੀ ਮਾਰੇ ਸੱਟ, ਅਣਿਯਾਲਾ ਤੀਰ ਚਲਾਇੰਦਾ । ਸਰੋਵਰ ਵਖਾਏ ਤੀਰਥ ਤਟ, ਕਿਨਾਰਾ ਇਕੋ ਇਕ ਜਣਾਇੰਦਾ । ਲੋਕ ਪਰਲੋਕ ਖੋਲ੍ਹ ਹੱਟ, ਗਹਿਰ ਗੰਭੀਰ ਵੇਖ ਵਖਾਇੰਦਾ । ਲੇਖੇ ਲਾਏ ਰਤੀ ਰਤ, ਰੁੱਤ ਰੁੱਤੜੀ ਆਪ ਮਹਿਕਾਇੰਦਾ । ਜੁਗ ਚੌਕੜੀ ਸੰਤ ਸੁਹੇਲੇ ਵੇਖੇ ਸੁਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਾਨੁਸ਼ ਆਪਣੇ ਧੰਦੇ ਲਾਇੰਦਾ । ਮਾਣਸ ਕਹੇ ਮਾਨੁਖ ਭਾਉ, ਮਾਨੁਸ਼ ਮਿਲੇ ਵਡਿਆਈਆ । ਸੋਤੰਤਰ ਰੂਪ ਸਾਹਿਬ ਸੁਖ ਚਾਉ, ਮਨ ਅੰਤਰ ਨਾਮ ਧਿਆਈਆ । ਗੀਤ ਗੋਬਿੰਦ ਸਹਿਜ ਧੁਨ ਗਾਓ, ਰਾਗ ਨਾਦ ਸ਼ਨਵਾਈਆ । ਅਮਰਾਪਦ ਏਕਾ ਪਾਓ, ਸਦ ਅਮਰ ਅਮਰ ਜਣਾਈਆ । ਢੋਲਾ ਛੰਦ ਸਾਚਾ ਗਾਓ, ਬਿਨ ਰਸਨਾ ਜਿਹਵਾ ਰਾਗ ਅਲਾਈਆ । ਪਰਮ ਪੁਰਖ ਪ੍ਰਭ ਇਕ ਮਨਾਓ, ਆਸਾ ਮਨਸਾ ਪੂਰ ਕਰਾਈਆ । ਜਨਮ ਕਰਮ ਦਾ ਦੁਖ ਗਵਾਓ, ਦਰਦੀ ਦਰਦੀਆਂ ਦਰਦ ਵੰਡਾਈਆ । ਮਾਣਸ ਆਪਣੀ ਜ਼ਾਤ ਬਣਾਓ, ਮਾਨੁਖ ਆਪਣਾ ਭੇਵ ਚੁਕਾਈਆ । ਮਾਨੁਸ਼ ਹੋ ਕੇ ਪ੍ਰਭ ਲਾਗੋ ਪਾਉਂ, ਚਰਨ ਧੂੜੀ ਟਿੱਕਾ ਮਸਤਕ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਮਾਣਸ ਕਹੇ ਮੈਂ ਮਹਿਮਾਨ ਮਾਨੁਖ, ਆਵੇ ਜਾਵੇ ਫੇਰਾ ਪਾਈਆ । ਮਾਨੁਸ਼ ਕਹੇ ਪਰਧਾਨ, ਲੱਖ ਚੁਰਾਸੀ ਵਿਚੋਂ ਮਿਲੀ ਵਡਿਆਈਆ । ਸਾਢੇ ਤਿੰਨ ਹੱਥ ਮੰਦਰ ਮਕਾਨ, ਕਾਇਆ ਗੜ੍ਹ ਬੰਕ ਸੁਹਾਈਆ । ਘਰ ਘਰ ਵਿਚ ਖੇਲ ਮਹਾਨ, ਨਿਰਗੁਣ ਨਿਰਗੁਣ ਵੇਖ ਵਖਾਈਆ । ਸਰਗੁਣ ਸਰਗੁਣ ਦੇਵੇ ਦਾਨ, ਸਾਰੰਗਧਰ

੫੭੬
੧੪

ਭੇਵ ਚੁਕਾਈਆ । ਲੇਖਾ ਜਾਣ ਨੌਜਵਾਨ, ਨੌਬਤ ਆਪਣੇ ਨਾਮ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਾਣਸ ਆਪਣੀ ਦਏ ਵਡਿਆਈਆ । ਮਾਣਸ ਕਹੇ ਬਾਲਾ ਰੂਪ, ਮਾਨੁਖ ਜੋਬਨ ਰੰਗ ਰੰਗਾਈਆ । ਮਨੁਸ਼ ਕਹੇ ਬੁਢ੍ਹੇਪਾ ਸੂਤ, ਬਲਹੀਣ ਧਿਆਨ ਲਗਾਈਆ । ਤਿੰਨਾਂ ਵਿਚੋਲਾ ਏਕਾ ਭੂਪ, ਜੀਵਣ ਜੁਗਤ ਸਮਝਾਈਆ । ਹਰਿ ਕਾ ਨਾਉਂ ਤਾਣਾ ਪੇਟਾ ਸੂਤ, ਸੂਤਰਧਾਰੀ ਦਏ ਸਮਝਾਈਆ । ਹੋਏ ਸਹਾਈ ਚਾਰੋਂ ਕੂਟ, ਦਹਿ ਦਿਸ਼ਾ ਵੇਖ ਵਖਾਈਆ । ਲੇਖਾ ਚੁਕਾਏ ਜੂਠ ਝੂਠ, ਮਾਇਆ ਮਮਤਾ ਮੋਹ ਮਿਟਾਈਆ । ਤ੍ਰੈਗੁਣ ਅਤੀਤਾ ਜਾਏ ਤੁਠ, ਤ੍ਰੈਭਵਨ ਧਨੀ ਦਏ ਸਰਨਾਈਆ । ਦਿਆਲ ਠਾਕਰ ਸਵਾਮੀ ਅੰਮ੍ਰਿਤ ਪਿਆਏ ਘੁੱਟ, ਜਾਮ ਪਿਆਲਾ ਇਕ ਉਠਾਈਆ । ਬਿਰਧ ਜਵਾਨੀ ਬਾਲ ਅਵਸਥਾ ਲਏ ਪੁੱਛ, ਜਿਨ੍ਹਾਂ ਆਪਣੀ ਬੂਝ ਬੁਝਾਈਆ । ਘਰ ਮੰਦਰ ਵਖਾਏ ਸੁੱਚ, ਸਚ ਸਚ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਮਿਹਰ ਨਜ਼ਰ ਉਠਾਈਆ । ਬਾਲ ਜਵਾਨੀ ਬੁਢ੍ਹੇਪਾ ਵਡ, ਹਰਿ ਵੱਡਾ ਵਡ ਵੇਖ ਵਖਾਇੰਦਾ । ਆਤਮ ਅੰਤਰ ਇਕੋ ਰੱਖ, ਸਦ ਇਕੋ ਰੰਗ ਵਖਾਇੰਦਾ । ਨਿਜ ਘਰ ਵਾਸੀ ਪੁਰਖ ਅਬਿਨਾਸ਼ੀ ਪਰਗਟ ਹੋ ਪਰਤੱਖ, ਪਾਰਖੂ ਆਪਣਾ ਭੇਵ ਚੁਕਾਇੰਦਾ । ਜੁਗ ਚੌਕੜੀ ਸਭ ਦਾ ਲਹਿਣਾ ਦੇਵੇ ਹੱਕ, ਦੇਣਾ ਕੋਈ ਨਜ਼ਰ ਨਾ ਆਇੰਦਾ । ਮੰਦਰ ਮਹੱਲ ਅਟੱਲ ਭਾਗ ਲਗਾਏ ਕੁੱਲੀ ਕੱਖ, ਕੁਲਾਵੰਤ ਫੇਰਾ ਪਾਇੰਦਾ । ਔਂਦਾ ਜਾਂਦਾ ਦੋ ਜਹਾਨ ਨਾ ਜਾਏ ਥੱਕ, ਛਿਨ ਭੰਗਰ ਵੇਸ ਵਟਾਇੰਦਾ । ਕਲਜੁਗ ਅੰਤ ਸ੍ਰੀ ਭਗਵੰਤ ਬਾਲਾਂ ਬਿਰਧਾਂ ਨੌਜਵਾਨਾਂ ਨਾਲ ਕਰ ਕੇ ਜਾਏ ਪੱਕ, ਵੇਲੇ ਅੰਤ ਆਪਣਾ ਮੇਲ ਮਿਲਾਇੰਦਾ । ਏਥੇ ਓਥੇ ਨਿਰਗੁਣ ਸਰਗੁਣ ਰੱਖੇ ਪਤ, ਪਤਿਪਰਮੇਸ਼ਵਰ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਣਸ ਮਾਨੁਖ ਮਾਨੁਸ਼ ਕਰ ਪਰਵਾਨ, ਨਾਮ ਪਰਵਾਨਾ ਇਕੋ ਹੱਥ ਫੜਾਇੰਦਾ ।



## ★ ੧੪ ਜੇਠ ੨੦੨੦ ਬਿਕ੍ਰਮੀ ਨਾਨਕ ਚੰਦ ਦੇ ਗ੍ਰਹਿ ਪਿੰਡ ਸਰਦਾਰੀ ਜੰਮੂ ★

ਮਾਣਸ ਉਠ ਉਠ ਉਠ ਜਾਗ, ਜਗ ਜੀਵਣ ਦਾਤਾ ਆਪ ਜਗਾਇੰਦਾ । ਮਾਣਸ ਮਾਨੁਸ਼ ਕਰ ਵੈਰਾਗ, ਮਾਨੁਖ ਆਪਣੀ ਕਾਰ ਸਮਝਾਇੰਦਾ । ਮਾਨਵ ਦੇਵਣਹਾਰਾ ਦਾਦ, ਦੀਨ ਦਿਆਲ ਭੇਵ ਚੁਕਾਇੰਦਾ । ਜਿਸ ਰਚਨਾ ਰਚੀ ਆਦਿ, ਸੋ ਸਾਹਿਬ ਵੇਖ ਵਖਾਇੰਦਾ । ਲੇਖਾ ਜਾਣੇ ਸਰਬ ਬ੍ਰਹਿਮਾਦ, ਬ੍ਰਹਮ ਪਰਦਾ ਆਪ ਉਠਾਇੰਦਾ । ਸਤਿ ਧਰਮ ਦੀ ਸੁਣ ਆਵਾਜ਼, ਬੇਨਜ਼ੀਰ ਆਪ ਲਗਾਇੰਦਾ । ਸਚ ਦਵਾਰੇ ਰਚਿਆ ਕਾਜ, ਹਰਿ ਕਰਤਾ ਖੇਲ ਕਰਾਇੰਦਾ । ਭਗਤ ਬਣਾਏ ਸਚ ਸਮਾਜ, ਸਾਚੀ ਸਿਖਿਆ ਇਕ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦ ਖੁਲ੍ਹਾਇੰਦਾ । ਮਾਣਸ ਉਠ ਉਠ ਉਠ ਧਾਹ, ਦਹਿ ਦਿਸ਼ਾ ਮਿਲੇ ਵਡਿਆਈਆ । ਪ੍ਰਭ ਮਿਲੇ ਬੇਪਰਵਾਹ, ਬੇਪਰਵਾਹੀ ਰਿਹਾ ਵਖਾਈਆ । ਇਕ ਜਣਾਏ ਸਾਚਾ ਨਾਂ, ਨਾਉਂ ਨਿਰੰਕਾਰਾ ਕਰੇ ਪੜ੍ਹਾਈਆ । ਇਕ ਵਖਾਏ ਸਚ ਮਕਾਨ, ਮਕਬਰੇ ਨਾਤਾ ਦਏ ਤੁੜਾਈਆ । ਮੁਸਵੱਰ ਆਇਆ ਰੂਪ ਧਰਾ, ਤਸੱਵਰ ਆਪਣਾ ਆਪ ਕਰਾਈਆ । ਮਾਨੁਖ ਲੇਖੇ ਲਏ ਲਗਾ, ਮਾਨੁਸ਼ ਦੇਵਣਹਾਰ ਵਡਿਆਈਆ । ਮਾਣਸ ਪਰਦਾ ਦਏ

ਚੁਕਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਮਾਣਸ ਵੇਖ ਆਪਣਾ ਆਪ, ਹਰਿ ਸਤਿਗੁਰ ਆਪ ਜਣਾਈਆ । ਮਾਨੁਖ ਮੇਟ ਰੋਗ ਸੰਤਾਪ, ਦੁੱਖ ਨਾ ਲਾਗੇ ਰਾਈਆ । ਮਾਨੁਸ਼ ਜਪ ਸਾਚਾ ਜਾਪ, ਸੋ ਪੁਰਖ ਨਿਰੰਜਣ ਰਿਹਾ ਪੜ੍ਹਾਈਆ । ਹੰ ਬ੍ਰਹਮ ਵਡ ਪਰਤਾਪ, ਹਰਿ ਪਰਤਾਪੀ ਦਏ ਸਮਝਾਈਆ । ਪੂਰਬ ਕਰਮ ਮਾਣਸ ਜਨਮ ਉਤਰੇ ਪਾਪ, ਪਤਤ ਪੁਨੀਤ ਆਪ ਕਰਾਈਆ । ਰੂਹ ਬੁੱਤ ਕਰੇ ਪਾਕ, ਪਲੀਤ ਨਜ਼ਰ ਕੋਇ ਨਾ ਆਈਆ । ਸਰਗੁਣ ਬੂਟਾ ਲਾਏ ਦਾਖ, ਪੱਤ ਡਾਲੀ ਆਪ ਮਹਿਕਾਈਆ । ਪਰਮ ਪੁਰਖ ਪ੍ਰਭ ਸਾਚੀ ਇਛਿਆ ਗਈ ਭਾਖ, ਭਾਖਿਆ ਆਪਣੀ ਦਏ ਸਮਝਾਈਆ । ਲੱਖ ਚੁਰਾਸੀ ਵਿਚੋਂ ਲਏ ਰਾਖ, ਭਗਤ ਸੁਹੇਲੇ ਆਪ ਉਠਾਈਆ । ਦੋ ਜਹਾਨਾਂ ਮਾਰੇ ਝਾਤ, ਝਾਕੀ ਆਪਣੀ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਰਿਹਾ ਖੁਲ੍ਹਾਈਆ । ਮਾਣਸ ਉਠ ਹੋ ਨਿਰਮੋਹ, ਕੂੜੀ ਮੁਹੱਬਤ ਆਪ ਤੁੜਾਇੰਦਾ । ਪ੍ਰਭ ਸਰਨਾਈ ਸਾਚੀ ਛੋਹ, ਸ਼ਹਿਨਸ਼ਾਹ ਆਪਣਾ ਰੰਗ ਰੰਗਾਇੰਦਾ । ਆਤਮ ਪਰਮਾਤਮ ਏਕਾ ਹੋ, ਨਰ ਹਰਿ ਆਪਣਾ ਰੰਗ ਰੰਗਾਇੰਦਾ । ਅੰਮ੍ਰਿਤ ਰਸ ਦੇਵੇ ਚੋ, ਨਿਝਰ ਝਿਰਨਾ ਸਚ ਝਿਰਾਇੰਦਾ । ਘਰ ਪਰਕਾਸ਼ ਕਰੇ ਲੋ, ਅੰਧ ਅੰਧੇਰ ਗਵਾਇੰਦਾ । ਨੇਤਰ ਨੈਣ ਕੋਈ ਨਾ ਸਕੇ ਰੋ, ਹੰਝੂ ਨੀਰ ਨਾ ਕੋਇ ਵਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸੰਗ ਆਪ ਜਣਾਇੰਦਾ । ਮਾਨੁਖ ਉਠ ਕਰ ਵਿਚਾਰ, ਵੇਲਾ ਵਕਤ ਰਿਹਾ ਜਣਾਈਆ । ਜਨਮ ਕਰਮ ਮਾਤ ਸੁਧਾਰ, ਸੁਧ ਏਕੋ ਘਰ ਪਾਈਆ । ਦਰਦ ਦੁਖ ਦੇਣ ਨਿਵਾਰ, ਦਲਿੱਦਰ ਲੈ ਗਵਾਈਆ । ਸੁਖ ਸਾਗਰ ਕਰ ਪਿਆਰ, ਸਤਿ ਸਰੂਪ ਸਮਾਈਆ । ਕੂੜੀ ਕਿਰਿਆ ਮਾਰ ਮਾਰ, ਨਾਮ ਖੰਡਾ ਹੱਥ ਉਠਾਈਆ । ਸਚ ਸੁੱਚ ਵਣਜ ਵਪਾਰ, ਹੱਟ ਹਟਵਾਣਾ ਇਕ ਖੁਲ੍ਹਾਈਆ । ਦਰ ਦਰਵੇਸ਼ ਬਣ ਭਿਖਾਰ, ਭਿੱਖਕ ਰੂਪ ਵਟਾਈਆ । ਦੇਵਣਹਾਰ ਏਕੰਕਾਰ, ਵਸਤ ਅਮੋਲਕ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਮਾਨੁਸ਼ ਉਠ ਸੁਣ ਕੰਨ, ਸ੍ਰੀ ਭਗਵਾਨ ਆਪ ਜਣਾਇੰਦਾ । ਲੇਖਾ ਛੱਡ ਮਤ ਮਨ, ਮਾਇਆ ਮਮਤਾ ਮੋਹ ਮਿਟਾਇੰਦਾ । ਸਤਿਗੁਰ ਨਾਉਂ ਸਾਚਾ ਧੰਨ, ਸਤਿ ਸਤਿਵਾਦੀ ਇਕ ਵਡਿਆਇੰਦਾ । ਨਜ਼ਰ ਨਾ ਆਏ ਨੇਤਰ ਅੰਨ੍ਹ, ਗੁਰਮੁਖ ਸੱਜਣ ਆਪ ਉਠਾਇੰਦਾ । ਭਾਂਡਾ ਭਰਮ ਭੌ ਕੂੜਾ ਭੰਨ, ਹਉਮੇਂ ਹੰਗਤਾ ਗੜ੍ਹ ਤੁੜਾਇੰਦਾ । ਕਰ ਪਰਕਾਸ਼ ਸਾਚੇ ਤਨ, ਸਚ ਗਿਆਨ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਦਰ ਘਰ ਘਰ ਵੇਖ ਵਖਾਇੰਦਾ । ਮਨੁਸ਼ ਉਠ ਖੋਲ੍ਹ ਅੱਖ, ਅੱਖਰ ਅੱਖਰ ਪੜ੍ਹਾਈਆ । ਰਹਿਬਰ ਮਾਰਗ ਰਿਹਾ ਦੱਸ, ਰਹੀਮ ਹੋਏ ਸਹਾਈਆ । ਅੰਤਰ ਗਾਓ ਏਕਾ ਜਸ, ਬਸੰਤਰ ਦਏ ਬੁਝਾਈਆ । ਮਿਟੇ ਰੈਣ ਅੰਧੇਰੀ ਮੱਸ, ਚੰਦ ਨੂਰ ਇਕ ਚਮਕਾਈਆ । ਲਹਿਣਾ ਦੇਣਾ ਹੱਥੋ ਹੱਥ, ਜਗਤ ਉਧਾਰ ਨਾ ਕੋਇ ਰਖਾਈਆ । ਲੱਖ ਚੁਰਾਸੀ ਨਾਲੋਂ ਕਰੇ ਵੱਖ, ਹਰਿ ਵੱਖਰੀ ਕਾਰ ਕਮਾਈਆ । ਸਾਹਿਬ ਸੁਲਤਾਨ ਸਰਨਾਈ ਢੱਠ, ਢੈਂਦਿਆਂ ਲਏ ਉਠਾਈਆ । ਸਤਿ ਸੰਤੋਖ ਧੀਰਜ ਦੇਵੇ ਜਤ, ਮਤ ਇਕੋ ਇਕ ਜਣਾਈਆ । ਨਾੜ ਬਹੱਤਰ ਨਾ ਉਬਲੇ ਰਤ, ਅੰਮ੍ਰਿਤ ਮੇਘ ਮੇਘ ਬਰਸਾਈਆ । ਚਾਰ ਕੁੰਟ ਦਹਿ ਦਿਸ਼ਾ ਨਿਰਗੁਣ ਨੂਰ ਨਜ਼ਰ ਆਏ ਪਰਤੱਖ, ਪਾਰਬ੍ਰਹਮ ਪ੍ਰਭ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦਾ ਸੁਹੇਲਾ ਸੰਗ ਨਿਭਾਈਆ । ਮਾਣਸ ਮਾਨੁਖ ਮਾਨੁਸ਼ ਨੇਤਰ ਖੋਲ੍ਹ, ਇਕ ਧਿਆਨ ਲਗਾਈਆ । ਸ੍ਰੀ ਭਗਵਾਨ ਨਜ਼ਰ ਆਏ ਅਡੋਲ,

ਸਚ ਸਿੰਘਾਸਣ ਸੋਭਾ ਪਾਈਆ । ਨਾਮ ਤਰਾਜ਼ੂ ਤੋਲੇ ਤੋਲ, ਕੰਡਾ ਆਪਣੇ ਹੱਥ ਉਠਾਈਆ । ਵਸਤ ਅਮੋਲਕ ਰੱਖੇ ਕੋਲ, ਜਨ ਭਗਤਾਂ ਰਿਹਾ ਵਰਤਾਈਆ । ਕਾਇਆ ਗਠੜੀ ਸਭ ਦੀ ਖੋਲ੍ਹ, ਕੂੜੀ ਕਿਰਿਆ ਬਾਹਰ ਕਢਾਈਆ । ਸਚ ਅਨੰਦ ਵਜਾਏ ਢੋਲ, ਮਰਦੰਗ ਕਰੇ ਸ਼ਨਵਾਈਆ । ਅਨਬੋਲਤ ਬੋਲੇ ਆਪਣਾ ਬੋਲ, ਸੋਹੰ ਢੋਲਾ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖ਼ਾਲਕ ਖ਼ਲਕ ਦਏ ਸਮਝਾਈਆ । ਮਾਣਸ ਮਾਨੁਖ ਮਾਨੁਸ਼ ਮਾਇਆ ਮਮਤਾ ਛੱਡ, ਛੁਟੇ ਸਰਬ ਲੋਕਾਈਆ । ਜੀਵਦਿਆਂ ਜਗ ਹੋ ਅੱਡ, ਅਡੰਬਰ ਦੇ ਗਵਾਈਆ । ਸ੍ਰੀ ਭਗਵਾਨ ਘਰ ਸੱਦ, ਸੱਦਾ ਨਾਮ ਸੁਣਾਈਆ । ਕੂੜੀ ਕਿਰਿਆ ਪਾਰ ਹੱਦ, ਹਦੂਦ ਦੇ ਮਿਟਾਈਆ । ਕੋਟਨ ਕੋਟ ਰਾਜ ਰਾਜਾਨ ਸ਼ਾਹ ਸੁਲਤਾਨ ਗਏ ਲੱਦ, ਥਿਰ ਕੋਇ ਰਹਿਣ ਨਾ ਪਾਈਆ । ਕੋਟਨ ਕੋਟ ਮੱਕਾ ਕਾਅਬਾ ਕਰ ਕੇ ਗਏ ਹੱਜ, ਹੁਜਰੇ ਹੱਕ ਨਾ ਕੋਇ ਸਮਾਈਆ । ਕੋਟਨ ਕੋਟ ਬੈਠੇ ਮੰਦਰ ਮਸਜਦ ਸ਼ਿਵਦਵਾਲੇ ਮੱਠ, ਮਸਤੀ ਨਾਮ ਨਾ ਕੋਇ ਚੜ੍ਹਾਈਆ । ਕੋਟਨ ਕੋਟ ਭੱਜੇ ਫਿਰਦੇ ਤੀਰਥ ਤਟ, ਜਗਤ ਸਰੋਵਰ ਨਹਾਵਣ ਨਹਾਈਆ । ਕੋਟਨ ਕੋਟ ਮਣਕਾ ਮਣਕਾ ਰਸਨਾ ਜਿਹਵਾ ਰਹੇ ਰਟ, ਤਸਬੀ ਮਾਲਾ ਗਲ ਲਟਕਾਈਆ । ਕੋਟਨ ਕੋਟ ਜੰਗਲ ਜੂਹ ਉਜਾੜ ਪਹਾੜ ਡੂੰਘੀ ਭਵਰੀ ਬੈਠੇ ਫਸ, ਫਾਸੀ ਜਮ ਨਾ ਕੋਇ ਕਟਾਈਆ । ਕੋਟਨ ਕੋਟ ਸੀਸ ਪੁਆ ਕੇ ਬੈਠੇ ਭੱਸ, ਤਨ ਮਾਟੀ ਖ਼ਾਕ ਰਮਾਈਆ । ਕੋਟਨ ਕੋਟ ਘਰ ਮੰਦਰ ਛੱਡ ਕੇ ਗਏ ਹੱਟ, ਦਰ ਦਰ ਘਰ ਘਰ ਅਲਖ ਜਗਾਈਆ । ਕੋਟਨ ਕੋਟ ਖੇਲਣ ਖੇਲ ਬਾਜ਼ੀਗਰ ਨਟ, ਬਣ ਸਵਾਂਗੀ ਸਾਂਗ ਵਟਾਈਆ । ਬਿਨ ਸਤਿਗੁਰ ਪੂਰੇ ਸਾਚੀ ਦੇਵੇ ਨਾ ਕੋਇ ਮਤ, ਗੁਰਮਤ ਨਾ ਕੋਇ ਜਣਾਈਆ । ਵੇਲੇ ਅੰਤ ਨਾ ਰੱਖੇ ਪਤ, ਸਿਰ ਹੱਥ ਨਾ ਕੋਇ ਰਖਾਈਆ । ਮਾਣਸ ਮਾਨੁਖ ਮਾਨੁਸ਼ ਪ੍ਰਭ ਸਾਚੇ ਦਾ ਸਾਚਾ ਜਸ, ਵੇਦ ਪੁਰਾਨ ਰਹੇ ਸਮਝਾਈਆ । ਕਰ ਕਿਰਪਾ ਪੂਰੀ ਕਰੇ ਆਸ, ਨਿਰਾਸਾ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਰ ਆਤਮ ਦੇਵੇ ਸਾਥ, ਰਘੁਨਾਥ ਆਪਣਾ ਸੰਗ ਨਿਭਾਈਆ ।

### ★ ੧੪ ਜੇਠ ੨੦੨੦ ਬਿਕ੍ਰਮੀ ਕ੍ਰਿਸ਼ਨ ਲਾਲ ਦੇ ਗ੍ਰਿਹ ਪਿੰਡ ਸਰਦਾਰੀ ਜੰਮੂ ★

ਮਾਣਸ ਰੂਪ ਤੇਰੇ ਪ੍ਰਭ ਬਾਲ, ਬਾਲੀ ਬੁਧ ਨਾ ਕੋਇ ਵਡਿਆਈਆ । ਕਰ ਕਿਰਪਾ ਮਾਰਗ ਸਚ ਸਿਖਾਲ, ਸਿਖਿਆ ਗੁਰ ਗੁਰ ਇਕ ਬੁਝਾਈਆ । ਨਿਰਗੁਣ ਹੋ ਕੇ ਬਣ ਦਲਾਲ, ਸਰਗੁਣ ਸਾਚਾ ਰਾਹ ਜਣਾਈਆ । ਗੋਦੀ ਚੁਕ ਆਪਣੇ ਲਾਲ, ਲਾਲਨ ਆਪਣਾ ਰੰਗ ਰੰਗਾਈਆ । ਆ ਕੇ ਵੇਖ ਮੁਰੀਦਾਂ ਹਾਲ, ਮੁਰਸ਼ਦ ਦਾਤੇ ਬੇਪਰਵਾਹੀਆ । ਕਲਜੁਗ ਅੰਤ ਹੋਏ ਕੰਗਾਲ, ਤੇਰਾ ਨਾਉਂ ਨਜ਼ਰ ਨਾ ਆਈਆ । ਤ੍ਰੈਗੁਣ ਮਾਇਆ ਪਿਆ ਜੰਜਾਲ, ਜਾਗਰਤ ਜੋਤ ਨਾ ਕੋਇ ਰੁਸ਼ਨਾਈਆ । ਕੂੜੀ ਕਿਰਿਆ ਘਾਲੀ ਘਾਲ, ਘਾਲ ਲੇਖੇ ਕੋਇ ਨਾ ਪਾਈਆ । ਪੰਜ ਤੱਤ ਅਗਨੀ ਲੱਗੀ ਕਾਇਆ ਮਾਟੀ ਖਾਲ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਅੰਤਰ ਚਲੇ ਨਾ ਕੋਈ ਨਾਲ, ਬਾਹਰ ਮਿੱਤਰ ਸਰਬ ਅਖਵਾਈਆ । ਜੰਗਲ ਜੂਹ ਉਜਾੜ ਪਹਾੜ ਥੱਕੇ ਭਾਲ, ਸ੍ਰੀ ਭਗਵਾਨ ਤੇਰਾ ਨਿਸ਼ਾਨਾ ਨਜ਼ਰ ਕਿਤੇ ਨਾ ਆਈਆ । ਤੂੰ ਸਾਹਿਬ ਸਵਾਮੀ ਘਟ ਘਟ ਅੰਤਰ ਰਿਹਾ ਜਾਣ, ਅੰਤਰਜਾਮੀ

ਤੇਰੀ ਵਡ ਵਡਿਆਈਆ । ਸ਼ਬਦ ਨਿਰਾਲਾ ਮਾਰ ਬਾਣ, ਅਣਿਆਲਾ ਤੀਰ ਚਲਾਈਆ । ਮੂਰਖ ਮੁਗਧ ਚਤਰ ਸੁਘੜ ਹੋਏ ਸੁਜਾਨ, ਦਰ ਤੇਰੇ ਸੋਝੀ ਇਕੋ ਪਾਈਆ । ਕੋਝੇ ਕਮਲਿਆਂ ਦੇ ਗਿਆਨ, ਮੰਤਰ ਆਪਣਾ ਨਾਮ ਸੁਣਾਈਆ । ਸਾਚੇ ਦਰ ਕਰ ਪਰਵਾਨ, ਅਭੁਲ ਭੁੱਲ ਦੇ ਬਖ਼ਸ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਦ ਤੇਰਾ ਨਾਮ ਧਿਆਈਆ । ਮਾਨੁਖ ਕਹੇ ਮੈਂ ਤੇਰਾ ਮਨੁਖ, ਮੁਸ਼ਕਲ ਹੱਲ ਕਰਾਈਆ । ਸਾਹਿਬ ਸਤਿਗੁਰ ਮੇਟ ਦੁੱਖ, ਦਰਦ ਕੋਇ ਰਹਿਣ ਨਾ ਪਾਈਆ । ਤੇਰੇ ਮਿਲਣ ਦੀ ਰਹੇ ਭੁੱਖ, ਆਸਾ ਤ੍ਰਿਸਨਾ ਇਕ ਉਪਜਾਈਆ । ਸਫਲ ਕਰਾ ਮਾਤ ਕੁੱਖ, ਜਨ ਜਨਨੀ ਮਿਲੇ ਵਡਿਆਈਆ । ਨਿਰਗੁਣ ਹੋ ਕੇ ਸਰਗੁਣ ਪੁੱਛ, ਬੇਪਰਵਾਹ ਫੇਰਾ ਪਾਈਆ । ਸਤਿਗੁਰ ਤੇਰਾ ਵੇਖਾਂ ਮੁਖ, ਮੁਖ ਮੁਖੜਾ ਸਿਫ਼ਤ ਸਾਲਾਹੀਆ । ਡੂੰਘੀ ਗਾਰ ਕਿਉਂ ਬੈਠੋਂ ਲੁਕ, ਪਰਦਾ ਉਹਲਾ ਵਿਚ ਰਖਾਈਆ । ਮੁਖ ਨਕ਼ਾਬ ਦੇ ਚੁਕ, ਨੂਰ ਜ਼ਹੂਰ ਕਰ ਰੁਸ਼ਨਾਈਆ । ਅੰਤਮ ਵੇਲਾ ਰਿਹਾ ਢੁੱਕ, ਸਚ ਤੇਰੀ ਓਟ ਤਕਾਈਆ । ਗੁਰ ਸ਼ਬਦੀ ਸ਼ੇਰ ਬੁੱਕ, ਭਬਕ ਆਪਣੇ ਨਾਮ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰਾ ਰੂਪ ਮਾਣਸ ਮਨੁਖ ਮਿਹਰਵਾਨ ਤੇਰੀ ਅੰਸ ਅਖਵਾਈਆ । ਮਨੁਸ਼ ਕਹੇ ਨਾ ਮਾਅਲੂਮ, ਤੇਰਾ ਅੰਤ ਕਹਿਣ ਨਾ ਪਾਈਆ । ਹਉਂ ਬਾਲਕ ਬੱਚਾ ਮਾਅਸੂਮ, ਮੁਸੀਬਤ ਸਿਰ ਤੇ ਇਕੋ ਛਾਈਆ । ਕਰਮ ਕਾਂਡ ਕੀਤਾ ਮਜ਼ਲੂਮ, ਜ਼ੁਲਮ ਸਕੇ ਨਾ ਕੋਇ ਹਟਾਈਆ । ਤੇਰਾ ਸਚ ਨਾ ਜਾਣਾ ਕਾਨੂੰਨ, ਕਾਇਦਾ ਨਜ਼ਰ ਕੋਇ ਨਾ ਆਈਆ । ਤੇਰੇ ਦਰ ਹੋਇਆ ਮਮਨੂਨ, ਮਿਹਰਵਾਨ ਏਕਾ ਮੰਗ ਮੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਮ ਦੇਣਾ ਸਾਚਾ ਵਰ, ਦੁਖ ਦਰਦ ਦੇ ਗਵਾਈਆ । ਮਾਣਸ ਕਹੇ ਮੈਂ ਤੇਰਾ ਮਾਣਸ, ਮਨ ਤੇਰੀ ਓਟ ਤਕਾਈਆ । ਮਨੁਖ ਕਹੇ ਕੋਈ ਰਹੇ ਨਾ ਆਲਸ, ਪ੍ਰਭ ਚਰਨ ਧਿਆਨ ਲਗਾਈਆ । ਮਾਨੁਸ਼ ਕਹੇ ਪ੍ਰਭ ਬਣ ਸਾਲਸ, ਸਾਚੀ ਸਾਲਸੀ ਮਾਤ ਕਮਾਈਆ । ਕੂੜੀ ਨਿੰਦਰਾ ਰਹੇ ਨਾ ਆਲਸ, ਅੱਖ ਪਰਤੱਖ ਦੇ ਖੁਲ੍ਹਾਈਆ । ਰੂਪ ਬਣਾ ਆਪਣਾ ਖ਼ਾਲਸ਼, ਖ਼ਾਕੀ ਖ਼ਾਕ ਲੇਖੇ ਪਾਈਆ । ਮਾਇਆ ਮਮਤਾ ਰਹੇ ਨਾ ਨਾਲਸ, ਨਾਮ ਨਿਧਾਨਾ ਦੇ ਸਮਝਾਈਆ । ਕੂੜੀ ਅੱਗ ਨਾ ਲੱਗੇ ਆਤਸ਼, ਤਤਵ ਤਤ ਨਾ ਕੋਇ ਜਲਾਈਆ । ਤੁਧ ਬਿਨ ਕਰੇ ਨਾ ਕੋਇ ਸਿਫ਼ਾਰਸ਼, ਬੰਦੀਖ਼ਾਨਾ ਨਾ ਕੋਇ ਤੁੜਾਈਆ । ਹੱਕ ਹਕੀਕਤ ਲਿਖ ਇਬਾਰਤ, ਅਵਲ ਤੇਰੀ ਓਟ ਤਕਾਈਆ । ਪਿਛਲੀ ਬਦਲ ਸਾਹਿਬ ਹੁਣ ਆਦਤ, ਭਗਤ ਭਗਵਾਨ ਲੈ ਗਲ ਲਾਈਆ । ਤੇਰੀ ਪਰੇਮ ਦੀ ਗਾਈਏ ਇਬਾਦਤ, ਢੋਲਾ ਇਕੋ ਇਕ ਅਲਾਈਆ । ਸਖ਼ੀ ਸਰਵਰ ਕਰ ਸਖ਼ਾਵਤ, ਮਿਹਰ ਨਜ਼ਰ ਉਠਾਈਆ । ਮਨ ਬੁਧੀ ਰਹੇ ਨਾ ਕੋਇ ਅਦਾਵਤ, ਅਦਲ ਤੇਰਾ ਨਜ਼ਰੀ ਆਈਆ । ਆਸਾ ਤ੍ਰਿਸਨਾ ਨਾ ਕਰੇ ਬਗ਼ਾਵਤ, ਬਗ਼ਲਗੀਰ ਹੋ ਸੱਚੇ ਮਾਹੀਆ । ਘਰ ਦਰ ਦੇਈਏ ਤੈਨੂੰ ਦਾਅਵਤ, ਦਸਤਰਖ਼ਾਨ ਇਕ ਵਿਛਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਣਾ ਨਾਮ ਵਰ, ਵਰ ਇਕੋ ਇਕ ਵਖਾਈਆ । ਮਾਣਸ ਮਾਨੁਖ ਮਾਨੁਸ਼ ਤੇਰਾ ਬੰਦਨ, ਬੰਦਗੀ ਤੇਰਾ ਨਾਮ ਕਰਾਈਆ । ਤੇਰੀ ਧੂੜੀ ਟਿੱਕਾ ਚੰਦਨ, ਸਾਚੀ ਮਹਿਕ ਮਹਿਕ ਮਹਿਕਾਈਆ । ਨਰ ਨਰਾਇਣ ਤੇਰਾ ਅਨੰਦਨ, ਨਿਜ ਆਤਮ ਕਰੇ ਰਸਾਈਆ । ਸਦਾ ਸਵਾਮੀ ਬਣ ਬਖ਼ਸ਼ੰਦਨ, ਬਖ਼ਸ਼ਣਹਾਰ ਤੇਰੀ ਚਤੁਰਾਈਆ । ਆਵਣ ਜਾਵਣ ਟੁਟੇ ਫੰਦਨ, ਫਾਂਦੀ ਕੋਇ ਰਹਿਣ ਨਾ ਪਾਈਆ । ਦੂਈ ਦਵੈਤੀ ਢਹੇ ਕੰਧਨ, ਪਰਦਾ ਉਹਲਾ ਦੇ ਮਿਟਾਈਆ । ਕਲਜੁਗ ਅੰਤਮ

੫੮੦ ੧੪

ਆਇਓਂ ਗੰਢਣ, ਗੰਢਣਹਾਰ ਗੋਪਾਲ ਸਵਾਮੀ ਹੋ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਣਾ ਇਕ ਵਰ, ਮਾਣਸ ਮਾਨੁਖ ਮਾਨੁਸ਼ ਤੇਰਾ ਧਿਆਨ ਲਗਾਈਆ । ਮਾਣਸ ਕਹੇ ਪ੍ਰਭ ਤੇਰੇ ਅੱਗੇ ਮਿੰਨਤ, ਨਿਉਂ ਨਿਉਂ ਸੀਸ ਝੁਕਾਈਆ । ਆਪਣੇ ਮਿਲਣ ਦੀ ਦੇ ਹਿੰਮਤ, ਹਮਰਾ ਸੰਗ ਰਖਾਈਆ । ਗ਼ਰੀਬ ਨਿਮਾਣਿਆਂ ਪਾ ਕੀਮਤ, ਕਰਤੇ ਤੇਰੇ ਹੱਥ ਵਡਿਆਈਆ । ਕਲਜੁਗ ਵੇਲਾ ਅੰਤ ਗ਼ਨੀਮਤ, ਗ਼ਫ਼ਲਤ ਵਿਚ ਨਾ ਕਦੇ ਲੰਘਾਈਆ । ਤੂੰ ਖ਼ਾਵੰਦ ਸਾਹਿਬ ਹਉਂ ਤੇਰੀ ਤਰੀਮਤ, ਤਿਰਯਾ ਤੇਰੀ ਸੇਵ ਕਮਾਈਆ । ਤੇਰਾ ਸ਼ਾਨ ਅਜ਼ੀਮ ਅਜ਼ੀਮਤ, ਤੇਰੀ ਮੰਜ਼ਲ ਬੇਪਰਵਾਹੀਆ । ਤੇਰਾ ਨੂਰ ਨੂਰਾਨੀ ਹੁਸੀਨ ਹੁਸੀਨਤ, ਸ਼ਾਹਸਵਾਰ ਤੇਰੀ ਸ਼ਰਨਾਈਆ । ਤੂੰ ਸਰਬ ਸਵਾਮੀ ਵਡ ਪਰਬੀਨਤ, ਪਰਮ ਪੁਰਖ ਬੇਪਰਵਾਹੀਆ । ਹਉਂ ਬਾਲਕ ਤੇਰੇ ਅਧੀਨਤ, ਅਦਨੇ ਰੂਪ ਵਖਾਈਆ । ਤੇਰੀ ਸੋਹਣੀ ਪਾਖਰ ਜ਼ੀਨਤ, ਅਸਵ ਇਕੋ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਣਾ ਇਕ ਘਰ, ਘਰ ਮੰਦਰ ਵੱਜੇ ਵਧਾਈਆ । ਮਾਣਸ ਮਾਨੁਖ ਮਧੁਰ ਰਸ, ਤੇਰੇ ਚਰਨ ਧਿਆਨ ਲਗਾਈਆ । ਮਾਨੁਸ਼ ਤੇਰੇ ਹੋਵੇ ਵਸ, ਵਾਸਤਾ ਦੋਏ ਜੋੜ ਸਰਨਾਈਆ । ਕਰ ਕਿਰਪਾ ਦੇ ਆਪਣਾ ਰਸ, ਰਸਤਾ ਸਚ ਦੇ ਸਮਝਾਈਆ । ਦਰੋਹੀ ਸਾਡੀ ਹੋਈ ਬੱਸ, ਲੱਭਿਆਂ ਹੱਥ ਕਿਸੇ ਨਾ ਆਈਆ । ਜੁਗ ਚੌਕੜੀ ਵੇਖਿਆ ਨੱਸ, ਲੱਖ ਚੁਰਾਸੀ ਫੇਰਾ ਪਾਈਆ । ਜ਼ੋਰ ਕਰ ਤੱਤ ਅੱਠ, ਨਾਰੀ ਨਰ ਵੇਸ ਵਟਾਈਆ । ਕਿਸੇ ਕੰਮ ਨਾ ਆਇਆ ਹਠ ਤਪ, ਚਲੀ ਨਾ ਕੋਇ ਚਤੁਰਾਈਆ । ਬਿਨ ਤੇਰੀ ਕਿਰਪਾ ਪੂਰਨ ਹੋਏ ਨਾ ਕੋਇ ਜਪ, ਜਪੀ ਤਪੀ ਬੈਠੇ ਢੇਰੀਆਂ ਢਾਹੀਆ । ਭਗਤ ਭਗਵਾਨ ਕਰ ਪੱਖ, ਪਾਥਰ ਪਾਹਨ ਪਰੇ ਹਟਾਈਆ । ਨਿਰਗੁਣ ਖੋਲ੍ਹ ਆਪਣੀ ਅੱਖ, ਆਖਰ ਆਪਣਾ ਮੇਲ ਮਿਲਾਈਆ । ਜਿਉਂ ਭਾਵੇ ਤਿਉਂ ਲੈਣਾ ਰੱਖ, ਰੱਖਕ ਹੋ ਬੇਪਰਵਾਹੀਆ । ਮਾਣਸ ਮਾਨੁਖ ਮਾਨੁਸ਼ ਅੰਤਮ ਸੜੇ ਕਾਇਆ ਕੱਖ, ਧੂਆਂਧਾਰ ਸਮਾਈਆ । ਆਤਮ ਪਰਮਾਤਮ ਤੇਰੇ ਵਸ, ਸਦ ਤੇਰਾ ਰੰਗ ਵਖਾਈਆ । ਕਲਜੁਗ ਅੰਤਮ ਮਿਲ ਹੱਸ, ਸੋਹੰ ਹੰਸਾ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਮਾਣਸ ਮਨੁਖ ਮਨੁਸ਼ ਪਰਵਾਨ, ਪਰਮ ਪੁਰਖ ਦਏ ਸਮਝਾਈਆ । ਜੋ ਜਨ ਢੋਲਾ ਸੋਹੰ ਗਾਣ, ਤਿਨ ਮਿਲੇ ਮਾਣ ਵਡਿਆਈਆ । ਦੋ ਜਹਾਨ ਹੋਏ ਮਿਹਰਵਾਨ, ਏਥੇ ਓਥੇ ਸਦਾ ਸਹਾਈਆ । ਗੁਰਮੁਖ ਗੁਰ ਗੁਰ ਕਰੇ ਪਹਿਚਾਨ, ਹਰਿਜਨ ਹਰਿ ਹਰਿ ਲਏ ਮਿਲਾਈਆ । ਭਗਤ ਭਗਵਾਨ ਇਕ ਮਕਾਨ, ਮੰਦਰ ਇਕੋ ਸੋਭਾ ਪਾਈਆ । ਰਲ ਮਿਲ ਢੋਲਾ ਸਾਚਾ ਗਾਣ, ਤੂੰ ਮੇਰਾ ਮੈਂ ਤੇਰਾ ਇਕੋ ਰਾਗ ਅਲਾਈਆ । ਕਲਜੁਗ ਅੰਤ ਸ੍ਰੀ ਭਗਵਾਨ ਮਹਾਂਬਲੀ ਫੇਰਾ ਪਾਈਆ । ਨਿਹਕਲੰਕ ਨੌਜਵਾਨ, ਡੰਕਾ ਨਾਮ ਸ਼ਬਦ ਵਜਾਈਆ । ਦਵਾਰ ਬੰਕ ਸੁਹਾਏ ਆਣ, ਬੰਕ ਦਵਾਰੀ ਫੇਰਾ ਪਾਈਆ । ਜਿਨ੍ਹਾਂ ਜਪਿਆ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤਿਨ੍ਹਾਂ ਲੱਖ ਚੁਰਾਸੀ ਜਮ ਕੀ ਫਾਸੀ ਅੰਤ ਰਹਿਣ ਨਾ ਪਾਈਆ ।



★ ੧੪ ਜੇਠ ੨੦੨੦ ਬਿਕ੍ਰਮੀ ਗੁਰਾ ਰਾਮ ਦੇ ਗ੍ਰਿਹਿ ਪਿੰਡ ਸਰਦਾਰੀ ਜੰਮੂ ★

ਭਗਤ ਭਗਵਾਨ ਕਰ ਮੰਜ਼ੂਰ, ਮਾਣਸ ਦੇਵਣਹਾਰ ਵਡਿਆਈਆ । ਜਨਮ ਕਰਮ ਬਖ਼ਸ਼ ਕਸੂਰ, ਮਾਨੁਖ ਆਪਣੇ ਲੇਖੇ ਲਾਈਆ । ਭੰਡਾਰਾ

ਭਰ ਸ਼ਬਦ ਭਰਪੂਰ, ਮਨੁਸ਼ ਹੋਵੇ ਸਦਾ ਸਹਾਈਆ । ਨੇਤਰ ਬਖ਼ਸ਼ੇ ਦਰਸ਼ਨ ਨੂਰ, ਨੂਰ ਨੂਰਾਨਾ ਨਜ਼ਰੀ ਆਈਆ । ਪੰਧ ਮੁਕਾਏ ਨੇੜੇ ਦੂਰ, ਘਰ ਘਰ ਆਪਣਾ ਡੇਰਾ ਲਾਈਆ । ਨਾਤਾ ਤੋੜੇ ਕੂੜੋ ਕੂੜ, ਕੂੜੀ ਕਿਰਿਆ ਮੋਹ ਮੁਕਾਈਆ । ਹਰਿਜਨ ਬਖ਼ਸ਼ੇ ਚਰਨ ਧੂੜ, ਚਰਨੋਦਕ ਨਾਮ ਪਿਆਈਆ । ਸਦਾ ਸਹਾਈ ਹਾਜ਼ਰ ਹਜ਼ੂਰ, ਸਵੱਛ ਸਰੂਪੀ ਰੂਪ ਵਖਾਈਆ । ਜਨ ਭਗਤਾਂ ਰਹੇ ਸਦਾ ਮਸ਼ਕੂਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਸਾਚੀ ਕਾਰ ਕਮਾਈਆ । ਭਗਤ ਭਗਵਾਨ ਪੂਰੀ ਮਨਸਾ, ਮਾਨਸ ਦੇਵਣਹਾਰ ਵਡਿਆਈਆ । ਗੁਰਮੁਖ ਬਣਾਏ ਰੂਪ ਹੰਸਾ, ਹੰਸ ਮੁਖ ਸਿਫ਼ਤ ਸਾਲਾਹੀਆ । ਸੋਹੰ ਧਾਰ ਬਣਾਏ ਬੰਸਾ, ਬੰਸ ਇਕੋ ਇਕ ਵਖਾਈਆ । ਕਲਜੁਗ ਕੂੜਾ ਰਹੇ ਨਾ ਵਿਚ ਕੰਸਾ, ਰਾਵਣ ਰੂਪ ਨਾ ਕੋਇ ਜਣਾਈਆ । ਹਰਿਜਨ ਉਪਾਏ ਵਿਚੋਂ ਸਹੰਸਾ, ਸਾਹਿਬ ਸਤਿਗੁਰ ਹੋਏ ਸਹਾਈਆ । ਪੁਰਖ ਅਕਾਲ ਬਣਾਈ ਅੰਸਾ, ਅੰਗੀਕਾਰ ਆਪਣੇ ਅੰਗ ਲਗਾਈਆ । ਪੂਰੀ ਕਰੇ ਸਭ ਦੀ ਮਨਸਾ, ਤਨ ਮਨਤਵ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਮਾਣਸ ਲਾਏ ਆਪਣੇ ਲੇਖੇ, ਲੇਖਾ ਆਪਣੇ ਹੱਥ ਰਖਾਈਆ । ਮਾਨੁਖ ਰੂਪ ਘਰ ਘਰ ਵੇਖੇ, ਮਾਨੁਸ਼ ਬੂਝ ਬੁਝਾਈਆ । ਭਗਤ ਭਗਵਾਨ ਕੱਢੇ ਭੁਲੇਖੇ, ਭਰਮੀ ਭਰਮ ਗੜ੍ਹ ਤੁੜਾਈਆ । ਨਿਰੰਤਰ ਬ੍ਰਹਮ ਕਰੇ ਹੇਤੇ, ਅੰਤਰ ਆਪਣਾ ਮੇਲ ਮਿਲਾਈਆ । ਭਾਗ ਲਗੇ ਕਾਇਆ ਖੇਤੇ, ਫੁਲ ਫੁਲਵਾੜੀ ਆਪ ਮਹਿਕਾਈਆ । ਗੁਰਮੁਖ ਤੇਰਾ ਕੋਈ ਨਾ ਲਏ ਠੇਕੇ, ਕੀਮਤ ਤੇਰੀ ਨਾ ਕੋਇ ਚੁਕਾਈਆ । ਲੱਖ ਚੁਰਾਸੀ ਜੀਵ ਜੰਤ , ਸ੍ਰੀ ਭਗਵਾਨ ਪਿਤਾ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਨੁਸ਼ ਆਪਣੀ ਝੋਲੀ ਪਾਈਆ । ਮਨੁਸ਼ ਮਨੁਖ ਮਾਣਸ ਪ੍ਰਭ ਦੀ ਝੋਲੀ, ਹਰਿ ਝੂਲਾ ਨਾਮ ਦਿਵਾਇੰਦਾ । ਨਿਰਗੁਣ ਸਰਗੁਣ ਚੁੱਕੇ ਡੋਲੀ, ਬਣ ਕਹਾਰ ਕੰਧ ਉਠਾਇੰਦਾ । ਤੋਰੀ ਜਾਏ ਹੌਲੀ ਹੌਲੀ, ਅਗਲਾ ਪੰਧ ਮੁਕਾਇੰਦਾ । ਮਨਮੁਖ ਜੀਵ ਪਾਵਣ ਰੌਲੀ, ਚਾਰੋਂ ਕੁੰਟ ਕੂਕ ਸੁਣਾਇੰਦਾ । ਕੂੜੀ ਕਿਰਿਆ ਖੇਲੇ ਹੋਲੀ, ਮਾਇਆ ਮਮਤਾ ਰੰਗ ਰੰਗਾਇੰਦਾ । ਗੁਰਮੁਖ ਬੋਲਣ ਇਕੋ ਬੋਲੀ, ਤੂੰ ਮੇਰਾ ਮੈਂ ਤੇਰਾ ਸੋਹੰ ਰਾਗ ਸੱਚਾ ਭਾਇੰਦਾ । ਜੋਤ ਨਿਰੰਜਣ ਬਣੇ ਵਿਚੋਲੀ, ਵਿਚੋਲਾ ਹੋਰ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਵਾਨ ਆਪ ਮਿਲਾਇੰਦਾ । ਮਾਣਸ ਮਾਨੁਖ ਮਾਨੁਸ਼, ਮਾਣਸ ਮਨੁਖ ਮਨੁਖਤਾ ਦਏ ਵਡਿਆਈਆ । ਸੋਹੇ ਸੁਹੰਜਣੀ ਸਾਚੀ ਰੁੱਤ, ਰੁੱਤ ਆਪਣੇ ਨਾਲ ਮਿਲਾਈਆ । ਭਗਤ ਭਗਵਾਨ ਇਕ ਦੂਜੇ ਨੂੰ ਰਹੇ ਪੁੱਛ, ਜੁਗ ਜੁਗ ਦਿਤੀ ਕਿਉਂ ਜੁਦਾਈਆ । ਕਵਣ ਕੂਟੇ ਰਹੇ ਲੁਕ, ਦਿਸ਼ਾ ਹੱਥ ਕਿਸੇ ਨਾ ਆਈਆ । ਬਿਰਹੋਂ ਅੰਦਰ ਗਏ ਸੁੱਕ, ਡਾਲੀ ਨਜ਼ਰ ਕੋਇ ਨਾ ਆਈਆ । ਅੰਤਮ ਪੈਂਡਾ ਰਿਹਾ ਮੁੱਕ, ਮੁਕੀ ਵਾਟ ਪਰਾਈਆ । ਪ੍ਰਭ ਆ ਕੇ ਗੋਦੀ ਚੁਕ, ਇਕ ਤੇਰੀ ਓਟ ਤਕਾਈਆ । ਤੇਰੇ ਮਿਲਣ ਦੀ ਲੱਗੀ ਭੁੱਖ, ਭੁੱਖਿਆਂ ਧੀਰ ਨਾ ਕੋਇ ਧਰਾਈਆ । ਨਾਤਾ ਜੋੜ ਪਿਉ ਪੁੱਤ, ਪਿਤਾ ਪੂਤ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਰਨ ਕਵਲ ਜੋੜ ਜੁੜਾਈਆ । ਮਾਣਸ ਜੋੜ ਚਰਨ ਕਵਲ, ਮਾਨੁਖ ਮਿਲੇ ਸਰਨਾਈਆ । ਮਾਨੁਸ਼ ਵਡਿਆਈ ਉਪਰ ਧਵਲ, ਹਰਿ ਕਰਤਾ ਹੋਏ ਸਹਾਈਆ । ਅੰਮ੍ਰਿਤ ਜਾਮ ਪਿਆਏ ਪੌਹਲ, ਪਹਿਲਾ ਰੂਪ ਦਰਸਾਈਆ । ਨੂਰ ਵਖਾਏ ਆਪਣਾ ਅਵਲ, ਇਲਾਹੀ ਰੂਪ ਧਰਾਈਆ । ਦੂਜੇ ਪੂਰਾ ਕਰੇ ਕਵਲ, ਕੀਤਾ ਕੌਲ ਨਿਭਾਈਆ । ਤੀਜੇ ਖੇਲ ਸਾਵਲ ਸਵਲ, ਨੇਤਰ ਨੈਣ ਖੁਲ੍ਹਾਈਆ । ਚੌਥੇ ਪਰੇਮ ਪ੍ਰੀਤੀ

ਅੰਦਰ ਹੋਵੇ ਬਵਲ, ਸੁਧ ਬੁਧ ਕੋਇ ਰਹਿਣ ਨਾ ਪਾਈਆ । ਪੰਜਵੇਂ ਸੇਵਕ ਬਣ ਕੇ ਕਰੇ ਚਵਰ, ਅਵਰ ਆਪਣੀ ਕਾਰ ਕਮਾਈਆ । ਛੇਵੇਂ ਛੱਪਰ ਛੰਨ ਛੁਹਾਏ ਗਹਿਰ ਗਵਰ, ਹਰਿ ਗੰਭੀਰ ਫੇਰਾ ਪਾਈਆ । ਸੱਤਵੇਂ ਸਤਿ ਸਤਿਵਾਦੀ ਕੂੜੀ ਕਿਰਿਆ ਦੇਵੇ ਸਵਰ, ਕਰੇ ਸਫ਼ਾਈ ਥਾਉਂ ਥਾਈਆ । ਅੱਠਵੇਂ ਅੱਠਾਂ ਤੱਤਾਂ ਨਾਤਾ ਤੋੜੇ ਮੜੀ ਕਬਰ, ਮਕਬਰਾ ਰੂਪ ਨਾ ਕੋਇ ਜਣਾਈਆ । ਨੌਵੇਂ ਨੌਂ ਦਰ ਦੇਵੇ ਸਬਰ, ਸਬਰ ਪਿਆਲਾ ਇਕ ਪਿਆਈਆ । ਦਸਵੇਂ ਦਸਮ ਦਵਾਰੀ ਸ਼ਬਦ ਗੁਰੂ ਨਜ਼ਰੀ ਆਏ ਬੱਬਰ, ਸ਼ੇਰ ਆਪਣਾ ਰੂਪ ਵਟਾਈਆ । ਨਿਉਂ ਨਿਉਂ ਸਜਦਾ ਕਰੇ ਅੰਬਰ, ਜ਼ਿਮੀਂ ਅਸਮਾਨ ਸੀਸ ਝੁਕਾਈਆ । ਭਗਤ ਭਗਵਾਨ ਰਚੇ ਸਵੰਬਰ, ਘਰ ਸਾਚੇ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਾਣਸ ਮੇਲਾ ਸਹਿਜ ਸੁਭਾਈਆ । ਮਾਣਸ ਮੇਲਾ ਮਿਲਣੀ ਜਗਦੀਸ, ਜਗਦੀਸਰ ਦਇਆ ਕਮਾਇੰਦਾ । ਲੱਖ ਚੁਰਾਸੀ ਕੂੜੀ ਕਿਰਿਆ ਲੇਖਾ ਚੁਕੇ ਪੀਸਣ ਪੀਸ, ਸਚ ਹਦੀਸ ਇਕ ਸੁਣਾਇੰਦਾ । ਛਤਰ ਝੁਲਾ ਸਾਚਾ ਸੀਸ, ਸਾਹਿਬ ਸੁਲਤਾਨ ਹੁਕਮ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਦਾਨ ਬੀਸ ਬੀਸ, ਦੂਆ ਸਿਫ਼ਰਾ ਜ਼ੀਰੋ ਭਗਤ ਭਗਵਾਨ ਬਣਾਏ ਹੀਰੋ, ਹੀਰਾ ਚੀਰਾ ਸੀਸ ਜਗਦੀਸ ਆਪ ਸੁਹਾਇੰਦਾ ।

★ ੧੪ ਜੇਠ ੨੦੨੦ ਬਿਕ੍ਰਮੀ ਬੇਲੂ ਰਾਮ ਦੇ ਗ੍ਰਿਹ ਪਿੰਡ ਸਰਦਾਰੀ ਜੰਮੂ ★

ਭਗਵਾਨ ਕਹੇ ਮੇਰੀ ਪੂੰਜੀ ਰਾਸ, ਜਨ ਭਗਤ ਅਖਵਾਈਆ । ਭਗਤ ਕਹੇ ਮੇਰਾ ਪਿਤਾ ਮਾਤ, ਸ੍ਰੀ ਭਗਵਾਨ ਬੇਪਰਵਾਹੀਆ । ਭਗਵਾਨ ਕਹੇ ਮੇਰਾ ਸੰਤ ਸਾਂਸ, ਸਾਹ ਸਾਹ ਸਮਾਈਆ । ਸੰਤ ਕਹੇ ਮੇਰਾ ਭਗਵਾਨ ਨੂਰ ਜੋਤ ਪਰਕਾਸ਼, ਨੂਰ ਨੂਰ ਦਰਸਾਈਆ । ਭਗਵਾਨ ਕਹੇ ਮੇਰੀ ਗੁਰਮੁਖ ਆਸ, ਜੁਗ ਜੁਗ ਆਸ ਜਣਾਈਆ । ਗੁਰਮੁਖ ਕਹੇ ਸ੍ਰੀ ਭਗਵਾਨ ਸਾਖਿਆਤ, ਸਦਾ ਸਦਾ ਹੋਏ ਸਹਾਈਆ । ਭਗਵਾਨ ਕਹੇ ਮੇਰਾ ਗੁਰਸਿਖ ਦਾਸ, ਨਿਤ ਨਿਤ ਸੇਵ ਕਮਾਈਆ । ਗੁਰਸਿਖ ਕਹੇ ਭਗਵਾਨ ਸਦਾ ਵਸੇ ਪਾਸ, ਵਿਛੜ ਕਦੇ ਨਾ ਜਾਈਆ । ਸ੍ਰੀ ਭਗਵਾਨ ਕਹੇ ਮਨਮੁਖ ਰਹੇ ਉਦਾਸ, ਧੀਰਜ ਸਤਿ ਨਾ ਕੋਇ ਧਰਾਈਆ । ਮਨਮੁਖ ਕਹੇ ਮੈਂ ਹੋਇਆ ਨਿਰਾਸ, ਮੇਰੀ ਸਾਰ ਕਿਸੇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਭਗਵਾਨ ਕਹੇ ਮੇਰੀ ਭਗਤ ਪੂੰਜੀ, ਵਸਤ ਅਮੋਲਕ ਇਕ ਜਣਾਇੰਦਾ । ਸੰਤ ਸੱਜਣ ਮੇਰੀ ਸਾਚੀ ਕੁੰਜੀ, ਸਚ ਭੰਡਾਰਾ ਇਕ ਰਖਾਇੰਦਾ । ਗੁਰਮੁਖ ਸੱਜਣ ਲੇਖਾ ਚੁਕਾਵਣ ਭਾਉ ਦੂਜੀ, ਦੂਈ ਧਾਰ ਨਾ ਕੋਇ ਵਖਾਇੰਦਾ । ਗੁਰਸਿਖ ਸਿਖਿਆ ਇਕੋ ਸੂਝੀ, ਸਤਿਗੁਰ ਚਰਨ ਧਿਆਨ ਲਗਾਇੰਦਾ । ਮਾਣ ਟੁਟੇ ਕੂੜੀ ਬੁੱਧੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਸਮਝਾਇੰਦਾ । ਭਗਵਾਨ ਕਹੇ ਮੇਰਾ ਭਗਤ ਅਤੀਤ, ਤ੍ਰੈਗੁਣ ਵਿਚ ਕਦੇ ਨਾ ਆਈਆ । ਭਗਤ ਕਹੇ ਪ੍ਰਭ ਠਾਂਡਾ ਸੀਤ, ਸੀਤਲ ਧਾਰ ਵਹਾਈਆ । ਭਗਵਾਨ ਕਹੇ ਮੇਰਾ ਭਗਤ ਗੀਤ, ਜੁਗ ਜੁਗ ਢੋਲਾ ਗਾਈਆ । ਭਗਤ ਕਹੇ ਪ੍ਰਭ ਸਾਚੀ ਪ੍ਰੀਤ, ਆਦਿ ਜੁਗਾਦਿ ਨਿਭਾਈਆ । ਭਗਵਾਨ ਕਹੇ ਮੇਰਾ ਭਗਤ ਮੇਰੀ ਰੀਤ, ਜੁਗ ਚੌਕੜੀ ਖੇਲ ਕਰਾਈਆ । ਭਗਤ ਕਹੇ ਭਗਵਾਨ ਮੇਰਾ ਮੰਦਰ ਮਸੀਤ, ਇਸ਼ਟ

ਇਕੋ ਨਜ਼ਰੀ ਆਈਆ । ਭਗਵਾਨ ਕਹੇ ਮੇਰਾ ਭਗਤ ਸਦਾ ਜਗ ਜੀਤ, ਜੀਵਣ ਮੁਕਤ ਅਖਵਾਈਆ । ਭਗਤ ਕਹੇ ਭਗਵਾਨ ਸਦਾ ਅਤੀਤ, ਸਚਖੰਡ ਵਸੇ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਆਪਣੇ ਹੱਥ ਰਖਾਈਆ । ਭਗਵਾਨ ਕਹੇ ਮੇਰਾ ਭਗਤ ਸੁਹੰਜਣਾ, ਸੋਭਾ ਸਾਚੀ ਪਾਇੰਦਾ । ਭਗਤ ਕਹੇ ਭਗਵਾਨ ਮੇਰਾ ਅੰਞਣਾ, ਨੇਤਰ ਨੈਣ ਗਿਆਨ ਖੁਲ੍ਹਾਇੰਦਾ । ਭਗਵਾਨ ਕਹੇ ਮੇਰਾ ਭਗਤ ਮੇਰਾ ਸੱਜਣਾ, ਸਾਚਾ ਸੈਣ ਨਜ਼ਰੀ ਆਇੰਦਾ । ਭਗਤ ਕਹੇ ਭਗਵਾਨ ਮੇਰਾ ਮਜਨਾ, ਦੂਜਾ ਤਾਲ ਨਾ ਕੋਇ ਸੁਹਾਇੰਦਾ । ਭਗਵਾਨ ਕਹੇ ਮੈਂ ਭਗਤਾਂ ਪਰਦਾ ਕੱਜਣਾ, ਸਿਰ ਆਪਣਾ ਹੱਥ ਟਿਕਾਇੰਦਾ । ਭਗਤ ਕਹੇ ਮੈਂ ਤੇਰੇ ਚਰਨ ਸਜਣਾ, ਦੂਜਾ ਮੰਦਰ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਾਰੇ ਲਾਇੰਦਾ । ਭਗਵਾਨ ਕਹੇ ਮੇਰਾ ਭਗਤ ਗਹਿਰ ਗੰਭੀਰ, ਗਵਰ ਸਾਰ ਕਿਸੇ ਨਾ ਆਈਆ । ਭਗਤ ਕਹੇ ਭਗਵਾਨ ਮੇਰੀ ਤਸਵੀਰ, ਸਦਾ ਸਦ ਇਕੋ ਨਜ਼ਰੀ ਆਈਆ । ਭਗਵਾਨ ਕਹੇ ਮੇਰਾ ਭਗਤ ਚੋਟੀ ਚੜ੍ਹੇ ਅਖ਼ੀਰ, ਦੂਜਾ ਪੰਧ ਨਾ ਕੋਇ ਮੁਕਾਈਆ । ਭਗਤ ਕਹੇ ਭਗਵਾਨ ਬੇਨਜ਼ੀਰ, ਨਜ਼ਰ ਕਿਸੇ ਨਾ ਆਈਆ । ਭਗਵਾਨ ਕਹੇ ਭਗਤ ਇਕ ਤੌਫ਼ੀਕ, ਦੂਜਾ ਰਫ਼ੀਕ ਨਾ ਕੋਇ ਬਣਾਈਆ । ਭਗਤ ਕਹੇ ਭਗਵਾਨ ਲਾਸ਼ਰੀਕ, ਸ਼ਰਅ ਕਰੇ ਨਾ ਕੋਇ ਲੜਾਈਆ । ਭਗਵਾਨ ਕਹੇ ਭਗਤ ਮੇਰੇ ਨਜ਼ਦੀਕ, ਨਿਜ ਘਰ ਬੈਠਾ ਡੇਰਾ ਲਾਈਆ । ਭਗਤ ਕਹੇ ਭਗਵਾਨ ਮੇਰੀ ਪ੍ਰੀਤ, ਪ੍ਰੀਤੀਵਾਨ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣੀ ਕਾਰ ਕਮਾਈਆ । ਭਗਵਾਨ ਕਹੇ ਮੇਰਾ ਭਗਤ ਅਨਡਿਠ, ਜਗ ਨੇਤਰ ਨਜ਼ਰ ਕਿਸੇ ਨਾ ਆਇੰਦਾ । ਭਗਤ ਕਹੇ ਸ੍ਰੀ ਭਗਵਾਨ ਕਦੇ ਨਾ ਦੇਵੇ ਪਿਠ, ਜੁਗ ਜੁਗ ਆਪਣਾ ਮੁਖ ਦਿਖਲਾਇੰਦਾ । ਭਗਵਾਨ ਕਹੇ ਮੇਰਾ ਭਗਤ ਲੱਖ ਚੁਰਾਸੀ ਲਏ ਜਿਤ, ਹਾਰ ਰੂਪ ਨਾ ਕੋਇ ਬਣਾਇੰਦਾ । ਭਗਤ ਕਹੇ ਭਗਵਾਨ ਦੇਵੇ ਸਾਚੀ ਸਿਖ, ਸਿਖਿਆ ਇਕੋ ਇਕ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਦ੍ਰਿੜਾਇੰਦਾ । ਭਗਵਾਨ ਕਹੇ ਮੇਰਾ ਭਗਤ ਮੀਤ, ਮਿੱਤਰ ਇਕ ਅਖਵਾਈਆ । ਭਗਤ ਕਹੇ ਮੇਰਾ ਭਗਵਾਨ ਇਕ ਅਤੀਤ, ਨੀਤੀਵਾਨ ਸਦਾ ਅਖਵਾਈਆ । ਲੇਖਾ ਜਾਣੇ ਹਸਤ ਕੀਟ, ਰਾਉ ਰੰਕ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਵਾਨ ਦੋਵੇਂ ਦੇਵਣਹਾਰ ਵਡਿਆਈਆ । ਭਗਵਾਨ ਕਹੇ ਮੇਰਾ ਭਗਤ ਵੱਡਾ, ਵੱਡੀ ਵਡ ਵਡਿਆਈਆ । ਭਗਤ ਕਹੇ ਮੇਰਾ ਭਗਵਾਨ ਵੱਡਾ, ਜਿਸ ਆਦਿ ਬਣਤ ਬਣਾਈਆ । ਭਗਵਾਨ ਕਹੇ ਮੇਰਾ ਭਗਤ ਵੱਡਾ, ਜੋ ਮੇਰਾ ਨਾਮ ਧਿਆਈਆ । ਭਗਤ ਕਹੇ ਭਗਵਾਨ ਵੱਡਾ ਜਿਸ ਆਪਣੀ ਬੂਝ ਬੁਝਾਈਆ । ਭਗਵਾਨ ਕਹੇ ਮੇਰਾ ਭਗਤ ਵੱਡਾ, ਜੋ ਸਰਗੁਣ ਰੂਪ ਧਰਾਈਆ । ਭਗਤ ਕਹੇ ਭਗਵਾਨ ਵੱਡਾ, ਜੋ ਨਿਰਗੁਣ ਹੋ ਕੇ ਅੰਦਰ ਡੇਰਾ ਲਾਈਆ । ਭਗਵਾਨ ਕਹੇ ਮੇਰਾ ਭਗਤ ਵੱਡਾ, ਪੰਜ ਤੱਤ ਕਾਇਆ ਕਰੇ ਕੁੜਮਾਈਆ । ਭਗਤ ਕਹੇ ਭਗਵਾਨ ਵੱਡਾ, ਆਤਮ ਪਰਮਾਤਮ ਜਿਸ ਜੋਤ ਜਗਾਈਆ । ਭਗਵਾਨ ਕਹੇ ਮੇਰਾ ਭਗਤ ਵੱਡਾ, ਜੋ ਅਨਹਦ ਨਾਦੀ ਰਾਗ ਸੁਣਾਈਆ । ਭਗਤ ਕਹੇ ਭਗਵਾਨ ਵੱਡਾ, ਵਿਸਮਾਦੀ ਵਿਸਮਾਦੀ ਰੂਪ ਵਟਾਈਆ । ਭਗਵਾਨ ਕਹੇ ਮੇਰਾ ਭਗਤ ਵੱਡਾ, ਮੇਰੀ ਕੁਲ ਜਗਤ ਚਲਾਈਆ । ਭਗਤ ਕਹੇ ਭਗਵਾਨ ਵੱਡਾ, ਜਿਸ ਅਨਮੁਲ ਦਾਤ ਝੋਲੀ ਪਾਈਆ । ਭਗਵਾਨ ਕਹੇ ਮੇਰਾ ਭਗਤ ਵੱਡਾ, ਜੋ ਲੱਖ ਚੁਰਾਸੀ ਜੀਵ ਜੰਤ ਜਣਾਈਆ । ਭਗਤ ਕਹੇ ਭਗਵਾਨ ਵੱਡਾ, ਜਿਸ ਦਿਤੀ


੫੮੪
੧੪

ਸਚ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੋਹਾਂ ਵੇਸ ਸੂਰਾ ਸਰਬੰਗਾ, ਨਰ ਨਰੇਸ਼ ਆਪਣੀ ਖੇਲ ਕਰਾਈਆ । ਭਗਤ ਕਹੇ ਭਗਵਾਨ ਨੀਕਾ, ਨੀਚੋ ਨੀਚ ਅਖਵਾਇੰਦਾ, ਭਗਵਾਨ ਕਹੇ ਮੇਰਾ ਭਗਤ ਨੀਕਾ, ਨਿਉਂ ਨਿਉਂ ਸੀਸ ਝੁਕਾਇੰਦਾ । ਭਗਤ ਕਹੇ ਭਗਵਾਨ ਨੀਕਾ, ਘਟ ਘਟ ਡੇਰਾ ਲਾਇੰਦਾ । ਭਗਵਾਨ ਕਹੇ ਭਗਤ ਨੀਕਾ, ਬਣ ਸੇਵਕ ਸਾਚੀ ਸੇਵ ਕਮਾਇੰਦਾ । ਭਗਤ ਕਹੇ ਭਗਵਾਨ ਨੀਕਾ, ਨਿਜ ਘਰ ਆਪਣੀ ਤਾੜੀ ਲਾਇੰਦਾ । ਭਗਵਾਨ ਕਹੇ ਭਗਤ ਨੀਕਾ, ਨਿਤ ਉਡੀਕਾਂ ਰਾਹ ਤਕਾਇੰਦਾ । ਨਿਰਗੁਣ ਹੋਏ ਆਪੇ ਮੀਤਾ, ਮਿੱਤਰ ਪਿਆਰਾ ਸਾਂਝ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵਾ ਆਪ ਲਗਾਇੰਦਾ । ਭਗਵਾਨ ਕਹੇ ਭਗਤ ਸੇਵਾ ਲੱਗ, ਸੇਵਾ ਸਚ ਜਣਾਈਆ । ਭਗਤ ਕਹੇ ਭਗਵਾਨ ਪਰਗਟ ਹੋ ਜਗ, ਜਾਗਰਤ ਜੋਤ ਕਰ ਰੁਸ਼ਨਾਈਆ । ਭਗਵਾਨ ਕਹੇ ਭਗਤ ਨਗਾਰ ਵੱਜ, ਦੋ ਜਹਾਨ ਕਰ ਸ਼ਨਵਾਈਆ । ਭਗਤ ਕਹੇ ਭਗਵਾਨ ਸਾਚੇ ਮੰਦਰ ਸਜ, ਕਾਇਆ ਬੰਕ ਇਕ ਸੁਹਾਈਆ । ਭਗਵਾਨ ਕਹੇ ਭਗਤ ਕੂੜ ਦਵਾਰ ਤਜ, ਘਰ ਮਿਲੇ ਮਾਣ ਵਡਿਆਈਆ । ਭਗਤ ਕਹੇ ਭਗਵਾਨ ਔਣਾ ਭੱਜ, ਲੋਕਮਾਤ ਪੰਧ ਮੁਕਾਈਆ । ਅੰਤਮ ਦੋਹਾਂ ਇਕੋ ਨਜ਼ਰੀ ਆਏ ਹੱਦ, ਹਦੂਦ ਅਰਬਾ ਨਾ ਕੋਇ ਵਟਾਈਆ । ਜਿਸ ਗ੍ਰਿਹਿ ਧਰੇਂ ਪਗ, ਚਰਨ ਕਵਲ ਟਿਕਾਈਆ । ਸੋ ਮੰਦਰ ਦੇਣਾ ਦੱਸ, ਦਹਿ ਦਿਸ਼ਾ ਵੱਜੇ ਵਧਾਈਆ । ਹੋਏ ਮਿਲਾਵਾ ਹੱਸ ਹੱਸ, ਨੇਤਰ ਨੈਣ ਨਾ ਨੀਰ ਵਹਾਈਆ । ਖੁਲ੍ਹੇ ਇਕੋ ਤੇਰੀ ਅੱਖ, ਦੋਏ ਲੋਚਣ ਬੰਦ ਕਰਾਈਆ । ਢੋਲਾ ਗਾਵਾਂ ਤੇਰਾ ਜਸ, ਵੇਦ ਪੁਰਾਨ ਨਾ ਸਿਫ਼ਤ ਸਾਲਾਹੀਆ । ਤੇਰਾ ਨੂਰ ਵੇਖ ਪਰਕਾਸ਼, ਆਕਾਸ਼ ਦੇਣ ਦੁਹਾਈਆ । ਰਵ ਸਸ ਦਾਸੀ ਦਾਸ, ਮੰਡਲ ਮੰਡਪ ਸੀਸ ਝੁਕਾਈਆ । ਇਕੋ ਉਪਜੇ ਤੇਰੀ ਸ਼ਾਖ਼ ਭਗਤ ਭਗਵਾਨ ਨਜ਼ਰੀ ਆਈਆ । ਸਾਚੀ ਕਹਿਣੀ ਆਪੇ ਆਖ, ਆਖ਼ਰ ਆਪਣਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਭਗਵਾਨ ਕਹੇ ਮੇਰਾ ਭਗਤ ਨਤੀਜਾ, ਲੱਖ ਚੁਰਾਸੀ ਫ਼ੇਲ ਕਰਾਈਆ । ਭਗਤ ਕਹੇ ਮੇਰਾ ਭਗਵਾਨ ਜੀਜਾ, ਘਰ ਮੇਰੇ ਆਵੇ ਚਾਈਂ ਚਾਈਂਆ । ਭਗਵਾਨ ਕਹੇ ਮੇਰਾ ਭਗਤ ਕਿਸੇ ਦਾ ਬਣੇ ਨਾ ਫੇਰ ਭਤੀਜਾ, ਪਿਤਾ ਇਕੋ ਇਕ ਅਖਵਾਈਆ । ਭਗਤ ਕਹੇ ਭਗਵਾਨ ਮੇਰੀ ਕਰੇ ਰੀਝਾ, ਸਿਰ ਮੇਰੇ ਹੱਥ ਟਿਕਾਈਆ । ਭਗਵਾਨ ਕਹੇ ਜਨ ਭਗਤ ਮੈਂ ਤੇਰੇ ਮੰਦਰ ਅੰਦਰ ਲੰਘਾ ਦਹਿਲੀਜ਼ਾ, ਦੂਜੇ ਦਰ ਨਾ ਚਰਨ ਛੁਹਾਈਆ । ਭਗਤ ਕਹੇ ਮੈਂ ਤੇਰੇ ਉਤੇ ਪਤੀਜਾ, ਦੂਸਰ ਸੀਸ ਨਾ ਕਦੇ ਝੁਕਾਈਆ । ਭਗਵਾਨ ਕਹੇ ਭਗਤ ਮੈਂ ਤੇਰੇ ਅੱਗੇ ਹੋਇਆ ਨਾਚੀਜ਼ਾ, ਆਪਣਾ ਰੱਖਾਂ ਨਾ ਮਾਣ ਵਡਿਆਈਆ । ਏਕਾ ਛਤਰ ਝੁਲਾਵਾਂ ਸੀਸਾ, ਜਗਦੀਸ ਹੋਵਾਂ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨੈਣ ਉਠਾਈਆ । ਭਗਤ ਕਹੇ ਭਗਵਾਨ ਸੰਗੀ, ਸਦਾ ਸਦਾ ਸਹਾਈਆ । ਭਗਵਾਨ ਕਹੇ ਮੈਂ ਭਗਤਾਂ ਪੂਰੀ ਕਰਾਂ ਮੰਗ ਮੰਗੀ, ਜੋ ਅੰਤਰ ਅੰਤਰ ਧਿਆਨ ਲਗਾਈਆ । ਭਗਤ ਕਹੇ ਭਗਵਾਨ ਪਰਮਾਨੰਦੀ, ਅਨੰਦ ਅਨੰਦ ਵਿਚੋਂ ਦਰਸਾਈਆ । ਭਗਵਾਨ ਕਹੇ ਮੇਰਾ ਭਗਤ ਨਿਰਮਲ ਚੰਦੀ, ਚੰਦ ਚੌਧਵੀਂ ਨੈਣ ਸ਼ਰਮਾਈਆ । ਭਗਤ ਕਹੇ ਭਗਵਾਨ ਸਦਾ ਬਖ਼ਸ਼ੰਦੀ, ਬਖ਼ਸ਼ਣਹਾਰ ਇਕ ਗੋਸਾਈਆ । ਭਗਵਾਨ ਕਹੇ ਭਗਤ ਮੇਰੀ ਲੋਕਮਾਤ ਡੰਡੀ, ਲੱਖ ਚੁਰਾਸੀ ਰਾਹ ਵਖਾਈਆ । ਭਗਤ ਕਹੇ ਭਗਵਾਨ ਮੇਰਾ ਆਇਆ ਉਤੇ ਕੰਢੀ, ਕੰਡਿਆਂ ਵਾੜ ਰਿਹਾ ਹਟਾਈਆ । ਭਗਵਾਨ ਕਹੇ ਮੇਰੀ ਭਗਤ ਵਾਸਨਾ ਹੋਏ ਕਦੇ ਨਾ ਰੰਡੀ, ਨਰ ਨਰਾਇਣ ਕੰਤ ਹੰਡਾਈਆ । ਭਗਤ

ਕਹੇ ਭਗਵਾਨ ਮੇਰੀ ਕੱਟਣ ਆਇਆ ਫੰਦੀ, ਬਣ ਪਾਂਧੀ ਫੇਰਾ ਪਾਈਆ । ਭਗਵਾਨ ਕਹੇ ਭਗਤ ਤੇਰੀ ਕੁੱਲੀ ਲੱਗੀ ਚੰਗੀ, ਚੰਗੀ ਤਰ੍ਹਾਂ ਜਣਾਈਆ । ਸਾਹਿਬ ਸਤਿਗੁਰ ਗੁਰਮੁਖ ਪਿਆਰ ਵੇਖੀ ਇਕੋ ਝੰਗੀ, ਅੰਦਰ ਵੜਿਆ ਬੇਪਰਵਾਹੀਆ । ਗੁਰਮੁਖ ਗਾਵਣ ਪਰੇਮ ਪ੍ਰੀਤੀ ਬੰਦਗੀ ਨਜ਼ਰੀ ਆਏ ਨਾ ਖ਼ਾਨਾਬੰਦੀ, ਬੰਦਸ਼ ਹੋਰ ਨਾ ਕੋਇ ਬਣਾਈਆ । ਸ੍ਰਿਸ਼ਟ ਸਬਾਈ ਨੇਤਰ ਅੰਧੀ, ਅੱਖ ਸਕੇ ਨਾ ਕੋਇ ਖੁਲ੍ਹਾਈਆ । ਸਾਢੇ ਤਿੰਨ ਹੱਥ ਵਾਸਨਾ ਮੰਦੀ, ਮੰਦ ਵਾਸਨਾ ਭਰੀ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭਗਤ ਖੇੜਾ ਇਕ ਵਸਾਈਆ । ਭਗਤ ਕਹੇ ਮੇਰਾ ਭਗਵਾਨ, ਭਾਵੀ ਮੇਟ ਮਿਟਾਇੰਦਾ । ਭਗਵਾਨ ਕਹੇ ਮੇਰਾ ਭਗਤ ਜਵਾਨ, ਦੋ ਜਹਾਨਾਂ ਭੈ ਰਖਾਇੰਦਾ । ਭਗਤ ਕਹੇ ਮੇਰਾ ਭਗਵਾਨ, ਸਾਂਵੀਂ ਗੰਢ ਪੁਆਇੰਦਾ । ਭਗਵਾਨ ਕਹੇ ਮੇਰਾ ਭਗਤ ਨਿਸ਼ਾਨ, ਜਗਤ ਨਿਸ਼ਾਨਾ ਮਾਤ ਝੁਲਾਇੰਦਾ । ਭਗਤ ਕਹੇ ਮੇਰਾ ਭਗਵਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭਗਵਾਨ ਭਗਤਾਂ ਆਪ ਸਮਝਾਇੰਦਾ । ਜਨ ਭਗਤ ਆਪ ਸਮਝਾਵਾਂਗਾ । ਕਲ ਕੂੜੀ ਨੀਂਦ ਖੁਲ੍ਹਾਵਾਂਗਾ । ਨਿਰਗੁਣ ਈਦ ਚੰਦ ਚਮਕਾਵਾਂਗਾ । ਹੇ ਬਖ਼ਸ਼ੰਦ, ਮਿਹਰ ਨਜ਼ਰ ਉਠਾਵਾਂਗਾ । ਖ਼ਾਨਾ ਤੋੜ ਬੰਦੀ ਬੰਦ, ਰਾਹ ਸਚ ਇਕ ਜਣਾਵਾਂਗਾ । ਲਹਿਣਾ ਚੁਕੇ ਬੱਤੀ ਦੰਦ, ਆਤਮ ਪਰਮਾਤਮ ਜਾਪ ਜਪਾਵਾਂਗਾ । ਢੋਲਾ ਸੁਹਾਗੀ ਇਕੋ ਛੰਦ, ਸ਼ਮਾ ਦੀਪਕ ਨਾਲ ਜਗਾਵਾਂਗਾ । ਆਤਮ ਉਪਜੇ ਪਰਮਾਨੰਦ, ਅਨੰਦ ਅਨੰਦ ਵਿਚੋਂ ਵਖਾਵਾਂਗਾ । ਤਨ ਚੋਲੀ ਚਾੜ੍ਹ ਰੰਗ, ਰੰਗ ਮਜੀਠ ਦਰਸਾਵਾਂਗਾ । ਅੰਮ੍ਰਿਤ ਧਾਰ ਵਹਾ ਗੰਗ, ਸੁਰਤੀ ਸੁਰਸਤੀ ਵਿਚ ਨੁਹਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਭੇਵ ਚੁਕਾਵਾਂਗਾ । ਜਨ ਭਗਤ ਭੇਵ ਚੁਕਾਵਾਂਗਾ । ਘਟ ਘਟ ਵਿਚ ਨਜ਼ਰੀ ਆਵਾਂਗਾ । ਕਾਇਆ ਮਟ ਫੋਲ ਫੁਲਾਵਾਂਗਾ । ਰਤੀ ਰਤ ਵੇਖ ਵਖਾਵਾਂਗਾ । ਮਨ ਮਤ ਦੂਰ ਕਰਾਵਾਂਗਾ । ਗੁਰਮਤ ਇਕ ਸਮਝਾਵਾਂਗਾ । ਧੀਰਜ ਜਤ ਸਤਿ ਰਖਾਵਾਂਗਾ । ਚਰਨ ਕਵਲ ਨਤ ਬੰਧਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰ ਕਿਰਪਾ ਵੇਖ ਵਖਾਵਾਂਗਾ । ਕਰ ਕਿਰਪਾ ਵੇਖਣ ਆਏਗਾ । ਪ੍ਰਭ ਨਿਰਗੁਣ ਜੋਤ ਜਗਾਏਗਾ । ਵੇਸ ਅਨੇਕਾ ਰੂਪ ਵਟਾਏਗਾ । ਕਲਜੁਗ ਜੀਵ ਨਜ਼ਰ ਨਾ ਆਏਗਾ । ਪੜਦਾ ਉਹਲਾ ਇਕ ਰਖਾਏਗਾ । ਸ਼ਬਦ ਵਿਚੋਲਾ ਵਿਚ ਬਣਾਏਗਾ । ਸਾਚਾ ਢੋਲਾ ਨਾਮ ਸੁਣਾਏਗਾ । ਆਤਮ ਮੌਲਾ ਮੌਲਾ ਰੂਪ ਵਟਾਏਗਾ । ਉਲਟਾ ਕਵਲ ਨਾਭ ਜਣਾਏਗਾ । ਅੰਮ੍ਰਿਤ ਝਿਰਨਾ ਇਕ ਝਿਰਾਏਗਾ । ਕਿਰਨ ਕਿਰਨ ਮੇਘ ਬਰਸਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਘਰ ਫੇਰਾ ਪਾਏਗਾ । ਜਨ ਭਗਤ ਦਵਾਰੇ ਆਵੇਗਾ । ਸ੍ਰੀ ਭਗਵਾਨ ਖੇਲ ਰਚਾਵੇਗਾ । ਸੰਤ ਸੁਹੇਲੇ ਆਪ ਉਠਾਵੇਗਾ । ਗੁਰ ਚੇਲੇ ਰੰਗ ਰੰਗਾਵੇਗਾ । ਸੱਜਣ ਸੁਹੇਲੇ ਅੰਗ ਲਗਾਵੇਗਾ । ਜੋ ਪ੍ਰਭ ਦੇ ਨਾਮ ਤੋਂ ਵੇਹਲੇ, ਰਾਏ ਧਰਮ ਹੱਥ ਫੜਾਵੇਗਾ । ਲੱਖ ਚੁਰਾਸੀ ਘੱਲੇ ਜੇਲੇ, ਫਾਸੀ ਗਲ ਇਕ ਲਟਕਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਵਾਨ ਇਕ ਤਰਾਵੇਗਾ । ਭਗਤ ਭਗਵਾਨ ਹਰਿ ਤਰਾਏਗਾ । ਫੜ ਬੇੜਾ ਪਾਰ ਕਰਾਏਗਾ । ਸ਼ੌਹੁ ਦਰਯਾ ਨਾ ਕੋਇ ਰੁੜ੍ਹਾਏਗਾ । ਬੈਤਰਨੀ ਰੂਪ ਨਾ ਕੋਇ ਵਖਾਏਗਾ । ਡੂੰਘੀ ਭਵਰ ਨਾ ਕੋਇ ਵਖਾਏਗਾ । ਕਾਇਆ ਕਵਰ ਨਾ ਕੋਇ ਦਬਾਏਗਾ । ਜਾਬਰ ਜਬਰ ਨਜ਼ਰ ਕੋਇ ਨਾ ਆਏਗਾ । ਸਬਰ ਪਿਆਲਾ ਇਕ ਪਿਆਏਗਾ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਭਗਤ ਭਗਵਾਨ ਵੇਖ ਵਖਾਏਗਾ । ਭਗਤ ਭਗਵਾਨ ਵੇਖ ਵਖਾਵੇਗਾ । ਫੜ ਬਾਂਹੋਂ ਗਲੇ ਲਗਾਵੇਗਾ । ਪਾਹਨ ਪਾਥਰ ਪਾਰ ਕਰਾਵੇਗਾ । ਸਾਚਾ ਸਾਥੀ ਆਪ ਅਖਵਾਵੇਗਾ । ਨਾਮ ਰਾਥਨ ਇਕ ਚੜ੍ਹਾਵੇਗਾ । ਪੂਜਾ ਪਾਠਨ ਇਕ ਸਮਝਾਵੇਗਾ । ਵਿਸ਼ਨ ਬ੍ਰਹਮਾ ਸ਼ਿਵ ਮਹੇਸ਼, ਮਹਾਸ਼ਰ ਇਕੋ ਨਜ਼ਰੀ ਆਵੇਗਾ । ਵਸਣਹਾਰਾ ਸਾਚੇ ਦੇਸ, ਆਦੇਸ ਇਕੋ ਇਕ ਉਪਜਾਵੇਗਾ । ਆਦਿ ਜੁਗਾਦਿ ਰਹੇ ਹਮੇਸ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਨ ਭਗਤ ਆਪ ਉਠਾਵੇਗਾ । ਜਨ ਭਗਤ ਸੁਹੇਲਾ ਉਠੇਗਾ । ਸ੍ਰੀ ਭਗਵਾਨ ਸਤਿਗੁਰ ਤੁਠੇਗਾ । ਪਿਛਲਾ ਲਹਿਣਾ ਮੁਕੇਗਾ । ਪੁਰਖ ਅਕਾਲ ਗੋਦੀ ਚੁਕੇਗਾ । ਸਿੰਘ ਸ਼ੇਰ ਹੋ ਕੇ ਬੁਕੇਗਾ । ਸਚ ਨਿਸ਼ਾਨਿਉਂ ਕਦੇ ਨਾ ਉਕੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਵੇਲੇ ਨੇੜੇ ਹੋ ਕੇ ਢੁਕੇਗਾ । ਆਪਣਾ ਵੇਲਾ ਆਪ ਸੁਹਾਵੇਗਾ । ਗਹਿਰ ਗੰਭੀਰ ਵੇਸ ਵਟਾਵੇਗਾ । ਬਿਨ ਸਰੀਰ ਕਾਰ ਕਮਾਵੇਗਾ । ਜਨ ਭਗਤ ਤਕਦੀਰ ਉਠਾਵੇਗਾ । ਤਕਸੀਰ ਆਪਣੇ ਹੱਥ ਰਖਾਵੇਗਾ । ਸ਼ਰਅ ਜ਼ੰਜੀਰ ਕਟਾਵੇਗਾ । ਦੀਨ ਮਜ਼੍ਹਬ ਮਿਟਾਵੇਗਾ । ਅਰਬ ਖਰਬ ਸਮਝਾਵੇਗਾ । ਤਕਸੀਮ ਜ਼ਰਬ ਨਾ ਕੋਇ ਕਰਾਵੇਗਾ । ਨੁਕਤਾ ਨੂਨ ਨਾ ਕੋਇ ਰਖਾਵੇਗਾ । ਮੀਮ ਮੁਖ ਨਾ ਕੋਇ ਭੁਆਵੇਗਾ । ਐਨ ਅੱਖ ਨਾ ਕੋਇ ਖੁਲ੍ਹਾਵੇਗਾ । ਹਮਜ਼ਾ ਰਮਜ਼ ਨਾ ਕੋਇ ਲਗਾਵੇਗਾ । ਅਲਫ਼ ਯੇ ਨਾ ਕੋਇ ਪੜ੍ਹਾਵੇਗਾ । ਬਸਤਾ ਬੇ ਨਾ ਕੋਇ ਬੰਨ੍ਹਾਵੇਗਾ । ਪੇ ਪੁਸਤਕ ਨਾ ਕੋਇ ਪੜ੍ਹਾਵੇਗਾ । ਤੇ ਤਖ਼ਤਾ ਸਰਬ ਉਲਟਾਵੇਗਾ । ਸੇ ਸਾਬਤ ਰੂਪ ਨਜ਼ਰੀ ਆਵੇਗਾ । ਹੇ ਹੁਜਰਾ ਹੱਕ ਜਣਾਵੇਗਾ । ਜੀਮ ਜੁਗਤੀ ਆਪ ਬਣਾਵੇਗਾ । ਚੇ ਚਰਚਾ ਘਰ ਘਰ ਆਪ ਸੁਣਾਵੇਗਾ । ਖ਼ੇ ਖ਼ਰਚਾ ਨਾਮ ਬੰਧਾਵੇਗਾ । ਪਰਚਾ ਸਭ ਦੇ ਅੱਗੇ ਇਕੋ ਪਾਵੇਗਾ । ਗੁਰ ਅਵਤਾਰ ਪੀਰ ਪੈਗ਼ੰਬਰ ਹਲ ਸਵਾਲ ਨਾ ਕੋਇ ਕਰਾਵੇਗਾ । ਸਾਰੇ ਕਹਿਣ ਤੇਰਾ ਅਡੰਬਰ, ਤੁਧ ਬਿਨ ਰਚਨ ਨਾ ਕੋਇ ਰਚਾਵੇਗਾ । ਭਗਤ ਭਗਵਾਨ ਰਚਾ ਸਵੰਬਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਵੇਖਣ ਸਰਬ ਆਵੇਗਾ । ਭਗਵਾਨ ਸਵੰਬਰ ਰਚਾਏਗਾ । ਗੁਰ ਅਵਤਾਰ ਵੇਖਣ ਆਏਗਾ । ਪੀਰ ਪੈਗ਼ੰਬਰ ਸ਼ੁਕਰ ਮਨਾਏਗਾ । ਪਿਤਾ ਪੁੱਤਰ ਆਪ ਵਿਆਹੇਗਾ । ਸਿਰ ਸਿਹਰਾ ਸੀਸ ਬੰਧਾਏਗਾ । ਚੇਰਾ ਇਕੋ ਨਜ਼ਰੀ ਆਏਗਾ । ਘੇਰਾ ਗੁਰ ਅਵਤਾਰ ਰਖਾਏਗਾ । ਡੇਰਾ ਸਚਖੰਡ ਜਣਾਏਗਾ । ਵੇਹੜਾ ਖੁਲ੍ਹਾ ਆਪ ਬਣਾਏਗਾ । ਝੇੜਾ ਤੂੰ ਮੈਂ ਚੁਕਾਏਗਾ । ਕਰ ਮਿਹਰਾਂ ਵਕਤ ਸੁਹਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਤਾਂ ਦੇਵੇ ਇਕ ਗਿਆਨ, ਗਿਆਨ ਭਗਤ ਭਗਵਾਨ ਨਿਸ਼ਾਨ, ਭਗਵਾਨ ਭਗਤ ਜਗਤ ਵਿਧਾਨ, ਵਿਦਿਅਤ ਆਪਣੇ ਨਾਮ ਕਰੇ ਪੜ੍ਹਾਈਆ ।


੫੯੭
੧੪

### ★ ੧੪ ਜੇਠ ੨੦੨੦ ਬਿਕ੍ਰਮੀ ਨੰਦੂ ਦੇ ਗ੍ਰਹਿ ਪਿੰਡ ਸਰਦਾਰੀ ਜੰਮੂ ★

ਨੰਦੂ ਕੁੱਲੀ ਸੋਹਣਾ ਸੁਆਦ, ਬ੍ਰਹਿਮੰਡ ਵੱਜੇ ਵਧਾਈਆ । ਪੀਰਾ ਫ਼ਕੀਰਾ ਕਰਨ ਯਾਦ, ਪ੍ਰਭ ਦੁਖੜੇ ਦੇ ਮਿਟਾਈਆ । ਗ਼ਰੀਬ ਨਿਵਾਜ਼ ਦਿਸੇਂ ਆਦਿ, ਜੁਗਾਦਿ ਤੇਰੀ ਸਰਨਾਈਆ । ਨਿਹਕਰਮੀ ਕਰਮ ਕਾਂਡ ਦਿਤਾ ਸਾਜ, ਸਾਜਨ ਸਾਚੀ ਜਗਤ ਬਣਾਈਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਜਨਮ ਮਰਨ ਦੁਖ ਲਾਹੀਆ । ਨੰਦੂ ਕੁੱਲੀ ਇਕ ਅਨੰਦ, ਅਨੰਦ ਅਨੰਦ ਦਰਸਾਇੰਦਾ । ਜਿਸ ਗ੍ਰਿਹਿ ਦੀਪਕ ਚੜ੍ਹੇ ਚੰਦ, ਸੋ ਮੰਦਰ ਸੋਭਾ ਪਾਇੰਦਾ । ਏਥੇ ਓਥੇ ਖ਼ਾਨਾ ਮੁਕਿਆ ਬੰਦੀ ਬੰਦ, ਬੰਦਨਾ ਕੀਤੀ ਲੇਖੇ ਲਾਇੰਦਾ । ਰਾਏ ਧਰਮ ਨਾ ਦੇਵੇ ਡੰਡ, ਡੰਕਾ ਇਕੋ ਨਾਮ ਵਜਾਇੰਦਾ । ਚਰਨ ਪ੍ਰੀਤੀ ਜਾਏ ਹੰਢ, ਲੱਗੀ ਤੋੜ ਨਿਭਾਇੰਦਾ । ਲਹਿਣਾ ਚੁੱਕੇ ਜੇਰਜ ਅੰਡ, ਉਤਭੁਜ ਸੇਤਜ ਪੰਧ ਮੁਕਾਇੰਦਾ । ਦੁਖੀਆਂ ਅੰਦਰ ਪਰੇਮੀ ਚੰਦ, ਸੁਖੀਆਂ ਹਰਿ ਨਜ਼ਰ ਨਾ ਆਇੰਦਾ । ਦੀਨ ਦਿਆਲ ਸਦਾ ਬਖ਼ਸ਼ੰਦ, ਬਖ਼ਸ਼ਸ਼ ਆਤਮ ਨਾਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਇੰਦਾ । ਨੰਦੂ ਕੁੱਲੀ ਸਚ ਝਰੋਖਾ, ਹਰਿ ਤਾਕੀ ਖੋਲ੍ਹ ਵਖਾਈਆ । ਪ੍ਰਭ ਨੂੰ ਮਿਲਿਆ ਸੱਚਾ ਮੌਕਾ, ਘਰ ਗ਼ਰੀਬ ਨਿਮਾਣਿਆਂ ਫੇਰਾ ਪਾਈਆ । ਅੱਗੇ ਜਨਮ ਮਰਨ ਨਾ ਦੇਵੇ ਧੋਖਾ, ਧੂਆਂ ਧੁਖਦਾ ਦਏ ਬੁਝਾਈਆ । ਆਤਮ ਪਰਮਾਤਮ ਮਾਰਗ ਸੌਖਾ, ਸੋਹਣਾ ਰਾਹ ਵਖਾਈਆ । ਭਾਗ ਲਗਾਏ ਸਾਚੇ ਕੋਟਾ, ਕਿਲਾ ਬੰਕ ਵਡਿਆਈਆ । ਚਰਨ ਸਰਨਾਈ ਸਾਚੀ ਓਟਾ, ਗਤ ਮਿਤ ਇਕ ਜਣਾਈਆ । ਲੇਖੇ ਲਗੇ ਪੁੱਤ ਨਾਲ ਪੋਤਾ, ਪੋਤਰੇ ਆਪਣੀ ਗੋਦ ਬਹਾਈਆ । ਕਰਮ ਕਾਂਡ ਦਾ ਪੂਰਾ ਹੋਇਆ ਜੋਤਾ, ਵਡ ਕਿਰਸਾਣਾ ਆਪਣਾ ਹੱਲ ਚਲਾਈਆ । ਸੋਹਣਾ ਫੁਲਿਆ ਮਾਤ ਪੌਦਾ, ਫਲ ਲਾਏ ਬੇਪਰਵਾਹੀ । ਭਗਤਾਂ ਵਿਚ ਮਿਲਿਆ ਹੁਦਾ, ਪ੍ਰਭ ਇਕੋ ਰੰਗ ਵਖਾਈਆ । ਏਥੇ ਓਥੇ ਹੋਏ ਨਾ ਜੁਦਾ, ਨਿਰਗੁਣ ਸਰਗੁਣ ਗੰਢ ਪੁਆਈਆ । ਖ਼ੁਸ਼ੀ ਮਨਾਏ ਧਰਤ ਬਸੁਧਾ, ਧਰਨੀ ਰਹੀ ਜਸ ਗਾਈਆ । ਜਿਸ ਘਰ ਟੁੱਕਰ ਹੋਵੇ ਰੁੱਖਾ, ਤਿਸ ਘਰ ਪੁਰਖ ਅਬਿਨਾਸ਼ੀ ਆਪਣਾ ਫੇਰਾ ਪਾਈਆ । ਆਦਿ ਜੁਗਾਦਿ ਪਰੇਮ ਪ੍ਰੀਤ ਦਾ ਸਦਾ ਭੁੱਖਾ, ਵੱਡਾ ਛੋਟਾ ਨਾ ਕੋਇ ਜਣਾਈਆ । ਜਨਮ ਕਰਮ ਦਾ ਮਨਾਵੇ ਰੁੱਠਾ, ਰੁੱਠਿਆਂ ਆਪਣੇ ਗਲੇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਨੰਦੂ ਕੁੱਲੀ ਕਰੇ ਹਾਸਾ, ਬੱਤੀ ਦੰਦ ਰਹੀ ਵਖਾਈਆ । ਵੇਖੋ ਸਈਓ ਪ੍ਰਭ ਤਮਾਸ਼ਾ, ਤਮਾਸ਼ਬੀਨ ਫੇਰਾ ਪਾਈਆ । ਜਿਸ ਦਾ ਦੱਸ ਸਕੇ ਨਾ ਕੋਇ ਖ਼ੁਲਾਸਾ, ਸੋ ਆਪਣੀ ਖ਼ਸਲਤ ਰਿਹਾ ਜਣਾਈਆ । ਜਿਸ ਦਾ ਕਰਦੇ ਜੋਗ ਅਭਿਆਸਾ, ਨੰਦ ਚੰਦ ਨਜ਼ਰ ਕਿਸੇ ਨਾ ਆਈਆ । ਪੜ੍ਹ ਪੜ੍ਹ ਥੱਕੇ ਪੂਜਾ ਪਾਠਾ, ਦਿਵਸ ਰੈਣ ਰਸਨਾ ਜਿਹਵਾ ਹੋਈ ਹਲਕਾਈਆ । ਸੋ ਸਾਹਿਬ ਪੁਰਖ ਸਮਰਾਥਾ, ਦਰ ਸਾਚੇ ਡੇਰਾ ਲਾਈਆ । ਭੈ ਵਿਚ ਆਇਆ ਡਰਦਾ ਨਾਠਾ, ਜਨ ਭਗਤਾਂ ਸੇਵ ਕਮਾਈਆ । ਫ਼ਰੀਦ ਕਹੇ ਮੈਂ ਖਾਇਆ ਕਾਠਾ, ਦੁੱਖ ਭੁੱਖ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚਾ ਵੇਖ ਵਖਾਈਆ । ਨੰਦੂ ਕਹੇ ਮੈਂ ਨਹੀਂ ਮੰਨਦਾ, ਕੀ ਤੇਰੀ ਵਡਿਆਈਆ । ਜਿੰਨਾਂ ਚਿਰ ਦੁੱਖ ਨਿਕਲੇ ਨਾ ਮੇਰੇ ਚੰਨ ਦਾ, ਸੁਖ ਘਰ ਨਾ ਮਿਲੇ ਸਹਿਜ ਸੁਭਾਈਆ । ਖਾਣਾ ਪੀਣਾ ਲੇਖਾ ਅੰਨ ਦਾ, ਜਗਤ ਵਿਹਾਰਾ ਕਾਰ ਕਮਾਈਆ । ਲੱਖ ਚੁਰਾਸੀ ਜਮ ਨਾ ਡੰਨ ਦਾ, ਡੰਕਾ ਹੋਰ ਨਾ ਕੋਇ ਸੁਣਾਈਆ । ਲੇਖਾ ਚੁਕੇ ਤਨ ਮਨ ਦਾ, ਮਨ ਮਨਸਾ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਓਟ ਤਕਾਈਆ । ਕੁੱਲੀ ਕਹੇ ਸੁਣ ਨੰਦੂ, ਸਚ ਸਚ ਜਣਾਈਆ । ਘਰ ਆਇਆ ਦੀਨਾਂ ਬੰਧੂ, ਬੰਧਨ ਸਾਰੇ ਦਏ ਮੁਕਾਈਆ । ਢੋਲਾ ਗਾ ਸਾਚਾ ਛੰਦੂ, ਸ਼ਹਿਨਸ਼ਾਹ ਰਿਹਾ ਸਮਝਾਈਆ । ਪੁੱਤ ਪੋਤਰਿਆਂ ਟੁੱਟੀ ਗੰਢੂ, ਗੰਢ ਆਪਣੇ ਨਾਲ ਪੁਆਈਆ । ਪਰੇਮ ਪ੍ਰੀਤੀ ਤੋੜ ਹੰਢੂ, ਅਧਵਿਚਕਾਰ ਨਾ ਕੋਇ ਤੁੜਾਈਆ ।

ਦੀਨ ਦਿਆਲ ਸਦਾ ਬਖ਼ਸ਼ੰਦੂ, ਬਖ਼ਸ਼ਸ਼ ਆਪਣੀ ਰਿਹਾ ਕਮਾਈਆ । ਜੋ ਇਸ ਦੇ ਵਿਚ ਆਇਆ ਪੰਜੂ, ਪੰਜੇ ਵਾਲੇ ਨਾਲ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ੍ਰੀ ਭਗਵਾਨ ਬੇਪਰਵਾਹੀਆ । ਧਰਨੀ ਕਹੇ ਮੋਹੇ ਚੜ੍ਹਿਆ ਚਾਉ, ਧਰਤ ਧਵਲ ਵੱਜੀ ਵਧਾਈਆ । ਘਰ ਆਇਆ ਬੇਪਰਵਾਹੋ, ਮਿਹਰਵਾਨ ਫੇਰਾ ਪਾਈਆ । ਨਿਤ ਨਵਿਤ ਦਰਸ਼ਨ ਪਾਓ, ਦਰਸ ਦੀਦਾਰ ਇਕ ਜਣਾਈਆ । ਜਨਮ ਕਰਮ ਦੀ ਹਰਸ ਮਿਟਾਓ, ਹਵਸ ਕੋਇ ਰਹਿਣ ਨਾ ਪਾਈਆ । ਸਾਚੀ ਫ਼ਰਸ਼ ਬਲ ਬਲ ਜਾਓ, ਜਿਸ ਉਪਰ ਚਰਨ ਛੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਖ਼ੁਸ਼ੀ ਹੋ ਕੇ ਕਹੇ ਖਾਟ, ਖਟਕਾ ਕੋਇ ਰਹਿਣ ਨਾ ਪਾਈਆ । ਮੇਰਾ ਪ੍ਰੇਮ ਵਿਛੋੜਾ ਗਿਆ ਪਾਟ, ਓਢਣ ਨਜ਼ਰ ਕੋਇ ਨਾ ਆਈਆ । ਪ੍ਰਭ ਪਤਣ ਮੱਲਿਆ ਏਕਾ ਘਾਟ, ਘਰ ਹਰਿਜਨ ਡੇਰਾ ਲਾਈਆ । ਜਿਥੇ ਕੋਈ ਨਾ ਰਹੇ ਵਾਟ, ਪਾਂਧੀ ਪੰਧ ਨਾ ਕੋਇ ਰਖਾਈਆ । ਨਾਤਾ ਤੁਟ ਜਾਏ ਸੱਜਣ ਸਾਕ, ਸੱਜਣ ਇਕੋ ਇਕ ਨਜ਼ਰੀ ਆਈਆ । ਮਿਲੇ ਵਡਿਆਈ ਸੱਚੀ ਖ਼ਾਕ, ਜੋ ਖ਼ਾਕ ਚਰਨ ਧੂੜੀ ਨਾਲ ਮਿਲਾਈਆ । ਗ਼ਰੀਬ ਨਿਮਾਣਿਆਂ ਪ੍ਰਭ ਨੂੰ ਰਹਿਮ ਕਰਨ ਦੀ ਦੱਸੀ ਜਾਚ, ਪਾਥਰ ਰੂਪ ਨਾ ਕੋਇ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਕਰਾਈਆ । ਖਾਟ ਉਤੇ ਹੱਸੇ ਚਾਦਰ, ਚਾਉ ਘਨੇਰਾ ਇਕ ਜਣਾਈਆ । ਧੰਨ ਭਾਗ ਮੋਹੇ ਮਿਲਿਆ ਆਦਰ, ਪ੍ਰਭ ਬੈਠਾ ਸੇਜ ਸੁਹਾਈਆ । ਗ਼ਰੀਬ ਨਿਮਾਣਿਆਂ ਵਣਜ ਕਰਾਏ ਬਣ ਸੌਦਾਗਰ ਵਸਤ ਅਮੋਲਕ ਆਪ ਵਰਤਾਈਆ । ਨਿਰਮਲ ਕਰਮ ਕਰੇ ਉਜਾਗਰ, ਉਜਰਤ ਕੀਮਤ ਨਾ ਕੋਇ ਰਖਾਈਆ । ਪਾਰ ਕਿਨਾਰਾ ਡੂੰਘੇ ਸਾਗਰ, ਦਰ ਸਾਚਾ ਇਕ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਚਾਦਰ ਨਾਲ ਹੱਸੇ ਲੇਫ਼ ਨਿਹਾਲੀ, ਆਪਣੀ ਖ਼ੁਸ਼ੀ ਮਨਾਈਆ । ਮਿਲਿਆ ਮੇਲ ਜੋਤ ਅਕਾਲੀ, ਅਕਲ ਕਲ ਧਾਰੀ ਫੇਰਾ ਪਾਈਆ । ਲੇਖੇ ਲੱਗੀ ਘਾਲ ਘਾਲੀ, ਘਾਲਣਾ ਪੂਰੀ ਦਏ ਕਰਾਈਆ । ਚਲ ਕੇ ਆਇਆ ਧੁਰ ਦਾ ਮਾਲੀ, ਮਾਲਕ ਸੱਚਾ ਬੇਪਰਵਾਹੀਆ । ਆਪ ਰੱਖੇ ਹੱਥਾਂ ਖ਼ਾਲੀ, ਜਨ ਭਗਤਾਂ ਝੋਲੀ ਰਿਹਾ ਭਰਾਈਆ । ਨਿਰਗੁਣ ਹੋ ਕੇ ਕਰੇ ਦਲਾਲੀ, ਸਰਗੁਣ ਸਾਚਾ ਵਣਜ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਖਾਟ ਅੰਦਰ ਨੱਚੇ ਵਾਣ, ਤਾਲ ਤਾਲ ਨਾਲ ਵਜਾਇੰਦਾ । ਵੇਖੋ ਚਲ ਆਇਆ ਭਗਵਾਨ, ਜਨ ਭਗਤ ਦਵਾਰੇ ਫੇਰਾ ਪਾਇੰਦਾ । ਜਿਹਨੂੰ ਲੱਭਦਾ ਰਿਹਾ ਕਾਹਨ, ਸੋ ਕਾਹਨ ਵੇਸ ਵਟਾਇੰਦਾ । ਸਾਚਾ ਮੰਦਰ ਇਕ ਮਕਾਨ, ਨੰਦੂ ਕੁੱਲੀ ਡੇਰਾ ਲਾਇੰਦਾ । ਨਾ ਬਿਰਧ ਨਾ ਜਵਾਨ, ਨਾ ਨੱਢਾ ਨਾ ਅਵਾਣ, ਰੂਪ ਰੰਗ ਰੇਖ ਨਜ਼ਰ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਖੇਲ ਆਪ ਕਰਾਇੰਦਾ । ਵਾਣ ਨਾਲ ਹੱਸੇ ਦੌਣ, ਦੌੜੀ ਦੌੜੀ ਖ਼ੁਸ਼ੀ ਮਨਾਈਆ । ਪੁਰਖ ਅਬਿਨਾਸ਼ੀ ਦਿਤੀ ਠੰਡੀ ਪੌਣ, ਸੁਖ ਸਾਗਰ ਵਿਚ ਸਮਾਈਆ । ਮੇਰੀ ਪਰੇਮ ਨਾਲ ਨੀਵੀਂ ਧੌਣ, ਨਿਉਂ ਸਯਦਾ ਸੀਸ ਝੁਕਾਈਆ । ਬਿਨਾਂ ਗੋਸਾਈਂ ਵਾਤ ਪੁੱਛੇ ਕੌਣ, ਸਾਚੀ ਸਾਰ ਕੋਇ ਨਾ ਪਾਈਆ । ਸਾਡੇ ਉਤੇ ਆਇਆ ਸੌਣ, ਸੋਹਣੀ ਆਪਣੀ ਰੁੱਤ ਸੁਹਾਈਆ । ਜਨ ਭਗਤਾਂ ਢੋਲਾ ਆਇਆ ਗੌਣ, ਗੋਬਿੰਦ ਆਪਣਾ ਵੇਸ ਵਟਾਈਆ । ਕਰੇ ਖੇਲ ਇਕ ਅਨਹੋਣ, ਅਨਡਿਠੜੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ

ਸਦ ਵਡਿਆਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਸਦਾ ਸਦ ਮਿਹਰਵਾਨ, ਮੇਰੀ ਤੇਰੀ ਤੇਰੀ ਮੇਰੀ ਤਰ੍ਹਾ ਤਰ੍ਹਾ ਸਮਝਾਈਆ ।

★ ੧੪ ਜੇਠ ੨੦੨੦ ਬਿਕ੍ਰਮੀ ਸਰਦਾਰ ਸਿੰਘ ਦੇ ਗ੍ਰਹਿ ਪਿੰਡ ਸਰਦਾਰੀ ਜੰਮੂ ★

ਖੇੜਾ ਉਜੜਿਆ ਕਰੇ ਆਬਾਦ, ਗੁਰ ਗੁਰਮੁਖ ਦਏ ਵਡਿਆਈਆ । ਘਰ ਸੱਜਣ ਦੇਵੇ ਦਾਦ, ਵਸਤ ਅਗੰਮ ਵਰਤਾਈਆ । ਗ੍ਰਹਿ ਮੰਦਰ ਸੁਣਾਏ ਨਾਦ, ਧੁਨੀ ਨਾਮ ਜਣਾਈਆ । ਜਗ ਪਾਰ ਕਰਾਏ ਹਾਦ, ਨੌਂ ਦਰ ਭੇਵ ਚੁਕਾਈਆ । ਕਿਰਪਾ ਕਰ ਗ਼ਰੀਬ ਨਿਵਾਜ, ਦੇਵਣਹਾਰ ਸੱਚੀ ਵਡਿਆਈਆ । ਨਾਮ ਚੜ੍ਹਾਏ ਸਚ ਜਹਾਜ਼, ਨਿਰਗੁਣ ਸਰਗੁਣ ਹੋ ਸਹਾਈਆ । ਆਤਮ ਪਰਮਾਤਮ ਰਚ ਰਚ ਕਾਜ, ਅੰਤਰ ਅੰਤਰ ਕਰੇ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਦਾਤਾ ਸਹਿਜ ਸੁਖਦਾਈਆ । ਗੁਰਮੁਖ ਗੁਰ ਗੁਰ ਗੁਰ ਕਾ ਰੰਗ, ਧੁਰ ਧੁਰ ਧਾਰ ਜਣਾਇੰਦਾ । ਨੇਤਰ ਸ਼ਰਮਾਇਣ ਸੂਰਜ ਚੰਦ, ਰਵ ਸਸ ਨਾ ਨੈਣ ਉਠਾਇੰਦਾ । ਕਿਰਪਾ ਕਰ ਸੂਰਾ ਸਰਬੰਗ, ਸੂਰਬੀਰ ਭੇਵ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਸੱਚਾ ਇਕ ਵਖਾਇੰਦਾ । ਦਰ ਸਾਚੇ ਹਰਿ ਸਾਹਿਬ ਸੁਲਤਾਨ, ਸਤਿ ਸਤਿਵਾਦੀ ਆਸਣ ਲਾਈਆ । ਸਤਿਜੁਗ ਉਠ ਵੇਖ ਮਾਰ ਧਿਆਨ, ਪ੍ਰਭ ਕਰਤਾ ਖੇਲ ਰਚਾਈਆ । ਤ੍ਰੇਤਾ ਹੋਏ ਵੇਖ ਹੈਰਾਨ, ਭੇਵ ਕੋਇ ਨਾ ਪਾਈਆ । ਦੁਆਪਰ ਕਰੇ ਨਾ ਕੋਇ ਪਹਿਚਾਨ, ਨੇਤਰ ਅੱਖ ਨਾ ਕੋਇ ਖੁਲ੍ਹਾਈਆ । ਕਲਜੁਗ ਕੂੜਾ ਹੋ ਪਰਧਾਨ, ਆਪਣਾ ਡੰਕ ਰਿਹਾ ਵਜਾਈਆ । ਸ੍ਰਿਸ਼ਟ ਸਬਾਈ ਸ਼ਰਅ ਸ਼ੈਤਾਨ, ਘਰ ਘਰ ਕਰੇ ਲੜਾਈਆ । ਹਰਿ ਕਾ ਮੰਦਰ ਸੁੰਵ ਮਸਾਣ, ਸਤਿ ਸੰਗ ਨਾ ਕੋਇ ਰਖਾਈਆ । ਕੂੜੀ ਕਿਰਿਆ ਵਡ ਬਲਵਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸਤਿਜੁਗ ਕਹੇ ਵੇਖ ਤ੍ਰੇਤਾ, ਤਰੀਆ ਧਾਰ ਨਜ਼ਰ ਕੋਇ ਨਾ ਆਈਆ । ਪਾਰਬ੍ਰਹਮ ਪ੍ਰਭ ਸਾਚਾ ਮੀਤਾ, ਨਿਰਗੁਣ ਆਪਣਾ ਵੇਸ ਵਟਾਈਆ । ਗੁਰ ਅਵਤਾਰਾਂ ਪਿਛਲਾ ਕਰਾਏ ਚੇਤਾ, ਅਭੁੱਲ ਭੁੱਲ ਕਦੇ ਨਾ ਜਾਈਆ । ਸੁੰਞਾਂ ਹੋਇਆ ਸਭ ਦਾ ਖੇਤਾ ਰਾਖਾ ਕੋਇ ਨਜ਼ਰ ਨਾ ਆਈਆ । ਦੀਨ ਮਜ਼੍ਹਬ ਦਾ ਮੁੱਕਿਆ ਠੇਕਾ, ਠੇਕੇਦਾਰ ਨਾ ਕੋਇ ਅਖਵਾਈਆ । ਕੂੜੀ ਕਿਰਿਆ ਰਹੇ ਨਾ ਪੇਸ਼ਾ, ਪੇਸ਼ੀਨਗੋਈ ਰਿਹਾ ਸਮਝਾਈਆ । ਲਹਿਣਾ ਦੇਣਾ ਚੁਕੇ ਮੁੱਲਾਂ ਸ਼ੇਖਾਂ, ਸ਼ੇਖ਼ੀ ਸਭ ਦੀ ਦਏ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਰਿਹਾ ਜਣਾਈਆ । ਤ੍ਰੇਤਾ ਕਹੇ ਸਤਿਜੁਗ ਮੈਂ ਕੀ ਉਠਾਂ, ਬਲ ਨਜ਼ਰ ਕੋਇ ਨਾ ਆਈਆ । ਕੂੜੀ ਕਿਰਿਆ ਟੰਗਿਆ ਪੁੱਠਾ, ਬਲਹੀਣ ਦਿਆਂ ਦੁਹਾਈਆ । ਮੇਰਾ ਰਾਮ ਮੈਥੋਂ ਰੁਠਾ, ਰਹਿਮਤ ਸਕੇ ਨਾ ਕੋਇ ਕਮਾਈਆ । ਖ਼ਾਲੀ ਦਿਸੇ ਕੂੜਾ ਬੁੱਤਾ, ਸਚ ਮਿਲੇ ਨਾ ਕੋਇ ਵਡਿਆਈਆ । ਵੇਖ ਵੇਖ ਆਵੇ ਗ਼ੁਸਾ, ਕੀ ਕਰਤਾ ਖੇਲ ਕਰਾਈਆ । ਅੰਗ ਨਾ ਫਰਕੇ ਕੋਈ ਜੁੱਸਾ, ਜਜ਼ਬਾ ਦਿਤਾ ਬੰਦ ਕਰਾਈਆ । ਪਰੇਮ ਪ੍ਰੀਤੀ ਦਾ ਹੋ ਕੇ ਭੁੱਖਾ, ਇਕ ਧਿਆਨ ਲਗਾਈਆ । ਅੰਤਮ ਵੇਲਾ ਓਹੋ ਢੁਕਾ, ਜਿਸ ਦਾ ਗੁਰ ਅਵਤਾਰ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸਤਿਜੁਗ ਕਹੇ ਤ੍ਰੇਤੇ ਧਰ ਬਲ, ਬਲਧਾਰੀ ਆਪ ਜਣਾਇੰਦਾ । ਭਗਤ ਦਵਾਰਾ ਵੇਖ ਚਲ, ਜਿਸ ਗ੍ਰਹਿ ਹਰਿ ਜੂ ਡੇਰਾ ਲਾਇੰਦਾ । ਸਾਡੇ ਨਾਲ ਕਰਦਾ ਰਿਹਾ ਛਲ, ਅਛੱਲ ਛਲ ਧਾਰੀ

ਵੇਸ ਵਟਾਇੰਦਾ । ਗੁਰਮੁਖਾਂ ਅੰਦਰ ਗਿਆ ਰਲ, ਰਲ ਮਿਲ ਆਪਣਾ ਝੱਟ ਲੰਘਾਇੰਦਾ । ਆਤਮ ਪਰਮਾਤਮ ਸਚ ਸਿੰਘਾਸਣ ਬੈਠਾ ਮੱਲ, ਜ਼ਾਤ ਮਲੂਕ ਨਾ ਕੋਇ ਜਣਾਇੰਦਾ । ਦੀਪਕ ਜੋਤ ਗਿਆ ਬਲ, ਨਿਰਗੁਣ ਨੂਰ ਜੋਤ ਰੁਸ਼ਨਾਇੰਦਾ । ਅੰਮ੍ਰਿਤ ਆਤਮ ਠਾਂਡਾ ਜਲ, ਸਰ ਇਕੋ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੀ ਕਰਤਾ ਖੇਲ ਰਚਾਇੰਦਾ । ਤ੍ਰੇਤਾ ਕਹੇ ਮੈਂ ਭੁੱਲਾ, ਭੁਲਿਆਂ ਸਾਰ ਕੋਇ ਨਾ ਆਈਆ । ਕੀਮਤ ਪਏ ਨਾ ਕੋਇ ਮੁੱਲਾ, ਹਟੋ ਹੱਟ ਦਿਆਂ ਦੁਹਾਈਆ । ਬਿਨ ਰਾਮ ਸਾਚੇ ਜਗਤ ਰੁਲਾ, ਰੁਲਿਆਂ ਸਕੇ ਨਾ ਕੋਇ ਉਠਾਈਆ । ਪੁਰਾਣਾ ਹਰਿ ਜੂ ਬੂਟਾ ਹੁਲਾ, ਫਲ ਨਜ਼ਰ ਕੋਇ ਨਾ ਆਈਆ । ਕੂੜੀ ਕਿਰਿਆ ਵਗੇ ਬੁਲਾ, ਪੱਤ ਡਾਲੀ ਰਿਹਾ ਝੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸਤਿਜੁਗ ਕਹੇ ਤ੍ਰੇਤੇ ਕਰ ਯਾਦ, ਪਿਛਲੀ ਯਾਦ ਕਰਾਈਆ । ਗ਼ਰੀਬ ਨਿਮਾਣਿਆਂ ਸੁਣਨਹਾਰ ਫ਼ਰਯਾਦ, ਫ਼ਰਮਾਂਬਰਦਾਰ ਫੇਰਾ ਪਾਈਆ । ਨਿਰਧਨ ਸਰਧਨ ਕਰੇ ਲਾਡ, ਲਾਡਲਾ ਇਕੋ ਸੱਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਸਭ ਦਾ ਰਿਹਾ ਚੁਕਾਈਆ । ਤ੍ਰੇਤਾ ਕਹੇ ਵੇਖ ਦੁਆਪਰ, ਦੋਹਰੀ ਧਾਰ ਜਣਾਇੰਦਾ । ਗੁਰ ਅਵਤਾਰਾਂ ਨਾਲ ਕੀ ਰਹੀ ਵਾਪਰ, ਸ੍ਰੀ ਭਗਵਾਨ ਹੁਕਮ ਮਨਾਇੰਦਾ । ਸਤਿਜੁਗ ਤ੍ਰੇਤਾ ਗੋਦ ਸੁਆਇਆ ਥਾਪੜ, ਅੰਤਮ ਬਾਂਹੋਂ ਫੜ ਉਠਾਇੰਦਾ । ਦੀਨ ਮਜ਼੍ਹਬ ਕੀ ਵੇਲਿਆ ਪਾਪੜ, ਪਤਾ ਸਭ ਨੂੰ ਪੁਛ ਪੁਛਾਇੰਦਾ । ਚਾਰ ਯੁਗ ਰਹੇ ਨਾ ਆਕੜ, ਦੂਜਾ ਬਲ ਨਾ ਕੋਇ ਵਡਿਆਇੰਦਾ । ਜ਼ੀਨ ਘੋੜੇ ਪਾਵੇ ਪਾਖਰ, ਅਸਵ ਸ਼ਾਹਸਵਾਰਾ ਆਸਣ ਲਾਇੰਦਾ । ਸਚ ਸੰਦੇਸਾ ਆਏ ਆਖਣ, ਆਖਰ ਆਪਣਾ ਹੁਕਮ ਮਨਾਇੰਦਾ । ਸਭ ਦਾ ਲਹਿਣਾ ਚੁੱਕੇ ਬਾਕਨ, ਬਚਿਆ ਕੋਇ ਰਹਿਣ ਨਾ ਪਾਇੰਦਾ । ਭੇਵ ਖੁਲ੍ਹਾਏ ਜ਼ਾਹਰ ਬਾਤਨ, ਅਨਭਵ ਆਪਣੀ ਕਾਰ ਕਮਾਇੰਦਾ । ਲੇਖਾ ਜਾਣੇ ਧਰਤ ਮਾਤਨ, ਜ਼ਿਮੀਂ ਅਸਮਾਨ ਖੋਜ ਖੁਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਤ੍ਰੇਤਾ ਕਹੇ ਦੁਆਪਰ ਪਰਦਾ ਫੋਲ, ਆਪਣਾ ਮੁਖ ਦਿਖਲਾਈਆ । ਕੀ ਵਸਤ ਰਹੀ ਤੇਰੇ ਕੋਲ, ਕੀ ਸੌਦਾ ਹੱਟ ਵਿਕਾਈਆ । ਦੁਆਪਰ ਕਹੇ ਮੇਰਾ ਕਾਇਆ ਦਿਸੇ ਖੋਲ, ਵਸਤ ਅਮੋਲਕ ਨਜ਼ਰ ਕੋਇ ਨਾ ਆਈਆ । ਅੰਦਰੋਂ ਪੋਲਾ ਹੋਇਆ ਢੋਲ, ਬਾਹਰੋਂ ਡੰਕਾ ਕੂੜ ਲਗਾਈਆ । ਮੈਂ ਮਾਰਿਆ ਗਿਆ ਅਨਭੋਲ, ਸੁਰਤੀ ਸੁਰਤ ਨਾ ਕੋਇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਾਰ ਰਿਹਾ ਕਮਾਈਆ । ਦੁਆਪਰ ਕਹੇ ਕਲਜੁਗ ਰੰਗ, ਪ੍ਰਭ ਤੇਰਾ ਵੇਖ ਵਖਾਈਆ । ਚਾਰੋਂ ਕੁੰਟ ਹੋਏ ਨੰਗ, ਪਰਦਾ ਸਚ ਨਾ ਕੋਇ ਪਾਈਆ । ਦਹਿ ਦਿਸ਼ਾ ਭੇਖ ਪਖੰਡ, ਮਾਇਆ ਮਮਤਾ ਹੋਈ ਹਲਕਾਈਆ । ਸ੍ਰਿਸ਼ਟ ਸਬਾਈ ਨਾਰ ਦੁਹਾਗਣ ਰੰਡ, ਰੰਡੇਪਾ ਆਇਆ ਜਗਤ ਲੋਕਾਈਆ । ਸਚ ਸੁੱਚ ਖੰਡ ਖੰਡ, ਖੰਡਾ ਖੜਗ ਰਿਹਾ ਚਮਕਾਈਆ । ਸਾਧਾਂ ਸੰਤਾਂ ਹੋਇਆ ਅੰਧ, ਅਗਿਆਨ ਅੰਧੇਰ ਨਾ ਕੋਇ ਮਿਟਾਈਆ । ਰਸਨਾ ਜਿਹਵਾ ਖਾਂਦੇ ਗੰਦ, ਮੰਦ ਵਾਸਨਾ ਨਾ ਕੋਇ ਮੁਕਾਈਆ । ਪੋਸਤ ਅਫ਼ੀਮ ਪੀਂਦੇ ਭੰਗ, ਭੰਗ ਮਾਣਸ ਜਨਮ ਕਰਾਈਆ । ਗੀਤ ਗੋਬਿੰਦ ਨਾ ਗਾਏ ਕੋਈ ਛੰਦ, ਸੰਸਾ ਰੋਗ ਨਾ ਕੋਇ ਮਿਟਾਈਆ । ਕਾਮ ਕਾਮਨੀ ਵੇਖ ਪਾਏ ਠੰਡ, ਸਤਿਗੁਰ ਚਰਨ ਧਿਆਨ ਨਾ ਕੋਇ ਲਗਾਈਆ । ਪੂਜਾ ਹਵਨ ਕਰ ਪਰਚੰਡ, ਪੱਥਰ ਪਾਹਨ ਸੇਵ ਕਮਾਈਆ । ਮਿਲੇ ਮੇਲ ਨਾ ਸੂਰੇ ਸਰਬੰਗ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਨੈਣ ਨੈਣ ਖੁਲ੍ਹਾਈਆ । ਕਲਜੁਗ

ਕਹੇ ਮੈਂ ਕੀ ਦੱਸਾਂ, ਦੁਆਪਰ ਮੇਰੀ ਚਲੇ ਨਾ ਕੋਇ ਚਤੁਰਾਈਆ । ਨਾਲੇ ਰੋਵਾਂ ਨਾਲੇ ਹੱਸਾਂ, ਗਿਰਿਆਜ਼ਾਰ ਇਕ ਸੁਣਾਈਆ । ਨਾਲੇ ਉਠਾਂ ਨਾਲੇ ਢੱਠਾਂ, ਬਲਹੀਣ ਦਿਆਂ ਦੁਹਾਈਆ । ਮੇਰੀਆਂ ਸ਼ਰਮਾਵਣ ਦੋਵੇਂ ਅੱਖਾਂ, ਗੁਰ ਨੇਤਰ ਨਜ਼ਰ ਕੋਇ ਨਾ ਆਈਆ । ਮੈਂ ਕੂੜੀ ਕਿਰਿਆ ਸੜਿਆ ਬਿਨ ਕੱਖਾਂ, ਮਾਇਆ ਮਮਤਾ ਗਈ ਜਲਾਈਆ । ਵਾਦ ਵਿਵਾਦ ਵਾਸਨਾ ਭਖਾਂ, ਵਸਤ ਸਚ ਨਾ ਕੋਇ ਵਖਾਈਆ । ਧਰਮ ਦੁਆਰਿਉਂ ਉਠ ਉਠ ਨੱਠਾਂ, ਜਿਸ ਦਵਾਰੇ ਗੁਰਮੁਖ ਬੈਠਾ ਡੇਰਾ ਲਾਈਆ । ਮਨਮੁਖਾਂ ਦੇ ਅੰਦਰ ਵੜ ਕੇ ਵਸਾਂ, ਕੂੜੋ ਕੂੜ ਕਰਾਂ ਪੜ੍ਹਾਈਆ । ਉਚੀ ਕੂਕ ਕੂਕ ਬਕਾਂ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਰਿਹਾ ਕਰ, ਹੁਕਮੇ ਹੁਕਮ ਭੁਆਈਆ । ਦੁਆਪਰ ਕਹੇ ਕਲੂ ਲਾਹ ਪਰਦਾ, ਵੇਲਾ ਅੰਤਮ ਆਈਆ । ਸਾਚਾ ਚੰਦ ਵੇਖ ਚੜ੍ਹਦਾ, ਸੂਰਜ ਨੂਰ ਕਰੇ ਰੁਸ਼ਨਾਈਆ । ਜਿਸ ਦੇ ਅੱਗੇ ਕੋਈ ਨਾ ਅੜਦਾ, ਗੁਰ ਅਵਤਾਰ ਸੀਸ ਝੁਕਾਈਆ । ਸੋ ਢੋਲਾ ਇਕੋ ਪੜ੍ਹਦਾ, ਇਕੋ ਰਾਗ ਅਲਾਈਆ । ਨਾ ਜੀਉਂਦਾ ਨਾ ਮਰਦਾ, ਮਰ ਜੀਵਤ ਬੇਪਰਵਾਹੀਆ । ਕਰੇ ਖੇਲ ਨਰ ਹਰਿ ਦਾ, ਹਰੀ ਹਰਿ ਆਪਣਾ ਵੇਸ ਵਟਾਈਆ । ਲੇਖਾ ਜਾਣੇ ਸੀਸ ਧੜ ਦਾ, ਜੁਗ ਚੌਕੜੀ ਵੇਖ ਵਖਾਈਆ । ਤੂੰ ਕਿਉਂ ਸਾਹਿਬ ਕੋਲੋਂ ਡਰਦਾ, ਨਿਉਂ ਨਿਉਂ ਲਾਗ ਪਾਈਂਆ । ਦਰ ਆਇਆਂ ਸਭ ਨੂੰ ਫੜਦਾ, ਜੋ ਢਹਿ ਪਏ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਕਰਤਾ ਖੇਲ ਰਚਾਈਆ । ਕਲਜੁਗ ਕਹੇ ਸੁਣ ਦੁਆਪਰ ਮੀਤ, ਸਚ ਸਚ ਜਣਾਈਆ । ਮੇਰੀ ਬਦਲ ਗਈ ਜਗ ਨੀਤ, ਨੀਤੀਵਾਨ ਨਜ਼ਰ ਨਾ ਆਈਆ । ਮੇਰੀ ਟੁੱਟੀ ਸਚ ਪ੍ਰੀਤ, ਪਰਮ ਪੁਰਖ ਨਾ ਇਸ਼ਟ ਮਨਾਈਆ । ਮੈਂ ਢੋਲਾ ਗਾਇਆ ਝੂਠਾ ਗੀਤ, ਕੂੜੀ ਕਿਰਿਆ ਕਰੀ ਪੜ੍ਹਾਈਆ । ਮੈਂ ਝਗੜਾ ਪਾਇਆ ਮੰਦਰ ਮਸੀਤ, ਸ਼ਿਵਦਵਾਲੇ ਮੱਠ ਦੇਣ ਦੁਹਾਈਆ । ਗੁਰਦਵਾਰੇ ਰਿਹਾ ਨਾ ਕੋਇ ਅਤੀਤ, ਤ੍ਰੈਗੁਣ ਬੈਠੀ ਡੇਰਾ ਲਾਈਆ । ਮੈਂ ਆਪਣਾ ਕੰਮ ਕੀਤਾ ਠੀਕ, ਜੋ ਪ੍ਰਭੂ ਗਿਆ ਸਮਝਾਈਆ । ਮੈਂ ਅੰਤਮ ਇਕੋ ਵਾਰ ਭੁਗਤਣੀ ਤਰੀਕ, ਆਪਣੀ ਪਿਛਲੀ ਮਿਸਲ ਕਢਾਈਆ । ਪੁਰਖ ਅਬਿਨਾਸ਼ੀ ਆਪਣੀ ਦੇਣੀ ਸਚ ਪ੍ਰੀਤ, ਵਾਰ ਇਕੋ ਮੰਗ ਮੰਗਾਈਆ । ਅਗਲਾ ਵੇਲਾ ਦਿਸੇ ਨਜ਼ਦੀਕ, ਨਿਤ ਉਸ ਦਾ ਧਿਆਨ ਲਗਾਈਆ । ਨਿਮਾਣਾ ਹੋ ਕੇ ਮੰਗੂ ਭੀਖ, ਅੱਗੇ ਆਪਣੀ ਝੋਲੀ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਦੁਆਪਰ ਕਹੇ ਕਲਜੁਗ ਮੰਗ, ਮੰਗਣ ਵੇਲਾ ਅੰਤਮ ਆਈਆ । ਪੁਰਖ ਅਕਾਲ ਸੂਰਾ ਸਰਬੰਗ, ਨਿਰਗੁਣ ਆਪਣਾ ਵੇਸ ਧਰਾਈਆ । ਨਾਲ ਲਿਆਇਆ ਜੋ ਛੱਡ ਕੇ ਗਿਆ ਪੁਰੀ ਅਨੰਦ, ਅਨੰਦ ਆਪਣੇ ਨਾਲ ਮਿਲਾਈਆ । ਤੱਤ ਦਿਸੇ ਨਾ ਗੁਜਰੀ ਚੰਦ, ਗੁਜਾਰਾ ਆਪਣੇ ਵਿਚ ਰਖਾਈਆ । ਉਹ ਸਾਹਿਬ ਸਦਾ ਬਖ਼ਸ਼ੰਦ, ਬੇਪਰਵਾਹ ਵੱਡੀ ਵਡਿਆਈਆ । ਦਰ ਡਿਗਿਆਂ ਦੇਵੇ ਨਾ ਡੰਡ, ਗ਼ਰੀਬ ਨਿਮਾਣਿਆਂ ਲਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਕਲਜੁਗ ਕਹੇ ਮੈਂ ਓਸ ਵੇਲੇ ਮੰਗਾਂਗਾ, ਜੋ ਵਕ਼ਤ ਪ੍ਰਭੂ ਜਣਾਈਆ । ਵੀਹ ਸੌ ਵੀਹ ਬਿਕ੍ਰਮੀ ਕਦੇ ਨਾ ਸੰਗਾਂਗਾ, ਪਰਦਾ ਆਪਣਾ ਆਪ ਉਠਾਈਆ । ਸਚ ਪ੍ਰੀਤੀ ਇਕੋ ਗੰਢਾਂਗਾ, ਨਾ ਕੋਈ ਤੋੜੇ ਤੋੜ ਤੁੜਾਈਆ । ਸਚ ਦਰਵਾਜ਼ਾ ਇਕੋ ਲੰਘਾਂਗਾ, ਭਗਤ ਦਵਾਰੇ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਸਰਨਾਈਆ । ਕਲਜੁਗ ਕਹੇ ਸੁਣ ਦੁਆਪਰ ਮੇਰੇ, ਮੈਂ ਸਚ ਸਚ ਜਣਾਈਆ । ਜਿਸ ਵੇਲੇ ਜਾਵਾਂ ਸਾਚੇ

ਵੇਹੜੇ, ਜਨ ਭਗਤਾਂ ਵੇਖ ਵਖਾਈਆ । ਮੇਰੇ ਪਿਛਲੇ ਚੁੱਕਣ ਝੇੜੇ, ਝਗੜਾ ਕੋਇ ਰਹਿਣ ਨਾ ਪਾਈਆ । ਪੁਰਖ ਅਕਾਲ ਨਜ਼ਰੀ ਆਏ ਨੇੜੇ, ਦੂਰ ਦੁਰਾਡਾ ਪੰਧ ਨਾ ਕੋਇ ਵਖਾਈਆ । ਫੜ ਬਾਂਹੋਂ ਚਾੜ੍ਹੇ ਬੇੜੇ, ਬੇੜਾ ਇਕੋ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਕਲਜੁਗ ਕਹੇ ਜਦ ਬੇੜੇ ਚੜ੍ਹਾਂਗਾ । ਹਰਿ ਕਾ ਨਾਮ ਇਕੋ ਪੜ੍ਹਾਂਗਾ । ਤੂੰ ਮੇਰਾ ਮੈਂ ਤੇਰਾ ਰੂਪ ਧਰਾਂਗਾ । ਹੋ ਨਿਮਾਣਾ ਸਰਨੀ ਪੜ੍ਹਾਂਗਾ । ਦੋਏ ਜੋੜ ਦਵਾਰੇ ਖੜਾਂਗਾ । ਸਨਮੁਖ ਹੋ ਕੇ ਪ੍ਰਭ ਦੇ ਲੜਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਰਨੀ ਕਰ ਫੇਰ ਨਾ ਡਰਾਂਗਾ । ਮੈਂ ਲੜ ਕੇ ਆਖ ਸੁਣਾਵਾਂਗਾ । ਲੱਖ ਚੁਰਾਸੀ ਪ੍ਰਭੂ ਵਖਾਵਾਂਗਾ । ਜੋ ਦੱਸਿਆ ਸਚ ਕਮਾਵਾਂਗਾ । ਆਪਣੀ ਤਸੱਲੀ ਆਪ ਜਣਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦੋਏ ਜੋੜ ਵਾਸਤਾ ਪਾਵਾਂਗਾ । ਪ੍ਰਭ ਵੇਖ ਮੇਰਾ ਜੱਗ ਕਾਰਨਾਮਾ, ਕਰਨੀ ਆਪਣੀ ਦਿਆਂ ਜਣਾਈਆ । ਕਿਸੇ ਨੂੰ ਜਪਣ ਨਹੀਂ ਦਿਤਾ ਨਾਮਾ, ਹਰਿ ਕਾ ਨਾਮ ਸਰਬ ਭੁਲਾਈਆ । ਕਿਸੇ ਨੂੰ ਮਿਲਣ ਨਹੀਂ ਦਿਤਾ ਰਾਮਾ, ਸੀਤਾ ਸੁਰਤ ਨਾ ਕੋਇ ਪਰਨਾਈਆ । ਕਿਸੇ ਨੂੰ ਦਰਸ ਪਾਵਣ ਨਹੀਂ ਦਿਤਾ ਕਾਹਨਾ, ਰਾਧਾ ਰੰਗ ਨਾ ਕੋਇ ਵਖਾਈਆ । ਕਿਸੇ ਨੂੰ ਗਾਵਣ ਨਹੀਂ ਦਿਤਾ ਗਾਣਾ, ਮਨ ਵਾਸਨਾ ਨਾਲ ਰਲਾਈਆ । ਕਿਸੇ ਨੂੰ ਬਣਨ ਨਹੀਂ ਦਿਤਾ ਸੁਘੜ ਸਿਆਣਾ, ਮੂਰਖ ਮੂੜ੍ਹ ਰੂਪ ਵਟਾਈਆ । ਤੇਰੇ ਹੁਕਮੇ ਅੰਦਰ ਕੂੜੀ ਕਿਰਿਆ ਤਣਿਆ ਤਾਣਾ, ਲੱਖ ਚੁਰਾਸੀ ਵਿਚ ਫਸਾਈਆ । ਧੁਰਦਰਗਾਹੀ ਮੰਨਿਆ ਤੇਰਾ ਭਾਣਾ, ਭਾਵੀ ਸਭ ਦੇ ਸਿਰ ਤੇ ਛਾਈਆ । ਬੱਚਿਆ ਰਿਹਾ ਨਾ ਰਾਜਾ ਰਾਣਾ, ਸਾਧਾਂ ਸੰਤਾਂ ਮਸਤਕ ਲਾਈ ਕੂੜੀ ਸ਼ਾਹੀਆ । ਅੰਮ੍ਰਿਤ ਭੋਜ ਮਿਲਿਆ ਨਾ ਪੀਣਾ ਖਾਣਾ, ਰਸਨਾ ਕੂੜ ਰਸ ਹਲਕਾਈਆ । ਤੇਰਾ ਮੇਲ ਨਾ ਹੋਣ ਦਿਤਾ ਭਗਵਾਨਾ, ਤੇਰੀ ਚਲਣ ਨਾ ਦਿਤੀ ਚਤੁਰਾਈਆ । ਮੈਂ ਪੁੱਤ ਤੇਰਾ ਬਲਵਾਨਾ, ਨਿੱਕਾ ਵੱਡਾ ਹੋ ਕੇ ਰਿਹਾ ਵਖਾਈਆ । ਓਧਰ ਵੇਖ ਮਾਰ ਧਿਆਨਾ, ਚੌਥਾ ਜੁਗ ਦਏ ਸੁਣਾਈਆ । ਤੇਰਾ ਸੁਤ ਸਚ ਨਿਸ਼ਾਨਾ, ਗੋਬਿੰਦ ਇਕੋ ਨਜ਼ਰੀ ਆਈਆ । ਸਦ ਤੇਰਾ ਧਰੇ ਧਿਆਨਾ, ਦੂਜਾ ਇਸ਼ਟ ਨਾ ਕੋਇ ਮਨਾਈਆ । ਜੋਧਾ ਸੂਰ ਵਡ ਬਲਵਾਨਾ, ਬਲ ਤੇਰੇ ਕੋਲੋਂ ਪਾਈਆ । ਤੂੰ ਦੋਹਾਂ ਦੇ ਵਿਚ ਆ ਦਰਮਿਆਨਾ, ਦਰਦੀ ਆਪਣਾ ਦਰਦ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਦਏ ਖੁਲ੍ਹਾਈਆ । ਕਲਜੁਗ ਵੇਖ ਦੇ ਦੁਆਪਰ ਸੱਦਾ, ਹਰਿ ਹੁਕਮ ਨਾਮ ਜਣਾਈਆ । ਤ੍ਰੇਤਾ ਦਰ ਤੇ ਆਏ ਭੱਜਾ, ਬਣ ਪਾਂਧੀ ਰਾਹੀ ਫੇਰਾ ਪਾਈਆ । ਸਤਿਜੁਗ ਦਵਾਰੇ ਸਾਚੇ ਸਜਾ, ਘਰ ਸਾਜਣ ਮੇਲ ਮਿਲਾਈਆ । ਚੌਹਾਂ ਦਾ ਮਿਲ ਕੇ ਪਰਦਾ ਕੱਜਾ, ਸਿਰ ਆਪਣਾ ਹੱਥ ਟਿਕਾਈਆ । ਹੁਕਮੇ ਅੰਦਰ ਹਰਿਜੂ ਬੱਧਾ, ਪੱਲੂ ਸਕੇ ਨਾ ਕੋਇ ਛੁਡਾਈਆ । ਭਾਈਆਂ ਨਾਲ ਮਿਲਾਏ ਭਾਈ ਸਕਾ, ਸ੍ਰੀ ਭਗਵਾਨ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰੇ ਯੁਗ ਦਰ ਮੰਗਾਈਆ । ਚਾਰੇ ਯੁਗ ਦਰ ਇਕੱਠੇ, ਮਿਲਣੀ ਹਰਿ ਕਰਾਇੰਦਾ । ਦੂਰ ਦੁਰਾਡੇ ਆਏ ਨੱਠੇ, ਘਰ ਸਾਚਾ ਇਕ ਸੁਹਾਇੰਦਾ । ਪ੍ਰਭ ਸਰਨਾਈ ਸਾਰੇ ਢੱਠੇ, ਸਿਰ ਉਪਰ ਨਾ ਕੋਇ ਉਠਾਇੰਦਾ । ਸ੍ਰੀ ਭਗਵਾਨ ਦਰ ਹੋਏ ਹੱਕੇ ਬੱਕੇ, ਤੇਰਾ ਭੇਵ ਕੋਇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਚਾ ਪਰਦਾ ਕਵਣ ਉਠਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ, ਕਲ ਕਾਤੀ ਆਪ ਜਣਾਈਆ । ਜੁਗ ਚੌਕੜੀ ਸਭ ਨੇ ਚੋਗ ਲਈ

ਚੁਗ, ਭੁੱਖਾ ਕੋਇ ਨਜ਼ਰ ਨਾ ਆਈਆ । ਅੰਤਮ ਔਧ ਰਹੀ ਪੁਗ, ਹਰਿ ਪੁਖ਼ਤਾ ਹੁਕਮ ਸੁਣਾਈਆ । ਲਹਿਣਾ ਦੇਣਾ ਰਿਹਾ ਮੁਕ, ਮੁਸ਼ਕਲ ਇਕੋ ਨਜ਼ਰੀ ਆਈਆ । ਵੇਲਾ ਅੰਤਮ ਰਿਹਾ ਢੁਕ, ਚਾਰ ਯੁਗ ਭੇਵ ਮਿਟਾਈਆ । ਪੁਰਖ ਅਬਿਨਾਸ਼ੀ ਏਕਾ ਉਠ, ਲਹਿਣਾ ਦੇਣਾ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚੌਹਾਂ ਦੇਵਣਹਾਰ ਵਡਿਆਈਆ । ਚਾਰੇ ਕਹਿਣ ਸੁਣ ਨਿਰੰਕਾਰ, ਤੇਰੇ ਅੱਗੇ ਅਰਜ਼ੋਈਆ । ਨਾਲ ਸੱਦ ਤੇਈ ਅਵਤਾਰ, ਪੀਰ ਪੈਗ਼ੰਬਰ ਆਪ ਮਿਲਾਈਆ । ਗੁਰ ਗੁਰ ਖੋਲ੍ਹ ਆਪ ਕਿਵਾੜ, ਧੁਰਦਰਗਾਹੀ ਪਰਦਾ ਲਾਹੀਆ । ਪੂਰਬ ਵਿਛੜੇ ਮੇਲ ਯਾਰ, ਯਾਰੀ ਯਾਰਾਂ ਨਾਲ ਨਿਭਾਈਆ । ਸਭ ਤੋਂ ਪੁੱਛ ਸਚ ਵਿਹਾਰ, ਜੁਗ ਜੁਗ ਕੀ ਕੀ ਕਾਰ ਕਮਾਈਆ । ਕਵਣ ਨਾਮ ਵਣਜ ਵਪਾਰ, ਕਵਣ ਗਏ ਹੱਟ ਖੁਲ੍ਹਾਈਆ । ਕਵਣ ਮੰਨਿਆ ਰਾਮ ਆਧਾਰ, ਕਵਣ ਕਾਹਨ ਕ੍ਰਿਸ਼ਨ ਕੁੜਮਾਈਆ । ਕਵਣ ਈਸਾ ਮੂਸਾ ਮੁਹੰਮਦ ਨਾਅਰ, ਨਾਅਰਾ ਹੱਕ ਹੱਕ ਜਣਾਈਆ । ਕਵਣ ਨਾਨਕ ਕਰੇ ਪੁਕਾਰ, ਕਵਣ ਗੋਬਿੰਦ ਧਿਆਨ ਲਗਾਈਆ । ਕਵਣ ਮੰਦਰ ਸੋਹੇ ਮਕਾਨ, ਕਵਣ ਸਿੰਘਾਸਣ ਵੱਜੇ ਵਧਾਈਆ । ਕਵਣ ਸ਼ਬਦ ਹੋਏ ਪਰਧਾਨ, ਕਵਣ ਰਾਗ ਨਾਦ ਸ਼ਨਵਾਈਆ । ਕਵਣ ਲੇਖਾ ਪਵਣ ਮਸਾਣ, ਕਵਣ ਧੁਆਂਧਾਰ ਸਮਾਈਆ । ਕਵਣ ਲਹਿਣਾ ਜ਼ਿਮੀਂ ਅਸਮਾਨ, ਕਵਣ ਬ੍ਰਹਿਮੰਡ ਖੰਡ ਡੇਰਾ ਢਾਹੀਆ । ਕਵਣ ਆਦਿ ਜੁਗਾਦਿ ਜਵਾਨ, ਕਵਣ ਬਿਰਧ ਰੂਪ ਵਟਾਈਆ । ਕਵਣ ਕਰਨਹਾਰ ਕਲਿਆਣ, ਕਵਣ ਕਲਮਾ ਨਬੀ ਪੜ੍ਹਾਈਆ । ਕਵਣ ਦੇਵਣਹਾਰ ਈਮਾਨ, ਇਸਮ ਆਜ਼ਮ ਇਕ ਸਮਝਾਈਆ । ਕਵਣ ਸੁਣਾਵਣਹਾਰ ਫ਼ਰਮਾਨ, ਧੁਰ ਸੰਦੇਸਾ ਰਾਗ ਅਲਾਈਆ । ਕਵਣ ਰੂਪ ਸ੍ਰੀ ਭਗਵਾਨ, ਨਿਰਗੁਣ ਆਪਣਾ ਵੇਸ ਵਟਾਈਆ । ਚਾਰੇ ਯੁਗ ਮੰਗਣ ਦਾਨ, ਪ੍ਰਭ ਅੱਗੇ ਸੀਸ ਝੁਕਾਈਆ । ਸਾਡੀ ਵਿਦਿਆ ਹੋਈ ਅਵਾਣ, ਬਲ ਰਹਿਣ ਕੋਇ ਨਾ ਪਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਸਰਬ ਕੁਰਲਾਣ, ਉਚੀ ਕੂਕ ਕੂਕ ਜਣਾਈਆ । ਗੀਤਾ ਗਿਆਨ ਹੋਈ ਹੈਰਾਨ, ਦਸ ਅੱਠ ਪੰਧ ਨਾ ਕੋਇ ਮੁਕਾਈਆ । ਅੰਜੀਲ ਕੁਰਾਨ ਸਰਬ ਪਛਤਾਣ, ਜ਼ਾਹਰਾ ਪੀਰ ਨਾ ਕੋਇ ਮਿਲਾਈਆ । ਬਾਣੀ ਮਾਰੇ ਨਾ ਤੀਰ ਨਿਰਾਲ, ਨਿਰਾਕਾਰ ਨਾ ਕੋਇ ਰੁਸ਼ਨਾਈਆ । ਅਠਸਠ ਤੀਰਥ ਹੋਏ ਵੈਰਾਨ, ਵੈਰੀ ਘਰ ਘਰ ਨਜ਼ਰੀ ਆਈਆ । ਸਤਿਜੁਗ ਕਹੇ ਮੈਨੂੰ ਤੇਰਾ ਹੁਕਮ ਪਰਵਾਨ, ਤ੍ਰੇਤਾ ਨਿਉਂ ਨਿਉਂ ਸੀਸ ਝੁਕਾਈਆ । ਦੁਆਪਰ ਮੰਗੇ ਤੇਰੀ ਆਣ, ਕਲਜੁਗ ਧੂੜੀ ਖ਼ਾਕ ਰਮਾਈਆ । ਬੇਪਰਵਾਹ ਬੇਨਜ਼ੀਰ ਪ੍ਰਭ ਆਪ ਕਰ ਪਹਿਚਾਨ, ਸਾਹਿਬ ਸਤਿਗੁਰ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਚੌਥੇ ਯੁਗ ਏਕਾ ਚੋਗ ਲੈਣੀ ਚੁਗ, ਹਰਿ ਜੁਗਤੀ ਆਪ ਜਣਾਈਆ । ਚਾਰੇ ਯੁਗ ਕਰੇ ਧਿਆਨ, ਸੋ ਪੁਰਖ ਨਿਰੰਜਣ ਆਪ ਜਣਾਈਆ । ਹਰਿ ਪੁਰਖ ਨਿਰੰਜਣ ਹੋ ਮਿਹਰਵਾਨ, ਮਹਾਂਬਲੀ ਹੋਏ ਸਹਾਈਆ । ਏਕੰਕਾਰ ਕਰੇ ਕਲਿਆਣ, ਕਰਤਾ ਪੁਰਖ ਦਏ ਵਡਿਆਈਆ । ਆਦਿ ਨਿਰੰਜਣ ਹੋ ਪਰਧਾਨ, ਨੂਰੀ ਜਲਵਾ ਇਕ ਵਖਾਈਆ । ਅਬਿਨਾਸ਼ੀ ਕਰਤਾ ਆਏ ਵਿਚ ਮੈਦਾਨ, ਮਦਦ ਅਵਰ ਨਾ ਕੋਇ ਰਖਾਈਆ । ਸ੍ਰੀ ਭਗਵਾਨ ਸਚ ਫ਼ਰਮਾਨ, ਧਰਮ ਸੰਦੇਸਾ ਇਕ ਸੁਣਾਈਆ । ਪਾਰਬ੍ਰਹਮ ਪ੍ਰਭ ਬ੍ਰਹਮ ਕਰੇ ਕਲਿਆਣ, ਕਰਤਾ ਕੀਮਤ ਆਪੇ ਪਾਈਆ । ਮਨ ਮਤ ਬੁਧ ਹੋਏ ਘਮਸਾਨ, ਖੰਡਾ ਖੜਗ ਨਾਮ ਚਮਕਾਈਆ । ਜੀਵ ਜੰਤ ਸਰਬ ਕੁਰਲਾਣ, ਕਰਬਲਾ ਇਕੋ ਨਜ਼ਰੀ ਆਈਆ । ਸਾਬਤ ਰਹੇ ਨਾ ਕਿਸੇ ਈਮਾਨ, ਧੀਰਜ ਧੀਰ ਨਾ ਕੋਇ ਰਖਾਈਆ । ਸਤਿਜੁਗ ਅੰਤਮ ਵੇਖਿਆ ਹੁੰਦਾ ਵੈਰਾਨ, ਤ੍ਰੇਤਾ ਆਪਣੀ ਢੇਰੀ

ਢਾਹੀਆ । ਦੁਆਪਰ ਜੀਵ ਜੰਤ ਸੁਆਇਆ ਵਿਚ ਮੈਦਾਨ, ਬਣ ਮੈਦਾਨੀ ਫੇਰਾ ਪਾਈਆ । ਕਲਜੁਗ ਅੰਤ ਕੂੜਾ ਮਿਟੇ ਨਿਸ਼ਾਨ, ਕੂੜੀ ਕਿਰਿਆ ਰਹਿਣ ਨਾ ਪਾਈਆ । ਕਰੇ ਖੇਲ ਸ੍ਰੀ ਭਗਵਾਨ, ਭਗਵਨ ਆਪਣਾ ਫੇਰਾ ਪਾਈਆ । ਗੁਰਮੁਖ ਵਿਰਲੇ ਕਰੇ ਪਰਵਾਨ, ਭਗਤ ਵਛਲ ਸਹਿਜ ਸੁਖਦਾਈਆ । ਇਕੋ ਰਾਗ ਸੁਣਾਏ ਗਾਣ, ਗਾਵਤ ਗਾਵਤ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਕਲ ਕਾਤੀ ਵੇਖ ਵਖਾਈਆ । ਕਲਕਾਤੀ ਹਰਿ ਵੇਖਣਹਾਰਾ, ਬੇਪਰਵਾਹੀ ਧਾਰ ਚਲਾਇੰਦਾ । ਸ਼ਬਦ ਅਗੰਮ ਤਿਖੀ ਧਾਰਾ, ਦੋ ਜਹਾਨ ਜਣਾਇੰਦਾ । ਚੌਥੇ ਯੁਗ ਹੋ ਉਜਿਆਰਾ, ਰੂਪ ਅਨੂਪ ਦਰਸਾਇੰਦਾ । ਭਗਤਾਂ ਕਰੇ ਸਚ ਪਿਆਰਾ, ਸਾਚੀ ਭਗਤੀ ਇਕ ਸਮਝਾਇੰਦਾ । ਗੁਰਮੁਖ ਗੁਰਸਿਖ ਸਚ ਸਰਦਾਰਾ, ਸਿਰ ਸਿਹਰਾ ਸੀਸ ਬੰਧਾਇੰਦਾ । ਹਰਿਜਨ ਸੰਤ ਰਹੇ ਨਾ ਕੋਈ ਕਵਾਰਾ, ਨਿਰਮਲ ਜੋਤੀ ਆਪ ਪਰਨਾਇੰਦਾ । ਘਰ ਵਖਾਏ ਠਾਂਡਾ ਦਰਬਾਰਾ, ਦਰ ਦਰਵਾਜ਼ਾ ਆਪ ਖੁਲ੍ਹਾਇੰਦਾ । ਸੰਮਤ ਵੀਹ ਸੌ ਵੀਹ ਜਿਨ੍ਹਾਂ ਮਿਲਿਆ ਨਿਹਕਲੰਕ ਨਰਾਇਣ ਨਰ ਅਵਤਾਰਾ, ਤਿਨ੍ਹਾਂ ਆਪਣਾ ਮੇਲ ਮਿਲਾਇੰਦਾ । ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜੋ ਜਨ ਬੋਲਦੇ ਰਹੇ ਜੈਕਾਰਾ, ਤਿਨ੍ਹਾਂ ਜਨਮ ਮਰਨ ਮਰਨ ਜਨਮ ਵਿਚੋਂ ਪਾਰ ਕਰਾਇੰਦਾ । ਸਰਬ ਜੀਆਂ ਦਾ ਸਾਂਝਾ ਯਾਰਾ, ਪਿਛਲੀ ਯਾਦ ਨਾ ਕਦੇ ਭੁਲਾਇੰਦਾ ।



★ ੧੫ ਜੇਠ ੨੦੨੦ ਬਿਕ੍ਰਮੀ ਪਰੇਮ ਚੰਦ ਦੇ ਗ੍ਰਹਿ ਪਿੰਡ ਸਰਦਾਰੀ ਜੰਮੂ ★

ਆਤਮ ਕਹੇ ਮੈਂ ਸਦਾ ਸਦਾ ਪਿਆਸੀ, ਪਸਚਾਤਾਪ ਜਗਤ ਲੋਕਾਈਆ । ਆਤਮ ਕਹੇ ਮੈਂ ਸਦਾ ਉਦਾਸੀ, ਧੀਰਜ ਸਤਿ ਨਾ ਕੋਇ ਜਣਾਈਆ । ਆਤਮ ਕਹੇ ਮੈਂ ਸਦਾ ਫਾਸੀ, ਲੱਖ ਚੁਰਾਸੀ ਤਨ ਹੰਡਾਈਆ । ਆਤਮ ਕਹੇ ਮੈਂ ਸਦਾ ਮਾਰਾਂ ਝਾਕੀ, ਪ੍ਰਭ ਤੇਰਾ ਧਿਆਨ ਲਗਾਈਆ । ਆਤਮ ਕਹੇ ਕਬ ਦੇਵੇਂ ਬਾਕੀ, ਮੇਰਾ ਲਹਿਣਾ ਪੂਰ ਕਰਾਈਆ । ਆਤਮ ਕਹੇ ਕਬ ਖਹਿੜਾ ਛੁੱਟੇ ਤਨ ਖ਼ਾਕੀ, ਪੰਜ ਤੱਤ ਨਾਤਾ ਤੋੜ ਤੁੜਾਈਆ । ਆਤਮ ਕਹੇ ਕਬ ਬਣੇ ਸਾਕੀ, ਅੰਮ੍ਰਿਤ ਜਾਮ ਇਕ ਪਿਆਈਆ । ਆਤਮ ਕਹੇ ਕਬ ਖੋਲ੍ਹੇਂ ਤਾਕੀ, ਆਪਣਾ ਮੰਦਰ ਦਏਂ ਵਖਾਈਆ । ਆਤਮ ਕਹੇ ਕਬ ਚੜ੍ਹੇਂ ਰਾਕੀ, ਨਿਰਗੁਣ ਆਪਣਾ ਫੇਰਾ ਪਾਈਆ । ਆਤਮ ਕਹੇ ਕਬ ਬਣੇਂ ਸਾਥੀ, ਸਾਚਾ ਸੰਗ ਨਿਭਾਈਆ । ਆਤਮ ਕਹੇ ਕਬ ਦੇਵੇਂ ਆਪਣਾ ਪੂਜਾ ਪਾਠੀ, ਇਕੋ ਨਿਰੰਤਰ ਨਾਮ ਜਣਾਈਆ । ਆਤਮ ਕਹੇ ਕਬ ਵਖਾਏਂ ਐਰਾਪਤ ਹਾਥੀ, ਦੱਖਣ ਦਿਸ਼ਾ ਮਿਲੇ ਵਡਿਆਈਆ । ਆਤਮ ਕਹੇ ਕਬ ਲਹਿਣਾ ਚੁੱਕੇ ਲੋਕਮਾਤੀ, ਮਤਲਬ ਮੇਰਾ ਹੱਲ ਕਰਾਈਆ । ਆਤਮ ਕਹੇ ਕਬ ਪੁਛੇਂ ਵਾਤੀ, ਘਰ ਸਾਜਣ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨੈਣ ਉਠਾਈਆ । ਆਤਮ ਕਹੇ ਕਬ ਮੇਲੇਂ ਮੇਲ, ਜਗਤ ਵਿਛੋੜਾ ਮਿਟਾਈਆ । ਆਤਮ ਕਹੇ ਕਬ ਚਾੜ੍ਹੇਂ ਤੇਲ, ਘਰ ਸਾਚੇ ਸਗਨ ਮਨਾਈਆ । ਆਤਮ ਕਹੇ ਕਬ ਹੋਵੇਂ ਸੱਜਣ ਸੁਹੇਲ, ਆਪਣੇ ਅੰਗ ਲਗਾਈਆ । ਆਤਮ ਕਹੇ ਕਬ ਖੇਲੇਂ ਅਚਰਜ ਖੇਲ, ਨਿਰਵੈਰ ਆਪਣੀ ਸੇਵ ਕਮਾਈਆ । ਆਤਮ ਕਹੇ ਕਬ ਪੰਜ ਤੱਤ ਕਾਇਆ ਕੱਟੇਂ ਜੇਲ, ਬੰਦੀਖ਼ਾਨਾ ਦਏਂ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਆਤਮ ਕਹੇ ਕਦ ਆਵੇਂ ਘਰ, ਗ਼ਰੀਬ ਨਿਵਾਜ਼ ਫੇਰਾ ਪਾਈਆ ।

ਆਤਮ ਕਹੇ ਕਬ ਚੁੱਕੇ ਡਰ, ਦੀਨਾਂ ਨਾਥ ਹੋਏਂ ਸਹਾਈਆ । ਆਤਮ ਕਹੇ ਕਬ ਮਿਲੇ ਦਰ, ਰਘੁਨਾਥ ਆਪਣੇ ਅੰਗ ਲਗਾਈਆ । ਆਤਮ ਕਹੇ ਕਬ ਮੰਦਰ ਵੇਖਾਂ ਚੜ੍ਹ, ਗ੍ਰਿਹ ਤੇਰਾ ਦਰਸ਼ਨ ਪਾਈਆ । ਆਤਮ ਕਹੇ ਕਬ ਢੋਲਾ ਲਵਾਂ ਪੜ੍ਹ, ਇਕ ਤੇਰਾ ਨਾਮ ਧਿਆਈਆ । ਆਤਮ ਕਹੇ ਕਬ ਪੱਲੂ ਲਵਾਂ ਫੜ, ਤੇਰੇ ਪੱਲੂ ਗੰਢ ਪੁਆਈਆ । ਆਤਮ ਕਹੇ ਕਬ ਦਰਸ਼ਨ ਵੇਖਾਂ ਖੜ, ਸਚ ਸਰੂਪੀ ਤੇਰਾ ਦਰਸ਼ਨ ਪਾਈਆ । ਆਤਮ ਕਹੇ ਕਬ ਮਿਲੇਂ ਨਰਾਇਣ ਨਰ, ਨਾਰੀ ਆਪਣੀ ਲਏਂ ਪਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੋਵੇ ਆਪ ਸਹਾਈਆ । ਆਤਮ ਕਹੇ ਕਬ ਮਿਲੇ ਮੀਤ ਘਰ ਸੱਜਣ ਫੇਰਾ ਪਾਈਆ । ਆਤਮ ਕਹੇ ਕਬ ਬਦਲੇਂ ਰੀਤ, ਪਿਛਲਾ ਲੇਖਾ ਜਗਤ ਚੁਕਾਈਆ । ਆਤਮ ਕਹੇ ਕਬ ਅੰਮ੍ਰਿਤ ਬਖ਼ਸ਼ੇਂ ਠਾਂਡਾ ਸੀਤ, ਸਾਚੀ ਧਾਰ ਚਲਾਈਆ । ਆਤਮ ਕਹੇ ਕਬ ਗਾਏਂ ਅਗੰਮੀ ਗੀਤ, ਅਥਾਹ ਕਰੇਂ ਪੜ੍ਹਾਈਆ । ਆਤਮ ਕਹੇ ਕਬ ਮੇਰੀ ਵਾਸਨਾ ਲਏਂ ਜੀਤ, ਆਪ ਆਪਣੇ ਵਿਚ ਛੁਪਾਈਆ । ਆਤਮ ਕਹੇ ਕਬ ਖਹਿੜਾ ਛੁਡਾਏਂ ਮੰਦਰ ਮਸੀਤ, ਘਰ ਇਕੋ ਇਕ ਵਖਾਈਆ । ਆਤਮ ਕਹੇ ਕਬ ਨਜ਼ਰੀ ਆਏਂ ਅਤੀਤ, ਤ੍ਰੈਗੁਣ ਡੇਰਾ ਢਾਹੀਆ । ਆਤਮ ਕਹੇ ਮੈਂ ਤੈਨੂੰ ਰਹੀ ਉਡੀਕ, ਪ੍ਰਭ ਨੇਤਰ ਨੈਣ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਪਰਮਾਤਮ ਕਹੇ ਮੇਰਾ ਸਾਚਾ ਨੇਮ, ਆਤਮ ਆਤਮ ਸਚ ਜਣਾਇੰਦਾ । ਮੇਰੇ ਮਿਲਣ ਦਾ ਸਚ ਪਰੇਮ, ਪ੍ਰੀਤੀ ਇਕੋ ਇਕ ਵਖਾਇੰਦਾ । ਦੁਸ਼ਟ ਦਮਨ ਕੀਤਾ ਉਤੇ ਹੇਮ, ਕੁੰਟ ਆਪਣੇ ਲੇਖੇ ਲਾਇੰਦਾ । ਦਰਸ ਦਿਖਾਏ ਨੈਨ ਬੈਨ, ਬੇਪਰਵਾਹ ਫੇਰਾ ਪਾਇੰਦਾ । ਰਸਨਾ ਜਿਹਵਾ ਸਾਰੇ ਕਹਿਣ, ਅੰਤਰ ਧਿਆਨ ਨਾ ਕੋਇ ਲਗਾਇੰਦਾ । ਸਦਾ ਸਦਾ ਸਦ ਦੇਵਾਂ ਦੇਣ, ਲੇਖਾ ਸਭ ਦੀ ਝੋਲੀ ਪਾਇੰਦਾ । ਜੋ ਮੇਰੇ ਹੋ ਕੇ ਰਹਿਣ, ਤਿਨ੍ਹਾਂ ਆਪਣਾ ਮੇਲ ਮਿਲਾਇੰਦਾ । ਨਾਤਾ ਤੋੜ ਸਾਕ ਸੱਜਣ ਭਾਈ ਭੈਣ, ਬੰਧਨ ਇਕੋ ਇਕ ਵਖਾਇੰਦਾ । ਸਾਚਾ ਭਾਣਾ ਸਿਰ ਤੇ ਸਹਿਣ, ਦੁੱਖ ਸੁੱਖ ਵਿਚ ਬਦਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਸਮਝਾਇੰਦਾ । ਆਤਮ ਸਿਖਿਆ ਲੈ ਸਿਖ, ਪਰਮਾਤਮ ਰਿਹਾ ਜਣਾਈਆ । ਸਚ ਦੁਆਰਿਉਂ ਮਿਲੇ ਭਿਖ, ਪਾਵਣਹਾਰ ਬੇਪਰਵਾਹੀਆ । ਨਜ਼ਰੀ ਆਏ ਦਹਿ ਦਿਸ਼, ਚਾਰ ਕੁੰਟ ਇਕ ਰੁਸ਼ਨਾਈਆ । ਸਚ ਪ੍ਰੀਤੀ ਵੰਡੇ ਹਿਸ, ਹਿੱਸਾ ਇਕੋ ਇਕ ਵਖਾਈਆ । ਨਿਹਕਰਮੀ ਲੇਖਾ ਦਏ ਲਿਖ, ਲੇਖਾ ਲਿਖੇ ਬਿਨ ਕਲਮ ਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਆਤਮ ਸੁਣ ਪਰਮਾਤਮ ਚੋਜ, ਪਰਮ ਪੁਰਖ ਜਣਾਇੰਦਾ । ਆਦਿ ਜੁਗਾਦੀ ਕਰ ਕਰ ਚੋਜ, ਚੋਜੀ ਆਪਣਾ ਖੇਲ ਵਖਾਇੰਦਾ । ਤੇਰਾ ਮੇਲ ਮਿਲਾਵੇ ਨਿਤ ਨਿਤ ਰੋਜ਼, ਰੋਜ਼ਾ ਇਕੋ ਇਕ ਸੁਹਾਇੰਦਾ । ਸਮਝਿਆਂ ਕਿਸੇ ਨਾ ਆਵੇ ਸੋਚ, ਸੋਚਿਆਂ ਹੱਥ ਨਾ ਕੋਇ ਰਖਾਇੰਦਾ । ਜੋ ਆਤਮ ਪ੍ਰਭ ਦਰਸ਼ਨ ਰਹੀ ਲੋਚ, ਤਿਸ ਲੋਚਾ ਪੂਰ ਕਰਾਇੰਦਾ । ਮੇਲ ਮਿਲਾਵਾ ਨਿਰਮਲ ਜੋਤ, ਜੋਤੀ ਆਪਣਾ ਰੰਗ ਰੰਗਾਇੰਦਾ । ਭਾਗ ਲਗਾਏ ਸਾਚੇ ਕੋਟ, ਬੰਕ ਦਵਾਰ ਇਕ ਸੁਹਾਇੰਦਾ । ਨਾਮ ਅਗੰਮ ਲਗਾ ਚੋਟ, ਸੋਈ ਸਵਾਣੀ ਆਪ ਉਠਾਇੰਦਾ । ਅਗਲਾ ਪਿਛਲਾ ਕੱਢੇ ਰੋਸ, ਜਿਸ ਵੇਲੇ ਦਇਆ ਕਮਾਇੰਦਾ । ਚੁੱਪ ਕਰ ਕੇ ਬੈਠਾ ਰਹੇ ਖ਼ਾਮੋਸ਼, ਖ਼ਾਹ ਮਖ਼ਾਹ ਝਗੜਾ ਕੋਇ ਨਾ ਪਾਇੰਦਾ । ਦੋਸ਼ੀ ਨਿਰਦੋਸ਼ੀ ਕੋਈ ਨਾ ਦੇਵੇ ਦੋਸ਼, ਦੋਸ਼ ਆਪਣੇ ਉਪਰ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚੀ ਹੋਸ਼, ਹੋਸ਼ਿਆਰ ਹੋ ਕੇ ਵੇਖ ਵਖਾਇੰਦਾ ।


੫੯੬
੧੪

ਆਤਮ ਕਹੇ ਪਰਮਾਤਮ ਤੇਰੀ ਉਡੀਕ, ਨਿਤ ਨਿਤ ਧਿਆਨ ਲਗਾਈਆ । ਆਪਣਾ ਵੇਲਾ ਦੱਸ ਠੀਕ, ਕਵਣ ਵੇਲਾ ਠੀਕਰ ਦਏਂ ਭੰਨਾਈਆ । ਸਚ ਮਿਲਣ ਦੀ ਦੱਸ ਪ੍ਰੀਤ, ਗੁਣ ਇਕੋ ਇਕ ਸਮਝਾਈਆ । ਕਦ ਵਸੇਂ ਆਣ ਨਜ਼ਦੀਕ, ਦੂਰ ਦੁਰਾਡਾ ਪੰਧ ਮੁਕਾਈਆ । ਤੇਰਾ ਮਾਰਗ ਦਿਸੇ ਬਾਰੀਕ, ਰਾਹ ਖਹਿੜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਫੇਰਾ ਪਾਈਆ । ਆਤਮ ਸੁਣ ਸਚ ਸੰਦੇਸਾ, ਪਰਮਾਤਮ ਆਪ ਜਣਾਇੰਦਾ । ਨਿਰਗੁਣ ਨਿਰਵੈਰ ਧਾਰੇ ਵੇਸਾ, ਜੋਤੀ ਜਾਮਾ ਭੇਖ ਵਟਾਇੰਦਾ । ਸੰਬਲ ਵਸੇ ਸਾਚੇ ਦੇਸਾ, ਦੇਸ ਦਸੰਤਰ ਸੋਭਾ ਪਾਇੰਦਾ । ਤੇਰੀ ਬਦਲੇ ਫੇਰ ਰੇਖਾ, ਰੇਖਾ ਆਪਣੇ ਨਾਲ ਮਿਲਾਇੰਦਾ । ਤੇਰਾ ਵਟਾਏ ਅਵਲੜਾ ਭੇਸਾ, ਭੇਸ ਸਾਚਾ ਆਪ ਸਮਝਾਇੰਦਾ । ਭਗਤਾਂ ਅੰਦਰ ਤੇਰਾ ਲੇਖਾ, ਲਹਿਣੇਦਾਰ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਹੁਕਮ ਆਪ ਸਮਝਾਇੰਦਾ । ਆਤਮ ਕਹੇ ਪਰਮਾਤਮ ਮੀਤ, ਕਵਣ ਭਗਤ ਮਿਲੇ ਵਡਿਆਈਆ । ਮੈਂ ਕਰਾਂ ਓਸ ਨਾਲ ਪ੍ਰੀਤ, ਜੋ ਤੇਰਾ ਧਿਆਨ ਲਗਾਈਆ । ਅੰਤਮ ਆਪਣਾ ਆਪ ਲਵਾਂ ਜੀਤ, ਹਾਰ ਨਜ਼ਰ ਕੋਇ ਨਾ ਆਈਆ । ਸ੍ਰੀ ਭਗਵਾਨ ਨਿਸ਼ਾਨਾ ਦੱਸੇ ਠੀਕ, ਸਚ ਸਚ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਮਤ ਇਕ ਦਰਸਾਈਆ । ਸੁਣ ਆਤਮ ਦੱਸੇ ਭਗਵਾਨ, ਪਰਮਾਤਮ ਦਇਆ ਕਮਾਇੰਦਾ । ਮੈਂ ਪੰਜ ਤੱਤ ਅੰਦਰ ਤੈਨੂੰ ਰੱਖਾਂ ਆਪ ਆਣ, ਆਪ ਆਪਣੀ ਦਇਆ ਕਮਾਈਆ । ਫੇਰ ਕਰਾਂ ਮਾਤ ਪਹਿਚਾਣ, ਨਿਰਗੁਣ ਆਪਣਾ ਫੇਰਾ ਪਾਈਆ । ਤੇਰੀ ਬਾਲੀ ਬੁਧ ਅਵਾਣ, ਮੇਰੀ ਸਾਰ ਕੋਇ ਨਾ ਆਈਆ । ਸੋ ਭਗਤ ਹੋਏ ਪਰਧਾਨ, ਜਿਨ੍ਹਾਂ ਤਨ ਖ਼ਾਕੀ ਦਿਆਂ ਵਡਿਆਈਆ । ਤੇਰੇ ਅੰਤਰ ਉਪਜੇ ਗਿਆਨ, ਭੇਵ ਅਭੇਦ ਖੁਲ੍ਹਾਈਆ । ਤੇਰਾ ਲਹਿਣਾ ਚੁਕਾਏ ਆਣ, ਆਪ ਆਪਣਾ ਫੇਰਾ ਪਾਈਆ । ਤੂੰ ਗੌਣਾ ਸੱਚਾ ਗਾਨ, ਇਕੋ ਰਾਗ ਜਣਾਈਆ । ਮਿਲੇ ਮੇਲ ਸੱਚੇ ਸੁਲਤਾਨ, ਸ਼ਾਹ ਪਾਤਸ਼ਾਹ ਹੋਏ ਸਹਾਈਆ । ਨੌਬਤ ਵੱਜੇ ਦੋ ਜਹਾਨ, ਡੰਕਾ ਇਕੋ ਨਾਮ ਸ਼ਨਵਾਈਆ । ਸੋਹੰ ਗੀਤ ਗੀਤ ਮਹਾਨ, ਪਤਤ ਪੁਨੀਤ ਆਪ ਜਣਾਈਆ । ਅੰਤਮ ਲੇਖਾ ਚੁਕੇ ਆਣ, ਲਹਿਣਾ ਪੂਰਬ ਝੋਲੀ ਪਾਈਆ । ਆਤਮ ਪਰਮਾਤਮ ਪਰਮਾਤਮ ਆਤਮ ਸੋਹੰ ਰੂਪ ਇਕ ਦੂਜੇ ਵਿਚ ਮਿਲ ਜਾਣ, ਮਿਲ ਮਿਲ ਆਪਣਾ ਰੂਪ ਨਾ ਕੋਇ ਰਖਾਈਆ ।



### ★ ੧੫ ਜੇਠ ੨੦੨੦ ਬਿਕ੍ਰਮੀ ਸੋਭਾ ਸਿੰਘ ਦੇ ਗ੍ਰਿਹਿ ਪਿੰਡ ਮੋਇਲ ਜੰਮੂ ★

ਸ੍ਰੀ ਭਗਵਾਨ ਕਹੇ ਵਿਸ਼ਵ ਆਕਾਰ, ਵਿਸ਼ਨ ਮਿਲੇ ਵਡਿਆਈਆ । ਵਿਸ਼ਨੂੰ ਕਹੇ ਬ੍ਰਹਮ ਪਸਾਰ, ਪਾਰਬ੍ਰਹਮ ਸਰਨਾਈਆ । ਬ੍ਰਹਮਾ ਕਹੇ ਸ਼ੰਕਰ ਆਧਾਰ, ਸ਼ਾਹ ਪਾਤਸ਼ਾਹ ਖੇਲ ਖਲਾਈਆ । ਸ਼ੰਕਰ ਕਹੇ ਤ੍ਰੈਗੁਣ ਭੰਡਾਰ, ਤ੍ਰੈਗੁਣ ਮਾਇਆ ਬੰਧਨ ਪਾਈਆ । ਤ੍ਰੈਗੁਣ ਕਹੇ ਪੰਜ ਤੱਤ ਪਿਆਰ, ਪੰਜ ਤੱਤ ਮਿਲੀ ਵਡਿਆਈਆ । ਪੰਜ ਤੱਤ ਕਹੇ ਪ੍ਰਭ ਵੇਖਣਹਾਰ, ਨਿਰਗੁਣ ਦਾਤਾ ਬੇਪਰਵਾਹੀਆ । ਨਿਰਗੁਣ ਕਹੇ ਸਰਗੁਣ ਪਸਾਰ, ਸਤਿ ਸਤਿਵਾਦੀ ਖੇਲ ਰਚਾਈਆ । ਸਰਗੁਣ ਕਹੇ ਲੱਖ ਚੁਰਾਸੀ ਉਜਿਆਰ, ਅਬਿਨਾਸ਼ੀ ਕਰਤਾ ਵੇਸ ਵਟਾਈਆ । ਲੱਖ ਚੁਰਾਸੀ ਕਹੇ ਚਾਰੇ ਖਾਣੀ ਖ਼ਬਰਦਾਰ, ਅੰਡਜ ਜੇਰਜ ਉਤਭੁਜ ਸੇਤਜ ਸੋਭਾ ਪਾਈਆ । ਚਾਰੇ ਖਾਣੀ ਕਹੇ ਚਾਰੇ ਬਾਣੀ ਜੈਕਾਰ, ਪਰਾ ਪਸੰਤੀ ਮਧਮ ਬੈਖਰੀ ਗਾਈਆ । ਚਾਰੇ

੫੯੮ ੧੪

ਬਾਣੀ ਕਹੇ ਚਾਰੇ ਵੇਦ ਉਚਾਰ, ਚਾਰ ਯੁਗ ਮਿਲੇ ਵਡਿਆਈਆ । ਚਾਰੇ ਵੇਦ ਕਹਿਣ ਪੁਕਾਰ, ਜੁਗ ਚੌਕੜੀ ਰੰਗ ਵਖਾਈਆ । ਚਾਰੇ ਯੁਗ ਖ਼ਬਰਦਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਅੱਖ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਚਾਰ ਯੁਗ ਕਹਿਣ ਚਾਰ ਵਰਨ, ਅਵਰਨ ਰੂਪ ਜਣਾਈਆ । ਚਾਰ ਵਰਨ ਕਹਿਣ ਅਠਾਰਾਂ ਬਰਨ, ਅਠ ਦਸ ਵੇਖ ਵਖਾਈਆ । ਅਠਾਰਾਂ ਬਰਨ ਕਹਿਣ ਆਤਮ ਪਰਮਾਤਮ ਢੋਲਾ ਸਾਰੇ ਪੜ੍ਹਨ, ਸ੍ਰੀ ਰਾਗ ਨਾਦ ਵਜਾਈਆ । ਸਾਚਾ ਢੋਲਾ ਕਹੇ ਸੋ ਪੁਰਖ ਨਿਰੰਜਣ ਕਰਨੀ ਕਰਨ, ਜੋਤੀ ਜੋਤ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਜੋਤ ਕਹੇ ਮੇਰਾ ਪਰਕਾਸ਼, ਨਿਰਗੁਣ ਨੂਰ ਨੂਰ ਜਣਾਈਆ । ਨੂਰ ਕਹੇ ਮੇਰਾ ਧਰਵਾਸ, ਪਰਕਾਸ਼ ਪਰਕਾਸ਼ ਜਣਾਈਆ । ਪਰਕਾਸ਼ ਕਹੇ ਮੇਰਾ ਖੇਲ ਤਮਾਸ਼, ਰਵ ਸਸ ਚੰਦ ਚਮਕਾਈਆ । ਰਵ ਸਸ ਕਹੇ ਮੋਹੇ ਸਾਚੀ ਆਸ, ਨਿਰਵੈਰ ਪੁਰਖ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਵਖਾਈਆ । ਸਾਚੀ ਖੇਲ ਕਹੇ ਮੈਂ ਵੇਖਾਂ ਖ਼ਾਲਕ, ਖ਼ਾਲਕ ਇਕੋ ਨਜ਼ਰੀ ਆਇੰਦਾ । ਖ਼ਾਲਕ ਕਹੇ ਸਦਾ ਮੈਂ ਪਾਲਕ, ਪ੍ਰਿਤਪਾਲਕ ਨਾਉਂ ਧਰਾਇੰਦਾ । ਆਦਿ ਜੁਗਾਦਿ ਨਾ ਕੋਇ ਆਲਸ, ਜੁਗ ਚੌਕੜੀ ਵੇਖ ਵਖਾਇੰਦਾ । ਮੇਰੀ ਧਾਰਾ ਨਿਰਗੁਣ ਖ਼ਾਲਸ, ਦੂਜਾ ਸੰਗ ਨਾ ਕੋਇ ਮਿਲਾਇੰਦਾ । ਸਦਾ ਸੁਹੇਲਾ ਬਣਾਂ ਸਾਲਸ, ਸਤਿਜੁਗ ਤ੍ਰੇਤਾ ਦੁਆਪਰ ਫੇਰਾ ਪਾਇੰਦਾ । ਆਤਮ ਪਰਮਾਤਮ ਕਰਾਂ ਸਫ਼ਾਰਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਭੇਵ ਆਪ ਜਣਾਇੰਦਾ । ਪਰਮਾਤਮ ਕਹੇ ਆਤਮ ਧਾਰ, ਨਿਰਗੁਣ ਨਿਰਗੁਣ ਵੰਡ ਵੰਡਾਈਆ । ਆਤਮ ਕਹੇ ਖੇਲ ਅਪਾਰ, ਪਰਮ ਪੁਰਖ ਆਪ ਕਰਾਈਆ । ਪਰਮ ਪੁਰਖ ਕਹੇ ਸਰਗੁਣ ਮੀਤ ਮੁਰਾਰ, ਨਿਰਗੁਣ ਮੇਲਾ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਆਤਮ ਕਹੇ ਪਰਮਾਤਮ ਸੁਣ, ਸੁਨ ਸਮਾਧ ਧਿਆਨ ਲਗਾਈਆ । ਸੁਨ ਸਮਾਧ ਕਹੇ ਸ਼ਬਦ ਨਾਦ ਧੁਨ, ਅਨਰਾਗੀ ਰਾਗ ਅਲਾਈਆ । ਸ਼ਬਦ ਰਾਗ ਕਹੇ ਕਵਣ ਜਾਣੇ ਗੁਣ, ਸ੍ਰੀ ਭਗਵਾਨ ਤੰਦ ਸਤਾਰ ਹਿਲਾਈਆ । ਸਾਚਾ ਗੁਣ ਕਹੇ ਸੰਤ ਸੁਹੇਲੇ ਚੁਣ, ਭਗਤ ਭਗਵਾਨ ਦਏ ਵਡਿਆਈਆ । ਭਗਤ ਕਹੇ ਭਗਵਾਨ ਖੋਲ੍ਹੇ ਮੁਨ, ਮਨਸਾ ਆਸਾ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਮੁਨ ਕਹੇ ਹਰਿ ਬੋਧ ਅਗਾਧ, ਅਗਾਧ ਬੋਧ ਰਾਗ ਅਲਾਇੰਦਾ । ਬੋਧ ਅਗਾਧ ਕਹੇ ਨਿਰਗੁਣ ਸੁਆਦ, ਅਨਰਸ ਆਪਣਾ ਭੇਵ ਚੁਕਾਇੰਦਾ । ਅਨਰਸ ਕਹੇ ਮਾਧਵ ਮਾਧ, ਰਸ ਰਸੀਆ ਵੇਸ ਵਟਾਇੰਦਾ । ਰਸ ਕਹੇ ਬਿਨ ਰਸਨਾ ਜਿਹਵਾ ਆਏ ਸੁਆਦ, ਨਿਝਰ ਝਿਰਨਾ ਆਪ ਝਿਰਾਇੰਦਾ । ਨਿਝਰ ਝਿਰਨਾ ਕਹੇ ਹੋਏ ਵਿਸਮਾਦ, ਨੇਤਰ ਨਜ਼ਰ ਕਿਸੇ ਨਾ ਆਇੰਦਾ । ਨਿਜ ਨੇਤਰ ਕਹੇ ਪ੍ਰਭ ਦੇਵੇ ਦਾਦ, ਵਸਤ ਅਮੋਲਕ ਝੋਲੀ ਪਾਇੰਦਾ । ਵਸਤ ਅਮੋਲਕ ਕਹੇ ਮੈਂ ਭਗਤਾਂ ਹਾਥ, ਦੂਜਾ ਹੱਥ ਨਾ ਕੋਇ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਰਾਇੰਦਾ । ਆਤਮ ਕਹੇ ਮੇਰਾ ਬ੍ਰਹਮ ਮੀਤ, ਬ੍ਰਹਮ ਮੇਰਾ ਰੂਪ ਦਰਸਾਈਆ । ਬ੍ਰਹਮ ਕਹੇ ਨਿਹਕਰਮ ਅਤੀਤ, ਕਰਮ ਕਾਂਡ ਨਾ ਕੋਇ ਜਣਾਈਆ । ਕਰਮ ਕਹੇ ਮੈਂ ਹੋਵਾਂ ਠੰਡਾ ਸੀਤ, ਸਤਿਗੁਰ ਚਰਨ ਮਿਲੇ ਸਰਨਾਈਆ । ਸਤਿਗੁਰ ਚਰਨ ਕਹੇ ਮੈਂ ਲੱਖ ਚੁਰਾਸੀ ਲਵਾਂ ਜੀਤ, ਜੋ ਜਨ ਮਸਤਕ ਟਿੱਕਾ ਧੂੜੀ ਲਾਈਆ । ਮਸਤਕ

੫੯੯
੧੪

ਕਹੇ ਮੈਂ ਹੋਵਾਂ ਅਤੀਤ, ਪ੍ਰਭ ਮਿਲੇ ਬੇਪਰਵਾਹੀਆ । ਪ੍ਰਭੂ ਕਹੇ ਮੈਂ ਲੇਖਾ ਜਾਣਾ ਹਸਤ ਕੀਟ, ਊਚ ਨੀਚ ਨਾ ਕੋਇ ਵਡਿਆਈਆ । ਊਚ ਨੀਚ ਕਹਿਣ ਸ੍ਰੀ ਭਗਵਾਨ ਲਗਾਏ ਇਕ ਪ੍ਰੀਤ, ਏਕੰਕਾਰਾ ਹੋਏ ਸਹਾਈਆ । ਸਚ ਪ੍ਰੀਤ ਕਹੇ ਮੈਂ ਛੱਡੇ ਮੰਦਰ ਮਸੀਤ, ਜਨ ਭਗਤਾਂ ਅੰਦਰ ਸੋਭਾ ਪਾਈਆ । ਜਨ ਭਗਤਾਂ ਅੰਦਰ ਕਹੇ ਮੈਂ ਗਾਵਾਂ ਸਾਚਾ ਗੀਤ, ਤੇਰਾ ਮੇਰਾ ਰਾਗ ਅਲਾਈਆ । ਗੀਤ ਕਹੇ ਮੈਂ ਵੇਖਾਂ ਠੀਕ, ਗੁਰਮੁਖ ਇਕ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਸਮਝਾਈਆ । ਖੇਲ ਕਹੇ ਮੈਂ ਵੇਖਾਂ ਕਰਤਾਰ, ਕੁਦਰਤ ਆਪਣੀ ਧਾਰ ਚਲਾਇੰਦਾ । ਕੁਦਰਤ ਕਹੇ ਮੈਂ ਖਿੜੀ ਗੁਲਜ਼ਾਰ, ਲੱਖ ਚੁਰਾਸੀ ਗੁਲਸ਼ਨ ਮਾਤ ਬਣਾਇੰਦਾ । ਗੁਲਸ਼ਨ ਕਹੇ ਮੈਂ ਵੇਖ ਬਹਾਰ, ਪੱਤ ਡਾਲੀ ਸੋਭਾ ਪਾਇੰਦਾ । ਪੱਤ ਡਾਲੀ ਕਹੇ ਮੈਂ ਕਰਾਂ ਪਿਆਰ, ਪ੍ਰਭ ਮਾਲੀ ਇਕੋ ਨਜ਼ਰੀ ਆਇੰਦਾ । ਮਾਲੀ ਕਹੇ ਮੈਂ ਪਾਲਣਹਾਰ, ਜੁਗ ਜੁਗ ਬੂਟਾ ਮਾਤ ਲਗਾਇੰਦਾ । ਬੂਟਾ ਕਹੇ ਮੈਂ ਹੋ ਉਜਿਆਰ, ਨਿਤ ਨਵਿਤ ਆਪਣਾ ਫਲ ਖਵਾਇੰਦਾ । ਫਲ ਕਹੇ ਮੈਂ ਰਹਾਂ ਜੁਗ ਚਾਰ, ਜੁਗ ਚੌਕੜੀ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਫਲ ਫੂਲ ਵੇਖ ਵਖਾਇੰਦਾ । ਫਲ ਕਹੇ ਮੈਂ ਵੇਖਾਂ ਫੂਲ, ਫੂਲ ਕਹੇ ਫਲ ਮੇਰੀ ਵਡਿਆਈਆ । ਫਲ ਕਹੇ ਮੇਰਾ ਮੇਲਾ ਕੰਤ ਕੰਤੂਹਲ, ਸ੍ਰੀ ਭਗਵਾਨ ਸੱਚੀ ਸਰਨਾਈਆ । ਕੰਤ ਕਹੇ ਮੈਂ ਸਚ ਪੰਘੂੜਾ ਰਿਹਾ ਝੂਲ, ਦੋ ਜਹਾਨ ਹੁਲਾਰ ਰਖਾਈਆ । ਝੂਲਾ ਕਹੇ ਮੇਰਾ ਚੁੱਕੇ ਮੂਲ, ਪੂਰਬ ਲੇਖਾ ਲਹਿਣੇ ਪਾਈਆ । ਪੂਰਬ ਲੇਖਾ ਕਹੇ ਮੇਰਾ ਅਸੂਲ, ਕਰਮਾਂ ਨਾਲ ਕਰਾਂ ਕੁੜਮਾਈਆ । ਕਰਮ ਕਹੇ ਪ੍ਰਭ ਸਾਹਿਬ ਨਾ ਜਾਏ ਭੂਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਖੇਲ ਆਪ ਕਰਾਈਆ । ਬ੍ਰਹਮ ਕਹੇ ਮੇਰਾ ਨਾਤਾ ਜੀਵ, ਜੀਵ ਕਹੇ ਈਸ਼ਵਰ ਵਡਿਆਇੰਦਾ । ਈਸ਼ਵਰ ਕਹੇ ਮੇਰਾ ਖੇਲ ਸਾਢੇ ਤਿੰਨ ਹੱਥ ਸੀਂਵ, ਮਹੱਲ ਅਟੱਲ ਇਕ ਰੁਸ਼ਨਾਇੰਦਾ । ਸੀਂਵ ਕਹੇ ਮੇਰੀ ਰੱਖੀ ਨੀਂਵ, ਨਰ ਨਿਰੰਕਾਰਾ ਇਕੋ ਜੜ ਲਗਾਇੰਦਾ । ਜੜ ਕਹੇ ਮੈਂ ਸਦਾ ਚਿਰੰਜੀਵ, ਜੀਵਣ ਮਰਨ ਭੇਵ ਕੋਇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲੇਖਾ ਆਪਣੇ ਹੱਥ ਰਖਾਇੰਦਾ । ਸਭ ਨੇ ਦੱਸਿਆ ਆਪਣਾ ਹਾਲ, ਪ੍ਰਭ ਅੱਗੇ ਕੂਕ ਸੁਣਾਈਆ । ਤੁਧ ਬਿਨ ਕੋਈ ਨਾ ਨਿਭੇ ਨਾਲ, ਸਾਚਾ ਸੰਗ ਨਾ ਕੋਇ ਰਖਾਈਆ । ਜੁਗ ਚੌਕੜੀ ਸਭ ਨੂੰ ਖਾਵੇ ਕਾਲ, ਮਹਾਂਕਾਲ ਦੇਵੇ ਦੁਹਾਈਆ । ਮੁਰਸ਼ਦ ਪੁਛੇ ਮੁਰੀਦਾਂ ਹਾਲ, ਨਿਰਗੁਣ ਆਪਣਾ ਫੇਰਾ ਪਾਈਆ । ਸ਼ਬਦ ਸਰੂਪੀ ਬਣ ਦਲਾਲ, ਹੱਕ ਹਕੀਕਤ ਦਏ ਜਣਾਈਆ । ਅੰਦਰ ਬਾਹਰ ਗੁਪਤ ਜ਼ਾਹਰ ਚਲੇ ਨਾਲ, ਨੇਤਰ ਨਜ਼ਰ ਕਿਸੇ ਨਾ ਆਈਆ । ਤੇਰੇ ਅੱਗੇ ਇਕ ਸਵਾਲ, ਆਤਮ ਪਰਮਾਤਮ ਝੋਲੀ ਖ਼ਾਲੀ ਰਿਹਾ ਵਖਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤੇਰੀ ਘਾਲਣ ਲਈ ਘਾਲ, ਨਿਤ ਨਿਤ ਤੱਤ ਵੇਸ ਵਟਾਈਆ । ਤੇਰੀ ਲੱਭਿਆਂ ਹੱਥ ਨਾ ਆਈ ਭਾਲ, ਕਵਣ ਕੂਟੇ ਬੈਠਾ ਆਸਣ ਲਾਈਆ । ਬਿਰਹੋਂ ਵਿਛੋੜੇ ਅੰਦਰ ਹੋਏ ਕੰਗਾਲ, ਧੰਨ ਦੌਲਤ ਮਾਤ ਲੁਟਾਈਆ । ਅੰਤਮ ਵੇਖ ਆ ਕੇ ਹਾਲ, ਪ੍ਰਭ ਤੇਰੀ ਓਟ ਤਕਾਈਆ । ਤ੍ਰੈਗੁਣ ਮਾਇਆ ਤੋੜ ਜੰਜਾਲ, ਜੀਵਣ ਜੁਗਤ ਇਕ ਜਣਾਈਆ । ਸਚ ਵਖਾ ਸੱਚੀ ਧਰਮਸਾਲ, ਜਿਸ ਗ੍ਰਿਹਿ ਵਸੇਂ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਚ ਰਿਹਾ ਜਣਾਈਆ । ਆਓ ਉਠੋ ਵੇਖੋ ਆਣ, ਸੋ ਸਾਹਿਬ ਆਪ ਜਣਾਇੰਦਾ । ਪਰਗਟ ਹੋ ਸ੍ਰੀ ਭਗਵਾਨ, ਵਿਸ਼ਨੂੰ ਆਪਣੀ ਕਾਰੇ ਲਾਇੰਦਾ ।

ਬ੍ਰਹਮਾ ਦਰ ਤੇ ਮੰਗੇ ਦਾਨ, ਸ਼ੰਕਰ ਨਿਉਂ ਨਿਉਂ ਸੀਸ ਝੁਕਾਇੰਦਾ । ਤ੍ਰੈਗੁਣ ਮਾਇਆ ਬਾਲ ਨਾਦਾਨ, ਪੰਚਮ ਤੱਤ ਸੇਵ ਕਮਾਇੰਦਾ । ਆਤਮ ਪਰਮਾਤਮ ਕਰੇ ਕਲਿਆਣ, ਕਲਮਾ ਆਪਣਾ ਨਾਮ ਪੜ੍ਹਾਇੰਦਾ । ਬ੍ਰਹਮ ਪਾਰਬ੍ਰਹਮ ਕਰੇ ਪਰਵਾਨ, ਪਰਮ ਪੁਰਖ ਵੇਖ ਵਖਾਇੰਦਾ । ਈਸ਼ ਜੀਵ ਦਏ ਧਿਆਨ, ਜਗਦੀਸ਼ਰ ਵੇਖ ਵਖਾਇੰਦਾ । ਚਾਰ ਯੁਗ ਕਰੇ ਕਲਿਆਣ, ਚਾਰੇ ਖਾਣੀ ਫੋਲ ਫੁਲਾਇੰਦਾ । ਚਾਰੇ ਬਾਣੀ ਭੇਵ ਚੁਕਾਣ, ਚਾਰੇ ਵੇਦ ਲੇਖੇ ਲਾਇੰਦਾ । ਚਾਰੇ ਵਰਨ ਵਖਾ ਨਿਸ਼ਾਨ, ਅਠਾਰਾਂ ਬਰਨ ਗੇੜ ਮੁਕਾਇੰਦਾ । ਸੁਹਾਏ ਏਕੋ ਏਕ ਮਕਾਨ, ਏਕੰਕਾਰਾ ਸੋਭਾ ਪਾਇੰਦਾ । ਢੋਲਾ ਗਾਓ ਨੌਜਵਾਨ, ਨਰ ਨਿਰੰਕਾਰਾ ਆਪ ਸਮਝਾਇੰਦਾ । ਧੁਰਦਰਗਾਹੀ ਇਕ ਫ਼ਰਮਾਨ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਮਹੱਲ ਅਟੱਲ ਇਕ ਮਕਾਨ, ਸ਼ਾਹ ਪਾਤਸ਼ਾਹ ਆਪ ਬਣਾਇੰਦਾ । ਆਸਣ ਲਾ ਰਾਜ ਰਾਜਾਨ, ਨਿਰਗੁਣ ਦਾਤਾ ਸੋਭਾ ਪਾਇੰਦਾ । ਸੋਹੰ ਗਾਓ ਨਾਮ ਮਹਾਨ, ਮਹਿਮਾ ਆਪਣੀ ਸਿਫ਼ਤ ਸਾਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਤਮ ਪਰਮਾਤਮ ਇਕੋ ਵਾਰ ਸਮਝਾਇੰਦਾ । ਸੋਹੰ ਢੋਲਾ ਪੜ੍ਹੋ ਮੀਤ, ਮਿਲੇ ਮਾਤ ਵਡਿਆਈਆ । ਸਚ ਧਰਮ ਦੀ ਇਕ ਪ੍ਰੀਤ, ਪ੍ਰੀਤੀਵਾਨ ਸਮਝਾਈਆ । ਸਤਿਜੁਗ ਸੱਚੀ ਚਲੇ ਰੀਤ, ਚਾਰ ਵਰਨ ਕੁੜਮਾਈਆ । ਲੇਖਾ ਚੁਕੇ ਹਸਤ ਕੀਟ, ਊਚ ਨੀਚ ਨਾ ਕੋਇ ਵਖਾਈਆ । ਠਾਕਰ ਨਜ਼ਰੀ ਆਏ ਬਿਨ ਠਾਕਰ ਦਵਾਰੇ ਮੰਦਰ ਮਸੀਤ, ਘਰ ਅੰਤਰ ਪਰਦਾ ਲਾਹੀਆ । ਬੀਸ ਬੀਸਾ ਰਿਹਾ ਬੀਤ, ਨਿਰਗੁਣ ਸਰਗੁਣ ਜ਼ੀਰੋ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਲੇਖੇ ਲਏ ਲਗਾਈਆ । ਸ੍ਰੀ ਭਗਵਾਨ ਕਹੇ ਕਲ ਲੇਖੇ ਲੌਣਾ, ਲੇਖਾ ਆਪਣਾ ਆਪ ਜਣਾਈਆ । ਵਿਸ਼ਨੂੰ ਕਹੇ ਵਿਸ਼ਵ ਰੂਪ ਪ੍ਰਭ ਨਜ਼ਰੀ ਔਣਾ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਬ੍ਰਹਮਾ ਕਹੇ ਪਾਰਬ੍ਰਹਮ ਬ੍ਰਹਮ ਵੇਖ ਵਖੌਣਾ, ਬੰਦ ਕਿਵਾੜੀ ਕੁੰਡਾ ਲਾਹੀਆ । ਸ਼ੰਕਰ ਕਹੇ ਹੱਥ ਤਰਸੂਲ ਸੁਟੌਣਾ, ਤ੍ਰੈ ਤ੍ਰੈ ਮੀਤਾ ਮਿਲੇ ਬੇਪਰਵਾਹੀਆ । ਤ੍ਰੈਗੁਣ ਮਾਇਆ ਕਹੇ ਡੇਰਾ ਢੌਣਾ, ਪੰਜ ਤੱਤ ਮਹੱਲ ਨਜ਼ਰ ਨਾ ਆਈਆ । ਆਤਮ ਕਹੇ ਪਰਮਾਤਮ ਮੇਰਾ ਪਰਦਾ ਲੌਹਣਾ, ਅੰਦਰ ਵੜ ਕੇ ਹੋਏ ਸਹਾਈਆ । ਪੌੜੇ ਚੜ੍ਹ ਕੇ ਦਰਸ ਦਿਖੌਣਾ, ਘਰ ਸਾਚੇ ਫੇਰਾ ਪਾਈਆ । ਰਾਗ ਅਨੋਖਾ ਢੋਲਾ ਗੌਣਾ, ਤੇਰਾ ਮੇਰਾ ਨਾਮ ਜਣਾਈਆ । ਸੋਹੰ ਰੂਪ ਨਜ਼ਰੀ ਔਣਾ, ਬੇਨਜ਼ੀਰ ਨਜ਼ਰ ਪਾਈਆ । ਸਚ ਤਸਵੀਰ ਇਕ ਦਰਸੌਣਾ, ਰੂਪ ਰੰਗ ਰੇਖ ਨਾ ਕੋਇ ਵਖਾਈਆ । ਮੁਹੱਬਤ ਨਾਮਾ ਕੱਢ ਵਖੌਣਾ, ਮਿਹਰਵਾਨ ਪਿਛਲਾ ਲੇਖਾ ਦਏ ਜਣਾਈਆ । ਸਦਕੇ ਘੋਲੀ ਵਾਰ ਕਰੌਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਵੇਖ ਵਖਾਈਆ । ਆਤਮ ਰੱਖ ਇਕੋ ਡੋਰ, ਸੋ ਸਾਹਿਬ ਆਪ ਜਣਾਈਆ । ਬ੍ਰਹਮ ਪਾਰਬ੍ਰਹਮ ਅੱਗੇ ਲਏ ਤੋਰ, ਤੁਰਤ ਆਪਣਾ ਹੁਕਮ ਸੁਣਾਈਆ । ਜਗਤ ਵਾਸਨਾ ਪਾਵੇ ਸ਼ੋਰ, ਉਚੀ ਕੂਕ ਕੂਕ ਅਲਾਈਆ । ਕੂੜੀ ਕਿਰਿਆ ਪਿਆ ਘੋਲ, ਚਾਰ ਕੁੰਟ ਕਰੇ ਲੜਾਈਆ । ਸਾਚਾ ਤੋਲੇ ਨਾ ਕੋਈ ਤੋਲ, ਕੰਡਾ ਨਾਮ ਨਾ ਕੋਇ ਉਠਾਈਆ । ਦੀਨ ਮਜ਼੍ਹਬ ਵਜਾ ਰੋਲ, ਰੌਲਾ ਪਾਏ ਸਰਬ ਲੋਕਾਈਆ । ਪਰਮ ਪੁਰਖ ਵਸੇ ਨਾ ਕਿਸੇ ਕੋਲ, ਦੂਰ ਦੁਰਾਡਾ ਮੁਖ ਛੁਪਾਈਆ । ਕਲਜੁਗ ਡੱਗੇ ਨਾਲ ਵਜਾਇਆ ਢੋਲ, ਜੀਵਾਂ ਜੰਤਾਂ ਰਿਹਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਤਮ ਇਕੋ ਭੇਵ ਖੁਲ੍ਹਾਈਆ । ਆਤਮ ਪਰਮਾਤਮ ਇਕੋ ਆਖ, ਆਖਰ ਮੇਲ ਮਿਲਾਇੰਦਾ । ਸੋਹੰ ਜਪ ਸਾਚਾ ਜਾਪ, ਜਗ ਜੀਵਣ ਦਾਤਾ ਮੇਲ ਮਿਲਾਇੰਦਾ ।

ਨਾ ਪੁੰਨ ਨਾ ਰਹੇ ਪਾਪ, ਇਕੋ ਰੰਗ ਰੰਗਾਇੰਦਾ । ਦੇਵਣਹਾਰਾ ਸਾਚੀ ਦਾਤ, ਦੌਲਤ ਨਾਮ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਲ ਮਿਲਾਵਾ ਆਪਣੇ ਹੱਥ ਰਖਾਇੰਦਾ । ਆਤਮ ਕਹੇ ਪਰਮਾਤਮ ਮੇਲਾ, ਮਿਲਣੀ ਜਗਦੀਸ ਕਰਾਈਆ । ਸਾਹਿਬ ਕਹੇ ਮੇਰਾ ਖੇਲ ਗੁਰੂ ਗੁਰ ਚੇਲਾ, ਗੁਰ ਚੇਲਾ ਧਾਰ ਜਣਾਈਆ । ਕਲਜੁਗ ਅੰਤਮ ਵਕਤ ਸੁਹੇਲਾ, ਹਰਿ ਸੱਜਣ ਰਿਹਾ ਉਠਾਈਆ । ਜੋਤੀ ਜੋਤ ਚਾੜ੍ਹੇ ਤੇਲਾ, ਆਦਿ ਨਿਰੰਜਣ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੇਲਾ ਮੇਲ ਮਿਲਾਈਆ । ਆਤਮ ਪਰਮਾਤਮ ਮੇਲ ਜੁੜਦਾ, ਜੋੜੀ ਜਗਦੀਸ ਬਣਾਈਆ । ਬਿਨ ਭਗਤਾਂ ਸਭ ਦਾ ਬੇੜਾ ਰੁੜ੍ਹਦਾ, ਅੰਤ ਪਾਰ ਨਾ ਕੋਇ ਕਰਾਈਆ । ਗੁਰਮੁਖ ਵਰ ਪਾਇਆ ਜਿਹਾ ਲੋੜੀ ਦਾ, ਵਰ ਇਕੋ ਬੇਪਰਾਹੀਆ । ਨਾਤਾ ਟੁੱਟਾ ਮਨਮਤ ਨਾਰ ਬਾਂਕੀ ਛੋਹਰੀ ਦਾ, ਸ਼ਹੁ ਇਕੋ ਨਜ਼ਰੀ ਆਈਆ । ਲੇਖਾ ਚੁਕਿਆ ਅੰਧ ਘੋਰੀ ਦਾ, ਜੋਤੀ ਨੂਰ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਆਤਮ ਪਰਮਾਤਮ ਮੇਲਾ ਮਿਲਦਾ, ਮਿਲ ਮਿਲ ਖ਼ੁਸ਼ੀ ਮਨਾਈਆ । ਆਦਿ ਜੁਗਾਦੀ ਖੇਲ ਸ੍ਰੀ ਭਗਵਨ ਦਾ, ਭਗਵਨ ਭਗਤਨ ਦੇਵਣਹਾਰ ਵਡਿਆਈਆ । ਲੇਖਾ ਚੁਕੇ ਦੋ ਜਹਾਨ ਦਾ, ਨਿਰਗੁਣ ਸਰਗੁਣ ਦੋਏ ਦੋਏ ਧਾਰ ਵਖਾਈਆ । ਜੋ ਸਾਹਿਬ ਸਤਿਗੁਰ ਇਕੋ ਮੰਨਦਾ, ਤਿਨ੍ਹਾਂ ਮਿਲੇ ਨਾ ਕੋਇ ਸਜ਼ਾਈਆ । ਰਾਏ ਧਰਮ ਨਾ ਅੱਗੇ ਡੰਨਦਾ, ਚਿਤਰ ਗੁਪਤ ਨਾ ਲੇਖ ਵਖਾਈਆ । ਬਿਨ ਬੇੜੀਉਂ ਬੇੜਾ ਬੰਨ੍ਹਦਾ, ਬਿਨ ਪਤਣੋਂ ਪਾਰ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਸਦਾ ਸਹਾਈਆ । ਆਤਮ ਪਰਮਾਤਮ ਵੇਖੇ ਮੰਨਦਾ, ਹਰਿ ਸਾਚੀ ਬਣਤ ਬਣਾਈਆ । ੬੦੧
ਨਾਤਾ ਤੁਟੇ ਪੰਜ ਤੱਤ ਤਨ ਦਾ, ਤਤਵ ਤਤ ਨਾ ਕੋਇ ਰਖਾਈਆ । ਹੋਏ ਪਰਕਾਸ਼ ਸਾਚੇ ਚੰਨ ਦਾ, ਜੋਤੀ ਨੂਰ ਨੂਰ ਰੁਸ਼ਨਾਈਆ । ਪਾਰਬ੍ਰਹਮ ਪ੍ਰਭ ਇਕੋ ਮੰਨਦਾ, ਬ੍ਰਹਮ ਆਪਣੇ ਲੇਖੇ ਲਾਈਆ । ਆਪੇ ਘੜੇ ਆਪੇ ਭੰਨਦਾ, ਘੜਨ ਭੰਨਣਹਾਰ ਆਪ ਹੋ ਜਾਈਆ । ਲਹਿਣਾ ਦੇਣਾ ਚੁਕੇ ਛੱਪਰ ਛੰਨ ਦਾ, ਸਚਖੰਡ ਮਿਲੇ ਵਡਿਆਈਆ । ਨਾਤਾ ਤੁਟੇ ਕੂੜੇ ਧੰਨ ਦਾ, ਧੰਨ ਦੌਲਤ ਕੰਮ ਕਿਸੇ ਨਾ ਆਈਆ । ਲੇਖਾ ਚੁਕੇ ਪੀਣ ਖਾਣ ਅੰਨ੍ਹ ਦਾ, ਅੰਮ੍ਰਿਤ ਇਕੋ ਰਸ ਚੁਆਈਆ । ਜੁਗ ਜੁਗ ਭਗਤ ਭਗਵਾਨ ਸਾਚੇ ਜਣਦਾ, ਜਨ ਜਣੇਂਦੀ ਬਣੇ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਆਤਮ ਕਹੇ ਪਰਮਾਤਮ ਪਾਇਆ, ਘਰ ਸਾਚੇ ਵੱਜੀ ਵਧਾਈਆ । ਭਗਤਾਂ ਤਨ ਇਕ ਹੰਡਾਇਆ, ਜਿਸ ਗ੍ਰਿਹਿ ਆਇਆ ਬੇਪਰਵਾਹੀਆ । ਮਨ ਮਨਸਾ ਨਾ ਕੋਇ ਰਖਾਇਆ, ਬੁਧੀ ਚਲੇ ਨਾ ਕੋਇ ਚਤੁਰਾਈਆ । ਸਾਲਸ ਬਣ ਕੇ ਬੇਪਰਵਾਹਿਆ, ਲੇਖਾ ਰਿਹਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਆਤਮ ਮੇਲ ਮਿਲਾਈਆ । ਆਤਮ ਕਹੇ ਭਗਤੀ ਤੱਤ, ਤੱਤਵ ਮਿਲੀ ਵਡਿਆਈਆ । ਜਿਸ ਘਰ ਮਿਲੀ ਇਕੋ ਮਤ, ਪ੍ਰਭ ਚਰਨ ਸੱਚੀ ਸਰਨਾਈਆ । ਪਰਮੇਸ਼ਵਰ ਪਾਇਆ ਕਮਲਾਪਤ, ਹਰਿ ਕੰਤ ਇਕ ਹੰਡਾਈਆ । ਆਦਿ ਅੰਤ ਮਿਲੇ ਹੱਸ ਹੱਸ, ਦੁੱਖ ਦਰਦ ਨਾ ਕੋਇ ਜਣਾਈਆ । ਉਹ ਮੇਰਾ ਮੈਂ ਉਹਦੇ ਵਸ, ਮੈਂ ਮੇਰੀ ਰਹੀ ਨਾ ਰਾਈਆ । ਇਕ ਦੂਜੇ ਦਾ ਗਾਈਏ ਜਸ, ਸੋਹੰ ਢੋਲਾ ਰਾਗ ਅਲਾਈਆ । ਮੈਂ ਓਨ੍ਹਾਂ ਕੀ ਸਕਾਂ ਦੱਸ, ਜਿਨ੍ਹਾਂ ਭੁਲਿਆ ਬੇਪਰਵਾਹੀਆ । ਝੂਠੇ ਨਾਤੇ ਦਿਤੇ ਛੱਡ, ਛੱਡੀ ਜਗਤ ਲੋਕਾਈਆ । ਖ਼ਾਲੀ ਕੀਤੇ ਹੱਡ ਹੱਡ, ਮਾਸ ਨਾੜੀ ਪ੍ਰੀਤ ਨਾ ਕੋਇ ਲਗਾਈਆ । ਅੰਤਮ ਹੋ ਗਈ ਅੱਡ,

ਨਾਤਾ ਤੋੜ ਜਗਤ ਲੋਕਾਈਆ । ਸਾਹਿਬ ਸਤਿਗੁਰ ਦੀ ਵਡੀ ਹੱਦ, ਜਿਥੇ ਮਿਲਿਆ ਬੇਪਰਵਾਹੀਆ । ਕਰ ਪਿਆਰ ਪ੍ਰਭ ਲਿਆ ਸੱਦ, ਸਿਰ ਮੇਰੇ ਹੱਥ ਟਿਕਾਈਆ । ਸਚਖੰਡ ਦਵਾਰ ਚਰਨ ਕਵਲ ਬਹੀ ਸਜ, ਬੈਠੀ ਫੇਰ ਨਾ ਕੋਇ ਉਠਾਈਆ । ਨਿਤ ਨਵਿਤ ਦਰਸ਼ਨ ਕਰਾਂ ਰੱਜ, ਆਪ ਆਪਣੀ ਭੁੱਖ ਮਿਟਾਈਆ । ਧੰਨ ਭਾਗ ਪ੍ਰਭ ਭਗਤ ਦਵਾਰ ਆਇਆ ਭੱਜ, ਭੱਜਿਆਂ ਹੱਥ ਕਿਸੇ ਨਾ ਆਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਪਰਮਾਤਮ ਕਰਾਇਆ ਇਕੋ ਵਾਰ ਹੱਜ, ਹਾਜਤ ਹੋਰ ਰਹੀ ਨਾ ਰਾਈਆ ।

### ★ ੧੫ ਜੇਠ ੨੦੨੦ ਬਿਕ੍ਰਮੀ ਜੀਵਣ ਸਿੰਘ ਦੇ ਗ੍ਰਿਹਿ ਪਿੰਡ ਮੋਇਲ ਜੰਮੂ ★

ਸਤਿਗੁਰ ਸਰਨਾਈ ਸਾਚਾ ਜੀਵਣ, ਮਿਲੇ ਮਾਣ ਵਡਿਆਈਆ । ਚਰਨ ਪ੍ਰੀਤੀ ਸਾਚਾ ਥੀਵਣ, ਪੂਰਨ ਆਸ ਕਰਾਈਆ । ਨਾਮ ਨਿਧਾਨ ਗੁਰਮੁਖ ਪੀਵਣ, ਸਚ ਪਿਆਲਾ ਹੱਥ ਉਠਾਈਆ । ਦੋਏ ਜੋੜ ਸਦਾ ਸਦ ਨੀਵਣ, ਹੰਕਾਰ ਵਿਕਾਰ ਨਾ ਕੋਇ ਰਖਾਈਆ । ਅੰਮ੍ਰਿਤ ਬੀਜ ਇਕੋ ਬੀਵਣ, ਫਲ ਕਾਇਆ ਤਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਮਾਰਗ ਆਪੇ ਲਾਈਆ । ਸਾਚਾ ਜੀਵਣ ਸਤਿਗੁਰ ਸਰਨ, ਸਰਨਗਤ ਜਣਾਇੰਦਾ । ਨੇਤਰ ਖੁਲ੍ਹੇ ਹਰਨ ਫਰਨ, ਗ੍ਰਿਹਿ ਮੰਦਰ ਨਜ਼ਰੀ ਆਇੰਦਾ । ਲੇਖਾ ਚੁਕੇ ਮਰਨ ਡਰਨ, ਲੱਖ ਚੁਰਾਸੀ ਫੰਦ ਕਟਾਇੰਦਾ । ਮੇਲ ਮਿਲਾਵਾ ਤਰਨੀ ਤਰਨ, ਭਵ ਸਾਗਰ ਪਾਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਮਾਰਗ ਆਪੇ ਲਾਇੰਦਾ । ਸਾਚਾ ਜੀਵਣ ਸਤਿਗੁਰ ਓਟ, ਓਟ ਪੁਰਖ ਅਕਾਲ ਰਖਾਈਆ । ਜਨਮ ਕਰਮ ਦਾ ਨਿਕਲੇ ਖੋਟ, ਕੂੜੀ ਕਿਰਿਆ ਰਹਿਣ ਨਾ ਪਾਈਆ । ਨਾਮ ਭੰਡਾਰ ਮਿਲੇ ਅਤੋਟ, ਖ਼ਾਲੀ ਝੋਲੀ ਦਏ ਭਰਾਈਆ । ਕਰ ਪਰਕਾਸ਼ ਨਿਰਮਲ ਜੋਤ, ਆਤਮ ਪਰਮਾਤਮ ਮੇਲ ਮਿਲਾਈਆ । ਵਰਨ ਬਰਨ ਰਹੇ ਨਾ ਗੋਤ, ਜ਼ਾਤ ਇਕੋ ਇਕ ਜਣਾਈਆ । ਆਵਣ ਜਾਵਣ ਦੀ ਮੁੱਕੇ ਸੋਚ, ਲਿਖਤ ਪੜ੍ਹਤ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਲੋਚਾ ਪੂਰ ਕਰਾਈਆ । ਸਾਚਾ ਜੀਵਣ ਸਤਿਗੁਰ ਰੰਗ, ਸੋ ਸਾਹਿਬ ਆਪ ਜਣਾਈਆ । ਗੁਰਮੁਖ ਮੰਗੇ ਇਕੋ ਮੰਗ, ਦੇਵਣਹਾਰ ਬੇਪਰਵਾਹੀਆ । ਅੱਠੇ ਪਹਿਰ ਵੱਜੇ ਮਰਦੰਗ, ਅਨਹਦ ਨਾਦੀ ਰਾਗ ਸੁਣਾਈਆ । ਸੇਜ ਸੁਹੰਜਣੀ ਸਤਿਗੁਰ ਲੰਘ, ਆਤਮ ਪਰਮਾਤਮ ਸੋਭਾ ਪਾਈਆ । ਸਚ ਪਰਕਾਸ਼ ਨੂਰੀ ਚੰਦ, ਪਰਕਾਸ਼ਵਾਨ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਅਨੰਦ ਇਕ ਦਰਸਾਈਆ । ਸਾਚਾ ਜੀਵਣ ਸਤਿਗੁਰ ਅੰਦਰ, ਅੰਦਰੇ ਅੰਦਰ ਮੇਲ ਮਿਲਾਇੰਦਾ । ਨਜ਼ਰੀ ਆਏ ਪ੍ਰਭ ਕਾ ਮੰਦਰ, ਛੱਪਰ ਛੰਨ ਨਾ ਕੋਇ ਛੁਹਾਇੰਦਾ । ਭਾਗ ਲਗਾਏ ਡੂੰਘੇ ਖੰਡਰ, ਜੋਤੀ ਜੋਤ ਜੋਤ ਰੁਸ਼ਨਾਇੰਦਾ । ਲੇਖਾ ਚੁਕੇ ਸੂਰਯਾ ਚੰਦਰ, ਚੰਦ ਚਾਂਦਨਾ ਇਕ ਚਮਕਾਇੰਦਾ । ਮਨ ਵਾਸਨਾ ਬਾਂਧੇ ਬੰਦਰ, ਬੰਦਨਾ ਇਕੋ ਇਕ ਜਣਾਇੰਦਾ । ਮਸਤਕ ਟਿੱਕਾ ਲਾਏ ਚੰਦਨ, ਚਰਨ ਧੂੜੀ ਆਪ ਛੁਹਾਇੰਦਾ । ਦੇਵਣਹਾਰਾ ਪਰਮਾਨੰਦਨ, ਨਿਜ ਆਤਮ ਰਸ ਵਖਾਇੰਦਾ । ਟੁਟੀ ਹਾਰ ਗੋਪਾਲ ਗੰਢਣ, ਗੰਢ ਆਪਣੇ ਨਾਲ ਪੁਆਇੰਦਾ । ਕੂੜੀ ਕਿਰਿਆ ਕੱਟੇ ਫੰਦਨ, ਫਾਸੀ ਜਮ ਨਾ ਕੋਇ ਲਟਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਸੁਣਾਏ ਸੁਹਾਗੀ ਛੰਦਨ,

੬੦੨
੧੪

ਸਾਚਾ ਰਾਗ ਆਪ ਅਲਾਇੰਦਾ । ਸਾਚਾ ਜੀਵਣ ਸਤਿਗੁਰ ਸਾਥ, ਹਰਿ ਸਾਥੀ ਇਕ ਅਖਵਾਈਆ । ਸਾਚਾ ਢੋਲਾ ਦੱਸੇ ਗਾਥ, ਗੀਤ ਗੋਬਿੰਦ ਅਲਾਈਆ । ਹੋਏ ਸਹਾਈ ਅਨਾਥਾਂ ਨਾਥ, ਦੀਨਨ ਆਪਣੇ ਅੰਗ ਲਗਾਈਆ । ਲਹਿਣਾ ਦੇਣਾ ਚੁਕਾਏ ਮਸਤਕ ਮਾਥ, ਪੂਰਬ ਲੇਖਾ ਆਪ ਮੁਕਾਈਆ । ਆਤਮ ਸੇਜਾ ਸੁਆਏ ਖਾਟ, ਪਾਵਾ ਚੂਲ ਨਾ ਕੋਇ ਜਣਾਈਆ । ਮੇਟੇ ਰੈਣ ਅੰਧੇਰੀ ਰਾਤ, ਗੁਰ ਸ਼ਬਦੀ ਚੰਦ ਚਮਕਾਈਆ । ਚਰਨ ਕਵਲ ਬੰਧਾਵੇ ਨਾਤ, ਸਾਕ ਸੱਜਣ ਆਪ ਅਖਵਾਈਆ । ਮਾਤ ਗਰਭ ਲਵੇ ਰਾਖ, ਰੱਖਕ ਬਣੇ ਸਭਨੀ ਥਾਈਂਆ । ਲੇਖਾ ਚੁਕੇ ਤੱਤ ਆਠ, ਨੌਂ ਦਵਾਰੇ ਪੰਧ ਮੁਕਾਈਆ । ਦਸਵੇਂ ਮੇਲ ਪੁਰਖ ਅਬਿਨਾਸ਼, ਘਰ ਸਾਜਣ ਫੇਰਾ ਪਾਈਆ । ਆਤਮ ਸੇਜਾ ਭੋਗ ਬਿਲਾਸ, ਭਸਮੜ ਇਕੋ ਰੰਗ ਵਖਾਈਆ । ਆਤਮ ਪਰਮਾਤਮ ਵੇਖੇ ਸ਼ਾਖ਼, ਸਚ ਸ਼ਨਾਖ਼ਤ ਦਏ ਜਣਾਈਆ । ਸਚ ਇਕੋ ਵਾਰੀ ਦਏ ਆਖ, ਆਖ਼ਰ ਆਪਣਾ ਭੇਵ ਚੁਕਾਈਆ । ਨਜ਼ਰੀ ਆਏ ਅਲੱਖਣਾ ਲਾਖ, ਅਲੱਖ ਅਗੋਚਰ ਵਡ ਵਡਿਆਈਆ । ਤੂੰ ਮੇਰਾ ਮੈਂ ਤੇਰਾ ਦਾਸ, ਭਗਤ ਭਗਵਾਨ ਗੰਢ ਪੁਆਈਆ । ਤੇਰੀ ਮੇਰੀ ਇਕੋ ਆਸ, ਦੂਜੀ ਆਸ ਨਾ ਕੋਇ ਤਕਾਈਆ । ਤੇਰੀ ਮੇਰੀ ਇਕ ਪਿਆਸ, ਮਿਲ ਜੀਵਤ ਪਿਆਸ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਜੀਵਣ ਦਏ ਸਮਝਾਈਆ । ਸਾਚਾ ਜੀਵਣ ਸਤਿਗੁਰ ਮੀਤ, ਸੋ ਸਾਹਿਬ ਸਦਾ ਸੁਖਦਾਈਆ । ਲੇਖਾ ਚੁਕਾਏ ਹਸਤ ਕੀਟ, ਘਰ ਇਕੋ ਦਏ ਵਡਿਆਈਆ । ਪਾਰਬ੍ਰਹਮ ਮਿਲਣ ਦੀ ਦੱਸੇ ਰੀਤ, ਬ੍ਰਹਮ ਮੇਲਾ ਸਹਿਜ ਸੁਭਾਈਆ । ਨਿਰਗੁਣ ਹੋ ਕੇ ਬਣੇ ਨੀਚ, ਸਰਗੁਣ ਦੇਵਣਹਾਰ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੀਵਣ ਇਕੋ ਘਰ ਵਖਾਈਆ । ਸਾਚਾ ਜੀਵਣ ਘਰ ਏਕ, ਏਕੰਕਾਰ ਆਪ ਜਣਾਇੰਦਾ । ਦੀਨ ਦਿਆਲ ਸਵਾਮੀ ਪੇਖ, ਨਿਜ ਨੇਤਰ ਮੇਲ ਮਿਲਾਇੰਦਾ । ਕਰਮ ਵਿਛੁੰਨੇ ਕਰੇ ਹੇਤ, ਹਿਤਕਾਰੀ ਫੇਰਾ ਪਾਇੰਦਾ । ਨਜ਼ਰੀ ਆਏ ਨੇਤਨ ਨੇਤ, ਨਿਜ ਘਰ ਬੈਠਾ ਪਰਦਾ ਲਾਹਿੰਦਾ । ਸਵੱਛ ਸਰੂਪੀ ਵੇਖੇ ਭੇਖ, ਨਿਰਗੁਣ ਨੂਰ ਜੋਤ ਧਰਾਇੰਦਾ । ਚਾਰੋਂ ਕੁੰਟ ਰਿਹਾ ਖੇਡ, ਦਹਿ ਦਿਸ਼ਾ ਰਾਗ ਅਲਾਇੰਦਾ । ਸਚ ਸੰਦੇਸਾ ਇਕੋ ਭੇਜ, ਅਨਭਵ ਆਪਣਾ ਭੇਵ ਖੁਲ੍ਹਾਇੰਦਾ । ਸਚ ਸੁਹਾਵੇ ਇਕੋ ਸੇਜ, ਸਤਿ ਸੁਹੰਜਣੀ ਨਾਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਜੀਵਣ ਇਕ ਵਡਿਆਇੰਦਾ । ਸਚ ਜੀਵਣ ਵਡਿਆਈ ਵਡ, ਹਰਿ ਵੱਡਾ ਆਪ ਸਮਝਾਇੰਦਾ । ਲੱਖ ਚੁਰਾਸੀ ਵਿਚੋਂ ਕੱਢ, ਭਗਤ ਭਗਤਾਂ ਸੰਗ ਰਖਾਇੰਦਾ । ਅੰਦਰ ਬਾਹਰ ਨਾ ਕੋਇ ਹੱਦ, ਗੁਪਤ ਜ਼ਾਹਰ ਭੇਵ ਮੁਕਾਇੰਦਾ । ਪਿਛਲੀ ਕੀਤੀ ਦੇਵੇ ਰੱਦ, ਅੱਗੇ ਆਪਣੇ ਮਾਰਗ ਪਾਇੰਦਾ । ਗੜ੍ਹ ਹੰਕਾਰੀ ਜਾਏ ਭੱਜ, ਨਿਵਣ ਸੋ ਅੱਖਰ ਇਕ ਸਮਝਾਇੰਦਾ । ਹਰਿ ਸੰਗਤ ਜਨ ਬਹਿਣਾ ਸਜ, ਸਾਜਣ ਇਕੋ ਨਜ਼ਰੀ ਆਇੰਦਾ । ਸਚ ਸਿੰਘਾਸਣ ਚੜ੍ਹਨਾ ਭੱਜ, ਸ੍ਰੀ ਭਗਵਾਨ ਆਪ ਸੁਹਾਇੰਦਾ । ਕਥਾ ਸਿੰਘ ਰਿਹਾ ਸੱਦ, ਤੇਰਾ ਵੇਲਾ ਨੇੜੇ ਆਇੰਦਾ । ਪ੍ਰਭ ਦਰਸ਼ਨ ਕਰੀਏ ਰੱਜ ਰੱਜ, ਫੜ ਬਾਂਹੋਂ ਪਰੇ ਨਾ ਕੋਇ ਹਟਾਇੰਦਾ । ਭਗਤ ਨਗਾਰਾ ਰਿਹਾ ਵਜ, ਗੁਰਮੁਖ ਇਕੋ ਰਾਗ ਸੁਣਾਇੰਦਾ । ਪਰੇਮ ਪ੍ਰੀਤੀ ਮਿਲੇ ਮਦਿ, ਮਧੁਰ ਰਸ ਇਕ ਸਮਝਾਇੰਦਾ । ਆਤਮ ਪਰਮਾਤਮ ਗਾਏ ਸਾਚਾ ਜਸ, ਜਸ ਹੋਰ ਨਾ ਕੋਇ ਸੁਣਾਇੰਦਾ । ਨਵ ਨੌਂ ਚਾਰ ਪਿਛੋਂ ਪੂਰੀ ਹੋਏ ਆਸ, ਆਸਾ ਮਨਸਾ ਪੂਰ ਕਰਾਇੰਦਾ । ਏਥੇ ਕੋਈ ਨਾ ਦਿਸੇ ਉਦਾਸ, ਜੋ ਆਇਆ ਖ਼ੁਸ਼ੀ ਮਨਾਇੰਦਾ । ਪੁਰਖ ਅਕਾਲ ਸਦਾ ਵਸੇ ਪਾਸ, ਪ੍ਰਭ ਵਿਛੜ ਕਦੇ ਨਾ ਜਾਇੰਦਾ । ਜ਼ਿਮੀਂ ਅਸਮਾਨ ਨਾ ਦਿਸੇ ਆਕਾਸ਼, ਗਗਨ

ਮੰਡਲ ਨਜ਼ਰ ਕੋਇ ਨਾ ਆਇੰਦਾ । ਇਕੋ ਨੂਰ ਜੋਤ ਪਰਕਾਸ਼, ਦੀਵਾ ਬਾਤੀ ਨਾ ਕੋਇ ਜਗਾਇੰਦਾ । ਜੀਵਣ ਵਿਚੋਂ ਪ੍ਰਭ ਦਾ ਜੀਵਣ ਮਿਲਿਆ ਖ਼ਾਸ, ਗੁਰਮੁਖ ਖ਼ਾਲਸ ਰੂਪ ਵਟਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਕਲਜੁਗ ਅੰਤਮ ਬਣ ਕੇ ਦਾਸੀ ਦਾਸ, ਕਰ ਸੇਵਾ ਗੁਰਮੁਖ ਆਪਣੇ ਘਰ ਲਿਆਇੰਦਾ ।

## ★ ੧੫ ਜੇਠ ੨੦੨੦ ਬਿਕ੍ਰਮੀ ਦੇਵਾ ਸਿੰਘ ਦੇ ਗ੍ਰਹਿ ਧਿੰਗਾਲੀ ਜੰਮੂ ★

ਦੇਵਤ ਸੁਰ ਸਭ ਵੇਖਣ ਦੇਵਾ, ਸਿੰਘ ਰੂਪ ਮਿਲੇ ਵਡਿਆਈਆ । ਪ੍ਰਭ ਪਾਇਆ ਅਲੱਖ ਅਭੇਵਾ, ਭੇਵ ਅਭੇਦ ਰਿਹਾ ਜਣਾਈਆ । ਪੂਰਬ ਜਨਮ ਲੇਖੇ ਲੱਗੀ ਸੇਵਾ, ਸੇਵਕ ਰੂਪ ਬਣਾਈਆ । ਅੰਮ੍ਰਿਤ ਫਲ ਦੇਵੇ ਮੇਵਾ, ਨਾਮ ਆਪਣਾ ਰਸ ਚਖਾਈਆ । ਧੰਨ ਸੁਹੰਜਣੀ ਸੋਹੇ ਜਿਹਵਾ, ਰਸਨਾ ਹਰਿ ਗੁਣ ਹਰਿ ਹਰਿ ਗਾਈਆ । ਮਸਤਕ ਲੱਗੇ ਇਕੋ ਥੇਵਾ, ਚਰਨ ਧੂੜੀ ਖ਼ਾਕ ਰਮਾਈਆ । ਕਿਰਪਾ ਕਰੇ ਪ੍ਰਭ ਸਵਾਮੀ ਸਦਾ ਨਿਹਕੇਵਾ, ਨਿਹਚਲ ਦੇਣਹਾਰ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਕਾਇਆ ਦੇਹ, ਆਤਮ ਪਰਮਾਤਮ ਸਾਚਾ ਨੇਹ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਨਰ ਨਿਰੰਕਾਰ ਆਪਣੇ ਲੇਖੇ ਲਾਈਆ । ਦੇਵਤਸੁਰ ਵੇਖਣ ਫੂਲ, ਬਰਖਾ ਬੇਪਰਵਾਹੀਆ । ਆਪਣਾ ਆਪ ਗਏ ਭੂਲ, ਸੁਧ ਰਹੇ ਨਾ ਰਾਈਆ । ਲੋਕਮਾਤ ਪ੍ਰਭ ਮਿਲੇ ਕੰਤ ਕੰਤੂਹਲ, ਜਨ ਭਗਤਾਂ ਵੇਖ ਵਖਾਈਆ । ਪਿਛਲਾ ਲਹਿਣਾ ਚੁਕਾਏ ਮੂਲ, ਮੁੱਲ ਕੀਮਤ ਆਪੇ ਪਾਈਆ । ਕਲਜੁਗ ਅੰਦਰ ਸਤਿਜੁਗ ਬਦਲ ਰਿਹਾ ਅਸੂਲ ਅਸਲੀਯਤ ਸਭ ਨੂੰ ਰਿਹਾ ਸਮਝਾਈਆ । ਜਿਨ੍ਹਾਂ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਕਰੇ ਕਬੂਲ, ਸੋ ਗੁਰਮੁਖ ਕਾਬਲ, ਸੋ ਗੁਰਸਿਖ ਆਲਮ ਇਲਮ ਇਕੋ ਇਕ ਸੋਹੰ ਢੋਲਾ ਗਾਈਆ । ਵਿਸ਼ਨੂੰ ਕਹੇ ਬ੍ਰਹਮਾ ਉਠ, ਸੱਜਣ ਸਚ ਸਚ ਜਣਾਇੰਦਾ । ਸ੍ਰੀ ਭਗਵਾਨ ਸਭ ਨੂੰ ਰਿਹਾ ਲੁੱਟ, ਨਜ਼ਰ ਕਿਸੇ ਨਾ ਆਇੰਦਾ । ਉਠ ਕੇ ਹਾਲ ਮੇਰਾ ਪੁੱਛ, ਬੇਖ਼ਬਰ ਖ਼ਬਰ ਸੁਣਾਇੰਦਾ । ਸਾਡੇ ਹੱਥ ਨਹੀਂ ਛੱਡਿਆ ਕੁਛ, ਖ਼ਾਲੀ ਹੱਥ ਸਰਬ ਫਿਰਾਇੰਦਾ । ਨਵ ਨੌਂ ਚਾਰ ਜੋ ਰਿਹਾ ਲੁਕ, ਕਲਜੁਗ ਅੰਤਮ ਫੇਰਾ ਪਾਇੰਦਾ । ਸ਼ੇਰ ਹੋ ਕੇ ਰਿਹਾ ਬੁੱਕ, ਦੋ ਜਹਾਨਾਂ ਭਬਕ ਲਗਾਇੰਦਾ । ਅੰਤਮ ਵੇਲਾ ਰਿਹਾ ਢੁਕ, ਲੇਖਾ ਸਭ ਦਾ ਪੂਰ ਕਰਾਇੰਦਾ । ਜੁਗ ਚੌਕੜੀ ਪੈਂਡਾ ਰਿਹਾ ਮੁੱਕ, ਪਾਂਧੀ ਨਜ਼ਰ ਕੋਇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਆਪਣੀ ਕਾਰ ਕਮਾਇੰਦਾ । ਵਿਸ਼ਨੂੰ ਕਹੇ ਬ੍ਰਹਮੇ ਜਾਗ, ਪ੍ਰਭ ਅਚਰਜ ਖੇਲ ਰਚਾਈਆ । ਨਿਰਗੁਣ ਹੋ ਕੇ ਪਕੜੀ ਵਾਗ, ਸਰਗੁਣ ਵੇਖੇ ਥਾਉਂ ਥਾਈਂਆ । ਸਭ ਦਾ ਬੁਝਣਹਾਰਾ ਚਿਰਾਗ਼, ਦੀਵਾ ਬੱਤੀ ਰਹਿਣ ਨਾ ਪਾਈਆ । ਬਦਲਣਹਾਰਾ ਅੰਤ ਸਮਾਜ, ਸਮਾਂ ਸਭ ਦੇ ਸਿਰ ਤੇ ਛਾਈਆ । ਮਾਰਨਹਾਰਾ ਇਕ ਆਵਾਜ਼, ਇਕੋ ਸਦ ਨਦ ਸੁਣਾਈਆ । ਕਰਨਹਾਰਾ ਸਾਚਾ ਰਾਜ, ਸਚਖੰਡ ਨਿਵਾਸੀ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਰਿਹਾ ਵਰਤਾਈਆ । ਵਿਸ਼ਨੂੰ ਕਹੇ ਬ੍ਰਹਮੇ ਅੱਖ ਖੋਲ੍ਹ, ਬਿਨ ਅੱਖਾਂ ਖੇਲ ਜਣਾਈਆ । ਅਬਿਨਾਸ਼ੀ ਕਰਤਾ ਵਜਾਏ ਢੋਲ, ਢੋਲਾ ਆਪਣਾ ਰਾਗ ਸੁਣਾਈਆ । ਸਾਰੇ ਸੁੱਤੇ ਰਹੇ ਅਨਭੋਲ, ਗੁਰ ਅਵਤਾਰ ਸਾਰ ਨਾ ਪਾਈਆ । ਨਿਰਗੁਣ ਹੋ ਕੇ ਰਿਹਾ ਮੌਲ,

੬੦੪ ੧੪

ਰੂਪ ਰੰਗ ਰੇਖ ਨਾ ਕੋਇ ਜਣਾਈਆ । ਪੂਰਾ ਕਰੇ ਆਪਣਾ ਕੌਲ, ਜੋ ਆਦਿ ਗਿਆ ਸਮਝਾਈਆ । ਅੰਤਮ ਆਵਾਂ ਉਪਰ ਧੌਲ, ਧਰਮ ਜੜ ਇਕ ਲਗਾਈਆ । ਭੇਵ ਨਾ ਪਾਏ ਪੰਡਤ ਪਾਂਧਾ ਰੌਲ, ਸ਼ਾਸਤਰ ਸਿਮਰਤ ਸਾਰ ਨਾ ਆਈਆ । ਸਚ ਦਵਾਰਾ ਇਕੋ ਰਿਹਾ ਖੋਲ, ਮਾਰਗ ਆਪਣਾ ਰਿਹਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਰਿਹਾ ਵਰਤਾਈਆ । ਵਿਸ਼ਨੂੰ ਕਹੇ ਬ੍ਰਹਮਾ ਵੇਖ ਹੋ ਕੇ ਨੇੜੇ, ਨੇਰਨ ਨੇਰ ਜਣਾਈਆ । ਨਿਰਵੈਰ ਪੁਰਖ ਬੰਨ੍ਹ ਬੇੜੇ, ਬੇੜਾ ਆਪਣੇ ਕੰਧ ਉਠਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਲਿਆਂਦੇ ਆਪਣੇ ਘੇਰੇ, ਘੇਰਾ ਆਪਣਾ ਨਾਮ ਪਾਈਆ । ਅੰਤਮ ਕਰੇ ਹੱਕ ਨਬੇੜੇ, ਹਕੀਕਤ ਵੇਖੇ ਥਾਉਂ ਥਾਈਂਆ । ਝੂਠੇ ਢਹਿਣ ਵਾਲੇ ਡੇਰੇ, ਖੇੜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣੀ ਸੇਵਾ ਆਪ ਲਗਾਈਆ । ਬ੍ਰਹਮਾ ਕਹੇ ਵਿਸ਼ਨੂੰ ਮੇਰੀ ਹੋਈ ਬੱਸ, ਜ਼ੋਰ ਨਜ਼ਰ ਕੋਇ ਨਾ ਆਈਆ । ਲੱਖ ਚੁਰਾਸੀ ਭੁੱਲੀ ਬ੍ਰਹਮ ਮਤ, ਮਨਮਤ ਹੋਈ ਕੁੜਮਾਈਆ । ਗੁਰ ਅਵਤਾਰ ਜੋ ਮਾਰਗ ਗਏ ਦੱਸ, ਜੀਵ ਜੰਤ ਗਏ ਭੁਲਾਈਆ । ਧੀਰਜ ਰਿਹਾ ਨਾ ਕੋਈ ਹਠ, ਸਤਿ ਰੂਪ ਨਾ ਕੋਇ ਦਸਾਈਆ । ਸਭ ਦਾ ਚੋਲਾ ਰਿਹਾ ਫਟ, ਕਾਇਆ ਕੱਪੜ ਦੁਰਮਤ ਮੈਲ ਨਾ ਕੋਇ ਧੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਫੇਰਾ ਆਪੇ ਪਾਈਆ । ਬ੍ਰਹਮਾ ਕਹੇ ਵਿਸ਼ਨੂੰ ਨਹੀਂ ਜ਼ੋਰ, ਹੋ ਨਿਤਾਣਾ ਆਖ ਸੁਣਾਇੰਦਾ । ਸ੍ਰੀ ਭਗਵਾਨ ਆਪਣੇ ਹੱਥ ਵਿਚ ਪਕੜੀ ਡੋਰ, ਦੂਜਾ ਸੰਗ ਨਾ ਕੋਇ ਰਲਾਇੰਦਾ । ਦੋ ਜਹਾਨਾਂ ਅੰਦਰ ਰਹਿਣ ਨਾ ਦੇਵੇ ਕੋਈ ਚੋਰ, ਚੋਰੀ ਨਾਮ ਨਾ ਕੋਇ ਕਰਾਇੰਦਾ । ਇਕੋ ਮੰਤਰ ਫੁਰਨਾ ਫੁਰੇ ਫੋਰ, ਫੌਰਨ ਆਪਣਾ ਹੁਕਮ ਸੁਣਾਇੰਦਾ । ਨੇਤਰ ਵੇਖ ਉਠ ਕੇ ਗ਼ੌਰ, ਗਹਿਰ ਗੰਭੀਰ ਕਾਰ ਕਮਾਇੰਦਾ । ਕਰੇ ਬਿਧ ਅਵਰ ਕੀ ਔਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਕਰਾਇੰਦਾ । ਵਿਸ਼ਨੂੰ ਕਹੇ ਬ੍ਰਹਮੇ ਖੇਲ ਅਨੋਖਾ, ਸ੍ਰੀ ਭਗਵਾਨ ਆਪ ਕਰਾਈਆ । ਸਾਵਲ ਸਭ ਨੂੰ ਦਿਤਾ ਧੋਖਾ, ਆਪਣਾ ਭੇਵ ਨਾ ਕਿਸੇ ਸਮਝਾਈਆ । ਅੰਤਮ ਆਪਣੇ ਹੱਥ ਵਿਚ ਰੱਖਿਆ ਮੌਕਾ, ਮੁਕੰਮਲ ਆਪਣੀ ਕਾਰ ਕਮਾਈਆ । ਹਰਿ ਕਾ ਭਾਣਾ ਕਿਸੇ ਨਾ ਰੋਕਾ, ਸਾਰੇ ਬੈਠਣ ਸੀਸ ਝੁਕਾਈਆ । ਪਏ ਦੁਹਾਈ ਲੋਕ ਪਰਲੋਕਾਂ, ਚੌਦਾਂ ਲੋਕ ਨੀਰ ਵਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਵਿਚ ਨਾ ਰਿਹਾ ਜੋਸ਼ਾ, ਆਪਣਾ ਬਲ ਨਾ ਕੋਇ ਵਖਾਈਆ । ਭੈ ਵਿਚ ਹੋ ਬੈਠੇ ਖ਼ਮੋਸ਼ਾ, ਆਪਣਾ ਹੁਕਮ ਨਾ ਕੋਇ ਵਰਤਾਈਆ । ਹਰਿ ਕਾ ਖੇਲ ਕਿਸੇ ਨਾ ਸੋਚਾ, ਸੋਚ ਸਮਝ ਕੰਮ ਕਿਸੇ ਨਾ ਆਈਆ । ਸਾਰੇ ਤੱਕ ਕੇ ਬੈਠੇ ਓਟਾ, ਚਰਨ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਹੁਕਮ ਆਪ ਵਰਤਾਈਆ । ਬ੍ਰਹਮਾ ਕਹੇ ਵਿਸ਼ਨੂੰ ਮੈਂ ਨੇਤਰ ਰੋਵਾਂ, ਨੈਣਾਂ ਨੀਰ ਨੀਰ ਵਹਾਈਆ । ਦਿਵਸ ਰੈਣ ਕਦੇ ਨਾ ਸੋਵਾਂ, ਗ਼ਫ਼ਲਤ ਆਪਣੀ ਬੈਠਾ ਗਵਾਈਆ । ਡੂੰਘੇ ਸਾਗਰ ਵੜ ਵੜ ਟੋਹਵਾਂ, ਸਾਚੀ ਸਾਰ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਸੁਧ ਰਹੀ ਨਾ ਰਾਈਆ । ਵਿਸ਼ਨੂੰ ਕਹੇ ਬ੍ਰਹਮਾ ਵੇਖ ਆਇਆ ਭਗਵਾਨ, ਭਗਵਨ ਆਪਣੀ ਦਇਆ ਕਮਾਇੰਦਾ । ਚਰਨ ਪਕੜ ਬਾਲ ਨਾਦਾਨ, ਬਾਲੀ ਬੁਧ ਵੇਖ ਵਖਾਇੰਦਾ । ਛੋਟਾ ਬਾਲਕ ਬਣ ਅਵਾਣ, ਸਾਚੀ ਸਿਖਿਆ ਇਕ ਸਮਝਾਇੰਦਾ । ਖਾਲੀ ਝੋਲੀ ਮੰਗ ਦਾਨ, ਦਾਤਾ ਦਾਨੀ ਆਪ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

੬੦੫ ੧੪

ਕਿਰਪਾ ਕਰ, ਸਾਚਾ ਭੇਵ ਆਪ ਖੁਲ੍ਹਾਇੰਦਾ । ਬ੍ਰਹਮਾ ਕਹੇ ਵਿਸ਼ਨੂੰ ਕਰਾਂ ਸਲਾਮ, ਪ੍ਰਭ ਅੱਗੇ ਸੀਸ ਝੁਕਾਈਆ । ਮੇਰੀ ਬੇਨੰਤੀ ਕਰੇ ਪਰਵਾਨ, ਪ੍ਰਭ ਆਪਣਾ ਭੇਵ ਚੁਕਾਈਆ । ਰਹਿਮਤ ਪਾਵੇ ਝੋਲੀ ਦਾਨ, ਰਹੀਮ ਬਖ਼ਸ਼ੇ ਸਚ ਸਰਨਾਈਆ । ਸਾਚਾ ਦੇਵੇ ਇਕ ਗਿਆਨ, ਸਿਖਿਆ ਸਚ ਸਚ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਸੰਗ ਲਏ ਨਿਭਾਈਆ । ਵਿਸ਼ਨੂੰ ਕਹੇ ਬ੍ਰਹਮੇ ਸੁਣ ਲਾ ਕੰਨ, ਧੁਰ ਦੀ ਸਾਚੀ ਬਾਤ ਜਣਾਇੰਦਾ । ਸ੍ਰੀ ਭਗਵਾਨ ਕਲਜੁਗ ਅੰਤਮ ਗਿਆ ਮੰਨ, ਜਨ ਭਗਤਾਂ ਆਪਣਾ ਮੇਲ ਮਿਲਾਇੰਦਾ । ਦੂਸਰ ਦੇਵੇ ਨਾ ਕਿਸੇ ਧਨ, ਹੱਟ ਨਜ਼ਰ ਕਿਸੇ ਨਾ ਆਇੰਦਾ । ਲੱਖ ਚੁਰਾਸੀ ਲਾਏ ਡੰਨ, ਧੁਰ ਫ਼ਰਮਾਨਾ ਹੁਕਮ ਸੁਣਾਇੰਦਾ । ਸੰਤ ਸੁਹੇਲੇ ਚਾੜ੍ਹ ਚੰਨ, ਨਿਰਗੁਣ ਆਪਣਾ ਭੇਵ ਚੁਕਾਇੰਦਾ । ਚਾਰ ਯੁਗ ਨੇਤਰ ਰੋਵਣ ਅੰਨ੍ਹ, ਹਰਿ ਕਾ ਭੇਵ ਕੋਇ ਨਾ ਪਾਇੰਦਾ । ਗੁਰ ਅਵਤਾਰ ਕਹਿਣ ਧੰਨ ਧੰਨ, ਪੀਰ ਪੈਗ਼ੰਬਰ ਸਿਫ਼ਤ ਸਾਲਾਹਿੰਦਾ । ਗੁਰਮੁਖਾਂ ਲੇਖੇ ਲਾਏ ਤਨ, ਤਾਰ ਸਤਾਰ ਇਕ ਹਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਚੀ ਵਸਤ ਮੰਗ ਮੰਗਾਇੰਦਾ । ਬ੍ਰਹਮਾ ਕਹੇ ਦੱਸ ਰਾਹ ਵਿਸ਼ਨੂੰ ਤੇਰੇ ਹੱਥ ਵਡਿਆਈਆ । ਪੁਰਖ ਅਬਿਨਾਸ਼ੀ ਪਿਛਲਾ ਲਹਿਣਾ ਰਿਹਾ ਮੁਕਾ, ਅੱਗਾ ਨਜ਼ਰ ਕੋਇ ਨਾ ਆਈਆ । ਵੀਹ ਸੌ ਵੀਹ ਵੇਲਾ ਗਿਆ ਆ, ਵਕਤ ਆਪਣਾ ਵੰਡ ਵੰਡਾਈਆ । ਜੋਤੀ ਜੋਤ ਲਏ ਮਿਲਾ, ਨੂਰ ਨੂਰ ਵਿਚ ਰਖਾਈਆ । ਭਗਤ ਭਗਵਾਨ ਲਏ ਪਰਗਟਾ, ਪਰਗਟ ਆਪਣੀ ਕਾਰ ਕਮਾਈਆ । ਸਾਚੇ ਤਖ਼ਤ ਦਏ ਬਹਾ, ਤਖ਼ਤ ਨਿਵਾਸੀ ਹੁਕਮ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਕਰਾਈਆ । ਵਿਸ਼ਨੂੰ ਕਹੇ ਬ੍ਰਹਮੇ ਕਰ ਅਸੀਸ, ਅੱਛੀ ਤਰ੍ਹਾ ਜਣਾਈਆ । ਕਿਰਪਾ ਕਰੇ ਸਾਹਿਬ ਜਗਦੀਸ, ਤੇਰੀ ਸੇਵਾ ਲੇਖੇ ਲਾਈਆ । ਰੁੱਤ ਸੁਹੰਜਣੀ ਬੀਸ ਬੀਸ, ਨਿਰਗੁਣ ਸਰਗੁਣ ਰੂਪ ਧਰਾਈਆ । ਛਤਰ ਝੁੱਲੇ ਏਕਾ ਸੀਸ, ਗੁਰ ਅਵਤਾਰ ਪੀਰ ਪੈਗ਼ੰਬਰ ਸੇਵ ਕਮਾਈਆ । ਸਚਖੰਡ ਦਵਾਰੇ ਪੜ੍ਹਨ ਹਦੀਸ, ਨਾਮ ਇਕੋ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਹ ਆਪ ਰਖਾਈਆ । ਬ੍ਰਹਮਾ ਕਹੇ ਮੈਂ ਕੀ ਮੰਗਾਂ, ਵੇਲਾ ਵਕਤ ਗਿਆ ਵਹਾਈਆ । ਗੁਰਮੁਖ ਚੜ੍ਹਨਾ ਸਾਚਾ ਚੰਦਾ, ਸਤਿਜੁਗ ਨੂਰ ਹੋਏ ਰੁਸ਼ਨਾਈਆ । ਸਭ ਨੇ ਗੌਣਾ ਇਕੋ ਛੰਦਾ, ਸੋ ਪੁਰਖ ਨਿਰੰਜਣ ਕਰੇ ਪੜ੍ਹਾਈਆ । ਬ੍ਰਹਮਾ ਅੰਤਮ ਆਇਆ ਕੰਢਾ, ਕੰਢੀ ਬੈਠਾ ਲੇਖ ਚੁਕਾਈਆ । ਦੋ ਜਹਾਨਾਂ ਪਿਛੇ ਫੜਿਆ ਡੰਡਾ, ਨਾਮ ਖੰਡਾ ਹੱਥ ਉਠਾਈਆ । ਨਾ ਮਾਣਸ ਨਾ ਮਾਨੁਸ਼ ਨਾ ਬੰਦਾ, ਮਾਨੁਖ ਨਜ਼ਰ ਕੋਇ ਨਾ ਆਈਆ । ਮਾਣਸ ਰੂਪ ਨਾ ਜਾਣੇ ਧੰਦਾ, ਧਾਵਤ ਆਪਣੀ ਕਾਰ ਕਮਾਈਆ । ਵਸਣਹਾਰ ਵਿਚ ਬ੍ਰਹਿਮੰਡਾਂ, ਦੋ ਜਹਾਨਾਂ ਵੇਖ ਵਖਾਈਆ । ਦੀਨ ਦਿਆਲ ਹੋ ਬਖ਼ਸ਼ੰਦਾ, ਬਖ਼ਸ਼ਸ਼ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬ੍ਰਹਮਾ ਕਹੇ ਵਿਸ਼ਨੂੰ ਕਰ ਅਰਦਾਸ, ਪ੍ਰਭ ਤੇਰਾ ਤੋਹੇ ਭਾਇੰਦਾ । ਅੰਤਮ ਰੱਖੇ ਆਪਣੇ ਸਾਥ, ਦੂਜੀ ਮੰਗ ਨਾ ਕੋਇ ਮੰਗਾਇੰਦਾ । ਕਰ ਕਿਰਪਾ ਦੇਵੇ ਨਾਮ ਗਾਥ, ਮੰਤਰ ਅੰਤਰ ਇਕ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਰਚਾਇੰਦਾ । ਵਿਸ਼ਨੂੰ ਕਰੇ ਦੋਏ ਜੋੜ ਅਰਜ਼ੋਈ, ਅਰਜ਼ ਇਕੋ ਵਾਰ ਸੁਣਾਈਆ । ਸ੍ਰੀ ਭਗਵਾਨ ਤੁਧ ਬਿਨ ਮਿਲੇ ਨਾ ਕਿਸੇ ਢੋਈ, ਮਾਣ ਤਾਣ ਨਾ ਕੋਇ ਰਖਾਇੰਦਾ । ਤੇਰਾ ਭੇਵ ਨਾ ਜਾਣੇ ਕੋਈ, ਅੰਦਰ ਵੜ ਦਰਸ ਕੋਇ ਨਾ ਪਾਇੰਦਾ । ਲੱਖ ਚੁਰਾਸੀ ਸ੍ਰਿਸ਼ਟੀ

ਸੋਈ, ਸੋਇਆਂ ਅੱਖ ਨਾ ਕੋਇ ਖੁਲ੍ਹਾਇੰਦਾ । ਕੂੜੀ ਕਿਰਿਆ ਅੰਦਰ ਮੋਈ, ਮਰਨਾ ਸਚ ਨਾ ਕੋਇ ਸਮਝਾਇੰਦਾ । ਦਰਗਹਿ ਸਚ ਨਾ ਮਿਲੇ ਢੋਈ, ਮੰਦਰ ਮਹੱਲ ਨਜ਼ਰ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਵਾਸਤਾ ਪਾਇੰਦਾ । ਵਿਸ਼ਨੂੰ ਅਰਦਾਸ ਕਰੇ ਅਰਜ਼, ਆਰਜ਼ੂ ਆਪਣੀ ਦਏ ਜਣਾਈਆ । ਤੇਰੀ ਕਿਰਪਾ ਪੂਰਾ ਹੋਵੇ ਫ਼ਰਜ਼, ਫ਼ਰਜ਼ੀ ਕੰਮ ਨਾ ਕੋਇ ਰਖਾਈਆ । ਸਾਨੂੰ ਤੇਰੇ ਮਿਲਣ ਦੀ ਗ਼ਰਜ਼, ਤੇਰੀ ਗ਼ਰਜ਼ ਭਗਤਾਂ ਰਾਹ ਤਕਾਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਪ੍ਰਭ ਫੋਲੀ ਸਾਡੀ ਫ਼ਰਦ, ਵੇਲਾ ਵਕਤ ਰਿਹਾ ਵਹਾਈਆ । ਬ੍ਰਹਮੇ ਸੁਣ ਕੇ ਲੱਗੀ ਦਰਦ, ਦਰਦੀ ਹੋਵੇ ਨਾ ਕੋਇ ਸਹਾਈਆ । ਹਰਿ ਕੀ ਖੇਲ ਕਰੇ ਅਸਚਰਜ, ਅਚਰਜ ਖੇਲ ਰਚਾਈਆ । ਪਰਗਟ ਹੋ ਮਰਦਾਨਾ ਮਰਦ, ਨਿਰਗੁਣ ਆਪਣਾ ਰੂਪ ਵਟਾਈਆ । ਸਭ ਦੀ ਪੁਠੀ ਕਰੇ ਨਰਦ, ਸਾਰ ਪਾਸਾ ਵੇਖ ਵਖਾਈਆ । ਜਨ ਭਗਤਾਂ ਹੋਣ ਨਾ ਦੇਵੇ ਹਰਜ, ਹਰ ਘਟ ਹੋਏ ਆਪ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੇੜਾ ਆਪਣੇ ਹੱਥ ਰਖਾਈਆ । ਬ੍ਰਹਮਾ ਕਹੇ ਵਿਸ਼ਨੂੰ ਉਠ ਖਲੋ, ਬੈਠਿਆਂ ਹੱਥ ਕੁਛ ਨਾ ਆਈਆ । ਸਾਡੇ ਨਾਲ ਚਲ ਕੇ ਤੂੰ ਵੀ ਰੋ, ਨੇਤਰ ਨੈਣਾਂ ਨੀਰ ਵਹਾਈਆ । ਸ੍ਰੀ ਭਗਵਾਨ ਤੇਰਾ ਛੱਡਿਆ ਨਾ ਜਾਏ ਮੋਹ, ਮੁਹੱਬਤ ਤੇਰੀ ਰਹੀ ਸਤਾਈਆ । ਚਰਨ ਪ੍ਰੀਤ ਨਾ ਸਾਥੋਂ ਖੋਹ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਤੇਰਾ ਹੁਕਮ ਡੰਕਾ ਸੁਣੇ ਲੋਕ ਪਰਲੋ, ਦੋ ਜਹਾਨ ਰਹੇ ਘਬਰਾਈਆ । ਜਿਸ ਨੇ ਆਪਣਾ ਪੰਜ ਤੱਤ ਨਾਤਾ ਤੋੜਿਆ ਛੱਬੀ ਪੋਹ, ਬਾਕੀ ਤੱਤ ਕੋਇ ਰਹਿਣ ਨਾ ਪਾਈਆ । ਸਚ ਸਵਾਮੀ ਤੇਰੇ ਗਏ ਹੋ, ਹੋਕਾ ਤੇਰਾ ਨਾਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੇ ਸੰਗ ਰਖਾਈਆ । ਬ੍ਰਹਮੇ ਨੇਤਰ ਛੱਡ ਦੇ ਰੋਣਾ, ਰੋਇਆਂ ਹੱਥ ਕਿਸੇ ਨਾ ਆਈਆ । ਅੰਤਮ ਸਾਚੀ ਸੇਜੇ ਸੌਣਾ, ਪ੍ਰਭ ਸਾਚਾ ਰਿਹਾ ਸਵਾਈਆ । ਗੁਰਮੁਖ ਪਰਧਾਨ ਏਕਾ ਹੋਣਾ, ਤੇਰੇ ਦਰ ਮਿਲੇ ਵਡਿਆਈਆ । ਜਿਸ ਨੇ ਢੋਲਾ ਸੋਹੰ ਗੌਣਾ, ਪ੍ਰਭ ਸਾਚਾ ਰਿਹਾ ਪੜ੍ਹਾਈਆ । ਸਤਿਜੁਗ ਸਾਚਾ ਵਕਤ ਸੁਹੌਣਾ, ਸੋਹਣੀ ਰੁੱਤ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਸਮਝਾਈਆ । ਬ੍ਰਹਮਾ ਕਹੇ ਵਿਸ਼ਨੂੰ ਸੁਣ ਹਾਲ, ਅਹਿਵਾਲ ਦਿਆਂ ਜਣਾਈਆ । ਪ੍ਰਭ ਦੇ ਅੱਗੇ ਕੀਤਾ ਸਵਾਲ, ਬੇਸਮਝ ਆਪਣਾ ਭੇਵ ਜਣਾਈਆ । ਸ੍ਰੀ ਭਗਵਾਨ ਅੱਗੇ ਨਾ ਬਣੇ ਦਲਾਲ, ਵਿਚੋਲਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਰਿਹਾ ਵਰਤਾਈਆ । ਦੋਹਾਂ ਸੁਣ ਅਨੋਖੀ ਬਾਤ, ਸ੍ਰੀ ਭਗਵਾਨ ਭੇਵ ਚੁਕਾਇੰਦਾ । ਆਓ ਦੇਵਾਂ ਸਾਚੀ ਦਾਤ, ਦਾਤਾ ਦਾਨੀ ਆਪ ਸਮਝਾਇੰਦਾ । ਚਰਨ ਦਵਾਰੇ ਬੱਝੇ ਨਾਤ, ਨਾਤਾ ਆਪਣੇ ਨਾਲ ਜੁੜਾਇੰਦਾ । ਅੱਗੇ ਗੁਰਮੁਖਾਂ ਸੁਣਾਏ ਗਾਥ, ਭਗਤ ਭਗਵਾਨ ਰਾਹ ਵਖਾਇੰਦਾ । ਤੁਹਾਡਾ ਪੂਰਾ ਹੋਇਆ ਸਾਕ, ਸੈਣ ਅੱਗੇ ਆਪਣਾ ਰੰਗ ਰੰਗਾਇੰਦਾ । ਕਲਜੁਗ ਵੇਲਾ ਅੰਤਮ ਘਾਟ, ਪੱਤਣ ਇਕੋ ਇਕ ਵਖਾਇੰਦਾ । ਕਰੇ ਖੇਲ ਪੁਰਖ ਸਮਰਾਥ, ਸਮਰਥ ਆਪਣੀ ਕਾਰ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਿਸ਼ਨ ਬ੍ਰਹਮੇ ਆਪ ਜਣਾਇੰਦਾ । ਵਿਸ਼ਨ ਬ੍ਰਹਮੇ ਲੈਣਾ ਜਾਣ, ਪਾਰਬ੍ਰਹਮ ਰਿਹਾ ਸਮਝਾਈਆ । ਸ੍ਰੀ ਭਗਵਾਨ ਭਗਤਾਂ ਮਿਲੇ ਆਣ, ਕਲਜੁਗ ਅੰਤ ਵੱਜੇ ਵਧਾਈਆ । ਸ਼ੰਕਰ ਤੁਹਾਡੇ ਨਾਲ ਹੋਏ ਹੈਰਾਨ, ਹਰਿ ਕੀ ਸਾਰ ਕੋਇ ਨਾ ਪਾਈਆ । ਕਰੋੜ ਤੇਤੀਸਾ ਨੈਣ ਸ਼ਰਮਾਣ, ਦੇਵਤ

ਸੁਰ ਰਹੇ ਸ਼ਰਮਾਈਆ । ਸੁਰਪਤ ਇੰਦ ਕਰੇ ਧਿਆਨ, ਨੇਤਰ ਨਜ਼ਰ ਕਿਛ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਸਭ ਨੂੰ ਰਿਹਾ ਸਮਝਾਈਆ । ਦੇਵਤ ਸੁਰ ਵਿਸ਼ਨ ਬ੍ਰਹਮ, ਪਾਰਬ੍ਰਹਮ ਜਣਾਇੰਦਾ । ਨਿਹਕਰਮੀ ਦਾ ਸਚ ਕਰਮ, ਹਰਿ ਕਰਤਾ ਆਪ ਸਮਝਾਇੰਦਾ । ਪਰਗਟ ਹੋ ਉਪਰ ਧਰਨੀ ਧਰਨ, ਧਵਲ ਸੋਭਾ ਪਾਇੰਦਾ । ਨਾਤਾ ਤੋੜ ਵਰਨ ਬਰਨ, ਜ਼ਾਤ ਪਾਤ ਸਰਬ ਗਵਾਇੰਦਾ । ਕਰਤਾ ਪੁਰਖ ਕਰਨੀ ਕਰਨ, ਨਿਰਗੁਣ ਸਰਗੁਣ ਵੇਖ ਵਖਾਇੰਦਾ । ਸਚਖੰਡ ਨਿਵਾਸੀ ਜਨ ਭਗਤਾਂ ਦੀ ਲੈਣ ਆਏ ਸਰਨ, ਆਪਣੀ ਸਰਨ ਨਾ ਕੋਇ ਵਖਾਇੰਦਾ । ਅੰਦਰ ਵੜ ਕੇ ਕਰੇ ਪਰਨ, ਸਚ ਸੋਗੰਧ ਆਪੇ ਖਾਇੰਦਾ । ਤੁਹਾਡਾ ਲੇਖਾ ਚੁਕੇ ਮਰਨ, ਜੀਵਣ ਮਰਨ ਆਪਣੀ ਝੋਲੀ ਪਾਇੰਦਾ । ਕਿਰਪਾਨਿਧ ਕਿਰਪਾ ਆਇਆ ਕਰਨ, ਕਰਨੀ ਪਿਛਲੀ ਨਾ ਵੇਖ ਵਖਾਇੰਦਾ । ਜੁਗ ਵਿਛੜੇ ਆਇਆ ਫੜਨ, ਫੜ ਬਾਂਹੋਂ ਗੋਦ ਉਠਾਇੰਦਾ । ਕਾਇਆ ਮੰਦਰ ਆਇਆ ਚੜ੍ਹਨ, ਔਂਦਾ ਜਾਂਦਾ ਨਜ਼ਰ ਕਿਸੇ ਨਾ ਆਇੰਦਾ । ਕੂੜੀ ਕਿਰਿਆ ਨਾਲ ਆਇਆ ਲੜਨ, ਨਾਮ ਖੰਡਾ ਹੱਥ ਚਮਕਾਇੰਦਾ । ਗੁਰਮੁਖਾਂ ਕੋਲੋਂ ਆਇਆ ਡਰਨ, ਆਪਣਾ ਭੈ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਬ੍ਰਹਮਾ ਸ਼ਿਵ ਆਪ ਸਮਝਾਇੰਦਾ । ਵਿਸ਼ਨ ਬ੍ਰਹਮੇ ਸ਼ਿਵ ਵੇਖੇ ਹਰਿ ਜੀ ਪੜ੍ਹਦਾ, ਜਨ ਭਗਤਾਂ ਢੋਲਾ ਗਾਈਆ । ਗੁਰਮੁਖਾਂ ਕੋਲੋਂ ਡਰਦਾ, ਤੇਰਾ ਮੇਰਾ ਰਾਗ ਸੁਣਾਈਆ । ਲੇਖਾ ਜਾਣੇ ਨਾਰੀ ਨਰ ਦਾ, ਨਰ ਨਰਾਇਣ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਲਹੀਣ ਆਪ ਹੋ ਜਾਈਆ । ਬਲਹੀਣ ਹੋਇਆ ਭਗਵਾਨ, ਭਗਤਨ ਹੱਥ ਰੱਖੇ ਵਡਿਆਈਆ । ਡਰਦਾ ਡਰਦਾ ਕਰੇ ਸਲਾਮ, ਗੁਰਮੁਖਾਂ ਸੀਸ ਝੁਕਾਈਆ । ਗੁਰਸਿਖ ਦੇਵਾ ਸਿੰਘ ਵੱਡਾ ਬਲਵਾਨ, ਉਚਾ ਲੰਮਾਂ ਰਿਹਾ ਧਮਕਾਈਆ । ਜੇ ਵਿਛੜਿਉਂ ਵਿਚ ਜਹਾਨ, ਭੱਜਿਆਂ ਰਾਹ ਨਜ਼ਰ ਕੋਇ ਨਾ ਆਈਆ । ਤੈਨੂੰ ਸਾਡੀ ਪਈ ਆਣ, ਅਸੀਂ ਤੇਰਾ ਧਿਆਨ ਲਗਾਈਆ । ਕੰਡਿਆਂ ਵਿਚ ਫਸਿਉਂ ਆਣ, ਚਾਰੋਂ ਤਰਫ਼ ਤਿਖੀਆਂ ਸੂਲਾਂ ਰਹੀਆਂ ਡਰਾਈਆ । ਪਿਛੇ ਬਣੇ ਰਹੇ ਅਞਾਣ, ਹੁਣ ਸੁਰਤੀ ਸੁਰਤ ਤੇਰੇ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਨ ਭਗਤਾਂ ਹੋਏ ਸਹਾਈਆ । ਵਿਸ਼ਨ ਬ੍ਰਹਮੇ ਸ਼ਿਵ ਵੇਖ ਕਰ ਧਿਆਨ, ਸ੍ਰੀ ਭਗਵਾਨ ਆਪ ਜਣਾਇੰਦਾ । ਜਿਸ ਦਾ ਸਿਖ ਹੋਵੇ ਬਲਵਾਨ, ਸੋ ਸਤਿਗੁਰ ਸੋਭਾ ਪਾਇੰਦਾ । ਬਿਨ ਗੁਰਮੁਖ ਨਾ ਕੋਇ ਨਿਸ਼ਾਨ, ਗੁਰੂ ਨਜ਼ਰ ਕੋਇ ਨਾ ਆਇੰਦਾ । ਸਾਰੇ ਮਿਲ ਕੇ ਦਰਸ਼ਨ ਕਰੋ ਆਣ, ਜਿਸ ਘਰ ਗਹਿਰ ਗੰਭੀਰ ਡੇਰਾ ਲਾਇੰਦਾ । ਮਾਰਗ ਪੁੱਛੇ ਇਕ ਨਿਸ਼ਾਨ, ਸਚ ਨਿਸ਼ਾਨਾ ਹਰਿ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਵਰਤਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਹਿਣ, ਗੁਰਸਿਖ ਇਕ ਨਹੀਂ ਦੇਵਾ, ਦੇਵ ਆਤਮਾ ਸਰਬ ਨਜ਼ਰੀ ਆਇਆ । ਜਿਨ੍ਹਾਂ ਅੰਦਰ ਵਸਿਆ ਅਲੱਖ ਅਭੇਵਾ, ਆਪਣਾ ਭੇਵ ਸਮਝਾਈਆ । ਉਹ ਸਾਰੇ ਪ੍ਰਭ ਦੀ ਲੱਗੇ ਸੇਵਾ, ਦਿਵਸ ਰੈਣ ਸੇਵ ਕਮਾਈਆ । ਸਾਡੀ ਸਿਫ਼ਤ ਨਾ ਕਰੇ ਜਿਹਵਾ, ਰਸਨਾ ਰਾਗ ਨਾ ਕੋਇ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪ੍ਰਭ ਤੇਰੇ ਹੱਥ ਵਡਿਆਈਆ । ਵਿਸ਼ਨੂੰ ਕਹੇ ਮੈਂ ਹੋਇਆ ਹੈਰਾਨ, ਹਰਿ ਤੇਰੀ ਸਾਰ ਨਾ ਆਈਆ । ਬ੍ਰਹਮਾ ਕਹੇ ਮੈਂ ਸੁਣ ਗਿਆਨ, ਨੇਤਰ ਨੈਣ ਵਿਚ ਸ਼ਰਮਾਈਆ । ਬਿਨ ਪੂਜਾ ਪਾਠ ਜਿਨ੍ਹਾਂ ਮਿਲਿਆ ਭਗਵਾਨ, ਭਗਤੀ ਆਪਣੇ ਚਰਨ ਵਖਾਈਆ । ਇਕੋ ਰਾਗ ਸੁਣਾਇਆ ਗਾਨ, ਗਾ ਗਾ ਆਪਣਾ ਸ਼ੁਕਰ ਮਨਾਈਆ ।

੬੦੮ ੧੪

ਸਾਰੇ ਕਹਿਣ, ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਵਾਨ ਆਪਣੀ ਕਾਰੇ ਲਾਈਆ । ਚਾਰੋਂ ਕੁੰਟ ਵੇਖਿਆ ਬਿਨ ਹਰਿਭਗਤ ਸਾਚਾ ਮੰਦਰ ਨਜ਼ਰ ਨਾ ਆਇਆ ਮਕਾਨ, ਜਗਤ ਮਕਾਨ ਰਹੇ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੇਪਰਵਾਹ ਆਪਣਾ ਰੰਗ ਵਖਾਈਆ । ਵਿਸ਼ਨੂੰ ਕਹੇ ਤੇਰਾ ਮਹੱਲ ਅਪਾਰ, ਭਗਤਾਂ ਅੰਦਰ ਆਪ ਬਣਾਈਆ । ਬ੍ਰਹਮਾ ਕਹੇ ਮੇਰੀ ਨਿਮਸਕਾਰ, ਜਿਸ ਬ੍ਰਹਮ ਮੇਲਿਆ ਚਾਈਂ ਚਾਈਂਆ । ਸ਼ੰਕਰ ਕਹੇ ਮੇਰਾ ਤੁਟਾ ਹੰਕਾਰ, ਬਲ ਬਲ ਵਿਚ ਨਜ਼ਰ ਕੋਇ ਨਾ ਆਈਆ । ਪੁਰਖ ਅਬਿਨਾਸ਼ੀ ਸਾਚੇ ਭਗਤਾਂ ਜੀਵੰਦਿਆਂ ਕਰ ਆਪ ਸੰਘਾਰ, ਜੀਵਣ ਵਿਚੋਂ ਜੀਵਣ ਦਿਤਾ ਬਦਲਾਈਆ । ਮੈਂ ਓਨ੍ਹਾਂ ਨੂੰ ਕੀ ਸਕਾਂ ਮਾਰ, ਜਿਨ੍ਹਾਂ ਮਿਲਿਆ ਪ੍ਰਭ ਬੇਪਰਵਾਹੀਆ । ਹੱਥਾਂ ਉਤੇ ਹੱਥ ਮਲੇ ਸੰਸਾਰ, ਸਗਲੀ ਨਜ਼ਰ ਕਿਸੇ ਨਾ ਆਈਆ । ਭਗਤਾਂ ਅੰਦਰ ਵੜਿਆ ਆਪ ਨਿਰੰਕਾਰ, ਨਿਰਗੁਣ ਆਪਣਾ ਵੇਸ ਵਟਾਈਆ । ਸਾਚੀ ਸੰਗਤਾ ਕਰ ਖ਼ਬਰਦਾਰ, ਸੱਜਿਉਂ ਖੱਬਿਉਂ ਖ਼ਬਰ ਰਿਹਾ ਸੁਣਾਈਆ । ਆਓ ਮਿਲੋ ਪ੍ਰਭੂ ਮੀਤ ਮੁਰਾਰ, ਜਿਸ ਮਿਲਿਆਂ ਮਿਲਣੀ ਜਗਤ ਰਹਿਣ ਨਾ ਪਾਈਆ । ਗੁਰਮੁਖ ਗੁਰਸਿਖ ਰਲ ਕੇ ਕੱਠਾ ਹੋਇਆ ਪਰਵਾਰ, ਪਰਵਾਨਾ ਸ਼ਮਾ ਇਕੋ ਰੂਪ ਵਖਾਈਆ । ਨਾ ਅਗਨੀ ਨਾ ਕੋਇ ਅੰਗਿਆਰ, ਤਤਵ ਤਤ ਨਾ ਕੋਇ ਤਪਾਈਆ । ਅਬਿਨਾਸ਼ੀ ਕਰਤਾ ਪ੍ਰਭ ਮਿਲਿਆ ਠੰਡਾ ਠਾਰ, ਸੀਤਲ ਧਾਰ ਇਕ ਵਖਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਸਵਾਮੀ ਸਿਰਜਣਹਾਰ, ਸਹਿਜੇ ਸਹਿਜੇ ਸਭ ਨੂੰ ਰਿਹਾ ਮਿਲਾਈਆ ।



੬੦੯



੧੪

## ★ ੧੬ ਜੇਠ ੨੦੨੦ ਬਿਕ੍ਰਮੀ ਅਰੂੜ ਸਿੰਘ ਦੇ ਗ੍ਰਹਿ ਪਿੰਗਾਲੀ ਜੰਮੂ ★

ਹਰਿ ਜੋਤੀ ਨੂਰ ਨੂਰ ਉਜਾਲਾ, ਉਜਲ ਰੂਪ ਦਰਸਾਈਆ । ਹਰਿ ਜੋਤੀ ਨੂਰ ਗੋਬਿੰਦ ਗੋਪਾਲਾ, ਗੁਰ ਸਤਿਗੁਰ ਧਾਰ ਚਲਾਈਆ । ਹਰਿ ਜੋਤੀ ਨੂਰ ਸਚਖੰਡ ਸੱਚੀ ਧਰਮਸਾਲਾ, ਧੁਰ ਮੰਦਰ ਇਕ ਵਡਿਆਈਆ । ਹਰਿ ਜੋਤੀ ਨੂਰ ਖੇਲ ਨਿਰਾਲਾ, ਨਿਰਗੁਣ ਨਿਰਵੈਰ ਆਪ ਕਰਾਈਆ । ਹਰਿ ਜੋਤੀ ਨੂਰ ਸ਼ਾਹ ਸੁਲਤਾਨਾ, ਰਾਜ ਰਾਜਾਨ ਬੇਪਰਵਾਹੀਆ । ਹਰਿ ਜੋਤੀ ਨੂਰ ਹੁਕਮਰਾਨਾ, ਧੁਰ ਫ਼ਰਮਾਨਾ ਹੁਕਮ ਸੁਣਾਈਆ । ਹਰਿ ਜੋਤੀ ਨੂਰ ਸੁਤ ਪਰਵਾਨਾ, ਸ਼ਬਦੀ ਸ਼ਬਦ ਸ਼ਬਦ ਸਮਝਾਈਆ । ਹਰਿ ਜੋਤੀ ਨੂਰ ਵਿਸ਼ਨ ਬ੍ਰਹਮਾ ਸ਼ਿਵ ਉਪਜਾਨਾ, ਉਪਜਤ ਆਪਣੇ ਵਿਚੋਂ ਪਰਗਟਾਈਆ । ਹਰਿ ਜੋਤੀ ਨੂਰ ਦੋ ਜਹਾਨਾਂ, ਨਿਰਾਕਾਰ ਇਕ ਜਣਾਈਆ । ਹਰਿ ਜੋਤੀ ਨੂਰ ਬ੍ਰਹਿਮੰਡ ਖੰਡ ਖੇਲ ਮਹਾਨਾਂ, ਪੁਰਖ ਅਕਾਲ ਰਚਨ ਰਚਾਈਆ । ਹਰਿ ਜੋਤੀ ਨੂਰ ਲੱਖ ਚੁਰਾਸੀ ਦੇਵੇ ਦਾਨਾ, ਦਾਤਾ ਦਾਨ ਆਪ ਵਰਤਾਈਆ । ਹਰਿ ਜੋਤੀ ਨੂਰ ਗੁਰ ਅਵਤਾਰ ਪਹਿਰੇ ਬਾਣਾ, ਸਰਗੁਣ ਵੱਜੇ ਤੱਤ ਵਧਾਈਆ । ਹਰਿ ਜੋਤੀ ਨੂਰ ਨਬੀ ਪੈਗ਼ੰਬਰ ਕਰੇ ਪਰਧਾਨਾ, ਸਾਚਾ ਜਲਵਾ ਇਕ ਦਰਸਾਈਆ । ਹਰਿ ਜੋਤੀ ਨੂਰ ਸ਼ਬਦ ਅਨਾਦ ਸੁਣਾਏ ਗਾਣਾ, ਰਾਗੀ ਆਪਣਾ ਰਾਗ ਅਲਾਈਆ । ਹਰਿ ਜੋਤੀ ਨੂਰ ਜੁਗ ਚੌਕੜੀ ਦੇਵੇ ਪੀਣਾ ਖਾਣਾ, ਵਿਸ਼ਨੂੰ ਵਿਸ਼ਵ ਧਾਰ ਸਮਝਾਈਆ । ਹਰਿ ਜੋਤੀ ਨੂਰ ਬ੍ਰਹਮ ਲੇਖਾ ਵੰਡ ਵੰਡਾਨਾ, ਪਾਰਬ੍ਰਹਮ ਪ੍ਰਭ ਦਇਆ ਕਮਾਈਆ । ਹਰਿ ਜੋਤੀ ਨੂਰ ਖੜਗ ਖੰਡਾ ਚਮਕਾਨਾ, ਡੰਕਾ ਇਕੋ ਇਕ ਵਜਾਈਆ । ਹਰਿ ਜੋਤੀ ਨੂਰ ਜੀਵਣ ਜੁਗਤ ਦਏ ਜੀਵ ਜਹਾਨਾਂ, ਜਾਗਰਤ ਜੋਤ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ

ਜੋਤ ਸਰਬ ਘਟ ਥਾਈਆ । ਹਰਿ ਜੋਤੀ ਨੂਰ ਸਰਬ ਵਿਆਪੀ, ਘਟ ਘਟ ਡੇਰਾ ਲਾਈਆ । ਹਰਿ ਜੋਤੀ ਨੂਰ ਵਡ ਪਰਤਾਪੀ, ਪਰਮ ਪੁਰਖ ਬੇਪਰਵਾਹੀਆ । ਹਰਿ ਜੋਤੀ ਨੂਰ ਸ੍ਰਿਸ਼ਟ ਥਾਪਣ ਥਾਪੀ, ਬੰਧਨ ਆਪਣਾ ਆਪੇ ਪਾਈਆ । ਹਰਿ ਜੋਤੀ ਨੂਰ ਨਾਮ ਨਿਧਾਨ ਜਣਾਏ ਜਾਪੀ, ਭੇਵ ਅਭੇਦ ਆਪ ਖੁਲ੍ਹਾਈਆ । ਹਰਿ ਜੋਤੀ ਨੂਰ ਅਜੱਪਾ ਜਾਪ ਹੋਏ ਪਾਠੀ, ਪੁਸਤਕ ਆਪਣਾ ਨਾਮ ਬਣਾਈਆ । ਹਰਿ ਜੋਤੀ ਨੂਰ ਅਸਲ ਨਕਲ ਦੀ ਕਰੇ ਕਾਪੀ, ਵੇਦ ਪੁਰਾਨ ਸ਼ਾਸਤਰ ਸਿਮਰਤ ਲੋਕਮਾਤ ਦਏ ਵਡਿਆਈਆ । ਹਰਿ ਜੋਤੀ ਨੂਰ ਜੁਗ ਚੌਕੜੀ ਚੁਕਾਏ ਲਹਿਣਾ ਬਾਕੀ, ਦੇਣਾ ਆਪਣੇ ਹੱਥ ਰਖਾਈਆ । ਹਰਿ ਜੋਤੀ ਨੂਰ ਆਦਿ ਜੁਗਾਦਿ ਸੱਜਣ ਸਾਕੀ, ਸਾਹਿਬ ਸੰਗ ਰਖਾਈਆ । ਹਰਿ ਜੋਤੀ ਨੂਰ ਭਾਗ ਲਗਾਏ ਮਾਟੀ ਖਾਕੀ, ਤਨ ਮੰਦਰ ਸੋਭਾ ਪਾਈਆ । ਹਰਿ ਜੋਤੀ ਨੂਰ ਲਹਿਣਾ ਦੇਣਾ ਵੇਖੇ ਆਨ ਬਾਟੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੂਰੋ ਨੂਰ ਨੂਰ ਧਰਾਈਆ । ਹਰਿ ਜੋਤੀ ਨੂਰ ਸਚ ਪਰਕਾਸ਼, ਪਰਕਾਸ਼ਵਾਨ ਆਪ ਜਣਾਇੰਦਾ । ਹਰਿ ਜੋਤੀ ਨੂਰ ਸਰਬ ਘਟ ਵਾਸ, ਲੱਖ ਚੁਰਾਸੀ ਡੇਰਾ ਲਾਇੰਦਾ । ਹਰਿ ਜੋਤੀ ਨੂਰ ਜੁਗਾ ਜੁਗੰਤਰ ਦਾਸੀ ਦਾਸ, ਸੇਵਕ ਆਪਣਾ ਰੂਪ ਵਟਾਇੰਦਾ । ਹਰਿ ਜੋਤੀ ਨੂਰ ਖੇਲੇ ਖੇਲ ਪ੍ਰਿਥਮੀ ਆਕਾਸ਼, ਆਕਾਸ਼ ਆਕਾਸ਼ਾਂ ਆਪਣਾ ਪਰਦਾ ਲਾਹਿੰਦਾ । ਹਰਿ ਜੋਤੀ ਨੂਰ ਮੰਡਲ ਪਾਵੇ ਰਾਸ, ਬੇਪਰਵਾਹ ਨਾਚ ਨਚਾਇੰਦਾ । ਹਰਿ ਜੋਤੀ ਨੂਰ ਸਰਗੁਣ ਵਸੇ ਸਾਥ, ਨਿਰਗੁਣ ਆਪਣਾ ਖੇਲ ਕਰਾਇੰਦਾ । ਹਰਿ ਜੋਤੀ ਨੂਰ ਅਨਾਥਾਂ ਨਾਥ, ਨਾਥ ਅਨਾਥੀ ਫੇਰਾ ਪਾਇੰਦਾ । ਹਰਿ ਜੋਤੀ ਨੂਰ ਲੇਖਾ ਚੁਕਾਏ ਤਿਲਕ ਲਲਾਟ, ਲਲਾਟੀ ਆਪਣਾ ਭੇਵ ਚੁਕਾਇੰਦਾ । ਹਰਿ ਜੋਤੀ ਨੂਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੇ ਵਿਚੋਂ ਪਰਗਟਾਇੰਦਾ । ਹਰਿ ਜੋਤੀ ਨੂਰ ਨੂਰ ਨੁਰਾਨਾ, ਨੂਰੀ ਇਕੋ ਨਜ਼ਰੀ ਆਈਆ । ਹਰਿ ਜੋਤੀ ਨੂਰ ਸ੍ਰੀ ਭਗਵਾਨਾ, ਭਗਵਨ ਆਪਣਾ ਰੰਗ ਵਖਾਈਆ । ਹਰਿ ਜੋਤੀ ਨੂਰ ਦੋ ਜਹਾਨਾਂ, ਨਿਰਗੁਣ ਸਰਗੁਣ ਕਾਰ ਕਮਾਈਆ । ਹਰਿ ਜੋਤੀ ਨੂਰ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਪਹਿਰੇ ਬਾਣਾ, ਗੁਰ ਅਵਤਾਰ ਹੁਕਮ ਮਨਾਈਆ । ਹਰਿ ਜੋਤੀ ਨੂਰ ਘਟ ਘਟ ਅੰਤਰਯਾਮਾ, ਲੱਖ ਚੁਰਾਸੀ ਰਿਹਾ ਸਮਾਈਆ । ਹਰਿ ਜੋਤੀ ਨੂਰ ਨਾਮ ਨਿਧਾਨ ਸ਼ਬਦ ਅਗੰਮ ਮਾਰੇ ਤੀਰ ਨਿਸ਼ਾਨਾ, ਅਣਿਆਲਾ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਜੋਤ ਨੂਰ ਸਮਾਈਆ । ਹਰਿ ਜੋਤੀ ਨੂਰ ਭਗਤ ਭਗਵੰਤ, ਭਗਵਨ ਆਪਣੀ ਕਾਰੇ ਲਾਈਆ । ਹਰਿ ਜੋਤੀ ਨੂਰ ਜੀਵ ਜੰਤ, ਜਾਗਰਤ ਜੋਤ ਕਰੇ ਰੁਸ਼ਨਾਈਆ । ਹਰਿ ਜੋਤੀ ਨੂਰ ਆਤਮ ਪਰਮਾਤਮ ਮੇਲ ਮਿਲਾਵਾ ਨਾਰ ਕੰਤ, ਘਰ ਸਾਚੇ ਵੱਜੇ ਵਧਾਈਆ । ਹਰਿ ਜੋਤੀ ਨੂਰ ਆਦਿ ਜੁਗਾਦਿ ਸਾਚੀ ਸੰਗਤ, ਹਰਿ ਸਤਿਗੁਰ ਵੇਖ ਵਖਾਈਆ । ਹਰਿ ਜੋਤੀ ਨੂਰ ਲੇਖਾ ਜਾਣੇ ਜੇਰਜ ਅੰਡਜ, ਅੰਡਜ ਜੇਰਜ ਆਪਣੇ ਵਿਚ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੂਰ ਉਜਾਲਾ ਇਕ ਜਣਾਈਆ । ਹਰਿ ਜੋਤੀ ਨੂਰ ਸਦਾ ਉਜਾਗਰ, ਜੁਗ ਜੁਗ ਵੇਸ ਵਟਾਇੰਦਾ । ਹਰਿ ਜੋਤੀ ਨੂਰ ਸੱਚਾ ਸੌਦਾਗਰ, ਬਣ ਵਣਜਾਰਾ ਹੱਟ ਚਲਾਇੰਦਾ । ਹਰਿ ਜੋਤੀ ਨੂਰ ਕਰੀਮ ਕਾਦਰ, ਕੁਦਰਤ ਕਾਦਰ ਖੇਲ ਵਖਾਇੰਦਾ । ਹਰਿ ਜੋਤੀ ਨੂਰ ਰਾਗ ਦਾਊਦ ਦਾਦਰ, ਤਾਰ ਸਤਾਰ ਨਾ ਕੋਇ ਹਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਨੂਰ ਨੂਰ ਰੁਸ਼ਨਾਇੰਦਾ । ਜੋਤੀ ਨੂਰ ਨੂਰੀ ਧਾਰ, ਸੋ ਸਾਹਿਬ ਆਪ ਪਰਗਟਾਈਆ । ਕਲਜੁਗ ਅੰਤ ਖੇਲ ਅਪਾਰ, ਨਿਰਗੁਣ ਨੂਰ ਨੂਰ ਰੁਸ਼ਨਾਈਆ ।

ਨਿਰਗੁਣ ਜੋਤੀ ਕਰ ਪਸਾਰ, ਨਿਰਗੁਣ ਵੇਖੇ ਚਾਈਂ ਚਾਈਂਆ । ਨਿਰਗੁਣ ਭਗਤ ਵਛਲ ਗਿਰਧਾਰ, ਨਿਰਗੁਣ ਸੰਤ ਸਤਿ ਸਰੂਪ ਜਣਾਈਆ । ਨਿਰਗੁਣ ਗੁਰਮੁਖ ਖੋਲ੍ਹ ਕਿਵਾੜ, ਗੁਰਸਿਖਾਂ ਇਕੋ ਬੂਝ ਬੁਝਾਈਆ । ਨਿਰਗੁਣ ਜੋਤੀ ਸਰਬ ਪਸਾਰ, ਪਸਰ ਪਸਾਰੀ ਵਡ ਵਡਿਆਈਆ । ਕਲ ਕਲਕੀ ਲੈ ਅਵਤਾਰ, ਨਿਹਕਲੰਕਾ ਡੰਕ ਵਜਾਈਆ । ਨਿਰਗੁਣ ਜੋਤੀ ਜੋਤ ਨਿਮਸਕਾਰ, ਜੋਤੀ ਜਾਤਾ ਸੀਸ ਝੁਕਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਜੋਤੀ ਜੋਤ ਪਸਾਰ, ਬਿਨ ਜੋਤੀ ਜੋਤ ਕਰੇ ਰੁਸ਼ਨਾਈਆ ।

★ ੧੯ ਜੇਠ ੨੦੨੦ ਬਿਕ੍ਰਮੀ ਫੱਗਾ ਸਿੰਘ ਦੇ ਗ੍ਰਹਿ ਪਿੰਗਾਲੀ ਜੰਮੂ ★

ਜੋਤ ਕਹੇ ਮੈਂ ਨਿਰਮਲ ਜੋਤੀ, ਰੂਪ ਰੰਗ ਰੇਖ ਨਜ਼ਰ ਨਾ ਆਈਆ । ਆਦਿ ਜੁਗਾਦਿ ਨਿੱਕੀ ਨੱਢੀ ਛੋਟੀ, ਘਰ ਸਾਚੇ ਸੋਭਾ ਪਾਈਆ । ਸਭ ਦੀ ਚੜ੍ਹ ਕੇ ਬੈਠੀ ਚੋਟੀ, ਮੁਖ ਆਪਣਾ ਆਪ ਛੁਪਾਈਆ । ਲੱਭਦੇ ਫਿਰਦੇ ਕੋਟਨ ਕੋਟੀ, ਭਾਲਿਆਂ ਹੱਥ ਕਿਸੇ ਨਾ ਆਈਆ । ਕਾਇਆ ਮੰਦਰ ਅੰਦਰ ਘਰ ਘਰ ਬਣਾਈ ਆਪਣੀ ਕੋਠੀ, ਗ੍ਰਹਿ ਡੇਰਾ ਇਕ ਵਖਾਈਆ । ਬਿਨ ਆਲਸ ਨਿੰਦਰਾ ਰਹੀ ਸੋਤੀ, ਨੈਣ ਅੱਖ ਨਾ ਕੋਇ ਖੁਲ੍ਹਾਈਆ । ਮੇਰੀ ਸਿਫ਼ਤ ਅੰਦਰ ਲੱਗੇ ਰਹੇ ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਪੋਥੀ, ਪੁਸਤਕ ਆਪਣਾ ਰਾਗ ਅਲਾਈਆ । ਮੇਰੇ ਘਰ ਕੋਇ ਨਾ ਪਹੁੰਚੀ, ਦੂਰ ਦੁਰਾਡੇ ਢੋਲਾ ਗਾਈਆ । ਸਾਰੇ ਕਹਿਣ ਘਾਟੀ ਔਖੀ, ਔਝੜ ਰਾਹ ਰਹੇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਨੂਰ ਇਕ ਜਣਾਈਆ । ਜੋਤ ਕਹੇ ਮੈਂ ਜੋਤੀ ਅਗੰਮ, ਅਗੰਮੜੀ ਕਾਰ ਕਮਾਈਆ । ਮੇਰਾ ਭੇਵ ਹੱਥ ਨਾ ਆਇਆ ਕਿਸੇ ਕੰਮ, ਆਦਿ ਅੰਤ ਸਾਰ ਕਿਸੇ ਨਾ ਆਈਆ । ਸਾਰੇ ਕਹਿੰਦੇ ਗਏ ਧੰਨ ਧੰਨ, ਧੰਨ ਧੰਨ ਤੇਰੀ ਵਡਿਆਈਆ । ਸੇਵਾ ਕਰਦੇ ਰਹੇ ਸੂਰਜ ਚੰਨ, ਜੁਗ ਚੌਕੜੀ ਨੂਰ ਰੁਸ਼ਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਗਏ ਮੰਨ, ਮਨਸਾ ਇਕੋ ਧਿਆਨ ਲਗਾਈਆ । ਲੱਖ ਚੁਰਾਸੀ ਸਿਫ਼ਤ ਸੁਣਦੀ ਰਹੀ ਕੰਨ, ਸਰਵਣ ਇਕ ਧਿਆਨ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਖੇਲ ਇਕ ਰਚਾਈਆ । ਜੋਤ ਕਹੇ ਮੇਰੀ ਜੋਤ ਨਿਰਾਲੀ, ਘਰ ਸਾਚੇ ਸੋਭਾ ਪਾਈਆ । ਗਗਨ ਮੰਡਲ ਮੇਰੀ ਨਿੱਕੀ ਥਾਲੀ, ਇਸ਼ਾਰਿਆਂ ਉਤੇ ਨਚਾਈਆ । ਸਤਿ ਸਰੂਪ ਮੇਰਾ ਨਾਉਂ ਅਕਾਲੀ, ਅਕਲ ਕਲਾ ਅਖਵਾਈਆ । ਪਤ ਸ਼ਾਖ਼ ਨਾ ਕੋਈ ਡਾਲੀ, ਜੜ ਤਣਾ ਨਾ ਕੋਇ ਬਣਾਈਆ । ਛੱਪਰ ਛੰਨ ਨਾ ਕੋਇ ਛੁਹਾਲੀ, ਚਾਰ ਦੀਵਾਰ ਨਾ ਕੋਇ ਵਖਾਈਆ । ਇਕੋ ਵਸਾਂ ਸਚਖੰਡ ਸੱਚੀ ਧਰਮਸਾਲੀ, ਧਰਮ ਦਵਾਰੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਬਣਤ ਆਪ ਬਣਾਈਆ । ਜੋਤ ਕਹੇ ਮੇਰੀ ਨਿਰਗੁਣ ਜੋਤੀ, ਘਰ ਸਾਚੇ ਸੋਭਾ ਪਾਈਆ । ਖੇਲਾਂ ਖੇਲ ਲੋਕ ਪਰਲੋਕੀ, ਦੋ ਜਹਾਨ ਵੇਖ ਵਖਾਈਆ । ਨਾਮ ਜਣਾਵਾਂ ਸ਼ਬਦ ਸਲੋਕੀ, ਗੁਰ ਅਵਤਾਰ ਕਰ ਪੜ੍ਹਾਈਆ । ਲੱਖ ਚੁਰਾਸੀ ਪਦ ਦੇਵਾਂ ਮੋਖੀ, ਮੁਫ਼ਤ ਆਪਣਾ ਮੇਲ ਮਿਲਾਈਆ । ਬ੍ਰਹਿਮੰਡ ਖੰਡ ਰਖਾਵਾਂ ਓਟੀ, ਓਟ ਇਕੋ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਖੇਲ ਇਕ ਵਖਾਈਆ । ਜੋਤ ਕਹੇ ਮੇਰਾ ਜੋਤੀ ਰੰਗ, ਜ਼ਾਤ ਨਜ਼ਰ ਕਿਸੇ ਨਾ ਆਈਆ । ਸਾਹਿਬ ਸੱਜਣ ਸੁਹਾਏ ਸੇਜ ਪਲੰਘ, ਪਾਰਬ੍ਰਹਮ

ਬੇਪਰਵਾਹੀਆ । ਅੰਤਰ ਦੇਵੇ ਇਕ ਅਨੰਦ, ਬਾਹਰ ਸਾਰ ਕੋਇ ਨਾ ਆਈਆ । ਸਦ ਅਤੀਤਾ ਵਸੇ ਸੰਗ, ਪ੍ਰੀਤ ਇਕੋ ਇਕ ਲਗਾਈਆ । ਬੰਦੀਖ਼ਾਨਾ ਨਾ ਕੋਇ ਬੰਦ, ਬੰਧਨ ਅਵਰ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੋਤ ਜੋਤੀ ਦਏ ਵਡਿਆਈਆ । ਜੋਤ ਕਹੇ ਮੇਰੀ ਜੋਤੀ ਧਾਰ, ਆਦਿ ਨਿਰੰਜਣ ਵੰਡ ਵੰਡਾਈਆ । ਆਦਿ ਨਿਰੰਜਣ ਕਹੇ ਮੇਰਾ ਖੇਲ ਨਿਆਰ, ਜੋਤ ਨਿਰੰਜਣ ਸੇਵਾ ਲਾਈਆ । ਜੋਤ ਨਿਰੰਜਣ ਕਹੇ ਮੇਰਾ ਘਟ ਘਟ ਪਸਾਰ, ਲੱਖ ਚੁਰਾਸੀ ਸੋਭਾ ਪਾਈਆ । ਲੱਖ ਚੁਰਾਸੀ ਕਹੇ ਜੋਤੀ ਨੂਰ ਉਜਿਆਰ, ਘਰ ਘਰ ਕਰੇ ਰੁਸ਼ਨਾਈਆ । ਘਰ ਘਰ ਕਹੇ ਕਿਰਪਾ ਕਰੇ ਆਪ ਕਰਤਾਰ, ਹਰਿ ਕਰਤਾ ਬੇਪਰਵਾਹੀਆ । ਬੇਪਰਵਾਹ ਕਹੇ ਮੇਰਾ ਖੇਲ ਅਪਾਰ, ਖ਼ਾਲਕ ਰਿਹਾ ਜਣਾਈਆ । ਖ਼ਾਲਕ ਕਹੇ ਖ਼ਲਕ ਗੁਲਜ਼ਾਰ, ਲੋਕਮਾਤ ਗੁਲਸ਼ਨ ਇਕ ਲਗਾਈਆ । ਗੁਲਸ਼ਨ ਕਹੇ ਮੇਰੀ ਫੂਲ ਬਹਾਰ, ਗੁਰਮੁਖ ਬੂਟਾ ਇਕ ਉਪਜਾਈਆ । ਗੁਰਮੁਖ ਕਹੇ ਮੇਰੀ ਭਵਰ ਗੁੰਜਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੋਤੀ ਜੋਤ ਜੋਤ ਜਣਾਈਆ । ਜੋਤ ਕਹੇ ਮੇਰਾ ਜੋਤ ਪਸਾਰਾ, ਜੋਤੀ ਜੋਤ ਜੋਤ ਚਮਕਾਈਆ । ਆਦਿ ਅੰਤ ਨਾ ਪਾਰਾਵਾਰਾ, ਮਧ ਆਪਣਾ ਖੇਲ ਖਲਾਈਆ । ਸਾਧ ਸੰਤ ਨਿਉਂ ਨਿਉਂ ਕਰਨ ਨਿਮਸਕਾਰਾ, ਦਰ ਬੈਠਣ ਸੀਸ ਝੁਕਾਈਆ । ਭਗਤ ਭਗਵਾਨ ਬੋਲ ਜੈਕਾਰਾ, ਜੈ ਜੈਕਾਰ ਰਹੇ ਜਣਾਈਆ । ਗੁਰਮੁਖ ਗੁਰ ਗੁਰ ਮੰਗ ਦਵਾਰਾ, ਦਰ ਦਰਵੇਸ਼ ਫੇਰਾ ਪਾਈਆ । ਗੁਰਸਿਖ ਵੇਖਣ ਵਾਰੋ ਵਾਰਾ, ਨੇਤਰ ਨੈਣ ਨੈਣ ਉਠਾਈਆ । ਕਵਣ ਵੇਲਾ ਨਿਰਗੁਣ ਜੋਤ ਹੋਏ ਉਜਿਆਰਾ, ਜਗਤ ਅੰਧੇਰਾ ਅੰਧ ਮੁਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਭੇਵ ਅਭੇਦਾ ਦੱਸ ਕੇ ਗਏ ਸੰਸਾਰਾ, ਸ੍ਰਿਸ਼ਟ ਸਬਾਈ ਮਾਤ ਜਣਾਈਆ । ਕਲਜੁਗ ਅੰਤ ਨਿਹਕਲੰਕ ਲਏ ਅਵਤਾਰਾ, ਨਿਰਗੁਣ ਜੋਤ ਨੂਰ ਰੁਸ਼ਨਾਈਆ । ਜੋਤੀ ਜੋਤ ਜੋਤ ਪਸਾਰਾ, ਜ਼ਾਤ ਪਾਤ ਨਾ ਕੋਇ ਰਖਾਈਆ । ਏਕੋ ਓਟ ਹਰਿ ਨਿਰੰਕਾਰਾ, ਚੋਟ ਸਾਚੇ ਨਾਮ ਲਗਾਈਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਜੇਰਜ ਅੰਡਾਂ ਪਾਵੇ ਸਾਰਾ, ਮਹਾਂਸਾਰਥੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਿਨ ਜੋਤੀ ਜੋਤ ਕਰੇ ਰੁਸ਼ਨਾਈਆ । ਬਿਨ ਜੋਤੀ ਜੋਤ ਕਰੇ ਪਰਕਾਸ਼, ਕਲ ਕਲਕੀ ਫੇਰਾ ਪਾਇੰਦਾ । ਸਭ ਦੀ ਪੂਰੀ ਕਰੇ ਆਸ, ਜੁਗ ਚੌਕੜੀ ਜੋ ਜਨ ਧਿਆਨ ਲਗਾਇੰਦਾ । ਪੀਰ ਪੈਗ਼ੰਬਰਾਂ ਗੁਰ ਅਵਤਾਰਾਂ ਰੱਖੇ ਪਾਸ, ਪੁਸ਼ਤ ਆਪਣਾ ਹੱਥ ਟਿਕਾਇੰਦਾ । ਭਗਤ ਭਗਵਾਨ ਹੋਣ ਨਾ ਦੇਵੇ ਉਦਾਸ, ਜਗਤ ਉਦਾਸੀ ਦੂਰ ਕਰਾਇੰਦਾ । ਕਰੇ ਨਿਵਾਸ ਪਵਣ ਸਵਾਸ, ਸਾਹ ਸਾਹ ਆਪਣੀ ਕਾਰ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੋਤ ਰੰਗ ਇਕ ਵਖਾਇੰਦਾ । ਜੋਤ ਰੰਗ ਰੰਗ ਅਮੋਲਾ, ਅਮਲ ਵਿਚ ਕਿਸੇ ਨਾ ਆਈਆ । ਨਾ ਕਾਇਆ ਨਾ ਦਿਸੇ ਚੋਲਾ, ਚੋਲੀ ਤਨ ਨਾ ਕੋਇ ਹੰਡਾਈਆ । ਨਾ ਕਹਾਰ ਕੋਈ ਚੁਕੇ ਡੋਲਾ, ਪਾਂਧੀ ਪੰਧ ਨਾ ਕੋਇ ਮੁਕਾਈਆ । ਨਾ ਪਰਦਾ ਨਾ ਕੋਈ ਉਹਲਾ, ਮੁਖ ਘੁੰਗਟ ਨਾ ਕੋਇ ਰਖਾਈਆ । ਨਾ ਸ਼ਬਦ ਨਾ ਕੋਈ ਢੋਲਾ, ਰਾਗ ਨਾਦ ਨਾ ਕੋਇ ਜਣਾਈਆ । ਸੌਹਰੇ ਪੇਈਏ ਨਾ ਕੋਇ ਵਿਚੋਲਾ, ਲਾਗੀਂ ਨਜ਼ਰ ਕੋਇ ਨਾ ਆਈਆ । ਡੂਮ ਨਾਈ ਨਾ ਪਾਏ ਕੋਈ ਰੌਲਾ, ਉਚੀ ਕੂਕ ਨਾ ਕੋਇ ਸੁਣਾਈਆ । ਕਰੇ ਖੇਲ ਪ੍ਰਭ ਸਾਚਾ ਮੌਲਾ, ਨਿਰਗੁਣ ਜੋਤ ਨੂਰ ਰੁਸ਼ਨਾਈਆ । ਭਗਤ ਭਗਵਾਨ ਗਾਏ ਢੋਲਾ, ਢੋਲਕ ਛੈਣਾ ਨਾ ਕੋਇ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਜੋਤ ਦਏ ਵਡਿਆਈਆ । ਜੋਤ ਜੋਤੀ ਵਡ ਪਿਆਰ, ਸੋ ਸਾਹਿਬ ਆਪ ਜਣਾਇੰਦਾ । ਜੋਤੀ ਕਹੇ ਮੇਰਾ ਲੱਖ

੬੧੨
੧੪

ਚੁਰਾਸੀ ਅਧਾਰ, ਜੋਤ ਕਹੇ ਮੇਰਾ ਖੇਲ ਨਜ਼ਰ ਕਿਸੇ ਨਾ ਆਇੰਦਾ । ਜੋਤੀ ਕਹੇ ਮੇਰਾ ਆਤਮ ਪਰਮਾਤਮ ਨਾਤਾ ਵਿਚ ਸੰਸਾਰ, ਜੋਤ ਕਹੇ ਮੇਰਾ ਅਥਾਹ ਨੂਰ ਦੋ ਜਹਾਨਾਂ ਰਾਹ ਚਲਾਇੰਦਾ । ਜੋਤੀ ਕਹੇ ਮੇਰਾ ਕਾਇਆ ਮੰਦਰ ਅੰਦਰ ਇਕ ਦਵਾਰ, ਦੀਵਾ ਬਾਤੀ ਨਜ਼ਰ ਕੋਇ ਨਾ ਆਇੰਦਾ । ਜੋਤ ਕਹੇ ਬ੍ਰਹਿਮੰਡ ਖੰਡ ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਨੂਰ ਮੇਰਾ ਪਸਾਰ, ਬੇਅੰਤ ਅਥਾਹ ਆਪਣਾ ਰੰਗ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਕਰਾਇੰਦਾ । ਜੋਤੀ ਕਹੇ ਮੈਂ ਭਗਤਾਂ ਦਾਸੀ, ਜੁਗ ਜੁਗ ਸਾਚੀ ਸੇਵ ਕਮਾਈਆ । ਜੋਤ ਕਹੇ ਮੈਂ ਪੁਰਖ ਅਬਿਨਾਸ਼ੀ, ਆਪਣਾ ਹੁਕਮ ਵਰਤਾਈਆ । ਜੋਤੀ ਕਹੇ ਮੈਂ ਸੱਜਣ ਸਾਥੀ, ਗੁਰਮੁਖਾਂ ਸੰਗ ਨਿਭਾਈਆ । ਜੋਤ ਕਹੇ ਮੈਂ ਪੁਰਖ ਸਮਰਾਥੀ, ਜੋਤੀ ਕਹੇ ਮੈਂ ਘਰ ਘਰ ਦੇਵਾਂ ਦਾਤੀ, ਹਰਿਜਨ ਸਾਚੇ ਮਾਤ ਜਗਾਈਆ । ਜੋਤ ਕਹੇ ਮੇਰੀ ਆਦਿ ਜੁਗਾਦਿ ਰਹੇ ਇਕ ਪਰਭਾਤੀ, ਰੈਣ ਰੂਪ ਨਾ ਕੋਇ ਵਟਾਈਆ । ਜੋਤੀ ਕਹੇ ਮੈਂ ਗੁਰਮੁਖਾਂ ਸਚ ਬੰਧਾਵਾਂ ਨਾਤੀ, ਨਾਤਾ ਆਪਣੇ ਨਾਲ ਜੁੜਾਈਆ । ਜੋਤ ਕਹੇ ਮੇਰਾ ਖੇਲ ਇਕਾਂਤੀ, ਇਕ ਇਕੱਲਾ ਆਪਣੀ ਕਾਰ ਕਮਾਈਆ । ਜੋਤੀ ਕਹੇ ਮੈਂ ਭਗਤ ਬਣਾਵਾਂ ਇਕ ਜਮਾਤੀ, ਜ਼ਾਮਨ ਆਪਣਾ ਆਪ ਕਰਾਈਆ । ਜੋਤ ਕਹੇ ਮੈਂ ਕਰਾਂ ਬੰਦ ਖ਼ੁਲਾਸੀ, ਜੋ ਤੇਰਾ ਸੰਗ ਨਿਭਾਈਆ । ਜੋਤੀ ਕਹੇ ਕਲਜੁਗ ਅੰਤਮ ਵੇਖ ਹਰਿ ਰਘੁਨਾਥੀ, ਰਘਪਤ ਆਪਣਾ ਫੇਰਾ ਪਾਈਆ । ਸਾਚੇ ਭਗਤ ਵਿਚ ਤੇਰੇ ਜਗਤ ਤੇਰਾ ਨਾਉਂ ਧਿਆਵਣ ਸਵਾਸ ਸਵਾਸੀ, ਸੋਹੰ ਢੋਲਾ ਇਕੋ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਹੋ ਕੇ ਬਣ ਸਾਕੀ, ਖੋਲ੍ਹ ਮੇਰੀ ਤਾਕੀ, ਤਾਕਤਵਰ ਆਪਣੀ ਤਾਕਤ ਗੁਰਮੁਖਾਂ ਝੋਲੀ ਪਾਈਆ ।

## ★ ੧੬ ਜੇਠ ੨੦੨੦ ਬਿਕ੍ਰਮੀ ਚੂਹੜ ਸਿੰਘ ਦੇ ਗ੍ਰਿਹ ਪਿੰਗਾਲੀ ਜੰਮੂ ★

ਜੋਤ ਨਿਰੰਜਣ ਨਿੱਕੀ ਬੱਚੀ, ਲੱਖ ਚੁਰਾਸੀ ਅੰਦਰ ਟਿਕਾਈਆ । ਪਰੇਮ ਪਿਆਰ ਅੰਦਰ ਰਤੀ, ਰਤੀ ਰਤ ਨਾ ਕੋਇ ਰਖਾਈਆ । ਕਰੇ ਪਰਕਾਸ਼ ਬਿਨ ਤੇਲ ਬੱਤੀ, ਦੀਪਕ ਇਕੋ ਇਕ ਜਗਾਈਆ । ਆਦਿ ਜੁਗਾਦਿ ਜੁਗ ਚੌਕੜੀ ਨਾ ਠੰਡੀ ਨਾ ਤੱਤੀ, ਸਦ ਇਕੋ ਰੰਗ ਸਮਾਈਆ । ਨੇਤਰ ਧਿਆਨ ਲਗਾਏ ਕਮਲਾਪਤੀ, ਪਤਿਪਰਮੇਸ਼ਵਰ ਰਾਹ ਤਕਾਈਆ । ਸਚ ਮਹੱਲੇ ਬੈਠੀ ਰਹੇ ਸਤੀ, ਦੂਜਾ ਨੈਣ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੋਤ ਨਿਰੰਜਣ ਦਏ ਵਡਿਆਈਆ । ਜੋਤ ਨਿਰੰਜਣ ਨਿੱਕੀ ਬਾਲੀ, ਬਾਲਕ ਰੂਪ ਸਿਖਾਈਆ । ਕਾਇਆ ਮੰਦਰ ਅੰਦਰ ਆਪ ਬਹਾਲੀ, ਘਰ ਘਰ ਵਿਚ ਘਰ ਬੈਠਾਈਆ । ਆਤਮ ਪਰਮਾਤਮ ਕਰਦੀ ਰਹੇ ਦਲਾਲੀ, ਸਚ ਸਾਚੀ ਸੇਵ ਕਮਾਈਆ । ਆਪਣੇ ਹੱਥ ਵਖਾਏ ਖਾਲੀ, ਪ੍ਰਭ ਅੱਗੇ ਝੋਲੀ ਡਾਹੀਆ । ਮੈਂ ਛਾਪ ਤੇਰੀ ਡਾਲੀ, ਤੇਰੇ ਨਾਲ ਪ੍ਰਭੂ ਮਹਿਕਾਈਆ । ਤੂੰ ਧੁਰਦਰਗਾਹੀ ਮਾਲੀ, ਦਰਗਹਿ ਸਾਚੀ ਸੋਭਾ ਪਾਈਆ । ਤੇਰੇ ਦਰ ਸਦਾ ਸਵਾਲੀ, ਇਕੋ ਮੰਗ ਮੰਗਾਈਆ । ਬਿਰਹੋਂ ਵਿਛੋੜੇ ਹੋਈ ਬੇਹਾਲੀ, ਬੇਹਬਲ ਰੋਵੇ ਮਾਰੇ ਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਵਣ ਵੇਲਾ ਕਰੇ ਸੰਭਾਲੀ, ਸੰਬਲ ਆਪਣਾ ਚਰਨ ਟਿਕਾਈਆ । ਜੋਤ

ਨਿਰੰਜਣ ਨਿੱਕੀ ਨੱਢੀ, ਨੰਨ੍ਹੀ ਨੰਨ੍ਹੀ ਸੇਵਾ ਲਾਈਆ । ਆਪਣੀ ਧਾਰੋਂ ਆਪੇ ਕੱਢੀ, ਮਾਤ ਪਿਤ ਨਾ ਕੋਇ ਬਣਾਈਆ । ਹੁਕਮੇ ਅੰਦਰ ਸਦਾ ਬੱਧੀ, ਬਣ ਸੇਵਕ ਸੇਵ ਕਮਾਈਆ । ਪੰਜ ਤੱਤ ਅੰਦਰ ਮਿਲੀ ਗੱਦੀ, ਸਿੰਘਾਸਣ ਇਕੋ ਇਕ ਸਹਾਈਆ । ਕਰ ਪਰਕਾਸ਼ ਬਹਿ ਕੇ ਸਜੀ, ਨਿਰਗੁਣ ਨੂਰ ਕਰ ਰੁਸ਼ਨਾਈਆ । ਪ੍ਰਭ ਮਿਲਣ ਨੂੰ ਫਿਰੇ ਭੱਜੀ, ਦਹਿ ਦਿਸ਼ਾ ਵੇਖ ਵਖਾਈਆ । ਦਰਸ ਕਰ ਅਜੇ ਨਾ ਰੱਜੀ, ਸਤਿ ਪਿਆਸ ਨਾ ਕੋਇ ਮਿਟਾਈਆ । ਮੈਂ ਨਿਉਂ ਨਿਉਂ ਲਾਗਾਂ ਪੱਗੀ, ਪ੍ਰਭ ਚਰਨ ਪੜੇ ਸਰਨਾਈਆ । ਮੈਂ ਵਸਾਂ ਡੂੰਘੀ ਖੱਡੀ, ਭਵਰੀ ਆਪਣਾ ਮੁਖ ਛੁਪਾਈਆ । ਨਾ ਪੱਸਲੀ ਨਾ ਕੋਈ ਹੱਡੀ, ਤੱਤ ਰੂਪ ਨਾ ਕੋਇ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਜੋਤ ਨਿਰੰਜਣ ਵੱਡ ਨੀਕਣ ਨੀਕੀ, ਨਰ ਹਰਿ ਨਰਾਇਣ ਆਪ ਬਣਾਇੰਦਾ । ਪਾਵੇ ਸਾਰ ਜੀਵਣ ਜੀ ਕੀ, ਜੀਵ ਜੁਗਤ ਆਪ ਜਣਾਇੰਦਾ । ਲੇਖਾ ਜਾਣੇ ਸਾਢੇ ਤਿੰਨ ਹੱਥ ਸਿਉਂ ਸੀਆਂ ਕੀ, ਸੀਆ ਧਰਨੀ ਵੰਡ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਖਲਾਇੰਦਾ । ਜੋਤ ਨਿਰੰਜਣ ਕਹੇ ਮੈਂ ਨਿੱਕੀ ਵੱਡ ਬਲਵਾਨ, ਬਲ ਤੇਰੇ ਨਾਲ ਮਿਲਾਈਆ । ਤੂੰ ਬਣਿਆ ਮੇਰਾ ਕਾਹਨ, ਮੈਂ ਗੋਪੀ ਰੂਪ ਜਣਾਈਆ । ਮੇਰਾ ਮੇਲ ਹੋਇਆ ਨਾਲ ਭਗਵਾਨ, ਭਗਵਨ ਰੂਪ ਸਮਾਈਆ । ਮੇਰਾ ਮੰਦਰ ਸੋਹੇ ਮਕਾਨ, ਘਰ ਸਾਚੇ ਹੋਏ ਰੁਸ਼ਨਾਈਆ । ਮੇਰੀ ਆਸਾ ਵਡ ਬਲਵਾਨ, ਨਿਰਾਸਾ ਰੂਪ ਨਾ ਕੋਇ ਰਖਾਈਆ । ਪਰਮ ਪੁਰਖ ਪਤਿਪਰਮੇਸ਼ਵਰ ਜਿਸ ਵੇਲੇ ਮਿਲੇ ਆਣ, ਮੇਰਾ ਦੁੱਖ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਮੇਰਾ ਸੰਗ ਰਖਾਈਆ । ਜੋਤ ਨਿਰੰਜਣ ਕਹੇ ਮੈਂ ਰੱਖੀ ਉਡੀਕ, ਨਿਤ ਤੇਰਾ ਧਿਆਨ ਲਗਾਈਆ । ਆਦਿ ਜੁਗਾਦਿ ਭੁੱਲੀ ਨਾ ਤੇਰੀ ਰੀਤ, ਦੂਜਾ ਕੰਤ ਨਾ ਕੋਇ ਹੰਡਾਈਆ । ਨਾਤਾ ਛੱਡ ਕੇ ਮੰਦਰ ਮਸੀਤ, ਜਨ ਭਗਤਾਂ ਅੰਦਰ ਸੋਭਾ ਪਾਈਆ । ਆ ਮਿਲ ਮੇਰੇ ਜਗਦੀਸ, ਜਗਦੀਸਰ ਤੇਰਾ ਧਿਆਨ ਲਗਾਈਆ । ਤੇਰਾ ਕੌਲ ਬੀਸ ਬੀਸ, ਇਕਰਾਰ ਨੇੜੇ ਰਿਹਾ ਆਈਆ । ਮੈਂ ਵੇਖਾਂ ਛਤਰ ਝੁਲਦਾ ਸੀਸ, ਸਚਖੰਡ ਸਾਚੇ ਵੱਜੇ ਵਧਾਈਆ । ਤੇਰਾ ਕਲਮਾ ਇਕ ਹਦੀਸ, ਤੇਰਾ ਨਾਉਂ ਸਿਫ਼ਤ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਆਪਣਾ ਫੇਰਾ ਪਾਈਆ । ਜੋਤ ਨਿਰੰਜਣ ਕਹੇ ਮੇਰੀ ਰਹੀ ਨਾ ਬਾਲੀ ਬੁੱਧ, ਬੁਧ ਆਪਣੀ ਰਹੀ ਜਣਾਈਆ । ਪ੍ਰਭ ਤੇਰੇ ਮਿਲਣ ਦੀ ਆਈ ਸੁਧ, ਦੂਜੀ ਸੁਧ ਨਾ ਕੋਇ ਰਖਾਈਆ । ਸਚ ਪ੍ਰੀਤੀ ਗਈ ਲੁਝ, ਆਪ ਆਪਣਾ ਮੇਟ ਮਿਟਾਈਆ । ਮੇਰਾ ਮੁਝੇ ਨਾ ਦਿਸੇ ਕੁਝ, ਜੋ ਦੀਸੇ ਸੋ ਤੇਰੀ ਝੋਲੀ ਪਾਈਆ । ਕੋਝੀ ਕਮਲੀ ਆ ਕੇ ਪੁਛ, ਬੇਪਰਵਾਹ ਤੇਰੀ ਸਰਨਾਈਆ । ਮੈਂ ਸਜਦਾ ਕਰਾਂ ਝੁਕ, ਤੇਰੇ ਨਿਉਂ ਨਿਉਂ ਲਾਗਾਂ ਪਾਈਆ । ਅੰਤਮ ਪੈਂਡਾ ਜਾਏ ਮੁੱਕ, ਘਰ ਤੇਰੇ ਵੱਜੇ ਵਧਾਈਆ । ਤੂੰ ਅੰਗਣ ਲੈਣਾ ਚੁੱਕ, ਮਿਹਰ ਨਜ਼ਰ ਉਠਾਈਆ । ਮੇਰੀ ਤ੍ਰਿਸਨਾ ਮਿਟੇ ਭੁੱਖ, ਸਾਂਤਕ ਸਤਿ ਸਤਿ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਆਸਾ ਪੂਰ ਵਖਾਈਆ । ਜੋਤ ਨਿਰੰਜਣ ਕਹੇ ਮੈਂ ਨਾ ਨੱਢੀ ਨਾ ਬਾਲੀ, ਬਲ ਆਪਣਾ ਰਹੀ ਜਣਾਈਆ । ਤੇਰੀ ਖੇਲ ਪ੍ਰਭੂ ਨਿਰਾਲੀ, ਬਿਨ ਮੇਰੇ ਨਜ਼ਰ ਕਿਸੇ ਨਾ ਆਈਆ । ਤੇਰੇ ਨਾਮ ਦੀ ਰੋਸ਼ਨ ਕਰਾਂ ਮੈਂ ਦੀਵਾਲੀ, ਘਰ ਘਰ ਦੀਪਕ ਇਕ ਜਗਾਈਆ । ਤੇਰਾ ਮੰਦਰ ਸੁਹਾਵਾਂ ਸੱਚੀ ਧਰਮਸਾਲੀ, ਕਾਇਆ ਬੰਕ ਦਿਆਂ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਜੋਤ ਨਿਰੰਜਣ ਤੇਰਾ ਅੰਜਣ ਨੇਤਰ ਨੈਣਾਂ ਪਾਈਆ ।


੬੧੪ ੧੪

੬੧੫ ੧੪

ਜੋਤ ਨਿਰੰਜਣ ਕਰ ਧਿਆਨ, ਹਰਿ ਕਰਤਾ ਆਪ ਸਮਝਾਇੰਦਾ । ਤੂੰ ਮੇਰੀ ਮੈਂ ਤੇਰਾ ਭਗਵਾਨ, ਭਗਵਨ ਆਪਣਾ ਖੇਲ ਖਲਾਇੰਦਾ । ਕਲਜੁਗ ਅੰਤ ਕਰਾਂ ਪਰਵਾਨ, ਆਪ ਆਪਣੇ ਖਾਤੇ ਵਿਚ ਰਖਾਇੰਦਾ । ਤੇਰਾ ਨੂਰ ਭਗਤ ਨਿਸ਼ਾਨ, ਲੋਕਮਾਤ ਆਪ ਝੁਲਾਇੰਦਾ । ਘਰ ਘਰ ਆ ਕੇ ਦੇਵਾਂ ਦਾਨ, ਦਰ ਦਰ ਆਪਣੀ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਲੇਖਾ ਲੇਖੇ ਲਾਇੰਦਾ । ਜੋਤ ਨਿਰੰਜਣ ਕਹੇ ਜਦ ਆਵੇਂਗਾ । ਸ੍ਰੀ ਭਗਵਾਨ ਫੇਰਾ ਪਾਵੇਂਗਾ । ਜਨ ਭਗਤ ਮਾਤ ਉਠਾਵੇਂਗਾ । ਮੇਰਾ ਵੇਲਾ ਵਕਤ ਸੁਹਾਵੇਂਗਾ । ਫ਼ਕਤ ਆਪਣਾ ਰੰਗ ਰੰਗਾਵੇਂਗਾ । ਜਗਤ ਨਾਤਾ ਤੋੜ ਤੁੜਾਵੇਂਗਾ । ਬਿਧਾਤਾ ਇਕੋ ਇਕ ਅਖਵਾਵੇਂਗਾ । ਸਾਕਾ ਆਪਣਾ ਨਾਮ ਬਣਾਵੇਂਗਾ । ਫ਼ਾਕਾ ਵਿਛੋੜਾ ਦੁੱਖ ਮਿਟਾਵੇਂਗਾ । ਤਾਕਾ ਆਪਣੇ ਘਰ ਖੁਲ੍ਹਾਵੇਂਗਾ । ਆਕਾ ਇਕੋ ਨਜ਼ਰੀ ਆਵੇਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਮੇਲ ਮਿਲਾਵੇਂਗਾ । ਜੋਤ ਨਿਰੰਜਣ ਤੇਰਾ ਭਗਤੀ ਮੇਲਾ, ਭਗਵਨ ਦਏ ਵਡਿਆਈਆ । ਸਚ ਮਿਲਣ ਦਾ ਆਇਆ ਵੇਲਾ, ਸੋ ਸਾਹਿਬ ਰਿਹਾ ਮਿਲਾਈਆ । ਲੇਖਾ ਚੁਕੇ ਗੁਰੂ ਗੁਰ ਚੇਲਾ, ਗੁਰ ਚੇਲਾ ਆਪਣੀ ਧਾਰ ਵਖਾਈਆ । ਆਦਿ ਨਿਰੰਜਣ ਬਣ ਸੁਹੇਲਾ, ਜੋਤ ਨਿਰੰਜਣ ਲਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਵਛੋੜਾ ਰਿਹਾ ਮਿਟਾਈਆ । ਕਵਣ ਵੇਲਾ ਵਛੋੜਾ ਮਿਟਾਏਂਗਾ । ਆਪਣੀ ਜੋਤੀ ਜੋਤ ਮਿਲਾਏਂਗਾ । ਔਖੀ ਘਾਟੀ ਪਾਰ ਕਰਾਏਂਗਾ । ਦੂਰ ਵਾਟੀ ਨੇੜ ਵਖਾਏਂਗਾ । ਕਾਇਆ ਮਾਟੀ ਮੋਹ ਚੁਕਾਏਂਗਾ । ਰੈਣ ਅੰਧੇਰੀ ਰਾਤੀ ਪੰਧ ਮੁਕਾਏਂਗਾ । ਅੰਮ੍ਰਿਤ ਬੂੰਦ ਸਵਾਂਤੀ ਜਾਮ ਪਿਆਏਂਗਾ । ਇਕ ਇਕਾਂਤੀ ਨਜ਼ਰੀ ਆਏਂਗਾ । ਬਣ ਸਾਥੀ ਸੰਗ ਨਿਭਾਏਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਬਿਨਾਸ਼ੀ ਅਬਿਨਾਸ਼ੀ ਪਦ ਵਖਾਏਂਗਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦ ਬਲ ਬਲ ਜਾਸੀ, ਜਿਸ ਬਾਲਿਆ ਦੀਪਕ ਸੋ ਦੀਪਕ ਬਲਦਾ ਆਪਣੇ ਵਿਚ ਟਿਕਾਈਆ ।

ਮਿਟੇ ਰੋਗ ਸਿਰ ਦਰਦ, ਸ੍ਰੀ ਭਗਵਾਨ ਦਇਆ ਕਮਾਈਆ । ਨਜ਼ਰ ਨਾ ਆਏ ਕੋਈ ਮੁਰਦਾ ਮਰਦ, ਮਰਦ ਮਰਦਾਨਾ ਹੋਏ ਸਹਾਈਆ । ਦਰ ਦਵਾਰ ਮਨਜ਼ੂਰ ਅਰਜ਼, ਅਜਲ ਨੇੜ ਨਾ ਆਵੇ ਰਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਕਰੇ ਪੂਰਾ ਫ਼ਰਜ਼, ਫ਼ਜ਼ਲ ਰਹਿਮਤ ਰਹਿਮ ਕਮਾਈਆ ।

## ★ ੧੬ ਜੇਠ ੨੦੨੦ ਬਿਕ੍ਰਮੀ ਹਰਨਾਮੋ ਦੇਵੀ ਦੇ ਗ੍ਰਿਹ ਥਿੰਗਾਲੀ ਜੰਮੂ ★

ਜੋਤ ਨਿਰੰਜਣ ਕਹੇ ਮੈਂ ਨਿੱਕੀ ਕੰਨਿਆ, ਸੋ ਤੇਰਾ ਧਿਆਨ ਲਗਾਈਆ । ਪਾਰਬ੍ਰਹਮ ਪ੍ਰਭ ਸ਼ਾਹੋ ਮੰਨਿਆ, ਸ਼ਹਿਨਸ਼ਾਹ ਹੋਏ ਸਹਾਈਆ । ਦੇਵੇ ਨਾਮ ਸੱਚਾ ਧਨ ਧਨਿਆ, ਦੁੱਖ ਭੁੱਖ ਰਹੇ ਨਾ ਰਾਈਆ । ਕੂੜ ਕੁੜਿਆਰਾ ਭਾਂਡਾ ਭੰਨਿਆ, ਭਰਮ ਗੜ੍ਹ ਤੁੜਾਈਆ । ਕਰੇ ਵਸੇਰਾ ਵਿਚ ਛੱਪਰ ਛੰਨਿਆ, ਮੰਦਰ ਮਹੱਲ ਤਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਆਪਣਾ

ਹੱਥ ਟਿਕਾਈਆ । ਸਿਰ ਹੱਥ ਰੱਖੇ ਭਗਵਾਨ, ਭਗਵਨ ਆਪਣੀ ਦਇਆ ਕਮਾਇੰਦਾ । ਬਾਲੀ ਬੁਧ ਕਰੇ ਪਰਵਾਨ, ਸੁਧ ਆਪਣੀ ਆਪ ਜਣਾਇੰਦਾ । ਹਰਿ ਸੰਗਤ ਮੇਲਾ ਵਿਚ ਜਹਾਨ, ਦਰ ਰੰਗਤ ਇਕ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਿਰਖ ਕੀਮਤ ਕਰਤਾ ਆਪਣੇ ਘਰ ਪਾਇੰਦਾ ।

★ ੧੯ ਜੇਠ ੨੦੨੦ ਬਿਕ੍ਰਮੀ ਕਰਮ ਸਿੰਘ ਦੇ ਗ੍ਰਿਹ ਧਿੰਗਾਲੀ ਜੰਮੂ ★

ਜੋਤ ਨਿਰੰਜਣ ਕਹੇ ਮੇਰੇ ਭਾਗ ਮਥਨ, ਮਿਥਿਆ ਦਿਸੇ ਲੋਕਾਈਆ । ਮਿਲਿਆ ਮੇਲ ਸ੍ਰੀ ਭਗਵਨ, ਭਾਵਨਾ ਮੇਰੀ ਪੂਰ ਕਰਾਈਆ । ਦਸਤਗੀਰ ਫੜਾਇਆ ਦਾਮਨ, ਪੱਲੂ ਆਪਣੇ ਨਾਲ ਬੰਧਾਈਆ । ਆਦਿ ਨਿਰੰਜਣ ਬਣਿਆ ਜ਼ਾਮਨ, ਸਾਚੀ ਜ਼ਾਮਨੀ ਆਪ ਦਿਵਾਈਆ । ਕਰ ਪਰਕਾਸ਼ ਆਮ੍ਹਣੇ ਸਾਮਣ, ਸਮਾਂ ਸੁਹੰਜਣਾ ਦਏ ਸੁਹਾਈਆ । ਪੂਰਾ ਕਰੇ ਮੇਰਾ ਕਾਮਨ, ਆਸਾ ਤ੍ਰਿਸਨਾ ਰਹਿਣ ਨਾ ਪਾਈਆ । ਬ੍ਰਹਮ ਭੇਵ ਨਾ ਪਾਇਆ ਬ੍ਰਾਹਮਣ, ਬ੍ਰਾਹਮਣੀ ਸਾਰ ਕੋਇ ਨਾ ਆਈਆ । ਗੁਰਮੁਖ ਸਾਚਾ ਨਹਾਵਣ, ਪ੍ਰਭ ਚਰਨ ਧੂੜ ਸਰਨਾਈਆ । ਨਾਮ ਇਕੋ ਇਕ ਧਿਆਵਣ, ਬੇਪਰਵਾਹ ਧਿਆਨ ਲਗਾਈਆ । ਰਾਗ ਇਕੋ ਇਕ ਸੁਣਾਵਣ, ਸੋਹਲਾ ਸਤਿਗੁਰ ਅਲਾਈਆ । ਘਰ ਚਲ ਕੇ ਆਵੇ ਰਾਮਨ, ਰਾਮ ਰਾਮਾ ਰੂਪ ਵਟਾਈਆ । ਜਿਸ ਦਇਆ ਕਮਾਈ ਪਰਲਾਦ ਭੇਵ ਚੁਕਾਇਆ ਅਗਨੀ ਥਾਮਨ, ਤਪਸ਼ ਤੱਤ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਪੂਰੀ ਆਸ ਕਰਾਈਆ । ਜੋਤ ਨਿਰੰਜਣ ਕਹੇ ਮੋਹੇ ਚਾਉ ਘਨੇਰਾ, ਹਰਿ ਘਨੱਯਾ ਨਜ਼ਰੀ ਆਈਆ । ਗ੍ਰਿਹ ਮੰਦਰ ਲਾਇਆ ਆਪਣਾ ਡੇਰਾ, ਘਰ ਸਾਚੇ ਸੋਭਾ ਪਾਈਆ । ਸਾਚੀ ਨਗਰੀ ਵਸਿਆ ਖੇੜਾ, ਗੋਕਲ ਬਿੰਦਰਾਬਨ, ਨੈਣ ਸ਼ਰਮਾਈਆ । ਸੀਸ ਤਾਜ ਜਗਦੀਸ ਫੇਰਾ, ਫ਼ਿਰਕਾ ਸਭ ਦਾ ਰਿਹਾ ਬਦਲਾਈਆ । ਕੂੜੀ ਕਿਰਿਆ ਚੁਕਾਏ ਝੇੜਾ, ਝਗੜਾ ਕੋਇ ਰਹਿਣ ਨਾ ਪਾਈਆ । ਗੁਰਮੁਖ ਕਹੇ ਮੇਰਾ ਮੇਰਾ, ਮੈਂ ਮੇਰੀ ਵਿਚੋਂ ਗਵਾਈਆ । ਨਿਰਗੁਣ ਨਜ਼ਰੀ ਆਏ ਸ਼ੇਰਾ, ਸਿੰਘ ਆਪਣਾ ਬਲ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੋਤ ਨਿਰੰਜਣ ਸਦਾ ਸਹਾਈਆ । ਜੋਤ ਨਿਰੰਜਣ ਕਹੇ ਪ੍ਰਭ ਮਿਲਿਆ ਮਾਹੀ, ਮਹੱਲ ਅਟੱਲ ਦਇਆ ਕਮਾਈਆ । ਪਾਂਧੀ ਬਣਿਆ ਨਿਰਗੁਣ ਰਾਹੀ, ਨਿਰਵੈਰ ਆਪਣਾ ਰਾਹ ਤਕਾਈਆ । ਕੂੜੀ ਬਦਲਣ ਆਇਆ ਸ਼ਾਹੀ, ਸ਼ਹਿਨਸ਼ਾਹ ਇਕੋ ਹੁਕਮ ਵਰਤਾਈਆ । ਪੰਜ ਤੱਤ ਕੱਟਣ ਆਇਆ ਫਾਹੀ, ਜਨ ਭਗਤਾਂ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੋਤ ਨਿਰੰਜਣ ਵੇਖ ਵਖਾਈਆ । ਜੋਤ ਨਿਰੰਜਣ ਕਹੇ ਮੇਰੀ ਮਨਸਾ ਪੂਰ, ਮਾਣਸ ਰੂਪ ਮਿਲੇ ਵਡਿਆਈਆ । ਮਾਨੁਖ ਦਿਸੇ ਹਾਜ਼ਰ ਹਜ਼ੂਰ, ਘਰ ਸਾਚਾ ਬੇਪਰਵਾਹੀਆ । ਮਾਣਸ ਤੇਰੇ ਚਰਨ ਹੋਵੇ ਮਸ਼ਕੂਰ, ਮੁਸ਼ਕਲ ਨਜ਼ਰ ਕੋਇ ਨਾ ਆਈਆ । ਦੇ ਦਰਸ ਸਾਹਿਬ ਜ਼ਰੂਰ, ਜ਼ਾਹਰ ਆਪਣਾ ਰੂਪ ਦਰਸਾਈਆ । ਤੂੰ ਸਰਬ ਕਲਾ ਭਰਪੂਰ, ਭਰਪੂਰ ਰਿਹਾ ਸਰਬ ਠਾਈਆ । ਮੇਰਾ ਬਖ਼ਸ਼ ਅਗਲਾ ਪਿਛਲਾ ਕਸੂਰ, ਕਸਮ ਖਾ ਕੇ ਵਾਸਤਾ ਪਾਈਆ । ਮਾਣ ਤਾਣ ਨਾ ਰਿਹਾ ਗ਼ੁਰੂਰ, ਗ਼ੁਰਬਤ ਰੂਪ ਨਾ ਕੋਇ ਵਟਾਈਆ । ਕਲਜੁਗ ਅੰਤ ਹੋਈ ਮਜਬੂਰ, ਜੋਤ ਨਿਰੰਜਣ ਦਏ ਦੁਹਾਈਆ । ਬਿਨ ਤੇਰੇ ਨਾਮ ਸਚ ਨਾ ਆਏ ਕੋਈ ਸਰੂਰ, ਕੂੜਾ ਨਸ਼ਾ

ਸੰਗ ਨਾ ਕੋਇ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਆਸਾ ਪੂਰ ਕਰਾਈਆ । ਜੋਤ ਨਿਰੰਜਣ ਕਹੇ ਘਰ ਆਓ ਠਾਕਰ, ਠੋਕਰ ਆਪਣੇ ਨਾਮ ਲਗਾਈਆ । ਕਲਜੁਗ ਵੇਖਿਆ ਡੂੰਘਾ ਸਾਗਰ, ਤਰਿਆਂ ਸਾਰ ਕੋਇ ਨਾ ਪਾਈਆ । ਬਿਨ ਤੇਰੀ ਕਿਰਪਾ ਕਰਮ ਹੋਏ ਨਾ ਮਾਤ ਉਜਾਗਰ, ਦੁਰਮਤ ਮੈਲ ਨਾ ਕੋਇ ਧੁਆਈਆ । ਸਚ ਮਿਲੇ ਨਾ ਹੱਟ ਸੌਦਾਗਰ, ਵਸਤ ਹੱਕ ਨਾ ਕੋਇ ਵਖਾਈਆ । ਕਿਰਪਾ ਕਰ ਕਰੀਮ ਕਾਦਰ, ਬਣ ਕਾਤਲ ਕਿਉਂ ਛੁਰੀ ਹੱਥ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣੀ ਸਚ ਸਰਨਾਈਆ । ਜੋਤ ਨਿਰੰਜਣ ਕਹੇ ਸਰਨ ਦੇ, ਸਰਨਗਤ ਤੇਰੀ ਸਰਨਾਈਆ । ਆਤਮ ਪਰਮਾਤਮ ਲਗਾ ਨੇਂਹ, ਲੱਗੀ ਪ੍ਰੀਤੀ ਤੋੜ ਨਿਭਾਈਆ । ਅੰਮਿਉਂ ਰਸ ਅੰਮ੍ਰਿਤ ਬਰਸ ਮੇਂਹ, ਮੇਘਲਾ ਇਕੋ ਧਾਰ ਵਖਾਈਆ । ਕਾਇਆ ਮਾਟੀ ਦਿਸੇ ਖੇਹ, ਅੰਤ ਸੰਗ ਕੋਇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਤਮ ਆਪਣੇ ਨਾਲ ਮਿਲਾਈਆ । ਜੋਤ ਨਿਰੰਜਣ ਕਹੇ ਮੈਂ ਤੇਰੀ ਆਤਮ, ਉਤਮ ਜ਼ਾਤ ਰਖਾਈਆ । ਤੇਰਾ ਨੂਰ ਜਲਵਾ ਵੇਖਾਂ ਬਾਤਨ, ਬਸਤਰ ਆਪਣੇ ਸੋਭਾ ਪਾਈਆ । ਤੇਰਾ ਲੇਖਾ ਚੁੱਕੇ ਮਕਤੂਲ ਕਾਤਲ, ਕਤਲਗਾਹ ਨਾ ਕੋਇ ਵਖਾਈਆ । ਘਰ ਸਾਚੇ ਬਣ ਆਦਲ, ਅਦਾਲਤ ਆਪਣੇ ਨਾਮ ਲਗਾਈਆ । ਕਲਜੁਗ ਕੂੜੀ ਕਿਰਿਆ ਅੰਧੇਰਾ ਬਾਦਲ, ਚਾਰੋਂ ਕੁੰਟ ਰਿਹਾ ਛਾਈਆ । ਜੀਵ ਜੰਤ ਹੋਇਆ ਪਾਗਲ, ਤੇਰੀ ਸਾਰ ਕਿਸੇ ਨਾ ਪਾਈਆ । ਸਭ ਤੇ ਵਹੀ ਹੋਵੇ ਨਾਜ਼ਲ, ਲੇਖਾ ਸਭ ਨੂੰ ਰਿਹਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਜੋਤ ਨਿਰੰਜਣ ਕਹੇ ਪ੍ਰਭ ਆ ਵੜ ਖੇੜੇ, ਖਿੜਕੀ ਤੇਰੇ ਨਾਮ ਖੁਲ੍ਹਾਈਆ । ਸਾਚੇ ਭਗਤ ਲਾ ਕੇ ਬੈਠੇ ਡੇਰੇ, ਦਰ ਆਪਣਾ ਮਾਤ ਤਜਾਈਆ । ਡੁੱਬਦੇ ਪਾਰ ਕਰ ਬੇੜੇ, ਬੇੜੀ ਆਪਣੇ ਨਾਉਂ ਤਰਾਈਆ । ਕੂੜੀ ਕਿਰਿਆ ਰਹਿਣ ਨਾ ਝੇੜੇ, ਝਗੜੇ ਸਾਰੇ ਦੇ ਮੁਕਾਈਆ । ਗੁਰਮੁਖ ਕਰਦੇ ਤੇਰੇ ਤੇਰੇ, ਤੇਰੀ ਇਕੋ ਓਟ ਰਖਾਈਆ । ਤੇਰਾ ਨਾਉਂ ਸਿੰਘ ਸ਼ੇਰੇ, ਸ਼ਰਅ ਆਪਣੀ ਦੇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਜੋਤ ਨਿਰੰਜਣ ਰੱਖ ਆਸ, ਆਸਾਵੰਦ ਸਚ ਜਣਾਇੰਦਾ । ਤੇਰੀ ਪੂਰੀ ਕਰਾਂ ਖ਼ਾਹਸ਼, ਖ਼ਾਲਸ ਤੇਰਾ ਰੂਪ ਪਰਗਟਾਇੰਦਾ । ਬਣਾਂ ਸਹਾਈ ਅਨਾਥਾਂ ਨਾਥ, ਗ਼ਰੀਬ ਨਿਮਾਣੇ ਗਲੇ ਲਗਾਇੰਦਾ । ਸਭ ਨੂੰ ਦੱਸਾਂ ਇਕੋ ਪਾਠ, ਸੋਹੰ ਮੰਤਰ ਨਾਮ ਪੜ੍ਹਾਇੰਦਾ । ਘਰ ਮੇਲਾ ਕਮਲਾਪਾਤ, ਕਵਲ ਨੈਣ ਦਰਸ ਵਖਾਇੰਦਾ । ਨਿਰਗੁਣ ਹੋ ਕੇ ਦਏ ਦਾਤ, ਨਿਰਗੁਣ ਝੋਲੀ ਆਪ ਭਰਾਇੰਦਾ । ਨੇੜੇ ਹੋ ਕੇ ਸੁਣ ਬਾਤ, ਸ੍ਰੀ ਭਗਵਾਨ ਆਪ ਸਮਝਾਇੰਦਾ । ਕਲਜੁਗ ਰੈਣ ਮਿਟੇ ਅੰਧੇਰੀ ਰਾਤ, ਰੁੱਤ ਤੇਰੇ ਨਾਲ ਮਿਲਾਇੰਦਾ । ਭਗਤ ਭਗਵਾਨ ਸੱਜਣ ਸਾਕ, ਸਾਚਾ ਸੰਗ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਕਾਸ਼ ਆਕਾਸ਼ਾਂ ਵਿਚੋਂ ਜੋਤ ਨਿਰੰਜਣ ਤੇਰਾ ਪਰਕਾਸ਼ ਲੇਖੇ ਲਾਇੰਦਾ ।

### ★ ੧੬ ਜੇਠ ੨੦੨੦ ਬਿਕ੍ਰਮੀ ਇੰਦਰ ਸਿੰਘ ਦੇ ਗ੍ਰਿਹਿ ਧਿੰਗਾਲੀ ਜੰਮੂ ★

ਜੋਤ ਨਿਰੰਜਣ ਕਹੇ ਮੇਰਾ ਧਾਮ ਨਿਆਰਾ, ਘਾੜਤ ਸ੍ਰੀ ਭਗਵਾਨ ਬਣਾਈਆ । ਬਬਵਾ ਨਾ ਕੋਇ ਠਹਿਆਰਾ, ਘੁਮਿਆਰ ਨਜ਼ਰ ਕੋਇ ਨਾ

ਆਈਆ । ਨਾ ਕੁਠਾਲੀ ਨਾ ਸੁਨਿਆਰਾ, ਅਗਨੀ ਹਵਨ ਨਾ ਕੋਇ ਤਪਾਈਆ । ਬਾਢੀ ਨਾ ਕਾਰੀਗਾਰਾ, ਲੋਹਾਰ ਤਰਖਾਣ ਨਾ ਘੜਤ ਘੜਾਈਆ । ਨਾ ਸੇਵਕ ਨਾ ਸੇਵਾਦਾਰਾ, ਇੱਟ ਗਾਰਾ ਨਾ ਕੋਇ ਲਗਾਈਆ । ਨਾ ਛੱਪਰ ਨਾ ਚਾਰ ਦੀਵਾਰਾ, ਕੁੱਲੀ ਕੱਖ ਨਾ ਕੋਇ ਵਖਾਈਆ । ਨਾ ਦੀਵਾ ਨਾ ਬਾਤੀ ਤੇਲ ਪਾ ਨਾ ਕਰੇ ਕੋਇ ਉਜਿਆਰਾ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਨਾ ਸਾਜਣ ਨਾ ਮੀਤ ਮੁਰਾਰਾ, ਨਾ ਉਂਗਲੀ ਕੋਈ ਲਗਾਈਆ । ਨਾ ਦਰਸ ਨਾ ਕੋਈ ਦੀਦਾਰਾ, ਦੇਵ ਨਜ਼ਰ ਕੋਇ ਨਾ ਆਈਆ । ਨਾ ਸੱਖੀ ਨਾ ਕੋਈ ਭੰਡਾਰਾ, ਨਾ ਝੋਲੀ ਰਿਹਾ ਭਰਾਈਆ । ਨਾ ਸੂਰਜ ਨਾ ਕੋਈ ਸਤਾਰਾ, ਚੰਦ ਚਾਂਦਨਾ ਨਾ ਕੋਇ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਘਰ ਇਕ ਵਸਾਈਆ । ਜੋਤ ਨਿਰੰਜਣ ਕਹੇ ਮੇਰਾ ਘਰ ਅਪਾਰ, ਅਪਰ ਅਪਾਰੀ ਖੇਲ ਖਲਾਈਆ । ਆਰ ਪਾਰ ਨਾ ਕੋਇ ਕਿਨਾਰ, ਵੰਡਣ ਹੱਥ ਕਿਸੇ ਨਾ ਆਈਆ । ਨਜ਼ਰ ਨਾ ਆਏ ਵਿਚ ਸੰਸਾਰ, ਦੋਏ ਨੈਣ ਧਿਆਨ ਲਗਾਈਆ । ਸਰਗੁਣ ਸਕੇ ਨ ਕੋਇ ਉਸਾਰ, ਨਿਰਗੁਣ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਸੋਹਣੀ ਬਣਤ ਬਣਾਈਆ । ਆਦਿ ਨਿਰੰਜਣ ਕਹੇ ਮੇਰਾ ਘਾੜਨ ਘੜਿਆ, ਜੋਤ ਨਿਰੰਜਣ ਮਿਲੀ ਵਡਿਆਈਆ । ਸਤਿ ਸਰੂਪੀ ਮੰਦਰ ਬਣਿਆ, ਸੋ ਪੁਰਖ ਨਿਰੰਜਣ ਆਪ ਸੁਹਾਈਆ । ਨਿਰਗੁਣ ਹੋ ਕੇ ਅੰਦਰ ਵੜਿਆ, ਘਰ ਸਾਚੇ ਡੇਰਾ ਲਾਈਆ । ਮਹੱਲ ਅਟੱਲ ਆਪੇ ਖੜਿਆ, ਸ੍ਰੀ ਭਗਵਾਨ ਬੇਪਰਵਾਹੀਆ । ਨਾਮ ਨਿਧਾਨਾ ਆਪਣਾ ਪੜ੍ਹਿਆ, ਨਾਉਂ ਨਿਰੰਕਾਰਾ ਢੋਲਾ ਗਾਈਆ । ਜੋਤ ਨੂਰ ਇਕ ਉਜਰਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਕਰੇ ਰੁਸ਼ਨਾਈਆ । ਜੋਤ ਨਿਰੰਜਣ ਕਹੇ ਮੇਰਾ ਸੋਹੇ ਦਰਵਾਜ਼ਾ, ਸ੍ਰੀ ਭਗਵਾਨ ਦਇਆ ਕਮਾਈਆ । ਘਾੜਤ ਘੜੇ ਗ਼ਰੀਬ ਨਿਵਾਜ਼ਾ, ਘੜਨ ਭੰਨਣਹਾਰ ਆਪਣੇ ਹੱਥ ਰੱਖੇ ਵਡਿਆਈਆ । ਅੰਦਰ ਵੜੇ ਵਡ ਰਾਜਨ ਰਾਜਾ, ਸ਼ਹਿਨਸ਼ਾਹ ਆਪਣਾ ਫੇਰਾ ਪਾਈਆ । ਸਚ ਸੁੱਚ ਦਾ ਰਚ ਕੇ ਕਾਜਾ, ਹਰਿ ਕਰਤਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੇ ਘਰ ਦਏ ਵਡਿਆਈਆ । ਜੋਤ ਨਿਰੰਜਣ ਕਹੇ ਮੇਰੇ ਘਰ ਦਾ ਝਰੋਖਾ, ਸਾਹਿਬ ਸਤਿਗੁਰ ਆਪ ਖੁਲ੍ਹਾਈਆ । ਓਥੇ ਜਾਂਦਿਆਂ ਕਿਸੇ ਨਾ ਮਿਲੇ ਧੋਖਾ, ਸਚ ਸਾਚਾ ਮੇਲ ਮਿਲਾਈਆ । ਸਾਹਿਬ ਸਤਿਗੁਰ ਦਾ ਇਕੋ ਨਜ਼ਰੀ ਆਏ ਕੋਠਾ, ਬਿਨ ਛੱਪਰ ਛੰਨ ਬਣਾਈਆ । ਪਿਛਲਾ ਰਹੇ ਨਾ ਕੋਈ ਰੋਸਾ, ਘਰ ਰੁਸਿਆਂ ਲਏ ਮਿਲਾਈਆ । ਪਰੇਮ ਪ੍ਰੀਤੀ ਲਏ ਬੋਸਾ, ਮੁਖ ਆਪਣਾ ਮੁਖ ਛੁਹਾਈਆ । ਲੈ ਕੇ ਬਹਿ ਜਾਏ ਇਕ ਗੋਸ਼ਾ, ਕੋਨਾ ਨਜ਼ਰ ਕਿਸੇ ਨਾ ਆਈਆ । ਅੰਮ੍ਰਿਤ ਆਤਮ ਦੇਵੇ ਸਾਚਾ ਤੋਸਾ, ਤ੍ਰਿਸਨਾ ਭੁੱਖ ਮਿਟਾਈਆ । ਮਹੱਲ ਵਖਾਏ ਇਕ ਅਨੋਖਾ, ਅਨਭਵ ਪਰਕਾਸ਼ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਘਰ ਦਰਸਾਈਆ । ਜੋਤ ਨਿਰੰਜਣ ਕਹੇ ਘਰ ਪਾਓ ਦਰਸ, ਹਰਿ ਦਰਸੀ ਦਰਸ ਕਰਾਇੰਦਾ । ਗ੍ਰਿਹਿ ਵੇਖੋ ਅਰਸ਼ ਫ਼ਰਸ਼, ਸ੍ਰੀ ਭਗਵਾਨ ਆਪ ਜਣਾਇੰਦਾ । ਨਿਮਾਣੀ ਉਤੇ ਕਰੇ ਤਰਸ, ਬੇਪਰਾਨੀ ਪਰਾਨ ਆਪਣੇ ਨਾਲ ਮਿਲਾਇੰਦਾ । ਸਾਚੀ ਧਾਰਾ ਇਕੋ ਬਰਸ, ਹਵਸ ਹਰਸ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਮੰਦਰ ਫੇਰਾ ਪਾਇੰਦਾ । ਜੋਤ ਨਿਰੰਜਣ ਕਹੇ ਮੇਰਾ ਮੰਦਰ ਹੱਟ, ਸੋ ਸਾਹਿਬ ਆਪ ਸੁਹਾਈਆ । ਨਿਰਗੁਣ ਕਰਵਟ ਲਏ ਵੱਟ, ਆਪ ਆਪਣੀ ਲਏ ਅੰਗੜਾਈਆ । ਪਰਦਾ ਖੁਲ੍ਹੇ ਗੁਰਮੁਖ ਝੱਟ, ਝਟਕਾ ਆਪਣਾ ਨਾਮ ਲਗਾਈਆ । ਨਜ਼ਰੀ ਆਏ ਪੁਰਖ

ਸਮਰਥ, ਸਮਰਥ ਬੇਪਰਵਾਹੀਆ । ਸਚ ਦਵਾਰੇ ਮਿਲ ਕੇ ਪਏ ਹੱਸ, ਸੋਹੰ ਹੰਸਾ ਰਾਗ ਸੁਣਾਈਆ । ਤੂੰ ਮੇਰਾ ਮੈਂ ਤੇਰੇ ਵਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਮੰਦਰ ਖ਼ੁਸ਼ੀ ਵਖਾਈਆ । ਸਾਚੇ ਮੰਦਰ ਮਿਲੇ ਖ਼ੁਸ਼ਹਾਲ, ਖ਼ੁਸ਼ੀ ਗ਼ਮੀ ਨਾ ਕੋਇ ਜਣਾਇੰਦਾ । ਸਤਿਗੁਰ ਦਾਤਾ ਦੀਨ ਦਿਆਲ, ਦੀਨਨ ਆਪਣੀ ਖੇਲ ਵਖਾਇੰਦਾ । ਗੁਰਮੁਖ ਵੇਖ ਸੱਚੇ ਲਾਲ, ਲਾਲਨ ਆਪਣੀ ਗੋਦ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਮੰਦਰ ਸੋਭਾ ਪਾਇੰਦਾ । ਸਾਚਾ ਮੰਦਰ ਡੂੰਘਾ ਘਾਟ, ਸਾਗਰ ਅਸਬਾਹ ਨਜ਼ਰ ਨਾ ਆਈਆ । ਬਿਨ ਭਗਤਾਂ ਮੁਕੇ ਕਿਸੇ ਨਾ ਵਾਟ, ਜੁਗ ਚੌਕੜੀ ਗੇੜ ਭੁਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਪਾ ਨਾ ਸਕੇ ਹਾਥ, ਵੰਝ ਮੁਹਾਣੇ ਸਾਰ ਕੋਇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਮੰਦਰ ਅੰਦਰ ਡੇਰਾ ਲਾਈਆ । ਸਾਚਾ ਮੰਦਰ ਸੋਹਣਾ ਸੁੰਦਰ, ਛੈਲ ਛਬੀਲ ਆਪ ਬਣਾਈਆ । ਭਾਗ ਲਗਾਏ ਡੂੰਘੀ ਕੁੰਦਰ, ਕਾਇਆ ਕਵਰੀ ਫੋਲ ਫੁਲਾਈਆ । ਬੰਦ ਤਾਕ ਖੋਲ੍ਹ ਜਿੰਦਰ, ਜੀਵਣ ਜਿੰਦਗੀ ਦਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਦਰ ਬੇਮਿਸਾਲ, ਆਪ ਵਖਾਏ ਦੀਨ ਦਿਆਲ, ਦਇਆਨਿਧ ਆਪਣੀ ਦਇਆ ਕਮਾਈਆ । ਆਓ ਮੰਦਰ ਵੇਖੋ ਉਚਾ, ਊਚੋ ਊਚ ਵਖਾਇੰਦਾ । ਆਦਿ ਜੁਗਾਦਿ ਰਹੇ ਸੁਚਾ, ਹਰਿ ਸੂਕਛਮ ਰੂਪ ਵਖਾਇੰਦਾ । ਜਨ ਭਗਤਾਂ ਉਜਲ ਕਰੇ ਮੁਖਾ, ਮੁਖ ਅੰਮ੍ਰਿਤ ਨਾਲ ਧੁਆਇੰਦਾ । ਜਨਮ ਕਰਮ ਨਾ ਰਹੇ ਦੁੱਖਾ, ਦੁਖ ਦੁਖੀਆਂ ਮੇਟ ਮਿਟਾਇੰਦਾ । ਪ੍ਰਭ ਮਿਲਣ ਦਾ ਜੋ ਜਨ ਭੁੱਖਾ, ਤਿਸ ਸਤਿਗੁਰ ਮੇਲ ਮਿਲਾਇੰਦਾ । ਨਿਰਗੁਣ ਧਾਰੋਂ ਨਿਰਗੁਣ ਉਠਾ, ਰੂਪ ਅਨੂਪ ਆਪ ਪਰਗਟਾਇੰਦਾ । ਨਾ ਮਾਣਸ ਨਾ ਦਿਸੇ ਮਨੁਖਾ, ਮਨੁਸ਼ ਰੂਪ ਨਾ ਕੋਇ ਜਣਾਇੰਦਾ । ਹਰਖ ਸੋਗ ਨਾ ਕੋਇ ਗ਼ੁੱਸਾ, ਚਿੰਤਾ ਗ਼ਮ ਨਾ ਕੋਇ ਜਣਾਇੰਦਾ । ਭਲਾ ਮਾਣਸ ਨਾ ਦਿਸੇ ਲੁੱਚਾ, ਰੁਖਾਪਨ ਨਾ ਕੋਇ ਵਖਾਇੰਦਾ । ਨਾ ਪੰਜਾ ਨਾ ਕੋਈ ਮੁੱਕਾ, ਘੁੰਨ ਘਸੁੰਨ ਨਾ ਕੋਇ ਦ੍ਰਿੜਾਇੰਦਾ । ਪਰੇਮ ਪ੍ਰੀਤੀ ਅੰਦਰ ਸਦਾ ਝੁਕਾ, ਦੂਜਾ ਭੈ ਨਾ ਕੋਇ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੰਦਰ ਸੁਹਾਏ ਇਕੋ ਉਚਾ, ਜਿਸ ਘਰ ਬਹਿ ਕੇ ਵੇਖ ਵਖਾਇੰਦਾ । ਆਓ ਮੰਦਰ ਨੇਤਰ ਪੇਖੋ, ਪੇਖਤ ਖ਼ੁਸ਼ੀ ਵਖਾਈਆ । ਸਾਹਿਬ ਸਤਿਗੁਰ ਸਾਚਾ ਵੇਖੋ, ਵੇਖਦਿਆਂ ਦੁੱਖ ਜਾਈਆ । ਅੰਤਰ ਆਤਮ ਕਰੋ ਹੇਤੋ, ਹਿਤਕਾਰੀ ਰਿਹਾ ਸਮਝਾਈਆ । ਦਿਵਸ ਰੈਣ ਇਕੋ ਚੇਤੋ, ਚੇਤਨ ਭੇਵ ਚੁਕਾਈਆ । ਡੂੰਘੀ ਕਵਰੀ ਪਾਰ ਭੇਤੋ, ਅਭੇਵ ਰੂਪ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਮੰਦਰ ਦਏ ਵਡਿਆਈਆ । ਆਓ ਮੰਦਰ ਜਿਸ ਨੇ ਚੜ੍ਹਨਾ, ਸੋ ਸਾਹਿਬ ਰਿਹਾ ਜਣਾਈਆ । ਆਓ ਘਰ ਜਿਸ ਨੇ ਵੜਨਾ, ਭੁਲਿਆਂ ਰਾਹੇ ਪਾਈਆ । ਆਓ ਪੱਲੂ ਜਿਸ ਨੇ ਫੜਨਾ, ਗੁਰ ਸ਼ਬਦੀ ਰਿਹਾ ਫੜਾਈਆ । ਆਓ ਜੀਵਦਿਆਂ ਜਿਸ ਮਰਨਾ, ਹਰਿ ਸੰਗਤ ਮੇਲ ਮਿਲਾਈਆ । ਆਓ ਜਿਸ ਆਤਮ ਪਰਮਾਤਮ ਜਿਹਾ ਕਰਨਾ, ਦੂਈ ਦਵੈਤੀ ਬਾਹਰ ਕਢਾਈਆ । ਆਓ ਜਿਨ੍ਹਾਂ ਸੋਹੰ ਢੋਲਾ ਪੜ੍ਹਨਾ, ਸੋ ਸਤਿਗੁਰ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਮੰਦਰ ਦਏ ਵਖਾਈਆ । ਆਓ ਜਿਸ ਮੰਦਰ ਦਰਸ ਪੌਣਾ, ਸੋ ਸਾਹਿਬ ਦਇਆ ਕਮਾਈਆ । ਆਓ ਜਿਸ ਨੇ ਸ੍ਰੀ ਭਗਵਾਨ ਮਨੌਣਾ, ਰੁਠੜੇ ਲਏ ਮਿਲਾਈਆ । ਆਓ ਜਿਸ ਨੇ ਪਿਛਲਾ ਅਗਲਾ ਪੰਧ ਮੁਕੌਣਾ, ਲੱਖ ਚੁਰਾਸੀ ਨਾਤਾ ਰਿਹਾ ਤੁੜਾਈਆ । ਆਓ ਜਿਸ ਨੇ ਘਰ ਵਿਚ ਘਰ ਵਸੌਣਾ, ਉਜੜੇ ਖੇੜੇ ਰਿਹਾ

ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੋਤ ਨਿਰੰਜਣ ਕਰ ਰੁਸ਼ਨਾਈਆ । ਜੋਤ ਨਿਰੰਜਣ ਕਹੇ ਮੈਂ ਗਈ ਜੀਤ, ਹਾਰ ਬੈਠੀ ਮੁੱਖ ਭਵਾਈਆ । ਪ੍ਰਭ ਮਿਲਿਆ ਇਕ ਅਨਡੀਠ, ਅਨਡਿਠੜੀ ਸੇਵਾ ਲਾਈਆ । ਭਗਤਾਂ ਨਾਲ ਲਗਾਈ ਪ੍ਰੀਤ, ਪ੍ਰੀਤੀ ਸਾਚੀ ਇਕ ਸਮਝਾਈਆ । ਮੈਂ ਭੁਲ ਗਈ ਮੰਦਰ ਮਸੀਤ, ਗੁਰਦੁਵਾਰ ਨਜ਼ਰ ਨਾ ਕੋਇ ਰਖਾਈਆ । ਰਲ ਮਿਲ ਗੁਰਮੁਖਾਂ ਨਾਲ ਗਾਵਾਂ ਗੀਤ, ਸੋਹੰ ਢੋਲਾ ਸਾਚਾ ਗਾਈਆ । ਮੇਰਾ ਸਾਹਿਬ ਸਦਾ ਅਤੀਤ, ਘਰ ਸਾਚੇ ਵਸੇ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਮੰਦਰ ਕਰੇ ਰੁਸ਼ਨਾਈਆ । ਸਾਚੇ ਮੰਦਰ ਹੋਏ ਰੁਸ਼ਨਾਈ, ਨੂਰ ਨੂਰਾਨਾ ਆਪ ਧਰਾਇੰਦਾ । ਸ੍ਰੀ ਭਗਵਾਨ ਕਰੇ ਕੁੜਮਾਈ, ਕੁੜਮ ਕੁੜਮੇਟਾ ਇਕੋ ਨਜ਼ਰੀ ਆਇੰਦਾ । ਇਕੋ ਘਰ ਧੀ ਜਵਾਈ, ਸੌਹਰੇ ਪੇਈਏ ਵੰਡ ਵੰਡਾਇੰਦਾ । ਇਕੋ ਮੱਯਾ ਨਜ਼ਰੀ ਆਈ, ਪਿਤਾ ਪੁਰਖ ਅਕਾਲ ਖੇਲ ਕਰਾਇੰਦਾ । ਇਕੋ ਢੋਲਾ ਲਿਆ ਗਾਈ, ਸਾਹਿਬ ਸਤਿਗੁਰ ਰਾਗ ਅਲਾਇੰਦਾ । ਜੋਤ ਨਿਰੰਜਣ ਕਹੇ ਮੇਰੀ ਆਸਾ ਪੂਰ ਕਰਾਈ, ਪ੍ਰਭ ਤ੍ਰਿਸਨਾ ਮੇਟ ਮਿਟਾਇੰਦਾ । ਗ੍ਰਿਹਿ ਭੀਤਰ ਪਾਇਆ ਮਾਹੀ, ਮਹਿਬੂਬ ਇਕੋ ਨਜ਼ਰੀ ਆਇੰਦਾ । ਘਰ ਸੱਜਣ ਵੱਜੇ ਸ਼ਨਵਾਈ, ਦੂਲ੍ਹਾ ਦੁਲਹਨ ਵੇਖ ਵਖਾਇੰਦਾ । ਲਾੜੀ ਲਾੜੇ ਨਾਲ ਪਰਨਾਈ, ਘਰ ਸਖੀਆਂ ਮੰਗਲ ਰਾਗ ਅਲਾਇੰਦਾ । ਜੋਤ ਨਿਰੰਜਣ ਫਿਰੇ ਚਾਈਂ ਚਾਈਂ, ਲਾਲ ਗੁਲਾਲਾ ਇਕੋ ਰੰਗ ਚੜ੍ਹਾਇੰਦਾ । ਪੁਰਖ ਪੁਰਖੋਤਮ ਪਾਰਬ੍ਰਹਮ ਪ੍ਰਭ ਹੋਇਆ ਆਪ ਸਹਾਈ, ਸਹਾਇਤਾ ਆਪਣੀ ਵਿਚ ਰਖਾਇੰਦਾ । ਰੰਗਲਾ ਚੂੜਾ ਵੇਖ ਬਾਂਹੀਂ, ਮੈਂਹਦੀ ਇਕੋ ਧਾਰ ਬੰਧਾਇੰਦਾ । ਕਜਲਾ ਨੈਣ ਕਵਲ ਮਟਕਾਈ, ਨਾਮ ਨਿਧਾਨਾ ਧਾਰ ਬੰਧਾਇੰਦਾ । ਸੀਸ ਜਗਦੀਸ ਮੀਂਢੀ ਇਕ ਗੁੰਦਾਈ, ਪੱਟੀ ਆਪਣੇ ਰੰਗ ਰੰਗਾਇੰਦਾ । ਕੰਘੀ ਪਰੇਮ ਨਾਲ ਵਾਹੀ, ਸਚ ਦੰਦਾਸਾ ਹੱਥ ਫੜਾਇੰਦਾ । ਮੁਖ ਘੁੰਗਟ ਆਪ ਉਠਾਈ, ਪਰਦਾ ਨਕ਼ਾਬ ਨਾ ਕੋਇ ਜਣਾਇੰਦਾ । ਜੋਤ ਨਿਰੰਜਣ ਜਿਸ ਪਰਨਾਈ, ਸੋ ਪੁਰਖ ਵੇਖ ਵਖਾਇੰਦਾ । ਆਓ ਵੇਖੋ ਗੁਰਮੁਖ ਭਾਈ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਿਸ ਵਖਾਏ ਆਪਣਾ ਘਰ, ਤਿਸ ਆਪਣਾ ਮੇਲ ਮਿਲਾਇੰਦਾ । ਜੋਤ ਨਿਰੰਜਣ ਕਹੇ ਪਾਇਆ ਭਗਵਾਨ, ਭਾਵੀ ਭੈ ਨਾ ਕੋਇ ਜਣਾਈਆ । ਨਜ਼ਰੀ ਆਇਆ ਨੌਜਵਾਨ, ਜੋਬਨ ਇਕੋ ਇਕ ਸੁਹਾਈਆ । ਛੈਲ ਛਬੀਲਾ ਮਿਹਰਵਾਨ ਮਿਹਰ ਨਜ਼ਰ ਉਠਾਈਆ । ਭਗਤ ਕਬੀਲਾ ਵਿਚ ਜਹਾਨ, ਕਲਜੁਗ ਅੰਤਮ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਨਿਰੰਜਣ ਕਰ ਪਰਵਾਨ, ਆਤਮ ਪਰਮਾਤਮ ਆਪਣਾ ਮਹਿਮਾਨ ਬਣਾਈਆ ।

★ ੧੬ ਜੇਠ ੨੦੨੦ ਬਿਕ੍ਰਮੀ ਮੇਲਾ ਰਾਮ ਦੇ ਗ੍ਰਿਹਿ ਥਿੰਗਾਲੀ ਜੰਮੂ ★

ਆਤਮ ਕਹੇ ਪਰਮਾਤਮ ਤੇਰੀ ਪੁਤਰੀ, ਘਰ ਸਾਚੇ ਸੋਭਾ ਪਾਈਆ । ਨਿਰਗੁਣ ਧਾਰ ਵਿਚੋਂ ਉਤਰੀ, ਮਾਤ ਪਿਤਾ ਨਾ ਕੋਇ ਬਣਾਈਆ । ਲੋਕਮਾਤ ਆ ਕੇ ਹੋਈ ਨਾਸ਼ੁਕਰੀ, ਤੇਰਾ ਜਸ ਕੋਇ ਨਾ ਗਾਈਆ । ਮਾਇਆ ਮਮਤਾ ਅੰਦਰ ਰੁਠੜੀ, ਤੇਰਾ ਨਾਉਂ ਭੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਅਲਖ ਜਗਾਈਆ । ਛੋਟੀ ਪੁਤਰੀ ਨੈਣਾਂ ਰੋ, ਨੀਰ ਨੀਰ ਵਹਾਈਆ ।

ਤੁਧ ਬਿਨ ਸਾਰ ਨਾ ਪਾਵੇ ਕੋ, ਕੂਕ ਕੂਕ ਜਣਾਈਆ । ਸਚ ਪਰਕਾਸ਼ ਨਾ ਦਿਸੇ ਲੋ, ਅੰਧ ਅੰਧੇਰਾ ਛਾਈਆ । ਤੇਰਾ ਪਰੇਮ ਨਾ ਮਿਲੇ ਢੋਆ ਢੋ, ਸਾਚਾ ਰੰਗ ਨਾ ਕੋਇ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਦੱਸ ਸਾਚੀ ਸੋ, ਸਾਚੇ ਸਾਹਿਬ ਤੇਰੀ ਸਰਨਾਈਆ । ਮੇਰੀ ਸੋ ਸੁਣ ਏਕ, ਸੋ ਸਾਹਿਬ ਆਪ ਜਣਾਈਆ । ਨਿਤ ਨਵਿਤ ਰੱਖ ਟੇਕ, ਇਕ ਧਿਆਨ ਵਖਾਈਆ । ਅੰਤਰ ਬਾਹਰ ਹੋਏਂ ਬਿਬੇਕ, ਸਤਿ ਸਰੂਪ ਦਰਸਾਈਆ । ਨਿਜ ਨੇਤਰ ਆਤਮ ਪਰਮਾਤਮ ਲਏਂ ਵੇਖ, ਘਰ ਮੇਲਾ ਸਹਿਜ ਸੁਭਾਈਆ । ਸਚ ਪ੍ਰੀਤੀ ਕਰ ਹੇਤ, ਰੀਤੀ ਇਕੋ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਮੇਲਣਹਾਰ ਅਖਵਾਈਆ । ਮੇਲਣਹਾਰਾ ਹਰਿ ਭਗਵੰਤ, ਸਦ ਸਦ ਵੇਖ ਵਖਾਇੰਦਾ । ਖੇਲੇ ਖੇਲ ਜੁਗਾ ਜੁਗੰਤ, ਜੁਗ ਕਰਤਾ ਵੇਸ ਵਟਾਇੰਦਾ । ਤੇਰਾ ਮਕਾਨ ਦਵਾਰਾ ਭਗਤ, ਮੰਦਰ ਇਕੋ ਇਕ ਸੁਹਾਇੰਦਾ । ਜਿਸ ਗ੍ਰਿਹਿ ਖੇਲ ਕਰੇ ਬੇਅੰਤ, ਬੇਪਰਵਾਹ ਆਪਣੀ ਕਾਰ ਕਮਾਇੰਦਾ । ਪਰਮਾਤਮ ਮਿਲੇ ਆਤਮ ਕੰਤ, ਨਰ ਨਰਾਇਣ ਫੇਰੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਸਮਝਾਇੰਦਾ । ਸਾਚੀ ਸਿਖਿਆ ਸੁਣ ਕੰਨ, ਬੇਪਰਵਾਹ ਆਪ ਜਣਾਈਆ । ਆਤਮ ਪਰਮਾਤਮ ਕਹਿਣਾ ਮੰਨ, ਮਨਸਾ ਹੋਰ ਨਾ ਕੋਇ ਰਖਾਈਆ । ਤੇਰਾ ਨਾਤਾ ਕੂੜੇ ਤਨ, ਅੰਤਮ ਹੋਏ ਜੁਦਾਈਆ । ਤੇਰਾ ਲੇਖਾ ਸ੍ਰੀ ਭਗਵਨ, ਸਦ ਆਪਣੇ ਹੱਥ ਰਖਾਈਆ । ਕਲਜੁਗ ਅੰਤਮ ਬੇੜਾ ਬੰਨ, ਜਨ ਭਗਤਾਂ ਕਰ ਕੁੜਮਾਈਆ । ਮਾਤ ਗਰਭ ਫੇਰ ਨਾ ਮਿਲੇ ਡੰਨ, ਕਾਇਆ ਤੱਤ ਨਾ ਹੋਰ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਆਤਮ ਕਹੇ ਮੈਂ ਤੇਰੀ ਬਾਲੀ, ਬਾਲਕ ਰੂਪ ਸਖਾਈਆ । ਜੁਗ ਚੌਕੜੀ ਘਾਲਨ ਘਾਲੀ, ਨਿਤ ਨਿਤ ਤੇਰੀ ਸੇਵ ਕਮਾਈਆ । ਸਤਿਜੁਗ ਤ੍ਰੇਤਾ ਦੁਆਪਰ ਰਹੀ ਖ਼ਾਲੀ, ਮੇਰੀ ਝੋਲੀ ਨਾ ਕਿਸੇ ਭਰਾਈਆ । ਮਿਲਿਆ ਹੱਕ ਨਾ ਹੱਕ ਹਲਾਲੀ, ਹਕੀਕਤ ਹੱਥ ਨਾ ਕੋਇ ਫੜਾਈਆ । ਪੱਤ ਰਿਹਾ ਨਾ ਕਿਸੇ ਡਾਲੀ, ਪਤਝੜ ਇਕੋ ਨਜ਼ਰੀ ਆਈਆ । ਕਲਜੁਗ ਅੰਤਮ ਹੋਈ ਸਵਾਲੀ, ਦਰ ਤੇਰੇ ਅਲਖ ਜਗਾਈਆ । ਤੂੰ ਸ਼ਾਹ ਪਾਤਸ਼ਾਹ ਦੋ ਜਹਾਨਾਂ ਵਾਲੀ, ਨਿਰਗੁਣ ਦਾਤਾ ਬੇਪਰਵਾਹੀਆ । ਆਦਿ ਨਿਰੰਜਣ ਜੋਤ ਅਕਾਲੀ, ਜੋਤ ਨਿਰੰਜਣ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਮੇਲਾ ਸਹਿਜ ਸੁਭਾਈਆ । ਆਤਮ ਬੱਚੀ ਵੇਖ ਬਚਪਨ, ਸੋ ਸਾਹਿਬ ਆਪ ਜਣਾਈਆ । ਆਪਣਾ ਆਪ ਕਰ ਅਰਪਣ, ਬਾਕੀ ਨਜ਼ਰ ਕਿਛ ਨਾ ਆਈਆ । ਅਗਲੀ ਪਿਛਲੀ ਮਿਟੇ ਤੜਫਨ, ਦੁਖ ਦਰਦ ਨਾ ਲਾਗੇ ਰਾਈਆ । ਅਧਵਿਚਕਾਰ ਨਾ ਰਹੇ ਅੜਚਨ, ਪਰਦਾ ਉਹਲਾ ਦਏ ਉਠਾਈਆ । ਜਗਤ ਵਿਕਾਰ ਤੈਨੂੰ ਵਰਜਣ, ਘਰ ਰੋਕਣ ਥਾਉਂ ਥਾਈਆ । ਸਾਚੀ ਸਿਖਿਆ ਦੇ ਕੇ ਗਿਆ ਗੁਰੂ ਗੁਰਦੇਵ ਅਰਜਣ, ਬਿਨ ਪ੍ਰਭ ਮਿਲਿਆਂ ਸਾਂਤ ਕੋਇ ਨਾ ਆਈਆ । ਦੀਨ ਦਿਆਲ ਪ੍ਰਭ ਮਰਦ ਮਰਦਨ, ਮਰਦਾਨਗੀ ਇਕੋ ਇਕ ਵਖਾਈਆ । ਆਪਣਾ ਪੂਰਾ ਕਰੇ ਫ਼ਰਜ਼ਨ, ਫ਼ਰਜ਼ੀ ਕਾਰ ਨਾ ਕੋਇ ਵਖਾਈਆ । ਸਾਚਾ ਰਾਗ ਸੁਣਾਏ ਤਰਜ਼ਨ, ਤਾਲ ਤਲਵਾੜਾ ਇਕ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਚਾਈਂ ਚਾਈਂਆ । ਆਤਮ ਕਹੇ ਤੇਰੀ ਭਾਵੇ ਰੀਤ, ਪ੍ਰਭ ਪੂਰੀ ਆਸ ਕਰਾਈਆ । ਨਿਤ ਉਠ ਗਾਵਾਂ ਤੇਰਾ ਗੀਤ, ਸਚ ਮੰਗਾਂ ਇਕ ਸਰਨਾਈਆ । ਠਾਕਰ ਸਵਾਮੀ ਲੱਗੇ ਪ੍ਰੀਤ, ਪ੍ਰੀਤੀਵਾਨ ਇਕੋ ਨਜ਼ਰੀ ਆਈਆ । ਲੇਖਾ ਚੁਕੇ ਮੰਦਰ ਮਸੀਤ, ਮਸਤਕ ਟਿੱਕਾ

ਧੂੜੀ ਤੇਰੇ ਲਾਈਆ । ਤੇਰਾ ਖੇਲ ਹਸਤ ਕੀਟ, ਘਟ ਘਟ ਤੇਰਾ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਦ ਤੇਰੀ ਰਹਾਂ ਸਰਨਾਈਆ । ਪਰਮਾਤਮ ਕਹੇ ਸੁਣ ਆਤਮ ਭੋਲੀ, ਭੋਲੇ ਭਾਉ ਸਮਝਾਇੰਦਾ । ਸਚ ਦਵਾਰ ਬਣ ਗੋਲੀ, ਸੇਵਾ ਇਕੋ ਇਕ ਲਗਾਇੰਦਾ । ਜਗਤ ਵਿਕਾਰ ਨਾ ਪਾ ਰੌਲੀ, ਝਗੜਾ ਝੇੜਾ ਸਰਬ ਮਿਟਾਇੰਦਾ । ਮੇਲ ਮਿਲਾਏ ਹੌਲੀ ਹੌਲੀ, ਹੌਲਾ ਭਾਰ ਸਰਬ ਵਖਾਇੰਦਾ । ਜਨ ਭਗਤਾਂ ਨਾਲ ਮਿਲ ਕੇ ਪ੍ਰਭ ਸਾਚੇ ਦੀ ਸਮਝ ਲੈ ਬੋਲੀ, ਜੋ ਸੋਹੰ ਰਾਗ ਸੁਣਾਇੰਦਾ । ਅੰਤਮ ਚਾੜ੍ਹੇ ਆਪਣੀ ਡੋਲੀ, ਕਹਾਰ ਨਜ਼ਰ ਕੋਇ ਨਾ ਆਇੰਦਾ । ਨੇਤਰ ਨੀਰ ਨਾ ਕੋਇ ਵਰੋਲੀ, ਅੱਥਰ ਸੱਥਰ ਨਾ ਕੋਇ ਵਿਛਾਇੰਦਾ । ਸਚ ਸਰਨਾਈ ਘੋਲ ਘੋਲੀਂ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਜਣਾਇੰਦਾ । ਆਤਮ ਕਹੇ ਮੈਂ ਨਿੱਕੀ ਨੱਢੀ, ਸੁਧ ਕੋਇ ਨਾ ਆਈਆ । ਪਾਰਬ੍ਰਹਮ ਪ੍ਰਭ ਕਰ ਕਿਰਪਾ ਕਾਇਆ ਵਿਚੋਂ ਕੱਢੀ, ਆਪ ਆਪਣਾ ਮੇਲ ਮਿਲਾਈਆ । ਕਲਜੁਗ ਅੰਤ ਨਾ ਪਿਛੇ ਛੱਡੀਂ, ਖਹਿੜਾ ਛੁੱਟੇ ਸਰਬ ਲੋਕਾਈਆ । ਪਰੇਮ ਤੇਰੇ ਦੇ ਅੰਦਰ ਬੱਧੀ, ਬੰਦਨਾ ਦੋਏ ਜੋੜ ਕਰਾਂ ਸਰਨਾਈਆ । ਬੀਤਦੀ ਜਾਏ ਗੁਰ ਅਵਤਾਰਾਂ ਸਦੀ, ਸੱਦਾ ਆਪਣਾ ਨਾਮ ਦਵਾਈਆ । ਮੇਰੀ ਨਾ ਪੁਸ਼ਤ ਨਾ ਕੋਈ ਯੱਦੀ, ਸਦ ਤੇਰੀ ਤੇਰੀ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਆਤਮ ਸੁਣ ਸਚ ਸਮਝਾਵਾਂ, ਹਰਿ ਸਾਚਾ ਸਚ ਜਣਾਇੰਦਾ । ਜਨ ਭਗਤਾਂ ਅੰਦਰ ਤੈਨੂੰ ਬਹਾਵਾਂ, ਤੇਰਾ ਮੇਲ ਮਿਲਾਇੰਦਾ । ਸਰ ਸਰੋਵਰ ਇਕ ਨੁਹਾਵਾਂ, ਚਰਨ ਧੂੜੀ ਤਾਲ ਵਖਾਇੰਦਾ । ਫੜ ਉਠਾਵਾਂ ਭੁਜਾਂ ਬਾਂਹਵਾਂ, ਬਲ ਇਕੋ ਇਕ ਧਰਾਇੰਦਾ । ਸਮਰਥ ਹੋ ਕੇ ਦੇਵਾਂ ਛਾਂਵਾਂ, ਸਿਰ ਆਪਣਾ ਹੱਥ ਰਖਾਇੰਦਾ । ਵਸਤ ਅਮੋਲਕ ਝੋਲੀ ਪਾਵਾਂ, ਭਿਛਿਆ ਇਕੋ ਨਾਮ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਤੇਰੇ ਹੱਥ ਟਿਕਾਇੰਦਾ । ਆਤਮ ਕਹੇ ਭਗਤਾਂ ਅੰਦਰ, ਵੜ ਆਪਣੀ ਸੇਵ ਕਮਾਈਆ । ਪ੍ਰਭ ਜੂ ਤੇਰਾ ਸੋਹਣਾ ਲੱਗੇ ਮੰਦਰ, ਜਿਸ ਘਰ ਆਪਣਾ ਫੇਰਾ ਪਾਈਆ । ਲੇਖਾ ਜਾਣੇ ਡੂੰਘੀ ਕੰਦਰ, ਕੰਢਾ ਪਾਰ ਨਾ ਕੋਇ ਰਖਾਈਆ । ਕਿਰਪਾ ਕਰੇ ਸਦਾ ਛਿਨ ਭੰਗਰ, ਸ਼ਹਿਨਸ਼ਾਹ ਤੇਰੀ ਚਤੁਰਾਈਆ । ਮੈਂ ਕੀ ਜਾਣਾਂ ਨੇਤਰ ਅੰਧੜ, ਤੇਰਾ ਪਰਕਾਸ਼ ਸਦਾ ਸੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਗਲਾ ਸੰਗ ਦੇ ਸਮਝਾਈਆ । ਸਗਲਾ ਸੰਗ ਵੇਖ ਭਗਤ, ਹਰਿ ਸਤਿਗੁਰ ਆਪ ਜਣਾਇੰਦਾ । ਜਿਨ੍ਹਾਂ ਲੇਖੇ ਲੱਗੇ ਬੂੰਦ ਰਕਤ, ਰਤੀ ਰਤ ਲੇਖੇ ਪਾਇੰਦਾ । ਤਿਨ੍ਹਾਂ ਕੋਲ ਆਏ ਪਰਤ, ਪਤਿਪਰਮੇਸ਼ਵਰ ਫੇਰਾ ਪਾਇੰਦਾ । ਆਵਣ ਜਾਵਣ ਚੁਕਾਏ ਹਰਖ, ਸੋਗ ਜਨਮ ਨਾ ਕੋਇ ਵਖਾਇੰਦਾ । ਕਲਜੁਗ ਅੰਤਮ ਕਰੇ ਤਰਸ, ਬੇਤਰਸ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਮੰਦਰ ਇਕ ਸੁਹਾਇੰਦਾ । ਭਗਤਾਂ ਨਾਲ ਜੋੜੀ ਜੋੜ, ਜਗਤ ਜੁਗਤ ਦਏ ਵਡਿਆਈਆ । ਆਤਮ ਪਰਮਾਤਮ ਨਾਲ ਲਏ ਤੋਰ, ਤੁਰਤ ਆਪਣਾ ਹੁਕਮ ਵਰਤਾਈਆ । ਤਿਸ ਅੱਗੇ ਚਲੇ ਨਾ ਕੋਈ ਜ਼ੋਰ, ਸ਼ਾਹ ਪਾਤਸ਼ਾਹ ਆਪਣਾ ਹੁਕਮ ਮਨਾਈਆ । ਸਚ ਸੁਲਤਾਨ ਚੜ੍ਹਾਏ ਸਾਚੇ ਘੋੜ, ਸ਼ਬਦੀ ਘੋੜਾ ਇਕ ਵਖਾਈਆ । ਜਿਸ ਦਾ ਦੋ ਜਹਾਨਾਂ ਬਾਹਰ ਲੱਗੇ ਪੌੜ, ਪੁਰੀ ਲੋਅ ਚਰਨ ਨਾ ਕੋਇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਆਤਮ ਪਰਮਾਤਮ ਵੇਖ ਰਲ ਕੇ, ਰੰਗ ਰਾਤਾ ਆਪ ਜਣਾਇੰਦਾ । ਭਗਤ ਸਿੰਘਾਸਣ ਵੇਖ ਮੱਲ ਕੇ, ਜਿਸ ਘਰ

ਸ੍ਰੀ ਭਗਵਾਨ ਫੇਰਾ ਪਾਇੰਦਾ । ਨਿਰਗੁਣ ਜੋਤ ਵੇਖ ਬਲ ਕੇ, ਬਿਨ ਤੇਲ ਬਾਤੀ ਡਗਮਗਾਇੰਦਾ । ਸਾਚੇ ਮੰਦਰ ਵੇਖ ਵੜ ਕੇ, ਨਿਰਗੁਣ ਇਕੋ ਨਜ਼ਰੀ ਆਇੰਦਾ । ਸਚ ਸਿੰਘਾਸਣ ਵੇਖ ਚੜ੍ਹ ਕੇ, ਸੋ ਪੁਰਖ ਨਿਰੰਜਣ ਗੋਦ ਬਹਾਇੰਦਾ । ਜੀਂਵਦਿਆਂ ਜਗ ਵੇਖ ਮਰ ਕੇ, ਮਰ ਜੀਵਤ ਆਪਣੇ ਨਾਲ ਰਖਾਇੰਦਾ । ਪਰੇਮ ਪ੍ਰੀਤੀ ਪਾਣੀ ਵੇਖ ਭਰ ਕੇ, ਕਾਇਆ ਕੁੰਭ ਘੜਾ ਅੰਮ੍ਰਿਤ ਨਾਲ ਭਰਾਇੰਦਾ । ਬਿਰਹੋਂ ਵੈਰਾਗ ਅੰਦਰ ਵੇਖ ਸੜ ਕੇ, ਅਗਨੀ ਜੋਤੀ ਰੂਪ ਜਣਾਇੰਦਾ । ਪ੍ਰਭ ਚਰਨਾਂ ਸੀਸ ਵੇਖ ਧਰ ਕੇ, ਧਰ ਧਰਨੀ ਧਰਤ ਲੇਖਾ ਆਪ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਖੇਲ ਵਖਾਇੰਦਾ । ਜਨ ਭਗਤਾਂ ਪੱਲੂ ਵੇਖ ਫੜ, ਨਿਰਗੁਣ ਨਿਰਵੈਰ ਰਿਹਾ ਜਣਾਈਆ । ਏਕਾ ਦੂਆ ਚੁੱਕੇ ਡਰ, ਭੈ ਸੀਸ ਨਾ ਕੋਇ ਵਖਾਈਆ । ਸਾਚਾ ਅੱਖਰ ਲੈਣਾ ਪੜ੍ਹ, ਅਬਿਨਾਸ਼ੀ ਕਰਤਾ ਰਿਹਾ ਪੜ੍ਹਾਈਆ । ਘਰ ਪਰਮੇਸ਼ਵਰ ਮਿਲੇ ਵਰ, ਕੰਤ ਲੱਭਣ ਕੋਇ ਨਾ ਜਾਈਆ । ਸੋਭਾਵੰਤ ਸੁਹਾਏ ਨਰ, ਕੁਲੱਖਣੀ ਰੂਪ ਨਾ ਕੋਇ ਵਖਾਈਆ । ਸਾਚੇ ਮੰਦਰ ਬਹਿਣਾ ਚੜ੍ਹ, ਸ੍ਰੀ ਭਗਵਾਨ ਦਏ ਵਖਾਈਆ । ਤੂ ਹੀ ਤੂ ਲੈਣਾ ਕਰ, ਮੈਂ ਮਮਤਾ ਮੇਰੀ ਮੁਕਾਈਆ । ਜਿਸ ਨੇ ਲਾਈ ਤੇਰੀ ਜੜ, ਸੋ ਚੋਟੀ ਰਿਹਾ ਜਣਾਈਆ । ਹੰ ਬ੍ਰਹਮ ਪ੍ਰਭ ਰੂਪ ਧਰ, ਆਤਮ ਤੇਰੀ ਵੰਡ ਵੰਡਾਈਆ । ਪਾਰਬ੍ਰਹਮ ਪ੍ਰਭ ਵੇਖੇ ਖੜ, ਪਰਮਾਤਮ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਦਏ ਮੁਕਾਈਆ । ਸਾਚਾ ਲੇਖਾ ਮੁਕੇ ਭਗਤਾਂ ਸੰਗ, ਸ੍ਰੀ ਭਗਵਾਨ ਆਪ ਮੁਕਾਇੰਦਾ । ਘਰ ਆ ਕੇ ਦੇਵੇ ਅਨੰਦ, ਅਨੰਦ ਇਕੋ ਇਕ ਦਰਸਾਇੰਦਾ । ਸਾਹਿਬ ਹੋ ਕੇ ਗਾਵੇ ਛੰਦ, ਨਿਮਾਣਿਆਂ ਆਪਣੇ ਗਲੇ ਲਗਾਇੰਦਾ । ਬੰਦੀਖ਼ਾਨਾ ਤੋੜੇ ਬੰਦ, ਬੰਦਨਾ ਇਕੋ ਇਕ ਸਮਝਾਇੰਦਾ ।
੬੨੩ ਆਤਮ ਪਰਮਾਤਮ ਪਰਮਾਤਮ ਆਤਮ ਇਕ ਦੂਜੇ ਨਾਲ ਪਾਏ ਗੰਢ, ਗੰਢਣਹਾਰ ਗੋਪਾਲ ਸਵਾਮੀ ਆਪਣੀ ਸੇਵ ਕਮਾਇੰਦਾ । ਉਠ ਸਵਾਣੀ ਲੈ ਕੁਛ ਮੰਗ, ਕਲਜੁਗ ਅੰਤਮ ਵੇਲਾ ਆਇੰਦਾ । ਪੀਆ ਪਰੀਤਮ ਕੋਲੋਂ ਮੂਲ ਨਾ ਸੰਗ, ਬਿਨ ਡਿਠਿਆਂ ਵੇਖ ਵਖਾਇੰਦਾ । ਬਿਰਹੋਂ ਵੈਰਾਗਣ ਕੁਠੀ ਨੇਤਰ ਰੋ ਕੇ ਪਾ ਡੰਡ, ਡੰਡੌਤ ਇਕੋ ਇਕ ਸਮਝਾਇੰਦਾ । ਅੰਤ ਫੇਰ ਨਾ, ਹੋਵੇਂ ਰੰਡ, ਜਗਤ ਰੰਡੇਪਾ ਆਪ ਕਟਾਇੰਦਾ । ਮਾਣਸ ਜਨਮ ਨਾ ਹੋਏ ਭੰਗ, ਭਗਤ ਦਵਾਰਾ ਇਕ ਵਡਿਆਇੰਦਾ । ਤੂੰ ਭਗਤਾਂ ਅੰਦਰ ਬੈਠੀ ਲੰਘ, ਸ੍ਰੀ ਭਗਵਾਨ ਤੇਰੇ ਮੰਦਰ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਲੇਖੇ ਲਾਏ ਭਗਤਨ ਆਤਮ, ਮੇਲ ਮਿਲਾਏ ਪੁਰਖ ਪਰਮਾਤਮ, ਪਾਰਖੂ ਆਪਣਾ ਫੇਰਾ ਪਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਸਦਾ ਸਦ ਦਾਸੀ ਦਾਸਨ, ਦਸਤਗੀਰ ਬੇਨਜ਼ੀਰ ਸ਼ਾਹ ਹਕੀਰ ਹਰਿਜਨ ਹਰਿ ਹਰਿ ਰੂਪ ਸਮਾਈਆ ।

### ★ ੧੬ ਜੇਠ ੨੦੨੦ ਬਿਕ੍ਰਮੀ ਕਰਤਾਰ ਚੰਦ ਦੇ ਗ੍ਰਿਹਿ ਧਿੰਗਾਲੀ ਜੰਮੂ ★

ਭਗਤਾਂ ਸੰਗ ਭਗਤੀ ਪਰਵਾਨ, ਭਗਤੀ ਭਾਉ ਨਾ ਭਗਤ ਜਣਾਈਆ । ਸਾਚੀ ਸ਼ਕਤੀ ਸ੍ਰੀ ਭਗਵਾਨ, ਪਰੇਮ ਪ੍ਰੀਤੀ ਇਕ ਸਮਝਾਈਆ । ਨਾਮ ਵਿਅਕਤੀ ਦੇ ਗਿਆਨ, ਇਕੋ ਰਾਹ ਦਰਸਾਈਆ । ਦੂਜੀ ਰਹੇ ਨਾ ਕੋਈ ਆਣ, ਇਸ਼ਟ ਦੇਵ ਨਾ ਕੋਇ ਮਨਾਈਆ । ਜਿਨ੍ਹਾਂ ਘਰ ਮਿਲੇ ਸ੍ਰੀ ਭਗਵਾਨ, ਤਿਨ੍ਹਾਂ ਭਗਤੀ ਦਰ ਬਹਿ ਬਹਿ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਕਰਤਾ ਆਪ

ਕਮਾਈਆ । ਭਗਤੀ ਕਹੇ ਮੈਂ ਸਦਾ ਦਾਸੀ, ਜੁਗ ਜੁਗ ਸੇਵ ਕਮਾਈਆ । ਦੋਏ ਜੋੜ ਕਰਾਂ ਅਰਦਾਸੀ, ਧੁਰਦਰਗਾਹੀ ਸੀਸ ਨਿਵਾਈਆ । ਪ੍ਰਭ ਸਤਿਗੁਰ ਬਣ ਸਾਥੀ, ਦੇ ਮਤ ਸਚ ਸਮਝਾਈਆ । ਬਿਨ ਤੇਰੀ ਕਿਰਪਾ ਲੇਖੇ ਲੱਗੇ ਨਾ ਪੂਜਾ ਪਾਠੀ, ਗਿਆਨ ਧਿਆਨ ਨਾ ਕੋਇ ਚਤਰਾਈਆ । ਜੁਗ ਚੌਕੜੀ ਵੇਖੀ ਖੇਲ ਤਮਾਸ਼ੀ, ਘਰ ਘਰ ਅੰਦਰ ਫੇਰਾ ਪਾਈਆ । ਸਚ ਸੁੱਚ ਤੁਧ ਬਿਨ ਸੁਣਾਈ ਨਾ ਕਿਸੇ ਸਾਖੀ, ਸਾਖਿਆਤ ਰੂਪ ਨਾ ਕੋਇ ਦਰਸਾਈਆ । ਮੈਂ ਭਗਤੀ ਜਨ ਭਗਤਾਂ ਦੀ ਕਰਦੀ ਰਹੀ ਰਾਖੀ, ਜਗਤ ਵਿਕਾਰ ਨੇੜ ਕੋਇ ਨਾ ਆਈਆ । ਬਾਹਰੋਂ ਵੇਂਹਦੀ ਰਹੀ ਤਨ ਖ਼ਾਕੀ, ਪੰਜ ਤੱਤ ਚੋਲਾ ਸੋਭਾ ਪਾਈਆ । ਕਲਜੁਗ ਅੰਤਮ ਵੇਖਿਆ ਪ੍ਰਭ ਤੇਰੀ ਨਿਰਗੁਣ ਜੋਤ ਨਿਰਵੈਰ ਪਰਕਾਸ਼ੀ, ਭਗਤਾਂ ਅੰਦਰ ਸੋਭਾ ਪਾਈਆ । ਖ਼ੁਸ਼ੀ ਵਿਚ ਮੇਰੀ ਨਿਕਲ ਗਈ ਹਾਸੀ, ਹੱਸ ਹੱਸ ਖ਼ੁਸ਼ੀ ਮਨਾਈਆ । ਮੈਂ ਓਨ੍ਹਾਂ ਦੀ ਕੀ ਹੋਵਾਂ ਦਾਸੀ, ਸ੍ਰੀ ਭਗਵਾਨ ਜਿਨ੍ਹਾਂ ਸੇਵ ਕਮਾਈਆ । ਮੇਰੇ ਖ਼ਾਲੀ ਹੱਥ ਭਗਤੋ ਮੇਰੀ ਕਰੋ ਤਲਾਸ਼ੀ, ਸੰਗ ਆਪਣੇ ਨਾ ਕੁਛ ਰਖਾਈਆ । ਜਨ ਭਗਤਾਂ ਸਦਾ ਸਦ ਬਲ ਬਲ ਜਾਸੀ, ਬਲਿਹਾਰੀ ਜੋ ਆਪਣਾ ਪਤਿਪਰਮੇਸ਼ਵਰ ਰਹੇ ਮਨਾਈਆ । ਮੇਰੀ ਓਨ੍ਹਾਂ ਨਾਲ ਹੋਏ ਬੰਦ ਖ਼ੁਲਾਸੀ, ਜਿਨ੍ਹਾਂ ਦੀ ਬੰਦਨਾ ਪ੍ਰਭ ਆਪਣੇ ਲੇਖੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰਾ ਸਾਚਾ ਵਰ, ਬਿਨ ਭਗਤੀ ਭਾਉ ਭਾਵਨਾ ਗੁਰਮੁਖਾਂ ਪੂਰ ਕਰਾਈਆ ।

## ★ ੧੬ ਜੇਠ ੨੦੨੦ ਬਿਕ੍ਰਮੀ ਵਕੀਲ ਸਿੰਘ ਦੇ ਗ੍ਰਿਹ ਪਿੰਗਾਲੀ ਜੰਮੂ ★



ਤੂੰ ਮੇਰਾ ਮੈਂ ਤੇਰਾ ਗੁਰਮੁਖ ਕਹਿਣ, ਸੋਹੰ ਢੋਲਾ ਰਹੇ ਜਸ ਗਾਈਆ । ਸਤਿਗੁਰ ਪੂਰਾ ਪੇਖਣ ਨਿਜ ਨੈਣ, ਪਰਦਾ ਓਹਲਾ ਮਾਤ ਉਠਾਈਆ । ਮੇਲ ਮਿਲਾਵਾ ਸਾਚੇ ਸੈਣ, ਸੱਜਣ ਇਕੋ ਨਜ਼ਰੀ ਆਈਆ । ਲੇਖਾ ਚੁਕੇ ਲਹਿਣ ਦੇਣ, ਬਾਕੀ ਅਵਰ ਨਾ ਕੋਇ ਵਖਾਈਆ । ਮਹੱਲ ਅਟੱਲ ਉਚੇ ਬਹਿਣ, ਮੰਦਰ ਹੋਏ ਸਚ ਰੁਸ਼ਨਾਈਆ । ਲਾੜੀ ਮੌਤ ਨਾ ਖਾਏ ਡੈਣ, ਰਾਏ ਧਰਮ ਨਾ ਦਏ ਸਜ਼ਾਈਆ । ਚਿਤਰ ਗੁਪਤ ਲੇਖਾ ਆਏ ਨਾ ਲੈਣ, ਹਿਸਾਬ ਕਿਤਾਬ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਨਿਰਗੁਣ ਵੇਖ ਵਖਾਈਆ । ਤੂੰ ਮੇਰਾ ਮੈਂ ਤੇਰਾ ਗੁਰਮੁਖ ਕਹਿੰਦੇ, ਕਹਿ ਕਹਿ ਸ਼ੁਕਰ ਮਨਾਈਆ । ਪੁਰਖ ਅਕਾਲ ਦੀ ਸਰਨੀ ਪੈਂਦੇ, ਦੂਜਾ ਇਸ਼ਟ ਨਾ ਕੋਇ ਵਖਾਈਆ । ਸਦਾ ਸਦਾ ਸਦ ਭਾਣਾ ਸਹਿੰਦੇ, ਮਾਣ ਤਾਣ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦ ਆਪ ਜਣਾਈਆ । ਤੂੰ ਮੇਰਾ ਮੈਂ ਤੇਰਾ ਗੁਰਮੁਖ ਗਾਣਾ ਗੌਂਦੇ, ਗਾ ਗਾ ਧਿਆਨ ਲਗਾਈਆ । ਆਤਮਕ ਧੁਨ ਨਾਦ ਵਜੌਂਦੇ, ਅਨਹਦ ਸਾਚੀ ਸੇਵ ਲਗਾਈਆ । ਆਤਮ ਪਰਮਾਤਮ ਪਰਦਾ ਲੌਂਹਦੇ, ਬਜਰ ਕਪਾਟੀ ਤੋੜ ਤੁੜਾਈਆ । ਨਿਰਮਲ ਦੀਪਕ ਜੋਤ ਜਗੌਂਦੇ, ਗ੍ਰਿਹ ਮੰਦਰ ਹੋਏ ਰੁਸ਼ਨਾਈਆ । ਆਤਮ ਸੇਜਾ ਕੰਤ ਸੁਹੌਂਦੇ, ਸੁਹੰਜਣੀ ਰੁੱਤ ਨਾਲ ਮਿਲਾਈਆ । ਮੀਤ ਮੁਰਾਰਾ ਇਕੋ ਪੌਂਦੇ, ਨਰ ਨਿਰੰਕਾਰਾ ਨਜ਼ਰੀ ਆਈਆ । ਪਰਮ ਪੁਰਖ ਪਰਮਾਤਮ ਇਕ ਧਿਔਂਦੇ, ਗਿਆਨ ਧਿਆਨ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਤੂੰ ਮੇਰਾ ਮੈਂ ਤੇਰਾ ਰਸਨਾ ਬੋਲ, ਗੀਤ ਗੋਬਿੰਦ ਅਲਾਈਆ । ਆਤਮ ਅੰਤਰ ਪਰਦਾ ਖੋਲ੍ਹ, ਘਰ ਮੰਦਰ ਵੇਖ ਵਖਾਈਆ । ਪੁਰਖ ਪੁਰਖੋਤਮ ਵਸੇ

ਕੋਲ, ਨਿਜ ਆਤਮ ਡੇਰਾ ਲਾਈਆ । ਸ਼ਬਦ ਅਗੰਮ ਵਜਾਏ ਢੋਲ, ਸਚ ਮਰਦੰਗਾ ਇਕ ਉਠਾਈਆ । ਬੋਧ ਅਗਾਧਾ ਬੋਲੇ ਬੋਲ, ਨਿਸ਼ਅੱਖਰ ਕਰੇ ਪੜ੍ਹਾਈਆ । ਸਾਚੇ ਕੰਡੇ ਤੋਲੇ ਤੋਲ, ਨਾਮ ਤਰਾਜ਼ੂ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਤੂੰ ਮੇਰਾ ਮੈਂ ਤੇਰਾ ਗੁਰਮੁਖ ਗਾ, ਗਾ ਗਾ ਸ਼ੁਕਰ ਮਨਾਈਆ । ਕਾਇਆ ਮੰਦਰ ਅੰਦਰ ਟੇਢੀ ਬੰਕ ਮਿਲੇ ਰਾਹ, ਨੌਂ ਦਵਾਰੇ ਪੰਧ ਮੁਕਾਈਆ । ਸੁਰਤ ਸਵਾਣੀ ਚੜ੍ਹੇ ਚਾ, ਚਾਉ ਘਨੇਰਾ ਇਕ ਰਖਾਈਆ । ਗੁਰ ਸ਼ਬਦੀ ਪਕੜੇ ਬਾਂਹ, ਨਿਰਗੁਣ ਆਪਣਾ ਫੇਰਾ ਪਾਈਆ । ਕਰ ਪ੍ਰੀਤੀ ਕਰੇ ਹਾਂ, ਹਾਂ ਹਾਂ ਵਿਚ ਮਿਲਾਈਆ । ਸਿਰ ਦੇਵੇ ਠੰਡੀ ਛਾਂ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਇਆਵਾਨ ਹੋਏ ਸਹਾਈਆ । ਤੂੰ ਮੇਰਾ ਮੈਂ ਤੇਰਾ ਸੋਹੰ ਢੋਲਾ, ਸੋ ਸਾਹਿਬ ਆਪ ਜਣਾਈਆ । ਨਿਰਗੁਣ ਸਰਗੁਣ ਬਣ ਵਿਚੋਲਾ, ਲੋਕਮਾਤ ਵੇਖ ਵਖਾਈਆ । ਆਪ ਚੁਕਾਏ ਪਰਦਾ ਉਹਲਾ, ਮੁਖ ਨਕਾਬ ਨਾ ਕੋਇ ਰਖਾਈਆ । ਨਿਰਗੁਣ ਧਾਰ ਹੋ ਕੇ ਮੌਲਾ, ਮੌਲਾ ਆਪਣੀ ਕਾਰ ਕਮਾਈਆ । ਸਤਿ ਸਲੋਕ ਸੁਣਾਏ ਸੋਹਲਾ, ਸੋ ਪੁਰਖ ਨਿਰੰਜਣ ਨਾਦ ਅਲਾਈਆ । ਪਰੇਮ ਪ੍ਰੀਤੀ ਆਏ ਝਕੋਲਾ, ਸਚ ਹੁਲਾਰਾ ਇਕ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਸੰਗ ਆਪ ਜਣਾਈਆ । ਤੂੰ ਮੇਰਾ ਮੈਂ ਤੇਰਾ ਜੋ ਜਨ ਗਾਏ ਗੀਤ, ਗਹਿਰ ਗੰਭੀਰ ਪ੍ਰਭ ਨਜ਼ਰੀ ਆਈਆ । ਲੇਖਾ ਚੁਕੇ ਮੰਦਰ ਮਸੀਤ, ਸ਼ਿਵਦਵਾਲੇ ਮੱਠ ਕਾਇਆ ਮੰਦਰ ਅੰਦਰ ਦਏ ਵਖਾਈਆ । ਸਤਿਗੁਰ ਬੈਠਾ ਦਿਸੇ ਅਤੀਤ, ਤ੍ਰੈਗੁਣ ਰੂਪ ਨਾ ਕੋਇ ਵਟਾਈਆ । ਆਦਿ ਜੁਗਾਦੀ ਠਾਂਡਾ ਸੀਤ, ਅਗਨੀ ਤੱਤ ਨਾ ਕੋਇ ਪਰਗਟਾਈਆ । ਜੁਗ ਚੌਕੜੀ ਜਨ ਭਗਤਾਂ ਦੱਸੇ ਰੀਤ, ਸਾਹਿਬ ਸਤਿਗੁਰ ਹੋ ਸਹਾਈਆ । ਲੱਖ ਚੁਰਾਸੀ ਜਾਏ ਜੀਤ, ਜਿਤ ਹਾਰ ਆਪਣੇ ਹੱਥ ਰਖਾਈਆ । ਲੇਖਾ ਜਾਣੇ ਹਸਤ ਕੀਟ, ਘਟ ਘਟ ਰਿਹਾ ਸਮਾਈਆ । ਕਰੇ ਖੇਲ ਸਦਾ ਅਨਡੀਠ, ਅਨਡਿਠੜੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਤੂੰ ਮੇਰਾ ਮੈਂ ਤੇਰਾ ਇਕੋ ਨਾਦ, ਅਨਾਦੀ ਹਰਿ ਜਣਾਇੰਦਾ । ਸੁਣਾਵਣਹਾਰਾ ਬ੍ਰਹਮ ਬ੍ਰਹਿਮਾਦ, ਬ੍ਰਹਿਮੰਡ ਖੋਜ ਖੁਜਾਇੰਦਾ । ਜਿਸ ਰਚਨਾ ਰਚੀ ਆਦਿ, ਸੋ ਜੁਗ ਜੁਗ ਵੇਸ ਵਟਾਇੰਦਾ । ਸਤਿਗੁਰ ਸਾਹਿਬ ਸਾਜਣ ਸਾਜ, ਸਤਿ ਸਤਿਵਾਦੀ ਫੇਰਾ ਪਾਇੰਦਾ । ਨਾਮ ਨਿਧਾਨਾ ਬੋਧ ਅਗਾਧ, ਨਿਤ ਨਵਿਤ ਆਪ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਅਗੰਮ ਮਾਰ ਆਵਾਜ਼, ਅਨਰਾਗੀ ਰਾਗ ਅਲਾਇੰਦਾ । ਤੂੰ ਮੇਰਾ ਮੈਂ ਤੇਰਾ ਰਾਗ, ਰਾਗਨੀ ਭੇਵ ਕੋਇ ਨਾ ਪਾਈਆ । ਬਿਨ ਰਸਨਾ ਜਿਹਵਾ ਦੇਵੇ ਸਵਾਦ, ਅਨਰਸ ਆਪਣਾ ਆਪ ਵਖਾਈਆ । ਆਤਮ ਪਰਮਾਤਮ ਕਰੇ ਲਾਡ, ਪਾਰਬ੍ਰਹਮ ਬ੍ਰਹਮ ਮੇਲਾ ਸਹਿਜ ਸੁਭਾਈਆ । ਸਿਫ਼ਤ ਸਾਲਾਹੀ ਦੇਵੇ ਦਾਦ, ਵਸਤ ਅਮੋਲਕ ਝੋਲੀ ਪਾਈਆ । ਅੰਦਰ ਬਾਹਰ ਗੁਪਤ ਜ਼ਾਹਰ ਨਿਰਗੁਣ ਸਰਗੁਣ ਰੱਖੇ ਲਾਜ, ਸਮਰਥ ਦਾਤਾ ਬੇਪਰਵਾਹੀਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਰਚ ਰਚ ਕਾਜ, ਜੁਗ ਚੌਕੜੀ ਬੰਧਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਥਾਉਂ ਥਾਈਆ । ਤੂੰ ਮੇਰਾ ਮੈਂ ਤੇਰਾ ਸਾਚੀ ਧੁਨ, ਧੁਨ ਇਕੋ ਇਕ ਸ਼ਨਵਾਈਆ । ਖੋਲ੍ਹਣਹਾਰਾ ਸੁਨ ਮੁਨ, ਮੁਨੀ ਮੁਨੀਸ਼ਰ ਦਏ ਸਮਝਾਈਆ । ਲੇਖਾ ਜਾਣੇ ਆਦਿ ਕੁਨ, ਗਹਿਰ ਗੰਭੀਰ ਵਡ ਵਡਿਆਈਆ । ਦੋ ਜਹਾਨਾਂ ਛਾਣ ਪੁਣ, ਸ਼ਹਿਨਸ਼ਾਹ ਆਪਣਾ ਭੇਵ ਖੁਲ੍ਹਾਈਆ । ਸੰਤ ਸੁਹੇਲੇ ਸਾਚੇ ਚੁਣ, ਗੁਰ

ਚੇਲੇ ਮੇਲ ਮਿਲਾਈਆ । ਭਾਗ ਲਗਾਏ ਆਪਣੀ ਕੁਲ, ਭਗਤ ਭਗਵਾਨ ਲਏ ਉਪਾਈਆ । ਸਚ ਦਵਾਰ ਜਾਏ ਖੁਲ੍ਹ, ਖ਼ਾਲਕ ਖ਼ਲਕ ਆਪ ਖੁਲ੍ਹਾਈਆ । ਵਸਤ ਦੇਵੇ ਨਾਮ ਅਤੁਲ, ਵਡ ਭੰਡਾਰੀ ਬੇਪਰਵਾਹੀਆ । ਸਦ ਬੈਠਾ ਰਹੇ ਅਡੋੱਲ, ਅਡੋੱਲ ਆਪਣੀ ਧਾਰ ਚਲਾਈਆ । ਤ੍ਰੈਗੁਣ ਮਾਇਆ ਨਾ ਜਾਏ ਰੁਲ, ਪੰਜ ਤੱਤ ਪਰਦਾ ਕੋਇ ਨਾ ਪਾਈਆ । ਪੱਤ ਡਾਲੀ ਆਪੇ ਜਾਏ ਫੁੱਲ, ਲੱਖ ਚੁਰਾਸੀ ਬਾਗ਼ ਬਾਗ਼ੀਚਾ ਵੇਖ ਵਖਾਈਆ । ਨਿਰਗੁਣ ਹੋ ਨਾ ਜਾਏ ਹੁੱਲ, ਸਰਗੁਣ ਅੰਤ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਤੂੰ ਮੇਰਾ ਮੈਂ ਤੇਰਾ ਰੰਗ, ਰੰਗ ਰੰਗੀਲਾ ਆਪ ਬਣਾਇੰਦਾ । ਆਤਮ ਪਰਮਾਤਮ ਸੇਜ ਪਲੰਘ, ਦਰ ਘਰ ਸਾਚੇ ਆਸਣ ਲਾਇੰਦਾ । ਡੂੰਘੀ ਭਵਰੇ ਨਿਰਗੁਣ ਲੰਘ, ਮਰਦੰਗ ਆਪਣਾ ਨਾਮ ਵਜਾਇੰਦਾ । ਦੂਈ ਦਵੈਤੀ ਢਾਹੇ ਕੰਧ, ਸ਼ਰਅ ਸ਼ਰੀਅਤ ਮੇਟ ਮਿਟਾਇੰਦਾ । ਪਾਰਬ੍ਰਹਮ ਬ੍ਰਹਮ ਦੇਵੇ ਅਨੰਦ, ਨਿਜਾਨੰਦ ਰਸ ਵਖਾਇੰਦਾ । ਬਿਨ ਸੂਰਜ ਚੰਦ, ਚਾੜ੍ਹੇ ਚੰਦ, ਜੋਤ ਨਿਰੰਜਣ ਡਗਮਗਾਇੰਦਾ । ਬਿਨ ਬੱਤੀ ਦੰਦ ਗਾਏ ਛੰਦ, ਅਨਹਦ ਸਾਚਾ ਰਾਗ ਅਲਾਇੰਦਾ । ਬਿਨ ਪਾਂਧੀਉਂ ਪਏ ਪੰਧ, ਦੋ ਜਹਾਨਾਂ ਪੰਧ ਮੁਕਾਇੰਦਾ । ਜੁਗ ਜਨਮ ਦੀ ਟੁਟੀ ਗੰਢ, ਗੁਰਮੁਖ ਆਪਣੇ ਨਾਲ ਰਖਾਇੰਦਾ । ਸਤਿ ਸਰੂਪੀ ਦੇਵੇ ਸੰਗ, ਸਗਲਾ ਸਾਥੀ ਆਪ ਹੋ ਆਇੰਦਾ । ਮਾਣਸ ਜਨਮ ਨਾ ਹੋਏ ਭੰਗ, ਜਿਸ ਜਨ ਆਪਣੀ ਬੂਝ ਬੁਝਾਇੰਦਾ । ਸੁਰਤ ਸਵਾਣੀ ਨਾ ਹੋਏ ਰੰਡ, ਕੰਤ ਕੰਤੂਹਲ ਮੇਲ ਮਿਲਾਇੰਦਾ । ਨਾਤਾ ਤੁਟੇ ਜੇਰਜ ਅੰਡ, ਉਤਭੁਜ ਸੇਤਜ ਮੁਖ ਨਾ ਕੋਇ ਛੁਹਾਇੰਦਾ । ਜੋ ਢੋਲਾ ਗਾਏ ਤੇਰਾ ਮੇਰਾ ਛੰਦ, ਸੋਹੰ ਆਪਣਾ ਰਾਗ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੂਰਾ ਸਰਬੰਗ, ਸਰਬ ਘਟ ਆਪਣੀ ਕਾਰ ਕਮਾਇੰਦਾ । ਤੇਰਾ ਮੇਰਾ ਇਕ ਮਹੱਲਾ, ਏਕੰਕਾਰ ਰਿਹਾ ਜਣਾਈਆ । ਤੇਰਾ ਮੇਰਾ ਇਕੋ ਪੱਲਾ, ਭਗਤ ਭਗਵਾਨ ਰਿਹਾ ਸਮਝਾਈਆ । ਤੇਰਾ ਮੇਰਾ ਮੰਦਰ ਉਚ ਅਟੱਲਾ, ਸਚਖੰਡ ਸਾਚਾ ਸੋਭਾ ਪਾਈਆ । ਤੇਰਾ ਮੇਰਾ ਨੂਰ ਜੋਤੀ ਰਲਾ, ਨੂਰ ਨੂਰ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਰਿਹਾ ਸਮਝਾਈਆ । ਤੂੰ ਮੇਰਾ ਮੈਂ ਤੇਰਾ ਪੜ੍ਹਦਾ, ਨਿਰਗੁਣ ਸਰਗੁਣ ਆਪ ਜਣਾਇੰਦਾ । ਸਰਗੁਣ ਅੰਦਰ ਨਿਰਗੁਣ ਵੜਦਾ, ਨਿਰਗੁਣ ਸਰਗੁਣ ਵੇਖ ਵਖਾਇੰਦਾ । ਸਰਗੁਣ ਅੰਦਰ ਨਿਰਗੁਣ ਪੌੜੇ ਚੜ੍ਹਦਾ, ਪੌੜਾ ਆਪਣਾ ਬੰਕ ਸੁਹਾਇੰਦਾ । ਪੌੜੇ ਉਪਰ ਨਿਰਗੁਣ ਖੜਦਾ, ਨਿਰਵੈਰ ਆਪਣੀ ਕਾਰ ਕਰਾਇੰਦਾ । ਨਿਰਵੈਰ ਹੋ ਕੇ ਨਿਸ਼ਅੱਖਰ ਪੜ੍ਹਦਾ, ਤੂੰ ਮੇਰਾ ਮੈਂ ਤੇਰਾ ਰਾਗ ਅਲਾਇੰਦਾ । ਨਾ ਜੰਮੇਂ ਨਾ ਕਦੇ ਮਰਦਾ, ਸੋ ਪੁਰਖ ਨਿਰੰਜਣ ਖੇਲ ਕਰਾਇੰਦਾ । ਆਦਿ ਜੁਗਾਦੀ ਬਣ ਬਣ ਬਰਦਾ, ਜਨ ਭਗਤ ਦਵਾਰੇ ਸੋਭਾ ਪਾਇੰਦਾ । ਜੁਗ ਚੌਕੜੀ ਘਾੜਨ ਘੜਦਾ, ਘੜ ਘੜ ਭਾਂਡੇ ਵੇਖ ਵਖਾਇੰਦਾ । ਆਤਮ ਪਰਮਾਤਮ ਪਰਮਾਤਮ ਆਤਮ ਆਪਣੀ ਕਿਰਪਾ ਕਰਦਾ, ਕਿਰਪਾਨਿਧ ਸਵਾਮੀ ਠਾਕਰ ਠਾਕਰ ਆਪਣਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਗ ਦਏ ਸਮਝਾਈਆ । ਤੂੰ ਮੇਰਾ ਮੈਂ ਤੇਰਾ ਗਾਓ ਗੀਤ ਗੋਬਿੰਦ, ਗਹਿਰ ਗੰਭੀਰ ਰਿਹਾ ਜਣਾਈਆ । ਜਿਸ ਦਾ ਲੇਖਾ ਵਿਸ਼ਨ ਬ੍ਰਹਮਾ ਸ਼ਿਵ ਸੁਰਪਤ ਇੰਦ, ਲੱਖ ਚੁਰਾਸੀ ਵੰਡ ਵੰਡਾਈਆ । ਸੋ ਦਾਤਾ ਗੁਣੀ ਗਹਿੰਦ, ਨਿਰਗੁਣ ਨਿਰਵੈਰ ਸਹਿਜ ਸੁਖਦਾਈਆ । ਜਨ ਭਗਤ ਬਣੇ ਉਹਦੀ ਬਿੰਦ, ਬਿੰਦ ਅਨਾਦੀ ਰੂਪ ਵਟਾਈਆ । ਅੰਮ੍ਰਿਤ ਧਾਰ ਵਹਾਏ ਸਾਗਰ ਸਿੰਧ, ਨਿਝਰ ਰਸ ਇਕ ਵਖਾਈਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਮਾਰਗ ਆਪੇ ਲਾਈਆ । ਤੂੰ ਮੇਰਾ ਮੈਂ ਤੇਰਾ ਮਾਰਗ ਸੱਚ, ਆਦਿ ਜੁਗਾਦੀ ਹਰਿ ਜਣਾਇੰਦਾ । ਗੁਰ ਅਵਤਾਰ ਪੀਰ ਪੈਗੰਬਰ ਪਰੇਮ ਪ੍ਰੀਤੀ ਅੰਦਰ ਗਏ ਬੱਝ, ਪੱਲੂ ਅਵਰ ਨਾ ਕੋਇ ਛੁਡਾਇੰਦਾ । ਨਿਰਗੁਣ ਧਾਰ ਵਿਚ ਨਿਰਗੁਣ ਹੋ ਕੇ ਗਏ ਰਚ, ਸਰਗੁਣ ਸਰਗੁਣ ਬੰਸ ਵਖਾਇੰਦਾ । ਕਾਇਆ ਮਾਟੀ ਨਾਤਾ ਕਚ, ਘਰ ਘਰ ਵਿਚ ਕੰਚਨ ਗੜ੍ਹ, ਸੁਹਾਇੰਦਾ । ਆਤਮ ਹੋ ਕੇ ਰਿਹਾ ਨੱਚ, ਪਰਮਾਤਮ ਸਚ ਦਵਾਰੇ ਆਸਣ ਲਾ ਸੋਭਾ ਪਾਇੰਦਾ । ਜੁਗ ਤ੍ਰੇਤਾ ਸਤਿਜੁਗ ਦੁਆਪਰ ਕਲਜੁਗ ਮਾਰਗ ਦੱਸ, ਦਹਿ ਦਿਸ਼ਾ ਵੇਖ ਵਖਾਇੰਦਾ । ਭਗਤ ਭਗਵਾਨ ਪੂਰੀ ਕਰੇ ਆਸ, ਆਸਾ ਆਪਣੇ ਨਾਲ ਮਿਲਾਇੰਦਾ । ਜਨਮ ਕਰਮ ਦੀ ਮੇਟੇ ਪਿਆਸ, ਨਿਹਕਰਮੀ ਆਪਣਾ ਕਰਮ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਮੰਡਲ ਪਾਵੇ ਰਾਸ, ਗੋਪੀ ਕਾਹਨ ਆਪ ਨਚਾਇੰਦਾ । ਤੂੰ ਮੇਰਾ ਮੈਂ ਤੇਰਾ ਗੁਰ ਅਵਤਾਰ ਰਹੇ ਜਸ ਗਾਈਆ । ਨਿਰਗੁਣ ਸਰਗੁਣ ਇਕੋ ਡੇਰਾ, ਘਰ ਸਾਚੇ ਵੱਜੇ ਵਧਾਈਆ । ਆਦਿ ਅੰਤ ਕਰੇ ਹੱਕ ਨਬੇੜਾ, ਬੀ ਪਿਹਰਵਾਨ ਮਿਹਵਾਨ ਬੀਦੋ ਆਪਣੇ ਹੱਥ ਰਖਾਈਆ । ਨੂਰ ਨੂਰਾਨਾ ਨੇਰਨ ਨੇਰਾ, ਪਰਵਰਦਿਗਾਰ ਸਹਿਜ ਸੁਖਦਾਈਆ । ਮੁਕਾਮੇ ਹੱਕ ਵਸੇ ਖੇੜਾ, ਸੋ ਪੁਰਖ ਨਿਰੰਜਣ ਆਪ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੂੰ ਮੇਰਾ ਮੈਂ ਤੇਰਾ, ਆਦਿ ਆਦਿ ਕਰੀ ਪੜ੍ਹਾਈਆ । ਆਦਿ ਉਪਜਾਇਆ ਸ਼ਬਦ ਸੁਤ, ਸੋ ਪੁਰਖ ਨਿਰੰਜਣ ਦਇਆ ਕਮਾਈਆ । ਸੁਤ ਦੁਲਾਰੇ ਸੋਹੀ ਰੁੱਤ, ਵਿਸ਼ਨੂੰ ਵੇਸ ਵਟਾਈਆ । ਵਿਸ਼ਨੂੰ ਖੇਲ ਅਬਿਨਾਸ਼ੀ ਅਚੁਤ, ਬ੍ਰਹਮਾ ਰੰਗ ਰੰਗਾਈਆ । ਬ੍ਰਹਮਾ ਧਾਰੋਂ ਪਿਆ ਉਠ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਧੁਆਂਧਾਂਰ ਨਜ਼ਰ ਨਾ ਆਵੇ ਕੁਛ, ਧੁਆਂਧਾਰ ਸ਼ੰਕਰ ਰੂਪ ਵਟਾਈਆ । ਸਤਿ ਪੁਰਖ ਨਿਰੰਜਣ ਬੈਠਾ ਚੁਪ, ਆਪਣਾ ਰਾਗ ਨਾ ਕਿਸੇ ਸੁਣਾਈਆ । ਦੋਏ ਬੇਨੰਤੀ ਜੋੜ ਤਿੰਨਾਂ ਲਿਆ ਪੁੱਛ, ਪ੍ਰਭ ਚਰਨ ਲਗ ਸਰਨਾਈਆ । ਦੇ ਵਸਤ ਅਮੋਲਕ ਕੁਛ, ਦਰ ਤੇਰੇ ਝੋਲੀ ਡਾਹੀਆ । ਸੋ ਪੁਰਖ ਨਿਰੰਜਣ ਸਾਹਿਬ ਤੁਠ, ਵਿਸ਼ਨ ਬ੍ਰਹਮਾ ਸ਼ਿਵ ਦਿਤਾ ਪੜ੍ਹਾਈਆ । ਤੂੰ ਮੇਰਾ ਮੈਂ ਤੇਰਾ ਇਕੋ ਅੱਖਰ ਲੈਣਾ ਬੁੱਝ, ਜਿਸ ਦੇ ਬੁੱਝਿਆਂ ਭੁੱਖ ਰਹੇ ਨਾ ਰਾਈਆ । ਮੇਰਾ ਨਾਤਾ ਸ਼ਬਦ ਸੁਤ, ਸ਼ਬਦ ਸੁਤ ਕਰੇ ਕੁੜਮਾਈਆ । ਜੁਗ ਚੌਕੜੀ ਸੋਹਵੇ ਰੁੱਤ, ਰੁੱਤ ਰੁੱਤੜੀ ਨਾਲ ਮਹਿਕਾਈਆ । ਲੱਖ ਚੁਰਾਸੀ ਲੇਖਾ ਜਾਣੇ ਕਾਇਆ ਬੁੱਤ, ਤ੍ਰੈ ਪੰਜ ਖੇੜਾ ਆਪ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਬ੍ਰਹਮਵੇਤਾ ਇਕ ਨੇਤਾ ਨੇਤਨ ਨੇਤ ਨੇਤ ਦਸਾਈਆ । ਬ੍ਰਹਮੇ ਤੇਰਾ ਬ੍ਰਹਮ ਪਸਾਰ, ਪਾਰਬ੍ਰਹਮ ਜਣਾਈਆ । ਲੱਖ ਚੁਰਾਸੀ ਤੱਤ ਭੰਡਾਰ, ਨਿਰਗੁਣ ਸਰਗੁਣ ਵੇਖ ਵਖਾਈਆ । ਘਟ ਘਟ ਦੀਆ ਬਾਤੀ ਕਰ ਉਜਿਆਰ, ਕਮਲਾਪਾਤੀ ਕਰੇ ਰੁਸ਼ਨਾਈਆ । ਮਹੱਲ ਅਟੱਲ ਖੋਲ੍ਹ ਕਿਵਾੜ, ਗ੍ਰਿਹ ਮੰਦਰ ਸੋਭਾ ਪਾਈਆ । ਸਾਚੀ ਸਿਖਿਆ ਇਕ ਸਿਖਾਲ, ਪਰਮਾਤਮ ਆਤਮ ਦਏ ਵਡਿਆਈਆ । ਗੀਤ ਗੌਣਾ ਦੀਨ ਦਿਆਲ, ਦੀਨਨ ਸਦਾ ਸਦਾ ਹੋਏ ਸਹਾਈਆ । ਤੂੰ ਮੇਰਾ ਮੈਂ ਤੇਰਾ ਤੇਰੀ ਪ੍ਰੀਤੀ ਨਿਭੇ ਨਾਲ, ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਤਮ ਇਕੋ ਗੁਣ ਜਣਾਈਆ । ਆਤਮ ਕਹੇ ਮੇਰਾ ਲੱਖ ਚੁਰਾਸੀ ਨਾਤਾ, ਅੰਡਜ ਜੇਰਜ ਉਤਭੁਜ ਸੇਤਜ ਵੰਡ ਵੰਡਾਈਆ । ਪਰਮ ਪੁਰਖ ਤੇਰੀ ਸਾਚੀ ਗਾਥਾ, ਸਾਚਾ ਨਾਮ ਧਿਆਈਆ । ਤੂ ਹੀ ਪਿਤਾ ਤੂ ਹੀ ਮਾਤਾ, ਤੂ ਦਾਤਾ ਸਹਿਜ ਸੁਖਦਾਈਆ । ਤੇਰਾ ਰੂਪ ਤੇਰੀ ਕਿਰਪਾ ਪਛਾਤਾ, ਆਪਣੀ ਚਲੇ ਨਾ ਕੋਇ ਚਤੁਰਾਈਆ । ਸਦ ਦੇਵਣਹਾਰ

ਦਾਤਾ, ਵਸਤ ਅਮੋਲਕ ਰਿਹਾ ਵਰਤਾਈਆ । ਜਿਸ ਵੇਲੇ ਆਵੇ ਘਾਟਾ, ਉਸ ਵੇਲੇ ਤੇਰੀ ਓਟ ਤਕਾਈਆ । ਤੂੰ ਜੋਤੀ ਹੋਵੇਂ ਜਾਤਾ, ਮੇਰੀ ਜੋਤ ਤੇਰੇ ਨਾਲ ਰੁਸ਼ਨਾਈਆ । ਆਪਣਾ ਵਖੌਣਾ ਡੂੰਘਾ ਖਾਤਾ, ਗਹਿਰ ਗੰਭੀਰ ਪਰਦਾ ਆਪ ਉਠਾਈਆ । ਜਿਸ ਘਰ ਇਕੋ ਤੇਰਾ ਸੁਣੀਏ ਸਾਕਾ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਤੂੰ ਆਦਿ ਜੁਗਾਦੀ ਸਾਹਿਬ ਸੁਲਤਾਨ ਸੱਚਾ ਆਕਾ, ਵਾਹਦ ਪੀਰ ਨਜ਼ਰੀ ਆਈਆ । ਤੇਰਾ ਨਕਸ਼ ਖਿਚਿਆ ਨਾ ਜਾਏ ਕੋਈ ਖ਼ਾਕਾ, ਮੁਸੱਵਰ ਤਸੱਵਰ ਰੂਪ ਨਾ ਕੋਇ ਕਰਾਈਆ । ਤੂੰ ਆਪਣੀ ਦੱਸਣੀ ਸੱਚੀ ਬਾਤਾ, ਵਾਤਾਵਰਨ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਤਮ ਪਰਮਾਤਮ ਰਿਹਾ ਜਣਾਈਆ । ਆਤਮ ਪਰਮਾਤਮ ਮੇਰਾ ਲੇਖਾ ਜਾਣੇ ਕੌਣ, ਆਦਿ ਅੰਤ ਭੇਵ ਕੋਈ ਨਾ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜੁਗ ਜੁਗ ਔਣ, ਹੁਕਮੇ ਅੰਦਰ ਸੇਵ ਕਮਾਈਆ । ਤੇਰਾ ਮੇਰਾ ਢੋਲਾ ਸਾਰੇ ਗੌਣ, ਸੋਹੰ ਰੂਪ ਵਿਚ ਸਮਾਈਆ । ਚਰਨ ਕਵਲ ਧਿਆਨ ਇਕ ਲਗੌਣ, ਦੋਏ ਜੋੜ ਸੀਸ ਝੁਕਾਈਆ । ਵਰ ਸਾਚਾ ਸੱਚਾ ਪੌਣ, ਪ੍ਰਭ ਮਿਲੇ ਇਕ ਸਰਨਾਈਆ । ਰਾਹ ਤੱਕੇ ਉਣੰਜਾ ਪੌਣ, ਪੌਣ ਪਵਣਾਂ ਨਾਲ ਮਿਲਾਈਆ । ਚਰਨਾਂ ਹੇਠਾਂ ਥੱਲੇ ਸਾਰੇ ਭੌਣ, ਉਪਰ ਚੜ੍ਹ ਆਸਣ ਕੋਇ ਨਾ ਲਾਈਆ । ਆਤਮ ਸੇਜਾ ਸਾਰੇ ਸੌਣ, ਪਰਮਾਤਮ ਅੰਸ ਨਾਲ ਮਿਲਾਈਆ । ਗੀਤ ਇਲਾਹੀ ਇਕ ਗੌਣ, ਗਾ ਗਾ ਸ਼ੁਕਰ ਮਨਾਈਆ । ਉਚੀ ਕਰ ਨਾ ਸਕੇ ਕੋਈ ਧੌਣ, ਸਜਦਾ ਸੀਸ ਸਰਬ ਝੁਕਾਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਜੁਗ ਚੌਕੜੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਤ ਨਵਿਤ ਆਪੇ ਆਏ ਮਨੌਣ, ਆਪ ਆਪਣਾ ਵੇਸ ਵਟਾਈਆ । ਕੀ ਪ੍ਰਭੂ ਗੁਰ ਅਵਤਾਰ ਤੈਨੂੰ ਗੌਣਗੇ, ਨਿਤ ਤੇਰਾ ਧਿਆਨ ਲਗੌਣਗੇ । ਵਰ ਤੇਰੇ ਦਰ ਤੋਂ ਪੌਣਗੇ । ਆਪਣਾ ਘਰ ਫੇਰ ਵਸੌਣਗੇ । ਕਾਇਆ ਮੰਦਰ ਅੰਦਰ ਰੰਗੀਲਾ ਪਲੰਘ ਵਿਛੌਣਗੇ । ਕਰ ਹੀਲਾ ਛੈਲ ਛਬੀਲਾ ਕੰਤ ਮਨੌਣਗੇ । ਸੂਹਾ ਪੀਲਾ ਨੀਲਾ ਰੰਗ ਨਾ ਕੋਈ ਵਖੌਣਗੇ । ਪਰਬਤ ਉਚਾ ਟੀਲਾ ਬਜਰ ਕਪਾਟੀ ਪਰਦਾ ਆਪੇ ਲੌਹਣਗੇ । ਬੰਦ ਤਾਕੀ ਤੇਰੇ ਦਰ ਖੁਲੌਣਗੇ । ਤਨ ਖ਼ਾਕੀ ਤੇਰੀ ਭੇਟ ਚੜ੍ਹੌਣਗੇ । ਮਨ ਆਕੀ ਤੇਰੇ ਅੱਗੇ ਢੌਣਗੇ । ਲਹਿਣਾ ਦੇਣਾ ਮੰਗਣ ਬਾਕੀ, ਖ਼ਾਲੀ ਝੋਲੀ ਸਰਬ ਭਰੌਣਗੇ । ਮਿਲ ਕੇ ਮੇਲ ਸਾਚੇ ਸਾਕੀ ਜਾਮ ਪਿਆਲਾ ਪੀ ਸ਼ੁਕਰ ਮਨੌਣਗੇ । ਤੇਰੇ ਪਰੇਮ ਅੰਦਰ ਜੀ, ਜੀਵਣ ਤੇਰੇ ਨਾਲ ਬਦਲੌਣਗੇ । ਆਪਣਾ ਆਪ ਨਾ ਕਰੇ ਕੋਈ ਕੀ, ਕਰਤਾ ਕੀਮਤ ਤੇਰੀ ਤੇਰੇ ਕੋਲੋਂ ਪਵੌਣਗੇ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਹੋ ਕੇ ਤੇਰੇ ਜੀ, ਜਾਗਰਤ ਜੋਤ ਜੋਤ ਜਗੌਣਗੇ । ਬਲਿਹਾਰੀ ਤੈਥੋਂ ਥੀ, ਆਪ ਆਪਣਾ ਭੇਟ ਚੜ੍ਹੌਣਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕੀ ਤੂੰ ਮੇਰਾ ਮੈਂ ਤੇਰਾ ਤੇਰਾ ਰਾਗ ਸਾਰੇ ਗੌਣਗੇ । ਜੋ ਆਵੇਗਾ ਸੋ ਆਵੇਗਾ । ਬਿਨ ਆਇਆਂ ਕੋਈ ਨਾ ਪਾਵੇਗਾ । ਪੁਰਖ ਅਬਿਨਾਸ਼ੀ ਨਜ਼ਰ ਕਿਸੇ ਨਾ ਆਵੇਗਾ । ਗੁਰ ਅਵਤਾਰ ਪੀਰ ਪੈਗ਼ੰਬਰ ਆਪਣੀ ਵੰਡ ਵੰਡਾਵੇਗਾ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਜ਼ਾਤ ਪਾਤ ਵਰਨ ਗੋਤ ਗੰਢ ਪੁਆਵੇਗਾ । ਦੀਨ ਮਜ਼੍ਹਬ ਜ਼ਾਤ ਪਾਤ ਖਾਣੀ ਬਾਣੀ, ਰਾਗ ਅਨਾਦ ਜਣਾਵੇਗਾ । ਸ਼ਾਸਤਰ ਸਿਮਰਤ ਵੇਦ ਪੁਰਾਨ ਕਹਾਣੀ, ਗੀਤਾ ਗਿਆਨ ਅਕਥ ਕਥਾ ਦ੍ਰਿੜ੍ਹਾਵੇਗਾ । ਅੰਜੀਲ ਕੁਰਾਨ ਖੇਲ ਮਹਾਨੀ, ਬਿਸਮਲ ਰੂਪ ਸਰਬ ਵਟਾਵੇਗਾ । ਗੁਰੂ ਗੋਝ ਪਦ ਨਿਰਬਾਣੀ, ਸ਼ਬਦ ਅਗੰਮ ਧੁਰ ਨਿਸ਼ਾਨੀ, ਛੱਤੀ ਰਾਗ ਭੇਵ ਨਾ ਆਵੇਗਾ । ਗੁਰ ਅਵਤਾਰ ਪੀਰ ਪੈਗ਼ੰਬਰ ਸੇਵਾਦਾਰਾ ਖ਼ਬਰਦਾਰ, ਆਲਸ ਨਿੰਦਰਾ ਵਿਚ ਨਾ ਕੋਇ ਰਖਾਵੇਗਾ ।

੬੨੮
੧੪

ਜਾਬਰ ਜਬਰ ਏਕੰਕਾਰ, ਕਾਦਰ ਕਰਤਾ ਕਰੇ ਵਿਚਾਰ, ਕੁਦਰਤ ਕਾਦਰ ਆਪਣੇ ਰੰਗ ਰੰਗਾਵੇਗਾ । ਖੇਲੇ ਖੇਲ ਵਾਰੋ ਵਾਰ, ਜੁਗ ਚੌਕੜੀ ਹੋ ਉਜਿਆਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਹੰਡਾਵੇਗਾ । ਬੋਧ ਅਗਾਧਾ ਸ਼ਬਦ ਜੈਕਾਰ, ਰਸਨਾ ਜਿਹਵਾ ਜਗਤ ਉਚਾਰ, ਕਲਮ ਸ਼ਾਹੀ ਵੰਡ ਵੰਡਾਵੇਗਾ । ਨਿਰਗੁਣ ਦੀਆ ਕਰ ਉਜਿਆਰ, ਕਮਲਾਪਾਤੀ ਮੀਤ ਮੁਰਾਰ, ਭਗਤ ਸਾਜਣ ਲਏ ਉਠਾਲ, ਅੰਤਰ ਆਤਮ ਇਕੋ ਬੂਝ ਬੁਝਾਵੇਗਾ । ਸਾਚਾ ਮੰਦਰ ਦਏ ਵਖਾਲ, ਜੋਤੀ ਜਗੇ ਬੇਮਿਸਾਲ, ਅੰਧ ਅੰਧੇਰ ਨਜ਼ਰ ਕੋਈ ਨਾ ਆਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਤੇਰਾ ਮੇਰਾ ਮੇਰਾ ਤੇਰਾ ਢੋਲਾ ਸਰਬ ਅਲਾਵੇਗਾ । ਕੀ ਤੇਰਾ ਮੇਰਾ ਪ੍ਰਭੂ ਸਭ ਰਾਗ ਗੌਣਗੇ । ਅੰਦਰ ਵੜ ਵੜ ਧਿਆਨ ਲਗੌਣਗੇ । ਚੋਟੀ ਚੜ੍ਹ ਚੜ੍ਹ ਵੇਖ ਵਖੌਣਗੇ । ਬੋਟੀ ਕੱਟ ਕੱਟ ਤਨ ਤਪੌਣਗੇ । ਰੋਟੀ ਛੱਡ ਛੱਡ ਜੰਗਲ ਜਾਣਗੇ । ਕੋਟੀ ਕੋਟ ਆਪ ਆਪਣਾ ਖ਼ਾਕ ਵਿਚ ਮਿਲੌਣਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਵਣ ਵੇਲਾ ਵਕਤ ਸੁਹੇਲਾ ਜਿਸ ਵੇਲੇ ਗੁਰਮੁਖ ਤੇਰਾ ਦਰਸ਼ਨ ਪੌਣਗੇ । ਉਹ ਵੇਲਾ ਅੰਤ ਸੁਹਾਵੇਗਾ । ਪ੍ਰਭ ਅਬਿਨਾਸ਼ੀ ਦਇਆ ਕਮਾਵੇਗਾ । ਨੌਂ ਸੌ ਚੁਰਾਨਵੇ ਚੌਕੜੀ ਪੰਧ ਮੁਕਾਵੇਗਾ । ਤੇਈ ਅਵਤਾਰ ਵੇਖ ਵਖਾਵੇਗਾ । ਭਗਤ ਅਠਾਰਾਂ ਰੰਗ ਰੰਗਾਵੇਗਾ । ਈਸਾ ਮੂਸਾ ਮੁਹੰਮਦ ਪੰਧ ਮੁਕਾਵੇਗਾ । ਨਾਨਕ ਗੋਬਿੰਦ ਵੇਖ ਵਖਾਵੇਗਾ । ਖਾਣੀ ਬਾਣੀ ਫੋਲ ਫੁਲਾਵੇਗਾ । ਧੁਰ ਦੀ ਰਾਣੀ ਜੋਤ ਪਰਗਟਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਆਪਣਾ ਫੇਰਾ ਪਾਵੇਗਾ । ਨਿਰਗੁਣ ਨਿਰਵੈਰ ਪੁਰਖ ਪ੍ਰਭ ਆਏਗਾ । ਜੋਤੀ ਜਾਮਾ ਵੇਸ ਵਟਾਏਗਾ । ਪੰਜ ਤੱਤ ਨਾ ਕੋਇ ਹੰਡਾਏਗਾ । ਬ੍ਰਹਮ ਮਤ ਇਕ ਸਮਝਾਏਗਾ । ਰਤੀ ਰਤ ਵੇਖ ਵਖਾਏਗਾ । ਪੁਰਖ ਸਮਰਥ ਦਇਆ ਕਮਾਏਗਾ । ਮਹਿਮਾ ਅਕਥ ਇਕ ਜਣਾਏਗਾ । ਲੱਖ ਚੁਰਾਸੀ ਰਥ ਆਪ ਚਲਾਏਗਾ । ਗੁਰ ਅਵਤਾਰ ਪੀਰ ਪੈਗ਼ੰਬਰ ਜੋ ਲੋਕਮਾਤ ਦੇ ਕੇ ਗਏ ਵੱਥ, ਸੋ ਆਪਣੀ ਝੋਲੀ ਪਾਏਗਾ । ਇਕੋ ਮਾਰਗ ਸ੍ਰਿਸ਼ਟ ਸਬਾਈ ਨੌਂ ਖੰਡ ਪ੍ਰਿਥਮੀ ਸੱਤ ਦੀਪ ਦੇਵੇ ਦੱਸ, ਬ੍ਰਹਿਮੰਡ ਖੰਡ ਵਿਸ਼ਨ ਬ੍ਰਹਮਾ ਸ਼ਿਵ ਆਪ ਪੜ੍ਹਾਏਗਾ । ਲੇਖਾ ਜਾਣੇ ਤੱਤ ਅੱਠ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਇਕੋ ਰਾਹੇ ਲਾਏਗਾ । ਚੌਦਾਂ ਵਿਦਿਆ ਕਰੇ ਭੱਠ, ਭਾਂਡਾ ਭਰਮ ਭੌ ਭੰਨਾਏਗਾ । ਚੌਦਾਂ ਤਬਕਾਂ ਗੇੜ ਉਲਟੀ ਲੱਠ, ਗੇੜਾ ਇਕੋ ਇਕ ਵਖਾਏਗਾ । ਚੌਦਾਂ ਲੋਕਾਂ ਮਾਰੇ ਸੱਟ, ਨਾਮ ਨਗਾਰਾ ਇਕ ਵਜਾਏਗਾ । ਦੋ ਜਹਾਨਾਂ ਖੋਲ੍ਹ ਹੱਟ, ਨਿਰਗੁਣ ਸਰਗੁਣ ਮੇਲ ਮਿਲਾਏਗਾ । ਪੁਰਖ ਅਬਿਨਾਸ਼ੀ ਕਮਲਾਪਤ, ਪਤਿਪਰਮੇਸ਼ਵਰ ਵੇਖਣ ਆਏਗਾ । ਜੋ ਤੇਰਾ ਮੇਰਾ ਸੋਹੰ ਨਾਮ ਰਹੇ ਰਟ, ਤਿਨ੍ਹਾਂ ਆਪਣੀ ਗੋਦ ਬਹਾਏਗਾ । ਬਿਨ ਰਸ ਅੰਮ੍ਰਿਤ ਰਸ ਲੈਣ ਚੱਟ, ਨਿਝਰ ਧਾਰਾ ਇਕ ਵਹਾਏਗਾ । ਨਾਤਾ ਤੁਟੇ ਆਨ ਬਾਟ, ਮਾਤ ਗਰਭ ਅਗਨ ਨਾ ਕੋਇ ਤਪਾਏਗਾ । ਲੱਖ ਚੁਰਾਸੀ ਉਤਰੇ ਪਾਰ ਘਾਟ, ਕਿਨਾਰਾ ਇਕੋ ਇਕ ਵਖਾਏਗਾ । ਕਰ ਪਰਕਾਸ਼ ਨਿਰਗੁਣ ਜੋਤ ਲਲਾਟ, ਨੂਰ ਨੁਰਾਨਾ ਚੰਦ ਚਮਕਾਏਗਾ । ਜਨ ਭਗਤਾਂ ਦੂਰ ਦੁਰਾਡੀ ਅੰਦਰ ਵੜ ਕੇ ਮੇਟੇ ਵਾਟ, ਪਾਂਧੀ ਆਪਣਾ ਫੇਰਾ ਪਾਏਗਾ । ਪੜ੍ਹਨ ਸੁਣਨ ਦੀ ਨਹੀਂ ਬਾਤ, ਕਰ ਕਿਰਪਾ ਵੇਖ ਵਖਾਏਗਾ । ਗੁਰਸਿਖਾਂ ਮੇਟ ਅੰਧੇਰੀ ਰਾਤ, ਜੋਤ ਨਿਰੰਜਣ ਚੰਦ ਚਮਕਾਏਗਾ । ਲਹਿਣਾ ਚੁਕਾਏ ਜ਼ਾਤ ਪਾਤ, ਦੀਨ ਮਜ਼੍ਹਬ ਨਾ ਕੋਇ ਰਖਾਏਗਾ । ਗੁਰ ਅਵਤਾਰ ਪੀਰ ਪੈਗ਼ੰਬਰ ਰੱਖੇ ਸਾਥ, ਪਿਛਲਾ ਲਹਿਣਾ ਸਭ ਦੀ ਝੋਲੀ ਪਾਏਗਾ । ਕਰੇ ਖੇਲ ਬਾਜ਼ੀਗਰ ਨਾਟ, ਨਟੂਆ


੬੨੯
੧੪

ਆਪਣਾ ਸਾਂਗ ਰਚਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰਗਟ ਹੋ ਪੁਰਖ ਅਬਿਨਾਸ਼, ਸਾਚਾ ਇਕੋ ਜਾਪ ਜਪਾਏਗਾ । ਤੂੰ ਮੇਰਾ ਮੈਂ ਤੇਰਾ ਜਪ, ਜਪ ਇਕੋ ਇਕ ਸਮਝਾਈਆ । ਕੋਟ ਜਨਮ ਦੇ ਉਤਰਨ ਪਪ, ਪਾਪੀ ਅਪਰਾਧੀ ਪਾਰ ਕਰਾਈਆ । ਤ੍ਰੈਗੁਣ ਮਾਇਆ ਡੱਸਣੀ ਨਾ ਡਸੇ ਸੱਪ, ਜ਼ਹਿਰ ਵਿਖ ਨਾ ਕੋਇ ਚੜ੍ਹਾਈਆ । ਪਤਿਪਰਮੇਸ਼ਵਰ ਸਦਾ ਸਵਾਮੀ ਰੱਖੇ ਪਤ, ਨਿਰਗੁਣ ਸਰਗੁਣ ਹੋਏ ਸਹਾਈਆ । ਨਿਜ ਨੇਤਰ ਖੋਲ੍ਹੇ ਅੱਖ, ਦੋਏ ਲੋਚਣ ਨਾ ਮਾਣ ਵਡਿਆਈਆ । ਜੁਗ ਚੌਕੜੀ ਭਗਤਾਂ ਕਰਦਾ ਆਇਆ ਪੱਖ, ਏਥੇ ਓਥੇ ਸਿਰ ਆਪਣਾ ਹੱਥ ਟਿਕਾਈਆ । ਲੱਖ ਚੁਰਾਸੀ ਵਿਚੋਂ ਲਏ ਰੱਖ, ਰੱਖਿਆ ਕਰੇ ਸਭਨੀ ਥਾਈਂਆ । ਲੇਖਾ ਜਾਣੇ ਕੁੱਲੀ ਕੱਖ, ਮੰਦਰ ਅਟੱਲ ਕਰੇ ਰੁਸ਼ਨਾਈਆ । ਜਨ ਭਗਤਾਂ ਕੋਲੋਂ ਪਿਛੇ ਜਾਏ ਨਾ ਹਟ, ਧੱਕਿਆਂ ਬਾਹਰ ਨਾ ਕੋਇ ਕਢਾਈਆ । ਆਪਣਾ ਦਰਸ ਦਿਖਾਵੇ ਝਟ, ਜ਼ੋਰ ਆਪਣਾ ਬਲ ਜਣਾਈਆ । ਅੰਦਰ ਵੜ ਕੇ ਮੇਟੇ ਫਟ, ਦੂਈ ਸਲ ਰਹੇ ਨਾ ਰਾਈਆ । ਦੁਰਮਤ ਮੈਲ ਦੇਵੇ ਕੱਟ, ਨਾਮ ਖੰਡਾ ਇਕ ਚਮਕਾਈਆ । ਸੰਤੋਖ ਧੀਰਜ ਦੇਵੇ ਜਤ, ਸਤਿ ਧਰਮ ਇਕ ਸਮਝਾਈਆ । ਨਾੜ ਬਹੱਤਰ ਨਾ ਉਬਲੇ ਰਤ, ਅੰਮ੍ਰਿਤ ਮੇਘ ਇਕ ਬਰਸਾਈਆ । ਬੀਜ ਬੀਜੇ ਸਾਚੇ ਵੱਤ, ਅੰਮ੍ਰਿਤ ਬੂਟਾ ਪਰੇਮ ਲਗਾਈਆ । ਪਤ ਡਾਲੀ ਸੋਹੇ ਪੱਤ, ਪਤਿਪਰਮੇਸ਼ਵਰ ਵੇਖ ਵਖਾਈਆ । ਜਿਨ੍ਹਾਂ ਮਾਰਗ ਦੇਵੇ ਦੱਸ, ਔਝੜ ਰਾਹ ਰਹਿਣ ਨਾ ਪਾਈਆ । ਸੋ ਅੱਗੇ ਔਂਦੇ ਹੱਸ ਹੱਸ, ਸੋਹੰ ਹੰਸਾ ਰੂਪ ਵਟਾਈਆ । ਪ੍ਰਭ ਮਿਲਣ ਦੀ ਰੱਖਣ ਆਸ, ਦੂਜੀ ਤ੍ਰਿਸਨਾ ਨਾ ਕੋਇ ਵਧਾਈਆ । ਕਵਣ ਵੇਲਾ ਘਰ ਦੀਪਕ ਜੋਤ ਹੋਏ ਪਰਕਾਸ਼, ਪਰਦਾ ਰਹਿਣ ਕੋਇ ਨਾ ਪਾਈਆ । ਭਗਤਾਂ ਮਿਲਣ ਦਾ ਪ੍ਰਭ ਨੂੰ ਇਕੋ ਕੰਮ ਖ਼ਾਸ, ਦੂਜੀ ਖ਼ਸਲਤ ਹੋਰ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੂੰ ਮੇਰਾ ਮੈਂ ਤੇਰਾ ਇਕੋ ਨਾਤਾ ਰਿਹਾ ਬੰਧਾਈਆ । ਤੂੰ ਮੇਰਾ ਮੈਂ ਤੇਰਾ ਨਾਤਾ ਬੰਧਨ, ਬੰਦਗੀ ਇਕੋ ਇਕ ਵਡਿਆਈਆ । ਤੇਰੀ ਪ੍ਰੀਤੀ ਸਾਚਾ ਚੰਦਨ, ਮਸਤਕ ਟਿੱਕਾ ਇਕੋ ਲਾਈਆ । ਸੁਖ ਸਾਗਰ ਗਹਿਰ ਗੰਭੀਰ ਤੂੰ ਪਰਮਾਨੰਦਨ, ਪਰਮ ਪੁਰਖ ਤੇਰੀ ਸਰਨਾਈਆ । ਤੇਰਾ ਵਸੇਰਾ ਖੰਡ ਬ੍ਰਹਿਮੰਡਨ, ਬ੍ਰਹਿਮਾਂਡ ਤੇਰੀ ਰੁਸ਼ਨਾਈਆ । ਵਿਸ਼ਨ ਬ੍ਰਹਮਾ ਸ਼ਿਵ ਗੁਰ ਅਵਤਾਰ ਪੀਰ ਪੈਗ਼ੰਬਰ ਤੇਰੇ ਦਵਾਰੇ ਮੰਗਣ, ਸਦ ਬੈਠੇ ਧਿਆਨ ਲਗਾਈਆ । ਕਲਜੁਗ ਅੰਤ ਭਗਤ ਭਗਵਾਨ ਰੱਖ ਅੰਗਣ, ਆਪ ਆਪਣੀ ਗੋਦ ਉਠਾਈਆ । ਤੇਰਾ ਖੇਲ ਸੂਰੇ ਸਰਬੰਗਨ, ਸਦ ਵੇਖੀਏ ਚਾਈਂ ਚਾਈਂਆ । ਕਲਜੁਗ ਅੰਤਮ ਆਇਆ ਹੰਢਣ, ਲੇਖਾ ਲੇਖੇ ਰਿਹਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਨਾਮ ਹੋਏ ਕੁੜਮਾਈਆ । ਤੂੰ ਮੇਰਾ ਮੈਂ ਤੇਰਾ ਇਕੋ ਨਾਮ, ਨਾਮ ਸਤਿ ਸਤਿ ਜਣਾਇੰਦਾ । ਨਿਰਗੁਣ ਪੂਰਾ ਕਰੇ ਕਾਮ, ਸਰਗੁਣ ਇਛਿਆ ਪੂਰ ਵਖਾਇੰਦਾ । ਪਰਗਟ ਹੋ ਸ੍ਰੀ ਭਗਵਾਨ, ਸਾਚੀ ਸਿਖਿਆ ਇਕ ਸਮਝਾਇੰਦਾ । ਚਾਰ ਵਰਨਾਂ ਦਏ ਸਚ ਗਿਆਨ, ਆਤਮ ਪਰਮਾਤਮ ਆਪ ਮਿਲਾਇੰਦਾ । ਕੂੜੀ ਕਿਰਿਆ ਨੈਣ ਸ਼ਰਮਾਣ, ਸਚ ਸੁੱਚ ਆਪ ਵਡਿਆਇੰਦਾ । ਸਤਿਗੁਰ ਗੁਰੂ ਗੁਰ ਸਤਿਗੁਰ ਸ਼ਬਦ ਸਦਾ ਬਲਵਾਨ, ਬਲ ਆਪਣਾ ਆਪ ਜਣਾਇੰਦਾ । ਪੰਜ ਤੱਤ ਕਰੇ ਕਲਿਆਣ, ਜਿਸ ਜਨ ਕਲਮਾ ਹੱਕ ਪੜ੍ਹਾਇੰਦਾ । ਸਿਦਕ ਸਬੂਰੀ ਸਚ ਈਮਾਨ, ਸਜਦਾ ਇਕੋ ਘਰ ਵਖਾਇੰਦਾ । ਵਜ਼ੂਦ ਦਿਸੇ ਨਾ ਕੋਇ ਨਿਸ਼ਾਨ, ਵਾਹਦ ਨੂਰ ਜੋਤ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਤੇਰਾ ਰਾਗ ਸੁਣਾਇੰਦਾ । ਤੇਰਾ ਮੇਰਾ ਰਾਗ ਅਗੰਮ, ਅਗੰਮ ਪੁਰਖ ਜਣਾਈਆ । ਚਲੇ ਚਲਾਏ

ਬਿਨ ਦਮਾਂ ਦਮ, ਪਵਣ ਸਵਾਸ ਨਾ ਆਸ ਰਖਾਈਆ । ਨਿਰਗੁਣ ਨਿਰਗੁਣ ਜਾਣੇ ਕੰਮ, ਨਿਹਕਰਮੀ ਆਪਣਾ ਕਰਮ ਸਮਝਾਈਆ । ਆਤਮ ਪਰਮਾਤਮ ਬੇੜਾ ਬੰਨ੍ਹ, ਸ੍ਰੀ ਭਗਵਾਨ ਆਪਣੇ ਕੰਧ ਉਠਾਈਆ । ਬਿਨ ਰਸਨਾ ਜਿਹਵਾ ਬਿਨ ਬੋਲਿਆਂ ਅਨਬੋਲਤ ਕਹੇ ਧੰਨ ਧੰਨ, ਧੰਨ ਧੰਨ ਤੇਰੀ ਵਡਿਆਈਆ । ਪਤਿਪਰਮੇਸ਼ਵਰ ਇਕ ਸਵਾਮੀ ਜਾਏ ਮੰਨ, ਦੂਜੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਮੇਲਾ ਨਿਰਗੁਣ ਚੇਲਾ, ਨਿਰਗੁਣ ਗੁਰੂ ਸੱਜਣ ਸੁਹੇਲਾ, ਨਿਰਗੁਣ ਜਣਾਏ ਆਪਣਾ ਵੇਲਾ, ਨਿਰਗੁਣ ਦੇਵਣਹਾਰ ਵਡਿਆਈਆ । ਨਿਰਗੁਣ ਮੇਰਾ ਨਿਰਗੁਣ ਤੇਰਾ, ਨਿਰਗੁਣ ਤੂ ਹੀ ਤੂ ਹੀ ਅਲਾਇੰਦਾ । ਨਿਰਗੁਣ ਸਤਿਗੁਰ ਨਿਰਗੁਣ ਚੇਰਾ, ਨਿਰਗੁਣ ਚਿਰੰਜੀਵ ਅਖਵਾਇੰਦਾ । ਨਿਰਗੁਣ ਨਗਰ ਨਿਰਗੁਣ ਖੇੜਾ, ਨਿਰਗੁਣ ਸੋਭਾਵੰਤ ਸੁਹਾਇੰਦਾ । ਨਿਰਗੁਣ ਪੱਤਣ ਨਿਰਗੁਣ ਬੇੜਾ, ਨਿਰਗੁਣ ਚੱਪੂ ਨਾਮ ਲਗਾਇੰਦਾ । ਨਿਰਗੁਣ ਮੰਦਰ ਨਿਰਗੁਣ ਡੇਰਾ, ਨਿਰਗੁਣ ਆਪਣਾ ਆਸਣ ਲਾਇੰਦਾ । ਨਿਰਗੁਣ ਕਹੇ ਤੂੰ ਮੇਰਾ ਮੈਂ ਤੇਰਾ, ਸਰਗੁਣ ਅੰਤਮ ਕੰਮ ਕਿਸੇ ਨਾ ਆਇੰਦਾ । ਤਨ ਮਾਟੀ ਖ਼ਾਕ ਢੇਰਾ, ਮੜੀ ਗੋਰ ਸਰਬ ਰਖਾਇੰਦਾ । ਆਤਮ ਪਰਮਾਤਮ ਪਰਮਾਤਮ ਆਤਮ ਸਦਾ ਸਦ ਨਬੇੜਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਤੇਰਾ ਭੇਵ ਚੁਕਾਇੰਦਾ । ਤੂੰ ਮੇਰਾ ਮੈਂ ਤੇਰਾ ਭੇਵ ਚੁਕੇ, ਚੌਗਿਰਦ ਵਾੜ ਨਾ ਕੋਇ ਰਖਾਈਆ । ਕੂੜੀ ਕਿਰਿਆ ਨਾਤਾ ਟੁਟੇ, ਅਤੁਟ ਭੰਡਾਰ ਨਾਮ ਵਰਤਾਈਆ । ਨਿਰਗੁਣ ਧਾਰੋਂ ਨੂਰ ਫੁੱਟੇ, ਘਰ ਘਰ ਵਿਚ ਕਰੇ ਰੁਸ਼ਨਾਈਆ । ਸ਼ਬਦ ਅਗੰਮੀ ਨਾਦ ਲਗਾਏ ਚੋਟੇ, ਨਗਾਰਾ ਇਕੋ ਇਕ ਵਜਾਈਆ । ਪਰਕਾਸ਼ ਹੋਵੇ ਨਿਰਮਲ ਜੋਤੇ, ਜੋਤੀ ਜੋਤ ਜੋਤ ਮਿਲਾਈਆ । ਪ੍ਰਭ ਨਜ਼ਰੀ ਆਏ ਜੋ ਲੁਕਿਆ ਗੋਸ਼ੇ, ਕੋਨੇ ਆਪਣਾ ਮੁਖ ਛੁਪਾਈਆ । ਪੂਰਬ ਜਨਮ ਗਵਾਏ ਰੋਸੇ, ਰੁਸਿਆਂ ਲਏ ਮਨਾਈਆ । ਬੋਲੇ ਬੋਲ ਜੋ ਹੋਇਆ ਖ਼ਮੋਸ਼ੇ, ਸੋਹੰ ਢੋਲਾ ਇਕੋ ਗਾਈਆ । ਮਦਹੋਸ਼ ਹੋਏ ਬੇਹੋਸ਼ੇ, ਮਧੁਰ ਆਪਣਾ ਰਾਗ ਸੁਣਾਈਆ । ਤੂੰ ਮੇਰਾ ਮੈਂ ਤੇਰਾ ਦੋਹਾਂ ਨੂੰ ਇਕੋ ਜੇਹੀ ਲੋਚੇ, ਭਗਤ ਭਗਵਾਨ ਦੋਵੇਂ ਬੈਠੇ ਨੈਣ ਉਠਾਈਆ । ਪ੍ਰਭ ਦਾ ਖੇਲ ਜੇ ਕੋਈ ਸੋਚੇ, ਸੋਚਣ ਵਿਚ ਕਦੇ ਨਾ ਆਈਆ । ਪੀਰ ਪੈਗ਼ੰਬਰ ਰੱਖਦੇ ਗਏ ਰੋਜ਼ੇ, ਫ਼ਾਕੇ ਮਰੇ ਜਗਤ ਲੋਕਾਈਆ । ਮਹਿਰਾਬ ਉਚ ਨਜ਼ਰ ਨਾ ਆਇਆ ਗੋਸ਼ੇ, ਹੁਜਰਾ ਹੱਕ ਨਾ ਕੋਇ ਸੁਹਾਈਆ । ਅੱਲਾ ਰਾਣੀ ਮਗਰ ਫਿਰਦੀ ਰਹੀ ਲੈ ਕੇ ਤੋਸੇ, ਠੰਡਾ ਜਲ ਨਾਲ ਉਠਾਈਆ । ਪਰਵਰਦਿਗਾਰ ਮੁਖ ਨਕਾਬ ਖੋਲ੍ਹ ਨਾ ਕਰੇ ਹੋਸ਼ੇ, ਆਪਣੀ ਅੱਖ ਨਾ ਕੋਇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਪੀਰ ਪੈਗ਼ੰਬਰਾਂ ਇਕੋ ਰਿਹਾ ਸਮਝਾਈਆ । ਪੀਰ ਪੈਗ਼ੰਬਰ ਕੁਤਬ ਗੌਂਸ, ਮੁੱਲਾਂ ਸ਼ੇਖ਼ ਮਸਾਇਕ ਆਪ ਜਣਾਈਆ । ਪ੍ਰਭ ਮਿਲਣ ਦਾ ਜਿਸ ਨੂੰ ਸ਼ੌਕ, ਸ਼ਾਹ ਸ਼ੌਕੀਨ ਰਿਹਾ ਜਣਾਈਆ । ਕੋਈ ਹੱਦ ਨਾ ਪਾਏ ਚੌਦਾਂ ਤਬਕ ਤੌਕ, ਅਲਫ਼ ਯੇ ਸਬਕ ਨਾ ਕੋਇ ਪੜ੍ਹਾਈਆ । ਚਰਨ ਪ੍ਰੀਤੀ ਸਾਚੀ ਨੀਤੀ ਇਕੋ ਰੱਖੇ ਓਟ, ਓੜਕ ਆਪਣਾ ਮੇਲ ਮਿਲਾਈਆ । ਦਰ ਘਰ ਮੰਦਰ ਜਾਏ ਪਹੁੰਚ, ਬੇਪਰਵਾਹ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੁਣਾਏ ਇਕ ਸਲੋਕ, ਸਭ ਨੇ ਗੌਣਾ ਲੋਕ ਪਰਲੋਕ, ਤੂੰ ਮੇਰਾ ਮੈਂ ਤੇਰਾ ਤੇਰਾ ਢੋਲਾ ਸਦ ਵਿਚੋਲਾ ਨਾਮ ਅਨਮੋਲਾ ਦੂਜਾ ਰਾਗ ਨਾ ਕੋਇ ਅਲਾਈਆ । ਤੂੰ ਮੇਰਾ ਮੈਂ ਤੇਰਾ ਅੱਲਾ, ਇਲਾਹੀ ਨੂਰ ਨਜ਼ਰੀ ਆਈਆ । ਮੁਕਾਮੇ ਹੱਕ ਵਸੇ ਇਕੱਲਾ, ਅਕਲ ਕਲ ਆਪਣਾ ਖੇਲ ਕਰਾਈਆ । ਬਿਸਮਲ ਰੂਪ ਹੋ ਕੇ ਮਾਰਗ ਦੱਸ ਸੁਖੱਲਾ, ਪਾਂਧੀ ਆਪਣਾ ਰਾਹ ਜਣਾਈਆ । ਹਕੀਕਤ

ਵਿਚ ਫੜਾ ਪੱਲਾ, ਲਾਸ਼ਰੀਕ ਤੇਰੀ ਸਰਨਾਈਆ । ਪੀਰ ਪੈਗ਼ੰਬਰੋ ਕਰ ਲਓ ਹੱਲਾ, ਪਰਵਰਦਿਗਾਰ ਇਕੋ ਵਾਰ ਜਣਾਈਆ । ਸਾਰੇ ਕਹੋ ਤੂੰ ਮੇਰਾ ਮੈਂ ਤੇਰਾ ਤੇਰਾ ਨੂਰ ਨੂਰੀ ਅੱਲਾ, ਆਲਮੀਨ ਤੇਰੀ ਸ਼ਰਨਾਈਆ ।

★ ੧੭ ਜੇਠ ੨੦੨੦ ਬਿਕ੍ਰਮੀ ਅੰਗਰੇਜ਼ ਸਿੰਘ ਦੇ ਗ੍ਰਿਹ ਪਿੰਗਾਲੀ ਜੰਮੂ ★

ਆਤਮ ਪਰਮਾਤਮ ਮੰਤ, ਇਕ ਨਮੋ ਮੰਤਰ ਸਰਬ ਪੜ੍ਹਾਈਆ । ਆਤਮ ਪਰਮਾਤਮ ਖੇਲ ਜੀਵ ਜੰਤ, ਲੱਖ ਚੁਰਾਸੀ ਸਰਬ ਸਮਾਈਆ । ਆਤਮ ਪਰਮਾਤਮ ਨਾਤਾ ਨਾਰ ਕੰਤ, ਨਿਰਗੁਣ ਨਿਰਗੁਣ ਸੇਜ ਹੰਡਾਈਆ । ਆਤਮ ਪਰਮਾਤਮ ਖੇਲ ਸ੍ਰੀ ਭਗਵੰਤ, ਭਗਤ ਭਗਵਾਨ ਰਾਹ ਵਖਾਈਆ । ਆਤਮ ਪਰਮਾਤਮ ਮਹਿਮਾ ਅਗਣਤ, ਜੁਗ ਚੌਕੜੀ ਸ਼ਾਸਤਰ ਸਿਮਰਤ ਵੇਦ ਪੁਰਾਨ ਰਹੇ ਜਸ ਗਾਈਆ । ਆਤਮ ਪਰਮਾਤਮ ਗ੍ਰਿਹ ਮੰਦਰ ਸਾਚੀ ਸੰਗਤ, ਘਰ ਘਰ ਵਿਚ ਖ਼ੁਸ਼ੀ ਰਖਾਈਆ । ਆਤਮ ਪਰਮਾਤਮ ਬੋਧ ਅਗਾਧਾ ਪੰਡਤ, ਕੰਚਨ ਗੜ੍ਹ ਕਰੇ ਪੜ੍ਹਾਈਆ । ਆਤਮ ਪਰਮਾਤਮ ਸਦਾ ਅਖੰਡਤ, ਖੰਡ ਖੰਡ ਨਾ ਕੋਇ ਕਰਾਈਆ । ਆਤਮ ਪਰਮਾਤਮ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰ ਵਖਾਈਆ । ਆਤਮ ਪਰਮਾਤਮ ਧਾਰ ਨਿਰਾਲੀ, ਨਿਰਗੁਣ ਨਿਰਗੁਣ ਆਪ ਉਪਾਇੰਦਾ । ਆਤਮ ਪਰਮਾਤਮ ਜੋਤ ਅਕਾਲੀ, ਅਕਲ ਕਲਧਾਰੀ ਭੇਵ ਚੁਕਾਇੰਦਾ । ਆਤਮ ਪਰਮਾਤਮ ਸਦਾ ਸਵਾਲੀ, ਦਰ ਸਾਚੇ ਮੰਗ ਮੰਗਾਇੰਦਾ । ਆਤਮ ਪਰਮਾਤਮ ਸਦਾ ਪ੍ਰਿਤਪਾਲੀ, ਬਣ ਪ੍ਰਿਤਪਾਲਕ ਸੇਵ ਕਮਾਇੰਦਾ । ਆਤਮ ਪਰਮਾਤਮ ਸਦ ਕਰੇ ਦਲਾਲੀ, ਵਣਜ ਵਣਜਾਰਾ ਨਾਉਂ ਰਖਾਇੰਦਾ । ਆਤਮ ਪਰਮਾਤਮ ਨਿਤ ਨਵਿਤ ਘਾਲ ਘਾਲੀ, ਸੇਵਾ ਸੇਵਾ ਰੂਪ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰੇ ਲਾਇੰਦਾ । ਆਤਮ ਪਰਮਾਤਮ ਸਦ ਸੰਜੋਗ, ਹਰਿ ਭਗਤ ਮਿਲੇ ਵਡਿਆਈਆ । ਆਤਮ ਪਰਮਾਤਮ ਅੰਮ੍ਰਿਤ ਰਸ ਭੋਗ, ਰਸ ਇਕੋ ਇਕ ਚਖਾਈਆ । ਆਤਮ ਪਰਮਾਤਮ ਢੋਲਾ ਸਲੋਕ, ਮੇਰਾ ਤੇਰਾ ਰਾਗ ਅਲਾਈਆ । ਆਤਮ ਪਰਮਾਤਮ ਲੇਖਾ ਚੁੱਕੇ ਲੋਕ ਪਰਲੋਕ, ਸ੍ਰੀ ਭਗਵਾਨ ਸੱਚੀ ਸਰਨਾਈਆ । ਆਤਮ ਪਰਮਾਤਮ ਮੇਲਾ ਕਾਇਆ ਕੱਪੜ ਕੋਟ, ਘਰ ਮੰਦਰ ਵੇਖ ਵਖਾਈਆ । ਆਤਮ ਪਰਮਾਤਮ ਨਿਰਮਲ ਜੋਤ, ਜੋਤੀ ਜੋਤ ਜੋਤ ਰੁਸ਼ਨਾਈਆ । ਆਤਮ ਪਰਮਾਤਮ ਮਿਲਣ ਦਾ ਰੱਖੇ ਸ਼ੌਕ, ਜੁਗ ਚੌਕੜੀ ਧਿਆਨ ਲਗਾਈਆ । ਆਤਮ ਪਰਮਾਤਮ ਜਨ ਭਗਤਾਂ ਅੰਦਰ ਮਿਲੇ ਪਹੁੰਚ, ਨਿਰਗੁਣ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵਣਹਾਰ ਵਡਿਆਈਆ । ਆਤਮ ਪਰਮਾਤਮ ਮੇਲ ਸਰਬੱਗ, ਸਰਬ ਘਟ ਵਾਸੀ ਆਪ ਮਿਲਾਇੰਦਾ । ਆਤਮ ਪਰਮਾਤਮ ਭੇਵ ਅਲੱਗ, ਘਰ ਘਰ ਵਿਚ ਪਰਦਾ ਪਾਇੰਦਾ । ਆਤਮ ਪਰਮਾਤਮ ਗਾਏ ਸਦ, ਢੋਲਾ ਇਕੋ ਰਾਗ ਅਲਾਇੰਦਾ । ਆਤਮ ਪਰਮਾਤਮ ਕਰੇ ਹੱਜ, ਦੀਦ ਈਦ ਵੇਖ ਵਖਾਇੰਦਾ । ਆਤਮ ਪਰਮਾਤਮ ਸਦ ਰਹੀ ਲੱਭ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਇਕ ਉਠਾਇੰਦਾ । ਆਤਮ ਪਰਮਾਤਮ ਸਚ ਰਸ, ਫਲ ਫੂਲ ਨਾ ਕੋਇ ਵਖਾਈਆ । ਆਤਮ ਪਰਮਾਤਮ ਸਦਾ ਵਸ, ਵਸੀਕਾਰ ਇਕ ਅਖਵਾਈਆ । ਆਤਮ ਪਰਮਾਤਮ ਮਾਰਗ ਦੱਸ, ਨਿਤ ਨਵਿਤ ਕਰੇ ਪੜ੍ਹਾਈਆ । ਆਤਮ ਪਰਮਾਤਮ ਮੇਲ ਮਿਲਾਵਾ ਹੱਸ ਹੱਸ, ਘਰ ਸਾਚੇ ਖ਼ੁਸ਼ੀ

ਮਨਾਈਆ । ਆਤਮ ਪਰਮਾਤਮ ਪੰਧ ਮੁਕਾਏ ਨੱਠ ਨੱਠ, ਦੂਰ ਦੁਰਾਡਾ ਨੇੜੇ ਆਈਆ । ਆਤਮ ਪਰਮਾਤਮ ਹੋਏ ਇਕੱਠ, ਭਗਤ ਦਵਾਰ ਵੱਜੇ ਵਧਾਈਆ । ਤੂੰ ਮੇਰਾ ਮੈਂ ਤੇਰਾ ਦੋਵੇਂ ਮਿਲ ਕੇ ਗਾਵਣ ਜਸ, ਆਤਮ ਪਰਮਾਤਮ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਅੰਤਰ ਆਤਮ ਬੂਝ ਬੁਝਾਈਆ । ਆਤਮ ਪਰਮਾਤਮ ਸਦਾ ਗੋਲੀ, ਜੁਗ ਜੁਗ ਸੇਵ ਕਮਾਈਆ । ਆਤਮ ਪਰਮਾਤਮ ਦਰ ਦਰਵਾਜ਼ਾ ਰਹੀ ਖੋਲ੍ਹੀ, ਤਾਕੀ ਬੰਦ ਨਾ ਕੋਇ ਕਰਾਈਆ । ਆਤਮ ਪਰਮਾਤਮ ਘੋਲ ਘੋਲੀ, ਆਪ ਆਪਣਾ ਘੋਲ ਘੁਮਾਈਆ । ਆਤਮ ਪਰਮਾਤਮ ਸਮਝੇ ਬੋਲੀ, ਸੋਹੰ ਢੋਲਾ ਸਚ ਸ਼ਨਵਾਈਆ । ਆਤਮ ਪਰਮਾਤਮ ਬਣ ਵਿਚੋਲੀ, ਮੇਲ ਮਿਲਾਵਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਜਾਣੇ ਥਾਉਂ ਥਾਈਆ । ਆਤਮ ਪਰਮਾਤਮ ਨੇੜੇ ਦੂਰ, ਦੂਰਨ ਦੂਰ ਖੇਲ ਖਲਾਇੰਦਾ । ਆਤਮ ਪਰਮਾਤਮ ਹਾਜ਼ਰ ਹਜ਼ੂਰ, ਹਰਿਜਨ ਆਪਣੇ ਘਰ ਵਖਾਇੰਦਾ । ਆਤਮ ਪਰਮਾਤਮ ਇਕੋ ਨੂਰ, ਨੂਰ ਨੁਰਾਨਾ ਨੂਰ ਧਰਾਇੰਦਾ । ਆਤਮ ਪਰਮਾਤਮ ਇਕੋ ਤੂਰ, ਸਚ ਸਾਚਾ ਨਾਦ ਵਜਾਇੰਦਾ । ਆਤਮ ਪਰਮਾਤਮ ਆਸਾ ਮਨਸਾ ਪੂਰ, ਪੂਰੀ ਆਸਾ ਸਦ ਕਰਾਇੰਦਾ । ਆਤਮ ਪਰਮਾਤਮ ਸਰਬ ਕਲਾ ਭਰਪੂਰ, ਵਸਤ ਅਮੋਲਕ ਆਪ ਵਰਤਾਇੰਦਾ । ਆਤਮ ਪਰਮਾਤਮ ਮਿਲੇ ਜ਼ਰੂਰ, ਜਨ ਭਗਤ ਦਵਾਰੇ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਆਪ ਮੁਕਾਇੰਦਾ । ਆਤਮ ਪਰਮਾਤਮ ਸਦਾ ਸਾਥ, ਤਨ ਮਾਟੀ ਖੇਲ ਰਚਾਈਆ । ਆਤਮ ਪਰਮਾਤਮ ਗਾਏ ਗਾਥ, ਨਾਉਂ ਨਿਧਾਨਾ ਸਿਫ਼ਤ ਸਾਲਾਹੀਆ । ਆਤਮ ਪਰਮਾਤਮ ਹੋਏ ਦਾਸ, ਦਾਸੀ ਆਪਣਾ ਰੂਪ ਵਟਾਈਆ । ਆਤਮ ਪਰਮਾਤਮ ਨਿਰਗੁਣ ਧਾਰਾ ਸ਼ਾਖ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਆਪ ਸਮਝਾਈਆ । ਆਤਮ ਪਰਮਾਤਮ ਭਗਤ ਭਰਵਾਸਾ, ਭਗਵਨ ਦੇਵਣਹਾਰ ਵਡਿਆਈਆ । ਆਤਮ ਪਰਮਾਤਮ ਨਿਰਗੁਣ ਸਰਗੁਣ ਚੁਕਾਏ ਰੋਸਾ, ਰੁਠੜੇ ਆਪ ਮਨਾਈਆ । ਆਤਮ ਪਰਮਾਤਮ ਮਿਲਣ ਦਾ ਰੱਖੇ ਸਦ ਸ਼ੌਂਕਾ, ਇਕੋ ਇਕ ਧਿਆਨ ਲਗਾਈਆ । ਆਤਮ ਪਰਮਾਤਮ ਕਲਜੁਗ ਅੰਤ ਮਿਲਿਆ ਇਕੋ ਮੌਕਾ, ਸੋ ਸਾਹਿਬ ਰਿਹਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਪਰਮਾਤਮ ਕਰ ਪਰਵਾਨ, ਭਗਤਾਂ ਲੇਖਾ ਆਪਣੇ ਖਾਤੇ ਪਾਈਆ ।



### ★ ੧੭ ਜੇਠ ੨੦੨੦ ਬਿਕ੍ਰਮੀ ਲੱਛੂ ਸ਼ਾਹ ਦੇ ਗ੍ਰਿਹ ਧਿੰਗਾਲੀ ਜੰਮੂ ★

ਵਹੀ ਖਾਤਾ ਫੋਲੇ ਸਭ, ਲੱਖ ਚੁਰਾਸੀ ਵੇਖ ਵਖਾਇੰਦਾ । ਧੰਨ ਦੌਲਤ ਦੱਬੀ ਲਏ ਲੱਭ, ਕਾਇਆ ਮੰਦਰ ਅੰਦਰ ਖੋਜ ਖੁਜਾਇੰਦਾ । ਮਾਇਆ ਮਮਤਾ ਜਾਣੇ ਹੱਦ, ਚਾਰੋਂ ਕੁੰਟ ਪਰਦਾ ਲਾਹਿੰਦਾ । ਲੇਖਾ ਜਾਣੇ ਪੁਰਖ ਸਮਰਥ, ਸਮਰਥ ਆਪਣੀ ਕਾਰ ਕਮਾਇੰਦਾ । ਜੁਗ ਚੌਕੜੀ ਲਹਿਣਾ ਦੇਣਾ ਹੱਥੋ ਹੱਥ, ਘਰ ਸਾਚੇ ਆਪ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਆਪ ਅਖਵਾਇੰਦਾ । ਸ਼ਾਹ ਪਾਤਸ਼ਾਹ ਜੁਗ ਚੌਕੜੀ ਲਹਿਣਾ, ਸ੍ਰੀ ਭਗਵਾਨ ਆਪ ਜਣਾਈਆ । ਹਰਿ ਕਾ ਨਾਉਂ ਸਾਚਾ ਗਹਿਣਾ, ਵਸਤ ਅਮੋਲਕ ਇਕ ਵਖਾਈਆ ।

ਆਪ ਜਣਾਏ ਨੇਤਰ ਨੈਣਾਂ, ਨਿਜ ਨੈਣ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਆਪਣੇ ਹੱਥ ਰਖਾਈਆ । ਲਹਿਣਾ ਲਹਿਣੇਦਾਰ, ਸੋ ਸਾਹਿਬ ਆਪ ਅਖਵਾਇੰਦਾ । ਵੇਖਣਹਾਰਾ ਹੱਟ ਬਾਜਾਰ, ਲੋਕ ਪਰਲੋਕ ਖੇਲ ਖਲਾਇੰਦਾ । ਲੋਕਮਾਤ ਲਾ ਗੁਲਜ਼ਾਰ, ਲੱਖ ਚੁਰਾਸੀ ਬੂਟਾ ਆਪ ਮਹਿਕਾਇੰਦਾ । ਵੇਖੇ ਵਿਗਸੇ ਆਪ ਨਿਰੰਕਾਰ, ਵੇਖਣਹਾਰਾ ਨਜ਼ਰ ਕਿਸੇ ਨਾ ਆਇੰਦਾ । ਵਡ ਖ਼ਜ਼ਾਨੇ ਪਾਵੇ ਸਾਰ, ਕਾਇਆ ਮੰਦਰ ਅੰਦਰ ਫੋਲ ਫੁਲਾਇੰਦਾ । ਕਵਣ ਵਸਤ ਘਰ ਰੱਖੀ ਥਾਰ, ਕਵਣ ਕੂੜਾ ਮੋਹ ਵਧਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਚੁਕਾਇੰਦਾ । ਵਹੀ ਖਾਤਾ ਜਗਤ ਨਾਂਵਾਂ, ਜਗ ਕੰਮ ਕਿਸੇ ਨਾ ਆਈਆ । ਸਤਿਗੁਰ ਸਰਨ ਸਚ ਸਰਨਾਈ ਧਾਮ ਵਖਾਏ ਗੁਰਮੁਖ ਨਥਾਵਾਂ, ਸਦ ਦੇਵਣਹਾਰ ਵਡਿਆਈਆ । ਪਕੜ ਉਠਾਏ ਡਿਗਿਆਂ ਬਾਂਹਵਾਂ, ਬਲ ਆਪਣਾ ਆਪ ਜਣਾਈਆ । ਕਲ ਕੂੜੀ ਕਿਰਿਆ ਨਾਤਾ ਤੁਟਾ ਪੁੱਤਰਾਂ ਮਾਂਵਾਂ, ਪਿਤਾ ਪੂਤ ਸਾਚਾ ਸੰਗ ਨਾ ਕੋਇ ਰਖਾਈਆ । ਲਹਿਣਾ ਦੇਣਾ ਜੁਗ ਚੌਕੜੀ ਮੁਕਦਾ ਰਿਹਾ ਸ਼ਾਹਾਂ, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਕਮਾਈਆ । ਸਾਚੀ ਕਰਨੀ ਹਰਿ ਨਿਰੰਕਾਰ, ਹਰਿ ਕਰਤਾ ਆਪ ਕਮਾਇੰਦਾ । ਜੁਗ ਚੌਕੜੀ ਦੇਵੇ ਤਾਰ, ਜੋ ਜਨ ਸਰਨਾਈ ਆਇੰਦਾ । ਰਾਮ ਰੂਪ ਰਮਿਆ ਸੰਸਾਰ, ਕਾਹਨ ਇਕੋ ਬੰਸਰੀ ਸਚ ਵਜਾਇੰਦਾ । ਧਾਮ ਅਨੋਖਾ ਮਹੱਲ ਅਟੱਲ ਉਚ ਮਨਾਰ, ਗ੍ਰਹਿ ਮੰਦਰ ਸੋਭਾ ਪਾਇੰਦਾ । ਦੀਆ ਬਾਤੀ ਕਰ ਉਜਿਆਰ, ਕਮਲਾਪਾਤੀ ਨੂਰ ਧਰਾਇੰਦਾ । ਸ਼ਬਦ ਅਨਾਦੀ ਬੋਲ ਜੈਕਾਰ, ਬ੍ਰਹਮ ਬ੍ਰਹਿਮਾਦੀ ਰਾਗ ਸੁਣਾਇੰਦਾ । ਗੁਰਮੁਖ ਸਾਚੀ ਸ਼ਾਦੀ ਵਿਚ ਸੰਸਾਰ, ਆਤਮ ਪਰਮਾਤਮ ਮੇਲ ਮਿਲਾਇੰਦਾ । ਕੰਤ ਕੰਤੂਹਲ ਏਕਾ ਵਾਰ, ਨਿਰਗੁਣ ਸਾਚਾ ਸਗਨ ਮਨਾਇੰਦਾ । ਫੂਲਨ ਸੇਜਾ ਕਰ ਤਿਆਰ, ਅਮਿਉਂ ਰਸ ਆਪਣਾ ਅੰਮ੍ਰਿਤ ਬਰਸਾਇੰਦਾ । ਖਿਲੀ ਰਹੇ ਸਦਾ ਗੁਲਜ਼ਾਰ, ਗ਼ੁੰਚਾ ਰੂਪ ਨਾ ਕੋਇ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਹਿਨਸ਼ਾਹ ਲੇਖਾ ਆਪਣੇ ਹੱਥ ਰਖਾਇੰਦਾ । ਸ਼ਾਹ ਪਾਤਸ਼ਾਹ ਚੁਕਾਏ ਲੇਖਾ, ਲਹਿਣਾ ਕੋਇ ਰਹਿਣ ਨਾ ਪਾਈਆ । ਪਾਰਬ੍ਰਹਮ ਜਿਸ ਨੇਤਰ ਪੇਖਾ, ਤਿਸ ਪੂਰਨ ਬ੍ਰਹਮ ਦਏ ਜਣਾਈਆ । ਕੂੜੀ ਕਿਰਿਆ ਕੂੜਾ ਹੇਤਾ, ਕੂੜਾ ਨਾਤਾ ਜਗਤ ਲੋਕਾਈਆ । ਆਤਮ ਪਰਮਾਤਮ ਕਰੋ ਸੱਚਾ ਹੇਤਾ, ਘਰ ਸਾਚੇ ਵੱਜੇ ਵਧਾਈਆ । ਮਾਤ ਗਰਭ ਦਾ ਰੱਖੋ ਚੇਤਾ, ਜਿਸ ਵੇਲੇ ਪੁਰਖ ਅਬਿਨਾਸ਼ੀ ਹੋਏ ਸਹਾਈਆ । ਮਾਇਆ ਮਮਤਾ ਛੱਡੋ ਠੇਕਾ, ਠੋਕਰ ਇਕੋ ਨਾਮ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਆਪਣਾ ਵਰ, ਤਿਸ ਧਰਮ ਰਾਏ ਨਾ ਮੰਗੇ ਕੋਈ ਲੇਖਾ, ਵਹੀ ਖਾਤਾ ਫੋਲ ਨਾ ਕੋਇ ਵਖਾਈਆ । ਵਹੀ ਖਾਤਾ ਨਾ ਫੋਲੇ ਵਰਕਾ, ਲਿਖਤ ਪੜ੍ਹਤ ਨਾ ਕੋਇ ਜਣਾਇੰਦਾ । ਸ੍ਰੀ ਭਗਵਾਨ ਜਿਨ੍ਹਾਂ ਭਗਤਾਂ ਹੱਲ ਕਰਾਏ ਇਕੋ ਪਰਚਾ, ਸੋਹੰ ਪੱਟੀ ਨਾਮ ਜਣਾਇੰਦਾ । ਜੀਵੰਦਿਆ ਪੱਲੇ ਬੰਨ੍ਹੇ ਖ਼ਰਚਾ, ਅੱਗੇ ਦੁੱਖ ਭੁੱਖ ਰੋਗ ਨਾ ਕੋਇ ਰਖਾਇੰਦਾ । ਕਲਜੁਗ ਅੰਤਮ ਜੀਵ ਜੰਤ ਸਾਰੇ ਕਰਨ ਚਰਚਾ, ਚਾਰੋਂ ਕੁੰਟ ਭੇਵ ਕੋਇ ਨਾ ਪਾਇੰਦਾ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਨਿਰਗੁਣ ਹੋ ਕੇ ਪਰਤਾ, ਪਰਤੀਨਿਧ ਆਪ ਅਖਵਾਇੰਦਾ । ਸ੍ਰਿਸ਼ਟ ਸਬਾਈ ਬੇਪਰਵਾਹੀ ਬਣਿਆ ਭਰਤਾ, ਲੱਖ ਚੁਰਾਸੀ ਨਾਰੀ ਸੇਜ ਹੰਡਾਇੰਦਾ । ਕਰੇ ਖੇਲ ਪੁਰਖ ਕਰਤਾ, ਕਰਨੀ ਆਪਣੇ ਹੱਥ ਵਖਾਇੰਦਾ । ਸ਼ਾਹਾਂ ਦਾ ਵੇਖਣਹਾਰਾ ਧੜਤਾ, ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਨਜ਼ਰ ਆਪ ਉਠਾਇੰਦਾ । ਸਾਚੀ ਨਜ਼ਰ ਕਰੇ ਬੇਨਜ਼ੀਰ, ਨਜ਼ਰੀਆ ਆਪਣਾ ਆਪ ਬਦਲਾਈਆ । ਲੇਖਾ ਜਾਣ ਸ਼ਾਹ ਹਕੀਰ, ਦੇਵਣਹਾਰ ਸਰਬ ਵਡਿਆਈਆ । ਕੱਟਣਹਾਰ ਸ਼ਰਅ ਜ਼ੰਜੀਰ, ਕੂੜਾ ਨਾਤਾ ਤੋੜ ਤੁੜਾਈਆ । ਦੇਵਣਹਾਰਾ ਅੰਤਰ ਧੀਰ, ਨਾਮ ਨਿਧਾਨ ਰਿਹਾ ਸਮਝਾਈਆ । ਕੱਢਣਹਾਰਾ ਬਿਰਹੋਂ ਪੀੜ, ਹਉਮੇਂ ਹੰਗਤਾ ਗੜ੍ਹ ਤੁੜਾਈਆ । ਦੇਵਣਹਾਰਾ ਅੰਮ੍ਰਿਤ ਸੀਰ, ਸਾਚ ਰਸ ਮੁਖ ਚੁਆਈਆ । ਬਦਲਨਹਾਰ ਸਦਾ ਤਕਦੀਰ, ਲਕੀਰ ਆਪਣੇ ਨਾਮ ਫਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਵੇਖ ਵਖਾਈਆ । ਵੇਖਣਹਾਰਾ ਵੇਖਣ ਆਇਆ, ਪੇਖ ਪੇਖ ਖ਼ੁਸ਼ੀ ਮਨਾਇੰਦਾ । ਆਦਿ ਜੁਗਾਦੀ ਦਾਈ ਦਾਇਆ, ਲੱਖ ਚੁਰਾਸੀ ਗੋਦ ਸੁਹਾਇੰਦਾ । ਭੇਵ ਚੁਕਾਏ ਤ੍ਰੈਗੁਣ ਮਾਇਆ, ਮਾਇਆ ਮਮਤਾ ਪਰਦਾ ਲਾਹਿੰਦਾ । ਘਰ ਪਰਮੇਸ਼ਵਰ ਜਿਨ੍ਹਾਂ ਪਾਇਆ, ਤਿਨ੍ਹਾਂ ਇਕੋ ਘਰ ਵਖਾਇੰਦਾ । ਲਹਿਣਾ ਦੇਣਾ ਮੂਲ ਚੁਕਾਇਆ, ਕਰਜ਼ਾ ਸਿਰ ਨਾ ਕੋਇ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਲੇਖਾ ਵੇਖ ਵਖਾਇੰਦਾ । ਹਰਿਜਨ ਲੇਖਾ ਸਤਿਗੁਰ ਹੱਥ, ਗੁਰੂ ਦੇਵਣਹਾਰ ਵਡਿਆਈਆ । ਮਾਰਗ ਸੱਚਾ ਇਕੋ ਦੱਸ, ਸਤਿ ਸਤਿ ਕਰੇ ਪੜ੍ਹਾਈਆ । ਸੋਹੰ ਢੋਲਾ ਗਾਓ ਜਸ, ਏਕਾ ਚਰਨ ਧਿਆਨ ਲਗਾਈਆ । ਪਰਮ ਪੁਰਖ ਪ੍ਰਭ ਮੇਲਾ ਹੱਸ ਹੱਸ, ਨਿਰਗੁਣ ਸਰਗੁਣ ਵੇਖ ਵਖਾਈਆ । ਸ਼ਾਹਾਂ ਦੇ ਸ਼ਹਿਨਸ਼ਾਹ ਪੂਰੀ ਕਰੇ ਆਸ, ਕੂੜੀ ਸ਼ਾਹੀ ਰਹਿਣ ਨਾ ਪਾਈਆ । ਦਿਆਲ ਹੋ ਕੇ ਵਸੇ ਪਾਸ, ਕਾਲ ਹੋ ਕੇ ਕੂੜੀ ਕਿਰਿਆ ਖਾਈਆ । ਬਿਰਧ ਬਾਲ ਕੋਈ ਨਾ ਹੋਏ ਨਿਰਾਸ, ਜਿਸ ਜਨ ਆਪਣੇ ਸੰਗ ਰਖਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਦਰ ਬਾਹਰ ਸਦਾ ਸਾਥ, ਜਗ ਨੇਤਰ ਜਗ ਨਜ਼ਰ ਕਿਸੇ ਨਾ ਆਈਆ ।



★ ੧੭ ਜੇਠ ੨੦੨੦ ਬਿਕ੍ਰਮੀ ਰਾਮ ਸਿੰਘ ਦੇ ਗ੍ਰਿਹ ਧਿੰਗਾਲੀ ਜੰਮੂ ★

ਸ਼ਹਿਨਸ਼ਾਹ ਸ਼ਾਹ ਜਗਦੀਸ, ਹਰਿ ਸ਼ਾਹੋ ਵਡ ਵਡਿਆਈਆ । ਗੁਰਮੁਖਾਂ ਲੇਖੇ ਲਾਏ ਸੀਸ, ਸੀਸ ਆਪਣੀ ਝੋਲੀ ਪਾਈਆ । ਨਾਮ ਪੜ੍ਹਾਈ ਇਕ ਹਦੀਸ, ਹਰਿ ਗੁਣ ਇਕੋ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਗੁਰ ਗੁਰ ਦਏ ਬੁਝਾਈਆ । ਗੁਰਮੁਖ ਗੁਰ ਗੁਰ ਇਕੋ ਨਾਦ, ਹਰ ਘਟ ਸਤਿਗੁਰ ਆਪ ਵਜਾਇੰਦਾ । ਜਿਸ ਜਨ ਦੇਵੇ ਆਪਣੀ ਦਾਦ, ਵਸਤ ਸਾਚੀ ਝੋਲੀ ਪਾਇੰਦਾ । ਸੋ ਜਨ ਹੋਏ ਵਿਸਮਾਦ, ਵਿਸਮਾਦੀ ਆਪਣੀ ਕਾਰ ਕਮਾਇੰਦਾ । ਜਾਗਤ ਸੋਵਤ ਸੁਣੇ ਫ਼ਰਯਾਦ, ਡੂੰਘੀ ਭਵਰ ਵੇਖ ਵਖਾਇੰਦਾ । ਗਹਿਰੇ ਸਾਗਰ ਵਿਚੋਂ ਕਾਢ, ਸਚ ਸਿੰਘਾਸਣ ਆਪ ਬਹਾਇੰਦਾ । ਧਰਨਾਪਤ ਰੱਖੇ ਲਾਜ, ਮਿਹਰਵਾਨ ਮਿਹਰ ਨਜ਼ਰ ਇਕ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਖ ਸਾਗਰ ਰੂਪ ਵਖਾਇੰਦਾ । ਗੁਰਮੁਖ ਸਾਗਰ ਗਹਿਰਾ ਨੀਰ, ਹਾਥ ਕਿਸੇ ਨਾ ਆਈਆ । ਪਰੇਮ ਪ੍ਰੀਤੀ ਕਰ ਕੇ ਗਏ ਪੀਰ ਫ਼ਕੀਰ, ਫ਼ਿਕਰਾ ਹਰਿ ਕਾ ਨਾਮ ਸੁਣਾਈਆ । ਗੁਰ ਅਵਤਾਰ ਦੇਂਦੇ ਰਹੇ ਧੀਰ, ਧੀਰਜ ਇਕੋ ਇਕ ਜਣਾਈਆ । ਕਲਜੁਗ ਅੰਤ ਭਗਵੰਤ ਅਖ਼ੀਰ, ਸ੍ਰੀ ਭਗਵਾਨ ਫੇਰਾ ਪਾਈਆ । ਨਿਰਗੁਣ ਹੋ ਕੇ ਬੰਨ੍ਹੇ ਬੀੜ, ਸਰਗੁਣ ਆਪਣੀ ਗੰਢ ਜਣਾਈਆ । ਕੂੜੀ ਕਿਰਿਆ ਦੇਵੇ ਚੀਰ,

ਨਾਮ ਸ਼ਮਸ਼ੀਰ ਹੱਥ ਉਠਾਈਆ । ਅੰਮ੍ਰਿਤ ਠਾਂਡਾ ਦੇਵੇ ਸੀਰ, ਸੀਨੇ ਅੱਗ ਨਾ ਲਾਗੇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਦੇਵਣਹਾਰ ਵਡਿਆਈਆ । ਗੁਰਮੁਖ ਵਡਿਆਈ ਅਧਿਆਤਮ, ਪਰਮਾਤਮ ਬੂਝ ਬੁਝਾਈਆ । ਲੇਖਾ ਜਾਣੇ ਪੋਸ਼ੀਦਾ ਬਾਤਨ, ਜ਼ਾਹਰਾ ਆਪਣੀ ਕਲ ਧਰਾਈਆ । ਨਿਰਪੱਖ ਬੰਧਾਏ ਨਾਤਨ, ਸਮਰਥ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਸ਼ਾਹ ਏਕੰਕਾਰ, ਇਕ ਇਕ ਆਪ ਅਖਵਾਇੰਦਾ । ਲੇਖਾ ਜਾਣ ਸਰਬ ਸੰਸਾਰ, ਜੁਗ ਚੌਕੜੀ ਵੇਖ ਵਖਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਰਿਆ ਪਾਰ, ਕਲਜੁਗ ਬੇੜਾ ਆਪਣੇ ਕੰਧ ਉਠਾਇੰਦਾ । ਨਿਰਗੁਣ ਨੂਰ ਲੈ ਅਵਤਾਰ, ਨਰਾਇਣ ਆਪਣਾ ਵੇਸ ਵਟਾਇੰਦਾ । ਸਾਚੇ ਮੰਦਰ ਖੋਲ੍ਹ ਕਿਵਾੜ, ਦਰ ਦਰਵਾਜ਼ਾ ਇਕ ਵਖਾਇੰਦਾ । ਸੰਤ ਸਾਜਣ ਸਾਚੇ ਲਾੜ, ਧੁਰਦਰਗਾਹੀ ਮੇਲ ਮਿਲਾਇੰਦਾ । ਆਤਮ ਪਰਮਾਤਮ ਦੱਸੇ ਇਕ ਪਿਆਰ, ਰੁੱਤ ਬਸੰਤੀ ਰੂਪ ਵਟਾਇੰਦਾ । ਘਰ ਸਖੀਆਂ ਮੰਗਲਚਾਰ, ਨਾਮ ਨਿਧਾਨਾ ਗੀਤ ਸੁਣਾਇੰਦਾ । ਸ਼ਰਅ ਸੰਗਲ ਟੁੱਟੇ ਜੁਗ ਚਾਰ, ਕੜੀ ਕੜੀ ਨਾ ਕੋਇ ਬੰਧਾਇੰਦਾ । ਮੰਦ ਵਾਸਨਾ ਕੱਢੇ ਬਾਹਰ, ਦੁਰਗੰਧ ਰੂਪ ਨਾ ਕੋਇ ਵਟਾਇੰਦਾ । ਸੁਗੰਧ ਦੇਵੇ ਏਕਾ ਵਾਰ, ਆਤਮ ਪਰਮਾਤਮ ਜੋੜ ਜੁੜਾਇੰਦਾ । ਮੇਟ ਮਿਟਾਏ ਪੰਚਮ ਧਾੜ, ਧਾੜਾ ਆਪਣੇ ਨਾਮ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਸਚ ਅਖਾੜਾ, ਗੁਰਮੁਖ ਆਪਣਾ ਭੇਵ ਖੁਲ੍ਹਾਇੰਦਾ । ਗੁਰਮੁਖ ਵੇਖ ਸਚ ਅਖਾੜਾ, ਸ੍ਰੀ ਭਗਵਾਨ ਆਪ ਲਗਾਈਆ । ਕਰੇ ਨਾਚ ਬਹੱਤਰ ਨਾੜਾ, ਅੰਗ ਅੰਗ ਰਿਹਾ ਫਰਕਾਈਆ । ਆਤਮ ਪਰਮਾਤਮ ਵੱਜੇ ਤਾੜਾ, ਤਾੜੀ ਇਕੋ ਵਾਰ ਵਜਾਈਆ । ਲੱਗੇ ਭਾਗ ਕਾਇਆ ਜੰਗਲ ਜੂਹ ਉਜਾੜਾ, ਪਰਭਾਸ ਨਿਵਾਸ ਪੁਰਖ ਅਬਿਨਾਸ਼ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੁਰ ਦੇਵਣਹਾਰ ਵਡਿਆਈਆ । ਗੁਰ ਵਡਿਆਈ ਗੁਰਮੁਖ ਰੂਪ, ਗੁਰ ਸਤਿਗੁਰ ਖੇਲ ਕਰਾਇੰਦਾ । ਆਦਿ ਜੁਗਾਦੀ ਮਹਿਮਾ ਅਨੂਪ, ਅਨਭਵ ਆਪਣੀ ਕਾਰ ਕਮਾਇੰਦਾ । ਜੋਤੀ ਸ਼ਬਦੀ ਤਾਣਾ ਪੇਟਾ ਸੂਤ, ਪਰੇਮ ਪ੍ਰੀਤੀ ਤੰਦ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣੇ ਰੰਗ ਰੰਗਾਇੰਦਾ । ਹਰਿਜਨ ਰੰਗ ਸਦਾ ਮਜੀਠ, ਲੋਕਮਾਤ ਉਤਰ ਕਦੇ ਨਾ ਜਾਈਆ । ਸਾਹਿਬ ਸਤਿਗੁਰ ਸਚ ਪ੍ਰੀਤ, ਪਰਮ ਪੁਰਖ ਆਪ ਲਗਾਈਆ । ਗਾਵਤ ਗਾਏ ਢੋਲਾ ਗੀਤ, ਅਨਡਿਠੜਾ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਗੁਰ ਗੁਰ ਬਣ ਬਣ ਮੀਤ, ਸਾਚਾ ਹਾਲ ਆਪ ਸਮਝਾਈਆ । ਸਾਚਾ ਹਾਲ ਮੁਰਸ਼ਦ ਮੁਰੀਦ, ਮਿਹਰਵਾਨ ਆਪ ਜਣਾਇੰਦਾ । ਭਗਤ ਭਗਵਾਨ ਇਕੋ ਦੀਦ, ਦੀਦਾ ਦਾਨਿਸਤਾ ਰਾਹ ਵਖਾਇੰਦਾ । ਸਾਹਿਬ ਸੁਹੇਲ ਵਸੇ ਨਜ਼ਦੀਕ, ਨਿਜ ਮੰਦਰ ਡੇਰਾ ਲਾਇੰਦਾ । ਆਪਣਾ ਨਿਸ਼ਾਨਾ ਜਣਾਏ ਠੀਕ, ਕੂੜਾ ਠੀਕਰ ਭੰਨ ਵਖਾਇੰਦਾ । ਵੱਡੇ ਛੋਟੇ ਬੁੱਢੇ ਨੱਢੇ ਪਾਰਬ੍ਰਹਮ ਦਾ ਗਾਓ ਗੀਤ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਹੰ ਬ੍ਰਹਮ ਮੇਲ ਮਿਲਾਏ ਇਕ ਅਤੀਤ, ਤ੍ਰੈਗੁਣ ਡੇਰਾ ਆਪੇ ਢਾਹਿੰਦਾ । ਦੂਰ ਦੁਰਾਡਿਆਂ ਨੇਰਨ ਨੇਰਿਆ ਪਰਖਣਹਾਰਾ ਨੀਤ, ਨੀਤੀਵਾਨ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਗੁਰਮੁਖ ਕਾਇਆ ਕਰੇ ਠਾਂਡੀ ਸੀਤ, ਅਗਨੀ ਭਾਹ ਨਾ ਕੋਇ ਲਗਾਇੰਦਾ ।


੬੩੬
੧੪

## ★ ੧੭ ਜੇਠ ੨੦੨੦ ਬਿਕ੍ਰਮੀ ਬਿਸ਼ਨ ਸਿੰਘ ਦੇ ਗ੍ਰਿਹ ਪਿੰਗਾਲੀ ਜੰਮੂ ★

ਗੁਰਮੁਖ ਸੇਵਾ ਆਦਿ ਜੁਗਾਦਿ, ਸਾਹਿਬ ਸਤਿਗੁਰ ਆਪ ਲਗਾਇੰਦਾ । ਅੰਤਰ ਦੇਵੇ ਪਰੇਮ ਦਾਦ, ਸਚ ਵਸਤ ਬੇਅੰਤ ਵਰਤਾਇੰਦਾ । ਨਾਮ ਅਗੰਮ ਵਜਾਏ ਨਾਦ, ਸੁਰ ਤਾਲ ਨਾ ਕੋਇ ਰਖਾਇੰਦਾ । ਸੋ ਗੁਰਮੁਖ ਸੱਚਾ ਸਾਧ, ਜਿਸ ਪ੍ਰਭ ਆਪਣਾ ਭੇਵ ਖੁਲ੍ਹਾਇੰਦਾ । ਜਗਤ ਦਵਾਰਾ ਲੰਘੇ ਹਾਦ, ਘਰ ਇਕੋ ਨਜ਼ਰੀ ਆਇੰਦਾ । ਬਿਨ ਹੱਥਾਂ ਟੇਕੇ ਮਾਥ, ਬਿਨ ਮਸਤਕ ਸੀਸ ਝੁਕਾਇੰਦਾ । ਦਰਸਨ ਕਰ ਪੁਰਖ ਸਮਰਾਥ, ਆਪਣਾ ਲੇਖਾ ਪੂਰ ਕਰਾਇੰਦਾ । ਸ਼ਬਦ ਅਗੰਮੀ ਚੜ੍ਹ ਰਾਥ, ਦੋ ਜਹਾਨਾਂ ਪੰਧ ਮੁਕਾਇੰਦਾ । ਨਿਰਗੁਣ ਜੋਤ ਵੇਖ ਪਰਕਾਸ਼, ਪਰਕਾਸ਼ ਆਪਣਾ ਵਿਚ ਮਿਲਾਇੰਦਾ । ਤੂੰ ਮੇਰਾ ਮੈਂ ਤੇਰਾ ਦਾਸ, ਅੰਤਰ ਆਤਮ ਰਾਗ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਆਪਣਾ ਭੇਵ ਚੁਕਾਇੰਦਾ । ਗੁਰਮੁਖ ਸੇਵਾ ਆਦਿ ਅੰਤ, ਪ੍ਰਭ ਸੱਜਣ ਸੱਚੇ ਭਾਈਆ । ਕਰੇ ਕਰਾਏ ਜੁਗਾ ਜੁਗੰਤ, ਜੁਗ ਚੌਕੜੀ ਧੰਦੇ ਲਾਈਆ । ਸਚ ਦਵਾਰ ਬਣਾ ਬਣਤ, ਤੱਤ ਘਾੜਤ ਵੇਖ ਵਖਾਈਆ । ਦੇ ਵਡਿਆਈਆ ਜੀਵ ਜੰਤ, ਗੁਰਮੁਖ ਗੁਰ ਗੁਰ ਰੂਪ ਸਮਾਈਆ । ਮਨ ਵਾਸਨਾ ਮਣੀਆਂ ਮੰਤ, ਮੰਤਰ ਇਕੋ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਸਾਚਾ ਭੇਵ ਚੁਕਾਈਆ । ਆਦਿ ਜੁਗਾਦਿ ਸੇਵਾ ਅਥਾਹ, ਹਰਿ ਅਬਿਨਾਸ਼ੀ ਆਪ ਲਗਾਇੰਦਾ । ਭਗਤ ਭਗਵਾਨ ਦੱਸੇ ਰਾਹ, ਰਾਹ ਭਗਤਾਂ ਆਪ ਚਲਾਇੰਦਾ । ਸਾਚੇ ਸੰਤਾਂ ਬਣ ਮਲਾਹ, ਬੇੜਾ ਕੰਧ ਆਪਣੇ ਉਠਾਇੰਦਾ । ਗੁਰਮੁਖਾਂ ਨਾਉਂ ਇਕ ਦ੍ਰਿੜਾ, ਨਰ ਨਿਰੰਕਾਰਾ ਆਪ ਸਮਝਾਇੰਦਾ । ਗੁਰਮੁਖਾਂ ਏਕਾ ਬੂਝ ਬੁਝਾ, ਆਪ ਆਪਣਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵਾ ਇਕ ਰਖਾਇੰਦਾ । ਸਾਚੀ ਸੇਵਾ ਗੁਰ ਪਰਸਾਦਿ, ਗੁਰਮੁਖਾਂ ਹੱਥ ਆਈਆ । ਲੱਖ ਚੁਰਾਸੀ ਰਹੀ ਭਾਜ, ਨਵ ਨੌਂ ਫੇਰਾ ਪਾਈਆ । ਕੋਈ ਨਾ ਮਾਰੇ ਸਚ ਆਵਾਜ਼, ਸੁਰਤੀ ਸੋਈ ਨਾ ਕੋਇ ਉਠਾਈਆ । ਪੜ੍ਹ ਪੜ੍ਹ ਥੱਕੇ ਜਗਤ ਨਿਮਾਜ਼, ਸਜਦਾ ਵੁਜ਼ੂ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਨਾ ਕਿਸੇ ਜਣਾਈਆ । ਸਾਚੀ ਸੇਵਾ ਪਾਰਬ੍ਰਹਮ, ਬ੍ਰਹਮ ਨੇਤਾ ਆਪ ਜਣਾਇੰਦਾ । ਪ੍ਰਭ ਮਿਲਣ ਦਾ ਸੱਚਾ ਕਰਮ, ਨਿਹਕਰਮੀ ਆਪ ਸਮਝਾਇੰਦਾ । ਮਾਣਸ ਜਨਮ ਦਾ ਉਚਾ ਧਰਮ, ਧਰਮ ਆਤਮ ਭੇਵ ਮਿਟਾਇੰਦਾ । ਸ੍ਰੀ ਭਗਵਾਨ ਦੀ ਸਾਚੀ ਸਰਨ, ਦੂਜੀ ਓਟ ਨਾ ਕੋਇ ਵਖਾਇੰਦਾ । ਕਰਤਾ ਪੁਰਖ ਕਰਨੀ ਕਰਨ, ਜੁਗ ਜੁਗ ਕਰ ਕਰ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵਾ ਆਪ ਲਗਾਇੰਦਾ । ਸਾਚੀ ਸੇਵਾ ਦੇਵੇ ਮਾਤ, ਮਤਾ ਆਪਣੇ ਨਾਲ ਪਕਾਈਆ । ਗੁਰਮੁਖ ਗੁਰ ਗੁਰ ਹੋਵਣ ਇਕ ਜਮਾਤ, ਦੂਜੀ ਪੱਟੀ ਨਾ ਕੋਇ ਪੜ੍ਹਾਈਆ । ਇਕ ਦੂਜੇ ਦਾ ਢੋਲਾ ਗਾਵਣ ਗਾਥ, ਗਾ ਗਾ ਸ਼ੁਕਰ ਮਨਾਈਆ । ਨਿਤ ਨਵਿਤ ਦੇਵਣ ਸਾਥ, ਆਪਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰਮੁਖ ਗੁਰਸਿਖ ਸੇਵਾ ਲੇਖੇ ਲਾਈਆ । ਸਭ ਦੀ ਸੇਵਾ ਹੋਈ ਮੰਜ਼ੂਰ, ਹਰਿ ਸੰਗਤ ਦਇਆ ਕਮਾਇੰਦਾ । ਪਿਛਲਾ ਬਖ਼ਸ਼ਿਆ ਸਰਬ ਕਸੂਰ, ਅੱਗੇ ਮਾਰਗ ਇਕ ਜਣਾਇੰਦਾ । ਤ੍ਰੈਗੁਣ ਮਾਇਆ ਤਪੇ ਨਾ ਕੋਇ ਤੰਦੂਰ, ਅੰਗੀਠਾ ਤੱਤ ਨਾ ਕੋਇ ਵਖਾਇੰਦਾ । ਅੰਤ ਦਰਸਨ ਦਏ ਜ਼ਰੂਰ, ਜਿਸ ਜਨ ਆਪਣਾ ਮੇਲ ਮਿਲਾਇੰਦਾ । ਮਾਣਸ ਜਨਮ ਨਾ ਜਾਏ ਫ਼ਜ਼ੂਲ, ਫ਼ਾਜ਼ਲ ਆਪਣਾ


੬੩੭
੧੪

ਰਹਿਮ ਕਮਾਇੰਦਾ । ਗੁਰਮੁਖ ਵੇਖ ਬਾਲ ਮਾਅਸੂਮ, ਮਿਹਰਵਾਨ ਦਇਆ ਕਮਾਇੰਦਾ । ਅੱਗੇ ਸਾਚਾ ਬੰਨ੍ਹੇ ਕਾਨੂੰਨ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਸਭ ਦਾ ਆਪ ਚੁਕਾਇੰਦਾ । ਸਾਚੀ ਸੇਵਾ ਲੱਗੇ ਲੇਖੇ, ਸੋ ਸਾਹਿਬ ਆਪ ਲਗਾਈਆ । ਜਿਨ੍ਹਾਂ ਸੀਸ ਨਿਵਾਇਆ ਭਰਮ ਭੁਲੇਖੇ, ਤਿਨ੍ਹਾਂ ਦੇਵਣਹਾਰ ਨਾਲ ਵਡਿਆਈਆ । ਭਗਤ ਭਗਵਾਨ ਇਕੋ ਵੇਖੇ, ਨਿਜ ਨੇਤਰ ਨੈਣ ਖੁਲ੍ਹਾਈਆ । ਦੀਨ ਮਜ਼੍ਹਬ ਦੇ ਚੁੱਕੇ ਠੇਕੇ, ਠੇਕੇਦਾਰ ਬੇਪਰਵਾਹੀਆ । ਨਿਰਗੁਣ ਹੋ ਕੇ ਸਭ ਨੂੰ ਵੇਖੇ, ਜਿਉਂ ਕਿਰਸਾਣ ਖੇਤੇ ਫੇਰਾ ਪਾਈਆ । ਅੰਦਰ ਵੜ ਕੇ ਦੱਸੇ ਭੇਤੇ, ਆਪਣਾ ਭੇਵ ਚੁਕਾਈਆ । ਜਨਮ ਕਰਮ ਵਿਚ ਮਾਰੇ ਮੇਖੇ, ਮਸਤਕ ਆਪਣੀ ਧਾਰ ਰਖਾਈਆ । ਜੋ ਜਨ ਦਰਸਨ ਨੇਤਰ ਪੇਖੇ ਤਿਸ ਹੋਏ ਸਦਾ ਸਹਾਈਆ । ਜੋਤੀ ਜਾਮਾ ਧਰਿਆ ਭੇਖੇ, ਅਛਲ ਛਲ ਧਾਰੀ ਰੂਪ ਵਟਾਈਆ । ਜਨ ਭਗਤਾਂ ਕਾਇਆ ਮੰਦਰ ਅੰਦਰ ਬੈਠੇ, ਬਹਿ ਬਹਿ ਆਪਣਾ ਹੁਕਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸਾਚੀ ਸੇਵਾ ਕਰ ਪਰਵਾਨ, ਪਰਵਾਨਾ ਆਪਣਾ ਨਾਮ ਫੜਾਇੰਦਾ । ਰਲ ਮਿਲ ਸਾਰੇ ਗਾਓ ਏਕਾ ਗਾਨ, ਸੋ ਪੁਰਖ ਨਿਰੰਜਣ ਆਪ ਪੜ੍ਹਾਇੰਦਾ । ਹੰ ਬ੍ਰਹਮ ਸਚ ਨਿਸ਼ਾਨ, ਸਤਿ ਸਤਿਵਾਦੀ ਆਪ ਝੁਲਾਇੰਦਾ । ਸਤਿਗੁਰ ਮਿਲ ਹੋਏ ਸਰਬ ਕਲਿਆਣ, ਕੂੜੀ ਕਾਇਆ ਲੇਖੇ ਲਾਇੰਦਾ । ਦਾਤਾ ਦਾਨੀ ਸ੍ਰੀ ਭਗਵਾਨ, ਵਿਸ਼ਵ ਆਪਣੀ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਦੇਵੇ ਇਕ ਗਿਆਨ, ਗੋਝ ਆਪਣਾ ਭੇਵ ਚੁਕਾਇੰਦਾ ।



## ★ ੧੭ ਜੇਠ ੨੦੨੦ ਬਿਕ੍ਰਮੀ ਪੂਰਨ ਸਿੰਘ, ਰਾਜੋ ਦੇਵੀ ਦੇ ਗ੍ਰਿਹ ਧਿੰਗਾਲੀ ਜੰਮੂ ★

ਜੁਗ ਚੌਕੜੀ ਭੁੱਲੀ ਜਗ, ਆਤਮ ਰੋਵੇ ਦਏ ਦੁਹਾਈਆ । ਜੁਗ ਚੌਕੜੀ ਲੱਗੀ ਅੱਗ, ਤਨ ਮਾਟੀ ਰਹੀ ਤਪਾਈਆ । ਜੁਗ ਚੌਕੜੀ ਹੋਈ ਕੱਗ, ਕਾਗ ਵਾਂਗ ਕੁਰਲਾਈਆ । ਜੁਗ ਚੌਕੜੀ ਗਈ ਭੱਜ, ਲੱਖ ਚੁਰਾਸੀ ਵਿਚ ਫੇਰਾ ਪਾਈਆ । ਜੁਗ ਚੌਕੜੀ ਰਹੀ ਨੱਚ, ਚਾਰੇ ਖਾਣੀ ਵੇਸ ਵਟਾਈਆ । ਜੁਗ ਚੌਕੜੀ ਲੱਭਦੀ ਰਹੀ ਹੱਜ, ਹਰਿ ਨਜ਼ਰ ਕੋਇ ਨਾ ਆਈਆ । ਜੁਗ ਚੌਕੜੀ ਰਹੀ ਭੱਜ, ਜੰਗਲ ਜੂਹ ਉਜਾੜ ਪਹਾੜ ਫੇਰਾ ਪਾਈਆ । ਜੁਗ ਚੌਕੜੀ ਰਹੀ ਸੱਦ, ਦੋਏ ਜੋੜ ਵਾਸਤਾ ਪਾਈਆ । ਜੁਗ ਚੌਕੜੀ ਕਿਸੇ ਨਾ ਰੱਖੀ ਲਜ, ਪਤਿਪਰਮੇਸ਼ਵਰ ਹੋਇਆ ਨਾ ਕੋਇ ਸਹਾਈਆ । ਜੁਗ ਚੋਕੜੀ ਕਰਦੀ ਰਹੀ ਹੱਜ, ਜਗਤ ਕਾਅਬੇ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖੌਣਾ ਆਪਣਾ ਘਰ, ਜਿਸ ਮਿਲਿਆਂ ਦੁੱਖ ਰਹੇ ਨਾ ਰਾਈਆ । ਜੁਗ ਚੌਕੜੀ ਵੇਂਹਦੀ ਰਹੀ ਲੋਕ ਪਰਲੋਕਾ, ਜਗ ਨੇਤਰ ਨੈਣ ਉਠਾਈਆ । ਉਚੀ ਕੂਕ ਦੇਂਦੀ ਰਹੀ ਹੋਕਾ, ਹੂ ਹੂ ਰਾਗ ਸੁਣਾਈਆ । ਪ੍ਰਭ ਮਿਲਣ ਦਾ ਮਿਲਿਆ ਨਾ ਮਾਤ ਮੌਕਾ, ਮੁਫ਼ਤ ਆਪਣਾ ਆਪ ਲੁਟਾਈਆ । ਪੰਜ ਤੱਤ ਕਾਇਆ ਅੰਦਰ ਮਿਲਦਾ ਰਿਹਾ ਧੋਖਾ, ਮਨ ਹੰਕਾਰੀ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਆਪਣਾ ਦਏ ਜਣਾਈਆ । ਜੁਗ ਚੌਕੜੀ ਹੋਈ ਬੇਹਾਲ, ਬਿਹਬਲ ਹੋ ਕੇ ਦਏ ਦੁਹਾਈਆ । ਨਾਤਾ ਜੁੜਦਾ ਰਿਹਾ ਸ਼ਾਹ ਕੰਗਾਲ, ਸ਼ਹਿਨਸ਼ਾਹ

ਨਜ਼ਰ ਕੋਇ ਨਾ ਆਈਆ । ਤਨ ਮਾਟੀ ਖਾਂਦਾ ਰਿਹਾ ਕਾਲ, ਸਾਚਾ ਸੰਗ ਨਾ ਕੋਇ ਨਿਭਾਈਆ । ਕੰਮ ਨਾ ਆਈ ਮਾਟੀ ਖਾਲ, ਹਾਡੀ ਬਾਲਣ ਰੂਪ ਵਟਾਈਆ । ਨਾਤਾ ਤੁਟਿਆ ਨਾ ਜਗਤ ਜੰਜਾਲ, ਮਾਇਆ ਮਮਤਾ ਮੋਹ ਵਧਾਈਆ । ਅੰਦਰ ਰਹਾਂ ਵੜ ਕੇ ਸੱਚੀ ਧਰਮਸਾਲ, ਸਾਹਿਬ ਸਤਿਗੁਰ ਨਜ਼ਰ ਕੋਇ ਨਾ ਆਈਆ । ਮੁਰੀਦਾਂ ਪੁਛੇ ਨਾ ਕੋਈ ਹਾਲ, ਮੁਰਸ਼ਦ ਫੇਰਾ ਕੋਈ ਨਾ ਪਾਈਆ । ਸਤਿਜੁਗ ਤ੍ਰੇਤਾ ਦੁਆਪਰ ਘਾਲਣ ਲਈ ਘਾਲ, ਘਾਲੀ ਘਾਲ ਲੇਖੇ ਕੋਇ ਨਾ ਲਾਈਆ । ਸਵਾਲੀਆਂ ਮੰਨ ਨਾ ਕੋਇ ਸਵਾਲ, ਦਰ ਬੈਠੇ ਅਲਖ ਜਗਾਈਆ । ਨਿਤ ਨਵਿਤ ਆਏ ਗੁਰ ਅਵਤਾਰ, ਪੀਰ ਪੈਗ਼ੰਬਰ ਵੇਸ ਵਟਾਈਆ । ਰਾਮ ਨਾਮਾ ਗਏ ਸਿਖਾਲ, ਰਸਨਾ ਜਿਹਵਾ ਕਰ ਪੜ੍ਹਾਈਆ । ਕਾਗ਼ਜ਼ਾਂ ਉਤੇ ਗਏ ਵਖਾਲ, ਲੇਖਾ ਲਿਖਿਆ ਬੇਪਰਵਾਹੀਆ । ਮੇਲ ਮਿਲਾਏ ਨਾ ਕੋਇ ਦੀਨ ਦਿਆਲ, ਦਇਆ ਆਪਣੀ ਆਪ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਚ ਵਰ, ਸਾਹਿਬ ਸਤਿਗੁਰ ਤੇਰੇ ਹੱਥ ਵਡਿਆਈਆ । ਜੁਗ ਚੋਕੜੀ ਰਹੀ ਰੋਂਦੀ, ਨੇਤਰ ਨੈਣਾਂ ਨੀਰ ਵਹਾਈਆ । ਚੁਪਕੇ ਚੁਪਕੇ ਤੇਰਾ ਢੋਲਾ ਗੌਂਦੀ, ਮੁਖ ਸਕੇ ਨਾ ਕੋਇ ਖੁਲ੍ਹਾਈਆ । ਅੰਤਰ ਅੰਤਰ ਧਿਆਨ ਲਗੌਂਦੀ, ਨੇਤਰ ਅੱਖ ਨਾ ਕੋਇ ਖੁਲ੍ਹਾਈਆ । ਦੂਈ ਦਵੈਤੀ ਕੰਧ ਢੌਂਦੀ, ਬਲ ਆਪਣਾ ਆਪ ਪਰਗਟਾਈਆ । ਦਿਵਸ ਰੈਣ ਰਾਹ ਤਕੌਂਦੀ, ਕੋਟਨ ਜਨਮ ਜਨਮ ਗਏ ਬਿਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਚ ਵਰ, ਦਰ ਮਿਲੇ ਤੇਰੇ ਸਰਨਾਈਆ । ਜੁਗ ਚੌਕੜੀ ਗਈ ਹੰਢ, ਨਵ ਨੌਂ ਚਾਰ ਪੰਧ ਮੁਕਾਈਆ । ਮੇਰੇ ਸੀਨੇ ਪਈ ਅਜੇ ਨਾ ਠੰਡ, ਸੀਤਲ ਧਾਰ ਨਾ ਕੋਇ ਵਹਾਈਆ । ਪਰੇਮ ਪਿਆਰ ਪੀਚੀ ਨਾ ਕੋਇ ਗੰਢ, ਪੱਟੀ ਨਾਮ ਨਾ ਕੋਇ ਬੰਧਾਈਆ । ਜੁਗ ਜੁਗ ਕੱਟਦੀ ਰਹੀ ਰੰਡੇਪਾ ਰੰਡ, ਕੰਤ ਮਿਲਿਆ ਨਾ ਬੇਪਰਵਾਹੀਆ । ਰੂਪ ਧਰਦੀ ਰਹੀ ਹੰ, ਪਾਰਬ੍ਰਹਮ ਹੋਇਆ ਨਾ ਆਪ ਸਹਾਈਆ । ਘਰ ਦਿਤਾ ਨਾ ਨਿਜਾਨੰਦ, ਸਚ ਅਨੰਦ ਨਾ ਕੋਇ ਵਖਾਈਆ । ਡੂੰਘੀ ਕਵਰ ਨਾ ਚੜ੍ਹਿਆ ਚੰਦ, ਭਵਰ ਹੋਈ ਨਾ ਕੋਇ ਰੁਸ਼ਨਾਈਆ । ਪਾਇਆ ਦਰਸ ਨਾ ਸੂਰੇ ਸਰਬੰਗ, ਸੂਰਤ ਸਚ ਨਜ਼ਰ ਨਾ ਆਈਆ । ਆਸਾ ਤ੍ਰਿਸਨਾ ਹਉਮੇਂ ਹੰਗਤਾ ਕੂੜੀ ਕਿਰਿਆ ਮਿਟਿਆ ਨਾ ਗੰਦ, ਸਚ ਸੁਗੰਧ ਨਾ ਕੋਇ ਵਖਾਈਆ । ਆਤਮ ਸੇਜ ਹੰਡਾਈ ਨਾ ਇਕ ਪਲੰਘ, ਦਰ ਦਰ ਘਰ ਘਰ ਫੇਰਾ ਪਾਈਆ । ਅਬਿਨਾਸ਼ੀ ਕਰਤਾ ਸਾਹਿਬ ਸਤਿਗੁਰ ਗਿਆ ਨਾ ਮੰਨ, ਮਨਸਾ ਮਨਸਾ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਅਲਖ ਜਗਾਈਆ । ਜੁਗ ਚੌਕੜੀ ਗਈ ਬੀਤ, ਬੀਤੀ ਕਹਾਣੀ ਰਹੀ ਸੁਣਾਈਆ । ਮੇਰਾ ਮੇਰੀ ਕਰੇ ਨਾ ਸਚ ਪ੍ਰੀਤ, ਪ੍ਰੀਤੀ ਸਚ ਨਾ ਕੋਇ ਜਣਾਈਆ । ਆਤਮ ਹੋਈ ਨਾ ਠੰਡੀ ਸੀਤ, ਪਰਮਾਤਮ ਮੇਘ ਨਾ ਕੋਇ ਬਰਸਾਈਆ । ਅੱਖਰੀ ਅੱਖਰੀ ਗੌਂਦੀ ਰਹੀ ਗੀਤ, ਵੱਖਰ ਵੱਖਰ ਰਾਗ ਅਲਾਈਆ । ਫਿਰਦੀ ਰਹੀ ਮੰਦਰ ਮਸੀਤ, ਵਿਸ਼ਦਵਾਲੇ ਮੱਠ ਫੇਰਾ ਪਾਈਆ । ਮੇਰੀ ਬਦਲੀ ਨਾ ਕਿਸੇ ਨੀਤ, ਨੀਤੀਵਾਨ ਨਜ਼ਰ ਕੋਇ ਨਾ ਆਈਆ । ਮੇਰੀ ਤ੍ਰਿਖਾ ਨਾ ਲਈ ਜੀਤ, ਹਾਰ ਆਪਣੀ ਕਲ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਬਖ਼ਸ਼ ਚਰਨ ਸਰਨਾਈਆ । ਜੁਗ ਚੌਕੜੀ ਧਿਆਨ ਲਗਾ, ਤੇਰੀ ਓਟ ਰਖਾਈਆ । ਕਵਣ ਵੇਲਾ ਪ੍ਰਭ ਮਿਲੇ ਬੇਪਰਵਾਹ, ਮੇਰੀ ਆਸਾ ਪੂਰ ਕਰਾਈਆ । ਦਰਦੀਆਂ ਦਰਦ ਲਏ ਵੰਡਾ, ਦੁਖੀਆਂ ਦੁਖ ਮਿਟਾਈਆ । ਜੁਗ ਜਗਤ ਵਿਛੋੜਾ ਦਏ ਕਟਾ, ਹੋੜਾ ਸੱਸੇ ਉਪਰ ਲਗਾਈਆ ।

ਹੰ ਬ੍ਰਹਮ ਲਏ ਮਿਲਾ, ਮਿਲਣੀ ਆਪਣੇ ਨਾਲ ਕਰਾਈਆ । ਸਾਚੀ ਰਮਜ਼ ਰਮਜ਼ ਨਾਲ ਦਏ ਜਣਾ, ਬਿਨ ਇਸ਼ਾਰਿਉਂ ਦਏ ਸਮਝਾਈਆ । ਮੈਂ ਕਸਮ ਖਾਵਾਂ ਇਕ ਖ਼ੁਦਾ, ਖ਼ੁਦੀ ਵਿਚ ਰਹੀ ਨਾ ਰਾਈਆ । ਤੇਰੇ ਨਾਲੋਂ ਨਾ ਹੋਵਾਂ ਜੁਦਾ, ਜੁਦਾ ਅੰਗ ਨਾ ਕੋਇ ਵਖਾਈਆ । ਦਰੋਹੀ ਖ਼ੁਦਾਏ ਹੋਵਾਂ ਫ਼ਿਦਾ, ਫ਼ਿਤਰਤ ਆਪਣੀ ਸਰਬ ਮਿਟਾਈਆ । ਰਹਿਮਤ ਕਰ ਮੇਰੇ ਮਿਹਰਬਾਂ, ਮਿਹਰਵਾਨ ਤੇਰੀ ਸ਼ਰਨਾਈਆ । ਨੇਤਰ ਖੋਲ੍ਹ ਕਰ ਧਿਆਨ, ਅੱਖ ਪਰਤੱਖ ਦੇ ਪਲਟਾਈਆ । ਏਕਾ ਦੱਸ ਸਚ ਗਿਆਨ, ਸਚ ਸੁੱਚ ਤੇਰੀ ਵਡਿਆਈਆ । ਮੈਂ ਢੋਲਾ ਗਾਵਾਂ ਦੋ ਜਹਾਨ, ਰਸਨਾ ਜਿਹਵਾ ਸਿਫ਼ਤ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਮਿਲੌਣਾ ਆਪਣੇ ਘਰ, ਜਿਸ ਘਰ ਵਸੇਂ ਸ਼ਾਹ ਪਾਤਸ਼ਾਹੀਆ । ਜੁਗ ਚੌਕੜੀ ਰੱਖਦੀ ਰਹੀ ਉਡੀਕ, ਆਤਮ ਪਰਮਾਤਮ ਧਿਆਨ ਲਗਾਈਆ । ਕਵਣ ਵੇਲਾ ਮਿਲੇ ਲਾਸ਼ਰੀਕ, ਸ਼ਹਿਨਸ਼ਾਹ ਆਪਣਾ ਫੇਰਾ ਪਾਈਆ । ਸੋ ਵੇਲਾ ਆਇਆ ਨਜ਼ਦੀਕ, ਨਿਜ ਨੇਤਰ ਦਏ ਵਖਾਈਆ । ਸਾਚੀ ਮੰਗਣੀ ਇਕੋ ਭੀਖ, ਭਿਛਿਆ ਝੋਲੀ ਆਪੇ ਪਾਈਆ । ਆਪ ਆਪਣਾ ਜਾਣਾ ਜੀਤ, ਹਾਰ ਨਜ਼ਰ ਕੋਇ ਨਾ ਆਈਆ । ਘਰ ਵਿਚ ਘਰ ਵਖਾਏ ਮੰਦਰ ਮਸੀਤ, ਠਾਕਰ ਆਪਣਾ ਪਰਦਾ ਲਾਹੀਆ । ਨਿਰਗੁਣ ਢੋਲਾ ਗੌਣਾ ਗੀਤ, ਸੋਹੰ ਅੱਖਰ ਨਾਮ ਪੜ੍ਹਾਈਆ । ਸਚ ਦਵਾਰੇ ਲੱਗੇ ਪ੍ਰੀਤ, ਲੱਗੀ ਪ੍ਰੀਤ ਨਾ ਕੋਇ ਤੁੜਾਈਆ । ਧਾਮ ਅਵਲੜਾ ਵੇਖਣਾ ਅਨਡੀਠ, ਅਨਡਿਠੜੇ ਧਾਮ ਡੇਰਾ ਲਾਈਆ । ਆਤਮ ਹੋਏ ਠੰਡੀ ਸੀਤ, ਪਰਮਾਤਮ ਆਪਣੀ ਧਾਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਲਹਿਣਾ ਦਏ ਮੁਕਾਈਆ । ਜੁਗ ਚੌਕੜੀ ਰੱਖੀ ਤਾਂਘ, ਤੇਰੀ ਇਕੋ ਓਟ ਧਰਾਈਆ । ਕਵਣ ਵੇਲਾ ਪ੍ਰਭ ਵਰਤੇਂ ਸਵਾਂਗ, ਸਵਾਂਗੀ ਆਪਣਾ ਵੇਸ ਵਟਾਈਆ । ਈਦਗਾਹਾਂ ਵਿਚ ਸੁਣਦੀ ਰਹੀ ਬਾਂਗ, ਉਂਗਲਾਂ ਕੰਨਾਂ ਦੇ ਵਿਚ ਪਾਈਆ । ਤਟ ਕਿਨਾਰੇ ਚੜ੍ਹਦੀ ਵੇਂਹਦੀ ਰਹੀ ਕਾਂਗ, ਜਮਨਾ ਗੰਗਾ ਸੁਰਸਤੀ ਗੋਦਾਵਰੀ ਤੇਰੀ ਧਾਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਤੁਧ ਬਿਨ ਤ੍ਰਿਸਨ ਨਾ ਕੋਇ ਬੁਝਾਈਆ । ਜੁਗ ਚੌਕੜੀ ਲੱਗੀ ਤ੍ਰਿਸਨਾ, ਹਰਿ ਜੂ ਤ੍ਰਿਪਤ ਨਾ ਕੋਇ ਕਰਾਇੰਦਾ । ਸੀਸ ਝੁਕੌਂਦੀ ਰਹੀ ਵਿਸ਼ਨ ਬ੍ਰਹਮਾ ਸ਼ਿਵ ਕ੍ਰਿਸ਼ਨਾ, ਕਿਸਨਾ ਸੁਖਲਾ ਪੱਖ ਨਾ ਕੋਇ ਪਲਟਾਈਆ । ਤੇਰਾ ਰੂਪ ਕਿਤੇ ਨਾ ਦਿਸਣਾ, ਦਹਿ ਦਿਸ਼ਾ ਖੋਜ ਖੁਜਾਈਆ । ਕਲਜੁਗ ਅੰਤ ਕਰ ਕਿਰਪਾ ਜਨ ਭਗਤਾਂ ਵੰਡਿਆ ਹਿਸਨਾ, ਹਿੱਸਾ ਇਕੋ ਇਕ ਰਖਾਈਆ । ਜਿਨ੍ਹਾਂ ਲੇਖ ਕਿਰਪਾਲ ਸਵਾਮੀ ਲਿਖਣਾ, ਲਿਖਿਆ ਲੇਖ ਨਾ ਕੋਇ ਮਿਟਾਈਆ । ਮੈਂ ਉਨ੍ਹਾਂ ਕੋਲੋਂ ਤੇਰਾ ਨਾਮ ਸਿਖਣਾ, ਜੋ ਸਾਹਿਬ ਸਤਿਗੁਰ ਰਹੇ ਧਿਆਈਆ । ਆਵਣ ਜਾਵਣ ਲੱਖ ਚੁਰਾਸੀ ਨਾਤਾ ਮਿਥਣਾ, ਮਿਥਿਆ ਦਿਸੇ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਆਪਣਾ ਘਰ, ਘਰ ਮੰਦਰ ਸੋਭਾ ਪਾਈਆ । ਜੁਗ ਚੌਕੜੀ ਰੱਖੀ ਓਟ, ਓਟ ਇਕ ਰਖਾਈਆ । ਕਵਣ ਵੇਲਾ ਪ੍ਰਭ ਪਰਗਟ ਕਰੇਂ ਨਿਰਮਲ ਜੋਤ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਭਾਗ ਲਗਾਏ ਸਾਚੇ ਕੋਟ, ਬੰਕ ਦਵਾਰੇ ਸੋਭਾ ਪਾਈਆ । ਵੇਖ ਵਖਾਏ ਲੋਕ ਪਰਲੋਕ, ਦੋ ਜਹਾਨਾਂ ਪਰਦਾ ਲਾਹੀਆ । ਆਪਣੀ ਕਿਰਪਾ ਕਰ ਆਤਮ ਪਰਮਾਤਮ ਦੋਹਾਂ ਇਕ ਸੁਣਾਏ ਸਲੋਕ, ਸੋਹਲਾ ਆਪਣਾ ਰਾਗ ਅਲਾਈਆ । ਘਰ ਬੈਠਿਆਂ ਦਰ ਸੁੱਤਿਆਂ ਦੇਵੇ ਸਾਚੀ ਮੋਖ, ਮੁਫ਼ਤ ਲੇਖਾ ਲੇਖੇ ਪਾਈਆ । ਮੈਂ ਵੀ ਵੇਖਾਂ ਤਾਕੀ ਖੋਲ ਝਰੋਖ, ਬਜਰ ਕਪਾਟੀ ਕੁੰਡਾ ਲਾਹੀਆ । ਜਿਸ ਦੀ ਗੁਰਮੁਖ ਸੱਜਣ ਪਰੇਮ ਪ੍ਰੀਤ ਨਾਲ ਗਾਵਣ ਝੋਕ, ਸੋ

ਮੌਲਾ ਬੇਪਰਵਾਹੀਆ । ਉਸ ਦੇ ਦਰਸ਼ਨ ਰਹੀ ਲੋਚ, ਮੇਰੀ ਲੋਚਾ ਪੂਰ ਕਰਾਈਆ । ਅਗਲੀ ਪਿਛਲੀ ਮਿਟ ਜਾਏ ਸੋਚ, ਸੋਚ ਸਮਝ ਰਹੇ ਨਾ ਰਾਈਆ । ਮੇਲ ਮਿਲਾਏ ਆਪਣੀ ਨਿਰਮਲ ਜੋਤ, ਜੋਤੀ ਜਾਤਾ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਜੁਗ ਚੌਕੜੀ ਤੇਰਾ ਰਾਹ ਤਕਾਈਆ । ਰਾਹ ਤੱਕਦਿਆਂ ਤੱਕਦਿਆਂ ਆਇਆ ਨੇੜੇ, ਨੇਰਨ ਨੇਰਾ ਦਇਆ ਕਮਾਇੰਦਾ । ਆਤਮ ਪਰਮਾਤਮ ਵੜ ਜਾਏ ਵੇਹੜੇ, ਵੇਹਲਾ ਹੋ ਕੇ ਫੇਰਾ ਪਾਇੰਦਾ । ਪੂਰਬ ਜਨਮ ਝਗੜੇ ਸਰਬ ਨਬੇੜੇ, ਮਿਹਰ ਨਜ਼ਰ ਇਕ ਉਠਾਇੰਦਾ । ਕਰ ਕਿਰਪਾ ਲੈ ਲਏ ਆਪਣੇ ਘੇਰੇ, ਚਾਰੋਂ ਕੁੰਟ ਦਹਿ ਦਿਸ਼ਾ ਆਪਣਾ ਘੇਰਾ ਆਪ ਵਖਾਇੰਦਾ । ਲੇਖਾ ਚੁੱਕੇ ਤੇਰੇ ਮੇਰੇ, ਮੇਰਾ ਤੇਰਾ ਇਕੋ ਨਜ਼ਰੀ ਆਇੰਦਾ । ਆਤਮ ਪਰਮਾਤਮ ਬੰਨ੍ਹੇ ਬੇੜੇ, ਬੰਨ੍ਹ ਬੇੜਾ ਆਪਣੇ ਕੰਧ ਉਠਾਇੰਦਾ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਅੰਤਮ ਲੈ ਜਾਏ ਆਪਣੇ ਡੇਰੇ, ਜਿਸ ਡੇਰੇ ਆਪਣਾ ਆਸਣ ਲਾਇੰਦਾ । ਗੁਰਮੁਖ ਗੁਰਸਿਖ ਵੇਖੀਂ ਜਾ ਕੇ ਕੇਹੜੇ ਕੇਹੜੇ, ਜਿਨ੍ਹਾਂ ਆਪਣੀ ਗੋਦ ਬਹਾਇੰਦਾ । ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਢੋਲੇ ਗਾਇਣ ਤੇਰੇ ਮੇਰੇ, ਮਿਹਰਵਾਨ ਤਿਨ੍ਹਾਂ ਆਪਣਾ ਮੇਲ ਮਿਲਾਇੰਦਾ ।

### ★ ੧੭ ਜੇਠ ੨੦੨੦ ਬਿਕ੍ਰਮੀ ਬੇਲਾ ਸਿੰਘ ਦੇ ਗ੍ਰਿਹ ਪਿੰਗਾਲੀ ਜੰਮੂ ★



ਸ੍ਰੀ ਭਗਵਾਨ ਮੇਰਾ ਵੇਖ ਬੁੜ੍ਹੇਪਾ, ਆਤਮ ਕੂਕੇ ਦਏ ਦੁਹਾਈਆ । ਨਵ ਨੌਂ ਚਾਰ ਭੁੱਲਿਆ ਚੇਤਾ, ਮੇਰੀ ਸਾਰ ਕੋਇ ਨਾ ਪਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਇਕਵੰਜਾ ਬਵੰਜਾ ਨਾਲ ਕੀਤਾ ਹੇਤਾ, ਪੰਜ ਇਕ ਨਾਲ ਮਿਲਾਈਆ । ਬਾਕੀ ਸਭ ਦਾ ਸੁੰਞਾਂ ਖੇਤਾ, ਘਰ ਮਿਲੇ ਨਾ ਕੋਇ ਵਡਿਆਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਖਾਣੀ ਬਾਣੀ ਤੇਰਾ ਲੈਂਦੇ ਰਹੇ ਠੇਕਾ, ਜੁਗ ਚੌਕੜੀ ਹਿਸਾ ਮਾਤ ਵੰਡਾਈਆ । ਦੂਰ ਦੁਰਾਡਾ ਨਾਮ ਆਪਣਾ ਭੇਜਾ, ਰਸਨਾ ਜਿਵਾ ਢੋਲਾ ਗਾਈਆ । ਮੇਰੀ ਸੁਹੰਜਣੀ ਸੁੰਞੀਂ ਹੋਈ ਸੇਜਾ, ਨਰ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਜੀਵਣ ਦੇ ਬਦਲਾਈਆ । ਬੁੱਢੀ ਨੱਢੀ ਬਣੀ ਜਵਾਨ, ਜੋਬਨ ਕੰਮ ਕਿਸੇ ਨਾ ਆਈਆ । ਛੱਡੀ ਬੈਠਾ ਸ੍ਰੀ ਭਗਵਾਨ, ਆਪਣਾ ਨਾਤਾ ਮੋਹ ਤੁੜਾਈਆ । ਹੱਡੀ ਹੱਡੀ ਬਣਿਆ ਮੇਰਾ ਮਕਾਨ, ਲੱਖ ਚੁਰਾਸੀ ਘਰ ਘਰ ਫੇਰਾ ਪਾਈਆ । ਕਮਲੀ ਹੋ ਕੇ ਬਣੀ ਰਹੀ ਅਵਾਣ, ਤੇਰੀ ਸੁਧ ਰਹੀ ਨਾ ਰਾਈਆ । ਰੰਗਲਾ ਪੀਹੜਾ ਵੇਖ ਵਿਚ ਮਕਾਨ, ਕਾਇਆ ਅੰਦਰ ਖ਼ੁਸ਼ੀ ਮਨਾਈਆ । ਉਤੇ ਬੈਠੀ ਬਣ ਰਕਾਨ, ਨੇਤਰ ਕਜਲਾ ਏਕਾ ਪਾਈਆ । ਦਹਿ ਦਿਸ਼ਾ ਕਰ ਧਿਆਨ, ਨੇਤਰ ਨੈਣ ਅੱਖ ਮਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਰੂਪ ਨਜ਼ਰ ਨਾ ਆਈਆ । ਕਾਇਆ ਮੰਦਰ ਬੈਠੀ ਪੀਹੜੇ, ਪਾਵੇ ਰੰਗ ਨਾ ਕੋਇ ਵਖਾਈਆ । ਸੋਹਣੇ ਬਸਤਰ ਪਹਿਨੇ ਲੀੜੇ, ਤਨ ਕੱਪੜ ਰਹੀ ਹੰਡਾਈਆ । ਜਗਤ ਵਾਸਨਾ ਹੱਥ ਕਲੀਰੇ, ਮੌਲੀ ਤੰਦ ਬੰਧਾਈਆ । ਜੁਗ ਚੌਕੜੀ ਨੌਜਵਾਨ ਸਿਰ ਤੇ ਬੰਨ੍ਹਦੇ ਰਹੇ ਚੀਰੇ, ਮੇਰੇ ਨਾਲ ਕਰਨ ਕੁੜਮਾਈਆ । ਪੁਰਖ ਅਬਿਨਾਸ਼ੀ ਤੇਰੇ ਨਜ਼ਰ ਨਾ ਆਏ ਹੀਰੇ, ਗੁਰਮੁਖ ਬੈਠੇ ਮੁਖ ਛੁਪਾਈਆ । ਜਿਧਰ ਵੇਖਾਂ ਪਾਪੀ ਜੀਉੜੇ, ਤੇਰਾ ਨਾਮ ਰਹੇ ਭੁਲਾਈਆ । ਰਾਹ ਲੰਘਦੇ ਵੇਖੇ ਭੀੜੇ, ਸਾਚਾ ਮਾਰਗ ਨਜ਼ਰ ਕੋਇ ਨਾ ਆਈਆ । ਸ਼ਰਅ ਸ਼ਰੀਅਤ ਵੱਜੇ ਜ਼ੰਜੀਰੇ, ਕੁੰਜੀ ਹੱਥ ਨਾ ਕੋਇ

ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਿਉਂ ਬੈਠਾ ਆਪ ਭੁਲਾਈਆ । ਕਾਇਆ ਮੰਦਰ ਵੇਖ ਪਲੰਘ, ਆਪਣਾ ਜੋਬਨ ਰਹੀ ਹੰਡਾਈਆ । ਨਾ ਸ਼ਾਹ ਨਾ ਦਿਸਾਂ ਨੰਗ, ਖ਼ਾਲੀ ਝੋਲੀ ਨਾ ਕੋਇ ਵਡਿਆਈਆ । ਤੇਰਾ ਮੰਦਰ ਨਹੀਂ ਵੇਖਿਆ ਲੰਘ, ਦਰ ਦਰਸ ਕੋਇ ਨਾ ਪਾਈਆ । ਤੇਰੇ ਬਾਹਝੋਂ ਹੋਈ ਰੰਡ, ਸੁਹਾਗ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਪਰਮਾਤਮ ਕਹੇ ਤੂੰ ਆਤਮ ਨਿੱਕੀ, ਨਿੱਕੀ ਨਿੱਕੀ ਕਾਰੇ ਲਾਈਆ । ਤੈਨੂੰ ਲੱਭਦੇ ਗਏ ਮੁਨੀ ਰਿਖੀ, ਹੱਥ ਕਿਸੇ ਨਾ ਆਈਆ । ਤੇਰੀ ਧਾਰ ਜੀਵ ਜੀਅ ਕੀ, ਲੱਖ ਚੁਰਾਸੀ ਵਿਚ ਟਿਕਾਈਆ । ਤੇਰੇ ਮਸਤਕ ਬਿੰਦੀ ਟਿੱਕੀ, ਇਕੋ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਰਿਹਾ ਜਣਾਈਆ । ਆਤਮ ਕਹੇ ਪਰਮਾਤਮ ਮੇਰੇ, ਮੈਂ ਬੈਠੀ ਰਾਹ ਤਕਾਈਆ । ਸ੍ਰੀ ਭਗਵਾਨ ਆ ਵੜ ਵੇਹੜੇ, ਮੈਂ ਨਿਤ ਨਿਤ ਧਿਆਨ ਲਗਾਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਉਜੜਦੇ ਵਸਦੇ ਰਹੇ ਖੇੜੇ, ਮੇਰਾ ਖਹਿੜਾ ਨਾ ਕੋਇ ਛੁਡਾਈਆ । ਸ਼ਾਹ ਹਕੀਰਾਂ ਘਰ ਲਾ ਲਾ ਵੇਖੇ ਡੇਰੇ, ਡੇਰਾ ਪਾਰ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਮੇਲ ਮਿਲਾਈਆ । ਸੁਣ ਸਵਾਮੀ ਮੇਰੇ ਸੱਜਣ, ਮੈਂ ਸਚ ਸਚ ਸੁਣਾਇਆ । ਤੇਰੇ ਪਰੇਮ ਅੰਦਰ ਹੋਈ ਮਗਨ, ਮੰਗਲ ਇਕੋ ਇਕ ਗਾਇਆ । ਕਵਣ ਵੇਲਾ ਪਾਏਂ ਸਗਨ, ਸਾਚਾ ਰੰਗ ਰੰਗਾਇਆ । ਘਰ ਪਰਕਾਸ਼ ਦੀਪਕ ਜਗਣ, ਅਗਿਆਨ ਅੰਧੇਰ ਰਹੇ ਨਾ ਰਾਇਆ । ਗੁਰਮੁਖ ਗੌਣ ਤੇਰਾ ਭਜਨ, ਇਕੋ ਭੌ ਗੋਬਿੰਦ ਰਖਾਇਆ । ਮੈਂ ਓਨ੍ਹਾਂ ਧੂੜੀ ਕਰਾਂ ਮਜਨ, ਆਪ ਆਪਣੀ ਮੈਲ ਧੁਆਇਆ । ਤੂੰ ਆਵੇਂ ਪੜਦੇ ਕੱਜਣ, ਸਚ ਦੋਸ਼ਾਲਾ ਹੱਥ ਉਠਾਇਆ । ਤੇਰੇ ਬਾਹਝੋਂ ਸਾਂਈਆਂ ਹੋਈ ਨੰਗਨ, ਢਾਕਣ ਕੂ ਪਤ ਨਜ਼ਰ ਕੋਇ ਨਾ ਆਇਆ । ਕਰ ਕਿਰਪਾ ਲਾਈਂ ਅੰਗਣ, ਜਗਤ ਵਛੋੜਾ ਰਿਹਾ ਸਤਾਇਆ । ਤੇਰਾ ਨਾਉਂ ਮਧ ਸੂਧਨ ਮਦਨ, ਮਧੁਰ ਬੈਣ ਤੇਰੀ ਸਰਨਾਇਆ । ਮੇਰੀ ਪੂਰੀ ਕਰਨੀ ਸਧਰ, ਹਉਂ ਸਦਕੇ ਵਾਰੀ ਘੋਲ ਘੁਮਾਇਆ । ਚਾਰੋਂ ਕੁੰਟ ਨੌਂ ਖੰਡ ਪ੍ਰਿਥਮੀ ਤੇਰੇ ਵਛੋੜੇ ਅੰਦਰ ਪਿਆ ਗ਼ਦਰ, ਗਦਾ ਚਕਰ ਨਜ਼ਰ ਕੋਇ ਨਾ ਆਇਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਪੜ੍ਹ ਪੜ੍ਹ ਥੱਕੀ ਅੱਖਰ, ਅੱਖਰੀ ਤੇਰਾ ਰਾਗ ਅਲਾਇਆ । ਜਿੰਨਾਂ ਚਿਰ ਘਰ ਆ ਨਾ ਮਿਲੇਂ ਪਰਮੇਸ਼ਵਰ, ਪਿਰ ਆਪਣਾ ਫੇਰਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਮੇਰਾ ਦੇ ਵਸਾਇਆ । ਆਤਮ ਲਾਲ ਰੰਗ ਲੈ ਸਾਲੂ, ਹਰਿ ਸਤਿਗੁਰ ਆਪ ਜਣਾਈਆ । ਤੇਰੇ ਘਰ ਆਏ ਦਿਆਲੂ, ਵਿਚ ਦਿਆਲਤਾ ਫੇਰਾ ਪਾਈਆ । ਕਿਰਪਾ ਨਿਧ ਸਦਾ ਕਿਰਪਾਲੂ, ਕਿਰਪਨ ਵੇਖੇ ਥਾਉਂ ਥਾਈਂਆ । ਲੱਖ ਚੁਰਾਸੀ ਵਿਚੋਂ ਭਾਲੂ, ਗੁਰਮੁਖ ਗੁਰ ਗੁਰ ਆਪ ਉਠਾਈਆ । ਅਗਨੀ ਰੇਤ ਨਾ ਦਿਸੇ ਬਾਲੂ, ਅੰਮ੍ਰਿਤ ਮੇਘ ਇਕ ਬਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਪ੍ਰੇਮ ਪ੍ਰੀਤੀ ਓਢਣ ਸੁਭਰ, ਸੁਭਰ ਸੋਭਾਵੰਤ ਜਣਾਇੰਦਾ । ਸ੍ਰੀ ਭਗਵਾਨ ਨੇਤਰ ਵੇਖੇ ਉਭਰ, ਦੂਰ ਦੁਰਾਡਾ ਨੇੜੇ ਆਇੰਦਾ । ਅੰਤਮ ਪੈਂਡਾ ਆਇਆ ਮੁੱਕਣ, ਪਾਂਧੀ ਆਪਣਾ ਪੰਧ ਮੁਕਾਇੰਦਾ । ਪਰਮਾਤਮ ਤੈਨੂੰ ਆਏ ਚੁੱਕਣ, ਸਾਚੀ ਡੋਲੀ ਆਪ ਬਹਾਇੰਦਾ । ਸ਼ੇਰ ਹੋ ਕੇ ਆਏ ਬੁੱਕਣ, ਭਬਕ ਆਪਣੇ ਨਾਮ ਲਗਾਇੰਦਾ । ਨਾ ਮਾਣਸ ਨਾ ਦਿਸੇ ਮਨੁਖਣ, ਮਨੁਖਤਾ ਆਪਣੀ ਗੰਢ ਪੁਆਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਨੂੰ ਝੁਕਣ, ਸੋ ਸਾਹਿਬ ਵੇਸ ਵਟਾਇੰਦਾ । ਭਗਤ

੬੪੨
੧੪

ਸੁਹੇਲੇ ਸਾਚੇ ਉਠਣ, ਜਿਨ੍ਹਾਂ ਆਪਣਾ ਭੇਵ ਜਣਾਇੰਦਾ । ਜਗਤ ਵਿਛੜੀ ਆਏ ਪੁੱਛਣ, ਘਰ ਠਾਕਰ ਫੇਰਾ ਪਾਇੰਦਾ । ਜੁਗ ਚੌਕੜੀ ਵੱਜੀ ਲਾਹੇ ਬੁੱਕਲ, ਪੀਚੀ ਗੰਢ ਆਪ ਖੁਲ੍ਹਾਇੰਦਾ । ਤੂੰ ਨਾਸ਼ੁਕਰੀ ਕਦੇ ਨਾ ਕੀਤਾ ਸ਼ੁਕਰ, ਜੁਗ ਜੁਗ ਸ਼ਹਿਨਸ਼ਾਹ ਆਪਣੀ ਕਾਰ ਕਮਾਇੰਦਾ । ਵੇਖੀਂ ਕਲਜੁਗ ਅੰਤ ਨਾ ਜਾਈਂ ਮੁਕਰ, ਮੁਕੰਮਲ ਆਪਣਾ ਹੁਕਮ ਜਣਾਇੰਦਾ । ਕਿਉਂ, ਪੁਰਖ ਅਕਾਲ ਆਪਣੇ ਨਾਲ ਮਿਲਾਇਆ ਗੋਬਿੰਦ ਪੁੱਤਰ, ਪਿਤਾ ਪੂਤ ਏਕਾ ਘਰ ਸੋਭਾ ਪਾਇੰਦਾ । ਨਿਰਗੁਣ ਧਾਰੋਂ ਆਇਆ ਉਤਰ, ਪੌੜਾ ਹੋਰ ਨਾ ਕੋਇ ਲਗਾਇੰਦਾ । ਬਾਲੀ ਨੱਢੀ ਚੁੱਕੇ ਕੁਛੜ, ਘਰ ਆਪਣੇ ਆਪ ਬਹਾਇੰਦਾ । ਪਰੇਮ ਪ੍ਰੀਤੀ ਦੇਵੇ ਟੁੱਕਰ, ਭੁੱਖਿਆਂ ਭੁੱਖ ਆਪ ਗਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਵਾਣੀ ਲੇਖੇ ਲਾਇੰਦਾ । ਆਤਮ ਕਹੇ ਮੈਂ ਨਿਤ ਨਿਤ ਰੋਵਾਂ, ਨੇਤਰ ਨੈਣਾਂ ਛਹਿਬਰ ਲਾਈਆ । ਤੇਰੇ ਜੋਗੀ ਤੇਰੀ ਹੋਵਾਂ, ਤੁਧ ਬਿਨ ਅਵਰ ਨਾ ਕੋਇ ਮਨਾਈਆ । ਪਾਰਬ੍ਰਹਮ ਕਬ ਤੇਰੀ ਸੇਜੇ ਸੋਵਾਂ, ਸੁਖ ਆਸਣ ਡੇਰਾ ਲਾਈਆ । ਅੰਮ੍ਰਿਤ ਰਸ ਇਕੋ ਚੋਵਾਂ, ਤੇਰੀ ਧਾਰ ਵਿਚੋਂ ਧਾਰ ਪਰਗਟਾਈਆ । ਖੁਲੀ ਮੀਂਢੀ ਵਾਲ ਖੋਹਵਾਂ, ਪੱਟੀ ਸੀਸ ਨਾ ਕੋਇ ਗੁੰਦਾਈਆ । ਉਚੇ ਟਿੱਲੇ ਪਰਬਤ ਟੋਹਵਾਂ, ਠਾਕਰ ਮੰਦਰ ਸ਼ਿਵਦਵਾਲੇ ਹੱਥ ਕਿਤੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਤੇਰੇ ਘਰ ਵੱਜੇ ਵਧਾਈਆ । ਆਤਮ ਸਵਾਣੀ ਜਾਣਾ ਜਾਗ, ਸੋ ਸਾਹਿਬ ਆਪ ਜਗਾਇੰਦਾ । ਅੰਤਮ ਲੱਗਣ ਵਾਲਾ ਭਾਗ, ਪੁਰਖ ਅਕਾਲ ਵੇਖ ਵਖਾਇੰਦਾ । ਘਰ ਦੀਪਕ ਜੋਤ ਜਗੇ ਚਿਰਾਗ਼, ਤੇਰਾ ਅੰਧੇਰਾ ਮਾਤ ਮਿਟਾਇੰਦਾ । ਮੇਲ ਮਿਲਾਏ ਕੰਤ ਸੁਹਾਗ, ਸੋਹਣੀ ਰੁੱਤ ਬਸੰਤ ਵਖਾਇੰਦਾ । ਬਿਰਹੋਂ ਲੱਗੀ ਬੁਝਾਏ ਆਗ, ਪਰੇਮ ਪ੍ਰੀਤੀ ਇਕ ਜਣਾਇੰਦਾ । ਆਪਣੇ ਹੱਥ ਵਿਚ ਪਕੜੇ ਵਾਗ, ਵਾਸਤਾ ਆਪਣੇ ਨਾਲ ਪਾਇੰਦਾ । ਤੇਰਾ ਧੋਵੇ ਦੁਰਮਤ ਦਾਗ਼, ਅੰਮ੍ਰਿਤ ਸੀਰ ਮੁਖ ਚੁਆਇੰਦਾ । ਫੜ ਕੇ ਹੰਸ ਬਣਾਏ ਕਾਗ, ਕਾਗ ਹੰਸ ਰੂਪ ਵਟਾਇੰਦਾ । ਕੋਝੀ ਕਮਲੀ ਦੀ ਰੱਖੇ ਲਾਜ, ਸਿਰ ਆਪਣਾ ਹੱਥ ਟਿਕਾਇੰਦਾ । ਸੋ ਪੁਰਖ ਨਿਰੰਜਣ ਮਾਰ ਆਵਾਜ਼, ਹੰ ਬ੍ਰਹਮ ਆਪ ਉਠਾਇੰਦਾ । ਸਾਚੀ ਸੇਜੇ ਚੜ੍ਹਨਾ ਭਾਜ, ਭਾਂਡਾ ਭਰਮ ਭੌ ਭੰਨਾਇੰਦਾ । ਤੇਰਾ ਰਚ ਕੇ ਵੇਖੇ ਕਾਜ, ਕਰਤਾ ਆਪਣਾ ਖੇਲ ਕਰਾਇੰਦਾ । ਭਗਤਾਂ ਕੋਲੋਂ ਮੰਗੀਂ ਇਕੋ ਦਾਜ, ਸਾਚੀ ਸਿਖਿਆ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦ ਆਪ ਖੁਲ੍ਹਾਇੰਦਾ । ਸਾਚੇ ਭਗਤੋ ਦਿਓ ਦਾਜ, ਆਤਮ ਪਰਮਾਤਮ ਦਰ ਸਾਚੇ ਵਾਸਤਾ ਪਾਈਆ । ਕਲਜੁਗ ਅੰਤ ਮਿਲੇ ਨਾ ਕੋਈ ਇਮਦਾਦ, ਆਮਲ ਨਜ਼ਰ ਕੋਇ ਨਾ ਆਈਆ । ਪਤ ਵਿਛੋੜੇ ਨਾਰ ਬਣਾਈ ਕਮਜ਼ਾਤ, ਕੁਲੱਖਣੀ ਦਰ ਦਰ ਫੇਰਾ ਪਾਈਆ । ਠਾਕਰ ਮਿਲਿਆ ਨਾ ਕੋਇ ਸਾਥ, ਠੇਕਰ ਸਚ ਨਾ ਕੋਇ ਲਗਾਈਆ । ਖ਼ਾਲੀ ਵੇਂਹਦੀ ਰਹੀ ਹਾਥ, ਦਸਤ ਦਸਤ ਨਾ ਕੋਇ ਮਿਲਾਈਆ । ਭੁੱਲੀ ਰਹੀ ਪੁਰਖ ਅਬਿਨਾਸ਼, ਮੰਦਰ ਮਸਜਦ ਕੁੱਲੀ ਧਿਆਨ ਲਗਾਈਆ । ਕੂੜੀ ਕਿਰਿਆ ਵੇਂਹਦੀ ਰਹੀ ਖੇਲ ਤਮਾਸ਼, ਜਗਤ ਵਾਸਨਾ ਧੀਆਂ ਪੁੱਤਰ ਗੰਢ ਪੁਆਈਆ । ਘਰ ਪਾਇਆ ਨਾ ਸ਼ਾਹੋ ਸ਼ਾਬਾਸ਼, ਸ਼ਹਿਨਸ਼ਾਹ ਸੰਗ ਨਾ ਕੋਇ ਨਿਭਾਈਆ । ਜੰਮਦੀ ਮਰਦੀ ਔਂਦੀ ਜਾਂਦੀ ਹੁੰਦੀ ਰਹੀ ਨਾਸ, ਨਾਸਤਕ ਆਪਣਾ ਰੂਪ ਵਟਾਈਆ । ਲੇਖੇ ਲੱਗਾ ਨਾ ਕੋਇ ਸਵਾਸ, ਤਨ ਮਾਟੀ ਸਵਾਹ ਛਾਰ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੁਧ ਬਿਨ ਰਹੀ ਸਦਾ ਉਦਾਸ, ਅੰਤਰ ਧੀਰ ਨਾ ਕੋਇ ਧਰਾਈਆ । ਸੋ ਪੁਰਖ ਨਿਰੰਜਣ ਦਏ

ਧਰਵਾਸਾ, ਧੁਰ ਦੀ ਬਾਣੀ ਆਪ ਜਣਾਇੰਦਾ । ਅਗਲਾ ਵੇਖ ਹੁਣ ਤਮਾਸ਼ਾ, ਸ੍ਰੀ ਭਗਵਾਨ ਆਪ ਵਖਾਇੰਦਾ । ਕਾਇਆ ਭਰਨਹਾਰਾ ਕਾਸਾ, ਨਾਮ ਗੋਲਕ ਵਿਚ ਟਿਕਾਇੰਦਾ । ਨਵ ਨੌਂ ਚਾਰ ਦੀ ਪੂਰੀ ਕਰੇ ਆਸਾ, ਪਿਛਲੀ ਤ੍ਰਿਸਨਾ ਮੇਟ ਮਿਟਾਇੰਦਾ । ਜਨ ਭਗਤਾਂ ਅੰਦਰ ਤੇਰਾ ਕਰ ਕੇ ਵਾਸਾ, ਵਾਸਤਾ ਆਪਣੇ ਨਾਲ ਰਖਾਇੰਦਾ । ਜਾਗਤ ਸੋਵਤ ਕਰੇ ਬਾਤਾਂ, ਬਾਤਨ ਆਪਣਾ ਖੇਲ ਖਲਾਇੰਦਾ । ਸਚ ਪੜ੍ਹਾਏ ਇਕੋ ਗਾਥਾ, ਨਾਮ ਨਿਧਾਨਾ ਆਪ ਸਮਝਾਇੰਦਾ । ਸੋ ਸਾਹਿਬ ਪੁਰਖ ਸਮਰਾਥਾ, ਹੰ ਡੇਰਾ ਵੇਖ ਵਖਾਇੰਦਾ । ਆਤਮ ਤੇਰਾ ਬੰਨ੍ਹੇ ਪਰਮਾਤਮ ਨਾਤਾ, ਨਾਤਾ ਆਪਣੇ ਨਾਲ ਜੁੜਾਇੰਦਾ । ਆਦਿ ਜੁਗਾਦੀ ਸੱਜਣ ਸਾਕਾ, ਸਗਲਾ ਸੰਗ ਰਖਾਇੰਦਾ । ਨੇਤਰ ਖੋਲ੍ਹ ਵੇਖ ਤਾਕਾ, ਨਿਰਗੁਣ ਨੂਰ ਨਜ਼ਰੀ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਮੇਲਾ ਮੇਲ ਮਿਲਾਇੰਦਾ । ਉਠ ਪਰਮਾਤਮ ਕਹੇ ਆਤਮ ਕਰ ਤਿਆਰੀ, ਤ੍ਰੈਗੁਣ ਅਤੀਤਾ ਆਪ ਜਣਾਈਆ । ਜਲਵਾ ਵੇਖ ਜੋਤ ਨਿਰੰਕਾਰੀ, ਨਿਰਗੁਣ ਨੂਰ ਰਿਹਾ ਦਰਸਾਈਆ । ਆਪਣੀ ਵਸਤ ਸਾਂਭ ਪਟਾਰੀ, ਸਖੀਆਂ ਸੰਗ ਰਿਹਾ ਤਰਾਈਆ । ਨਵ ਨੌਂ ਚਾਰ ਰਹੀ ਕੁਆਰੀ, ਮਿਲਿਆ ਮੇਲ ਨਾ ਸੱਚੇ ਮਾਹੀਆ । ਕਾਇਆ ਹੌਦੇ ਚੜ੍ਹਦੀ ਰਹੀ ਹਮਾਰੀ, ਮਨ ਹਾਥੀ ਉਪਰ ਆਸਣ ਲਾਈਆ । ਜਗਤ ਵਾਸਨਾ ਕੱਟਦੀ ਰਹੀ ਦਿਹਾੜੀ, ਜੇਰਜ ਅੰਡਜ ਉਤਭੁਜ ਸੇਤਜ ਫੇਰਾ ਪਾਈਆ । ਕੋਟਨ ਕੋਟ ਵਾਰ ਬਣਦੀ ਰਹੀ ਲਾੜੀ, ਲਾੜੇ ਕੋਟ ਕੋਟ ਹੰਡਾਈਆ । ਸਾਚੇ ਘਰ ਨਾ ਹੋਈ ਪਿਆਰੀ, ਪ੍ਰੀਤੀ ਹੱਕ ਨਾ ਕੋਇ ਲਗਾਈਆ । ਸਦਾ ਸਦ ਹੁੰਦੀ ਰਹੀ ਖ਼ੁਆਰੀ, ਸਾਚਾ ਰਾਹ ਨਜ਼ਰ ਨਾ ਆਈਆ । ਲੱਗਦੀ ਟੁਟਦੀ ਰਹੀ ਯਾਰੀ, ਯਾਰੀ ਤੋੜ ਨਾ ਕੋਇ ਨਿਭਾਈਆ । ਕੂੜੀ ਕਿਰਿਆ ਅੰਦਰ ਦੇਂਦੀ ਰਹੀ ਬਹਾਰੀ, ਸਾਚਾ ਮੰਦਰ ਸਾਫ਼ ਨਾ ਕੋਇ ਕਰਾਈਆ । ਸਖੀਆਂ ਨਾਲ ਮਿਲ ਕੇ ਭਰਦੀ ਰਹੀ ਪਾਣੀ, ਅੰਮ੍ਰਿਤ ਸਰੋਵਰ ਨਜ਼ਰ ਕੋਇ ਨਾ ਆਈਆ । ਖੇਡਾਂ ਖੇਡਦੀ ਰਹੀ ਵਿਚ ਹਾਣੀਆਂ ਹਾਣੀ, ਸਾਚਾ ਹਾਣੀ ਓੜ ਨਾ ਕੋਇ ਨਿਭਾਈਆ । ਜੁਗ ਜੁਗ ਪੜ੍ਹਦੀ ਰਹੀ ਬਾਣੀ, ਤੀਰ ਨਿਰਾਲਾ ਬਾਣ ਨਾ ਕੋਇ ਲਗਾਈਆ । ਆਪਣੀ ਦੱਸਦੀ ਰਹੀ ਕਹਾਣੀ, ਕਹਾਵਤ ਜਗਤ ਨਜ਼ਰ ਨਾ ਆਈਆ । ਰਾਜਿਆਂ ਘਰ ਬਣਦੀ ਰਹੀ ਰਾਣੀ, ਤਨ ਸ਼ੰਗਾਰ ਇਕ ਹੰਡਾਈਆ । ਜੋਬਨ ਹੰਡੌਂਦੀ ਰਹੀ ਜਵਾਨੀ, ਨੇਤਰ ਨੈਣ ਨੈਣ ਮਟਕਾਈਆ । ਵਸਦੀ ਰਹੀ ਚਾਰ ਖਾਣੀ, ਚਾਰੋਂ ਯੁਗ ਵੰਡ ਵੰਡਾਈਆ । ਨਵ ਨੌਂ ਚਾਰ ਬਣੀ ਰਹੀ ਨਾਦਾਨੀ, ਸਾਚੀ ਸਮਝ ਕੋਇ ਨਾ ਆਈਆ । ਕਲਜੁਗ ਅੰਤ ਸ੍ਰੀ ਭਗਵੰਤ ਦੇਵੇ ਇਕ ਨਿਸ਼ਾਨੀ, ਸਚ ਸੁੱਚ ਆਪ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਤਮ ਸੋਈ ਆਪ ਜਗਾਈਆ । ਸੋਈ ਉਠ ਲੈ ਅੰਗੜਾਈ, ਚਾਰੋਂ ਕੁੰਟ ਵੇਖ ਵਖਾਈਆ । ਨਾ ਸੱਜਣ ਨਾ ਕੋਈ ਸਾਈਂ, ਸਾਥੀ ਨਜ਼ਰ ਕੋਇ ਨਾ ਆਈਆ । ਨਾ ਪਿਤਾ ਨਾ ਕੋਈ ਮਾਈ, ਭੈਣ ਭਾਈ ਨਾ ਕੋਇ ਵਡਿਆਈਆ । ਨਾ ਧੀ ਨਾ ਕੋਇ ਜਵਾਈ, ਪੁੱਤ ਪੋਤਰਾ ਸੰਗ ਨਾ ਕੋਇ ਰਖਾਈਆ । ਚਾਰੋਂ ਕੁੰਟ ਵੇਖ ਦਏ ਦੁਹਾਈ, ਇਕ ਇਕੱਲੀ ਰਹੀ ਕੁਰਲਾਈਆ । ਝੱਲੀ ਹੋ ਕੇ ਭੁਲਿਆ ਮਾਹੀ, ਸਾਚੀ ਝਲਕ ਨਾ ਕਿਸੇ ਵਖਾਈਆ । ਔਂਦਿਆਂ ਜਾਂਦਿਆਂ ਪੁਛੇ ਰਾਹੀ, ਉਚੀ ਕੂਕ ਕੂਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਹੁਕਮੇ ਰਚਨ ਰਚਾਈਆ । ਆਤਮ ਕਹੇ ਮੈਂ ਸਦਾ ਭੁੱਲੀ, ਭੁੱਲਣਹਾਰ ਗੁਣ ਨਾ ਕੋਇ ਜਣਾਈਆ । ਤੇਰੇ ਬਾਹਝੋਂ ਪੀਆ ਰੁਲੀ, ਰੁਲਿਆਂ ਸਾਰ ਕੋਇ ਨਾ ਪਾਈਆ । ਹੇ ਖ਼ਿਜ਼ਾਂ ਕਲਜੁਗ ਹੁੱਲੀ, ਮੇਰਾ ਹੁਲੀਆ ਨਜ਼ਰ ਕਿਸੇ ਨਾ ਆਈਆ । ਕਿਣਕਾ

ਕਿਣਕਾ ਹੋ ਕੇ ਡੁੱਲੀ, ਸਾਚੀ ਗੰਢ ਨਾ ਕੋਇ ਬੰਧਾਈਆ । ਮੈਂ ਵਸਦੀ ਰਹੀ ਸਦਾ ਕਾਇਆ ਕੁੱਲੀ, ਸਾਢੇ ਤਿੰਨ ਹੱਥ ਅੰਦਰ ਡੇਰਾ ਲਾਈਆ । ਜਗਤ ਪਰਵਾਰ ਵਿਚ ਫਲੀ ਫੁੱਲੀ, ਬੰਸ ਸਰਬੰਸ ਨਾਉਂ ਧਰਾਈਆ । ਅੰਤਮ ਕੋਇ ਨਾ ਪਾਵੇ ਮੁੱਲੀ, ਕੀਮਤ ਕਰਤਾ ਨਾ ਕੋਇ ਰਖਾਈਆ । ਜੁਗ ਜੁਗ ਮੇਰੀ ਮੀਂਢੀ ਰਹੀ ਖੁੱਲੀ, ਪੱਟੀ ਸੀਸ ਨਾ ਕੋਇ ਗੁੰਦਾਈਆ । ਸਚ ਦੰਦਾਸਾ ਮਲਿਆ ਨਾ ਆਪਣੀ ਬੁੱਲੀਂ, ਬੱਤੀ ਦੰਦ ਨਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਲਜੁਗ ਅੰਤਮ ਆਪਣੇ ਲੜ ਲਗਾਈਆ । ਪਰਮਾਤਮ ਕਹੇ ਸੁਣ ਆਤਮ ਭੋਲੀ, ਭੋਲੇ ਭਾਉ ਹਰਿ ਜਣਾਇੰਦਾ । ਮੇਰੇ ਭਗਤਾਂ ਅੰਦਰ ਬਣ ਗੋਲੀ, ਸਾਚੀ ਸਿਖਿਆ ਇਕ ਦ੍ਰਿੜਾਇੰਦਾ । ਸਚ ਪ੍ਰੀਤੀ ਘੋਲ ਘੋਲੀਂ, ਘੋਲ ਘੁਮਾਈ ਲੇਖੇ ਲਾਇੰਦਾ । ਅੰਦਰ ਵੜ ਕੇ ਬੋਲੀਂ ਇਕੋ ਬੋਲੀ, ਸੋ ਸਾਹਿਬ ਆਪ ਸਮਝਾਇੰਦਾ । ਹੰ ਬ੍ਰਹਮ ਪਰਦਾ ਖੋਲੀਂ, ਦੂਈ ਦਵੈਤੀ ਪਰੇ ਹਟਾਇੰਦਾ । ਫਿਰ ਵੇਖੇ ਤੇਰੀ ਰੰਗਲੀ ਡੋਲੀ, ਰੰਗ ਰੰਗੀਲਾ ਆਪਣਾ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਦ੍ਰਿੜਾਇੰਦਾ । ਆਤਮ ਕਹੇ ਮੈਂ ਭਗਤਾਂ ਅੰਦਰ ਜਾਵਾਂਗੀ । ਨਿਉਂ ਕੇ ਆਪਣਾ ਸੀਸ ਨਿਵਾਵਾਂਗੀ । ਜਗ ਨੈਣਾਂ ਨੇਤਰ ਸ਼ਰਮਾਵਾਂਗੀ । ਨਿਜ ਨੇਤਰ ਦਰਸਨ ਪਾਵਾਂਗੀ । ਨਿਤ ਉਠ ਢੋਲਾ ਇਕੋ ਗਾਵਾਂਗੀ । ਸੋ ਪੁਰਖ ਨਿਰੰਜਣ ਇਸ਼ਟ ਮਨਾਵਾਂਗੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਣਾ ਮੋਹੇ ਵਰ, ਤੇਰੇ ਭਗਤ ਦਵਾਰੇ ਬਹਿ ਕੇ ਤੇਰੀ ਅਲਖ ਜਗਾਵਾਂਗੀ । ਪਰਮਾਤਮ ਕਹੇ ਜਾ ਭਗਤ ਦਵਾਰੇ ਵੜ, ਦਰ ਮੰਦਰ ਇਕ ਵਖਾਈਆ । ਸੋਹੰ ਢੋਲਾ ਲੈਣਾ ਪੜ੍ਹ, ਗੀਤ ਗੋਬਿੰਦ ਅਲਾਈਆ । ਰਾਹ ਵਿਚ ਨਾ ਜਾਣਾ ਅੜ, ਨੀਵੀਂ ਅੱਖ ਰਿਹਾ ਸ਼ਰਮਾਈਆ । ਇਕੋ ਨਿਰਗੁਣ ਰੱਖਣਾ ਡਰ, ਸਰਗੁਣ ਭੈ ਨਾ ਕੋਇ ਰਖਾਈਆ । ਉਚੇ ਮੰਦਰ ਵੇਖਣਾ ਖੜ, ਪੁਰਖ ਅਬਿਨਾਸ਼ੀ ਨਜ਼ਰੀ ਆਈਆ । ਸਾਚਾ ਪੱਲੂ ਲੈਣਾ ਫੜ, ਸਾਲੂ ਆਪਣੀ ਗੰਢ ਪੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਰ ਨਰਾਇਣ ਹੋਏ ਸਹਾਈਆ । ਨਰ ਨਰਾਇਣ ਪਰਨਾਏ ਨਾਰੀ, ਆਤਮ ਪਰਮਾਤਮ ਮੇਲ ਮਿਲਾਈਆ । ਸੋਲਾਂ ਰੂਪ ਕਰੇ ਸ਼ੰਗਾਰੀ, ਸੋਲਾਂ ਇਛਿਆ ਪੂਰ ਵਖਾਈਆ । ਸੋਲਾਂ ਕਲੀਆਂ ਆਸਣ ਪਾਏ ਸ਼ਾਹਸਵਾਰੀ, ਸ਼ਹਿਨਸ਼ਾਹ ਆਪਣੇ ਹੱਥ ਰੱਖੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਆਤਮ ਕਹੇ ਮੈਂ ਤਨ ਸ਼ੰਗਾਰ ਰਖਾਵਾਂਗੀ । ਨੇਤਰ ਇਕ ਧਿਆਨ ਲਗਵਾਂਗੀ । ਚਾਰੋਂ ਕੁੰਟ ਵੇਖ ਵਖਾਵਾਂਗੀ । ਪੁਰਖ ਅਬਿਨਾਸ਼ੀ ਰਾਹ ਤਕਾਵਾਂਗੀ । ਨਿਉਂ ਨਿਉਂ ਸਜਦਾ ਸੀਸ ਝੁਕਾਵਾਂਗੀ । ਬਣ ਬਰਦਾ ਸੇਵ ਕਮਾਵਾਂਗੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਵੇਲੇ ਆਏ ਮੇਰੇ ਘਰ, ਲੱਖ ਲੱਖ ਸ਼ੁਕਰ ਮਨਾਵਾਂਗੀ । ਜਿਸ ਵੇਲੇ ਪ੍ਰਭੂ ਆਏਗਾ । ਮਿਹਰਵਾਨ ਦਇਆ ਕਮਾਏਗਾ । ਤੇਰੀ ਸੁਰਤੀ ਸੁਰਤ ਉਠਾਏਗਾ । ਅਕਾਲ ਮੂਰਤ ਨਜ਼ਰੀ ਆਏਗਾ । ਨਾਦ ਤੂਰਤ ਇਕ ਵਜਾਏਗਾ । ਸਚ ਸੂਰਤ ਇਕ ਦਰਸਾਏਗਾ । ਨਾਤਾ ਕੂੜ ਸਰਬ ਤੁੜਾਏਗਾ । ਮੂਰਖ ਮੂੜ੍ਹ ਚਤੁਰ ਬਣਾਏਗਾ । ਮਸਤਕ ਧੂੜ ਚਰਨ ਲਗਾਏਗਾ । ਲੱਖ ਚੁਰਾਸੀ ਕੱਟ ਕੇ ਜੂੜ, ਨਿਰਗੁਣ ਆਪਣੇ ਨਾਲ ਮਿਲਾਏਗਾ । ਤੇਰੀ ਆਸਾ ਕਰੇ ਪੂਰ, ਮਨਸਾ ਆਪਣੇ ਵਿਚ ਛੁਪਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਸਦਾ ਸਦ ਹਾਜ਼ਰ ਹਜ਼ੂਰ, ਹਰਿ ਫੜ ਕੇ ਆਪਣੇ ਪੌੜੇ ਆਪ ਚੜ੍ਹਾਏਗਾ ।

੬੪੫
੧੪

## ★ ੧੭ ਜੇਠ ੨੦੨੦ ਬਿਕ੍ਰਮੀ ਸੇਵਾ ਸਿੰਘ, ਪਰਤਾਪ ਸਿੰਘ ਦੇ ਗ੍ਰਿਹਿ ਪਿੰਗਾਲੀ ਜੰਮੂ ★

ਹਰਿ ਕਿਰਪਾ ਜਨ ਗਾਏ ਢੋਲਾ, ਮਨ ਚੰਚਲ ਚਲੇ ਚਤਰਾਈ ਨਾ । ਗੁਰ ਕਿਰਪਾ ਚੁੱਕੇ ਪਰਦਾ ਉਹਲਾ, ਅੰਧ ਅੰਧੇਰਾ ਰਹੇ ਰਾਈ ਨਾ । ਗੁਰਮੁਖ ਪਰਦਾ ਆਪਣਾ ਖੋਲ੍ਹਾ, ਦੂਜਾ ਰਾਗ ਅਲਾਈ ਨਾ । ਨਿਰਗੁਣ ਨਰ ਹਰਿ ਬਣੇ ਵਿਚੋਲਾ, ਭਰਮ ਭੁਲੇਖਾ ਰਹੇ ਰਾਈ ਨਾ । ਆਤਮ ਪਰਮਾਤਮ ਸੁਣੇ ਸੋਹਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰਦਾ ਅਵਰ ਕੋਈ ਰਖਾਈ ਨਾ । ਜੋ ਜਨ ਆਏ ਕਰ ਕੇ ਆਸ, ਸਤਿਗੁਰ ਆਸਾ ਪੂਰ ਕਰਾਈਆ । ਜੋ ਜਨ ਰੱਖੇ ਮਿਲਣ ਦੀ ਪਿਆਸ, ਜਗਤ ਤ੍ਰਿਸਨਾ ਭੁੱਖ ਗਵਾਈਆ । ਜੋ ਜਨ ਹੋਇਆ ਰਹੇ ਨਿਰਾਸ, ਤਿਸ ਆਸਾ ਆਪ ਬੰਧਾਈਆ । ਜੋ ਜਨ ਲੱਭਣ ਆਇਆ ਖ਼ਾਸ, ਤਿਸ ਖ਼ਾਹਸ਼ ਪੂਰ ਵਖਾਈਆ । ਜੋ ਜਨ ਧਿਆਵੇ ਸਵਾਸ ਸਵਾਸ, ਤਿਸ ਸਵਾਸ ਸਵਾਸ ਸਮਾਈਆ । ਜੋ ਜਨ ਵੇਖਣ ਚਾਹੇ ਰਾਸ, ਕਾਇਆ ਮੰਡਲ ਦਏ ਵਖਾਈਆ । ਜੋ ਜਨ ਵਸਣਾ ਚਾਹੇ ਸਾਥ, ਤਿਸ ਆਪਣੇ ਸੰਗ ਰਲਾਈਆ । ਜੋ ਜਨ ਸੁਣਨਾ ਚਾਹੇ ਗਾਥ, ਤਿਸ ਢੋਲਾ ਦਏ ਜਣਾਈਆ । ਜੋ ਜਨ ਟੇਕਣਾ ਚਾਹੇ ਮਾਥ, ਤਿਸ ਮਸਤਕ ਟਿੱਕਾ ਲਾਈਆ । ਜੋ ਜਨ ਖੋਲ੍ਹਣਾ ਚਾਹੇ ਆਖ, ਤਿਸ ਨੇਤਰ ਦਏ ਖੁਲ੍ਹਾਈਆ । ਜੋ ਜਨ ਵੇਖਣਾ ਚਾਹੇ ਸਾਖਯਾਤ, ਹਰਿ ਸਤਿਗੁਰ ਨਜ਼ਰੀ ਆਈਆ । ਜੇ ਕੋਈ ਪੁੱਛਣ ਆਏ ਬਾਤ, ਤਿਸ ਗੱਲਾਂ ਬਾਤਾਂ ਵਿਚ ਪਰਚਾਈਆ । ਜੋ ਜਨ ਪੌਣ ਆਏ ਨਿਜ਼ਾਤ, ਤਿਸ ਬੇੜਾ ਪਾਰ ਕਰਾਈਆ । ਜੋ ਜਨ ਵੇਖਣ ਆਏ ਆਫ਼ਤਾਬ, ਨੂਰੋ ਨੂਰ ਕਰੇ ਰੁਸ਼ਨਾਈਆ । ਜੋ ਜਨ ਪੀਵਣ ਆਵੇ ਹਯਾਤੇ ਆਬ, ਤਿਸ ਅੰਮ੍ਰਿਤ ਮੇਘ ਬਰਸਾਈਆ । ਜੋ ਜਨ ਮੁਖ ਪਰਦਾ ਲਾਹਵਣ ਆਏ ਨਕਾਬ, ਤਿਸ ਨੂਰੀ ਦਰਸ ਕਰਾਈਆ । ਜੋ ਜਨ ਸੁਣਨ ਆਵੇ ਨਾਦ, ਤਿਸ ਜਨ ਅਨਹਦ ਰਾਗੀ ਰਾਗ ਸੁਣਾਈਆ । ਜੋ ਜਨ ਹੋਵਣ ਆਏ ਵਿਸਮਾਦ, ਤਿਸ ਵਿਸਮਾਦੀ ਆਪਣੇ ਵਿਚ ਮਿਲਾਈਆ । ਜੋ ਜਨ ਲੱਭਣ ਆਏ ਵਾਹਦ, ਲਾਸ਼ਰੀਕ ਗਾਡ ਗਹਿਰ ਗੰਭੀਰ ਭੇਵ ਸਰਬ ਜਣਾਈਆ । ਜੋ ਜਨ ਕਰਨ ਆਵੇ ਲਾਡ, ਤਿਸ ਜਨ ਆਪਣੀ ਗੋਦ ਬਹਾਈਆ । ਜੋ ਜਨ ਬੋਲੇ ਵਾਦ ਵਿਵਾਦ, ਤਿਸ ਧੱਕਾ ਦੇਵੇ ਲਾਈਆ । ਜੋ ਜਨ ਰਸਨਾ ਜਿਹਵਾ ਮੰਗੇ ਸਵਾਦ, ਤਿਸ ਜਗਤ ਵਿਕਾਰਾ ਰਸ ਖੁਆਈਆ । ਜੋ ਜਨ ਆਤਮ ਮੰਗੇ ਦਾਦ, ਤਿਸ ਸਾਚੀ ਵਸਤ ਝੋਲੀ ਪਾਈਆ । ਜੋ ਜਨ ਅੰਤਰ ਅੰਤਰ ਕਰੇ ਯਾਦ, ਤਿਸ ਮੰਤਰ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਰਿਹਾ ਸਮਝਾਈਆ । ਸਾਚਾ ਖੇਲ ਕਰੇ ਕਰਤਾਰ, ਹਰਿ ਕਰਤਾ ਆਪ ਕਮਾਇੰਦਾ । ਲੱਖ ਚੁਰਾਸੀ ਵੇਖਣਹਾਰ, ਘਟ ਘਟ ਡੇਰਾ ਲਾਇੰਦਾ । ਪੂਰਬ ਕਰਮਾਂ ਰਿਹਾ ਵਿਚਾਰ, ਨਿਹਕਰਮੀ ਕਰਮ ਕਮਾਇੰਦਾ । ਮਾਣਸ ਮਾਨੁਖ ਨਾ ਪਾਵੇ ਸਾਰ, ਮਾਨੁਸ਼ ਭੇਵ ਕੋਇ ਨਾ ਆਇੰਦਾ । ਲੇਖਾ ਜਾਣੇ ਧੁਰ ਦਰਬਾਰ, ਧੁਰ ਦੀ ਕਾਰ ਆਪ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਆਪ ਸਮਝਾਇੰਦਾ । ਸਾਚੀ ਸਿਖਿਆ ਸੁਣੋ ਜੱਗ, ਜੱਗ ਜੀਵਣ ਦਾਤਾ ਆਪ ਜਣਾਈਆ । ਬਿਰਹੋਂ ਵੈਰਾਗੀ ਲੱਗੀ ਅੱਗ, ਪਰੇਮ ਪ੍ਰੀਤੀ ਰਹੀ ਸਤਾਈਆ । ਪ੍ਰਭ ਨਜ਼ਰ ਨਾ ਆਇਆ ਉਪਰ ਸ਼ਾਹ ਰਗ, ਮਨਸਾ ਮਨ ਨਾ ਕੋਇ ਬੁਝਾਈਆ । ਸਚ ਪ੍ਰੀਤੀ ਬੱਧਾ ਨਾ ਕੋਈ ਤਗ, ਤੰਦੂ ਤੰਦ ਹੱਥ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਲੇਖਾ ਰਿਹਾ ਜਣਾਈਆ । ਸਾਚਾ ਲੇਖਾ ਸੁਣੋ ਮੀਤ, ਹਰਿ

ਮਿੱਤਰ ਪਿਆਰਾ ਰਿਹਾ ਜਣਾਈਆ । ਜੁਗ ਚੌਕੜੀ ਲੱਖ ਚੁਰਾਸੀ ਰੀਤ, ਨਿਤ ਨਵਿਤ ਵੇਸ ਵਟਾਈਆ । ਪਾਰਬ੍ਰਹਮ ਪ੍ਰਭ ਬੈਠਾ ਰਹੇ ਅਤੀਤ, ਆਤਮ ਅੰਡਜ ਜੇਰਜ ਉਤਭੁਜ ਸੇਤਜ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਲੇਖਾ ਦਏ ਸਮਝਾਈਆ । ਪੂਰਬ ਲੇਖਾ ਲੈਣਾ ਜਾਣ, ਸੋ ਸਾਹਿਬ ਆਪ ਜਣਾਇੰਦਾ । ਕਰਮ ਜਰਮ ਹੱਥ ਸ੍ਰੀ ਭਗਵਾਨ, ਵਰਨ ਬਰਨ ਆਪ ਭੁਆਇੰਦਾ । ਕਲਜੁਗ ਵਿਚ ਕਲਜੁਗ ਨਿਸ਼ਾਨ, ਕਲ ਕਾਤੀ ਆਪ ਚੁਕਾਇੰਦਾ । ਗੋਬਿੰਦ ਸੂਰਾ ਮਿਹਰਵਾਨ, ਮਿਹਰ ਨਜ਼ਰ ਇਕ ਉਠਾਇੰਦਾ । ਪੰਡਤ ਪਿਛਲਾ ਵੇਖ ਮਾਰ ਧਿਆਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖ ਅਲੇਖਾ ਆਪ ਦਰਸਾਇੰਦਾ । ਲੇਖ ਅਲੇਖਾ ਦੱਸੇ ਆਪ, ਆਪਣੇ ਹੱਥ ਰੱਖੇ ਵਡਿਆਈਆ । ਓਮ ਓਮ ਤੇਰਾ ਪਾਠ, ਰਾਮ ਰਾਮ ਸਰਨਾਈਆ । ਸੋ ਸੋ ਤੇਰਾ ਜਾਪ, ਹੰ ਹੰ ਕੁੜਮਾਈਆ । ਗੁਰ ਗੁਰਦੇਵ ਤੇਰੇ ਸਾਥ, ਸਗਲਾ ਸੰਗ ਨਿਭਾਈਆ । ਹਵਨ ਭਬੂਤੀ ਤੇਰੇ ਹਾਥ, ਕਮੰਡਲੀ ਬਗਲ ਲਟਕਾਈਆ । ਤਿਲਕ ਟਿੱਕਾ ਮਸਤਕ ਮਾਥ, ਤਰਸੂਲ ਰੂਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲਹਿਣਾ ਰਿਹਾ ਸਮਝਾਈਆ । ਪੂਰਬ ਲਹਿਣਾ ਜਾਣ ਜੀਵ, ਜੀਵਣ ਦਾਤਾ ਆਪ ਜਣਾਇੰਦਾ । ਪ੍ਰਭ ਸਰਨਾਈ ਸਦਾ ਥੀਵ, ਸੋ ਪੁਰਖ ਨਿਰੰਜਣ ਭੇਵ ਖੁਲ੍ਹਾਇੰਦਾ । ਜਿਸ ਸਾਢੇ ਤਿੰਨ ਹੱਥ ਰਖਾਈ ਤੇਰੀ ਨੀਂਵ, ਆਤਮ ਪਰਮਾਤਮ ਆਪਣੀ ਕਾਰ ਕਮਾਇੰਦਾ । ਸੋ ਬੀਜਣ ਹਾਰ ਬੀਵ, ਪੱਤ ਡਾਲੀ ਆਪ ਮਹਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਟਿੱਲੇ ਪਰਬਤ ਵੇਖ ਵਖਾਇੰਦਾ । ਤੇਰਾ ਜਾਮਾ ਕੇਸ਼ੋ ਪੰਡਤ, ਸਚ ਸਚ ਜਣਾਈਆ । ਤੀਜਾ ਜਾਮਾ ਜੇਰਜ ਅੰਡਜ, ਰੂਪ ਨਾ ਕੋਇ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਦਏ ਜਣਾਈਆ । ਕੇਸ਼ੋ ਪੰਡਤ ਰੱਖ ਯਾਦ, ਹਰਿ ਕੇਸ਼ਵ ਆਪ ਜਣਾਇੰਦਾ । ਭਗਤਾਂ ਵਿਚੋਂ ਮਿਲੀ ਦਾਦ, ਗੋਬਿੰਦ ਝੋਲੀ ਪਾਇੰਦਾ । ਸੋਵਤ ਜਾਗਤ ਸੁਣੀ ਫ਼ਰਯਾਦ, ਬੇਪਰਵਾਹ ਭੇਵ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਆਪ ਦ੍ਰਿੜਾਇੰਦਾ । ਕੇਸ਼ੋ ਤੇਰਾ ਨੈਣਾ ਹਵਨ, ਗੋਬਿੰਦ ਆਪਣੀ ਖੇਲ ਕਰਾਈਆ । ਸਚ ਸੁਗੰਧੀ ਦੇਵੇ ਪਵਣ, ਪਵਣ ਪਵਣਾਂ ਵਿਚ ਫਿਰਾਈਆ । ਹਰਿ ਕਾ ਖੇਲ ਜਾਣੇ ਕਵਣ, ਜਗਤ ਵਿਦਿਆ ਜਗਤ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਦੇਵਣਹਾਰਾ ਥਾਉਂ ਥਾਈਆ । ਪਵਣ ਪੰਡਤ ਪਿਛਲੀ ਵੇਖ ਪੋਥੀ, ਪੁਸਤਕ ਤੇਰੇ ਹੱਥ ਫੜਾਈਆ । ਗੋਬਿੰਦ ਅੰਤਮ ਕਰੀ ਥੋਥੀ, ਆਪ ਆਪਣਾ ਹੁਕਮ ਵਰਤਾਈਆ । ਜੇਹੜੀ ਪੱਥਰਾਂ ਵਿਚੋਂ ਲੱਭਦੇ ਜੋਤੀ, ਸੋ ਸਤਿਗੁਰ ਆਪਣੇ ਵਿਚ ਛੁਪਾਈਆ । ਚੜ੍ਹ ਕੇ ਵੇਖ ਉਚੀ ਚੋਟੀ, ਜੋਤੀ ਨੂਰ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਲਹਿਣੇ ਰਿਹਾ ਪਾਈਆ । ਪੰਡਤ ਜੀ ਓਦੋਂ ਦਾ ਝਗੜਾ, ਝਗੜਾ ਮੁੱਕਣ ਅਜੇ ਨਾ ਆਈਆ । ਮਾਣਸ ਜਨਮ ਲੱਗਦਾ ਰਿਹਾ ਰਗੜਾ, ਰਗੜ ਨਾਮ ਨਾ ਕੋਇ ਛੁਹਾਈਆ । ਬਿਰਹੋਂ ਵਿਛੋੜੇ ਮਨ ਹੋਇਆ ਰਿਹਾ ਪਗਲਾ, ਸੁਰਤੀ ਸ਼ਬਦ ਨਾ ਕੋਇ ਮਿਲਾਈਆ । ਹਾਲ ਦੱਸੇ ਫੇਰ ਅਗਲਾ, ਅਗਲਾ ਭੇਵ ਆਪ ਜਣਾਈਆ । ਜੋ ਗੁਰਮੁਖ ਦਰ ਤੇ ਹੋਵੇ ਕੰਗਲਾ, ਮਾਣ ਅਭਿਮਾਨ ਮਿਟਾਈਆ । ਤਿਨ੍ਹਾਂ ਲੇਖਾ ਮੁੱਕੇ ਸਗਲਾ, ਪ੍ਰਭ ਸਾਚਾ ਸੰਗ ਰਖਾਈਆ । ਸਾਚਾ ਵੇਲਾ ਖੇਲ ਗੁਰੂ ਚੇਲਾ ਵਰ ਸੱਚਾ ਮੰਗ ਲਾ, ਮੰਗਿਆਂ ਭੀਖ ਦੇਵੇ ਪਾਈਆ । ਕਾਇਆ ਚੋਲਾ ਆਪਣਾ ਰੰਗ ਲਾ, ਰੰਗ ਮਜੀਠੀ ਇਕ ਚੜ੍ਹਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਸਾਹਿਬ ਹੋਏ ਸਹਾਈਆ । ਪੰਡਤ ਪਿਛਲੀ ਛੱਡ ਦੇ ਵਾਦੀ, ਵਾਅਦਾ ਗੋਬਿੰਦ ਪੂਰ ਕਰਾਇੰਦਾ । ਸਭ ਨੂੰ ਮੰਨਣੀ ਪਏ ਗੁਜਰੀ ਦਾਦੀ, ਆਦਿ ਸ਼ਕਤ ਨਾ ਕੋਇ ਮਨਾਇੰਦਾ । ਪੁਰਖ ਪੁਰਖੋਤਮ ਇਕੋ ਜੋਤ ਲਾਧੀ, ਲੱਭਣ ਅਵਰ ਨਾ ਕੋਇ ਜਾਇੰਦਾ । ਸਤਿਗੁਰ ਸਾਹਿਬ ਸਰਬ ਦਾ ਸਾਂਝੀ, ਸਗਲਾ ਸੰਗ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਮ ਜਨਮ ਵੇਖ ਵਖਾਇੰਦਾ । ਪੰਡਤ ਓਦੋਂ ਦਿਤਾ ਧੋਖਾ, ਆਪਣਾ ਮੁਖ ਛੁਪਾਈਆ । ਕਲਜੁਗ ਅੰਤਮ ਮਿਲਿਆ ਮੌਕਾ, ਗਿਆ ਵਕਤ ਹੱਥ ਨਾ ਆਈਆ । ਦਰਸ਼ਨ ਕਰੋ ਨਾਲ ਸ਼ੌਂਕਾ, ਰਾਤੀਂ ਸੁੱਤਿਆਂ ਲਏ ਜਗਾਈਆ । ਨਾਮ ਚੜ੍ਹਾਏ ਆਪਣੀ ਨੌਕਾ, ਨੱਯਾ ਇਕੋ ਇਕ ਵਖਾਈਆ । ਸ੍ਰੀ ਭਗਵਾਨ ਰੱਖੇ ਓਟਾ, ਓਟ ਇਕੋ ਇਕ ਸਮਝਾਈਆ । ਤਨ ਨਗਾਰੇ ਲਾਵੇ ਚੋਟਾ, ਚੋਟ ਆਪਣਾ ਨਾਮ ਰਖਾਈਆ । ਹਰਿ ਸੰਗਤ ਵਿਚ ਰਹੇ ਨਾ ਕੋਈ ਖੋਟਾ, ਕੂੜੀ ਕਿਰਿਆ ਬਾਹਰ ਕਢਾਈਆ । ਜੇ ਲੜਨਾ ਤੇ ਕਰੋ ਲੰਗੋਟਾ, ਨਿਰਗੁਣ ਸਰਗੁਣ ਸਦਾ ਲੜਾਈਆ । ਜੇ ਪ੍ਰਭ ਦਾ ਬਣਨਾ ਪੋਤਾ, ਗੁਰ ਗੋਬਿੰਦ ਲਾਗੋ ਸਰਨਾਈਆ । ਜੇ ਕੋਈ ਪਿਛਲਾ ਰਿਹਾ ਰੋਸਾ, ਦਰ ਸਾਚੇ ਲਓ ਬਖ਼ਸ਼ਾਈਆ । ਜੇ ਮਨ ਹੋਏ ਹੋਛਾ, ਗੁਰ ਚਰਨ ਧੀਰ ਧਰਾਈਆ । ਆਪਣਾ ਅੰਦਰ ਵੜ ਕੇ ਵੇਖੋ ਕੋਠਾ, ਬੰਦ ਤਾਕੀ ਕੁੰਡਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਅਗਲਾ ਪਿਛਲਾ ਮੇਲਾ ਰਿਹਾ ਜਣਾਈਆ । ਅਗਲਾ ਪਿਛਲਾ ਤੇਰਾ ਮੇਲ, ਮਿਲਣੀ ਜਗਦੀਸ ਕਰਾਈਆ । ਮਨ ਮਤ ਬੁਧ ਜੇ ਦੇਵੇ ਵੇਹਲ, ਆਤਮ ਪਰਮਾਤਮ ਲਓ ਮਿਲਾਈਆ । ਘਰ ਨਜ਼ਰੀ ਆਏ ਸੱਜਣ ਸੁਹੇਲ, ਦਰ ਸਾਚੇ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮਤ ਰਿਹਾ ਦ੍ਰਿੜਾਈਆ । ਗੁਰਮਤ ਮੰਤਰ ਨਾਮ ਸਤਿ, ਨਾਨਕ ਗੋਬਿੰਦ ਇਕ ਪੜ੍ਹਾਈਆ । ਹਰਿਜਨ ਲੇਖੇ ਲੱਗੇ ਤੱਤ, ਤਤਵ ਤਤ ਨਾ ਰੂਪ ਵਟਾਈਆ । ਮਿਲੇ ਮੇਲ ਪੁਰਖ ਸਮਰਥ, ਸਮਰਥ ਆਪਣੀ ਗੋਦ ਬਹਾਈਆ । ਲਹਿਣਾ ਦੇਣਾ ਦੇਵੇ ਹੱਥੋ ਹੱਥ, ਜਗਤ ਉਧਾਰ ਨਾ ਕੋਇ ਰਖਾਈਆ । ਏਥੇ ਓਥੇ ਪਤ ਲਏ ਰੱਖ, ਜੋ ਜਨ ਆਏ ਸਰਨਾਈਆ । ਸਾਚਾ ਲਾਹਾ ਲੈਣ ਖੱਟ, ਲਹਿਣੇਦਾਰ ਝੋਲੀ ਪਾਈਆ । ਦੂਈ ਦਵੈਤ ਨਾ ਰਹੇ ਵੱਟ, ਵੱਟਾ ਨਾਮ ਨਾ ਕੋਇ ਲਗਾਈਆ । ਤਨ ਬਸਤਰ ਦਿਸੇ ਸੋਹਣਾ ਪਟ, ਜਗ ਖ਼ੁਸ਼ੀਆਂ ਨਾਲ ਹੰਡਾਈਆ । ਸੋਹੰ ਢੋਲਾ ਲੈਣਾ ਰਟ, ਰੱਟਾ ਸਾਰਾ ਦੇਵੇ ਮੁਕਾਈਆ । ਘਰ ਵਿਚ ਘਰ ਵਖਾਏ ਹੱਟ, ਜਿਸ ਘਰ ਬੈਠਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਨਾਮ ਗਾਓ ਗਹਿਰ ਗੰਭੀਰ, ਸੋ ਸਾਹਿਬ ਆਪ ਜਣਾਇੰਦਾ । ਆਤਮ ਪਰਮਾਤਮ ਮਿਲੇ ਠੰਡਾ ਨੀਰ, ਅੰਮ੍ਰਿਤ ਜਾਮ ਇਕ ਵਖਾਇੰਦਾ । ਪਿਛਲੀ ਮੇਟ ਦੇਵੇ ਤਕਦੀਰ, ਲਕੀਰ ਆਪਣੇ ਨਾਮ ਫਿਰਾਇੰਦਾ । ਗੁਰਮੁਖ ਗੁਰਮੁਖ ਇਕ ਦੂਜੇ ਦੇ ਵੀਰ, ਵਿਛੜੇ ਭਾਈ ਆਪ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਾਮ ਅਮੋਲਕ ਵਸਤ ਸਾਚੀ ਝੋਲੀ ਪਾਇੰਦਾ । ਨਾਮ ਸੱਚਾ ਲੈ ਕੇ ਜਾਣਾ, ਇਕ ਇਕ ਧਿਆਨ ਲਗਾਈਆ । ਭੂਪਤ ਭੂਪ ਮਿਲੇ ਰਾਣਾ, ਰਾਜਨ ਰਾਜ ਸ਼ਾਹ ਪਾਤਸ਼ਾਹੀਆ । ਦਰਸਨ ਕਰ ਸ੍ਰੀ ਭਗਵਾਨਾ, ਜੀਵ ਜਹਾਨ ਮਿਲੇ ਵਡਿਆਈਆ । ਲੇਖਾ ਚੁਕੇ ਆਵਣ ਜਾਣਾ, ਲੱਖ ਚੁਰਾਸੀ ਰਹਿਣ ਨਾ ਪਾਈਆ । ਲੱਗੇ ਭਾਗ ਕਾਇਆ ਮੰਦਰ ਮਕਾਨਾ, ਮਕਬਰਾ ਮਹਿਰਾਬ ਰੂਪ ਵਟਾਈਆ । ਹੋਏ ਪਰਕਾਸ਼ ਜੋਤ ਕੋਟਨ ਭਾਨਾ, ਨਿਰਗੁਣ


੬੪੮ ੧੪

ਨੂਰ ਨੂਰ ਰੁਸ਼ਨਾਈਆ । ਤੂੰ ਮੇਰਾ ਮੈਂ ਤੇਰਾ ਦੋਹਾਂ ਮਿਲ ਕੇ ਗੌਣਾ ਇਕੋ ਗਾਣਾ, ਗਾ ਗਾ ਲੋਕਮਾਤ ਸ਼ੁਕਰ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਲਹਿਣਾ ਗੁਰਮੁਖ ਤੇਰੀ ਝੋਲੀ ਪਾਈਆ ।

★ ੧੭ ਜੇਠ ੨੦੨੦ ਬਿਕ੍ਰਮੀ ਅਮਰ ਨਾਥ ਦੇ ਗ੍ਰਹਿ ਪਿੰਗਾਲੀ ਜੰਮੂ ★

ਪੁਰਖ ਨਾਰੀ ਇਕੋ ਮਾਣ, ਸ੍ਰੀ ਭਗਵਾਨ ਨਾ ਵੰਡ ਰਖਾਈਆ । ਪਰੇਮ ਪ੍ਰੀਤੀ ਦੇਵਣਹਾਰਾ ਦਾਨ, ਜੀਵ ਜੰਤ ਦਏ ਵਡਿਆਈਆ । ਜਿਨ੍ਹਾਂ ਬਖ਼ਸ਼ੇ ਨਾਮ ਨਿਧਾਨ, ਨਿਜ ਆਤਮ ਬੂਝ ਬੁਝਾਈਆ । ਸੋ ਮੰਗਣ ਸਾਚਾ ਦਾਨ, ਪ੍ਰਭ ਅੱਗੇ ਝੋਲੀ ਡਾਹੀਆ । ਦੇਵਣਹਾਰ ਮਿਹਰਵਾਨ, ਸਦਾ ਸਦਾ ਵਰਤਾਈਆ । ਗੁਰਮੁਖ ਚਤਰ ਸੁਘੜ ਵੇਖ ਸੁਜਾਨ, ਦੀਨ ਦਿਆਲ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਚਰਨ ਸਰਨਾਈਆ । ਪੁਰਖ ਨਾਰ ਪ੍ਰਭ ਕਾ ਨਾਤਾ, ਸਤਿਗੁਰ ਪੂਰਾ ਆਪ ਨਿਭਾਇੰਦਾ । ਘਟ ਘਟ ਅੰਦਰ ਜੋਤੀ ਜਾਤਾ, ਨਿਰਵੈਰ ਆਪਣਾ ਖੇਲ ਕਰਾਇੰਦਾ । ਆਦਿ ਜੁਗਾਦੀ ਪਿਤਾ ਮਾਤਾ, ਪੁਰਖ ਅਕਾਲ ਵੇਸ ਵਟਾਇੰਦਾ । ਨਿਤ ਨਵਿਤ ਦੇਵਣਹਾਰਾ ਦਾਤਾ, ਦਾਤਾ ਦਾਨੀ ਇਕੋ ਨਾਮ ਵਸਤ ਵਰਤਾਇੰਦਾ । ਮੇਟਣਹਾਰ ਅੰਧੇਰੀ ਰਾਤਾ, ਸਾਹਿਬ ਸਤਿਗੁਰ ਚੰਦ ਚਮਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਏਕਾ ਮਾਰਗ ਲਾਇੰਦਾ । ਪੁਰਖ ਨਾਰ ਇਕੋ ਰੰਗ, ਰੰਗ ਰੰਗੀਲਾ ਆਪ ਜਣਾਈਆ । ਜਨਮ ਕਰਮ ਦੀ ਟੁੱਟੀ ਗੰਢ, ਗੋਬਿੰਦ ਆਪਣਾ ਸੰਗ ਵਖਾਈਆ । ਗੀਤ ਸੁਹਾਗੀ ਸੁਣਾਏ ਛੰਦ, ਸੋਹੰ ਢੋਲਾ ਰਾਗ ਅਲਾਈਆ । ਆਵਣ ਜਾਵਣ ਪਤਤ ਪਾਵਣ ਮੁਕਾਏ ਪੰਧ, ਮਿਹਰ ਨਜ਼ਰ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਘਰ, ਘਰ ਘਰ ਵਿਚ ਕਰੇ ਰੁਸ਼ਨਾਈਆ । ਘਰ ਮੰਦਰ ਗੁਰ ਕਾ ਵੇਸ, ਦਰਵੇਸ਼ ਫੇਰਾ ਪਾਈਆ । ਹਰਿ ਸੱਜਣ ਸਾਚੇ ਪੇਖ, ਪੇਖਤ ਖ਼ੁਸ਼ੀ ਮਨਾਈਆ । ਪੂਰਬ ਲਹਿਣਾ ਜਾਣੇ ਰੇਖ, ਰੇਖਾ ਆਪਣੀ ਦਏ ਸਮਝਾਈਆ । ਮੰਦਰ ਵੜ ਕੇ ਖੋਲ੍ਹੇ ਭੇਤ, ਭੇਵ ਆਪਣਾ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦ ਵਡਿਆਈਆ । ਕੰਤ ਨਾਰ ਇਕ ਦਿਆਲ, ਸੋ ਸਾਹਿਬ ਸਤਿਗੁਰ ਆਪ ਅਖਵਾਇੰਦਾ । ਜੁਗ ਚੌਕੜੀ ਵੇਖੇ ਲਾਲ, ਭਗਤ ਭਗਵਾਨ ਮੇਲ ਮਿਲਾਇੰਦਾ । ਕਾਇਆ ਮੰਦਰ ਸੱਚੀ ਧਰਮਸਾਲ, ਧਰਮ ਦਵਾਰਾ ਇਕ ਸੁਹਾਇੰਦਾ । ਰਾਮ ਨਾਮ ਵਜਾਏ ਤਾਲ, ਰਾਗ ਨਾਦ ਇਕ ਅਲਾਇੰਦਾ । ਦਿਵਸ ਰੈਣ ਰਹੇ ਖ਼ੁਸ਼ਹਾਲ, ਚਿੰਤਾ ਗ਼ਮ ਨਾ ਕੋਇ ਜਣਾਇੰਦਾ । ਸੋਈ ਸੁਰਤੀ ਸ਼ਬਦ ਉਠਾਲ, ਗੁਰ ਮੂਰਤੀ ਨਾਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਾਜ਼ਰ ਹੋ ਕੇ ਵੇਖ ਵਖਾਇੰਦਾ । ਹਾਜ਼ਰ ਹੋ ਕੇ ਵੇਖੇ ਆਪ, ਹਜ਼ੂਰ ਆਪਣੀ ਦਇਆ ਕਮਾਈਆ । ਜਿਨ੍ਹਾਂ ਜਪਿਆ ਸੋਹੰ ਜਾਪ, ਤਿਨ੍ਹਾਂ ਜ਼ਾਮਨੀ ਰਿਹਾ ਭਰਾਈਆ । ਏਥੇ ਨਿਰਮਲ ਕਰੇ ਪਾਕ, ਅੱਗੇ ਸਚ ਸਚ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਪਰਮਾਤਮ ਬਣਿਆ ਸੱਜਣ ਸਾਕ, ਸਤਿਗੁਰ ਸੱਚਾ ਸੰਗ ਨਿਭਾਈਆ ।

## ★ ੧੭ ਜੇਠ ੨੦੨੦ ਬਿਕ੍ਰਮੀ ਜਗਤ ਸਿੰਘ ਦੇ ਗ੍ਰਿਹਿ ਪਿੰਗਾਲੀ ਜੰਮੂ ★

ਸਦਾ ਸੁਹੇਲਾ ਏਕੰਕਾਰ, ਸਦਾ ਸਦਾ ਸਦ ਅਖਵਾਈਆ । ਲੇਖਾ ਜਾਣ ਸਗਲ ਸੰਸਾਰ, ਹਰਿਜਨ ਮਾਤ ਪਰਗਟਾਈਆ । ਪੂਰਬ ਲਹਿਣਾ ਲਾਹੇ ਉਧਾਰ, ਅਗਲਾ ਲੇਖਾ ਇਕ ਵਖਾਈਆ । ਪੁਰਖ ਅਕਾਲ ਸਚ ਪਿਆਰ, ਨਿਰਵੈਰ ਇਕ ਸਰਨਾਈਆ । ਰਸਨਾ ਜਿਹਵਾ ਸ਼ਬਦ ਜੈਕਾਰ, ਨਾਮ ਢੋਲਾ ਦਏ ਸਮਝਾਈਆ । ਬਣ ਵਿਚੋਲਾ ਸਿਰਜਣਹਾਰ, ਆਤਮ ਪਰਮਾਤਮ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਜਨਮ ਅਜਨਮ ਜਨਮ ਲੇਖੇ ਸਾਰੇ ਲਾਈਆ ।

## ★ ੧੭ ਜੇਠ ੨੦੨੦ ਬਿਕ੍ਰਮੀ ਖੇਮੋ ਦੇਵੀ ਦੇ ਗ੍ਰਿਹਿ ਪਿੰਗਾਲੀ ਜੰਮੂ ★

ਘਰ ਮੇਲਾ ਸਚ ਰਾਮ, ਰਾਮ ਸਤਿ ਇਕ ਅਖਵਾਈਆ । ਪੂਰਨ ਕਰੇ ਕਲਜੁਗ ਕਾਮ, ਕਾਮਨੀ ਰੂਪ ਨਾ ਕੋਇ ਵਟਾਈਆ । ਦਾਮਨਗੀਰ, ਪਕੜੇ ਦਾਮ, ਦਮਾਂ ਦਮ ਹੋਏ ਸਹਾਈਆ । ਅੰਮ੍ਰਿਤ ਪਿਆਏ ਸੱਚਾ ਜਾਮ, ਜ਼ਾਮਨੀ ਆਪਣੇ ਨਾਮ ਰਖਾਈਆ । ਸਤਿ ਵਖਾਏ ਇਕ ਨਿਸ਼ਾਨ, ਧਰਮ ਦਵਾਰੇ ਆਪ ਉਠਾਈਆ । ਭਗਤ ਭਗਵਾਨ ਗਾਇਣ ਗਾਨ, ਗਾਵਤ ਗਾਵਤ ਇਕੋ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰਾਮ ਸਰਨ ਇਕ ਸਰਨਾਈਆ । ਨੈਣ ਪੇਖਤ ਪੁਨਹਿ ਨਜ਼ਰੀ ਰਾਮ, ਨਜ਼ਰ ਰਾਮ ਵਿਚ ਸਮਾਈਆ । ਮਧੁਰ ਮਧੁਰ ਪਿਆਏ ਜਾਮ, ਮਧੁ ਸੂਧਨ ਬੇਪਰਵਾਹੀਆ । ਸਧਰ ਪੂਰੀ ਕਰੇ ਨਿਸ਼ਕਾਮ, ਨਿਸਚਾ ਇਕੋ ਇਕ ਰਖਾਈਆ । ਘਰ ਆ ਮਿਲੇ ਭਗਵਾਨ, ਭਗਵਨ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰਹਿਮਤ ਆਪਣੀ ਸਚ ਕਮਾਈਆ । ਰਾਮ ਕਹੇ ਮੈਂ ਰਾਮ ਰਾਜਾ, ਰੱਯਤ ਆਪਣੀ ਵੇਖ ਵਖਾਇੰਦਾ । ਜੁਗ ਚੌਕੜੀ ਖੇਲ ਤਮਾਸ਼ਾ, ਨਿਰਗੁਣ ਸਰਗੁਣ ਵੇਸ ਵਟਾਇੰਦਾ । ਜਨ ਭਗਤਾਂ ਪੂਰੀ ਕਰਾਂ ਆਸਾ, ਮਨਸਾ ਆਪਣੇ ਲੇਖੇ ਲਾਇੰਦਾ । ਅਗਲਾ ਦੱਸ ਕੇ ਆਵਾਂ ਖ਼ੁਲਾਸਾ, ਬੋਧ ਅਗਾਧੀ ਨਾਮ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣੇ ਵੇਖ ਵਖਾਇੰਦਾ । ਰਾਮ ਕਹੇ ਮੈਂ ਇਕ ਰਮੱਯਾ, ਜੁਗ ਜੁਗ ਆਪਣੀ ਕਾਰ ਕਮਾਈਆ । ਸਤਿ ਧਰਮ ਦੀ ਸਾਚੀ ਨੱਯਾ, ਲੋਕਮਾਤ ਰਖਾਈਆ । ਹਰਿ ਭਗਤ ਚੜ੍ਹਾਵਾਂ ਫੜ ਕੇ ਬਹੀਆ, ਬਾਜ਼ੂ ਆਪਣੇ ਹੱਥ ਉਠਾਈਆ । ਰਾਏ ਧਰਮ ਨਾ ਕੱਢੇ ਵਹੀਆ, ਲੇਖਾ ਚਿਤਰ ਗੁਪਤ ਨਾ ਕੋਇ ਜਣਾਈਆ । ਘਰ ਨਜ਼ਰੀ ਆਏ ਇਕੋ ਸੱਯਾ, ਸਿਆਹਪੋਸ਼ ਆਪਣਾ ਪਰਦਾ ਲਾਹੀਆ । ਗੋਦ ਉਠਾਏ ਇਕੋ ਮੱਯਾ, ਮਾਤਾ ਆਪਣੀ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਸਚ ਘਨੱਯਾ, ਘਨੀਸ਼ਾਮ ਅਮੀ ਰਾਮ ਰਾਮ ਰਾਮ ਰਾਮ ਰੂਪ ਵਖਾਈਆ ।

## ★ ੧੭ ਜੇਠ ੨੦੨੦ ਬਿਕ੍ਰਮੀ ਲਛਮਣ ਸਿੰਘ ਦੇ ਗ੍ਰਿਹਿ ਪਿੰਗਾਲੀ ਜੰਮੂ ★

ਪਰੇਮ ਅੰਦਰ ਵਸੇ ਪਿਆਰ, ਪਿਆਰ ਅੰਦਰ ਪ੍ਰੀਤੀ ਸਚ ਰਖਾਈਆ । ਭਗਤਾਂ ਅੰਦਰ ਵਸੇ ਭਗਵਾਨ, ਭਗਤ ਭਗਵਾਨ ਵਿਚ ਸਮਾਈਆ ।

ਲਛਮਣ ਮੇਲਾ ਲਛਮਣ ਰਾਮ, ਰਾਮ ਲਛਮਣ ਨਜ਼ਰੀ ਆਈਆ । ਕਰ ਖੇਲ ਨੌਜਵਾਨ, ਖ਼ਾਲਸ਼ ਆਪਣਾ ਪਰਦਾ ਲਾਹੀਆ । ਸਚ ਸੁੱਚ ਦੇਵੇ ਦਾਨ, ਸੂਖਮ ਇਕੋ ਵਸਤ ਵਰਤਾਈਆ । ਵੱਡੇ ਛੋਟੇ ਬਾਲੇ ਨੱਢੇ ਸਾਰੇ ਗਾਣ, ਘਰ ਮਿਲਿਆ ਬੇਪਰਵਾਹੀਆ । ਆਵਣ ਜਾਵਣ ਚੁਕੇ ਕਾਣ, ਭੈ ਕੋਈ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਬੰਸ ਸਰਬੰਸ ਪੁੱਤ ਪੋਤਰੇ ਨਾਰ ਕੰਤ ਸਰਬ ਤਰਾਈਆ । ਬ੍ਰਹਮੇ ਉਠ ਵੇਖ ਯਾਰ, ਵਿਸ਼ਨੂੰ ਰਿਹਾ ਜਣਾਈਆ । ਨਿਰਗੁਣ ਨਰ ਲੈ ਅਵਤਾਰ, ਸ੍ਰੀ ਭਗਵਾਨ ਖੇਲ ਰਚਾਈਆ । ਪਰਗਟ ਹੋ ਅਗੰਮ ਅਪਾਰ, ਅਗੰਮੜੀ ਕਾਰ ਕਮਾਈਆ । ਜੁਗ ਚੌਕੜੀ ਕਰਜ਼ ਉਤਾਰ, ਮਕਰੂਜ਼ ਆਪਣਾ ਫੇਰਾ ਪਾਈਆ । ਲੇਖਾ ਜਾਣ ਧੁਰ ਦਰਬਾਰ, ਦਰਗਹਿ ਸਾਚੀ ਵੇਖ ਵਖਾਈਆ । ਸੰਬਲ ਨਗਰ ਧਾਮ ਨਿਆਰ, ਤ੍ਰੈਭਵਣ ਧਨੀ ਬੈਠਾ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਰਚਨਾ ਆਪ ਰਚਾਈਆ । ਬ੍ਰਹਮਾ ਕਹੇ ਸੁਣ ਮੇਰੇ ਸੱਜਣ, ਮੈਂ ਨੇਤਰ ਨੈਣਾਂ ਵੇਖ ਨਿਹਾਲਿਆ । ਸ੍ਰੀ ਭਗਵਾਨ ਸਚ ਦਵਾਰੇ ਆਇਆ ਸੱਜਣ, ਧਰਮ ਦਵਾਰ ਇਕ ਉਪਾ ਲਿਆ । ਭਗਤ ਭਗਵਾਨ ਆਇਆ ਰੱਖਣ, ਨਿਰਗੁਣ ਨੂਰ ਜੋਤ ਵੇਸ ਵਟਾ ਲਿਆ । ਸਾਚਾ ਮਾਰਗ ਇਕੋ ਦੱਸਣ, ਦਹਿ ਦਿਸ਼ਾ ਆਪ ਪੜ੍ਹਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਚਰਜ ਖੇਲ ਆਪ ਰਚਾ ਲਿਆ । ਵਿਸ਼ਨੂੰ ਕਹੇ ਬ੍ਰਹਮੇ ਵੇਖ, ਵੇਖਦਿਆਂ ਵੇਲਾ ਰਿਹਾ ਵਿਹਾਈਆ । ਪੁਰਖ ਅਬਿਨਾਸ਼ੀ ਧਰਿਆ ਭੇਖ, ਭੇਖੀ ਆਪਣੀ ਕਲ ਜਣਾਈਆ । ਨਿਰਗੁਣ ਹੋ ਕੇ ਖੇਲੇ ਖੇਡ, ਖਲਾਰੀ ਦਾਤਾ ਬੇਪਰਵਾਹੀਆ । ਸਚ ਸੰਦੇਸਾ ਜੁਗ ਜੁਗ ਭੇਜ, ਗੁਰ ਅਵਤਾਰ ਮਾਤ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਚਰਜ ਖੇਲ ਰਿਹਾ ਵਰਤਾਈਆ । ਬ੍ਰਹਮਾ ਹੱਥ ਦੋਏ ਜੋੜੇ, ਵਿਸ਼ਨੂੰ ਆਖ ਸੁਣਾਈਆ । ਸ੍ਰੀ ਭਗਵਾਨ ਜਨ ਭਗਤਾਂ ਅੰਤਮ ਬੌਹੜੇ, ਘਰ ਆਪਣਾ ਫੇਰਾ ਪਾਈਆ । ਰਾਹ ਵਿਚ ਕੀ ਕੋਈ ਅਟਕਾਵੇ ਰੋੜੇ, ਪਾਂਧੀ ਬਣਿਆ ਬੇਪਰਵਾਹੀਆ । ਫਿਰਦਾ ਫਿਰਦਾ ਚਲਦਾ ਚਲਦਾ ਲੁਕਦਾ ਲੁਕਦਾ ਗੁਰਮੁਖਾਂ ਦੇ ਆ ਵੜਿਆ ਮੋਹੜੇ, ਮੋਹੜਾ ਆਪਣਾ ਨਾਮ ਗਡਾਈਆ । ਗੁਰਮੁਖ ਸੱਚੇ ਫਿਰਦੇ ਦੌੜੇ, ਭੱਜਣ ਵਾਹੋ ਦਾਹੀਆ । ਮਾਣਸ ਜਨਮ ਜਿਨ੍ਹਾਂ ਦੇ ਸੌਰੇ, ਸੋ ਸਾਹਿਬ ਸਤਿਗੁਰ ਰਹੇ ਮਨਾਈਆ । ਤੂੰ ਵੀ ਵੇਖ ਕਰ ਕੇ ਗ਼ੌਰੇ, ਆਪਣੀ ਅੱਖ ਖੁਲ੍ਹਾਈਆ । ਪ੍ਰਭ ਮਿਲਣ ਦੀ ਜਿਨ੍ਹਾਂ ਲੋੜੇ, ਜੋ ਸਾਰੇ ਕੱਠੇ ਹੋ ਕੇ ਬੈਠੇ ਧਿਆਨ ਲਗਾਈਆ । ਦੀਨ ਦਿਆਲ ਤਿਨ੍ਹਾਂ ਬੌਹੜੇ, ਜੁਗ ਚੌਕੜੀ ਵੇਖ ਵਖਾਈਆ । ਫਲ ਵੇਖਣਹਾਰਾ ਮਿਠੇ ਕੌੜੇ, ਜੀਵ ਜੰਤ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਆਪਣਾ ਵੇਸ ਵਟਾਈਆ । ਵਿਸ਼ਨੂੰ ਕਹੇ ਮੈਂ ਵੇਖੇ ਉਹਲੇ, ਉਹਲੇ ਉਹਲੇ ਧਿਆਨ ਲਗਾਈਆ । ਕਵਣ ਦਵਾਰ ਸ੍ਰੀ ਭਗਵਾਨ ਬੋਲੇ, ਪਾਰਬ੍ਰਹਮ ਬੇਪਰਵਾਹੀਆ । ਜਨ ਭਗਤ ਦਵਾਰ ਇਕੋ ਖੋਲ੍ਹੇ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਸਾਚੀ ਵਸਤ ਰੱਖੇ ਕੋਲੇ, ਜਨ ਭਗਤਾਂ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਬ੍ਰਹਮਾ ਕਹੇ ਮੈਂ ਮਾਰੀ ਝਾਤੀ, ਨੇਤਰ ਆਪਣਾ ਨੈਣ ਉਠਾਇਆ । ਕਲਜੁਗ ਅੰਤਮ ਦੇਵਣ ਆਇਆ ਬਾਕੀ, ਨਿਰਗੁਣ ਦਾਤਾ ਬੇਪਰਵਾਹਿਆ । ਜਾਮ ਪਿਆਏ ਬਣ ਕੇ ਸਾਕੀ, ਸਚ ਪਿਆਲਾ ਹੱਥ ਉਠਾਇਆ । ਮੇਟੇ ਰੈਣ ਅੰਧੇਰੀ ਰਾਤੀ, ਸਤਿਜੁਗ ਸਾਚਾ ਚੰਦ ਚਮਕਾਇਆ । ਆਤਮ ਪਰਮਾਤਮ ਸੁਣਾਏ ਸਾਚੀ ਗਾਥੀ, ਸੋਹੰ ਢੋਲਾ ਰਾਗ ਅਲਾਇਆ । ਕਰਨਹਾਰਾ ਬੰਦ ਖ਼ੁਲਾਸੀ,

ਨਾਤਾ ਦੂਈ ਤੋੜ ਤੁੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਫੇਰਾ ਪਾਇਆ । ਵਿਸ਼ਨੂੰ ਕਹੇ ਮੈਂ ਤੱਕਾਂ ਜਾਂਦਾ, ਪ੍ਰਭ ਆਪਣਾ ਫੇਰਾ ਪਾਈਆ । ਇਕੋ ਢੋਲਾ ਗੁਰਮੁਖਾਂ ਗਾਂਦਾ, ਦੂਜਾ ਰਾਗ ਨਾ ਕੋਇ ਅਲਾਈਆ । ਆਦਿ ਜੁਗਾਦਿ ਨਾ ਥੱਕਾ ਮਾਂਦਾ, ਥਕਾਵਟ ਵਿਚ ਕਦੇ ਨਾ ਆਈਆ । ਪਰੇਮ ਪ੍ਰੀਤੀ ਨਹਾਵਣ ਨਹਾਂਦਾ, ਦੂਜਾ ਅਸ਼ਨਾਨ ਨਾ ਕੋਇ ਕਰਾਈਆ । ਨਿਰਗੁਣ ਆਪਣਾ ਸਾਂਗ ਵਟਾਂਦਾ, ਸਵਾਂਗੀ ਆਪਣਾ ਵੇਸ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਖੇਲ ਕਰੇ ਬੇਪਰਵਾਹੀਆ । ਬ੍ਰਹਮਾ ਕਹੇ ਪ੍ਰਭ ਜਾਏ ਭੱਜਾ, ਭੱਜ ਭੱਜ ਪੰਧ ਮੁਕਾਈਆ । ਗੁਰਮੁਖਾਂ ਮੋਹੜੇ ਜਾ ਕੇ ਸਜਾ, ਸਚ ਸਿੰਘਾਸਣ ਆਸਣ ਲਾਈਆ । ਲੋਕ ਲਾਜ ਨਾ ਕੋਈ ਲਜਾ, ਬੇਪੜਦ ਹੋਇਆ ਬੇਪਰਵਾਹੀਆ । ਕਰ ਕੇ ਆਇਆ ਪਾਰ ਹੱਦਾ, ਦੂਰ ਦੁਰਾਡਾ ਪੰਧ ਮੁਕਾਈਆ । ਵਿਸ਼ਨੂੰ ਕੀ ਕੁਛ ਮੈਂ ਸਚ ਦੱਸਾਂ, ਦੱਸਣ ਵਾਲੀ ਬਾਤ ਰਹੀ ਨਾ ਰਾਈਆ । ਨਾਲੇ ਰੋਵਾਂ ਨਾਲੇ ਹੱਸਾਂ, ਗਲ ਪੱਲੜੂ ਏਕਾ ਪਾਈਆ । ਮੈਂ ਵੀ ਜਾ ਕੇ ਓਥੇ ਵਸਾਂ, ਜਿਥੇ ਵਸੇ ਬੇਪਰਵਾਹੀਆ । ਸਰਨ ਸਰਨਾਈ ਜਾ ਕੇ ਢੱਠਾਂ, ਆਪ ਆਪਣਾ ਮਾਣ ਮਿਟਾਈਆ । ਗੁਰਮੁਖਾਂ ਉਚੀ ਕੂਕ ਦੱਸਾਂ, ਇਹੋ ਬੇਪਰਵਾਹੀਆ । ਮਨਮੁਖਾਂ ਕੋਲੋਂ ਨੱਸਾਂ, ਗੁਰਮੁਖਾਂ ਅੰਦਰ ਡੇਰਾ ਲਾਈਆ । ਕਲਜੁਗ ਅੰਤਮ ਡੂੰਘੀ ਗਾਰ ਬਹਿ ਕੇ ਲੁਕਾਂ, ਬਾਹਰੋਂ ਮੁਖ ਨਾ ਕਿਸੇ ਵਖਾਈਆ । ਪਰੇਮ ਪ੍ਰੀਤੀ ਦਾ ਸਦਾ ਭੁੱਖਾ, ਭੁੱਖੇ ਭੁੱਖ ਨਾ ਕੋਇ ਗਵਾਈਆ । ਜੇ ਧਿੰਗਾਲੀ ਵਿਚੋਂ ਮਿਲੇ ਟੁੱਕਰ ਰੁੱਖਾ, ਬ੍ਰਹਮਾ ਖਾ ਖਾ ਸ਼ੁਕਰ ਮਨਾਈਆ । ਵਿਸ਼ਨੂੰ ਵੇਖੀਂ ਤੂੰ ਨਾ ਰਹਿ ਜਾਈਂ ਸੁੱਕਾ, ਘਰ ਆ ਦਰਸਨ ਪਾਈਆ । ਅੰਤਮ ਵੇਲਾ ਉਹ ਢੁਕਾ, ਜਿਸ ਦਾ ਰਾਹ ਗੁਰ ਅਵਤਾਰ ਪੀਰ ਪੈਗ਼ੰਬਰ ਤਕਾਈਆ । ਕਰੇ ਖੇਲ ਅਬਿਨਾਸ਼ੀ ਅਚੁਤਾ, ਰੁੱਤ ਆਪਣੀ ਆਪ ਮਹਿਕਾਈਆ । ਗੁਰਮੁਖਾਂ ਬਣਾਏ ਆਪਣਾ ਪੁੱਤਾ, ਪੁੱਤ ਆਪਣਾ ਹੋਰ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਇਕੋ ਤੁਠਾ, ਦੀਨ ਦਿਆਲ ਆਪਣਾ ਫੇਰਾ ਪਾਈਆ । ਵਿਸ਼ਨੂੰ ਕਹੇ ਮੇਰੀ ਹੋਈ ਭੁੱਲ, ਬ੍ਰਹਮੇ ਸਚ ਸਚ ਜਣਾਈਆ । ਜੇ ਮੈਂ ਜਾਣਦਾ ਪਾਰਬ੍ਰਹਮ ਬ੍ਰਹਮ ਭਗਤ ਬਣੌਂਣੇ ਆਪਣੀ ਕੁਲ, ਕੁਲ ਭਗਤਾਂ ਵਾਲੀ ਵੇਖ ਵਖਾਇੰਦਾ । ਦਰ ਆ ਕੇ ਪਵੌਂਦਾ ਏਕਾ ਮੁਲ, ਕੀਮਤ ਕਰਤੇ ਹੱਥ ਰਖਾਇੰਦਾ । ਮੇਰਾ ਭੰਡਾਰਾ ਨਾ ਜਾਂਦਾ ਡੁਲ, ਲੱਖ ਚੁਰਾਸੀ ਝੋਲੀ ਆਪ ਭਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦਰ ਘਰ ਸਾਚੇ ਫੇਰਾ ਪਾਇੰਦਾ । ਵਿਸ਼ਨ ਬ੍ਰਹਮੇ ਸੁਣੋ ਲਾ ਕੰਨ, ਹਰਿ ਕਰਤਾ ਆਪ ਜਣਾਈਆ । ਗੁਰਮੁਖ ਨਹੀਂ ਇਹ ਗੁਰ ਕਾ ਧਨ, ਗੁਰ ਸਤਿਗੁਰ ਆਪ ਪਰਗਟਾਈਆ । ਭਗਤ ਨਹੀਂ ਇਹ ਭਗਤੀ ਜਨ, ਧੰਨ ਧੰਨ ਜਣੇਂਦੀ ਮਾਈਆ । ਪਾਰਬ੍ਰਹਮ ਪ੍ਰਭ ਜਿਨ੍ਹਾਂ ਬੇੜਾ ਰਿਹਾ ਬੰਨ੍ਹ, ਸ਼ੌਹੁ ਦਰਯਾ ਨਾ ਕੋਇ ਰੁੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਤਾ ਆਪਣੇ ਨਾਲ ਬੰਧਾਈਆ । ਮੋਹੜਾ ਨਹੀਂ ਇਹ ਮੁੱਢ, ਮੁਢਲੀ ਧਾਰ ਜਣਾਈਆ । ਜਿਸ ਨੂੰ ਈਸਾ ਮੂਸਾ ਕਹਿੰਦੇ ਗਾਡ ਗੁਡ, ਸੋ ਬੇਪਰਵਾਹ ਫੇਰਾ ਪਾਈਆ । ਸਭ ਦੀ ਕਰਨੀ ਰਿਹਾ ਬੁੱਝ, ਆਪਣਾ ਭੇਵ ਨਾ ਕਿਸੇ ਜਣਾਈਆ । ਗੁਰਮੁਖਾਂ ਰਿਹਾ ਪੁੱਛ, ਦੁਖੀਆਂ ਦੁੱਖ ਦਰਦ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਦਰ ਵੜ ਕੇ ਵੇਖੇ ਝੁਕ, ਨੀਵਾਂ ਹੋ ਕੇ ਫੇਰਾ ਪਾਈਆ । ਵਿਸ਼ਨ ਬ੍ਰਹਮਾ ਆਏ ਇਕੱਠੇ, ਇਕੋ ਮਤਾ ਪਕਾਈਆ । ਪ੍ਰਭ ਸਰਨਾਈ ਦੋਵੇਂ ਢੱਠੇ, ਢਹਿ ਢਹਿ ਸੀਸ ਨਿਵਾਈਆ । ਪਰੇਮ ਪ੍ਰੀਤੀ ਅੰਦਰ ਰਤੇ, ਰੰਗ ਇਕੋ ਇਕ ਰੰਗਾਈਆ । ਦਰਸਨ

੬੫੨
੧੪

ਪਾ ਹੋਏ ਹੱਕੇ, ਨੇਤਰ ਨੈਣ ਨੈਣ ਖੁਲ੍ਹਾਈਆ । ਵਿਸ਼ਨੂੰ ਬ੍ਰਹਮਾ ਵੱਲ ਤੱਕੇ, ਬ੍ਰਹਮਾ ਵਿਸ਼ਨੂੰ ਅੱਖ ਮਿਲਾਈਆ । ਇਸ਼ਾਰਿਆਂ ਨਾਲ ਦੋਵੇਂ ਹੱਸੇ, ਹੱਸ ਹੱਸ ਖ਼ੁਸ਼ੀ ਵਖਾਈਆ । ਹੋਏ ਹੈਰਾਨ ਸ੍ਰੀ ਭਗਵਾਨ ਜਨ ਭਗਤ ਦਵਾਰੇ ਵਸੇ, ਵਾਸਤਾ ਭਗਤਾਂ ਨਾਲ ਰਖਾਈਆ । ਜਿਸ ਦਰਸ਼ਨ ਨੂੰ ਗੁਰ ਅਵਤਾਰ ਪੀਰ ਪੈਗ਼ੰਬਰ ਫਿਰਦੇ ਨੱਠੇ, ਦੋ ਜਹਾਨਾਂ ਵਾਹੋ ਦਾਹੀਆ । ਸੋ ਸਾਹਿਬ ਸਤਿਗੁਰ ਆਪਣਾ ਲੇਖਾ ਗੁਰਮੁਖਾਂ ਉਤੇ ਸੱਟੇ, ਪਰੇਮ ਪ੍ਰੀਤੀ ਇਕ ਜਣਾਈਆ । ਕਲਜੁਗ ਸੁਹਾਏ ਸੁਹੰਜਣੀ ਰੁੱਤੇ, ਰੁੱਤ ਰੁੱਤੜੀ ਆਪ ਮਹਿਕਾਈਆ । ਨਿਰਗੁਣ ਧਾਰੋਂ ਨਿਰਵੈਰ ਉਠੇ, ਨੂਰ ਉਜਾਲਾ ਨੂਰ ਵਖਾਈਆ । ਸੰਤ ਜਗਾਏ ਆਪ ਸੁੱਤੇ, ਸਤਿਗੁਰ ਆਪਣੀ ਅੱਖ ਖੁਲ੍ਹਾਈਆ । ਭਗਤ ਭਗਵਾਨ ਇਕ ਦੂਜੇ ਦੇ ਦੋਵੇਂ ਭੁੱਖੇ, ਨਿਤ ਨਵਿਤ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲ ਆਪਣਾ ਮੇਲ ਮਿਲਾਈਆ । ਵਿਸ਼ਨ ਬ੍ਰਹਮਾ ਦੋਵੇਂ ਆਏ, ਆ ਆ ਦਰਸਨ ਪਾਈਆ । ਨੇਤਰ ਪੇਖਣ ਕਰਨ ਹਾਏ ਹਾਏ, ਹੌਕਾ ਇਕੋ ਇਕ ਵਖਾਈਆ । ਸ੍ਰੀ ਭਗਵਾਨ ਤੇਰੀ ਰਜ਼ਾਏ, ਰਹੀਮ ਤੇਰਾ ਅੰਤ ਕੋਇ ਨਾ ਪਾਈਆ । ਜੁਗ ਚੌਕੜੀ ਲੱਖ ਚੁਰਾਸੀ ਤੈਨੂੰ ਰਹੀ ਧਿਆਏ, ਧਿਆਨ ਧਿਆਨ ਵਿਚ ਲਗਾਈਆ । ਨਿਰਗੁਣ ਹੱਥ ਕਿਸੇ ਨਾ ਆਏ, ਸਚਖੰਡ ਬੈਠਾ ਮੁਖ ਛੁਪਾਈਆ । ਕਿਉਂ ਕਲਜੁਗ ਵੇਸ ਵਟਾਏ, ਆਪਣੀ ਰੀਤੀ ਆਪ ਬਦਲਾਈਆ । ਸ੍ਰੀ ਭਗਵਾਨ ਕਹੇ ਸਮਝਾਏ, ਭੇਵ ਅਭੇਦ ਖੁਲ੍ਹਾਈਆ । ਔਹ ਵੇਖੋ ਗੋਬਿੰਦ ਮੰਗ ਰਿਹਾ ਮੰਗਾਏ, ਆਪਣੀ ਝੋਲੀ ਅੱਗੇ ਡਾਹੀਆ । ਨਾਨਕ ਕੂਕ ਗਿਆ ਸੁਣਾਏ, ਨਿਹਕਲੰਕਾ ਆਵੇ ਵਾਹੋ ਦਾਹੀਆ । ਵੇਦ ਵਿਆਸਾ ਗਿਆ ਲਿਖਾਏ, ਪੂਤ ਸਪੂਤਾ ਬ੍ਰਾਹਮਣ ਗੌੜਾ ਫੇਰਾ ਪਾਈਆ । ਮੂਸਾ ਕਲਮਾ ਗਿਆ ਪੜ੍ਹਾਏ, ਨੂਰ ਇਲਾਹੀ ਹੋਏ ਰੁਸ਼ਨਾਈਆ । ਈਸਾ ਸਭ ਨੂੰ ਗਿਆ ਸਮਝਾਏ, ਮੇਰਾ ਪਿਤਾ ਆਵੇ ਹੋਏ ਸਹਾਈਆ । ਮੁਹੰਮਦ ਚੌਦਾਂ ਤਬਕ ਗਿਆ ਕੁਰਲਾਏ, ਅਮਾਮ ਆਪਣੀ ਖੇਲ ਰਚਾਈਆ । ਸ਼ਾਸਤਰ ਸਿਮਰਤ ਦੇਣ ਦੁਹਾਏ, ਦਰੋਹੀ ਇਕੋ ਨਾਮ ਖ਼ੁਦਾਈਆ । ਪਰਗਟ ਹੋਏ ਹਰਿ ਰਘੁਰਾਏ, ਰਹਿਬਰ ਇਕੋ ਨਜ਼ਰੀ ਆਈਆ । ਜੋਤੀ ਜਾਮਾ ਵੇਸ ਵਟਾਏ, ਰੂਪ ਰੰਗ ਰੇਖ ਨਜ਼ਰ ਕਿਸੇ ਨਾ ਆਈਆ । ਦਸ ਦਸਮੇਸ ਮੇਲ ਮਿਲਾਏ, ਦਹਿ ਦਿਸ਼ਾ ਡੇਰਾ ਢਾਹੀਆ । ਮਹੱਲ ਅਟੱਲ ਇਕ ਰੁਸ਼ਨਾਏ, ਦੀਵਾ ਬਾਤੀ ਡਗਮਗਾਈਆ । ਕਾਗ਼ਜ਼ ਕਲਮ ਭੇਵ ਨਾ ਪਾਏ, ਕਾਤਬ ਲਿਖੇ ਨਾ ਕੋਇ ਸ਼ਾਹੀਆ । ਆਲਮ ਇਲਮ ਨਾ ਕੋਇ ਜਣਾਏ, ਚੌਦਾਂ ਵਿਦਿਆ ਨੈਣ ਸ਼ਰਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਬੈਠੇ ਰਾਹ ਤਕਾਏ, ਨਿਜ ਨੇਤਰ ਨੈਣ ਉਠਾਈਆ । ਸੋ ਪੁਰਖ ਨਿਰੰਜਣ ਦਰਦ ਦੁੱਖ ਭੈ ਭੰਜਣ ਆਪਣਾ ਵੇਸ ਵਟਾਏ, ਵੇਸ ਅਵਲੱੜਾ ਇਕ ਸਮਝਾਈਆ । ਇਕ ਇਕਲੱੜਾ ਫੇਰਾ ਪਾਏ, ਦੂਜਾ ਸੰਗ ਨਾ ਕੋਇ ਰਖਾਈਆ । ਨਿਹਚਲ ਧਾਮ ਅਟੱਲੜਾ ਮਾਤ ਬਣਾਏ, ਭਗਤ ਦਵਾਰ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਆਪਣਾ ਫੇਰਾ ਪਾਏ । ਵਿਸ਼ਨ ਬ੍ਰਹਮਾ ਦੋਵੇਂ ਹੱਸਣ, ਹੱਸ ਹੱਸ ਖ਼ੁਸ਼ੀ ਮਨਾਈਆ । ਪ੍ਰਭ ਸਰਨਾਈ ਸੋ ਵਸਣ, ਜਿਨ੍ਹਾਂ ਆਪਣੀ ਦਇਆ ਕਮਾਈਆ । ਧੰਨ ਭਾਗ ਪ੍ਰਭ ਆਪਣਾ ਮਾਰਗ ਆਇਆ ਦੱਸਣ, ਨਿਰਗੁਣ ਨਿਰਗੁਣ ਕਰੇ ਪੜ੍ਹਾਈਆ । ਬ੍ਰਹਮਾ ਕਹੇ ਮੇਰੀ ਪਤ ਆਇਆ ਰੱਖਣ, ਮੇਰਾ ਬ੍ਰਹਮ ਲਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਸਰਨਾਈਆ । ਵਿਸ਼ਨੂੰ ਕਹੇ ਮੇਰੇ ਜਾਗੇ ਭਾਗ, ਹਰਿ ਵਡ ਭਾਗੀ ਫੇਰਾ ਪਾਈਆ । ਘਰ ਘਰ ਮਿਲੇ ਕੰਤ ਸੁਹਾਗ, ਸੁੰਞੀਂ ਸੇਜ ਨਜ਼ਰ ਕੋਇ ਨਾ ਆਈਆ । ਦਰ ਦਰ ਜਗਾਏ ਇਕ ਚਿਰਾਗ਼, ਦੀਪਕ ਦੀਆ ਇਕ

ਵਖਾਈਆ । ਪਿਛਲਾ ਬਦਲ ਦੇਵੇ ਸਮਾਜ, ਸਮਾਧੀ ਆਪਣੇ ਨਾਮ ਵਖਾਈਆ । ਘਟ ਭੀਤਰ ਹੋ ਵਿਸਮਾਦ, ਬਿਸਮਲ ਆਪਣਾ ਰੰਗ ਵਖਾਈਆ । ਧੁਨ ਨਾਦ ਵਜਾ ਅਨਾਦ, ਅਨਰਾਗੀ ਰਾਗ ਅਲਾਈਆ । ਪਰੇਮ ਪ੍ਰੀਤੀ ਆਪਣੇ ਵਿਚੋਂ ਕਾਢ, ਨਿਰਗੁਣ ਸਰਗੁਣ ਭਗਤਾਂ ਝੋਲੀ ਪਾਈਆ । ਆਤਮ ਪਰਮਾਤਮ ਕਰ ਕੇ ਯਾਦ, ਪਾਰਬ੍ਰਹਮ ਬ੍ਰਹਮ ਲੇਖਾ ਰਿਹਾ ਮੁਕਾਈਆ । ਸੱਜਣ ਵੇਖੇ ਸੱਚੇ ਸਾਧ, ਸਾਧਨਾ ਜਿਨ੍ਹਾਂ ਆਪ ਸਮਝਾਈਆ । ਜੋ ਪਰਮ ਪੁਰਖ ਪਰਮਾਤਮ ਰਹੇ ਆਰਾਧ, ਇਸ਼ਟ ਦੇਵ ਇਕ ਅਕਾਲ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤਿਨ੍ਹਾਂ ਆਪਣਾ ਰਾਹ ਵਖਾਈਆ । ਬ੍ਰਹਮਾ ਕਹੇ ਮੈਨੂੰ ਆਵੇ ਹਾਸਾ, ਸਚ ਸਚ ਜਣਾਈਆ । ਸ੍ਰੀ ਭਗਵਾਨ ਵੇਖਣ ਆਇਆ ਤਮਾਸ਼ਾ, ਗੁਰ ਅਵਤਾਰ ਪੀਰ ਪੈਗ਼ੰਬਰ ਪੱਲੂ ਗਏ ਛੁਡਾਈਆ । ਜਿਸ ਨੇ ਘਰ ਘਰ ਕਰਿਆ ਵਾਸਾ, ਸੋ ਦਰ ਦਰ ਫੋਲ ਫੁਲਾਈਆ । ਜਿਸ ਦਾ ਤੋਲ ਨਾ ਤੋਲਾ ਨਾ ਮਾਸਾ, ਰਤੀ ਰੂਪ ਨਾ ਕੋਇ ਵਟਾਈਆ । ਆਦਿ ਜੁਗਾਦਿ ਜੁਗਾ ਜੁਗੰਤਰ ਨਾ ਜਨਮੇ ਨਾ ਕਦੇ ਵਿਨਾਸਾ, ਅਬਿਨਾਸ਼ੀ ਆਪਣਾ ਨਾਉਂ ਧਰਾਈਆ । ਨਾ ਪਵਣ ਨਾ ਕੋਇ ਸਵਾਸਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲ ਆਪਣੀ ਕਾਰ ਕਮਾਈਆ । ਵਿਸ਼ਨੂੰ ਕਹੇ ਮੈਨੂੰ ਆਈ ਖ਼ੁਸ਼ੀ, ਖ਼ੁਸ਼ਹਾਲੀ ਇਕ ਜਣਾਇੰਦਾ । ਸ੍ਰੀ ਭਗਵਾਨ ਭਗਤਾਂ ਵਲ ਲਾਈ ਆਪਣੀ ਰੁਚੀ, ਰੰਚਕ ਭੇਵ ਨਾ ਕਿਸੇ ਜਣਾਇੰਦਾ । ਲੱਖ ਚੁਰਾਸੀ ਵਿਚੋਂ ਆਤਮ ਲੱਭੇ ਸੁੱਚੀ, ਸਚ ਸੂਚਮ ਆਪਣੇ ਰੰਗ ਰੰਗਾਇੰਦਾ । ਉਜਲ ਕਰੇ ਮਾਤ ਮੁਖੀ, ਮੁਖੜੇ ਦੁਰਮਤ ਮੈਲ ਧੁਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਵਿਸ਼ਨੂੰ ਕਹੇ ਹੋਈ ਹੱਦ, ਮੇਰਾ ਨੈਣ ਨੈਣ ਸ਼ਰਮਾਇਆ । ਠਾਕਰ ਸਵਾਮੀ ਆਇਆ ਭੱਜ, ਨਿਰਗੁਣ ਨਿਰਗੁਣ ਵੇਸ ਵਟਾਇਆ । ਕੋੜ੍ਹਿਆਂ ਕਮਲਿਆਂ ਪਰਦਾ ਰਿਹਾ ਕੱਜ, ਗ਼ਰੀਬ ਨਿਮਾਣਿਆਂ ਗਲੇ ਲਗਾਇਆ । ਕੰਡਿਆਂ ਅੰਦਰ ਬੈਠਾ ਸਜ, ਤਿਖੀਆਂ ਸੂਲਾਂ ਘੇਰਾ ਪਾਇਆ । ਖ਼ੁਸ਼ੀ ਹੋਵੇ ਭਗਤਾਂ ਕਰ ਕੇ ਹੱਜ, ਆਪਣਾ ਆਪ ਨਾ ਕੋਇ ਵਡਿਆਇਆ । ਪ੍ਰੀਤੀ ਅੰਦਰ ਪ੍ਰੀਤਮ ਬੱਝ, ਪਰਮ ਪੁਰਖ ਪ੍ਰਭ ਫੇਰਾ ਪਾਇਆ । ਮੈਨੂੰ ਵੇਖ ਕੇ ਆਵੇ ਲੱਜ, ਵਿਸ਼ਨੂੰ ਬ੍ਰਹਮੇ ਰਿਹਾ ਜਣਾਇਆ । ਬਣ ਕੇ ਪੁਰਖ ਆਪ ਸਮਰਥ, ਜਗਤ ਨਥਾਵਿਆਂ ਘਰ ਡੇਰਾ ਲਾਇਆ । ਮੇਰਾ ਟੁਟ ਗਿਆ ਅਗਲਾ ਪਿਛਲਾ ਹਠ, ਸਿਦਕ ਸਬਰ ਕੋਇ ਰਹਿਣ ਨਾ ਪਾਇਆ । ਕਰਿਆ ਖੇਲ ਪੁਰਖ ਅਕੱਥ, ਕਥਨੀ ਕਥ ਨਾ ਸਕੇ ਰਾਇਆ । ਨੌਂ ਸੌ ਚੁਰਾਨਵੇ ਚੌਕੜੀ ਯੁਗ ਗੁਰ ਅਵਤਾਰ ਪੀਰ ਪੈਗ਼ੰਬਰ ਪ੍ਰਭ ਦੀ ਗੌਂਦੇ ਗਏ ਗਾਥ, ਦੋਏ ਜੋੜ ਸੀਸ ਝੁਕਾਇਆ । ਕਲਜੁਗ ਅੰਤਮ ਸ੍ਰੀ ਭਗਵਾਨ ਨਿਰਗੁਣ ਹੋ ਕੇ ਸਰਗੁਣ ਭਗਤਾਂ ਦਿਤਾ ਸਾਥ, ਲੋਕਮਾਤ ਸੰਗ ਨਿਭਾਇਆ । ਰਲ ਕੇ ਬਹੇ ਵਿਚ ਜਮਾਤ, ਚਾਰ ਵਰਨ ਨਾ ਵੰਡ ਵੰਡਾਇਆ । ਇਕੋ ਭੇਵ ਖੁਲ੍ਹਾਏ ਸਾਖਿਆਤ, ਸਾਹਿਬ ਸੱਜਣ ਵੇਸ ਵਟਾਇਆ । ਜਨ ਭਗਤੋ ਉਠੋ ਵੇਖੋ ਮਾਰ ਝਾਤ, ਤੁਹਾਡੇ ਘਰ ਪਰਮੇਸ਼ਵਰ ਆਇਆ । ਰਲ ਮਿਲ ਇਕ ਦੂਜੇ ਦੀ ਗਾਓ ਗਾਥ, ਸੋਹੰ ਢੋਲਾ ਰਿਹਾ ਸੁਣਾਇਆ । ਢੋਲਾ ਸੁਣ ਚਰਨੀ ਡਿਗੇ ਤ੍ਰਿਲੋਕੀ ਨਾਥ, ਰਾਮ ਰਾਮਾ ਸੀਸ ਝੁਕਾਇਆ । ਤੇਈ ਅਵਤਾਰ ਵਸਣ ਪਾਸ, ਪਾਸਾ ਸਭ ਦਾ ਰਿਹਾ ਬਦਲਾਇਆ । ਪੀਰ ਪੈਗ਼ੰਬਰ ਵਿਕੇ ਜਿਸ ਦੇ ਹਾਟ, ਸੋ ਪਰਵਰਦਿਗਾਰ ਬੇਪਰਵਾਹਿਆ । ਵਿਸ਼ਨੂੰ ਮਲ ਮਲ ਵੇਖੇ ਦੋਵੇਂ ਹਾਥ, ਹੱਥ ਹੱਥਾਂ ਉਤੇ ਰਖਾਇਆ । ਪ੍ਰਭੂ ਤੇਰਾ ਅਨੋਖਾ ਖੇਲ ਤਮਾਸ਼, ਮੇਰੀ ਸਮਝ ਵਿਚ ਨਾ ਆਇਆ । ਮੈਂ ਉਪਜੀ ਤੇਰੀ ਸ਼ਾਖ਼, ਸੁਤ ਸ਼ਬਦੀ ਝੋਲੀ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ


੬੫੪
੧੪

ਕਿਰਪਾ ਕਰ, ਕਰੇ ਖੇਲ ਸਾਖਿਆਤ, ਸਾਹਿਬ ਆਪਣਾ ਵੇਸ ਵਟਾਇਆ । ਬ੍ਰਹਮਾ ਕਹੇ ਕੀ ਸਚ ਗੱਲ, ਮੇਰੀ ਸਮਝ ਵਿਚ ਨਾ ਆਈਆ । ਸ੍ਰੀ ਭਗਵਾਨ ਜੁਗ ਚੌਕੜੀ ਅਛਲ ਅਛੱਲ, ਵਲ ਛਲਧਾਰੀ ਆਪਣੀ ਖੇਲ ਰਚਾਈਆ । ਕਲਜੁਗ ਅੰਤਮ ਨਿਰਗੁਣ ਹੋ ਕੇ ਭਗਤਾਂ ਅੰਤਰ ਜਾਏ ਰਲ, ਸਰਗੁਣ ਆਪਣਾ ਪਰਦਾ ਪਾਈਆ । ਜੋਤ ਦੀਪਕ ਹੋ ਕੇ ਜਾਏ ਬਲ, ਨੂਰੋ ਨੂਰ ਕਰੇ ਰੁਸ਼ਨਾਈਆ । ਆਤਮ ਸੇਜਾ ਬਹੇ ਮੱਲ, ਸਚ ਸਿੰਘਾਸਣ ਡੇਰਾ ਲਾਈਆ । ਧੁਰ ਫ਼ਰਮਾਨ ਦੇਵੇ ਘੱਲ, ਵਿਸ਼ਨੂੰ ਤੇਰੀ ਮੇਰੀ ਭਗਤਾਂ ਲੋੜ ਰਹੇ ਨਾ ਰਾਈਆ । ਜਿਨ੍ਹਾਂ ਪਾਰਬ੍ਰਹਮ ਪ੍ਰਭ ਮਿਲੇ ਚਲ ਚਲ, ਆਪਣਾ ਪੰਧ ਮੁਕਾਈਆ । ਸੋ ਗੁਰਮੁਖ ਗੁਰਸਿਖ ਹਰਿ ਸੱਜਣ ਵਡ ਪਰਬਲ, ਬਲ ਆਪਣਾ ਰਹੇ ਵਧਾਈਆ । ਏਥੇ ਓਥੇ ਦੋ ਜਹਾਨ ਨਾ ਸਕਣ ਹੱਲ, ਲੋਕਮਾਤ ਜੜ ਨਾ ਕੋਇ ਉਖੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭਗਤਾਂ ਮੇਲਾ ਸਹਿਜ ਸੁਭਾਈਆ । ਵਿਸ਼ਨੂੰ ਕਹੇ ਇਹ ਕੀ ਬਾਤ, ਬ੍ਰਹਮੇ ਆਖ ਸੁਣਾਈਆ । ਕੀ ਖੇਲ ਕਰੇ ਪੁਰਖ ਸਮਰਥ, ਸਮਰਥ ਆਪਣੀ ਧਾਰ ਚਲਾਈਆ । ਸਭ ਦੇ ਨਾਲੋਂ ਹੋ ਕੇ ਵੱਖ, ਨਿਰਗੁਣ ਆਪਣਾ ਵੇਸ ਵਟਾਈਆ । ਜਨ ਭਗਤਾਂ ਖੋਲ੍ਹੇ ਆਪਣੀ ਅੱਖ, ਸ੍ਰਿਸ਼ਟ ਸਬਾਈ ਲੋਚਣ ਬੰਦ ਕਰਾਈਆ । ਬ੍ਰਹਮਾ ਕਹੇ ਮੈਂ ਜੋ ਕਿਹਾ ਸੋ ਸੱਚ, ਸਚ ਸਾਚੀ ਰਿਹਾ ਜਣਾਈਆ । ਸ੍ਰੀ ਭਗਵਾਨ ਕਾਇਆ ਮਾਟੀ ਅੰਦਰ ਵੜਿਆ ਕੱਚ, ਕਾਚੀ ਗਗਰੀਆ ਦਏ ਵਡਿਆਈਆ । ਮਨਮੁਖਾਂ ਕੋਲੋਂ ਬਚ, ਗੁਰਮੁਖਾਂ ਅੰਦਰ ਗਿਆ ਸਮਾਈਆ । ਲੂੰ ਲੂੰ ਅੰਦਰ ਰਚ, ਸਾਢੇ ਤਿੰਨ ਕਰੋੜ ਦਏ ਵਡਿਆਈਆ । ਚਲ ਵੇਖ ਹੁਣ ਅੱਜ, ਹੁਣੇ ਦਿਆਂ ਵਖਾਈਆ । ਜਿਸ ਦਵਾਰੇ ਨਹੀਂ ਕੋਈ ਪਜ, ਪਰਦਾ ਸਕੇ ਨਾ ਕੋਇ ਪਾਈਆ । ਪਰੇਮ ਪ੍ਰੀਤੀ ਅੰਦਰ ਸਾਰੇ ਰਹੇ ਬੱਝ, ਡੋਰੀ ਨਾਮ ਤੰਦ ਰਖਾਈਆ । ਵਿਸ਼ਨੂੰ ਕਹੇ ਬ੍ਰਹਮੇ ਮੈਂ ਕੀ ਦੱਸਾਂ ਨਿਤ ਨਵਿਤ ਮੈਂ ਉਹਦਾ ਗਾਵਾਂ ਛੰਦ, ਆਦਿ ਜੁਗਾਦਿ ਜੁਗ ਚੌਕੜੀ ਢੋਲਾ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਕਲਜੁਗ ਅੰਤ ਭਗਤ ਪ੍ਰੀਤੀ ਗਿਆ ਬੱਝ, ਬਚਤ ਹੋਰ ਨਾ ਕੋਇ ਰਖਾਈਆ । ਧੀ ਗਾਂ ਵਾਲੀ, ਵਾਲੀ ਬੇਪਰਵਾਹੀਆ । ਦੋਹਾਂ ਪਤ ਕਰੇ ਰਖਵਾਲੀ, ਪਤਿਪਰਮੇਸ਼ਵਰ ਹੋਏ ਸਹਾਈਆ । ਕਲਜੁਗ ਰੈਣ ਅੰਧੇਰੀ ਕਾਲੀ, ਠੱਗ ਚੋਰ ਯਾਰ ਕੂਕਣ ਦੇਣ ਦੁਹਾਈਆ । ਜਿਨ੍ਹਾਂ ਸਾਹਿਬ ਬਣੇ ਪ੍ਰਿਤਪਾਲੀ, ਤੱਤੀ ਵਾ ਨਾ ਲਾਗੇ ਰਾਈਆ । ਨਿਤ ਨਵਿਤ ਕਰੇ ਰਖਵਾਲੀ, ਰਾਖਾ ਹੋਵੇ ਹਰ ਘਟ ਥਾਈਆ । ਧੀ ਗਾਂ ਦੋਵੇਂ ਪ੍ਰਭ ਅੱਗੇ ਸਵਾਲੀ, ਨਿਮਾਣ ਨਿਮਾਣਿਆਂ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦਾ ਪੂਰਾ ਕਰੇ ਸਵਾਲੀ, ਜੋ ਜਨ ਆਰਜ਼ੂ ਅਰਜ਼ ਸੁਣਾਈਆ ।

★ ੧੮ ਜੇਠ ੨੦੨੦ ਬਿਕ੍ਰਮੀ ਗੁਰੀ ਦੇਵੀ ਦੇ ਗ੍ਰਿਹ ਪਿੰਗਾਲੀ ਜੰਮੂ ★

ਸ਼ੰਕਰ ਕਹੇ ਮੈਂ ਭੋਲਾ ਨਾਥ, ਆਪਣਾ ਭੇਵ ਜਣਾਇੰਦਾ । ਵਿਸ਼ਨੂੰ ਮੈਂ ਵੀ ਜਾਵਾਂ ਬ੍ਰਹਮੇ ਸਾਥ, ਬ੍ਰਹਮਾ ਪਾਰਬ੍ਰਹਮ ਸਰਨ ਤਕਾਇੰਦਾ । ਲੱਗਾ ਭਾਗ ਲੋਕਮਾਤ, ਦੋ ਜਹਾਨ ਰਾਹ ਤਕਾਇੰਦਾ । ਜਿਸ ਤ੍ਰਿਸੂਲ ਫੜਾਈ ਹਾਥ, ਉਸ ਦੀ ਓਟ ਰਖਾਇੰਦਾ । ਮੈਂ ਵੀ ਟੇਕਾਂ ਚਲ ਕੇ ਮਾਥ, ਧੁਰ

ਭਬੂਤੀ ਤਨ ਨਾ ਕੋਇ ਰਮਾਇੰਦਾ । ਮਸਤਕ ਮਿਲੇ ਇਕੋ ਖ਼ਾਕ, ਖ਼ਾਕਸਾਰ ਮੰਗ ਮੰਗਾਇੰਦਾ । ਚਰਨ ਚਰਨੋਦਕ ਪੀ ਹੋਵਾਂ ਦਾਸ, ਬਣ ਦਾਸ ਸੇਵ ਕਮਾਇੰਦਾ । ਨਵ ਨੌਂ ਚਾਰ ਰੱਖੀ ਆਸ, ਆਸਾ ਇਕੋ ਇਕ ਵਖਾਇੰਦਾ । ਨਿਰਗੁਣ ਨਿਰਗੁਣ ਬੁਝਾਏ ਪਿਆਸ, ਸਰਗੁਣ ਸਰਗੁਣ ਠੰਡ ਵਰਤਾਇੰਦਾ । ਖੇਲਣਹਾਰਾ ਖ਼ਲਕ ਤਮਾਸ਼, ਖ਼ਾਲਕ ਆਪਣੀ ਕਾਰ ਕਮਾਇੰਦਾ । ਨਿਰਗੁਣ ਨੂਰ ਜੋਤ ਪਰਕਾਸ਼, ਜੋਤੀ ਜਾਤਾ ਡਗਮਗਾਇੰਦਾ । ਘਟ ਘਟ ਅੰਦਰ ਰੱਖ ਰੱਖ ਵਾਸ, ਗ੍ਰਿਹ ਗ੍ਰਿਹ ਆਪਣਾ ਆਪ ਟਿਕਾਇੰਦਾ । ਦਰ ਦਰ ਲੇਖਾ ਸ਼ਾਹੋ ਸ਼ਾਬਾਸ, ਸ਼ਹਿਨਸ਼ਾਹ ਆਪਣਾ ਆਪ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਭੋਲਾ ਨਾਥ ਕਹੇ ਮੈਂ ਰੱਖਾਂ ਸੰਗ, ਸਾਚਾ ਸੰਗ ਨਿਭਾਈਆ । ਕਿੰਗਰੇ ਕਿੰਗਰੇ ਵਜਾ ਮਰਦੰਗ, ਡੌਰੂ ਡੰਕ ਸੁਣਾਈਆ । ਮਾਈ ਗੌਰਜਾਂ ਮੰਗੇ ਮੰਗ, ਖ਼ਾਲੀ ਝੋਲੀ ਰਹੀ ਵਖਾਈਆ । ਕਵਣ ਦਵਾਰੇ ਬੈਠਾ ਸੂਰਾ ਸਰਬੰਗ, ਸ਼ਾਹ ਪਾਤਸ਼ਾਹ ਡੇਰਾ ਲਾਈਆ । ਲੋਅ ਪੁਰੀ ਬ੍ਰਹਿਮੰਡ ਖੰਡ ਲੰਘ, ਸਚ ਸਿੰਘਾਸਣ ਇਕ ਸੁਹਾਈਆ । ਰਾਹ ਤੱਕਣ ਸੂਰਜ ਚੰਦ, ਮੰਡਲ ਮੰਡਪ ਨੈਣ ਉਠਾਈਆ । ਜ਼ਿਮੀਂ ਅਸਮਾਨ ਮੰਗਣ ਮੰਗ, ਧਰਤ ਧਵਲ ਪਏ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਰਿਹਾ ਰਚਾਈਆ । ਸ਼ੰਕਰ ਕਹੇ ਮੈਂ ਵੇਖਾਂ ਮੀਤ, ਵਡ ਦਾਤਾ ਬੇਪਰਵਾਹੀਆ । ਜਿਸ ਦਾ ਭੋਲੇ ਭਾਉ ਗਾਵਾਂ ਗੀਤ, ਗੋਬਿੰਦ ਵੇਖਾਂ ਚਾਈਂ ਚਾਈਂਆ । ਜਿਸ ਚਲਾਈ ਤ੍ਰੈਗੁਣ ਰੀਤ, ਅਤੀਤ ਦਾਤਾ ਵਡ ਵਡਿਆਈਆ । ਮੇਰੀ ਅਗਨੀ ਹੋਵੇ ਠੰਡੀ ਸੀਤ, ਸਾਂਤਕ ਸਤਿ ਸਤਿ ਕਰਾਈਆ । ਜੋ ਵਸਣਹਾਰਾ ਹਸਤ ਕੀਟ, ਲੱਖ ਚੁਰਾਸੀ ਰਿਹਾ ਸਮਾਈਆ । ਜਨ ਭਗਤਾਂ ਬਣੇ ਸਦਾ ਮੀਤ, ਜੁਗ ਜੁਗ ਵੇਖ ਵਖਾਈਆ । ਨਾਮ ਨਿਸ਼ਾਨਾ ਦੱਸੇ ਠੀਕ, ਠੀਕਰ ਕੂੜਾ ਭੰਨ ਵਖਾਈਆ । ਸਤਿ ਧਰਮ ਦਏ ਹਦੀਸ, ਕਲਮਾ ਇਕੋ ਹੱਕ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਦ ਰਾਖੇ ਇਕ ਸਰਨਾਈਆ । ਸ਼ੰਕਰ ਕਹੇ ਮੈਂ ਵੇਖਾਂ ਘਰ, ਜਿਸ ਘਰ ਵਸੇ ਬੇਪਰਵਾਹੀਆ । ਨਿਰਗੁਣ ਹੋ ਬੈਠਾ ਨਿਡਰ, ਭੈ ਸੀਸ ਨਾ ਕੋਇ ਟਿਕਾਈਆ । ਆਪਣਾ ਅੱਖਰ ਰਿਹਾ ਪੜ੍ਹ, ਪਿਛਲੀ ਛੱਡੀ ਸਰਬ ਪੜ੍ਹਾਈਆ । ਸਾਚੇ ਮੰਦਰ ਬੈਠਾ ਚੜ੍ਹ, ਰੂਪ ਰੰਗ ਰੇਖ ਨਾ ਕੋਇ ਰਖਾਈਆ । ਪੂਤ ਸਪੂਤਾ ਲਿਆ ਫੜ, ਗੋਬਿੰਦ ਆਪਣੀ ਗੰਢ ਪੁਆਈਆ । ਨਾ ਜਨਮੇ ਨਾ ਜਾਏ ਮਰ, ਮਰ ਜੀਵਤ ਰੂਪ ਵਟਾਈਆ । ਸਚ ਵਖਾਏ ਇਕੋ ਸਰ, ਸਰੋਵਰ ਜਿਸ ਵਿਚ ਸਮਾਈਆ । ਨਾ ਪੁਰਖ ਨਾ ਨਾਰੀ ਨਰ, ਨਰ ਨਰਾਇਣ ਨਿਰਗੁਣ ਜੋਤ ਨੂਰ ਰੁਸ਼ਨਾਈਆ । ਆਪਣੀ ਕਰਨੀ ਰਿਹਾ ਕਰ, ਹਰਿ ਕਰਤਾ ਬੇਪਰਵਾਹੀਆ । ਮੈਂ ਸਰਨ ਸਰਨਾਈ ਜਾਵਾਂ ਪੜ੍ਹ, ਨਿਉਂ ਨਿਉਂ ਆਪਣਾ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਭੋਲਾ ਕਹੇ ਮੈਂ ਹੋਇਆ ਭੋਲਾ, ਭਾਉ ਭੇਵ ਕੋਇ ਨਾ ਆਈਆ । ਵਿਸ਼ਨ ਬ੍ਰਹਮਾ ਮੇਰੇ ਕੋਲ ਪੌਂਦੇ ਰਹੇ ਰੌਲਾ, ਮੈਂ ਅੱਖ ਨਾ ਕੋਇ ਖੁਲ੍ਹਾਈਆ । ਮੈਂ ਸੁਣਦਾ ਰਿਹਾ ਸੋਹਲਾ, ਰਸਨਾ ਜਿਹਵਾ ਢੋਲਾ ਗਾਈਆ । ਕਲਜੁਗ ਅੰਤ ਸ੍ਰੀ ਭਗਵਾਨ ਕਰ ਕੇ ਉਹਲਾ, ਨਿਰਗੁਣ ਆਪਣਾ ਵੇਸ ਵਟਾਈਆ । ਪੰਜ ਤੱਤ ਬਦਲਿਆ ਚੋਲਾ, ਚੋਲੀ ਰੰਗ ਨਾ ਕੋਇ ਵਖਾਈਆ । ਨਿਰਗੁਣ ਵਸਿਆ ਨਿਰਗੁਣ ਕੋਲਾ, ਆਤਮ ਪਰਮਾਤਮ ਜੋੜ ਜੁੜਾਈਆ । ਦੋਹਾਂ ਮਿਲ ਕੇ ਗਾਇਆ ਢੋਲਾ, ਸੋਹੰ ਵੱਜੀ ਵਧਾਈਆ । ਭੇਵ ਖੁਲ੍ਹਾਇਆ ਗੁਰੂ ਚੇਲਾ, ਚੇਲਾ ਗੁਰੂ ਇਕੋ ਨਜ਼ਰੀ ਆਈਆ । ਸਤਿ ਪੁਰਖ ਨਿਰੰਜਣ ਹੋ ਕੇ ਬਣਿਆ ਤੋਲਾ, ਦੋ

੬੫੭ ੧੪

ਜਹਾਨਾਂ ਤੋਲ ਤੁਲਾਈਆ । ਮੌਲਾ ਹੋ ਕੇ ਘਰ ਘਰ ਮੌਲਾ, ਮੌਲਵੀ ਰੂਪ ਨਾ ਕੋਇ ਦਰਸਾਈਆ । ਨਾ ਪੀਲਾ ਨਾ ਚਿੱਟਾ ਕਾਲਾ ਸੌਲਾ, ਲਾਲਨ ਲਾਲ ਰੰਗ ਨਾ ਕੋਇ ਵਖਾਈਆ । ਜਾਂ ਬੋਲੇ ਤਾਂ ਆਪਣਾ ਬੋਲਾ, ਦੂਜਾ ਢੋਲਾ ਨਾ ਕੋਇ ਗਾਈਆ । ਸਚ ਦਵਾਰਾ ਇਕੋ ਖੋਲ੍ਹਾ, ਜਨ ਭਗਤ ਮਿਲੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਭੋਲਾ ਕਹੇ ਮੇਰੇ ਚਲੋ ਸਾਥ, ਸਾਥੀ ਵਿਸ਼ਨ ਬ੍ਰਹਮਾ ਨਜ਼ਰੀ ਆਈਆ । ਮੈਂ ਵੀ ਸੁਣਾਂ ਉਹ ਗਾਥ, ਜੋ ਪੁਰਖ ਅਕਾਲ ਰਿਹਾ ਪੜ੍ਹਾਈਆ । ਸਗਲ ਵਸੂਰੇ ਜਾਇਣ ਲਾਥ, ਦੁੱਖ ਦਰਦ ਰਹਿਣ ਨਾ ਪਾਈਆ । ਅੰਤਮ ਉਤਰੇ ਆਪਣੇ ਘਾਟ, ਪਤਣ ਮਿਲੇ ਬੇਪਰਵਾਹੀਆ । ਜੁਗ ਚੌਕੜੀ ਮੁਕਦੀ ਗਈ ਵਾਟ, ਕਲਜੁਗ ਅੰਤਮ ਨੇੜੇ ਆਈਆ । ਜਿਸ ਉਪਜਾਈ ਸਾਚੀ ਜ਼ਾਤ, ਸੋ ਆਪਣੇ ਵਿਚ ਮਿਲਾਈਆ । ਜਿਸ ਬੰਧਾਇਆ ਆਪਣਾ ਨਾਤ, ਸੋ ਬਿਧਾਤਾ ਫੇਰਾ ਪਾਈਆ । ਤਿਸ ਸਾਹਿਬ ਅੱਗੇ ਕਰੀਏ ਫ਼ਰਯਾਦ, ਨਿਉਂ ਨਿਉਂ ਆਪਣਾ ਸੀਸ ਝੁਕਾਈਆ । ਕੀਤਾ ਕੌਲ ਕਰ ਯਾਦ, ਜੋ ਆਦਿ ਆਦਿ ਦਿਤਾ ਪਰਗਟਾਈਆ । ਤੇਰਾ ਖੇਲ ਵੇਖ ਸਦਾ ਬ੍ਰਹਿਮਾਦ, ਵਿਸ਼ਨ ਬ੍ਰਹਮਾ ਸ਼ਿਵ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤ ਜਨ ਭਗਤਾਂ ਕਰੇ ਲਾਡ, ਸਾਡੀ ਸਾਰ ਕੋਇ ਨਾ ਪਾਈਆ । ਸ਼ੰਕਰ ਕਹੇ ਮੈਂ ਦੱਸਾਂ ਹਾਲ, ਸਾਚਾ ਹਾਲ ਸੁਣਾਈਆ । ਮੈਂ ਵਸ ਰਖਾਇਆ ਆਪਣੇ ਕਾਲ, ਰਾਏ ਧਰਮ ਹੁਕਮ ਮਨਾਈਆ । ਚਿਤਰ ਗੁਪਤ ਰੱਖਿਆ ਨਾਲ, ਲਾੜੀ ਮੌਤ ਸਿਰ ਹੱਥ ਟਿਕਾਈਆ । ਜੋ ਉਪਜਿਆ ਸੋ ਕੀਤਾ ਘਾਇਲ, ਲੋਕਮਾਤ ਰਹਿਣ ਨਾ ਪਾਈਆ । ਮੇਰਾ ਖੇਲ ਬੇਮਿਸਾਲ, ਸ਼ਾਹ ਸੁਲਤਾਨਾਂ ਖ਼ਾਕ ਮਿਲਾਈਆ । ਤੇਰੇ ਹੁਕਮੇ ਅੰਦਰ ਬਣਿਆ ਰਿਹਾ ਦਲਾਲ, ਜਨ ਭਗਤਾਂ ਭੇਦ ਚੁਕਾਈਆ । ਜਿਨ੍ਹਾਂ ਮਿਲਿਆ ਪੁਰਖ ਅਕਾਲ, ਤਿਨ੍ਹਾਂ ਮਾਰਨਹਾਰਾ ਨਜ਼ਰ ਕੋਇ ਨਾ ਆਈਆ । ਸਾਹਿਬ ਸਤਿਗੁਰ ਵਸੇ ਨਾਲ, ਸਦਾ ਸੁਹੇਲਾ ਸੰਗ ਨਿਭਾਈਆ । ਨੇਤਰ ਰੋਵੇ ਮਹਾਂਕਾਲ, ਅੱਖ ਪਰਤੱਖ ਨਾ ਕੋਇ ਖੁਲ੍ਹਾਈਆ । ਜਿਨ੍ਹਾਂ ਸਵਾਮੀ ਗੁਰ ਗੋਪਾਲ, ਨਿਹਕਰਮੀ ਨਿਹਕਰਮੀ ਦਾਮਨ ਰਿਹਾ ਫੜਾਈਆ । ਸੋ ਅੰਤਰਜਾਮੀ ਕਰੇ ਸਦਾ ਸੰਭਾਲ, ਜੁਗ ਚੌਕੜੀ ਵੇਖ ਵਖਾਈਆ । ਕਲਜੁਗ ਅੰਤ ਕਰੇ ਕਮਾਲ, ਨਿਰਗੁਣ ਆਪਣਾ ਫੇਰਾ ਪਾਈਆ । ਭਗਤ ਦਵਾਰ ਵੇਖ ਸੱਚੀ ਧਰਮਸਾਲ, ਘਰ ਮੰਦਰ ਬੈਠਾ ਸੋਭਾ ਪਾਈਆ । ਲੱਖ ਚੁਰਾਸੀ ਵਿਚੋਂ ਆਪ ਭਾਲ, ਜੁਗ ਜੁਗ ਵਿਛੜੇ ਮੇਲ ਮਿਲਾਈਆ । ਸੁਣੇ ਜਾ ਮੁਰੀਦਾਂ ਹਾਲ, ਮੁਰਸ਼ਦ ਆਪਣਾ ਹਾਲ ਫੇਰ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਰਿਹਾ ਵਖਾਈਆ । ਵਿਸ਼ਨ ਬ੍ਰਹਮਾ ਸ਼ਿਵ ਕਹਿਣ ਕੀ ਕਰੀਏ, ਕਰਨਹਾਰ ਬੇਪਰਵਾਹੀਆ । ਸਾਹਿਬ ਸੁਲਤਾਨ ਕੋਲੋਂ ਸਦ ਡਰੀਏ, ਸਭ ਦਾ ਦਾਤਾ ਇਕ ਅਖਵਾਈਆ । ਸਚ ਸਰਨਾਈ ਸਾਚੀ ਪੜ੍ਹੀਏ, ਚਰਨ ਕਵਲ ਧਿਆਨ ਲਗਾਈਆ । ਦਰ ਓਸ ਦੇ ਜੀਂਵਦਿਆਂ ਹੀ ਮਰੀਏ, ਮਰੇ ਜੀਵਤ ਲਏ ਕਰਾਈਆ । ਬਣ ਸੇਵਕ ਪਾਣੀ ਭਰੀਏ, ਦਾਸੀ ਦਾਸ ਰੂਪ ਵਟਾਈਆ । ਰਲ ਮਿਲ ਉਹਦਾ ਢੋਲਾ ਪੜ੍ਹੀਏ, ਜੋ ਭਗਤਾਂ ਰਿਹਾ ਸੁਣਾਈਆ । ਸਾਚੇ ਮੰਦਰ ਨਿਉਂ ਨਿਉਂ ਵੜੀਏ, ਦੋਏ ਜੋੜ ਬੰਦਨਾ ਸੀਸ ਝੁਕਾਈਆ । ਤੂ ਹੀ ਤੂ ਹੀ ਸਦਾ ਕਰੀਏ, ਮੈਂ ਮੇਰੀ ਆਪ ਮਿਟਾਈਆ । ਲੜ ਇਕੋ ਇਕ ਫੜੀਏ, ਜਿਸ ਫੜਿਆਂ ਵਿਛੋੜਾ ਹੋਏ ਨਾ ਰਾਈਆ । ਸਾਚੇ ਪੌੜੇ ਮੰਦਰ ਚੜ੍ਹੀਏ, ਮਹੱਲ ਅਟੱਲ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਡਾ ਲੇਖਾ ਲੇਖੇ ਲਾਈਆ । ਸ੍ਰੀ ਭਗਵਾਨ ਸੁਣ ਬਾਤ, ਅਨਡਿਠੜਾ ਹੁਕਮ ਸੁਣਾਇੰਦਾ । ਵਿਸ਼ਨ

ਬ੍ਰਹਮਾ ਸ਼ਿਵ ਵੇਖੇ ਮਾਰ ਝਾਤ, ਹਰਿ ਨੇਤਰ ਨੈਣ ਖੁਲ੍ਹਾਇੰਦਾ । ਭਗਤ ਵਸੇ ਮੇਰੇ ਸਾਥ, ਸਦਾ ਆਪਣੇ ਸੰਗ ਰਖਾਇੰਦਾ । ਜਿਨ੍ਹਾਂ ਬਖ਼ਸ਼ਣੀ ਆਪਣੀ ਦਾਤ, ਤਿਨ੍ਹਾਂ ਵਸਤ ਝੋਲੀ ਪਾਇੰਦਾ । ਤ੍ਰੈ ਤ੍ਰੈ ਬਣੀ ਜਗਤ ਜਮਾਤ, ਸੇਵਾ ਸਾਚੀ ਤੋਹੇ ਲਗਾਇੰਦਾ । ਅੰਤਮ ਪੂਰੀ ਕਰੇ ਆਸ, ਆਪ ਆਪਣੇ ਵਿਚ ਸਮਾਇੰਦਾ । ਗੁਰਮੁਖ ਭਗਤ ਕਰ ਪਰਕਾਸ਼, ਸਾਚੇ ਧੰਦੇ ਆਪੇ ਲਾਇੰਦਾ । ਜੋ ਉਪਜੇ ਸੋ ਹੋਏ ਵਿਨਾਸ, ਅਬਿਨਾਸ਼ੀ ਆਪਣੀ ਕਾਰ ਕਮਾਇੰਦਾ । ਅੰਤਮ ਔਣਾ ਮੇਰੇ ਪਾਸ, ਲੇਖਾ ਸਭ ਦਾ ਆਪ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਕਰ ਕਰਤਾਰ, ਲੇਖਾ ਸਭ ਦਾ ਦਏ ਚੁਕਾਈਆ । ਗੁਰਮੁਖ ਸੱਜਣ ਸਚ ਉਠਾਲ, ਦੇਵਣਹਾਰ ਆਪ ਵਡਿਆਈਆ । ਤੁਹਾਡੀ ਭੂਮਕਾ ਦਏ ਬਹਾਲ, ਹੁਕਮ ਹਾਕਮ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਆਪ ਰੰਗਾਈਆ । ਕੀ ਪ੍ਰਭ ਤੇਰੇ ਭਗਤ ਏਥੇ ਔਣਗੇ । ਸਚ ਸਿੰਘਾਸਣ ਸੋਭਾ ਪੌਣਗੇ । ਫੜ ਸਾਨੂੰ ਬਾਂਹ ਪਰੇ ਹਟੌਣਗੇ । ਸੀਸ ਤੇਰੇ ਦਰ ਝੁਕੌਣਗੇ । ਨਾਮ ਤੇਰਾ ਇਕ ਧਿਔਣਗੇ । ਸੰਸਾਰੀ ਭੰਡਾਰੀ ਲੈ ਦੀਬਾਣ ਆਪ ਅਖਵੌਣਗੇ । ਤੇਰਾ ਦਵਾਰਾ ਛੱਡ, ਲੋਆਂ ਪੁਰੀਆਂ ਆਣ ਵਸੌਣਗੇ । ਸ੍ਰੀ ਭਗਵਾਨ ਕਹੇ ਇਹ ਮੇਰੀ ਹੱਦ, ਹੱਦ ਅੰਦਰ ਖ਼ੁਸ਼ੀ ਮਨੌਣਗੇ । ਸਦ ਢੋਲਾ ਗਾ ਛਦ, ਤੂੰ ਮੇਰਾ ਮੈਂ ਤੇਰਾ ਤੇਰਾ ਮੇਰਾ ਇਕੋ ਨਾਮ ਧਿਔਣਗੇ । ਮੈਂ ਉਪਰ ਪਰਦਾ ਬੈਠਾ ਕੱਜ, ਉਹ ਮੇਰੇ ਥੱਲੇ ਮੇਰੀ ਆਸ ਰਖੌਣਗੇ । ਚਰਨ ਕਵਲ ਦਾ ਅੰਮ੍ਰਿਤ ਪੀਵਣ ਰੱਜ, ਤ੍ਰਿਸਨਾ ਭੁੱਖ ਨਾ ਕੋਇ ਵਧੌਣਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਿਸ਼ਨ ਬ੍ਰਹਮਾ ਸ਼ੰਕਰ ਸ਼ੰਕਰ ਬ੍ਰਹਮਾ ਗੁਰਮੁਖ ਗੁਰਸਿਖ ਆਪ ਅਖਵੌਣਗੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਣਾਏ ਬਣਤਰ, ਗਗਨ ਗਗਨੰਤਰ ਧੁਰ ਦਾ ਰਾਜ ਕਮੌਣਗੇ ।

★ ੧੮ ਜੇਠ 2020 ਬਿਕ੍ਰਮੀ ਸ਼ਿਵਾ ਦੇਵੀ ਦੇ ਗ੍ਰਿਹਿ ਪਿੰਗਾਲੀ ਜੰਮੂ ★

ਗੁਰਮੁਖ ਕਹਿਣ, ਪ੍ਰਭ ਸਾਚੇ ਸੀਸ ਨਿਵਾਵਾਂਗੇ । ਜਿਸ ਚਰਨ ਬਖ਼ਸ਼ਿਆ ਬਹਿਣ, ਤਿਸ ਆਪਣਾ ਪੀਆ ਮਨਾਵਾਂਗੇ । ਜਿਸ ਦਰਸ ਦਿਖਾਇਆ ਨੈਣ, ਤਿਸ ਨੈਣ ਭੇਟ ਚੜ੍ਹਾਵਾਂਗੇ । ਜੋ ਸਾਹਿਬ ਆਇਆ ਲੈਣ, ਤਿਸ ਆਪਣਾ ਸੰਗ ਬਣਾਵਾਂਗੇ । ਵਿਸ਼ਨ ਬ੍ਰਹਮਾ ਸ਼ਿਵ ਜੇ ਹਰਿ ਸੰਗਤ ਵਿਚ ਰਲ ਕੇ ਬਹਿਣ, ਫੇਰ ਗੁਰਮੁਖ ਰੂਪ ਵਖਾਵਾਂਗੇ । ਸੋਹੰ ਢੋਲਾ ਨਾਲ ਸਾਡੇ ਕਹਿਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਇਕੋ ਉਸ ਦਾ ਨਾਮ ਧਿਆਵਾਂਗੇ । ਭਗਤ ਭਗਵਾਨ ਦੋਵੇਂ ਕਹਿੰਦੇ, ਇਕ ਦੂਜੇ ਆਖ ਸੁਣਾਈਆ । ਜੁਗ ਚੌਕੜੀ ਵਛੋੜਾ ਕਦੇ ਨਾ ਸਹਿੰਦੇ, ਨਿਤ ਨਵਿਤ ਧਿਆਨ ਲਗਾਈਆ । ਪਰੇਮ ਪ੍ਰੀਤੀ ਅੰਦਰ ਦੋਵੇਂ ਢਹਿੰਦੇ, ਆਪ ਆਪਣਾ ਮਾਣ ਗਵਾਈਆ । ਇਕ ਦੂਜੇ ਦੇ ਮੰਦਰ ਅੰਦਰ ਵੜ ਕੇ ਬਹਿੰਦੇ, ਮੰਦਰ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਘਰ ਆਪਣੇ ਸੋਭਾ ਪਾਈਆ । ਭਗਤ ਭਗਵਾਨ ਇਕੋ ਆਸ, ਆਸਾ ਜਗਤ ਨਾ ਕੋਇ ਵਧਾਈਆ । ਬਿਰਹੋਂ ਵਿਛੋੜੇ ਵਿਚ ਰਹਿਣ ਉਦਾਸ, ਉਦਾਸੀ ਭਗਤ ਭਗਵਾਨ ਕਦੇ ਨਾ ਭਾਈਆ । ਸਦਾ ਮਿਲਣ ਦੀ ਰੱਖਣ ਪਿਆਸ, ਪਰੇਮੀ ਪਰੇਮਕਾ ਰੂਪ ਵਟਾਈਆ । ਕਲਜੁਗ ਅੰਤਮ ਹੋ ਪਰਕਾਸ਼,

੬੫੯ ੧੪

ਪਰਕਾਸ਼ਵਾਨ ਆਇਆ ਸੱਚਾ ਸ਼ਹਿਨਸ਼ਾਹੀਆ । ਜਨ ਭਗਤਾਂ ਅੰਦਰ ਪਾਵੇ ਰਾਸ, ਨਿਰਗੁਣ ਹੋ ਕੇ ਗੋਪੀ ਕਾਹਨ ਨਚਾਈਆ । ਪਵਣ ਪਵਣ ਚਲੇ ਸਵਾਸ ਸਵਾਸ, ਸਵਾਸ ਸੋਹੰ ਢੋਲਾ ਗਾਈਆ । ਸੋਹੰ ਢੋਲਾ ਪ੍ਰਭ ਦਾ ਖ਼ਾਸ, ਖ਼ਾਲਸ ਆਪਣਾ ਨਾਉਂ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਭਗਤ ਭਗਵਾਨ ਦੋਵੇਂ ਤੜਫਣ, ਆਪ ਆਪਣਾ ਰਹੇ ਮਿਟਾਈਆ । ਦਰਸ ਲੋਚਣ ਨੂੰ ਨੇਤਰ ਭਟਕਣ, ਧਿਆਨ ਇਕੋ ਇਕ ਪਰਗਟਾਈਆ । ਨੇੜੇ ਦੂਰ ਪ੍ਰੀਤੀ ਪਰਖਣ, ਪਰੀਖਿਆ ਸਮਝ ਕਿਸੇ ਨਾ ਆਈਆ । ਨੇਤਰ ਨੀਰ ਦੋਵੇਂ ਬਰਖਣ, ਕਰੋੜ ਛਿਆਨਵੇ ਮੇਘ ਸ਼ਰਮਾਈਆ । ਕਰ ਕਿਰਪਾ ਇਕ ਦੂਜੇ ਵਲ ਪਰਤਣ, ਨਿਰਗੁਣ ਸਰਗੁਣ ਮੇਲ ਮਿਲਾਈਆ । ਆਤਮ ਪਰਮਾਤਮ ਕਰ ਕੇ ਦਰਸਨ, ਤ੍ਰਿਸਨਾ ਤ੍ਰਿਪਤ ਆਪਣਾ ਆਪ ਕਰਾਈਆ । ਅੱਗੇ ਪਿਛੇ ਕੋਈ ਨਾ ਰਹੇ ਹਰਸਨ, ਹਰਸ ਰੂਪ ਨਾ ਕੋਇ ਦਰਸਾਈਆ । ਲੇਖਾ ਚੁਕੇ ਕੁਰਸ਼ ਅਰਸਨ, ਅਰਸ਼ ਆਰਜ਼ੂ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਤਮ ਪਰਮਾਤਮ ਮੇਲ ਮਿਲਾਵਾ ਮਰਦ ਮਰਦਨ, ਮਰਦ ਨਾਰ ਰੂਪ ਨਾ ਕੋਇ ਵਟਾਈਆ । ਭਗਤ ਭਗਵਾਨ ਦੋਵੇਂ ਤੱਕਣ, ਤੱਕਵਾ ਇਕ ਰਖਾਈਆ । ਆਦਿ ਜੁਗਾਦਿ ਕਦੇ ਨਾ ਅੱਕਣ, ਨੇਤਰ ਨੈਣ ਉਠਾਈਆ । ਪ੍ਰੀਤੀ ਅੰਦਰ ਪਰੇਮ ਸੱਦਣ, ਪਰੇਮ ਅੰਦਰ ਪਿਆਰ ਕਰੇ ਕੁੜਮਾਈਆ । ਜਗਤ ਦਵਾਰ ਪਾਰ ਕਰਨ ਹੱਦਨ, ਹੱਦ ਆਪਣੀ ਵੰਡ ਵੰਡਾਈਆ । ਸਚ ਦਵਾਰੇ ਬਹਿ ਕੇ ਸਜਣ, ਸੋਹਣਾ ਸੰਗ ਬਣਾਈਆ । ਨਾਮ ਅਗੰਮ ਸੁਣਨ ਨੱਦਨ, ਅਨਾਦੀ ਨਾਦ ਵਜਾਈਆ । ਬਿਨ ਮੱਕਿਉਂ ਕਾਅਬਿਉਂ ਹੋਏ ਹੱਜਨ, ਹਾਜੀ ਹਾਜਤ ਆਪਣੀ ਪੂਰ ਕਰਾਈਆ । ਮਹਿਬੂਬ ਮੁਹੱਬਤ ਅੰਦਰ ਸੱਦਣ, ਮਹਿਵ ਆਪਣਾ ਰੰਗ ਵਖਾਈਆ । ਰੰਗ ਰੰਗੀਲਾ ਚੋਲਾ ਇਕੋ ਰੰਗਣ, ਰੰਗਤ ਸਾਚੀ ਸਚ ਚੜ੍ਹਾਈਆ । ਇਕ ਦੂਜੇ ਦੇ ਬਹਿ ਕੇ ਅੰਗਣ, ਅੰਗੀਕਾਰ ਇਕ ਹੋ ਜਾਈਆ । ਤੂੰ ਮੇਰਾ ਮੈਂ ਤੇਰਾ ਵਸਤ ਅਮੋਲਕ ਇਕੋ ਮੰਗਣ, ਮੰਗਦਿਆਂ ਨੈਣ ਨਾ ਕੋਇ ਸ਼ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੂਰਾ ਸਰਬੰਗਨ, ਸੂਰਬੀਰ ਬਲ ਆਪਣਾ ਆਪ ਵਖਾਈਆ । ਭਗਤ ਭਗਵਾਨ ਖੇਲ ਅਪਾਰ, ਅਪਰ ਅਪਾਰੀ ਆਪ ਜਣਾਇੰਦਾ । ਬਿਰਹੋਂ ਅੰਦਰ ਵੈਰਾਗ ਆਧਾਰ, ਵੈਰਾਗ ਅੰਦਰ ਆਪਣੀ ਕਾਰ ਜਣਾਇੰਦਾ । ਕਾਰ ਅੰਦਰ ਸ਼ਬਦੀ ਧਾਰ, ਸ਼ਬਦੀ ਧਾਰ ਅੰਦਰ ਸਾਰ ਰੂਪ ਵਟਾਇੰਦਾ । ਸਾਰ ਅੰਦਰ ਜੋਤ ਨਿਰੰਕਾਰ, ਜੋਤ ਨਿਰੰਕਾਰ ਅੰਦਰ ਨਿਰਵੈਰ ਪੁਰਖ ਨਜ਼ਰੀ ਆਇੰਦਾ । ਨਿਰਵੈਰ ਪੁਰਖ ਅੰਦਰ ਖੇਲ ਅਗੰਮ ਅਪਾਰ, ਮਹੱਲ ਅਟੱਲ ਇਕ ਰੁਸ਼ਨਾਇੰਦਾ । ਮਹੱਲ ਅਟੱਲ ਅੰਦਰ ਖੋਲ੍ਹ ਕਿਵਾੜ, ਬੰਦ ਤਾਕੀ ਕੁੰਡਾ ਲਾਹਿੰਦਾ । ਤਾਕੀ ਅੰਦਰ ਪਹਿਰੇਦਾਰ ਆਪ ਕਰਤਾਰ, ਚੋਬਦਾਰ ਨਜ਼ਰ ਕੋਇ ਨਾ ਆਇੰਦਾ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਬਾਂਹੋਂ ਫੜ ਅੰਦਰ ਲਏ ਬਿਠਾਲ, ਘਰ ਸਾਚੇ ਮੇਲ ਮਿਲਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਭਗਤ ਭਗਵਾਨ ਬਣ ਦਲਾਲ, ਧਰਮਸਾਲ ਇਕੋ ਇਕ ਸੁਹਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਅੰਤਮ ਹੋ ਮਿਹਰਵਾਨ, ਹਰਿ ਸੱਜਣ ਗੁਰਮੁਖ ਕਰ ਪਿਆਰੇ, ਸਾਚੇ ਪੌੜੇ ਇਕੋ ਚਾੜ੍ਹੇ, ਪਵੜੀ ਪੌੜਾ ਆਪਣੇ ਹੱਥ ਰਖਾਇੰਦਾ ।

੬੫੯ ੧੪

## ★ ੧੮ ਜੇਠ 2020 ਬਿਕ੍ਰਮੀ ਕੁਲਵੰਤ ਸਿੰਘ ਦੇ ਗ੍ਰਿਹ ਪਿੰਗਾਲੀ ਜੰਮੂ ★

ਬਿਨ ਆਤਮਾ ਪਰਮਾਤਮਾ ਖ਼ਾਲੀ ਕੀਤਾ ਬੁੱਤ, ਕਾਇਆ ਕਲਬੂਤ ਨਾ ਕੋਇ ਵਡਿਆਈਆ । ਗੋਬਿੰਦ ਕਹੇ ਪ੍ਰਭ ਵਖਾ ਆਪਣੀ ਰੁੱਤ, ਸਚਖੰਡ ਕੀ ਕੀ ਧਾਰ ਰਖਾਈਆ । ਨਾਲ ਲੈ ਕੇ ਗਿਆ ਆਪਣੇ ਸੁਤ, ਮਹੱਲ ਅਟੱਲ ਫੇਰਾ ਪਾਈਆ । ਸਚਖੰਡ ਜਾ ਕੇ ਦੋਵੇਂ ਇਕ ਦੂਜੇ ਨੂੰ ਰਹੇ ਪੁੱਛ, ਪਿਤਾ ਪੂਤ ਕਰਨ ਸਲਾਹੀਆ । ਗੋਬਿੰਦ ਕਹੇ ਕਿਉਂ ਏਥੇ ਬੈਠਾ ਰਿਹੋਂ ਲੁਕ, ਆਪ ਆਪਣਾ ਮੁਖ ਛੁਪਾਈਆ । ਸ੍ਰੀ ਭਗਵਾਨ ਕਹੇ ਅਬਿਨਾਸ਼ੀ ਅਚੁਤ, ਆਦਿ ਜੁਗਾਦਿ ਮੇਰਾ ਭੇਵ ਕੋਇ ਨਾ ਪਾਈਆ । ਜਿਉਂ ਭਾਵੇ ਤਿਉਂ ਸੁਹਾਵਾਂ ਸਾਚੀ ਰੁੱਤ, ਜੁਗ ਚੌਕੜੀ ਆਪਣੀ ਮਹਿਕ ਮਹਿਕਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨਿਰਗੁਣ ਹੋ ਕੇ ਸਰਗੁਣ ਤੁਠ, ਪੰਜ ਤੱਤ ਦਿਤੀ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਵਸਤ ਅਮੋਲਕ ਦੇ ਕੇ ਕੁਛ, ਨਾਤਾ ਲੋਕਮਾਤ ਜਗਤ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਗੋਬਿੰਦ ਕਹੇ ਤੇਰਾ ਸਚਖੰਡ ਸੋਹਣਾ, ਸੋਹਣੀ ਜੜਤ ਜੜਾਈਆ । ਨਾ ਹੱਸਣਾ ਨਾ ਰੋਣਾ, ਨੇਤਰ ਨੀਰ ਨਾ ਕੋਇ ਵਹਾਈਆ । ਨਾ ਜਾਗਣਾ ਨਾ ਸੋਣਾ, ਆਲਸ ਨਿੰਦਰਾ ਨਾ ਕੋਇ ਰਖਾਈਆ । ਨਾ ਵੱਢਣਾ ਨਾ ਬੋਣਾ, ਕਰਮ ਕਾਂਡ ਨਾ ਕੋਇ ਸਮਝਾਈਆ । ਨਾ ਉਜਲ ਨਾ ਮੈਲਾ ਧੌਣਾ, ਨਿਰਮਲ ਨੂਰ ਇਕ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰ ਇਕ ਰੁਸ਼ਨਾਈਆ । ਗੋਬਿੰਦ ਸੁਤ ਵੇਖ ਘਰ, ਘਰ ਆਪਣਾ ਰਿਹਾ ਵਖਾਈਆ । ਬਾਲੇ ਨੱਢੇ ਦਿਤਾ ਵਰ, ਆਪਣੀ ਦਾਤ ਝੋਲੀ ਪਾਈਆ । ਨਿਰਗੁਣ ਹੋ ਕੇ ਨਿਰਗੁਣ ਵਰ, ਵਰ ਦਾਤਾ ਮੇਲ ਮਿਲਾਈਆ । ਕਿਰਪਾ ਨਿਧਾਨ ਫੜਾਇਆ ਲੜ, ਪੱਲੂ ਤੇਰੇ ਹੱਥ ਰਖਾਈਆ । ਉਂਗਲੀ ਲਾ ਲਿਆਂਦਾ ਘਰ, ਗ੍ਰਿਹ ਮੰਦਰ ਕੁੰਡਾ ਲਾਹੀਆ । ਆ ਵੇਖ ਉਪਰ ਚੜ੍ਹ, ਨਿਰਗੁਣ ਨੂਰ ਦਿਆਂ ਦਰਸਾਈਆ । ਜਿਥੇ ਨਾ ਚੋਟੀ ਨਾ ਕੋਈ ਜੜ, ਆਦਿ ਅੰਤ ਹਾਥ ਕਿਸੇ ਨਾ ਆਈਆ । ਨਾ ਅੱਖਰ ਨਾ ਵਿਦਿਆ ਕੋਈ ਰਿਹਾ ਪੜ੍ਹ, ਗੁਰ ਅਵਤਾਰ ਰੂਪ ਨਾ ਕੋਇ ਵਖਾਈਆ । ਪੁਰਖ ਅਕਾਲ ਦੀਨ ਦਿਆਲ ਏਕੰਕਾਰਾ ਹਰਿ ਨਿਰੰਕਾਰਾ ਨਿਰਗੁਣ ਜੋਤ ਸਤਿ ਪਰਕਾਸ਼ ਇਕੋ ਰਿਹਾ ਕਰ, ਆਕਾਸ਼ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਦਰ ਰਿਹਾ ਵਖਾਈਆ । ਗੋਬਿੰਦ ਕਹੇ ਮੈਂ ਵੇਖਣ ਆਇਆ, ਪ੍ਰਭ ਤੇਰਾ ਬੰਕ ਦਵਾਰ । ਦਸਵੇਂ ਜਾਮੇ ਮੰਗ ਮੰਗਾਇਆ, ਕਲ ਕਲਕੀ ਲੈ ਅਵਤਾਰ । ਮੇਰਾ ਲਹਿਣਾ ਦਏ ਚੁਕਾਇਆ, ਉਂਗਲੀ ਲਾ ਨਰ ਨਿਰੰਕਾਰ । ਤੇਰਾ ਮੇਰਾ ਮੇਰਾ ਤੇਰਾ ਭੇਵ ਚੁਕਾਇਆ, ਲੇਖਾ ਜਾਣੇ ਧੁਰ ਦੀ ਧਾਰ । ਸ਼ਬਦੀ ਮੇਰਾ ਰੂਪ ਵਟਾਇਆ, ਜੋਤੀ ਦਾਤਾ ਸਿਰਜਣਹਾਰ । ਇਕਲੋਤੀ ਉਂਗਲੀ ਆਪੇ ਲਾਇਆ, ਨਜ਼ਰ ਨਾ ਆਏ ਵਿਚ ਸੰਸਾਰ । ਥੋੜੀ ਸੇਵਾ ਬਹੁਤੀ ਕਰ ਵਖਾਇਆ, ਲੇਖਾ ਚੁਕੇ ਬੀਤੜੇ ਜੁਗ ਚਾਰ । ਚਾਰੇ ਸੁਤ ਭੇਟ ਚੜ੍ਹਾਇਆ, ਰੁੱਤ ਬਸੰਤੀ ਵੇਖ ਖਿੜੀ ਗੁਲਜ਼ਾਰ । ਸਾਚਾ ਪੁੱਤ ਬਣ ਕੇ ਆਇਆ, ਪਿਤਾ ਪੂਤ ਕਰੇ ਪਿਆਰ । ਪੁੱਤਰ ਕੋਲੋਂ ਕੀ ਰਿਹੋਂ ਛੁਪਾਇਆ, ਖੋਲ੍ਹ ਆਪਣਾ ਬੰਦ ਕਿਵਾੜ । ਮੈਂ ਅੰਦਰ ਵੜ ਕੇ ਸੋਭਾ ਪਾਇਆ, ਵੇਖਾਂ ਤੇਰਾ ਖੇਲ ਨਿਰੰਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖੌਣਾ ਸਾਚਾ ਘਰ, ਜਿਸ ਘਰ ਦੀਆ ਬਾਤੀ ਜੋਤ ਜਗੇ ਅਗੰਮ ਅਪਾਰ । ਉਠ ਦੁਲਾਰੇ ਵੇਖ ਮਾਰ ਧਿਆਨ, ਸੋ ਭਗਵਾਨ ਆਪ ਜਣਾਈਆ । ਨਾ ਮੰਦਰ ਨਾ ਕੋਇ ਮਕਾਨ, ਨਾ ਛੱਪਰ

੬੬੧
੧੪

ਨਾ ਛੰਨ ਚਾਰ ਦੀਵਾਰੀ ਨਜ਼ਰ ਕੋਇ ਨਾ ਆਈਆ । ਨਾ ਸ਼ਬਦ ਨਾ ਧੁਨਕਾਨ, ਨਾ ਰਾਗ ਨਾ ਕੋਈ ਕਾਨ, ਨਾਦ ਧੁਨ ਨਾ ਕੋਇ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਇਕੋ ਮੰਦਰ ਦਏ ਵਖਾਈਆ । ਪ੍ਰਭ ਸਚ ਦੱਸ ਕੀ ਮੰਦਰ ਉਹ, ਜਿਸ ਵਿਚ ਆਪਣਾ ਆਸਣ ਲਾਈਆ । ਲੋਕਮਾਤ ਵਿਚੋਂ ਚੱਲ ਕੇ ਆਇਉਂ ਛੱਬੀ ਪੋਹ, ਪੂਰੀ ਆਪਣੀ ਆਸ ਕਰਾਈਆ । ਜਿਸ ਵਿਚ ਬੈਠ ਹੋਵੇਂ ਨਿਰਮੋਹ, ਮੁਹੱਬਤ ਸਚ ਨਾ ਕਿਸੇ ਜਣਾਈਆ । ਦੋ ਜਹਾਨ ਦੇਂਦਾ ਰਹੇਂ ਢੋਆ ਢੋ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਵਸਤ ਨਾਮ ਵਰਤਾਈਆ । ਕੀ ਏਸੇ ਅੰਦਰ ਬਹਿ ਕੇ ਸਭ ਤੋਂ ਸਭ ਕੁਛ ਲਵੇਂ ਖੋਹ, ਖ਼ਾਲੀ ਹੱਥ ਰਿਹਾ ਫਿਰਾਈਆ । ਕੀ ਆਦਿ ਜੁਗਾਦਿ ਜੁਗ ਚੌਕੜੀ ਲੱਖ ਚੁਰਾਸੀ ਨਾਲ ਕਰੇਂ ਧਰੋਹ, ਜੋ ਘੜਿਆ ਭੰਨ ਵਖਾਈਆ । ਤੇਰੀ ਖੇਲ ਅੰਦਰ ਮਾਂ ਪਿਓ ਪੁੱਤਰਾਂ ਰਹੇ ਰੋ, ਪੁੱਤ ਮਾਪਿਆਂ ਦੇਣ ਦੁਹਾਈਆ । ਮੈਂ ਏਸੇ ਕਰਕੇ ਨਾਤਾ ਛੱਡ ਕੇ ਤੇਰੀ ਸੁਣੀ ਸੋ, ਆਪਣੇ ਪੁੱਤ ਮਾਤ ਪਿਤ ਤੇਰੀ ਭੇਟ ਚੜ੍ਹਾਈਆ । ਆਪਣਾ ਭੇਵ ਦੱਸ ਪੁਰਖ ਅਕਾਲ ਨਿਰਮਲ ਹੋ, ਪਰਦਾ ਉਪਰ ਨਾ ਕੋਇ ਰਖਾਈਆ । ਤੇਰੇ ਪਰਕਾਸ਼ ਦੀ ਨਜ਼ਰੀ ਆਏ ਲੋ, ਸੂਰਜ ਚੰਦ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਵਖੌਣਾ ਆਪਣਾ ਦਰ, ਜਿਸ ਦਰ ਬੈਠਾ ਅਲਖ ਜਗਾਈਆ । ਸ੍ਰੀ ਭਗਵਾਨ ਕਹੇ ਮੈਂ ਗੋਬਿੰਦ ਓਹੀ, ਓੜਕ ਓੜਕ ਭਾਲ ਥੱਕੇ ਹੱਥ ਕਿਸੇ ਨਾ ਆਇੰਦਾ । ਆਦਿ ਜੁਗਾਦਿ ਮੇਰੇ ਨਾਮ ਦੀ ਦਰੋਹੀ, ਡੰਕਾ ਦੋ ਜਹਾਨ ਵਖਾਇੰਦਾ । ਜੁਗ ਚੌਕੜੀ ਬਣਿਆ ਰਹਾਂ ਧਰੋਹੀ, ਧਰੋਹ ਲੱਖ ਚੁਰਾਸੀ ਨਾਲ ਕਮਾਇੰਦਾ । ਆਤਮ ਪਰਮਾਤਮ ਵਸਤ ਦੇ ਪੰਜ ਤੱਤ ਕੋਲੋਂ ਸਭ ਦੀ ਖੋਹੀ, ਸਗਲਾ ਸੰਗ ਨਾ ਕੋਇ ਰਖਾਇੰਦਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਜੀਵਾਂ ਜੰਤਾਂ ਸਾਧਾਂ ਸੰਤਾਂ ਬਿਨ ਮੇਰੇ ਮਿਲੇ ਕਿਸੇ ਨਾ ਢੋਈ, ਸਾਚੇ ਦਰ ਨਾ ਕੋਇ ਬਹਾਇੰਦਾ । ਗੋਬਿੰਦ ਮੈਨੂੰ ਲੱਭਦਾ ਕੋਈ ਕੋਈ, ਕੋਟਾਂ ਵਿਚੋਂ ਜਿਨ੍ਹਾਂ ਆਪਣਾ ਭੇਵ ਜਣਾਇੰਦਾ । ਜੋ ਕਰਾਂ ਸੋ ਆਦਿ ਜੁਗਾਦਿ ਹੋਈ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਔਹ ਵੇਖ ਕਬੀਰ ਇਕੱਲਾ ਨਾਲ ਦਿਸੇ ਨਾ ਲੋਈ, ਕਮਾਲਾ ਸੰਗ ਨਾ ਕੋਇ ਵਖਾਇੰਦਾ । ਨਾਨਕ ਨਿਰਗੁਣ ਚਰਨਾਂ ਨਾਲ ਰਿਹਾ ਛੋਹੀ, ਸ਼ਹਿਨਸ਼ਾਹ ਇਕੋ ਪੁਰਖ ਅਕਾਲ ਮਨਾਇੰਦਾ । ਇਸ ਤੋਂ ਅੱਗੇ ਪੁਰਖ ਅਕਾਲ ਜੋਤ ਨਵੀਂ ਨਰੋਈ, ਬਿਰਧ ਬਾਲ ਰੂਪ ਨਾ ਕੋਇ ਵਟਾਇੰਦਾ । ਜੋ ਤੇਰੇ ਜੋਗੀ ਹੋਈ, ਤੇਰੇ ਅੰਦਰ ਵੜ ਕੇ ਡੇਰਾ ਲਾਇੰਦਾ । ਆਦਿ ਜੁਗਾਦਿ ਨਵੀਂ ਨਰੋਈ, ਦੁੱਖ ਰੋਗ ਨਾ ਕੋਇ ਵਖਾਇੰਦਾ । ਆਲਸ ਨਿੰਦਰਾ ਵਿਚ ਕਦੇ ਨਾ ਸੋਈ, ਜਾਗਰਤ ਰੂਪ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਖਾਵਣਹਾਰਾ ਸਾਚਾ ਘਰ, ਘਰ ਸਾਚਾ ਆਪ ਜਣਾਇੰਦਾ । ਘਰ ਵੇਖ ਹੋਇਆ ਦਿਆਲ, ਦਿਆਲਤਾ ਤੇਰੀ ਨਜ਼ਰੀ ਆਈਆ । ਏਥੇ ਕੋਈ ਨਜ਼ਰ ਨਾ ਆਵੇ ਕਾਲ ਮਹਾਂਕਾਲ, ਵਿਸ਼ਨ ਬ੍ਰਹਮਾ ਸ਼ਿਵ ਰੂਪ ਨਾ ਕੋਇ ਦਰਸਾਈਆ । ਇਕ ਦਵਾਰ ਇਕੋ ਧਰਮਸਾਲ, ਇਕੋ ਧੁਰ ਦੀ ਬਾਣ ਜਣਾਈਆ । ਇਕੋ ਰੂਪ ਵਸੇ ਭਗਵਾਨ, ਰੇਖ ਰੰਗ ਨਾ ਕੋਇ ਰਖਾਈਆ । ਮੈਂ ਬਾਲਾ ਬਾਲ ਅਵਾਣ, ਤੂੰ ਸਾਹਿਬ ਸੱਚਾ ਸੁਲਤਾਨ, ਦੋਹਾਂ ਮੇਲਾ ਮਿਲਿਆ ਆਣ, ਖੇਲ ਖੇਲਾਂ ਦੋ ਜਹਾਨ, ਦੋਹਰੀ ਤੇਰੀ ਧਾਰ ਮੇਰੇ ਵਿਚ ਸਮਾਈਆ । ਕਲਜੁਗ ਵਿਚ ਮੇਰਾ ਮਕਾਨ, ਸਾਢੇ ਤਿੰਨ ਹੱਥ ਬਬਾਣ, ਜਿਸ ਘਰ ਵਸੇਂ ਨਿਗਹਬਾਨ, ਤੇਰੀ ਨਜ਼ਰ ਬੇਨਜ਼ੀਰ ਸਚ ਤਸਵੀਰ ਇਕ ਦਰਸਾਈਆ । ਉਠ ਆ ਚਲ ਕੇ ਭਗਤਾਂ ਦੇਈਏ ਦਾਨ । ਜੋ ਤੇਰਾ ਮੇਰਾ ਰਾਹ ਤਕਾਣ । ਲੱਖ ਚੁਰਾਸੀ ਵਿਚ ਹੋਏ ਹੈਰਾਨ । ਅੱਠੇ ਪਹਿਰ ਗੀਤ ਇਕੋ ਗਾਣ ।

ਸੋ ਪੁਰਖ ਨਿਰੰਜਣ ਮਿਲੇ ਸ੍ਰੀ ਭਗਵਾਨ, ਹੰ ਬ੍ਰਹਮ ਮਿਟੇ ਨਿਸ਼ਾਨ । ਘਰ ਮੰਦਰ ਵੇਖੇ ਆਣ । ਆਵਣ ਜਾਵਣ ਚੁਕੇ ਕਾਣ । ਦਰਸਨ ਕਰੀਏ ਹਰਿ ਸੁਲਤਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੋ ਮਿਹਰਵਾਨ ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਭਗਤ ਭਗਵਾਨ ਘਰ ਪਰਵਾਨ ।



### ★ ੧੮ ਜੇਠ ੨੦੨੦ ਬਿਕ੍ਰਮੀ ਇੰਦਰੋ ਦੇਵੀ ਦੇ ਗ੍ਰਿਹ ਪਿੰਗਾਲੀ ਜੰਮੂ ★

ਗੋਬਿੰਦ ਪਰਦਾ ਗੋਬਿੰਦ ਉਹਲੇ, ਗੋਬਿੰਦ ਗੋਬਿੰਦ ਰਿਹਾ ਗਾਈਆ । ਗੋਬਿੰਦ ਚੜ੍ਹਦਾ ਸਾਚੇ ਡੋਲੇ, ਗੋਬਿੰਦ ਗੋਬਿੰਦ ਰਿਹਾ ਉਠਾਈਆ । ਗੋਬਿੰਦ ਮੰਦਰ ਗੋਬਿੰਦ ਮੌਲੇ, ਗੋਬਿੰਦ ਗੋਬਿੰਦ ਰੁੱਤ ਸੁਹਾਈਆ । ਗੋਬਿੰਦ ਅੰਦਰ ਗੋਬਿੰਦ ਬੋਲੇ, ਗੋਬਿੰਦ ਰਾਗ ਅਨਾਦ ਸੁਣਾਈਆ । ਗੋਬਿੰਦ ਅੰਦਰ ਗੋਬਿੰਦ ਤੋਲੇ, ਗੋਬਿੰਦ ਤੋਲ ਤਰਾਜ਼ੂ ਆਪ ਹੋ ਜਾਈਆ । ਗੋਬਿੰਦ ਗ੍ਰਿਹ ਗੋਬਿੰਦ ਟੋਲੇ, ਗੋਬਿੰਦ ਗੋਬਿੰਦ ਕਰੇ ਸ਼ਨਵਾਈਆ । ਗੋਬਿੰਦ ਦਵਾਰਾ ਗੋਬਿੰਦ ਖੋਲ੍ਹੇ, ਗੋਬਿੰਦ ਗੋਬਿੰਦ ਹੱਟ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ ਕਮਾਈਆ । ਗੋਬਿੰਦ ਅੰਦਰ ਗੋਬਿੰਦ ਰੰਗ, ਗੋਬਿੰਦ ਗੋਬਿੰਦ ਆਪ ਚੜ੍ਹਾਇੰਦਾ । ਗੋਬਿੰਦ ਅੰਦਰ ਗੋਬਿੰਦ ਸੰਗ, ਗੋਬਿੰਦ ਗੋਬਿੰਦ ਆਪ ਨਿਭਾਇੰਦਾ । ਗੋਬਿੰਦ ਅੰਦਰ ਗੋਬਿੰਦ ਮਰਦੰਗ, ਗੋਬਿੰਦ ਗੋਬਿੰਦ ਆਪ ਵਜਾਇੰਦਾ । ਗੋਬਿੰਦ ਅੰਦਰ ਗੋਬਿੰਦ ਛੰਦ, ਗੋਬਿੰਦ ਗੋਬਿੰਦ ਆਪ ਸੁਣਾਇੰਦਾ । ਗੋਬਿੰਦ ਅੰਦਰ ਗੋਬਿੰਦ ਪਲੰਘ, ਗੋਬਿੰਦ ਗੋਬਿੰਦ ਆਪ ਹੰਡਾਇੰਦਾ । ਗੋਬਿੰਦ ਅੰਦਰ ਗੋਬਿੰਦ ਅਨੰਦ, ਗੋਬਿੰਦ ਗੋਬਿੰਦ ਅਨੰਦ ਆਪ ਚਖਾਇੰਦਾ । ਗੋਬਿੰਦ ਅੰਦਰ ਗੋਬਿੰਦ ਚੰਦ, ਗੋਬਿੰਦ ਗੋਬਿੰਦ ਨੂਰ ਦਰਸਾਇੰਦਾ । ਗੋਬਿੰਦ ਅੰਦਰ ਗੋਬਿੰਦ ਬ੍ਰਹਿਮੰਡ, ਗੋਬਿੰਦ ਰਚਨਾ ਵੇਖ ਵਖਾਇੰਦਾ । ਗੋਬਿੰਦ ਅੰਦਰ ਗੋਬਿੰਦ ਲੰਘ, ਗੋਬਿੰਦ ਗੋਬਿੰਦ ਸੋਭਾ ਪਾਇੰਦਾ । ਗੋਬਿੰਦ ਅੰਦਰ ਗੋਬਿੰਦ ਲਾਏ ਅੰਗ, ਗੋਬਿੰਦ ਗੋਬਿੰਦ ਅੰਗੀਕਾਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮੇਲਾ ਆਪ ਮਿਲਾਇੰਦਾ । ਗੋਬਿੰਦ ਅੰਦਰ ਗੋਬਿੰਦ ਸੋ, ਗੋਬਿੰਦ ਗੋਬਿੰਦ ਸੋਭਾ ਪਾਈਆ । ਗੋਬਿੰਦ ਅੰਦਰ ਗੋਬਿੰਦ ਹੋ, ਗੋਬਿੰਦ ਗੋਬਿੰਦ ਹੋਕਾ ਦਏ ਸੁਣਾਈਆ । ਗੋਬਿੰਦ ਅੰਦਰ ਗੋਬਿੰਦ ਲੋ, ਗੋਬਿੰਦ ਗੋਬਿੰਦ ਪਰਕਾਸ਼ ਜਣਾਈਆ । ਗੋਬਿੰਦ ਅੰਦਰ ਗੋਬਿੰਦ ਢੋਆ ਢੋ, ਗੋਬਿੰਦ ਗੋਬਿੰਦ ਵਸਤ ਰਿਹਾ ਵਰਤਾਈਆ । ਗੋਬਿੰਦ ਅੰਦਰ ਗੋਬਿੰਦ ਮੋਹ, ਗੋਬਿੰਦ ਗੋਬਿੰਦ ਪਰੇਮ ਪ੍ਰੀਤੀ ਰਿਹਾ ਜਣਾਈਆ । ਗੋਬਿੰਦ ਅੰਦਰ ਗੋਬਿੰਦ ਛੋਹ, ਗੋਬਿੰਦ ਗੋਬਿੰਦ ਆਪਣਾ ਰੰਗ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਲੇਖੇ ਪਾਈਆ । ਗੋਬਿੰਦ ਅੰਦਰ ਗੋਬਿੰਦ ਦਰਵਾਜ਼ਾ, ਗੋਬਿੰਦ ਗੋਬਿੰਦ ਆਪ ਖੁਲ੍ਹਾਇੰਦਾ । ਗੋਬਿੰਦ ਅੰਦਰ ਗੋਬਿੰਦ ਨਿਵਾਜਾ, ਗੋਬਿੰਦ ਗੋਬਿੰਦ ਲੇਖਾ ਆਪ ਮੁਕਾਇੰਦਾ । ਗੋਬਿੰਦ ਅੰਦਰ ਗੋਬਿੰਦ ਸਾਜਾ, ਗੋਬਿੰਦ ਗੋਬਿੰਦ ਘਾੜਤ ਘੜਤ ਵੇਖ ਵਖਾਇੰਦਾ । ਗੋਬਿੰਦ ਅੰਦਰ ਗੋਬਿੰਦ ਰਾਜਾ, ਗੋਬਿੰਦ ਗੋਬਿੰਦ ਹੁਕਮ ਮਨਾਇੰਦਾ । ਗੋਬਿੰਦ ਅੰਦਰ ਗੋਬਿੰਦ ਸੀਸ ਤਾਜਾ, ਗੋਬਿੰਦ ਗੋਬਿੰਦ ਆਪ ਸੁਹਾਇੰਦਾ । ਗੋਬਿੰਦ ਅੰਦਰ ਗੋਬਿੰਦ ਮਾਰੇ ਵਾਜ਼ਾ, ਗੋਬਿੰਦ ਗੋਬਿੰਦ ਆਪ ਜਗਾਇੰਦਾ । ਗੋਬਿੰਦ ਅੰਦਰ ਗੋਬਿੰਦ ਰੱਖੇ ਲਾਜਾ, ਗੋਬਿੰਦ ਗੋਬਿੰਦ ਸਦ ਰੱਖਕ ਨਾਉਂ ਰਖਾਇੰਦਾ । ਗੋਬਿੰਦ

ਅੰਦਰ ਗੋਬਿੰਦ ਵਜਾਏ ਅਗੰਮੀ ਵਾਜਾ, ਗੋਬਿੰਦ ਗੋਬਿੰਦ ਰਾਗ ਅਲਾਇੰਦਾ । ਗੋਬਿੰਦ ਅੰਦਰ ਗੋਬਿੰਦ ਫਿਰੇ ਭਾਜਾ, ਗੋਬਿੰਦ ਗੋਬਿੰਦ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਗੋਬਿੰਦ ਅੰਦਰ ਗੋਬਿੰਦ ਲੁਕ, ਗੋਬਿੰਦ ਗੋਬਿੰਦ ਮੁਖ ਛੁਪਾਈਆ । ਗੋਬਿੰਦ ਅੰਦਰ ਗੋਬਿੰਦ ਦੁੱਖ, ਗੋਬਿੰਦ ਗੋਬਿੰਦ ਰਿਹਾ ਵੰਡਾਈਆ । ਗੋਬਿੰਦ ਅੰਦਰ ਗੋਬਿੰਦ ਉਠ, ਗੋਬਿੰਦ ਗੋਬਿੰਦ ਲਏ ਸਮਝਾਈਆ । ਗੋਬਿੰਦ ਅੰਦਰ ਗੋਬਿੰਦ ਤੁਠ, ਗੋਬਿੰਦ ਗੋਬਿੰਦ ਦਏ ਵਡਿਆਈਆ । ਗੋਬਿੰਦ ਅੰਦਰ ਗੋਬਿੰਦ ਅੰਮ੍ਰਿਤ ਘੁਟ, ਗੋਬਿੰਦ ਗੋਬਿੰਦ ਜਾਮ ਪਿਆਈਆ । ਗੋਬਿੰਦ ਅੰਦਰ ਗੋਬਿੰਦ ਜੋਤ, ਗੋਬਿੰਦ ਗੋਬਿੰਦ ਕਰੇ ਰੁਸ਼ਨਾਈਆ । ਗੋਬਿੰਦ ਅੰਦਰ ਗੋਬਿੰਦ ਓਟ, ਗੋਬਿੰਦ ਗੋਬਿੰਦ ਧਿਆਨ ਲਗਾਈਆ । ਗੋਬਿੰਦ ਅੰਦਰ ਗੋਬਿੰਦ ਕੋਟ, ਗੋਬਿੰਦ ਗੋਬਿੰਦ ਕਿਲਾ ਬੰਕ ਸੁਹਾਈਆ । ਗੋਬਿੰਦ ਅੰਦਰ ਗੋਬਿੰਦ ਚੋਟ, ਗੋਬਿੰਦ ਗੋਬਿੰਦ ਨਗਾਰਾ ਇਕ ਵਜਾਈਆ । ਗੋਬਿੰਦ ਅੰਦਰ ਗੋਬਿੰਦ ਇਕੋ ਬਹੁਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮੇਲਾ ਮੇਲ ਮਿਲਾਈਆ । ਗੋਬਿੰਦ ਅੰਦਰ ਗੋਬਿੰਦ ਰੱਖ, ਗੋਬਿੰਦ ਗੋਬਿੰਦ ਵੇਖ ਵਖਾਇੰਦਾ । ਗੋਬਿੰਦ ਅੰਦਰ ਗੋਬਿੰਦ ਪਰਤੱਖ, ਗੋਬਿੰਦ ਗੋਬਿੰਦ ਆਪਣੀ ਕਾਰ ਕਮਾਇੰਦਾ । ਗੋਬਿੰਦ ਅੰਦਰ ਗੋਬਿੰਦ ਅੱਖ, ਗੋਬਿੰਦ ਗੋਬਿੰਦ ਨੇਤਰ ਨੈਣ ਜਣਾਇੰਦਾ । ਗੋਬਿੰਦ ਅੰਦਰ ਗੋਬਿੰਦ ਹੱਥ, ਗੋਬਿੰਦ ਗੋਬਿੰਦ ਦਸਤ ਬਦਸਤ ਮਿਲਾਇੰਦਾ । ਗੋਬਿੰਦ ਅੰਦਰ ਗੋਬਿੰਦ ਹਠ, ਗੋਬਿੰਦ ਗੋਬਿੰਦ ਸਬਰ ਸਬੂਰੀ ਇਕ ਸਮਝਾਇੰਦਾ । ਗੋਬਿੰਦ ਅੰਦਰ ਗੋਬਿੰਦ ਹੱਟ, ਗੋਬਿੰਦ ਗੋਬਿੰਦ ਆਪ ਖੁਲ੍ਹਾਇੰਦਾ । ਗੋਬਿੰਦ ਅੰਦਰ ਗੋਬਿੰਦ ਤਟ, ਗੋਬਿੰਦ ਗੋਬਿੰਦ ਕਿਨਾਰਾ ਸਚ ਆਪ ਵਡਿਆਇੰਦਾ । ਗੋਬਿੰਦ ਅੰਦਰ ਗੋਬਿੰਦ ਰਥ, ਗੋਬਿੰਦ ਗੋਬਿੰਦ ਆਪ ਚਲਾਇੰਦਾ । ਗੋਬਿੰਦ ਅੰਦਰ ਗੋਬਿੰਦ ਮਹਿਮਾ ਅਕਥ, ਗੋਬਿੰਦ ਗੋਬਿੰਦ ਆਪ ਸੁਣਾਇੰਦਾ । ਗੋਬਿੰਦ ਅੰਦਰ ਗੋਬਿੰਦ ਹੱਸ, ਗੋਬਿੰਦ ਗੋਬਿੰਦ ਖ਼ੁਸ਼ੀ ਮਨਾਇੰਦਾ । ਗੋਬਿੰਦ ਅੰਦਰ ਗੋਬਿੰਦ ਰਸ, ਗੋਬਿੰਦ ਗੋਬਿੰਦ ਆਪ ਚੁਆਇੰਦਾ । ਗੋਬਿੰਦ ਅੰਦਰ ਗੋਬਿੰਦ ਆਸ, ਗੋਬਿੰਦ ਗੋਬਿੰਦ ਆਸਾ ਪੂਰ ਕਰਾਇੰਦਾ । ਗੋਬਿੰਦ ਅੰਦਰ ਗੋਬਿੰਦ ਭੋਗ ਬਲਾਸ, ਗੋਬਿੰਦ ਅੰਦਰ ਗੋਬਿੰਦ ਸੇਜਾ ਸੋਭਾ ਪਾਇੰਦਾ । ਗੋਬਿੰਦ ਅੰਦਰ ਗੋਬਿੰਦ ਪਰਕਾਸ਼, ਗੋਬਿੰਦ ਅੰਦਰ ਗੋਬਿੰਦ ਜੋਤ ਜਗਾਇੰਦਾ । ਗੋਬਿੰਦ ਅੰਦਰ ਗੋਬਿੰਦ ਕਦੇ ਨਾ ਹੋਵੇ ਨਾਸ, ਗੋਬਿੰਦ ਗੋਬਿੰਦ ਅਬਿਨਾਸ਼ੀ ਰੂਪ ਧਰਾਇੰਦਾ । ਗੋਬਿੰਦ ਅੰਦਰ ਗੋਬਿੰਦ ਸਦਾ ਸਾਥ, ਗੋਬਿੰਦ ਗੋਬਿੰਦ ਸਾਥੀ ਇਕੋ ਨਜ਼ਰੀ ਆਇੰਦਾ । ਗੋਬਿੰਦ ਅੰਦਰ ਗੋਬਿੰਦ ਪਰਗਟੀ ਜ਼ਾਤ, ਗੋਬਿੰਦ ਅੰਦਰ ਗੋਬਿੰਦ ਰੂਪ ਨਾ ਕੋਇ ਜਣਾਇੰਦਾ । ਗੋਬਿੰਦ ਅੰਦਰ ਗੋਬਿੰਦ ਕਮਲਾਪਾਤ, ਗੋਬਿੰਦ ਗੋਬਿੰਦ ਆਪਣੇ ਵਿਚ ਸਮਾਇੰਦਾ । ਗੋਬਿੰਦ ਗੋਬਿੰਦ ਦਿਤੀ ਨਜਾਤ, ਗੋਬਿੰਦ ਭਗਤਾਂ ਦਾਤ ਆਪ ਵਰਤਾਇੰਦਾ । ਭਗਤਨ ਦਾਤ ਸੱਚੀ ਕਰਾਮਾਤ, ਨਾਮ ਨਿਧਾਨਾ ਇਕ ਸਮਝਾਇੰਦਾ । ਨਾਮ ਨਿਧਾਨਾ ਪੱਟੀ ਹੱਕ ਜਮਾਤ, ਸਾਚੀ ਵਿਦਿਆ ਇਕ ਵਖਾਇੰਦਾ । ਮੇਲ ਮਿਲਾਵਾ ਪੁਰਖ ਸਮਰਾਥ, ਸਮਰਥ ਆਪਣਾ ਮੇਲ ਮਿਲਾਇੰਦਾ । ਜੋ ਜਨ ਗਾਏ ਸੋਹੰ ਗਾਥ, ਸੋ ਗੋਬਿੰਦ ਰੂਪ ਗੋਬਿੰਦ ਵਿਚ ਸਮਾਇੰਦਾ । ਪੂਰਬ ਲਹਿਣਾ ਚੁੱਕੇ ਮਾਥ, ਮਸਤਕ ਆਪਣਾ ਭੇਵ ਖੁਲ੍ਹਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਸਹਾਈ ਅਨਾਥਾਂ ਨਾਥ, ਗ਼ਰੀਬ ਨਿਮਾਣੇ ਗੋਬਿੰਦ ਗੋਬਿੰਦ ਅੰਦਰ ਗੋਬਿੰਦ ਝੋਲੀ ਪਾਇੰਦਾ ।

★ ੧੮ ਜੇਠ ੨੦੨੦ ਬਿਕ੍ਰਮੀ ਗਿਆਨ ਚੰਦ ਦੇ ਗ੍ਰਿਹਿ ਖ਼ੈਰੋ ਵਾਲੀ ਜੰਮੂ ★

ਗੋਬਿੰਦ ਅੰਦਰ ਗੋਬਿੰਦ ਗੜ੍ਹ, ਗੋਬਿੰਦ ਗੋਬਿੰਦ ਆਪ ਉਪਾਈਆ । ਗੋਬਿੰਦ ਅੰਦਰ ਗੋਬਿੰਦ ਵੜ, ਗੋਬਿੰਦ ਗੋਬਿੰਦ ਵੇਖ ਵਖਾਈਆ । ਗੋਬਿੰਦ ਅੰਦਰ ਗੋਬਿੰਦ ਚੜ੍ਹ, ਗੋਬਿੰਦ ਗੋਬਿੰਦ ਪਰਦਾ ਲਾਹੀਆ । ਗੋਬਿੰਦ ਅੰਦਰ ਗੋਬਿੰਦ ਨਰ, ਗੋਬਿੰਦ ਗੋਬਿੰਦ ਨਰਾਇਣ ਰੂਪ ਦਰਸਾਈਆ । ਗੋਬਿੰਦ ਅੰਦਰ ਗੋਬਿੰਦ ਪੜ੍ਹ, ਗੋਬਿੰਦ ਗੋਬਿੰਦ ਕਰੇ ਪੜ੍ਹਾਈਆ । ਗੋਬਿੰਦ ਅੰਦਰ ਗੋਬਿੰਦ ਸਰ, ਗੋਬਿੰਦ ਗੋਬਿੰਦ ਸਰੋਵਰ ਰਿਹਾ ਜਣਾਈਆ । ਗੋਬਿੰਦ ਅੰਦਰ ਗੋਬਿੰਦ ਧਰ, ਗੋਬਿੰਦ ਗੋਬਿੰਦ ਰਿਹਾ ਵਖਾਈਆ । ਗੋਬਿੰਦ ਅੰਦਰ ਗੋਬਿੰਦ ਘਰ, ਗੋਬਿੰਦ ਗੋਬਿੰਦ ਰਿਹਾ ਬਣਾਈਆ । ਗੋਬਿੰਦ ਅੰਦਰ ਗੋਬਿੰਦ ਵਰ, ਗੋਬਿੰਦ ਗੋਬਿੰਦ ਝੋਲੀ ਪਾਈਆ । ਗੋਬਿੰਦ ਅੰਦਰ ਗੋਬਿੰਦ ਡਰ, ਗੋਬਿੰਦ ਗੋਬਿੰਦ ਰਿਹਾ ਵਖਾਈਆ । ਗੋਬਿੰਦ ਅੰਦਰ ਗੋਬਿੰਦ ਅੜ, ਗੋਬਿੰਦ ਗੋਬਿੰਦ ਭੇਵ ਅਭੇਦ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਰਚਾਈਆ । ਗੋਬਿੰਦ ਅੰਦਰ ਗੋਬਿੰਦ ਰਤ, ਗੋਬਿੰਦ ਗੋਬਿੰਦ ਜੋੜ ਜੁੜਾਈਆ । ਗੋਬਿੰਦ ਅੰਦਰ ਗੋਬਿੰਦ ਤੱਤ, ਗੋਬਿੰਦ ਗੋਬਿੰਦ ਸੰਗ ਰਖਾਈਆ । ਗੋਬਿੰਦ ਅੰਦਰ ਗੋਬਿੰਦ ਮਤ, ਗੋਬਿੰਦ ਗੋਬਿੰਦ ਮੇਲ ਮਿਲਾਈਆ । ਗੋਬਿੰਦ ਅੰਦਰ ਗੋਬਿੰਦ ਸਤਿ, ਗੋਬਿੰਦ ਗੋਬਿੰਦ ਵਿਚ ਵਖਾਈਆ । ਗੋਬਿੰਦ ਅੰਦਰ ਗੋਬਿੰਦ ਕਮਲਾਪਤ, ਗੋਬਿੰਦ ਗੋਬਿੰਦ ਕਵਲ ਨੈਣ ਜਣਾਈਆ । ਗੋਬਿੰਦ ਅੰਦਰ ਗੋਬਿੰਦ ਪੁਰਖ ਸਮਰਥ, ਗੋਬਿੰਦ ਗੋਬਿੰਦ ਰਥ ਚਲਾਈਆ । ਗੋਬਿੰਦ ਅੰਦਰ ਗੋਬਿੰਦ ਵਸਤ ਅਮੋਲਕ ਰੱਖ, ਗੋਬਿੰਦ ਗੋਬਿੰਦ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦ ਵਡਿਆਈਆ । ਗੋਬਿੰਦ ਅੰਦਰ ਗੋਬਿੰਦ ਮਨ, ਗੋਬਿੰਦ ਗੋਬਿੰਦ ਮਨਸਾ ਪੂਰ ਕਰਾਇੰਦਾ । ਗੋਬਿੰਦ ਅੰਦਰ ਗੋਬਿੰਦ ਜਨ, ਗੋਬਿੰਦ ਗੋਬਿੰਦ ਆਪਣਾ ਘਰ ਵਖਾਇੰਦਾ । ਗੋਬਿੰਦ ਅੰਦਰ ਗੋਬਿੰਦ ਧਨ, ਗੋਬਿੰਦ ਗੋਬਿੰਦ ਆਪ ਪਰਗਟਾਇੰਦਾ । ਗੋਬਿੰਦ ਅੰਦਰ ਗੋਬਿੰਦ ਗੁਣ, ਗੋਬਿੰਦ ਗੋਬਿੰਦ ਗੀਤ ਅਲਾਇੰਦਾ । ਗੋਬਿੰਦ ਅੰਦਰ ਗੋਬਿੰਦ ਨਾਮ, ਗੋਬਿੰਦ ਗੋਬਿੰਦ ਨਾਮ ਧਿਆਇੰਦਾ । ਗੋਬਿੰਦ ਅੰਦਰ ਗੋਬਿੰਦ ਕਾਮ, ਗੋਬਿੰਦ ਗੋਬਿੰਦ ਕਰਤਾ ਖੇਲ ਰਚਾਇੰਦਾ । ਗੋਬਿੰਦ ਅੰਦਰ ਗੋਬਿੰਦ ਜਾਮ, ਗੋਬਿੰਦ ਗੋਬਿੰਦ ਆਪ ਪਿਆਇੰਦਾ । ਗੋਬਿੰਦ ਅੰਦਰ ਗੋਬਿੰਦ ਭਾਨ, ਗੋਬਿੰਦ ਗੋਬਿੰਦ ਆਪ ਚਮਕਾਇੰਦਾ । ਗੋਬਿੰਦ ਅੰਦਰ ਗੋਬਿੰਦ ਨਿਸ਼ਾਨ, ਗੋਬਿੰਦ ਗੋਬਿੰਦ ਆਪ ਪਰਗਟਾਇੰਦਾ । ਗੋਬਿੰਦ ਅੰਦਰ ਗੋਬਿੰਦ ਗਿਆਨ, ਗੋਬਿੰਦ ਗੋਬਿੰਦ ਆਪ ਸਮਝਾਇੰਦਾ । ਗੋਬਿੰਦ ਅੰਦਰ ਗੋਬਿੰਦ ਧਿਆਨ, ਗੋਬਿੰਦ ਗੋਬਿੰਦ ਵੇਖ ਵਖਾਇੰਦਾ । ਗੋਬਿੰਦ ਅੰਦਰ ਗੋਬਿੰਦ ਕਾਹਨ, ਗੋਬਿੰਦ ਗੋਬਿੰਦ ਪਰਦਾ ਲਾਹਿੰਦਾ । ਗੋਬਿੰਦ ਅੰਦਰ ਗੋਬਿੰਦ ਅਸ਼ਨਾਨ, ਗੋਬਿੰਦ ਗੋਬਿੰਦ ਸਰ ਸਰੋਵਰ ਇਕ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਖੇਲ ਕਰਾਇੰਦਾ । ਗੋਬਿੰਦ ਅੰਦਰ ਗੋਬਿੰਦ ਮੀਤ, ਗੋਬਿੰਦ ਗੋਬਿੰਦ ਮੇਲ ਮਿਲਾਈਆ । ਗੋਬਿੰਦ ਅੰਦਰ ਗੋਬਿੰਦ ਰੀਤ, ਗੋਬਿੰਦ ਗੋਬਿੰਦ ਧਾਰ ਚਲਾਈਆ । ਗੋਬਿੰਦ ਅੰਦਰ ਗੋਬਿੰਦ ਮਸੀਤ, ਗੋਬਿੰਦ ਗੋਬਿੰਦ ਹੁਜਰਾ ਹੱਕ ਸੁਹਾਈਆ । ਗੋਬਿੰਦ ਅੰਦਰ ਗੋਬਿੰਦ ਅਤੀਤ, ਗੋਬਿੰਦ ਗੋਬਿੰਦ ਬੈਠਾ ਡੇਰਾ ਲਾਈਆ । ਗੋਬਿੰਦ ਅੰਦਰ ਗੋਬਿੰਦ ਗੀਤ, ਗੋਬਿੰਦ ਗੋਬਿੰਦ ਨਾਅਰਾ ਨਾਅਰਾ ਇਕ ਜਣਾਈਆ । ਗੋਬਿੰਦ ਅੰਦਰ ਗੋਬਿੰਦ ਅਨਡੀਠ, ਗੋਬਿੰਦ ਗੋਬਿੰਦ ਆਪਣਾ ਮੁੱਖ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪਣੇ ਹੱਥ ਰਖਾਈਆ । ਗੋਬਿੰਦ

ਅੰਦਰ ਗੋਬਿੰਦ ਯਾਰ, ਗੋਬਿੰਦ ਗੋਬਿੰਦ ਯਾਰੀ ਸਚ ਨਿਭਾਈਆ । ਗੋਬਿੰਦ ਅੰਦਰ ਗੋਬਿੰਦ ਪਰਵਰਦਿਗਾਰ, ਗੋਬਿੰਦ ਗੋਬਿੰਦ ਨਿਰਗੁਣ ਨੂਰ ਇਲਾਹੀਆ । ਗੋਬਿੰਦ ਅੰਦਰ ਗੋਬਿੰਦ ਸਾਂਝਾ ਯਾਰ, ਗੋਬਿੰਦ ਗੋਬਿੰਦ ਏਕਾ ਏਕ ਖੇਲ ਕਰਾਈਆ । ਗੋਬਿੰਦ ਅੰਦਰ ਗੋਬਿੰਦ ਉਜਿਆਰ, ਗੋਬਿੰਦ ਗੋਬਿੰਦ ਨੂਰ ਇਲਾਹੀਆ । ਗੋਬਿੰਦ ਅੰਦਰ ਗੋਬਿੰਦ ਤਲਬਗਾਰ, ਗੋਬਿੰਦ ਗੋਬਿੰਦ ਆਸਾ ਪੂਰ ਵਖਾਈਆ । ਗੋਬਿੰਦ ਅੰਦਰ ਗੋਬਿੰਦ ਸਤਾਰ, ਗੋਬਿੰਦ ਅੰਦਰ ਗੋਬਿੰਦ ਤਾਰ ਹਿਲਾਈਆ । ਗੋਬਿੰਦ ਅੰਦਰ ਗੋਬਿੰਦ ਅਹਿਬਾਬ ਕਰੇ ਪਿਆਰ, ਗੋਬਿੰਦ ਅੰਦਰ ਗੋਬਿੰਦ ਰਾਹ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਆਪਣੇ ਹੱਥ ਰਖਾਈਆ । ਗੋਬਿੰਦ ਅੰਦਰ ਗੋਬਿੰਦ ਮਹਿਬੂਬ, ਗੋਬਿੰਦ ਗੋਬਿੰਦ ਵੇਖ ਵਖਾਇੰਦਾ । ਗੋਬਿੰਦ ਮੰਦਰ ਗੋਬਿੰਦ ਅਰੂਜ, ਗੋਬਿੰਦ ਗੋਬਿੰਦ ਸੋਭਾ ਪਾਇੰਦਾ । ਗੋਬਿੰਦ ਅੰਦਰ ਗੋਬਿੰਦ ਮਹਿਫ਼ੂਜ਼, ਗੋਬਿੰਦ ਗੋਬਿੰਦ ਸਿਰ ਆਪਣਾ ਹੱਥ ਰਖਾਇੰਦਾ । ਗੋਬਿੰਦ ਅੰਦਰ ਗੋਬਿੰਦ ਹਕੂਕ, ਗੋਬਿੰਦ ਗੋਬਿੰਦ ਆਪ ਜਣਾਇੰਦਾ । ਗੋਬਿੰਦ ਅੰਦਰ ਗੋਬਿੰਦ ਮਾਅਸ਼ੂਕ, ਗੋਬਿੰਦ ਗੋਬਿੰਦ ਆਸ਼ਕ ਧਾਰ ਜਣਾਇੰਦਾ । ਗੋਬਿੰਦ ਅੰਦਰ ਗੋਬਿੰਦ ਗ਼ਰੂਬ, ਗੋਬਿੰਦ ਅੰਦਰ ਗੋਬਿੰਦ ਆਫ਼ਤਾਬ ਚਮਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਖੇਲ ਕਰਾਇੰਦਾ । ਗੋਬਿੰਦ ਅੰਦਰ ਗੋਬਿੰਦ ਰਾਮ, ਗੋਬਿੰਦ ਗੋਬਿੰਦ ਰਮੱਯਾ ਰੂਪ ਵਟਾਈਆ । ਗੋਬਿੰਦ ਅੰਦਰ ਗੋਬਿੰਦ ਕਾਹਨ, ਗੋਬਿੰਦ ਗੋਬਿੰਦ ਬੰਸਰੀ ਨਾਮ ਸੁਣਾਈਆ । ਗੋਬਿੰਦ ਅੰਦਰ ਗੋਬਿੰਦ ਨਿਸ਼ਾਨ, ਗੋਬਿੰਦ ਗੋਬਿੰਦ ਰਿਹਾ ਝੁਲਾਈਆ । ਗੋਬਿੰਦ ਅੰਦਰ ਗੋਬਿੰਦ ਆਣ, ਗੋਬਿੰਦ ਗੋਬਿੰਦ ਸੀਸ ਝੁਕਾਈਆ । ਗੋਬਿੰਦ ਅੰਦਰ ਗੋਬਿੰਦ ਰਾਜਾਨ, ਗੋਬਿੰਦ ਅੰਦਰ ਗੋਬਿੰਦ ਹੁਕਮ ਮਨਾਈਆ । ਗੋਬਿੰਦ ਅੰਦਰ ਗੋਬਿੰਦ ਸ਼ਾਹ ਸੁਲਤਾਨ, ਗੋਬਿੰਦ ਅੰਦਰ ਗੋਬਿੰਦ ਸੀਸ ਤਾਜ ਟਿਕਾਈਆ । ਗੋਬਿੰਦ ਅੰਦਰ ਗੋਬਿੰਦ ਵਾਲੀ ਦੋ ਜਹਾਨ, ਗੋਬਿੰਦ ਗੋਬਿੰਦ ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਖੇਲ ਰਚਾਈਆ । ਗੋਬਿੰਦ ਅੰਦਰ ਗੋਬਿੰਦ ਵਿਸ਼ਨ ਬ੍ਰਹਮਾ ਸ਼ਿਵ ਦੇਵੇ ਦਾਨ, ਗੋਬਿੰਦ ਗੋਬਿੰਦ ਸਾਚੀ ਵਸਤ ਆਪ ਵਰਤਾਈਆ । ਗੋਬਿੰਦ ਅੰਦਰ ਗੋਬਿੰਦ ਮਾਇਆ ਚੁਕੇ ਤ੍ਰੈ ਤ੍ਰੈ ਆਣ, ਗੋਬਿੰਦ ਅੰਦਰ ਗੋਬਿੰਦ ਤ੍ਰੈਗੁਣ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਉਪਾਈਆ । ਗੋਬਿੰਦ ਅੰਦਰ ਗੋਬਿੰਦ ਸੂਰਾ, ਗੋਬਿੰਦ ਗੋਬਿੰਦ ਸੂਰਬੀਰ ਅਖਵਾਇੰਦਾ । ਗੋਬਿੰਦ ਅੰਦਰ ਗੋਬਿੰਦ ਨੂਰਾ, ਗੋਬਿੰਦ ਗੋਬਿੰਦ ਜੋਤੀ ਜਾਤਾ ਡਗਮਗਾਇੰਦਾ । ਗੋਬਿੰਦ ਅੰਦਰ ਗੋਬਿੰਦ ਸਰਬ ਕਲਾਂ ਭਰਪੂਰਾ, ਗੋਬਿੰਦ ਗੋਬਿੰਦ ਭਰਪੂਰ ਹਰ ਘਟ ਥਾਈਂ ਨਜ਼ਰੀ ਆਇੰਦਾ । ਗੋਬਿੰਦ ਅੰਦਰ ਗੋਬਿੰਦ ਹਾਜ਼ਰ ਹਜ਼ੂਰਾ, ਗੋਬਿੰਦ ਗੋਬਿੰਦ ਆਪਣਾ ਰਾਹ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਵਰਤਾਇੰਦਾ । ਗੋਬਿੰਦ ਅੰਦਰ ਗੋਬਿੰਦ ਜੋਗ, ਗੋਬਿੰਦ ਗੋਬਿੰਦ ਰਿਹਾ ਜਣਾਈਆ । ਗੋਬਿੰਦ ਅੰਦਰ ਗੋਬਿੰਦ ਭੋਗ, ਗੋਬਿੰਦ ਗੋਬਿੰਦ ਵੇਖ ਵਖਾਈਆ । ਗੋਬਿੰਦ ਅੰਦਰ ਗੋਬਿੰਦ ਸੰਜੋਗ, ਗੋਬਿੰਦ ਅੰਦਰ ਗੋਬਿੰਦ ਮੇਲ ਮਿਲਾਈਆ । ਗੋਬਿੰਦ ਅੰਦਰ ਗੋਬਿੰਦ ਚੋਗ, ਗੋਬਿੰਦ ਗੋਬਿੰਦ ਤ੍ਰਿਸਨਾ ਭੁੱਖ ਮਿਟਾਈਆ । ਗੋਬਿੰਦ ਅੰਦਰ ਗੋਬਿੰਦ ਲੋਕ, ਗੋਬਿੰਦ ਗੋਬਿੰਦ ਪਰਲੋਕ ਵੇਖਣਹਾਰਾ ਬੇਪਰਵਾਹੀਆ । ਗੋਬਿੰਦ ਅੰਦਰ ਗੋਬਿੰਦ ਸਲੋਕ, ਗੋਬਿੰਦ ਗੋਬਿੰਦ ਢੋਲਾ ਰਿਹਾ ਜਣਾਈਆ । ਗੋਬਿੰਦ ਅੰਦਰ ਗੋਬਿੰਦ ਓਟ, ਗੋਬਿੰਦ ਗੋਬਿੰਦ ਧਿਆਨ ਰਖਾਈਆ । ਗੋਬਿੰਦ ਅੰਦਰ ਗੋਬਿੰਦ ਜੋਤ, ਗੋਬਿੰਦ ਗੋਬਿੰਦ ਨਿਰਗੁਣ ਜੋਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਇਕੋ ਹਰਿ, ਨਿਰਗੁਣ

ਦਾਤਾ ਵਡ ਵਡਿਆਈਆ । ਗੋਬਿੰਦ ਅੰਦਰ ਗੋਬਿੰਦ ਦਾਤਾਰ, ਗੋਬਿੰਦ ਗੋਬਿੰਦ ਦਾਨੀ ਨਜ਼ਰੀ ਆਇੰਦਾ । ਗੋਬਿੰਦ ਅੰਦਰ ਗੋਬਿੰਦ ਭੰਡਾਰ, ਗੋਬਿੰਦ ਗੋਬਿੰਦ ਆਪ ਵਰਤਾਇੰਦਾ । ਗੋਬਿੰਦ ਅੰਦਰ ਗੋਬਿੰਦ ਵਰਤਾਰ, ਗੋਬਿੰਦ ਗੋਬਿੰਦ ਖੇਲ ਰਚਾਇੰਦਾ । ਗੋਬਿੰਦ ਅੰਦਰ ਗੋਬਿੰਦ ਧਾਰ, ਗੋਬਿੰਦ ਗੋਬਿੰਦ ਲਹਿ ਲਹਿਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਗੋਬਿੰਦ ਖੇਲ ਕਰਾਇੰਦਾ । ਸੋ ਗੋਬਿੰਦ ਸਾਹਿਬ ਸੁਲਤਾਨ, ਸੋ ਪੁਰਖ ਨਿਰੰਜਣ ਵੱਡੀ ਵਡਿਆਈਆ । ਹਰਿ ਪੁਰਖ ਨਿਰੰਜਣ ਨੌਜਵਾਨ, ਸ਼ਾਹ ਪਾਤਸ਼ਾਹ ਇਕ ਅਖਵਾਈਆ । ਏਕੰਕਾਰ ਵਡ ਬਲਵਾਨ, ਬਲ ਆਪਣਾ ਆਪ ਪਰਗਟਾਈਆ । ਆਦਿ ਨਿਰੰਜਣ ਨੂਰ ਮਹਾਨ, ਨਿਰਗੁਣ ਜੋਤ ਜੋਤ ਰੁਸ਼ਨਾਈਆ । ਅਬਿਨਾਸ਼ੀ ਕਰਤਾ ਖੇਲ ਮਹਾਨ, ਸਮਝ ਸਕੇ ਕੋਇ ਨਾ ਰਾਈਆ । ਸ੍ਰੀ ਭਗਵਾਨ ਵਡ ਪਰਧਾਨ, ਸਚ ਪਰਧਾਨਗੀ ਆਪ ਕਮਾਈਆ । ਪਾਰਬ੍ਰਹਮ ਪ੍ਰਭ ਵੇਖਣਹਾਰਾ ਮਾਰ ਧਿਆਨ, ਧਿਆਨ ਧਿਆਨ ਵਿਚੋਂ ਪਰਗਟਾਈਆ । ਸਚਖੰਡ ਖੇਲ ਮਹਾਨ, ਸ਼ਾਹ ਪਾਤਸ਼ਾਹ ਆਪ ਖਲਾਈਆ । ਭੂਪਤ ਭੂਪ ਰਾਜ ਰਾਜਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਭੇਵ ਜਣਾਈਆ । ਭੂਪਤ ਭੂਪ ਸਤਿ ਸਰੂਪ, ਮਹਿਮਾ ਅਕਥ ਕਥੀ ਨਾ ਜਾਈਆ । ਵਸਣਹਾਰਾ ਆਪਣੀ ਕੂਟ, ਦਿਸ਼ਾ ਵੰਡ ਨਾ ਕੋਇ ਵੰਡਾਈਆ । ਨਾ ਤਾਗਾ ਨਾ ਤਾਣਾ ਪੇਟਾ ਸੂਤ, ਬਣਤ ਨਜ਼ਰ ਕਿਸੇ ਨਾ ਆਈਆ । ਤੱਤ ਕਾਇਆ ਨਾ ਕੋਇ ਕਲਬੂਤ, ਰੂਹ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਗੋਬਿੰਦ ਬੇਪਰਵਾਹੀਆ । ਸੋ ਗੋਬਿੰਦ ਅਗੰਮ ਅਥਾਹ, ਆਦਿ ਅੰਤ ਇਕ ਅਖਵਾਇੰਦਾ । ਜੋਤੀ ਨੂਰ ਨੂਰ ਰੁਸ਼ਨਾ, ਨਿਰਗੁਣ ਆਪਣੀ ਧਾਰ ਪਰਗਟਾਇੰਦਾ । ਮਹੱਲ ਅਟੱਲ ਇਕ ਵਸਾ, ਸਚਖੰਡ ਸਾਚੇ ਸੋਭਾ ਪਾਇੰਦਾ । ਦਰ ਦਰਵਾਜ਼ਾ ਦਰ ਖੁਲ੍ਹਾ, ਦਰ ਦਰਵੇਸ਼ ਵੇਖ ਵਖਾਇੰਦਾ । ਬੇਪਰਵਾਹ ਨੂਰੀ ਖ਼ੁਦਾ, ਹੱਕ ਮੁਕਾਮੇ ਡੇਰਾ ਲਾਇੰਦਾ । ਆਫ਼ਤਾਬ ਨਾ ਕੋਇ ਰੁਸ਼ਨਾ, ਨੂਰੋ ਨੂਰ ਨੂਰ ਚਮਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਗੋਬਿੰਦ ਵੇਸ ਵਟਾਇੰਦਾ । ਗੋਬਿੰਦ ਅੰਦਰ ਗੋਬਿੰਦ ਨੂਰ, ਗੋਬਿੰਦ ਗੋਬਿੰਦ ਆਪ ਧਰਾਈਆ । ਗੋਬਿੰਦ ਅੰਦਰ ਗੋਬਿੰਦ ਸਰੂਰ, ਗੋਬਿੰਦ ਗੋਬਿੰਦ ਆਪ ਵਖਾਈਆ । ਗੋਬਿੰਦ ਅੰਦਰ ਗੋਬਿੰਦ ਤੂਰ, ਗੋਬਿੰਦ ਗੋਬਿੰਦ ਨਾਦ ਸ਼ਨਵਾਈਆ । ਗੋਬਿੰਦ ਅੰਦਰ ਗੋਬਿੰਦ ਵਸੇ ਜ਼ਰੂਰ, ਗੋਬਿੰਦ ਗੋਬਿੰਦ ਜ਼ਰੂਰਤ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਗੋਬਿੰਦ ਇਕ ਵਡਿਆਈਆ । ਸਚ ਗੋਬਿੰਦ ਹਰਿ ਸੁਲਤਾਨ, ਸਤਿ ਸਤਿਵਾਦੀ ਆਪ ਅਖਵਾਇੰਦਾ । ਵਸਣਹਾਰਾ ਸਚਖੰਡ ਮਕਾਨ, ਸਚ ਸਿੰਘਾਸਣ ਡੇਰਾ ਲਾਇੰਦਾ । ਨਿਰਗੁਣ ਨਿਰਗੁਣ ਹੋ ਪਰਧਾਨ, ਧੁਰ ਪਰਧਾਨਗੀ ਆਪ ਕਮਾਇੰਦਾ । ਦੇਵਣਹਾਰਾ ਸਾਚਾ ਦਾਨ, ਆਪਣੀ ਵਸਤ ਆਪ ਵਰਤਾਇੰਦਾ । ਸੁਤ ਦੁਲਾਰਾ ਕਰ ਪਰਵਾਨ, ਵਿਸ਼ਨ ਬ੍ਰਹਮਾ ਸ਼ਿਵ ਸੇਵ ਲਗਾਇੰਦਾ । ਤ੍ਰੈਗੁਣ ਮਾਇਆ ਖੋਲ੍ਹ ਦੁਕਾਨ, ਪੰਚਮ ਹੱਟ ਚਲਾਇੰਦਾ । ਪੰਚ ਪਚੀਸਾ ਖੇਲ ਮਹਾਨ, ਜਗਤ ਜਗਦੀਸਾ ਆਪ ਕਰਾਇੰਦਾ । ਜ਼ਿਮੀਂ ਅਸਮਾਨਾਂ ਦੇ ਨਿਸ਼ਾਨ, ਦੋ ਜਹਾਨਾਂ ਧਾਰ ਬੰਧਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਗੋਬਿੰਦ ਖੇਲ ਕਰਾਇੰਦਾ । ਸੋ ਗੋਬਿੰਦ ਸ੍ਰੀ ਭਗਵਾਨ, ਆਦਿ ਜੁਗਾਦਿ ਸਮਾਈਆ । ਨਿਰਗੁਣ ਸਰਗੁਣ ਕਰ ਪਰਧਾਨ, ਲੱਖ ਚੁਰਾਸੀ ਵੰਡ ਵੰਡਾਈਆ । ਅੰਡਜ ਜੇਰਜ ਉਤਭੁਜ ਸੇਤਜ ਖੇਲ ਮਹਾਨ, ਖਾਣੀ ਬਾਣੀ ਰਾਹ ਵਖਾਈਆ । ਆਤਮ ਪਰਮਾਤਮ ਪਰਮਾਤਮ ਆਤਮ ਦੇਵਣਹਾਰਾ ਮਾਣ, ਮਿਹਰਵਾਨ ਸਿਰ ਆਪਣਾ ਹੱਥ ਟਿਕਾਈਆ । ਪਾਰਬ੍ਰਹਮ

੬੬੬
੧੪

ਬ੍ਰਹਮ ਰੱਖੇ ਆਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਗੋਬਿੰਦ ਵਡ ਵਡਿਆਈਆ । ਹਰਿ ਗੋਬਿੰਦ ਸੱਚਾ ਸ਼ਾਹ, ਸ਼ਾਹ ਪਾਤਸ਼ਾਹ ਆਪ ਅਖਵਾਇੰਦਾ । ਜੁਗ ਚੌਕੜੀ ਚਲਾਏ ਰਾਹ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੰਡ ਵੰਡਾਇੰਦਾ । ਆਤਮ ਪਰਮਾਤਮ ਦਏ ਸੁਹਾ, ਸੋਭਾਵੰਤ ਆਪ ਸੁਹਾਇੰਦਾ । ਨਿਰਗੁਣ ਧਾਰ ਨਿਰਗੁਣ ਮਲਾਹ, ਨਿਰਗੁਣ ਨਿਰਗੁਣ ਵੇਖ ਵਖਾਇੰਦਾ । ਨਿਰਗੁਣ ਜੋਤੀ ਨਿਰਗੁਣ ਜਗਾ, ਨਿਰਗੁਣ ਆਪਣੇ ਰੰਗ ਰੰਗਾਇੰਦਾ । ਨਿਰਗੁਣ ਨਾਉਂ ਨਿਰਗੁਣ ਵਟਾ, ਨਿਰਗੁਣ ਆਪਣਾ ਢੋਲਾ ਗਾਇੰਦਾ । ਨਿਰਗੁਣ ਉਹਲਾ ਨਿਰਗੁਣ ਚੁਕਾ, ਨਿਰਗੁਣ ਆਪਣਾ ਪਰਦਾ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਗੋਬਿੰਦ ਖੇਲ ਕਰਾਇੰਦਾ । ਹਰਿ ਗੋਬਿੰਦ ਖੇਲ ਅਪਾਰਾ, ਜੁਗ ਚੌਕੜੀ ਆਪ ਕਰਾਈਆ । ਨਿਰਗੁਣ ਸਰਗੁਣ ਲੈ ਅਵਤਾਰਾ, ਲੋਕਮਾਤ ਕਰੇ ਰੁਸ਼ਨਾਈਆ । ਬ੍ਰਹਮਾ ਵੇਖੇ ਸੁਤ ਦੁਲਾਰਾ, ਦੇਵਣਹਾਰ ਸਦਾ ਸਰਨਾਈਆ । ਬਰਾਹ ਕਰਨਹਾਰ ਪਿਆਰਾ, ਯਗੇ ਪੁਰਸ਼ ਜਗ ਜੀਵਣ ਜੁਗਤੀ ਇਕ ਜਣਾਈਆ । ਹਾਵ ਗ਼ਰੀਵ ਕਰ ਆਧਾਰਾ, ਨਰ ਨਰਾਇਣ ਭੇਦ ਚੁਕਾਈਆ । ਕਪਲ ਮੁਨ ਖੋਲ੍ਹ ਕਿਵਾੜਾ, ਦਤਾ ਤ੍ਰੈ ਰੰਗ ਰੰਗਾਈਆ । ਰਿਖਪ ਦੇਵ ਕਰ ਪਸਾਰਾ, ਪਿਰਥੂ ਆਪਣੀ ਸੇਵ ਜਣਾਈਆ । ਮਤਸ ਖੇਲ ਡੂੰਘੀ ਧਾਰਾ, ਕਛਪ ਆਪਣਾ ਹੁਕਮ ਮਨਾਈਆ । ਧਨੰਤਰ ਕਰੇ ਸਾਚੀ ਕਾਰਾ, ਮੋਹਣੀ ਆਪਣਾ ਰੂਪ ਵਟਾਈਆ । ਹੰਸਾ ਬੋਲ ਇਕ ਜੈਕਾਰਾ, ਮਾਣਕ ਮੋਤੀ ਚੋਗ ਮੁਖ ਭਰਾਈਆ । ਨਰ ਸਿੰਘ ਲੈ ਅਵਤਾਰਾ, ਅਗਨੀ ਤੱਤ ਤੱਤ ਬੁਝਾਈਆ । ਕਰੇ ਖੇਲ ਅਪਰ ਅਪਾਰਾ, ਹਰਿ ਗੋਬਿੰਦ ਬੇਪਰਵਾਹੀਆ । ਹਰੀ ਹਰਿ ਹੋ ਉਜਿਆਰਾ, ਧਰੂ ਲੇਖਾ ਲੇਖੇ ਲਾਈਆ । ਨਰ ਨਰਾਇਣ ਵਡ ਸਿਕਦਾਰਾ, ਗਜ ਆਪਣੇ ਕੰਧ ਉਠਾਈਆ । ਜੁਗ ਚੌਕੜੀ ਖੇਲ ਅਪਾਰਾ, ਸਤਿਜੁਗ ਆਪਣਾ ਬੰਧਨ ਪਾਈਆ । ਤ੍ਰੇਤੇ ਦੇਵਣਹਾਰ ਸਹਾਰਾ, ਰਾਮਪਰਸ ਪਰਸ ਆਪਣਾ ਰੰਗ ਰੰਗਾਈਆ । ਦਸਰਥ ਸੁਤ ਕਰ ਉਜਿਆਰਾ, ਰਾਮ ਰਾਮ ਰਾਮ ਰੂਪ ਪਰਗਟਾਈਆ । ਵਿਸ਼ਿਸ਼ਟ ਗੁਰ ਕਰ ਕਿਨਾਰਾ, ਆਪਣਾ ਅੱਖਰ ਕਰੇ ਪੜ੍ਹਾਈਆ । ਜਿਸ ਅੱਖਰ ਵਿਚੋਂ ਪਰਗਟ ਹੋਵੇ ਸਰਬ ਸੰਸਾਰਾ, ਸੋ ਨਿਸ਼ਅੱਖਰ ਹਰਿ ਗੋਬਿੰਦ ਵਿਚ ਸਮਾਈਆ । ਸੋ ਗੋਬਿੰਦ ਹੋਇਆ ਜ਼ਾਹਰਾ, ਜ਼ਾਹਰ ਜ਼ਹੂਰ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਸੱਚਾ ਸ਼ਹਿਨਸ਼ਾਹੀਆ । ਹਰਿ ਗੋਬਿੰਦ ਖੇਲ ਵੇਦ ਵਿਆਸ, ਦਾਤ ਆਪਣੀ ਧਾਰ ਜਣਾਇੰਦਾ । ਬਾਰਾਂ ਅਕਸ਼ਰ ਕਰ ਪਰਕਾਸ਼, ਅੱਖਰ ਅੱਖਰ ਜੋੜ ਜੁੜਾਇੰਦਾ । ਕਵਾਰ ਕੰਨਿਆਂ ਨਾ ਹੋਏ ਉਦਾਸ, ਮਿਹਰ ਨਜ਼ਰ ਇਕ ਉਠਾਇੰਦਾ । ਆਪ ਵੜਿਆ ਵਿਚ ਪਰਭਾਸ, ਜੰਗਲ ਜੂਹ ਡੇਰਾ ਲਾਇੰਦਾ । ਨਾ ਕੋਈ ਸੰਗੀ ਨਾ ਕੋਈ ਸਾਥ, ਸਗਲਾ ਸੰਗ ਨਾ ਕੋਇ ਰਖਾਇੰਦਾ । ਬ੍ਰਹਮਾ ਬੋਲੇ ਗਾਥ, ਨਾਰਦ ਆਪਣਾ ਤਾਲ ਵਜਾਇੰਦਾ । ਖੇਲੇ ਖੇਲ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤਾ ਆਪਣਾ ਭੇਵ ਖੁਲ੍ਹਾਇੰਦਾ । ਲੇਖਾ ਜਾਣ ਤ੍ਰਿਲੋਕੀ ਨਾਥ, ਮੁਕੰਦ ਮਨੋਹਰ ਲੱਖਮੀ ਨਰਾਇਣ ਨੈਣ ਆਪਣੇ ਨਾਲ ਮਿਲਾਇੰਦਾ । ਰਾਹ ਤੱਕੇ ਸ਼ੰਕਰ ਉਪਰ ਕੈਲਾਸ਼, ਬ੍ਰਹਮਾ ਆਪਣਾ ਨੈਣ ਉਠਾਇੰਦਾ । ਵਿਸ਼ਨੂੰ ਵੇਖੇ ਭੋਗ ਬਲਾਸ, ਭਸਮੜ ਆਪਣੀ ਕਾਰ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਗੋਬਿੰਦ ਹਰਖ ਸੋਗ ਨਾ ਕੋਈ ਚਿੰਦ, ਜੁਗ ਜੁਗ ਆਪਣੀ ਕਾਰ ਕਮਾਇੰਦਾ । ਗੋਬਿੰਦ ਮਾਇਆ ਗੋਬਿੰਦ ਛਾਇਆ, ਗੋਬਿੰਦ ਗੋਬਿੰਦ ਵਿਚੋਂ ਪਰਗਟਾਈਆ । ਗੋਬਿੰਦ ਢੋਲਾ ਗੋਬਿੰਦ ਗਾਇਆ, ਗੋਬਿੰਦ ਗੋਬਿੰਦ ਦਏ ਵਧਾਈਆ । ਗੋਬਿੰਦ ਨਹਾਵਣ ਗੋਬਿੰਦ ਨਹਾਇਆ, ਗੋਬਿੰਦ ਗੋਬਿੰਦ ਉਜਲ ਰਿਹਾ ਕਰਾਈਆ ।

ਗੋਬਿੰਦ ਘਰ ਗੋਬਿੰਦ ਆਇਆ, ਗੋਬਿੰਦ ਵੇਖੇ ਗੋਬਿੰਦ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਪ ਆਪਣੀ ਖੇਲ ਕਰਾਈਆ । ਸੋ ਗੋਬਿੰਦ ਕ੍ਰਿਸ਼ਨ ਕਾਹਨ, ਘਨੱਯਾ ਘਨੱਯਾ ਧਾਰ ਚਲਾਇੰਦਾ । ਤ੍ਰੈ ਤ੍ਰੈ ਲੋਕਾਂ ਇਕੋ ਦਾਨ, ਨਾਥ ਅਨਾਥਾਂ ਵੇਖ ਵਖਾਇੰਦਾ । ਬੇਪਰਵਾਹ ਸ੍ਰੀ ਭਗਵਾਨ, ਭਗਵਨ ਆਪਣੀ ਧਾਰ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਗੋਬਿੰਦ ਕਾਰ ਕਰਾਇੰਦਾ । ਹਰਿ ਗੋਬਿੰਦ ਪਰਵਰਦਿਗਾਰ, ਜਲਵਾ ਨੂਰ ਨੂਰ ਇਲਾਹੀਆ । ਨਿਰਗੁਣ ਸਰਗੁਣ ਮੂਸੇ ਕਰ ਉਜਿਆਰ, ਮੁਫ਼ਤ ਆਪਣੀ ਸੇਵ ਕਮਾਈਆ । ਬੋਧ ਅਗਾਧ ਨਾਦ ਧੁਨਕਾਰ, ਕਲਮਾ ਹੱਕ ਹੱਕ ਸੁਣਾਈਆ । ਕੋਹਤੂਰ ਖੇਲ ਅਪਾਰ, ਤੁਰਤ ਆਪਣੀ ਧਾਰ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸੋ ਗੋਬਿੰਦ ਜੋ ਮੂਸੇ ਮੀਤ, ਈਸੇ ਇਸਮ ਆਪ ਸਮਝਾਇੰਦਾ । ਨਿਰਗੁਣ ਧਾਰ ਨਿਰਗੁਣ ਰੀਤ, ਨਿਰਗੁਣ ਨਿਰਗੁਣ ਆਪ ਪਰਗਟਾਇੰਦਾ । ਕਰੇ ਖੇਲ ਸਦਾ ਅਨਡੀਠ, ਅਨਡਿਠੜੀ ਕਾਰ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖ਼ੁਦ ਆਪਣੀ ਕਾਰ ਕਮਾਇੰਦਾ । ਖ਼ੁਦਾ ਖ਼ੁਦ ਕਰੇ ਕਾਰ, ਖ਼ੁਦੀ ਨਜ਼ਰ ਵਿਚ ਨਾ ਆਈਆ । ਈਸੇ ਇਸ਼ਟ ਇਕ ਅਪਾਰ, ਇਸਮ ਆਜ਼ਮ ਦਏ ਸਮਝਾਈਆ । ਨਜ਼ਰੀ ਆਏ ਨੂਰ ਉਜਿਆਰ, ਜ਼ਹੂਰ ਇਕੋ ਇਕ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਗੋਬਿੰਦ ਵਡ ਵਡਿਆਈਆ । ਹਰਿ ਗੋਬਿੰਦ ਸਾਂਝਾ ਯਾਰ, ਯਾਰੀ ਆਪਣੀ ਸਚ ਨਿਭਾਇੰਦਾ । ਮੁਹੰਮਦ ਦੇਵਣਹਾਰ ਆਧਾਰ, ਚੌਕਾ ਜ਼ੀਰੋ ਨਾਲ ਮਿਲਾਇੰਦਾ । ਜ਼ੀਰੋ ਚਾਰ ਕਰੇ ਖ਼ਬਰਦਾਰ, ਸਿਫ਼ਰ ਚਾਰ ਭੇਵ ਕੋਇ ਨਾ ਪਾਇੰਦਾ । ਮੰਜ਼ਲ ਮੰਜ਼ਲ ਮੰਜ਼ਲ ਕਰੇ ਖ਼ਬਰਦਾਰ, ਮੰਜ਼ਲ ਆਪਣੇ ਹੱਥ ਰਖਾਇੰਦਾ । ਮਕਸਦ ਮਕਸਦ ਮਕਸਦ ਨਜ਼ਰ ਨਾ ਆਏ ਵਿਚ ਸੰਸਾਰ, ਮਤਲਬ ਆਪਣਾ ਹੱਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਰਚਾਇੰਦਾ । ਮੁਹੰਮਦ ਜਾਣੇ ਇਕੋ ਆਮਦ, ਆਮਦੀਦ ਆਪ ਜਣਾਈਆ । ਚੌਦਾਂ ਤਬਕ ਤੇਰੀ ਖ਼ੁਸ਼ਾਮਦ, ਖ਼ੁਸ਼ੀਆਂ ਨਾਲ ਦਏ ਸਮਝਾਈਆ । ਨੂਰੀ ਨਾਉਂ ਤੇਰੀ ਬਰਆਮਦ, ਵਸਤ ਤੇਰੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਮੁਹੰਮਦ ਵਡਿਆਈ ਜ਼ਿਮੀਂ ਅਸਮਾਨ, ਤਬਕ ਤਬਕਾਂ ਭੇਵ ਚੁਕਾਇੰਦਾ । ਸਬਕ ਸੁਣਾਏ ਬੇਜ਼ਬਾਨ, ਜ਼ਬਾਨ ਸਿਫ਼ਤ ਸਾਲਾਹੀ ਜਣਾਇੰਦਾ । ਤੀਸ ਬੱਤੀਸਾ ਲੇਖ ਕੁਰਾਨ, ਕਾਇਆ ਕੁਰਾ ਪਰਦਾ ਲਾਹਿੰਦਾ । ਆਮਲ ਇਕ ਦੋ ਜਹਾਨ, ਇਲਮ ਭੇਵ ਕੋਇ ਨਾ ਪਾਇੰਦਾ । ਕਾਮਲ ਪੀਰ ਮਿਹਬਾਨ ਬੀਦੋ ਬੀ ਖ਼ੈਰ ਯਾ ਅੱਲਾ ਇਲਾਹੀ ਨੂਰ ਨੌਜਵਾਨ, ਨੌਬਤ ਆਪਣੇ ਨਾਮ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਗੋਬਿੰਦ ਭੇਵ ਚੁਕਾਇੰਦਾ । ਹਰਿ ਗੋਬਿੰਦ ਖੇਲ ਨਿਰੰਕਾਰ, ਨਿਰਗੁਣ ਸਰਗੁਣ ਵੇਸ ਵਟਾਈਆ । ਨੰਨਾ ਨਾਨਕ ਕਰ ਤਿਆਰ, ਨਾਨਾ ਰੂਪ ਕਰੇ ਰੁਸ਼ਨਾਈਆ । ਕਰਮ ਕਾਂਡ ਤੇ ਕੀਤਾ ਬਾਹਰ, ਕਿਰਿਆ ਜਗਤ ਨਾ ਕੋਇ ਜਣਾਈਆ । ਸਾਚੀ ਘਾਟੀ ਆਪੇ ਚਾੜ੍ਹ, ਮੰਦਰ ਅੰਦਰ ਦਏ ਵਖਾਈਆ । ਮਹੱਲ ਅਟੱਲ ਉਚ ਮਨਾਰ, ਦੀਵਾ ਬਾਤੀ ਇਕ ਰੁਸ਼ਨਾਈਆ । ਸਾਚੀ ਸਖੀਆਂ ਮੰਗਲਚਾਰ, ਢੋਲਾ ਇਕੋ ਇਕ ਅਲਾਈਆ । ਅੱਗੇ ਵੇਖ ਖੋਲ੍ਹ ਕਿਵਾੜ, ਸ੍ਰੀ ਭਗਵਾਨ ਸਚ ਜਣਾਈਆ । ਨਾਤਾ ਤੁੱਟੇ ਬਹੱਤਰ ਨਾੜ, ਹਾਡੀ ਮੇਲ ਨਾ ਕੋਇ ਰਖਾਈਆ । ਸੁਨ ਅਗੰਮੋਂ ਹੋ ਪਾਰ, ਥਿਰ ਘਰ ਆਪਣਾ ਡੇਰਾ ਲਾਈਆ । ਥਿਰ ਘਰ ਖੇਲ ਕਰੇ

ਕਰਤਾਰ, ਕਰਤਾ ਆਪਣਾ ਰੂਪ ਵਟਾਈਆ । ਮੇਲ ਮਿਲਾਏ ਸਿਰਜਣਹਾਰ, ਸ੍ਰੀ ਭਗਵਾਨ ਸੱਚਾ ਸ਼ਹਿਨਸ਼ਾਹੀਆ । ਲੈ ਕੇ ਜਾਏ ਆਪਣੇ ਨਾਲ, ਜਿਨ੍ਹਾਂ ਪੂਰਨ ਦਇਆ ਕਮਾਈਆ । ਸਚਖੰਡ ਦਵਾਰੇ ਚਰਨ ਕਵਲ ਦਏ ਬਹਾਲ, ਮੁਖ ਆਪਣਾ ਨਾ ਕਿਸੇ ਵਖਾਈਆ । ਨਾਨਕ ਓਥੇ ਜਾ ਕੇ ਕਰੀਂ ਸੁਆਲ, ਤੇਰੀ ਆਸਾ ਪੂਰ ਕਰਾਈਆ । ਨਾ ਸ਼ਾਹ ਨਾ ਕੰਗਾਲ, ਤਖ਼ਤ ਤਾਜ ਇਕ ਹੰਢਾਈਆ । ਜੁਗ ਚੌਕੜੀ ਬਣ ਦਲਾਲ, ਸਰਗੁਣ ਮਾਰਗ ਦਏ ਵਖਾਈਆ । ਨੂਰ ਨੂਰ ਨੂਰ ਜਲਾਲ, ਜਲਵਾ ਇਕੋ ਇਕ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਨਾਨਕ ਵੇਖ ਹਰਿ ਗੋਬਿੰਦ, ਆਪਣਾ ਆਪ ਨਾ ਕੋਇ ਜਣਾਈਆ । ਤੂੰ ਮੇਰਾ ਮੈਂ ਤੇਰੀ ਬਿੰਦ, ਕਿਰਨ ਕਿਰਨ ਵਿਚੋਂ ਚਮਕਾਈਆ । ਤੂੰ ਸਾਹਿਬ ਗਹਿਰ ਗੰਭੀਰ ਸਾਗਰ ਸਿੰਧ, ਹਉਂ ਅੰਤ ਕੋਇ ਨਾ ਆਈਆ । ਤੂੰ ਠਾਕਰ ਸਵਾਮੀ ਸਦਾ ਬਖ਼ਸ਼ੰਦ, ਬੇਪਰਵਾਹ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਵਰ ਦਾਤਾ ਆਪ ਅਖਵਾਈਆ । ਨਾਨਕ ਵੇਖ ਨੇਤਰ ਖੋਲ੍ਹ, ਬਿਨ ਨੈਣਾਂ ਨੈਣ ਮਿਲਾਈਆ । ਸੋ ਪੁਰਖ ਤੇਰੇ ਵਸੇ ਕੋਲ, ਜਿਸ ਦਾ ਰੂਪ ਰੰਗ ਰੇਖ ਨਜ਼ਰ ਕੋਇ ਨਾ ਆਈਆ । ਆਦਿ ਜੁਗਾਦਿ ਜਿਸ ਦੇ ਨਾਮ ਦਾ ਵੱਜਦਾ ਢੋਲ, ਗੁਰ ਅਵਤਾਰ ਪੀਰ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਸਾਹਿਬ ਖੇਲ ਰਚਾਈਆ । ਨਾਨਕ ਮੰਗੇ ਦਾਨ, ਚਰਨ ਦੁਆਰਿਆ । ਤੂੰ ਦੇਵਣਹਾਰ ਭਗਵਾਨ, ਨਰ ਨਿਰੰਕਾਰਿਆ । ਹਉਂ ਬਾਲਕ ਬਾਲ ਅਞਾਣ, ਤੇਰਾ ਅੰਤ ਨਾ ਪਾਰਿਆ । ਸਚ ਦੁਆਰਾ ਵੇਖਿਆ ਆਣ, ਜਿਸ ਘਰ ਸਾਹਿਬ ਡੇਰਾ ਲਾ ਲਿਆ । ਨਿਰਗੁਣ ਨੂਰ ਮਹਾਨ, ਤੇਲ ਬੱਤੀ ਨਾ ਕੋਇ ਰਖਾ ਲਿਆ । ਰਾਗ ਨਾਦ ਨਾ ਕੋਇ ਧੁਨਕਾਨ, ਰਸਨਾ ਜਿਹਵਾ ਨਾ ਸ਼ਬਦ ਸੁਣਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੋ ਚਾਹੇਂ ਸੋ ਦੇਵੇਂ ਵਰ, ਮੈਂ ਤੇਰੀ ਓਟ ਤਕਾ ਰਿਹਾ । ਸ੍ਰੀ ਭਗਵਾਨ ਪਿਆ ਹੱਸ, ਨਿਰਗੁਣ ਨਿਰਗੁਣ ਨਾਨਕ ਰਿਹਾ ਜਣਾਈਆ । ਨਿਰਗੁਣ ਮਾਰਗ ਸੱਚਾ ਦੱਸ, ਨਾਨਕ ਨਾਮ ਸਤਿ ਪੜ੍ਹਾਈਆ । ਹੋਏ ਪਰਕਾਸ਼ ਤੱਤ ਅੱਠ, ਅੱਠ ਤੱਤ ਮਿਲੇ ਵਡਿਆਈਆ । ਲੇਖੇ ਲੱਗੇ ਸਭ ਦੀ ਰਤ, ਜੋ ਮੇਰਾ ਨਾਮ ਧਿਆਈਆ । ਘਰ ਘਰ ਅੰਦਰ ਦੇ ਬ੍ਰਹਮ ਮਤ, ਬ੍ਰਹਮ ਵਿਦਿਆ ਇਕ ਪੜ੍ਹਾਈਆ । ਅੰਤਰ ਆਤਮ ਹੋਵੇ ਪਰਤੱਖ, ਪਾਰਬ੍ਰਹਮ ਬੇਪਰਵਾਹੀਆ । ਭਗਤਾਂ ਸੰਤਾਂ ਖੋਲ੍ਹ ਜਾਏ ਅੱਖ, ਨਿਜ ਨੇਤਰ ਪਰਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਨਾਨਕ ਦੋਏ ਜੋੜ ਗਿਆ ਝੁਕ, ਪ੍ਰਭ ਸਰਨ ਮਿਲੇ ਸਰਨਾਈਆ । ਤੇਰਾ ਨਜ਼ਰ ਨਾ ਆਇਆ ਮੁਖ, ਕਿਉਂ ਬੈਠਾ ਮੁਖ ਛੁਪਾਈਆ । ਇਹੋ ਲੱਗਾ ਮੈਨੂੰ ਦੁੱਖ, ਦੁੱਖ ਅਵਰ ਨਾ ਕੋਇ ਰਖਾਈਆ । ਪ੍ਰਭ ਤੇਰੇ ਮਿਲਣ ਦੀ ਲੱਗੀ ਭੁੱਖ, ਆਸਾ ਹੋਰ ਨਾ ਨਾਲ ਲਿਆਈਆ । ਸ੍ਰੀ ਭਗਵਾਨ ਨਿਰਗੁਣ ਨਿਰਵੈਰ ਅਜੂਨੀ ਰਹਿਤ ਆਪਣਾ ਪਰਦਾ ਚੁੱਕ, ਸਨਮੁਖ ਨੂਰ ਦਏ ਦਰਸਾਈਆ । ਨਾਨਕ ਕਹੇ ਤੂੰ ਨਾ ਮਾਨੁਸ ਤੇ ਨਾ ਮਾਨੁਖ, ਮਾਨੁਸ਼ ਨਜ਼ਰ ਕੋਇ ਨਾ ਆਈਆ । ਸਚਖੰਡ ਦਵਾਰੇ ਬੈਠੋਂ ਲੁਕ, ਆਪ ਆਪਣਾ ਪਰਦਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਸਾਚਾ ਵਰ, ਕਵਣ ਵੇਲਾ ਹੋਏਂ ਸਹਾਈਆ । ਪੁਰਖ ਅਬਿਨਾਸ਼ੀ ਦੱਸੇ ਗੀਤ, ਹਰਿ ਗੋਬਿੰਦ ਆਪ ਅਲਾਈਆ । ਨਾਨਕ ਜਗ ਚਲਾ ਸਾਚੀ ਰੀਤ, ਚਾਰ ਵਰਨ ਗਿਆਨ ਦ੍ਰਿੜਾਈਆ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਬੰਨ੍ਹ ਪ੍ਰੀਤ, ਪ੍ਰੀਤੀਵਾਨ ਇਕ ਦਰਸਾਈਆ । ਲਹਿਣਾ ਦੇਣਾ

ਮੁੱਕਾ ਹਸਤ ਕੀਟ, ਊਚ ਨੀਚ ਨਜ਼ਰ ਕੋਇ ਨਾ ਆਈਆ । ਤੇਰੀ ਧਾਰ ਰਖਾ ਠੀਕ, ਠੋਕਰ ਆਪਣੇ ਨਾਮ ਲਗਾਈਆ । ਨੌ ਦਵਾਰ ਨਾ ਹੋਣ ਪਲੀਤ, ਕੂੜੀ ਕਿਰਿਆ ਬਾਹਰ ਕਢਾਈਆ । ਪੰਜ ਤੱਤ ਲੇਖਾ ਲਾਉਣਾ ਸੀਸ, ਨਿਉਂ ਨਿਉਂ ਤੇਰਾ ਰੰਗ ਰੰਗਾਈਆ । ਦਸਵੇਂ ਖੇਲ ਕਰੇ ਜਗਦੀਸ, ਜਾਮਾ ਜੋਤੀ ਨੂਰ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਗੋਬਿੰਦ ਨਾਨਕ ਰਿਹਾ ਸਮਝਾਈਆ । ਸ੍ਰੀ ਗੁਰ ਨਾਨਕ ਅੱਗੋਂ ਪਿਆ ਹੱਸ, ਪ੍ਰਭ ਤੇਰੀ ਵੱਡੀ ਵਡਿਆਈਆ । ਨੌਂ ਜਾਮੇ ਮੇਰੀ ਧਾਰ ਦਿਤੀ ਦੱਸ, ਅੱਗੇ ਆਪਣੀ ਸਰਨ ਰਖਾਈਆ । ਆਦਿ ਜੁਗਾਦੀ ਸਦਾ ਸਦਾ ਸਦ ਤੇਰਾ ਹੱਕ, ਮਾਲਕ ਤੂਹੀ ਨਜ਼ਰੀ ਆਈਆ । ਨਿਰਗੁਣ ਹੋ ਕੇ ਰਿਹੋਂ ਵਸ, ਸਰਗੁਣ ਡੇਰਾ ਲਾਈਆ । ਤੇਰਾ ਨਾਮ ਆਦਿ ਜੁਗਾਦਿ ਰਹੇ ਰਟ, ਜੁਗ ਚੌਕੜੀ ਸਿਫ਼ਤ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਗੋਬਿੰਦ ਆਪਣਾ ਪਰਦਾ ਲਾਹੀਆ । ਹਰਿ ਗੋਬਿੰਦ ਕਹੇ ਮੈਂ ਦੱਸਾਂ ਏਕ, ਏਕਾ ਏਕ ਵੱਡੀ ਵਡਿਆਈਆ । ਨੌਂ ਧਾਰ ਨਾਨਕ ਟੇਕ, ਦਸਵੇਂ ਆਪਣੀ ਗੰਢ ਪੁਆਈਆ । ਪੂਰਬ ਜਨਮ ਜਨਮ ਵੇਖ, ਦੁਸ਼ਟ ਦਮਨ ਦਿਆਂ ਵਡਿਆਈਆ । ਹੇਮ ਕੁੰਟ ਮਾਣਾ ਸੇਜ, ਸੀਤਲ ਧਾਰ ਰੂਪ ਵਟਾਈਆ । ਹੁਕਮੇ ਅੰਦਰ ਦੇਵਾਂ ਭੇਜ, ਧੁਰ ਫ਼ਰਮਾਨ ਸਮਝਾਈਆ । ਜੋਤੀ ਨੂਰ ਬਖ਼ਸ਼ ਤੇਜ, ਘਰ ਜੋਤ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੰਢ ਆਪਣੇ ਨਾਲ ਪੁਆਈਆ । ਦਸਵੇਂ ਗੰਢ ਪਾਏ ਕਰਤਾਰ, ਕਰਤਾ ਖੇਲ ਕਰਾਈਆ । ਦੇਵਣਹਾਰਾ ਸਦਾ ਅਧਾਰ, ਉਦਰ ਅੰਦਰ ਵੇਖ ਵਖਾਈਆ । ਜਨਮ ਜਨਮ ਪਾਵੇ ਸਾਰ, ਪਾਰਖੂ ਬਣੇ ਬੇਪਰਵਾਹੀਆ । ਦੇਵਣਹਾਰ ਸਚ ਪਿਆਰ, ਮਿਹਰ ਨਜ਼ਰ ਇਕ ਉਠਾਈਆ । ਨਿਰਗੁਣ ਸਰਗੁਣ ਬਣਾਏ ਸੁਤ ਦੁਲਾਰ, ਪੂਤ ਸਪੂਤਾ ਵੇਖ ਵਖਾਈਆ । ਏਕਾ ਜਨਣੀ ਕਰ ਉਜਿਆਰ, ਗੁਜਰੀ ਗੋਦ ਗੋਦ ਵਡਿਆਈਆ । ਤੇਗ਼ ਬਹਾਦਰ ਚਿਟੀ ਧਾਰ, ਸਾਦਰ ਆਪਣਾ ਭੇਵ ਖੁਲ੍ਹਾਈਆ । ਕਰਤਾ ਕਾਦਰ ਕਰੇ ਵੀਚਾਰ, ਸੋਚ ਸਮਝ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਗੋਬਿੰਦ ਗੋਬਿੰਦ ਵਿਚ ਸਮਾਈਆ । ਹਰਿ ਗੋਬਿੰਦ ਉਪਜੇ ਗੋਬਿੰਦ ਨੰਦ, ਗੋਬਿੰਦ ਮਾਤ ਪਿਤ ਅਖਵਾਇੰਦਾ । ਹਰਿ ਗੋਬਿੰਦ ਧਾਰਾ ਗੋਬਿੰਦ ਚੰਦ, ਹਰਿ ਗੋਬਿੰਦ ਕਿਰਨ ਕਿਰਨ ਚਮਕਾਇੰਦਾ । ਹਰਿ ਗੋਬਿੰਦ ਢੋਲਾ ਗੋਬਿੰਦ ਛੰਦ, ਹਰਿ ਗੋਬਿੰਦ ਰਾਗ ਅਲਾਇੰਦਾ । ਹਰਿ ਗੋਬਿੰਦ ਖੇੜਾ ਗੋਬਿੰਦ ਪਿੰਡ, ਹਰਿ ਗੋਬਿੰਦ ਡੇਰਾ ਲਾਇੰਦਾ । ਹਰਿ ਗੋਬਿੰਦ ਸਾਗਰ ਗੋਬਿੰਦ ਸਿੰਧ, ਗੋਬਿੰਦ ਗਹਿਰ ਗੰਭੀਰ ਅਖਵਾਇੰਦਾ । ਹਰਿ ਗੋਬਿੰਦ ਬਣਾ ਗੋਬਿੰਦ ਬਿੰਦ, ਹਰਿ ਗੋਬਿੰਦ ਪੂਤ ਸਪੂਤਾ ਗੋਦ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਗੁਰ ਅਵਤਾਰ ਪੀਰ ਪੈਗ਼ੰਬਰ ਆਪਣੀ ਕਾਰ ਕਮਾਇੰਦਾ । ਹਰਿ ਗੋਬਿੰਦ ਮਿਹਰਵਾਨ, ਹਰਿ ਗੋਬਿੰਦ ਕੁਰਬਾਨ, ਹਰਿ ਗੋਬਿੰਦ ਦਾਨ, ਹਰਿ ਗੋਬਿੰਦ ਨਿਸ਼ਾਨ, ਗੋਬਿੰਦ ਰੂਪ ਇਕ ਦਰਸਾਈਆ । ਹਰਿ ਗੋਬਿੰਦ ਬਲਵਾਨ, ਹਰਿ ਗੋਬਿੰਦ ਭਗਵਾਨ, ਹਰਿ ਗੋਬਿੰਦ ਜਵਾਨ, ਗੋਬਿੰਦ ਆਪਣਾ ਬਲ ਪਰਗਟਾਈਆ । ਹਰਿ ਗੋਬਿੰਦ ਮੈਦਾਨ, ਹਰਿ ਗੋਬਿੰਦ ਕਲਿਆਣ, ਹਰਿ ਗੋਬਿੰਦ ਵੇਖੇ ਮਾਰ ਧਿਆਨ, ਗੋਬਿੰਦ ਆਪਣੀ ਸੇਵ ਕਮਾਈਆ । ਗੋਬਿੰਦ ਦੇ ਕੇ ਜਾਏ ਬਿਆਨ, ਗੋਬਿੰਦ ਲੇਖ ਲਿਖੇ ਮਹਾਨ, ਗੋਬਿੰਦ ਗੋਬਿੰਦ ਭੇਵ ਚੁਕਾਈਆ । ਗੋਬਿੰਦ ਮੰਗੇ ਗੋਬਿੰਦ ਦਾਨ, ਗੋਬਿੰਦ ਦੇਵਣਹਾਰਾ ਸੁਲਤਾਨ, ਗੋਬਿੰਦ ਆਸਾ ਪੂਰ ਕਰਾਈਆ । ਗੁਰ ਗੋਬਿੰਦ ਕਹੇ

ਕਲ ਕਲਕੀ ਪਰਗਟ ਹੋਵੇ ਨੌਜਵਾਨ, ਲੇਖਾ ਜਾਣੇ ਦੋ ਜਹਾਨ, ਜ਼ਿਮੀਂ ਅਸਮਾਨ ਨਜ਼ਰ ਕਿਸੇ ਨਾ ਆਈਆ । ਸੰਬਲ ਵਸੇ ਇਕ ਮਕਾਨ, ਦੇਵਣਹਾਰਾ ਆਪੇ ਦਾਨ, ਦਇਆਵਾਨ ਫੇਰਾ ਪਾਈਆ । ਸੋ ਗੋਬਿੰਦ ਹੋਏ ਭਗਵਾਨ, ਜਿਸ ਦਾ ਝੁਲਦਾ ਰਹੇ ਨਿਸ਼ਾਨ, ਸਜਦਾ ਕਰਨ ਦੋ ਜਹਾਨ, ਬ੍ਰਹਿਮੰਡ ਖੰਡ ਬੈਠਣ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਦ੍ਰਿੜਾਈਆ । ਗੋਬਿੰਦ ਕਹੇ ਸੁਣੋ ਸਚ ਸਿਖਿਆ, ਸੋਚ ਸਮਝ ਵਿਚ ਕਿਸੇ ਨਾ ਆਈਆ । ਆਦਿ ਪੁਰਖ ਜੋ ਲੇਖ ਲਿਖਿਆ, ਜੁਗਾਦਿ ਕੋਈ ਮੇਟ ਸਕੇ ਨਾ ਰਾਈਆ । ਜੁਗ ਚੌਕੜੀ ਸਦਾ ਮਿਥਿਆ, ਥਿਰ ਕੋਇ ਰਹਿਣ ਨਾ ਪਾਈਆ । ਸਾਹਿਬ ਸਤਿਗੁਰ ਆਪਣਾ ਭਾਣਾ ਆਪ ਨਜਿਠਿਆ, ਨਿਰਗੁਣ ਨਿਰਗੁਣ ਫੇਰਾ ਪਾਈਆ । ਕਲਜੁਗ ਅੰਤਮ ਭਗਤ ਭਗਵਾਨ ਤਾਰੇ ਇਕੱਠਿਆਂ, ਜੁਗ ਵਿਛੜੇ ਮੇਲ ਮਿਲਾਈਆ । ਲੇਖੇ ਲਾਏ ਦਰ ਤੇ ਢੱਠਿਆਂ, ਡਿਗਿਆਂ ਆਪਣੇ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਗੋਬਿੰਦ ਦਾਤਾ ਬੇਪਰਵਾਹੀਆ । ਗੋਬਿੰਦ ਮਰਦ ਮਰਦ ਮਰਦਾਨਾ, ਮਰਦਾਨਗੀ ਗੋਬਿੰਦ ਰਿਹਾ ਕਰਾਈਆ । ਗੋਬਿੰਦ ਵੇਖਣਹਾਰ ਜ਼ਮਾਨਾ, ਗੋਬਿੰਦ ਨਿਰਗੁਣ ਸਰਗੁਣ ਵੇਸ ਧਰਾਈਆ । ਗੋਬਿੰਦ ਗੋਪੀ ਗੋਬਿੰਦ ਕਾਹਨਾ, ਗੋਬਿੰਦ ਬੰਸਰੀ ਨਾਮ ਵਜਾਈਆ । ਗੋਬਿੰਦ ਰਮਈਆ ਗੋਬਿੰਦ ਰਾਮਾ, ਗੋਬਿੰਦ ਸੁਰਤੀ ਸੀਤਾ ਆਪ ਪਰਨਾਈਆ । ਗੋਬਿੰਦ ਧਨੁਸ਼ ਗੋਬਿੰਦ ਕਮਾਨਾ, ਗੋਬਿੰਦ ਜਨਕ ਦੇਵਣਹਾਰ ਵਡਿਆਈਆ । ਗੋਬਿੰਦ ਤੀਰ ਗੋਬਿੰਦ ਨਿਸ਼ਾਨਾ, ਗੋਬਿੰਦ ਦੁਸ਼ਟਾਂ ਰਿਹਾ ਘਾਈਆ । ਗੋਬਿੰਦ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਖੇਲੇ ਖੇਲ ਮਹਾਨਾ, ਖ਼ਾਲਕ ਖ਼ਲਕ ਰੂਪ ਵਟਾਈਆ । ਗੋਬਿੰਦ ਈਸਾ ਮੂਸਾ ਮੁਹੰਮਦ ਚਾਰ ਯਾਰੀ ਬੰਨ੍ਹੇ ਗਾਨਾ, ਗੋਬਿੰਦ ਅੱਲਾ ਰਾਣੀ ਏਕਾ ਮੰਦਰ ਦਏ ਬੁਝਾਈਆ । ਗੋਬਿੰਦ ਮਸਲਾ ਵੇਖੇ ਹੱਕ ਕੁਰਾਨਾ, ਗੋਬਿੰਦ ਮੁਸੱਲਾ ਹੇਠ ਰਿਹਾ ਵਿਛਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਗੋਬਿੰਦ ਆਇਆ ਜਿਸ ਆਦਿ ਜੁਗਾਦੀ ਖੇਲ ਰਚਾਇਆ, ਰਚਨਹਾਰਾ ਫੇਰਾ ਪਾਈਆ । ਆਉ ਵੇਖੋ ਗੋਬਿੰਦ ਮੀਤ, ਹਰਿ ਮਿੱਤਰ ਪਿਆਰਾ ਨਜ਼ਰੀ ਆਈਆ । ਜਿਸ ਦਾ ਇਕੋ ਢੋਲਾ ਇਕੋ ਗੀਤ, ਗੁਰ ਗਿਆਨ ਸ਼ਬਦ ਦ੍ਰਿੜਾਈਆ । ਜਿਸ ਦੇ ਅੰਦਰ ਮੰਦਰ ਮਸੀਤ, ਕੋਟਨ ਕਾਅਬੇ ਬੈਠੇ ਸੀਸ ਝੁਕਾਈਆ । ਜਿਸ ਦੇ ਗ੍ਰਿਹਿ ਵਸਣ ਠਾਕਰ ਦਵਾਰੇ ਅਨੀਤ, ਨਿਤ ਨਿਤ ਧਿਆਨ ਲਗਾਈਆ । ਜਿਸ ਘਰ ਗੁਰਦਵਾਰੇ ਕਹਿਣ ਪ੍ਰਭੂ ਇਹ ਠੀਕ, ਬ੍ਰਹਮ ਦਾਤਾ ਪਾਰਬ੍ਰਹਮ ਬੇਪਰਵਾਹੀਆ । ਉਹ ਵੇਖੇ ਲਾਸ਼ਰੀਕ, ਸ਼ਹਿਨਸ਼ਾਹ ਆਪਣਾ ਵੇਸ ਵਟਾਈਆ । ਪਰਵਰਦਿਗਾਰ ਸਾਂਝੇ ਯਾਰ ਨਾਲ ਕਰਕੇ ਵੇਖੋ ਸਚ ਪ੍ਰੀਤ, ਕੂੜਾ ਨਾਤਾ ਦਏ ਤੁੜਾਈਆ । ਰਾਮ ਝਰੋਲੇ ਕਰਕੇ ਵੇਖੋ ਪ੍ਰੀਤ, ਝਰੋਖਾ ਆਪਣਾ ਦਏ ਵਖਾਈਆ । ਪਰਦਾ ਪਰਦਾ ਪਰਦਾ ਖੋਲ੍ਹੇ ਹੋ ਨਜ਼ਦੀਕ, ਦੂਰ ਦੁਰਾਡਾ ਪੰਧ ਮੁਕਾਈਆ । ਲੇਖਾ ਜਾਣੇ ਹਸਤ ਕੀਟ, ਨੀਚ ਨੀਚਾਂ ਲਏ ਉਠਾਈਆ । ਕਰਵਟ ਬਦਲੇ ਜੋ ਸੁੱਤਾ ਦੇ ਕਰ ਪੀਠ, ਮੁਖ ਆਪਣਾ ਦਏ ਵਖਾਈਆ । ਕਲਜੁਗ ਅੰਤਮ ਸਾਧੋ ਸੰਤੋ ਜੀਵੋ ਜੰਤੋ ਪਾਰਬ੍ਰਹਮ ਪਤਿਪਰਮੇਸ਼ਵਰ ਆਤਮ ਪਰਮਾਤਮ ਸੋਹੰ ਢੋਲਾ ਗਾਓ ਗੀਤ, ਗੀਤ ਗੋਬਿੰਦ ਰਿਹਾ ਜਣਾਈਆ । ਗਾਓ ਗੀਤ ਹਰਿ ਗੋਬਿੰਦ, ਸੋ ਸਾਹਿਬ ਆਪ ਜਣਾਈਆ । ਮਾਣਸ ਜਨਮ ਨਾ ਰਹੇ ਚਿੰਦ, ਚਿੰਤਾ ਚਿਖਾ ਰਿਹਾ ਬੁਝਾਈਆ । ਲੇਖਾ ਚੁੱਕੇ ਜੀਉ ਪਿੰਡ, ਇੰਡ ਬ੍ਰਹਿਮੰਡ ਭੇਵ ਦਏ ਖੁਲ੍ਹਾਈਆ । ਅੰਮ੍ਰਿਤ ਧਾਰ ਬਖ਼ਸ਼ੇ ਸਾਗਰ ਸਿੰਧ, ਨਿਝਰ ਝਿਰਨਾ ਸਤਿ ਝਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵਣਹਾਰ

ਵਡਿਆਈਆ । ਗੋਬਿੰਦ ਨਾਮ ਜਪੇ ਜਪ, ਜਪਤ ਜਪਤ ਸੁਖ ਪਾਇਆ । ਤ੍ਰੈਗੁਣ ਮਾਇਆ ਮਿਟੇ ਤਪ, ਤਪਸ਼ ਹੋਰ ਰਹੇ ਨਾ ਰਾਇਆ । ਪੂਰਬ ਜਨਮ ਦੇ ਮਿਟਣ ਪਪ, ਮਾਣਸ ਜਨਮ ਲੇਖੇ ਰਿਹਾ ਲਗਾਇਆ । ਜੋ ਦੁਖੜਾ ਸੋ ਸਤਿਗੁਰ ਅੱਗੇ ਦਿਓ ਦੱਸ, ਦੁਖੀਆਂ ਦੁੱਖ ਰਿਹਾ ਗਵਾਇਆ । ਰਾਤੀਂ ਸੁੱਤਿਆਂ ਦਰਸ ਦਿਖਾਏ ਹੱਸ ਹੱਸ, ਘਰ ਘਰ ਫੇਰਾ ਪਾਇਆ । ਦੂਰ ਦੁਰਾਡਾ ਪੰਧ ਮੁਕਾਏ ਨੱਸ ਨੱਸ, ਨਿਰਗੁਣ ਆਪਣੀ ਸੇਵਾ ਲਾਇਆ । ਜਨ ਭਗਤਾਂ ਢੋਲਾ ਗਾਏ ਜਸ, ਜਸ ਆਪਣੇ ਨਾਲ ਮਿਲਾਇਆ । ਨਿਰਗੁਣ ਹੋ ਕੇ ਸਰਗੁਣ ਅੰਦਰ ਰਿਹਾ ਵਸ, ਵਸੇਰਾ ਗੁਰਮੁਖਾਂ ਅੰਦਰ ਆਪ ਰਖਾਇਆ । ਪ੍ਰੀਤੀ ਅੰਦਰ ਗਿਆ ਫਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਗੋਬਿੰਦ ਆਪਣਾ ਭੇਵ ਜਣਾਇਆ । ਜਿਸ ਗੋਬਿੰਦ ਨੂੰ ਲੱਭੇ ਜਗ, ਸੋ ਗੋਬਿੰਦ ਰਿਹਾ ਜਣਾਈਆ । ਗੁਰਮੁਖੋ ਵੇਖੋ ਉਪਰ ਸ਼ਾਹ ਰਗ, ਬੈਠਾ ਆਪਣਾ ਡੇਰਾ ਲਾਈਆ । ਜਗਤ ਦਵਾਰਾ ਪਾਰ ਕਰ ਕੇ ਆਓ ਹੱਦ, ਸਤਿਗੁਰ ਨੌਂ ਦਵਾਰੇ ਹੱਦ ਪਾਰ ਆਪ ਕਰਾਈਆ । ਈੜਾ ਪਿੰਗਲ ਸੁਖਮਨ ਟੇਢੀ ਬੰਕ ਬਾਹਰ ਲਵੇ ਕੱਢ, ਉਂਗਲੀ ਆਪਣੀ ਨਾਮ ਲਗਾਈਆ । ਅੰਦਰ ਵੜ ਕੇ ਸੁਣਾਏ ਛੰਦ, ਸਾਚਾ ਰਾਗ ਇਕ ਅਲਾਈਆ । ਤਾਲ ਵੱਜੇ ਇਕ ਅਨਹਦ, ਅਨਹਤ ਭੇਵ ਰਹੇ ਨਾ ਰਾਈਆ । ਡੂੰਘੀ ਭਵਰੀ ਬਾਹਰ ਕੱਢ, ਸਚ ਸਰੋਵਰ ਲਏ ਨੁਹਾਈਆ । ਹੰਸ ਰੂਪ ਹੋਵੇ ਕੱਗ, ਕਾਗੋਂ ਹੰਸ ਬਣਾਈਆ । ਕਰ ਪਿਆਰ ਸੁਰਤ ਸਵਾਣੀ ਲਏ ਸੱਦ, ਸ਼ਬਦ ਹਾਣੀ ਮੇਲ ਮਿਲਾਈਆ । ਬਿਨ ਮੱਕੇ ਕਾਅਬਿਓਂ ਕਰਾਵੇ ਸੱਚਾ ਹੱਜ, ਪੀਰ ਇਕੋ ਨਜ਼ਰੀ ਆਈਆ । ਜਿਸ ਦੇ ਹੁਜਰੇ ਬਹਿਣਾ ਸਜ, ਸੋ ਸਾਹਿਬ ਰਿਹਾ ਸਮਝਾਈਆ । ਗੁਰਮੁਖੋ ਗੁਰਸਿਖੋ ਜਨ ਭਗਤੋ ਭਗਵਾਨ ਕਿਸੇ ਲੌਣ ਨਾ ਦੇਵੇ ਅਜ ਪਜ, ਜੋ ਆਪਣੇ ਸੋ ਆਪਣੇ ਨਾਲ ਮਿਲਾਈਆ । ਜੇ ਪੱਲੂ ਛੱਡ ਕੇ ਜਾਓ ਭੱਜ, ਰਾਤੀਂ ਸੁੱਤਿਆਂ ਲਏ ਜਗਾਈਆ । ਤੁਹਾਡੀ ਸੇਜਾ ਉਤੇ ਬਹੇ ਸਜ, ਸਚ ਆਤਮ ਪਰਮਾਤਮ ਆਪਣੀ ਗੋਦ ਬਹਾਈਆ । ਤੁਹਾਡਾ ਨੇਤਰ ਵੇਖ ਤੁਹਾਨੂੰ ਆਵੇ ਲੱਜ, ਸਤਿਗੁਰ ਪਿਛੇ ਪਿਛੇ ਫਿਰੇ ਜੰਗਲ ਜੂਹ ਉਜਾੜ ਪਹਾੜ ਫੇਰਾ ਪਾਈਆ । ਅੰਤ ਕਲ ਪਰਦਾ ਰਿਹਾ ਕੱਜ, ਕਜ਼ਾ ਨੇੜ ਕੋਇ ਨਾ ਆਈਆ । ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਢੋਲਾ ਗਾਓ ਗੱਜ, ਗ਼ਜ਼ਲ ਨਜ਼ਮ ਨਗ਼ਮਾ ਅਮਾਮ ਆਪਣਾ ਨਾਮ ਸੁਣਾਈਆ ।

## ★ ੧੯ ਜੇਠ ੨੦੨੦ ਬਿਕ੍ਰਮੀ ਪਰੇਮੋ ਦੇਵੀ ਦੇ ਗ੍ਰਿਹ ਖੈਰੋ ਵਾਲੀ ਜੰਮੂ ★

ਗੋਬਿੰਦ ਅਗੰਮ ਗੋਬਿੰਦ ਅਥਾਹ, ਗੋਬਿੰਦ ਗੋਬਿੰਦ ਭੇਵ ਛੁਪਾਇੰਦਾ । ਗੋਬਿੰਦ ਬੇੜਾ ਗੋਬਿੰਦ ਮਲਾਹ, ਗੋਬਿੰਦ ਪਤਣ ਨਜ਼ਰੀ ਆਇੰਦਾ । ਗੋਬਿੰਦ ਹਕੀਰ ਗੋਬਿੰਦ ਸ਼ਾਹ, ਗੋਬਿੰਦ ਸ਼ਹਿਨਸ਼ਾਹ ਰੂਪ ਵਟਾਇੰਦਾ । ਗੋਬਿੰਦ ਸ਼ਰਅ ਗੋਬਿੰਦ ਜ਼ੰਜੀਰ, ਗੋਬਿੰਦ ਫਾਸੀ ਫਾਹ ਲਗਾਇੰਦਾ । ਗੋਬਿੰਦ ਮੰਜ਼ਲ ਗੋਬਿੰਦ ਅਖ਼ੀਰ, ਗੋਬਿੰਦ ਤਕਦੀਰ ਆਪ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੁਰਖ ਅਕਾਲ ਗੋਬਿੰਦ ਵੇਸ ਵਟਾਇੰਦਾ । ਗੋਬਿੰਦ ਅਕਾਲ ਗੋਬਿੰਦ ਦਿਆਲ, ਗੋਬਿੰਦ ਲਾਲ ਰੂਪ ਅਖਵਾਈਆ । ਗੋਬਿੰਦ ਮੰਦਰ ਗੋਬਿੰਦ ਧਰਮਸਾਲ, ਗੋਬਿੰਦ ਪੂਜਾ ਪਾਠ ਜਣਾਈਆ । ਗੋਬਿੰਦ ਨੂਰ ਗੋਬਿੰਦ ਜੋਤ ਬੇਮਿਸਾਲ, ਗੋਬਿੰਦ ਸ਼ਬਦ ਨਾਦ ਸ਼ਨਵਾਈਆ । ਗੋਬਿੰਦ ਵਿਚੋਲਾ ਗੋਬਿੰਦ ਦਲਾਲ, ਗੋਬਿੰਦ ਵਣਜ

੬੭੩
੧੪

ਹੱਟ ਚਲਾਈਆ । ਗੋਬਿੰਦ ਮੇਲਾ ਗੋਬਿੰਦ ਚੇਲਾ ਗੋਬਿੰਦ ਖੇਲੇ ਖੇਲ ਵਿਚ ਜਹਾਨ, ਗੋਬਿੰਦ ਦੋ ਜਹਾਨਾਂ ਵਾਲੀ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਗੋਬਿੰਦ ਬੇਪਰਵਾਹੀਆ । ਗੋਬਿੰਦ ਪਿਤਾ ਗੋਬਿੰਦ ਮਾਤਾ, ਗੋਬਿੰਦ ਪੂਤ ਅਖਵਾਇੰਦਾ । ਗੋਬਿੰਦ ਸੱਜਣ ਗੋਬਿੰਦ ਨਾਤਾ, ਗੋਬਿੰਦ ਸਾਕ ਸੈਣ ਨਾਉਂ ਧਰਾਇੰਦਾ । ਗੋਬਿੰਦ ਅੰਮ੍ਰਿਤ ਗੋਬਿੰਦ ਬਾਟਾ, ਗੋਬਿੰਦ ਰਸੀਆ ਰਸ ਚਖਾਇੰਦਾ । ਗੋਬਿੰਦ ਤੀਰਥ ਗੋਬਿੰਦ ਤਾਟਾ, ਗੋਬਿੰਦ ਸਰੋਵਰ ਇਕ ਨੁਹਾਇੰਦਾ । ਗੋਬਿੰਦ ਜੋਤੀ ਗੋਬਿੰਦ ਜਾਤਾ, ਗੋਬਿੰਦ ਜਾਗਰਤ ਜੋਤ ਜਗਾਇੰਦਾ । ਗੋਬਿੰਦ ਵਹੀ ਗੋਬਿੰਦ ਖਾਤਾ, ਗੋਬਿੰਦ ਲਹਿਣਾ ਦੇਣਾ ਵੇਖ ਵਖਾਇੰਦਾ । ਗੋਬਿੰਦ ਵਾਧਾ ਗੋਬਿੰਦ ਘਾਟਾ, ਗੋਬਿੰਦ ਇਕੋ ਰੰਗ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਗੋਬਿੰਦ ਕਾਰ ਕਮਾਇੰਦਾ । ਗੋਬਿੰਦ ਪੁਰਖ ਗੋਬਿੰਦ ਨਾਰ, ਗੋਬਿੰਦ ਸੇਜ ਸੁਹਾਈਆ । ਗੋਬਿੰਦ ਅੰਦਰ ਗੋਬਿੰਦ ਬਾਹਰ, ਗੋਬਿੰਦ ਨਿਰਗੁਣ ਸਰਗੁਣ ਧਾਰ ਚਲਾਈਆ । ਗੋਬਿੰਦ ਵਛੋੜਾ ਗੋਬਿੰਦ ਪਿਆਰ, ਗੋਬਿੰਦ ਜੋੜਾ ਜੋੜ ਵਖਾਈਆ । ਗੋਬਿੰਦ ਘੋੜਾ ਗੋਬਿੰਦ ਅਸਵਾਰ, ਗੋਬਿੰਦ ਸ਼ਸਤਰ ਬਸਤਰ ਤਨ ਸਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਗੋਬਿੰਦ ਇਕ ਵਡਿਆਈਆ । ਗੋਬਿੰਦ ਬਸਤਰ ਗੋਬਿੰਦ ਸ਼ਸਤਰ, ਗੋਬਿੰਦ ਅਸਤਰ ਇਕ ਉਪਾਇੰਦਾ । ਗੋਬਿੰਦ ਨਾਮ ਗੋਬਿੰਦ ਮੰਤਰ, ਗੋਬਿੰਦ ਇਸ਼ਟ ਦੇਵ ਮਨਾਇੰਦਾ । ਗੋਬਿੰਦ ਜੀਵ ਗੋਬਿੰਦ ਜੰਤਰ, ਗੋਬਿੰਦ ਬੰਧਨ ਇਕ ਰਖਾਇੰਦਾ । ਗੋਬਿੰਦ ਗਗਨ ਗੋਬਿੰਦ ਗਗਨੰਤਰ, ਗੋਬਿੰਦ ਜ਼ਿਮੀਂ ਅਸਮਾਨ ਸੋਭਾ ਪਾਇੰਦਾ । ਗੋਬਿੰਦ ਜੁਗ ਗੋਬਿੰਦ ਜੁਗੰਤਰ, ਗੋਬਿੰਦ ਜੁਗ ਜੁਗ ਵੇਸ ਵਟਾਇੰਦਾ । ਗੋਬਿੰਦ ਗਿਆਨ ਗੋਬਿੰਦ ਪੰਡਤ, ਗੋਬਿੰਦ ਸਿਖਿਆ ਸਚ ਦ੍ਰਿੜਾਇੰਦਾ । ਗੋਬਿੰਦ ਜੇਰਜ ਗੋਬਿੰਦ ਅੰਡਜ, ਗੋਬਿੰਦ ਉਤਭੁਜ ਸੇਤਜ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਗੋਬਿੰਦ ਧਾਰ ਜਣਾਇੰਦਾ । ਗੋਬਿੰਦ ਨਿਰੰਕਾਰ ਗੋਬਿੰਦ ਆਕਾਰ, ਗੋਬਿੰਦ ਪੰਜ ਤੱਤ ਕੁੜਮਾਈਆ । ਗੋਬਿੰਦ ਜਗਤ ਗੋਬਿੰਦ ਭਗਤ, ਗੋਬਿੰਦ ਸ਼ਕਤ ਰੂਪ ਦਰਸਾਈਆ । ਗੋਬਿੰਦ ਬੂੰਦ ਗੋਬਿੰਦ ਰਕਤ, ਗੋਬਿੰਦ ਮੇਲਾ ਸਹਿਜ ਸੁਭਾਈਆ । ਗੋਬਿੰਦ ਅਰਸ਼ ਗੋਬਿੰਦ ਫ਼ਰਸ਼, ਗੋਬਿੰਦ ਖ਼ਾਕੀ ਤਨ ਹੰਡਾਈਆ । ਗੋਬਿੰਦ ਸੋਗ ਗੋਬਿੰਦ ਹਰਖ, ਗੋਬਿੰਦ ਚਿੰਤਾ ਰਿਹਾ ਗਵਾਈਆ । ਗੋਬਿੰਦ ਅੰਮ੍ਰਿਤ ਗੋਬਿੰਦ ਮੇਘ ਦੇਵੇ ਬਰਖ, ਗੋਬਿੰਦ ਘਨਘੋਰ ਘਟਾ ਰੂਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੋਬਿੰਦ ਜਾਵੇ ਗੋਬਿੰਦ ਆਵੇ ਪਰਤ, ਗੋਬਿੰਦ ਪਰਤੀਨਿਧ ਇਕ ਅਖਵਾਈਆ । ਗੋਬਿੰਦ ਆਕਾ ਗੋਬਿੰਦ ਸਾਕਾ, ਗੋਬਿੰਦ ਨਾਤਾ ਜੋੜ ਜੁੜਾਇੰਦਾ । ਗੋਬਿੰਦ ਦਿਵਸ ਗੋਬਿੰਦ ਰਾਤਾ, ਗੋਬਿੰਦ ਘੜੀ ਪਲ ਵੰਡ ਵੰਡਾਇੰਦਾ । ਗੋਬਿੰਦ ਪਾਣੀ ਗੋਬਿੰਦ ਆਟਾ, ਗੋਬਿੰਦ ਸਚ ਪਕਵਾਨ ਰੂਪ ਧਰਾਇੰਦਾ । ਗੋਬਿੰਦ ਭਰਪੂਰ ਗੋਬਿੰਦ ਫ਼ਾਕਾ, ਗੋਬਿੰਦ ਤ੍ਰਿਸਨਾ ਵਿਚ ਤੜਫਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਗੋਬਿੰਦ ਪਰਦਾ ਲਾਹਿੰਦਾ । ਗੋਬਿੰਦ ਅੰਧਾ ਗੋਬਿੰਦ ਬੰਦਾ, ਗੋਬਿੰਦ ਨੈਣ ਨਾ ਕੋਇ ਰਖਾਈਆ । ਗੋਬਿੰਦ ਸੂਰਜ ਗੋਬਿੰਦ ਚੰਦਾ, ਗੋਬਿੰਦ ਮੰਡਲ ਮੰਡਪ ਡੇਰਾ ਲਾਈਆ । ਗੋਬਿੰਦ ਖੜਗ ਗੋਬਿੰਦ ਖੰਡਾ, ਗੋਬਿੰਦ ਤਿਖੀ ਧਾਰ ਵਖਾਈਆ । ਗੋਬਿੰਦ ਸੁਹਾਗੀ ਗੋਬਿੰਦ ਰੰਡਾ, ਗੋਬਿੰਦ ਨਾਰ ਕੰਤ ਰੂਪ ਨਾ ਕੋਇ ਜਣਾਈਆ । ਗੋਬਿੰਦ ਕਰਮ ਗੋਬਿੰਦ ਧੰਦਾ, ਨਿਹਕਰਮੀ ਗੋਬਿੰਦ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਗੋਬਿੰਦ ਬਾਢੀ ਗੋਬਿੰਦ ਰੰਦਾ,

੬੭੪
੧੪

ਗੋਬਿੰਦ ਆਪਣੀ ਕਾਰ ਕਮਾਈਆ । ਗੋਬਿੰਦ ਸਰਕਾਰ ਗੋਬਿੰਦ ਦਸਤਾਰ, ਗੋਬਿੰਦ ਹਾਕਮ ਇਕ ਅਖਵਾਈਆ । ਗੋਬਿੰਦ ਭਗਤ ਗੋਬਿੰਦ ਪਿਆਰ, ਗੋਬਿੰਦ ਪ੍ਰੀਤੀ ਇਕ ਨਿਭਾਈਆ । ਗੋਬਿੰਦ ਜਗਤ ਗੋਬਿੰਦ ਸੰਸਾਰ, ਗੋਬਿੰਦ ਸਗਲਾ ਜੀਵ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਗੋਬਿੰਦ ਇਕੋ ਫੇਰਾ ਪਾਈਆ । ਹਰਿ ਗੋਬਿੰਦ ਇਕ, ਹਰਿ ਗੋਬਿੰਦ ਭਿਖ, ਹਰਿ ਗੋਬਿੰਦ ਲਿਖ, ਲੇਖਾ ਆਪਣਾ ਆਪ ਜਣਾਇੰਦਾ । ਹਰਿ ਗੋਬਿੰਦ ਗੁਰ, ਹਰਿ ਗੋਬਿੰਦ ਸੁਰ, ਹਰਿ ਗੋਬਿੰਦ ਧੁਰ, ਧੁਰਦਰਗਾਹੀ ਧੁਰ ਦੀ ਕਾਰ ਕਮਾਇੰਦਾ । ਹਰਿ ਗੋਬਿੰਦ ਮੀਤ, ਹਰਿ ਗੋਬਿੰਦ ਅਤੀਤ, ਹਰਿ ਗੋਬਿੰਦ ਠਾਂਡਾ ਸੀਤ, ਸੀਤਲ ਧਾਰ ਅੰਮ੍ਰਿਤ ਮੇਘ ਬਰਸਾਇੰਦਾ । ਹਰਿ ਗੋਬਿੰਦ ਮੰਦਰ ਹਰਿ ਗੋਬਿੰਦ ਮਸੀਤ, ਹਰਿ ਗੋਬਿੰਦ ਲੱਖ ਚੁਰਾਸੀ ਪਰਖੇ ਨੀਤ, ਨਿਤ ਨਿਤ ਆਪਣਾ ਵੇਸ ਵਟਾਇੰਦਾ । ਹਰਿ ਗੋਬਿੰਦ ਭਿਖਾਰੀ ਹਰਿ ਗੋਬਿੰਦ ਭੀਖ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਆਪਣੇ ਹੱਥ ਰਖਾਇੰਦਾ । ਹਰਿ ਗੋਬਿੰਦ ਲੇਖਾ, ਹਰਿ ਗੋਬਿੰਦ ਭੁਲੇਖਾ, ਹਰਿ ਗੋਬਿੰਦ ਦੇਸਾ, ਦੇਸ ਦਸੰਤਰ ਦਏ ਵਡਿਆਈਆ । ਹਰਿ ਗੋਬਿੰਦ ਰਾਜਾ ਹਰਿ ਗੋਬਿੰਦ ਰਾਣਾ ਹਰਿ ਗੋਬਿੰਦ ਨੇਤਾ, ਸ਼ਾਹੋ ਭੂਪ ਇਕ ਅਖਵਾਈਆ । ਹਰਿ ਗੋਬਿੰਦ ਹੇਤਾ ਹਰਿ ਗੋਬਿੰਦ ਭੇਤਾ, ਹਰਿ ਗੋਬਿੰਦ ਅਚਨ ਅਚੇਤਾ ਆਪਣਾ ਪਰਦਾ ਰਿਹਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਗੋਬਿੰਦ ਹਰਿ ਭਗਤੀ ਭੇਵ ਚੁਕਾਈਆ । ਹਰਿ ਗੋਬਿੰਦ ਭਗਤੀ ਹਰਿ ਗੋਬਿੰਦ ਸ਼ਕਤੀ, ਹਰਿ ਗੋਬਿੰਦ ਜੁਗਤੀ ਜਗਤ ਜੁਗਤ ਜਣਾਇੰਦਾ । ਹਰਿ ਗੋਬਿੰਦ ਮੁਕਤੀ ਹਰਿ ਗੋਬਿੰਦ ਸੁਰਤੀ, ਹਰਿ ਗੋਬਿੰਦ ਨਾਦ ਤੂਰਤੀ, ਤੁਰਯਾ ਰਾਗ ਨੈਣ ਸ਼ਰਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਗੋਬਿੰਦ ਗੁਰਮੁਖ ਰੂਪ ਵਟਾਇੰਦਾ । ਹਰਿ ਗੋਬਿੰਦ ਮੁਖ, ਹਰਿ ਗੋਬਿੰਦ ਸੁਖ, ਹਰਿ ਗੋਬਿੰਦ ਦੁਖ, ਦੁਖ ਦਰਦ ਆਪ ਜਣਾਈਆ । ਹਰਿ ਗੋਬਿੰਦ ਜਨਨੀ ਹਰਿ ਗੋਬਿੰਦ ਕੁਖ, ਹਰਿ ਗੋਬਿੰਦ ਗੋਦੀ ਗੋਦ ਸੁਹਾਈਆ । ਹਰਿ ਗੋਬਿੰਦ ਪਿਤਾ ਹਰਿ ਗੋਬਿੰਦ ਮਾਤਾ ਹਰਿ ਗੋਬਿੰਦ ਪੁੱਤ, ਪਿਤਾ ਪੂਤ ਆਪਣਾ ਰੰਗ ਰੰਗਾਈਆ । ਹਰਿ ਗੋਬਿੰਦ ਉਹਲਾ ਹਰਿ ਗੋਬਿੰਦ ਲੁਕ, ਹਰਿ ਗੋਬਿੰਦ ਧਾਰੋਂ ਗੋਬਿੰਦ ਉਠ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਹਰਿ ਗੋਬਿੰਦ ਪਿਆਲਾ ਹਰਿ ਗੋਬਿੰਦ ਦੀਨ ਦਿਆਲਾ ਹਰਿ ਗੋਬਿੰਦ ਸੱਚੀ ਧਰਮਸਾਲਾ ਹਰਿ ਗੋਬਿੰਦ ਅਬਿਨਾਸ਼ੀ ਅਚੁਤ, ਚੇਤਨ ਆਪਣੀ ਕਾਰ ਕਮਾਈਆ । ਹਰਿ ਗੋਬਿੰਦ ਪੜਦਾ, ਹਰਿ ਗੋਬਿੰਦ ਵੜਦਾ, ਹਰਿ ਗੋਬਿੰਦ ਚੜ੍ਹਦਾ, ਹਰਿ ਗੋਬਿੰਦ ਪੜ੍ਹਦਾ, ਅੱਖਰ ਇਕੋ ਨਾਮ ਸੁਣਾਈਆ । ਹਰਿ ਗੋਬਿੰਦ ਘਰ ਦਾ, ਹਰਿ ਗੋਬਿੰਦ ਵਰਦਾ, ਹਰਿ ਗੋਬਿੰਦ ਦਰ ਦਾ, ਜਨ ਭਗਤ ਦਵਾਰੇ ਦਰ ਦਰ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿ ਗੋਬਿੰਦ ਰੂਪ ਨੌਜਵਾਨ, ਨਾ ਜਨਮੇ ਨਾ ਕਦੇ ਮਰਦਾ, ਬਿਨ ਜੀਵਣ ਆਪਣੀ ਕਾਰ ਕਮਾਈਆ ।

★ ੧੯ ਜੇਠ ੨੦੨੦ ਬਿਕ੍ਰਮੀ ਖੇਜੂ ਰਾਮ ਦੇ ਗ੍ਰਿਹ ਖੈਰੋ ਵਾਲੀ ਜੰਮੂ★

ਗੋਬਿੰਦ ਨਾਰ ਗੋਬਿੰਦ ਕੰਤ, ਗੋਬਿੰਦ ਨਾਤਾ ਇਕ ਰਖਾਈਆ । ਗੋਬਿੰਦ ਚੋਲੀ ਗੋਬਿੰਦ ਰੰਗ ਬਸੰਤ, ਗੋਬਿੰਦ ਰੰਗ ਮਜੀਠ ਚੜ੍ਹਾਈਆ ।

ਗੋਬਿੰਦ ਮਣੀਆਂ ਗੋਬਿੰਦ ਮੰਤ, ਗੋਬਿੰਦ ਮੰਤਰ ਨਾਮ ਸਮਝਾਈਆ । ਗੋਬਿੰਦ ਸੇਜ ਗੋਬਿੰਦ ਸੋਭਾਵੰਤ, ਗੋਬਿੰਦ ਸੁਹੰਜਣੀ ਰੁੱਤ ਮਹਿਕਾਈਆ । ਗੋਬਿੰਦ ਮਹਿਮਾ ਗੋਬਿੰਦ ਅਗਣਤ, ਗੋਬਿੰਦ ਭੇਵ ਅਭੇਵ ਖੁਲ੍ਹਾਈਆ । ਗੋਬਿੰਦ ਸਾਧ ਗੋਬਿੰਦ ਸੰਗਤ, ਗੋਬਿੰਦ ਸਗਲਾ ਸੰਗ ਵਖਾਈਆ । ਗੋਬਿੰਦ ਨਾਨਕ ਗੋਬਿੰਦ ਅੰਗਦ, ਗੋਬਿੰਦ ਅਮਰ ਰੂਪ ਵਟਾਈਆ । ਗੋਬਿੰਦ ਰਾਮ ਗੋਬਿੰਦ ਅਰਜਣ, ਗੋਬਿੰਦ ਹਰਿ ਗੋਬਿੰਦ ਸਮਾਈਆ । ਗੋਬਿੰਦ ਰਾਏ ਗੋਬਿੰਦ ਕ੍ਰਿਸ਼ਨ, ਗੋਬਿੰਦ ਤੇਗ਼ ਬਹਾਦਰ ਦਏ ਵਡਿਆਈਆ । ਗੋਬਿੰਦ ਨਹਾਵਣ ਗੋਬਿੰਦ ਨਹਾਏ, ਗੋਬਿੰਦ ਮੇਲਾ ਗੋਬਿੰਦ ਸਹਿਜ ਸੁਭਾਏ, ਗੋਬਿੰਦ ਗੋਬਿੰਦ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਆਪਣੀ ਧਾਰ ਵਖਾਈਆ । ਗੋਬਿੰਦ ਖਾਟ ਗੋਬਿੰਦ ਖਟੀਆ, ਗੋਬਿੰਦ ਆਸਣ ਇਕ ਵਿਛਾਈਆ । ਗੋਬਿੰਦ ਲੇਫ਼ ਸਰਹਾਣਾ ਤਕੀਆ, ਗੋਬਿੰਦ ਓਢਣ ਰੂਪ ਜਣਾਈਆ । ਗੋਬਿੰਦ ਕਮਲਾ ਗੋਬਿੰਦ ਯਮਲਾ ਗੋਬਿੰਦ ਸੁਘੜ ਸੁਚੱਜਾ ਪਤੀਆ, ਗੋਬਿੰਦ ਨੂਰ ਜ਼ਹੂਰ ਰੁਸ਼ਨਾਈਆ । ਗੋਬਿੰਦ ਸਾਜਣ ਗੋਬਿੰਦ ਸਖੀਆ, ਗੋਬਿੰਦ ਮੰਗਲ ਰੂਪ ਵਟਾਈਆ । ਗੋਬਿੰਦ ਨੇਤਰ ਗੋਬਿੰਦ ਅੱਖੀਆਂ, ਗੋਬਿੰਦ ਨੈਣ ਨੈਣ ਮਟਕਾਈਆ । ਗੋਬਿੰਦ ਗ਼ੁੰਚਾ ਗੋਬਿੰਦ ਪਤੀਆ, ਗੋਬਿੰਦ ਫਲ ਫੁਲ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਗੋਬਿੰਦ ਬੇਪਰਵਾਹੀਆ । ਗੋਬਿੰਦ ਗੁਰੂ ਗੋਬਿੰਦ ਗੁਰਦੇਵ, ਸਵਾਮੀ ਗੋਬਿੰਦ ਆਪ ਅਖਵਾਇੰਦਾ । ਗੋਬਿੰਦ ਵਾਰੀ ਗੋਬਿੰਦ ਸੇਵ, ਗੋਬਿੰਦ ਕਰਨੀ ਆਪ ਕਮਾਇੰਦਾ । ਗੋਬਿੰਦ ਮਿੱਠਾ ਗੋਬਿੰਦ ਮੇਵ, ਗੋਬਿੰਦ ਰਸ ਰੂਪ ਧਰਾਇੰਦਾ । ਗੋਬਿੰਦ ਨਿਹਚਲ ਗੋਬਿੰਦ ਨਿਹਕੇਵ, ਗੋਬਿੰਦ ਨਿਹਕਰਮੀ ਕਾਰ ਕਮਾਇੰਦਾ । ਗੋਬਿੰਦ ਅਲੱਖ ਗੋਬਿੰਦ ਅਭੇਵ, ਗੋਬਿੰਦ ਆਪਣਾ ਭੇਵ ਖੁਲ੍ਹਾਇੰਦਾ । ਗੋਬਿੰਦ ਰਸਨਾ ਗੋਬਿੰਦ ਜਿਹਵ, ਗੋਬਿੰਦ ਗੀਤ ਗੋਬਿੰਦ ਅਲਾਇੰਦਾ । ਗੋਬਿੰਦ ਮਸਤਕ ਗੋਬਿੰਦ ਥੇਵ, ਗੋਬਿੰਦ ਕੌਸਤਕ ਮਣੀਆਂ ਧਾਰ ਬੰਧਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਗੋਬਿੰਦ ਆਪ ਅਖਵਾਇੰਦਾ । ਹਰਿ ਗੋਬਿੰਦ ਉਤਰ ਹਰਿ ਗੋਬਿੰਦ ਸੰਦੇਸ਼, ਹਰਿ ਗੋਬਿੰਦ ਰਿਹਾ ਜਣਾਈਆ । ਹਰਿ ਗੋਬਿੰਦ ਪੁੱਤਰ ਹਰਿ ਗੋਬਿੰਦ ਨਰੇਸ਼, ਹਰਿ ਗੋਬਿੰਦ ਹੁਕਮ ਮਨਾਈਆ । ਹਰਿ ਗੋਬਿੰਦ ਕੁਛੜ ਹਰਿ ਗੋਬਿੰਦ ਚੁੱਕ ਕੇ ਰਿਹਾ ਵੇਖ, ਹਰਿ ਗੋਬਿੰਦ ਗੋਦ ਸੁਹਾਈਆ । ਹਰਿ ਗੋਬਿੰਦ ਜਿਗਰੇ ਟੁਕੜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਈਆ । ਹਰਿ ਗੋਬਿੰਦ ਦ੍ਰਿਸ਼ਟ, ਹਰਿ ਗੋਬਿੰਦ ਇਸ਼ਟ, ਹਰਿ ਗੋਬਿੰਦ ਵਸ਼ਿਸ਼ਟ ਸਮਝਾਇੰਦਾ । ਹਰਿ ਗੋਬਿੰਦ ਸ੍ਰਿਸ਼ਟ ਸ੍ਰਿਸ਼ਟ ਗੋਬਿੰਦ ਵਿਚ ਵਖਾਇੰਦਾ । ਹਰਿ ਗੋਬਿੰਦ ਟਾਂਕ ਹਰਿ ਗੋਬਿੰਦ ਜਿਸਤ, ਹਰਿ ਗੋਬਿੰਦ ਅੰਕ ਬਣਾਇੰਦਾ । ਹਰਿ ਗੋਬਿੰਦ ਦੋਜ਼ਖ਼ ਹਰਿ ਗੋਬਿੰਦ ਬਹਿਸ਼ਤ, ਹਰਿ ਗੋਬਿੰਦ ਸਵਰਗੀ ਧਾਰ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰਾਹ ਆਪ ਵਖਾਇੰਦਾ । ਹਰਿ ਗੋਬਿੰਦ ਤਬਕ ਹਰਿ ਗੋਬਿੰਦ ਸਬਕ, ਹਰਿ ਸਿਖਿਆ ਆਪ ਪੜ੍ਹਾਈਆ । ਹਰਿ ਗੋਬਿੰਦ ਤਾਰੂ ਹਰਿ ਗੋਬਿੰਦ ਗ਼ਰਕ, ਹਰਿ ਗੋਬਿੰਦ ਨਜ਼ਰ ਕਿਸੇ ਨਾ ਆਈਆ । ਹਰਿ ਗੋਬਿੰਦ ਮੇਲਾ ਹਰਿ ਗੋਬਿੰਦ ਫ਼ਰਕ, ਹਰਿ ਗੋਬਿੰਦ ਵੰਡ ਵੰਡਾਈਆ । ਹਰਿ ਗੋਬਿੰਦ ਚੇਲਾ ਹਰਿ ਗੋਬਿੰਦ ਕਰੇ ਤਰਕ, ਹਰਿ ਗੋਬਿੰਦ ਨਜ਼ਰ ਕਿਸੇ ਨਾ ਆਈਆ । ਹਰਿ ਗੋਬਿੰਦ ਲਿਖਤ ਹਰਿ ਗੋਬਿੰਦ ਪੜ੍ਹਤ, ਹਰਿ ਗੋਬਿੰਦ ਕਲਮ ਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਵਡ ਦਾਤਾ ਬੇਪਰਵਾਹੀਆ । ਹਰਿ ਕਲਮ ਹਰਿ ਕਾਨੀ, ਹਰਿ ਗੋਬਿੰਦ ਭੇਵ ਜਣਾਈਆ । ਹਰਿ ਨਾਮ

੬੭੫
੧੪

ਹਰਿ ਨਿਸ਼ਾਨੀ, ਹਰਿ ਗੋਬਿੰਦ ਨੂਰ ਰੁਸ਼ਨਾਈਆ । ਹਰਿ ਦਾਤਾ ਮਿਹਰਵਾਨੀ, ਹਰਿ ਗੋਬਿੰਦ ਝੋਲੀ ਰਿਹਾ ਭਰਾਈਆ । ਹਰਿ ਗੋਪੀ ਹਰਿ ਕਾਹਨੀ, ਹਰਿ ਮੁਕਟ ਬੈਣ ਵਡਿਆਈਆ । ਹਰਿ ਪੰਡਤ ਹਰਿ ਵਿਦਵਾਨੀ, ਹਰਿ ਬੋਧ ਅਗਾਧ ਪੜ੍ਹਾਈਆ । ਹਰਿ ਗੋਬਿੰਦ ਇਕ ਪਰਵਾਨੀ, ਪਰਮ ਪੁਰਖ ਪ੍ਰਭ ਆਪਣਾ ਮੇਲ ਮਿਲਾਈਆ । ਜਿਸ ਗੋਬਿੰਦ ਦੀ ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਗਾਏ ਕਹਾਣੀ, ਸੋ ਗੋਬਿੰਦ ਆਪਣਾ ਭੇਵ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋ ਗੋਬਿੰਦ ਜਨ ਭਗਤਾਂ ਦੇਵੇ ਦਾਨ, ਆਤਮ ਪਰਮਾਤਮ ਪਰਮਾਤਮ ਆਤਮ ਆਪਣੇ ਨਾਲ ਮਿਲਾਈਆ ।



### ★ ੧੯ ਜੇਠ ੨੦੨੦ ਬਿਕ੍ਰਮੀ ਗਿਆਨ ਸਿੰਘ ਦੇ ਗ੍ਰਹਿ ਨਵਾਂ ਚਕ ਜੰਮੂ ★

ਗੋਬਿੰਦ ਸਿਖਿਆ ਨਾਮ ਜੈਕਾਰ, ਜੈ ਜੈਕਾਰ ਜਣਾਈਆ । ਇਸ਼ਟ ਦੇਵ ਗੁਰ ਪੁਰਖ ਅਕਾਲ, ਪਾਰਬ੍ਰਹਮ ਸਰਨਾਈਆ । ਆਦਿ ਜੁਗਾਦੀ ਦੀਨ ਦਿਆਲ, ਜੁਗ ਜੁਗ ਵੇਸ ਵਟਾਈਆ । ਲੋਕਮਾਤ ਬਣਾਏ ਸੱਚੀ ਧਰਮਸਾਲ, ਸਚਖੰਡ ਆਪਣੀ ਧਾਰ ਵਖਾਈਆ । ਕੂੜੀ ਕਿਰਿਆ ਤੋੜ ਜੰਜਾਲ, ਜੀਵਣ ਜੁਗਤ ਇਕ ਸਮਝਾਈਆ । ਵਸਤ ਅਮੋਲਕ ਨਾਮ ਸੱਚਾ ਧਨ ਮਾਲ, ਸਤਿ ਸਤਿਵਾਦੀ ਝੋਲੀ ਪਾਈਆ । ਭਾਗ ਲਗਾਏ ਕਾਇਆ ਮਾਟੀ ਖਾਲ, ਪੰਜ ਤੱਤ ਕਰੇ ਰੁਸ਼ਨਾਈਆ । ਸ਼ਬਦ ਗੁਰ ਦੇਵਾ ਬਣ ਦਲਾਲ, ਨਾਮ ਮੇਵਾ ਹੱਟ ਵਿਕਾਈਆ । ਮੁਰਸ਼ਦ ਹੋ ਵੇਖੇ ਮੁਰੀਦਾਂ ਹਾਲ, ਦੀਦ ਨੂਰ ਚੰਦ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸਿਖਿਆ ਇਕ ਦ੍ਰਿੜਾਈਆ । ਗੋਬਿੰਦ ਸਿਖਿਆ ਏਕਾ ਨਾਉਂ, ਨਰ ਨਿਰੰਕਾਰਾ ਇਕ ਮਨਾਈਆ । ਏਕਾ ਪਿਤਾ ਏਕਾ ਮਾਉਂ, ਏਕਾ ਹੋਏ ਸਹਾਈਆ । ਏਕਾ ਰਸਨਾ ਏਕਾ ਗਾਓ, ਏਕਾ ਵੱਜੇ ਵਧਾਈਆ । ਏਕਾ ਮੰਦਰ ਦਰਸਨ ਪਾਓ, ਪ੍ਰਭ ਏਕਾ ਨਜ਼ਰੀ ਆਈਆ । ਏਕਾ ਮਾਰਗ ਸਚ ਜਣਾਓ, ਪਾਂਧੀ ਇਕੋ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸਿਖਿਆ ਕਰੇ ਪੜ੍ਹਾਈਆ । ਗੋਬਿੰਦ ਹੁਕਮ ਧੁਰ ਫ਼ਰਮਾਨ, ਧੁਰਦਰਗਾਹੀ ਆਪ ਜਣਾਇਆ । ਪਰਮ ਪੁਰਖ ਮਾਨੋ ਭਗਵਾਨ, ਦੂਜੀ ਅਵਰ ਨਾ ਕੋ ਸਰਨਾਇਆ । ਦੇਵਣਹਾਰਾ ਦੋ ਜਹਾਨ, ਨਿਰਗੁਣ ਸਰਗੁਣ ਵੇਖ ਵਖਾਇਆ । ਲੱਖ ਚੁਰਾਸੀ ਗੋਪੀ ਕਾਹਨ, ਸੁਰਤੀ ਸ਼ਬਦ ਮਿਲਾਇਆ । ਅੰਮ੍ਰਿਤ ਪਿਆਏ ਆਤਮ ਜਾਮ, ਸਚ ਪਿਆਲਾ ਹੱਥ ਉਠਾਇਆ । ਡੂੰਘੀ ਭਵਰੀ ਹੋਏ ਨਿਗਹਬਾਨ, ਨਿਜ ਨੇਤਰ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਸਮਝਾਇਆ । ਗੋਬਿੰਦ ਸਿਖਿਆ ਸਚ ਪ੍ਰੀਤ, ਪਰਮ ਪੁਰਖ ਸਰਨਾਈਆ । ਰਲ ਮਿਲ ਗਾਵੋ ਇਕੋ ਗੀਤ, ਵਰਨ ਬਰਨ ਨਾ ਕੋਇ ਲੜਾਈਆ । ਕਾਇਆ ਅੰਦਰ ਸਚ ਮਸੀਤ, ਮੰਦਰ ਇਕੋ ਇਕ ਵਖਾਈਆ । ਲੇਖਾ ਇਕੋ ਜਿਹਾ ਹਸਤ ਕੀਟ, ਦੂਜੀ ਵੰਡ ਨਾ ਕੋਇ ਵੰਡਾਈਆ । ਪਾਰਬ੍ਰਹਮ ਬ੍ਰਹਮ ਬੈਠਾ ਰਹੇ ਅਤੀਤ, ਤ੍ਰੈਗੁਣ ਆਪਣਾ ਪਰਦਾ ਪਾਈਆ । ਨਿਰਵੈਰ ਪੁਰਖ ਰੱਖੇ ਚੀਤ, ਚੇਤਨ ਆਪਣਾ ਆਪ ਕਰਾਈਆ । ਤੱਤ ਵਿਕਾਰਾ ਹੋਏ ਸੀਤ, ਅਗਨੀ ਭਾਅ ਨਾ ਲਾਗੇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਮ ਇਕੋ ਇਕ ਜਣਾਈਆ । ਗੋਬਿੰਦ ਸਿਖਿਆ ਸਚ ਭਰਪੂਰ, ਭਰਪੂਰ

੬੭੬ ੧੪

ਰਿਹਾ ਹਰ ਥਾਈਂਆ । ਪ੍ਰਭ ਕਾ ਵੇਖੋ ਜਲਵਾ ਨੂਰ, ਨੂਰ ਨੂਰ ਰੁਸ਼ਨਾਈਆ । ਜਿਸ ਨੂੰ ਝੱਲ ਨਾ ਸਕਿਆ ਮੂਸਾ ਉਤੇ ਕੋਹਤੂਰ, ਮੁਖ ਆਪਣਾ ਨਾ ਸਕੇ ਉਠਾਈਆ । ਆਦਿ ਜੁਗਾਦੀ ਸਚ ਦਸਤੂਰ, ਬਦਸਤੂਰ ਹੁਕਮ ਮਨਾਈਆ । ਸਭ ਦੀ ਆਸਾ ਕਰੇ ਪੂਰ, ਭਰਵਾਸਾ ਇਕੋ ਇਕ ਵਖਾਈਆ । ਨਾ ਨੇੜੇ ਨਾ ਜਾਣੋ ਦੂਰ, ਹਰ ਘਟ ਬੈਠਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਬੇਪਰਵਾਹੀਆ । ਗੋਬਿੰਦ ਸਿਖਿਆ ਕਰੇ ਪਰਵਾਨ, ਗੁਰ ਗੁਰ ਬੂਝ ਬੁਝਾਈਆ । ਆਤਮ ਦੇਵੇ ਪਰਮਾਤਮ ਦਾਨ, ਦੂਜੀ ਵਸਤ ਭੇਟ ਨਾ ਕੋਇ ਚੜ੍ਹਾਈਆ । ਹਰਿ ਸਰਨਾਈ ਸਚ ਈਮਾਨ, ਧਰਮ ਇਕੋ ਇਕ ਵਖਾਈਆ । ਪ੍ਰਭ ਦੀ ਮਹਿਮਾ ਅੰਜੀਲ ਕੁਰਾਨ, ਵੇਦ ਪੁਰਾਨ ਸਿਫ਼ਤੀ ਰਹੇ ਜਸ ਗਾਈਆ । ਹਰਿ ਕਾ ਮੰਦਰ ਇਕ ਮਕਾਨ, ਹਰਿ ਮੰਦਰ ਰੂਪ ਵਟਾਈਆ । ਹਰਿ ਕਾ ਉਚਾ ਸਚ ਨਿਸ਼ਾਨ, ਦੋ ਜਹਾਨਾਂ ਰਿਹਾ ਝੁਲਾਈਆ । ਹਰਿ ਕਾ ਰੂਪ ਨੌਜਵਾਨ, ਬਿਰਧ ਬਾਲ ਨਾ ਵੇਸ ਵਟਾਈਆ । ਹਰਿ ਕਾ ਮੰਤਰ ਨਾਮ ਪਰਧਾਨ, ਸੋ ਪੁਰਖ ਨਿਰੰਜਣ ਹੰ ਬ੍ਰਹਮ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੋਬਿੰਦ ਸਿਖਿਆ ਇਕ ਵਡਿਆਈਆ । ਗੋਬਿੰਦ ਸਿਖਿਆ ਗਹਿਰ ਗੰਭੀਰ, ਹਰਿ ਗਵਰਾ ਆਪ ਜਣਾਇੰਦਾ । ਤਨ ਮਾਟੀ ਠਾਂਡਾ ਹੋਏ ਸਰੀਰ, ਮਨ ਸਾਂਤਕ ਰੂਪ ਵਟਾਇੰਦਾ । ਆਸਾ ਤ੍ਰਿਸਨਾ ਨਾ ਲੱਗੇ ਪੀੜ, ਮਾਇਆ ਮਮਤਾ ਨਾ ਕੋਇ ਹਲਕਾਇੰਦਾ । ਚੋਟੀ ਨਜ਼ਰ ਆਏ ਅਖ਼ੀਰ, ਜਿਸ ਘਰ ਹਰਿ ਜੀ ਡੇਰਾ ਲਾਇੰਦਾ । ਨੂਰ ਵਖਾਏ ਜ਼ਾਹਰਾ ਪੀਰ, ਪਾਰਬ੍ਰਹਮ ਪ੍ਰਭ ਭੇਵ ਚੁਕਾਇੰਦਾ । ਨਾਤਾ ਤੋੜ ਸ਼ਰਅ ਜ਼ੰਜੀਰ, ਸ਼ਨਾਖ਼ਤ ਆਪਣੀ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੋਬਿੰਦ ਸਿਖਿਆ ਇਕ ਪੜ੍ਹਾਇੰਦਾ । ਗੋਬਿੰਦ ਸਿਖਿਆ ਲੋਕਮਾਤ ਪੜ੍ਹ, ਪੁਸਤਕ ਪੜ੍ਹਨ ਕੋਇ ਨਾ ਜਾਈਆ । ਗੁਰਮੁਖ ਅੰਦਰ ਜਾਇਣ ਵੜ, ਘਰ ਮੰਦਰ ਤਾਕੀ ਲਾਹੀਆ । ਸੇਜ ਸੁਹੰਜਣੀ ਬਹਿਣ ਚੜ੍ਹ, ਆਤਮ ਅੰਤਰ ਡੇਰਾ ਲਾਈਆ । ਤੂ ਹੀ ਤੂ ਹੀ ਲੈਣ ਕਰ, ਮੈਂ ਮੈਂ ਨਾ ਕੋਇ ਜਣਾਈਆ । ਘਰ ਪਰਮੇਸ਼ਵਰ ਮਿਲੇ ਵਰ, ਵਰ ਇਕੋ ਇਕ ਸੁਹਾਈਆ । ਨਜ਼ਰੀ ਆਏ ਨਰਾਇਣ ਨਰ, ਨਾਰੀ ਕੰਤ ਆਪ ਪਰਨਾਈਆ । ਦੂਖ ਨਿਵਾਰਨ ਚੁਕਾਏ ਡਰ, ਘਰ ਸੁਖ ਇਕ ਉਪਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੋ ਹਰਿ ਹਰਿ ਨਾਮ ਧਿਆਈਆ । ਗੋਬਿੰਦ ਸਿਖਿਆ ਊਚੋ ਊਚ, ਊਚ ਅਗੰਮ ਅਥਾਹ ਮੇਲ ਮਿਲਾਈਆ । ਭੇਵ ਚੁਕਾਏ ਨੀਚੋ ਨੀਚ, ਨੀਚ ਨੀਚ ਨਾ ਕੋਇ ਚਤਰਾਈਆ । ਸਾਚੀ ਸਿਖਿਆ ਜੋ ਜਨ ਜਾਏ ਸੀਖ, ਤਿਸ ਸਾਖਿਆਤ ਨਜ਼ਰੀ ਆਈਆ । ਦਰ ਮੰਗੇ ਇਕੋ ਭੀਖ, ਦੂਜੇ ਦਰ ਨਾ ਮੰਗਣ ਜਾਈਆ । ਬਿਨ ਕਰਮਾਂ ਮਾਣਸ ਜਨਮ ਜਾਏ ਜੀਤ, ਨਿਹਕਰਮ ਮਿਲੇ ਸਰਨਾਈਆ । ਇਕੋ ਬੁੱਝੇ ਸਚ ਪ੍ਰੀਤ, ਪਰਮ ਪੁਰਖ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੋਬਿੰਦ ਸਿਖਿਆ ਇਕ ਸਮਝਾਈਆ । ਗੋਬਿੰਦ ਸਿਖਿਆ ਲੇਖ ਅਲੇਖ, ਲੇਖਾ ਲਿਖਤ ਵਿਚ ਨਾ ਆਈਆ । ਗੋਬਿੰਦ ਮਿਟਾਏ ਕੂੜਾ ਭੇਖ, ਭੇਖੀ ਰੂਪ ਨਾ ਕੋਇ ਜਣਾਈਆ । ਇਕ ਸਾਹਿਬ ਨੂੰ ਕਰੋ ਆਦੇਸ, ਸੀਸ ਜਗਦੀਸ ਇਕ ਨਿਵਾਈਆ । ਜਿਸ ਦੇ ਪਿਛੇ ਨਾਨਕ ਮੋਢੇ ਧਰਿਆ ਭੂਰੀ ਖੇਸ, ਖ਼ਾਲਸ ਆਪਣੀ ਸੇਵ ਕਮਾਈਆ । ਜਿਸ ਨੂੰ ਝੁਕਦੇ ਵਿਸ਼ਨ ਬ੍ਰਹਮ ਮਹੇਸ਼, ਸ਼ੰਕਰ ਬੈਠਾ ਧਿਆਨ ਲਗਾਈਆ । ਜਿਸ ਸਾਹਿਬ ਦਾ ਸੋਹਣਾ ਦੇਸ, ਸਚਖੰਡ ਵਸੇ ਬੇਪਰਵਾਹੀਆ । ਤਿਸ ਸਾਹਿਬ ਦਾ ਮੁੱਛ ਦਾੜ੍ਹੀ ਨਾ ਕੋਈ ਕੇਸ, ਸੀਸ ਜਗਦੀਸ ਨਾ ਮੂੰਡ ਮੁੰਡਾਈਆ । ਆਦਿ ਜੁਗਾਦਿ ਰਹੇ ਹਮੇਸ਼, ਨਾ ਮਰੇ ਨਾ ਜਾਈਆ । ਭੇਵ

੬੮੮
੧੪

ਨਾ ਪਾਏ ਕੋਈ ਮੁੱਲਾਂ ਸ਼ੇਖ਼, ਮਸਾਇਕ ਬੈਠੇ ਧਿਆਨ ਲਗਾਈਆ । ਸੋ ਆਦਿ ਜੁਗਾਦੀ ਇਕੋ ਏਕ, ਏਕੰਕਾਰਾ ਨਾਉਂ ਧਰਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਸਰਬ ਦੀ ਟੇਕ, ਦੇਵਣਹਾਰ ਸਰਬ ਸਰਨਾਈਆ । ਸੋ ਸਤਿਗੁਰ ਲੈਣਾ ਚੇਤ, ਜੋ ਘਟ ਘਟ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਅੱਖਰ ਰਿਹਾ ਪੜ੍ਹਾਈਆ । ਗੋਬਿੰਦ ਸਿਖਿਆ ਸੋਹੰ ਧਾਰ, ਸੋ ਸਾਹਿਬ ਸਮਝਾਈਆ । ਹੰ ਬ੍ਰਹਮ ਕਰੇ ਹੁਦਾਰ, ਇਕੋ ਦਾਤਾ ਵਡ ਵਡਿਆਈਆ । ਲੇਖਾ ਜਾਣ ਵਿਚ ਸੰਸਾਰ, ਹਰਿ ਸੰਸਾਰੀ ਭੇਵ ਚੁਕਾਈਆ । ਜੁਗ ਚੌਕੜੀ ਕਰ ਕਰ ਪਾਰ, ਉਤਰ ਪੂਰਬ ਪੱਛਮ ਦੱਖਣ ਚਾਰੇ ਦਿਸ਼ਾ ਵੇਖ ਵਖਾਈਆ । ਕਲਜੁਗ ਅੰਤਮ ਖ਼ਬਰਦਾਰ, ਬੇਖ਼ਬਰ ਆਪ ਸੁਣਾਈਆ । ਭਗਤ ਭਗਵਾਨ ਆਪ ਉਠਾਲ, ਉਠ ਉਠ ਆਪਣਾ ਮੇਲ ਮਿਲਾਈਆ । ਨਾਤਾ ਤੋੜ ਸ਼ਾਹ ਕੰਗਾਲ, ਚਾਰ ਵਰਨਾਂ ਦਏ ਸਰਨਾਈਆ । ਸਚ ਪ੍ਰੀਤੀ ਨਿਭਾਏ ਨਾਲ, ਅਧਵਿਚਕਾਰ ਨਾ ਕੋਇ ਤੁੜਾਈਆ । ਰਸਨਾ ਜਿਹਵਾ ਆਤਮ ਪਰਮਾਤਮ ਸੋਹਲਾ ਢੋਲਾ ਜੋ ਜਨ ਘਾਲਨ ਰਹੇ ਘਾਲ, ਅੰਤਰ ਇਕ ਧਿਆਨ ਲਗਾਈਆ । ਤਿਨ੍ਹਾਂ ਨਿਰਗੁਣ ਨਿਰਵੈਰ ਪੁਰਖ ਅਕਾਲ ਹੋਏ ਦਿਆਲ, ਏਥੇ ਓਥੇ ਸਦਾ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਸਿਖਿਆ ਕਰੇ ਬਹਾਲ, ਕਲ ਮਾਇਆ ਪਰਦਾ ਉਪਰ ਉਠਾਈਆ ।

## ★ ੧੯ ਜੇਠ ੨੦੨੦ ਬਿਕ੍ਰਮੀ ਦੌਲਤ ਸਿੰਘ ਦੇ ਗ੍ਰਿਹ ਨਵਾਂ ਚੱਕ ਜੰਮੂ ★

ਗੋਬਿੰਦ ਸਿਖਿਆ ਧੁਰ ਫ਼ਰਮਾਨ, ਧੁਰ ਦੀ ਧਾਰ ਜਣਾਈਆ । ਦੇਵਣਹਾਰ ਸ੍ਰੀ ਭਗਵਾਨ, ਸੋ ਕਰਤਾ ਬੇਪਰਵਾਹੀਆ । ਹਰਿ ਪੁਰਖ ਨਿਰੰਜਣ ਗੁਣ ਨਿਧਾਨ, ਏਕੰਕਾਰਾ ਰਿਹਾ ਜਣਾਈਆ । ਚੌਦਾਂ ਤਬਕ ਹੋ ਪਰਧਾਨ, ਸ੍ਰੀ ਭਗਵਾਨ ਰਿਹਾ ਸਮਝਾਈਆ । ਅਬਿਨਾਸ਼ੀ ਕਰਤਾ ਖੇਲ ਮਹਾਨ, ਪਾਰਬ੍ਰਹਮ ਰਿਹਾ ਦ੍ਰਿੜਾਈਆ । ਸਚ ਖਾਟੇ ਬੈਠ ਨੌਜਵਾਨ, ਸਚ ਸੰਦੇਸਾ ਇਕ ਅਲਾਈਆ । ਸ਼ਾਹੋ ਭੂਪ ਬਣ ਰਾਜਾਨ, ਸ਼ਹਿਨਸ਼ਾਹ ਆਪਣਾ ਹੁਕਮ ਮਨਾਈਆ । ਤਖ਼ਤ ਨਿਵਾਸੀ ਹੋ ਮਿਹਰਵਾਨ, ਧੁਰ ਦੀ ਧਾਰ ਰਿਹਾ ਸਮਝਾਈਆ । ਲੇਖਾ ਜਾਣ ਵਡ ਮਿਹਰਵਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਪੜ੍ਹਾਈਆ । ਗੋਬਿੰਦ ਸਿਖਿਆ ਸ਼ਾਹੋ ਭੂਪ, ਭੂਪਤ ਭੂਪ ਆਪ ਜਣਾਈਆ । ਲੇਖਾ ਜਾਣੇ ਸਾਚੀ ਕੂਟ, ਸਾਚੀ ਦਿਸ਼ਾ ਵੰਡ ਵੰਡਾਈਆ । ਹੁਕਮ ਮਨਾਏ ਆਪਣੇ ਪੂਤ, ਸੁਤ ਦੁਲਾਰਾ ਸ਼ਬਦ ਉਠਾਈਆ । ਥਿਰ ਘਰ ਸੁਹਾਏ ਰੁੱਤ, ਰੁੱਤ ਰੁੱਤੜੀ ਆਪ ਮਹਿਕਾਈਆ । ਕਰ ਖੇਲ ਅਬਿਨਾਸ਼ੀ ਅਚੁਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਪੜ੍ਹਾਈਆ । ਗੋਬਿੰਦ ਸਿਖਿਆ ਸ਼ਬਦੀ ਸੁਤ ਦੁਲਾਰ, ਧੁਰਦਰਗਾਹੀ ਆਪ ਜਣਾਇੰਦਾ । ਪੁਰਖ ਅਕਾਲ ਇਕ ਪਿਆਰ, ਚਰਨ ਸਰਨ ਸਮਝਾਇੰਦਾ । ਥਿਰ ਘਰ ਖੋਲ੍ਹ ਆਪਣਾ ਕਿਵਾੜ, ਸਚਖੰਡ ਇਕੋ ਨਜ਼ਰੀ ਆਇੰਦਾ । ਦੇਵਣਹਾਰ ਹਰਿ ਫ਼ਰਮਾਨ, ਹੁਕਮ ਹਾਕਮ ਆਪ ਸਮਝਾਇੰਦਾ । ਸ਼ਬਦੀ ਸ਼ਬਦ ਕਰ ਪਰਵਾਨ, ਪਰਵਾਨਾ ਇਕੋ ਇਕ ਫੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਸਿਖਿਆ ਸਾਖਿਆਤ ਹਰਿ ਜਣਾਇੰਦਾ । ਗੋਬਿੰਦ ਸਿਖਿਆ ਵਿਸ਼ਨ ਧਾਰ, ਵਿਸ਼ਵ ਕਰੇ ਪੜ੍ਹਾਈਆ । ਦੇਵਣਹਾਰਾ ਅਗੰਮ ਅਪਾਰ, ਅਥਾਹ ਆਪਣਾ ਰਾਹ ਜਣਾਈਆ । ਨਿਰਗੁਣ

ਦਾਤਾ ਪਰਵਰਦਿਗਾਰ, ਬੇਪਰਵਾਹ ਸੱਚੀ ਸਰਨਾਈਆ । ਵਸਤ ਅਮੋਲਕ ਭਰ ਭੰਡਾਰ, ਦੇਵਣਹਾਰ ਵਡਿਆਈਆ । ਇਕੋ ਗੌਣਾ ਹਰਿ ਨਿਰੰਕਾਰ, ਨਿਰਗੁਣ ਨਿਰਵੈਰ ਪੁਰਖ ਧਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਦ੍ਰਿੜਾਈਆ । ਗੋਬਿੰਦ ਸਿਖਿਆ ਬ੍ਰਹਮ ਰੰਗ, ਪਾਰਬ੍ਰਹਮ ਬ੍ਰਹਮ ਜਣਾਇੰਦਾ । ਘਰ ਘਰ ਵੱਜੇ ਇਕ ਮਰਦੰਗ, ਗ੍ਰਹਿ ਮੰਦਰ ਸੋਭਾ ਪਾਇੰਦਾ । ਨਿਰਗੁਣ ਦੇਵੇ ਨਿਰਗੁਣ ਅਨੰਦ, ਅਨੰਦ ਅਨੰਦ ਵਿਚੋਂ ਦ੍ਰਿੜਾਇੰਦਾ । ਨਿਰਗੁਣ ਪਰਕਾਸ਼ ਸਾਚਾ ਚੰਦ, ਅਗਿਆਨ ਅੰਧੇਰ ਨਾ ਕੋਇ ਵਖਾਇੰਦਾ । ਨਿਰਗੁਣ ਗੀਤ ਨਿਰਗੁਣ ਛੰਦ, ਨਿਰਗੁਣ ਢੋਲਾ ਰਾਗ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਦ੍ਰਿੜਾਇੰਦਾ । ਗੋਬਿੰਦ ਸਿਖਿਆ ਸ਼ੰਕਰ ਮੇਲ, ਮੇਲ ਮਿਲਾਵਾ ਏਕਾ ਥਾਈਆ । ਆਦਿ ਨਿਰੰਜਣ ਚਾੜ੍ਹੇ ਤੇਲ, ਘਰ ਸਾਚੇ ਸਗਨ ਮਨਾਈਆ । ਭੋਲਾ ਨਾਥ ਸੱਜਣ ਸੁਹੇਲ, ਭਾਉ ਆਪਣਾ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਦਰਸਾਈਆ । ਸਾਚੀ ਸਿਖਿਆ ਤਿੰਨਾਂ ਗੁਣ, ਤ੍ਰੈਗੁਣ ਅਤੀਤਾ ਆਪ ਜਣਾਇੰਦਾ । ਬਿਨ ਸਰਵਣ ਰਹੇ ਸੁਣ, ਬਿਨ ਕੰਨਾਂ ਆਪ ਸਮਝਾਇੰਦਾ । ਬੋਧ ਅਗਾਧ ਇਕੋ ਧੁਨ, ਧੁਨ ਆਤਮਕ ਰਾਗ ਅਲਾਇੰਦਾ । ਲੇਖਾ ਜਾਣੇ ਆਪਣਾ ਗੁਣ, ਗੁਣ ਆਪਣੇ ਵਿਚ ਛੁਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਵਖਾਇੰਦਾ । ਸਾਚੀ ਸਿਖਿਆ ਨਿਰਗੁਣ ਨਿਰਗੁਣ, ਨਿਰਵੈਰ ਨਿਰਵੈਰ ਜਣਾਈਆ । ਕਵਣ ਜਾਣੇ ਪ੍ਰਭ ਤੇਰੇ ਗੁਣ, ਤਿੰਨੇ ਢਹਿ ਪਏ ਸਰਨਾਈਆ । ਭੇਵ ਨਾ ਪਾਇਆ ਘੜੀ ਫੁਨ, ਫੁਰੋ ਮੰਤਰ ਤੇਰਾ ਨਾਮ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਚੀ ਸਿਖਿਆ ਦੇ ਸਮਝਾਈਆ । ਸਾਚੀ ਸਿਖਿਆ ਸੁਣੋ ਮੀਤ, ਵਿਸ਼ਨ ਬ੍ਰਹਮੇ ਸ਼ਿਵ ਹਰਿ ਜਣਾਇੰਦਾ । ਮੇਰਾ ਢੋਲਾ ਗਾਓ ਗੀਤ, ਸੋ ਪੁਰਖ ਨਿਰੰਜਣ ਆਪ ਪੜ੍ਹਾਇੰਦਾ । ਇਕ ਦਵਾਰਾ ਠਾਂਡਾ ਸੀਤ, ਸਾਹਿਬ ਸਤਿਗੁਰ ਆਪ ਵਖਾਇੰਦਾ । ਸਦ ਬੈਠਾ ਰਹੇ ਅਤੀਤ, ਨਿਰਗੁਣ ਆਪਣਾ ਆਸਣ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੰ ਤੋਹੇ ਰੂਪ ਵਖਾਇੰਦਾ । ਸਾਚਾ ਢੋਲਾ ਹੰ ਹੰ, ਸ੍ਰੀ ਭਗਵਾਨ ਜਣਾਈਆ । ਨੂਰ ਨੂਰ ਨੂਰ ਬ੍ਰਹਮ, ਪਾਰਬ੍ਰਹਮ ਭਰਾਈਆ । ਜ਼ਹੂਰ ਜ਼ਹੂਰ ਸਚ ਕਰਮ, ਹਰਿ ਕਰਨੀ ਕਰਤਾ ਦਏ ਸਮਝਾਈਆ । ਸ੍ਰੀ ਭਗਵਾਨ ਸਚ ਸਰਨ, ਸਰਨਗਤ ਇਕ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਸੋਹੰ ਰੂਪ ਦਰਸਾਈਆ । ਗੋਬਿੰਦ ਸਿਖਿਆ ਸੋਹੰ ਰੂਪ, ਅਨੂਪ ਮਿਲੇ ਵਡਿਆਈਆ । ਸੋ ਸਾਹਿਬ ਪ੍ਰਭ ਸਾਚਾ ਭੂਪ, ਭਗਤ ਦਰ ਦਰਵੇਸ਼ ਲਏ ਬਣਾਈਆ । ਲੇਖਾ ਜਾਣੇ ਆਪਣੀ ਕੂਟ, ਸਾਚੀ ਦਿਸ਼ਾ ਸੋਭਾ ਪਾਈਆ । ਕਰ ਪਰਕਾਸ਼, ਨਿਰਮਲ ਜੋਤ, ਸ਼ਬਦੀ ਨਾਦ ਨਾਦ ਸੁਣਾਈਆ । ਧਾਮ ਸੁਹਾ ਸਚਖੰਡ ਕੋਟ, ਥਿਰ ਘਰ ਦੇਵਣਹਾਰ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਵਰਤਾਈਆ । ਸਾਚਾ ਹੁਕਮ ਤ੍ਰੈਗੁਣ ਮਾਇਆ, ਪੰਜ ਤੱਤ ਵੱਜੇ ਵਧਾਈਆ । ਹੁਕਮੇ ਅੰਦਰ ਖੇਲ ਰਚਾਇਆ, ਆਪਣੀ ਕਾਰ ਕਮਾਈਆ । ਲੱਖ ਚੁਰਾਸੀ ਗੰਢ ਪੁਆਇਆ, ਤਤਵ ਤਤਵ ਮੇਲਾ ਸਹਿਜ ਸੁਭਾਈਆ । ਪੁਰਖ ਅਬਿਨਾਸ਼ੀ ਵੇਖ ਵਖਾਇਆ, ਨਿਰਗੁਣ ਸਰਗੁਣ ਵੇਸ ਵਟਾਈਆ । ਘਰ ਘਰ ਅੰਦਰ ਡੇਰਾ ਲਾਇਆ, ਆਤਮ ਪਰਮਾਤਮ ਸੋਭਾ ਪਾਈਆ । ਪਾਰਬ੍ਰਹਮ ਬ੍ਰਹਮ ਖੇਲ ਰਚਾਇਆ, ਰਚ ਰਚ ਵੇਖੇ ਥਾਉਂ ਥਾਈਆ ।

ਈਸ਼ ਜੀਵ ਜਗਦੀਸ਼ ਪੜ੍ਹਾਇਆ, ਸਾਚੀ ਸਿਖਿਆ ਇਕ ਸਮਝਾਈਆ । ਤੂੰ ਮੇਰਾ ਮੈਂ ਤੇਰਾ ਦੋਹਾਂ ਢੋਲਾ ਇਕੋ ਗਾਇਆ, ਗਾ ਗਾ ਸ਼ੁਕਰ ਮਨਾਈਆ । ਸੋਹੰ ਰੂਪ ਨਜ਼ਰੀ ਆਇਆ, ਦੂਜੀ ਧਾਰ ਨਾ ਕੋਇ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਗੋਬਿੰਦ ਸਿਖਿਆ ਇਕ ਰਖਾਈਆ । ਗੋਬਿੰਦ ਸਿਖਿਆ ਇਕੋ ਇਕ, ਇਕ ਇਕੱਲਾ ਆਪ ਕਰਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਲੇਖਾ ਗਏ ਲਿਖ, ਜੋ ਸਿਖਿਆ ਹਰਿ ਸਮਝਾਇੰਦਾ । ਦਰ ਭਿਖਾਰੀ ਮੰਗਣ ਭਿਖ, ਭਿਛਿਆ ਝੋਲੀ ਆਪ ਭਰਾਇੰਦਾ । ਚਾਰ ਕੁੰਟ ਦਹਿ ਦਿਸ਼ਾ ਪਏ ਦਿਸ, ਦੀਦ ਈਦ ਨਿਰਗੁਣ ਨੂਰ ਚੰਦ ਚਮਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਪਰਗਟਾਇੰਦਾ । ਸਾਚੀ ਸਿਖਿਆ ਸ਼ਾਸਤਰ ਸਿਮਰਤ ਵੇਦ ਪੁਰਾਨ, ਸੋ ਸਾਹਿਬ ਕਰੇ ਪੜ੍ਹਾਈਆ । ਸਾਚੀ ਸਿਖਿਆ ਗੁਰ ਅਵਤਾਰ ਦੇਵੇ ਦਾਨ, ਸ਼ਬਦ ਭੰਡਾਰਾ ਝੋਲੀ ਪਾਈਆ । ਸਾਚੀ ਸਿਖਿਆ ਲੇਖਾ ਜਾਣੇ ਦੋ ਜਹਾਨ, ਭੇਵ ਅਭੇਦਾ ਭੇਵ ਖੁਲ੍ਹਾਈਆ । ਸਾਚੀ ਸਿਖਿਆ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਕਰ ਪਰਵਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਸਾਚੀ ਸਿਖਿਆ ਪੀਰ ਪੈਗ਼ੰਬਰ ਗੁਰ ਅਵਤਾਰ, ਹਰਿ ਅਵਤਾਰੀ ਆਪ ਜਣਾਇੰਦਾ । ਚਾਰ ਯੁਗ ਦੇ ਸੱਜਣ ਰਹਿਣਾ ਖ਼ਬਰਦਾਰ, ਸੋ ਸਾਹਿਬ ਆਪ ਸਮਝਾਇੰਦਾ । ਕਰੇ ਖੇਲ ਆਪ ਕਰਤਾਰ, ਕਰਨੀ ਆਪਣੇ ਹੱਥ ਰਖਾਇੰਦਾ । ਨਵ ਨੌਂ ਚਾਰ ਲੇਖਾ ਦਏ ਨਵਾਰ, ਨਵਿਰਤੀ ਸਭ ਦੀ ਆਪ ਕਰਾਇੰਦਾ । ਪਰਕਿਰਤੀ ਵੇਖ ਸਰਬ ਸੰਸਾਰ, ਸ੍ਰਿਸ਼ਟੀ ਆਪਣੇ ਭਾਉ ਚਲਾਇੰਦਾ । ਦ੍ਰਿਸ਼ਟੀ ਖੋਲ੍ਹਣਹਾਰ ਕਿਵਾੜ, ਇਸ਼ਟੀ ਇਕੋ ਨਜ਼ਰੀ ਆਇੰਦਾ । ਬਹਿਸ਼ਤੀ ਲਾਵਣਹਾਰ ਬਹਾਰ, ਦੋਜ਼ਖ਼ ਇਕੋ ਅਗਨ ਵਖਾਇੰਦਾ । ਲਿਖਤੀ ਲਿਖਤ ਲਏ ਵਿਚਾਰ, ਪੂਰਬ ਲੇਖਾ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਗੋਬਿੰਦ ਹੁਕਮ ਚਲਾਇੰਦਾ । ਹਰਿ ਗੋਬਿੰਦ ਹੁਕਮ ਸਦਾ ਨਿਰਭੈ, ਭੌ ਸਿਰ ਨਾ ਕੋਇ ਰਖਾਈਆ । ਆਦਿ ਜੁਗਾਦਿ ਜੁਗੋ ਜੁਗ ਰਹੇ, ਨਾ ਕੋਈ ਮੇਟੇ ਮੇਟ ਮਿਟਾਈਆ । ਲੱਖ ਚੁਰਾਸੀ ਜੀਵ ਜੰਤ ਕਰੇ ਕੱਠੇ, ਲੇਖਾ ਸਭ ਦਾ ਦਏ ਮੁਕਾਈਆ । ਆਦਿ ਅੰਤ ਪ੍ਰਭ ਇਕੋ ਰਹੇ, ਦੂਜਾ ਨਜ਼ਰ ਕੋਇ ਨਾ ਆਈਆ । ਜੋ ਉਪਜਿਆ ਸੋ ਸਰਨੀ ਢਹੇ, ਨਿਉਂ ਨਿਉਂ ਸੀਸ ਝੁਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਗਏ ਕਹੇ, ਰਸਨਾ ਜਿਹਵਾ ਢੋਲਾ ਗਾਈਆ । ਅੰਤ ਰਹੇ ਨਾ ਕਿਸੇ ਦੀ ਮੈਂ ਮੈਂ, ਮਮਤਾ ਸਭ ਦੀ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਆਪਣਾ ਹੁਕਮ ਵਰਤਾਈਆ । ਹਰਿ ਗੋਬਿੰਦ ਹੁਕਮ ਅਥਾਹ, ਦੋ ਜਹਾਨਾਂ ਰਾਹ ਵਖਾਇੰਦਾ । ਜੁਗ ਚੌਕੜੀ ਗੁਰ ਅਵਤਾਰ ਗਏ ਗਾ, ਪੀਰ ਪੈਗ਼ੰਬਰ ਸਿਫ਼ਤ ਸਾਲਾਹਿੰਦਾ । ਦੀਨ ਮਜ਼੍ਹਬ ਮਾਰਗ ਲਾ, ਜ਼ਾਤ ਪਾਤ ਵੰਡ ਵੰਡਾਇੰਦਾ । ਵਰਨ ਗੋਤ ਗੰਢ ਪੁਆ, ਊਚ ਨੀਚ ਵੇਸ ਵਟਾਇੰਦਾ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਨਾਮ ਧਰਾ, ਧਰਨੀ ਧਰਤ ਧਵਲ ਸੋਭਾ ਪਾਇੰਦਾ । ਆਤਮ ਪਰਮਾਤਮ ਪਰਦਾ ਪਾ, ਭੇਵ ਅਭੇਦ ਨਾ ਕੋਇ ਖੁਲ੍ਹਾਇੰਦਾ । ਮਨ ਵਾਸਨਾ ਜਗਤ ਵਧਾ, ਕੂੜੀ ਕਿਰਿਆ ਮੇਲ ਮਿਲਾਇੰਦਾ । ਗੋਬਿੰਦ ਹੁਕਮ ਗਏ ਭੁਲਾ, ਧੁਰ ਸੰਦੇਸਾ ਨਜ਼ਰ ਕਿਸੇ ਨਾ ਆਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਬਣਨ ਅੰਤ ਗਵਾਹ, ਸ਼ਹਾਦਤ ਇਕੋ ਵਾਰ ਰਖਾਇੰਦਾ । ਜੋ ਉਪਜੇ ਸੋ ਹੋਵੇ ਫ਼ਨਾਹ, ਫ਼ਤਿਹਾ ਸਭ ਦਾ ਆਪ ਪੜ੍ਹਾਇੰਦਾ । ਮਸ਼ਰਕ ਮਗ਼ਰਬ ਫੇਰਾ ਪਾ, ਉਤਰ ਪੂਰਬ ਦੱਖਣ ਪੱਛਮ ਆਪਣੀ ਕਾਰ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਗੋਬਿੰਦ ਹੁਕਮ ਜਣਾਇੰਦਾ ।

ਹਰਿ ਗੋਬਿੰਦ ਹੁਕਮ ਅਟੱਲ, ਨਾ ਕੋਈ ਮੇਟੇ ਮੇਟ ਮਿਟਾਈਆ । ਲੱਖ ਚੁਰਾਸੀ ਜੀਵ ਜੰਤ ਮੰਨਣ ਵਿਚ ਜਲ ਥਲ, ਧਰਨੀ ਧਰਤ ਧਵਲ ਮਨਾਈਆ । ਉਚੇ ਟਿੱਲੇ ਪਰਬਤ ਜਾਣ ਹਲ, ਸਮੁੰਦ ਸਾਗਰ ਦੇਣ ਦੁਹਾਈਆ । ਹੁਕਮੇ ਅੰਦਰ ਸੂਫ਼ੀ ਲੁਹਾ ਕੇ ਗਏ ਖੱਲ, ਸ਼ਮਸ ਤਬਰੇਜ਼ ਆਪਣਾ ਮਾਣ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਕਰੇ ਪਰਬਲ, ਜਿਸ ਹੁਕਮੇ ਅੰਦਰ ਮਨਸੂਰ ਸੂਲੀ ਉਪਰ ਚੜ੍ਹਾਈਆ । ਗੋਬਿੰਦ ਹੁਕਮ ਆਦਿ ਅੰਤ, ਨਾ ਕੋਈ ਮੇਟੇ ਮੇਟ ਮਿਟਾਈਆ । ਆਪ ਸੁਣਾਏ ਸ੍ਰੀ ਭਗਵੰਤ, ਭਗਵਨ ਆਪਣਾ ਭੇਵ ਚੁਕਾਈਆ । ਜੁਗ ਜੁਗ ਮਨਾਵੇ ਸਾਧ ਸੰਤ, ਭਗਤ ਭਗਵਾਨ ਧਿਆਨ ਲਗਾਈਆ । ਹੁਕਮੇ ਅੰਦਰ ਜੀਵ ਜੰਤ, ਲੱਖ ਚੁਰਾਸੀ ਗੇੜ ਰਖਾਈਆ । ਹੁਕਮੇ ਅੰਦਰ ਸ਼ਾਹ ਸੁਲਤਾਨ ਰਾਜ ਰਾਜਾਨ ਹੋਵਣ ਮੰਗਤ, ਦਰ ਦਰ ਘਰ ਘਰ ਅਲਖ ਜਗਾਈਆ । ਹੁਕਮੇ ਅੰਦਰ ਗੁਰਮੁਖ ਮਿਲਣ ਸਾਚੀ ਸੰਗਤ, ਮਿਲੇ ਸਤਿਗੁਰ ਸਚ ਸਰਨਾਈਆ । ਹੁਕਮੇ ਅੰਦਰ ਨਾਨਕ ਅੰਗ ਲਗਾਇਆ ਅੰਗਦ, ਹੁਕਮੇ ਅੰਦਰ ਗੋਬਿੰਦ ਗੋਬਿੰਦ ਪੂਤ ਅਖਵਾਈਆ । ਹੁਕਮੇ ਅੰਦਰ ਬੋਧ ਆਗਾਧਾ ਗਿਆਨੀ ਹੋਵੇ ਪੰਡਤ, ਹੁਕਮੇ ਅੰਦਰ ਮਸਤਕ ਟਿੱਕਾ ਲਲਾਟੀ ਰੂਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਦਰਸਾਈਆ । ਹੁਕਮੇ ਅੰਦਰ ਜੁਗ ਚਾਰ, ਜੁਗ ਚੌਕੜੀ ਭੇਵ ਚੁਕਾਈਆ । ਹੁਕਮੇ ਅੰਦਰ ਵੇਦ ਚਾਰ, ਚਾਰੇ ਮੁਖ ਖੁਲ੍ਹਾਈਆ । ਹੁਕਮੇ ਅੰਦਰ ਵਰਨ ਚਾਰ, ਚਾਰ ਕੁੰਟ ਰੁਸ਼ਨਾਈਆ । ਹੁਕਮੇ ਅੰਦਰ ਬੋਲ ਜੈਕਾਰ, ਚਾਰੇ ਬਾਣੀ ਕਰੇ ਪੜ੍ਹਾਈਆ । ਹੁਕਮੇ ਅੰਦਰ ਚਾਰੇ ਖਾਣੀ ਕਰ ਤਿਆਰ, ਲੋਕਮਾਤ ਸੋਭਾ ਪਾਈਆ । ਹੁਕਮੇ ਅੰਦਰ ਚਾਰ ਯਾਰੀ ਭਰ ਭੰਡਾਰ, ਸਾਚੀ ਸਿਖਿਆ ਇਕ ਸਮਝਾਈਆ । ਹੁਕਮੇ ਅੰਦਰ ਸਭ ਨੂੰ ਕਰੇ ਖੁਆਰ, ਖੁਆਰੀ ਸਭ ਦੇ ਸਿਰ ਤੇ ਛਾਈਆ । ਹੁਕਮੇ ਅੰਦਰ ਜਿਤ ਕੇ ਜਾਣ ਹਾਰ, ਹਾਰ ਜਿਤ ਨਜ਼ਰ ਕਿਸੇ ਨਾ ਆਈਆ । ਹੁਕਮੇ ਅੰਦਰ ਖੇਲ ਕਰੇ ਸੰਸਾਰ, ਖ਼ਾਲਕ ਖ਼ਲਕ ਵੇਖ ਵਖਾਈਆ । ਹੁਕਮੇ ਅੰਦਰ ਪਰਗਟ ਹੋਵੇ ਗੁਪਤ ਜ਼ਾਹਰ, ਹੁਕਮੇ ਅੰਦਰ ਏਕਾ ਨੂਰ ਰੁਸ਼ਨਾਈਆ । ਹੁਕਮੇ ਅੰਦਰ ਹੋ ਤਿਆਰ, ਤ੍ਰੈਭਵਣ ਧਨੀ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਗੋਬਿੰਦ ਸਚ ਸਰਨਾਈਆ । ਹਰਿ ਗੋਬਿੰਦ ਹੁਕਮ ਜੋਤੀ ਸ਼ਬਦੀ ਜੋੜਾ, ਨਿਰਗੁਣ ਨਿਰਗੁਣ ਮੇਲ ਮਿਲਾਇੰਦਾ । ਆਦਿ ਪੁਰਖ ਅਪਰੰਪਰ ਸਵਾਮੀ ਨਿਰਵੈਰ ਰਖਾਏ ਸ਼ਬਦੀ ਘੋੜਾ, ਨੇਤਰ ਨਜ਼ਰ ਕਿਸੇ ਨਾ ਆਇੰਦਾ । ਜੁਗ ਚੌਕੜੀ ਹਰ ਘਟ ਬੌਹੜਾ, ਆਪ ਆਪਣਾ ਫੇਰਾ ਪਾਇੰਦਾ । ਕਲਜੁਗ ਅੰਤਮ ਆਏ ਦੌੜਾ, ਨਿਹਕਲੰਕਾ ਨਾਉਂ ਰਖਾਇੰਦਾ । ਕੋਈ ਸਾਰ ਨਾ ਪਾਏ ਬ੍ਰਹਿਮਣ ਗੌੜਾ, ਪੂਤ ਸਪੂਤਾ ਭੇਵ ਨਾ ਕੋਇ ਚੁਕਾਇੰਦਾ । ਲੋਚਣ ਵੇਖੇ ਨਾ ਕੋਇ ਕਰ ਕੇ ਗ਼ੌਰਾ, ਅੰਤਰ ਪਰਦਾ ਕੋਇ ਨਾ ਲਾਹਿੰਦਾ । ਕਲਜੁਗ ਮਾਇਆ ਜੀਵ ਜੰਤ ਕੀਤਾ ਬੌਰਾ, ਫਾਂਸੀ ਗਲੋਂ ਨਾ ਕਟਾਇੰਦਾ । ਪ੍ਰਭੂ ਵੇਸ ਕੀਤਾ ਅਵਰ ਕਾ ਔਰਾ, ਨਿਰਗੁਣ ਆਪਣਾ ਨੂਰ ਧਰਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣਾ ਵਰਕਾ ਰੱਖਿਆ ਕੋਰਾ, ਅਲਫ਼ ਯੇ ਅੱਖਰ ਨਾ ਕੋਇ ਲਿਖਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਘੱਲਦਾ ਰਿਹਾ ਬਾਲਕ ਛੋਹਰਾ, ਸਾਚਾ ਹੁਕਮ ਬਚਪਨ ਵਿਚ ਸਮਝਾਇੰਦਾ । ਸਭ ਨੂੰ ਦੱਸ ਕੇ ਗਿਆ ਅੰਤਮ ਪਾਰਬ੍ਰਹਮ ਪ੍ਰਭ ਸਭ ਦੀ ਪੂਰੀ ਕਰੇ ਲੋੜਾ, ਆਸਾਵੰਦ ਸਰਬ ਰਖਾਇੰਦਾ । ਪੁਰਖ ਅਕਾਲ ਦੀਨ ਦਿਆਲ ਉਤੇ ਸੁੱਟ ਕੇ ਗਏ ਡੋਰਾਂ, ਨਿਰਗੁਣ ਨਿਰਵੈਰ ਨਿਰਾਕਾਰ ਇਕੋ ਇਕ ਇਕ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ

ਹੁਕਮ ਮੰਨੇ ਆਪ, ਆਪ ਆਪਣਾ ਸੀਸ ਨਿਵਾਇੰਦਾ । ਹੁਕਮੇ ਅੰਦਰ ਝੁਕੇ ਸੀਸ, ਹਰਿ ਸੀਸ ਆਪ ਝੁਕਾਈਆ । ਹੁਕਮੇ ਅੰਦਰ ਬਣ ਜਗਦੀਸ, ਜਾਗਰਤ ਜੋਤ ਕਰੇ ਰੁਸ਼ਨਾਈਆ । ਹੁਕਮੇ ਅੰਦਰ ਸਚ ਹਦੀਸ, ਪੀਰ ਪੈਗ਼ੰਬਰ ਕਰ ਪੜ੍ਹਾਈਆ । ਹੁਕਮੇ ਅੰਦਰ ਦੇ ਅਸੀਸ, ਢੋਲਾ ਸਿਫ਼ਤ ਸਾਲਾਹੀ ਗਾਈਆ । ਹੁਕਮੇ ਅੰਦਰ ਲੇਖਾ ਜਾਣੇ ਬੀਸ ਇਕੀਸ, ਦੂਆ ਜ਼ੀਰੋ ਦੂਆ ਏਕਾ ਏਕ ਨਿਰਗੁਣ ਸਰਗੁਣ ਰੰਗ ਰੰਗਾਈਆ । ਭਗਤ ਭਗਵਾਨ ਲਏ ਜੀਤ, ਘਰ ਵਖਾਏ ਇਕ ਅਤੀਤ, ਨਜ਼ਰੀ ਆਏ ਸਾਹਿਬ ਠੀਕ, ਠਾਕਰ ਸਵਾਮੀ ਫੇਰਾ ਪਾਈਆ । ਚਰਨ ਪ੍ਰੀਤ ਬੰਧਾਏ ਪ੍ਰੀਤ, ਕਾਇਆ ਕਰੇ ਠੰਡੀ ਸੀਤ, ਨਾਤਾ ਚੁੱਕੇ ਮੰਦਰ ਮਸੀਤ, ਮਹਿਬੂਬ ਇਕੋ ਨਜ਼ਰੀ ਆਈਆ । ਢੋਲਾ ਗੌਣਾ ਸੱਚਾ ਗੀਤ, ਸਾਹਿਬ ਸਤਿਗੁਰ ਵਸੇ ਚੀਤ, ਅੱਠੇ ਪਹਿਰ ਪਰਖੇ ਨੀਤ, ਨੀਤੀਵਾਨ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਰਖਾਈਆ । ਗੋਬਿੰਦ ਹੁਕਮ ਭਗਤ ਅਰਦਾਸ, ਸ੍ਰੀ ਭਗਵਾਨ ਵੇਖ ਵਖਾਈਆ । ਜਗਤ ਵਛੋੜਾ ਕੱਟ ਕੇ ਗਏ ਫਾਸ, ਫ਼ੈਸਲਾ ਇਕੋ ਹੁਕਮ ਸੁਣਾਈਆ । ਆਤਮ ਪਰਮਾਤਮ ਸਦ ਵਸੇ ਪਾਸ, ਹਰਿਜਨ ਮੇਲਾ ਸਹਿਜ ਸੁਭਾਈਆ । ਕਲਜੁਗ ਅੰਤਮ ਪੂਰੀ ਕਰੇ ਆਸ, ਜਿਨ੍ਹਾਂ ਆਪਣਾ ਰੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲੇ ਸਹਿਜ ਸੁਭਾਈਆ । ਹਰਿਜਨ ਮੇਲਾ ਕਾਇਆ ਬੰਕ, ਬੰਕ ਦਵਾਰੀ ਆਪ ਮਿਲਾਇੰਦਾ । ਨਾਮ ਸੁਣਾਏ ਅਗੰਮਾ ਡੰਕ, ਹਰਿ ਡੌਰੂ ਇਕ ਵਜਾਇੰਦਾ । ਪਕੜ ਉਠਾਏ ਵਿਚੋਂ ਜੰਤ, ਜੀਵਣ ਜੁਗਤ ਆਪ ਜਣਾਇੰਦਾ । ਸੁਰਤ ਮਿਲਾਵਾ ਸ਼ਬਦ ਕੰਤ, ਘਰ ਸੋਭਾਵੰਤ ਸੁਹਾਇੰਦਾ । ਨਾਮ ਨਿਧਾਨਾ ਨਰ ਹਰਿ ਮੰਤ, ਸੋਹੰ ਰਾਗ ਅਲਾਇੰਦਾ । ਮਾਣਸ ਜਨਮ ਬਣਾਏ ਬਣਤ, ਲੱਖ ਚੁਰਾਸੀ ਪੰਧ ਮੁਕਾਇੰਦਾ । ਗੜ੍ਹ ਤੋੜ ਹਉਮੇਂ ਹੰਗਤ, ਸਾਚੀ ਸਿਖਿਆ ਇਕ ਦ੍ਰਿੜਾਇੰਦਾ । ਜਿਸ ਜਨ ਮਿਲਾਏ ਆਪਣੀ ਸੰਗਤ, ਤਿਸ ਸਚਖੰਡ ਦਵਾਰੇ ਅੰਤ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਵਨ ਆਪਣੇ ਘਰ ਬਹਾਇੰਦਾ ।

★ ੧੯ ਜੇਠ ੨੦੨੦ ਬਿਕ੍ਰਮੀ ਬਾਜ ਸਿੰਘ ਦੇ ਗ੍ਰਹਿ ਪਿੰਡ ਸੀਂਗਰੀ ਜੰਮੂ ★

ਹਰਿ ਗੋਬਿੰਦ ਸਿਖਿਆ ਭਗਤ ਕਰਨ ਪਰਵਾਨ, ਅੰਤਰ ਇਕ ਧਿਆਨ ਲਗਾਈਆ । ਸਾਹਿਬ ਸਤਿਗੁਰ ਸਚ ਧਿਆਨ, ਲਿਵ ਇਕੋ ਇਕ ਰਖਾਈਆ । ਗੁਰ ਮੰਤਰ ਨਾਮ ਨਿਧਾਨ, ਰਸਨਾ ਜਿਹਵਾ ਗਾਈਆ । ਸਚ ਇਸ਼ਟ ਚਰਨ ਧਿਆਨ, ਨੇਤਰ ਨੈਣ ਸੀਸ ਝੁਕਾਈਆ । ਦੋਏ ਜੋੜ ਕਰਨ ਪਰਨਾਮ, ਮਸਤਕ ਟਿੱਕਾ ਧੂੜੀ ਲਾਈਆ । ਸਾਚਾ ਰਾਗ ਇਕੋ ਗਾਣ, ਤੂ ਹੀ ਤੂ ਤੂ ਅਲਾਈਆ । ਨਜ਼ਰੀ ਆਏ ਸਚ ਨਿਸ਼ਾਨ, ਸਾਹਿਬ ਸਤਿਗੁਰ ਰਿਹਾ ਝੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਾਰੇ ਆਪੇ ਲਾਈਆ । ਹਰਿ ਗੋਬਿੰਦ ਹੁਕਮ ਜਨ ਭਗਤ ਮਨੌਂਦੇ, ਮੰਨ ਮੰਨ ਖ਼ੁਸ਼ੀ ਮਨਾਈਆ । ਦਿਵਸ ਰੈਣ ਸਦ ਰਸਨਾ ਗੌਂਦੇ, ਇਕੋ ਨਾਦ ਵਜਾਈਆ । ਆਤਮ ਪਰਮਾਤਮ ਸਦਾ ਧਿਔਂਦੇ, ਗ੍ਰਹਿ ਅੰਦਰ ਧਿਆਨ ਲਗਾਈਆ । ਨੇਤਰ ਨੈਣਾਂ ਦਰਸਨ ਪੌਂਦੇ, ਪਰਦਾ ਉਪਰ ਨਾ ਕੋਇ ਵਖਾਈਆ । ਆਪ ਆਪਣੀ ਭੁੱਲ ਬਖ਼ਸ਼ੌਂਦੇ, ਪੂਰਬ

ਕਰਮ ਰਹੇ ਨਾ ਰਾਈਆ । ਗੜ੍ਹ ਹੰਕਾਰੀ ਬੁਰਜ ਢੌਂਦੇ, ਮਾਇਆ ਮਮਤਾ ਮੋਹ ਮਿਟਾਈਆ । ਕੂੜੀ ਕਿਰਿਆ ਬਾਹਰ ਕਢੌਂਦੇ, ਕਾਮ ਕਰੋਧ ਲੋਭ ਮੋਹ ਹੰਕਾਰ ਨਾ ਕੋਇ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਦੇਵਣਹਾਰ ਵਡਿਆਈਆ । ਹਰਿ ਗੋਬਿੰਦ ਸਿਖਿਆ ਗੁਰਮੁਖ ਗਾ, ਘਰ ਘਰ ਖ਼ੁਸ਼ੀ ਵਖਾਈਆ । ਨਿਤ ਨਿਤ ਤੱਕਣ ਪ੍ਰਭ ਦਾ ਰਾਹ, ਕਵਣ ਵੇਲਾ ਫੇਰਾ ਪਾਈਆ । ਨਿਰਵੈਰ ਹੋ ਕੇ ਜਾਵੇ ਆ, ਨਿਰਧਨ ਲਏ ਉਠਾਈਆ । ਸਾਚੀ ਵਸਤ ਝੋਲੀ ਦੇਵੇ ਪਾ, ਬੇਪਰਵਾਹ ਬੇਪਰਵਾਹੀ ਆਪ ਵਰਤਾਈਆ । ਡੁੱਬਦੇ ਪਾਹਨ ਲਏ ਤਰਾ, ਪਾਥਰ ਆਪਣਾ ਚਰਨ ਛੁਹਾਈਆ । ਰਹਿਬਰ ਮਿਲੇ ਦੋ ਜਹਾਂ, ਦੋਏ ਦੋਏ ਲੇਖਾ ਦਏ ਚੁਕਾਈਆ । ਘਰ ਵਿਚ ਨਜ਼ਰੀ ਜਾਏ ਆ, ਬੇਨਜ਼ੀਰ ਕਰ ਰੁਸ਼ਨਾਈਆ । ਰਹਿਮਤ ਕਰੇ ਹੱਕ ਖ਼ੁਦਾ, ਖ਼ੁਦ ਖ਼ੁਦੀ ਮੇਟ ਮਿਟਾਈਆ । ਨੌਬਤ ਹਕੀਕਤ ਦਏ ਵਜਾ, ਲਾਸ਼ਰੀਕ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਇਬਾਰਤ ਦਏ ਪੜ੍ਹਾ, ਇਬਾਰਤ ਦੱਸੇ ਨਾ ਕੋਇ ਲੋਕਾਈਆ । ਹਰਿ ਗੋਬਿੰਦ ਹੁਕਮ ਭਗਤ ਪਿਆਰ, ਸ੍ਰੀ ਭਗਵਾਨ ਆਪ ਜਣਾਈਆ । ਦਰ ਵਖਾਏ ਠਾਂਡਾ ਦਰਬਾਰ, ਘਰ ਇਕੋ ਇਕ ਵਡਿਆਈਆ । ਨਜ਼ਰੀ ਆਏ ਨਰ ਨਿਰੰਕਾਰ, ਨਰ ਨਰਾਇਣ ਨੈਣ ਖੁਲ੍ਹਾਈਆ । ਲੇਖਾ ਚੁੱਕੇ ਸਰਬ ਸੰਸਾਰ, ਸੰਸਾਰੀ ਭੰਡਾਰੀ ਆਪਣੀ ਕਾਰ ਦਏ ਸਮਝਾਈਆ ਨੇਤਰ ਲੋਚਣ ਦੇ ਦੀਦਾਰ, ਦਰਸੀ ਆਪਣਾ ਦਰਸ ਕਰਾਈਆ । ਝੂਠੀ ਹਿਰਸ ਕਰੇ ਖ਼ੁਆਰ, ਆਸ਼ਾ ਇਕੋ ਇਕ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਵਾਨ ਕਰੇ ਕੁੜਮਾਈਆ । ਗੋਬਿੰਦ ਸਿਖਿਆ ਭਗਤ ਕੁੜਮਾਈ, ਘਰ ਨਾਤਾ ਜੋੜ ਜੁੜਾਇੰਦਾ । ਗ੍ਰਿਹ ਮੰਦਰ ਵੱਜੇ ਇਕ ਸ਼ਹਿਨਾਈ, ਸ਼ਾਦਿਆਨਾ ਆਪਣਾ ਨਾਮ ਵਖਾਇੰਦਾ । ਰੰਗ ਰੰਗੀਲਾ ਬੇਪਰਵਾਹੀ, ਸ਼ਾਹ ਪਾਤਸ਼ਾਹ ਖੇਲ ਖਲਾਇੰਦਾ । ਚਲ ਕੇ ਆਏ ਸੱਚਾ ਮਾਹੀ, ਮਹਿਬੂਬ ਆਪਣਾ ਫੇਰਾ ਪਾਇੰਦਾ । ਢੋਲਾ ਰਾਗ ਇਕ ਸੁਣਾਈ, ਅਨਹਦ ਨਾਦੀ ਢੋਲਕ ਅਗੰਮ ਵਜਾਇੰਦਾ । ਲੇਖਾ ਚੁੱਕੇ ਡੂਮ ਨਾਈ, ਸੈਣ ਸਾਈ ਇਕੋ ਨਜ਼ਰੀ ਆਇੰਦਾ । ਵੇਖਣਹਾਰਾ ਥਾਉਂ ਥਾਈਂ, ਥਾਨ ਥਨੰਤਰ ਖੋਜ ਖੁਜਾਇੰਦਾ । ਭਗਤ ਸੁਹੇਲਾ ਇਕ ਇਕੇਲਾ ਪਕੜ ਉਠਾਏ ਹਰਿਜਨ ਬਾਂਹੀਂ, ਬਾਹੂ ਬਲ ਆਪ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਆਪਣਾ ਰਾਗ ਜਣਾਇੰਦਾ । ਹਰਿ ਗੋਬਿੰਦ ਰਾਗ ਭਗਤਨ ਮਿਠਾ, ਰਸ ਇਕੋ ਇਕ ਵਖਾਈਆ । ਕਲਮ ਸ਼ਾਹੀ ਲਿਖ ਦੇਵੇ ਕੋਈ ਨਾ ਚਿਠਾ, ਚਿਤ ਆਪਣਾ ਆਪ ਦਸਾਈਆ । ਕਰੇ ਕਰਾਏ ਮਿਠਾ ਕੌੜਾ ਰੀਠਾ, ਵਿਖ ਰੂਪ ਰਹਿਣ ਨਾ ਪਾਈਆ । ਲੇਖਾ ਜਾਣੇ ਅਠਾਰਾਂ ਧਿਆਏ ਗੀਤਾ, ਗੀਤਾ ਗਿਆਨ ਗੁਰ ਵਡ ਵਡਿਆਈਆ । ਪੀਤ ਪਤੰਬਰ ਸੋਹੇ ਪੀਤਾ, ਸੀਸ ਜਗਦੀਸ ਕਰੇ ਰੁਸ਼ਨਾਈਆ । ਕਲਮਾ ਹੱਕ ਹਦੀਸ ਹਦੀਸਾ, ਆਇਤ ਸ਼ਰਾਇਤ ਰਿਹਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਿਖਿਆ ਆਪਣੇ ਲੇਖੇ ਲਾਈਆ । ਗੁਰਮੁਖ ਸਿਖਿਆ ਸਚ ਵਿਚਾਰ, ਸਚ ਵਿਚਾਰੀ ਵੇਖ ਵਖਾਇੰਦਾ । ਲੇਖਾ ਤੋੜ ਜਗਤ ਵਿਭਚਾਰ, ਬਿਵਹਾਰੀ ਆਪਣੀ ਕਾਰ ਜਣਾਇੰਦਾ । ਲਹਿਣਾ ਦੇਣਾ ਚੁਕਾਏ ਜੁਗ ਚਾਰ, ਚਾਰੇ ਖਾਣੀ ਪੰਧ ਮੁਕਾਇੰਦਾ । ਚਾਰੋਂ ਕੁੰਟ ਕਰੇ ਪਿਆਰ, ਚਾਰੇ ਵਰਨਾਂ ਵੇਖ ਵਖਾਇੰਦਾ । ਚਾਰੇ ਬਾਣੀ ਬੋਲ ਜੈਕਾਰ, ਅਨਬੋਲਤ ਰਾਗ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਗੁਰ ਗੁਰ ਗੋਦ ਬਹਾਇੰਦਾ । ਹਰਿ ਗੋਬਿੰਦ ਰਾਗ ਸੁਣਿਆ ਕੰਨ, ਜਨ ਭਗਤ ਖ਼ੁਸ਼ੀ ਮਨਾਈਆ । ਪ੍ਰਭ ਅਬਿਨਾਸ਼ੀ ਦੇਵੇ ਨਾਮ

ਧਨ, ਧਨ ਖ਼ਜ਼ੀਨਾ ਇਕ ਵਰਤਾਈਆ । ਨਜ਼ਰ ਨਾ ਆਏ ਨੇਤਰ ਅੰਨ੍ਹ, ਕਲਜੁਗ ਜੀਵ ਰਹੇ ਕੁਰਲਾਈਆ । ਗੁਰਮੁਖ ਵਿਰਲੇ ਰਹੇ ਮੰਨ, ਜਿਨ੍ਹਾਂ ਮਨਸਾ ਪੂਰ ਕਰਾਈਆ । ਭਾਂਡਾ ਭਰਮ ਭੌ ਦਵੈਤੀ ਭੰਨ, ਕੂੜੀ ਕਿਰਿਆ ਪਰੇ ਹਟਾਈਆ । ਨਿਰਮਲ ਹੋ ਕੇ ਚੜ੍ਹੇ ਚੰਨ, ਸਚ ਸੂਰ ਕਰੇ ਰੁਸ਼ਨਾਈਆ । ਅੱਗੇ ਦੇਵੇ ਨਾ ਕੋਇ ਡੰਨ, ਡੰਕਾ ਕੂੜ ਨਾ ਕੋਇ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਲੇਖੇ ਲਾਏ ਤਨ, ਤਨ ਤੰਦੂਰ ਨਾ ਕੋਇ ਤਪਾਈਆ । ਭਗਤ ਸਿਖਿਆ ਬੋਧ ਅਗਾਧ, ਅਗੰਮ ਅਗੰਮ ਜਣਾਇੰਦਾ । ਦਿਵਸ ਰੈਣ ਜਨ ਰਹੇ ਆਰਾਧ, ਰਾਧਾ ਕ੍ਰਿਸ਼ਨ ਵੇਖ ਵਖਾਇੰਦਾ । ਆਤਮ ਪਰਮਾਤਮ ਲੈਣੀ ਸਾਧ, ਸਾਧਨ ਆਪਣਾ ਇਕ ਜਣਾਇੰਦਾ । ਮੇਲ ਮਿਲਾਵਾ ਮਾਧਵ ਮਾਧ, ਮਧ ਸੂਦਨ ਰੰਗ ਰੰਗਾਇੰਦਾ । ਨਾਮ ਜਣਾਏ ਸ਼ਬਦੀ ਨਾਦ, ਅਨਹਦ ਰਾਗੀ ਰਾਗ ਅਲਾਇੰਦਾ । ਭੇਵ ਛੁਪਾਏ ਸਦਾ ਵਿਸਮਾਦ, ਵਿਸਮਾਦੀ ਕਾਰ ਕਮਾਇੰਦਾ । ਡੂੰਘੀ ਕਵਰੋਂ ਗੁਰਮੁਖ ਲਾਧ, ਕਾਇਆ ਪਰਦਾ ਆਪ ਚੁਕਾਇੰਦਾ । ਅੰਦਰ ਵੜ ਕੇ ਮਾਰੇ ਆਵਾਜ਼, ਸੋਈ ਸੁਰਤੀ ਆਪ ਉਠਾਇੰਦਾ । ਗੁਰਮੁਖ ਰਲ ਕੇ ਕਰੀਏ ਕਾਜ, ਗੁਰ ਸਤਿਗੁਰ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਤਮ ਪਰਮਾਤਮ ਬਣਾਏ ਇਕ ਸਮਾਜ, ਸਗਲ ਸਮਗਰੀ ਹੱਥ ਫੜਾਇੰਦਾ । ਭਗਤ ਭਗਵਾਨ ਏਕਾ ਤੁਠਿਆ, ਅਤੁੱਟ ਦਏ ਵਡਿਆਈਆ । ਪਰੇਮ ਸਾਗਰ ਦੀ ਲਹਿਰੋਂ ਉਠਿਆ, ਲਹਿਰ ਲਹਿਰ ਵਿਚ ਪਰਗਟਾਈਆ । ਨਿਰਵੈਰ ਹੋ ਕੇ ਚੜ੍ਹਿਆ ਚੋਟੀਆ, ਚੋਟੀ ਆਪਣਾ ਆਸਣ ਲਾਈਆ । ਬਲਵਾਨ ਹੋ ਕੇ ਫੜੇ ਸੋਟੀਆ, ਸੋਟੀ ਆਪਣਾ ਨਾਮ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਸਮਝਾਈਆ । ਹਰਿ ਗੋਬਿੰਦ ਸਿਖਿਆ ਹਰਿ ਕੀ ਮੋਹਰ, ਨਿਸ਼ਾਨ ਆਪਣੇ ਨਾਮ ਜਣਾਇੰਦਾ । ਹੁਕਮੇ ਅੰਦਰ ਗੁਰ ਅਵਤਾਰ ਪੀਰ ਪੈਗ਼ੰਬਰਾਂ ਤੋਰ, ਤੁਰਤ ਹੁਕਮ ਮਨਾਇੰਦਾ । ਜੁਗ ਚੌਕੜੀ ਹੱਥ ਵਿਚ ਰੱਖੇ ਡੋਰ, ਦੋ ਜਹਾਨਾਂ ਵਾਗ ਆਪ ਭੁਆਇੰਦਾ । ਜੁਗ ਚੌਕੜੀ ਵੇਖੇ ਕਰ ਕੇ ਗ਼ੌਰ, ਗਹਿਰ ਗੰਭੀਰ ਨੈਣ ਖੁਲ੍ਹਾਇੰਦਾ । ਭਗਤ ਭਗਵਾਨ ਨਾਲ ਜੋੜ, ਜੋੜੀ ਲੋਕਮਾਤ ਵਡਿਆਇੰਦਾ । ਨਾਮ ਚੜ੍ਹਾਏ ਸਾਚੇ ਘੋੜ, ਘੋੜਾ ਇਕੋ ਇਕ ਦੌੜਾਇੰਦਾ । ਜਿਸ ਵੇਲੇ ਪਏ ਲੋੜ, ਸੋ ਵੇਲਾ ਵਕਤ ਸੁਹਾਇੰਦਾ । ਨਿਰਗੁਣ ਹੋ ਕੇ ਜਾਏ ਬੌਹੜ, ਸਰਗੁਣ ਆਪਣਾ ਰੂਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਭਗਤ ਪਛੋਕੜ, ਪਿਛਲੀ ਰਿਹਾ ਜਣਾਈਆ । ਅੱਗੇ ਲੇਖਾ ਦੇਵੇ ਰੋਕੜ, ਨਾਮ ਨਕਦ ਝੋਲੀ ਪਾਈਆ । ਗੁਰਮੁਖ ਕੋਇ ਨਾ ਹੋਵੇ ਸੋਤੜ, ਸੋਇਆ ਸ਼ਬਦ ਉਠਾਈਆ । ਕਿਸੇ ਹੱਥ ਨਾ ਰਹਿਣ ਦੇਵੇ ਨਕੰਮੀ ਬੋਤਲ, ਬੁੱਤਖ਼ਾਨੇ ਆਪਣਾ ਅੰਮ੍ਰਿਤ ਇਕ ਭਰਾਈਆ । ਦਰਗਹਿ ਸਾਚੀ ਬਹੁਤਾ ਵਧੌਣ ਦੀ ਲੋੜ ਨਹੀਂ ਟੋਟਲ, ਸਿਰਫ਼ ਗੁਰਮੁਖ ਵਿਰਲੇ ਵਿਰਲੇ ਸੰਗ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਉਭਾਰੇ ਵਿਚੋਂ ਕੋਟਨ, ਕਾਇਆ ਕੁਟੀਆ ਅੰਦਰ ਬੈਠ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭਗਤ ਭਗਵਾਨ ਇਕ ਨਿਸ਼ਾਨ ਝੁਲਾਈਆ ।

੬੮੫
੧੪

### ★ ੧੯ ਜੇਠ ੨੦੨੦ ਬਿਕ੍ਰਮੀ ਭਾਗ ਸਿੰਘ ਦੇ ਗ੍ਰਿਹ ਮਲਕ ਕੈਂਪ ਜੰਮੂ ★

ਆਦਿ ਜੁਗਾਦੀ ਸਤਿਗੁਰ ਏਕ, ਨਿਰਗੁਣ ਨਿਰਵੈਰ ਆਪ ਅਖਵਾਇੰਦਾ । ਜੁਗ ਚੌਕੜੀ ਦੇਵੇ ਟੇਕ, ਨਿਰਗੁਣ ਸਰਗੁਣ ਧਾਰ ਬੰਧਾਇੰਦਾ । ਦੋ ਜਹਾਨਾਂ ਲਏ ਵੇਖ, ਲੋਅ ਪੁਰੀ ਬ੍ਰਹਿਮੰਡ ਖੰਡ ਖੋਜ ਖੁਜਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰੇ ਹੇਤ, ਸ਼ਬਦੀ ਰਾਗ ਨਾਦ ਸੁਣਾਇੰਦਾ । ਤ੍ਰੈਗੁਣ ਮਾਇਆ ਦੇਵੇ ਭੇਟ, ਪੰਜ ਤੱਤ ਆਪਣੀ ਗੰਢ ਪੁਆਇੰਦਾ । ਲੱਖ ਚੁਰਾਸੀ ਖੇਡੇ ਖੇਡ, ਅੰਡਜ ਜੇਰਜ ਉਤਭੁਜ ਸੇਤਜ ਰੰਗ ਚੜ੍ਹਾਇੰਦਾ । ਆਤਮ ਪਰਮਾਤਮ ਮਾਣੇ ਸੇਜ, ਘਟ ਘਟ ਅੰਦਰ ਆਪਣਾ ਡੇਰਾ ਲਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਭੇਜ, ਧੁਰ ਫ਼ਰਮਾਨਾ ਹੁਕਮ ਸੁਣਾਇੰਦਾ । ਵਸਣਹਾਰਾ ਸਾਚੇ ਦੇਸ, ਸਚਖੰਡ ਸਾਚੇ ਸੋਭਾ ਪਾਇੰਦਾ । ਪੁਰਖ ਅਕਾਲਾ ਬਣ ਨਰੇਸ਼, ਸ਼ਾਹੋ ਭੂਪ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸਤਿਗੁਰ ਇਕ ਹੋ ਜਾਇੰਦਾ । ਸਤਿਗੁਰ ਸਾਚਾ ਏਕੰਕਾਰ, ਏਕਾ ਏਕ ਵੱਡੀ ਵਡਿਆਈਆ । ਨਿਰਗੁਣ ਨਿਰਗੁਣ ਹੋ ਉਜਿਆਰ, ਜੋਤੀ ਜੋਤ ਜੋਤ ਰੁਸ਼ਨਾਈਆ । ਸ਼ਬਦੀ ਸ਼ਬਦ ਸ਼ਬਦ ਧੁਨਕਾਰ, ਅਨਾਦੀ ਨਾਦ ਨਾਦ ਸ਼ਨਵਾਈਆ । ਹੁਕਮੀ ਹੁਕਮ ਹੁਕਮ ਸਚ ਦਰਬਾਰ, ਧੁਰ ਫ਼ਰਮਾਨਾ ਆਪ ਸੁਣਾਈਆ । ਲੱਖ ਚੁਰਾਸੀ ਕਰ ਪਸਾਰ, ਲੇਖਾ ਜਾਣੇ ਥਾਉਂ ਥਾਈਆ । ਵੇਸ ਵਟਾ ਗੁਰ ਅਵਤਾਰ, ਗੁਰ ਗੁਰ ਆਪਣਾ ਭੇਵ ਖੁਲ੍ਹਾਈਆ । ਰਹਿਬਰ ਬਣ ਸਿਰਜਣਹਾਰ, ਨਿਰਗੁਣ ਜਲਵਾ ਨੂਰ ਖ਼ੁਦਾਈਆ । ਪੀਰ ਪੈਗ਼ੰਬਰ ਦੇ ਆਧਾਰ, ਸਾਚੀ ਸਿਖਿਆ ਸਬਕ ਪੜ੍ਹਾਈਆ । ਕਲਮਾ ਨਬੀ ਰਸੂਲ ਕਰ ਖ਼ਬਰਦਾਰ, ਕਾਤਬ ਇਕੋ ਲੇਖ ਲਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਇਕੋ ਇਕ ਵਡਿਆਈਆ । ਸਤਿਗੁਰ ਸੱਚਾ ਆਦਿ ਪੁਰਖ, ਅਪਰੰਪਰ ਆਪਣੀ ਕਾਰ ਕਮਾਇੰਦਾ । ਆਦਿ ਜੁਗਾਦਿ ਜੁਗ ਚੌਕੜੀ ਨਾ ਸੋਗ ਨਾ ਕੋਇ ਹਰਖ, ਚਿੰਤਾ ਗ਼ਮ ਨਾ ਕੋਇ ਜਣਾਇੰਦਾ । ਮਹੱਲ ਅਟੱਲ ਆਪਣੇ ਮੰਦਰ ਕਰੇ ਆਪਣਾ ਦਰਸ, ਦੂਜਾ ਨਜ਼ਰ ਕੋਇ ਨਾ ਆਇੰਦਾ । ਮਿਹਰਵਾਨ ਮਿਹਰਵਾਨ ਮਿਹਰਵਾਨ ਅੰਮ੍ਰਿਤ ਮੇਘ ਨਿਰਮਲ ਬਰਸ, ਨੀਰ ਸੀਰ ਇਕ ਵਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਕਰਾਇੰਦਾ । ਸਤਿਗੁਰ ਸਾਚਾ ਆਦਿ ਨਿਰੰਜਣ, ਆਦਿ ਪੁਰਖ ਵੱਡੀ ਵਡਿਆਈਆ । ਅਜੂਨੀ ਰਹਿਤ ਦਰਦ ਦੁਖ ਭੈ ਭੰਜਨ, ਭੈ ਭਿਆਨਕ ਹੋਏ ਸਹਾਈਆ । ਨਿਰਗੁਣ ਸਰਗੁਣ ਨਾਮ ਨਿਧਾਨਾ ਦੇਵੇ ਅੰਜਨ, ਨਿਜ ਨੇਤਰ ਆਪੇ ਪਾਈਆ । ਲੇਖਾ ਜਾਣੇ ਗੜ੍ਹ ਕਾਇਆ ਕੰਚਨ, ਕਾਇਆ ਮਾਟੀ ਫੋਲ ਫੁਲਾਈਆ । ਸ਼ਬਦ ਅਗੰਮ ਸੁਣਾਏ ਸੁਹੰਜਣ, ਅਨਹਦ ਸਾਚਾ ਰਾਗ ਅਲਾਈਆ । ਪਾਰਬ੍ਰਹਮ ਬ੍ਰਹਮ ਮੇਲਾ ਸੱਜਣ, ਘਰ ਵੇਖੇ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਦਾਤਾ ਇਕ ਅਖਵਾਈਆ । ਸਤਿਗੁਰ ਦਾਤਾ ਗਹਿਰ ਗੰਭੀਰ, ਸੋ ਪੁਰਖ ਨਿਰੰਜਣ ਆਪ ਅਖਵਾਇੰਦਾ । ਹਰਿ ਪੁਰਖ ਨਿਰੰਜਣ ਵਡ ਪੀਰਨ ਪੀਰ, ਬੇਨਜ਼ੀਰ ਵੇਸ ਵਟਾਇੰਦਾ । ਏਕੰਕਾਰਾ ਸ਼ਾਹ ਹਕੀਰ, ਸ਼ਾਹ ਪਾਤਸ਼ਾਹ ਵੇਖ ਵਖਾਇੰਦਾ । ਆਦਿ ਨਿਰੰਜਣ ਸਚ ਤਸਵੀਰ, ਰੂਪ ਰੰਗ ਰੇਖ ਨਾ ਕੋਇ ਵਖਾਇੰਦਾ । ਅਬਿਨਾਸ਼ੀ ਕਰਤਾ ਘਤ ਵਹੀਰ, ਨਿਤ ਨਵਿਤ ਆਪਣੀ ਕਾਰ ਕਮਾਇੰਦਾ । ਸ੍ਰੀ ਭਗਵਾਨ ਦੇਵਣਹਾਰਾ ਠਾਂਡਾ ਸੀਰ, ਵਸਤ ਅਮੋਲਕ ਆਪ ਵਰਤਾਇੰਦਾ । ਪਾਰਬ੍ਰਹਮ ਪ੍ਰਭ ਬੰਨ੍ਹਣਹਾਰਾ ਬੀੜ, ਬੰਨ੍ਹ ਬੇੜਾ ਆਪ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸਾਚਾ ਇਕ

ਅਖਵਾਇੰਦਾ । ਸਤਿਗੁਰ ਸਾਚਾ ਇਕ ਭਗਵੰਤ, ਸ੍ਰੀ ਭਗਵਾਨ ਵੱਡੀ ਵਡਿਆਈਆ । ਖੇਲੇ ਖੇਲ ਜੁਗਾ ਜੁਗੰਤ, ਜੁਗ ਚੌਕੜੀ ਰਾਹ ਵਖਾਈਆ । ਲੇਖਾ ਜਾਣੇ ਜੀਵ ਜੰਤ, ਲੱਖ ਚੁਰਾਸੀ ਫੋਲ ਫੁਲਾਈਆ । ਨਾਮ ਦ੍ਰਿੜਾਏ ਮਣੀਆਂ ਮੰਤ, ਗੁਰ ਅਵਤਾਰ ਕਰੇ ਪੜ੍ਹਾਈਆ । ਸੇਵਾ ਲਾਏ ਆਪ ਬੇਅੰਤ, ਬੇਪਰਵਾਹ ਸੱਚੀ ਸਰਨਾਈਆ । ਮਹਿਮਾ ਜਣਾਏ ਸਚ ਅਗਣਤ, ਲੇਖਾ ਲਿਖਤ ਵਿਚ ਨਾ ਆਈਆ । ਸਤਿ ਸਰੂਪੀ ਸਾਚਾ ਕੰਤ, ਲੱਖ ਚੁਰਾਸੀ ਨਾਰੀ ਸੇਜ ਹੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਪੂਰਾ ਇਕ ਅਖਵਾਈਆ । ਸਤਿਗੁਰ ਪੂਰਾ ਸ੍ਰੀ ਭਗਵਾਨ, ਭਗਵਨ ਆਪਣੀ ਕਾਰ ਕਮਾਇੰਦਾ । ਨਿਰਗੁਣ ਸਰਗੁਣ ਦੇਵਣਹਾਰਾ ਦਾਨ, ਦਾਨੀ ਦਾਤਾ ਇਕ ਅਖਵਾਇੰਦਾ । ਗੁਰ ਅਵਤਾਰ ਕਰ ਪਰਧਾਨ, ਜਗਤ ਪਰਧਾਨਗੀ ਇਕ ਜਣਾਇੰਦਾ । ਧਰਮ ਵਖਾਏ ਸਚ ਨਿਸ਼ਾਨ, ਸਚ ਨਿਸ਼ਾਨ ਇਕ ਝੁਲਾਇੰਦਾ । ਦੋ ਜਹਾਨਾਂ ਰੱਖੇ ਆਣ, ਭੈ ਭੌ ਆਪ ਸਮਝਾਇੰਦਾ । ਅੰਤਰ ਆਤਮ ਧੁਰ ਫ਼ਰਮਾਨ, ਸਚ ਹਦੀਸ ਆਪ ਪੜ੍ਹਾਇੰਦਾ । ਲੇਖਾ ਜਾਣ ਵਿਸ਼ਨ ਬ੍ਰਹਮਾ ਸ਼ਿਵ ਕਰ ਗਿਆਨ, ਮੰਤਰ ਆਪਣਾ ਨਾਮ ਦ੍ਰਿੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸਾਚਾ ਸੋਭਾ ਪਾਇੰਦਾ । ਸਤਿਗੁਰ ਸਾਚਾ ਪਾਰਬ੍ਰਹਮ, ਪ੍ਰਭ ਦਾਤਾ ਵਡ ਵਡਿਆਈਆ । ਨਾ ਮਰੇ ਨਾ ਪਏ ਜੰਮ, ਜਨਮ ਮਰਨ ਵਿਚ ਕਦੇ ਨਾ ਆਈਆ । ਨਿਰਗੁਣ ਨੂਰ ਚੜ੍ਹੇ ਚੰਨ, ਜੋਤੀ ਜਾਤਾ ਡਗਮਗਾਈਆ । ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਸਰਗੁਣ ਕਰੇ ਕਰਾਏ ਸਾਚਾ ਕੰਮ, ਕਰਨੀ ਕਰਤਾ ਆਪ ਕਮਾਈਆ । ਹਰਖ ਸੋਗ ਨਾ ਕੋਈ ਗ਼ਮ, ਚਿੰਤਾ ਖ਼ੁਸ਼ੀ ਨਾ ਕੋਇ ਵਡਿਆਈਆ । ਪਵਣ ਸਵਾਸ ਨਾ ਕੋਇ ਦਮ, ਰਸਨਾ ਜਿਹਵਾ ਨਾ ਕੋਇ ਹਿਲਾਈਆ । ਨਾ ਭੰਨੇ ਨਾ ਕੋਈ ਦੇਵੇ ਡੰਨ, ਘੜਨ ਭੰਨਣਹਾਰ ਪੁਰਖ ਸਮਰਥ ਆਪ ਅਖਵਾਈਆ । ਨਾ ਨੇਤਰ ਨਾ ਦਿਸੇ ਅੰਨ੍ਹ, ਅੱਖ ਪਰਤੱਖ ਨਾ ਕੋਇ ਰਖਾਈਆ । ਨਾ ਨੱਕ ਨਾ ਕੋਇ ਕੰਨ, ਸਰਵਣ ਰੂਪ ਨਾ ਕੋਇ ਧਰਾਈਆ । ਨਾ ਜਨਨੀ ਨਾ ਕੋਈ ਜਨ, ਪਿਤਾ ਪੂਤ ਨਾ ਕੋਇ ਵਡਿਆਈਆ । ਨਾ ਕੋਈ ਮੰਦਰ ਨਾ ਕੋਈ ਛੰਨ, ਛੱਪਰ ਡੇਰਾ ਨਾ ਕੋਇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਸਤਿਗੁਰ ਸਾਹਿਬ ਇਕ ਅਖਵਾਈਆ । ਸਤਿਗੁਰ ਪੂਰਾ ਸਤਿ ਸਤਿਵਾਦ, ਸਤਿ ਸਤਿਵਾਦੀ ਖੇਲ ਕਰਾਇੰਦਾ । ਲੇਖਾ ਜਾਣੇ ਬ੍ਰਹਮ ਬ੍ਰਹਿਮਾਦ, ਪਾਰਬ੍ਰਹਮ ਪ੍ਰਭ ਆਪਣੀ ਕਾਰ ਕਮਾਇੰਦਾ । ਦੋ ਜਹਾਨਾਂ ਸੁਣਾਏ ਨਾਦ, ਤਾਲ ਤਲਵਾੜਾ ਨਾ ਕੋਇ ਵਜਾਇੰਦਾ । ਸਤਿ ਪੁਰਖ ਨਿਰੰਜਣ ਨਿਰਗੁਣ ਵਸੇ ਸਰਗੁਣ ਸਾਥ, ਸਗਲਾ ਸੰਗ ਰਖਾਇੰਦਾ । ਦੇਵਣਹਾਰਾ ਸਾਚੀ ਦਾਤ, ਨਾਮ ਅਮੋਲਕ ਝੋਲੀ ਪਾਇੰਦਾ । ਜਣਾਵਣਹਾਰ ਅਗੰਮ ਗਾਥ, ਗੁਰ ਅਵਤਾਰ ਆਪ ਪੜ੍ਹਾਇੰਦਾ । ਮੇਟਣਹਾਰ ਅੰਧੇਰੀ ਰਾਤ, ਨਿਰਗੁਣ ਸਾਚਾ ਚੰਦ ਚਮਕਾਇੰਦਾ । ਪੁਛਣਹਾਰਾ ਅੰਤਮ ਵਾਤ, ਘਰ ਘਰ ਆਪਣਾ ਫੇਰਾ ਪਾਇੰਦਾ । ਵੇਖਣਹਾਰਾ ਖੇਲ ਤਮਾਸ਼, ਖ਼ਾਲਕ ਖ਼ਲਕ ਵੰਡ ਵੰਡਾਇੰਦਾ । ਗੋਪੀ ਕਾਹਨ ਪਾਏ ਰਾਸ, ਮੰਡਲ ਮੰਡਪ ਨਾਚ ਨਚਾਇੰਦਾ । ਰਾਮ ਸੀਤਾ ਖੇਲ ਵਿਚ ਪਰਭਾਸ, ਜੰਗਲ ਜੂਹ ਉਜਾੜ ਪਹਾੜ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਸਤਿਗੁਰ ਆਪ ਅਖਵਾਇੰਦਾ । ਸੋ ਸਾਹਿਬ ਸਤਿਗੁਰ ਪੂਰਾ, ਨਿਰਗੁਣ ਦਾਤਾ ਵਡ ਵਡਿਆਈਆ । ਜੋਤੀ ਜਾਤਾ ਇਕੋ ਨੂਰਾ, ਦੀਆ ਬਾਤੀ ਨਾ ਕੋਇ ਰਖਾਈਆ । ਸਰਬ ਕਲਾ ਭਰਪੂਰਾ, ਪਾਰਬ੍ਰਹਮ ਪ੍ਰਭ ਬੇਪਰਵਾਹੀਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਚਰਨ ਦੇਵੇ ਸੱਚੀ ਧੂੜਾ, ਮਸਤਕ ਟਿੱਕਾ ਇਕੋ ਲਾਈਆ । ਰੰਗ

ਚੜ੍ਹਾਏ ਸਾਚਾ ਗੂੜ੍ਹਾ, ਲੋਕਮਾਤ ਉਤਰ ਕਦੇ ਨਾ ਜਾਈਆ । ਰਾਗ ਸੁਣਾਏ ਸਾਚਾ ਤੂਰਾ, ਤੁਰਤ ਆਪਣਾ ਨਾਦ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਪੂਰਾ ਬੇਪਰਵਾਹੀਆ । ਸਤਿਗੁਰ ਪੂਰਾ ਬੇਪਰਵਾਹ, ਇਕ ਇਕੱਲਾ ਹਰਿ ਅਖਵਾਇੰਦਾ । ਆਦਿ ਜੁਗਾਦਿ ਚਲਾਏ ਰਾਹ, ਰਹਿਬਰ ਆਪਣੀ ਸੇਵ ਕਮਾਇੰਦਾ । ਲੱਖ ਚੁਰਾਸੀ ਬਣ ਮਲਾਹ, ਬੇੜਾ ਆਪਣੇ ਕੰਧ ਉਠਾਇੰਦਾ । ਗੁਰ ਅਵਤਾਰਾਂ ਦਏ ਸਲਾਹ, ਪੀਰ ਪੈਗ਼ੰਬਰਾਂ ਆਪ ਪੜ੍ਹਾਇੰਦਾ । ਭਗਤ ਭਗਵਾਨ ਲਏ ਉਪਾ, ਆਪ ਆਪਣੀ ਬੂਝ ਬੁਝਾਇੰਦਾ । ਸਾਚੇ ਸੰਤ ਲਏ ਜਗਾ, ਜਾਗਰਤ ਜੋਤ ਇਕ ਵਖਾਇੰਦਾ । ਗੁਰਮੁਖ ਗੁਰ ਗੁਰ ਲਏ ਉਠਾ, ਗੁਰ ਗਿਆਨ ਇਕ ਦ੍ਰਿੜਾਇੰਦਾ । ਗੁਰਸਿਖ ਸਾਚੇ ਅੰਗ ਲਗਾ, ਅੰਗੀਕਾਰ ਆਪ ਅਖਵਾਇੰਦਾ । ਘਰ ਘਰ ਅੰਦਰ ਫੇਰਾ ਪਾ, ਗ੍ਰਿਹਿ ਮੰਦਰ ਖੋਜ ਖੁਜਾਇੰਦਾ । ਨਵ ਦਵਾਰੇ ਪਾਰ ਕਰਾ, ਟੇਢੀ ਬੰਕ ਡੇਰਾ ਢਾਹਿੰਦਾ । ਸੁਰਤ ਸਵਾਣੀ ਲਏ ਹਲਾ, ਸ਼ਬਦ ਹਾਣੀ ਮੇਲ ਮਿਲਾਇੰਦਾ । ਅੰਮ੍ਰਿਤ ਜਾਮ ਲਏ ਪਿਆ, ਨਿਝਰ ਝਿਰਨਾ ਆਪ ਝਿਰਾਇੰਦਾ । ਆਤਮ ਸੇਜਾ ਦਏ ਸੁਹਾ, ਸੇਜ ਸੁਹੰਜਣੀ ਡੇਰਾ ਲਾਇੰਦਾ । ਪਾਰਬ੍ਰਹਮ ਬ੍ਰਹਮ ਮੇਲਾ ਦਏ ਕਰਾ, ਜਗਤ ਵਛੋੜਾ ਪੰਧ ਮੁਕਾਇੰਦਾ । ਗੁਰ ਚੇਲਾ ਏਕਾ ਘਰ ਦਏ ਬਹਾ, ਸੋ ਸਤਿਗੁਰ ਪੂਰਾ ਮਾਤ ਅਖਵਾਇੰਦਾ । ਲੱਖ ਚੁਰਾਸੀ ਕੂੜੀ ਕਿਰਿਆ ਮਾਰੇ ਧਾਹ, ਸਾਹਿਬ ਸਤਿਗੁਰ ਨਜ਼ਰ ਕਿਸੇ ਨਾ ਆਇੰਦਾ । ਚਾਰ ਵਰਨ ਚਾਰ ਕੁੰਟ ਪਏ ਅੰਧੇ ਰਾਹ, ਸਾਚਾ ਰਾਹ ਨਾ ਕੋਇ ਵਖਾਇੰਦਾ । ਦੀਨ ਮਜ਼੍ਹਬ ਜ਼ਾਤ ਪਾਤ ਰਹੇ ਟਕਰਾ, ਟਿੱਕਾ ਮਸਤਕ ਨਾ ਕੋਇ ਲਗਾਇੰਦਾ । ਲੱਖ ਚੁਰਾਸੀ ਜੀਵ ਜੰਤ ਧੱਕੇ ਰਹੇ ਖਾ, ਠੋਕਰ ਹੱਕ ਨਾ ਕੋਇ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸੱਚਾ ਇਕ ਅਖਵਾ, ਆਖ਼ਰ ਆਪਣਾ ਮੇਲ ਮਿਲਾਇੰਦਾ । ਸਤਿਗੁਰ ਸੱਚਾ ਏਕਾ ਇਕ, ਇਕ ਇਕ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਗਏ ਲਿਖ, ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਦਏ ਗਵਾਹੀਆ । ਜੁਗ ਚੌਕੜੀ ਨਿਰਗੁਣ ਸਰਗੁਣ ਧਾਰੇ ਭੇਖ, ਲੋਕਮਾਤ ਮਾਰ ਝਾਤ ਆਪਣੀ ਸੇਵ ਕਮਾਈਆ । ਸ਼ਾਹੋ ਭੂਪ ਬਿਨ ਰੰਗ ਰੂਪ, ਲੇਖਾ ਜਾਣੇ ਸਤਿ ਸਰੂਪ, ਸਤਿ ਸਤਿਵਾਦੀ ਵਡ ਵਡਿਆਈਆ । ਵੇਖਣਹਾਰਾ ਦਹਿ ਦਿਸ਼ਾ ਚਾਰੇ ਕੂਟ, ਜ਼ਿਮੀਂ ਅਸਮਾਨਾਂ ਖੋਜ ਖੁਜਾਈਆ । ਗਗਨ ਮੰਡਲ ਸੁਹਾਏ ਰੁੱਤ, ਲੋਆਂ ਪੁਰੀਆਂ ਵੇਖੇ ਉਠ, ਬ੍ਰਹਿਮੰਡ ਖੰਡ ਆਪਣੀ ਧਾਰ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਇਕੋ ਇਕ ਸੋਭਾ ਪਾਈਆ । ਸਤਿਗੁਰ ਸੱਚਾ ਇਕ ਬਲਵਾਨ, ਬਲਧਾਰੀ ਹਰਿ ਅਖਵਾਇੰਦਾ । ਸਤਿਗੁਰ ਸੱਚਾ ਇਕ ਜਵਾਨ, ਜੁਗ ਜੁਗ ਜੋਬਨ ਮਾਤ ਹੰਡਾਇੰਦਾ । ਸਤਿਗੁਰ ਸੱਚਾ ਇਕ ਨਿਸ਼ਾਨ, ਦੋ ਜਹਾਨਾਂ ਆਪ ਝੁਲਾਇੰਦਾ । ਸਤਿਗੁਰ ਸੱਚਾ ਇਕ ਫ਼ਰਮਾਨ, ਜੁਗ ਚੌਕੜੀ ਹੁਕਮੇ ਵਿਚ ਭੁਆਇੰਦਾ । ਸਤਿਗੁਰ ਸੱਚਾ ਇਕੋ ਦਾਨ, ਧੁਰਦਰਗਾਹੀ ਆਪ ਵਰਤਾਇੰਦਾ । ਸਤਿਗੁਰ ਪੂਰਾ ਸੱਚਾ ਕਾਹਨ, ਸਚਖੰਡ ਸਾਚੇ ਸੋਭਾ ਪਾਇੰਦਾ । ਸਤਿਗੁਰ ਪੂਰਾ ਸੱਚਾ ਰਾਮ, ਰਹਿਮਤ ਆਪਣੀ ਆਪ ਕਮਾਇੰਦਾ । ਸਤਿਗੁਰ ਸੱਚਾ ਸਾਚਾ ਸ਼ਾਮ, ਨਾਮ ਬੰਸਰੀ ਇਕ ਸੁਣਾਇੰਦਾ । ਸਤਿਗੁਰ ਸੱਚਾ ਇਕ ਮਿਹਮਾਨ, ਇਲਾਹੀ ਨੂਰ ਡਗਮਗਾਇੰਦਾ । ਸਤਿਗੁਰ ਸੱਚਾ ਹੱਕ ਮੁਕਾਮ, ਦਰਗਹਿ ਸਾਚੀ ਸੋਭਾ ਪਾਇੰਦਾ । ਸਤਿਗੁਰ ਸੱਚਾ ਇਕ ਅਮਾਮ, ਅਮਾਮ ਅਮਾਮਾਂ ਵਡ ਅਖਵਾਇੰਦਾ । ਸਤਿਗੁਰ ਸੱਚਾ ਇਕ ਨਜ਼ਾਮ, ਦੋ ਜਹਾਨਾਂ ਹੁਕਮ ਚਲਾਇੰਦਾ । ਸਤਿਗੁਰ ਸੱਚਾ ਇਕ ਪੈਗ਼ਾਮ, ਪੀਰ ਪੈਗ਼ੰਬਰ ਆਪ ਪੜ੍ਹਾਇੰਦਾ । ਸਤਿਗੁਰ ਸੱਚਾ ਇਕ ਸਲਾਮ,

੬੮੭ ੧੪

ਇਸਮ ਆਜ਼ਮ ਆਪ ਦਰਸਾਇੰਦਾ । ਸਤਿਗੁਰ ਸੱਚਾ ਇਕੋ ਨਾਮ, ਮੰਤਰ ਸਤਿਨਾਮ ਸਮਝਾਇੰਦਾ । ਸਤਿਗੁਰ ਸੱਚਾ ਇਕੋ ਜਾਮ, ਅੰਮ੍ਰਿਤ ਰਸ ਮੁਖ ਲਗਾਇੰਦਾ । ਸਤਿਗੁਰ ਸੱਚਾ ਇਕੋ ਕਾਮ, ਵਰਨ ਬਰਨ ਮੇਟ ਮਿਟਾਇੰਦਾ । ਸਤਿਗੁਰ ਸੱਚਾ ਇਕੋ ਭਾਨ, ਲੱਖ ਚੁਰਾਸੀ ਜੋਤ ਰੁਸ਼ਨਾਇੰਦਾ । ਸਤਿਗੁਰ ਸੱਚਾ ਇਕੋ ਮਾਣ, ਗ਼ਰੀਬ ਨਿਮਾਣੇ ਗਲੇ ਲਗਾਇੰਦਾ । ਸਤਿਗੁਰ ਸੱਚਾ ਇਕ ਵਿਧਾਨ, ਸਚ ਅਦਾਲਤ ਆਪ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸਾਚਾ ਇਕ ਅਖਵਾਇੰਦਾ । ਸਤਿਗੁਰ ਸੱਚਾ ਪੁਰਖ ਅਬਿਨਾਸ਼, ਅਬਿਨਾਸ਼ੀ ਆਪਣੀ ਕਾਰ ਕਮਾਈਆ । ਸਦਾ ਸੁਹੇਲਾ ਬਣ ਬਣ ਦਾਸ, ਦਾਸੀ ਏਕਾ ਰੂਪ ਵਟਾਈਆ । ਲੇਖਾ ਜਾਣ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਫੋਲ ਫੁਲਾਈਆ । ਜੁਗ ਚੌਕੜੀ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਪੌਂਦਾ ਆਇਆ ਰਾਸ, ਕਲਜੁਗ ਅੰਤਮ ਵੇਖ ਵਖਾਈਆ । ਜੋ ਉਪਜਿਆ ਸੋ ਕਰਦਾ ਆਇਆ ਨਾਸ, ਥਿਰ ਕੋਇ ਰਹਿਣ ਨਾ ਪਾਈਆ । ਜਨ ਭਗਤਾਂ ਪੂਰੀ ਕਰਦਾ ਆਇਆ ਆਸ, ਆਸਾ ਤ੍ਰਿਸਨਾ ਮੇਟ ਮਿਟਾਈਆ । ਸੰਤਾਂ ਲੇਖੇ ਲੌਂਦਾ ਆਇਆ ਪਵਣ ਸਵਾਸ, ਪਵਣ ਉਣੰਜਾ ਧਾਰ ਵਖਾਈਆ । ਗੁਰਮੁਖਾਂ ਦੇਂਦਾ ਆਇਆ ਸਾਥ, ਸਗਲਾ ਸੰਗ ਨਿਭਾਈਆ । ਗੁਰਸਿਖਾਂ ਸੁਣੌਂਦਾ ਆਇਆ ਗਾਥ, ਆਤਮ ਅੰਤਰ ਨਾਮ ਜਣਾਈਆ । ਹਰਿ ਹਰਿ ਹਰਿ ਜਨ ਚੜ੍ਹੌਂਦਾ ਆਇਆ ਆਪਣੇ ਘਾਟ, ਪਤਣ ਇਕੋ ਇਕ ਵਖਾਈਆ । ਜੁਗ ਚੌਕੜੀ ਮੇਟਦਾ ਆਇਆ ਵਾਟ, ਗੁਰ ਅਵਤਾਰ ਕੋਟਨ ਕੋਟ ਗਏ ਸੇਵ ਕਮਾਈਆ । ਖੇਲੇ ਖੇਲ ਬਾਜ਼ੀਗਰ ਨਾਟ, ਸਵਾਂਗੀ ਆਪਣਾ ਸਾਂਗ ਵਰਤਾਈਆ । ਚੌਦਾਂ ਲੋਕ ਖੋਲ੍ਹ ਹਾਟ, ਚੌਦਾਂ ਤਬਕ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸਾਚਾ ਇਕ ਅਖਵਾਈਆ । ਸਤਿਗੁਰ ਸਾਚਾ ਬੇਪਰਵਾਹਿਆ, ਬੇਪਰਵਾਹੀ ਵਿਚ ਸਮਾਇੰਦਾ । ਨਾ ਮਰੇ ਨਾ ਕਦੇ ਜਾਇਆ, ਜੀਵਣ ਮਰਨ ਨਾ ਕੋਇ ਰਖਾਇੰਦਾ । ਮੇਟਣਹਾਰਾ ਤ੍ਰੈਗੁਣ ਮਾਇਆ, ਪੰਚਮ ਡੇਰਾ ਆਪੇ ਢਾਹਿੰਦਾ । ਜੁਗ ਚੌਕੜੀ ਖੇਲ ਰਚਾਇਆ, ਹਰਿ ਕਰਤਾ ਵੇਖ ਵਖਾਇੰਦਾ । ਕਲਜੁਗ ਅੰਤਮ ਫੇਰਾ ਪਾਇਆ, ਮਹਾਂਬਲੀ ਵੇਸ ਵਟਾਇੰਦਾ । ਨਿਹਕਲੰਕਾ ਨਾਉਂ ਰਖਾਇਆ, ਨਾਮ ਡੰਕਾ ਇਕ ਵਜਾਇੰਦਾ । ਸਚ ਮਹੱਲ ਅਟੱਲ ਕਰ ਰੁਸ਼ਨਾਇਆ, ਸੰਬਲ ਆਪਣਾ ਡੇਰਾ ਲਾਇੰਦਾ । ਦਰ ਦਰਵਾਜਾ ਇਕ ਖੁਲਾਇਆ, ਖ਼ਾਲਕ ਖ਼ਲਕ ਵੇਖ ਵਖਾਇੰਦਾ । ਬੇਨਜ਼ੀਰ ਬਣ ਕੇ ਆਇਆ, ਸ਼ਾਹ ਹਕੀਰ ਮੇਲ ਮਿਲਾਇੰਦਾ । ਮਾਲਾ ਤਸਬੀ ਨਾ ਕੋਇ ਲਟਕਾਇਆ, ਮਣਕਾ ਮਣਕਾ ਨਾ ਕੋਇ ਭੁਆਇੰਦਾ । ਧੁਰਦਰਗਾਹੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੁਲਤਾਨਾ ਬਣ ਕੇ ਆਇਆ, ਸਾਚੀ ਕਰਨੀ ਆਪ ਕਮਾਈਆ । ਸਤਿਗੁਰ ਪੂਰਾ ਕਰਨ ਜੋਗ, ਕਰਤਾ ਪੁਰਖ ਆਪ ਅਖਵਾਇੰਦਾ । ਪਾਰਬ੍ਰਹਮ ਪਤਿਪਰਮੇਸ਼ਵਰ ਨਿਹਕਰਮੀ ਜਨ ਭਗਤਾਂ ਮੇਲਾ ਧੁਰ ਸੰਜੋਗ, ਮੇਲ ਮਿਲਾਵੇ ਆਪਣੀ ਥਾਈਂਆ । ਜਨਮ ਕਰਮ ਪੂਰਬ ਕੱਟੇ ਰੋਗ, ਦੂਖ ਸੰਤਾਪ ਰਿਹਾ ਮਿਟਾਈਆ । ਆਤਮ ਪਰਮਾਤਮ ਸੋਹੰ ਦੇਵੇ ਚੋਗ, ਨਾਮ ਸਤਿ ਸਤਿ ਵਿਚ ਸਮਾਈਆ । ਜੋਤ ਨਿਰੰਜਣ ਜਿਸ ਦੀ ਰੱਖੇ ਓਟ, ਓਅੰਕਾਰ ਜਿਸ ਦਾ ਧਿਆਨ ਲਗਾਈਆ । ਰਾਰੰਕਾਰ ਕਹੇ ਮੈਂ ਨਿੱਕਾ ਬੋਟ, ਨਿਤ ਉਠ ਵੇਖਾਂ ਚਾਈਂ ਚਾਈਂਆ । ਆਦਿ ਜੁਗਾਦਿ ਜੁਗ ਚੌਕੜੀ ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦੀ ਜੋਤ, ਪੂਤ ਸਪੂਤਾ ਸ਼ਬਦੀ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਦਾਤਾ ਬੇਪਰਵਾਹੀਆ । ਸਤਿਗੁਰ ਦਾਤਾ ਨਿਹਕਲੰਕ, ਨਰ ਨਰਾਇਣ ਅਖਵਾਇੰਦਾ । ਸਚਖੰਡ ਦਵਾਰੇ ਸੋਹੇ ਬੰਕ, ਸਤਿ ਸਤਿਵਾਦੀ ਸੋਭਾ ਪਾਇੰਦਾ ।

ਜੁਗ ਚੌਕੜੀ ਖੇਲ ਅਨੰਤ, ਮਹਿਮਾ ਅਗਣਤ ਨਾ ਕੋਇ ਗਣਾਇੰਦਾ । ਧਿਆਨ ਲਗਾਵਣ ਉਠ ਨਿਤ ਸੰਤ, ਸਾਧਨਾ ਸਚ ਆਪ ਸਮਝਾਇੰਦਾ । ਭਗਤ ਦਵਾਰੇ ਰਹਿਣ ਮੰਗਤ, ਖਾਲੀ ਝੋਲੀ ਸਰਬ ਭਰਾਇੰਦਾ । ਹਰਿ ਕਾ ਭੇਵ ਨਾ ਜਾਣੇ ਕੋਈ ਪੰਡਤ, ਪੜ੍ਹਿਆਂ ਹੱਥ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਪੂਰਾ ਫੇਰਾ ਪਾਇੰਦਾ । ਸਤਿਗੁਰ ਪੂਰਾ ਵਡ ਦੇਵੀ ਦੇਵ, ਦੇਵਤ ਸੁਰ ਵੇਖ ਵਖਾਈਆ । ਆਦਿ ਜੁਗਾਦਿ ਸਦਾ ਨਿਹਕੇਵ, ਨਿਹਚਲ ਧਾਮ ਡੇਰਾ ਲਾਈਆ । ਵਿਸ਼ਨ ਬ੍ਰਹਮਾ ਸ਼ਿਵ, ਲਗਾਏ ਸੇਵ ਸਾਚੀ ਸੇਵਾ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸਤਿਗੁਰ ਸੱਚਾ ਗ਼ਰੀਬ ਨਿਵਾਜ, ਪੁਰਖ ਅਕਾਲ ਇਕ ਅਖਵਾਇੰਦਾ । ਸੀਸ ਜਗਦੀਸ ਸੁਹਾਏ ਤਾਜ, ਸਚਖੰਡ ਤਖ਼ਤ ਇਕ ਹੰਡਾਇੰਦਾ । ਜੁਗ ਚੌਕੜੀ ਜਨ ਭਗਤਾਂ ਮਾਰ ਆਵਾਜ਼, ਸੋਈ ਸੁਰਤ ਆਪ ਉਠਾਇੰਦਾ । ਆਤਮ ਅੰਤਰ ਰਚ ਕੇ ਕਾਜ, ਪਰਮਾਤਮ ਜੋੜ ਜੁੜਾਇੰਦਾ । ਸਚ ਵਖਾਏ ਹਾਜੀ ਹਾਜ, ਹੁਜਰਾ ਇਕੋ ਇਕ ਪਰਗਟਾਇੰਦਾ । ਲਹਿਣਾ ਚੁੱਕੇ ਜਗਤ ਨਿਮਾਜ਼, ਜਿਸ ਆਪਣਾ ਨੂਰ ਦਰਸਾਇੰਦਾ । ਮੁਰੀਦ ਮੁਰਸ਼ਦ ਚਰਨੀ ਲੱਗੇ ਭਾਜ, ਭਾਉ ਇਕੋ ਇਕ ਰਖਾਇੰਦਾ । ਵੇਖਾਂ ਹੱਕ ਸਚ ਮਹਿਰਾਬ, ਜਿਸ ਗ੍ਰਿਹ ਮਹਿਬੂਬ ਡੇਰਾ ਲਾਇੰਦਾ । ਸ਼ਾਹੋ ਭੂਪ ਬਣ ਨਵਾਬ, ਸਿਕਦਾਰ ਆਪਣਾ ਹੁਕਮ ਚਲਾਇੰਦਾ । ਜਿਸ ਦਾ ਪੀਰ ਪੈਗ਼ੰਬਰ ਲੈਂਦੇ ਰਹੇ ਖ਼ੁਆਬ, ਸੋ ਖ਼ਾਲਕ ਆਪਣਾ ਵੇਸ ਵਟਾਇੰਦਾ । ਓਸ ਸਾਹਿਬ ਸਦਾ ਕਰੋ ਆਦਾਬ, ਅਦਾਲਤ ਸਾਚੀ ਸਚ ਕਮਾਇੰਦਾ । ਬਿਨ ਸ੍ਰੀ ਭਗਵਾਨ ਹੋਵਣ ਸਰਬ ਖ਼ਰਾਬ, ਮਾਣਸ ਜਨਮ ਲੇਖੇ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਪੂਰਾ ਵੇਖ ਵਖਾਇੰਦਾ । ਸਤਿਗੁਰ ਪੂਰਾ ਰਾਮ ਰਹੀਮ, ਰਹਿਮਤ ਆਪਣੀ ਆਪ ਕਮਾਈਆ । ਮੰਦਰ ਵਖਾਏ ਇਕ ਅਜ਼ੀਮ, ਸ਼ਾਨ ਨਜ਼ਰ ਕਿਸੇ ਨਾ ਆਈਆ । ਪਾਰਬ੍ਰਹਮ ਬ੍ਰਹਮ ਦਏ ਤਾਅਲੀਮ, ਅਲਫ਼ ਯੇ ਨਾ ਕੋਇ ਪੜ੍ਹਾਈਆ । ਲੇਖਾ ਜਾਣੇ ਬਰਦਾ ਮਸਕੀਨ, ਮਸਲਾ ਆਪਣਾ ਹੱਲ ਕਰਾਈਆ । ਨੂਰ ਨੂਰਾਨਾ ਕਰੇ ਤਲਕੀਨ, ਤਕਵਾ ਇਕੋ ਇਕ ਰਖਾਈਆ । ਲੇਖਾ ਜਾਣੇ ਯਾਮੁਬੀਨ, ਮੁਬੀਨ ਬੇਪਰਵਾਹੀਆ । ਪੀਰ ਪੈਗ਼ੰਬਰ ਕਰਨ ਤਸਲੀਮ, ਨਿਉਂ ਨਿਉਂ ਸਜਦਾ ਸੀਸ ਝੁਕਾਈਆ । ਜਿਸ ਦਾ ਆਦਿ ਜੁਗਾਦੀ ਇਕੋ ਦੀਨ, ਮਜ਼੍ਹਬ ਕਰੇ ਨਾ ਕੋਇ ਲੜਾਈਆ । ਤਿਸ ਨੂੰ ਕਹਿਣ ਸਰਬ ਆਲਮੀਨ, ਆਲਮ ਇਕੋ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਪੂਰਾ ਵੇਸ ਵਟਾਈਆ । ਸਤਿਗੁਰ ਪੂਰਾ ਪੁਰਖ ਅਗੰਮ, ਅਲਖ ਅਗੋਚਰ ਆਪ ਅਖਵਾਇੰਦਾ । ਕਰੇ ਪਰਕਾਸ਼ ਬਿਨ ਸੂਰਜ ਚੰਨ, ਜੋਤੀ ਜੋਤ ਜੋਤ ਰੁਸ਼ਨਾਇੰਦਾ । ਜੁਗ ਚੌਕੜੀ ਦੇਂਦਾ ਆਇਆ ਡੰਨ, ਡੰਕਾ ਆਪਣੇ ਨਾਮ ਵਜਾਇੰਦਾ । ਕਲਜੁਗ ਅੰਤਮ ਖੇਲ ਸ੍ਰੀ ਭਗਵਨ, ਅਬਿਨਾਸ਼ੀ ਕਰਤਾ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਭੇਵ ਅਭੇਦਾ ਖੋਲ੍ਹਣ ਆਇਆ ਆਪ, ਆਪਣੇ ਹੱਥ ਰੱਖੇ ਵਡਿਆਈਆ । ਆਦਿ ਜੁਗਾਦੀ ਮਾਈ ਬਾਪ, ਪਿਤਾ ਪੁਰਖ ਅਕਾਲ ਫੇਰਾ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦਾ ਜਪਦੇ ਜਾਪ, ਸ਼ਾਸਤਰ ਸਿਮਰਤ ਵੇਦ ਪੁਰਾਨ ਸਿਫ਼ਤੀ ਢੋਲਾ ਗਾਈਆ । ਸੋ ਸਾਹਿਬ ਸਤਿਗੁਰ ਪਤਤ ਪੁਨੀਤ ਇਕੋ ਪਾਕ, ਬੇਪਰਵਾਹ ਫੇਰਾ ਪਾਈਆ । ਵਰਨ ਬਰਨ ਨਾ ਕੋਈ ਜ਼ਾਤ, ਰੂਪ ਰੰਗ ਰੇਖ ਨਾ ਕੋਇ ਰਖਾਈਆ । ਸਰਗੁਣ ਰੂਪ ਨਾ ਕੋਇ ਸਾਥ, ਚੋਲਾ ਤੱਤ ਨਾ ਕੋਇ ਹੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਸਤਿਗੁਰ ਅਚਰਜ ਖੇਲ ਰਚਾਈਆ । ਸਤਿਗੁਰ ਖੇਲ ਸਦਾ ਅਨਮੋਲ, ਅਨਮੁਲੜੀ ਕਾਰ ਕਮਾਇੰਦਾ । ਧੁਰ ਦਰਬਾਰਾ ਮਾਤ ਖੋਲ੍ਹ, ਭਗਤ ਭਗਵਾਨ ਵੇਖ ਵਖਾਇੰਦਾ । ਨਾਮ ਤਰਾਜ਼ੂ ਤੋਲੇ ਤੋਲ, ਕੰਡਾ ਇਕੋ ਹੱਥ ਉਠਾਇੰਦਾ । ਆਦਿ ਜੁਗਾਦਿ ਸਦਾ ਅਡੋਲ, ਜੁਗ ਚੌਕੜੀ ਡੁਲ ਕਦੇ ਨਾ ਜਾਇੰਦਾ । ਪਰਗਟ ਹੋਏ ਉਪਰ ਧੌਲ, ਧਰਨੀ ਧਰਤ ਹੌਲਾ ਭਾਰ ਕਰਾਇੰਦਾ । ਲੱਖ ਚੁਰਾਸੀ ਅੰਦਰ ਮੌਲ, ਅਵਲ ਨੂਰ ਇਕ ਸਮਝਾਇੰਦਾ । ਉਲਟਾ ਕਰੇ ਨਾਭ ਕਵਲ, ਅੰਮ੍ਰਿਤ ਝਿਰਨਾ ਆਪ ਝਿਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਹਿਬ ਸਤਿਗੁਰ ਕਾਰ ਕਮਾਇੰਦਾ । ਸਾਹਿਬ ਸਤਿਗੁਰ ਸਦਾ ਅਨਡੀਠਾ, ਜਗਤ ਨੇਤਰ ਨਜ਼ਰ ਕਿਸੇ ਨਾ ਆਈਆ । ਜਿਸ ਦੀ ਸਿਫ਼ਤ ਕਰੇ ਅਠਾਰਾਂ ਧਿਆਏ ਗੀਤਾ, ਕਾਹਨ ਘਨੱਯਾ ਆਪਣਾ ਰਾਗ ਅਲਾਈਆ । ਤ੍ਰੈਗੁਣ ਮਾਇਆ ਤੱਤ ਨਾ ਤਪੇ ਅੰਗੀਠਾ, ਮਾਤ ਗਰਭ ਨਾ ਫੇਰਾ ਪਾਈਆ । ਨਾ ਮਰਿਆ ਨਾ ਜੀਤਾ, ਜੀਵਣ ਮਰਨ ਨਾ ਕੋਇ ਰਖਾਈਆ । ਨਾ ਠਾਂਡਾ ਨਾ ਸੀਤਾ, ਅਗਨੀ ਰੂਪ ਨਾ ਕੋਇ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸਾਹਿਬ ਸਦਾ ਸੁਖਦਾਈਆ । ਸਤਿਗੁਰ ਦਾਤਾ ਸਚ ਸੁਲਤਾਨ, ਸਾਚੀ ਕਾਰ ਕਮਾਇੰਦਾ । ਕਲਜੁਗ ਅੰਤ ਹੋ ਪਰਧਾਨ, ਦੋ ਜਹਾਨਾਂ ਹੁਕਮ ਮਨਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਚਾਰ ਯੁਗ ਦਾ ਪਿਛਲਾ ਛੱਡੇ ਈਮਾਨ, ਅਗਲਾ ਮਾਰਗ ਇਕ ਲਗਾਇੰਦਾ । ਰਲ ਮਿਲ ਸਾਰੇ ਗਾਓ ਗਾਣ, ਗੀਤ ਗੋਬਿੰਦ ਆਪ ਸਮਝਾਇੰਦਾ । ਤੂੰ ਮੇਰਾ ਮੈਂ ਤੇਰਾ ਦੋਹਾਂ ਦਾ ਇਕ ਬਣੇ ਵਿਧਾਨ, ਵਿਦਤ ਆਪਣੀ ਕਾਰ ਕਮਾਇੰਦਾ । ਨਿਰਗੁਣ ਸਚ ਝੁਲਾਏ ਨਿਸ਼ਾਨ, ਸਰਗੁਣ ਨਜ਼ਰ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਪੂਰਾ ਸਾਚੀ ਸਿਖਿਆ ਇਕ ਦ੍ਰਿੜਾਇੰਦਾ । ਸਾਚੀ ਸਿਖਿਆ ਇਕੋ ਯਾਦ, ਗੁਰ ਅਵਤਾਰਾਂ ਰਿਹਾ ਜਣਾਈਆ । ਵੇਲੇ ਅੰਤ ਸੁਣੇ ਫ਼ਰਯਾਦ, ਬੇਪਰਵਾਹੀ ਫੇਰਾ ਪਾਈਆ । ਦੀਨਾਂ ਮਜ਼੍ਹਬਾਂ ਵਿਚੋਂ ਕਾਢ, ਏਕਾ ਆਪਣੇ ਰੰਗ ਰੰਗਾਈਆ । ਵਾਹਿਗੁਰੂ ਅੱਲਾ ਰਾਮ ਜਿਸ ਨੂੰ ਕਹਿੰਦੇ ਗਾਡ, ਸੋ ਗਾਹਕ ਬਣੇ ਥਾਉਂ ਥਾਈਂਆ । ਜਿਸ ਦਾ ਰੋਜ਼ਾ ਰੱਖੇ ਨਿਮਾਜ਼, ਹੁਜਰੇ ਹੱਕ ਸੀਸ ਝੁਕਾਈਆ । ਜਿਸ ਦਾ ਦੁਲਦੁਲ ਅਲੀ ਰੱਖਿਆ ਤਾਜ, ਸੋ ਸ਼ਾਹਸਵਾਰਾ ਫੇਰਾ ਪਾਈਆ । ਜਿਸ ਦਾ ਮੰਨਦੇ ਰਹੇ ਰਾਮ ਰਾਜ, ਸੋ ਰਮੱਯਾ ਆਪਣੀ ਕਾਰ ਕਮਾਈਆ । ਜਿਸ ਨੂੰ ਘਨੱਯਾ ਕਹਿੰਦੇ ਰਹੇ ਸ਼ਾਮ, ਸੋ ਸ਼ਹਿਨਸ਼ਾਹ ਆਪਣਾ ਭੇਖ ਵਟਾਈਆ । ਜਿਸ ਨੂੰ ਨਾਨਕ ਗੋਬਿੰਦ ਕਰਦੇ ਰਹੇ ਪਰਨਾਮ, ਨਮੋ ਨਮੋ ਸੀਸ ਝੁਕਾਈਆ । ਜਿਸ ਦਾ ਤੇਈ ਅਵਤਾਰ ਭਗਤ ਅਠਾਰਾਂ ਦੇਂਦੇ ਰਹੇ ਗਿਆਨ, ਗੁਰੂ ਦਸ ਨਾਲ ਮਿਲਾਈਆ । ਜਿਸ ਨੂੰ ਈਸਾ ਮੂਸਾ ਮੁਹੰਮਦ ਕਰਦੇ ਰਹੇ ਸਲਾਮ, ਸਲਾਮਾ ਅਲੈਕਮ ਵੇਖ ਵਖਾਈਆ । ਤਿਸ ਦੀ ਇਕੋ ਸਚ ਕਲਾਮ, ਕਾਇਨਾਤ ਕਰੇ ਪੜ੍ਹਾਈਆ । ਉਠੋ ਵੇਖੋ ਮਾਰੋ ਧਿਆਨ, ਧਰਮ ਦਵਾਰੇ ਰਿਹਾ ਜਣਾਈਆ । ਇਕੋ ਨਾਮ ਕਰ ਪਰਧਾਨ, ਸੋਹੰ ਢੋਲਾ ਰਿਹਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਤਮ ਪਰਮਾਤਮ ਮੇਲੇ ਆਣ, ਸਤਿਗੁਰ ਪੂਰਾ ਦੇਵਣਹਾਰ ਸਰਨਾਈਆ । ਆਤਮ ਪਰਮਾਤਮ ਮੇਲਾ ਜਗਦੀਸ, ਜਗਦੀਸ ਮਿਲਣੀ ਆਪ ਕਰਾਈਆ । ਇਹੋ ਲਾਹਾ ਬੀਸ ਬੀਸ, ਜਗ ਵਿਛੜੇ ਆਪਣੇ ਰੰਗ ਰੰਗਾਈਆ । ਲਹਿਣਾ ਚੁੱਕੇ ਰਾਗ ਛੱਤੀਸ, ਬੱਤੀ ਦੰਦ ਨਾ ਸਿਫ਼ਤ ਸਾਲਾਹੀਆ । ਕਲਮਾ ਨਬੀ ਨਾ ਕੋਇ ਹਦੀਸ, ਸਜਦਾ ਸੀਸ ਨਾ ਕੋਇ ਵਖਾਈਆ । ਜਿਸ ਨੂੰ ਸਾਹਿਬ ਕਰੇ ਬਖ਼ਸ਼ੀਸ਼, ਬਖ਼ਸ਼ਸ਼ ਆਪਣੀ ਝੋਲੀ ਪਾਈਆ । ਸੋ ਭਗਤ ਕਿਉਂ ਮੰਗੇ ਭੀਖ,



੬੯੦
੧੪

ਘਰ ਦੂਜੇ ਫੇਰਾ ਪਾਈਆ । ਨਿਤ ਪਰਮ ਪੁਰਖ ਦੀ ਰੱਖੇ ਉਡੀਕ, ਨਿਜ ਨੇਤਰ ਨੈਣ ਉਠਾਈਆ । ਘਰ ਸੱਜਣ ਆਵੇ ਮੀਤ, ਮਿੱਤਰ ਪਿਆਰਾ ਫੇਰਾ ਪਾਈਆ । ਕਾਇਆ ਮੰਦਰ ਅੰਦਰ ਲੰਘੇ ਦਹਿਲੀਜ, ਘਰ ਸਾਚੇ ਸੋਭਾ ਪਾਈਆ । ਦਰਸ ਦਿਖਾਏ ਹੋ ਨਜ਼ਦੀਕ, ਦੂਰ ਦੁਰਾਡਾ ਪੰਧ ਮੁਕਾਈਆ । ਨਜ਼ਰੀ ਆਏ ਨਿਰਾਲਾ ਠੀਕ, ਜੋਤ ਅਕਾਲਾ ਨੂਰ ਇਲਾਹੀਆ । ਜਿਸ ਦਾ ਮਾਰਗ ਅਤਿ ਅੰਤ ਬਾਰੀਕ, ਪਾਂਧੀ ਚਲ ਨਾ ਸਕੇ ਕੋਈ ਰਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਵੇਖ ਵਖਾਈਆ । ਸੋ ਸਾਹਿਬ ਦਾ ਵੇਖੋ ਨਜ਼ਾਰਾ, ਨਿਰਗੁਣ ਨਿਰਵੈਰ ਆਪ ਜਣਾਇੰਦਾ । ਜਿਸ ਦਾ ਚਾਰ ਯੁਗ ਵੱਜਦਾ ਰਿਹਾ ਨਗਾਰਾ, ਗੁਰ ਅਵਤਾਰ ਡੰਕ ਲਗਾਇੰਦਾ । ਜਿਸ ਦਾ ਚਾਰ ਵਰਨ ਬੋਲਦਾ ਰਿਹਾ ਜੈਕਾਰਾ, ਰਸਨਾ ਜਿਹਵਾ ਰਾਗ ਅਲਾਇੰਦਾ । ਸੋ ਸਾਹਿਬ ਹਰ ਘਟ ਵੇਖਣਹਾਰਾ, ਅਪਰੰਪਰ ਆਪਣਾ ਫੇਰਾ ਪਾਇੰਦਾ । ਆਤਮ ਪਰਮਾਤਮ ਖੋਲ੍ਹ ਕਿਵਾੜਾ, ਸਾਚੀ ਸਿਖਿਆ ਇਕ ਦ੍ਰਿੜਾਇੰਦਾ । ਤੂੰ ਮੇਰਾ ਮੈਂ ਤੇਰਾ ਪਿਆਰਾ, ਪ੍ਰੀਤੀ ਇਕੋ ਇਕ ਲਗਾਇੰਦਾ । ਹੰ ਬ੍ਰਹਮ ਜਗਤ ਪਸਾਰਾ, ਸੋ ਪੁਰਖ ਨਿਰੰਜਣ ਸੋਹੰ ਧਾਰ ਇਕ ਦਰਸਾਇੰਦਾ । ਜਿਸ ਦਾ ਹੱਥ ਨਾ ਆਇਆ ਕਿਸੇ ਕਿਨਾਰਾ, ਸੋ ਕੰਢੀ ਡੇਰਾ ਲਾਇੰਦਾ । ਅੰਦਰ ਵੜਿਆ ਕੰਡਿਆਂ ਵਾੜਾ, ਮਹੱਲ ਅਟੱਲ ਨਾ ਕੋਇ ਜਣਾਇੰਦਾ । ਭਾਗ ਲਗਾਏ ਭਗਤ ਦਵਾਰਾ, ਭਾਗ ਹਿੱਸਾ ਆਪਣਾ ਵੰਡ ਵੰਡਾਇੰਦਾ । ਗੁਰਮੁਖ ਗੁਰਸਿਖ ਸਾਚਾ ਲਾੜਾ, ਗੁਰ ਸਤਿਗੁਰ ਵੇਖ ਵਖਾਇੰਦਾ । ਲੱਖ ਚੁਰਾਸੀ ਕਲਜੁਗ ਜੀਵ ਤਪੇ ਅੰਗਿਆਰਾ, ਅੰਮ੍ਰਿਤ ਮੇਘ ਨਾ ਕੋਇ ਬਰਸਾਇੰਦਾ । ਮੰਦਰ ਮਸਜਦ ਸ਼ਿਵਦਵਾਲੇ ਮੱਠ ਗੁਰੂਦਵਾਰੇ ਹਾਹਾਕਾਰਾ, ਧੀਰਜ ਧੀਰ ਨਾ ਕੋਇ ਰਖਾਇੰਦਾ । ਅਭਿਆਸੀ ਰੋਵਣ ਜ਼ਾਰੋ ਜ਼ਾਰਾ, ਸੁਰਤੀ ਸ਼ਬਦ ਨਾ ਕੋਇ ਮਿਲਾਇੰਦਾ । ਉਚੇ ਟਿੱਲੇ ਪਰਬਤ ਲੱਭਦੇ ਡੂੰਘੀ ਗਾਰਾ, ਪੁਰਖ ਅਕਾਲ ਨਜ਼ਰ ਨਾ ਆਇੰਦਾ । ਘਰ ਛੱਡ ਕੇ ਫਿਰਦੇ ਜੰਗਲ ਜੂਹ ਉਜਾੜ ਪਹਾੜਾ, ਟਿੱਲੇ ਪਰਬਤ ਜੀਵ ਜੰਤ ਫੋਲ ਫੁਲਾਇੰਦਾ । ਦਰ ਦਰ ਘਰ ਘਰ ਮੰਗਦੇ ਫਿਰਦੇ ਬਣ ਭਿਖਾਰਾ, ਬਿਨ ਸਤਿਗੁਰ ਪੂਰੇ ਸਾਚੀ ਵਸਤ ਝੋਲੀ ਕੋਇ ਨਾ ਪਾਇੰਦਾ । ਅੰਦਰ ਵੜ ਵੜ ਡੂੰਘੀ ਕੰਦਰ ਨੇਤਰ ਰੋਵਣ ਜ਼ਾਰੋ ਜ਼ਾਰਾ, ਅੰਧ ਅੰਧੇਰ ਅਗਿਆਨ ਨਾ ਕੋਇ ਮਿਟਾਇੰਦਾ । ਪੜ੍ਹ ਪੜ੍ਹ ਥੱਕੇ ਜੀਵ ਗਵਾਰਾ, ਪੁਸਤਕ ਪੜ੍ਹਿਆਂ ਭੇਵ ਕੋਇ ਨਾ ਆਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਸਭ ਨੂੰ ਦੇਂਦੇ ਰਹੇ ਲਾਰਾ, ਬਾਂਹੋਂ ਫੜ ਘਰ ਨਾ ਕੋਇ ਮਿਲਾਇੰਦਾ । ਕਲਜੁਗ ਅੰਤਮ ਨਿਰਗੁਣ ਨਿਰਵੈਰ ਨਿਹਕਲੰਕ ਲੈ ਅਵਤਾਰਾ, ਸਭ ਦੀ ਕਰਨੀ ਆਪਣੇ ਖਾਤੇ ਪਾਇੰਦਾ । ਰਸਨਾ ਜਿਹਵਾ ਜਗਤ ਕਰਨ ਬੁਲਾਰਾ, ਅੰਦਰ ਵੜ ਕੇ ਮੰਦਰ ਚੜ੍ਹ ਕੇ ਸਾਚੇ ਤਖ਼ਤ, ਹਰਿ ਸੁਲਤਾਨ ਦਰਸ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਪੂਰਾ ਦਇਆ ਕਮਾਇੰਦਾ । ਸਤਿਗੁਰ ਪੂਰਾ ਏਕਾ ਠਾਕਰ, ਠੋਕਰ ਆਪਣੇ ਨਾਮ ਲਗਾਈਆ । ਜਨ ਭਗਤ ਬਣਾਏ ਸਚ ਸੌਦਾਗਰ, ਸੌਦਾ ਇਕੋ ਹੱਟ ਵਿਕਾਈਆ । ਲੇਖਾ ਜਾਣੇ ਕਾਇਆ ਗਾਗਰ, ਡੂੰਘੀ ਕਵਰੀ ਫੋਲ ਫੁਲਾਈਆ । ਨਿਰਮਲ ਕਰਮ ਕਰੇ ਉਜਾਗਰ, ਜਿਸ ਜਨ ਆਪਣੀ ਦਇਆ ਕਮਾਈਆ । ਘਰ ਆਇਆਂ ਦਰ ਦੇਵੇ ਆਦਰ, ਜੋ ਜਨ ਆਏ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਦਰ ਆਏ ਹੋਏ ਪਰਵਾਨ, ਸੋ ਸਤਿਗੁਰ ਦਇਆ ਕਮਾਈਆ । ਜਿਨ੍ਹਾਂ ਅੰਤਰ ਦਰਸਨ ਕੀਤਾ ਆਣ, ਤਿਨ੍ਹਾਂ ਮੰਤਰ ਨਾਮ ਪੜ੍ਹਾਈਆ । ਬਸੰਤਰ ਲੱਗੀ ਜੀਵ ਜਹਾਨ, ਚਾਰ ਕੁੰਟ ਨਾ ਕੋਇ ਬੁਝਾਈਆ । ਗਗਨ ਮੰਡਲ ਸਰਬ ਕੁਰਲਾਣ, ਦੇਵਤ ਦੇਵ ਦੇਣ ਦੁਹਾਈਆ ।

ਵਿਸ਼ਨ ਬ੍ਰਹਮਾ ਸ਼ਿਵ ਸਰਬ ਪਛਤਾਣ, ਪਸਚਾਤਾਪ ਸਰਬ ਲੋਕਾਈਆ । ਗੁਰ ਅਵਤਾਰ ਹੋਏ ਹੈਰਾਨ, ਹਰਿ ਕਾ ਭੇਵ ਕੋਇ ਨਾ ਪਾਈਆ । ਪੀਰ ਪੈਗ਼ੰਬਰ ਸਾਬਤ ਰਿਹਾ ਨਾ ਕਿਸੇ ਈਮਾਨ, ਘਰ ਘਰ ਦਰ ਦਰ ਸ਼ੈਤਾਨ ਕਰੇ ਲੜਾਈਆ । ਅੱਲਾ ਰਾਣੀ ਨੈਣ ਸ਼ਰਮਾਣ, ਮੁਖ ਘੁੰਗਟ ਬੈਠੀ ਪਾਈਆ । ਖੇਲ ਕਰੇ ਵਾਲੀ ਦੋ ਜਹਾਨ, ਪਰਵਰਦਿਗਾਰ ਬੇਪਰਵਾਹੀਆ । ਜੋਧਾ ਸੂਰ ਬਲੀ ਬਲਵਾਨ, ਬਲ ਆਪਣਾ ਇਕ ਰਖਾਈਆ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਸਰਨ ਸਰਨਾਈ ਦੇਵੇ ਮਾਣ, ਸਿਰ ਆਪਣਾ ਹੱਥ ਟਿਕਾਈਆ । ਧਰਮ ਰਾਏ ਦੀ ਚੁੱਕੇ ਕਾਣ, ਲਾੜੀ ਮੌਤ ਨਾ ਅੰਤ ਪਰਨਾਈਆ । ਦੋਜ਼ਖ਼ ਬਹਿਸ਼ਤ ਸਵਰਗ ਨਰਕ ਗੁਰਮੁਖ ਦੋਵੇਂ ਥਾਂ ਕਦੀ ਨਾ ਜਾਣ, ਸਚਖੰਡ ਦਵਾਰ ਮਿਲੇ ਪ੍ਰਭੂ ਸਰਨਾਈਆ । ਜਿਨ੍ਹਾਂ ਸੋਹੰ ਢੋਲਾ ਗਾਇਆ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤਿਨ੍ਹਾਂ ਅੰਤਮ ਅੰਤ ਜੋਤੀ ਜੋਤ ਜੋਤ ਮੇਲ ਮਿਲਾਈਆ ।

## ★ ੨੦ ਜੇਠ ੨੦੨੦ ਬਿਕ੍ਰਮੀ ਪੂਰਨ ਚੰਦ ਦੇ ਗ੍ਰਿਹ ਮਲਕ ਕੈਂਪ ਜੰਮੂ ★

ਸਤਿਗੁਰ ਸਚ ਗੁਰਦੇਵ ਸਵਾਮੀ, ਨਰ ਹਰਿ ਨਰਾਇਣ ਅਖਵਾਇੰਦਾ । ਸਤਿਗੁਰ ਸਚ ਸਦਾ ਨਿਹਕਾਮੀ, ਕਰਮ ਕਾਂਡ ਨਾ ਕੋਇ ਰਖਾਇੰਦਾ । ਸਤਿਗੁਰ ਸਚ ਸਦ ਅੰਤਰਜਾਮੀ, ਨਿਰਗੁਣ ਸਰਗੁਣ ਵੇਖ ਵਖਾਇੰਦਾ । ਸਤਿਗੁਰ ਸਚ ਵਾਲੀ ਦੋ ਜਹਾਨੀ, ਦੋਏ ਦੋਏ ਧਾਰ ਰਾਹ ਵਖਾਇੰਦਾ । ਸਤਿਗੁਰ ਸਚ ਸਦਾ ਲਾਸਾਨੀ, ਮਿਸਾਲ ਵਿਚ ਕਦੇ ਨਾ ਆਇੰਦਾ । ਸਤਿਗੁਰ ਸਚ ਸਦਾ ਜਵਾਨੀ, ਨੂਰੋ ਨੂਰ ਨੂਰ ਰੁਸ਼ਨਾਇੰਦਾ । ਸਤਿਗੁਰ ਸਚ ਬੋਧ ਅਗਾਧ ਬਾਣੀ, ਅੱਖਰ ਵੱਖਰ ਰਾਗ ਅਲਾਇੰਦਾ । ਸਤਿਗੁਰ ਸਚ ਅੰਮ੍ਰਿਤ ਧਾਰ ਠੰਡਾ ਪਾਣੀ, ਰਸ ਇਕੋ ਇਕ ਪਰਗਟਾਇੰਦਾ । ਸਤਿਗੁਰ ਸਚ ਸਚ ਕਹਾਣੀ, ਕਥਾ ਅਕਥ ਕਥ ਦ੍ਰਿੜਾਇੰਦਾ । ਸਤਿਗੁਰ ਸਚ ਮਿਹਰਵਾਨ ਸਭ ਦਾ ਬਾਨੀ, ਜੁਗ ਜੁਗ ਮਾਰਗ ਰਾਹ ਚਲਾਇੰਦਾ । ਸਤਿਗੁਰ ਸੱਚਾ ਲੱਖ ਚੁਰਾਸੀ ਆਤਮ ਹਾਣੀ, ਪਰਮਾਤਮ ਆਪਣਾ ਭੇਵ ਖੁਲ੍ਹਾਇੰਦਾ । ਸਤਿਗੁਰ ਸਚ ਗੁਣ ਨਿਧਾਨੀ, ਗੁਣ ਇਕੋ ਇਕ ਵਡਿਆਇੰਦਾ । ਸਤਿਗੁਰ ਸੱਚ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭਾਉ ਆਪ ਜਣਾਇੰਦਾ । ਸਤਿਗੁਰ ਸਚ ਸਰਬ ਸੁਖ ਮੀਤ, ਸੁਖ ਦਾਤਾ ਵਡ ਵਡਿਆਈਆ । ਸਤਿਗੁਰ ਸਚ ਅਚਰਜ ਰੀਤ, ਸਾਰ ਕੋਇ ਨਾ ਪਾਈਆ । ਸਤਿਗੁਰ ਸਚ ਅਗੰਮੀ ਗੀਤ, ਰਸਨਾ ਜਿਹਵਾ ਨਾ ਸਿਫ਼ਤ ਸਾਲਾਹੀਆ । ਸਤਿਗੁਰ ਸਚ ਧਾਮ ਅਨਡੀਠ, ਸਚਖੰਡ ਵਸੇ ਬੇਪਰਵਾਹੀਆ । ਸਤਿਗੁਰ ਸਚ ਆਦਿ ਜੁਗਾਦੀ ਰਿਹਾ ਜੀਤ, ਜਗ ਜੀਵਣ ਦਾਤਾ ਬੇਪਰਵਾਹੀਆ । ਸਤਿਗੁਰ ਸਚ ਪਤਤ ਪੁਨੀਤ, ਪਤਤ ਪਾਵਣ ਨਾਉਂ ਧਰਾਈਆ । ਸਤਿਗੁਰ ਸਚ ਹਸਤ ਕੀਟ, ਘਟ ਘਟ ਰਿਹਾ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਦਾਤਾ ਬੇਪਰਵਾਹੀਆ । ਸਤਿਗੁਰ ਸਚ ਨੌਜਵਾਨ, ਜੋਬਨ ਇਕੋ ਇਕ ਰਖਾਇੰਦਾ । ਸਤਿਗੁਰ ਸਚ ਮਿਹਰਵਾਨ, ਮਿਹਰ ਨਜ਼ਰ ਉਠਾਇੰਦਾ । ਸਤਿਗੁਰ ਸਚ ਵਾਲੀ ਦੋ ਜਹਾਨ, ਆਲਮ ਉਲਮਾ ਭੇਵ ਚੁਕਾਇੰਦਾ । ਸਤਿਗੁਰ ਸਚ ਜੀਵ ਜੰਤ ਪਿਤਾ ਮਾਂ, ਬਾਲਕ ਬਾਲੇ ਗੋਦ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਇੰਦਾ । ਸਤਿਗੁਰ ਸਾਚਾ ਸਾਚਾ ਮੰਤਰ, ਮੰਤਵ ਇਕੋ ਇਕ ਸਮਝਾਈਆ । ਸਤਿਗੁਰ ਸਾਚਾ ਸਰਬ ਜੀਆਂ ਬਿਧ ਜਾਣੇ ਅੰਤਰ, ਅੰਤਰ ਆਤਮ ਵੇਖ ਵਖਾਈਆ ।

ਸਤਿਗੁਰ ਸਾਚਾ ਖੇਲ ਕਰੇ ਗਗਨ ਗਗਨੰਤਰ, ਗਗਨ ਮੰਡਲ ਸੋਭਾ ਪਾਈਆ । ਸਤਿਗੁਰ ਸਾਚਾ ਸਾਚਾ ਧਾਮ ਸੁਹੰਤਰ, ਸੋਭਾਵੰਤ ਸੱਚਾ ਸ਼ਹਿਨਸ਼ਾਹੀਆ । ਸਤਿਗੁਰ ਸਾਚਾ ਵਸੇ ਸਾਚੇ ਅੰਦਰ, ਜਨ ਭਗਤਾਂ ਅੰਦਰ ਡੇਰਾ ਲਾਈਆ । ਸਤਿਗੁਰ ਸੱਚਾ ਇਕ ਸੁਹਾਏ ਉਚਾ ਮੰਦਰ, ਗੁਰਮੁਖ ਟਿੱਲਾ ਬੇਪਰਵਾਹੀਆ । ਸਤਿਗੁਰ ਸਾਚਾ ਲੇਖਾ ਜਾਣੇ ਡੂੰਘੀ ਕੰਦਰ, ਕਾਇਆ ਕਵਰੀ ਫੋਲ ਫੁਲਾਈਆ । ਸਤਿਗੁਰ ਸਾਚਾ ਗੁਰਮੁਖਾਂ ਬੰਨ੍ਹੇ ਮਨ ਵਾਸਨਾ ਬੰਦਰ, ਦਹਿ ਦਿਸ਼ਾ ਨਾ ਉਠ ਉਠ ਧਾਈਆ । ਸਤਿਗੁਰ ਪੂਰਾ ਅੰਦਰ ਲੱਗਾ ਤੋੜੇ ਜੰਦਰ, ਕੁੰਜੀ ਆਪਣਾ ਨਾਮ ਲਗਾਈਆ । ਸਤਿਗੁਰ ਸੱਚਾ ਹਰਾ ਸਿੰਚ ਕਰਾਏ ਕਾਇਆ ਪਿੰਜਰ, ਪੱਤ ਡਾਲੀ ਫੁਲ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸੱਚਾ ਇਕ ਅਖਵਾਈਆ । ਸਤਿਗੁਰ ਸੱਚਾ ਗਹਿਰ ਗਹਿਰਾ, ਗਵਰ ਗਵਰ ਅਖਵਾਇੰਦਾ । ਸਤਿਗੁਰ ਸੱਚਾ ਮੇਟਣਹਾਰਾ ਕਹਿਰਾ, ਕਹਿਰ ਕਹਿਰ ਨਾ ਕੋਇ ਵਰਤਾਇੰਦਾ । ਸਤਿਗੁਰ ਸੱਚਾ ਆਦਿ ਜੁਗਾਦਿ ਨਾ ਹੋਵੇ ਬਹਿਰਾ, ਬਿਨ ਕੰਨਾਂ ਸੁਨਣ ਪਾਇੰਦਾ । ਸਤਿਗੁਰ ਸੱਚਾ ਨਿਰਗੁਣ ਹੋ ਕੇ ਕਰੇ ਸੈਰਾ, ਦੋ ਜਹਾਨਾਂ ਸੈਰਗਾਹ ਬਣਾਇੰਦਾ । ਸਤਿਗੁਰ ਸੱਚਾ ਸਾਚੇ ਘਰ ਲਾਵੇ ਡੇਰਾ, ਭਗਤ ਦਵਾਰਾ ਇਕ ਵਸਾਇੰਦਾ । ਸਤਿਗੁਰ ਸਾਚਾ ਪੰਜ ਤੱਤ ਵਸਾਏ ਖੇੜਾ, ਗ੍ਰਿਹ ਮੰਦਰ ਸੋਭਾ ਪਾਇੰਦਾ । ਸਤਿਗੁਰ ਸਾਚਾ ਡੁੱਬਦਾ ਤਾਰੇ ਬੇੜਾ, ਜਿਸ ਸਿਰ ਆਪਣਾ ਹੱਥ ਟਿਕਾਇੰਦਾ । ਸਤਿਗੁਰ ਸਾਚਾ ਭੇਵ ਚੁਕਾਏ ਤੇਰਾ ਮੇਰਾ, ਮੇਰਾ ਤੇਰਾ ਇਕੋ ਰੰਗ ਵਖਾਇੰਦਾ । ਸਤਿਗੁਰ ਸਾਚਾ ਪੰਧ ਮੁਕਾਏ ਦੂਰ ਦੁਰਾਡਾ ਨੇਰਨ ਨੇਰਾ, ਨਿਜ ਆਤਮ ਨਜ਼ਰੀ ਆਇੰਦਾ । ਸਤਿਗੁਰ ਸਾਚਾ ਸਿੰਘ ਸ਼ੇਰਾ, ਸ਼ਹਿਨਸ਼ਾਹ ਆਪਣਾ ਫੇਰਾ ਪਾਇੰਦਾ । ਸਤਿਗੁਰ ਸਾਚਾ ਖੁਲ੍ਹਾ ਕਰੇ ਧਰਤ ਮਾਤ ਦਾ ਵੇਹੜਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਸਮਝਾਇੰਦਾ । ਸਤਿਗੁਰ ਸੱਚਾ ਸਚ ਸਬੂਤ, ਨਿਰਗੁਣ ਨੂਰ ਨੂਰ ਚਮਕਾਈਆ । ਲੇਖਾ ਤੋੜ ਪੰਜ ਤੱਤ ਭੂਤ, ਭੂਤਕ ਆਪਣੀ ਸੇਵਾ ਲਾਈਆ । ਵਸਣਹਾਰਾ ਸਚ ਕਲਬੂਤ, ਰੂਹ ਨਜ਼ਰ ਕੋਇ ਨਾ ਆਈਆ । ਦਿਸ਼ਾ ਖੁਲ੍ਹਾਏ ਆਪਣੇ ਕੂਟ, ਕੁੰਟ ਆਪਣਾ ਫੇਰਾ ਪਾਈਆ । ਨਾਤਾ ਤੋੜ ਜੂਠ ਝੂਠ, ਸਚ ਸੁੱਚ ਸਦਾ ਸਮਝਾਈਆ । ਗੁਰਮੁਖ ਸੱਜਣ ਵੇਖ ਪੂਤ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਦਾਤਾ ਵਡ ਵਡਿਆਈਆ । ਸਤਿਗੁਰ ਸੱਚਾ ਵਡ ਦਾਤਾਰ, ਦਇਆਵਾਨ ਅਖਵਾਇੰਦਾ । ਕਲਜੁਗ ਅੰਤਮ ਲੈ ਅਵਤਾਰ, ਲੋਕਮਾਤ ਵੇਸ ਵਟਾਇੰਦਾ । ਭਗਤ ਭਗਵਾਨ ਖੋਲ੍ਹ ਕਿਵਾੜ, ਘਰ ਮੰਦਰ ਸੋਭਾ ਪਾਇੰਦਾ । ਸ੍ਰਿਸ਼ਟ ਸਬਾਈ ਮਗਰ ਲਗਾਏ ਪੰਚਮ ਧਾੜ, ਸੁਰਤੀ ਸੁਰਤ ਨਾ ਕੋਇ ਜਣਾਇੰਦਾ । ਤ੍ਰੈਗੁਣ ਮਾਇਆ ਅਗਨੀ ਲੱਗੀ ਤੱਤੀ ਹਾੜ, ਅੰਮ੍ਰਿਤ ਮੇਘ ਨਾ ਕੋਇ ਬਰਸਾਇੰਦਾ । ਲਾੜ੍ਹੀ ਮੌਤ ਚਬਾਏ ਆਪਣੀ ਦਾੜ੍ਹ, ਬਚਿਆ ਕੋਇ ਰਹਿਣ ਨਾ ਪਾਇੰਦਾ । ਨਵ ਨੌਂ ਚਾਰ ਲੱਗਾ ਅਖਾੜ, ਕੂੜੀ ਕਿਰਿਆ ਨਾਚ ਨਚਾਇੰਦਾ । ਪ੍ਰਭ ਦਿਸੇ ਨਾ ਕਿਸੇ ਸੱਚਾ ਲਾੜ, ਰਾਹ ਨਜ਼ਰ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਕਰਨੀ ਸਚ ਕਮਾਇੰਦਾ । ਸਤਿਗੁਰ ਸੱਚਾ ਰੂਪ ਅਨੋਖਾ, ਰੰਗ ਨਜ਼ਰ ਕੋਇ ਨਾ ਆਈਆ । ਆਦਿ ਜੁਗਾਦੀ ਸਾਚੀ ਓਟਾ, ਓਟ ਪੁਰਖ ਅਕਾਲ ਵਖਾਈਆ । ਧਾਮ ਵਖਾਏ ਸਚਖੰਡ ਕੋਟਾ, ਕਿਲਾ ਬੰਕ ਆਪ ਸੁਹਾਈਆ । ਕਰ ਪਰਕਾਸ਼ ਨਿਰਮਲ ਜੋਤ, ਜੋਤੀ ਜੋਤ ਡਗਮਗਾਈਆ । ਜਨ ਭਗਤ ਮਿਲਣ ਦਾ ਰੱਖੇ ਸ਼ੌਕ, ਸ਼ਹਿਨਸ਼ਾਹ ਜੁਗ ਜੁਗ ਵੇਸ ਵਟਾਈਆ । ਨਿਰਗੁਣ ਕਦੇ ਨਾ ਜਾਏ ਔਤ, ਗੁਰਮੁਖ ਆਪਣੀ ਗੋਦ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਸਦ ਢੋਲਾ ਗਾਏ ਝੋਕ, ਮੌਲਾ ਆਪਣਾ ਨਾਮ ਵਡਿਆਈਆ । ਸਤਿਗੁਰ ਪੂਰਾ ਸਾਚੀ ਝੋਕ, ਨੂਰ ਇਲਾਹੀ ਇਕ ਦਰਸਾਈਆ । ਵੇਖਣਹਾਰਾ ਚੌਦਾਂ ਲੋਕ, ਤਬਕ ਪਰਦਾ ਰਿਹਾ ਚੁਕਾਈਆ । ਪੀਰ ਪੈਗ਼ੰਬਰ ਸਾਰੇ ਰਹੇ ਕੂਕ, ਕੂਕ ਕੂਕ ਸੁਣਾਈਆ । ਕਲਜੁਗ ਅਗਨੀ ਰਹੀ ਫੂਕ, ਉਮਤ ਪਰਦਾ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦ ਵਡਿਆਈਆ । ਸਤਿਗੁਰ ਸੱਚਾ ਸੂਤਰ ਧਾਰ, ਸਤਿ ਸਤਿਵਾਦੀ ਖੇਲ ਕਰਾਇੰਦਾ । ਅਬਿਨਾਸ਼ੀ ਪਾਵੇ ਸਾਰ, ਸਰਬ ਸੰਸਾਰ ਆਪਣੀ ਕਾਰ ਕਮਾਇੰਦਾ । ਪਰਬਤ ਟਿੱਲੇ ਵੇਖੇ ਗਾਰ, ਭਵਰੀ ਆਪਣਾ ਫੇਰਾ ਪਾਇੰਦਾ । ਮਹੱਲ ਅਟੱਲ ਟੋਹੇ ਮਨਾਰ, ਉਚ ਮਹੱਲ ਵੇਖ ਵਖਾਇੰਦਾ । ਜਲ ਥਲ ਪਾਵੇ ਸਾਰ, ਸਮੁੰਦ ਸਾਗਰ ਫੋਲ ਫੁਲਾਇੰਦਾ । ਧਰਨੀ ਧਰਤ ਧਵਲ ਦੇ ਆਧਾਰ, ਜ਼ਿਮੀਂ ਅਸਮਾਨਾਂ ਖੋਜ ਖੁਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸੱਚਾ ਆਪਣਾ ਭੇਵ ਚੁਕਾਇੰਦਾ । ਸਤਿਗੁਰ ਸੱਚਾ ਭੇਵ ਖੋਲ੍ਹ, ਖ਼ਾਲਕ ਰਿਹਾ ਜਣਾਈਆ । ਦੋ ਜਹਾਨਾਂ ਵੱਜੇ ਢੋਲ, ਉਠਾਵੇ ਸਰਬ ਲੋਕਾਈਆ । ਸੋਇਆ ਰਹੇ ਨਾ ਕੋਇ ਅਨਭੋਲ, ਆਲਸ ਨਿੰਦਰਾ ਰਿਹਾ ਮਿਟਾਈਆ । ਕਲਜੁਗ ਅੰਤ ਨਾ ਮਾਰੇ ਰੋਲ, ਰੌਲਾ ਪਾਵੇ ਨੂਰ ਇਲਾਹੀਆ । ਸਚ ਦਵਾਰਾ ਸਭ ਦਾ ਖੋਲ੍ਹ, ਸਰਬ ਰਿਹਾ ਜਣਾਈਆ । ਆਓ ਵੇਖੋ ਨਿਰਗੁਣ ਮੌਲ, ਮੌਲਾ ਰੂਪ ਵਟਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦੇ ਬੈਠੇ ਚਰਨ ਕੋਲ, ਕਵਲ ਧਿਆਨ ਲਗਾਈਆ । ਆਪਣਾ ਆਪ ਰਹੇ ਘੋਲ, ਦਰ ਘੋਲੀ ਘੋਲ ਘੁਮਾਈਆ । ਪਿਛਲਾ ਲੇਖਾ ਰਹੇ ਫੋਲ, ਬੀਤਿਆ ਹਾਲ ਸੁਣਾਈਆ । ਸਾਡੇ ਨਾਲ ਕੀਤਾ ਕੌਲ, ਅੰਤਮ ਪੂਰਾ ਕਰ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਪੂਰਾ ਫੇਰਾ ਪਾਈਆ । ਸਤਿਗੁਰ ਪੂਰਾ ਖੇਲ ਕਰਦਾ, ਕੁਦਰਤ ਕਾਦਰ ਵੇਖ ਵਖਾਈਆ । ਨਿਰਗੁਣ ਹੋ ਕੇ ਲੋਕਮਾਤ ਵੜਦਾ, ਜਗ ਨੇਤਰ ਨਜ਼ਰ ਨਾ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਫੜਦਾ, ਫੜ ਬਾਂਹੋਂ ਦਰ ਮੰਗਾਈਆ । ਅੱਗੇ ਹੋ ਕੋਈ ਨਾ ਅੜਦਾ, ਸਭ ਬੈਠੇ ਸੀਸ ਨਿਵਾਈਆ । ਤੂ ਹੀ ਤੂ ਸਭ ਹੀ ਕਰਦਾ, ਬਿਨ ਰਸਨਾ ਜਿਹਵਾ ਰਾਗ ਅਲਾਈਆ । ਤੂੰ ਸਾਹਿਬ ਹਉਂ ਜਾਚਕ ਬਰਦਾ, ਬਰਖ਼ੁਰਦਾਰ ਰਹੇ ਜਣਾਈਆ । ਤੇਰੇ ਕੋਲੋਂ ਸਰਬ ਡਰਦਾ, ਡਰੇ ਤੇਰੀ ਲੋਕਾਈਆ । ਤੇਰਾ ਰੂਪ ਨਰ ਹਰਿ ਦਾ, ਨਰਾਇਣ ਤੇਰੀ ਸ਼ਹਿਨਸ਼ਾਹੀਆ । ਜੋ ਜਨਮੇ ਸੋ ਅੰਤਮ ਮਰਦਾ, ਗੁਰ ਅਵਤਾਰ ਪੀਰ ਪੈਗ਼ੰਬਰ ਆਏ ਫੇਰੀਆਂ ਪਾਈਆ । ਤੂੰ ਸਾਹਿਬ ਸੁਲਤਾਨ ਸਚਖੰਡ ਦਵਾਰੇ ਸਾਚੇ ਚੜ੍ਹਦਾ, ਤਖ਼ਤ ਨਿਵਾਸੀ ਤਖ਼ਤ ਆਸਣ ਲਾਈਆ । ਜਿਉਂ ਭਾਵੇ ਤਿਉਂ ਘਾੜਨ ਘੜਦਾ, ਹੱਥ ਤੇਰੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਦਾਤਾ ਬੇਪਰਵਾਹੀਆ । ਸਤਿਗੁਰ ਦਾਤਾ ਸਾਹਿਬ ਦੱਸੇ, ਏਕੋ ਏਕ ਜਣਾਈਆ । ਪੁਰਖ ਅਬਿਨਾਸ਼ੀ ਹਰ ਘਟ ਵਸੇ, ਘਟ ਘਟ ਰਿਹਾ ਸਮਾਈਆ । ਇਸ ਦੇ ਕੋਲੋਂ ਕਰ ਕੇ ਕੀ ਕੋਈ ਨੱਸੇ, ਭੱਜਿਆਂ ਰਾਹ ਕੋਇ ਨਾ ਪਾਈਆ । ਕੂੜੀ ਕਿਰਿਆ ਅੰਦਰ ਸਾਰੇ ਫਸੇ, ਪ੍ਰਭ ਭੁਲਿਆ ਬੇਪਰਵਾਹੀਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਸਿਲ ਪਾਥਰ ਪਾਣੀ ਮਿਟੀ ਕਲਮ ਸ਼ਾਹੀ ਟੇਕਦੇ ਰਹੇ ਮੱਥੇ, ਮਸਤਕ ਹਰਿ ਨਾ ਕੋਇ ਨਿਵਾਈਆ । ਕਲਜੁਗ ਅੰਤਮ ਮਿਲਦੇ ਧੱਕੇ, ਧੱਕਾ ਸ੍ਰੀ ਭਗਵਾਨ ਲਗਾਈਆ । ਸ਼ਾਸਤਰ ਵੇਦ ਪੁਰਾਨ ਪੜ੍ਹ ਪੜ੍ਹ ਸਾਰੇ ਅੱਕੇ, ਆਖ਼ਰ ਮੇਲ ਨਾ ਕੋਇ ਮਿਲਾਈਆ । ਫਿਰ ਫਿਰ ਆਏ ਮਦੀਨੇ ਮੱਕੇ, ਮਸਲਾ ਹੱਲ ਨਾ ਕੋਇ ਕਰਾਈਆ । ਪੁਰਾਣੇ ਚੀਥੜ ਸਭ ਦੇ ਫਟੇ, ਤਨ ਬਸਤਰ ਰੰਗ ਨਾ ਕੋਇ ਰੰਗਾਈਆ ।

੬੯੪
੧੪

ਅੰਜੀਲ ਕੁਰਾਨ ਖਾਣੀ ਬਾਣੀ ਦੱਸਦੀ ਰਹੀ ਪਤੇ, ਪਤਿਪਰਮੇਸ਼ਵਰ ਗੋਦ ਨਾ ਕੋਇ ਬਹਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਲੇਖ ਲਿਖੇ, ਲਿਖ ਲਿਖ ਲੇਖ ਜਗਤ ਗਏ ਸਮਝਾਈਆ । ਪਾਰਬ੍ਰਹਮ ਪ੍ਰਭ ਗੁਰਮੁਖ ਵਿਰਲੇ ਆਇਆ ਹਿੱਸੇ, ਜਿਸ ਜਨ ਆਪਣਾ ਮੇਲ ਮਿਲਾਈਆ । ਬਾਕੀ ਇਕ ਦੂਜੇ ਨੂੰ ਪੁੱਛਣ ਪ੍ਰਭ ਜੂ ਵਸੇ ਕਿਥੇ, ਟਿਕਾਣਾ ਸਕੇ ਨਾ ਕੋਇ ਜਣਾਈਆ । ਸਾਰੇ ਖੇਲ ਸੁਣਨ ਅਨਡਿਠੇ, ਵੇਖਣ ਨੈਣ ਕੋਇ ਨਾ ਪਾਈਆ । ਸਚ ਦੱਸਣ ਤੋਂ ਸਾਰੇ ਫਿਕੇ, ਕੂੜ ਨਾਲ ਜਗਤ ਵਡਿਆਈਆ । ਬਾਹਰੋਂ ਬਸਤਰ ਦਿਸਣ ਚਿੱਟੇ, ਅੰਦਰ ਦੁਰਮਤ ਮੈਲ ਭਰਾਈਆ । ਮਾਇਆ ਮਮਤਾ ਹੱਟ ਵਿਕੇ, ਪੰਡਤ ਪਾਂਧੇ ਮੁੱਲਾਂ ਸ਼ੇਖ਼ ਗ੍ਰੰਥੀ ਪੰਥੀ ਸਾਚਾ ਸੰਖ ਨਾ ਕੋਇ ਵਜਾਈਆ । ਪ੍ਰਭ ਸਾਚੇ ਦੀ ਕੋਈ ਨਾ ਬਹੇ ਛਾਤੀ ਉਪਰ ਇਕੇ, ਗਲਵਕੜੀ ਕੋਇ ਨਾ ਪਾਈਆ । ਬਿਨ ਗੁਰਮੁਖਾਂ ਬਾਲਾ ਕੋਈ ਨਾ ਬਣੇ ਨਿੱਕੇ, ਨੰਨ੍ਹੀ ਨੰਨ੍ਹੀ ਗੁਫ਼ਤਾਰ ਨਾ ਕੋਇ ਸੁਣਾਈਆ । ਦੀਨ ਮਜ਼੍ਹਬ ਨੇ ਸਾਰੇ ਭਿਟੇ, ਬਿਨ ਭਗਤਾਂ ਨਿਰਮਲ ਰੂਪ ਨਾ ਕੋਇ ਦਰਸਾਈਆ । ਜਲ ਧਾਰਾ ਗੰਗਾ ਬਾਹਰੋਂ ਮਾਰਦੇ ਪਾਣੀ ਛਿਟੇ, ਸੰਸਾ ਰੋਗ ਅੰਦਰ ਨਾ ਕੋਇ ਮੁਕਾਈਆ । ਕੂੜੀ ਸੇਜਾ ਸਾਰੇ ਲੇਟੇ, ਪਲੰਘ ਰੰਗੀਨ ਨਾ ਕੋਇ ਵਖਾਈਆ । ਇਕ ਦੂਜੇ ਦਾ ਪਿਉ ਪੁੱਤ ਬਣਦੇ ਰਹੇ ਬੇਟੇ, ਆਪਣਾ ਪਿਉ ਨਜ਼ਰ ਕਿਸੇ ਨਾ ਆਈਆ । ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਹੋ ਕੇ ਵੇਖੇ, ਸਚਖੰਡ ਬੈਠਾ ਬੇਪਰਵਾਹੀਆ । ਜਿਸ ਦੇ ਹੱਥ ਸਰਬ ਦੇ ਲੇਖੇ, ਲੇਖੇ ਅੰਦਰ ਗੁਰ ਅਵਤਾਰ ਪੀਰ ਪੈਗ਼ੰਬਰ ਸੇਵਾ ਲਾਈਆ । ਕਲਜੁਗ ਅੰਤਮ ਪਾ ਕੇ ਬੈਠਾ ਆਪ ਭੁਲੇਖੇ, ਭਰਮ ਗੜ੍ਹ ਨਾ ਕੋਇ ਤੁੜਾਈਆ । ਹਰਿਜਨ ਵਿਰਲਾ ਆ ਕੇ ਪੇਖੇ, ਜਿਸ ਅੰਤਰ ਆਪਣੀ ਬੂਝ ਬੁਝਾਈਆ । ਪੂਰਬ ਜਨਮ ਦੇ ਰੱਖੇ ਚੇਤੇ, ਅਭੁਲ ਭੁੱਲ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਦਾਤਾ ਬੇਪਰਵਾਹੀਆ । ਸਤਿਗੁਰ ਦਾਤਾ ਇਕੋ ਨੈਣ, ਨਿਰਗੁਣ ਆਪਣੀ ਅੱਖ ਉਠਾਇੰਦਾ । ਰਸਨਾ ਜਿਹਵਾ ਸਾਰੇ ਕਹਿਣ, ਘਰ ਪੇਖ ਖ਼ੁਸ਼ੀ ਨਾ ਕੋਇ ਮਨਾਇੰਦਾ । ਜਨਮ ਨਾ ਚੁੱਕੇ ਲਹਿਣ ਦੇਣ, ਕਰਮ ਕਰਮ ਨਾ ਕੋਇ ਮਿਟਾਇੰਦਾ । ਇਕ ਦੂਜੇ ਨਾਲ ਸਾਰੇ ਖਹਿਣ, ਜ਼ਾਤ ਪਾਤ ਝਗੜਾ ਪਾਇੰਦਾ । ਕੋਈ ਕਹੇ ਮੇਟੇ ਐਨ ਨੁਕਤਾ ਗ਼ੈਨ, ਕੋਈ ਅਲਫ਼ ਕੋਈ ਯੇ ਵਿਚ ਸਮਾਇੰਦਾ । ਕੋਈ ਕਹੇ ਊੜਾ ਓਅੰਕਾਰ ਸਭ ਦਾ ਸੈਣ, ਨਿਰੰਕਾਰ ਨਿਰਗੁਣ ਧਾਰ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣਾ ਭੇਵ ਆਪਣੇ ਵਿਚ ਛੁਪਾਇੰਦਾ । ਸਤਿਗੁਰ ਪੂਰਾ ਭੇਵ ਅਭੇਦ, ਭੇਵ ਕੋਇ ਨਾ ਪਾਈਆ । ਮਹਿਮਾ ਕਰ ਕਰ ਥੱਕੇ ਚਾਰ ਵੇਦ, ਚਾਰ ਚੌਕੜੀ ਦਏ ਦੁਹਾਈਆ । ਆਦਿ ਜੁਗਾਦੀ ਸਾਰੇ ਕਹਿਣ ਅਛਲ ਅਛੇਦ, ਵਲ ਛਲਧਾਰੀ ਆਪਣੀ ਕਾਰ ਕਮਾਈਆ । ਨਿਰਗੁਣ ਹੋ ਕੇ ਖੇਲੇ ਖੇਡ, ਸਰਗੁਣ ਆਪਣਾ ਨਾਚ ਨਚਾਈਆ । ਸ਼ਬਦ ਅਗੰਮ ਸੰਦੇਸ਼ਾ ਭੇਜ, ਭਜਨ ਬੰਦਗੀ ਜਗਤ ਜਣਾਈਆ । ਬਿਨ ਭਗਤਾਂ ਕਿਸੇ ਨਾ ਮਾਣੇ ਸਾਚੀ ਸੇਜ, ਸੁੰਞੀ ਹੋਈ ਜਗਤ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸੱਚਾ ਦੇਵਣਹਾਰਾ ਨਾਮ ਵਡਿਆਈਆ । ਨਾਮ ਵਡਿਆਈ ਦੇਵੇ ਮਾਲਕ, ਮਤਲਬ ਆਪਣਾ ਹੱਲ ਕਰਾਇੰਦਾ । ਲੇਖਾ ਜਾਣੇ ਖ਼ਲਕ ਖ਼ਾਲਕ ਖ਼ਾਹਸ਼ ਆਪਣੀ ਪੂਰ ਵਖਾਇੰਦਾ । ਮੁਰਸ਼ਦ ਮੁਰੀਦਾਂ ਬਣੇ ਸਾਲਸ, ਸਚ ਸਾਲਸੀ ਆਪ ਕਮਾਇੰਦਾ । ਕੂੜੀ ਕਿਰਿਆ ਮੇਟ ਆਲਸ, ਨੇਤਰ ਨੈਣ ਜਗਤ ਖੁਲ੍ਹਾਇੰਦਾ । ਭਗਤ ਭਗਵਾਨ ਪਰਗਟ ਕਰ ਖ਼ਾਲਸ, ਖ਼ਾਲਸ ਆਪਣਾ ਰੂਪ ਵਖਾਇੰਦਾ । ਹਰਿਜਨ ਵੇਖੇ ਸਾਚੇ ਬਾਲਕ, ਬਾਲੀ ਬੁਧ ਆਪ ਸਮਝਾਇੰਦਾ । ਸਾਹਿਬ ਸਹਾਈ ਸਦਾ

ਪ੍ਰਿਤਪਾਲਕ, ਸਿਰ ਆਪਣਾ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨਹਾਰ ਸਦਾ ਪਹਿਚਾਨਤ, ਪਹਿਚਾਨ ਆਪਣੀ ਵਿਚ ਰਖਾਇੰਦਾ । ਸਤਿਗੁਰ ਪੂਰਾ ਕਰ ਪਹਿਚਾਨ, ਪਰਦਾ ਪਰਦੇ ਉਤੋਂ ਉਠਾਈਆ । ਦੇਵਣਹਾਰਾ ਦੀਨਾਂ ਦਾਨ, ਦਇਆਵਾਨ ਦਰ ਸਰਨਾਈਆ । ਬਖ਼ਸ਼ਣਹਾਰਾ ਸੱਚਾ ਮਾਣ, ਅਭਿਮਾਨ ਮੋਹ ਮੇਟ ਮਿਟਾਈਆ । ਵਖਾਵਣਹਾਰਾ ਹੱਕ ਮੁਕਾਮ, ਗ੍ਰਿਹ ਮੰਦਰ ਕਰ ਰੁਸ਼ਨਾਈਆ । ਦਰਸਾਵਣਹਾਰਾ ਇਕ ਈਮਾਨ, ਧਰਮ ਇਕੋ ਇਕ ਵਡਿਆਈਆ । ਮਿਲਾਵਣਹਾਰਾ ਸ੍ਰੀ ਭਗਵਾਨ, ਭਗਵਨ ਆਪਣੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਗੁਰ ਦਾਤਾ ਵਡ ਵਡਿਆਈਆ । ਸਤਿਗੁਰ ਸੱਚਾ ਸਰਬ ਸੁਖ, ਸੁਖ ਆਤਮ ਇਕ ਵਖਾਇੰਦਾ । ਜਨ ਭਗਤਾਂ ਕਰ ਉਜਲ ਮੁਖ, ਮੁਖ ਮੁਖੜਾ ਮਾਤ ਸਾਲਾਹਿੰਦਾ । ਨਾਤਾ ਚੁਕਾਏ ਉਲਟਾ ਰੁੱਖ, ਰੁਖ਼ ਆਪਣੇ ਨਾਲ ਬਦਲਾਇੰਦਾ । ਜਨਮ ਕਰਮ ਦੀ ਮੇਟ ਭੁੱਖ, ਤ੍ਰਿਸਨਾ ਅੱਗ ਬੁਝਾਇੰਦਾ । ਸਜਦਾ ਕਰੇ ਸੀਸ ਜਗਦੀਸ ਝੁਕ, ਨਿਉਂ ਨਿਉਂ ਆਪਣਾ ਭੇਵ ਚੁਕਾਇੰਦਾ । ਗੁਰਮੁਖ ਗੁਰ ਗੁਰ ਜਾਏ ਉਠ, ਉਠ, ਹਰਿ ਸਤਿਗੁਰ ਦਰਸਨ ਪਾਇੰਦਾ । ਬਣ ਵਿਚੋਲਾ ਜਾਏ ਤੁਠ, ਅਤੁਟ ਖੇਲ ਕਰਾਇੰਦਾ । ਭਗਤ ਪ੍ਰੀਤੀ ਅੰਦਰ ਗੁਟ, ਗੁਟਕਾ ਹੱਥ ਨਾ ਕੋਇ ਫੜਾਇੰਦਾ । ਫੜਿਆ ਹੱਥ ਨਾ ਜਾਏ ਛੁੱਟ, ਛੁਟਿਆ ਜਗਤ ਆਪ ਦਰਸਾਇੰਦਾ । ਭਗਤ ਭਗਵਾਨ ਇਕ ਦੂਜੇ ਤੋਂ ਅੱਗੇ ਨਾ ਜਾਵਣ ਰੁੱਠ, ਪਿਛਲਾ ਰੋਸਾ ਆਪ ਗਵਾਇੰਦਾ । ਨਾਤਾ ਜੁੜਿਆ ਪਿਤਾ ਪੁੱਤ, ਪੂਤ ਇਕੋ ਸੋਭਾ ਪਾਇੰਦਾ । ਥਿਰ ਨਾ ਰਹਿਣਾ ਕਾਇਆ ਬੁੱਤ, ਖ਼ਾਲੀ ਭਾਂਡਾ ਸਰਬ ਵਖਾਇੰਦਾ । ਜਿਨ੍ਹਾਂ ਸਤਿਗੁਰ ਸੱਚਾ ਲਏ ਪੁੱਛ, ਤਿਨ੍ਹਾਂ ਪਿਛਾ ਨਜ਼ਰ ਕੋਇ ਨਾ ਆਇੰਦਾ । ਅੱਗੇ ਆਪਣੀ ਗੋਦੀ ਲਏ ਚੁੱਕ, ਚੌਕੰਨਾਂ ਹੋ ਕੇ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਗੁਰ ਸੱਚਾ ਬਣ ਸੇਵਕ ਸੱਚਾ ਸਚ ਸੇਵਾ ਆਪ ਕਮਾਇੰਦਾ ।



### ★ ੨੦ ਜੇਠ ੨੦੨੦ ਬਿਕ੍ਰਮੀ ਫਰੰਗੀ ਰਾਮ ਦੇ ਗ੍ਰਿਹਿ ਪਿੰਡ ਝੰਡੇ ਜੰਮੂ ★

ਸੋ ਪੁਰਖ ਨਿਰੰਜਣ ਖੇਲ ਰਚੌਣਾ, ਅਨਭਵ ਆਪਣੀ ਕਾਰ ਕਮਾਇੰਦਾ । ਹਰਿ ਪੁਰਖ ਨਿਰੰਜਣ ਭੇਵ ਚੁਕੌਣਾ, ਭੇਵ ਅਭੇਦ ਖੁਲ੍ਹਾਇੰਦਾ । ਏਕੰਕਾਰ ਵੇਸ ਵਟੌਣਾ, ਨਿਰਗੁਣ ਨਿਰਵੈਰ ਨਜ਼ਰੀ ਆਇੰਦਾ । ਆਦਿ ਨਿਰੰਜਣ ਜੋਤ ਡਗਮਗੌਣਾ, ਨੂਰੋ ਨੂਰ ਨੂਰ ਧਰਾਇੰਦਾ । ਸ੍ਰੀ ਭਗਵਾਨ ਹੁਕਮ ਵਰਤੌਣਾ, ਧੁਰ ਫ਼ਰਮਾਨਾ ਹੁਕਮ ਸੁਣਾਇੰਦਾ । ਅਬਿਨਾਸ਼ੀ ਕਰਤੇ ਮਾਰਗ ਲੌਣਾ, ਰਹਿਬਰ ਇਕੋ ਨਜ਼ਰੀ ਆਇੰਦਾ । ਪਾਰਬ੍ਰਹਮ ਪ੍ਰਭ ਪਰਦਾ ਲੌਹਣਾ, ਮੁਖ ਨਕਾਬ ਨਾ ਕੋਇ ਰਖਾਇੰਦਾ । ਸਚਖੰਡ ਦਵਾਰਾ ਬੰਕ ਸੁਹੌਣਾ, ਸਚ ਸਿੰਘਾਸਣ ਆਸਣ ਲਾਇੰਦਾ । ਸ਼ਾਹੋ ਭੂਪ ਹਰਿ ਅਖਵੌਣਾ, ਰਾਜ ਰਾਜਾਨਾ ਭੇਵ ਚੁਕਾਇੰਦਾ । ਸ਼ਾਹ ਸੁਲਤਾਨਾ ਆਪ ਅਖਵੌਣਾ, ਸੀਸ ਜਗਦੀਸ ਤਾਜ ਸੁਹਾਇੰਦਾ । ਸਾਚਾ ਢੋਲਾ ਰਾਗ ਅਲੌਣਾ, ਮੰਤਰ ਨਮੋ ਇਕ ਦ੍ਰਿੜ੍ਹਾਇੰਦਾ । ਦਰ ਦਰਵੇਸ਼ ਦਰ ਸੁਹੌਣਾ ਅਲਖ ਅਗੋਚਰ ਆਪਣੀ ਅਲਖ ਜਗਾਇੰਦਾ । ਸੁਤ ਦੁਲਾਰਾ ਇਕ ਉਠੌਣਾ, ਹਰਿ ਸ਼ਬਦੀ ਮੇਲ ਮਿਲਾਇੰਦਾ । ਵਿਸ਼ਨੂੰ ਵਿਸ਼ਵ ਕਾਰ ਕਮੌਣਾ, ਵਾਸਤਕ ਆਪਣਾ ਬੰਧਨ ਪਾਇੰਦਾ । ਬ੍ਰਹਮੇ ਬ੍ਰਹਿਮਾਦ ਵਖੌਣਾ, ਬ੍ਰਹਮ ਵੇਤਾ ਆਪ ਜਣਾਇੰਦਾ ।

ਸ਼ੰਕਰ ਹੱਥ ਤ੍ਰਿਸੂਲ ਵਖੌਣਾ, ਤ੍ਰੈਭਵਣ ਧਨੀ ਆਪਣੀ ਕਾਰ ਜਣਾਇੰਦਾ । ਸੁਰਪਤ ਇੰਦ ਅੱਖ ਖੁਲੌਣਾ, ਨੇਤਰ ਨੈਣ ਨੈਣ ਮਟਕਾਇੰਦਾ । ਕਰੋੜ ਤੇਤੀਸਾ ਆਪ ਉਠੌਣਾ, ਸੋਇਆ ਕੋਇ ਰਹਿਣ ਨਾ ਪਾਇੰਦਾ । ਤ੍ਰੈਗੁਣ ਮਾਇਆ ਡੇਰਾ ਢੌਣਾ, ਰਜੋ ਤਮੋ ਸਤੋ ਪੰਧ ਮੁਕਾਇੰਦਾ । ਪੰਜ ਤੱਤ ਕਾਇਆ ਵੇਖ ਵਖੌਣਾ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਫੋਲ ਫੁਲਾਇੰਦਾ । ਪੁਰਖ ਅਬਿਨਾਸ਼ੀ ਆਪਣਾ ਰੰਗ ਰੰਗੌਣਾ, ਰੰਗ ਰੰਗੀਲਾ ਆਪਣਾ ਰੰਗ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਰਚਾਇੰਦਾ । ਪੁਰਖ ਅਬਿਨਾਸ਼ੀ ਖੇਲ ਰਚੌਣਾ, ਰਚ ਰਚ ਆਪੇ ਵੇਖ ਵਖਾਈਆ । ਨਿਰਗੁਣ ਸਰਗੁਣ ਵੇਸ ਧਰੌਣਾ, ਧਰਨੀ ਧਰਤ ਧਵਲ ਦਏ ਵਡਿਆਈਆ । ਪੁਰੀ ਲੋਅ ਆਕਾਸ਼ ਪਰਕਾਸ਼ ਆਪ ਕਰੌਣਾ, ਸੂਰਜ ਚੰਦ ਕਰੇ ਰੁਸ਼ਨਾਈਆ । ਮੰਡਲ ਮੰਡਪ ਆਪ ਸੁਹੌਣਾ, ਸਦ ਦੇਵਣਹਾਰ ਵਡਿਆਈਆ । ਲੱਖ ਚੁਰਾਸੀ ਵੰਡ ਵੰਡੌਣਾ, ਜੇਰਜ ਅੰਡਜ ਉਤਭੁਜ ਸੇਤਜ ਚਾਰੇ ਖਾਣੀ ਸੋਭਾ ਪਾਈਆ । ਚਾਰੇ ਬਾਣੀ ਰਾਗ ਅਲੌਣਾ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣਾ ਢੋਲਾ ਗਾਈਆ । ਚਾਰੇ ਯੁਗ ਮਾਰਗ ਲੌਣਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣਾ ਰਾਹ ਵਖਾਈਆ । ਚਾਰੇ ਵੇਦਾਂ ਭੇਵ ਚੁਕੌਣਾ, ਚਾਰੇ ਮੁਖ ਸਿਫ਼ਤ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਸਾਚੀ ਕਰਨੀ ਕਰ ਵਖੌਣਾ, ਬੇਪਰਵਾਹ ਇਕ ਅਖਵਾਇੰਦਾ । ਬ੍ਰਹਿਮੰਡ ਖੰਡ ਨਾਚ ਨਚੌਣਾ, ਦੋ ਜਹਾਨਾਂ ਡੰਕ ਵਜਾਇੰਦਾ । ਲੋਆਂ ਪੁਰੀਆਂ ਪਰਦਾ ਲੌਹਣਾ, ਬ੍ਰਹਿਮੰਡ ਖੰਡ ਵੇਖ ਵਖਾਇੰਦਾ । ਮੁਕਾਮੇ ਹੱਕ ਡੇਰਾ ਲੌਣਾ, ਪਰਵਰਦਿਗਾਰ ਨੂਰ ਇਲਾਹੀ ਡਗਮਗਾਇੰਦਾ । ਸਾਂਝਾ ਯਾਰ ਨਾਉਂ ਧਰੌਣਾ, ਦੀਨ ਮਜ਼੍ਹਬ ਜ਼ਾਤ ਪਾਤ ਨਾ ਕੋਇ ਜਣਾਇੰਦਾ । ਜਲਵਾ ਜਲਾਲ ਇਕ ਦਰਸੌਣਾ, ਜ਼ਾਹਰ ਜ਼ਹੂਰ ਆਪਣੀ ਕਾਰ ਕਮਾਇੰਦਾ । ਸਚ ਮਹਿਬੂਬ ਫੇਰਾ ਪੌਣਾ, ਮੁਹੱਬਤ ਇਕੋ ਘਰ ਵਖਾਇੰਦਾ । ਤਾਲਬ ਤੁਲਬਾ ਆਪ ਪੜ੍ਹੌਣਾ, ਤਾਅਲੀਮ ਇਕੋ ਇਕ ਜਣਾਇੰਦਾ । ਕਲਮਾ ਨਬੀ ਰਸੂਲ ਜਣੌਣਾ, ਕਲਾਮ ਇਕੋ ਇਕ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਭੇਵ ਆਪ ਖੁਲ੍ਹਾਇੰਦਾ । ਪੁਰਖ ਅਬਿਨਾਸ਼ੀ ਭੇਵ ਖੁਲੌਣਾ, ਪਾਰਬ੍ਰਹਮ ਵੱਡੀ ਵਡਿਆਈਆ । ਨਿਰਗੁਣ ਹੋ ਕੇ ਵੇਸ ਵਟੌਣਾ, ਜੋਤੀ ਜੋਤ ਜੋਤ ਰੁਸ਼ਨਾਈਆ । ਸਰਗੁਣ ਆਪ ਨਜ਼ਰ ਨਾ ਔਣਾ, ਪੰਜ ਤੱਤ ਨਾ ਕੋਇ ਕੁੜਮਾਈਆ । ਤ੍ਰੈਗੁਣ ਮਾਇਆ ਫੰਦ ਨਾ ਕੋਇ ਪੌਣਾ, ਬੰਧਨ ਨਜ਼ਰ ਕੋਇ ਨਾ ਆਈਆ । ਰਸਨਾ ਜਿਹਵਾ ਬੱਤੀ ਦੰਦ ਨਾ ਕੋਇ ਹਲੌਣਾ, ਸਰਵਣ ਰਾਗ ਸੁਣਨ ਕੋਇ ਨਾ ਪਾਈਆ । ਬੋਧ ਅਗਾਧ ਸ਼ਬਦ ਅਨਾਦ ਧੁਰਦਰਗਾਹੀ ਢੋਲਾ ਇਕੋ ਸੁਣੌਣਾ, ਅਨਬੋਲਤ ਰਾਗ ਅਲਾਈਆ । ਗੁਰ ਅਵਤਾਰ ਪੀਰ ਪੈਗੰਬਰ ਆਪ ਜਗੌਣਾ, ਜਾਗਰਤ ਜੋਤ ਕਰੇ ਰੁਸ਼ਨਾਈਆ । ਤੇਈ ਅਵਤਾਰਾਂ ਅੱਖ ਖੁਲ੍ਹੌਣਾ, ਨਿਜ ਨੇਤਰ ਭੇਵ ਚੁਕਾਈਆ । ਈਸੇ ਮੂਸੇ ਮੁਹੰਮਦ ਦਾ ਪਰਦਾ ਆਪ ਲੌਹਣਾ, ਬੇਪੜਦ ਹੋਵੇ ਨੂਰ ਖ਼ੁਦਾਈਆ । ਨਾਨਕ ਗੋਬਿੰਦ ਅੰਗ ਲਗੌਣਾ, ਅੰਗੀਕਾਰ ਸਹਿਜ ਸੁਖਦਾਈਆ । ਭਗਤ ਸੁਹੇਲਾ ਇਕ ਅਖਵੌਣਾ, ਭਗਤੀ ਮਾਰਗ ਦਏ ਜਣਾਈਆ । ਸਾਚੀ ਸ਼ਕਤ ਨੂਰ ਧਰੌਣਾ, ਆਦਿ ਸ਼ਕਤ ਵਡ ਵਡਿਆਈਆ । ਚਤਰਭੁਜ ਰਾਹ ਵਖੌਣਾ, ਭੇਵ ਅਭੇਦਾ ਆਪ ਖੁਲ੍ਹਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਮਾਰਗ ਲੌਣਾ, ਰਾਹ ਦੱਸੇ ਹਰ ਘਟ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਰਚਾਈਆ । ਪੁਰਖ ਅਬਿਨਾਸ਼ੀ ਖੇਲ ਰਚੌਣਾ, ਰਚਨਹਾਰ ਨਜ਼ਰ ਕਿਸੇ ਨਾ ਆਇੰਦਾ । ਸਤਿਜੁਗ ਤ੍ਰੇਤਾ ਦੁਆਪਰ

੬੯੭
੧੪

ਕਲਜੁਗ ਪਕੜ ਉਠੌਣਾ, ਚਾਰੇ ਜੁਗਾਂ ਹੁਕਮ ਸੁਣਾਇੰਦਾ । ਖਾਣੀ ਬਾਣੀ ਅੰਜੀਲ ਕੁਰਾਨ ਗੀਤਾ ਗਿਆਨ ਨਾਲ ਮਿਲੌਣਾ, ਸਾਚਾ ਮੇਲਾ ਆਪਣੇ ਹੱਥ ਰਖਾਇੰਦਾ । ਦਰ ਦਵਾਰ ਬੰਕ ਸੁਹੇਲਾ ਇਕ ਸੁਹੌਣਾ, ਸਾਚੇ ਮੰਡਲ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਮਾਰਗ ਆਪ ਲਗਾਇੰਦਾ । ਸਾਚਾ ਮਾਰਗ ਲਾਵੇ ਆਪ, ਆਪਣੇ ਹੱਥ ਰੱਖੇ ਵਡਿਆਈਆ । ਨਿਰਗੁਣ ਸਰਗੁਣ ਮਾਈ ਬਾਪ, ਪਿਤਾ ਇਕੋ ਨੂਰ ਖ਼ੁਦਾਈਆ । ਜਗਤ ਦੱਸਦਾ ਰਿਹਾ ਜਾਪ, ਗੁਰ ਅਵਤਾਰ ਕਰ ਪੜ੍ਹਾਈਆ । ਲੱਖ ਚੁਰਾਸੀ ਥਾਪਣ ਥਾਪ, ਘਟ ਘਟ ਆਪਣਾ ਡੇਰਾ ਲਾਈਆ । ਵੇਖਣਹਾਰਾ ਖੇਲ ਤਮਾਸ਼, ਖ਼ਾਲਕ ਖ਼ਲਕ ਵਿਚ ਸਮਾਈਆ । ਭਗਤਾਂ ਪੂਰੀ ਕਰਨਹਾਰਾ ਆਸ ਭਗਵਾਨ ਆਪਣਾ ਵੇਸ ਧਰਾਈਆ । ਜੁਗ ਚੌਕੜੀ ਬਣਿਆ ਰਿਹਾ ਦਾਸ, ਬਣ ਸੇਵਕ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਹਰਿ ਖੇਲ ਖਲੌਣਾ, ਖ਼ਾਲਕ ਖ਼ਲਕ ਆਪ ਜਣਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨਵ ਨੌਂ ਚਾਰ ਚੌਕੜੀ ਪੰਧ ਮੁਕੌਣਾ, ਥਿਰ ਕੋਇ ਰਹਿਣ ਨਾ ਪਾਇੰਦਾ । ਆਤਮ ਪਰਮਾਤਮ ਪਰਮਾਤਮ ਆਤਮ ਮਾਰਗ ਇਕ ਲਗੌਣਾ, ਪੰਥ ਇਕੋ ਇਕ ਜਣਾਇੰਦਾ । ਪਾਰਬ੍ਰਹਮ ਪ੍ਰਭ ਰੰਗ ਚੜ੍ਹੌਣਾ, ਰੰਗ ਰੰਗੀਲਾ ਇਕੋ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਆਪ ਜਣਾਇੰਦਾ । ਸਾਚਾ ਲੇਖਾ ਦੱਸੇ ਹਾਲ, ਸੋ ਪੁਰਖ ਨਿਰੰਜਣ ਵਡ ਵਡਿਆਈਆ । ਜੁਗ ਚੌਕੜੀ ਖਾਵੇ ਕਾਲ, ਕਾਲ ਨਗਾਰਾ ਇਕ ਵਜਾਈਆ । ਸ੍ਰਿਸ਼ਟ ਸਬਾਈ ਹੁੰਦੀ ਰਹੇ ਬੇਹਾਲ, ਬਿਹਬਲ ਹੋ ਹੋ ਦਏ ਦੁਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਿਸੇ ਨਾ ਨਿਭਿਆ ਨਾਲ, ਨਿਤ ਨਵਿਤ ਸਰਗੁਣ ਹੋ ਹੋ ਸੇਵ ਕਮਾਈਆ । ਸਦਾ ਸਦਾ ਸਦ ਘਾਲਣ ਗਏ ਘਾਲ, ਲੋਕਮਾਤ ਆਏ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਸਮਝਾਈਆ । ਸਾਚੀ ਖੇਲ ਦੱਸੇ ਭਗਵਾਨ, ਸਤਿ ਸਤਿਵਾਦੀ ਆਪ ਜਣਾਇੰਦਾ । ਜੁਗ ਚੌਕੜੀ ਬੀਤੇ ਵਿਚ ਜਹਾਨ, ਨਿਰਗੁਣ ਸਰਗੁਣ ਵੇਸ ਵਟਾਇੰਦਾ । ਤੇਈ ਅਵਤਾਰਾਂ ਦੇ ਦੇ ਦਾਨ, ਦਾਤਾ ਦਾਨੀ ਹੁਕਮ ਜਣਾਇੰਦਾ । ਲੈ ਕੇ ਆਏ ਧੁਰ ਫ਼ਰਮਾਨ, ਸਚ ਸੰਦੇਸਾ ਰਾਗ ਅਲਾਇੰਦਾ । ਜੀਵ ਜੰਤਾਂ ਦੇ ਕੇ ਗਏ ਗਿਆਨ, ਆਤਮ ਪਰਮਾਤਮ ਰਾਹ ਵਖਾਇੰਦਾ । ਇਸ਼ਟ ਦੇਵ ਗੁਰ ਇਕ ਮਹਾਨ, ਵਸ਼ਿਸ਼ਟ ਰਾਮਾ ਰੂਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਹੁਕਮ ਆਪ ਵਰਤਾਇੰਦਾ । ਸਾਚਾ ਹੁਕਮ ਵਰਤੌਣਾ ਹਰਿ, ਹਰਿ ਵੱਡਾ ਵਡ ਵਡਿਆਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਅੰਤਮ ਜਾਏ ਹਰ, ਹਾਹਾਕਾਰ ਕਰੇ ਲੋਕਾਈਆ । ਸ੍ਰਿਸ਼ਟ ਸਬਾਈ ਨੌਂ ਖੰਡ ਪ੍ਰਿਥਮੀ ਸੱਤ ਦੀਪ ਆਵੇ ਡਰ, ਭੌ ਭੈ ਸਰਬ ਰਿਹਾ ਜਣਾਈਆ । ਕਰੇ ਖੇਲ ਨਰਾਇਣ ਨਰ, ਨਰ ਦਾਤਾ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਵੇਲਾ ਰਿਹਾ ਸੁਹਾਈਆ । ਸਾਚਾ ਵੇਲਾ ਦੱਸੇ ਮਾਤ, ਮਤਾ ਆਪਣੇ ਨਾਲ ਪਕਾਈਆ । ਕਲਜੁਗ ਅੰਤ ਅੰਧੇਰੀ ਰਾਤ, ਸਾਚਾ ਚੰਦ ਨਾ ਕੋਇ ਚਮਕਾਈਆ । ਝਗੜਾ ਪਿਆ ਜਗਤ ਜਮਾਤ, ਦੀਨ ਮਜ਼੍ਹਬ ਲੜਾਈਆ । ਗੁਰ ਕਾ ਸ਼ਬਦ ਨਾ ਕਿਸੇ ਯਾਦ, ਅੰਤਰ ਧਿਆਨ ਨਾ ਕੋਇ ਲਗਾਈਆ । ਆਤਮ ਪਰਮਾਤਮ ਬਣਿਆ ਕੋਇ ਨਾ ਸਾਕ, ਸੱਜਣ ਹਰਿ ਨਾ ਨਜ਼ਰੀ ਆਈਆ । ਬ੍ਰਹਮ ਪਰਦਾ ਸਕੇ ਨਾ ਕੋਇ ਢਾਕ, ਪਾਰਬ੍ਰਹਮ ਮਿਲੀ ਨਾ ਸਚ ਸਰਨਾਈਆ । ਬੰਦ

ਕਿਵਾੜਾ ਕੋਈ ਨਾ ਖੋਲ੍ਹੇ ਤਾਕ, ਬਜਰ ਕਪਾਟ ਨਾ ਕੋਇ ਤੁੜਾਈਆ । ਕੂੜੀ ਕਿਰਿਆ ਸਾਰੇ ਬੈਠੇ ਘਾਟ, ਸਚ ਕਿਨਾਰਾ ਨਜ਼ਰ ਕਿਸੇ ਨਾ ਆਈਆ । ਮਾਇਆ ਮਮਤਾ ਕਰਨ ਬਾਤ, ਪੁਰਖ ਅਕਾਲ ਨਾ ਕੋਇ ਮਨਾਈਆ । ਸਭ ਦੇ ਗਲ ਵਿਚ ਪਿਆ ਫਾਸ, ਫਾਂਸੀ ਅੰਤ ਨਾ ਕੋਇ ਤੁੜਾਈਆ । ਜਗਤ ਵਿਭਚਾਰ ਹੋਇਆ ਭੋਗ ਬਲਾਸ, ਆਤਮ ਸੇਜ ਨਾ ਕੋਇ ਹੰਡਾਈਆ । ਨਿਰਗੁਣ ਦੀਆ ਨਾ ਹੋਏ ਪਰਕਾਸ਼, ਅਗਿਆਨ ਅੰਧੇਰ ਨਾ ਕੋਇ ਮਿਟਾਈਆ । ਲੇਖੇ ਲੱਗਾ ਨਾ ਪਵਣ ਸਵਾਸ, ਜਿਹਵਾ ਕਾਗ ਵਾਂਗ ਕੁਰਲਾਈਆ । ਬਿਨ ਸਤਿਗੁਰ ਪੂਰੇ ਲੱਖ ਚੁਰਾਸੀ ਹੋਵੇ ਨਾਸ, ਵੇਲੇ ਅੰਤ ਨਾ ਕੋਇ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਾਚੀ ਦਏ ਸਮਝਾਈਆ । ਸਚ ਸਾਚਾ ਦਏ ਸੰਦੇਸਾ, ਸਦਾ ਨਾਮ ਜਣਾਈਆ । ਕਰੇ ਖੇਲ ਨਰ ਨਰੇਸ਼ਾ, ਨਰ ਨਰਾਇਣ ਬੇਪਰਵਾਹੀਆ । ਵੇਖਣਹਾਰਾ ਦੇਸ ਪਰਦੇਸਾ, ਦੋ ਜਹਾਨਾਂ ਭੇਵ ਚੁਕਾਈਆ । ਜੋਤੀ ਜਾਮਾ ਧਾਰੇ ਭੇਖਾ, ਲੋਕਮਾਤ ਨੂਰ ਰੁਸ਼ਨਾਈਆ । ਕਲਜੁਗ ਅੰਤ ਖੇਲੇ ਖੇਡਾ, ਜੀਵ ਜੰਤ ਫੋਲ ਫੁਲਾਈਆ । ਜਨ ਭਗਤਾਂ ਦੇਵੇ ਆਪਣਾ ਭੇਤਾ, ਅੰਦਰ ਤਾਕੀ ਬੰਦ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਦਏ ਦਰਸਾਈਆ । ਸਾਚੀ ਕਰਨੀ ਰਿਹਾ ਦਰਸਾ, ਧੁਰ ਦਰਬਾਰੀ ਫੇਰਾ ਪਾਈਆ । ਕਲਜੁਗ ਜੀਵ ਕਰੋ ਧਿਆਨ, ਧਿਆਨ ਧਿਆਨ ਨਾਲ ਮਿਲਾਈਆ । ਨਵ ਨੌਂ ਦਿਸੇ ਵੈਰਾਨ, ਵੈਰੀ ਘਰ ਘਰ ਕਰੇ ਲੜਾਈਆ । ਮਨ ਮਨੂਆ ਲਓ ਸਮਝਾ, ਮਤ ਮਤਵਾਲੀ ਭੁਲੀ ਆਪਣਾ ਰਾਹੀਆ । ਬੁਧੀ ਬੈਠੀ ਮੁਖ ਛੁਪਾ, ਸੁਧ ਜ਼ਰਾ ਮਾਤ ਨਾ ਆਈਆ । ਕੂੜੀ ਕਿਰਿਆ ਕਲਜੁਗ ਡੰਕ ਰਿਹਾ ਵਜਾ, ਡੌਰੂ ਦਰ ਦਰ ਰਿਹਾ ਸੁਣਾਈਆ । ਰਾਉ ਰੰਕ ਦਏ ਭੁੱਲਾ, ਸ਼ਾਹ ਸੁਲਤਾਨਾਂ ਮੁਖ ਭੁਆਈਆ । ਕਾਗਦ ਕਲਮ ਸ਼ਾਹੀ ਰਹੇ ਕੁਰਲਾ, ਗੁਰ ਕਾ ਲੇਖਾ ਝੋਲੀ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲੇਖਾ ਦਏ ਜਣਾਈਆ । ਸਭ ਦਾ ਲੇਖਾ ਦੱਸਣਹਾਰ, ਦਹਿ ਦਿਸ਼ਾ ਆਪ ਜਣਾਇੰਦਾ । ਕਲਜੁਗ ਜੀਵ ਉਠ ਸੰਸਾਰ, ਵਡ ਸੰਸਾਰੀ ਭੇਵ ਚੁਕਾਇੰਦਾ । ਚਾਰ ਕੁੰਟ ਧੂਆਂਧਾਰ, ਨੂਰ ਨਜ਼ਰ ਕਿਤੇ ਨਾ ਆਇੰਦਾ । ਵਰਨ ਬਰਨ ਹੋਏ ਖ਼ੁਆਰ, ਸਾਚੀ ਸਰਨ ਨਾ ਕੋਇ ਤਕਾਇੰਦਾ । ਗੁਰ ਅਵਤਾਰ ਨਾ ਕਰੇ ਕੋਈ ਪਿਆਰ, ਪੀਰ ਪੈਗ਼ੰਬਰ ਅੱਖ ਨਾ ਕੋਇ ਮਿਲਾਇੰਦਾ । ਘਰ ਮਿਲੇ ਨਾ ਸਾਂਝਾ ਯਾਰ, ਸਗਲਾ ਸੰਗ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਭੇਵ ਖੁਲਾਇੰਦਾ । ਭੇਵ ਅਭੇਦਾ ਖੋਲ੍ਹੇ ਜਗਤ, ਭਗਤ ਭਗਵਨ ਦੇਵਣਹਾਰ ਵਡਿਆਈਆ । ਨੇਤਰ ਖੋਲ੍ਹ ਜੀਵ ਜੰਤ, ਕਲਜੁਗ ਅੰਤ ਅੰਧੇਰਾ ਛਾਈਆ । ਮੇਰਾ ਨਾਉਂ ਭੁੱਲਿਆ ਮਣੀਆ ਮੰਤ, ਮਨ ਵਾਸਨਾ ਹੋਈ ਹਲਕਾਈਆ । ਸੁਰਤੀ ਨਾਰ ਨਾ ਮਿਲੇ ਸ਼ਬਦੀ ਕੰਤ, ਸੇਜ ਸੁਹੰਜਣੀ ਨਾ ਕੋਇ ਸੁਹਾਈਆ । ਕਾਇਆ ਚੋਲੀ ਚੜ੍ਹੇ ਨਾ ਰੰਗ ਬਸੰਤ, ਰੰਗ ਬਸੰਤੀ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਰਬ ਵਡਿਆਈਆ । ਸਰਬ ਜੀਆਂ ਪ੍ਰਭ ਇਕੋ ਦਾਤਾ, ਆਦਿ ਜੁਗਾਦਿ ਜਣਾਈਆ । ਜੁਗ ਚੌਕੜੀ ਗੁਰ ਗੁਰ ਗਾਥਾ, ਮੰਤਰ ਨਾਮ ਸਮਝਾਈਆ । ਦੇਵਣਹਾਰਾ ਅਗੰਮੀ ਦਾਤਾ, ਵਸਤ ਅਮੋਲਕ ਇਕ ਵਰਤਾਈਆ । ਨਿਰਗੁਣ ਬੰਨ੍ਹਣਹਾਰਾ ਨਾਤਾ, ਸਰਗੁਣ ਮੇਲ ਮਿਲਾਈਆ । ਮੰਦਰ ਮਸਜਦ ਪੂਜਾ ਪਾਠਾ, ਸ਼ਿਵਦਵਾਲੇ ਕਰੇ ਪੜ੍ਹਾਈਆ । ਗੁਰਦਵਾਰੇ ਖੇਲ ਤਮਾਸ਼ਾ, ਨਿਰਗੁਣ ਨਿਰਵੈਰ ਰਿਹਾ ਜਣਾਈਆ । ਬਿਨ ਸਤਿਗੁਰ ਪੂਰੇ ਕੋਈ ਕਰੇ ਨਾ ਪੂਰੀ ਆਸਾ, ਆਤਮ ਪਰਮਾਤਮ ਮੇਲ

ਨਾ ਕੋਇ ਮਿਲਾਈਆ । ਖਾਣੀ ਬਾਣੀ ਦਏ ਧਰਵਾਸਾ, ਭਰਮ ਗੜ੍ਹ ਤੁੜਾਈਆ । ਏਕਾ ਮੰਨੋ ਪੁਰਖ ਅਬਿਨਾਸ਼ਾ, ਅਬਿਨਾਸ਼ੀ ਆਪਣੀ ਗੋਦ ਬਹਾਈਆ । ਏਥੇ ਓਥੇ ਦੇਵੇ ਸਾਥਾ, ਦੋ ਜਹਾਨਾਂ ਸੰਗ ਨਿਭਾਈਆ । ਆਦਿ ਜੁਗਾਦਿ ਜੁਗਾ ਜੁਗੰਤਰ ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦੀ ਗੌਂਦੇ ਗਾਥਾ, ਰਸਨਾ ਜਿਹਵਾ ਢੋਲਾ ਸਿਫ਼ਤ ਸਾਲਾਹੀਆ । ਨਿਉਂ ਨਿਉਂ ਸਜਦਾ ਸੀਸ ਝੁਕਾ ਟੇਕਦੇ ਮਾਥਾ, ਦੋਏ ਜੋੜ ਕਰਨ ਅਰਜ਼ੋਈਆ । ਦੀਨ ਦਿਆਲ ਠਾਕਰ ਸਵਾਮੀ ਸਦਾ ਸਹਾਈ ਨਾਥ ਅਨਾਥਾ, ਗ਼ਰੀਬ ਨਿਮਾਣੇ ਆਪਣੇ ਗਲੇ ਲਗਾਈਆ । ਖੇਲੇ ਖੇਲ ਪ੍ਰਿਥਮੀ ਆਕਾਸ਼ਾ, ਗਗਨ ਮੰਡਲ ਸੋਭਾ ਪਾਈਆ । ਭਗਤ ਭਗਵਾਨ ਪੂਰੀ ਕਰੇ ਆਸਾ, ਨਿਰਾਸਾ ਕੋਇ ਰਹਿਣ ਨਾ ਪਾਈਆ । ਨਿਰਗੁਣ ਨੂਰ ਜੋਤ ਪਰਕਾਸ਼ਾ, ਨੂਰੋ ਨੂਰ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਦ੍ਰਿੜਾਈਆ । ਸਾਚੀ ਸਿਖਿਆ ਦੇਵੇ ਜਨ, ਜਨ ਜਨਨੀ ਆਪ ਅਖਵਾਇੰਦਾ । ਸਭ ਦਾ ਬੇੜਾ ਦੇਵੇ ਬੰਨ੍ਹ, ਸ੍ਰੀ ਭਗਵਾਨ ਬੇੜਾ ਆਪ ਚਲਾਇੰਦਾ । ਏਕਾ ਰਾਗ ਸੁਣਾਏ ਕੰਨ, ਅਨਹਦ ਨਾਦੀ ਨਾਦ ਵਜਾਇੰਦਾ । ਵਸਤ ਅਮੋਲਕ ਦੇਵੇ ਧਨ, ਨਾਮ ਖ਼ਜ਼ੀਨਾ ਝੋਲੀ ਪਾਇੰਦਾ । ਭਾਗ ਲਗਾਏ ਪੰਜ ਤੱਤ ਤਨ, ਤਤਵ ਤਤ ਇਕ ਸਮਝਾਇੰਦਾ । ਕਰ ਪਰਕਾਸ਼ ਅੰਧੇਰ ਅੰਨ੍ਹ, ਜੋਤੀ ਜੋਤ ਡਗਮਗਾਇੰਦਾ । ਗੜ੍ਹ ਹੰਕਾਰੀ ਕੂੜਾ ਭੰਨ, ਸਚ ਸੁੱਚ ਇਕ ਵਰਤਾਇੰਦਾ । ਲੇਖਾ ਜਾਣੇ ਛੱਪਰੀ ਛੰਨ, ਮਹੱਲ ਅਟੱਲ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਾਰ ਆਪ ਕਮਾਇੰਦਾ । ਸਾਚੀ ਕਾਰ ਕਰੇ ਕਰਤਾਰ, ਕਰਤਾ ਪੁਰਖ ਵੱਡੀ ਵਡਿਆਈਆ । ਜੁਗ ਜੁਗ ਲਏ ਮਾਤ ਅਵਤਾਰ, ਨਿਰਗੁਣ ਸਰਗੁਣ ਰਾਹ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਰਦੇ ਗਏ ਪੁਕਾਰ, ਰਸਨਾ ਕੂਕ ਕੂਕ ਸੁਣਾਈਆ । ਪੀਰ ਪੈਗ਼ੰਬਰ ਕੂਕ ਦੇ ਗਏ ਪਰਵਰਦਿਗਾਰ, ਨੇਤਰ ਨੈਣ ਨੈਣ ਧਿਆਨ ਲਗਾਈਆ । ਕਲ ਪਰਗਟ ਹੋਵੇ ਕਲ ਕਲਕੀ ਅਵਤਾਰ, ਨਿਹਕਲੰਕ ਫੇਰਾ ਪਾਈਆ । ਨਜ਼ਰ ਨਾ ਆਏ ਵਿਚ ਸੰਸਾਰ, ਬੇਨਜ਼ੀਰ ਬੇਪਰਵਾਹੀਆ । ਕਰੇ ਖੇਲ ਅਗੰਮ ਅਪਾਰ, ਅਪਰੰਪਰ ਆਪਣੀ ਕਾਰ ਕਮਾਈਆ । ਕਲਜੁਗ ਕੂੜੀ ਕਿਰਿਆ ਦਏ ਨਿਵਾਰ, ਜੂਠਾ ਝੂਠਾ ਡੇਰਾ ਢਾਹੀਆ । ਦੀਨਾਂ ਮਜ਼੍ਹਬਾਂ ਕਰੇ ਖ਼ੁਆਰ, ਆਤਮ ਪਰਮਾਤਮ ਇਕੋ ਕਰੇ ਪੜ੍ਹਾਈਆ । ਸਾਚਾ ਜਾਮ ਦਏ ਪਿਆਲ, ਅੰਮ੍ਰਿਤ ਆਤਮ ਰਸ ਵਖਾਈਆ । ਲੇਖਾ ਜਾਣੇ ਸ਼ਾਹ ਕੰਗਾਲ, ਸ਼ਹਿਨਸ਼ਾਹ ਦਾਤਾ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਆਪਣਾ ਵੇਸ ਵਟਾਈਆ । ਨਿਰਗੁਣ ਵੇਸ ਵਟਾਏ ਅਲੱਖ, ਅਗੋਚਰ ਆਪਣੀ ਕਾਰ ਕਮਾਈਆ । ਸਤਿ ਸਰੂਪ ਹੋ ਪਰਤੱਖ, ਪਾਰਬ੍ਰਹਮ ਪ੍ਰਭ ਭੇਵ ਖੁਲ੍ਹਾਈਆ । ਜਨ ਭਗਤਾਂ ਖੋਲ੍ਹੇ ਨਿਝਰ ਅੱਖ, ਨਿਜ ਨੇਤਰ ਆਪ ਖੁਲ੍ਹਾਈਆ । ਲੱਖ ਚੁਰਾਸੀ ਕਰ ਕੇ ਵੱਖ, ਭੇਵ ਅਭੇਦ ਆਪ ਜਣਾਈਆ । ਅੰਮ੍ਰਿਤ ਜਾਮ ਪਿਆ ਰਸ, ਨਿਝਰ ਧਾਰਾ ਦਏ ਜਣਾਈਆ । ਤੀਰ ਅਣਿਆਲਾ ਮਾਰੇ ਕਸ, ਬਜਰ ਕਪਾਟੀ ਤੋੜ ਤੁੜਾਈਆ । ਨਿਰਮਲ ਜੋਤ ਕਰ ਪਰਕਾਸ਼, ਅੰਧ ਅੰਧੇਰ ਮਿਟਾਈਆ । ਆਤਮ ਪਰਮਾਤਮ ਦੇਵੇ ਸਾਥ, ਘਰ ਸਗਲਾ ਸੰਗ ਰਖਾਈਆ । ਲਹਿਣਾ ਦੇਣਾ ਚੁੱਕੇ ਪ੍ਰਿਥਮੀ ਆਕਾਸ਼, ਰਵ ਸਸ ਨਜ਼ਰ ਕੋਇ ਨਾ ਆਈਆ । ਏਕਾ ਸਾਹਿਬ ਸਤਿਗੁਰ ਵਸੇ ਪਾਸ, ਪਾਰਬ੍ਰਹਮ ਬ੍ਰਹਮ ਮੇਲਾ ਸਹਿਜ ਸੁਭਾਈਆ । ਜਨ ਭਗਤਾਂ ਪੂਰੀ ਕਰੇ ਆਸ, ਜਗਤ ਤ੍ਰਿਸਨਾ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਦਏ ਸਮਝਾਈਆ । ਸਾਚਾ ਮਾਰਗ ਹਰਿ ਲਗੌਣਾ, ਨਿਰਗੁਣ ਆਪਣੀ ਖੇਲ ਕਰਾਈਆ । ਕਲਜੁਗ ਕੂੜਾ

੭੦੦
੧੪

ਪੰਧ ਮੁਕੌਣਾ, ਕੂੜੀ ਕਿਰਿਆ ਦਏ ਮਿਟਾਈਆ । ਸਤਿਜੁਗ ਸਾਚਾ ਮਾਤ ਧਰੌਣਾ, ਧਰਨੀ ਧਰਤ ਧਵਲ ਦਏ ਵਡਿਆਈਆ । ਸਾਚੀ ਗੋਦੀ ਆਪ ਬਿਠੌਣਾ, ਅੰਮ੍ਰਿਤ ਸੀਰ ਮੁਖ ਚੁਆਈਆ । ਸਚ ਸੁੱਚ ਦਾ ਅਸ਼ਨਾਨ ਕਰੌਣਾ, ਨਿਰਮਲ ਉਜਲ ਆਪ ਵਖਾਈਆ । ਸਾਚਾ ਮੰਤਰ ਇਕ ਪੜ੍ਹੌਣਾ, ਨਿਸ਼ਅੱਖਰ ਕਰੇ ਪੜ੍ਹਾਈਆ । ਸਾਚਾ ਰਾਹ ਇਕ ਵਖੌਣਾ, ਜ਼ਾਤ ਪਾਤ ਨਾ ਕੋਇ ਜਣਾਈਆ । ਸਾਚਾ ਧਰਮ ਇਕ ਲਗੌਣਾ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਵੰਡ ਨਾ ਕੋਇ ਵੰਡਾਈਆ । ਸਾਚਾ ਕਰਮ ਇਕ ਕਮੌਣਾ, ਨਿਹਕਰਮੀ ਹੋਏ ਸਹਾਈਆ । ਸਾਚਾ ਵਰਨ ਇਕ ਰਖੌਣਾ, ਆਤਮ ਪਰਮਾਤਮ ਨਾਲੋਂ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਦੇਵੇ ਵਡਿਆਈ ਪਾਰਬ੍ਰਹਮ, ਬ੍ਰਹਮ ਵਿਦਿਆ ਆਪ ਪੜ੍ਹਾਇੰਦਾ । ਨਿਰਗੁਣ ਸਰਗੁਣ ਜਾਣੇ ਕੰਮ, ਨਿਹਕਰਮੀ ਕਰਮ ਕਮਾਇੰਦਾ । ਵੇਖਣਹਾਰਾ ਦਮੋ ਦਮ, ਪਵਣ ਪਵਣਾ ਡੇਰਾ ਲਾਇੰਦਾ । ਸਤਿਜੁਗ ਬੇੜਾ ਦੇਵੇ ਬੰਨ੍ਹ, ਕਲਜੁਗ ਆਪਣੇ ਖਾਤੇ ਪਾਇੰਦਾ । ਸਤਿ ਸਤਿਵਾਦੀ ਚੜ੍ਹੇ ਚੰਨ, ਸਤਿ ਪੁਰਖ ਨਿਰੰਜਣ ਆਪ ਚਮਕਾਇੰਦਾ । ਭਗਤ ਭਗਵਾਨ ਦੋਵੇਂ ਕਹਿਣ ਧੰਨ ਧੰਨ, ਧੰਨ ਸਿਫ਼ਤੀ ਸਿਫ਼ਤ ਸਾਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਇਕ ਵਖਾਇੰਦਾ । ਸਾਚਾ ਮਾਰਗ ਲੱਗੇ ਇਕ, ਏਕੰਕਾਰ ਦਏ ਵਡਿਆਈਆ । ਸਾਚਾ ਰਾਹ ਦੱਸੇ ਇਕ, ਸ੍ਰੀ ਭਗਵਾਨ ਆਪ ਵਖਾਈਆ । ਸਾਹਿਬ ਸਤਿਗੁਰ ਲੇਖਾ ਦੇਵੇ ਲਿਖ, ਨਾ ਕੋਈ ਮੇਟੇ ਮੇਟ ਮਿਟਾਈਆ । ਸਤਿਗੁਰ ਸਾਚੇ ਵੰਡਿਆ ਹਿਸ, ਹਿੱਸਾ ਆਪਣਾ ਝੋਲੀ ਪਾਈਆ । ਦਰਗਹਿ ਸਾਚੀ ਮਿਟੇ ਭੁੱਖ, ਸ੍ਰੀ ਭਗਵਾਨ ਝੋਲੀ ਰਿਹਾ ਭਰਾਈਆ । ਸਦਾ ਸਦਾ ਰੱਖੇ ਸਾਇਆ ਹੇਠ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਕਾਰੇ ਇਕੋ ਲਾਈਆ । ਸਤਿਜੁਗ ਸਾਚੀ ਕਾਰ ਕਮੌਣੀ, ਕਮਲਾਪਤ ਆਪ ਜਣਾਈਆ । ਦੋ ਜਹਾਨਾਂ ਰਾਹ ਵਖੌਣੀ, ਦੀਨਾਂ ਨਾਥ ਰਿਹਾ ਸਮਝਾਈਆ । ਸ਼ਬਦ ਕਲਾਮ ਨਾਮ ਅਮਾਮ ਇਕ ਪੜ੍ਹੌਣੀ, ਦੂਜੀ ਵੰਡ ਨਾ ਕੋਇ ਵੰਡਾਈਆ । ਨਿਰਗੁਣ ਨੂਰ ਜੋਤ ਰੁਸ਼ਨੌਣੀ, ਜ਼ਾਹਰ ਜ਼ਹੂਰ ਨਜ਼ਰੀ ਆਈਆ । ਭਗਤਾਂ ਆਤਮ ਸੋਤੀ ਜਗੌਣੀ, ਸੁਰਤੀ ਸ਼ਬਦ ਨਾਲ ਮਿਲਾਈਆ । ਸੰਤਾਂ ਭੌਣੀ ਪੂਰ ਕਰੌਣੀ, ਭਾਵੀ ਨੇੜ ਕੋਇ ਨਾ ਆਈਆ । ਗੁਰਮੁਖਾਂ ਆਸ ਇਕ ਵਧੌਣੀ, ਪ੍ਰਭ ਮਿਲੇ ਬੇਪਰਵਾਹੀਆ । ਗੁਰਸਿਖਾਂ ਜਾਚ ਇਕ ਸਿਖੌਣੀ, ਚਾਰ ਵਰਨ ਭੈਣਾਂ ਭਾਈਆ । ਧਰਤ ਮਾਤ ਦੀ ਕੁਖ ਆਪ ਵਡਿਔਣੀ, ਹਰਿਜਨ ਸਾਚੇ ਗੋਦ ਬਹਾਈਆ । ਅਚਰਜ ਖੇਲ ਆਪ ਰਚੌਣੀ, ਰਚ ਰਚ ਵੇਖੇ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਕਾਰ ਕਮਾਈਆ । ਸਾਚੀ ਕਾਰ ਕਮਾਏ ਮਾਤ, ਮਤਾ ਆਪਣੇ ਨਾਲ ਪਕਾਈਆ । ਸਤਿਜੁਗ ਦੇਵੇ ਸਾਚੀ ਦਾਤ, ਸਤਿ ਸਤਿਵਾਦੀ ਬੇਪਰਵਾਹੀਆ । ਨਾਮ ਅਗੰਮ ਬੋਧ ਅਗਾਧ ਸੁਣਾਏ ਸਾਚੀ ਗਾਥ, ਸੋਹੰ ਢੋਲਾ ਆਪ ਪੜ੍ਹਾਈਆ । ਸ੍ਰਿਸ਼ਟ ਸਬਾਈ ਮਾਈ ਬਾਪ, ਪਤਿਪਰਮੇਸ਼ਵਰ ਵੇਖ ਵਖਾਈਆ । ਕੂੜੀ ਕਿਰਿਆ ਸੁੱਟੇ ਡੂੰਘੇ ਖਾਤ, ਸ਼ੌਹ ਦਰਯਾ ਆਪ ਰੁੜ੍ਹਾਈਆ । ਚਾਰ ਵਰਨ ਬਣਨ ਇਕ ਜਮਾਤ, ਬਰਨ ਅਠਾਰਾਂ ਇਕ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਸਮਝਾਈਆ । ਸਾਚੀ ਸਿਖਿਆ ਸੁਣੋ ਸੱਜਣ, ਭਗਤ ਭਗਵਾਨ ਆਪ ਜਣਾਇੰਦਾ । ਪ੍ਰਭ ਸਰਨਾਈ ਸਾਚਾ ਮਜਨ, ਦੁਰਮਤ ਮੈਲ ਧੁਆਇੰਦਾ । ਸਦਾ ਸਦਾ ਸਦ ਲੱਜਿਆ ਰੱਖਣ, ਮਿਹਰ ਨਜ਼ਰ ਆਪ ਉਠਾਇੰਦਾ । ਲੱਖ ਚੁਰਾਸੀ ਵਿਚੋਂ ਆਵੇ ਕੱਢਣ, ਫੜ ਬਾਂਹੋਂ ਪਾਰ ਕਰਾਇੰਦਾ । ਸੰਤ ਸੁਹੇਲੇ ਆਵੇ ਸੱਦਣ,

੭੦੧ ੧੪

ਜੁਗ ਚੌਕੜੀ ਸੱਦਾ ਨਾਮ ਦਿਵਾਇੰਦਾ । ਲੱਖ ਚੁਰਾਸੀ ਜੀਵ ਜੰਤ ਜੁਗ ਚੌਕੜੀ ਘੜੇ ਭੱਜਣ, ਘੜਨ ਭੰਨਣਹਾਰ ਆਪਣੀ ਕਾਰ ਕਮਾਇੰਦਾ । ਗੁਰਮੁਖ ਵਿਰਲੇ ਪ੍ਰਭ ਚਰਨ ਦਵਾਰੇ ਸਜਣ, ਜਿਨ੍ਹਾਂ ਆਪਣਾ ਭੇਵ ਖੁਲ੍ਹਾਇੰਦਾ । ਕੋਟਨ ਕੋਟ ਜੀਵ ਅੰਦਰ ਵੜ ਵੜ ਲੱਭਣ, ਉਚੇ ਟਿੱਲੇ ਹੱਥ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸਮਝਾਇੰਦਾ । ਸਾਚਾ ਹੁਕਮ ਮੰਨੇ ਜੱਗ, ਜਗ ਜੀਵਣ ਦਾਤਾ ਆਪ ਜਣਾਈਆ । ਸਾਹਿਬ ਸਤਿਗੁਰ ਸੂਰਾ ਸਰਬੱਗ, ਬੇਪਰਵਾਹ ਸੱਚਾ ਸ਼ਹਿਨਸ਼ਾਹੀਆ । ਕਲਜੁਗ ਕੂੜੀ ਕਿਰਿਆ ਮੇਟੇ ਅੱਗ, ਅਗਨੀ ਤੱਤ ਦਏ ਬੁਝਾਈਆ । ਸਤਿਜੁਗ ਸਚ ਵਖਾਏ ਹੱਦ, ਕਿਨਾਰਾ ਇਕੋ ਇਕ ਦਰਸਾਈਆ । ਭਗਤ ਭਗਵਾਨ ਉਪਜਾਵੇ ਯੱਦ, ਯੱਦ ਵਿਸ਼ਵ ਰੂਪ ਜਣਾਈਆ । ਕੇਤੇ ਏਥੋਂ ਗਏ ਲਦ, ਗੁਰ ਅਵਤਾਰ ਪੀਰ ਪੈਗੰਬਰ ਫੇਰਾ ਪਾਈਆ । ਹਰਿ ਕਾ ਨਾਉਂ ਪਿਛੇ ਗਏ ਛੱਡ, ਪੰਜ ਤੱਤ ਨਜ਼ਰ ਕੋਇ ਨਾ ਆਈਆ । ਮੜੀ ਗੋਰ ਖਾਂਦੇ ਹੱਡ, ਕਾਇਆ ਮਾਟੀ ਖ਼ਾਕ ਮਿਲਾਈਆ । ਸ੍ਰੀ ਭਗਵਾਨ ਦਾ ਢੋਲਾ ਗਾ ਕੇ ਗਏ ਛੰਦ, ਤੀਸ ਬਤੀਸ ਛਤੀਸ ਰਾਗ ਸੁਣਾਈਆ । ਅਠ ਦਸ ਖੇਲ ਸੂਰਾ ਸਰਬੰਗ, ਗਿਆਨ ਗੀਤਾ ਗੁਰ ਵਰਤਾਈਆ । ਛੇ ਚਾਰ ਪਾਇਆ ਬੰਦ, ਸ਼ਾਸਤਰ ਸਿਮਰਤ ਕਰ ਪੜ੍ਹਾਈਆ । ਅੰਜੀਲ ਕੁਰਾਨ ਵੇਖਣ ਚੰਦ, ਚੰਦ ਚੌਧਵੀਂ ਨੂਰ ਰੁਸ਼ਨਾਈਆ । ਚੌਦਾਂ ਤਬਕ ਰਹੇ ਨੱਠ, ਚੌਦਾਂ ਲੋਕ ਪਏ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਾਤਾ ਦਾਨੀ ਇਕ ਅਖਵਾਈਆ । ਦਾਤਾ ਦਾਨਾ ਗਹਿਰ ਗੰਭੀਰਾ, ਡੂੰਘਾ ਸਾਗਰ ਨਜ਼ਰ ਕਿਸੇ ਨਾ ਆਇੰਦਾ । ਆਦਿ ਜੁਗਾਦੀ ਜੁਗਾ ਜੁਗੰਤਰ ਨਿਰਗੁਣ ਰੂਪ ਜੋਤੀ ਨੂਰਾ, ਪੁਰਖ ਅਕਾਲ ਦੀਨ ਦਿਆਲ ਸਾਹਿਬ ਸੁਲਤਾਨ ਨਾਉਂ ਧਰਾਇੰਦਾ । ਮਹੱਲ ਅਟੱਲ ਉਚ ਮਕਾਨ ਚੋਟੀ ਚੜ੍ਹ ਕੇ ਬਹੇ ਅਖ਼ੀਰਾ, ਬੇਨਜ਼ੀਰਾ ਸਚ ਸਿੰਘਾਸਣ ਆਸਣ ਲਾਇੰਦਾ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਬਦਲਣਹਾਰ ਤਕਦੀਰਾ, ਤਦਬੀਰ ਆਪਣੇ ਹੱਥ ਰਖਾਇੰਦਾ । ਨਿਤ ਨਵਿਤ ਕੱਟਣਹਾਰਾ ਸ਼ਰਅ ਜ਼ੰਜੀਰਾ, ਨਾਮ ਖੰਡਾ ਹੱਥ ਉਠਾਇੰਦਾ । ਦਾਤਾ ਜੋਧਾ ਸੂਰਬੀਰਾ, ਬਲ ਆਪਣਾ ਆਪ ਪਰਗਟਾਇੰਦਾ । ਨਿਰਵੈਰ ਪੁਰਖ ਜ਼ਾਹਰਾ ਪੀਰਾ, ਪੀਰ ਪੀਰਾਂ ਸਿਰ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਮਾਰਗ ਸਾਚੀ ਮੰਜ਼ਲ ਇਕੋ ਇਕ ਦਸਾਇੰਦਾ । ਸਾਚੀ ਮੰਜ਼ਲ ਦੱਸੇ ਮਕਸੂਦ, ਮਸਲਾ ਹੱਕ ਆਪ ਜਣਾਈਆ । ਜਿਸ ਗ੍ਰਿਹਿ ਮਿਲੇ ਇਕ ਮਹਿਬੂਬ, ਮੁਹੱਬਤ ਇਕੋ ਇਕ ਜਣਾਈਆ । ਉਸ ਦਾ ਦੇਵੇ ਆਪ ਸਬੂਤ, ਸਾਬਤ ਸੂਰਤ ਦਏ ਦਰਸਾਈਆ । ਨਾ ਰੂਹ ਨਾ ਕੋਈ ਕਲਬੂਤ, ਤੱਤਵ ਰੂਪ ਨਾ ਕੋਇ ਰਖਾਈਆ । ਨਾ ਤਾਣਾ ਪੇਟਾ ਕੋਇ ਸੂਤ, ਜੜ ਚੋਟੀ ਨਜ਼ਰ ਕੋਇ ਨਾ ਆਈਆ । ਕਿਸੇ ਹੱਥ ਨਾ ਆਏ ਦਿਸ਼ਾ ਕੂਟ, ਮੰਦਰ ਡੇਰਾ ਕੋਈ ਨਾ ਲਾਈਆ । ਨਿਰਗੁਣ ਨਿਰਵੈਰ ਪੁਰਖ ਅਕਾਲ ਆਦਿ ਜੁਗਾਦਿ ਜੋਤ ਸਰੂਪ, ਜੋਤੀ ਜਾਤਾ ਆਪ ਅਖਵਾਈਆ । ਇਕੋ ਜਨ ਭਗਤਾਂ ਮਿਲਣ ਦੀ ਰੱਖੇ ਭੁਖ, ਦੂਜੀ ਆਸ ਨਾ ਕੋਇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਰ ਨਰਾਇਣ ਬੇਪਰਵਾਹੀਆ । ਨਰ ਨਰਾਇਣ ਏਕੋ ਆਏ, ਆਦਿ ਅੰਤ ਵੇਸ ਵਟਾਈਆ । ਜੁਗ ਚੌਕੜੀ ਫੇਰਾ ਪਾਏ, ਬੇਪਰਵਾਹ ਸੱਚਾ ਸ਼ਹਿਨਸ਼ਾਹੀਆ । ਕਲਜੁਗ ਅੰਤਮ ਨਾਉਂ ਧਰਾਏ, ਨਿਹਕਲੰਕ ਵੱਜੇ ਵਧਾਈਆ । ਗੁਰ ਅਵਤਾਰ ਬੈਠੇ ਸੀਸ ਝੁਕਾਏ, ਨੇਤਰ ਨੈਣ ਨਾ ਕੋਇ ਉਠਾਈਆ । ਵਿਸ਼ਨ ਬ੍ਰਹਮਾ ਸ਼ਿਵ ਲਾਗੇ ਪਾਏ, ਧੂੜੀ ਮਸਤਕ ਟਿੱਕਾ ਰਹੇ ਲਗਾਈਆ । ਪੀਰ ਪੈਗੰਬਰ ਰਹੇ ਗਾਏ, ਤੂ ਹੀ ਤੂ ਹੀ ਰਾਗ ਅਲਾਈਆ । ਮੁਕਾਮੇ

ਹੱਕ ਜਿਸ ਸਰਨਾਏ, ਸੋ ਸਰਨਗਤ ਰਿਹਾ ਜਣਾਈਆ । ਵਡ ਅਮਾਮ ਦਇਆ ਕਮਾਏ, ਅਮਲ ਇਕੋ ਇਕ ਜਣਾਈਆ । ਕਾਮਲ ਮੁਰਸ਼ਦ ਫੇਰਾ ਪਾਏ, ਮੁਰੀਦ ਵੇਖੇ ਥਾਉਂ ਥਾਈਂਆ । ਦਾਮਨ ਆਪਣਾ ਸਚ ਫੜਾਏ, ਜ਼ਾਮਨ ਹੋਵੇ ਨੂਰ ਖ਼ੁਦਾਈਆ । ਮੰਜ਼ਲ ਮੰਜ਼ਲ ਦਏ ਪੁਚਾਏ, ਮੰਜ਼ਲ ਆਪਣੀ ਇਕ ਸਮਝਾਈਆ । ਤਹਿਦਿਲ ਸ਼ੁਕਰੀਆ ਸੋ ਕਰਾਏ, ਜਿਸ ਖੁੱਲਾ ਆਪਣਾ ਦਰਸ ਵਖਾਈਆ । ਪਗੜੀ ਕੁਲਾ ਕੋਈ ਸੀਸ ਨਜ਼ਰ ਨਾ ਆਏ, ਮੌਲਾ ਆਪਣੀ ਸੂਰਤ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਤਿ ਸਤਿ ਸਮਝਾਈਆ । ਸਤਿਜੁਗ ਸਾਚਾ ਸਤਿ, ਸਤਿ ਸਤਿ ਸਮਝਾਇੰਦਾ । ਸਰਬ ਜੀਆਂ ਪ੍ਰਭ ਇਕੋ ਮਤ, ਇਕ ਗਿਆਨ ਦ੍ਰਿੜਾਇੰਦਾ । ਇਕੋ ਧੀਰਜ ਇਕੋ ਜਤ, ਸਤਿ ਸੰਤੋਖ ਇਕ ਸਮਝਾਇੰਦਾ । ਇਕੋ ਪਰੇਮ ਇਕੋ ਰਤ, ਰਤੀ ਰਤ ਆਪ ਵਖਾਇੰਦਾ । ਇਕੋ ਜਾਣੇ ਮਿਤਗਤ, ਗਤਮਿਤ ਆਪਣੇ ਹੱਥ ਦਸਾਇੰਦਾ । ਇਕੋ ਨਾਮ ਨਿਧਾਨ ਦੇਵੇ ਵੱਥ, ਵਸਤ ਅਮੋਲਕ ਝੋਲੀ ਪਾਇੰਦਾ । ਏਕਾ ਮੰਤਰ ਲੈਣਾ ਰਟ, ਰੱਟਾ ਦੀਨ ਮਜ਼੍ਹਬ ਮੁਕਾਇੰਦਾ । ਦੂਈ ਦਵੈਤੀ ਮੇਟੇ ਫੱਟ, ਪੱਟੀ ਸਾਚੇ ਨਾਮ ਬੰਧਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚਾ ਰਾਹ ਵਖਾਇੰਦਾ । ਸਤਿਜੁਗ ਸਾਚਾ ਰਾਹ ਏਕ, ਏਕੰਕਾਰ ਜਣਾਈਆ । ਭਗਤ ਭਗਵਾਨ ਸਾਚੀ ਟੇਕ, ਇਕੋ ਓਟ ਵਖਾਈਆ । ਬੁਧ ਸਵਾਣੀ ਕਰੇ ਬਿਬੇਕ, ਸੁਧ ਇਕੋ ਇਕ ਜਣਾਈਆ । ਅੰਦਰ ਵੜ ਕੇ ਦੱਸੇ ਭੇਤ, ਬਾਹਰੋਂ ਕਰੇ ਨਾ ਕੋਇ ਪੜ੍ਹਾਈਆ । ਜਨ ਭਗਤਾਂ ਭਗਵਾਨ ਲਿਆ ਵੇਖ, ਲੱਖ ਚੁਰਾਸੀ ਭਰਮੇ ਭੁੱਲੀ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਦੇਵੇ ਵਡਿਆਈ ਸਾਚੇ ਭਗਤ, ਸ੍ਰੀ ਭਗਵਾਨ ਦਇਆ ਕਮਾਇੰਦਾ । ਪਾਰ ਕਰਾਏ ਵਿਚੋਂ ਜਗਤ, ਜੁਗਤ ਆਪਣੀ ਆਪਣੀ ਆਪ ਸਮਝਾਇੰਦਾ । ਲੇਖੇ ਲਾਏ ਬੂੰਦ ਰਕਤ, ਮਾਣਸ ਜਨਮ ਆਪਣੀ ਝੋਲੀ ਪਾਇੰਦਾ । ਮੇਲ ਮਿਲਾਵਾ ਨਾਰ ਕੰਤ, ਕੰਤ ਕੰਤੂਹਲ ਦਇਆ ਕਮਾਇੰਦਾ । ਮਿਲੇ ਸਰਨਾਈ ਸ੍ਰੀ ਭਗਵੰਤ, ਸਰਨਗਤ ਇਕ ਰਖਾਇੰਦਾ । ਨਾਮ ਜਣਾਇਆ ਮਣੀਆ ਮੰਤ, ਸੋਹੰ ਢੋਲਾ ਰਾਗ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਦੇਵੇ ਦਾਨ, ਜੁਗ ਚੌਕੜੀ ਹੋ ਮਿਹਰਵਾਨ, ਮਿਹਰ ਨਜ਼ਰ ਇਕ ਉਠਾਇੰਦਾ ।

### ★ ੨੧ ਜੇਠ ੨੦੨੦ ਬਿਕ੍ਰਮੀ ਪਰੇਮੋ ਦੇਵੀ ਦੇ ਗ੍ਰਿਹਿ ਪਿੰਡ ਝੰਡੇ ਜੰਮੂ ★

ਸਤਿਜੁਗ ਕਹੇ ਪ੍ਰਭ ਦੇਵੇ ਦਾਨ, ਦਾਨੀ ਇਕੋ ਇਕ ਅਖਵਾਈਆ । ਇਸ਼ਟ ਦੇਵ ਸ੍ਰੀ ਭਗਵਾਨ, ਭਗਵਨ ਇਕੋ ਨਜ਼ਰੀ ਆਈਆ । ਤੀਰਥ ਤਟ ਇਕ ਅਸ਼ਨਾਨ, ਕਿਨਾਰਾ ਇਕੋ ਇਕ ਰਖਾਈਆ । ਮੰਦਰ ਮਸਜਦ ਇਕ ਮਕਾਨ, ਗੁਰੂਦਵਾਰ ਇਕ ਸਮਝਾਈਆ । ਸ਼ਬਦ ਨਾਦ ਇਕ ਧੁਨਕਾਨ, ਰਾਗੀ ਰਾਗ ਨਾਦ ਜਣਾਈਆ । ਆਤਮ ਪਰਮਾਤਮ ਇਕ ਧਿਆਨ, ਗ੍ਰਿਹਿ ਮੰਦਰ ਭੇਵ ਚੁਕਾਈਆ । ਸਚ ਧਰਮ ਇਕ ਨਿਸ਼ਾਨ, ਕੂੜੀ ਕਿਰਿਆ ਮੇਟ ਮਿਟਾਈਆ । ਪਰੇਮ ਭਗਤੀ ਇਕ ਈਮਾਨ, ਸਿਦਕ ਸਬੂਰੀ ਇਕ ਸਮਝਾਈਆ । ਸਤਿਗੁਰ ਪੂਰਾ ਸੱਚਾ ਕਾਹਨ, ਰਾਮ ਇਕੋ ਨਜ਼ਰੀ ਆਈਆ । ਪੀਰ ਪੈਗ਼ੰਬਰ ਇਕ ਬਲਵਾਨ, ਬਲਧਾਰੀ ਵਡ ਵਡਿਆਈਆ । ਨਿਰਗੁਣ ਨੂਰ ਖੇਲ ਮਹਾਨ, ਨਾ ਨਾ ਰੂਪ ਵੇਸ ਵਟਾਈਆ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਤਿਜੁਗ ਝੋਲੀ ਅੱਗੇ ਡਾਹੀਆ । ਸਤਿਜੁਗ ਮੰਗੇ ਦੋਏ ਜੋੜ, ਪ੍ਰਭ ਅੱਗੇ ਵਾਸਤਾ ਪਾਈਆ । ਸਦਾ ਸਾਹਿਬ ਪ੍ਰਭ ਤੇਰੀ ਲੋੜ, ਦੂਜੀ ਆਸ ਨਾ ਕੋਇ ਰਖਾਈਆ । ਆਤਮ ਪਰਮਾਤਮ ਪ੍ਰੀਤੀ ਜੋੜ, ਬ੍ਰਹਮ ਪਾਰਬ੍ਰਹਮ ਮਿਲਾਈਆ । ਕਰ ਪਰਕਾਸ਼ ਅੰਧੇਰੇ ਘੋਰ, ਨਿਰਮਲ ਜੋਤ ਕਰ ਰੁਸ਼ਨਾਈਆ । ਨਾਤਾ ਤੁਟੇ ਪੰਜ ਚੋਰ, ਆਸਾ ਤ੍ਰਿਸਨਾ ਨਾ ਕੋਇ ਲੜਾਈਆ । ਸ਼ਬਦ ਅਗੰਮੀ ਪਕੜ ਡੋਰ, ਸੁਰਤੀ ਆਪਣੇ ਨਾਲ ਬੰਧਾਈਆ । ਮੰਤਰ ਫੁਰੇ ਇਕੋ ਫੋਰ, ਫੁਰਨਾ ਨੇਤਰ ਦਏ ਖੁਲ੍ਹਾਈਆ । ਤੁਧ ਬਿਨ ਨਜ਼ਰ ਨਾ ਆਵੇ ਕੋਈ ਹੋਰ, ਸਾਹਿਬ ਸਤਿਗੁਰ ਤੇਰੇ ਹੱਥ ਵਡਿਆਈਆ । ਸੱਸੇ ਉਪਰ ਲੱਗਾ ਹੋੜ, ਹਾਹਾ ਹੰ ਬ੍ਰਹਮ ਮੇਲ ਮਿਲਾਈਆ । ਤ੍ਰੈ ਯੁਗ ਦੀ ਲੱਗੀ ਔੜ, ਤ੍ਰੈਗੁਣ ਅਤੀਤਾ ਦੇ ਬੁਝਾਈਆ । ਫਲ ਰਹੇ ਨਾ ਕੋਈ ਜਗਤ ਕੌੜ, ਮਿਠਾ ਰਸ ਇਕ ਭਰਾਈਆ । ਤੇਰੇ ਅੱਗੇ ਚੱਲੇ ਨਾ ਕੋਈ ਜ਼ੋਰ, ਜ਼ੋਰੂ ਜ਼ਰ ਬੈਠਣ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਅਲਖ ਜਗਾਈਆ । ਸਤਿਜੁਗ ਮੰਗੇ ਕਰ ਅਰਦਾਸ ਸਚ ਅਰਦਾਸਾ ਇਕ ਕਰਾਈਆ । ਨਿਰਗੁਣ ਵਸਣਾ ਸਦਾ ਪਾਸ, ਨਿਰਵੈਰ ਤੇਰੀ ਸ਼ਰਨਾਈਆ । ਸਰਗੁਣ ਹੋਵੇ ਤੇਰਾ ਦਾਸ, ਨਿਉਂ ਨਿਉਂ ਸੀਸ ਝੁਕਾਈਆ । ਪਵਣੀ ਪਵਣ ਪਵਣ ਸਵਾਸ, ਤੇਰੀ ਧਾਰ ਸਮਾਈਆ । ਭਗਤ ਮਿਲਣ ਦੀ ਰੱਖ ਆਸ, ਆਸਾ ਭਗਤਾਂ ਵਿਚ ਤਕਾਈਆ । ਸਾਚੇ ਮੰਡਲ ਪਾ ਰਾਸ, ਗੁਰਮੁਖ ਗੋਪੀ ਕਾਹਨ ਨਚਾਈਆ । ਜਨ ਭਗਤਾਂ ਦੇਣਾ ਸਦਾ ਸਾਥ, ਸਗਲਾ ਸੰਗ ਨਿਭਾਈਆ । ਇਕ ਚੜ੍ਹੌਣਾ ਆਪਣੇ ਰਾਥ, ਬਣ ਰਥਵਾਹੀ ਸੇਵ ਕਮਾਈਆ । ਇਕ ਪੜ੍ਹੌਣੀ ਸਾਚੀ ਗਾਥ, ਸਾਚਾ ਮੰਤਰ ਇਕ ਦ੍ਰਿੜਾਈਆ । ਇਕ ਵਖੌਣਾ ਅਗੰਮ ਘਾਟ, ਜਿਸ ਪੱਤਣ ਬੈਠਾ ਬੇਪਰਵਾਹੀਆ । ਇਕ ਖੁਲ੍ਹੌਣਾ ਦੋ ਜਹਾਨਾਂ ਹਾਟ, ਚੌਦਾਂ ਵਿਦਿਆ ਦੇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਬਖ਼ਸ਼ ਸੱਚੀ ਸਰਨਾਈਆ । ਸਤਿਜੁਗ ਮੰਗੇ ਕਰ ਨਿਮਸਕਾਰ, ਪ੍ਰਭ ਅੱਗੇ ਸੀਸ ਝੁਕਾਈਆ । ਤੂੰ ਦਾਤਾ ਦੇਵਣਹਾਰ, ਪ੍ਰਭ ਤੇਰੇ ਹੱਥ ਵਡਿਆਈਆ । ਤੇਰਾ ਲੇਖਾ ਜੁਗ ਚੌਕੜੀ ਚਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤੇਰਾ ਧਿਆਨ ਲਗਾਈਆ । ਤੇਰੇ ਦਰ ਦਰਵੇਸ਼ ਮੰਗਦੇ ਰਹੇ ਬਣ ਭਿਖਾਰ, ਵਿਸ਼ਨ ਬ੍ਰਹਮਾ ਸ਼ਿਵ ਆਪਣੀ ਝੋਲੀ ਡਾਹੀਆ । ਤੂੰ ਸਾਹਿਬ ਭੰਡਾਰੀ ਵਡ ਸੰਸਾਰ, ਸੰਸਾਰੀ ਤੇਰਾ ਅੰਤ ਕੋਇ ਨਾ ਪਾਈਆ । ਆਦਿ ਜੁਗਾਦਿ ਸ਼ਬਦ ਆਧਾਰੀ, ਨਾਮ ਇਕੋ ਇਕ ਸਾਲਾਹੀਆ । ਕਾਗਦ ਕਲਮ ਨਾ ਲਿਖਣਹਾਰੀ, ਕਾਗ਼ਜ਼ ਨੇਤਰ ਰੋਵੇ ਸ਼ਾਹੀ ਨੀਰ ਵਹਾਈਆ । ਸਤਿ ਧਰਮ ਦੀ ਤੇਰੀ ਯਾਰੀ, ਪਰੇਮ ਪਰੀਤੀ ਇਕ ਸਿਖਾਈਆ । ਭਗਤ ਸਵਾਣੀ ਸੁਰਤੀ ਰਹੇ ਨਾ ਕਵਾਰੀ, ਘਰ ਕੰਤ ਮਿਲਾਵਾ ਸਹਿਜ ਸੁਭਾਈਆ । ਖੋਲ੍ਹੇ ਝਰੋਖਾ ਕਾਇਆ ਮੰਦਰ ਅੰਦਰ ਤਾਕੀ ਨਿੱਕੀ ਬਾਰੀ, ਪਰਦਾ ਆਪਣਾ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਤਿਜੁਗ ਇਕੋ ਮੰਗ ਮੰਗਾਈਆ । ਸਤਿਜੁਗ ਮੰਗੇ ਕਰੇ ਅਸੀਸ, ਪ੍ਰਭ ਤੇਰੀ ਸਚ ਸਰਨਾਈਆ । ਸ਼ਾਹ ਸੁਲਤਾਨ ਵਡ ਜਗਦੀਸ, ਜਗਦੀਸਰ ਤੇਰੀ ਬੇਪਰਵਾਹੀਆ । ਨਾਉਂ ਨਿਧਾਨਾ ਤੇਰੀ ਹਦੀਸ, ਕਲਮਾ ਤੇਰੀ ਸਿਫ਼ਤ ਸਾਲਾਹੀਆ । ਸ਼ਾਹ ਸੁਲਤਾਨਾਂ ਛਤਰ ਝੁਲਾਏਂ ਸੀਸ, ਰਾਜ ਰਾਜਾਨਾਂ ਦਰ ਦਰ ਭੀਖ ਮੰਗਾਈਆ । ਰਾਗ ਸੁਣਾਏ ਤੀਸ ਬੱਤੀਸ, ਰਸਨਾ ਜਿਹਵਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਵਸਤ ਦੇ ਵਰਤਾਈਆ । ਸਾਚੀ ਵਸਤ ਦੇ ਪ੍ਰਭ ਆਪ, ਹੱਥ

ਤੇਰੇ ਵਡਿਆਈਆ । ਸ੍ਰਿਸ਼ਟ ਸਬਾਈ ਮਾਈ ਬਾਪ, ਪਿਤਾ ਪੂਤ ਵੇਖ ਵਖਾਈਆ । ਚਰਨ ਕਵਲ ਬੰਧੌਣਾ ਨਾਤ, ਨਾਤਾ ਬਿਧਾਤਾ ਜੋੜ ਜੁੜਾਈਆ ।
ਇਕ ਜਪੌਣਾ ਸਾਚਾ ਪਾਠ, ਪੂਜਾ ਇਕੋ ਇਕ ਵਖਾਈਆ । ਇਕ ਵਖੌਣਾ ਤੀਰਥ ਤਾਟ, ਤਟ ਕਿਨਾਰਾ ਇਕੋ ਨਜ਼ਰੀ ਆਈਆ । ਇਕ ਖੁਲੌਣਾ
ਸਾਚਾ ਹਾਟ, ਦੋ ਜਹਾਨਾਂ ਏਕਾ ਵਸਤ ਨਾਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਣੀ ਵਸਤ ਪੁਰਖ ਸਮਰਥ,
ਸਮਰਥ ਤੇਰੇ ਹੱਥ ਵਡਿਆਈਆ । ਸਤਿਜੁਗ ਕਹੇ ਦੇ ਭਗਵਾਨ ਦੇਵਣਹਾਰ ਇਕ ਅਖਵਾਇੰਦਾ । ਤੂੰ ਦਾਤਾ ਦਾਨੀ ਗੁਣ ਨਿਧਾਨ, ਗਹਿਰ ਗੰਭੀਰ
ਆਪ ਅਖਵਾਇੰਦਾ । ਸਚ ਧਰਮ ਦਾ ਸਚ ਨਿਸ਼ਾਨ, ਦਰ ਤੇਰੇ ਸੋਭਾ ਪਾਇੰਦਾ । ਮੈਂ ਮੰਗਾਂ ਬਣ ਅਵਾਣ, ਬੇਅੰਤ ਤੇਰਾ ਭੇਵ ਕੋਇ ਨਾ ਆਇੰਦਾ ।
ਤੂੰ ਦੇਵਣਹਾਰਾ ਸਦਾ ਮਿਹਰਵਾਨ, ਮਿਹਰ ਨਜ਼ਰ ਇਕ ਉਠਾਇੰਦਾ । ਨੇਤਰ ਖੋਲ੍ਹ ਮਾਰ ਧਿਆਨ, ਨਿਜ ਨੈਣ ਪਰਦਾ ਲਾਹਿੰਦਾ । ਜੋਤੀ ਜੋਤ
ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਸਮਝਾਇੰਦਾ । ਸਾਚੀ ਸਿਖਿਆ ਸਤਿਜੁਗ ਸਤਿ, ਸਤਿ
ਸਤਿਵਾਦੀ ਆਪ ਜਣਾਈਆ । ਕਿਰਪਾ ਕਰੇ ਪੁਰਖ ਸਮਰਥ, ਸਮਰਥ ਤੇਰਾ ਰਾਹ ਵਖਾਈਆ । ਸਦਾ ਸਦਾ ਸਿਰ ਰੱਖੇ ਹੱਥ, ਨੇਤਰ ਨਜ਼ਰ ਆਪ
ਉਠਾਈਆ । ਸਾਚਾ ਮਾਰਗ ਦੇਵੇ ਦੱਸ, ਚਾਰ ਵਰਨ ਇਕ ਸਰਨਾਈਆ । ਆਤਮ ਪਰਮਾਤਮ ਚਲਾਏ ਰਥ, ਬਣ ਰਥਵਾਹੀ ਸੇਵ ਕਮਾਈਆ ।
ਸਤਿ ਸੰਤੋਖ ਧੀਰਜ ਦੇਵੇ ਜਤ, ਜੋਗ ਜੁਗਤ ਇਕ ਜਣਾਈਆ । ਨਾੜ ਬਹੱਤਰ ਨਾ ਉਬਲੇ ਰਤ, ਸਾਂਤਕ ਸਤਿ ਸਤਿ ਵਰਤਾਈਆ । ਸਾਚਾ
 ਬੀਜ ਬੀਜੇ ਵਤ, ਕਾਇਆ ਫੁਲ ਕਿਆਰੀ ਵੇਖ ਵਖਾਈਆ । ਕਰੇ ਖੇਲ ਕਮਲਾਪਤ, ਕਵਲ ਨੈਣ ਇਕੋ ਨੈਣ ਖੁਲ੍ਹਾਈਆ । ਸੰਤ ਸੁਹੇਲੇ ਗੁਰੂ ੭੦੫
 ਗੁਰ ਚੇਲੇ ਭਗਤ ਭਗਵਾਨ ਲਏ ਰੱਖ, ਗੁਰਮੁਖਾਂ ਆਪਣੀ ਗੰਢ ਪੁਆਈਆ । ਸਾਚਾ ਮਾਰਗ ਇਕੋ ਦੱਸ, ਦਹਿ ਦਿਸ਼ਾ ਦਏ ਸਮਝਾਈਆ । ਆਤਮ ੧੪
ਪਰਮਾਤਮ ਮੇਲਾ ਹੱਸ ਹੱਸ, ਸੋਹੰ ਹੰਸਾ ਇਕੋ ਨਾਮ ਜਪਾਈਆ । ਅੰਮ੍ਰਿਤ ਆਤਮ ਦੇਵੇ ਰਸ, ਨਿਝਰ ਝਿਰਨਾ ਆਪ ਝਿਰਾਈਆ । ਨਜ਼ਰੀ ਆਵੇ
ਘਟ ਘਟ, ਘਰ ਘਰ ਬੈਠਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਤੇਰੀ ਰੱਖਣਹਾਰਾ ਪਤ, ਪਤਿਪਰਮੇਸ਼ਵਰ
ਬੇਪਰਵਾਹੀਆ । ਸਤਿਜੁਗ ਸੁਣ ਸ਼ਬਦ ਗਿਆਨ, ਸੋ ਦਾਤਾ ਆਪ ਜਣਾਈਆ । ਜਨ ਭਗਤਾਂ ਦੇਵਾਂ ਇਕ ਨਿਸ਼ਾਨ, ਨਾਮ ਨਿਸ਼ਾਨਾ ਦਏ ਸਮਝਾਈਆ ।
ਘਰ ਗੋਪੀ ਮਿਲੇ ਕਾਹਨ, ਬਨ ਖੋਜਣ ਕੋਇ ਨਾ ਜਾਈਆ । ਘਰ ਮੇਲਾ ਸੁਰਤੀ ਰਾਮ, ਸੀਤਾ ਸਵਾਣੀ ਵੇਖੇ ਚਾਈਂ ਚਾਈਆ । ਘਰ ਸ਼ਬਦ
ਹਾਣੀ ਕਰੇ ਪਰਵਾਨ, ਪਰੇਮ ਪ੍ਰੀਤੀ ਆਪਣੇ ਨਾਲ ਲਗਾਈਆ । ਬੋਧ ਅਗਾਧ ਕਹਾਣੀ ਸੁਣਾਏ ਸ੍ਰੀ ਭਗਵਾਨ, ਮਕਤਬ ਪੜ੍ਹਨ ਕੋਇ ਨਾ ਜਾਈਆ ।
ਪਾਠਸ਼ਾਲਾ ਨਜ਼ਰ ਆਏ ਕਾਇਆ ਇਕ ਮਕਾਨ, ਅੱਠੇ ਪਹਿਰ ਰਹੇ ਸ਼ਨਵਾਈਆ । ਅਨਹਦ ਢੋਲਾ ਸੁਣਾਏ ਆਣ, ਪੰਚਮ ਆਪਣੀ ਸੇਵਾ ਲਾਈਆ ।
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚਾ ਰਾਹ ਵਖਾਈਆ । ਸਤਿਜੁਗ ਤੇਰਾ ਸਾਚਾ ਰਾਹ, ਸਤਿ ਸਤਿਵਾਦੀ ਆਪ
ਜਣਾਇੰਦਾ । ਪੁਰਖ ਅਕਾਲ ਬਣੇ ਮਲਾਹ, ਬੇੜਾ ਆਪਣੇ ਕੰਧ ਉਠਾਇੰਦਾ । ਭਗਤ ਭਗਵਾਨ ਲਏ ਜਗਾ, ਜਾਗਰਤ ਜੋਤ ਡਗਮਗਾਇੰਦਾ ।
ਸਾਚੀ ਸਿਖਿਆ ਇਕ ਦ੍ਰਿੜਾ, ਸੋਹੰ ਢੋਲਾ ਨਾਮ ਪੜ੍ਹਾਇੰਦਾ । ਸਾਚੇ ਪੌੜੇ ਦਏ ਚੜ੍ਹਾ, ਕਾਇਆ ਮੰਦਰ ਅੰਦਰ ਡੰਡਾ ਇਕੋ ਲਾਇੰਦਾ । ਮਹੱਲ
ਅਟੱਲ ਦਏ ਵਖਾ, ਸਚ ਦਵਾਰੇ ਸੋਭਾ ਪਾਇੰਦਾ । ਨਿਰਮਲ ਦੀਪਕ ਜੋਤੀ ਦੀਆ ਦਏ ਜਗਾ, ਤੇਲ ਬਾਤੀ ਨਾ ਕੋਇ ਪਾਇੰਦਾ । ਕਮਲਾਪਾਤੀ

ਵੇਸ ਵਟਾ, ਸਾਖਿਆਤੀ ਆਪਣਾ ਦਰਸ ਦਿਖਾਇੰਦਾ । ਆਬ ਹਯਾਤੀ ਪਿਆਲਾ ਦਏ ਪਿਆ, ਜਾਮ ਇਕੋ ਇਕ ਰਖਾਇੰਦਾ । ਸਭ ਦਾ ਸਾਥੀ ਫੇਰਾ ਪਾ, ਰਘੁਪਤ ਰਘੁਨਾਥੀ ਆਪਣੀ ਕਾਰ ਕਮਾਇੰਦਾ । ਨਾਨਕ ਗੋਬਿੰਦ ਨਿਰਗੁਣ ਨੂਰ ਜੋਤ ਪਰਕਾਸੀ, ਪਰਕਾਸ਼ਵਾਨ ਇਕੋ ਨਜ਼ਰੀ ਆਇੰਦਾ । ਗੁਰਮੁਖਾਂ ਕਰੇ ਬੰਦ ਖ਼ੁਲਾਸੀ, ਬੰਦੀਖ਼ਾਨਾ ਤੋੜ ਤੁੜਾਇੰਦਾ । ਸਤਿ ਦਵਾਰ ਕੋਈ ਨਾ ਰਹੇ ਮਧਰਾ ਮਾਸੀ, ਮਧ ਸੂਦਨ ਆਪਣਾ ਰਾਹ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰੀ ਪੂਰੀ ਕਰੇ ਆਸੀ, ਆਸਾ ਆਪਣੇ ਨਾਲ ਮਿਲਾਇੰਦਾ । ਸਤਿਜੁਗ ਦੋਏ ਜੋੜ ਕਰੇ ਬੰਦਨ, ਬੰਦਨਾ ਸੀਸ ਝੁਕਾਈਆ । ਪ੍ਰਭ ਤੇਰੀ ਧੂੜੀ ਮਸਤਕ ਟਿੱਕਾ ਚੰਦਨ, ਨਿੰਮ ਸੁਗੰਧ ਰੂਪ ਵਟਾਈਆ । ਦੀਨ ਦਿਆਲ ਸਾਹਿਬ ਬਖ਼ਸ਼ੰਦਨ, ਤੇਰੀ ਬਖ਼ਸ਼ਸ਼ ਮੋਹੇ ਭਾਈਆ । ਵੱਜੇ ਨਾਦ ਖੰਡ ਬ੍ਰਹਿਮੰਡਣ, ਬ੍ਰਹਿਮਾਂਡ ਤੇਰਾ ਜਸ ਗਾਈਆ । ਲੇਖਾ ਜਾਣੇ ਜੇਰਜ ਅੰਡਨ, ਅੰਡਜ ਜੇਰਜ ਆਪਣੀ ਕਾਰੇ ਲਾਈਆ । ਪਰਗਟ ਹੋ ਸੂਰਾ ਸਰਬੰਗਣ, ਬਣ ਮਹਾਂਸਾਰਥੀ ਸੰਗ ਰਖਾਈਆ । ਭਗਤ ਵਿਚੋਲਾ ਦੇਵੇ ਅਨੰਦਨ, ਅਨੰਦ ਇਕੋ ਇਕ ਜਣਾਈਆ । ਸੇਜ ਸੁਹਾਏ ਸਚ ਪਲੰਘਣ, ਪਾਵਾ ਚੂਲ ਨਾ ਕੋਇ ਬਣਾਈਆ । ਨਾਮ ਵਜਾਏ ਇਕ ਮਰਦੰਗਨ, ਤੰਦ ਸਤਾਰ ਨਾ ਕੋਇ ਹਿਲਾਈਆ । ਦਰ ਦਰਵੇਸ਼ ਹੋ ਕੇ ਸਚ ਪ੍ਰੀਤੀ ਆਏ ਮੰਗਣ, ਨਿਰਗੁਣ ਆਪਣਾ ਫੇਰਾ ਪਾਈਆ । ਕਰਾਂ ਨਿਮਸਕਾਰ ਦੋਏ ਜੋੜ ਪ੍ਰਭ ਬੰਦਨ, ਬੰਦਗੀ ਇਕੋ ਇਕ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਣਾ ਇਕੋ ਵਰ, ਸ੍ਰੀ ਭਗਵਾਨ ਦੇਵਣਹਾਰ ਸੱਚਾ ਦਾਨ, ਦਾਤੇ ਦਾਨੀ ਤੇਰੀ ਇਕੋ ਓਟ ਤਕਾਈਆ ।

੭੦੬

੧੪

ਪਹਿਲਾ ਕੱਕਾ ਕਰਮ ਕਾਂਡ, ਕੂੜੀ ਕਿਰਿਆ ਰਹਿਣ ਨਾ ਪਾਈਆ । ਦੂਜਾ ਕੱਕਾ ਭੇਵ ਬ੍ਰਹਿਮਾਂਡ, ਬ੍ਰਹਿਮਾਦ ਫੋਲ ਫੁਲਾਈਆ । ਤੀਜਾ ਕੱਕਾ ਨਿਰਗੁਣ ਸਰਗੁਣ ਨਾਦ, ਅਨਾਦੀ ਨਾਦ ਸ਼ਨਵਾਈਆ । ਚੌਥਾ ਕੱਕਾ ਪੁਰਖ ਅਕਾਲ ਵਸੇ ਸਾਥ, ਸਗਲਾ ਸੰਗ ਨਿਭਾਈਆ । ਪੰਜਵਾਂ ਕੱਕਾ ਗੁਰਮੁਖਾਂ ਨਾਤਾ ਤੋੜੇ ਆਦਿ ਜੁਗਾਦਿ, ਕਾਲ ਮਹਾਂਕਾਲ ਦੋਵੇਂ ਨੇੜ ਨਾ ਆਈਆ । ਗੋਬਿੰਦ ਕੱਕਾ ਸਭ ਦੀ ਸੁਣੇ ਫ਼ਰਯਾਦ, ਸਕਾ ਇਕੋ ਨਜ਼ਰੀ ਆਈਆ । ਕਲਜੁਗ ਜਥਾ ਜਗਤ ਆਵਾਜ਼, ਕੂਕ ਕੂਕ ਸੁਣਾਈਆ । ਕੰਘਾ ਕਛ ਕੜਾ ਕਰਪਾਨ, ਚਾਰੇ ਮਿਟਦੇ ਰਹਿਣ ਨਿਸ਼ਾਨ, ਜਗਤ ਹੱਟੋ ਹੱਟ ਵਿਕਾਈਆ । ਇਕੋ ਕੇਸ ਹੋਏ ਪਰਵਾਨ, ਸੀਸ ਤਾਜ ਰਹੇ ਬਣਾਈਆ । ਗੋਬਿੰਦ ਕੱਕਾ ਕਦੇ ਨਾ ਮਿਟੇ ਨਿਸ਼ਾਨ, ਜਿਸ ਮਿਲਿਆ ਤਿਸ ਨਿਭਿਆ ਸੰਗ ਚੋਰ ਯਾਰ ਠੱਗ ਲੁੱਟ ਸਕੇ ਨਾ ਕੋਇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਕੱਕਾ ਬਿਨ ਗੋਬਿੰਦ ਕਿਸੇ ਨਾ ਰੱਖਾ, ਸ੍ਰਿਸ਼ਟ ਸਬਾਈ ਦਿਤੀ ਭਾਖਿਆ ਭਖਾ, ਭਿਖਕ ਹੋਵੇ ਸਰਬ ਲੋਕਾਈਆ ।

## ★ ੨੧ ਜੇਠ ੨੦੨੦ ਬਿਕ੍ਰਮੀ ਸਾਂਝੀ ਦਾਸ ਦੇ ਗ੍ਰਿਹਿ ਪਿੰਡ ਝੰਡੇ ਜੰਮੂ ★

ਸਤਿਜੁਗ ਸਾਚੀ ਦਇਆ ਕਮਾਵਾਂਗਾ । ਵਸਤ ਅਮੋਲਕ ਇਕ ਵਰਤਾਵਾਂਗਾ । ਤੇਰੀ ਗੋਲਕ ਆਪ ਭਰਾਵਾਂਗਾ । ਨਾਦ ਢੋਲਕ ਇਕ ਵਜਾਵਾਂਗਾ । ਦਰ ਸਾਚਾ ਖੋਲ੍ਹ ਸਰਬ ਸਮਝਾਵਾਂਗਾ । ਸਚ ਸੁੱਚ ਮਿਠਾ ਬੋਲ, ਰਸਨਾ ਜਿਹਵਾ ਗੰਢ ਵਖਾਵਾਂਗਾ । ਨਿਰਗੁਣ ਹੋ ਕੇ ਤੋਲਾਂ ਤੋਲ, ਕੰਡਾ ਇਕੋ ਇਕ ਉਠਾਵਾਂਗਾ । ਜਨ ਭਗਤਾਂ ਅੰਦਰ ਮੌਲ, ਸਤਿ ਸਤਿਵਾਦੀ ਧਾਰ ਸਮਝਾਵਾਂਗਾ । ਤੇਰੇ ਨਾਲ ਕਰ ਕੇ ਕੌਲ, ਅੰਤ ਪੂਰਾ ਕਰ ਵਖਾਵਾਂਗਾ । ਮਿਲੇ ਵਡਿਆਈ ਉਪਰ ਧੌਲ, ਧਰਨੀ ਤੇਰੇ ਨਾਲ ਜਣਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਕਰ ਵਖਾਵਾਂਗਾ । ਸਾਚੀ ਕਰਨੀ ਕਰ ਵਖਾਏਗਾ । ਪ੍ਰਭ ਆਪਣੀ ਦਇਆ ਕਮਾਏਗਾ । ਸਾਚਾ ਧਰਮ ਇਕ ਚਲਾਏਗਾ । ਚਾਰ ਵਰਨ ਰੰਗ ਰੰਗਾਏਗਾ । ਅਠਾਰਾਂ ਬਰਨ ਪੰਧ ਮੁਕਾਏਗਾ । ਸਰਨ ਇਕੋ ਇਕ ਵਖਾਏਗਾ । ਨੇਤਰ ਹਰਨ ਫਰਨ ਖੁਲ੍ਹਾਏਗਾ । ਤਰਨੀ ਤਰਨ ਫੇਰਾ ਪਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਰਹਿਬਰ ਇਕੋ ਇਕ ਆਏਗਾ । ਤੇਰਾ ਰਹਿਬਰ ਹਰਿ ਜੂ ਆਵੇਗਾ । ਪੁਰਖ ਅਬਿਨਾਸ਼ੀ ਖੇਲ ਖਲਾਵੇਗਾ । ਤੇਰਾ ਮੇਲਾ ਸਚ ਮਿਲਾਵੇਗਾ । ਗੁਰ ਚੇਲਾ ਰੰਗ ਰੰਗਾਵੇਗਾ । ਆਤਮ ਪਰਮਾਤਮ ਢੋਲਾ ਗਾਵੇਗਾ । ਬਣ ਵਿਚੋਲਾ ਸੇਵ ਕਮਾਵੇਗਾ । ਪਰਦਾ ਉਹਲਾ ਸਰਬ ਉਠਾਵੇਗਾ । ਕੂੜਾ ਰੌਲਾ ਕੋਇ ਨਾ ਪਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

੭੦੭ ਕਰ, ਤੇਰਾ ਲੇਖਾ ਆਪ ਜਣਾਵੇਗਾ । ਤੇਰਾ ਲੇਖਾ ਆਪ ਜਣਾਏਗਾ । ਪਾਰਬ੍ਰਹਮ ਪ੍ਰਭ ਫੇਰਾ ਪਾਏਗਾ । ਬ੍ਰਹਮ ਆਪਣਾ ਭੇਵ ਚੁਕਾਏਗਾ । ਨਿਹਕਰਮੀ ੭੦੭

੧੪ ਕਰਮ ਕਮਾਏਗਾ । ਸਾਚੀ ਤਰਨੀ ਇਕ ਤਰਾਏਗਾ । ਮਰਨੀ ਡਰਨੀ ਭੇਵ ਮੁਕਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ੧੪

ਸੁਰਤੀ ਚੜ੍ਹਨੀ ਸਚ ਦਵਾਰ, ਮੰਜ਼ਲ ਇਕੋ ਰਾਹ ਵਖਾਏਗਾ । ਮੰਜ਼ਲ ਇਕੋ ਇਕ ਵਖਾਵੇਗਾ । ਸੁਰਤੀ ਸ਼ਬਦੀ ਮੇਲ ਮਿਲਾਵੇਗਾ । ਅਕਾਲ ਮੂਰਤੀ ਨਜ਼ਰੀ ਆਵੇਗਾ । ਨਾਦ ਤੂਰਤੀ ਇਕ ਵਜਾਵੇਗਾ । ਸਚ ਸੂਰਤੀ ਰੂਪ ਵਟਾਵੇਗਾ । ਆਸਾ ਪੂਰਤੀ ਖੇਲ ਕਰਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਤੇਰੇ ਹੱਥ ਰਖਾਵੇਗਾ । ਸਿਰ ਤੇਰੇ ਹੱਥ ਰਖਾਏਗਾ । ਮਿਹਰ ਨਜ਼ਰ ਉਠਾਏਗਾ । ਕਲਜੁਗ ਅੰਤ ਡੇਰ ਨਾ ਲਾਏਗਾ । ਸਤਿਜੁਗ ਸਾਚਾ ਰਾਹ ਵਖਾਏਗਾ । ਬੇਪਰਵਾਹ ਵੇਸ ਵਟਾਏਗਾ । ਨੇਹੋਂ ਭਗਤਾਂ ਨਾਲ ਜਣਾਏਗਾ । ਅੰਮ੍ਰਿਤ ਮੇਘ ਇਕ ਬਰਸਾਏਗਾ । ਅਗਨੀ ਅੱਗ ਸਰਬ ਬੁਝਾਏਗਾ । ਸੂਰਾ ਸਰਬੱਗ ਵੇਖ ਵਖਾਏਗਾ । ਸਚ ਦਵਾਰੇ ਸੱਦ, ਸਿਰ ਤੇਰੇ ਸੀਸ ਟਿਕਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਦੀਸ ਆਪਣੀ ਦਇਆ ਕਮਾਏਗਾ । ਪ੍ਰਭ ਦੱਸ ਵੇਲਾ ਕਵਣ ਵੇਲੇ ਆਏਂਗਾ । ਆ ਕੇ ਦਇਆ ਕਮਾਏਂਗਾ । ਸੋਇਆ ਸੁਤ ਉਠਾਏਂਗਾ । ਅਬਿਨਾਸ਼ੀ ਰੁੱਤ ਸੁਹਾਏਂਗਾ । ਕਾਇਆ ਰੂਪ ਭੇਵ ਚੁਕਾਏਂਗਾ । ਮੁਖ ਉਜਲ ਸਰਬ ਕਰਾਏਂਗਾ । ਦੁੱਖ ਭੁੱਖ ਮਾਤ ਮਿਟਾਏਂਗਾ । ਮਾਣਸ ਮਾਨੁਖ ਮਨੁਸ਼ ਆਪ ਸਮਝਾਏਂਗਾ । ਧਰਤ ਮਾਤ ਦੀ ਸਫਲ ਕੁਖ ਕਰਾਏਂਗਾ । ਆਪਣੀ ਧਾਰੋਂ ਉਠ, ਆਪਣਾ ਰੰਗ ਰੰਗਾਏਂਗਾ । ਜਨ ਭਗਤਾਂ ਉਪਰ ਤੁਠ, ਦਹਿ ਦਿਸ਼ਾ ਨਜ਼ਰੀ ਆਏਂਗਾ । ਜੇ ਬੈਠਾ ਰਿਹੋਂ ਚੁਪ, ਦੋ ਜਹਾਨ ਸਰਬ ਕੁਰਲਾਏਂਗਾ । ਕਲਜੁਗ ਅੰਤ ਅੰਧੇਰਾ ਘੁੱਪ, ਸਾਚਾ ਚੰਦ ਨਾ ਕੋਇ ਚਮਕਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਦੇਣਾ ਸਾਚਾ ਵਰ, ਕਵਣ

ਵੇਲਾ ਫੇਰਾ ਪਾਏਂਗਾ । ਕਵਣ ਵੇਲਾ ਪ੍ਰਭ ਆਵੇਂਗਾ । ਗੀਤ ਗੋਬਿੰਦ ਅਲਾਵੇਂਗਾ । ਮਾਰਗ ਇਕ ਵਖਾਵੇਂਗਾ । ਸ੍ਰਿਸ਼ਟ ਸਬਾਈ ਸਮਝਾਵੇਂਗਾ । ਆਤਮ ਪਰਮਾਤਮ ਮੇਲ ਮਿਲਾਵੇਂਗਾ । ਉਤਮ ਜ਼ਾਤ ਬਣਾਵੇਂਗਾ । ਮਨਮਤ ਨਾਰ ਕਮਜ਼ਾਤ ਖਪਾਵੇਂਗਾ । ਸਾਚਾ ਮਾਰਗ ਇਕ ਦਸਾਵੇਂਗਾ । ਚਾਰ ਵਰਨ ਇਕੋ ਘਰ ਬਹਾਵੇਂਗਾ । ਸਾਚੀ ਸਰਨ ਇਕ ਦਰਸਾਵੇਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਵਣ ਕੂਟੇ ਡੇਰਾ ਲਾਵੇਂਗਾ । ਕਵਣ ਕੂਟੇ ਡੇਰਾ ਲਾਏਂਗਾ । ਕਵਣ ਬੂਟੇ ਵੇਖ ਵਖਾਏਂਗਾ । ਕਵਣ ਝੂਟੇ ਨਾਮ ਦਿਵਾਏਂਗਾ । ਕਵਣ ਖੋਟੇ ਬਾਹਰ ਕਢਾਏਂਗਾ । ਕਵਣ ਸੋਤੇ ਆਪ ਉਠਾਏਂਗਾ । ਕਵਣ ਰੋਸੇ ਮਾਤ ਮਿਟਾਏਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਵਣ ਮੰਦਰ ਸੋਭਾ ਪਾਏਂਗਾ । ਕਵਣ ਮੰਦਰ ਸੋਭਾ ਪਾਵੇਂਗਾ । ਜਿਸ ਅੰਦਰ ਚਰਨ ਟਿਕਾਵੇਂਗਾ । ਸਚ ਸਿੰਘਾਸਣ ਇਕ ਸੁਹਾਵੇਂਗਾ । ਪੁਰਖ ਅਬਿਨਾਸ਼ੀ ਖੇਲ ਖਲਾਵੇਂਗਾ । ਸਰਬ ਗੁਣ ਤਾਸਨ ਫੇਰਾ ਪਾਵੇਂਗਾ । ਸਾਚੀ ਮੰਡਲ ਰਾਸ ਰਚਾਵੇਂਗਾ । ਗੋਪੀ ਕਾਹਨ ਵੇਖ ਵਖਾਵੇਂਗਾ । ਸੀਤਾ ਰਾਮ ਉਂਗਲੀ ਲਾਵੇਂਗਾ । ਨਿਹਕਰਮੀ ਨਿਹਕਾਮ ਆਪਣਾ ਆਪ ਜਣਾਵੇਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਾਹਨ ਬਣੇ ਸੱਚਾ ਸ਼ਾਮ, ਬੰਸਰੀ ਇਕੋ ਹੱਥ ਉਠਾਵੇਂਗਾ । ਕਵਣ ਬੰਸਰੀ ਵੱਜੇ ਨਾਦ, ਕਵਣ ਧੁਨ ਰਾਗ ਅਲਾਈਆ । ਕਵਣ ਵੇਲਾ ਦੇਵੇਂ ਦਾਦ, ਵਸਤ ਅਮੋਲਕ ਝੋਲੀ ਪਾਈਆ । ਕਵਣ ਵੇਲਾ ਪੀਰ ਪੈਗ਼ੰਬਰ ਮਾਰ ਆਵਾਜ਼, ਸੋਏ ਲਏਂ ਮਾਤ ਉਠਾਈਆ । ਕਵਣ ਵੇਲਾ ਖੋਲ੍ਹੇ ਰਾਜ਼, ਆਪ ਆਪਣਾ ਭੇਵ ਜਣਾਈਆ । ਕਵਣ ਵੇਲਾ ਬਦਲੇਂ ਸਮਾਜ, ਧੁਰ ਫ਼ਰਮਾਨਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਦੇਣਾ ਸਾਚਾ ਵਰ, ਸਤਿਜੁਗ ਢਹਿ ਪਿਆ ਸਰਨਾਈਆ । ਸਤਿਜੁਗ ਉਠ ਨਿੱਕੇ ਬੱਚੇ, ਹਰਿ ਬਾਲੀ ਬੁਧ ਜਣਾਈਆ । ਤੇਰੇ ਵਿਚਾਰ ਅਜੇ ਕੱਚੇ, ਪੱਕੀ ਗੱਲ ਨਾ ਕੋਇ ਸਮਝਾਈਆ । ਸਚ ਪ੍ਰੀਤੀ ਜੋ ਜਨ ਰਤੇ, ਤਿਨ੍ਹਾਂ ਆਪਣਾ ਰੰਗ ਰੰਗਾਈਆ । ਸਾਚੇ ਖਾਤੇ ਆਪੇ ਰੱਖੇ, ਰੱਖਿਆ ਕਰੇ ਬੇਪਰਵਾਹੀਆ । ਨਿਰਵੈਰ ਮਾਰਗ ਇਕੋ ਦੱਸੇ, ਏਕਾ ਰਾਹ ਚਲਾਈਆ । ਹਰ ਘਟ ਅੰਦਰ ਆਪੇ ਵਸੇ, ਘਰ ਘਰ ਡੇਰਾ ਲਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਭ ਨੂੰ ਦੇ ਕੇ ਗਏ ਪਤੇ, ਵਾਕ ਭਵਿਖਤ ਲਿਖਤ ਜਣਾਈਆ । ਕਲਜੁਗ ਅੰਤ ਸ੍ਰੀ ਭਗਵਾਨ ਸਭ ਦੀ ਪਤ ਰੱਖੇ, ਵਡ ਦਾਤਾ ਬੇਪਰਵਾਹੀਆ । ਚਾਰੋਂ ਕੁੰਟ ਅਗਨੀ ਅੰਗਿਆਰ ਭਖੇ, ਤ੍ਰੈਗੁਣ ਲੰਬੂ ਇਕੋ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਰਿਹਾ ਜਣਾਈਆ । ਸਤਿਜੁਗ ਬਾਲੇ ਤੇਰੀ ਨਿੱਕੀ ਬੁੱਧ, ਬੁੱਧੀ ਸਮਝ ਸਕੇ ਨਾ ਰਾਈਆ । ਪਾਰਬ੍ਰਹਮ ਦੀ ਪਾਏ ਨਾ ਸੁਧ, ਸੁਧ ਆਪਣੀ ਰਹੇ ਨਾ ਰਾਈਆ । ਸ੍ਰੀ ਭਗਵਾਨ ਨਿਰਗੁਣ ਹੋ ਕੇ ਰਿਹਾ ਉਠ, ਜੋਤੀ ਨੂਰ ਕਰ ਰੁਸ਼ਨਾਈਆ । ਸੰਬਲ ਵਸੇ ਸਾਚੀ ਗੁਫ, ਨਗਰ ਇਕੋ ਰਿਹਾ ਵਸਾਈਆ । ਕਰ ਪਰਕਾਸ਼ ਨਿਰਮਲ ਜੋਤ, ਨੂਰੋ ਨੂਰ ਨੂਰ ਰੁਸ਼ਨਾਈਆ । ਲੇਖਾ ਜਾਣ ਲੋਕ ਪਰਲੋਕ, ਦੋ ਜਹਾਨਾਂ ਵੇਖ ਵਖਾਈਆ । ਤੇਰੀ ਝੋਲੀ ਪਾਏ ਆਪਣਾ ਨਾਮ ਸਚ ਸਲੋਕ, ਸੋਹੰ ਢੋਲਾ ਇਕ ਸੁਣਾਈਆ । ਬਿਨ ਪੂਜਾ ਪਾਠ ਬਿਨ ਸਿਮਰਨ ਭਗਤੀ ਦੇਵਣਹਾਰਾ ਮੋਖ, ਮੁਫ਼ਤ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵਣਹਾਰਾ ਸੱਚਾ ਦਾਨ, ਦਾਤਾ ਦਾਨੀ ਇਕੋ ਵਸਤ ਰਿਹਾ ਵਰਤਾਈਆ ।

★ ੨੧ ਜੇਠ ੨੦੨੦ ਬਿਕ੍ਰਮੀ ਪਰਕਾਸ਼ੋ ਦੇਵੀ ਦੇ ਗ੍ਰਹਿ ਪਿੰਡ ਪੰਡਤ ਚੱਕ ਜੰਮੂ ★

ਸਤਿ ਧਰਮ ਦਾ ਸਚ ਨਿਸ਼ਾਨ, ਸਤਿ ਪੁਰਖ ਨਿਰੰਜਣ ਦਏ ਜਣਾਈਆ । ਸਾਚੇ ਭਗਤ ਪਰਗਟ ਕਰ ਸ੍ਰੀ ਭਗਵਾਨ, ਭਗਵਨ ਆਪਣਾ ਰਾਹ ਜਣਾਈਆ । ਕਲਜੁਗ ਅੰਤਮ ਦੇਵੇ ਇਕ ਗਿਆਨ, ਸਾਚੀ ਸਿਖਿਆ ਕਰੇ ਪੜ੍ਹਾਈਆ । ਆਤਮ ਪਰਮਾਤਮ ਕਰ ਪਰਵਾਨ, ਨਾਮ ਪਰਵਾਨਾ ਇਕ ਜਣਾਈਆ । ਸਚ ਵਖਾਏ ਇਕ ਮਕਾਨ, ਮਹੱਲ ਅਟੱਲ ਕਰੇ ਰੁਸ਼ਨਾਈਆ । ਨਾਤਾ ਤੋੜ ਸਰਬ ਜਹਾਨ, ਨਿਰਗੁਣ ਆਪਣੇ ਨਾਲ ਬੰਧਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਹੋਣ ਹੈਰਾਨ, ਨੇਤਰ ਨੈਣ ਨੈਣ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਨਿਸ਼ਾਨਾ ਦਏ ਜਣਾਈਆ । ਸਚ ਨਿਸ਼ਾਨਾ ਸਾਚਾ ਭਗਤ, ਸ੍ਰੀ ਭਗਵਾਨ ਆਪ ਜਣਾਇੰਦਾ । ਮਿਲੇ ਵਡਿਆਈ ਵਿਚ ਜਗਤ, ਜਗ ਜੁਗਤੀ ਆਪ ਸਮਝਾਇੰਦਾ । ਜਿਨ੍ਹਾਂ ਪਿਛੇ ਨਿਰਵੈਰ ਪੁਰਖ ਆਇਆ ਪਰਤ, ਬੇਪਰਵਾਹ ਆਪਣਾ ਫੇਰਾ ਪਾਇੰਦਾ । ਨਾਮ ਕਸਵੱਟੀ ਲਿਆ ਪਰਖ, ਪਾਹਨ ਰਗੜ ਨਾ ਕੋਇ ਲਗਾਇੰਦਾ । ਨਿਰਧਨ ਉਤੇ ਕੀਤਾ ਤਰਸ, ਨਿਰਵੈਰ ਆਪਣੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਨਿਸ਼ਾਨਾ ਇਕ ਜਣਾਇੰਦਾ । ਭਗਤ ਨਿਸ਼ਾਨਾ ਗੋਬਿੰਦ ਗੋਬਿੰਦ ਗੋਬਿੰਦ, ਸ੍ਰੀ ਭਗਵਾਨ ਰਿਹਾ ਜਣਾਈਆ । ਜਿਨ੍ਹਾਂ ਵੇਖ ਮਿਟੇ ਸਗਲੀ ਚਿੰਦ, ਚਿੰਤਾ ਰੋਗ ਰਹਿਣ ਨਾ ਪਾਈਆ । ਘਰ ਮਿਲਿਆ ਸਵਾਮੀ ਗੁਣੀ ਗਹਿੰਦ, ਗਹਿਰ ਗੰਭੀਰ ਦਿਤੀ ਸਰਨਾਈਆ । ਸਤਿ ਸਤਿਵਾਦੀ ਦਿਤਾ ਇਕ ਅਨੰਦ, ਅਨੰਦ ਅਨੰਦ ਇਕ ਜਣਾਈਆ । ਕਲਜੁਗ ਅੰਦਰ ਚੜ੍ਹੇ ਚੰਦ, ਸਤਿਜੁਗ ਨੂਰ ਨੂਰ ਰੁਸ਼ਨਾਈਆ । ਜਿਨ੍ਹਾਂ ਢੋਲਾ ਗਾਇਆ ਸੋਹੰ ਛੰਦ, ਸੋ ਪੁਰਖ ਨਿਰੰਜਣ ਇਕੋ ਪੁਰਖ ਮਨਾਈਆ । ਕੂੜੀ ਕਿਰਿਆ ਨਾਤਾ ਤੋੜਿਆ ਰਸਨਾ ਜਿਹਵਾ ਗੰਦ, ਬੱਤੀ ਦੰਦ ਨਾ ਮੇਲ ਮਿਲਾਈਆ । ਜਨਮ ਜਨਮ ਦਾ ਮੁਕਿਆ ਪੰਧ ਮੰਜ਼ਲ ਹੱਕ ਦਏ ਪੁਚਾਈਆ । ਕਾਇਆ ਚੋਲੀ ਚਾੜ੍ਹੇ ਰੰਗ, ਮਜੀਠੀ ਰੰਗ ਆਪ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਨਿਸ਼ਾਨ ਰਿਹਾ ਪਰਗਟਾਈਆ । ਸਚ ਨਿਸ਼ਾਨ ਭਗਤ ਅਨਮੁਲਾ, ਸੋ ਸਾਹਿਬ ਆਪ ਪਰਗਟਾਇੰਦਾ । ਭਾਗ ਲਗਾਏ ਆਪਣੀ ਕੁਲਾ, ਕੁਲ ਆਪਣੀ ਆਪ ਜਣਾਇੰਦਾ । ਨਾਮ ਨਿਧਾਨਾ ਦੇਵੇ ਤੁਲ੍ਹਾ, ਕਲਜੁਗ ਕਿਨਾਰਾ ਪਾਰ ਵਖਾਇੰਦਾ । ਸਤਿਗੁਰ ਬੂਟਾ ਕਦੇ ਨਾ ਹੁੱਲਾ, ਫਲ ਅੰਮ੍ਰਿਤ ਆਪ ਲਗਾਇੰਦਾ । ਕਲਜੁਗ ਚਾਰ ਕੁੰਟ ਦਹਿ ਦਿਸ਼ਾ ਜਗਤ ਅੰਧੇਰੀ ਝੁੱਲੇ ਬੁਲ੍ਹਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੂਪ ਆਪ ਜਣਾਇੰਦਾ । ਭਗਤ ਭਗਵਾਨ ਸਾਚਾ ਰੂਪ, ਸੋ ਸਾਹਿਬ ਰਿਹਾ ਸਮਝਾਈਆ । ਜੁਗ ਚੌਕੜੀ ਮਹਿਮਾ ਅਨੂਪ, ਸਿਫ਼ਤੀ ਸਿਫ਼ਤ ਸਿਫ਼ਤ ਵਡਿਆਈਆ । ਵੱਜੇ ਡੰਕ ਚਾਰ ਕੂਟ, ਕੁੰਟ ਆਪਣਾ ਨਾਮ ਸਮਝਾਈਆ । ਸ਼ਬਦ ਅਗੰਮ ਭੇਜ ਦੂਤ, ਦਹਿ ਦਿਸ਼ਾ ਰਿਹਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਨਿਸ਼ਾਨ ਰਿਹਾ ਝੁਲਾਈਆ । ਭਗਤ ਭਗਵਾਨ ਝੁਲੇ ਨਿਸ਼ਾਨਾ, ਲੋਕਮਾਤ ਵੇਖ ਵਖਾਈਆ । ਖੇਲੇ ਖੇਲ ਮਰਦ ਮਰਦਾਨਾ, ਵਡ ਦਾਨਾ ਵਡ ਵਡਿਆਈਆ । ਘਰ ਮੰਦਰ ਅੰਦਰ ਨਜ਼ਰ ਆਏ ਕਾਹਨਾ, ਆਸਣ ਇਕੋ ਇਕ ਸੋਭਾ ਪਾਈਆ । ਮਾਰਗ ਸੱਚਾ ਸਚ ਵਖਾਨਾ, ਵਰਨ ਬਰਨ ਨਾ ਕੋਇ ਜਣਾਈਆ । ਪਰਮ ਪੁਰਖ ਪ੍ਰਭ ਖੇਲ ਮਹਾਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦ੍ਰਿਸ਼ਟ ਰਿਹਾ ਜਣਾਈਆ । ਸਾਚੀ ਦ੍ਰਿਸ਼ਟ ਜਾਏ ਖੁੱਲ, ਜਿਸ ਆਪਣੀ ਦਇਆ ਕਮਾਇੰਦਾ । ਚਰਨ

ਪ੍ਰੀਤੀ ਜਾਏ ਘੁੱਲ, ਸਾਚੀ ਰੀਤੀ ਇਕ ਸਮਝਾਇੰਦਾ । ਕਰਤਾ ਕੀਮਤ ਪਾਏ ਮੁੱਲ, ਪਾਰਖੂ ਇਕੋ ਇਕ ਅਖਵਾਇੰਦਾ । ਪੱਤ ਡਾਲੀ ਵੇਖੇ ਫੁਲ, ਕਲੀ ਕਲੀ ਆਪ ਮਹਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਵਾਨ ਦਇਆ ਕਮਾਇੰਦਾ । ਭਗਤਾਂ ਅੰਦਰ ਵਸਿਆ ਏਕ, ਅੰਤ ਕਲ ਵਡਿਆਈਆ । ਸਤਿਜੁਗ ਸਾਚੀ ਦੇਵੇ ਟੇਕ, ਟਿੱਕਾ ਮਸਤਕ ਲਾਈਆ । ਮਾਰਗ ਦੱਸੇ ਇਕ ਬਿਬੇਕ, ਵਿਵੇਕੀ ਕਾਰ ਕਮਾਈਆ । ਪੁਰਖ ਅਕਾਲ ਸਾਚਾ ਹੇਤ, ਗੋਬਿੰਦ ਸਚ ਸਰਨਾਈਆ । ਦਰਸ ਕਰਨਾ ਨੇਤਨ ਨੇਤ, ਨਿਜ ਨੇਤਰ ਨੈਣ ਜਣਾਈਆ । ਅੰਦਰ ਵੜ ਕੇ ਲੈਣਾ ਭੇਤ, ਬਾਹਰ ਸਮਝ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭਗਤਨ ਮੀਤਾ ਇਕ ਅਖਵਾਈਆ । ਭਗਤਨ ਮੀਤਾ ਸਤਿਜੁਗ ਜੋਗ, ਜੋਗੀਸ਼ਰ ਇਕੋ ਧਾਰ ਜਣਾਇੰਦਾ । ਆਤਮ ਪਰਮਾਤਮ ਹੋਏ ਸੰਜੋਗ, ਧੁਰ ਸੰਜੋਗੀ ਮੇਲ ਮਿਲਾਇੰਦਾ । ਜਨਮ ਜਨਮ ਦਾ ਵਛੋੜਾ ਚੁੱਕੇ ਰੋਗ, ਗੁਰਮੁਖ ਰੋਗੀ ਕੋਇ ਰਹਿਣ ਨਾ ਪਾਇੰਦਾ । ਦਰ ਦਰ ਘਰ ਘਰ ਦੇਵੇ ਦਰਸ ਅਮੋਘ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਸੋਹੰ ਹੰਸਾ ਚੁਗਾਏ ਸਾਚੀ ਚੋਗ, ਮਾਣਕ ਮੋਤੀ ਆਪਣੇ ਹੱਥ ਰਖਾਇੰਦਾ । ਭਾਗ ਲਗਾ ਕਾਇਆ ਕੋਟ, ਕੱਪੜ ਇਕੋ ਇਕ ਸੁਹਾਇੰਦਾ । ਆਪ ਉਠਾਏ ਆਹਲਣਿਉਂ ਡਿਗੇ ਬੋਟ, ਗੁਰਸਿਖ ਆਪਣੀ ਗੋਦ ਬਹਾਇੰਦਾ । ਕਰ ਪਰਕਾਸ਼ ਨਿਰਮਲ ਜੋਤ, ਅੰਧ ਅੰਧੇਰ ਚੁਕਾਇੰਦਾ । ਜਨ ਭਗਤਾਂ ਕਰੇ ਆਪ ਸੋਚ, ਜਗ ਸੋਚਿਆਂ ਹੱਥ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿਜਨ ਪੂਰੀ ਕਰੇ ਲੋਚ, ਲੋਚ ਮਨਸਾ ਆਸਾ ਆਪਣੇ ਨਾਲ ਮਿਲਾਇੰਦਾ ।

### ★ ੨੧ ਜੇਠ ੨੦੨੦ ਬਿਕ੍ਰਮੀ ਰਸਾਲ ਸਿੰਘ, ਸਾਹਿਬ ਸਿੰਘ ਦੇ ਗ੍ਰਿਹ ਮਨਾਵਰ ਜੰਮੂ ★

ਸਤਿਜੁਗ ਸਾਚੀ ਦੱਸੇ ਰੀਤ, ਸ੍ਰੀ ਭਗਵਾਨ ਦਇਆ ਕਮਾਇੰਦਾ । ਸਤਿ ਸਤਿਵਾਦੀ ਇਕੋ ਗੀਤ, ਸੋ ਸਾਹਿਬ ਆਪ ਸਮਝਾਇੰਦਾ । ਲੱਖ ਚੁਰਾਸੀ ਬਦਲੇ ਨੀਤ, ਨੀਤੀਵਾਨ ਵੇਖ ਵਖਾਇੰਦਾ । ਏਕਾ ਰੰਗ ਰੰਗਾਏ ਹਸਤ ਕੀਟ, ਊਚ ਨੀਚ ਨਾ ਕੋਇ ਜਣਾਇੰਦਾ । ਮਨ ਵਾਸਨਾ ਲਏ ਜੀਤ, ਹਰਿਜਨ ਸਾਚਾ ਸੋਭਾ ਪਾਇੰਦਾ । ਨਜ਼ਰੀ ਆਏ ਇਕ ਅਤੀਤ, ਤ੍ਰੈਗੁਣ ਮਾਇਆ ਪਰਦਾ ਲਾਹਿੰਦਾ । ਪੰਜ ਤੱਤ ਕਾਇਆ ਕਰੇ ਠਾਂਡੀ ਸੀਤ, ਅੰਮ੍ਰਿਤ ਮੇਘ ਇਕ ਬਰਸਾਇੰਦਾ । ਇਕੋ ਨਜ਼ਰੀ ਆਏ ਮੰਦਰ ਮਸਜਦ ਮਸੀਤ, ਸ਼ਿਵਦਵਾਲਾ ਇਕੋ ਘਰ ਵਖਾਇੰਦਾ । ਆਤਮ ਪਰਮਾਤਮ ਇਕੋ ਢੋਲਾ ਸਾਚਾ ਗੀਤ, ਸੋ ਪੁਰਖ ਨਿਰੰਜਣ ਆਪ ਪੜ੍ਹਾਇੰਦਾ । ਹੰ ਬ੍ਰਹਮ ਪ੍ਰਭ ਲਏ ਜੀਤ, ਪਾਰਬ੍ਰਹਮ ਪ੍ਰਭ ਆਪਣੀ ਦਇਆ ਕਮਾਇੰਦਾ । ਦੇਵਣਹਾਰਾ ਸਾਚੀ ਸਿਖਿਆ ਸੀਖ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਚ ਇਕ ਦ੍ਰਿੜਾਇੰਦਾ । ਸਤਿਜੁਗ ਸਿਖਿਆ ਚਾਰ ਵਰਨ, ਬੇਪਰਵਾਹ ਆਪ ਜਣਾਈਆ । ਪੁਰਖ ਅਬਿਨਾਸ਼ੀ ਏਕਾ ਸਰਨ, ਇਸ਼ਟ ਦੇਵ ਇਕੋ ਨਜ਼ਰੀ ਆਈਆ । ਚਤਰਭੁਜ ਵਡ ਕਰਨੀ ਕਰਨ, ਕਰਤਾ ਪੁਰਖ ਪ੍ਰਭ ਆਪਣੀ ਕਾਰ ਕਮਾਈਆ । ਸੰਤ ਸੁਹੇਲੇ ਭਗਤ ਭਗਵਾਨ ਆਏ ਫੜਨ, ਡੂੰਘੀ ਭਵਰ ਕਵਰ ਵੇਖ ਵਖਾਈਆ । ਸਾਚੇ ਪੌੜੇ ਆਏ ਚੜ੍ਹਨ, ਕਾਇਆ ਮੰਦਰ ਅੰਦਰ ਵੇਖ ਵਖਾਈਆ । ਇਕੋ ਢੋਲਾ ਆਏ ਪੜ੍ਹਨ, ਆਤਮ ਪਰਮਾਤਮ ਰਾਗ ਅਲਾਈਆ । ਇਕ ਦਵਾਰੇ ਆਏ ਖੜਨ,

ਸਚਖੰਡ ਸਾਚੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਇਕ ਵਡਿਆਈਆ । ਦੇਵੇ ਵਡਿਆਈ ਗ਼ਰੀਬ ਨਿਵਾਜ਼ਾ, ਗਹਿਰ ਗੰਭੀਰ ਦਇਆ ਕਮਾਇੰਦਾ । ਜੁਗ ਚੌਕੜੀ ਰਚ ਰਚ ਕਾਜਾ, ਨਿਰਗੁਣ ਸਰਗੁਣ ਵੇਖ ਵਖਾਇੰਦਾ । ਨਾਮ ਨਿਧਾਨ ਅਗੰਮ ਅਥਾਹ ਦੇਵਣਹਾਰਾ ਸਾਚਾ ਦਾਜਾ, ਨਿਰਗੁਣ ਸਰਗੁਣ ਵਸਤ ਝੋਲੀ ਆਪ ਭਰਾਇੰਦਾ । ਅਨਹਦ ਨਾਦ ਵਜਾਏ ਇਕੋ ਵਾਜਾ, ਸੁਰ ਤਾਲ ਨਾ ਕੋਇ ਸੁਣਾਇੰਦਾ । ਸੁਰਤ ਸਵਾਣੀ ਸ਼ਬਦ ਹਾਣੀ ਬੰਨ੍ਹੇ ਨਾਤਾ, ਨਾਤਾ ਬਿਧਾਤਾ ਜੋੜ ਜੁੜਾਇੰਦਾ । ਮੇਟੇ ਰੈਣ ਅੰਧੇਰੀ ਰਾਤਾ, ਜੋਤ ਨਿਰੰਜਣ ਚੰਦ ਚਮਕਾਇੰਦਾ । ਅੰਦਰ ਬਾਹਰ ਗੁਪਤ ਜ਼ਾਹਰ ਦੇਵਣਹਾਰਾ ਸੱਚਾ ਸਾਥਾ, ਸਾਹਿਬ ਸਤਿਗੁਰ ਸੰਗ ਨਿਭਾਇੰਦਾ । ਲੇਖਾ ਜਾਣੇ ਤ੍ਰਿਲੋਕੀ ਨਾਥਾ, ਰਾਮ ਰਮੱਯਾ ਆਪਣੀ ਕਾਰ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚੀ ਧਾਰ ਜਣਾਇੰਦਾ । ਸਤਿਜੁਗ ਖੋਲ੍ਹੇ ਤੇਰੀ ਅੱਖ, ਆਖ਼ਰ ਆਪਣਾ ਮੇਲ ਮਿਲਾਈਆ । ਨਿਰਗੁਣ ਨਜ਼ਰ ਆਏ ਪਰਤੱਖ, ਪਾਰਬ੍ਰਹਮ ਪ੍ਰਭ ਬੇਪਰਵਾਹੀਆ । ਸਤਿ ਧਰਮ ਦਾ ਮਾਰਗ ਦੇਵੇ ਦੱਸ, ਕੂੜੀ ਕਿਰਿਆ ਰਹਿਣ ਨਾ ਪਾਈਆ । ਭਾਗ ਲਗਾਏ ਕਾਇਆ ਤੱਤ ਅੱਠ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਆਪ ਸੁਹਾਈਆ । ਪਾਰਬ੍ਰਹਮ ਬ੍ਰਹਮ ਇਕ ਦੂਜੇ ਦਾ ਗਾਇਣ ਜਸ, ਜਸ ਸਿਫ਼ਤੋ ਸਿਫ਼ਤ ਸਾਲਾਹੀਆ । ਮੇਲ ਮਿਲਾਵਾ ਹੱਸ ਹੱਸ, ਸੋਹੰ ਹੰਸਾ ਮੁਖ ਏਕਾ ਰਾਗ ਅਲਾਈਆ । ਹਿਰਦੇ ਅੰਦਰ ਨਰ ਨਰਾਇਣ ਜਾਏ ਵਸ, ਬੰਦ ਤਾਕੀ ਕੁੰਡਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਮਾਰਗ ਇਕ ਜਣਾਈਆ । ਸਤਿਜੁਗ ਮਾਰਗ ਚਲੇ ਏਕ, ਏਕਾ ਦੇਵਣਹਾਰ ਵਡਿਆਈਆ । ਜੁਗ ਚੌਕੜੀ ਲਿਖਣਹਾਰਾ ਲੇਖ, ਦੋ ਜਹਾਨਾਂ ਰਿਹਾ ਸਮਝਾਈਆ । ਨਿਰਵੈਰ ਹੋ ਕੇ ਧਾਰੇ ਭੇਖ, ਅਜੂਨੀ ਰਹਿਤ ਫੇਰਾ ਪਾਈਆ । ਮੁੱਛ ਦਾੜ੍ਹੀ ਨਾ ਕੋਇ ਕੇਸ, ਸੀਸ ਜਗਦੀਸ ਨਾ ਮੂੰਡ ਮੁੰਡਾਈਆ । ਚਰਨ ਕਵਲ ਰਖਾਏ ਵਿਸ਼ਨ ਬ੍ਰਹਮ ਮਹੇਸ਼, ਸ਼ੰਕਰ ਆਪਣੀ ਕਾਰ ਲਗਾਈਆ । ਗੁਰ ਅਵਤਾਰ ਕਰਨ ਆਦੇਸ, ਪੀਰ ਪੈਗ਼ੰਬਰ ਸਜਦਾ ਸੀਸ ਝੁਕਾਈਆ । ਸ਼ਾਹੋ ਭੂਪ ਵਡ ਨਰੇਸ਼, ਸਾਚੇ ਤਖ਼ਤ ਆਸਣ ਲਾਈਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਜੇਰਜ ਅੰਡਾਂ ਰਿਹਾ ਵੇਖ, ਬਿਨ ਨੇਤਰ ਨੈਣ ਖੁਲ੍ਹਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਖੇਲਣਹਾਰਾ ਖੇਡ, ਵਡ ਖਲਾੜੀ ਭੇਵ ਚੁਕਾਈਆ । ਸ਼ਬਦ ਅਗੰਮ ਨਾਦ ਤੂਰ ਬੋਧ ਅਗੰਮ ਸੰਦੇਸਾ ਭੇਜ, ਲੋਕਮਾਤ ਜੀਵ ਜੰਤ ਜੁਗਤ ਕਰੇ ਪੜ੍ਹਾਈਆ । ਚੌਦਾ ਲੋਕ ਚੌਦਾਂ ਤਬਕ ਲੇਖਾ ਜਾਣ ਗੁਰੂ ਗੁਰ ਚੇਲ, ਚੇਲਾ ਗੁਰ ਆਪਣੀ ਸੇਵ ਲਗਾਈਆ । ਚੌਦਾਂ ਵਿਦਿਆ ਜਾਣੇ ਤੇਜ, ਤੇਜਵਾਨ ਬੇਪਰਵਾਹੀਆ । ਵੇਖਣਹਾਰਾ ਵਿਸ਼ਨੂੰ ਵਿਸ਼ਵ ਸਾਂਗੋ ਪਾਂਗ ਸੇਜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਮਾਰਗ ਇਕ ਦਰਸਾਈਆ । ਸਤਿਜੁਗ ਮਾਰਗ ਦੱਸੇ ਰਾਹ, ਰਹਿਬਰ ਇਕੋ ਇਕ ਜਣਾਇੰਦਾ । ਪੁਰਖ ਅਬਿਨਾਸ਼ੀ ਬਣੇ ਮਲਾਹ, ਸਾਚਾ ਬੇੜਾ ਮਾਤ ਚਲਾਇੰਦਾ । ਜਨ ਭਗਤਾਂ ਦੇਵੇ ਇਕ ਸਲਾਹ, ਸਲਾਹਗੀਰ ਇਕੋ ਨਜ਼ਰੀ ਆਇੰਦਾ । ਆਤਮ ਪਰਮਾਤਮ ਢੋਲਾ ਦਏ ਪੜ੍ਹਾ, ਸੋਹਲਾ ਇਕੋ ਰਾਗ ਸੁਣਾਇੰਦਾ । ਅੰਤਰ ਪਰਦਾ ਉਹਲਾ ਦਏ ਚੁਕਾ, ਬਜਰ ਕਪਾਟੀ ਪਾਰ ਕਰਾਇੰਦਾ । ਆਬੇ ਹਯਾਤ ਮਧੁਰ ਪਿਆਲਾ ਇਕੋ ਰਸ ਦਏ ਪਿਆ, ਖ਼ੁਮਾਰੀ ਇਕੋ ਨਾਮ ਚੜ੍ਹਾਇੰਦਾ । ਦਰ ਦਰਵਾਜ਼ਾ ਦਏ ਖੁਲ੍ਹਾ, ਖ਼ਾਲਕ ਖ਼ਲਕ ਵੇਖ ਵਖਾਇੰਦਾ । ਅਨਰਾਗਾ ਰਾਗ ਦਏ ਸੁਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਜਣਾਇੰਦਾ । ਸਤਿਜੁਗ ਸਾਚੇ ਤੇਰੀ ਸਚ ਦਲੀਲ, ਸਤਿ ਸਤਿਵਾਦੀ ਆਪ

੭੧੧ ੧੪

ਰਖਾਈਆ । ਜੁਗ ਚੌਕੜੀ ਸਦ ਮੰਨਣਹਾਰਾ ਅਪੀਲ, ਵਡ ਦਾਤਾ ਬੇਪਰਵਾਹੀਆ । ਭਗਤਾਂ ਹੋਣ ਨਾ ਦੇਵੇ ਜ਼ਲੀਲ, ਜ਼ਾਹਰ ਆਪਣਾ ਦਰਸ ਕਰਾਈਆ । ਖਾਣੀ ਬਾਣੀ ਵਿਚ ਬਣੇ ਨਾ ਕੋਇ ਵਕੀਲ, ਸਪਸ਼ਟ ਆਪਣਾ ਮੇਲ ਮਿਲਾਈਆ । ਬਸਤਰ ਪਹਿਨੇ ਬਨਵਾਰੀ ਨੀਲ, ਨੀਲਕੰਠ ਆਪਣਾ ਭੇਵ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਲੇਖਾ ਦਏ ਜਣਾਈਆ । ਸਤਿਜੁਗ ਲੇਖਾ ਏਕੰਕਾਰ, ਇਕ ਇਕੱਲਾ ਆਪ ਜਣਾਇੰਦਾ । ਜੁਗ ਚੌਕੜੀ ਕਰ ਪਸਾਰ, ਨਿਰਗੁਣ ਸਰਗੁਣ ਵੇਸ ਵਟਾਇੰਦਾ । ਨੌਂ ਸੌ ਚੁਰਾਨਵੇ ਚੌਕੜੀ ਉਤਰੇ ਪਾਰ, ਲੋਕਮਾਤ ਰਹਿਣ ਨਾ ਪਾਇੰਦਾ । ਪਰਗਟ ਹੋ ਅਗੰਮ ਅਪਾਰ, ਅਲਖ ਅਗੋਚਰ ਆਪਣੀ ਕਾਰ ਕਮਾਇੰਦਾ । ਨਿਰਮਲ ਦੀਪ ਜੋਤੀ ਕਰ ਉਜਿਆਰ, ਨੂਰੋ ਨੂਰ ਡਗਮਗਾਇੰਦਾ । ਪਰਗਟ ਹੋ ਆਪ ਕਰਤਾਰ, ਪਰਵਰਦਿਗਾਰ ਖੇਲ ਕਰਾਇੰਦਾ । ਰਾਮ ਰਮੱਯਾ ਹੋ ਤਿਆਰ, ਸ਼ਾਮ ਘਨੱਯਾ ਸਾਚੀ ਬੰਸਰੀ ਨਾਮ ਵਜਾਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਖੋਲ੍ਹਣਹਾਰਾ ਕਿਵਾੜ, ਗੀਤਾ ਗਿਆਨ ਅਨਭਵ ਪਰਕਾਸ਼ ਕਰਾਇੰਦਾ । ਅੰਜੀਲ ਕੁਰਾਨ ਖੇਲ ਮਹਾਨ, ਮਿਹਬਾਨ ਬੀਦੋ ਆਪਣੀ ਖ਼ੈਰੀਅਤ ਆਪਣੀ ਝੋਲੀ ਪਾਇੰਦਾ । ਨਬੀ ਰਸੂਲ ਇਲਾਹੀ ਕਲਾਮ ਸਚ ਨਿਸ਼ਾਨ, ਮਹਿਬੂਬ ਇਕੋ ਇਕ ਨਜ਼ਰੀ ਆਇੰਦਾ । ਕਰਨਹਾਰਾ ਤੇਜ ਹਰਿ ਕਾ ਸ਼ਬਦ ਕੋਟਨ ਭਾਨ, ਨੂਰੋ ਨੂਰ ਜਲਵਾ ਇਕ ਦਰਸਾਇੰਦਾ । ਸਤਿਜੁਗ ਸਾਚੇ ਮਿਲੇ ਦਾਨ, ਦੇਵਣਹਾਰ ਸ੍ਰੀ ਭਗਵਾਨ, ਪਤਿਪਰਮੇਸ਼ਵਰ ਨਿਰਗੁਣ ਦਾਤਾ ਆਪ ਵਰਤਾਇੰਦਾ । ਵਰਨ ਬਰਨ ਜ਼ਾਤ ਪਾਤ ਊਚ ਨੀਚ ਰਾਉ ਰੰਕ ਸਰਬ ਮਿਟ ਜਾਣ, ਵਿਸ਼ਵ ਧਾਰਾ ਇਕ ਜਣਾਇੰਦਾ । ਰਸਨਾ ਜਿਹਵਾ ਗੀਤ ਗੋਬਿੰਦ ਗਾਏ ਇਕੋ ਗਾਨ, ਬੱਤੀ ਦੰਦ ਇਕੋ ਸਿਫ਼ਤ ਸਾਲਾਹਿੰਦਾ । ਇਕੋ ਮੰਦਰ ਇਕ ਮਕਾਨ, ਗੁਰਦਵਾਰਾ ਇਕੋ ਨਜ਼ਰੀ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਸਾਚੇ ਆਪ ਵਡਿਆਇੰਦਾ । ਸਚਖੰਡ ਸਾਚੇ ਰੱਖਣਾ ਯਾਦ, ਸੋ ਸਾਹਿਬ ਆਪ ਜਣਾਈਆ । ਤ੍ਰੇਤਾ ਦੁਆਪਰ ਕਲਜੁਗ ਵੇਖਿਆ ਖੇਲ ਤਮਾਸ਼, ਖ਼ਾਲਕ ਖ਼ਲਕ ਰੂਪ ਵਟਾਈਆ । ਅੰਤਮ ਸਭ ਦੀ ਪੂਰੀ ਕਰੇ ਆਸ, ਨਿਰਾਸਾ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਕੂੜੀ ਕਿਰਿਆ ਵੇਖੇ ਥਾਉਂ ਥਾਈਂਆ । ਕਲਜੁਗ ਕੂੜੀ ਕਿਰਿਆ ਹੋਈ ਬਲਵਾਨ, ਘਰ ਘਰ ਆਪਣਾ ਡੰਕ ਵਜਾਈਆ । ਦਰ ਦਰ ਨੱਚੇ ਜਗਤ ਸ਼ੈਤਾਨ, ਸ਼ਰਅ ਕਰੇ ਲੜਾਈਆ । ਸਾਬਤ ਦਿਸੇ ਨਾ ਕੋਇ ਈਮਾਨ, ਧਰਮ ਜੜ੍ਹ ਨਾ ਕੋਇ ਲਗਾਈਆ । ਜੀਵ ਜੰਤ ਹੋਏ ਬੇਈਮਾਨ, ਕਲਜੁਗ ਬੇਵਾ ਰੂਪ ਵਟਾਈਆ । ਹਿਰਦੇ ਹਰਿ ਨਾ ਕੋਇ ਵਸਾਣ, ਭਰਮੇ ਭੁੱਲੀ ਸਰਬ ਲੋਕਾਈਆ । ਕੂੜੀ ਕਿਰਿਆ ਪੀਣ ਖਾਣ, ਅੰਮ੍ਰਿਤ ਰਸ ਹੱਥ ਕਿਸੇ ਨਾ ਆਈਆ । ਮੰਦਰ ਮਸਜਦ ਸ਼ਿਵਦਵਾਲੇ ਮੱਠ ਸਰਬ ਕੁਰਲਾਣ, ਉਚੀ ਕੂਕ ਕੂਕ ਦੇਣ ਦੁਹਾਈਆ । ਪੂਜਾ ਭੁੱਲੀ ਜੀਵ ਰਾਮ, ਸੁਰਤੀ ਰਾਮ ਸ਼ਬਦ ਨਾ ਕੋਇ ਮਿਲਾਈਆ । ਨਜ਼ਰ ਨਾ ਆਏ ਸੱਚਾ ਕਾਹਨ, ਗੋਪੀ ਰੂਪ ਨਾ ਕੋਇ ਵਟਾਈਆ । ਨੌਂ ਖੰਡ ਪ੍ਰਿਥਮੀ ਘਰ ਘਰ ਵੜਿਆ ਅਭਿਮਾਨ, ਕਾਮ ਕਰੋਧ ਲੋਭ ਮੋਹ ਹੰਕਾਰ ਨਾਚ ਨਚਾਈਆ । ਸਚ ਦਿਸੇ ਨਾ ਕੋਇ ਇਸਲਾਮ, ਇਸਮ ਆਜ਼ਮ ਨੂਰ ਨਾ ਕੋਇ ਧਰਾਈਆ । ਬਰਦਾ ਬਣੇ ਨਾ ਕੋਇ ਗ਼ੁਲਾਮ, ਸਜਦਾ ਸੀਸ ਨਾ ਕੋਇ ਝੁਕਾਈਆ । ਨਾਨਕ ਨਜ਼ਰ ਨਾ ਆਏ ਨਿਸ਼ਾਨ, ਜੋਤੀ ਜੋਤ ਨੂਰ ਨਾ ਡਗਮਗਾਈਆ । ਗੋਬਿੰਦ ਮਿਲੇ ਨਾ ਸੂਰਾ ਆਣ, ਪੰਜ ਤੱਤ ਕਾਇਆ ਡੇਰਾ ਲਾਈਆ । ਨਾਤਾ ਤੁਟਾ ਜੀਵ ਜਹਾਨ, ਆਤਮ ਪਰਮਾਤਮ ਗੰਢ ਨਾ ਕੋਇ ਪੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

੭੧੨
੧੪

ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਜੁਗ ਵੇਖੇ ਥਾਉਂ ਥਾਈਂਆ । ਕਲਜੁਗ ਵੇਖਣ ਆਏ ਹਰਿ, ਹਰਿ ਵੱਡਾ ਵਡ ਵਡਿਆਈਆ । ਚਾਰੋਂ ਕੁੰਟ ਕਾਮਨਾ ਦਰ, ਕਾਮੀ ਕਰੋਧੀ ਰਹੇ ਰੌਲਾ ਪਾਈਆ । ਨਿਰਭੌ ਭੈ ਜਾਣੇ ਕੋਈ ਨਾ ਡਰ, ਭਾਵੀ ਭਰਮ ਨਾ ਕੋਇ ਮਿਟਾਈਆ । ਤ੍ਰੈਗੁਣ ਮਾਇਆ ਅਗਨੀ ਰਹੇ ਸੜ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਆਪਣੀ ਆਪਣੀ ਕਰਨੀ ਰਹੇ ਕਰ, ਗੁਰ ਅਵਤਾਰ ਇਸ਼ਟ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲ ਆਪਣਾ ਵੇਸ ਵਟਾਈਆ । ਕਲ ਵੇਖੇ ਹਰਿ ਕਲ ਕਾਤੀ, ਕਲ ਕਲਕੀ ਫੇਰਾ ਪਾਇੰਦਾ । ਸਾਚਾ ਨਜ਼ਰ ਨਾ ਆਵੇ ਦੀਵਾ ਬਾਤੀ, ਜਗਤ ਅੰਧੇਰਾ ਛਾਇੰਦਾ । ਮਿਲੇ ਮੇਲ ਨਾ ਕਮਲਾਪਾਤੀ, ਨਾਰ ਕੰਤ ਨਾ ਕੋਇ ਹੰਢਾਇੰਦਾ । ਆਤਮ ਪਰਮਾਤਮ ਬਣਿਆ ਕੋਇ ਨਾ ਸਾਥੀ, ਜਗਤ ਕੂੜਾਵੇ ਯਾਰ ਹੰਢਾਇੰਦਾ । ਮਿਲਿਆ ਮੇਲ ਨਾ ਤ੍ਰਿਲੋਕੀ ਨਾਥੀ, ਨਾਥ ਅਨਾਥਾਂ ਦਇਆ ਨਾ ਕੋਇ ਕਮਾਇੰਦਾ । ਪਿਆਲਾ ਪਿਆਏ ਨਾ ਕੋਇ ਸਾਕੀ, ਜਾਮ ਹੱਥ ਨਾ ਕੋਇ ਫੜਾਇੰਦਾ । ਸ਼ਕਵਾੜਾ ਬੰਦ ਨਾ ਖੁਲ੍ਹੀ ਤਾਕੀ, ਪਰਦਾ ਦੂਈ ਨਾ ਕੋਇ ਚੁਕਾਇੰਦਾ । ਭਰਮੇ ਭੁੱਲਾ ਜ਼ਾਤ ਪਾਤੀ, ਭਰਮ ਗੜ੍ਹ ਨਾ ਕੋਇ ਤੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਵੇਖਣਹਾਰਾ ਮਾਰ ਝਾਤੀ, ਝਾਕੀ ਆਪਣੀ ਆਪ ਜਣਾਇੰਦਾ । ਕਲਜੁਗ ਕੂੜੀ ਕਿਰਿਆ ਵੇਖ ਕੁੜਿਆਰ, ਸਤਿਜੁਗ ਸਾਚੇ ਦਏ ਅੰਗੜਾਈਆ । ਉਠ ਦੁਲਾਰੇ ਹੋ ਤਿਆਰ, ਤ੍ਰੈਭਵਣ ਧਨੀ ਸਮਝਾਈਆ । ਜੁਗ ਚੌਕੜੀ ਬੀਤੇ ਵਿਚ ਸੰਸਾਰ, ਵਡ ਸੰਸਾਰੀ ਵੇਖ ਵਖਾਈਆ । ਵਿਸ਼ਨ ਭੰਡਾਰੀ ਰਿਹਾ ਪੁਕਾਰ, ਨਾਅਰਾ ਇਕੋ ਇਕ ਲਗਾਈਆ । ਬ੍ਰਹਮਾ ਕਹੇ ਮੇਰਾ ਬ੍ਰਹਮ ਗਿਆ ਹਾਰ, ਪਾਰਬ੍ਰਹਮ ਸਾਰ ਨਾ ਆਈਆ । ਸ਼ੰਕਰ ਹੱਥ ਸੁੱਟ ਤ੍ਰਿਸੂਲ ਹਥਿਆਰ, ਦੋਏ ਜੋੜ ਸੀਸ ਝੁਕਾਈਆ । ਤੂੰ ਕਰਨ ਹਾਰ ਕਰਤਾਰ, ਬੇਅੰਤ ਤੇਰੀ ਵਡਿਆਈਆ । ਹਉਂ ਸੇਵਕ ਸੇਵਾਦਾਰ, ਨਵ ਨੌਂ ਚਾਰ ਸੇਵ ਕਮਾਈਆ । ਤੇਰੇ ਹੁਕਮੇ ਅੰਦਰ ਕਾਰ, ਜੁਗ ਚੌਕੜੀ ਮਾਤ ਚਲਾਈਆ । ਔਂਦੇ ਰਹੇ ਗੁਰ ਅਵਤਾਰ, ਪੀਰ ਪੈਗ਼ੰਬਰ ਫੇਰਾ ਪਾਈਆ । ਮਾਰਗ ਦੱਸਦੇ ਰਹੇ ਜੀਵ ਸੰਸਾਰ, ਲੇਖਾ ਲਿਖ ਲਿਖ ਕਲਮ ਸ਼ਾਹੀਆ । ਚਾਰੇ ਬਾਣੀ ਗਈ ਹਾਰ, ਪਰਾ ਪਸੰਤੀ ਮਧਮ ਬੈਖਰੀ ਆਪਣਾ ਰਾਗ ਸੁਣਾਈਆ । ਚਾਰੇ ਖਾਣੀ ਨਾ ਕਰੇ ਕੋਇ ਵਿਚਾਰ, ਅੰਡਜ ਜੇਰਜ ਉਤਭੁਜ ਸੇਤਜ ਹੋਈ ਅੰਤ ਹਲਕਾਈਆ । ਮਾਣਸ ਜਨਮ ਕੋਈ ਨਾ ਸਕੇ ਸੁਆਰ, ਮਾਨੁਖ ਰੂਪ ਨਾ ਕੋਇ ਵਟਾਈਆ । ਕਿਲਾ ਤੁਟੇ ਨਾ ਗੜ੍ਹ ਹੰਕਾਰ, ਕੂੜੀ ਕਿਰਿਆ ਨਾ ਬਾਹਰ ਕਢਾਈਆ । ਨਾਤਾ ਛੁਟੇ ਨਾ ਕਾਮ ਕਰੋਧ ਲੋਭ ਮੋਹ ਹੰਕਾਰ, ਆਸਾ ਤ੍ਰਿਸਨਾ ਜੜ ਨਾ ਕੋਇ ਪੁਟਾਈਆ । ਮਿਲੇ ਹਰਿ ਨਾ ਮੀਤ ਮੁਰਾਰ, ਮਿੱਤਰ ਪਿਆਰਾ ਨਜ਼ਰ ਕੋਇ ਨਾ ਆਈਆ । ਪੜ੍ਹ ਪੜ੍ਹ ਥੱਕੇ ਵੇਦ ਚਾਰ, ਸ਼ਾਸਤਰ ਸਿਮਰਤ ਫੋਲ ਫੁਲਾਈਆ । ਪੁਰਾਨ ਅਠਾਰਾਂ ਗਏ ਹਾਰ, ਪੁਰਾਨ ਪੁਰਾਨੀ ਨਾ ਕੋਇ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਆਪਣਾ ਫੇਰਾ ਪਾਈਆ । ਕਲਜੁਗ ਅੰਦਰ ਸਤਿਜੁਗ ਜ਼ਾਤ, ਅਜ਼ਾਤੀ ਰੂਪ ਦ੍ਰਿੜਾਇੰਦਾ । ਦੇਵਣਹਾਰਾ ਵੱਡੀ ਦਾਤ, ਨਾਮ ਅਮੋਲਕ ਝੋਲੀ ਪਾਇੰਦਾ । ਆਪ ਵਖਾਏ ਡੂੰਘਾ ਖਾਤ, ਗਹਿਰ ਗੰਭੀਰ ਪਰਦਾ ਲਾਹਿੰਦਾ । ਦੇਵਣਹਾਰ ਸਰਬ ਨਜਾਤ, ਮਿਹਰ ਨੈਣ ਆਪ ਉਠਾਇੰਦਾ । ਨਿਰਗੁਣ ਹੋ ਕੇ ਸਰਗੁਣ ਦੇਵੇ ਸਾਥ, ਸਗਲਾ ਸੰਗ ਨਿਭਾਇੰਦਾ । ਸੋਹੰ ਸਾਚੀ ਇਕੋ ਗਾਥ, ਆਤਮ ਪਰਮਾਤਮ ਰਾਗ ਅਲਾਇੰਦਾ । ਪਰਮ ਪੁਰਖ ਦਾ ਪੂਜਾ ਪਾਠ, ਮੰਤਰ ਮੰਤਵ ਸਤਿ ਦ੍ਰਿੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ


੭੧੩
੧੪

ਕਰ, ਸਾਚੀ ਰੀਤੀ ਆਪ ਸਮਝਾਇੰਦਾ । ਸਾਚੀ ਰੀਤੀ ਸਤਿਜੁਗ ਅੰਤ, ਸਤਿਜੁਗ ਸਚ ਸਚ ਜਣਾਈਆ । ਕਾਇਆ ਚੋਲੀ ਚਾੜ੍ਹੇ ਰੰਗ ਬਸੰਤ, ਲੋਕਮਾਤ ਉਤਰ ਕਦੇ ਨਾ ਜਾਈਆ । ਦੇਵੇ ਵਡਿਆਈ ਵਿਚ ਜੀਵ ਜੰਤ, ਜਿਸ ਜਨ ਆਪਣਾ ਬੋਧ ਜਣਾਈਆ । ਗੜ੍ਹ ਤੋੜ ਹਉਮੇਂ ਹੰਗਤ, ਹੰ ਬ੍ਰਹਮ ਦਏ ਸਮਝਾਈਆ । ਦੂਜੇ ਦਰ ਨਾ ਜਾਏ ਮੰਗਤ, ਜਿਸ ਜਨ ਆਪਣਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਅੱਖਰ ਦਏ ਜਣਾਈਆ । ਏਕਾ ਅੱਖਰ ਹੋਏ ਨਿਸ਼ਅੱਖਰ, ਰੂਪ ਰੰਗ ਰੇਖ ਨਾ ਕੋਇ ਜਣਾਇੰਦਾ । ਬਜਰ ਕਪਾਟੀ ਤੋੜੇ ਪੱਥਰ, ਪੱਥਰ ਪਾਹਨ ਪਰੇ ਹਟਾਇੰਦਾ । ਜਗਤ ਦਵਾਰ ਕਰਾਏ ਸੱਥਰ, ਸੱਥਰ ਇਕੋ ਇਕ ਹੰਢਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਰਾਹ ਵਖਾਇੰਦਾ । ਭਗਤਾਂ ਦੱਸੇ ਰਾਹ ਏਕ, ਏਕੰਕਾਰ ਦਇਆ ਕਮਾਈਆ । ਨੌਂ ਦਵਾਰੇ ਤੁਟੇ ਹੇਤ, ਆਸਾ ਤ੍ਰਿਸਨਾ ਰਹਿਣ ਨਾ ਪਾਈਆ । ਸੁਖਮਨ ਡੂੰਘੀ ਟੇਢੀ ਵੇਖੇ ਖੇਡ, ਖਲਾਰੀ ਆਪਣੀ ਖੇਲ ਕਰਾਈਆ । ਈੜਾ ਪਿੰਗਲ ਜਾਣ ਲੇਟ, ਪ੍ਰਭ ਦਰਸਨ ਸੱਚਾ ਪਾਈਆ । ਕਰ ਪਰਕਾਸ਼ ਨਿਰਮਲ ਜੋਤ, ਜੋਤ ਨਿਰੰਜਣ ਕਰੇ ਰੁਸ਼ਨਾਈਆ । ਸਚ ਨਗਾਰੇ ਲਾਵੇ ਚੋਟ, ਅਨਹਦ ਨਾਦੀ ਨਾਦ ਸੁਣਾਈਆ । ਭਾਗ ਲਗਾਏ ਕਾਇਆ ਕੋਟ, ਬੰਕ ਗੜ੍ਹ ਇਕ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਾਂ ਇਕੋ ਘਰ ਵਖਾਈਆ । ਭਗਤਾਂ ਘਰ ਵਖਾਏ ਅਗੰਮ, ਅਗੰਮੜੀ ਕਾਰ ਕਮਾਇੰਦਾ । ਨਾਤਾ ਤੋੜੇ ਹੱਡ ਮਾਸ ਨਾੜੀ ਚੰਮ, ਚੰਮ ਦ੍ਰਿਸ਼ਟੀ ਨਾ ਕੋਇ ਵਖਾਇੰਦਾ । ਆਤਮ ਪਰਮਾਤਮ ਬੇੜਾ ਬੰਨ੍ਹ, ਸ੍ਰੀ ਭਗਵਾਨ ਆਪਣੇ ਕੰਧ ਰਖਾਇੰਦਾ । ਲੇਖੇ ਲਾ ਪਵਣ ਸਵਾਸ ਦਮ, ਮਨ ਦਮਾਂ ਨਾਮ ਜਣਾਇੰਦਾ । ਹਰਖ ਸੋਗ ਨਾ ਕੋਇ ਗ਼ਮ, ਚਿੰਤਾ ਦੁੱਖ ਨਾ ਕੋਇ ਵਖਾਇੰਦਾ । ਸਚ ਪਰਕਾਸ਼ ਚਾੜ੍ਹੇ ਚੰਨ, ਜੋਤੀ ਜੋਤ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਵਾਨ ਮੇਲ ਮਿਲਾਇੰਦਾ । ਭਗਤ ਭਗਵਾਨ ਹੋਵੇ ਮੇਲਾ, ਮਿਲਣੀ ਜਗਦੀਸ਼ ਕਰਾਈਆ । ਕਾਇਆ ਮੰਦਰ ਅੰਦਰ ਏਕਾ ਘਰ ਸੋਹੇ ਗੁਰੂ ਗੁਰ ਚੇਲਾ, ਚੇਲਾ ਗੁਰ ਇਕੋ ਘਰ ਨਜ਼ਰੀ ਆਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਸਤਿਗੁਰ ਸੱਚਾ ਸੱਜਣ ਸੁਹੇਲਾ, ਪਾਰਬ੍ਰਹਮ ਪ੍ਰਭ ਦੇਵਣਹਾਰ ਸਰਨਾਈਆ । ਕਲਜੁਗ ਅੰਤਮ ਅਚਰਜ ਖੇਲ ਆਪੇ ਖੇਲਾ, ਸ਼ਾਸਤਰ ਸਿਮਰਤ ਵੇਦ ਪੁਰਾਨ ਸਮਝ ਕੋਇ ਨਾ ਆਈਆ । ਖਾਣੀ ਬਾਣੀ ਕੋਇ ਨਾ ਜਾਣੇ ਵੇਲਾ, ਥਿਤ ਵਾਰ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਮੀਤਾ ਇਕ ਅਖਵਾਈਆ । ਭਗਤਨ ਮੀਤਾ ਗਹਿਰ ਗੰਭੀਰ, ਗੁਣਵੰਤਾ ਆਪ ਅਖਵਾਇੰਦਾ । ਕਾਇਆ ਮਾਟੀ ਠਾਂਡਾ ਕਰੇ ਸਰੀਰ, ਸਾਂਤਕ ਸਤਿ ਸਤਿ ਵਰਤਾਇੰਦਾ । ਤੱਤ ਵਰੋਲੇ ਅੰਮ੍ਰਿਤ ਨੀਰ, ਨਿਝਰ ਝਿਰਨਾ ਆਪ ਝਿਰਾਇੰਦਾ । ਜਨਮ ਕਰਮ ਦੀ ਕੱਟੇ ਭੀੜ, ਨਿਹਕਰਮੀ ਕਰਮ ਕਮਾਇੰਦਾ । ਸਚ ਵਖਾਏ ਸਰੋਵਰ ਠਾਂਡਾ ਸੀਰ, ਅੰਮ੍ਰਿਤ ਇਕੋ ਇਕ ਪਰਗਟਾਇੰਦਾ । ਕੱਟਣਹਾਰਾ ਸ਼ਰਅ ਜ਼ੰਜੀਰ, ਨਾਮ ਖੰਡਾ ਹੱਥ ਉਠਾਇੰਦਾ । ਨਜ਼ਰੀ ਆਏ ਜ਼ਾਹਰਾ ਪੀਰ, ਬੇਨਜ਼ੀਰ ਵੇਸ ਵਟਾਇੰਦਾ । ਸਚ ਜਣਾਏ ਇਕ ਤਸਵੀਰ, ਤਸਬੀ ਮਾਲਾ ਨਾ ਕੋਇ ਲਟਕਾਇੰਦਾ । ਲੇਖਾ ਜਾਣੇ ਸ਼ਾਹ ਹਕੀਰ, ਸ਼ਾਹ ਸੁਲਤਾਨਾਂ ਭੇਵ ਮਿਟਾਇੰਦਾ । ਆਦਿ ਅੰਤ ਨਾ ਹੋਏ ਦਿਲਗੀਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਇੰਦਾ । ਹਰਿਜਨ ਵੇਖੇ ਮੁਰਸ਼ਦ ਮੁਰੀਦ, ਬੇਪਰਵਾਹ ਫੇਰਾ ਪਾਈਆ । ਨਿਜ ਨੇਤਰ ਕਰਾਏ ਇਕੋ ਦੀਦ, ਦਾਮਨਗੀਰ ਦਇਆ ਕਮਾਈਆ ।

੭੧੪
੧੪

ਕਾਇਆ ਕਰ ਠਾਂਡੀ ਸੀਤ, ਸੀਤਲ ਧਾਰ ਇਕ ਵਹਾਈਆ । ਨਾਤਾ ਤੁਟੇ ਜਗਤ ਮਸੀਤ, ਕਾਇਆ ਕੁਰਾ ਕਾਅਬਾ ਇਕੋ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮੁਰੀਦ ਮੁਰਸ਼ਦ ਮੇਲਾ ਸਹਿਜ ਸੁਭਾਈਆ । ਮੁਰੀਦ ਮੁਰਸ਼ਦ ਕਰੇ ਮਿਲਾਪ, ਘਰ ਘਰ ਵਿਚ ਮੇਲ ਮਿਲਾਇੰਦਾ । ਜਿਸ ਨੂੰ ਮੂਸਾ ਕਹਿ ਕੇ ਗਿਆ ਬਾਪ, ਈਸਾ ਇਕੋ ਓਟ ਰਖਾਇੰਦਾ । ਜਿਸ ਮੁਹੰਮਦ ਬਣਾਇਆ ਸਾਕ, ਜਿਸ ਨਾਨਕ ਦੱਸਿਆ ਜਾਪ, ਮੰਤਰ ਸਤਿ ਨਾਮ ਪੜ੍ਹਾਇੰਦਾ । ਜਿਸ ਗੋਬਿੰਦ ਦਿਤਾ ਥਾਪ, ਵਾਹ ਵਾ ਗੁਰੂ ਗੁਰੂ ਵਡਿਆਇੰਦਾ । ਸੋ ਸਾਹਿਬ ਪੁਰਖ ਅਬਿਨਾਸ਼ ਵੇਖਣਹਾਰ ਖੇਲ ਤਮਾਸ਼, ਕਲਜੁਗ ਅੰਤਮ ਵੇਸ ਵਟਾਇੰਦਾ । ਲੇਖਾ ਜਾਣ ਆਪਣੀ ਗਾਥ, ਦਾਤਾ ਦਾਨ ਆਪਣੇ ਹੱਥ ਰਖਾਇੰਦਾ । ਕਰਨਹਾਰਾ ਬਾਤਨ ਬਾਤ, ਜ਼ਾਹਰ ਆਪਣਾ ਹੁਕਮ ਵਰਤਾਇੰਦਾ । ਦੇਵਣਹਾਰਾ ਸਰਬ ਨਜਾਤ, ਨਿਜ ਘਰ ਵਾਸੀ ਵੇਸ ਵਟਾਇੰਦਾ । ਜਨ ਭਗਤਾਂ ਮੇਲ ਮਿਲਾਏ ਖ਼ਾਸ਼, ਖ਼ਾਹਸ਼ ਆਪਣੀ ਪੂਰ ਕਰਾਇੰਦਾ । ਸੇਵਾ ਕਰੇ ਬਣ ਕੇ ਦਾਸ, ਜਗਤ ਨੇਤਰ ਦਿਸ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਅੰਦਰ ਸਾਚਾ ਮੰਦਰ ਕਾਇਆ ਹੱਟ ਇਕ ਵਖਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਦ ਬਖ਼ਸ਼ੰਦਨ, ਬਖ਼ਸ਼ਸ਼ ਬਖ਼ਸ਼ੀਸ਼ ਬਖ਼ਸ਼ੰਦ ਆਪਣੇ ਹੱਥ ਰਖਾਇੰਦਾ ।

## ★ ੨੧ ਜੇਠ ੨੦੨੦ ਬਿਕ੍ਰਮੀ ਹੰਸ ਰਾਜ ਦੇ ਗ੍ਰਿਹਿ ਪਿੰਡ ਨਗਿਆਲ ਜੰਮੂ ★

ਜਨਮ ਮਰਨ ਪ੍ਰਭ ਮੇਟੇ ਰੋਗ, ਆਵਣ ਜਾਵਣ ਰਹਿਣ ਨਾ ਪਾਇੰਦਾ । ਜਿਸ ਗ੍ਰਿਹਿ ਦੇਵੇ ਦਰਸ ਅਮੋਘ, ਅਮੁਲ ਵਸਤ ਵਰਤਾਇੰਦਾ । ਜਗਤ ਵਿਛੋੜਾ ਕੱਟ ਵਿਜੋਗ, ਮਿਹਰ ਨਜ਼ਰ ਇਕ ਉਠਾਇੰਦਾ । ਆਤਮ ਮੇਲਾ ਧੁਰ ਸੰਜੋਗ, ਪਰਮਾਤਮ ਬੰਧਨ ਪਾਇੰਦਾ । ਸੋਹੰ ਦੇਵੇ ਸਾਚੀ ਚੋਗ, ਜਗਤ ਤ੍ਰਿਸਨਾ ਭੁੱਖ ਮਿਟਾਇੰਦਾ । ਸਰਨ ਸਰਨਾਈ ਸਾਚੀ ਓਟ, ਸ੍ਰੀ ਭਗਵਾਨ ਇਕ ਰਖਾਇੰਦਾ । ਕਰ ਪਰਕਾਸ਼ ਨਿਰਮਲ ਜੋਤ, ਜੋਤੀ ਜਾਤਾ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣੇ ਲੇਖੇ ਲਾਇੰਦਾ । ਜਨਮ ਕਰਮ ਦੁੱਖ ਜਾਏ ਲੱਥ, ਚੁਰਾਸੀ ਗੇੜ ਰਹਿਣ ਨਾ ਪਾਈਆ । ਜਿਨ੍ਹਾਂ ਮਿਲੇ ਪੁਰਖ ਸਮਰਥ, ਪੂਰਬ ਲਹਿਣਾ ਦਏ ਚੁਕਾਈਆ । ਅੱਗੇ ਰੱਖੇ ਦੇ ਕਰ ਹੱਥ, ਸਿਰ ਆਪਣਾ ਹੱਥ ਟਿਕਾਈਆ । ਸਾਚਾ ਮਾਰਗ ਇਕੋ ਦੱਸ, ਪਰੇਮ ਪ੍ਰੀਤੀ ਇਕ ਸਿਖਾਈਆ । ਅੰਮ੍ਰਿਤ ਝਿਰਨਾ ਦੇਵੇ ਰਸ, ਵਿਖ ਰੂਪ ਨਾ ਕੋਇ ਵਟਾਈਆ । ਮੇਲ ਮਿਲਾਵਾ ਹੱਸ ਹੱਸ, ਘਰ ਸੁਹੰਜਣਾ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਦੇਣਾ ਝੋਲੀ ਪਾਈਆ । ਜਨਮ ਕਰਮ ਦੁੱਖ ਹੋਏ ਦੂਰ, ਕਰਮ ਕਾਂਡ ਰਹਿਣ ਨਾ ਪਾਈਆ । ਏਕਾ ਬਖ਼ਸ਼ੇ ਸਾਚੀ ਧੂੜ, ਨਿਰਵੈਰ ਦਇਆ ਕਮਾਈਆ । ਆਸਾ ਮਨਸਾ ਕਰੇ ਪੂਰ, ਪੂਰੀ ਆਸਾ ਆਪ ਕਰਾਈਆ । ਨੇੜੇ ਆਏ ਜੋ ਵਸੇ ਦੂਰ, ਦੂਰ ਦੁਰਾਡਾ ਪੰਧ ਮੁਕਾਈਆ । ਨਜ਼ਰੀ ਆਏ ਦਰਸ ਹਜ਼ੂਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਆਪ ਜਣਾਈਆ । ਜਨਮ ਕਰਮ ਦੁੱਖ ਜਾਏ ਨੱਸ, ਹਰਿਜਨ ਕਾਇਆ ਮੰਦਰ ਰਹਿਣ ਨਾ ਪਾਈਆ । ਸਤਿਗੁਰ ਸਵਾਮੀ ਹੋਏ ਵਸ, ਨਿਰਗੁਣ ਆਪਣਾ ਮਾਣ ਮਿਟਾਈਆ । ਸਾਚਾ ਤੀਰ ਨਿਰਾਲਾ ਮਾਰੇ ਕਸ, ਅਣਿਆਲਾ

ਆਪ ਚਲਾਈਆ । ਆਤਮ ਗਾਏ ਸਾਚਾ ਜਸ, ਢੋਲਾ ਪਰਮ ਪੁਰਖ ਅਲਾਈਆ । ਏਕਾ ਨਾਉਂ ਲਏ ਰਟ, ਰਸਨਾ ਜਿਹਵਾ ਸਿਫ਼ਤ ਸਾਲਾਹੀਆ । ਮਾਣਸ ਜਨਮ ਲਾਹਾ ਲਏ ਖੱਟ, ਪ੍ਰਭ ਮਿਲੇ ਸਚ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਸਭ ਦਾ ਰਿਹਾ ਮੁਕਾਈਆ । ਜਨਮ ਕਰਮ ਲੇਖਾ ਜਾਏ ਮੁੱਕ, ਮੁਕੰਮਲ ਆਪਣਾ ਹੁਕਮ ਜਣਾਈਆ । ਲੱਖ ਚੁਰਾਸੀ ਆਵਣ ਜਾਵਣ ਜਾਏ ਛੁੱਟ, ਰਾਏ ਧਰਮ ਨਾ ਦਏ ਸਜ਼ਾਈਆ । ਗੁਣ ਨਿਧਾਨ ਗੁਰ ਆਪਣੀ ਗੋਦੀ ਲਵੇ ਚੁੱਕ, ਨਿਰਗੁਣ ਸਰਗੁਣ ਹੋਏ ਸਹਾਈਆ । ਦਰਸ ਵਖਾਏ ਜੋ ਬੈਠਾ ਲੁਕ, ਨਿਰਗੁਣ ਨੂਰ ਜੋਤ ਧਰਾਈਆ । ਜਨਮ ਕਰਮ ਦੇ ਵਿਛੜਿਆਂ ਰਿਹਾ ਪੁੱਛ, ਪਿਛਲਾ ਲੇਖਾ ਲੇਖੇ ਲਾਈਆ । ਹਰਿਜਨ ਬੂਟਾ ਜਾਏ ਨਾ ਸੁੱਕ, ਸੁੱਕੇ ਹਰੇ ਆਪ ਕਰਾਈਆ । ਵੇਖ ਵਖਾਏ ਜਨਨੀ ਕੁੱਖ, ਧੰਨ ਧੰਨ ਜਣੇਂਦੀ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਮ ਕਾਂਡ ਰਿਹਾ ਮਿਟਾਈਆ । ਜਨਮ ਕਰਮ ਪ੍ਰਭ ਲੇਖੇ ਲਾ, ਲਾਸ਼ਰੀਕ ਦਇਆ ਕਮਾਇੰਦਾ । ਸਾਚੀ ਸਿਖਿਆ ਇਕ ਸਮਝਾ, ਸਾਖਿਆਤ ਦਰਸ ਵਖਾਇੰਦਾ । ਨਿਰਗੁਣ ਹੋ ਕੇ ਬਣ ਮਲਾਹ, ਬੇੜਾ ਲੋਕਮਾਤ ਤਰਾਇੰਦਾ । ਸਾਚਾ ਮਾਰਗ ਦਏ ਵਖਾ, ਦਹਿ ਦਿਸ਼ਾ ਪਰਦਾ ਲਾਹਿੰਦਾ । ਨਜ਼ਰੀ ਆਏ ਇਕੋ ਬੇਪਰਵਾਹ, ਦੂਜਾ ਰੂਪ ਨਾ ਕੋਇ ਵਖਾਇੰਦਾ । ਤਨ ਮੰਦਰ ਦਏ ਸੁਹਾ, ਸੋਭਾਵੰਤ ਡੇਰਾ ਲਾਇੰਦਾ । ਮਨ ਮੰਤਰ ਦਏ ਸਮਝਾ, ਮਨ ਵਾਸਨਾ ਦੂਰ ਕਰਾਇੰਦਾ । ਵੱਜਾ ਜੰਦਰ ਦਏ ਤੁੜਾ, ਕੁੰਜੀ ਆਪਣਾ ਨਾਮ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਆਪਣਾ ਰੰਗ ਚੜ੍ਹਾਇੰਦਾ । ਜਨਮ ਕਰਮ ਕਸੁੰਭੜਾ ਰੰਗ, ਤਨ ਖਾਕੀ ਰਹਿਣ ਨਾ ਪਾਈਆ । ਦੇਵੇ ਵਡਿਆਈ ਸੂਰਾ ਸਰਬੰਗ, ਹਰਿ ਸਤਿਗੁਰ ਸਚ ਸਰਨਾਈਆ । ਅੰਤਰ ਆਤਮ ਇਕ ਅਨੰਦ, ਪਰਮਾਨੰਦ ਜਣਾਈਆ । ਸਾਚਾ ਸੋਹਲਾ ਇਕੋ ਛੰਦ, ਸੋ ਪੁਰਖ ਨਿਰੰਜਣ ਕਰੇ ਪੜ੍ਹਾਈਆ । ਹੰ ਬ੍ਰਹਮ ਚਾੜ੍ਹੇ ਚੰਦ, ਚੰਦ ਚਾਂਦਨਾ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਸਾਚੀ ਸਿਖਿਆ ਇਕ ਸਮਝਾਈਆ । ਜਨਮ ਕਰਮ ਦਾ ਮੁੱਕੇ ਲਹਿਣਾ, ਦੇਣਾ ਰਹਿਣ ਕੋਇ ਨਾ ਪਾਈਆ । ਪੁਰਖ ਅਬਿਨਾਸ਼ੀ ਦਰਸਨ ਨੈਣਾਂ, ਨਿਜ ਨੇਤਰ ਦਏ ਖੁਲ੍ਹਾਈਆ । ਗੁਰ ਸਤਿਗੁਰ ਦਾ ਸਾਚਾ ਕਹਿਣਾ, ਗੁਰ ਗੁਰ ਇਕੋ ਬੂਝ ਬੁਝਾਈਆ । ਹਰਿ ਸੰਗਤ ਮੇਲਾ ਭਾਈ ਭੈਣਾਂ, ਪਿਤਾ ਪੁਰਖ ਅਕਾਲ ਇਕੋ ਨਜ਼ਰੀ ਆਈਆ । ਹਰਿ ਸਰਨਾਈ ਸਾਚੀ ਬਹਿਣਾ, ਦੂਜੀ ਓਟ ਨਾ ਕੋਇ ਰਖਾਈਆ । ਪਰੇਮ ਪ੍ਰੀਤੀ ਤਨ ਬਸਤਰ ਗਹਿਣਾ, ਭੂਸ਼ਨ ਓਢਨ ਇਕੋ ਇਕ ਸਮਝਾਈਆ । ਕੂੜੀ ਕਿਰਿਆ ਵਹਿਣ ਨਾ ਵਹਿਣਾ, ਸਚ ਸੁੱਚ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਜਨਮ ਕਰਮ ਡੂੰਘੇ ਖਾਤੇ, ਗੁਰ ਸਤਿਗੁਰ ਆਪ ਸੁਟਾਈਆ । ਆਤਮ ਬੰਨ੍ਹੇ ਪਰਮਾਤਮ ਨਾਤੇ, ਨਾਤਾ ਇਕੋ ਜੋੜ ਜੁੜਾਈਆ । ਮੇਟੇ ਰੈਣ ਅੰਧੇਰੀ ਰਾਤੇ, ਸਤਿ ਸਤਿ ਸਾਚਾ ਨੂਰ ਰੁਸ਼ਨਾਈਆ । ਨਾਮ ਸੁਣਾਏ ਸੱਚੀ ਗਾਥੇ, ਇਕੋ ਇਕ ਕਰੇ ਪੜ੍ਹਾਈਆ । ਦੀਨ ਦਿਆਲ ਵਸੇ ਸਾਥੇ, ਸਗਲਾ ਸੰਗ ਨਿਭਾਈਆ । ਮਸਤਕ ਟਿੱਕਾ ਲਾਏ ਮਾਥੇ, ਧੂੜੀ ਖ਼ਾਕ ਰਮਾਈਆ । ਭਗਤ ਭਗਵਾਨ ਆਪ ਪਛਾਤੇ, ਬੇਪਹਿਚਾਨ ਪੜਦਾ ਲਾਹੀਆ । ਗੁਪਤ ਜ਼ਾਹਰ ਕਰੇ ਬਾਤੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਾਤਨ ਆਪਣਾ ਨਾਮ ਸਮਝਾਈਆ । ਜਨਮ ਕਰਮ ਦੁੱਖ ਰਹੇ ਨਾ ਰਾ, ਤਨ ਨਜ਼ਰ ਕੋਇ ਨਾ ਆਈਆ । ਜਿਨ੍ਹਾਂ ਸਤਿਗੁਰ ਪੂਰਾ ਮਿਲਿਆ ਇਕ ਮਲਾਹ, ਫੜ

ਬੇੜਾ ਪਾਰ ਕਰਾਈਆ । ਡੁੱਬਦੇ ਪਾਥਰ ਲਏ ਤਰਾ, ਪਾਹਨ ਆਪਣਾ ਚਰਨ ਛੁਹਾਈਆ । ਏਕਾ ਨਾਮ ਦਏ ਜਪਾ, ਸੋਹੰ ਢੋਲਾ ਨਾਦ ਵਜਾਈਆ । ਜਗਤ ਵਿਚੋਲਾ ਆਪ ਅਖਵਾ, ਹਰਿਜਨ ਸਾਚਾ ਲਏ ਉਠਾਈਆ । ਹੌਲੀ ਹੌਲੀ ਪੜਦਾ ਦਏ ਉਠਾ, ਨਿਰਗੁਣ ਆਪਣਾ ਮੁਖ ਵਖਾਈਆ । ਸੁਖ ਸਾਗਰ ਘਰ ਦਏ ਉਪਜਾ, ਮਿਹਰਵਾਨ ਮਿਹਰਵਾਨ ਮਿਹਰਵਾਨ ਹੋ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਨ੍ਹਾਂ ਦੇਵੇ ਆਤਮ ਦਾਨ, ਤਿਨ੍ਹਾਂ ਲੇਖਾ ਲੋਕਮਾਤ ਕੋਇ ਰਹਿਣ ਨਾ ਪਾਈਆ ।

## ★ ੨੧ ਜੇਠ ੨੦੨੦ ਬਿਕ੍ਰਮੀ ਪਰਕਾਸ਼ੋ ਦੇਵੀ ਦੇ ਗ੍ਰਿਹਿ ਪਿੰਡ ਨਗਿਆਲ ਜੰਮੂ ★

ਆਵਣ ਜਾਵਣ ਰੱਖੇ ਹੱਥ, ਜੁਗ ਚੌਕੜੀ ਖੇਲ ਕਰਾਇੰਦਾ । ਆਵਣ ਜਾਵਣ ਖੇਲ ਸਮਰਥ, ਸਮਰਥ ਆਪਣੀ ਕਾਰ ਕਮਾਇੰਦਾ । ਆਵਣ ਜਾਵਣ ਬੋਲ ਅਲੱਖ, ਅਲੱਖ ਅਲੱਖ ਆਪਣਾ ਨਾਮ ਜਣਾਇੰਦਾ । ਆਵਣ ਜਾਵਣ ਹੋ ਪਰਤੱਖ, ਨਿਰਗੁਣ ਸਰਗੁਣ ਰੂਪ ਵਟਾਇੰਦਾ । ਆਵਣ ਜਾਵਣ ਮਾਰਗ ਦੱਸ, ਲੱਖ ਚੁਰਾਸੀ ਮਾਰਗ ਪਾਇੰਦਾ । ਆਵਣ ਜਾਵਣ ਮਹਿਮਾ ਅਕੱਥ, ਖਾਣੀ ਬਾਣੀ ਨਾਚ ਨਚਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਰੰਗ ਰੰਗਾਇੰਦਾ । ਆਵਣ ਜਾਵਣ ਖੇਲ ਕਰਤਾਰ, ਕੁਦਰਤ ਕਾਦਰ ਵੇਖ ਵਖਾਈਆ । ਆਵਣ ਜਾਵਣ ਵੇਸ ਵਟਾਏ ਜੁਗ ਚਾਰ, ਚੌਕੜੀ ਆਪਣਾ ਬੰਧਨ ਪਾਈਆ । ਆਵਣ ਜਾਵਣ ਲੇਖਾ ਜਾਣੇ ਗੁਰ ਅਵਤਾਰ, ਗੁਰ ਗੁਰ ਆਪਣਾ ਨਾਮ ਬੁਝਾਈਆ । ਆਵਣ ਜਾਵਣ ਪੀਰ ਪੈਗ਼ੰਬਰ ਮੀਤ ਮੁਰਾਰ, ਸਾਂਝਾ ਯਾਰ ਸਹਿਜ ਸੁਖਦਾਈਆ । ਆਵਣ ਜਾਵਣ ਬੋਲ ਜੈਕਾਰ, ਜੈ ਜੈ ਜੈਕਾਰ ਦਏ ਸਮਝਾਈਆ । ਆਵਣ ਜਾਵਣ ਭਗਤ ਭਗਵਾਨ ਲੈ ਅਵਤਾਰ, ਲੱਖ ਚੁਰਾਸੀ ਖੋਜ ਖੁਜਾਈਆ । ਆਵਣ ਜਾਵਣ ਕਰੇ ਕਰਾਏ ਸਚ ਪਿਆਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰਾਹ ਆਪ ਦਰਸਾਈਆ । ਆਵਣ ਜਾਵਣ ਆਵੇ ਭਗਵਾਨ, ਭਗਵਨ ਆਪਣੀ ਦਇਆ ਕਮਾਇੰਦਾ । ਭਗਤਨ ਭਗਤੀ ਦੇਵੇ ਦਾਨ, ਭਗਵਨ ਇਕੋ ਵਸਤ ਝੋਲੀ ਪਾਇੰਦਾ । ਸੁਰਤੀ ਸੁਰਤ ਕਰ ਪਰਵਾਨ, ਮੂਰਤ ਮੂਰਤੀ ਲੇਖੇ ਲਾਇੰਦਾ । ਸਖੀ ਮਿਲੇ ਇਕੋ ਕਾਹਨ, ਗ੍ਰਿਹਿ ਮੰਦਰ ਸੋਭਾ ਪਾਇੰਦਾ । ਸੰਤ ਸੱਜਣਾਂ ਕਰ ਪਰਵਾਨ, ਸੰਤ ਸੁਹੇਲਾ ਖੋਜ ਖੁਜਾਇੰਦਾ । ਗੁਰਮੁਖ ਗੁਰਸਿਖ ਚਤਰ ਸੁਜਾਨ, ਸੁਘੜ ਆਪਣੀ ਬੁੱਧੀ ਇਕ ਸਮਝਾਇੰਦਾ । ਮੂਰਖ ਮੁਗਧ ਹੋਣ ਹੈਰਾਨ, ਹਰਿ ਕਾ ਭੇਵ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਵਣ ਜਾਵਣ ਆਪਣੀ ਕਾਰ ਕਮਾਇੰਦਾ । ਆਵਣ ਜਾਵਣ ਨਿਰਗੁਣ ਕਾਰ, ਹਰਿ ਕਰਤਾ ਆਪ ਕਮਾਈਆ । ਕਲ ਕਲਕੀ ਅੰਤਮ ਲੈ ਅਵਤਾਰ, ਬੇਪਰਵਾਹ ਫੇਰਾ ਪਾਈਆ । ਸੰਤ ਸੁਹੇਲੇ ਕਰ ਉਜਿਆਰ, ਨਿਰਮਲ ਜੋਤ ਜੋਤ ਜਗਾਈਆ । ਕੰਚਨ ਕਾਇਆ ਗੜ੍ਹ ਬੰਕ ਖੋਲ੍ਹ ਕਿਵਾੜ, ਸਾਢੇ ਤਿੰਨ ਹੱਥ ਪੁਰਖ ਸਮਰਥ ਮਾਨਸ ਦੇਹ ਦਏ ਵਡਿਆਈਆ । ਸ਼ਬਦ ਅਕਥ ਮਾਰਗ ਦੱਸ, ਹਿਰਦੇ ਵਸ ਹਰਿ ਜੂ ਆਪਣਾ ਭੇਵ ਚੁਕਾਈਆ । ਅੰਮ੍ਰਿਤ ਰਸ ਦੇਵੇ ਨੱਸ, ਪਾਂਧੀ ਆਪਣਾ ਫੇਰਾ ਪਾਈਆ । ਪੂਰੀ ਆਸ ਬੰਦ ਖ਼ੁਲਾਸ, ਬੰਦੀਖ਼ਾਨਾ ਤੋੜ ਤੁੜਾਈਆ । ਮੰਡਲ ਰਾਸ ਪਵਣ ਸਵਾਸ, ਸਵਾਸ ਸਵਾਸਾਂ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਵਣ ਜਾਵਣ ਜਨ ਭਗਤਾਂ

ਮੇਲ ਮਿਲਾਈਆ । ਆਵਣ ਜਾਵਣ ਭਗਤ ਉਧਾਰੀ, ਜੁਗ ਚੌਕੜੀ ਵੇਖ ਵਖਾਇੰਦਾ । ਕਲਜੁਗ ਅੰਤਮ ਖੇਲ ਨਿਆਰੀ, ਨਰ ਨਿਰੰਕਾਰ ਆਪ ਕਮਾਇੰਦਾ । ਕੋਈ ਨਾ ਜਾਣੇ ਜੀਵ ਸੰਸਾਰੀ, ਜੁਗਤ ਆਪਣੇ ਹੱਥ ਰਖਾਇੰਦਾ । ਜਨ ਭਗਤਾਂ ਦੇਵੇ ਨਾਮ ਖ਼ੁਮਾਰੀ, ਸਚ ਪਿਆਲਾ ਜਾਮ ਪਿਆਇੰਦਾ । ਮੇਲ ਮਿਲਾਵਾ ਧੁਰ ਦਰਬਾਰੀ, ਸ੍ਰੀ ਭਗਵਾਨ ਆਪਣੇ ਅੰਗ ਲਗਾਇੰਦਾ । ਆਵਣ ਜਾਵਣ ਚੁਕੇ ਬੀਮਾਰੀ, ਲੱਖ ਚੁਰਾਸੀ ਨਾਤਾ ਤੋੜ ਤੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਆਪਣੇ ਲੇਖੇ ਲਾਇੰਦਾ । ਹਰਿਜਨ ਲੇਖੇ ਲਾਏ ਮੀਤ, ਬੇਪਰਵਾਹ ਵੱਡੀ ਵਡਿਆਈਆ । ਜਿਨ੍ਹਾਂ ਗਾਇਆ ਢੋਲਾ ਸੋਹੰ ਗੀਤ, ਸੋ ਹਰਿ ਮੰਦਰ ਬੈਠਣ ਚਾਈਂ ਚਾਈਆ । ਸਦਾ ਧਾਮ ਦਏ ਅਤੀਤ, ਤ੍ਰੈਗੁਣ ਨਾਤਾ ਤੋੜ ਤੁੜਾਈਆ । ਜੀਂਵਦਿਆਂ ਜਗ ਜਾਇਣ ਜੀਤ, ਜੀਵਣ ਜੁਗਤ ਇਕ ਸਮਝਾਈਆ । ਲੇਖੇ ਲੱਗੇ ਹਸਤ ਕੀਟ, ਜੋ ਜਨ ਆਏ ਸਰਨਾਈਆ । ਮਿਠਾ ਕਰੇ ਕੌੜਾ ਰੀਠ, ਕਾਇਆ ਅੰਮ੍ਰਿਤ ਫਲ ਇਕ ਲਗਾਈਆ । ਲਹਿਣਾ ਚੁਕੇ ਜਨਮ ਕਰਮ ਦਾ ਬੀਸ ਬੀਸ, ਬੀਸ ਬੀਸਾ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਇਕੋ ਕਾਹਨ, ਆਵਣ ਜਾਵਣ ਪੰਧ ਸਰਬ ਮੁਕ ਜਾਣ, ਘਰ ਮਿਲੇ ਪਾਂਧੀ ਪ੍ਰਭ ਦਾਤਾ ਬੇਪਰਵਾਹੀਆ ।



## ★ ੨੧ ਜੇਠ ੨੦੨੦ ਬਿਕ੍ਰਮੀ ਸ਼ਿਵੋ ਦੇਵੀ ਦੇ ਗ੍ਰਿਹਿ ਪਿੰਡ ਬਾਲੇ ਵਾਲ ਜੰਮੂ ★

੭੧੮ ੧੪

ਕੋਟ ਬ੍ਰਹਿਮੰਡ ਰਹੇ ਵੇਖ, ਕੋਟਨ ਕੋਟੀ ਧਿਆਨ ਲਗਾਈਆ । ਨਰ ਹਰਿ ਨਰਾਇਣ ਧਰਿਆ ਭੇਖ, ਬੇਅੰਤ ਸੱਚੇ ਸ਼ਹਿਨਸ਼ਾਹੀਆ । ਪਿਛਲੀ ਸਭ ਦੀ ਮੇਟੇ ਰੇਖ, ਰੇਖਾ ਅਗਲੀ ਦਏ ਜਣਾਈਆ । ਦੋ ਜਹਾਨਾਂ ਖੋਲ੍ਹੇ ਭੇਤ, ਭੇਵ ਆਪਣਾ ਦਏ ਸਮਝਾਈਆ । ਜਨ ਭਗਤਾਂ ਕਰੇ ਆਤਮ ਹੇਤ, ਘਰ ਮੰਦਰ ਫੇਰਾ ਪਾਈਆ । ਸੁੰਞਾਂ ਹੋਏ ਨਾ ਗੁਰਮੁਖ ਖੇਤ, ਰਾਖਾ ਇਕੋ ਨਜ਼ਰੀ ਆਈਆ । ਅਗਨੀ ਤੱਤ ਨਾ ਤਪੇ ਮਹੀਨਾ ਜੇਠ, ਰੁੱਤ ਰੁੱਤੜੀ ਆਪ ਮਹਿਕਾਈਆ । ਸਦ ਰੱਖੇ ਸਾਇਆ ਹੇਠ, ਮਿਹਰਵਾਨ ਸਹਿਜ ਸੁਖਦਾਈਆ । ਦਰਸਨ ਦੇਵੇ ਨੇਤਨ ਨੇਤ, ਨਿਤ ਨਿਤ ਆਪਣਾ ਖੇਲ ਉਪਾਈਆ । ਲਿਖਣਹਾਰਾ ਸਾਚੇ ਲੇਖ, ਲੇਖਾ ਗੁਰਮੁਖਾਂ ਰਿਹਾ ਚੁਕਾਈਆ । ਕਿਸੇ ਹੱਥ ਨਾ ਆਵੇ ਔਲੀਏ ਸ਼ੇਖ਼, ਪੀਰ ਪੈਗ਼ੰਬਰ ਦੇਣ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਿਮੰਡ ਖੰਡ ਆਪਣਾ ਨਾਦ ਵਜਾਈਆ । ਬ੍ਰਹਿਮੰਡ ਖੰਡ ਸੁਣਨ ਨਾਦ, ਅਨਾਦੀ ਹਰਿ ਵਜਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਗਏ ਜਾਗ, ਨੇਤਰ ਨੈਣ ਸਰਬ ਉਠਾਇੰਦਾ । ਕਵਣ ਕੂਟੇ ਖੇਲ ਕਰੇ ਸ੍ਰੀ ਭਗਵਾਨ, ਭਗਵਨ ਆਪਣੀ ਕਲ ਧਰਾਇੰਦਾ । ਲੇਖਾ ਜਾਣ ਜੀਵ ਜਹਾਨ, ਜੀਵ ਆਤਮਾ ਸਰਬ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਬ੍ਰਹਿਮੰਡ ਖੰਡ ਤੱਕਣ ਰਾਹ, ਨੇਤਰ ਨੈਣ ਨੈਣ ਉਠਾਈਆ । ਕੋਟੀ ਕੋਟ ਪ੍ਰਭ ਡੇਰਾ ਰਿਹਾ ਲਾ, ਸਚ ਸਿੰਘਾਸਣ ਸੋਭਾ ਪਾਈਆ । ਕਵਣ ਨਾਮ ਰਿਹਾ ਜਪਾ, ਜਾਪ ਆਪਣਾ ਇਕ ਸਮਝਾਈਆ । ਕਵਣ ਧਾਰ ਪਾਪ ਰਿਹਾ ਮਿਟਾ, ਪਤਤ ਪੁਨੀਤ ਕਰਾਈਆ । ਕਵਣ ਰੰਗ ਰਿਹਾ ਰੰਗਾ, ਰੰਗ ਇਕੋ ਇਕ ਵਖਾਈਆ । ਕਵਣ ਦਰ ਸੋਭਾ ਰਿਹਾ ਪਾ, ਸੋਭਾਵੰਤ ਸੱਚਾ ਸ਼ਹਿਨਸ਼ਾਹੀਆ । ਕਵਣ ਦਵਾਰ ਚਰਨ ਰਿਹਾ ਟਿਕਾ, ਟਿੱਕਾ

ਮਸਤਕ ਧੂੜੀ ਗੁਰਮੁਖਾਂ ਆਪ ਲਗਾਈਆ । ਕਵਣ ਦਰ ਦਰਵਾਜ਼ਾ ਰਿਹਾ ਖੁਲ੍ਹਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਪੜਦਾ ਲਾਹੀਆ । ਕੋਟਨ ਕੋਟ ਬ੍ਰਹਿਮੰਡ ਰੱਖ ਓਟ, ਇਕੋ ਇਕ ਧਿਆਨ ਲਗਾਈਆ । ਕਵਣ ਦਵਾਰ ਕਰੇ ਪਰਕਾਸ਼ ਨਿਰਮਲ ਜੋਤ, ਜੋਤੀ ਜੋਤ ਜੋਤ ਰੁਸ਼ਨਾਈਆ । ਕਵਣ ਘਰ ਬਹਿ ਬਹਿ ਕਰੇ ਸੋਚ, ਸਾਚੀ ਸੋਚ ਆਪਣੇ ਕੋਲ ਰਖਾਈਆ । ਕਵਣ ਢੋਲਾ ਸਦ ਲਾਏ ਝੋਕ, ਕਵਣ ਰਾਗੀ ਰਾਗ ਅਲਾਈਆ । ਕਵਣ ਬੰਕ ਸੁਹਾਏ ਕੋਟ, ਕਿਲਾ ਕਵਣ ਰੂਪ ਵਖਾਈਆ । ਕਵਣ ਬਿਧ ਕੱਢੇ ਖੋਟ, ਜਨ ਭਗਤਾਂ ਨਿਰਮਲ ਬੁਧੀ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਰਿਹਾ ਖੁਲ੍ਹਾਈਆ । ਕੋਟਨ ਕੋਟ ਰੱਖ ਆਸ, ਆਸ ਆਸਾ ਵਿਚ ਪਰਗਟਾਇੰਦਾ । ਕਲਜੁਗ ਅੰਤ ਬੁਝਾਏ ਪਿਆਸ, ਕਵਣ ਅੰਮ੍ਰਿਤ ਜਾਮ ਪਿਆਇੰਦਾ । ਕਵਣ ਵੇਲਾ ਹੋਏ ਦਾਸੀ ਦਾਸ, ਬਣ ਸੇਵਕ ਸੇਵ ਕਮਾਇੰਦਾ । ਕੂੜੀ ਕਿਰਿਆ ਕਰੇ ਨਾਸ, ਨਾਸਤਕ ਨਜ਼ਰ ਕੋਇ ਨਾ ਆਇੰਦਾ । ਆਸਤਕ ਦੇਵੇ ਸੱਚਾ ਸਾਥ, ਸਦਾ ਸਦ ਆਪਣਾ ਸੰਗ ਨਿਭਾਇੰਦਾ । ਉਪਾਸ਼ਕ ਇਕ ਇਕ ਰਘਨਾਥ, ਇਸ਼ਟ ਇਕੋ ਇਕ ਪਰਗਟਾਇੰਦਾ । ਵਾਸਤਕ ਜਾਣੇ ਆਪਣੀ ਗਾਥ, ਵਾਸਤਾ ਆਪਣੇ ਨਾਲ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਘਰ ਆਪ ਸੁਹਾਇੰਦਾ । ਕੋਟਨ ਕੋਟ ਬ੍ਰਹਿਮੰਡ ਕਰਨ ਖਿਆਲ, ਆਪ ਆਪਣੀ ਦਲੀਲ ਦੌੜਾਈਆ । ਸਾਹਿਬ ਸਤਿਗੁਰ ਹੋਏ ਦਿਆਲ, ਦੀਨਾਂ ਨਾਥ ਫੇਰਾ ਪਾਈਆ । ਸਾਚਾ ਮਾਰਗ ਦਏ ਸਿਖਾਲ, ਸਿਖਿਆ ਇਕੋ ਇਕ ਸਮਝਾਈਆ । ਚਰਨ ਕਵਲ ਬਹਾਏ ਸ਼ਾਹ ਕੰਗਾਲ, ਸ਼ਹਿਨਸ਼ਾਹ ਆਪਣੀ ਓਟ ਵਖਾਈਆ । ਦੇਵੇ ਨਾਮ ਸੱਚਾ ਧੰਨ ਮਾਲ, ਧੁਰ ਦੀ ਦਾਤ ਆਪ ਵਰਤਾਈਆ । ਗੁਰਮੁਖ ਸੱਜਣ ਲਏ ਭਾਲ, ਲੱਖ ਚੁਰਾਸੀ ਖੋਜ ਖੁਜਾਈਆ । ਸੁਣੇ ਆਪ ਮੁਰੀਦਾਂ ਹਾਲ, ਮੁਰਸ਼ਦ ਵੱਡਾ ਵਡ ਵਡਿਆਈਆ । ਦੋ ਜਹਾਨਾਂ ਮਾਰੇ ਇਕ ਉਛਾਲ, ਰਤਨ ਅਮੋਲਕ ਗੁਰਮੁਖ ਹੀਰੇ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਰੱਖੇ ਸਦਾ ਸੰਭਾਲ, ਸਿਰ ਆਪਣਾ ਹੱਥ ਟਿਕਾਈਆ । ਕੋਟਨ ਕੋਟ ਬ੍ਰਹਿਮੰਡ ਮੰਗਣ ਚਰਨ ਧੂੜ, ਧੂੜੀ ਇਕੋ ਓਟ ਤਕਾਈਆ । ਚਤਰ ਸੁਘੜ ਬਣਾਏ ਮੂਰਖ ਮੂੜ੍ਹ, ਮੂਰਖ ਆਪਣੇ ਧੰਦੇ ਲਾਈਆ । ਨਾਮ ਰੰਗਣ ਚਾੜ੍ਹੇ ਗੂੜ੍ਹ, ਲੋਕਮਾਤ ਉਤਰ ਕਦੇ ਨਾ ਜਾਈਆ । ਪੂਰਬ ਜਨਮ ਬਖ਼ਸ਼ੇ ਕਸੂਰ, ਜਨਮ ਕਰਮ ਏਥੇ ਲੇਖੇ ਪਾਈਆ । ਦਰਸ ਦਿਖਾਏ ਹਾਜ਼ਰ ਹਜ਼ੂਰ, ਹਜ਼ਰਤ ਆਪਣਾ ਪੜਦਾ ਉਠਾਈਆ । ਨਜ਼ਰੀ ਆਵੇ ਇਕੋ ਨੂਰ, ਨੂਰ ਨੂਰਾਨਾ ਕਰੇ ਰੁਸ਼ਨਾਈਆ । ਆਸਾ ਮਨਸਾ ਪੂਰੀ ਕਰੇ ਜ਼ਰੂਰ, ਗੁਰਮੁਖ ਜ਼ਰੂਰਤ ਇਕੋ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗ ਚੌਕੜੀ ਆਪਣਾ ਰੱਖੇ ਸਚ ਦਸਤੂਰ, ਬਦਸਤੂਰ ਆਪਣੀ ਕਾਰ ਕਮਾਈਆ ।

੭੧੯
੧੪

★ ੨੧ ਜੇਠ ੨੦੨੦ ਬਿਕ੍ਰਮੀ ਗੁਰਦਿਤ ਸਿੰਘ, ਸੰਸਾਰ ਸਿੰਘ ਦੇ ਗ੍ਰਿਹ ਛੰਬ ਜੰਮੂ ★

ਸਤਿਜੁਗ ਸਾਚਾ ਜਗ ਲੱਗਣਾ, ਕਲਜੁਗ ਅੰਤ ਰਹਿਣ ਨਾ ਪਾਈਆ । ਦੀਪਕ ਦੀਆ ਇਕੋ ਜਗਣਾ, ਨਿਰਗੁਣ ਜੋਤ ਨੂਰ ਰੁਸ਼ਨਾਈਆ । ਨਾਮ ਡੰਕਾ ਇਕੋ ਵੱਜਣਾ, ਦੋ ਜਹਾਨਾਂ ਕਰੇ ਸ਼ਨਵਾਈਆ । ਸਾਚਾ ਮਾਰਗ ਇਕੋ ਰੱਖਣਾ, ਚਾਰ ਵਰਨ ਰਾਹ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਸਮਝਾਈਆ । ਸਤਿਜੁਗ ਸਾਚਾ ਲੱਗੇ ਮਾਤ, ਮਾਤਰ ਭੂਮੀ ਮਿਲੇ ਵਡਿਆਈਆ । ਕਲਜੁਗ ਮਿਟੇ ਅੰਧੇਰੀ ਰਾਤ, ਨਿਰਗੁਣ ਸਾਚਾ ਚੰਦ ਚਮਕਾਈਆ । ਸ੍ਰਿਸ਼ਟ ਸਬਾਈ ਦੇਵੇ ਇਕੋ ਗਾਥ, ਅੰਤਰ ਆਤਮ ਕਰੇ ਪੜ੍ਹਾਈਆ । ਘਰ ਮੰਦਰ ਮੇਲਾ ਤ੍ਰਿਲੋਕੀ ਨਾਥ, ਤ੍ਰੈਗੁਣ ਮਾਇਆ ਡੇਰਾ ਢਾਹੀਆ । ਸਚ ਜਣਾਏ ਇਕੋ ਪਾਠ, ਹਵਨ ਇਕੋ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚੀ ਧਾਰ ਚਲਾਈਆ । ਸਤਿਜੁਗ ਲਾਗੇ ਮਾਤ ਅੰਤ, ਅੰਤਰਜਾਮੀ ਆਪ ਲਗਾਇੰਦਾ । ਜੁਗ ਚੌਕੜੀ ਬਣਾਏ ਬਣਤ, ਘੜਨ ਭੰਨਣਹਾਰ ਖੇਲ ਖਲਾਇੰਦਾ । ਜਿਸ ਦਾ ਰਾਹ ਤੱਕਦੇ ਗਏ ਗੁਰ ਅਵਤਾਰ ਸੰਤ, ਸੋ ਸਤਿਗੁਰ ਵੇਸ ਵਟਾਇੰਦਾ । ਦੇਵੇ ਵਡਿਆਈ ਜੀਵ ਜੰਤ, ਲੱਖ ਚੁਰਾਸੀ ਖੋਜ ਖੁਜਾਇੰਦਾ । ਸੁਰਤੀ ਸ਼ਬਦੀ ਮੇਲਾ ਨਾਰ ਕੰਤ, ਘਰ ਮੰਗਲ ਇਕੋ ਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚੀ ਧਾਰ ਸਮਝਾਇੰਦਾ । ਸਤਿਜੁਗ ਲੱਗੇ ਕਲਜੁਗ ਵਾਰ ਅੰਤ, ਅੰਤ ਇਕੋ ਖੇਲ ਕਰਾਈਆ । ਸ੍ਰੀ ਭਗਵਾਨ ਵੇਸ ਵਟਾਏ ਜੁਗਾ ਜੁਗੰਤ, ਜੁਗ ਚੌਕੜੀ ਪੰਧ ਮੁਕਾਈਆ । ਮਾਇਆ ਮਮਤਾ ਤੋੜਨਹਾਰਾ ਹਉਮੇਂ ਹੰਗਤ, ਝੂਠਾ ਗੜ੍ਹ ਕੋਇ ਰਹਿਣ ਨਾ ਪਾਈਆ । ਵੇਖਣਹਾਰਾ ਭੁੱਖਾ ਨੰਗਤ, ਗ਼ਰੀਬ ਨਿਮਾਣੇ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਫ਼ਰਮਾਨਾ ਇਕ ਜਣਾਈਆ । ਧੁਰ ਫ਼ਰਮਾਨਾ ਏਕੰਕਾਰ, ਪੁਰਖ ਅਕਾਲ ਆਪ ਜਣਾਈਆ । ਸਤਿ ਸਤਿਵਾਦੀ ਹੋ ਤਿਆਰ, ਸਤਿ ਪੁਰਖ ਨਿਰੰਜਣ ਵੇਸ ਅਨੇਕਾ ਰੂਪ ਵਟਾਈਆ । ਸਚਖੰਡ ਦਵਾਰ ਖੋਲ੍ਹ ਕਿਵਾੜ, ਕਰੇ ਖੇਲ ਅਗੰਮ ਅਪਾਰ, ਭੇਵ ਅਭੇਦਾ ਭੇਵ ਕੋਇ ਨਾ ਪਾਈਆ । ਤਖ਼ਤ ਨਿਵਾਸੀ ਭੂਪਤ ਭੂਪ ਸ਼ਾਹ ਪਾਤਸ਼ਾਹ ਸੱਚੀ ਸਰਕਾਰ, ਸ਼ਹਿਨਸ਼ਾਹ ਇਕੋ ਏਕ ਏਕ ਅਖਵਾਈਆ । ਮਹੱਲ ਅਟੱਲ ਉਚ ਮਨਾਰ, ਸਚ ਸਿੰਘਾਸਣ ਪੁਰਖ ਅਬਿਨਾਸ਼ਨ ਆਪਣਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਦਵਾਰਾ ਕਰ ਉਜਿਆਰਾ, ਨਿਰਗੁਣ ਆਪਣੀ ਕਾਰ ਜਣਾਈਆ । ਸਤਿ ਦਵਾਰਾ ਏਕਾ ਏਕ, ਏਕੰਕਾਰ ਆਪ ਵਡਿਆਇੰਦਾ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਨਿਰਗੁਣ ਨਿਰਵੈਰ ਰਿਹਾ ਪੇਖ, ਜਗ ਨੇਤਰ ਨਜ਼ਰ ਕਿਸੇ ਨਾ ਆਇੰਦਾ । ਜੁਗਾ ਜੁਗੰਤਰ ਚਲਾਏ ਮੰਤਰ ਬਣਾਏ ਬਣਤਰ ਭਗਤ ਭਗਵਾਨ ਨੇਤਰ ਪੇਖ, ਨਿਜ ਨੇਤਰ ਨੈਣ ਆਪ ਖੁਲ੍ਹਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨਿਰਗੁਣ ਸਰਗੁਣ ਕਰਦਾ ਆਇਆ ਹੇਤ, ਗੁਰ ਅਵਤਾਰ ਆਪਣੀ ਸੇਵ ਕਮਾਇੰਦਾ । ਜੁਗ ਚੌਕੜੀ ਖੇਲੇ ਖੇਡ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਕਰੇ ਕਰਤਾਰ, ਕੁਦਰਤ ਕਾਦਰ ਵੇਖ ਵਖਾਈਆ । ਮਿਹਬਾਨ ਬੀਦੋ ਸਾਂਝਾ ਯਾਰ, ਹੱਕ ਹਕੀਕਤ ਖੋਜ ਖੁਜਾਈਆ । ਲਾਸ਼ਰੀਕ ਪਰਵਰਦਿਗਾਰ, ਬੇਨਜ਼ੀਰ ਫੇਰਾ ਪਾਈਆ । ਹੱਕ ਹਕੀਕਤ ਬੋਲ ਜੈਕਾਰ, ਉਚੋ ਉਚ ਨਾਅਰਾ ਇਕੋ ਇਕ ਲਗਾਈਆ । ਸਚ ਰਫ਼ੀਕ ਸਾਂਝਾ ਯਾਰ, ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਅਵੱਲਾ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਧਾਮ ਸੁਹਾਏ ਨਿਹਚਲ ਇਕ ਅਟੱਲਾ, ਸਚਖੰਡ ਸਾਚੇ ਡੇਰਾ ਲਾਇੰਦਾ । ਦੀਪਕ ਜੋਤੀ ਆਪੇ ਬਲਾ, ਨੂਰੋ ਨੂਰ ਨੂਰ ਪਰਗਟਾਇੰਦਾ । ਸਚ ਸੰਦੇਸਾ ਏਕਾ ਘੱਲਾ, ਧੁਰ ਦੀ ਬਾਣੀ ਬਾਣ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿਜੁਗ ਮਾਰਗ ਆਪਣੇ ਹੱਥ ਰਖਾਇੰਦਾ । ਸਤਿਜੁਗ ਸਾਚਾ ਮਾਰਗ ਲੌਣਾ, ਨਿਰਗੁਣ ਨਿਰਵੈਰ ਰਿਹਾ ਜਣਾਈਆ । ਚੌਥੇ ਯੁਗ ਪੰਧ ਮੁਕੌਣਾ, ਪਾਂਧੀ ਕੋਇ ਨਜ਼ਰ ਨਾ ਆਈਆ । ਸਾਚਾ ਦਵਾਰ ਇਕ ਸੁਹੌਣਾ, ਦਰ ਦਰਬਾਰੀ ਸੋਭਾ ਪਾਈਆ । ਚਵੀਆਂ ਅਵਤਾਰ ਨਾਉਂ ਧਰੌਣਾ, ਨਿਹਕਲੰਕਾ ਡੰਕ ਵਜਾਈਆ । ਰਾਉ ਰੰਕਾਂ ਆਪ ਉਠੌਣਾ, ਬਚਿਆ ਕੋਇ ਰਹਿਣ ਨਾ ਪਾਈਆ । ਧੁਰ ਫ਼ਰਮਾਨਾ ਇਕ ਸੁਣੌਣਾ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਰਕਾਸ਼ ਇਕੋ ਨਾਦ ਵਜਾਈਆ । ਗੁਰ ਅਵਤਾਰ ਦਰ ਮੰਗੌਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਬਣਤ ਰਿਹਾ ਬਣਾਈਆ । ਗੁਰ ਅਵਤਾਰ ਔਣ ਦਰ, ਦਰ ਦਰ ਆਪਣਾ ਫੇਰਾ ਪਾਈਆ । ਕਰੇ ਖੇਲ ਕਰਤਾ ਪੁਰਖ ਨਰਾਇਣ ਨਰ, ਨਰ ਨਰਾਇਣ ਵੱਡੀ ਵਡਿਆਈਆ । ਮਹੱਲ ਅਟੱਲ ਉਚ ਮਨਾਰ ਆਪੇ ਚੜ੍ਹ, ਤਖ਼ਤ ਨਿਵਾਸੀ ਵੇਖ ਵਖਾਈਆ । ਸ਼ਬਦ ਅਗੰਮ ਡੋਰੀ ਲਏ ਫੜ, ਤੰਦੀ ਤੰਦ ਤਾਰ ਸਤਾਰ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਅਪਾਰਾ, ਭੇਵ ਕਿਸੇ ਨਾ ਆਈਆ । ਜੁਗ ਚੌਕੜੀ ਬੀਤੇ ਵਿਚ ਸੰਸਾਰਾ, ਕੋਟਨ ਕੋਟ ਕਾਲ ਵਿਹਾਈਆ । ਕਲਜੁਗ ਅੰਤਮ ਖੇਲ ਨਿਆਰਾ, ਨਿਰਵੈਰ ਪੁਰਖ ਆਪ ਸਮਝਾਈਆ । ਨਿਹਕਲੰਕ ਜੋਤੀ ਨੂਰ ਹੋ ਉਜਿਆਰਾ, ਮਾਤ ਪਿਤ ਨਾ ਕੋਇ ਬਣਾਈਆ । ਸ਼ਬਦ ਡੰਕਾ ਵੱਜੇ ਅਗੰਮ ਅਪਾਰਾ, ਸੁਰ ਤਾਲ ਨਾ ਕੋਇ ਰਖਾਈਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਕਰੇ ਖ਼ਬਰਦਾਰਾ, ਰਵ ਸਸ ਸੂਰਜ ਚੰਦ ਨੈਣ ਖੁਲ੍ਹਾਈਆ । ਵਿਸ਼ਨ ਬ੍ਰਹਮਾ ਸ਼ਿਵ ਦਏ ਹੁਲਾਰਾ, ਨਾਮ ਹੁਲਾਰ ਇਕ ਜਣਾਈਆ । ਵੇਖ ਵਖਾਏ ਤੇਈ ਅਵਤਾਰਾ, ਏਕਾ ਦੂਆ ਤੀਆ ਆਪਣਾ ਰੰਗ ਵਖਾਈਆ । ਚੌਥੇ ਘਰ ਕਰ ਪਸਾਰਾ, ਚਾਰੋਂ ਕੁੰਟ ਵੇਖ ਵਖਾਈਆ । ਪੰਚਮ ਨਾਦ ਸ਼ਬਦ ਧੁਨਕਾਰਾ, ਅਨਰਾਗੀ ਆਪਣਾ ਰਾਗ ਸੁਣਾਈਆ । ਛੇਵੇਂ ਘਰ ਬਿਨ ਛੱਪਰ ਛੰਨ ਵਸੇ ਬਾਹਰਾ, ਚਾਰ ਦੀਵਾਰਾ ਨਜ਼ਰ ਕੋਇ ਨਾ ਆਈਆ । ਸੱਤਵੇਂ ਸਤਿ ਸਤਿਵਾਦੀ ਖੇਲ ਨਿਆਰਾ, ਪੁਰਖ ਪੁਰਖੋਤਮ ਆਪ ਕਰਾਈਆ । ਅੱਠਵੇਂ ਅੱਠਾਂ ਤੱਤਾਂ ਵੇਖਣਹਾਰਾ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਪੜਦਾ ਲਾਹੀਆ । ਨਾਵੇਂ ਨੌਂ ਦਰ ਨੌਂ ਖੰਡ ਨਵ ਨੌਂ ਖੋਲ੍ਹਣਹਾਰ ਕਿਵਾੜਾ, ਬੰਦ ਤਾਕੀ ਆਪੇ ਲਾਹੀਆ । ਦੱਸਵੇਂ ਦਹਿ ਦਿਸ਼ਾ ਹੋਏ ਉਜਿਆਰਾ, ਘਰ ਮੰਦਰ ਸੋਭਾ ਪਾਈਆ । ਲੇਖਾ ਜਾਣੇ ਆਪਣੀ ਧਾਰਾ, ਧਾਰ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੀਰ ਪੈਗ਼ੰਬਰ ਰਿਹਾ ਉਠਾਈਆ । ਪੀਰ ਪੈਗ਼ੰਬਰ ਖੋਲ੍ਹੇ ਅੱਖ, ਸੋ ਸਾਹਿਬ ਆਪ ਜਣਾਇੰਦਾ । ਪਰਵਰਦਿਗਾਰ ਨੂਰ ਇਲਾਹੀ ਮੁਕਾਮੇ ਹੱਕ ਹੋ ਪਰਤੱਖ, ਜ਼ਹੂਰ ਇਕੋ ਇਕ ਜਣਾਇੰਦਾ । ਆਦਿ ਜੁਗਾਦਿ ਜੁਗ ਚੌਕੜੀ ਜਿਸ ਦੇ ਉਤੇ ਪੈਂਦਾ ਰਿਹਾ ਛੱਕ, ਸੋ ਸ਼ਹਿਨਸ਼ਾਹ ਸ਼ਿਕਵਾ ਸਰਬ ਮਿਟਾਇੰਦਾ । ਮੁੱਲਾਂ ਸ਼ੇਖ਼ ਮਸਾਇਕ ਗ਼ੌਂਸ ਕੁਤਬ ਦੇਵਣਹਾਰਾ ਹੱਕ, ਹੱਕ ਹਕੀਕਤ ਖੋਜ ਖੁਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚੀ ਧਾਰ ਬੰਧਾਇੰਦਾ । ਉਠਾਵਣਹਾਰਾ ਗੁਰ ਗੁਰ ਰੂਪ, ਅਨਰੂਪ ਦਇਆ ਕਮਾਈਆ । ਸਚਖੰਡ

ਨਿਵਾਸੀ ਪੁਰਖ ਅਬਿਨਾਸ਼ੀ ਘਟ ਘਟ ਵਸਣਹਾਰਾ ਕੂਟ, ਲੱਖ ਚੁਰਾਸੀ ਅੰਦਰ ਡੇਰਾ ਲਾਈਆ । ਏਕਾ ਤਾਣਾ ਏਕਾ ਪੇਟਾ ਏਕਾ ਸੂਤ, ਏਕਾ ਬੰਧਨ ਰਿਹਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਸੰਦੇਸਾ ਇਕ ਸੁਣਾਈਆ । ਗੁਰ ਗੁਰ ਰੂਪ ਆਏ ਦਵਾਰੇ, ਦਰਗਹਿ ਸਾਚੀ ਧਾਮ ਜਣਾਇੰਦਾ । ਪੁਰਖ ਅਬਿਨਾਸ਼ੀ ਖੇਲ ਅਪਾਰੇ, ਪਾਰਬ੍ਰਹਮ ਪ੍ਰਭ ਆਪਣੀ ਕਾਰ ਕਮਾਇੰਦਾ । ਜੁਗ ਚੌਕੜੀ ਪਾਵੇ ਸਾਰੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਪੜਦਾ ਲਾਹਿੰਦਾ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਦੇਵਣਹਾਰਾ ਦਾਨ, ਦਾਤਾ ਦਾਨੀ ਨੌਜਵਾਨ, ਨਿਰਗੁਣ ਰੂਪ ਸ੍ਰੀ ਭਗਵਾਨ, ਭਗਵਨ ਆਪਣਾ ਹੁਕਮ ਵਰਤਾਇੰਦਾ । ਤਖ਼ਤ ਨਿਵਾਸੀ ਸ਼ਾਹੋ ਸ਼ਾਬਾਸੀ ਆਦਿ ਜੁਗਾਦੀ ਸਾਚਾ ਕਾਹਨ, ਨਾਮ ਬੰਸਰੀ ਇਕੋ ਨਾਦ ਵਜਾਇੰਦਾ । ਮਹੱਲ ਅਟੱਲ ਵਸੇ ਰਮੱਯਾ ਰਾਮ, ਰਹਿਮਤ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਰਨ ਬਰਨ ਚਾਰ ਕੁੰਟ ਚਾਰ ਯੁਗ ਬਰਦੇ ਕਰੇ ਗ਼ੁਲਾਮ, ਸ਼ਹਿਨਸ਼ਾਹ ਇਕੋ ਨਜ਼ਰੀ ਆਇੰਦਾ । ਬਰਦੇ ਕਰੇ ਆਪ ਗ਼ੁਲਾਮ, ਸਾਚਾ ਹੁਕਮ ਹਾਕਮ ਆਪ ਜਣਾਈਆ । ਨਿਤ ਨਵਿਤ ਬਦਲਣਹਾਰ ਨਜ਼ਾਮ, ਨੌਬਤ ਆਪਣੇ ਨਾਮ ਸੁਣਾਈਆ । ਪੀਰ ਪੈਗ਼ੰਬਰ ਕਰਾਵਨਹਾਰ ਸਲਾਮ, ਅਲੈਕਮ ਆਪਣਾ ਰੰਗ ਵਖਾਈਆ । ਧੁਰਦਰਗਾਹੀ ਦੇਵਣਹਾਰਾ ਆਪਣਾ ਨਾਮ, ਕਲਮਾ ਸਚ ਸਚ ਪੜ੍ਹਾਈਆ । ਵੇਖਣਹਾਰਾ ਇਕ ਅਮਾਮ, ਬੇਨਜ਼ੀਰ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿਜੁਗ ਦਵਾਰਾ ਇਕੋ ਇਕ ਖੁਲ੍ਹਾਈਆ । ਸਤਿਜੁਗ ਦਵਾਰਾ ਖੋਲ੍ਹੇ ਆਪ, ਪ੍ਰਭ ਆਪਣੀ ਦਇਆ ਕਮਾਈਆ । ਜੁਗ ਚੌਕੜੀ ਜਿਸ ਥਾਪਣ ਲਿਆ ਥਾਪ, ਨਿਰਗੁਣ ਸਰਗੁਣ ਵੇਖ ਵਖਾਈਆ । ਸਦਾ ਸਦਾ ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦਾ ਦੱਸਦੇ ਗਏ ਜਾਪ, ਰਸਨਾ ਜਿਹਵਾ ਢੋਲਾ ਬੱਤੀ ਦੰਦ ਸਿਫ਼ਤ ਸਾਲਾਹੀਆ । ਅੰਤਰ ਆਤਮ ਪਰਮਾਤਮ ਜਿਸ ਨੂੰ ਦੱਸਦੇ ਰਹੇ ਰਸੂਲ ਪਾਕ, ਪਾਕੀਜਾ ਆਪਣਾ ਭੇਵ ਚੁਕਾਈਆ । ਵੇਖਣਹਾਰਾ ਪੰਜ ਤੱਤ ਕਾਇਆ ਮਾਟੀ ਖ਼ਾਕ, ਖ਼ਾਕਸਾਰ ਆਪਣਾ ਵੇਸ ਵਟਾਈਆ । ਦੋ ਜਹਾਨ ਖੋਲ੍ਹਣਹਾਰਾ ਤਾਕ, ਬੰਦ ਕਿਵਾੜੀ ਕੁੰਡਾ ਲਾਹੀਆ । ਵੇਦ ਵਿਆਸ ਈਸਾ ਮੂਸਾ ਮੁਹੰਮਦ ਨਾਨਕ ਗੋਬਿੰਦ ਪੂਰਾ ਕਰੇ ਭਵਿਖਤ ਵਾਕ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਸਾਚੀ ਕਰਨੀ ਕਰਨੇ ਆਇਆ, ਕਰਤਾ ਪੁਰਖ ਅਗੰਮ ਅਪਾਰ । ਸਚ ਦਵਾਰਾ ਇਕ ਸੁਹਾਇਆ, ਸੋਭਾਵੰਤ ਸੱਚੀ ਸਰਕਾਰ । ਤ੍ਰੈਗੁਣ ਮਾਇਆ ਡੇਰਾ ਢਾਹਿਆ, ਪੰਚਮ ਪੰਚ ਕਰੇ ਖ਼ੁਆਰ । ਸਾਚਾ ਰਾਹ ਇਕ ਵਖਾਇਆ, ਭਗਤ ਭਗਵਾਨ ਦੇ ਆਧਾਰ । ਫੜ ਫੜ ਬਾਂਹੋਂ ਆਪ ਉਠਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਆਪ ਕਰਤਾਰ । ਹਰਿ ਕਰਤਾ ਖੇਲ ਅਵੱਲੜਾ, ਜੁਗ ਚੌਕੜੀ ਆਪ ਕਰਾਈਆ । ਕਲਜੁਗ ਅੰਤਮ ਦੱਸੇ ਰਾਹ ਸੁਖੱਲੜਾ, ਸਤਿਜੁਗ ਸਾਚੀ ਧਾਰ ਸਮਝਾਈਆ । ਆਤਮ ਪਰਮਾਤਮ ਫੜਾਏ ਪਲੜਾ, ਦੂਜੀ ਗੰਢ ਨਾ ਕੋਇ ਪੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਕਰੇ ਸਰਬੱਗ, ਸੂਰਬੀਰ ਆਪਣੀ ਕਲ ਵਰਤਾਇੰਦਾ । ਲੱਖ ਚੁਰਾਸੀ ਨਾਲੋਂ ਹੋ ਅਲੱਗ, ਨਿਰਗੁਣ ਆਪਣਾ ਵੇਸ ਵਟਾਇੰਦਾ । ਸਚ ਸਿੰਘਾਸਣ ਬਹੇ ਸਜ, ਸੋਭਾਵੰਤ ਡੇਰਾ ਲਾਇੰਦਾ । ਗੁਰ ਅਵਤਾਰ ਲਏ ਸੱਦ, ਪੀਰ ਪੈਗ਼ੰਬਰ ਨਾਲ

੭੨੨
੧੪

ਰਲਾਇੰਦਾ । ਨੇਤਰ ਖੋਲ੍ਹੋ ਸਾਰੇ ਅੱਖ, ਬਿਨ ਅੱਖਾਂ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਦਰਸਾਇੰਦਾ । ਗੁਰ ਅਵਤਾਰ ਵੇਖੇ ਆਣ, ਸ੍ਰੀ ਭਗਵਾਨ ਰਿਹਾ ਜਣਾਈਆ । ਕਲਜੁਗ ਅੰਤਮ ਸ੍ਰਿਸ਼ਟ ਸਬਾਈ ਹੋਣੀ ਵੈਰਾਨ, ਵੈਰੀ ਘਰ ਘਰ ਨਜ਼ਰੀ ਆਈਆ । ਸਾਬਤ ਰਿਹਾ ਨਾ ਕਿਸੇ ਈਮਾਨ, ਸਿਦਕ ਸਬੂਰੀ ਨਾ ਕੋਇ ਹੰਡਾਈਆ । ਧਰਮ ਦਿਸੇ ਨਾ ਕੋਇ ਨਿਸ਼ਾਨ, ਸਚ ਸੁੱਚ ਨਾ ਕੋਇ ਕੁੜਮਾਈਆ । ਘਰ ਘਰ ਵੜਿਆ ਪੰਜ ਸ਼ੈਤਾਨ, ਦਿਵਸ ਰੈਣ ਕਰੇ ਲੜਾਈਆ । ਨਜ਼ਰ ਨਾ ਆਏ ਸ੍ਰੀ ਭਗਵਾਨ, ਭਰਮੇ ਭੁੱਲੀ ਸਰਬ ਲੋਕਾਈਆ । ਦੀਨ ਮਜ਼੍ਹਬ ਕਰਨ ਵੈਰਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਰਿਹਾ ਵਖਾਈਆ । ਗੁਰ ਅਵਤਾਰੋ ਪੀਰ ਪੈਗ਼ੰਬਰੋ ਕਰੋ ਵਿਚਾਰ, ਸੋ ਸਾਹਿਬ ਆਪ ਜਣਾਈਆ । ਸਾਚੀ ਰਹੀ ਨਾ ਕੋਈ ਧਾਰ, ਧਰਨੀ ਧਰਤ ਧਵਲ ਕੁਰਲਾਈਆ । ਕਲਜੁਗ ਜੀਵ ਨਾਰ ਹੋਈ ਵਿਭਚਾਰ, ਨਰ ਹਰਿ ਕੰਤ ਨਾ ਕੋਇ ਹੰਡਾਈਆ । ਸਾਚੀ ਸਖੀਆਂ ਕੋਇ ਨਾ ਮੰਗਲਾਚਾਰ, ਗੀਤ ਗੋਬਿੰਦ ਨਾ ਕੋਇ ਅਲਾਈਆ । ਮੰਦਰ ਮਸਜਦ ਮੱਠ ਸ਼ਿਵਦਵਾਲੇ ਹਾਹਾਕਾਰ, ਗੁਰੂਦਵਾਰੇ ਸਾਖਿਆਤ ਗੁਰੂ ਨਜ਼ਰ ਕਿਸੇ ਨਾ ਆਈਆ । ਧੀਆਂ ਭੈਣਾਂ ਕਰਨ ਵਪਾਰ, ਬਣ ਵਣਜਾਰੇ ਹੱਟ ਚਲਾਈਆ । ਸਤਿ ਧਰਮ ਦੀ ਜੜ ਦਿਤੀ ਉਖਾੜ, ਸਿਆਸਤ ਘਰ ਘਰ ਨਾਚ ਨਚਾਈਆ । ਚਾਰੋਂ ਕੁੰਟ ਹਾਹਾਕਾਰ, ਧੀਰਜ ਧੀਰ ਨਾ ਕੋਇ ਧਰਾਈਆ । ਰਾਜ ਰਾਜਾਨ ਸ਼ਾਹ ਸੁਲਤਾਨ ਹੋਏ ਬੇਈਮਾਨ, ਬੈਵਾ ਦਿਸੇ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਅਵਤਾਰਾਂ ਰਿਹਾ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਰੱਖੇ ਯਾਦ, ਪੂਰਬ ਲੇਖਾ ਆਪ ਜਣਾਇੰਦਾ । ਜੀਵਾਂ ਜੰਤਾਂ ਜੋ ਦੇ ਕੇ ਆਏ ਦਾਦ, ਕਵਣ ਵਸਤ ਝੋਲੀ ਵਿਚ ਰਖਾਇੰਦਾ । ਕਲਜੁਗ ਮਾਇਆ ਭਰਮੇ ਭੁੱਲੇ ਸਾਧ, ਸੰਤ ਸਤਿ ਸਰੂਪ ਨਾ ਕੋਇ ਸਮਾਇੰਦਾ । ਅਨਹਦ ਸ਼ਬਦ ਵਜਾਏ ਨਾ ਕੋਇ ਨਾਦ, ਤੁਰਯਾ ਰਾਗ ਨਾ ਕੋਇ ਅਲਾਇੰਦਾ । ਬਿਨ ਹਰਿ ਨਾਮੇ ਖਾਲੀ ਦਿਸਣ ਹਾਡ, ਨਾੜ ਬਹੱਤਰ ਜੋਤੀ ਨੂਰ ਨਾ ਕੋਇ ਚਮਕਾਇੰਦਾ । ਰਸਨਾ ਜਿਹਵਾ ਪੀਣ ਖਾਣ ਲੱਗਾ ਸਵਾਦ, ਹਿਰਦੇ ਹਰਿ ਨਾ ਕੋਇ ਵਸਾਇੰਦਾ । ਧੀਆਂ ਪੁੱਤਰ ਕਰਨ ਲਾਡ, ਆਤਮ ਪਰਮਾਤਮ ਗੋਦ ਨਾ ਕੋਇ ਬਹਾਇੰਦਾ । ਢੋਲਾ ਸੁਣਿਆ ਨਾ ਬੋਧ ਅਗਾਧ, ਅੱਖਰ ਪੜ੍ਹ ਪੜ੍ਹ ਜੀਵ ਜੰਤ, ਸ਼ਾਸਤਰ ਸਿਮਰਤ ਵੇਦ ਪੁਰਾਨ ਫੋਲ ਫੁਲਾਇੰਦਾ । ਨਾਮ ਨਾ ਮਿਲਿਆ ਮਨ ਕਾ ਮੰਤ, ਅੰਤਰ ਆਤਮ ਪੜਦਾ ਕੋਇ ਨਾ ਲਾਹਿੰਦਾ । ਹੋਇਆ ਵਛੋੜਾ ਨਾਰ ਕੰਤ, ਆਤਮ ਸੇਜ ਸੁਹੰਜਣੀ ਸੋਭਾ ਕੋਇ ਨਾ ਪਾਇੰਦਾ । ਦੀਨਾਂ ਮਜ਼੍ਹਬਾਂ ਅੰਦਰ ਗੜ੍ਹ ਬਣਿਆ ਹਉਮੇਂ ਹੰਗਤ, ਹੰ ਬ੍ਰਹਮ ਨਾ ਕੋਇ ਜਣਾਇੰਦਾ । ਨਾ ਕੋਈ ਦੀਸੇ ਸਾਚਾ ਪੰਡਤ, ਮੁੱਲਾਂ ਸ਼ੇਖ਼ ਨਜ਼ਰ ਕੋਇ ਨਾ ਆਇੰਦਾ । ਗ੍ਰੰਥੀ ਪੰਥੀ ਹੋਏ ਮੰਗਤ, ਧੀਰਜ ਧੀਰ ਨਾ ਕੋਇ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਨੇਤਰ ਨੈਣਾਂ ਆਪ ਜਣਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਇਕ ਦੂਜੇ ਨੂੰ ਰਹੇ ਦੱਸ, ਵੇਖ ਵੇਖ ਸਾਚਾ ਹਾਲ ਸੁਣਾਈਆ । ਕਲਜੁਗ ਜੀਵ ਕੂੜੀ ਕਿਰਿਆ ਗਏ ਫਸ, ਰਾਮ ਕ੍ਰਿਸ਼ਨ ਇਸ਼ਟ ਨਜ਼ਰ ਕਿਸੇ ਨਾ ਆਈਆ । ਈਸਾ ਮੂਸਾ ਮੁਹੰਮਦ ਮਸੀਤਾ ਵਿਚੋਂ ਗਏ ਨੱਸ, ਮਸਲਾ ਹੱਕ ਹੱਕ ਨਾ ਕੋਇ ਸਮਝਾਈਆ । ਨਾਨਕ ਗੋਬਿੰਦ ਕਹੇ ਸਾਡਾ ਚਲੇ ਕੋਇ ਨਾ ਵਸ, ਸ੍ਰੀ ਭਗਵਾਨ ਆਪਣਾ ਖੇਲ ਰਚਾਈਆ । ਕੂੜੀ ਕਿਰਿਆ ਢੋਲਾ ਗਾਵਣ ਜਸ, ਜਸ ਵੇਦ ਪੁਰਾਨ ਸਿਫ਼ਤ ਨਾ ਕੋਇ ਸੁਣਾਈਆ । ਰੈਣ ਅੰਧੇਰੀ ਹੋਈ ਮਸ, ਸਾਚਾ ਚੰਦ

ਨਾ ਕੋਇ ਚਮਕਾਈਆ । ਗਿਆਨੀਆਂ ਧਿਆਨੀਆਂ ਟੁੱਟਾ ਜਤ, ਕਾਮ ਕਰੋਧ ਲੋਭ ਮੋਹ ਹੰਕਾਰ ਹਲਕਾਈਆ । ਪਰਮਾਤਮ ਨਾਲੋਂ ਆਤਮ ਹੋ ਕੇ ਬੈਠੀ ਅੱਡ, ਅੰਦਰ ਵੜ ਮੇਲ ਨਾ ਕੋਇ ਮਿਲਾਈਆ । ਡੂੰਘੀ ਭਵਰੇ ਡਿੱਗੇ ਖੱਡ, ਫੜ ਬਾਂਹੋਂ ਬਾਹਰ ਨਾ ਕੋਇ ਕਢਾਈਆ । ਪਿਛਲਾ ਨਾਤਾ ਭੁਲਿਆ ਵਿਸ਼ਵ ਯੱਦ, ਆਦਿ ਪੁਰਖ ਆਪਣੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ ਮੁਖ ਰਹੇ ਮੋੜ, ਕਰਵਟ ਆਪਣੀ ਰਹੇ ਬਦਲਾਈਆ । ਕਲਜੁਗ ਜੀਵਾਂ ਮਨਮਤ ਬੁਧ ਹੋਈ ਹੋਰ, ਗੁਰ ਸਿਖਿਆ ਨਜ਼ਰ ਕਿਸੇ ਨਾ ਆਈਆ । ਅੰਦਰ ਵੜਿਆ ਠੱਗ ਚੋਰ, ਦਿਵਸ ਰੈਣ ਲੁੱਟੀ ਜਾਏ ਵਾਹੋ ਦਾਹੀਆ । ਕਲਜੁਗ ਰੈਣ ਅੰਧੇਰੀ ਦਿਸੇ ਘਨਘੋਰ, ਜੋਤ ਨਿਰੰਜਣ ਚੰਦ ਨਾ ਕੋਇ ਚਮਕਾਈਆ । ਪ੍ਰਭ ਸਾਚੇ ਦੀ ਭੁੱਲ ਗਏ ਸਾਰੇ ਲੋੜ, ਮਨ ਵਾਸਨਾ ਰਹੇ ਵਧਾਈਆ । ਮਾਣਸ ਹੋਏ ਅੰਤਮ ਢੋਰ, ਮਨੁਸ਼ ਰੂਪ ਨਾ ਕੋਇ ਜਣਾਈਆ । ਮੰਤਰ ਕਿਸੇ ਨਾ ਫੁਰੇ ਫੁਰਨਾ ਫੋਰ, ਨਮੋ ਸਤਿ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਅਵਤਾਰਾਂ ਰਿਹਾ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਪਏ ਰੋ, ਨੇਤਰ ਨੈਣਾਂ ਨੀਰ ਵਹਾਈਆ । ਸਾਡੀ ਧਾਰ ਨਾ ਚਲਿਆ ਕੋ, ਹੰਸ ਕਾਗ ਰੂਪ ਵਟਾਈਆ । ਧੁਰ ਦੀ ਬਾਣੀ ਦੇ ਕੇ ਆਏ ਢੋਆ ਢੋ, ਘਰ ਘਰ ਵਸਤ ਪੁਚਾਈਆ । ਅੰਮ੍ਰਿਤ ਆਤਮ ਨਿਝਰ ਝਿਰਨਾ ਆਏ ਚੋ, ਰਸਕ ਰਸਕ ਬੂੰਦ ਟਪਕਾਈਆ । ਆਤਮ ਪਰਮਾਤਮ ਦੱਸ ਕੇ ਆਏ ਮੋਹ, ਮੁਹੱਬਤ ਇਕੋ ਘਰ ਜਣਾਈਆ । ਨਿਰਗੁਣ ਸਰਗੁਣ ਨਾਲ ਜਾਣਾ ਛੋਹ, ਸਰਗੁਣ ਨਿਰਗੁਣ ਇਕੋ ਰੰਗ ਵਖਾਈਆ । ਸਾਚਾ ਬੀਜ ਲੈਣਾ ਬੋ, ਕਾਇਆ ਸਿੰਚ ਕਿਆਰੀ ਹਰੀ ਕਰਾਈਆ । ਕੂੜੀ ਮਾਇਆ ਨਾਲੋਂ ਹੋਣਾ ਨਿਰਮੋਹ, ਮਮਤਾ ਇਕੋ ਇਕ ਰਖਾਈਆ । ਘਰ ਦੀਪਕ ਕਰਨੀ ਲੋ, ਪਰਕਾਸ਼ ਇਕੋ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਗੁਰ ਅਵਤਾਰ ਵੇਖਣ ਤੀਰਥ ਤਟ, ਗੰਗਾ ਗੋਦਾਵਰੀ ਜਮਨਾ ਸੁਰਸਤੀ ਧਿਆਨ ਲਗਾਈਆ । ਕਾਮ ਵਾਸਨਾ ਖੁਲ੍ਹੇ ਹੱਟ, ਕੂੜੀ ਕਿਰਿਆ ਨੱਚੇ ਵਾਹੋ ਦਾਹੀਆ । ਸੱਚਾ ਖੇੜਾ ਦਿਸੇ ਭੱਠ, ਕਲਜੁਗ ਅਗਨੀ ਲੰਬੂ ਏਕਾ ਲਾਈਆ । ਨਜ਼ਰ ਨਾ ਆਏ ਕੋਇ ਬ੍ਰਹਮ ਮਤ, ਮਨਮਤ ਬੈਠੀ ਡੇਰਾ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜੋ ਮਾਰਗ ਆਏ ਦੱਸ, ਜੀਵ ਜੰਤ ਗਏ ਭੁਲਾਈਆ । ਕੂੜੀ ਕਿਰਿਆ ਅੰਦਰ ਹੋਏ ਵਸ, ਵਸਤ ਆਪਣੀ ਬੈਠੇ ਗਵਾਈਆ । ਰਸਨਾ ਨਾਲ ਲੱਭਦੇ ਰਸ, ਹਰਿ ਕਾ ਰਸ ਬਿਨ ਰਸਨਾ ਜਿਹਵਾ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਸਰਬ ਰਿਹਾ ਜਣਾਈਆ । ਪੀਰ ਪੈਗ਼ੰਬਰ ਮਾਰਨ ਨਾਅਰਾ, ਉਚੀ ਕੂਕ ਕੂਕ ਸੁਣਾਈਆ । ਸਦੀ ਚੌਧਵੀਂ ਮੁਰੀਦ ਮੁਰਸ਼ਦ ਰਿਹਾ ਨਾ ਕੋਇ ਪਿਆਰਾ, ਪ੍ਰੀਤੀ ਸਚ ਨਾ ਕੋਇ ਰਖਾਈਆ । ਚਾਰੋਂ ਕੁੰਟ ਅੰਧ ਅੰਧਿਆਰਾ ਨੂਰੀ ਚੰਦ ਨਾ ਕੋਇ ਰੁਸ਼ਨਾਈਆ । ਹਕੀਕਤ ਹੱਕ ਨਾ ਕੋਇ ਮੁਜ਼ਾਹਰਾ, ਮੁਸਲਮ ਸੁੰਨੀ ਦੇਣ ਦੁਹਾਈਆ । ਨਜ਼ਰ ਨਾ ਆਏ ਪਰਵਰਦਿਗਾਰਾ, ਅੱਲਾ ਰਾਣੀ ਨੈਣ ਨਾ ਕੋਇ ਮਟਕਾਈਆ । ਮੁਖ ਘੁੰਗਟ ਪਾਇਆ ਭਾਰਾ, ਨਕਾਬ ਇਕੋ ਇਕ ਰਖਾਈਆ । ਆਦਾਬ ਕਰੇ ਨਾ ਕੋਈ ਸਜਦਾ ਸਿਰਜਣਹਾਰਾ, ਜਗਤ ਨਿਮਾਜ਼ ਕੰਮ ਕਿਸੇ ਨਾ ਆਈਆ । ਸਾਚਾ ਹੁਜਰਾ ਨਜ਼ਰ ਨਾ ਆਏ ਵਿਚ ਸੰਸਾਰਾ, ਮਹਿਰਾਬ ਡੇਰਾ ਕੋਇ ਨਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਿਛਲਾ ਲੇਖਾ ਰਿਹਾ ਵਖਾਈਆ । ਲੇਖਾ ਵੇਖ ਮੁਹੰਮਦ ਰਿਹਾ ਤਬਕ, ਨੇਤਰ ਨੈਣਾਂ ਨੀਰ ਵਹਾਈਆ । ਸਾਬਤ

੭੨੪
੧੪

ਰਹੇ ਨਾ ਚੌਦਾਂ ਤਬਕ, ਤਬਾ ਸਭ ਦੀ ਰਿਹਾ ਬਦਲਾਈਆ । ਅਲਫ਼ ਯੇ ਦਾ ਪੜ੍ਹਦੇ ਰਹੇ ਸਬਕ, ਅੱਲਾ ਨੂਰ ਨਜ਼ਰ ਕਿਸੇ ਨਾ ਆਈਆ । ਅੰਤਮ ਸਾਡੀ ਸਿਖਿਆ ਵਿਚ ਪੈ ਗਿਆ ਫ਼ਰਕ, ਫ਼ਿਕਰਾ ਸੱਚਾ ਗਏ ਭੁਲਾਈਆ । ਸਚ ਈਮਾਨ ਕੀਤਾ ਤਰਕ, ਤੁਰਤ ਆਪਣਾ ਰਾਹ ਚਲਾਈਆ । ਪਰਵਰਦਿਗਾਰ ਵੇਖਣ ਆਇਆ ਪਰਤ, ਪਾਰਬ੍ਰਹਮ ਆਪਣਾ ਫੇਰਾ ਪਾਈਆ । ਜੁਗ ਚੌਕੜੀ ਕਰਨਹਾਰਾ ਪਰਖ, ਪਾਰਖੂ ਇਕੋ ਇਕ ਅਖਵਾਈਆ । ਨਾ ਸੋਗ ਨਾ ਕੋਈ ਹਰਖ, ਚਿੰਤਾ ਗ਼ਮ ਨਾ ਕੋਇ ਜਣਾਈਆ । ਉਚੀ ਕੂਕ ਬੋਲੇ ਆਪ ਕੜਕ, ਧੁਰ ਫ਼ਰਮਾਨਾ ਰਿਹਾ ਸੁਣਾਈਆ । ਪੀਰ ਪੈਗ਼ੰਬਰ ਨੇਤਰ ਖੋਲ੍ਹ ਵੇਖੋ ਉਮਤ ਉਮਤੀ ਅਧਵਿਚਕਾਰੇ ਰਹੀ ਅਟਕ, ਕੰਢਾ ਪਾਰ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੇਤਰ ਨੈਣਾਂ ਰਿਹਾ ਵਖਾਈਆ । ਪੀਰ ਪੈਗ਼ੰਬਰ ਸਜਦਾ ਸੀਸ, ਦੋਏ ਬੰਦਨ ਇਕ ਕਰਾਈਆ । ਤੇਰਾ ਖੇਲ ਸਾਹਿਬ ਜਗਦੀਸ, ਬੇਅੰਤ ਤੇਰੀ ਵਡਿਆਈਆ । ਸਾਡੇ ਖ਼ਾਲੀ ਹੋਏ ਖੀਸ, ਹੱਥ ਨਜ਼ਰ ਕੁਛ ਨਾ ਆਈਆ । ਹੁਕਮੇ ਅੰਦਰ ਮਿਲੀ ਬਖ਼ਸ਼ੀਸ਼, ਲੋਕਮਾਤ ਸੇਵ ਕਮਾਈਆ । ਤੇਰੀ ਦੱਸ ਕੇ ਆਏ ਹਦੀਸ, ਕਲਮਾ ਨਬੀ ਰਸੂਲ ਪੜ੍ਹਾਈਆ । ਸਦੀ ਚੌਧਵੀਂ ਰਹੀ ਬੀਤ, ਵੇਲਾ ਅੰਤ ਰਿਹਾ ਵਿਹਾਈਆ । ਅੰਤਮ ਨਾਤਾ ਛੁਟਣਾ ਜਗਤ ਮਸੀਤ, ਅੰਜੀਲ ਕੁਰਾਨ ਬਗ਼ਲ ਇਕ ਟਿਕਾਈਆ । ਤੇਰੀ ਸੱਚੀ ਵੇਖਣੀ ਰੀਤ, ਰੀਤੀਵਾਨ ਤੇਰੀ ਸਰਨਾਈਆ । ਤੇਰਾ ਸੁਣਨਾ ਇਕੋ ਗੀਤ, ਲਾਸ਼ਰੀਕ ਤੇਰਾ ਢੋਲਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕੋ ਦੇਣਾ ਸਾਚਾ ਵਰ, ਤੁਧ ਬਿਨ ਨਜ਼ਰ ਕੋਇ ਨਾ ਆਈਆ । ਪੀਰ ਪੈਗ਼ੰਬਰ ਧਿਆਨ ਲਗੌਂਦੇ, ਨਿਜ ਨੇਤਰ ਨੈਣ ਰਾਹ ਤਕਾਈਆ । ਆਪਣਾ ਪੱਲੂ ਆਪ ਛਡੌਂਦੇ, ਗਲ ਵਾਸਤਾ ਰਹੇ ਪਾਈਆ । ਸਦੀ ਚੌਧਵੀਂ ਪੰਧ ਮੁਕੌਂਦੇ, ਮੁੱਕੇ ਖੇਲ ਪਰਾਈਆ । ਤੇਰੀ ਉਮਤ ਤੇਰੀ ਝੋਲੀ ਰਖੌਂਦੇ, ਤੇਰੇ ਹੁਕਮੇ ਆਪ ਰਜ਼ਾਈਆ । ਆਪਣਾ ਪੱਲੂ ਤੈਥੋਂ ਛੁਡੌਂਦੇ, ਲੇਖਾ ਅੰਤ ਮੰਗੇ ਕੋਈ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਦ ਸਦ ਤੇਰੀ ਸਰਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦੇਣ ਇਕਬਾਲ, ਹਰਫ਼ ਹਰਫ਼ ਦੇਣ ਜਣਾਈਆ । ਪੁਰਖ ਅਬਿਨਾਸ਼ੀ ਤੇਰੀ ਅਵੱਲੜੀ ਚਾਲ, ਸਾਡੀ ਸਮਝ ਵਿਚ ਨਾ ਆਈਆ । ਕਲਜੁਗ ਅੰਤਮ ਸਾਰੇ ਹੋਏ ਬੇਹਾਲ, ਬਿਹਬਲ ਹੋ ਕੇ ਦੇਣ ਦੁਹਾਈਆ । ਖ਼ਾਲੀ ਦਿਸੇ ਧਰਮਸਾਲ, ਧਰਮ ਦਵਾਰਾ ਨਜ਼ਰ ਕੋਇ ਨਾ ਆਈਆ । ਗੁਰਮੁਖ ਕੋਈ ਨਾ ਉਪਜਿਆ ਲਾਲ, ਲਾਲ ਰੰਗ ਨਾ ਕੋਇ ਚੜ੍ਹਾਈਆ । ਨੌਂ ਖੰਡ ਪ੍ਰਿਥਮੀ ਥੱਕੇ ਭਾਲ, ਸੱਤਾਂ ਦੀਪਾਂ ਭੇਵ ਚੁਕਾਈਆ । ਤ੍ਰੈਗੁਣ ਮਾਇਆ ਪਿਆ ਜਾਲ, ਚਾਰੋਂ ਕੁੰਟ ਫੰਦ ਲਗਾਈਆ । ਕਲਜੁਗ ਆਪ ਬਣਿਆ ਬਲਵਾਨ, ਬਲ ਸਾਚਾ ਰਿਹਾ ਵਖਾਈਆ । ਮੈਂ ਮੰਨਿਆ ਧੁਰ ਫ਼ਰਮਾਨ, ਜੋ ਦਿਤਾ ਬੇਪਰਵਾਹੀਆ । ਸ੍ਰਿਸ਼ਟ ਸਬਾਈ ਕੀਤੀ ਸ਼ੈਤਾਨ, ਘਰ ਘਰ ਸ਼ਰਅ ਰੂਪ ਲੜਾਈਆ । ਮਾਂ ਪੁੱਤ ਦਾ ਰਹਿਣ ਨਾ ਦਿਤਾ ਈਮਾਨ, ਸਿਦਕ ਹੱਕ ਨਾ ਕੋਇ ਵਖਾਈਆ । ਕਲਮੇ ਕੋਲੋਂ ਕਾਜ਼ੀ ਸ਼ਰਮਾਣ, ਰਾਮ ਕੋਲ ਪੰਡਤ ਕੋਇ ਨਾ ਜਾਈਆ । ਗੁਰੂ ਦਰਸ ਕੋਇ ਨਾ ਪਾਣ, ਗੁਰਸਿਖ ਬੈਠੇ ਮੁਖ ਭਵਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਆਪ ਹੋਏ ਹੈਰਾਨ, ਹਰਿ ਜੂ ਕੀ ਕੀ ਖੇਲ ਵਰਤਾਈਆ । ਪਹਿਲੋਂ ਖੋਲ੍ਹ ਸਾਡੀ ਦੁਕਾਨ, ਦੀਨ ਮਜ਼੍ਹਬ ਵੰਡ ਵੰਡਾਈਆ । ਅੱਲਾ ਵਾਹਿਗੁਰੂ ਦੇ ਕੇ ਨਾਮ, ਕ੍ਰਿਸ਼ਨ ਕ੍ਰਿਸ਼ਨ ਕਰੀ ਪੜ੍ਹਾਈਆ । ਅੰਤਮ ਬਦਲ ਦੇਵੇ ਨਜ਼ਾਮ, ਬੇਸਮਝ ਆਪਣੀ ਸਮਝ ਨਾ ਕਿਸੇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ


੭੨੫ ੧੪

ਖੇਲ ਅਨੋਖਾ, ਅਨਭਵ ਆਪਣਾ ਖੇਲ ਜਣਾਇੰਦਾ । ਗੁਰ ਅਵਤਾਰੋ ਪੀਰ ਪੈਗ਼ੰਬਰੋ ਲੋਕਮਾਤ ਵੇਖੋ ਤੁਹਾਡੇ ਸ਼ਿਸ਼ ਤੁਹਾਨੂੰ ਦੇ ਗਏ ਧੋਖਾ, ਸਾਚਾ ਸੰਗ ਨਾ ਕੋਇ ਨਿਭਾਇੰਦਾ । ਪ੍ਰਭ ਮਿਲਣ ਦਾ ਕਿਸੇ ਨਾ ਮਿਲਿਆ ਮੌਕਾ, ਜੀਵ ਜੰਤ ਮੁਖ ਸਰਬ ਭੁਆਇੰਦਾ । ਗੂੜ੍ਹੀ ਨੀਂਦੇ ਸੁੱਤੇ ਲਾ ਕੇ ਢੋਂਕਾ, ਆਲਸ ਨਿੰਦਰਾ ਨਾ ਕੋਇ ਗਵਾਇੰਦਾ । ਮਾਇਆ ਮਮਤਾ ਹੋਇਆ ਸ਼ੌਕਾ, ਸ਼ਹਿਨਸ਼ਾਹ ਨਜ਼ਰ ਕਿਸੇ ਨਾ ਆਇੰਦਾ । ਪੰਡਤਾਂ ਪੋਚਿਆ ਰਹਿ ਗਿਆ ਚੌਂਕਾ, ਘਰ ਬ੍ਰਹਮ ਪਾਰਬ੍ਰਹਮ ਵੇਖਣ ਕੋਇ ਨਾ ਆਇੰਦਾ । ਮੁੱਲਾਂ ਸ਼ੇਖ਼ ਚਲਿਆ ਔਂਤਾ, ਪੁੱਤ ਪੋਤਰਾ ਗੋਦ ਨਾ ਕੋਇ ਬਹਾਇੰਦਾ । ਗੁਰਮੁਖ ਨਾਰੀ ਮਿਲੇ ਨਾ ਨਰ ਹਰਿ ਖ਼ੌਂਤਾ, ਸਾਚੀ ਸੇਜ ਨਾ ਕੋਇ ਹੰਡਾਇੰਦਾ । ਕੋਈ ਲੱਭਦਾ ਪਟਣਾ ਪੌਂਟਾ, ਕੋਈ ਅਯੁਧਿਆ ਮਥਰਾ ਵੇਖ ਵਖਾਇੰਦਾ । ਕੋਈ ਮਦੀਨੇ ਮੱਕੇ ਫਿਰੇ ਗ਼ੌਂਸਾ, ਗਹਿਰ ਗੰਭੀਰ ਨਜ਼ਰ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਭੇਵ ਆਪ ਜਣਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਆਓ ਚੋਟੀ ਚੜ੍ਹ ਕੇ ਵੇਖੋ ਅਖ਼ੀਰ, ਹਰਿ ਸਤਿਗੁਰ ਆਪ ਵਖਾਈਆ । ਚਾਰ ਵਰਨ ਹੋਇਆ ਦਿਲਗੀਰ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਰਿਹਾ ਕੁਰਲਾਈਆ । ਕੋਈ ਨਾ ਬਦਲੇ ਕਿਸੇ ਤਕਦੀਰ, ਤਕਸੀਰ ਸਮਝ ਕਿਸੇ ਨਾ ਆਈਆ । ਚਾਰੋਂ ਕੁੰਟ ਵੱਜਾ ਜ਼ੰਜੀਰ, ਸ਼ਰਅ ਸਕੇ ਨਾ ਕੋਇ ਤੁੜਾਈਆ । ਨਜ਼ਰੀ ਆਏ ਨਾ ਸਾਂਝਾ ਪੀਰ, ਪੁਸ਼ਤ ਹੱਥ ਨਾ ਕੋਇ ਟਿਕਾਈਆ । ਕਲਜੁਗ ਅੰਤਮ ਲੱਗੀ ਭੀੜ, ਭੀੜਾ ਰਾਹ ਪਾਰ ਨਾ ਕੋਇ ਕਰਾਈਆ । ਦਰ ਦਰ ਘਰ ਘਰ ਮੰਗਤੇ ਫਿਰਦੇ ਫ਼ਕੀਰ, ਫ਼ਾਕੇ ਮਰੇ ਲੋਕਾਈਆ । ਪੰਡਤ ਕੱਢਦੇ ਫਿਰਦੇ ਮਸਤਕ ਵਿਚ ਲਕੀਰ, ਜੋਤ ਲਲਾਟ ਨਾ ਕੋਇ ਰੁਸ਼ਨਾਈਆ । ਗ੍ਰੰਥੀ ਪਗੜੀ ਥੱਲੇ ਬੰਨ੍ਹਦੇ ਰਹੇ ਚੀਰ, ਚੀਰਾ ਬਜਰ ਕਪਾਟੀ ਨਾ ਕੋਇ ਦਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦੀ ਦਿਸ਼ਾ ਰਿਹਾ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਅਸੀਂ ਸੁਣਦੇ ਵੱਜਦੀ ਢੋਲਕ, ਢੋਲਾ ਜੀਵ ਜੰਤ ਰਹੇ ਜਗ ਗਾਈਆ । ਕਿਸੇ ਨਾ ਮਿਲਿਆ ਨਾਮ ਅਮੋਲਕ, ਅਨਮੁਲੜੀ ਦਾਤ ਝੋਲੀ ਕੋਇ ਨਾ ਪਾਈਆ । ਪ੍ਰਭ ਰਾਗ ਨਾ ਸੁਣਾਇਆ ਕੋਈ ਅਨਬੋਲਤ, ਬਿਨ ਰਸਨਾ ਜਿਹਵਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਭ ਦਾ ਲੇਖਾ ਰਿਹਾ ਵਖਾਈਆ । ਆਪਣਾ ਲੇਖਾ ਵੇਖ ਹੋਏ ਬੇਜ਼ਾਰ, ਸਾਚੀ ਸੁਰਤ ਨਾ ਕੋਇ ਜਣਾਈਆ । ਕਲਜੁਗ ਅੰਤਮ ਆਈ ਹਾਰ, ਜਿਤ ਰੂਪ ਨਾ ਕੋਇ ਵਖਾਈਆ । ਸ੍ਰਿਸ਼ਟ ਸਬਾਈ ਭੁੱਲੀ ਨਰ ਨਿਰੰਕਾਰ, ਨਿਰਗੁਣ ਰੂਪ ਨਾ ਕੋਇ ਜਣਾਈਆ । ਸਾਚਾ ਮਾਰਗ ਰਿਹਾ ਨਾ ਅੰਤਮ ਵਾਰ, ਰਹਿਬਰ ਬਣ ਕੇ ਪਾਂਧੀ ਪੰਧ ਨਾ ਕੋਇ ਮੁਕਾਈਆ । ਨਿਜ ਨੇਤਰ ਕਰੇ ਨਾ ਕੋਇ ਦੀਦਾਰ, ਘਰ ਸਾਚੇ ਦਰਸ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਆਪਣਾ ਵਰ, ਦੂਜੀ ਲੋੜ ਰਹੇ ਨਾ ਰਾਈਆ । ਗੁਰ ਅਵਤਾਰ ਮੰਗਣ ਮੰਗ, ਅੱਗੇ ਆਪਣੀ ਝੋਲੀ ਡਾਹੀਆ । ਕਲਜੁਗ ਅੰਤਮ ਸਚ ਧਰਮ ਹੋਇਆ ਨੰਗ, ਸਿਰ ਪੜਦਾ ਕੋਇ ਨਾ ਪਾਈਆ । ਅੰਤਰ ਮਿਲੇ ਨਾ ਕਿਸੇ ਅਨੰਦ, ਬਸੰਤਰ ਬਾਹਰੋਂ ਰਹੀ ਜਲਾਈਆ । ਰਸਨਾ ਜਿਹਵਾ ਖਾ ਖਾ ਥੱਕੇ ਗੰਦ, ਮਨ ਵਾਸਨਾ ਬਾਹਰ ਨਾ ਕੋਇ ਕਢਾਈਆ । ਤੇਰੇ ਦਰ ਨਾ ਮੁੱਕਿਆ ਪੰਧ, ਮੰਜ਼ਲ ਹੱਥ ਨਾ ਕੋਇ ਆਈਆ । ਆਤਮ ਢੋਲਾ ਨਾ ਗਾਇਆ ਛੰਦ, ਪਰਮਾਤਮ ਰਾਗ ਨਾ ਕੋਇ ਸੁਣਾਈਆ । ਸੁਰਤੀ ਸ਼ਬਦ ਨਾ ਪਾਈ ਠੰਡ, ਸੀਤਲ ਧਾਰ ਨਾ ਕੋਇ ਵਹਾਈਆ । ਫਿਰ ਫਿਰ ਥੱਕੇ ਜੇਰਜ ਅੰਡ, ਉਤਭੁਜ ਸੇਤਜ ਫੇਰਾ ਪਾਈਆ । ਨੌਂ ਸੌ

ਚੁਰਾਨਵੇ ਚੌਕੜੀ ਯੁਗ ਗਿਆ ਲੰਘ, ਨਿਤ ਨਵਿਤ ਤੇਰੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਸਰਨਾਈਆ । ਪੁਰਖ ਅਬਿਨਾਸ਼ੀ ਦੇਵਣਯੋਗ, ਦੇਵਣਹਾਰ ਅਖਵਾਇੰਦਾ । ਨਾਮ ਸੁਣਾਏ ਸਚ ਸਲੋਕ, ਇਕੋ ਰਾਗ ਅਲਾਇੰਦਾ । ਅਗਲਾ ਪਿਛਲਾ ਮਿਟੇ ਵਿਜੋਗ, ਵਿਜੋਗੀ ਰੂਪ ਨਾ ਕੋਇ ਰਖਾਇੰਦਾ । ਨਿਰਗੁਣ ਨਿਰਗੁਣ ਧੁਰ ਸੰਜੋਗ, ਬਣ ਸੰਜੋਗੀ ਮੇਲ ਮਿਲਾਇੰਦਾ । ਸਾਚੇ ਮੰਦਰ ਦਰਸ ਅਮੋਘ, ਸੋ ਸਾਹਿਬ ਆਪ ਕਰਾਇੰਦਾ । ਨਿਰਗੁਣ ਸਰਗੁਣ ਕੱਟੇ ਰੋਗ, ਰੋਗੀ ਰੂਪ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਲਹਿਣਾ ਦੇਣਾ ਨੇਤਰ ਨੈਣਾਂ ਆਪ ਵਖਾਇੰਦਾ । ਲਹਿਣਾ ਦੇਣਾ ਅੰਤ ਚੁਕਾਵਾਂਗਾ । ਸ੍ਰੀ ਭਗਵਾਨ ਰੂਪ ਵਟਾਵਾਂਗਾ । ਜੀਵ ਜੰਤ ਵੇਖ ਵਖਾਵਾਂਗਾ । ਸਾਧ ਸੰਤ ਪੜਦਾ ਲਾਹਵਾਂਗਾ । ਭਗਤ ਭਗਵਾਨ ਮੇਲ ਮਿਲਾਵਾਂਗਾ । ਨਾਰ ਕੰਤ ਇਕ ਹੰਡਾਵਾਂਗਾ । ਰੰਗ ਬਸੰਤ ਇਕ ਚੜ੍ਹਾਵਾਂਗਾ । ਮਣੀਆਂ ਮੰਤ ਮੰਤਰ ਇਕ ਸਿਖਾਵਾਂਗਾ । ਜਗਤ ਬਸੰਤਰ ਅੰਤ ਬੁਝਾਵਾਂਗਾ । ਗਗਨ ਗਗਨੰਤਰ ਖੋਜ ਖੁਜਾਵਾਂਗਾ । ਲੋਆਂ ਪੁਰੀਆਂ ਵੇਖ ਵਖਾਵਾਂਗਾ । ਦੋ ਜਹਾਨਾਂ ਫੇਰਾ ਪਾਵਾਂਗਾ । ਸ਼ਬਦੀ ਸੁਤ ਨਾਲ ਮਿਲਾਵਾਂਗਾ । ਅਬਿਨਾਸ਼ੀ ਅਚੁਤ ਵੇਸ ਵਟਾਵਾਂਗਾ । ਸਾਚੀ ਰੁੱਤ ਆਪ ਵਡਿਆਵਾਂਗਾ । ਵਿਸ਼ਨ ਬ੍ਰਹਮਾ ਸ਼ਿਵ ਚੁੱਕ, ਗੋਦ ਬਹਾਵਾਂਗਾ । ਕਰੋੜ ਤੇਤੀਸਾ ਉਜਲ ਮੁਖ, ਸੁਰਪਤ ਇੰਦ ਨਾਲ ਮਿਲਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਰ ਵਖਾਵਾਂਗਾ । ਸਾਚੀ ਕਰਨੀ ਕਰ ਵਖਾਵਾਂਗਾ । ਨਿਰਗੁਣ ਨੂਰ ਹੋ ਕੇ ਆਵਾਂਗਾ । ਰਾਮ ਰੂਪ ਨਜ਼ਰੀ ਆਵਾਂਗਾ । ਕਾਹਨ ਕ੍ਰਿਸ਼ਨ ਵਡ ਵਡਿਆਵਾਂਗਾ । ਈਸਾ ਮੂਸਾ ਮੁਹੰਮਦ ਆਪਣਾ ਨੂਰ ਦਰਸਾਵਾਂਗਾ । ਨਾਨਕ ਗੋਬਿੰਦ ਤੂਰ ਵਜਾਵਾਂਗਾ । ਵਡ ਦਾਤਾ ਬਣ ਕੇ ਸੂਰ, ਸੂਰਬੀਰ ਆਪਣਾ ਨਾਉਂ ਧਰਾਵਾਂਗਾ । ਪਰਗਟ ਹੋ ਕੇ ਹਾਜ਼ਰ ਹਜ਼ੂਰ, ਹਜ਼ਰਤ ਆਪਣੀ ਕਲ ਜਣਾਵਾਂਗਾ । ਪਿਛਲੇ ਕਰੇ ਮੁਆਫ਼ ਕਸੂਰ, ਮੁਫ਼ਤ ਆਪਣੀ ਮਿਹਰ ਵਰਤਾਵਾਂਗਾ । ਜੋ ਵਸਣਹਾਰਾ ਦੂਰ, ਨੇੜੇ ਹੋ ਕੇ ਰੂਪ ਵਖਾਵਾਂਗਾ । ਨਾਤਾ ਤੋੜ ਕੂੜੋ ਕੂੜ, ਸਚ ਮਾਰਗ ਇਕ ਵਖਾਵਾਂਗਾ । ਜਨ ਭਗਤਾਂ ਦੇਵਾਂ ਮਸਤਕ ਧੂੜ, ਟਿੱਕਾ ਨਾਮ ਇਕ ਲਗਾਵਾਂਗਾ । ਗੁਰ ਅਵਤਾਰਾਂ ਆਸਾ ਪੂਰ, ਪੀਰ ਪੈਗ਼ੰਬਰਾਂ ਸੋਭਾ ਪਾਵਾਂਗਾ । ਅੱਗੇ ਦੱਸਾਂ ਇਕ ਸ਼ਊਰ, ਸ਼ਹਿਨਸ਼ਾਹ ਬਣ ਕੇ ਆਪਣਾ ਨਾਮ ਜਪਾਵਾਂਗਾ । ਕੋਈ ਰਹਿਣ ਨਾ ਦੇਵਾਂ ਮਜਬੂਰ, ਮਜਬੂਰੀ ਸਭ ਦੀ ਅੰਤ ਕਟਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਮਾਰਗ ਇਕ ਵਖਾਵਾਂਗਾ । ਸਾਚਾ ਮਾਰਗ ਇਕ ਵਖਾਵਾਂਗਾ । ਸ੍ਰੀ ਭਗਵਾਨ ਨਾਮ ਜਪਾਵਾਂਗਾ । ਵਰਨ ਬਰਨ ਸਰਬ ਮਿਟਾਵਾਂਗਾ । ਚਾਰ ਅਠਾਰਾਂ ਜੋੜ ਜੁੜਾਵਾਂਗਾ । ਚੜ੍ਹ ਘੋੜ ਵੇਖ ਵਖਾਵਾਂਗਾ । ਦੌੜ ਦੌੜ ਪੰਧ ਮੁਕਾਵਾਂਗਾ । ਕੌੜਾ ਰੀਠਾ ਭੰਨ ਵਖਾਵਾਂਗਾ । ਪੰਜ ਤੱਤ ਨਾ ਪਾਵੇ ਸ਼ੋਰ, ਚੋਰ ਯਾਰ ਸਭ ਨੂੰ ਡੰਨ ਲਗਾਵਾਂਗਾ । ਇਕ ਭਗਤਾਂ ਰੱਖਾਂ ਲੋੜ, ਲੋਹੜਾ ਘਰ ਘਰ ਪਿਆ ਵਖਾਵਾਂਗਾ । ਜਿਸ ਨੂੰ ਸਾਰੇ ਕਹਿੰਦੇ ਹੋਰ, ਸੋ ਹੋਕਾ ਦੇ ਸੁਣਾਵਾਂਗਾ । ਜਿਸ ਦੇ ਅੰਤਮ ਗੁਰ ਅਵਤਾਰ ਪੀਰ ਪੈਗ਼ੰਬਰ ਗਏ ਕੋਲ, ਸੋ ਆਪਣੀ ਕਲ ਮਾਤ ਪਰਗਟਾਵਾਂਗਾ । ਦੋ ਜਹਾਨਾਂ ਵੱਜੇ ਢੋਲ, ਵਿਸ਼ਨ ਬ੍ਰਹਮਾ ਸ਼ਿਵ ਸਾਚੀ ਸੇਵ ਲਗਾਵਾਂਗਾ । ਲੱਖ ਚੁਰਾਸੀ ਤੋਲਾਂ ਆਪਣੇ ਤੋਲ, ਨਾਮ ਕੰਡਾ ਇਕ ਰਖਾਵਾਂਗਾ । ਗੁਰਮੁਖ ਕੋਈ ਨਾ ਰਹੇ ਅਨਭੋਲ, ਰਾਤੀਂ ਸੁੱਤਿਆਂ ਅੰਦਰ ਵੜ ਜਗਾਵਾਂਗਾ । ਸੁਰਤੀ ਸ਼ਬਦੀ ਕਰੇ ਚੋਲ੍ਹ, ਕਾਇਆ ਚੋਲਾ ਆਪ ਬਦਲਾਵਾਂਗਾ । ਮੌਲਾ

ਹੋ ਕੇ ਜਾਵਾਂ ਮੌਲ, ਰੁੱਤ ਬਸੰਤੀ ਇਕ ਮਹਿਕਾਵਾਂਗਾ । ਦੇਵਾਂ ਵਡਿਆਈ ਉਪਰ ਧੌਲ, ਧਰਨੀ ਧਰਤ ਭਾਗ ਲਗਾਵਾਂਗਾ । ਸਚ ਦਵਾਰਾ ਇਕੋ ਖੋਲ੍ਹ, ਚਾਰ ਵਰਨ ਬਹਾਵਾਂਗਾ । ਰਾਜ ਰਾਜਾਨ ਸ਼ਾਹ ਸੁਲਤਾਨ ਸਾਰੇ ਅੰਤਮ ਰੋਣ, ਗ਼ਰੀਬ ਨਿਮਾਣਿਆਂ ਘਰ ਘਰ ਦੀਪਕ ਨਾਮ ਜਗਾਵਾਂਗਾ । ਕਲਜੁਗ ਕੋਲੋਂ ਸਤਿਜੁਗ ਆਪਣੀ ਵਸਤ ਆਇਆ ਖੋਹਣ, ਸਿਰ ਉਸ ਦੇ ਹੱਥ ਟਿਕਾਵਾਂਗਾ । ਸਤਿਜੁਗ ਵਗੇ ਠੰਡੀ ਪੌਣ, ਪੌਣ ਪਾਣੀ ਵੇਖ ਵਖਾਵਾਂਗਾ । ਗੁਰ ਅਵਤਾਰ ਪੀਰ ਪੈਗ਼ੰਬਰ ਵਿਸ਼ਨ ਬ੍ਰਹਮਾ ਸ਼ਿਵ ਕਰੋੜ ਤੇਤੀਸਾ ਢੋਲਾ ਏਕਾ ਗੌਣ, ਸੋਹੰ ਆਪਣੀ ਧਾਰ ਜਣਾਵਾਂਗਾ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਆਤਮ ਪਰਮਾਤਮ ਘਰ ਵਿਚ ਦਰਸਨ ਪੌਣ, ਸਾਚਾ ਮੰਦਰ ਇਕ ਉਪਜਾਵਾਂਗਾ । ਕੂੜੀ ਕਿਰਿਆ ਮਾਇਆ ਮਮਤਾ ਹਉਮੇਂ ਹੰਗਤਾ ਬੁਰਜ ਢੌਣ, ਨਿਵਣ ਸੋ ਅੱਖਰ ਇਕ ਪੜ੍ਹਾਵਾਂਗਾ । ਹਰਿ ਕਾ ਭੇਵ ਜਾਣੇ ਕੌਣ, ਆਪਣੀ ਕੀਤੀ ਆਪਣੇ ਹੱਥ ਵਖਾਵਾਂਗਾ । ਭਗਤ ਭਗਵਾਨ ਏਕਾ ਸੇਜਾ ਸੌਣ, ਸਾਚੀ ਸੇਜ ਆਪ ਬਣਾਵਾਂਗਾ । ਸਚਖੰਡ ਦਵਾਰੇ ਅੰਦਰ ਆਪੇ ਭੌਣ, ਪੌੜੀ ਡੰਡਾ ਨਾਮ ਲਗਾਵਾਂਗਾ । ਜਿਸ ਰਾਮ ਨੇ ਮਾਰਿਆ ਰੌਣ, ਸੋ ਰਾਮ ਭਗਤਾਂ ਨਾਲ ਮਿਲਾਵਾਂਗਾ । ਜਿਸ ਕਾਹਨ ਨੂੰ ਰਸਨਾ ਜਿਹਵਾ ਸਾਰੇ ਗੌਣ, ਤਿਸ ਕਾਹਨ ਦੀ ਬੰਸਰੀ ਗਰਮੁਖਾਂ ਹੱਥ ਫੜਾਵਾਂਗਾ । ਜਿਸ ਮੂਸੇ ਸੁੱਟਿਆ ਮੂੰਹ ਦੇ ਭਾਰ ਡਿਗੀ ਧੌਣ, ਸੋ ਜਲਵਾ ਕੋਹਤੂਰ ਹਰਿਜਨ ਤੇਰੇ ਵਿਚ ਚਮਕਾਵਾਂਗਾ । ਜਿਸ ਨੂੰ ਈਸਾ ਕਹੇ ਖ਼ੁਦਾਵੰਦ ਮੇਰੇ ਕੋਲ, ਸੋ ਪੁਰਖ ਬਿਧਾਤਾ ਜਨ ਭਗਤਾਂ ਰੰਗ ਰੰਗਾਵਾਂਗਾ । ਜਿਸ ਨੂੰ ਮੁਹੰਮਦ ਕਹੇ ਅਮਾਮ ਆਵੇ ਮੇਰੀ ਸੇਜਾ ਸੌਣ, ਸੋ ਸਾਹਿਬ ਆਪਣੇ ਘਰ ਵਖਾਵਾਂਗਾ । ਜਿਸ ਨੂੰ ਨਾਨਕ ਗਾਇਆ ਨਿਰੰਕਾਰ ਸਚਖੰਡ ਵਸੇ ਪੜਦੇ ਉਹਲ, ਉਹ ਪੜਦਾ ਆਪ ਚੁਕਾਵਾਂਗਾ । ਜਿਸ ਨੂੰ ਗੁਰ ਗੋਬਿੰਦ ਕਹੇ ਪੁਰਖ ਅਕਾਲ ਮੇਰਾ ਪਿਤਾ ਮੇਰੇ ਕੋਲ, ਸੋ ਪਿਤਾ ਪੂਤ ਗੰਢ ਪੁਆਵਾਂਗਾ । ਉਹ ਵੇਲਾ ਵਾਲਾ ਔਣ, ਆ ਕੇ ਆਪਣੇ ਰੰਗ ਰੰਗਾਵਾਂਗਾ । ਜਿਸ ਨੂੰ ਆਦਿ ਜੁਗਾਦਿ ਜੁਗਾ ਜੁਗੰਤਰ ਦੋ ਜਹਾਨ ਸਾਰੇ ਗੌਣ, ਸੋ ਪੁਰਖ ਆਪਣਾ ਰੂਪ ਧਰਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਜੁਗ ਘਾੜਨ ਰਿਹਾ ਘੜ, ਬਣ ਠਠਿਆਰ ਆਪਣੀ ਸੇਵ ਕਮਾਵਾਂਗਾ । ਕਲਜੁਗ ਸਤਿਜੁਗ ਘਾੜਨ ਘੜੇ ਬਣ ਠਠਿਆਰ, ਬਬਵਾ ਆਪਣਾ ਨਾਮ ਹੱਥ ਉਠਾਈਆ । ਆਦਿ ਜੁਗਾਦੀ ਵਡ ਘੁਮਿਆਰ, ਘੁੰਮਣ ਘੇਰੀ ਕੋਹਲੂ ਚੱਕੀ ਚੱਕ ਭੁਆਈਆ । ਨਿਰਗੁਣ ਸਦਾ ਬਣਿਆ ਰਹੇ ਹੁਸ਼ਿਆਰ, ਸਰਗੁਣ ਸਮਝ ਨਾ ਸਕੇ ਰਾਈਆ । ਜੁਗ ਚੌਕੜੀ ਘਲਦਾ ਰਿਹਾ ਗੁਰੂ ਅਵਤਾਰ, ਗੁਰ ਗੁਰ ਆਪਣਾ ਨਾਮ ਸਮਝਾਈਆ । ਪੰਜ ਤੱਤ ਕਾਇਆ ਚੋਲਾ ਕਰਦਾ ਰਿਹਾ ਸ਼ਿੰਗਾਰ, ਤਨ ਖ਼ਾਕੀ ਮਾਤ ਹੰਢਾਈਆ । ਨਾਮ ਨਿਧਾਨਾ ਬੋਲ ਜੈਕਾਰ, ਰਸਨਾ ਜਿਹਵਾ ਬੱਤੀ ਦੰਦ ਗਿਆ ਸਮਝਾਈਆ । ਅੰਤ ਅੰਤ ਕੋਇ ਨਾ ਪਾਰਾਵਾਰ, ਬੇਅੰਤ ਬੇਅੰਤ ਬੇਅੰਤ ਆਪਣੀ ਧਾਰ ਰਖਾਈਆ । ਚਾਰ ਜੁਗ ਗੁਰ ਅਵਤਾਰ ਪੀਰ ਪੈਗ਼ੰਬਰ ਕਹਿੰਦੇ ਗਏ ਕਲਜੁਗ ਅੰਤਮ ਕਲ ਕਲਕੀ ਲਏ ਅਵਤਾਰ, ਪੂਤ ਸਪੂਤਾ ਬ੍ਰਹਿਮਣ ਗੌੜਾ ਉਚੇ ਟਿੱਲੇ ਸਾਚੇ ਪਰਬਤ ਫੇਰਾ ਪਾਈਆ । ਸੰਬਲ ਵਸੇ ਧਾਮ ਨਿਆਰ, ਛੱਪਰ ਛੰਨ ਨਾ ਕੋਇ ਛੁਹਾਈਆ । ਕਲਜੁਗ ਕੂੜੀ ਕਿਰਿਆ ਦਏ ਨਵਾਰ, ਸਤਿਜੁਗ ਮਾਰਗ ਇਕੋ ਲਾਈਆ । ਸਰਬ ਜੀਆਂ ਦਾ ਬਣੇ ਸਾਂਝਾ ਯਾਰ, ਦੀਨ ਮਜ਼੍ਹਬ ਨਾ ਕੋਇ ਰਖਾਈਆ । ਹਿੰਦੂ ਮੁਸਲਮ ਸਿਖ ਈਸਾਈ ਸਭ ਨਾਲ ਕਰੇ ਪਿਆਰ, ਪਰੇਮ ਪ੍ਰੀਤੀ ਇਕ ਵਖਾਈਆ । ਭਗਤਾਂ ਅੰਤਰ ਕਰੇ ਗੁਫ਼ਤਾਰ, ਕਲਮਾ ਸਚ ਸਚ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ

ਨਰ, ਸਤਿ ਸਤਿਵਾਦੀ ਫੇਰਾ ਪਾਈਆ । ਸਤਿ ਸਤਿਵਾਦੀ ਪਾਰਬ੍ਰਹਮ, ਪ੍ਰਭ ਆਪਣੀ ਖੇਲ ਕਰਾਇੰਦਾ । ਨਿਹਕਰਮੀ ਕਰੇ ਸਚ ਕਰਮ, ਕਰਮ ਕਾਂਡ ਨਾ ਕੋਇ ਜਣਾਇੰਦਾ । ਨਾ ਮਰੇ ਨਾ ਪਏ ਜੰਮ, ਧਾਰ ਧਾਰ ਵਿਚੋਂ ਪਰਗਟਾਇੰਦਾ । ਜੁਗ ਚੌਕੜੀ ਬੇੜਾ ਬੰਨ੍ਹ, ਨਿਰਗੁਣ ਆਪਣੇ ਕੰਧ ਉਠਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਦੇਵਣਹਾਰਾ ਨਾਮ ਧੰਨ, ਵਸਤ ਅਮੋਲਕ ਆਪ ਵਰਤਾਇੰਦਾ । ਅੰਤਮ ਕਰਨਹਾਰਾ ਖੰਨ ਖੰਨ, ਖੜਗ ਖੰਡਾ ਆਪ ਚਮਕਾਇੰਦਾ । ਜਨ ਭਗਤਾਂ ਬਣੇ ਜਨਨੀ ਜਨ, ਧੰਨ ਜਣੇਂਦੀ ਮਾਈ ਆਪ ਅਖਵਾਇੰਦਾ । ਸੰਤ ਸੁਹੇਲੇ ਚਾੜ੍ਹੇ ਨਿਰਮਲ ਚੰਨ, ਜੁਗ ਜੁਗ ਨੂਰ ਆਪ ਧਰਾਇੰਦਾ । ਨਿਤ ਨਵਿਤ ਨਜ਼ਰ ਨਾ ਆਏ ਨੇਤਰ ਅੰਨ੍ਹ, ਜਗਤ ਲੋਚਣ ਸਾਰ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਰੇ ਖੇਲ ਸ੍ਰੀ ਭਗਵਨ, ਭਗਵਨ ਆਪਣੀ ਕਾਰ ਕਮਾਇੰਦਾ । ਪ੍ਰਭ ਕੀ ਕਾਰ ਕਮਾਵੇਂਗਾ । ਸਚ ਮਾਰਗ ਕੀ ਲਗਾਵੇਂਗਾ । ਸਤਿਜੁਗ ਮਾਤ ਕਿਵੇਂ ਉਠਾਵੇਂਗਾ । ਕਲਜੁਗ ਅੰਤ ਕਿਵੇਂ ਖਪਾਵੇਂਗਾ । ਗੁਰਮੁਖ ਸੰਤ ਕਿਵੇਂ ਬਚਾਵੇਂਗਾ । ਕਲਜੁਗ ਜੀਵ ਜੰਤ ਰਾਏ ਧਰਮ ਹੱਥ ਕਿਵੇਂ ਫੜਾਵੇਂਗਾ । ਅੱਗੇ ਬਣਾ ਸਾਚੀ ਬਣਤ, ਸਾਚਾ ਖੇਲ ਕਿਵੇਂ ਰਚਾਵੇਂਗਾ । ਤੇਰੀ ਮਹਿਮਾ ਸਦਾ ਅਗਣਤ, ਆਪਣਾ ਲੇਖ ਕਿਵੇਂ ਲਿਖਾਵੇਂਗਾ । ਤੇਰਾ ਕੋਈ ਨਾ ਜਾਣੇ ਅੰਤ, ਆਪਣਾ ਭੇਵ ਕਿਵੇਂ ਪ੍ਰਭ ਪਾਵੇਂਗਾ । ਅੰਤ ਆਪਣਾ ਭੇਵ ਪਾਵਾਂਗਾ । ਗੁਰ ਅਵਤਾਰ ਕੋਇ ਨਾ ਨਾਲ ਰਖਾਵਾਂਗਾ । ਨਿਰਗੁਣ ਹੋ ਕੇ ਇਕੋ ਆਵਾਂਗਾ । ਗੁਰਮੁਖ ਗੁਰਸਿਖ ਜਨ ਭਗਤ ਸਾਚੀ ਸਿਖਿਆ ਇਕ ਸਮਝਾਵਾਂਗਾ । ਜੀਂਵਦਿਆ ਜਗ ਆਪਣਾ ਆਪ ਜਿਤੋ, ਸਾਚੀ ਜੁਗਤੀ ਆਪ ਦ੍ਰਿੜਾਵਾਂਗਾ । ਮਨ ਵਾਸਨਾ ਸਾਰੀ ਲੁੱਟੋ, ਬਣ ਲੁਟੇਰਾ ਹੁਕਮ ਸੁਣਾਵਾਂਗਾ । ਕੂੜੀ ਕਿਰਿਆ ਫੜ ਕੇ ਕੁੱਟੋ, ਨਾਮ ਖੰਡਾ ਹੱਥ ਜਣਾਵਾਂਗਾ । ਲੱਖ ਚੁਰਾਸੀ ਵਿਚੋਂ ਛੁੱਟੋ, ਸੋਹੰ ਢੋਲਾ ਇਕ ਅਲਾਵਾਂਗਾ । ਸ਼ੇਰ ਹੋ ਕੇ ਬੁੱਕੋ, ਭਬਕ ਇਕੋ ਇਕ ਦ੍ਰਿੜਾਵਾਂਗਾ । ਭਗਤ ਹੋ ਕੇ ਉਠੋ, ਭਗਵਾਨ ਮੇਲ ਮਿਲਾਵਾਂਗਾ । ਅੱਗੇ ਹੋ ਕੇ ਪ੍ਰਭ ਨੂੰ ਪੁੱਛੋ, ਫੇਰ ਹਕੀਕਤ ਸਰਬ ਜਣਾਵਾਂਗਾ । ਦੋਏ ਜੋੜ ਬੰਦਨਾ ਝੁਕੋ, ਝੁਕ ਝੁਕ ਆਪਣਾ ਪੜਦਾ ਲਾਹਵਾਂਗਾ । ਅੱਗੇ ਜਾਂਦੇ ਮੂਲ ਨਾ ਰੁਕੋ, ਪਿਛਾ ਫੇਰ ਨਾ ਕਿਸੇ ਵਖਾਵਾਂਗਾ । ਪ੍ਰਭ ਚਰਨਾਂ ਹੇਠਾਂ ਜਾ ਕੇ ਲੁਕੋ, ਸਚਖੰਡ ਦਵਾਰ ਬਹਾਵਾਂਗਾ । ਭਗਵਾਨ ਭਗਤਾਂ ਨੂੰ ਕਹੇ ਆਓ ਮੇਰਿਓ ਪੁੱਤੋ, ਜਗਤ ਨਾਤਾ ਨਾ ਕੋਇ ਜਣਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਖੇਲ ਆਪ ਵਖਾਵਾਂਗਾ । ਸਾਚੀ ਖੇਲ ਆਪ ਵਖਾਏਗਾ । ਪ੍ਰਭ ਆਪਣਾ ਬਲ ਧਰਾਏਗਾ । ਦੋ ਜਹਾਨਾਂ ਹੁਕਮ ਮਨਾਏਗਾ । ਕਲਜੁਗ ਕੂੜਾ ਰਹਿਣ ਨਾ ਪਾਏਗਾ । ਸਤਿਜੁਗ ਸਾਚਾ ਆਪ ਜਗਾਏਗਾ । ਦੁਰਮਤ ਮੈਲ ਧੋਵੇ ਦਾਗ਼ਾ, ਨਿਰਮਲ ਰੂਪ ਵਖਾਏਗਾ । ਗੁਰਮੁਖ ਹੰਸ ਬਣਾਏ ਕਾਗਾ, ਕਾਗੋਂ ਹੰਸ ਉਡਾਏਗਾ । ਘਰ ਦੀਪਕ ਜੋਤ ਜਗੇ ਚਿਰਾਗ਼ਾ, ਅੰਧ ਅੰਧੇਰ ਨੇੜ ਨਾ ਆਏਗਾ । ਸ਼ਬਦ ਉਪਜੇ ਇਕੋ ਰਾਗਾ, ਢੋਲਕ ਛੈਣਾ ਨਾ ਕੋਇ ਵਜਾਏਗਾ । ਹਰਿ ਜੂ ਹਰਿ ਨਰ ਮਿਲੇ ਕੰਤ ਸੁਹਾਗਾ, ਜਗਤ ਰੰਡੇਪਾ ਅੰਤ ਕਟਾਏਗਾ । ਏਥੇ ਓਥੇ ਦੋ ਜਹਾਨ ਹੋ ਮਿਹਰਵਾਨ ਪੁਛਣਹਾਰਾ ਵਾਤਾਂ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਜੁਗ ਜਣਾਏ ਆਪਣਾ ਘਰ, ਘਰ ਮੰਦਰ ਡੂੰਘੀ ਕੰਦਰ ਕਾਇਆ ਬੰਕ ਇਕੋ ਇਕ ਵਡਿਆਏਗਾ ।


੭੨੯
੧੪

★ ੨੨ ਜੇਠ ੨੦੨੦ ਬਿਕ੍ਰਮੀ ਸਰਦਾਰ ਸਿੰਘ ਦੇ ਗ੍ਰਿਹ ਛੰਬ ਜੰਮੂ ★

ਜਨ ਮੰਗਤਾ ਮੰਗੇ ਇਕੋ ਦਾਨ, ਦਾਤਾ ਦਾਨੀ ਇਕ ਅਖਵਾਇੰਦਾ । ਦੇਵਣਹਾਰ ਸ੍ਰੀ ਭਗਵਾਨ, ਜੁਗ ਚੌਕੜੀ ਆਪ ਵਰਤਾਇੰਦਾ । ਖੇਲੇ ਖੇਲ ਵਿਚ ਜਹਾਨ, ਨਿਰਗੁਣ ਸਰਗੁਣ ਧਾਰ ਚਲਾਇੰਦਾ । ਭਗਤ ਭਗਵਾਨ ਕਰ ਪਹਿਚਾਨ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਸਤਿ ਸਤਿਵਾਦੀ ਦੇਵੇ ਨਾਮ, ਨਾਮ ਨਿਧਾਨ ਆਪਣਾ ਇਕ ਜਣਾਇੰਦਾ । ਪੂਰਨ ਇਛਿਆ ਕਰੇ ਕਾਮ, ਸਾਚੀ ਭਿਛਿਆ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਆਪ ਅਖਵਾਇੰਦਾ । ਭਗਤ ਜਨ ਮੰਗੇ ਵਸਤ ਏਕ, ਏਕੰਕਾਰ ਹੱਥ ਵਡਿਆਈਆ । ਸਦਾ ਸਦ ਬਦਲਣਹਾਰਾ ਲੇਖ, ਲੇਖਾ ਲੇਖੇ ਵਿਚੋਂ ਪਰਗਟਾਈਆ । ਸਾਚੇ ਸੰਤਨ ਕਰੇ ਹੇਤ, ਹਿਤਕਾਰੀ ਵਡ ਵਡਿਆਈਆ । ਨਜ਼ਰੀ ਆਏ ਨੇਤਨ ਨੇਤ, ਨਿਜ ਨੇਤਰ ਦਏ ਖੁਲ੍ਹਾਈਆ । ਲੱਭਦੇ ਫਿਰਦੇ ਕੇਤਨ ਕੇਤ, ਦਹਿ ਦਿਸ਼ਾ ਦੇਣ ਦੁਹਾਈਆ । ਕਿਸੇ ਹੱਥ ਨਾ ਆਏ ਮੁੱਲਾਂ ਸ਼ੇਖ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਮੰਗੇ ਦਾਨ ਗੁਰਮੁਖ ਮੀਤ, ਪ੍ਰਭ ਅੱਗੇ ਝੋਲੀ ਡਾਹੀਆ । ਪਾਰਬ੍ਰਹਮ ਤੇਰੀ ਸਾਚੀ ਰੀਤ, ਜੁਗ ਜੁਗ ਭਗਤਾਂ ਹੋਵੇਂ ਸਹਾਈਆ । ਲੱਖ ਚੁਰਾਸੀ ਵਿਚੋਂ ਪਰਖੇਂ ਨੀਤ, ਨੀਤੀਵਾਨ ਫੇਰਾ ਪਾਈਆ । ਆਪਣਾ ਧਾਮ ਦੱਸੇਂ ਅਨਡੀਠ, ਅਨਡਿਠੜੀ ਕਾਰ ਕਮਾਈਆ । ਜੋ ਜਨ ਗੌਂਦੇ ਤੇਰੇ ਗੀਤ, ਤਿਨ੍ਹਾਂ ਗੋਬਿੰਦ ਲਏਂ ਮਿਲਾਈਆ । ਕਾਇਆ ਕਰੇਂ ਠੰਡੀ ਸੀਤ, ਸਾਂਤਕ ਸਤਿ ਸਤਿ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਵਸਤ ਇਕ ਵਰਤਾਈਆ । ਗੁਰਮੁਖ ਮਾਂਗੇ ਠਾਂਡੇ ਦਰਬਾਰ, ਦਰ ਸਾਚੇ ਸੀਸ ਝੁਕਾਈਆ । ਦੇਵਣਹਾਰ ਹਰਿ ਨਿਰੰਕਾਰ, ਦੇਂਦਿਆ ਤੋਟ ਕੋਇ ਨਾ ਆਈਆ । ਖ਼ਾਲੀ ਭਰਨਹਾਰ ਭੰਡਾਰ, ਵਸਤ ਅਮੋਲਕ ਇਕ ਰਖਾਈਆ । ਦੁਖੀਆਂ ਦੁਖ ਦਏ ਨਿਵਾਰ, ਦਰਦੀਆਂ ਦਰਦ ਆਪ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਿਸ ਜਨ ਆਪਣਾ ਨਾਮ ਝੋਲੀ ਪਾਈਆ । ਗੁਰਮੁਖ ਮੰਗੇ ਸਚ ਦਵਾਰੇ ਭਿਖ, ਵਸਤ ਅਮੋਲਕ ਮੰਗ ਮੰਗਾਈਆ । ਠਾਕਰ ਸਵਾਮੀ ਲੇਖਾ ਲਿਖ, ਪੂਰਬ ਲੇਖਾ ਦਏ ਚੁਕਾਈਆ । ਘਰ ਵਿਚ ਘਰ ਆਏ ਦਿਸ, ਦਹਿ ਦਿਸ਼ਾ ਨਾ ਲੱਭਣ ਜਾਈਆ । ਆਤਮ ਪਰਮਾਤਮ ਪਰਮਾਤਮ ਆਤਮ ਵੰਡਾ ਸਾਚਾ ਹਿਸ, ਹਿੱਸਾ ਆਪਣੇ ਘਰ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਰਬ ਸੁਖ ਦਾਈਆ । ਮਾਂਗਣ ਆਇਆ ਮਾਂਗੇ ਰੰਗ, ਤਨ ਮਾਟੀ ਭੇਟ ਚੜ੍ਹਾਈਆ । ਪਾਰਬ੍ਰਹਮ ਤੇਰਾ ਸਾਚਾ ਸੰਗ, ਸਗਲੀ ਓਟ ਰਖਾਈਆ । ਗ਼ਰੀਬ ਨਿਮਾਣਿਆਂ ਕੱਟ ਭੁੱਖ ਨੰਗ, ਭੁਖਿਆਂ ਨੰਗਿਆਂ ਆਪਣੀ ਗੋਦ ਬਹਾਈਆ । ਅੰਦਰ ਬਾਹਰ ਦੇ ਸੰਗ, ਏਥੇ ਓਥੇ ਹੋ ਸਹਾਈਆ । ਤੇਰਾ ਨਾਉਂ ਸੂਰਾ ਸਰਬੰਗ, ਸ਼ਾਹ ਪਾਤਸ਼ਾਹ ਤੇਰੀ ਸੱਚੀ ਸ਼ਹਿਨਸ਼ਾਹੀਆ । ਆਪਣੇ ਮਿਲਣ ਦਾ ਆਪੇ ਦੱਸ ਢੰਗ, ਪੜਦਾ ਆਪਣਾ ਆਪ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਵਸਤ ਦੇ ਵਰਤਾਈਆ । ਮਾਂਗਣ ਆਇਆ ਦਰ ਭਿਖਾਰੀ, ਖ਼ਾਲੀ ਝੋਲੀ ਰਿਹਾ ਵਖਾਈਆ । ਤੇਰਾ ਨਾਉਂ ਨਰ ਨਿਰੰਕਾਰੀ, ਦੇਵਤ ਸੁਰ ਤੇਰਾ ਧਿਆਨ ਲਗਾਈਆ । ਤੇਰੀ ਖੇਲ ਜਗਤ ਦੋ ਧਾਰੀ, ਨਿਰਗੁਣ ਸਰਗੁਣ ਸਮਝ ਕਿਸੇ ਨਾ ਆਈਆ । ਆਤਮ ਪਰਮਾਤਮ ਤੇਰੀ ਯਾਰੀ, ਘਰ ਸਾਚੇ ਵੱਜੇ ਵਧਾਈਆ । ਸੁਰਤ ਸ਼ਬਦ ਨਾਰ ਕੰਤ ਕਰੇ ਪਿਆਰੀ, ਪਰਮ ਪੁਰਖ ਬੇਪਰਵਾਹੀਆ । ਜਨ ਭਗਤਾਂ ਰੱਖ ਲਾਜ ਚਰਨ

ਛੁਹਾਈ ਦਾੜ੍ਹੀ, ਸ਼ਹਿਨਸ਼ਾਹ ਪਾਤਸ਼ਾਹ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਆ ਨਾ ਹੋਏ ਖ਼ੁਆਰੀ ਅੱਗੇ ਦੁੱਖ ਨਾ ਲਾਗੇ ਰਾਈਆ । ਸਾਚਾ ਦਾਨ ਦੇ ਪ੍ਰਭ ਸੱਜਣ, ਦਰ ਤੇਰੇ ਆਸ ਰਖਾਈਆ । ਚਰਨ ਧੂੜੀ ਮਿਲੇ ਮਜਨ, ਮਸਤਕ ਟਿੱਕਾ ਇਕੋ ਲਾਈਆ । ਕੂੜੀ ਕਿਰਿਆ ਭਾਂਡੇ ਭਰਮ ਭੈ ਭੱਜਣ, ਭੌ ਇਕੋ ਇਕ ਸਮਝਾਈਆ । ਸੰਤ ਸੁਹੇਲੇ ਤੇਰਾ ਦਰਸ ਕਰ ਕਰ ਰੱਜਣ, ਦੂਜੀ ਤਾਂਘ ਨਾ ਕੋਇ ਰਖਾਈਆ । ਲੱਗੇ ਭਾਗ ਕਾਇਆ ਕੰਚਨ, ਗੜ੍ਹ ਇਕੋ ਇਕ ਵਡਿਆਈਆ । ਹੋਏ ਪਰਕਾਸ਼ ਜੋਤ ਨਿਰੰਜਣ, ਨੂਰ ਨੂਰਾਨਾ ਨਜ਼ਰੀ ਆਈਆ । ਨੇਤਰ ਪਾ ਗਿਆਨ ਅੰਜਨ, ਅਗਿਆਨ ਅੰਧੇਰ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਿਛਿਆ ਆਪਣੀ ਦੇ ਵਰਤਾਈਆ । ਸਾਚੀ ਭਿਛਿਆ ਦੇ ਗੁਰਦੇਵ, ਸਵਾਮੀ ਤੇਰੇ ਅੱਗੇ ਅਰਜ਼ੋਈਆ । ਚਰਨ ਕਵਲ ਮਿਲੇ ਸਾਚੀ ਸੇਵ, ਦਰ ਦਵਾਰੇ ਮਿਲੇ ਢੋਈਆ । ਰਸਨਾ ਮਿਲੇ ਨਾਮ ਜਿਹਵ, ਜਿਹਵਾ ਤੇਰਾ ਹਰਿ ਗੁਣ ਗਾਈਆ । ਧਾਮ ਮਿਲੇ ਇਕ ਨਿਹਕੇਵ, ਨਿਹਚਲ ਇਕੋ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਵਸਤ ਦੇ ਵਖਾਈਆ । ਸਾਚੀ ਵਸਤ ਦੇ ਵਖਾਲ, ਪ੍ਰਭ ਤੇਰੇ ਹੱਥ ਵਡਿਆਈਆ । ਕਲਜੁਗ ਅੰਤਮ ਹੋ ਦਿਆਲ, ਦੀਨਾਂ ਨਾਥ ਦਇਆ ਕਮਾਈਆ । ਮੰਗਤੇ ਖੜੇ ਦਰ ਕੰਗਾਲ, ਸ਼ਾਹ ਨਜ਼ਰ ਕੋਇ ਨਾ ਆਈਆ । ਨਾਤਾ ਤੋੜ ਜਗਤ ਜੰਜਾਲ, ਜੀਵਣ ਜੁਗਤ ਦੇ ਸਮਝਾਈਆ । ਘਰ ਮੰਦਰ ਵੱਜੇ ਤਾਲ, ਰਾਗੀ ਰਾਗ ਇਕੋ ਗਾਈਆ । ਭਗਤ ਦਵਾਰ ਸੋਹੇ ਸੱਚੀ ਧਰਮਸਾਲ, ਧਰਮ ਦਵਾਰਾ ਇਕੋ ਨਜ਼ਰੀ ਆਈਆ । ਨਿਰਗੁਣ ਹੋ ਕੇ ਸਰਗੁਣ ਭਾਲ, ਦਰ ਦਰ ਘਰ ਘਰ ਆਪਣਾ ਫੇਰਾ ਪਾਈਆ । ਤੇਰੇ ਅੱਗੇ ਇਕ ਸਵਾਲ, ਜਿਉਂ ਭਾਵੇ ਤਿਉਂ ਲੈ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਚੀ ਵਸਤ ਫੜਾ ਦਸਤ, ਦੋਵੇਂ ਹੱਥ ਰਹੇ ਫੈਲਾਈਆ । ਦੋਵੇਂ ਹੱਥ ਅੱਗੇ ਕਰ, ਗੁਰਸਿਖ ਗੁਰਮੁਖ ਮੰਗ ਮੰਗਾਇੰਦਾ । ਜੋ ਧਰਨਾ ਸੋ ਅੱਗੇ ਧਰ, ਜਗਤ ਉਧਾਰ ਕੋਇ ਨਾ ਭਾਇੰਦਾ । ਸਵਾਮੀ ਖੜੇ ਤੇਰੇ ਦਰ, ਦਰ ਇਕੋ ਅਲਖ ਜਗਾਇੰਦਾ । ਕਿਰਪਾਨਿਧ ਦੇ ਵਰ, ਵਰ ਦਾਤਾ ਤੇਰਾ ਘਟ ਕੁਛ ਨਹੀਂ ਜਾਇੰਦਾ । ਪੁਰਖ ਅਬਿਨਾਸ਼ੀ ਅੱਗੇ ਖੜ, ਸਤਿ ਸਤਿਵਾਦੀ ਆਪ ਜਣਾਇੰਦਾ । ਗੁਰਮੁਖਾਂ ਨਾਲ ਬੱਧਾ ਲੜ, ਪੱਲੂ ਆਪਣੇ ਗੰਢ ਦਿਵਾਇੰਦਾ । ਸੋਹੰ ਢੋਲਾ ਲੈਣਾ ਪੜ੍ਹ, ਸਾਚੀ ਸਿਖਿਆ ਇਕ ਸਮਝਾਇੰਦਾ । ਸਾਚੇ ਪੌੜੇ ਜਾਣਾ ਚੜ੍ਹ, ਕਾਇਆ ਮੰਦਰ ਅੰਦਰ ਆਪ ਲਗਾਇੰਦਾ । ਸਚਖੰਡ ਦਵਾਰੇ ਜਾਣਾ ਵੜ, ਸ੍ਰੀ ਭਗਵਾਨ ਸਾਚੇ ਤਖ਼ਤ ਸੋਭਾ ਪਾਇੰਦਾ । ਜਨਮ ਮਰਨ ਦਾ ਚੁੱਕੇ ਡਰ, ਆਵਣ ਜਾਵਣ ਗੇੜ ਕਟਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਦਾਨ ਤਲੀ ਦੇਵੇ ਧਰ, ਗਲੀ ਗਲੀ ਜਨ ਭਗਤਾਂ ਆਪਣਾ ਮੇਲ ਮਿਲਾਇੰਦਾ ।



੭੩੧ ੧੪

### ★ ੨੨ ਜੇਠ ੨੦੨੦ ਬਿਕ੍ਰਮੀ ਬਾਰਾ ਸਿੰਘ ਦੇ ਗ੍ਰਿਹ ਛੰਬ ਜੰਮੂ ★

ਜਨਮ ਅਜਨਮ ਆਤਮ ਉਠੀ, ਤਨ ਖ਼ਾਕੀ ਰਹੀ ਹੰਢਾਈਆ । ਬਿਰਹੋਂ ਵੈਰਾਗਣ ਵਿਛੋੜੇ ਕੁੱਠੀ, ਆਪ ਆਪਣਾ ਰਹੀ ਭੁਲਾਈਆ । ਮਾਤ ਗਰਭ ਅੰਦਰ ਲਟਕਦੀ ਰਹੀ ਪੁੱਠੀ, ਆਪਣੀ ਸਾਰ ਕੋਇ ਨਾ ਪਾਈਆ । ਛੁਪਦੀ ਰਹੀ ਕਾਇਆ ਗੁਠੀ, ਹਰਿ ਮੰਦਰ ਕੰਦਰ ਨਾ ਕੋਇ ਖੁਲ੍ਹਾਈਆ ।

ਮਨ ਮਤ ਬੁਧ ਢਾਹ ਨਾ ਸਕੀ ਰੁਚੀ, ਆਪਣਾ ਬਲ ਨਾ ਕੋਇ ਧਰਾਈਆ । ਬਿਨ ਸਤਿਗੁਰ ਪੂਰੇ ਕਿਸੇ ਨਾ ਕੀਤੀ ਸੁੱਚੀ, ਸਤਿ ਸਰੂਪ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਆਪਣੇ ਹੱਥ ਰਖਾਈਆ । ਜਨਮ ਕਰਮ ਆਤਮ ਸੋਈ, ਨੇਤਰ ਨੈਣ ਨਾ ਕੋਇ ਖੁਲ੍ਹਾਈਆ । ਸਾਚੇ ਘਰ ਮਿਲੇ ਨਾ ਢੋਈ, ਦਰ ਦਰ ਫਿਰੇ ਵਾਹੋ ਦਾਹੀਆ । ਨਾ ਜਿੰਦਾ ਨਾ ਦਿਸੇ ਮੋਈ, ਅੰਦਰ ਬਾਹਰ ਘਰ ਨਜ਼ਰ ਕੋਇ ਨਾ ਆਈਆ । ਆਪਣੀ ਵਸਤ ਆਪੇ ਖੋਹੀ, ਖ਼ਾਲੀ ਹੱਥ ਦਏ ਦੁਹਾਈਆ । ਕਲਜੁਗ ਅੰਤਮ ਗੁਰਮੁਖਾਂ ਅੰਦਰ ਵੜ ਕੇ ਰੋਈ, ਉਚੀ ਕੂਕ ਕੂਕ ਸੁਣਾਈਆ । ਪ੍ਰਭ ਤੇਰੇ ਬਿਨ ਦੇਵੇ ਕੋਇ ਨਾ ਢੋਈ, ਸਿਰ ਹੱਥ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੱਸੇ ਸੱਚੀ ਸਰਨਾਈਆ । ਜਗ ਆਤਮ ਨੇਤਰ ਨੈਣਾਂ ਨੀਰ ਵਹਾ, ਉਚੀ ਕੂਕ ਕੂਕ ਸੁਣਾਈਆ । ਪ੍ਰਭ ਮਿਲ ਜਾਏ ਬੇਪਰਵਾਹ, ਤੇਰੀ ਇਕ ਆਸ ਰਖਾਈਆ । ਆਪਣਾ ਭੇਵ ਦੇ ਖੁਲ੍ਹਾ, ਖ਼ਾਲਕ ਖ਼ਲਕ ਤੇਰੀ ਸਰਨਾਈਆ । ਮੇਰਾ ਪੜਦਾ ਦੇ ਉਠਾ, ਦੂਈ ਦਵੈਤੀ ਪਰੇ ਹਟਾਈਆ । ਸਾਚਾ ਜਲਵਾ ਦੇ ਜਣਾ, ਨੂਰੋ ਨੂਰ ਨੂਰ ਰੁਸ਼ਨਾਈਆ । ਪਿਛਲਾ ਵਛੋੜਾ ਦੇ ਮਿਟਾ, ਅੱਗੇ ਆਪਣਾ ਮੇਲ ਮਿਲਾਈਆ । ਸਾਚਾ ਦੋਹਰਾ ਦੇ ਸੁਣਾ, ਦੋਏ ਦੋਏ ਆਪਣੀ ਧਾਰ ਵਖਾਈਆ । ਅੰਧ ਘੋਰਾ ਦੇ ਗਵਾ, ਨਿਰਗੁਣ ਜੋਤ ਕਰ ਰੁਸ਼ਨਾਈਆ । ਥੋੜਾ ਥੋੜਾ ਆਪਣਾ ਰੰਗ ਦੇ ਚੜ੍ਹਾ, ਸਚ ਰੰਗ ਇਕੋ ਇਕ ਵਖਾਈਆ । ਘਰ ਮਰਦੰਗ ਦੇ ਵਜਾ, ਨੌਬਤ ਆਪਣੇ ਨਾਮ ਸੁਣਾਈਆ । ਮੇਰਾ ਪੰਧ ਦੇ ਮੁਕਾ, ਬਣ ਪਾਂਧੀ ਦਿਆਂ ਦੁਹਾਈਆ । ਆਪਣਾ ਚੰਦ ਮੁਖ ਦਿਖਲਾ, ਨੂਰ ਜ਼ਹੂਰ ਤੇਰਾ ਨਜ਼ਰੀ ਆਈਆ । ਘਰ ਸੱਜਣ ਫੇਰਾ ਪਾ, ਨਿਤ ਤੇਰੀ ਆਸ ਰਖਾਈਆ । ਸ੍ਰੀ ਭਗਵਾਨ ਸੱਚੇ ਸ਼ਹਿਨਸ਼ਾਹ, ਤੁਧ ਬਿਨ ਲੋਚਾ ਪੂਰ ਨਾ ਕੋਇ ਕਰਾਈਆ । ਸੋਚਾਂ ਸੋਚਦਿਆਂ ਜਨਮ ਅਜਨਮ ਗਏ ਵਿਹਾ, ਤੇਰੀ ਸਮਝ ਜ਼ਰਾ ਨਾ ਆਈਆ । ਜੁਗ ਚੌਕੜੀ ਬੈਠੀ ਪਤ ਗਵਾ, ਅੰਤਮ ਲੱਜਿਆ ਤੇਰੇ ਹੱਥ ਫੜਾਈਆ । ਕਿਰਪਾਨਿਧਾਨ ਠਾਕਰ ਸਵਾਮੀ ਨਿਰਗੁਣ ਆਪਣਾ ਦਰਸ ਦਿਖਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਤੁਧ ਬਿਨ ਨਜ਼ਰ ਕੋਇ ਨਾ ਆਈਆ । ਆਤਮ ਰੋਵੇ ਮਾਰੇ ਧਾਹ, ਧੀਰਜ ਨਜ਼ਰ ਕੋਇ ਨਾ ਆਈਆ । ਸਾਚਾ ਦੱਸੇ ਨਾ ਕੋਇ ਰਾਹ, ਪੱਲੂ ਸਚ ਨਾ ਕੋਇ ਫੜਾਈਆ । ਪ੍ਰਭ ਭੁਲਿਆ ਬੇਪਰਵਾਹ, ਬੇਪਰਵਾਹੀ ਵਿਚ ਸਾਰ ਕੋਇ ਨਾ ਪਾਈਆ । ਆਪਣੇ ਨਾਲੋਂ ਕੀਤਾ ਜੁਦਾ, ਪੜਦਾ ਦੂਈ ਵਿਚ ਰਖਾਈਆ । ਮੈਂ ਲੱਭਦੀ ਫਿਰੀ ਖ਼ੁਦਾ, ਖ਼ੁਦੀ ਆਪਣਾ ਬਲ ਵਖਾਈਆ । ਅੰਤ ਭਗਵੰਤ ਤੇਰਾ ਰਾਹ ਰਹੀ ਤਕਾ, ਬਿਨ ਲੋਚਣ ਨੈਣ ਉਠਾਈਆ । ਕਰ ਕਿਰਪਾ ਮੇਲ ਲਏ ਮਿਲਾ, ਆਪ ਆਪਣਾ ਘਰ ਵਖਾਈਆ । ਮੇਰਾ ਦੁਖੜਾ ਦੇ ਗਵਾ, ਦੁਖ ਦਰਦ ਰਹਿਣ ਨਾ ਪਾਈਆ । ਸਾਚਾ ਸੁਖ ਦੇ ਸਮਝਾ, ਮੇਰੀ ਸਮਝ ਸਮਝ ਨਾਲ ਮਿਲਾਈਆ । ਨਿਤ ਦਰਸਨ ਤੇਰਾ ਕਰਾਂ ਆ, ਘਰ ਮੰਦਰ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਆਸ ਰਖਾਈਆ । ਸ੍ਰੀ ਭਗਵਾਨ ਦੇਵੇ ਮਤ, ਮਤ ਇਕੋ ਇਕ ਜਣਾਈਆ । ਤੇਰਾ ਨਾਤਾ ਜੁੜਿਆ ਪੰਜ ਤੱਤ, ਤ੍ਰੈਗੁਣ ਪੜਦਾ ਨਾਲ ਮਿਲਾਈਆ । ਤੇਰੇ ਕੋਲ ਪੁਰਖ ਸਮਰਥ, ਨਿਰਗੁਣ ਬੈਠਾ ਡੇਰਾ ਲਾਈਆ । ਦੋਏ ਜੋੜ ਟੇਕ ਮਥ, ਚਰਨ ਕਵਲ ਸਰਨਾਈਆ । ਨਾਮ ਜਣਾਏ ਆਪਣਾ ਰਸ, ਰਸ ਇਕੋ ਇਕ ਵਖਾਈਆ । ਤੇਰਾ ਦੁਖ ਵਛੋੜਾ ਜਾਏ ਨੱਸ, ਦਰਦ ਕੋਇ ਨਾ ਪਾਈਆ । ਘਰ ਮੇਲ ਮਿਲਾਵਾ ਹੋਵੇ ਹੱਸ, ਸੁਹੰਜਣੀ ਸੇਜ ਦਏ

ਸੁਹਾਈਆ । ਕਰੇ ਪਰਕਾਸ਼ ਕੋਟਨ ਰਵ ਸਸ , ਅੰਧ ਅੰਧੇਰ ਦਏ ਗਵਾਈਆ । ਆਤਮ ਪਰਮਾਤਮ ਗੌਣਾ ਜਸ, ਜਸ ਪਰਮਾਤਮ ਦਏ ਸਮਝਾਈਆ । ਮੇਲ ਮਿਲਾ ਕਰੇ ਨਾ ਬਸ, ਅੱਗੇ ਆਪਣੀ ਉਂਗਲੀ ਲਾਈਆ । ਵਸਣਹਾਰਾ ਘਟ ਘਟ, ਔਖੀ ਘਾਟੀ ਦਏ ਚੜ੍ਹਾਈਆ । ਜਿਸ ਦਵਾਰੇ ਜੋਤ ਜਗੇ ਲਟ ਲਟ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਓਸ ਮੰਦਰ ਦੇਵੇ ਸੱਟ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਅੱਗੇ ਮਿਲੇ ਸਾਹਿਬ ਸਮਰਥ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਸਰਨਾਈਆ । ਆਤਮ ਉਠ ਲੈ ਅੰਗੜਾਈ, ਸੋ ਸਾਹਿਬ ਆਪ ਜਣਾਇੰਦਾ । ਤੇਰੀ ਕਰੇ ਪ੍ਰਭੂ ਕੁੜਮਾਈ, ਘਰ ਸੁਹੰਜਣਾ ਵੇਖ ਵਖਾਇੰਦਾ । ਏਕਾ ਘਰ ਵਸੇ ਧੀ ਜਵਾਈ, ਮੰਦਰ ਸੱਚਾ ਸੋਭਾ ਪਾਇੰਦਾ । ਸਗਨ ਮਨੌਣਾ ਚਾਈਂ ਚਾਈਂ, ਚਾਓ ਘਨੇਰਾ ਇਕ ਰਖਾਇੰਦਾ । ਢੋਲਾ ਗੌਣਾ ਬੇਪਰਵਾਹੀ, ਰਾਗ ਅਨਾਦੀ ਆਪ ਜਣਾਇੰਦਾ । ਗ੍ਰਹਿ ਮੰਦਰ ਵੱਜੇ ਸ਼ਹਿਨਾਈ, ਸ਼ਾਹ ਪਾਤਸ਼ਾਹ ਆਪਣਾ ਭੇਵ ਖੁਲ੍ਹਾਇੰਦਾ । ਲੱਖ ਚੁਰਾਸੀ ਜੀਵ ਜੰਤ ਪੰਜ ਤੱਤ ਕਾਇਆ ਅੰਦਰ ਫਿਰਦੇ ਰਹੇ ਰਾਹੀ, ਬਣ ਰਹਿਬਰ ਸਾਚੇ ਰਾਹ ਕੋਇ ਨਾ ਪਾਇੰਦਾ । ਨਿਰਗੁਣ ਨਿਰਗੁਣ ਕਰਦਾ ਰਿਹਾ ਜੁਦਾਈ, ਸਰਗੁਣ ਸਰਗੁਣ ਮੇਲ ਨਾ ਕੋਇ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭਗਤ ਭਗਤਾਂ ਸੰਗ ਰਖਾਇੰਦਾ । ਭਗਤਨ ਸੰਗ ਭਗਤਾਂ ਮੀਤਾ, ਮਿੱਤਰ ਪਿਆਰਾ ਇਕ ਅਖਵਾਈਆ । ਆਤਮ ਤੇਰੀ ਸਾਚੀ ਰੀਤਾ, ਪਰਮਾਤਮ ਦਏ ਜਣਾਈਆ । ਪ੍ਰਭ ਅਬਿਨਾਸ਼ੀ ਠਾਂਡਾ ਸੀਤਾ, ਘਰ ਸਾਚੇ ਮੇਲ ਮਿਲਾਈਆ । ਵਸਣਹਾਰਾ ਧਾਮ ਅਨਡੀਠਾ, ਅਨਡਿਠੜੀ ਕਾਰ ਕਮਾਈਆ । ਪੰਜ ਤੱਤ ਤਪੇ ਨਾ ਫੇਰ ਅੰਗੀਠਾ, ਤ੍ਰੈਗੁਣ ਅਗਨ ਕੋਇ ਨਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਵਿਛੁਨੀ ਲਏ ਮਿਲਾਈਆ । ਜਗਤ ਵਿਛੁਨੀ ਹੋਏ ਮੇਲਾ, ਹਰਿ ਆਪਣੀ ਦਇਆ ਕਮਾਇੰਦਾ । ਘਰ ਮੰਦਰ ਦੱਸੇ ਇਕ ਨਵੇਲਾ, ਕਾਇਆ ਬੰਕ ਦਵਾਰ ਖੁਲ੍ਹਾਇੰਦਾ । ਜਿਸ ਗ੍ਰਹਿ ਵਸੇ ਗੁਰੂ ਗੁਰ ਚੇਲਾ, ਸੋ ਦਰ ਸੋਭਾ ਪਾਇੰਦਾ । ਆਤਮ ਪਰਮਾਤਮ ਸੱਜਣ ਸੁਹੇਲਾ, ਜੁਗ ਜੁਗ ਆਪਣੇ ਅੰਗ ਲਗਾਇੰਦਾ । ਕਲਜੁਗ ਅੰਤਮ ਇਕੋ ਵੇਲਾ, ਭਗਤ ਭਗਵਾਨ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਤਮ ਪਰਮਾਤਮ ਨਾਤਾ ਬਿਧਾਤਾ ਜੋੜ ਜੁੜਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਸਗਲਾ ਸਾਥਾ, ਜਨ ਭਗਤਾਂ ਅੰਗ ਸੰਗ ਹੋ ਸਾਚਾ ਸੰਗ ਨਿਭਾਇੰਦਾ ।

## ★ ੨੨ ਜੇਠ ੨੦੨੦ ਬਿਕ੍ਰਮੀ ਬੀਬੀ ਧਰਮੀ ਦੇ ਗ੍ਰਹਿ ਛੰਬ ਜੰਮੂ ★

ਕਿਰਪਾ ਕਰੇ ਪੁਰਖ ਬਿਧਾਤਾ, ਜੁਗ ਜੁਗ ਆਪਣੀ ਬਿਧ ਜਣਾਇੰਦਾ । ਨਿਰਗੁਣ ਸਰਗੁਣ ਬੰਨ੍ਹੇ ਨਾਤਾ, ਗੁਰਮੁਖ ਗੁਰ ਗੁਰ ਮੇਲ ਮਿਲਾਇੰਦਾ । ਜੋਤੀ ਨੂਰ ਹੋਵੇ ਜਾਤਾ, ਜੋਤੀ ਜਾਤਾ ਆਪਣਾ ਖੇਲ ਖਲਾਇੰਦਾ । ਨਾਉਂ ਨਿਰੰਕਾਰ ਜਣਾਏ ਗਾਥਾ, ਨਾਮ ਨਾਮਾ ਆਪ ਸਮਝਾਇੰਦਾ । ਮੇਟ ਮਿਟਾਏ ਅੰਧੇਰੀ ਰਾਤਾ, ਰੁੱਤ ਰੁੱਤੜੀ ਆਪ ਮਹਿਕਾਇੰਦਾ । ਜਨ ਭਗਤਾਂ ਬਣੇ ਪਿਤਾ ਮਾਤਾ, ਬਾਲਕ ਗੁਰਸਿਖ ਗੋਦ ਉਠਾਇੰਦਾ । ਸਤਿ ਸਤਿਵਾਦੀ ਹੋ ਕੇ ਬਣੇ ਰਾਖਾ, ਸਦ ਆਪਣੀ ਸੇਵ ਕਮਾਇੰਦਾ । ਲਹਿਣਾ ਦੇਣਾ ਚੁਕਾਵੇ ਬਾਕਾ, ਬਾਕੀ ਹੋਰ ਨਾ ਕੋਇ ਰਖਾਇੰਦਾ । ਤਨ ਲੇਖੇ ਲਾਏ ਖ਼ਾਕਾ,


੭੩੩ ੧੪

ਮਾਟੀ ਆਪਣੀ ਭੇਟ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਰ ਦਾਤਾ ਦਇਆ ਕਮਾਇੰਦਾ । ਵਰ ਦਾਤਾ ਗੁਰਦੇਵ ਸਵਾਮੀ, ਹਰਿ ਵੱਡਾ ਬੇਪਰਵਾਹੀਆ । ਸਦਾ ਸਦਾ ਸਦ ਅੰਤਰਜਾਮੀ, ਜੁਗ ਜੁਗ ਆਪਣਾ ਭੇਵ ਖੁਲ੍ਹਾਈਆ । ਸਤਿ ਸਤਿਵਾਦੀ ਬੋਲੇ ਬਾਣੀ, ਬਾਣੀ ਆਪਣਾ ਨਾਉਂ ਸਮਝਾਈਆ । ਲੇਖਾ ਜਾਣੇ ਚਾਰੇ ਖਾਣੀ, ਚਾਰੋਂ ਕੁੰਟ ਪੜਦਾ ਲਾਹੀਆ । ਗੁਰਮੁਖ ਗੁਰ ਗੁਰ ਮੇਲ ਮਿਲਾਵਾ ਸਾਚੇ ਹਾਣੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਆਪ ਚੜ੍ਹਾਈਆ । ਰੰਗ ਚਾੜ੍ਹ ਪੁਰਖ ਅਪਾਰ, ਆਪਣੀ ਦਇਆ ਕਮਾਇੰਦਾ । ਚੋਲੀ ਰੰਗੇ ਵਿਚ ਸੰਸਾਰ, ਚੋਲਾ ਆਪਣਾ ਆਪ ਬਦਲਾਇੰਦਾ । ਸਾਚਾ ਬੋਲ ਬੋਲ ਜੈਕਾਰ, ਨਾਮ ਢੋਲਾ ਇਕ ਸੁਣਾਇੰਦਾ । ਗੁਰ ਗੁਰ ਦੇਵਣਹਾਰ ਆਧਾਰ, ਧੀਰਜ ਧੀਰ ਧੀਰ ਧਰਾਇੰਦਾ । ਸਤਿ ਸਤਿ ਦਾ ਸਤਿ ਪਿਆਰ, ਅਸਤਿ ਅਸਤਿ ਲੇਖ ਮੁਕਾਇੰਦਾ । ਮਿਤ ਮਿਤ ਦਾ ਮੀਤ ਮੁਰਾਰ, ਪਿਤ ਪਿਤ ਦਾ ਪਿਤਾ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਘਰ ਆਪਣੀ ਧਾਰ ਜਣਾਇੰਦਾ । ਘਰ ਘਰ ਧਾਰ ਚਲੇ ਗੋਬਿੰਦ, ਪ੍ਰਭ ਚਰਨ ਸੱਚੀ ਸਰਨਾਈਆ । ਹਰਿਜਨ ਮਿਟਾਵੇ ਸਗਲੀ ਚਿੰਦ, ਜਗਤ ਚਿੰਤਾ ਚਿਖਾ ਰਹਿਣ ਨਾ ਪਾਈਆ । ਮੇਲ ਮਿਲਾਏ ਗੁਣੀ ਗਹਿੰਦ, ਗਹਿਰ ਗੰਭੀਰ ਆਪਣੀ ਕਾਰ ਕਮਾਈਆ । ਠਾਕਰ ਹੋ ਬਖ਼ਸ਼ੇ ਬਖ਼ਸ਼ੰਦ, ਬਖ਼ਸ਼ਸ਼ ਇਕੋ ਝੋਲੀ ਪਾਈਆ । ਲੇਖਾ ਜਾਣੇ ਜੀਉ ਪਿੰਡ, ਜੀਵਤ ਜੀਵਤ ਆਪਣਾ ਸੰਗ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿਜਨ ਹਰਿ ਹਰਿ ਰੱਖੇ ਨਾਲ, ਸਦਾ ਸਦਾ ਸਦ ਆਪਣਾ ਸੰਗ ਰਖਾਈਆ ।


੭੩੪


੧੪

## ★ ੨੨ ਜੇਠ ੨੦੨੦ ਬਿਕ੍ਰਮੀ ਸੋਹਣ ਸਿੰਘ ਦੇ ਗ੍ਰਿਹ ਛੰਬ ਜੰਮੂ ★

ਸੋ ਅੱਖ ਪਰਵਾਨ, ਚੰਮ ਮਾਟੀ ਨਾਲ ਮਿਲਾਈਆ । ਜਿਸ ਨੇਤਰ ਦਿਸੇ ਭਗਵਾਨ, ਤਿਸ ਨੈਣ ਮਿਲੇ ਵਡਿਆਈਆ । ਜਿਸ ਕਿਰਪਾ ਕਰੇ ਆਣ, ਤਿਸ ਲੇਖਾ ਦਏ ਚੁਕਾਈਆ । ਜਿਸ ਮੰਦਰ ਸੋਹੇ ਮਕਾਨ, ਸੋ ਮੰਦਰ ਸੋਭਾ ਪਾਈਆ । ਜਿਸ ਧਰਨੀ ਚਰਨ ਰੱਖੇ ਆਣ, ਤਿਸ ਧਰਤ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਅੱਖ ਲੇਖੇ ਲਾਈਆ । ਗੁਰਮੁਖ ਅੱਖ ਤੱਕੇ ਰਾਹ, ਨਿਤ ਨਿਤ ਧਿਆਨ ਲਗਾਈਆ । ਕਵਣ ਵੇਲਾ ਪ੍ਰਭ ਜਾਏ ਆ, ਘਰ ਨਿਮਾਣਿਆਂ ਫੇਰਾ ਪਾਈਆ । ਡੁੱਬਦੇ ਰੁੜ੍ਹਦੇ ਲਏ ਤਰਾ, ਫੜ ਬਾਂਹੋਂ ਪਾਰ ਕਰਾਈਆ । ਭੁਲਦੇ ਰੁਲਦੇ ਲਏ ਸਮਝਾ, ਸਾਚੀ ਸਿਖਿਆ ਇਕ ਦ੍ਰਿੜ੍ਹਾਈਆ । ਜੁਗ ਵਿਛੜੇ ਲਏ ਮਿਲਾ, ਮੇਲ ਮਿਲਾਵਾ ਸਹਿਜ ਸੁਭਾਈਆ । ਜਨਮ ਕਰਮ ਦੇ ਦੁਖੜੇ ਦਏ ਗਵਾ, ਲੱਖ ਚੁਰਾਸੀ ਫੰਦ ਕਟਾਈਆ । ਉਜਲ ਮੁਖੜੇ ਦਏ ਕਰਾ, ਮੁਖ ਇਕੋ ਰਾਗ ਅਲਾਈਆ । ਸਾਚਾ ਸੁਖ ਦਏ ਉਪਜਾ, ਆਤਮ ਪਰਮਾਤਮ ਨਾਤਾ ਜੋੜ ਜੁੜਾਈਆ । ਸਾਚੀ ਅੱਖ ਦਏ ਖੁਲ੍ਹਾ, ਜਿਸ ਖੁਲਿਆਂ ਹਰਿ ਜੂ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਸੋ ਅੱਖ ਸੋਹਣੀ ਸੁਚੱਜੀ, ਲੋਕਮਾਤ ਸੋਭਾ ਪਾਈਆ । ਜੋ ਪ੍ਰਭ ਦਰਸ਼ਨ ਨੂੰ ਫਿਰੇ ਭੱਜੀ, ਦਾਸੀ ਬਣ ਬਣ ਪਾਂਧੀ ਰਾਹੀਆ । ਕੂੜੀ ਕਿਰਿਆ ਕੋਲੋਂ ਕਰੇ ਲੱਜੀ, ਲੱਜਿਆਵਾਨ ਹੋ ਸ਼ਰਮਾਈਆ । ਗੁਰਮੁਖਾਂ ਦਰਸਨ ਕਰ ਕਰ ਰੱਜੀ, ਹਰਿ

ਸੰਗਤ ਵੇਖੇ ਚਾਈਂ ਚਾਈਂਆ । ਭਗਤ ਦਵਾਰੇ ਬਹਿ ਬਹਿ ਸਜੀ, ਆਪ ਆਪਣਾ ਮਾਣ ਵਧਾਈਆ । ਸੋ ਅੱਖ ਗੁਰਮੁਖ ਰੂਪ ਰੱਖੀ, ਰੱਖਿਆ ਕਰੇ ਹਰ ਘਟ ਥਾਈਂਆ । ਸੋ ਅੱਖ ਬੋਲੇ ਅਲੱਖ, ਇਕੋ ਰਾਗ ਅਲਾਈਆ । ਸੋ ਵੇਖੇ ਪੁਰਖ ਸਮਰਥ, ਸਮਰਥ ਬੇਪਰਵਾਹੀਆ । ਜਿਸ ਦਰਸ ਹੋਏ ਪਰਤੱਖ, ਪਰਤੱਖ ਰੂਪ ਜਣਾਈਆ । ਸੋ ਭਗਤਾਂ ਰਹੀ ਦੱਸ, ਸਾਚੇ ਸੰਤਾਂ ਰਹੀ ਸਮਝਾਈਆ । ਉਠੋ ਵੇਖੋ ਨੱਸ ਨੱਸ, ਪ੍ਰਭ ਆਇਆ ਬੇਪਰਵਾਹੀਆ । ਜਿਸ ਕਿਰਪਾ ਕਰ ਕੇ ਤੈਨੂੰ ਦਿਤੀ ਅੱਖ, ਸੋ ਸਭ ਦੀ ਅੱਖ ਖੁਲ੍ਹਾਈਆ । ਜੋ ਹੋਵੇ ਉਹ ਦੇ ਵਸ, ਸੋ ਪ੍ਰਭ ਓਨ੍ਹਾਂ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਕਰਾਈਆ । ਅੱਖ ਕਹੇ ਮੈਂ ਭਗਤਾਂ ਜੋਗੀ, ਦੂਸਰਾ ਅੱਖ ਨਾ ਕੋਇ ਖੁਲ੍ਹਾਈਆ । ਮੇਰੀ ਸਾਰ ਨਾ ਪਾਏ ਕੋਇ ਜੋਗੀ, ਜੁਗਤ ਜਗ ਨਜ਼ਰ ਕਿਸੇ ਨਾ ਆਈਆ । ਮੈਨੂੰ ਲੱਭ ਨਾ ਸਕੇ ਕੋਇ ਭੋਗੀ, ਕੋਟਨ ਕੋਟ ਧਿਆਨ ਲਗਾਈਆ । ਮੈਨੂੰ ਵੇਖ ਨਾ ਸਕੇ ਕੋਇ ਵਜੋਗੀ, ਵੈਰਾਗੀ ਆਪਣਾ ਬੈਠੇ ਧਿਆਨ ਲਗਾਈਆ । ਮੇਰਾ ਖੇਲ ਲੋਕ ਪਰਲੋਕੀ, ਪਰਮ ਪੁਰਖ ਦਿਤੀ ਵਡਿਆਈਆ । ਕਲਜੁਗ ਅੰਤ ਜਨ ਭਗਤਾਂ ਮਿਲ ਗਈ ਸੌਖੀ, ਸਤਿਗੁਰ ਆਪਣੀ ਮਿਹਰ ਨਜ਼ਰ ਟਿਕਾਈਆ । ਮੈਨੂੰ ਲੈ ਕੇ ਕਿਸੇ ਨੂੰ ਪੜ੍ਹਨੀ ਪਏ ਨਾ ਪੋਥੀ, ਪੁਸਤਕ ਹੱਥ ਨਾ ਕੋਇ ਉਠਾਈਆ । ਚੌਂਕਾ ਸਾਫ਼ ਕਰ ਕੇ ਬੰਨ੍ਹਣੀ ਨਾ ਪਏ ਧੋਤੀ, ਨਿਰਮਲ ਨਿਰਮਲ ਨਿਰਮਲ ਆਪ ਕਰਾਈਆ । ਮੈਂ ਚੜ੍ਹ ਕੇ ਬੈਠੀ ਸਭ ਦੀ ਚੋਟੀ, ਆਖ਼ਰ ਆਪਣਾ ਘਰ ਵਖਾਈਆ । ਮੈਂ ਆਦਿ ਜੁਗਾਦਿ ਸਦਾ ਇਕਲੋਤੀ, ਇਕ ਇਕੱਲੀ ਧਿਆਨ ਲਗਾਈਆ । ਬਿਨ ਗੁਰਮੁਖਾਂ ਉਠਾਏ ਨਾ ਕੋਇ ਸੋਤੀ, ਸੁੱਤਿਆਂ ਜੁਗ ਜਾਣ ਵਿਹਾਈਆ । ਅੱਖ ਕਹੇ ਮੈਂ ਇਕੋ ਬਹੁਤੀ, ਦੋ ਜਹਾਨਾਂ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤਿਸ ਦੇਵਣਹਾਰ ਵਡਿਆਈਆ । ਅੱਖ ਕਹੇ ਮੇਰਾ ਇਕੋ ਅੱਖਰ, ਗੁਰਮੁਖ ਵਿਰਲਾ ਪੜ੍ਹਨ ਆਈਆ । ਪਰਾ ਹਟਾ ਦਏ ਆਪਣਾ ਪੱਥਰ, ਬਜਰ ਠੋਕਰ ਇਕੋ ਲਾਈਆ । ਪਿਛਲਾ ਲਾਹ ਕੇ ਸੁੱਟੇ ਸੱਥਰ, ਅੱਗੇ ਸੇਜ ਇਕ ਵਿਛਾਈਆ । ਪਾਰਬ੍ਰਹਮ ਪ੍ਰਭ ਉਤੇ ਕਰੇ ਫ਼ਖ਼ਰ, ਆਪਣਾ ਫ਼ਿਕਰ ਨਾ ਕੋਇ ਰਖਾਈਆ । ਸ੍ਰੀ ਭਗਵਾਨ ਆਪਣਾ ਦੱਸੇ ਸਾਚਾ ਜ਼ਿਕਰ, ਸਤਿ ਕਹਾਣੀ ਦਏ ਸਮਝਾਈਆ । ਮੇਰਾ ਨੂਰ ਅਰਸ਼ੀ ਆਵੇ ਉਤਰ, ਨੇਤਰ ਇਕੋ ਨੂਰ ਰੁਸ਼ਨਾਈਆ । ਮੈਨੂੰ ਗੁਰਮੁਖ ਵਿਰਲਾ ਜਾਣੇ ਪ੍ਰਭ ਸਾਚੇ ਦਾ ਪੁੱਤਰ, ਦੂਜਾ ਵੇਖ ਨਾ ਸਕੇ ਰਾਈਆ । ਕਲਜੁਗ ਅੰਤਮ ਕੀਤਾ ਸ਼ੁਕਰ, ਸ੍ਰੀ ਭਗਵਾਨ ਮੇਰੀ ਦਰ ਦਰ ਘਰ ਘਰ ਆ ਕੇ ਆਸਾ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਨ ਭਗਤਾਂ ਇਕੋ ਅੱਖ ਖੁਲ੍ਹਾਈਆ ।


੭੩੫
੧੪

### ★ ੨੨ ਜੇਠ ੨੦੨੦ ਬਿਕ੍ਰਮੀ ਰਾਮ ਕੌਰ ਦੇ ਗ੍ਰਿਹ ਛੰਬ ਜੰਮੂ ★

ਸੋ ਕਹੇ ਮੇਰਾ ਰੂਪ ਸੱਚਾ, ਆਦਿ ਜੁਗਾਦਿ ਵੱਡੀ ਵਡਿਆਈਆ । ਹੰ ਕਹੇ ਮੈਂ ਤੇਰਾ ਬੱਚਾ, ਤੇਰਾ ਨੂਰ ਜੋਤ ਰੁਸ਼ਨਾਈਆ । ਸੋ ਕਹੇ ਮੇਰਾ ਮੰਦਰ ਏਕਾ, ਸਚਖੰਡ ਸਾਚੇ ਮਿਲੇ ਵਡਿਆਈਆ । ਹੰ ਕਹੇ ਮੇਰਾ ਮੰਦਰ ਕੱਚਾ, ਕਾਇਆ ਮਾਟੀ ਰਹਿਣ ਨਾ ਪਾਈਆ । ਸੋ ਕਹੇ ਮੈਂ ਪੁਰਖ ਸਮਰਥਾ, ਬੇਅੰਤ ਬੇਪਰਵਾਹੀਆ । ਹੰ ਕਹੇ ਮੈਨੂੰ ਤੇਰੀ ਰੱਖਾ, ਸਦਾ ਇਕੋ ਓਟ ਤਕਾਈਆ । ਸੋ ਕਹੇ ਮੇਰੀ ਮਹਿਮਾ ਅਕੱਥਾ, ਕਥਨੀ ਕਥ

ਨਾ ਸਕੇ ਰਾਈਆ । ਹੰ ਕਹੇ ਮੈਂ ਤੋਹੇ ਲੱਖਾ, ਤੁਧ ਬਿਨ ਅਵਰ ਨਾ ਕੋਇ ਸਾਲਾਹੀਆ । ਸੋ ਕਹੇ ਮੇਰਾ ਲਹਿਣਾ ਦੇਣਾ ਹੱਥੇ ਹੱਥਾ, ਜੁਗ ਚੌਕੜੀ ਵੰਡ ਵੰਡਾਈਆ । ਹੰ ਕਹੇ ਮੈਂ ਤੇਰੇ ਹੁਕਮੇ ਅੰਦਰ ਫਿਰਦਾ ਨੱਠਾ, ਜੁਗ ਚੌਕੜੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਵਖਾਈਆ । ਸੋ ਕਹੇ ਮੈਂ ਸਚ ਸੁਲਤਾਨ, ਸਚਖੰਡ ਸਾਚੇ ਆਸਣ ਲਾਇੰਦਾ । ਹੰ ਕਹੇ ਮੈਂ ਬਾਲ ਨਾਦਾਨ, ਬਾਲੀ ਬੁਧ ਜਣਾਇੰਦਾ । ਸੋ ਕਹੇ ਮੈਂ ਵਡ ਮਿਹਰਵਾਨ, ਜੁਗ ਚੌਕੜੀ ਦਇਆ ਕਮਾਇੰਦਾ । ਹੰ ਕਹੇ ਮੈਂ ਮੰਗਣਹਾਰਾ ਦਾਨ, ਸਦ ਝੋਲੀ ਅੱਗੇ ਡਾਹਿੰਦਾ । ਸੋ ਕਹੇ ਮੇਰਾ ਸਚ ਨਿਸ਼ਾਨ, ਦੋ ਜਹਾਨਾਂ ਆਪ ਝੁਲਾਇੰਦਾ । ਹੰ ਕਹੇ ਮੇਰਾ ਚਰਨ ਧਿਆਨ, ਇਕੋ ਤੇਰੀ ਆਸ ਰਖਾਇੰਦਾ । ਸੋ ਕਹੇ ਮੈਂ ਵਡ ਬਲਵਾਨ, ਬਲਧਾਰੀ ਕਾਰ ਕਮਾਇੰਦਾ । ਹੰ ਕਹੇ ਮੇਰੇ ਬਿਨ ਤੇਰਾ ਝੁੱਲੇ ਨਾ ਕੋਇ ਨਿਸ਼ਾਨ, ਲੋਕਮਾਤ ਨਜ਼ਰ ਕੁਛ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਲ ਵਖਾਇੰਦਾ । ਸੋ ਕਹੇ ਮੈਂ ਸਤਿਗੁਰ ਪੂਰਾ, ਆਦਿ ਜੁਗਾਦਿ ਅਖਵਾਈਆ । ਹੰ ਕਹੇ ਮੈਂ ਤੇਰਾ ਨੂਰਾ, ਜੋਤ ਨਿਰੰਜਣ ਰੂਪ ਵਟਾਈਆ । ਸੋ ਕਹੇ ਮੈਂ ਸਰਬ ਕਲਾਂ ਭਰਪੂਰਾ, ਭਰਪੂਰ ਰਿਹਾ ਸਰਬ ਠਾਈਆ । ਹੰ ਕਹੇ ਮੈਂ ਤੇਰੀ ਤੂਰਾ, ਨਾਦ ਇਕੋ ਇਕ ਜਣਾਈਆ । ਸੋ ਕਹੇ ਮੈਂ ਆਸਾ ਮਨਸਾ ਪੂਰਾ, ਪੂਰੀ ਇਛਿਆ ਸਰਬ ਕਰਾਈਆ । ਹੰ ਕਹੇ ਤੇਰੇ ਹਜ਼ੂਰਾ, ਨਿਉਂ ਨਿਉਂ ਆਪਣਾ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਲ ਆਪ ਰਖਾਈਆ । ਸੋ ਕਹੇ ਮੈਂ ਨਿਰਗੁਣ ਭਗਵਾਨ, ਏਕਾ ਏਕ ਏਕ ਅਖਵਾਇੰਦਾ । ਹੰ ਕਹੇ ਮੈਂ ਤੇਰਾ ਨਿਸ਼ਾਨ, ਬ੍ਰਹਮ ਬ੍ਰਹਮ ਤੇਰੀ ਧਾਰ ਚਲਾਇੰਦਾ । ਸੋ ਕਹੇ ਮੈਂ ਨੌਜਵਾਨ, ਬਿਰਧ ਬਾਲ ਨਾ ਰੂਪ ਵਟਾਇੰਦਾ । ਹੰ ਕਹੇ ਮੋਹੇ ਤੇਰੀ ਆਣ, ਸਿਰ ਤੇਰਾ ਭੌ ਰਖਾਇੰਦਾ । ਸੋ ਕਹੇ ਮੈਂ ਕਰਾਂ ਕਲਿਆਣ, ਜੁਗ ਜੁਗ ਬੇੜਾ ਪਾਰ ਕਰਾਇੰਦਾ । ਹੰ ਕਹੇ ਮੈਨੂੰ ਤੇਰਾ ਮਾਣ, ਇਕੋ ਤੇਰੀ ਓਟ ਤਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਖੁਲ੍ਹਾਇੰਦਾ । ਸੋ ਕਹੇ ਮੈਂ ਪੁਰਖ ਸਮਰਥ, ਸਮਰਥ ਮੇਰੀ ਵਡਿਆਈਆ । ਹੰ ਕਹੇ ਮੈਂ ਤੇਰਾ ਰਥ, ਲੋਕਮਾਤ ਕਾਰ ਕਮਾਈਆ । ਸੋ ਕਹੇ ਮੈਂ ਦੇਵਾਂ ਵੱਥ, ਹੰ ਕਹੇ ਮੈਂ ਆਪਣੀ ਝੋਲੀ ਪਾਈਆ । ਸੋ ਕਹੇ ਮੈਂ ਆਵਾਂ ਨੱਠ, ਹੰ ਕਹੇ ਮੈਂ ਆਪਣਾ ਮੇਲ ਮਿਲਾਈਆ । ਸੋ ਕਹੇ ਮੈਂ ਵਸਾਂ ਘਟ, ਹੰ ਕਹੇ ਮੈਂ ਤੇਰੇ ਅੰਦਰ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸੋ ਕਹੇ ਮੈਂ ਪੁਰਖ ਨਿਰੰਜਣ, ਆਦਿ ਜੁਗਾਦਿ ਮੇਰੀ ਵਡਿਆਈਆ । ਹੰ ਕਹੇ ਮੈਂ ਤੇਰਾ ਅੰਜਣ, ਇਕੋ ਨਜ਼ਰੀ ਆਈਆ । ਸੋ ਕਹੇ ਮੈਂ ਦਰਦ ਦੁੱਖ ਭੈ ਭੰਜਨ, ਦੁਖੀਆਂ ਦਰਦ ਵੰਡਾਈਆ । ਹੰ ਕਹੇ ਮੈਂ ਤੇਰਾ ਸੱਜਣ, ਜੁਗ ਜੁਗ ਆਪਣਾ ਖੇਲ ਕਰਾਈਆ । ਸੋ ਕਹੇ ਮੇਰਾ ਉਤਮ ਮਜਨ, ਦੁਰਮਤ ਮੈਲ ਧੁਆਈਆ । ਹੰ ਕਹੇ ਮੈਂ ਘਰ ਘਰ ਆਵਾਂ ਸੱਦਣ, ਸਦਾ ਏਕੋ ਨਾਮ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਰਿਹਾ ਚੁਕਾਈਆ । ਸੋ ਕਹੇ ਮੈਂ ਸਭ ਕੁਛ ਤੇਰਾ, ਤੇਰੀ ਮੇਰੇ ਹੱਥ ਵਡਿਆਈਆ । ਹੰ ਕਹੇ ਮੈਂ ਤੇਰਾ ਝੇੜਾ, ਜੁਗ ਜੁਗ ਲੱਖ ਚੁਰਾਸੀ ਝਗੜਾ ਰਿਹਾ ਪਾਈਆ । ਸੋ ਕਹੇ ਮੈਂ ਕਰਾਂ ਨਬੇੜਾ, ਹੱਕ ਹਕੀਕਤ ਵੇਖ ਵਖਾਈਆ । ਹੰ ਕਹੇ ਮੈਂ ਦੇਵਾਂ ਗੇੜਾ, ਲੱਖ ਚੁਰਾਸੀ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪਣੇ ਹੱਥ ਰਖਾਈਆ । ਸੋ ਕਹੇ ਮੈਂ ਸਭ ਤੋਂ ਵੱਡਾ, ਬੇਅੰਤ ਬੇਅੰਤ ਅਖਵਾਇੰਦਾ ।

੭੩੬ ੧੪

੭੩੭
੧੪

ਹੰ ਕਹੇ ਮੈਂ ਸਭ ਤੋਂ ਨੱਢਾ, ਮੇਰਾ ਰੂਪ ਨਜ਼ਰ ਕਿਸੇ ਨਾ ਆਇੰਦਾ। ਸੋ ਕਹੇ ਮੈਂ ਹੁਕਮੇ ਅੰਦਰ ਦੇਵਾ ਸੱਦਾ, ਦੋ ਜਹਾਨਾਂ ਹੁਕਮ ਮਨਾਇੰਦਾ। ਹੰ ਕਹੇ ਤੇਰੇ ਹੁਕਮੇ ਅੰਦਰ ਬੱਧਾ, ਲੋਕਮਾਤ ਸੇਵ ਕਮਾਇੰਦਾ। ਸੋ ਕਹੇ ਮੈਂ ਸਭ ਦਾ ਪੜਦਾ ਕੱਜਾਂ, ਸਿਰ ਆਪਣਾ ਹੱਥ ਟਿਕਾਇੰਦਾ। ਹੰ ਕਹੇ ਮੇਰੇ ਬਿਨਾਂ ਤੇਰੀ ਕੋਈ ਨਾ ਰੱਖੇ ਲੱਜਾ, ਤੇਰਾ ਨਾਉਂ ਮਾਤ ਨਾ ਕੋਇ ਧਿਆਇੰਦਾ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਇੰਦਾ। ਸੋ ਕਹੇ ਮੈਂ ਵਡ ਸੂਰਬੀਰ, ਬਲਧਾਰੀ ਇਕ ਅਖਵਾਈਆ। ਹੰ ਕਹੇ ਮੈਂ ਤੇਰੀ ਤਾਸੀਰ, ਲੋਕਮਾਤ ਨੂਰ ਰੁਸ਼ਨਾਈਆ। ਸੋ ਕਹੇ ਮੈਂ ਚੋਟੀ ਚੜ੍ਹਾਂ ਅਖ਼ੀਰ, ਹੰ ਕਹੇ ਮੈਂ ਨਿਉਂ ਨਿਉਂ ਵੇਖ ਵਖਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਦਏ ਜਣਾਈਆ। ਸੋ ਕਹੇ ਮੇਰਾ ਪਰਵਾਰ, ਪਾਰਬ੍ਰਹਮ ਭੇਵ ਖੁਲ੍ਹਾਈਆ। ਆਦਿ ਜੁਗਾਦਿ ਸੱਚੀ ਸਰਕਾਰ, ਸ਼ਾਹ ਸੁਲਤਾਨ ਇਕ ਅਖਵਾਈਆ। ਜੁਗ ਚੌਕੜੀ ਕਰ ਵਿਹਾਰ, ਬਿਵਹਾਰੀ ਰਾਹ ਚਲਾਈਆ। ਚਾਰੇ ਖਾਣੀ ਭਰ ਭੰਡਾਰ, ਵਸਤ ਅਮੋਲਕ ਇਕ ਵਰਤਾਈਆ। ਵਿਸ਼ਨ ਬ੍ਰਹਮਾ ਸ਼ਿਵ ਸੇਵਾਦਾਰ, ਸਾਚੀ ਸੇਵ ਲਗਾਈਆ। ਲੱਖ ਚੁਰਾਸੀ ਘੜ ਬਣ ਠਠਿਆਰ, ਭਾਂਡੇ ਰੂਪ ਅਨੂਪ ਬਣਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਸਾਚੀ ਕਾਰ ਕਮਾਈਆ। ਹੰ ਕਹੇ ਮੇਰਾ ਰੂਪ ਬ੍ਰਹਮ, ਪਾਰਬ੍ਰਹਮ ਤੇਰਾ ਸੁਤ ਅਖਵਾਇੰਦਾ। ਤੇਰੀ ਧਾਰੋਂ ਪਿਆ ਜੰਮ, ਮਾਤ ਪਿਤਾ ਨਾ ਕੋਇ ਰਖਾਇੰਦਾ। ਹਰਖ ਸੋਗ ਨਾ ਕੋਈ ਗ਼ਮ, ਖ਼ੁਸ਼ੀ ਇਕੋ ਇਕ ਜਣਾਇੰਦਾ। ਤੇਰਾ ਸੰਗੀ ਹੋ ਕੇ ਬੇੜਾ ਦੇਵਾਂ ਬੰਨ੍ਹ, ਬੇੜਾ ਤੇਰੇ ਕੰਧ ਰਖਾਇੰਦਾ। ਪੰਜ ਤੱਤ ਕਾਇਆ ਅੰਦਰ ਵੜਾਂ ਚੰਮ, ਤ੍ਰੈਗੁਣ ਆਪਣਾ ਦਵਾਰ ਬਣਾਇੰਦਾ। ਮੰਦਰ ਵੜ ਕੇ ਕਹਾਂ ਧੰਨ ਧੰਨ, ਧੰਨ ਤੇਰੇ ਵਡਿਆਇੰਦਾ। ਤੇਰਾ ਨੂਰ ਨੂਰੀ ਚੰਨ, ਚੰਨ ਆਪਣਾ ਰੂਪ ਸਮਝਾਇੰਦਾ। ਤੂੰ ਮੇਰਾ ਕਹਿਣਾ ਲੈਣਾ ਮੰਨ, ਮੈਂ ਤੇਰੇ ਅੱਗੇ ਵਾਸਤਾ ਪਾਇੰਦਾ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਝੋਲੀ ਡਾਹਿੰਦਾ। ਹੰ ਕਹੇ ਸੁਣ ਮੇਰੇ ਮੀਤ, ਪ੍ਰਭ ਤੇਰੇ ਹੱਥ ਵਡਿਆਈਆ। ਜੁਗ ਚੌਕੜੀ ਢੋਲੇ ਗਾਏ ਗੀਤ, ਕੋਟਨ ਕੋਟ ਨਾਮ ਪਰਗਟਾਈਆ। ਚਾਰ ਵੇਦ ਚਲਾਈ ਰੀਤ, ਸ਼ਾਸਤਰ ਸਿਮਰਤ ਕਰ ਪੜ੍ਹਾਈਆ। ਸ਼ਿਵਦਵਾਲੇ ਮੱਠ ਬਣਾਏ ਮਸੀਤ, ਮੰਦਰ ਆਪਣਾ ਰੰਗ ਵਖਾਈਆ। ਲੱਖ ਚੁਰਾਸੀ ਵੇਖੀ ਨੀਤ, ਘਰ ਘਰ ਫੇਰਾ ਪਾਈਆ। ਨਾਤਾ ਜੋੜਿਆ ਹਸਤ ਕੀਟ, ਊਚਾਂ ਨੀਚਾਂ ਵੰਡ ਵੰਡਾਈਆ। ਆਪਣਾ ਨਾਉਂ ਧਰਾਇਆ ਬੀਠਲੋ ਬੀਠ, ਬੇਪਰਵਾਹ ਅਖਵਾਈਆ। ਆਪ ਵੜਿਆ ਰਿਹੋਂ ਭੀਤਰ ਭੀਤ, ਭੇਵ ਸਮਝ ਕਿਸੇ ਨਾ ਆਈਆ। ਸਿਰ ਰੱਖ ਤਾਜ ਜਗਦੀਸ, ਦੋ ਜਹਾਨਾਂ ਰਾਜ ਕਮਾਈਆ। ਗੁਰ ਅਵਤਾਰਾਂ ਦੇ ਹਦੀਸ, ਸਾਚੀ ਸਿਖਿਆ ਜਗਤ ਪੜ੍ਹਾਈਆ। ਪੀਰ ਪੈਗ਼ੰਬਰ ਝੁਕੌਂਦੇ ਗਏ ਸੀਸ, ਸਜਦਾ ਇਕੋ ਇਕ ਨਵਾਈਆ। ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤੇਰਾ ਹੁਕਮ ਮੰਨਦੇ ਗਏ ਠੀਕ, ਅੱਲਾ ਵਾਹਿਗੁਰੂ ਨਾਮ ਜਗ ਜਣਾਈਆ। ਤੈਨੂੰ ਕੋਈ ਨਾ ਜਾਣੇ ਮੀਤ, ਮਿੱਤਰ ਪਿਆਰਾ ਨਜ਼ਰ ਕੋਇ ਨਾ ਆਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਨਾਉਂ ਮਿਲੇ ਵਡਿਆਈਆ। ਹੰ ਕਹੇ ਪ੍ਰਭ ਦੇ ਦੇ ਵਰ, ਦੋਏ ਜੋੜ ਵਾਸਤਾ ਪਾਈਆ। ਇਕੋ ਸੋਹੇ ਤੇਰਾ ਘਰ, ਦੂਜੇ ਘਰ ਨਾ ਵੱਜੇ ਵਧਾਈਆ। ਤੁਧ ਬਿਨ ਭੈ ਨਾ ਦੇਵੇ ਕੋਈ ਡਰ, ਭਿਆਨਕ ਰੂਪ ਨਾ ਕੋਇ ਵਖਾਈਆ। ਕਰ ਕਿਰਪਾ ਮੇਰਾ ਪੱਲੂ ਫੜ, ਆਪਣੇ ਨਾਲ ਬੰਧਾਈਆ। ਮੈਂ ਵੇਖਾਂ ਤੇਰਾ ਦਰ, ਆਵਾਂ ਚਾਈਂ ਚਾਈਂਆ। ਸਾਚੇ

ਪੌੜੇ ਜਾਵਾਂ ਚੜ੍ਹ, ਨਿਰਗੁਣ ਤੇਰਾ ਰਾਹ ਤਕਾਈਆ । ਦਰਸਨ ਕਰਾਂ ਅੱਗੇ ਖੜ, ਸਚ ਸਰੂਪੀ ਤੇਰਾ ਬੰਕ ਸੁਹਾਈਆ । ਤੂੰ ਆਦਿ ਜੁਗਾਦੀ ਨਰਾਇਣ ਨਰ, ਜਨਮ ਮਰਨ ਵਿਚ ਕਦੇ ਨਾ ਆਈਆ । ਗੁਰ ਅਵਤਾਰ ਪੰਜ ਤੱਤ ਕਾਇਆ ਚੋਲਾ ਗਏ ਹਰ, ਤਨ ਮਾਟੀ ਖ਼ਾਕ ਰਲਾਈਆ । ਅੰਤਮ ਤੇਰੀ ਚਰਨੀ ਡਿਗੇ ਦੜ, ਮਿਲੀ ਸਚ ਸੱਚੀ ਸਰਨਾਈਆ । ਮਨ ਮਤ ਬੁਧ ਸਿਫ਼ਤੀ ਅੱਖਰ ਰਹੀ ਪੜ੍ਹ, ਲੋਕਮਾਤ ਰਾਗ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੁਧ ਬਿਨ ਨਜ਼ਰ ਕੋਇ ਨਾ ਆਈਆ । ਹੰ ਕਹੇ ਪ੍ਰਭ ਦੇ ਦਾਨ, ਤੇਰੇ ਅੱਗੇ ਅਰਜ਼ੋਈਆ । ਤੂੰ ਮੇਰਾ ਸ੍ਰੀ ਭਗਵਾਨ, ਮੈਂ ਤੇਰੀ ਅੰਸ ਅਖਵਾਈਆ । ਤੂੰ ਸਾਹਿਬ ਸੱਚਾ ਕਾਹਨ, ਹਊਂ ਗੋਪੀ ਰੂਪ ਵਟਾਈਆ । ਤੂੰ ਪਰਮ ਪੁਰਖ ਪ੍ਰੀਤਮ ਰਾਮ, ਹਊਂ ਸੀਤਾ ਰੂਪ ਦਰਸਾਈਆ । ਤੂੰ ਸਚ ਸੁਲਤਾਨ ਨੌਜਵਾਨ, ਪਰਵਰਦਿਗਾਰ ਤੇਰੀ ਸਰਨਾਈਆ । ਮੈਂ ਰੂਹ ਪਾਕ ਈਮਾਨ, ਤੇਰੀ ਓਟ ਤਕਾਈਆ । ਤੂੰ ਨਾਨਕ ਨਿਰਗੁਣ ਨਿਰਬਾਣ, ਪਦ ਇਕੋ ਇਕ ਸਮਝਾਈਆ । ਤੂੰ ਗੋਬਿੰਦ ਸੂਰਬੀਰ ਬਲਵਾਨ, ਬਲ ਆਪਣਾ ਇਕ ਵਖਾਈਆ । ਮੈਂ ਤੇਰਾ ਰੂਪ ਅਵਾਣ, ਤੇਰੀ ਆਸ ਤਕਾਈਆ । ਇਕੋ ਸਾਚਾ ਦੇ ਗਿਆਨ, ਜਿਸ ਪੜ੍ਹਿਆਂ ਦੂਜੀ ਲੋੜ ਰਹੇ ਨਾ ਰਾਈਆ । ਤੇਰੇ ਚਰਨ ਰਹੇ ਧਿਆਨ, ਇਸ਼ਟ ਦੇਵ ਨਾ ਕੋਇ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹੰ ਬ੍ਰਹਮ ਸਾਚੀ ਮੰਗ ਮੰਗਾਈਆ । ਹੰ ਕਹੇ ਮੈਂ ਤੇਰੀ ਅੰਸ, ਅਸਲ ਤੇਰਾ ਰੂਪ ਜਣਾਇੰਦਾ । ਜੁਗ ਚੌਕੜੀ ਚਲਾਵਾਂ ਬੰਸ, ਬੰਸਾਵਲੀ ਆਪ ਜਣਾਇੰਦਾ । ਮੇਰਾ ਨੂਰ ਨੂਰੀ ਹੰਸ, ਤੇਰੀ ਚੋਗ ਮਾਣਕ ਮੋਤੀ ਮੁਖ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮੈਂ ਲੱਖ ਚੁਰਾਸੀ ਜੀਵ ਜੰਤ ਅੰਦਰ ਬੈਠ ਤੇਰਾ ਧਿਆਨ ਲਗਾਇੰਦਾ । ਹੰ ਕਹੇ ਮੇਰਾ ਵੇਖ ਵੇਲਾ, ਵੇਲਾ ਅੰਤਮ ਗਿਆ ਆਈਆ । ਤੂੰ ਠਾਕਰ ਸਵਾਮੀ ਸੱਜਣ ਸੁਹੇਲਾ, ਸਚ ਤੇਰੀ ਸਰਨਾਈਆ । ਤੂੰ ਸਤਿਗੁਰ ਪੂਰਾ ਗੁਰ ਗੁਰ ਚੇਲਾ, ਚੇਲਾ ਗੁਰ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਸੱਚਾ ਵਰ, ਦਰ ਮਿਲੇ ਤੇਰੀ ਸਰਨਾਈਆ । ਸ੍ਰੀ ਭਗਵਾਨ ਹੋ ਦਿਆਲ, ਦੀਨਾਂ ਨਾਥ ਦਇਆ ਕਮਾਇੰਦਾ । ਹੰ ਬ੍ਰਹਮ ਮੇਰੇ ਲਾਲ, ਹਰਿ ਲਾਲਨ ਭੇਵ ਚੁਕਾਇੰਦਾ । ਕਲਜੁਗ ਅੰਤ ਹੋ ਦਿਆਲ, ਨਿਰਗੁਣ ਆਪਣਾ ਫੇਰਾ ਪਾਇੰਦਾ । ਤੇਰੀ ਵੇਖੇ ਧਰਮਸਾਲ, ਕਾਇਆ ਮੰਦਰ ਖੋਜ ਖੁਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਇਆਨਿਧ ਫੇਰਾ ਪਾਇੰਦਾ । ਹੰ ਬ੍ਰਹਮ ਉਠ ਜਾਗ, ਹਰਿ ਜਾਗਰਤ ਜੋਤ ਜਗਾਇੰਦਾ । ਜਨਮ ਜਨਮ ਦਾ ਧੋਵੇ ਦਾਗ਼, ਦੁਰਮਤ ਮੈਲ ਮਿਟਾਇੰਦਾ । ਅੰਤਰ ਉਪਜਾਵੇ ਇਕ ਵੈਰਾਗ, ਵੈਰਾਗੀ ਰੂਪ ਦਰਸਾਇੰਦਾ । ਹੰਸ ਬਣਾਏ ਫੜ ਕੇ ਕਾਗ, ਸੋਹੰ ਹੰਸਾ ਰੂਪ ਜਣਾਇੰਦਾ । ਡੂੰਘੀ ਭਵਰੀ ਰੱਖੇ ਲਾਜ, ਕਾਇਆ ਕਵਰੀ ਵੇਖ ਵਖਾਇੰਦਾ । ਸਤਿ ਸਰੂਪੀ ਮਾਰੇ ਆਵਾਜ਼, ਆਲਸ ਨਿੰਦਰਾ ਮਗਰੋਂ ਲਾਹਿੰਦਾ । ਧਰਮ ਦਵਾਰੇ ਰਚ ਕੇ ਕਾਜ, ਤੇਰਾ ਸਾਚਾ ਸਗਨ ਮਨਾਇੰਦਾ । ਧੁਰਦਰਗਾਹੀ ਦੇਵੇ ਦਾਤ, ਪਰੇਮ ਪ੍ਰੀਤੀ ਝੋਲੀ ਪਾਇੰਦਾ । ਤੇਰੀ ਰੱਖੇ ਉਤਮ ਜ਼ਾਤ, ਜ਼ਾਤ ਆਪਣੀ ਨਾਲ ਮਿਲਾਇੰਦਾ । ਕੂੜੀ ਕਿਰਿਆ ਮੇਟੇ ਨਾਰ ਕਮਜ਼ਾਤ, ਕੁਲੱਖਣੀ ਰੂਪ ਨਾ ਕੋਇ ਦਰਸਾਇੰਦਾ । ਅੰਦਰ ਬਾਹਰ ਦੇਵੇ ਸਾਥ, ਸਗਲਾ ਸੰਗ ਨਿਭਾਇੰਦਾ । ਸ਼ਬਦੀ ਪੱਟੀ ਇਕ ਜਮਾਤ, ਅੱਖਰ ਆਪਣਾ ਨਾਮ ਜਣਾਇੰਦਾ । ਲੇਖਾ ਲਿਖੇ ਬਿਨ ਕਲਮ ਦਵਾਤ, ਸ਼ਾਹੀ ਰੂਪ ਨਾ ਕੋਇ ਚੜ੍ਹਾਇੰਦਾ । ਕਰੇ ਖੇਲ ਪੁਰਖ ਅਬਿਨਾਸ਼, ਅਬਿਨਾਸ਼ੀ

ਤੇਰੀ ਧਾਰ ਜਣਾਇੰਦਾ । ਤੇਰੇ ਮੰਡਲ ਪਾਵੇ ਰਾਸ, ਨਿਰਗੁਣ ਆਪਣਾ ਨਾਚ ਨਚਾਇੰਦਾ । ਤੇਰੀ ਪੂਰੀ ਕਰੇ ਆਸ, ਆਸਾ ਪੂਰ ਆਪ ਅਖਵਾਇੰਦਾ । ਰਾਹ ਤੱਕਣ ਪ੍ਰਿਥਮੀ ਆਕਾਸ਼, ਗਗਨ ਮੰਡਲ ਨੈਣ ਉਠਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਵੇਖਣ ਖੋਲ੍ਹ ਤਾਕ, ਨੈਣ ਨੈਣ ਨੇਤਰ ਨੇਤਰ ਸਰਬ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹੰ ਬ੍ਰਹਮ ਤੇਰਾ ਲੇਖਾ ਪੂਰ ਕਰਾਇੰਦਾ । ਹੰ ਕਹੇ ਤੇਰੀ ਵਡਿਆਈ, ਤੂੰ ਠਾਕਰ ਵੱਡਾ ਵਡ ਅਖਵਾਇੰਦਾ । ਧੰਨ ਭਾਗ ਕਰੇਂ ਸ਼ਨਵਾਈ, ਲੱਖ ਲੱਖ ਸ਼ੁਕਰ ਮਨਾਇੰਦਾ । ਜਗਤ ਵਛੋੜਾ ਕੱਟੇਂ ਫਾਹੀ, ਕੂੜੀ ਕਿਰਿਆ ਤੰਦ ਤੁੜਾਇੰਦਾ । ਘਰ ਮੇਲ ਮਿਲਾਵੇਂ ਸੱਚੇ ਮਾਹੀ, ਮੁਹੱਬਤ ਆਪਣੇ ਨਾਲ ਪਾਇੰਦਾ । ਮੇਰਾ ਆਵਣ ਜਾਵਣ ਪੰਧ ਮੁੱਕੇ ਜੋ ਬਣਿਆ ਰਾਹੀ, ਰਹਿਬਰ ਤੇਰੀ ਆਸ ਰਖਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਖਾਣੀ ਬਾਣੀ ਦੇ ਕੇ ਗਏ ਦੁਹਾਈ, ਲਿਖ ਲਿਖ ਲੇਖਾ ਜਗਤ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੁਧ ਬਿਨ ਅਵਰ ਨਾ ਕੋਇ ਧਿਆਇੰਦਾ । ਸੋ ਕਹੇ ਮੈਂ ਸਾਖਿਆਤ, ਸਰਬ ਗੁਣ ਅਖਵਾਈਆ । ਹੰ ਬ੍ਰਹਮ ਮੇਰੀ ਜ਼ਾਤ, ਅਜ਼ਾਤੀ ਰੂਪ ਨਾ ਕੋਇ ਵਟਾਈਆ । ਇਕ ਬੰਧਾਵਾਂ ਸੱਚਾ ਨਾਤ, ਨਾਤਾ ਆਪਣੇ ਨਾਲ ਜੁੜਾਈਆ । ਢੋਲਾ ਗਾਵਾਂ ਤੇਰੀ ਮੇਰੀ ਗਾਥ, ਸੋਹਲਾ ਇਕੋ ਰਾਗ ਅਲਾਈਆ । ਹੋਵਾਂ ਸਹਾਈ ਅਨਾਥਾਂ ਨਾਥ, ਦੀਨਨ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਹੰ ਬ੍ਰਹਮ ਤੇਰਾ ਸਾਚਾ ਢੋਲਾ ਸ੍ਰੀ ਭਗਵਾਨ ਆਪ ਜਣਾਈਆ । ਕਲਜੁਗ ਅੰਤਮ ਬਣ ਕੇ ਤੋਲਾ, ਨਿਰਗੁਣ ਵੇਸ ਵਟਾਈਆ । ਭੇਵ ਚੁਕਾਏ ਪੜਦਾ ਉਹਲਾ, ਦੂਈ ਦਵੈਤ

੭੩੯

੧੪

ਮਿਟਾਈਆ । ਸਚ ਦਵਾਰਾ ਏਕਾ ਖੋਲ੍ਹਾ, ਏਕਾ ਕਰੇ ਪੜ੍ਹਾਈਆ । ਚਾਰ ਵਰਨਾਂ ਦੱਸੇ ਬੋਲਾ, ਬਰਨ ਅਠਾਰਾਂ ਰਿਹਾ ਸਮਝਾਈਆ । ਦੀਨ ਮਜ੍ਹਬ ਦਾ ਕੋਈ ਨਾ ਰਹੇ ਰੌਲਾ, ਝਗੜਾ ਝੇੜਾ ਰਿਹਾ ਚੁਕਾਈਆ । ਜ਼ਾਤ ਪਾਤ ਦਾ ਕੋਈ ਨਾ ਚੁੱਕੇ ਡੋਲਾ, ਕੂੜ ਕਹਾਰ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਲੇਖਾ ਲੇਖੇ ਲਾਈਆ । ਹੰ ਬ੍ਰਹਮ ਉਠ ਵੇਖ ਕਰ ਧਿਆਨ, ਸੋ ਸਾਹਿਬ ਆਪ ਜਣਾਈਆ । ਸੋਹੰ ਅੱਖਰ ਇਕੋ ਕੀਤਾ ਪਰਧਾਨ, ਦੋ ਜਹਾਨਾਂ ਰਿਹਾ ਜਣਾਈਆ । ਨਿਰਗੁਣ ਹੋ ਕੇ ਸਾਰੇ ਗਾਣ, ਗੁਰ ਅਵਤਾਰ ਮੇਲ ਮਿਲਾਈਆ । ਪੀਰ ਪੈਗ਼ੰਬਰ ਕਹਿਣ ਤੇਰੀ ਸਚ ਕਲਾਮ, ਕਲਮਾ ਇਕੋ ਇਕ ਵਡਿਆਈਆ । ਜੀਵ ਜੰਤ ਮਿਲੇ ਫ਼ਰਮਾਨ, ਧੁਰ ਫ਼ਰਮਾਨਾ ਆਪ ਸਮਝਾਈਆ । ਸਤਿਜੁਗ ਸਾਚਾ ਬਣੇ ਵਿਧਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਲੇਖਾ ਦਏ ਚੁਕਾਈਆ । ਹੰ ਬ੍ਰਹਮ ਤੇਰਾ ਲੇਖ ਚੁਕੌਣਾ, ਸੋ ਪੁਰਖ ਨਿਰੰਜਣ ਦਏ ਵਡਿਆਈਆ । ਸਤਿਜੁਗ ਸਾਚਾ ਮਾਰਗ ਲੌਣਾ, ਪੰਥ ਇਕੋ ਇਕ ਵਖਾਈਆ । ਰਾਉ ਰੰਕਾਂ ਊਚਾਂ ਨੀਚਾਂ ਇਕ ਦਰ ਬਹੌਣਾ, ਸ਼ਾਹ ਸੁਲਤਾਨ ਨਾ ਕੋਇ ਚਤਰਾਈਆ । ਸ੍ਰਿਸ਼ਟ ਸਬਾਈ ਮੰਦਰ ਇਕ ਦਰਸੌਣਾ, ਹਰਿ ਮੰਦਰ ਨਜ਼ਰੀ ਆਈਆ । ਤੀਰਥ ਤਟ ਕਿਨਾਰਾ ਇਕ ਵਡਿਔਣਾ, ਘਾਟ ਪੱਤਣ ਇਕ ਬਣਾਈਆ । ਇਸ਼ਟ ਦ੍ਰਿਸ਼ਟ ਇਕ ਖੁਲੌਣਾ, ਸ੍ਰਿਸ਼ਟ ਸਬਾਈ ਦਏ ਸਮਝਾਈਆ । ਆਤਮ ਪਰਮਾਤਮ ਨਜ਼ਰੀ ਹਰ ਘਟ ਔਣਾ, ਆਪ ਆਪਣਾ ਭੇਵ ਚੁਕਾਈਆ । ਤੂੰ ਮੇਰਾ ਮੈਂ ਤੇਰਾ ਢੋਲਾ ਗੌਣਾ, ਸੋਹੰ ਵੱਜੇ ਸਚ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੰ ਬ੍ਰਹਮ ਸੋ ਵਿਚ ਸਮਾਈਆ । ਸੋ ਕਹੇ ਮੈਂ ਤੇਰਾ, ਬ੍ਰਹਮ ਕਹੇ ਮੈਂ ਤੇਰਾ, ਤੇਰਾ ਮੇਰਾ ਦੋਹਾਂ ਵਿਚ ਰਹਿਣ ਨਾ ਪਾਈਆ ।

ਦੋ ਜਹਾਨਾਂ ਖੁਲ੍ਹਾ ਹੋਏ ਵੇਹੜਾ, ਬੰਦ ਤਾਕੀ ਨਾ ਕੋਇ ਤੁੜਾਈਆ । ਜਨ ਭਗਤਾਂ ਵਸੇ ਸਾਚਾ ਖੇੜਾ, ਸਾਚੀ ਨਗਰੀ ਸੋਭਾ ਪਾਈਆ । ਅਬਿਨਾਸ਼ੀ ਕਰਤਾ ਅੰਦਰ ਵੜ ਕੇ ਲਾਵੇ ਡੇਰਾ, ਨਾਮ ਝੌਂਪੜੀ ਇਕ ਬਣਾਈਆ । ਛੱਪਰ ਛੰਨ ਨਾ ਕੋਇ ਬਨੇਰਾ, ਚਾਰ ਦੀਵਾਰ ਨਾ ਕੋਇ ਰਖਾਈਆ । ਨਾ ਚੰਦ ਨਾ ਕੋਇ ਅੰਧੇਰਾ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਅਗਲਾ ਪਿਛਲਾ ਚੁੱਕੇ ਗੇੜਾ, ਗੇੜੇ ਵਿਚ ਭੁਆਈਆ । ਆਤਮ ਕਹੇ ਤੂੰ ਮੇਰਾ ਪਰਮਾਤਮ ਕਹੇ ਤੂੰ ਮੇਰਾ ਇਕੋ ਘਰ ਵਸੇ ਗੁਰੂ ਚੇਰਾ, ਚੇਰਾ ਗੁਰ ਸੋਹੰ ਰੂਪ ਸਮਾਈਆ । ਸੋ ਕਹੇ ਮੈਂ ਅੰਤਰ ਧਿਆਨ, ਘਟ ਘਟ ਵੇਖ ਵਖਾਇੰਦਾ । ਹੰ ਕਹੇ ਮੈਂ ਤੇਰਾ ਗਾਵਾਂ ਗਾਨ, ਨਿਤ ਨਿਤ ਇਕੋ ਰਾਗ ਅਲਾਇੰਦਾ । ਦੋਹਾਂ ਵਿਚੋਲਾ ਆਪ ਭਗਵਾਨ, ਦੂਜਾ ਨਜ਼ਰ ਕੋਇ ਨਾ ਆਇੰਦਾ । ਆਪੇ ਦੇਵਣਹਾਰਾ ਦਾਨ, ਝੋਲੀ ਆਪੇ ਅੱਗੇ ਡਾਹਿੰਦਾ । ਆਪੇ ਬਣਾਵਣਹਾਰਾ ਮਕਾਨ, ਅੰਦਰ ਵੜ ਕੇ ਆਪੇ ਆਸਣ ਲਾਇੰਦਾ । ਆਪੇ ਗਾਵਣਹਾਰਾ ਗਾਨ, ਆਪੇ ਗੀਤ ਗੋਬਿੰਦ ਸੁਣਾਇੰਦਾ । ਆਪੇ ਵੇਖਣਹਾਰਾ ਹੋ ਨਿਗਹਬਾਨ, ਆਪੇ ਅੱਖ ਪਰਤੱਖ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਸਾਹਿਬ ਦਇਆ ਕਮਾਇੰਦਾ । ਸੋ ਸਾਹਿਬ ਸੋਹੰ ਰੂਪ, ਆਦਿ ਅੰਤ ਅਖਵਾਈਆ । ਨਿਰਗੁਣ ਸਰਗੁਣ ਸ਼ਾਹੋ ਭੂਪ, ਸ਼ਾਹ ਸੁਲਤਾਨ ਵਡਿਆਈਆ । ਵਸਣਹਾਰਾ ਚਾਰੇ ਕੂਟ, ਚਾਰ ਜੁਗ ਵੇਖ ਵਖਾਈਆ । ਚਾਰੇ ਖਾਣੀ ਦਏ ਸਬੂਤ, ਚਾਰੇ ਬਾਣੀ ਕਰੇ ਪੜ੍ਹਾਈਆ । ਚਾਰ ਵਰਨ ਵਸੇ ਕਾਇਆ ਕਲਬੂਤ, ਚਾਰ ਯਾਰੀ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹੰ ਆਪਣਾ ਨੂਰ ਦਰਸਾਈਆ । ਸੋ ਕਹੇ ਮੈਂ ਹੰ ਹੋ, ਹੋਕਾ ਜਗਤ ਦਿਵਾਇੰਦਾ । ਹੰ ਕਹੇ ਮੈਂ ਸੋ, ਸਤਿਗੁਰ ਦਰਸਨ ਪਾਇੰਦਾ । ਸੋ ਕਹੇ ਮੈਂ ਸਦ ਨਿਰਮੋਹ, ਮੁਹੱਬਤ ਸਚ ਨਾ ਕਿਸੇ ਸਮਝਾਇੰਦਾ । ਹੰ ਕਹੇ ਮੈਂ ਸੋ, ਨਿਰਮਲ ਲੋ ਆਪਣੇ ਵਿਚ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੋਹਾਂ ਨੂੰ ਮੇਲਾ ਦੋਹਾਂ ਨੂੰ ਵੇਲਾ ਢੁਕਦਾ ਇਕੋ ਢੋ, ਦੂਜੀ ਵੰਡ ਨਾ ਕੋਇ ਵੰਡਾਇੰਦਾ । ਸੋ ਕਹੇ ਮੈਂ ਨਿਰਗੁਣ ਧਾਰ, ਨਿਰਵੈਰ ਪੁਰਖ ਅਖਵਾਈਆ । ਹੰ ਕਹੇ ਮੈਂ ਸਰਗੁਣ ਕਾਰ, ਪੰਜ ਤੱਤ ਕਰਾਂ ਕੁੜਮਾਈਆ । ਸੋ ਕਹੇ ਮੇਰਾ ਨੂਰ ਉਜਿਆਰ, ਜੋਤੀ ਜੋਤ ਜੋਤ ਰੁਸ਼ਨਾਈਆ । ਹੰ ਕਹੇ ਮੇਰਾ ਤੱਤ ਪਸਾਰ, ਘਰ ਘਰ ਡੇਰਾ ਲਾਈਆ । ਸੋ ਕਹੇ ਮੇਰੀ ਸ਼ਬਦੀ ਧਾਰ, ਧਾਰ ਧਾਰ ਵਿਚੋਂ ਜਗਾਈਆ । ਹੰ ਕਹੇ ਮੈਂ ਕਰਾਂ ਗੁਫ਼ਤਾਰ, ਰਸਨਾ ਜਿਹਵਾ ਰਾਗ ਸੁਣਾਈਆ । ਸੋ ਕਹੇ ਮੇਰਾ ਠਾਂਡਾ ਦਰਬਾਰ, ਦਰ ਘਰ ਸਾਚੇ ਸੋਭਾ ਪਾਈਆ । ਹੰ ਕਹੇ ਮੇਰੀ ਲੋਕਮਾਤ ਖਿੜੇ ਗੁਲਜ਼ਾਰ, ਲੱਖ ਚੁਰਾਸੀ ਬਾਗ਼ੀਚਾ ਗੁਲਸ਼ਨ ਕਰ ਮਹਿਕਾਈਆ । ਸੋ ਕਹੇ ਮੇਰਾ ਖੇਲ ਅਪਾਰ, ਸਮਝ ਕਿਸੇ ਨਾ ਆਈਆ । ਹੰ ਕਹੇ ਮੇਰੀ ਸਾਚੀ ਕਾਰ, ਘਰ ਘਰ ਸੇਵ ਕਮਾਈਆ । ਦੋਹਾਂ ਮਿਲ ਕੇ ਬਣੇ ਇਕ ਨਿਰੰਕਾਰ, ਬਿਨ ਸੋ ਬਿਨ ਹੰ ਪ੍ਰਭ ਕਾ ਰੂਪ ਨਾ ਕੋਇ ਰਖਾਈਆ । ਸੋ ਕਹੇ ਮੈਂ ਸੋ ਨਾ ਹੁੰਦਾ, ਹੁੰਦੀ ਨਾ ਕੋਇ ਵਡਿਆਈਆ । ਹੰ ਕਹੇ ਮੈਂ ਹੰ ਨਾ ਹੁੰਦਾ, ਤੇਰੀ ਚਲਦੀ ਨਾ ਕੋਇ ਚਤਰਾਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਦੋਹਾਂ ਖੇਲ ਆਪ ਕਰੰਦਾ, ਕਰਨਹਾਰ ਬੇਪਰਵਾਹੀਆ । ਨਿਰਗੁਣ ਹੋ ਕੇ ਜੋਤੀ ਨੂਰ ਸਰਗੁਣ ਹੋ ਕੇ ਬੰਦਾ, ਬੰਦਾ ਹੋ ਕੇ ਬੰਦਗੀ ਇਕ ਕਮਾਈਆ । ਸਰਗੁਣ ਹੋ ਕੇ ਨਿਰਗੁਣ ਧੰਦਾ, ਨਿਰਗੁਣ ਹੋ ਕੇ ਸਰਗੁਣ ਸੇਵ ਕਮਾਈਆ । ਬਿਨ ਸਰਗੁਣ ਨਿਰਗੁਣ ਹੁੰਦਾ ਅੰਧਾ, ਲੋਕਮਾਤ ਨਾਮ ਨਾ ਕੋਇ ਜਣਾਈਆ । ਦੋਹਾਂ ਦਾ ਇਕੋ ਕਿਨਾਰਾ ਇਕੋ ਕੰਢਾ, ਇਕੋ ਪੱਤਣ ਡੇਰਾ ਲਾਈਆ । ਖੇਲ ਕਰਨ ਲਈ ਪ੍ਰਭ ਆਪਣੀ ਵੰਡੀ ਵੰਡਾ, ਜੁਗ ਚੌਕੜੀ


੭੪੦
੧੪

ਕੋਈ ਸਮਝ ਨਾ ਸਕਿਆ ਰਾਈਆ । ਕਰੇ ਖੇਲ ਵਿਚ ਵਰਭੰਡਾ, ਬ੍ਰਹਿਮੰਡਾਂ ਧਾਰ ਚਲਾਈਆ । ਸਾਚੀ ਪਵੜੀ ਲਾ ਕੇ ਡੰਡਾ, ਸਚਖੰਡ ਸਾਚਾ ਸੋਭਾ ਪਾਈਆ । ਸੋਹੰ ਢੋਲਾ ਸਾਚਾ ਛੰਦਾ, ਆਦਿ ਜੁਗਾਦਿ ਸ੍ਰੀ ਭਗਵਾਨ ਆਪੇ ਗਾਈਆ । ਹੰ ਬ੍ਰਹਮ ਖੇਲ ਖਲੰਦਾ, ਸੋ ਸਾਹਿਬ ਸੱਚਾ ਸ਼ਹਿਨਸ਼ਾਹੀਆ । ਦੇਵਣਹਾਰ ਸਦਾ ਅਨੰਦਾ, ਅਨੰਦ ਅਨੰਦ ਅਨੰਦ ਵਿਚ ਰਖਾਈਆ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਕਲਜੁਗ ਅੰਤ ਨਾ ਹੋਵੇ ਰੰਡਾ, ਜੋ ਜਨ ਸੋਹੰ ਢੋਲਾ ਗਾਈਆ । ਮਿਲੇ ਮੇਲ ਸੂਰਾ ਸਰਬੰਗਾ, ਸੋ ਪੁਰਖ ਨਿਰੰਜਣ ਆਪ ਮਿਲਾਈਆ । ਪ੍ਰਭ ਤਾਰਨਹਾਰਾ ਤਾਰੇ ਚਾਹੇ ਕੋਈ ਚੰਗਾ ਚਾਹੇ ਕੋਈ ਮੰਦਾ, ਜੋ ਚਲ ਆਇਆ ਸਰਨਾਈਆ । ਸਾਹਿਬ ਸਵਾਮੀ ਸਦ ਬਖ਼ਸ਼ੰਦਾ, ਗੁਣ ਅਵਗੁਣ ਸਭ ਆਪਣੇ ਲੇਖੇ ਪਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਏਕਾ ਨਾਉਂ ਸਦ ਜਪੰਦਾ, ਜਾਪ ਇਕੋ ਇਕ ਜਣਾਈਆ ।

ਜਗਿਆਸੂ ਆਤਮਾ ਜਗਤ ਪਿਆਰ, ਬੰਧਨ ਬੰਦਗੀ ਵਿਚ ਛੁਪਾਈਆ । ਕਰ ਕਰ ਗਏ ਜਗਤ ਵਿਹਾਰ, ਬਣ ਬਿਵਹਾਰੀ ਖੇਲ ਵਖਾਈਆ । ਭਾਈ ਚਾਰੇ ਨਾਲ ਕਰਦੇ ਗਏ ਪਿਆਰ, ਪਰੇਮ ਪ੍ਰੀਤੀ ਇਕ ਸਮਝਾਈਆ । ਗ਼ਰੀਬ ਨਿਮਾਣਿਆਂ ਗਏ ਉਠਾਲ, ਸਾਚੀ ਸਿਖ ਮਤ ਸਮਝਾਈਆ । ਇਕ ਦੂਜੇ ਨਾਲ ਮਿਲ ਕੇ ਚਲਣਾ ਜੀਵ ਜਹਾਨ, ਜੁਗਤੀ ਜਗਤ ਜੁਗਤ ਜਣਾਈਆ । ਤਰਸ ਕਰਦੇ ਰਹੇ ਕੰਗਾਲ, ਕੰਗਾਲੀ ਆਪਣੀ ਝੋਲੀ ਪਾਈਆ । ਜਿਨ੍ਹਾਂ ਵਿਚੋਂ ਗੁਰਮੁਖ ਉਪਜੇ ਲਾਲ, ਜਿਨ੍ਹਾਂ ਘਰ ਪੁਰਖ ਅਬਿਨਾਸ਼ੀ ਫੇਰਾ ਪਾਈਆ । ਸੁੱਤਿਆਂ ਲਏ ਉਠਾਲ, ਜਾਗਦਿਆਂ ਦਏ ਸਮਝਾਈਆ । ਭਾਈਆਂ ਨਾਲ ਮਿਲ ਕੇ ਗੁਰਨਾਮ ਹੋਇਆ ਬੇਹਾਲ, ਅੰਤਰ ਆਤਮਾ ਸਾਰ ਅਜੇ ਨਾ ਪਾਈਆ । ਪਿਤਾ ਪੂਤ ਦਾ ਬਣੇ ਦਲਾਲ, ਪੂਤ ਪਿਤਾ ਲਏ ਤਰਾਈਆ । ਲੇਖਾ ਜਾਣੇ ਦੋ ਜਹਾਨ, ਹਰਿ ਦਾਤਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਗਿਆਸੂ ਆਤਮਾ ਆਪਣੇ ਹੱਥ ਰਖਾਈਆ । ਜਗਿਆਸੂ ਆਤਮਾ ਪ੍ਰਭ ਚਾੜ੍ਹੇ ਰੰਗ, ਰੰਗ ਰੰਗੀਲਾ ਆਪ ਰੰਗਾਇੰਦਾ । ਜਨਮ ਕਰਮ ਦਾ ਤੋੜੇ ਫੰਦ, ਜਿਸ ਜਨ ਆਪਣੀ ਦਇਆ ਕਮਾਇੰਦਾ । ਜਿਸ ਦਵਾਰੇ ਪਾਰਬ੍ਰਹਮ ਪਤਿਪਰਮੇਸ਼ਵਰ ਨਿਰਗੁਣ ਸਰੂਪ ਸਤਿ ਸਤਿਵਾਦੀ ਆਏ ਲੰਘ, ਤਿਨ੍ਹਾਂ ਇਕੀ ਕੁਲਾਂ ਪਾਰ ਕਰਾਇੰਦਾ । ਅੱਗੇ ਕੋਈ ਲੋੜ ਨਾ ਰਹਿ ਜਾਏ ਧਰਮ ਰਾਏ ਦਾ ਲੱਗੇ ਕੋਈ ਨਾ ਡੰਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਮਿੱਤਰ ਸੋ ਮੀਤ ਜਿਨ੍ਹਾਂ ਮਿਲਿਆ ਪੁਰਖ ਅਤੀਤ ਤ੍ਰੈਗੁਣ ਮੇਲਾ ਦਏ ਗਵਾਈਆ । ਸੰਗੀ ਸਾਥੀ ਕਹਿਣ ਸਰਦਾਰ, ਲੋਕਮਾਤ ਗਿਆ ਫੇਰਾ ਪਾਈਆ । ਭਾਈ ਚਾਰਾ ਕਰੇ ਵਿਚਾਰ, ਉਚੀ ਦਲੀਲ ਧਰਾਈਆ । ਭਗਤ ਕਹੇ ਮੇਰਾ ਭਗਵਾਨ ਨਾਲ ਪਿਆਰ, ਦੂਜੀ ਓਟ ਨਾ ਕੋਇ ਰਖਾਈਆ । ਜਿਸ ਦਾ ਘਰ, ਸੋ ਪਿਛੇ ਕਿਉਂ ਰਹਿ ਜਾਈਆ । ਰਾਮ ਕੌਰ ਨਹੀਂ ਰਾਮ ਆਧਾਰ, ਰਾਮ ਰਾਮ ਰਾਮ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਿਆਸੂ ਆਤਮਾ ਪਰਮਾਤਮਾ ਆਪਣੇ ਸੰਗ ਰਖਾਈਆ ।


੭੪੧
੧੪

★ ੨੨ ਜੇਠ ੨੦੨੦ ਬਿਕ੍ਰਮੀ ਫੁੱਮਣ ਸਿੰਘ ਦੇ ਗ੍ਰਹਿ ਛੰਬ ਜੰਮੂ ★

ਸੋਹੰ ਰੂਪ ਆਦਿ ਅੰਤ, ਨਿਰਗੁਣ ਨਿਰਗੁਣ ਖੇਲ ਵਖਾਈਆ । ਸੋਹੰ ਰੂਪ ਜੁਗਾ ਜੁਗੰਤ, ਜੁਗ ਚੌਕੜੀ ਨੇਂਹ ਰਖਾਈਆ । ਸੋਹੰ ਰੂਪ ਨਾਰ ਕੰਤ, ਜੋਤੀ ਜਾਤਾ ਵਡ ਵਡਿਆਈਆ । ਸੋਹੰ ਰੂਪ ਵਿਸ਼ਨ ਬ੍ਰਹਮਾ ਸ਼ਿਵ ਬਣਾਏ ਬਣਤ, ਘੜਨ ਭੰਨਣਹਾਰ ਰਿਹਾ ਦਰਸਾਈਆ । ਸੋਹੰ ਰੂਪ ਲੱਖ ਚੁਰਾਸੀ ਜੀਵ ਜੰਤ, ਨਿਰਗੁਣ ਸਰਗੁਣ ਵੇਖ ਵਖਾਈਆ । ਸੋਹੰ ਰੂਪ ਭਗਤ ਭਗਵੰਤ, ਆਤਮ ਪਰਮਾਤਮ ਮੇਲ ਮਿਲਾਈਆ । ਸੋਹੰ ਰੂਪ ਸਾਚੇ ਸੰਤ, ਪਾਰਬ੍ਰਹਮ ਪ੍ਰਭ ਏਕਾ ਰੰਗ ਵਖਾਈਆ । ਸੋਹੰ ਰੂਪ ਖੇਲ ਬੇਅੰਤ, ਭੇਵ ਕੋਇ ਨਾ ਪਾਈਆ । ਸੋਹੰ ਰੂਪ ਗੁਰ ਅਵਤਾਰ ਪੀਰ ਪੈਗ਼ੰਬਰ ਮੰਤ, ਮੰਤਰ ਨਾਮ ਦ੍ਰਿੜਾਈਆ । ਸੋਹੰ ਰੂਪ ਇਕ ਇਕੱਲਾ ਸਾਚਾ ਪੰਡਤ, ਦੋ ਜਹਾਨਾਂ ਕਰੇ ਪੜ੍ਹਾਈਆ । ਸੋਹੰ ਰੂਪ ਸਦਾ ਅਖੰਡਤ, ਖੰਡ ਖੰਡ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਸਮਝਾਈਆ । ਸੋਹੰ ਰੂਪ ਹਰਿ ਕਾ ਰੰਗ, ਸੋ ਪੁਰਖ ਨਿਰੰਜਣ ਆਪ ਚੜ੍ਹਾਇੰਦਾ । ਸੋਹੰ ਰੂਪ ਹਰਿ ਕਾ ਮਰਦੰਗ, ਸੋ ਪੁਰਖ ਨਿਰੰਜਣ ਆਪ ਵਜਾਇੰਦਾ । ਸੋਹੰ ਰੂਪ ਹਰਿ ਕਾ ਸੇਜ ਪਲੰਘ, ਸੋ ਪੁਰਖ ਨਿਰੰਜਣ ਆਪ ਸੁਹਾਇੰਦਾ । ਸੋਹੰ ਰੂਪ ਹਰਿ ਕਾ ਅਨੰਦ, ਸੋ ਪੁਰਖ ਨਿਰੰਜਣ ਆਪ ਹੰਢਾਇੰਦਾ । ਸੋਹੰ ਰੂਪ ਹਰਿ ਕਾ ਚੰਦ, ਸੋ ਪੁਰਖ ਨਿਰੰਜਣ ਆਪ ਚਮਕਾਇੰਦਾ । ਸੋਹੰ ਰੂਪ ਹਰਿ ਕਾ ਛੰਦ, ਸੋ ਪੁਰਖ ਨਿਰੰਜਣ ਆਪ ਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਾਰ ਆਪ ਕਮਾਇੰਦਾ । ਸੋਹੰ ਰੂਪ ਸਤਿਗੁਰ ਧਾਰ, ਦੇਵੇ ਵਡ ਵਡਿਆਈਆ । ਸੋਹੰ ਰੂਪ ਗੁਰ ਗੁਰ ਪਿਆਰ, ਗੁਰ ਗੁਰ ਦੇ ਜਣਾਈਆ । ਸੋਹੰ ਰੂਪ ਸ਼ਬਦ ਆਧਾਰ, ਸ਼ਬਦੀ ਸ਼ਬਦ ਸ਼ਬਦ ਸ਼ਨਵਾਈਆ । ਸੋਹੰ ਰੂਪ ਭਗਤ ਭੰਡਾਰ, ਸ੍ਰੀ ਭਗਵਾਨ ਝੋਲੀ ਪਾਈਆ । ਸੋਹੰ ਰੂਪ ਨਿਰਗੁਣ ਸਰਗੁਣ ਲੈ ਅਵਤਾਰ, ਲੋਕਮਾਤ ਵੇਸ ਵਟਾਈਆ । ਸੋਹੰ ਰੂਪ ਪੰਜ ਤੱਤ ਕਰੇ ਪਸਾਰ, ਕਾਇਆ ਮੰਦਰ ਅੰਦਰ ਡੇਰਾ ਲਾਈਆ । ਸੋਹੰ ਰੂਪ ਰਸਨਾ ਜਿਹਵਾ ਕਰੇ ਗੁਫ਼ਤਾਰ, ਅੱਖਰ ਵੱਖਰ ਨਾਲ ਮਿਲਾਈਆ । ਸੋਹੰ ਰੂਪ ਰਹੇ ਜੁਗ ਚਾਰ, ਜੁਗ ਚੌਕੜੀ ਨਾ ਮਰੇ ਨਾ ਜਾਈਆ । ਸੋਹੰ ਰੂਪ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਨਾਉਂ ਪਰਗਟਾਈਆ । ਸੋਹੰ ਰੂਪ ਸਦਾ ਸੁਹੇਲਾ, ਸਦ ਸਦ ਆਪਣੀ ਖੇਲ ਕਰਾਈਆ । ਸੋਹੰ ਰੂਪ ਸਾਚਾ ਮੇਲਾ, ਤੇਰਾ ਮੇਰਾ ਭੇਵ ਮਿਟਾਈਆ । ਸੋਹੰ ਰੂਪ ਗੁਰੂ ਗੁਰ ਚੇਲਾ, ਚੇਲਾ ਗੁਰ ਵੇਖ ਵਖਾਈਆ । ਸੋਹੰ ਰੂਪ ਸਦ ਵਸੇ ਨਵੇਲਾ, ਨਜ਼ਰ ਕਿਸੇ ਨਾ ਆਈਆ । ਸੋਹੰ ਰੂਪ ਰਾਏ ਧਰਮ ਦੀ ਕੱਟੇ ਜੇਲਾ, ਜਿਸ ਜਨ ਆਪਣੇ ਨੇਤਰ ਨੈਣ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਦਏ ਸਮਝਾਈਆ । ਸੋਹੰ ਰੂਪ ਸਦਾ ਅਨੋਖਾ, ਅਵਲੱੜੀ ਕਾਰ ਕਮਾਇੰਦਾ । ਸੋਹੰ ਰੂਪ ਆਦਿ ਅੰਤ ਨਾ ਕੋਇ ਧੋਖਾ, ਨਿਰਗੁਣ ਨਿਰਗੁਣ ਆਪਣੀ ਵੰਡ ਵੰਡਾਇੰਦਾ । ਸੋਹੰ ਰੂਪ ਲੇਖਾ ਜਾਣੇ ਕੋਟਨ ਕੋਟ ਬ੍ਰਹਿਮੰਡ ਖੰਡ ਨਿਰਮਲ ਜੋਤਾ, ਜੋਤੀ ਜਾਤਾ ਵੇਸ ਵਟਾਇੰਦਾ । ਸੋਹੰ ਰੂਪ ਆਲਸ ਨਿੰਦਰਾ ਵਿਚ ਕਦੇ ਨਾ ਸੋਤਾ, ਸੋਇਆ ਲੋਕਮਾਤ ਉਠਾਇੰਦਾ । ਸੋਹੰ ਰੂਪ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਲ ਆਪ ਧਰਾਇੰਦਾ । ਸੋਹੰ ਰੂਪ ਸਤਿ ਸਵੱਛ, ਸਤਿ ਸਰੂਪੀ ਆਪ ਜਣਾਈਆ । ਸੋਹੰ ਰੂਪ ਸਦਾ ਅਭੱਖ, ਭਾਖਿਆ ਕਰੇ ਸਰਬ ਲੋਕਾਈਆ । ਸੋਹੰ ਰੂਪ ਸਦਾ ਅਲੱਖ, ਅਲੱਖ ਨਿਰੰਜਣ ਢੋਲਾ ਗਾਈਆ । ਸੋਹੰ ਰੂਪ ਸਦਾ ਵੱਖ,


੭੪੨ ੧੪

ਪੁਰਖ ਅਬਿਨਾਸ਼ੀ ਆਪਣੇ ਹੱਥ ਰਖਾਈਆ । ਸੋਹੰ ਰੂਪ ਹਰਿ ਭਗਤਾਂ ਦੇਵੇ ਦੱਸ, ਦੂਜੇ ਸਮਝ ਕੋਇ ਨਾ ਆਈਆ । ਸੋਹੰ ਰੂਪ ਸ੍ਰੀ ਭਗਵਾਨ ਨਿਰਗੁਣ ਹੋ ਕੇ ਅੰਦਰ ਜਾਏ ਵਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਸਮਝਾਈਆ । ਸੋਹੰ ਰੂਪ ਸਦਾ ਅਨਮੋਲਾ, ਅਨਮੁਲੜੀ ਕਾਰ ਆਪ ਕਰਾਇੰਦਾ । ਕਲਜੁਗ ਬਣੇ ਭਗਤ ਵਿਚੋਲਾ, ਬਣ ਵਿਚੋਲਾ ਆਪਣੀ ਸੇਵਾ ਲਾਇੰਦਾ । ਜਨਮ ਕਰਮ ਜੋ ਬਣਿਆ ਰਿਹਾ ਗੋਲਾ, ਤਿਸ ਆਪਣਾ ਭੇਵ ਖੁਲ੍ਹਾਇੰਦਾ । ਵੇਖਣਹਾਰਾ ਕਾਇਆ ਚੋਲਾ, ਕੂੜਾ ਕੱਪੜ ਪਰੇ ਹਟਾਇੰਦਾ । ਅੰਦਰ ਵੜ ਕੇ ਗਾਏ ਢੋਲਾ, ਸੋਹੰ ਸਾਚਾ ਰਾਗ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰਾ ਏਕਾ ਖੋਲ੍ਹਾ, ਜਨ ਭਗਤਾਂ ਵੇਖ ਵਖਾਇੰਦਾ । ਸੋਹੰ ਕਹੇ ਮੈਂ ਭਗਤਾਂ ਦਾਸ, ਦਾਸੀ ਆਪਣਾ ਰੂਪ ਵਟਾਈਆ । ਨਿਤ ਨਵਿਤ ਵਸਾਂ ਪਾਸ, ਸਗਲਾ ਸੰਗ ਰਖਾਈਆ । ਕਿਰਪਨ ਕਰਾਂ ਅਰਦਾਸ, ਬੇਨੰਤੀ ਦੋਏ ਜੋੜ ਸੁਣਾਈਆ । ਗੁਰਮੁਖ ਮਿਲਣ ਦੀ ਸਦਾ ਪਿਆਸ, ਪ੍ਰੀਤਮ ਹੋ ਕੇ ਧਿਆਨ ਲਗਾਈਆ । ਕਲਜੁਗ ਅੰਤਮ ਕਰ ਪਰਕਾਸ਼, ਨਿਰਗੁਣ ਜੋਤ ਨੂਰ ਰੁਸ਼ਨਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਅੰਤਮ ਵੇਖਣ ਆਇਆ ਆਪਣੀ ਸ਼ਾਖ਼, ਸ਼ਨਾਖ਼ਤ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹੰ ਆਪਣਾ ਨਾਦ ਵਜਾਈਆ । ਸੋਹੰ ਰੂਪ ਸੱਚਾ ਹਰਿ, ਨਾਦ ਅਨਾਦੀ ਆਪ ਵਜਾਇੰਦਾ । ਕਲਜੁਗ ਅੰਤ ਸੁਣਨ ਬ੍ਰਹਿਮਾਦ, ਬ੍ਰਹਿਮਾਂਡ ਧਿਆਨ ਲਗਾਇੰਦਾ । ਪੁਰਖ ਅਬਿਨਾਸ਼ੀ ਜੁਗ ਜੁਗ ਦਾਸ, ਜਨ ਭਗਤਾਂ ਕਰੇ ਸਦਾ ਵਿਸਮਾਦ, ਵਿਸਮਾਦੀ ਆਪਣੀ ਖੇਲ ਕਰਾਇੰਦਾ । ਨਿਰਗੁਣ ਹੋ ਕੇ ਦੇਵੇ ਦਾਦ, ਸਰਗੁਣ ਝੋਲੀ ਆਪ ਭਰਾਇੰਦਾ । ਗੁਰ ਅਵਤਾਰਾਂ ਪੀਰ

੭੪੩ ਪੈਗ਼ੰਬਰਾਂ ਪਿਛਲਾ ਲੇਖਾ ਕਰਾਏ ਯਾਦ, ਯਾਦਦਾਸ਼ਤ ਭੁੱਲ ਕਦੇ ਨਾ ਜਾਇੰਦਾ । ਜਿਸ ਲੱਖ ਚੁਰਾਸੀ ਖੇੜਾ ਕੀਤਾ ਆਬਾਦ, ਸੋ ਅੰਤਮ ਵੇਖਣ ਆਇੰਦਾ । ੭੪੩

੧੪ ਜਨ ਭਗਤਾਂ ਸੁਣ ਫਰਯਾਦ, ਬੇਪਰਵਾਹ ਵੇਸ ਵਟਾਇੰਦਾ । ਅੰਦਰ ਵੜ ਕੇ ਕਰੇ ਲਾਡ, ਬਾਹਰੋਂ ਨਜ਼ਰ ਕਿਸੇ ਨਾ ਆਇੰਦਾ । ਏਕਾ ਰਾਗ ਸੁਣਾਏ ੧੪

ਬਿਨ ਰਸਨਾ ਜਿਹਵਾ ਸਵਾਦ, ਆਤਮ ਪਰਮਾਤਮ ਪਰਮਾਤਮ ਆਤਮ ਨਾਦ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹੰ ਢੋਲਾ ਆਪੇ ਗਾਇੰਦਾ । ਸੋਹੰ ਢੋਲਾ ਹਰਿ ਹਰਿ ਗਾ, ਗੋਬਿੰਦ ਦੇਵੇ ਵਡਿਆਈਆ । ਭਗਤਾਂ ਬਣੇ ਮਾਤ ਮਲਾਹ, ਜਗਤ ਜੁਗਤ ਸਰਨਾਈਆ । ਸਾਚੇ ਮਾਰਗ ਦਏ ਲਗਾ, ਦਰ ਦਰਵਾਜ਼ਾ ਇਕੋ ਇਕ ਖੁਲ੍ਹਾਈਆ । ਰਹਿਬਰ ਹੋ ਕੇ ਮਿਲੇ ਆ, ਰਹਿਮਤ ਸਚ ਕਮਾਈਆ । ਸਾਹਿਬ ਹੋ ਕੇ ਕਰੇ ਸਚ ਨਿਆਂ, ਸਚ ਅਦਾਲਤ ਇਕ ਲਗਾਈਆ । ਲੱਖ ਚੁਰਾਸੀ ਵਿਚੋਂ ਜਨ ਭਗਤਾਂ ਫੜੇ ਆਪੇ ਬਾਂਹ, ਫੜ ਬਾਂਹੋਂ ਲਏ ਉਠਾਈਆ । ਸਚ ਜਣਾਏ ਆਪਣਾ ਨਾਂ, ਨਾਉਂ ਨਿਰੰਕਾਰਾ ਆਪ ਸਮਝਾਈਆ । ਜੋ ਜਨ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਢੋਲਾ ਰਹੇ ਗਾ, ਤਿਨ੍ਹਾਂ ਜੈ ਜੈਕਾਰ ਦੋ ਜਹਾਨ ਰਹੇ ਕਰਾਈਆ ।

## ★ ੨੨ ਜੇਠ ੨੦੨੦ ਬਿਕ੍ਰਮੀ ਈਸ਼ਰ ਸਿੰਘ, ਪਰਤਾਪ ਸਿੰਘ ਪਿੰਡ ਦੜ ਜੰਮੂ ★

ਸੋ ਪੁਰਖ ਨਿਰੰਜਣ ਦਇਆਵਾਨ, ਦੀਨ ਦਿਆਲ ਵੱਡੀ ਵਡਿਆਈਆ । ਹਰਿ ਪੁਰਖ ਨਿਰੰਜਣ ਸ਼ਾਹ ਸੁਲਤਾਨ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਏਕੰਕਾਰਾ ਵਡ ਬਲਵਾਨ, ਬਲਧਾਰੀ ਬੇਪਰਵਾਹੀਆ । ਆਦਿ ਨਿਰੰਜਣ ਨੂਰ ਮਹਾਨ, ਜੋਤੀ ਜੋਤ ਜੋਤ ਰੁਸ਼ਨਾਈਆ । ਅਬਿਨਾਸ਼ੀ ਕਰਤਾ ਵਾਲੀ ਦੋ ਜਹਾਨ, ਦੋਏ ਦੋਏ ਆਪਣੀ ਧਾਰ ਚਲਾਈਆ । ਸ੍ਰੀ ਭਗਵਾਨ ਮਰਦ ਮਰਦਾਨ, ਸਚ ਮਰਦਾਨਗੀ ਆਪ ਕਮਾਈਆ । ਪਾਰਬ੍ਰਹਮ ਪ੍ਰਭ ਖੇਲ ਮਹਾਨ, ਹਰਿ ਖ਼ਾਲਕ ਆਪ ਕਰਾਈਆ । ਮੁਕਾਮੇ ਹੱਕ ਹੋ ਪਰਧਾਨ, ਬੇਪਰਵਾਹ ਵੇਸ ਵਟਾਈਆ । ਸਚਖੰਡ ਦਵਾਰਾ ਖੋਲ੍ਹ ਦੁਕਾਨ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਭੂਪਤ ਭੂਪ ਰਾਜ ਰਾਜਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਰਚਾਈਆ । ਭੂਪਤ ਭੂਪ ਰਾਜਨ ਰਾਜ, ਸ਼ਾਹ ਪਾਤਸ਼ਾਹ ਆਪ ਅਖਵਾਇੰਦਾ । ਖੇਲ੍ਹਣਹਾਰਾ ਖੇਲ ਤਮਾਸ਼, ਸ੍ਰੀ ਭਗਵਾਨ ਆਪਣੀ ਕਾਰ ਕਮਾਇੰਦਾ । ਨਿਰਗੁਣ ਹੋ ਕੇ ਪਾਵੇ ਰਾਸ, ਸਾਚੇ ਮੰਡਲ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚਾ ਇਕ ਵਡਿਆਇੰਦਾ । ਦਰ ਘਰ ਸਾਚਾ ਸਚਖੰਡ ਦਵਾਰ, ਸੋ ਸਾਹਿਬ ਆਪ ਵਡਿਆਈਆ । ਨਿਰਗੁਣ ਨੂਰ ਕਰ ਉਜਿਆਰ, ਦੀਪਕ ਦੀਆ ਡਗਮਗਾਈਆ । ਸ਼ਾਹੋ ਭੂਪ ਬਣ ਸਿਕਦਾਰ, ਧੁਰ ਸੰਦੇਸਾ ਇਕ ਸੁਣਾਈਆ । ਦਾਤਾ ਦਾਨੀ ਵਡ ਭੰਡਾਰ, ਬੇਪਰਵਾਹ ਆਪ ਵਰਤਾਈਆ । ਦਰ ਦਰਵੇਸ਼ ਬਣ ਭਿਖਾਰ, ਅਲੱਖ ਨਿਰੰਜਣ ਇਕੋ ਅਲਖ ਆਪ ਜਗਾਈਆ । ਵੇਖੇ ਵਿਗਸੇ ਵੇਖਣਹਾਰ, ਬੇਨਜ਼ੀਰ ਨਜ਼ਰ ਕਿਸੇ ਨਾ ਆਈਆ । ਸਚਖੰਡ ਅੰਦਰ ਥਿਰ ਘਰ ਖੋਲ੍ਹ ਕਿਵਾੜ, ਆਪ ਆਪਣੀ ਧਾਰ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਰਿਹਾ ਸਮਝਾਈਆ । ਥਿਰ ਘਰ ਦੇਵਣਹਾਰ ਮਾਣ, ਸੋ ਸਾਹਿਬ ਆਪ ਅਖਵਾਇੰਦਾ । ਮਹੱਲ ਅਟੱਲ ਸੁਹਾਏ ਮਕਾਨ, ਨਿਰਮਲ ਜੋਤੀ ਜੋਤ ਜਗਾਇੰਦਾ । ਖੇਲੇ ਖੇਲ ਸ੍ਰੀ ਭਗਵਾਨ, ਭਗਵਨ ਭੇਵ ਕੋਇ ਨਾ ਪਾਇੰਦਾ । ਦੇਵਣਹਾਰਾ ਸਾਚਾ ਦਾਨ, ਦਾਤਾ ਦਾਨੀ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਅਲਾਇੰਦਾ । ਸਚ ਸੰਦੇਸਾ ਸੋ ਸਾਹਿਬ ਸੁਲਤਾਨ, ਸਤਿ ਸਤਿਵਾਦੀ ਆਪ ਜਣਾਈਆ । ਸਚਖੰਡ ਦਵਾਰੇ ਹੋ ਪਰਧਾਨ, ਥਿਰ ਘਰ ਥਿਰ ਘਰ ਪੜਦਾ ਆਪ ਉਠਾਈਆ । ਬਾਲੀ ਬਾਲਾ ਵੇਖ ਅਵਾਣ, ਸ਼ਬਦ ਦੁਲਾਰੇ ਰਿਹਾ ਜਗਾਈਆ । ਅਠ ਤੱਤ ਵੇਖ ਮਾਰ ਧਿਆਨ, ਬੇਪਰਵਾਹ ਨੈਣ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਰਾਈਆ । ਸਾਚੀ ਕਰਨੀ ਕਰੇ ਕਰਤਾਰ, ਹਰਿ ਕਰਤਾ ਵੇਸ ਵਟਾਈਆ । ਵਿਸ਼ਨੂੰ ਦੇਵੇ ਇਕ ਹੁਲਾਰ, ਵਿਸ਼ਵ ਆਪਣੀ ਧਾਰ ਜਣਾਈਆ । ਬ੍ਰਹਮਾ ਦੇਵੇ ਨੈਣ ਉਘਾੜ, ਨਿਜ ਨੇਤਰ ਪੜਦਾ ਲਾਹੀਆ । ਸ਼ੰਕਰ ਉਠ ਮਾਰ ਧਿਆਨ, ਤ੍ਰੈਭਵਨ ਧਨੀ ਰਿਹਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪਣੇ ਹੱਥ ਰਖਾਈਆ । ਤ੍ਰੈਗੁਣ ਬਣਿਆ ਠਾਂਡਾ ਸੀਤਾ, ਏਕੰਕਾਰ ਆਪਣੀ ਕਾਰ ਕਮਾਇੰਦਾ । ਵਸਣਹਾਰਾ ਧਾਮ ਅਨਡੀਠਾ, ਸਚਖੰਡ ਦਵਾਰੇ ਸੋਭਾ ਪਾਇੰਦਾ । ਆਦਿ ਬਣਾਏ ਆਪਣੀ ਰੀਤਾ, ਮਧ ਆਪਣੀ ਕਾਰ ਕਮਾਇੰਦਾ । ਜੁਗਾਦਿ ਖੇਲ ਕਰੇ ਜਗਦੀਸਾ, ਭੇਵ ਕੋਇ ਨਾ ਆਇੰਦਾ । ਸਾਚਾ ਹੁਕਮ ਸਚ ਫ਼ਰਮਾਨ ਧੁਰਦਰਗਾਹੀ ਦੇਵੇ ਇਕ ਹਦੀਸਾ, ਹਜ਼ਰਤ ਆਪਣਾ ਨਾਉਂ ਜਣਾਇੰਦਾ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਸਮਝਾਇੰਦਾ । ਸਾਚੀ ਸਿਖਿਆ ਪੁਰਖ ਅਗੰਮ, ਅਲੱਖ ਅਗੋਚਰ ਆਪ ਜਣਾਈਆ । ਆਪਣੀ ਧਾਰੋਂ ਆਪੇ ਜੰਮ, ਕਰੇ ਖੇਲ ਬੇਪਰਵਾਹੀਆ । ਨਿਰਵੈਰ ਪੁਰਖ ਕਰੇ ਕਰਾਏ ਸੱਚਾ ਕੰਮ, ਕਰਤਾ ਆਪਣੀ ਸੇਵਾ ਆਪ ਲਗਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਸਾਚਾ ਬੇੜਾ ਆਪੇ ਬੰਨ੍ਹ, ਨਿਰਵੈਰ ਪੁਰਖ ਆਪਣੇ ਕੰਧ ਉਠਾਈਆ । ਵਿਸ਼ਨ ਬ੍ਰਹਮਾ ਸ਼ਿਵ ਦੇਵੇ ਨਾਮ ਧਨ, ਸਾਚੀ ਵਸਤ ਇਕ ਵਰਤਾਈਆ । ਸਾਚਾ ਰਾਗ ਸੁਣਾਏ ਬਿਨਾਂ ਕੰਨ, ਜਨ ਭਗਤਾਂ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਦ੍ਰਿੜਾਈਆ । ਸਚ ਸੰਦੇਸਾ ਦੇਵੇ ਭਗਵਾਨ, ਭਗਵਨ ਆਪਣੀ ਦਇਆ ਕਮਾਇੰਦਾ । ਨੇਤਰ ਖੋਲ੍ਹੇ ਵੇਖੇ ਮਾਰ ਧਿਆਨ, ਬੇਪਰਵਾਹ ਭੇਵ ਚੁਕਾਇੰਦਾ । ਨਜ਼ਰੀ ਆਏ ਨੌਜਵਾਨ, ਨਿਰਗੁਣ ਸਵੱਛ ਸਰੂਪੀ ਵੇਸ ਵਟਾਇੰਦਾ । ਆਦਿ ਜੁਗਾਦੀ ਦੇਵਣਹਾਰਾ ਧੁਰ ਫ਼ਰਮਾਨ, ਧੁਰ ਦੀ ਧਾਰ ਆਪ ਸਮਝਾਇੰਦਾ । ਤ੍ਰੈਗੁਣ ਮਾਇਆ ਕਰ ਪਰਧਾਨ, ਸਚ ਪਰਧਾਨਗੀ ਇਕ ਰਖਾਇੰਦਾ । ਰਜੋ ਤਮੋ ਸਤੋ ਕਰ ਪਰਵਾਨ, ਸਚ ਪਰਵਾਨਾ ਇਕ ਫੜਾਇੰਦਾ । ਲੇਖਾ ਜਾਣੇ ਦੋ ਜਹਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫਰਮਾਨਾ ਆਪ ਅਲਾਇੰਦਾ । ਧੁਰ ਫ਼ਰਮਾਨਾ ਦੇਵੇ ਆਪ, ਆਪਣੇ ਹੱਥ ਰੱਖੇ ਵਡਿਆਈਆ । ਆਦਿ ਜੁਗਾਦੀ ਮਾਈ ਬਾਪ, ਪਿਤਾ ਪੂਤ ਖੇਲ ਰਚਾਈਆ । ਨਿਰਗੁਣ ਵਸੇ ਨਿਰਗੁਣ ਸਾਥ, ਨਿਰਗੁਣ ਸਗਲਾ ਸੰਗ ਨਿਭਾਈਆ । ਨਿਰਗੁਣ ਮੰਤਰ ਨਿਰਗੁਣ ਪੂਜਾ ਨਿਰਗੁਣ ਪਾਠ, ਨਿਰਗੁਣ ਇਸ਼ਟ ਦੇਵ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਤੀਰਥ ਨਿਰਗੁਣ ਤਾਟ ਨਿਰਗੁਣ ਸਰੋਵਰ ਇਕ ਜਣਾਈਆ । ਨਿਰਗੁਣ ਸਰੋਵਰ ਅਗੰਮ ਅਥਾਹ, ਸ੍ਰੀ ਭਗਵਾਨ ਆਪ ਉਪਾਇੰਦਾ । ਲੇਖਾ ਜਾਣ ਦੋ ਜਹਾਂ, ਨਿਰਵੈਰ ਆਪਣੀ ਕਾਰ ਕਮਾਇੰਦਾ । ਆਪਣੀ ਇਛਿਆ ਇਕ ਪਰਗਟਾ, ਸਾਚੀ ਭਿਛਿਆ ਆਪ ਵਰਤਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਸੇਵਾ ਲਏ ਲਗਾ, ਸਾਚੀ ਸੇਵਾ ਇਕ ਸਮਝਾਇੰਦਾ । ਸੁਤ ਦੁਲਾਰਾ ਨਾਲ ਰਲਾ, ਹਰਿ ਸ਼ਬਦੀ ਪਰਦਾ ਲਾਹਿੰਦਾ । ਸੰਸਾਰੀ ਭੰਡਾਰੀ ਵੰਡ ਵੰਡਾ, ਆਪ ਆਪਣਾ ਹੁਕਮ ਵਰਤਾਇੰਦਾ । ਲਾਏ ਦੀਬਾਣ ਝੋਲੀ ਪਾ, ਲਹਿਣਾ ਆਪਣੇ ਹੱਥ ਰਖਾਇੰਦਾ । ਧੁਰ ਸੰਦੇਸਾ ਰਾਗ ਅਲਾ, ਢੋਲਾ ਇਕੋ ਇਕ ਜਣਾਇੰਦਾ । ਸਾਚਾ ਸੋਹਲਾ ਦਏ ਸਮਝਾ, ਬਿਨ ਰਸਨਾ ਜਿਹਵਾ ਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਇੰਦਾ । ਸਾਚਾ ਖੇਲ ਆਦਿ ਪੁਰਖ, ਅਪਰੰਪਰ ਆਪ ਜਣਾਈਆ । ਨਾ ਸੋਗ ਨਾ ਕੋਈ ਹਰਖ, ਚਿੰਤਾ ਗ਼ਮ ਨਾ ਕੋਇ ਜਣਾਈਆ । ਸਵੱਛ ਸਰੂਪੀ ਏਕਾ ਦਰਸ, ਜੋਤੀ ਜੋਤ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਏਕਾ ਨਾਉਂ ਲਏ ਪਰਗਟਾਈਆ । ਏਕਾ ਨਾਉਂ ਸ੍ਰੀ ਭਗਵਾਨ ਸੋ, ਸੋ ਪੁਰਖ ਨਿਰੰਜਣ ਆਪ ਪਰਗਟਾਇੰਦਾ । ਆਪਣੇ ਜਿਹਾ ਆਪੇ ਹੋ, ਆਪ ਆਪਣੀ ਕਲ ਵਰਤਾਇੰਦਾ । ਨਿਰਵੈਰ ਪੁਰਖ ਬਣ ਨਿਰਮੋਹ, ਮੁਹੱਬਤ ਅਵਰ ਨਾ ਕੋਇ ਜਣਾਇੰਦਾ । ਕਰ ਪਰਕਾਸ਼ ਸਾਚੀ ਲੋ, ਜੋਤੀ ਜੋਤ ਡਗਮਗਾਇੰਦਾ । ਨਾਉਂ ਨਿਰੰਕਾਰਾ ਢੋਆ ਢੋ, ਸਾਚੀ ਵਸਤ ਆਪ ਵਰਤਾਇੰਦਾ । ਆਪਣੇ ਅੰਗ ਆਪੇ ਛੋਹ, ਅੰਗੀਕਾਰ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਆਪਣੀ ਸੇਵਾ ਆਪ ਲਗਾਇੰਦਾ । ਸਾਚੀ ਸੇਵਾ ਹਰਿ ਕਰਤਾਰ, ਹਰਿ ਕਰਤਾ ਆਪ ਲਗਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰ ਤਿਆਰ, ਤ੍ਰੈਗੁਣ ਮੇਲਾ ਸਹਿਜ

ਸੁਭਾਈਆ । ਪੰਜ ਤੱਤ ਭਰ ਭੰਡਾਰ, ਦੇਵਣਹਾਰ ਵਡ ਵਡਿਆਈਆ । ਘਾੜਤ ਘੜੇ ਬਣ ਠਠਿਆਰ, ਲੱਖ ਚੁਰਾਸੀ ਵੇਸ ਵਟਾਈਆ । ਅੰਡਜ ਜੇਰਜ ਉਤਭੁਜ ਸੇਤਜ ਪਾਵੇ ਸਾਰ, ਮਹਾਂਸਾਰਥੀ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰਚ ਰਚਨਾ ਵੇਖ ਵਖਾਈਆ । ਰਚਨਾ ਰਚੇ ਆਪ ਨਿਰੰਕਾਰਾ, ਨਿਰਗੁਣ ਆਪਣੀ ਕਾਰ ਕਮਾਇੰਦਾ । ਨਿਰਗੁਣ ਸਰਗੁਣ ਰੂਪ ਅਪਾਰਾ, ਸਤਿ ਸਰੂਪੀ ਆਪ ਧਰਾਇੰਦਾ । ਤ੍ਰੈ ਪੰਜ ਮੇਲ ਸੰਸਾਰਾ, ਜਗ ਜੀਵਣ ਦਾਤਾ ਆਪਣਾ ਖੇਲ ਕਰਾਇੰਦਾ । ਵੰਡੇ ਵੰਡ ਅਪਰ ਅਪਾਰਾ, ਹਿੱਸਾ ਆਪਣੇ ਹੱਥ ਰਖਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਸੇਵਾਦਾਰਾ, ਸਾਚੀ ਸੇਵਾ ਇਕ ਜਣਾਇੰਦਾ । ਨਵ ਨੌਂ ਦਾ ਖੋਲ੍ਹ ਕਿਵਾੜਾ, ਬੰਦ ਤਾਕੀ ਕੁੰਡਾ ਲਾਹਿੰਦਾ । ਘਰ ਵਿਚ ਘਰ ਮੰਦਰ ਅਪਾਰਾ, ਗ੍ਰਹਿ ਮੰਦਰ ਸੋਭਾ ਪਾਇੰਦਾ । ਦੀਆ ਬਾਤੀ ਕਰ ਉਜਿਆਰਾ, ਕਮਲਾਪਾਤੀ ਵੇਖ ਵਖਾਇੰਦਾ । ਪਾਰਬ੍ਰਹਮ ਬ੍ਰਹਮ ਕਰ ਪਸਾਰਾ, ਪਸਰ ਪਸਾਰੀ ਰਚਨ ਰਚਾਇੰਦਾ । ਆਤਮ ਪਰਮਾਤਮ ਹੋ ਉਜਿਆਰਾ, ਨਿਰਗੁਣ ਸਰਗੁਣ ਝੋਲੀ ਪਾਇੰਦਾ । ਪੰਜ ਤੱਤ ਲੱਗੇ ਅਖਾੜਾ, ਗੋਪੀ ਕਾਹਨ ਨਾਚ ਨਚਾਇੰਦਾ । ਰਾਗ ਧੁਨ ਸ਼ਬਦ ਜੈਕਾਰਾ, ਅਨਹਦ ਆਪਣਾ ਤਾਲ ਵਜਾਇੰਦਾ । ਸਾਚੀ ਸਖੀਆਂ ਮੰਗਲਚਾਰਾ, ਗੀਤ ਗੋਬਿੰਦ ਇਕ ਅਲਾਇੰਦਾ । ਅੰਮ੍ਰਿਤ ਸਰੋਵਰ ਠੰਡਾ ਠਾਰਾ, ਸਰ ਤਾਲ ਇਕ ਸੁਹਾਇੰਦਾ । ਝਿਰਨਾ ਝਿਰੇ ਅਪਰ ਅਪਾਰਾ, ਬੂੰਦ ਸਵਾਂਤੀ ਆਪ ਟਪਕਾਇੰਦਾ । ਲੱਖ ਚੁਰਾਸੀ ਖੇਲ ਅਪਾਰਾ, ਨਿਰਵੈਰ ਪੁਰਖ ਆਪ ਕਰਾਇੰਦਾ । ਆਤਮ ਪਰਮਾਤਮ ਦੇ ਸਹਾਰਾ, ਸਾਚਾ ਭੇਵ ਆਪ ਜਣਾਇੰਦਾ । ਬੋਧ ਅਗਾਧ ਬੋਲ ਜੈਕਾਰਾ, ਧੁਰ ਦੀ ਬਾਣੀ ਰਾਗ ਅਲਾਇੰਦਾ । ਸਿਫ਼ਤੀ ਸਿਫ਼ਤ ਭਰੇ ਭੰਡਾਰਾ, ਸਾਚੀ ਸਿਖਿਆ ਆਪ ਦ੍ਰਿੜਾਇੰਦਾ । ਜੁਗ ਚੌਕੜੀ ਖੇਲ ਕਰੇ ਕਰਨੇਹਾਰਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣੀ ਕਲ ਧਰਾਇੰਦਾ । ਚਾਰੇ ਖਾਣੀ ਕਰ ਪਸਾਰਾ, ਚਾਰੇ ਬਾਣੀ ਬੋਲ ਜੈਕਾਰਾ, ਚਾਰੇ ਵਰਨਾਂ ਦਏ ਆਧਾਰਾ, ਮਿਹਰਵਾਨ ਸਿਰ ਆਪਣਾ ਹੱਥ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਆਪਣਾ ਖੇਲ ਨਿਰਗੁਣ ਧਾਰ, ਸਰਗੁਣ ਦੇਵਣਹਾਰ ਵਡਿਆਈਆ । ਗੁਰ ਗੁਰ ਰੂਪ ਹੋ ਉਜਿਆਰ, ਸ਼ਬਦੀ ਸ਼ਬਦ ਡੰਕ ਸੁਣਾਈਆ । ਹੁਕਮੀ ਹੁਕਮ ਸਚ ਵਰਤਾਰ, ਧੁਰ ਫ਼ਰਮਾਨਾ ਹੁਕਮ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਜਣਾਈਆ । ਸਚ ਸੰਦੇਸਾ ਦੇਵਣਹਾਰਾ, ਦਰਗਹਿ ਸਾਚੀ ਸੋਭਾ ਪਾਇੰਦਾ । ਨੂਰ ਇਲਾਹੀ ਪਰਵਰਦਿਗਾਰਾ, ਮੁਕਾਮੇ ਹੱਕ ਡੇਰਾ ਲਾਇੰਦਾ । ਰਾਮ ਰਹੀਮ ਸਾਂਝਾ ਯਾਰਾ, ਰਹਿਮਤ ਆਪਣੀ ਆਪ ਕਮਾਇੰਦਾ । ਨੂਰ ਨੂਰਾਨਾ ਬੇਐਬ ਪਰਵਰਦਿਗਾਰਾ, ਬੇਪਰਵਾਹ ਆਪਣਾ ਖੇਲ ਕਰਾਇੰਦਾ । ਕਾਗਦ ਕਲਮ ਨਾ ਲਿਖਣਹਾਰਾ, ਲੇਖਾ ਗਣਤ ਵਿਚ ਨਾ ਆਇੰਦਾ । ਸਚ ਸੰਦੇਸਾ ਦੇਵੇ ਅਪਰ ਅਪਾਰਾ, ਅਪਰੰਪਰ ਆਪਣਾ ਆਪ ਸਮਝਾਇੰਦਾ । ਚਾਰੇ ਵੇਦਾਂ ਦੇ ਸਹਾਰਾ, ਚਾਰੋਂ ਕੁੰਟ ਇਕ ਜੈਕਾਰ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਕਰਾਇੰਦਾ । ਸਾਚੀ ਖੇਲ ਗੁਰ ਅਵਤਾਰ, ਨਿਰਗੁਣ ਸਰਗੁਣ ਦਏ ਵਡਿਆਈਆ । ਜੋਤੀ ਜੋਤ ਜੋਤ ਕਰ ਪਸਾਰ, ਪਰਮ ਪੁਰਖ ਪ੍ਰਭ ਵੇਖ ਵਖਾਈਆ । ਨਾਮ ਨਿਧਾਨ ਬਾਣੀ ਧੁਨਕਾਰ, ਸ਼ਬਦ ਰਾਗ ਅਲਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ, ਗੀਤਾ ਗਿਆਨ ਦਏ ਸਮਝਾਈਆ । ਅੱਖਰ ਵੱਖਰ ਕਰ ਤਿਆਰ, ਨਿਸ਼ਅੱਖਰ ਭੇਵ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਕਰਾਈਆ । ਸਾਚੀ ਖੇਲ

ਪੀਰ ਪੈਗ਼ੰਬਰ, ਮੁੱਲਾਂ ਸ਼ੇਖ਼ ਮਸਾਇਕ ਆਪ ਜਣਾਇੰਦਾ । ਸਚ ਸਵਾਮੀ ਰਚ ਅਡੰਬਰ, ਸ਼ਾਹ ਸੁਲਤਾਨ ਵੇਖ ਵਖਾਇੰਦਾ । ਸਰਬ ਕਲਾ ਆਪੇ ਭਰਤੰਬਰ, ਰੂਪ ਰੰਗ ਰੇਖ ਨਜ਼ਰ ਕੋਇ ਨਾ ਆਇੰਦਾ । ਲੇਖਾ ਜਾਣੇ ਸੂਰਯਾ ਚੰਦਰ, ਚੰਦ ਚਾਂਦਨਾ ਆਪ ਚਮਕਾਇੰਦਾ । ਧਾਰ ਬਣਾਏ ਮੰਡਲ ਮੰਡਪ ਮੰਦਰ, ਆਪਣਾ ਆਪਣੇ ਵਿਚ ਛੁਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਕਰਤਾ ਆਪਣੀ ਕਾਰ ਕਮਾਇੰਦਾ । ਪੀਰ ਪੈਗ਼ੰਬਰ ਗੁਰ ਅਵਤਾਰ, ਗੁਰ ਗੁਰ ਏਕਾ ਨਾਮ ਦ੍ਰਿੜਾਈਆ । ਲੇਖ ਜਾਣ ਜੁਗ ਚੌਕੜੀ ਚਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਸੇਵ ਲਗਾਈਆ । ਦੇਵਣਹਾਰਾ ਧੁਰ ਦੀ ਧਾਰ, ਵਸਤ ਅਮੋਲਕ ਝੋਲੀ ਪਾਈਆ । ਨਿਰਗੁਣ ਸਰਗੁਣ ਨਾਲ ਕਰੇ ਗੁਫ਼ਤਾਰ, ਗੁਫ਼ਤ ਸ਼ਨੀਦ ਖੇਲ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਪੀਰ ਪੈਗ਼ੰਬਰ ਲੋਕਮਾਤ ਰਾਹ ਚਲਾਈਆ । ਲੋਕਮਾਤ ਮਾਰਗ ਲਾ, ਗੁਰ ਅਵਤਾਰ ਸੇਵ ਕਮਾਈਆ । ਵਰਨ ਬਰਨ ਲਏ ਸਮਝਾ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਮਿਲੇ ਵਡਿਆਈਆ । ਦੀਨ ਮਜ਼੍ਹਬ ਵੰਡ ਵੰਡਾ, ਹਿੱਸਾ ਲੋਕਮਾਤ ਰਖਾਈਆ । ਧੁਰ ਕੀ ਬਾਣੀ ਕਿੱਸਾ ਦਏ ਸੁਣਾ, ਲੇਖਾ ਲਿਖਤ ਵਿਚ ਸਮਝਾਈਆ । ਦਹਿ ਦਿਸ਼ਾ ਹੋਕਾ ਦੇ ਕੇ ਗਏ ਜਣਾ, ਆਤਮ ਪਰਮਾਤਮ ਭੇਵ ਖੁਲ੍ਹਾਈਆ । ਮਨ ਮਤ ਬੁਧ ਗਏ ਸਮਝਾ, ਢੋਲਾ ਇਕੋ ਰਾਗ ਅਲਾਈਆ । ਕਾਇਆ ਚੋਲਾ ਗਏ ਹੰਢਾ, ਪੰਜ ਤੱਤ ਕਰ ਕੁੜਮਾਈਆ । ਪੜਦਾ ਉਹਲਾ ਗਏ ਰਖਾ, ਨਿਰਗੁਣ ਨਜ਼ਰ ਕਿਸੇ ਨਾ ਆਈਆ । ਸਰਗੁਣ ਢੋਲਾ ਰਹੇ ਗਾ, ਪੰਜ ਤੱਤ ਨਾਮ ਧਿਆਈਆ । ਬੇਪਰਵਾਹ ਭੁਲਿਆ ਨਾਂ, ਨਿਰਵੈਰ ਪੁਰਖ ਮਿਲੇ ਨਾ ਕੋਇ ਸਰਨਾਈਆ । ਅੰਤਮ ਸਾਰੇ ਬੈਠੇ ਧਿਆਨ ਲਗਾ, ਗੁਰ ਅਵਤਾਰ ਅੱਖ ਉਠਾਈਆ । ਪੀਰ ਪੈਗ਼ੰਬਰ ਸੀਸ ਸਜਦਾ ਰਹੇ ਝੁਕਾ, ਦੋਏ ਜੋੜ ਪੈਣ ਸਰਨਾਈਆ । ਖ਼ਾਲੀ ਹੱਥ ਮੰਗਣ ਦੁਆ, ਰਹਿਮਤ ਕਰ ਨੂਰ ਖ਼ੁਦਾਈਆ । ਜਿਸ ਦੇ ਨਾਲੋਂ ਹੋਏ ਜੁਦਾ, ਜੁਜ਼ ਆਪਣਾ ਰਹੇ ਬਣਾਈਆ । ਕਵਣ ਵੇਲਾ ਮੇਲ ਲਏ ਮਿਲਾ, ਜੋਤੀ ਜੋਤ ਜੋਤ ਸਮਾਈਆ । ਕਾਇਆ ਚੋਲਾ ਲੇਖੇ ਲਏ ਲਾ, ਲੇਖਾ ਆਪਣੇ ਵਿਚ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਵਡਿਆਈ ਦੇਵੇ ਹਰਿ ਵੱਡਾ ਵਡ, ਭੇਵ ਕੋਇ ਨਾ ਆਇੰਦਾ । ਗੁਰ ਅਵਤਾਰ ਆਪਣੀ ਧਾਰੋਂ ਕੱਢ, ਲੋਕਮਾਤ ਰਾਹ ਵਖਾਇੰਦਾ । ਨਾਮ ਸੁਣਾਏ ਸਾਚਾ ਛੰਦ, ਢੋਲਾ ਆਪਣਾ ਰਾਗ ਜਣਾਇੰਦਾ । ਦੂਰ ਕਿਨਾਰਾ ਦਿਸੇ ਹੱਦ, ਜਗਤ ਜਹਾਨ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖਾਏ ਅਮਰਾਪਦ, ਘਰ ਸਾਚੇ ਸੋਭਾ ਪਾਇੰਦਾ । ਘਰ ਸਾਚਾ ਸੋਭਾਵੰਤ, ਸੋ ਸਾਹਿਬ ਆਪ ਸੁਹਾਈਆ । ਨਾਨਕ ਨਿਰਗੁਣ ਨਾਰ ਹੋ ਕੇ ਪਾਇਆ ਹਰਿ ਕੰਤ, ਸਾਚੀ ਸੇਜ ਇਕ ਸੁਹਾਈਆ । ਨਾਮ ਸਤਿ ਮਿਲਿਆ ਮੰਤ, ਮੰਤਰ ਇਕੋ ਇਕ ਦ੍ਰਿੜਾਈਆ । ਸਿਫ਼ਤ ਸਾਲਾਹੀ ਮਹਿਮਾ ਅਗਣਤ, ਲੇਖਾ ਲੇਖ ਵਿਚ ਨਾ ਆਈਆ । ਹੋਏ ਸਹਾਈ ਜੀਵ ਜੰਤ, ਲੱਖ ਚੁਰਾਸੀ ਦੇਵਣਹਾਰ ਵਡਿਆਈਆ । ਦਰ ਦਰਵੇਸ਼ ਹੋਇਆ ਮੰਗਤ, ਗਲ ਅਲਫ਼ੀ ਨਾ ਕੋਇ ਹੰਡਾਈਆ । ਭੇਵ ਨਾ ਜਾਣੇ ਕੋਇ ਪੰਡਤ, ਵਿਦਿਆ ਚਲੇ ਨਾ ਕੋਇ ਚਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਚੌਦਾਂ ਲੋਕ, ਚਾਰੋਂ ਕੁੰਟ ਖੇਲ ਰਚਾਈਆ । ਚੌਦਾਂ ਤਬਕ ਇਕ ਸਲੋਕ, ਸਲੋਕ ਢੋਲਾ ਰਿਹਾ ਸੁਣਾਈਆ । ਦੋ ਜਹਾਨਾਂ ਦੇਵਣਹਾਰਾ ਇਕੋ ਛੰਤ, ਆਪਣਾ ਨਾਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਸਾਚਾ ਖੇਲ ਆਪ ਰਚਾਈਆ । ਸਾਚਾ ਖੇਲ ਨਾਨਕ ਗੋਬਿੰਦ ਧਾਰ, ਧਾਰ ਧਾਰ ਵਿਚ ਜਣਾਇੰਦਾ । ਨਿਰਗੁਣ ਸਰਗੁਣ ਕਰ ਪਿਆਰ, ਪਰੇਮ ਪ੍ਰੀਤੀ ਇਕ ਵਖਾਇੰਦਾ । ਨਾਮ ਨਾਮ ਭਰ ਭੰਡਾਰ, ਸਤਿ ਸਤਿ ਆਪ ਵਰਤਾਇੰਦਾ । ਫ਼ਤਹਿ ਬੋਲ ਇਕ ਜੈਕਾਰ, ਡੰਕਾ ਦੋ ਜਹਾਨ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਗੁਰ ਅਵਤਾਰ ਪੀਰ ਪੈਗ਼ੰਬਰ ਦੇਵੇ ਸਹਾਰ, ਸਿਰ ਆਪਣਾ ਹੱਥ ਟਿਕਾਇੰਦਾ । ਗੁਰ ਅਵਤਾਰ ਆਏ ਮਾਤ, ਜੁਗ ਚੌਕੜੀ ਵੇਸ ਵਟਾਈਆ । ਦਰ ਮੰਗਦੇ ਰਹੇ ਦਾਤ, ਪ੍ਰਭ ਅੱਗੇ ਝੋਲੀ ਡਾਹੀਆ । ਪੀਰ ਪੈਗ਼ੰਬਰ ਮੇਟਦੇ ਰਹੇ ਅੰਧੇਰੀ ਰਾਤ, ਚੌਦਸ ਨੂਰ ਚੰਦ ਚਮਕਾਈਆ । ਮੁਰੀਦ ਮੁਰਸ਼ਦ ਦੇਂਦੇ ਰਹੇ ਸਾਥ, ਸਗਲਾ ਸੰਗ ਨਿਭਾਈਆ । ਕਲਮਾ ਲਿਖ ਕੇ ਗਏ ਨਾਲ ਕਲਮ ਦਵਾਤ, ਕਾਤਬ ਆਪਣੀ ਕਾਰ ਕਮਾਈਆ । ਈਸਾ ਮੂਸਾ ਮੁਹਮੰਦ ਲੈਂਦੇ ਰਹੇ ਖ਼ੁਆਬ, ਪਰਵਰਦਿਗਾਰ ਬੇਪਰਵਾਹ ਧਿਆਨ ਲਗਾਈਆ । ਸਜਦਾ ਸੀਸ ਝੁਕ ਕਰਦੇ ਰਹੇ ਆਦਾਬ, ਸਲਾਮਾ ਲੈਕਮ ਇਕ ਬੁਲਾਈਆ । ਦਰ ਮੰਗਦੇ ਰਹੇ ਭਿਖਾਰ, ਹਕੀਕਤ ਦੇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪਣੇ ਹੱਥ ਰਖਾਈਆ । ਗੁਰ ਅਵਤਾਰ ਮੰਗਣ ਦਾਨ, ਪ੍ਰਭ ਅੱਗੇ ਝੋਲੀ ਡਾਹੀਆ । ਪੀਰ ਪੈਗ਼ੰਬਰ ਬਣ ਮਹਿਮਾਨ, ਲੋਕਮਾਤ ਫੇਰਾ ਗਏ ਪਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਕਹਿਣ ਸ੍ਰੀ ਭਗਵਾਨ, ਤੇਰੀ ਮਹਿਮਾ ਅਕਥ ਕਥਾ ਲਿਖਤ ਵਿਚ ਕਦੇ ਨਾ ਆਈਆ । ਤੂੰ ਸਾਹਿਬ ਆਦਿ ਜੁਗਾਦੀ ਨੌਜਵਾਨ, ਨਾ ਮਰੇ ਨਾ ਜਾਈਆ । ਤੇਰਾ ਖੇਲ ਦੋ ਜਹਾਨ, ਪੁਰੀ ਲੋਅ ਤੇਰੀ ਸਰਨਾਈਆ । ਬ੍ਰਹਿਮੰਡ ਖੰਡ ਤੇਰਾ ਰਾਗ ਗਾਣ, ਵਿਸ਼ਨ ਬ੍ਰਹਮਾ ਸ਼ਿਵ ਧਿਆਨ ਲਗਾਈਆ । ਗੁਰ ਅਵਤਾਰ ਚਰਨ ਪ੍ਰੀਤੀ ਮੰਗਣ ਦਾਨ, ਪੀਰ ਪੈਗ਼ੰਬਰ ਇਕੋ ਓਟ ਤਕਾਈਆ । ਸਾਰੇ ਰਸਨਾ ਜਿਹਵਾ ਕਹਿ ਕਹਿ ਗਏ ਕਲਜੁਗ ਅੰਤਮ ਆਵੇ ਮਹਾਂਬਲੀ ਜਵਾਨ, ਨਿਰਗੁਣ ਆਪਣਾ ਫੇਰਾ ਪਾਈਆ । ਪੂਤ ਸਪੂਤਾ ਬ੍ਰਹਿਮਣ ਗੌਣਾ ਉਚੇ ਟਿੱਲੇ ਪਰਗਟ ਹੋਵੇ ਆਣ, ਭੂਪਤ ਆਸਣ ਇਕ ਵਖਾਈਆ । ਈਸਾ ਕਹੇ ਮੇਰਾ ਸ਼ਾਹ ਸੁਲਤਾਨ, ਪਿਤਾ ਪੁਰਖ ਆਵੇ ਵਾਹੋ ਦਾਹੀਆ । ਮੁਹੰਮਦ ਕਹੇ ਮੇਰਾ ਅਮਾਮ, ਸਹੀ ਸਲਾਮਤ ਫੇਰਾ ਪਾਈਆ । ਨਾਨਕ ਕਹੇ ਨਿਰਗੁਣ ਹੋ ਮਿਹਰਵਾਨ, ਨਿਹਕਲੰਕ ਵੱਜੇ ਵਧਾਈਆ । ਗੋਬਿੰਦ ਕਹੇ ਮੇਰਾ ਸ਼ਾਹ ਸੁਲਤਾਨ, ਪੁਰਖ ਅਕਾਲ ਵੇਸ ਵਟਾਈਆ । ਪੁਰਖ ਅਕਾਲ ਕਹੇ ਮੈਂ ਸਭ ਦੀ ਆਸਾ ਪੂਰੀ ਕਰਾਂ ਆਣ, ਨਿਰਾਸਾ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਧਰਾਂ ਆਣ, ਪੰਜ ਤੱਤ ਨਜ਼ਰ ਕੋਇ ਨਾ ਆਈਆ । ਸੰਬਲ ਵਸਾਂ ਇਕ ਮਕਾਨ, ਬੇਮੁਕਾਮ ਡੇਰਾ ਲਾਈਆ । ਤੇਈ ਅਵਤਾਰਾਂ ਹੁਕਮ ਸੁਣਾਵਾਂ ਬਣ ਕੇ ਹੁਕਮਰਾਨ, ਧੁਰ ਸੰਦੇਸਾ ਇਕ ਪਰਗਟਾਈਆ । ਈਸਾ ਮੂਸਾ ਮੁਹੰਮਦ ਰੱਖਣ ਚਰਨ ਧਿਆਨ, ਸਚ ਸਾਚੀ ਰਿਹਾ ਸਮਝਾਈਆ । ਨਾਨਕ ਗੋਬਿੰਦ ਕਰ ਪਰਵਾਨ, ਦਰ ਬੈਠੇ ਅਲੱਖ ਜਗਾਈਆ । ਕਵਣ ਵੇਲਾ ਆਏਂ ਸ੍ਰੀ ਭਗਵਾਨ, ਲੋਕਮਾਤ ਫੇਰਾ ਪਾਈਆ । ਚੌਥੇ ਯੁਗ ਚੁੱਕੇ ਕਾਣ, ਕੂੜੀ ਕਿਰਿਆ ਰਹਿਣ ਨਾ ਪਾਈਆ । ਦੀਨ ਮਜ਼੍ਹਬ ਸਰਬ ਮਿਟ ਜਾਣ, ਸ਼ਰਅ ਸ਼ਰੀਅਤ ਕਰੇ ਨਾ ਕੋਇ ਲੜਾਈਆ । ਚਾਰ ਵਰਨਾਂ ਦੇਵੇ ਗਿਆਨ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਇਕ ਸਮਝਾਈਆ । ਇਕ ਵਖਾਏ ਸਚ ਮਕਾਨ, ਮੰਦਰ ਇਕੋ ਇਕ ਸੁਹਾਈਆ । ਸ਼ਿਵਦਵਾਲੇ ਮੰਦਰ ਮੱਠ ਮਸੀਤ ਨਜ਼ਰੀ ਆਏ ਇਕ ਭਗਵਾਨ, ਗੁਰੂਦਵਾਰੇ ਠਾਕਰ ਇਕੋ ਭੇਖ ਵਟਾਈਆ । ਤੀਰਥ ਤਟ ਤੇਰਾ ਅਸ਼ਨਾਨ, ਸਰ ਸਰੋਵਰ ਤੇਰੀ ਸਰਨਾਈਆ । ਗੰਗਾ ਜਮਨਾ ਸੁਰਸਤੀ ਗੋਦਾਵਰੀ ਮੰਗੇ ਤੈਥੋਂ ਦਾਨ, ਆਪਣੀ

ਝੋਲੀ ਰਹੀ ਵਖਾਈਆ । ਭੋਲਾ ਨਾਥ ਕਰੇ ਪਰਵਾਨ, ਜਟਾ ਜੂਟ ਸੀਸ ਨਿਵਾਈਆ । ਬ੍ਰਹਮਾ ਬ੍ਰਹਮ ਕਰੇ ਪਰਵਾਨ, ਪਾਰਬ੍ਰਹਮ ਪ੍ਰਭ ਤੇਰੀ ਓਟ ਤਕਾਈਆ । ਵਿਸ਼ਨੂੰ ਸੇਵਾ ਕਰੇ ਮਹਾਨ, ਬਣ ਸੇਵਕ ਸੇਵ ਕਮਾਈਆ । ਤੂੰ ਸਭ ਦਾ ਦਾਤਾ ਸ੍ਰੀ ਭਗਵਾਨ, ਹੱਥ ਤੇਰੇ ਇਕ ਵਡਿਆਈਆ । ਕਲਜੁਗ ਅੰਤਮ ਕੀਤਾ ਇਹਸਾਨ, ਜੋਤ ਨੂਰ ਰੁਸ਼ਨਾਈਆ । ਤੇਰੀ ਕਰੇ ਨਾ ਕੋਇ ਪਹਿਚਾਨ, ਸਮਝ ਵਿਚ ਕਿਸੇ ਨਾ ਆਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਗੀਤਾ ਪੜ੍ਹ ਪੜ੍ਹ ਸਾਰੇ ਸੁਣਾਣ, ਪੜਦਾ ਅੰਤਰ ਆਤਮ ਕੋਈ ਨਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਵਣ ਵੇਲਾ ਕਵਣ ਵਕਤ, ਪਰਗਟ ਹੋਵੇਂ ਵਿਚ ਜਗਤ, ਪਕੜ ਉਠਾਏਂ ਸਾਚੇ ਭਗਤ, ਲੇਖੇ ਲਾਏਂ ਬੂੰਦ ਰਕਤ, ਰੰਗ ਆਪਣੇ ਨਾਮ ਰੰਗਾਈਆ । ਜਿਸ ਵੇਲੇ ਅੰਤਮ ਆਵਾਂਗਾ । ਨਿਰਗੁਣ ਨੂਰ ਜੋਤ ਚਮਕਾਵਾਂਗਾ । ਸ਼ਬਦੀ ਧਾਰ ਡੰਕ ਵਜਾਵਾਂਗਾ । ਨਿਹਕਲੰਕ ਅਖਵਾਵਾਂਗਾ । ਦਵਾਰ ਬੰਕ ਇਕ ਸੁਹਾਵਾਂਗਾ । ਸੰਬਲ ਨਗਰ ਡੇਰਾ ਲਾਵਾਂਗਾ । ਜ਼ਿਮੀਂ ਅਸਮਾਨ ਵੇਖ ਵਖਾਵਾਂਗਾ । ਦੋ ਜਹਾਨ ਪਕੜ ਉਠਾਵਾਂਗਾ । ਵਿਸ਼ਨ ਬ੍ਰਹਮਾ ਸ਼ਿਵ ਅੱਖ ਖੁਲ੍ਹਾਵਾਂਗਾ । ਕਰੋੜ ਤੇਤੀਸਾ ਨਾਲ ਰਲਾਵਾਂਗਾ । ਸੁਰਪਤ ਇੰਦ ਆਪ ਹਿਲਾਵਾਂਗਾ । ਗੁਣੀ ਗਹਿੰਦ ਆਪ ਹੋ ਜਾਵਾਂਗਾ । ਤੇਈ ਅਵਤਾਰਾਂ ਹੁਕਮ ਮਨਾਵਾਂਗਾ । ਈਸਾ ਮੂਸਾ ਮੁਹੰਮਦ ਬੰਨ੍ਹ ਲਿਆਵਾਂਗਾ । ਚਾਰ ਯਾਰੀ ਪੰਧ ਮੁਕਾਵਾਂਗਾ । ਅੱਲਾ ਰਾਣੀ ਵੇਖ ਵਖਾਵਾਂਗਾ । ਮੁਖ ਨਕ਼ਾਬ ਪਰਦਾ ਲਾਹਵਾਂਗਾ । ਪਰਵਰਦਿਗਾਰ ਨਜ਼ਰੀ ਆਵਾਂਗਾ । ਸਾਂਝਾ ਯਾਰ ਇਕ ਅਖਵਾਵਾਂਗਾ । ਕਰ ਇਕਰਾਰ ਪੂਰ ਕਰਾਵਾਂਗਾ । ਨਿਰਗੁਣ ਨੂਰ ਜੋਤ ਜਗਾਵਾਂਗਾ । ਗੁਰ ਗੁਰ ਆਪਣਾ ਰੂਪ ਦਰਸਾਵਾਂਗਾ । ਨਾਨਕ ਗੋਬਿੰਦ ਦਰ ਘਰ ਇਕੋ ਇਕ ਵਡਿਆਵਾਂਗਾ । ਮਹੱਲ ਅਟੱਲ ਉਚੇ ਚੜ੍ਹ, ਸਚ ਸਿੰਘਾਸਣ ਸੋਭਾ ਪਾਵਾਂਗਾ । ਆਤਮ ਪਰਮਾਤਮ ਫੜਾ ਲੜ, ਪੱਲੂ ਆਪਣੀ ਗੰਢ ਪੁਆਵਾਂਗਾ । ਲੇਖਾ ਚੁਕਾ ਨਾਰੀ ਨਰ, ਨਰਾਇਣ ਆਪਣਾ ਰੂਪ ਦਰਸਾਵਾਂਗਾ । ਸੋਹੰ ਢੋਲਾ ਇਕੋ ਪੜ੍ਹ, ਸਤਿਜੁਗ ਸਾਚਾ ਰਾਹ ਵਖਾਵਾਂਗਾ । ਕਿਲਾ ਤੋੜ ਹੰਕਾਰੀ ਗੜ੍ਹ, ਮੰਦਰ ਇਕੋ ਇਕ ਵਡਿਆਵਾਂਗਾ । ਭਗਤ ਸੁਹੇਲੇ ਲਵਾਂ ਫੜ, ਗੁਰ ਚੇਲੇ ਮੇਲ ਮਿਲਾਵਾਂਗਾ । ਲੇਖਾ ਜਾਣਾਂ ਚੋਟੀ ਜੜ੍ਹ, ਮਧ ਆਪਣੀ ਖੇਲ ਕਰਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਰੂਪ ਅਨੂਪ ਆਪ ਵਟਾਵਾਂਗਾ । ਜਬ ਵੇਲਾ ਅੰਤਮ ਆਵੇਗਾ । ਪ੍ਰਭ ਆਪਣਾ ਹੁਕਮ ਸੁਣਾਵੇਗਾ । ਦੋ ਜਹਾਨਾਂ ਇਕੋ ਰਾਹ ਜਣਾਵੇਗਾ । ਰਾਮ ਰਾਮਾ ਵੇਖ ਵਖਾਵੇਗਾ । ਕ੍ਰਿਸ਼ਨਾ ਕਾਹਨਾ ਮੇਲ ਮਿਲਾਵੇਗਾ । ਬੰਸਰੀ ਨਾਮ ਇਕ ਵਜਾਵੇਗਾ । ਗ਼ਰੀਬ ਨਿਮਾਣੇ ਗਲੇ ਲਗਾਵੇਗਾ । ਡੁੱਬਦੇ ਪਾਥਰ ਪਾਰ ਕਰਾਵੇਗਾ । ਸਾਚੇ ਅਸਵ ਪਾਖਰ ਪਾਵੇਗਾ । ਜ਼ੀਨ ਇਕੋ ਇਕ ਕਸਾਵੇਗਾ । ਮਦੀਨ ਨਜ਼ਰ ਕੋਇ ਨਾ ਆਵੇਗਾ । ਸ਼ਾਹਸਵਾਰਾ ਵੇਸ ਵਟਾਵੇਗਾ । ਨਿਰਾਕਾਰਾ ਫੇਰਾ ਪਾਵੇਗਾ । ਜੋਤ ਉਜਿਆਰਾ ਇਕ ਕਰਾਵੇਗਾ । ਸ਼ਬਦ ਨਗਾਰਾ ਇਕ ਵਜਾਵੇਗਾ । ਲੋਕਮਾਤ ਚਲ ਕੇ ਆਵੇਗਾ । ਜਗ ਨੇਤਰ ਨਜ਼ਰ ਨਾ ਆਵੇਗਾ । ਲੱਖ ਚੁਰਾਸੀ ਜੀਵ ਭੁਲਾਵੇਗਾ । ਗੁਰਮੁਖ ਵਿਰਲੇ ਮਾਤ ਉਠਾਵੇਗਾ । ਨਿਜ ਨੇਤਰ ਆਪ ਖੁਲ੍ਹਾਵੇਗਾ । ਬਜਰ ਕਪਾਟੀ ਪੜਦਾ ਲਾਹਵੇਗਾ । ਕਾਇਆ ਹਾਟੀ ਇਕ ਵਡਿਆਵੇਗਾ । ਦੀਆ ਬਾਤੀ ਨਿਰਗੁਣ ਜੋਤ ਜਗਾਵੇਗਾ । ਬਣ ਸਾਕੀ ਅੰਮ੍ਰਿਤ ਜਾਮ ਪਿਆਵੇਗਾ । ਲਹਿਣਾ ਦੇਣਾ ਚੁਕਾਏ ਬਾਕੀ, ਅਗਲਾ ਲੇਖਾ ਆਪ ਸਮਝਾਵੇਗਾ । ਸ਼ਾਹ ਸੁਲਤਾਨ ਕੋਈ ਨਾ ਰਹੇ ਆਕੀ, ਤਖ਼ਤੋ ਰਾਜੇ ਰਾਣੇ ਲਾਹਵੇਗਾ । ਕਲਜੁਗ ਪਾਰ ਕਰਾਏ ਡੂੰਘੀ ਘਾਟੀ,


੭੪੯
੧੪

੭੫੦
੧੪

ਕੂੜੀ ਕਿਰਿਆ ਮੇਟ ਮਿਟਾਵੇਗਾ । ਭਗਤਾਂ ਬਣੇ ਸ੍ਰੀ ਭਗਵਾਨ ਸਾਥੀ, ਅੰਦਰ ਵੜ ਕੇ ਸੰਗ ਨਿਭਾਵੇਗਾ । ਵੇਸ ਵਟਾਏ ਪਾਕਨ ਪਾਕੀ, ਪਾਕ ਰਸੂਲ ਸਭ ਦੇ ਉਪਰ ਲਗਾਵੇਗਾ । ਬੱਚਿਆ ਰਹੇ ਨਾ ਬੰਦਾ ਖ਼ਾਕੀ, ਖ਼ਾਕੀ ਖ਼ਾਕ ਵੇਖ ਵਖਾਵੇਗਾ । ਜਿਨ੍ਹਾਂ ਮਿਲੇ ਨਰ ਹਰਿ ਨਰਾਇਣ ਕਮਲਾਪਾਤੀ, ਤਿਨ੍ਹਾਂ ਆਪਣੀ ਬੂਝ ਬੁਝਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਆਪਣੀ ਕਾਰ ਕਮਾਵੇਗਾ । ਨਿਰਗੁਣ ਆਪਣੀ ਕਾਰ ਕਮਾਵੇਗਾ । ਕਲਜੁਗ ਅੰਤ ਵੇਖ ਵਖਾਵੇਗਾ । ਕੂੜੀ ਕਿਰਿਆ ਮਾਇਆ ਵੇਖ ਬੇਅੰਤ, ਗੁਰਮੁਖਾਂ ਉਤੋਂ ਪੜਦਾ ਲਾਹਵੇਗਾ । ਸੁਰਤ ਜਗਾਏ ਸਾਚੇ ਸੰਤ, ਸ਼ਬਦੀ ਆਪਣਾ ਮੇਲ ਮਿਲਾਵੇਗਾ । ਜੁੜੇ ਜੋੜਾ ਨਾਰ ਕੰਤ, ਆਤਮ ਸੇਜਾ ਸੋਭਾ ਪਾਵੇਗਾ । ਇਕੋ ਢੋਲਾ ਮਣੀਆਂ ਮੰਤ, ਚਾਰ ਵਰਨ ਜਸ ਗਾਵੇਗਾ । ਗੜ੍ਹ ਤੁੱਟੇ ਹਉਮੇਂ ਹੰਗਤ, ਨਿਵਣ ਸੋ ਅੱਖਰ ਇਕ ਪੜ੍ਹਾਵੇਗਾ । ਸੋ ਹੋਏ ਸਾਚਾ ਪੰਡਤ, ਜਿਸ ਬ੍ਰਹਮ ਵਿਦਿਆ ਆਪ ਜਣਾਵੇਗਾ । ਲੇਖਾ ਚੁਕੇ ਜੇਰਜ ਅੰਡਜ, ਉਤਭੁਜ ਸੇਤਜ ਨਾਤਾ ਤੋੜ ਤੁੜਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲ ਅੰਤਮ ਵੇਖ ਵਖਾਵੇਗਾ । ਕਲ ਅੰਤਮ ਵੇਖਣ ਆਏਗਾ । ਕਲ ਕਲਕੀ ਫੇਰਾ ਪਾਏਗਾ । ਸੰਬਲ ਡੇਰਾ ਇਕ ਲਗਾਏਗਾ । ਗੁਰ ਚੇਲਾ ਵੇਖ ਵਖਾਏਗਾ । ਗੋਬਿੰਦ ਸੁਹੇਲਾ ਇਕੋ ਨਜ਼ਰੀ ਆਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਏਗਾ । ਸਾਚੀ ਕਰਨੀ ਆਪੇ ਕਰੇਗਾ । ਨਿਰਵੈਰ ਹੋ ਕੇ ਲੜੇਗਾ । ਦੋ ਜਹਾਨਾਂ ਫੜੇਗਾ । ਮੂਰਖ ਮੁਗਧ ਅਵਾਣ ਜੀਵ ਮਰੇਗਾ । ਗੁਰਮੁਖ ਸੱਜਣ ਤਰੇਗਾ । ਹਰਿ ਸਰਨਾਈ ਸਾਚੀ ਪੜੇਗਾ । ਪੁਰਖ ਅਕਾਲ ਅਕਾਲ ਅਕਾਲ ਇਕੋ ਕਰੇਗਾ । ਨਾ ਜਨਮੇਗਾ ਨਾ ਮਰੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲ ਅਬਿਨਾਸ਼ੀ ਆਪਣਾ ਇਕੋ ਕਰੇਗਾ । ਪ੍ਰਭ ਅਬਿਨਾਸ਼ੀ ਫੇਰਾ ਪਾਵੇਗਾ । ਘਟ ਘਟ ਵਾਸੀ ਵੇਸ ਵਟਾਵੇਗਾ । ਮੰਡਲ ਰਾਸੀ ਰਾਸ ਰਚਾਵੇਗਾ । ਸ਼ਾਹੋ ਸ਼ਾਬਾਸੀ ਵੇਖ ਵਖਾਵੇਗਾ । ਪੰਡਤ ਕਾਸ਼ੀ ਸਰਬ ਭੁਲਾਵੇਗਾ । ਮੁੱਲਾਂ ਸ਼ੇਖ਼ ਨਜ਼ਰ ਕੋਇ ਨਾ ਆਵੇਗਾ । ਗ੍ਰੰਥੀ ਪੰਥੀ ਭੇਵ ਨਾ ਰਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਦਾਤਾ ਪੁਰਖ ਬਿਧਾਤਾ ਅਜੂਨੀ ਰਹਿਤ ਅਨਭਵ ਪਰਕਾਸ਼ ਇਕੋ ਨੂਰ ਕਰਾਵੇਗਾ । ਪ੍ਰਭ ਇਕੋ ਨੂਰ ਕਰਾਏਗਾ । ਜ਼ਾਹਰ ਜ਼ਹੂਰ ਖੇਲ ਕਰਾਏਗਾ । ਨਾਮ ਨਦ ਤੂਰ ਵਜਾਏਗਾ । ਬ੍ਰਹਿਮਾਦ ਵੇਦ ਵਖਾਏਗਾ । ਬ੍ਰਹਿਮਾਂਡ ਪੜਦਾ ਲਾਹੇਗਾ । ਸਵਾਂਗੀ ਆਪਣਾ ਸਾਂਗ ਰਚਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲ ਕਲਕੀ ਵੇਸ ਵਟਾਏਗਾ । ਕਲ ਕਲਕੀ ਹੋ ਕੇ ਆਵੇਗਾ । ਪ੍ਰਭ ਆਪਣਾ ਰੂਪ ਧਰਾਵੇਗਾ । ਰੇਖ ਰੰਗ ਨਾ ਕੋਇ ਵਟਾਵੇਗਾ । ਮੁੱਛ ਦਾੜ੍ਹੀ ਨਾ ਕੋਇ ਜਣਾਵੇਗਾ । ਸੀਸ ਜਗਦੀਸ ਨਾ ਕੋਇ ਮੁੰਡਾਵੇਗਾ । ਨਿਹਕਲੰਕ ਆਪ ਹੋ ਜਾਵੇਗਾ । ਨਾਮ ਡੰਕਾ ਇਕ ਵਜਾਵੇਗਾ । ਰਾਉ ਰੰਕਾਂ ਆਪ ਉਠਾਵੇਗਾ । ਕੂੜ ਕੁੜਿਆਰਾ ਸ਼ੰਕਾ ਸਰਬ ਮਿਟਾਵੇਗਾ । ਸਾਚਾ ਬੰਕਾ ਇਕ ਵਡਿਆਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਵੈਰ ਹੋ ਕੇ ਕਾਰ ਕਮਾਵੇਗਾ । ਨਿਰਵੈਰ ਹੋ ਕੇ ਆਏਗਾ । ਨਿਰਮਲ ਜੋਤ ਸਤਿ ਸਰੂਪ ਸਮਾਏਗਾ । ਸ਼ਾਹੋ ਭੂਪ ਅਖਵਾਏਗਾ । ਚਾਰੇ ਕੂਟ ਵੇਖ ਵਖਾਏਗਾ । ਜੂਠ ਝੂਠ ਡੇਰਾ ਢਾਹੇਗਾ । ਸਚ ਸੁੱਚ ਇਕ ਵਰਤਾਏਗਾ । ਸਤਿਜੁਗ ਮਾਰਗ ਸੱਚਾ ਲਾਏਗਾ । ਸੋਹੰ ਜਾਪ ਇਕ ਜਪਾਏਗਾ । ਓਮ ਰੂਪ ਨਜ਼ਰੀ ਆਏਗਾ । ਸੋਇਮ ਅੱਖ ਇਕ ਖੁਲ੍ਹਾਏਗਾ । ਚਹਾਰਮ ਚੌਥੇ ਪਦ ਮੇਲ ਮਿਲਾਏਗਾ ।

ਪੰਚਮ ਸ਼ਬਦ ਵੱਜੇ ਨਦ, ਅਨਹਦ ਨਾਦੀ ਰਾਗ ਅਲਾਏਗਾ । ਛੇਵੇਂ ਛੱਪਰ ਛੰਨ ਲੰਘ, ਘਰ ਸਾਚੇ ਡੇਰਾ ਲਾਏਗਾ । ਸੱਤਵੇਂ ਸਤਿ ਸਤਿਵਾਦੀ ਖੇਲ ਕਰੇ ਸਮਰਥ, ਸਮਰਥ ਆਪਣੀ ਕਾਰ ਕਮਾਏਗਾ । ਅੱਠਵੇਂ ਅੱਠਾਂ ਤੱਤਾਂ ਪਾਏ ਨੱਥ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਆਪਣਾ ਬੰਧਨ ਜਣਾਏਗਾ । ਨਾਵੇਂ ਨੌਂ ਦਰ ਕੂੜੀ ਕਿਰਿਆ ਕਰੇ ਭੱਠ, ਮਾਇਆ ਮਮਤਾ ਮੋਹ ਮਿਟਾਏਗਾ । ਦਸਵੇਂ ਨਿਰਮਲ ਜੋਤ ਕਰ ਪਰਕਾਸ਼, ਅਗਿਆਨ ਅੰਧੇਰਾ ਦੂਰ ਕਰਾਏਗਾ । ਜਨ ਭਗਤਾਂ ਦੇਵੇ ਸਾਥ, ਨਿਰਗੁਣ ਸਰਗੁਣ ਸੰਗ ਨਿਭਾਏਗਾ । ਨਾਮ ਚੜ੍ਹਾਏ ਅਗੰਮੀ ਰਾਥ, ਬਣ ਰਥਵਾਹੀ ਸੇਵ ਕਮਾਏਗਾ । ਲਹਿਣਾ ਦੇਣਾ ਚੁਕਾਏ ਜ਼ਾਤ ਪਾਤ, ਆਤਮ ਬ੍ਰਹਮ ਸਰਬ ਸਮਝਾਏਗਾ । ਏਥੇ ਓਥੇ ਦੇ ਨਿਜਾਤ, ਨਛਾਵਰ ਆਪਣਾ ਆਪ ਕਰਾਏਗਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਜੋ ਲੇਖਾ ਲਿਖਿਆ ਨਾਲ ਕਲਮ ਦਵਾਤ, ਸੋ ਪੁਰਖ ਅਕਾਲ ਪੂਰ ਕਰਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਲਜੁਗ ਲੇਖ ਅੰਤ ਮੁਕਾਏਗਾ । ਕਲਜੁਗ ਕਹੇ ਮੇਰਾ ਲੇਖ ਚਾਰ ਲੱਖ ਬੱਤੀ ਹਜ਼ਾਰ, ਬੱਤੀ ਦੰਦ ਜਸ ਨਾ ਗਾਈਆ । ਪੁਰਖ ਅਬਿਨਾਸ਼ੀ ਮੇਰਾ ਯਾਰ, ਜਿਸ ਨੇ ਸਾਚੀ ਸੇਵ ਲਗਾਈਆ । ਕਾਲ ਮਹਾਂਕਾਲ ਮੇਰੇ ਦਵਾਰ, ਬੈਠੇ ਸੀਸ ਝੁਕਾਈਆ । ਰਾਏ ਧਰਮ ਮੇਰਾ ਸਿਕਦਾਰ, ਸਾਚਾ ਹੁਕਮ ਰਿਹਾ ਚਲਾਈਆ । ਚਿੱਤਰ ਗੁਪਤ ਵਡ ਲਿਖਾਰ, ਲੇਖਾ ਰੱਖੇ ਥਾਉਂ ਥਾਈਂਆ । ਲਾੜੀ ਮੌਤ ਕਰੇ ਸ਼ੰਗਾਰ, ਨੇਤਰ ਕਜਲਾ ਰਹੀ ਪਾਈਆ । ਲੱਖ ਚੁਰਾਸੀ ਖਾਵੇ ਵਾਰੋ ਵਾਰ, ਘਰ ਘਰ ਦਰ ਦਰ ਆਪਣਾ ਫੇਰਾ ਪਾਈਆ । ਗੁਰਮੁਖ ਸੱਚੇ ਵਿਚੋਂ ਕਰਨ ਪੁਕਾਰ, ਦੋਏ ਜੋੜ ਵਾਸਤਾ ਪਾਈਆ । ਸੰਤ ਸੁਹੇਲੇ ਰੋਵਣ ਜ਼ਾਰੋ ਜ਼ਾਰ, ਨੇਤਰ ਨੈਣਾਂ ਨੀਰ ਵਹਾਈਆ । ਭਗਤ ਮੰਗਣ ਇਕ ਦੀਦਾਰ,
੭੫੧ ਦਰਸ ਦੀਦਾਰ ਇਕੋ ਇਕ ਵਡਿਆਈਆ । ਗੁਰਸਿਖ ਉਚੀ ਕੂਕ ਕਰਨ ਪੁਕਾਰ, ਬਿਨ ਗੁਰਦੇਵ ਹੋਏ ਨਾ ਕੋਇ ਸਹਾਈਆ । ਗੋਬਿੰਦ ਬਣਿਆ ੭੫੧
੧੪ ਸਰਬ ਪਿਆਰ, ਦੇਵਣਹਾਰ ਸਦਾ ਵਡਿਆਈਆ । ਕਲਜੁਗ ਕਰਮਾਂ ਗਿਆ ਮਾਰ, ਲੇਖਾ ਲਿਖਤ ਵਿਚ ਮੁਕਾਈਆ । ਲਹਿਣਾ ਰਹੇ ਨਾ ਲੱਖ ੧੪
ਚਾਰ, ਬੱਤੀ ਹਜ਼ਾਰ ਨਾ ਵਡ ਵਡਿਆਈਆ । ਤੇਰੇ ਕੁਕਰਮਾਂ ਦਿਤੀ ਹਾਰ, ਸਾਚਾ ਸੰਗ ਨਾ ਕੋਇ ਰਖਾਈਆ । ਤੇਰਾ ਮੁਹੰਮਦ ਕਹੇ ਯਾਰ, ਚਾਰ ਯਾਰੀ ਨਾਲ ਰਲਾਈਆ । ਅੱਲਾ ਰਾਣੀ ਨਾਰ ਮੁਟਿਆਰ, ਮੁਖ ਘੁੰਗਟ ਰਹੀ ਪਾਈਆ । ਉਠ ਕੇ ਨੱਚੇ ਵਿਚ ਸੰਸਾਰ, ਤਾਲ ਆਪਣਾ ਦਏ ਵਜਾਈਆ । ਕੂੜ ਕੂੜਿਆਰੇ ਵੇਖਣ ਜੀਵ ਸ਼ਾਹ ਕੰਗਾਲ, ਇਕੋ ਭੁੱਲੇ ਬੇਪਰਵਾਹੀਆ । ਕਲਜੁਗ ਅੰਤ ਸ੍ਰੀ ਭਗਵੰਤ ਨਿਰਗੁਣ ਦਾਤਾ ਬਣ ਕੇ ਆਏ ਦਲਾਲ, ਜਨ ਭਗਤਾਂ ਵੇਖ ਵਖਾਈਆ । ਕਲਜੁਗ ਤੇਰੇ ਅੰਦਰ ਸਚਖੰਡ ਸਤਿ ਧਰਮ ਦੀ ਖੋਲ੍ਹੇ ਧਰਮਸਾਲ, ਸਤਿਜੁਗ ਸਾਚੀ ਧਾਰ ਚਲਾਈਆ । ਚਾਰ ਵਰਨਾਂ ਏਕਾ ਮਾਰਗ ਦਏ ਵਖਾਲ, ਇਕੋ ਮੰਤਰ ਨਾਮ ਪੜ੍ਹਾਈਆ । ਇਕੋ ਦੇਵੇ ਨਾਮ ਸੱਚਾ ਧੰਨ ਮਾਲ, ਠੱਗ ਚੋਰ ਯਾਰ ਲੁੱਟ ਕੋਇ ਨਾ ਜਾਈਆ । ਤਿਨ੍ਹਾਂ ਨੇੜ ਨਾ ਆਵੇ ਕਾਲ ਮਹਾਂਕਾਲ, ਜਿਨ੍ਹਾਂ ਬਖ਼ਸ਼ੇ ਚਰਨ ਸੱਚੀ ਸਰਨਾਈਆ । ਦੀਨ ਦਿਆਲ ਠਾਕਰ ਸਵਾਮੀ ਹੋਏ ਆਪ ਕਿਰਪਾਲ, ਕਿਰਪਾਨਿਧ ਬੇਪਰਵਾਹੀਆ । ਲੱਖ ਚੁਰਾਸੀ ਵਿਚੋਂ ਭਾਲ, ਹਰਿਜਨ ਸਾਚੇ ਮੇਲ ਮਿਲਾਈਆ । ਜਿਨ੍ਹਾਂ ਦੀ ਕਾਇਆ ਮੰਦਰ ਅੰਦਰ ਵੱਜੇ ਤਾਲ, ਬਾਹਰੋਂ ਢੋਲਕ ਛੈਣਾ ਨਾ ਕੋਇ ਖੜਕਾਈਆ । ਛੱਤੀ ਰਾਗ ਹੋਣ ਹੈਰਾਨ, ਹਰਿ ਜੂ ਕੀ ਖੇਲ ਵਰਤਾਈਆ । ਗੁਰ ਅਵਤਾਰ ਵੇਖਣ ਮਾਰ ਧਿਆਨ, ਨਿਜ ਨੇਤਰ ਨੈਣ ਉਠਾਈਆ । ਕਲਜੁਗ ਅੰਤ ਸ੍ਰੀ ਭਗਵੰਤ ਸਾਚਾ ਕੰਤ ਪਰਗਟ ਹੋ ਵਿਚ ਜਹਾਨ, ਹਰਿਜਨ ਸਾਚੇ ਦਏ ਵਡਿਆਈਆ । ਘਰ ਨਜ਼ਰੀ ਆਏ

ਨਿਰਗੁਣ ਕਾਹਨ, ਸਰਗੁਣ ਗੋਪੀ ਖ਼ੁਸ਼ੀ ਮਨਾਈਆ । ਗ੍ਰਿਹਿ ਮਿਲੇ ਆਪ ਭਗਵਾਨ, ਭਗਵਨ ਆਪਣਾ ਵੇਸ ਵਟਾਈਆ । ਸੁਰਤ ਸਵਾਣੀ ਮਿਲੇ ਰਾਮ, ਰਮੱਯਾ ਆਪਣਾ ਰੰਗ ਰੰਗਾਈਆ । ਭਗਤਾਂ ਕਰੇ ਆਪ ਪਰਨਾਮ, ਸੋ ਪੁਰਖ ਨਿਰੰਜਣ ਆਪਣਾ ਸੀਸ ਝੁਕਾਈਆ । ਕਲਜੁਗ ਜਿਨ੍ਹਾਂ ਕਰੀ ਪਹਿਚਾਨ, ਤਿਨ੍ਹਾਂ ਪਸਚਾਤਾਪ ਰਹਿਣ ਨਾ ਪਾਈਆ । ਗੋਬਿੰਦ ਮਾਰੇ ਤੀਰ ਅਨਿਆਲਾ ਬਾਣ, ਤਿਖੀ ਮੁਖੀ ਧਾਰ ਵਖਾਈਆ । ਬਿਨ ਕਲਮਿਉਂ ਕਰੇ ਕਲਿਆਨ, ਕਾਇਨਾਤ ਬੇੜਾ ਨਾ ਕੋਇ ਡੁਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਆਦਿ ਜੁਗਾਦੀ ਇਕੋ ਦਾਤਾ ਦੇਵਣਹਾਰ, ਜੁਗ ਚੌਕੜੀ ਝੋਲੀ ਰਿਹਾ ਭਰਾਈਆ । ਜੁਗ ਚੌਕੜੀ ਗਈ ਝੁਕ, ਕਲਜੁਗ ਵੇਲਾ ਅੰਤਮ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਸਾਡਾ ਪੈਂਡਾ ਗਿਆ ਮੁੱਕ, ਪਾਂਧੀ ਕੋਇ ਰਹਿਣ ਨਾ ਪਾਈਆ । ਕੂੜ ਕੁੜਿਆਰ ਵਿਚ ਸੰਸਾਰ ਬੈਠ ਰਹੇ ਨਾ ਲੁਕ, ਸ੍ਰੀ ਭਗਵਾਨ ਬਾਹਰ ਕਢਾਈਆ । ਜਿਨ੍ਹਾਂ ਰਾਮ ਮਿਲਣ ਦੀ ਗਾਈ ਤੁਕ, ਸੋ ਤੁਖ਼ਮ ਲਏ ਤਰਾਈਆ । ਜਿਨ੍ਹਾਂ ਗੋਬਿੰਦ ਮਿਲਣ ਦੀ ਰੱਖੀ ਭੁੱਖ, ਤਿਨ੍ਹਾਂ ਨਾਨਕ ਗੋਬਿੰਦ ਹੋਏ ਸਹਾਈਆ । ਜਿਨ੍ਹਾਂ ਸ੍ਰੀ ਭਗਵਾਨ ਦੀ ਰੱਖੀ ਓਟ, ਤਿਨ੍ਹਾਂ ਅਬਿਨਾਸ਼ੀ ਕਰਤਾ ਆਪਣੀ ਗੋਦ ਉਠਾਈਆ । ਅੰਤਮ ਲੈ ਜਾਏ ਗੋਦੀ ਚੁੱਕ, ਕੰਧ ਆਪਣੇ ਭਾਰ ਉਠਾਈਆ । ਰਾਹ ਵਿਚ ਨਾ ਜਾਵੇ ਰੁਕ, ਅਧਵਿਚਕਾਰ ਨਾ ਕੋਇ ਬਹਾਈਆ । ਸਾਚੀ ਮੰਜ਼ਲ ਚੜ੍ਹ ਆਪਣੀ ਚੋਟ, ਚੋਟੀ ਇਕੋ ਇਕ ਸੁਹਾਈਆ । ਭਗਤ ਦਵਾਰ ਕਿਲਾ ਕੋਟ, ਸਚਖੰਡ ਸੋਭਾ ਪਾਈਆ । ਹੋਏ ਪਰਕਾਸ਼, ਨਿਰਮਲ ਜੋਤ, ਨੂਰੋ ਨੂਰ ਨੂਰ ਰੁਸ਼ਨਾਈਆ । ਸ੍ਰੀ ਭਗਵਾਨ ਜੁਗ ਜੁਗ ਜਨ ਭਗਤਾਂ ਮਿਲਣ ਦਾ ਰੱਖੇ ਸ਼ੌਕ, ਨਿਰਗੁਣ ਆਪਣਾ ਵੇਸ ਵਟਾਈਆ । ਬਿਨ ਭਗਤਾਂ ਭਗਵਾਨ ਜਾਏ ਔਂਤ, ਪੀੜ੍ਹੀ ਮਾਤ ਨਾ ਕੋਇ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜੁਗ ਜੁਗ ਹੋਏ ਆਪ ਸਹਾਈਆ । ਜੁਗ ਜੁਗ ਸਹਾਈ ਹੋਵੇ ਆਪ, ਪ੍ਰਭ ਆਪਣੀ ਦਇਆ ਕਮਾਇੰਦਾ । ਕੋਟਨ ਕੋਟ ਜਨਮ ਉਤਾਰੇ ਪਾਪ, ਜਿਸ ਸਿਰ ਆਪਣਾ ਹੱਥ ਟਿਕਾਇੰਦਾ । ਨਾਮ ਦ੍ਰਿੜਾਏ ਸਾਚਾ ਜਾਪ, ਆਤਮ ਪਰਮਾਤਮ ਰਾਗ ਅਲਾਇੰਦਾ । ਮੇਲ ਮਿਲਾਏ ਕਮਲਾਪਾਤ, ਘਰ ਮੰਦਰ ਸੋਭਾ ਪਾਇੰਦਾ । ਪਰਗਟ ਹੋਏ ਬਹੁ ਬਿਧ ਭਾਂਤ, ਭੇਵ ਅਭੇਵ ਨਾ ਕਿਸੇ ਜਣਾਇੰਦਾ । ਕਲਜੁਗ ਮੇਟੇ ਅੰਤ ਅੰਧੇਰੀ ਰਾਤ, ਗੁਰਮੁਖ ਸਾਚੇ ਸਾਚੇ ਚੰਦ ਚਮਕਾਇੰਦਾ । ਦਰਗਹਿ ਸਾਚੀ ਕੋਈ ਨਾ ਜ਼ਾਤ ਪਾਤ, ਦੀਨ ਮਜ਼੍ਹਬ ਨਾ ਵੰਡ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਵਾਨ ਇਕੋ ਰਾਹ ਵਖਾਇੰਦਾ । ਭਗਤ ਭਗਵਾਨ ਰਾਹ ਏਕ, ਏਕੰਕਾਰਾ ਰਿਹਾ ਜਣਾਈਆ । ਸਾਹਿਬ ਸਤਿਗੁਰ ਸਾਚੀ ਟੇਕ, ਪੁਰਖ ਅਕਾਲ ਸਰਨਾਈਆ । ਨਿਰਮਲ ਬੁਧ ਹੋਏ ਬਿਬੇਕ, ਵਿਵੇਕੀ ਰੂਪ ਵਟਾਈਆ । ਤ੍ਰੈਗੁਣ ਮਾਇਆ ਨਾ ਲਾਏ ਸੇਕ, ਅਗਨੀ ਪੋਹ ਨਾ ਸਕੇ ਰਾਈਆ । ਜਿਨ੍ਹਾਂ ਦੇਵੇ ਆਪਣਾ ਭੇਤ, ਅਭੇਵ ਦਏ ਖੁਲ੍ਹਾਈਆ । ਸੋ ਸਿਰ ਵਿਚ ਪਾ ਕੇ ਗਏ ਤੱਤੀ ਰੇਤ, ਅਗਨੀ ਦੁੱਖ ਨਾ ਲਾਗੇ ਰਾਈਆ । ਸੂਲੀ ਚੜ੍ਹ ਕੇ ਖੇਲਾਂ ਗਏ ਖੇਡ, ਆਪਣੀ ਖੇਲ ਸਮਝਾਈਆ । ਮਾਤ ਪਿਤ ਪੁੱਤ ਕਰ ਕੇ ਭੇਟ, ਇਕੋ ਗੋਬਿੰਦ ਸ਼ੁਕਰ ਮਨਾਈਆ । ਵਿਸ਼ਨੂੰ ਵੇਖੇ ਉਤੇ ਬੈਠਾ ਸ਼ੇਸ਼, ਸਾਂਗੋ ਪਾਂਗ ਆਸਣ ਲਾਈਆ । ਬ੍ਰਹਮਾ ਵੇਖੇ ਹਰਿ ਕੀ ਖੇਡ, ਹਰਿ ਕਰਤਾ ਕੀ ਕੀ ਖੇਲ ਰਚਾਈਆ । ਸ਼ੰਕਰ ਨੇਤਰ ਖੋਲ੍ਹੇ ਨੇਤ ਨੇਤ, ਹੱਥ ਤਰਸੂਲ ਸੁਟਾਈਆ । ਪੁਰਖ ਅਕਾਲ ਦੀਨ ਦਿਆਲ ਇਕੋ ਗੋਬਿੰਦ ਦੱਸੇ ਆਪਣਾ ਭੇਤ, ਦੂਜੇ ਸਮਝ ਕਿਸੇ ਨਾ ਆਈਆ । ਕਲਜੁਗ

ਅੰਤ ਸ੍ਰੀ ਭਗਵੰਤ ਨਿਰਗੁਣ ਹੋ ਕੇ ਲੱਖ ਚੁਰਾਸੀ ਰਿਹਾ ਵੇਖ, ਗੋਬਿੰਦ ਅੰਦਰ ਡੇਰਾ ਲਾਈਆ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਆਦਿ ਜੁਗਾਦੀ ਰਿਹਾ ਪੇਖ, ਪਾਰਬ੍ਰਹਮ ਬੇਪਰਵਾਹੀਆ । ਜੇ ਕੋਈ ਲੱਭੇ ਹੱਥ ਨਾ ਆਵੇ ਰੂਪ ਰੇਖ, ਰੰਗ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਕਰੇ ਇਕ ਆਦੇਸ, ਆਦੇਸ ਆਦੇਸ ਇਕੋ ਇਕ ਜਣਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਮਲ ਨੂਰ ਜੋਤ ਪਰਵੇਸ਼, ਪਰਵਰਸ਼ ਕਰੇ ਥਾਉਂ ਥਾਈਆ ।

## ★ ੨੩ ਜੇਠ ੨੦੨੦ ਬਿਕ੍ਰਮੀ ਸੰਤ ਸਿੰਘ ਦੇ ਗ੍ਰਿਹ ਪਿੰਡ ਦੜ ਜੰਮੂ ★

ਨਿਰਗੁਣ ਨੂਰ ਨੂਰ ਉਜਿਆਰ, ਸਤਿਗੁਰ ਆਪਣੀ ਧਾਰ ਚਲਾਈਆ । ਸਤਿਗੁਰ ਖੇਲ ਅਗੰਮ ਅਪਾਰ, ਗੁਰ ਗੁਰ ਆਪਣਾ ਵੇਸ ਵਟਾਈਆ । ਗੁਰ ਗੁਰ ਸ਼ਬਦ ਨਾਮ ਜੈਕਾਰ, ਭਗਤਨ ਸਤਿ ਪੜ੍ਹਾਈਆ । ਭਗਤਨ ਮੀਤ ਵਿਚ ਸੰਸਾਰ, ਸੰਤਨ ਸਾਚਾ ਮੇਲ ਮਿਲਾਈਆ । ਸੰਤਨ ਮੇਲਾ ਹਰਿ ਕਰਤਾਰ, ਗੁਰਮੁਖ ਸਾਚੇ ਲਏ ਜਗਾਈਆ । ਗੁਰਮੁਖ ਸੱਜਣ ਆਪ ਉਠਾਲ, ਗੁਰਸਿਖ ਇਕੋ ਬੂਝ ਬੁਝਾਈਆ । ਗੁਰਸਿਖ ਬਣ ਆਪ ਦਲਾਲ, ਨਿਰਗੁਣ ਸਰਗੁਣ ਦਏ ਸਮਝਾਈਆ । ਸਰਗੁਣ ਮੇਲਾ ਦੀਨ ਦਿਆਲ, ਘਰ ਵੱਜੇ ਸਚ ਵਧਾਈਆ । ਘਰ ਮੰਦਰ ਸੋਹੇ ਸੱਚੀ ਧਰਮਸਾਲ, ਛੱਪਰ ਛੰਨ ਮਿਲੇ ਵਡਿਆਈਆ । ਛੱਪਰ ਛੰਨ ਜੋਤੀ ਬਾਲ, ਨੂਰੋ ਨੂਰ ਡਗਮਗਾਈਆ । ਨੂਰ ਨੁਰਾਨਾ ਬੇਮਿਸਾਲ, ਰਵ ਸਸ ਕਿਰਨ ਕਿਰਨ ਸਮਾਈਆ । ਕਿਰਨ ਕਿਰਨ ਕਰਤਾ ਕਾਰ, ਜੁਗ ਚੌਕੜੀ ਬੰਧਨ ਪਾਈਆ । ਜੁਗ ਚੌਕੜੀ ਹੋ ਤਿਆਰ, ਤ੍ਰੈਗੁਣ ਅਤੀਤਾ ਵੇਸ ਵਟਾਈਆ । ਤ੍ਰੈਗੁਣ ਪੜਦਾ ਦੇਵੇ ਪਾੜ, ਜਿਸ ਆਪਣੀ ਮਿਹਰ ਨਜ਼ਰ ਟਿਕਾਈਆ । ਮਿਹਰ ਨਜ਼ਰ ਕਰੇ ਕਰਤਾਰ, ਪੰਜ ਤੱਤ ਲੇਖਾ ਦਏ ਚੁਕਾਈਆ । ਪੰਜ ਤੱਤ ਲੇਖਾ ਚੁੱਕੇ ਅੰਤਮ ਵਾਰ, ਜਿਸ ਜਨ ਆਪਣੇ ਚਰਨ ਲਗਾਈਆ । ਚਰਨ ਕਵਲ ਠਾਂਡਾ ਦਰਬਾਰ, ਸਾਂਤਕ ਸਤਿ ਸਤਿ ਵਰਤਾਈਆ । ਸਾਂਤਕ ਸਤਿ ਸਤਿ ਹਰਿ ਨਿਰੰਕਾਰ, ਅਗਨੀ ਰੂਪ ਨਾ ਕੋਇ ਜਲਾਈਆ । ਅਗਨੀ ਜੋਤੀ ਅਗੰਮ ਅਪਾਰ, ਮੰਦਰ ਸਚ ਕਰੇ ਰੁਸ਼ਨਾਈਆ । ਮੰਦਰ ਸਚ ਸਚਖੰਡ ਵਣਜਾਰ, ਹੱਟ ਇਕੋ ਨਜ਼ਰੀ ਆਈਆ । ਹੱਟ ਇਕੋ ਮਹੱਲ ਅਟੱਲ ਉਚ ਮਨਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਆਪਣੀ ਖੇਲ ਕਰਾਈਆ । ਨਿਰਗੁਣ ਦਾਤਾ ਸਤਿਗੁਰ ਰੂਪ, ਨਿਰਵੈਰ ਕਾਰ ਕਮਾਇੰਦਾ । ਸਤਿਗੁਰ ਵਸੇ ਸਾਚੀ ਕੂਟ, ਗੁਰ ਗੁਰ ਭੇਵ ਚੁਕਾਇੰਦਾ । ਗੁਰ ਗੁਰ ਸ਼ਬਦ ਅਨਾਦੀ ਦੂਤ, ਭਗਤ ਭਗਵਾਨ ਆਪ ਉਠਾਇੰਦਾ । ਭਗਤ ਵਖਾਏ ਸਚ ਅਰੂਜ, ਸੰਤ ਸੁਹੇਲੇ ਪਰਦਾ ਲਾਹਿੰਦਾ । ਸੰਤਾਂ ਦੇਵੇ ਇਕ ਸਬੂਤ, ਸਾਬਤ ਸੂਰਤ ਆਪ ਜਣਾਇੰਦਾ । ਸਾਬਤ ਸੂਰਤ ਵੇਖ ਮਹਿਬੂਬ, ਗੁਰਮੁਖ ਸਾਚਾ ਖ਼ੁਸ਼ੀ ਮਨਾਇੰਦਾ । ਗੁਰਮੁਖ ਸਾਚਾ ਕਾਇਆ ਵਿਚ ਕਲਬੂਤ, ਗੁਰਸਿਖ ਸਾਚੇ ਬੂਝ ਬੁਝਾਇੰਦਾ । ਗੁਰਸਿਖ ਸਾਚਾ ਜਾਏ ਝੂਝ, ਨਛਾਵਰ ਆਪਣਾ ਆਪ ਕਰਾਇੰਦਾ । ਨਛਾਵਰ ਹੋ ਕੇ ਮਿਟਾਏ ਦੂਜ, ਏਕਾ ਆਪਣਾ ਰੰਗ ਰੰਗਾਇੰਦਾ । ਏਕਾ ਰੰਗ ਇਕ ਹਦੂਦ, ਘਰ ਸਾਚੇ ਆਪ ਵਖਾਇੰਦਾ । ਸਚ ਹਦੂਦ ਹੋ ਮਹਿਦੂਦ, ਮਹਿਫ਼ਲ ਆਪਣੇ ਨਾਮ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸਾਹਿਬ ਖੇਲ ਕਰਾਇੰਦਾ । ਨਿਰਗੁਣ ਦਾਤਾ ਸਤਿਗੁਰ

ਸਤਿ, ਸਤਿ ਪੁਰਖ ਨਿਰੰਜਣ ਵੱਡੀ ਵਡਿਆਈਆ । ਸਤਿਗੁਰ ਧਾਰ ਕਰ ਪਰਗਟ, ਗੁਰ ਗੁਰ ਵੇਸ ਵਟਾਈਆ । ਗੁਰ ਗੁਰ ਵੇਸ ਪੁਰਖ ਸਮਰਥ, ਜਨ ਭਗਤਾਂ ਲਏ ਜਗਾਈਆ । ਜਨ ਭਗਤ ਚਲਾਏ ਰਥ, ਸੰਤ ਸੱਜਣ ਵੇਖ ਵਖਾਈਆ । ਸੰਤ ਸਾਜਣ ਮਾਰਗ ਦੱਸ, ਗੁਰਮੁਖ ਪੜਦਾ ਦਏ ਚੁਕਾਈਆ । ਗੁਰਮੁਖ ਪੜਦਾ ਜਾਏ ਲਥ, ਗੁਰਸਿਖ ਨਜ਼ਰੀ ਆਈਆ । ਗੁਰਸਿਖ ਚਰਨੀ ਜਾਏ ਢੱਠ, ਢਹਿ ਪਏ ਸਰਨਾਈਆ । ਇਕ ਜਣਾਏ ਸਾਚੀ ਮਤ, ਗੁਰਮਤ ਕਰੇ ਪੜ੍ਹਾਈਆ । ਗੁਰਮਤ ਨਾ ਉਬਲੇ ਨਾੜੀ ਰਤ, ਰਤੀ ਰਤ ਲੇਖੇ ਲਾਈਆ । ਰਤੀ ਰਤ ਦੇਵੇ ਧੀਰਜ ਜਤ, ਸਤਿ ਸੰਤੋਖ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਆਪਣਾ ਖੇਲ ਰਚਾਈਆ । ਨਿਰਵੈਰ ਪੁਰਖ ਸਤਿਗੁਰ ਪੂਰਾ, ਪੂਰੀ ਆਸਾ ਆਪ ਕਰਾਇੰਦਾ । ਸਤਿਗੁਰ ਰੂਪ ਨਿਰਗੁਣ ਨੂਰਾ, ਗੁਰ ਗੁਰ ਕਾਰ ਕਮਾਇੰਦਾ । ਗੁਰ ਗੁਰ ਰੂਪ ਹਾਜ਼ਰ ਹਜ਼ੂਰਾ, ਜਨ ਭਗਤਾਂ ਆਪਣਾ ਰੰਗ ਰੰਗਾਇੰਦਾ । ਭਗਤ ਅਨਾਦੀ ਸਾਚੀ ਤੂਰਾ, ਸੰਤ ਸੁਹੇਲੇ ਆਵਾਜ਼ ਲਗਾਇੰਦਾ । ਸੰਤ ਸੁਹੇਲਾ ਪੰਧ ਮੁਕਾਏ ਨੇਰਨ ਨੇਰਾ ਦੂਰਨ ਦੂਰਾ, ਗੁਰਮੁਖਾਂ ਭੇਵ ਚੁਕਾਇੰਦਾ । ਗੁਰਮੁਖ ਭੇਵ ਚੁਕੇ ਜ਼ਰੂਰਾ, ਗੁਰਸਿਖਾਂ ਰਾਹ ਵਖਾਇੰਦਾ । ਗੁਰਸਿਖ ਮੰਗੇ ਸਾਚੀ ਧੂੜਾ, ਟਿੱਕਾ ਮਸਤਕ ਨਾਮ ਲਗਾਇੰਦਾ । ਮਸਤਕ ਉਪਜੇ ਇਕੋ ਨੂਰਾ, ਜੋਤ ਨਿਰੰਜਣ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਗੁਰ ਆਪਣਾ ਭੇਵ ਚੁਕਾਇੰਦਾ । ਸਤਿਗੁਰ ਭੇਵ ਖੋਲ੍ਹੇ ਹਰਿ, ਹਰਿ ਵੱਡਾ ਵਡ ਵਡਿਆਈਆ । ਗੁਰ ਗੁਰ ਵਖਾਏ ਏਕਾ ਘਰ, ਘਰ ਸਾਚੇ ਵੱਜੇ ਵਧਾਈਆ । ਭਗਤ ਭਗਵਾਨ ਲਏ ਫੜ, ਨਿਰਗੁਣ ਆਪਣੀ ਦਇਆ ਕਮਾਈਆ । ਸੰਤ ਸੁਹੇਲੇ ਲਾਏ ਲੜ, ਗੰਢ ਇਕੋ ਇਕ ਦਿਵਾਈਆ । ਗੁਰਮੁਖਾਂ ਚੁਕਾਏ ਭੌ ਡਰ, ਭੈ ਭਿਆਨਕ ਹੋਏ ਸਹਾਈਆ । ਗੁਰਸਿਖ ਖੁਲ੍ਹਾਏ ਆਤਮ ਦਰ, ਤਾਕੀ ਬੰਦ ਨਾ ਕੋਇ ਕਰਾਈਆ । ਕਿਰਪਾ ਕਰੇ ਨਰਾਇਣ ਨਰ, ਨਰ ਹਰਿ ਸੱਚੀ ਸਰਨਾਈਆ । ਕਲਜੁਗ ਅੰਤਮ ਜੋਤ ਧਰ, ਸਤਿਗੁਰ ਇਕੋ ਬੇਪਰਵਾਹੀਆ । ਭਗਤ ਭਗਵਾਨ ਅੰਤਰ ਆਤਮ ਲਏ ਫੜ, ਹੱਥ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਗੁਰ ਸੱਚਾ ਨਿਗਹਬਾਨ, ਹੋਏ ਸਹਾਈ ਦੋ ਜਹਾਨ, ਏਥੇ ਓਥੇ ਬੇੜਾ ਪਾਰ ਕਰਾਈਆ ।

## ★ ੨੩ ਜੇਠ ੨੦੨੦ ਬਿਕ੍ਰਮੀ ਭੋਲਾ ਰਾਮ ਦੇ ਗ੍ਰਿਹਿ ਪਿੰਡ ਜੌੜੀਆਂ ਜੰਮੂ ★

ਸਤਿਗੁਰ ਰੂਪ ਜੋਤ ਨਿਰੰਕਾਰਾ, ਨਿਰਾਕਾਰ ਨਿਰੰਕਾਰ ਅਖਵਾਈਆ । ਗੁਰ ਗੁਰ ਰੂਪ ਸ਼ਬਦ ਜੈਕਾਰਾ, ਅਨਾਦੀ ਨਾਦ ਵਜਾਈਆ । ਭਗਤ ਰੂਪ ਭਗਤੀ ਭੰਡਾਰਾ, ਸ੍ਰੀ ਭਗਵਾਨ ਧਿਆਨ ਲਗਾਈਆ । ਸੰਤ ਰੂਪ ਸਚ ਵਣਜਾਰਾ, ਵਸਤ ਅਮੋਲਕ ਮੰਗ ਮੰਗਾਈਆ । ਗੁਰਮੁਖ ਰੂਪ ਕਰੇ ਸਚ ਪਿਆਰਾ, ਆਤਮ ਪਰਮਾਤਮ ਧਿਆਨ ਲਗਾਈਆ । ਗੁਰਸਿਖ ਦੋਵੇਂ ਜੋੜ ਕਰੇ ਨਿਮਸਕਾਰਾ, ਚਰਨ ਮੰਗੇ ਸਰਨਾਈਆ । ਸੋ ਪੁਰਖ ਨਿਰੰਜਣ ਦੇਵਣਹਾਰਾ, ਜੁਗ ਜੁਗ ਵੇਖ ਵਖਾਈਆ । ਹਰਿ ਪੁਰਖ ਨਿਰੰਜਣ ਬਣ ਵਰਤਾਰਾ, ਦਾਤਾ ਦਾਨੀ ਆਪ ਹੋ ਜਾਈਆ । ਏਕੰਕਾਰਾ ਵਡ ਭੰਡਾਰਾ, ਭੰਡਾਰੀ ਇਕੋ ਇਕ ਜਣਾਈਆ । ਆਦਿ ਨਿਰੰਜਣ ਕਰ ਪਸਾਰਾ, ਸਚ ਰਚਨਾ ਵੇਖ ਵਖਾਈਆ । ਅਬਿਨਾਸ਼ੀ ਕਰਤਾ ਸੇਵਾਦਾਰਾ, ਸਾਚੀ ਸੇਵ

ਕਮਾਈਆ । ਸ੍ਰੀ ਭਗਵਾਨ ਠਾਂਡੇ ਦਰਬਾਰਾ, ਮਹੱਲ ਅਟੱਲ ਡੇਰਾ ਲਾਈਆ । ਪਾਰਬ੍ਰਹਮ ਪ੍ਰਭ ਹੋ ਉਜਿਆਰਾ, ਨਿਰਗੁਣ ਸਰਗੁਣ ਵੰਡ ਵੰਡਾਈਆ । ਸਰਗੁਣ ਤੱਤ ਦਿਤਾ ਆਧਾਰਾ, ਪੰਜ ਤਿੰਨ ਜੋੜ ਜੁੜਾਈਆ । ਪੰਜ ਤਿੰਨ ਖੇਲ ਨਿਆਰਾ, ਕਾਇਆ ਬੰਕ ਇਕ ਸੁਹਾਈਆ । ਕਾਇਆ ਬੰਕ ਇਕ ਕਿਵਾੜਾ, ਘਰ ਘਰ ਵਿਚ ਖੇਲ ਰਚਾਈਆ । ਘਰ ਵਿਚ ਨਾਦ ਸ਼ਬਦ ਧੁਨਕਾਰਾ, ਰਾਗੀ ਰਾਗ ਰਿਹਾ ਸੁਣਾਈਆ । ਘਰ ਦੀਪਕ ਜੋਤ ਉਜਿਆਰਾ, ਨੂਰੋ ਨੂਰ ਨੂਰ ਰੁਸ਼ਨਾਈਆ । ਘਰ ਮਿਲਿਆ ਧੁਰ ਦਰਬਾਰਾ, ਧੁਰਦਰਗਾਹੀ ਆਪ ਬਣਾਈਆ । ਘਰ ਸਤਿਗੁਰ ਮਿਲੇ ਪਿਆਰਾ, ਘਰ ਗੁਰ ਗੁਰ ਹੋਏ ਸਹਾਈਆ । ਘਰ ਭਗਤ ਬਹੇ ਵਣਜਾਰਾ, ਘਰ ਇਕੋ ਹੱਟ ਜਣਾਈਆ । ਘਰ ਸੰਤ ਹੋਏ ਦੁਲਾਰਾ, ਪੂਤ ਸਪੂਤਾ ਨਾਉਂ ਰਖਾਈਆ । ਘਰ ਗੁਰਸਿਖ ਬੋਲ ਜੈਕਾਰਾ, ਸਾਚਾ ਨਾਅਰਾ ਇਕ ਜਣਾਈਆ । ਘਰ ਗੁਰਸਿਖ ਕਰੇ ਪਿਆਰਾ, ਬਣ ਸੇਵਕ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਗੁਰ ਆਪਣਾ ਖੇਲ ਰਚਾਈਆ । ਸਤਿਗੁਰ ਰੂਪ ਨਿਰਮਲ ਪਰਕਾਸ਼, ਜੋਤ ਜੋਤ ਰੁਸ਼ਨਾਈਆ । ਗੁਰ ਗੁਰ ਰੂਪ ਸ਼ਬਦ ਅਬਿਨਾਸ਼, ਅਬਿਨਾਸ਼ੀ ਰਾਗ ਅਲਾਈਆ । ਭਗਤ ਭਗਵੰਤ ਵਸੇ ਪਾਸ, ਸਗਲਾ ਸੰਗ ਨਿਭਾਈਆ । ਸੰਤ ਸੱਜਣ ਵੇਖੇ ਰਾਸ, ਮੰਡਲ ਮੰਡਪ ਮਿਲੇ ਵਡਿਆਈਆ । ਗੁਰਮੁਖ ਰੱਖੇ ਸੱਚੀ ਆਸ, ਅੰਤਰ ਆਤਮ ਧਿਆਨ ਲਗਾਈਆ । ਗੁਰਸਿਖ ਬਣੇ ਸੱਚਾ ਸਾਕ, ਬੰਧਨ ਇਕੋ ਇਕ ਬੰਧਾਈਆ । ਸੋ ਪੁਰਖ ਨਿਰੰਜਣ ਖੇਲ ਤਮਾਸ਼, ਖ਼ਾਲਕ ਖ਼ਲਕ ਆਪ ਜਣਾਈਆ । ਹਰਿ ਪੁਰਖ ਨਿਰੰਜਣ ਰੱਖੇ ਆਸ, ਏਕੰਕਾਰ ਮਿਲੇ ਵਡਿਆਈਆ । ਆਦਿ ਨਿਰੰਜਣ ਦਾਸੀ ਦਾਸ, ਅਬਿਨਾਸ਼ੀ ਕਰਤਾ ਸੇਵ ਕਮਾਈਆ । ਸ੍ਰੀ ਭਗਵਾਨ ਵਸੇ ਸਾਥ, ਪਾਰਬ੍ਰਹਮ ਪ੍ਰਭ ਸਗਲਾ ਸੰਗ ਨਿਭਾਈਆ । ਗੁਰਸਿਖ ਪੱਤਣ ਵੇਖੇ ਘਾਟ, ਕਿਨਾਰਾ ਇਕੋ ਇਕ ਜਣਾਈਆ । ਗੁਰਮੁਖ ਪੰਧ ਮੁਕਾਏ ਵਾਟ, ਦੂਰ ਦੁਰਾਡਾ ਨੇੜੇ ਆਈਆ । ਸੰਤਨ ਮਿਟੇ ਅੰਧੇਰੀ ਰਾਤ, ਨਿਰਗੁਣ ਚੰਦ ਨੂਰ ਰੁਸ਼ਨਾਈਆ । ਭਗਤਾਂ ਮਿਲੇ ਪੁਰਖ ਅਬਿਨਾਸ਼, ਘਰ ਮੇਲਾ ਸਹਿਜ ਸੁਭਾਈਆ । ਗੁਰ ਗੁਰ ਕਹੇ ਇਕ ਸ਼ਾਬਾਸ਼, ਸ਼ਹਿਨਸ਼ਾਹ ਤੇਰੀ ਵਡਿਆਈਆ । ਸਤਿਗੁਰ ਕਹੇ ਮੈਂ ਸਭ ਦਾ ਦਾਸ, ਨਿਰਗੁਣ ਹੋ ਕੇ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸਾਹਿਬ ਇਕ ਅਖਵਾਈਆ । ਸਤਿਗੁਰ ਕਹੇ ਅਗੰਮੀ ਰੰਗ, ਰੂਪ ਨਜ਼ਰ ਕਿਸੇ ਨਾ ਆਈਆ । ਗੁਰ ਗੁਰ ਕਹੇ ਮੇਰਾ ਮਰਦੰਗ, ਨਾਮ ਨਿਧਾਨਾ ਇਕ ਸੁਣਾਈਆ । ਭਗਤ ਕਹੇ ਭਗਵਾਨ ਮੇਰਾ ਸੰਗ, ਸਦਾ ਸਦਾ ਸਹਾਈਆ । ਸੰਤ ਕਹੇ ਆਤਮ ਮੇਰਾ ਅਨੰਦ, ਘਰ ਘਰ ਵਿਚ ਰਿਹਾ ਜਣਾਈਆ । ਗੁਰਮੁਖ ਕਹੇ ਜੋਤ ਨਿਰੰਜਣ ਸੱਚਾ ਚੰਦ, ਅੰਧ ਅੰਧੇਰ ਰਿਹਾ ਮਿਟਾਈਆ । ਗੁਰਸਿਖ ਕਹੇ ਸੋਹੰ ਮੇਰਾ ਛੰਦ, ਏਕਾ ਦੂਜਾ ਭੇਵ ਚੁਕਾਈਆ । ਸਤਿਗੁਰ ਕਹੇ ਮੈਂ ਟੁੱਟੀ ਰਿਹਾ ਗੰਢ, ਗੰਢਣਹਾਰ ਅਖਵਾਈਆ । ਗੁਰ ਗੁਰ ਕਹੇ ਮੈਂ ਅੰਦਰ ਗਿਆ ਲੰਘ, ਬੰਦ ਕਿਵਾੜੀ ਕੁੰਡਾ ਲਾਹੀਆ । ਸੰਤ ਕਹੇ ਮੇਰਾ ਮੁਕਿਆ ਪੰਧ, ਅੱਗਾ ਪਿਛਾ ਨਜ਼ਰ ਕੋਇ ਨਾ ਆਈਆ । ਸੰਤ ਕਹੇ ਮੇਰੀ ਆਤਮ ਹੋਏ ਨਾ ਰੰਡ, ਪ੍ਰਭ ਮਿਲਿਆ ਬੇਪਰਵਾਹੀਆ । ਗੁਰਮੁਖ ਕਹੇ ਮੇਰੀ ਚਰਨ ਪ੍ਰੀਤੀ ਗਈ ਹੰਢ, ਓੜਕ ਆਪਣੇ ਨਾਲ ਨਿਭਾਈਆ । ਗੁਰਸਿਖ ਕਹੇ ਸੇਜਾ ਮਿਲੀ ਇਕ ਪਲੰਘ, ਜਿਸ ਗ੍ਰਿਹਿ ਸੁੱਤਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਦ ਵਡਿਆਈਆ । ਸਤਿਗੁਰ ਕਹੇ ਮੇਰਾ ਰੰਗ ਲਾਲ, ਲਾਲਨ ਆਪਣੇ ਰੰਗ ਰੰਗਾਇੰਦਾ । ਗੁਰ ਗੁਰ ਕਹੇ ਮੇਰਾ ਨੂਰ ਜਮਾਲ, ਜਲਵਾ ਇਕ

੭੫੫
੧੪

ਜਣਾਇੰਦਾ । ਭਗਤ ਕਹੇ ਮੇਰਾ ਭਗਵਾਨ, ਭਗਤੀ ਭਾਉ ਇਕ ਸਮਝਾਇੰਦਾ । ਸੰਤ ਕਹੇ ਮੇਰਾ ਸਾਹਿਬ ਸੁਲਤਾਨ, ਸਚ ਸਚ ਹੁਕਮ ਵਰਤਾਇੰਦਾ । ਗੁਰਮੁਖ ਕਹੇ ਗੁਰ ਸਚ ਨਿਸ਼ਾਨ, ਨਿਸ਼ਾਨਾ ਇਕੋ ਇਕ ਨਜ਼ਰੀ ਆਇੰਦਾ । ਗੁਰਸਿਖ ਕਹੇ ਮੇਰਾ ਚਰਨ ਧਿਆਨ, ਧਿਆਨ ਵਿਚ ਰਖਾਇੰਦਾ । ਸਤਿਗੁਰ ਕਹੇ ਮੈਂ ਦੇਵਣਹਾਰਾ ਦਾਨ, ਦਾਤਾ ਦਾਨੀ ਨਾਉਂ ਧਰਾਇੰਦਾ । ਗੁਰ ਗੁਰ ਕਹੇ ਮੈਂ ਨਾਮ ਜਣਾਵਾਂ ਰਸਨਾ ਜਿਹਵਾ ਜ਼ਬਾਨ, ਬੱਤੀ ਦੰਦ ਨਾਲ ਮਿਲਾਇੰਦਾ । ਭਗਤ ਕਹੇ ਮੋਹੇ ਇਕੋ ਆਣ, ਸ੍ਰੀ ਭਗਵਾਨ ਭੈ ਰਖਾਇੰਦਾ । ਸੰਤ ਕਹੇ ਮੈਂ ਬਣ ਅੰਞਾਣ, ਪੁਰਖ ਅਬਿਨਾਸ਼ੀ ਗੋਦੀ ਡੇਰਾ ਲਾਇੰਦਾ । ਗੁਰਮੁਖ ਕਹੇ ਮੈਂ ਸੁਣਾਂ ਬਿਨ ਕਾਨ, ਬਿਨ ਸਰਵਣ ਹਰਿ ਕਾ ਨਾਉਂ ਮੋਹੇ ਭਾਇੰਦਾ । ਗੁਰਸਿਖ ਕਹੇ ਮੈਂ ਕਰਾਂ ਪਰਵਾਨ, ਸੋ ਸਾਹਿਬ ਜੋ ਹੁਕਮ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਰਚਾਇੰਦਾ । ਸਤਿਗੁਰ ਪੂਰਾ ਕਹੇ ਮੇਰਾ ਖੇਲ ਅਗੰਮ, ਨਜ਼ਰ ਕਿਸੇ ਨਾ ਆਈਆ । ਗੁਰ ਗੁਰ ਕਹੇ ਮੈਂ ਤੇਰੀ ਧਾਰੋਂ ਜੰਮ, ਧਰਨੀ ਧਵਲ ਦਿਆਂ ਵਡਿਆਈਆ । ਭਗਤ ਕਹੇ ਮੈਂ ਕਰਾਂ ਸੱਚਾ ਕੰਮ, ਸ੍ਰੀ ਭਗਵਾਨ ਸੇਵ ਕਮਾਈਆ । ਸੰਤ ਕਹੇ ਮੈਂ ਜਪਾਂ ਦਮਾਂ ਦਮ, ਪਵਣ ਸਵਾਸਾਂ ਨਾਲ ਮਿਲਾਈਆ । ਗੁਰਮੁਖ ਕਹੇ ਮੈਂ ਵੇਖਾਂ ਚੰਨ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਗੁਰਸਿਖ ਕਹੇ ਮੈਂ ਕਹਾਂ ਧੰਨ ਧੰਨ, ਧੰਨ ਧੰਨ ਤੇਰੀ ਵਡਿਆਈਆ । ਸਾਰੇ ਮਿਲ ਕੇ ਕਹਿਣ ਪ੍ਰਭ ਜਨਨੀ ਰੂਪ ਸਭ ਨੂੰ ਰਿਹਾ ਜਣ, ਆਪ ਆਪਣੀ ਗੋਦ ਬਹਾਈਆ । ਜਨ ਭਗਤਾਂ ਲੇਖੇ ਲਾਏ ਕਾਇਆ ਮਾਟੀ ਤਨ, ਤੱਤ ਆਪਣੇ ਨਾਲ ਮਿਲਾਈਆ । ਕਲਜੁਗ ਅੰਤਮ ਬੇੜਾ ਬੰਨ੍ਹ, ਦੇਵੇ ਸਚ ਸਰਨਾਈਆ । ਨਾਮ ਸੁਣਾਏ ਇਕੋ ਕੰਨ, ਬੋਧ ਅਗਾਧ ਪੜ੍ਹਾਈਆ । ਕਰੇ ਵਸੇਰਾ ਬਿਨ ਛੱਪਰ ਛੰਨ, ਸਚਖੰਡ ਵਸਾਈਆ । ਜਗਤ ਵਕਾਰਾ ਦੇਵੇ ਡੰਨ, ਡੰਕਾ ਨਾਮ ਵਜਾਈਆ । ਗੜ੍ਹ ਹੰਕਾਰੀ ਦੇਵੇ ਭੰਨ, ਕੂੜੀ ਕਿਰਿਆ ਡੇਰਾ ਢਾਹੀਆ । ਸਾਚੀ ਡੋਰੀ ਬੰਨ੍ਹੇ ਤੰਦ, ਗੁਰਮੁਖ ਸਗਨ ਮਨਾਈਆ । ਖ਼ੁਸ਼ੀ ਕਰਾਏ ਬੰਦ ਬੰਦ, ਬੰਦੀਖ਼ਾਨਾ ਦਏ ਤੁੜਾਈਆ । ਸੰਤ ਸੁਹੇਲੇ ਚਾੜ੍ਹ ਚੰਦ, ਪ੍ਰਭ ਵੇਖੇ ਚਾਈਂ ਚਾਈਂਆ । ਗੁਰਸਿਖਾਂ ਦੇ ਇਕ ਅਨੰਦ, ਅਨੰਦ ਆਤਮ ਰਿਹਾ ਸਮਝਾਈਆ । ਦੂਈ ਦਵੈਤੀ ਢਾਹ ਕੰਧ, ਭਗਤਾਂ ਇਕੋ ਘਰ ਵਖਾਈਆ । ਸਾਹਿਬ ਸੁਲਤਾਨ ਗਾਏ ਛੰਦ, ਸੋਹੰ ਢੋਲਾ ਰਾਗ ਅਲਾਈਆ । ਭਗਤ ਭਗਵਾਨ ਪਏ ਠੰਡ, ਅਗਨੀ ਤੱਤ ਨਾ ਕੋਇ ਜਣਾਈਆ । ਦੋਹਾਂ ਮੁੱਕੇ ਇਕੋ ਪੰਧ, ਪਾਂਧੀ ਆਪਣਾ ਪੰਧ ਚੁਕਾਈਆ । ਸਾਚੀ ਸੇਜ ਮਾਨਣ ਪਲੰਘ, ਪਾਵਾ ਚੂਲ ਨਾ ਕੋਇ ਬਣਾਈਆ । ਪਰੇਮ ਪ੍ਰੀਤੀ ਲੈਣ ਮੰਗ, ਇਕ ਦੂਜੇ ਅੱਗੇ ਵਾਸਤਾ ਪਾਈਆ । ਸੋ ਕਹੇ ਤੂੰ ਮੇਰਾ ਹੰ, ਹੰ ਕਹੇ ਮੈਂ ਤੇਰੀ ਸੋ ਸੁਣ ਕੇ ਚਰਨ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਆਪਣਾ ਰੰਗ ਵਖਾਈਆ । ਸਤਿਗੁਰ ਕਹੇ ਮੇਰਾ ਸੋਹੰ ਰੂਪ, ਸੋਹਣਾ ਮੋਹਣਾ ਆਪ ਬਣਾਇੰਦਾ । ਮੇਰਾ ਵਾਸਾ ਚਾਰੇ ਕੂਟ, ਦਹਿ ਦਿਸ਼ਾ ਖੇਲ ਖਲਾਇੰਦਾ । ਮੇਰਾ ਦੁਲਾਰਾ ਸਾਚਾ ਪੂਤ, ਗੁਰ ਸ਼ਬਦੀ ਨਾਉਂ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਆਪਣਾ ਭੇਵ ਚੁਕਾਇੰਦਾ । ਸੋ ਸਤਿਗੁਰ ਕਹੇ ਸੱਚਾ ਸਾਹਿਬ, ਸਦ ਮੇਰੇ ਹੱਥ ਵਡਿਆਈਆ । ਸ਼ਬਦ ਸੁਤ ਜਗ ਮੇਰਾ ਨਾਇਬ, ਜੁਗ ਜੁਗ ਸੇਵ ਕਮਾਈਆ । ਲੋਕਮਾਤ ਹੋਇਆ ਰਹੇ ਗ਼ਾਇਬ, ਨਜ਼ਰ ਕਿਸੇ ਨਾ ਆਈਆ । ਕਰੇ ਖੇਲ ਇਕ ਅਜਾਇਬ, ਜੀਵ ਜੰਤ ਜਗਤ ਜਣਾਈਆ । ਸਚ ਕਾਨੂੰਨ ਕਰੇ ਆਇਦ, ਹੁਕਮ ਹਾਕਮ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਕਰੇ ਖੇਲ ਸੱਚਾ ਮੁਸਾਹਿਬ, ਮੁਸੀਬਤ ਵੇਖੇ ਥਾਉਂ ਥਾਈਂਆ । ਸਤਿਗੁਰ ਕਹੇ ਮੇਰਾ ਖੇਲ ਅਜ਼ੀਮ, ਆਜ਼ਮ ਹੋ ਕੇ ਕਾਰ ਕਮਾਈਆ । ਜੁਗ ਚੌਕੜੀ ਮੇਰੀ ਤਕਸੀਮ, ਦੋ ਜਹਾਨ ਵੰਡ ਵੰਡਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਕਰਦਾ ਰਿਹਾ ਤਰਮੀਮ, ਬਦਲੀ ਆਪਣੇ ਹੱਥ ਰਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦਰ ਮੇਰੇ ਬਣਦਾ ਰਿਹਾ ਮਸਕੀਨ, ਨਿਉਂ ਨਿਉਂ ਸੀਸ ਜਗਦੀਸ ਝੁਕਾਈਆ । ਲੱਖ ਚੁਰਾਸੀ ਰੱਖਦਾ ਰਿਹਾ ਅਧੀਨ, ਧੁਰ ਫ਼ਰਮਾਨਾ ਹੁਕਮ ਮਨਾਈਆ । ਜਨ ਭਗਤਾਂ ਮੇਲਾ ਰੱਖਦਾ ਰਿਹਾ ਜਿਉਂ ਜਲ ਮੀਨ, ਜਲ ਮੀਨ ਰੂਪ ਆਪ ਹੋ ਜਾਈਆ । ਨਾਤਾ ਤੋੜਦਾ ਰਿਹਾ ਲੋਕ ਤੀਨ, ਤ੍ਰੈਗੁਣ ਲੇਖਾ ਆਪ ਮੁਕਾਈਆ । ਦਾਤਾ ਹੋ ਕੇ ਵਡ ਪਰਬੀਨ, ਵਸਤ ਅਮੁਲੀ ਝੋਲੀ ਪਾਈਆ । ਭਗਤਾਂ ਦੇ ਸਚ ਯਕੀਨ, ਧੀਰਜ ਧੀਰ ਇਕ ਧਰਾਈਆ । ਹੁਕਮੇ ਅੰਦਰ ਕਰ ਤਲਕੀਨ, ਤੱਕਵਾ ਇਕ ਸਮਝਾਈਆ । ਗੁਰ ਸ਼ਬਦੀ ਕਰ ਜਾਨਸ਼ੀਨ, ਸੀਸ ਸਿਹਰਾ ਇਕ ਬੰਧਾਈਆ । ਖੇਲੇ ਖੇਲ ਯਾਮੁਬੀਨ, ਜ਼ਾਹਰ ਆਪਣੀ ਕਾਰ ਕਮਾਈਆ । ਲੇਖਾ ਜਾਣੇ ਆਲਮੀਨ, ਉਲਮਾ ਹੋਏ ਬੇਪਰਵਾਹੀਆ । ਰਹਿਮਤ ਕਰ ਸਚ ਕਰੀਮ, ਕਰਮ ਆਪਣਾ ਦਏ ਕਮਾਈਆ । ਤਨ ਚੋਲੀ ਚਾੜ੍ਹੇ ਰੰਗ ਭੀਨ, ਭਿੰਨੜਾ ਆਪਣਾ ਰੂਪ ਦਰਸਾਈਆ । ਲੇਖਾ ਜਾਣੇ ਨਰ ਮਦੀਨ, ਨਰ ਨਰਾਇਣ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਹੋਏ ਸਹਾਈਆ । ਸਤਿਗੁਰ ਪੂਰਾ ਭਗਤਾਂ ਜੋਗਾ, ਜੁਗ ਜੁਗ ਆਪਣੀ ਜੁਗਤ ਜਣਾਇੰਦਾ । ਨਿਰਗੁਣ ਹੋ ਕੇ ਦੇਵੇ ਹੋਕਾ, ਸਰਗੁਣ ਆਪ ਉਠਾਇੰਦਾ । ਭੇਵ ਚੁਕਾਏ ਚੌਦਾਂ ਲੋਕਾਂ, ਚੌਦਾਂ ਤਬਕ ਪੜਦਾ ਲਾਹਿੰਦਾ । ਨਾਮ ਸੁਣਾਏ ਸਚ ਸਲੋਕਾ, ਸੋਹਲਾ ਇਕੋ ਰਾਗ ਅਲਾਇੰਦਾ । ਪ੍ਰਭ ਮਿਲਣ ਦਾ ਦੱਸੇ ਇਕੋ ਮੌਕਾ, ਮੁਕੰਮਲ ਆਪਣਾ ਭੇਵ ਚੁਕਾਇੰਦਾ । ਭਗਤਾਂ ਨਾਲ ਕਰੇ ਨਾ ਧੋਖਾ, ਲੱਖ ਚੁਰਾਸੀ ਜੀਵ ਭੁਲਾਇੰਦਾ । ਕਾਇਆ ਮੰਦਰ ਅੰਦਰ ਖੋਲ੍ਹੇ ਆਪ ਝਰੋਖਾ, ਬੰਦ ਤਾਕੀ ਕੁੰਡਾ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜਨ ਭਗਤਾਂ ਵੇਖ ਵਖਾਇੰਦਾ । ਸਤਿਗੁਰ ਪੂਰਾ ਭਗਤਨ ਹਿਤ, ਹਿਤ ਆਪਣਾ ਦਏ ਜਣਾਈਆ । ਨਿਰਗੁਣ ਆਵੇ ਨਿਤ ਨਵਿਤ, ਜੁਗ ਜੁਗ ਕਾਰ ਕਮਾਈਆ । ਭਗਤ ਜਨਾਂ ਬਣ ਸਾਚਾ ਪਿਤ, ਪਤਿਪਰਮੇਸ਼ਵਰ ਸੋਭਾ ਪਾਈਆ । ਆਤਮ ਪਰਮਾਤਮ ਲਿਆਏ ਖਿਚ, ਚਰਨ ਕਵਲ ਦਏ ਸਰਨਾਈਆ । ਪਾਰਬ੍ਰਹਮ ਬ੍ਰਹਮ ਵੇਖੇ ਕਾਇਆ ਵਿਚ, ਵਿਚਲਾ ਪੜਦਾ ਦਏ ਉਠਾਈਆ । ਨਾਮ ਨਿਧਾਨਾ ਸਮਝਾਏ ਸਾਚੀ ਸਿਖ, ਸਿਖਿਆ ਇਕੋ ਇਕ ਦ੍ਰਿੜਾਈਆ । ਧੁਰ ਦਰਬਾਰੀ ਪਾਏ ਭਿਛ, ਭਿਖਿਆ ਇਕੋ ਨਾਮ ਵਰਤਾਈਆ । ਅੱਗੇ ਲੇਖਾ ਦੇਵੇ ਲਿਖ, ਲਿਖਿਆ ਲੇਖ ਨਾ ਕੋਇ ਮਿਟਾਈਆ । ਧਾਮ ਰਖਾਏ ਇਕ ਅਨਡਿਠ, ਅਨਡਿਠੜਾ ਧਾਮ ਆਪ ਜਣਾਈਆ । ਕਰਵਟ ਲੈ ਬਦਲੇ ਪਿਠ, ਸਨਮੁਖ ਆਪਣਾ ਰੂਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਦੇਵੇ ਅੰਤਰ ਦਾਨ, ਘਰ ਮੰਦਰ ਮਿਲੇ ਸ੍ਰੀ ਭਗਵਾਨ, ਸਤਿਗੁਰ ਪੂਰਾ ਆਪਣਾ ਫੇਰਾ ਪਾਈਆ ।

★ ੨੩ ਜੇਠ ੨੦੨੦ ਬਿਕ੍ਰਮੀ ਫ਼ਕੀਰ ਚੰਦ ਦੇ ਗ੍ਰਿਹ ਜੌੜੀਆਂ ਜੰਮੂ ★

ਦੁੱਖ ਕੱਟੇ ਦਲਿਦਰ ਕੱਟੇ, ਕੱਟੀ ਕੂੜੀ ਛਾਹੀਆ । ਕਰਮ ਕੱਟੇ ਕੁਕਰਮ ਕੱਟੇ, ਮੇਟੇ ਲੱਗੀ ਛਾਹੀਆ । ਭੁੱਖ ਕੱਟੇ ਉਲਟਾ ਰੁਖ ਕੱਟੇ, ਕੱਟੇ ਆਵਣ ਜਾਵਣ ਫਾਹੀਆ । ਨਾਮ ਰਤੇ ਬੀਜ ਬੀਜੇ ਵੱਤੇ, ਫਲ ਇਕੋ ਇਕ ਲਗਾਈਆ । ਵਸਤ ਝੋਲੀ ਘੱਤੇ ਭਾਗ ਜਾਗਣ ਸੁੱਤੇ, ਸੁਰਤੀ ਸੁੱਤੀ ਆਪ ਉਠਾਈਆ । ਪਿਛਲੇ ਲਹਿਣੇ ਮੁੱਕੇ ਅੱਗੇ ਗੋਦੀ ਚੁੱਕੇ, ਸਿਰ ਮਿਹਰ ਹੱਥ ਉਠਾਈਆ । ਖਾਟ ਨਹੀਂ ਭੈੜੇ ਨਸੀਬ ਟੁੱਟੇ, ਗੁਰੂ ਨਹੀਂ ਸਤਿਗੁਰ ਸਵਾਮੀ ਹੋ ਕੇ ਗੁਰਮੁਖਾਂ ਪੁੱਛੇ, ਪੁੱਛੇ ਪੀੜ ਪਰਾਈਆ । ਪਿਛਲੇ ਜਨਮ ਜੋ ਹੋ ਗਏ ਗ਼ੁਸੇ, ਸੁਦਾਮੇ ਨਾਲੋਂ ਸੱਜਣ ਰੁੱਸੇ, ਭਗਵਾਨ ਆਪਣੀ ਦਇਆ ਕਮਾਈਆ । ਅੱਗੇ ਲੇਖਾ ਜੇ ਕੋਈ ਸਚ ਪੁੱਛੇ, ਸਾਹਿਬ ਸਤਿਗੁਰ ਇਕੋ ਤੁਠੇ, ਦੀਨ ਦਿਆਲ ਦਏ ਸਮਝਾਈਆ । ਜਿਸ ਕੋਲੋਂ ਆ ਕੇ ਬ੍ਰਾਹਮਣ ਪੁੱਛੇ, ਮੇਰੇ ਝਰੋਖੇ ਕੌਣ ਸੁੱਤੇ, ਕੌਣ ਮੰਡਲ ਮੰਡਪ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਿਛਲਾ ਲੇਖਾ ਲੇਖਾ ਲੇਖੇ ਵਿਚ ਪਾਈਆ । ਖਾਟ ਕਹੇ ਮੈਂ ਖੱਟਿਆ ਲਾਹ, ਖਟਕਾ ਰਿਹਾ ਨਾ ਰਾਈਆ । ਪ੍ਰਭ ਪਾਇਆ ਦਾਤਾ ਬੇਪਰਵਾਹ, ਬੇਪਰਵਾਹੀ ਰਿਹਾ ਵਖਾਈਆ । ਟੁੱਟੀ ਗੰਢਣਹਾਰ ਅਖਵਾ, ਗੰਢ ਆਪਣੇ ਨਾਲ ਬੰਧਾਈਆ । ਜਨਮ ਜਨਮ ਦਾ ਕਰਮ ਗਵਾ, ਨਿਹਕਰਮੀ ਆਪਣਾ ਕਰਮ ਕਮਾਈਆ । ਦੁਖ ਸੁਖ ਰੋਗ ਚਿੰਤਾ ਸੁਖ ਵਿਚ ਦਏ ਬਦਲਾ, ਬਦਲਾ ਦੇਵੇ ਸਹਿਜ ਸੁਖਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਖਟੀਆ ਕਹੇ ਮੈਂ ਦੇਵਾਂ ਝੂਲਾ, ਝੂਲਾ ਪਰੇਮ ਲਗਾਈਆ । ਪ੍ਰਭ ਪਾਇਆ ਕੰਤ ਕੰਤੂਲਾ, ਘਰ ਵੱਜੀ ਸਚ ਵਧਾਈਆ । ਪਰੇਮ ਪ੍ਰੀਤੀ ਬਰਸਾਂ ਫੂਲਾ, ਬਰਖਾ ਇਕੋ ਇਕ ਲਗਾਈਆ । ਗ਼ਰੀਬ ਨਿਮਾਣਿਆਂ ਦਾ ਵਡ ਵਸੀਲਾ, ਘਰ ਆਇਆ ਬੇਪਰਵਾਹੀਆ । ਕਿਸੇ ਹੱਥ ਨਾ ਆਵੇ ਉਚੇ ਟੀਲਾ, ਪਰਬਤ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਦਇਆ ਰਿਹਾ ਕਮਾਈਆ । ਖਟੀਆ ਕਹੇ ਮੇਰਾ ਕਿੜ ਕਿੜ ਰਾਗ, ਕਰਵਟ ਆਪਣੀ ਰਹੀ ਬਦਲਾਈਆ । ਮੇਰਾ ਪ੍ਰੀਤਮ ਪਏ ਜਾਗ, ਨੇਤਰ ਨੈਣ ਅੱਖ ਖੁਲ੍ਹਾਈਆ । ਮੇਰਾ ਦੁਖੜਾ ਧੋਵੇ ਦਾਗ਼, ਦੁਰਮਤ ਮੈਲ ਧੁਆਈਆ । ਮੇਰੀ ਕੋਝੀ ਕਮਲੀ ਦੀ ਰੱਖੇ ਲਾਜ, ਮਿਹਰ ਨਜ਼ਰ ਉਠਾਈਆ । ਮੇਰਾ ਡੁੱਬਦਾ ਤਾਰੇ ਜਹਾਜ, ਕੰਧ ਆਪਣੇ ਭਾਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਪਾਵਾ ਚੂਲ ਪਏ ਚੂਕ, ਕਰਨ ਹਾਲ ਦੁਹਾਈਆ । ਤੇਰੇ ਦਰ ਤੇ ਇਕੋ ਕੂਕ, ਪ੍ਰਭ ਸਾਚੇ ਇਕ ਜਣਾਈਆ । ਪਿਛਲਾ ਲੇਖਾ ਦੇਣਾ ਫੂਕ, ਅੱਗੇ ਮਾਰਗ ਇਕ ਲਗਾਈਆ । ਜਿੰਨਾਂ ਚਿਰ ਸਾਨੂੰ ਨਾ ਕਰੇਂ ਸਬੂਤ, ਤੇਰਾ ਸੁਖ ਆਸਣ ਨਜ਼ਰ ਕੋਇ ਨਾ ਆਈਆ । ਤੂੰ ਦੂਖ ਨਿਵਾਰਨ ਨਵਾਰੇਂ ਦੂਖ, ਸੁਖ ਤੇਰੇ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਦੇ ਮਤ ਰਿਹਾ ਸਮਝਾਈਆ । ਵੇਖ ਖਾਟ ਤੇਰਾ ਖਟੋਲਾ, ਖਟੀਆ ਸੋਹਣੀ ਮੋਹੇ ਭਾਈਆ । ਜਿਸ ਨੇ ਦੋਹਾਂ ਪਾਸਿਉਂ ਕੀਤਾ ਉਹਲਾ, ਆਪਣਾ ਪੜਦਾ ਰਹੀ ਵਖਾਈਆ । ਬਿਨ ਕਹਾਰਾਂ ਬਣਿਆ ਡੋਲਾ, ਡੋਲੀ ਇਕੋ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਲੇਖਾ ਦਏ ਮੁਕਾਈਆ । ਸੁਣ ਖਟੀਆ ਤੇਰੀ ਦੱਸੇ ਖੱਟੀ, ਹਰਿ ਖਤਰਾ ਸਰਬ ਮੁਕਾਇੰਦਾ । ਅੱਗੇ ਭਰਨੀ ਨਾ ਪਏ ਕੋਇ ਚੱਟੀ, ਦੁਖ ਦਰਦ ਸਰਬ ਮਿਟਾਇੰਦਾ । ਤੂੰ ਪੜ੍ਹੀ

ਇਕੋ ਪੱਟੀ, ਸਾਚਾ ਨਾਮ ਇਕ ਸਮਝਾਇੰਦਾ । ਤੇਰੇ ਅੰਤਰ ਪਰੇਮ ਰਤੀ, ਰਤ ਰਤੜੀ ਵੇਖ ਵਖਾਈਆ । ਤੂੰ ਪਰੇਮ ਪ੍ਰੀਤੀ ਅੰਦਰ ਮਤੀ, ਮਤਵਾਲੀ ਤੇਰੀ ਧਾਰ ਜਣਾਇੰਦਾ । ਤੇਰੀ ਸੇਜਾ ਸੋਹੇ ਕਮਲਾਪਤੀ, ਕਵਲ ਨੈਣ ਸੋਭਾ ਪਾਇੰਦਾ । ਤੂੰ ਵੇਖ ਖੋਲ੍ਹ ਕੇ ਅੱਖੀਂ, ਹਰਿ ਨੇਤਰ ਆਪ ਖੁਲ੍ਹਾਇੰਦਾ । ਤੈਨੂੰ ਸਖੀਆਂ ਨਾਲ ਮਿਲਾਵੇ ਬਣਾਵੇ ਸੱਚੀ ਸਖੀ, ਸਖੀ ਗੁਰਮੁਖ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰੀਆਂ ਹੱਡੀਆਂ ਲੇਖੇ ਲਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਖਣਹਾਰਾ ਪੁਸ਼ਤ ਯਦੀਆਂ ਪੁਸ਼ਤ ਦਰ ਪੁਸ਼ਤ ਪੋਸ਼ੀਦਾ ਦਾਨਿਸਤਾ ਦੀਦਾ ਦੀਦ ਤੇਰਾ ਲੇਖੇ ਲਾਇੰਦਾ ।

★ ੨੩ ਜੇਠ ੨੦੨੦ ਬਿਕ੍ਰਮੀ ਕੇਸਰ ਸਿੰਘ ਦੇ ਗ੍ਰਿਹਿ ਪਿੰਡ ਅੰਬਾ ਰਾਏ ਜੰਮੂ ★

ਵੇਖ ਖੇਲ ਪੁਰਖ ਸਮਰਥ, ਦੋ ਜਹਾਨ ਪਈ ਦੁਹਾਈਆ । ਜੋਗੀ ਜਤੀ ਰਹੇ ਨੱਠ, ਤਪੀ ਹਠੀ ਧਿਆਨ ਲਗਾਈਆ । ਸਤੀ ਨੈਣਾਂ ਰਹੇ ਤੱਕ, ਨੈਣ ਨੈਣ ਉਠਾਈਆ । ਵੈਰਾਗੀ ਤਿਆਗੀ ਕਰ ਇਕੱਠ, ਬੈਰਾਗੀ ਨਾਲ ਮਿਲਾਈਆ । ਜੋਗੀ ਜੋਗੀਸ਼ਰ ਨੇਤਰ ਪੱਟ, ਚਾਰੋਂ ਕੁੰਟ ਵੇਖ ਵਖਾਈਆ । ਤਪੀ ਤਪੀਸ਼ਰ ਛੱਡ ਤਟ, ਪੱਲੂ ਆਪਣਾ ਰਹੇ ਛੁਡਾਈਆ । ਜੰਗਮ ਸਨਿਆਸੀ ਖੇੜਾ ਕਰ ਕੇ ਭੱਠ, ਆਪਣਾ ਆਪ ਰਹੇ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਚਰਜ ਖੇਲ ਰਿਹਾ ਰਚਾਈਆ । ਅਚਰਜ ਖੇਲ ਵੇਖ ਨਿਰੰਕਾਰ, ਮਾਣ ਸਰਬ ਰਹੇ ਗਵਾਈਆ । ਮਛੰਦਰ ਵੇਖੇ ਮਾਰ ਧਿਆਨ, ਜਲੰਧਰ ਇਸ਼ਾਰੇ ਨਾਲ ਸਮਝਾਈਆ । ਗੋਰਖ ਸੰਗ ਹੋਇਆ ਹੈਰਾਨ, ਹਰਿ ਕਾ ਭੇਵ ਕੋਇ ਨਾ ਆਈਆ । ਉਚੇ ਟਿੱਲੇ ਪਰਬਤ ਚੜ੍ਹ ਚੜ੍ਹ ਵੇਖੇ ਜ਼ਿਮੀਂ ਅਸਮਾਨ, ਨੂਰ ਨਜ਼ਰ ਕੋਇ ਨਾ ਆਈਆ । ਚਾਰ ਕੁੰਟ ਫਿਰ ਫਿਰ ਹੋਣ ਥਕਾਨ, ਬਣ ਪਾਂਧੀ ਪੰਧ ਮੁਕਾਈਆ । ਅਲੱਖ ਨਿਰੰਜਣ ਬੋਲ ਜ਼ਬਾਨ, ਨਾਅਰਾ ਇਕੋ ਇਕ ਲਗਾਈਆ । ਅੰਦਰ ਵੜ ਵੜ ਕਰਦੇ ਰਹੇ ਧਿਆਨ, ਧਿਆਨ ਵਿਚ ਕੋਇ ਨਾ ਆਈਆ । ਤਨ ਖ਼ਾਕ ਰਹੇ ਛਾਣ, ਸੀਸ ਛਾਰ ਪੁਆਈਆ । ਨਾਰ ਛੱਡ ਘਰ ਮਕਾਨ, ਬੇ ਦਰ ਫੇਰਾ ਪਾਈਆ । ਮੰਨਦੇ ਰਹੇ ਇਕ ਭਗਵਾਨ, ਧਿਆਨ ਇਕ ਰਖਾਈਆ । ਪਾਟੇ ਕੰਨ ਵਿਚ ਜਹਾਨ, ਮੁੰਦਰਾਂ ਜਗਤ ਰਹੇ ਵਖਾਈਆ । ਹਰਿ ਕਾ ਰੂਪ ਨਾ ਸਕੇ ਪਛਾਣ, ਸਤਿ ਸਰੂਪ ਨਾ ਕੋਇ ਜਣਾਈਆ । ਪੜ੍ਹਦੇ ਮੰਤਰ ਰਹੇ ਪਵਣ ਮਸਾਣ, ਮਸਲਾ ਹੱਲ ਨਾ ਕੋਇ ਕਰਾਈਆ । ਚਾਰੋਂ ਕੁੰਟ ਕਰਦੇ ਰਹੇ ਪਰਨਾਮ, ਨਿਉਂ ਨਿਉਂ ਆਪਣਾ ਸੀਸ ਝੁਕਾਈਆ । ਪੜ੍ਹ ਪੜ੍ਹ ਦੇਂਦੇ ਰਹੇ ਗਿਆਨ, ਪੁਸਤਕ ਪੋਥੀ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਨਾ ਕੋਇ ਸਮਝਾਈਆ । ਗੋਰਖ ਕਹੇ ਮੇਰਾ ਗੋਰਖ ਧੰਦਾ, ਗਹਿਰ ਗਵਰ ਨਜ਼ਰ ਨਾ ਆਇੰਦਾ । ਮੈਂ ਲੱਭਦਾ ਰਿਹਾ ਮਾਣਸ ਬਣ ਕੇ ਬੰਦਾ, ਬੰਦਗੀ ਇਕੋ ਇਕ ਕਰਾਇੰਦਾ । ਮੇਰਾ ਅੰਦਰ ਨਾ ਖੁਲ੍ਹਿਆ ਜੰਦਾ, ਕੁੰਜੀ ਹੱਥ ਨਾ ਕੋਇ ਫੜਾਇੰਦਾ । ਰਿਧੀ ਸਿਧੀ ਹੱਥ ਵਿਚ ਖੰਡਾ, ਸਿਧੀ ਇਕੋ ਇਕ ਰਖਾਇੰਦਾ । ਬਿਧੀ ਨਾਲ ਨਾ ਮਿਲਿਆ ਸਾਹਿਬ ਬਖ਼ਸ਼ੰਦਾ, ਕੋਸ਼ਿਸ਼ ਕਰ ਕਰ ਆਪਣੀ ਕਾਰ ਕਮਾਇੰਦਾ । ਉਪਰ ਹੋਵਾਂ ਵੇਖਾਂ ਅੰਧਾ, ਨਰ ਹਰਿ ਨਰਾਇਣ ਮੁਖ ਨਾ ਕੋਇ ਵਖਾਇੰਦਾ । ਟਿੱਲੇ ਬਹਿ ਕੇ ਗਾਇਆ ਛੰਦਾ, ਸਾਕਰ ਆਪਣਾ ਆਪ ਕਰਾਇੰਦਾ । ਸਾਹਿਬ ਨਾ ਦਿਸੇ ਕੋਈ ਸੰਗਾ,

ਸਾਚਾ ਸੰਗ ਨਾ ਕੋਇ ਨਿਭਾਇੰਦਾ । ਅੰਦਰ ਵੜ ਕੇ ਵੇਖਾਂ ਦਿਸਾ ਰੰਡਾ, ਕੰਤ ਨਜ਼ਰ ਕੋਇ ਨਾ ਆਇੰਦਾ । ਉਚੇ ਟਿੱਲੇ ਨਜ਼ਰ ਨਾ ਆਏ ਕੋਈ ਡੰਡਾ, ਪੌੜਾ ਹੱਕ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪਣੇ ਹੱਥ ਰਖਾਇੰਦਾ । ਵੈਰਾਗ ਕਹੇ ਮੇਰਾ ਤੁਟਾ ਵੈਰਾਗ, ਵੈਰਾਗ ਕੰਮ ਕਿਸੇ ਨਾ ਆਈਆ । ਦਿਵਸ ਰੈਣ ਰਿਹਾ ਝਾਤ, ਨੇਤਰ ਨੈਣ ਨੈਣ ਉਠਾਈਆ । ਕੁਰਲੌਂਦਾ ਰਿਹਾ ਵਾਂਗ ਕਾਗ, ਕੂਕ ਕੂਕ ਸੁਣਾਈਆ । ਸੁਣੌਂਦਾ ਰਿਹਾ ਆਪਣੀ ਆਵਾਜ਼, ਤੂ ਹੀ ਤੂ ਰਾਗ ਅਲਾਈਆ । ਚਾਰੋਂ ਕੁੰਟ ਰਿਹਾ ਭਾਜ, ਬਣ ਪਾਂਧੀ ਪੰਧ ਮੁਕਾਈਆ । ਮੇਰੀ ਕਿਸੇ ਨਾ ਖੋਲ੍ਹੀ ਜਾਗ, ਜਾਗਰਤ ਨੂਰ ਨਜ਼ਰ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪਣੇ ਵਿਚ ਰਖਾਈਆ । ਵੈਰਾਗ ਕਹੇ ਮੈਂ ਜਗਤ ਵੈਰਾਗੀ, ਬਿਰਹੋਂ ਚੋਟ ਨਾ ਕੋਇ ਲਗਾਈਆ । ਪਰੇਮ ਪ੍ਰੀਤੀ ਥੋੜੀ ਥੋੜੀ ਦੇਂਦਾ ਰਿਹਾ ਭਾਜੀ, ਸਾਚੀ ਵਸਤ ਨਾ ਹੱਥ ਫੜਾਈਆ । ਖੇਲ ਕਰਦਾ ਰਿਹਾ ਪੰਡਤ ਮੁੱਲਾਂ ਸ਼ੇਖ਼ ਕਾਜ਼ੀ, ਕਾਇਨਾਤ ਫੇਰਾ ਪਾਈਆ । ਬਣਦਾ ਰਿਹਾ ਤੰਦ ਸਤਾਰ ਰਬਾਬੀ, ਰਬਾਬ ਇਕੋ ਇਕ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਵੈਰਾਗ ਨਾ ਕੋਇ ਜਣਾਈਆ । ਵੈਰਾਗ ਕਹੇ ਮੇਰਾ ਤੁਟਾ ਮਾਣ, ਮੇਰੀ ਚਲੀ ਨਾ ਕੋਇ ਚਤਰਾਈਆ । ਚਾਰ ਯੁਗ ਮੈਂ ਦੇਂਦਾ ਰਿਹਾ ਗਿਆਨ, ਆਪ ਆਪਣੀ ਮਤ ਸਮਝਾਈਆ । ਜਗਤ ਤ੍ਰਿਸਨਾ ਕਰੋ ਵੈਰਾਨ, ਘਰ ਮੰਦਰ ਇਕ ਵਸਾਈਆ । ਇਸ਼ਟ ਦੇਵ ਸ੍ਰੀ ਭਗਵਾਨ, ਗੁਰੂ ਗੁਰ ਸਵਾਮੀ ਨਜ਼ਰੀ ਆਈਆ । ਮੇਰੀ ਚਲੀ ਨਾ ਜਗਤ ਦੁਕਾਨ, ਖ਼ਾਲੀ ਹੱਟ ਰਿਹਾ ਵਖਾਈਆ । ਕਲਜੁਗ ਅੰਤਮ ਸ਼ਰਅ ਹੋਈ ਬੇਈਮਾਨ, ਸ਼ੱਕ ਮੇਰੇ ਉਤੇ ਪਾਈਆ । ਵੈਰਾਗੀ ਬਣਿਆ ਨਾ ਕੋਈ ਪੁਰਖ ਸੁਜਾਨ, ਬਿਰਹੋਂ ਤੀਰ ਨਾ ਕੋਇ ਲਗਾਈਆ । ਕੂੜੀ ਕਿਰਿਆ ਕਰ ਬਲਵਾਨ, ਬਲ ਆਪਣਾ ਰਹੀ ਜਣਾਈਆ । ਹਉਮੇਂ ਹੰਗਤਾ ਲੈ ਨਿਸ਼ਾਨ, ਲੋਕਮਾਤ ਰਹੇ ਝੁਲਾਈਆ । ਕਾਮ ਕਰੋਧ ਲੋਭ ਮੋਹ ਕਰ ਪਰਧਾਨ, ਕੂੜੀ ਪਰਧਾਨਗੀ ਰਹੇ ਵਖਾਈਆ । ਅੰਤਰ ਹੋਇਆ ਨਾ ਕਿਸੇ ਧਿਆਨ, ਸਚ ਵੈਰਾਗ ਨਾ ਕੋਇ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਰਚਾਈਆ । ਜਤ ਕਹੇ ਮੈਂ ਨੇਤਰ ਰੋਇਆ, ਨੈਣਾਂ ਨੀਰ ਵਹਾਈਆ । ਸਤਿ ਵਿਚ ਕੋਈ ਪੁਰਸ਼ ਨਾ ਹੋਇਆ, ਧੀਰਜ ਧੀਰ ਨਾ ਕੋਇ ਧਰਾਈਆ । ਸਤਿਗੁਰ ਸੇਜੇ ਕੋਈ ਨਾ ਸੋਇਆ, ਕੂੜੀ ਸੇਜ ਜਗਤ ਹੰਡਾਈਆ । ਧੁਰਦਰਗਾਹੀ ਕਿਸੇ ਨਾ ਲੈ ਕੇ ਆਇਆ ਢੋਆ, ਆਪਣਾ ਨਾਉਂ ਸਚ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਰਿਹਾ ਵਖਾਈਆ । ਹਠ ਕਹੇ ਮੈਂ ਹਠ ਵਿਚਾਰਾ, ਹਠੀ ਨਜ਼ਰ ਕੋਇ ਨਾ ਆਈਆ । ਕੂੜੀ ਕਿਰਿਆ ਲੱਗਾ ਸਰਬ ਸੰਸਾਰਾ, ਸਚ ਧਰਮ ਨਾ ਕੋਇ ਵਖਾਈਆ । ਚਾਰੋਂ ਕੁੰਟ ਹਾਹਾਕਾਰਾ, ਕਾਮ ਕਰੋਧ ਕਰੇ ਲੜਾਈਆ । ਸਾਚਾ ਵਣਜ ਨਾ ਕਰੇ ਕੋਇ ਵਣਜਾਰਾ, ਨਾਮ ਸਤਿ ਨਜ਼ਰ ਕਿਤੇ ਨਾ ਆਈਆ । ਚਾਰੋਂ ਕੁੰਟ ਧੁਆਂਧਾਰਾ, ਅੰਧ ਅੰਧੇਰਾ ਛਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਰਿਹਾ ਕਮਾਈਆ । ਜੋਗ ਕਹੇ ਮੇਰਾ ਮੁਕਿਆ ਜੋਗ, ਜੋਗੀ ਨਜ਼ਰ ਕੋਇ ਨਾ ਆਈਆ । ਕੰਨ ਪਾੜ ਤਨ ਲਗਾਇਆ ਰੋਗ, ਰੋਗੀ ਬਣੀ ਜਗਤ ਲੋਕਾਈਆ । ਮਿਲਿਆ ਮੇਲ ਨਾ ਧੁਰ ਸੰਜੋਗ, ਹਰਿ ਕੰਤ ਨਜ਼ਰ ਨਾ ਆਈਆ । ਆਤਮ ਚੁਗੀ ਨਾ ਸਾਚੀ ਚੋਗ, ਪਰਮਾਤਮ ਤ੍ਰਿਪਤ ਨਾ ਕੋਇ ਕਰਾਈਆ । ਕੂੜੀ ਕਿਰਿਆ ਭੋਗਿਆ ਭੋਗ, ਆਸਾ ਤ੍ਰਿਸਨਾ ਨਾ ਕੋਇ ਬੁਝਾਈਆ । ਜੋਤੀ





Rev-01

੭੬੧
੧੪

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਜੋਗੀ ਬੈਠੇ ਢੇਰੀਆਂ ਢਾਹੀਆ । ਜੋਗੀਸ਼ਰ ਕਹੇ ਮੇਰੀ ਕੋਈ ਨਾ ਜੁਗਤ, ਚਲੇ ਨਾ ਕੋਇ ਚਤਰਾਈਆ । ਮੈਨੂੰ ਹੱਥ ਨਾ ਆਈ ਮੁਕਤ, ਫਿਰ ਫਿਰ ਥੱਕਾ ਵਾਹੋ ਦਾਹੀਆ । ਆਪਣੀ ਕਰਨੀ ਰਿਹਾ ਭੁਗਤ, ਭਗਵਨ ਦੇਣਹਾਰ ਸਜ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਲ ਆਪ ਧਰਾਈਆ । ਤਪੀਸ਼ਰ ਕਹੇ ਮੈਂ ਹੋਇਆ ਨਹੀਂ ਤ੍ਰਿਪਤ, ਤ੍ਰਿਸਨਾ ਮੇਰੀ ਨਾ ਕੋਇ ਬੁਝਾਈਆ । ਧੂਣੀਆਂ ਤਾ ਤਾ ਪਾਈ ਬਿਪਤ, ਬਿਪਤਾ ਸਕੇ ਨਾ ਕੋਇ ਕਟਾਈਆ । ਜੰਗਲ ਜੂਹ ਵੇਖਿਆ ਫਿਰਤ, ਫਿਰ ਫਿਰ ਆਪਣਾ ਫੇਰਾ ਪਾਈਆ । ਮੇਰੀ ਪੂਰੀ ਹੋਈ ਨਾ ਹਿਰਸ, ਹਵਸ ਨਾ ਕੋਇ ਬੁਝਾਈਆ । ਸ੍ਰੀ ਭਗਵਾਨ ਨਾ ਕਰਿਆ ਤਰਸ, ਰਹਿਮਤ ਨਜ਼ਰ ਕੋਇ ਨਾ ਆਈਆ । ਸਚ ਦਰਸਨ ਨੂੰ ਰਿਹਾ ਤੜਪ, ਮੇਰੀ ਤੜਪ ਨਾ ਕੋਇ ਬੁਝਾਈਆ । ਚਰਨ ਕਵਲ ਨੂੰ ਰਿਹਾ ਭਟਕ, ਭਟਕਨਾ ਸਕੇ ਨਾ ਕੋਇ ਮਿਟਾਈਆ । ਦੂਰ ਦੁਰਾਡਾ ਰਿਹਾ ਲਟਕ, ਕਿਨਾਰਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਸੁਣ ਦਲੀਲ, ਹਰਿ ਸ਼ਬਦੀ ਹੁਕਮ ਸੁਣਾਇੰਦਾ । ਸਾਰੇ ਉਠੋ ਛੈਲ ਛਬੀਲ, ਸ਼ਹਿਨਸ਼ਾਹ ਹੁਕਮ ਮਨਾਇੰਦਾ । ਰਲ ਕੇ ਕਰੋ ਇਕ ਵਕੀਲ, ਵੁਕਲਾ ਇਕੋ ਇਕ ਸਮਝਾਇੰਦਾ । ਸਭ ਦੀ ਕਰੇ ਅੰਤ ਅਪੀਲ, ਪ੍ਰਭ ਅੱਗੇ ਵਾਸਤਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਸ਼ਬਦ ਸ਼ਬਦ ਜਣਾਇੰਦਾ । ਸ਼ਬਦ ਧੁਨ ਸੁਣ ਕਾਨ, ਸਾਰੇ ਲੈਣ ਅੰਗੜਾਈਆ । ਗੋਰਖ ਕਹੇ ਕਰੋ ਧਿਆਨ, ਕਵਣ ਤੰਦ ਸਤਾਰ ਹਿਲਾਈਆ । ਮਛੰਦਰ ਕਹੇ ਮੈਂ ਹੋਇਆ ਹੈਰਾਨ, ਗਾਵਣਹਾਰਾ ਨਜ਼ਰ ਕੋਇ ਨਾ ਆਈਆ । ਜਲੰਧਰ ਕਹੇ ਮੈਂ ਦਿਆਂ ਬਿਆਨ, ਸੁਣਾਵਣਹਾਰਾ ਬੈਠਾ ਮੁਖ ਛੁਪਾਈਆ । ਵੈਰਾਗ ਤਿਆਗ ਬੈਰਾਗ ਕਹਿਣ ਅਸੀਂ ਸੁਣਿਆ ਫ਼ਰਮਾਨ, ਸਚ ਸੰਦੇਸਾ ਇਕੋ ਆਈਆ । ਜਪੀ ਤਪੀ ਹਠੀ ਨੈਣ ਸ਼ਰਮਾਣ, ਸਾਰੇ ਬੈਠੇ ਸੀਸ ਝੁਕਾਈਆ । ਜੋਗੀਸ਼ਰ ਤਪੀਸ਼ਰ ਮੁਨੀਸ਼ਰ ਨੈਣਾਂ ਨੀਰ ਵਹਾਣ, ਰੋਵਣ ਮਾਰਨ ਧਾਹੀਂਆ । ਸਾਰੇ ਇਕੋ ਥਾਂ ਕੱਠੇ ਹੋਏ ਆਣ, ਦਰ ਸਾਚਾ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਦਏ ਸੁਣਾਈਆ । ਸਚ ਸੰਦੇਸਾ ਦੱਸਣਹਾਰਾ ਗੁਰ ਸ਼ਬਦੀ ਧਾਰ ਜਣਾਇੰਦਾ । ਸ਼ਬਦ ਗੁਰੂ ਗੁਰ ਹੋ ਉਜਿਆਰਾ, ਸਭ ਨੂੰ ਆਖ ਸੁਣਾਇੰਦਾ । ਉਠੋ ਸਾਰੇ ਰਲ ਕੇ ਬਣੋ ਭਾਈ ਚਾਰਾ, ਇਕੋ ਗੰਢ ਪੁਆਇੰਦਾ । ਮਾਣ ਤਾਣ ਛੱਡੋ ਸੰਸਾਰਾ, ਸਗਲੀ ਬੁਧ ਸਮਝਾਇੰਦਾ । ਦੋਏ ਜੋੜ ਕਰੋ ਨਿਮਸਕਾਰਾ, ਨਿਵਣ ਸੋ ਅੱਖਰ ਇਕ ਪੜ੍ਹਾਇੰਦਾ । ਜੋ ਨਜ਼ਰ ਨਾ ਆਏ ਨਰ ਨਿਰੰਕਾਰਾ, ਤਿਸ ਦਾ ਭੇਵ ਆਪ ਖੁਲ੍ਹਾਇੰਦਾ । ਜਿਸ ਨੂੰ ਲੱਭਦੇ ਜੰਗਲ ਜੂਹ ਉਜਾੜ ਪਹਾੜਾ, ਉਚੇ ਟਿੱਲੇ ਆਸਣ ਕੋਇ ਨਾ ਲਾਇੰਦਾ । ਜਿਸ ਦੀ ਭਾਲ ਕਰਦੇ ਡੂੰਘੀ ਗ਼ਾਰਾ, ਅੰਧ ਅੰਧੇਰ ਮੁੱਖ ਨਾ ਕਿਸੇ ਵਖਾਇੰਦਾ । ਜਿਸ ਨੂੰ ਲੱਭਦੇ ਉਤੇ ਤਟ ਕਿਨਾਰਾ, ਸੋ ਸਾਹਿਬ ਖੇਲ ਖਲਾਇੰਦਾ । ਜਿਸ ਦੇ ਪਿਛੇ ਛੱਡੇ ਘਰ ਬਾਰਾ, ਦਰ ਦਰ ਅਲਖ ਜਗਾਇੰਦਾ । ਸੋ ਸਾਹਿਬ ਸਾਚਾ ਯਾਰਾ, ਆਪ ਆਪਣੀ ਕਲ ਵਰਤਾਇੰਦਾ । ਕਲਜੁਗ ਅੰਤ ਲੈ ਅਵਤਾਰਾ, ਨੇਹਕੰਲਕ ਨਾਉਂ ਰਖਾਇੰਦਾ । ਉਚੇ ਟਿੱਲੇ ਪਰਬਤ ਛੱਡ ਕੇ ਡੂੰਘੀਆਂ ਗ਼ਾਰਾਂ, ਸਚ ਸਿੰਘਾਸਣ ਸੋਭਾ ਪਾਇੰਦਾ । ਜਿਸ ਦੀ ਚਰਨ ਧੂੜ ਮੰਗੇ ਸੰਸਾਰਾ, ਸੋ ਸਾਹਿਬ ਦਇਆ ਕਮਾਇੰਦਾ । ਜਿਸ ਦਾ ਅੰਮ੍ਰਿਤ ਠੰਡਾ ਠਾਰਾ, ਅੰਮਿਉਂ ਰਸ ਜਾਮ ਪਿਆਇੰਦਾ । ਸੋ ਮਲ ਕੇ ਬੈਠਾ ਇਕ ਕਿਨਾਰਾ, ਜਿਸ ਕਿਨਾਰੇ ਗੁਰਮੁਖ ਸੋਭਾ ਪਾਇੰਦਾ । ਸਾਰੇ ਰਲ ਕੇ ਆਓ


Rev-01

ਚਲ ਦਵਾਰਾ, ਦਰ ਦਰਵਾਜ਼ਾ ਆਪ ਖੁਲ੍ਹਾਇੰਦਾ । ਜਨ ਭਗਤਾਂ ਕਰੇ ਸਚ ਪਿਆਰਾ, ਪ੍ਰੀਤੀ ਸੰਤਾਂ ਨਾਲ ਲਗਾਇੰਦਾ । ਚਾਰ ਯੁਗ ਦੇ ਪਿਛਲੇ ਛੱਡੇ ਸਾਰੇ ਯਾਰਾ, ਰੀਤੀ ਅਗਲੀ ਆਪ ਬਦਲਾਇੰਦਾ । ਆਪਣਾ ਬਦਲੋ ਸਾਰੇ ਨਾਅਰਾ, ਨਰ ਨਰਾਇਣ ਆਪ ਸਮਝਾਇੰਦਾ । ਜਾ ਕੇ ਵੇਖੇ ਚਨਾਬ ਕਿਨਾਰਾ, ਕੰਢੀ ਬੈਠਾ ਸੋਭਾ ਪਾਇੰਦਾ । ਜਿਥੇ ਸਚ ਪਰੀਤ ਦਾ ਚਲ ਰਿਹਾ ਵਿਹਾਰਾ, ਆਸ਼ਕ ਮਾਅਸ਼ੂਕਾਂ ਰਾਹ ਵਖਾਇੰਦਾ । ਸੋ ਸਾਹਿਬ ਪਰਵਰਦਿਗਾਰਾ, ਬੇਪਰਵਾਹ ਆਪਣੀ ਕਾਰ ਕਮਾਇੰਦਾ । ਮੰਦਰ ਸੋਹੇ ਇਕ ਦਵਾਰਾ, ਜਿਸ ਗ੍ਰਿਹ ਆਪਣਾ ਡੇਰਾ ਲਾਇੰਦਾ । ਰਲ ਕੇ ਜੋ ਬੋਲੇ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜੈਕਾਰਾ, ਤਿਨ੍ਹਾਂ ਆਪਣਾ ਮੇਲ ਮਿਲਾਇੰਦਾ । ਸਾਰੇ ਵੇਖਣ ਨੈਣ ਉਘਾੜਾ, ਹਾਏ ਉਫ਼ ਤੋਬਾ ਇਹ ਕੀ ਖੇਲ ਰਚਾਇੰਦਾ । ਸਾਡਾ ਕਿਸੇ ਕੰਮ ਨਾ ਆਇਆ ਲੱਗਾ ਅਖਾੜਾ, ਨਟੂਆ ਨਾਟ ਆਪਣਾ ਸਾਂਗ ਵਰਤਾਇੰਦਾ । ਚਲੋ ਸਾਰੇ ਰਲ ਕੇ ਕਰੀਏ ਦੀਦਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਸਮਝਾਇੰਦਾ । ਸ਼ਬਦ ਕਹੇ ਜਬ ਆਓਗੇ । ਡੰਡੌਤ ਦੂਰ ਦੂਰ ਕਰਾਓਗੇ । ਦੋਏ ਜੋੜ ਸੀਸ ਝੁਕਾਓਗੇ । ਭਗਤਾਂ ਅੱਗੇ ਵਾਸਤਾ ਪਾਓਗੇ । ਆਪ ਆਪਣਾ ਮਾਣ ਤਜਾਓਗੇ । ਗੁਰਸਿਖਾਂ ਦੀ ਧੂੜ ਮਸਤਕ ਲਾਓਗੇ । ਫਿਰ ਸੰਗਤ ਵਿਚ ਰਲ ਜਾਓਗੇ । ਰਵਦਾਸ ਚੁਮਾਰ ਕੋਲੋਂ ਲੇਖ ਲਿਖਾਓਗੇ । ਪਿਛਲੀ ਕੀਤੀ ਸਰਬ ਬਦਲਾਓਗੇ । ਅਦਲੀ ਅੱਗੇ ਜਾ ਕੇ ਵਾਸਤਾ ਪਾਓਗੇ । ਬਦਲੀ ਜਨਮ ਕਰਮ ਕਰਾਓਗੇ । ਸਾਚੀ ਤਰਨੀ ਫੇਰ ਤਰ ਜਾਓਗੇ । ਜਿਸ ਵੇਲੇ ਦਰਸਨ ਪਾਓਗੇ । ਦਰਸਨ ਪਾ ਅੰਤਰ ਖ਼ੁਸ਼ੀ ਮਨਾਓਗੇ । ਅੰਤਰ ਖ਼ੁਸ਼ੀ ਚੜ੍ਹੇ ਚਾ, ਸਾਚਾ ਰੰਗ ਰੰਗਾਓਗੇ । ਇਕ ਦੂਜੇ ਨਾਲ ਮਿਲਾਓਗੇ ਹਾਂ ਨਾਲ ਹਾਂ, ਹਾਂ ਹਾਂ ਕਰ ਕੇ ਆਪਣਾ ਆਪ ਮਿਟਾਓਗੇ । ਦਰਸਨ ਕਰ ਕੇ ਕੰਢੇ ਝਨਾ, ਝਗੜਾ ਸਰਬ ਮੁਕਾਓਗੇ । ਉਚੀ ਬੋਲ ਕਹਿਣਾ ਪ੍ਰਭ ਮਿਲਿਆ ਆਣ ਮਲਾਹ, ਚੜ੍ਹ ਬੇੜੇ ਆਪਣਾ ਕੰਢਾ ਵੇਖ ਵਖਾਓਗੇ । ਤਨ ਮਲਣੀ ਨਾ ਪਏ ਫੇਰ ਸਵਾਹ, ਕੰਨ ਪਾੜ ਨਾ ਜੋਗ ਹੰਡਾਓਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਘਰ ਸਾਚੇ ਸੋਭਾ ਪਾਓਗੇ । ਘਰ ਸਾਚਾ ਸੋਹਣਾ ਲਗੇਗਾ । ਜਿਸ ਘਰ ਦੀਪਕ ਜੋਤ ਜਗੇਗਾ । ਪੁਰਖ ਅਬਿਨਾਸ਼ੀ ਸਾਹਿਬ ਸਜੇਗਾ । ਸਚ ਦਰਬਾਰ ਲੱਗੇਗਾ । ਭਗਤ ਭਗਵਾਨ ਦਰਸਨ ਕਰ ਕੇ ਰੱਜੇਗਾ । ਓਥੇ ਸਭ ਦਾ ਪੜਦਾ ਕਜੇਗਾ । ਜੋ ਹਰਿ ਸੰਗਤ ਵਿਚ ਸਜੇਗਾ । ਅਗਨੀ ਅੱਗ ਫੇਰ ਨਾ ਦਝੇਗਾ । ਜੰਗਲ ਜੂਹ ਨਾ ਉਠ ਉਠ ਭੱਜੇਗਾ । ਤਪ ਹਠ ਵਿਚ ਨਾ ਫਸੇਗਾ । ਪ੍ਰਭ ਦਰਸਨ ਕਰਕੇ ਹੱਸੇਗਾ । ਇਕ ਦੂਜੇ ਨੂੰ ਦੱਸੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰਮੁਖ ਸੱਜਣ ਨਾਲ ਰੱਖੇਗਾ । ਅਸੀਂ ਦਰਸ ਕਰ ਕੇ ਆਵਾਂਗੇ । ਸੋਹੰ ਢੋਲਾ ਗਾਵਾਂਗੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਧਿਆਵਾਂਗੇ । ਤਨ ਖ਼ਾਕ ਨਾ ਕੋਇ ਰਮਾਵਾਂਗੇ । ਮੁੰਦਰਾ ਕੰਨ ਨਾ ਕੋਇ ਲਟਕਾਵਾਂਗੇ । ਵਾਲ ਕੁੰਡਲ ਨਾ ਕੋਇ ਪਾਵਾਂਗੇ । ਉਂਗਲ ਨਾਲ ਨਾ ਕਿਸੇ ਸਮਝਾਵਾਂਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਅਸੀਂ ਪਿਛਲੀ ਭੁਲ ਬਖ਼ਸ਼ਾਵਾਂਗੇ । ਸਚ ਦਵਾਰਾ ਇਕ ਖੁਲ੍ਹਾਏਗਾ । ਸ੍ਰੀ ਭਗਵਾਨ ਡੇਰਾ ਲਾਏਗਾ । ਭਗਤ ਸੱਜਣ ਸੰਗ ਰਖਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਟਿੱਲਾ ਪਰਬਤ ਇਕੋ ਇਕ ਵਡਿਆਏਗਾ । ਪਰਬਤ ਟਿੱਲਾ ਸੋਹੇ ਚੋਟੀ, ਡੂੰਘੀ ਗਾਰ ਦਏ ਵਡਿਆਈਆ । ਜਿਸ ਮੰਦਰ ਜਗੇ ਨਿਰਮਲ

ਜੋਤੀ, ਸੋ ਗ੍ਰਿਹਿ ਵੱਜੇ ਵਧਾਈਆ । ਸਭ ਦੀ ਆਸਾ ਉਠਾਏ ਸੋਤੀ, ਸੁੱਤਿਆਂ ਲਏ ਜਗਾਈਆ । ਪਾਰਬ੍ਰਹਮ ਦੇ ਬਣ ਜਾਓ ਗੋਤੀ, ਦੂਜੀ ਵੰਡ ਨਾ ਕੋਇ ਵੰਡਾਈਆ । ਹਰਿ ਕਾ ਨਾਮ ਪਕਵਾਨ ਸਾਚੀ ਰੋਟੀ, ਗੁੱਲੀ ਤੰਦੂਰ ਨਾ ਕੋਇ ਲਗਾਈਆ । ਖਾਣੀ ਮਿਲੇ ਨਾ ਕਿਸੇ ਬੋਟੀ, ਭੁੰਨ ਕਬਾਬ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਰਿਹਾ ਜਣਾਈਆ । ਸਾਰੇ ਕਹਿਣ ਕਰੋ ਵਿਚਾਰ, ਹਰਿ ਜੂ ਕੀ ਕੀ ਖੇਲ ਰਚਾਇਆ । ਕਲਜੁਗ ਅੰਤਮ ਹੋ ਤਿਆਰ, ਨਿਰਗੁਣ ਆਪਣਾ ਵੇਸ ਵਟਾਇਆ । ਬਿਨ ਭਗਤੀਉਂ ਰਿਹਾ ਤਾਰ, ਬਿਨ ਕਰਨੀਉਂ ਗੋਦ ਬਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਇਆ । ਸਾਰੇ ਕਹਿਣ ਅਸੀਂ ਹੋਏ ਹੈਰਾਨ, ਹੈਰਾਨੀ ਸਭ ਦੇ ਉਤੇ ਛਾਈਆ । ਗ਼ਰੀਬ ਨਿਮਾਣੇ ਵੇਖ ਅੰਞਾਣ ਬਾਲੇ ਸੋਏ ਰਿਹਾ ਉਠਾਈਆ । ਜਿਨ੍ਹਾਂ ਅੰਦਰ ਵੜ ਕੇ ਧਰਿਆ ਨਹੀਂ ਕਦੇ ਧਿਆਨ, ਤਟ ਕਿਨਾਰੇ ਬੈਠ ਨਾ ਰਾਗ ਅਲਾਈਆ । ਜੰਗਲ ਜੂਹ ਫਿਰੇ ਨਾ ਬੀਆਬਾਨ, ਟਿੱਲੇ ਆਸਣ ਕੋਇ ਨਾ ਲਾਈਆ । ਕਲਜੁਗ ਅੰਤਮ ਓਨ੍ਹਾਂ ਮਿਲਿਆ ਭਗਵਾਨ, ਜਿਨ੍ਹਾਂ ਆਪਣੀ ਸਮਝ ਜ਼ਰਾ ਨਾ ਆਈਆ । ਵੇਖ ਖੇਲ ਸਾਰੇ ਪਛਤਾਣ, ਸਾਡੀ ਕਰਨੀ ਕੰਮ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਚਰਜ ਖੇਲ ਵਖਾਈਆ । ਸ੍ਰੀ ਭਗਵਾਨ ਸ਼ਬਦੀ ਦੱਸੇ, ਹੁਕਮੀ ਹੁਕਮ ਜਣਾਇੰਦਾ । ਭਗਤਾਂ ਅੰਦਰ ਨਿਰਗੁਣ ਹੋ ਕੇ ਵਸੇ, ਗ਼ਰੀਬ ਨਿਮਾਣੇ ਗਲੇ ਲਗਾਇੰਦਾ । ਪੂਰਬ ਜਨਮ ਦੇ ਜੋ ਸਾਂਭ ਕੇ ਰੱਖੇ, ਕਲਜੁਗ ਅੰਤਮ ਵੇਖ ਵਖਾਇੰਦਾ । ਆਪਣੀ ਕਰਨੀ ਵਿਚ ਜੋ ਫਸੇ, ਤਿਨ੍ਹਾਂ ਧੱਕਾ ਆਪਣਾ ਲਾਇੰਦਾ । ਜੋ ਸਰਨ ਸਰਨਾਈ ਢੱਠੇ, ਤਿਨ੍ਹਾਂ ਫੜ ਬਾਂਹੋਂ ਗੋਦ ਬਹਾਇੰਦਾ । ਜਿਨ੍ਹਾਂ ਪਤਿਪਰਮੇਸ਼ਵਰ ਮਿਲੇ ਤਿਨ੍ਹਾਂ ਜੋਗ ਅਭਿਆਸ ਦੇ ਕਰਨੇ ਪੈਣ ਨਾ ਰੱਟੇ, ਜੰਗਲ ਜੂਹ ਨਾ ਕਿਸੇ ਫਿਰਾਇੰਦਾ । ਹਿਰਦੇ ਅੰਦਰ ਵੜ ਕੇ ਆਪੇ ਦੱਸੇ, ਆਤਮ ਪਰਮਾਤਮ ਆਪ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਚੁਕਾਇੰਦਾ । ਮੇਰਾ ਭੇਵ ਅਗੰਮ ਅਥਾਹ, ਸਾਰ ਕਿਸੇ ਨਾ ਆਈਆ । ਜੁਗ ਜੁਗ ਭਗਤਾਂ ਲਵਾਂ ਜਗਾ, ਜਾਗਰਤ ਜੋਤ ਕਰ ਰੁਸ਼ਨਾਈਆ । ਲੱਖ ਚੁਰਾਸੀ ਵਿਚੋਂ ਉਠਾ, ਆਪਣੀ ਬੂਝ ਬੁਝਾਈਆ । ਸਾਚੀ ਜੁਗਤੀ ਇਕ ਸਮਝਾ, ਚਰਨ ਕਵਲ ਦਿਆਂ ਸਰਨਾਈਆ । ਸੁਰਤੀ ਸ਼ਬਦੀ ਗੰਢ ਪਵਾ, ਜੋੜੀ ਜੋੜ ਜੋੜ ਸਮਝਾਈਆ । ਆਤਮ ਸੇਜਾ ਡੇਰਾ ਲਾ, ਘਰ ਮੰਦਰ ਕਰਾਂ ਰੁਸ਼ਨਾਈਆ । ਕੰਢੀ ਤਾਰ ਆਇਆ ਝਨਾ, ਚਨ ਆਬ ਆਪਣੇ ਨਾਲ ਮਿਲਾਈਆ । ਆਬ ਬੈਠਾ ਸੀਸ ਝੁਕਾ, ਚੰਨ ਚਰਨ ਧਿਆਨ ਲਗਾਈਆ । ਲਾਗੇ ਪੱਥਰ ਕਹੇ ਮੈਂ ਲੱਗਣ ਨਹੀਂ ਦੇਣਾ ਦਾ, ਮੇਰੇ ਵਿਚ ਵੱਡੀ ਵਡਿਆਈਆ । ਮੈਂ ਪ੍ਰਭ ਦੇ ਚਰਨ ਚੁੰਮਾਂ ਆਪਣਾ ਮੁਖ ਉਠਾ, ਬਣ ਸੇਵਕ ਸੇਵ ਕਮਾਈਆ । ਆਪਣੀ ਛਾਤੀ ਉਤੋਂ ਦਿਆਂ ਲੰਘਾ, ਖ਼ੁਸ਼ੀਆਂ ਨਾਲ ਭਾਰ ਉਠਾਈਆ । ਗੁਰਮੁਖ ਦਵਾਰੇ ਦਿਆਂ ਪੁਚਾ, ਜਿਥੇ ਬੈਠੇ ਧਿਆਨ ਲਗਾਈਆ । ਝਨਾ ਕਹੇ ਮੇਰਾ ਬੇਪਰਵਾਹ, ਮੇਰਾ ਆਬ ਲੇਖੇ ਲਾਈਆ । ਜੋ ਗੁਰਮੁਖ ਸੱਜਣ ਨਾਲ ਲੈ ਕੇ ਆਇਆ ਬਣ ਮਲਾਹ, ਬੇੜੇ ਆਪਣੇ ਉਤੇ ਚੜ੍ਹਾਈਆ । ਮੈਂ ਆਪਣੀ ਧਾਰ ਦਾ ਠੰਡਾ ਜਲ ਓਨ੍ਹਾਂ ਦਿਆਂ ਪਿਆ, ਠੰਡਕ ਆਪਣੇ ਸੀਨੇ ਪਾਈਆ । ਬ੍ਰਾਹਮਣ ਦਾ ਪਿਛਲਾ ਲੇਖਾ ਦਿਆਂ ਚੁਕਾ, ਚੁਕੇ ਲੇਖਾ ਵਿਚ ਜਗਤ ਲੋਕਾਈਆ । ਧੰਨ ਭਾਗ ਮੇਰੇ ਵਿਚੋਂ ਕੱਲਾ ਗਿਆ ਨਹਾ, ਆਪਣੀ ਪਿਛਲੀ ਭੁੱਲ ਬਖ਼ਸ਼ਾਈਆ । ਹਰਿ ਸੰਗਤ ਸਾਰੀ ਬਣਾਈ ਗਵਾਹ, ਸ਼ਹਾਦਤ ਇਕੋ ਵਾਰ ਭੁਗਤਾਈਆ । ਗੋਰਖ ਵੇਖ ਨੈਣ ਰਿਹਾ ਸ਼ਰਮਾ, ਮੇਰੇ ਚੇਲੇ

ਮਿਲੀ ਵਡਿਆਈਆ । ਚਰਪਟ ਲੇਖਾ ਰਿਹਾ ਮੁਕਾ, ਝਟ ਪਟ ਆਪਣਾ ਦਾਅ ਲਗਾਈਆ । ਪਿਛਲਾ ਫੱਟ ਲਿਆ ਗਵਾ, ਫ਼ੈਸਲਾ ਇਕੋ ਵਾਰ ਕਰਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿ ਸੰਗਤ ਸਾਰੀ ਰਿਹਾ ਤਰਾ, ਜੋ ਚਰਨਾਂ ਨਾਲ ਆਈ ਚਰਨ ਮਿਲਾਈਆ ।

★ ੨੪ ਜੇਠ ੨੦੨੦ ਬਿਕ੍ਰਮੀ ਚਨਾਬ ਦੇ ਕੰਢੇ ਉਤੇ ਚੜ੍ਹਦਾ ਗਰਾਮ ਘਾਟ ਜੰਮੂ ★

ਚਨ ਆਬ ਹੱਥ ਦੋਏ ਜੋੜੇ, ਧਿਆਨ ਇਕ ਲਗਾਈਆ । ਰਾਹ ਤੱਕਣ ਮਛ ਕਛ ਸੰਸਾਰ ਜਲ ਹੋੜੇ, ਅੰਦਰ ਬੈਠੇ ਧਿਆਨ ਲਗਾਈਆ । ਜੁਗ ਚੌਕੜੀ ਸੁੱਟੇ ਤੇਰੇ ਉਤੇ ਡੋਰੇ, ਡੋਰੀ ਤੇਰੇ ਹੱਥ ਫੜਾਈਆ । ਗੁਰੂ ਅਵਤਾਰ ਪੀਰ ਪੈਗ਼ੰਬਰ ਕੋਈ ਨਾ ਬੌਹੜੇ, ਆਸ਼ਕ ਮਾਸ਼ੂਕ ਗਏ ਤਾਰੀਆਂ ਲਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਪਿਆ ਰਿਹਾ ਰੋਹੜੇ, ਧਾਰ ਧਾਰ ਨਾਲ ਰਲਾਈਆ । ਹਰਿ ਗੋਬਿੰਦ ਇਕੋ ਵਾਰ ਲੰਘਿਆ ਚੜ੍ਹ ਕੇ ਉਪਰ ਘੋੜੇ, ਪੱਤਣ ਮੇਰੇ ਫੇਰਾ ਪਾਈਆ । ਮੈਂ ਰੋਇਆ ਕਰ ਕੇ ਬੌਹੜੀ ਬੌਹੜੇ, ਨੇਤਰ ਨੈਣਾਂ ਨੀਰ ਵਹਾਈਆ । ਪ੍ਰਭ ਸਾਚੇ ਦੀ ਮੈਨੂੰ ਲੋੜੇ, ਦੇਵੇ ਦਰਸ ਬੇਪਰਵਾਹੀਆ । ਹਰਿ ਗੋਬਿੰਦ ਕਹੇ ਪੁਰਖ ਅਕਾਲ ਛੇਤੀ ਬੌਹੜੇ, ਸਭ ਦਾ ਲੇਖਾ ਦਏ ਮੁਕਾਈਆ । ਚੰਨ ਸੁਣ ਬਾਂਕੇ ਛੋਹਰੇ, ਚੰਨ ਤੈਨੂੰ ਰਿਹਾ ਸਮਝਾਈਆ । ਆਪ ਚਲੇ ਸਭ ਦੇ ਮੋਹਰੇ, ਬੇ ਆਬ ਲਏ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰੀ ਆਸਾ ਪੂਰ ਕਰਾਈਆ । ਚਨ ਕਹੇ ਮੈਂ ਰੱਖਾਂ ਉਡੀਕ, ਆਬ ਕਹੇ ਮੈਂ ਬੈਠਾਂ ਧਿਆਨ ਲਗਾਈਆ । ਪ੍ਰਭ ਸਾਹਿਬ ਆਵੇ ਠੀਕ, ਘਰ ਮੇਰੇ ਫੇਰਾ ਪਾਈਆ । ਉਹ ਵੇਲਾ ਸੁਣਿਆ ਨਜ਼ਦੀਕ, ਦੂਰ ਦੁਰਾਡਾ ਪੰਧ ਮੁਕਾਈਆ । ਮੇਰੀ ਚਰਨ ਬੰਧਾਏ ਪ੍ਰੀਤ, ਪ੍ਰੀਤੀ ਪੱਥਰਾਂ ਨਾਲੋਂ ਤੁੜਾਈਆ । ਰੇਤ ਬਾਲੂ ਹੋਏ ਠੰਡੀ ਸੀਤ, ਜੋ ਮੇਰੇ ਹੇਠਾਂ ਸੇਜ ਰਹੀ ਵਛਾਈਆ । ਦਰਸਨ ਹੋਵੇ ਇਕ ਅਤੀਤ, ਮੇਰੀ ਤੜਫ ਦਏ ਬੁਝਾਈਆ । ਮੈਂ ਉਛਲਾਂ ਕੁੱਦਾਂ ਗਾਵਾਂ ਗੀਤ, ਤੇਰਾ ਤੇਰਾ ਰਾਗ ਅਲਾਈਆ । ਹਰਿ ਗੋਬਿੰਦ ਨਿਸ਼ਾਨਾ ਦੱਸ ਠੀਕ, ਦੋਏ ਜੋੜ ਵਾਸਤਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਸਮਝਾਈਆ । ਗੋਬਿੰਦ ਦੇਵੇ ਸ਼ੁਭ ਅਸੀਸ, ਮਿਹਰ ਨਜ਼ਰ ਉਠਾਈਆ । ਕਿਰਪਾ ਕਰੇ ਆਪ ਜਗਦੀਸ, ਜਗਦੀਸਰ ਫੇਰਾ ਪਾਈਆ । ਵੇਲਾ ਵਕਤ ਸੁਹਾਏ ਬੀਸ ਬੀਸ, ਬੀਸ ਬੀਸ ਵੱਜੇ ਵਧਾਈਆ । ਨੇਤਰ ਖੋਲ੍ਹ ਰੱਖ ਉਡੀਕ, ਨੈਣ ਇਕੋ ਰਾਹ ਤਕਾਈਆ । ਤੇਰਾ ਆਬ ਕਰੇ ਸੀਤ, ਤੇਰਾ ਚਨ ਸੀਤਲ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਕਵਣ ਵੇਲੇ ਸ੍ਰੀ ਭਗਵਾਨ ਆਵੇ ਭੰਨਾ, ਆਪਣਾ ਪੰਧ ਮੁਕਾਈਆ । ਸਰਦੀ ਗਰਮੀ ਕਿ ਲੱਗੇ ਹੁੱਮ੍ਹਾ, ਗਰਮੀ ਰੁੱਤ ਜਗਤ ਸੁਹਾਈਆ । ਜਿਸ ਵੇਲੇ ਆਏ ਦਰ ਮੈਂ ਨਿਉਂ ਨਿਉਂ ਚਰਨ ਚੁੰਮਾਂ, ਚੁੰਮ ਚੁੰਮ ਖ਼ੁਸ਼ੀ ਮਨਾਈਆ । ਮੈਨੂੰ ਆਵੇ ਰਸ ਜੇਹੜਾ ਰਸ ਮਿਲਿਆ ਨਹੀਂ ਮਾਂ ਮੰਮਾਂ, ਸੀਰ ਅੰਮ੍ਰਿਤ ਦਏ ਪਿਆਈਆ । ਮੈਂ ਆਪਣੇ ਰਾਗ ਸੁਣਾਵਾਂ ਧੁਨਾ, ਉਚੀ ਕੂਕ ਕੂਕ ਅਲਾਈਆ । ਛਹਿਬਰ ਹੋਏ ਮੇਰੇ ਬੰਨਾ, ਮੇਰੇ ਕੰਢੇ ਮਿਲੇ ਵਡਿਆਈਆ । ਜਿਸ ਪੱਥਰਾਂ ਉਤੋਂ ਤਾਰਿਆ ਧੰਨਾ, ਤਿਨ੍ਹਾਂ ਪੱਥਰਾਂ ਉਤੇ ਬਹਿ ਕੇ ਮੇਰਾ ਬੇੜਾ ਪਾਰ ਕਰਾਈਆ । ਮੈਂ ਬਣਿਆ ਰਿਹਾ ਜੁਗ ਚੌਕੜੀ ਅੰਨ੍ਹਾ, ਮੇਰੀ ਅੱਖ ਨਾ ਕਿਸੇ ਖੁਲ੍ਹਾਈਆ । ਮੈਂ ਸੁਣਦਾ ਰਿਹਾ ਸਾਧਾਂ ਸੰਤਾਂ ਕੋਲੋਂ ਕੰਨਾਂ, ਜੋ ਮੇਰੇ ਕੰਢੇ ਬਹਿ ਬਹਿ

ਢੋਲਾ ਰਹੇ ਗਾਈਆ । ਸ੍ਰੀ ਭਗਵਾਨ ਸਦਾ ਸਦ ਜਨ ਭਗਤਾਂ ਪਿਛੇ ਫਿਰੇ ਭੰਨਾਂ, ਭੱਜ ਭੱਜ ਆਪਣਾ ਪੰਧ ਮੁਕਾਈਆ । ਜਿਉਂ ਨਾਮੇ ਸੁਹਾਈ ਛੱਪਰ ਛੰਨਾਂ, ਤਿਉਂ ਗੁਰਮੁਖਾਂ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਹਰਿ ਗੋਬਿੰਦ ਕਹੇ ਸੁਣ ਚਨਾਬ, ਚੰਨ ਚਾਂਦਨੀ ਤੇਰੀ ਰੁਸ਼ਨਾਈਆ । ਜਿਸ ਵੇਲੇ ਆਵੇ ਬਣ ਨਵਾਬ, ਨੌਬਤ ਆਪਣੇ ਨਾਮ ਵਜਾਈਆ । ਨਿਉਂ ਨਿਉਂ ਸਜਦਾ ਕਰੀਂ ਆਦਾਬ, ਬੰਦਨ ਜੋੜ ਸੀਸ ਝੁਕਾਈਆ । ਕਰੀਂ ਪਰਨਾਮ ਜੋ ਭਗਤ ਆਵਣ ਸਾਥ, ਤਿਨ੍ਹਾਂ ਨਿਉਂ ਨਿਉਂ ਲਾਗਣਾ ਪਾਈਆ । ਤੇਰੇ ਅੰਦਰ ਵੜ ਕੇ ਸੋਹੰ ਢੋਲਾ ਗਾਵਣ ਗਾਥ, ਤੇਰਾ ਲੇਖਾ ਦੇਣ ਚੁਕਾਈਆ । ਫੇਰ ਨਜ਼ਰ ਆਏ ਰਘੁਨਾਥ, ਪੱਤਣ ਬੈਠਾ ਬੇਪਰਵਾਹੀਆ । ਤੇਰੀ ਪੂਰੀ ਕਰੇ ਖ਼ਾਹਸ਼, ਆਸਾ ਆਸਾ ਵਿਚ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਚਨਾਬ ਕਹੇ ਜਬ ਪ੍ਰੀਤਮ ਮੇਰਾ ਆਵੇਗਾ । ਜਨ ਭਗਤਾਂ ਨਾਲ ਲਿਆਵੇਗਾ । ਮੇਰੇ ਪਰੇਮ ਦਾ ਬੱਧਾ, ਨੱਠ ਨੱਠ ਆਪਣਾ ਪੰਧ ਮੁਕਾਵੇਗਾ । ਕਿਉਂ, ਹਰਿ ਗੋਬਿਦ ਦੇ ਕੇ ਗਿਆ ਸੱਦਾ, ਏਸੇ ਕਰਕੇ ਆਪਣੀ ਸੇਵ ਲਗਾਵੇਗਾ । ਸ੍ਰੀ ਭਗਵਾਨ ਕੋਈ ਨਾ ਰੱਖੇ ਲੋਕ ਲੱਜਾ, ਵਲ ਨਿਮਾਣਿਆਂ ਆਪਣਾ ਕਦਮ ਉਠਾਵੇਗਾ । ਸਚ ਪਰੇਮ ਅੰਦਰ ਬੱਧਾ, ਵਾਹੋ ਦਾਹੀ ਚਲ ਕੇ ਆਵੇਗਾ । ਨਾਲ ਰਖਾਏ ਬੁੱਢਾ ਨੱਢਾ, ਜੋਬਨ ਆਪਣਾ ਰੰਗ ਰੰਗਾਵੇਗਾ । ਪਾਰ ਕਰ ਕੇ ਆਏ ਡੂੰਘੀ ਖੱਡਾ, ਉਚੇ ਟਿੱਲੇ ਚਰਨਾਂ ਹੇਠ ਦਬਾਵੇਗਾ । ਹਰਿ ਸੰਗਤ ਦੇਵੇ ਆਪਣਾ ਸੱਦਾ, ਹੁਕਮ ਇਕ ਜਣਾਵੇਗਾ । ਜਾਓ ਵੇਖੋ ਮੇਰਾ ਬੱਚਾ, ਝਨਾ ਬੈਠਾ ਰਾਹ ਤਕਾਵੇਗਾ । ਜੋ ਪਰੇਮ ਪ੍ਰੀਤੀ ਵਿਚ ਸੱਚਾ, ਸਾਚਾ ਨੈਣ ਉਠਾਵੇਗਾ । ਓਹਨੂੰ ਜਾ ਕੇ ਕਹੋ ਹੱਛਾ, ਹਰਿ ਜੂ ਤੇਰੇ ਦਰ ਤੇ ਆਵੇਗਾ । ਜਿਸ ਤਾਰਿਆ ਮਛ ਕਛਾ, ਸੋ ਕਾਸ਼ਤਕਾਰ ਫੇਰਾ ਪਾਵੇਗਾ । ਚਰਨ ਕਵਲ ਤੇਰੇ ਮੁਖ ਚੁਆਏ ਰਸ, ਅੰਮ੍ਰਿਤ ਸੀਰ ਇਕ ਪਿਆਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਵੇਗਾ । ਚਨਾਬ ਕਹੇ ਸੁਣੋ ਗੁਰਸਿਖੋ ਮੇਰੇ ਵੀਰ, ਮੈਂ ਵਾਸਤਾ ਰਿਹਾ ਪਾਈਆ । ਜੁਗ ਚੌਕੜੀ ਹੋਇਆ ਰਿਹਾ ਦਿਲਗੀਰ, ਮਿਲਿਆ ਮੇਲ ਨਾ ਸੱਚੇ ਮਾਹੀਆ । ਨੇਤਰ ਵਹੌਂਦਾ ਰਿਹਾ ਨੀਰ, ਨੀਰ ਭੇਜ ਵਾਹੋ ਦਾਹੀਆ । ਪਰਬਤ ਚੋਟੀਆਂ ਆਇਆ ਚੀਰ, ਜੰਗਲ ਜੂਹ ਆਪਣਾ ਪੰਧ ਮੁਕਾਈਆ । ਅੰਤਮ ਮੰਜ਼ਲ ਆਈ ਅਖ਼ੀਰ, ਮੇਰਾ ਲੇਖਾ ਰਿਹਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਰਬ ਵਡਿਆਈਆ । ਜਨ ਭਗਤੋ ਮੇਰੀ ਸੁਣੋ ਅਰਦਾਸ, ਦੋਏ ਜੋੜ ਵਾਸਤਾ ਪਾਈਆ । ਮੈਨੂੰ ਹੱਥੀਂ ਚੁੱਕ ਕੇ ਲੈ ਚਲੋ ਪ੍ਰਭ ਦੇ ਪਾਸ, ਚਰਨਾਂ ਵਿਚ ਦੇਣਾ ਬਹਾਈਆ । ਮੈਂ ਇਕ ਇਕੱਲਾ ਹੋਇਆ ਰਿਹਾ ਨਿਰਾਸ, ਸੰਗੀ ਨਜ਼ਰ ਕੋਇ ਨਾ ਆਈਆ । ਸਾਧ ਸੰਤ ਕਿਸੇ ਨਾ ਦਿਤਾ ਸਾਥ, ਕੋਟਨ ਕੋਟ ਨਹਾ ਨਹਾ ਗਏ ਤਾਰੀਆਂ ਲਾਈਆ । ਕਲਜੁਗ ਅੰਤ ਗੁਰਮੁਖੋ ਤੁਹਾਡੇ ਨਾਲ ਫਿਰੇ ਰਘੁਨਾਥ, ਰਘੁਪਤ ਆਪਣੀ ਦਇਆ ਕਮਾਈਆ । ਤੁਹਾਡਾ ਬਣਿਆ ਸੱਜਣ ਸਾਕ, ਮੇਰਾ ਨਾਤਾ ਦਿਓ ਜੁੜਾਈਆ । ਮੈਨੂੰ ਮਿਲ ਜਾਏ ਸ਼ਾਬਾਸ, ਸਿਰ ਮੇਰੇ ਹੱਥ ਟਿਕਾਈਆ । ਮੈਂ ਭਗਤਾਂ ਮਿਲਾਂ ਸਚ ਜਮਾਤ, ਮਿਲ ਮਿਲ ਆਪਣਾ ਮੇਲ ਮਿਲਾਈਆ । ਗੁਰਮੁਖੋ ਆਓ ਦੋਵੇਂ ਲੈ ਕੇ ਹਾਥ, ਮੇਰਾ ਪਰੇਮ ਓਨ੍ਹਾਂ ਵਿਚ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮੇਰਾ ਲੇਖਾ ਦਏ ਮੁਕਾਈਆ । ਸਾਰੇ ਸਿਖ ਜਾਣ ਉਠ, ਆਪਣਾ ਬਲ ਧਰਾਈਆ । ਅੰਦਰੇ ਅੰਦਰ ਬੋਲਣ ਜੈਕਾਰੇ ਰਸਨਾ ਰਹੇ ਚੁੱਪ, ਚੁੱਪ


੭੬੫
੧੪

ਚੁਪੀਤੇ ਆਪਣੇ ਨਾਲ ਮਿਲਾਈਆ । ਪਰੇਮ ਪਿਆਰ ਜਲ ਦਾ ਭਰਨ ਬੁੱਕ, ਬੁੱਕ ਪ੍ਰਭ ਚਰਨਾਂ ਉਪਰ ਪਾਈਆ । ਦੋਹਾਂ ਦਾ ਉਜਲ ਹੋਵੇ ਮੁਖ, ਮੈਲ ਕਿਸੇ ਰਹਿਣ ਨਾ ਪਾਈਆ । ਸਤਿਗੁਰ ਸੱਚਾ ਜਾਏ ਤੁਠ, ਅਤੁਟ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਲੇਖਾ ਸਭ ਦਾ ਪੂਰ ਕਰਾਈਆ । ਰਵਦਾਸ ਤੇਰਾ ਧੰਨਵਾਦ, ਸਾਢੇ ਤਿੰਨ ਹੱਥ ਗੁਰਮੁਖ ਤੇਰੀ ਵਡਿਆਈਆ । ਪਹਿਲੋਂ ਗੰਗਾ ਬੱਧਾ ਨਾਤ, ਇਕ ਇਕੱਲੇ ਕਸੀਰਾ ਭੇਟ ਚੜ੍ਹਾਈਆ । ਬ੍ਰਹਿਮਣ ਵਧਾਇਆ ਵਿਵਾਦ, ਮਨ ਵਾਸਨਾ ਹਲਕਾਈਆ । ਕਲਜੁਗ ਅੰਤ ਸੁਣ ਮੇਰੀ ਫ਼ਰਯਾਦ, ਦਰ ਮੇਰੇ ਫੇਰਾ ਪਾਈਆ । ਹਰਿ ਭਗਤ ਲਿਆਂਦੇ ਸਾਥ, ਵੱਡੀ ਜਮਾਤ, ਬਣਾਈਆ । ਦੋਏ ਜੋੜ ਮਸਤਕ ਟੇਕਾਂ ਮਾਥ, ਚਰਨ ਧੂੜ ਮਸਤਕ ਲਾਵਾਂ ਛਾਹੀਆ । ਪ੍ਰਭ ਮਿਲਿਆ ਪੁਰਖ ਸਮਰਾਥ, ਸਾਖਿਆਤ ਨਜ਼ਰੀ ਆਈਆ । ਮੇਰੀ ਪੂਰੀ ਹੋਈ ਆਸ, ਆਸਾ ਭਗਤਾਂ ਨਾਲ ਮਿਲਾਈਆ । ਮੇਰਾ ਲੇਖਾ ਲਿਖਦੇ ਖਾਸ, ਇਹੋ ਤੇਰੇ ਅੱਗੇ ਅਰਜ਼ੋਈਆ । ਤੇਰਾ ਮੇਰਾ ਪ੍ਰਭ ਨਾਲੋਂ ਟੁੱਟੇ ਨਾ ਸਾਥ, ਜੁਗ ਆਵੇ ਜਗ ਆਪਣੇ ਨਾਲ ਰਲਾਈਆ । ਮੇਰੇ ਦੋਵੇਂ ਵੇਖ ਖ਼ਾਲੀ ਹਾਥ, ਬਿਨ ਪ੍ਰਭ ਚਰਨ ਪ੍ਰੀਤੀ ਸਾਚੀ ਵਸਤ ਨਜ਼ਰ ਕੋਇ ਨਾ ਆਈਆ । ਧੰਨ ਵਡਿਆਈ ਵੱਜੀ ਵਧਾਈ ਹਰਿ ਸੰਗਤ ਚਲ ਕੇ ਆਈ ਤਾਟ, ਮੇਰਾ ਕਿਨਾਰਾ ਰਹੀ ਸੁਹਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲ ਕਿਰਪਾ ਕਰੀ ਆਪ, ਵਿਚੋਲਾ ਆਪਣਾ ਭਗਤ ਬਣਾਈਆ ।

## ★ ੨੪ ਜੇਠ ੨੦੨੦ ਬਿਕ੍ਰਮੀ ਹਰਨਾਮ ਸਿੰਘ ਦੇ ਗ੍ਰਿਹ ਚੜ੍ਹਦਾ ਗਰਾਮ ਜੰਮੂ ★

ਚਨਾਬ ਕਹੇ ਮੇਰੀ ਆਰਜ਼ੂ ਅਰਬ, ਇਬਤਦਾ ਨਜ਼ਰ ਕਿਸੇ ਨਾ ਆਈਆ । ਲੋਕਮਾਤ ਮੇਰੀ ਬੇਨੰਤੀ ਖ਼ਰਬ, ਖ਼ਾਹਸ਼ ਪੂਰ ਨਾ ਕੋਇ ਕਰਾਈਆ । ਜੁਗ ਚੌਕੜੀ ਦੇਂਦਾ ਆਇਆ ਜ਼ਰਬ, ਅੰਕ ਅੰਕ ਨਾਲ ਵਧਾਈਆ । ਤਨ ਮਨ ਵਾਰ ਕਰਦਾ ਰਿਹਾ ਹਰਜ, ਹਰਿ ਜੂ ਨਜ਼ਰ ਕਿਸੇ ਨਾ ਆਈਆ । ਜਗ ਢੋਲਾ ਗੌਂਦਾ ਰਿਹਾ ਕੰਢੇ ਤਰਜ਼, ਸਦ ਆਪਣਾ ਰਾਗ ਅਲਾਈਆ । ਮੇਰੀ ਧਾਰ ਵੇਖ ਹੁੰਦੇ ਰਹੇ ਅਸਚਰਜ, ਆਬਸ਼ਾਰ ਸੋਹਣਾ ਰੂਪ ਵਟਾਈਆ । ਮੇਰੀ ਚੋਟੀ ਲੱਭਦੇ ਰਹੇ ਮਰਦ, ਕਰ ਦਰਦਾਨਗੀ ਫੇਰਾ ਪਾਈਆ । ਮੇਰੇ ਅੰਦਰ ਵੜ ਕੇ ਹੁੰਦੇ ਰਹੇ ਸਰਦ, ਤਨ ਮਾਟੀ ਖ਼ਾਕ ਠੰਡ ਵਰਤਾਈਆ । ਅੰਦਰੋਂ ਕਿਸੇ ਨਾ ਗਈ ਮਰਜ਼, ਮੁਸ਼ਕਲ ਹੱਲ ਨਾ ਕੋਇ ਕਰਾਈਆ । ਮੈਂ ਕਰਦਾ ਰਿਹਾ ਇਕੋ ਅਰਜ਼, ਆਰਜ਼ੂ ਪ੍ਰਭ ਦੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਦਏ ਚੁਕਾਈਆ । ਜੁਗ ਚੌਕੜੀ ਤੱਕਿਆ ਰਾਹ, ਨੇਤਰ ਨੈਣ ਨੈਣ ਉਠਾਇਆ । ਸਾਧ ਸੰਤ ਕਿਸੇ ਨਾ ਪਕੜੀ ਬਾਂਹ, ਗੁਰ ਅਵਤਾਰ ਉਂਗਲੀ ਕੋਇ ਨਾ ਲਾਇਆ । ਗਿਆਨ ਧਿਆਨ ਸਕਿਆ ਨਾ ਪਾਰ ਕਰਾ, ਪੂਜਾ ਪਾਠ ਰੰਗ ਨਾ ਕੋਇ ਵਖਾਇਆ । ਸ਼ਾਸਤਰ ਸਿਮਰਤ ਕੂਕ ਰਹੇ ਸੁਣਾ, ਅੰਜੀਲ ਕੁਰਾਨ ਕਲਮਾ ਨਬੀ ਪੜ੍ਹਾਇਆ । ਟਿੱਲੇ ਪਰਬਤ ਰੋਵਣ ਮਾਰਨ ਧਾਹ, ਨੇਤਰ ਨੈਣਾਂ ਨੀਰ ਵਹਾਇਆ । ਸਗਲਾ ਸੰਗ ਨਾ ਦੇਵੇ ਕੋਈ ਨਿਭਾ, ਸਾਚਾ ਮੇਲ ਨਾ ਕੋਇ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਸਭ ਦੀ ਆਸਾ ਪੂਰ ਕਰਾਇਆ । ਜੁਗ ਚੌਕੜੀ ਕਰਦਾ ਰਿਹਾ ਅਰਦਾਸ, ਪ੍ਰਭ ਅੱਗੇ ਧਿਆਨ ਲਗਾਈਆ । ਮੈਂ

ਤੇਰੀ ਧਾਰੋਂ ਉਪਜੀ ਸ਼ਾਖ਼, ਸ਼ਹਿਨਸ਼ਾਹ ਤੇਰੇ ਹੱਥ ਵਡਿਆਈਆ । ਪਾਹਨ ਨਾਲ ਮੇਰਾ ਸਾਥ, ਪਾਥਰ ਮੇਰਾ ਰੰਗ ਰੰਗਾਈਆ । ਦੋਹਾਂ ਵਿਚੋਲਾ ਸਾਹਿਬ ਰਘਨਾਥ, ਤੇਰੀ ਵਡ ਸਰਨਾਈਆ । ਜਗਤ ਵੇਖੇ ਮੇਰਾ ਪੱਤਣ ਤਾਟ, ਮੈਂ ਤੇਰੇ ਕਿਨਾਰੇ ਧਿਆਨ ਲਗਾਈਆ । ਕਵਣ ਵੇਲਾ ਮੇਰੀ ਮੁਕੇ ਵਾਟ, ਹਰਿ ਚਰਨ ਮਿਲੇ ਸਰਨਾਈਆ । ਪੰਜ ਤੱਤ ਨਾ ਦਿਸੇ ਕੋਈ ਆਬ, ਨੂਰ ਜ਼ਹੂਰ ਨਾ ਕੋਇ ਰੁਸ਼ਨਾਈਆ । ਕਾਇਆ ਮੰਦਰ ਨਾ ਕੋਇ ਕਾਅਬ, ਕਲਮਾ ਰਸਨਾ ਨਾ ਕੋਇ ਜਣਾਈਆ । ਸੱਯਦਾ ਸੀਸ ਨਾ ਕੋਇ ਆਦਾਬ, ਚਰਨ ਸਰਨ ਨਾ ਕੋਇ ਸਰਨਾਈਆ । ਹੁਜਰਾ ਸਚ ਨਾ ਕੋਇ ਮਹਿਰਾਬ, ਮੰਦਰ ਨਜ਼ਰ ਕੋਇ ਨਾ ਆਈਆ । ਭੂਪਤ ਭੂਪ ਨਾ ਕੋਇ ਨਵਾਬ, ਰਾਜ ਰਾਜਾਨ ਨਾ ਕੋਇ ਅਖਵਾਈਆ । ਗੁਰ ਅਵਤਾਰ ਨਾ ਕੋਇ ਸਾਧ, ਭਗਤ ਭੇਵ ਨਾ ਕੋਇ ਚੁਕਾਈਆ । ਮੈਂ ਕੂਕ ਕੂਕ ਮਾਰਦਾ ਰਿਹਾ ਆਵਾਜ਼, ਦਰੋਹੀ ਦਰੋਹੀ ਢੋਲਾ ਗਾਈਆ । ਆ ਸਾਹਿਬ ਗ਼ਰੀਬ ਨਿਵਾਜ਼, ਨਿਮਾਣਿਆਂ ਹੋ ਸਹਾਈਆ । ਆਦਿ ਸਾਜਣ ਲਿਆ ਸਾਜ, ਅੰਤ ਵੇਖ ਬੇਪਰਵਾਹੀਆ । ਤੁਧ ਬਿਨ ਕੋਈ ਨਾ ਰਖੇ ਲਾਜ, ਮਿਹਰ ਨਜ਼ਰ ਨਾ ਕੋਇ ਉਠਾਈਆ । ਮੇਰਾ ਚਲਦਾ ਵੇਖ ਜਹਾਜ਼, ਤੇਰੇ ਕਿਨਾਰੇ ਰਾਹ ਤਕਾਈਆ । ਕਰ ਕਿਰਪਾ ਦੇਵੇਂ ਦਾਦ, ਵਸਤ ਅਮੋਲਕ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਣੀ ਮਾਣ ਵਡਿਆਈਆ । ਸਾਹਿਬ ਕਹੇ ਸੁਣ ਚੰਨ ਪਿਆਰੇ, ਹਰਿ ਜੂ ਹਰਿ ਹਰਿ ਦਏ ਵਡਿਆਈਆ । ਜੁਗ ਚੌਕੜੀ ਖੇਲ ਨਿਆਰੇ, ਨਿਰਗੁਣ ਸਰਗੁਣ ਰੂਪ ਧਰਾਈਆ । ਨਵ ਨੌਂ ਚਾਰ ਕਰੇ ਪਾਰ ਕਿਨਾਰੇ, ਵੇਲਾ ਵਕਤ ਦਏ ਸਮਝਾਈਆ । ਕਲ ਕਲਕੀ ਲੈ ਅਵਤਾਰੇ, ਨਿਹਕਲੰਕਾ ਨਾਉਂ ਰਖਾਈਆ । ਜੋਤੀ ਨੂਰ ਨੂਰ ਚਮਕਾਰੇ, ਸ਼ਬਦੀ ਸ਼ਬਦ ਡੰਕ ਵਜਾਈਆ । ਕਰੇ ਖੇਲ ਅਗੰਮ ਅਪਾਰੇ, ਅਲਖ ਨਿਰੰਜਣ ਵਡ ਵਡਿਆਈਆ । ਜੁਗ ਜਨਮ ਦੇ ਵਿਛੜੇ ਭਗਤ ਉਠਾਲੇ, ਸੋਇਆਂ ਅੱਖ ਆਪ ਖੁਲ੍ਹਾਈਆ । ਤੇਰੇ ਕੰਢੇ ਆਪ ਬਹਾਲੇ, ਮਾਣਸ ਜਨਮ ਰੂਪ ਵਟਾਈਆ । ਕਰ ਕਿਰਪਾ ਕਾਇਆ ਅੰਦਰ ਬਣਾਏ ਸੱਚੀ ਧਰਮਸਾਲੇ, ਧਰਮ ਦਵਾਰ ਇਕ ਜਣਾਈਆ । ਸਾਚਾ ਮਾਰਗ ਇਕ ਸੁਖਾਲੇ, ਰਾਹ ਇਕੋ ਇਕ ਵਖਾਈਆ । ਨਿਰਗੁਣ ਹੋ ਕੇ ਚਲੇ ਨਾਲੇ, ਸਰਗੁਣ ਸਾਚਾ ਸੰਗ ਨਿਭਾਈਆ । ਢੋਲਾ ਗਾਓ ਵਿਸ਼ਨੂੰ ਭਗਵਾਨੇ, ਸੋਹੰ ਆਪਣਾ ਨਾਮ ਜਪਾਈਆ । ਚਲ ਕੇ ਆਏ ਨੌਜਵਾਨੇ, ਨਰ ਨਰਾਇਣ ਫੇਰਾ ਪਾਈਆ । ਕਰੇ ਖੇਲ ਵਾਲੀ ਦੋ ਜਹਾਨੇ, ਭੇਵ ਅਭੇਦ ਦਏ ਜਣਾਈਆ । ਜਨ ਭਗਤਾਂ ਬੰਨ੍ਹੇ ਸਾਚੇ ਗਾਨੇ, ਸਾਚਾ ਸਗਨ ਮਨਾਈਆ । ਅੰਮ੍ਰਿਤ ਆਤਮ ਦੇਵੇ ਪੀਣ ਖਾਣੇ, ਅਮਿਉਂ ਰਸ ਇਕ ਮੁਖ ਚੁਆਈਆ । ਸਚ ਜਣਾਏ ਉਚ ਨਿਸ਼ਾਨੇ, ਨਿਸ਼ਾਨਾ ਇਕੋ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਭਗਤ ਉਪਾਏ ਤੇਰੇ ਕੰਢੇ, ਕੰਢੇ ਤੇਰੇ ਮਿਲੇ ਵਡਿਆਈਆ । ਗੀਤ ਗੋਬਿੰਦ ਜਣਾਏ ਛੰਦੇ, ਅਨਮੋਲਾ ਰਾਗ ਇਕ ਸਮਝਾਈਆ । ਮਾਣਸ ਮਨੁਖ ਵੇਖਣਹਾਰਾ ਬੰਦੇ, ਬੰਦਗੀ ਇਕੋ ਇਕ ਦ੍ਰਿੜਾਈਆ । ਫੜ ਕੇ ਚਾੜ੍ਹੇ ਆਪਣੇ ਡੰਡੇ, ਘਰ ਸਾਚਾ ਦਏ ਵਖਾਈਆ । ਗੁਰਮੁਖ ਦੋਏ ਜੋੜ ਕਰ ਬੇਨੰਤੀ ਦਾਨ ਇਕੋ ਮੰਗੇ, ਪ੍ਰਭ ਮਿਲੇ ਚਰਨ ਸਰਨਾਈਆ । ਕਵਣ ਵੇਲਾ ਕਵਣ ਵਕਤ ਹਰਿ ਸਤਿਗੁਰ ਘਰ ਦਰ ਦਰਵਾਜ਼ਾ ਲੰਘੇ, ਦੂਰ ਦੁਰਾਡਾ ਪੰਧ ਮੁਕਾਈਆ । ਹਰਿ ਸੰਤ ਸੁਹੇਲੇ ਰੱਖੇ ਸੰਗੇ, ਭਗਤਾਂ ਦੇਵੇ ਮਾਣ ਵਡਿਆਈਆ । ਗੋਦ ਬਹਾਏ ਚੰਗੇ ਮੰਦੇ, ਮੰਦੇ ਚੰਗੇ ਇਕੋ ਰੰਗ ਰੰਗਾਈਆ । ਜਿਨ੍ਹਾਂ ਗਾਏ ਸੋਹੰ ਛੰਦੇ, ਸੋ ਸਾਹਿਬ ਸੱਚੇ ਰਹੇ ਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਵੇਖਣਹਾਰਾ ਹਰ ਘਟ ਥਾਈਂਆ । ਜਨ ਭਗਤ ਦਵਾਰੇ ਆਏ ਭਗਵਾਨ, ਹਰਿ ਜੂ ਆਪਣਾ ਫੇਰਾ ਪਾਈਆ । ਤੇਰੀ ਅਰਜ਼ ਕਰੇ ਪਰਵਾਨ, ਬੇਪਰਵਾਹ ਸੱਚਾ ਸ਼ਹਿਨਸ਼ਾਹੀਆ । ਸਾਚਾ ਹੁਕਮ ਦੇਵੇ ਹੁਕਮਰਾਨ, ਧੁਰਦਰਗਾਹੀ ਹੁਕਮ ਮਨਾਈਆ । ਜਾਓ ਭਗਤੋ ਚਲੋ ਕਰੋ ਅਸ਼ਨਾਨ, ਇਛਿਆ ਚੰਨ ਦੀ ਪੂਰ ਕਰਾਈਆ । ਆਬ ਕਹੇ ਮੇਰਾ ਪੂਰਾ ਹੋਏ ਧਿਆਨ, ਧਿਆਨ ਧਿਆਨ ਨਾਲ ਮਿਲਾਈਆ । ਸਭ ਦਾ ਰਾਖਾ ਨੌਜਵਾਨ, ਮਿਹਰਵਾਨ ਬੇਪਰਵਾਹੀਆ । ਜਨ ਭਗਤਾਂ ਬਣੇ ਸਦਾ ਰਖਵਾਲ, ਜੁਗ ਜੁਗ ਸੇਵ ਕਮਾਈਆ । ਪਿਛੇ ਚਲਿਆ ਬਣ ਪ੍ਰਿਤਪਾਲ, ਪ੍ਰਿਤਪਾਲਕ ਵਡ ਵਡਿਆਈਆ । ਹਰਿ ਸੰਗਤ ਸਾਰੀ ਸਚ ਨੁਹਾਲ, ਨੱਯਾ ਆਪਣਾ ਨਾਮ ਵਖਾਈਆ । ਕੱਠੇ ਕੀਤੇ ਸ਼ਾਹ ਕੰਗਾਲ, ਊਚ ਨੀਚ ਨਾ ਕੋਇ ਜਣਾਈਆ । ਨਰ ਹਰਿ ਨਰਾਇਣ ਬਣ ਦਲਾਲ, ਪਾਹਨ ਪਾਥਰ ਸੋਭਾ ਪਾਈਆ । ਵੇਖਣਹਾਰਾ ਸਾਚੇ ਲਾਲ ਗੁਰਮੁਖ ਸੱਜਣ ਪਰਦਾ ਲਾਹੀਆ । ਲਹਿਣਾ ਦੇਣ ਚੁਕਾਏ ਵਿਚ ਜਹਾਨ, ਜਗ ਜੀਵਣ ਦਾਤਾ ਵਡ ਵਡਿਆਈਆ । ਸਾਚੀ ਆਸਾ ਕਰੇ ਪਰਵਾਨ, ਜਲ ਆਪਣਾ ਚਰਨ ਛੁਹਾਈਆ । ਨੀਰ ਸੀਰ ਹੋਇਆ ਪਰਧਾਨ, ਜ਼ੰਜੀਰ ਨਜ਼ਰ ਕੋਇ ਨਾ ਆਈਆ । ਹਰਿ ਗੋਬਿੰਦ ਦਿਤਾ ਇਕ ਬਿਆਨ, ਜ਼ਾਮਨੀ ਸਾਚੀ ਸਚ ਰਖਾਈਆ । ਅੰਤਮ ਲੇਖਾ ਮੇਟੇ ਸ੍ਰੀ ਭਗਵਾਨ, ਭਗਵਨ ਆਪਣਾ ਫੇਰਾ ਪਾਈਆ । ਗੁਰਮੁਖਾਂ ਦੇਵੇ ਦਾਨ, ਦਾਤਾ ਦਾਨੀ ਆਪ ਹੋ ਜਾਈਆ । ਤੇਰੇ ਕੰਢੇ ਬੈਠਾ ਸਿੰਘ ਹਰਨਾਮ, ਹਰਿ ਕਾ ਨਾਮ ਰਿਹਾ ਧਿਆਈਆ । ਭਗਤਾਂ ਪਿਛੇ ਤੇਰੀ ਕਲਿਆਣ, ਤੇਰਾ ਕਰਮ ਕਾਂਡ ਮਿਟਾਈਆ । ਰੋੜ੍ਹ ਰੁੜ੍ਹਦਾ ਜਾਏ ਜਹਾਨ, ਪਾਥਰ ਮਿਟੀ ਬਾਲੂ ਸਮੁੰਦ ਸਾਗਰ ਵਿਚ ਸਮਾਈਆ । ਇਹੋ ਖੇਲ ਸ੍ਰੀ ਭਗਵਾਨ, ਨਿੱਕੇ ਵੱਡੇ ਛੋਟੇ ਨੱਢੇ ਸਾਰੇ ਆਪਣੇ ਵਿਚ ਰਖਾਈਆ । ਗੁਰਮੁਖਾਂ ਗੁਰ ਗੁਰ ਵੇਖਣਹਾਰਾ ਸਾਚੇ ਬੱਚੇ, ਪਿਤਾ ਪੂਤ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਲਹਿਣਾ ਸਭ ਦਾ ਰਿਹਾ ਚੁਕਾਈਆ । ਲਹਿਣਾ ਸਭ ਦਾ ਚੁੱਕੇ ਮਾਤ, ਲੋਕਮਾਤ ਰਹਿਣ ਨਾ ਪਾਈਆ । ਅਬਿਨਾਸ਼ੀ ਕਰਤਾ ਵੇਖਣਹਾਰਾ ਮਾਰ ਝਾਤ, ਝਾਕੀ ਆਪਣੀ ਰਿਹਾ ਜਣਾਈਆ । ਰਵਦਾਸ ਚੁਮਾਰਾ ਰੱਖੇ ਸਾਥ, ਗੁਰਮੁਖ ਆਪਣੇ ਅੰਗ ਲਗਾਈਆ । ਦੋ ਜਹਾਨਾਂ ਲੇਖਾ ਲਿਖੇ ਕਲਮ ਦਵਾਤ, ਸ਼ਾਹੀ ਆਪਣਾ ਰੰਗ ਵਖਾਈਆ । ਲੇਖੇ ਅੰਦਰ ਉਤਮ ਘਾਟ, ਪੱਤਣ ਮਿਲੇ ਸੱਚਾ ਮਾਹੀਆ । ਲਹਿਣਾ ਚੁੱਕੇ ਪਿਛਲੀ ਜ਼ਾਤ, ਅੱਗੇ ਜ਼ਾਤ ਨਾ ਕੋਇ ਵਖਾਈਆ । ਨਿਰਗੁਣ ਸਾਹਿਬ ਠਾਕਰ ਵਸੇ ਸਾਥ, ਸਵਾਮੀ ਇਕੋ ਨਜ਼ਰੀ ਆਈਆ । ਗ੍ਰਿਹ ਮੰਦਰ ਪੁਛੇ ਵਾਤ, ਘਰ ਸੱਜਣ ਹੋਏ ਸਹਾਈਆ । ਚਰਨ ਕਵਲ ਬੰਧਾਏ ਨਾਤ, ਮਿੱਤਰ ਪਿਆਰਾ ਇਕ ਸ਼ਬਦ ਅਗੰਮੀ ਦੇਵੇ ਗਾਥ, ਢੋਲਾ ਇਕੋ ਇਕ ਜਣਾਈਆ । ਸਚ ਕਿਨਾਰਾ ਦੱਸੇ ਘਾਟ, ਤਟ ਇਕੋ ਇਕ ਸਮਝਾਈਆ । ਜਨਮ ਕਰਮ ਦੀ ਮੁੱਕੇ ਵਾਟ, ਪਾਂਧੀ ਪੰਧ ਨਾ ਕੋਇ ਰਖਾਈਆ । ਭਗਤ ਭਗਵਾਨ ਇਕ ਜਮਾਤ, ਸੋਹੰ ਪੱਟੀ ਰਿਹਾ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਲੇਖਾ ਲੇਖੇ ਸਭ ਦਾ ਲਾਈਆ । ਹਰਿਜਨ ਲੇਖਾ ਲੇਖੇ ਜਾਏ ਲੱਗ, ਲਾਗਤ ਹਰਿ ਨਾ ਕੋਇ ਰਖਾਈਆ । ਨਵ ਨੌਂ ਚਾਰ ਜੋ ਰਿਹਾ ਅਲੱਗ, ਅੰਤਮ ਆਪਣਾ ਮੇਲ ਮਿਲਾਈਆ । ਵੇਸ ਧਰ ਸੂਰਾ ਸਰਬੱਗ, ਸੁਰਤੀ ਸਭ ਦੀ ਰਿਹਾ ਖੁਲ੍ਹਾਈਆ । ਹਰਿਜਨ ਹੰਸ ਬਣਾਏ ਕਗ, ਸੋਹੰ ਮਾਣਕ ਮੋਤੀ ਹੰਸਾ ਚੋਗ ਚੁਗਾਈਆ । ਅੰਤਰ ਆਤਮ ਸੇਜਾ ਸਜ, ਘਰ ਮੰਦਰ ਰਿਹਾ ਸੁਹਾਈਆ । ਦਰਸ ਦਿਖਾਏ ਭੱਜ ਭੱਜ, ਸਤਿਗੁਰ ਸੱਚਾ ਵਡ ਵਡਿਆਈਆ । ਗ਼ਰੀਬ ਨਿਮਾਣਿਆਂ ਦੁਖੀਆਂ ਦਰਦ ਰਿਹਾ ਵੰਡ, ਹਿੱਸਾ

ਆਪਣੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਸਦਾ ਅਖਵਾਈਆ । ਮਿਹਰਵਾਨ ਹੋਇਆ ਮਿਹਰਵਾਨ, ਆਪਣੇ ਹੱਥ ਰੱਖੇ ਵਡਿਆਈਆ । ਜਨ ਭਗਤਾਂ ਦੇਵੇ ਮਾਣ, ਸਿਰ ਆਪਣਾ ਹੱਥ ਰਖਾਈਆ । ਦੁਖ ਦਰਦ ਸਰਬ ਮਿਟ ਜਾਣ, ਬਖ਼ਸ਼ੇ ਸਚ ਸੱਚੀ ਸਰਨਾਈਆ । ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿਜਨ ਢੋਲਾ ਗਾਣ, ਆਤਮ ਅੰਤਰ ਵੱਜੇ ਵਧਾਈਆ । ਘਰ ਸੁਖ ਉਪਜੇ ਆਣ, ਮੁਖ ਉਜਲ ਦਏ ਕਰਾਈਆ । ਚਨ ਆਬ ਕਰ ਪਰਵਾਨ, ਆਬੇ ਹਯਾਤ ਸਰਬ ਪਿਆਈਆ । ਕਰੇ ਖੇਲ ਖ਼ਲਕ ਮਹਾਨ, ਖ਼ਾਲਕ ਆਪਣੀ ਧਾਰ ਸਮਝਾਈਆ । ਕਲਜੁਗ ਅੰਤ ਹੋ ਪਰਧਾਨ, ਭਗਤ ਭਗਵੰਤ ਲਏ ਉਠਾਈਆ । ਸਰਬ ਜੀਆਂ ਦਾ ਇਕ ਗਿਆਨ, ਇਕੋ ਨਾਮ ਦ੍ਰਿੜਾਈਆ । ਸਰਬ ਜੀਆਂ ਦਾ ਇਕ ਅਸ਼ਨਾਨ, ਇਕ ਸਰੋਵਰ ਨੁਹਾਈਆ । ਸਰਬ ਜੀਆਂ ਦਾ ਇਕ ਮਕਾਨ, ਮੰਦਰ ਇਕੋ ਦਏ ਦਰਸਾਈਆ । ਸਰਬ ਜੀਆਂ ਦਾ ਇਕ ਧਿਆਨ, ਗੁਰ ਚਰਨ ਸੱਚੀ ਸਰਨਾਈਆ । ਸਰਬ ਜੀਆਂ ਦਾ ਇਕ ਮਾਣ, ਜੋ ਪ੍ਰਭ ਦਰ ਬੈਠਣ ਸੀਸ ਝੁਕਾਈਆ । ਸਰਬ ਜੀਆਂ ਦਾ ਇਕ ਨਿਸ਼ਾਨ, ਸਤਿ ਸਤਿਵਾਦੀ ਆਪ ਝੁਲਾਈਆ । ਸਰਬ ਜੀਆਂ ਦਾ ਇਕ ਗਿਆਨ, ਸੋਹੰ ਢੋਲਾ ਰਿਹਾ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦੀ ਇਛਿਆ ਕਰੇ ਪਰਵਾਨ, ਨਿਰਾਸਾ ਰਹਿਣ ਕੋਇ ਨਾ ਪਾਈਆ ।

### ★ ੨੪ ਜੇਠ ੨੦੨੦ ਬਿਕ੍ਰਮੀ ਧੰਨਾ ਰਾਮ ਦੇ ਗ੍ਰਿਹ ਅੰਬਾ ਰਾਏ ਜੰਮੂ ★

ਹਰਿ ਕਾ ਹੁਕਮ ਹਰਿ ਦਵਾਰ, ਹਰਿ ਹਰਿ ਆਪ ਚਲਾਇੰਦਾ । ਹਰਿ ਕਾ ਹੁਕਮ ਹਰਿ ਕਰਤਾਰ, ਹਰਿ ਕਰਤਾ ਖੇਲ ਕਰਾਇੰਦਾ । ਹਰਿ ਕਾ ਹੁਕਮ ਹਰਿ ਮੰਦਰ ਅਪਰ ਅਪਾਰ, ਹਰਿ ਹਰਿ ਆਪ ਬਣਾਇੰਦਾ । ਹਰਿ ਕਾ ਹੁਕਮ ਸਚਖੰਡ ਖੋਲ੍ਹ ਕਿਵਾੜ, ਸਚ ਦਵਾਰਾ ਸੋਭਾ ਪਾਇੰਦਾ । ਹਰਿ ਕਾ ਹੁਕਮ ਨਿਰਗੁਣ ਸਰਗੁਣ ਬੰਨ੍ਹੇ ਧਾਰ, ਨਿਰਵੈਰ ਆਪਣੀ ਕਾਰ ਕਮਾਇੰਦਾ । ਹਰਿ ਕਾ ਹੁਕਮ ਵਿਸ਼ਨ ਬ੍ਰਹਮਾ ਸ਼ਿਵ ਕਰੇ ਪਸਾਰ, ਤ੍ਰੈ ਤ੍ਰੈ ਆਪਣਾ ਰੰਗ ਰੰਗਾਇੰਦਾ । ਹਰਿ ਕਾ ਹੁਕਮ ਤ੍ਰੈ ਪੰਜ ਅਖਾੜ, ਨਿਰਗੁਣ ਸਰਗੁਣ ਵੰਡ ਵੰਡਾਇੰਦਾ । ਹਰਿ ਕਾ ਹੁਕਮ ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਪਸਾਰ, ਸੂਰਜ ਚੰਦ ਨੂਰ ਚਮਕਾਇੰਦਾ । ਹਰਿ ਕਾ ਹੁਕਮ ਧਰਨੀ ਧਰਤ ਧਵਲ ਆਕਾਸ਼, ਧੌਲ ਆਪਣਾ ਹੁਕਮ ਮਨਾਇੰਦਾ । ਹਰਿ ਕਾ ਹੁਕਮ ਸ਼ਾਸਤਰ ਸਿਮਰਤ ਵੇਦ ਪੁਰਾਨ ਕਰ ਪਰਕਾਸ਼, ਲੋਕਮਾਤੀ ਰਾਹ ਚਲਾਇੰਦਾ । ਹਰਿ ਕਾ ਹੁਕਮ ਗੁਰ ਅਵਤਾਰ ਖੇਲ ਤਮਾਸ਼, ਜੁਗ ਜੁਗ ਆਪਣੀ ਕਾਰ ਕਮਾਇੰਦਾ । ਹਰਿ ਕਾ ਹੁਕਮ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਪਾਵੇ ਰਾਸ, ਮੰਡਲ ਮੰਡਪ ਗੋਪੀ ਕਾਹਨ ਨਚਾਇੰਦਾ । ਹਰਿ ਕਾ ਹੁਕਮ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਰੰਗ ਚੜ੍ਹਾਇੰਦਾ । ਹਰਿ ਕਾ ਹੁਕਮ ਲੱਖ ਚੁਰਾਸੀ ਖੇਲ ਤਮਾਸ਼, ਖ਼ਾਲਕ ਖ਼ਲਕ ਰੂਪ ਵਟਾਇੰਦਾ । ਹਰਿ ਕਾ ਹੁਕਮ ਆਤਮ ਪਰਮਾਤਮ ਆਸ, ਆਸਾ ਆਸਾ ਵਿਚੋਂ ਜਣਾਇੰਦਾ । ਹਰਿ ਕਾ ਹੁਕਮ ਲੋਕ ਪਰਲੋਕ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਵਰਤਾਇੰਦਾ । ਹਰਿ ਕਾ ਹੁਕਮ ਸਦਾ ਵਰਤੰਤ, ਨਾ ਕੋਈ ਮੇਟੇ ਮੇਟ ਮਿਟਾਈਆ । ਹਰਿ ਕਾ ਹੁਕਮ

ਸ੍ਰੀ ਭਗਵੰਤ, ਭਗਵਨ ਆਪਣੀ ਕਾਰ ਜਣਾਈਆ । ਹਰਿ ਕਾ ਹੁਕਮ ਮਹਿਮਾ ਅਗਣਤ, ਲੇਖਾ ਲਿਖ ਨਾ ਸਕੇ ਕੋਈ ਰਾਈਆ । ਹਰਿ ਕਾ ਹੁਕਮ ਜੁਗਾ ਜੁਗੰਤ, ਜੁਗ ਚੌਕੜੀ ਕਾਰੇ ਲਾਈਆ । ਹਰਿ ਕਾ ਹੁਕਮ ਬੋਧ ਅਗਾਧਾ ਪੰਡਤ, ਸਦਾ ਸਦ ਕਰੇ ਸਚ ਪੜ੍ਹਾਈਆ । ਹਰਿ ਕਾ ਹੁਕਮ ਧੁਰਦਰਗਾਹੀ ਮੰਤ, ਮੰਤਰ ਇਕੋ ਨਾਮ ਜਣਾਈਆ । ਹਰਿ ਕਾ ਹੁਕਮ ਨਿਰਗੁਣ ਸਰਗੁਣ ਮੇਲਾ ਨਾਰ ਕੰਤ, ਸੇਜ ਸੁਹੰਜਣੀ ਇਕ ਵਡਿਆਈਆ । ਹਰਿ ਕਾ ਮੰਤ ਹਰਿਜਨ ਸੰਤ, ਹੁਕਮੀ ਹੁਕਮ ਖੇਲ ਕਰਾਈਆ । ਹਰਿ ਕਾ ਹੁਕਮ ਭਗਤ ਭਗਵੰਤ, ਆਪਣੇ ਰੰਗ ਵਖਾਈਆ । ਹਰਿ ਕਾ ਹੁਕਮ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਜਗਤ ਮਨਾਈਆ । ਹਰਿ ਕਾ ਹੁਕਮ ਜੁਗ ਜੁਗ ਜੁਗ ਚਾਰ, ਚਾਰੇ ਵੇਦਾਂ ਭੇਵ ਖੁਲ੍ਹਾਇੰਦਾ । ਹਰਿ ਕਾ ਹੁਕਮ ਜੁਗ ਚੌਕੜੀ ਕਰ ਪਸਾਰ, ਨਿਤ ਨਵਿਤ ਆਪਣੀ ਧਾਰ ਵਖਾਇੰਦਾ । ਹਰਿ ਕਾ ਹੁਕਮ ਚਾਰੇ ਖਾਣੀ ਕਰ ਉਜਿਆਰ, ਅੰਡਜ ਜੇਰਜ ਉਤਭੁਜ ਸੇਤਜ ਵੰਡ ਵੰਡਾਇੰਦਾ । ਹਰਿ ਕਾ ਹੁਕਮ ਚਾਰੇ ਬਾਣੀ ਬੋਲ ਜੈਕਾਰ, ਚਾਰੋਂ ਕੁੰਟ ਨਾਅਰਾ ਇਕ ਲਗਾਇੰਦਾ । ਹਰਿ ਕਾ ਹੁਕਮ ਸਰਬ ਪਸਾਰ, ਹੁਕਮੇ ਅੰਦਰ ਖੇਲ ਵਖਾਇੰਦਾ । ਹਰਿ ਕਾ ਹੁਕਮ ਲੱਖ ਚੁਰਾਸੀ ਦੇ ਆਧਾਰ, ਘਟ ਘਟ ਵਾਸੀ ਵੇਖ ਵਖਾਇੰਦਾ । ਹਰਿ ਕਾ ਹੁਕਮ ਗੁਰ ਅਵਤਾਰ ਸ਼ਬਦੀ ਬੋਲ ਜੈਕਾਰ, ਲੋਕਮਾਤ ਸਰਬ ਸਮਝਾਇੰਦਾ । ਹਰਿ ਕਾ ਹੁਕਮ ਲੇਖਾ ਜਾਣੇ ਧੁਰ ਦਰਬਾਰ, ਧੁਰ ਦੀ ਬਾਣੀ ਬਾਣ ਲਗਾਇੰਦਾ । ਹਰਿ ਕਾ ਹੁਕਮ ਭਗਤ ਪਿਆਰ, ਸਚ ਪ੍ਰੀਤੀ ਇਕ ਸਮਝਾਇੰਦਾ । ਹਰਿ ਕਾ ਹੁਕਮ ਸੰਤ ਆਧਾਰ, ਹਰਿ ਜਨ ਸਾਚੇ ਪਾਰ ਕਰਾਇੰਦਾ । ਹਰਿ ਕਾ ਹੁਕਮ ਗੁਰਮੁਖ ਉਜਿਆਰ, ਗੁਰ ਗੁਰ ਸਿਫ਼ਤੀ ਸਿਫ਼ਤ ਸਾਲਾਹਿੰਦਾ । ਹਰਿ ਕਾ ਹੁਕਮ ਗੁਰਮੁਖ ਜਾਏ ਤਾਰ, ਫੜ ਬਾਂਹੋਂ ਪਾਰ ਕਰਾਇੰਦਾ । ਹਰਿ ਕਾ ਹੁਕਮ ਮੰਨੇ ਗੁਰ ਅਵਤਾਰ, ਪੀਰ ਪੈਗ਼ੰਬਰ ਸੀਸ ਝੁਕਾਇੰਦਾ । ਹਰਿ ਕਾ ਹੁਕਮ ਡੂੰਘਾ ਸਾਗਰ ਵਿਚ ਸੰਸਾਰ, ਹਾਥ ਕੋਇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮੇ ਅੰਦਰ ਖੇਲ ਕਰਾਇੰਦਾ । ਹਰਿ ਕਾ ਹੁਕਮ ਸਦਾ ਸਦ ਮੀਤ, ਸਗਲਾ ਸੰਗ ਨਿਭਾਈਆ । ਹਰਿ ਕਾ ਹੁਕਮ ਸਦਾ ਅਤੀਤ, ਨਾ ਕੋਈ ਮੇਟੇ ਮੇਟ ਮਿਟਾਈਆ । ਹਰਿ ਕਾ ਹੁਕਮ ਸਦਾ ਸਰਜੀਤ, ਨਾ ਮਰੇ ਨਾ ਜਾਈਆ । ਹਰਿ ਕਾ ਹੁਕਮ ਸਦਾ ਅਨਡੀਠ, ਜਗਤ ਨੇਤਰ ਵੇਖਣ ਕੋਇ ਨਾ ਪਾਈਆ । ਹਰਿ ਕਾ ਹੁਕਮ ਮੰਦਰ ਮਸੀਤ, ਸ਼ਿਵਦਵਾਲੇ ਮੱਠ ਉਪਜਾਈਆ । ਹਰਿ ਕਾ ਹੁਕਮ ਖੇਲ ਹਸਤ ਕੀਟ, ਊਚ ਨੀਚ ਵੰਡ ਵੰਡਾਈਆ । ਹਰਿ ਕਾ ਹੁਕਮ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਦਏ ਸਮਝਾਈਆ । ਹਰਿ ਕਾ ਹੁਕਮ ਮਾਣੋ ਇਕ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਹਰਿ ਕਾ ਹੁਕਮ ਗੁਰਮੁਖ ਸਿਖ, ਸਿਖਿਆ ਸਚ ਸਮਝਾਈਆ । ਹਰਿ ਕਾ ਹੁਕਮ ਲੇਖਾ ਦੇਵੇ ਲਿਖ, ਨਾ ਸਕੇ ਕੋਇ ਮਿਟਾਈਆ । ਹਰਿ ਕਾ ਹੁਕਮ ਧੁਰਦਰਗਾਹੀ ਪਾਏ ਭਿਖ, ਭਿਛਿਆ ਇਕੋ ਇਕ ਵਰਤਾਈਆ । ਹਰਿ ਕਾ ਹੁਕਮ ਜਨ ਭਗਤਾਂ ਕਰੇ ਹਿਤ, ਹਿਤਕਾਰੀ ਇਕ ਅਖਵਾਈਆ । ਹਰਿ ਕਾ ਹੁਕਮ ਰਹੇ ਨਿਤ ਨਵਿਤ, ਜੁਗ ਜੁਗ ਸੰਗ ਨਿਭਾਈਆ । ਹਰਿ ਕਾ ਹੁਕਮ ਹਰਿਜਨ ਵਸੇ ਚਿਤ, ਧਿਆਨ ਇਕੋ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮੇ ਅੰਦਰ ਹੁਕਮ ਵਰਤਾਈਆ । ਹਰਿ ਕਾ ਹੁਕਮ ਹਰ ਘਟ ਅੰਦਰ, ਹੁਕਮੀ ਹੁਕਮ ਜਣਾਇੰਦਾ । ਹਰਿ ਕਾ ਹੁਕਮ ਡੂੰਘੀ ਕੰਦਰ, ਉਚੇ ਟਿੱਲੇ ਪਰਬਤ ਵੇਖ ਵਖਾਇੰਦਾ । ਹਰਿ ਕਾ ਹੁਕਮ ਤੋੜਨਹਾਰਾ ਜੰਦਰ, ਕੁੰਜੀ ਆਪਣੇ ਹੱਥ ਵਖਾਇੰਦਾ । ਜੋਤੀ ਜੋਤ

੭੭੧ ੧੪

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਕਾ ਹੁਕਮ ਹਰਿਜਨ ਮੇਲ ਮਿਲਾਇੰਦਾ । ਹਰਿ ਕਾ ਹੁਕਮ ਠਾਂਡਾ ਸੀਤਾ, ਸਦਾ ਸਦਾ ਸਹਿਜ ਸੁਖਦਾਈਆ । ਹਰਿ ਕਾ ਹੁਕਮ ਅਗੰਮੀ ਗੀਤਾ, ਗੁਰ ਗਿਆਨ ਕਰੇ ਪੜ੍ਹਾਈਆ । ਹਰਿ ਕਾ ਹੁਕਮ ਸਦਾ ਸਦਾ ਸਦ ਜੀਤਾ, ਜੀਵਤ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਹੁਕਮੇ ਅੰਦਰ ਹੁਕਮੀ ਕਾਰ ਕਮਾਈਆ । ਹਰਿ ਕਾ ਹੁਕਮ ਹਰਿ ਕੀ ਮਾਇਆ, ਹਰਿ ਹਰਿ ਜੂ ਆਪ ਉਪਾਇੰਦਾ । ਹਰਿ ਕਾ ਹੁਕਮ ਹਰਿ ਕੀ ਛਾਇਆ, ਸ਼ਹਿਨਸ਼ਾਹ ਆਪਣੀ ਖੇਲ ਰਚਾਇੰਦਾ । ਹਰਿ ਕਾ ਹੁਕਮ ਹਰਿ ਉਪਜਾਇਆ, ਹਰਿ ਹਰਿ ਹੀ ਵੇਖ ਵਖਾਇੰਦਾ । ਹਰਿ ਕਾ ਹੁਕਮ ਹਰਿ ਸੁਣਾਇਆ, ਹਰਿ ਹਰਿ ਹੀ ਆਪ ਮਨਾਇੰਦਾ । ਹਰਿ ਕਾ ਹੁਕਮ ਆਪ ਵਰਤਾਇਆ, ਹਰਿ ਹਰਿ ਆਪੇ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮੇ ਅੰਦਰ ਸਰਬ ਰਖਾਇੰਦਾ । ਹੁਕਮੇ ਅੰਦਰ ਜਗਤ ਜੁਗ, ਹਰਿ ਹਰਿ ਕਾਰ ਕਮਾਈਆ । ਹੁਕਮੇ ਅੰਦਰ ਭਗਤ ਚੁੱਕ, ਚੁੱਕ ਚੁੱਕ ਮੇਲ ਮਿਲਾਈਆ । ਹੁਕਮੇ ਅੰਦਰ ਬੈਠਾ ਲੁਕ, ਆਪਣਾ ਮੁਖ ਭੁਆਈਆ । ਹੁਕਮੇ ਅੰਦਰ ਦੇਵੇ ਸੁਖ, ਸੁਖ ਸਾਗਰ ਰੂਪ ਵਟਾਈਆ । ਹੁਕਮੇ ਅੰਦਰ ਸੰਤ ਸੁਹੇਲੇ ਗੋਦੀ ਚੁੱਕ, ਚੁੱਕ ਚੁੱਕ ਆਪਣੇ ਰੰਗ ਰੰਗਾਈਆ । ਹੁਕਮੇ ਅੰਦਰ ਆਪੇ ਉਠ, ਗੁਰ ਸਤਿਗੁਰ ਵੇਸ ਵਟਾਈਆ । ਹੁਕਮੇ ਅੰਦਰ ਆਪੇ ਤੁੱਠ, ਜੋਤੀ ਜੋਤ ਕਰੇ ਰੁਸ਼ਨਾਈਆ । ਹੁਕਮੇ ਅੰਦਰ ਬੈਠਾ ਰਹੇ ਚੁੱਪ, ਰਸਨਾ ਜਿਹਵਾ ਨਾ ਕੋਇ ਜਣਾਈਆ । ਹੁਕਮੇ ਅੰਦਰ ਵੜਿਆ ਰਹੇ ਅੰਧੇਰੇ ਘੁੱਪ, ਨੂਰ ਨਜ਼ਰ ਕਿਸੇ ਨਾ ਆਈਆ । ਹੁਕਮੇ ਅੰਦਰ ਨੇੜੇ ਜਾਏ ਢੁਕ, ਦੂਰ ਦੁਰਾਡਾ ਪੰਧ ਮੁਕਾਈਆ । ਹੁਕਮੇ ਅੰਦਰ ਇਕ ਲੱਖ ਅੱਸੀ ਹਜ਼ਾਰ ਭੂਤ, ਪਰੇਤ ਆਪਣਾ ਹੁਕਮ ਮਨਾਈਆ । ਹੁਕਮੇ ਅੰਦਰ ਚਾਰ ਲੱਖ ਦਾ ਤਾਣਾਂ ਪੇਟਾ ਸੂਤ, ਸੂਤਰਧਾਰੀ ਵੇਖ ਵਖਾਈਆ । ਹੁਕਮੇ ਅੰਦਰ ਪੰਜ ਤੱਤ ਕਲਬੂਤ, ਕਾਇਆ ਬੰਕ ਵਡਿਆਈਆ । ਹੁਕਮੇ ਅੰਦਰ ਨਾਮ ਜਾਸੂਸ, ਘਰ ਘਰ ਵੇਖ ਵਖਾਈਆ । ਹੁਕਮੇ ਅੰਦਰ ਕਰ ਮਹਿਸੂਸ, ਮੁਸ਼ਕਲ ਹੱਲ ਦਏ ਕਰਾਈਆ । ਹੁਕਮੇ ਅੰਦਰ ਕਰ ਮਹਿਫ਼ੂਜ਼, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੁਕਮੇ ਅੰਦਰ ਹੁਕਮੀ ਕਾਰ, ਹੁਕਮੇ ਅੰਦਰ ਦੁਸ਼ਟ ਦਏ ਸੰਘਾਰ, ਹੁਕਮੇ ਅੰਦਰ ਕਰਮ ਕੁਕਰਮਾਂ ਮਾਰੇ ਮਾਰ, ਹੁਕਮੇ ਅੰਦਰ ਖ਼ਾਕੀ ਖ਼ਾਕ ਖ਼ਾਕ ਵਿਚ ਮਿਲਾਈਆ ।

## ★ ੨੪ ਜੇਠ ੨੦੨੦ ਬਿਕ੍ਰਮੀ ਚੇਲਾ ਸਿੰਘ ਦੇ ਗ੍ਰਿਹਿ ਵਜ਼ਾਰਤ ਰੋਡ ਜੰਮੂ ★

ਸਚ ਤਖ਼ਤ ਸੋਹੇ ਸੁਲਤਾਨ, ਸਤਿ ਸਤਿਵਾਦੀ ਵਡ ਵਡਿਆਈਆ । ਸੋ ਪੁਰਖ ਨਿਰੰਜਣ ਰਾਜ ਰਾਜਾਨ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਹਰਿ ਪੁਰਖ ਨਿਰੰਜਣ ਹੁਕਮਰਾਨ, ਧੁਰਦਰਗਾਹੀ ਬੇਪਰਵਾਹੀਆ । ਏਕੰਕਾਰਾ ਵਡ ਬਲਵਾਨ, ਬਲਧਾਰੀ ਇਕ ਅਖਵਾਈਆ । ਆਦਿ ਨਿਰੰਜਣ ਨੂਰ ਮਹਾਨ, ਜੋਤੀ ਜਾਤਾ ਡਗਮਗਾਈਆ । ਸ੍ਰੀ ਭਗਵਾਨ ਹੋ ਪਰਧਾਨ, ਸਚ ਪਰਧਾਨਗੀ ਆਪ ਕਮਾਈਆ । ਅਬਿਨਾਸ਼ੀ ਕਰਤਾ ਖੇਲ ਮਹਾਨ, ਭੇਵ ਕੋਇ ਨਾ ਪਾਈਆ । ਪਾਰਬ੍ਰਹਮ ਪ੍ਰਭ ਦੇਵਣਹਾਰਾ ਦਾਨ, ਵਸਤ ਆਪਣੀ ਆਪ ਵਰਤਾਈਆ । ਦਰ ਦਰਵੇਸ਼ ਬਣ ਦਰਬਾਨ, ਘਰ ਆਪਣੇ

ਅਲੱਖ ਜਗਾਈਆ । ਦਾਤਾ ਦਾਨੀ ਹੋ ਮਿਹਰਵਾਨ, ਝੋਲੀ ਆਪਣੀ ਆਪ ਭਰਾਈਆ । ਸਾਚੀ ਇਛਿਆ ਕਰ ਬਲਵਾਨ, ਭੇਵ ਅਭੇਦ ਆਪ ਖੁਲ੍ਹਾਈਆ । ਤਖ਼ਤ ਨਿਵਾਸੀ ਨੌਜਵਾਨ, ਰੂਪ ਰੰਗ ਰੇਖ ਨਾ ਕੋਇ ਰਖਾਈਆ । ਧੁਰ ਫ਼ਰਮਾਨਾ ਦੇਵੇ ਆਣ, ਆਪ ਆਪਣਾ ਹੁਕਮ ਜਣਾਈਆ । ਸਚਖੰਡ ਦਵਾਰ ਸਚ ਮਕਾਨ, ਸੋ ਸਾਹਿਬ ਆਪ ਪਰਗਟਾਈਆ । ਦੀਵਾ ਬਾਤੀ ਇਕ ਮਹਾਨ, ਨਿਰਗੁਣ ਜੋਤ ਨੂਰ ਰੁਸ਼ਨਾਈਆ । ਇਕ ਇਕੱਲਾ ਬੈਠ ਬੇਜ਼ਬਾਨ, ਸਤਿ ਦਵਾਰਾ ਆਪ ਸੁਹਾਈਆ । ਦੂਸਰ ਦਿਸੇ ਨਾ ਕੋਇ ਨਿਸ਼ਾਨ, ਨਿਸ਼ਾਨਾ ਆਪਣਾ ਇਕ ਉਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਕਰਾਈਆ । ਸਚਖੰਡ ਦਵਾਰਾ ਸੋਭਾਵੰਤ, ਸੋ ਪੁਰਖ ਨਿਰੰਜਣ ਆਪ ਸੁਹਾਈਆ । ਹਰਿ ਪੁਰਖ ਨਿਰੰਜਣ ਸਾਚਾ ਕੰਤ, ਨਿਰਗੁਣ ਨਿਰਵੈਰ ਵਡ ਵਡਿਆਈਆ । ਏਕੰਕਾਰ ਬਣਾਏ ਬਣਤ, ਘਾੜਤ ਘੜਤ ਸਮਝ ਕਿਸੇ ਨਾ ਆਈਆ । ਆਦਿ ਨਿਰੰਜਣ ਮਹਿਮਾ ਅਨੰਤ, ਲੇਖਾ ਗਣਤ ਨਾ ਕੋਇ ਗਣਾਈਆ । ਸ੍ਰੀ ਭਗਵਾਨ ਸੋਭਾਵੰਤ, ਅਬਿਨਾਸ਼ੀ ਕਰਤਾ ਵੇਸ ਵਟਾਈਆ । ਪਾਰਬ੍ਰਹਮ ਪ੍ਰਭ ਧਾਰ ਬੇਅੰਤ, ਧਾਰ ਧਾਰ ਵਿਚੋਂ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਈਆ । ਸਾਚਾ ਖੇਲ ਹਰਿ ਨਿਰੰਕਾਰ, ਆਦਿ ਪੁਰਖ ਆਪ ਕਰਾਇੰਦਾ । ਨਿਰਗੁਣ ਨਿਰਗੁਣ ਹੋ ਉਜਿਆਰ, ਅਸੁਤੇ ਪਰਕਾਸ਼ ਆਪ ਰਖਾਇੰਦਾ । ਜੋਤੀ ਜਾਤਾ ਅਪਰ ਅਪਾਰ, ਅਪਰੰਪਰ ਆਪਣੀ ਧਾਰ ਚਲਾਇੰਦਾ । ਨਾਰ ਕੰਤ ਕਰ ਪਿਆਰ, ਸੇਜ ਸੁਹੰਜਣੀ ਆਪਣੀ ਆਪ ਹੰਡਾਇੰਦਾ । ਸਾਚੇ ਮੰਦਰ ਖੇਲ ਅਪਾਰ, ਨਿਰਵੈਰ ਪੁਰਖ ਆਪ ਕਰਾਇੰਦਾ । ਜਨਨੀ ਜਨ ਸ਼ਹਿਨਸ਼ਾਹ ਬਣ ਆਪ ਕਰਤਾਰ, ਕਰਨੀ ਕਰਤਾ ਆਪ ਕਮਾਇੰਦਾ । ਸੁਤ ਦੁਲਾਰਾ ਕਰ ਤਿਆਰ, ਸ਼ਬਦੀ ਸ਼ਬਦ ਗੋਦ ਬਹਾਇੰਦਾ । ਆਪਣੀ ਇਛਿਆ ਕਰ ਵਿਚਾਰ, ਸਾਚੀ ਸਿਖਿਆ ਆਪਣੇ ਹੱਥ ਰਖਾਇੰਦਾ । ਸਚਖੰਡ ਅੰਦਰ ਖੇਲ ਨਿਆਰ, ਨਿਰਾਕਾਰ ਆਪ ਜਣਾਇੰਦਾ । ਘਰ ਵਿਚ ਘਰ ਕਰ ਤਿਆਰ, ਥਿਰ ਘਰ ਸਾਚੀ ਬਣਤ ਬਣਾਇੰਦਾ । ਸੁਤ ਦੁਲਾਰਾ ਬਾਲਾ ਨੱਢਾ ਆਪ ਉਠਾਲ, ਧੁਰ ਫ਼ਰਮਾਨਾ ਹੁਕਮ ਜਣਾਇੰਦਾ । ਉਠ ਸੁਹੰਜਣੇ ਮੇਰੇ ਲਾਲ, ਸਾਹਿਬ ਸੁਲਤਾਨ ਆਪ ਜਗਾਇੰਦਾ । ਥਿਰ ਘਰ ਵੇਖ ਇਕ ਮਕਾਨ, ਛੱਪਰ ਛੰਨ ਨਾ ਕੋਇ ਛੁਹਾਇੰਦਾ । ਦਰ ਦਰਵਾਜ਼ਾ ਖੋਲ੍ਹ ਮਹਾਨ, ਆਪ ਆਪਣੀ ਨਿਗਹ ਟਿਕਾਇੰਦਾ । ਦੀਪਕ ਦੀਆ ਇਕ ਮਹਾਨ, ਬਿਨ ਤੇਲ ਬਾਤੀ ਵਿਚ ਟਿਕਾਇੰਦਾ । ਅੱਠੇ ਪਹਿਰ ਦੇ ਗਿਆਨ, ਨਿਸ਼ਅੱਖਰ ਅੱਖਰ ਆਪ ਪੜ੍ਹਾਇੰਦਾ । ਸਤਿ ਸਤਿਵਾਦੀ ਸਤਿ ਨਿਸ਼ਾਨ, ਸੋ ਸਾਹਿਬ ਆਪ ਉਠਾਇੰਦਾ । ਸੁਤ ਦੁਲਾਰੇ ਵੇਖ ਮਾਰ ਧਿਆਨ, ਬੇਪਹਿਚਾਨ ਆਪ ਜਣਾਇੰਦਾ । ਸਚਖੰਡ ਸੋਹੇ ਤੇਰਾ ਭਗਵਾਨ, ਬੇਪਰਵਾਹ ਆਪਣੀ ਕਾਰ ਕਮਾਇੰਦਾ । ਹੁਕਮੇ ਅੰਦਰ ਦੇਵੇ ਫ਼ਰਮਾਨ, ਧੁਰ ਸੰਦੇਸਾ ਆਪ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਜਣਾਇੰਦਾ । ਉਠ ਸੁਤ ਸ਼ਬਦ ਦੁਲਾਰੇ, ਸੋ ਪੁਰਖ ਨਿਰੰਜਣ ਆਪ ਜਣਾਈਆ । ਥਿਰ ਘਰ ਤੇਰਾ ਸੋਹੇ ਚੁਬਾਰੇ, ਚਾਰ ਕੁੰਟ ਨਜ਼ਰ ਕੋਇ ਨਾ ਆਈਆ । ਦਹਿ ਦਿਸ਼ਾ ਨਾ ਕੋਇ ਅਖਾੜੇ ਮੰਡਲ ਮੰਡਪ ਨਾ ਕੋਇ ਜਣਾਈਆ । ਇਕੋ ਨਿਰਮਲ ਜੋਤ ਜਗੇ ਨਿਰੰਕਾਰੇ, ਦੂਜਾ ਸੰਗ ਨਾ ਕੋਇ ਰਖਾਈਆ । ਸਾਹਿਬ ਸੁਲਤਾਨ ਤੇਰਾ ਮੀਤ ਮੁਰਾਰੇ, ਸੱਜਣ ਇਕੋ ਇਕ ਅਖਵਾਈਆ । ਸਦ ਵਸਦਾ ਰਹੇ ਸਚਖੰਡ ਦਵਾਰੇ, ਦਵਾਰਾ ਆਪਣਾ ਆਪ ਸੁਹਾਈਆ । ਬੋਧ ਅਗਾਧ ਸੁਣੌਂਦਾ ਰਹੇ ਜੈਕਾਰੇ, ਜੈ ਜੈਕਾਰ ਇਕ ਸਮਝਾਈਆ । ਨਾਤਾ ਜੋੜੇ ਅਪਰ ਅਪਾਰੇ, ਬਿਧਾਤਾ ਆਪਣੇ ਨਾਲ ਮਿਲਾਈਆ । ਭੇਵ ਅਭੇਦਾ

ਖੋਲ੍ਹੇ ਅੰਦਰ ਬਾਹਰੇ, ਗੁਪਤ ਜ਼ਾਹਰ ਆਪਣੀ ਕਾਰ ਕਮਾਈਆ । ਪਿਤਾ ਪੂਤ ਕਰੇ ਪਿਆਰੇ, ਸਚ ਪ੍ਰੀਤੀ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਰਿਹਾ ਜਣਾਈਆ । ਛੋਟਾ ਬਾਲਾ ਗਿਆ ਹੱਸ, ਪ੍ਰਭ ਅੱਗੇ ਸੀਸ ਝੁਕਾਈਆ । ਥਿਰ ਘਰ ਦਵਾਰੇ ਜਾਵਾਂ ਵਸ, ਸਦ ਚਲਾਂ ਹੁਕਮ ਰਜ਼ਾਈਆ । ਤੇਰੇ ਮਿਲਣ ਦੀ ਰੱਖਾਂ ਆਸ, ਇਕ ਧਿਆਨ ਲਗਾਈਆ । ਤੂੰ ਸਤਿਗੁਰ ਵਸੀਂ ਮੇਰੇ ਪਾਸ, ਪੁਰਖ ਅਕਾਲ ਤੇਰੀ ਵਡਿਆਈਆ । ਮੈਂ ਵੇਖਾਂ ਤੇਰੀ ਨਿਰਗੁਣ ਰਾਸ, ਨਿਰਵੈਰ ਤੇਰਾ ਨੂਰ ਰੁਸ਼ਨਾਈਆ । ਤੇਰੀ ਪਰੇਮ ਪ੍ਰੀਤੀ ਮੇਰੀ ਬੁਝਾਏ ਪਿਆਸ, ਤ੍ਰਿਸਨਾ ਅਵਰ ਨਾ ਲਾਗੇ ਰਾਈਆ । ਨਿਤ ਨਵਿਤ ਦੇਣਾ ਸਾਥ, ਸਗਲਾ ਸੰਗ ਨਿਭਾਈਆ । ਦਰ ਭਿਖਾਰੀ ਦੇਣੀ ਦਾਤ, ਵਸਤ ਅਮੋਲਕ ਝੋਲੀ ਪਾਈਆ । ਮੈਂ ਤੇਰੇ ਵਿਚੋਂ ਉਪਜਿਆ ਤੇਰੀ ਜ਼ਾਤ, ਮਾਤ ਪਿਤਾ ਨਾ ਕੋਇ ਹੰਡਾਈਆ । ਮੇਰਾ ਲੇਖਾ ਲਿਖੇ ਨਾ ਕੋਇ ਕਲਮ ਦਵਾਤ, ਕਾਤਬ ਲੇਖ ਨਾ ਕੋਇ ਜਣਾਈਆ । ਮੇਰਾ ਲਹਿਣਾ ਕਿਸੇ ਨਾ ਆਏ ਵਿਚ ਹਿਸਾਬ, ਲੇਖਾ ਸਮਝ ਨਾ ਸਕੇ ਕੋਇ ਰਾਈਆ । ਤੂੰ ਇਕੋ ਮੇਰਾ ਸ਼ਾਹ ਨਵਾਬ, ਪਰਵਰਦਿਗਾਰ ਸਚ ਗੋਸਾਈਂਆ । ਮੁਕਾਮੇ ਹੱਕ ਕਰਾਂ ਆਦਾਬ, ਦਰ ਤੇਰੇ ਸੀਸ ਝੁਕਾਈਆ । ਤੇਰਾ ਹੁਜਰਾ ਵੇਖ ਮਹਿਰਾਬ, ਤੇਰਾ ਕਾਅਬਾ ਮਿਲੇ ਵਡਿਆਈਆ । ਤੇਰਾ ਧੁਰਦਰਗਾਹੀ ਰਾਜ, ਸ਼ਾਹ ਪਾਤਸ਼ਾਹ ਇਕੋ ਸਹਾਈਆ । ਤੇਰਾ ਸਚ ਸੰਦੇਸਾ ਸੱਚੀ ਆਵਾਜ਼, ਸਾਚਾ ਨਾਦ ਮੋਹੇ ਸ਼ਨਵਾਈਆ । ਨਿਤ ਨਵਿਤ ਰੱਖਣੀ ਮੇਰੀ ਲਾਜ, ਪ੍ਰਭ ਤੇਰੀ ਓਟ ਤਕਾਈਆ । ਤੂੰ ਥਿਰ ਘਰ ਮੇਰਾ ਥਾਪਣ ਦਿਤਾ ਥਾਪ, ਘਰ ਸਾਚੇ ਦਿਤਾ ਬਹਾਈਆ । ਬਣ ਕੇ ਮਾਈ ਬਾਪ, ਸੁਤ ਦੁਲਾਰੇ ਸੇਵ ਲਗਾਈਆ । ਮੈਂ ਕਰਾਂ ਤੇਰਾ ਪਾਠ, ਪੂਜਾ ਇਕੋ ਇਕ ਰਖਾਈਆ । ਤੂੰ ਵਸਣਾ ਮੇਰੇ ਪਾਸ, ਮੈਂ ਤੇਰੀ ਆਸ ਰਖਾਈਆ । ਤੇਰਾ ਨੂਰ ਜੋਤ ਪਰਕਾਸ਼, ਪਾਰਬ੍ਰਹਮ ਤੇਰੀ ਵਡ ਵਡਿਆਈਆ । ਮੈਂ ਤੇਰੀ ਅੰਸ ਖ਼ਾਸ ਖ਼ਾਲਸ ਤੇਰਾ ਰੂਪ ਵਟਾਈਆ । ਹਉਂ ਅਧੀਨ ਅਨਾਥਾਂ ਨਾਥ, ਤੂੰ ਬੇਪਰਵਾਹ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਚ ਰਿਹਾ ਜਣਾਈਆ । ਸੁਤ ਦੁਲਾਰੇ ਸ਼ਬਦੀ ਲਾਲ, ਹਰਿ ਸਤਿਗੁਰ ਆਪ ਜਣਾਈਆ । ਤੇਰਾ ਮੰਦਰ ਸੱਚੀ ਧਰਮਸਾਲ, ਘਰ ਸਾਚਾ ਇਕ ਸੁਹਾਈਆ । ਠਾਕਰ ਸਵਾਮੀ ਵਸੇ ਨਾਲ, ਨਿਰਗੁਣ ਆਪਣਾ ਰੰਗ ਵਖਾਈਆ । ਲੇਖਾ ਚੁੱਕੇ ਸ਼ਾਹ ਕੰਗਾਲ, ਸ਼ਹਿਨਸ਼ਾਹ ਇਕੋ ਦੇਵਣਹਾਰ ਵਡਿਆਈਆ । ਨਿਤ ਨਵਿਤ ਬਣਦਾ ਰਹੇ ਦਲਾਲ, ਬਣ ਵਣਜਾਰਾ ਹੱਟ ਚਲਾਈਆ । ਲੇਖਾ ਜਾਣੇ ਹੱਕ ਹਲਾਲ, ਹਕੀਕਤ ਖੋਜੇ ਥਾਉਂ ਥਾਈਂਆ । ਜੋਤ ਜਗਾਏ ਬੇਮਿਸਾਲ, ਮਿਸਲ ਸਕੇ ਨਾ ਕੋਇ ਬਣਾਈਆ । ਸਚਖੰਡ ਨਿਵਾਸੀ ਮਿਹਰਵਾਨ, ਸੋ ਪੁਰਖ ਨਿਰੰਜਣ ਬੇਪਰਵਾਹੀਆ । ਧਰਮ ਝੁਲਾਏ ਇਕ ਨਿਸ਼ਾਨ, ਦੋ ਜਹਾਨਾਂ ਆਪ ਉਠਾਈਆ । ਵੇਖੇ ਆਪ ਖ਼ੁਸ਼ੀ ਮਹਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਤੇਰੇ ਹੱਥ ਟਿਕਾਈਆ । ਸੁਤ ਦੁਲਾਰਾ ਕਹੇ ਪੁਰਖ ਸਮਰਥ, ਪ੍ਰਭ ਤੇਰੀ ਵਡ ਵਡਿਆਈਆ । ਮੈਂ ਤੇਰੇ ਸਹਾਰੇ ਥਿਰ ਘਰ ਜਾਵਾਂ ਵਸ, ਸਚਖੰਡ ਤੇਰਾ ਧਿਆਨ ਲਗਾਈਆ । ਨਿਰਵੈਰ ਹੋ ਕੇ ਮਾਰਗ ਦੇਣਾ ਦੱਸ, ਸਾਚੀ ਸਿਖਿਆ ਇਕ ਸਮਝਾਈਆ । ਚਰਨ ਕਵਲ ਕਵਲ ਚਰਨ ਤੇਰਾ ਰਹਾਂ ਦਾਸ, ਬਣ ਦਾਸੀ ਦਾਸ ਸੇਵ ਕਮਾਈਆ । ਤੇਰੇ ਅੰਦਰੋਂ ਨਿਕਲੀ ਮੇਰੀ ਸ਼ਾਖ਼, ਸ਼ਨਾਖ਼ਤ ਤੇਰੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦਰ ਤੇਰੇ ਇਕ ਅਰਜ਼ੋਈਆ । ਪੁਰਖ ਅਬਿਨਾਸ਼ੀ ਹੋ ਮਿਹਰਵਾਨ, ਦੀਨਨ ਆਪਣੀ ਦਇਆ ਕਮਾਇੰਦਾ । ਸੁਤ ਦੁਲਾਰੇ ਕਰ ਪਹਿਚਾਨ,

ਬੇਪਹਿਚਾਨ ਆਪ ਜਣਾਇੰਦਾ । ਮੇਰਾ ਨਾਉਂ ਸ੍ਰੀ ਭਗਵਾਨ, ਨਾਉਂ ਨਿਰੰਕਾਰਾ ਤੇਰੀ ਝੋਲੀ ਪਾਇੰਦਾ । ਤੇਰਾ ਮੇਰਾ ਖੇਲ ਮਹਾਨ, ਆਦਿ ਜੁਗਾਦਿ ਨਜ਼ਰ ਕਿਸੇ ਨਾ ਆਇੰਦਾ । ਤੇਰਾ ਮੇਰਾ ਉਚ ਮਕਾਨ, ਅੰਦਰ ਵੜ ਵੇਖ ਕੋਇ ਨਾ ਪਾਇੰਦਾ । ਤੇਰਾ ਮੇਰਾ ਦੀਪ ਮਹਾਨ, ਤੇਲ ਬਾਤੀ ਨਾ ਕੋਇ ਵਖਾਇੰਦਾ । ਤੇਰਾ ਮੇਰਾ ਨਾਤਾ ਹੋਏ ਪਰਵਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਆਪ ਦ੍ਰਿੜਾਇੰਦਾ । ਸਾਚੀ ਸਿਖਿਆ ਸੁਣ ਲੈ ਸੁਤ, ਸੋ ਪੁਰਖ ਨਿਰੰਜਣ ਆਪ ਜਣਾਈਆ । ਤੇਰਾ ਮੇਲ ਅਬਿਨਾਸ਼ੀ ਅਚੁਤ, ਚੇਤਨ ਤੇਰੀ ਧਾਰ ਵਖਾਈਆ । ਥਿਰ ਘਰ ਸੋਹੇ ਤੇਰੀ ਰੁੱਤ, ਸ੍ਰੀ ਭਗਵਾਨ ਆਪ ਸੁਹਾਈਆ । ਪ੍ਰਭ ਸਾਚੇ ਦਾ ਬਣ ਕੇ ਪੁੱਤ, ਸਾਚੀ ਸੇਵਾ ਇਕ ਕਮਾਈਆ । ਨਿਰਗੁਣ ਧਾਰੋਂ ਪਿਉਂ ਉਠ, ਜਨਨੀ ਜਨ ਨਾ ਕੋਇ ਅਖਵਾਈਆ । ਦੀਨ ਦਿਆਲ ਹਰਿ ਕਿਰਪਾਲ ਨਿਰਵੈਰ ਪੁਰਖ ਰਿਹਾ ਤੁਠ, ਅਜੂਨੀ ਰਹਿਤ ਦਏ ਵਡਿਆਈਆ । ਅਨਭਵ ਪਰਕਾਸ਼ ਖੇਲ ਤਮਾਸ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਲੇਖਾ ਆਪ ਜਣਾਈਆ । ਸੁਤ ਦੁਲਾਰਾ ਦੋਏ ਜੋੜ, ਪ੍ਰਭ ਚਰਨ ਪਿਆ ਸਰਨਾਈਆ । ਸਾਹਿਬ ਸਤਿਗੁਰ ਤੇਰੀ ਲੋੜ, ਤੁਧ ਬਿਨ ਨਜ਼ਰ ਕੋਇ ਨਾ ਆਈਆ । ਨਿਤ ਨਵਿਤ ਜਾਣਾਂ ਬੌਹੜ, ਤੇਰੀ ਇਕੋ ਆਸ ਰਖਾਈਆ । ਚਰਨ ਪ੍ਰੀਤੀ ਨਿਭੌਣੀ ਤੋੜ, ਅਧਵਿਚਕਾਰ ਨਾ ਕੋਇ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕੋ ਵਾਰ ਸਮਝਾਈਆ । ਸਾਚੀ ਸਿਖਿਆ ਸੁਣ ਅਵਾਣ, ਨਿਰਗੁਣ ਨਿਰੰਕਾਰ ਹਰਿ ਜਣਾਇੰਦਾ । ਤੂੰ ਬਾਲਾ ਨੱਢਾ ਇਕ ਅਣਜਾਣ, ਪ੍ਰਭ ਤੇਰੀ ਸੇਵ ਲਗਾਇੰਦਾ । ਸਚਖੰਡ ਨਿਵਾਸੀ ਦੇਵੇ ਫ਼ਰਮਾਨ, ਧੁਰ ਦੀ ਧਾਰਾ ਆਪ ਸਮਝਾਇੰਦਾ । ਤੇਰਾ ਸੱਚਾ ਮੰਦਰ ਮਕਾਨ, ਜਿਸ ਗ੍ਰਿਹਿ ਤੇਰਾ ਦਰਸ ਵਖਾਇੰਦਾ । ਤੇਰੀ ਇਛਿਆ ਕਰ ਬਲਵਾਨ, ਸਾਚੀ ਭਿਛਿਆ ਝੋਲੀ ਪਾਇੰਦਾ । ਤੋਹੇ ਬਣਾਏ ਹੁਕਮਰਾਨ, ਹੁਕਮੀ ਹੁਕਮ ਆਪ ਜਣਾਇੰਦਾ । ਤੇਰਾ ਲੇਖਾ ਲਿਖੇ ਮਹਾਨ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਤੇਰਾ ਨੂਰ ਜਗੇ ਜਹਾਨ, ਦੋ ਜਹਾਨਾਂ ਵਾਲੀ ਆਪ ਚਮਕਾਇੰਦਾ । ਤੇਰਾ ਨਾਉਂ ਵੱਜੇ ਨਾਮ ਨਿਧਾਨ, ਤਾਰ ਸਤਾਰ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਤ ਦੁਲਾਰੇ ਦੇਵੇ ਵਰ, ਵਸਤ ਅਗੰਮੀ ਝੋਲੀ ਪਾਇੰਦਾ । ਸੁਤ ਦੁਲਾਰੇ ਲੈ ਵਸਤ ਅਗੰਮ, ਪੁਰਖ ਅਗੰਮੜਾ ਆਪ ਵਰਤਾਈਆ । ਆਦਿ ਪੁਰਖ ਆਦਿ ਤੇਰਾ ਬੇੜਾ ਦਿਤਾ ਬੰਨ੍ਹ, ਬੰਨ੍ਹ ਆਪਣੇ ਹੱਥ ਰਖਾਈਆ । ਵਸਤ ਅਮੋਲਕ ਦੇਵੇ ਧਨ, ਸਚ ਤੇਰੀ ਝੋਲੀ ਭਰਾਈਆ । ਤੇਰਾ ਨੂਰ ਨਿਰਗੁਣ ਚੜ੍ਹੇ ਚੰਨ, ਚਾਂਦਨੀ ਇਕੋ ਇਕ ਰੁਸ਼ਨਾਈਆ । ਤੂੰ ਹੁਕਮ ਲੈਣਾ ਸਾਹਿਬ ਮੰਨ, ਮਨਸਾ ਆਪਣੀ ਪੂਰ ਕਰਾਈਆ । ਬਿਨ ਰਸਨਾ ਕਹਿਣਾ ਧੰਨ, ਬਿਨ ਜਿਹਵਾ ਸਿਫ਼ਤ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਆਦਿ ਵਡਿਆਈਆ । ਸੁਤ ਕਹੇ ਆਦਿ ਪੁਰਖ, ਪ੍ਰਭ ਤੇਰੀ ਵਡ ਵਡਿਆਈਆ । ਕਿਰਪਾ ਕਰ ਛੇਤੀ ਤੁਰਤ, ਤੂੰ ਦਾਤਾ ਦੇਵਣਹਾਰ ਅਖਵਾਈਆ । ਤੇਰਾ ਨੂਰ ਅਕਾਲ ਮੂਰਤ, ਮੈਂ ਮੂਰਤੀ ਤੇਰਾ ਰੂਪ ਨਜ਼ਰੀ ਆਈਆ । ਬੇਪਰਵਾਹ ਤੇਰੀ ਸਾਚੀ ਸੂਰਤ, ਸੂਰਤ ਕੋਈ ਸਮਝ ਨਾ ਸਕੇ ਰਾਈਆ । ਥਿਰ ਘਰ ਦਵਾਰੇ ਪਹਿਲੀ ਕਰ ਮਹੂਰਤ, ਆਦਿ ਮੇਰੀ ਜੜ ਲਗਾਈਆ । ਅੰਤ ਆਸਾ ਕਰਨੀ ਪੂਰਤ, ਪੂਰੀ ਆਸਾ ਕਰ ਵਖਾਈਆ । ਇਕੋ ਮੰਗਾਂ ਚਰਨ ਧੂੜਤ, ਧੂੜੀ ਟਿੱਕਾ ਮਸਤਕ ਲਾਈਆ । ਤੇਰਾ ਬਣਾਂ ਮੂਰਖ ਮੂੜ੍ਹਤ, ਆਪਣੀ ਕਰਾਂ ਨਾ ਕੋਇ ਵਡਿਆਈਆ ।

ਤੇਰਾ ਨਾਮ ਸਾਚੀ ਤੂਰਤ, ਇਕੋ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇਂ ਇਕ ਸਰਨਾਈਆ । ਸਰਨਗਤ ਹਰਿ ਸਚ ਸਵਾਮੀ, ਸੋ ਪੁਰਖ ਨਿਰੰਜਣ ਦਇਆ ਕਮਾਇੰਦਾ । ਸੁਤ ਦੁਲਾਰੇ ਤੇਰੀ ਨਿਸ਼ਾਨੀ, ਹਰਿ ਪੁਰਖ ਨਿਰੰਜਣ ਆਪ ਉਪਜਾਇੰਦਾ । ਬੋਧ ਅਗਾਧ ਤੇਰਾ ਨਾਉਂ ਪਰਧਾਨੀ, ਏਕੰਕਾਰਾ ਆਪ ਜਣਾਇੰਦਾ । ਆਦਿ ਨਿਰੰਜਣ ਨੂਰ ਨੁਰਾਨੀ, ਨੂਰੋ ਨੂਰ ਨੂਰ ਰੁਸ਼ਨਾਇੰਦਾ । ਅਬਿਨਾਸ਼ੀ ਕਰਤਾ ਖੇਲ ਕਰੇ ਮਹਾਨੀ, ਤੇਰਾ ਸੋਹਲਾ ਢੋਲਾ ਰਾਗ ਅਲਾਇੰਦਾ । ਸ੍ਰੀ ਭਗਵਾਨ ਤੇਰੀ ਚੜ੍ਹਦੀ ਰੱਖੇ ਜਵਾਨੀ, ਬਿਰਧ ਬਾਲ ਨਾ ਰੂਪ ਵਟਾਇੰਦਾ । ਪਾਰਬ੍ਰਹਮ ਪ੍ਰਭ ਤੇਰਾ ਹੁਕਮਰਾਨੀ, ਸਦ ਸਦ ਸਾਚਾ ਹੁਕਮ ਸੁਣਾਇੰਦਾ । ਤੂੰ ਸਚਖੰਡ ਦਵਾਰੇ ਖਾਂਦਾ ਰਹੇਂ ਮਹਿਮਾਨੀ, ਪ੍ਰਭ ਪ੍ਰੇਮ ਪ੍ਰੀਤੀ ਤੇਰੀ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਸਾਚੀ ਸਿਖਿਆ ਇਕ ਦ੍ਰਿੜਾਇੰਦਾ । ਸਾਚੀ ਸਿਖਿਆ ਹਰਿ ਨਿਰੰਕਾਰ, ਸੋ ਸਾਹਿਬ ਆਪ ਜਣਾਈਆ । ਤੇਰਾ ਮੇਰਾ ਇਕ ਪਿਆਰ, ਕੋਈ ਤੋੜ ਨਾ ਸਕੇ ਰਾਈਆ । ਤੇਰਾ ਮੇਰਾ ਇਕ ਵਿਹਾਰ, ਬਿਵਹਾਰੀ ਰਿਹਾ ਜਣਾਈਆ । ਤੇਰਾ ਮੇਰਾ ਇਕ ਜੈਕਾਰ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਸਾਚਾ ਰੂਪ ਅਪਰ ਅਪਾਰ, ਤੇਰਾ ਮੇਰਾ ਕੋਈ ਸਮਝ ਨਾ ਸਕੇ ਰਾਈਆ । ਤੂੰ ਕਹੁ ਸੋ ਪੁਰਖ ਨਿਰੰਜਣ ਵਡ ਕਰਤਾਰ, ਸਚਖੰਡ ਨਿਵਾਸੀ ਸੱਚਾ ਸ਼ਹਿਨਸ਼ਾਹੀਆ । ਮੈਂ ਕਹਾਂ ਹੰ ਸੁਤ ਮੇਰਾ ਦੁਲਾਰ, ਸ਼ਬਦੀ ਸ਼ਬਦ ਨਾਉਂ ਧਰਾਈਆ । ਥਿਰ ਘਰ ਵਸੇ ਸਚ ਦਵਾਰ, ਦਰ ਦਰਵਾਜ਼ਾ ਇਕ ਸੁਹਾਈਆ । ਦੋਹਾਂ ਮਿਲ ਕੇ ਬਣੇ ਸੋਹੰ ਧਾਰ, ਤੂੰ ਮੇਰਾ ਮੈਂ ਤੇਰਾ ਤੇਰਾ ਮੇਰਾ ਭੇਵ ਰਹੇ ਨਾ ਰਾਈਆ । ਇਕ ਦੂਜੇ ਦਾ ਇਕੋ ਜਿਹਾ ਜੈਕਾਰ, ਜੈ ਜੈਕਾਰਾ ਇਕ ਸੁਣਾਈਆ । ਸੁਤ ਦੁਲਾਰਾ ਢਹਿ ਪਿਆ ਚਰਨ ਦਵਾਰ, ਦੋਏ ਜੋੜ ਵਾਸਤਾ ਪਾਈਆ । ਸ੍ਰੀ ਭਗਵਾਨ ਤੇਰਾ ਅੰਤ ਨਾ ਪਾਰਾਵਾਰ, ਬੇਅੰਤ ਤੇਰੀ ਸਰਨਾਈਆ । ਮੈਂ ਬਾਲਾ ਨੱਢਾ ਕਰ ਨਾ ਸਕਾਂ ਕੋਈ ਵਿਚਾਰ, ਮੇਰੀ ਸਮਝ ਸਮਝ ਨਾ ਰਾਖੇ ਰਾਈਆ । ਤੂੰ ਆਪਣੇ ਨਾਲ ਮੇਰਾ ਰੱਖ ਵਿਹਾਰ, ਤਾਰ ਤਾਰ ਨਾਲ ਗੰਢਾਈਆ । ਅਗਲਾ ਭੇਵ ਖੋਲ੍ਹ ਕਰਤਾਰ, ਕੀ ਇਛਿਆ ਤੇਰੀ ਮੇਰੇ ਵਿਚ ਸਮਾਈਆ । ਤੂੰ ਸਾਹਿਬ ਸਿਰਜਣਹਾਰ, ਦੇਵਣਹਾਰ ਗੋਸਾਈਆਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੁਤ ਦੁਲਾਰੇ ਆਪ ਸਮਝਾਈਆ । ਸੁਤ ਦੁਲਾਰੇ ਵਸਤ ਅਪਾਰ, ਪ੍ਰਭ ਤੇਰੀ ਝੋਲੀ ਪਾਇੰਦਾ । ਥਿਰ ਘਰ ਹੋਣਾ ਖ਼ਬਰਦਾਰ, ਸਚਖੰਡ ਨਿਵਾਸੀ ਆਪ ਜਗਾਇੰਦਾ । ਤੇਰਾ ਖੇਲ ਕਰਾਂ ਅਪਾਰ, ਭੇਵ ਆਪਣੇ ਹੱਥ ਰਖਾਇੰਦਾ । ਤੇਰੀ ਇਛਿਆ ਵਡ ਭੰਡਾਰ, ਭਿਛਿਆ ਆਪਣੀ ਨਾਲ ਮਿਲਾਇੰਦਾ । ਤੇਰੇ ਨੂਰ ਵਿਚੋਂ ਨੂਰ ਕਰਾਂ ਉਜਿਆਰ, ਵਿਸ਼ਨੂੰ ਵਿਸ਼ਵ ਭੇਵ ਚੁਕਾਇੰਦਾ । ਵਿਸ਼ਨੂੰ ਅੰਦਰ ਤੇਰੀ ਧਾਰ, ਅੰਮ੍ਰਿਤ ਅਮਰ ਰੂਪ ਜਣਾਇੰਦਾ । ਅੰਮ੍ਰਿਤ ਅੰਦਰ ਮੇਰਾ ਪਿਆਰ, ਕਵਲ ਕਵਲ ਰੂਪ ਵਟਾਇੰਦਾ । ਕਵਲ ਕਵਲ ਕਰ ਉਜਿਆਰ, ਨੂਰ ਨੂਰ ਨੂਰ ਪਰਗਟਾਇੰਦਾ । ਨੂਰ ਨੂਰ ਨੂਰ ਅਪਾਰ, ਪਾਰਬ੍ਰਹਮ ਪ੍ਰਭ ਆਪਣੀ ਵੰਡ ਵੰਡਾਇੰਦਾ । ਵੰਡ ਵੰਡੇ ਸਿਰਜਣਹਾਰ, ਬ੍ਰਹਮ ਆਪਣੀ ਕਲ ਪਰਗਟਾਇੰਦਾ । ਅਛਲ ਅਛਲ ਏਕੰਕਾਰ, ਭੇਵ ਕੋਇ ਨਾ ਪਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰ ਤਿਆਰ, ਜੋਤੀ ਆਪਣਾ ਮੁਖ ਛੁਪਾਇੰਦਾ । ਸੁਨ ਅਗੰਮ ਖੇਲ ਨਿਆਰ, ਧੂਆਂਧਾਰ ਧਾਰ ਜਣਾਇੰਦਾ । ਤੇਰੀ ਇਛਿਆ ਕਰ ਵਿਚਾਰ, ਸਿਖਿਆ ਇਕੋ ਇਕ ਦ੍ਰਿੜਾਇੰਦਾ । ਸ਼ੰਕਰ ਖੇਲ ਇਕ ਨਿਰੰਕਾਰ, ਨਿਰਵੈਰ ਆਪਣੀ ਕਾਰ ਸਮਝਾਇੰਦਾ । ਤਿੰਨਾਂ ਵਿਚੋਲਾ ਸਿਰਜਣਹਾਰ, ਸਾਹਿਬ ਸੁਲਤਾਨ ਵੰਡ ਵੰਡਾਇੰਦਾ । ਸੁਤ ਸ਼ਬਦ ਸੁਣ ਗੁਫ਼ਤਾਰ,

ਗੁਫ਼ਤ ਸ਼ੁਨੀਦ ਆਪ ਜਣਾਇੰਦਾ । ਤੇਰਾ ਹੁਕਮ ਚਲੇ ਅਪਾਰ, ਮਿਹਰਵਾਨ ਹੱਥ ਤੇਰੇ ਡੋਰ ਫੜਾਇੰਦਾ । ਵਿਸ਼ਨ ਬ੍ਰਹਮ ਸ਼ਿਵ ਕਰ ਖ਼ਬਰਦਾਰ, ਬੇਖ਼ਬਰ ਖ਼ਬਰ ਆਪ ਜਣਾਇੰਦਾ । ਤਿੰਨੇ ਬਾਲੇ ਰਹੋ ਹੁਸ਼ਿਆਰ, ਹੋਸ਼ ਸਭ ਨੂੰ ਆਪ ਵਖਾਇੰਦਾ । ਗ਼ਫ਼ਲਤ ਕੋਇ ਨਾ ਰਹੇ ਖ਼ੁਮਾਰ, ਬੇਦਾਰ ਆਪਣੇ ਹੁਕਮ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਤ ਦੁਲਾਰੇ ਇਕੋ ਵਾਰ ਸਮਝਾਇੰਦਾ । ਸੁਤ ਦੁਲਾਰੇ ਆਦਿ ਤੈਨੂੰ ਸਮਝਾਵਾਂਗਾ । ਥਿਰ ਘਰ ਤੇਰਾ ਇਕ ਵਸਾਵਾਂਗਾ । ਨਿਰਗੁਣ ਨੂਰ ਜੋਤ ਜਗਾਵਾਂਗਾ । ਸਾਚੀ ਤੂਰ ਨਾਦ ਵਜਾਵਾਂਗਾ । ਵਿਸ਼ਨ ਬ੍ਰਹਮਾ ਸ਼ਿਵ ਉਠਾਵਾਂਗਾ । ਤੇਰੀ ਗੋਦ ਬਹਾਵਾਂਗਾ । ਅੱਗੇ ਤੇਰਾ ਰਾਹ ਜਣਾਵਾਂਗਾ । ਤ੍ਰੈਗੁਣ ਮਾਇਆ ਗੰਢ ਪੁਆਵਾਂਗਾ । ਪੰਜ ਤੱਤ ਨਾਤਾ ਜੋੜ ਜੁੜਾਵਾਂਗਾ । ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਸਾਚੀ ਖੇਲ ਰਚਾਵਾਂਗਾ । ਨਿਰਗੁਣ ਸਰਗੁਣ ਵੇਸ ਵਟਾਵਾਂਗਾ । ਲੱਖ ਚੁਰਾਸੀ ਵੰਡ ਵੰਡਾਵਾਂਗਾ । ਅੰਡਜ ਜੇਰਜ ਉਤਭੁਜ ਸੇਤਜ ਤੇਰੀ ਝੋਲੀ ਪਾਵਾਂਗਾ । ਬ੍ਰਹਮਾ ਵੇਤਾ ਇਕ ਉਠਾਵਾਂਗਾ । ਨੇਤਾ ਬਣ ਕੇ ਆਪ ਜਣਾਵਾਂਗਾ । ਧੁਰ ਦਾ ਲੇਖਾ ਲੇਖ ਲਿਖਾਵਾਂਗਾ । ਸਿਫ਼ਤੀ ਸਿਫ਼ਤ ਸਿਫ਼ਤ ਵਡਿਆਵਾਂਗਾ । ਚਾਰੇ ਵੇਦਾਂ ਰਾਹ ਵਖਾਵਾਂਗਾ । ਚਾਰੇ ਯੁਗ ਗੰਢ ਪੁਆਵਾਂਗਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨਾਮ ਉਪਜਾਵਾਂਗਾ । ਚਾਰੇ ਬਾਣੀ ਰਾਗ ਅਲਾਵਾਂਗਾ । ਪਰਾ ਪਸੰਤੀ ਮਧਮ ਬੈਖਰੀ ਢੋਲਾ ਗਾਵਾਂਗਾ । ਨਾਮ ਬੰਸਰੀ ਇਕ ਵਜਾਵਾਂਗਾ । ਲੱਖ ਚੁਰਾਸੀ ਫੋਲ ਫੁਲਾਵਾਂਗਾ । ਆਤਮ ਪਰਮਾਤਮ ਵੰਡ ਵੰਡਾਵਾਂਗਾ । ਪਾਰਬ੍ਰਹਮ ਬ੍ਰਹਮ ਏਕਾ ਘਰ ਵਸਾਵਾਂਗਾ । ਈਸ਼ ਜਗਦੀਸ਼ ਗੰਢ ਪੁਆਵਾਂਗਾ । ਜੀਵ ਆਪਣਾ ਖੇਲ ਰਚਾਵਾਂਗਾ । ਬੀਜ ਬੀਜ ਵੇਖ ਵਖਾਵਾਂਗਾ । ਪੱਤ ਡਾਲੀ ਆਪ ਮਹਿਕਾਵਾਂਗਾ । ਫੁਲ ਪੰਖੜੀਆਂ ਰੰਗ ਚੜ੍ਹਾਵਾਂਗਾ । ਲੋਕਮਾਤ ਧਰਤ ਧਵਲ ਸੁਹਾਵਾਂਗਾ । ਜ਼ਿਮੀਂ ਅਸਮਾਨ ਰੰਗ ਰੰਗਾਵਾਂਗਾ । ਗਗਨ ਮੰਡਲ ਸੋਭਾ ਪਾਵਾਂਗਾ । ਸੂਰਜ ਚੰਦ ਨੂਰ ਚਮਕਾਵਾਂਗਾ । ਮੰਡਲ ਮੰਡਪ ਖੇਲ ਰਚਾਵਾਂਗਾ । ਦਿਵਸ ਰੈਣ ਵੰਡ ਵੰਡਾਵਾਂਗਾ । ਘੜੀ ਪਲ ਆਪਣਾ ਹੁਕਮ ਸੁਣਾਵਾਂਗਾ । ਜਲ ਥਲ ਡੇਰਾ ਲਾਵਾਂਗਾ । ਸਮੁੰਦ ਸਾਗਰ ਭੇਵ ਚੁਕਾਵਾਂਗਾ । ਉਚੇ ਟਿੱਲੇ ਪਰਬਤ ਖੇਲ ਖਲਾਵਾਂਗਾ । ਡੂੰਘੀ ਕੰਦਰ ਵੜ ਕੇ ਮੁਖ ਛੁਪਾਵਾਂਗਾ । ਆਸਾ ਤ੍ਰਿਸਨਾ ਤਨ ਵਸਾਵਾਂਗਾ । ਮਾਇਆ ਮਮਤਾ ਨਾਲ ਰਲਾਵਾਂਗਾ । ਨੌਂ ਦਵਾਰੇ ਜਗਤ ਖੁਲ੍ਹਾਵਾਂਗਾ । ਘਰ ਘਰ ਵਿਚ ਇਕ ਉਪਜਾਵਾਂਗਾ । ਆਤਮ ਸੇਜਾ ਡੇਰਾ ਲਾਵਾਂਗਾ । ਬਜਰ ਕਪਾਟੀ ਤੋੜ ਤੁੜਾਵਾਂਗਾ । ਸਾਚੀ ਹਾਟੀ ਇਕ ਵਖਾਵਾਂਗਾ । ਦਸਮ ਦਵਾਰੀ ਸੋਭਾ ਪਾਵਾਂਗਾ । ਉਪਰੋਂ ਚਲ ਕੇ ਨੀਚੇ ਆਵਾਂਗਾ । ਸੁਰਤ ਸਵਾਣੀ ਨਾਲ ਮਿਲਾਵਾਂਗਾ । ਸ਼ਬਦ ਹਾਣੀ ਇਕ ਉਠਾਵਾਂਗਾ । ਅਨਹਦ ਰਾਗੀ ਰਾਗ ਅਲਾਵਾਂਗਾ । ਅੰਮ੍ਰਿਤ ਜਲ ਇਕ ਪਿਆਵਾਂਗਾ । ਨਿਝਰ ਝਿਰਨਾ ਇਕ ਝਿਰਾਵਾਂਗਾ । ਹੰਸ ਕਾਗ ਰੂਪ ਬਣਿਆ ਹੰਸ ਬਣਾਵਾਂਗਾ । ਸਤਿ ਸਰੂਪ ਰੂਪ ਦਰਸਾਵਾਂਗਾ । ਈੜਾ ਪਿੰਗਲ ਗੰਢ ਪੁਆਵਾਂਗਾ । ਸੁਖਮਨ ਟੇਢੀ ਬੰਕ ਪੰਧ ਮੁਕਾਵਾਂਗਾ । ਨਾਮ ਡੰਕ ਇਕ ਵਜਾਵਾਂਗਾ । ਰਾਉ ਰੰਕ ਵੇਖ ਵਖਾਵਾਂਗਾ । ਦਵਾਰ ਬੰਕ ਇਕ ਸੁਹਾਵਾਂਗਾ । ਨਿਰਗੁਣ ਸਰਗੁਣ ਮੇਲ ਮਿਲਾਵਾਂਗਾ । ਗੁਰ ਗੁਰ ਆਪਣਾ ਭੇਵ ਚੁਕਾਵਾਂਗਾ । ਸਤਿਗੁਰ ਆਪਣਾ ਨਾਮ ਪਰਗਟਾਵਾਂਗਾ । ਲੋਕਮਾਤ ਵੇਖਣ ਆਵਾਂਗਾ । ਪੰਜ ਤੱਤ ਚੋਲਾ ਜਗਤ ਹੰਡਾਵਾਂਗਾ । ਉਹਲਾ ਪਰਦਾ ਵਿਚ ਰਖਾਵਾਂਗਾ । ਸਾਚਾ ਸੋਹਲਾ ਨਾਮ ਜਪਾਵਾਂਗਾ । ਬਣ ਕੇ ਤੋਲਾ ਤੋਲ ਤੁਲਾਵਾਂਗਾ । ਤੇਈ ਅਵਤਾਰਾਂ ਗੰਢ ਪੁਆਵਾਂਗਾ । ਭਗਤ ਅਠਾਰਾਂ ਜੋੜ ਜੁੜਾਵਾਂਗਾ । ਈਸਾ ਮੂਸਾ ਮੁਹੰਮਦ ਰਮਜ਼ ਲਗਾਵਾਂਗਾ । ਪੀਰ ਗ਼ੌਸ ਕੁਤਬ ਸਰਬ

੭੭੭ ੧੪

ਪੜ੍ਹਾਵਾਂਗਾ । ਲਾਸ਼ਰੀਕ ਨੂਰ ਇਕ ਅਖਵਾਵਾਂਗਾ । ਜ਼ਾਹਰ ਜ਼ਹੂਰ ਆਪਣਾ ਖੇਲ ਕਰਾਵਾਂਗਾ । ਦਸ ਗੁਰੂ ਕਰ ਮੰਜ਼ੂਰ, ਨਾਨਕ ਗੋਬਿੰਦ ਸੋਭਾ ਪਾਵਾਂਗਾ । ਸ਼ਬਦ ਅਗੰਮੀ ਨਾਦੀ ਤੂਰ, ਮੰਤਰ ਸਤਿ ਨਾਮ ਦ੍ਰਿੜਾਵਾਂਗਾ । ਗੋਬਿੰਦ ਆਸਾ ਮਨਸਾ ਪੂਰ, ਪੂਤ ਸਪੂਤਾ ਗੋਦ ਉਠਾਵਾਂਗਾ । ਸੁਤ ਦੁਲਾਰੇ ਤੇਰਾ ਇਕੋ ਸੱਚਾ ਨੂਰ, ਕਲਜੁਗ ਅੰਤਮ ਨੂਰ ਨੂਰ ਵਿਚੋਂ ਵਖਾਵਾਂਗਾ । ਜੁਗ ਚੌਕੜੀ ਕਰ ਕੇ ਕੂੜੋ ਕੂੜ, ਅੰਤ ਸਭ ਨੂੰ ਖ਼ਾਕ ਮਿਲਾਵਾਂਗਾ । ਸਰਬ ਕਲਾਂ ਆਪ ਹੋ ਭਰਪੂਰ, ਵਸਤ ਅਮੋਲਕ ਆਪਣੇ ਹੱਥ ਰਖਾਵਾਂਗਾ । ਜਨ ਭਗਤ ਦਵਾਰੇ ਬਣ ਮਜ਼ਦੂਰ, ਜੁਗ ਜੁਗ ਆਪਣੀ ਸੇਵ ਕਮਾਵਾਂਗਾ । ਸਾਚੇ ਸੰਤਾਂ ਹਾਜ਼ਰ ਹਜ਼ੂਰ, ਸਵੱਛ ਸਰੂਪੀ ਦਰਸ ਕਰਾਵਾਂਗਾ । ਗੁਰਮੁਖਾਂ ਪੰਧ ਮੁੱਕੇ ਨੇੜੇ ਦੂਰ, ਦੂਰ ਦੁਰਾਡੇ ਆਪਣੀ ਗੋਦ ਉਠਾਵਾਂਗਾ । ਗੁਰਸਿਖਾਂ ਨਾਤਾ ਟੁਟੇ ਕੂੜੋ ਕੂੜ, ਸਾਚੀ ਸਿਖਿਆ ਇਕ ਸਮਝਾਵਾਂਗਾ । ਕਲਜੁਗ ਅੰਤ ਹੋ ਮਜਬੂਰ, ਆਪਣਾ ਵੇਸ ਵਟਾਵਾਂਗਾ । ਗੁਰ ਅਵਤਾਰ ਪੀਰ ਪੈਗ਼ੰਬਰ ਬੰਨ੍ਹ ਕੇ ਜਾਣ ਦਸਤੂਰ, ਦੀਨ ਮਜ੍ਹਬ ਜ਼ਾਤ ਪਾਤ ਖੇਲ ਖਲਾਵਾਂਗਾ । ਅੰਤਮ ਸਾਰੇ ਹੋਣ ਮਗ਼ਰੂਰ, ਫ਼ਤਵਾ ਲੱਖ ਚੁਰਾਸੀ ਉਤੇ ਲਗਾਵਾਂਗਾ । ਸ਼ਬਦ ਸੁਤ ਤੇਰਾ ਸਾਹਿਬ ਹਜ਼ੂਰ, ਹਜ਼ਰਤ ਹੋ ਕੇ ਤੇਰਾ ਸੰਗ ਨਿਭਾਵਾਂਗਾ । ਚਤਰ ਸੁਘੜ ਬਣਾਵਾਂ ਮੂੜ, ਜਿਨ੍ਹਾਂ ਤੇਰੇ ਨਾਲ ਰਲਾਵਾਂਗਾ । ਤੇਰੇ ਨਾਮ ਦੀ ਵੱਜਦੀ ਰਹੇ ਤੂਰ, ਤੁਰਯਾ ਮੁਖ ਸ਼ਰਮਾਵਾਂਗਾ । ਗੁਰ ਸ਼ਬਦ ਮਨਮੁਖਾਂ ਕੋਲੋਂ ਹੋਇਆ ਰਹੇ ਮਫ਼ਰੂਰ, ਲੱਭਿਆ ਹੱਥ ਕਿਸੇ ਨਾ ਆਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੁਤ ਦੁਲਾਰੇ ਤੇਰਾ ਘਰ ਘਰ ਮੰਦਰ ਇਕ ਵਡਿਆਵਾਂਗਾ । ਘਰ ਮੰਦਰ ਤੇਰਾ ਵਡਿਆਏਗਾ । ਪ੍ਰਭ ਆਪਣੀ ਦਇਆ ਕਮਾਏਗਾ । ਜੁਗ ਚੌਕੜੀ ਪੰਧ ਮੁਕਾਏਗਾ । ਜੋ ਘੜਿਆ ਭੰਨ ਵਖਾਏਗਾ । ਥਿਰ ਕੋਇ ਰਹਿਣ ਨਾ ਪਾਏਗਾ । ਗੁਰ ਅਵਤਾਰ ਪੀਰ ਪੈਗ਼ੰਬਰ ਆਪਣੇ ਵਿਚ ਛੁਪਾਏਗਾ । ਕਲਜੁਗ ਅੰਤਮ ਸਾਚੀ ਕਾਰ ਕਮਾਏਗਾ । ਪਰਗਟ ਹੋ ਸ੍ਰੀ ਭਗਵੰਤ, ਨਿਹਕਲੰਕਾ ਨਾਉਂ ਰਖਾਏਗਾ । ਲੇਖਾ ਜਾਣੇ ਲੱਖ ਚੁਰਾਸੀ ਜੀਵ ਜੰਤ, ਸਮੁੰਦ ਸਾਗਰ ਮਛ ਕਛ ਫੋਲ ਫੁਲਾਏਗਾ । ਜਨ ਭਗਤਾਂ ਨਾਰ ਮਿਲੇ ਹਰਿ ਜੂ ਕੰਤ, ਸੁਰਤੀ ਸ਼ਬਦੀ ਜੋੜ ਜੁੜਾਏਗਾ । ਕਾਇਆ ਚੋਲੀ ਚਾੜ੍ਹ ਰੰਗ ਬਸੰਤ, ਰੰਗਣ ਇਕੋ ਇਕ ਵਖਾਏਗਾ । ਗੜ੍ਹ ਤੋੜ ਹਉਮੇਂ ਹੰਗਤ, ਹੰ ਬ੍ਰਹਮ ਇਕ ਦਰਸਾਏਗਾ । ਬੋਧ ਅਗਾਧਾ ਦੋ ਜਹਾਨਾਂ ਬਣ ਕੇ ਸਾਚਾ ਪੰਡਤ, ਸ੍ਰੀ ਭਗਵਾਨ ਜੀਵ ਜੰਤ ਆਪ ਸਮਝਾਏਗਾ । ਜੇਰਜ ਅੰਡਜ ਉਤਭੁਜ ਸੇਤਜ ਵੇਖ ਵਖਾਏਗਾ । ਦੂਜੇ ਦਰ ਨਾ ਜਾਏ ਮੰਗਤ, ਜੋ ਕਰਨੀ ਸੋ ਕਰ ਵਖਾਏਗਾ । ਸੁਤ ਸ਼ਬਦ ਤੇਰਾ ਖੇਲ ਨਾ ਹੋਏ ਖੰਡਤ, ਤੇਰਾ ਨਾਮ ਖੜਗ ਖੰਡਾ ਚਮਕਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਲਹਿਣਾ ਤੇਰੇ ਹੱਥ ਰਖਾਏਗਾ । ਤੇਰਾ ਲਹਿਣਾ ਅੰਤ ਮੁਕਾਵੇਗਾ । ਪ੍ਰਭ ਨਿਰਗੁਣ ਵੇਖਣ ਆਵੇਗਾ । ਸਰਗੁਣ ਭੇਵ ਚੁਕਾਵੇਗਾ । ਭਗਤ ਭਗਵਾਨ ਉਠਾਵੇਗਾ । ਤ੍ਰੈਗੁਣ ਮਾਇਆ ਪੜਦਾ ਲਾਹਵੇਗਾ । ਪੰਜ ਤੱਤ ਨਾ ਕੋਇ ਬਣਾਵੇਗਾ । ਬ੍ਰਹਮ ਮਤ ਇਕ ਸਮਝਾਵੇਗਾ । ਰਤੀ ਰਤ ਵੇਖ ਵਖਾਵੇਗਾ । ਨਾਤਾ ਚਰਨ ਕਵਲ ਜੁੜਾਵੇਗਾ । ਬਿਧਾਤਾ ਆਪਣੀ ਦਇਆ ਕਮਾਵੇਗਾ । ਖਾਤਾ ਪਿਛਲਾ ਕੱਢ ਵਖਾਵੇਗਾ । ਸਾਕਾ ਇਕੋ ਇਕ ਸੁਣਾਵੇਗਾ । ਆਕਾ ਬਣ ਕੇ ਵੇਖ ਵਖਾਵੇਗਾ । ਤਾਕਾ ਦੋ ਜਹਾਨ ਖੁਲ੍ਹਾਵੇਗਾ । ਵਿਸ਼ਨ ਬ੍ਰਹਮਾ ਸ਼ਿਵ ਨਿੱਕਾ ਕਾਕਾ, ਹੁਕਮੇ ਅੰਦਰ ਆਪ ਜਗਾਵੇਗਾ । ਗੁਰ ਅਵਤਾਰ ਪੀਰ ਪੈਗ਼ੰਬਰ ਜੋ ਬਣਿਆ ਰਿਹਾ ਰਾਖਾ, ਅੰਤਮ ਸਭ ਨੂੰ ਨਾਲ ਮਿਲਾਵੇਗਾ । ਭੇਵ ਦੱਸੇ ਖੋਲ੍ਹ ਖੁਲਾਸਾ, ਖ਼ਸੂਸੀਯਤ ਸਭ ਦੀ ਵੇਖ ਵਖਾਵੇਗਾ । ਪਰਗਟ ਹੋਵੇ

ਸ਼ਾਹੋ ਸ਼ਾਬਾਸਾ, ਸ਼ਹਿਨਸ਼ਾਹ ਆਪਣਾ ਫੇਰਾ ਪਾਵੇਗਾ । ਗੁਰ ਅਵਤਾਰ ਪੀਰ ਪੈਗ਼ੰਬਰ ਜੋ ਪ੍ਰਭ ਦਰਸਨ ਨੂੰ ਰਿਹਾ ਪਿਆਸਾ, ਤਿਸ ਤ੍ਰਿਸਨਾ ਭੁੱਖ ਮਿਟਾਵੇਗਾ । ਜਨ ਭਗਤਾਂ ਦੇਵੇ ਸਚ ਭਰਵਾਸਾ, ਭਰਮ ਭੁਲੇਖਾ ਦੂਰ ਕਰਾਵੇਗਾ । ਇਕ ਗੋਬਿੰਦ ਪੂਰੀ ਕਰੇ ਆਸਾ, ਪੁਰਖ ਅਕਾਲ ਆਪਣਾ ਰੰਗ ਰੰਗਾਵੇਗਾ । ਖੇਲੇ ਖੇਲ ਬਾਜ਼ੀਗਰ ਨਾਟਾ, ਸਵਾਂਗੀ ਆਪਣਾ ਸਾਂਗ ਰਚਾਵੇਗਾ । ਅੰਮ੍ਰਿਤ ਭਰ ਕੇ ਸਾਚਾ ਬਾਟਾ, ਗੁਰਮੁਖਾਂ ਅੰਤਰ ਇਕੋ ਜਾਮ ਪਿਆਵੇਗਾ । ਅੱਠੇ ਪਹਿਰ ਮਾਰੇ ਠਾਠਾ, ਸਚ ਖ਼ੁਮਾਰ ਇਕ ਚੜ੍ਹਾਵੇਗਾ । ਲੇਖੇ ਲਾਏ ਤੱਤ ਆਠਾ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਰੰਗ ਰੰਗਾਵੇਗਾ । ਇਕ ਸਰੋਵਰ ਤੀਰਥ ਵਖਾਏ ਤਾਟਾ, ਨੁਹਾਵਣ ਇਕੋ ਇਕ ਨੁਹਾਵੇਗਾ । ਇਕੋ ਪੂਜਾ ਇਕੋ ਪਾਠਾ, ਇਕੋ ਮੰਤਰ ਨਾਮ ਸਮਝਾਵੇਗਾ । ਇਕੋ ਮੰਦਰ ਮਕਾਨ ਗੁਰਦਵਾਰਾ ਇਕੋ ਸ਼ਿਵਦਵਾਲਾ ਮਾਠਾ, ਮਸਜਦ ਮਸੀਤ ਇਕ ਦ੍ਰਿੜਾਵੇਗਾ । ਏਕਾ ਕਲਮਾ ਨਬੀ ਰਸੂਲ ਸਾਖਿਆਤਾ, ਕਾਇਨਾਤ ਅੱਖਰ ਇਕ ਪੜ੍ਹਾਵੇਗਾ । ਏਕਾ ਦੇਵਣਹਾਰ ਨਜਾਤਾ, ਮਹਿਬੂਬ ਆਪਣਾ ਵੇਸ ਵਟਾਵੇਗਾ । ਏਕਾ ਵੇਖਣਹਾਰ ਤਮਾਸ਼ਾ, ਨਿਰਗੁਣ ਆਪਣੀ ਰਾਸ ਰਚਾਵੇਗਾ । ਨੌਂ ਖੰਡ ਪ੍ਰਿਥਮੀ ਸੱਤ ਦੀਪ ਨਿੱਕਾ ਜਿਹਾ ਵੇਖੇ ਆਪਣਾ ਹਾਤਾ, ਚਾਰ ਦੀਵਾਰ ਨਾ ਕੋਇ ਬਣਾਵੇਗਾ । ਕੋਟ ਬ੍ਰਹਿਮੰਡ ਜਿਸ ਦੇ ਅੰਦਰ ਖਾਤਾ, ਆਪਣਾ ਖ਼ਾਕਾ ਹੱਥ ਨਾ ਕਿਸੇ ਫੜਾਵੇਗਾ । ਸੋ ਪਰਗਟ ਹੋਏ ਆਦਿ ਆਦਿ ਪੁਰਖ ਅਬਿਨਾਸ਼ਾ, ਕਲ ਕਲਕੀ ਨਾਉਂ ਧਰਾਵੇਗਾ । ਸੰਬਲ ਪਾਏ ਆਪਣੀ ਰਾਸਾ, ਸਾਢੇ ਤਿੰਨ ਹੱਥ ਬੰਕ ਵਡਿਆਵੇਗਾ । ਸੁਤ ਸ਼ਬਦ ਨੌਂ ਸੌ ਚੁਰਾਨਵੇ ਚੌਕੜੀ ਯੁਗ ਰੱਖ ਕੇ ਬੈਠਾ ਰਿਹੋਂ ਭਰਵਾਸਾ, ਤੇਰੀ ਅੰਤਮ ਆਸਾ ਪੂਰ ਕਰਾਵੇਗਾ । ਸੋਹੰ ਸ਼ਬਦ ਚਲੇ ਸਰਬ ਸਵਾਸ ਸਵਾਸਾ, ਸਭ ਦੀ ਸੋਹਣੀ ਰਾਸ ਇਕ ਬਣਾਵੇਗਾ । ਸ੍ਰੀ ਭਗਵਾਨ ਦੇ ਦਿਲਾਸਾ, ਸਿਰ ਆਪਣਾ ਹੱਥ ਟਿਕਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੁਤ ਤੋਹੇ ਦੇਵੇ ਵਰ, ਥਿਰ ਘਰ ਵਸੇ ਸਾਚਾ ਘਰ, ਘਰ ਮੰਦਰ ਅੰਦਰ ਜਾਣਾ ਵੜ, ਅੰਦਰ ਵੜ ਇਕੋ ਨਾਉਂ ਲੈਣਾ ਪੜ੍ਹ, ਤੂੰ ਮੇਰਾ ਮੈਂ ਤੇਰਾ ਦੋਹਾਂ ਦਾ ਇਕੋ ਘਰ ਡੇਰਾ, ਨਾਤਾ ਜੁੜੇ ਪਿਤਾ ਪੁੱਤ ਕੋਈ ਨਾ ਹੋਵੇ ਹੇਰਾ ਫੇਰਾ, ਹੇਰਾ ਫੇਰਾ ਸਰਬ ਮੁਕਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਹਿਬ ਸਤਿਗੁਰ ਜਾਣੇ ਕੇਹੜਾ, ਜਗ ਨੇਤਰ ਜੀਵ ਜੰਤ ਨਜ਼ਰ ਕਿਸੇ ਨਾ ਆਈਆ ।

## ★ ੨੫ ਜੇਠ ੨੦੨੦ ਬਿਕ੍ਰਮੀ ਸੰਤ ਰਾਮ ਮੰਗਤ ਰਾਮ ਦੇ ਗ੍ਰਿਹ ਜੰਮੂ ★

ਸਰਬ ਜੀਆਂ ਪ੍ਰਭ ਰੱਖੇ ਪਤ, ਪਤਿਪਰਮੇਸ਼ਵਰ ਵਡ ਵਡਿਆਈਆ । ਗ਼ਰੀਬ ਨਿਮਾਣੇ ਰੱਖੇ ਦੇ ਕਰ ਹੱਥ, ਸਿਰ ਆਪਣਾ ਹੱਥ ਟਿਕਾਈਆ । ਗੁਰਮੁਖਾਂ ਦੇਵੇ ਸਾਚੀ ਮਤ, ਗੁਰਮਤ ਇਕ ਜਣਾਈਆ । ਲੇਖੇ ਲਾਵੇ ਰਤੀ ਰਤ, ਪਰੇਮ ਰੰਗਣ ਵਿਚ ਰੰਗਾਈਆ । ਸਾਚੀ ਵਸਤ ਝੋਲੀ ਦੇਵੇ ਘਤ, ਜਗਤ ਤ੍ਰਿਸਨਾ ਭੁੱਖ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਇਕ ਅਖਵਾਈਆ । ਸਰਬ ਜੀਆਂ ਪ੍ਰਭ ਏਕੋ ਦਾਤਾ, ਦਾਤਾ ਦਾਨੀ ਹਰਿ ਅਖਵਾਇੰਦਾ । ਜੁਗ ਜੁਗ ਮੇਟ ਅੰਧੇਰੀ ਰਾਤਾ, ਸਾਚਾ ਚੰਦ ਚਮਕਾਇੰਦਾ । ਭਗਤ ਭਗਵਾਨ ਬੰਧਾਏ ਨਾਤਾ, ਨਾਤਾ ਆਪਣੇ ਨਾਲ ਜੁੜਾਇੰਦਾ । ਹੋਏ ਸਹਾਈ ਨਾਥ ਅਨਾਥਾਂ, ਗ਼ਰੀਬ ਨਿਮਾਣਿਆਂ ਆਪ ਉਠਾਇੰਦਾ । ਆਤਮ ਪਰਮਾਤਮ ਜਣਾਏ

੭੭੯ ੧੪

ਗਾਥਾ, ਸਾਚਾ ਮੰਤਰ ਆਪ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਇੰਦਾ । ਸਰਬ ਜੀਆਂ ਪ੍ਰਭ ਠਾਕਰ ਸਵਾਮੀ, ਹਰਿ ਸਤਿਗੁਰ ਆਪ ਅਖਵਾਇੰਦਾ । ਆਦਿ ਜੁਗਾਦੀ ਅੰਤਰਜਾਮੀ, ਘਟ ਘਟ ਵੇਖ ਵਖਾਇੰਦਾ । ਲੇਖਾ ਜਾਣੇ ਸ਼ਾਹ ਸੁਲਤਾਨੀ, ਹਕੀਰ ਹਕੀਰਾਂ ਭੇਵ ਚੁਕਾਇੰਦਾ । ਦੇਵਣਹਾਰਾ ਨਾਮ ਨਿਸ਼ਾਨੀ, ਵਸਤ ਅਮੋਲਕ ਆਪ ਵਰਤਾਇੰਦਾ । ਸੁਣਾਵਣਹਾਰਾ ਅਗੰਮ ਬਾਣੀ, ਬੋਧ ਅਗਾਧਾ ਰਾਗ ਅਲਾਇੰਦਾ । ਵੇਖਣਹਾਰਾ ਚਾਰੇ ਖਾਣੀ, ਚਾਰੋਂ ਕੁੰਟ ਫੇਰਾ ਪਾਇੰਦਾ । ਮੇਲਣਹਾਰਾ ਹਰਿਜਨ ਹਾਣੀ, ਹਰਿ ਹਰਿ ਆਪਣਾ ਰੰਗ ਰੰਗਾਇੰਦਾ । ਚੁਕਾਵਣਹਾਰਾ ਆਵਣ ਜਾਣੀ, ਬੰਦੀ ਖ਼ਾਨਾ ਬੰਦ ਤੁੜਾਇੰਦਾ । ਪਿਆਵਣਹਾਰਾ ਠੰਡਾ ਪਾਣੀ, ਨਿਝਰ ਅੰਮ੍ਰਿਤ ਰਸ ਅੰਮ੍ਰਿਤ ਮੇਘ ਬਰਸਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਆਪਣਾ ਭੇਵ ਚੁਕਾਇੰਦਾ । ਸਰਬ ਜੀਆਂ ਪ੍ਰਭ ਏਕੋ ਠਾਕਰ, ਹਰਿ ਠਾਕਰ ਵਡ ਵਡਿਆਈਆ । ਜੁਗ ਚੌਕੜੀ ਬਣੇ ਸੌਦਾਗਰ, ਬਣ ਵਣਜਾਰਾ ਫੇਰਾ ਪਾਈਆ । ਹਰਿਜਨ ਵੇਖੇ ਡੂੰਘੇ ਸਾਗਰ, ਗਹਿਰ ਗੰਭੀਰ ਫੋਲ ਫੁਲਾਈਆ । ਭਾਗ ਲਗਾਏ ਕਾਇਆ ਗਾਗਰ, ਘਰ ਅੰਮ੍ਰਿਤ ਇਕ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੋਵਣਹਾਰਾ ਹਰਿ ਸਹਾਈਆ । ਸਰਬ ਜੀਆਂ ਪ੍ਰਭ ਸਤਿਗੁਰ ਏਕ, ਏਕੰਕਾਰ ਹਰਿ ਅਖਵਾਇੰਦਾ । ਜੁਗ ਚੌਕੜੀ ਧਾਰੇ ਭੇਖ, ਭੇਖ ਅਵੱਲੜਾ ਆਪ ਕਰਾਇੰਦਾ । ਲੱਖ ਚੁਰਾਸੀ ਲਏ ਵੇਖ, ਨਿਰਗੁਣ ਆਪ ਨਜ਼ਰ ਕਿਸੇ ਨਾ ਆਇੰਦਾ । ਗੁਰਮੁਖ ਵਿਰਲੇ ਕਰੇ ਹੇਤ, ਸਚ ਪ੍ਰੀਤੀ ਇਕ ਸਮਝਾਇੰਦਾ । ਭਾਗ ਲਗਾਏ ਕਾਇਆ ਖੇਤ, ਬੰਕ ਦਵਾਰ ਇਕ ਵਡਿਆਇੰਦਾ । ਨਜ਼ਰੀ ਆਏ ਨੇਤਨ ਨੇਤ, ਨਰ ਨਿਰੰਕਾਰ ਆਪਣਾ ਭੇਵ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਸਦ ਆਪਣੀ ਕਾਰ ਕਮਾਇੰਦਾ । ਸਰਬ ਜੀਆਂ ਪ੍ਰਭ ਇਕੋ ਗੁਰਦੇਵ, ਗੁਰ ਮੰਤਰ ਇਕ ਦ੍ਰਿੜਾਈਆ । ਆਦਿ ਜੁਗਾਦੀ ਅਲਖ ਅਭੇਵ, ਬੇਅੰਤ ਬੇਪਰਵਾਹੀਆ । ਨਿਤ ਨਵਿਤ ਲਗਾਏ ਸੇਵ, ਹਰਿਜਨ ਸਾਚੀ ਸੇਵ ਜਣਾਈਆ । ਰਸ ਅੰਮ੍ਰਿਤ ਦੇਵੇ ਸਾਚਾ ਮੇਵ, ਫਲ ਇਕੋ ਇਕ ਖ਼ੁਆਈਆ । ਧਾਮ ਦੇਵੇ ਨਿਹਚਲ ਨਿਹਕੇਵ, ਮਹੱਲ ਅਟੱਲ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਦਾਤਾ ਬੇਪਰਵਾਹੀਆ । ਸਰਬ ਜੀਆਂ ਹਰਿ ਸਦਾ ਸਹਾਇਕ, ਸਿਰ ਸਿਰ ਹੱਥ ਰਖਾਇੰਦਾ । ਆਦਿ ਜੁਗਾਦੀ ਨਿਰਗੁਣ ਨਾਇਕ, ਸਰਗੁਣ ਆਪਣੀ ਕਾਰੇ ਲਾਇੰਦਾ । ਗੁਰਮੁਖ ਗੁਰਸਿਖ ਮੁਰੀਦ ਮੁਰਸ਼ਦ ਪੜ੍ਹਾਏ ਇਕੋ ਆਇਤ, ਦੂਜੀ ਸ਼ਰੀਅਤ ਨਾ ਕੋਇ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਜੂ ਹਰਿਜਨ ਹਰਿ ਹਰਿ ਵੇਖ ਵਖਾਇੰਦਾ । ਸਰਬ ਜੀਆਂ ਪ੍ਰਭ ਏਕੰਕਾਰਾ, ਇਕੋ ਇਕ ਅਖਵਾਇੰਦਾ । ਆਦਿ ਜੁਗਾਦਿ ਕਰ ਪਸਾਰਾ, ਜੁਗ ਜੁਗ ਰਾਹ ਚਲਾਇੰਦਾ । ਜੋਤੀ ਜਾਤਾ ਹੋ ਉਜਿਆਰਾ, ਨਿਰਗੁਣ ਨੂਰ ਵੇਸ ਵਟਾਇੰਦਾ । ਸ਼ਬਦ ਅਗੰਮ ਬੋਲ ਜੈਕਾਰਾ, ਜੈ ਜੈਕਾਰ ਰਾਗ ਅਲਾਇੰਦਾ । ਮਹੱਲ ਅਟੱਲ ਉਚ ਮਨਾਰਾ, ਸਚਖੰਡ ਦਵਾਰ ਸੋਭਾ ਪਾਇੰਦਾ । ਲੋਕਮਾਤ ਲੈ ਅਵਤਾਰਾ, ਸਰਗੁਣ ਆਪਣਾ ਖੇਲ ਵਖਾਇੰਦਾ । ਗੁਰਮੁਖ ਗੁਰਸਿਖ ਕਰ ਪਿਆਰਾ, ਪਰਮ ਪੁਰਖ ਪ੍ਰਭ ਆਪਣਾ ਮੇਲ ਮਿਲਾਇੰਦਾ । ਨਿਤ ਨਵਿਤ ਦੇ ਆਧਾਰਾ, ਧੀਰਜ ਧੀਰ ਇਕ ਜਣਾਇੰਦਾ । ਦਰਸ ਦਿਖਾਏ ਖੋਲ੍ਹ ਕਿਵਾੜਾ, ਬੰਦ ਤਾਕੀ ਕੁੰਡਾ ਲਾਹਿੰਦਾ । ਨਾਮ ਜਣਾਏ ਇਕ ਅਪਾਰਾ, ਭੇਵ ਅਭੇਦ ਖੁਲ੍ਹਾਇੰਦਾ । ਸੁਰਤੀ ਸ਼ਬਦੀ ਮੇਲਾ ਕੰਤ ਭਤਾਰਾ, ਸੇਜ ਸੁਹੰਜਣੀ ਇਕ ਸੁਹਾਇੰਦਾ । ਦੋਹਾਂ ਜਣਾਏ ਇਕੋ ਨਾਅਰਾ, ਸਾਚੀ

ਸਿਖਿਆ ਆਪ ਸਮਝਾਇੰਦਾ । ਸੋਹੰ ਰੂਪ ਕਰ ਪਿਆਰਾ, ਸ਼ਾਹੋ ਭੂਪ ਖ਼ੁਸ਼ੀ ਮਨਾਇੰਦਾ । ਤੂੰ ਮੇਰਾ ਮੈਂ ਤੇਰਾ ਯਾਰਾ, ਯਾਰੀ ਯਾਰ ਨਾਲ ਹੰਡਾਇੰਦਾ । ਗ਼ਰੀਬ ਨਿਮਾਣਿਆਂ ਦੇ ਸਹਾਰਾ, ਸਿਰ ਆਪਣਾ ਹੱਥ ਟਿਕਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਖਾਏ ਇਕ ਕਿਨਾਰਾ, ਮੰਜਧਾਰ ਧਾਰ ਨਾ ਕੋਇ ਵਹਾਇੰਦਾ ।

★ ੨੫ ਜੇਠ ੨੦੨੦ ਬਿਕ੍ਰਮੀ ਪਰਕਾਸ਼ ਚੰਦ ਦੇ ਗ੍ਰਿਹ ਜੰਮੂ ★

ਹਰਿ ਦਾਤਾ ਸਦ ਦਰਵੇਸ਼, ਜੁਗ ਜੁਗ ਸਾਚੀ ਸੇਵ ਕਮਾਇੰਦਾ । ਜਨ ਭਗਤ ਦਵਾਰੇ ਰਹੇ ਹਮੇਸ਼, ਚੋਬਦਾਰ ਰੂਪ ਵਟਾਇੰਦਾ । ਸੇਵਾ ਰੱਖੇ ਵਿਸ਼ਨ ਬ੍ਰਹਮ ਮਹੇਸ਼, ਹੁਕਮੇ ਅੰਦਰ ਹੁਕਮ ਚਲਾਇੰਦਾ । ਤਖ਼ਤ ਨਿਵਾਸੀ ਬਣ ਨਰੇਸ਼, ਸਾਚੇ ਤਖ਼ਤ ਸੋਭਾ ਪਾਇੰਦਾ । ਨਿਰਗੁਣ ਹੋ ਕੇ ਲਏ ਵੇਖ, ਸਰਗੁਣ ਨਜ਼ਰ ਕਿਸੇ ਨਾ ਆਇੰਦਾ । ਹਰਿਜਨ ਖੋਲ੍ਹੇ ਆਪਣਾ ਭੇਤ, ਲੱਖ ਚੁਰਾਸੀ ਭਰਮ ਭੁਲਾਇੰਦਾ । ਅੰਤਰ ਆਤਮ ਕਰੇ ਹੇਤ, ਹਿਤਕਾਰੀ ਆਪਣਾ ਮੇਲ ਮਿਲਾਇੰਦਾ । ਨਜ਼ਰੀ ਆਏ ਨੇਤਨ ਨੇਤ, ਨਿਜ ਨੇਤਰ ਨੈਣ ਖੁਲ੍ਹਾਇੰਦਾ । ਸਦਾ ਸੁਹੇਲਾ ਇਕ ਇਕੇਲਾ ਸਾਹਿਬ ਲਿਖਣਹਾਰਾ ਲੇਖ, ਲੇਖਾ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵਾ ਆਪ ਕਮਾਇੰਦਾ । ਸਰਬ ਸਵਾਮੀ ਸੇਵਾਦਾਰ, ਜੁਗ ਸਾਚੀ ਸੇਵ ਕਮਾਈਆ । ਭਗਤ ਸੁਹੇਲਾ ਮੀਤ ਮੁਰਾਰ, ਨਰ ਨਰਾਇਣ ਵੱਡੀ ਵਡਿਆਈਆ । ਵੇਖਣਹਾਰਾ ਜੁਗ ਚੌਕੜੀ ਚਾਰ, ਚਾਰੋਂ ਕੁੰਟ ਫੇਰਾ ਪਾਈਆ । ਚਾਰੇ ਖਾਣੀ ਦੇਵਣਹਾਰ ਸਹਾਰ, ਚਾਰੇ ਬਾਣੀ ਭੇਵ ਚੁਕਾਈਆ । ਚੌਥੇ ਪਦ ਦੀ ਸਾਚੀ ਧਾਰ, ਜਨ ਭਗਤਾਂ ਆਪ ਜਣਾਈਆ । ਨੌਂ ਦਰ ਦੀ ਹੱਦ ਪਾਰ, ਕਰ ਕਿਰਪਾ ਆਪ ਲੰਘਾਈਆ । ਡੂੰਘੀ ਖੱਡ ਅੰਧੇਰੀ ਗਾਰ, ਕਾਇਆ ਮੰਦਰ ਅੰਦਰ ਵੇਖ ਵਖਾਈਆ । ਨਿਰਮਲ ਦੀਆ ਕਰ ਉਜਿਆਰ, ਜੋਤ ਇਕੋ ਇਕ ਰੁਸ਼ਨਾਈਆ । ਨਾਦ ਅਨਾਦ ਸੱਚੀ ਧੁਨਕਾਰ, ਅਨਰਾਗੀ ਆਪਣਾ ਰਾਗ ਸੁਣਾਈਆ । ਅੰਮ੍ਰਿਤ ਮੇਘ ਬਰਖੇ ਠੰਡਾ ਠਾਰ, ਪਰੇਮ ਪ੍ਰੀਤੀ ਇਕ ਜਣਾਈਆ । ਠਾਕਰ ਵਸੇ ਠਾਕਰ ਦਵਾਰ, ਘਰ ਠਾਕਰ ਦਵਾਰਾ ਦਏ ਜਣਾਈਆ । ਸਤਿਗੁਰ ਮੇਲਾ ਗੁਰੂਦਵਾਰ, ਗੁਰਦਵਾਰਾ ਸਾਢੇ ਤਿੰਨ ਹੱਥ ਬੰਕ ਦਏ ਜਣਾਈਆ । ਮਹੱਲ ਮਿਲੇ ਪਰਵਰਦਿਗਾਰ, ਕਾਅਬਾ ਇਕੋ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਸਾਚੀ ਸੇਵ ਕਮਾਈਆ । ਹਰਿ ਸਤਿਗੁਰ ਪੂਰਾ ਸਦਾ ਗਵਾਲਾ, ਗੋਕਲ ਬਿੰਦਰਾ ਕਾਇਆ ਰੂਪ ਵਖਾਈਆ । ਸੁਰਤੀ ਸ਼ਬਦੀ ਬਣ ਰਖਵਾਲਾ, ਸਦਾ ਸਦ ਹੋਏ ਸਹਾਈਆ । ਨਿਰਗੁਣ ਨਿਰਗੁਣ ਰਹੇ ਨਿਰਾਲਾ, ਸਰਗੁਣ ਸਰਗੁਣ ਆਪਣਾ ਭੇਵ ਚੁਕਾਈਆ । ਜੋਤੀ ਨੂਰ ਸਚ ਉਜਾਲਾ, ਪਰਕਾਸ਼ ਪਰਕਾਸ਼ ਦਏ ਪਰਗਟਾਈਆ । ਅਗਨ ਜਣਾਏ ਇਕ ਜਵਾਲਾ, ਮੁਖੀ ਇਕੋ ਇਕ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਚਤਰਭੁਜ ਜਗਦੀਸ ਸਾਚੀ ਸੇਵਾ ਆਪਣੇ ਹੱਥ ਰਖਾਈਆ । ਸੇਵਾ ਕਰਨ ਕੋ ਇਕ ਸਵਾਮੀ, ਹਰਿ ਸਤਿਗੁਰ ਆਪ ਅਖਵਾਇੰਦਾ । ਜੁਗ ਚੌਕੜੀ ਅਗੰਮ ਕਹਾਣੀ, ਸਾਹਿਬ ਸੁਲਤਾਨ ਆਪ ਸੁਣਾਇੰਦਾ । ਸ਼ਬਦੀ ਸ਼ਬਦ ਸਾਚੀ ਬਾਣੀ, ਧੁਰ ਫ਼ਰਮਾਨ ਅਲਾਇੰਦਾ । ਜਨ ਭਗਤਾਂ ਦੇਵੇ ਆਪ ਨਿਸ਼ਾਨੀ, ਸਾਚੀ ਵਸਤ ਇਕ ਵਰਤਾਇੰਦਾ । ਗ੍ਰਿਹ ਮੰਦਰ ਹੋਵੇ

ਜਾਣ ਜਾਣੀ, ਜਾਨਣਹਾਰ ਭੇਵ ਚੁਕਾਇੰਦਾ । ਅੰਮ੍ਰਿਤ ਆਤਮ ਠੰਡਾ ਪਾਣੀ, ਘਰ ਪਿਆਲਾ ਰਸ ਪਿਆਇੰਦਾ । ਆਤਮ ਪਰਮਾਤਮ ਕਰ ਪਹਿਚਾਨੀ, ਦਵੈਤੀ ਪੜਦਾ ਉਪਰ ਉਠਾਇੰਦਾ । ਸੁਰਤ ਸਵਾਣੀ ਬਣਾਏ ਰਾਣੀ, ਸ਼ਬਦ ਕੰਤ ਵਡ ਵਡਿਆਇੰਦਾ । ਪਰਮ ਪੁਰਖ ਦਾ ਖੇਲ ਮਹਾਨੀ, ਖ਼ਾਲਕ ਨਜ਼ਰ ਕਿਸੇ ਨਾ ਪਾਇੰਦਾ । ਖ਼ਲਕਤ ਹੋਏ ਅੰਤ ਹੈਰਾਨੀ, ਹਕੀਕਤ ਹੱਕ ਨਾ ਕਿਸੇ ਜਣਾਇੰਦਾ । ਵੇਖਣਹਾਰਾ ਦੋ ਜਹਾਨੀ, ਨਿਰਗੁਣ ਸਰਗੁਣ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੇਵਾ ਆਪ ਕਮਾਇੰਦਾ । ਸੇਵਾ ਕਰੇ ਇਕ ਗੋਪਾਲ, ਹਰਿ ਗੋਬਿੰਦ ਵਡ ਵਡਿਆਈਆ । ਗੁਰਮੁਖ ਗੁਰਸਿਖ ਵੇਖੇ ਲਾਲ, ਲਾਲਨ ਲਾਲ ਬੇਪਰਵਾਹੀਆ । ਸੰਤਾਂ ਦੇਵੇ ਨੂਰ ਜਮਾਲ, ਜਲਵਾ ਇਕ ਦਰਸਾਈਆ । ਭਗਤਨ ਵਸੇ ਸਦਾ ਨਾਲ, ਸਾਚਾ ਸੰਗ ਨਿਭਾਈਆ । ਨਾਤਾ ਤੋੜੇ ਸ਼ਾਹ ਕੰਗਾਲ, ਊਚ ਨੀਚ ਨਾ ਕੋਇ ਰਖਾਈਆ । ਨਿਰਗੁਣ ਹੋ ਕੇ ਬਣ ਦਲਾਲ, ਸਤਿਗੁਰ ਭੇਵ ਚੁਕਾਈਆ । ਤ੍ਰੈਗੁਣ ਮਾਇਆ ਤੋੜ ਜੰਜਾਲ, ਜੀਵਣ ਜੁਗਤ ਦਏ ਦ੍ਰਿੜਾਈਆ । ਸੁਣਨਹਾਰ ਮੁਰੀਦਾਂ ਹਾਲ, ਮੁਰਸ਼ਦ ਆਪਣਾ ਫੇਰਾ ਪਾਈਆ । ਲੇਖਾ ਜਾਣੇ ਕਾਲ ਮਹਾਂਕਾਲ, ਲੱਖ ਚੁਰਾਸੀ ਖੋਜ ਖੁਜਾਈਆ । ਸਚ ਸਚ ਦੀ ਸੱਚੀ ਧਰਮਸਾਲ, ਧਰਮ ਦਵਾਰਾ ਇਕ ਵਡਿਆਈਆ । ਜਿਸ ਗ੍ਰਿਹ ਜਿਸ ਮੰਦਰ ਜਿਸ ਘਰ ਵਸੇ ਸ੍ਰੀ ਭਗਵਾਨ, ਸੋ ਮਕਾਨ ਸੋਭਾ ਪਾਈਆ । ਭੱਠ ਖੇੜਾ ਸੋ ਨਗਰ ਗਰਾਮ, ਜਿਸ ਗ੍ਰਿਹ ਮਿਲੇ ਨਾ ਸੱਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦਾ ਸਦ ਹੋਵਣਹਾਰ ਸਹਾਈਆ । ਹੋਏ ਸਹਾਈ ਸਰਬ ਘਟ ਰਾਖਾ, ਨਿਤ ਨਵਿਤ ਕਾਰ ਕਮਾਇੰਦਾ । ਨਿਰਵੈਰ ਪੁਰਖ ਹਰਿ ਜੋਤੀ ਜਾਤਾ, ਅਲਖ ਅਗੋਚਰ ਅਗੰਮ ਅਥਾਹ ਇਕ ਅਖਵਾਇੰਦਾ । ਭਗਤ ਭਗਵਾਨ ਪਿਤਾ ਮਾਤਾ, ਪੂਤ ਸਪੂਤ ਗੋਦ ਉਠਾਇੰਦਾ । ਆਤਮ ਪਰਮਾਤਮ ਜੋੜ ਨਾਤਾ, ਗੰਢ ਆਪਣੇ ਨਾਲ ਪੁਆਇੰਦਾ । ਜਨਮ ਕਰਮ ਦਾ ਵੇਖੇ ਖਾਤਾ, ਪਿਛਲਾ ਲੇਖਾ ਵੇਖ ਵਖਾਇੰਦਾ । ਅੱਗੇ ਬਣਾਏ ਆਪਣਾ ਸਾਕਾ, ਸੱਜਣ ਇਕੋ ਨਜ਼ਰੀ ਆਇੰਦਾ । ਲਹਿਣਾ ਚੁੱਕੇ ਤਨ ਮਾਟੀ ਖ਼ਾਕਾ, ਖ਼ਾਕ ਖ਼ਾਕ ਰੂਪ ਜਣਾਇੰਦਾ । ਆਤਮ ਸੇਜਾ ਸੁਹਾਏ ਖਾਟਾ, ਖੱਟੀਆ ਇਕੋ ਇਕ ਵਿਛਾਇੰਦਾ । ਉਪਰ ਬੈਠ ਪੁਰਖ ਸਮਰਾਥਾ, ਸਚ ਸਿੰਘਾਸਣ ਆਪ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦਾ ਸੁਹੇਲਾ ਇਕ ਇਕੇਲਾ, ਹਰਿ ਸਾਚੀ ਸੇਵ ਕਮਾਇੰਦਾ । ਸੇਵਾ ਕਰਨ ਪ੍ਰਭ ਆਏ ਆਪ, ਕਲ ਆਪਣੀ ਸੇਵ ਲਗਾਈਆ । ਸਰਬ ਸਵਾਮੀ ਮਾਈ ਬਾਪ, ਪੁਰਖ ਅਕਾਲ ਵਡ ਵਡਿਆਈਆ । ਨਿਰਗੁਣ ਨਿਰਗੁਣ ਦੱਸੇ ਜਾਪ, ਸਰਗੁਣ ਸਰਗੁਣ ਕਰੇ ਪੜ੍ਹਾਈਆ । ਜਨਮ ਕਰਮ ਦਾ ਉਤਰੇ ਪਾਪ, ਪਤਤ ਪੁਨੀਤ ਵਖਾਈਆ । ਰੂਪ ਬਣਾਏ ਖ਼ਾਲਸ ਖ਼ਾਸ, ਜਿਸ ਜਨ ਆਪਣਾ ਭੇਵ ਚੁਕਾਈਆ । ਜੁਗ ਜਨਮ ਦੀ ਪੂਰੀ ਕਰੇ ਆਸ, ਆਸਾਵੰਤ ਸਹਿਜ ਸੁਖਦਾਈਆ । ਦਰਸ ਹਰਸ ਦੀ ਮਿਟੇ ਪਿਆਸ, ਤ੍ਰਿਸਨਾ ਦਏ ਬੁਝਾਈਆ । ਵੇਖਣਹਾਰ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਖੋਜ ਖੁਜਾਈਆ । ਸਤਿਗੁਰ ਬਣ ਕੇ ਦੇਵੇ ਸਾਥ, ਗੁਰਸਿਖ ਬਣਾ ਕੇ ਮੇਲ ਮਿਲਾਈਆ । ਦੋਹਾਂ ਵਿਚੋਲਾ ਕਮਲਾਪਾਤ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣੀ ਸੇਵ ਰਖਾਈਆ । ਢੋਲਾ ਗਾਏ ਇਕੋ ਗਾਥ, ਤੇਰਾ ਮੇਰਾ ਭੇਵ ਰਹੇ ਨਾ ਰਾਈਆ । ਸੋਹੰ ਰੂਪ ਪ੍ਰਭ ਦੀ ਜ਼ਾਤ, ਦੂਜਾ ਬੰਸ ਨਾ ਕੋਇ ਵਖਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗ ਚੌਕੜੀ ਜਨ ਭਗਤਾਂ ਆਪ ਕਰੇ ਤਲਾਸ਼, ਲੱਭਿਆਂ ਹੱਥ ਕਿਸੇ ਨਾ ਆਈਆ ।

★ ੨੫ ਜੇਠ ੨੦੨੦ ਬਿਕ੍ਰਮੀ ਲਾਲ ਚੰਦ ਦੇ ਗ੍ਰਿਹ ਜੰਮੂ ★

ਸ੍ਰੀ ਭਗਵਾਨ ਪਹਿਰੇਦਾਰ, ਭਗਵਨ ਹੋਵੇ ਸਦਾ ਸਹਾਈਆ । ਜੁਗ ਜੁਗ ਕਰੇ ਖ਼ਬਰਦਾਰ, ਸਚ ਸੰਦੇਸਾ ਨਾਮ ਜਣਾਈਆ । ਸੋਏ ਜਗਤ ਲਏ ਉਠਾਲ, ਦਰ ਦਰ ਘਰ ਘਰ ਫੇਰਾ ਪਾਈਆ । ਨਿਰਗੁਣ ਹੋ ਕੇ ਬਣੇ ਦਲਾਲ, ਸਰਗੁਣ ਮੇਲਾ ਸਹਿਜ ਸੁਭਾਈਆ । ਸਚ ਦਵਾਰ ਵਖਾਏ ਸੱਚੀ ਧਰਮਸਾਲ, ਧਰਮ ਦਵਾਰਾ ਇਕ ਖੁਲ੍ਹਾਈਆ । ਭੇਵ ਚੁਕਾਏ ਸ਼ਾਹ ਕੰਗਾਲ, ਸਤਿ ਸਰੂਪੀ ਰੂਪ ਅਨੂਪ ਦਰਸਾਈਆ । ਹਰਿਜਨ ਵੇਖੇ ਸਾਚੇ ਲਾਲ, ਸੰਤ ਸੱਜਣ ਲਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਹਿਰੇਦਾਰ ਇਕ ਅਖਵਾਈਆ । ਪਹਿਰੇਦਾਰ ਬਣੇ ਗੋਬਿੰਦ, ਹਰਿ ਗੋਬਿੰਦ ਵਡ ਵਡਿਆਈਆ । ਜਨ ਭਗਤਾਂ ਮੇਟੇ ਚਿੰਦ, ਚਿੰਤਾ ਆਪਣੀ ਝੋਲੀ ਪਾਈਆ । ਦੇਵੇ ਨਾਮ ਗੁਣੀ ਗਹਿੰਦ, ਹਰਿ ਮੰਤਰ ਨਾਮੋ ਇਕ ਦ੍ਰਿੜਾਈਆ । ਅੰਮ੍ਰਿਤ ਧਾਰ ਵਹਾਏ ਸਾਗਰ ਸਿੰਧ, ਦੁਰਮਤ ਮੈਲ ਦਏ ਰੁੜ੍ਹਾਈਆ । ਦੂਈ ਦਵੈਤੀ ਭਰਮਾਂ ਢਾਹੇ ਕੰਧ, ਪੜਦਾ ਅੰਤਰ ਦਏ ਚੁਕਾਈਆ । ਸਤਿ ਪੁਰਖ ਨਿਰੰਜਣ ਸੁਣਾਏ ਆਪਣਾ ਛੰਦ, ਸਾਚਾ ਰਾਗ ਇਕ ਅਲਾਈਆ । ਚੋਰ ਯਾਰ ਠੱਗ ਕੋਈ ਅੰਦਰ ਸਕੇ ਨਾ ਲੰਘ, ਦਰ ਦਰਵਾਜਿਉਂ ਬਾਹਰ ਲਏ ਅਟਕਾਈਆ । ਨਾਮ ਖੰਡਾ ਤੇਜ਼ ਪਰਚੰਡ, ਚੰਡਕਾ ਰੂਪ ਇਕ ਵਖਾਈਆ । ਜੋ ਗੁਰਮੁਖ ਗਾਏ ਸੋਹੰ ਛੰਦ, ਤਿਨ੍ਹਾਂ ਉਂਗਲੀ ਲਏ ਲਗਾਈਆ । ਇਕ ਵਖਾਏ ਸਤਿ ਅਨੰਦ, ਅਨੰਦ ਅਨੰਦ ਵਿਚ ਸਮਾਈਆ । ਬਿਨ ਸੂਰਜ ਚੰਦ ਪਰਕਾਸ਼ ਹੋਵੇ ਸਾਚੇ ਚੰਦ, ਜੋਤੀ ਜੋਤ ਡਗਮਗਾਈਆ । ਪਹਿਰੇਦਾਰ ਸੂਰਾ ਸਰਬੰਗ, ਸ਼ਾਹ ਪਾਤਸ਼ਾਹ ਆਪਣੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਹੋਏ ਸਹਾਈਆ । ਪਹਿਰੇਦਾਰ ਬਣੇ ਬਨਵਾਰੀ, ਬਨ ਜੰਗਲ ਵੇਖ ਵਖਾਇੰਦਾ । ਹੋਕਾ ਦੇਵੇ ਵਡ ਸੰਸਾਰੀ, ਉਚੀ ਕੂਕ ਕੂਕ ਅਲਾਇੰਦਾ । ਉਠੋ ਜੀਵ ਜੰਤ ਗਵਾਰੀ, ਬੇਪਰਵਾਹ ਫੇਰਾ ਪਾਇੰਦਾ । ਚਾਰੋਂ ਕੁੰਟ ਰੈਣ ਅੰਧਿਆਰੀ, ਸਾਚਾ ਚੰਦ ਨਜ਼ਰ ਨਾ ਆਇੰਦਾ । ਸ੍ਰਿਸ਼ਟ ਸਬਾਈ ਬਣੀ ਵਿਭਚਾਰੀ, ਸਤਿ ਧਰਮ ਨਾ ਕੋਇ ਰਖਾਇੰਦਾ । ਸਚ ਪਰੇਮ ਨਾ ਪੁਰਸ਼ ਨਾਰੀ, ਪੀਆ ਪ੍ਰੀਤਮ ਰੂਪ ਨਾ ਕੋਇ ਵਟਾਇੰਦਾ । ਨੇਤਰਹੀਣ ਡਿਗੇ ਡੂੰਘੀ ਗ਼ਾਰੀ, ਕਾਇਆ ਕਵਰੀ ਪਾਰ ਨਾ ਕੋਇ ਕਢਾਇੰਦਾ । ਮਨ ਵਾਸਨਾ ਕਰੇ ਖ਼ੁਆਰੀ, ਬੁਧ ਬਿਬੇਕ ਨਾ ਕੋਇ ਵਖਾਇੰਦਾ । ਸ੍ਰੀ ਭਗਵਾਨ ਲੱਭਦੇ ਫਿਰਦੇ ਜੰਗਲ ਜੂਹ ਉਜਾੜ ਪਹਾੜੀਂ, ਘਰ ਮੰਦਰ ਪੜਦਾ ਕੋਇ ਨਾ ਲਾਹਿੰਦਾ । ਪਤਿਪਰਮੇਸ਼ਵਰ ਸਦਾ ਸਵਾਮੀ ਬੈਠਾ ਰਹੇ ਮਹੱਲ ਅਟੱਲ ਉਚ ਅਟਾਰੀ, ਦਰ ਸਾਚੇ ਸੋਭਾ ਪਾਇੰਦਾ । ਸੇਵਕ ਸੇਵਾ ਕਰੇ ਅਪਰ ਅਪਾਰੀ, ਜਗਤ ਨੇਤਰ ਨਜ਼ਰ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਵਖਾਇੰਦਾ । ਠਾਕਰ ਬਣੇ ਚੋਬਦਾਰ, ਨੌਂ ਦਰ ਵੇਖੇ ਥਾਉਂ ਥਾਈਂਆ । ਭੱਜਾ ਫਿਰੇ ਅਗੰਮ ਅਪਾਰ, ਨਿਰਗੁਣ ਆਪਣਾ ਪੰਧ ਮੁਕਾਈਆ । ਚਲ ਕੇ ਆਏ ਭਗਤ ਦਵਾਰ, ਦਰ ਸੋਹਣਾ ਇਕ ਸੁਹਾਈਆ । ਉਚੀ ਕੂਕ ਕਰੇ ਪੁਕਾਰ, ਗੁਰਮੁਖੋ ਉਠੋ ਅੱਖ ਖੁਲ੍ਹਾਈਆ । ਵੇਖੋ ਮੀਤ ਮੀਤੜਾ ਯਾਰ, ਮਿੱਤਰ ਪਿਆਰਾ ਵੇਸ ਵਟਾਈਆ । ਜਿਸ ਦੀ ਸੁਣਦੇ ਰਹੇ ਗੁਫ਼ਤਾਰ, ਜਿਸ ਦਾ ਨਾਮ ਰਹੇ ਜਸ ਗਾਈਆ । ਜਿਸ ਦੀ ਸਿਫ਼ਤ ਕਰੇ ਵੇਦ ਚਾਰ, ਜਿਸ ਦੀ ਮਹਿਮਾ ਸ਼ਾਸਤਰ ਸਿਮਰਤ ਰਹੇ ਸੁਣਾਈਆ । ਤਿਸ ਸਾਹਿਬ ਦਾ ਕਰੋ ਦੀਦਾਰ, ਨੇਤਰ ਲੋਚਣ ਨੈਣ ਖੁਲ੍ਹਾਈਆ । ਬਣ ਕੇ ਆਇਆ ਪਹਿਰੇਦਾਰ, ਨਾਮ ਖੰਡਾ ਹੱਥ ਉਠਾਈਆ ।

੭੮੨
੧੪

ਕਲਜੁਗ ਮਾਰੇ ਕੂੜ ਕੁੜਿਆਰ, ਜੂਠ ਝੂਠ ਪਰੇ ਹਟਾਈਆ । ਸੱਚਾ ਹੁਕਮ ਦੇਵੇ ਪੁਕਾਰ, ਢੋਲਾ ਸਤਿ ਸਤਿ ਸੁਣਾਈਆ । ਇਕੋ ਮੰਨੋ ਪੁਰਖ ਅਕਾਲ, ਪਾਰਬ੍ਰਹਮ ਸਚ ਸਰਨਾਈਆ । ਦੀਨਾਂ ਬੰਧਪ ਦੀਨ ਦਿਆਲ, ਦੀਨਾਂ ਨਾਥ ਹੋਏ ਸਹਾਈਆ । ਭੈ ਚੁਕੇ ਸਿਰ ਤੋਂ ਕਾਲ, ਰਾਏ ਧਰਮ ਨਾ ਦਏ ਸਜ਼ਾਈਆ । ਚਿਤਰ ਗੁਪਤ ਲੇਖ ਨਾ ਸਕੇ ਵਖਾਲ, ਮੌਤ ਲਾੜੀ ਨਾ ਅੰਤ ਪਰਨਾਈਆ । ਦਰ ਦਰਵਾਜ਼ੇ ਖੜਾ ਰਹੇ ਗੋਪਾਲ, ਘਰ ਸਾਚੇ ਸੇਵ ਕਮਾਈਆ । ਲੱਗੀ ਪ੍ਰੀਤੀ ਨਿਭੇ ਨਾਲ, ਅਧਵਿਚਕਾਰ ਨਾ ਕੋਇ ਤੁੜਾਈਆ । ਸ਼ਰਅ ਰਹੇ ਨਾ ਕੋਇ ਜੰਜਾਲ, ਸ਼ਰੀਅਤ ਕਰੇ ਨਾ ਕੋਇ ਲੜਾਈਆ । ਅਬਿਨਾਸ਼ੀ ਕਰਤਾ ਨਿਰਗੁਣ ਹੋ ਕੇ ਦੇਵੇ ਆਪ ਇਕਬਾਲ, ਜ਼ਮਨੀ ਆਪਣੀ ਰਿਹਾ ਭਰਾਈਆ । ਵੇਲੇ ਅੰਤ ਲਵਾਂ ਸੰਭਾਲ, ਦਰ ਦਰ ਘਰ ਘਰ ਫੇਰਾ ਪਾਈਆ । ਗੋਦੀ ਚੁਕਾਂ ਗੁਰਮੁਖ ਲਾਲ, ਜੋ ਜਨ ਸੋਹੰ ਢੋਲਾ ਰਹੇ ਗਾਈਆ । ਸਚਖੰਡ ਵਖਾਵਾਂ ਸੱਚੀ ਧਰਮਸਾਲ, ਜਿਸ ਦਵਾਰੇ ਵੇਖਣ ਕੋਇ ਨਾ ਜਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਹੋਣ ਖ਼ੁਸ਼ਹਾਲ, ਖ਼ੁਸ਼ੀ ਘਰ ਘਰ ਦਿਆਂ ਵਖਾਈਆ । ਜਿਨ੍ਹਾਂ ਪਹਿਰੇਦਾਰ ਬਣਿਆ ਆਪ ਰਖਵਾਲ, ਰਾਖੀ ਕਰੇ ਹਰ ਘਟ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਰਚਾਈਆ । ਪਹਿਰੇਦਾਰ ਬਣਿਆ ਸਾਹਿਬ ਮੁਕੰਦ, ਮਨੋਹਰ ਆਪਣੀ ਖ਼ੁਸ਼ੀ ਵਖਾਈਆ । ਸਿਫ਼ਤ ਨਾ ਕਰੇ ਬੱਤੀ ਦੰਦ, ਰਸਨਾ ਜਿਹਵਾ ਜਸ ਕੋਇ ਨਾ ਗਾਈਆ । ਜਿਸ ਦਾ ਆਦਿ ਅੰਤ ਹੱਥ ਨਾ ਆਇਆ ਅਨੰਦ, ਅਨੰਦ ਵਿਚੋਂ ਆਪਣਾ ਅਨੰਦ ਵਖਾਈਆ । ਜਿਸ ਦਾ ਚਾਰ ਯੁਗ ਸਭ ਨੇ ਢੋਲਾ ਗਾਇਆ ਛੰਦ, ਖਾਣੀ ਬਾਣੀ ਵੰਡ ਵੰਡਾਈਆ । ਜਿਸ ਦੁਆਰਿਉਂ ਗੁਰ ਅਵਤਾਰ ਰਹੇ ਮੰਗ, ਦੇਵਣਹਾਰ ਸਰਬ ਅਖਵਾਈਆ । ਜਿਸ ਨੂੰ ਪੀਰ ਪੈਗ਼ੰਬਰ ਕਹਿਣ ਸੂਰਾ ਸਰਬੰਗ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜਿਸ ਦੇ ਚਰਨਾਂ ਹੇਠ ਕੋਟ ਬ੍ਰਹਿਮੰਡ, ਵਿਸ਼ਨ ਬ੍ਰਹਮਾ ਸ਼ਿਵ ਬੈਠੇ ਸੀਸ ਝੁਕਾਈਆ । ਜਿਸ ਦਾ ਨੂਰ ਸੂਰਜ ਚੰਦ, ਕਿਰਨ ਕਿਰਨ ਰਹੇ ਚਮਕਾਈਆ । ਜਿਸ ਦੀ ਦੋ ਜਹਾਨ ਵੰਡ, ਵੰਡਣਹਾਰ ਬੇਪਰਵਾਹੀਆ । ਜਿਸ ਦਾ ਲੇਖਾ ਨਵ ਖੰਡ, ਸੱਤ ਦੀਪ ਵੱਜੇ ਵਧਾਈਆ । ਸੋ ਸਾਹਿਬ ਜਨ ਭਗਤਾਂ ਕੋਲੋਂ ਪਰੇਮ ਪ੍ਰੀਤੀ ਰਿਹਾ ਮੰਗ, ਮਾਂਗਤ ਇਕੋ ਫੇਰਾ ਪਾਈਆ । ਸਚ ਦਸਾਏ ਤੇਰਾ ਮੇਰਾ ਰੂਪ ਹੰ, ਹੰ ਬ੍ਰਹਮ ਪਾਰਬ੍ਰਹਮ ਅਖਵਾਈਆ । ਨਾ ਕੋਈ ਤ੍ਰਿਸਨਾ ਨਾ ਕੋਈ ਤਮ, ਲਾਲਚ ਰੂਪ ਨਾ ਕੋਇ ਵਟਾਈਆ । ਨਾ ਕੋਈ ਹਰਖ ਨਾ ਕੋਈ ਗ਼ਮ, ਚਿੰਤਾ ਸੋਗ ਨਾ ਕੋਇ ਜਣਾਈਆ । ਨਾ ਕੋਈ ਪਵਣ ਨਾ ਕੋਈ ਦਮ, ਸਵਾਸ ਰਸਨਾ ਜਿਹਵਾ ਨਾ ਕੋਇ ਹਿਲਾਈਆ । ਇਕੋ ਜਨ ਭਗਤਾਂ ਮਿਲਣ ਦਾ ਵੱਡਾ ਕੰਮ, ਨਿਹਕਰਮੀ ਆਪਣਾ ਫੇਰਾ ਪਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਬੇੜਾ ਬੰਨ੍ਹ, ਨਿਰਗੁਣ ਆਪਣੇ ਕੰਧ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਹਿਰੇਦਾਰ ਇਕ ਹੋ ਜਾਈਆ । ਪਹਿਰੇਦਾਰ ਦੇਵੇ ਹੋਕਾ, ਉਚੀ ਕੂਕ ਕੂਕ ਸੁਣਾਇੰਦਾ । ਫਿਰੇ ਦਰੋਹੀ ਚੌਦਾਂ ਲੋਕਾਂ, ਚੌਦਾਂ ਤਬਕਾਂ ਨੈਣ ਖੁਲ੍ਹਾਇੰਦਾ । ਪਾਰਬ੍ਰਹਮ ਪਤਿਪਰਮੇਸ਼ਵਰ ਇਕੋ ਰੱਖੇ ਓਟਾ, ਦੂਜਾ ਇਸ਼ਟ ਨਾ ਕੋਇ ਮਨਾਇੰਦਾ । ਸਭ ਦਾ ਕਲਜੁਗ ਅੰਤਮ ਪੂਰਾ ਹੋਇਆ ਕੋਟਾ, ਕਾਇਆ ਕੁਟੀਆ ਵਿਚ ਨਜ਼ਰ ਕੋਇ ਨਾ ਆਇੰਦਾ । ਬਿਨ ਸ੍ਰੀ ਭਗਵਾਨ ਪੜ੍ਹਨਾ ਹੋਇਆ ਥੋਥਾ, ਪੜ੍ਹ ਪੜ੍ਹ ਹਰਿ ਜੂ ਹੱਥ ਕਿਸੇ ਨਾ ਆਇੰਦਾ । ਸਾਹਿਬ ਸਤਿਗੁਰ ਦਾ ਇਕ ਸਲੋਕਾ, ਸਲੋਕ ਸੋ ਜੋ ਗੁਰ ਅਵਤਾਰਾਂ ਪੜ੍ਹਾਇੰਦਾ । ਜਿਸ ਨੂੰ ਪੜ੍ਹ ਕੇ ਦੋ ਜਹਾਨ ਮਾਰਗ ਦਿਸੇ ਸੌਖਾ, ਅਧਵਿਚਕਾਰ ਨਾ ਕੋਇ ਅਟਕਾਇੰਦਾ । ਖ਼ੁਸ਼ੀ ਗ਼ਮੀ ਦਾ ਕੋਈ ਨਾ ਭਰੇ ਹੌਕਾ, ਸੁਖ ਸਾਂਤਕ ਸਤਿ ਸਤਿ ਵਰਤਾਇੰਦਾ ।

ਇਕ ਚੜ੍ਹਾਈ ਆਪਣੀ ਨੌਕਾ, ਨੱਯਾ ਆਪਣਾ ਨਾਮ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਹਿਰੇਦਾਰ ਆਪ ਉਠਾਇੰਦਾ । ਪਹਿਰੇਦਾਰ ਮਾਰ ਆਵਾਜ਼, ਧੁਰ ਦੀ ਧਾਰ ਜਣਾਈਆ । ਉਠੋ ਵੇਖੋ ਸ਼ਾਹ ਨਵਾਬ, ਸ਼ਾਹ ਪਾਤਸ਼ਾਹ ਵੇਸ ਵਟਾਈਆ । ਨਾਉਂ ਰੱਖ ਗ਼ਰੀਬ ਨਿਵਾਜ਼, ਨਿਰਗੁਣ ਆਪਣੀ ਕਾਰ ਕਮਾਈਆ । ਲੱਖ ਚੁਰਾਸੀ ਜਾਣੇ ਰਾਜ, ਅੰਦਰ ਵੜਿਆ ਬੇਪਰਵਾਹੀਆ । ਸਜਦਾ ਸੀਸ ਝੁਕਾਓ ਕਰੋ ਆਦਾਬ, ਨਮੋ ਨਮੋ ਮਿਲੇ ਵਡਿਆਈਆ । ਚਰਨ ਬੰਦਨ ਕਰੋ ਭਾਜ, ਡੰਡਾਵਤ ਇਕੋ ਇਕ ਸਮਝਾਈਆ । ਜਿਸ ਸਾਹਿਬ ਸਾਜਣ ਲਿਆ ਸਾਜ, ਸੋ ਸਤਿਗੁਰ ਵੇਖਣ ਆਈਆ । ਜਿਸ ਦਾ ਕਲਮਾ ਪੜ੍ਹੋ ਨਿਮਾਜ਼, ਸੋ ਨਵਾਜ਼ਸ਼ ਦੇਵੇ ਥਾਉਂ ਥਾਈਂਆ । ਜਿਸ ਨੂੰ ਉਚੀ ਕੂਕ ਮਾਰੋ ਆਵਾਜ਼, ਰਸਨਾ ਜਿਹਵਾ ਦਿਓ ਦੁਹਾਈਆ । ਜਿਸ ਨੂੰ ਕਹਿੰਦੇ ਗੁਰੂ ਮਹਾਰਾਜ, ਵਡ ਦਾਤਾ ਬੇਪਰਵਾਹੀਆ । ਜਿਸ ਨੇ ਸਗਲ ਸ੍ਰਿਸ਼ਟੀ ਰਚਿਆ ਕਾਜ, ਲੱਖ ਚੁਰਾਸੀ ਵੰਡ ਵੰਡਾਈਆ । ਜਿਸ ਨੇ ਆਤਮ ਪਰਮਾਤਮ ਦਿਤਾ ਦਾਜ ਘਰ ਘਰ ਅੰਦਰ ਨਿਰਗੁਣ ਜੋਤ ਕਰੇ ਰੁਸ਼ਨਾਈਆ । ਜਿਸ ਦਾ ਚਾਰ ਵਰਨ ਅਠਾਰਾਂ ਬਰਨ ਜ਼ਾਤ ਪਾਤ ਦੀਨ ਮਜ਼੍ਹਬ ਸਮਾਜ, ਸੋ ਸਮਝ ਰਿਹਾ ਸਮਝਾਈਆ । ਜਿਸ ਦਾ ਨਿਰਗੁਣ ਸਰਗੁਣ ਸਵੰਬਰ ਕਾਜ, ਸੋ ਸਾਚਾ ਸਗਨ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਪਹਿਰੇਦਾਰ ਸਭ ਨੂੰ ਰਿਹਾ ਜਗਾਈਆ । ਪਹਿਰੇਦਾਰ ਬੋਲੇ ਖੋਲ੍ਹੋ ਅੱਖ, ਅੱਖੀਆਂ ਵਾਲਿਆਂ ਰਿਹਾ ਜਣਾਈਆ । ਜਿਸ ਦੇ ਹੱਥ ਹਕੀਕਤ ਹੱਕ, ਸੋ ਹਾਕਮ ਵੇਸ ਵਟਾਈਆ । ਜਿਸ ਦਾ ਮਾਰਗ ਸਾਰੇ ਗਏ ਦੱਸ, ਬਣ ਪਾਂਧੀ ਫੇਰਾ ਪਾਈਆ । ਜਿਸ ਦਾ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਗਾਵੇ ਜਸ, ਵਡ ਦਾਤਾ ਸਿਫ਼ਤ ਸਾਲਾਹੀਆ । ਜਿਸ ਦੇ ਹੁਕਮੇ ਅੰਦਰ ਕੋਟਨ ਕੋਟ ਰਹੇ ਨੱਸ, ਦਿਵਸ ਰੈਣ ਸੇਵ ਕਮਾਈਆ । ਜਿਸ ਦੀ ਮਹਿਮਾ ਅਕਥਨਾ ਅਕਥ, ਕਾਤਬ ਲਿਖੇ ਨਾ ਕੋਇ ਰਾਈਆ । ਜਿਸ ਦਾ ਵੇਸ ਪੁਰਖ ਸਮਰਥ, ਆਦੇਸ ਕਰੇ ਸਰਬ ਲੋਕਾਈਆ । ਸੋ ਸਾਹਿਬ ਹੋ ਪਰਗਟ, ਪਰਮ ਪੁਰਖ ਆਪਣੀ ਕਾਰ ਕਮਾਈਆ । ਸਚ ਦਵਾਰਾ ਖੋਲ੍ਹ ਹੱਟ, ਪਹਿਰੇਦਾਰ ਆਪ ਅਖਵਾਈਆ । ਗੁਰਮੁਖ ਵਿਰਲੇ ਆਏ ਨੱਠ, ਜਿਨ੍ਹਾਂ ਆਪਣੀ ਰਮਜ਼ ਸਮਝ ਲਗਾਈਆ । ਸਰਨ ਸਰਨਾਈ ਸਾਚੀ ਢੱਠ, ਢਹਿ ਢਹਿ ਸ਼ੁਕਰ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਈ ਅੱਖ ਆਪ ਖੁਲ੍ਹਾਈਆ । ਖੁਲ੍ਹੀ ਅੱਖ ਵੇਖਿਆ ਭਗਵਾਨ, ਭਗਤ ਖ਼ੁਸ਼ੀ ਮਨਾਇੰਦਾ । ਮੇਰਾ ਲੇਖਾ ਚੁਕਿਆ ਆਵਣ ਜਾਣ, ਅੱਗੇ ਗੇੜ ਨਾ ਕੋਇ ਭੁਆਇੰਦਾ । ਮੇਰਾ ਨਾਤਾ ਤੁਟਾ ਵਿਚ ਜਹਾਨ, ਮਾਤ ਗਰਭ ਨਾ ਕੋਇ ਰਖਾਇੰਦਾ । ਮੇਰਾ ਕਰਮ ਜਨਮ ਨਾ ਹੋਏ ਵੈਰਾਨ, ਮੇਰਾ ਧਰਮ ਨਾ ਕੋਇ ਡੁਲਾਇੰਦਾ । ਮੇਰਾ ਵਰਨ ਨਾ ਮਿਟੇ ਨਿਸ਼ਾਨ, ਮੇਰਾ ਬਰਨ ਨਾ ਕੋਇ ਵਖਾਇੰਦਾ । ਤਰਨੀ ਤਰਨ ਮਿਲਿਆ ਇਕ ਮਿਹਰਵਾਨ, ਤਾਰਨਹਾਰਾ ਦਇਆ ਕਮਾਇੰਦਾ । ਦਰਦੀਆਂ ਦਰਦ ਵੰਡ ਆਣ, ਬੇਦਰਦੀ ਰੂਪ ਨਾ ਕੋਇ ਜਣਾਇੰਦਾ । ਗੁਰਮੁਖ ਉਠਾਏ ਚਤਰ ਸੁਜਾਨ, ਸੋਝੀ ਆਪਣੇ ਨਾਮ ਜਣਾਇੰਦਾ । ਸੋਇਆ ਰਹੇ ਨਾ ਬਾਲ ਅਵਾਣ, ਗੁਰਮੁਖ ਨੇਤਰ ਆਪ ਖੁਲ੍ਹਾਇੰਦਾ । ਬਿਨ ਮੰਗਿਆਂ ਦੇਵੇ ਦਾਨ, ਵਸਤ ਅਮੋਲਕ ਆਪ ਵਰਤਾਇੰਦਾ । ਜੁਗ ਵਿਛੜੇ ਮੇਲੇ ਆਣ, ਮੇਲ ਮਿਲਾਵਾ ਆਪਣੇ ਹੱਥ ਰਖਾਇੰਦਾ । ਗੀਤ ਗੋਬਿੰਦ ਗਾਓ ਭਗਵਾਨ, ਸਾਚਾ ਮੰਤਰ ਨਾਮ ਦ੍ਰਿੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਹਿਰੇਦਾਰ ਵਡ ਬਲਵਾਨ, ਹੋਕਾ ਦੇਵੇ ਜ਼ਿਮੀਂ ਅਸਮਾਨ, ਮੌਕਾ ਇਕੋ ਵਿਚ ਜਹਾਨ, ਵੇਲਾ ਹੱਥ ਕਿਸੇ ਨਾ ਆਈਆ ।

੭੮੪
੧੪

## ★ ੨੫ ਜੇਠ ੨੦੨੦ ਬਿਕ੍ਰਮੀ ਰਸੀਆ ਰਾਮ ਦੇ ਗ੍ਰਿਹ ਬਦੀ ਪੁਰ ਜੰਮੂ ★

ਜੁਗ ਚੌਕੜੀ ਅੰਤਮ ਗੇੜਾ, ਕਲਜੁਗ ਕੂੜ ਰਿਹਾ ਕੁਰਲਾਈਆ । ਨੌਂ ਖੰਡ ਪ੍ਰਿਥਮੀ ਝੂਠਾ ਡੇਰਾ, ਸਤਿ ਰੂਪ ਧਰਮ ਨਾ ਕੋਇ ਵਖਾਈਆ । ਲੱਖ ਚੁਰਾਸੀ ਹੋਇਆ ਅੰਧੇਰਾ, ਨੂਰ ਚੰਦ ਨਾ ਕੋਇ ਰੁਸ਼ਨਾਈਆ । ਮਾਇਆ ਮਮਤਾ ਹਉਮੇਂ ਹੰਗਤਾ ਪਾਇਆ ਘੇਰਾ, ਪੱਲੂ ਸਕੇ ਨਾ ਕੋਇ ਛੁਡਾਈਆ । ਨਾਤਾ ਜੁੜੇ ਨਾ ਤੇਰਾ ਮੇਰਾ, ਪਰਮਾਤਮ ਆਤਮ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਵੇਖਣਹਾਰਾ ਬੇਪਰਵਾਹੀਆ । ਜੁਗ ਚੌਕੜੀ ਰਿਹਾ ਕੂਕ, ਕਲਜੁਗ ਅੰਤ ਅੰਤ ਕੁਰਲਾਈਆ । ਤ੍ਰੈਗੁਣ ਮਾਇਆ ਰਹੀ ਫੂਕ, ਸਾਂਤਕ ਸਤਿ ਨਾ ਕੋਇ ਕਰਾਈਆ । ਕੂੜੀ ਕਿਰਿਆ ਕੋਇ ਨਾ ਚੁੱਕੇ ਚੂਕ, ਭਾਂਡਾ ਭਰਮ ਨਾ ਕੋਇ ਭੰਨਾਈਆ । ਬਿਨ ਹਰਿ ਨਾਮੇ ਖ਼ਾਲੀ ਹੋਏ ਕਲਬੂਤ, ਕਲਮਾ ਹੱਕ ਨਾ ਕੋਇ ਪੜ੍ਹਾਈਆ । ਸਤਿ ਦੇਵੇ ਨਾ ਕੋਇ ਸਬੂਤ, ਸਾਹਿਬ ਸਤਿਗੁਰ ਨਜ਼ਰ ਨਾ ਕੋਇ ਮਿਲਾਈਆ । ਚਾਰ ਵਰਨ ਵਰਤੀ ਭੁੱਖ, ਧੀਰਜ ਧੀਰ ਨਾ ਕੋਇ ਰਖਾਈਆ । ਸਫਲੀ ਹੋਈ ਨਾ ਕਿਸੇ ਜਨਨੀ ਕੁੱਖ, ਭਗਤ ਰੂਪ ਨਾ ਕੋਇ ਵਟਾਈਆ । ਭਰਮੇ ਭੁੱਲੇ ਮਾਣਸ ਮਨੁਖ, ਮਨੁਸ਼ ਸਮਝ ਜ਼ਰਾ ਨਾ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਬੈਠੇ ਲੁਕ, ਜ਼ਾਹਰ ਮੁਖ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਨੂਰ ਕਰ ਰੁਸ਼ਨਾਈਆ । ਚਾਰ ਕੁੰਟ ਅੰਧੇਰਾ ਅੰਧ, ਵਰਨ ਬਰਨ ਸਰਬ ਕੁਰਲਾਇੰਦਾ । ਹਰਿ ਗੋਬਿੰਦ ਗੀਤ ਨਾ ਕੋਇ ਛੰਦ, ਪਾਰਬ੍ਰਹਮ ਪਰਮ ਪੁਰਖ ਪਰਮੇਸ਼ਵਰ ਨਾ ਕੋਇ ਧਿਆਇੰਦਾ । ਆਤਮ ਪਰਮਾਤਮ ਮਿਲੇ ਨਾ ਕਿਸੇ ਅਨੰਦ, ਨਿਜ ਘਰ ਡੇਰਾ ਕੋਇ ਨਾ ਲਾਇੰਦਾ । ਕੂੜੀ ਕਿਰਿਆ ਕਰ

੭੯੫

੧੪

ਕਰ ਵੰਡ, ਕਲਜੁਗ ਜੀਵ ਸਰਬ ਕੁਰਲਾਇੰਦਾ । ਰਸਨਾ ਜਿਹਵਾ ਖਾਇਣ ਗੰਦ, ਮੰਤਰ ਹਰੀ ਨਾ ਕੋਇ ਦ੍ਰਿੜਾਇੰਦਾ । ਸਚ ਦਵਾਰ ਨਾ ਮੁਕਿਆ ਪੰਧ, ਦਸਮ ਦਵਾਰੀ ਪੜਦਾ ਕੋਇ ਨਾ ਲਾਹਿੰਦਾ । ਨਾਤਾ ਚੁਕੇ ਨਾ ਜੇਰਜ ਅੰਡ, ਉਤਭੁਜ ਸੇਤਜ ਸੰਗ ਨਾ ਕੋਇ ਤਜਾਇੰਦਾ । ਪਾਰਬ੍ਰਹਮ ਬ੍ਰਹਮ ਢੋਲਾ ਗਾਏ ਨਾ ਕੋਇ ਛੰਦ, ਸਾਂਤਕ ਸਤਿ ਨਾ ਕੋਇ ਵਖਾਇੰਦਾ । ਕਾਇਆ ਮੰਦਰ ਅੰਦਰ ਨਿਰਗੁਣ ਨਿਰਵੈਰ ਕੋਈ ਨਾ ਵੇਖੇ ਲੰਘ, ਪਾਂਧੀ ਪੰਧ ਨਾ ਕੋਇ ਮੁਕਾਇੰਦਾ । ਆਤਮ ਸੇਜਾ ਕੋਈ ਨਾ ਸੋਏ ਪਲੰਘ, ਜਗਤ ਆਸਣ ਸਰਬ ਵਿਛਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਆਸ ਰਖਾਇੰਦਾ । ਚਾਰ ਕੁੰਟ ਅਗਨੀ ਅੱਗ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਕਲਜੁਗ ਜੀਵ ਹੋਏ ਕੱਗ, ਹੰਸ ਰੂਪ ਨਾ ਕੋਇ ਵਟਾਈਆ । ਲੋਭ ਹੰਕਾਰ ਅੰਦਰ ਗਏ ਫਸ, ਮਮਤਾ ਕੂੜੀ ਨਾ ਕੋਇ ਮਿਟਾਈਆ । ਘਰ ਮੰਦਰ ਚੜ੍ਹਿਆ ਨਾ ਕੋਇ ਨੱਸ, ਬੰਦ ਕਿਵਾੜੀ ਨਾ ਕੋਇ ਖੁਲ੍ਹਾਈਆ । ਪਰਕਾਸ਼ ਹੋਇਆ ਨਾ ਨੂਰੀ ਚੰਦ, ਰਵ ਸਸ ਬੈਠੇ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਦ ਹੱਥ ਤੇਰੇ ਵਡਿਆਈਆ । ਕਲਜੁਗ ਚਾਰੋਂ ਕੁੰਟ ਖੇਲ, ਦਹਿ ਦਿਸ਼ਾ ਵੇਖ ਵਖਾਈਆ । ਸਚ ਨਾ ਦਿਸੇ ਕੋਈ ਸੱਜਣ ਸੁਹੇਲ, ਮਿੱਤਰ ਪਿਆਰਾ ਨਜ਼ਰ ਕੋਇ ਨਾ ਆਈਆ । ਜੋਤ ਨਿਰੰਜਣ ਚੜ੍ਹੇ ਕੋਈ ਨਾ ਤੇਲ, ਘਰ ਸਗਨ ਨਾ ਕੋਇ ਮਨਾਈਆ । ਪ੍ਰਭ ਮਿਲੇ ਨਾ ਵਸਣਹਾਰ ਸਦਾ ਨਵੇਲ, ਦੂਰ ਦੁਰਾਡਾ ਡੇਰਾ ਲਾਈਆ । ਅਚਰਜ ਖੇਲ ਰਿਹਾ ਨਰ ਖੇਲ, ਨਰਾਇਣ ਸਮਝ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਚਾਰੋਂ ਕੁੰਟ ਕੂੜ ਪਸਾਰਾ, ਸਚ

੭੮੬
੧੪

ਨਜ਼ਰ ਕੋਇ ਨਾ ਆਇੰਦਾ । ਦੋ ਜਹਾਨ ਹਾਹਾਕਾਰਾ, ਜ਼ਿਮੀਂ ਅਸਮਾਨ ਸਰਬ ਕੁਰਲਾਇੰਦਾ । ਧਰਨੀ ਧਰਤ ਧਵਲ ਰੋਵੇ ਜ਼ਾਰੋ ਜ਼ਾਰਾ, ਨੇਤਰ ਨੈਣ ਨੀਰ ਵਹਾਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਕਰਨ ਪੁਕਾਰਾ, ਉਚੀ ਕੂਕ ਕੂਕ ਅਲਾਇੰਦਾ । ਅੰਜੀਲ ਕੁਰਾਨ ਖਾਣੀ ਬਾਣੀ ਦੇਵੇ ਨਾ ਕੋਇ ਸਹਾਰਾ, ਸਿਰ ਹੱਥ ਨਾ ਕੋਇ ਰਖਾਇੰਦਾ । ਗੁਰ ਅਵਤਾਰ ਨਾ ਕੋਇ ਪਿਆਰਾ, ਇਸ਼ਟ ਦੇਵ ਨਾ ਕੋਇ ਮਨਾਇੰਦਾ । ਸਾਚਾ ਨੂਰ ਨਾ ਕੋਇ ਉਜਿਆਰਾ, ਜੋਤੀ ਚੰਦ ਨਾ ਕੋਇ ਚਮਕਾਇੰਦਾ । ਮੰਦਰ ਮਸਜਦ ਸ਼ਿਵਦਵਾਲੇ ਮੱਠ ਨਾ ਕੋਇ ਆਧਾਰਾ, ਧੀਰਜ ਧੀਰ ਨਾ ਕੋਇ ਰਖਾਇੰਦਾ । ਚਾਰ ਵਰਨ ਮਿਲੇ ਨਾ ਕੋਇ ਸਾਂਝਾ ਯਾਰਾ, ਦੀਨ ਮਜ਼੍ਹਬ ਭੇਵ ਨਾ ਕੋਇ ਮਿਟਾਇੰਦਾ । ਊਚ ਨੀਚ ਕਰੇ ਨਾ ਕੋਇ ਪਾਰ ਕਿਨਾਰਾ, ਸਾਚਾ ਮੰਤਰ ਨਾਮ ਨਾ ਕੋਇ ਦ੍ਰਿੜਾਇੰਦਾ । ਥਿਰ ਘਰ ਖੋਲ੍ਹੇ ਨਾ ਕੋਇ ਕਿਵਾੜਾ, ਪੜਦਾ ਦੂਈ ਨਾ ਕੋਇ ਉਠਾਇੰਦਾ । ਪ੍ਰਭ ਮਿਲੇ ਨਾ ਮੀਤ ਮੁਰਾਰਾ, ਪ੍ਰੀਤਮ ਨਜ਼ਰ ਕੋਇ ਨਾ ਆਇੰਦਾ । ਕਾਗਦ ਕਲਮ ਸ਼ਾਹੀ ਰੋਵੇ ਜ਼ਾਰੋ ਜ਼ਾਰਾ, ਕਲਜੁਗ ਅੰਤਮ ਵੇਲਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਕਲਜੁਗ ਕੂੜਾ ਕੂੜ ਨਾਤਾ, ਲੱਖ ਚੁਰਾਸੀ ਬੰਧਨ ਪਾਈਆ । ਹਰਿ ਕਾ ਨਾਮ ਨਾ ਕਿਸੇ ਪਛਾਤਾ, ਸਾਧ ਸੰਤ ਰਹੇ ਕੁਰਲਾਈਆ । ਆਤਮ ਪਰਮਾਤਮ ਜੁੜਿਆ ਨਾ ਕੋਇ ਨਾਤਾ, ਬ੍ਰਹਮ ਪਾਰਬ੍ਰਹਮ ਮੇਲ ਨਾ ਕੋਇ ਮਿਲਾਈਆ । ਦਰਸ ਨਾ ਪਾਇਆ ਪੁਰਖ ਸਮਰਾਥਾ, ਘਰ ਵੱਜੀ ਨਾ ਸਚ ਵਧਾਈਆ । ਨਜ਼ਰ ਨਾ ਆਇਆ ਤ੍ਰਿਲੋਕੀ ਨਾਥਾ, ਰਾਮ ਰਾਮਾ ਗੋਦ ਨਾ ਕੋਇ ਸੁਹਾਈਆ । ਚੌਥੇ ਯੁਗ ਆਇਆ ਘਾਟਾ, ਸਾਚਾ ਖੰਡਾ ਹੱਥ ਨਾ ਕੋਇ ਉਠਾਈਆ । ਅੰਤਮ ਨੇੜੇ ਆਈ ਵਾਟਾ, ਪਾਂਧੀ ਆਪਣਾ ਪੰਧ ਮੁਕਾਈਆ । ਅਬਿਨਾਸ਼ੀ ਕਰਤਾ ਵਖਾਵਣਹਾਰਾ ਪਿਛਲਾ ਖਾਤਾ, ਲਹਿਣਾ ਦੇਣਾ ਰਿਹਾ ਚੁਕਾਈਆ । ਵੇਖਣਹਾਰ ਅੰਧੇਰੀ ਰਾਤਾ, ਨਿਰਵੈਰ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਥਾਉਂ ਥਾਈਂਆ । ਕਲਜੁਗ ਅੰਤਮ ਖੇਲ ਅਵੱਲਾ, ਨਰ ਹਰਿ ਨਰਾਇਣ ਆਪ ਕਰਾਇੰਦਾ । ਸਚਖੰਡ ਨਿਵਾਸੀ ਇਕ ਇਕੱਲਾ, ਬੇਪਰਵਾਹ ਵੇਸ ਵਟਾਇੰਦਾ । ਵੇਖਣਹਾਰਾ ਜਲਾਂ ਥਲਾਂ, ਜੰਗਲ ਜੂਹ ਉਜਾੜ ਪਹਾੜ ਉਚੇ ਟਿੱਲੇ ਪਰਬਤ ਫੋਲ ਫੁਲਾਇੰਦਾ । ਸਚ ਸਿੰਘਾਸਣ ਇਕੋ ਮੱਲਾ, ਨਿਹਚਲ ਆਪਣਾ ਡੇਰਾ ਲਾਇੰਦਾ । ਧੁਰ ਸੰਦੇਸ ਜੁਗ ਜੁਗ ਘੱਲਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਗੁਰ ਅਵਤਾਰ ਪੀਰ ਪੈਗ਼ੰਬਰ ਆਪ ਪੜ੍ਹਾਇੰਦਾ । ਜੋਤੀ ਸ਼ਬਦੀ ਧਾਰ ਆਪੇ ਰਲਾ, ਰੂਪ ਰੰਗ ਰੇਖ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਵੇਖ ਵਖਾਇੰਦਾ । ਕਲਜੁਗ ਅੰਤਮ ਵੇਖਣਹਾਰਾ, ਬੇਪਰਵਾਹ ਨਜ਼ਰ ਕਿਸੇ ਨਾ ਆਈਆ । ਕਰੇ ਖੇਲ ਅਗੰਮ ਅਪਾਰਾ, ਅਪਰੰਪਰ ਆਪਣੀ ਧਾਰ ਚਲਾਈਆ । ਵਿਸ਼ਨ ਬ੍ਰਹਮਾ ਸ਼ਿਵ ਦਏ ਹੁਲਾਰਾ, ਕਰੋੜ ਤੇਤੀਸਾ ਆਪ ਉਠਾਈਆ । ਸੁਰਪਤ ਖੋਲ੍ਹੇ ਆਪ ਕਿਵਾੜਾ, ਤ੍ਰੈਗੁਣ ਪੜਦਾ ਦਏ ਚੁਕਾਈਆ । ਪੰਜ ਤੱਤ ਵੇਖਣਹਾਰ ਅਖਾੜਾ, ਨਵ ਨੌਂ ਫੇਰਾ ਪਾਈਆ । ਧਰਤ ਧਵਲ ਪਾਏ ਸਾਰਾ, ਗਗਨ ਮੰਡਲ ਫੋਲ ਫੁਲਾਈਆ । ਲੇਖਾ ਜਾਣੇ ਰਵ ਸਸ ਸੂਰਜ ਚੰਨ ਸਤਾਰਾ, ਭੇਵ ਅਭੇਦਾ ਆਪ ਜਣਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਗੀਤਾ ਗਿਆਨ ਵੇਖਣਹਾਰਾ, ਖਾਣੀ ਬਾਣੀ ਪਰਦਾ ਰਿਹਾ ਉਠਾਈਆ । ਦਰ ਦਰਵੇਸ਼ ਕਰੇ ਤੇਈ ਅਵਤਾਰਾ, ਗੁਰ ਗੁਰ ਆਪਣਾ ਬੰਕ ਸੁਹਾਈਆ । ਈਸਾ ਮੂਸਾ ਮੁਹੰਮਦ ਖੋਲ੍ਹਣਹਾਰਾ ਬੰਦ ਕਿਵਾੜਾ, ਨਿਜ ਨੇਤਰ ਨੈਣ ਦਏ ਖੁਲ੍ਹਾਈਆ । ਬੇਪਰਵਾਹ ਪਰਵਰਦਿਗਾਰਾ, ਮੁਕਾਮੇ

ਹੱਕ ਜਲਵਾ ਨੂਰ ਰੁਸ਼ਨਾਈਆ । ਕਾਗਦ ਕਲਮ ਨਾ ਲਿਖਣਹਾਰਾ, ਕਾਤਬ ਰੂਪ ਨਾ ਕੋਇ ਦਰਸਾਈਆ । ਚੌਦਾਂ ਤਬਕ ਵੇਖੇ ਅਖਾੜਾ, ਚੌਦਾਂ ਲੋਕ ਰਿਹਾ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਕਰੇ ਖੇਲ ਬੇਪਰਵਾਹੀਆ । ਕਲਜੁਗ ਅੰਤ ਗੁਰ ਅਵਤਾਰ, ਪੀਰ ਪੈਗ਼ੰਬਰ ਧਿਆਨ ਲਗਾਈਆ । ਸ੍ਰਿਸ਼ਟ ਸਬਾਈ ਗਈ ਹਾਰ, ਹਰਿ ਕਾ ਨਾਮ ਨਾ ਕੋਇ ਧਿਆਈਆ । ਸਾਚੀ ਸਿਖਿਆ ਨਾ ਕੋਇ ਵਿਚਾਰ, ਗੁਰ ਮੰਤਰ ਨਾ ਕੋਇ ਦ੍ਰਿੜਾਈਆ । ਨਮੋ ਸਤਿ ਨਾ ਕੋਇ ਜੈਕਾਰ, ਨਾਅਰਾ ਹੱਕ ਨਾ ਕੋਇ ਲਗਾਈਆ । ਚਾਰੋਂ ਕੁੰਟ ਧੂਆਂਧਾਰ, ਕੂੜੀ ਕਿਰਿਆ ਅੰਧੇਰਾ ਛਾਈਆ । ਸੱਜਣ ਮਿਲੇ ਨਾ ਮੀਤ ਮੁਰਾਰ, ਸਗਲਾ ਸੰਗ ਨਾ ਕੋਇ ਨਿਭਾਈਆ । ਨੌਂ ਖੰਡ ਪ੍ਰਿਥਮੀ ਹੋਈ ਖ਼ੁਆਰ, ਖ਼ਾਲਸ਼ ਰੂਪ ਨਾ ਕੋਇ ਵਟਾਈਆ । ਜੀਵ ਜੰਤ ਹੋਏ ਵਿਭਚਾਰ, ਕੂੜੀ ਕਿਰਿਆ ਗੰਢ ਪੁਆਈਆ । ਦੀਪਕ ਸਚ ਨਾ ਕੋਇ ਉਜਿਆਰ, ਘਰ ਜੋਤੀ ਨੂਰ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਇਕ ਅਖਵਾਈਆ । ਕਲਜੁਗ ਵੇਖੇ ਕੂੜੀ ਮਾਇਆ, ਘਰ ਘਰ ਡੇਰਾ ਲਾਈਆ । ਹਰਿ ਕਾ ਰੂਪ ਕਿਸੇ ਨਜ਼ਰ ਨਾ ਆਇਆ, ਦਰ ਦਰ ਪੜਦਾ ਪਾਈਆ । ਸਾਚਾ ਮੰਦਰ ਨਾ ਕੋਇ ਸੁਹਾਇਆ, ਘਰ ਦੀਪ ਨਾ ਕੋਇ ਰੁਸ਼ਨਾਈਆ । ਨਾਦ ਅਗੰਮ ਨਾ ਕਿਸੇ ਵਜਾਇਆ, ਅਨਹਦ ਰਾਗ ਨਾ ਕੋਇ ਸ਼ਨਵਾਈਆ । ਅੰਮ੍ਰਿਤ ਆਤਮ ਜਾਮ ਨਾ ਕਿਸੇ ਪਿਆਇਆ, ਨਿਝਰ ਝਿਰਨਾ ਨਾ ਕੋਇ ਝਿਰਾਈਆ । ਅਠਸਠ ਤੀਰਥ ਫੇਰਾ ਪਾਇਆ, ਭਾਂਡਾ ਭਰਮ ਨਾ ਕੋਇ ਭੰਨਾਈਆ । ਦੁਰਮਤ ਮੈਲ ਨਾ ਕੋਇ ਧੁਆਇਆ, ਉਜਲ ਮੁਖ ਨਾ ਕੋਇ ਕਰਾਈਆ । ਸਫਲ ਕੁੱਖ ਨਾ ਕੋਇ ਵਖਾਇਆ, ਜਨਨੀ ਰੂਪ ਨਾ ਕੋਇ ਵਟਾਈਆ । ਦੁਖ ਸੁਖ ਵਿਚ ਨਾ ਸਕੇ ਕੋਈ ਬਦਲਾਇਆ, ਦੀਨਾਂ ਨਾਥਾਂ ਦਰਦ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਕਲਜੁਗ ਉਠੇ ਵੇਖੇ ਮਾਰ ਧਿਆਨ, ਚਾਰੋਂ ਕੁੰਟ ਲਏ ਅੰਗੜਾਈਆ । ਨਵ ਨੌਂ ਵੜਿਆ ਇਕ ਸ਼ੈਤਾਨ, ਸ਼ਰਅ ਘਰ ਘਰ ਕਰੇ ਲੜਾਈਆ । ਸਾਬਤ ਦਿਸੇ ਨਾ ਕੋਇ ਈਮਾਨ, ਧਰਮ ਰੂਪ ਨਾ ਕੋਇ ਜਣਾਈਆ । ਮਨ ਕਾਫ਼ਰ ਹੋਇਆ ਬੇਈਮਾਨ, ਬੁਧ ਬਿਬੇਕ ਨਾ ਕੋਇ ਕਰਾਈਆ । ਸਾਚਾ ਹਵਨ ਨਾ ਕਰੇ ਕੋਈ ਵਿਚ ਜਹਾਨ, ਧੂਪ ਦੀਪ ਘਿਰਤ ਸਚ ਸਮਗਰੀ ਹੱਥ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਵੇਖ ਵਖਾਈਆ । ਕਲਜੁਗ ਅੰਤਮ ਰੋਵੇ ਮਾਰੇ ਧਾਹ, ਨੇਤਰ ਨੈਣਾਂ ਨੀਰ ਵਹਾਇੰਦਾ । ਚਾਰੋਂ ਕੁੰਟ ਅੰਧੇਰਾ ਗਿਆ ਛਾ, ਚਾਂਦਨਾ ਨਜ਼ਰ ਕੋਇ ਨਾ ਆਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਪੱਲੂ ਗਏ ਛੁਡਾ, ਸਗਲਾ ਸੰਗ ਨਾ ਕੋਇ ਬਣਾਇੰਦਾ । ਦੀਨ ਮਜ਼੍ਹਬ ਰੌਲਾ ਰਹੇ ਪਾ, ਰਹਿਮਤ ਸਚ ਨਾ ਕੋਇ ਕਮਾਇੰਦਾ । ਆਤਮ ਪਰਮਾਤਮ ਪੜਦਾ ਸਕੇ ਨਾ ਕੋਈ ਲਾਹ, ਦਵੈਤੀ ਪਰੇ ਨਾ ਕੋਇ ਹਟਾਇੰਦਾ । ਬ੍ਰਹਮ ਪਾਰਬ੍ਰਹਮ ਮੇਲਾ ਲਏ ਨਾ ਕੋਇ ਮਿਲਾ, ਮਿਲਣੀ ਜਗਦੀਸ ਨਾ ਕੋਇ ਕਰਾਇੰਦਾ । ਸਾਚਾ ਮੰਦਰ ਸਕੇ ਨਾ ਕੋਇ ਵਖਾ, ਠਾਕਰ ਨਜ਼ਰ ਕਿਸੇ ਨਾ ਆਇੰਦਾ । ਚਤਰਭੁਜ ਅੰਗ ਸਕੇ ਨਾ ਕੋਇ ਲਗਾ, ਆਦਿ ਸ਼ਕਤ ਨੂਰ ਨਾ ਡਗਮਗਾਇੰਦਾ । ਅਜੂਨੀ ਰਹਿਤ ਮਿਲੇ ਨਾ ਬੇਪਰਵਾਹ, ਅਨਭਵ ਪਰਕਾਸ਼ ਨਾ ਕੋਇ ਕਰਾਇੰਦਾ । ਸਾਚਾ ਨੂਰ ਨਾ ਮਿਲੇ ਖ਼ੁਦਾ, ਜ਼ਾਹਰ ਜ਼ਹੂਰ ਨਜ਼ਰ ਕੋਇ ਨਾ ਆਇੰਦਾ । ਕੂੜੀ ਗ਼ਫ਼ਲਤ ਦੇਵੇ ਨਾ ਕੋਇ ਮਿਟਾ, ਖ਼ਸਲਤ ਬਾਹਰ ਨਾ ਕੋਇ ਕਢਾਇੰਦਾ । ਇਬਾਦਤ ਇਕ ਦੇਵੇ ਨਾ ਕੋਈ ਸਮਝਾ, ਰਹਿਮਤ ਸਚ ਨਾ ਕੋਇ



੭੯੭
੧੪

ਕਮਾਇੰਦਾ । ਸੁਰਤੀ ਸੀਤਾ ਰਾਮ ਨਾ ਦੇਵੇ ਕੋਈ ਮਿਲਾ, ਬੰਸਰੀ ਕਾਹਨ ਨਾ ਕੋਇ ਵਜਾਇੰਦਾ । ਗੁਰ ਗੁਰ ਭੇਵ ਸਕੇ ਨਾ ਕੋਇ ਚੁਕਾ, ਭਾਂਡਾ ਭਰਮ ਨਾ ਕੋਇ ਭੰਨਾਇੰਦਾ । ਸ੍ਰਿਸ਼ਟ ਸਬਾਈ ਅੰਧੇਰਾ ਗਿਆ ਛਾ, ਹਰਿ ਜੂ ਹਰਿ ਨਰਾਇਣ ਸਾਚਾ ਇਸ਼ਟ ਨਜ਼ਰ ਕਿਸੇ ਨਾ ਆਇੰਦਾ । ਦ੍ਰਿਸ਼ਟ ਸਕੇ ਨਾ ਕੋਇ ਜਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲ ਆਪਣੀ ਖੇਲ ਰਚਾਇੰਦਾ । ਕਲਜੁਗ ਰੋਵੇ ਸੁਣਾਵੇ ਹਾਲ, ਨੇਤਰ ਨੈਣਾਂ ਨੀਰ ਵਹਾਈਆ । ਮੇਰੀ ਬੇਸਬਰੀ ਹੋਈ ਚਾਲ, ਸਬਰ ਨਜ਼ਰ ਕੋਇ ਨਾ ਆਈਆ । ਹਕੀਕਤ ਬਣੇ ਨਾ ਕੋਇ ਦਲਾਲ, ਸ਼ਰੀਕਤ ਵਧੀ ਸਰਬ ਲੋਕਾਈਆ । ਅਸਲੀਅਤ ਸਕੇ ਨਾ ਕੋਇ ਵਖਾਲ, ਕਾਬਲੀਅਤ ਸਕੇ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਤੇਰੇ ਧਿਆਨ ਲਗਾਈਆ । ਦਰ ਤੇਰੇ ਪ੍ਰਭ ਰੱਖੀ ਆਸ, ਜੁਗ ਚੌਥਾ ਰਿਹਾ ਜਣਾਈਆ । ਤੇਰੇ ਮਿਲਣ ਦੀ ਇਕ ਪਿਆਸ, ਇਕੋ ਓਟ ਤਕਾਈਆ । ਸਤਿਜੁਗ ਤ੍ਰੇਤਾ ਦੁਆਪਰ ਹੁੰਦਾ ਆਇਆ ਨਾਸ, ਥਿਰ ਕੋਇ ਰਹਿਣ ਨਾ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤੇਰੀ ਗੌਂਦੇ ਆਏ ਗਾਥ, ਖਾਣੀ ਬਾਣੀ ਸਿਫ਼ਤ ਸਲਾਹੀਆ । ਜੁਗ ਚੌਕੜੀ ਤੇਰਾ ਖੁਲ੍ਹਦਾ ਰਿਹਾ ਹਾਟ, ਵਡ ਵਣਜਾਰੇ ਬੇਪਰਵਾਹੀਆ । ਕਲਜੁਗ ਅੰਤਮ ਨੇੜੇ ਆਈ ਵਾਟ, ਪਾਂਧੀ ਆਪਣਾ ਪੰਧ ਮੁਕਾਈਆ । ਮੇਰਾ ਕੋਈ ਨਾ ਦਿਸੇ ਸਾਥ, ਸਗਲਾ ਸੰਗ ਗਏ ਤਜਾਈਆ । ਅੰਤਮ ਹੋਣਾ ਪੈਣਾ ਨਾਸ, ਥਿਰ ਕੋਇ ਰਹਿਣ ਨਾ ਪਾਈਆ । ਕਰ ਕਿਰਪਾ ਮੇਰੀ ਦੱਸ ਸ਼ਾਖ਼, ਸ਼ਨਾਖ਼ਤ ਤੇਰੇ ਹੱਥ ਵਡਿਆਈਆ । ਫਿਰੇ ਦਰੋਹੀ ਪ੍ਰਿਥਮੀ ਆਕਾਸ਼, ਗਗਨ ਮੰਡਲ ਧੀਰ ਨਾ ਕੋਇ ਧਰਾਈਆ । ਵਿਸ਼ਨ ਬ੍ਰਹਮਾ ਸ਼ਿਵ ਹੋਏ ਉਦਾਸ, ਕਲਜੁਗ ਅੰਤ ਰਹੇ ਘਬਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਹੋਣਾ ਆਪ ਸਹਾਈਆ । ਨਿਰਗੁਣ ਦਾਤਾ ਸ੍ਰੀ ਭਗਵਾਨ, ਸੋ ਪੁਰਖ ਨਿਰੰਜਣ ਦਇਆ ਕਮਾਇੰਦਾ । ਜੁਗ ਚੌਕੜੀ ਮੇਰਾ ਨਿਸ਼ਾਨ, ਲੋਕਮਾਤ ਨਾ ਕੋਇ ਮਿਟਾਇੰਦਾ । ਚੌਦਾਂ ਲੋਕ ਹੋਣ ਹੈਰਾਨ, ਤ੍ਰੈਭਵਨ ਧਨੀ ਆਪਣੀ ਬੂਝ ਬੁਝਾਇੰਦਾ । ਸਾਚੇ ਭਗਤ ਸਦਾ ਪਰਵਾਨ, ਨਾਮ ਪਰਵਾਨਾ ਹੱਥ ਫੜਾਇੰਦਾ । ਨਿਤ ਨਵਿਤ ਆਤਮ ਪਰਮਾਤਮ ਇਕੋ ਨਾਮ ਗਾਣ, ਗਾ ਗਾ ਸ਼ੁਕਰ ਸਰਬ ਮਨਾਇੰਦਾ । ਜੋਤੀ ਨੂਰ ਚਮਕੇ ਮਹਾਨ, ਅੰਧ ਅੰਧੇਰ ਗਵਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਖੇ ਆਣ, ਵੇਖਣਹਾਰਾ ਆਪਣਾ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਸੁਣਾਇੰਦਾ । ਸਚ ਸੰਦੇਸਾ ਸੁਣ ਲੈ ਮੀਤ, ਹਰਿ ਸਤਿਗੁਰ ਆਪ ਜਣਾਈਆ । ਸ੍ਰੀ ਭਗਵਾਨ ਦੀ ਸਾਚੀ ਰੀਤ, ਜਨ ਭਗਤ ਮਾਤ ਰਖਾਈਆ । ਸਦਾ ਸਦਾ ਸਦ ਰਹਿਣ ਅਤੀਤ, ਤ੍ਰੈਗੁਣ ਵਿਚ ਕਦੇ ਨਾ ਆਈਆ । ਵਸਣ ਧਾਮ ਇਕ ਅਨਡੀਠ, ਜਗ ਨੇਤਰ ਸਾਰ ਨਾ ਪਾਈਆ । ਨਾਤਾ ਤੋੜ ਮੰਦਰ ਮਸੀਤ, ਪ੍ਰਭ ਸਰਨ ਮੰਗਣ ਸਰਨਾਈਆ । ਪਰਮਾਤਮ ਲੱਗੇ ਸਚ ਪ੍ਰੀਤ, ਆਤਮ ਇਕੋ ਸੇਵ ਕਮਾਈਆ । ਢੋਲਾ ਮਿਲੇ ਅਗੰਮਾ ਗੀਤ, ਬਿਨ ਰਸਨਾ ਜਿਹਵਾ ਗਾਈਆ । ਘਟ ਭੀਤਰ ਹੋਵੇ ਠਾਂਡਾ ਸੀਤ, ਬਾਹਰ ਅਗਨ ਨਾ ਲਾਗੇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਰਿਹਾ ਦ੍ਰਿੜਾਈਆ । ਮੇਰਾ ਨਾਉਂ ਸਾਚਾ ਭਗਤ, ਸੋ ਸਾਹਿਬ ਆਪ ਜਣਾਇੰਦਾ । ਜੁਗ ਚੌਕੜੀ ਰਹੇ ਜਗਤ, ਜੁਗ ਚਾਰ ਵੰਡ ਵੰਡਾਇੰਦਾ । ਲੇਖਾ ਜਾਣੇ ਅਰਸ਼ ਫ਼ਰਸ਼, ਕਾਇਆ ਕੁਰਾ ਸੋਭਾ ਪਾਇੰਦਾ । ਨਿਤ ਨਵਿਤ ਨਿਰਗੁਣ ਸਰਗੁਣ ਦੇਵੇ ਦਰਸ, ਸਵੱਛ ਸਰੂਪੀ ਰੂਪ ਵਟਾਇੰਦਾ । ਜਨਮ ਜਨਮ ਦੀ ਮੇਟੇ ਹਰਸ, ਕਰਮ ਕਰਮ

੭੮੮
੧੪

ਦਾ ਲੇਖ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਆਪ ਉਠਾਇੰਦਾ । ਮਿਹਰ ਨਜ਼ਰ ਰੱਖੇ ਭਗਵਾਨ, ਭਾਵਨਾ ਆਪਣੀ ਰਿਹਾ ਜਣਾਈਆ । ਭਗਤਾਂ ਦੇਵੇ ਇਕੋ ਦਾਨ, ਸਚ ਪ੍ਰੀਤੀ ਝੋਲੀ ਪਾਈਆ । ਆਤਮ ਅੰਤਰ ਬ੍ਰਹਮ ਗਿਆਨ, ਬ੍ਰਹਮ ਵਿਦਿਆ ਕਰੇ ਪੜ੍ਹਾਈਆ । ਢੋਲਾ ਗਾਵਣ ਵਿਚ ਜਹਾਨ, ਸੋਹੰ ਰਾਗ ਅਲਾਈਆ । ਕੂੜੀ ਕਿਰਿਆ ਮਿਟੇ ਕਾਣ, ਮਾਇਆ ਮਮਤਾ ਮੋਹ ਤਜਾਈਆ । ਦਿਵਸ ਰੈਣ ਰਾਹ ਤਕਾਣ, ਨਿਜ ਨੇਤਰ ਨੈਣ ਖੁਲ੍ਹਾਈਆ । ਕਵਣ ਵੇਲਾ ਪ੍ਰਭ ਮਿਲੇ ਆਣ, ਨਿਰਗੁਣ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੂੜਾ ਲੇਖਾ ਵੇਖ ਵਖਾਈਆ । ਕਲਜੁਗ ਕੂੜ ਕਹੇ ਮੈਂ ਪਰਧਾਨ, ਸਚ ਪਰਧਾਨਗੀ ਮਾਤ ਕਮਾਇੰਦਾ । ਧਰਮ ਰਹਿਣ ਨਾ ਦਿਤਾ ਕੋਈ ਨਿਸ਼ਾਨ, ਘਰ ਘਰ ਕੂੜ ਕੁੜਿਆਰਾ ਨਾਚ ਨਚਾਇੰਦਾ । ਸਾਧ ਸੰਤ ਧੀਆਂ ਭੈਣਾਂ ਤਕਾਣ, ਪੰਡਤ ਪਾਂਧਾ ਧੀਰ ਨਾ ਕੋਇ ਧਰਾਇੰਦਾ । ਮਨ ਵਾਸਨਾ ਨੱਚੇ ਸ਼ੈਤਾਨ, ਡੋਰੀ ਸ਼ਬਦ ਨਾ ਕੋਇ ਬੰਧਾਇੰਦਾ । ਘਰ ਮੰਦਰ ਸੋਹੇ ਨਾ ਕੋਇ ਮਕਾਨ, ਗ੍ਰਿਹ ਠਾਕਰ ਨਜ਼ਰ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੁਧ ਬਿਨ ਪਾਰ ਨਾ ਕੋਇ ਕਰਾਇੰਦਾ । ਕਲਜੁਗ ਵੇਖ ਅੰਤਮ ਵੇਲਾ, ਪਾਰਬ੍ਰਹਮ ਪ੍ਰਭ ਆਪ ਜਣਾਈਆ । ਕਵਣ ਗੁਰੂ ਕਵਣ ਮਿਲੇ ਚੇਲਾ, ਕਵਣ ਲੇਖਾ ਰਿਹਾ ਮੁਕਾਈਆ । ਕਵਣ ਸਤਿਗੁਰ ਸੱਜਣ ਸੁਹੇਲਾ, ਕਵਣ ਬੇੜਾ ਰਿਹਾ ਤਰਾਈਆ । ਕਵਣ ਅਚਰਜ ਖੇਲ ਖੇਲਾ, ਨਿਰਗੁਣ ਜੋਤ ਨੂਰ ਰੁਸ਼ਨਾਈਆ । ਕਵਣ ਲੱਖ ਚੁਰਾਸੀ ਧਰਮ ਰਾਏ ਦੀ ਘੱਲੇ ਜੇਲਾ, ਕਵਣ ਜੂਨ ਅਜੂਨ ਭੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਰਿਹਾ ਵਖਾਈਆ । ਕਲਜੁਗ ਅੱਗੋਂ ਦੋਵੇਂ ਜੋੜ, ਪ੍ਰਭ ਚਰਨ ਸੀਸ ਨਿਵਾਇੰਦਾ । ਸ਼ਾਹ ਪਾਤਸ਼ਾਹ ਹਰਿ ਤੇਰੀ ਲੋੜ, ਦੂਜੀ ਓਟ ਨਾ ਕੋਇ ਤਕਾਇੰਦਾ । ਚਾਰੋਂ ਕੁੰਟ ਅੰਧੇਰਾ ਘੋਰ, ਸਾਚਾ ਜ਼ੋਰ ਆਪ ਵਖਾਇੰਦਾ । ਮਾਇਆ ਮਮਤਾ ਪਾਏ ਸ਼ੋਰ, ਦਰ ਦਰ ਇਕੋ ਰਾਗ ਅਲਾਇੰਦਾ । ਮਾਨਸ ਮਾਨੁਖ ਹੋਏ ਢੋਰ, ਬੁਧ ਬਿਬੇਕ ਨਾ ਕੋਇ ਕਰਾਇੰਦਾ । ਤਨ ਅੰਦਰ ਵੜੇ ਪੰਜ ਚੋਰ, ਫੜ ਬਾਂਹੋਂ ਬਾਹਰ ਨਾ ਕੋਇ ਕਢਾਇੰਦਾ । ਅੱਗੇ ਹੋ ਕੇ ਕੋਈ ਨਾ ਸਕੇ ਹੋੜ, ਹੋਕਾ ਦੇ ਨਾ ਕੋਇ ਜਗਾਇੰਦਾ । ਚੜ੍ਹ ਕੇ ਆਏ ਨਾ ਕੋਈ ਘੋੜ, ਵਾਗ ਲੋਕਮਾਤ ਨਾ ਕੋਇ ਭੁਆਇੰਦਾ । ਆਤਮ ਪਰਮਾਤਮ ਮਿਲਣ ਦੀ ਲੱਗੀ ਔੜ, ਪਿਆਸੀ ਪਿਆਸ ਨਾ ਕੋਇ ਬੁਝਾਇੰਦਾ । ਕਿਰਪਾ ਨਿਧਾਨ ਠਾਕਰ ਸਵਾਮੀ ਛੇਤੀ ਬੌਹੜ, ਬੌਹੜੀ ਬੌਹੜੀ ਸਰਬ ਕੁਰਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸੱਚਾ ਵਰ, ਦਰ ਤੇਰੇ ਆਸ ਲਗਾਇੰਦਾ । ਸ੍ਰੀ ਭਗਵਾਨ ਦਇਆ ਕਮਾਵੇਗਾ । ਸੋ ਪੁਰਖ ਨਿਰੰਜਣ ਬਣ ਕੇ ਆਵੇਗਾ । ਹਰਿ ਪੁਰਖ ਨਿਰੰਜਣ ਵੇਸ ਵਟਾਵੇਗਾ । ਏਕੰਕਾਰਾ ਰੰਗ ਰੰਗਾਵੇਗਾ । ਆਦਿ ਨਿਰੰਜਣ ਨੂਰ ਚਮਕਾਵੇਗਾ । ਅਬਿਨਾਸ਼ੀ ਕਰਤਾ ਵੰਡ ਵੰਡਾਵੇਗਾ । ਸ੍ਰੀ ਭਗਵਾਨ ਸੰਗ ਨਿਭਾਵੇਗਾ । ਪਾਰਬ੍ਰਹਮ ਪ੍ਰਭ ਇਕੋ ਛੰਦ ਸੁਣਾਵੇਗਾ । ਵਿਸ਼ਨ ਬ੍ਰਹਮਾ ਸ਼ਿਵ ਉਠਾਵੇਗਾ । ਲੋਆਂ ਪੁਰੀਆਂ ਬ੍ਰਹਿਮੰਡਾ ਖੰਡਾਂ ਖੋਜ ਖੁਜਾਵੇਗਾ । ਸਚ ਦਰਬਾਰ ਇਕ ਸੁਹਾਵੇਗਾ । ਨਿਰਾਕਾਰ ਜੋਤ ਜਗਾਵੇਗਾ । ਸਾਕਾਰ ਨਜ਼ਰ ਨਾ ਆਵੇਗਾ । ਅਗੰਮ ਖੇਲ ਵਖਾਵੇਗਾ । ਬਿਨ ਮਾਟੀ ਚੰਮ ਕਾਇਆ ਤੱਤ ਜਣਾਵੇਗਾ । ਹਰਖ਼ ਸੋਗ ਨਾ ਖ਼ੁਸ਼ੀ ਗ਼ਮ, ਚਿੰਤਾ ਕੋਲ ਨਾ ਕੋਈ ਲਿਆਵੇਗਾ । ਸਤਿ ਸਤਿਵਾਦੀ ਜਾਣੇ ਆਪਣਾ ਕੰਮ, ਨਿਹਕਰਮੀ ਕਰਮ ਕਮਾਵੇਗਾ । ਗੁਰ ਅਵਤਾਰ ਪੀਰ ਪੈਗ਼ੰਬਰ ਬੇੜਾ ਬੰਨ੍ਹ, ਦੋ ਜਹਾਨ ਆਪ ਚਲਾਵੇਗਾ । ਸ਼ਾਸਤਰ

ਸਿਮਰਤ ਵੇਦ ਪੁਰਾਨ ਕੁਰਾਨ ਅੰਜੀਲ ਰਾਗ ਸੁਣਾ ਕੰਨ, ਬੱਤੀ ਦੰਦ ਸਿਫ਼ਤ ਸਾਲਾਵੇਗਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਅੰਤਮ ਜਾਏ ਹੰਢ, ਹਰਿ ਜੂ ਆਪਣਾ ਭੇਵ ਚੁਕਾਵੇਗਾ । ਸਤਿਜੁਗ ਸਾਚੀ ਵੰਡੇ ਵੰਡ, ਵਸਤ ਅਮੋਲਕ ਝੋਲੀ ਪਾਵੇਗਾ । ਕੂੜੀ ਕਿਰਿਆ ਮੇਟੇ ਭੇਖ ਪਖੰਡ, ਭੇਖੀ ਕੋਈ ਨਜ਼ਰ ਨਾ ਆਵੇਗਾ । ਇਕੋ ਸੂਰਜ ਇਕੋ ਚੰਦ, ਇਕੋ ਨੂਰ ਨੂਰ ਦਰਸਾਵੇਗਾ । ਇਕੋ ਮੰਦਰ ਸ਼ਿਵਦਵਾਲਾ ਮੱਠ, ਗੁਰੂਦਵਾਰਾ ਇਕ ਵਖਾਵੇਗਾ । ਇਕ ਮਸਜਦ ਮਸੀਤ ਸਾਚੀ ਲੰਘ, ਹੁਜਰਾ ਹੱਕ ਹੱਕ ਪਰਗਟਾਵੇਗਾ । ਇਕੋ ਨਾਮ ਵੱਜੇ ਮਰਦੰਗ, ਨਾਅਰਾ ਇਕੋ ਇਕ ਸੁਣਾਵੇਗਾ । ਇਕੋ ਗੀਤ ਇਕੋ ਛੰਦ, ਇਕੋ ਗੋਬਿੰਦ ਨਜ਼ਰੀ ਆਵੇਗਾ । ਇਕੋ ਤੀਰ ਕਮਾਨ ਭੱਥਾ ਇਕੋ ਸੂਰਾ ਸਰਬੰਗ, ਇਕੋ ਚਿੱਲਾ ਨਾਮ ਹੱਥ ਉਠਾਵੇਗਾ । ਇਕੋ ਦੋ ਜਹਾਨਾਂ ਦੇਵੇ ਡੰਨ, ਇਕੋ ਡੰਕਾ ਨਾਮ ਸੁਣਾਵੇਗਾ । ਇਕੋ ਘੜੇ ਇਕੋ ਦੇਵੇ ਭੰਨ, ਘੜਨ ਭੰਨਣਹਾਰ ਇਕ ਅਖਵਾਵੇਗਾ । ਇਕੋ ਨਿਰਗੁਣ ਇਕੋ ਸਰਗੁਣ ਕਰੇ ਵਸੇਰਾ ਪੰਜ ਤੱਤ ਕਾਇਆ ਤਨ, ਤੱਤਵ ਆਪਣਾ ਆਪ ਜਣਾਵੇਗਾ । ਇਕੋ ਵਸੇ ਛੱਪਰੀ ਛੰਨ, ਇਕੋ ਮਹੱਲ ਅਟੱਲ ਸੋਭਾ ਪਾਵੇਗਾ । ਇਕੋ ਹੋਏ ਨੇਤਰ ਅੰਨ੍ਹ, ਇਕੋ ਗਿਆਨ ਗੋਝ ਭੇਵ ਚੁਕਾਵੇਗਾ । ਇਕੋ ਜਨਨੀ ਇਕੋ ਜਨ, ਇਕੋ ਪੂਤ ਸਪੂਤ ਗੋਦ ਉਠਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਕਲਜੁਗ ਤੇਰਾ ਲੇਖਾ ਅੰਤ ਮੁਕਾਵੇਗਾ । ਕਲਜੁਗ ਤੇਰਾ ਲੇਖਾ ਅੰਤ ਮੁਕਾਏਗਾ । ਪ੍ਰਭ ਅਬਿਨਾਸ਼ੀ ਵੇਸ ਵਟਾਏਗਾ । ਨੌਂ ਖੰਡ ਪ੍ਰਿਥਮੀ ਵੇਖ ਵਖਾਏਗਾ । ਸੱਤਾਂ ਦੀਪਾਂ ਪੜਦਾ ਲਾਹੇਗਾ । ਜੀਵ ਜੰਤ ਸਰਬ ਜਗਾਏਗਾ । ਸਾਧ ਸੰਤ ਆਪ ਉਠਾਏਗਾ । ਰਾਜ ਰਾਜਾਨ ਖ਼ਾਕ ਮਿਲਾਏਗਾ । ਸ਼ਾਹ ਸੁਲਤਾਨ ਕੋਈ ਰਹਿਣ ਨ ਪਾਏਗਾ । ਨਾਮ ਨਿਧਾਨ ਡੰਕ ਵਜਾਏਗਾ । ਰਾਉ ਰੰਕ ਇਕੋ ਘਰ ਵਖਾਏਗਾ । ਦਵਾਰ ਬੰਕ ਇਕ ਵਡਿਆਏਗਾ । ਜਿਸ ਗ੍ਰਿਹਿ ਮੰਦਰ ਸ੍ਰੀ ਭਗਵਾਨ ਡੇਰਾ ਲਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਕਲਜੁਗ ਤੇਰੀ ਕੂੜੀ ਕਿਰਿਆ ਸ਼ੌਹ ਦਰਯਾ ਰੁੜ੍ਹਾਏਗਾ । ਕਲਜੁਗ ਕੂੜ ਕੁੜਿਆਰਾ ਜਾਵੇਗਾ । ਲੋਕਮਾਤ ਰਹਿਣ ਨਾ ਪਾਵੇਗਾ । ਜਗਤ ਅੰਧੇਰਾ ਪ੍ਰਭ ਆਪ ਮੁਕਾਵੇਗਾ । ਸੰਝ ਸਵੇਰਾ ਇਕ ਕਰਾਵੇਗਾ । ਗੁਰ ਚੇਰਾ ਵੇਖ ਵਖਾਵੇਗਾ । ਤੇਰਾ ਮੇਰਾ ਭੇਵ ਮੁਕਾਵੇਗਾ । ਸਾਚਾ ਖੇੜਾ ਫੇਰ ਵਸਾਵੇਗਾ । ਜੂਠਾ ਝੂਠਾ ਝੇੜਾ ਆਪ ਮੁਕਾਵੇਗਾ । ਧਰਤ ਮਾਤ ਦਾ ਖੁਲ੍ਹਾ ਵੇਹੜਾ ਕਰ ਵਖਾਵੇਗਾ । ਪ੍ਰਭ ਨਜ਼ਰੀ ਆਏ ਨੇਰਨ ਨੇਰਾ, ਦੂਰ ਦੁਰਾਡਾ ਪੰਧ ਚੁਕਾਵੇਗਾ । ਸਤਿਜੁਗ ਸਾਚੇ ਲੱਗੇ ਡੇਰਾ, ਧਰਤ ਮਾਤ ਦੀ ਗੋਦ ਬਹਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਇਕ ਉਠਾਵੇਗਾ । ਪ੍ਰਭ ਮਿਹਰ ਨਜ਼ਰ ਉਠਾਏਗਾ । ਅਬਿਨਾਸ਼ੀ ਕਰਤਾ ਵੇਸ ਵਟਾਏਗਾ । ਸਰਬ ਘਟ ਵਾਸੀ ਫੇਰਾ ਪਾਏਗਾ । ਜਗਤ ਉਦਾਸੀ ਪਾਰ ਕਰਾਏਗਾ । ਸਾਚੇ ਸਾਥੀ ਭਗਤ ਮਿਲਾਏਗਾ । ਪੂਜਾ ਪਾਠੀ ਇਕ ਜਣਾਏਗਾ । ਤੀਰਥ ਤਾਟੀ ਇਕੋ ਨਜ਼ਰੀ ਆਏਗਾ । ਚੌਦਾਂ ਲੋਕ ਅਗੰਮੀ ਹਾਟੀ, ਵਸਤ ਇਕ ਵਰਤਾਏਗਾ । ਕਲਜੁਗ ਮੇਟੇ ਅੰਧੇਰੀ ਰਾਤੀ, ਸਤਿਜੁਗ ਸਾਚਾ ਚੰਦ ਚਮਕਾਏਗਾ । ਲੇਖੇ ਲਾਏ ਬੰਦਾ ਖ਼ਾਕੀ, ਖ਼ਾਕੀ ਖ਼ਾਕ ਵੇਖ ਵਖਾਏਗਾ । ਸਰਗੁਣ ਕੋਇ ਨਾ ਰਹੇ ਆਕੀ, ਨਿਰਗੁਣ ਨਿਰੰਕਾਰ ਆਪਣਾ ਹੁਕਮ ਮਨਾਏਗਾ । ਜਨ ਭਗਤਾਂ ਬੰਦ ਕਿਵਾੜਾ ਖੋਲ੍ਹੇ ਤਾਕੀ, ਬਜਰ ਕਪਾਟੀ ਤੋੜ ਤੁੜਾਏਗਾ । ਆਤਮ ਪਰਮਾਤਮ ਇਕੋ ਦੱਸੇ ਜ਼ਾਤੀ, ਜ਼ਾਤ ਪਾਤ ਨਾ ਕੋਇ ਰਖਾਏਗਾ । ਅੰਮ੍ਰਿਤ ਜਾਮ ਪਿਆਲਾ ਪਿਆਏ ਬਣ ਕੇ ਸਾਕੀ, ਰਸ

ਇਕੋ ਇਕ ਵਖਾਏਗਾ । ਜਨ ਭਗਤਾਂ ਪਾਰ ਕਰਾਏ ਔਖੀ ਘਾਟੀ, ਪੱਤਣ ਇਕੋ ਨਜ਼ਰੀ ਆਏਗਾ । ਜਿਸ ਮੰਦਰ ਵਸੇ ਕਮਲਾਪਾਤੀ, ਪਤਿਪਰਮੇਸ਼ਵਰ ਡੇਰਾ ਲਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਮਹੱਲ ਅਟੱਲ ਰੁਸ਼ਨਾਏਗਾ । ਸੋ ਮਹੱਲ ਰੁਸ਼ਨਾਵੇਗਾ । ਜਿਸ ਗ੍ਰਿਹ ਹਰਿ ਜੂ ਜੋਤ ਜਗਾਵੇਗਾ । ਸ਼ਬਦ ਨਾਦ ਚੋਟ ਲਗਾਵੇਗਾ । ਕੋਟਨ ਕੋਟ ਜੀਵ ਉਠਾਵੇਗਾ । ਹਰਖ਼ ਸੋਗ ਸਰਬ ਮਿਟਾਵੇਗਾ । ਸੁਣਾਵੇ ਸਚ ਸਲੋਕ, ਸੋਹੰ ਢੋਲਾ ਰਾਗ ਅਲਾਵੇਗਾ । ਸਾਚੀ ਦੇਵਣਹਾਰਾ ਮੋਖ, ਮੁਫ਼ਤ ਆਪਣਾ ਨਾਮ ਵਰਤਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਦਇਆ ਕਮਾਵੇਗਾ । ਕਲਜੁਗ ਅੰਤ ਦਇਆ ਕਮਾਏਗਾ । ਸ੍ਰੀ ਭਗਵਾਨ ਵੇਸ ਵਟਾਏਗਾ । ਸਾਚੇ ਸੰਤ ਆਪ ਉਠਾਏਗਾ । ਗੁਰ ਮੰਤ ਨਾਮ ਦ੍ਰਿੜਾਏਗਾ । ਹਉਮੇਂ ਹੰਗਤਾ ਗੜ੍ਹ ਤੁੜਾਏਗਾ । ਚਾਰ ਵਰਨ ਦੀ ਸਾਚੀ ਸੰਗਤ, ਇਕੋ ਰੂਪ ਦਰਸਾਏਗਾ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਇਕੋ ਦਰ ਬਹਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭਗਤ ਭਗਵਾਨ ਆਪ ਵਡਿਆਏਗਾ । ਜਨ ਭਗਤਾਂ ਆਪ ਵਡਿਆਵੇਗਾ । ਸਿਰ ਮਿਹਰ ਹੱਥ ਟਿਕਾਵੇਗਾ । ਸਮਰਥ ਦਇਆ ਕਮਾਵੇਗਾ । ਬੋਲ ਅਲੱਖ ਜੈਕਾਰ ਸੁਣਾਵੇਗਾ । ਲੱਖ ਚੁਰਾਸੀ ਵਿਚੋਂ ਰੱਖ, ਪ੍ਰਭ ਆਪਣੀ ਗੰਢ ਪੁਆਵੇਗਾ । ਦਰਸਨ ਦੇਵੇ ਹੋ ਪਰਤੱਖ, ਸਵੱਛ ਸਰੂਪੀ ਰੂਪ ਵਟਾਵੇਗਾ । ਇਕੋ ਰਾਗ ਸੁਣਾਏ ਜਸ, ਨਾਦ ਇਕੋ ਇਕ ਵਜਾਵੇਗਾ । ਸੁਰਤੀ ਸ਼ਬਦੀ ਮੇਲਾ ਹੱਸ ਹੱਸ, ਸੋਹੰ ਹੰਸਾ ਇਕੋ ਮੁਖ ਰਖਾਵੇਗਾ । ਬਿਰਹੋਂ ਵਿਛੁਨੀ ਪੂਰੀ ਆਸ, ਤ੍ਰਿਸਨਾ ਭੁੱਖ ਮਿਟਾਵੇਗਾ । ਮੰਡਲ ਬਹਿ ਕੇ ਪਾਏ ਰਾਸ, ਗੋਪੀ ਕਾਹਨ ਨਚਾਵੇਗਾ । ਖੇਲੇ ਖੇਲ ਪੁਰਖ ਸਮਰਾਥ, ਸਮਰਥ ਆਪਣਾ ਰਾਹ ਵਖਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਰਗੁਣ ਦਾਤਾ ਪੁਰਖ ਬਿਧਾਤਾ ਉਤਮ ਜ਼ਾਤਾ ਆਦਿ ਅੰਤ ਆਪਣਾ ਨੂਰ ਜਣਾਵੇਗਾ । ਆਪਣਾ ਨੂਰ ਇਕ ਜਣਾਵੇਗਾ । ਜ਼ਾਹਰ ਜ਼ਹੂਰ ਵੇਸ ਵਟਾਵੇਗਾ । ਸ਼ਬਦ ਨਾਦ ਤੂਰ ਸੁਣਾਵੇਗਾ । ਆਸਾ ਪੂਰ ਸਰਬ ਅਖਵਾਵੇਗਾ । ਭਗਤ ਭਗਵਾਨ ਗੋਦ ਸੁਹਾਵੇਗਾ । ਸਤਿ ਸਰੂਪੀ ਹਿਰਦਾ ਸੋਧ, ਸਿਧ ਮਾਰਗ ਇਕੋ ਲਾਵੇਗਾ । ਨਾਤਾ ਤੋੜ ਕਾਮ ਕਰੋਧ, ਲੋਭ ਮੋਹ ਹੰਕਾਰ ਮਿਟਾਵੇਗਾ । ਦੇਵੇ ਗਿਆਨ ਨੇਤਰ ਗੋਝ, ਭੇਵ ਅਭੇਵ ਆਪ ਚੁਕਾਵੇਗਾ । ਦਾਤਾ ਦਾਨੀ ਵਡ ਵੱਡਾ ਬੋਧ, ਬੋਧ ਅਗਾਧ ਸਮਝਾਵੇਗਾ । ਆਤਮ ਪਰਮਾਤਮ ਪਰਮਾਤਮ ਆਵੇ ਇਕੋ ਦੱਸੇ ਸੋਚ, ਦੂਜੀ ਸਮਝ ਨਾ ਕੋਇ ਰਖਾਵੇਗਾ । ਭਗਤ ਭਗਵਾਨ ਦੋ ਜਹਾਨ ਇਕ ਦੂਜੇ ਦੇ ਦਰਸਨ ਰਹੇ ਲੋਚ, ਮਿਲ ਦਰਸੀ ਦਰਸ ਆਦਰਸ਼ ਇਕ ਵਖਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਸਣਹਾਰਾ ਸਚਖੰਡ ਦਵਾਰੇ ਸਾਚੇ ਕੋਟ, ਸਚ ਮਹੱਲਾ ਇਕੋ ਇਕ ਵਸਾਵੇਗਾ ।

★ ੨੬ ਜੇਠ ੨੦੨੦ ਬਿਕ੍ਰਮੀ ਭਗਤ ਸਿੰਘ ਦੇ ਗ੍ਰਿਹ ਪਿੰਡ ਕੀਰ ਜੰਮੂ ★

ਮਨਮਤ ਕਰੇ ਬੇਮੁਖ, ਗੁਰਮਤ ਭੁੱਲੀ ਜਗਤ ਲੋਕਾਈਆ । ਮਨ ਵਾਸਨਾ ਲੱਗਾ ਦੁੱਖ, ਕਾਮ ਕਰੋਧ ਲੋਭ ਮੋਹ ਹੰਕਾਰ ਹਲਕਾਈਆ । ਮਾਣਸ ਜਨਮ ਮਿਲਿਆ ਮਨੁਖ, ਹੰਸ ਰੂਪ ਨਜ਼ਰ ਨਾ ਆਈਆ । ਕੂੜੀ ਕਿਰਿਆ ਰੱਖੀ ਚੁਗ, ਜਿਹਵਾ ਕਾਗ ਵਾਂਗ ਕੁਰਲਾਈਆ । ਅੰਤਰ ਆਤਮ

ਗਈ ਨਾ ਝੁਕ, ਜਗ ਮਾਟੀ ਸੀਸ ਝੁਕਾਈਆ । ਪਰੇਮ ਪ੍ਰੀਤੀ ਅੰਦਰ ਲਿਆ ਨਾ ਪੁੱਛ, ਪ੍ਰਭ ਦੱਸੇ ਬੇਪਰਵਾਹੀਆ । ਬਿਨ ਅੰਮ੍ਰਿਤ ਬੂਟਾ ਰਿਹਾ ਸੁੱਕ, ਗੁਰ ਗੋਬਿੰਦ ਗਿਆ ਸਮਝਾਈਆ । ਨਿਰਵੈਰ ਪੁਰਖ ਅੰਦਰ ਬੈਠਾ ਲੁਕ, ਕਲਜੁਗ ਜੀਵ ਨਜ਼ਰ ਨਾ ਆਈਆ । ਮਨ ਹੰਕਾਰੀ ਰਿਹਾ ਬੁੱਕ, ਉਚੀ ਕੂਕ ਕੂਕ ਸੁਣਾਈਆ । ਗੁਰ ਸ਼ਬਦੀ ਹਿਰਦੇ ਹਰਿ ਵਸਾਈ ਨਾ ਸਾਚੀ ਤੁਕ, ਤੁਖ਼ਮ ਹੱਕ ਨਾ ਕੋਇ ਅਖਵਾਈਆ । ਮਾਇਆ ਮਮਤਾ ਆਸਾ ਤ੍ਰਿਸਨਾ ਲੱਗੀ ਭੁੱਖ, ਸਤਿਗੁਰ ਚਰਨ ਪ੍ਰੀਤ ਨਾ ਕੋਇ ਬੰਧਾਈਆ । ਜੂਠ ਝੂਠ ਬੂਟਾ ਦਿਤਾ ਨਾ ਪੁੱਟ, ਸਚ ਸੁੱਚ ਨਜ਼ਰ ਕਿਸੇ ਨਾ ਆਈਆ । ਠੱਗ ਚੋਰ ਯਾਰ ਕਾਮ ਕਰੋਧ ਲੋਭ ਮੋਹ ਹੰਕਾਰ ਰਹੇ ਲੁੱਟ, ਖੰਡਾ ਨਾਮ ਹੱਥ ਨਾ ਕੋਇ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦ ਰਿਹਾ ਸਮਝਾਈਆ । ਮਨਮੁਖ ਜੀਵ ਜਗਤ ਵਿਕਾਰ, ਕੂੜੀ ਕਿਰਿਆ ਬੰਧਨ ਪਾਈਆ । ਜਿਨ੍ਹਾਂ ਅੰਤਰ ਆਤਮ ਇਕ ਪਿਆਰ, ਸੋ ਗੁਰਮੁਖ ਰੂਪ ਵਟਾਈਆ । ਸਤਿਗੁਰ ਚਰਨ ਕਰਨ ਨਿਮਸਕਾਰ, ਨਿਮਖ ਨਿਮਖ ਆਪਣਾ ਮਨ ਕਟਾਈਆ । ਇਕੋ ਓਟ ਪੁਰਖ ਅਕਾਲ, ਦੂਜੀ ਆਸ ਨਾ ਕੋਇ ਰਖਾਈਆ । ਸ਼ਬਦ ਗੁਰੂ ਚਲੇ ਸਦ ਨਾਲ, ਨਿਰਗੁਣ ਸਰਗੁਣ ਵਿਛੜ ਕਦੇ ਨਾ ਜਾਈਆ । ਪੁੱਛਣਹਾਰਾ ਮੁਰੀਦਾਂ ਹਾਲ, ਮੁਰਸ਼ਦ ਆਪਣਾ ਫੇਰਾ ਪਾਈਆ । ਤ੍ਰੈਗੁਣ ਮਾਇਆ ਤੋੜਨਹਾਰ ਜੰਜਾਲ, ਜੀਵਣ ਜੁਗਤ ਦਏ ਜਣਾਈਆ । ਜੋ ਗੁਰਸਿਖ ਕਾਇਆ ਮੰਦਰ ਅੰਦਰ ਵੜੇ ਸੱਚੀ ਧਰਮਸਾਲ, ਤਿਨ੍ਹਾਂ ਮਨਮੁਖ ਕੋਇ ਕਹਿਣ ਨਾ ਪਾਈਆ । ਦੀਨਾਂ ਬੰਧਪ ਦੀਨ ਦਿਆਲ, ਪੁਰਖ ਅਬਿਨਾਸ਼ੀ ਹੋਏ ਸਹਾਈਆ । ਅੰਮ੍ਰਿਤ ਆਤਮ ਮਾਰੇ ਇਕ ਉਛਾਲ, ਸਰ ਸਰੋਵਰ ਇਕ ਨੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਜਣਾਈਆ । ਪੜ੍ਹ ਪੜ੍ਹ ਸੁਣ ਸੁਣ ਨਾ ਆਏ ਯਕੀਨ, ਯੱਕੇ ਬਾਅਦ ਦੀਗਰੇ ਲਏ ਜਣਾਈਆ । ਨਾਨਕ ਨਿਰਗੁਣ ਕਰ ਕੇ ਗਿਆ ਤਲਕੀਨ, ਚਾਰ ਵਰਨ ਸਮਝਾਈਆ । ਹਰਿ ਕਾ ਮਾਰਗ ਇਕ ਮਹੀਨ, ਪਾਂਧੀ ਕੋਈ ਚਲ ਨਾ ਸਕੇ ਰਾਹੀਆ । ਜੋ ਜਨ ਸਾਹਿਬ ਸਤਿਗੁਰ ਹੋਏ ਮਸਕੀਨ, ਮਨ ਵਾਸਨਾ ਮੇਟ ਮਿਟਾਈਆ । ਆਸ ਪਿਆਸ ਰੱਖੇ ਜਿਉਂ ਜਲ ਮੀਨ, ਨੇਤਰ ਨੈਣ ਇਕੋ ਇਕ ਤਕਾਈਆ । ਬੁਧ ਮਤ ਗੁਰ ਸ਼ਬਦੀ ਹੋਏ ਅਧੀਨ, ਸੁਰਤੀ ਸਤਿਗੁਰ ਸਰਨ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਿਲਾਸਾ ਤਨ ਜਣਾਈਆ । ਪੂਰਾ ਯਕੀਨ ਦੇਵੇ ਦਿਲਾਸਾ, ਜਿਨ੍ਹਾਂ ਆਪਣੀ ਦਇਆ ਕਮਾਇੰਦਾ । ਅੰਦਰ ਬਾਹਰ ਹੋ ਹੋ ਰਾਖਾ, ਨਿਰਗੁਣ ਸਾਚੀ ਸੇਵ ਕਮਾਇੰਦਾ । ਲੇਖਾ ਜਾਣੇ ਨਾਥ ਅਨਾਥਾਂ, ਦੀਨਨ ਆਪਣੇ ਅੰਗ ਲਗਾਇੰਦਾ । ਇਕ ਸੁਣਾਏ ਪੂਜਾ ਪਾਠਾ, ਮੰਤਰ ਨਾਮ ਇਕ ਦ੍ਰਿੜਾਇੰਦਾ । ਕੂੜੀ ਕਿਰਿਆ ਮੇਟ ਅੰਧੇਰੀ ਰਾਤਾ, ਜੋਤੀ ਚੰਦ ਨੂਰ ਚਮਕਾਇੰਦਾ । ਪਾਰਬ੍ਰਹਮ ਬ੍ਰਹਮ ਦੇਵੇ ਸਾਥਾ, ਸਗਲਾ ਸੰਗ ਨਿਭਾਇੰਦਾ । ਸ੍ਰਿਸ਼ਟ ਸਬਾਈ ਕੂੜੀ ਕਿਰਿਆ ਬਾਹਰੋਂ ਵੇਖੇ ਜਗਤ ਤਮਾਸ਼ਾ, ਅੰਦਰ ਵੜ ਦਰਸ ਕੋਇ ਨਾ ਪਾਇੰਦਾ । ਮਨ ਠਗੋਰੀ ਕਰੇ ਹਾਸਾ, ਠਾਕਰ ਨਜ਼ਰ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਸਮਝਾਇੰਦਾ । ਸਾਚਾ ਖੇਲ ਦੱਸੇ ਭਗਵਾਨ, ਭਗਵਨ ਆਪਣੀ ਦਇਆ ਕਮਾਈਆ । ਜੁਗ ਚੌਕੜੀ ਹੋ ਮਿਹਰਵਾਨ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਹੰਡਾਈਆ । ਗੁਰ ਅਵਤਾਰਾਂ ਪੀਰ ਪੈਗੰਬਰਾਂ ਸਾਧਾਂ ਸੰਤਾਂ ਦੇਵਣਹਾਰਾ ਦਾਨਾ, ਵਸਤ ਅਮੋਲਕ ਆਪ ਵਰਤਾਈਆ । ਨਾਮ ਨਿਧਾਨ ਗੁਣ ਨਿਧਾਨਾ, ਗੁਣਵੰਤਾ ਦਏ ਵਡਿਆਈਆ । ਪੰਜ ਤੱਤ ਕਾਇਆ ਮੰਦਰ ਮਕਾਨ, ਆਤਮ ਪਰਮਾਤਮ ਮੇਲੇ ਆਣ, ਸ਼ਬਦੀ ਨਾਦ ਧੁਨ ਸ਼ਨਵਾਈਆ । ਸ਼ਾਸਤਰ ਸਿਮਰਤ

ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਹਰਿ ਕਾ ਨਾਉਂ ਸਿਫ਼ਤ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਯਕੀਨ ਗੁਰਮੁਖ ਸੱਜਣ ਆਪ ਦਿਵਾਈਆ । ਸਚ ਯਕੀਨ ਹੋਏ ਸਚ ਭਗਤ, ਲੱਖ ਚੁਰਾਸੀ ਰਹੀ ਕੁਰਲਾਈਆ । ਮਿਲੇ ਵਡਿਆਈ ਉਤਮ ਜਗਤ, ਜਿਨ੍ਹਾਂ ਪ੍ਰਭ ਮਿਲਿਆ ਬੇਪਰਵਾਹੀਆ । ਤਿਨ੍ਹਾਂ ਵੇਲਾ ਸੋਹੇ ਵਕਤ, ਸੁਹੰਜਣੀ ਘੜੀ ਨਾਲ ਰਲਾਈਆ । ਬਾਕੀ ਸਾਰੇ ਰਹੇ ਭਟਕ, ਅਗਨੀ ਅੱਗ ਨਾ ਕੋਇ ਬੁਝਾਈਆ । ਬਣ ਕੇ ਪਾਂਧੀ ਰਹੇ ਅਟਕ, ਮੰਜ਼ਲ ਹੱਕ ਨਾ ਕੋਇ ਚੜ੍ਹਾਈਆ । ਕੂੜੀ ਕਿਰਿਆ ਮਗਰ ਲੱਗਾ ਕਟਕ, ਕੰਢਾ ਪਾਰ ਨਾ ਕੋਇ ਵਖਾਈਆ । ਆਪਣੇ ਘਰ ਨਾ ਜਾਏ ਕੋਈ ਪਰਤ, ਮੰਦਰ ਵੇਖੇ ਨਾ ਚਾਈਂ ਚਾਈਆ । ਗੁਰਮੁਖਾਂ ਵਲ ਵੇਖ ਕੇ ਚੜ੍ਹਦਾ ਹਰਖ, ਮਨ ਚਿੰਦਿਆ ਰਹੀ ਸਤਾਈਆ । ਸਤਿਗੁਰ ਪੂਰੇ ਦੀ ਕਿਆ ਕੋਈ ਕਰੇ ਪਰਖ, ਪਾਰਬ੍ਰਹਮ ਪ੍ਰਭ ਪਰਖ ਵਿਚ ਨਾ ਆਈਆ । ਕਰ ਕਿਰਪਾ ਜਿਸ ਦੇਵੇ ਆਪਣਾ ਦਰਸ, ਤਿਸ ਅੰਤਰ ਬੂਝ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਰਿਹਾ ਜਣਾਈਆ । ਸਾਚਾ ਲੇਖਾ ਵਿਚ ਜਹਾਨ, ਦੋ ਜਹਾਨਾਂ ਵਾਲੀ ਆਪ ਰਖਾਇੰਦਾ । ਪੜ੍ਹ ਪੜ੍ਹ ਥੱਕੇ ਰਸਨਾ ਜ਼ਬਾਨ, ਜਿਹਵਾ ਸਭ ਦੀ ਸਿਫ਼ਤ ਸਾਲਾਹਿੰਦਾ । ਸੁਣ ਸੁਣ ਥੱਕੇ ਸਰਵਣ ਕਾਨ, ਨਾਦ ਅਨਾਦੀ ਨਾਦ ਜਣਾਇੰਦਾ । ਹਿਰਦੇ ਹਰਿ ਨਾ ਵਸਿਆ ਕਿਸੇ ਭਗਵਾਨ, ਭਾਂਡਾ ਭਰਮ ਨਾ ਕੋਇ ਭੰਨਾਇੰਦਾ । ਮੰਦਰ ਮਸਜਦ ਸ਼ਿਵਦਵਾਲੇ ਮੱਠ ਸਾਰੇ ਜਾਣ, ਜਾਨਣਹਾਰਾ ਹੱਥ ਕਿਸੇ ਨਾ ਆਇੰਦਾ । ਸਚ ਸਚ ਸਚ ਕਰੇ ਨਾ ਕੋਈ ਪਰਨਾਮ, ਨਿਉਂ ਨਿਉਂ ਸਜਦਾ ਸੀਸ ਨਾ ਕੋਇ ਝੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਜੋ ਜਨ ਸਰਨ ਜਾਏ ਝੁਕ, ਅੰਤਰ ਇਕ ਧਿਆਨ ਲਗਾਈਆ । ਤਿਸ ਦਾ ਪੁੱਛਣਾ ਗਿੱਛਣਾ ਜਾਏ ਮੁੱਕ, ਸੁਰਤੀ ਸੁਰਤ ਰਹੇ ਨਾ ਰਾਈਆ । ਦੇਵੇ ਦਰਸ ਜੋ ਬੈਠਾ ਲੁਕ, ਘਰ ਮੰਦਰ ਕਰੇ ਰੁਸ਼ਨਾਈਆ । ਸਫ਼ਲ ਕਰਾਏ ਜਨਨੀ ਕੁੱਖ, ਕੁੱਖ ਕੱਖੜੀ ਦਏ ਵਡਿਆਈਆ । ਜਨਮ ਕਰਮ ਦੀ ਮੇਟੇ ਭੁੱਖ, ਤ੍ਰਿਸਨਾ ਤ੍ਰਿਖਾ ਬੁਝਾਈਆ । ਅੰਦਰ ਵੜ ਕੇ ਸਾਚੀ ਸੇਜਾ ਚੜ੍ਹ ਕੇ ਗੁਰ ਸ਼ਬਦੀ ਲਏ ਪੁੱਛ, ਗੁਰਮੁਖ ਸੁੱਤਾ ਲਏ ਉਠਾਈਆ । ਉਠ ਲਾਡਲੇ ਮੇਰੇ ਸੁਤ, ਪਿਤਾ ਪੂਤ ਵੇਖਣ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਸਭ ਦਾ ਰਿਹਾ ਮੁਕਾਈਆ । ਲੇਖਾ ਜਾਣੇ ਵਡ ਮਿਹਰਵਾਨ, ਮਿਹਰਵਾਨ ਵੱਡੀ ਵਡਿਆਈਆ । ਲੱਖ ਚੁਰਾਸੀ ਜਿਸ ਦਿਤਾ ਦਾਨ, ਵਿਸ਼ਨ ਬ੍ਰਹਮਾ ਸ਼ਿਵ ਸੇਵ ਲਗਾਈਆ । ਸੋ ਸਾਹਿਬ ਸਤਿਗੁਰ ਸੱਚਾ ਕਾਹਨ, ਨਿਰਗੁਣ ਦਾਤਾ ਬੇਪਰਵਾਹੀਆ । ਕਲਜੁਗ ਅੰਤਮ ਵੇਖੇ ਮਾਰ ਧਿਆਨ, ਨਵ ਨੌਂ ਫੇਰਾ ਪਾਈਆ । ਚਾਰ ਕੁੰਟ ਹੋ ਪਰਧਾਨ, ਦਹਿ ਦਿਸ਼ਾ ਭੇਵ ਚੁਕਾਈਆ । ਭਗਤ ਸੁਹੇਲੇ ਵੇਖੇ ਆਣ, ਸੰਤ ਸਾਜਨ ਮੇਲ ਮਿਲਾਈਆ । ਗੁਰਮੁਖਾਂ ਦੇਵੇ ਨਾਮ ਦਾਨ, ਅਨਮੁਲੱੜੀ ਦਾਤ ਵਰਤਾਈਆ । ਗੁਰਸਿਖਾਂ ਬਖ਼ਸ਼ੇ ਚਰਨ ਧਿਆਨ, ਸਰਨ ਮਿਲੇ ਸਚ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਨ੍ਹਾਂ ਵਖਾਏ ਆਪਣਾ ਘਰ, ਤਿਨ੍ਹਾਂ ਸੋਗ ਰਹੇ ਨਾ ਰਾਈਆ । ਦੋ ਤਿੰਨ ਸਾਲ ਸਾਰੇ ਮੰਨਦੇ, ਮਨ ਵਾਸਨਾ ਧਿਆਨ ਲਗਾਈਆ । ਗੁਰਮੁਖ ਕੋਟ ਕੋਟ ਜਨਮ ਪ੍ਰਭ ਸਰਨਾਈ ਮੰਗਦੇ, ਵਛੋੜਾ ਹੋਏ ਰਤੀ ਨਾ ਰਾਈਆ । ਲੋਕ ਲੱਜਿਆ ਕੋਲੋਂ ਕਦੇ ਨਾ ਸੰਗਦੇ, ਨੇਤਰ ਨੈਣ ਨਾ ਕੋਇ ਸ਼ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਤਿੰਨ ਚਾਰ ਦਾ ਪਾਰ


੭੯੩
੧੪

ਕਿਨਾਰਾ, ਇਕ ਦੋ ਦਏ ਵਡਿਆਈਆ । ਇਕ ਦੋ ਦਾ ਇਕ ਸਹਾਰਾ, ਤਿੰਨ ਚਾਰ ਵੇਖ ਵਖਾਈਆ । ਚੌਥਾ ਘਰ ਅਗੰਮ ਅਪਾਰਾ, ਤੀਜੇ ਨੈਣ ਦਏ ਸਮਝਾਈਆ । ਦੂਆ ਖੇਲ ਕਰੇ ਕਰਤਾਰਾ, ਨਿਰਗੁਣ ਸਰਗੁਣ ਰਾਹ ਚਲਾਈਆ । ਇਕ ਇਕ ਇਕੱਲਾ ਏਕੰਕਾਰਾ, ਆਪਣੀ ਕਲ ਵਰਤਾਈਆ । ਇਕ ਸਾਲ ਕੀ ਕਰੇ ਵਿਚਾਰਾ, ਦੂਜਾ ਰੋਵੇ ਮਾਰੇ ਧਾਹੀਂਆ । ਤੀਜਾ ਡੁੱਬੇ ਵਿਚ ਮੰਜਧਾਰਾ, ਚੌਥੇ ਸਾਰ ਕੋਇ ਨਾ ਆਈਆ । ਜਿਨ੍ਹਾਂ ਮਿਲਿਆ ਪ੍ਰੀਤਮ ਪਿਆਰਾ, ਘੜੀ ਪਲ ਦਿਵਸ ਰੈਣ ਸਾਲ ਦਿਨ ਲੰਘਣ ਕੋਇ ਨਾ ਆਈਆ । ਅੱਠੇ ਪਹਿਰ ਰਹੇ ਇਕ ਖ਼ੁਮਾਰਾ, ਖ਼ੁਮਾਰੀ ਹਰਿ ਹਰਿ ਨਾਮ ਚੜ੍ਹਾਈਆ । ਨਾਤਾ ਤੁਟੇ ਕੂੜ ਸੰਸਾਰਾ, ਸਗਲ ਸਮਗਰੀ ਦਏ ਤਜਾਈਆ । ਵਰ ਘਰ ਪਾਏ ਏਕੰਕਾਰਾ, ਘਰ ਸਾਚੇ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਦਏ ਸਮਝਾਈਆ । ਸਾਚਾ ਲੇਖਾ ਦੱਸੇ ਇਕ, ਇਕ ਅੰਕ ਆਪ ਬਣਾਇੰਦਾ । ਪਾਂਜਾ ਨਾਲ ਦੇਵੇ ਲਿਖ, ਪੰਜਾਂ ਆਪਣੀ ਗੰਢ ਪੁਆਇੰਦਾ । ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਸਿਖਿਆ ਲਏ ਸਿਖ, ਸਾਚੀ ਸਿਖਿਆ ਆਪ ਸਮਝਾਇੰਦਾ । ਨਿਰਗੁਣ ਸਰਗੁਣ ਅੰਦਰ ਆਵੇ ਦਿਸ, ਜਿਸ ਜਨ ਆਪਣੀ ਬੂਝ ਬੁਝਾਇੰਦਾ । ਸ੍ਰੀ ਭਗਵਾਨ ਜਨ ਭਗਤਾਂ ਮਿਲਣ ਦੀ ਰੱਖੇ ਸਿਕ, ਆਦਿ ਜੁਗਾਦਿ ਜੁਗ ਚੌਕੜੀ ਰਾਹ ਤਕਾਇੰਦਾ । ਸਤਿ ਸਰੂਪੀ ਕਰੇ ਹਿਤ, ਹਿਤਕਾਰੀ ਫੇਰਾ ਪਾਇੰਦਾ । ਇਕ ਪੰਜ ਦਾ ਸਾਚਾ ਮਿਤ, ਪੰਦਰਾਂ ਅੰਕ ਜਣਾਇੰਦਾ । ਜਿਨ੍ਹਾਂ ਪਰੇਮ ਪ੍ਰੀਤੀ ਲੱਗੀ ਖਿਚ, ਤਿਨ੍ਹਾਂ ਆਪਣੀ ਗੋਦ ਬਹਾਇੰਦਾ । ਕਰੇ ਖੇਲ ਸਾਹਿਬ ਅਨਡਿਠ, ਸ਼ਾਸਤਰ ਸਿਮਰਤ ਵੇਦ ਪੁਰਾਨ ਭੇਵ ਕੋਇ ਨਾ ਪਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦੀ ਮਹਿਮਾ ਗਏ ਲਿਖ, ਸੋ ਅਨਭਵ ਪਰਕਾਸ਼ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਪੰਜ ਦਾ ਸਾਚਾ ਮੇਲਾ, ਲੇਖਾ ਜਾਣੇ ਗੁਰੂ ਗੁਰ ਚੇਲਾ, ਚੇਲਾ ਗੁਰ ਆਪ ਹੋ ਜਾਇੰਦਾ । ਕੱਕਾ ਕਹੇ ਕਲਮ ਦਵਾਤ ਮੇਰਾ ਲੇਖਾ ਲਿਖਿਆ, ਲੋਕਮਾਤ ਮਿਲੇ ਵਡਿਆਈਆ । ਚਾਰ ਵਰਨ ਦਿਤੀ ਸਿਖਿਆ, ਗੁਰ ਸ਼ਬਦੀ ਸ਼ਬਦ ਜਣਾਈਆ । ਨਰ ਨਿਰੰਕਾਰ ਪਾਈ ਭਿਛਿਆ, ਵਸਤ ਅਮੋਲਕ ਇਕ ਵਰਤਾਈਆ । ਨਿਰਵੈਰ ਹੋ ਕੇ ਚਾਰੋਂ ਕੁੰਟ ਵਸਿਆ, ਦੀਨ ਮਜ਼੍ਹਬ ਜ਼ਾਤ ਪਾਤ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਕੱਕਾ ਦਏ ਸਮਝਾਈਆ । ਤੱਤਾ ਤਖ਼ਤ ਸੁਲਤਾਨ, ਨਿਰਵੈਰ ਪੁਰਖ ਅਕਾਲ ਵੱਡੀ ਵਡਿਆਈਆ । ਆਦਿ ਜੁਗਾਦਿ ਸਦਾ ਮਿਹਰਵਾਨ, ਜਨ ਭਗਤਾਂ ਹੋਏ ਸਹਾਈਆ । ਸਚ ਸਚ ਦਾ ਦੇਵੇ ਦਾਨ, ਸੁੱਚ ਸੁੱਚ ਕਰੇ ਕੁੜਮਾਈਆ । ਡੂੰਘੀ ਭਵਰੀ ਵੇਖੇ ਮਾਰ ਧਿਆਨ, ਕਾਇਆ ਕਵਰੀ ਖੋਜ ਖੁਜਾਈਆ । ਲੇਖਾ ਜਾਣੇ ਜੀਵ ਜਹਾਨ, ਲੱਖ ਚੁਰਾਸੀ ਪੜਦਾ ਰਿਹਾ ਉਠਾਈਆ । ਕਾਗ਼ਜ਼ ਕਲਮ ਹੋਏ ਹੈਰਾਨ, ਹਰਿ ਹਰਿ ਭੇਵ ਕੋਇ ਨਾ ਪਾਈਆ । ਕਾਇਨਾਤ ਕਰੇ ਪਰੇਸ਼ਾਨ, ਪੀਰ ਪੈਗ਼ੰਬਰ ਨਜ਼ਰ ਕੋਇ ਨਾ ਆਈਆ । ਕਲਮਾ ਹੱਕ ਜਣਾਏ ਆਣ, ਕਾਤਬ ਕਰੇ ਆਪ ਲਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੱਤਕ ਇਕ ਵਡਿਆਈਆ । ਇਕ ਪੰਜ ਦਾ ਪੰਦਰਾਂ ਕੱਕਾ ਤੱਤਾ ਕੱਕਾ ਪੰਦਰਾਂ ਕੱਤਕ, ਜਨ ਭਗਤਾਂ ਸੋਹਣਾ ਵਕਤ, ਹਰਿ ਸਤਿਗੁਰ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਨਿਰਗੁਣ ਸਰਗੁਣ ਸਰਗੁਣ ਸਰਗੁਣ ਨਿਰਗੁਣ ਇਕੋ ਰੰਗ ਵਖਾਈਆ । ਨਿਰਗੁਣ ਕਹੇ ਮੈਂ ਨਿਰਾਕਾਰ, ਮੇਰਾ ਰੂਪ ਨਜ਼ਰ ਨਾ ਆਈਆ । ਸਰਗੁਣ ਕਹੇ ਮੈਂ ਤੇਰੀ ਧਾਰ, ਧਾਰ ਰੂਪ ਵਟਾਈਆ । ਦੂਆ ਕਹੇ ਮੇਰਾ ਸੰਸਾਰ, ਸਗਲ ਸ੍ਰਿਸ਼ਟੀ ਆਪਣੀ ਗੋਦ

੭੬੪ ੧੪

ਬਹਾਈਆ । ਮੇਰੀ ਅੰਸ ਗੁਰ ਅਵਤਾਰ, ਪੀਰ ਪੈਗ਼ੰਬਰ ਬੰਸ ਸੁਹਾਈਆ । ਮੇਰਾ ਢੋਲਾ ਨਾਮ ਜੈਕਾਰ, ਮੇਰਾ ਕਲਮਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੂਆ ਇਕੋ ਇਕ ਵਡਿਆਈਆ । ਦੂਆ ਕਹੇ ਮੈਂ ਹੋ ਕੇ ਦੋ, ਦੋ ਦੋ ਧਾਰ ਚਲਾਇੰਦਾ । ਨਿਰਗੁਣ ਕਹੇ ਮੇਰਾ ਭੇਵ ਨਾ ਜਾਣੇ ਕੋ, ਜੋ ਘੜਿਆ ਭੰਨ ਵਖਾਇੰਦਾ । ਜਿਸ ਨਾਲ ਅੰਤਰ ਕਰਾਂ ਮੋਹ, ਤਿਸ ਆਤਮ ਪਰਮਾਤਮ ਜੋੜ ਜੁੜਾਇੰਦਾ । ਅੰਤਰ ਓਹੋ ਰੂਪ ਹੋ, ਆਪ ਆਪਣਾ ਭੇਵ ਚੁਕਾਇੰਦਾ । ਸਭ ਕੁਛ ਆਪੇ ਖੋਹ, ਅੰਤਮ ਜ਼ੀਰੋ ਕਰ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦੂਏ ਅੱਗੇ ਇਕੋ ਸਿਫ਼ਰਾ, ਜਿਸ ਦਾ ਜਾਣੇ ਨਾ ਕੋਇ ਫਿਕਰਾ, ਫਿਕਰ ਵਿਚ ਮਰੇ ਸਰਬ ਲੋਕਾਈਆ । ਦੂਆ ਕਹੇ ਮੈਂ ਦੋਆ ਰੰਗ, ਦੋ ਦੋ ਵੇਸ ਵਟਾਈਆ । ਮੇਰੀ ਸੇਜਾ ਸਚ ਪਲੰਘ, ਸ੍ਰੀ ਭਗਵਾਨ ਹੰਡਾਈਆ । ਮੇਰਾ ਨਾਉਂ ਨਾਮ ਮਰਦੰਗ, ਜੀਵ ਜੰਤ ਸੁਣਾਈਆ । ਮੇਰਾ ਗੀਤ ਸੁਹਾਗੀ ਛੰਦ, ਰਸਨਾ ਜਿਹਵਾ ਢੋਲਾ ਰਹੇ ਜਣਾਈਆ । ਮੇਰਾ ਪਰੇਮ ਆਤਮ ਅਨੰਦ, ਨਿਜਾਨੰਦ ਰਿਹਾ ਦਰਸਾਈਆ । ਮੇਰਾ ਖੇਲ ਘਰ ਘਰ ਮਾਰੀ ਕੰਧ, ਪੜਦਾ ਵਿਚ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸੂਰਾ ਸਰਬੰਗ ਰਿਹਾ ਸਮਝਾਈਆ । ਦੂਏ ਤੇਰਾ ਦੂਆ ਮੀਤ, ਮਿੱਤਰ ਪਿਆਰਾ ਨਜ਼ਰ ਕਿਸੇ ਨਾ ਆਇੰਦਾ । ਨਿਰਗੁਣ ਸਰਗੁਣ ਚਲਾਈ ਜਿਸ ਰੀਤ, ਰੀਤੀਵਾਨ ਖੇਲ ਖਲਾਇੰਦਾ । ਨਿਤ ਨਵਿਤ ਲਏ ਜੀਤ, ਜੁਗ ਕਰਤਾ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਸਦੀ ਤੇਰੇ ਨਾਲ ਮਿਲਾਇੰਦਾ । ਦੂਏ ਸੁਣ ਕਰ ਧਿਆਨ, ਨਿਰਗੁਣ ਰੂਪ ਰਿਹਾ ਜਣਾਈਆ । ਅੰਤਮ ਔਣਾ ਓਸ ਮਿਆਨ, ਜਿਸ ਵਿਚੋਂ ਰੂਪ ਪਰਗਟਾਈਆ । ਤੇਰਾ ਦਿਸੇ ਨਾ ਕੋਇ ਨਿਸ਼ਾਨ, ਨਿਸ਼ਾਨਾ ਨਜ਼ਰ ਕੋਇ ਨਾ ਆਈਆ । ਇਕੋ ਸਿਫ਼ਰ ਰਹੇ ਪਰਧਾਨ, ਸਿਫ਼ਰ ਰੂਪ ਸਹਿਜ ਸੁਖਦਾਈਆ । ਜਿਸ ਦਾ ਘਰ ਬੇਮੁਕਾਮ, ਮੁਕਾਮ ਹੱਥ ਕਿਸੇ ਨਾ ਆਈਆ । ਜੁਗ ਜੁਗ ਦੇਂਦਾ ਰਿਹਾ ਪੈਗ਼ਾਮ, ਸਾਚਾ ਢੋਲਾ ਨਾਮ ਸੁਣਾਈਆ । ਜਿਸ ਨੂੰ ਕਰਦੇ ਰਹੇ ਸਲਾਮ, ਝੁਕ ਝੁਕ ਸਜਦਾ ਸੀਸ ਝੁਕਾਈਆ । ਜਿਸ ਦੇ ਬਰਦੇ ਰਹੇ ਗ਼ੁਲਾਮ, ਬਰਖ਼ੁਰਦਾਰ ਰੂਪ ਵਟਾਈਆ । ਸੋ ਸਾਹਿਬ ਸੱਚਾ ਸੁਲਤਾਨ, ਦੂਆ ਸਿਫ਼ਰਾ ਦਏ ਵਡਿਆਈਆ । ਦੂਆ ਸਿਫ਼ਰਾ ਖੇਲ ਮਹਾਨ, ਸਮਝ ਵਿਚ ਕਿਸੇ ਨਾ ਆਈਆ । ਬੀਸ ਬੀਸ ਦੋ ਇਕ ਜਵਾਨ, ਨਰ ਨਿਰੰਕਾਰਾ ਨਜ਼ਰੀ ਆਈਆ । ਪਿਛਲੀ ਛੱਡਣ ਸਰਬ ਦੁਕਾਨ, ਅੱਗੇ ਕਰੇ ਇਕ ਪੜ੍ਹਾਈਆ । ਸਚਖੰਡ ਦਵਾਰੇ ਸਚ ਫ਼ਰਮਾਨ, ਸਤਿ ਸਤਿਵਾਦੀ ਆਪ ਜਣਾਈਆ । ਬਚਿਆ ਰਹੇ ਨਾ ਕੋਇ ਨਾਦਾਨ, ਨੇਤਰ ਨੈਣ ਸਰਬ ਖੁਲ੍ਹਾਈਆ । ਕਿਰਪਾ ਕਰ ਸ੍ਰੀ ਭਗਵਾਨ, ਭਗਵਨ ਆਪਣੀ ਧਾਰ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੀਸ ਬੀਸ ਦਾ ਸਚ ਵਿਹਾਰਾ, ਕਰੇ ਕਰਾਏ ਕਰਨੇਹਾਰਾ, ਕੁਦਰਤ ਕਾਦਰ ਆਪਣਾ ਰੰਗ ਵਖਾਈਆ । ਕੁਦਰਤ ਰੰਗ ਵੇਖੇ ਕਰਤਾਰ, ਕਾਦਰ ਕੁਦਰਤ ਰਿਹਾ ਜਣਾਈਆ । ਕਲਜੁਗ ਜੀਵ ਕੀ ਕਰੇ ਵਿਚਾਰ, ਮਨ ਮਤ ਬੁਧ ਕੰਮ ਕਿਸੇ ਨਾ ਆਈਆ । ਜਿਸ ਦਾ ਹੋਕਾ ਦੇ ਕੇ ਗਏ ਗੁਰ ਅਵਤਾਰ, ਪੀਰ ਪੈਗ਼ੰਬਰ ਆਸ ਤਕਾਈਆ । ਸੋ ਸਾਹਿਬ ਸਰਬ ਜੀਆਂ ਦਾ ਸਾਂਝਾ ਯਾਰ, ਘਰ ਘਰ ਡੇਰਾ ਲਾਈਆ । ਗੁਰਮੁਖ ਰੂਪ ਸਰਬ ਰਿਹਾ ਵਖਾਲ, ਗੁਰ ਗੁਰ ਇਕੋ ਇਕ ਬੁਝਾਈਆ । ਮਨਮੁਖ ਜੀਵ ਸੋ ਸ਼ੈਤਾਨ, ਜੋ ਹਰਿ ਕਾ ਨਾਮ ਭੁਲਾਈਆ । ਭਰੋਸਾ ਆਏ ਨਾ ਵਿਚ ਜਹਾਨ, ਜਿਨ੍ਹਾਂ ਮਨ ਵਾਸਨਾ ਰਹੀ ਸਤਾਈਆ । ਤਿਨ੍ਹਾਂ

੭੯੫
੧੪

ਮਿਲੇ ਸਤਿਗੁਰ ਸੱਚਾ ਕਾਹਨ, ਜਿਨ੍ਹਾਂ ਇਕੋ ਆਸ ਰਖਾਈਆ । ਨਾਨਕ ਗੋਬਿੰਦ ਗੋਬਿੰਦ ਨਾਨਕ ਇਕੋ ਜੋਤੀ ਨੂਰ ਮਹਾਨ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਗਿਆ ਸਮਝਾਈਆ । ਪੁਰਖ ਅਕਾਲ ਮੰਨੋ ਇਸ਼ਟ ਮਹਾਨ, ਦ੍ਰਿਸ਼ਟ ਸਭ ਦੀ ਦਏ ਖੁਲ੍ਹਾਈਆ । ਗੁਰ ਸ਼ਬਦ ਵਡ ਬਲਵਾਨ, ਪੰਜ ਤੱਤ ਕੋਇ ਰਹਿਣ ਨਾ ਪਾਈਆ । ਜਬ ਤੱਕ ਸਤਿਗੁਰ ਪੂਰਾ ਹੋਏ ਨਾ ਮਿਹਰਵਾਨ, ਧੀਰਜ ਧੀਰ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸਾ ਨਰ ਨਰੇਸ਼ਾ ਭਗਤ ਭਗਵੰਤ ਸਾਚੇ ਸੰਤ ਨਰ ਹਰਿ ਨਰਾਇਣ ਬਣ ਬਣ ਕੰਤ, ਕੰਤੂਹਲ ਇਕੋ ਇਕ ਜਣਾਈਆ । ਸੰਬਲ ਨਗਰ ਕਹੇ ਸੋ, ਜਿਸ ਮਿਲੇ ਮਾਣ ਵਡਿਆਈਆ । ਜਿਸ ਘਰ ਪਾਰਬ੍ਰਹਮ ਪ੍ਰਭ ਕਰੇ ਲੋ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਸਤਿਗੁਰ ਦਾਤਾ ਦੀਨ ਦਿਆਲ ਅੰਦਰ ਬਹੇ ਹੋ, ਹੋਕਾ ਇਕੋ ਨਾਮ ਦਿਵਾਈਆ । ਜਨ ਭਗਤਾਂ ਢੋਆਂ ਦੇਵੇ ਢੋ, ਧੁਰ ਦੀ ਵਸਤ ਇਕ ਵਰਤਾਈਆ । ਸ੍ਰਿਸ਼ਟੀ ਨਾਲੋਂ ਹੋਵੇ ਨਿਰਮੋਹ, ਮੋਹ ਇਕੋ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਸੰਬਲ ਦਏ ਸਮਝਾਈਆ । ਸੰਬਲ ਨਗਰ ਗੋਬਿੰਦ ਖੇੜਾ, ਪੁਰਖ ਅਕਾਲ ਦਏ ਵਡਿਆਈਆ । ਦੂਰ ਦੁਰਾਡਾ ਨੇੜਨ ਨੇੜਾ, ਨਿਜ ਨੇਤਰ ਨਜ਼ਰੀ ਆਈਆ । ਕੂੜ ਕੁੜਿਆਰਾ ਕੋਈ ਨਾ ਪਾਵੇ ਘੇਰਾ, ਠੱਗ ਚੋਰ ਯਾਰ ਲੁੱਟਣ ਕੋਇ ਨਾ ਜਾਈਆ । ਇਕੋ ਓਥੇ ਨਾਤਾ ਜੁੜੇ ਤੂੰ ਮੇਰਾ ਮੈਂ ਤੇਰਾ, ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਸੰਬਲ ਦਏ ਸਮਝਾਈਆ । ਸੋ ਸੰਬਲ ਸੱਚਾ ਦੇਸ, ਜਿਸ ਮਿਲੇ ਮਾਣ ਵਡਿਆਈਆ । ਜਿਸ ਘਰ ਪਾਰਬ੍ਰਹਮ ਪਤਿਪਰਮੇਸ਼ਵਰ ਰਹੇ ਹਮੇਸ਼, ਦਿਵਸ ਰੈਣ ਵੰਡ ਨਾ ਕੋਇ ਵੰਡਾਈਆ । ਜਿਸ ਘਰ ਵਿਸ਼ਨ ਬ੍ਰਹਮਾ ਸ਼ਿਵ ਕਰਨ ਸੇਵ, ਨਿਉਂ ਨਿਉਂ ਸੀਸ ਝੁਕਾਈਆ । ਸੋ ਸੰਬਲ ਰਹੇ ਹਮੇਸ਼, ਜਿਥੇ ਨਿਰਗੁਣ ਨੂਰ ਪਰਵੇਸ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦ ਦਏ ਜਣਾਈਆ । ਸੰਬਲ ਸੋਹੇ ਸਾਚੀ ਨਗਰੀ, ਨਗਰ ਖੇੜਾ ਇਕ ਵਸਾਈਆ । ਜਿਸ ਗ੍ਰਿਹਿ ਪੁਰਖ ਅਕਾਲ ਜੋਤ ਉਜਗਰੀ, ਉਜਾਗਰ ਕਰੇ ਵਿਚ ਲੋਕਾਈਆ । ਸਤਿ ਸ਼ਬਦ ਦੀ ਰੱਖੇ ਸਮਗਰੀ, ਅਸਤਿ ਵਸਤ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਮਰਜ਼ੀ ਨਾਲ ਪਰਗਟਾਈਆ । ਸੰਬਲ ਨਗਰੀ ਹਰਿ ਕਾ ਮੰਦਰ, ਗੋਬਿੰਦ ਗੀਤ ਅਲਾਈਆ । ਬਿਨ ਅਬਿਨਾਸ਼ੀ ਕਰਤੇ ਕੋਈ ਨਾ ਖੋਲ੍ਹੇ ਜੰਦਰ, ਅੰਦਰ ਲੰਘ ਕੋਇ ਨਾ ਪਾਈਆ । ਲੱਖ ਚੁਰਾਸੀ ਜਗਤ ਵਾਸਨਾ ਨੌਂ ਦਵਾਰ ਭੌਂਦੀ ਬੰਦਰ, ਬੰਦਨਾ ਸਚ ਨਾ ਕੋਇ ਜਣਾਈਆ । ਭਾਗ ਲੱਗੇ ਜਿਸ ਅੰਧੇਰੀ ਕੰਦਰ, ਨਿਰਗੁਣ ਜੋਤ ਹੋਏ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਸੰਬਲ ਦਏ ਸਮਝਾਈਆ । ਸੰਬਲ ਸੋ ਜੋ ਸਭ ਦਾ ਸਾਂਝਾ, ਦੂਜੀ ਵੰਡ ਨਾ ਕੋਇ ਵੰਡਾਇੰਦਾ । ਸ੍ਰੀ ਭਗਵਾਨ ਦੇ ਗੀਤ ਗਾਂਦਾ, ਦੂਜਾ ਰਾਗ ਨਾ ਕੋਇ ਅਲਾਇੰਦਾ । ਅੱਠੇ ਪਹਿਰ ਧਿਆਨ ਰਖਾਂਦਾ, ਨੇਤਰ ਅੱਖ ਨਾ ਕੋਇ ਬਦਲਾਇੰਦਾ । ਦੋਏ ਜੋੜ ਸੀਸ ਝੁਕਾਂਦਾ, ਧੂੜੀ ਟਿੱਕਾ ਮਸਤਕ ਛੁਹਾਇੰਦਾ । ਦਿਵਸ ਰੈਣ ਰਾਹ ਤਕਾਂਦਾ, ਨੇਤਰ ਨੈਣ ਨੈਣ ਉਠਾਇੰਦਾ । ਜਿਸ ਵੇਲੇ ਸ੍ਰੀ ਭਗਵਾਨ ਮੇਰੇ ਅੰਦਰ ਆਵੇ ਥੱਕਾ ਮਾਂਦਾ, ਸਾਚੀ ਸੇਜ ਅੱਗੋਂ ਵਖਾਇੰਦਾ । ਗੁਰ ਗੋਬਿੰਦ ਕਹੇ ਮੇਰੇ ਪਰੇਮ ਦਾ ਬਾਂਧਾ, ਹਰਿ ਜੂ ਸੰਬਲ ਡੇਰਾ ਲਾਇੰਦਾ । ਜਿਸ ਦਾ ਕੋਈ ਨਾ ਦਿਸੇ ਆਂਢ ਗਵਾਂਢਾ, ਸ਼ਰੀਕ ਨਜ਼ਰ ਕੋਇ ਨਾ ਆਇੰਦਾ । ਬਾਢੀ ਮਾਤ ਨਾ ਕੋਇ ਬਣਾਂਦਾ, ਛੱਪਰ ਛੰਨ ਨਾ ਕੋਇ ਛੁਹਾਇੰਦਾ । ਸੂਰਜ



੭੯੬
੧੪

ਚੰਦ ਨਾ ਕੋਇ ਚਮਕਾਂਦਾ, ਮੰਡਲ ਮੰਡਪ ਨਾ ਵੇਖ ਵਖਾਇੰਦਾ । ਇਕੋ ਪਰਮ ਪੁਰਖ ਪਰਮੇਸ਼ਵਰ ਸਵਾਮੀ ਆਪਣਾ ਨੂਰ ਧਰਾਂਦਾ, ਨੂਰੋ ਨੂਰ ਨੂਰ ਰੁਸ਼ਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇੜਾ ਇਕ ਵਸਾਇੰਦਾ । ਸਾਚਾ ਖੇੜਾ ਸੰਬਲ ਦਵਾਰ, ਮਿਲੇ ਨਗਰ ਵਡਿਆਈਆ । ਪੰਚਮ ਮੀਤਾ ਪੰਚ ਪਿਆਰ, ਪੰਚਮ ਰਾਗ ਧੁਨ ਸੁਨਵਾਈਆ । ਪੰਚਮ ਸਖੀਆਂ ਮੰਗਲਚਾਰ, ਪੰਚਮ ਗੀਤ ਗੋਬਿੰਦ ਅਲਾਈਆ । ਪੰਚਮ ਮੇਲਾ ਇਕ ਦਰਬਾਰ, ਪੰਚਮ ਵੱਜੇ ਸਚ ਵਧਾਈਆ । ਪੰਚਮ ਖੋਲ੍ਹ ਆਪ ਕਿਵਾੜ, ਪੰਚਮ ਪੜਦਾ ਦਏ ਚੁਕਾਈਆ । ਪੰਚਮ ਮੇਲਾ ਮੇਲਣਹਾਰ, ਪੰਚਮ ਪੰਚ ਵਿਚ ਸਮਾਈਆ । ਪਰਪੰਚ ਦਿਸੇ ਨਾ ਤਿਸ ਦਵਾਰ, ਕੂੜ ਸਮਗਰੀ ਨਜ਼ਰ ਕੋਇ ਨਾ ਆਈਆ । ਗੋਬਿੰਦ ਮਹੱਲ ਅਪਰ ਅਪਾਰ, ਜਿਸ ਸੰਬਲ ਨਾਉਂ ਵਡਿਆਈਆ । ਤਿਸ ਘਾੜਤ ਘੜੇ ਕਰਤਾਰ, ਘੜਨਹਾਰ ਇਕ ਹੋ ਜਾਈਆ । ਸੋ ਜਨ ਪਾਵੇ ਸਾਰ, ਜਿਸ ਸਤਿਗੁਰ ਪੂਰਾ ਦਏ ਸਮਝਾਈਆ । ਅੱਖਰਾਂ ਵਿਚ ਨਾ ਆਏ ਵਿਚਾਰ, ਪੱਥਰਾਂ ਨਾਲ ਨਾ ਕੋਇ ਸੁਹਾਈਆ । ਜਿਸ ਨੇ ਸੱਥਰ ਹੰਡਾਇਆ ਯਾਰ, ਸੋ ਸਾਹਿਬ ਦਏ ਸਮਝਾਈਆ । ਸੰਬਲ ਸੋਹੇ ਵਿਚ ਸੰਸਾਰ, ਜਿਸ ਗ੍ਰਿਹ ਵਸੇ ਆਪ ਨਿਰੰਕਾਰ, ਨਿਰਗੁਣ ਆਪਣਾ ਨੂਰ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਵਖਾਵਣਹਾਰਾ ਸਾਚਾ ਘਰ, ਸੰਬਲ ਇਕੋ ਦੇਣਾ ਵਖਾਈਆ । ਆਦਿ ਪੁਰਖ ਆਦਿ ਅਬਿਨਾਸ਼ਾ, ਆਪਣਾ ਭੇਵ ਜਣਾਈਆ । ਅਸੁਤੇ ਪਰਕਾਸ਼ ਕਰ ਪਰਕਾਸ਼ਾ, ਅਨਭਵ ਨੂਰ ਰੁਸ਼ਨਾਈਆ । ਆਪਣੇ ਅੰਤਰ ਆਪਣੀ ਆਸ਼ਾ, ਨਿਰਗੁਣ ਨਿਰਗੁਣ ਆਪ ਪਰਗਟਾਈਆ । ਆਪੇ ਦੇਵਣਹਾਰ ਭਰਵਾਸਾ, ਮਿਹਰਵਾਨ ਅਖਵਾਈਆ । ਆਪੇ ਸ਼ਹਿਨਸ਼ਾਹ ਬਣ ਸ਼ਾਹੋ ਸ਼ਾਬਾਸ਼ਾ, ਸ਼ਾਹ ਸੁਲਤਾਨ ਆਪ ਅਖਵਾਈਆ । ਆਪੇ ਹੋ ਤਖ਼ਤ ਨਿਵਾਸਾ, ਤਖ਼ਤ ਤਾਜ ਇਕ ਵਡਿਆਈਆ । ਆਪੇ ਰਾਜਨ ਰਾਜ ਭੂਪ ਵਡ ਰਾਜਾ, ਰੰਕ ਆਪਣਾ ਨਾਉਂ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਨਿਰਗੁਣ ਨੂਰ ਨੂਰ ਰੁਸ਼ਨਾਈਆ । ਆਦਿ ਪੁਰਖ ਅਗੰਮੀ ਨੂਰ, ਨੂਰ ਨਜ਼ਰ ਕਿਸੇ ਨਾ ਆਇੰਦਾ । ਆਦਿ ਪੁਰਖ ਸਚ ਜ਼ਹੂਰ, ਜ਼ਾਹਰਾ ਆਪਣੀ ਕਲ ਧਰਾਇੰਦਾ । ਆਦਿ ਪੁਰਖ ਸਰਬ ਕਲਾ ਭਰਪੂਰ, ਭਰਪੂਰੀ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਆਪਣਾ ਖੇਲ ਆਪੇ ਰਚ, ਨਿਰਗੁਣ ਨਿਰਗੁਣ ਵੇਖ ਵਖਾਈਆ । ਆਪੇ ਨਿਰਗੁਣ ਨੂਰ ਬਣ ਕੇ ਸੱਚ, ਸਚ ਦਏ ਆਪ ਵਡਿਆਈਆ । ਆਪੇ ਹੋ ਹਰਿ ਪਰਤੱਖ, ਪਾਰਖੂ ਆਪਣਾ ਨਾਉਂ ਰਖਾਈਆ । ਆਪੇ ਬੋਲ ਸਚ ਅਲੱਖ, ਅਲਖ ਅਲਖ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਦਾਤਾ ਪੁਰਖ ਬਿਧਾਤਾ ਆਪਣਾ ਖੇਲ ਦਏ ਸਮਝਾਈਆ । ਆਪਣੀ ਖੇਲ ਕਰੇ ਕਰਤਾਰ, ਸੋ ਪੁਰਖ ਨਿਰੰਜਣ ਨਾਉਂ ਧਰਾਇੰਦਾ । ਹਰਿ ਪੁਰਖ ਨਿਰੰਜਣ ਹੋ ਤਿਆਰ, ਆਪ ਆਪਣੀ ਕਲ ਵਖਾਇੰਦਾ । ਏਕੰਕਾਰ ਖੇਲ ਅਪਾਰ, ਅਕਲ ਕਲ ਆਪਣਾ ਵੇਸ ਵਟਾਇੰਦਾ । ਆਦਿ ਨਿਰੰਜਣ ਨੂਰ ਉਜਿਆਰ, ਜੋਤੀ ਜਾਤਾ ਡਗਮਗਾਇੰਦਾ । ਸ੍ਰੀ ਭਗਵਾਨ ਖ਼ਬਰਦਾਰ, ਬੇਖ਼ਬਰ ਆਪ ਹੋ ਜਾਇੰਦਾ । ਅਬਿਨਾਸ਼ੀ ਕਰਤਾ ਮੀਤ ਮੁਰਾਰ, ਆਪ ਆਪਣਾ ਸੰਗ ਨਿਭਾਇੰਦਾ । ਪਾਰਬ੍ਰਹਮ ਪ੍ਰਭ ਚੋਬਦਾਰ, ਸੇਵਕ ਸੇਵਕ ਰੂਪ ਜਣਾਇੰਦਾ । ਮੁਕਾਮੇ ਹੱਕ ਸਾਂਝਾ ਯਾਰ, ਲਾਸ਼ਰੀਕ ਨੂਰ ਉਪਾਇੰਦਾ । ਆਪਣੀ ਇਛਿਆ ਖੇਲ ਅਪਾਰ, ਭਿਛਿਆ ਇਕੋ ਇਕ ਵਰਤਾਇੰਦਾ । ਮਹੱਲ ਅਟੱਲ ਇਕ ਨਿਆਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਆਪਣਾ ਖੇਲ ਆਪਣੇ ਹੱਥ ਰਖਾਇੰਦਾ । ਮਹੱਲ ਅਟੱਲ ਉਚ ਮਨਾਰਾ, ਨਿਰਗੁਣ ਆਪਣੀ ਇਛਿਆ ਆਪ ਪਰਗਟਾਈਆ । ਨਾਉਂ ਰੱਖ ਸਚਖੰਡ ਦਵਾਰਾ, ਹਰਿ ਸਾਚੀ ਬਣਤ ਬਣਾਈਆ । ਚਾਰ ਕੁੰਟ ਨਾ ਕੋਇ ਹੱਦ ਦੀਵਾਰਾ, ਛੱਪਰ ਛੰਨ ਨਾ ਕੋਇ ਛੁਹਾਈਆ । ਨਿਰਗੁਣ ਦੀਆ ਬਾਤੀ ਕਰ ਉਜਿਆਰਾ, ਇਕੋ ਜੋਤ ਕਰੇ ਰੁਸ਼ਨਾਈਆ । ਵੇਖੇ ਵਿਗਸੇ ਵੇਖਣਹਾਰਾ, ਇਕ ਇਕੱਲਾ ਬੇਪਰਵਾਹੀਆ । ਸਾਚੇ ਤਖ਼ਤ ਬੈਠ ਸੱਚੀ ਸਰਕਾਰਾ, ਧੁਰ ਫ਼ਰਮਾਨਾ ਹੁਕਮ ਜਣਾਈਆ । ਆਪਣੇ ਮੰਦਰ ਅੰਦਰ ਕਰਾ ਇਕ ਪਸਾਰਾ, ਆਪ ਆਪਣਾ ਭੇਵ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਨਿਰਗੁਣ ਆਪਣੀ ਵੰਡ ਬਣਾਈਆ । ਨਿਰਗੁਣ ਵੰਡ ਵੰਡੇ ਨਿਰੰਕਾਰਾ, ਆਪ ਆਪਣੀ ਦਇਆ ਕਮਾਈਆ । ਨਿਰਗੁਣ ਪੁਰਖ ਨਿਰਗੁਣ ਨਾਰ, ਨਿਰਗੁਣ ਸੇਜ ਰਿਹਾ ਸੁਹਾਈਆ । ਨਿਰਗੁਣ ਨਿਰਗੁਣ ਕਰੇ ਪਿਆਰ, ਨਿਰਗੁਣ ਅੰਗੀਕਾਰ ਅਖਵਾਈਆ । ਨਿਰਗੁਣ ਅੰਦਰ ਨਿਰਗੁਣ ਬਾਹਰ, ਨਿਰਗੁਣ ਜ਼ਾਹਰ ਰੂਪ ਜਣਾਈਆ । ਨਿਰਗੁਣ ਦਾਈ ਦਾਇਆ ਬਣ ਖੇਲ ਕਰੇ ਅਪਾਰ, ਆਪ ਆਪਣਾ ਖੇਲ ਵਰਤਾਈਆ । ਨਿਰਗੁਣ ਜੰਮੇਂ ਸੁਤ ਦੁਲਾਰ, ਸ਼ਬਦੀ ਸ਼ਬਦ ਨਾਉਂ ਧਰਾਈਆ । ਸ਼ਬਦ ਸੁਤ ਕਰ ਪਿਆਰ, ਪ੍ਰਭ ਦੇਵਣਹਾਰ ਵਡਿਆਈਆ । ਘਰ ਵਿਚ ਘਰ ਕਰ ਤਿਆਰ, ਸਚਖੰਡ ਅੰਦਰ ਥਿਰ ਘਰ ਦਏ ਬਣਾਈਆ । ਸੁਤ ਦੁਲਾਰਾ ਦਏ ਬਿਠਾਲ, ਸਿਰ ਆਪਣਾ ਹੱਥ ਟਿਕਾਈਆ । ਦੇਵਣਹਾਰਾ ਸਚ ਪਿਆਰ, ਚਰਨ ਪ੍ਰੀਤੀ ਦਏ ਸਮਝਾਈਆ । ਉਠ ਅਗੰਮੀ ਮੇਰੇ ਲਾਡਲੇ ਲਾਲ, ਲਾਲਨ ਆਪਣਾ ਭੇਵ ਚੁਕਾਈਆ । ਸਚਖੰਡ ਦਵਾਰ ਮੇਰੀ ਧਰਮਸਾਲ, ਥਿਰ ਘਰ ਤੇਰੀ ਸੇਜ ਸੁਹਾਈਆ । ਸਦਾ ਸਦਾ ਰਹਾਂ ਤੇਰੇ ਨਾਲ, ਵਿਛੜ ਕਦੇ ਨਾ ਜਾਈਆ । ਅੱਗੇ ਮਾਰਗ ਦਿਆਂ ਸਖਾਲ, ਸਾਚੀ ਸਿਖਿਆ ਇਕ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਸੁਤ ਦੁਲਾਰੇ ਚੜ੍ਹਿਆ ਚਾ, ਪ੍ਰਭ ਅੱਗੇ ਸੀਸ ਝੁਕਾਇੰਦਾ । ਸੋ ਪੁਰਖ ਨਿਰੰਜਣ ਮਿਲਿਆ ਇਕ ਮਲਾਹ, ਬੇੜਾ ਆਪਣੇ ਕੰਧ ਉਠਾਇੰਦਾ । ਹਰਿ ਪੁਰਖ ਨਿਰੰਜਣ ਦਏ ਸਲਾਹ, ਸਾਚੀ ਸਿਖਿਆ ਇਕ ਦ੍ਰਿੜਾਇੰਦਾ । ਏਕੰਕਾਰਾ ਬੇਪਰਵਾਹ, ਬੇਪਰਵਾਹੀ ਵਿਚ ਰਖਾਇੰਦਾ । ਆਦਿ ਨਿਰੰਜਣ ਜੋਤ ਜਗਾ, ਜੋਤੀ ਨੂਰ ਨੂਰ ਚਮਕਾਇੰਦਾ । ਅਬਿਨਾਸ਼ੀ ਕਰਤਾ ਪਕੜੇ ਬਾਂਹ, ਬਾਹੂ ਬਾਹੂ ਹੇਠ ਰਖਾਇੰਦਾ । ਸ੍ਰੀ ਭਗਵਾਨ ਦੇਵੇ ਠੰਡੀ ਛਾਂ, ਮਿਹਰ ਨਜ਼ਰ ਟਿਕਾਇੰਦਾ । ਪਾਰਬ੍ਰਹਮ ਪ੍ਰਭ ਝੋਲੀ ਰਿਹਾ ਵਖਾ, ਵਸਤ ਅਮੋਲਕ ਇਕ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੁਤ ਦੁਲਾਰੇ ਇਕ ਧਿਆਨ ਲਗਾਇੰਦਾ । ਸੁਤ ਦੁਲਾਰੇ ਕਰ ਖ਼ਬਰਦਾਰ, ਸੋ ਸਾਹਿਬ ਦਏ ਵਡਿਆਈਆ । ਮੇਰਾ ਹੁਕਮ ਤੇਰੀ ਧਾਰ, ਤੇਰੀ ਧਾਰ ਮੇਰੇ ਵਿਚ ਸਮਾਈਆ । ਤੇਰਾ ਰੂਪ ਅਗੰਮ ਅਪਾਰ, ਮੇਰਾ ਰੂਪ ਤੇਰੇ ਵਿਚ ਸਮਾਈਆ । ਤੇਰਾ ਹੁਕਮ ਇਕ ਵਰਤਾਰ, ਹੁਕਮੀ ਹੁਕਮ ਦਏ ਦ੍ਰਿੜਾਈਆ । ਤੇਰੀ ਇਛਿਆ ਕਰ ਬਲਕਾਰ, ਵਡ ਵੱਡਾ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਸ਼ਬਦ ਦਏ ਸਮਝਾਈਆ । ਸ਼ਬਦ ਸੁਤ ਤੇਰਾ ਹੋਏ ਪਸਾਰਾ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਤੇਰਾ ਮੇਰਾ ਇਕ ਦਵਾਰਾ, ਦੂਜਾ ਘਰ ਨਾ ਕੋਇ ਵੰਡਾਇੰਦਾ । ਮੇਰਾ ਹੁਕਮ ਤੇਰਾ ਦਰਬਾਰਾ, ਤੇਰਾ ਹੁਕਮ ਸਰਬ ਜਣਾਇੰਦਾ । ਤੇਰੇ ਅੰਤਰ ਨਿਰਗੁਣ ਧਾਰਾ, ਨਿਰਗੁਣ ਨੂਰ ਨੂਰ ਵਖਾਇੰਦਾ । ਸਾਹਿਬ ਸਾਚਾ ਕਰੇ ਉਪਕਾਰਾ, ਉਪਕਾਰੀ ਆਪਣੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

੭੯੮
੧੪

ਕਰ, ਨਿਰਗੁਣ ਦੇਵੇ ਸਾਚਾ ਵਰ, ਸਾਚੀ ਸਿਖਿਆ ਆਪ ਦ੍ਰਿੜਾਇੰਦਾ । ਸ਼ਬਦ ਸੁਤ ਤੇਰੀ ਵਿਸ਼ਵ ਧਾਰ, ਵਿਸ਼ਨ ਰੂਪ ਜਣਾਈਆ । ਵਿਸ਼ਨੂੰ ਅੰਦਰ ਭਰ ਭੰਡਾਰ, ਅੰਮ੍ਰਿਤ ਰੂਪ ਵਟਾਈਆ । ਅੰਮ੍ਰਿਤ ਅੰਦਰ ਖੇਲ ਅਪਾਰ, ਕਵਲ ਕਵਲ ਵਖਾਈਆ । ਕਵਲ ਅੰਦਰ ਬ੍ਰਹਮ ਪਸਾਰ, ਪਾਰਬ੍ਰਹਮ ਰਿਹਾ ਜਣਾਈਆ । ਪਾਰਬ੍ਰਹਮ ਪ੍ਰਭ ਖੇਲ ਨਿਆਰ, ਨਿਰਗੁਣ ਨਿਰਗੁਣ ਆਪਣਾ ਰਾਹ ਚਲਾਈਆ । ਕਰੇ ਖੇਲ ਆਪ ਕਰਤਾਰ, ਕਰਤਾ ਆਪਣੇ ਹੱਥ ਰੱਖੇ ਵਡਿਆਈਆ । ਸੁਨ ਅਗੰਮ ਵੇਖੇ ਧੁਆਂਧਾਰ, ਸ਼ੰਕਰ ਮੇਲਾ ਸਹਿਜ ਸੁਭਾਈਆ । ਤਿੰਨਾਂ ਵਿਚੋਲਾ ਬਣ ਕੇ ਸਿਰਜਣਹਾਰ, ਤੇਰੇ ਹੱਥ ਦਏ ਫੜਾਈਆ । ਤੇਰਾ ਹੁਕਮ ਵਰਤੇ ਵਰਤਾਰ, ਨਾ ਕੋਈ ਮੇਟੇ ਮੇਟ ਮਿਟਾਈਆ । ਤਿੰਨਾਂ ਦੇਵੇ ਹੁਕਮ ਸੱਚੀ ਸਰਕਾਰ, ਧੁਰ ਫ਼ਰਮਾਨਾ ਆਪ ਸੁਣਾਈਆ । ਬਾਲੇ ਨੱਢੇ ਛੋਟੇ ਕਰੇ ਖ਼ਬਰਦਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਖੁਲ੍ਹਾਈਆ । ਵਿਸ਼ਨ ਬ੍ਰਹਮਾ ਸ਼ਿਵ ਜਾਏ ਉਠ, ਸ੍ਰੀ ਭਗਵਾਨ ਆਪ ਉਠਾਇੰਦਾ । ਠਾਕਰ ਅਬਿਨਾਸ਼ੀ ਆਪੇ ਤੁਠ, ਸਾਚੀ ਸੇਵਾ ਆਪ ਜਣਾਇੰਦਾ । ਸੰਸਾਰੀ ਭੰਡਾਰੀ ਸੁਹਾਏ ਰੁੱਤ, ਲੈ ਦੀਬਾਣ ਵੰਡ ਵੰਡਾਇੰਦਾ । ਤਿੰਨੇ ਨੇਤਰ ਰੋ ਪਏ ਪੁੱਤ, ਨੈਣ ਨੀਰ ਸਭ ਵਹਾਇੰਦਾ । ਪ੍ਰਭ ਸਾਡੇ ਕੋਲ ਨਹੀਂ ਕੁਛ, ਖ਼ਾਲੀ ਹੱਥ ਸਰਬ ਵਖਾਇੰਦਾ । ਸ੍ਰੀ ਭਗਵਾਨ ਠਾਕਰ ਤੁਠ, ਦੀਨਨ ਆਪਣੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਦਿ ਪੁਰਖ ਪੁਰਖ ਅਬਿਨਾਸ਼ਾ, ਸੁਤ ਸ਼ਬਦ ਦਏ ਧਰਵਾਸਾ, ਵਿਸ਼ਨ ਬ੍ਰਹਮਾ ਸ਼ਿਵ ਪਰਕਾਸ਼ਾ, ਨੂਰੀ ਨੂਰ ਨੂਰ ਉਪਾਇੰਦਾ । ਆਦਿ ਜਾਣੇ ਆਦਿ ਭਗਵਾਨ, ਆਦਿ ਆਪਣੇ ਹੱਥ ਰਖਾਈਆ । ਆਦਿ ਨੂਰ ਨੂਰ ਮਹਾਨ, ਆਦਿ ਜੋਤ ਜੋਤ ਰੁਸ਼ਨਾਈਆ । ਆਦਿ ਨਜ਼ਰ ਨਾ ਆਏ ਕੋਈ ਨਿਸ਼ਾਨ, ਆਦਿ ਵੇਖਣ ਅੱਗੇ ਕੋਇ ਨਾ ਜਾਈਆ । ਆਦਿ ਆਦਿ ਹੋ ਪਰਧਾਨ, ਸਚ ਪਰਧਾਨਗੀ ਆਪ ਕਮਾਈਆ । ਆਦਿ ਆਦਿ ਸਚ ਮਕਾਨ, ਸਚਖੰਡ ਦਵਾਰ ਇਕ ਸੁਹਾਈਆ । ਆਦਿ ਆਦਿ ਇਕ ਫ਼ਰਮਾਨ, ਧੁਰ ਫ਼ਰਮਾਨਾ ਇਕ ਅਲਾਈਆ । ਆਦਿ ਆਦਿ ਖੋਲ੍ਹ ਦੁਕਾਨ, ਸੁਤ ਦੁਲਾਰੇ ਹੱਟ ਚਲਾਈਆ । ਆਦਿ ਆਦਿ ਕਰ ਪਰਵਾਨ, ਵਿਸ਼ਨ ਬ੍ਰਹਮਾ ਸ਼ਿਵ ਅੰਗ ਲਗਾਈਆ । ਆਦਿ ਆਦਿ ਖੇਲ ਮਹਾਨ, ਤ੍ਰੈਗੁਣ ਮਾਇਆ ਜੋੜ ਜੁੜਾਈਆ । ਆਦਿ ਆਦਿ ਕਰ ਬਲਵਾਨ, ਪੰਜ ਤੱਤ ਰੂਪ ਵਖਾਈਆ । ਆਦਿ ਆਦਿ ਹੋ ਮਿਹਰਵਾਨ, ਨਿਰਗੁਣ ਸਰਗੁਣ ਲਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਆਦਿ ਦੀ ਜਾਣੇ ਖੇਲ, ਖੇਲਣਹਾਰਾ ਇਕ ਅਖਵਾਈਆ । ਆਦਿ ਜਣਾਇਆ ਜਿਸ ਆਪ, ਸੋ ਆਪਣੇ ਵਿਚ ਸਮਾਇੰਦਾ । ਜਿਸ ਦਾ ਕੋਈ ਨਾ ਦਿਸੇ ਬਾਪ, ਪਿਤਾ ਪੂਤ ਨਾ ਕੋਇ ਅਖਵਾਇੰਦਾ । ਜਿਸ ਦਾ ਸਮਝ ਨਾ ਆਵੇ ਜਾਪ, ਸੋ ਜਾਪ ਆਪਣਾ ਨਾਉਂ ਰਖਾਇੰਦਾ । ਜਿਸ ਦਾ ਨਜ਼ਰ ਨਾ ਆਵੇ ਕੋਈ ਸਾਕ, ਸੋ ਸਗਲਾ ਸੰਗ ਨਿਭਾਇੰਦਾ । ਨਿਰਗੁਣ ਆਪਣਾ ਥਾਪਣ ਥਾਪ, ਨਿਰਵੈਰ ਆਪੇ ਵੇਖ ਵਖਾਇੰਦਾ । ਅਜੂਨੀ ਰਹਿਤ ਕਰ ਪਰਕਾਸ਼, ਪਰਕਾਸ਼ ਪਰਕਾਸ਼ ਵਿਚੋਂ ਪਰਗਟਾਇੰਦਾ । ਵੇਖਣਹਾਰਾ ਖੇਲ ਤਮਾਸ਼, ਆਪਣਾ ਖੇਲ ਆਪ ਖਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਏਕਾ ਹਰਿ, ਹਰਿ ਆਪਣੀ ਕਾਰ ਕਮਾਇੰਦਾ । ਪਿਛਲਾ ਜਨਮ ਜਣਾਏ ਘੋਗੜ, ਗੋਬਿੰਦ ਗੁਰ ਜਣਾਈਆ । ਜਿਸ ਦਾ ਅੰਤਮ ਕੀਤੀ ਓਕੜ, ਬਾਜ਼ ਕੋਲੋਂ ਤੁੜਾਈਆ । ਸੋ ਕਾਇਆ ਦਿਸੇ ਫੋਕੜ, ਹਰਿ ਨਾਮ ਨਜ਼ਰ ਨਾ ਆਈਆ । ਵੇਲੇ ਅੰਤ ਅੰਤ ਰੋਤੜ, ਰੋ ਰੋ ਗਿਆ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਪੂਰਬ ਜਨਮ ਦਏ ਜਣਾਈਆ । ਘੋਗੜ ਮਾਰਿਆ ਸਤਿਗੁਰ ਬਾਜ਼, ਇਕੋ ਚੋਟ ਲਗਾਈਆ । ਅੰਦਰੋਂ ਆਈ ਇਕ ਆਵਾਜ਼, ਗੋਬਿੰਦ ਤੇਰੀ ਸਰਨਾਈਆ । ਮੇਰਾ ਦੁਰਮਤ ਮੈਲ ਧੋ ਦਾਗ਼, ਚੁੰਜ ਵਿਸ਼ਟਾ ਰੂਪ ਵਟਾਈਆ । ਤੇਰਾ ਦਰਸਨ ਕੀਤਾ ਆਜ, ਦਰਸਨ ਕਰਦਿਆਂ ਤਨ ਰਹਿਣ ਨਾ ਪਾਈਆ । ਮੈਂ ਸੁਣਿਆ ਤੂੰ ਗ਼ਰੀਬ ਨਿਵਾਜ਼, ਦਰ ਆਇਆਂ ਪਾਰ ਲੰਘਾਈਆ । ਮੇਰਾ ਸਾਜਣ ਦੇ ਸਾਜ, ਸਾਹਿਬ ਤੇਰੇ ਹੱਥ ਵਡਿਆਈਆ । ਵੇਲੇ ਅੰਤਮ ਰੱਖੀਂ ਲਾਜ, ਤੇਰੀ ਇਕੋ ਸਰਨ ਤਕਾਈਆ । ਕਿਹਾ ਬਚਨ ਗੁਰੂ ਮਹਾਰਾਜ, ਸਤਿਗੁਰ ਸਚ ਰਿਹਾ ਜਣਾਈਆ । ਤੇਰਾ ਅੰਤਮ ਵੇਖਾਂ ਕਾਜ, ਲੋਕਮਾਤ ਵੇਸ ਵਟਾਈਆ । ਮਾਣਸ ਜਨਮ ਦੇਵਾਂ ਦਾਜ, ਮਾਨੁਖ ਤੇਰਾ ਨੂਰ ਰੁਸ਼ਨਾਈਆ । ਪੰਜ ਤੱਤ ਤੇਰਾ ਸਮਾਜ, ਮਨ ਮਤ ਬੁਧ ਕਰਾਂ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਗੋਬਿੰਦ ਕਹੇ ਸੁਣ ਮੇਰੇ ਮੀਤ, ਹਰਿ ਸਾਹਿਬ ਸਚ ਜਣਾਇੰਦਾ । ਤੇਰੀ ਅੰਤ ਬਦਲੀ ਨੀਤ, ਨੀਤੀਵਾਨ ਵੇਖ ਵਖਾਇੰਦਾ । ਤੂੰ ਗੋਬਿੰਦ ਰੱਖਿਆ ਚੀਤ, ਗੋਬਿੰਦ ਤੇਰੀ ਚੇਤਨ ਧਾਰ ਜਣਾਇੰਦਾ । ਕਲਜੁਗ ਅੰਤਮ ਆਵੇ ਬੀਸ ਬੀਸ, ਬੀਸੇ ਤੇਰਾ ਲੇਖ ਮੁਕਾਇੰਦਾ । ਦਰ ਆ ਕੇ ਦਏ ਹਦੀਸ, ਸਚ ਇਕੋ ਨਾਮ ਦ੍ਰਿੜਾਇੰਦਾ । ਜਿਸ ਦੇ ਛੱਤਰ ਝੁੱਲੇ ਸੀਸ, ਸੋ ਸਾਹਿਬ ਫੇਰਾ ਪਾਇੰਦਾ । ਬਣ ਵਿਚੋਲਾ ਕੋਈ ਨਾ ਲਾਏ ਫ਼ੀਸ, ਫ਼ੈਸਲਾ ਇਕੋ ਵਾਰ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਰਖਾਇੰਦਾ । ਜਨਮ ਜਨਮ ਵਿਚ ਦੇਵੇ ਬਦਲਾ, ਬਦਲੀ ਆਪਣੇ ਹੱਥ ਰਖਾਈਆ । ਸਤਿਗੁਰ ਗੋਬਿੰਦ ਇਨਸਾਫ਼ੀ ਅਦਲਾ, ਅਦਲ ਇਕੋ ਇਕ ਜਣਾਈਆ । ਚਾਰ ਜਨਮ ਵਿਚ ਪੰਖੀ ਭੱਜ ਲਾ, ਪੰਚਮ ਜਾਮੇ ਲਏ ਮਿਲਾਈਆ । ਕਾਗੋਂ ਹੰਸ ਕਰਾਏ ਚਿੱਟਾ ਰਹਿਣ ਨਾ ਦੇਵੇ ਬਗਲਾ, ਡੱਡ ਮੱਛ ਹੱਥ ਕੋਇ ਨਾ ਆਈਆ । ਦਰ ਦਵਾਰੇ ਆ ਕੇ ਹੋ ਨਾ ਜਾਣਾ ਪਗਲਾ, ਗੁਰ ਸਤਿਗੁਰ ਸਾਚੀ ਸਚ ਜਣਾਈਆ । ਫਿਰ ਭੇਵ ਚੁਕਾਏ ਅਗਲਾ, ਜੇ ਪ੍ਰਭ ਲੱਗੇਂ ਸਰਨਾਈਆ । ਕਾਇਆ ਚੋਲੀ ਸਤਿਗੁਰ ਸਰਨਾਈ ਰੰਗ ਲਾ, ਰੰਗਣਹਾਰ ਇਕ ਅਖਵਾਈਆ । ਵਸਤ ਅਮੋਲਕ ਨਾਮ ਮੰਗ ਲਾ, ਰਸਨਾ ਜਿਹਵਾ ਢੋਲਾ ਰਾਗ ਅਲਾਈਆ । ਮਾਣਸ ਜਨਮ ਵਿਚ ਮਾਣਸ ਅਨੰਦ ਲੈ, ਮਿਲ ਸਤਿਗੁਰ ਸੱਚੇ ਸੱਚੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਪੂਰਬ ਲਹਿਣਾ ਪੂਰਬ ਜਨਮ, ਮਾਣਸ ਲੇਖੇ ਲਾਏ ਕਰਮ, ਨਿਹਕਰਮੀ ਆਪਣੀ ਦਇਆ ਕਮਾਈਆ । ਜਨਮ ਕਰਮ ਦੇ ਕੱਟੇ ਪਾਪ, ਪੂਰਬ ਲੇਖਾ ਵੇਖ ਵਖਾਈਆ । ਚਰਨ ਕਵਲ ਜਿਸ ਬੰਧਾਏ ਨਾਤ, ਨਾਤਾ ਸਤਿਗੁਰ ਨਾਲ ਜੁੜਾਈਆ । ਸੋ ਗੁਰਮੁਖ ਗੁਰਸਿਖ ਹੋਏ ਪਾਕ, ਪਤਤ ਪੁਨੀਤ ਲਏ ਕਰਾਈਆ । ਲੇਖੇ ਲਾਏ ਤਨ ਮਾਟੀ ਖ਼ਾਕ, ਪੰਜ ਤੱਤ ਆਪਣੀ ਝੋਲੀ ਪਾਈਆ । ਆਤਮ ਪਰਮਾਤਮ ਬਣੇ ਸੱਜਣ ਸਾਕ, ਸਗਲਾ ਸੰਗ ਇਕ ਅਖਵਾਈਆ । ਤੂੰ ਮੇਰਾ ਮੈਂ ਤੇਰਾ ਦੋਹਾਂ ਨੇ ਜਪਣਾ ਸਾਂਝਾ ਜਾਪ, ਸੋਹੰ ਢੋਲਾ ਇਕ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਮ ਕਾਂਡ ਦਾ ਲੇਖਾ ਸਰਬ ਮਿਟਾਈਆ ।

★ ੨੬ ਜੇਠ ੨੦੨੦ ਬਿਕ੍ਰਮੀ ਜਸ ਕੌਰ ਦੇ ਗ੍ਰਿਹ ਪਿੰਡ ਨਿਹਾਲ ਪੁਰ ਸਿੰਬਲ ਜੰਮੂ ★

ਜੁਗ ਜੁਗ ਖੇਲ ਕਰੇ ਸਮਰਥ, ਪ੍ਰਭ ਸਮਰਥ ਵੱਡੀ ਵਡਿਆਈਆ । ਜੁਗ ਜੁਗ ਨਾਮ ਚਲਾਏ ਅਕਥ, ਕਥਨੀ ਕਥ ਨਾ ਸਕੇ ਰਾਈਆ । ਜੁਗ ਜੁਗ ਧਰਮ ਚਲਾਏ ਰਥ, ਬਣ ਰਥਵਾਹੀ ਸੇਵ ਕਮਾਈਆ । ਜੁਗ ਜੁਗ ਬੋਲ ਸਚ ਅਲੱਖ, ਅਲਖ ਨਿਰੰਜਣ ਢੋਲਾ ਗਾਈਆ । ਜੁਗ ਜੁਗ ਨਿਰਗੁਣ ਮਾਰਗ ਦੱਸ, ਸਰਗੁਣ ਸਚ ਲਏ ਸਮਝਾਈਆ । ਜੁਗ ਜੁਗ ਲੱਖ ਚੁਰਾਸੀ ਅੰਦਰ ਵਸ, ਜੁਗ ਜੁਗ ਆਪਣਾ ਰੂਪ ਦਰਸਾਈਆ । ਜੁਗ ਜੁਗ ਸਰਗੁਣ ਹੋ ਪਰਗਟ, ਗੁਰ ਗੁਰ ਆਪਣੀ ਧਾਰ ਬੰਧਾਈਆ । ਜੁਗ ਜੁਗ ਨਿਰਮਲ ਜੋਤ ਕਰ ਪਰਕਾਸ਼, ਜੋਤੀ ਜਾਤਾ ਨਾਉਂ ਰਖਾਈਆ । ਜੁਗ ਜੁਗ ਜਨ ਭਗਤਾਂ ਬਣੇ ਦਾਸੀ ਦਾਸ, ਸਾਚੀ ਸੇਵਾ ਆਪਣੇ ਹੱਥ ਰਖਾਈਆ । ਜੁਗ ਜੁਗ ਸੰਤਨ ਪੂਰੀ ਕਰੇ ਆਸ, ਆਸਾ ਤ੍ਰਿਸਨਾ ਮੇਟ ਮਿਟਾਈਆ । ਜੁਗ ਜੁਗ ਗੁਰਮੁਖਾਂ ਵਸੇ ਪਾਸ, ਨਰ ਹਰਿ ਵਿਛੜ ਕਦੇ ਨਾ ਜਾਈਆ । ਜੁਗ ਜੁਗ ਗੁਰਸਿਖਾਂ ਲਏ ਰਾਖ, ਸਿਰ ਆਪਣਾ ਹੱਥ ਟਿਕਾਈਆ । ਜੁਗ ਜੁਗ ਵੇਖੇ ਖੇਲ ਤਮਾਸ਼, ਲੱਖ ਚੁਰਾਸੀ ਨਾਚ ਨਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਰਚਾਈਆ । ਜੁਗ ਜੁਗ ਖੇਲ ਸ੍ਰੀ ਭਗਵੰਤ, ਹਰਿ ਕਰਤਾ ਆਪ ਕਰਾਇੰਦਾ । ਜੁਗ ਜੁਗ ਨਾਮ ਮਣੀਆ ਮੰਤ, ਮੰਤਰ ਇਕੋ ਇਕ ਦ੍ਰਿੜਾਇੰਦਾ । ਜੁਗ ਜੁਗ ਉਪਾਏ ਸਾਚੇ ਸੰਤ, ਸੰਤ ਸੱਜਣ ਆਪ ਜਗਾਇੰਦਾ । ਜੁਗ ਜੁਗ ਚਾੜ੍ਹੇ ਚੋਲੀ ਰੰਗ ਬਸੰਤ, ਕਾਇਆ ਰੰਗਣ ਇਕ ਵਖਾਇੰਦਾ । ਜੁਗ ਜੁਗ ਤੋੜੇ ਗੜ੍ਹ ਹਉਮੇਂ ਹੰਗਤ, ਮਾਇਆ ਮਮਤਾ ਮੋਹ ਮਿਟਾਇੰਦਾ । ਜੁਗ ਜੁਗ ਮੇਲਾ ਸਾਚੀ ਸੰਗਤ, ਗੁਰਸਿਖ ਗੁਰ ਗੁਰ
੮੦੧ ੧੪
ਆਪ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਜੁਗ ਜੁਗ ਖੇਲ ਸ੍ਰੀ ਭਗਵਾਨ, ਨਰ ਨਿਰੰਕਾਰ ਆਪ ਕਰਾਈਆ । ਜੁਗ ਜੁਗ ਖੇਲ ਦੋ ਜਹਾਨ, ਦੋ ਜਹਾਨਾਂ ਵਾਲੀ ਆਪ ਵਖਾਈਆ । ਜੁਗ ਜੁਗ ਪਰਗਟ ਹੋ ਵਿਚ ਜਹਾਨ, ਸਾਚੀ ਸਿਖਿਆ ਕਰੇ ਪੜ੍ਹਾਈਆ । ਜੁਗ ਜੁਗ ਭਗਤਾਂ ਦੇਵੇ ਦਾਨ, ਦਾਤਾ ਦਾਨੀ ਇਕ ਅਖਵਾਈਆ । ਜੁਗ ਜੁਗ ਆਤਮ ਪਰਮਾਤਮ ਬਣੇ ਕਾਹਨ, ਸਾਚੇ ਮੰਦਰ ਸੋਭਾ ਪਾਈਆ । ਜੁਗ ਜੁਗ ਸ਼ਬਦ ਅਨਾਦ ਦਏ ਗਿਆਨ, ਗੋਬਿੰਦ ਕਰੇ ਪੜ੍ਹਾਈਆ । ਜੁਗ ਜੁਗ ਵਿਛੜੇ ਮੇਲੇ ਆਣ, ਮੇਲ ਮਿਲਾਵਾ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਜੁਗ ਜੁਗ ਵੇਖੇ ਵੇਖਣਹਾਰਾ, ਨਿਰਗੁਣ ਆਪਣਾ ਖੇਲ ਕਰਾਇੰਦਾ । ਜੁਗ ਜੁਗ ਪਾਵੇ ਸਾਚੀ ਸਾਰਾ, ਮਹਾਂਸਾਰਥੀ ਭੇਵ ਚੁਕਾਇੰਦਾ । ਜੁਗ ਜੁਗ ਲੇਖਾ ਜਾਣੇ ਅੰਦਰ ਬਾਹਰਾ, ਗੁਪਤ ਜ਼ਾਹਰਾ ਰਾਹ ਵਖਾਇੰਦਾ । ਜੁਗ ਜੁਗ ਮੇਲਾ ਨਾਰੀ ਕੰਤ ਕੰਤ ਭਤਾਰਾ, ਸੇਜ ਸੁਹੰਜਣੀ ਡੇਰਾ ਲਾਇੰਦਾ । ਜੁਗ ਜੁਗ ਨਾਮ ਸ਼ਬਦ ਜੈਕਾਰਾ, ਧੁਨ ਆਤਮਕ ਰਾਗ ਅਲਾਇੰਦਾ । ਜੁਗ ਜੁਗ ਸਤਿ ਸਤਿ ਵਰਤਾਰਾ, ਸਤਿ ਸਤਿਵਾਦੀ ਸਚ ਵਸਤ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਕਾਰ ਕਮਾਇੰਦਾ । ਜੁਗ ਜੁਗ ਖੇਲ ਪੁਰਖ ਅਥਾਹ, ਆਪਣੀ ਕਾਰ ਕਮਾਈਆ । ਜੁਗ ਜੁਗ ਨਿਰਗੁਣ ਸਰਗੁਣ ਬਣ ਮਲਾਹ, ਬੇੜਾ ਲੋਕਮਾਤ ਤਰਾਈਆ । ਜੁਗ ਜੁਗ ਸਤਿਗੁਰ ਗੁਰ ਗੁਰ ਦੇਵੇ ਸਲਾਹ, ਗੁਰਮੁਖ ਅੱਖਰ ਇਕ ਪੜ੍ਹਾਈਆ । ਜੁਗ ਜੁਗ ਬਖ਼ਸ਼ੇ ਚਰਨ ਕਵਲ ਧਿਆਨ, ਦੇਵੇ ਸਰਨ ਸੱਚੀ ਸਰਨਾਈਆ । ਜੁਗ ਜੁਗ ਮੇਲ ਮਿਲਾਏ ਆਣ, ਜਗਤ ਵਛੋੜਾ ਪੰਧ ਮੁਕਾਈਆ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਜੁਗ ਜੁਗ ਮੇਲਾ ਭਗਤਨ ਦਾਸ, ਸ੍ਰੀ ਭਗਵਾਨ ਆਪ ਕਰਾਇੰਦਾ । ਜੁਗ ਜੁਗ ਨਿਰਗੁਣ ਹੋ ਕੇ ਵਸੇ ਪਾਸ, ਸਰਗੁਣ ਬੂਝ ਬੁਝਾਇੰਦਾ । ਜੁਗ ਜੁਗ ਜੋਤੀ ਨੂਰ ਕਰ ਪਰਕਾਸ਼, ਅਗਿਆਨ ਅੰਧੇਰ ਚੁਕਾਇੰਦਾ । ਲੇਖਾ ਜਾਣ ਪਵਣ ਸਵਾਸ, ਸਵਾਸ ਸਵਾਸਾਂ ਵਿਚ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਜੁਗ ਜੁਗ ਕਰਨੀ ਕਰੇ ਕਰਤਾਰਾ, ਹਰਿ ਕਰਤਾ ਵਡ ਵਡਿਆਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਲੈ ਅਵਤਾਰਾ, ਵਡ ਅਵਤਾਰੀ ਫੇਰਾ ਪਾਈਆ । ਜਨ ਭਗਤਾਂ ਖੋਲ੍ਹ ਬੰਦ ਕਿਵਾੜਾ, ਭੇਵ ਅਭੇਦਾ ਆਪ ਖੁਲ੍ਹਾਈਆ । ਨਾਮ ਵੱਜਦੀ ਰਹੇ ਸਚ ਸਤਾਰਾ, ਬਿਨ ਤੰਦੀ ਤੰਦ ਰਾਗ ਅਲਾਈਆ । ਘਰ ਮੰਦਰ ਕਰ ਉਜਿਆਰਾ, ਦੀਪਕ ਜੋਤ ਕਰੇ ਰੁਸ਼ਨਾਈਆ । ਘਰ ਅੰਮ੍ਰਿਤ ਠੰਡਾ ਠਾਰਾ, ਨਿਝਰ ਝਿਰਨਾ ਦਏ ਝਿਰਾਈਆ । ਘਰ ਠਾਕਰ ਸਵਾਮੀ ਮੀਤ ਮੁਰਾਰਾ, ਘਰ ਸਾਹਿਬ ਸਤਿਗੁਰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਭੇਵ ਖੁਲ੍ਹਾਈਆ । ਜਨ ਭਗਤਾਂ ਖੋਲ੍ਹੇ ਹਰਿ ਜੂ ਭੇਵ, ਅਭੇਦ ਆਪ ਸਮਝਾਇੰਦਾ । ਨਿਰਗੁਣ ਸਰਗੁਣ ਸਾਚੀ ਸੇਵ, ਸੇਵਾ ਸਾਚੀ ਇਕ ਦ੍ਰਿੜਾਇੰਦਾ । ਪਰੇਮ ਪ੍ਰੀਤੀ ਅੰਮ੍ਰਿਤ ਮੇਵ, ਰਸ ਇਕੋ ਇਕ ਚਖਾਇੰਦਾ । ਸਤਿਗੁਰ ਸੱਚਾ ਵਡ ਦੇਵੀ ਦੇਵ, ਦੇਵ ਆਤਮਾ ਵੇਖ ਵਖਾਇੰਦਾ । ਆਦਿ ਜੁਗਾਦਿ ਸਦਾ ਨਿਹਕੇਵ, ਨਿਹਚਲ ਇਕੋ ਆਸਣ ਲਾਇੰਦਾ । ਸਿਫ਼ਤ ਲਗਾਏ ਰਸਨਾ ਜਿਹਵ, ਬੱਤੀ ਦੰਦ ਜੋੜ ਜੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਸਾਹਿਬ ਸਤਿਗੁਰ, ਦੀਨ ਦਿਆਲ ਆਪ ਕਮਾਈਆ । ਜਨ ਭਗਤਾਂ ਲੇਖਾ ਜਾਣੇ ਧੁਰ, ਪੂਰਬ ਲਹਿਣਾ ਰਿਹਾ ਮੁਕਾਈਆ । ਨਿਰਵੈਰ ਵੇਖੇ ਚੜ੍ਹ ਕੇ ਘੋੜ, ਘੋੜਾ ਇਕੋ ਇਕ ਉਪਾਈਆ । ਦੋ ਜਹਾਨਾਂ ਰਿਹਾ ਦੌੜ, ਜਗਤ ਨੇਤਰ ਨਜ਼ਰ ਕਿਸੇ ਨਾ ਆਈਆ । ਗੁਰਮੁਖ ਸੱਜਣ ਜਾਏ ਬੌਹੜ, ਹਰਿਜਨ ਸਾਚੇ ਲਏ ਉਠਾਈਆ । ਸੰਤ ਸਤਿਗੁਰ ਬੁਝਾਏ ਔੜ, ਅੰਮ੍ਰਿਤ ਮੇਘ ਇਕ ਬਰਸਾਈਆ । ਭਗਤ ਭਗਵਾਨ ਵੇਖੇ ਕਰ ਕੇ ਗ਼ੌਰ, ਗਹਿਰ ਗੰਭੀਰ ਪੜਦਾ ਇਕ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਦੇਵੇ ਵਡਿਆਈ ਪੁਰਖ ਨਿਰੰਜਣ, ਹਰਿ ਦਾਤਾ ਬੇਪਰਵਾਹੀਆ । ਜਨ ਭਗਤਾਂ ਨੇਤਰ ਪਾਏ ਨਾਮ ਅੰਜਨ, ਅਗਿਆਨ ਅੰਧੇਰ ਮਿਟਾਈਆ । ਘਰ ਵਿਚ ਘਰ ਮਿਲੇ ਸੱਜਣ, ਦਰ ਮੰਦਰ ਵੱਜੇ ਵਧਾਈਆ । ਸਚ ਸਰੋਵਰ ਕਰਾਏ ਮਜਨ, ਦੁਰਮਤ ਮੈਲ ਰਹਿਣ ਨਾ ਪਾਈਆ । ਲੇਖੇ ਲਾਏ ਕਾਇਆ ਮਾਟੀ ਕੰਚਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਬੇਪਰਵਾਹੀਆ । ਮਿਹਰਵਾਨ ਪ੍ਰਭ ਹੋਏ ਆਪ, ਆਪਣੀ ਦਇਆ ਕਮਾਇੰਦਾ । ਜਨ ਭਗਤਾਂ ਦੇਵੇ ਇਕੋ ਜਾਪ, ਤੂੰ ਮੇਰਾ ਮੈਂ ਤੇਰਾ ਨਾਮ ਜਪਾਇੰਦਾ । ਸੋਹੰ ਢੋਲਾ ਵਡ ਪਰਤਾਪ, ਬਣ ਵਿਚੋਲਾ ਵੇਖ ਵਖਾਇੰਦਾ । ਧੁਰਦਰਗਾਹੀ ਅਲਖਨਾ ਅਲਾਖ, ਇਕੋ ਅਲਖ ਜਗਾਇੰਦਾ । ਸੰਤ ਸੁਹੇਲੇ ਲਏ ਰਾਖ, ਸਿਰ ਆਪਣਾ ਹੱਥ ਟਿਕਾਇੰਦਾ । ਨਿਰਗੁਣ ਸਰਗੁਣ ਹੋ ਕੇ ਦਾਸੀ ਦਾਸ, ਕਲਜੁਗ ਅੰਤਮ ਸੇਵ ਕਮਾਇੰਦਾ । ਨਿਜ ਆਤਮ ਰੱਖੇ ਵਾਸ, ਪਰਮਾਤਮ ਆਪਣਾ ਪੜਦਾ ਲਾਹਿੰਦਾ । ਭਗਤ ਸੁਹੇਲਾ ਸੋਹੇ ਸਾਚੀ ਖਾਟ, ਸਚ ਸਿੰਘਾਸਣ ਡੇਰਾ ਲਾਇੰਦਾ । ਅੱਗੇ ਪਿਛੇ ਮੇਟ ਵਾਟ, ਦੂਰ ਦੂਰ ਦੁਰਾਡਾ ਨੇੜੇ ਆਇੰਦਾ । ਮੇਟੇ ਰੈਣ ਅੰਧੇਰੀ ਰਾਤ, ਸਤਿਗੁਰ ਚੰਦ ਇਕ ਚਮਕਾਇੰਦਾ । ਅੰਤਰ ਅੰਤਰ ਪੁਛੇ ਵਾਤ, ਬਾਹਰ ਬਸੰਤਰ ਅਗਨ


੮੦੨
੧੪

ਬੁਝਾਇੰਦਾ । ਜਨ ਭਗਤਾਂ ਬਣੇ ਸੱਜਣ ਸਾਕ, ਸਗਲਾ ਸੰਗ ਨਿਭਾਇੰਦਾ । ਬੰਦ ਕਿਵਾੜੀ ਖੋਲ੍ਹ ਤਾਕ, ਨਿਰਮਲ ਨੂਰ ਇਕ ਵਖਾਇੰਦਾ । ਪੂਰੀ ਕਰੇ ਆਤਮ ਖ਼ਾਹਸ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਇੰਦਾ । ਹਰਿਜਨ ਵੇਖੇ ਪਾਰਬ੍ਰਹਮ, ਪ੍ਰਭ ਵੱਡਾ ਵਡ ਵਡਿਆਈਆ । ਲੇਖਾ ਜਾਣੇ ਦਮਾਂ ਦਮ, ਪਵਣ ਪਵਣਾਂ ਵਿਚ ਸਮਾਈਆ । ਨਿਰਗੁਣ ਕਰੇ ਆਪਣਾ ਕੰਮ, ਸਰਗੁਣ ਆਪਣੇ ਧੰਦੇ ਲਾਈਆ । ਕਲਜੁਗ ਅੰਤਮ ਬੇੜਾ ਬੰਨ੍ਹ, ਨਰ ਹਰਿ ਆਪਣੇ ਕੰਧ ਉਠਾਈਆ । ਜਨ ਭਗਤਾਂ ਭਰਮ ਭੁਲੇਖਾ ਕੱਢ ਜਨ, ਜਨਨੀ ਰੂਪ ਇਕ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੋਧ ਅਗਾਧਾ ਦੇਵੇ ਇਕ ਗਿਆਨ, ਇਕ ਨਾਲ ਇਕ ਲਏ ਮਿਲਾਈਆ ।

### ★ ੨੯ ਜੇਠ ੨੦੨੦ ਬਿਕ੍ਰਮੀ ਸੇਵਾ ਸਿੰਘ ਦੇ ਗ੍ਰਿਹ ਪਿੰਡ ਕੀਰ ਜੰਮੂ ★

ਪੁਰਖ ਅਕਾਲ ਬੋਲੋ ਜੈਕਾਰ, ਘਰ ਸਾਚੇ ਵੱਜੇ ਵਧਾਈਆ । ਸੋ ਪੁਰਖ ਨਿਰੰਜਣ ਮੀਤ ਮੁਰਾਰ, ਨਿਰਗੁਣ ਨਿਰਵੈਰ ਬੇਪਰਵਾਹੀਆ । ਹਰਿ ਪੁਰਖ ਨਿਰੰਜਣ ਸਾਂਝਾ ਯਾਰ, ਏਕੰਕਾਰ ਸੱਚਾ ਸ਼ਹਿਨਸ਼ਾਹੀਆ । ਆਦਿ ਨਿਰੰਜਣ ਹੋ ਉਜਿਆਰ, ਅਬਿਨਾਸ਼ੀ ਕਰਤਾ ਧਾਰ ਚਲਾਈਆ । ਸ੍ਰੀ ਭਗਵਾਨ ਵਸਣਹਾਰ ਠਾਂਡੇ ਦਰਬਾਰ, ਪਾਰਬ੍ਰਹਮ ਪ੍ਰਭ ਆਪਣਾ ਭੇਵ ਖੁਲ੍ਹਾਈਆ । ਸਚਖੰਡ ਦਵਾਰਾ ਖੋਲ੍ਹ ਕਿਵਾੜ, ਸਚ ਸਿੰਘਾਸਣ ਆਸਣ ਲਾਈਆ । ਮਹੱਲ ਅਟੱਲ ਇਕ ਅਪਾਰ, ਜੋਤੀ ਜੋਤ ਜੋਤ ਰੁਸ਼ਨਾਈਆ । ਕਰੇ ਖੇਲ ਆਪ ਕਰਤਾਰ, ਇਕ ਇਕੱਲਾ ਨੂਰ ਇਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਇਕੋ ਨਾਅਰਾ ਲਾਈਆ । ਪੁਰਖ ਅਕਾਲ ਬੋਲੇ ਮੀਤ, ਦੋ ਜਹਾਨਾਂ ਵਾਲੀ ਆਪ ਜਣਾਇੰਦਾ । ਨਿਰਗੁਣ ਸਰਗੁਣ ਸਾਚੀ ਰੀਤ, ਜੁਗ ਚੌਕੜੀ ਵੰਡ ਵੰਡਾਇੰਦਾ । ਤ੍ਰੈਭਵਣ ਧਨੀ ਬੈਠਾ ਰਹੇ ਸਦਾ ਅਤੀਤ, ਤ੍ਰੈਗੁਣ ਨਾਤਾ ਜੋੜ ਜੁੜਾਇੰਦਾ । ਜਨ ਭਗਤਾਂ ਕਾਇਆ ਕਰੇ ਠੰਡੀ ਸੀਤ, ਸੀਤਲ ਧਾਰਾ ਇਕ ਵਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਇਕ ਵਡਿਆਇੰਦਾ । ਪੁਰਖ ਅਕਾਲ ਰਸਨਾ ਗਾਓ, ਦਰਗਹਿ ਸਾਚੀ ਮਿਲੇ ਵਡਿਆਈਆ । ਆਤਮ ਅੰਤਰ ਮੈਲ ਧੁਆਓ, ਦੁਰਮਤ ਮੈਲ ਰਹੇ ਨਾ ਰਾਈਆ । ਗੁਰ ਕਾ ਸ਼ਬਦ ਹਿਰਦੇ ਵਸਾਓ, ਹਰਿ ਹਰਿ ਮੇਲਾ ਸਹਿਜ ਸੁਭਾਈਆ । ਨਾਉਂ ਨਿਰੰਕਾਰਾ ਢੋਲਾ ਸੋਹੰ ਇਕ ਅਲਾਓ, ਘਰ ਮਿਲੇ ਬੇਪਰਵਾਹੀਆ । ਅਮਰਾਪਦ ਏਕਾ ਪਾਓ, ਪਾਰਬ੍ਰਹਮ ਮਿਲੇ ਸਰਨਾਈਆ । ਪੁਰਖ ਅਕਾਲ ਲਾਗੋ ਪਾਉਂ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਦਏ ਜਣਾਈਆ । ਪੁਰਖ ਅਕਾਲ ਸਾਂਝਾ ਯਾਰ, ਵੰਡ ਵਿਚ ਕਿਸੇ ਨਾ ਆਇੰਦਾ । ਜੁਗ ਚੌਕੜੀ ਖੇਲ ਅਪਾਰ, ਨਿਰਗੁਣ ਸਰਗੁਣ ਧਾਰ ਚਲਾਇੰਦਾ । ਸਚਖੰਡ ਦਵਾਰ ਖੋਲ੍ਹ ਕਿਵਾੜ, ਥਿਰ ਘਰ ਡੇਰਾ ਲਾਇੰਦਾ । ਸ਼ਬਦ ਅਗੰਮ ਕਰ ਉਜਿਆਰ, ਨਾਦ ਅਨਾਦੀ ਰਾਗ ਅਲਾਇੰਦਾ । ਲੇਖਾ ਜਾਣੇ ਧੁਰ ਦਰਬਾਰ, ਦਰਗਹਿ ਸਾਚੀ ਧਾਮ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਇੰਦਾ । ਸਾਚਾ ਖੇਲ ਪੁਰਖ ਅਕਾਲ, ਨਿਰਗੁਣ ਨਿਰਵੈਰ ਆਪ ਕਮਾਈਆ । ਸਚਚੰਡ ਨਿਵਾਸੀ ਦੀਨ ਦਿਆਲ, ਦਇਆਨਿਧ


੮੦੩ ੧੪

੮੦੪
੧੪

ਵਡ ਵਡਿਆਈਆ । ਜੁਗ ਚੌਕੜੀ ਹੋ ਕਿਰਪਾਲ, ਨਿਰਗੁਣ ਸਰਗੁਣ ਵੇਖ ਵਖਾਈਆ । ਜੋਤੀ ਜਾਤਾ ਜੋਤ ਬੇਮਿਸਾਲ, ਨੂਰੋ ਨੂਰ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਦਏ ਚੁਕਾਈਆ । ਪੁਰਖ ਅਕਾਲ ਖੇਲ ਅਗੰਮਾ, ਭੇਵ ਕੋਇ ਨਾ ਪਾਇੰਦਾ । ਨਾ ਮਰੇ ਨਾ ਕਦੇ ਜੰਮਾਂ, ਜੀਵਣ ਜੁਗਤ ਨਾ ਕੋਇ ਰਖਾਇੰਦਾ । ਨਿਹਕਰਮੀ ਕਰੇ ਆਪਣਾ ਕੰਮਾਂ, ਹਰਿ ਕਰਤਾ ਕਾਰ ਕਮਾਇੰਦਾ । ਦੋ ਜਹਾਨਾਂ ਬੰਨ੍ਹੇ ਬੰਨ੍ਹਾਂ, ਬੇੜਾ ਬੰਨ੍ਹ ਆਪ ਚਲਾਇੰਦਾ । ਨਿਰਗੁਣ ਨੂਰ ਚਾੜ੍ਹੇ ਚੰਨਾਂ, ਜੋਤੀ ਜੋਤ ਜੋਤ ਚਮਕਾਇੰਦਾ । ਵਸਣਹਾਰਾ ਬਿਨ ਛੱਪਰ ਛੰਨਾਂ, ਸਾਚੇ ਮੰਦਰ ਡੇਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਵਰਤਾਇੰਦਾ । ਸਾਚੀ ਖੇਲ ਕਰੇ ਕਰਤਾਰ, ਹਰਿ ਕਰਤਾ ਵਡ ਵਡਿਆਈਆ । ਜੁਗ ਚੌਕੜੀ ਕਰ ਪਸਾਰ, ਨਿਰਗੁਣ ਵੇਖੇ ਚਾਈਂ ਚਾਈਂਆ । ਸ਼ਬਦੀ ਸ਼ਬਦ ਸ਼ਬਦ ਜੈਕਾਰ, ਨਾਨਾਕਾਰ ਰੂਪ ਧਰਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰ ਤਿਆਰ, ਸਾਚੀ ਸੇਵਾ ਇਕ ਸਮਝਾਈਆ । ਲੇਖਾ ਜਾਣ ਗੁਰੂ ਅਵਤਾਰ, ਗੁਰ ਗੁਰ ਆਪਣੀ ਬੂਝ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਰਚਨਾ ਆਪ ਰਚਾਈਆ । ਸਾਚੀ ਰਚਨਾ ਏਕੰਕਾਰ, ਅਕਲ ਕਲਧਾਰੀ ਆਪ ਜਣਾਇੰਦਾ । ਲੇਖਾ ਜਾਣ ਦੋ ਜਹਾਨ, ਜੀਵਣ ਜੁਗਤ ਸਰਬ ਜਣਾਇੰਦਾ । ਸਚ ਸੰਦੇਸਾ ਦੇਵੇ ਆਣ, ਨਿਹਕਰਮੀ ਆਪਣਾ ਕਰਮ ਕਮਾਇੰਦਾ । ਹਰਿਜਨ ਸਾਚੇ ਭਗਤ ਪਛਾਣ, ਬੇਪਹਿਚਾਨ ਬੂਝ ਬੁਝਾਇੰਦਾ । ਅੰਤਰ ਦੇਵੇ ਇਕੋ ਦਾਨ, ਪਰਮਾਤਮ ਆਪਣੇ ਰੰਗ ਰੰਗਾਇੰਦਾ । ਸਚ ਝੁਲਾਏ ਧਰਮ ਨਿਸ਼ਾਨ, ਨਿਸ਼ਾਨਾ ਇਕੋ ਇਕ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਲ ਆਪ ਪਰਗਟਾਇੰਦਾ । ਸਾਚੀ ਕਲ ਪਰਗਟੇ ਮਾਤ, ਹਰਿ ਵੱਡਾ ਵਡ ਵਡਿਆਈਆ । ਚਾਰ ਵਰਨ ਦੀ ਇਕ ਜਮਾਤ, ਚਾਰੋਂ ਕੁੰਟ ਦਏ ਬਣਾਈਆ । ਏਕਾ ਦੇਵੇ ਨਾਮ ਦਾਤ, ਵਸਤ ਅਮੋਲਕ ਝੋਲੀ ਪਾਈਆ । ਆਤਮ ਪਰਮਾਤਮ ਪੜ੍ਹਾਏ ਗਾਥ, ਸੋਹੰ ਢੋਲਾ ਰਾਗ ਅਲਾਈਆ । ਵੇਖਣਹਾਰਾ ਖੇਲ ਤਮਾਸ਼, ਖ਼ਾਲਕ ਖ਼ਲਕ ਨਾਚ ਨਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਸਾਚੀ ਕਰਨੀ ਏਕੰਕਾਰ, ਹਰਿ ਸਤਿਗੁਰ ਆਪ ਕਰਾਇੰਦਾ । ਜੁਗ ਚੌਕੜੀ ਲੈ ਅਵਤਾਰ, ਗੁਰ ਗੁਰ ਰੂਪ ਵਟਾਇੰਦਾ । ਸ਼ਬਦ ਅਗੰਮ ਬੋਲ ਜੈਕਾਰ, ਅਨਾਦੀ ਨਾਦ ਸੁਣਾਇੰਦਾ । ਲੱਖ ਚੁਰਾਸੀ ਕਰ ਪਸਾਰ, ਘਟ ਘਟ ਡੇਰਾ ਲਾਇੰਦਾ । ਦੀਆ ਬਾਤੀ ਕਰ ਉਜਿਆਰ, ਜੋਤੀ ਜੋਤ ਡਗਮਗਾਇੰਦਾ । ਦਰ ਦਰਵਾਜ਼ਾ ਖੋਲ੍ਹ ਕਿਵਾੜ, ਬੰਕ ਦਵਾਰ ਇਕ ਸੁਹਾਇੰਦਾ । ਭਗਤ ਭਗਵੰਤ ਲਏ ਉਠਾਲ, ਸਾਚੀ ਸਿਖਿਆ ਇਕ ਦ੍ਰਿੜਾਇੰਦਾ । ਲੇਖਾ ਜਾਣੇ ਸ਼ਾਹ ਕੰਗਾਲ, ਊਚ ਨੀਚ ਨਾ ਕੋਇ ਰਖਾਇੰਦਾ । ਸ਼ਬਦ ਸਰੂਪੀ ਬਣ ਦਲਾਲ, ਸਰਗੁਣ ਸਾਚੀ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਰਚਾਇੰਦਾ । ਸਾਚੀ ਖੇਲ ਕਰੇ ਗੋਬਿੰਦ, ਆਪਣੇ ਹੱਥ ਰੱਖੇ ਵਡਿਆਈਆ । ਕੂੜੀ ਕਿਰਿਆ ਨਾ ਕੋਈ ਚਿੰਦ, ਚਿੰਤਾ ਸੋਗ ਨਾ ਕੋਇ ਰਖਾਈਆ । ਦਾਤਾ ਦਾਨੀ ਗੁਣੀ ਗਹਿੰਦ, ਗਹਿਰ ਗੰਭੀਰ ਵਡ ਵਡਿਆਈਆ । ਦਾਤਾ ਦਾਨੀ ਸਾਗਰ ਸਿੰਧ, ਘਰ ਸਾਚਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਰਬ ਜੀਆਂ ਦਾ ਦਾਤਾ ਇਕ ਹੋ ਜਾਈਆ । ਸਰਬ ਜੀਆਂ ਦਾ ਇਕ ਭਗਵਾਨ, ਏਕੰਕਾਰਾ ਨਾਂਉਂ ਰਖਾਇੰਦਾ । ਸਦਾ ਸਦਾ ਸਦ ਮਿਹਰਵਾਨ, ਮਿਹਰ ਨਜ਼ਰ ਇਕ ਉਠਾਇੰਦਾ । ਆਤਮ ਪਰਮਾਤਮ ਦੇਵੇ ਗਿਆਨ, ਮੰਤਰ ਇਕੋ ਇਕ ਦ੍ਰਿੜਾਇੰਦਾ । ਲੇਖਾ ਜਾਣੇ

ਦੋ ਜਹਾਨ, ਲੋਕ ਪਰਲੋਕ ਖੋਜ ਖੁਜਾਇੰਦਾ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਵੇਖੇ ਮਾਰ ਧਿਆਨ, ਚੌਦਾਂ ਲੋਕ ਪੜਦਾ ਲਾਹਿੰਦਾ । ਸੰਤ ਸੁਹੇਲੇ ਮੇਲੇ ਆਣ, ਜੁਗ ਜੁਗ ਆਪਣੀ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਆਪਣਾ ਖੇਲ ਵਖਾਇੰਦਾ । ਨਿਰਗੁਣ ਖੇਲ ਪੁਰਖ ਅਬਿਨਾਸ਼, ਅਬਿਨਾਸ਼ੀ ਆਪਣੀ ਕਾਰ ਕਮਾਈਆ । ਜਨ ਭਗਤਾਂ ਹੋਏ ਸਦਾ ਦਾਸ, ਨਿਰਗੁਣ ਸਰਗੁਣ ਵੇਖੇ ਥਾਉਂ ਥਾਈਆ । ਲਹਿਣਾ ਦੇਣਾ ਚੁਕਾਏ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਖੋਜ ਖੁਜਾਈਆ । ਆਤਮ ਜੋਤ ਕਰ ਪਰਕਾਸ਼, ਅੰਧ ਅੰਧੇਰਾ ਦਏ ਗਵਾਈਆ । ਬੋਧ ਅਗਾਧ ਸੁਣਾਏ ਗਾਥ, ਨਿਸ਼ਅੱਖਰ ਕਰੇ ਪੜ੍ਹਾਈਆ । ਇਕੋ ਮੰਤਰ ਇਕੋ ਪਾਠ, ਪੂਜਾ ਇਕੋ ਇਕ ਸਮਝਾਈਆ । ਇਕੋ ਸਾਹਿਬ ਪੁਰਖ ਸਮਰਾਥ, ਸਗਲਾ ਸੰਗ ਇਕ ਨਿਭਾਈਆ । ਇਕ ਚਲਾਏ ਜੁਗ ਜੁਗ ਰਾਥ, ਬਣ ਰਥਵਾਹੀ ਸੇਵ ਕਮਾਈਆ । ਇਕੋ ਵੇਖੇ ਪੱਤਣ ਘਾਟ, ਇਕੋ ਬੈਠਾ ਡੇਰਾ ਲਾਈਆ । ਇਕੋ ਮੇਟੇ ਲੱਖ ਚੁਰਾਸੀ ਵਾਟ, ਪਾਂਧੀਆਂ ਪੰਧ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਇਕੋ ਦਾਤਾ ਸੂਰਬੀਰ, ਸਾਹਿਬ ਸਤਿਗੁਰ ਹਰਿ ਅਖਵਾਇੰਦਾ । ਇਕੋ ਅੰਮ੍ਰਿਤ ਦੇਵਣਹਾਰਾ ਨੀਰ, ਅੰਮ੍ਰਿਤ ਜਾਮ ਇਕ ਪਿਆਇੰਦਾ । ਇਕੋ ਬਖ਼ਸ਼ਣਹਾਰਾ ਖੰਡਾ ਨਾਮ ਸ਼ਮਸ਼ੀਰ, ਚੰਡ ਪਰਚੰਡ ਇਕ ਚਮਕਾਇੰਦਾ । ਇਕੋ ਤੋੜਨਹਾਰਾ ਸ਼ਰਅ ਜ਼ੰਜੀਰ, ਸਾਚੀ ਸਿਖਿਆ ਇਕ ਦ੍ਰਿੜਾਇੰਦਾ । ਇਕੋ ਬਦਲਣਹਾਰ ਤਕਦੀਰ, ਤਦਬੀਰ ਆਪਣੀ ਆਪ ਸਮਝਾਇੰਦਾ । ਇਕੋ ਸ਼ਹਿਨਸ਼ਾਹ ਬੇਨਜ਼ੀਰ, ਨੂਰ ਨੁਰਾਨਾ ਨਜ਼ਰੀ ਆਇੰਦਾ । ਇਕੋ ਗੁਣੀ ਗਹਿਰ ਗੰਭੀਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਸਾਹਿਬ ਖੇਲ ਕਰਾਇੰਦਾ । ਸੋ ਸਾਹਿਬ ਸ੍ਰੀ ਭਗਵਾਨ, ਜਿਸ ਹੱਥ ਵੱਡੀ ਵਡਿਆਈਆ । ਜੁਗ ਚੌਕੜੀ ਖੇਲ ਮਹਾਨ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਹੰਢਾਈਆ । ਜੀਵਾਂ ਜੰਤਾਂ ਸਾਧਾਂ ਸੰਤਾਂ ਦੇਵੇ ਗਿਆਨ, ਅੱਖਰ ਅੱਖਰ ਕਰ ਪੜ੍ਹਾਈਆ । ਭਾਗ ਲਗਾਏ ਸਾਢੇ ਤਿੰਨ ਹੱਥ ਕਾਇਆ ਮਕਾਨ, ਦੂਈ ਦਵੈਤ ਪੜਦਾ ਦਏ ਚੁਕਾਈਆ । ਨਾਤਾ ਤੋੜ ਪੰਜ ਸ਼ੈਤਾਨ, ਸਾਚੀ ਸਿਖਿਆ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਹਰਿ ਕਾ ਖੇਲ ਅਗੰਮ ਅਪਾਰ, ਕਲਜੁਗ ਅੰਤ ਅੰਤ ਕਰਾਇੰਦਾ । ਲੇਖਾ ਜਾਣ ਜੁਗ ਚੌਕੜੀ ਚਾਰ, ਨਵ ਨੌਂ ਖੋਜ ਖੁਜਾਇੰਦਾ । ਸ਼ਬਦ ਅਨਾਦੀ ਇਕ ਜੈਕਾਰ, ਧੁਰ ਦਾ ਰਾਗ ਅਲਾਇੰਦਾ । ਭੇਵ ਚੁਕਾ ਗੁਰੂ ਅਵਤਾਰ, ਪੀਰ ਪੈਗ਼ੰਬਰ ਪੜਦਾ ਲਾਹਿੰਦਾ । ਸਚ ਨਿਸ਼ਾਨਾ ਇਕ ਵਖਾਲ, ਧਰਮ ਦਵਾਰਾ ਇਕ ਜਣਾਇੰਦਾ । ਵਡ ਮਿਹਰਵਾਨ ਹੋ ਪਰਧਾਨ, ਨਾਮ ਪਰਧਾਨਗੀ ਇਕ ਕਮਾਇੰਦਾ । ਤ੍ਰੈਗੁਣ ਮਾਇਆ ਤੋੜ ਜੰਜਾਲ, ਜਾਗਰਤ ਜੋਤ ਜਗਾਇੰਦਾ । ਪੰਜ ਤੱਤ ਵੇਖੇ ਸੱਚੀ ਧਰਮਸਾਲ, ਕਾਇਆ ਮੰਦਰ ਫੋਲ ਫੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਆਪ ਰੰਗਾਇੰਦਾ । ਸਾਚਾ ਰੰਗ ਗੁਰੂ ਗੁਰਦੇਵ, ਹਰਿ ਸਵਾਮੀ ਆਪ ਰੰਗਾਈਆ । ਵਸਣਹਾਰਾ ਨਿਹਚਲ ਧਾਮ ਨਿਹਕੇਵ, ਅਟੱਲ ਬੇਪਰਵਾਹੀਆ । ਵਡ ਵੱਡਾ ਵਡ ਦੇਵੀ ਦੇਵ, ਸੂਰਬੀਰ ਅਖਵਾਈਆ । ਆਦਿ ਜੁਗਾਦੀ ਅਲਖ ਅਭੇਵ, ਅਗੋਚਰ ਇਕੋ ਇਕ ਹੋ ਜਾਈਆ । ਨਾਤਾ ਤੋੜ ਰਸਨਾ ਜਿਹਵ, ਅਨਹਦ ਨਾਦੀ ਰਾਗ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਸਾਚੀ ਕਰਨੀ ਕਰੇ ਅੰਤ, ਸੋ ਸਾਹਿਬ ਵੇਸ ਵਟਾਇੰਦਾ । ਸ੍ਰੀ ਭਗਵਾਨ ਸਾਚਾ ਸੰਤ, ਨਿਰਵੈਰ ਭੇਵ ਚੁਕਾਇੰਦਾ । ਲੇਖਾ ਜਾਣੇ ਲੱਖ ਚੁਰਾਸੀ ਜੀਵ ਜੰਤ,

ਸਾਧ ਸੰਤ ਆਪ ਉਠਾਇੰਦਾ । ਗੁਰਮੁਖ ਵਿਰਲਾ ਲਾਏ ਅੰਗਤ, ਅੰਗੀਕਾਰ ਆਪ ਹੋ ਜਾਇੰਦਾ । ਦੂਜੇ ਦਰ ਨਾ ਹੋਏ ਮੰਗਤ, ਭਿਛਿਆ ਝੋਲੀ ਨਾ ਕੋਇ ਪੁਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਵਖਾਇੰਦਾ । ਸਾਚਾ ਖੇਲ ਕਲਜੁਗ ਰੂਪ, ਕਲਕਾਤੀ ਆਪ ਵਖਾਈਆ । ਝੂਠਾ ਡੰਕ ਚਾਰੇ ਕੂਟ, ਕੂੜੀ ਕਿਰਿਆ ਨਾਲ ਮਿਲਾਈਆ । ਕੋਈ ਨਾ ਦਿਸੇ ਸਾਚਾ ਪੂਤ, ਸਪੂਤ ਰੂਪ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਆਪਣੇ ਹੱਥ ਰੱਖੇ ਵਡਿਆਈਆ । ਸਚ ਵਡਿਆਈ ਸ੍ਰੀ ਭਗਵਾਨ, ਜੁਗ ਜੁਗ ਆਪਣੇ ਹੱਥ ਰਖਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਦੇ ਦੇ ਮਾਣ, ਲੋਕਮਾਤ ਰਾਹ ਚਲਾਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ, ਗੀਤਾ ਗਿਆਨ ਆਪ ਦ੍ਰਿੜਾਇੰਦਾ । ਅੰਜੀਲ ਕੁਰਾਨਾ ਖੋਲ੍ਹ ਦੁਕਾਨ, ਖਾਣੀ ਬਾਣੀ ਵੰਡ ਵੰਡਾਇੰਦਾ । ਗੁਰ ਅਵਤਾਰ ਕਰ ਬਲਵਾਨ, ਬਲ ਆਪਣਾ ਵਿਚ ਰਖਾਇੰਦਾ । ਪੀਰ ਪੈਗ਼ੰਬਰ ਕਰ ਪਰਵਾਨ, ਸਚ ਪਰਵਾਨਾ ਹੱਥ ਫੜਾਇੰਦਾ । ਭਗਤ ਭਗਵਾਨ ਕਰ ਪਹਿਚਾਨ, ਨਿਰਗੁਣ ਨੂਰ ਨੂਰ ਦਰਸਾਇੰਦਾ । ਸਾਚੇ ਸੰਤ ਖੇਲ ਮਹਾਨ, ਸਤਿ ਸਤਿਵਾਦੀ ਆਪ ਵਡਿਆਇੰਦਾ । ਗੁਰਮੁਖ ਗੁਰ ਗੁਰ ਮੇਲਾ ਆਣ, ਗੁਰ ਚਰਨ ਕਵਲ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਭੇਵ ਆਪ ਚੁਕਾਇੰਦਾ । ਸਾਚਾ ਭੇਵ ਖੋਲ੍ਹਣਹਾਰਾ, ਏਕਾ ਏਕ ਵੱਡੀ ਵਡਿਆਈਆ । ਸੋ ਪੁਰਖ ਨਿਰੰਜਣ ਲੈ ਅਵਤਾਰਾ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਚਾਰੋਂ ਕੁੰਟ ਨਾਮ ਜੈਕਾਰਾ, ਇਕੋ ਰਾਗ ਸੁਣਾਈਆ । ਚਾਰ ਵਰਨਾਂ ਕਰੇ ਖ਼ਬਰਦਾਰਾ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਰਿਹਾ ਸਮਝਾਈਆ । ਆਤਮ ਪਰਮਾਤਮ ਮੇਲਾ ਨਾਰ ਕੰਤ ਭਤਾਰਾ, ਸੇਜ ਸੁਹੰਜਣੀ ਸੋਭਾ ਪਾਈਆ । ਸ਼ਬਦ ਡੰਕਾ ਵਿਚ ਸੰਸਾਰਾ, ਰਾਉ ਰੰਕਾ ਆਪ ਸੁਣਾਈਆ । ਕਾਗਦ ਕਲਮ ਨਾ ਲਿਖਣਹਾਰਾ, ਲੇਖਾ ਲਿਖਤ ਵਿਚ ਨਾ ਆਈਆ । ਸਰਬ ਜੀਆਂ ਦਾ ਪੀਰ ਜ਼ਾਹਰਾ, ਜ਼ਾਹਰ ਜ਼ਹੂਰ ਵੇਸ ਵਟਾਈਆ । ਨੂਰ ਇਲਾਹੀ ਪਰਵਰਦਿਗਾਰਾ, ਹੱਕ ਮੁਕਾਮ ਕਰੇ ਰੁਸ਼ਨਾਈਆ । ਸਚ ਤੌਫ਼ੀਕ ਪਰਵਰਦਿਗਾਰਾ, ਰਫ਼ੀਕ ਇਕੋ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭੇਵ ਅਭੇਦਾ ਰਿਹਾ ਜਣਾਈਆ । ਭੇਵ ਅਭੇਦਾ ਖੋਲ੍ਹੇ ਪੰਜ ਤੱਤ, ਆਪਣੇ ਹੱਥ ਰੱਖੇ ਵਡਿਆਈਆ । ਲੇਖਾ ਜਾਣੇ ਜੁਗਾ ਜੁਗੰਤ, ਜੁਗ ਚੌਕੜੀ ਰਾਹ ਚਲਾਈਆ । ਨਾਮ ਨਿਧਾਨਾ ਮਣੀਆਂ ਮੰਤ, ਇਕੋ ਰਾਗ ਸੁਣਾਈਆ । ਲੇਖਾ ਜਾਣੇ ਸਾਚੇ ਸੰਤ, ਸਤਿਗੁਰ ਸਾਚਾ ਬੂਝ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਰਿਹਾ ਕਮਾਈਆ । ਸਾਚੀ ਕਰਨੀ ਕਰਨੇ ਆਇਆ, ਪਾਰਬ੍ਰਹਮ ਪੁਰਖ ਕਰਤਾਰ । ਹਰਿਜਨ ਸਾਚੇ ਲਏ ਜਗਾਇਆ, ਲੱਖ ਚੁਰਾਸੀ ਵਿਚੋਂ ਕੱਢੇ ਬਾਹਰ । ਅੰਮ੍ਰਿਤ ਆਤਮ ਜਾਮ ਪਿਆਇਆ, ਸੀਤਲ ਧਾਰ ਰੱਖੇ ਠੰਡੀ ਠਾਰ । ਨੇਤਰ ਨੈਣ ਇਕ ਖੁਲਾਇਆ, ਨਿਜ ਨੇਤਰ ਕਰ ਉਜਿਆਰ । ਮਿੱਤਰ ਬਣ ਕੇ ਹਰਿ ਜੂ ਆਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਧੁਰ ਦਰਬਾਰ । ਧੁਰਦਰਗਾਹੀ ਲੇਖਾ ਆਪ, ਪ੍ਰਭ ਆਪਣੇ ਹੱਥ ਰਖਾਇੰਦਾ । ਜੁਗ ਚੌਕੜੀ ਦੇਵਣਹਾਰਾ ਜਾਪ, ਸਾਚਾ ਮੰਤਰ ਨਾਮ ਦ੍ਰਿੜਾਇੰਦਾ । ਹਰਿਜਨ ਸੱਜਣ ਲਏ ਰਾਖ, ਲੱਖ ਚੁਰਾਸੀ ਸ਼ੌਹ ਦਰਯਾਏ ਰੁੜ੍ਹਾਇੰਦਾ । ਭਗਤ ਭਗਵਾਨ ਜੁੜੇ ਨਾਤ, ਨਾਤਾ ਬਿਧਾਤਾ ਆਪ ਬੰਨ੍ਹਾਇੰਦਾ । ਸਤਿ ਸਤਿਵਾਦੀ ਸੱਜਣ ਸਾਕ, ਸ੍ਰੀ ਭਗਵਾਨ ਇਕ ਹੋ ਜਾਇੰਦਾ । ਕਲਜੁਗ ਮੇਟੇ ਰੈਣ ਅੰਧੇਰੀ ਰਾਤ, ਸਤਿਜੁਗ ਸਾਚਾ ਚੰਦ ਚਮਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਕਰੇ ਖੇਲ ਸਾਚਾ ਹਰਿ, ਬੋਧ ਅਗਾਧਾ ਰਾਗ ਅਲਾਇੰਦਾ । ਬੋਧ ਅਗਾਧਾ ਇਕੋ ਨਾਦ, ਸਤਿ ਸਤਿਵਾਦੀ ਆਪ ਵਜਾਈਆ । ਸਦਾ ਸੁਣਾਏ ਬ੍ਰਹਮ ਬ੍ਰਹਿਮਾਦ, ਬ੍ਰਹਿਮੰਡ ਵੱਜੇ ਵਧਾਈਆ । ਸੰਤ ਸੁਹੇਲੇ ਸੱਜਣ ਲਾਧ, ਗੁਰ ਮੰਤਰ ਇਕ ਪੜ੍ਹਾਈਆ । ਕੂੜੀ ਕਿਰਿਆ ਹੋਵੇ ਨਾਸ, ਮਨ ਮਮਤਾ ਰਹਿਣ ਨਾ ਪਾਈਆ । ਨਿਰਗੁਣ ਜੋਤ ਕਰੇ ਪਰਕਾਸ਼, ਅਗਿਆਨ ਅੰਧੇਰ ਚੁਕਾਈਆ । ਸ਼ਬਦ ਚਲਾਏ ਪਵਣ ਸਵਾਸ, ਸਵਾਸ ਸਵਾਸਾਂ ਨਾਲ ਸਮਾਈਆ । ਲੇਖਾ ਚੁਕੇ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਵੇਖ ਵਖਾਈਆ । ਗੁਰਮੁਖਾਂ ਪੂਰੀ ਕਰੇ ਆਸ, ਤ੍ਰਿਸਨਾ ਮਾਤ ਰਹਿਣ ਨਾ ਪਾਈਆ । ਪਕੜ ਉਤਾਰੇ ਸਾਚੇ ਘਾਟ, ਪੱਤਣ ਬੈਠਾ ਸੱਚਾ ਮਾਹੀਆ । ਜੁਗ ਚੌਕੜੀ ਮੁਕਾਵਣਹਾਰਾ ਵਾਟ, ਪਾਂਧੀ ਆਪਣਾ ਫੇਰਾ ਪਾਈਆ । ਆਤਮ ਅੰਤਰ ਪੜ੍ਹਾਏ ਸੱਚੀ ਗਾਥ, ਸੋ ਪੁਰਖ ਨਿਰੰਜਣ ਭੇਵ ਚੁਕਾਈਆ । ਸਗਲ ਵਸੂਰੇ ਜਾਇਣ ਲਾਥ, ਦੁਖ ਦਰਦ ਨਾ ਲਾਗੇ ਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸ਼ਬਦੀ ਸ਼ਬਦ ਸਮਝਾਈਆ । ਹਰਿ ਕਾ ਸ਼ਬਦ ਸਤਿਗੁਰ ਸੱਚਾ, ਸਚ ਸਚ ਵਖਾਇੰਦਾ । ਗੁਰਮੁਖ ਵਿਰਲਾ ਬਣੇ ਬੱਚਾ, ਬਚਪਨ ਗੁਰ ਗੁਰ ਗੋਦ ਉਠਾਇੰਦਾ । ਲੱਖ ਚੁਰਾਸੀ ਜੀਵ ਭਾਂਡਾ ਕੱਚਾ, ਥਿਰ ਰਹਿਣ ਕੋਇ ਨਾ ਪਾਇੰਦਾ । ਮਨ ਵਾਸਨਾ ਅੰਦਰ ਨੱਚਾ, ਮਨ ਕਾ ਮਣਕਾ ਨਾ ਕੋਇ ਭੁਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਸਰਬ ਸਮਝਾਇੰਦਾ । ਸਾਚੀ ਸਿਖਿਆ ਚਾਰ ਵਰਨ, ਪੁਰਖ ਅਕਾਲ ਆਪ ਜਣਾਈਆ । ਨੇਤਰ ਖੁਲ੍ਹੇ ਹਰਨ ਫਰਨ, ਨਿਜ ਨੇਤਰ ਕਰੇ ਰੁਸ਼ਨਾਈਆ । ਲਹਿਣਾ ਦੇਣਾ ਚੁੱਕੇ ਜਨਮ ਮਰਨ, ਮਰਨ ਜਨਮ ਗੇੜ ਕਟਾਈਆ । ਜੋ ਜਨ ਪਏ ਸਰਨਾਈ ਸਤਿਗੁਰ ਸਰਨ, ਠਾਕਰ ਸਵਾਮੀ ਲਏ ਤਰਾਈਆ । ਕਰਤਾ ਪੁਰਖ ਕਰਨੀ ਕਰਨ, ਹਰਿ ਕੀਮਤ ਆਪੇ ਪਾਈਆ । ਕੂੜੀ ਕਿਰਿਆ ਕੂੜੇ ਲੜਨ, ਗੁਰਮੁਖ ਅੰਤਰ ਧਿਆਨ ਇਕ ਲਗਾਈਆ । ਸਾਚਾ ਗੀਤ ਗੋਬਿੰਦ ਸੋਹਲਾ ਪੜ੍ਹਨ, ਜੈ ਜੈਕਾਰ ਪੁਰਖ ਅਕਾਲ ਸੁਣਾਈਆ । ਸਾਚੇ ਮੰਦਰ ਇਕੋ ਵੜਨ, ਧਰਮਸਾਲ ਇਕ ਸੁਹਾਈਆ । ਆਤਮ ਸੇਜਾ ਆਪਣੀ ਚੜ੍ਹਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਪਰਦਾ ਦਏ ਚੁਕਾਈਆ । ਸਾਚਾ ਪੜਦਾ ਖੋਲ੍ਹੇ ਭਗਵਾਨ, ਜਨ ਭਗਤਾਂ ਦਇਆ ਕਮਾਇੰਦਾ । ਅੰਤਰ ਆਤਮ ਇਕ ਗਿਆਨ, ਬ੍ਰਹਮ ਵਿਦਿਆ ਸਚ ਪੜ੍ਹਾਇੰਦਾ । ਜੂਠ ਝੂਠ ਸਰਬ ਮਿਟ ਜਾਣ, ਸਚ ਸੁੱਚ ਇਕ ਸਮਝਾਇੰਦਾ । ਨੇੜ ਨਾ ਆਏ ਕਾਮ ਕਰੋਧ ਲੋਭ ਮੋਹ ਹੰਕਾਰ ਸ਼ੈਤਾਨ, ਕੂੜੀ ਸ਼ਰਅ ਨਾ ਵੰਡ ਵੰਡਾਇੰਦਾ । ਕਾਇਆ ਮੰਦਰ ਵੇਖ ਮਕਾਨ, ਸਾਚਾ ਕਾਅਬਾ ਆਪ ਵਡਿਆਇੰਦਾ । ਸੁਰਤੀ ਸ਼ਬਦੀ ਮੇਲਾ ਮਿਲੇ ਆਣ, ਘਰ ਸੱਜਣ ਦਇਆ ਕਮਾਇੰਦਾ । ਸ਼ਬਦ ਅਨਾਦ ਸੁਣੇ ਧੁਨਕਾਨ, ਅਨਹਦ ਰਾਗੀ ਰਾਗ ਸੁਣਾਇੰਦਾ । ਅੰਮ੍ਰਿਤ ਦੇਵੇ ਪੀਣ ਖਾਣ, ਨਿਝਰ ਝਿਰਨਾ ਆਪ ਝਿਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਇੰਦਾ । ਹਰਿਜਨ ਵੇਖੇ ਵੇਖਣ ਜੋਗ, ਪਾਰਬ੍ਰਹਮ ਵੱਡੀ ਵਡਿਆਈਆ । ਭਗਤ ਭਗਵਾਨ ਧੁਰ ਸੰਜੋਗ, ਨਾ ਕੋਈ ਮੇਟੇ ਮੇਟ ਮਿਟਾਈਆ । ਰਾਹ ਤੱਕਣ ਚੌਦਾਂ ਲੋਕ, ਚੌਦਾਂ ਤਬਕ ਧਿਆਨ ਲਗਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਪ੍ਰਭ ਦਾ ਗਾਇਣ ਸਲੋਕ, ਸਾਚਾ ਢੋਲਾ ਰਹੇ ਜਣਾਈਆ । ਪੁਰਖ ਅਕਾਲ ਦੀਨ ਦਿਆਲ ਆਦਿ ਜੁਗਾਦਿ ਇਕੋ ਓਟ, ਏਕੰਕਾਰ ਸੱਚੀ ਸਰਨਾਈਆ । ਵਸਣਹਾਰਾ ਸਚਖੰਡ ਸਾਚੇ ਕੋਟ, ਥਿਰ ਘਰ ਸ਼ਬਦ ਰੂਪ ਜਣਾਈਆ । ਨਿਰਗੁਣ ਪਰਗਟ ਕਰ ਜੋਤ, ਜੋਤੀ ਜੋਤ ਜੋਤ ਰੁਸ਼ਨਾਈਆ । ਨਾ ਕੋਈ ਹਰਖ਼ ਨਾ ਕੋਈ ਸੋਗ,

੮੦੭ ੧੪

ਚਿੰਤਾ ਗ਼ਮ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਵਨ ਮੇਲਾ ਮੇਲ ਮਿਲਾਈਆ । ਭਗਤਨ ਮੀਤਾ ਏਕੰਕਾਰ, ਜੁਗ ਚੌਕੜੀ ਵੇਖ ਵਖਾਇੰਦਾ । ਨਿਰਗੁਣ ਸਰਗੁਣ ਲੈ ਅਵਤਾਰ, ਰੂਪ ਅਨੂਪ ਆਪ ਧਰਾਇੰਦਾ । ਸੰਤ ਸਾਜਣ ਕਰੇ ਪਿਆਰ, ਸਤਿਗੁਰ ਆਪਣੇ ਅੰਗ ਲਗਾਇੰਦਾ । ਮਨਮੁਖ ਡੋਬੇ ਮੰਜਧਾਰ, ਬੇੜਾ ਸ਼ੌਹ ਦਰਯਾਏ ਰੁੜ੍ਹਾਇੰਦਾ । ਰਾਏ ਧਰਮ ਮਾਰੇ ਮਾਰ, ਵੇਲੇ ਅੰਤ ਨਾ ਕੋਇ ਛੁਡਾਇੰਦਾ । ਨੇਤਰ ਰੋਵਣ ਜ਼ਾਰੋ ਜ਼ਾਰ, ਧੀਰਜ ਧੀਰ ਨਾ ਕੋਇ ਵਖਾਇੰਦਾ । ਰਸਨਾ ਕੂੜੀ ਕੂੜਾ ਵਿਕਾਰ, ਕੂੜ ਕੁੜਿਆਰੇ ਧੰਦੇ ਲਾਇੰਦਾ । ਜਿਨ੍ਹਾਂ ਸਾਹਿਬ ਸਤਿਗੁਰ ਮਿਲਿਆ ਮੀਤ ਮੁਰਾਰ, ਸੋ ਸਾਹਿਬ ਸਿਖਿਆ ਇਕ ਸਮਝਾਇੰਦਾ । ਗੁਰਮਤ ਸਾਰੇ ਕਰੋ ਪਿਆਰ, ਮਨਮਤ ਬਾਹਰ ਕਢਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਇੰਦਾ । ਭਗਤ ਭਗਵਾਨ ਇਕੋ ਨਾਤਾ, ਆਤਮ ਪਰਮਾਤਮ ਜੋੜ ਜੁੜਾਈਆ । ਤੂੰ ਮੇਰਾ ਮੈਂ ਤੇਰਾ ਗਾਵਣ ਗਾਥਾ, ਸੋਹੰ ਢੋਲਾ ਇਕ ਅਲਾਈਆ । ਨਾਨਕ ਨਿਰਗੁਣ ਇਕ ਪਛਾਤਾ, ਦੂਜੇ ਸਮਝ ਕਿਸੇ ਨਾ ਕਾਈਆ । ਗੋਬਿੰਦ ਪੁਰਖ ਅਕਾਲ ਦਾਤਾ, ਇਕੋ ਪਿਤਾ ਇਕੋ ਮਾਈਆ । ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਹੋ ਕੇ ਸਰਗੁਣ ਵਸੇ ਸਾਥਾ, ਸਗਲਾ ਸੰਗ ਨਿਭਾਈਆ । ਚਾਰ ਵਰਨ ਬਣਾਏ ਇਕ ਜਮਾਤਾ, ਚਾਰੋਂ ਕੁੰਟ, ਇਕ ਰੁਸ਼ਨਾਈਆ । ਚਾਰ ਯੁਗ ਦਾ ਖੇਲ ਤਮਾਸ਼ਾ, ਚਾਰ ਯਾਰੀ ਨਾਲ ਹੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਲੇਖਾ ਦਏ ਮੁਕਾਈਆ । ਜਨ ਭਗਤਾਂ ਲੇਖਾ ਦੋ ਜਹਾਨ, ਸੋ ਪੁਰਖ ਨਿਰੰਜਣ ਆਪ ਚੁਕਾਇੰਦਾ । ਜੁਗ ਚੌਕੜੀ ਵੇਖੇ ਆਣ, ਅਨਭਵ ਆਪਣੀ ਧਾਰ ਪਰਗਟਾਇੰਦਾ । ਸਚ ਸਚ ਕਰਦਾ ਰਿਹਾ ਪਿਆਰ, ਪਰੇਮ ਪ੍ਰੀਤੀ ਇਕ ਬੰਧਾਇੰਦਾ । ਨਿਰਮਲ ਜੀਆ ਦੀਆ ਕਰ ਉਜਿਆਰ, ਜੋਤੀ ਜੋਤ ਡਗਮਗਾਇੰਦਾ । ਕਾਇਆ ਮੰਦਰ ਖੋਲ੍ਹ ਕਿਵਾੜ, ਆਤਮ ਤਾਕੀ ਕੁੰਡਾ ਲਾਹਿੰਦਾ । ਅਨਹਦ ਨਾਦ ਸੁਣੇ ਧੁਨਕਾਰ, ਸ਼ਬਦ ਅਨਾਦੀ ਨਾਦ ਵਜਾਇੰਦਾ । ਝਿਰਨਾ ਝਿਰੇ ਅਪਰ ਅਪਾਰ, ਬੂੰਦ ਸਵਾਂਤੀ ਆਪ ਟਪਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਵਾਨ ਰਾਹ ਵਖਾਇੰਦਾ । ਭਗਤ ਕਹੇ ਪ੍ਰਭ ਮੇਰਾ ਸੰਗ, ਸਗਲਾ ਸੰਗ ਨਿਭਾਈਆ । ਨਿਰਗੁਣ ਹੋ ਕੇ ਅੰਦਰ ਗਿਆ ਲੰਘ, ਆਤਮ ਸੇਜਾ ਸੋਭਾ ਪਾਈਆ । ਦੂਈ ਦਵੈਤ ਢਾਹੇ ਕੰਧ, ਭਾਂਡਾ ਭਰਮ ਭੌ ਭੰਨਾਈਆ । ਹਰਿ ਕਾ ਨਾਮ ਸੁਣਾਇਆ ਛੰਦ, ਗੀਤ ਗੋਬਿੰਦ ਇਕ ਅਲਾਈਆ । ਆਤਮ ਮਿਲਿਆ ਪਰਮਾਨੰਦ, ਨਿਜਾਨੰਦ ਰਿਹਾ ਵਖਾਈਆ । ਸੁਰਤੀ ਸ਼ਬਦੀ ਟੁੱਟੀ ਡੋਰ ਗੰਢ, ਇਕੋ ਬੰਧਨ ਦੇਵੇ ਪਾਈਆ । ਜੋਤ ਨਿਰੰਜਣ ਚੜ੍ਹੇ ਚੰਦ, ਅੰਧ ਅੰਧੇਰ ਦਏ ਗਵਾਈਆ । ਸਤਿਗੁਰ ਪੂਰਾ ਸਦਾ ਬਖ਼ਸ਼ੰਦ, ਬਖ਼ਸ਼ਣਹਾਰ ਵਡ ਵਡਿਆਈਆ । ਲੇਖਾ ਜਾਣੇ ਇੰਡ ਪਿੰਡ ਬ੍ਰਹਿਮੰਡ, ਤਤਵ ਤਤ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਵਨ ਦੇਵਣਹਾਰ ਵਡਿਆਈਆ । ਭਗਵਨ ਕਹੇ ਮੇਰਾ ਭਗਤ ਮੀਤ, ਮਿੱਤਰ ਪਿਆਰਾ ਇਕ ਅਖਵਾਈਆ । ਜੋ ਨਿਤ ਨਵਿਤ ਗਾਵੇ ਸੱਚਾ ਗੀਤ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਦਰਸਨ ਕਰੇ ਇਕ ਅਤੀਤ, ਤ੍ਰੈਗੁਣ ਮਾਇਆ ਡੇਰਾ ਢਾਹੀਆ । ਨਜ਼ਰੀ ਆਏ ਲਾਸ਼ਰੀਕ, ਸ਼ਰਕਤ ਕੋਇ ਰਹਿਣ ਨਾ ਪਾਈਆ । ਜਿਸ ਦਾ ਮਾਰਗ ਇਕ ਬਾਰੀਕ, ਮਗ ਚਲੇ ਨਾ ਕੋਇ ਰਾਈਆ । ਜਿਸ ਦਾ ਹੁਕਮ ਸਚ ਠੀਕ, ਕੂੜਾ ਠੀਕਰ ਭੰਨ ਵਖਾਈਆ । ਜਿਸ ਦੀ ਗੁਰ ਅਵਤਾਰ ਪੀਰ ਪੈਗ਼ੰਬਰ ਰੱਖਣ ਉਡੀਕ, ਸੋ ਸਾਹਿਬ ਪੁਰਖ ਬੇਪਰਵਾਹੀਆ । ਲੱਖ ਚੁਰਾਸੀ ਪਰਖੇ ਨੀਤ, ਘਟ ਘਟ ਆਪਣਾ

ਡੇਰਾ ਲਾਈਆ । ਜਨ ਭਗਤਾਂ ਦੱਸੇ ਇਕ ਪ੍ਰੀਤ, ਚਰਨ ਕਵਲ ਸੱਚੀ ਸਰਨਾਈਆ । ਪੰਜ ਤੱਤ ਕਾਇਆ ਹੋਵੇ ਠੰਡੀ ਸੀਤ, ਅਗਨੀ ਤੱਤ ਨਾ ਲਾਗੇ ਰਾਈਆ । ਜੀਂਵਦਿਆਂ ਜਗ ਲਏ ਜੀਤ, ਤਿਸ ਭਗਤ ਮਿਲੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਭਗਤ ਭਗਵਾਨ ਸੋਹੇ ਜਗ, ਸ੍ਰੀ ਭਗਵਾਨ ਦਇਆ ਕਮਾਇੰਦਾ । ਫੜ ਕੇ ਹੰਸ ਬਣਾਏ ਕੱਗ, ਕਾਗੋਂ ਹੰਸ ਉਡਾਇੰਦਾ । ਦਰਸ ਦਿਖਾਏ ਉਪਰ ਸ਼ਾਹ ਰਗ, ਨੌਂ ਦਵਾਰੇ ਪੰਧ ਮੁਕਾਇੰਦਾ । ਅਨਹਦ ਵੱਜੇ ਸਾਚਾ ਨਦ, ਅਨਰਾਗੀ ਆਪਣਾ ਰਾਗ ਅਲਾਇੰਦਾ । ਅੰਮ੍ਰਿਤ ਜਾਮ ਪਿਆਏ ਸਾਚੀ ਮਧ, ਦਿਵਸ ਰੈਣ ਖ਼ੁਮਾਰ ਚੜ੍ਹਾਇੰਦਾ । ਮਾਇਆ ਮਮਤਾ ਨਾਲੋਂ ਕਰ ਕੇ ਅੱਡ, ਸੁਰਤੀ ਸ਼ਬਦ ਨਾਲ ਮਿਲਾਇੰਦਾ । ਕਰ ਪਰਕਾਸ਼ ਅੰਧੇਰੀ ਖੱਡ, ਜੋਤੀ ਜੋਤ ਜੋਤ ਰੁਸ਼ਨਾਇੰਦਾ । ਸਚ ਦਵਾਰਾ ਵਖਾਏ ਇਕੋ ਪਦ, ਜਿਸ ਘਰ ਹਰਿ ਜੂ ਸੋਭਾ ਪਾਇੰਦਾ । ਸ੍ਰਿਸ਼ਟ ਸਬਾਈ ਨਾਲੋਂ ਕਰ ਅਲੱਗ, ਮੰਦਰ ਇਕੋ ਇਕ ਵਡਿਆਇੰਦਾ । ਲੇਖੇ ਲਾਏ ਕਾਇਆ ਮਾਟੀ ਚੰਮ ਨਾੜੀ ਹੱਡ, ਜਿਸ ਜਨ ਆਪਣੇ ਅੰਗ ਲਗਾਇੰਦਾ । ਕੂੜ ਕੁੜਿਆਰਾ ਜਗਤ ਨਾਤਾ ਸੰਤ ਸੁਹੇਲਾ ਜਾਏ ਛੱਡ, ਪੁਰਖ ਅਬਿਨਾਸ਼ੀ ਇਕੋ ਇਕ ਧਿਆਇੰਦਾ । ਦੀਨ ਮਜ਼੍ਹਬ ਦੀ ਪਾਰ ਕਰ ਹੱਦ, ਜ਼ਾਤ ਪਾਤ ਨਾ ਕੋਇ ਰਖਾਇੰਦਾ । ਅਬਿਨਾਸ਼ੀ ਕਰਤਾ ਸਾਚੇ ਮੰਦਰ ਲਏ ਸੱਦ, ਸਰਗੁਣ ਨਿਰਗੁਣ ਕੂਕ ਇਕ ਸੁਣਾਇੰਦਾ । ਬ੍ਰਹਮ ਕਹੇ ਪਾਰਬ੍ਰਹਮ ਮੈਂ ਤੇਰੀ ਯੱਦ, ਤੇਰਾ ਬੰਸ ਸਰਬੰਸ ਤੁਧ ਬਿਨ ਪਾਰ ਨਾ ਕੋਇ ਕਰਾਇੰਦਾ । ਪੁਰਖ ਅਕਾਲਾ ਦੀਨ ਦਿਆਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖਾਏ ਸੱਚੀ ਧਰਮਸਾਲਾ, ਧਰਮ ਦਵਾਰਾ ਇਕ ਵਡਿਆਇੰਦਾ । ਧਰਮਸਾਲਾ ਵੇਖੋ ਸਿਖ, ਸੋ ਸਤਿਗੁਰ ਆਪ ਵਖਾਈਆ । ਜਿਥੇ ਗੁਰ ਅਵਤਾਰ ਪੀਰ ਪੈਗ਼ੰਬਰ ਮੰਗਣ ਭਿਖ, ਦਰ ਬੈਠੇ ਸੀਸ ਝੁਕਾਈਆ । ਪੁਰਖ ਬਿਧਾਤਾ ਨਰ ਨਿਰੰਕਾਰ ਸਭ ਦਾ ਲੇਖਾ ਰਿਹਾ ਲਿਖ, ਲਿਖਿਆ ਲੇਖ ਨਾ ਕੋਇ ਮਿਟਾਈਆ । ਜੁਗ ਚੌਕੜੀ ਭਗਤਾਂ ਕਰੇ ਹਿਤ, ਨਿਤ ਨਵਿਤ ਆਪਣਾ ਫੇਰਾ ਪਾਈਆ । ਕਰਵਟ ਲੈ ਬਦਲਾਏ ਪਿਠ, ਸਨਮੁਖ ਆਪਣਾ ਰੂਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੁਰਖ ਅਕਾਲ ਸੱਚਾ ਸ਼ਹਿਨਸ਼ਾਹੀਆ । ਪੁਰਖ ਅਕਾਲ ਢੋਲਾ ਗੌਣਾ, ਗਾ ਗਾ ਸ਼ੁਕਰ ਮਨਾਈਆ । ਪੁਰਖ ਅਬਿਨਾਸ਼ੀ ਘਰ ਮੇਂ ਪੌਣਾ, ਘਰ ਮਿਲੇ ਬੇਪਰਵਾਹੀਆ । ਗੁਰਦਵਾਰਾ ਇਕ ਸੁਹੌਣਾ, ਗੁਰ ਗੁਰ ਆਪਣਾ ਮੇਲ ਮਿਲਾਈਆ । ਸ਼ਿਵਦਵਾਲਾ ਮੱਠ ਇਕ ਬਣੌਣਾ, ਜਿਸ ਘਰ ਵਸੇ ਬੇਪਰਵਾਹੀਆ । ਦੀਪਕ ਦੀਆ ਜੋਤ ਜਗੌਣਾ, ਨੂਰੋ ਨੂਰ ਹੋਏ ਰੁਸ਼ਨਾਈਆ । ਕਲਜੁਗ ਕੂੜੀ ਕਿਰਿਆ ਬਾਹਰ ਕਢੌਣਾ, ਮਾਇਆ ਮਮਤਾ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਨ ਭਗਤਾਂ ਰਿਹਾ ਜਣਾਈਆ । ਭਗਤ ਕਹਿਣ ਪ੍ਰਭ ਕਲੂ ਸ਼ੈਤਾਨ, ਚਾਰੋਂ ਕੁੰਟ ਦਏ ਦੁਹਾਈਆ । ਸਾਬਤ ਰਹਿਣ ਨਾ ਦਿਤਾ ਕਿਸੇ ਈਮਾਨ, ਆਮਲ ਨਜ਼ਰ ਕੋਇ ਨਾ ਆਈਆ । ਪੰਚਮ ਪੰਚ ਕਰੇ ਕਲਿਆਣ, ਮਨ ਕਲਮਾ ਰਿਹਾ ਪੜ੍ਹਾਈਆ । ਕੂੜ ਵਾਸਨਾ ਖੋਲ੍ਹ ਦੁਕਾਨ, ਜੂਠ ਝੂਠ ਵਸਤ ਵਿਕਾਈਆ । ਭੁਲਿਆ ਨਾਉਂ ਸ੍ਰੀ ਭਗਵਾਨ, ਗੁਰ ਕਾ ਸ਼ਬਦ ਨਾ ਕੋਇ ਕਮਾਈਆ । ਆਤਮ ਅੰਤਰ ਨਾ ਹੋਏ ਪਰਵਾਨ, ਪਰਵਾਨਾ ਨਾਮ ਨਾ ਕੋਇ ਫੜਾਈਆ । ਬ੍ਰਹਮ ਵਿਦਿਆ ਨਾ ਕੋਇ ਗਿਆਨ, ਚੌਦਾਂ ਵਿਦਿਆ ਰਹੀ ਕੁਰਲਾਈਆ । ਚਾਰੋਂ ਕੁੰਟ ਸੁੰਞ ਮਸਾਣ, ਗੁਰਮੁਖ ਨਜ਼ਰ ਕੋਇ ਨਾ ਆਈਆ । ਸੁਰਤੀ ਚੜ੍ਹੇ ਨਾ ਸ਼ਬਦ ਬਬਾਣ, ਨਾਰ ਕੰਤ ਨਾ ਕੋਇ ਹੰਡਾਈਆ । ਸਾਚਾ ਮੰਦਰ

ਨਾ ਮਿਲੇ ਮਕਾਨ, ਹੁਜਰਾ ਹੱਕ ਨਾ ਕੋਇ ਸੁਹਾਈਆ । ਕਾਇਨਾਤ ਦੇਵੇ ਨਾ ਕੋਇ ਪੈਗ਼ਾਮ, ਪੀਰ ਪੈਗ਼ੰਬਰ ਸ਼ਰੀਅਤ ਸਚ ਨਾ ਕੋਇ ਜਣਾਈਆ । ਅੱਲਾ ਰਾਣੀ ਹੋਈ ਹੈਰਾਨ, ਨੇਤਰ ਨੈਣ ਰਹੇ ਸ਼ਰਮਾਈਆ । ਚਾਰ ਯਾਰੀ ਮਿਲਿਆ ਨਾ ਹਾਣੀ ਹਾਣ, ਪੱਲੂ ਗੰਢ ਨਾ ਕੋਇ ਪੁਆਈਆ । ਚੌਧਵੀਂ ਸਦੀ ਮੀਆਂ ਨਾ ਮਿਲਿਆ ਆਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਰਿਹਾ ਜਣਾਈਆ । ਸਾਚਾ ਲੇਖਾ ਦੱਸੇ ਸਾਹਿਬ ਸੁਲਤਾਨ, ਸੋ ਪੁਰਖ ਨਿਰੰਜਣ ਵੱਡੀ ਵਡਿਆਈਆ । ਸਚਖੰਡ ਨਿਵਾਸੀ ਖੇਲ ਮਹਾਨ, ਪੁਰਖ ਅਕਾਲ ਆਪ ਕਰਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨੌਂ ਸੌ ਚੁਰਾਨਵੇ ਚੌਕੜੀ ਯੁਗ ਖੇਲ ਖੇਲਿਆ ਮਾਤ ਮਹਾਨ, ਸਰਗੁਣ ਆਪਣੀ ਵੰਡ ਵੰਡਾਈਆ । ਗੁਰ ਅਵਤਾਰ ਕਰ ਪਰਧਾਨ, ਸਚ ਪਰਧਾਨਗੀ ਮਾਤ ਜਣਾਈਆ । ਨਿਸ਼ਅੱਖਰ ਅੱਖਰ ਕਰ ਪਰਵਾਨ, ਸ਼ਬਦੀ ਸ਼ਬਦ ਵੰਡ ਵੰਡਾਈਆ । ਆਤਮ ਪਰਮਾਤਮ ਦੇ ਗਿਆਨ, ਭੇਵ ਅਭੇਦਾ ਇਕ ਖੁਲ੍ਹਾਈਆ । ਸਭ ਦਾ ਸਾਂਝਾ ਸ੍ਰੀ ਭਗਵਾਨ, ਸਚ ਦਵਾਰੇ ਵੰਡ ਨਾ ਕੋਇ ਵਖਾਈਆ । ਝੁੱਲਦਾ ਰਹੇ ਇਕ ਨਿਸ਼ਾਨ, ਸਚ ਨਿਸ਼ਾਨਾ ਇਕ ਝੁਲਾਈਆ । ਆਦਿ ਜੁਗਾਦਿ ਸਦਾ ਮਿਹਰਵਾਨ, ਮਿਹਬਾਨ ਬੀਦੋ ਬੀ ਖ਼ੈਰ ਯਾ ਅੱਲਾ ਇਲਾਹੀ ਨੂਰ ਅਖਵਾਈਆ । ਰਾਮ ਰਹੀਮ ਹੋ ਪਰਧਾਨ, ਰਹਿਮਤ ਆਪਣੀ ਸਚ ਕਮਾਈਆ । ਕਾਹਨਾ ਕ੍ਰਿਸ਼ਨਾ ਜੋਤੀ ਨੂਰ ਮਹਾਨ, ਬੰਸਰੀ ਨਾਮ ਇਕ ਵਜਾਈਆ । ਮੂਸਾ ਵੇਖ ਨੂਰੀ ਸ਼ਾਨ, ਕੋਹਤੂਰ ਸੁਰਤ ਭੁਲਾਈਆ । ਈਸਾ ਮੰਗੇ ਸਾਚਾ ਦਾਨ, ਪਰਵਰਦਿਗਾਰ ਅੱਗੇ ਝੋਲੀ ਡਾਹੀਆ । ਮੁਹੰਮਦ ਉਚੀ ਕੂਕ ਕਰੇ ਪੁਕਾਰ, ਯਾ ਮੁਬੀਨ ਰਿਹਾ ਸਮਝਾਈਆ । ਮੇਰੇ ਪਿਛੇ ਆਵੇ ਮੇਰਾ ਪਰਵਰਦਿਗਾਰ, ਵਡ ਅਮਾਮ ਫੇਰਾ ਪਾਈਆ । ਸਦੀ ਚੌਧਵੀਂ ਕਰੇ ਵਿਚਾਰ, ਚੌਦਸ ਚੰਦ ਨੂਰ ਰੁਸ਼ਨਾਈਆ । ਚੌਦਾਂ ਤਬਕਾਂ ਵੇਖਣਹਾਰ, ਸਬਕ ਇਕੋ ਇਕ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲੇਖਾ ਰਿਹਾ ਮੁਕਾਈਆ । ਸਭ ਦਾ ਲੇਖਾ ਹਰਿ ਗੋਪਾਲ, ਸੋ ਪੁਰਖ ਨਿਰੰਜਣ ਆਪਣੇ ਹੱਥ ਰਖਾਇੰਦਾ । ਸਚਖੰਡ ਨਿਵਾਸੀ ਹੋ ਦਿਆਲ, ਨਿਰਗੁਣ ਨਾਨਕ ਨੂਰ ਨੂਰ ਧਰਾਇੰਦਾ । ਸਚਖੰਡ ਦਵਾਰੇ ਸਚ ਮਕਾਨ, ਧਰਮ ਦਵਾਰੇ ਆਪ ਬਹਾਇੰਦਾ । ਸਾਚਾ ਮੰਤਰ ਇਕ ਗਿਆਨ, ਨਾਮ ਸਤਿ ਦ੍ਰਿੜਾਇੰਦਾ । ਨਿਰਗੁਣ ਨਾਨਕ ਵੇਖ ਹੋਇਆ ਕੁਰਬਾਨ, ਆਪ ਆਪਾ ਭੇਟ ਚੜ੍ਹਾਇੰਦਾ । ਉਚੀ ਬੋਲੇ ਬਿਨ ਰਸਨਾ ਜਿਹਵਾ ਜ਼ਬਾਨ, ਬਿਨ ਬੱਤੀ ਦੰਦ ਸਿਫ਼ਤ ਸਾਲਾਹਿੰਦਾ । ਤੂੰ ਮੇਰਾ ਮੈਂ ਤੇਰਾ ਮੇਰੇ ਸਾਹਿਬ ਪੁਰਖ ਸੁਲਤਾਨ, ਦਰ ਤੇਰੇ ਅਲੱਖ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਇਕੋ ਜੋਤ ਨੂਰ ਪਰਕਾਸ਼, ਖੇਲੇ ਖੇਲ ਪੁਰਖ ਅਬਿਨਾਸ਼, ਲੇਖਾ ਜਾਣੇ ਧਰਤ ਧਵਲ ਆਕਾਸ਼, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਗਗਨ ਗਗਨੰਤਰ ਆਪ ਜਣਾਇੰਦਾ । ਗਗਨ ਗਗਨੰਤਰ ਦੀਨ ਦਿਆਲ, ਏਕਾ ਨੂਰ ਜਣਾਈਆ । ਏਕਾ ਜੋਤੀ ਬੇਮਿਸਾਲ, ਦਸ ਦਸ ਧਾਰ ਵਖਾਈਆ । ਪੂਤ ਸਪੂਤਾ ਕਰ ਤਿਆਰ, ਪੁਰਖ ਅਕਾਲ ਦਏ ਵਡਿਆਈਆ । ਸ਼ਬਦੀ ਸ਼ਬਦ ਸ਼ਬਦ ਨਿਰਾਕਾਰ, ਸਾਕਾਰ ਵਿਚ ਸਮਾਈਆ । ਗੋਬਿੰਦ ਗੋਬਿੰਦ ਰੱਖੇ ਧਾਰ, ਸਿੰਘ ਇਕੋ ਨਾਮ ਵਡਿਆਈਆ । ਸ਼ਬਦੀ ਖੰਡਾ ਨਾਮ ਕਟਾਰ, ਤਨ ਅੰਤਰ ਗਾਤਰੇ ਆਪ ਰਖਾਈਆ । ਧੁਰ ਸੰਦੇਸਾ ਏਕਾ ਵਾਰ, ਪੁਰਖ ਅਕਾਲ ਆਪ ਜਣਾਈਆ । ਤੇਰਾ ਮੇਰਾ ਇਕ ਪਿਆਰ, ਜੁੜਿਆ ਰਹੇ ਵਿਚ ਸੰਸਾਰ, ਦੋ ਜਹਾਨਾਂ ਤੋੜ ਨਾ ਸਕੇ ਕੋਇ ਰਾਈਆ । ਤੂੰ ਸੂਰਬੀਰ ਸ਼ਾਹਕਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਰਚਾਈਆ । ਗੋਬਿੰਦ ਸੂਰਾ ਜੋਤੀ ਨੂਰਾ, ਪੁਰਖ

ਅਕਾਲ ਮਨਾਇੰਦਾ । ਸਾਹਿਬ ਸਤਿਗੁਰ ਹਾਜ਼ਰ ਹਜ਼ੂਰਾ ਬਚਨੀ ਪੂਰਾ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਨਾਤਾ ਤੋੜੇ ਕੂੜੋ ਕੂੜਾ, ਟਿੱਕਾ ਇਕੋ ਇਕ ਲਗਾਇੰਦਾ । ਸਰਬ ਕਲਾ ਹਰਿ ਭਰਪੂਰਾ, ਆਦਿ ਜੁਗਾਦਿ ਹਾਜ਼ਰ ਹਜ਼ੂਰਾ, ਨਿਰਗੁਣ ਸਰਗੁਣ ਖੇਲ ਖਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਗੋਬਿੰਦ ਧਾਰ ਕਰ ਉਜਿਆਰ, ਚਾਰ ਵਰਨਾਂ ਇਕ ਪਿਆਰ, ਅੰਮ੍ਰਿਤ ਜਾਮ ਦਏ ਪਿਆਲ, ਕਿਰਪਾ ਕਰੇ ਆਪ ਕਿਰਪਾਲ, ਸਾਚੀ ਸਿਖਿਆ ਸਿਖ ਦ੍ਰਿੜਾਇੰਦਾ । ਸਾਚੀ ਸਿਖਿਆ ਸ਼ਬਦ ਗੁਰਦੇਵ, ਇਕੋ ਇਕ ਜਣਾਈਆ । ਆਤਮ ਪਰਮਾਤਮ ਸਾਚੀ ਸੇਵ, ਸਰਬ ਸਹਿਜ ਸੁਖਦਾਈਆ । ਕਲਜੁਗ ਅੰਤਮ ਫਲ ਲੱਗੇ ਮੇਵ, ਅੰਮ੍ਰਿਤ ਫਲ ਦਏ ਵਖਾਈਆ । ਦੀਨ ਦਿਆਲ ਖੋਲ੍ਹੇ ਆਣ ਭੇਵ, ਅਭੇਦ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਰਚਾਈਆ । ਸਾਚੀ ਖੇਲ ਰਚੇ ਨਿਰੰਕਾਰ, ਕਲਜੁਗ ਅੰਤਮ ਵੇਸ ਵਟਾਈਆ । ਨਿਰਗੁਣ ਨਿਰਗੁਣ ਲੈ ਅਵਤਾਰ, ਜੋਤੀ ਜੋਤ ਜੋਤ ਰੁਸ਼ਨਾਈਆ । ਸ਼ਬਦੀ ਡੰਕਾ ਵਿਚ ਸੰਸਾਰ, ਰਾਉ ਰੰਕਾਂ ਦਏ ਜਣਾਈਆ । ਗੁਰਮੁਖਾਂ ਕਰੇ ਇਕ ਪਿਆਰ, ਪਰੇਮ ਪ੍ਰੀਤੀ ਸਚ ਸਮਝਾਈਆ । ਅੰਮ੍ਰਿਤ ਆਤਮ ਦੇਵੇ ਠੰਡਾ ਠਾਰ, ਸਾਂਤਕ ਸਤਿ ਸਤਿ ਕਰਾਈਆ । ਲੱਖ ਚੁਰਾਸੀ ਦਏ ਨਵਾਰ, ਬੰਧਨ ਕੋਇ ਰਹਿਣ ਨਾ ਪਾਈਆ । ਸਤਿਜੁਗ ਸਾਚਾ ਦਏ ਵਖਾਲ, ਕਲਜੁਗ ਕੂੜਾ ਡੇਰਾ ਢਾਹੀਆ । ਚਾਰ ਵਰਨਾਂ ਦਏ ਗਿਆਨ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਇਕੋ ਧਾਰ ਵਖਾਈਆ ।





★ ੨੭ ਜੇਠ ੨੦੨੦ ਬਿਕ੍ਰਮੀ ਜਗੀਰ ਸਿੰਘ ਦੇ ਗ੍ਰਿਹ ਪਿੰਡ ਕੀਰ ਜੰਮੂ ★

ਹਰਿ ਕਿਰਪਾ ਗੁਰ ਪਾਇਆ, ਗੁਰ ਕਿਰਪਾ ਸ਼ਬਦ ਆਧਾਰ । ਹਰਿ ਕਿਰਪਾ ਘਰ ਪਾਇਆ, ਘਰ ਮੰਦਰ ਅਪਰ ਅਪਾਰ । ਹਰਿ ਕਿਰਪਾ ਦਰ ਸੁਹਾਇਆ, ਦਰ ਖੋਲ੍ਹੇ ਬੰਦ ਕਿਵਾੜ । ਹਰਿ ਕਿਰਪਾ ਡਰ ਚੁਕਾਇਆ, ਭੈ ਭੌ ਨਾ ਵਿਚ ਸੰਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਆਪ ਨਿਰੰਕਾਰਾ । ਹਰਿ ਕਿਰਪਾ ਗੁਰ ਮੰਨਿਆ, ਭਾਂਡਾ ਭਰਮ ਭੌ ਭੰਨਾਈਆ । ਹਰਿ ਕਿਰਪਾ ਚੜ੍ਹਿਆ ਸੱਚਾ ਚੰਨਿਆ, ਨਿਰਗੁਣ ਜੋਤ ਨੂਰ ਰੁਸ਼ਨਾਈਆ । ਹਰਿ ਕਿਰਪਾ ਦੂਈ ਦਵੈਤੀ ਟੁੱਟਾ ਬੰਨਿਆ, ਪਾਰਬ੍ਰਹਮ ਬ੍ਰਹਮ ਇਕੋ ਨਜ਼ਰੀ ਆਈਆ । ਹਰਿ ਕਿਰਪਾ ਰਾਏ ਧਰਮ ਨਾ ਦੇਵੇ ਡੰਨਿਆ, ਅੱਗੇ ਮਿਲੇ ਨਾ ਕੋਇ ਸਜ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਹਰਿ ਕਿਰਪਾ ਗੁਰ ਬੁਝਿਆ, ਪਾਈ ਸ਼ਬਦ ਵਿਚਾਰ । ਹਰਿ ਕਿਰਪਾ ਗੁਰਸਿਖ ਝੁਜਿਆ, ਦੋਏ ਜੋੜ ਕਰ ਨਿਮਸਕਾਰ । ਹਰਿ ਕਿਰਪਾ ਗੁਰਮੁਖ ਰੁਝਿਆ, ਚਰਨ ਪ੍ਰੀਤੀ ਵਿਚ ਸੰਸਾਰ । ਹਰਿ ਕਿਰਪਾ ਕਵਲ ਹੋਏ ਮੂਧਿਆ, ਊਂਧਾ ਹੋ ਝਿਰਨਾ ਝਿਰੇ ਅਪਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਇਕ ਦਾਤਾਰ । ਹਰਿ ਕਿਰਪਾ ਗੁਰ ਮੇਲਿਆ, ਗੁਰ ਸਤਿਗੁਰ ਸਾਚੀ ਓਟ । ਲੇਖਾ ਚੁੱਕੇ ਗੁਰੂ ਗੁਰ ਚੇਲਿਆ,

ਘਰ ਪਰਕਾਸ਼ ਨਿਰਮਲ ਜੋਤ । ਨਜ਼ਰੀ ਆਏ ਸੱਜਣ ਸੁਹੇਲਿਆ, ਨਾਮ ਜਣਾਏ ਸਤਿ ਸਲੋਕ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਨਾਮ ਅਤੋਟ । ਹਰਿ ਕਿਰਪਾ ਗੁਰ ਵੇਖਿਆ, ਪਾਰਬ੍ਰਹਮ ਗੁਰ ਕਰਤਾਰ । ਦੂਈ ਦਵੈਤ ਚੁਕਿਆ ਭਰਮ ਭੁਲੇਖਿਆ, ਭਾਂਡਾ ਭਰਮ ਭੌ ਨਿਵਾਰ । ਪੂਰਬ ਜਨਮ ਮਿਟੀ ਰੇਖਿਆ, ਮਾਣਸ ਜਨਮ ਉਤਰੇ ਪਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਇਕ ਨਾਮ ਆਧਾਰ । ਹਰਿ ਕਿਰਪਾ ਗੁਰ ਸੇਵਿਆ, ਸਾਹਿਬ ਸਤਿਗੁਰ ਸੱਜਣ ਮੀਤ । ਪ੍ਰਭ ਪਾਇਆ ਵਡ ਦੇਵੀ ਦੇਵਿਆ, ਆਦਿ ਜੁਗਾਦੀ ਇਕ ਅਤੀਤ । ਨਾਮ ਧਿਆਇਆ ਰਸਨਾ ਜਿਹਵਿਆ, ਕਾਇਆ ਮੰਦਰ ਅੰਦਰ ਵੜ ਸੱਚੀ ਮਸੀਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਇਕ ਅਨਡੀਠ । ਹਰਿ ਕਿਰਪਾ ਗੁਣ ਜਾਨਿਆ, ਗੁਣਵੰਤਾ ਗੁਣ ਵਿਚਾਰ । ਅੰਤਰ ਆਤਮ ਇਕ ਰੰਗ ਮਾਨਿਆ, ਸੁਖ ਸਾਗਰ ਡੂੰਘੀ ਗਾਰ । ਦੀਪਕ ਜੋਤ ਜਗੇ ਮਹਾਨਿਆ, ਅੰਧ ਅੰਧੇਰ ਦਏ ਨਿਵਾਰ । ਅਨਹਦ ਸੁਣਿਆ ਸੱਚਾ ਗਾਨਿਆ, ਸ਼ਬਦ ਅਨਾਦ ਸੱਚੀ ਧੁਨਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਦਰਸ ਅਗੰਮ ਅਪਾਰ । ਹਰਿ ਕਿਰਪਾ ਮਨ ਲੋਚਿਆ, ਗੁਰ ਕਿਰਪਾ ਗੁਣ ਨਿਧਾਨ । ਸਤਿਗੁਰ ਹੱਥ ਨਾ ਆਵੇ ਸੋਚਿਆਂ, ਸੋਚ ਸਮਝ ਨਾ ਸਕੇ ਕੋਈ ਅਞਾਣ । ਜੋ ਜਨ ਇਕੋ ਰੱਖੇ ਓਟਿਆ, ਤਿਨ੍ਹਾਂ ਮਿਲੇ ਸ੍ਰੀ ਭਗਵਾਨ । ਹੱਥ ਨਾ ਆਵੇ ਵਾਸਨਾ ਖੋਟਿਆ, ਭਰਮੇ ਭੁੱਲਾ ਸਰਬ ਜਹਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਦੇਵਣਹਾਰਾ ਇਕ ਗਿਆਨ । ਹਰਿ ਕਿਰਪਾ ਅੰਤਰ ਗਿਆਨ, ਮੰਤਰ ਇਕ ਦ੍ਰਿੜਾਈਆ । ਸਾਹਿਬ ਸਤਿਗੁਰ ਚਰਨ ਧਿਆਨ, ਕਵਲ ਮਿਲੇ ਵਡਿਆਈਆ ।
੮੧੨ ੧੪
ਨਿਰਗੁਣ ਸਰਗੁਣ ਵੇਖੇ ਆਣ, ਨਿਰਵੈਰ ਫੇਰਾ ਪਾਈਆ । ਲੱਖ ਚੁਰਾਸੀ ਵਿਚੋਂ ਕਰ ਪਰਧਾਨ, ਭਗਤ ਭਗਵਾਨ ਲਏ ਮਿਲਾਈਆ । ਸਤਿ ਸਤਿਵਾਦੀ ਦੇਵਣਹਾਰਾ ਦਾਨ, ਦਾਤਾ ਦਾਨੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਭਗਤ ਭਗਵਾਨ ਵੇਖੇ ਆਣ, ਆਪ ਆਪਣੀ ਦਇਆ ਕਮਾਇੰਦਾ । ਆਵਣ ਜਾਣ ਚੁਕਾਏ ਕਾਣ, ਲੱਖ ਚੁਰਾਸੀ ਫੰਦ ਕਟਾਇੰਦਾ । ਦਰਗਹਿ ਸਾਚੀ ਦੇਵੇ ਮਾਣ, ਧਾਮ ਸੁਹੰਜਣਾ ਇਕ ਵਖਾਇੰਦਾ । ਪੁਰਖ ਅਕਾਲ ਇਕ ਧਿਆਨ, ਦੂਜੀ ਓਟ ਨਾ ਕੋਇ ਜਣਾਇੰਦਾ । ਸੰਤ ਸੁਹੇਲੇ ਕਰ ਪਰਵਾਨ, ਪਰਮ ਪੁਰਖ ਪ੍ਰਭ ਦਇਆ ਕਮਾਇੰਦਾ । ਜੁਗ ਚੌਕੜੀ ਦੇਵੇ ਮਾਣ, ਕਲਜੁਗ ਅੰਤਮ ਆਪਣੀ ਗੰਢ ਪੁਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਸਾਚੇ ਆਪ ਤਰਾਇੰਦਾ । ਹਰਿਜਨ ਤਾਰੇ ਹਰਿ ਸਵਾਮੀ, ਹਰਿ ਵੱਡਾ ਵਡ ਵਡਿਆਈਆ । ਆਦਿ ਜੁਗਾਦੀ ਅੰਤਰਜਾਮੀ, ਘਟ ਘਟ ਰਿਹਾ ਸਮਾਈਆ । ਸ਼ਬਦ ਅਗੰਮੀ ਬੋਲ ਬਾਣੀ, ਬਾਣ ਨਿਰਾਲਾ ਤੀਰ ਲਗਾਈਆ । ਆਵਣ ਜਾਵਣ ਚੁਕੇ ਕਾਣੀ, ਕਾਲਖ ਟਿੱਕਾ ਮਸਤਕ ਧੋਵੇ ਸ਼ਾਹੀਆ । ਗੁਰ ਸ਼ਬਦ ਮਿਲਾਏ ਸਾਚਾ ਹਾਣੀ, ਘਰ ਮੇਲਾ ਸਹਿਜ ਸੁਭਾਈਆ । ਅੰਮ੍ਰਿਤ ਪਿਆਏ ਠੰਡਾ ਪਾਣੀ, ਨਿਝਰ ਧਾਰਾ ਜਲ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਦੇਵੇ ਮਾਣ ਵਡਿਆਈਆ । ਹਰਿਜਨ ਮਾਣ ਸਤਿਗੁਰ ਚਰਨ, ਹਰਿ ਚਰਨ ਮਿਲੇ ਸਰਨਾਈਆ । ਕਰਤਾ ਪੁਰਖ ਕਰਨੀ ਕਰਨ, ਕੀਮਤ ਇਕੋ ਵਾਰ ਪਾਈਆ । ਲਹਿਣਾ ਚੁਕਾਏ ਮਰਨ ਡਰਨ, ਦੇਣਾ ਆਪਣੇ ਹੱਥ ਰਖਾਈਆ । ਗੁਰਮੁਖ ਸੰਤ ਸੁਹੇਲੇ ਸੱਜਣ ਸਚ ਦਵਾਰੇ ਵੜਨ, ਮੰਜ਼ਲ ਇਕੋ ਇਕ ਵਖਾਈਆ । ਸੋਹੰ ਢੋਲਾ ਹਰਿ

੮੧੨ ੧੪

ਬੋਲਾ ਨਾਮ ਅਨਮੋਲਾ ਪੜ੍ਹਨ, ਰਸਨਾ ਜਿਹਵਾ ਗੀਤ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਪਰਮਾਤਮ ਵਖਾਏ ਇਕ ਵਰਨ, ਸਰਨ ਇਕੋ ਇਕ ਰਖਾਈਆ ।

★ ੨੭ ਜੇਠ ੨੦੨੦ ਬਿਕ੍ਰਮੀ ਪਰਕਾਸ਼ ਚੰਦ ਦੇ ਗ੍ਰਹਿ ਮੱਘੋ ਵਾਲੀ ਜੰਮੂ ★

ਅੱਖਰੀ ਨਾਮ ਕਰੇ ਪੁਕਾਰ, ਪ੍ਰਭ ਅੱਗੇ ਸੀਸ ਝੁਕਾਈਆ । ਜੁਗ ਚੌਕੜੀ ਕੀਤੀ ਕਾਰ, ਨਿਤ ਨਿਤ ਸੇਵ ਕਮਾਈਆ । ਤੇਰੇ ਹੁਕਮੇ ਅੰਦਰ ਵਿਚ ਸੰਸਾਰ, ਲੋਕਮਾਤ ਵੇਸ ਵਟਾਈਆ । ਕਲਮ ਸ਼ਾਹੀ ਬਣ ਲਿਖਾਰ, ਕਾਗ਼ਜ਼ ਉਤੇ ਮਿਲੀ ਵਡਿਆਈਆ । ਗੁਰ ਅਵਤਾਰ ਦੇ ਕੇ ਆਏ ਸਹਾਰ, ਪੀਰ ਪੈਗ਼ੰਬਰ ਨਾਲ ਰਲਾਈਆ । ਭਗਤ ਬੋਲ ਆਏ ਜੈਕਾਰ, ਜੈ ਜੈਕਾਰ ਸੁਣਾਈਆ । ਰਸਨਾ ਜੋੜ ਜਗਤ ਸੰਸਾਰ, ਬੰਧਨ ਜੀਵਣ ਨਾਲ ਪੁਆਈਆ । ਸਤਿਜੁਗ ਤ੍ਰੇਤਾ ਦੁਆਪਰ ਵੇਖਿਆ ਵਾਰੋ ਵਾਰ, ਕਲਜੁਗ ਅੰਤਮ ਵੇਲਾ ਆਈਆ । ਮੰਦਰ ਮਸਜਦ ਸ਼ਿਵਦਵਾਲੇ ਮੱਠਾਂ ਵਿਚ ਆਏ ਬਹਾਲ, ਪੋਥੀ ਪੁਸਤਕ ਰੂਪ ਵਟਾਈਆ । ਸਾਚੀ ਸਿਖਿਆ ਆਏ ਸਿਖਾਲ, ਉਚੀ ਕੂਕ ਕੂਕ ਅਲਾਈਆ । ਜਿਸ ਮਿਲਣਾ ਹੋਵੇ ਦੀਨ ਦਿਆਲ ਤਿਸ ਮਾਰਗ ਦਏ ਜਣਾਈਆ । ਜਾ ਕੇ ਪੁਛੋ ਧਰਮਸਾਲ, ਗੁਰ ਸ਼ਬਦੀ ਡੇਰਾ ਲਾਈਆ । ਪੜ੍ਹ ਪੜ੍ਹ ਸਾਰੇ ਕਰਨ ਖਿਆਲ, ਸਮਝ ਸਕੇ ਕੋਇ ਨਾ ਰਾਈਆ । ਜੀਵ ਜੰਤ ਹੋਏ ਦਲਾਲ, ਮੇਰਾ ਹਿੱਸਾ ਰਹੇ ਵੰਡਾਈਆ । ਆਪਣੀ ਸੁਰਤ ਨਾ ਸਕੇ ਕੋਈ ਸੰਭਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸੱਚਾ ਵਰ, ਤੇਰੀ ਮਿਲੇ ਸਚ ਸਰਨਾਈਆ । ਅੱਖਰੀ ਨਾਮ ਬੋਲੇ ਕੂਕ, ਪ੍ਰਭ ਅੱਗੇ ਰਿਹਾ ਜਣਾਈਆ । ਤੇਰਾ ਰੂਪ ਨਜ਼ਰ ਨਾ ਆਵੇ ਕਿਸੇ ਮਾਤ ਪੂਤ, ਪਿਤਾ ਮੇਲ ਨਾ ਕੋਇ ਮਿਲਾਈਆ । ਪੰਜ ਤੱਤ ਖ਼ਾਲੀ ਹੋਇਆ ਕਲਬੂਤ, ਕਲਮਾ ਸਚ ਨਾ ਕੋਇ ਪੜ੍ਹਾਈਆ । ਚਾਰੋਂ ਕੁੰਟ ਜੂਠ ਝੂਠ, ਕੂੜ ਕੁੜਿਆਰਾ ਡੇਰਾ ਲਾਈਆ । ਆਸਾ ਤ੍ਰਿਸਨਾ ਵਧੀ ਭੁਖ, ਮਾਇਆ ਮਮਤਾ ਦਏ ਦੁਹਾਈਆ । ਸਾਚਾ ਮਿਲੇ ਨਾ ਕੋਇ ਸੁਖ, ਸਚ ਨਾਮ ਨਾ ਕੋਇ ਧਿਆਈਆ । ਅੱਖਰਾਂ ਕੋਈ ਨਾ ਕਰੇ ਪੁੱਛ, ਪੱਥਰਾਂ ਸੀਸ ਰਹੇ ਝੁਕਾਈਆ । ਕਲਜੁਗ ਜੀਵ ਪਾਈ ਲੁਟ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਵੇਲੇ ਅੰਤ ਹੋ ਸਹਾਈਆ । ਅੱਖਰ ਨਾਮ ਰਿਹਾ ਦੱਸ, ਆਪਣਾ ਹਾਲ ਸੁਣਾਈਆ । ਕਲਜੁਗ ਜੀਵ ਮਾਇਆ ਅੰਦਰ ਫਸ, ਤੇਰੀ ਸਿਫ਼ਤ ਨਾ ਕੋਈ ਗਾਈਆ । ਕੂੜ ਕੁੜਿਆਰੇ ਮੈਨੂੰ ਲੈਂਦੇ ਹੱਥ, ਅੰਤਰ ਆਤਮਾ ਸ਼ੁਧ ਨਾ ਕੋਇ ਕਰਾਈਆ । ਜਿਉਂ ਭਾਵੇ ਤਿਉਂ ਦੇਣ ਢਕ, ਵੇਲਾ ਵਕਤ ਨਾ ਕੋਇ ਰਖਾਈਆ । ਅੱਖਰੀ ਨਾਮ ਪੜ੍ਹ ਕੇ ਕੋਈ ਨਾ ਜਾਣੇ ਹਕੀਕਤ ਹੱਕ, ਸਚ ਨਜ਼ਰ ਕਿਸੇ ਨਾ ਆਈਆ । ਜੂਠ ਝੂਠ ਰਹੇ ਬਕ, ਰਸਨਾ ਜਿਹਵਾ ਕਰ ਹਲਕਾਈਆ । ਅੱਖਰਾਂ ਨਾਲ ਮਿਲ ਨਾ ਖੋਲ੍ਹੀ ਅੱਖ, ਅੱਖਰ ਰੂਪ ਨਾ ਕੋਇ ਸਮਾਈਆ । ਦਹਿ ਦਿਸ਼ਾ ਰਹੇ ਨੱਠ, ਚਾਰ ਕੁੰਟ ਭੱਜਣ ਵਾਹੋ ਦਾਹੀਆ । ਹਰਿ ਮੰਦਰ ਕੋਈ ਨਾ ਵੜੇ ਸਾਚੇ ਹੱਟ, ਅੰਦਰ ਫੇਰਾ ਕੋਇ ਨਾ ਪਾਈਆ । ਬਾਹਰ ਸਾਰੇ ਰਹੇ ਨੱਚ, ਕੂੜੀ ਕਿਰਿਆ ਨਾਚ ਨਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਅੱਗੇ ਇਕ ਅਰਜ਼ੋਈਆ । ਅੱਖਰੀ ਨਾਮ ਕਹੇ ਮੇਰੇ ਭਗਵਾਨ, ਹੱਥ ਤੇਰੇ ਵਡਿਆਈਆ । ਜੁਗ ਚੌਕੜੀ ਤੂੰ ਦਿਤਾ ਦਾਨ, ਲੋਕਮਾਤ ਝੋਲੀ ਪਾਈਆ ।

ਅਸੀਂ ਕਰਦੇ ਰਹੇ ਕਲਿਆਣ, ਤੇਰਾ ਨਾਉਂ ਢੋਲਾ ਗਾਈਆ । ਦੱਸਦੇ ਰਹੇ ਸਚ ਮਕਾਨ, ਸਚ ਮਹੱਲ ਇਕ ਜਣਾਈਆ । ਧੁਰ ਦਾ ਦੇਂਦੇ ਰਹੇ ਪੈਗ਼ਾਮ, ਸਚ ਸੰਦੇਸਾ ਇਕ ਸੁਣਾਈਆ । ਇਕੋ ਸਿਮਰੋ ਸੱਚਾ ਰਾਮ, ਇਸ਼ਟ ਗੁਰਦੇਵ ਇਕ ਮਨਾਈਆ । ਇਕੋ ਕਾਦਰ ਕਰੀਮ ਮਿਹਰਵਾਨ, ਮਹਿਬੂਬ ਇਕੋ ਨਜ਼ਰੀ ਆਈਆ । ਇਕੋ ਪੁਰਖ ਸ਼ਾਹ ਸੁਲਤਾਨ, ਸ਼ਹਿਨਸ਼ਾਹ ਇਕੋ ਇਕ ਵਡਿਆਈਆ । ਇਕੋ ਨਾਮ ਸਦਾ ਪਰਧਾਨ, ਨਾਮ ਸਤਿ ਸਤਿ ਸਮਝਾਈਆ । ਇਕੋ ਮੰਦਰ ਵਡ ਮਕਾਨ, ਇਕੋ ਦੇਹੁਰਾ ਰਿਹਾ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਹੱਥ ਸਰਬ ਵਡਿਆਈਆ । ਨਾਮ ਅੱਖਰ ਕਹੇ ਜਗਦੀਸ, ਜੁਗ ਤੇਰੀ ਸੇਵ ਕਮਾਈਆ । ਤੇਰਾ ਕਲਮਾ ਦੱਸ ਹਦੀਸ, ਤੇਰੀ ਸਿਫ਼ਤ ਕਰੀ ਵਡਿਆਈਆ । ਤੈਨੂੰ ਝੁਕਦਾ ਰਿਹਾ ਸੀਸ, ਤੇਰੀ ਸਦਾ ਸਦਾ ਸਰਨਾਈਆ । ਕਲਜੁਗ ਅੰਤਮ ਖ਼ਾਲੀ ਹੋਇਆ ਖ਼ੀਸ, ਵਸਤ ਨਜ਼ਰ ਕੋਇ ਨਾ ਆਈਆ । ਤੇਰੇ ਉਪਾਏ ਬਣੇ ਸ਼ਰੀਕ, ਸ਼ਰਕਤ ਘਰ ਘਰ ਡੇਰਾ ਲਾਈਆ । ਅਸੀਂ ਕਹਿੰਦੇ ਖ਼ੁਦਾਵੰਦ ਠੀਕ, ਰਾਮ ਇਕੋ ਇਕ ਅਖਵਾਈਆ । ਨਿਰਗੁਣ ਨਾਨਕ ਸਚ ਪ੍ਰੀਤ, ਗੋਬਿੰਦ ਪੁਰਖ ਅਕਾਲ ਸਰਨਾਈਆ । ਕਲਜੁਗ ਜੀਵ ਕੋਈ ਨਾ ਰੱਖੇ ਚੀਤ, ਸਾਰੇ ਗਏ ਭੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਅੱਖਰ ਨਾਮ ਕਹੇ ਮੈਂ ਢੋਲਾ ਗੌਂਦਾ, ਨਿਤ ਨਿਤ ਰਾਗ ਅਲਾਈਆ । ਤੇਰਾ ਰਾਹ ਜਗਤ ਵਖੌਂਦਾ, ਇਸ਼ਾਰੇ ਨਾਲ ਸਮਝਾਈਆ । ਫੜ ਫੜ ਸਭ ਨੂੰ ਮਾਰਗ ਪੌਂਦਾ, ਜੋ ਜਨ ਮੈਥੋਂ ਪੁੱਛਣ ਆਈਆ । ਦਰ ਦਰਵਾਜ਼ਾ ਇਕ ਖੁਲੌਂਦਾ, ਬੰਦ ਤਾਕੀ ਕੁੰਡਾ ਲਾਹੀਆ । ਤੇਰਾ ਆਸਣ ਇਕ ਵਖੌਂਦਾ, ਜਿਸ ਗ੍ਰਿਹਿ ਵਸੇਂ ਬੇਪਰਵਾਹੀਆ । ਮਹੱਲ ਅਟੱਲ ਇਕ ਚੜ੍ਹੌਂਦਾ, ਸਾਚਾ ਡੰਡਾ ਹੱਥ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਮੰਗ ਮੰਗਾਈਆ । ਅੱਖਰ ਨਾਮ ਕਹੇ ਤੇਰੀ ਦੱਸੀ ਸੋ, ਪ੍ਰਭ ਸਚ ਵੱਡੀ ਵਡਿਆਈਆ । ਜੀਵ ਆਤਮਾ ਪਰਮਾਤਮਾ ਹੋ, ਪਰਮ ਪੁਰਖ ਮੇਲ ਮਿਲਾਈਆ । ਨਿਰਵੈਰ ਨਾਲ ਨਿਰਗੁਣ ਸਰਗੁਣ ਹੋ ਕੇ ਛੋਹ, ਤੇਰਾ ਸੋਗ ਦਏ ਗਵਾਈਆ । ਕਰੇ ਪਰਕਾਸ਼ ਸਾਚੀ ਲੋ, ਅਗਿਆਨ ਅੰਧੇਰ ਮਿਟਾਈਆ । ਪਰੇਮ ਪ੍ਰੀਤੀ ਦੱਸੇ ਮੋਹ, ਮੁਹੱਬਤ ਇਕੋ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੁਧ ਬਿਨ ਨਜ਼ਰ ਕੋਇ ਨਾ ਆਈਆ । ਅੱਖਰੀ ਨਾਮ ਕਹੇ ਮੈਂ ਕੀਤੀ ਸੇਵਾ, ਸੇਵਾ ਜਗਤ ਕਮਾਈਆ । ਗੁਰਮੁਖ ਵਿਰਲੇ ਪਾਇਆ ਮੇਵਾ, ਭਰਮੇ ਭੁੱਲੀ ਸਰਬ ਲੋਕਾਈਆ । ਹਰਿਜਨ ਗਾਇਆ ਰਸਨਾ ਜਿਹਵਾ, ਗਾ ਗਾ ਹਿਰਦੇ ਵਿਚ ਵਸਾਈਆ । ਮਸਤਕ ਲਾਇਆ ਸੱਚਾ ਥੇਵਾ, ਕੌਸਤਕ ਰੂਪ ਵਟਾਈਆ । ਪਾਰਬ੍ਰਹਮ ਪ੍ਰਭ ਪਾਇਆ ਅਲੱਖ ਅਭੇਵਾ, ਘਰ ਸਾਚੇ ਵੱਜੀ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣੀ ਸੱਚੀ ਸਰਨਾਈਆ । ਅੱਖਰ ਨਾਮ ਕਹੇ ਮੈਂ ਗਿਆ ਥੱਕ, ਜੁਗ ਚੌਕੜੀ ਸੇਵ ਕਮਾਈਆ । ਲੱਖ ਚੁਰਾਸੀ ਕੋਲੋਂ ਗਿਆ ਅੱਕ, ਮੇਰੀ ਸਮਝ ਕਿਸੇ ਨਾ ਆਈਆ । ਪੜਦਿਆਂ ਅੰਦਰ ਰੱਖਣ ਢਕ, ਹਿਰਦੇ ਸਚ ਨਾ ਕੋਇ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਬਖ਼ਸ਼ ਸੱਚੀ ਸਰਨਾਈਆ । ਅੱਖਰੀ ਨਾਮ ਕਹੇ ਮੈਂ ਗਾਇਆ ਗੀਤ, ਤੇਰੀ ਸਿਫ਼ਤ ਸਾਲਾਹੀਆ । ਮਾਰਗ ਦੱਸਿਆ ਇਕ ਅਤੀਤ, ਤ੍ਰੈਗੁਣ ਨਾਤਾ ਤੋੜ ਤੁੜਾਈਆ । ਧਾਮ ਵਖਾਇਆ ਜਗਤ ਅਨਡੀਠ, ਸਾਚਾ ਮੰਦਰ ਇਕ ਸਮਝਾਈਆ । ਸਤਿ ਸਤਿਵਾਦੀ ਦੱਸੀ ਤੇਰੀ ਰੀਤ, ਸਾਚੀ

੮੧੪
੧੪

ਸਿਖਿਆ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲ ਅੰਤਮ ਵੇਖ ਵਖਾਈਆ । ਅੱਖਰੀ ਨਾਮ ਕਹੇ ਮੇਰਾ ਵੇਖ ਹਾਲ, ਹਾਲਤ ਆਪਣੀ ਰਿਹਾ ਜਣਾਈਆ । ਮੇਰੀ ਕੋਈ ਨਾ ਕਰੇ ਭਾਲ, ਪਰੇਮ ਕਰਨ ਕੋਇ ਨਾ ਆਈਆ । ਰਸਨਾ ਜਿਹਵਾ ਕਹਿਣ ਦਲਾਲ, ਅੰਦਰ ਹੱਟ ਨਾ ਕੋਇ ਚਲਾਈਆ । ਦੂਰੋਂ ਦੂਰੋਂ ਕਰਨ ਜਮਾਲ, ਨੇੜੇ ਹੋ ਕੇ ਰਾਗ ਨਾ ਕੋਇ ਅਲਾਈਆ । ਪ੍ਰਭ ਬਿਨ ਤੇਰੀ ਪ੍ਰੀਤੀ ਹੋਇਆ ਕੰਗਾਲ, ਕਲਜੁਗ ਜੀਵ ਗਏ ਭੁਲਾਈਆ । ਮੇਰੀ ਕਦਰ ਨਾ ਕੋਈ ਧਰਮਸਾਲ, ਮੰਦਰ ਮਿਲੇ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣੀ ਸਚ ਸਰਨਾਈਆ । ਅੱਖਰੀ ਨਾਮ ਕਹੇ ਮੇਰੀ ਕਰਨ ਲੜਾਈ, ਕਲਜੁਗ ਅੰਤਮ ਝਗੜਾ ਪਾਈਆ । ਚਾਰ ਵਰਨ ਹੋਏ ਸ਼ੌਦਾਈ, ਸਾਚੀ ਅਕਲ ਨਾ ਕੋਇ ਰਖਾਈਆ । ਹਿੰਦੂ ਮੁਸਲਮ ਸਿੱਖ ਈਸਾਈ ਕੋਈ ਨਾ ਬਣੇ ਭਾਈ, ਭਾਈਚਾਰਾ ਨਜ਼ਰ ਕੋਇ ਨਾ ਆਈਆ । ਮੰਦਰ ਮਸਜਦ ਸ਼ਿਵਦਵਾਲੇ ਮੱਠ ਵੰਡ ਵੰਡਾਈ, ਵੰਡ ਵੰਡ ਆਪਣਾ ਹਿੱਸਾ ਪਾਈਆ । ਪੰਡਤ ਕਹਿਣ ਮੰਨੋ ਗੋਸਾਈਂ, ਜੋ ਠਾਕਰ ਰੂਪ ਅਖਵਾਈਆ । ਮੁੱਲਾਂ ਕਹਿਣ ਨੂਰ ਇਲਾਹੀ, ਸਾਚੇ ਹੁਜਰੇ ਸੋਭਾ ਪਾਈਆ । ਗ੍ਰੰਥੀ ਕਹਿਣ ਗੁਰਦਵਾਰੇ ਬੈਠਾ ਸੱਚਾ ਮਾਹੀ, ਮਿਹਰਵਾਨ ਆਪਣਾ ਆਸਣ ਲਾਈਆ । ਅੱਖਰੀ ਨਾਮ ਕਹਿਣ ਅਸੀਂ ਸਭ ਦੀ ਦੇਈਏ ਗਵਾਹੀ, ਸ਼ਹਾਦਤ ਇਕੋ ਇਕ ਰਖਾਈਆ । ਸ੍ਰੀ ਭਗਵਾਨ ਸਭ ਦਾ ਹੋਏ ਸਹਾਈ, ਸਚਖੰਡ ਬੈਠਾ ਡੇਰਾ ਲਾਈਆ । ਸਾਡੇ ਨਾਲ ਬਣੇ ਰਾਹੀ, ਪੰਧ ਲੈਣਾ ਜਗਤ ਮੁਕਾਈਆ । ਦੁਰਮਤ ਮੈਲ ਧੋਵੇ ਸ਼ਾਹੀ, ਸ਼ਹਿਨਸ਼ਾਹ ਆਪਣਾ ਨੂਰ ਚਮਕਾਈਆ । ਅੰਦਰ ਵੜ ਕੇ ਲਾਗੋ ਪਾਈਂ, ਚਰਨ ਕਵਲ ਧਿਆਨ ਲਗਾਈਆ । ਪ੍ਰਭ ਪਕੜਨਹਾਰਾ ਬਾਂਹੀ, ਅੱਗੋਂ ਆਪਣੇ ਨਾਲ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਅੱਖਰੀ ਨਾਮ ਕਹੇ ਮੈਂ ਦੱਸਿਆ ਠੀਕ, ਕਲਜੁਗ ਅੰਤ ਰਿਹਾ ਜਣਾਈਆ । ਨਿਰਗੁਣ ਨਰ ਹਰਿ ਰਾਖੇ ਚੀਤ, ਸਰਗੁਣ ਗੁਰ ਗੁਰ ਮੇਲ ਮਿਲਾਈਆ । ਸਭ ਦਾ ਵੇਲਾ ਰਿਹਾ ਬੀਤ, ਬੀਤੀ ਘੜੀ ਹੱਥ ਨਾ ਆਈਆ । ਪ੍ਰਭ ਲਹਿਣਾ ਦੇਣਾ ਚੁਕਾਏ ਠੀਕ, ਠੇਕੇਦਾਰ ਇਕ ਹੋ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਜੀਵਾਂ ਦਏ ਸਮਝਾਈਆ । ਕਲਜੁਗ ਜੀਵ ਹਰਿ ਜੂ ਵੇਖੇ, ਆਪਣਾ ਨੈਣ ਉਠਾਈਆ । ਅੱਖਰੀ ਸ਼ਬਦ ਦੇ ਜੋ ਲੈ ਕੇ ਬੈਠੇ ਠੇਕੇ, ਤਿਨ੍ਹਾਂ ਖ਼ਾਲੀ ਦਏ ਕਰਾਈਆ । ਕਿਸੇ ਨਾ ਲੱਭਣੇ ਸੌਹਰੇ ਪੇਕੇ, ਘਰ ਮਿਲੇ ਕਿਸੇ ਨਾ ਢੋਈਆ । ਅੰਤਮ ਔਣੇ ਪਿਛਲੇ ਚੇਤੇ, ਅੱਗੇ ਰਾਹ ਨਾ ਕੋਇ ਵਖਾਈਆ । ਰਾਏ ਧਰਮ ਫੜ ਫੜ ਸੇਕੇ, ਅਗਨੀ ਅੱਗ ਇਕ ਲਗਾਈਆ । ਕੋਟਨ ਕੋਟ ਹੋ ਗਏ ਕੇਤੇ, ਕੇਤੀ ਆਪਣੀ ਵੰਡ ਵੰਡਾਈਆ । ਅੰਤਮ ਸਭ ਨੂੰ ਦੇਣੇ ਪੈਣੇ ਲੇਖੇ, ਅੱਖਰੀ ਨਾਮ ਸ਼ਬਦ ਗਵਾਹੀਆ । ਜਿਨ੍ਹਾਂ ਪ੍ਰਭ ਦੇ ਪਾਏ ਭਰਮ ਭੁਲੇਖੇ, ਤਿਨ੍ਹਾਂ ਭਾਂਡੇ ਦਏ ਭੰਨਾਈਆ । ਜੋ ਸਤਿਗੁਰ ਦੇ ਬਣੇ ਸੱਚੇ ਬੇਟੇ, ਤਿਨ੍ਹਾਂ ਆਪਣੀ ਗੋਦ ਉਠਾਈਆ । ਸਚ ਸੁਹੰਜਣੀ ਸੇਜੇ ਲੇਟੇ, ਸੁਖ ਆਸਣ ਡੇਰਾ ਲਾਈਆ । ਸਚ ਦੋਸ਼ਾਲੇ ਸਾਹਿਬ ਲਪੇਟੇ, ਨਾਮ ਓਢਣ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦ ਵਡਿਆਈਆ । ਅੱਖਰੀ ਨਾਮ ਪ੍ਰਭ ਦਏ ਵਡਿਆ, ਸਦ ਦੇਵਣਹਾਰ ਵਡਿਆਈਆ । ਕਲਜੁਗ ਅੰਤਮ ਬਣੇ ਗਵਾਹ, ਸ਼ਹਾਦਤ ਇਕੋ ਵਾਰ ਭੁਗਤਾਈਆ । ਜੋ ਜਨ ਮੈਨੂੰ ਗਏ ਭੁੱਲਾ, ਤਿਨ੍ਹਾਂ ਦੇਵਾਂ ਹੱਕ ਸਜ਼ਾਈਆ । ਏਥੇ ਓਥੇ ਕੋਈ ਨਾ ਸਕੇ ਛੁਡਾ, ਬੰਧਨ ਸਕੇ ਨਾ ਕੋਇ ਤੁੜਾਈਆ । ਲੱਖ ਚੁਰਾਸੀ ਦੇਵਾਂ ਭੁਆ, ਗੇੜਾ ਗੇੜੇ

੮੧੫ ੧੪

ਵਿਚ ਰਖਾਈਆ । ਰਾਏ ਧਰਮ ਹੱਥ ਦਿਆਂ ਫੜਾ, ਫੜ ਫੜ ਦੇਵੇ ਅੰਤ ਸਜ਼ਾਈਆ । ਮੁਖ ਕਾਲਖ ਟਿੱਕਾ ਦੇਵਾਂ ਲਾ, ਦੋ ਜਹਾਨਾਂ ਹੋਏ ਨਾ ਕੋਇ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਾਚੀ ਰਿਹਾ ਸੁਣਾਈਆ । ਅੱਖਰੀ ਨਾਮ ਹੋਇਆ ਖ਼ੁਸ਼, ਪ੍ਰਭ ਅੱਗੇ ਸੀਸ ਝੁਕਾਈਆ । ਜੁਗ ਚੌਕੜੀ ਤੂੰ ਬੈਠਾ ਰਿਹੋਂ ਚੁਪ, ਆਪਣੀ ਆਵਾਜ਼ ਨਾ ਕੋਇ ਲਗਾਈਆ । ਕਲਜੁਗ ਅੰਤਮ ਰਿਹੋਂ ਉਠ, ਨਿਰਗੁਣ ਆਪਣਾ ਬਲ ਧਰਾਈਆ । ਸਾਡੇ ਉਪਰ ਜਾਏਂ ਤੁਠ, ਮਿਹਰ ਨਜ਼ਰ ਉਠਾਈਆ । ਕੂੜੀ ਕਿਰਿਆ ਕੱਢੇਂ ਕੁੱਟ, ਜੋ ਤੈਨੂੰ ਰਹੀ ਭੁਲਾਈਆ । ਆਪਣੇ ਨਾਮ ਨੂੰ ਆਪੇ ਆ ਕੇ ਪੁਛ, ਆਪ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਸਾਚੇ ਵੇਖ ਵਖਾਈਆ । ਅੱਖਰੀ ਨਾਮ ਰਹੇ ਤਿਆਰ, ਹਰਿ ਸਾਚਾ ਸਚ ਜਣਾਇੰਦਾ । ਕਲਜੁਗ ਅੰਤਮ ਪਾਵਾਂ ਸਾਰ, ਮਹਾਂਸਾਰਥੀ ਵੇਸ ਵਟਾਇੰਦਾ । ਜੀਵ ਭੁਲਿਆ ਜੋ ਸੰਸਾਰ, ਤਿਸ ਸ਼ੌਹ ਦਰਯਾਏ ਰੁੜ੍ਹਾਇੰਦਾ । ਜਿਨ੍ਹਾਂ ਤੇਰਾ ਕੀਤਾ ਪਿਆਰ, ਤਿਨ੍ਹਾਂ ਆਪਣੇ ਨਾਲ ਮਿਲਾਇੰਦਾ । ਬਿਨ ਅੱਖਰਾਂ ਸ੍ਰੀ ਭਗਵਾਨ ਹੋਏ ਨਾ ਮਾਤ ਉਜਿਆਰ, ਸਰਗੁਣ ਰੂਪ ਨਾ ਕੋਇ ਜਣਾਇੰਦਾ । ਸਿਫ਼ਤੀ ਸਿਫ਼ਤ ਭਰੇ ਭੰਡਾਰ, ਵਡ ਭੰਡਾਰੀ ਵੇਖ ਵਖਾਇੰਦਾ । ਲੱਖ ਚੁਰਾਸੀ ਵਿਚੋਂ ਲਏ ਨਿਕਾਲ, ਗੁਰਮੁਖ ਗੁਰ ਗੁਰ ਭੇਵ ਚੁਕਾਇੰਦਾ । ਜਨ ਭਗਤਾਂ ਹੋ ਦਿਆਲ, ਦੀਨ ਦਿਆਲ ਗਲੇ ਲਗਾਇੰਦਾ । ਸਚਖੰਡ ਵਖਾਏ ਸੱਚੀ ਧਰਮਸਾਲ, ਧਰਮ ਦਵਾਰਾ ਇਕ ਸੁਹਾਇੰਦਾ । ਓਥੇ ਨਿਰਗੁਣ ਨਿਰਗੁਣ ਵੱਜੇ ਤਾਲ, ਸਰਗੁਣ ਸਰਗੁਣ ਰਾਗ ਅਲਾਇੰਦਾ । ਅੱਖਰ ਨਿਸ਼ਅੱਖਰ ਦੋਵੇਂ ਕਰ ਪਰਵਾਨ, ਪਰਮ ਪੁਰਖ ਪ੍ਰਭ ਆਪਣੀ ਦਇਆ ਕਮਾਇੰਦਾ । ਕਲਜੁਗ ਅੰਤਮ ਵੇਖੇ ਮਾਰ ਧਿਆਨ, ਨਿਹਕਲੰਕਾ ਨਾਉਂ ਰਖਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੋ ਪਰਧਾਨ, ਪਰਧਾਨਗੀ ਦੋ ਜਹਾਨਾਂ ਆਪਣੇ ਹੱਥ ਰਖਾਇੰਦਾ ।

### ★ ੨੭ ਜੇਠ ੨੦੨੦ ਬਿਕ੍ਰਮੀ ਦੇਵੀ ਸਿੰਘ ਦੇ ਗ੍ਰਿਹ ਪਿੰਡ ਮੱਘੋਵਾਲੀ ਜੰਮੂ ★

ਧਰੂ ਕਹੇ ਸੁਣ ਧਰਨਾਪਤ, ਦਰ ਆ ਕੇ ਸੀਸ ਝੁਕਾਈਆ । ਤੇਰੀ ਵਡਿਆਈ ਸੈਨਾਪਤ, ਪਰਮਸ਼ੇਵਰ ਭੇਵ ਕੋਇ ਨਾ ਆਈਆ । ਦੀਨ ਸਹਾਈ ਸਾਚੇ ਰਘੁਪਤ, ਰਘੁਨਾਥ ਤੇਰੀ ਸਰਨਾਈਆ । ਕਵਲ ਨੈਣ ਸੋਹੇ ਕਮਲਾਪਤ, ਪਾਰਬ੍ਰਹਮ ਬੇਪਰਵਾਹੀਆ । ਨਿਰਗੁਣ ਤੇਰਾ ਖੇਲ ਇਕ ਅਕੱਥ, ਕਥਨੀ ਕਥ ਨਾ ਸਕੇ ਰਾਈਆ । ਮੈਂ ਵੇਖ ਵੇਖ ਰਿਹਾ ਹੱਸ, ਘਰ ਆਪਣੇ ਖ਼ੁਸ਼ੀ ਮਨਾਈਆ । ਕਲਜੁਗ ਕਰੇ ਖੇਲ ਪੁਰਖ ਸਮਰਥ, ਨਿਰਗੁਣ ਦਾਤਾ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਕਰ ਪਰਗਟ, ਨੂਰੋ ਨੂਰ ਨੂਰ ਰੁਸ਼ਨਾਈਆ । ਸਾਚਾ ਮਾਰਗ ਇਕੋ ਦੱਸ, ਰਾਹ ਸੱਜਣ ਰਿਹਾ ਸਮਝਾਈਆ । ਸਚਖੰਡ ਦਵਾਰਿਉਂ ਆਇਆ ਨੱਠ, ਬਣ ਪਾਂਧੀ ਪੰਧ ਮੁਕਾਈਆ । ਸਚ ਦਵਾਰੇ ਰਿਹਾ ਵਸ, ਘਰ ਇਕੋ ਇਕ ਵਡਿਆਈਆ । ਨਿਰਮਲ ਜੋਤ ਕਰ ਪਰਕਾਸ਼, ਨੂਰੋ ਨੂਰ ਨੂਰ ਰੁਸ਼ਨਾਈਆ । ਕਰੇ ਖੇਲ ਖੇਲ ਤਮਾਸ਼, ਸਵਾਂਗੀ ਆਪਣਾ ਸਾਂਗ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਧਰੂ ਕਹੇ ਦੱਸ ਮੇਰੇ ਭਗਵਾਨ, ਕੀ ਤੇਰੀ ਵਡਿਆਈਆ । ਦਰ ਦਰਵੇਸ਼ ਮੰਗਾਂ ਆਣ, ਅਲੱਖ ਨਿਰੰਜਣ ਇਕੋ ਅਲਖ ਜਗਾਈਆ । ਚਰਨ ਕਵਲ ਤੇਰੇ ਧਿਆਨ, ਸਰਨ ਨੈਣ ਤਕਾਈਆ । ਰਸਨਾ ਨਾ ਬੋਲੇ ਕੋਈ ਜ਼ਬਾਨ,

ਬੱਤੀ ਦੰਦ ਨਾ ਕੋਇ ਜਣਾਈਆ । ਖ਼ਾਲੀ ਝੋਲੀ ਮੰਗਾਂ ਦਾਨ, ਤੇਰੇ ਅੱਗੇ ਰਿਹਾ ਵਖਾਈਆ । ਕਰ ਕਿਰਪਾ ਮੇਰੇ ਮਿਹਰਵਾਨ, ਮਿਹਰ ਨਜ਼ਰ ਉਠਾਈਆ । ਜੁਗ ਚੌਕੜੀ ਵੇਖਦਾ ਰਿਹਾ ਦੋ ਜਹਾਨ, ਦਰ ਤੇਰੇ ਡੇਰਾ ਲਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜਨ ਭਗਤਾਂ ਦੇਂਦਾ ਰਿਹੋਂ ਆਣ, ਇਕ ਇਕ ਆਪਣੇ ਨਾਲ ਮਿਲਾਈਆ । ਨਿਰਗੁਣ ਹੋ ਕੇ ਸੁਣੌਂਦਾ ਰਿਹੋਂ ਧੁਰ ਫ਼ਰਮਾਨ, ਸਚ ਸੰਦੇਸਾ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦੇ ਸਮਝਾਈਆ । ਧਰੂ ਕਹੇ ਸੁਣ ਮੇਰੇ ਭਗਵੰਤ, ਕੀ ਤੇਰੀ ਚਤੁਰਾਈਆ । ਮੈਂ ਵੇਖਿਆ ਖੇਲ ਜੁਗਾ ਜੁਗੰਤ, ਦਰ ਤੇਰੇ ਧਿਆਨ ਲਗਾਈਆ । ਸਦਾ ਸਦਾ ਸਦ ਦੇਂਦਾ ਰਿਹੋਂ ਨਾਮ ਮੰਤ, ਮੰਤਰ ਇਕ ਪੜ੍ਹਾਈਆ । ਬਣੌਂਦਾ ਰਿਹੋਂ ਸਾਚੀ ਬਣਤ, ਘੜਨ ਭੰਨਣਹਾਰ ਅਖਵਾਈਆ । ਬਣਦਾ ਰਿਹੋਂ ਨਰਾਇਣ ਕੰਤ, ਨਰ ਹਰਿ ਸੱਚੇ ਆਪਣਾ ਬਲ ਰਖਾਈਆ । ਤੇਰੀ ਮਹਿਮਾ ਸਦਾ ਅਗਣਤ, ਬੇਅੰਤ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪੜਦਾ ਦੇ ਚੁਕਾਈਆ । ਧਰੂ ਕਹੇ ਸੁਣ ਮੇਰੇ ਗੋਪਾਲ, ਗੋਪਾਲਨ ਤੇਰੀ ਵਡ ਵਡਿਆਈਆ । ਦਰ ਤੇਰੇ ਦੱਸਾਂ ਆਪਣਾ ਹਾਲ, ਹਾਲਤ ਸਾਰੀ ਦਿਆਂ ਜਣਾਈਆ । ਦਰ ਬਹਿ ਕੇ ਮੰਗਦਾ ਰਿਹਾ ਜਲਾਲ, ਤੇਰਾ ਜਲਵਾ ਨੂਰ ਰੁਸ਼ਨਾਈਆ । ਦੋਏ ਜੋੜ ਕਰਦਾ ਰਿਹਾ ਸਵਾਲ, ਬੇਨੰਤੀ ਅੱਗੇ ਜਣਾਈਆ । ਵੇਖਦਾ ਰਿਹਾ ਤੇਰੀ ਅਵਲੱੜੀ ਚਾਲ, ਮੇਰੀ ਸਮਝ ਵਿਚ ਨਾ ਆਈਆ । ਤੇਰਾ ਖੇਲ ਬੇਮਿਸਾਲ, ਮਿਸਲ ਸਕੇ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਦੇ ਖੁਲ੍ਹਾਈਆ । ਧਰੂ ਕਹੇ ਮੈਂ ਹੋਇਆ ਹੈਰਾਨ, ਹੈਰਾਨਗੀ ਚਿਹਰੇ ਉਤੇ ਛਾਈਆ । ਤੇਰੇ ਅੱਗੇ ਦੇ ਨਾ ਸਕਾਂ ਕੋਈ ਬਿਆਨ, ਮੇਰੀ ਚਲੇ ਨਾ ਕੋਇ ਵਡਿਆਈਆ । ਨੇਤਰ ਨੈਣ ਦੋਵੇਂ ਸ਼ਰਮਾਣ, ਸ਼ਰਮਸਾਰ ਅੱਖ ਹੋ ਜਾਈਆ । ਤੇਰਾ ਖੇਲ ਸ੍ਰੀ ਭਗਵਾਨ, ਭਗਵਨ ਤੇਰੇ ਵਿਚ ਸਮਾਈਆ । ਮੈਂ ਬਾਲਾ ਨੱਢਾ ਬੱਚਾ ਇਕ ਅਵਾਣ, ਦਰ ਤੇਰੇ ਸੀਸ ਝੁਕਾਈਆ । ਤੂੰ ਅੰਤਰਜਾਮੀ ਜਾਣੀ ਜਾਣ, ਘਟ ਘਟ ਵੇਖੇਂ ਥਾਉਂ ਥਾਈਂਆ । ਜੁਗ ਚੌਕੜੀ ਦੇਵੇਂ ਮਾਣ, ਗ਼ਰੀਬ ਨਿਮਾਣੇ ਗੋਦ ਉਠਾਈਆ । ਧੁਰ ਸੰਦੇਸਾ ਦੇਵੇਂ ਆਣ, ਨਰ ਨਰੇਸ਼ਾ ਫੇਰਾ ਪਾਈਆ । ਵਿਸ਼ਨ ਬ੍ਰਹਮ ਮਹੇਸ਼ ਸੇਵ ਕਮਾਣ, ਚਾਕਰ ਚਾਕਰ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਦੇਣਾ ਸਾਚਾ ਵਰ, ਦਰ ਤੇਰੇ ਅਰਦਾਸ ਕਰਾਈਆ । ਧਰੂ ਕਹੇ ਮੇਰੇ ਗਹਿਰ ਗੰਭੀਰ, ਤੇਰਾ ਅੰਤ ਨਾ ਪਾਰਾਵਾਰਿਆ । ਮੈਂ ਵੇਖਿਆ ਖੇਲ ਤੇਰਾ ਪੰਜ ਤੱਤ ਸਰੀਰ, ਬਣ ਪੰਜ ਤੱਤ ਚਰਨ ਡੇਰਾ ਲਾ ਲਿਆ । ਤੇਰੀ ਹੱਦ ਨਾ ਕੋਈ ਅਖ਼ੀਰ, ਤੇਰਾ ਅੰਤ ਕੋਇ ਨਾ ਪਾ ਲਿਆ । ਤੇਰੇ ਵੈਰਾਗ ਤੇਰੇ ਵਿਛੋੜੇ ਤੇਰੇ ਬਿਰਹੋਂ ਵਿਚ ਬੈਠਾ ਰਿਹਾ ਦਿਲਗੀਰ, ਦਰ ਇਕੋ ਆਸ ਤਕਾ ਰਿਹਾ । ਕੌਣ ਵੇਲਾ ਪ੍ਰਭ ਮਿਲੇ ਸਾਂਝਾ ਪੀਰ, ਸਹਿਜ ਸੁਭਾਉ ਆਪਣੀ ਗੋਦ ਉਠਾ ਲਿਆ । ਅੰਮ੍ਰਿਤ ਬਖ਼ਸ਼ੇ ਠਾਂਡਾ ਸੀਰ, ਸਚ ਪਿਆਲਾ ਮੁਖ ਲਗਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਵਾਸਤਾ ਪਾ ਲਿਆ । ਧਰੂ ਕਹੇ ਮੇਰੇ ਠਾਕਰ ਸਵਾਮੀ, ਤੁਧ ਬਿਨ ਓਟ ਨਾ ਕੋਇ ਰਖਾਈਆ । ਆ ਸੁਣ ਮੇਰੀ ਸਚ ਕਹਾਣੀ, ਸੱਜਣ ਸਾਚੀ ਦਿਆਂ ਜਣਾਈਆ । ਉਠ ਵੇਖ ਮੇਰੀ ਇਕ ਨਿਸ਼ਾਨੀ, ਨਰ ਨਰਾਇਣ ਤੇਰੇ ਅੱਗੇ ਟਿਕਾਈਆ । ਤੇਰਾ ਰੂਪ ਗੁਣ ਨਿਧਾਨੀ, ਗੁਣਵੰਤ ਤੇਰੀ ਬੇਪਰਵਾਹੀਆ । ਤੇਰੀ ਸਿਫ਼ਤ ਅਗੰਮੀ ਬਾਣੀ, ਤੇਰਾ ਨਾਉਂ ਢੋਲਾ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮਿਲੇ ਸਚ ਸਰਨਾਈਆ । ਧਰੂ ਕਹੇ ਸੁਣ ਮੇਰੇ ਗੋਬਿੰਦ, ਗੋਬਿੰਦ ਤੇਰੀ ਸਰਨਾਈਆ । ਤੂੰ ਸਾਹਿਬ ਦਾਤਾ ਗੁਣੀ ਗਹਿੰਦ, ਗਵਰ ਤੇਰੀ ਵਡਿਆਈਆ । ਮੈਂ ਜਾਤਾ ਮੈਂ ਤੇਰੀ ਬਿੰਦ, ਤੁਧ ਬਿਨ ਮਾਤ ਪਿਤ ਨਾ ਕੋਇ ਬਣਾਈਆ । ਤੇਰਾ ਕਤਰਾ ਤੇਰੀ ਬੂੰਦ, ਤੇਰੇ ਸਾਗਰ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਮੰਗ ਮੰਗਾਈਆ । ਧਰੂ ਕਹੇ ਸੁਣ ਮੇਰੇ ਠਾਕਰ, ਹੱਥ ਤੇਰੇ ਵਡਿਆਈਆ । ਜੁਗ ਚੌਕੜੀ ਬਣ ਸੌਦਾਗਰ, ਦਰ ਤੇਰੇ ਹੱਟ ਚਲਾਈਆ । ਤੇਰਾ ਰੂਪ ਅਨੂਪ ਸਤਿ ਸਰੂਪ ਵੇਖ ਇਕਾਗਰ, ਮੇਰੀ ਅਕਲ ਅਕਲ ਗਈ ਭੁਲਾਈਆ । ਧੰਨ ਭਾਗ ਦਰ ਦੇਵੇਂ ਆਦਰ, ਆਦਰਸ਼ ਆਪਣਾ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦ ਵਡਿਆਈਆ । ਧਰੂ ਕਹੇ ਸੁਣ ਮੇਰੇ ਸੱਜਣ, ਸਾਹਿਬ ਸਤਿਗੁਰ ਦੀਨ ਦਿਆਲਾ । ਦਰ ਤੇਰੇ ਮਿਲੇ ਇਕੋ ਮਜਨ, ਮਾਰਗ ਮਿਲੇ ਰਾਹ ਸੁਖਾਲਾ । ਤੂੰ ਭਗਤਾਂ ਆਏਂ ਲੱਭਣ, ਲੋਕਮਾਤ ਬਣ ਦਲਾਲਾ । ਸਚ ਦਰਬਾਰੇ ਆਵੇਂ ਸੱਦਣ, ਪਕੜ ਵਖਾਏਂ ਸੱਚੀ ਧਰਮਸਾਲਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦੀਨਾਂ ਬੰਧਪ ਦੀਨ ਦਿਆਲਾ । ਧਰੂ ਕਹੇ ਸੁਣ ਠਾਕਰ ਸਵਾਮੀ, ਏਕਾ ਮੰਗ ਮੰਗਾਈਆ । ਸਤਿਜੁਗ ਤ੍ਰੇਤਾ ਤੇਰੀ ਖੇਲ ਮਹਾਨੀ, ਦੁਆਪਰ ਹੁਕਮ ਬੇਪਰਵਾਹੀਆ । ਕਲਜੁਗ ਤੇਰੀ ਜਗਤ ਨਿਸ਼ਾਨੀ, ਜਨ ਭਗਤਾਂ ਮਿਲੇ ਸਜ਼ਾਈਆ । ਕਿਸੇ ਦੀ ਦੇਵੇਂ ਮਾਤ ਕੁਰਬਾਨੀ, ਕਿਸੇ ਖਲੜੀ ਦਏਂ ਲੁਹਾਈਆ । ਕਿਸੇ ਸੂਲੀ ਤਨ ਪਹਿਨਾਏਂ ਗਾਨੀ, ਕਿਸੇ ਤੱਤੀ ਰੇਤ ਸੀਸ ਪੁਆਈਆ । ਕਿਸੇ ਮਾਰੇਂ ਵਿਚ ਮੈਦਾਨੀ, ਖੜਗ ਖੰਡਾਂ ਰੂਪ ਵਟਾਈਆ । ਕਿਸੇ ਅਗਨੀ ਮੇਲੇਂ ਹੋ ਮਿਹਰਵਾਨੀ, ਥੰਮ ਤੰਦੂਰ ਰੂਪ ਵਟਾਈਆ । ਕਿਸੇ ਰੁੜ੍ਹਾਏਂ ਜਲ ਪਾਣੀ, ਗੰਗਾ ਧਾਰ ਵਹਾਈਆ । ਕਿਸੇ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਦੇਣਾ ਸਾਚਾ ਵਰ, ਭੇਵ ਅਭੇਦਾ ਦੇ ਸਮਝਾਈਆ । ਧਰੂ ਕਹੇ ਦੱਸ ਆਪਣਾ ਭਾਉ, ਪ੍ਰਭ ਕੀ ਕੀ ਖੇਲ ਰਚਾਈਆ । ਜੁਗ ਜੁਗ ਕਰੇਂ ਸਚ ਨਿਆਉਂ, ਨਿਆਕਾਰ ਇਕ ਅਖਵਾਈਆ । ਗ਼ਰੀਬ ਨਿਮਾਣਿਆਂ ਪਕੜੇਂ ਬਾਹੋਂ, ਬਲ ਆਪਣਾ ਆਪ ਪਰਗਟਾਈਆ । ਸਦਾ ਸਦਾ ਸਿਰ ਰੱਖੇ ਠੰਡੀ ਛਾਉਂ, ਮਿਹਰ ਨਜ਼ਰ ਨੈਣ ਉਠਾਈਆ । ਹੋ ਸਹਾਈ ਬਣੇਂ ਪਿਤਾ ਮਾਉਂ, ਬਾਲਕ ਆਪਣੇ ਗੋਦ ਉਠਾਈਆ । ਨਥਾਵਿਆਂ ਦੇਵੇਂ ਸਾਚਾ ਥਾਉਂ, ਘਰ ਮੰਦਰ ਇਕ ਵਖਾਈਆ । ਭੁਲਿਆਂ ਭਟਕਿਆਂ ਪਾਵੇਂ ਰਾਹੋਂ, ਮਾਰਗ ਇਕੋ ਇਕ ਸਮਝਾਈਆ । ਆਤਮ ਪਰਮਾਤਮ ਦ੍ਰਿੜਾਏਂ ਨਾਉਂ, ਮੰਤਰ ਇਕੋ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਵਰ ਤੇਰੇ ਦਰ ਤੇ ਪਾਈਆ । ਧਰੂ ਕਹੇ ਪ੍ਰਭ ਭੇਵ ਖੋਲ੍ਹ, ਮੇਰੀ ਇਕੋ ਇਕ ਅਰਜ਼ੋਈਆ । ਸਤਿਜੁਗ ਤ੍ਰੇਤਾ ਦੁਆਪਰ ਜਨ ਭਗਤ ਮਾਤ ਤੂੰ ਦਿਤੇ ਰੋਲ, ਤਨ ਮਾਟੀ ਸਾਰ ਕੋਇ ਨਾ ਪਾਈਆ । ਜਿਨ੍ਹਾਂ ਤੇਰੇ ਨਾਮ ਦਾ ਵਜਾਇਆ ਢੋਲ, ਤਿਨ੍ਹਾਂ ਮਿਲੀ ਸਰਬ ਸਜ਼ਾਈਆ । ਅੰਦਰੋਂ ਵਸੇਂ ਸਭ ਦੇ ਕੋਲ, ਬਾਹਰੋਂ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕੀ ਆਪਣਾ ਖੇਲ ਰਚਾਈਆ । ਜੁਗ ਜੁਗ ਭਗਤ ਦਿਤੇ ਤਰਸਾ, ਰਹਿਮਾਨ ਰਹਿਮਤ ਤੇਰੇ ਵਿਚ ਨਾ ਆਈਆ । ਸੂਫ਼ੀਆਂ ਦਿਤਾ ਸੂਲੀ ਚੜ੍ਹਾ, ਆਪ ਆਪਣਾ ਰੰਗ ਵਖਾਈਆ । ਭਗਤਾਂ ਜੁਗ ਜੁਗ ਠੋਕਰਾਂ ਮਾਤ ਲਗਾ, ਸ਼ਰੀਅਤ ਫ਼ਤਵੇ ਸਭ ਤੇ ਲਾਈਆ । ਬੈਠਾ ਰਿਹੋਂ ਮੁੱਖ ਛੁਪਾ, ਪੜਦਾ ਜ਼ਾਹਰ ਨਾ ਕੋਇ ਲਾਹੀਆ । ਛਿਨ

ਮਾਤਰ ਪ੍ਰਹਿਲਾਦ ਜੇ ਆਇਉਂ ਤਰਾ, ਵਿਚ ਜੂਹ ਨਿਰਗੁਣ ਮੋਹੇ ਰੂਪ ਦਰਸਾਈਆ । ਆਪੇ ਛੱਪਰੀ ਆਇਉਂ ਛਾ, ਚੋਰੀ ਚੋਰੀ ਸੇਵ ਕਮਾਈਆ । ਮੋਈ ਗਾਂ ਆਇਉਂ ਉਠਾ, ਆਪਣੀ ਕੀਤੀ ਆਪ ਉਲਟਾਈਆ । ਕਬੀਰ ਜੁਲਾਹਾ ਆਇਉਂ ਤਰਾ, ਗੰਗਾ ਧਾਰ ਰੂਪ ਸਮਾਈਆ । ਰਵਦਾਸ ਕਸੀਰਾ ਕੰਗਣ ਲਿਆ ਵਟਾ, ਤੇਰਾ ਧਿਆਨ ਲਗਾਈਆ । ਸੈਣ ਸੇਵਾ ਆਇਉਂ ਕਰਾ, ਸੋਹਣਾ ਰੂਪ ਵਟਾਈਆ । ਇਕ ਇਕ ਵਾਰੀ ਇਕ ਇਕ ਭਗਤ ਦਿਤਾ ਤਰਾ, ਦੂਜੇ ਨਜ਼ਰ ਕਿਸੇ ਨਾ ਆਈਆ । ਮੈਂ ਕਲਜੁਗ ਅੰਤਮ ਵੇਖ ਹੋਇਆ ਹੈਰਾਨ, ਆਪਣਾ ਹਾਲ ਰਿਹਾ ਸੁਣਾਈਆ । ਕੀ ਕੀ ਖੇਲ ਕਰੇਂ ਭਗਵਾਨ, ਭਗਵਨ ਆਪਣਾ ਵੇਸ ਵਟਾਈਆ । ਕਲਜੁਗ ਅੰਤ ਹੋ ਪਰਧਾਨ, ਪਰਧਾਨਗੀ ਆਪਣੇ ਹੱਥ ਰਖਾਈਆ । ਜੁਗ ਜਨਮ ਦੇ ਵਿਛੜੇ ਕੱਠੇ ਕੀਤੇ ਆਣ, ਜਿਨ੍ਹਾਂ ਸਮਝ ਸੋਚ ਕੋਈ ਨਹੀਂ ਰਾਈਆ । ਆਪੇ ਵੇਖਣਹਾਰ ਹੋਇਉਂ ਗੁਣ ਨਿਧਾਨ, ਗੁਣ ਆਪੇ ਰਿਹੋਂ ਜਣਾਈਆ । ਨਿੱਕੇ ਵੱਡੇ ਬਾਲੇ ਨੱਢੇ ਛੋਟੇ ਬੱਚੇ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਸਚ ਦੇ ਜਣਾਈਆ । ਸਚ ਦੱਸ ਮੇਰੇ ਭਗਵਾਨਾ, ਧਰੂ ਦਰ ਦਵਾਰੇ ਆਖ ਸੁਣਾਇੰਦਾ । ਕਿਸ ਬਿਧ ਪਹਿਰਿਆ ਆਪਣਾ ਜਾਮਾ, ਕਵਣ ਰੂਪ ਅਨੂਪ ਧਰਾਇੰਦਾ । ਨਿਹਕਰਮੀ ਹੋ ਕੇ ਕਰੇਂ ਕੀ ਕਾਮਾ, ਕਵਣ ਕਰਨੀ ਹੱਥ ਰਖਾਇੰਦਾ । ਕਵਣ ਦਾਨ ਦੇਵੇਂ ਵੱਡਾ ਦਾਨਾ, ਦਾਨੀ ਆਪਣਾ ਨਾਉਂ ਧਰਾਇੰਦਾ । ਕਵਣ ਵਖਾਏਂ ਸਚ ਨਿਸ਼ਾਨਾ, ਨਿਸ਼ਾਨਾ ਇਕੋ ਨਜ਼ਰੀ ਆਇੰਦਾ । ਕਵਣ ਭਗਤ ਕਰੇਂ ਪਰਵਾਨਾ, ਜੋ ਤੇਰੀ ਭਗਤੀ ਵਿਚ ਸਮਾਇੰਦਾ । ਕਵਣ ਨਾਮ ਸੁਣਾਏ ਗਾਣਾ, ਗਾਵਣਹਾਰ ਕਵਣ ਹੋ ਜਾਇੰਦਾ । ਕਵਣ ਖੇਲ ਕਰੇਂ ਮਰਦਾਨਾ, ਸਚ ਮਰਦਾਨਗੀ ਆਪ ਕਮਾਇੰਦਾ । ਸਚ ਦੱਸ ਹੋ ਮਿਹਰਵਾਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧਰੂ ਬਾਲੇ ਆਪ ਸਮਝਾਇੰਦਾ । ਧਰੂ ਬਾਲੇ ਸੁਣ ਮੇਰੇ ਬਾਲਕ, ਪਾਰਬ੍ਰਹਮ ਪ੍ਰਭ ਆਪ ਜਣਾਈਆ । ਮੇਰਾ ਨਾਉਂ ਆਦਿ ਜੁਗਾਦੀ ਖ਼ਾਲਕ, ਖ਼ਲਕ ਆਪਣੇ ਵਿਚ ਸਮਾਈਆ । ਨਿਤ ਨਵਿਤ ਬਣਾਂ ਪ੍ਰਿਤਪਾਲਕ, ਬਣ ਪ੍ਰਿਤਪਾਲਕ ਸੇਵ ਕਮਾਈਆ । ਜੁਗ ਚੌਕੜੀ ਨਾ ਕੋਈ ਆਲਸ, ਨਿੰਦਰਾ ਰੂਪ ਨਾ ਕੋਇ ਵਟਾਈਆ । ਭਗਤ ਬਣਾਵਾਂ ਸਾਚੇ ਖ਼ਾਲਸ, ਖ਼ਾਲਸ ਆਪਣਾ ਰੂਪ ਦਰਸਾਈਆ । ਦੂਜਾ ਇਸ਼ਟ ਨਾ ਕੋਈ ਲਾਲਸ, ਲਾਲਸਾ ਸਭ ਦੀ ਦਿਆਂ ਮਿਟਾਈਆ । ਸਰਨ ਸਰਨਾਈ ਬੰਧਾਵਾਂ ਢਾਰਸ, ਧਿਆਨ ਇਕੋ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਰਿਹਾ ਸਮਝਾਈਆ । ਸੁਣ ਧਰੂ ਬਾਲ ਫ਼ਰਮਾਨ, ਨਿਰਗੁਣ ਨਿਰਵੈਰ ਆਪ ਜਣਾਇੰਦਾ । ਗੁਰ ਅਵਤਾਰ ਮੰਗਦੇ ਗਏ ਦਾਨ, ਪੀਰ ਪੈਗ਼ੰਬਰ ਦੋਏ ਜੋੜ ਵਾਸਤਾ ਪਾਇੰਦਾ । ਉਚੀ ਕੂਕ ਕੂਕ ਕਰਦੇ ਗਏ ਕਲਿਆਣ, ਕਾਇਨਾਤ ਸਰਬ ਸੁਣਾਇੰਦਾ । ਕਲਜੁਗ ਅੰਤਮ ਆਵੇ ਸ੍ਰੀ ਭਗਵਾਨ, ਸੋ ਪੁਰਖ ਨਿਰੰਜਣ ਆਪਣਾ ਵੇਸ ਵਟਾਇੰਦਾ । ਮਹਾਂਬਲੀ ਆਪਣੀ ਧਾਰੋਂ ਉਤਰੇ ਆਣ, ਮਾਤ ਪਿਤ ਨਾ ਕੋਇ ਅਖਵਾਇੰਦਾ । ਸੰਤ ਸੁਹੇਲੇ ਭਗਤ ਭਗਵੰਤ ਚਾਰ ਯੁਗ ਦੇ ਲਏ ਪਛਾਣ, ਪਿਛਲੀ ਯਾਦ ਨਾ ਕਦੇ ਭੁਲਾਇੰਦਾ । ਕਰ ਕਿਰਪਾ ਕੱਠੇ ਕਰੇ ਆਣ, ਬੁੱਢੇ ਨੱਢੇ ਇਕੋ ਥਾਂ ਬਹਾਇੰਦਾ । ਸਭ ਦਾ ਦਾਤਾ ਬਣ ਸ੍ਰੀ ਭਗਵਾਨ, ਭਗਵਨ ਆਪਣੀ ਦਇਆ ਕਮਾਇੰਦਾ । ਧਰੂ ਜੋ ਜਨ ਮੇਰੀ ਚਰਨੀ ਡਿਗੇ ਆਣ, ਸੋ ਤੇਰਾ ਰੂਪ ਵਖਾਇੰਦਾ । ਜਿਨ੍ਹਾਂ ਨਾਲ ਕਰਾਂ ਪਿਆਰ, ਪਰੇਮ ਪ੍ਰੀਤੀ ਇਕ ਵਧਾਇੰਦਾ । ਓਨ੍ਹਾਂ ਲੈ ਕੇ ਅੱਗੇ ਜਾਵਾਂ ਆਪਣੇ ਨਾਲ, ਆਪਣੀ ਉਂਗਲੀ ਇਕ ਵਖਾਇੰਦਾ । ਉਠ ਧਰੂ ਵੇਖ ਨੈਣ ਉਘਾੜ, ਸੋ ਸਾਹਿਬ ਆਪ

੮੧੯ ੧੪

ਸਮਝਾਇੰਦਾ । ਗੁਰਮੁਖ ਬੈਠੇ ਸਾਚੇ ਲਾੜ, ਪ੍ਰਭ ਚਰਨ ਕਵਲ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਖੁਲ੍ਹਾਇੰਦਾ । ਧਰੂ ਖੋਲ੍ਹ ਆਪਣੀ ਅੱਖ, ਨੇਤਰ ਨੈਣ ਨੈਣ ਉਠਾਈਆ । ਪ੍ਰਭ ਇਸ਼ਾਰੇ ਨਾਲ ਦੱਸਿਆ ਪਰਤੱਖ, ਉਪਰ ਤੇਰੇ ਗੁਰਮੁਖ ਬੈਠੇ ਆਸਣ ਲਾਈਆ । ਮੈਂ ਓਨ੍ਹਾਂ ਦੇ ਹੋਇਆ ਵਸ, ਉਹ ਮੇਰੇ ਵਿਚ ਸਮਾਈਆ । ਲੋਕਮਾਤ ਜਾ ਕੇ ਮਾਰਗ ਆਵਾਂ ਦੱਸ, ਸਿਖਿਆ ਸਾਚੀ ਕਰਾਂ ਪੜ੍ਹਾਈਆ । ਨਿਰਗੁਣ ਹੋ ਕੇ ਆਵਾਂ ਨੱਠ, ਪਲਕ ਕੋਇ ਨਾ ਲਾਈਆ । ਦੋਹਾਂ ਜਹਾਨਾਂ ਰਿਹਾ ਵਸ, ਮੇਰਾ ਭੇਵ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਰਿਹਾ ਖੁਲ੍ਹਾਈਆ । ਧਰੂ ਵੇਖ ਨੈਣ ਰੋਇਆ, ਨੀਰ ਨੀਰ ਵਹਾਈਆ । ਦਰ ਦਰਬਾਨ ਹੋ ਕੇ ਬੈਠਾ ਸੋਇਆ, ਗ਼ਫ਼ਲਤ ਨੀਂਦ ਰਖਾਈਆ । ਹਰਿ ਕਾ ਭੇਵ ਨਾ ਪਾਇਆ ਕੋਆ, ਸਮਝ ਕੋਇ ਨਾ ਆਈਆ । ਕਿਸ ਵੇਲੇ ਮੇਰੇ ਕੋਲੋਂ ਜਨ ਭਗਤ ਲੈ ਕੇ ਗਿਆ ਢੋਆ, ਸਚਖੰਡ ਦੁਆਰ ਬਹਾਈਆ । ਸਨਮੁਖ ਮੈਨੂੰ ਕਹਿ ਕੇ ਗਿਆ ਜਨ ਭਗਤਾਂ ਜੋਗਾ ਹੋਆ, ਜੋ ਲੋਕਮਾਤ ਬੈਠੇ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਰਿਹਾ ਜਣਾਈਆ । ਸੁਣ ਧਰੂ ਮੇਰੇ ਲਾਡਲੇ ਲਾਲ, ਹਰਿ ਲਾਲਨ ਆਪ ਜਣਾਇੰਦਾ । ਕਲਜੁਗ ਅੰਤ ਖੇਲ ਕਮਾਲ, ਕਰਨੀ ਕਰਤਾ ਆਪ ਕਮਾਇੰਦਾ । ਭਗਤ ਭਗਵਾਨ ਲਏ ਉਠਾਲ, ਅੰਦਰ ਵੜ ਕੇ ਆਪ ਜਗਾਇੰਦਾ । ਨਿਰਗੁਣ ਹੋ ਕੇ ਵਸੇ ਨਾਲ, ਸਰਗੁਣ ਸਾਚਾ ਸੰਗ ਵਖਾਇੰਦਾ । ਜਨ ਭਗਤਾਂ ਪਿੱਛੇ ਆਪਣੀ ਘਾਲਣਾ ਆਇਆ ਘਾਲ, ਆਪਣੀ ਕੀਤੀ ਘਾਲ ਭਗਤਾਂ ਝੋਲੀ ਪਾਇੰਦਾ । ਪੁਰਖ ਅਕਾਲ ਹੋ ਕੇ ਬਨਿਆ ਦਲਾਲ, ਸਾਚਾ ਸੌਦਾ ਇਕੋ ਵਾਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦਇਆ ਕਮਾਇੰਦਾ । ਧਰੂ ਕਹੇ ਪ੍ਰਭ ਭਗਤ ਉਹ ਕੇਹੜੇ, ਜਿਨ੍ਹਾਂ ਦੇਵੇਂ ਮਾਣ ਵਡਿਆਈਆ । ਸ੍ਰੀ ਭਗਵਾਨ ਕਹੇ ਜਿਸ ਦੇ ਮੈਂ ਜਾਵਾਂ ਵੇਹੜੇ, ਉਹ ਮੇਰਾ ਰੂਪ ਵਖਾਈਆ । ਸੋ ਵਸਦੇ ਰਹਿਣ ਖੇੜੇ, ਜਿਨ੍ਹਾਂ ਮਿਲੇ ਮਾਣ ਵਡਿਆਈਆ । ਜੇਹੜੇ ਢੋਲਾ ਗੌਂਦੇ ਤੇਰੇ ਮੇਰੇ, ਸੋਹੰ ਰਾਗ ਅਲਾਈਆ । ਕਰਾਂ ਅੰਤ ਹੱਕ ਨਬੇੜੇ, ਘਰ ਘਰ ਆਪਣਾ ਫੇਰਾ ਪਾਈਆ । ਫੜ ਕੇ ਚਾੜ੍ਹਾਂ ਸਾਚੇ ਬੇੜੇ, ਬੇੜਾ ਇਕੋ ਨਾਮ ਵਖਾਈਆ । ਲੱਖ ਚੁਰਾਸੀ ਕੱਟਾਂ ਗੇੜੇ, ਗੇੜੇ ਵਿਚ ਨਾ ਕੋਇ ਭਵਾਈਆ । ਜੋ ਆ ਗਏ ਮੇਰੇ ਘੇਰੇ, ਤਿਨ੍ਹਾਂ ਰਾਏ ਧਰਮ ਨਾ ਦਏ ਸਜ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਹਾਣੀ ਰਿਹਾ ਸਮਝਾਈਆ । ਧਰੂ ਕਹੇ ਸਚ ਦੱਸ, ਕਵਣ ਭਗਤ ਮਿਲੇ ਵਡਿਆਈਆ । ਸ੍ਰੀ ਭਗਵਾਨ ਅੱਗੋਂ ਪਿਆ ਹੱਸ, ਖ਼ੁਸ਼ੀ ਨਾਲ ਰਿਹਾ ਸਮਝਾਈਆ । ਉਠ ਵੇਖ ਧਰੂ ਜਿਥੇ ਹਰਿ ਸੰਗਤ ਬਨਿਆ ਇਕੱਠ, ਸੋ ਭਗਤ ਰੂਪ ਵਟਾਈਆ । ਜਿਸ ਘਰ ਬਹੇਂ ਪੁਰਖ ਸਮਰਥ, ਸ੍ਰੀ ਭਗਵਾਨ ਆਪਣਾ ਡੇਰਾ ਲਾਈਆ । ਧਰੂ ਖੋਲ੍ਹ ਕੇ ਵੇਖੀ ਅੱਖ, ਪਰਤੱਖ ਨਰ ਨਰਾਇਣ ਨਜ਼ਰੀ ਆਈਆ । ਦੋਵੇਂ ਜੋੜ ਚਰਨੀ ਗਿਆ ਢੱਠ, ਵਾਹ ਵਾ ਤੇਰੀ ਵੱਡੀ ਵਡਿਆਈਆ । ਮੇਰਾ ਕੋਈ ਨਾ ਚਲੇ ਵਸ, ਬੇਵਸ ਰਿਹਾ ਕੁਰਲਾਈਆ । ਧੰਨ ਭਾਗ ਜਿਸ ਕੁਲ ਤੇਰਾ ਭਗਤ ਰਿਹਾ ਵਸ, ਵਸਲ ਤੇਰਾ ਇਕ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਿਹਰਵਾਨ ਆਪ ਅਖਵਾਈਆ । ਭਗਵਾਨ ਕਹੇ ਵੇਖ ਧਰੂ, ਹਰਿ ਸਾਹਿਬ ਸਚ ਜਣਾਈਆ । ਮੇਰਾ ਖਾਤਾ ਡੂੰਘਾ ਵੱਡਾ ਖੂਹ, ਅੰਤ ਕੋਇ ਨਾ ਪਾਈਆ । ਜੋ ਅੰਦਰ ਵੜਿਆ ਸੋ ਕਹੇ ਤੂ ਹੀ ਤੂ, ਆਪਣਾ ਆਪ ਸਰਬ ਮਿਟਾਈਆ । ਮੇਰਾ ਭਗਤ

ਸਾਖਿਆਤ ਮੇਰਾ ਨਮੂਨਾ ਹੂਬ ਹੂ, ਭੇਵ ਅਭੇਦ ਨਾ ਕੋਇ ਰਖਾਈਆ । ਉਠ ਵੇਖ ਗੁਰਮੁਖ ਗੁਰਸਿਖ ਸਾਚੀ ਜੂਹ, ਪਰਭਾਸ ਪ੍ਰਭ ਵੜਿਆ ਬੇਪਰਵਾਹੀਆ । ਕਰ ਦਰਸ ਖ਼ੁਸ਼ੀ ਹੋਏ ਲੂੰ ਲੂੰ, ਸਾਢੇ ਤਿੰਨ ਕਰੋੜ ਰੋਮ ਦੇਣ ਗਵਾਹੀਆ । ਧੰਨ ਭਾਗ ਗੁਰਮੁਖਾਂ ਉਜਲ ਹੋਵੇ ਮੂੰਹ, ਮੁਖ ਸਿਫ਼ਤੀ ਸਿਫ਼ਤ ਸਾਲਾਹੀਆ । ਚਰਨ ਕਵਲ ਉਪਰ ਧਵਲ ਜੋ ਜਨ ਗਿਆ ਛੂਹ, ਤਿਸ ਸ਼ਹਿਨਸ਼ਾਹ ਆਪਣੀ ਗੋਦ ਲਏ ਉਠਾਈਆ । ਜਿਸ ਨੇ ਬਖ਼ਸ਼ਿਆ ਸੋ ਆਪਣੀ ਝੋਲੀ ਪਾਏ ਰੂਹ, ਰੂਹ ਬੁੱਤ ਬੁੱਤਖ਼ਾਨੇ ਦਏ ਮਿਲਾਈਆ । ਤੂੰ ਧਰੂ ਮੱਲੀ ਇਕ ਬਰੂੰਹ, ਦਰ ਅੱਗੇ ਸੀਸ ਝੁਕਾਈਆ । ਕਲਜੁਗ ਅੰਤ ਭਗਤਾਂ ਤੇਰੇ ਨਾਲੋਂ ਅੱਗੇ ਖੜਾਂ ਧੂਹ, ਜਿਥੇ ਆਪਣਾ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵਣਹਾਰਾ ਭਗਤ ਭਗਵਾਨ ਵਡਿਆਈਆ ।

### ★ ੨੮ ਜੇਠ ੨੦੨੦ ਬਿਕ੍ਰਮੀ ਸੁੰਦਰ ਸਿੰਘ ਦੇ ਗ੍ਰਿਹ ਮੱਘੋਵਾਲੀ ਜੰਮੂ ★

ਸ੍ਰੀ ਭਗਵਾਨ ਤੇਰੇ ਭਗਤ ਰੀਤ, ਤੇਰਾ ਇਕ ਧਿਆਨ ਲਗਾਈਆ । ਰਾਤੀਂ ਸੁੱਤਿਆਂ ਦਿਨੇ ਜਾਗਦਿਆਂ ਰੱਖਣ ਉਡੀਕ, ਨਿੰਦਰਾ ਗ਼ਫ਼ਲਤ ਵਿਚ ਧਿਆਈਆ । ਬੈਠੇ ਰਹਿਣ ਸਦਾ ਅਤੀਤ, ਇਕ ਤੇਰੀ ਓਟ ਰਖਾਈਆ । ਕਾਇਆ ਬਣਾ ਮੰਦਰ ਮਸੀਤ, ਘਰ ਇਸ਼ਟ ਇਕ ਜਣਾਈਆ । ਪਰੇਮ ਪ੍ਰੀਤੀ ਅੰਦਰ ਰਹਿਣ ਠਾਂਡੇ ਸੀਤ, ਕੂੜੀ ਅਗਨ ਨਾ ਲਾਗੇ ਰਾਈਆ । ਰਸਨਾ ਗੌਣ ਤੇਰਾ ਗੀਤ, ਜਿਹਵਾ ਸਿਫ਼ਤ ਤੇਰੀ ਵਡਿਆਈਆ । ਹਿਰਦੇ ਅੰਦਰ ਕੱਢੀ ਲਕੀਰ, ਮੇਟ ਸਕੇ ਨਾ ਕੋਇ ਰਾਈਆ । ਗਦਾਗਰ ਬਣ ਫ਼ਕੀਰ, ਅਲਫ਼ੀ ਤੇਰੇ ਨਾਮ ਹੰਢਾਈਆ । ਸ਼ਰਅ ਤੋੜ ਜਗਤ ਜ਼ੰਜੀਰ, ਸ਼ਰੀਅਤ ਲੇਖਾ ਰਹੇ ਮੁਕਾਈਆ । ਇਕੋ ਅੰਮ੍ਰਿਤ ਸੱਚਾ ਸੀਰ, ਸਾਂਤਕ ਸਤਿ ਸਤਿ ਜਣਾਈਆ । ਸਤਿ ਸੰਤੋਖ ਲੈ ਕੇ ਧੀਰ, ਧੀਰਜਵਾਨ ਬੈਠੇ ਆਸਣ ਲਾਈਆ । ਮਾਇਆ ਮਮਤਾ ਰਹੀ ਨਾ ਪੀੜ, ਕੂੜੀ ਕਿਰਿਆ ਪਰੇ ਹਟਾਈਆ । ਤੇਰੇ ਮਿਲਣ ਦੀ ਇਕ ਉਡੀਕ, ਨਿਜ ਨੇਤਰ ਵੇਖ ਵਖਾਈਆ । ਪਰਵਰਦਿਗਾਰ ਲਾਸ਼ਰੀਕ, ਤੇਰੀ ਸਚ ਸਰਨਾਈਆ । ਹਕੀਕਤ ਵੇਖ ਆਪ ਹਕੀਰ, ਹਾਕਮ ਆਪਣਾ ਫੇਰਾ ਪਾਈਆ । ਜਗਤ ਅੰਧੇਰਾ ਮਿਟੇ ਤਾਰੀਕ, ਅੰਧ ਅਗਿਆਨ ਰਹੇ ਨਾ ਰਾਈਆ । ਸੋ ਨਜ਼ਰੀ ਆਇਣ ਨਜ਼ਦੀਕ, ਦੂਰ ਦੁਰਾਡਾ ਪੰਧ ਮੁਕਾਈਆ । ਜੇ ਨੇਤਰ ਲਏਂ ਮੀਟ, ਤੇਰਾ ਨੂਰ ਜ਼ਹੂਰ ਹੋਏ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਇਕ ਕਰਾਈਆ । ਸ੍ਰੀ ਭਗਵਾਨ ਤੇਰੇ ਭਗਤਾਂ ਰੰਗ, ਰੰਗ ਇਕੋ ਇਕ ਵਡਿਆਈਆ । ਮੈਂ ਵੇਖਿਆ ਅੰਦਰ ਲੰਘ, ਘਰ ਸਾਚੇ ਫੇਰਾ ਪਾਈਆ । ਪਰੇਮ ਪ੍ਰੀਤ ਵੱਜੇ ਮਰਦੰਗ, ਢੋਲਕ ਛੈਣਾ ਨਾ ਕੋਇ ਖੜਕਾਈਆ । ਅੰਤਰ ਅੰਤਰ ਇਕ ਅਨੰਦ, ਅਨੰਦ ਅਨੰਦ ਵਿਚ ਸਮਾਈਆ । ਦੋਏ ਜੋੜ ਰਹੇ ਦਰ ਮੰਗ, ਸੀਸ ਜਗਦੀਸ ਝੁਕਾਈਆ । ਰਸਨਾ ਜਿਹਵਾ ਮਾਣ ਨਾ ਬੱਤੀ ਦੰਦ, ਡੂੰਘੀ ਭਵਰੀ ਇਕ ਧਿਆਨ ਲਗਾਈਆ । ਤੇਰਾ ਸੁਣਨਾ ਸਾਚਾ ਨਦ, ਅਗੰਮੀ ਰਾਗ ਅਲਾਈਆ । ਜਗਤ ਜਹਾਨ ਛੱਡੀ ਹੱਦ, ਹਦੂਦ ਤੇਰੀ ਵਿਚ ਸਮਾਈਆ । ਸਦਾ ਸਦ ਸਦ ਤੈਨੂੰ ਰਹੇ ਸੱਦ, ਉਚੀ ਕੂਕ ਕੂਕ ਅਲਾਈਆ । ਬਿਰਹੋਂ ਵਛੋੜੇ ਅੰਦਰ ਸੁੱਕਣ ਹੱਡ, ਤਨ ਮਾਟੀ ਖ਼ਾਕ ਰਮਾਈਆ । ਸਾਹਿਬ ਸੁਲਤਾਨ ਤੇਰੀ ਹੋ ਕੇ ਯੱਦ, ਯਾਦ ਤੇਰੀ ਰਹੇ ਗਾਈਆ । ਕਵਣ ਵੇਲਾ ਪ੍ਰਭ ਆਏ

ਭੱਜ, ਬੇਪਰਵਾਹ ਫੇਰਾ ਪਾਈਆ । ਦਰ ਦਰਸਨ ਕਰੀਏ ਰੱਜ, ਦੁਖੜਾ ਜਨਮ ਗਵਾਈਆ । ਸਾਡੇ ਪੜਦੇ ਲਵੇ ਕਜ, ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਵਖਾਈਆ । ਪ੍ਰਭ ਤੇਰੇ ਭਗਤ ਨਿਰਗੁਣ ਸੁਣ ਕੇ ਸੋਹਲਾ, ਧਰੂ ਸਮਝ ਗਿਆ ਭੁਲਾਈਆ । ਜੁਗ ਚੌਕੜੀ ਰੱਖਿਆ ਉਹਲਾ, ਭੇਵ ਅਭੇਦ ਨਾ ਕਿਸੇ ਜਣਾਈਆ । ਕਲਜੁਗ ਅੰਤਮ ਗਾਇਆ ਢੋਲਾ, ਸੋਹੰ ਆਪਣਾ ਨਾਦ ਵਜਾਈਆ । ਨਿਰਗੁਣ ਹੋ ਕੇ ਬਣ ਵਿਚੋਲਾ, ਘਰ ਘਰ ਵੇਖ ਵਖਾਈਆ । ਲੱਖ ਚੁਰਾਸੀ ਪਾਵੇ ਰੋਲਾ, ਨਜ਼ਰ ਕਿਸੇ ਨਾ ਆਈਆ । ਜਨ ਭਗਤਾਂ ਪੂਰਾ ਕਰੇਂ ਕੌਲਾ, ਕੌਲ ਇਕਰਾਰ ਤੋੜ ਨਿਭਾਈਆ । ਦੇਵੇਂ ਵਡਿਆਈ ਉਪਰ ਧੌਲਾ, ਧਰਨੀ ਧਰਤ ਧਵਲ ਚਰਨ ਛੁਹਾਈਆ । ਸਭ ਦਾ ਭਾਰ ਕਰੇਂ ਹੌਲਾ, ਸਿਰ ਆਪਣੇ ਗੰਢ ਉਠਾਈਆ । ਕਹਾਰ ਬਣ ਕੇ ਚੁੱਕੇ ਡੋਲਾ, ਸਾਚੀ ਡੋਲੀ ਵੇਖ ਵਖਾਈਆ । ਨਿਰਵੈਰ ਹੋ ਕੇ ਬਣੇਂ ਤੋਲਾ, ਨਾਮ ਕੰਡਾ ਇਕ ਲਿਆਈਆ । ਅੰਕ ਬੋਲੇਂ ਇਕ ਅਨਮੋਲਾ, ਸਮਝ ਵਿਚ ਕਿਸੇ ਨਾ ਆਈਆ । ਸਚ ਦੁਆਰਾ ਸਤਿਗੁਰ ਖੋਲ੍ਹਾ, ਖ਼ਾਲਕ ਖ਼ਲਕ ਦਏ ਵਡਿਆਈਆ । ਗੁਰਮੁਖ ਵੇਖੇ ਹਰਿ ਜੂ ਭੋਲਾ, ਭੋਲੇ ਭਾਉ ਲਏ ਉਠਾਈਆ । ਕਰਮ ਜਨਮ ਜੋ ਹੋਇਆ ਗੋਲਾ, ਤਿਸ ਆਪਣਾ ਰੰਗ ਰੰਗਾਈਆ । ਪੂਰਬ ਲੇਖਾ ਆਪੇ ਫੋਲਾ, ਵੇਖਣਹਾਰ ਬੇਪਰਵਾਹੀਆ । ਕਰ ਕਿਰਪਾ ਸਦ ਵਸੇ ਕੋਲਾ, ਘਰ ਅੰਤਰ ਮੇਲ ਮਿਲਾਈਆ । ਸਚ ਪ੍ਰੀਤੀ ਘੋਲ ਘੋਲਾ, ਘੋਲੀ ਘੋਲ ਘੋਲ ਘੁਮਾਈਆ । ਸਭ ਨੂੰ ਦੱਸਿਆ ਇਕੋ ਬੋਲਾ, ਅਨਬੋਲਤ ਰਾਗ ਸੁਣਾਈਆ । ਹਰ ਘਟ ਅੰਦਰ ਰਵਿਆ ਮੌਲਾ, ਮੌਲਾ ਰੂਪ ਨੂਰ ਇਲਾਹੀਆ । ਸਖੀ ਸੱਜਣ ਦਾ ਇਕੋ ਢੋਲਾ, ਸੋਹੰ ਰਾਗ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰੇ ਹੱਥ ਤੇਰੀ ਵਡਿਆਈਆ । ਤੇਰੇ ਭਗਤਾਂ ਸੁਣ ਕੇ ਛੰਦ, ਮੇਰੇ ਘਰ ਵੱਜੀ ਵਧਾਈਆ । ਖ਼ੁਸ਼ੀ ਹੋਇਆ ਬੰਦ ਬੰਦ, ਤੰਦ ਇਕ ਸਤਾਰ ਹਿਲਾਈਆ । ਗੁਰਮੁਖ ਸੋਹਣੇ ਵੇਖੇ ਨੰਦ, ਨਿੰਦਕ ਨਜ਼ਰ ਕੋਇ ਨਾ ਆਈਆ । ਕਲਜੁਗ ਅੰਤਮ ਚੜ੍ਹ ਚੰਦ, ਸਤਿਜੁਗ ਸਚ ਨੂਰ ਰੁਸ਼ਨਾਈਆ । ਦੋਏ ਜੋੜ ਬੰਦਨਾ ਕਰਨ ਬੰਦ, ਬੰਦਗੀ ਇਕੋ ਇਕ ਜਣਾਈਆ । ਨੇਤਰ ਖੁਲ੍ਹਿਆ ਅਗਿਆਨ ਅੰਧ, ਜਲਵਾ ਨੂਰ ਰੁਸ਼ਨਾਈਆ । ਪੂਰਬ ਜਨਮ ਮੁਕਿਆ ਪੰਧ, ਅੱਗੇ ਮਿਲੀ ਸਚ ਸਰਨਾਈਆ । ਸੁਰਤ ਸਵਾਣੀ ਨਾ ਹੋਈ ਰੰਡ, ਕੰਤ ਕੰਤੂਹਲ ਵੇਖ ਵਖਾਈਆ । ਜਨਮ ਕਰਮ ਦੀ ਪੂਰੀ ਹੋਈ ਮੰਗ, ਮੰਗਤ ਬੈਠੇ ਖ਼ੁਸ਼ੀ ਮਨਾਈਆ । ਮਾਣਸ ਜਨਮ ਨਾ ਹੋਏ ਭੰਗ, ਭੰਗ ਹੋਏ ਸਰਬ ਲੋਕਾਈਆ । ਸ਼ਬਦ ਅਨਾਦ ਵੱਜੇ ਮਰਦੰਗ, ਘਰ ਘਰ ਕਰੇ ਸ਼ਨਵਾਈਆ । ਦੀਨ ਦਿਆਲ ਅੰਦਰ ਵੇਖੇ ਲੰਘ, ਪਾਰਬ੍ਰਹਮ ਵਡ ਵਡਿਆਈਆ । ਕਰਵਟ ਲੈ ਬਦਲੇ ਕੰਡ, ਮੁਖ ਆਪਣਾ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਪ੍ਰਭ ਤੇਰੇ ਭਗਤਾਂ ਗ੍ਰਿਹ ਲੱਗਾ ਸੋਹਣਾ, ਹਰਿ ਸੋਹਣੀ ਬਣਤ ਬਣਾਈਆ । ਖ਼ੁਸ਼ੀ ਗ਼ਮ ਨਾ ਕੋਈ ਰੋਣਾ, ਸਦ ਇਕੋ ਰੰਗ ਵਖਾਈਆ । ਨਾ ਮੈਲਾ ਨਾ ਉਜਲ ਧੋਣਾ, ਦੁਰਮਤ ਮੈਲ ਨਾ ਕੋਇ ਜਣਾਈਆ । ਨਾ ਨਿੰਦਰਾ ਨਾ ਆਲਸ ਨਾ ਜਾਗਣਾ ਨਾ ਸੌਣਾ, ਗੂੜ੍ਹੀ ਨੀਂਦ ਨਾ ਕੋਇ ਵਖਾਈਆ । ਨਾ ਰਾਗ ਨਾ ਢੋਲਾ ਨਾ ਛੰਦ ਵੈਰਾਗੀ ਲੌਣਾ, ਗੀਤ ਗੀਤ ਨਾ ਕੋਇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਤੇਰਾ ਚਰਨ ਧਿਆਨ ਰਖਾਈਆ । ਤੇਰੇ ਭਗਤਾਂ ਖੇਲ ਅਵੱਲਾ, ਕਲ ਅੰਤ ਮਿਲੀ ਵਡਿਆਈਆ । ਸਾਰੇ ਕਹਿਣ ਪੁਰਖ ਅਬਿਨਾਸ਼ੀ ਇਕ ਇਕੱਲਾ, ਸਭ ਦਾ ਪਿਤਾ ਮਾਈਆ । ਨਧੜਕ ਹੋ ਕੇ

ਫੜਿਆ ਪੱਲਾ, ਲਏ ਨਾ ਕੋਇ ਛੁਡਾਈਆ । ਨਿਰਗੁਣ ਹੋ ਕੇ ਅੰਦਰ ਰਲਿਆ, ਸਰਗੁਣ ਵੇਖ ਵਖਾਈਆ । ਪਰਕਾਸ਼ ਹੋ ਕੇ ਦੀਪਕ ਬਲਿਆ, ਜੋਤੀ ਨੂਰ ਰੁਸ਼ਨਾਈਆ । ਨਿਰਵੈਰ ਹੋ ਕੇ ਦਰ ਤੇ ਖਲਿਆ, ਸਵੱਛ, ਸਰੂਪ ਰੂਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਹੋਏ ਆਪ ਸਹਾਈਆ । ਤੇਰੇ ਭਗਤਾਂ ਖੇਲ ਅਨੋਖੀ, ਅਨਕ ਕਲ ਵਡਿਆਈਆ । ਨਾ ਪੁਸਤਕ ਨਾ ਕੋਈ ਪੋਥੀ, ਪ੍ਰਭ ਇਕੋ ਤੇਰਾ ਧਿਆਨ ਲਗਾਈਆ । ਨਾ ਕਛ ਨਾ ਜੰਞੂ ਬੋਦੀ ਧੋਤੀ, ਤਿਲਕ ਲਲਾਟ ਨਾ ਕੋਇ ਲਗਾਈਆ । ਨਾ ਮਾਲਾ ਨਾ ਗੜਵੀ ਪੋਚੀ, ਚੌਂਕਾ ਸਾਫ਼ ਨਾ ਕੋਇ ਕਰਾਈਆ । ਨਾ ਪੂਜਾ ਪਾਠ ਨਾ ਕੋਇ ਸਲੋਕੀ, ਹਵਨ ਪਵਣ ਸੋਗੰਧ ਨਾ ਕੋਇ ਵਖਾਈਆ । ਧੂਪ ਦੀਪ ਨਾ ਕੋਈ ਜੋਤੀ, ਅਗਰਬੱਤੀ ਨਾ ਕੋਇ ਵਖਾਈਆ । ਜਗਤ ਸਮਗਰੀ ਨਾ ਕੋਇ ਆਹੂਤੀ, ਘਿਰਤ ਸੇਵ ਨਾ ਕੋਇ ਕਮਾਈਆ । ਤਨ ਖ਼ਾਕ ਨਾ ਕੋਇ ਭਬੂਤੀ, ਸਿਰ ਛਾਰ ਕੋਇ ਨਾ ਪਾਈਆ । ਤਨ ਖਿਚੀ ਨਾ ਕੋਇ ਲੰਗੋਟੀ, ਸੰਗਲੀ ਕਮਰ ਨਾ ਕੋਇ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵੇਖਿਆ ਤੇਰਾ ਘਰ, ਜਿਸ ਘਰ ਖੇਲ ਬੇਪਰਵਾਹੀਆ । ਪ੍ਰਭ ਤੇਰੇ ਭਗਤਾਂ ਰਾਹ ਨਰਾਲਾ, ਵੇਖ ਵੇਖ ਹੈਰਾਨੀ ਛਾਈਆ । ਨਾ ਤਸਬੀ ਨਾ ਕੋਈ ਮਾਲਾ, ਮਣਕਾ ਮਣਕਾ ਨਾ ਕੋਇ ਭੁਆਈਆ । ਤ੍ਰੈਗੁਣ ਮਾਇਆ ਤੋੜ ਜੰਜਾਲਾ, ਇਕੋ ਤੇਰਾ ਧਿਆਨ ਲਗਾਈਆ । ਨਾ ਮੰਦਰ ਨਾ ਧਰਮਸਾਲਾ, ਧਰਮ ਦੁਆਰਾ ਇਕੋ ਵਡ ਵਡਿਆਈਆ । ਨਾ ਸ਼ਾਹ ਨਾ ਦਿਸੇ ਕੰਗਾਲਾ, ਸਤਿ ਸਰੂਪ ਸਰਬ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਦਿਤੀ ਵਡਿਆਈਆ । ਪ੍ਰਭ ਤੇਰੇ ਭਗਤਾਂ ਖੇਲ ਮਹਾਨ, ਮੇਰੀ ਸਮਝ ਵਿਚ ਨਾ ਆਈਆ । ਵੇਲੇ ਅੰਮ੍ਰਿਤ ਨਾ ਕੋਇ ਅਸ਼ਨਾਨ, ਤੀਰਥ ਤਟ ਨਾ ਫੇਰਾ ਪਾਈਆ । ਅੱਠੇ ਪਹਿਰ ਤੇਰਾ ਨਾਮ ਧਿਆਣ, ਸਚ ਸਰੋਵਰ ਵਿਚ ਸਮਾਈਆ । ਗੁਰਦੁਆਰਾ ਸਚ ਮਕਾਨ, ਕਾਇਆ ਬੰਕ ਡੇਰਾ ਲਾਈਆ । ਘੜੀ ਪਲ ਵਿਛੜ ਨਾ ਜਾਣ, ਸਵਾਸ ਸਵਾਸ ਰਹੇ ਜਸ ਗਾਈਆ । ਬਿਨ ਰਸਨਾ ਜਿਹਵਾ ਜ਼ਬਾਨ, ਬੱਤੀ ਦੰਦ ਨਾ ਕੋਇ ਹਿਲਾਈਆ । ਇਕੋ ਵਾਰ ਕਿਹਾ ਤੂੰ ਮੇਰਾ ਮੈਂ ਤੇਰਾ ਭਗਵਾਨ, ਤੇਰਾ ਤੇਰੀ ਝੋਲੀ ਪਾਈਆ । ਜਿਉਂ ਭਾਵੇ ਤਿਉਂ ਰੱਖ ਜਹਾਨ, ਸਭ ਤੇਰੇ ਹੱਥ ਵਡਿਆਈਆ । ਮੈਂ ਗੋਪੀ ਤੂੰ ਮੇਰਾ ਕਾਹਨ, ਤੇਰੀ ਬੰਸਰੀ ਨਾਮ ਮੋਹੇ ਭਾਈਆ । ਹਉਂ ਨਾਰੀ ਤੂੰ ਸਾਹਿਬ ਕੰਤ ਬਲਵਾਨ, ਅੰਗੀਕਾਰ ਇਕ ਹੋ ਜਾਈਆ । ਤੇਰੇ ਹੱਥ ਸਚ ਨਿਸ਼ਾਨ, ਘਰ ਮੰਦਰ ਦੇ ਝੁਲਾਈਆ । ਤੇਰੀ ਪ੍ਰੀਤ ਸਿਦਕ ਈਮਾਨ, ਧੀਰਜ ਧਰਮ ਜਤ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦ ਵਡਿਆਈਆ । ਤੇਰੇ ਭਗਤ ਰਸਨਾ ਕਹਿਣ, ਇਕੋ ਇਕ ਰਾਗ ਅਲਾਈਆ । ਚੈਨ ਨਾ ਆਵੇ ਬਿਨ ਦਰਸਨ ਨੈਣ, ਨੈਣ ਦਰਸ ਰਹੇ ਤਰਸਾਈਆ । ਸਾਚਾ ਬਣ ਸੱਜਣ ਸੈਣ, ਸਾਕ ਇਕੋ ਇਕ ਅਖਵਾਈਆ । ਮਹੱਲ ਅਟੱਲ ਮਿਲੇ ਬਹਿਣ, ਘਰ ਤੇਰੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਚ ਸਰਨਾਈਆ । ਸਚ ਸਰਨਾਈ ਭਗਤ ਜਨ, ਸ੍ਰੀ ਭਗਵਾਨ ਆਪ ਜਣਾਇੰਦਾ । ਜਿਨ੍ਹਾਂ ਕਹਿਣਾ ਲਿਆ ਮੰਨ, ਤਿਨ੍ਹਾਂ ਆਪਣਾ ਰੰਗ ਚੜ੍ਹਾਇੰਦਾ । ਭਾਗ ਲਗਾਵਾਂ ਸਾਚੇ ਤਨ, ਪੰਜ ਤੱਤ ਕਾਇਆ ਬੰਕ ਵਡਿਆਇੰਦਾ । ਮਨ ਕਾ ਮਣਕਾ ਫਿਰੇ ਮਨ, ਮਾਲਾ ਇਕੋ ਵਾਰ ਭੁਆਇੰਦਾ । ਅੰਮ੍ਰਿਤ ਸਰੋਵਰ ਨੁਹਾਵਾਂ ਜਲ, ਤੀਰਥ ਤਟ ਇਕ ਵਡਿਆਇੰਦਾ । ਪਰੇਮ ਪ੍ਰੀਤੀ ਤਸਬੀ ਮਾਲਾ ਪਾਵਾਂ ਗਲ, ਗਲ ਪਾਈ ਫੜ ਹੱਥ ਨਾ ਕੋਈ ਲਾਹਿੰਦਾ । ਨਿਰਗੁਣ ਹੋ ਕੇ ਜਾਵਾਂ ਰਲ,

ਅੰਤਰ ਆਪਣਾ ਰੰਗ ਰੰਗਾਇੰਦਾ । ਧੁਰ ਸੰਦੇਸ਼ ਇਕੋ ਘੱਲ, ਮੰਤਰ ਨਾਮ ਦ੍ਰਿੜਾਇੰਦਾ । ਆਤਮ ਸੇਜਾ ਸਾਚੀ ਮੱਲ, ਸਿੰਘਾਸਣ ਇਕੋ ਸੋਭਾ ਪਾਇੰਦਾ । ਦੀਪਕ ਹੋ ਕੇ ਜਾਵਾਂ ਬਲ, ਅਗਿਆਨ ਅੰਧੇਰ ਮਿਟਾਇੰਦਾ । ਅੰਮ੍ਰਿਤ ਹੋ ਕੇ ਦੇਵਾਂ ਫਲ, ਫਲ ਅੰਮ੍ਰਿਤ ਰੂਪ ਆਪ ਅਖਵਾਇੰਦਾ । ਨਿਰਗੁਣ ਹੋ ਕੇ ਧਾਰਾਂ ਬਲ, ਬਲ ਆਪਣਾ ਆਪ ਪਰਗਟਾਇੰਦਾ । ਸ੍ਰੀ ਭਗਵਾਨ ਹੋ ਕੇ ਰਹਾਂ ਅਟੱਲ, ਅਟੱਲ ਮਹੱਲ ਇਕ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦਇਆ ਕਮਾਇੰਦਾ । ਜਨ ਭਗਤਾਂ ਹੋਏ ਦਇਆਵਾਨ, ਦਇਆਨਿਧ ਵਡਿਆਈਆ । ਇਕੋ ਮੰਤਰ ਦੇਵੇ ਗਿਆਨ, ਅਗਿਆਨ ਰੂਪ ਨਾ ਕੋਇ ਵਖਾਈਆ । ਧਰਮ ਵਖਾਏ ਇਕ ਨਿਸ਼ਾਨ, ਨਿਹਕਰਮ ਆਪ ਝੁਲਾਈਆ । ਸਰਨ ਡਿਗੇ ਜੋ ਜਨ ਆਣ, ਦੇਵੇ ਸਚ ਸਰਨਾਈਆ । ਨਜ਼ਰੀ ਆਏ ਇਕੋ ਕਾਹਨ, ਗੋਪੀ ਗੁਰਮੁਖ ਲਏ ਪਰਨਾਈਆ । ਦਰ ਦੁਆਰੇ ਦੇਵੇ ਮਾਣ, ਨਿਮਾਣਿਆਂ ਹੋਏ ਸਹਾਈਆ । ਸਾਚਾ ਦੇਵੇ ਸਚ ਫ਼ਰਮਾਨ, ਫ਼ਰਮਾਨਾ ਇਕੋ ਇਕ ਸਮਝਾਈਆ । ਢੋਲਾ ਗਾਓ ਸ੍ਰੀ ਭਗਵਾਨ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਰਾਗ ਨਾਦ ਹੋਣ ਹੈਰਾਨ, ਹਰਿ ਕੀ ਖੇਲ ਸਮਝ ਕਿਸੇ ਨਾ ਆਈਆ । ਗੁਰਮੁਖ ਸਾਚੇ ਚਤਰ ਸੁਜਾਨ, ਪ੍ਰਭ ਇਕੋ ਬੂਝ ਬੁਝਾਈਆ । ਕਾਇਆ ਮੰਦਰ ਉਚ ਮਹਾਨ, ਸਾਚੇ ਟਿੱਲੇ ਦਏ ਵਡਿਆਈਆ । ਜਿਸ ਗ੍ਰਿਹਿ ਵਸੇ ਨੌਜਵਾਨ, ਨਿਰਗੁਣ ਦਾਤਾ ਬੇਪਰਵਾਹੀਆ । ਸੋ ਗ੍ਰਿਹਿ ਹੋਏ ਪਰਵਾਨ ਤਿਸ ਦਰ ਮਿਲੇ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਸਦਾ ਸਹਾਈਆ । ਪ੍ਰਭੂ ਸਚ ਦੱਸ ਤੇਰੇ ਭਗਤਾਂ ਕੋਲ ਕੀ ਕੁਛ, ਮੈਨੂੰ ਨਜ਼ਰ ਕੋਇ ਨਾ ਆਈਆ । ਮੈਂ ਸਭ ਦੇ ਕੋਲੋਂ ਲਿਆ ਪੁਛ, ਸਕੇ ਨਾ ਕੋਇ ਸਮਝਾਈਆ । ਮੈਂ ਵੇਖਦਾ ਆਇਆ ਲੁਕ ਲੁਕ, ਚੋਰੀ ਚੋਰੀ ਫੇਰਾ ਪਾਈਆ । ਜਿਧਰ ਜਾਵਾਂ ਤੇਰੇ ਭਗਤ ਰਹੇ ਬੁੱਕ, ਭਬਕ ਇਕੋ ਨਾਮ ਲਗਾਈਆ । ਸਾਰੇ ਕਹਿਣ ਅਸਾਂ ਪ੍ਰਭ ਨੂੰ ਲਿਆ ਲੁੱਟ, ਦਿਨ ਦਿਹਾੜੇ ਲੁੱਟ ਮਚਾਈਆ । ਸਚਖੰਡ ਵਿਚੋਂ ਲਿਆਂਦਾ ਪੁੱਟ, ਲੋਕਮਾਤ ਆਪਣੇ ਕੋਲ ਬਹਾਈਆ । ਉਹ ਗੋਬਿੰਦ ਨੂੰ ਕਹੇ ਮੇਰਾ ਪੁੱਤ, ਗੋਬਿੰਦ ਕਹੇ ਗੁਰਮੁਖ ਮੇਰੀ ਵਡਿਆਈਆ । ਮੈਂ ਵੇਖੀ ਸੋਹਣੀ ਰੁੱਤ, ਰੁੱਤ ਰੁੱਤੜੀ ਰਹੀ ਮਹਿਕਾਈਆ । ਘਰ ਘਰ ਜਾ ਕੇ ਵੇਖਿਆ ਗੁਰਮੁਖਾਂ ਖੜੀ ਮੁੱਛ, ਮੁਸ਼ਕਲ ਨਜ਼ਰ ਕੋਈ ਨਾ ਆਈਆ । ਲੱਖ ਚੁਰਾਸੀ ਸਮਝੀ ਤੁਛ, ਪੈਰਾਂ ਨਾਲ ਰਹੇ ਦਬਾਈਆ । ਸਾਨੂੰ ਅੱਗੇ ਕੋਈ ਨਾ ਸਕੇ ਪੁੱਛ, ਦੇਵਣਹਾਰ ਨਾ ਕੋਇ ਸਜ਼ਾਈਆ । ਸ੍ਰੀ ਭਗਵਾਨ ਗੋਦੀ ਲੈਣਾ ਚੁੱਕ, ਸਾਚੀ ਸੇਵਾ ਆਪ ਕਮਾਈਆ । ਅਧਵਿਚਕਾਰ ਨਾ ਜਾਣਾ ਰੁਕ, ਪੈਂਡਾ ਮੁੱਕੇ ਵਾਹੋ ਦਾਹੀਆ । ਇਕੋ ਰੱਖੀ ਸਾਚੀ ਓਟ, ਦੂਜਾ ਧਿਆਨ ਨਾ ਕੋਇ ਲਗਾਈਆ । ਸ੍ਰੀ ਭਗਵਾਨ ਦਾਤਾ ਸਤਿਗੁਰ ਇਕੋ ਬਹੁਤ, ਦੂਜੀ ਲੋੜ ਰਹੇ ਨਾ ਰਾਈਆ । ਕਰ ਕਿਰਪਾ ਜਾਏ ਪਹੁੰਚ, ਬੇਪਰਵਾਹ ਫੇਰਾ ਪਾਈਆ । ਸਾਨੂੰ ਉਹਦੇ ਮਿਲਣ ਦਾ ਸ਼ੌਂਕ, ਉਹ ਸਾਡਾ ਹੋ ਕੇ ਭੱਜੇ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਈਆ । ਪ੍ਰਭੂ ਤੇਰੇ ਭਗਤ ਰੱਖ ਭਰੋਸਾ, ਤੇਰਾ ਧਿਆਨ ਲਗਾਈਆ । ਨੌਂ ਖੰਡ ਪ੍ਰਿਥਮੀ ਵੇਖਿਆ ਗੋਸ਼ਾ, ਕੋਨਾ ਕੋਨਾ ਫੋਲ ਫੁਲਾਈਆ । ਸ੍ਰਿਸ਼ਟੀ ਜੀਂਵਦਿਆਂ ਕਰ ਦੀ ਫਿਰੇ ਮੋਕਸ਼ਾ, ਮੁਕਤੀ ਹੱਥ ਕਿਸੇ ਨਾ ਆਈਆ । ਸਾਚਾ ਸੁਣੇ ਨਾ ਕੋਈ ਸਲੋਕਾ, ਸੁਣ ਸੁਣ ਥੱਕੀ ਸਰਬ ਲੋਕਾਈਆ । ਤੇਰੇ ਮਿਲਣ ਦਾ ਹੱਥ ਨਾ ਆਇਆ ਕਿਸੇ ਮੌਕਾ, ਮੁਫ਼ਤ ਆਪਣਾ ਆਪ ਰਹੇ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮੇਲਾ ਲਏ ਮਿਲਾਈਆ । ਮੌਕਾ ਹੱਥ



੮੨੪
੧੪

ਨਾ ਦੇਵਾਂ ਕਿਸ, ਸਭ ਦੀ ਕਿਸਮਤ ਆਪਣੇ ਹੱਥ ਰਖਾਈਆ । ਜਿਸ ਦਾ ਲਹਿਣਾ ਦੇਣਾ ਤਿਸ, ਮਸਤਕ ਤਿਲਕ ਇਕ ਲਗਾਈਆ । ਕਲਜੁਗ ਅੰਤਮ ਵੰਡਿਆ ਹਿਸ, ਹਿੱਸੇਦਾਰ ਆਪ ਹੋ ਆਈਆ । ਜਿਨ੍ਹਾਂ ਦਾ ਪੂਰਬ ਦਿਤਾ ਲਿਖ, ਤਿਨ੍ਹਾਂ ਅੰਤਮ ਮੇਲ ਮਿਲਾਈਆ । ਜਿਨ੍ਹਾਂ ਪਾਈ ਨਾਮ ਭਿਖ, ਤਿਨ੍ਹਾਂ ਭੇਵ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਦੇਵੇ ਵਡਿਆਈ ਜਿਨ੍ਹਾਂ ਸਵਾਮੀ, ਸੋ ਸੱਜਣ ਹੋਣ ਪਰਵਾਨ । ਪ੍ਰਭ ਵੇਖੇ ਅੰਤਰਜਾਮੀ, ਦਰ ਦਰ ਘਰ ਘਰ ਖੋਲ੍ਹ ਦੁਕਾਨ । ਜਨ ਭਗਤਾਂ ਵਖਾਏ ਸਚ ਨਿਸ਼ਾਨੀ, ਸ਼ਾਹ ਪਾਤਸ਼ਾਹ ਸੱਚਾ ਸੁਲਤਾਨ । ਕਰ ਕਿਰਪਾ ਦੇਵੇਂ ਸੋਹੰ ਬਾਣੀ, ਬਾਣ ਨਿਰਾਲਾ ਮਾਰੇਂ ਆਣ । ਅੰਮ੍ਰਿਤ ਦੇਵੇ ਠੰਡਾ ਪਾਣੀ, ਪਾਰਬ੍ਰਹਮ ਪੁਰਖ ਸੁਲਤਾਨ । ਆਵਣ ਜਾਵਣ ਚੁੱਕੇ ਕਾਣੀ, ਕੂੜੀ ਕਿਰਿਆ ਨਾ ਰਹੇ ਨਿਸ਼ਾਨ । ਆਤਮ ਪਰਮਾਤਮ ਮਿਲੇ ਮਾਣੀ, ਘਰ ਸਾਚੇ ਖ਼ੁਸ਼ੀ ਮਹਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਸਹਾਈ ਸਦਾ ਮਿਹਰਵਾਨ । ਭਗਤ ਕਹਿਣ ਪ੍ਰਭ ਤੇਰੇ ਜੋਗੇ, ਜੋਗ ਜਗਤ ਨਾ ਕੋਇ ਰਖਾਈਆ । ਕਾਇਆ ਬਦਲੇ ਪੰਜ ਤੱਤ ਚੋਗੇ, ਚੋਲੀ ਤੇਰੀ ਇਕ ਹੰਡਾਈਆ । ਜੁਗ ਚੌਕੜੀ ਕੋਟਨ ਜਨਮ ਭੋਗ ਭੋਗੇ, ਹੁਕਮੇ ਅੰਦਰ ਫੇਰਾ ਪਾਈਆ । ਕਰਮ ਜਨਮ ਦੇ ਲੱਗੇ ਰਹੇ ਰੋਗੇ, ਰੋਗ ਸਕੇ ਨਾ ਕੋਇ ਮਿਟਾਈਆ । ਉਚੀ ਕੂਕ ਕੂਕ ਦੇਂਦੇ ਰਹੇ ਹੋਕੇ, ਰਸਨਾ ਜਿਹਵਾ ਰਾਗ ਅਲਾਈਆ । ਬਿਨ ਤੇਰੀ ਕਿਰਪਾ ਜੁਗ ਜੁਗ ਹੁੰਦੇ ਰਹੇ ਥੋਥੇ, ਕੀਮਤ ਕੋਇ ਅੰਤ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਬਖ਼ਸ਼ ਸੱਚੀ ਸਰਨਾਈਆ । ਜੁਗ ਚੌਕੜੀ ਆਵਣ ਆਇਆ, ਆ ਆ ਜਗਤ ਵਡਿਆਈਆ । ਜੁਗ ਚੌਕੜੀ ਤ੍ਰੈਗੁਣ ਮਾਇਆ, ਮਾਇਆ ਪਾ ਪਾ ਜਗਤ ਭੁਲਾਈਆ । ਜੁਗ ਚੌਕੜੀ ਖੇਲ ਰਚਾਇਆ, ਲੱਖ ਚੁਰਾਸੀ ਗੇੜਾ ਗੇੜ ਭੁਆਈਆ । ਜੁਗ ਚੌਕੜੀ ਹੁਕਮ ਵਰਤਾਇਆ, ਨਾ ਕੋਈ ਮੇਟੇ ਮੇਟ ਮਿਟਾਈਆ । ਜੁਗ ਚੌਕੜੀ ਭਗਤ ਭਗਵਾਨ ਤਰਾਇਆ, ਤਰ੍ਹਾ ਤਰ੍ਹਾ ਸਮਝਾਈਆ । ਕਲਜੁਗ ਅੰਤਮ ਆਪ ਪ੍ਰਭ ਵੇਖਣ ਆਇਆ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਸਤਿ ਸਰੂਪ ਹੋ ਫੇਰਾ ਪਾਇਆ, ਪਾਰਬ੍ਰਹਮ ਪ੍ਰਭ ਵਡ ਵਡਿਆਈਆ । ਹੰ ਬ੍ਰਹਮ ਜਿਸ ਲੇਖ ਚੁਕਾਇਆ, ਸਰਨ ਦੇਵੇ ਸਰਨਾਈਆ । ਨਿਹਕਰਮੀ ਸਚ ਕਰਮ ਕਮਾਇਆ, ਕਰਮ ਕਾਂਡ ਮਿਟਾਈਆ । ਜਨਮ ਜਨਮ ਦਾ ਲਹਿਣਾ ਝੋਲੀ ਪਾਇਆ, ਹਰਿਜਨ ਦਿਤੀ ਸਚ ਸਰਨਾਈਆ । ਵਰਨ ਬਰਨ ਦਾ ਭਰਮ ਮਿਟਾਇਆ, ਜ਼ਾਤ ਪਾਤ ਨਾ ਕੋਇ ਰਖਾਈਆ । ਸਾਚਾ ਧਰਮ ਇਕ ਦਰਸਾਇਆ, ਪਾਰਬ੍ਰਹਮ ਸੱਚੀ ਸਰਨਾਈਆ । ਕਰਨੀ ਕਰਨ ਪ੍ਰਭ ਕਰਤਾ ਆਇਆ, ਕੁਦਰਤ ਵੇਖੇ ਥਾਉਂ ਥਾਈਂਆ । ਭਗਤ ਸੁਹੇਲੇ ਲਏ ਮਿਲਾਇਆ, ਗੁਰ ਚੇਲੇ ਰੰਗ ਰੰਗਾਈਆ । ਸੋਹਣਾ ਵੇਲਾ ਸੁਹੰਜਣਾ ਆਪ ਸੁਹਾਇਆ, ਸੁਹਬਤ ਇਕੋ ਘਰ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਾਂ ਮੇਲਾ ਮੇਲ ਮਿਲਾਈਆ । ਪ੍ਰਭੂ ਤੇਰੇ ਭਗਤ ਵੇਖੇ ਮਿਲਦੇ, ਮਿਲ ਮਿਲ ਖ਼ੁਸ਼ੀ ਮਨਾਈਆ । ਭੇਵ ਖੋਲ੍ਹਣ ਆਪਣੇ ਦਿਲ ਦੇ, ਪੜਦਾ ਉਹਲਾ ਨਾ ਕੋਇ ਵਖਾਈਆ । ਲਹਿਣਾ ਚੁੱਕੇ ਅਹਲਿਆ ਪਾਥਰ ਸਿਲ ਦੇ, ਸਿਲ ਚਰਨ ਕਵਲ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਿਤੀ ਸਰਬ ਮਾਤ ਵਡਿਆਈਆ । ਪ੍ਰਭ ਤੇਰੇ ਭਗਤਾਂ ਦੀ ਵੇਖੀ ਖੇਲ, ਲੋਕਮਾਤ ਫੇਰਾ ਪਾਈਆ । ਬਿਨ ਨਾਇਣ ਨਾਈ ਚੜ੍ਹ ਤੇਲ, ਝੀਵਰ ਨਜ਼ਰ ਕੋਇ ਨਾ ਆਈਆ । ਬਿਨ ਜਗਤ ਕੁਟੰਬੀਆਂ ਮਿਲੇ ਮੇਲ, ਮੇਲਾ ਇਕੋ ਇਕ ਮਿਲਾਈਆ । ਬਿਨ ਸਖੀਆਂ ਮਿਲੇ ਸੱਜਣ ਸੁਹੇਲ, ਹਰਿ

ਸਤਿਗੁਰ ਬੇਪਰਵਾਹੀਆ । ਬਿਨ ਸਵਾਣੀਆਂ ਪਏ ਵੇਲ, ਬਿਨ ਢੋਲਕ ਗੀਤ ਅਲਾਈਆ । ਸੋਹਣਾ ਵੇਖ ਅਗੰਮੀ ਖੇਲ, ਘਰ ਸਾਚੇ ਵੱਜੀ ਵਧਾਈਆ । ਪ੍ਰਭ ਭਗਤਾਂ ਕਰਿਆ ਮੇਲ, ਮਿਲਣੀ ਜਗਦੀਸ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿਜਨ ਵੇਖੇ ਹਰਿ ਜੂ ਆਣ, ਆਵਣ ਜਾਣ ਆਪਣੇ ਹੱਥ ਰਖਾਈਆ ।

★ ੨੮ ਜੇਠ ੨੦੨੦ ਬਿਕ੍ਰਮੀ ਅਦਾਲਤ ਸਿੰਘ ਦੇ ਨਵਿਤ ਮੱਘੋਵਾਲੀ ਜੰਮੂ ★

ਭਗਤ ਕਹਿਣ ਪ੍ਰਭ ਆ ਜਾ ਨੇੜੇ, ਦੂਰ ਨਜ਼ਰ ਕਿਸੇ ਨਾ ਆਈਆ । ਜੁਗ ਜੁਗ ਵੇਖੇ ਤੇਰੇ ਝੇੜੇ, ਝਿੜਕਾਂ ਦੇਵੇ ਸਰਬ ਲੋਕਾਈਆ । ਕਰ ਕਿਰਪਾ ਵਸਾ ਸਾਚੇ ਖੇੜੇ, ਗ੍ਰਿਹ ਮੰਦਰ ਹੋਏ ਰੁਸ਼ਨਾਈਆ । ਕਲਜੁਗ ਅਸੀਂ ਹੁਣ ਹੋ ਗਏ ਤੇਰੇ, ਤੂੰ ਕਿਉਂ ਬੈਠਾ ਮੁਖ ਛੁਪਾਈਆ । ਖੁਲ੍ਹੇ ਰੱਖੇ ਅਸਾਂ ਵੇਹੜੇ, ਬੰਦ ਤਾਕ ਨਾ ਕੋਇ ਰਖਾਈਆ । ਤੂੰ ਜਾਣੇ ਕੇਹੜੇ ਕੇਹੜੇ, ਜਿਨ੍ਹਾਂ ਤੇਰੀ ਆਸ ਰਖਾਈਆ । ਮਿਹਰਵਾਨ ਹੋ ਕੇ ਬੰਨ੍ਹ ਬੇੜੇ, ਬੇੜਾ ਆਪਣੇ ਕੰਧ ਉਠਾਈਆ । ਕਲਜੁਗ ਲਵੇ ਨਾ ਆਪਣੇ ਘੇਰੇ, ਘੇਰਾ ਅਵਰ ਨਾ ਕੋਇ ਪਾਈਆ । ਤੇਰੇ ਹੱਥ ਸਾਡੇ ਨਬੇੜੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਣੀ ਇਕ ਸਰਨਾਈਆ । ਮੈਂ ਨਬੇੜਾ ਹੱਕ ਕਰਾਵਾਂਗਾ । ਅਨਥਕ ਸੇਵ ਕਮਾਵਾਂਗਾ । ਨੱਠ ਨੱਠ ਪੰਧ ਮੁਕਾਵਾਂਗਾ । ਝੱਟ ਗੁਰਮੁਖਾਂ ਘਰ ਆਵਾਂਗਾ । ਨਾਮ ਸੱਟ ਇਕ ਲਗਾਵਾਂਗਾ । ਦੁਰਮਤ ਮੈਲ ਕੱਟ ਨਿਰਮਲ ਨੂਰ ਉਪਜਾਵਾਂਗਾ । ਵੇਲੇ ਅੰਤ ਰੱਖ ਪਤ, ਪਤਿਪਰਮੇਸ਼ਵਰ ਰੂਪ ਧਰਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਉਠਾਵਾਂਗਾ । ਹਰਿਜਨ ਸਾਚੇ ਆਪ ਉਠਾਵਾਂਗਾ । ਘਰ ਘਰ ਫੇਰਾ ਪਾਵਾਂਗਾ । ਦਰ ਦਰ ਅਲਖ ਜਗਾਵਾਂਗਾ । ਹਰਖ ਸੋਗ ਸਰਬ ਮਿਟਾਵਾਂਗਾ । ਹਉਮੇਂ ਰੋਗ ਸਰਬ ਚੁਕਾਵਾਂਗਾ । ਸਾਚਾ ਜੋਗ ਇਕ ਸਿਖਾਵਾਂਗਾ । ਨਾਮ ਸਲੋਕ ਇਕ ਗਾਵਾਂਗਾ । ਲੋਕ ਪਰਲੋਕ ਵੇਖ ਵਖਾਵਾਂਗਾ । ਕਾਇਆ ਕੋਟ ਪੜਦਾ ਲਾਹਵਾਂਗਾ । ਨਾਮ ਚੋਟ ਇਕ ਲਗਾਵਾਂਗਾ । ਨਿਰਮਲ ਜੋਤ ਇਕ ਜਗਾਵਾਂਗਾ । ਹਰਖ਼ ਸੋਗ ਸਭ ਚੁਕਾਵਾਂਗਾ । ਦਰਸ ਅਮੋਘ ਆਪ ਵਖਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੰਤ ਸੁਹੇਲੇ ਪਾਰ ਲੰਘਾਵਾਂਗਾ । ਸੰਤ ਸੁਹੇਲੇ ਪਾਰ ਲੰਘਾਵਾਂਗਾ । ਹੋ ਮਿਹਰਵਾਨ ਦਇਆ ਕਮਾਵਾਂਗਾ । ਨੇਰਨ ਨੇਰਾ ਵੇਸ ਵਟਾਵਾਂਗਾ । ਤੇਰਾ ਮੇਰਾ ਲੇਖ ਚੁਕਾਵਾਂਗਾ । ਚਾਓ ਘਨੇਰਾ ਇਕ ਵਖਾਵਾਂਗਾ । ਗੁਰਮੁਖਾਂ ਅੰਦਰ ਡੇਰਾ ਲਾਵਾਂਗਾ । ਸਾਚਾ ਮੰਦਰ ਇਕ ਸੁਹਾਵਾਂਗਾ । ਆਤਮ ਸੇਜਾ ਸੋਭਾ ਪਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਇਕ ਰੰਗਾਵਾਂਗਾ । ਆਪਣਾ ਰੰਗ ਨਾਮ ਰੰਗਾਵਾਂਗਾ । ਗੀਤ ਇਕੋ ਇਕ ਸੁਣਾਵਾਂਗਾ । ਭਗਤ ਰੀਤ ਜਗਤ ਚਲਾਵਾਂਗਾ । ਸਤਿਜੁਗ ਸਾਚੇ ਕਰ ਸਰਜੀਤ, ਸਾਚਾ ਜਨਮ ਦਿਵਾਵਾਂਗਾ । ਚਾਰ ਵਰਨ ਇਕ ਪ੍ਰੀਤ, ਪ੍ਰੀਤੀਵਾਨ ਇਕ ਅਖਵਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਭੇਵ ਚੁਕਾਵਾਂਗਾ । ਜਨ ਭਗਤਾਂ ਭੇਵ ਚੁਕਾਵਾਂਗਾ । ਨਿਰਗੁਣ ਹੋ ਕੇ ਦਰਸ ਵਖਾਵਾਂਗਾ । ਸਰਗੁਣ ਆਪਣੇ ਨਾਲ ਮਿਲਾਵਾਂਗਾ । ਨਾਦ ਧੁਨ ਇਕ ਉਪਜਾਵਾਂਗਾ । ਮੁਨ ਸੁਨ ਆਪ ਖੁਲ੍ਹਾਵਾਂਗਾ । ਗੁਰਮੁਖ ਜਨ ਗੋਦ ਬਹਾਵਾਂਗਾ । ਮੇਰਾ ਖੇਲ


੮੨੬
੧੪

ਮੰਤਰ ਫੁਨ, ਘੜੀ ਪਲ ਨਾ ਕੋਇ ਲਗਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਮੰਦਰ ਆਪ ਬਹਾਵਾਂਗਾ । ਸਾਚੇ ਮੰਦਰ ਬਹਾਵਾਂਗਾ । ਵੱਜਾ ਜੰਦਰ ਤੋੜ ਤੁੜਾਵਾਂਗਾ । ਉਜੜਿਆ ਖੇੜਾ ਫੇਰ ਵਸਾਵਾਂਗਾ । ਨਿਰਮਲ ਨੂਰ ਜੋਤ ਜਗਾਵਾਂਗਾ । ਰਾਗ ਤੂਰ ਨਾਦ ਵਜਾਵਾਂਗਾ । ਜ਼ਾਹਰ ਜ਼ਹੂਰ ਨਜ਼ਰੀ ਆਵਾਂਗਾ । ਬਣ ਮਸ਼ਕੂਰ ਸ਼ੁਕਰ ਮਨਾਵਾਂਗਾ । ਜਨ ਭਗਤਾਂ ਮਿਲਾਂ ਜ਼ਰੂਰ, ਜ਼ਰੂਰਤ ਆਪਣੀ ਪੂਰ ਕਰਾਵਾਂਗਾ । ਕਲਜੁਗ ਅੰਤ ਨਾ ਹੋਵਾਂ ਮਫ਼ਰੂਰ, ਲੁਕ ਲੁਕ ਨਾ ਵਕਤ ਲੰਘਾਵਾਂਗਾ । ਸਦ ਵਸਾਂ ਹਾਜ਼ਰ ਹਜ਼ੂਰ, ਹਾਜ਼ਰੀ ਆਪਣੀ ਘਰ ਘਰ, ਉਤੇ ਗੁਰਮੁਖਾਂ ਹਿਰਦੇ ਆਪ ਲਿਖਾਵਾਂਗਾ । ਜੇ ਕੋਈ ਵਛੋੜੇ ਵਿਚ ਹੋਇਆ ਕਸੂਰ, ਕਸੂਰ ਦੀ ਮੁਆਫ਼ੀ ਮੰਗ ਮੰਗਾਵਾਂਗਾ । ਇਹ ਮੇਰਾ ਦਸਤੂਰ, ਜੋ ਮੈਨੂੰ ਭੁੱਲੇ ਮੈਂ ਓਨੂੰ ਨਾ ਕਦੇ ਭੁਲਾਵਾਂਗਾ । ਜੋ ਮੇਰਾ ਹੋਇਆ ਮੈਂ ਉਹਦਾ ਹੋਇਆ ਜ਼ਰੂਰ, ਜ਼ਰਾ ਜ਼ਰਾ ਆਪਣੀ ਖੇਲ ਵਖਾਵਾਂਗਾ । ਆਦਿ ਜੁਗਾਦਿ ਜੁਗ ਚੌਕੜੀ ਜਨ ਭਗਤਾਂ ਅੱਗੇ ਮੇਰਾ ਚਲੇ ਨਾ ਕੋਇ ਗ਼ਰੂਰ, ਨੀਵਾਂ ਹੋ ਕੇ ਸਭ ਦੀ ਸੇਵ ਕਮਾਵਾਂਗਾ । ਏਸੇ ਕਾਰਨ ਆਦਿ ਜੁਗਾਦਿ ਸਦਾ ਮਸ਼ਹੂਰ, ਮੁਸ਼ਕਲ ਸਭ ਦੀ ਹੱਲ ਕਰਾਵਾਂਗਾ । ਆਸਾ ਮਨਸਾ ਮਨਸਾ ਪੂਰ, ਮਾਇਆ ਮੋਹ ਤੁੜਾਵਾਂਗਾ । ਸਰਬ ਕਲਾ ਆਪੇ ਭਰਪੂਰ, ਗੁਰਮੁਖ ਨਾਮ ਭਰਪੂਰ ਵਖਾਵਾਂਗਾ । ਕਲਜੁਗ ਅੰਤ ਨਾ ਹੋਵਾਂ ਦੂਰ, ਨੇੜੇ ਹੋ ਕੇ ਦਰ ਦਰ ਘਰ ਘਰ ਆਪਣਾ ਦਰਸ ਵਖਾਵਾਂਗਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਜੋਤੀ ਨੂਰ, ਪੰਜ ਤੱਤ ਭਗਤ ਬੰਕ ਵਡਿਆਵਾਂਗਾ ।



੮੨੭

★ ੨੮ ਜੇਠ ੨੦੨੦ ਬਿਕ੍ਰਮੀ ਵਕੀਲ ਸਿੰਘ ਦੇ ਨਵਿਤ ਮੱਘੋਵਾਲੀ ਜੰਮੂ ★

੧੪ ਪੰਜ ਤੱਤ ਪ੍ਰਭ ਤੇਰੀ ਰਾਸ, ਸਦ ਤੇਰੇ ਹੱਥ ਵਡਿਆਈਆ । ਤੂੰ ਦਾਤਾ ਸਰਬ ਗੁਣਤਾਸ, ਗੁਣਵੰਤ ਤੇਰੀ ਸਰਨਾਈਆ । ਤੇਰੀ ਕਿਰਪਾ ੧੪
ਤੇਰੀ ਮੰਡਲ ਤੇਰੀ ਰਾਸ, ਤੇਰਾ ਰਾਗ ਰਾਗਨੀ ਜਸ ਰਹੇ ਸਦ ਗਾਈਆ । ਤੇਰਾ ਖੇਲ ਤੇਰਾ ਤਮਾਸ਼, ਤੇਰੀ ਖ਼ਲਕਤ ਵੇਖੇ ਚਾਈਂ ਚਾਈਆ । ਤੇਰਾ ਅੰਮ੍ਰਿਤ ਤੇਰੀ ਪਿਆਸ, ਤੁਧ ਬਿਨ ਸਕੇ ਨਾ ਕੋਇ ਬੁਝਾਈਆ । ਤੇਰੀ ਪਵਣ ਤੇਰਾ ਸਵਾਸ, ਤੁਧ ਬਿਨ ਸਕੇ ਨਾ ਕੋਇ ਚਲਾਈਆ । ਤੇਰੀ ਆਤਮ ਤੇਰੇ ਸਾਥ, ਤੁਧ ਬਿਨ ਕਰੇ ਨਾ ਕੋਇ ਕੁੜਮਾਈਆ । ਤੇਰੀ ਪੂਜਾ ਤੇਰਾ ਪਾਠ, ਤੁਧ ਬਿਨ ਕਰੇ ਨਾ ਕੋਇ ਪੜ੍ਹਾਈਆ । ਤੇਰੀ ਗੰਗਾ ਤੇਰਾ ਤਾਟ, ਤੁਧ ਬਿਨ ਤਟ ਨਾ ਕੋਇ ਸੁਹਾਈਆ । ਤੇਰੀ ਮੰਜ਼ਲ ਤੇਰੀ ਵਾਟ, ਤੇਰਾ ਪੰਧ ਨਾ ਕੋਇ ਮੁਕਾਈਆ । ਤੇਰੀ ਹੱਟੀ ਤੇਰਾ ਹਾਟ, ਤੁਧ ਬਿਨ ਤੇਰਾ ਨਾਮ ਨਾ ਕੋਇ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਜਨ ਭਗਤ ਮੰਗਣਹਾਰ ਅਖਵਾਈਆ । ਭਗਤ ਜਨ ਸਭ ਕੁਛ ਤੇਰਾ, ਸ੍ਰੀ ਭਗਵਾਨ ਸਚ ਜਣਾਇੰਦਾ । ਤੁਧ ਬਿਨ ਮੇਰਾ ਕੋਈ ਨਾ ਬੰਨ੍ਹੇ ਬੇੜਾ, ਲੋਕਮਾਤ ਰਾਹ ਨਾ ਕੋਇ ਵਖਾਇੰਦਾ । ਤੁਧ ਬਿਨ ਮੇਰਾ ਕੋਈ ਨਾ ਵਸੇ ਖੇੜਾ, ਜਗਤ ਮੰਦਰ ਨਜ਼ਰ ਕੋਇ ਨਾ ਆਇੰਦਾ । ਤੁਧ ਬਿਨ ਦਿਸੇ ਨਾ ਕੋਈ ਮੇਰਾ ਡੇਰਾ, ਘਰ ਕੋਈ ਨਾ ਸੋਭਾ ਪਾਇੰਦਾ । ਤੁਧ ਬਿਨ ਕੋਈ ਨਾ ਹੋਵੇ ਨੇਰਨ ਨੇਰਾ, ਦੂਰ ਦੁਰਾਡਾ ਪੰਧ ਨਾ ਕੋਇ ਮੁਕਾਇੰਦਾ । ਤੁਧ ਬਿਨ ਕੋਈ ਨਾ ਕਰੇ ਮੇਰੇ ਨਾਲ ਝੇੜਾ, ਝਗੜਾ ਦਵੈਤ ਨਾ ਕੋਇ ਮਿਟਾਇੰਦਾ । ਏਸੇ ਕਾਰਨ ਮੈਨੂੰ ਕਹਿਣਾ ਪਏ ਤੂੰ ਮੇਰਾ ਮੈਂ ਤੇਰਾ, ਤੇਰੇ ਬਿਨ ਮੇਰਾ ਕੰਮ ਕਿਸੇ ਨਾ ਆਇੰਦਾ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਬ ਕਿਛ ਜਨ ਭਗਤਾਂ ਹੱਥ ਫੜਾਇੰਦਾ । ਕਲਜੁਗ ਕਹੇ ਪ੍ਰਭ ਤੇਰੀ ਪੂੰਜੀ, ਤੇਰੇ ਹੱਥ ਵਡਿਆਈਆ । ਤੇਰਾ ਨਾਮ ਤੇਰਾ ਕੁੰਜੀ, ਤੇਰਾ ਤੇਰੇ ਘਰ ਲਗਾਈਆ । ਤੇਰੀ ਵਸਤ ਅਮੋਲਕ ਗੁਝੀ, ਬਿਨ ਤੇਰੇ ਹੱਥ ਕਿਸੇ ਨਾ ਆਈਆ । ਜੇ ਸਤਿਗੁਰ ਨਾਨਕ ਸੁਝੀ, ਦੋਵੇਂ ਹੱਥ ਗਿਆ ਵਰਤਾਈਆ । ਕੋਈ ਸਮਝ ਨਾ ਸਕੀ ਬੁੱਧੀ, ਬੁੱਧੀ ਚਲੀ ਨਾ ਕੋਇ ਚਤਰਾਈਆ । ਮਤ ਬੰਦ ਕੀਤੀ ਕਾਇਆ ਕੁੱਜੀ, ਪਰਦਾ ਸਕੇ ਨਾ ਕੋਇ ਉਠਾਈਆ । ਤੇਰੀ ਵਸਤ ਰਹੀ ਲੁਕੀ, ਜਗਤ ਨੇਤਰ ਨਜ਼ਰ ਕਿਸੇ ਨਾ ਆਈਆ । ਸਾਧਾਂ ਸੰਤਾਂ ਆਤਮਾ ਰਹੀ ਭੁੱਖੀ, ਬਿਨ ਤੇਰੇ ਤ੍ਰਿਪਤ ਨਾ ਕੋਇ ਕਰਾਈਆ । ਫ਼ਰੀਦ ਵਰਗੇ ਖਾ ਕੇ ਰੋਟੀ ਰੁੱਖੀ, ਤੇਰਾ ਸ਼ੁਕਰ ਰਹੇ ਮਨਾਈਆ । ਤੇਰੇ ਪਰੇਮ ਪਿਆਰ ਦੀ ਖੁੱਲੀ ਨਾ ਅੱਜੇ ਮੁਠੀ, ਭੇਰਾ ਭੇਰਾ ਚਾਰ ਜੁਗ ਰਿਹਾ ਵਰਤਾਈਆ । ਤੇਰੀ ਵਸਤ ਕਿਸੇ ਨਾ ਲੁੱਟੀ, ਸਚਖੰਡ ਬੈਠਾ ਰਿਹੋਂ ਲੁਕਾਈਆ । ਕਲਜੁਗ ਅੰਤ ਜਨ ਭਗਤਾਂ ਲੱਭੀ ਤੇਰੀ ਕੁਟੀਆਂ ਕੁਟੀ, ਚਾਰੋਂ ਕੁੰਟ ਫੇਰਾ ਪਾਈਆ । ਤਕੜਿਆਂ ਹੋ ਕੇ ਤੈਥੋਂ ਇਕੋ ਗੱਲ ਪੁੱਛੀ, ਆਪਣੀ ਵਸਤ ਦੇ ਵਰਤਾਈਆ । ਪ੍ਰਭੂ ਦੇਂਦਿਆ ਕਦੇ ਨਾ ਮੁੱਕੀ, ਅਤੋਟ ਅਤੁਟ ਤੇਰੀ ਵਡਿਆਈਆ । ਅੱਗੇ ਘਾਟੀ ਨਾ ਆਵੇ ਔਖੀ, ਔਖਾ ਰਾਹ ਨਾ ਕੋਇ ਵਖਾਈਆ । ਤੇਰੇ ਨਾਮ ਦੀ ਪੜ੍ਹੀ ਇਕੋ ਪੋਥੀ, ਪੁਸਤਕ ਇਕੋ ਤੇਰਾ ਪਿਆਰ ਨਜ਼ਰੀ ਆਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਇਕੋ ਬਖ਼ਸ਼ ਨਿਰਮਲ ਜੋਤੀ, ਬਿਨ ਜੋਤੀ ਜੋਤ ਜੋਤ ਨਾ ਕੋਇ ਰੁਸ਼ਨਾਈਆ ।


੮੨੮

### ★ ੨੮ ਜੇਠ ੨੦੨੦ ਬਿਕ੍ਰਮੀ ਮਾਇਆ ਦੇਵੀ ਦੇ ਗ੍ਰਿਹ ਮੱਘੋਵਾਲੀ ਜੰਮੂ ★


੧੪

ਸ੍ਰੀ ਭਗਵਾਨ ਤੇਰਾ ਰਾਗ, ਹਰਿਜਨ ਹਰਿ ਹਰਿ ਨਾਮ ਧਿਆਈਆ । ਅੰਤਰ ਉਪਜੇ ਇਕ ਵੈਰਾਗ, ਵੈਰਾਗੀ ਰੂਪ ਵਟਾਈਆ । ਹੰਸ ਬੁੱਧੀ ਨਾ ਰਹੇ ਕਾਗ, ਕਾਗ ਹੰਸ ਰੂਪ ਵਟਾਈਆ । ਕੂੜੀ ਕਿਰਿਆ ਧੁੱਪੇ ਦਾਗ਼, ਦੁਰਮਤ ਮੈਲ ਨਜ਼ਰ ਨਾ ਆਈਆ । ਨਾਤਾ ਟੁੱਟੇ ਜਗਤ ਸਮਾਜ, ਘਰ ਇਕੋ ਸੋਭਾ ਪਾਈਆ । ਸ਼ਬਦ ਅਗੰਮੀ ਵੱਜੇ ਵਾਜ, ਧੁਰਦਰਗਾਹੀ ਆਪ ਸੁਣਾਈਆ । ਸੁਰਤ ਸਵਾਣੀ ਜਾਏ ਜਾਗ, ਨੇਤਰ ਨੈਣ ਅੱਖ ਖੁਲ੍ਹਾਈਆ । ਸਾਢੇ ਤਿੰਨ ਹੱਥ ਲੱਗੇ ਭਾਗ, ਬੰਕ ਮਿਲੇ ਇਕ ਵਡਿਆਈਆ । ਨਿਰਮਲ ਜੋਤ ਜਗੇ ਚਰਾਗ਼, ਅੰਧ ਅੰਧੇਰ ਗਵਾਈਆ । ਘਰ ਮਿਲੇ ਸੱਜਣ ਸਾਕ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਬੰਦ ਕਿਵਾੜਾ ਖੋਲ੍ਹੇ ਤਾਕ, ਪੜਦਾ ਦੂਈ ਦੇਵੇ ਉਠਾਈਆ । ਸਚ ਪ੍ਰੀਤੀ ਬੰਨ੍ਹੇ ਨਾਤ, ਨਾਤਾ ਇਕੋ ਇਕ ਜੁੜਾਈਆ । ਮਨਮਤ ਰਹੇ ਨਾ ਨਾਰ ਕਮਜ਼ਾਤ, ਗੁਰਮਤ ਕਰੇ ਇਕ ਪੜ੍ਹਾਈਆ । ਵੇਖ ਵਖਾਏ ਡੂੰਘਾ ਖਾਤ, ਗਹਿਰ ਗੰਭੀਰ ਫੇਰਾ ਪਾਈਆ । ਜਨ ਭਗਤਾਂ ਵੇਖੇ ਆਪ ਹਾਲਾਤ, ਹਾਲਤ ਆਪਣੀ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਨਾਮ ਸੱਚੀ ਵਡਿਆਈਆ । ਭਗਤ ਭਗਵਾਨ ਤੇਰਾ ਢੋਲਾ ਗੌਂਦੇ, ਗਾ ਗਾ ਖ਼ੁਸ਼ੀ ਮਨਾਈਆ । ਰਸਨਾ ਗੀਤ ਇਕ ਅਲੌਂਦੇ, ਇਕੋ ਇਕ ਜਣਾਈਆ । ਮੰਦਰ ਕਾਇਆ ਸਚ ਸੁਹੌਂਦੇ, ਸੋਭਨੀਕ ਅਖਵਾਈਆ । ਪਰੇਮ ਪ੍ਰੀਤੀ ਪੋਚ ਪੋਚੌਂਦੇ, ਪੋਚਨ ਇਕੋ ਇਕ ਰਖਾਈਆ । ਦੀਆ ਬਾਤੀ ਸਚ ਜਗੌਂਦੇ, ਕੂੜੀ ਕਰੇ ਨਾ ਕੋਇ ਰੁਸ਼ਨਾਈਆ । ਸਚ ਸਿੰਘਾਸਣ ਇਕ ਵਛੌਂਦੇ, ਆਤਮ ਸੇਜਾ ਮਿਲੇ ਵਡਿਆਈਆ ।


Rev-01

੮੨੯ ੧੪

ਨਿਜ ਨੇਤਰ ਧਿਆਨ ਇਕ ਲਗੌਂਦੇ, ਨੈਣ ਅੱਖ ਖੁਲ੍ਹਾਈਆ । ਅੰਮ੍ਰਿਤ ਧਾਰ ਇਕ ਬਰਸੌਂਦੇ, ਨਿਝਰ ਧਾਰ ਧਾਰ ਵਹਾਈਆ । ਚਾਰੋਂ ਕੁੰਟ ਰਾਹ ਤਕੌਂਦੇ, ਦਹਿ ਦਿਸ਼ਾ ਵੇਖ ਵਖਾਈਆ । ਸਾਚੀ ਆਸਾ ਇਕ ਰਖੌਂਦੇ, ਆਸਾ ਆਪਣੀ ਨਾਲ ਮਿਲਾਈਆ । ਬੰਦ ਕਿਵਾੜੀ ਕੁੰਡਾ ਲੌਂਹਦੇ, ਦਰ ਦਰਵਾਜ਼ਾ ਪਰੇ ਹਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਜਨ ਭਗਤ ਰਹੇ ਧਿਆਈਆ । ਤੇਰੇ ਨਾਮ ਦਾ ਸੱਚਾ ਸੋਹਲਾ, ਆਦਿ ਜੁਗਾਦਿ ਵੰਡ ਵੰਡਾਇੰਦਾ । ਨਿਰਗੁਣ ਸਰਗੁਣ ਸੱਚਾ ਢੋਲਾ, ਬੇਪਰਵਾਹ ਨਾਦ ਵਜਾਇੰਦਾ । ਭੇਵ ਚੁਕਾਏ ਪਰਦਾ ਉਹਲਾ, ਦੂਈ ਦਵੈਤ ਨਾ ਕੋਇ ਰਖਾਇੰਦਾ । ਧੁਰ ਦਰਬਾਰ ਇਕੋ ਖੋਲ੍ਹਾ, ਦਰਗਹਿ ਸਾਚੀ ਵਡ ਵਡਿਆਇੰਦਾ । ਨਿਰਵੈਰ ਪੁਰਖ ਬਣੇ ਵਿਚੋਲਾ, ਨਿਰਾਕਾਰ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਰਾਹ ਜਣਾਇੰਦਾ । ਪ੍ਰਭ ਤੇਰੇ ਨਾਮ ਦੀ ਇਕ ਆਵਾਜ਼, ਬਿਨ ਕੰਨਾਂ ਰਹੀ ਸਮਝਾਈਆ । ਜੁਗ ਚੌਕੜੀ ਸਾਜਣ ਸਾਜ, ਧੁਰ ਦੀ ਧਾਰ ਆਪ ਜਣਾਈਆ । ਹੁਕਮੇ ਅੰਦਰ ਇਕੋ ਰਾਜ, ਸ਼ਾਹ ਸੁਲਤਾਨ ਰਿਹਾ ਕਮਾਈਆ । ਤੇਰਾ ਖੇਲ ਅਗੰਮ ਤਮਾਸ਼, ਭੇਵ ਕੋਇ ਨਾ ਆਈਆ । ਵੇਖਣਹਾਰ ਪ੍ਰਿਥਮੀ ਆਕਾਸ਼, ਗਗਨ ਮੰਡਲ ਡੇਰਾ ਲਾਈਆ । ਭਗਤਾਂ ਇਕੋ ਤੇਰੀ ਆਸ, ਅੰਤਰ ਆਤਮ ਰਹੇ ਧਿਆਈਆ । ਨਿਰਗੁਣ ਹੋ ਕੇ ਕਰ ਦਾਸ, ਸਰਗੁਣ ਆਪਣਾ ਮੇਲ ਮਿਲਾਈਆ । ਆਪਣੀ ਵਿਛੜੀ ਵੇਖ ਸ਼ਾਖ਼, ਸ਼ਨਾਖ਼ਤ ਕਰ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਲਏ ਉਠਾਈਆ । ਤੇਰਾ ਨਾਮ ਗੌਂਦੇ ਨਿਤ, ਨਿਤ ਧਿਆਨ ਲਗਾਈਆ । ਸੰਝ ਸਵੇਰੇ ਕਰਦੇ ਹਿਤ, ਘੜੀ ਪਲ ਨਾ ਵੰਡ ਵੰਡਾਈਆ । ਤੇਰੇ ਮਿਲਣ ਦੀ ਰੱਖੀ ਸਿਕ, ਇਕੋ ਓਟ ਤਕਾਈਆ । ਕਰ ਕਿਰਪਾ ਪ੍ਰਭ ਲੇਖ ਲਿਖ, ਪਿਛਲਾ ਲੇਖਾ ਦੇ ਗਵਾਈਆ । ਦਾਤਾ ਹੋ ਕੇ ਪਾ ਭਿਖ, ਭਿਛਿਆ ਇਕੋ ਇਕ ਵਰਤਾਈਆ । ਨਿਜ ਨੇਤਰ ਨੈਣ ਆਵੇਂ ਦਿਸ, ਚਾਰ ਕੁੰਟ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੇਤਰ ਨੈਣ ਦੇ ਖੁਲ੍ਹਾਈਆ । ਤੇਰੇ ਨਾਮ ਦਾ ਗਾਇਆ ਜਸ, ਜੁਸਤਜੂ ਅਵਰ ਨਾ ਕੋਇ ਰਖਾਈਆ । ਠਾਕਰ ਸਵਾਮੀ ਮਿਲ ਹੱਸ, ਹੰਸ ਮੁਖ ਤੇਰੀ ਸ਼ਰਨਾਈਆ । ਮਾਰਗ ਨਿਰਵੈਰ ਇਕੋ ਦੱਸ, ਨਿਰਾਕਾਰ ਰਾਹ ਚਲਾਈਆ । ਲੇਖਾ ਚੁੱਕੇ ਤੱਤ ਅੱਠ, ਨੌਂ ਦੁਆਰ ਪੰਧ ਮੁਕਾਈਆ । ਦਸਵੇਂ ਰਹੇ ਨਾ ਕੋਇ ਹਠ, ਗੜ੍ਹ ਹੰਕਾਰ ਨਾ ਕੋਇ ਜਣਾਈਆ । ਇਕੋ ਤੇਰਾ ਨਾਮ ਲਈਏ ਰਟ, ਰੱਟਾ ਅਵਰ ਨਾ ਕੋਇ ਰਖਾਈਆ । ਤੂੰ ਵਸੇਂ ਘਟ ਘਟ, ਘਰ ਘਰ ਤੇਰੀ ਜੋਤ ਰੁਸ਼ਨਾਈਆ । ਕਲ ਅੰਤ ਹੋ ਪਰਗਟ, ਪਰਗਟ ਆਪਣਾ ਭੇਵ ਖੁਲ੍ਹਾਈਆ । ਧਰਮ ਦੁਆਰ ਵਖਾ ਹੱਟ, ਵਡ ਹਟਵਾਣੇ ਤੇਰੀ ਸ਼ਰਨਾਈਆ । ਸਾਚਾ ਲਾਹਾ ਲਈਏ ਖੱਟ, ਵਸਤ ਅਮੋਲਕ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਤੋਟ ਕੋਇ ਨਾ ਆਈਆ । ਦੇਵਾਂ ਨਾਮ ਇਕ ਅਪਾਰ, ਸੋ ਸਾਹਿਬ ਸਚ ਜਣਾਇੰਦਾ । ਜਨ ਭਗਤ ਬੋਲੋ ਜੈਕਾਰ, ਜੈ ਜੈਕਾਰ ਆਪ ਅਲਾਇੰਦਾ । ਇਕੋ ਮਿਲੇ ਸਾਂਝਾ ਯਾਰ, ਸਗਲਾ ਸੰਗ ਨਿਭਾਇੰਦਾ । ਜਿਸ ਨੂੰ ਕਹਿੰਦੇ ਪੁਰਖ ਕਰਤਾਰ, ਸੋ ਕਰਨੀ ਕਰ ਵਖਾਇੰਦਾ । ਜਿਸ ਨੂੰ ਮੰਨਦੇ ਸਿਰਜਣਹਾਰ, ਸੋ ਸਿਰ ਸਿਰ ਰਿਜ਼ਕ ਸਬਾਇੰਦਾ । ਜਿਸ ਨੂੰ ਕਹਿੰਦੇ ਪਰਵਰਦਿਗਾਰ, ਸੋ ਨੂਰ ਨੁਰਾਨਾ ਵੇਸ ਵਟਾਇੰਦਾ । ਜਿਸ ਨੂੰ ਕਹਿੰਦੇ ਅਗੰਮ ਅਪਾਰ, ਸੋ ਅਗੰਮੜੀ ਕਾਰ ਕਮਾਇੰਦਾ । ਜਿਸ ਨੂੰ ਕਹਿੰਦੇ ਜਨ ਭਗਤਾਂ ਫਿਰੇ ਦੁਆਰ, ਦਰ ਦਰ ਆਪਣੀ ਅਲਖ ਜਗਾਇੰਦਾ ।

ਜਿਸ ਨੂੰ ਕਹਿੰਦੇ ਲੁਕਿਆ ਰਹੇ ਜੁਗ ਚਾਰ, ਨਿਰਗੁਣ ਨਜ਼ਰ ਕਿਸੇ ਨਾ ਆਇੰਦਾ । ਜਿਸ ਨੂੰ ਕਹਿੰਦੇ ਕੰਤ ਭਤਾਰ, ਲੱਖ ਚੁਰਾਸੀ ਨਾਰ ਹੰਢਾਇੰਦਾ । ਜਿਸ ਨੂੰ ਕਹਿੰਦੇ ਜੋਤ ਸਰੂਪੀ ਨੂਰ ਉਜਿਆਰ, ਸਚਖੰਡ ਸਾਚੇ ਸੋਭਾ ਪਾਇੰਦਾ । ਜਿਸ ਨੂੰ ਕਹਿੰਦੇ ਨਾਮ ਵਸਤ ਦਏ ਆਧਾਰ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਰਾਹ ਵਖਾਇੰਦਾ । ਜਿਸ ਨੂੰ ਕਹਿੰਦੇ ਰੂਪ ਰੰਗ ਰੇਖ ਤੋਂ ਵਸੇ ਬਾਹਰ, ਨੇਤਰ ਨਜ਼ਰ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਸਾਚਾ ਨਾਮ ਇਕ ਦ੍ਰਿੜਾਇੰਦਾ । ਸਾਚਾ ਨਾਮ ਇਕੋ ਕਹਿਣਾ, ਸੋ ਸਤਿਗੁਰ ਆਪ ਜਣਾਈਆ । ਸਰਨ ਸਰਨਾਈ ਸਾਚੀ ਰਹਿਣਾ, ਰਹਿਮਤ ਹਰਿ ਜੂ ਰਿਹਾ ਕਮਾਈਆ । ਤਨ ਬਸਤਰ ਪੌਣਾ ਗਹਿਣਾ, ਭੂਸ਼ਨ ਇਕੋ ਰੰਗ ਰੰਗਾਈਆ । ਠਾਕਰ ਸਵਾਮੀ ਭਾਣਾ ਸਹਿਣਾ, ਸਿਦਕੀ ਸਿਦਕ ਨਿਭਾਈਆ । ਦਰਸਨ ਕਰਨਾ ਲੋਚਣ ਨੈਣਾਂ, ਅੱਖ ਪਰਤੱਖ ਖੁਲ੍ਹਾਈਆ । ਕੂੜੀ ਕਿਰਿਆ ਮੂਲ ਨਾ ਵਹਿਣਾ, ਜੂਠ ਝੂਠ ਨਾ ਕੋਇ ਵਡਿਆਈਆ । ਨਾਤਾ ਤੁਟੇ ਭਾਈ ਭੈਣਾ, ਸਾਕ ਸੱਜਣ ਸੰਗ ਨਾ ਕੋਇ ਰਖਾਈਆ । ਇਕੋ ਨਾਮ ਹਰੀ ਦਾ ਰਹਿਣਾ, ਹਰਿ ਆਪਣੇ ਨਾਮ ਡੰਕ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਸਾਲਾਹੀਆ । ਇਕੋ ਨਾਮ ਗੌਣਾ ਨਿਰੰਕਾਰ, ਨਿਰਗੁਣ ਨਿਰਵੈਰ ਦਏ ਸਮਝਾਈਆ । ਜਿਸ ਦੀ ਸਿਫ਼ਤ ਕਰੇ ਜੁਗ ਚਾਰ, ਖਾਣੀ ਬਾਣੀ ਨਾਲ ਰਲਾਈਆ । ਜਿਸ ਦਾ ਭਰਿਆ ਰਹੇ ਭੰਡਾਰ, ਖ਼ਾਲੀ ਰੂਪ ਨਾ ਕੋਇ ਵਖਾਈਆ । ਜਿਸ ਦਾ ਵਸਦਾ ਰਹੇ ਦੁਆਰ, ਖੇੜਾ ਉਜੜ ਕਦੇ ਨਾ ਜਾਈਆ । ਜਿਸ ਦੀ ਖਿੜੀ ਰਹੇ ਗੁਲਜ਼ਾਰ, ਲੱਖ ਚੁਰਾਸੀ ਗੁਲਸ਼ਨ ਆਪ ਮਹਿਕਾਈਆ । ਜਿਸ ਦੀ ਸਦਾ ਰਹੇ ਬਹਾਰ, ਖ਼ਿਜ਼ਾਂ ਰੁੱਤ ਕਦੇ ਨਾ ਆਈਆ । ਜਿਸ ਦੀ ਵੱਜਦੀ ਰਹੇ ਸਤਾਰ, ਦੋ ਜਹਾਨਾਂ ਰਾਗ ਅਲਾਈਆ । ਜਿਸ ਦੀ ਜੋਤ ਨੂਰ ਉਜਿਆਰ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਜਿਸ ਦਾ ਦਰ ਠਾਂਡਾ ਦਰਬਾਰ, ਘਰ ਮੰਦਰ ਸੋਭਾ ਪਾਈਆ । ਜਿਸ ਦਾ ਹੁਕਮ ਸਚ ਵਰਤਾਰ, ਨਾ ਕੋਈ ਮੇਟੇ ਮੇਟ ਮਿਟਾਈਆ । ਜਿਸ ਦਾ ਬੰਸ ਗੁਰ ਅਵਤਾਰ, ਸਹੰਸ ਸਹੰਸਰ ਰੂਪ ਵਟਾਈਆ । ਜਿਸ ਦਾ ਨਾਮ ਸਦਾ ਨਿਰੰਕਾਰ, ਨਾ ਮਰੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਦਏ ਸਮਝਾਈਆ । ਸਾਚਾ ਨਾਮ ਇਕ ਨਿਰੰਜਣ, ਨਿਰੰਕਾਰ ਆਪ ਜਣਾਇੰਦਾ । ਸਾਚਾ ਨਾਮ ਇਕ ਸੱਜਣ, ਸਗਲਾ ਸੰਗ ਨਿਭਾਇੰਦਾ । ਸਾਚਾ ਨਾਮ ਦਰਦ ਦੁੱਖ ਭੈ ਭੰਜਨ, ਭਵ ਸਾਗਰ ਪਾਰ ਕਰਾਇੰਦਾ । ਸਾਚਾ ਨਾਮ ਨੇਤਰ ਅੰਜਣ, ਅਗਿਆਨ ਅੰਧੇਰ ਮਿਟਾਇੰਦਾ । ਸਾਚਾ ਨਾਮ ਬਣਾਏ ਕੰਚਨ, ਕਾਇਆ ਮਾਟੀ ਰੂਪ ਵਟਾਇੰਦਾ । ਸਾਚਾ ਨਾਮ ਮਨ ਹੋਣ ਨਾ ਦੇਵੇ ਚੰਚਲ, ਡੋਰੀ ਆਪਣੇ ਤੰਦ ਬੰਧਾਇੰਦਾ । ਸਾਚਾ ਨਾਮ ਚੜ੍ਹਾਏ ਸਾਚੀ ਮੰਜ਼ਲ, ਘਰ ਇਕੋ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਾਮ ਸਚ ਇਕ ਸਮਝਾਇੰਦਾ । ਸਾਚਾ ਨਾਮ ਤੋੜੇ ਬੰਧਨ, ਬੰਦੀਖ਼ਾਨਾ ਰਹਿਣ ਨਾ ਪਾਈਆ । ਸਾਚਾ ਨਾਮ ਸਚ ਚੰਦਨ, ਸਾਚੀ ਮਹਿਕ ਇਕ ਮਹਿਕਾਈਆ । ਸਾਚਾ ਨਾਮ ਆਤਮ ਅਨੰਦਨ, ਅਨੰਦ ਅਨੰਦ ਵਿਚੋਂ ਪਰਗਟਾਈਆ । ਸਾਚਾ ਨਾਮ ਸਾਚਾ ਛੰਦਨ, ਸੋਹਲਾ ਇਕੋ ਇਕ ਸਮਝਾਈਆ । ਸਾਚਾ ਨਾਮ ਟੁੱਟੀ ਗੰਢਣ, ਗੰਢਣਹਾਰ ਅਖਵਾਈਆ । ਸਾਚਾ ਨਾਮ ਪੰਚ ਵਿਕਾਰ ਦੇਵੇ ਦੰਡਨ, ਡੰਕਾ ਇਕੋ ਇਕ ਵਜਾਈਆ । ਸਾਚਾ ਨਾਮ ਲੇਖ ਚੁਕਾਏ ਨਵ ਖੰਡਨ, ਦੀਪ ਸੱਤ ਪੰਧ ਮੁਕਾਈਆ । ਸਾਚਾ ਨਾਮ ਸਦਾ ਬਖ਼ਸ਼ੰਦਨ, ਬਖ਼ਸ਼ਸ਼ ਆਪਣੇ ਹੱਥ ਰਖਾਈਆ । ਸਾਚਾ ਨਾਮ ਵਸੇ ਬ੍ਰਹਿਮੰਡਨ, ਬ੍ਰਹਿਮੰਡ

ਰਿਹਾ ਸਮਾਈਆ । ਸਾਚਾ ਨਾਮ ਲੇਖਾ ਜਾਣੇ ਜੇਰਜ ਅੰਡਨ, ਉਤਭੁਜ ਸੇਤਜ ਵੇਖ ਵਖਾਈਆ । ਸਾਚਾ ਨਾਮ ਕਦੀ ਨਾ ਹੋਵੇ ਖੰਡਨ, ਦੁਰਮਤ
ਮੈਲ ਨਾ ਲਾਗੇ ਪਾਈਆ । ਸਾਚਾ ਨਾਮ ਵਸੇ ਵਰਭੰਡਣ, ਵਰਭੰਡੀ ਕਾਰ ਕਮਾਈਆ । ਸਾਚਾ ਨਾਮ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ
ਕਿਰਪਾ ਕਰ, ਇਕੋ ਇਕ ਜਣਾਈਆ । ਸਾਚਾ ਨਾਮ ਸਚ ਮਹਿਬੂਬ, ਮੁਹੱਬਤ ਇਕੋ ਇਕ ਜਣਾਇੰਦਾ । ਸਾਚਾ ਨਾਮ ਸਚ ਅਰੂਜ, ਅਰਸ਼ ਇਕੋ
ਇਕ ਵਖਾਇੰਦਾ । ਸਾਚਾ ਨਾਮ ਸਚ ਸਬੂਤ, ਸਾਬਤ ਸੂਰਤ ਇਕ ਸਮਝਾਇੰਦਾ । ਸਾਚਾ ਨਾਮ ਸਚ ਕਲਬੂਤ, ਕਾਇਆ ਕਪੜ ਭਾਗ ਲਗਾਇੰਦਾ ।
ਸਾਚਾ ਨਾਮ ਸਾਚੀ ਕੂਟ, ਸਾਚੀ ਦਿਸ਼ਾ ਡੇਰਾ ਲਾਇੰਦਾ । ਸਾਚਾ ਨਾਮ ਕੱਢੇ ਜੂਠ ਝੂਠ, ਰੂਪ ਨਾ ਕੋਇ ਵਟਾਇੰਦਾ । ਸਾਚਾ ਨਾਮ ਕੱਟੇ ਭੁਖ,
ਜਗਤ ਤ੍ਰਿਸਨਾ ਅੱਗ ਬੁਝਾਇੰਦਾ । ਸਾਚਾ ਨਾਮ ਦੇਵੇ ਸੁਖ, ਸੁਖ ਆਤਮ ਇਕ ਵਖਾਇੰਦਾ । ਸਾਚਾ ਨਾਮ ਮੇਟੇ ਦੁਖ, ਦਰਦੀਆਂ ਦਰਦ ਆਪ
ਵੰਡਾਇੰਦਾ । ਸਾਚਾ ਨਾਮ ਲਗਾਏ ਚੋਟ, ਚੇਤਨ ਘਰ ਘਰ ਆਪ ਕਰਾਇੰਦਾ । ਸਾਚਾ ਨਾਮ ਮਿਲਾਏ ਨਿਰਮਲ ਜੋਤ, ਜੋਤੀ ਜੋਤ ਗੰਢ ਪੁਆਇੰਦਾ ।
ਸਾਚਾ ਨਾਮ ਧੁਰ ਸਲੋਕ, ਸੋ ਸਾਹਿਬ ਆਪ ਜਣਾਇੰਦਾ । ਸਾਚਾ ਨਾਮ ਹੰ ਬ੍ਰਹਮ ਪ੍ਰਭ ਏਕਾ ਲੋਚ, ਲੋਚਾ ਪੂਰ ਆਪ ਅਖਵਾਇੰਦਾ । ਸੋਹੰ ਢੋਲਾ
ਸਚ ਸਲੋਕ, ਹਰਿ ਇਕੋ ਨਾਮ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਸਦਾ ਵਡਿਆਇੰਦਾ । ਸਾਚਾ
ਨਾਮ ਕਹੇ ਮੇਰਾ ਸੱਚਾ ਨਾਮ, ਇਕੋ ਇਕ ਅਖਵਾਈਆ । ਭਗਤ ਕਹੇ ਮੇਰਾ ਸੱਚਾ ਜਾਮ, ਪਾਰਬ੍ਰਹਮ ਪਿਆਈਆ । ਪਾਰਬ੍ਰਹਮ ਕਹੇ ਮੇਰਾ ਪਕੜੇ
ਦਾਮ, ਬ੍ਰਹਮ ਲੇਖਾ ਪੂਰ ਕਰਾਈਆ । ਬ੍ਰਹਮ ਕਹੇ ਮੇਰਾ ਇਕੋ ਰਾਮ, ਹਰਿ ਸਤਿਗੁਰ ਨਜ਼ਰੀ ਆਈਆ । ਰਾਮ ਕਹੇ ਮੇਰਾ ਇਕੋ ਕਾਮ, ਬ੍ਰਹਮ

ਪਾਰ ਕਰਾਈਆ । ਬ੍ਰਹਮ ਕਹੇ ਮੇਰਾ ਇਕੋ ਸ਼ਾਮ, ਮੁਕੰਦ ਨਜ਼ਰੀ ਆਈਆ । ਮੁਕੰਦ ਕਹੇ ਮੇਰਾ ਇਕੋ ਪੈਗ਼ਾਮ, ਸਨੇਹੁੜਾ ਸਚ ਸੁਣਾਈਆ ।

ਸਨੇਹੁੜਾ ਕਹੇ ਮੇਰਾ ਇਕੋ ਅਮਾਮ, ਇਕੋ ਨੂਰ ਇਲਾਹੀਆ । ਨੂਰ ਕਹੇ ਮੇਰਾ ਇਕ ਸਲਾਮ, ਸਜਦਾ ਸੀਸ ਝੁਕਾਈਆ । ਸੀਸ ਕਹੇ ਮੇਰੀ
ਸਚ ਕਲਾਮ, ਕਲਮਾ ਨਬੀ ਪੜ੍ਹਾਈਆ । ਨਬੀ ਕਹੇ ਮੈਂ ਪਕੜਾਂ ਦਾਮ, ਦਾਮਨਗੀਰ ਬੇਪਰਵਾਹੀਆ । ਬੇਪਰਵਾਹ ਕਹੇ ਮੈਂ ਕਰਾਂ ਨਜ਼ਾਮ, ਨੌਬਤ
ਆਪਣੇ ਨਾਮ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਮ ਦਏ ਵਡਿਆਈਆ । ਸੋ ਕਹੇ ਮੇਰਾ ਨਾਮ ਅਪਾਰਾ,
ਆਪਣੀ ਧਾਰ ਚਲਾਇੰਦਾ । ਹੰ ਕਹੇ ਮੋਹੇ ਸੋ ਪਿਆਰਾ, ਸਤਿਗੁਰ ਰੂਪ ਵਟਾਇੰਦਾ । ਸਤਿਗੁਰ ਕਹੇ ਮੇਰਾ ਇਕ ਕਿਨਾਰਾ, ਇਕੋ ਘਾਟ ਜਣਾਇੰਦਾ ।
ਹੰ ਬ੍ਰਹਮ ਕਰ ਪਸਾਰਾ, ਡੋਰ ਆਪਣੇ ਹੱਥ ਰਖਾਇੰਦਾ । ਪਾਰਬ੍ਰਹਮ ਪ੍ਰਭ ਖੇਲਣਹਾਰਾ, ਖ਼ਾਲਕ ਖ਼ਲਕ ਖੇਲ ਕਰਾਇੰਦਾ । ਆਤਮ ਪਰਮਾਤਮ
ਸਦ ਜੈਕਾਰਾ, ਜੈ ਜੈਕਾਰ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਨਾਮ ਸੱਚਾ ਪਰਗਟਾਇੰਦਾ । ਇਕ ਨਾਮ
ਦੇਵੇ ਵਡਿਆਈ, ਹਰਿ ਵੱਡਾ ਵਡ ਵਡਿਆਇੰਦਾ । ਚਾਰ ਜੁਗ ਪ੍ਰਭ ਦੇ ਨਾਮ ਦੀ ਵੱਜਦੀ ਰਹੀ ਸ਼ਹਿਨਾਈ, ਦਰ ਘਰ ਸਾਚੇ ਸੋਭਾ ਪਾਇੰਦਾ ।
ਇਕ ਇਕ ਨੂੰ ਮਿਲਦੀ ਰਹੀ ਵਡਿਆਈ, ਦੂਜੇ ਭੇਵ ਨਾ ਕੋਇ ਸਮਝਾਇੰਦਾ । ਗੁਰ ਅਵਤਾਰ ਪ੍ਰਭ ਦਾ ਜਸ ਰਹੇ ਗਾਈ, ਸਿਫ਼ਤੀ ਸਿਫ਼ਤ ਨਾਮ
ਸਾਲਾਹਿੰਦਾ । ਭਗਤ ਭਗਵਾਨ ਰਹੇ ਧਿਆਈ, ਨਿਤ ਨਿਤ ਧਿਆਨ ਲਗਾਇੰਦਾ । ਰਾਮ ਕ੍ਰਿਸ਼ਨ ਮੰਗਦੇ ਰਹੇ ਸਰਨਾਈ, ਈਸਾ ਮੂਸਾ ਮੁਹੰਮਦ
ਓਟ ਤਕਾਇੰਦਾ । ਨਾਨਕ ਗੋਬਿੰਦ ਲੱਗਦੇ ਰਹੇ ਪਾਈ, ਚਰਨ ਕਵਲ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਸਾਚਾ ਨਾਮ ਇਕ ਸਮਝਾਇੰਦਾ । ਸਾਚਾ ਨਾਮ ਹੰ ਰੂਪ, ਲੱਖ ਚੁਰਾਸੀ ਵਿਚ ਟਿਕਾਈਆ । ਸੋ ਸਾਹਿਬ ਬਣ ਸਾਚਾ ਭੂਪ, ਇਕੋ ਇਕੋ ਮਨਾਈਆ । ਦੋਹਾਂ ਮੇਲ ਇਕੋ ਕੂਟ, ਦਿਸ਼ਾ ਇਕੋ ਇਕ ਸਮਝਾਈਆ । ਇਕੋ ਪੇਟਾ ਇਕੋ ਸੂਤ, ਇਕੋ ਤਾਣਾ ਰਿਹਾ ਪਾਈਆ । ਵੇਖੇ ਖੇਲ ਕਰੇ ਪੰਜ ਭੂਤ, ਇਕੋ ਨਿਰਗੁਣ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਦੇਵੇ ਵਡਿਆਈ ਸੋਹੰ ਸ਼ਬਦ, ਆਤਮ ਪਰਮਾਤਮ ਸਾਂਝਾ ਗੀਤ ਬਣਾਈਆ । ਇਕ ਦੂਜੇ ਦਾ ਦੋਵੇਂ ਕਰਨ ਅਦਬ, ਆਦਾਬ ਇਕੋ ਇਕ ਸਿਖਾਈਆ । ਪਰੇਮ ਪ੍ਰੀਤੀ ਅੰਦਰ ਰਹਿਣ ਮਘਨ, ਸਾਚੀ ਰੀਤੀ ਇਕ ਜਣਾਈਆ । ਆਤਮਾ ਕਿਸੇ ਕੋਲੋਂ ਕਿਉਂ ਜਾਏ ਮੰਗਣ, ਦੇਵਣਹਾਰ ਪਰਮਾਤਮ ਆਪ ਅਖਵਾਈਆ । ਘਰ ਬੈਠਿਆ ਪਾਵੇ ਸਗਨ, ਕਰੇ ਸਚ ਕੁੜਮਾਈਆ । ਜਗਤ ਬੁਝਾਏ ਲੱਗੀ ਅਗਨ, ਅੰਮ੍ਰਿਤ ਮੇਘ ਬਰਸਾਈਆ । ਜਿਸ ਘੱਲਿਆ ਸੋ ਆਵੇ ਸੱਦਣ, ਸੱਦਾ ਆਪਣਾ ਨਾਮ ਸੁਣਾਈਆ । ਜਿਸ ਵੇਲੇ ਕਾਇਆ ਭਾਂਡਾ ਲੱਗੇ ਭੱਜਣ, ਸਤਿਗੁਰ ਪੂਰਾ ਫੇਰਾ ਪਾਈਆ । ਜਿਸ ਵੇਲੇ ਆਪਣਾ ਆਪਣਾ ਭਾਰ ਲੱਗਣ ਲੱਦਣ, ਤਿਸ ਵੇਲੇ ਭਗਤਾਂ ਆਪਣੇ ਕੰਧ ਉਠਾਈਆ । ਸਤਿਗੁਰ ਕਹੇ ਗੁਰਮੁਖ ਆ ਮੇਰੇ ਸੱਜਣ, ਸਗਲਾ ਸੰਗ ਰਖਾਈਆ । ਹੰ ਬ੍ਰਹਮ ਉਠ ਕੇ ਲੱਗੇ ਨੱਚਣ, ਨੱਚ ਨੱਚ ਆਪਣਾ ਨਾਚ ਵਖਾਈਆ । ਤੂੰ ਮੇਰਾ ਮੈਂ ਤੇਰਾ ਦੋਹਾਂ ਪਾਲਿਆ ਇਕੋ ਬਚਨ, ਢੋਲਾ ਅਵਰ ਨਾ ਕੋਇ ਗਾਈਆ । ਸੋਹੰ ਰੂਪ ਤੇਰਾ ਪੁਰਖ ਸਮਰਥਨ, ਸਮਰਥ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਨਾਮ ਨਾਮ ਆਪਣਾ ਆਪ ਜਣਾਈਆ ।


੮੩੨


੧੪

## ★ ੨੮ ਜੇਠ ੨੦੨੦ ਬਿਕ੍ਰਮੀ ਅੰਗਰੇਜ਼ ਸਿੰਘ ਦੇ ਗ੍ਰਿਹਿ ਮੱਘੋਵਾਲੀ ਜੰਮੂ ★

ਸਚਖੰਡ ਦੁਆਰਾ ਸੋਭਾਵੰਤ, ਸਤਿ ਸਤਿਵਾਦੀ ਆਪ ਸੁਹਾਇੰਦਾ । ਖੇਲੇ ਖੇਲ ਆਦਿ ਅੰਤ, ਨਿਰਵੈਰ ਆਪਣੀ ਕਾਰ ਕਮਾਇੰਦਾ । ਵੇਸ ਵਟਾਏ ਜੁਗਾ ਜੁਗੰਤ, ਜੁਗ ਚੌਕੜੀ ਰਾਹ ਚਲਾਇੰਦਾ । ਨਾਮ ਨਿਧਾਨਾ ਮਣੀਆਂ ਮੰਤ, ਮੰਤਰ ਇਕੋ ਇਕ ਦ੍ਰਿੜਾਇੰਦਾ । ਸਿਫ਼ਤ ਸਾਲਾਹੀ ਮਹਿਮਾ ਅਗਣਤ, ਭੇਵ ਅਭੇਦ ਖੁਲਾਇੰਦਾ । ਖੇਲੇ ਖੇਲ ਨਾਰ ਕੰਤ, ਨਰ ਨਾਰੀ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਦੁਆਰਾ ਇਕ ਵਡਿਆਇੰਦਾ । ਸਚਖੰਡ ਦੁਆਰੇ ਖੇਲ ਅਵੱਲਾ, ਸ੍ਰੀ ਭਗਵਾਨ ਆਪ ਕਰਾਇੰਦਾ । ਸੋ ਪੁਰਖ ਨਿਰੰਜਣ ਇਕ ਇਕੱਲਾ, ਨਿਰਵੈਰ ਆਪਣੀ ਕਾਰ ਕਮਾਇੰਦਾ । ਹਰਿ ਪੁਰਖ ਨਿਰੰਜਣ ਉਚ ਅਟੱਲਾ, ਰੂਪ ਰੰਗ ਰੇਖ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਜਣਾਇੰਦਾ । ਸਾਚਾ ਭੇਵ ਖੋਲ੍ਹੇ ਨਿਰੰਕਾਰ, ਨਰ ਨਰਾਇਣ ਵੱਡੀ ਵਡਿਆਈਆ । ਆਦਿ ਨਿਰੰਜਣ ਹੋ ਉਜਿਆਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਅਬਿਨਾਸ਼ੀ ਕਰਤਾ ਖੇਲ ਅਪਾਰ, ਅਪਰੰਪਰ ਆਪਣੀ ਧਾਰ ਚਲਾਈਆ । ਸ੍ਰੀ ਭਗਵਾਨ ਵਸਣਹਾਰਾ ਠਾਂਡੇ ਦਰਬਾਰ, ਦਰ ਦਰਵਾਜ਼ਾ ਇਕ ਖੁਲ੍ਹਾਈਆ । ਪਾਰਬ੍ਰਹਮ ਪ੍ਰਭ ਮੀਤ ਮੁਰਾਰ, ਸੱਜਣ ਇਕੋ ਇਕ ਅਖਵਾਈਆ । ਸਚਖੰਡ ਸੁਹਾਏ ਬੰਕ ਦੁਆਰ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਸਚ ਸੰਦੇਸਾ ਦੇਵੇ ਆਪਣੀ ਵਾਰ, ਧੁਰ ਫ਼ਰਮਾਨਾ ਆਪ ਉਪਾਈਆ । ਨਰ ਨਰੇਸ਼ਾ ਵਡ ਬਲਕਾਰ, ਬਲਧਾਰੀ

ਆਪ ਹੋ ਜਾਈਆ । ਖੇਲੇ ਖੇਲ ਅਗੰਮ ਅਪਾਰ, ਅਗੰਮੜੀ ਕਾਰ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਸਮਝਾਈਆ । ਸਾਚੀ ਸਿਖਿਆ ਇਕੋ ਆਦਿ, ਆਦਿ ਆਦਿ ਜਣਾਇੰਦਾ । ਸਤਿ ਸਰੂਪੀ ਵੱਜੇ ਨਾਦ, ਸ੍ਰੀ ਭਗਵਾਨ ਰਾਗ ਅਲਾਇੰਦਾ । ਲੇਖਾ ਜਾਣੇ ਬੋਧ ਅਗਾਧ, ਅਨਭਵ ਆਪਣੀ ਕਾਰ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਆਪਣਾ ਖੇਲ ਖਲਾਇੰਦਾ । ਆਪਣਾ ਖੇਲ ਸ੍ਰੀ ਭਗਵਾਨ, ਸਤਿ ਸਤਿਵਾਦੀ ਆਪ ਕਰਾਈਆ । ਏਕਾ ਨਾਮ ਕਰ ਪਰਧਾਨ, ਨਰ ਨਿਰੰਕਾਰਾ ਆਪ ਸਮਝਾਈਆ । ਏਕਾ ਹੁਕਮ ਦੇਵੇ ਫ਼ਰਮਾਨ, ਧੁਰ ਸੰਦੇਸਾ ਆਪ ਅਲਾਈਆ । ਏਕਾ ਭੂਪਤ ਭੂਪ ਬਣ ਰਾਜਾਨ, ਸ਼ਾਹ ਪਾਤਸ਼ਾਹ ਇਕ ਅਖਵਾਈਆ । ਏਕਾ ਵਸੇ ਸਚਖੰਡ ਮਕਾਨ, ਦਰਗਹਿ ਸਾਚੀ ਆਸਣ ਲਾਈਆ । ਏਕਾ ਏਕ ਸਚ ਰਾਮ, ਰੂਪ ਰੰਗ ਰੇਖ ਨਾ ਕੋਇ ਵਖਾਈਆ । ਇਕ ਝੁਲਾਏ ਸਚ ਨਿਸ਼ਾਨ, ਨਿਸ਼ਾਨਾ ਇਕੋ ਇਕ ਉਠਾਈਆ । ਏਕਾ ਜੋਧਾ ਸੂਰਬੀਰ ਬਲਵਾਨ, ਬਲ ਆਪਣਾ ਆਪ ਪਰਗਟਾਈਆ । ਏਕਾ ਜੋਤ ਨੂਰ ਮਹਾਨ, ਜੋਤੀ ਜੋਤ ਜੋਤ ਰੁਸ਼ਨਾਈਆ । ਏਕਾ ਸ਼ਬਦ ਨਾਦ ਧੁਨਕਾਨ, ਏਕਾ ਰਾਗੀ ਰਾਗ ਅਲਾਈਆ । ਏਕਾ ਥਿਰ ਘਰ ਵਸੇ ਹੋ ਮਿਹਰਵਾਨ, ਮਿਹਰਵਾਨ ਆਪਣਾ ਆਸਣ ਲਾਈਆ । ਏਕਾ ਪਰਵਰਦਿਗਾਰ ਨੌਜਵਾਨ, ਬਿਰਧ ਬਾਲ ਨਾ ਰੂਪ ਵਟਾਈਆ । ਏਕਾ ਨੂਰ ਇਲਾਹੀ ਸਾਂਝਾ ਯਾਰ, ਦਰਗਹਿ ਸਾਚੀ ਡੇਰਾ ਲਾਈਆ । ਏਕਾ ਖੇਲ ਕਰੇ ਮਹਾਨ, ਮਹਿਮਾ ਅਕਥ ਕਥ ਸਮਝਾਈਆ । ਏਕਾ ਵੇਸ ਵਟਾਏ ਆਣ, ਨਿਰਗੁਣ ਆਪਣਾ ਪਰਦਾ ਲਾਹੀਆ । ਏਕਾ ਵਿਸ਼ਨੂੰ ਕਰੇ ਪਰਵਾਨ, ਵਿਸ਼ਵ ਆਪਣਾ ਰਾਹ ਵਖਾਈਆ । ਏਕਾ ਬ੍ਰਹਮਾ ਕਰੇ ਪਰਧਾਨ, ਬ੍ਰਹਮ ਵਿਦਿਆ ਇਕ ਪੜ੍ਹਾਈਆ । ਏਕਾ ਸ਼ੰਕਰ ਕਰੇ ਧਿਆਨ, ਪਰਦਾ ਨਜ਼ਰ ਕੋਇ ਨਾ ਆਈਆ । ਏਕਾ ਦਾਤਾ ਦਾਨੀ ਗੁਣ ਨਿਧਾਨ, ਗਹਿਰ ਗੰਭੀਰ ਵੱਡੀ ਵਡਿਆਈਆ । ਏਕਾ ਆਦਿ ਪੁਰਖ ਸੁਲਤਾਨ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਏਕਾ ਆਦਿ ਸ਼ਕਤ ਨੂਰ ਮਹਾਨ, ਜੋਤੀ ਜੋਤ ਰੁਸ਼ਨਾਈਆ । ਏਕਾ ਚਤਰਭੁਜ ਭਗਵਾਨ, ਭਗਵਨ ਆਪਣਾ ਭੇਵ ਖੁਲ੍ਹਾਈਆ । ਇਕੋ ਲੇਖਾ ਜਾਣੇ ਦੋ ਜਹਾਨ, ਦੋਏ ਦੋਏ ਆਪਣਾ ਵੇਸ ਵਟਾਈਆ । ਇਕੋ ਬ੍ਰਹਿਮੰਡ ਖੰਡ ਕਰੇ ਪਰਵਾਨ, ਪੁਰੀ ਲੋਅ ਰਾਹ ਚਲਾਈਆ । ਏਕਾ ਤ੍ਰੈਗੁਣ ਮਾਇਆ ਦੇਵੇ ਦਾਨ, ਰਜੋ ਤਮੋ ਸਤੋ ਵੰਡ ਵੰਡਾਈਆ । ਏਕਾ ਪੰਜ ਤੱਤ ਖੋਲ੍ਹ ਦੁਕਾਨ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਬੰਧਨ ਪਾਈਆ । ਏਕਾ ਲੱਖ ਚੁਰਾਸੀ ਕਰ ਪਰਵਾਨ, ਅੰਡਜ ਜੇਰਜ ਉਤਭੁਜ ਸੇਤਜ ਵੰਡ ਵੰਡਾਈਆ । ਏਕਾ ਚਾਰੇ ਮੁਖ ਕਰ ਪਰਧਾਨ, ਚਾਰੇ ਬਾਣੀ ਰਾਗ ਅਲਾਈਆ । ਏਕਾ ਚਾਰੇ ਖਾਣੀ ਕਰ ਨਿਸ਼ਾਨ, ਸਚ ਨਿਸ਼ਾਨਾ ਇਕ ਝੁਲਾਈਆ । ਏਕਾ ਚਾਰੇ ਵੇਦਾਂ ਦੇ ਗਿਆਨ, ਬ੍ਰਹਮਾ ਵੇਤਾ ਆਪ ਪੜ੍ਹਾਈਆ । ਏਕਾ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਰੱਖੇ ਆਣ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਏਕ ਵੱਡੀ ਵਡਿਆਈਆ । ਏਕਾ ਨਾਉਂ ਏਕਾ ਗੀਤ, ਹਰਿ ਗੋਬਿੰਦ ਇਕ ਅਲਾਇੰਦਾ । ਏਕਾ ਘਰ ਸਦਾ ਅਨਡੀਠ, ਨੇਤਰ ਨਜ਼ਰ ਕਿਸੇ ਨਾ ਆਇੰਦਾ । ਏਕਾ ਬੈਠਾ ਰਹੇ ਅਤੀਤ, ਤ੍ਰੈਗੁਣ ਵਿਚ ਨਾ ਫੇਰਾ ਪਾਇੰਦਾ । ਏਕਾ ਛਤਰ ਝੁਲਾਏ ਸੀਸ, ਸਾਹਿਬ ਸੁਲਤਾਨ ਇਕ ਅਖਵਾਇੰਦਾ । ਏਕਾ ਆਦਿ ਜੁਗਾਦਿ ਜਗਦੀਸ, ਜਗਦੀਸ਼ਰ ਆਪਣੀ ਕਾਰ ਕਮਾਇੰਦਾ । ਏਕਾ ਨਾਮ ਏਕਾ ਸ਼ਬਦ ਏਕਾ ਰਾਮ ਏਕਾ ਇਕ ਹਦੀਸ, ਏਕਾ ਕਲਮਾ ਨਬੀ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕੰਕਾਰ

੮੩੩
੧੪

ਆਪਣੀ ਖੇਲ ਖਲਾਇੰਦਾ । ਇਕੋ ਕਲਮਾ ਇਕ ਕਲਾਮ, ਕਾਇਨਾਤ ਇਕ ਜਣਾਈਆ । ਇਕੋ ਇਸਮ ਇਕ ਅਮਾਮ, ਮਿਹਰਵਾਨ ਇਕ ਹੋ ਜਾਈਆ । ਇਕੋ ਸ਼ਾਹ ਇਕੋ ਨਜ਼ਾਮ, ਨੌਬਤ ਇਕੋ ਨਾਮ ਵਜਾਈਆ । ਇਕੋ ਦੇਵਣਹਾਰ ਪੈਗ਼ਾਮ, ਧੁਰ ਸੰਦੇਸਾ ਇਕ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਇਕ ਕਰਾਈਆ । ਇਕ ਇਕੱਲਾ ਏਕੰਕਾਰ, ਅਕਲ ਕਲਾ ਅਖਵਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਭਰ ਭੰਡਾਰ, ਵਸਤ ਅਮੋਲਕ ਆਪ ਵਰਤਾਇੰਦਾ । ਕਰੇ ਖੇਲ ਅਪਰ ਅਪਾਰ, ਅਪਰੰਪਰ ਸਵਾਮੀ ਆਪਣੀ ਕਲ ਵਰਤਾਇੰਦਾ । ਤ੍ਰੈਗੁਣ ਅਤੀਤਾ ਠਾਂਡਾ ਸੀਤਾ ਲੇਖਾ ਜਾਣੇ ਧੁਰ ਦਰਬਾਰ, ਧੁਰ ਦੀ ਧਾਰ ਆਪ ਪਰਗਟਾਇੰਦਾ । ਤ੍ਰੈਗੁਣ ਮੇਲਾ ਅਪਰ ਅਪਾਰ, ਪੰਚਮ ਨਾਤਾ ਜੋੜ ਜੁੜਾਇੰਦਾ । ਨਿਰਗੁਣ ਸਰਗੁਣ ਕਰ ਤਿਆਰ, ਤ੍ਰੈਭਵਨ ਧਨੀ ਆਪਣੀ ਖੇਲ ਖਲਾਇੰਦਾ । ਨੌਂ ਦੁਆਰੇ ਖੋਲ੍ਹ ਕਿਵਾੜ, ਜਗਤ ਵਾਸਨਾ ਵਿਚ ਭਰਾਇੰਦਾ । ਆਸਾ ਤ੍ਰਿਸਨਾ ਮਾਇਆ ਮਮਤਾ ਜਗਤ ਪਰਕਿਰਤੀ ਕਰ ਵਿਚਾਰ, ਪੰਚ ਪਚੀਸ ਮੇਲ ਮਿਲਾਇੰਦਾ । ਕਾਮ ਕਰੋਧ ਲੋਭ ਮੋਹ ਹੰਕਾਰ, ਕਾਇਆ ਕੰਚਨ ਗੜ੍ਹ ਵਖਾਇੰਦਾ । ਸੁਖਮਨ ਟੇਢੀ ਬੰਕ ਗਾਰ, ਈੜਾ ਪਿੰਗਲ ਦਰ ਬਹਾਇੰਦਾ । ਸਰ ਸਰੋਵਰ ਠੰਡਾ ਠਾਰ, ਗ੍ਰਿਹ ਮੰਦਰ ਆਪ ਸੁਹਾਇੰਦਾ । ਕਵਲ ਕਵਲੀ ਭਰ ਭੰਡਾਰ, ਨਾਭੀ ਆਪਣਾ ਰਸ ਵਖਾਇੰਦਾ । ਜੋਤ ਨਿਰੰਜਣ ਕਰ ਉਜਿਆਰ, ਦੀਪਕ ਇਕੋ ਇਕ ਰੁਸ਼ਨਾਇੰਦਾ । ਅਨਹਦ ਨਾਦ ਸੱਚੀ ਧੁਨਕਾਰ, ਆਤਮਕ ਰਾਗੀ ਰਾਗ ਸੁਣਾਇੰਦਾ । ਸਾਚੀ ਸਖੀਆ ਮੰਗਲਚਾਰ, ਗਹਿਰ ਗੰਭੀਰ ਗੀਤ ਗੋਬਿੰਦ ਇਕ ਅਲਾਇੰਦਾ । ਕਾਇਆ ਮੰਦਰ ਕਰ ਤਿਆਰ, ਹਰਿ ਮੰਦਰ ਇਕ ਵਖਾਇੰਦਾ । ਆਤਮ ਸੇਜਾ ਖੇਲ ਅਪਾਰ, ਨਿਰਗੁਣ ਸਰਗੁਣ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਇਕੱਲਾ ਆਪਣਾ ਖੇਲ ਕਰਾਇੰਦਾ । ਆਦਿ ਜੁਗਾਦੀ ਇਕ ਇਕੱਲਾ, ਏਕੰਕਾਰ ਵੱਡੀ ਵਡਿਆਈਆ । ਵਸਣਹਾਰਾ ਸਚਖੰਡ ਸਚ ਮਹੱਲਾ, ਮਹਿਫ਼ਲ ਆਪਣੇ ਨਾਮ ਲਗਾਈਆ । ਸਰਗੁਣ ਫੜਾਏ ਨਾਮ ਪੱਲਾ, ਪੱਲੂ ਆਪਣੀ ਗੰਢ ਪੁਆਈਆ । ਜੋਤੀ ਦੀਪਕ ਆਪੇ ਬਲਾ, ਸ਼ਬਦ ਨਾਦ ਸ਼ਨਵਾਈਆ । ਸਚ ਸੰਦੇਸ਼ ਆਪ ਘੱਲਾ, ਸ੍ਰੀ ਭਗਵਾਨ ਕਰੇ ਪੜ੍ਹਾਈਆ । ਲੇਖਾ ਜਾਣੇ ਨੂਰੀ ਅੱਲਾ, ਇਲਾਹੀ ਨੂਰ ਆਪ ਅਖਵਾਈਆ । ਆਪਣੀ ਧਾਰ ਰੱਖੇ ਬਿਸਮਿੱਲਾ, ਬਿਸਮਿਲ ਆਪਣਾ ਆਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਇਕੱਲਾ ਵੇਸ ਵਟਾਈਆ । ਇਕ ਇਕੱਲਾ ਵੇਸ ਵਟਾ, ਨਿਰਗੁਣ ਸਰਗੁਣ ਧਾਰ ਚਲਾਇੰਦਾ । ਲੱਖ ਚੁਰਾਸੀ ਘਾੜਨ ਲਏ ਘੜਾ, ਘਟ ਘਟ ਆਪਣਾ ਨੂਰ ਧਰਾਇੰਦਾ । ਪਾਰਬ੍ਰਹਮ ਬ੍ਰਹਮ ਵੰਡ ਵੰਡਾ, ਕਾਇਆ ਬੰਕ ਆਪ ਸੁਹਾਇੰਦਾ । ਆਤਮ ਪਰਮਾਤਮ ਖੇਲ ਖਲਾ, ਨਿਰਗੁਣ ਨਿਰਗੁਣ ਵੇਖ ਵਖਾਇੰਦਾ । ਈਸ਼ ਜੀਵ ਹਰਿ ਗੰਢ ਪੁਆ, ਜਗਦੀਸ ਆਪਣੀ ਧਾਰ ਬੰਧਾਇੰਦਾ । ਧਰਤ ਧਵਲ ਡੇਰਾ ਲਾ, ਧਰਨੀ ਆਪਣਾ ਭੇਵ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਇਕੱਲਾ ਆਪਣੀ ਕਾਰ ਕਮਾਇੰਦਾ । ਇਕ ਇਕੱਲਾ ਆਦਿ ਜੁਗਾਦਿ, ਜੁਗ ਚੌਕੜੀ ਖੇਲ ਕਰਾਈਆ । ਇਕ ਇਕੱਲਾ ਵਜਾਏ ਨਾਦ, ਨਾਮ ਨਗਾਰਾ ਇਕ ਸੁਣਾਈਆ । ਇਕ ਇਕੱਲਾ ਵਸੇ ਬ੍ਰਹਿਮਾਦ, ਬ੍ਰਹਿਮਾਂਡ ਕਰੇ ਕੁੜਮਾਈਆ । ਇਕ ਇਕੱਲਾ ਵਰਤੇ ਸਾਂਗ, ਭਗਵਨ ਆਪਣਾ ਸਾਂਗ ਰਚਾਈਆ । ਇਕ ਇਕੱਲਾ ਲੱਖ ਚੁਰਾਸੀ ਰੱਖੇ ਤਾਂਘ, ਘਰ ਸਾਚੇ ਡੇਰਾ ਲਾਈਆ । ਇਕ ਇਕ ਆਤਮ ਪਰਮਾਤਮ ਮੰਗੇ ਮਾਂਗ, ਅੰਤਰ ਇਕ ਧਿਆਨ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ


੮੩੪
੧੪

੮੩੫ ੧੪

ਆਪ ਸਮਝਾਈਆ । ਇਕ ਇਕੱਲਾ ਏਕੋ ਨਾਮ, ਨਰ ਹਰਿ ਨਰਾਇਣ ਆਪ ਪਰਗਟਾਇੰਦਾ । ਇਕ ਇਕੱਲਾ ਏਕਾ ਜਾਮ, ਅੰਮ੍ਰਿਤ ਆਤਮ ਰਸ ਚਖਾਇੰਦਾ । ਇਕ ਇਕੱਲਾ ਏਕੋ ਰਾਮ, ਹਰਿ ਘਟ ਅੰਦਰ ਨਜ਼ਰੀ ਆਇੰਦਾ । ਇਕ ਇਕੱਲਾ ਇਕੋ ਸ਼ਾਮ, ਜੋਤੀ ਜਾਤਾ ਡਗਮਗਾਇੰਦਾ । ਇਕ ਇਕੱਲਾ ਦੇਵੇ ਪੈਗ਼ਾਮ, ਨਾਮ ਸੰਦੇਸਾ ਇਕ ਸੁਣਾਇੰਦਾ । ਇਕ ਇਕੱਲਾ ਵਖਾਏ ਨਿਸ਼ਾਨ, ਧਰਮ ਨਿਸ਼ਾਨਾ ਇਕ ਝੁਲਾਇੰਦਾ । ਇਕ ਇਕੱਲਾ ਸ੍ਰੀ ਭਗਵਾਨ, ਜੁਗ ਚੌਕੜੀ ਵੇਸ ਵਟਾਇੰਦਾ । ਇਕ ਇਕੱਲਾ ਵਸੇ ਸਚ ਮਕਾਨ, ਸਾਚੇ ਮੰਦਰ ਡੇਰਾ ਲਾਇੰਦਾ । ਇਕ ਇਕੱਲਾ ਸੁਹਾਏ ਭੂਮਕਾ ਅਸਥਾਨ, ਥਾਨ ਥਨੰਤਰ ਸੋਭਾ ਪਾਇੰਦਾ । ਇਕ ਇਕੱਲਾ ਹੋਵੇ ਜਾਣੀ ਜਾਣ, ਜਾਨਣਹਾਰਾ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਆਪਣੀ ਖੇਲ ਕਰਾਇੰਦਾ । ਇਕ ਇਕੱਲਾ ਖੇਲ ਅਗੰਮ, ਅਗੰਮੜੀ ਕਾਰ ਕਮਾਈਆ । ਇਕ ਇਕੱਲਾ ਨਾ ਮਰੇ ਨਾ ਪਏ ਜੰਮ, ਮਾਤ ਗਰਭ ਨਾ ਫੇਰਾ ਪਾਈਆ । ਇਕ ਇਕੱਲਾ ਪਵਣ ਸਵਾਸ ਨਾ ਕੋਈ ਦਮ, ਰਸਨਾ ਜਿਹਵਾ ਨਾ ਕੋਇ ਹਿਲਾਈਆ । ਇਕ ਇਕੱਲਾ ਨੇਤਰ ਰੋਵੇ ਨਾ ਛੰਮ ਛੰਮ, ਹਰਖ ਸੋਗ ਨਾ ਕੋਇ ਰਖਾਈਆ । ਇਕ ਇਕੱਲਾ ਨਾ ਘੜੇ ਨਾ ਦੇਵੇ ਕੋਈ ਭੰਨ, ਘੜਨ ਭੰਨਣਹਾਰ ਆਪ ਹੋ ਜਾਈਆ । ਇਕ ਇਕੱਲਾ ਨਾ ਕੋਈ ਜਨਨੀ ਨਾ ਕੋਈ ਜਨ, ਮਾਤ ਪਿਤ ਨਾ ਕੋਇ ਅਖਵਾਈਆ । ਇਕ ਇਕੱਲਾ ਨਾ ਕੋਈ ਰਾਗ ਨਾ ਕੋਈ ਕੰਨ, ਤਾਰ ਸਤਾਰ ਨਾ ਕੋਇ ਸੁਣਾਈਆ । ਇਕ ਇਕੱਲਾ ਨਾ ਕੋਈ ਵਸਤ ਨਾ ਕੋਈ ਧੰਨ, ਖ਼ਜ਼ਾਨਾ ਹੱਥ ਨਾ ਕੋਇ ਵਖਾਈਆ । ਇਕ ਇਕੱਲਾ ਨਾ ਕੋਈ ਛੱਪਰ ਨਾ ਕੋਈ ਛੰਨ, ਚਾਰ ਦੀਵਾਰ ਨਾ ਕੋਇ ਬਣਾਈਆ । ਇਕ ਇਕੱਲਾ ਨਾ ਕੋਈ ਦੇਵੇ ਡੰਨ, ਡੰਕਾ ਇਕੋ ਇਕ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸ੍ਰੀ ਭਗਵਨ, ਇਕ ਇਕੱਲਾ ਬੇਪਰਵਾਹੀਆ । ਇਕ ਇਕੱਲਾ ਸੋ ਪੁਰਖ ਨਿਰੰਜਣ, ਸਾਹਿਬ ਸਤਿਗੁਰ ਵਡ ਵਡਿਆਈਆ । ਇਕ ਇਕੱਲਾ ਦਰਦ ਦੁਖ ਭੈ ਭੰਜਨ, ਭਵ ਸਾਗਰ ਪਾਰ ਕਰਾਈਆ । ਇਕ ਇਕੱਲਾ ਨੇਤਰ ਨਾਮ ਨਿਧਾਨ ਪਾਏ ਅੰਜਨ, ਅਗਿਆਨ ਅੰਧੇਰ ਮਿਟਾਈਆ । ਇਕ ਇਕੱਲਾ ਦੋ ਜਹਾਨਾਂ ਸਾਚਾ ਸੱਜਣ, ਸਗਲਾ ਸੰਗ ਨਿਭਾਈਆ । ਇਕ ਇਕੱਲਾ ਸਚ ਦੁਆਰ ਕਰਾਏ ਧੂੜੀ ਮਜਨ, ਮਸਤਕ ਟਿੱਕਾ ਇਕੋ ਲਾਈਆ । ਇਕ ਇਕੱਲਾ ਇਕੋ ਦੱਸੇ ਸੱਚਾ ਭਜਨ, ਬੰਦਗੀ ਇਕੋ ਇਕ ਸਮਝਾਈਆ । ਇਕ ਇਕੱਲਾ ਹੋਵੇ ਪੜਦੇ ਕੱਜਣ, ਸਮਰਥ ਸਿਰ ਆਪਣਾ ਹੱਥ ਟਿਕਾਈਆ । ਇਕ ਇਕੱਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੱਖ ਚੁਰਾਸੀ ਵੇਖ ਵਖਾਈਆ । ਇਕ ਇਕੱਲਾ ਸਾਚਾ ਮੀਤ, ਹਰਿ ਮਿੱਤਰ ਪਿਆਰਾ ਇਕ ਅਖਵਾਇੰਦਾ । ਇਕ ਇਕੱਲਾ ਲੱਖ ਚੁਰਾਸੀ ਪਰਖੇ ਨੀਤ, ਘਰ ਘਰ ਆਪਣਾ ਡੇਰਾ ਲਾਇੰਦਾ । ਇਕ ਇਕੱਲਾ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੁਗ ਚੌਕੜੀ ਚਲਾਏ ਆਪਣੀ ਰੀਤ, ਸਾਚਾ ਮਾਰਗ ਲੋਕਮਾਤ ਵਖਾਇੰਦਾ । ਇਕ ਇਕੱਲਾ ਬੈਠਾ ਰਹੇ ਅਤੀਤ, ਤ੍ਰੈਗੁਣ ਵਿਚ ਕਦੇ ਨਾ ਆਇੰਦਾ । ਇਕ ਇਕੱਲਾ ਲੇਖਾ ਜਾਣੇ ਹਸਤ ਕੀਟ, ਊਚ ਨੀਚ ਆਪਣੀ ਗੰਢ ਪੁਆਇੰਦਾ । ਇਕ ਇਕੱਲਾ ਦੋ ਜਹਾਨਾਂ ਲਏ ਜੀਤ, ਲਸ਼ਕਰ ਫ਼ੌਜ ਨਾ ਕੋਇ ਰਖਾਇੰਦਾ । ਇਕ ਇਕੱਲਾ ਦੱਸੇ ਸਚ ਪ੍ਰੀਤ, ਪ੍ਰੀਤੀ ਇਕੋ ਇਕ ਦਰਸਾਇੰਦਾ । ਇਕ ਇਕੱਲਾ , ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਰਾਇੰਦਾ । ਇਕ ਇਕੱਲਾ ਲੱਖ ਚੁਰਾਸੀ ਪਸਾਰ, ਨਿਰਗੁਣ ਸਰਗੁਣ ਦਏ ਵਡਿਆਈਆ । ਇਕ ਇਕੱਲਾ ਗੁਰ ਅਵਤਾਰ, ਪੰਜ ਤੱਤ ਕਰੇ ਕੁੜਮਾਈਆ । ਇਕ ਇਕੱਲਾ

੮੩੬
੧੪

ਸ਼ਬਦ ਨਾਮ ਜੈਕਾਰ, ਜੈ ਜੈਕਾਰ ਇਕ ਸੁਣਾਈਆ । ਇਕ ਇਕੱਲਾ ਜੋਤ ਨੂਰ ਉਜਿਆਰ, ਨੂਰੋ ਨੂਰ ਕਰੇ ਰੁਸ਼ਨਾਈਆ । ਇਕ ਇਕੱਲਾ ਸੂਰਜ ਚੰਦ ਦਏ ਆਧਾਰ, ਮੰਡਲ ਮੰਡਪ ਆਪ ਵਡਿਆਈਆ । ਇਕ ਇਕੱਲਾ ਲੋਆਂ ਪੁਰੀਆਂ ਵੇਖੇ ਅਖਾੜ, ਬ੍ਰਹਿਮੰਡਾਂ ਖੰਡਾਂ ਆਪਣਾ ਨਾਚ ਨਚਾਈਆ । ਇਕ ਇਕੱਲਾ ਵਿਸ਼ਨੂੰ ਦੇਵਣਹਾਰ ਭੰਡਾਰ, ਵਸਤ ਅਮੋਲਕ ਝੋਲੀ ਪਾਈਆ । ਇਕ ਇਕੱਲਾ ਬ੍ਰਹਮਾ ਕਰ ਪਸਾਰ, ਬ੍ਰਹਮਵੇਤਾ ਖੇਲ ਖਲਾਈਆ । ਇਕ ਇਕੱਲਾ ਸ਼ੰਕਰ ਤ੍ਰਿਸੂਲ ਕਰ ਪਿਆਰ, ਸਾਚਾ ਨਾਤਾ ਜੋੜ ਜੁੜਾਈਆ । ਇਕ ਇਕੱਲਾ ਤ੍ਰੈਗੁਣ ਕਰ ਵਰਤਾਰ, ਬੰਧਨ ਬੰਧਨ ਵਿਚ ਬੰਧਾਈਆ । ਇਕ ਇਕੱਲਾ ਪੰਜ ਤੱਤ ਖੇਲ ਅਪਾਰ, ਪਾਰਬ੍ਰਹਮ ਪ੍ਰਭ ਆਪਣੀ ਧਾਰ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਵੇਸ ਵਟਾਈਆ । ਇਕ ਇਕੱਲਾ ਜੁਗ ਚੌਕੜੀ ਚਾਰ, ਚਾਰੇ ਵੇਦਾਂ ਧਾਰ ਚਲਾਇੰਦਾ । ਇਕ ਇਕੱਲਾ ਨਿਰਗੁਣ ਸਰਗੁਣ ਲੈ ਅਵਤਾਰ, ਸਤਿਜੁਗ ਤ੍ਰੇਤਾ ਦੁਆਪਰ ਆਪ ਹੰਢਾਇੰਦਾ । ਇਕ ਇਕੱਲਾ ਬੋਧ ਅਗਾਧ ਬੋਲ ਜੈਕਾਰ, ਨਿਸ਼ਅੱਖਰ ਅੱਖਰ ਰੂਪ ਵਟਾਇੰਦਾ । ਇਕ ਇਕੱਲਾ ਸ਼ਾਸਤਰ ਸਿਮਰਤ ਕਰੇ ਉਜਿਆਰ, ਭੇਵ ਅਭੇਦਾ ਭੇਵ ਖੁਲ੍ਹਾਇੰਦਾ । ਇਕ ਇਕੱਲਾ ਖੋਲ੍ਹਣਹਾਰਾ ਬੰਦ ਕਿਵਾੜ, ਅੰਤਰ ਆਤਮ ਪੜਦਾ ਲਾਹਿੰਦਾ । ਇਕ ਇਕੱਲਾ ਅੰਮ੍ਰਿਤ ਦੇਵੇ ਠੰਡਾ ਠਾਰ, ਨਿਝਰ ਝਿਰਨਾ ਆਪ ਝਿਰਾਇੰਦਾ । ਇਕ ਇਕੱਲਾ ਸਾਚੇ ਮੰਦਰ ਹੋ ਤਿਆਰ, ਮਹੱਲ ਅਟੱਲ ਇਕ ਰੁਸ਼ਨਾਇੰਦਾ । ਇਕ ਇਕੱਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣੀ ਕਾਰ ਕਮਾਇੰਦਾ । ਇਕ ਇਕੱਲਾ ਰਾਮ ਰਮੱਯਾ, ਨੱਯਾ ਆਪਣੇ ਨਾਮ ਚਲਾਈਆ । ਇਕ ਇਕੱਲਾ ਸ਼ਾਮ ਘਨੱਯਾ, ਬੰਸਰੀ ਇਕੋ ਸਚ ਵਜਾਈਆ । ਇਕ ਇਕੱਲਾ ਸਾਚਾ ਸੱਯਾ, ਸਾਹਿਬ ਸਤਿਗੁਰ ਬੇਪਰਵਾਹੀਆ । ਇਕ ਇਕੱਲਾ ਨੂਰ ਇਲਾਹੀਆ, ਨੂਰੋ ਨੂਰ ਰੁਸ਼ਨਾਈਆ । ਇਕ ਇਕੱਲਾ ਨਿਰਗੁਣ ਜੋਤ ਜਗੱਯਾ, ਨਾਨਕ ਗੋਬਿੰਦ ਧਾਰ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਇਕ ਇਕੱਲਾ ਗੀਤਾ ਗਿਆਨ, ਅੱਠ ਦਸ ਮੇਲ ਮਿਲਾਇੰਦਾ । ਇਕ ਇਕੱਲਾ ਸਚ ਪੁਰਾਨ, ਅਠ ਦਸ ਜੋੜ ਜੁੜਾਇੰਦਾ । ਇਕ ਇਕੱਲਾ ਹੋ ਪਰਧਾਨ, ਅਠ ਤੱਤ ਵੇਖ ਵਖਾਇੰਦਾ । ਇਕ ਇਕੱਲਾ ਨੌਜਵਾਨ, ਦਸਮ ਦੁਆਰੀ ਸੋਭਾ ਪਾਇੰਦਾ । ਇਕ ਇਕੱਲਾ ਅਠ ਦਸ ਕਰੇ ਕਲਿਆਣ, ਨਿਹਕਰਮੀ ਆਪਣਾ ਕਰਮ ਕਮਾਇੰਦਾ । ਇਕ ਇਕੱਲਾ ਜੁਗ ਚੌਕੜੀ ਮੇਟੇ ਆਣ, ਧੁਰ ਫ਼ਰਮਾਨਾ ਹੁਕਮ ਸੁਣਾਇੰਦਾ । ਇਕ ਇਕੱਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨੂਰ ਜ਼ਹੂਰ ਇਕ ਜਣਾਇੰਦਾ । ਇਕ ਇਕੱਲਾ ਤੇਈ ਅਵਤਾਰ, ਜੁਗ ਜੁਗ ਆਪਣਾ ਵੇਸ ਵਟਾਈਆ । ਇਕ ਇਕੱਲਾ ਹਰਿ ਨਿਰੰਕਾਰ, ਭਗਤ ਅਠਾਰਾਂ ਜੋਤ ਕਰੇ ਰੁਸ਼ਨਾਈਆ । ਇਕ ਇਕੱਲਾ ਈਸਾ ਮੂਸਾ ਦੇ ਆਧਾਰ, ਮੁਹੰਮਦ ਆਪਣਾ ਘਰ ਬੁਝਾਈਆ । ਇਕ ਇਕੱਲਾ ਨਾਨਕ ਗੋਬਿੰਦ ਕਰ ਪਿਆਰ, ਸਚ ਪ੍ਰੀਤੀ ਇਕ ਸਮਝਾਈਆ । ਇਕ ਇਕੱਲਾ ਨੌਂ ਸੌ ਚੁਰਾਨਵੇ ਚੌਕੜੀ ਯੁਗ ਲਹਿਣਾ ਦੇਣਾ ਕਰਜ਼ ਦਏ ਉਤਾਰ, ਮਕਰੂਜ ਨਜ਼ਰ ਕੋਇ ਨਾ ਆਈਆ । ਇਕ ਇਕੱਲਾ ਦੋ ਜਹਾਨਾਂ ਬਣ ਸਿਕਦਾਰ, ਸਾਚਾ ਹੁਕਮ ਇਕ ਮਨਾਈਆ । ਇਕ ਇਕੱਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਇਕ ਇਕੱਲਾ ਆਏ ਜੁਗ, ਜੁਗ ਕਰਤਾ ਵਡ ਵਡਿਆਈਆ । ਇਕ ਇਕੱਲਾ ਭਗਤ ਸੁਹੇਲੇ ਲਏ ਚੁਗ, ਲੱਖ ਚੁਰਾਸੀ ਫੋਲ ਫੁਲਾਈਆ । ਇਕ ਇਕੱਲਾ ਸਾਚੇ ਸੰਤਾਂ ਮੇਟੇ ਦੁੱਖ, ਦੁੱਖ ਦਰਦ ਨਾ ਲਾਗੇ ਰਾਈਆ । ਇਕ ਇਕੱਲਾ

ਗੁਰਮੁਖਾਂ ਦੇਵੇ ਸੁਖ, ਮੁਖ ਉਜਲ ਮਾਤ ਵਖਾਈਆ । ਇਕ ਇਕੱਲਾ ਗੁਰਸਿਖਾਂ ਸਫਲ ਕਰਾਏ ਕੁੱਖ, ਧੰਨ ਧੰਨ ਜਣੇਂਦੀ ਮਾਈਆ । ਇਕ ਇਕੱਲਾ ਗ਼ਰੀਬ ਨਿਮਾਣਿਆਂ ਗੋਦੀ ਲਏ ਚੁੱਕ, ਚੁੱਕ ਚੁੱਕ ਆਪਣੀ ਖ਼ੁਸ਼ੀ ਮਨਾਈਆ । ਇਕ ਇਕੱਲਾ ਨਾਤਾ ਤੋੜੇ ਮਾਤ ਗਰਭ ਰੁੱਖ, ਦਸ ਦਸ ਮਾਸ ਨਾ ਅਗਨ ਤਪਾਈਆ । ਇਕ ਇਕੱਲਾ ਨਿਰਮਲ ਜੋਤ ਕਰੇ ਪਰਕਾਸ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਇਕ ਇਕੱਲਾ ਸਚ ਸਵਾਮੀ, ਠਾਕਰ ਇਕੋ ਨਜ਼ਰੀ ਆਇੰਦਾ । ਇਕ ਇਕੱਲਾ ਅੰਤਰਜਾਮੀ, ਘਟ ਘਟ ਅੰਦਰ ਵੇਖ ਵਖਾਇੰਦਾ । ਇਕ ਇਕੱਲਾ ਸਦਾ ਨਿਹਕਾਮੀ, ਨਿਹਚਲ ਧਾਮ ਆਸਣ ਲਾਇੰਦਾ । ਇਕ ਇਕੱਲਾ ਜੁਗ ਜੁਗ ਸੁਣਾਏ ਆਪਣੀ ਬਾਣੀ, ਬਾਣ ਨਿਰਾਲਾ ਤੀਰ ਲਗਾਇੰਦਾ । ਇਕ ਇਕੱਲਾ ਵੇਖਣਹਾਰਾ ਚਾਰ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਫੋਲ ਫੁਲਾਇੰਦਾ । ਇਕ ਇਕੱਲਾ ਸੁਰਤ ਸਵਾਣੀ ਮਿਲਾਵੇ ਸ਼ਬਦ ਹਾਣੀ, ਆਤਮ ਪਰਮਾਤਮ ਜੋੜ ਜੁੜਾਇੰਦਾ । ਇਕ ਇਕੱਲਾ ਆਵਣ ਜਾਵਣ ਚੁਕਾਏ ਕਾਣੀ, ਰਾਏ ਧਰਮ ਨੇੜ ਨਾ ਆਇੰਦਾ । ਇਕ ਇਕੱਲਾ ਦੇਵੇ ਪਦ ਨਿਰਬਾਣੀ, ਅਮਰਾਪਦ ਇਕ ਵਖਾਇੰਦਾ । ਇਕ ਇਕੱਲਾ ਸੁਣਾਏ ਰਾਮ ਕਹਾਣੀ, ਰਮੱਯਾ ਆਪਣਾ ਰਾਗ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਇਕੱਲਾ ਖੇਲ ਖਲਾਇੰਦਾ । ਇਕ ਇਕੱਲਾ ਖੇਲ ਅਵੱਲਾ, ਆਦਿ ਪੁਰਖ ਆਪ ਕਰਾਈਆ । ਇਕ ਇਕੱਲਾ ਜਨ ਭਗਤ ਫੜਾਏ ਆਪਣਾ ਪੱਲਾ, ਪੱਲੂ ਆਪਣੇ ਨਾਲ ਬੰਧਾਈਆ । ਇਕ ਇਕੱਲਾ ਸਚ ਸਿੰਘਾਸਣ ਸਾਚਾ ਮੱਲਾ, ਸੋਭਾਵੰਤ ਘਰ ਸਾਚੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਬੇਪਰਵਾਹੀਆ । ਇਕ ਇਕੱਲਾ ਸਦ ਆਦੇਸ, ਨਿਉਂ ਨਿਉਂ ਸਜਦਾ ਸੀਸ ਝੁਕਾਇੰਦਾ । ਇਕ ਇਕੱਲਾ ਨਰ ਨਰੇਸ਼, ਨਰ ਨਿਰੰਕਾਰ ਹਰਿ ਅਖਵਾਇੰਦਾ । ਇਕ ਇਕੱਲਾ ਬਣ ਦਰਵੇਸ, ਦਰ ਦਰ ਘਰ ਘਰ ਅਲਖ ਜਗਾਇੰਦਾ । ਇਕ ਇਕੱਲਾ ਮੁੱਛ ਦਾੜ੍ਹੀ ਨਾ ਕੋਇ ਕੇਸ, ਨਰ ਹਰਿ ਮੂੰਡ ਨਾ ਕੋਇ ਮੁੰਡਾਇੰਦਾ । ਇਕ ਇਕੱਲਾ ਜਨ ਭਗਤਾਂ ਕਰੇ ਸਾਚਾ ਹੇਤ, ਨਿਤ ਨਵਿਤ ਆਪਣਾ ਫੇਰਾ ਪਾਇੰਦਾ । ਇਕ ਇਕੱਲਾ ਅੰਦਰ ਵੜ ਕੇ ਦੱਸੇ ਆਪਣਾ ਭੇਤ, ਬਾਹਰੋਂ ਨਜ਼ਰ ਕਿਸੇ ਨਾ ਆਇੰਦਾ । ਇਕ ਇਕੱਲਾ ਸਾਚੇ ਸੰਤਾਂ ਨਾਲ ਰਿਹਾ ਖੇਡ, ਬਣ ਖਲਾਰੀ ਖੇਡ ਖਡਾਇੰਦਾ । ਇਕ ਇਕੱਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਧਾਰ ਆਪ ਸਮਝਾਇੰਦਾ । ਇਕ ਇਕੱਲਾ ਬੋਧ ਅਗਾਧ, ਅਲੱਖ ਅਗੋਚਰ ਵਡ ਵਡਿਆਈਆ । ਇਕ ਇਕੱਲਾ ਸਦਾ ਸਦ ਦੇਵਣਹਾਰਾ ਦਾਦ, ਦਰਦੀ ਦਰਦੀਆਂ ਦਰਦ ਵੰਡਾਈਆ । ਜਿਸ ਰਚਨਾ ਰਚੀ ਆਦਿ, ਸੋ ਜੁਗ ਜੁਗ ਵੇਖੇ ਬੇਪਰਵਾਹੀਆ । ਇਕ ਇਕੱਲਾ ਨਾਮ ਨਿਧਾਨ ਵਜਾਏ ਨਾਦ, ਦੋ ਜਹਾਨਾਂ ਦਏ ਸੁਣਾਈਆ । ਇਕ ਇਕੱਲਾ ਕਲਜੁਗ ਅੰਤ ਸਾਚਾ ਸਾਜਣ ਲਏ ਸਾਜ, ਵਡ ਸੱਜਣ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਇਕੱਲਾ ਵਖਾਏ ਸਚ ਸਮਾਜ, ਸਮਗਰੀ ਇਕੋ ਇਕ ਜਣਾਈਆ । ਇਕ ਇਕੱਲਾ ਇਕੋ ਜ਼ਾਤ, ਅਜ਼ਾਤੀ ਰੂਪ ਨਾ ਕੋਇ ਵਖਾਇੰਦਾ । ਇਕ ਇਕੱਲਾ ਕਮਲਾਪਾਤ, ਕਵਲ ਨੈਣ ਇਕੋ ਇਕ ਅਖਵਾਇੰਦਾ । ਇਕ ਇਕੱਲਾ ਖੋਲ੍ਹੇ ਤਾਕ, ਬੰਦ ਕਿਵਾੜੀ ਕੁੰਡਾ ਲਾਹਿੰਦਾ । ਇਕ ਇਕੱਲਾ ਬਣੇ ਸਾਕ, ਸੱਜਣ ਸੁਹੇਲੇ ਨਾਲ ਮਿਲਾਇੰਦਾ । ਇਕ ਇਕੱਲਾ ਪਾਕੀ ਪਾਕ, ਪਤਤ ਪੁਨੀਤ ਇਕ ਅਖਵਾਇੰਦਾ । ਇਕ ਇਕੱਲਾ ਚੜ੍ਹੇ ਸਾਚੇ ਰਾਕ, ਘੋੜਾ ਇਕੋ ਇਕ ਦੌੜਾਇੰਦਾ । ਇਕ ਇਕੱਲਾ ਵੇਖੇ ਖ਼ਾਕੀ ਖ਼ਾਕ, ਖ਼ਾਕਸਾਰ ਇਕ ਅਖਵਾਇੰਦਾ ।

ਇਕ ਇਕੱਲਾ ਲੱਖ ਚੁਰਾਸੀ ਦੇਵੇ ਅੰਤ ਤਲਾਕ, ਬਿਨ ਭਗਤਾਂ ਪੱਲੂ ਨਾ ਕਿਸੇ ਫੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਰ ਹਰਿ ਸਾਚੀ ਖੇਲ ਕਰਾਇੰਦਾ । ਇਕ ਇਕੱਲਾ ਡੂੰਘਾ ਸਾਗਰ, ਹਾਥ ਕੋਇ ਨਾ ਆਈਆ । ਇਕ ਇਕੱਲਾ ਕਰੀਮ ਕਾਦਰ, ਕਰਤਾ ਇਕੋ ਬੇਪਰਵਾਹੀਆ । ਇਕ ਇਕੱਲਾ ਨਿਰਗੁਣ ਨੂਰ ਕਰੇ ਉਜਾਗਰ, ਜ਼ਹੂਰ ਇਕੋ ਇਕ ਰੁਸ਼ਨਾਈਆ । ਇਕ ਇਕੱਲਾ ਸਬਰ ਸਬੂਰੀ ਦੇਵੇ ਸਾਬਰ, ਸਿਦਕ ਇਕੋ ਇਕ ਸਮਝਾਈਆ । ਇਕ ਇਕੱਲਾ ਜੁਗ ਚੌਕੜੀ ਜਨ ਭਗਤਾਂ ਦੇਵੇ ਆਦਰ, ਆਦਰਸ਼ ਆਪਣਾ ਇਕ ਵਖਾਈਆ । ਇਕ ਇਕੱਲਾ ਵੇਖਣਹਾਰਾ ਕਾਇਆ ਗਾਗਰ, ਕਾਚੀ ਗਗਰੀਆ ਫੋਲ ਫੁਲਾਈਆ । ਇਕ ਇਕੱਲਾ ਦੋ ਜਹਾਨਾਂ ਬਣੇ ਸੌਦਾਗਰ, ਬਣ ਵਣਜਾਰਾ ਹੱਟ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਸਾਚਾ ਖੇਲ ਵਖਾਈਆ । ਇਕ ਇਕੱਲਾ ਜੁਗ ਜੁਗ ਆਏ, ਗੁਰ ਅਵਤਾਰ ਨਾਉਂ ਰਖਾਈਆ । ਇਕ ਇਕੱਲਾ ਫੇਰਾ ਪਾਏ, ਪੀਰ ਪੈਗ਼ੰਬਰ ਭੇਵ ਚੁਕਾਈਆ । ਇਕ ਇਕੱਲਾ ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਦ੍ਰਿੜਾਏ, ਖਾਣੀ ਬਾਣੀ ਨਾਲ ਮਿਲਾਈਆ । ਇਕ ਇਕੱਲਾ ਸ਼ਿਵਦਵਾਲੇ ਮੱਠ ਮੰਦਰ ਉਪਜਾਏ, ਇਕ ਇਕੱਲਾ ਮਸੀਤ ਮਸਜਦ ਡੇਰਾ ਲਾਈਆ । ਇਕ ਇਕੱਲਾ ਗੁਰਦੁਆਰ ਡੰਕ ਵਜਾਏ, ਡੰਕਾ ਆਪਣੇ ਨਾਮ ਸੁਣਾਈਆ । ਇਕ ਇਕੱਲਾ ਰਾਉ ਰੰਕ ਰਾਜ ਰਾਜਾਨ ਸ਼ਾਹ ਸੁਲਤਾਨ ਜੀਵ ਜੰਤ ਸਰਬ ਭੁਲਾਏ, ਭਰਮ ਭੁਲੇਖਾ ਏਕੋ ਪਾਈਆ । ਇਕ ਇਕੱਲਾ ਤ੍ਰੈਗੁਣ ਮਾਇਆ ਪੜਦਾ ਹੱਥ ਰਖਾਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਜਣਾਈਆ । ਇਕ ਇਕੱਲਾ ਪਾਏ ਪੜਦਾ, ਨੇਤਰ ਸਕੇ ਨਾ ਕੋਇ ਖੁਲ੍ਹਾਈਆ । ਕੂੜ ਕੁੜਿਆਰਾ ਜੁਗ ਜੁਗ ਸੜਦਾ, ਸੀਤਲ ਧਾਰ ਨਾ ਕੋਇ ਵਖਾਈਆ । ਹਰਿ ਮੰਦਰ ਕੋਈ ਨਾ ਵੜਦਾ, ਮੂਰਖ ਮੁਗਧ ਭੁੱਲਾ ਬੇਪਰਵਾਹੀਆ । ਕੂੜੀ ਕਿਰਿਆ ਘਾੜਨ ਘੜਦਾ, ਸਚ ਮਿਲੇ ਨਾ ਕੋਇ ਵਡਿਆਈਆ । ਮਾਣਸ ਜਨਮ ਮਾਤ ਹਰਦਾ, ਹਰਿ ਜੂ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਇਕੱਲਾ ਵੇਖ ਵਖਾਈਆ । ਇਕ ਇਕੱਲਾ ਵੇਖੇ ਆਪ, ਕਲਜੁਗ ਅੰਤ ਦਇਆ ਕਮਾਈਆ । ਇਕ ਇਕੱਲਾ ਸ੍ਰਿਸ਼ਟ ਸਬਾਈ ਮਾਈ ਬਾਪ, ਪਿਤਾ ਪੂਤ ਰੂਪ ਜਣਾਈਆ । ਇਕ ਇਕੱਲਾ ਆਦਿ ਜੁਗਾਦਿ ਵਸੇ ਸਾਥ, ਅੰਦਰ ਬਾਹਰ ਸੰਗ ਨਿਭਾਈਆ । ਇਕ ਇਕੱਲਾ ਵਡ ਰਘੁਨਾਥ, ਰਘੁਪਤ ਆਪਣੀ ਸੇਵ ਕਮਾਈਆ । ਇਕ ਇਕੱਲਾ ਦਾਸੀ ਦਾਸ, ਦਾਸੀ ਦਾਸ ਆਪ ਹੋ ਜਾਈਆ । ਇਕ ਇਕੱਲਾ ਜਨ ਭਗਤਾਂ ਪੂਰੀ ਕਰੇ ਆਸ, ਨਿਰਾਸਾ ਕੋਇ ਰਹਿਣ ਨਾ ਪਾਈਆ । ਇਕ ਇਕੱਲਾ ਹੋਏ ਸਹਾਈ ਜੰਗਲ ਜੂਹ ਉਜਾੜ ਪਹਾੜ ਵਿਚ ਪਰਭਾਸ, ਸਮੁੰਦ ਸਾਗਰ ਡੂੰਘੀ ਕੰਦਰ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਚ ਸਰਨਾਈਆ । ਇਕ ਇਕੱਲਾ ਭਗਤਨ ਸੰਗ, ਸਗਲਾ ਸੰਗ ਨਿਭਾਇੰਦਾ । ਕਲਜੁਗ ਅੰਤ ਵਜਾਏ ਮਰਦੰਗ, ਸਚ ਮਰਦੰਗ ਨਾਮ ਸੁਣਾਇੰਦਾ । ਜਨ ਭਗਤਾਂ ਅੰਦਰ ਜਾਏ ਲੰਘ, ਔਂਦਾ ਜਾਂਦਾ ਨਜ਼ਰ ਨਾ ਆਇੰਦਾ । ਦੂਈ ਦਵੈਤੀ ਢਾਹੇ ਕੰਧ, ਭਾਂਡਾ ਭਰਮ ਭੌ ਭੰਨਾਇੰਦਾ । ਜ਼ਾਤ ਪਾਤ ਨਾ ਕੋਈ ਬੰਧਨ ਬੰਧ, ਸ਼ਰਅ ਸ਼ਰੀਅਤ ਵੰਡ ਨਾ ਕੋਇ ਵੰਡਾਇੰਦਾ । ਨਿਰਗੁਣ ਜੋਤ ਚਾੜ੍ਹ ਚੰਦ, ਜਗਤ ਅੰਧੇਰਾ ਦੂਰ ਕਰਾਇੰਦਾ । ਨਿਜ ਆਤਮ ਦੇਵੇ ਇਕ ਅਨੰਦ, ਪਰਮਾਨੰਦ ਆਪ ਚਖਾਇੰਦਾ । ਕੂੜਾ ਨਾਤਾ ਤੁਟੇ ਕੂੜੇ ਗੰਦ, ਅੰਮ੍ਰਿਤ ਰਸ ਮੁਖ ਛੁਹਾਇੰਦਾ । ਖ਼ੁਸ਼ੀ ਕਰਾਏ ਬੰਦ ਬੰਦ, ਬੰਦੀਖ਼ਾਨਾ ਕੋਇ ਰਹਿਣ

੮੩੮
੧੪

੮੩੯
੧੪

ਨਾ ਪਾਇੰਦਾ । ਲੇਖਾ ਜਾਣੇ ਹੰ ਬ੍ਰਹਮ, ਪਾਰਬ੍ਰਹਮ ਪ੍ਰਭ ਆਪਣੀ ਗੋਦ ਸੁਹਾਇੰਦਾ । ਜਿਸ ਦੀ ਧਾਰੋਂ ਗਿਆ ਜੰਮ, ਸੋ ਆਪਣੀ ਧਾਰ ਮਿਲਾਇੰਦਾ । ਨਿਹਕਰਮੀ ਕਰੇ ਆਪਣਾ ਕੰਮ, ਕਰਮ ਕਾਂਡ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਦਇਆ ਕਮਾਇੰਦਾ । ਇਕ ਇਕੱਲਾ ਭਗਤ ਹੁਦਾਰ, ਭਗਵਨ ਆਪਣੀ ਦਇਆ ਕਮਾਈਆ । ਕਲਜੁਗ ਅੰਤ ਲੈ ਅਵਤਾਰ, ਕਲ ਕਲਕੀ ਫੇਰਾ ਪਾਈਆ । ਵੇਦ ਵਿਆਸਾ ਬਣ ਲਿਖਾਰ, ਸਚ ਖੁਲਾਸਾ ਗਿਆ ਸਮਝਾਈਆ । ਪੂਤ ਸਪੂਤਾ ਬ੍ਰਿਹਮਣ ਗੌੜਾ ਹੋਏ ਉਜਿਆਰ, ਉਚੇ ਟਿੱਲੇ ਪਰਬਤ ਡੇਰਾ ਲਾਈਆ । ਜਗਤ ਨੇਤਰ ਨਜ਼ਰ ਨਾ ਆਏ ਵਿਚ ਸੰਸਾਰ, ਭਰਮੇ ਭੁੱਲੇ ਸਰਬ ਲੋਕਾਈਆ । ਜਨ ਭਗਤਾਂ ਸੱਜਣਾਂ ਲਏ ਉਠਾਲ, ਪਤਿਪਰਮੇਸ਼ਵਰ ਇਕੋ ਇਕ ਅਖਵਾਈਆ । ਨਿਰਗੁਣ ਸਰਗੁਣ ਬਣੇ ਦਲਾਲ, ਬੇਪਰਵਾਹ ਫੇਰਾ ਪਾਈਆ । ਹੱਕ ਹਕੀਕਤ ਦਏ ਵਖਾਲ, ਲਾਸ਼ਰੀਕ ਨੂਰ ਇਲਾਹੀਆ । ਜਨਮ ਜਨਮ ਦਾ ਮੁਸ਼ਕਿਲ ਹੱਲ ਕਰੇ ਸੁਆਲ, ਮਾਰਗ ਇਕੋ ਇਕ ਵਖਾਈਆ । ਇਕੋ ਨਾਤਾ ਸ਼ਾਹ ਕੰਗਾਲ, ਊਚ ਨੀਚ ਨਾ ਕੋਇ ਵਖਾਈਆ । ਚਾਰ ਵਰਨ ਕਰੇ ਪਿਆਰ, ਛੱਤਰੀ ਬ੍ਰਾਹਮਣ ਸ਼ੂਦਰ ਵੈਸ਼ ਦਏ ਵਡਿਆਈਆ । ਅਠਾਰਾਂ ਬਰਨ ਨਾ ਹੋਣ ਖੁਆਰ, ਜਗਤ ਖੁਆਰੀ ਦਏ ਮਿਟਾਈਆ । ਸਾਚਾ ਨਾਤਾ ਜੋੜ ਵਿਚ ਸੰਸਾਰ, ਪੁਰਖ ਬਿਧਾਤਾ ਦਏ ਸਮਝਾਈਆ । ਸਰਬ ਜਹਾਨ ਦਾ ਇਕ ਨਿਰੰਕਾਰ, ਦੂਜਾ ਨਜ਼ਰ ਕੋਇ ਨਾ ਆਈਆ । ਆਤਮ ਪਰਮਾਤਮ ਕਰੋ ਵਿਚਾਰ, ਬ੍ਰਹਮ ਵਿਦਿਆ ਕਰੇ ਪੜ੍ਹਾਈਆ । ਬ੍ਰਹਮ ਬਣਿਆ ਆਪ ਕਰਤਾਰ, ਪਾਰਬ੍ਰਹਮ ਬੇਪਰਵਾਹੀਆ । ਗੀਤਾ ਗਿਆਨ ਪਾਓ ਸਾਰ, ਨਿਜ ਨੇਤਰ ਨੈਣ ਖੁਲ੍ਹਾਈਆ । ਨੌਂ ਅਠਾਰਾਂ ਮਾਰੋ ਮਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਘਰ ਇਕੋ ਇਕ ਜਣਾਈਆ । ਘਰ ਮੰਦਰ ਪਾਓ ਏਕ, ਇਕ ਓਅੰਕਾਰ ਦਏ ਵਡਿਆਈਆ । ਸਾਹਿਬ ਸਤਿਗੁਰ ਇਕੋ ਟੇਕ, ਸ੍ਰੀ ਭਗਵਾਨ ਸਦਾ ਸਹਾਈਆ । ਬੁੱਧੀ ਮਤ ਕਰੋ ਬਿਬੇਕ, ਨਿਰਮਲ ਨਿਰਮਲ ਰੂਪ ਵਖਾਈਆ । ਕੂੜੀ ਕਿਰਿਆ ਨਾ ਲੱਗੇ ਸੇਕ, ਅਗਨ ਤੱਤ ਨਾ ਕੋਇ ਜਲਾਈਆ । ਆਤਮ ਪਰਮਾਤਮ ਕਰੋ ਹੇਤ, ਸਚ ਪ੍ਰੀਤੀ ਇਕ ਵਖਾਈਆ । ਰੁੱਤ ਰਹੇ ਬਸੰਤੀ ਚੇਤ, ਫੁਲ ਫੁਲਵਾੜੀ ਆਪ ਮਹਿਕਾਈਆ । ਅੰਦਰ ਵੜ ਕੇ ਲੱਭੋ ਭੇਤ, ਸਤਿਗੁਰ ਸੱਚਾ ਰਿਹਾ ਸਮਝਾਈਆ । ਬਿਨ ਰਾਖੇ ਸੁੰਞਾਂ ਖੇਤ, ਗੁਰ ਬਿਨ ਪਾਰ ਨਾ ਕੋਇ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਂਝਾ ਰਾਮ ਰਿਹਾ ਸਮਝਾਈਆ । ਸਾਚਾ ਰਾਮ ਸਦਾ ਸਮਰਥ, ਆਦਿ ਜੁਗਾਦਿ ਵੇਖ ਵਖਾਇੰਦਾ । ਲੱਖ ਚੁਰਾਸੀ ਪਾਏ ਨੱਥ, ਚਾਰੋਂ ਕੁੰਟ ਭੁਆਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਮਾਰਗ ਦੱਸ, ਗੁਰ ਅਵਤਾਰ ਨਾਲ ਮਿਲਾਇੰਦਾ । ਬੋਧ ਅਗਾਧ ਨਾਮ ਨਿਧਾਨ ਸ੍ਰੀ ਭਗਵਾਨ ਸੁਣਾ ਸਾਚੀ ਗਾਥ, ਅੱਖਰ ਅੱਖਰ ਜੋੜ ਜੁੜਾਇੰਦਾ । ਨਿਰਗੁਣ ਸਰਗੁਣ ਚਲਾਏ ਸਾਚਾ ਰਥ, ਬਣ ਰਥਵਾਹੀ ਸੇਵ ਕਮਾਇੰਦਾ । ਕਲਜੁਗ ਅੰਤ ਹੋ ਪਰਗਟ, ਪਰਗਟ ਆਪਣੀ ਕਲ ਧਰਾਇੰਦਾ । ਲੇਖਾ ਜਾਣੇ ਚੌਦਾਂ ਲੋਕ ਚੌਦਾਂ ਤਬਕ ਚੌਦਾਂ ਹੱਟ, ਚੌਦਸ ਚੰਦ ਫੋਲ ਫੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਇਕੱਲਾ ਕਾਰ ਕਮਾਇੰਦਾ । ਇਕ ਇਕੱਲਾ ਕਰੇ ਕਾਰ, ਹਰਿ ਕਰਤਾ ਵਡ ਵਡਿਆਈਆ । ਜਿਸ ਦੀ ਮਹਿਮਾ ਸਦਾ ਰਹੇ ਜੁਗ ਚਾਰ, ਸਿਫ਼ਤੀ ਸਿਫ਼ਤ ਸਿਫ਼ਤ ਸਾਲਾਹੀਆ । ਜਿਸ ਨੂੰ ਕਹਿੰਦੇ ਸਾਂਝਾ ਯਾਰ, ਸਾਹਿਬ ਸੁਲਤਾਨ ਬੇਪਰਵਾਹੀਆ । ਜਿਸ ਦਾ ਅੰਤ ਨਾ ਪਾਰਾਵਾਰ, ਬੇਅੰਤ ਬੇਅੰਤ ਬੇਅੰਤ ਅਖਵਾਈਆ । ਗੁਰ ਅਵਤਾਰ ਕਰਨ ਨਿਮਸਕਾਰ, ਦੋਏ ਜੋੜ ਜੋੜ ਸਰਨਾਈਆ । ਜਿਸ

ਨੂੰ ਪੀਰ ਪੈਗ਼ੰਬਰ ਹਜ਼ਰਤ ਕਹਿੰਦੇ ਪਰਵਰਦਿਗਾਰ, ਜ਼ਾਹਰ ਜ਼ਹੂਰ ਨੂਰ ਇਲਾਹੀਆ । ਜਿਸ ਨੂੰ ਨਾਨਕ ਗੋਬਿੰਦ ਕਹਿੰਦੇ ਪੁਰਖ ਅਕਾਲ, ਅਕਲ ਕਲ ਅਖਵਾਈਆ । ਜਿਸ ਦੇ ਦਰ ਤੇ ਵਿਸ਼ਨ ਬ੍ਰਹਮਾ ਸ਼ਿਵ ਕਰਨ ਸੁਆਲ, ਆਪਣੀ ਝੋਲੀ ਅੱਗੇ ਡਾਹੀਆ । ਜਿਸ ਨੂੰ ਕਹਿੰਦੇ ਵਸੇ ਸਚਖੰਡ ਸੱਚੀ ਧਰਮਸਾਲ, ਸਚਖੰਡ ਦੁਆਰਾ ਇਕ ਸੁਹਾਈਆ । ਜਿਸ ਨੂੰ ਕਹਿੰਦੇ ਸਦਾ ਸਦਾ ਸਦ ਵਸੇ ਸਭ ਦੇ ਨਾਲ, ਲੱਖ ਚੁਰਾਸੀ ਅੰਦਰ ਰਿਹਾ ਸਮਾਈਆ । ਜਿਸ ਨੂੰ ਕਹਿੰਦੇ ਨਾਤਾ ਜੋੜੇ ਨਾਲ ਸ਼ਾਹ ਕੰਗਾਲ, ਸ਼ਾਹ ਕੰਗਾਲ ਆਪਣੇ ਰੰਗ ਰੰਗਾਈਆ । ਸੋ ਸਾਹਿਬ ਸਤਿਗੁਰ ਦੀਨ ਦਿਆਲਾ ਪੁਰਖ ਅਕਾਲਾ ਬਣਿਆ ਅੰਤਮ ਦਲਾਲ, ਨਿਰਗੁਣ ਆਪਣਾ ਫੇਰਾ ਪਾਈਆ । ਜਨ ਭਗਤਾਂ ਦੇਵੇ ਨਾਮ ਨਿਧਾਨ, ਆਤਮ ਪਰਮਾਤਮ ਇਕ ਗਿਆਨ, ਇਕੋ ਅੱਖਰ ਕਰੇ ਪਰਧਾਨ, ਕੂੜੀ ਕਿਰਿਆ ਮਿਟੇ ਨਿਸ਼ਾਨ, ਸਚ ਸੁੱਚ ਹੋਏ ਪਰਧਾਨ, ਸਾਚਾ ਮੰਦਰ ਇਕ ਵਖਾਈਆ । ਜਿਥੇ ਵਸੇ ਨਿਰਗੁਣ ਕਾਹਨ, ਨਜ਼ਰੀ ਆਏ ਸੱਚਾ ਰਾਮ, ਸੀਤਾ ਸੁਰਤੀ ਸਰਬ ਪ੍ਰਣਾਈਆ । ਉਸ ਸਾਹਿਬ ਕਰੋ ਪ੍ਰਣਾਮ, ਜਿਸ ਦਾ ਆਦਿ ਜੁਗਾਦੀ ਇਕੋ ਨਾਮ, ਨਾਉਂ ਨਿਰੰਕਾਰਾ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਜੁਗ ਤੇਰੀ ਅੰਤਮ ਵਾਰ, ਨਾਮ ਸੰਦੇਸਾ ਨਰ ਨਰੇਸ਼ਾ ਜੀਵਾਂ ਜੰਤਾਂ ਸਾਧਾਂ ਸੰਤਾਂ ਇਕੋ ਇਕ ਜਣਾਈਆ । ਹਰਿ ਕਾ ਨਾਮ ਜਪੇ ਜਨ ਏਕ, ਏਕਾ ਏਕ ਸਦਾ ਵਡਿਆਈਆ । ਹਰਿਜਨ ਘਰ ਵਸੇ ਪ੍ਰਭ ਏਕ, ਏਕਾ ਮੰਦਰ ਸਦਾ ਸਹਾਈਆ । ਹਰਿਜਨ ਏਕ ਇਕੋ ਪ੍ਰਭ ਟੇਕ, ਦੂਜੀ ਅਵਰ ਨਾ ਕੋਇ ਸਰਨਾਈਆ । ਹਰਿਜਨ ਏਕ ਇਕੋ ਪ੍ਰਭ ਵੇਖ, ਧਰੂ ਪ੍ਰਹਿਲਾਦ ਗਿਆ ਸਮਝਾਈਆ । ਹਰਿਜਨ ਏਕ ਕਰੋ ਸਚ ਹੇਤ, ਪੁਰਖ ਅਬਿਨਾਸ਼ੀ ਸੇਵ ਕਮਾਈਆ । ਹਰਿਜਨ ਏਕ ਲਵੇ ਘਰ
੯੪੦ ੧੪ ਪੇਖ, ਨੇਤਰ ਨੈਣ ਅੱਖ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ੍ਰਿਸ਼ਟ ਸਬਾਈ ਰਿਹਾ ਸਮਝਾਈਆ । ਸ੍ਰਿਸ਼ਟ ਸਬਾਈ ਵੇਖੇ ਏਕ, ਏਕੰਕਾਰ ਅਕਲ ਕਲਾ ਅਖਵਾਇੰਦਾ । ਆਦਿ ਜੁਗਾਦਿ ਜਿਸ ਪਸਾਰ, ਸੋ ਸਾਹਿਬ ਖੇਲ ਕਰਾਇੰਦਾ । ਜਿਸ ਦੇ ਹੁਕਮ ਅੰਦਰ ਗੁਰ ਅਵਤਾਰ, ਪੀਰ ਪੈਗ਼ੰਬਰ ਫੇਰਾ ਪਾਇੰਦਾ । ਜਿਸ ਦਾ ਖੇਲ ਸਦਾ ਜੁਗ ਚਾਰ, ਨੌਂ ਸੌ ਚੁਰਾਨਵੇ ਚੌਕੜੀ ਜੁਗ ਵੰਡ ਵੰਡਾਇੰਦਾ । ਜਿਸ ਦਾ ਨੂਰ ਚੰਦ ਸੂਰਜ ਉਜਿਆਰ, ਰਵ ਸਸ ਡਗਮਗਾਇੰਦਾ । ਜਿਸ ਦਾ ਨਾਮ ਸ਼ਬਦ ਭੰਡਾਰ, ਅਤੋਟ ਤੁਟ ਕਦੇ ਨਾ ਜਾਇੰਦਾ । ਜਿਸ ਦਾ ਮਹੱਲ ਅਟੱਲ ਉਚ ਮਨਾਰ, ਕਬੀਰ ਜੁਲਾਹਾ ਬੈਠ ਖ਼ੁਸ਼ੀ ਮਨਾਇੰਦਾ । ਉਸ ਸਾਹਿਬ ਦਾ ਕਰੋ ਦੀਦਾਰ, ਜੋ ਰਵਦਾਸ ਚੁਮਾਰੇ ਗੋਦ ਬਹਾਇੰਦਾ । ਉਸ ਪੁਰਖ ਦਾ ਕਰੋ ਪਿਆਰ, ਜੋ ਗੁਰਮੁਖ ਨਾਰੀ ਅੰਤ ਪਰਨਾਇੰਦਾ । ਉਸ ਦਾ ਨਾਮ ਕਰੋ ਜੈਕਾਰ, ਜੋ ਜੀਵਣ ਜੁਗਤ ਜਣਾਇੰਦਾ । ਉਸ ਦੇ ਚਰਨ ਕਰੋ ਨਿਮਸਕਾਰ, ਜੋ ਨਮੋ ਸਤਿ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਰਬ ਜੀਆਂ ਦਾ ਇਕੋ ਰਾਹ, ਪੁਰਖ ਅਬਿਨਾਸ਼ੀ ਬਣ ਮਲਾਹ, ਸਾਚਾ ਬੇੜਾ ਇਕ ਵਖਾਇੰਦਾ । ਸਾਚੇ ਬੇੜੇ ਚੜ੍ਹੋ ਮੀਤ, ਸੋ ਸਾਹਿਬ ਦਏ ਵਡਿਆਈਆ । ਆਤਮ ਪਰਮਾਤਮ ਇਕੋ ਰੀਤ, ਆਦਿ ਜੁਗਾਦੀ ਦਏ ਸਮਝਾਈਆ । ਜਿਸ ਦਾ ਵਾਸਾ ਹਸਤ ਕੀਟ, ਰਾਉ ਰੰਕਾਂ ਅੰਦਰ ਡੇਰਾ ਲਾਈਆ । ਸੋ ਸਾਹਿਬ ਕਰੇ ਬਖ਼ਸ਼ੀਸ਼, ਬਖ਼ਸ਼ਸ਼ ਆਪਣੇ ਹੱਥ ਰਖਾਈਆ । ਕਰੋ ਦਰਸ ਇਕ ਜਗਦੀਸ, ਜਗਤ ਨਾਤਾ ਦਏ ਤੁੜਾਈਆ । ਛੱਤਰ ਝੁੱਲੇ ਸਾਚੇ ਸੀਸ, ਸੋਭਾਵੰਤ ਬੇਪਰਵਾਹੀਆ । ਜਿਸ ਦਾ ਕਲਮਾ ਇਕ ਹਦੀਸ, ਨਾਮ ਇਕੋ ਇਕ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸ਼ਾਸਤਰ ਸਿਮਰਤ

ਵੇਦ ਪੁਰਾਨ ਰੱਖਦੇ ਗਏ ਉਡੀਕ, ਕਲਜੁਗ ਅੰਤਮ ਆਵੇ ਸੱਚਾ ਮਾਹੀਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਆਤਮ ਪਰਮਾਤਮ ਪਾਰਬ੍ਰਹਮ ਬ੍ਰਹਮ ਲਏ ਜੀਤ, ਜਿਤ ਆਪਣੇ ਹੱਥ ਰਖਾਈਆ । ਸਾਚੇ ਭਗਤਾਂ ਕਾਇਆ ਕਰੇ ਠੰਡੀ ਸੀਤ, ਅੰਮ੍ਰਿਤ ਮੇਘ ਇਕ ਬਰਸਾਈਆ । ਚਾਰ ਵਰਨ ਇਕ ਸਰਨ ਬੰਧਾਵੇ ਸੱਚੀ ਰੀਤ, ਮੰਦਰ ਮਸੀਤ ਇਕੋ ਇਕ ਜਣਾਈਆ । ਲੇਖਾ ਜਾਣੇ ਬੀਸ ਬੀਸ, ਖੇਲ ਖਲਾਏ ਇਕ ਇਕੀਸ, ਇਕ ਇਕੱਲਾ ਆਪਣੇ ਹੱਥ ਰੱਖੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਦਾਤਾ ਪੁਰਖ ਬਿਧਾਤਾ ਪਾਰਬ੍ਰਹਮ ਪਤਿਪਰਮੇਸ਼ਵਰ ਸਦਾ ਸਵਾਮੀ ਅੰਤਰਜਾਮੀ, ਹਰਿਜਨ ਸਾਚੇ ਰਿਹਾ ਜਗਾਈਆ । ਹਰਿਜਨ ਜਗਾਏ ਜਗ, ਸਤਿਗੁਰ ਦਾਤਾ ਦਇਆ ਕਮਾਈਆ । ਲੱਖ ਚੁਰਾਸੀ ਨਾਲੋਂ ਕਰੇ ਅੱਡ, ਮਹੱਲ ਅਟੱਲ ਇਕ ਵਖਾਈਆ । ਜਿਸ ਦੀ ਨਜ਼ਰ ਨਾ ਆਏ ਕਿਸੇ ਹੱਦ, ਹਦੂਦ ਵੇਖਣ ਕੋਇ ਨਾ ਜਾਈਆ । ਕੋਟਨ ਕੋਟ ਰਹੇ ਲੱਭ, ਉਚੇ ਟਿੱਲੇ ਪਰਬਤ ਫੇਰਾ ਪਾਈਆ । ਜੀਵ ਜੰਤ ਰਹੇ ਭੱਜ, ਚਾਰੋਂ ਕੁੰਟ ਬਣ ਬਣ ਪਾਂਧੀ ਰਾਹੀਆ । ਕੋਈ ਮੱਕੇ ਕਰੇ ਹੱਜ, ਕੋਈ ਅਠਸਠ ਤੀਰਥ ਨਹਾਈਆ । ਅੰਦਰ ਵੜ ਕੇ ਸਾਚੇ ਪੌੜੇ ਚੜ੍ਹ ਕੇ ਸ੍ਰੀ ਭਗਵਾਨ ਕੋਈ ਨਾ ਲਏ ਸੱਦ, ਸੱਦਾ ਨਾਮ ਨਾ ਕੋਇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਇਕ ਵਖਾਈਆ । ਸਾਚਾ ਮਾਰਗ ਦੱਸੇ ਏਕ, ਏਕ ਏਕ ਪੜ੍ਹਾਈਆ । ਹਰਿਜਨ ਅੰਦਰ ਵੜ ਕੇ ਲੈਣਾ ਵੇਖ, ਪ੍ਰਭ ਵਸੇ ਬੇਪਰਵਾਹੀਆ । ਨਿਰਗੁਣ ਹੋ ਕੇ ਦੱਸੇ ਭੇਤ, ਸਰਗੁਣ ਬੂਝ ਬੁਝਾਈਆ । ਇਕੋ ਨਾਮ ਲੈਣਾ ਚੇਤ, ਚੇਤਨ ਸੁਰਤੀ ਦਏ ਕਰਾਈਆ । ਆਤਮ ਪਰਮਾਤਮ ਕਰਾਏ ਸੱਚਾ ਹੇਤ, ਘਰ ਮੇਲਾ ਸਹਿਜ ਸੁਭਾਈਆ । ਨਿਜ ਨੇਤਰ ਲੈਣਾ ਪੇਖ, ਦੋਏ ਲੋਚਣ ਕੰਮ ਕਿਸੇ ਨਾ ਆਈਆ । ਆਤਮ ਸੁੱਤਾ ਸਾਚੀ ਸੇਜ, ਸ੍ਰੀ ਭਗਵਾਨ ਡੇਰਾ ਲਾਈਆ । ਜੋਤੀ ਨੂਰ ਇਕੋ ਤੇਜ, ਰੂਪ ਰੰਗ ਰੇਖ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦਏ ਜਣਾਈਆ । ਭਗਤ ਜਨ ਸਚ ਮੰਦਰ ਵੜਨਾ, ਸਾਢੇ ਤਿੰਨ ਹੱਥ ਮਿਲੇ ਵਡਿਆਈਆ । ਸਤਿਗੁਰ ਪੌੜੇ ਸਾਚੇ ਚੜ੍ਹਨਾ, ਡੰਡਾ ਨਾਮ ਹੱਥ ਫੜਾਈਆ । ਨਿਰਭੌ ਹੋ ਕਦੇ ਨਾ ਡਰਨਾ, ਭੈ ਸਰਬ ਰਿਹਾ ਚੁਕਾਈਆ । ਲੇਖਾ ਚੁਕਿਆ ਮਰਨਾ ਡਰਨਾ, ਲੱਖ ਚੁਰਾਸੀ ਫੰਦ ਕਟਾਈਆ । ਮਾਣਸ ਜਨਮ ਸਾਚੀ ਤਰਨੀ ਤਰਨਾ, ਤਾਰਨਹਾਰਾ ਦਇਆ ਕਮਾਈਆ । ਸੋਹੰ ਢੋਲਾ ਇਕੋ ਪੜ੍ਹਨਾ, ਤੂੰ ਮੇਰਾ ਮੈਂ ਤੇਰਾ ਦੂਜਾ ਕੋਇ ਨਜ਼ਰ ਨਾ ਆਈਆ । ਸਚਖੰਡ ਦੁਆਰੇ ਸਾਚੇ ਵੜਨਾ, ਪੜਦਾ ਕੋਇ ਨਜ਼ਰ ਨਾ ਆਈਆ । ਸ੍ਰੀ ਭਗਵਾਨ ਸਰਨਾਈ ਪੜਨਾ, ਚਰਨ ਧੂੜੀ ਮਸਤਕ ਟਿੱਕਾ ਲਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਸਵਾਮੀ ਇਕੋ ਵਰਨਾ, ਹਰਿ ਕੰਤ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦਏ ਵਡਿਆਈਆ । ਜਨ ਭਗਤ ਕਹਿਣ ਅਸੀਂ ਜਾਵਾਂਗੇ । ਪ੍ਰਭ ਤੇਰਾ ਨਾਮ ਧਿਆਵਾਂਗੇ । ਉਚੇ ਡੰਡੇ ਹੱਥ ਰਖਾਵਾਂਗੇ । ਸੂਰੇ ਸਰਬੰਗੇ ਤੇਰਾ ਦਰਸ਼ਨ ਪਾਵਾਂਗੇ । ਭੁੱਖੇ ਨੰਗੇ ਦਰ ਤੇਰੇ ਅਲਖ ਜਗਾਵਾਂਗੇ । ਮਾੜੇ ਚੰਗੇ ਤੇਰੇ ਅਖਵਾਵਾਂਗੇ । ਕੂੜੀ ਦੁਨੀਆ ਜਗਤ ਤਜਾਵਾਂਗੇ । ਲੋਕ ਲੱਜਿਆ ਨਾ ਕੋਇ ਰਖਾਵਾਂਗੇ । ਜਿਸ ਸਾਡਾ ਪਰਦਾ ਕੱਜਿਆ, ਉਸ ਦੇ ਘਰ ਨੂੰ ਭੱਜੇ ਜਾਵਾਂਗੇ । ਸਚਖੰਡ ਦੁਆਰ ਜੋ ਸਜਿਆ, ਚਰਨ ਉਸ ਦੇ ਸੀਸ ਨਵਾਵਾਂਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਚਲ ਕੇ ਆਵਾਂਗੇ । ਜਦ ਮੇਰੇ ਦਰ ਤੇ ਆਓਗੇ । ਦਰਸਨ ਇਕੋ ਇਕ ਪਾਓਗੇ । ਜਨਮ ਕਰਮ


੮੪੧ ੧੪

ਦਾ ਦੁੱਖ ਮਿਟਾਓਗੇ । ਸੁਖ ਇਕੋ ਇਕ ਉਪਜਾਓਗੇ । ਤ੍ਰਿਸਨਾ ਭੁੱਖ ਸਰਬ ਗਵਾਓਗੇ । ਉਜਲ ਮੁਖ ਆਪ ਵਖਾਓਗੇ । ਸਫਲ ਕੁਖ ਮਾਤ ਕਰਾਓਗੇ । ਝੁਕ ਝੁਕ ਸੀਸ ਝੁਕਾਓਗੇ । ਉਠ ਉਠ ਦਰਸਨ ਦਰ ਪਾਓਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਹੱਲ ਅਟੱਲ ਉਚ ਮਨਾਰ ਸਚਖੰਡ ਸੋਹੇ ਭਗਤ ਦੁਆਰ, ਜਨ ਭਗਤੋ ਇਕੋ ਘਰ ਵਸਾਓਗੇ । ਪ੍ਰਭ ਤੇਰਾ ਘਰ ਵਸਾਵਾਂਗੇ । ਅੰਤਮ ਏਥੇ ਚਲ ਕੇ ਆਵਾਂਗੇ । ਪਿਛਲੇ ਚੇਤੇ ਸਰਬ ਕਰਾਵਾਂਗੇ । ਬਿਨ ਵੇਖੇ ਸਾਂਤ ਨਾ ਪਾਵਾਂਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰਾ ਨਾਮ ਧਿਆਵਾਂਗੇ । ਜੋ ਮੇਰਾ ਨਾਮ ਧਿਆਵੇਗਾ । ਜਮ ਨੇੜ ਕਦੇ ਨਾ ਆਵੇਗਾ । ਰਾਏ ਧਰਮ ਨਾ ਕੋਈ ਡਰਾਵੇਗਾ । ਚਿਤਰ ਗੁਪਤ ਨਾ ਲੇਖ ਵਖਾਏਗਾ । ਲਾੜੀ ਮੌਤ ਨਾ ਕੋਇ ਪਰਨਾਏਗਾ । ਸ਼ੌਹ ਦਰਯਾ ਨਾ ਕੋਇ ਰੁੜ੍ਹਾਏਗਾ । ਅਧਵਿਚਕਾਰ ਨਾ ਕੋਇ ਅਟਕਾਏਗਾ । ਜੂਨੀ ਜੂਨ ਨਾ ਕੋਇ ਭੁਆਏਗਾ । ਸ੍ਰੀ ਭਗਵਾਨ ਵੇਖ ਵਖਾਏਗਾ । ਫੜ ਬਾਂਹੋਂ ਗਲੇ ਲਗਾਏਗਾ । ਸਚਖੰਡ ਦੁਆਰ ਬਹਾਏਗਾ । ਸੋਹੰ ਗਾਇਆ ਲੇਖੇ ਲਾਏਗਾ । ਤੂੰ ਮੇਰਾ ਮੈਂ ਤੇਰਾ, ਇਕੋ ਨੂਰ ਨੂਰ ਨੂਰ ਵਿਚ ਮਿਲਾਏਗਾ । ਕੋਈ ਲੱਭ ਨਾ ਸਕੇ ਭਗਤ ਕੇਹੜਾ ਭਗਵਾਨ ਕੇਹੜਾ, ਭਗਵਾਨ ਭਗਤ ਵਿਚ ਸਮਾਏਗਾ । ਜਿਨ੍ਹਾਂ ਦਾ ਪ੍ਰਭ ਆਪ ਬੰਨ੍ਹੇ ਬੇੜਾ, ਬੱਧਾ ਬੇੜਾ ਮਾਤ ਕਵਣ ਰੁੜ੍ਹਾਏਗਾ । ਕਲਜੁਗ ਅੰਤਮ ਕਰ ਕੇ ਮਿਹਰਾ, ਮਿਹਰਵਾਨ ਆਪਣਾ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖੇ ਲਾਏ ਗੁਰੂ ਚੇਰਾ, ਗੁਰ ਚੇਲਾ ਆਪਣੇ ਰੰਗ ਰੰਗਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗਾ ਜੁਗੰਤਰ ਨਿਰਗੁਣ ਨਿਰਵੈਰ ਕਰੇ ਕਰਾਏ ਹੱਕ ਨਬੇੜਾ, ਹਕੀਕਤ ਆਪਣੇ ਹੱਥ ਰਖਾਇੰਦਾ ।

### ★ ੨੯ ਜੇਠ ੨੦੨੦ ਬਿਕ੍ਰਮੀ ਇੰਦਰ ਸਿੰਘ ਦੇ ਗ੍ਰਿਹਿ ਮੱਘੋਵਾਲੀ ਜੰਮੂ ★

ਸ੍ਰੀ ਭਗਵਾਨ ਏਕਾ ਪ੍ਰਭ, ਪ੍ਰਭੂ ਠਾਕਰ ਇਕ ਅਖਵਾਇੰਦਾ । ਜੁਗ ਚੌਕੜੀ ਭਗਤ ਭਗਵਾਨ ਲਏ ਲੱਭ, ਲੱਖ ਚੁਰਾਸੀ ਖੋਜ ਖੋਜਾਇੰਦਾ । ਅੰਮ੍ਰਿਤ ਝਿਰਨਾ ਝਿਰਾਏ ਕਵਲ ਨਭ, ਸਾਚੀ ਧਾਰਾ ਆਪ ਪਰਗਟਾਇੰਦਾ । ਪੰਚ ਵਿਕਾਰਾ ਦੇਵੇ ਦੱਬ, ਕਾਮ ਕਰੋਧ ਲੋਭ ਮੋਹ ਹੰਕਾਰ ਮਿਟਾਇੰਦਾ । ਨਿਰਗੁਣ ਜੋਤ ਪਰਕਾਸ਼ ਕਰੇ ਝੱਬ, ਅੰਧ ਅਗਿਆਨ ਚੁਕਾਇੰਦਾ । ਨੌਂ ਦੁਆਰ ਪਾਰ ਕਰਾਏ ਹੱਦ, ਮਾਰਗ ਸਾਚਾ ਇਕ ਸੁਣਾਇੰਦਾ । ਕਾਇਆ ਮੰਦਰ ਅੰਦਰ ਵੱਜੇ ਅਨਹਦ, ਨਾਦ ਅਨਾਦੀ ਆਪਣਾ ਰਾਗ ਅਲਾਇੰਦਾ । ਡੂੰਘੀ ਭਵਰੀ ਸੁਰਤੀ ਕੱਢ, ਹਰਿ ਸ਼ਬਦੀ ਮੇਲ ਮਿਲਾਇੰਦਾ । ਵਿਸ਼ਵ ਸੁਹਾਏ ਇਕੋ ਯੱਦ, ਬੰਸ ਇਕੋ ਇਕ ਬਣਾਇੰਦਾ । ਸਚ ਪਿਆਏ ਅੰਮਿਉਂ ਰਸ ਮਧੁ, ਮਧੁਰ ਖ਼ੁਮਾਰ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਇਕੱਲਾ ਵੇਖ ਵਖਾਇੰਦਾ । ਇਕ ਇਕੱਲਾ ਹਰਿ ਪੁਰਖ, ਬੇਅੰਤ ਵੱਡੀ ਵਡਿਆਈਆ । ਆਦਿ ਜੁਗਾਦਿ ਨਾ ਸੋਗ ਨਾ ਕੋਇ ਹਰਖ, ਚਿੰਤਾ ਗ਼ਮ ਨਾ ਕੋਇ ਰਖਾਈਆ । ਭਗਤ ਭਗਵਾਨ ਲਏ ਪਰਖ, ਨਾਮ ਕਸਵੱਟੀ ਹੱਥ ਰਖਾਈਆ । ਅੰਦਰ ਵੜ ਕੇ ਦੇਵੇ

ਦਰਸ, ਬਜਰ ਕਪਾਟੀ ਤੋੜ ਤੁੜਾਈਆ । ਜਨਮ ਜਨਮ ਦੀ ਮੇਟੇ ਹਰਸ, ਕਰਮ ਕਰਮ ਦਾ ਰੋਗ ਗਵਾਈਆ । ਮਨ ਮਨੂਆ ਨਾ ਜਾਏ ਭਟਕ, ਦਹਿ ਦਿਸ਼ਾ ਨਾ ਉਠ ਉਠ ਧਾਈਆ । ਜਗਤ ਵਿਕਾਰ ਨਾ ਚੜ੍ਹੇ ਕਟਕ, ਕੂੜੀ ਕਿਰਿਆ ਦਏ ਗਵਾਈਆ । ਕਰ ਕਿਰਪਾ ਉਧਾਰੇ ਜਿਉਂ ਕਾਹਨਾ ਬੱਧਕ, ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦਾ ਸਦਾ ਸਦਾ ਹੋਏ ਸਹਾਈਆ । ਸਦਾ ਸਹਾਇਕ ਪੁਰਖ ਅਥਾਹ, ਨਿਤ ਨਵਿਤ ਸੇਵ ਕਮਾਇੰਦਾ । ਭਗਤ ਭਗਵਾਨ ਲਏ ਜਗਾ, ਜਾਗਰਤ ਜੋਤ ਇਕ ਟਿਕਾਇੰਦਾ । ਨਿਜ ਨੇਤਰ ਦਏ ਖੁਲ੍ਹਾ, ਭੇਵ ਅਭੇਦਾ ਆਪ ਸਮਝਾਇੰਦਾ । ਆਤਮ ਪੜਦਾ ਦੇਵੇ ਲਾਹ, ਪਰਮਾਤਮ ਆਪਣਾ ਰੰਗ ਰੰਗਾਇੰਦਾ । ਘਰ ਮੰਦਰ ਦਏ ਸੁਹਾ, ਭਗਤ ਦੁਆਰਾ ਇਕ ਵਡਿਆਇੰਦਾ । ਗੀਤ ਗੋਬਿੰਦ ਇਕ ਅਲ੍ਹਾ, ਧੁਰ ਦਾ ਰਾਗ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਵਖਾਇੰਦਾ । ਸਾਚਾ ਖੇਲ ਸ੍ਰੀ ਭਗਵਾਨ, ਜਨ ਭਗਤਾਂ ਆਪ ਜਣਾਈਆ । ਨਾਮ ਅਗੰਮ ਦੇਵੇ ਦਾਨ, ਵਸਤ ਅਤੁਟ ਇਕ ਵਰਤਾਈਆ । ਕਰ ਪਰਕਾਸ਼ ਕੋਟਨ ਭਾਨ, ਜਲਵਾ ਨੂਰ ਇਕ ਉਪਜਾਈਆ । ਘਰ ਸੱਜਣ ਮਿਲੇ ਕਾਹਨ, ਮੁਕੰਦ ਮਨੋਹਰ ਲੱਖਮੀ ਨਰਾਇਣ ਨਰ ਹਰਿ ਇਕੋ ਨਜ਼ਰੀ ਆਈਆ । ਸੰਤ ਸੁਹੇਲੇ ਕਰੇ ਪਰਵਾਨ, ਆਤਮ ਅੰਤਰ ਮੇਲ ਮਿਲਾਈਆ । ਸ਼ਬਦ ਸੁਣਾਏ ਰਾਗ ਧੁਨ ਕਾਨ, ਧੁਨ ਅਨਾਦੀ ਨਾਦ ਵਜਾਈਆ । ਸੰਸਾ ਰੋਗ ਸਰਬ ਮਿਟ ਜਾਣ, ਦੁੱਖ ਦਰਦ ਨਾ ਲਾਗੇ ਰਾਈਆ । ਕਾਗ ਹੰਸ ਬਣੇ ਗੁਰਮੁਖ ਚਤਰ ਸੁਜਾਨ, ਬੁਧੀ ਕਾਗ ਵਾਂਗ ਨਾ ਕੋਇ ਕੁਰਲਾਈਆ । ਮਾਣਕ ਮੋਤੀ ਚੁਗੇ ਚੋਗ ਮਹਾਨ, ਗੁਰ ਸਤਿਗੁਰ ਆਪ ਚੁਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਾਨਸਰੋਵਰ ਸਾਚੇ ਤੀਰਥ ਦਏ ਨੁਹਾਈਆ । ਸਾਚਾ ਤੀਰਥ ਸਤਿਗੁਰ ਹੱਟ, ਸੋ ਸਾਹਿਬ ਆਪ ਜਣਾਇੰਦਾ । ਗੁਰਮੁਖ ਵਿਰਲਾ ਲਾਹਾ ਲਏ ਖੱਟ, ਜਿਸ ਜਨ ਆਪਣੀ ਦਇਆ ਕਮਾਇੰਦਾ । ਹਰਿ ਸਰਨਾਈ ਆਏ ਨੱਠ, ਜਗਤ ਪਾਂਧੀ ਪੰਧ ਮੁਕਾਇੰਦਾ । ਦੁਰਮਤ ਮੈਲ ਲਵੇ ਕੱਟ, ਮਾਇਆ ਮਮਤਾ ਮੋਹ ਤਜਾਇੰਦਾ । ਸਚ ਪ੍ਰੀਤੀ ਰੱਖੇ ਹਠ, ਜਪ ਇਕੋ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਾੜ ਬਹੱਤਰ ਨਾ ਉਬਲੇ ਰਤ, ਰਤੀ ਰਤ ਲੇਖੇ ਲਾਇੰਦਾ । ਗੁਰਮੁਖ ਲੇਖੇ ਲੱਗੇ ਰਤ, ਭਗਤ ਭਗਵਾਨ ਦਏ ਵਡਿਆਈਆ । ਸਤਿ ਸੰਤੋਖ ਧੀਰਜ ਜਤ, ਸਾਂਤਕ ਸਤਿ ਸਤਿ ਕਰਾਈਆ । ਅੰਤਰ ਦੇਵੇ ਬ੍ਰਹਮ ਮਤ, ਮਨਮਤ ਨਾ ਕੋਇ ਰਖਾਈਆ । ਹਰਿ ਸਰਨਾਈ ਚਰਨ ਨਾਤ, ਨਾਤਾ ਬਿਧਾਤਾ ਜੋੜ ਜੁੜਾਈਆ । ਸੋਹੰ ਢੋਲਾ ਸਾਚੀ ਗਾਥ, ਪਾਰਬ੍ਰਹਮ ਬ੍ਰਹਮ ਕਰੇ ਆਪ ਕੁੜਮਾਈਆ । ਨਿਰਗੁਣ ਨਿਰਗੁਣ ਇਕੋ ਜ਼ਾਤ, ਸਰਗੁਣ ਸਰਗੁਣ ਬੰਧਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਵਨ ਦੇਵਣਹਾਰ ਵਡਿਆਈਆ । ਭਗਵਨ ਦੇਵੇ ਵਡਿਆਈ, ਹਰਿ ਵੱਡਾ ਵਡ ਵਡਿਆਇੰਦਾ । ਭਗਤ ਜਨ ਰਹੇ ਜਸ ਗਾਈ, ਰਸਨਾ ਜਿਹਵਾ ਸਿਫ਼ਤ ਸਾਲਾਹਿੰਦਾ । ਅੱਠੇ ਪਹਿਰ ਧਿਆਨ ਲਗਾਈ, ਚਰਨ ਕਵਲ ਇਕੋ ਆਸ ਰਖਾਇੰਦਾ । ਕਵਣ ਵੇਲਾ ਪ੍ਰਭ ਆਏ ਮਾਹੀ, ਮਿਹਰਵਾਨ ਆਪਣਾ ਫੇਰਾ ਪਾਇੰਦਾ । ਨਿਰਧਨ ਸਰਧਨ ਪਕੜ ਉਠਾਏ ਬਾਂਹੀ, ਗ਼ਰੀਬ ਨਿਮਾਣੇ ਗਲੇ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਇੰਦਾ । ਸਾਚਾ ਖੇਲ ਭਗਤਨ ਰੰਗ, ਸ੍ਰੀ ਭਗਵਾਨ ਆਪ ਕਰਾਈਆ । ਆਤਮ ਸੇਜਾ ਵੇਖ ਪਲੰਘ, ਸਚ ਸਿੰਘਾਸਣ ਸੋਭਾ ਪਾਈਆ । ਨਾਮ

੮੪੪
੧੪

ਵਜਾਏ ਅਗੰਮੀ ਮਰਦੰਗ, ਢੋਲਕ ਛੈਣਾ ਨਾ ਕੋਇ ਖੜਕਾਈਆ । ਅੱਠੇ ਪਹਿਰ ਇਕ ਅਨੰਦ, ਘੜੀ ਪਲ ਵੰਡ ਨਾ ਕੋਇ ਵੰਡਾਈਆ । ਕਰ ਪਰਕਾਸ਼ ਜੋਤੀ ਚੰਦ, ਸੂਰਜ ਚੰਦ ਨੈਣ ਸ਼ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਅੰਦਰ ਆਪਣਾ ਡੇਰਾ ਲਾਈਆ । ਭਗਤਨ ਅੰਦਰ ਡੇਰਾ ਲਾ, ਨਿਰਗੁਣ ਆਪਣਾ ਖੇਲ ਕਰਾਇੰਦਾ । ਦੀਨ ਦਿਆਲਾ ਬਣ ਮਲਾਹ, ਬੇੜਾ ਲੋਕਮਾਤ ਤਰਾਇੰਦਾ । ਦੋ ਜਹਾਨਾਂ ਪਾਰ ਕਰਾ, ਸਚ ਕਿਨਾਰਾ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਸਾਚੇ ਆਪ ਉਠਾਇੰਦਾ । ਹਰਿਜਨ ਉਠਾਏ ਆਪ ਹਰਿ, ਹਰਿ ਵੱਡਾ ਵਡ ਵਡਿਆਈਆ । ਕਾਇਆ ਅੰਦਰ ਖੋਲ੍ਹੇ ਦਰ, ਗ੍ਰਿਹ ਆਪਣਾ ਕੁੰਡਾ ਲਾਹੀਆ । ਨਜ਼ਰੀ ਆਏ ਨਰਾਇਣ ਨਰ, ਨਰ ਦਾਤਾ ਬੇਪਰਵਾਹੀਆ । ਭਗਤ ਭਗਵਾਨ ਲਏ ਫੜ, ਸ਼ਬਦੀ ਡੋਰ ਤੰਦ ਉਠਾਈਆ । ਆਪ ਬੰਧਾਏ ਆਪਣੇ ਲੜ, ਪੱਲੂ ਇਕੋ ਵਾਰ ਗੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦਏ ਵਡਿਆਈਆ । ਭਗਤ ਕਹੇ ਸੁਣ ਸਾਹਿਬ ਪ੍ਰਭ ਏਕ, ਕੀ ਤੇਰੀ ਵਡਿਆਈਆ । ਜੁਗ ਚੌਕੜੀ ਧਾਰੇ ਭੇਖ, ਨਿਤ ਨਵਿਤ ਵੇਸ ਵਟਾਈਆ । ਲੱਖ ਚੁਰਾਸੀ ਰਿਹਾ ਵੇਖ, ਆਪ ਨਜ਼ਰ ਕਿਸੇ ਨਾ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਰਨ ਆਦੇਸ, ਸਜਦਾ ਸੀਸ ਤੋਹੇ ਝੁਕਾਈਆ । ਤੂੰ ਵਸੇਂ ਸਚਖੰਡ ਸਾਚੇ ਦੇਸ, ਆਦੇਸ ਤੋਹੇ ਤੇਰੀ ਸਚ ਸਰਨਾਈਆ । ਸੇਵਾ ਲਾ ਵਿਸ਼ਨ ਬ੍ਰਹਮ ਮਹੇਸ਼, ਸ਼ੰਕਰ ਆਪਣੀ ਕਾਰ ਜਣਾਈਆ । ਸਦਾ ਸਦਾ ਪ੍ਰਭ ਰਹੇਂ ਹਮੇਸ਼, ਨਾ ਮਰੇਂ ਨਾ ਜਾਈਆ । ਹੁਕਮੇ ਅੰਦਰ ਪੀਰ ਪੈਗ਼ੰਬਰ ਮੁੱਲਾਂ ਮਸਾਇਕ ਔਲੀਏ ਸ਼ੇਖ਼, ਸ਼ਰਅ ਸ਼ਰੀਅਤ ਵੰਡ ਵੰਡਾਈਆ । ਨਿਤ ਨਵਿਤ ਜਨ ਭਗਤਾਂ ਕਰੇਂ ਹੇਤ, ਨਿਰਗੁਣ ਸਰਗੁਣ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਦੇ ਖੁਲ੍ਹਾਈਆ । ਭਗਤ ਕਹੇ ਪ੍ਰਭ ਸਚ ਦੱਸ, ਤੇਰੀ ਇਕੋ ਓਟ ਰਖਾਈਆ । ਕਿਸ ਬਿਧ ਅੰਦਰ ਜਾਏਂ ਵਸ, ਕਵਣ ਦੁਆਰੇ ਡੇਰਾ ਲਾਈਆ । ਕਵਣ ਪ੍ਰੀਤੀ ਬੰਨ੍ਹੇ ਨਾਤ, ਨਾਤਾ ਜੋੜ ਜੁੜਾਈਆ । ਕਵਣ ਨਾਮ ਸੁਣਾਏਂ ਗਾਥ, ਕਵਣ ਰਾਮ ਕਰੇਂ ਪੜ੍ਹਾਈਆ । ਕਵਣ ਬੇਟਾ ਹੋਏ ਦਸਰਾਥ, ਕਵਣ ਨੰਦ ਜਸੋਧਾ ਦਏਂ ਵਡਿਆਈਆ । ਕਵਣ ਬਹੇ ਜਮਨਾ ਘਾਟ, ਕਵਣ ਗੋਕਲ ਮਥਰਾ ਵਿਚ ਸੁਹਾਈਆ । ਕਵਣ ਸਭ ਦੇ ਵਸੇ ਸਾਥ, ਨਜ਼ਰ ਕਿਸੇ ਨਾ ਆਈਆ । ਕਵਣ ਰਘੁਪਤ ਕਵਣ ਰਘੁਨਾਥ, ਕਵਣ ਬੰਸਰੀ ਰਿਹਾ ਵਜਾਈਆ । ਕਵਣ ਸਖੀਆਂ ਸੰਗ ਪਾਵੇ ਰਾਸ, ਕਵਣ ਮੰਡਲ ਨਾਚ ਨਚਾਈਆ । ਕਵਣ ਲੱਖ ਚੁਰਾਸੀ ਵੇਖੇ ਖੇਲ ਤਮਾਸ਼, ਕਵਣ ਰੰਗ ਰਲੀਆਂ ਰਿਹਾ ਮਨਾਈਆ । ਕਵਣ ਸੁੱਤਾ ਵਿਚ ਪਰਭਾਸ, ਗੋਡੇ ਉਪਰ ਚਰਨ ਟਿਕਾਈਆ । ਕਵਣ ਕੱਟੇ ਬਨਬਾਸ, ਘਰ ਮੰਦਰ ਮਹੱਲ ਤਜਾਈਆ । ਕਵਣ ਭਗਤਾਂ ਪੂਰੀ ਕਰੇ ਆਸ, ਬਿਦਰ ਸੁਦਾਮਾ ਗਲੇ ਲਗਾਈਆ । ਕਵਣ ਪੂਤਨਾ ਦਏ ਧਰਵਾਸ, ਕਵਣ ਮੋਹਨ ਮੰਮਾਂ ਮੁੱਖ ਲਗਾਈਆ । ਕਵਣ ਖੇਲ ਕਰਾਏ ਵੇਦ ਵਿਆਸ, ਕਵਣ ਕਵਾਰ ਕੰਨਿਆ ਦੇਵੇ ਵਡਿਆਈਆ । ਕਵਣ ਜਣਾਏ ਤੇਰਾ ਜਾਪ, ਕਵਣ ਜਪਤ ਜਪਤ ਸੁਖ ਪਾਈਆ । ਭਗਤ ਕਹਿਣ ਸ੍ਰੀ ਭਗਵਾਨ ਤੇਰੀ ਇਕੋ ਆਸ, ਪਾਰਬ੍ਰਹਮ ਤੇਰੀ ਸਰਨਾਈਆ । ਤੇਰਾ ਖੇਲ ਪ੍ਰਿਥਮੀ ਆਕਾਸ਼, ਗਗਨ ਮੰਡਲ ਤੇਰੀ ਓਟ ਤਕਾਈਆ । ਧਰਨੀ ਧਰਤ ਧਵਲ ਤੇਰੀ ਦਾਸ, ਧੌਲ ਰਿਹਾ ਨੈਣ ਉਠਾਈਆ । ਕਵਣ ਵੇਲਾ ਹਰਿ ਜੂ ਵਸੇ ਪਾਸ, ਸਦ ਆਪਣਾ ਸੰਗ ਨਿਭਾਈਆ । ਕਿਰਪਾ ਕਰ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤੇ ਤੇਰੇ ਹੱਥ ਵਡਿਆਈਆ । ਜਨਮ ਕਰਮ

ਦਾ ਦੁਖੜਾ ਹੋਵੇ ਨਾਸ, ਲੱਖ ਚੁਰਾਸੀ ਰਹਿਣ ਨਾ ਪਾਈਆ । ਨਿਰਮਲ ਜੋਤ ਕਰ ਪਰਕਾਸ਼, ਪਰਕਾਸ਼ਵਾਨ ਤੇਰਾ ਨੂਰ ਇਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਤੇਰੇ ਮੰਗ ਮੰਗਾਈਆ । ਭਗਤ ਸੁਣ ਹਰਿ ਸੱਜਣ ਮੇਰੇ, ਨਰ ਹਰਿ ਨਰਾਇਣ ਆਪ ਜਣਾਇੰਦਾ । ਜੁਗ ਚੌਕੜੀ ਵਸਣ ਖੇੜੇ, ਘਰ ਘਰ ਆਪਣਾ ਡੇਰਾ ਲਾਇੰਦਾ । ਜੋ ਜਨ ਢੋਲੇ ਗੌਂਦੇ ਤੇਰੇ ਮੇਰੇ, ਤਿਨ੍ਹਾਂ ਆਪਣਾ ਰੰਗ ਵਖਾਇੰਦਾ । ਦੂਰ ਦੁਰਾਡਾ ਵਸਾਂ ਨੇੜੇ, ਨੇਰਨ ਨੇਰਾ ਹੋ ਕੇ ਨਜ਼ਰੀ ਆਇੰਦਾ । ਡੁੱਬਦੇ ਫੜ ਫੜ ਤਾਰਾਂ ਬੇੜੇ, ਬੇੜਾ ਆਪਣੇ ਕੰਧ ਉਠਾਇੰਦਾ । ਮੰਜਧਾਰ ਜੋ ਆਏ ਘੇਰੇ, ਨਾਮ ਚੱਪੂ ਇਕ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਆਪ ਸਮਝਾਇੰਦਾ । ਭਗਤ ਜਨ ਸੁਣ ਸਾਚੀ ਗੱਲ, ਹਰਿ ਸਤਿਗੁਰ ਆਪ ਜਣਾਈਆ । ਜੁਗ ਚੌਕੜੀ ਅਛਲ ਅਛੱਲ, ਵਲ ਛਲ ਧਾਰੀ ਖੇਲ ਖਲਾਈਆ । ਭਗਤਾਂ ਅੰਦਰ ਜਾਵਾਂ ਰਲ, ਨੂਰ ਨੂਰ ਨਾਲ ਮਿਲਾਈਆ । ਦੂਈ ਦਵੈਤੀ ਮੇਟਾਂ ਸੱਲ, ਪੱਟੀ ਇਕੋ ਨਾਮ ਬੰਧਾਈਆ । ਅੰਮ੍ਰਿਤ ਆਤਮ ਠੰਡਾ ਪਿਆਵਾਂ ਜਲ, ਨੀਰ ਸੀਰ ਇਕ ਵਖਾਈਆ । ਨਾਮ ਸੰਦੇਸਾ ਦੇਵਾਂ ਘੱਲ, ਸ਼ਬਦੀ ਸ਼ਬਦ ਪੜ੍ਹਾਈਆ । ਬਣ ਕਿਰਸਾਣਾ ਵਾਹਵਾਂ ਹੱਲ, ਕੂੜੀ ਕਿਰਿਆ ਜੜ ਉਖੜਾਈਆ । ਸਤਿ ਸਰੂਪੀ ਲਾਵਾਂ ਫਲ, ਗੁਰਮੁਖ ਦੇਵਾਂ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਰਿਹਾ ਸਮਝਾਈਆ । ਸੁਣ ਭਗਤ ਹਰਿ ਸੱਜਣ ਪਿਆਰੇ, ਪਰਮ ਪੁਰਖ ਆਪ ਸਮਝਾਇੰਦਾ । ਕੂੜੀ ਕਿਰਿਆ ਕੂੜ ਸੰਸਾਰੇ, ਕੂੜੋ ਕੂੜ ਸਰਬ ਵਖਾਇੰਦਾ । ਇਕੋ ਨਾਮ ਜਪੇ ਹਰਿ ਮੀਤ ਮੁਰਾਰੇ, ਬਿਨ ਹਰਿ ਨਾਮ ਪਾਰ ਨਾ ਕੋਇ ਲੰਘਾਇੰਦਾ । ਡੁੱਬਦੇ ਪਾਥਰ ਸਦਾ ਤਾਰੇ, ਪਾਹਨ ਆਪਣਾ ਚਰਨ ਛੁਹਾਇੰਦਾ । ਆਹਲਿਆ ਪਾਰ ਕਰੀ ਕਿਨਾਰੇ, ਕਿਨਾਰਾ ਆਪਣਾ ਆਪ ਵਖਾਇੰਦਾ । ਜੋ ਹਰਿ ਨਰਾਇਣ ਸ੍ਰੀ ਭਗਵਾਨ ਪੁਰਖ ਅਗੰਮ ਕਰਨ ਜੈਕਾਰੇ, ਜੈ ਜੈਕਾਰ ਇਕ ਸੁਣਾਇੰਦਾ । ਤਿਨ੍ਹਾਂ ਅੰਤ ਜੰਮ ਕੋਈ ਨਾ ਮਾਰੇ, ਜਮਦੂਤ ਨੇੜ ਕੋਇ ਨਾ ਆਇੰਦਾ । ਜਿਸ ਪਾਪੀ ਅਜਾਮਲ ਤਾਰੇ, ਜੋ ਗਨਕਾ ਦਇਆ ਕਮਾਇੰਦਾ । ਜੋ ਮਿਲਿਆ ਰਵਦਾਸ ਚੁਮਾਰੇ, ਗੰਗਾ ਧਾਰ ਕੰਗਣ ਕੱਢ ਵਖਾਇੰਦਾ । ਜੋ ਸੈਣ ਨਾਈ ਆਪਣਾ ਰੂਪ ਧਾਰੇ, ਘਰ ਜਾ ਜਾ ਸੇਵ ਕਮਾਇੰਦਾ । ਜੋ ਨਾਮੇ ਛੱਪਰੀ ਆਪ ਉਸਾਰੇ, ਮੋਈ ਗਊ ਆਪ ਉਠਾਇੰਦਾ । ਜੋ ਧੰਨੇ ਦੇ ਵੱਛੇ ਚਾਰੇ, ਘਰ ਠਾਕਰ ਨਜ਼ਰੀ ਆਇੰਦਾ । ਜੋ ਕਬੀਰ ਜੁਲਾਹੇ ਫੜ ਤਾਰੇ, ਆਪ ਆਪਣੀ ਉਂਗਲੀ ਲਾਇੰਦਾ । ਜੋ ਧਰੂ ਬਾਲਕ ਦਏ ਆਧਾਰੇ, ਨਰ ਨਰਾਇਣ ਦਰਸ ਕਰਾਇੰਦਾ । ਜੋ ਪ੍ਰਹਿਲਾਦ ਤਪਦੇ ਥੰਮ ਠਾਰੇ, ਨਿਰਵੈਰ ਆਪਣੀ ਕਲ ਧਰਾਇੰਦਾ । ਜੋ ਬਲ ਦੇਵੇ ਆਪ ਸਹਾਰੇ, ਬਾਵਨ ਆਪਣਾ ਰਾਗ ਅਲਾਇੰਦਾ । ਜੋ ਅਮਰੀਕ ਕਰੇ ਪਿਆਰੇ, ਦੁਰਬਾਸ਼ਾ ਮੁਖ ਭੁਆਇੰਦਾ । ਜੋ ਜਨਕ ਸਪੁਤਰੀ ਅੰਗੀਕਾਰ ਕਰੇ ਕਰਤਾਰੇ, ਸੋ ਰਾਮ ਰਾਮ ਖੇਲ ਕਰਾਇੰਦਾ । ਜੋ ਹਰੀ ਚੰਦ ਲੇਖੇ ਲਾਏ ਦੁਲਾਰੇ, ਰਾਣੀ ਤਾਰਾ ਗੰਢ ਪੁਆਇੰਦਾ । ਜੋ ਬਿਦਰ ਦਏ ਸਹਾਰੇ, ਸਿਰ ਆਪਣਾ ਹੱਥ ਟਿਕਾਇੰਦਾ । ਜੋ ਸੁਦਾਮੇ ਬਣਾਏ ਚੁਬਾਰੇ, ਸੋ ਤੰਦਲ ਚੱਬ ਖੁਸ਼ੀ ਮਨਾਇੰਦਾ । ਜਿਸ ਨਾਮ ਦੇਵ ਵਖਾਏ ਖੇਲ ਨਿਰਾਲੇ, ਪਾਤੀ ਪਾਤੀ ਡਾਲ ਡਾਲ ਆਪਣਾ ਨਾਮ ਸਮਝਾਇੰਦਾ । ਭਗਤ ਜਨ ਤਿਸ ਸਾਹਿਬ ਜਾਓ ਬਲਹਾਰੇ, ਜੋ ਜੁਗ ਚੌਕੜੀ ਆਪਣੀ ਸੇਵ ਕਮਾਇੰਦਾ । ਕਲਜੁਗ ਅੰਤਮ ਲੈ ਅਵਤਾਰੇ, ਨਿਰਗੁਣ ਨੂਰ ਜੋਤੀ ਜਾਮਾ ਵੇਸ ਵਟਾਇੰਦਾ । ਹਰਿ ਸੰਗਤ ਬਣਾਏ ਸਚ ਦੁਲਾਰੇ, ਪੂਤ ਸਪੂਤਾ ਵੇਖ ਵਖਾਇੰਦਾ । ਸਾਚੀ ਨੱਯਾ ਲੈ ਕੇ ਆਇਆ ਆਪ ਕਿਨਾਰੇ, ਗੁਰਮੁਖ

੮੪੫
੧੪

ਸੱਜਣ ਵਿਚ ਬਹਾਇੰਦਾ । ਗੁਰਮੁਖ ਬੋਲਣ ਨਾਮ ਜੈਕਾਰੇ, ਜੈ ਜੈਕਾਰ ਇਕ ਸੁਣਾਇੰਦਾ । ਸੋਹੰ ਢੋਲਾ ਅਪਰ ਅਪਾਰੇ, ਆਤਮ ਪਰਮਾਤਮ ਮੇਲ ਮਿਲਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਦਾ ਸਾਂਝਾ ਯਾਰੇ, ਜ਼ਾਤ ਪਾਤ ਦੀਨ ਮਜ਼੍ਹਬ ਵੰਡ ਨਾ ਕੋਇ ਵੰਡਾਇੰਦਾ ।

## ★ ੨੯ ਜੇਠ ੨੦੨੦ ਬਿਕ੍ਰਮੀ ਦੌਲਤ ਰਾਮ ਦੇ ਗ੍ਰਿਹ ਕੋਟਲੀ ਰਾਈਆਂ ਜੰਮੂ ★

ਸਚਖੰਡ ਕਹੇ ਪ੍ਰਭ ਦੱਸ ਮੁਰਾਰ, ਦੋਏ ਜੋੜ ਪਿਆ ਸਰਨਾਈਆ । ਮੇਰੀ ਸਿਫ਼ਤ ਰਹੇ ਜੁਗ ਚਾਰ, ਸਿਫ਼ਤੀ ਸਿਫ਼ਤ ਸਰਬ ਸਾਲਾਹੀਆ । ਮੇਰਾ ਘਰ ਮਹੱਲ ਮਨਾਰ, ਉਚ ਅਟੱਲ ਰਖਾਈਆ । ਨਜ਼ਰ ਨਾ ਆਵੇ ਵਿਚ ਸੰਸਾਰ, ਇਸ਼ਾਰੇ ਨਾਲ ਨਾ ਕੋਇ ਸਮਝਾਈਆ । ਗੁਰ ਅਵਤਾਰ ਦੱਸ ਕੇ ਆਏ ਕੂਕ ਪੁਕਾਰ, ਜੀਵ ਜੰਤ ਜਣਾਈਆ । ਮੇਰੀ ਕਿਸੇ ਨਾ ਪਾਈ ਸਾਰ, ਪਾਰ ਕਿਨਾਰਾ ਨਜ਼ਰ ਕੋਇ ਨਾ ਆਈਆ । ਕਿਰਪਾ ਕਰ ਆਪ ਕਰਤਾਰ, ਮੋਹੇ ਮੇਰਾ ਦੇ ਸਮਝਾਈਆ । ਕਿਉਂ ਲਿਆ ਮੈਨੂੰ ਉਸਾਰ, ਕੀ ਮੇਰੇ ਵਿਚ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਦੇ ਖੁਲ੍ਹਾਈਆ । ਸਚਖੰਡ ਕਹੇ ਸੁਣ ਭਗਵਾਨ, ਪ੍ਰਭ ਤੇਰੇ ਅੱਗੇ ਅਰਜ਼ੋਈਆ । ਕਿਉਂ ਬਣਾਇਆ ਮੇਰਾ ਨਿਸ਼ਾਨ, ਆਪਣੀ ਸੇਵ ਕਮਾਈਆ । ਕਿਉਂ ਦਿਤਾ ਮੈਨੂੰ ਦਾਨ, ਵਸਤ ਅਮੋਲਕ ਆਪ ਵਰਤਾਈਆ । ਕਿਉਂ ਮੈਨੂੰ ਕੀਤਾ ਪਰਧਾਨ, ਮਿਲੇ ਸਦਾ ਵਡਿਆਈਆ । ਮੈਂ ਸਮਝ ਨਾ ਸਕਿਆ ਅਵਾਣ, ਮੈਨੂੰ ਸਾਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਭੇਵ ਦੇ ਜਣਾਈਆ । ਹੇ ਪ੍ਰਭੂ ਛੱਪਰ ਨਾ ਛੰਨ ਕੋਈ ਦੀਵਾਰ, ਮੇਰੀ ਹੱਦ ਨਾ ਕੋਇ ਰਖਾਈਆ । ਦੀਵਾ ਬਾਤੀ ਨਾ ਕੋਇ ਉਜਿਆਰ, ਅੰਧ ਅੰਧੇਰ ਨਜ਼ਰ ਕੋਇ ਨਾ ਆਈਆ । ਸੂਰਜ ਚੰਦ ਨਾ ਕੋਈ ਪਸਾਰ, ਕਿਰਨ ਕਿਰਨ ਨਾ ਕੋਇ ਚਮਕਾਈਆ । ਨਾ ਕੋਈ ਸੱਜਣ ਮੀਤ ਮੁਰਾਰ, ਸਾਕ ਸੱਜਣ ਨਜ਼ਰ ਕੋਇ ਨਾ ਆਈਆ । ਨਾ ਕੋਈ ਸਖੀਆਂ ਮੰਗਲਚਾਰ, ਨਾ ਕੋਈ ਰਾਗ ਅਲਾਈਆ । ਨਾ ਕੋਈ ਨਾਰੀ ਕੰਤ ਭਤਾਰ, ਸੇਜ ਸੁਹੰਜਣੀ ਨਾ ਕੋਇ ਹੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖੌਣਾ ਆਪਣਾ ਦਰ, ਪੜਦਾ ਆਪਣਾ ਦੇ ਚੁਕਾਈਆ । ਸਚਖੰਡ ਕਹੇ ਮੈਂ ਹੋਇਆ ਹੈਰਾਨ, ਮੈਨੂੰ ਸਮਝ ਕੋਇ ਨਾ ਆਈਆ । ਨਾ ਮੰਦਰ ਨਾ ਕੋਈ ਮਕਾਨ, ਦੁਆਰ ਨਜ਼ਰ ਕੋਇ ਨਾ ਆਈਆ । ਨਾ ਛੱਪਰ ਨਾ ਕੋਈ ਨਿਸ਼ਾਨ, ਝੂਲਾ ਝੂਲ ਨਾ ਕੋਇ ਵਖਾਈਆ । ਨਾ ਰਸਨਾ ਨਾ ਕੋਈ ਜ਼ਬਾਨ, ਬੋਲ ਜੈਕਾਰ ਨਾ ਕੋਇ ਅਲਾਈਆ । ਨਾ ਅੱਖ ਨਾ ਕੋਈ ਕਾਨ, ਨੈਣ ਨੈਣ ਨਾ ਕੋਇ ਮਟਕਾਈਆ । ਨਾ ਸੁਰਤ ਨਾ ਕੋਈ ਧਿਆਨ, ਗਿਆਨ ਗੋਝ ਨਾ ਕੋਇ ਦ੍ਰਿੜਾਈਆ । ਨਾ ਸਰੋਵਰ ਨਾ ਅਸ਼ਨਾਨ, ਜਲ ਧਾਰ ਨਾ ਕੋਇ ਵਹਾਈਆ । ਨਾ ਰਸਨਾ ਨਾ ਪੀਣ ਖਾਣ, ਤ੍ਰਿਸਨਾ ਤ੍ਰਿਪਤ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਦੇ ਜਣਾਈਆ । ਸਚਖੰਡ ਕਹੇ ਮੈਂ ਅੰਨ੍ਹਾਂ ਬੋਲਾ, ਮੈਨੂੰ ਸਮਝ ਕੋਇ ਨਾ ਆਈਆ । ਕਿਸ ਬਿਧ ਚੁਕਿਆ ਮੇਰਾ ਡੋਲਾ, ਕੰਧ ਆਪਣੇ ਭਾਰ ਉਠਾਈਆ । ਕਿਉਂ ਦੁਆਰਾ ਮੇਰਾ ਖੋਲ੍ਹਾ, ਦਰ ਦਰਵਾਜ਼ਾ ਆਪ ਜਣਾਈਆ । ਕਿਉਂ ਗੌਂਦੇ ਮੇਰਾ ਸਿਫ਼ਤੀ ਢੋਲਾ, ਜਸ ਰਹੇ ਸੁਣਾਈਆ । ਕਿਉਂ ਮੈਨੂੰ ਰੱਖਿਆ ਪੜਦਾ ਉਹਲਾ, ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਚ ਦੇ ਜਣਾਈਆ ।

ਮੈਂ ਕੀ ਜਾਣਾਂ ਮੈਂ ਕੀ ਹੋਇਆ, ਮੈਨੂੰ ਆਪਣੀ ਸਮਝ ਨਾ ਆਈਆ । ਨਾ ਜਾਗਤ ਨਾ ਕਦੇ ਸੋਇਆ, ਸੋਵਤ ਜਾਗਤ ਰੂਪ ਨਾ ਕੋਇ ਵਟਾਈਆ । ਨਾ ਜੰਮਿਆ ਨਾ ਕਦੇ ਮੋਇਆ, ਜਨਮ ਮਰਨ ਖੇਲ ਨਾ ਕੋਇ ਵਖਾਈਆ । ਨਾ ਹੱਸਿਆ ਨਾ ਕਦੇ ਰੋਇਆ, ਨੇਤਰ ਨੈਣ ਨਾ ਨੀਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਿਸ ਬਿਧ ਮੇਰੀ ਰਚਨ ਰਚਾਈਆ । ਸ੍ਰੀ ਭਗਵਾਨ ਕਿਉਂ ਲਿਆ ਰਚ, ਸਚ ਸਚ ਦੇ ਜਣਾਈਆ । ਤਨ ਕਾਇਆ ਮਾਟੀ ਨਾ ਕੋਈ ਕੱਚ, ਰੰਗ ਨਜ਼ਰ ਕੋਇ ਨਾ ਆਈਆ । ਨਾ ਕੁਰਸ਼ ਨਾ ਕੋਈ ਚਮਕ, ਬੰਧਨ ਬੰਧ ਨਾ ਕੋਇ ਬੰਧਾਈਆ । ਨਾ ਪੈਰ ਨਾ ਕੋਈ ਹੱਥ, ਮੁਖ ਨਜ਼ਰ ਕੋਇ ਨਾ ਆਈਆ । ਨਾ ਨਾਮ ਨਾ ਕੋਈ ਕਥ, ਗਾਥਾ ਸਕੇ ਨਾ ਕੋਇ ਪੜ੍ਹਾਈਆ । ਨਾ ਦੁਆਰਾ ਨਾ ਮੱਠ, ਘਰ ਰੂਪ ਨਾ ਕੋਇ ਵਖਾਈਆ । ਨਾ ਨਾੜੀ ਨਾ ਦਿਸੇ ਰਤ, ਤੱਤ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਸਰੂਪ ਦੇ ਸਮਝਾਈਆ । ਸ੍ਰੀ ਭਗਵਾਨ ਦੱਸ ਮੇਰਾ ਸਰੂਪ, ਕਵਣ ਬਿਧ ਰਚਨ ਰਚਾਈਆ । ਸਚ ਜਣੌਣੀ ਸਾਚੀ ਕੂਟ, ਦਿਸ਼ਾ ਕਵਣ ਵੰਡ ਵੰਡਾਈਆ । ਕਵਣ ਸੁਹੰਜਣੀ ਹੋਏ ਰੁੱਤ, ਰੁੱਤ ਰੁੱਤੜੀ ਇਕ ਮਹਿਕਾਈਆ । ਨਾ ਕਾਇਆ ਨਾ ਕੋਈ ਬੁੱਤ, ਤੱਤ ਨਜ਼ਰ ਕੋਇ ਨਾ ਆਈਆ । ਏਸੇ ਕਰ ਕੇ ਰਿਹਾ ਪੁੱਛ, ਪ੍ਰਭ ਮੇਰਾ ਲੇਖਾ ਦੇ ਜਣਾਈਆ । ਜੇ ਤੂੰ ਕਹੇ ਤੇ ਸਭ ਕੁਛ, ਜੇ ਮੁਖ ਮੋੜੇਂ ਨਜ਼ਰ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੀ ਸਚ ਸਰਨਾਈਆ । ਸ੍ਰੀ ਭਗਵਾਨ ਕਹੇ ਸੁਣ ਸਚਖੰਡ, ਸਚ ਸਚ ਜਣਾਇੰਦਾ । ਨਾ ਰੂਪ ਨਾ ਕੋਈ ਰੰਗ, ਤੇਰਾ ਰੰਗ ਆਪਣੇ ਨਾਲ ਮਿਲਾਇੰਦਾ । ਨਾ ਛੱਪਰ ਨਾ ਕੋਈ ਕੰਧ, ਛੰਨ ਉਪਰ ਨਾ ਕੋਇ ਟਿਕਾਇੰਦਾ । ਨਾ ਸੂਰਜ ਨਾ ਕੋਈ ਚੰਦ, ਮੰਡਲ ਮੰਡਪ ਨਾ ਕੋਇ ਰਖਾਇੰਦਾ । ਨਾ ਜਿਹਵਾ ਨਾ ਕੋਇ ਦੰਦ, ਰਾਗੀ ਰਾਗ ਨਾ ਕੋਇ ਅਲਾਇੰਦਾ । ਨਾ ਗੀਤ ਨਾ ਕੋਈ ਛੰਦ, ਸਿਫ਼ਤੀ ਸਿਫ਼ਤ ਨਾ ਕੋਇ ਸਾਲਾਹਿੰਦਾ । ਨਾ ਪਾਂਧੀ ਨਾ ਦਿਸੇ ਪੰਧ, ਅੱਗੇ ਪਿਛੇ ਵਾਟ ਨਾ ਕੋਇ ਰਖਾਇੰਦਾ । ਕਰੇ ਖੇਲ ਸੂਰਾ ਸਰਬੰਗ, ਭੇਵ ਅਭੇਦਾ ਆਪ ਸਮਝਾਇੰਦਾ । ਮੇਰਾ ਪਰੇਮ ਤੇਰਾ ਅਨੰਦ, ਮੇਰੇ ਸੰਗ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਤੇਰਾ ਖੇਲ ਸਮਝਾਇੰਦਾ । ਸਚਖੰਡ ਸਾਚੇ ਸੁਣ ਲੈ ਏਕ, ਏਕੰਕਾਰਾ ਆਪ ਜਣਾਈਆ । ਮੇਰੀ ਇਛਿਆ ਮੇਰੀ ਟੇਕ, ਮੇਰਾ ਸੰਗ ਨਿਭਾਈਆ । ਮੇਰਾ ਨੇਤਰ ਮੈਨੂੰ ਲਏ ਪੇਖ, ਮੇਰਾ ਮੇਰੇ ਵਿਚ ਸਮਾਈਆ । ਮੇਰੀ ਪ੍ਰੀਤੀ ਮੇਰੇ ਨਾਲ ਕਰੇ ਹੇਤ, ਮੇਰਾ ਪਰੇਮ ਪ੍ਰੀਤਮ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਚ ਦਏ ਸੁਣਾਈਆ । ਸਚ ਸਚ ਦੱਸੇ ਭਗਵਾਨ, ਸ੍ਰੀ ਭਗਵਾਨ ਦਇਆ ਕਮਾਇੰਦਾ । ਸਚਖੰਡ ਮੇਰੀ ਇਛਿਆ ਵਡ ਬਲਵਾਨ, ਸੋ ਇਛਿਆ ਤੇਰਾ ਨਾਉਂ ਜਣਾਇੰਦਾ । ਨਾ ਮੰਦਰ ਨਾ ਕੋਈ ਮਕਾਨ, ਬੰਕ ਦੁਆਰ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਆਪਣਾ ਭੇਵ ਚੁਕਾਇੰਦਾ । ਨਿਰਗੁਣ ਭੇਵ ਦੱਸੇ ਨਿਰਾਕਾਰ, ਨਿਰੰਕਾਰ ਬੇਪਰਵਾਹੀਆ । ਮੇਰੀ ਪ੍ਰੀਤੀ ਸਚ ਵਿਹਾਰ, ਸਾਚੀ ਰੀਤੀ ਦਏ ਜਣਾਈਆ । ਚਾਰੋਂ ਕੁੰਟ ਮੇਰਾ ਪਸਾਰ, ਦਹਿ ਦਿਸ਼ਾ ਮੇਰੀ ਸਰਨਾਈਆ । ਤੇਰੀ ਨਜ਼ਰ ਨਾ ਆਏ ਧਾਰ, ਧਾਰ ਧਾਰ ਨਾਲ ਜਣਾਈਆ । ਤੇਰੇ ਅੰਦਰ ਮੇਰਾ ਵਿਹਾਰ, ਮੇਰੇ ਅੰਦਰ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਦਏ ਜਣਾਈਆ । ਮੇਰਾ ਸੀਸ ਮੇਰਾ ਕਵਲ, ਮੇਰੇ ਚਰਨ

ਮਿਲੇ ਵਡਿਆਈਆ । ਮੇਰਾ ਨੂਰ ਮੇਰਾ ਅਵਲ, ਦੂਜਾ ਰੱਬ ਨਾ ਕੋਇ ਦਸਾਈਆ । ਮੇਰਾ ਜ਼ਹੂਰ ਮੇਰੇ ਵਿਚ ਰਿਹਾ ਮਵਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਪੜਦਾ ਰਿਹਾ ਉਠਾਈਆ । ਸਚਖੰਡ ਤੇਰਾ ਸੋਹਣਾ ਰੰਗ, ਰੰਗ ਰੰਗੀਲਾ ਆਪ ਜਣਾਇੰਦਾ । ਮੇਰਾ ਪਰੇਮ ਤੇਰਾ ਅਨੰਦ, ਅਨੰਦ ਇਕੋ ਇਕ ਵਖਾਇੰਦਾ । ਮੇਰਾ ਚਰਨ ਮੇਰੇ ਅੰਤਰ ਜਾਏ ਲੰਘ, ਸੋ ਮੰਦਰ ਰੂਪ ਵਟਾਇੰਦਾ । ਮੇਰੀ ਸੇਜਾ ਮੇਰਾ ਪਲੰਘ, ਮੇਰੇ ਵਿਚ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਆਪ ਦ੍ਰਿੜਾਇੰਦਾ । ਨਿਰਗੁਣ ਕਹੇ ਮੇਰਾ ਰੂਪ ਨਿਰਾਕਾਰ, ਨਿਰਵੈਰ ਮੇਰੀ ਵਡਿਆਈਆ । ਕੋਈ ਨਾ ਜਾਣੇ ਮੇਰਾ ਆਕਾਰ, ਏਕੰਕਾਰਾ ਰੂਪ ਜਣਾਈਆ । ਮੇਰੇ ਅੰਤਰ ਸਰਬ ਪਸਾਰ, ਬਾਹਰ ਰਹਿਣ ਕੋਇ ਨਾ ਪਾਈਆ । ਮੇਰਾ ਚਰਨ ਕਵਲ ਪਰਧਾਨ, ਆਦਿ ਜੁਗਾਦਿ ਇਕ ਸਮਝਾਈਆ । ਮੇਰਾ ਨੈਣ ਵੱਡ ਬਲਵਾਨ, ਵੇਖਣਹਾਰਾ ਥਾਉਂ ਥਾਈਆ । ਮੇਰਾ ਨੂਰ ਨੂਰ ਉਜਿਆਰ, ਨੂਰੋ ਨੂਰ ਨੂਰ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੱਸਣਹਾਰ ਆਪ ਹੋ ਜਾਈਆ । ਸਚਖੰਡ ਤੇਰਾ ਮਹੱਲਾ, ਹਰਿ ਸਾਚਾ ਸਚ ਜਣਾਇੰਦਾ । ਜਿਸ ਧਾਮ ਰਹਿਵਾਂ ਇਕੱਲਾ, ਸੋ ਸਚਖੰਡ ਨਾਉਂ ਰਖਾਇੰਦਾ । ਨਾ ਕੋਈ ਜਲ ਨਾ ਕੋਈ ਥਲਾ, ਧਰਤ ਆਕਾਸ਼ ਨਜ਼ਰ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੁਆਰੇ ਤੋਹੇ ਸਮਝਾਇੰਦਾ । ਸਚ ਦੁਆਰੇ ਤੇਰੀ ਧਾਰ, ਹਰਿ ਕਰਤਾ ਆਪ ਜਣਾਈਆ । ਪ੍ਰਭ ਚਰਨ ਸੱਚਾ ਘਰ ਬਾਰ, ਮਿਲੇ ਸਰਬ ਵਡਿਆਈਆ । ਤਿਸ ਸਚਖੰਡ ਕਹਿਣ ਪੁਕਾਰ, ਜਿਸ ਘਰ ਵਸੇ ਬੇਪਰਵਾਹੀਆ । ਉਹ ਘਰ ਨਜ਼ਰ ਨਾ ਆਏ ਵਿਚ ਸੰਸਾਰ, ਚਾਰ ਦੀਵਾਰ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸਚ ਰਿਹਾ ਸਮਝਾਈਆ । ਜਿਸ ਘਰ ਮੇਰਾ ਆਕਾਰ, ਸੋ ਸਚਖੰਡ ਅਖਵਾਇੰਦਾ । ਜਿਸ ਘਰ ਮੇਰਾ ਦਰਬਾਰ, ਸੋ ਸਚਖੰਡ ਸੁਹਾਇੰਦਾ । ਜਿਸ ਘਰ ਮੇਰਾ ਉਜਿਆਰ, ਸੋ ਸਚਖੰਡ ਵਡਿਆਇੰਦਾ । ਜਿਸ ਘਰ ਮੇਰਾ ਜੈਕਾਰ, ਸੋ ਸਚਖੰਡ ਜਣਾਇੰਦਾ । ਜਿਸ ਘਰ ਮੇਰਾ ਦੀਦਾਰ, ਸੋ ਸਚਖੰਡ ਰੂਪ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਸਚਖੰਡ ਕਹੇ ਮੈਂ ਤੇਰਾ ਘਰ, ਦੱਸ ਕਵਣ ਜਗ੍ਹਾ ਟਿਕਾਈਆ । ਕਿਸ ਬਿਧ ਅੰਦਰ ਜਾਵੇਂ ਵੜ, ਬੈਠੇਂ ਆਸਣ ਲਾਈਆ । ਨਾ ਕੋਈ ਸੀਸ ਨਾ ਕੋਈ ਧੜ, ਰੂਪ ਰੇਖ ਰੰਗ ਨਾ ਕੋਇ ਵਖਾਈਆ । ਕਵਣ ਪੌੜੇ ਜਾਏਂ ਚੜ੍ਹ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦ ਦੇ ਜਣਾਈਆ । ਸਚਖੰਡ, ਮੇਰੀ ਮਿਹਰ ਦਰਵਾਜ਼ਾ, ਕਿਰਪਾ ਪੌੜੀ ਰੂਪ ਵਟਾਈਆ । ਦਿਆਲ ਹੋ ਕੇ ਸਾਜਣ ਸਾਜਾ, ਕਿਰਪਾਲ ਹੋ ਕੇ ਡੇਰਾ ਲਾਈਆ । ਗੋਪਾਲ ਹੋ ਕੇ ਗ਼ਰੀਬ ਨਿਵਾਜਾ, ਘਰ ਸਾਚੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਅੰਤਰ ਦਏ ਸਮਝਾਈਆ । ਤੇਰਾ ਅੰਤਰ ਮੇਰਾ ਅੰਤਰ, ਅੰਤਰ ਇਕੋ ਇਕ ਰਖਾਇੰਦਾ । ਆਪ ਬਣਾ ਆਪਣੀ ਬਣਤਰ, ਬਣਤਰ ਤੇਰਾ ਰੂਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਆਪ ਸਮਝਾਇੰਦਾ । ਸਚਖੰਡ ਮੇਰਾ ਆਸਣ ਉਚ ਟਿਕਾਣਾ, ਮਿਲੇ ਮਾਣ ਵਡਿਆਈਆ । ਜਿਸ ਘਰ ਵਸੇ ਸ੍ਰੀ ਭਗਵਾਨਾ, ਤਿਸ ਸਚਖੰਡ ਕਹੇ ਜਗਤ ਲੋਕਾਈਆ । ਮੇਰਾ ਖੇਲ ਸਦਾ ਮਹਾਨਾ, ਸਮਝ ਵਿਚ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਦ੍ਰਿੜਾਈਆ ।

ਸਚਖੰਡ ਸੁਣ ਦੱਸਾਂ ਹਾਲ, ਆਪਣਾ ਭੇਵ ਜਣਾਈਆ । ਜੁਗ ਚੌਕੜੀ ਬੀਤੇ ਕਾਲ, ਤੇਰਾ ਰੂਪ ਨਜ਼ਰ ਕਿਸੇ ਨਾ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਬਣ ਦਲਾਲ, ਜੀਵ ਜੰਤ ਗਏ ਸਮਝਾਈਆ । ਸ੍ਰੀ ਭਗਵਾਨ ਵਸੇ ਸੱਚੀ ਧਰਮਸਾਲ, ਧਰਮ ਦੁਆਰੇ ਡੇਰਾ ਲਾਈਆ । ਬੋਧ ਅਗਾਧ ਲਿਖ ਲਿਖ ਦੇ ਗਏ ਬਿਆਨ, ਖਾਣੀ ਬਾਣੀ ਰਾਹ ਜਣਾਈਆ । ਨੇਤਰ ਵੇਖ ਕਰੋ ਵਸਾਲ, ਵਸੀਲਾ ਇਕੋ ਨਾਮ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੇਵਣਹਾਰ ਵਡਿਆਈਆ । ਸਚਖੰਡ ਸੁਣ ਅੰਤਮ ਅੰਤ, ਸੋ ਸਾਹਿਬ ਆਪ ਸੁਣਾਇੰਦਾ । ਜਿਸ ਦੀ ਮਹਿਮਾ ਸਦਾ ਅਨੰਤ, ਸਿਫ਼ਤ ਵਿਚ ਨਾ ਆਇੰਦਾ । ਜਿਸ ਬਣਾਈ ਤੇਰੀ ਬਣਤ, ਘਾੜਨ ਘੜਤ ਆਪ ਘੜਾਇੰਦਾ । ਸੋ ਨਰ ਨਰਾਇਣ ਵਡ ਵੱਡਾ ਕੰਤ, ਨਿਰਗੁਣ ਆਪਣਾ ਖੇਲ ਰਚਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੁਆਰਾ ਇਕ ਵਖਾਇੰਦਾ । ਸਚਖੰਡ ਤੇਰਾ ਅੰਤਮ ਭੇਵ, ਸੋ ਸਾਹਿਬ ਆਪ ਜਣਾਈਆ । ਜਿਸ ਗ੍ਰਿਹ ਵਸੇ ਵਡ ਦੇਵੀ ਦੇਵ, ਸ੍ਰੀ ਭਗਵਾਨ ਆਸਣ ਲਾਈਆ । ਸੋ ਧਾਮ ਸਦਾ ਨਿਹਕੇਵ, ਨਿਹਚਲ ਮਿਲੇ ਵਡਿਆਈਆ । ਸਿਫ਼ਤ ਕਰੇ ਰਸਨਾ ਜਿਹਵ, ਬੱਤੀ ਦੰਦ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚਖੰਡ ਦੀ ਸਾਚੀ ਧਾਰ, ਸਚ ਸਚ ਜਣਾਈਆ । ਸਚਖੰਡ ਆ ਵੇਖ ਸਚਖੰਡ, ਹਰਿ ਸਾਚਾ ਸਚ ਜਣਾਇੰਦਾ । ਕਲਜੁਗ ਅੰਤਮ ਕਰੀ ਵੰਡ, ਸਾਢੇ ਤਿੰਨ ਹੱਥ ਘੇਰਾ ਪਾਇੰਦਾ । ਨਿਰਗੁਣ ਹੋ ਕੇ ਅੰਦਰ ਲੰਘ, ਆਸਣ ਇਕ ਸੁਹਾਇੰਦਾ । ਸੇਜ ਸੁਹੰਜਣੀ ਸੁਹਾਏ ਪਲੰਘ, ਸੋ ਸਾਹਿਬ ਸੋਭਾ ਪਾਇੰਦਾ । ਨਾ ਸੂਰਜ ਨਾ ਕੋਈ ਚੰਦ, ਨਿਰਗੁਣ ਨੂਰ ਡਗਮਗਾਇੰਦਾ । ਨਾ ਛੱਪਰ ਨਾ ਕੋਈ ਕੰਧ, ਛੰਨ ਉਪਰ ਨਾ ਕੋਇ ਛੁਹਾਇੰਦਾ । ਨਾ ਸੱਜਣ ਨਾ ਕੋਈ ਸੰਗ, ਸਾਕ, ਸੱਜਣ ਨਜ਼ਰ ਨਾ ਆਇੰਦਾ । ਨਾ ਨੇਤਰ ਨਾ ਦਿਸੇ ਅੰਧ, ਨਿਰਗੁਣ ਨੂਰ ਡਗਮਗਾਇੰਦਾ । ਨਾ ਢੋਲਾ ਨਾ ਰਾਗ ਛੰਦ, ਸਿਫ਼ਤੀ ਸਿਫ਼ਤ ਨਾ ਕੋਇ ਵਡਿਆਇੰਦਾ । ਕਰੇ ਖੇਲ ਸੂਰਾ ਸਰਬੰਗ, ਸ਼ਾਹ ਪਾਤਸ਼ਾਹ ਆਪਣਾ ਵੇਸ ਵਟਾਇੰਦਾ । ਜਿਸ ਦੁਆਰੇ ਜਾਏ ਲੰਘ, ਸੋ ਦਰ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਤੇਰਾ ਭੇਵ ਜਣਾਇੰਦਾ । ਸਚਖੰਡ ਦੁਆਰੇ ਵੇਖ ਸਾਢੇ ਤਿੰਨ ਹੱਥ, ਕਲ ਅੰਤ ਮਿਲੀ ਵਡਿਆਈਆ । ਜਿਸ ਗ੍ਰਿਹ ਵਸੇ ਪੁਰਖ ਸਮਰਥ, ਤਿਸ ਸਿਫ਼ਤ ਕਰੇ ਲੋਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਗਏ ਦੱਸ, ਕਲਜੁਗ ਅੰਤਮ ਆਵੇ ਸੱਚਾ ਮਾਹੀਆ । ਸਾਚੇ ਘਰ ਜਾਏ ਵਸ, ਖੇੜਾ ਇਕੋ ਇਕ ਸੁਹਾਈਆ । ਗੋਬਿੰਦ ਕਹੇ ਸਭ ਦੇ ਸਿਰ ਤੇ ਰੱਖੇ ਹੱਥ, ਮਿਹਰ ਨਜ਼ਰ ਉਠਾਈਆ । ਹਰਿ ਕਾ ਮੰਦਰ ਇਕ ਅਕੱਥ, ਕਥਨੀ ਕਥ ਨਾ ਸਕੇ ਰਾਈਆ । ਸ਼ਿਵਦਵਾਲੇ ਛੱਡੇ ਮੱਠ, ਮੰਦਰ ਮਸੀਤ ਗੁਰਦੁਆਰਾ ਨਾ ਕੋਇ ਰਖਾਈਆ । ਜਿਸ ਅੰਦਰ ਜਿਸ ਮੰਦਰ ਜਿਸ ਗ੍ਰਿਹ ਵਸੇ ਕਮਲਾਪਤ, ਸੋ ਸਚਖੰਡ ਤੇਰੀ ਧਾਰ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਾ ਸਚ ਨਮੂਨਾ, ਨਰ ਨਿਰੰਕਾਰ ਇਕ ਜਣਾਈਆ । ਸਚਖੰਡ ਕਹੇ ਪ੍ਰਭ ਉਹ ਕੇਹੜਾ ਖੰਡ, ਜਿਸ ਅੰਦਰ ਡੇਰਾ ਲਾਈਆ । ਕੇਹੜੀ ਕੂਟੇ ਕਰੀ ਵੰਡ, ਕਵਣ ਦਿਸ਼ਾ ਸੁਹਾਈਆ । ਕਵਣ ਵੇਲਾ ਜਾਏ ਲੰਘ, ਆਪਣਾ ਆਸਣ ਲਾਈਆ । ਕਵਣ ਵਜਾਏਂ ਨਾਮ ਮਰਦੰਗ, ਢੋਲਾ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਰਿਹਾ ਜਣਾਈਆ । ਸਚਖੰਡ ਸੋ ਬਣਾਵਾਂਗਾ । ਜਿਸ ਗ੍ਰਿਹ ਜੋਤ ਜਗਾਵਾਂਗਾ । ਅੰਦਰ

ਰਹਿ ਖ਼ੁਸ਼ੀ ਮਨਾਵਾਂਗਾ । ਤਖ਼ਤੇ ਬਹਿ ਹੁਕਮ ਸੁਣਾਵਾਂਗਾ । ਭੂਪਤ ਭੂਪ ਨਾਮ ਅਖਵਾਵਾਂਗਾ । ਸੂਰਜ ਚੰਦ ਨੈਣ ਸ਼ਰਮਾਵਾਂਗਾ । ਦੂਈ ਦਵੈਤੀ ਕੰਧ ਢਾਹਵਾਂਗਾ । ਸਾਚਾ ਰੂਪ ਇਕ ਅਖਵਾਵਾਂਗਾ । ਸਤਿ ਸਰੂਪ ਨਜ਼ਰੀ ਆਵਾਂਗਾ । ਜੂਠ ਝੂਠ ਮੇਟ ਮਿਟਾਵਾਂਗਾ । ਚਾਰੇ ਕੂਟ ਫੋਲ ਫੋਲਾਵਾਂਗਾ । ਦਹਿ ਦਿਸ਼ਾ ਪੜਦਾ ਲਾਹਵਾਂਗਾ । ਸਾਚਾ ਹਿੱਸਾ ਇਕ ਵੰਡਾਵਾਂਗਾ । ਪਿਛਲਾ ਕਿੱਸਾ ਸਰਬ ਸੁਣਾਵਾਂਗਾ । ਜੋ ਲਿਖਿਆ ਪੂਰ ਕਰਾਵਾਂਗਾ । ਸਾਚੀ ਭਿਛਿਆ ਝੋਲੀ ਪਾਵਾਂਗਾ । ਪੂਰੀ ਇਛਿਆ ਆਪ ਕਰਾਵਾਂਗਾ । ਜੇਹੜਾ ਸਚਖੰਡ ਕਿਸੇ ਨਾ ਦਿਸਿਆ, ਸੋ ਜ਼ਾਹਰ ਹੋ ਪਰਗਟਾਵਾਂਗਾ । ਜਿਸ ਨੂੰ ਕਹਿੰਦੇ ਧਾਮ ਅਨਡਿਠਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਲ ਆਪ ਰਖਾਵਾਂਗਾ । ਸਚਖੰਡ ਧਾਮ ਸੋਹੇ ਸਚ ਬੰਕ, ਕਲ ਅੰਤ ਮਿਲੇ ਵਡਿਆਈਆ । ਆਪ ਸੁਹਾਏ ਸ੍ਰੀ ਭਗਵੰਤ, ਭਗਵਨ ਆਪਣੀ ਦਇਆ ਕਮਾਈਆ । ਸਚ ਗ੍ਰਿਹ ਵਸੇ ਨਿਰੰਤਰ ਕੰਤ, ਨਿਰਗੁਣ ਆਪਣਾ ਆਸਣ ਲਾਈਆ । ਸਾਚਾ ਗਾਏ ਇਕੋ ਛੰਤ, ਛੰਦ ਇਕੋ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਏ ਵਡਿਆਈਆ । ਸਚਖੰਡ ਤੇਰੀ ਸਾਚੀ ਬਣਤ, ਹਰਿ ਸਾਚਾ ਸਚ ਜਣਾਇੰਦਾ । ਤੇਰੇ ਦਰ ਲਿਆਵੇ ਗੁਰਮੁਖ ਵਿਰਲੇ ਸੰਤ, ਹਰਿਜਨ ਸਾਚੇ ਨਾਲ ਮਿਲਾਇੰਦਾ । ਤੈਨੂੰ ਵਡਿਆਈ ਜਾਣ ਭਗਤ, ਜਨ ਭਗਤਾਂ ਤੇਰੇ ਨਾਲ ਮਿਲਾਇੰਦਾ । ਆਪ ਸੁਹਾਏ ਸੁਹੰਜਣਾ ਵਕਤ, ਵਾਰ ਥਿਤ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਸੇ ਕਾਰਨ ਤੋਹੇ ਉਪਜਾਇੰਦਾ । ਸਾਚੇ ਕਾਰਨ ਤੋਹੇ ਉਪਜਾਇਆ, ਸ੍ਰੀ ਭਗਵਾਨ ਰਿਹਾ ਜਣਾਈਆ । ਚਰਨ ਕਵਲ ਤੇਰੇ ਵਿਚ ਟਿਕਾਇਆ, ਬਖ਼ਸ਼ੀ ਸੱਚੀ ਚਰਨ ਸਰਨਾਈਆ । ਜੁਗ ਜੁਗ ਭਗਤਾਂ ਲਏ ਮਿਲਾਇਆ, ਆਪ ਆਪਣੇ ਨਾਲ ਮਿਲਾਈਆ । ਤੇਰੇ ਵਿਚ ਦਏ ਬਹਾਇਆ, ਸਿਰ ਆਪਣਾ ਹੱਥ ਟਿਕਾਈਆ । ਮਿਹਰ ਮਿਹਰ ਦਾ ਛੱਪਰ ਛਾਇਆ, ਪਰੇਮ ਪਰੇਮ ਦੀ ਕੰਧ ਵਖਾਈਆ । ਨੂਰ ਨੂਰ ਦਾ ਨੂਰ ਰੁਸ਼ਨਾਇਆ, ਦੀਆ ਬਾਤੀ ਇਕ ਜਗਾਈਆ । ਨਾਦ ਅਨਾਦਿ ਤੂਰ ਸੁਣਾਇਆ, ਇਕੋ ਨਾਮ ਸਿਫ਼ਤ ਸਾਲਾਹੀਆ । ਏਸੇ ਕਰ ਕੇ ਮਸ਼ਹੂਰ ਕਰਾਇਆ, ਜਨ ਭਗਤਾਂ ਦੇਵੇਂ ਸਰਨਾਈਆ । ਜੋ ਦਰ ਤੇਰੇ ਆਏ ਮੁੜ ਕੇ ਫੇਰ ਨਾ ਜਾਇਆ, ਸ੍ਰੀ ਭਗਵਾਨ ਆਪਣੀ ਹੱਦ ਅੰਦਰ ਰਖਾਈਆ । ਲੱਖ ਚੁਰਾਸੀ ਕੋਈ ਤੇਰੇ ਪੌੜੇ ਚੜ੍ਹਨ ਨਾ ਜਾਇਆ, ਡੰਡਾ ਹੱਥ ਨਾ ਕੋਇ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਮਝ ਰਿਹਾ ਜਣਾਈਆ । ਭਗਤਾਂ ਖ਼ਾਤਰ ਘੜੀ ਘੜਤ, ਤੇਰੀ ਬਣਤ ਬਣਾਈਆ । ਦੋ ਜਹਾਨਾਂ ਤੇਰੀ ਚੜ੍ਹਤ, ਤੇਰੀ ਸਿਫ਼ਤ ਸਾਲਾਹੀਆ । ਭਗਤ ਭਗਵਾਨ ਪਰੇਮ ਪ੍ਰੀਤੀ ਲੌਣ ਸ਼ਰਤ, ਨਾਤਾ ਇਕੋ ਇਕ ਬੰਧਾਈਆ । ਪ੍ਰਭ ਤੇਰੇ ਕੋਲੋਂ ਗਏ ਤੇਰੇ ਕੋਲ ਔਣਾ ਪਰਤ, ਰਾਹ ਵਿਚ ਨਾ ਕੋਇ ਅਟਕਾਈਆ । ਮੰਗੇ ਹੋਰ ਨਾ ਕੋਈ ਧੜਤ, ਲਹਿਣੇਦਾਰ ਨਾ ਕੋਇ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਤੇਰੇ ਮਹੱਲ ਮਨਾਰੇ ਜਨ ਭਗਤਾਂ ਨਾਲ ਸੁਹਾਈਆ । ਭਗਤ ਜਨ ਤੇਰਾ ਦਰ ਸੁਹਾਵਣ, ਘਰ ਸਾਚੇ ਵੱਜੇ ਵਧਾਈਆ । ਪਾਰਬ੍ਰਹਮ ਦਾ ਢੋਲਾ ਗਾਵਣ, ਇਕੋ ਰਾਗ ਅਲਾਈਆ । ਜਗਤ ਤ੍ਰਿਸਨਾ ਮਿਟੇ ਕਾਮਨ, ਅੰਤਮ ਆਸਾ ਪੂਰ ਵਖਾਈਆ । ਦੀਨ ਦਿਆਲ ਬਣ ਕੇ ਜ਼ਾਮਨ, ਬੇੜਾ ਪਾਰ ਕਰਾਈਆ । ਨਾ ਕੋਈ ਦਿਵਸ ਰੈਣ ਨਾ ਸ਼ਾਮਨ, ਘੜੀ ਪਲ ਨਾ ਵੰਡ ਵੰਡਾਈਆ । ਜਿਨ੍ਹਾਂ ਫੜਾਏ ਆਪਣਾ ਦਾਮਨ, ਦਾਮਨਗੀਰ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ

ਦੁਆਰੇ ਤੇਰੇ ਘਰ ਦਏ ਵਡਿਆਈਆ । ਸਚਖੰਡ ਕਹੇ ਕੀ ਮੈਂ ਭਗਤਾਂ ਜੋਗਾ, ਮੇਰੀ ਵੰਡ ਹੋਰ ਨਾ ਕੋਇ ਰਖਾਈਆ । ਸ੍ਰੀ ਭਗਵਾਨ ਕਹੇ ਤੈਨੂੰ ਸਦਾ ਮੌਕਾ, ਨਿਤ ਨਿਤ ਮੇਰਾ ਦਰਸਨ ਪਾਈਆ । ਮੇਰਿਆਂ ਭਗਤਾਂ ਨਾਲ ਕਰੀਂ ਨਾ ਧੋਖਾ, ਇਕੋ ਵਾਰ ਦਿਆਂ ਸਮਝਾਈਆ । ਜੋ ਮੇਰੇ ਨਾਮ ਦਾ ਭਰਨ ਹੌਕਾ, ਓਨ੍ਹਾਂ ਅੰਦਰ ਵੜਨਾ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚਖੰਡ ਦੁਆਰ ਰਿਹਾ ਸਮਝਾਈਆ । ਸਚਖੰਡ ਕਹੇ ਮੈਂ ਤੇਰਾ, ਤੁਧ ਬਿਨ ਦੇਵੇ ਨਾ ਕੋਇ ਵਡਿਆਈਆ । ਧੰਨ ਭਾਗ ਜੇ ਭਗਤ ਲੌਣ ਮੇਰੇ ਵਿਚ ਡੇਰਾ, ਮੇਰੀ ਆਸਾ ਪੂਰ ਕਰਾਈਆ । ਤੂੰ ਨਜ਼ਰੀ ਆਵੇਂ ਨੇਰਨ ਨੇਰਾ, ਘਰ ਸਾਚੇ ਵੱਜੇ ਵਧਾਈਆ । ਮਿਹਰਵਾਨ ਕਰੇਂ ਆਪਣੀ ਮਿਹਰਾ, ਮਿਹਰ ਨਜ਼ਰ ਇਕ ਉਠਾਈਆ । ਜਨ ਭਗਤਾਂ ਨਾਲ ਮਿਲ ਕੇ ਮੈਂ ਵੀ ਗਾਵਾਂ ਤੂੰ ਮੇਰਾ ਮੈਂ ਤੇਰਾ, ਤੇਰਾ ਮੇਰਾ ਇਕੋ ਰੰਗ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਦ ਮਿਲੇ ਤੇਰੀ ਸਰਨਾਈਆ । ਸਦਾ ਸਰਨਾਈ ਦੇਵਾਂ ਆਪ, ਸੋ ਸਾਹਿਬ ਸਚ ਜਣਾਇੰਦਾ । ਆਦਿ ਥਾਪਣ ਲਿਆ ਥਾਪ, ਅੰਤ ਵੇਖ ਵਖਾਇੰਦਾ । ਭਗਤ ਬਣਾਏ ਸੱਜਣ ਸਾਕ, ਸਗਲਾ ਸੰਗ ਵਖਾਇੰਦਾ । ਨਿਰਗੁਣ ਹੋ ਕੇ ਵਸੇ ਸਾਥ, ਸ੍ਰੀ ਭਗਵਾਨ ਦਇਆ ਕਮਾਇੰਦਾ । ਦੋਹਾਂ ਮਿਲ ਕੇ ਜਪਣਾ ਇਕੋ ਜਾਪ, ਸੋ ਸਾਹਿਬ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚਖੰਡ ਸਚ ਅਸਥਾਨ, ਆਪ ਉਪਾਏ ਸ੍ਰੀ ਭਗਵਾਨ, ਜਨ ਭਗਤਾਂ ਦੇਵੇ ਸਾਚਾ ਮਾਣ, ਏਕਾ ਬਖ਼ਸ਼ੇ ਚਰਨ ਧਿਆਨ, ਚਰਨ ਸਰਨ ਸਰਨ ਚਰਨ ਇਕੋ ਇਕ ਸਮਝਾਇੰਦਾ ।





★ ੨੯ ਜੇਠ ੨੦੨੦ ਬਿਕ੍ਰਮੀ ਤਾਰਾ ਸਿੰਘ ਦੇ ਗ੍ਰਹਿ ਦੀਵਾਨ ਗੜ੍ਹ ਜੰਮੂ ★

ਸਚਖੰਡ ਹਰਿ ਸਾਚੀ ਧਾਰ, ਸੋ ਪੁਰਖ ਨਿਰੰਜਣ ਆਪ ਚਲਾਇੰਦਾ । ਹਰਿ ਪੁਰਖ ਨਿਰੰਜਣ ਖੋਲ੍ਹ ਕਿਵਾੜ, ਸਚ ਦੁਆਰੇ ਸੋਭਾ ਪਾਇੰਦਾ । ਏਕੰਕਾਰ ਖੇਲ ਅਪਾਰ, ਹਰਿ ਕਰਤਾ ਆਪ ਕਰਾਇੰਦਾ । ਆਦਿ ਨਿਰੰਜਣ ਹੋ ਉਜਿਆਰ, ਸਾਚਾ ਨੂਰ ਇਕ ਰਖਾਇੰਦਾ । ਅਬਿਨਾਸ਼ੀ ਕਰਤਾ ਠਾਂਡੇ ਦਰਬਾਰ, ਸਚ ਸਿੰਘਾਸਣ ਇਕ ਬਹਾਇੰਦਾ । ਸ੍ਰੀ ਭਗਵਾਨ ਮੀਤ ਮੁਰਾਰ, ਸਾਚਾ ਸੱਜਣ ਆਪ ਅਖਵਾਇੰਦਾ । ਪਾਰਬ੍ਰਹਮ ਪ੍ਰਭ ਕਰ ਪਿਆਰ, ਪਰੇਮ ਪ੍ਰੀਤੀ ਇਕ ਸਮਝਾਇੰਦਾ । ਮਹੱਲ ਅਟੱਲ ਕਰ ਉਜਿਆਰ, ਸਚ ਦੁਆਰ ਇਕ ਸੁਹਾਇੰਦਾ । ਨਿਰਗੁਣ ਦਾਤਾ ਪੁਰਖ ਬਿਧਾਤਾ ਸ਼ਾਹੋ ਭੂਪ ਬਣ ਸਿਕਦਾਰ, ਸ਼ਹਿਨਸ਼ਾਹ ਆਪਣਾ ਨਾਉਂ ਰਖਾਇੰਦਾ । ਰਾਜਨ ਰਾਜ ਵਡ ਬਲਕਾਰ, ਬਲ ਆਪਣਾ ਆਪ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਧਾਰ ਆਪ ਬਣਾਇੰਦਾ । ਧੁਰ ਦੀ ਧਾਰ ਸ੍ਰੀ ਭਗਵਾਨ, ਆਦਿ ਆਦਿ ਆਪ ਬੰਧਾਈਆ । ਨਿਰਗੁਣ ਜੋਤ ਨੂਰ ਮਹਾਨ, ਜੋਤੀ ਜਾਤਾ ਡਗਮਗਾਈਆ । ਸਚ ਦੁਆਰ ਕਰ ਪਰਵਾਨ, ਸਚ ਦੁਆਰਾ ਇਕ ਸੁਹਾਈਆ । ਨਿਰਵੈਰ ਪੁਰਖ ਨੌਜਵਾਨ, ਨਰ ਹਰਿ ਆਪਣਾ ਡੇਰਾ ਲਾਈਆ । ਸਤਿ ਸਤਿਵਾਦੀ ਹੁਕਮਰਾਨ, ਸ਼ਹਿਨਸ਼ਾਹ ਇਕੋ ਇਕ ਅਖਵਾਈਆ । ਕਰਤਾ ਖੇਲ ਕਰੇ ਮਹਾਨ, ਭੇਵ ਅਭੇਵ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਆਪਣੇ ਹੱਥ ਰਖਾਈਆ । ਆਦਿ ਪੁਰਖ ਅਪਰੰਪਰ ਸਵਾਮੀ,


Rev-01

ਪਾਰਬ੍ਰਹਮ ਵੱਡੀ ਵਡਿਆਈਆ । ਸ਼ਾਹ ਪਾਤਸ਼ਾਹ ਵਡ ਸੁਲਤਾਨੀ, ਰਾਜਨ ਰਾਜ ਆਪ ਅਖਵਾਈਆ । ਕਰੇ ਖੇਲ ਨੂਰ ਨੁਰਾਨੀ, ਮੁਕਾਮੇ ਹੱਕ ਇਕ ਰੁਸ਼ਨਾਈਆ । ਪਰਵਰਦਿਗਾਰ ਨੂਰ ਲਾਸਾਨੀ, ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਧਾਰ ਲਏ ਪਰਗਟਾਈਆ । ਆਪਣੀ ਧਾਰ ਆਪੇ ਰੱਖ, ਹਰਿ ਕਰਤਾ ਖੇਲ ਕਰਾਇੰਦਾ । ਨਿਰਗੁਣ ਨਿਰਾਕਾਰ ਨਿਰੰਕਾਰ ਨਿਰਵੈਰ ਹੋ ਪਰਤੱਖ, ਆਪਣੀ ਕਲ ਆਪ ਰਖਾਇੰਦਾ । ਖੇਲ ਕਰ ਪੁਰਖ ਸਮਰਥ, ਸਮਰਥ ਆਪਣਾ ਰਾਹ ਚਲਾਇੰਦਾ । ਸਚ ਦੁਆਰੇ ਆਪੇ ਵਸ, ਸਚਖੰਡ ਵਡ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਨਿਰਗੁਣ ਰੀਤੀ ਇਕੋ ਇਕ ਉਪਜਾਇੰਦਾ । ਸਾਚੀ ਰੀਤ ਸ੍ਰੀ ਭਗਵੰਤ, ਆਦਿ ਪੁਰਖ ਆਪ ਉਪਜਾਈਆ । ਆਪਣਾ ਖੇਲ ਕਰੇ ਬੇਅੰਤ, ਬੇਅੰਤ ਵਡ ਵਡਿਆਈਆ । ਆਪਣਾ ਨਾਤਾ ਜੋੜੇ ਨਾਰ ਕੰਤ, ਕੰਤ ਕੰਤੂਹਲ ਸਚ ਅਖਵਾਈਆ । ਆਪਣਾ ਨਾਉਂ ਨਿਰੰਕਾਰਾ ਦੱਸੇ ਮੰਤ, ਮੰਤਰ ਇਕੋ ਇਕ ਪਰਗਟਾਈਆ । ਆਪਣੀ ਮਹਿਮਾ ਜਾਣੇ ਅਗਣਤ, ਲੇਖਾ ਲਿਖਤ ਵਿਚ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਬੇਪਰਵਾਹੀਆ । ਆਦਿ ਪੁਰਖ ਪ੍ਰਭ ਬੇਪਰਵਾਹ, ਬੇਪਰਵਾਹੀ ਵਿਚ ਸਮਾਇੰਦਾ । ਸਤਿ ਸਤਿਵਾਦੀ ਨਾਉਂ ਧਰਾ, ਸਚ ਸਿੰਘਾਸਣ ਸੋਭਾ ਪਾਇੰਦਾ । ਨਿਰਮਲ ਦੀਆ ਬਾਤੀ ਕਮਲਾਪਾਤੀ ਕਰ ਰੁਸ਼ਨਾ, ਨੂਰ ਨੁਰਾਨਾ ਡਗਮਗਾਇੰਦਾ । ਖੇੜਾ ਮੰਦਰ ਟਿੱਲਾ ਇਕ ਸੁਹਾ, ਮੰਦਰ ਗ੍ਰਿਹ ਸੋਭਾ ਪਾਇੰਦਾ । ਸਾਚੀ ਕਰਨੀ ਆਪ ਕਮਾ, ਨਿਹਕਰਮੀ ਕਰਮ ਕਮਾਇੰਦਾ । ਸਾਚਾ ਹੁਕਮ ਆਪ ਵਰਤਾ, ਹੁਕਮੀ ਹੁਕਮ ਸਿਫ਼ਤ ਸਾਲਾਹਿੰਦਾ । ਦਰ ਦਰਵੇਸ਼ ਆਪ ਅਖਵਾ, ਨਿਉਂ ਨਿਉਂ ਸਜਦਾ ਸੀਸ ਝੁਕਾਇੰਦਾ । ਪਰਵਰਦਿਗਾਰ ਬਣ ਅਥਾਹ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਆਪਣਾ ਭੇਵ ਆਪਣੇ ਹੱਥ ਰਖਾਇੰਦਾ । ਆਦਿ ਪੁਰਖ ਹਰਿ ਖੇਲ ਅਵੱਲਾ, ਸਮਝ ਵਿਚ ਕਿਸੇ ਨਾ ਆਈਆ । ਸਚਖੰਡ ਨਿਵਾਸੀ ਵਸੇ ਨਿਹਚਲ ਧਾਮ ਅਟੱਲਾ, ਉਚ ਮਹੱਲ ਡੇਰਾ ਲਾਈਆ । ਦੀਪਕ ਜੋਤੀ ਆਪੇ ਬਲਾ, ਤੇਲ ਬਾਤੀ ਨਾ ਕੋਇ ਪਾਈਆ । ਸਚ ਸੰਦੇਸ ਨਰ ਨਰੇਸ਼ ਨਰ ਨਿਰੰਕਾਰ ਇਕੋ ਘੱਲਾ, ਬਿਨ ਅੱਖਰਾਂ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਸਾਚਾ ਨਰ, ਨਰ ਨਰਾਇਣ ਇਕ ਅਖਵਾਈਆ । ਆਦਿ ਪੁਰਖ ਨਰ ਨਰਾਇਣ, ਨਰ ਹਰਿ ਆਪਣੀ ਕਾਰ ਕਮਾਇੰਦਾ । ਰਸਨਾ ਜਿਹਵਾ ਕੋਈ ਨਾ ਸਕੇ ਕਹਿਣ, ਕਾਤਬ ਲੇਖ ਨਾ ਕੋਇ ਵਖਾਇੰਦਾ । ਆਪੇ ਜਾਣੇ ਆਪਣਾ ਲਹਿਣ ਦੇਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪਣੇ ਹੱਥ ਰਖਾਇੰਦਾ । ਸਾਚੀ ਖੇਲ ਕਰੇ ਕਰਤਾਰ, ਕਰਤਾ ਆਪਣੇ ਹੱਥ ਰੱਖੇ ਵਡਿਆਈਆ । ਆਦਿ ਆਦਿ ਆਪਣਾ ਕਰ ਪਸਾਰ, ਅਸੁਤੇ ਪਰਕਾਸ਼ ਨੂਰ ਰੁਸ਼ਨਾਈਆ । ਨਿਰਵੈਰ ਪੁਰਖ ਹੋ ਤਿਆਰ, ਸਾਚੇ ਮੰਦਰ ਡੇਰਾ ਲਾਈਆ । ਸੇਜ ਸੁਹੰਜਣੀ ਕਰ ਪਿਆਰ, ਸਾਚੀ ਸਿਖਿਆ ਇਕ ਦ੍ਰਿੜਾਈਆ । ਨਿਰਗੁਣ ਸੱਜਣ ਨਿਰਗੁਣ ਮੀਤ ਨਿਰਗੁਣ ਮੁਰਾਰ, ਨਿਰਗੁਣ ਮੇਲਾ ਸਹਿਜ ਸੁਭਾਈਆ । ਨਿਰਗੁਣ ਕੰਤ ਨਿਰਗੁਣ ਭਤਾਰ, ਨਿਰਗੁਣ ਅੰਗੀਕਾਰ ਹੋ ਜਾਈਆ । ਨਿਰਗੁਣ ਮੰਦਰ ਨਿਰਗੁਣ ਦੁਆਰ, ਨਿਰਗੁਣ ਸਤਿ ਸਰੂਪ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਦਏ ਸਮਝਾਈਆ । ਨਿਰਗੁਣ ਦੀਵਾ ਨਿਰਗੁਣ ਬਾਤੀ, ਨਿਰਗੁਣ ਨੂਰ ਨੂਰ ਧਰਾਇੰਦਾ । ਨਿਰਗੁਣ ਨਰ ਨਰਾਇਣ ਕਮਲਾਪਾਤੀ, ਨਿਰਗੁਣ ਸਤਿ

ਸਰੂਪ ਅਖਵਾਇੰਦਾ । ਨਿਰਗੁਣ ਖੇਲ ਨਿਰਗੁਣ ਤਮਾਸ਼ੀ, ਵੇਖਣਹਾਰ ਨਿਰਗੁਣ ਹੋ ਜਾਇੰਦਾ । ਨਿਰਗੁਣ ਪੁਰਖ ਨਿਰਗੁਣ ਅਬਿਨਾਸ਼ੀ, ਨਿਰਗੁਣ ਆਪਣੀ ਕਾਰ ਕਰਾਇੰਦਾ । ਨਿਰਗੁਣ ਮੰਡਲ ਨਿਰਗੁਣ ਰਾਸੀ, ਨਿਰਗੁਣ ਗੋਪੀ ਕਾਹਨ ਰੂਪ ਵਟਾਇੰਦਾ । ਨਿਰਗੁਣ ਤ੍ਰਿਸਨਾ ਨਿਰਗੁਣ ਆਸੀ, ਨਿਰਗੁਣ ਪੂਰੀ ਆਸ਼ਾ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਪ੍ਰਭ ਆਪਣੀ ਕਾਰ ਕਮਾਇੰਦਾ । ਨਿਰਗੁਣ ਪਿਤਾ ਨਿਰਗੁਣ ਮਾਤਾ, ਪੂਤ ਨਿਰਗੁਣ ਰੂਪ ਵਟਾਈਆ । ਨਿਰਗੁਣ ਪਰੇਮ ਨਿਰਗੁਣ ਨਾਤਾ, ਨਿਰਗੁਣ ਬਿਧਾਤਾ ਜੋੜ ਜੁੜਾਈਆ । ਨਿਰਗੁਣ ਪੂਜਾ ਨਿਰਗੁਣ ਪਾਠਾ, ਨਿਰਗੁਣ ਕਰੇ ਸਚ ਪੜ੍ਹਾਈਆ । ਨਿਰਗੁਣ ਅੰਮ੍ਰਿਤ ਨਿਰਗੁਣ ਸਰੋਵਰ ਨਿਰਗੁਣ ਮਾਰੇ ਠਾਠਾ, ਨਿਰਗੁਣ ਲਹਿਰ ਲਹਿਰ ਉਪਜਾਈਆ । ਨਿਰਗੁਣ ਖੇਲ ਪੁਰਖ ਸਮਰਾਥਾ, ਨਿਰਗੁਣ ਅਕਥ ਕਥਾ ਆਪਣੀ ਰਿਹਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਨਿਰਗੁਣ ਮੀਤ ਨਿਰਗੁਣ ਸੱਜਣ, ਨਿਰਗੁਣ ਆਪਣੀ ਕਾਰ ਕਮਾਇੰਦਾ । ਨਿਰਗੁਣ ਧੂੜ ਨਿਰਗੁਣ ਮਜਨ, ਨਿਰਗੁਣ ਦੁਰਮਤ ਮੈਲ ਲੁਹਾਇੰਦਾ । ਨਿਰਗੁਣ ਹੋਏ ਪੜਦੇ ਕੱਜਣ, ਨਿਰਗੁਣ ਦੂਈ ਦਵੈਤ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚਾ ਇਕ ਵਡਿਆਇੰਦਾ । ਨਿਰਗੁਣ ਸੱਜਣ ਨਿਰਗੁਣ ਸਾਕ, ਸਾਹਿਬ ਇਕੋ ਇਕ ਅਖਵਾਈਆ । ਨਿਰਵੈਰ ਪੁਰਖ ਖੋਲ੍ਹ ਤਾਕ, ਘਰ ਮੰਦਰ ਕਰੇ ਰੁਸ਼ਨਾਈਆ । ਸਚਖੰਡ ਦੁਆਰੇ ਸ਼ਾਹੋ ਸ਼ਾਬਾਸ਼, ਸ਼ਹਿਨਸ਼ਾਹ ਆਪਣਾ ਆਸਣ ਲਾਈਆ । ਆਪਣੀ ਇਛਿਆ ਕਰ ਪਰਕਾਸ਼, ਪਰਕਾਸ਼ਵਾਨ ਭੇਵ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਨਿਰਗੁਣ ਮੇਲ ਮਿਲਾਈਆ । ਨਿਰਗੁਣ ਅੰਦਰ ਨਿਰਗੁਣ ਬਾਹਰ, ਨਿਰਗੁਣ ਗੁਪਤ ਨਿਰਗੁਣ ਜ਼ਾਹਰ, ਨਿਰਗੁਣ ਨਜ਼ਰ ਕਿਸੇ ਨਾ ਆਈਆ । ਨਿਰਗੁਣ ਪੁਰਖ ਨਿਰਗੁਣ ਨਾਰ, ਨਿਰਗੁਣ ਕੰਤ ਨਿਰਗੁਣ ਭਤਾਰ, ਨਿਰਗੁਣ ਸੇਵਕ ਸੇਵਾ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਦਏ ਸਮਝਾਈਆ । ਨਿਰਗੁਣ ਦੱਸੇ ਸਚ ਪ੍ਰੀਤ, ਪ੍ਰੀਤੀਵਾਨ ਬੇਪਰਵਾਹੀਆ । ਆਦਿ ਜੁਗਾਦਿ ਰਹੇ ਅਤੀਤ, ਘਰ ਸਾਚੇ ਡੇਰਾ ਲਾਈਆ । ਸਤਿ ਸਤਿਵਾਦੀ ਇਕੋ ਢੋਲਾ ਇਕੋ ਗੀਤ, ਰਾਗ ਅਨਾਦੀ ਇਕੋ ਗਾਈਆ । ਕਰੇ ਖੇਲ ਸਦਾ ਅਨਡੀਠ, ਨੇਤਰ ਨਜ਼ਰ ਕਿਸੇ ਨਾ ਆਈਆ । ਸਚ ਸਵਾਮੀ ਸਾਚਾ ਮੀਤ, ਮਿੱਤਰ ਪਿਆਰਾ ਇਕ ਹੋ ਜਾਈਆ । ਸਚਖੰਡ ਦੁਆਰੇ ਵਸੇ ਠੀਕ, ਆਸਣ ਇਕੋ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤੀ ਦਏ ਜਣਾਈਆ । ਸਚ ਪ੍ਰੀਤ ਸ੍ਰੀ ਭਗਵਾਨ, ਇਕੋ ਇਕ ਜਣਾਇੰਦਾ । ਆਪ ਆਪਣਾ ਕਰ ਪਰਵਾਨ, ਆਪਾ ਮੇਲ ਮਿਲਾਇੰਦਾ । ਆਪੇ ਦੇਵਣਹਾਰਾ ਦਾਨ, ਸਾਚੀ ਵਸਤ ਆਪ ਵਰਤਾਇੰਦਾ । ਆਪੇ ਕਰਨਹਾਰ ਪਰਵਾਨ, ਆਪਣੀ ਝੋਲੀ ਆਪ ਭਰਾਇੰਦਾ । ਆਪੇ ਹੋਏ ਹੁਕਮਰਾਨ, ਧੁਰ ਫ਼ਰਮਾਨਾ ਹੁਕਮ ਸੁਣਾਇੰਦਾ । ਆਪੇ ਹੋਏ ਦਰ ਦਰਬਾਨ, ਦਰ ਦਰਵੇਸ਼ ਰੂਪ ਵਟਾਇੰਦਾ । ਆਪੇ ਹੋਵੇ ਨਾਮ ਸ਼ਬਦ ਗਿਆਨ, ਆਪੇ ਰਾਗੀ ਰਾਗ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤੀ ਆਪ ਰਖਾਇੰਦਾ । ਸਚ ਪ੍ਰੀਤੀ ਸ਼ਬਦੀ ਧਾਰ, ਨਿਰਗੁਣ ਨਿਰਗੁਣ ਆਪ ਰਖਾਈਆ । ਥਿਰ ਘਰ ਸਾਚਾ ਖੋਲ੍ਹ ਕਿਵਾੜ, ਦਰ ਮੰਦਰ ਦਏ ਵਡਿਆਈਆ । ਸੁਤ ਦੁਲਾਰਾ ਅੰਦਰ ਵਾੜ, ਮਿਹਰ ਨਜ਼ਰ ਟਿਕਾਈਆ । ਤੇਰਾ ਮੇਰਾ ਇਕ ਪਿਆਰ, ਆਦਿ ਜੁਗਾਦਿ ਨਾ ਕੋਇ ਤੁੜਾਈਆ । ਨਾਤਾ ਜੁੜਿਆ

ਅਗੰਮ ਅਪਾਰ, ਅਲੱਖ ਅਗੋਚਰ ਦੇਵੇ ਇਕ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤ ਇਕ ਲਗਾਈਆ ।
ਸਚ ਪ੍ਰੀਤ ਲੱਗੀ ਨਰ ਹਰਿ, ਘਰ ਸਾਚੇ ਵੱਜੇ ਵਧਾਈਆ । ਹਰਿ ਭੌ ਚੁਕਾਏ ਭੈ ਡਰ, ਭਿਆਨਕ ਰੂਪ ਨਾ ਕੋਇ ਬਣਾਈਆ । ਮੀਤ ਹੋ ਕੇ
ਪੱਲੂ ਲਏ ਫੜ, ਗੰਢ ਆਪਣੇ ਨਾਲ ਪੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਖੇਲ ਇਕ ਸਮਝਾਈਆ ।
ਪ੍ਰੀਤ ਅੰਦਰ ਸ਼ਬਦ ਧਾਰ, ਸੋ ਸਾਹਿਬ ਆਪ ਚਲਾਇੰਦਾ । ਸ਼ਬਦ ਧਾਰ ਕਰ ਪਿਆਰ, ਵਿਸ਼ਵ ਆਪਣਾ ਖੇਲ ਵਖਾਇੰਦਾ । ਵਿਸ਼ਵ ਅੰਦਰ ਪਰੇਮ
ਆਧਾਰ, ਕਵਲ ਕਵਲਾ ਰੂਪ ਵਟਾਇੰਦਾ । ਕਵਲਾ ਅੰਦਰ ਅੰਮ੍ਰਿਤ ਠੰਡਾ ਠਾਰ, ਹਰਿ ਸਵਾਮੀ ਆਪ ਰਖਾਇੰਦਾ । ਅੰਮ੍ਰਿਤ ਅੰਦਰ ਬ੍ਰਹਮ ਪਸਾਰ,
ਪਾਰਬ੍ਰਹਮ ਪ੍ਰਭ ਆਪਣਾ ਵੇਸ ਵਟਾਇੰਦਾ । ਸਚ ਪ੍ਰੀਤੀ ਚਰਨ ਪਿਆਰ, ਨਿਰਗੁਣ ਨਿਰਗੁਣ ਆਪ ਸਮਝਾਇੰਦਾ । ਆਪਣੀ ਇਛਿਆ ਕਰ ਪਰਵਾਨ,
ਸਚ ਪਰਵਾਨਾ ਆਪ ਸਮਝਾਇੰਦਾ । ਜੋਧਾ ਸੂਰਬੀਰ ਬਲਵਾਨ, ਬਲ ਆਪਣਾ ਆਪ ਰਖਾਇੰਦਾ । ਸੁਨ ਅਗੰਮ ਵੇਖਣਹਾਰਾ ਮਾਰ ਧਿਆਨ, ਬਿਨ
ਅੱਖਾਂ ਅੱਖ ਖੁਲਾਇੰਦਾ । ਸਚਖੰਡ ਨਿਵਾਸੀ ਹੋ ਮਿਹਰਵਾਨ, ਨਿਰਗੁਣ ਆਪਣਾ ਫੇਰਾ ਪਾਇੰਦਾ । ਵੇਖਣਹਾਰਾ ਸੁੰਞ ਮਸਾਣ ਧੁਆਂਧਾਰ, ਜੋਤੀ
ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਿਆਰ ਅੰਦਰ ਆਪਣਾ ਪਿਆਰ ਵਧਾਇੰਦਾ । ਸਚ ਪਿਆਰ ਦੱਸੇ ਆਪ, ਪ੍ਰਭ ਆਪਣੀ ਦਇਆ
ਕਮਾਈਆ । ਸ਼ਬਦ ਦੁਲਾਰੇ ਬਣ ਮਾਈ ਬਾਪ, ਪਿਤਾ ਪੂਤ ਗੋਦ ਸੁਹਾਈਆ । ਪਰੇਮ ਅੰਦਰ ਸੱਚਾ ਜਾਪ, ਸੋ ਪੁਰਖ ਨਿਰੰਜਣ ਕਰੇ ਪੜ੍ਹਾਈਆ ।
ਪ੍ਰੀਤੀ ਅੰਦਰ ਵਸੇ ਸਾਥ, ਸਗਲਾ ਸੰਗ ਨਿਭਾਈਆ । ਪਰੇਮ ਅੰਦਰ ਵਖਾਵੇ ਆਪਣਾ ਘਾਟ, ਪੱਤਣ ਇਕੋ ਇਕ ਜਣਾਈਆ । ਪ੍ਰੀਤੀ ਅੰਦਰ

ਮੁਕਾਵੇ ਵਾਟ, ਪੰਧ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਿਸ਼ਨ ਬ੍ਰਹਮਾ

ਸ਼ਿਵ ਪਰੇਮ ਸਿਖਾਈਆ । ਵਿਸ਼ਨ ਬ੍ਰਹਮਾ ਸ਼ਿਵ ਪਰੇਮ ਅਪਾਰਾ, ਅਪਰੰਪਰ ਸਵਾਮੀ ਆਪ ਜਣਾਇੰਦਾ । ਇਕੋ ਦਰ ਇਕੋ ਦਰਬਾਰਾ, ਦਰਵਾਜਾ
ਇਕੋ ਇਕ ਖੁਲ੍ਹਾਇੰਦਾ । ਇਕੋ ਮਿੱਤਰ ਇਕ ਪਿਆਰਾ, ਸੱਜਣ ਇਕ ਇਕ ਹੋ ਜਾਇੰਦਾ । ਇਕੋ ਚਰਨ ਇਕ ਸਹਾਰਾ, ਕਵਲ ਇਕੋ ਨਜ਼ਰੀ
ਆਇੰਦਾ । ਇਕੋ ਕਰਨਹਾਰ ਪਸਾਰਾ, ਕਰਤਾ ਕਰਨੀ ਇਕ ਕਮਾਇੰਦਾ । ਇਕੋ ਵੇਖੇ ਵੇਖਣਹਾਰਾ ਆਪ ਆਪਣਾ ਪਰਦਾ ਲਾਹਿੰਦਾ । ਇਕੋ ਵਸੇ
ਸਚਖੰਡ ਦੁਆਰਾ, ਥਿਰ ਘਰ ਇਕੋ ਇਕ ਵਸਾਇੰਦਾ । ਇਕੋ ਵਿਸ਼ਨ ਬ੍ਰਹਮਾ ਦਏ ਹੁਲਾਰਾ, ਸ਼ੰਕਰ ਇਕੋ ਗੰਢ ਪੁਆਇੰਦਾ । ਇਕੋ ਦੇਵਣਹਾਰ
ਭੰਡਾਰਾ, ਬ੍ਰਹਮਵੇਤਾ ਇਕ ਅਖਵਾਇੰਦਾ । ਇਕੋ ਤ੍ਰਿਸੂਲ ਤਿਖੀ ਧਾਰਾ, ਤ੍ਰੈ ਤ੍ਰੈ ਆਪਣਾ ਰੰਗ ਰੰਗਾਇੰਦਾ । ਇਕੋ ਬਣੇ ਸਚ ਵਣਜਾਰਾ, ਸਾਚਾ
ਹੱਟ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪ੍ਰੀਤ ਪ੍ਰੀਤ ਨਾਲ ਮਿਲਾਇੰਦਾ । ਸ਼ਬਦ ਪ੍ਰੀਤੀ ਵਿਸ਼ਨ ਧਾਰ, ਬ੍ਰਹਮਾ
ਲਿਆ ਉਪਾਈਆ । ਬ੍ਰਹਮਾ ਕਰ ਸਚ ਪਿਆਰ, ਸ਼ੰਕਰ ਧਾਰ ਜਣਾਈਆ । ਤਿੰਨਾਂ ਵਿਚੋਲਾ ਬਣ ਨਿਰੰਕਾਰ, ਸਚ ਪ੍ਰੀਤੀ ਇਕ ਰਖਾਈਆ ।
ਪ੍ਰੀਤੀ ਅੰਦਰ ਕਰ ਪਸਾਰ, ਤ੍ਰੈਗੁਣ ਮਾਇਆ ਨਾਉਂ ਰਖਾਈਆ । ਤ੍ਰੈਗੁਣ ਮਾਇਆ ਦੇ ਆਧਾਰ, ਪੰਜ ਤੱਤ ਕਰੇ ਕੁੜਮਾਈਆ । ਪੰਜ ਤੱਤ ਖੋਲ੍ਹ
ਕਿਵਾੜ, ਨੌਂ ਦਰ ਖੋਲ੍ਹ ਖੁਲਾਈਆ । ਨੌਂ ਦੁਆਰੇ ਖੋਲ੍ਹ ਦੁਆਰ, ਜਗਤ ਤ੍ਰਿਸਨਾ ਵਿਚ ਮਿਲਾਈਆ । ਜਗਤ ਤ੍ਰਿਸਨਾ ਵਸਿਆ ਬਾਹਰ, ਨਿਰਗੁਣ
ਦਾਤਾ ਵਡ ਵਡਿਆਈਆ । ਨਿਰਗੁਣ ਖੇਲ ਕਰੇ ਨਿਰੰਕਾਰ, ਘਰ ਘਰ ਵਿਚ ਆਪ ਬਹਾਈਆ । ਦੀਵਾ ਬਾਤੀ ਕਰ ਉਜਿਆਰ, ਕਮਲਾਪਾਤੀ

ਵੇਖ ਵਖਾਈਆ । ਬੂੰਦ ਸਵਾਂਤੀ ਠੰਡੀ ਠਾਰ, ਅੰਮ੍ਰਿਤ ਤਾਲ ਇਕ ਬਣਾਈਆ । ਸ਼ਬਦ ਅਨਾਦ ਸੱਚੀ ਧੁਨਕਾਰ, ਅਨਹਦ ਨਾਦੀ ਨਾਦ ਸੁਣਾਈਆ । ਗ੍ਰਿਹਿ ਮੰਦਰ ਅੰਦਰ ਸਾਚਾ ਮੰਗਲਾਚਾਰ, ਬਿਨ ਰਸਨਾ ਜਿਹਵਾ ਢੋਲਾ ਗਾਈਆ । ਆਤਮ ਸੇਜਾ ਕੰਤ ਭਤਾਰ, ਨਰ ਹਰਿ ਬੈਠਾ ਆਸਣ ਲਾਈਆ । ਵੰਡੇ ਵੰਡ ਅਪਰ ਅਪਾਰ, ਪਾਰਬ੍ਰਹਮ ਬ੍ਰਹਮ ਆਪਣੀ ਅੰਸ ਮਿਲਾਈਆ । ਮੇਲ ਮਿਲਾਵਾ ਸਿਰਜਣਹਾਰ, ਘਰ ਮੇਲਾ ਸਹਿਜ ਸੁਭਾਈਆ । ਦਹਿ ਦਿਸ਼ਾ ਕਰ ਪਸਾਰ, ਹਰਿ ਖ਼ਾਲਕ ਖ਼ਲਕ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰੇਮ ਨਾਲ ਪਰੇਮ ਗੰਢ ਰਖਾਈਆ । ਆਤਮ ਪਰਮਾਤਮ ਪਰੇਮ ਡੋਰ, ਬੰਧਨ ਇਕੋ ਇਕ ਰਖਾਇੰਦਾ । ਪਾਰਬ੍ਰਹਮ ਬ੍ਰਹਮ ਰੱਖੇ ਲੋੜ, ਨਾਤਾ ਬਿਧਾਤਾ ਜੋੜ ਜੁੜਾਇੰਦਾ । ਈਸ਼ ਜੀਵ ਜਾਏ ਬੌਹੜ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਿਆਰ ਅੰਦਰ ਰਚਨਾ ਸਚ ਰਚਾਇੰਦਾ । ਪਿਆਰ ਅੰਦਰ ਲੱਖ ਚੁਰਾਸੀ, ਸਾਹਿਬ ਸਤਿਗੁਰ ਆਪ ਉਪਾਈਆ । ਪਿਆਰ ਅੰਦਰ ਬੰਦ ਖ਼ੁਲਾਸੀ, ਬੰਦੀ ਛੋੜ ਆਪ ਹੋ ਜਾਈਆ । ਪਿਆਰ ਅੰਦਰ ਮੰਡਲ ਰਾਸੀ, ਰਵ ਸਸ ਕਰੇ ਰੁਸ਼ਨਾਈਆ । ਪਿਆਰ ਅੰਦਰ ਨਿਰਗੁਣ ਜੋਤ ਪਰਕਾਸੀ, ਨੂਰੋ ਨੂਰ ਨੂਰ ਰੁਸ਼ਨਾਈਆ । ਪਿਆਰ ਅੰਦਰ ਆਤਮ ਪਰਮਾਤਮ ਬੁਝੇ ਪਿਆਸੀ, ਅੰਤਰ ਇਕੋ ਧਿਆਨ ਲਗਾਈਆ । ਪਿਆਰ ਅੰਦਰ ਪਾਰਬ੍ਰਹਮ ਬ੍ਰਹਮ ਬਣਾਏ ਦਾਸੀ, ਸੇਵਕ ਸਾਚੀ ਸੇਵ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਜਣਾਈਆ । ਪਿਆਰ ਅੰਦਰ ਚਾਰ ਵੇਦ, ਬੋਧ ਅਗਾਧਾ ਨਾਦ ਜਣਾਇੰਦਾ । ਪਿਆਰ ਅੰਦਰ ਅਛਲ ਅਛੇਦ, ਨਿਰਗੁਣ ਸਰਗੁਣ ਰੂਪ ਧਰਾਇੰਦਾ । ਪਿਆਰ ਅੰਦਰ ਲਿਖੇ ਲੇਖ, ਧੁਰ ਦੀ ਬਾਣੀ ਰਾਗ ਅਲਾਇੰਦਾ । ਪਿਆਰ ਅੰਦਰ ਧਾਰੇ ਭੇਖ, ਨਿਰਵੈਰ ਆਪਣੀ ਕਾਰ ਕਮਾਇੰਦਾ । ਪਿਆਰ ਅੰਦਰ ਲਏ ਵੇਖ, ਗੁਰ ਅਵਤਾਰ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪਿਆਰ ਇਕ ਜਣਾਇੰਦਾ । ਪਿਆਰ ਅੰਦਰ ਬੰਨ੍ਹੇ ਤੰਦ, ਤੰਦੀ ਨਜ਼ਰ ਕਿਸੇ ਨਾ ਆਈਆ । ਪਿਆਰ ਅੰਦਰ ਗਾਵੇ ਛੰਦ, ਜੁਗ ਚੌਕੜੀ ਰਾਗ ਅਲਾਈਆ । ਪਿਆਰ ਅੰਦਰ ਦੇਵੇ ਅਨੰਦ, ਅਨੰਦ ਅਨੰਦ ਵਿਚੋਂ ਪਰਗਟਾਈਆ । ਪਿਆਰ ਅੰਦਰ ਅੰਦਰ ਜਾਵੇ ਲੰਘ, ਗੁਰ ਅਵਤਾਰ ਪੀਰ ਪੈਗ਼ੰਬਰ ਮੇਲ ਮਿਲਾਈਆ । ਪਿਆਰ ਅੰਦਰ ਦੂਈ ਦਵੈਤੀ ਢਾਵੇ ਕੰਧ, ਭਾਂਡਾ ਭਰਮ ਭੌ ਭੰਨਾਈਆ । ਪਿਆਰ ਅੰਦਰ ਸੁਰਤ ਸਵਾਣੀ ਰੰਡੇਪਾ ਕੱਟੇ ਰੰਡ, ਸ਼ਬਦ ਸੁਹਾਗੀ ਕੰਤ ਮਿਲਾਈਆ । ਪਿਆਰ ਅੰਦਰ ਬਜਰ ਕਪਾਟੀ ਤੋੜੇ ਜੰਦ, ਪੜਦਾ ਦੂਈ ਦਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਪਿਆਰ ਅੰਦਰ ਜੁਗ ਚੌਕੜੀ ਚਾਰ, ਚਾਰੋਂ ਕੁੰਟ ਭੇਵ ਚੁਕਾਈਆ । ਪਿਆਰ ਅੰਦਰ ਵੇਦ ਚਾਰ, ਚਾਰ ਵਰਨ ਦਏ ਜਣਾਈਆ । ਪਿਆਰ ਅੰਦਰ ਚਾਰੇ ਖਾਣੀ ਭਰ ਭੰਡਾਰ, ਅੰਡਜ ਜੇਰਜ ਉਤਭੁਜ ਸੇਤਜ ਵੇਖ ਵਖਾਈਆ । ਪਿਆਰ ਅੰਦਰ ਬੋਲ ਜੈਕਾਰ, ਪਰਾ ਪਸੰਤੀ ਮਧਮ ਬੈਖਰੀ ਰਿਹਾ ਜਣਾਈਆ । ਪਿਆਰ ਅੰਦਰ ਬਣੇ ਮੀਤ ਮੁਰਾਰ, ਨਿਰਗੁਣ ਸਰਗੁਣ ਹੋਏ ਸਹਾਈਆ । ਪਿਆਰ ਅੰਦਰ ਸਾਂਝਾ ਯਾਰ, ਘਟ ਘਟ ਅੰਦਰ ਡੇਰਾ ਲਾਈਆ । ਪਿਆਰ ਅੰਦਰ ਕਰੇ ਗੁਫ਼ਤਾਰ, ਗੁਫ਼ਤ ਸ਼ੁਨੀਦ, ਹਾਲ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਰੀਤੀ ਇਕ ਰਖਾਈਆ । ਪਿਆਰ ਅੰਦਰ ਦੇਵੇ ਜੋਤ, ਜੋਤ ਜਗਤ ਇਕ ਜਣਾਇੰਦਾ । ਪਿਆਰ ਅੰਦਰ ਭੋਗੇ ਭੋਗ, ਵਡ ਭੋਗੀ ਖੇਲ ਕਰਾਇੰਦਾ । ਪਿਆਰ ਅੰਦਰ ਕਰੇ ਸੰਜੋਗ, ਧੁਰ ਮੇਲਾ

ਮੇਲ ਮਿਲਾਇੰਦਾ । ਪਿਆਰ ਅੰਦਰ ਦੇਵੇ ਦਰਸ ਅਮੋਘ, ਸਵੱਛ ਸਰੂਪੀ ਰੂਪ ਵਟਾਇੰਦਾ । ਪਿਆਰ ਅੰਦਰ ਖੇਲ ਖੇਲੇ ਚੌਦਾਂ ਲੋਕ, ਚੌਦਾਂ ਤਬਕਾਂ ਵੇਖ ਵਖਾਇੰਦਾ । ਪਿਆਰ ਅੰਦਰ ਗਾਏ ਸਚ ਸਲੋਕ, ਮੰਤਰ ਆਪਣਾ ਨਾਮ ਦ੍ਰਿੜਾਇੰਦਾ । ਪਿਆਰ ਅੰਦਰ ਦੇਵੇ ਮੋਖ, ਮੁਫ਼ਤ ਆਪਣਾ ਨਾਮ ਵਰਤਾਇੰਦਾ । ਪਿਆਰ ਅੰਦਰ ਮਿਟਾਏ ਹਰਖ ਸੋਗ, ਚਿੰਤਾ ਰੋਗ ਨਾ ਕੋਇ ਜਣਾਇੰਦਾ । ਪਿਆਰ ਅੰਦਰ ਦੇਵੇ ਚੋਗ, ਮਾਣਕ ਮੋਤੀ ਮੁੱਖ ਲਗਾਇੰਦਾ । ਪਿਆਰ ਅੰਦਰ ਬਖ਼ਸ਼ੇ ਓਟ, ਸਚ ਸਰਨਾਈ ਇਕ ਸਮਝਾਇੰਦਾ । ਪਿਆਰ ਅੰਦਰ ਕਰੇ ਪਰਕਾਸ਼ ਨਿਰਮਲ ਜੋਤ, ਅਗਿਆਨ ਅੰਧੇਰ ਚੁਕਾਇੰਦਾ । ਪਿਆਰ ਅੰਦਰ ਸਚ ਵਖਾਏ ਇਕੋ ਗੋਤ, ਵਰਨ ਬਰਨ ਨਾ ਕੋਇ ਜਣਾਇੰਦਾ । ਪਿਆਰ ਅੰਦਰ ਹੋਏ ਸਦਾ ਮਦਹੋਸ਼, ਮਧੁਰ ਪਿਆਲਾ ਇਕ ਪਿਆਇੰਦਾ । ਪਿਆਰ ਅੰਦਰ ਰਹੇ ਖ਼ਾਮੋਸ਼, ਰਸਨਾ ਜਿਹਵਾ ਨਾ ਕੋਇ ਜਣਾਇੰਦਾ । ਪਿਆਰ ਅੰਦਰ ਲੋਚਾਂ ਰਿਹਾ ਲੋਚ, ਆਸਾ ਇਕੋ ਇਕ ਵਧਾਇੰਦਾ । ਪਿਆਰ ਅੰਦਰ ਸੋਚਾਂ ਰਿਹਾ ਸੋਚ, ਆਪਣੀ ਸੋਚ ਨਾ ਕਿਸੇ ਸਮਝਾਇੰਦਾ । ਪਿਆਰ ਅੰਦਰ ਵਸੇ ਸਚਖੰਡ ਦੁਆਰੇ ਕਿਲੇ ਕੋਟ, ਮਹੱਲ ਅਟੱਲ ਇਕ ਰੁਸ਼ਨਾਇੰਦਾ । ਪਿਆਰ ਅੰਦਰ ਸ਼ਬਦ ਨਗਾਰੇ ਲਾਏ ਚੋਟ, ਦੋ ਜਹਾਨਾਂ ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਆਪ ਸੁਣਾਇੰਦਾ । ਪਿਆਰ ਅੰਦਰ ਭਗਤ ਭਗਵਾਨ ਆਹਲਣਿਉਂ ਡਿਗੇ ਉਠਾਏ ਬੋਟ, ਜੁਗ ਜੁਗ ਆਪਣੀ ਗੋਦ ਬਹਾਇੰਦਾ । ਪਿਆਰ ਅੰਦਰ ਭੇਵ ਖੁਲ੍ਹਾਏ ਗੋਝ, ਆਪ ਆਪਣਾ ਪਰਦਾ ਲਾਹਿੰਦਾ । ਪਿਆਰ ਅੰਦਰ ਗੁਰ ਸਤਿਗੁਰ ਮਾਣੇ ਮੌਜ, ਸ਼ਹਿਨਸ਼ਾਹ ਆਪਣਾ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਇਕ ਪ੍ਰੀਤ, ਪਿਆਰ ਪਿਆਰ ਵਿਚੋਂ ਪਰਗਟਾਇੰਦਾ । ਪਿਆਰ ਅੰਦਰ ਗੁਰ ਅਵਤਾਰ, ਲੋਕਮਾਤ ਮਿਲੇ ਵਡਿਆਈਆ । ਪਿਆਰ ਅੰਦਰ ਸ਼ਬਦ ਨਾਦ ਧੁਨਕਾਰ, ਸ਼ਾਸਤਰ ਸਿਮਰਤ ਵੇਦ ਪੁਰਾਨ ਕਰੇ ਪੜ੍ਹਾਈਆ । ਪਿਆਰ ਅੰਦਰ ਖੇਲੇ ਖੇਲ ਸਦਾ ਜੁਗ ਚਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਹੰਢਾਈਆ । ਪਿਆਰ ਅੰਦਰ ਵੇਖੇ ਵਿਗਸੇ ਕਰੇ ਵਿਚਾਰ, ਵਿਸ਼ਨ ਬ੍ਰਹਮਾ ਸ਼ਿਵ ਦਏ ਵਡਿਆਈਆ । ਪਿਆਰ ਅੰਦਰ ਕਰੋੜ ਤੇਤੀਸਾ ਕਰ ਉਜਿਆਰ, ਸੁਰਪਤ ਇੰਦ ਨਾਲ ਮਿਲਾਈਆ । ਪਿਆਰ ਅੰਦਰ ਗਣ ਗੰਧਰਬ ਕਰਨ ਜੈਕਾਰ, ਉਚੀ ਕੂਕ ਕੂਕ ਸੁਣਾਈਆ । ਪਿਆਰ ਅੰਦਰ ਰਿਖੀ ਮੁਨੀ ਵਾਜਾਂ ਰਹੇ ਮਾਰ, ਉਚੇ ਟਿੱਲੇ ਪਰਬਤ ਧਿਆਨ ਲਗਾਈਆ । ਪਿਆਰ ਅੰਦਰ ਵੜੇ ਡੂੰਘੀ ਗਾਰ, ਆਪ ਆਪਣਾ ਮਾਣ ਗਵਾਈਆ । ਪਿਆਰ ਅੰਦਰ ਸਿਰ ਵਿਚ ਪਾਵਣ ਛਾਰ, ਧੂੜੀ ਤਨ ਖ਼ਾਕ ਰਮਾਈਆ । ਪਿਆਰ ਅੰਦਰ ਠਰਨ ਜਲ ਧਾਰ, ਜਲ ਧਾਰਾ ਸੀਸ ਪੁਆਈਆ । ਪਿਆਰ ਅੰਦਰ ਲੱਭਦੇ ਫਿਰਨ ਵਿਚ ਪਹਾੜ, ਜੰਗਲ ਜੂਹਾਂ ਡੇਰਾ ਲਾਈਆ । ਪਿਆਰ ਵਿਚ ਕੋਟਨ ਕੋਟ ਗਏ ਹਾਰ, ਸਚ ਪਿਆਰ ਹੱਥ ਕਿਸੇ ਨਾ ਆਈਆ । ਪਿਆਰ ਅੰਦਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਹੱਥ ਸਦਾ ਵਡਿਆਈਆ । ਪਿਆਰ ਅੰਦਰ ਲੱਖ ਚੁਰਾਸੀ, ਦਿਵਸ ਰੈਣ ਧਿਆਨ ਲਗਾਈਆ । ਪਿਆਰ ਅੰਦਰ ਕਰਨ ਹਾਸੀ, ਜਨ ਭਗਤ ਨੈਣ ਉਠਾਈਆ । ਪਿਆਰ ਅੰਦਰ ਸੰਤ ਉਦਾਸੀ, ਮਨ ਬੈਰਾਗ ਰਿਹਾ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪਰੇਮ ਇਕ ਸਮਝਾਈਆ । ਸਚ ਪਰੇਮ ਦੱਸ ਭਗਵਾਨ, ਦਰ ਤੇਰੇ ਅਰਜ਼ ਸੁਣਾਈਆ । ਕਵਣ ਖੇਲ ਕਰੇ ਮਹਾਨ, ਆਪ ਆਪਣਾ ਭੇਵ ਚੁਕਾਈਆ । ਜੁਗ ਚੌਕੜੀ ਤੇਰਾ ਹੱਥ ਨਾ ਆਇਆ ਨਿਸ਼ਾਨ, ਕੋਟਨ ਕੋਟ ਗਏ ਫੇਰੀਆਂ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ,

੮੫੬
੧੪

ਮਿਹਰਵਾਨ ਮਿਹਰ ਨਜ਼ਰ ਉਠਾਈਆ । ਸ੍ਰੀ ਭਗਵਾਨ ਦੱਸੇ ਸਚ ਪਿਆਰ, ਆਦਿ ਜੁਗਾਦੀ ਆਪ ਸਮਝਾਇੰਦਾ । ਸਾਚਾ ਹੁਕਮ ਪਰਵਰਦਿਗਾਰ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਸ਼ਾਹੋ ਭੂਪ ਇਕ ਸਿਕਦਾਰ, ਸ਼ਹਿਨਸ਼ਾਹ ਇਕੋ ਇਕ ਅਖਵਾਇੰਦਾ । ਸਚਖੰਡ ਵਸਾਂ ਸਚ ਮਨਾਰ, ਸਿੰਘਾਸਣ ਇਕੋ ਇਕ ਸੁਹਾਇੰਦਾ । ਸੁਤ ਦੁਲਾਰੇ ਕਰ ਪਿਆਰ, ਸਾਚਾ ਮਾਰਗ ਇਕ ਜਣਾਇੰਦਾ । ਨੌਂ ਸੌ ਚੁਰਾਨਵੇ ਚੌਕੜੀ ਯੁਗ ਤੇਰਾ ਵਿਹਾਰ, ਤੇਰੀ ਧਾਰ ਆਪ ਬੰਧਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰੇਮ ਪ੍ਰੀਤੀ ਇਕ ਵਡਿਆਇੰਦਾ । ਪਰੇਮ ਪ੍ਰੀਤੀ ਲੋਕਮਾਤ, ਪ੍ਰਭ ਦਿਤੀ ਵਡ ਵਡਿਆਈਆ । ਗੁਰ ਅਵਤਾਰ ਦੇ ਕੇ ਆਏ ਦਾਤ, ਧੁਰਦਰਗਾਹੀ ਮਾਤ ਵਰਤਾਈਆ । ਆਤਮ ਪਰਮਾਤਮ ਸਚ ਬੰਧਾਇਆ ਨਾਤ, ਨਾਤਾ ਇਕੋ ਇਕ ਜੁੜਾਈਆ । ਪਰੇਮ ਅੰਦਰ ਗਾਈ ਗਾਥ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਪਾਰਬ੍ਰਹਮ ਬ੍ਰਹਮ ਤੇਰੀ ਜ਼ਾਤ, ਅਜ਼ਾਤੀ ਰੂਪ ਨਾ ਕੋਇ ਵਟਾਈਆ । ਆਤਮ ਪਰਮਾਤਮ ਦੇਣਾ ਸਾਥ, ਸਾਚਾ ਸੰਗ ਨਿਭਾਈਆ । ਜੁਗ ਚੌਕੜੀ ਮੇਟੇ ਅੰਧੇਰੀ ਰਾਤ, ਨਿਰਗੁਣ ਜੋਤ ਨੂਰ ਕਰ ਰੁਸ਼ਨਾਈਆ । ਜਨ ਭਗਤਾਂ ਪੂਰੀ ਕਰੀਂ ਖ਼ਾਹਸ਼, ਆਸਾ ਆਪਣੇ ਨਾਲ ਮਿਲਾਈਆ । ਹਰਿਜਨ ਚੇਤਨ ਸਵਾਸ ਸਵਾਸ, ਦਿਵਸ ਰੈਣ ਢੋਲਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤ ਇਕ ਬੰਧਾਈਆ । ਸਚ ਪ੍ਰੀਤੀ ਪਾਏ ਬੰਧਨ, ਹਰਿ ਬੰਦਗੀ ਇਕ ਜਣਾਇੰਦਾ । ਆਤਮ ਪਰਮਾਤਮ ਸਚ ਅਨੰਦਨ, ਅਨੰਦ ਅਨੰਦ ਇਕ ਰਖਾਇੰਦਾ । ਗੀਤ ਗੌਣ ਸੁਹਾਗੀ ਛੰਦਨ, ਸੋਹੰ ਰਾਗ ਅਲਾਇੰਦਾ । ਜਨਮ ਕਰਮ ਦੇ ਕੱਟੇ ਬੰਧਨ, ਲੱਖ ਚੁਰਾਸੀ ਗੇੜ ਕਟਾਇੰਦਾ । ਸ਼ਬਦ ਜਣਾਏ ਇਕੋ ਛੰਦਨ, ਸ਼ਹਿਨਸ਼ਾਹ ਆਪਣਾ ਹੁਕਮ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤੀ ਆਪਣੇ ਨਾਮ ਰਖਾਇੰਦਾ । ਸਚ ਪ੍ਰੀਤੀ ਰੱਖੇ ਨਾਲ, ਹਰਿ ਸਤਿਗੁਰ ਵਡ ਵਡਿਆਈਆ । ਦੇਵਣਹਾਰਾ ਸ਼ਾਹ ਕੰਗਾਲ, ਊਚ ਨੀਚ ਨਾ ਕੋਇ ਜਣਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜਨ ਭਗਤਾਂ ਦੇਂਦਾ ਆਇਆ ਭਾਲ ਭਾਲ, ਲੱਖ ਚੁਰਾਸੀ ਵਿਚੋਂ ਫੋਲ ਫੁਲਾਈਆ । ਸਤਿ ਸਤਿਵਾਦੀ ਬਣ ਦਲਾਲ, ਸਾਚਾ ਵਣਜ ਇਕ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪ੍ਰੀਤੀਵਾਨ ਇਕ ਅਖਵਾਈਆ । ਪ੍ਰੀਤੀ ਕਰਨ ਤੇਈ ਅਵਤਾਰ, ਤ੍ਰੈਗੁਣ ਨਾਤਾ ਤੋੜ ਤੁੜਾਈਆ । ਪ੍ਰੀਤੀ ਕਰੇ ਮੂਸਾ ਈਸਾ ਮੁਹੰਮਦ ਯਾਰ, ਯਾਰੀ ਯਾਰ ਨਾਲ ਲਗਾਈਆ । ਪ੍ਰੀਤੀ ਕਰਨ ਭਗਤ ਅਠਾਰਾਂ ਕਰ ਨਿਮਸਕਾਰ, ਦੋਏ ਦੋਏ ਜੋੜ ਸੀਸ ਝੁਕਾਈਆ । ਪ੍ਰੀਤੀ ਕਰਨ ਗੁਰੂ ਦਸ ਸਚ ਵਿਹਾਰ, ਨਾਨਕ ਗੋਬਿੰਦ ਰਾਹ ਜਣਾਈਆ । ਪ੍ਰੀਤੀ ਕਰਨ ਸਦਾ ਜੁਗ ਚਾਰ, ਜੁਗ ਚੌਕੜੀ ਧਿਆਨ ਲਗਾਈਆ । ਪ੍ਰੀਤੀ ਕਰਨ ਭਗਤ ਭਗਵਾਨ ਇਕੋ ਵਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਰਿਹਾ ਜਣਾਈਆ । ਪ੍ਰੀਤੀ ਕਰੇ ਭਗਤ ਭਗਵੰਤ, ਭਗਵਨ ਆਪਣੀ ਦਇਆ ਕਮਾਈਆ । ਮੇਲ ਮਿਲਾਵੇ ਨਾਰ ਜਿਵੇਂ ਕੰਤ, ਘਰ ਸਾਚੀ ਸੇਜ ਸੁਹਾਈਆ । ਨਾਮ ਸੁਣਾਏ ਮਣੀਆ ਮੰਤ, ਸੋਹੰ ਸੋ ਕਰੇ ਪੜ੍ਹਾਈਆ । ਨਾਤਾ ਤੁਟੇ ਲੱਖ ਚੁਰਾਸੀ ਜੀਵ ਜੰਤ, ਜਾਗਰਤ ਜੋਤ ਕਰੇ ਰੁਸ਼ਨਾਈਆ । ਗੜ੍ਹ ਟੁੱਟੇ ਹਉਮੇਂ ਹੰਗਤ, ਹੰ ਬ੍ਰਹਮ ਇਕ ਸਮਝਾਈਆ । ਗੁਰਮੁਖ ਬਣੇ ਸਾਚਾ ਪੰਡਤ, ਬੋਧ ਅਗਾਧ ਇਕ ਦ੍ਰਿੜਾਈਆ । ਦੂਜੇ ਦਰ ਨਾ ਹੋਏ ਮੰਗਤ, ਜਿਸ ਪ੍ਰੀਤੀ ਸ੍ਰੀ ਭਗਵਾਨ ਨਾਲ ਲਗਾਈਆ । ਮਾਣਸ ਜਨਮ ਨਾ ਹੋਵੇ ਭੰਗਤ, ਜੂਨ ਅਜੂਨੀ ਨਾ ਕੋਇ ਭੁਆਈਆ । ਲੇਖਾ ਚੁੱਕੇ ਜੇਰਜ ਅੰਡਜ, ਉਤਭੁਜ ਸੇਤਜ ਨਾਤਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤੀ ਇਕ ਦ੍ਰਿੜਾਈਆ । ਸਚ ਪ੍ਰੀਤੀ ਕਰੋ ਅੰਤਮ ਕਲ, ਹਰਿ ਸਤਿਗੁਰ ਆਪ ਜਣਾਇੰਦਾ । ਜੁਗ ਚੌਕੜੀ ਜੋ ਕਰਦਾ ਰਿਹਾ ਛਲ, ਅਛਲ ਛਲ ਧਾਰੀ ਆਪਣਾ ਵੇਸ ਵਟਾਇੰਦਾ । ਨਿਰਗੁਣ ਹੋ ਕੇ ਦੀਪਕ ਗਿਆ ਬਲ, ਜੋਤੀ ਜੋਤ ਜੋਤ ਰੁਸ਼ਨਾਇੰਦਾ । ਜਨਮ ਕਰਮ ਦਾ ਮੇਟੇ ਸਲ, ਵਰਨ ਬਰਨ ਦਾ ਰੋਗ ਗਵਾਇੰਦਾ । ਸਚ ਸੰਦੇਸਾ ਦੇਵੇ ਘੱਲ, ਸੋਈ ਸੁਰਤੀ ਆਪ ਉਠਾਇੰਦਾ । ਆਤਮ ਸੇਜਾ ਬਹੇ ਮੱਲ, ਸਿੰਘਾਸਣ ਇਕੋ ਡੇਰਾ ਲਾਇੰਦਾ । ਵੇਖਣਹਾਰਾ ਪੰਜ ਤੱਤ ਕਾਇਆ ਮਾਟੀ ਕੂੜੀ ਖੱਲ, ਘਰ ਘਰ ਵਿਚ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪਿਆਰ ਇਕ ਸਮਝਾਇੰਦਾ । ਸਚ ਪਿਆਰ ਕਰੋ ਹਰਿ ਨਰੇਸ਼, ਨਰ ਨਰਾਇਣ ਵੱਡੀ ਵਡਿਆਈਆ । ਅੰਤਮ ਲੈ ਕੇ ਜਾਏ ਆਪਣੇ ਦੇਸ਼, ਜਿਸ ਘਰ ਵਸੇ ਬੇਪਰਵਾਹੀਆ । ਨਿਮਸਕਾਰ ਨਿਉਂ ਕਰਨ ਵਿਸ਼ਨ ਬ੍ਰਹਮਾ ਮਹੇਸ਼, ਭਗਤਨ ਆਪਣਾ ਸੀਸ ਝੁਕਾਈਆ । ਭਗਤ ਭਗਵਾਨ ਆਪੇ ਲਏ ਵੇਖ, ਵੇਖਣਹਾਰ ਵਡ ਵਡਿਆਈਆ । ਨਿਰਵੈਰ ਹੋ ਕੇ ਕਰੇ ਹੇਤ, ਹਿਤਕਾਰੀ ਆਪਣਾ ਫੇਰਾ ਪਾਈਆ । ਅੰਦਰ ਵੜ ਕੇ ਦੱਸੇ ਭੇਤ, ਭਰਮ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤੀ ਅੰਦਰ ਦੇਵਣਹਾਰ ਵਡਿਆਈਆ । ਸਚ ਪ੍ਰੀਤੀ ਕਲਜੁਗ ਅੰਤ, ਸੋ ਸਾਹਿਬ ਆਪ ਜਣਾਇੰਦਾ । ਆਤਮ ਪਰਮਾਤਮ ਜਪੋ ਨਾਮ ਇਕੋ ਮੰਤ, ਮੰਤਰ ਇਕੋ ਇਕ ਸਮਝਾਇੰਦਾ । ਕਾਇਆ ਚੋਲੀ ਚੜ੍ਹੇ ਰੰਗ ਬਸੰਤ, ਕੂੜੀ ਕਿਰਿਆ ਮੇਟ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪਰੇਮ ਇਕ ਵਖਾਇੰਦਾ । ਸਚ ਪਰੇਮ ਨਿਰਗੁਣ ਨਰਾਇਣ ਨਿਹਕਲੰਕ, ਜਿਸ ਦਾ ਰੂਪ ਰੰਗ ਰੇਖ ਨਜ਼ਰ ਕੋਇ ਨਾ ਆਈਆ । ਲੱਖ ਚੁਰਾਸੀ ਅੰਦਰ ਵਜਾਵੇ ਡੰਕ, ਦੋ ਜਹਾਨਾਂ ਆਪ ਸੁਣਾਈਆ । ਲੇਖਾ ਜਾਣੇ ਰਾਉ ਰੰਕ, ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਏਕਾ ਹੁਕਮ ਮਨਾਈਆ । ਜਨ ਭਗਤ ਸੁਹਾਏ ਸਾਚਾ ਬੰਕ, ਜਿਸ ਗ੍ਰਿਹਿ ਆਪਣਾ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤੀ ਇਕ ਬੰਧਾਈਆ । ਸਚ ਪ੍ਰੀਤੀ ਅੰਤਰਜਾਮੀ, ਸੋ ਪੁਰਖ ਨਿਰੰਜਣ ਆਪ ਬੰਧਾਇੰਦਾ । ਸਰਬ ਜੀਆਂ ਘਟ ਜਾਣ ਜਾਣੀ, ਜਾਨਣਹਾਰ ਖੇਲ ਖਲਾਇੰਦਾ । ਆਤਮ ਪਰਮਾਤਮ ਪੜ੍ਹਾਈ ਸੱਚੀ ਬਾਣੀ, ਤੀਰ ਅਣਿਯਾਲਾ ਆਪ ਚਲਾਇੰਦਾ । ਆਵਣ ਜਾਵਣ ਚੁਕਾਏ ਕਾਣੀ, ਚਾਰੇ ਖਾਣੀ ਪੰਧ ਮੁਕਾਇੰਦਾ । ਸੁਰਤੀ ਸ਼ਬਦੀ ਮੇਲ ਮਿਲਾਵਾ ਸਾਚੇ ਹਾਣੀ, ਸਾਚੀ ਜੋੜੀ ਜੋੜ ਜੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪ੍ਰੀਤੀ ਪ੍ਰੀਤਮ ਆਪ ਜਣਾਇੰਦਾ । ਸਚ ਪ੍ਰੀਤੀ ਪੁਰਖ ਅਕਾਲ, ਆਦਿ ਜੁਗਾਦਿ ਨਿਭਾਈਆ । ਦੀਨਾਂ ਬੰਧਪ ਦੀਨ ਦਿਆਲ, ਦੀਨਾਂ ਅਨਾਥਾਂ ਹੋਏ ਸਹਾਈਆ । ਕਾਇਆ ਮੰਦਰ ਅੰਦਰ ਵਖਾਏ ਸੱਚੀ ਧਰਮਸਾਲ, ਕਾਅਬਾ ਇਕੋ ਨਜ਼ਰੀ ਆਈਆ । ਜੋਤੀ ਜਲਵਾ ਨੂਰ ਜਲਾਲ, ਜਗਤ ਨੂਰ ਨੂਰ ਰੁਸ਼ਨਾਈਆ । ਘਰ ਬੈਠਾ ਸਾਂਝਾ ਯਾਰ, ਬੇਪਰਵਾਹ ਸੱਚਾ ਸ਼ਹਿਨਸ਼ਾਹੀਆ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਨਿਤ ਨਵਿਤ ਕਰੋ ਦੀਦਾਰ, ਨਿਜ ਨੇਤਰ ਅੱਖ ਖੁਲ੍ਹਾਈਆ । ਲੱਭਿਆਂ ਹੱਥ ਨਾ ਆਵੇ ਵਿਚ ਸੰਸਾਰ, ਕੋਟਨ ਕੋਟ ਬੈਠੇ ਢੇਰੀਆਂ ਢਾਹੀਆ । ਕਲਜੁਗ ਅੰਤ ਕੂੜ ਕੁੜਿਆਰਾ ਅੰਧ ਅੰਧਿਆਰ, ਸਾਚਾ ਚੰਦ ਨਜ਼ਰ ਕੋਇ ਨਾ ਆਈਆ । ਦਹਿ ਦਿਸ਼ਾ ਕਾਮ ਕਰੋਧ ਲੋਭ ਮੋਹ ਹੰਕਾਰ, ਮਾਇਆ ਮਮਤਾ ਹੋਈ ਹਲਕਾਈਆ । ਜੂਠ ਝੂਠ ਵਣਜ ਵਪਾਰ, ਕੂੜ ਕੁੜਿਆਰਾ ਹੱਟ ਚਲਾਈਆ । ਕਲਜੁਗ ਕੂਕੇ ਬੋਲ ਜੈਕਾਰ, ਸਾਧਾਂ ਸੰਤਾਂ ਰਿਹਾ ਡਰਾਈਆ । ਮੇਰਾ ਮੇਲਾ ਨਾਲ ਨਿਰੰਕਾਰ, ਮੈਂ ਹੁਕਮੇ ਵਿਚ

ਕਾਰ ਕਮਾਈਆ । ਬਚਿਆ ਰਹੇ ਨਾ ਕੋਈ ਵਿਚ ਸੰਸਾਰ, ਸਭ ਦੀ ਬੁੱਧੀ ਰਿਹਾ ਭੁਆਈਆ । ਮਨ ਵਾਸਨਾ ਭਰ ਭੰਡਾਰ, ਮਨਮਤ ਗੰਢ ਪੁਆਈਆ । ਧਰਮ ਜੜ ਦਿਤੀ ਉਖਾੜ, ਮਾਤ ਸਕੇ ਨਾ ਕੋਇ ਲਗਾਈਆ । ਸਭ ਦੇ ਪਿਛੇ ਲਾਈ ਪੰਚਮ ਧਾੜ, ਦਿਵਸ ਰੈਣ ਰਹੀ ਸਤਾਈਆ । ਤ੍ਰੈਗੁਣ ਮਾਇਆ ਅਗਨੀ ਹਾੜ, ਤਤਵ ਤਤ ਰਹੀ ਜਲਾਈਆ । ਬਿਨ ਹਰਿ ਭਗਤ ਸਚ ਕਰੇ ਨਾ ਕੋਇ ਪਿਆਰ, ਕੂੜਾ ਨਾਤਾ ਜਗਤ ਲੋਕਾਈਆ । ਚਾਰੋਂ ਕੁੰਟ ਧੂਆਂਧਾਰ, ਸਾਚਾ ਨੂਰ ਨਜ਼ਰ ਨਾ ਆਈਆ । ਦਰ ਦਰ ਘਰ ਘਰ ਨੌਂ ਖੰਡ ਪ੍ਰਿਥਮੀ ਸੱਤ ਦੀਪ ਦਿਸੇ ਵਿਭਚਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤ ਇਕ ਲਗਾਈਆ । ਸਚ ਪ੍ਰੀਤ ਜਿਸ ਗਈ ਲੱਗ, ਤਿਸ ਮਿਲੇ ਮਾਣ ਵਡਿਆਈਆ । ਕਲਜੁਗ ਨਾਲੋਂ ਹੋਵੇ ਅੱਡ, ਆਪ ਆਪਣਾ ਮੁੱਖ ਭੁਆਈਆ । ਨੌਂ ਦੁਆਰੇ ਲੰਘੇ ਹੱਦ, ਜਗਤ ਵਾਸਨਾ ਮੇਟ ਮਿਟਾਈਆ । ਸੁਖਮਨ ਟੇਢੀ ਮੁੱਕੇ ਪੰਧ, ਪਾਂਧੀ ਆਪਣਾ ਰਾਹ ਤਕਾਈਆ । ਸ਼ਬਦ ਅਨਾਦ ਸੁਣੇ ਅਨਹਦ, ਧੁੰਨ ਆਤਮਕ ਰਾਗ ਸ਼ਨਵਾਈਆ । ਅੰਮ੍ਰਿਤ ਜਾਮ ਪੀਏ ਮਦਿ, ਖ਼ੁਮਾਰ ਇਕੋ ਇਕ ਰਖਾਈਆ । ਨਿਰਗੁਣ ਜੋਤ ਹੋਏ ਪਰਕਾਸ਼, ਜੋਤ ਨਿਰੰਜਣ ਨੂਰ ਰੁਸ਼ਨਾਈਆ । ਆਤਮ ਸੇਜਾ ਬਹੇ ਸਜ, ਸਚ ਸਿੰਘਾਸਣ ਡੇਰਾ ਲਾਈਆ । ਪਰੇਮ ਅੰਦਰ ਪ੍ਰੀਤਮ ਲਏ ਸੱਦ, ਘਰ ਆਵੇ ਸੱਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰਸ ਕਰਾਏ ਰੱਜ ਰੱਜ, ਤ੍ਰਿਸਨਾ ਭੁੱਖ ਰਹਿਣ ਨਾ ਪਾਈਆ । ਜਿਸ ਜਨ ਪ੍ਰੀਤ ਲੱਗੀ ਏਕ, ਏਕੰਕਾਰ ਹੋਏ ਸਹਾਈਆ । ਨਿਰਮਲ ਨਿਰਵੈਰ ਕਰੇ ਬੁਧ ਬਿਬੇਕ, ਕੂੜੀ ਕਿਰਿਆ ਨਜ਼ਰ ਨਾ ਆਈਆ । ਤ੍ਰੈਗੁਣ ਮਾਇਆ ਨਾ ਲਾਏ ਸੇਕ, ਅਗਨੀ ਤੱਤ ਨਾ ਕੋਇ ਵਖਾਈਆ । ਸਾਹਿਬ ਸਤਿਗੁਰ ਦੇਵੇ ਸਾਚੀ ਟੇਕ, ਚਰਨ ਕਵਲ ਸਰਨਾਈਆ । ਕਲਜੁਗ ਅੰਤਮ ਕਰੇ ਹੇਤ, ਪ੍ਰੀਤੀਵਾਨ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਪਰੇਮ ਇਕੋ ਇਕ ਰਖਾਈਆ । ਸੱਜਣ ਸਚ ਸਚ ਪਰੇਮ, ਗੁਰ ਗੁਰ ਧਾਰ ਰਖਾਇੰਦਾ । ਜੁਗ ਚੌਕੜੀ ਸਾਚਾ ਨੇਮ, ਨਿਰਵੈਰ ਪੁਰਖ ਆਪ ਨਿਭਾਇੰਦਾ । ਗੋਬਿੰਦ ਕੀਤਾ ਉਪਰ ਹੇਮ, ਕੁੰਟ ਆਪਣੀ ਵੰਡ ਵੰਡਾਇੰਦਾ । ਪ੍ਰਭ ਮਿਲਿਆ ਸਾਕ ਸੈਣ, ਸੱਜਣ ਇਕੋ ਨਜ਼ਰੀ ਆਇੰਦਾ । ਜਨਮ ਜਨਮ ਦਾ ਦੇਵੇ ਦੇਣ, ਲਹਿਣਾ ਝੋਲੀ ਆਪੇ ਪਾਇੰਦਾ । ਦੁਸ਼ਟ ਦਮਨ ਦਰ ਵੇਖੇ ਨੈਣ, ਨੇਤਰ ਅੱਖ ਇਕ ਖੁਲ੍ਹਾਇੰਦਾ । ਰਸਨਾ ਕੋਈ ਨਾ ਸਕੇ ਕਹਿਣ, ਕਹਿ ਕਹਿ ਹਾਲ ਨਾ ਕੋਇ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤ ਇਕ ਲਗਾਇੰਦਾ । ਸਚ ਪ੍ਰੀਤ ਲੱਗੀ ਗੋਬਿੰਦ, ਹਰਿ ਗੋਬਿੰਦ ਦਏ ਵਡਿਆਈਆ । ਜਗਤ ਸਗਲ ਮਿਟੇ ਚਿੰਦ, ਚਿੰਤਾ ਚਿਖਾ ਰਹਿਣ ਨਾ ਪਾਈਆ । ਮੇਲ ਮਿਲਾਵਾ ਗੁਣੀ ਗਹਿੰਦ, ਗਹਿਰ ਗੰਭੀਰ ਦਏ ਸਰਨਾਈਆ । ਅੰਮ੍ਰਿਤ ਧਾਰ ਬਖ਼ਸ਼ੇ ਸਾਗਰ ਸਿੰਧ, ਲਹਿਰ ਲਹਿਰ ਵਿਚੋਂ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪ੍ਰੀਤੀ ਆਪਣੇ ਨਾਲ ਬੰਧਾਈਆ । ਪ੍ਰੀਤੀ ਆਪਣੇ ਨਾਲ ਬੰਨ੍ਹ, ਬੰਧਨ ਇਕੋ ਇਕ ਰਖਾਇੰਦਾ । ਗੋਬਿੰਦ ਚਾੜ੍ਹੇ ਸਾਚਾ ਚੰਨ, ਚੰਨ ਚਾਂਦਨਾ ਨੈਣ ਸ਼ਰਮਾਇੰਦਾ । ਵਸਤ ਅਮੋਲਕ ਦੇਵੇ ਧਨ, ਧਨ ਦੌਲਤ ਖ਼ਾਕ ਰੂਪ ਵਖਾਇੰਦਾ । ਏਕਾ ਰਾਗ ਸੁਣਾਏ ਕੰਨ, ਬਿਨ ਕੰਨਾਂ ਆਪ ਅਲਾਇੰਦਾ । ਏਕਾ ਜਨਨੀ ਹੋ ਕੇ ਜਣੇ ਜਨ, ਪੁਰਖ ਅਕਾਲ ਪੂਤ ਇਕ ਵਡਿਆਇੰਦਾ । ਏਕਾ ਬੇੜਾ ਦੇਵੇ ਬੰਨ੍ਹ, ਬੰਨ੍ਹ ਆਪਣੇ ਕੰਧ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪ੍ਰੀਤੀ ਅੰਦਰ ਕਾਰ ਕਮਾਇੰਦਾ । ਪ੍ਰੀਤੀ ਅੰਦਰ ਨੇਰਨ ਨੇਰ,

ਦੂਰ ਦੁਰਾਡਾ ਪੰਧ ਮੁਕਾਈਆ । ਪ੍ਰੀਤੀ ਅੰਦਰ ਖਾਦੇ ਬੇਰ, ਜ਼ਾਤ ਪਾਤ ਨਾ ਕੋਇ ਜਣਾਈਆ । ਪ੍ਰੀਤੀ ਅੰਦਰ ਤੰਦਲ ਚੱਬੇ ਕਰ ਕੇ ਮਿਹਰ, ਮਿਹਰ ਨਜ਼ਰ ਉਠਾਈਆ । ਪ੍ਰੀਤੀ ਅੰਦਰ ਲਹਿਣਾ ਦੇਣਾ ਦਏ ਨਬੇੜ, ਲੇਖਾ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸਚ ਪ੍ਰੀਤ ਇਕ ਸਮਝਾਈਆ । ਕਲਜੁਗ ਅੰਤਮ ਪ੍ਰੀਤ ਕਰੇ ਭਗਵਾਨ, ਸ੍ਰੀ ਭਗਵਾਨ ਆਪ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਤੋਂ ਮੰਗਦੇ ਦਾਨ, ਅੱਗੇ ਆਪਣੀ ਝੋਲੀ ਡਾਹੀਆ । ਵਿਸ਼ਨ ਬ੍ਰਹਮਾ ਸ਼ਿਵ ਜਿਸ ਦਾ ਸੁਣਨ ਫ਼ਰਮਾਨ, ਧੁਰ ਸੰਦੇਸਾ ਰਾਗ ਅਲਾਈਆ । ਜੁਗ ਚੌਕੜੀ ਜਿਸ ਦਾ ਖੇਲ ਮਹਾਨ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੰਡ ਵੰਡਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਜਿਸ ਦਾ ਜਗਤ ਨਿਸ਼ਾਨ, ਸੋ ਨਿਸ਼ਾਨਾ ਰਿਹਾ ਝੁਲਾਈਆ । ਈਸਾ ਮੂਸਾ ਮੁਹੰਮਦ ਅੰਜੀਲ ਕੁਰਾਨ ਜਿਸ ਦਾ ਬਿਆਨ, ਤੀਸ ਬਤੀਸਾ ਸਿਫ਼ਤ ਸਾਲਾਹੀਆ । ਨਾਨਕ ਗੋਬਿੰਦ ਜਿਸ ਦਾ ਕਰਨ ਧਿਆਨ, ਖਾਣੀ ਬਾਣੀ ਕਰੇ ਪਰਵਾਨ, ਨਾਉਂ ਨਿਰੰਕਾਰਾ ਇਕ ਜਣਾਈਆ । ਸੋ ਸਾਹਿਬ ਸਮਰਥ ਪਰਗਟ ਹੋਇਆ ਆਣ, ਨਿਰਗੁਣ ਜੋਤ ਨੂਰ ਰੁਸ਼ਨਾਈਆ । ਜਿਸ ਦਾ ਮੰਤਰ ਦੋ ਜਹਾਨ, ਗਗਨ ਗਗਨੰਤਰ ਨਾਦ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਪ੍ਰੀਤੀ ਇਕੋ ਨਾਲ ਜਣਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਖਣਹਾਰਾ ਸਭ ਦੀ ਨੀਤੀ, ਨੀਤੀਵਾਨ ਘਟ ਘਟ ਬੈਠਾ ਆਸਣ ਲਾਈਆ ।



## ★ ੩੦ ਜੇਠ ੨੦੨੦ ਬਿਕ੍ਰਮੀ ਮਾਨ ਕੌਰ ਦੇ ਗ੍ਰਿਹਿ ਪਿੰਡ ਸੀੜ ਜੰਮੂ ★

੧੪ ਸਚ ਧਰਮ ਆ ਡਿਗਾ ਦੁਆਰ, ਨੇਤਰ ਰੋ ਰੋ ਨੈਣ ਵਿਹਾਈਆ । ਹਰਿ ਜਗਦੀਸੇ ਤੇਰੀ ਸਾਚੀ ਕਾਰ, ਪ੍ਰਭ ਮੇਰੀ ਸਮਝ ਵਿਚ ਨਾ ਆਈਆ । ੧੪
ਬੀਸ ਬੀਸੇ ਕਰ ਵਿਹਾਰ, ਸ਼ਾਹ ਪਾਤਸ਼ਾਹ ਤੇਰੀ ਵਡਿਆਈਆ । ਜੁਗ ਚੌਕੜੀ ਮੈਂ ਗਿਆ ਹਾਰ, ਨਿਰਗੁਣ ਤੇਰੀ ਸੇਵ ਕਮਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਫਿਰਦਾ ਰਿਹਾ ਸੰਸਾਰ, ਚਾਰੋਂ ਕੁੰਟ ਫੇਰਾ ਪਾਈਆ । ਸ੍ਰਿਸ਼ਟ ਸਬਾਈ ਖਾਂਦਾ ਰਿਹਾ ਮਾਰ, ਸਿਰ ਆਪਣੇ ਭਾਰ ਉਠਾਈਆ । ਰਾਹ ਤੱਕਦਾ ਰਿਹਾ ਗੁਰੂ ਅਵਤਾਰ, ਪੀਰ ਪੈਗ਼ੰਬਰ ਵੇਖਾਂ ਨੈਣ ਉਠਾਈਆ । ਕਵਣ ਵੇਲਾ ਮਿਲੇ ਮਦਦਗਾਰ, ਮੇਰਾ ਸੰਗ ਨਿਭਾਈਆ । ਮੇਰਾ ਹੌਲਾ ਕਰੇ ਭਾਰ, ਦੁਖੀ ਦਰਦ ਵੰਡਾਈਆ । ਕੋਟਨ ਕੋਟ ਜੁਗ ਬੀਤ ਗਏ ਨਿਰੰਕਾਰ, ਮੇਰੀ ਸਾਰ ਕਿਸੇ ਨਾ ਪਾਈਆ । ਮੇਰੀਆਂ ਵੰਡਾਂ ਕਰ ਕਰ ਹਿੱਸੇ ਕਰ ਗਏ ਚਾਰ, ਅੰਗ ਅੰਗ ਮੇਰਾ ਕਟਾਈਆ । ਮੈਂ ਨੇਤਰ ਰੋਵਾਂ ਨੈਣ ਉਛਾਲ, ਧੀਰਜ ਧੀਰ ਨਾ ਕੋਇ ਧਰਾਈਆ । ਨਜ਼ਰ ਨਾ ਆਏ ਕੋਇ ਦਲਾਲ, ਸਾਚਾ ਵਣਜ ਨਾ ਕੋਇ ਕਰਾਈਆ । ਉਠ ਪ੍ਰਭ ਵੇਖ ਮੇਰਾ ਹਾਲ, ਬਿਹਬਲ ਹੋ ਕੇ ਦਿਆਂ ਦੁਹਾਈਆ । ਖ਼ਾਲੀ ਹੱਥ ਫਿਰਾਂ ਕੰਗਾਲ, ਵਸਤ ਨਜ਼ਰ ਕੋਇ ਨਾ ਆਈਆ । ਕਰਵਟ ਲੈ ਪੁਰਖ ਅਕਾਲ, ਬੇਪਰਵਾਹ ਆਪਣਾ ਮੁਖ ਭੁਆਈਆ । ਆਦਿ ਜੁਗਾਦੀ ਤੇਰਾ ਲਾਲ, ਬਚਪਨ ਤੇਰੀ ਗੋਦ ਹੰਢਾਈਆ । ਕੋਟਨ ਕੋਟ ਮੈਨੂੰ ਰਹੇ ਭਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸਚ ਧਰਮ ਆ ਕੇ ਰੋਇਆ, ਪ੍ਰਭ ਅੱਗੇ ਹਾਲ ਸੁਣਾਈਆ । ਵਾਂਗ ਬੱਕਰੇ ਮੈਨੂੰ ਕੋਹਿਆ, ਸ੍ਰਿਸ਼ਟ ਬਣੀ ਕਸਾਈਆ । ਮੇਰਾ ਮਾਤਲੋਕ ਕੋਈ


Rev-01

ਨਾ ਹੋਇਆ, ਜੋ ਦਿਸੇ ਸੋ ਪਰਾਈਆ । ਸਚ ਦੁਆਰ ਮਿਲੇ ਨਾ ਢੋਇਆ, ਚਾਰੋਂ ਕੁੰਟ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸਚ ਦੇ ਸਰਨਾਈਆ । ਸਤਿ ਧਰਮ ਕਰ ਪੁਕਾਰ, ਆਪਣਾ ਹਾਲ ਸੁਣਾਈਆ । ਕਲਜੁਗ ਅੰਤਮ ਗਿਆ ਹਾਰ, ਬਲਹੀਣ ਰਿਹਾ ਕੁਰਲਾਈਆ । ਤੇਰੀ ਸੇਵਾ ਕਰੀ ਜੁਗ ਚਾਰ, ਨਵ ਨੌਂ ਤੇਰਾ ਹੁਕਮ ਸੀਸ ਰਖਾਈਆ । ਫਿਰ ਫਿਰ ਅੰਤਮ ਗਿਆ ਹਾਰ, ਬਣ ਪਾਂਧੀ ਪੰਧ ਮੁਕਾਈਆ । ਮੈਨੂੰ ਨਜ਼ਰ ਨਾ ਆਇਆ ਕੋਇ ਕਿਨਾਰ, ਕੰਢਾ ਹੱਥ ਕੋਇ ਨਾ ਆਈਆ । ਅੰਤਮ ਡੁੱਬਾ ਡੂੰਘੀ ਧਾਰ, ਬਾਂਹੋਂ ਪਕੜ ਨਾ ਕੋਇ ਉਠਾਈਆ । ਸਾਚਾ ਕਰੇ ਨਾ ਕੋਇ ਪਿਆਰ, ਮੀਤ ਮੁਰਾਰ ਨਜ਼ਰ ਕੋਇ ਨਾ ਆਈਆ । ਚਾਰੋਂ ਕੁੰਟ ਧੁਆਂਧਾਰ, ਸਚ ਜ਼ਹੂਰ ਨਾ ਕੋਇ ਰੁਸ਼ਨਾਈਆ । ਮੰਦਰ ਮਸਜਦ ਸ਼ਿਵਦਵਾਲੇ ਮੱਠ ਵਰਨ ਬਰਨ ਮੈਨੂੰ ਧੱਕੇ ਰਹੇ ਮਾਰ, ਦਰ ਦਵਾਰਿਉਂ ਬਾਹਰ ਕਢਾਈਆ । ਕਲਜੁਗ ਸੰਤ ਦੂਰੋਂ ਰਹੇ ਲਲਕਾਰ, ਨੇੜੇ ਕੋਈ ਔਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਬਖ਼ਸ਼ ਸਚ ਸਰਨਾਈਆ । ਸਚ ਧਰਮ ਕਹੇ ਦੱਸ ਕੀ ਰੀਤ, ਪ੍ਰਭ ਮੇਰੀ ਮਾਤ ਚਲਾਈਆ । ਮੈਂ ਤੈਨੂੰ ਸਮਝਿਆ ਇਕ ਅਤੀਤ, ਵੱਡ ਦਾਤਾ ਬੇਪਰਵਾਹੀਆ । ਜੇ ਨੇਤਰ ਖੋਲ੍ਹ ਕੇ ਵੇਖਾਂ ਤੇਰੀ ਵੰਡ ਮੰਦਰ ਮਸੀਤ, ਮਸਲਾ ਹੱਲ ਨਾ ਕੋਇ ਕਰਾਈਆ । ਮੈਂ ਨੇਤਰ ਖੋਲ੍ਹਾਂ ਤੂੰ ਨਜ਼ਰੀ ਆਏਂ ਠੀਕ, ਏਕੰਕਾਰ ਸੱਚੇ ਸ਼ਹਿਨਸ਼ਾਹੀਆ । ਚਾਰੋਂ ਕੁੰਟ ਅੰਧੇਰ ਤਾਰੀਕ, ਅੰਧ ਅਗਿਆਨ ਗਿਆ ਛਾਈਆ । ਸਚ ਮਿਲੇ ਨਾ ਕੋਈ ਪ੍ਰੀਤ, ਪ੍ਰੀਤੀਵਾਨ ਨਾ ਕੋਇ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਪੱਲੂ ਦੇ ਫੜਾਈਆ । ਧਰਮ ਕਹੇ ਮੈਂ ਗਿਆ ਹਾਰ, ਜਿਤ ਨਜ਼ਰ ਕੋਇ ਨਾ ਆਈਆ । ਕਲਜੁਗ ਕੂੜ ਹੋਇਆ ਬਲਕਾਰ, ਬਲ ਆਪਣਾ ਰਿਹਾ ਵਖਾਈਆ । ਮੈਨੂੰ ਧੱਕ ਕੇ ਕੱਢਿਆ ਬਾਹਰ, ਘਰ ਘਰ ਆਪਣਾ ਡੇਰਾ ਲਾਈਆ । ਭਰਮੇ ਭੁੱਲੇ ਪੁਰਖ ਨਾਰ, ਨਰ ਨਰਾਇਣ ਤੇਰੀ ਸਰਨਾਈਆ । ਤੂੰ ਸਿਖਿਆ ਸਮਝਾਈ ਜੀਵ ਸੰਸਾਰ, ਗੁਰ ਅਵਤਾਰ ਕਰ ਪੜ੍ਹਾਈਆ । ਪੀਰ ਪੈਗ਼ੰਬਰ ਬੋਲ ਨਾਅਰ, ਨਾਅਰਾ ਹੱਕ ਹੱਕ ਸਮਝਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਬਣ ਲਿਖਾਰ, ਲਿਖਤ ਭਵਿਖਤ ਗਿਆ ਸਮਝਾਈਆ । ਸਚ ਧਰਮ ਦਾ ਇਕ ਵਿਹਾਰ, ਧੁਰ ਦੀ ਧਾਰ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਦੇ ਮੁਕਾਈਆ । ਧਰਮ ਕਹੇ ਮੈਂ ਡੁੱਬਾ ਡੂੰਘੀ ਗਾਰ, ਬਾਹਰ ਸਕੇ ਨਾ ਕੋਇ ਕਢਾਈਆ । ਬੀਸ ਬੀਸੇ ਕਰਾਂ ਵਿਚਾਰ, ਆਪ ਆਪਣਾ ਧਿਆਨ ਲਗਾਈਆ । ਨਵ ਨੌਂ ਨਾ ਕੋਇ ਪਿਆਰ, ਚਾਰ ਚਾਰ ਨਾ ਕੋਇ ਵਡਿਆਈਆ । ਨਵ ਸਤ ਨਾ ਕੋਇ ਧਾਰ, ਸਤਿ ਅਸਤਿ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪੱਲੂ ਦੇ ਫੜਾਈਆ । ਧਰਮ ਕਹੇ ਪ੍ਰਭ ਦੱਸ ਮੇਰਾ ਕੇਹੜਾ ਧਰਮ, ਧਰਮ ਹੱਥ ਕਿਸੇ ਨਾ ਆਇਆ । ਚਾਰ ਵਰਨ ਕਹਿਣ ਸਾਡਾ ਇਕੋ ਵਰਨ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਆਪੋ ਆਪਣਾ ਨਾਮ ਵਡਿਆਈਆ । ਬਰਨ ਅਠਾਰਾਂ ਕਹਿਣ ਸਾਡਾ ਇਹੋ ਬਰਨ, ਘਰ ਘਰ ਝਗੜਾ ਤੂ ਹੀ ਪਾਇਆ । ਮੇਰੇ ਕੋਲੋਂ ਸਾਰੇ ਡਰਨ, ਪੱਲੂ ਗੰਢ ਨਾ ਕੋਇ ਰਖਾਇਆ । ਸਾਚੇ ਵੇਹੜੇ ਕੋਈ ਨਾ ਵੜਨ, ਬੈਠੇ ਮੁਖ ਭੁਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੁਧ ਬਿਨ ਨਜ਼ਰ ਕੋਇ ਨਾ ਆਇਆ । ਮੇਰਾ ਧਰਮ ਕੇਹੜਾ ਰਾਮ, ਰਾਮ ਵਿਚ ਸਮਾਈਆ । ਮੇਰਾ ਧਰਮ ਕੇਹੜਾ ਸ਼ਾਮ, ਘਨੱਯਾ ਰੂਪ ਵਟਾਈਆ । ਮੇਰਾ ਧਰਮ ਕੇਹੜਾ ਅਮਾਮ, ਹੱਕ ਹਕੀਕਤ ਦਏ ਜਣਾਈਆ ।

੮੬੧
੧੪

ਮੇਰਾ ਧਰਮ ਕੇਹੜਾ ਪੈਗ਼ਾਮ, ਪੀਰ ਪੈਗ਼ੰਬਰ ਦਏ ਸਮਝਾਈਆ । ਮੇਰਾ ਧਰਮ ਕੇਹੜਾ ਇਸਲਾਮ, ਅਸਲੀਯਤ ਪੜਦਾ ਦੇਵੇ ਲਾਹੀਆ । ਮੇਰਾ ਧਰਮ ਕੇਹੜਾ ਸਤਿ ਨਾਮ, ਨਾਮ ਸਤਿ ਦਏ ਜਣਾਈਆ । ਮੇਰਾ ਧਰਮ ਕੇਹੜਾ ਗ਼ੁਲਾਮ, ਬਣ ਬਰਦਾ ਸੇਵ ਕਮਾਈਆ । ਮੇਰਾ ਨਾਮ ਕੇਹੜਾ ਨਿਸ਼ਾਨ, ਸਚ ਨਿਸ਼ਾਨਾ ਦਏ ਝੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਦੇ ਦ੍ਰਿੜਾਈਆ । ਮੇਰਾ ਧਰਮ ਕੌਣ ਰੂਪ, ਨੇਤਰ ਨਜ਼ਰ ਕੋਇ ਨਾ ਆਇੰਦਾ । ਕਵਣ ਦਿਸ਼ਾ ਵਸਾਂ ਕੂਟ, ਕਵਣ ਘਰ ਡੇਰਾ ਲਾਇੰਦਾ । ਕਵਣ ਦੇਵੇ ਸਚ ਸਬੂਤ, ਸਾਚੀ ਸਿਖਿਆ ਇਕ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਤੇਰੇ ਦਰ ਖੁਲ੍ਹਾਇੰਦਾ । ਸਚ ਧਰਮ ਕਹੇ ਮੈਂ ਹੋਇਆ ਮਜਬੂਰ, ਮਜਬੂਰੀ ਆਪਣੀ ਰਿਹਾ ਜਣਾਈਆ । ਚਾਰੋਂ ਕੁੰਟ ਅਗਨੀ ਤਪੇ ਤੰਦੂਰ, ਸੀਤਲ ਧਾਰ ਨਾ ਕੋਇ ਵਖਾਈਆ । ਬਲਧਾਰੀ ਹੋਇਆ ਕੂੜ, ਕੂੜੀ ਕਿਰਿਆ ਰਿਹਾ ਕਮਾਈਆ । ਮੈਂ ਉਹਦੇ ਅੱਗੇ ਹੋਇਆ ਮੂੜ੍ਹ, ਮੈਨੂੰ ਸਮਝ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣੀ ਸਚ ਸਰਨਾਈਆ । ਸਚ ਧਰਮ ਕਹੇ ਮੈਨੂੰ ਲੱਗਾ ਧੱਕਾ, ਕਲਜੁਗ ਅੰਤਮ ਵਾਰੀ ਆਈਆ । ਮੈਂ ਛੱਡ ਮਦੀਨਾ ਮੱਕਾ, ਹੁਜਰਾ ਹੱਕ ਗਿਆ ਤਜਾਈਆ । ਬਣ ਨਿਮਾਣਾ ਉਠ ਕੇ ਭੱਜਾ, ਨੱਠਾ ਵਾਹੋ ਦਾਹੀਆ । ਸਾਚਾ ਘਰ ਕੋਈ ਨਾ ਲੱਭਾ, ਜਿਸ ਘਰ ਬਹਿ ਬਹਿ ਡੇਰਾ ਲਾਈਆ । ਜੰਗਲ ਜੂਹ ਉਜਾੜ ਪਹਾੜ ਪਾਰ ਕਰਦਾ ਆਇਆ ਹੱਦਾ, ਹੱਦ ਇਕੋ ਵੇਖ ਵਖਾਈਆ । ਜਿਸ ਦੁਆਰੇ ਸ੍ਰੀ ਭਗਵਾਨ ਸਜਾ, ਸ਼ਾਹ ਪਾਤਸ਼ਾਹ ਡੇਰਾ ਲਾਈਆ । ਆਦਿ ਜੁਗਾਦਿ ਜੁਗ ਚੌਕੜੀ ਜਿਸ ਨੇ ਪੜਦਾ ਕੱਜਾ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਬਖ਼ਸ਼ ਸੱਚੀ ਸਰਨਾਈਆ । ਮੰਦਰ ਮੱਠ ਪਈ ਮਾਰ, ਬੌਹੜੀ ਬੌਹੜੀ ਰਿਹਾ ਕੁਰਲਾਈਆ । ਮੇਰੀ ਖਲੜੀ ਦਿਤੀ ਉਤਾਰ, ਤਰਸ ਜ਼ਰਾ ਨਾ ਕੋਇ ਕਮਾਈਆ । ਸਭ ਨੇ ਕਿਹਾ ਹੋ ਖ਼ਬਰਦਾਰ, ਉਚੀ ਕੂਕ ਕੂਕ ਜਣਾਈਆ । ਦਰ ਦਰਵਾਜਿਉਂ ਹੋ ਜਾ ਬਾਹਰ, ਪੰਡਤ ਪਾਂਧਾ ਰਿਹਾ ਸਮਝਾਈਆ । ਤੇਰਾ ਏਥੇ ਨਹੀਂ ਕੋਈ ਵਿਹਾਰ, ਮਾਇਆ ਮਮਤਾ ਬੈਠੀ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣੀ ਮਾਣ ਵਡਿਆਈਆ । ਪ੍ਰਭ ਮੈਂ ਵੜਿਆ ਗੁਰੂਦੁਆਰ, ਇਕ ਤੇਰੀ ਆਸ ਰਖਾਈਆ । ਓਨ੍ਹਾਂ ਸੁੱਟਿਆ ਮੂੰਹ ਦੇ ਭਾਰ, ਮੇਰੇ ਹੱਡ ਪੈਰ ਤੁੜਾਈਆ । ਉਠ ਉਠ ਰੋਵਾਂ ਜ਼ਾਰੋ ਜ਼ਾਰ, ਜ਼ੋਰ ਚਲੇ ਕੋਈ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣੀ ਸਚ ਸਰਨਾਈਆ । ਪ੍ਰਭੂ ਮੈਂ ਗਿਆ ਕਲਜੁਗ ਸੰਤਾਂ ਕੋਲ, ਬਣ ਪਾਂਧੀ ਪੰਧ ਮੁਕਾਈਆ । ਅੱਗੇ ਵੇਖਿਆ ਮਾਇਆ ਨਾਲ ਕਰਨ ਘੋਲ, ਦਿਵਸ ਰੈਣ ਖੇਲ ਖਲਾਈਆ । ਮੈਨੂੰ ਵੇਖ ਕਰਨ ਮਖ਼ੌਲ, ਬੇਹੱਯਾ ਰਹੇ ਜਣਾਈਆ । ਪਿਛੇ ਮੁੜ ਜਾ ਸਾਡੀ ਖ਼ਾਲੀ ਕਰਦੇ ਧੌਲ, ਧਰਨੀ ਉਤੇ ਰਹਿਣ ਨਾ ਪਾਈਆ । ਸਾਡੇ ਕੋਲ ਕਾਮ ਕਰੋਧ ਵਸਤ ਅਨਮੋਲ, ਤੇਰੀ ਲੋੜ ਰਹੀ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਦੇਣਾ ਸਾਚਾ ਵਰ, ਦਰ ਤੇਰੇ ਆਸ ਰਖਾਈਆ । ਮੈਂ ਗਿਆ ਤੀਰਥ ਤਟ, ਠੰਡੇ ਜਲ ਆਸ ਰਖਾਈਆ । ਓਥੇ ਵੇਖੇ ਕਾਮਨਾ ਹੱਟ, ਦੂਜੀ ਵਸਤ ਨਜ਼ਰ ਨਾ ਆਈਆ । ਮੇਰਾ ਫੜ ਕੇ ਸੀਸ ਦਿਤਾ ਕੱਟ, ਧੜ ਖ਼ਾਕ ਵਿਚ ਮਿਲਾਈਆ । ਮੈਂ ਧਿਆਨ ਪ੍ਰਭੂ ਤੇਰਾ ਕੀਤਾ ਝੱਟ, ਤੂੰ ਸਾਹਿਬ ਹੋਇਉਂ ਸਹਾਈਆ । ਤ੍ਰਬੈਣੀ ਰੱਖੀ ਪਤ, ਸਿਰ ਮੇਰੇ ਹੱਥ ਟਿਕਾਈਆ । ਇਕੀ ਸਿਖਾਂ ਮੇਰਾ ਕੀਤਾ ਪੱਖ,

ਮੇਰਾ ਜੀਵਣ ਫੇਰ ਬਦਲਾਈਆ । ਮੈਂ ਸਭ ਦਾ ਖਹਿੜਾ ਛੱਡ ਕੇ ਆਇਆ ਨੱਠ, ਪਿਛਾ ਫੇਰ ਵੇਖਣ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਤੇਰਾ ਰਾਹ ਤਕਾਈਆ । ਧਰਮ ਕਹੇ ਮੈਂ ਗਿਆ ਥੱਕ, ਬਲਹੀਣ ਦਿਆਂ ਦੁਹਾਈਆ । ਕਲਜੁਗ ਅੰਤਮ ਗਿਆ ਅੱਕ, ਆਪਣਾ ਆਪ ਮਿਟਾਈਆ । ਚਾਰੋਂ ਕੁੰਟ ਲੱਖ ਚੁਰਾਸੀ ਦਿਤਾ ਧੱਕ, ਥਿਰ ਨਜ਼ਰ ਕੋਇ ਨਾ ਆਈਆ । ਮੇਰੀ ਸਿਫ਼ਤ ਰਹੀ ਨਾ ਕੱਖ, ਲੱਖੋਂ ਕੱਖ ਰੂਪ ਵਟਾਈਆ । ਮੇਰਾ ਰਿਹਾ ਕੋਈ ਨਾ ਹੱਕ, ਖ਼ਾਲੀ ਹੱਥ ਫਿਰਾਂ ਵਾਹੋ ਦਾਹੀਆ । ਕੂੜ ਕੁੜਿਆਰਾ ਕਰੇ ਖੇਲ ਤੇਰੇ ਹੁਕਮ ਅੰਦਰ ਸਮਰਥ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਤੁਧ ਬਿਨ ਨਜ਼ਰ ਕੋਇ ਨਾ ਆਈਆ । ਸ੍ਰੀ ਭਗਵਾਨ ਉਠ ਵੇਖ ਮਾਤ, ਆਪ ਆਪਣਾ ਨੈਣ ਖੁਲ੍ਹਾਈਆ । ਸ੍ਰਿਸ਼ਟ ਸਬਾਈ ਬਣੀ ਨਾਰ ਕਮਜ਼ਾਤ, ਸਚ ਕੰਤ ਨਾ ਕੋਇ ਹੰਡਾਈਆ । ਘਰ ਵਸਤ ਨਾ ਕਿਸੇ ਦਾਤ, ਨਾਮ ਝੋਲੀ ਨਾ ਕੋਇ ਭਰਾਈਆ । ਕੂੜੀ ਕਿਰਿਆ ਗਾਵਣ ਗਾਥ, ਗੁਰ ਸ਼ਬਦ ਨਾ ਰਾਗ ਅਲਾਈਆ । ਮਾਇਆ ਮਮਤਾ ਟਿੱਕਾ ਮਾਥ, ਮਸਤਕ ਨੂਰ ਨਾ ਕੋਇ ਰੁਸ਼ਨਾਈਆ । ਚੋਰਾਂ ਯਾਰਾਂ ਠੱਗਾਂ ਬਣਿਆ ਸਾਥ, ਸੰਤ ਸੱਜਣ ਨਜ਼ਰ ਕੋਇ ਨਾ ਆਈਆ । ਚਾਰ ਵਰਨ ਅੰਧੇਰੀ ਰਾਤ, ਚਾਰੋਂ ਕੁੰਟ ਸਾਚਾ ਨੂਰ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਲਏ ਅੰਗੜਾਈਆ । ਉਠ ਪ੍ਰਭ ਮਾਰ ਧਿਆਨ, ਮੇਰੀ ਤੇਰੇ ਅੱਗੇ ਅਰਜ਼ੋਈਆ । ਘਰ ਘਰ ਵੜਿਆ ਵੇਖ ਸ਼ੈਤਾਨ, ਸ਼ਰਅ ਕਰੇ ਲੜਾਈਆ । ਦੀਨ ਮਜ਼੍ਹਬ ਹੋਏ ਪਰਧਾਨ, ਆਪ ਆਪਣਾ ਹੁਕਮ ਵਰਤਾਈਆ । ਸਾਰੇ ਕਹਿੰਦੇ ਗੁਰੂ ਅਵਤਾਰ ਪੀਰ ਪੈਗ਼ੰਬਰ ਸਾਡਾ ਨਿਸ਼ਾਨ, ਜਗਤ ਨਿਸ਼ਾਨਾ ਰਹੇ ਵਖਾਈਆ । ਤੇਰਾ ਨਾਉਂ ਭੁੱਲਿਆ ਸ੍ਰੀ ਭਗਵਾਨ, ਤੇਰੀ ਆਣ ਨਾ ਕੋਇ ਰਖਾਈਆ । ਤੂੰ ਬਣ ਕੇ ਬੈਠਾ ਰਿਹੋਂ ਨਾਦਾਨ, ਆਪਣੀ ਅੱਖ ਨਾ ਕੋਇ ਖੁਲ੍ਹਾਈਆ । ਸਚਖੰਡ ਵਸਿਉਂ ਇਕ ਮਕਾਨ, ਮਕਬਰਾ ਰੂਪ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਤੇਰੇ ਅਲਖ ਜਗਾਈਆ । ਉਠ ਪ੍ਰਭ ਵੇਖ ਹਾਲ, ਹਾਲਤ ਸਭ ਦੀ ਰਿਹਾ ਜਣਾਈਆ । ਚਾਰੋਂ ਕੁੰਟ ਅਵਲੱੜੀ ਚਾਲ, ਸਾਚਾ ਰਾਹ ਨਜ਼ਰ ਕਿਸੇ ਨਾ ਆਈਆ । ਕੂੜੀ ਕਿਰਿਆ ਬਣ ਦਲਾਲ, ਜੂਠ ਝੂਠ ਵਣਜ ਵਖਾਈਆ । ਫਲ ਦਿਸੇ ਨਾ ਕਿਸੇ ਡਾਲ, ਪੱਤ ਨਜ਼ਰ ਕੋਇ ਨਾ ਆਈਆ । ਬਿਨ ਹਰਿ ਨਾਮੇ ਖ਼ਾਲੀ ਦਿਸੇ ਕਾਇਆ ਮਾਟੀ ਖਾਲ, ਨਾਉਂ ਨਿਰੰਕਾਰਾ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਦੇ ਵਖਾਈਆ । ਉਠ ਪ੍ਰਭੂ ਵੇਖ ਨਜ਼ਾਰਾ, ਕਲਜੁਗ ਅੰਤਮ ਧਿਆਨ ਲਗਾਈਆ । ਚਾਰੋਂ ਕੁੰਟ ਮਨਮਤ ਹੋਏ ਮੁਜ਼ਾਹਰਾ, ਤੇਰਾ ਨਾਮ ਨਾ ਕੋਇ ਵਡਿਆਈਆ । ਮੈਨੂੰ ਮਿਲੇ ਨਾ ਕੋਇ ਸਹਾਰਾ, ਸਿਰ ਹੱਥ ਨਾ ਕੋਇ ਟਿਕਾਈਆ । ਧਰਨੀ ਦਿਤਾ ਨਾ ਕੋਇ ਕਿਨਾਰਾ, ਹੱਥ ਹੱਥ ਨਾ ਕੋਇ ਮਿਲਾਈਆ । ਮੈਂ ਨੇਤਰ ਰੋਵਾਂ ਜ਼ਾਰੋ ਜ਼ਾਰਾ, ਜ਼ਾਹਰ ਹੋ ਕੇ ਰਿਹਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਤੇਰੇ ਆਸ ਰਖਾਈਆ । ਸਚ ਧਰਮ ਕਹੇ ਤੂੰ ਲਿਆ ਅਵਤਾਰ, ਨਿਰਗੁਣ ਤੇਰੀ ਬੇਪਰਵਾਹੀਆ । ਸੁੱਤਾ ਰਿਹੋਂ ਪੈਰ ਪਸਾਰ, ਉਨੀ ਸਾਲ ਨਾ ਅੱਖ ਖੁਲ੍ਹਾਈਆ । ਮੈਂ ਕਰਦਾ ਰਿਹਾ ਪੁਕਾਰ, ਦਿਵਸ ਰੈਣ ਜਣਾਈਆ । ਕਰ ਕਿਰਪਾ ਸਿਰਜਣਹਾਰ, ਤੇਰੀ ਇਕ ਆਸ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਮਿਹਰ ਨਜ਼ਰ ਨੈਣ ਉਠਾਈਆ ।

ਸ੍ਰੀ ਭਗਵਾਨ ਹੋ ਕਿਰਪਾਲ, ਮਿਹਰਵਾਨ ਜਣਾਇੰਦਾ । ਉਠ ਲਾਡਲੇ ਮੇਰੇ ਲਾਲ, ਲਾਲਨ ਸਾਚਾ ਗੋਦ ਬਹਾਇੰਦਾ । ਤੇਰੀ ਬਣਾਏ ਸੱਚੀ ਧਰਮਸਾਲ, ਧਰਮ ਦੁਆਰਾ ਇਕ ਪਰਗਟਾਇੰਦਾ । ਜਨ ਭਗਤਾਂ ਰੱਖੇ ਤੇਰੇ ਨਾਲ, ਸਾਚਾ ਸੰਗ ਨਿਭਾਇੰਦਾ । ਜਗਤ ਅਵਲੱੜੀ ਚਲੇ ਚਾਲ, ਨਿਰਾਲੀ ਧਾਰ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਲਹਿਣਾ ਝੋਲੀ ਪਾਇੰਦਾ । ਉਠ ਧਰਮ ਸੁਤ ਦੁਲਾਰੇ, ਪ੍ਰਭ ਦੇਵਣਹਾਰ ਵਡਿਆਈਆ । ਤੇਰਾ ਮਹੱਲ ਇਕ ਉਸਾਰੇ, ਅਟੱਲ ਰੂਪ ਵਖਾਈਆ । ਸਤਿ ਸਤਿ ਦਏ ਹੁਲਾਰੇ, ਮਿਹਰਵਾਨ ਹੋਏ ਸਹਾਈਆ । ਤੇਰੇ ਨਾਮ ਦੇ ਸਚ ਜੈਕਾਰੇ, ਢੋਲੇ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਵੇਖੇ ਮਜ਼੍ਹਬ, ਦੀਨ ਦੁਨੀ ਫੋਲ ਫੁਲਾਇੰਦਾ । ਤੈਨੂੰ ਦੇਵੇ ਅੰਤਮ ਰੂਪ ਸਿਰ ਤੇਰੇ ਹੱਥ ਟਿਕਾਇੰਦਾ । ਬੀਸ ਬੀਸਾ ਤੇਰਾ ਲੋਕਮਾਤ ਲਗਾਏ ਕਦਮ, ਸਚ ਨਿਸ਼ਾਨ ਇਕ ਪਰਗਟਾਇੰਦਾ । ਧਾਰਾ ਧਾਰਾ ਵਿਚੋਂ ਦੇਵੇ ਬਦਲ, ਬਦਲੀ ਆਪਣੇ ਹੱਥ ਰਖਾਇੰਦਾ । ਸਚ ਸਵਾਮੀ ਕਰੇ ਅਦਲ, ਇਨਸਾਫ਼ ਇਕੋ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਇੰਦਾ । ਸਤਿ ਧਰਮ ਤੇਰਾ ਦੱਸੇ ਅਸਲਾਮ, ਇਸਮ ਆਜ਼ਮ ਆਪ ਜਣਾਈਆ । ਪਰਵਰਦਿਗਾਰ ਇਕ ਕਲਾਮ, ਕਲਮਾ ਨਬੀ ਰਸੂਲ ਸਮਝਾਈਆ । ਸਤਿ ਸਤਿ ਦਾ ਸਤਿ ਪੈਗ਼ਾਮ, ਸਤਿ ਪੁਰਖ ਨਿੰਰਜਣ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਈਮਾਨ ਦਏ ਵਡਿਆਈਆ । ਸਚ ਧਰਮ ਤੇਰਾ ਸਚ ਈਮਾਨ, ਇਬਾਦਤ ਇਕੋ ਇਕ ਸਮਝਾਇੰਦਾ । ਇਕੋ ਨੂਰ ਇਕ ਅਮਾਮ, ਇਸ਼ਟ ਇਕੋ ਇਕ ਵਖਾਇੰਦਾ । ਇਕੋ ਕਲਮਾ ਨਬੀ ਕਲਾਮ, ਕਾਇਨਾਤ ਇਕ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਚਰਨ ਮਾਤ ਟਿਕਾਇੰਦਾ । ਸਤਿ ਧਰਮ ਤੇਰਾ ਨਾਮ ਸਤਿ, ਸਤਿ ਸਤਿ ਦਏ ਵਡਿਆਈਆ । ਦੇਵਣਹਾਰਾ ਬ੍ਰਹਮ ਮਤ, ਬ੍ਰਹਮ ਵਿਦਿਆ ਕਰੇ ਪੜ੍ਹਾਈਆ । ਭਗਤ ਭਗਵਾਨ ਕਰ ਪਰਗਟ, ਪਰਗਟ ਤੇਰੇ ਨਾਲ ਮਲਾਈਆ । ਸਚ ਦੁਆਰਾ ਖੋਲ੍ਹ ਹੱਟ, ਇਕੋ ਵਸਤ ਵਿਕਾਈਆ । ਇਕੋ ਤੀਰਥ ਇਕੋ ਤਟ, ਕਿਨਾਰਾ ਇਕੋ ਦਏ ਸੁਹਾਈਆ । ਇਕੋ ਦੀਨ ਇਕੋ ਮਜ਼੍ਹਬ, ਇਕੋ ਪੁਰਖ ਅਕਾਲ ਸਮਰਥ, ਇਕੋ ਨੂਰ ਨਜ਼ਰੀ ਆਈਆ । ਇਕੋ ਸ਼ਬਦ ਇਕੋ ਨਾਦ ਇਕੋ ਮਹਿਮਾ ਜਣਾਏ ਅਕੱਥ, ਇਕੋ ਰਾਮ ਰਾਮ ਵਡਿਆਈਆ । ਇਕੋ ਖੇੜਾ ਜਾਏ ਵਸ, ਇਕੋ ਨੂਰ ਹੋਏ ਪਰਕਾਸ਼, ਜੋਤੀ ਜੋਤ ਜੋਤ ਰੁਸ਼ਨਾਈਆ । ਇਕੋ ਘਰ ਹੋਏ ਇਕੱਠ, ਗੁਰ ਅਵਤਾਰ ਪੀਰ ਪੈਗ਼ੰਬਰ ਸੱਥਰ ਬਹਿਣ ਘੱਤ, ਸੱਥਰ ਯਾਰ ਇਕ ਵਖਾਈਆ । ਦਰ ਦਰ ਘਰ ਘਰ ਨਵ ਨੌਂ ਤੇਰਾ ਹੋਵੇ ਜਸ, ਜਨ ਭਗਤ ਮਿਲਣ ਹੱਸ ਹੱਸ, ਨੇਤਰ ਨੈਣ ਨੈਣ ਉਠਾਈਆ । ਪਾਰਬ੍ਰਹਮ ਤੇਰੀ ਪੂਰੀ ਕਰੇ ਆਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਬਖ਼ਸ਼ੇ ਇਕ ਸਰਨਾਈਆ । ਸਚ ਸਰਨਾਈ ਇਕ ਜਣਾਵਾਂਗਾ । ਬੇਪਰਵਾਹੀ ਖੇਲ ਖਲਾਵਾਂਗਾ । ਪਾਂਧੀ ਰਾਹੀ ਪੰਧ ਮੁਕਾਵਾਂਗਾ । ਸਾਚਾ ਛੰਦ ਨਾਮ ਸੁਣਾਵਾਂਗਾ । ਟੁੱਟੀ ਤੰਦ ਗੰਢ ਵਖਾਵਾਂਗਾ । ਸੂਰਾ ਸਰਬੰਗ ਨਾਮ ਉਪਜਾਵਾਂਗਾ । ਸਾਚਾ ਮਰਦੰਗ ਇਕ ਸੁਣਾਵਾਂਗਾ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾ ਲੰਘ, ਘਰ ਸਾਚੇ ਡੇਰਾ ਲਾਵਾਂਗਾ । ਕਲਜੁਗ ਤੋੜ ਕੂੜਾ ਘਮੰਡ, ਖ਼ਾਕੀ ਖ਼ਾਕ ਵਿਚ ਮਿਲਾਵਾਂਗਾ । ਨਾਤਾ ਵੇਖ ਜੇਰਜ ਅੰਡ, ਉਤਭੁਜ ਸੇਤਜ ਫੋਲ ਫੋਲਾਵਾਂਗਾ । ਸਤਿ ਧਰਮ ਤੇਰੀ ਪੂਰੀ ਕਰਾਂ ਉਮੰਗ, ਮਿਹਰ ਨਜ਼ਰ ਇਕ ਉਠਾਵਾਂਗਾ । ਸਤਿਜੁਗ

ਸਾਚੇ ਚਾੜ੍ਹਾਂ ਰੰਗ, ਰੰਗ ਇਕੋ ਇਕ ਰੰਗਾਵਾਂਗਾ । ਤੇਰੀ ਕੱਟ ਭੁੱਖ ਨੰਗ, ਵਸਤ ਅਮੋਲਕ ਝੋਲੀ ਪਾਵਾਂਗਾ । ਜਨ ਭਗਤਾਂ ਬਣੇ ਸੰਗ, ਸਾਚਾ ਬੇੜਾ ਬੰਨ੍ਹ ਤਰਾਵਾਂਗਾ । ਪਿਛਲੀ ਕੀਤੀ ਪਿਛੇ ਗਈ ਹੰਢ, ਅੱਗੇ ਇਕੋ ਰਾਹ ਵਖਾਵਾਂਗਾ । ਨਿਰਗੁਣ ਹੋ ਕੇ ਚਾੜ੍ਹ ਚੰਦ, ਜੋਤੀ ਨੂਰ ਨੂਰ ਚਮਕਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਤੇਰਾ ਮਾਰਗ ਇਕ ਵਖਾਵਾਂਗਾ । ਕੀ ਪ੍ਰਭ ਮੇਰਾ ਮਾਰਗ ਲਾਵੇਂਗਾ । ਉਜੜਿਆ ਫੇਰ ਵਸਾਵੇਂਗਾ । ਮੂਧੇ ਭਾਰ ਡਿਗਾ ਪਕੜ ਉਠਾਵੇਂਗਾ । ਗੁੱਝੇ ਭੇਵ ਖੁਲਾਵੇਂਗਾ । ਇਕ ਦੂਜੇ ਭੌ ਚੁਕਾਵੇਂਗਾ । ਨੇਤਰ ਤੀਜੇ ਸਭ ਨੂੰ ਨਜ਼ਰੀ ਆਵੇਂਗਾ । ਚੌਥੇ ਘਰ ਗੁਰਮੁਖ ਬਹਾਵੇਂਗਾ । ਪੰਚਮ ਆਪਣਾ ਰਾਗ ਸੁਣਾਵੇਂਗਾ । ਛੇਵੇਂ ਛੱਪਰ ਛੰਨ ਵਡਿਆਵੇਂਗਾ । ਸੱਤਵੇਂ ਸਤਿ ਸਤਿਵਾਦੀ ਫੇਰਾ ਪਾਵੇਂਗਾ । ਅੱਠਵੇਂ ਅੱਠਾਂ ਤੱਤਾਂ ਰੰਗ ਰੰਗਾਵੇਂਗਾ । ਨਾਵੇਂ ਨੌਂ ਦਰ ਪੜਦਾ ਲਾਹਵੇਂਗਾ । ਦਸਵੇਂ ਦਸਮ ਦੁਆਰੀ ਮੇਲ ਮਿਲਾਵੇਂਗਾ । ਘਰ ਇਕੋ ਇਕ ਵਖਾਵੇਂਗਾ । ਵੱਡਾ ਨਿੱਕਾ ਗੋਦ ਬਹਾਵੇਂਗਾ । ਮਸਤਕ ਟਿੱਕਾ ਨਾਮ ਲਗਾਵੇਂਗਾ । ਰਸ ਫਿੱਕਾ ਕੂੜ ਕੂੜਾਵਾ ਮੇਟ ਮਿਟਾਵੇਂਗਾ । ਮੇਰਾ ਦੇ ਕੇ ਮੈਨੂੰ ਹਿੱਸਾ, ਮੇਰਾ ਹੱਕ ਪੂਰ ਕਰਾਵੇਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਵਸਤ ਤੇਰੀ ਝੋਲੀ ਪਾਵਾਂਗਾ । ਸਚ ਧਰਮ ਤੇਰਾ ਮਾਰਗ ਲਾਵਾਂਗਾ । ਨਵ ਨੌਂ ਇਕੋ ਰਾਹ ਵਖਾਵਾਂਗਾ । ਬਣ ਮਲਾਹ ਬੇੜਾ ਚਲਾਵਾਂਗਾ । ਸਚ ਸਲਾਹ ਇਕ ਸਮਝਾਵਾਂਗਾ । ਨਰ ਨਰਾਇਣ ਨਾਉਂ ਜਪਾਵਾਂਗਾ । ਸੋਹੰ ਢੋਲਾ ਸੁਣਾਵਾਂਗਾ । ਪੜਦਾ ਉਹਲਾ ਸਰਬ ਉਠਾਵਾਂਗਾ । ਦੀਨ ਮਜ਼੍ਹਬ ਮਿਟਾਵਾਂਗਾ । ਜ਼ਾਤ ਪਾਤ ਨਾ ਕੋਇ ਰਖਾਵਾਂਗਾ । ਚਰਨ ਨਾਤ ਇਕ ਬੰਧਾਵਾਂਗਾ । ਮਨਮਤ ਨਾਰ ਕਮਜ਼ਾਤ ਬਾਹਰ ਕਢਾਵਾਂਗਾ । ਜਨ ਭਗਤਾਂ ਦੇ ਕੇ ਦਾਤ, ਚਰਨ ਪ੍ਰੀਤੀ ਜੋੜ ਜੁੜਾਵਾਂਗਾ । ਕਲਜੁਗ ਮੇਟ ਅੰਧੇਰੀ ਰਾਤ, ਸਤਿਜੁਗ ਸਾਚਾ ਚੰਦ ਚਮਕਾਵਾਂਗਾ । ਕੂੜੀ ਕਿਰਿਆ ਡੂੰਘੇ ਖਾਤ, ਸ਼ੌਹ ਦਰਯਾ ਆਪ ਰੁੜ੍ਹਾਵਾਂਗਾ । ਸਾਚੇ ਧਰਮ ਤੇਰਾ ਡੇਰਾ ਭਗਤਾਂ ਪਾਸ, ਭਗਤ ਦੁਆਰੇ ਤੇਰੀ ਜੜ ਲਗਾਵਾਂਗਾ । ਤੇਰੀ ਪੂਰੀ ਕਰਕੇ ਆਸ, ਪਿਛਲੀ ਤ੍ਰਿਸਨਾ ਸਰਬ ਮਿਟਾਵਾਂਗਾ । ਅੱਗੇ ਕਰ ਕੇ ਦਾਸੀ ਦਾਸ, ਧੁਰ ਸੰਦੇਸਾ ਹੁਕਮ ਜਣਾਵਾਂਗਾ । ਜਨ ਭਗਤਾਂ ਸੇਵਾ ਕਰਨੀ ਖ਼ਾਸ, ਖ਼ਾਲਸ ਤੇਰਾ ਰੂਪ ਵਖਾਵਾਂਗਾ । ਵੇਖੀਂ ਬਣ ਨਾ ਜਾਈਂ ਬਦਮੁਆਸ਼, ਮੁਆਸ਼ੀ ਬਦ ਵਿਚੋਂ ਬਾਹਰ ਕਢਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਮੰਦਰ ਇਕ ਵਸਾਵਾਂਗਾ ।



੮੬੫ ੧੪

★ ੩੦ ਜੇਠ ੨੦੨੦ ਬਿਕ੍ਰਮੀ ਮਾਈ ਲਛਮੀ ਦੇਵੀ ਦੇ ਗ੍ਰਿਹ ਪਿੰਡ ਸੀੜ ਜੰਮੂ ★

ਸਤਿਗੁਰ ਪੂਰਾ ਸਦਾ ਮਿਹਰਵਾਨ, ਮਿਹਰ ਨਜ਼ਰ ਰਖਾਇੰਦਾ । ਬਿਰਧ ਬਾਲੇ ਤਾਰੇ ਨੌਜਵਾਨ, ਜਿਸ ਜਨ ਆਪਣੀ ਦਇਆ ਕਮਾਇੰਦਾ । ਸਚ ਧਰਮ ਵਖਾਏ ਇਕ ਨਿਸ਼ਾਨ, ਨਾਮ ਨਿਸ਼ਾਨਾ ਇਕ ਉਠਾਇੰਦਾ । ਚਰਨ ਪ੍ਰੀਤੀ ਬਖ਼ਸ਼ੇ ਪਰੇਮ ਧਿਆਨ, ਸਚ ਦੁਆਰ ਇਕ ਸਮਝਾਇੰਦਾ । ਅੰਤਰ ਅੰਤਰ ਦੇ ਗਿਆਨ, ਜਗਤ ਬਸੰਤਰ ਕੂੜ ਬੁਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਦਇਆ ਕਮਾਇੰਦਾ । ਸਤਿਗੁਰ ਪੂਰਾ ਸਦਾ ਸੰਗ, ਪ੍ਰਭ ਵਿਛੜ ਕਦੇ ਨਾ ਜਾਈਆ । ਕਾਇਆ ਚੋਲੀ ਚਾੜ੍ਹੇ ਰੰਗ, ਰੰਗ ਆਪਣਾ ਨਾਮ ਰੰਗਾਈਆ ।

ਦੂਈ ਦਵੈਤ ਢਾਹੇ ਕੰਧ, ਭਾਂਡਾ ਭਰਮ ਭੰਨਾਈਆ । ਆਤਮ ਦੇਵੇ ਇਕ ਅਨੰਦ, ਰੋਗ ਸੋਗ ਗਵਾਈਆ । ਗੀਤ ਸੁਣਾਏ ਸੁਹਾਗੀ ਛੰਦ, ਸੋਹੰ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਬਾਲੇ ਲਏ ਤਰਾਈਆ । ਸਤਿਗੁਰ ਪੂਰਾ ਸਦਾ ਸੁਹੇਲਾ, ਸਿਰ ਆਪਣਾ ਹੱਥ ਟਿਕਾਇੰਦਾ । ਜੁਗ ਜੁਗ ਕਰੇ ਸਾਚਾ ਮੇਲਾ, ਮਿਲ ਮਿਲ ਆਪਣਾ ਰਾਹ ਵਖਾਇੰਦਾ । ਵਸਣਹਾਰਾ ਧਾਮ ਨਵੇਲਾ, ਘਰ ਸਾਚੇ ਡੇਰਾ ਲਾਇੰਦਾ । ਬਣ ਬਣ ਨਰ ਹਰਿ ਸੱਜਣ ਸੁਹੇਲਾ, ਸਗਲਾ ਸੰਗ ਰਖਾਇੰਦਾ । ਮਾਣਸ ਜਨਮ ਸੁਹਾਏ ਵੇਲਾ, ਵਕਤ ਆਪਣੇ ਹੱਥ ਰਖਾਇੰਦਾ । ਭਾਗ ਲਗਾਏ ਗੁਰੂ ਗੁਰ ਚੇਲਾ, ਗੁਰ ਚੇਲਾ ਏਕੋ ਦਰ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਪੂਰਾ ਵੇਖ ਵਖਾਇੰਦਾ । ਸਤਿਗੁਰ ਪੂਰਾ ਧੁਰ ਸੰਜੋਗ, ਹਰਿ ਸੰਜੋਗੀ ਮੇਲ ਮਿਲਾਈਆ । ਜਨਮ ਕਰਮ ਦਾ ਕੱਟੇ ਰੋਗ, ਦੁੱਖ ਦਰਦ ਦਏ ਗਵਾਈਆ । ਦਰਸ ਦਿਖਾਏ ਇਕ ਅਮੋਘ, ਆਪ ਆਪਣਾ ਪਰਦਾ ਲਾਹੀਆ । ਮਾਣਸ ਜਨਮ ਨਾ ਹੋਏ ਵਜੋਗ, ਵਿਛੋੜਾ ਅੰਤ ਕੋਇ ਨਾ ਆਈਆ । ਲੇਖਾ ਚੁਕੇ ਲੋਕ ਪਰਲੋਕ, ਸਾਚੇ ਮੰਦਰ ਦਏ ਵਸਾਈਆ । ਚਰਨ ਕਵਲ ਜਣਾਏ ਓਟ, ਪੁਰਖ ਅਕਾਲ ਸੱਚੀ ਸਰਨਾਈਆ । ਕਰ ਪਰਕਾਸ਼ ਨਿਰਮਲ ਜੋਤ, ਅੰਧ ਅੰਧੇਰ ਦਏ ਗਵਾਈਆ । ਨਾਮ ਨਗਾਰਾ ਲਾਏ ਚੋਟ, ਧੁਰ ਦੀ ਬਾਣੀ ਆਪ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਸਤਿਗੁਰ ਪੂਰਾ ਗਹਿਰ ਗੰਭੀਰ, ਹਰਿ ਕਰਤਾ ਆਪ ਅਖਵਾਇੰਦਾ । ਜਨ ਭਗਤਾਂ ਕਰੇ ਠਾਂਡਾ ਸਰੀਰ, ਅਗਨੀ ਤੱਤ ਨਾ ਕੋਇ ਤਪਾਇੰਦਾ । ਅੰਮ੍ਰਿਤ ਬਖ਼ਸ਼ੇ ਨਿਝਰ ਨੀਰ, ਪਿਆਲਾ ਸੀਰ ਇਕ ਪਿਆਇੰਦਾ । ਆਤਮ ਪਰਮਾਤਮ ਮੇਲ ਮਿਲਾਏ ਅੰਤ ਅਖ਼ੀਰ, ਘਰ ਇਕੋ ਇਕ ਵਖਾਇੰਦਾ । ਲੇਖਾ ਜਾਣੇ ਹਸਤ ਕੀਟ, ਕੀਟ ਕੀਟਾਂ ਡੇਰਾ ਲਾਇੰਦਾ । ਸੱਜਣ ਸੁਹੇਲਾ ਬਣ ਕੇ ਮੀਤ, ਮਿੱਤਰ ਪਿਆਰਾ ਵੇਖ ਵਖਾਇੰਦਾ । ਸਚ ਸੁਣਾਏ ਇਕੋ ਗੀਤ, ਆਪਣਾ ਰਾਗ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਆਪਣਾ ਖੇਲ ਖਲਾਇੰਦਾ । ਸਤਿਗੁਰ ਪੂਰਾ ਰੰਗ ਰੰਗੀਲਾ, ਰੰਗ ਰਾਤਾ ਵਡ ਵਡਿਆਈਆ । ਆਦਿ ਜੁਗਾਦਿ ਜੁਗ ਚੌਕੜੀ ਛੈਲ ਛਬੀਲਾ, ਜੋਬਨ ਇਕੋ ਇਕ ਹੰਡਾਈਆ । ਨਿਰਗੁਣ ਸਰਗੁਣ ਬਣ ਵਸੀਲਾ, ਦਰ ਘਰ ਸਾਚਾ ਵੇਖ ਵਖਾਈਆ । ਭਗਤ ਭਗਵਾਨ ਬਣਾਏ ਕਬੀਲਾ, ਬੰਸ ਸਰਬੰਸ ਆਪ ਵਡਿਆਈਆ । ਵੇਖਣਹਾਰਾ ਪਰਬਤ ਉਚਾ ਟੀਲਾ, ਕਾਇਆ ਗੜ੍ਹੀ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਸਰਨਾਈਆ । ਸਤਿਗੁਰ ਪੂਰਾ ਸਤਿ ਸਰੂਪ, ਸਤਿ ਸਤਿਵਾਦੀ ਇਕ ਅਖਵਾਇੰਦਾ । ਵਸਣਹਾਰਾ ਚਾਰੇ ਕੂਟ, ਦਹਿ ਦਿਸ਼ਾ ਡੇਰਾ ਲਾਇੰਦਾ । ਨਾਤਾ ਤੋੜ ਜੂਠ ਝੂਠ, ਸਚ ਸੁੱਚ ਇਕ ਸਮਝਾਇੰਦਾ । ਗੁਰਸਿਖ ਬਣਾਏ ਆਪਣੇ ਪੂਤ, ਫੜ ਬਾਂਹੋਂ ਗੋਦ ਬਹਾਇੰਦਾ । ਸਚ ਸੁਹੰਜਣੀ ਸੁਹਾਏ ਰੁੱਤ, ਰੁੱਤ ਰੁੱਤੜੀ ਆਪ ਮਹਿਕਾਇੰਦਾ । ਜਨਮ ਕਰਮ ਦੀ ਮੇਟੇ ਭੁੱਖ, ਤ੍ਰਿਸਨਾ ਹੋਰ ਨਾ ਕੋਇ ਵਧਾਇੰਦਾ । ਕਰੋਧ ਹੰਕਾਰਾ ਕੱਢੇ ਕੁੱਟ, ਲੋਭ ਮੋਹ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਪੂਰਾ ਵੇਖ ਵਖਾਇੰਦਾ । ਸਤਿਗੁਰ ਪੂਰਾ ਦਾਤਾ ਦਾਨੀ, ਦਇਆਵਾਨ ਅਖਵਾਇੰਦਾ । ਜੁਗ ਚੌਕੜੀ ਖੇਲ ਮਹਾਨੀ, ਮਹਾਂਬਲੀ ਆਪ ਵਖਾਇੰਦਾ । ਸੰਤ ਸੁਹੇਲੇ ਕਰ ਪਰਵਾਨੀ, ਨਾਮ ਪਰਵਾਨਾ ਹੱਥ ਫੜਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਮੰਗਦਾ ਰਿਹਾ ਕੁਰਬਾਨੀ, ਸੀਸ ਧੜ ਵੰਡ ਵੰਡਾਇੰਦਾ । ਕਲਜੁਗ ਅੰਤ ਆਪਣੀ ਦੇਵੇ ਨਾਮ

ਨਿਸ਼ਾਨੀ, ਨਾਉਂ ਨਿਧਾਨਾ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਇੰਦਾ । ਸਤਿਗੁਰ ਪੂਰਾ ਜ਼ਾਹਰ ਜ਼ਹੂਰ, ਇਕੋ ਇਕ ਇਕ ਅਖਵਾਈਆ । ਜਨ ਭਗਤ ਦੁਆਰੇ ਬਣਿਆ ਰਹੇ ਮਜ਼ਦੂਰ, ਬਣ ਸੇਵਕ ਸੇਵ ਕਮਾਈਆ । ਹੰਕਾਰ ਵਿਕਾਰ ਨਾ ਕੋਇ ਗ਼ਰੂਰ, ਪਰੇਮ ਪ੍ਰੀਤੀ ਵਿਚ ਸਮਾਈਆ । ਨਾ ਨੇੜੇ ਨਾ ਵਸੇ ਦੂਰ, ਹਰ ਘਟ ਡੇਰਾ ਲਾਈਆ । ਕਰ ਕਿਰਪਾ ਬਖ਼ਸ਼ੇ ਆਪਣਾ ਨੂਰ, ਮੰਗਣ ਦਰ ਕਿਸੇ ਨਾ ਜਾਈਆ । ਆਸਾ ਮਨਸਾ ਕਰੇ ਪੂਰ, ਤ੍ਰਿਸਨਾ ਭੁੱਖ ਗਵਾਈਆ । ਸਦਾ ਸੁਹੇਲਾ ਹਾਜ਼ਰ ਹਜ਼ੂਰ, ਘਰ ਵਸੇ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸਾਹਿਬ ਇਕ ਵਡਿਆਈਆ । ਸਤਿਗੁਰ ਪੂਰਾ ਸੱਚਾ ਸਾਹਿਬ, ਪੁਰਖ ਅਕਾਲ ਆਪ ਅਖਵਾਇੰਦਾ । ਗੁਰ ਗੁਰ ਰੁਤਬਾ ਦੇਵੇ ਨਾਇਬ, ਪੰਜ ਤੱਤ ਮਾਣ ਰਖਾਇੰਦਾ । ਆਪ ਹੋਇਆ ਰਹੇ ਗ਼ਾਇਬ, ਨਿਰਗੁਣ ਨਿਰਵੈਰ ਨਜ਼ਰ ਕਿਸੇ ਨਾ ਆਇੰਦਾ । ਖੇਲ ਕਰੇ ਇਕ ਅਜਾਇਬ, ਅਜ਼ੀਬ ਆਪਣੀ ਧਾਰ ਵਖਾਇੰਦਾ । ਸਾਚਾ ਹੁਕਮ ਕਰੇ ਆਇਦ, ਕਾਨੂੰਨ ਇਕੋ ਇਕ ਰਖਾਇੰਦਾ । ਕਰੇ ਖੇਲ ਨਰ ਹਰਿ ਵਾਹਦ, ਵਾਹਵਾ ਆਪਣਾ ਖੇਲ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸਾਚਾ ਸਾਚੀ ਕਾਰ ਕਮਾਇੰਦਾ । ਸਤਿਗੁਰ ਸੱਚਾ ਸੱਚਾ ਰਾਮ, ਹਰਿ ਇਕੋ ਇਕ ਵਡਿਆਈਆ । ਦੇਵਣਹਾਰਾ ਧੁਰ ਦਾ ਨਾਮ, ਨਾਉਂ ਨਿੰਰਕਾਰਾ ਕਰੇ ਪੜ੍ਹਾਈਆ । ਪਿਆਵਣਹਾਰਾ ਅੰਮ੍ਰਿਤ ਜਾਮ, ਸਾਚਾ ਝਿਰਨਾ ਇਕ ਝਿਰਾਈਆ । ਜਣਾਵਣਹਾਰਾ ਧਰਮ ਅਸਲਾਮ, ਇਸ਼ਟ ਆਪਣਾ ਦਏ ਵਖਾਈਆ । ਗਾਵਣਹਾਰਾ ਨਾਦ ਕਲਾਮ, ਕਲਮਾ ਹੱਕ ਦਏ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸਾਚਾ ਸਦਾ ਸਦਾ ਹੋਏ ਸਹਾਈਆ ।
੮੬੭ ੧੪
ਸਤਿਗੁਰ ਸੱਚਾ ਨਿਗਹਬਾਨ ਜੁਗ ਚੌਕੜੀ ਵੇਖ ਵਖਾਇੰਦਾ । ਜਨ ਭਗਤਾਂ ਦੇਵੇ ਨਾਮ ਬਬਾਣ, ਸਚ ਬਬਾਣੇ ਆਪ ਬਿਠਾਇੰਦਾ । ਦਰਗਹਿ ਸਾਚੀ ਦੇਵੇ ਮਾਣ, ਨਿਮਾਣਿਆਂ ਗਲੇ ਲਗਾਇੰਦਾ । ਰਾਏ ਧਰਮ ਦੀ ਚੁੱਕੇ ਕਾਣ, ਜਮ ਨੇੜ ਕੋਇ ਨਾ ਆਇੰਦਾ । ਸਚ ਮਹੱਲ ਵਖਾਏ ਮਕਾਨ, ਮੰਦਰ ਇਕੋ ਇਕ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਆਪਣੇ ਅੰਗ ਲਗਾਇੰਦਾ । ਸਤਿਗੁਰ ਪੂਰਾ ਅੰਗੀਕਾਰ, ਹਰਿਜਨ ਦੇਵੇ ਵਡਿਆਈਆ । ਫੜ ਫੜ ਬਾਹੋਂ ਲਾਏ ਪਾਰ, ਸਾਚੇ ਬੇੜੇ ਨਾਮ ਚੜ੍ਹਾਈਆ । ਡੁੱਬਦੇ ਪਾਹਨ ਦੇਵੇ ਤਾਰ, ਪਾਥਰ ਆਪਣਾ ਚਰਨ ਛੁਹਾਈਆ । ਗੁਰਮੁਖ ਗੁਰਸਿਖ ਦੇਵੇ ਆਧਾਰ, ਸਿਰ ਆਪਣਾ ਹੱਥ ਟਿਕਾਈਆ । ਵੱਡੇ ਛੋਟੇ ਇਕ ਪਿਆਰ, ਬੁੱਢਾ ਨੱਢਾ ਇਕੋ ਘਰ ਵਸਾਈਆ । ਪੁਰਖ ਨਾਰ ਪਾਵੇ ਸਾਰ, ਨਰ ਨਰਾਇਣ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਲੇਖਾ ਲੇਖੇ ਲਾਈਆ । ਸਤਿਗੁਰ ਪੂਰਾ ਸਾਹਿਬ ਸੁਲਤਾਨ, ਸਤਿ ਸਤਿਵਾਦੀ ਇਕ ਅਖਵਾਇੰਦਾ । ਕਲਜੁਗ ਅੰਤ ਹੋ ਪਰਧਾਨ, ਨਿਰਗੁਣ ਆਪਣਾ ਹੁਕਮ ਵਰਤਾਇੰਦਾ । ਗੁਰਮੁਖ ਸੱਜਣ ਉਠਾਏ ਆਣ, ਘਰ ਘਰ ਆਪਣੀ ਸੇਵ ਕਮਾਇੰਦਾ । ਸਾਚਾ ਮੰਤਰ ਦੇਵੇ ਗਿਆਨ, ਸੋਹੰ ਢੋਲਾ ਰਾਗ ਸੁਣਾਇੰਦਾ । ਵੇਲੇ ਅੰਤ ਨਾ ਕੋਇ ਪਛਤਾਣ, ਪਸਚਾਤਾਪ ਸਰਬ ਗਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਦ੍ਰਿੜਾਇੰਦਾ । ਸਤਿਗੁਰ ਪੂਰਾ ਸਾਚੀ ਸਿਖਿਆ, ਆਦਿ ਜੁਗਾਦਿ ਇਕ ਰਖਾਈਆ । ਪਰੇਮ ਪ੍ਰੀਤੀ ਪਾਏ ਭਿਛਿਆ, ਅਨਡਿਠ ਵਸਤ ਵਰਤਾਈਆ । ਏਥੇ ਓਥੇ ਕਰੇ ਰੱਛਿਆ, ਰੱਖਕ ਬਣੇ ਸਭਨੀਂ ਥਾਈਂਆ । ਗੁਰਮੁਖਾਂ ਲੇਖਾ ਆਪੇ ਲਿਖਿਆ, ਨਾ ਕੋਈ ਮੇਟੇ ਮੇਟ ਮਿਟਾਈਆ । ਨਿਰਗੁਣ ਹੋ

ਕੇ ਸਰਗੁਣ ਦਿਸਿਆ, ਸਰਗੁਣ ਨਿਰਗੁਣ ਮੇਲ ਮਿਲਾਈਆ । ਦੋ ਜਹਾਨਾਂ ਆਪੇ ਜਿਤਿਆ, ਸ਼ਬਦ ਅਗੰਮ ਕਰੇ ਲੜਾਈਆ । ਲੇਖਾ ਜਾਣੇ ਵੱਡਿਆਂ ਨਿੱਕਿਆਂ, ਨਿੱਕਾ ਵੱਡਾ ਆਪਣਾ ਰੂਪ ਵਖਾਈਆ । ਲੇਖਾ ਜਾਣੇ ਪੂਰਬ ਕਰਮ ਪਿਛਿਆ, ਪਿਛਲਾ ਪਰਦਾ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਪੂਰਾ ਇਕ ਅਖਵਾਈਆ । ਸਤਿਗੁਰ ਪੂਰਾ ਸ੍ਰੀ ਭਗਵਾਨ, ਪਾਰਬ੍ਰਹਮ ਪ੍ਰਭ ਅਖਵਾਇੰਦਾ । ਕਲਜੁਗ ਅੰਤ ਹੋ ਪਰਧਾਨ, ਨਿਹਕਲੰਕ ਨਾਉਂ ਰਖਾਇੰਦਾ । ਡੰਕਾ ਵੱਜੇ ਦੋ ਜਹਾਨ, ਨਿਰਗੁਣ ਸਰਗੁਣ ਨਾਦ ਸੁਣਾਇੰਦਾ । ਸੰਤ ਸੁਹੇਲੇ ਤਾਰੇ ਆਣ, ਗੁਰ ਚੇਲੇ ਮੇਲ ਮਿਲਾਇੰਦਾ । ਇਕੋ ਢੋਲਾ ਗਾਏ ਗਾਨ, ਗੀਤ ਗੋਬਿੰਦ ਜਣਾਇੰਦਾ । ਨਾਤਾ ਤੁੱਟੇ ਪਵਣ ਮਸਾਣ, ਜਲ ਧਾਰ ਨਾ ਕੋਇ ਵਹਾਇੰਦਾ । ਅਗਨੀ ਤੱਤ ਕਰ ਕੁਰਬਾਨ, ਮਾਇਆ ਮਮਤਾ ਭੇਟ ਚੜ੍ਹਾਇੰਦਾ । ਕੂੜੀ ਕਿਰਿਆ ਮੇਟ ਨਿਸ਼ਾਨ, ਸਾਚਾ ਮੰਦਰ ਇਕ ਵਖਾਇੰਦਾ । ਰਸਨਾ ਜਿਹਵਾ ਨਾ ਕੋਇ ਗਿਆਨ, ਆਤਮ ਪਰਮਾਤਮ ਆਪ ਪੜ੍ਹਾਇੰਦਾ । ਕਿਰਪਾ ਕਰ ਵਡ ਮਿਹਰਵਾਨ, ਮਿਹਰ ਨਜ਼ਰ ਇਕ ਉਠਾਇੰਦਾ । ਜੋ ਜਨ ਗਾਏ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤਿਸ ਜਨ ਸਦ ਆਪਣੇ ਚਰਨ ਰਖਾਇੰਦਾ ।

## ★ ੩੦ ਜੇਠ ੨੦੨੦ ਬਿਕ੍ਰਮੀ ਪਾਰੋ ਦੇਵੀ ਦੇ ਗ੍ਰਿਹਿ ਪਿੰਡ ਸੀੜ ਜੰਮੂ ★

ਸਤਿਗੁਰ ਪੂਰਾ ਹਰਿ ਨਿਰੰਕਾਰ, ਨਿਰਗੁਣ ਦਾਤਾ ਇਕ ਅਖਵਾਇੰਦਾ । ਸਤਿਗੁਰ ਪੂਰਾ ਜੋਤ ਉਜਿਆਰ, ਜੋਤੀ ਜਾਤਾ ਡਗਮਗਾਇੰਦਾ । ਸਤਿਗੁਰ ਪੂਰਾ ਸ਼ਬਦ ਧੁਨ ਜੈਕਾਰ, ਜੈ ਜੈਕਾਰ ਰਾਗ ਸੁਣਾਇੰਦਾ । ਸਤਿਗੁਰ ਪੂਰਾ ਵਿਸ਼ਨ ਬ੍ਰਹਮਾ ਸ਼ਿਵ ਧਾਰ, ਮਾਇਆ ਤੱਤ ਖੇਲ ਕਰਾਇੰਦਾ । ਸਤਿਗੁਰ ਪੂਰਾ ਜੁਗ ਜੁਗ ਲੈ ਅਵਤਾਰ, ਨਿਰਗੁਣ ਸਰਗੁਣ ਵੇਸ ਵਟਾਇੰਦਾ । ਸਤਿਗੁਰ ਪੂਰਾ ਆਦਿ ਜੁਗਾਦੀ ਸਾਂਝਾ ਯਾਰ, ਸਗਲਾ ਸੰਗ ਰਖਾਇੰਦਾ । ਸਤਿਗੁਰ ਪੂਰਾ ਵਸੇ ਠਾਂਡੇ ਦਰਬਾਰ, ਸਚਖੰਡ ਸਾਚੇ ਡੇਰਾ ਲਾਇੰਦਾ । ਸਤਿਗੁਰ ਪੂਰਾ ਲੇਖਾ ਜਾਣੇ ਧੁਰ ਦੀ ਕਾਰ, ਧੁਰਦਰਗਾਹੀ ਵੇਖ ਵਖਾਇੰਦਾ । ਸਤਿਗੁਰ ਪੂਰਾ ਭਗਤਾਂ ਦੇਵੇ ਭਗਤੀ ਦਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਇੰਦਾ । ਸਤਿਗੁਰ ਪੂਰਾ ਪਾਰਬ੍ਰਹਮ, ਪ੍ਰਭ ਵੱਡਾ ਵਡ ਵਡਿਆਈਆ । ਸਤਿਗੁਰ ਪੂਰਾ ਨਾ ਮਰੇ ਨਾ ਪਏ ਜੰਮ, ਜਨਮ ਮਰਨ ਨਾ ਕੋਇ ਰਖਾਈਆ । ਸਤਿਗੁਰ ਪੂਰਾ ਬੇੜਾ ਬੰਨ੍ਹ, ਬਣ ਮਲਾਹ ਸਚ ਚਲਾਈਆ । ਸਤਿਗੁਰ ਪੂਰਾ ਵਾਲੀ ਦੋ ਜਹਾਨ, ਦੋ ਜਹਾਨਾਂ ਆਪਣਾ ਹੁਕਮ ਵਰਤਾਈਆ । ਸਤਿਗੁਰ ਪੂਰਾ ਨਿਰਗੁਣ ਸਰਗੁਣ ਦੇਵੇ ਦਾਨ, ਦਇਆਵਾਨ ਬੇਪਰਵਾਹੀਆ । ਸਤਿਗੁਰ ਪੂਰਾ ਸਤਿ ਸਰੂਪੀ ਕਾਹਨ, ਲੱਖ ਚੁਰਾਸੀ ਗੋਪੀ ਵੇਖ ਵਖਾਈਆ । ਸਤਿਗੁਰ ਪੂਰਾ ਇਕੋ ਨੂਰ ਸਾਚਾ ਭਾਨ, ਅੰਧ ਅੰਧੇਰ ਨਾ ਕੋਇ ਰਖਾਈਆ । ਸਤਿਗੁਰ ਪੂਰਾ ਇਕੋ ਨਾਮ, ਗੁਣ ਨਿਧਾਨ ਨਾਮ ਸਤਿ ਸਤਿ ਸਮਝਾਈਆ । ਸਤਿਗੁਰ ਪੂਰਾ ਇਕੋ ਮੰਦਰ ਵਖਾਏ ਮਕਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਚੁਕਾਈਆ । ਸਤਿਗੁਰ ਪੂਰਾ ਪੁਰਖ ਨਿਰੰਜਣ, ਸੋ ਸਾਹਿਬ ਵੱਡੀ ਵਡਿਆਈਆ । ਸਤਿਗੁਰ ਪੂਰਾ ਸੱਚਾ ਸੱਜਣ, ਕੂੜਾ ਨਾਤਾ ਨਾ ਕੋਇ ਜੁੜਾਈਆ । ਸਤਿਗੁਰ ਪੂਰਾ ਜੋਤ ਮਗਨ, ਤੱਤ ਰੂਪ ਨਾ ਕੋਇ ਰਖਾਈਆ । ਸਤਿਗੁਰ ਪੂਰਾ ਗੋਪਾਲ ਮਦਨ, ਮਧ ਸੂਦਨ ਬੇਪਰਵਾਹੀਆ । ਸਤਿਗੁਰ ਪੂਰਾ ਸਚ ਦੁਆਰਾ ਰੱਖੇ ਆਪਣੀ ਹੱਦਨ,

ਹਦੂਦ ਇਕੋ ਇਕ ਵੰਡਾਈਆ । ਸਤਿਗੁਰ ਪੂਰਾ ਸਦਾ ਸਦਾ ਜਨ ਭਗਤਾਂ ਆਵੇ ਸੱਦਣ, ਘਰ ਘਰ ਆਪਣਾ ਫੇਰਾ ਪਾਈਆ । ਸਤਿਗੁਰ ਪੂਰਾ ਸੰਤ ਸੁਹੇਲੇ ਰੱਖੇ ਸੱਜਣ, ਮਿਹਰ ਨਜ਼ਰ ਉਠਾਈਆ । ਸਤਿਗੁਰ ਪੂਰਾ ਗੁਰਮੁਖਾਂ ਪਾਏ ਨੇਤਰ ਕੱਜਲ, ਅਗਿਆਨ ਅੰਧੇਰ ਮਿਟਾਈਆ । ਸਤਿਗੁਰ ਪੂਰਾ ਗੁਰਸਿਖ ਚੜ੍ਹਾਏ ਆਪਣੀ ਮੰਜ਼ਲ, ਰਾਹ ਇਕੋ ਇਕ ਵਖਾਈਆ । ਸਤਿਗੁਰ ਪੂਰਾ ਹੋਏ ਪਿਆਰਾ ਹਰ ਦਿਲ, ਦਿਲ ਅਜ਼ੀਜ਼ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਦਏ ਮਿਟਾਈਆ । ਸਤਿਗੁਰ ਪੂਰਾ ਸਦਾ ਨਿਰਲੋਭ, ਲੋਭ ਵਿਚ ਕਦੇ ਨਾ ਆਇੰਦਾ । ਸਤਿਗੁਰ ਪੂਰਾ ਸਾਚਾ ਬੋਧ, ਬੋਧ ਗਿਆਨ ਦ੍ਰਿੜਾਇੰਦਾ । ਸਤਿਗੁਰ ਪੂਰਾ ਸਾਚਾ ਜੋਧ, ਜੋਧਾ ਸੂਰਬੀਰ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਪੂਰਾ ਹਰਿ ਵੱਡਾ ਵਡ ਵਡਿਆਇੰਦਾ । ਸਤਿਗੁਰ ਪੂਰਾ ਬਣੇ ਆਪ, ਆਪਣੇ ਹੱਥ ਰੱਖੇ ਵਡਿਆਈਆ । ਸਤਿਗੁਰ ਪੂਰਾ ਮਾਈ ਬਾਪ, ਲੱਖ ਚੁਰਾਸੀ ਗੋਦ ਬਹਾਈਆ । ਸਤਿਗੁਰ ਪੂਰਾ ਸੱਚਾ ਜਾਪ, ਸਾਚਾ ਨਾਮ ਇਕ ਦ੍ਰਿੜਾਈਆ । ਸਤਿਗੁਰ ਪੂਰਾ ਇਕੋ ਪਾਠ, ਪੂਜਾ ਇਕੋ ਇਕ ਵਖਾਈਆ । ਸਤਿਗੁਰ ਪੂਰਾ ਇਕੋ ਤਾਟ, ਕਿਨਾਰਾ ਇਕੋ ਇਕ ਉਪਜਾਈਆ । ਸਤਿਗੁਰ ਪੂਰਾ ਸੱਚਾ ਹਾਟ, ਜੁਗ ਚੌਕੜੀ ਹੱਟ ਚਲਾਈਆ । ਸਤਿਗੁਰ ਪੂਰਾ ਸਦਾ ਸਦਾ ਸਦ ਮੇਟੇ ਵਾਟ, ਪਾਂਧੀ ਆਪਣਾ ਪੰਧ ਮੁਕਾਈਆ । ਸਤਿਗੁਰ ਪੂਰਾ ਸਚ ਬੰਧਾਏ ਨਾਤ, ਨਾਤਾ ਆਪਣੇ ਨਾਲ ਜੁੜਾਈਆ । ਸਤਿਗੁਰ ਪੂਰਾ ਪੁਰਖ ਸਮਰਥ ਕਮਲਾਪਾਤ, ਨਿਰਗੁਣ ਨਿਰਵੈਰ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਗੁਰ ਦਾਤਾ ਬਖ਼ਸ਼ੇ ਇਕ ਸਰਨਾਈਆ । ਸਤਿਗੁਰ ਪੂਰਾ ਸਤਿ ਸਤਿਵਾਦ, ਸਤਿ ਪੁਰਖ ਨਿਰੰਜਣ ਹਰਿ ਅਖਵਾਇੰਦਾ । ਵੇਖ ਵਖਾਏ ਬ੍ਰਹਮ ਬ੍ਰਹਿਮਾਦ, ਦੋ ਜਹਾਨਾਂ ਪੜਦਾ ਲਾਹਿੰਦਾ । ਜੁਗ ਚੌਕੜੀ ਵਰਤੇ ਸਵਾਂਗ, ਸਵਾਂਗੀ ਆਪਣਾ ਰੂਪ ਵਟਾਇੰਦਾ । ਸੰਤਾਂ ਪੂਰੀ ਕਰੇ ਮਾਂਗ, ਹਰਸ ਹਵਸ ਪਰੇਮ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਸਤਿਗੁਰ ਪੂਰਾ ਭੇਵ ਚੁਕਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਲਗਾਏ ਆਪਣੇ ਲੜ, ਸੋ ਗੁਰਮੁਖ ਲਾੜਾ ਦਰਗਹਿ ਸਾਚੀ ਸੋਭਾ ਪਾਇੰਦਾ ।



## ★ ੩੦ ਜੇਠ ੨੦੨੦ ਬਿਕ੍ਰਮੀ ਸਰਦਾਰ ਸਿੰਘ ਦੇ ਗ੍ਰਿਹ ਪਿੰਡ ਸੀੜ ਜੰਮੂ ★

ਸ੍ਰੀ ਭਗਵਾਨ ਤੇਰਾ ਦਰਬਾਰ, ਸਚ ਘਰ ਵੱਜੇ ਵਧਾਈਆ । ਨਿਰਗੁਣ ਨੂਰ ਜੋਤ ਉਜਿਆਰ, ਨਿਰਾਕਾਰ ਨੂਰ ਰੁਸ਼ਨਾਈਆ । ਤਖ਼ਤ ਨਿਵਾਸੀ ਏਕੰਕਾਰ, ਪੁਰਖ ਅਕਾਲ ਸੋਭਾ ਪਾਈਆ । ਪਾਰਬ੍ਰਹਮ ਪ੍ਰਭ ਬਣ ਚੋਬਦਾਰ, ਸਾਚੀ ਸੇਵ ਰਿਹਾ ਕਮਾਈਆ । ਧੁਰ ਸੰਦੇਸਾ ਦੇਵੇ ਇਕੋ ਵਾਰ, ਸਦਾ ਸ਼ਬਦ ਨਾਮ ਜਣਾਈਆ । ਵਿਸ਼ਨੂੰ ਆਏ ਆਪਣੀ ਧਾਰ, ਨੇਤਰ ਨੈਣ ਦਰਸਨ ਪਾਈਆ । ਚਰਨ ਕਵਲ ਜਾਏ ਬਲਹਾਰ, ਵਾਹਵਾ ਤੇਰੀ ਵਡ ਵਡਿਆਈਆ । ਤੇਰਾ ਖੇਲ ਅਗੰਮ ਅਪਾਰ, ਬੇਅੰਤ ਤੇਰੀ ਸ਼ਹਿਨਸ਼ਾਹੀਆ । ਸ਼ਾਹ ਪਾਤਸ਼ਾਹ ਸੱਚੀ ਸਰਕਾਰ, ਤੇਰੀ ਰਹਿਮਤ ਇਕੋ ਮੋਹੇ ਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੁਆਰਾ ਰਿਹਾ ਸੁਹਾਈਆ । ਸਚ ਦੁਆਰਾ ਲੱਗਾ ਸੋਹਣਾ, ਹਰਿ ਸੋਹਣੀ ਬਣਤ

ਬਣਾਈਆ । ਕਰੇ ਖੇਲ ਆਪ ਅਨਹੋਣਾ, ਭੇਵ ਕੋਇ ਨਾ ਪਾਈਆ । ਨਾ ਹੱਸਣਾ ਨਾ ਕੋਈ ਰੋਣਾ ਚਿੰਤਾ ਗ਼ਮ ਨਾ ਕੋਇ ਵਖਾਈਆ । ਅਗੰਮੀ ਸੇਜੇ ਆਪੇ ਸੋਣਾ, ਸੋਵਣਹਾਰ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਬੰਕ ਦਏ ਵਡਿਆਈਆ । ਸਾਚੇ ਬੰਕ ਸੋਭਾਵੰਤ ਸੋ ਸਾਹਿਬ ਖੇਲ ਕਰਾਇੰਦਾ । ਨਿਰਗੁਣ ਨੂਰ ਮਹਿਮਾ ਅਗਣਤ, ਲੇਖਾ ਲਿਖਤ ਵਿਚ ਨਾ ਆਇੰਦਾ । ਕਰੇ ਖੇਲ ਸ੍ਰੀ ਭਗਵੰਤ, ਹਰਿ ਜੂ ਸਾਚੀ ਕਾਰ ਕਮਾਇੰਦਾ । ਲੇਖਾ ਜਾਣ ਆਦਿ ਅੰਤ, ਆਪ ਆਪਣੀ ਕਲ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੁਆਰਾ ਇਕ ਵਡਿਆਇੰਦਾ । ਸਚ ਦੁਆਰ ਬ੍ਰਹਮਾ ਆ, ਪ੍ਰਭ ਚਰਨ ਸੀਸ ਝੁਕਾਈਆ । ਤੇਰਾ ਨੂਰ ਹਰਿ ਰੁਸ਼ਨਾ, ਜ਼ਹੂਰ ਤੇਰੀ ਵਡਿਆਈਆ । ਹਉਂ ਬਾਲਕ ਬਾਲ ਨਾਦਾਨ, ਚਲੇ ਬੁੱਧੀ ਨਾ ਕੋਇ ਚਤਰਾਈਆ । ਤੂੰ ਦੇਵਣਹਾਰ ਬੇਪਰਵਾਹ, ਪਾਰਬ੍ਰਹਮ ਤੇਰੀ ਸਰਨਾਈਆ । ਤੇਰਾ ਰੂਪ ਅਨੂਪ ਦਵਾਂ ਵਖਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਰਚਨਾ ਆਪ ਰਚਾਈਆ । ਬ੍ਰਹਮਾ ਆਏ ਸਚ ਦੁਆਰ, ਪਾਰਬ੍ਰਹਮ ਮਿਲੇ ਸਰਨਾਈਆ । ਦੋਏ ਜੋੜ ਕਰੇ ਨਿਮਸਕਾਰ, ਨਿਉਂ ਨਿਉਂ ਲਾਗੇ ਪਾਈਆ । ਦਰ ਮੰਗੇ ਦਰਸ ਦੀਦਾਰ, ਨੇਤਰ ਨੈਣ ਨੈਣ ਖੁਲ੍ਹਾਈਆ । ਹਰਿ ਸੱਜਣ ਮੀਤ ਮੁਰਾਰ, ਵਿਛੜ ਕਦੇ ਨਾ ਜਾਈਆ । ਤੇਰੀ ਇਛਿਆ ਮੇਰਾ ਭੰਡਾਰ, ਵਸਤ ਅਮੋਲਕ ਇਕ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੁਆਰੇ ਰਿਹਾ ਵਖਾਈਆ । ਸਚ ਦੁਆਰੇ ਭੋਲਾ ਨਾਥ, ਸ਼ੰਕਰ ਆਪਣਾ ਧਿਆਨ ਲਗਾਈਆ । ਨਿਰਵੈਰ ਵਸੇ ਸਦਾ ਸਾਥ, ਸਗਲਾ ਸੰਗ ਨਿਭਾਈਆ । ਤ੍ਰਿਸੂਲ ਫੜਾਈ ਮੇਰੇ ਹਾਥ, ਸਾਚਾ ਹੁਕਮ ਇਕ ਸਮਝਾਈਆ । ਜੋ ਉਪਜੇ ਸੋ ਹੋਵੇ ਨਾਸ, ਥਿਰ ਕੋਇ ਰਹਿਣ ਨਾ ਪਾਈਆ । ਮੈਂ ਵੇਖਾਂ ਤੇਰਾ ਖੇਲ ਤਮਾਸ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਤੇਰਾ ਇਕ ਸੁਹਾਈਆ । ਤਿੰਨੇ ਆਏ ਹਰਿ ਚਰਨ, ਦੋਏ ਜੋੜ ਸੀਸ ਝੁਕਾਈਆ । ਤੂੰ ਦਾਤਾ ਦਾਤਾਰ ਕਰਨੀ ਕਰਨ, ਕਰਤਾ ਪੁਰਖ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਰਬਾਰੇ ਇਕੋ ਆਸਣ ਲਾਈਆ । ਸਚ ਦਰਬਾਰ ਆਸਣ ਲਾਇਆ, ਸੋ ਪੁਰਖ ਨਿਰੰਜਣ ਸੋਭਾ ਪਾਈਆ । ਤ੍ਰੈਗੁਣ ਮਾਇਆ ਹੁਕਮ ਸੁਣਾਇਆ, ਨੱਠੀ ਆਵੇ ਵਾਹੋ ਦਾਹੀਆ । ਨੇਤਰ ਨੈਣਾਂ ਨੀਰ ਵਹਾਇਆ, ਖੁਲੀ ਮੀਂਢੀ ਰਹੀ ਵਖਾਈਆ । ਸਾਚਾ ਸੀਸ ਨਾ ਕਿਸੇ ਗੁੰਦਾਇਆ, ਪੱਟੀ ਸਚ ਨਾ ਕੋਇ ਕਰਾਈਆ । ਸਾਚਾ ਦੀਪ ਨਾ ਹੋਏ ਰੁਸ਼ਨਾਇਆ, ਨੇਤਰ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਰਬਾਰ ਇਕ ਸੁਹਾਈਆ । ਸਚ ਦਰਬਾਰ ਪੁਰਖ ਸਮਰਥ, ਸਤਿ ਸਤਿਵਾਦੀ ਆਪ ਲਗਾਈਆ । ਹੁਕਮ ਦੇਵੇ ਪੰਜ ਤੱਤ, ਤੱਤ ਲੇਖਾ ਰਿਹਾ ਸਮਝਾਈਆ । ਅਨਸੁਰਤੀ ਉਠੇ ਨੱਠ, ਸਮਝ ਕੋਇ ਨਾ ਆਈਆ । ਅੰਤਮ ਖੇੜਾ ਦਿਸੇ ਭੱਠ, ਸਗਲਾ ਸੰਗ ਨਾ ਕੋਇ ਬਣਾਈਆ । ਨਾੜੀ ਨਾੜੀ ਉਬਲੇ ਰਤ, ਰਤੀ ਰਤ ਰਹੀ ਸੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਕਰਾਈਆ । ਸਚ ਦਰਬਾਰ ਸ੍ਰੀ ਭਗਵੰਤ, ਸਚ ਸਿੰਘਾਸਣ ਆਸਣ ਲਾਇੰਦਾ । ਆਪ ਉਠਾਏ ਸ਼ਬਦੀ ਮੰਤ, ਮੰਤਰ ਆਪਣੀ ਕਾਰੇ ਲਾਇੰਦਾ । ਤੇਰੀ ਮਹਿਮਾਂ ਦੱਸ ਅਗਣਤ, ਤੇਰਾ ਲਿਖਤ ਲੇਖ ਸਮਝਾਇੰਦਾ । ਤੇਰਾ ਰੂਪ ਸਾਚਾ ਕੰਤ, ਨਾਰੀ ਇਕੋ ਪਰਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਰਬਾਰੇ ਡੇਰਾ ਲਾਇੰਦਾ । ਸਚ ਦਰਬਾਰ ਡੇਰਾ ਲਾ,

੮੭੧
੧੪

ਸੋ ਸਾਹਿਬ ਦਇਆ ਕਮਾਈਆ । ਲੱਖ ਚੁਰਾਸੀ ਆਤਮ ਘਰ ਸਾਚੇ ਲਏ ਬੁਲਾ, ਧੁਰ ਫ਼ਰਮਾਣਾ ਇਕ ਸੁਣਾਈਆ । ਉਠੋ ਵੇਖੋ ਆਪਣਾ ਰਾਹ, ਰਹਿਬਰ ਨਜ਼ਰ ਕੋਇ ਨਾ ਆਈਆ । ਕਵਣ ਪਕੜੇ ਤੁਹਾਡੀ ਬਾਂਹ, ਬੇੜਾ ਪਾਰ ਕਵਣ ਕਰਾਈਆ । ਇਕੋ ਲੇਖਾ ਸੱਚਾ ਨਾਂ, ਸ੍ਰੀ ਭਗਵਾਨ ਕੋਇ ਨਾ ਗਾਈਆ । ਸੀਰ ਚੁੰਘਿਆ ਕੂੜੀ ਮਾਂ, ਜਾਮ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਰਬਾਰੇ ਸਭ ਨੂੰ ਰਿਹਾ ਮੰਗਾਈਆ । ਸਚ ਦਰਬਾਰੇ ਆਤਮ ਪਾਰਬ੍ਰਹਮ ਮੰਗਾਇੰਦਾ । ਨਿਰਗੁਣ ਦੱਸ ਆਪਣਾ ਕਰਮ ਨੇਹਕਰਮੀ ਭੇਵ ਖੁਲ੍ਹਾਇੰਦਾ । ਲੱਖ ਚੁਰਾਸੀ ਤੇਰਾ ਨਾਤਾ ਜਨਮ ਮਰਨ, ਮਰਨ ਜਨਮ ਵਿਚ ਤੇਰੀ ਧਾਰ ਚਲਾਇੰਦਾ । ਹਰਿ ਨਾ ਪਾਈ ਇਕ ਸਰਨ, ਸਰਨਗਤ ਨਾ ਕੋਇ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੁਆਰੇ ਆਪ ਬੁਲਾਇੰਦਾ । ਆਤਮ ਆ ਕੇ ਮਾਰੇ ਧਾਹ, ਉਚੀ ਕੂਕ ਕੂਕ ਸੁਣਾਈਆ । ਦਰੋਹੀ ਬੌਹੜੀ ਮੇਰੇ ਖ਼ੁਦਾ, ਪਰਵਰਦਿਗਾਰ ਤੇਰੀ ਸਰਨਾਈਆ । ਤੇਰੇ ਨਾਲੋਂ ਹੋ ਜੁਦਾ, ਆਪ ਆਪਣਾ ਗਿਆ ਭੁਲਾਈਆ । ਪੰਜ ਤੱਤ ਅੰਦਰ ਡੇਰਾ ਲਾ, ਮਾਇਆ ਮਮਤਾ ਨਾਲ ਮਿਲਾਈਆ । ਕਿਰਪਾ ਕਰ ਸੱਚੇ ਸ਼ਹਿਨਸ਼ਾਹ, ਤੇਰੀ ਇਕੋ ਸਚ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਰਬਾਰੇ ਸੋਭਾ ਪਾਈਆ । ਬ੍ਰਹਮ ਕਹੇ ਮੈਂ ਤੇਰੀ ਜ਼ਾਤ, ਅੰਸ ਤੇਰਾ ਰੂਪ ਵਟਾਈਆ । ਕਰ ਕਿਰਪਾ ਆਪਣੀ ਦੇ ਦਾਤ, ਮਿਲੇ ਚਰਨ ਸੱਚੀ ਸਰਨਾਈਆ । ਸਾਚਾ ਢੋਲਾ ਗਾਵਾਂ ਗਾਥ, ਇਕੋ ਤੇਰਾ ਨਾਮ ਧਿਆਈਆ । ਦੁਰਮਤ ਮੈਲ ਧੋ ਮਾਥ, ਮਸਤਕ ਰਹੇ ਨਾ ਕੋਈ ਛਾਹੀਆ । ਸਤਿ ਪੁਰਖ ਨਿਰੰਜਣ ਦੇ ਸਾਥ, ਸ੍ਰੀ ਭਗਵਾਨ ਤੇਰੀ ਵਡਿਆਈਆ । ਹਉਂ ਬਾਲਕ ਅਨਾਥਾਂ ਅਨਾਥ, ਤੇਰੀ ਸਰਨ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਮੰਗ ਮੰਗਾਈਆ । ਸਾਚੇ ਤਖ਼ਤ ਬੈਠ ਭਗਵਾਨਾ, ਧੁਰ ਸੰਦੇਸਾ ਇਕ ਘਲਾਇੰਦਾ । ਗੁਰ ਅਵਤਾਰ ਆਓ ਦਰ ਦਰਬਾਨਾ, ਦਰਵੇਸ਼ ਰੂਪ ਸਰਬ ਸਮਝਾਇੰਦਾ । ਪਿਛਲਾ ਦਿਓ ਆਣ ਬਿਆਨਾ, ਚਾਰ ਯੁਗ ਦਾ ਭੇਵ ਖੁਲ੍ਹਾਇੰਦਾ । ਕਵਣ ਜਪਿਆ ਹਰਿ ਹਰਿ ਨਾਮਾ, ਕਵਣ ਰਾਗ ਨਾਦ ਵਜਾਇੰਦਾ । ਕਵਣ ਸੁਹਾਇਆ ਧਾਮ ਅਸਥਾਨਾ, ਕਵਣ ਮੰਦਰ ਸੋਭਾ ਪਾਇੰਦਾ । ਕਵਣ ਬਣਿਆ ਸਾਚਾ ਕਾਹਨਾ, ਲੱਖ ਚੁਰਾਸੀ ਗੋਪੀ ਕਵਣ ਹੰਡਾਇੰਦਾ । ਕਵਣ ਉਪਜਿਆ ਸਾਚਾ ਰਾਮਾ, ਰਾਮ ਰਾਮ ਰੂਪ ਸਮਾਇੰਦਾ । ਕਵਣ ਖੇਲੇ ਖੇਲ ਦੋ ਜਹਾਨਾਂ, ਦੋਏ ਦੋਏ ਆਪਣੀ ਧਾਰ ਵਖਾਇੰਦਾ । ਕਵਣ ਮਰਦ ਮਰਦ ਮਰਦਾਨਾ, ਸਚ ਮਰਦਾਨਗੀ ਆਪ ਕਮਾਇੰਦਾ । ਕਵਣ ਜੋਧਾ ਸੂਰਬੀਰ ਬਲੀ ਬਲਵਾਨਾ, ਬਲ ਆਪਣਾ ਆਪ ਪਰਗਟਾਇੰਦਾ । ਕਵਣ ਨਿਰਗੁਣ ਸਰਗੁਣ ਪਹਿਰੇ ਬਾਣਾ, ਪੰਜ ਤੱਤ ਕਾਇਆ ਚੋਲਾ ਕਵਣ ਹੰਡਾਇੰਦਾ । ਕਵਣ ਜੁਗ ਚੌਕੜੀ ਹੋਏ ਪਰਧਾਨਾ, ਸਚ ਪਰਧਾਨਗੀ ਮਾਤ ਕਮਾਇੰਦਾ । ਕਵਣ ਦੇਵੇ ਸੱਚਾ ਦਾਨਾ, ਵਸਤ ਅਮੋਲਕ ਝੋਲੀ ਪਾਇੰਦਾ । ਕਵਣ ਬੰਨ੍ਹੇ ਸਗਨੀ ਗਾਨਾ, ਸੁਰਤੀ ਸ਼ਬਦ ਜੋੜ ਜੁੜਾਇੰਦਾ । ਕਵਣ ਦੇਵੇ ਪੀਣਾ ਖਾਣਾ, ਅੰਮ੍ਰਿਤ ਰਸ ਕਵਣ ਵਖਾਇੰਦਾ । ਕਵਣ ਜਾਣੇ ਮਰਨਾ ਜੀਣਾ, ਜੀਵਣ ਜੁਗਤ ਕਵਣ ਦ੍ਰਿੜਾਇੰਦਾ । ਕਵਣ ਜਾਣੇ ਭੇਵ ਲੋਕ ਤੀਨਾਂ, ਲੋਕ ਪਰਲੋਕ ਸੋਭਾ ਕਵਣ ਪਾਇੰਦਾ । ਕਵਣ ਖੇਲ ਕਰੇ ਜਲ ਮੀਨਾ, ਪਰੇਮ ਪ੍ਰੀਤੀ ਕਵਣ ਵਖਾਇੰਦਾ । ਕਵਣ ਕਰੇ ਠਾਂਡਾ ਸੀਨਾ, ਨਿਝਰ ਰਸ ਕਵਣ ਵਖਾਇੰਦਾ । ਕਵਣ ਨਿਰਗੁਣ ਹੋ ਕੇ ਬਣੇ ਅਧੀਨਾ, ਨਿਉਂ ਨਿਉਂ ਆਪਣਾ ਸੀਸ ਝੁਕਾਇੰਦਾ । ਕਵਣ ਸ਼ਾਹ ਪਾਤਸ਼ਾਹ ਵਡ ਪਰਬੀਨਾ, ਬੇਅੰਤ ਨਾਉਂ ਧਰਾਇੰਦਾ । ਕਵਣ ਮਾਣਕ

ਮੋਤੀ ਸੱਚਾ ਨਾਮ ਨਗੀਨਾ, ਕੌਸਤਕ ਮਣੀਆਂ ਟਿੱਕਾ ਕਵਣ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਤਖ਼ਤ ਆਪੇ ਚੜ੍ਹ, ਗੁਰ ਅਵਤਾਰਾਂ ਪੁੱਛ ਪੁਛਾਇੰਦਾ । ਗੁਰ ਅਵਤਾਰ ਸਾਰੇ ਦੱਸਣ, ਆਪਣਾ ਹਾਲ ਸੁਣਾਈਆ । ਨਾਲੇ ਰੋਵਣ ਨਾਲੇ ਹੱਸਣ, ਨੇਤਰ ਨੈਣਾਂ ਨੀਰ ਵਹਾਈਆ । ਪ੍ਰਭ ਤੇਰੇ ਚਰਨਾਂ ਹੇਠ ਬਹਿ ਕੇ ਵਸਣ, ਦੁਆਰ ਨਜ਼ਰ ਕੋਇ ਨਾ ਆਈਆ । ਇਕੋ ਨਾਮ ਤੇਰਾ ਜਪਣ, ਲੱਖ ਚੁਰਾਸੀ ਜੀਵ ਜੰਤ ਸਮਝਾਈਆ । ਤੇਰੇ ਵਿਛੋੜੇ ਅੰਦਰ ਤਪਣ, ਬਿਰਹੋਂ ਰੋਗ ਰਿਹਾ ਸਤਾਈਆ । ਦੂਰ ਦੁਰਾਡੇ ਤੇਰੇ ਵਲ ਨੱਠਣ, ਬਣ ਬਣ ਪਾਂਧੀ ਰਾਹੀਆ । ਵਸਤ ਅਮੋਲਕ ਤੇਰੀ ਸਿਰ ਤੇ ਚੁੱਕਣ, ਭਾਰ ਸਕੇ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੀ ਸੱਚੀ ਸਰਨਾਈਆ । ਗੁਰ ਅਵਤਾਰ ਕਹਿਣ ਤੇਰਾ ਜਾਪ, ਪ੍ਰਭ ਤੇਰੀ ਵਡ ਵਡਿਆਈਆ । ਆਦਿ ਜੁਗਾਦੀ ਵਡ ਪਰਤਾਪ, ਜੁਗ ਚੌਕੜੀ ਤੇਰੀ ਸ਼ਾਹੀਆ । ਨਿਰਗੁਣ ਸਰਗੁਣ ਵਸੇਂ ਸਾਥ, ਸਗਲਾ ਸੰਗ ਨਿਭਾਈਆ । ਮਹਾਂਸਾਰਥੀ ਹੋ ਚਲਾਵੇਂ ਰਾਥ, ਰਥ ਰਥਵਾਹੀ ਨਾਉਂ ਧਰਾਈਆ । ਇਕ ਜਣਾਏਂ ਪੂਜਾ ਪਾਠ, ਪੁਸਤਕ ਹੱਥ ਨਾ ਕੋਇ ਫੜਾਈਆ । ਅੰਦਰ ਵੜ ਕੇ ਮਾਰੇਂ ਝਾਤ, ਬਾਹਰੋਂ ਨਜ਼ਰ ਕਿਸੇ ਨਾ ਆਈਆ । ਤੇਰਾ ਖੇਲ ਕਮਲਾਪਾਤ, ਪਾਰਬ੍ਰਹਮ ਪ੍ਰਭ ਵੇਖ ਵਖਾਈਆ । ਤੇਰੇ ਦਰ ਤੋਂ ਮਿਲੀ ਦਾਤ, ਦਾਤਾ ਦਾਨੀ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਅਵਤਾਰ ਦੇਵਣਹਾਰ ਸਾਲਾਹੀਆ । ਸਾਚੇ ਤਖ਼ਤ ਹਰਿ ਜੀ ਚੜ੍ਹ, ਨਿਰਗੁਣ ਆਪਣਾ ਖੇਲ ਕਰਾਇੰਦਾ । ਪੀਰ ਪੈਗ਼ੰਬਰ ਆਪੇ ਫੜ, ਬਚਿਆ ਕੋਇ ਰਹਿਣ ਨਾ ਪਾਇੰਦਾ । ਕਵਣ ਕਲਮਾ ਰਹੇ ਪੜ੍ਹ, ਕਵਣ ਸ਼ਰਅ ਰੂਪ ਵਟਾਇੰਦਾ । ਕਵਣ ਹੁਜਰੇ ਬੈਠੇ ਵੜ, ਕਵਣ ਕਾਅਬਾ ਸੋਭਾ ਪਾਇੰਦਾ । ਕਵਣ ਖੋਲਿਆ ਸਾਚਾ ਦਰ, ਦਰ ਦਰਵਾਜ਼ਾ ਕਵਣ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਵਰਤਾਇੰਦਾ । ਸਾਚਾ ਹੁਕਮ ਪੈਗ਼ੰਬਰ ਪੀਰ, ਪਰਵਰਦਿਗਾਰ ਇਕ ਜਣਾਈਆ । ਕਵਣ ਸ਼ਰਅ ਕਵਣ ਜ਼ੰਜੀਰ, ਕਵਣ ਬੰਧਨ ਰਿਹਾ ਪਾਈਆ । ਕਵਣ ਛੁਰੀ ਪੜ੍ਹੇ ਤਕਬੀਰ, ਕਵਣ ਤਕਸੀਰ ਰਿਹਾ ਬਦਲਾਈਆ । ਕਵਣ ਚੋਟੀ ਚੜ੍ਹੇ ਅਖ਼ੀਰ, ਮੁਕਾਮੇ ਹੱਕ ਡੇਰਾ ਕਵਣ ਲਗਾਈਆ । ਕਵਣ ਖੇਲ ਕਰੇ ਬੇਨਜ਼ੀਰ, ਨੇਤਰ ਨਜ਼ਰ ਕਿਸੇ ਨਾ ਆਈਆ । ਕਵਣ ਹੱਥ ਫੜੇ ਸ਼ਮਸ਼ੀਰ, ਕਾਤਲ ਮਕਤੂਲ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੀਰ ਪੈਗ਼ੰਬਰ ਰਿਹਾ ਜਣਾਈਆ । ਕਵਣ ਪੈਗ਼ੰਬਰ ਕਵਣ ਪੀਰ, ਹਰਿ ਸਾਚਾ ਸਚ ਜਣਾਇੰਦਾ । ਕਵਣ ਸ਼ਾਹ ਕਵਣ ਹਕੀਰ, ਹਕੀਕਤ ਕਵਣ ਫੋਲ ਫੁਲਾਇੰਦਾ । ਕਵਣ ਆਬੇ ਹਯਾਤ ਦੇਵੇ ਨੀਰ, ਸਚ ਸੀਰ ਕਵਣ ਪਿਲਾਇੰਦਾ । ਕਵਣ ਚੋਟੀ ਚਾੜ੍ਹੇ ਅਖ਼ੀਰ, ਆਖ਼ਰ ਆਪਣਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲੇਖਾ ਮੰਗ ਮੰਗਾਇੰਦਾ । ਪੀਰ ਪੈਗ਼ੰਬਰ ਕਰਨ ਦੁਆ, ਸਜਦਾ ਸੀਸ ਝੁਕਾਈਆ । ਪਰਵਰਦਿਗਾਰ ਬੇਪਰਵਾਹ, ਸ਼ਾਹ ਪਾਤਸ਼ਾਹ ਇਕ ਅਖਵਾਈਆ । ਜੁਗ ਚੌਕੜੀ ਦੇਵੇ ਪਨਾਹ, ਸਿਰ ਆਪਣਾ ਹੱਥ ਰਖਾਈਆ । ਨਿਤ ਨਵਿਤ ਬਖ਼ਸ਼ੇ ਗੁਨਾਹ, ਮਿਹਰ ਨਜ਼ਰ ਉਠਾਈਆ । ਸਾਚਾ ਮਾਰਗ ਦਏ ਸਮਝਾ, ਰਹਿਬਰ ਇਕੋ ਇਕ ਅਖਵਾਈਆ । ਤੇਰਾ ਜਲਵਾ ਨੂਰੀ ਖ਼ੁਦਾ, ਤੇਰੀ ਰਹਿਮਤ ਬੇਪਰਵਾਹੀਆ । ਤੇਰੇ ਨਾਲੋਂ ਹੋ ਜੁਦਾ ਤੇਰੀ ਸੇਵ ਕਮਾਈਆ । ਜੋ ਦੱਸੀ ਬਾਤ ਅਦਾ, ਸੋ ਆਦਤ ਆਏ ਪਾਈਆ । ਅੰਤਮ ਸੁਣਿਆ ਤੇਰਾ ਸੱਦਾ, ਘਰ ਆਏ ਵਾਹੋ ਦਾਹੀਆ । ਤੇਰੇ ਹੁਕਮੇ ਅੰਦਰ ਬੱਧਾ, ਈਸਾ

ਮੂਸਾ ਮੁਹੰਮਦ ਬੈਠਾ ਧਿਆਨ ਲਗਾਈਆ । ਨਗਾਰਾ ਤੇਰਾ ਇਕੋ ਵੱਜਾ, ਚੌਦਾਂ ਤਬਕ ਕਰੇ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਦਰ ਦੇਣੀ ਵਡਿਆਈਆ । ਸਾਚੇ ਤਖ਼ਤ ਸੂਰਾ ਸਰਬੱਗ, ਸੋ ਸਾਹਿਬ ਆਸਣ ਲਾਈਆ । ਚਾਰੇ ਯੁਗ ਰਿਹਾ ਸੱਦ, ਏਕਾ ਹੁਕਮ ਮਨਾਈਆ । ਅੰਤਮ ਮੁੱਕੀ ਕਲਜੁਗ ਹੱਦ, ਲੇਖਾ ਕੋਇ ਰਹਿਣ ਨਾ ਪਾਈਆ । ਦਰ ਦੁਆਰੇ ਔਣਾ ਭੱਜ, ਬਣ ਪਾਂਧੀ ਪੰਧ ਮੁਕਾਈਆ । ਸਚ ਨਗਾਰਾ ਰਿਹਾ ਵੱਜ, ਕੂੜੀ ਕਿਰਿਆ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਸਮਝਾਈਆ । ਸਤਿਜੁਗ ਆ ਕੇ ਗਿਆ ਝੁਕ, ਪ੍ਰਭ ਅੱਗੇ ਸੀਸ ਝੁਕਾਈਆ । ਪ੍ਰਭ ਪਿਛਲਾ ਪੈਂਡਾ ਗਿਆ ਮੁਕ, ਮੇਰਾ ਪੰਧ ਨਜ਼ਰ ਨਾ ਆਈਆ । ਇਕੋ ਰੱਖ ਤੇਰੀ ਓਟ, ਬੈਠਾ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਣੀ ਮਾਣ ਵਡਿਆਈਆ । ਤ੍ਰੇਤਾ ਕਹੇ ਮੇਰਾ ਚੁਕਿਆ ਵੇਲਾ, ਪਿਛਲੀ ਕਹਾਣੀ ਰਿਹਾ ਸੁਣਾਈਆ । ਪਾਰਬ੍ਰਹਮ ਪ੍ਰਭ ਸੱਜਣ ਸੁਹੇਲਾ, ਤੇਰੀ ਸਰਨ ਮਿਲੀ ਸਰਨਾਈਆ । ਚਰਨ ਪ੍ਰੀਤੀ ਮੰਗਾਂ ਇਕ ਇਕੇਲਾ, ਦਿਵਸ ਰੈਣ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਦੇਣੀ ਇਕ ਵਡਿਆਈਆ । ਦੁਆਪਰ ਕਹੇ ਮੇਰਾ ਵੇਲਾ ਗਿਆ ਲੰਘ, ਲੋਕਮਾਤ ਰਹਿਣ ਨਾ ਪਾਈਆ । ਮੈਂ ਸੁੱਤਾ ਸਚ ਪਲੰਘ, ਸੇਜ ਤੇਰੀ ਮਿਲੀ ਵਡਿਆਈਆ । ਤੇਰੇ ਚਰਨਾਂ ਵਿਚ ਅਨੰਦ, ਤੇਰੀ ਧੂੜ ਖ਼ਾਕ ਰਮਾਈਆ । ਤੂੰ ਸਾਹਿਬ ਮਨੋਹਰ ਮੁਕੰਦ, ਲੱਖਮੀ ਨਰਾਇਣ ਬੇਪਰਵਾਹੀਆ । ਤੇਰਾ ਢੋਲਾ ਗਾਵਾਂ ਛੰਦ, ਤੇਰਾ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣੀ ਸਰਨ ਸਰਨਾਈਆ । ਕਲਜੁਗ ਅੰਤਮ ਆਇਆ ਨੇੜੇ, ਦੂਰ ਦੁਰਾਡਾ ਸੀਸ ਝੁਕਾਈਆ । ਪ੍ਰਭ ਮੇਰੇ ਮੁੱਕੇ ਅਜੇ ਨਹੀਂ ਝੇੜੇ, ਘਰ ਘਰ ਝਗੜਾ ਬੈਠਾ ਪਾਈਆ । ਅਜੇ ਦਿਸਦੇ ਵਸਦੇ ਖੇੜੇ, ਉਜਿੜਿਆ ਨਜ਼ਰ ਕੋਇ ਨਾ ਆਈਆ । ਕੂੜੀ ਕਿਰਿਆ ਲਾਏ ਡੇਰੇ, ਜੂਠ ਝੂਠ ਬੈਠਾ ਆਸਣ ਲਾਈਆ । ਚਾਰੋਂ ਕੁੰਟ ਹੋਏ ਘੁੱਪ ਅੰਧੇਰੇ, ਅੰਧ ਅੰਧੇਰਾ ਰਿਹਾ ਛਾਈਆ । ਕੋਈ ਨਾ ਵੜੇ ਸਾਚੇ ਵੇਹੜੇ, ਘਰ ਨਜ਼ਰ ਕਿਸੇ ਨਾ ਆਈਆ । ਕੂੜੀ ਕਿਰਿਆ ਤਨ ਲਬੇੜੇ, ਆਤਮ ਸਫਲ ਨਾ ਕੋਇ ਵਖਾਈਆ । ਪੁਰਖ ਅਬਿਨਾਸ਼ੀ ਨਾਲ ਲਏ ਕੋਈ ਨਾ ਫੇਰੇ, ਸਾਚੀ ਨਾਰ ਨਾ ਕੋਇ ਆਪਣਾ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਅਲਖ ਜਗਾਈਆ । ਕਲਜੁਗ ਦੂਰੋਂ ਕਰੇ ਪੁਕਾਰ, ਉਚੀ ਕੂਕ ਕੂਕ ਸੁਣਾਇੰਦਾ । ਮੇਰੇ ਦਿਨ ਥੋੜੇ ਰਹਿ ਗਏ ਦੋ ਚਾਰ, ਚਾਰੋਂ ਕੁੰਟ ਨਾਚ ਨਚਾਇੰਦਾ । ਸ੍ਰਿਸ਼ਟ ਸਬਾਈ ਧੀਆਂ ਭੈਣਾਂ ਕਰੇ ਵਪਾਰ, ਵਿਭਚਾਰ ਘਰ ਘਰ ਡੇਰਾ ਲਾਇੰਦਾ । ਸਤਿ ਧਰਮ ਨਾ ਕੋਇ ਜੈਕਾਰ, ਕੂੜੀ ਕਿਰਿਆ ਅਲਖ ਜਗਾਇੰਦਾ । ਸ੍ਰੀ ਭਗਵਾਨ ਤੇਰਾ ਬੇੜਾ ਕਰ ਦਿਆਂ ਤਿਆਰ, ਲੱਖ ਚੁਰਾਸੀ ਪੂਰ ਭਰਾਇੰਦਾ । ਮਲਾਹ ਬਣਨਾ ਇਕੋ ਵਾਰ, ਦੂਜਾ ਵਕਤ ਨਾ ਕੋਇ ਸੁਹਾਇੰਦਾ । ਪਹਿਲੋਂ ਭੁਲਾਇਆ ਆਪ ਸੰਸਾਰ, ਹੁਣ ਅੰਤਮ ਧੱਕਾ ਲਾਇੰਦਾ । ਤੂੰ ਡੋਬੀਂ ਵਿਚ ਮੰਜਧਾਰ, ਫੜ ਕੇ ਬਾਹਰ ਨਾ ਕੋਇ ਕਢਾਇੰਦਾ । ਮੈਂ ਹੁਕਮੇ ਅੰਦਰ ਕੀਤੀ ਕਾਰ, ਤੇਰੀ ਸਾਚੀ ਸੇਵ ਕਮਾਇੰਦਾ । ਕੋਈ ਉਚੀ ਕੂਕ ਕਹਿ ਨਾ ਸਕੇ ਪੁਕਾਰ, ਪੁਰਖ ਅਬਿਨਾਸ਼ੀ ਮੈਨੂੰ ਨਜ਼ਰੀ ਆਇੰਦਾ । ਜੀਵਾਂ ਜੰਤਾਂ ਸਾਧਾਂ ਸੰਤਾਂ ਦਿਤੀ ਹਾਰ, ਤੀਰਥ ਤਟ ਕਿਨਾਰੇ ਵੇਖ ਵਖਾਇੰਦਾ । ਸਭ ਨੂੰ ਡੋਬਿਆ ਡੂੰਘੀ ਗਾਰ, ਕਿਨਾਰਾ ਹੱਥ ਕਿਸੇ ਨਾ ਆਇੰਦਾ । ਮੈਂ ਤੇਰਾ ਛੋਟਾ ਪੁੱਤ ਬੜਾ ਬਲਕਾਰ, ਤੈਨੂੰ ਸਾਰਾ ਹਾਲ ਸੁਣਾਇੰਦਾ । ਬੀਸ

੮੭੩
੧੪

ਬੀਸੇ ਹੋ ਖ਼ਬਰਦਾਰ, ਸਚ ਸੰਦੇਸਾ ਇਕ ਅਲਾਇੰਦਾ । ਜਿਨ੍ਹਾਂ ਚਿਰ ਨਾ ਮਿਲੇ ਮੇਰਾ ਗੋਬਿੰਦ ਮੀਤ ਮੁਰਾਰ, ਮੇਰਾ ਦੁੱਖ ਨਾ ਕੋਇ ਮਿਟਾਇੰਦਾ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਦਰ ਤੇਰੇ ਵਾਸਤਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਖਲਾਇੰਦਾ । ਸਾਚੀ ਖੇਲ ਦੱਸ ਭਗਵਾਨਾ, ਕਲਜੁਗ ਅੰਤਮ ਮੰਗ ਮੰਗਾਈਆ । ਨਵ ਨੌਂ ਹੋਈ ਸ਼ੈਤਾਨਾ, ਸ਼ਰਅ ਘਰ ਘਰ ਕਰੇ ਲੜਾਈਆ । ਤੇਰਾ ਭੁੱਲਿਆ ਨਾਉਂ ਗੁਣ ਨਿਧਾਨਾ, ਹਰਿ ਕਾ ਗੁਣ ਨਾ ਕੋਇ ਸਮਝਾਈਆ । ਪੰਚ ਵਿਕਾਰ ਬਣਿਆ ਸ਼ੈਤਾਨਾ, ਕਾਮ ਕਰੋਧ ਲੋਭ ਮੋਹ ਹੰਕਾਰ ਹਲਕਾਈਆ । ਸਤਿਜੁਗ ਤ੍ਰੇਤਾ ਦੁਆਪਰ ਗੁਰ ਅਵਤਾਰ ਪੀਰ ਪੈਗ਼ੰਬਰ ਦੇ ਕੇ ਗਏ ਆਪਣਾ ਬਿਆਨਾ, ਧੁਰ ਦਾ ਲੇਖਾ ਲੇਖ ਜਣਾਈਆ । ਕਲਜੁਗ ਅੰਤ ਸ੍ਰੀ ਭਗਵੰਤ ਪਰਗਟ ਹੋਏ ਨਿਹਕਲੰਕ ਬਲੀ ਬਲਵਾਨਾ, ਬਲ ਆਪਣਾ ਆਪ ਵਖਾਈਆ । ਜੋਧਾ ਸੂਰਬੀਰ ਮਰਦ ਮਰਦਾਨਾ, ਲੇਖਾ ਜਾਣੇ ਦੋ ਜਹਾਨਾਂ, ਦੋਏ ਦੋਏ ਆਪਣੀ ਕਾਰ ਕਮਾਈਆ । ਨਾਮ ਖੜਗ ਖੰਡਾ ਕਿਰਪਾਨਾ, ਨਾ ਕੋਈ ਚਿੱਲਾ ਤੀਰ ਕਮਾਨਾ, ਭੱਥਾ ਹੱਥ ਨਾ ਕੋਇ ਉਠਾਈਆ । ਏਕਾ ਸ਼ਬਦ ਕਰੇ ਫ਼ਰਮਾਨਾ, ਲੇਖਾ ਜਾਣੇ ਹੁਕਮਰਾਨਾ, ਹੁਕਮ ਹਾਕਮ ਇਕ ਜਣਾਈਆ । ਨਾਦ ਅਨਾਦੀ ਗਾਏ ਗਾਣਾ, ਆਤਮ ਪਰਮਾਤਮ ਸੁਣਾਏ ਤਰਾਨਾ, ਤੁਰਯਾ ਰਾਗ ਮੁਖ ਸ਼ਰਮਾਈਆ । ਪਾਰਬ੍ਰਹਮ ਬ੍ਰਹਮ ਵੇਖੇ ਮਾਰ ਧਿਆਨਾ, ਭਾਗ ਲਗਾਏ ਸਾਢੇ ਤਿੰਨ ਹੱਥ ਮਕਾਨਾ, ਕਾਇਆ ਬੰਕ ਇਕ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੁਆਰੇ ਆਪੇ ਖੜ, ਦੇਣਾ ਦਰਸ ਬੇਪਰਵਾਹੀਆ । ਕਲਜੁਗ ਕਹੇ ਮੈਂ ਬਾਲਾ ਛੋਟਾ, ਤੇਰੀ ਓਟ ਰਖਾਈਆ । ਲੋਕਮਾਤ ਵਿਚ ਵੜਿਆ ਕਰ ਲੰਗੋਟਾ, ਸਾਧਾਂ ਸੰਤਾਂ ਲਿਆ ਢਾਹੀਆ । ਧਰਨੀ ਧਰਤ ਧਵਲ ਵੇਖੀ ਚੋਟਾ, ਨਵ ਖੰਡ ਆਪਣਾ ਫੇਰਾ ਪਾਈਆ । ਮਨ ਸਭ ਦਾ ਕੀਤਾ ਖੋਟਾ, ਖਰਾ ਨਜ਼ਰ ਕੋਇ ਨਾ ਆਈਆ । ਨਰ ਖਰ ਹੋਇਆ ਖੋਤਾ, ਕੂੜੀ ਕਿਰਿਆ ਭਾਰ ਉਠਾਈਆ । ਗੁਰਮੁਖ ਵਿਰਲਾ ਉਠਾਇਆ ਸੋਤਾ, ਸਾਚੀ ਸ਼ਬਦ ਤਾਰ ਹਿਲਾਈਆ । ਜਨ ਭਗਤੋ ਇਕੋ ਮੇਰੇ ਵਿਚ ਮਿਲਣ ਦਾ ਇਕੋ ਮੌਕਾ, ਧੁਰ ਸੰਦੇਸਾ ਦਿਤਾ ਸੁਣਾਈਆ । ਸ੍ਰੀ ਭਗਵਾਨ ਕਿਸੇ ਨਾਲ ਕਰੇ ਨਾ ਧੋਖਾ, ਜੋ ਜਨ ਆਏ ਸਰਨਾਈਆ । ਏਥੇ ਓਥੇ ਬਖ਼ਸ਼ੇ ਆਪਣੀ ਓਟਾ, ਮਿਹਰ ਨਜ਼ਰ ਨੈਣ ਉਠਾਈਆ । ਨਿਰਮਲ ਪਰਕਾਸ਼ ਕਰੇ ਆਪਣੀ ਜੋਤਾ, ਜੋਤੀ ਜੋਤ ਡਗਮਗਾਈਆ । ਨਾਤਾ ਤੋੜੇ ਲੋਕ ਪਰਲੋਕਾ, ਸਚ ਸਲੋਕ ਇਕ ਸੁਣਾਈਆ । ਹਰਿ ਕਾ ਭਾਣਾ ਕਿਸੇ ਨਾ ਰੋਕਾ, ਨਾ ਕੋਈ ਮੇਟੇ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਤੇਰੇ ਦਰਬਾਰ ਮਿਲੇ ਵਡਿਆਈਆ । ਕਲਜੁਗ ਤੇਰੀ ਵਡਿਆਈ ਵਡ, ਸੋ ਸਾਹਿਬ ਆਪ ਸੁਣਾਇੰਦਾ । ਸਾਚੇ ਭਗਤ ਲਏ ਕੱਢ, ਜਿਨ੍ਹਾਂ ਆਪਣੀ ਬੂਝ ਬੁਝਾਇੰਦਾ । ਦਰ ਦਰ ਘਰ ਘਰ ਜਾ ਕੇ ਲਿਆਂਦੇ ਸੱਦ, ਧੁਰ ਫ਼ਰਮਾਨਾ ਹੁਕਮ ਸੁਣਾਇੰਦਾ । ਉਠੋ ਮੁਰੀਦੋ ਮੁਰਸ਼ਦ ਕਰੋ ਹੱਜ, ਹਾਜੀ ਇਕੋ ਨਜ਼ਰੀ ਆਇੰਦਾ । ਸਭ ਦੇ ਪੜਦੇ ਲਏ ਕੱਜ, ਨਾਮ ਦੋਸ਼ਾਲਾ ਉਤੇ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਕਲਜੁਗ ਸਾਚੇ ਆਪ ਸਮਝਾਇੰਦਾ । ਕਲਜੁਗ ਸੋਹਣੇ ਮੇਰੇ ਨਿੱਕੇ ਲਾਲ, ਤੈਨੂੰ ਦਿਆਂ ਵਡਿਆਈਆ । ਤੂੰ ਗੁਰਮੁਖ ਸੱਜਣ ਭਗਤ ਲਏ ਉਠਾਲ, ਘਰ ਘਰ ਫੇਰਾ ਪਾਈਆ । ਡਰਦਾ ਡਰਦਾ ਬਣਿਉਂ ਦਲਾਲ, ਮਰਦਾ ਮਰਦਾ ਸੇਵ ਕਮਾਈਆ । ਸ੍ਰੀ ਭਗਵਾਨ ਹੋ ਨਿਹਾਲ, ਤੇਰਾ ਲੇਖਾ ਦਏ ਵਖਾਈਆ । ਹਰਿਜਨ ਸੋਹਣ ਚਰਨ ਕਵਲ ਸ਼ਾਹ ਕੰਗਾਲ, ਕੰਗਾਲ ਸ਼ਾਹ ਆਪਣਾ


੮੭੪
੧੪

ਰੰਗ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਵਡਿਆਈਆ । ਸਚ ਵਡਿਆਈ ਭਗਤ ਜਨ, ਸ੍ਰੀ ਭਗਵਾਨ ਆਪ ਦਿਵਾਇੰਦਾ । ਲੇਖੇ ਲਾਏ ਕਾਇਆ ਮਾਟੀ ਤਨ, ਜਿਸ ਜਨ ਆਪਣਾ ਦਰਸ ਦਿਖਾਇੰਦਾ । ਸਚ ਸ਼ਬਦ ਰਾਗ ਸੁਣਾਏ ਕੰਨ, ਸੋਹੰ ਆਪ ਅਲਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਵਿਸ਼ਨ ਬ੍ਰਹਮਾ ਸ਼ਿਵ ਕਹਿਣ ਧੰਨ ਧੰਨ, ਧੰਨ ਤੇਰਾ ਅੰਤ ਕੋਇ ਨਾ ਪਾਇੰਦਾ । ਜਨ ਭਗਤਾਂ ਅੰਦਰ ਬਹਿ ਕੇ ਗਿਉਂ ਮਨ, ਮਨਸਾ ਸਭਦੀ ਪੂਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਚੌਥੇ ਯੁਗ ਹਰਿਜਨ ਸਾਚੇ ਆਪ ਤਰਾਇੰਦਾ । ਹਰਿਜਨ ਤੇਰਾ ਪਾਰ ਕਿਨਾਰਾ, ਪਾਰਬ੍ਰਹਮ ਪ੍ਰਭ ਆਪ ਕਰਾਈਆ । ਚਾਰ ਵਰਨ ਦਾ ਇਕ ਸਹਾਰਾ, ਸ੍ਰੀ ਭਗਵਾਨ ਨਜ਼ਰੀ ਆਈਆ । ਆਤਮ ਪਰਮਾਤਮ ਦਏ ਆਧਾਰਾ, ਪਾਰਬ੍ਰਹਮ ਬ੍ਰਹਮ ਨਾਤਾ ਜੋੜ ਜੁੜਾਈਆ । ਸਚ ਧਰਮ ਦਾ ਇਕ ਦੁਆਰਾ, ਸਚਖੰਡ ਦਏ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸੋਹਣ ਬੰਕ ਦੁਆਰਾ, ਦੋਏ ਜੋੜ ਚਰਨ ਸਰਨਾਈਆ । ਬਿਨ ਰਸਨਾ ਜਿਹਵਾ ਸਾਰੇ ਬੋਲਣ ਸੋਹੰ ਜੈਕਾਰਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸਚ ਦਰਬਾਰ ਇਕੋ ਇਕ ਸੁਹਾਈਆ ।

ਗੁਰ ਪਰਸਾਦ ਖਾਓ ਪਰਸਾਦ, ਪਰਸਾਦ ਪਰਸਾਦੀ ਰੂਪ ਵਖਾਈਆ । ਗੁਰ ਪਰਸਾਦ ਗੁਰ ਦੇਵੇ ਦਾਦ, ਵਸਤ ਅਮੋਲਕ ਝੋਲੀ ਪਾਈਆ । ਗੁਰ ਪਰਸਾਦ ਗੁਰ ਵਸੇ ਸਾਥ, ਗੁਰ ਸਗਲਾ ਸੰਗ ਨਿਭਾਈਆ । ਗੁਰ ਪਰਸਾਦ ਗੁਰ ਪਾਰ ਉਤਾਰੇ ਘਾਟ, ਗੁਰ ਪੱਤਣ ਬੈਠਾ ਸੱਚਾ ਮਾਹੀਆ । ਗੁਰ ਪਰਸਾਦ ਗੁਰ ਚੁਕਾਵੇ ਵਾਟ, ਗੁਰ ਆਵਣ ਜਾਵਣ ਪੰਧ ਮੁਕਾਈਆ । ਗੁਰ ਪਰਸਾਦ ਗੁਰ ਕਿਰਪਾ ਦੇਵੇ ਖਾਟ, ਗੁਰ ਖਟੀਆ ਇਕ ਸੁਹਾਈਆ । ਗੁਰ ਕਿਰਪਾ ਗੁਰ ਜੋਤ ਕਰੇ ਪਰਕਾਸ਼, ਗੁਰ ਜੋਤੀ ਜੋਤ ਜੋਤ ਰੁਸ਼ਨਾਈਆ । ਗੁਰ ਕਿਰਪਾ ਗੁਰ ਵੱਜੇ ਨਾਦ, ਗੁਰ ਅਨਹਦ ਰਾਗ ਸੁਣਾਈਆ । ਗੁਰ ਕਿਰਪਾ ਗੁਰ ਬਣੇ ਸਾਕ, ਗੁਰ ਸੱਜਣ ਰੂਪ ਵਟਾਈਆ । ਗੁਰ ਕਿਰਪਾ ਗੁਰ ਖੋਲ੍ਹੇ ਤਾਕ, ਗੁਰ ਪਰਸਾਦ ਭੇਵ ਚੁਕਾਈਆ । ਗੁਰ ਪਰਸਾਦ ਗੁਰ ਹੋਏ ਸਹਾਈ ਅਨਾਥਾਂ ਨਾਥ, ਗੁਰ ਨਿਰਧਨ ਲੇਖੇ ਪਾਈਆ । ਗੁਰ ਪਰਸਾਦ ਗੁਰ ਮੇਟੇ ਅੰਧੇਰੀ ਰਾਤ, ਗੁਰ ਚਾਂਦਨਾ ਚੰਦ ਇਕ ਚਮਕਾਈਆ । ਗੁਰ ਪਰਸਾਦ ਗੁਰ ਪੁਛੇ ਵਾਤ, ਗੁਰ ਘਰ ਘਰ ਹੋਏ ਸਹਾਈਆ । ਗੁਰ ਪਰਸਾਦ ਗੁਰ ਦੇਵੇ ਭਗਤ ਜਮਾਤ, ਗੁਰਮੁਖਾਂ ਸਗਲਾ ਸੰਗ ਬਣਾਈਆ । ਸਤਿਗੁਰ ਕਿਰਪਾ ਗੁਰ ਪਰਸਾਦ, ਗੁਰ ਕਿਰਪਾ ਆਤਮ ਮਿਲੀ ਦਾਦ, ਵਸਤ ਪਰਮਾਤਮ ਆਪ ਵਰਤਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਕਲਾਂ ਸਮਰਾਥ, ਸਰਬ ਵਿਆਪੀ ਆਪਣੀ ਸੇਵ ਕਮਾਈਆ ।

★ ੩੧ ਜੇਠ ੨੦੨੦ ਬਿਕ੍ਰਮੀ ਰਣੀਆ ਰਾਮ, ਸੇਵਾ ਰਾਮ ਦੇ ਗ੍ਰਿਹਿ ਪਿੰਡ ਕਲੋਏ ਜੰਮੂ ★

ਸਾਚੇ ਤਖ਼ਤ ਹਰਿ ਜੂ ਚੜ੍ਹ, ਸਚਖੰਡ ਨਿਵਾਸੀ ਆਪਣਾ ਹੁਕਮ ਮਨਾਇੰਦਾ । ਦੋ ਜਹਾਨਾਂ ਵੇਖੇ ਖੜ, ਪੁਰੀਆਂ ਲੋਆਂ ਖੋਜ ਖੁਜਾਇੰਦਾ । ਲੱਖ ਚੁਰਾਸੀ ਅੰਦਰ ਵੜ, ਘਟ ਘਟ ਭੇਵ ਚੁਕਾਇੰਦਾ । ਲੇਖਾ ਜਾਣੇ ਚੋਟੀ ਜੜ, ਮਧ ਆਪਣੀ ਕਾਰ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਸਚ ਦੁਆਰੇ ਸੋਭਾ ਪਾਇੰਦਾ । ਸਚ ਦੁਆਰੇ ਤਖ਼ਤ ਨਿਵਾਸੀ, ਸੋ ਸਾਹਿਬ ਸੋਭਾ ਪਾਈਆ । ਪਾਰਬ੍ਰਹਮ ਪ੍ਰਭ ਪੁਰਖ ਅਬਿਨਾਸ਼ੀ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਜੁਗ ਚੌਕੜੀ ਵੇਖਣਹਾਰਾ ਖੇਲ ਤਮਾਸ਼ੀ, ਖ਼ਾਲਕ ਆਪਣੇ ਹੱਥ ਰੱਖੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚਾ ਇਕ ਸੁਹਾਈਆ । ਤਖ਼ਤ ਨਿਵਾਸੀ ਸ਼ਾਹ ਸੁਲਤਾਨ, ਸ਼ਹਿਨਸ਼ਾਹ ਅਖਵਾਇੰਦਾ । ਜੁਗ ਚੌਕੜੀ ਵੇਖੇ ਆਣ, ਨਿਰਗੁਣ ਸਰਗੁਣ ਵੇਸ ਵਟਾਇੰਦਾ । ਦੇਵਣਹਾਰਾ ਸ਼ਬਦ ਗਿਆਨ, ਨਾਦ ਤੂਰ ਆਪ ਵਜਾਇੰਦਾ । ਪੜ੍ਹਾਵਣਹਾਰਾ ਜੀਵ ਜਹਾਨ, ਸਾਚੀ ਸਿਖਿਆ ਇਕ ਦ੍ਰਿੜਾਇੰਦਾ । ਮਿਲਾਵਣਹਾਰ ਸ੍ਰੀ ਭਗਵਾਨ, ਜੁਗ ਵਿਛੜੇ ਮੇਲ ਮਿਲਾਇੰਦਾ । ਵਖਾਵਣਹਾਰਾ ਸਾਚਾ ਕਾਹਨ, ਨਿਰਵੈਰ ਇਕੋ ਨਜ਼ਰੀ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮਹੱਲ ਇਕ ਸੁਹਾਇੰਦਾ । ਸਚ ਮਹੱਲ ਸੁਹਾਵਣਹਾਰਾ, ਸੋ ਸਾਹਿਬ ਵੱਡੀ ਵਡਿਆਈਆ । ਜੁਗ ਚੌਕੜੀ ਲੈ ਅਵਤਾਰਾ, ਗੁਰ ਗੁਰ ਵੇਸ ਵਟਾਈਆ । ਨਾਮ ਨਿਧਾਨਾ ਬੋਲ ਜੈਕਾਰਾ, ਜੈ ਜੈਕਾਰ ਸੁਣਾਈਆ । ਸਤਿ ਸਰੂਪੀ ਸ਼ਬਦ ਭੰਡਾਰਾ, ਲੋਕਮਾਤ ਮਾਤ ਵਰਤਾਈਆ । ਦੇਵਣਹਾਰਾ ਸਰਬ ਸਹਾਰਾ, ਮਿਹਰਵਾਨ ਆਪਣੀ ਦਇਆ ਕਮਾਈਆ । ਕਾਗ਼ਜ਼ ਕਲਮ ਬਣ ਲਿਖਾਰਾ, ਕਲਮ ਸ਼ਾਹੀ ਰੰਗ ਚੜ੍ਹਾਈਆ । ਬੋਧ ਅਗਾਧ ਬੋਲ ਜੈਕਾਰਾ, ਰਾਗ ਇਕੋ ਇਕ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੁਆਰੇ ਸੋਭਾ ਪਾਈਆ । ਸਚ ਦੁਆਰਾ ਸੁਹਾਏ ਆਣ, ਆਪਣੇ ਹੱਥ ਰੱਖੇ ਵਡਿਆਈਆ । ਆਦਿ ਜੁਗਾਦੀ ਇਕ ਭਗਵਾਨ, ਨਿਰਗੁਣ ਸਰਗੁਣ ਖੇਲ ਕਰਾਈਆ । ਕਲਜੁਗ ਅੰਤ ਹੋ ਪਰਧਾਨ, ਨਾਮ ਪਰਧਾਨਗੀ ਇਕ ਵਖਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਕੱਠੇ ਕੀਤੇ ਆਣ, ਧੁਰ ਸੰਦੇਸਾ ਹੁਕਮ ਸੁਣਾਈਆ । ਪੂਰਬ ਲੇਖਾ ਦਿਓ ਬਿਆਨ, ਭੇਵ ਅਭੇਦਾ ਰਿਹਾ ਖੁਲ੍ਹਾਈਆ । ਕਵਣ ਦੁਆਰੇ ਸਚ ਨਿਸ਼ਾਨ, ਧਰਮ ਨਿਸ਼ਾਨਾ ਕਵਣ ਝੁਲਾਈਆ । ਕਵਣ ਕਰੇ ਸਚ ਧਿਆਨ, ਨਿਜ ਨੇਤਰ ਕਵਣ ਖੁਲ੍ਹਾਈਆ । ਕਵਣ ਗਾਏ ਗੋਬਿੰਦ ਗਾਨ, ਅੱਖਰ ਵੱਖਰ ਕਵਣ ਪੜ੍ਹਾਈਆ । ਕਵਣ ਵਸੇ ਸਚ ਮਕਾਨ, ਸਚ ਦੁਆਰੇ ਡੇਰਾ ਲਾਈਆ । ਕਵਣ ਨਾਮ ਖੰਡਾ ਪਕੜੇ ਕਿਰਪਾਨ, ਖੜਗ ਹੱਥ ਕਵਣ ਰਖਾਈਆ । ਕਵਣ ਚਿੱਲਾ ਵਖਾਏ ਕਮਾਨ, ਕਵਣ ਤੀਰ ਰਿਹਾ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਥਾਉਂ ਥਾਈਂਆ । ਸਚਖੰਡ ਨਿਵਾਸੀ ਏਕਾ ਉਠਿਆ, ਕਲਜੁਗ ਅੰਤ ਲੈ ਅੰਗੜਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਪੁਛਿਆ, ਵਿਸਨ ਬ੍ਰਹਮਾ ਸ਼ਿਵ ਨਾਲ ਰਲਾਈਆ । ਲੱਖ ਚੁਰਾਸੀ ਜੀਵ ਜੰਤ ਕੋਈ ਨਾ ਰਹੇ ਲੁਕਿਆ, ਫੜ ਬਾਂਹੋਂ ਬਾਹਰ ਕਢਾਈਆ । ਸ਼ੇਰ ਹੋ ਕੇ ਨਰ ਨਿਰੰਕਾਰ ਬੁੱਕਿਆ, ਭਬਕ ਆਪਣੇ ਨਾਮ ਲਗਾਈਆ । ਸਚ ਨਿਸ਼ਾਨਿਉਂ ਕਦੇ ਨਾ ਉਕਿਆ, ਤੀਰ ਅਣਿਆਲਾ ਆਪ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਪ੍ਰਭ ਆਇਆ ਆਪ, ਆਪਣੇ ਹੱਥ ਰੱਖੇ ਵਡਿਆਈਆ । ਸ੍ਰਿਸ਼ਟ ਸਬਾਈ ਜਣਾਏ ਏਕੋ ਜਾਪ, ਏਕਾ ਅੱਖਰ ਕਰੇ ਪੜ੍ਹਾਈਆ । ਮੇਟਣਹਾਰਾ ਰੋਗ ਸੰਤਾਪ, ਦੁਖ ਦਲਿੱਦਰ ਰਿਹਾ ਗਵਾਈਆ । ਆਤਮ ਪਰਮਾਤਮ ਜੋੜੇ ਨਾਤ, ਸਾਚਾ ਨਾਤਾ ਇਕ ਬੰਧਾਈਆ । ਪਾਰਬ੍ਰਹਮ ਬ੍ਰਹਮ ਢੋਲਾ ਗਾਏ ਗਾਥ, ਸਾਚੀ ਸਿਖਿਆ ਇਕ ਸਮਝਾਈਆ । ਮੇਲ ਮਿਲਾਵਾ ਕਮਲਾਪਾਤ, ਘਰ ਮਿਲੇ ਸੱਚਾ ਮਾਹੀਆ । ਕਲਜੁਗ ਮੇਟ ਅੰਧੇਰੀ ਰਾਤ, ਸਤਿ ਸਤਿਵਾਦੀ ਸਾਚਾ ਰਾਹ ਵਖਾਈਆ । ਕੂੜੀ ਕਿਰਿਆ ਕਰੇ ਘਾਤ, ਨਾਮ ਖੰਡਾ

੮੭੭
੧੪

ਹੱਥ ਚਮਕਾਈਆ । ਜਨ ਭਗਤਾਂ ਦੇਵੇ ਸਾਥ, ਬਣ ਸੇਵਕ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਨਿਵਾਸੀ ਫੇਰਾ ਪਾਈਆ । ਸਚਖੰਡ ਨਿਵਾਸੀ ਪ੍ਰਭ ਏਕਾ ਆਇਆ, ਏਕੰਕਾਰ ਵੱਡੀ ਵਡਿਆਈਆ । ਹਰਿਜਨ ਸਾਚੇ ਲਏ ਜਗਾਇਆ, ਜਾਗਰਤ ਜੋਤ ਕਰੇ ਰੁਸ਼ਨਾਈਆ । ਦੂਈ ਦਵੈਤੀ ਪਰਦਾ ਲਾਹਿਆ, ਮਾਇਆ ਮਮਤਾ ਦਏ ਮਿਟਾਈਆ । ਘਰ ਦੀਪਕ ਜੋਤ ਕਰ ਰੁਸ਼ਨਾਇਆ, ਅਗਿਆਨ ਅੰਧੇਰ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸਚਖੰਡ ਨਿਵਾਸੀ ਸਾਹਿਬ ਸੁਲਤਾਨ, ਹਰਿ ਸਤਿਗੁਰ ਵਡ ਵਡਿਆਈਆ । ਕਲਜੁਗ ਅੰਤਮ ਵੇਖੇ ਮਾਰ ਧਿਆਨ, ਨਿਗਹਬਾਨ ਨੈਣ ਉਠਾਈਆ । ਸੰਤ ਸੁਹੇਲੇ ਮੇਲੇ ਆਣ, ਕਰ ਕਿਰਪਾ ਮੇਲ ਮਿਲਾਈਆ । ਸਾਚਾ ਮੰਦਰ ਵਖਾਏ ਮਕਾਨ, ਘਰ ਇਕੋ ਇਕ ਸੁਹਾਈਆ । ਨਜ਼ਰੀ ਆਏ ਸ੍ਰੀ ਭਗਵਾਨ, ਸਵੱਛ ਸਰੂਪੀ ਰੂਪ ਵਖਾਈਆ । ਨਾਤਾ ਤੋੜੇ ਕੂੜ ਜਹਾਨ, ਕੂੜੀ ਕਿਰਿਆ ਮੋਹ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੁਆਰ ਇਕ ਜਣਾਈਆ । ਸਚ ਦੁਆਰ ਸਾਢੇ ਤਿੰਨ ਹੱਥ, ਹਰਿ ਸਤਿਗੁਰ ਆਪ ਦਸਾਇੰਦਾ । ਵਸਤ ਅਮੋਲਕ ਅੰਦਰ ਰੱਖ, ਉਪਰ ਆਪਣਾ ਪੜਦਾ ਪਾਇੰਦਾ । ਗੁਰਮੁਖ ਵਿਰਲੇ ਦੇਵੇ ਦੱਸ, ਲੱਖ ਚੁਰਾਸੀ ਨਜ਼ਰ ਕਿਸੇ ਨਾ ਆਇੰਦਾ । ਕਰ ਕਿਰਪਾ ਜਿਸ ਦੇਵੇ ਆਪਣਾ ਰਸ, ਰਸ ਇਕੋ ਇਕ ਚਖਾਇੰਦਾ । ਸੋ ਸੱਜਣ ਮਿਲੇ ਹੱਸ ਹੱਸ, ਸੋਹੰ ਹੰਸਾ ਰੂਪ ਵਟਾਇੰਦਾ । ਜਨਮ ਜਨਮ ਦੀ ਪੂਰੀ ਆਸ, ਆਸਾ ਤ੍ਰਿਸਨਾ ਆਪ ਗਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਦਰ ਇਕ ਵਡਿਆਇੰਦਾ । ਸਾਚਾ ਮੰਦਰ ਕਾਇਆ ਬੰਕ, ਪੰਜ ਤੱਤ ਆਪ ਜਣਾਈਆ । ਜਿਸ ਦਾ ਲੇਖਾ ਰਾਉਂ ਰੰਕ, ਊਚ ਨੀਚ ਗੰਢ ਪੁਆਈਆ । ਜਿਸ ਦੇ ਅੰਦਰ ਵੱਜੇ ਸੰਖ, ਨਾਦ ਅਨਾਦੀ ਰਾਗ ਸੁਣਾਈਆ । ਜਿਸ ਦੀ ਮਹਿਮਾ ਸਦਾ ਬੇਅੰਤ, ਬੇਅੰਤ ਵਡ ਵਡਿਆਈਆ । ਜਿਸ ਘਰ ਮਿਲੇ ਨਰ ਹਰਿ ਸਾਚਾ ਕੰਤ, ਨਰ ਨਰਾਇਣ ਦਇਆ ਕਮਾਈਆ । ਜਿਸ ਮੰਦਰ ਤੁਟੇ ਹਉਮੇਂ ਹੰਗਤ, ਗੜ੍ਹ ਰੂਪ ਨਜ਼ਰ ਨਾ ਆਈਆ । ਜਿਸ ਅੰਦਰ ਵਿਦਿਆ ਬੋਧ ਅਗਾਧ ਰੱਖੇ ਪੰਡਤ, ਪੜ੍ਹਿਆਂ ਮੁੱਕ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮੰਦਰ ਇਕ ਸੁਹਾਈਆ । ਸਾਚਾ ਮੰਦਰ ਕਾਇਆ ਘਰ, ਗ੍ਰਿਹ ਇਕੋ ਇਕ ਵਖਾਈਆ । ਨਿਰਗੁਣ ਅੰਦਰ ਰਿਹਾ ਵੜ, ਲੋਚਣ ਜਗਤ ਨਜ਼ਰ ਨਾ ਆਈਆ । ਸਚ ਪਰਕਾਸ਼ ਏਕਾ ਕਰ, ਨੂਰ ਜ਼ਹੂਰ ਕਰੇ ਰੁਸ਼ਨਾਈਆ । ਢੋਲਾ ਅੱਖਰ ਆਪਣਾ ਪੜ੍ਹ, ਸ਼ਬਦੀ ਰਾਗ ਅਲਾਈਆ । ਅੰਮ੍ਰਿਤ ਸਰੋਵਰ ਠਾਂਡਾ ਸਰ, ਸੀਰ ਨੀਰ ਇਕ ਪਿਆਈਆ । ਗੁਰਮੁਖ ਗੁਰ ਗੁਰ ਆਪੇ ਫੜ, ਘਰ ਸਾਚੇ ਮੇਲ ਮਿਲਾਈਆ । ਉਚੇ ਟਿੱਲੇ ਵੇਖੇ ਚੜ੍ਹ, ਪਰਬਤ ਆਪਣਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਦਰ ਇਕ ਵਡਿਆਈਆ । ਸਾਚਾ ਮੰਦਰ ਸਚ ਮਨਾਰਾ, ਪੰਜ ਤੱਤ ਮਿਲੇ ਵਡਿਆਈਆ । ਜਿਸ ਘਰ ਵਸੇ ਆਪ ਨਿਰੰਕਾਰਾ, ਨਿਰਗੁਣ ਆਪਣਾ ਰੂਪ ਵਟਾਈਆ । ਦੇਵੇ ਮਾਣ ਗੁਰ ਅਵਤਾਰਾ, ਪੈਗ਼ੰਬਰ ਆਪਣੀ ਗੰਢ ਪੁਆਈਆ । ਸ਼ਬਦ ਨਾਮ ਬੋਲ ਜੈਕਾਰਾ, ਜੈ ਜੈਕਾਰ ਆਪ ਸੁਣਾਈਆ । ਵਸਤ ਅਗੰਮ ਭਰ ਭੰਡਾਰਾ, ਅਤੋਟ ਅਤੁਟ ਰਖਾਈਆ । ਸ੍ਰਿਸ਼ਟ ਸਬਾਈ ਬਣ ਵਣਜਾਰਾ, ਸਾਚਾ ਹੱਟ ਚਲਾਈਆ । ਜੁਗ ਚੌਕੜੀ ਬਣ ਲਿਖਾਰਾ, ਧੁਰ ਦੀ ਬਾਣੀ ਦਏ ਸਮਝਾਈਆ । ਸਾਚੇ ਮੰਦਰ ਕਰੋ ਪਿਆਰਾ, ਜਿਸ ਮੰਦਰ ਅੰਦਰ ਵਸੇ ਬੇਪਰਵਾਹੀਆ । ਇੱਟ ਲਾਏ ਨਾ ਕੋਈ ਗਾਰਾ, ਛੱਪਰ

ਛੰਨ ਨਾ ਕੋਇ ਛੁਹਾਈਆ । ਦੀਵਾ ਬਾਤੀ ਨਾ ਕੋਇ ਉਜਿਆਰਾ, ਨਿਰਗੁਣ ਜੋਤ ਨੂਰ ਰੁਸ਼ਨਾਈਆ । ਸੂਰਜ ਚੰਦ ਨਾ ਕੋਇ ਸਤਾਰਾ, ਮੰਡਲ ਮੰਡਪ ਨਾ ਕੋਇ ਵਖਾਈਆ । ਇਕ ਇਕੱਲਾ ਏਕੰਕਾਰਾ, ਘਰ ਬੈਠਾ ਡੇਰਾ ਲਾਈਆ । ਪਰਮਾਤਮ ਆਤਮ ਕਰੇ ਪਿਆਰਾ, ਸਚ ਪ੍ਰੀਤੀ ਇਕ ਸਮਝਾਈਆ । ਪਾਰਬ੍ਰਹਮ ਬ੍ਰਹਮ ਖੋਲ੍ਹ ਕਿਵਾੜਾ, ਆਪਣਾ ਪੜਦਾ ਦਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਦਰ ਇਕ ਸਮਝਾਈਆ । ਸਾਚਾ ਮੰਦਰ ਕਾਇਆ ਤਨ, ਤਤਵ ਤਤ ਇਕ ਜਣਾਇੰਦਾ । ਜਿਸ ਅੰਦਰ ਰੱਖੇ ਮਤ ਬੁਧ ਮਨ, ਮਨ ਮਨਸਾ ਨਾਲ ਮਿਲਾਇੰਦਾ । ਜਿਸ ਗ੍ਰਿਹਿ ਰੱਖੇ ਨਾਮ ਧੰਨ, ਖ਼ਜ਼ਾਨਾ ਨਜ਼ਰ ਕਿਸੇ ਨਾ ਆਇੰਦਾ । ਜਿਸ ਘਰ ਦੇਵੇ ਪੰਜਾਂ ਡੰਨ, ਨਾਮ ਖੰਡਾ ਹੱਥ ਚਮਕਾਇੰਦਾ । ਜਿਸ ਦੁਆਰੇ ਬੇੜਾ ਦੇਵੇ ਬੰਨ੍ਹ, ਬਣ ਮਲਾਹ ਪਾਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਮੰਦਰ ਇਕ ਵਖਾਇੰਦਾ । ਸੋ ਮੰਦਰ ਇਕ ਕਾਇਆ ਗੜ੍ਹ, ਸਾਚੇ ਤਿੰਨ ਮਿਲੇ ਵਡਿਆਈਆ । ਸਾਹਿਬ ਸੁਲਤਾਨ ਉਪਰ ਚੜ੍ਹ, ਸਾਚੇ ਤਖ਼ਤ ਸੋਭਾ ਪਾਈਆ । ਸੁਰਤ ਸਵਾਣੀ ਲਏ ਫੜ, ਆਪ ਆਪਣਾ ਹੁਕਮ ਮਨਾਈਆ । ਨਿਰਭੌ ਜਣਾਏ ਇਕ ਡਰ, ਭੈ ਇਕੋ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਘਰ ਸਾਚੇ ਦਏ ਵਡਿਆਈਆ । ਸਾਚਾ ਘਰ ਭਗਤ ਦੁਆਰਾ, ਹਰਿ ਭਗਤੀ ਭਾਉ ਜਣਾਇੰਦਾ । ਸਾਚਾ ਘਰ ਜਗਤ ਮਨਾਰਾ, ਨਿਰਗੁਣ ਨਿਰੰਕਾਰ ਆਪ ਵਸਾਇੰਦਾ । ਸਾਚਾ ਘਰ ਗੋਬਿੰਦ ਅਖਾੜਾ, ਸ਼ਬਦੀ ਆਪਣਾ ਰਾਗ ਅਲਾਇੰਦਾ । ਸਾਚਾ ਘਰ ਉਚ ਅਟੱਲ ਮਨਾਰਾ, ਦੀਆ ਬਾਤੀ ਇਕ ਡਗਮਗਾਇੰਦਾ । ਸਾਚਾ ਘਰ ਸਰਬ ਦਾ ਪਿਆਰਾ, ਪੁਰਖ ਅਕਾਲ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਘਰ ਇਕ ਵਖਾਇੰਦਾ । ਸਾਚਾ ਘਰ ਇਕ ਅਥਾਹ, ਸੋ ਸਾਹਿਬ ਆਪ ਬਣਾਈਆ । ਜਿਸ ਘਰ ਵਸੇ ਬੇਪਰਵਾਹ, ਪਾਰਬ੍ਰਹਮ ਪ੍ਰਭ ਆਪਣਾ ਡੇਰਾ ਲਾਈਆ । ਏਕਾ ਨਾਮ ਰਿਹਾ ਦ੍ਰਿੜਾ, ਏਕਾ ਢੋਲਾ ਰਿਹਾ ਜਣਾਈਆ । ਏਕਾ ਉਹਲਾ ਰਿਹਾ ਚੁਕਾ, ਪੜਦਾ ਏਕਾ ਰਿਹਾ ਉਠਾਈਆ । ਏਕਾ ਸੋਹਲਾ ਰਿਹਾ ਸੁਣਾ, ਏਕਾ ਨਾਦ ਸ਼ਬਦ ਸ਼ਨਵਾਈਆ । ਏਕਾ ਮਾਰਗ ਰਿਹਾ ਲਾ, ਏਕਾ ਰਹਿਬਰ ਆਪ ਅਖਵਾਈਆ । ਏਕਾ ਜਲਵਾ ਰਿਹਾ ਵਖਾ, ਏਕਾ ਨੂਰ ਜ਼ਹੂਰ ਖ਼ੁਦਾਈਆ । ਏਕਾ ਬੇਪਰਵਾਹ ਪਰਵਰਦਿਗਾਰ ਨਾਮ ਧਰਾ, ਲਾਸ਼ਰੀਕ ਇਕ ਅਖਵਾਈਆ । ਏਕਾ ਸਾਚਾ ਹੁਜਰਾ ਦਏ ਵਸਾ, ਸਚ ਸਿੰਘਾਸਣ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਘਰ ਸਿਫ਼ਤ ਸਾਲਾਹੀਆ । ਏਕਾ ਘਰ ਮੁਕਾਮੇ ਹੱਕ, ਸੋ ਸਾਹਿਬ ਆਪ ਉਪਾਈਆ । ਬੇਪਰਵਾਹ ਬੈਠਾ ਰਿਹਾ ਤੱਕ, ਬੇਨਜ਼ੀਰ ਨਜ਼ਰ ਕਿਸੇ ਨਾ ਆਈਆ । ਆਦਿ ਜੁਗਾਦਿ ਜੁਗ ਚੌਕੜੀ ਨਾ ਜਾਏ ਥੱਕ, ਥਕਾਵਟ ਵਿਚ ਕਦੇ ਨਾ ਆਈਆ । ਵਸਣਹਾਰਾ ਘਟ ਘਟ, ਘਰ ਘਰ ਆਪਣਾ ਡੇਰਾ ਲਾਈਆ । ਨਿਰਗੁਣ ਸਰਗੁਣ ਹੋ ਪਰਗਟ, ਜੁਗ ਜੁਗ ਆਪਣਾ ਰਾਹ ਵਖਾਈਆ । ਚੌਦਾਂ ਖੋਲ੍ਹ ਦੁਆਰਾ ਹੱਟ, ਚੌਦਾਂ ਤਬਕ ਰੰਗ ਰੰਗਾਈਆ । ਚੌਦਾਂ ਵਿਦਿਆ ਸੁਣਾਏ ਗਾਥ, ਚੌਦਸ ਚੌਦਾਂ ਕਰੇ ਪੜ੍ਹਾਈਆ । ਚੌਦਸ ਮੇਟ ਅੰਧੇਰੀ ਰਾਤ, ਸਾਚਾ ਨੂਰ ਕਰੇ ਰੁਸ਼ਨਾਈਆ । ਚੌਦਾਂ ਰਤਨ ਮਸਤਕ ਮਾਥ, ਟਿੱਕਾ ਇਕੋ ਇਕ ਵਖਾਈਆ । ਇਕ ਚਾਰ ਦਾ ਸਗਲਾ ਸਾਥ, ਆਦਿ ਜੁਗਾਦਿ ਆਪ ਨਿਭਾਈਆ । ਇਕ ਇਕੱਲਾ ਪੁਰਖ ਅਬਿਨਾਸ਼, ਚਾਰੇ ਯੁਗਾਂ, ਦਏ ਵਡਿਆਈਆ । ਚਾਰੇ ਯੁਗ ਗਾਇਣ ਗਾਥ, ਚਾਰੇ ਵੇਦਾਂ ਵੇਖ ਵਖਾਈਆ । ਚਾਰੇ ਵੇਦ ਦੱਸਣ ਜਮਾਤ,

ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਵੰਡ ਵੰਡਾਈਆ । ਚਾਰੇ ਵਰਨ ਵੇਖੇ ਮਾਰ ਝਾਤ, ਉਤਰ ਪੂਰਬ ਪੱਛਮ ਦੱਖਣ ਚਾਰੋਂ ਕੁੰਟ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੁਆਰੇ ਬੈਠਾ ਵੇਖ ਵਖਾਈਆ । ਸਚ ਦੁਆਰਾ ਇਕੋ ਗੀਤ, ਹਰਿ ਗੋਬਿੰਦ ਆਪ ਅਲਾਇੰਦਾ । ਸਚ ਦੁਆਰਾ ਇਕ ਅਤੀਤ, ਤ੍ਰੈਭਵਨ ਧਨੀ ਆਪ ਵਸਾਇੰਦਾ । ਸਚ ਦੁਆਰਾ ਇਕੋ ਠੀਕ, ਜਿਸ ਘਰ ਠਾਕਰ ਡੇਰਾ ਲਾਇੰਦਾ । ਸਚ ਦੁਆਰਾ ਇਕ ਬਾਰੀਕ, ਮਾਰਗ ਨਜ਼ਰ ਕਿਸੇ ਨਾ ਆਇੰਦਾ । ਸਚ ਦੁਆਰਾ ਸਚ ਪ੍ਰੀਤ ਪ੍ਰੀਤੀਵਾਨ ਆਪ ਸਮਝਾਇੰਦਾ । ਸਚ ਦੁਆਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਰ ਹਰਿ ਸਾਚਾ ਆਪ ਵਖਾਇੰਦਾ । ਸਚ ਦੁਆਰ ਸਾਚੀ ਸੇਵਾ, ਹਰਿ ਸਚ ਸਚ ਜਣਾਈਆ । ਸਚ ਦੁਆਰ ਅੰਮ੍ਰਿਤ ਮੇਵਾ, ਫਲ ਇਕੋ ਇਕ ਵਖਾਈਆ । ਸਚ ਦੁਆਰ ਮਿਲੇ ਵਡ ਦੇਵੀ ਦੇਵਾ, ਦੇਵ ਆਤਮਾ ਲੇਖੇ ਲਾਈਆ । ਸਚ ਦੁਆਰ ਅਲਖ ਅਭੇਵਾ ਅਗੰਮ ਅਥਾਹ ਬੈਠਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਦਰ ਇਕ ਸੁਹਾਈਆ । ਸਚ ਦੁਆਰਾ ਸਚ ਸਵਾਮੀ, ਹਰਿ ਸਤਿਗੁਰ ਡੇਰਾ ਲਾਇੰਦਾ । ਸਰਬ ਜੀਆਂ ਘਟ ਅੰਤਰਜਾਮੀ, ਲੱਖ ਚੁਰਾਸੀ ਖੋਜ ਖੁਜਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਗੁਰ ਅਵਤਾਰ ਪੀਰ ਪੈਗ਼ੰਬਰ ਜੋ ਦੇਂਦਾ ਰਿਹਾ ਨਾਮ ਬਾਣੀ, ਧੁਰ ਸੰਦੇਸਾ ਇਕ ਸੁਣਾਇੰਦਾ । ਸੋ ਸਤਿਗੁਰ ਦਾਤਾ ਸ਼ਾਹ ਪਾਤਸ਼ਾਹ ਵਡ ਸੁਲਤਾਨੀ, ਨਰ ਹਰਿ ਆਪਣੀ ਦਇਆ ਕਮਾਇੰਦਾ । ਕਲਜੁਗ ਅੰਤ ਜੋਤ ਨੂਰੋ ਨੂਰ ਨੁਰਾਨੀ, ਦਰ ਘਰ ਸਾਚੇ ਆਪ ਪਰਗਟਾਇੰਦਾ । ਗੋਬਿੰਦ ਦੱਸ ਕੇ ਗਿਆ ਨਿਸ਼ਾਨੀ, ਭੇਵ ਅਭੇਦਾ ਮਾਤ ਖੁਲ੍ਹਾਇੰਦਾ । ਸੰਬਲ ਵਸੇ ਧਾਮ ਮੁਕਾਮੀ, ਬੇਮੁਕਾਮ ਆਪਣਾ ਆਸਣ ਲਾਇੰਦਾ । ਦੂਜਾ ਦਿਸੇ ਨਾ ਕੋਇ ਲਾਸਾਨੀ, ਲਾਸ਼ਰੀਕ ਖੇਲ ਕਰਾਇੰਦਾ । ਆਪਣੀ ਜਾਣੇ ਆਪ ਕਹਾਣੀ, ਕਹਾਵਤ ਹੋਰ ਨਾ ਕੋਇ ਉਪਾਇੰਦਾ । ਲੇਖਾ ਜਾਣੇ ਚਾਰ ਖਾਣੀ, ਚਾਰੇ ਬਾਣੀ ਫੋਲ ਫੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੁਆਰਾ ਇਕ ਵਡਿਆਇੰਦਾ । ਸਚ ਦੁਆਰਾ ਏਕਾ ਨਰ, ਹਰਿ ਸਾਚਾ ਆਪ ਸੁਹਾਈਆ । ਸਾਢੇ ਤਿੰਨ ਹੱਥ ਅੰਦਰ ਜਾਏ ਵੜ, ਰੂਪ ਰੰਗ ਰੇਖ ਨਾ ਕੋਇ ਰਖਾਈਆ । ਆਪਣੇ ਪੌੜੇ ਜਾਏ ਚੜ੍ਹ, ਡੰਡਾ ਨਜ਼ਰ ਕਿਸੇ ਨਾ ਆਈਆ । ਉਚ ਮਹੱਲ ਆਪੇ ਖੜ, ਬੰਕ ਦੁਆਰ ਦਏ ਸੁਹਾਈਆ । ਇਕੋ ਅੱਖਰ ਲਏ ਪੜ੍ਹ, ਸੋਹੰ ਢੋਲਾ ਰਾਗ ਅਲਾਈਆ । ਆਤਮ ਪਰਮਾਤਮ ਪਰਮਾਤਮ ਆਤਮ ਦੇਵੇ ਵਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੇਲਾ ਮੇਲ ਮਿਲਾਈਆ । ਆਤਮ ਪਰਮਾਤਮ ਮੇਲਾ ਏਕ, ਏਕਾ ਘਰ ਵੱਜੇ ਵਧਾਈਆ । ਆਤਮ ਪਰਮਾਤਮ ਏਕਾ ਟੇਕ, ਓਟ ਇਕੋ ਇਕ ਸਮਝਾਈਆ । ਆਤਮ ਪਰਮਾਤਮ ਲੇਖ ਏਕ, ਅਲੇਖ ਦਏ ਸਮਝਾਈਆ । ਆਤਮ ਪਰਮਾਤਮ ਭੇਖ ਏਕ, ਜੁਗ ਚੌਕੜੀ ਭੇਖ ਵਟਾਈਆ । ਆਤਮ ਪਰਮਾਤਮ ਹੇਤ ਏਕ, ਨਿਤ ਨਵਿਤ ਆਪ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਮੰਦਰ ਕਰ ਰੁਸ਼ਨਾਈਆ । ਸਾਚੇ ਮੰਦਰ ਹੋਏ ਚਾਨਣ, ਦੀਪਕ ਦੀਆ ਇਕ ਜਗਾਈਆ । ਕਰੇ ਖੇਲ ਸ੍ਰੀ ਭਗਵਾਨਨ, ਭਗਵਨ ਆਪਣੀ ਦਇਆ ਕਮਾਈਆ । ਜਨ ਭਗਤਾਂ ਦੇਵੇ ਇਕੋ ਦਾਨਨ, ਨਾਮ ਨਿਧਾਨਾ ਝੋਲੀ ਪਾਈਆ । ਘਰ ਮਿਲੇ ਸਾਚਾ ਕਾਹਨਨ, ਬਾਹਰ ਲੱਭਣ ਕੋਇ ਨਾ ਜਾਈਆ । ਦਰਸ ਦਿਖਾਏ ਵਾਲੀ ਦੋ ਜਹਾਨਨ, ਸਨਮੁਖ ਆਪਣਾ ਪਰਦਾ ਲਾਹੀਆ । ਭਗਤ ਭਗਵਾਨ ਇਕ ਦੂਜੇ ਨੂੰ ਆਪ ਪਹਿਚਾਨਣ, ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਘਰ ਰੁੱਤੜੀ ਇਕ ਸੁਹਾਈਆ । ਭਗਵਾਨ ਕਹੇ ਵਡਿਆਈ ਭਗਤ, ਲੋਕਮਾਤ ਖੇਲ ਵਖਾਇੰਦਾ । ਭਗਤ ਕਹੇ ਵਡਿਆਈ ਸ੍ਰੀ ਭਗਵਾਨ ਜਗਤ, ਜੁਗ ਚਾਰ ਹੁਕਮ ਵਰਤਾਇੰਦਾ । ਭਗਵਾਨ ਕਹੇ ਵਡਿਆਈ ਭਗਤ, ਧੁਰ ਸੰਦੇਸਾ ਹੁਕਮ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੋਹਾਂ ਆਪਣੀ ਧਾਰ ਵਖਾਇੰਦਾ । ਆਪੇ ਭਗਤ ਆਪ ਭਗਵਾਨ, ਭਗਤੀ ਆਪਣਾ ਨਾਮ ਪਰਗਟਾਈਆ । ਆਪੇ ਦਾਤਾ ਦੇਵਣਹਾਰਾ ਦਾਨ, ਆਪੇ ਝੋਲੀ ਰਿਹਾ ਭਰਾਈਆ । ਆਪੇ ਮੰਦਰ ਆਪ ਮਕਾਨ, ਆਪੇ ਬੈਠਾ ਆਸਣ ਲਾਈਆ । ਆਪੇ ਗੋਪੀ ਬਣ ਬਣ ਕਾਹਨ, ਆਪੇ ਸਾਚੀ ਰਾਸ ਰਚਾਈਆ । ਆਪੇ ਵੇਖੇ ਮਾਰ ਧਿਆਨ, ਆਪੇ ਲੁਕ ਲੁਕ ਮੁੱਖ ਛੁਪਾਈਆ । ਆਪੇ ਪਰਗਟ ਹੋਵੇ ਵਿਚ ਜਹਾਨ, ਨਿਰਗੁਣ ਆਪਣੀ ਕਾਰ ਕਮਾਈਆ । ਆਪੇ ਜੋਧਾ ਸੂਰ ਬਲੀ ਬਲਵਾਨ, ਬਲ ਆਪਣਾ ਆਪ ਰਖਾਈਆ । ਆਪੇ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਖਿਆ ਆਣ, ਗੁਰ ਅਵਤਾਰ ਪੀਰ ਪੈਗ਼ੰਬਰ ਕਰ ਪੜ੍ਹਾਈਆ । ਆਪੇ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਗੀਤਾ ਗਿਆਨ ਦੇ ਕੇ ਗਿਆ ਗਿਆਨ, ਨਾਮ ਨਿਧਾਨਾ ਇਕ ਸਮਝਾਈਆ । ਆਪੇ ਦੱਸ ਕੇ ਗਿਆ ਕਲਜੁਗ ਅੰਤਮ ਨਿਹਕਲੰਕ ਪਰਗਟ ਹੋਵੇ ਸ਼ਾਹ ਸੁਲਤਾਨ, ਸ਼ਹਿਨਸ਼ਾਹ ਆਪਣਾ ਫੇਰਾ ਪਾਈਆ । ਏਥੇ ਓਥੇ ਦੋ ਜਹਾਨ ਨਿਰਗੁਣ ਸਰਗੁਣ ਹੋਵੇ ਹੁਕਮਰਾਨ, ਹੁਕਮ ਇਕੋ ਇਕ ਵਰਤਾਈਆ । ਸਾਚੇ ਮੰਦਰ ਬੈਠ ਮਕਾਨ, ਸਾਢੇ ਤਿੰਨ ਹੱਥ ਦਏ ਵਡਿਆਈਆ । ਸੰਬਲ ਝੁੱਲੇ ਇਕ ਨਿਸ਼ਾਨ, ਸਾਹਿਬ ਸਤਿਗੁਰ ਆਪ ਝੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੁਆਰਾ ਏਕੰਕਾਰਾ, ਅਕਲ ਕਲ ਧਾਰੀ ਜੋਤ ਨਿਰੰਕਾਰੀ, ਇਕੋ ਇਕ ਵਖਾਈਆ । ਇਕ ਮਕਾਨ ਡੂੰਘਾ ਸਾਗਰ, ਹਰਿ ਸਤਿਗੁਰ ਆਪ ਉਪਾਇਆ । ਇਕ ਮਕਾਨ ਕਾਇਆ ਗਾਗਰ, ਗਹਿਰ ਗੰਭੀਰ ਜਣਾਇਆ । ਇਕ ਮਕਾਨ ਉਚ ਮਹੱਲ ਅਟੱਲ ਉਜਾਗਰ, ਨਜ਼ਰ ਕਿਸੇ ਨਾ ਆਇਆ । ਇਕ ਮਕਾਨ ਆਤਮ ਪਰਮਾਤਮ ਬਣੇ ਸੌਦਾਗਰ, ਸਾਚਾ ਹੱਟ ਚਲਾਇਆ । ਇਕ ਮਕਾਨ ਗ਼ਰੀਬ ਨਿਮਾਣਿਆਂ ਦੇਵੇ ਆਦਰ, ਦਰ ਆਇਆ ਲਏ ਬਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਮਕਾਨ ਸ੍ਰੀ ਭਗਵਾਨ ਕਾਇਆ ਮੰਦਰ ਦਏ ਜਣਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵਣਹਾਰਾ ਦਾਨ, ਭਗਤ ਭੰਡਾਰਾ ਇਕੋ ਇਕ ਵਰਤਾਇਆ ।

★ ੩੧ ਜੇਠ ੨੦੨੦ ਬਿਕ੍ਰਮੀ ਤਾਰੂ ਸਿੰਘ ਊਧਮ ਪੁਰ ਤ੍ਰਾਉਲੇ ਕੈਂਪ ਜੰਮੂ ★

ਅਪ ਤੇਜ ਵਾਏ ਪ੍ਰਿਥਮੀ ਆਕਾਸ਼, ਪੰਜ ਤੱਤ ਤਨ ਮਿਲੇ ਵਡਿਆਈਆ । ਤ੍ਰੈਗੁਣ ਮਾਇਆ ਖੇਲ ਤਮਾਸ਼, ਤ੍ਰੈਗੁਣ ਅਤੀਤਾ ਆਪ ਕਰਾਈਆ । ਨਿਰਗੁਣ ਨੂਰ ਜੋਤ ਪਰਕਾਸ਼, ਘਰ ਘਰ ਕਰੇ ਰੁਸ਼ਨਾਈਆ । ਖੇਲੇ ਖੇਲ ਪੁਰਖ ਅਬਿਨਾਸ਼, ਜੁਗ ਚੌਕੜੀ ਰਾਹ ਚਲਾਈਆ । ਲੱਖ ਚੁਰਾਸੀ ਦਾਸੀ ਦਾਸ, ਸੇਵਕ ਸੇਵਾ ਰੂਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪਣੇ ਹੱਥ ਰਖਾਈਆ । ਸਾਚਾ ਖੇਲ ਕਰੇ ਕਰਤਾਰ, ਹਰਿ ਕਰਤਾ ਭੇਵ ਰਖਾਇੰਦਾ । ਲੱਖ ਚੁਰਾਸੀ ਕਰ ਤਿਆਰ, ਵਿਸ਼ਨ ਬ੍ਰਹਮਾ ਸ਼ਿਵ ਸੇਵ ਲਗਾਇੰਦਾ । ਆਤਮ ਪਰਮਾਤਮ ਦੇ ਭੰਡਾਰ, ਵਸਤ ਅਮੋਲਕ ਝੋਲੀ ਪਾਇੰਦਾ । ਪਾਰਬ੍ਰਹਮ ਬ੍ਰਹਮ ਖੋਲ੍ਹ ਕਿਵਾੜ, ਘਰ ਮੰਦਰ ਸੋਭਾ ਪਾਇੰਦਾ । ਨਿਰਗੁਣ ਸਰਗੁਣ ਹੋ ਉਜਿਆਰ,

ਜੋਤੀ ਜਾਤਾ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਮਾਣਸ ਮਨੁਖ, ਮਨੁਸ਼ ਆਪਣੀ ਧਾਰ ਜਣਾਈਆ । ਮਾਤ ਗਰਭ ਉਲਟਾ ਰੁੱਖ, ਦਸ ਦਸ ਮਾਸ ਅਗਨ ਤਪਾਈਆ । ਜਨਮ ਅਜਨਮ ਫਿਰੇ ਦੁੱਖ, ਪਿਤਾ ਪੂਤ ਵੇਖ ਵਖਾਈਆ । ਲੋਕਮਾਤ ਸੁਹਾਏ ਸੁਹੰਜਣੀ ਰੁੱਤ, ਰੁੱਤ ਰੁੱਤੜੀ ਆਪ ਮਹਿਕਾਈਆ । ਪਰੇਮ ਪ੍ਰੀਤੀ ਗੋਦੀ ਚੁੱਕ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਸਮਝਾਈਆ । ਮਾਤ ਪਿਤ ਪਿਤਾ ਪੂਤ, ਨਿਰਗੁਣ ਸਰਗੁਣ ਨਾਤਾ ਜੋੜ ਜੁੜਾਇੰਦਾ । ਏਕਾ ਤਾਗਾ ਏਕਾ ਸੂਤ, ਸ੍ਰੀ ਭਗਵਾਨ ਏਕਾ ਗੰਢ ਪੁਆਇੰਦਾ । ਏਕਾ ਦਿਸ਼ਾ ਏਕਾ ਕੂਟ, ਏਕਾ ਮੰਦਰ ਵੇਖ ਵਖਾਇੰਦਾ । ਲੇਖਾ ਜਾਣੇ ਕਾਇਆ ਬੁੱਤ, ਪੰਜ ਤੱਤ ਪੜਦਾ ਆਪ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਰਮ ਧਰਮ ਜਨਮ ਆਪਣੇ ਹੱਥ ਰਖਾਇੰਦਾ । ਪੂਰਬ ਜਨਮ ਕਰਮ ਲਹਿਣਾ, ਜਗਤ ਮਿਲੇ ਵਡਿਆਈਆ । ਦੀਨ ਦਿਆਲ ਠਾਕਰ ਸਵਾਮੀ ਵਖਾਏ ਨੈਣਾਂ, ਲੋਚਣ ਨੈਣ ਆਪ ਖੁਲਾਈਆ । ਪਹਿਲਾ ਨਾਤਾ ਮਾਤ ਪਿਤ ਭਾਈ ਭੈਣਾਂ, ਦੂਜਾ ਨਾਰ ਕੰਤ ਪਰਨਾਈਆ । ਤੀਜਾ ਮੇਲਾ ਸਾਕ ਸੱਜਣ ਸੈਣਾ, ਚਾਰੋਂ ਕੁੰਟ ਬੰਧਨ ਪਾਈਆ । ਚੌਥੇ ਪੁੱਤਰ ਧੀ ਲੱਗੇ ਗਹਿਣਾ, ਬੰਸ ਸਰਬੰਸ ਆਪ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਸਮਝਾਈਆ । ਪੂਰਬ ਲੇਖਾ ਲੈਣਾ ਜਾਣ, ਸੋ ਸਾਹਿਬ ਆਪ ਜਣਾਇੰਦਾ । ਕੀਤਾ ਕੁਕਰਮ ਵਿਚ ਜਹਾਨ, ਕਰਮ ਨਜ਼ਰ ਕਿਸੇ ਨਾ ਆਇੰਦਾ । ਬਿਨ ਸਤਿਗੁਰ ਕਰੇ ਨਾ ਕੋਇ ਬਿਆਨ, ਪਿਛਲਾ ਭੇਵ ਨਾ ਕੋਇ ਜਣਾਇੰਦਾ । ਜੀਵ ਆਤਮ ਹੋਈ ਅਵਾਣ, ਪਰਮਾਤਮ ਨਜ਼ਰ ਕਿਸੇ ਨਾ ਆਇੰਦਾ । ਸਚ ਮਿਲੇ ਨਾ ਕੋਇ ਗਿਆਨ, ਬੋਧ ਅਗਾਧ ਨਾ ਕੋਇ ਦ੍ਰਿੜਾਇੰਦਾ । ਨੇਤਰ ਖੁਲ੍ਹੇ ਨਾ ਨਿਜ ਮਹਾਨ, ਪਰਤੱਖ ਰੂਪ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਆਪ ਸਮਝਾਇੰਦਾ । ਪੂਰਬ ਲੇਖਾ ਦੱਸੇ ਮਾਤ, ਸਤਿਗੁਰ ਦਾਤਾ ਵਡ ਵਡਿਆਈਆ । ਮਾਣਸ ਜਨਮ ਨਾ ਮਿਲੀ ਦਾਤ, ਸਫਲ ਕੁੱਖ ਨਾ ਕੋਇ ਰੁਸ਼ਨਾਈਆ । ਸਾਚਾ ਜੁੜਿਆ ਨਾ ਕੋਈ ਨਾਤ, ਪਿਤਾ ਪੂਤ ਗੰਢ ਨਾ ਕੋਇ ਪੁਆਈਆ । ਕਰਮ ਧਰਮ ਦਾ ਖ਼ਾਲੀ ਖਾਤ, ਭਰਿਆ ਰੂਪ ਨਾ ਕੋਇ ਵਖਾਈਆ । ਪੁਛ ਗਿਛ ਦੀ ਜਗਤ ਬਾਤ, ਕਥਾ ਕਹਾਣੀ ਮਿਲੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਕਰਮਾਂ ਦੱਸੇ ਲੇਖਾ, ਮਾਣਸ ਜਨਮ ਪਿਆ ਭੁਲੇਖਾ, ਬਿੰਦ ਕੰਮ ਕਿਸੇ ਨਾ ਆਈਆ । ਸਾਚਾ ਪੂਤ ਨਾ ਹੋਇਆ ਪੁੱਤ, ਤਨ ਮਿਲੇ ਨਾ ਕੋਇ ਵਡਿਆਈਆ । ਕੋਟਨ ਸੁਖਣਾ ਰਹੇ ਸੁਖ, ਅੰਦਰ ਬਾਹਰ ਧਿਆਨ ਲਗਾਈਆ । ਸਫਲ ਕਰੇ ਨਾ ਕੋਈ ਕੁਖ, ਕਰਮ ਕਾਂਡ ਨਾ ਕੋਇ ਮੁਕਾਈਆ । ਜਿਸ ਵੇਲੇ ਵੇਲਾ ਸਾਚਾ ਜਾਏ ਢੁਕ, ਸੰਤ ਸਤਿਗੁਰ ਹੋਏ ਸਹਾਈਆ । ਸੁੱਕੇ ਹਰੇ ਕਰੇ ਰੁੱਖ, ਪੱਤ ਡਾਲੀ ਆਪ ਮਹਿਕਾਈਆ । ਕਰ ਬੇਨੰਤੀ ਮੰਗ ਲੈ ਪੁੱਤ, ਦੇਵਣਹਾਰ ਬੇਪਰਵਾਹੀਆ । ਪੁਛਿਆਂ ਹੱਥ ਨਹੀਂ ਔਂਦਾ ਕੁਛ, ਖ਼ਾਲੀ ਹੱਥ ਫਿਰੇ ਲੋਕਾਈਆ । ਤੇਰੇ ਅੰਦਰ ਤੇਰਾ ਸੱਜਣ ਬੈਠਾ ਲੁਕ, ਘਰ ਘਰ ਵਿਚ ਵੇਖ ਵਖਾਈਆ । ਦੀਨ ਦਿਆਲ ਠਾਕਰ ਸਵਾਮੀ ਇਕੋ ਰੱਖ ਓਟ, ਚਰਨ ਸਰਨ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਕਰਮ ਕੁਕਰਮਾਂ ਰਿਹਾ ਜਣਾਈਆ । ਬਿਨ ਕਰਮਾਂ ਨਾ ਉਪਜੇ ਪੂਤ, ਬਿਨ ਗੁਰ ਨਾ ਮਿਲੇ ਵਡਿਆਈਆ । ਭਰਮ ਭੁਲੇਖਾ ਚਾਰੇ ਕੂਟ,

ਦਹਿ ਦਿਸ਼ਾ ਦਏ ਦੁਹਾਈਆ । ਜਗਤ ਲਾਲਸਾ ਜੂਠ ਝੂਠ, ਮਾਇਆ ਮਮਤਾ ਮੋਹ ਵਧਾਈਆ । ਜਿਸ ਉਪਰ ਸਾਹਿਬ ਜਾਏ ਤੁਠ, ਮਿਹਰ ਨਜ਼ਰ ਉਠਾਈਆ । ਅੰਤਰ ਆਤਮ ਨਿਝਰ ਝਿਰਨਾ ਸਾਚਾ ਸੀਰ ਪਿਆਏ ਘੁੱਟ, ਸਾਂਤਕ ਸਤਿ ਸਤਿ ਕਰਾਈਆ । ਧਾਰ ਵਿਚੋਂ ਧਾਰ ਪਏ ਉਠ, ਜੋਤ ਵਿਚੋਂ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਦ੍ਰਿੜਾਈਆ । ਸਾਚੀ ਸਿਖਿਆ ਲੈਣੀ ਸਿਖ, ਸਿਖਾਵਣਹਾਰ ਦਇਆ ਕਮਾਇੰਦਾ । ਮਿਹਰਵਾਨ ਹਰਿ ਪਾਏ ਭਿਖ, ਭਿਛਿਆ ਝੋਲੀ ਇਕ ਵਖਾਇੰਦਾ । ਬਿਨ ਕਰਮਾਂ ਲੇਖਾ ਦੇਵੇ ਲਿਖ, ਲਿਖਿਆ ਲੇਖ ਨਾ ਕੋਇ ਮਿਟਾਇੰਦਾ । ਸਦਾ ਸੁਹੇਲਾ ਵਸੇ ਚਿਤ, ਚਿਤਵਿਤ ਠਗੌਰੀ ਕੋਇ ਨਾ ਪਾਇੰਦਾ । ਬਿਨ ਪੁੱਤ ਨਾ ਸੋਹੇ ਪਿਤ, ਪਿਤਾ ਕੰਮ ਕਿਸੇ ਨਾ ਆਇੰਦਾ । ਹਰਿ ਸਰਨਾਈ ਮਾਣਸ ਜਨਮ ਲੈਣਾ ਜਿਤ, ਹਾਰ ਰੂਪ ਨਾ ਕੋਇ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਭੇਵ ਆਪ ਜਣਾਇੰਦਾ । ਪੰਜ ਤੱਤ ਦਾ ਤਨ ਮਨਾਰਾ, ਕਾਇਆ ਬੰਕ ਜਗਤ ਵਡਿਆਈਆ । ਨੌਂ ਦੁਆਰੇ ਜਗਤ ਅਖਾੜਾ, ਆਸਾ ਤ੍ਰਿਸਨਾ ਨਾਚ ਨਚਾਈਆ । ਮਾਇਆ ਮਮਤਾ ਮੋਹ ਪਿਆਰਾ, ਕਾਮ ਕਰੋਧ ਲੋਭ ਮੋਹ ਹੰਕਾਰ ਹਲਕਾਈਆ । ਕੂੜੀ ਕਿਰਿਆ ਵਣਜ ਵਪਾਰਾ, ਜੂਠ ਝੂਠ ਵੱਜੇ ਵਧਾਈਆ । ਚਾਰੋਂ ਕੁੰਟ ਧੁਆਂਧਾਰਾ, ਸਾਚਾ ਚੰਦ ਨਾ ਕੋਇ ਚੜ੍ਹਾਈਆ । ਗੁਰ ਕਾ ਸ਼ਬਦ ਭੁਲਿਆ ਸਰਬ ਸੰਸਾਰਾ, ਹਰਿ ਕਾ ਰੂਪ ਨਜ਼ਰ ਕਿਸੇ ਨਾ ਆਈਆ । ਸਾਧ ਸੰਤ ਵੜੇ ਡੂੰਘੀ ਗਾਰਾ, ਉਚੇ ਟਿੱਲੇ ਪਰਬਤ ਆਸਣ ਲਾਈਆ । ਮਨ ਕਾ ਮਣਕਾ ਨਾ ਕਿਸੇ ਵਿਚਾਰਾ, ਮਾਲਾ ਅਠੋਤਰੀ ਰਹੇ ਭੁਆਈਆ । ਮਤ ਮਤਵਾਲੀ ਨਾ ਕੋਇ ਸਹਾਰਾ, ਸਾਚਾ ਰਾਹ ਨਾ ਕੋਇ ਜਣਾਈਆ । ਬੁਧੀ ਰੋਵੇ ਜ਼ਾਰੋ ਜ਼ਾਰਾ, ਨੇਤਰ ਨੈਣਾਂ ਨੀਰ ਵਹਾਈਆ । ਸਾਚਾ ਮਿਲੇ ਨਾ ਮਿੱਤਰ ਪਿਆਰਾ, ਸੱਜਣ ਨਜ਼ਰ ਕੋਇ ਨਾ ਆਈਆ । ਜੀਵ ਜੰਤ ਨਾਰ ਹੋਈ ਵਿਭਚਾਰਾ, ਹਰਿ ਕੰਤ ਨਾ ਕੋਇ ਹੰਡਾਈਆ । ਸਾਰੇ ਵੜ ਕੇ ਬੈਠੇ ਸੁਖਮਨ ਟੇਢੀ ਡੂੰਘੀ ਗਾਰਾ, ਅੱਗੇ ਰਾਹ ਨਜ਼ਰ ਨਾ ਆਈਆ । ਈੜਾ ਪਿੰਗਲ ਦੋਵੇਂ ਦੇਣ ਇਸ਼ਾਰਾ, ਇਸ਼ਾਰੇ ਨਾਲ ਸਮਝਾਈਆ । ਜਿੰਨਾਂ ਚਿਰ ਮਿਲੇ ਨਾ ਸਤਿਗੁਰ ਪਿਆਰਾ, ਨਿਰਗੁਣ ਸਰਗੁਣ ਦੋਵੇਂ ਰੂਪ ਵਟਾਈਆ । ਘਰ ਦੀਪਕ ਜੋਤ ਨਾ ਹੋਏ ਉਜਿਆਰਾ, ਨਿਰੰਜਣ ਜੋਤ ਨਾ ਕੋਇ ਰੁਸ਼ਨਾਈਆ । ਅੰਮ੍ਰਿਤ ਮਿਲੇ ਨਾ ਠੰਡਾ ਠਾਰਾ, ਸਰੋਵਰ ਸਰ ਨਾ ਕੋਇ ਨੁਹਾਈਆ । ਕਾਗ ਹੰਸ ਨਾ ਮਾਰੇ ਉਡਾਰਾ, ਹੰਸ ਕਾਗ ਰੂਪ ਵਖਾਈਆ । ਬੰਦ ਤਾਕੀ ਅਜੇ ਨਾ ਖੁੱਲ੍ਹਾ ਕਿਵਾੜਾ, ਪੜਦਾ ਦੂਈ ਨਾ ਕੋਇ ਉਠਾਈਆ । ਸੁਰਤੀ ਰੋਵੇ ਜ਼ਾਰੋ ਜ਼ਾਰਾ, ਅੱਠੇ ਪਹਿਰ ਰਹੀ ਕੁਰਲਾਈਆ । ਸ਼ਬਦ ਮੀਤ ਬੈਠਾ ਦੂਰ ਮੁਰਾਰਾ, ਉਚੇ ਟਿੱਲੇ ਆਪਣਾ ਆਸਣ ਲਾਈਆ । ਦੋਹਾਂ ਵਿਚ ਧੁੰਦੂਕਾਰਾ, ਗਰਦੋ ਗ਼ੁਬਾਰ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੰਜ਼ਲ ਮੰਜ਼ਲ ਵੇਖੇ ਥਾਉਂ ਥਾਈਂਆ । ਸੁਰਤੀ ਰੋਵੇ ਮਾਰੇ ਧਾਹ, ਉਚੀ ਕੂਕ ਕੂਕ ਸੁਣਾਈਆ । ਸਤਿਗੁਰ ਦੀਨ ਦਿਆਲ ਸਵਾਮੀ ਅਜੇ ਨਾ ਪਕੜੀ ਬਾਂਹ, ਦੂਰ ਦੁਰਾਡਾ ਬੈਠਾ ਮੁਖ ਛੁਪਾਈਆ । ਨਿਤ ਉਠ ਦਿਵਸ ਰੈਣ ਘੜੀ ਪਲ ਧਿਆਵਾਂ ਉਸਦਾ ਨਾਂ, ਸੋਹਲਾ ਗੀਤ ਗੋਬਿੰਦ ਅਲਾਈਆ । ਦਰੋਹੀ ਬੌਹੜੀ ਕਵਣ ਵੇਲਾ ਦੇਵੇ ਠੰਡੀ ਛਾਂ, ਸਿਰ ਮਿਹਰ ਹੱਥ ਉਠਾਈਆ । ਆਤਮ ਸੇਜਾ ਸਾਚੀ ਲਏ ਬਹਾ, ਆਪ ਆਪਣੇ ਅੰਗ ਵਖਾਈਆ । ਆਤਮ ਪਰਮਾਤਮ ਲੇਖੇ ਲਵੇ ਲਾ, ਪੂਰਬ ਲਹਿਣਾ ਮੂਲ ਚੁਕਾਈਆ । ਪਾਰਬ੍ਰਹਮ ਪ੍ਰਭ ਗੋਦੀ ਲਏ ਬਹਾ, ਗਲਵਕੜੀ ਆਪਣੀ ਪਾਈਆ । ਈਸ਼ ਜੀਵ

ਪੰਧ ਦਏ ਮੁਕਾ, ਪਾਂਧੀ ਨਜ਼ਰ ਕੋਇ ਨਾ ਆਈਆ । ਘਰ ਦੀਪਕ ਦੀਆ ਜੋਤ ਦਏ ਜਗਾ, ਕਮਲਾਪਾਤੀ ਨੂਰ ਜ਼ਹੂਰ ਇਕ ਵਖਾਈਆ । ਅਧਵਿਚਕਾਰ ਅੜ ਕੇ ਬੈਠੀ ਅੱਗੇ ਮਿਲਿਆ ਨਾ ਸ਼ਹਿਨਸ਼ਾਹ, ਸ਼ਾਹ ਪਾਤਸ਼ਾਹ ਨਜ਼ਰ ਨਾ ਕੋਇ ਆਈਆ । ਜੇ ਕੋਈ ਮੰਗੇ ਜਗਤ ਗਵਾਹ, ਗਵਾਹੀ ਦੇਣ ਕੋਈ ਨਾ ਆਈਆ । ਅੰਦਰੇ ਅੰਦਰ ਖੇਲ ਰਿਹਾ ਕਰਾ, ਕਾਇਆ ਮੰਦਰ ਡੂੰਘੀ ਕੰਦਰ ਵੇਖ ਵਖਾਈਆ । ਰਮਜ਼ ਨਾਲ ਜੋ ਰਮਜ਼ ਲਏ ਮਿਲਾ, ਤਿਸ ਸਮਝ ਵਿਚ ਸਮਝ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਅਧਵਾਟੀ ਵਾਟ ਪੱਤਣ ਘਾਟ ਇਕੋ ਇਕ ਜਣਾਈਆ । ਸ਼ਬਦੀ ਸੁਰਤੀ ਵਿਚ ਅੜਿਕਾ, ਕੰਧ ਦਵੈਤ ਨਾ ਕੋਇ ਢਾਹੀਆ । ਹਰਿ ਕਾ ਰੂਪ ਨਜ਼ਰ ਨਾ ਆਏ ਨਿੱਕਾ, ਸਾਢੇ ਤਿੰਨ ਹੱਥ ਰਿਹਾ ਕੁਰਲਾਈਆ । ਜੋਤ ਨਿਰੰਜਣ ਮਸਤਕ ਨੂਰ ਲਾਏ ਨਾ ਸੱਚਾ ਟਿੱਕਾ, ਗੁਰ ਚਰਨ ਅੰਦਰ ਮੰਦਰ ਨਜ਼ਰ ਕੋਇ ਨਾ ਆਈਆ । ਨੌਂ ਰਸ ਰਸ ਦਿਸੇ ਨਾ ਫਿੱਕਾ, ਆਤਮ ਰਸ ਅਨਰਸ ਸਵਾਦ ਨਾ ਕੋਇ ਚਖਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਅਜੇ ਨਾ ਮਿਲਿਆ ਪੁਰਖ ਅਕਾਲ ਪਿਤਾ, ਦੂਰੋਂ ਦੂਰੋਂ ਵੇਖ ਖ਼ੁਸ਼ੀ ਮਨਾਈਆ । ਤਕੜੇ ਹੋ ਕੇ ਹੁਣ ਨਾ ਛੱਡਣਾ ਪਿੱਛਾ, ਭੱਜੇ ਜਾਣਾ ਵਾਹੋ ਦਾਹੀਆ । ਬੀਸ ਬੀਸੇ ਵੰਡਣਹਾਰਾ ਹਿੱਸਾ, ਕੀਤੀ ਕਰਨੀ ਸਭ ਦੀ ਝੋਲੀ ਪਾਈਆ । ਮਨ ਵਾਸਨਾ ਤੱਤ ਅੰਦਰੋਂ ਜੋ ਜਨ ਜਿਤਾ, ਜਿਤੀ ਸਰਬ ਲੋਕਾਈਆ । ਸਾਚਾ ਮੰਦਰ ਨਿਰਵੈਰ ਪੁਰਖ ਇਕੋ ਡਿੱਠਾ, ਪਾਰਬ੍ਰਹਮ ਪ੍ਰਭ ਬੈਠਾ ਆਸਣ ਲਾਈਆ । ਕਰਵਟ ਲੈ ਬਦਲੇ ਪਿਠਾ, ਸਨਮੁਖ ਸਵੱਛ ਸਰੂਪੀ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਕਾਇਆ ਘਰ, ਡੂੰਘੀ ਕੰਦਰ ਆਪੇ ਵੜ, ਸਾਚੇ ਪੌੜੇ ਜਾਏ ਚੜ੍ਹ, ਭੇਵ ਅਭੇਦਾ ਅਛਲ ਅਛੇਦਾ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪ ਜਣਾਈਆ । ਕਰਮ ਰੋਗ ਦੁਖ ਜਾਏ ਨੱਠ, ਤਨ ਵਿਚ ਰਹਿਣ ਨਾ ਪਾਈਆ । ਕਿਰਪਾ ਕਰੇ ਪੁਰਖ ਸਮਰਥ, ਸਮਰਥ ਹੱਥ ਵੱਡੀ ਵਡਿਆਈਆ । ਸਾਚਾ ਮਾਰਗ ਇਕੋ ਦੇਵੇ ਦੱਸ, ਸਾਚੀ ਸਿਖਿਆ ਸਿਖ ਸਮਝਾਈਆ । ਆਤਮ ਪਰਮਾਤਮ ਕਰ ਦਏ ਵਸ, ਵਾਸਤਾ ਇਕੋ ਨਾਲ ਰਖਾਈਆ । ਜਨਮ ਕਰਮ ਦਾ ਲਹਿਣਾ ਦੇਣਾ ਕਰੇ ਭੱਠ, ਖੇੜਾ ਸਾਚਾ ਫੇਰ ਵਸਾਈਆ । ਲੇਖੇ ਲੱਗੇ ਕਾਇਆ ਰਤ, ਰਤੀ ਰਤ ਵੇਖੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦੁੱਖ ਰੋਗ ਸੰਤਾਪ ਕੋਟ ਜਨਮ ਦੇ ਉਤਾਰੇ ਪਾਪ, ਜਿਸ ਆਪਣੀ ਦਇਆ ਕਮਾਈਆ । ਦਇਆ ਅੰਦਰ ਸਾਰਾ ਜੱਗ, ਲੱਖ ਚੁਰਾਸੀ ਆਪ ਪਰਗਟਾਈਆ । ਦਇਆ ਅੰਦਰ ਵਸੇ ਉਪਰ ਸ਼ਾਹ ਰਗ, ਜਨ ਭਗਤਾਂ ਮੇਲ ਮਿਲਾਈਆ । ਦਇਆ ਅੰਦਰ ਤ੍ਰੈਗੁਣ ਮਾਇਆ ਬੁਝਾਏ ਅੱਗ, ਤੱਤੀ ਵਾ ਨਾ ਲਾਗੇ ਰਾਈਆ । ਦਇਆ ਅੰਦਰ ਖੇਲ ਪੁਰਖ ਸਮਰਥ, ਜੁਗ ਚੌਕੜੀ ਕਾਰ ਕਮਾਈਆ । ਦਇਆ ਅੰਦਰ ਪੰਜ ਤੱਤ ਚਲਾਏ ਰਥ, ਬਣ ਰਥਵਾਹੀ ਸੇਵ ਕਮਾਈਆ । ਦਇਆ ਅੰਦਰ ਬੋਧ ਅਗਾਧ ਸ਼ਬਦ ਅਨਾਦ ਸੁਣਾਏ ਗਥ, ਆਤਮ ਪਰਮਾਤਮ ਕਰੇ ਪੜ੍ਹਾਈਆ । ਦਇਆ ਅੰਦਰ ਸੰਤ ਸੁਹੇਲੇ ਗੁਰੂ ਚੇਲੇ ਲਏ ਸੱਦ, ਸੱਦਾ ਆਪਣਾ ਨਾਮ ਦਿਵਾਈਆ । ਦਇਆ ਅੰਦਰ ਦੋ ਜਹਾਨਾਂ ਪਾਰ ਕਰੇ ਹੱਦ, ਬ੍ਰਹਿਮੰਡ ਖੰਡ ਪੁਰੀ ਲੋਅ ਚਰਨਾਂ ਹੇਠ ਰਖਾਈਆ । ਦਇਆ ਅੰਦਰ ਸਚ ਸਿੰਘਾਸਣ ਬਹੇ ਸਜ, ਸਚਖੰਡ ਦੁਆਰੇ ਡੇਰਾ ਲਾਈਆ । ਦਇਆ ਅੰਦਰ ਗੁਰਮੁਖ ਗੁਰਸਿਖ ਲੱਖ ਚੁਰਾਸੀ ਵਿਚੋਂ ਲਏ ਕੱਢ, ਰਾਏ ਧਰਮ ਨਾ ਦਏ ਸਜ਼ਾਈਆ । ਦਇਆ ਅੰਦਰ ਪੂਤ ਸਪੂਤ ਘਰ ਘਰ ਦੇਵੇ ਚੰਨ, ਚੰਦ ਚਾਂਦਨੀ ਇਕ ਚਮਕਾਈਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਬੁਧ ਮਤ ਮਨ, ਮਨਸਾ ਆਸਾ ਪੂਰ ਆਪ ਅਖਵਾਈਆ ।

ਪੂਰਬ ਜਨਮ ਜਨ ਜਾਣੇ ਸੋ, ਜਿਸ ਸਤਿਗੁਰ ਬੂਝ ਬੁਝਾਈਆ । ਸ੍ਰਿਸ਼ਟੀ ਨਾਲੋਂ ਹੋ ਨਿਰਮੋਹ, ਮੁਹੱਬਤ ਇਕੋ ਨਾਲ ਰਖਾਈਆ । ਆਤਮ ਪਰਮਾਤਮ ਜਾਵੇ ਛੋਹ, ਘਰ ਮੇਲਾ ਸਹਿਜ ਸੁਭਾਈਆ । ਜਨਮ ਜਨਮ ਦੀ ਹੋਵੇ ਲੋ, ਲੇਖਾ ਲੇਖੇ ਦਏ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਪਿਛਲਾ ਜਨਮ ਦੱਸੇ ਹਾਲ, ਹਾਲਤ ਆਪ ਜਣਾਈਆ । ਸਾਢੇ ਤਿੰਨ ਹੱਥ ਖਾਦਾ ਕਾਲ, ਕਾਲ ਗਰਾਸ ਇਕ ਬਣਾਈਆ । ਸਾਚਾ ਦਰ ਨਾ ਮਿਲਿਆ ਕੋਈ ਸੱਚੀ ਧਰਮਸਾਲ, ਧਰਮ ਮਿਲੀ ਨਾ ਕੋਇ ਕਮਾਈਆ । ਖਾ ਖਾ ਥੱਕਾ ਪੱਤ ਡਾਲ, ਬਨ ਜੰਗਲ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਪਿਛਲਾ ਜਨਮ ਜਨਮ ਅਵਧੂਤ, ਖ਼ਾਕੀ ਛਾਰ ਇਕ ਜਣਾਈਆ । ਖ਼ਾਕੀ ਛਾਰ ਮਸਤਕ ਮਥ, ਮਿਹਰਵਾਨ ਆਪ ਜਣਾਇੰਦਾ । ਚੁਹੱਤਰ ਸਾਲ ਝੋਕਿਆ ਭੱਠ, ਕਾਇਆ ਅਗਨੀ ਅੱਗ ਤਪਾਇੰਦਾ । ਹੱਥ ਤ੍ਰਿਸੂਲ ਲਈ ਰੱਖ, ਚਾਰੋਂ ਚਾਰੋਂ ਕੁੰਟ ਫੇਰਾ ਪਾਇੰਦਾ । ਅੰਤ ਸਰੀਰ ਗਿਆ ਛੱਡ, ਹਰੀਦੁਆਰ ਲਛਮਣ ਝੂਲਾ ਰਾਹ ਵਖਾਇੰਦਾ । ਤਿੰਨ ਜਨਮ ਫਿਰਦਾ ਰਿਹਾ ਵਾਂਗ ਭੱਟ, ਸਾਢੇ ਤਿੰਨ ਤਿੰਨ ਮਾਸ ਗੇੜ ਦਿਵਾਇੰਦਾ । ਅੰਤਮ ਮਾਣਸ ਜਨਮ ਆਇਆ ਹੱਥ, ਪਿਛਲੀ ਕਰਨੀ ਲੇਖੇ ਲਾਇੰਦਾ । ਅੰਤਰ ਬਾਹਰ ਗੁਪਤ ਜ਼ਾਹਰ ਬੱਤੀ ਦੰਦ ਇਕੋ ਜਪ, ਜੀਵਣ ਜਗਤ ਜੁਗਤ ਜਣਾਇੰਦਾ । ਜੋ ਜਨ ਜਾਣੇ ਆਪਣਾ ਆਪ, ਤਿਸ ਪਿਛਲਾ ਜਨਮ ਨਜ਼ਰੀ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਪੂਰਬ ਲੇਖਾ ਆਪ ਸਮਝਾਇੰਦਾ । ਪੂਰਬ ਲੇਖ ਜੇ ਵੇਖਣਾ ਨੈਣਾਂ, ਹਰਿ ਨੈਣਾਂ ਦਏ ਵਖਾਈਆ । ਸਾਹਿਬ ਸਤਿਗੁਰ ਦਾ ਮੰਨੋ ਕਹਿਣਾ, ਇਕੋ ਇਕ ਸਰਨਾਈਆ । ਜਨਮ ਜਨਮ ਦਾ ਚੁੱਕੇ ਦੇਣਾ, ਦੇਵਣਹਾਰ ਬੇਪਰਵਾਹੀਆ । ਸਚ ਮਹੱਲੇ ਇਕੋ ਰਹਿਣਾ, ਘਰ ਮੰਦਰ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਜਨਮ ਦਾ ਜਾਣੇ ਲੇਖਾ, ਮਾਣਸ ਜਨਮ ਪਿਆ ਭੁਲੇਖਾ, ਬਿਨ ਸਤਿਗੁਰ ਪੂਰੇ ਪੜਦਾ ਨਾ ਕੋਇ ਉਠਾਈਆ ।

ਜੋ ਉਪਜਿਆ ਸੋ ਸਭ ਨੇ ਮਰਨਾ, ਥਿਰ ਕੋਇ ਰਹਿਣ ਨਾ ਪਾਈਆ । ਲੱਖ ਚੁਰਾਸੀ ਜੂਨੀ ਫਿਰਨਾ, ਨਿਤ ਨਿਤ ਵੇਸ ਵਟਾਈਆ । ਜੋ ਜਨ ਪਏ ਸਤਿਗੁਰ ਚਰਨਾਂ, ਦੋਏ ਜੋੜ ਇਕ ਸਰਨਾਈਆ । ਤਿਸ ਭੌ ਚੁਕੇ ਅੰਤਮ ਮਰਨਾ, ਡਰ ਨਜ਼ਰ ਕੋਇ ਨਾ ਆਈਆ । ਨੇਤਰ ਖੁਲ੍ਹੇ ਹਰਨਾ ਫਰਨਾ, ਨਿਜ ਨੇਤਰ ਕਰੇ ਰੁਸ਼ਨਾਈਆ । ਸਚ ਮਹੱਲੇ ਇਕੋ ਵੜਨਾ, ਰਾਏ ਧਰਮ ਨਾ ਦਏ ਸਜ਼ਾਈਆ । ਉਚੇ ਪੌੜੇ ਗੁਰਮੁਖ ਚੜ੍ਹਨਾ, ਘਰ ਵੱਜਦੀ ਰਹੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ੍ਰਿਸ਼ਟ ਸਬਾਈ ਦਏ ਸਮਝਾਈਆ । ਸ੍ਰਿਸ਼ਟ ਸਬਾਈ ਦਏ ਸੰਦੇਸਾ, ਹਰਿ ਸਤਿਗੁਰ ਬੇਪਰਵਾਹੀਆ । ਜਿਨ੍ਹਾਂ ਭੁੱਲਿਆ ਗੁਰ ਪਾਰਬ੍ਰਹਮ ਨਰੇਸ਼ਾ, ਤਿਨ੍ਹਾਂ ਪਾਰ ਨਾ ਕੋਇ ਲੰਘਾਈਆ । ਅੰਡਜ ਜੇਰਜ ਉਤਭੁਜ ਸੇਤਜ ਚਾਰੇ ਖਾਣੀ ਖੇਡਾ, ਖੇਡਾਂ ਖੇਲ ਮੁਕ ਕਦੇ ਨਾ ਜਾਈਆ । ਮਰਨ ਤੋਂ ਬਾਅਦ ਜੋ ਗੁਰਮੁਖ ਜਾਣੇ ਭੇਦਾ, ਸੋ ਸਤਿਗੁਰ

ਪਏ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਦ੍ਰਿੜਾਈਆ । ਮਰਨ ਲੱਗਾ ਜੋ ਹਰਿ ਹਰਿ ਧਿਆਏ, ਇਕ ਅੰਤਰ ਧਿਆਨ ਲਗਾਈਆ । ਜੂਨ ਵਿਚ ਨਾ ਫੇਰਾ ਪਾਏ, ਅਜੂਨੀ ਰਹਿਤ ਲਏ ਤਰਾਈਆ । ਜਿਸ ਦੀ ਆਤਮ ਸੋ ਪਰਮਾਤਮ ਆਪਣੇ ਲੇਖੇ ਲਾਏ, ਕਾਇਆ ਮਾਟੀ ਤਨ ਖ਼ਾਕ ਮਿਲਾਈਆ । ਸਾਚਾ ਸਾਥੀ ਬਣ ਕੇ ਆਏ, ਨਿਰਗੁਣ ਦਾਤਾ ਵਡ ਵਡਿਆਈਆ । ਕੋਟ ਜਨਮ ਦੇ ਪਾਪੀ ਲਏ ਤਰਾਏ, ਜੋ ਅੰਤਰ ਨਰ ਹਰਿ ਨਰਾਇਣ ਇਕ ਧਿਆਈਆ । ਉਹ ਵੇਲਾ ਕਿਸੇ ਹੱਥ ਨਾ ਆਏ, ਕੋਟਨ ਕੋਟ ਬੈਠੇ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਚ ਸਚ ਜਣਾਈਆ । ਅੰਤ ਰਹੇ ਜੇ ਜਗਤ ਵਾਸਨਾ, ਵਾਸਤਾ ਜਗਤ ਬੰਧਾਈਆ । ਲੇਖੇ ਲੱਗੇ ਨਾ ਕੋਈ ਸਵਾਸਨਾ, ਮਾਣਸ ਜਨਮ ਨਾ ਕੋਇ ਵਡਿਆਈਆ । ਜਿਨ੍ਹਾਂ ਸਾਹਿਬ ਸਤਿਗੁਰ ਅੰਤਰ ਵਸਿਆ ਸਾਥਨਾ, ਸੋ ਸਗਲਾ ਸੰਗ ਬਣਾਈਆ । ਹੋਏ ਸਹਾਈ ਅਨਾਥਾਂ ਨਾਥਨਾ, ਦੀਨਾਂ ਨਾਥ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਰਨ ਪਿਛੋਂ ਕਰਮਾਂ ਸੇਤੀ ਸਭ ਨੂੰ ਗੇੜੇ ਪਾਈਆ । ਸਤਿਗੁਰ ਪੂਰਾ ਸੋ ਪਹਿਚਾਨੇ, ਜਿਸ ਸਤਿਗੁਰ ਦਇਆ ਆਪ ਕਮਾਈਆ । ਕਿਸੇ ਹੱਥ ਨਾ ਆਏ ਵਡ ਵਿਦਵਾਨੇ, ਚੌਦਾਂ ਵਿਦਿਆ ਦਏ ਦੁਹਾਈਆ । ਖੋਜਤ ਖੋਜਤ ਫਿਰਦੇ ਜੰਗਲ ਜੂਹ ਪਹਾੜ ਉਚ ਮਕਾਨੇ, ਨੇਤਰ ਨੈਣ ਧਿਆਨ ਲਗਾਈਆ । ਰਸਨਾ ਜਿਹਵਾ ਗੀਤ ਗੋਬਿੰਦ ਗਾਣੇ ਗਾ ਗਾ ਢੋਲੇ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪਹਿਚਾਨ ਸ੍ਰੀ ਭਗਵਾਨ ਆਪਣੇ ਹੱਥ ਰਖਾਈਆ । ਸਚ ਪਹਿਚਾਨ ਦੇਵੇ ਗੁਰ ਆਪ, ਸਤਿਗੁਰ ਵੱਡਾ ਵਡ ਵਡਿਆਈਆ । ਆਤਮ ਪਰਮਾਤਮ ਜਪਾਏ ਏਕਾ ਜਾਪ, ਅੰਤਰ ਭੇਦ ਦਏ ਮਿਟਾਈਆ । ਨਿਰਗੁਣ ਸਰਗੁਣ ਨਜ਼ਰੀ ਆਏ ਸਾਕ, ਸੱਜਣ ਇਕੋ ਇਕ ਅਖਵਾਈਆ । ਜਨਮ ਕਰਮ ਦਾ ਮੇਟ ਪਾਪ, ਦੁਰਮਤ ਮੈਲ ਧੁਆਈਆ । ਨਿਰਗੁਣ ਜੋਤ ਕਰੇ ਪਰਕਾਸ਼, ਘਰ ਅੰਧ ਅੰਧੇਰ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਪੂਰਾ ਆਪਣੀ ਬੂਝ ਬੁਝਾਈਆ । ਸਤਿਗੁਰ ਪੂਰਾ ਵਜਾਏ ਨਾਦ, ਧੁਨ ਆਤਮਕ ਰਾਗ ਸੁਣਾਇੰਦਾ । ਭੇਵ ਚੁਕਾਏ ਬ੍ਰਹਮ ਬ੍ਰਹਿਮਾਦ, ਬ੍ਰਹਿਮੰਡ ਪੜਦਾ ਲਾਹਿੰਦਾ । ਨਿਰਗੁਣ ਸਰਗੁਣ ਵਖਾਏ ਸਵਾਂਗੀ ਸਵਾਂਗ, ਸਾਂਗ ਆਪਣਾ ਆਪ ਰਚਾਇੰਦਾ । ਜੋ ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਪ੍ਰਭ ਮਿਲਣ ਦੀ ਰੱਖੇ ਤਾਂਘ, ਤਿਨ੍ਹਾਂ ਆਪਣਾ ਦਰਸ ਕਰਾਇੰਦਾ । ਜਨਮ ਜਨਮ ਦੀ ਪੂਰੀ ਕਰੇ ਮਾਂਗ, ਪੂਰਬ ਲਹਿਣਾ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਪੂਰਾ ਭੇਵ ਚੁਕਾਇੰਦਾ । ਸਤਿਗੁਰ ਪੂਰਾ ਖੋਲ੍ਹੇ ਅੱਖ, ਨਿਜ ਨੇਤਰ ਨੈਣ ਖੁਲ੍ਹਾਈਆ । ਦਰਸਨ ਦੇਵੇ ਹੋ ਪਰਤੱਖ, ਬੇਅੰਤ ਬੇਪਰਵਾਹੀਆ । ਲੱਖ ਚੁਰਾਸੀ ਵਿਚੋਂ ਕਰਕੇ ਵੱਖ, ਗੁਰਮੁਖ ਆਪਣੇ ਨਾਲ ਮਿਲਾਈਆ । ਲਹਿਣਾ ਦੇਣਾ ਚੁਕਾਏ ਹੱਥੋ ਹੱਥ, ਜਗਤ ਉਧਾਰ ਨਾ ਕੋਇ ਰਖਾਈਆ । ਭਰਮ ਭੁਲੇਖਾ ਕੱਢੇ ਸ਼ੱਕ, ਸ਼ਿਕਵਾ ਕੋਇ ਰਹਿਣ ਨਾ ਪਾਈਆ । ਅੰਦਰ ਵੜ ਕੇ ਪੌੜੇ ਚੜ੍ਹ ਕੇ ਮੰਦਰ ਖੜ ਕੇ ਦੇਵੇ ਮਤ, ਗੁਰਮਤ ਇਕ ਸਮਝਾਈਆ । ਨਾੜ ਬਹੱਤਰ ਤਿੰਨ ਸੌ ਸੱਠ ਹਾਡੀ ਲੇਖੇ ਲਾਏ ਰਤ, ਰਤੀ ਰਤ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਪੂਰਾ ਆਪਣਾ ਪਰਦਾ ਆਪ ਉਠਾਈਆ । ਸਤਿਗੁਰ ਪੂਰਾ ਚੁਕਾਏ ਪੜਦਾ ਉਹਲਾ, ਸ੍ਰੀ ਭਗਵਾਨ ਵੱਡੀ ਵਡਿਆਈਆ । ਨਿਰਗੁਣ ਸਰਗੁਣ ਬਣ ਵਿਚੋਲਾ, ਆਪਣਾ ਮੇਲ ਲਏ ਮਿਲਾਈਆ ।

ਸਾਚਾ ਰਾਗ ਸੁਣਾਏ ਸੋਹਲਾ, ਰਸਨਾ ਜਿਹਵਾ ਨਾ ਕੋਇ ਹਿਲਾਈਆ । ਨਿਰਵੈਰ ਹੋ ਕੇ ਬਣੇ ਤੋਲਾ, ਨਾਮ ਕੰਡਾ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਪੂਰਾ ਆਪਣੀ ਬੂਝ ਦਏ ਸਮਝਾਈਆ । ਸਤਿਗੁਰ ਪੂਰਾ ਖੋਲ੍ਹੇ ਪੜਦਾ, ਦੂਈ ਦਵੈਤ ਪਰੇ ਹਟਾਇੰਦਾ । ਹਰਿਜਨ ਬਚਾਏ ਮਾਤ ਸੜਦਾ, ਅੰਮ੍ਰਿਤ ਮੇਘ ਇਕ ਬਰਸਾਇੰਦਾ । ਕਰੇ ਖੇਲ ਸਾਚੇ ਨਰ ਹਰਿ ਦਾ, ਹਰਿ ਜੂ ਆਪਣਾ ਰੰਗ ਵਖਾਇੰਦਾ । ਦਰ ਦਰਵੇਸ਼ ਬਣਾਏ ਬਰਦਾ, ਸੇਵਕ ਸੇਵਕ ਰੂਪ ਵਖਾਇੰਦਾ । ਅੰਦਰ ਵੜ ਕੇ ਪੱਲੂ ਫੜਦਾ, ਫੜਿਆ ਪੱਲੂ ਨਾ ਕੋਇ ਛੁਡਾਇੰਦਾ । ਗੁਰਮੁਖਾਂ ਲਹਿਣਾ ਆਪਣੀ ਝੋਲੀ ਧਰਦਾ, ਗੁਰਸਿਖ ਰੋਗ ਨਾ ਕੋਇ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਪੂਰਾ ਆਪਣਾ ਭੇਵ ਜਣਾਇੰਦਾ । ਸਤਿਗੁਰ ਪੂਰੇ ਦੀ ਕੌਣ ਕਰੇ ਪਰੀਖਿਆ, ਪਰੀਖਿਆ ਵਿਚ ਕਦੇ ਨਾ ਆਈਆ । ਜਗਤ ਨੈਣ ਕਿਸੇ ਨਾ ਦੀਖਿਆ, ਦੋਏ ਲੋਚਣ ਲੱਭੇ ਸਰਬ ਲੋਕਾਈਆ । ਜਿਨ੍ਹਾਂ ਦੇਵੇ ਕਰ ਕਿਰਪਾ ਆਪਣੀ ਸੀਖਿਆ, ਸਾਚਾ ਮੰਤਰ ਇਕ ਪੜ੍ਹਾਈਆ । ਤਿਨ੍ਹਾਂ ਪੂਰੀ ਕਰੇ ਇਛਿਆ, ਤ੍ਰਿਸਨਾ ਹੋਰ ਨਾ ਕੋਇ ਵਧਾਈਆ । ਘਰ ਮੰਦਰ ਅੰਦਰ ਡਿਠਿਆ, ਅਨਡਿਠੜਾ ਆਪਣਾ ਰੂਪ ਵਟਾਈਆ । ਪੂਰੇ ਸਤਿਗੁਰ ਦੀ ਇਹੋ ਪਰੀਖਿਆ, ਗੁਰਮੁਖ ਆਪਣੀ ਗੋਦ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਲਹਿਣਾ ਦਏ ਜਣਾਈਆ । ਸਤਿਗੁਰ ਪੂਰਾ ਆਦਿ ਜੁਗਾਦੀ ਏਕ, ਏਕੰਕਾਰ ਵੱਡੀ ਵਡਿਆਈਆ । ਭਗਤ ਭਗਵਾਨ ਦੇਵੇ ਟੇਕ, ਨਿਰਗੁਣ ਸਰਗੁਣ ਧਾਰ ਬੰਧਾਈਆ । ਸੰਤ ਸੁਹੇਲੇ ਲਏ ਵੇਖ, ਗੁਰ ਚੇਲੇ ਮੇਲ ਮਿਲਾਈਆ । ਗੁਰਮੁਖਾਂ ਕਰੇ ਬੁਧ ਬਿਬੇਕ, ਦੁਰਮਤ ਮੈਲ ਧੁਆਈਆ । ਗੁਰਸਿਖ ਲਾਏ ਨਾ ਮਾਇਆ ਸੇਕ, ਅਗਨੀ ਪੋਹ ਨਾ ਸਕੇ ਰਾਈਆ । ਪਰਮ ਪੁਰਖ ਕਰੇ ਸਾਚਾ ਹੇਤ, ਹਿਤਕਾਰੀ ਆਪਣੀ ਦਇਆ ਕਮਾਈਆ । ਪਹਿਲੋਂ ਗੁਰਮੁਖਾਂ ਆਪ ਲਏ ਵੇਖ, ਫਿਰ ਆਪਣੀ ਬੂਝ ਬੁਝਾਈਆ । ਨਾਮ ਨਿਧਾਨਾ ਖੋਲ੍ਹੇ ਭੇਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਪਰੀਖਿਆ ਇਕ ਦ੍ਰਿੜਾਈਆ ।

ਪੁਰਖ ਅਕਾਲ ਭੇਵ ਦਲਾਲਾ, ਦੀਨਨ ਆਪਣੀ ਦਇਆ ਕਮਾਇੰਦਾ । ਕਰਿਆ ਖੇਲ ਇਕ ਨਿਰਾਲਾ, ਨਿਰਗੁਣ ਆਪਣੀ ਧਾਰ ਚਲਾਇੰਦਾ । ਦੁਸ਼ਟ ਦਮਨ ਫੜ ਆਪ ਉਠਾਲਾ, ਭੇਵ ਅਭੇਵ ਖੁਲ੍ਹਾਇੰਦਾ । ਪੰਜ ਤੱਤ ਕਾਇਆ ਤੇਰਾ ਦੋਸ਼ਾਲਾ, ਚੋਲਾ ਚੋਲੇ ਨਾਲ ਬਦਲਾਇੰਦਾ । ਇਕ ਵਖਾਏ ਸੱਚੀ ਧਰਮਸਾਲਾ, ਸਾਚਾ ਮੰਦਰ ਇਕ ਸੁਹਾਇੰਦਾ । ਗੁਜਰੀ ਕਰੇ ਤੇਰੀ ਪ੍ਰਿਤਪਾਲਾ, ਤੇਗ਼ ਬਹਾਦਰ ਤੇਰੀ ਸੇਵ ਕਮਾਇੰਦਾ । ਤੇਰਾ ਨੂਰ ਮੇਰਾ ਨਿਰਾਲਾ, ਨੇਤਰ ਨਜ਼ਰ ਕਿਸੇ ਨਾ ਆਇੰਦਾ । ਤੇਰਾ ਮਾਰਗ ਦੱਸਾਂ ਸੁਖਾਲਾ, ਸਾਚੀ ਸਿਖਿਆ ਇਕ ਸਮਝਾਇੰਦਾ । ਜਗ ਚਲੇ ਅਵਲੱੜੀ ਚਾਲਾ, ਚਾਲ ਨਿਰਾਲੀ ਇਕ ਉਪਾਇੰਦਾ । ਤੇਰੇ ਜ਼ੇਰ ਕਾਲ ਮਹਾਂਕਾਲਾ, ਦੋਏ ਸੇਵ ਆਪ ਲਗਾਇੰਦਾ । ਤੇਰਾ ਦੁਆਰ ਸਚਖੰਡ ਸੱਚੀ ਧਰਮਸਾਲਾ, ਦਰ ਇਕੋ ਇਕ ਵਡਿਆਇੰਦਾ । ਤੇਰਾ ਨਾਤਾ ਸੰਤਾਂ ਭਗਤਾਂ, ਊਚਾਂ ਨੀਚਾਂ ਭੇਵ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਫ਼ਰਮਾਨ ਆਪ ਸੁਣਾਇੰਦਾ । ਸੁਣ ਸ਼ਬਦ ਮੇਰੀ ਗੋਬਿੰਦ ਧਾਰ, ਗੋਬਿੰਦ ਰਿਹਾ ਜਣਾਈਆ । ਹਰਿ ਗੋਬਿੰਦ ਖੇਲ ਕਰਤਾਰ, ਕਰਤਾ ਆਪਣਾ

ਰੂਪ ਵਟਾਈਆ । ਗੋਬਿੰਦ ਕਰੇ ਸਚ ਪਿਆਰ, ਗੋਬਿੰਦ ਨਜ਼ਰ ਕਿਸੇ ਨਾ ਆਈਆ । ਗੋਬਿੰਦ ਵਸੇ ਸਚਖੰਡ ਦੁਆਰ, ਗੋਬਿੰਦ ਨਿਰਗੁਣ ਜੋਤ ਉਪਾਈਆ । ਗੋਬਿੰਦ ਜੋਧਾ ਸੂਰ ਬਲੀ ਬਲਕਾਰ, ਬਲ ਆਪਣਾ ਆਪ ਪਰਗਟਾਈਆ । ਗੋਬਿੰਦ ਹਰਿ ਗੋਬਿੰਦ ਦੋਏ ਜੋੜ ਕਰੇ ਨਿਮਸਕਾਰ, ਪਾਰਬ੍ਰਹਮ ਪਤਿਪਰਮੇਸ਼ਵਰ ਪੁਰਖ ਅਕਾਲ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੋਬਿੰਦ ਇਕੋ ਇਕ ਸੁਣਾਈਆ । ਗੋਬਿੰਦ ਪੂਤ ਆਪ ਨਿਵਾਜਾ, ਸ੍ਰੀ ਭਗਵਾਨ ਦਏ ਵਡਿਆਈਆ । ਨਿਰਗੁਣ ਸਰਗੁਣ ਰਚਿਆ ਕਾਜਾ, ਕਰਤਾ ਆਪਣੀ ਕਾਰ ਕਮਾਈਆ । ਭੂਪਨ ਭੂਪ ਰਾਜਨ ਰਾਜਾ, ਨਰ ਨਿਰਵੈਰ ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਅਨਹਦ ਨਾਦ ਵਜਾਏ ਵਾਜਾ, ਸੁਰ ਤਾਲ ਨਾ ਕੋਇ ਰਖਾਈਆ । ਲੋਕਮਾਤ ਮਾਰ ਝਾਤ, ਅਰਸ਼ ਫ਼ਰਸ਼ ਕੁਰਸ਼ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੋਬਿੰਦ ਇਕੋ ਇਕ ਸੁਣਾਈਆ । ਗੋਬਿੰਦ ਸੁਤ ਸੁਤ ਦੁਲਾਰੇ, ਸ੍ਰੀ ਭਗਵਾਨ ਆਪ ਜਣਾਇੰਦਾ । ਪੁਰਖ ਅਕਾਲ ਤੇਰਾ ਸਹਾਰੇ, ਮਿਹਰ ਨਜ਼ਰ ਆਪ ਉਠਾਇੰਦਾ । ਕਲਜੁਗ ਅੰਤਮ ਵੇਖ ਵਿਚਾਰੇ, ਸਮਝ ਵਿਚ ਕਿਸੇ ਨਾ ਆਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਗੁਰ ਅਵਤਾਰ ਪੀਰ ਪੈਗ਼ੰਬਰ ਦੇਂਦਾ ਆਇਆ ਲਾਰੇ, ਭੇਵ ਅਭੇਦ ਨਾ ਕਿਸੇ ਸਮਝਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕੋਟਨ ਕੋਟ ਖੜੇ ਦੁਆਰੇ, ਖ਼ਾਲੀ ਝੋਲੀ ਸਰਬ ਭਰਾਇੰਦਾ । ਈਸਾ ਮੂਸਾ ਮੁਹੰਮਦ ਉਚੀ ਕੂਕ ਕੂਕ ਪੁਕਾਰੇ, ਪਰਵਰਦਿਗਾਰ ਭੇਵ ਅਭੇਦ ਆਪ ਜਣਾਇੰਦਾ । ਮੁਕਾਮੇ ਹੱਕ ਸਾਂਝਾ ਯਾਰੇ, ਲਾਸ਼ਰੀਕ ਸੋਭਾ ਪਾਇੰਦਾ । ਮਿਹਬਾਨ ਬੀਦੋ ਬੀ ਖ਼ੈਰ ਯਾ ਅੱਲਾ ਨੂਰ ਇਲਾਹੀ ਇਕ ਚਮਤਕਾਰੇ, ਜਲਵਾ ਇਕੋ ਇਕ ਜਣਾਇੰਦਾ । ਪੀਰ ਪੈਗ਼ੰਬਰ ਕੁਤਬ ਗੌਂਸ ਮੁੱਲਾਂ ਸ਼ੇਖ਼ ਜਿਸ ਪਸਾਰੇ, ਸ਼ਰਅ ਸ਼ਰੀਅਤ ਵੰਡ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਸਿਖ ਦ੍ਰਿੜਾਇੰਦਾ । ਦੁਸ਼ਟ ਦਮਨ ਦਾ ਰੂਪ ਗੋਬਿੰਦ, ਗੋਬਿੰਦ ਗੋਬਿੰਦ ਵਿਚ ਸਮਾਇਆ । ਹਰਖ ਸੋਗ ਨਾ ਕੋਇ ਚਿੰਦ, ਚਿੰਤਾ ਗ਼ਮ ਨਾ ਕੋਇ ਰਖਾਇਆ । ਦਾਤਾ ਦਾਨੀ ਗੁਣੀ ਗਹਿੰਦ, ਗਹਿਰ ਗੰਭੀਰ ਆਪ ਅਖਵਾਇਆ । ਬਦਲਣਹਾਰਾ ਤਕਸੀਰ ਤਦਬੀਰ, ਤਕਦੀਰ ਆਪਣੇ ਹੱਥ ਰਖਾਇਆ । ਹੱਥ ਫੜ ਇਕ ਸ਼ਮਸ਼ੀਰ, ਖੰਡਾ ਖੜਗ ਨਾਮ ਚਮਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਗੁਰ ਚੇਲਾ ਰੂਪ ਵਟਾਇਆ । ਗੁਰ ਸਤਿਗੁਰ ਬਣਿਆ ਪੁਰਖ ਅਕਾਲ, ਪ੍ਰਭ ਵੱਡਾ ਵਡ ਵਡਿਆਈਆ । ਚੇਲਾ ਰੂਪ ਦੀਨ ਦਿਆਲ, ਗੁਰ ਗੋਬਿੰਦ ਮੇਲ ਮਿਲਾਈਆ । ਸੱਜਣ ਸੁਹੇਲਾ ਹੋ ਕਿਰਪਾਲ, ਆਪਣੀ ਧਾਰ ਵਖਾਈਆ । ਅਚਰਜ ਖੇਲ ਖੇਲਾ ਵਿਚ ਸੰਸਾਰ, ਸਮਝ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰੋਂ ਆਪ ਉਠਾਲ, ਆਪਣਾ ਲਾਲ ਆਪ ਉਪਾਈਆ । ਗੋਬਿੰਦ ਬਣਿਆ ਲਾਲ, ਹਰਿ ਲਾਲਨ ਵਡ ਵਡਿਆਈਆ । ਕਲਜੁਗ ਬਣਨਾ ਜਗਤ ਦਲਾਲ, ਸਾਚਾ ਵਕਤ ਸੁਹਾਈਆ । ਭੇਵ ਅਭੇਦਾ ਰੱਖ ਸੰਭਾਲ, ਸਮਝ ਵਿਚ ਨਾ ਕਿਸੇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ ਆਪਣਾ ਭੇਵ ਆਪਣਾ ਭੇਤ ਆਪਣਾ ਹੇਤ ਆਪਣਾ ਨੇਤ ਨਵਿਤ ਆਪਣੇ ਰਿਹਾ ਸਮਝਾਈਆ । ਹਰਿ ਗੋਬਿੰਦ ਆਪ ਜਣਾਇਆ ਏ । ਭੇਵ ਅਭੇਵ ਖੁਲ੍ਹਾਇਆ ਏ । ਸੁਤ ਦੁਲਾਰ ਬਣਾਇਆ ਏ । ਲੋਕਮਾਤ ਘਲਾਇਆ ਏ । ਸਾਚਾ ਰਾਹ ਚਲਾਇਆ ਏ । ਪੰਚਮ ਜੋੜ ਜੁੜਾਇਆ ਏ ।

ਚਾਰ ਰੰਗ ਰੰਗਾਇਆ ਏ । ਅਠਾਰਾਂ ਬਰਨ ਡੇਰਾ ਢਾਹਿਆ ਏ । ਏਕਾ ਮੰਦਰ ਸਚ ਵਸਾਇਆ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੁਰਖ ਅਕਾਲ ਖੇਲ ਰਚਾਇਆ ਏ । ਗੋਬਿੰਦ ਸੂਰਾ ਨਾਉਂ ਧਰਾਇਆ ਏ । ਹਾਜ਼ਰ ਹਜ਼ੂਰਾ ਵੇਖ ਵਖਾਇਆ ਏ । ਦੂਰ ਨੇੜਾ ਪੰਧ ਮੁਕਾਇਆ ਏ । ਜਗ ਝੇੜਾ ਆਪ ਮੁਕਾਇਆ ਏ । ਖੁਲ੍ਹਾ ਵੇਹੜਾ ਆਪ ਕਰਾਇਆ ਏ । ਗ਼ਰੀਬ ਨਿਮਾਣਿਆਂ ਬੰਨ੍ਹ ਕੇ ਬੇੜਾ ਪਾਰ ਲੰਘਾਇਆ ਏ । ਤੇਰਾ ਮੇਰਾ ਇਕੋ ਰੰਗ ਵਖਾਇਆ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੁਰਖ ਅਕਾਲ ਇਕੋ ਸੁਤ ਵਡਿਆਇਆ ਏ । ਇਕੋ ਸੁਤ ਵਡਿਆਵਾਂਗਾ । ਗੋਬਿੰਦ ਤੇਰਾ ਰਾਹ ਵਖਾਵਾਂਗਾ । ਦੋ ਜਹਾਨਾਂ ਆਪ ਵਖਾਵਾਂਗਾ । ਸ੍ਰਿਸ਼ਟ ਸਬਾਈ ਪੜਦਾ ਲਾਹਵਾਂਗਾ । ਸਾਚਾ ਬਰਦਾ ਇਕ ਬਣਾਵਾਂਗਾ । ਘਰ ਘਰ ਦਾ ਰਾਹ ਵਖਾਵਾਂਗਾ । ਚਾਰ ਵਰਨ ਇਕ ਬਣਾਵਾਂਗਾ । ਸਾਚੀ ਸਰਨ ਇਕ ਰਖਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਸਾਚਾ ਮੇਲ ਮਿਲਾਵਾਂਗਾ । ਤੇਰਾ ਸਾਚਾ ਮੇਲ ਮਿਲਾਵੇਗਾ । ਪੁਰਖ ਅਬਿਨਾਸ਼ੀ ਦਇਆ ਕਮਾਵੇਗਾ । ਮਿਹਰਵਾਨ ਫੇਰਾ ਪਾਵੇਗਾ । ਪਿਛਲਾ ਲੇਖਾ ਵੇਖ ਵਖਾਵੇਗਾ । ਮਾਤ ਪਿਤ ਨਾਲ ਮਿਲਾਵੇਗਾ । ਪੂਤ ਸਾਚੀ ਗੋਦ ਬਹਾਵੇਗਾ । ਗੁਰਮੁਖ ਸੱਜਣ ਆਪ ਉਠਾਵੇਗਾ । ਸਰਸੇ ਵਾਲੇ ਜੋੜ ਜੁੜਾਵੇਗਾ । ਮਾਛੂਵਾੜੇ ਲਹਿਣਾ ਲਹਿਣ ਮੁਕਾਵੇਗਾ । ਸੱਥਰ ਯਾਰੜਾ ਇਕ ਹੰਡਾਵੇਗਾ । ਅੱਖਰ ਇਕੋ ਇਕ ਪੜ੍ਹਾਵੇਗਾ । ਵੱਖਰ ਕੋਈ ਰਹਿਣ ਨਾ ਪਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਖੇਲ ਇਕ ਰਚਾਵੇਗਾ । ਸਾਚਾ ਖੇਲ ਇਕ ਰਚਾਏਗਾ । ਪੁਰਖ ਅਬਿਨਾਸ਼ੀ ਫੇਰਾ ਪਾਏਗਾ । ਤੇਰਾ ਸਾਥੀ ਬਣ ਕੇ ਆਏਗਾ । ਤੇਰਾ ਤੱਤ ਨਾ ਕੋਇ ਵਖਾਏਗਾ । ਪੰਜ ਤੱਤ ਨਾ ਕੋਇ ਦਸਾਏਗਾ । ਕਾਇਆ ਰਤ ਨਾ ਕੋਇ ਜਣਾਏਗਾ । ਬੁਧ ਮਨ ਮਤ ਨਾ ਕੋਇ ਰਖਾਏਗਾ । ਪੁਰਖ ਸਮਰਥ ਤੇਰਾ ਬੰਸ ਰੂਪ ਵਟਾਏਗਾ । ਸਾਢੇ ਤਿੰਨ ਹੱਥ ਸੰਬਲ ਨਗਰ ਕਰ ਪਰਗਟ, ਸਚ ਦੁਆਰੇ ਆਪ ਬਹਾਏਗਾ । ਤੇਰਾ ਖੇਲ ਅਲੱਖਨਾ ਅਲੱਖ, ਲਿਖ ਲਿਖ ਲੇਖ ਨਾ ਕੋਇ ਮੁਕਾਏਗਾ । ਤੂੰ ਮੇਰਾ ਮੈਂ ਤੇਰਾ ਦੋਹਾਂ ਦਾ ਇਕੋ ਪੱਖ, ਦੂਜੀ ਵੰਡ ਨਾ ਕੋਇ ਵੰਡਾਏਗਾ । ਲੱਖ ਚੁਰਾਸੀ ਪਾਏ ਨੱਥ, ਨਾਮ ਡੋਰੀ ਇਕ ਉਠਾਏਗਾ । ਜ਼ਾਤ ਪਾਤ ਮੇਟ ਮਿਟਾਏਗਾ । ਗੁਰ ਅਵਤਾਰ ਪੀਰ ਪੈਗ਼ੰਬਰ ਭਗਤ ਭਗਵਾਨ ਕਰ ਇਕੱਠ, ਸਾਚਾ ਦਰ ਇਕ ਸੁਹਾਏਗਾ । ਦੋ ਜਹਾਨ ਸ੍ਰੀ ਭਗਵਾਨ ਇਕ ਜਣਾਏ ਨਾਮ ਅਲੱਖ, ਪੁਰਖ ਅਕਾਲ ਇਕੋ ਇਸ਼ਟ ਨਜ਼ਰੀ ਆਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੁਤ ਮਾਣ ਦਿਵਾਏਗਾ । ਗੋਬਿੰਦ ਕਹੇ ਪ੍ਰਭੂ ਜਦ ਆਵੇਂਗਾ । ਕੀ ਆਪਣਾ ਰੂਪ ਵਟਾਵੇਂਗਾ । ਕਵਣ ਕੂਟ ਮੇਲ ਮਿਲਾਵੇਂਗਾ । ਕਵਣ ਜੋਤ ਨੂਰ ਰੁਸ਼ਨਾਵੇਂਗਾ । ਕਵਣ ਬੰਕ ਦੁਆਰ ਸੁਹਾਵੇਂਗਾ । ਕਵਣ ਡੰਕ ਨਾਮ ਵਜਾਵੇਂਗਾ । ਕਵਣ ਅੰਕ ਮਾਤ ਚਲਾਵੇਂਗਾ । ਰਾਓ ਰੰਕ ਪਕੜ ਉਠਾਵੇਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਭੇਵ ਅਭੇਦਾ ਕਵਣ ਖੁਲਾਵੇਂਗਾ । ਗੋਬਿੰਦ ਅੰਤ ਵੇਲੇ ਜਦ ਆਵਾਂਗਾ । ਤੇਰਾ ਸ਼ਬਦੀ ਰੂਪ ਵਟਾਵਾਂਗਾ । ਨਿਹਕਲੰਕ ਆਪ ਅਖਵਾਵਾਂਗਾ । ਸੰਬਲ ਨਗਰ ਇਕ ਵਡਿਆਵਾਂਗਾ । ਟਿੱਲੇ ਚੜ੍ਹ ਕੇ ਨਾਦ ਵਜਾਵਾਂਗਾ । ਦੋ ਜਹਾਨ ਵੇਖ ਵਖਾਵਾਂਗਾ । ਆਪ ਨਜ਼ਰ ਕਿਸੇ ਨਾ ਆਵਾਂਗਾ । ਗੁਰਮੁਖ ਵਿਰਲੇ ਫੜ ਉਠਾਵਾਂਗਾ । ਨੇਤਰ ਨੈਣ ਖੁਲ੍ਹਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਕਲਜੁਗ ਅੰਤਮ

ਸ਼ਬਦ ਰੂਪ ਜਣਾਵਾਂਗਾ । ਕਲਜੁਗ ਅੰਤਮ ਸ਼ਬਦ ਧਾਰ, ਗੁਰ ਗੋਬਿੰਦ ਮਿਲੇ ਵਡਿਆਈਆ । ਤਤਵ ਤਤ ਨਾ ਕੋਇ ਪਸਾਰ, ਹੱਡੀ ਰਤ ਨਜ਼ਰ ਨਾ ਆਈਆ । ਨਿਰਗੁਣ ਜੋਤ ਨੂਰ ਉਜਿਆਰ, ਨੂਰੋ ਨੂਰ ਨੂਰ ਪਰਗਟਾਈਆ । ਸਾਚਾ ਨਾਦ ਸ਼ਬਦ ਧੁਨਕਾਰ, ਧੁਰ ਦੀ ਬਾਣੀ ਬਾਣ ਲਗਾਈਆ । ਕਰੇ ਖੇਲ ਅਗੰਮ ਅਪਾਰ, ਅਲੱਖ ਅਗੋਚਰ ਵਡ ਵਡਿਆਈਆ । ਸਮਝ ਸਕੇ ਨਾ ਕੋਇ ਸੰਸਾਰ, ਭੇਵ ਅਭੇਦ ਨਾ ਕੋਇ ਖੁਲ੍ਹਾਈਆ । ਪੜ੍ਹ ਪੜ੍ਹ ਥੱਕੇ ਜੀਵ ਗਵਾਰ, ਪੜ੍ਹਿਆਂ ਹੱਥ ਕਿਸੇ ਨਾ ਆਈਆ । ਈਸਾ ਕਹੇ ਕਵਣ ਵੇਲਾ ਪਰਗਟ ਹੋਏ ਮੇਰਾ ਬਾਪ, ਨਿਰਗੁਣ ਆਪਣਾ ਰੂਪ ਵਟਾਈਆ । ਮੁਹੰਮਦ ਕਹੇ ਮੇਰਾ ਆਵੇ ਸਾਂਝਾ ਯਾਰ, ਵਡ ਅਮਾਮ ਫੇਰਾ ਪਾਈਆ । ਮੂਸਾ ਕਹੇ ਮੇਰਾ ਸਚ ਇਸਲਾਮ, ਸਾਚੀ ਸਿਖਿਆ ਦਏ ਦ੍ਰਿੜਾਈਆ । ਨਾਨਕ ਗੋਬਿੰਦ ਦੇ ਕੇ ਗਏ ਪੈਗ਼ਾਮ, ਦੋ ਜਹਾਨਾਂ ਹੁਕਮ ਮਨਾਈਆ । ਵੇਦ ਵਿਆਸਾ ਲਿਖ ਕੇ ਗਿਆ ਬਿਆਨ, ਪੂਤ ਸਪੂਤਾ ਬ੍ਰਹਿਮਣ ਗੌੜਾ ਉਚੇ ਟਿੱਲੇ ਪਰਬਤ ਆਪਣਾ ਫੇਰਾ ਪਾਈਆ । ਵਿਸ਼ਨੂੰ ਵਿਸ਼ਵ ਕਰੇ ਧਿਆਨ, ਵਾਸਤਕ ਇਕੋ ਰਾਹ ਤਕਾਈਆ । ਬ੍ਰਹਮਾ ਪਾਰਬ੍ਰਹਮ ਚਰਨ ਕਵਲ ਵੇਖੇ ਮਹਾਨ, ਚਾਰੋਂ ਕੁੰਟ ਨੈਣ ਉਠਾਈਆ । ਸ਼ੰਕਰ ਭੋਲਾ ਨਾਥ ਹੋਏ ਹੈਰਾਨ, ਹੱਥ ਤ੍ਰਿਸੂਲ ਰਿਹਾ ਸੁਟਾਈਆ । ਗੋਬਿੰਦ ਰੂਪ ਕੋਈ ਨਾ ਸਕੇ ਪਹਿਚਾਨ, ਗੋਬਿੰਦ ਸ਼ਬਦ ਰੂਪ ਅਖਵਾਈਆ । ਤੇਰਾ ਮੇਰਾ ਮੇਰਾ ਤੇਰਾ ਇਕ ਗਿਆਨ, ਸ੍ਰੀ ਭਗਵਾਨ ਕਰੇ ਪੜ੍ਹਾਈਆ । ਇਹ ਮੰਦਰ ਸਾਢੇ ਤਿੰਨ ਹੱਥ ਮਕਾਨ, ਜਿਸ ਦਾ ਬਣਾਵਣਹਾਰਾ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਪੂਤ ਸਪੂਤਾ ਇਕੋ ਇਕ ਪਰਗਟਾਈਆ । ਜੁਗ ਚੌਕੜੀ ਸ਼ਬਦੀ ਨਾਅਰਾ, ਗੁਰ ਅਵਤਾਰ ਗਏ ਲਗਾਈਆ । ਨਿਰਗੁਣ ਖੇਲ ਅਪਰ ਅਪਾਰਾ, ਨਿਰਾਕਾਰ ਆਪ ਕਰਾਈਆ । ਸਰਗੁਣ ਦੇਂਦਾ ਰਿਹਾ ਸਹਾਰਾ, ਭੇਵ ਅਭੇਦਾ ਦਏ ਖੁਲ੍ਹਾਈਆ । ਬ੍ਰਹਮਾ ਸੁਤ ਕਰ ਪਿਆਰਾ, ਸੰਤ ਕੁਮਾਰ ਦਏ ਵਡਿਆਈਆ । ਬਰਾਹ ਰੂਪ ਧਰ ਨਿਆਰਾ, ਯਗੈ ਪੁਰਸ਼ ਵੇਸ ਵਟਾਈਆ । ਹਾਵ ਗ਼ਰੀਵ ਕਰ ਪਸਾਰਾ, ਨਰ ਨਰਾਇਣ ਖੇਲ ਕਰਾਈਆ । ਦੱਤਾ ਤ੍ਰੈ ਕਰ ਉਜਿਆਰਾ, ਕਪਲ ਮੁਨ ਸੋਭਾ ਪਾਈਆ । ਰਿਖਪ ਦੇਵ ਭਰ ਭੰਡਾਰਾ, ਪਿਰਥੂ ਆਪਣੀ ਖ਼ਬਰ ਸੁਣਾਈਆ । ਮਤਸ ਖੇਲ ਜਲਧਾਰਾ, ਕਛਪ ਆਪਣਾ ਰੰਗ ਰੰਗਾਈਆ । ਧਨੰਤਰ ਖੋਲ੍ਹ ਆਪ ਕਿਵਾੜਾ, ਬਾਵਨ ਆਪਣਾ ਰਾਹ ਚਲਾਈਆ । ਹੰਸਾ ਬੋਲ ਸਚ ਜੈਕਾਰਾ, ਨਰ ਸਿੰਘ ਪੜਦਾ ਰਿਹਾ ਉਠਾਈਆ । ਲੇਖਾ ਜਾਣਾ ਧੁਰ ਦਰਬਾਰਾ, ਨਰ ਨਰਾਇਣ ਸੇਵ ਕਮਾਈਆ । ਹਰੀ ਹਰਿ ਹੋ ਉਜਿਆਰਾ, ਧਰੂ ਕਰੇ ਪੜ੍ਹਾਈਆ । ਪਰਸਰਾਮ ਦਏ ਸਹਾਰਾ, ਰਾਮ ਰਘੁਨਾਥ ਸੰਗ ਨਿਭਾਈਆ । ਵੇਦ ਵਿਆਸਾ ਬਣ ਲਿਖਾਰਾ, ਬਾਰਾਂ ਅੱਖਸ਼ਰ ਕਰ ਕੇ ਗਿਆ ਪੜ੍ਹਾਈਆ । ਮੁਕੰਦ ਮਨੋਹਰ ਲਖਮੀ ਨਰਾਇਣ ਨੂਰ ਉਜਿਆਰਾ, ਕਾਹਨਾ ਕ੍ਰਿਸ਼ਨਾ ਬੰਸਰੀ ਨਾਮ ਵਜਾਈਆ । ਗੀਤਾ ਗਿਆਨ ਭਗਤ ਅਧਾਰਾ, ਅਠ ਦਸ ਜੋੜ ਜੁੜਾਈਆ । ਸਾਚਾ ਖੇਲ ਵਿਚ ਸੰਸਾਰਾ, ਬੋਧ ਅਗਾਧਾ ਦਏ ਸਮਝਾਈਆ । ਮੂਸਾ ਜਲਵਾ ਨੂਰ ਵੇਖ ਅਪਾਰਾ, ਆਪ ਆਪਣਾ ਗਿਆ ਭੁਲਾਈਆ । ਈਸਾ ਬੋਲ ਹੱਕ ਨਾਅਰਾ, ਹਕੀਕਤ ਗਿਆ ਸਮਝਾਈਆ । ਮੁਹੰਮਦ ਮੇਲਾ ਪਰਵਰਦਿਗਾਰਾ, ਚਾਰ ਯਾਰੀ ਸੰਗ ਧਰਾਈਆ । ਨਾਨਕ ਵੇਖ ਸਚਖੰਡ ਦੁਆਰਾ, ਨਾਮ ਸਤਿ ਕਰੀ ਪੜ੍ਹਾਈਆ । ਗੋਬਿੰਦ ਪੁਰਖ ਅਕਾਲ ਮਿਲਿਆ ਮੀਤ ਮੁਰਾਰਾ, ਮੀਤਾ ਇਕੋ ਨਜ਼ਰੀ ਆਈਆ । ਫ਼ਤਹਿ ਬੋਲ ਸਚ ਜੈਕਾਰਾ, ਉਚੀ ਕੂਕ ਗਿਆ ਸੁਣਾਈਆ । ਕਬੀਰ ਜੁਲਾਹਾ ਜਾ ਪੁਕਾਰਾ, ਤੂ ਹੀ ਤੂ ਰਾਗ ਅਲਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ

ਖੇਲ ਹੁੰਦਾ ਰਿਹਾ ਨਿਆਰਾ, ਕੋਟਨ ਕੋਟ ਨਾਮ ਸਿਫ਼ਤੀ ਸਿਫ਼ਤ ਸਾਲਾਹੀਆ । ਆਦਿ ਸ਼ਕਤ ਕਰ ਪਿਆਰਾ, ਚਤਰਭੁਜ ਮਿਲੀ ਵਡਿਆਈਆ । ਓਮ ਸਤਿ ਸਤਿ ਵਰਤਾਰਾ, ਬ੍ਰਹਮ ਤਤਵ ਤਤ ਤੱਤ ਉਪਾਈਆ । ਤੱਤ ਤੱਤ ਕਿਨਾਰਾ, ਤੱਤਵ ਰਾਹ ਸਰਬ ਜਣਾਈਆ । ਚਾਰ ਵਰਨ ਲੱਗਾ ਰਿਹਾ ਅਖਾੜਾ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਵੰਡ ਵੰਡਾਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਸਚਖੰਡ ਬੈਠਾ ਵੇਂਹਦਾ ਰਿਹਾ ਨਜ਼ਾਰਾ, ਨਿਰਗੁਣ ਸਰਗੁਣ ਆਪਣੀ ਧਾਰ ਚਲਾਈਆ । ਚਾਰੇ ਵੇਦਾਂ ਦੇ ਭੰਡਾਰਾ, ਚਾਰੇ ਯੁਗ ਕਰੀ ਕੁੜਮਾਈਆ । ਚਾਰੇ ਖਾਣੀ ਕਰ ਪਸਾਰਾ, ਅੰਡਜ ਜੇਰਜ ਉਤਭੁਜ ਸੇਤਜ ਵੰਡ ਵੰਡਾਈਆ । ਚਾਰੇ ਬਾਣੀ ਬੋਲ ਜੈਕਾਰਾ, ਪਰਾ ਪਸੰਤੀ ਮਧਮ ਬੈਖਰੀ ਆਪੇ ਗਾਈਆ । ਸ਼ਾਸਤਰ ਸਿਮਰਤ ਦੇ ਸਹਾਰਾ, ਸਾਚੀ ਸਿਖਿਆ ਇਕ ਦ੍ਰਿੜਾਈਆ । ਪੁਰਾਨ ਅਠਾਰਾਂ ਪਰਾਣ ਆਧਾਰਾ, ਪੁਰਾਨ ਪਰਾਣੀ ਗਿਆ ਜਣਾਈਆ । ਅੰਜੀਲ ਕੁਰਾਨ ਤੀਸ ਬਤੀਸਾ ਨਾਅਰਾ, ਕਲਮਾ ਕਾਇਨਾਤ ਸਮਝਾਈਆ । ਦੀਨ ਮਜ਼੍ਹਬ ਵਰਤਦਾ ਰਿਹਾ ਵਰਤਾਰਾ, ਅਬਿਨਾਸ਼ੀ ਕਰਤਾ ਆਪਣਾ ਰਾਹ ਚਲਾਈਆ । ਨੌਂ ਸੌ ਚੁਰਾਨਵੇਂ ਚੌਕੜੀ ਯੁਗ ਨਵ ਨੌਂ ਚਾਰ ਦੇਂਦਾ ਰਿਹਾ ਸਭ ਨੂੰ ਲਾਰਾ, ਬੇਅੰਤ ਬੇਪਰਵਾਹ ਸ੍ਰੀ ਭਗਵਾਨ ਇਕ ਅਖਵਾਈਆ । ਜਿਸ ਦਾ ਆਦਿ ਰੂਪ ਸੋ, ਸਤਿ ਪੁਰਖ ਨਿਰੰਜਣ ਬੈਠਾ ਹੋ, ਆਪਣਾ ਢੋਆ ਦੇਵੇ ਢੋ, ਵਸਤ ਅਮੋਲਕ ਆਪ ਪਰਗਟਾਈਆ । ਨਿਰਗੁਣ ਜੋਤ ਰੁਸ਼ਨਾਈ ਲੋ, ਨੂਰ ਜ਼ਹੂਰ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਆਦਿ ਦਾ ਆਦਿ ਲੇਖਾ, ਅੰਤ ਅੰਤ ਦਏ ਜਣਾਈਆ । ਸੋ ਪੁਰਖ ਨਿਰੰਜਣ ਹੋ ਉਜਿਆਰ, ਹਰਿ ਅਸੁਤੇ ਪਰਕਾਸ਼ ਕਰਾਈਆ । ਹਰਿ ਪੁਰਖ ਨਿਰੰਜਣ ਭੇਵ ਨਿਆਰ, ਅਨਭਵ ਆਪਣੀ ਕਾਰ ਕਮਾਈਆ । ਏਕੰਕਾਰਾ ਵਡ ਬਲਕਾਰ, ਬਲਧਾਰੀ
੮੯੦
੧੪
ਆਪ ਹੋ ਜਾਈਆ । ਆਦਿ ਨਿਰੰਜਣ ਜੋਤ ਪਸਾਰ, ਜੋਤ ਜੋਤ ਡਗਮਗਾਈਆ । ਅਬਿਨਾਸ਼ੀ ਕਰਤਾ ਵਡ ਮਿਹਰਵਾਨ, ਹਰਿ ਮਿਹਰਵਾਨ ਹੋ ਆਈਆ । ਸ੍ਰੀ ਭਗਵਾਨ ਵਸਣਹਾਰ ਠਾਂਡੇ ਦਰਬਾਰ, ਘਰ ਆਪਣਾ ਆਪ ਪਰਗਟਾਈਆ । ਪਾਰਬ੍ਰਹਮ ਪ੍ਰਭ ਭੇਵ ਨਿਆਰ, ਭੇਵ ਅਭੇਦਾ ਆਪ ਜਣਾਈਆ । ਸਾਚੇ ਤਖ਼ਤ ਬੈਠ ਸੱਚੀ ਸਰਕਾਰ, ਸ਼ਾਹ ਪਾਤਸ਼ਾਹ ਨਾਉਂ ਰਖਾਈਆ । ਦਰ ਦਰਵੇਸ਼ ਬਣ ਚੋਬਦਾਰ, ਧੁਰ ਫ਼ਰਮਾਨਾ ਹੁਕਮ ਅਲਾਈਆ । ਆਪਣੀ ਇਛਿਆ ਕਰ ਪਰਧਾਨ, ਸਾਚੀ ਸਿਖਿਆ ਲਏ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਨਿਰਗੁਣ ਨਿਰਗੁਣ ਵੇਸ ਵਟਾਈਆ । ਨਿਰਗੁਣ ਸੋ ਸੋ ਪੁਰਖ ਅਕਾਲ, ਅਕਲ ਕਲਾ ਅਖਵਾਇੰਦਾ । ਆਪੇ ਦੀਨ ਆਪ ਦਿਆਲ, ਦਇਆਵਾਨ ਆਪ ਹੋ ਜਾਇੰਦਾ । ਆਪੇ ਮੰਦਰ ਆਪੇ ਧਰਮਸਾਲ, ਸਿੰਘਾਸਣ ਆਸਣ ਡੇਰਾ ਲਾਇੰਦਾ । ਆਪੇ ਕਰੇ ਆਪਣੀ ਪ੍ਰਿਤਪਾਲ, ਪ੍ਰਿਤਪਾਲਕ ਆਪਣੀ ਧਾਰ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਖੇਲ ਕਰਾਇੰਦਾ । ਆਪਣਾ ਖੇਲ ਕਰੇ ਕਰਤਾਰ, ਆਪਣੇ ਹੱਥ ਰੱਖੇ ਵਡਿਆਈਆ । ਲੇਖਾ ਜਾਣ ਪੁਰਖ ਨਾਰ, ਨਰ ਨਰਾਇਣ ਸੇਜ ਹੰਢਾਈਆ । ਆਪੇ ਜਨਨੀ ਬਣ ਕੇ ਜਣੇ ਸੁਤ ਦੁਲਾਰ, ਸ਼ਬਦੀ ਪੁੱਤ ਆਪ ਪਰਗਟਾਈਆ । ਪੂਤ ਸਪੂਤਾ ਕਰ ਕੇ ਖ਼ਬਰਦਾਰ, ਸਾਚੀ ਸਿਖਿਆ ਦਏ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਆਪਣੀ ਕਾਰ ਕਮਾਈਆ । ਸੋ ਪੁਰਖ ਅਗੰਮ, ਅਗੰਮੜੀ ਕਾਰ ਕਮਾਇੰਦਾ । ਆਪਣੀ ਧਾਰੋਂ ਆਪੇ ਜੰਮ, ਵਿਸ਼ਵ ਆਪਣਾ ਭੇਵ ਖੁਲ੍ਹਾਇੰਦਾ । ਵਿਸ਼ਨੂੰ ਨੂਰ ਸ੍ਰੀ ਭਗਵਨ, ਵਾਸਤਕ ਆਪਣਾ ਰੰਗ ਵਖਾਇੰਦਾ । ਆਪੇ ਨੂਰ ਆਪੇ ਚੰਨ, ਜੋਤੀ ਜੋਤ ਡਗਮਗਾਇੰਦਾ । ਆਪੇ ਵਸਤ ਆਪੇ ਧੰਨ, ਦੇਵਣਹਾਰ ਆਪ ਹੋ ਜਾਇੰਦਾ ।

ਆਪੇ ਰਾਜ ਆਪ ਰਾਜਾਨ, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸਾ ਆਪ ਸੁਣਾਇੰਦਾ । ਆਪੇ ਵਿਸ਼ਵ ਵਿਸ਼ਨੂੰ ਧਾਰ, ਭਗਵਨ ਆਪਣੀ ਕਾਰੇ ਲਾਈਆ । ਨਿਰਗੁਣ ਸਰਗੁਣ ਖੇਲ ਅਪਾਰ, ਨਿਰਾਕਾਰ ਸਾਕਾਰ ਵੇਸ ਧਰਾਈਆ । ਆਪੇ ਸੇਵਕ ਸੇਵਾਦਾਰ, ਸੇਵਾ ਸਾਚੀ ਸਚ ਜਣਾਈਆ । ਇਕੋ ਦੱਸੇ ਖੋਲ੍ਹ ਕਿਵਾੜ, ਭੇਵ ਅਭੇਦ ਦਏ ਜਣਾਈਆ । ਤੂੰ ਮੇਰਾ ਮੈਂ ਤੇਰਾ ਪਿਆਰ, ਪਰੇਮ ਪ੍ਰੀਤੀ ਇਕ ਰਖਾਈਆ । ਵਿਸ਼ਨੂੰ ਅੱਗੋਂ ਕਹੇ ਪੁਕਾਰ, ਪ੍ਰਭ ਅੱਗੇ ਸੀਸ ਝੁਕਾਈਆ । ਤੇਰਾ ਮੇਰਾ ਇਕ ਦੁਆਰ, ਘਰ ਇਕੋ ਨਜ਼ਰੀ ਆਈਆ । ਤੂੰ ਸ਼ਹਿਨਸ਼ਾਹ ਸ਼ਾਹ ਪਾਤਸ਼ਾਹ ਹਉਂ ਫ਼ਰਮਾਂਬਰਦਾਰ, ਸਦ ਤੇਰਾ ਹੁਕਮ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਦਏ ਜਣਾਈਆ । ਵਿਸ਼ਨੂੰ ਭੇਵ ਦੱਸੇ ਭਗਵਾਨ, ਹਰਿ ਜੂ ਹਰਿ ਹਰਿ ਆਪ ਜਣਾਇੰਦਾ । ਤੇਰੀ ਝੋਲੀ ਪਾਵਾਂ ਦਾਨ, ਆਪਣੀ ਵਸਤ ਵਿਚ ਟਿਕਾਇੰਦਾ । ਤੇਰੇ ਅੰਤਰ ਕਵਲ ਨਿਸ਼ਾਨ, ਕਵਲ ਕਵਲਾ ਆਪ ਖਿਲਾਇੰਦਾ । ਨਾਤਾ ਜੋੜੇ ਮਿਹਰਵਾਨ, ਬਿਧਾਤਾ ਆਪਣੀ ਗੰਢ ਪੁਆਇੰਦਾ । ਪਾਰਬ੍ਰਹਮ ਬ੍ਰਹਮ ਖੇਲ ਕਰੇ ਮਹਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਰਚਾਇੰਦਾ । ਵਿਸ਼ਨ ਬ੍ਰਹਮਾ ਖੇਲ ਰਚਾ, ਸਾਚੀ ਧਾਰ ਜਣਾਈਆ । ਸ਼ੰਕਰ ਮੇਲਾ ਸਹਿਜ ਸੁਭਾ, ਸੁੰਨ ਅਗੰਮ ਧੁਆਂਧਾਰ ਦ੍ਰਿੜਾਈਆ । ਸਾਚਾ ਹੁਕਮ ਸ੍ਰੀ ਭਗਵਨ, ਗੁਰ ਚੇਲਾ ਆਪ ਸੁਣਾਈਆ । ਸਚ ਸੰਦੇਸਾ ਸੁਣੇ ਬਿਨ ਕੰਨ, ਸੋ ਸਾਹਿਬ ਆਪ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣੀ ਕਾਰ ਜਣਾਈਆ । ਵਿਸ਼ਨੂੰ ਤੇਰਾ ਖੇਲ ਅਪਾਰ, ਹਰਿ ਕਰਤਾ ਆਪ ਜਣਾਈਆ । ਸਰਗੁਣ ਸਰਗੁਣ ਕਰ ਪਸਾਰ, ਬ੍ਰਹਮਾਵੇਤਾ ਨਾਲ ਮਿਲਾਈਆ । ਬ੍ਰਹਮ ਬ੍ਰਹਮ ਬ੍ਰਹਮ ਆਧਾਰ, ਕਰੇ ਸਚ ਕੁੜਮਾਈਆ । ਸ਼ੰਕਰ ਦੇਵੇ ਇਕ ਹਥਿਆਰ, ਤ੍ਰੈ ਤ੍ਰੈ ਲੇਖਾ ਮੂਲ ਚੁਕਾਈਆ । ਜੁਗ ਚੌਕੜੀ ਬੀਤਣ ਚਾਰ ਚਾਰ, ਚਾਰ ਚਾਰ ਨੌਂ ਨੌਂ ਆਪਣੀ ਗੰਢ ਪੁਆਈਆ । ਤਿੰਨ ਪੰਜ ਉਪਜੇ ਸਰਬ ਸੰਸਾਰ, ਘਟ ਘਟ ਆਸਣ ਤੇਰਾ ਡੇਰਾ ਲਾਈਆ । ਦੇਵਣਹਾਰ ਵਡ ਭੰਡਾਰ, ਭੰਡਾਰੀ ਖੇਲ ਕਰਾਈਆ । ਬ੍ਰਹਮੇ ਤੇਰੀ ਬ੍ਰਹਮ ਧਾਰ, ਨੂਰ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਰਿਹਾ ਦ੍ਰਿੜਾਈਆ । ਵਿਸ਼ਨੂੰ ਮੰਗੇ ਇਕੋ ਮੰਗ, ਦਰ ਸਾਚੇ ਸੀਸ ਝੁਕਾਇਆ । ਕਵਣ ਵੇਲਾ ਪ੍ਰਭ ਚੜ੍ਹੇ ਰੰਗ, ਆਪ ਆਪਣੇ ਨਾਲ ਮਿਲਾਇਆ । ਨਿਰਗੁਣ ਸਰਗੁਣ ਦੋਵੇਂ ਖੇਲ ਕਰੇਂ ਸੂਰੇ ਸਰਬੰਗ, ਸ਼ਾਹ ਪਾਤਸ਼ਾਹ ਆਪਣਾ ਵੇਸ ਵਟਾਇਆ । ਤੇਰਾ ਨੂਰ ਚਮਕੇ ਸਾਚਾ ਚੰਦ, ਜੋਤੀ ਜੋਤ ਡਗਮਗਾਇਆ । ਤੇਰੀ ਧਾਰ ਕੋਟ ਬ੍ਰਹਿਮੰਡ, ਬ੍ਰਹਿਮੰਡ ਖੰਡ ਤੇਰਾ ਰਾਹ ਤਕਾਇਆ । ਤੇਰਾ ਲਹਿਣਾ ਜੇਰਜ ਅੰਡ, ਉਤਭੁਜ ਸੇਤਜ ਵੰਡ ਵੰਡਾਇਆ । ਤੇਰਾ ਰੂਪ ਵਿਚ ਵਰਭੰਡ, ਸਰਗੁਣ ਆਪਣੀ ਕਾਰ ਕਮਾਇਆ । ਗੁਰ ਅਵਤਾਰ ਤੇਰਾ ਗਾਵਣ ਛੰਦ, ਪੀਰ ਪੈਗ਼ੰਬਰ ਰਾਗ ਅਲਾਇਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜਾਏ ਲੰਘ, ਥਿਰ ਕੋਇ ਰਹਿਣ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਚਾਰ ਯੁਗ ਤੇਰਾ ਲੋਕਮਾਤ ਕੋਟਨ ਕੋਟ ਨਾਮ ਸਿਫ਼ਤ ਸਾਲਾਹਿਆ । ਸ੍ਰੀ ਭਗਵਾਨ ਦੱਸੇ ਹਰਿ ਮੀਤ, ਏਕਾ ਏਕ ਜਣਾਈਆ । ਹੰ ਬ੍ਰਹਮ ਮੇਰਾ ਬਣੇ ਸ਼ਰੀਕ, ਸ਼ਿਰਕਤ ਲੋਕਮਾਤ ਵਧਾਈਆ । ਨਿਰਗੁਣ ਪਰਗਟ ਹੋਏ ਅਤੀਤ, ਤ੍ਰੈਗੁਣ ਅਤੀਤਾ ਫੇਰਾ ਪਾਈਆ । ਨਾਮ ਜਪਾਏ ਇਕ ਅਨਡੀਠ, ਸੋ ਪੁਰਖ ਨਿਰੰਜਣ ਵਡ ਵਡਿਆਈਆ ।


੮੯੧
੧੪

ਹੰ ਬ੍ਰਹਮ ਗਾਏ ਗੀਤ, ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਨਾਤਾ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਮਹਾਰਾਜ ਇਕੋ ਨੂਰ ਨਜ਼ਰੀ ਆਈਆ । ਮਹਾਰਾਜ ਹੋਵੇ ਭਗਵੰਤ, ਦੂਜਾ ਨਜ਼ਰ ਨਾ ਕੋਇ ਆਇੰਦਾ । ਸ਼ੇਰ ਬਣ ਕੇ ਲੱਖ ਚੁਰਾਸੀ ਬਣਾਏ ਬਣਤ, ਨਾਮ ਆਪਣਾ ਭਬਕ ਲਗਾਇੰਦਾ । ਸਿੰਘ ਹੋ ਕੇ ਵੇਖੇ ਜੀਵ ਜੰਤ, ਭੈ ਭੌ ਸਰਬ ਰਖਾਇੰਦਾ । ਵਿਸ਼ਨੂੰ ਸੇਵਾ ਕਰੇ ਬੇਅੰਤ, ਘਰ ਘਰ ਅੰਦਰ ਵੇਖ ਵਖਾਇੰਦਾ । ਸ੍ਰੀ ਭਗਵਾਨ ਸਭ ਦਾ ਕੰਤ, ਲੱਖ ਚੁਰਾਸੀ ਸੇਜ ਹੰਡਾਇੰਦਾ । ਕਲਜੁਗ ਵੇਖੇ ਅੰਤਮ ਅੰਤ, ਲੋਕਮਾਤ ਫੇਰਾ ਪਾਇੰਦਾ । ਸਤਿਜੁਗ ਮਹਿਮਾ ਜਣਾਏ ਅਗਣਤ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਆਤਮ ਪਰਮਾਤਮ ਸਭ ਦਾ ਮੰਤ, ਸੋਹੰ ਢੋਲਾ ਰਾਗ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਵਡ ਪਰਤਾਪੀ ਵਿਸ਼ਨ ਸਰਬ ਵਿਆਪੀ, ਭਗਵਨ ਆਪਣੀ ਕਾਰੇ ਲਾਇੰਦਾ । ਵਿਸ਼ਨੂੰ ਭਗਵਾਨ ਕਾਰ ਕਮੌਂਦੇ, ਜੁਗ ਚੌਕੜੀ ਸੇਵ ਕਮਾਈਆ । ਸਦਾ ਸਦਾ ਸਦ ਆਪਣਾ ਨਾਮ ਜਣੌਂਦੇ, ਗੁਰ ਅਵਤਾਰ ਰਹੇ ਜਸ ਗਾਈਆ । ਸ੍ਰਿਸ਼ਟ ਸਬਾਈ ਲੱਖ ਚੁਰਾਸੀ ਵੇਖ ਵਖੌਂਦੇ, ਵੇਖਣਹਾਰ ਨਜ਼ਰ ਨਾ ਆਈਆ । ਕਲਜੁਗ ਅੰਤ ਆਪਣੀ ਕਲ ਵਰਤੌਂਦੇ, ਅਕਲ ਕਲ ਵੱਡੀ ਵਡਿਆਈਆ । ਸਾਚਾ ਢੋਲਾ ਇਕ ਸੁਣੌਂਦੇ, ਦੋ ਜਹਾਨਾਂ ਵੱਜੇ ਵਧਾਈਆ । ਆਤਮ ਪਰਮਾਤਮ ਮੇਲ ਮਿਲੌਂਦੇ, ਵਿਸ਼ਨੂੰ ਭਗਵਾਨ ਹੋਏ ਕੁੜਮਾਈਆ । ਜਨਮ ਮਰਨ ਵਿਚ ਉਹ ਕਦੇ ਨਾ ਔਂਦੇ, ਜਿਨ੍ਹਾਂ ਮਿਲਿਆ ਬੇਪਰਵਾਹੀਆ । ਚਾਰ ਵਰਨ ਨਾ ਵੰਡ ਵੰਡੌਂਦੇ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਨਾ ਕੋਇ ਰਖਾਈਆ । ਸਭ ਦਾ ਮਾਰਗ ਇਕੋ ਲੌਂਦੇ, ਲਾ ਲਾ ਰਹੇ ਵਖਾਈਆ । ਚੌਂਦਾਂ ਲੋਕਾਂ ਕੁੰਡਾ ਲੌਂਹਦੇ, ਪੜਦਾ ਰਹੇ ਉਠਾਈਆ । ਰਾਮ ਕ੍ਰਿਸ਼ਨ ਆਪਣੇ ਰੰਗ ਰੰਗੌਂਦੇ, ਬਰਾਟ ਰੂਪ ਆਪ ਵਖਾਈਆ । ਵਿਸ਼ਨੂੰ ਕਹਿੰਦੇ ਕਿਉਂ ਜੀਵ ਜੰਤ ਸ਼ਰਮੌਂਦੇ, ਬਿਨ ਵਿਸ਼ਨੂੰ ਸ੍ਰਿਸ਼ਟ ਵਚਨ ਕੋਇ ਨਾ ਆਈਆ । ਭਗਵਾਨ ਆਪਣੀ ਧਾਰ ਬੰਧੌਂਦੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨੂੰ ਭਗਵਾਨ ਦਾ ਵਿਸ਼ਵ ਨਾਅਰਾ, ਜੀਵ ਜੰਤ ਸਾਧ ਸੰਤ ਸਭ ਨੂੰ ਲੱਗੇ ਪਿਆਰਾ, ਗੁਰ ਅਵਤਾਰ ਪੀਰ ਪੈਗ਼ੰਬਰ ਰਲ ਮਿਲ ਸਾਰੇ ਰਹੇ ਗਾਈਆ । ਪੀਰ ਪੈਗ਼ੰਬਰ ਲਾਵਣ ਨਾਅਰਾ, ਉਚੀ ਕੂਕ ਕੂਕ ਸੁਣਾਈਆ । ਵਿਸ਼ਨੂੰ ਭਗਵਾਨ ਸਰਬ ਪਿਆਰਾ, ਜੁਗ ਚੌਕੜੀ ਖੇਲ ਵਖਾਈਆ । ਵਸਦਾ ਰਹੇ ਹਰ ਘਟ ਦੁਆਰਾ, ਖ਼ਾਲੀ ਨਜ਼ਰ ਕੋਇ ਨਾ ਆਈਆ । ਕਲਜੁਗ ਅੰਤਮ ਚਾਰ ਯੁਗ ਦਾ ਮੇਟੇ ਪਵਾੜਾ, ਪਿਛਲਾ ਲੇਖਾ ਸਰਬ ਆਪਣੀ ਝੋਲੀ ਪਾਈਆ । ਅੱਗੇ ਆਤਮ ਪਰਮਾਤਮ ਪਾਰਬ੍ਰਹਮ ਬ੍ਰਹਮ ਜਣਾਏ ਇਕੋ ਨਾਅਰਾ, ਹੱਕ ਹਕੀਕਤ ਵੇਖ ਵਖਾਈਆ । ਆਤਮ ਪਰਮਾਤਮ ਪੰਡਤ ਪਰਬੋਧੇ, ਅੰਦਰ ਕਾਇਆ ਮੰਦਰ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਅਰਾ ਲਾਏ ਏਕੋ ਏਕ, ਆਦਿ ਜੁਗਾਦੀ ਸਭ ਦੀ ਟੇਕ, ਸਹਾਰਾ ਇਕੋ ਇਕ ਜਣਾਈਆ ।

ਪੁਰਖ ਅਕਾਲ ਦੀ ਸਾਚੀ ਸ਼ਕਤੀ, ਆਦਿ ਜੁਗਾਦਿ ਰਖਾਈਆ । ਜਨ ਭਗਤਾਂ ਬਖ਼ਸ਼ੇ ਪਰੇਮ ਭਗਤੀ, ਭਾਵਨਾ ਇਕੋ ਇਕ ਵਧਾਈਆ । ਅੱਗ ਨਾ ਲੱਗੇ ਪੰਜ ਤੱਤ ਬੂੰਦ ਰਕਤੀ, ਦੀਨ ਮਜ਼੍ਹਬ ਨਾ ਕੋਇ ਲੜਾਈਆ । ਗੁਰਮੁਖ ਬਣਾਏ ਸਾਚੇ ਵਿਅਕਤੀ, ਬੇਵਾ ਰੂਪ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸ਼ਕਤੀ ਨਾਮ ਸਮਝਾਈਆ । ਸਾਚੀ ਸ਼ਕਤੀ ਦੇਵੇ ਨਾਮ, ਜਿਸ ਜਨ ਆਪਣੀ ਦਇਆ

੮੯੩
੧੪

ਕਮਾਇੰਦਾ । ਤਿਸ ਅੰਤਰ ਮਿਲੇ ਰਾਮ, ਭਰਮ ਭੁਲੇਖਾ ਦੂਰ ਕਰਾਇੰਦਾ । ਗੋਬਿੰਦ ਨਜ਼ਰੀ ਆਏ ਸਚ ਨਿਸ਼ਾਨ, ਧਰਮ ਦੁਆਰੇ ਆਪ ਝੁਲਾਇੰਦਾ । ਅਗਨੀ ਤੇਜ ਨਾ ਕੋਇ ਭਾਨ, ਸੀਤਲ ਧਾਰ ਨਾ ਰੂਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸ਼ਕਤੀ ਇਕ ਜਣਾਇੰਦਾ । ਸਾਚੀ ਸ਼ਕਤੀ ਦੇਵਣਹਾਰ, ਏਕਾ ਬੂਝ ਬੁਝਾਈਆ । ਚਾਰ ਵਰਨ ਕਰੋ ਪਿਆਰ, ਘਰ ਸਾਚੇ ਵੱਜੇ ਵਧਾਈਆ । ਧੁਰ ਦੀ ਧਾਰ ਲਏ ਸੰਸਾਰ, ਅਗਿਆਨ ਅੰਧੇਰ ਰਹਿਣ ਨਾ ਪਾਈਆ । ਗੁਰ ਤੇਗ਼ ਬਹਾਦਰ ਸਿਖਿਆ ਗਿਆ ਸਿਖਾਲ, ਸਾਚੀ ਸਿਖੀ ਇਕ ਵਡਿਆਈਆ । ਗੁਰੂ ਅਰਜਣ ਤੱਤੀਆਂ ਲੋਹਾਂ ਗਿਆ ਬਾਲ, ਬਾਲੂ ਰੇਤ ਸੀਸ ਪੁਆਈਆ । ਗੁਰਮੁਖ ਅੱਗੇ ਰਹੇ ਨਾ ਕੋਇ ਅਵਾਣ, ਸਾਚੀ ਸਿਖਿਆ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸ਼ਕਤੀ ਇਕੋ ਭਗਤਨ ਝੋਲੀ ਪਾਈਆ । ਸ਼ਕਤੀ ਕਹੇ ਮੈਂ ਰੋਵਾਂ ਨਿਤ, ਨੇਤਰ ਨੈਣ ਨੀਰ ਵਹਾਈਆ । ਮੇਰਾ ਛੱਡ ਕੇ ਗਏ ਸਾਰੇ ਹਿਤ, ਪਰੇਮ ਪ੍ਰੀਤੀ ਨਾ ਕੋਇ ਰਖਾਈਆ । ਮਨ ਵਾਸਨਾ ਅੰਦਰ ਗਏ ਟਿਕ, ਸਾਚਾ ਦਰ ਨਾ ਕੋਇ ਖੁਲ੍ਹਾਈਆ । ਜਗਤ ਵਿਹਾਰੇ ਗਏ ਵਿਕ, ਆਪਣੀ ਕੀਮਤ ਕਿਸੇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸ਼ਕਤੀ ਦੇਵੇ ਗੁਰਮੁਖ ਘਰ, ਜਿਸ ਆਪਣਾ ਮੇਲ ਮਿਲਾਈਆ । ਜਿਨ੍ਹਾਂ ਮੇਲ ਮਿਲਾਇਆ ਆਣ, ਸੋ ਖੁਸ਼ੀ ਰਹੇ ਮਨਾਈਆ । ਭਾਣਾ ਮੰਨਿਆ ਇਕ ਵਿਚ ਜਹਾਨ, ਬਾਕੀ ਗੋਲੀਆਂ ਤੀਰਾਂ ਨਾਲ ਡਰਾਈਆ । ਬਕਾਲਿਉਂ ਨਿਕਲਣਾ ਹੋਇਆ ਮਹਾਨ, ਮਨਮੁਖ ਚਾਰੋਂ ਤਰਫ਼ ਘੇਰਾ ਪਾਈਆ । ਤਾਰੂ ਸਿੰਘ ਨੂੰ ਅੰਦਰ ਵੜ ਕੇ ਪੁਛੋ ਕਿਥੇ ਮਿਲੇ ਭਗਵਾਨ, ਕਵਣ ਕੂਟੇ ਹੋਏ ਸਹਾਈਆ । ਜਨ ਭਗਤਾਂ ਮਿਲੇ ਸ਼ਕਤੀ ਦਾਨ, ਸਤਿਗੁਰ ਆਪਣੀ ਨੂਰ ਜੋਤ ਧਰਾਈਆ । ਨਾ ਕੋਈ ਸ਼ਰਅ ਨਾ ਈਮਾਨ, ਸ਼ਰੀਅਤ ਵਿਚ ਕਦੇ ਨਾ ਆਈਆ । ਸਰਬ ਜੀਆਂ ਦਾ ਇਕ ਭਗਵਾਨ, ਗੁਰਦੇਵ ਇਕ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਰਨੀ ਕਾਰ ਕਰਤਾ ਆਪਣੇ ਹੱਥ ਜਣਾਈਆ ।

ਹਰਿ ਹਿੱਸਾ ਪਾਏ ਭਾਰਤ ਖੰਡ, ਭਾਵੀ ਆਪ ਜਣਾਈਆ । ਵੀਹ ਸੌ ਅਠਾਰਾਂ ਬਿਕ੍ਰਮੀ ਪਹਿਲੀ ਚੇਤ ਰਾਸ਼ਟਰਪਤ ਦੇ ਕੇ ਆਇਆ ਇਕ ਚੰਡ, ਪਰਚੰਡ ਰੂਪ ਜਣਾਈਆ । ਸਿਆਸਤ ਹੋਣ ਲੱਗੀ ਰੰਡ, ਵਰਾਸਤ ਕੋਇ ਨਜ਼ਰ ਨਾ ਆਈਆ । ਅੰਤਮ ਸਭ ਦਾ ਟੁੱਟਣਾ ਘਮੰਡ, ਹੰਕਾਰ ਚਲੇ ਨਾ ਕੋਇ ਚਤਰਾਈਆ । ਤੇਰੇ ਨਾਲ ਪਾ ਕੇ ਚਲਿਆ ਬੰਧ, ਡੋਰੀ ਇਕੋ ਨਾਮ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਾਰਤ ਖੰਡ ਦਇਆ ਕਮਾਈਆ । ਭਾਰਤ ਖੰਡ ਔਣਾ ਭਾਰ, ਡੇਢ੍ਹ ਸਾਲ ਪਹਿਲੇ ਦਿਤਾ ਜਣਾਈਆ । ਤੁਹਾਡੀ ਰੱਛਾ ਕਰੇ ਨਿਰੰਕਾਰ, ਏਸੇ ਕਰ ਕੇ ਨੰਗੀ ਤਲਵਾਰ ਰਿਹਾ ਫੜਾਈਆ । ਅੱਗੇ ਸੁਰਤ ਲੈਣੀ ਸੰਭਾਲ, ਸਾਚੀ ਸਿਖਿਆ ਰਿਹਾ ਜਣਾਈਆ । ਕਿਰਪਾ ਕਰੇ ਆਪ ਮਿਹਰਵਾਨ, ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਦੱਸੇ ਸਾਚਾ ਹਿੱਸਾ, ਸ੍ਰਿਸ਼ਟ ਸਬਾਈ ਕਿਸੇ ਨਾ ਦਿਸਾ, ਬਿਨ ਨੇਤਰਾਂ ਰਿਹਾ ਜਣਾਈਆ ।

ਇਹ ਤੱਤ ਤਨ ਦਾ ਨਹੀਂ ਨਾਤਾ, ਤਨ ਪੂਰਨ ਸਿੰਘ ਅਖਵਾਈਆ । ਕਰੇ ਖੇਲ ਪੁਰਖ ਬਿਧਾਤਾ, ਆਪਣਾ ਹੁਕਮ ਸੁਣਾਈਆ । ਲੇਖਾ ਜਾਣੇ ਜੋਤੀ ਜਾਤਾ, ਸ਼ਬਦੀ ਸ਼ਬਦ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਹੁਕਮੇ ਅੰਦਰ ਹੁਕਮ ਮਨਾਈਆ ।

ਆਦਿ ਅੰਤ ਇਕੋ ਨਾਮ ਸਚ, ਸਚ ਸਚ ਵਡਿਆਈਆ । ਆਤਮ ਪਰਮਾਤਮ ਮੇਲਾ ਸਤਿ, ਸਤਿ ਸਤਿ ਸਮਾਈਆ । ਪਾਰਬ੍ਰਹਮ ਬ੍ਰਹਮ ਨਾਤਾ ਸਤਿ, ਸਤਿ ਸਤਿ ਵੱਜੇ ਵਧਾਈਆ । ਕਾਇਆ ਮੰਦਰ ਅੰਦਰ ਮਿਲੇ ਭਗਵਾਨ ਸਤਿ, ਸਤਿ ਸਤਿ ਧਾਮ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਤਿ ਇਕੋ ਰੰਗ ਰੰਗਾਈਆ । ਆਤਮ ਸਤਿ ਬ੍ਰਹਮ ਸਤਿ, ਪਾਰਬ੍ਰਹਮ ਦਏ ਵਡਿਆਈਆ । ਰਾਮ ਸਤਿ ਕ੍ਰਿਸ਼ਨ ਸਤਿ, ਸਦ ਬਖ਼ਸ਼ੇ ਸਤਿ ਸਤਿ ਸਤਿ ਵਡਿਆਈਆ । ਨਾਨਕ ਸਤਿ ਗੋਬਿੰਦ ਸਤਿ, ਸਤਿ ਪੁਰਖ ਨਿਰੰਜਣ ਸਤਿ ਸਤਿ ਸਮਝਾਈਆ । ਜਿਨ੍ਹਾਂ ਮਿਲੀ ਇਕ ਬ੍ਰਹਮ ਮਤ, ਪਾਰਬ੍ਰਹਮ ਪ੍ਰਭ ਘਰ ਘਰ ਵੇਖਣ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਖਾਵਣਹਾਰਾ ਸਾਚਾ ਘਰ, ਘਰ ਸਚ ਇਕ ਸੁਹਾਈਆ । ਘਰ ਸਚ ਮੰਦਰ ਸਚ ਤਨ ਸਚ ਮਨ ਸਚ ਜਨ ਸਚ ਰਾਗ ਰੰਗ ਸਚ ਹੰ ਬ੍ਰਹਮ ਸੱਚ, ਪਾਰਬ੍ਰਹਮ ਭੁੱਲਣਾ ਸਦਾ ਅਸਤਿ,



੮੯੪

੧੪

ਪੂਰਬ ਜਨਮ ਸਤਿਗੁਰ ਹੱਥ, ਸਦਾ ਸਦ ਦਇਆ ਕਮਾਇੰਦਾ । ਸੋ ਦੇਵੇ ਸੋਹੰ ਵੱਥ, ਜੋ ਸੋਹੰ ਰੂਪ ਸਮਾਇੰਦਾ । ਆਤਮ ਜਣਾਏ ਇਕ ਅਲੱਖ, ਪਰਮਾਤਮ ਭੇਵ ਚੁਕਾਇੰਦਾ । ਬਿਨ ਸਤਿਗੁਰ ਪੂਰੇ ਕਿਸੇ ਨਾ ਮਿਲਿਆ ਇਹ ਹੱਕ, ਹਕੂਕ ਹੱਥ ਨਾ ਕਿਸੇ ਫੜਾਇੰਦਾ । ਜਿਨ੍ਹਾਂ ਨੂੰ ਆਪਣੇ ਉਤੇ ਹੋਵੇ ਸ਼ੱਕ, ਸੋ ਦੂਜਿਆਂ ਸੰਸਾ ਨਾ ਕੋਇ ਚੁਕਾਇੰਦਾ । ਓਅੰ ਸੋਹੰ ਸਾਰੇ ਜਪ ਜਪ ਗਏ ਥੱਕ, ਮੰਜ਼ਲ ਸਚ ਨਾ ਕੋਇ ਪੁਚਾਇੰਦਾ । ਕਲਜੁਗ ਵੇਲਾ ਆਇਆ ਵਕਤ, ਬੇਪਰਵਾਹ ਆਪਣੀ ਧਾਰ ਵਖਾਇੰਦਾ । ਇਕੋ ਆਤਮ ਪਰਮਾਤਮ ਮੇਲਣ ਆਇਆ ਫ਼ਕਤ, ਫ਼ਿਕਰਾ ਆਪਣਾ ਨਾਮ ਸੁਣਾਇੰਦਾ । ਸੋਹੰ ਸੋ ਸਾਚਾ ਸ਼ਬਦ, ਆਦਿ ਜੁਗਾਦਿ ਜੁਗ ਚੌਕੜੀ ਸਦਾ ਸਦਾ ਰਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਜਾਪ ਦੇਵੇ ਆਪ, ਪੂਰਬ ਲੇਖਾ ਮਿਟਾਏ ਤਨ ਪਾਪ, ਪਤਤ ਪੁਨੀਤ ਆਪ ਕਰਾਇੰਦਾ । ਸੋਹੰ ਸੋ ਸਾਰੇ ਗੌਂਦੇ, ਰਸਨਾ ਜਿਹਵਾ ਰਾਗ ਅਲਾਈਆ । ਆਤਮ ਪਰਮਾਤਮ ਗੁਰਮੁਖ ਵਿਰਲੇ ਮੇਲ ਮਿਲੌਂਦੇ, ਏਕਾ ਦੂਆ ਭੌ ਚੁਕਾਈਆ । ਸਾਚਾ ਮੰਦਰ ਇਕ ਸੁਹੌਂਦੇ, ਘਰ ਦੀਪਕ ਜੋਤ ਹੋਏ ਰੁਸ਼ਨਾਈਆ । ਅਨਹਦ ਨਾਦੀ ਰਾਗ ਸੁਣੌਂਦੇ, ਰਸਨਾ ਜਿਹਵਾ ਨਾ ਕੋਇ ਹਿਲਾਈਆ । ਪਤਿਪਰਮੇਸ਼ਵਰ ਘਰ ਵਿਚ ਪੌਂਦੇ, ਗ੍ਰਿਹਿ ਮੰਦਰ ਵੱਜੇ ਵਧਾਈਆ । ਸਾਚੀ ਸੇਜ ਇਕ ਹੰਢੌਂਦੇ, ਨਾਰ ਕੰਤ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੋਹੰ ਰੂਪ ਸੋ ਅਖਵੌਂਦੇ, ਜੋ ਪਰਮ ਪੁਰਖ ਵਿਚ ਸਮਾਈਆ । ਸੋ ਪੁਰਖ ਦੀ ਸੋਹੰ ਧਾਰ, ਸਤਿ ਸਤਿ ਆਪ ਜਣਾਇੰਦਾ । ਸੋ ਕਹੇ ਮੈਂ ਵਡ ਬਲਕਾਰ, ਬਲ

ਆਪਣਾ ਆਪ ਰਖਾਇੰਦਾ । ਹੰ ਕਹੇ ਮੈਂ ਤੇਰਾ ਯਾਰ, ਜੁਗ ਜੁਗ ਯਾਰੀ ਤੇਰੇ ਨਾਲ ਰਖਾਇੰਦਾ । ਸੋ ਕਹੇ ਮੇਰਾ ਖੇਲ ਅਪਾਰ, ਸਮਝ ਕਿਸੇ ਨਾ ਆਇੰਦਾ । ਹੰ ਕਹੇ ਮੇਰੇ ਬਿਨਾ ਨਾ ਤੇਰਾ ਹੋਏ ਪਸਾਰ, ਤੇਰਾ ਰੂਪ ਨਜ਼ਰ ਕੋਇ ਨਾ ਆਇੰਦਾ । ਦੋਹਾਂ ਦਾ ਝਗੜਾ ਮੁੱਕੇ ਵਿਚ ਸੰਸਾਰ, ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਪਰਮਾਤਮ ਆਤਮ ਆਪਣਾ ਵੇਸ ਵਟਾਇੰਦਾ । ਸੋ ਕਹੇ ਮੈਂ ਸਾਖਿਆਤ, ਹੱਥ ਮੇਰੇ ਵਡਿਆਈਆ । ਹੰ ਕਹੇ ਮੈਂ ਤੇਰੀ ਜ਼ਾਤ, ਤੇਰੇ ਵਿਚੋਂ ਨੂਰ ਰੁਸ਼ਨਾਈਆ । ਸੋ ਕਹੇ ਮੈਂ ਕਮਲਾਪਾਤ, ਕਵਲ ਨੈਣ ਅਖਵਾਈਆ । ਹੰ ਕਹੇ ਮੇਰਾ ਤੇਰੇ ਚਰਨ ਕਵਲ ਜੁੜਿਆ ਨਾਤ, ਨਾਤਾ ਸਕੇ ਨਾ ਕੋਇ ਤੁੜਾਈਆ । ਉਹ ਅੱਖਰ ਨਹੀਂ ਜੇਹੜੇ ਤੱਕੇ ਜਾਣ ਨਾਲ ਕਲਮ ਦਵਾਤ, ਸੋਹੰ ਉਹ ਜੋ ਬ੍ਰਹਮ ਪਾਰਬ੍ਰਹਮ ਵਿਚ ਸਮਾਈਆ । ਸੋ ਕਹੇ ਮੈਂ ਸਾਚਾ ਸੂਰਾ, ਸੂਰਬੀਰ ਅਖਵਾਇੰਦਾ । ਹੰ ਕਹੇ ਮੈਂ ਤੇਰਾ ਨੂਰਾ, ਬ੍ਰਹਮ ਰੂਪ ਵਟਾਇੰਦਾ । ਸੋ ਕਹੇ ਮੈਂ ਜ਼ਾਹਰ ਜ਼ਹੂਰਾ, ਦੋ ਜਹਾਨਾਂ ਨਜ਼ਰੀ ਆਇੰਦਾ । ਹੰ ਕਹੇ ਮੈਂ ਬਚਨੀ ਪੂਰਾ, ਸਦਾ ਸਦਾ ਸਦ ਤੇਰਾ ਰਾਗ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਰ ਨਾਰੀ ਆਪਣਾ ਰੂਪ ਵਖਾਇੰਦਾ ।

ਸਾਡਾ ਇਸ਼ਟ ਦੇਵ ਆਪ, ਆਪਣੇ ਵਿਚ ਸਮਾਈਆ । ਜਿਸ ਦਾ ਨਾ ਮਾਈ ਨਾ ਕੋਈ ਬਾਪ, ਗੋਦੀ ਗੋਦ ਨਾ ਕੋਇ ਉਠਾਈਆ । ਨਾ ਰੋਗ ਨਾ ਕੋਈ ਸੰਤਾਪ, ਦੁੱਖ ਦਰਦ ਨਾ ਕੋਇ ਜਣਾਈਆ । ਨਾ ਪੂਜਾ ਨਾ ਕੋਈ ਪਾਠ, ਕਰੇ ਨਾ ਕੋਇ ਪੜ੍ਹਾਈਆ । ਜਿਸ ਦਾ ਨਾਉਂ ਪੁਰਖ ਆਦਿ, ਸੋ ਸਵਾਮੀ ਇਕ ਅਖਵਾਈਆ । ਉਸ ਦੀ ਧਾਰ ਸਾਖਿਆਤ, ਸਾਖਿਆਤ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਸ਼ਟ ਇਸ਼ਟ ਇਸ਼ਟ ਵਿਚ ਵਖਾਈਆ ।



## ★ ਪਹਿਲੀ ਹਾੜ ੨੦੨੦ ਬਿਕ੍ਰਮੀ ਹਰਿ ਭਗਤ ਦੁਆਰ ਜੇਠੂਵਾਲ ★

ਸਚਖੰਡ ਦੀ ਸਾਚੀ ਧਾਰ, ਪੁਰਖ ਨਿਰੰਜਣ ਆਪ ਚਲਾਇੰਦਾ । ਨਿਰਗੁਣ ਨਿਰਵੈਰ ਬੇਐਬ ਪਰਵਰਦਿਗਾਰ, ਨੂਰੋ ਨੂਰ ਨੂਰ ਧਰਾਇੰਦਾ । ਮੁਕਾਮੇ ਹੱਕ ਹੋ ਤਿਆਰ, ਸਚ ਸਿੰਘਾਸਣ ਸੋਭਾ ਪਾਇੰਦਾ । ਮਹੱਲ ਅਟੱਲ ਉਚ ਮਨਾਰ, ਜੋਤੀ ਜਾਤਾ ਡਗਮਗਾਇੰਦਾ । ਸ਼ਾਹੋ ਭੂਪ ਬਣ ਸਿਕਦਾਰ, ਸ਼ਹਿਨਸ਼ਾਹ ਆਪਣੀ ਕਲ ਵਰਤਾਇੰਦਾ । ਧੁਰ ਸੰਦੇਸਾ ਦੇਵੇ ਏਕਾ ਵਾਰ, ਏਕੰਕਾਰ ਏਕਾ ਹੁਕਮ ਜਣਾਇੰਦਾ । ਜੁਗ ਚੌਕੜੀ ਕੋਇ ਨਾ ਹੋਏ ਮੇਟਣਹਾਰ, ਕਰਨੀ ਹਰਿ ਨਾ ਕੋਇ ਉਲਟਾਇੰਦਾ । ਗੁਰ ਅਵਤਾਰ ਪੀਰ ਪੈਗੰਬਰ ਦੋਏ ਦੋਏ ਜੋੜ ਕਰਨ ਨਿਮਸਕਾਰ, ਸਜਦਾ ਸੀਸ ਸਰਬ ਝੁਕਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਬਣ ਭਿਖਾਰ, ਦਰ ਦਰਵੇਸ਼ ਰੂਪ ਵਟਾਇੰਦਾ । ਭਗਤ ਭਗਵਾਨ ਮੰਗੇ ਦੀਦਾਰ, ਨਿਜ ਨੇਤਰ ਨੈਣ ਦਰਸ਼ਨ ਚਾਹਿੰਦਾ । ਸੰਤ ਸੱਜਣ ਮੰਗਣ ਚਰਨ ਧੂੜੀ ਛਾਰ, ਮਸਤਕ ਟਿੱਕਾ ਤਿਲਕ ਲਗਾਇੰਦਾ । ਗੁਰਮੁਖ ਕਹਿਣ ਮਿਲੇ ਪ੍ਰਭ ਸਾਂਝਾ ਯਾਰ, ਮੀਤ ਪਿਆਰਾ ਇਕੋ ਨਜ਼ਰੀ ਆਇੰਦਾ । ਗੁਰਸਿਖ ਉਚੀ ਕੂਕ ਕੂਕ ਕਰਨ ਪੁਕਾਰ, ਸੋਹਲਾ ਢੋਲਾ ਇਕੋ ਰਾਗ ਸਮਝਾਇੰਦਾ । ਤੋਲਾ ਬਣੇ ਆਪ ਨਿਰੰਕਾਰ, ਨਾਮ ਕੰਡਾ ਹੱਥ ਉਠਾਇੰਦਾ ।

ਧਰਮ ਦੁਆਰੇ ਬੋਲ ਜੈਕਾਰ, ਸਾਚੀ ਧਾਰ ਇਕ ਵਖਾਇੰਦਾ । ਕਰੇ ਖੇਲ ਅਗੰਮ ਅਪਾਰ, ਅਲੱਖ ਅਗੋਚਰ ਆਪਣੀ ਕਾਰ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਚਖੰਡ ਨਿਵਾਸੀ ਹਰਿ ਸੁਲਤਾਨ, ਸੁਤ ਦਾਰਾ ਵੇਖ ਵਖਾਈਆ । ਸੂਰਬੀਰ ਵਡ ਬਲਵਾਨ, ਮਹਾਂਬਲੀ ਨਾਉਂ ਧਰਾਈਆ । ਦੋ ਜਹਾਨ ਹੋ ਪਰਧਾਨ, ਪੁਰੀ ਲੋਅ ਡੰਕ ਵਜਾਈਆ । ਬ੍ਰਹਿਮੰਡ ਖੰਡ ਬਣ ਹੁਕਮਰਾਨ, ਧੁਰ ਸੰਦੇਸਾ ਇਕ ਸੁਣਾਈਆ । ਖੇਲੇ ਖੇਲ ਸ੍ਰੀ ਭਗਵਾਨ, ਭੇਵ ਅਭੇਦਾ ਆਪਣੇ ਹੱਥ ਰਖਾਈਆ । ਜੁਗ ਚੌਕੜੀ ਹੋ ਪਰਧਾਨ, ਸਚ ਪਰਧਾਨਗੀ ਇਕ ਕਮਾਈਆ । ਸ਼ਬਦ ਨਾਮ ਸਿਫ਼ਤ ਗਿਆਨ, ਨਾਉਂ ਨਿਰੰਕਾਰਾ ਆਪ ਦ੍ਰਿੜਾਈਆ । ਆਤਮ ਪਰਮਾਤਮ ਕਰ ਪਰਵਾਨ, ਸਚ ਪਰਵਾਨਾ ਇਕ ਸਮਝਾਈਆ । ਪਾਰਬ੍ਰਹਮ ਬ੍ਰਹਮ ਦੇਵੇ ਇਕ ਧਿਆਨ, ਇਸ਼ਟ ਦੇਵ ਇਕੋ ਨਜ਼ਰੀ ਆਈਆ । ਮਹੱਲ ਅਟੱਲ ਸੁਹਾਏ ਇਕ ਮਕਾਨ, ਮੰਦਰ ਇਕੋ ਰੂਪ ਦਸਾਈਆ । ਸ਼ਬਦ ਅਨਾਦ ਜਣਾਏ ਸੱਚੀ ਧੁਨ ਕਾਨ, ਰਾਗ ਨਾਦ ਨਾ ਕੋਇ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਨਿਵਾਸੀ ਆਪਣੀ ਦਇਆ ਕਮਾਈਆ । ਸਚਖੰਡ ਨਿਵਾਸੀ ਪੂਰਨ ਭਗਵੰਤ, ਨਿਰਗੁਣ ਨਰ ਹਰਿ ਨਰਾਇਣ ਆਪ ਅਖਵਾਇੰਦਾ । ਆਦਿ ਜੁਗਾਦੀ ਬਣ ਬਣ ਕੰਤ, ਲੱਖ ਚੁਰਾਸੀ ਸੇਜ ਹੰਡਾਇੰਦਾ । ਬੋਧ ਅਗਾਧਾ ਮਣੀਆਂ ਮੰਤ, ਨਾਉਂ ਨਿਰੰਕਾਰਾ ਆਪ ਪੜ੍ਹਾਇੰਦਾ । ਲੱਖ ਚੁਰਾਸੀ ਜੀਵ ਜੰਤ, ਨਿਰਗੁਣ ਸਰਗੁਣ ਵੇਖ ਵਖਾਇੰਦਾ । ਆਤਮ ਪਰਮਾਤਮ ਨਾਤਾ ਨਾਰ ਕੰਤ, ਘਰ ਸਾਚੇ ਜੋੜੀ ਜੋੜ ਜੁੜਾਇੰਦਾ । ਮਿਹਰਵਾਨ ਚਾੜ੍ਹਨਹਾਰਾ ਰੰਗ ਬਸੰਤ, ਕਾਇਆ ਕਪੜ ਤਨ ਰੰਗ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਸਾਚੀ ਖੇਲ ਕਰਾਇੰਦਾ । ਸਚਖੰਡ ਦੁਆਰੇ ਬਹਿ ਜਗਦੀਸ, ਜਗਦੀਸਰ ਆਪਣਾ ਹੁਕਮ ਵਰਤਾਈਆ । ਏਕਾ ਛਤਰ ਝੁੱਲੇ ਪ੍ਰਭ ਸੀਸ, ਸੀਸ ਤਾਜ ਇਕ ਟਿਕਾਈਆ । ਇਕੋ ਨਾਮ ਇਕੋ ਕਲਮਾ ਇਕੋ ਮੰਤਰ ਸ਼ਬਦ ਹਦੀਸ, ਇਕੋ ਕਰੇ ਸਚ ਪੜ੍ਹਾਈਆ । ਇਕੋ ਖੇਲ ਬੀਸ ਬੀਸ, ਬਸਤਾ ਸਭ ਦਾ ਰਿਹਾ ਬੰਧਾਈਆ । ਨਜ਼ਰੀ ਆਏ ਸਾਹਿਬ ਅਤੀਤ, ਤ੍ਰੈਗੁਣ ਨਾਤਾ ਰਿਹਾ ਤੁੜਾਈਆ । ਬਲਧਾਰੀ ਜਾਏ ਜੀਤ, ਬਾਵਨ ਭੇਵ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਸਚਖੰਡ ਦਰ ਸੋਹੇ ਵੱਡਾ, ਸੋ ਸਾਹਿਬ ਆਪ ਸੁਹਾਇੰਦਾ । ਜਿਸ ਘਰ ਵਸੇ ਬੁੱਢਾ ਨੱਢਾ, ਬਾਲ ਬਿਰਧ ਵੰਡ ਨਾ ਕੋਇ ਵੰਡਾਇੰਦਾ । ਜਿਸ ਦੀ ਸਤਿਗੁਰ ਪੂਰੇ ਆਪਣੇ ਹੱਥ ਰਖਾਈ ਹੱਦਾ, ਦੂਸਰ ਨਜ਼ਰ ਕਿਸੇ ਨਾ ਆਇੰਦਾ । ਪਰੇਮ ਪਿਆਰ ਨਿਰਗੁਣ ਨਿਰਵੈਰ ਨਿਰੰਕਾਰ ਨਿਰਾਕਾਰ ਇਕੋ ਢੋਲਾ ਇਕੋ ਛੰਦਾ, ਬਿਨ ਰਾਗ ਨਾਦ ਅਲਾਇੰਦਾ । ਨਾ ਸੂਰਜ ਨਾ ਕੋਈ ਚੰਦਾ, ਮੰਡਲ ਮੰਡਪ ਨਾ ਕੋਇ ਵਖਾਇੰਦਾ । ਨਾ ਕਿਨਾਰਾ ਨਾ ਕੋਇ ਕੰਢਾ, ਆਰ ਪਾਰ ਨਜ਼ਰ ਕਿਸੇ ਨਾ ਆਇੰਦਾ । ਨਾ ਦੇਵਤ ਨਾ ਮਾਣਸ ਨਾ ਮਾਨੁਖ ਨਾ ਬੰਦਾ, ਬੇਪਰਵਾਹ ਅਗੰਮ ਅਥਾਹ ਨਿਰਗੁਣ ਜੋਤ ਡਗਮਗਾਇੰਦਾ । ਨਾ ਉਜਲ ਨਾ ਹੋਏ ਗੰਦਾ, ਸਵੱਛ ਸਰੂਪ ਰੂਪ ਪਰਗਟਾਇੰਦਾ । ਨਾ ਚੰਗਾ ਨਾ ਕੋਈ ਮੰਦਾ, ਹੱਟ ਕੀਮਤ ਕੋਈ ਨਾ ਪਾਇੰਦਾ । ਨਾ ਸੁਹਾਗੀ ਨਾ ਉਹ ਰੰਡਾ, ਨਰ ਹਰਿ ਇਕੋ ਧਾਰ ਜਣਾਇੰਦਾ । ਨਾ ਖਾਟ ਨਾ ਖਟੀਆ ਨਾ ਕੋਈ ਮੰਜਾ, ਚਾਰਪਾਈ ਨਾ ਕੋਇ ਸੁਹਾਇੰਦਾ । ਨਾ ਦਰਵੇਸ਼ ਨਾ ਭਿਖਾਰੀ ਨਾ ਵਸਤ ਕੋਈ ਮੰਗਾ, ਦੋਏ ਜੋੜ ਵਾਸਤਾ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰ ਇਕ ਸਮਝਾਇੰਦਾ । ਸਚਖੰਡ ਤੇਰਾ ਖੇਲ ਅਪਾਰਾ, ਅਪਰੰਪਰ

੮੯੭
੧੪

ਆਪ ਜਣਾਈਆ । ਨਿਰਮਲ ਦੀਆ ਜੋਤ ਉਜਿਆਰਾ, ਤੇਲ ਬਾਤੀ ਕੋਇ ਨਾ ਪਾਈਆ । ਨਾ ਕੋਈ ਵੇਖੇ ਜੀਵ ਸੰਸਾਰਾ, ਲੱਖ ਚੁਰਾਸੀ ਨੈਣ ਨਜ਼ਰ ਨਾ ਆਈਆ । ਨਾ ਕੋਈ ਪਾਵੇ ਹੱਦ ਕਿਨਾਰਾ, ਗੁਪਤ ਜ਼ਾਹਰ ਅੰਦਰ ਬਾਹਰਾ ਭੇਵ ਕਿਸੇ ਨਾ ਆਈਆ । ਰਾਜ ਰਾਜਾਨ ਸ਼ਾਹ ਸੁਲਤਾਨ ਜਗ ਨੇਤਰ ਰੋਵਣ ਜ਼ਾਰੋ ਜ਼ਾਰਾ, ਧੀਰਜ ਧੀਰ ਨਾ ਕੋਇ ਧਰਾਈਆ । ਗ੍ਰਿਹ ਮੰਦਰ ਘਟ ਮਿਲੇ ਨਾ ਮੀਤ ਮੁਰਾਰ, ਦਰ ਨਜ਼ਰ ਕੋਇ ਨਾ ਆਈਆ । ਚਾਰ ਕੁੰਟ ਦਹਿ ਦਿਸ਼ਾ ਦਿਸੇ ਧੁੰਦੂਕਾਰਾ, ਸਾਚਾ ਚੰਦ ਨਾ ਕੋਇ ਚਮਕਾਈਆ । ਹਰਿ ਕਾ ਨਾਮ ਨਾ ਮਿਲੇ ਕਿਸੇ ਹੱਟ ਵਣਜਾਰਾ, ਖੋਜਤ ਖੋਜਤ ਥੱਕੀ ਸਰਬ ਲੋਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸ਼ਬਦੀ ਕਰਦੇ ਗਏ ਇਸ਼ਾਰਾ, ਰਾਗ ਤਰਾਨੇ ਨਾਲ ਸੁਣਾਈਆ । ਮਹੱਲ ਅਟੱਲ ਉਚ ਮਨਾਰਾ, ਜਿਸ ਗ੍ਰਿਹ ਵਸੇ ਆਪ ਕਰਤਾਰਾ, ਕਰਤਾ ਆਪਣਾ ਆਸਣ ਲਾਈਆ । ਛੱਪਰ ਛੰਨ ਨਾ ਕੋਇ ਦੀਵਾਰਾ, ਸੂਰਜ ਚੰਨ ਨਾ ਕੋਇ ਉਜਿਆਰਾ, ਪੁਰਖ ਨਾਰ ਨਾ ਕੰਤ ਭਤਾਰਾ, ਸੇਜ ਜਗਤ ਨਾ ਕੋਇ ਹੰਢਾਈਆ । ਕਾਗਦ ਕਲਮ ਨਾ ਕੋਇ ਲਿਖਾਰਾ, ਸ਼ਾਸਤਰ ਸਿਮਰਤ ਨਾ ਕੋਇ ਪੁਰਾਨਾ, ਗੀਤਾ ਗਿਆਨ ਨਾ ਕੋਇ ਧਿਆਨਾ, ਲੇਖਾ ਜਾਣੇ ਨਾ ਅੰਜੀਲ ਕੁਰਾਨਾ, ਤੀਸ ਬਤੀਸਾ ਢੋਲਾ ਕੋਇ ਨਾ ਗਾਈਆ । ਇਕ ਇਕੱਲਾ ਏਕੰਕਾਰਾ, ਕਰੇ ਖੇਲ ਅਪਰ ਅਪਾਰਾ, ਵਸਣਹਾਰਾ ਧੁਰ ਦਰਬਾਰਾ, ਸਚ ਸਿੰਘਾਸਣ ਆਸਣ ਲਾਈਆ । ਪਰਵਰਦਿਗਾਰ ਸਾਂਝਾ ਯਾਰਾ, ਜਲਵਾ ਨੂਰ ਇਕ ਉਜਿਆਰਾ, ਹੱਕ ਹਕੀਕਤ ਪਾਵੇ ਸਾਰਾ, ਲਾਸ਼ਰੀਕ ਇਕ ਅਖਵਾਈਆ । ਖੋਲ੍ਹਣਹਾਰਾ ਜਨ ਕਿਵਾੜਾ, ਮੇਟਣਹਾਰਾ ਪੰਚਮ ਧਾੜਾ, ਧੁਰਦਰਗਾਹੀ ਸੱਚਾ ਲਾੜਾ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਇਕੋ ਇਕ ਅਖਵਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੇਵਣਹਾਰ ਸਹਾਰਾ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਭਰਤੰਬਰ ਸਵਾਮੀ ਸਦਾ ਨਿਹਕਾਮੀ ਅਚਰਜ ਖੇਲ ਕਰੇ ਕਰਤਾਰਾ, ਕਰਨੀ ਆਪਣੀ ਆਪ ਕਮਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਚਾਰ ਵਰਨ ਦੇਂਦਾ ਆਇਆ ਲਾਰਾ, ਨਾਮ ਨਾਮਾ ਰਸਨਾ ਜਿਹਵਾ ਜਣਾਈਆ । ਗੁਰਮੁਖ ਵਿਰਲੇ ਸੰਤ ਸੁਹੇਲੇ ਹਰਿਜਨ ਕਰਦਾ ਰਿਹਾ ਪਿਆਰਾ, ਪਰੇਮ ਪ੍ਰੀਤੀ ਅੰਤਰ ਇਕੋ ਇਕ ਜਣਾਈਆ । ਮੇਟਦਾ ਰਿਹਾ ਧੁੰਦੂਕਾਰਾ, ਕਰਦਾ ਰਿਹਾ ਸਚ ਵਿਹਾਰਾ, ਆਤਮ ਸੇਜਾ ਹੋ ਉਜਿਆਰਾ, ਨੂਰ ਨੂਰਾਨਾ ਸ਼ਾਹ ਸੁਲਤਾਨਾ ਨਰ ਨਿਰੰਕਾਰਾ, ਆਪਣੀ ਦਇਆ ਕਮਾਈਆ । ਬੋਲਣਹਾਰਾ ਨਾਮ ਜੈਕਾਰਾ, ਗਾਵਣਹਾਰਾ ਰਾਗ ਅਪਾਰਾ, ਵਜਾਵਣਹਾਰਾ ਨਾਦ ਨਿਰਾਕਾਰਾ, ਧੁਨ ਆਤਮਕ ਰਾਗ ਆਪ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਘਟ ਘਟ ਵਾਸੀ ਆਪਣੀ ਕਲ ਆਪ ਧਰਾਈਆ । ਸਚਖੰਡ ਦੁਆਰੇ ਧਰੇ ਕਲ, ਅਕਲ ਕਲ ਅਖਵਾਇੰਦਾ । ਨਿਰਮਲ ਦੀਪਕ ਜੋਤ ਜਾਏ ਜਲ, ਪਰਮ ਪੁਰਖ ਪ੍ਰਭ ਵੇਸ ਵਟਾਇੰਦਾ । ਕਰੇ ਪਰਕਾਸ਼ ਮਹੱਲ ਅਟੱਲ, ਅੰਧ ਅੰਧੇਰ ਗਵਾਇੰਦਾ । ਸਚ ਸਿੰਘਾਸਣ ਏਕਾ ਮੱਲ, ਤਖ਼ਤ ਨਿਵਾਸੀ ਸਾਚਾ ਡੇਰਾ ਇਕ ਜਣਾਇੰਦਾ । ਜੁਗ ਚੌਕੜੀ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਭਗਤਾਂ ਪੂਰੀ ਕਰੇ ਆਸੀ, ਤ੍ਰਿਸਨਾ ਜਗਤ ਮਿਟਾਇੰਦਾ । ਜਨਮ ਕਰਮ ਦੀ ਲਾਹੇ ਉਦਾਸੀ, ਆਤਮ ਅੰਤਰ ਪਰੇਮ ਪ੍ਰੀਤੀ ਇਕ ਸਮਝਾਇੰਦਾ । ਅੰਤਮ ਤੋੜੇ ਜਮ ਕੀ ਫਾਸੀ, ਫ਼ੈਸਲਾ ਇਕੋ ਵਾਰ ਸੁਣਾਇੰਦਾ । ਪਕੜ ਚੜ੍ਹਾਏ ਆਪਣੀ ਘਾਟੀ, ਸਚ ਕਿਨਾਰੇ ਆਪ ਲਗਾਇੰਦਾ । ਏਥੇ ਓਥੇ ਦੋ ਜਹਾਨ ਮੁਕਾਏ ਵਾਟੀ, ਮੰਜਧਾਰ ਨਾ ਕੋਇ ਰੁੜ੍ਹਾਇੰਦਾ । ਸਚ ਦੁਆਰੇ ਕਰੇ ਕਰਾਏ ਆਪਣੀ ਆਰਤੀ, ਦੀਪ ਘਿਰਤ ਜੋਤੀ ਨੂਰ ਡਗਮਗਾਇੰਦਾ । ਹਰੀ ਦੁਆਰੇ ਕੋਈ ਪਾਰ ਨਾ ਉਤਰੇ

ਸਫ਼ਾਰਸ਼ੀ, ਸਭ ਦਾ ਲਹਿਣਾ ਦੇਣਾ ਆਪਣੇ ਹੱਥ ਰਖਾਇੰਦਾ । ਕਲਜੁਗ ਅੰਤ ਸ੍ਰੀ ਭਗਵੰਤ ਰਹਿਣ ਨਾ ਦੇਵੇ ਕੋਈ ਆੜ੍ਹਤੀ, ਧੜਤ ਨਾਮ ਨਾ ਕੋਇ ਲਗਾਇੰਦਾ । ਵੇਖਣਹਾਰਾ ਅੱਖਰੀ ਨਾਮ ਇਬਾਰਤੀ, ਹਰਫ਼ ਬਹਰਫ਼ ਖੋਜ ਖੁਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਾ ਸਚ ਰਵਾਜ, ਆਪ ਰਚਾਏ ਆਪਣਾ ਕਾਜ, ਕਰਤਾ ਪੁਰਖ ਖੇਲ ਕਰਾਇੰਦਾ । ਹਰਿ ਕਰਤਾ ਰਚੇ ਕਾਜ, ਕਰਨੀ ਆਪ ਕਮਾਈਆ । ਧੁਰ ਦੀ ਲੈ ਕੇ ਆਵੇ ਦਾਤ, ਦਾਤਾ ਦਾਨੀ ਵਡ ਵਡਿਆਈਆ । ਵਸਤ ਅਮੋਲਕ ਇਕ ਕਰਾਮਾਤ, ਕਰਮ ਕਾਂਡ ਦਏ ਗਵਾਈਆ । ਡੂੰਘੀ ਭਵਰੀ ਡੂੰਘੇ ਖਾਤ, ਡੂੰਘੇ ਸਾਗਰ ਵੇਖੇ ਥਾਉਂ ਥਾਈਂਆ । ਮੇਟਣਹਾਰ ਅੰਧੇਰੀ ਰਾਤ, ਕਰੇ ਖੇਲ ਬਹੁ ਬਿਧ ਭਾਂਤ, ਭੇਵ ਅਭੇਦਾ ਆਪ ਜਣਾਈਆ । ਨਿਰਗੁਣ ਹੋ ਕੇ ਵਸੇ ਇਕ ਇਕਾਂਤ, ਕਿਸੇ ਨਾਲ ਨਾ ਕਰੇ ਬਾਤ, ਰਸਨਾ ਜਿਹਵਾ ਬੱਤੀ ਦੰਦ ਨਾ ਕੋਇ ਵਖਾਈਆ । ਜਿਸ ਚਰਨ ਬੰਧਾਏ ਨਾਤ, ਤਿਸ ਦੇਵੇ ਆਪਣੀ ਦਾਤ, ਵਸਤ ਅਮੋਲਕ ਕਾਇਆ ਗੋਲਕ ਨਿਰਇੱਛਤ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚੀ ਰੀਤੀ, ਸਚਖੰਡ ਦੀ ਖੇਲ ਅਨਡੀਠੀ, ਜਗਤ ਨੇਤਰ ਨਜ਼ਰ ਕੋਇ ਨਾ ਪਾਇੰਦਾ । ਸਚਖੰਡ ਵੇਖ ਤੇਰੀ ਵਡਿਆਈ, ਸੋ ਕਰਤਾ ਆਪ ਕਰਾਇੰਦਾ । ਆਦਿ ਜੁਗਾਦਿ ਵੱਜਦੀ ਰਹੇ ਵਧਾਈ, ਡੂਮ ਨਾਈ ਨਾ ਕੋਇ ਰਖਾਇੰਦਾ । ਏਕਾ ਮੰਦਰ ਏਕਾ ਗ੍ਰਿਹਿ ਏਕਾ ਘਰ ਇਕ ਦੁਆਰ ਹੋਏ ਰੁਸ਼ਨਾਈ, ਰੋਸ਼ਨ ਆਪਣਾ ਨਾਮ ਕਰਾਇੰਦਾ । ਵੇਖਣਹਾਰਾ ਚਾਈਂ ਚਾਈਂ, ਸ਼ਾਹ ਪਾਤਸ਼ਾਹ ਬੇਪਰਵਾਹੀ, ਬੇਪਰਵਾਹ ਅਗੰਮ ਅਥਾਹ ਆਪਣਾ ਪਰਦਾ ਲਾਹਿੰਦਾ । ਸਾਚੀ ਕਾਰ ਰਿਹਾ ਕਮਾਈ, ਚਾਰ ਯੁਗ ਸਮਝ ਨਾ ਰਾਈ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਚਾਰੇ ਰੋਵਣ ਮਾਰਨ ਧਾਈਂ, ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਖਾਣੀ ਬਾਣੀ ਰਿਹਾ ਸਮਝਾਈ, ਸਮਝ ਬੇਸਮਝਾਂ ਵਿਚ ਪਾਈਆ । ਰਮਜ਼ ਨਾਲ ਰਮਜ਼ ਮਿਲਾਈ, ਕਰੇ ਖੇਲ ਹਰਿ ਸ਼ਹਿਨਸ਼ਾਹੀ, ਸ਼ਾਹ ਪਾਤਸ਼ਾਹ ਆਪਣਾ ਹੁਕਮ ਜਣਾਈਆ । ਜੁਗ ਚੌਕੜੀ ਨਵ ਨੌਂ ਚਾਰ ਜੋ ਬਣਿਆ ਰਿਹਾ ਮਾਹੀ, ਕਲਜੁਗ ਅੰਤਮ ਬਣੇ ਰਾਹੀ, ਬਣ ਪਾਂਧੀ ਫੇਰਾ ਪਾਈਆ । ਜਨ ਭਗਤਾਂ ਮਿਲੇ ਸਚ ਗੋਸਾਈਂ, ਫੜ ਫੜ ਬਾਂਹੋਂ ਰਿਹਾ ਉਠਾਈ, ਸੋਇਆ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਾ ਸਾਚਾ ਦਾਤਾ, ਕਰੇ ਖੇਲ ਪੁਰਖ ਬਿਧਾਤਾ, ਪੁਰਖ ਪੁਰਖੋਤਮ ਆਪਣੀ ਸੇਵ ਕਮਾਈਆ । ਸਚਖੰਡ ਨਿਵਾਸੀ ਹੋਇਆ ਹੋਸ਼ਿਆਰ, ਹੋਸ਼ਿਆਰੀ ਸਭ ਦੀ ਦਏ ਗਵਾਈਆ । ਆਪਣਾ ਹੁਕਮ ਕਰੇ ਵਰਤਾਰ, ਨਾ ਕੋਈ ਮੇਟੇ ਮੇਟ ਮਿਟਾਈਆ । ਸਾਚੇ ਤਖ਼ਤ ਬੈਠ ਸੱਚੀ ਸਰਕਾਰ, ਧੁਰ ਫ਼ਰਮਾਨਾ ਇਕ ਸੁਣਾਈਆ । ਦੋ ਜਹਾਨ ਮੰਨਣ ਦੋਏ ਜੋੜ ਕਰੇ ਨਿਮਸਕਾਰ, ਗੁਰ ਅਵਤਾਰ ਪੀਰ ਪੈਗ਼ੰਬਰ ਇਕ ਧਿਆਨ ਲਗਾਈਆ । ਵਿਸ਼ਨ ਬ੍ਰਹਮਾ ਸ਼ਿਵ ਚਰਨ ਧੂੜੀ ਮੰਗਣ ਛਾਰ, ਨੇਤਰ ਸਕੇ ਨਾ ਕੋਇ ਉਠਾਈਆ । ਤ੍ਰੈਗੁਣ ਰੋਵੇ ਧਾਹਾਂ ਮਾਰ, ਪੰਜ ਤੱਤ ਕਰੇ ਗਿਰਿਆਜ਼ਾਰ, ਖ਼ਾਲੀ ਬੁੱਤ ਕੰਮ ਕਿਸੇ ਨਾ ਆਈਆ । ਮਨ ਮਤ ਬੁਧ ਗਈ ਹਾਰ, ਪੰਜ ਤੱਤ ਨਾਤਾ ਕੂੜਿਆਰ, ਕਾਮ ਕਰੋਧ ਲੋਭ ਮੋਹ ਹੰਕਾਰ, ਘਰ ਘਰ ਨਾਚ ਰਿਹਾ ਕਰਾਈਆ । ਚਾਰੋਂ ਕੁੰਟ ਧੁਆਂਧਾਰ, ਸਾਚਾ ਚੰਦ ਨਾ ਕੋਇ ਉਜਿਆਰ, ਸਤਿਗੁਰ ਮਿਲੇ ਨਾ ਮੀਤ ਮੁਰਾਰ, ਪਾਂਧੀ ਪੰਧ ਨਾ ਕੋਇ ਵਖਾਈਆ । ਜੁਗ ਚੌਕੜੀ ਸੇਵਾ ਕਰ ਕਰ ਗਏ ਆਪਣੀ ਵਾਰ, ਅੰਤਮ ਦੱਸ ਕੇ ਗਏ ਪੁਰਖ ਅਕਾਲ ਸਭ ਦਾ ਸਾਂਝਾ ਯਾਰ, ਦੂਜਾ ਨਜ਼ਰ ਕੋਇ ਨਾ ਆਈਆ । ਕਲ ਕਲਕੀ ਲੈ ਅਵਤਾਰ, ਡੰਕਾ ਵੱਜੇ ਅਪਰ ਅਪਾਰ, ਨਾ ਕੋਈ ਮੇਟੇ ਵਿਚ ਸੰਸਾਰ, ਮੇਟਣਹਾਰਾ ਨਜ਼ਰ

ਕੋਇ ਨਾ ਆਈਆ । ਏਕਾ ਮਹੱਲ ਕਰ ਤਿਆਰ, ਜਿਸ ਗ੍ਰਿਹਿ ਵਸੇ ਆਪ ਨਿਰੰਕਾਰ, ਨਿਰਗੁਣ ਦਾਤਾ ਪੁਰਖ ਬਿਧਾਤਾ ਇਕੋ ਇਕ ਨਜ਼ਰੀ ਆਈਆ । ਉਚੀ ਬੋਲੇ ਨਾਮ ਜੈਕਾਰ, ਤੂੰ ਮੇਰਾ ਮੈਂ ਤੇਰਾ ਦੋਹਾਂ ਦਾ ਇਕ ਪਿਆਰ, ਜਗਤ ਵਿਚੋਲਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿ ਸੰਦੇਸਾ ਨਰ ਨਰੇਸ਼ਾ ਇਕੋ ਇਕ ਜਣਾਈਆ । ਸੁਣੋ ਸੰਦੇਸਾ ਜੁਗ ਚਾਰ, ਹਰਿ ਕਰਤਾ ਆਪ ਜਣਾਈਆ । ਕਲਜੁਗ ਅੰਤ ਹੋ ਹੋਸ਼ਿਆਰ, ਹੋਸ਼ ਸਭ ਨੂੰ ਰਿਹਾ ਜਣਾਈਆ । ਅੰਤਮ ਲੇਖਾ ਦੇਣਾ ਪਏ ਧੁਰ ਦਰਬਾਰ, ਲੇਵਣਹਾਰ ਇਕ ਹੋ ਆਈਆ । ਆਪਣਾ ਆਪਣਾ ਪਰਦਾ ਖੋਲ੍ਹ ਦਿਓ ਵਖਾਲ, ਉਹਲਾ ਕੋਇ ਰਹਿਣ ਨਾ ਪਾਈਆ । ਲੱਖ ਚੁਰਾਸੀ ਬਣਾ ਕੇ ਗਏ ਦਲਾਲ, ਜਗਤ ਆਪਣਾ ਫੇਰਾ ਪਾਈਆ । ਕੋਈ ਕਹੇ ਛੁਰੀ ਹੱਕ ਹਲਾਲ, ਕੋਈ ਖੰਡਾ ਖੜਗ ਦਏ ਵਡਿਆਈਆ । ਕੋਈ ਚਿੱਲਾ ਤੀਰ ਕਮਾਨ ਕਰੇ ਪਿਆਰ, ਕੋਈ ਵਲ ਛਲ ਧਾਰੀ ਖੇਲ ਰਚਾਈਆ । ਕੋਈ ਲਾਰਾ ਦੇ ਕੇ ਗਿਆ ਵਿਚ ਸੰਸਾਰ, ਸਚ ਇਸ਼ਾਰੇ ਨਾਲ ਸਮਝਾਈਆ । ਅੰਤ ਮੰਗਦੇ ਗਏ ਬਣ ਭਿਖਾਰ, ਭਿੱਖਕ ਆਪਣੀ ਝੋਲੀ ਡਾਹੀਆ । ਕਲਜੁਗ ਅੰਤ ਸ੍ਰੀ ਭਗਵੰਤ ਸਭ ਦੀ ਪਾਵੇ ਸਾਰ, ਮਹਾਂਸਾਰਥੀ ਇਕੋ ਫੇਰਾ ਪਾਈਆ । ਪੂਰਬ ਲਹਿਣਾ ਜਗਤ ਦੇਣਾ ਦਏ ਨਵਾਰ, ਸਾਚਾ ਕਹਿਣਾ ਕਹਿ ਸੁਣਾਈਆ । ਨਾ ਕੋਈ ਮੇਟੇ ਮੇਟਣਹਾਰ, ਨਾ ਕੋਈ ਵੇਖੇ ਵੇਖਣਹਾਰ, ਨੇਤਰ ਅੱਖ ਉਪਰ ਨਾ ਕੋਇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰਾ ਇਕ ਸੁਹਾਈਆ । ਸਚਖੰਡ ਦੁਆਰ ਹਰਿ ਜੂ ਚੜ੍ਹਿਆ, ਚੜ੍ਹਨਹਾਰ ਵੱਡੀ ਵਡਿਆਈਆ । ਗੁਰ ਅਵਤਾਰ ਆਪੇ ਫੜਿਆ, ਫੜ ਆਪਣੇ ਲੜ ਬੰਧਾਈਆ । ਪੀਰ ਪੈਗ਼ੰਬਰ ਚਰਨਾਂ ਹੇਠ ਧਰਿਆ, ਸਿਰ ਸਕੇ ਨਾ ਕੋਇ ਉਠਾਈਆ । ਵਿਸ਼ਨ ਬ੍ਰਹਮਾ ਸ਼ਿਵ ਆਪਣਾ ਆਪ ਹਰਿਆ, ਹਰਿ ਹਰਿ ਨਾਮ ਰਹੇ ਧਿਆਈਆ । ਚਾਰ ਯੁਗ ਗਲ ਪੱਲੂ ਪਾ ਹਰਿ ਸਰਨਾਈ ਪੜਿਆ, ਮਸਤਕ ਧੂੜੀ ਟਿੱਕਾ ਲਾਈਆ । ਜਗਤ ਗਿਆਨ ਨਾ ਜੀਵਤ ਨਾ ਦਿਸੇ ਮਰਿਆ, ਅਧਵਿਚਕਾਰ ਆਪਣਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਨਿਵਾਸੀ ਆਪਣੀ ਖੇਲ ਰਚਾਈਆ । ਸਚਖੰਡ ਨਿਵਾਸੀ ਖੇਲ ਰਚੌਂਦਾ, ਜੁਗ ਜੁਗ ਆਪਣੀ ਕਾਰ ਕਮਾਈਆ । ਨਿਰਗੁਣ ਸਰਗੁਣ ਵੇਸ ਵਟੌਂਦਾ, ਨਿਰਾਕਾਰ ਸਾਕਾਰ ਰੂਪ ਹੋ ਆਈਆ । ਧੁਰ ਸੰਦੇਸਾ ਆਣ ਸੁਣੌਂਦਾ, ਢੋਲਾ ਇਕੋ ਇਕ ਜਣਾਈਆ । ਅੰਮ੍ਰਿਤ ਮੇਘ ਇਕ ਬਰਸੌਂਦਾ, ਝਿਰਨਾ ਨਿਝਰ ਨਾਮ ਝਿਰਾਈਆ । ਸੰਤ ਸੁਹੇਲੇ ਪਕੜ ਉਠੌਂਦਾ, ਗੁਰ ਚੇਲੇ ਮੇਲ ਮਿਲਾਈਆ । ਗੁਰਮੁਖਾਂ ਗੁਰ ਗੋਦ ਬਹੌਂਦਾ, ਸਰਨਗਤ ਇਕ ਵਖਾਈਆ । ਗੁਰਸਿਖਾਂ ਸੱਦ ਉਂਗਲੀ ਲੌਂਦਾ, ਜਗਤ ਮਾਰਗ ਦਏ ਸਮਝਾਈਆ । ਭਗਤ ਦੁਆਰੇ ਫੇਰੀ ਪੌਂਦਾ, ਨਿਰਗੁਣ ਏਕਾ ਵੇਸ ਵਟਾਈਆ । ਸਰਗੁਣ ਹੋ ਕੇ ਰਾਹ ਤਕੌਂਦਾ, ਨੇਤਰ ਨੈਣ ਅੱਖ ਇਕ ਖੁਲ੍ਹਾਈਆ । ਪਰੇਮ ਪ੍ਰੀਤੀ ਰਾਗ ਗੌਂਦਾ, ਗੀਤ ਗੋਬਿੰਦ ਇਕ ਅਲਾਈਆ । ਹਰਿਜਨ ਹਰਿ ਹਰਿ ਅੰਤਰ ਆਤਮ ਆਪਣੇ ਗਲੇ ਲਗੌਂਦਾ, ਪਰਮਾਤਮ ਆਪਣੀ ਗੰਢ ਪੁਆਈਆ । ਮਹੱਲ ਅਟੱਲ ਇਕ ਵਖੌਂਦਾ, ਜਿਸ ਘਰ ਵਸੇ ਬੇਪਰਵਾਹੀਆ । ਸਾਚਾ ਨੂਰ ਇਕ ਧਰੌਂਦਾ, ਧਰਨੀ ਧਰਤ ਧਵਲ ਦਏ ਵਡਿਆਈਆ । ਮਨ ਵਾਸਨਾ ਸਾਰੀ ਢੌਂਦਾ, ਕੂੜੀ ਕਿਰਿਆ ਮੇਟ ਮਿਟਾਈਆ । ਚੰਚਲ ਬੁਧ ਨਾ ਕੋਇ ਰਖੌਂਦਾ, ਚਲਣ ਦੇਵੇ ਨਾ ਕੋਇ ਚਤਰਾਈਆ । ਕਰ ਕਿਰਪਾ ਜਿਸ ਸਾਚੀ ਧੂੜ ਅਸ਼ਨਾਨ ਕਰੌਂਦਾ, ਦੁਰਮਤ ਮੈਲ ਦਏ ਧੁਆਈਆ । ਗੁਰਮੁਖ ਆਪਣੇ ਰੰਗ ਰੰਗੌਂਦਾ, ਰੰਗ ਇਕੋ ਇਕ ਚੜ੍ਹਾਈਆ । ਜੋਤੀ ਜੋਤ

੮੯੯
੧੪

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਰਚਾਈਆ । ਸਾਚੀ ਖੇਲ ਵੇਖ ਭਗਵਾਨ, ਗੁਰ ਅਵਤਾਰ ਸੀਸ ਝੁਕਾਈਆ । ਅੰਤ ਨਾ ਪਾਇਆ ਵਿਚ ਜਹਾਨ, ਏਥੇ ਸਮਝ ਕੋਇ ਨਾ ਆਈਆ । ਤਖ਼ਤ ਨਿਵਾਸੀ ਨੌਜਵਾਨ, ਜੋਧਾ ਸੂਰਬੀਰ ਮਰਦ ਮਰਦਾਨ, ਬਲ ਆਪਣਾ ਆਪ ਪਰਗਟਾਈਆ । ਜੋਤੀ ਨੂਰ ਜ਼ਾਹਰ ਜ਼ਹੂਰ ਕੋਈ ਤੱਕ ਨਾ ਸਕੇ ਸਚ ਨਿਸ਼ਾਨ, ਨਿਸ਼ਾਨਾ ਨਜ਼ਰ ਕੋਇ ਨਾ ਆਈਆ । ਜੋ ਪਰਗਟੇ ਸੋ ਚਰਨ ਕਵਲ ਮੰਗੇ ਦਾਨ, ਦੋਏ ਜੋੜ ਪਏ ਸਰਨਾਈਆ । ਦੇਵਣਹਾਰ ਵਡ ਮਿਹਰਵਾਨ, ਦਾਤਾ ਦਾਨੀ ਇਕੋ ਇਕ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਸਮਝਾਈਆ । ਸਚਖੰਡ ਨਿਵਾਸੀ ਬੋਲੇ ਬੋਲ, ਅਨਬੋਲਤ ਆਪ ਅਲਾਈਆ । ਉਠੋ ਆਪਣੀ ਆਪਣੀ ਗਠੜੀ ਲਓ ਫੋਲ, ਬੱਧੀ ਗੰਢ ਕੋਇ ਰਹਿਣ ਨਾ ਪਾਈਆ । ਸਚ ਵਸਤ ਪ੍ਰਭ ਰੱਖੇ ਕੋਲ, ਜੋ ਆਪਣੇ ਨਾਲ ਲੈ ਆਈਆ । ਇਕੋ ਕੰਡੇ ਤੋਲੇ ਤੋਲ, ਤਰਾਜੂ ਅਵਰ ਨਾ ਕੋਇ ਵਖਾਈਆ । ਸਾਚੀ ਧਾਰਨ ਲੈਣੀ ਬੋਲ, ਬਿਨ ਰਸਨਾ ਜਿਹਵਾ ਦੇਣਾ ਸੁਣਾਈਆ । ਆਪਣੀ ਕਰਨੀ ਤੇ ਰਹਿਣਾ ਅਡੋਲ, ਭੈ ਰੂਪ ਨਾ ਕੋਇ ਵਖਾਈਆ । ਜੋ ਕਰ ਕੇ ਆਏ ਕੌਲ, ਇਕਰਾਰ ਆਪਣਾ ਦਿਓ ਸਮਝਾਈਆ । ਉਠ ਕੇ ਵੇਖੋ ਪਿਛੇ ਰੋਵੇ ਧਰਤ ਧੌਲ, ਨਿਤ ਨਿਤ ਆਪਣਾ ਨੈਣ ਉਠਾਈਆ । ਲੋਕਮਾਤ ਗੁਰ ਅਵਤਾਰ ਦੀਨ ਮਜ਼੍ਹਬ ਦਾ ਬੂਹਾ ਗਏ ਖੋਲ, ਅੰਤਮ ਬੰਦ ਕਰਨ ਕੋਇ ਨਾ ਆਈਆ । ਅੰਦਰ ਵੜ ਵੜ ਬੈਠੇ ਠੱਗ ਚੋਰ, ਕੂੜੀ ਕਿਰਿਆ ਨਾਲ ਮਿਲਾਈਆ । ਸਚ ਸੁੱਚ ਨੂੰ ਬਾਹਰ ਕੱਢਣ ਹੋੜ, ਅੰਦਰ ਕੋਇ ਰਹਿਣ ਨਾ ਪਾਈਆ । ਪੀਰ ਪੈਗ਼ੰਬਰਾਂ ਦੀ ਕਹਿਣ ਕੋਈ ਨਹੀਂ ਲੋੜ, ਰਸਨਾ ਜਿਹਵਾ ਆਪਣਾ ਨਾਅਰਾ ਰਹੇ ਸੁਣਾਈਆ । ਸਭ ਦਾ ਫਲ ਮਿੱਠਾ ਹੋਇਆ ਕੌੜ, ਕਲਜੁਗ ਰੀਠਾ ਰੂਪ ਵਟਾਈਆ । ਅਬਿਨਾਸ਼ੀ ਕਰਤਾ ਲੱਖ ਚੁਰਾਸੀ ਘਟ ਘਟ ਅੰਦਰ ਵੜ ਕੇ ਵੇਖੇ ਆਪੇ ਦੌੜ, ਦੂਰ ਦੁਰਾਡਾ ਨੇੜਨ ਨੇੜਾ ਗ੍ਰਿਹ ਗ੍ਰਿਹ ਆਪਣਾ ਭੇਵ ਚੁਕਾਈਆ । ਕਿਸੇ ਮੰਦਰ ਨਜ਼ਰ ਨਾ ਆਇਆ ਲੱਗਾ ਪੌੜ, ਕਲਜੁਗ ਸੰਤ ਡੰਡਾ ਹੱਥ ਨਾ ਕੋਇ ਰਖਾਈਆ । ਨੈਣ ਖੋਲ੍ਹ ਨਾ ਵੇਖਿਆ ਗ਼ੌਰ, ਮਾਣਸ ਜਨਮ ਨਾ ਗਿਆ ਸੌਰ, ਸੌਹਰੇ ਪੇਈਏ ਸਾਰ ਕਿਸੇ ਨਾ ਆਈਆ । ਵਰ ਪਾਇਆ ਨਾ ਜਿਹਾ ਲੋੜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਨਿਵਾਸੀ ਸਾਚੀ ਸਚ ਕਹਾਣੀ ਰਿਹਾ ਜਣਾਈਆ । ਉਠੋ ਵੇਖੋ ਕਰੋ ਧਿਆਨ, ਬੇਅੰਤ ਆਪ ਜਣਾਈਆ । ਚਾਰੇ ਯੁਗ ਮਾਰਨ ਬਾਣ, ਆਪਣਾ ਆਪਣਾ ਤੀਰ ਚਲਾਈਆ । ਕਲਜੁਗ ਕਿਹਾ ਮੈਂ ਸਭ ਤੋਂ ਬਲਵਾਨ, ਬਲ ਆਪਣੇ ਵਿਚ ਪਰਗਟਾਈਆ । ਸਾਧਾਂ ਸੰਤਾਂ ਕੀਤਾ ਵੈਰਾਨ, ਵੈਰੀ ਘਰ ਘਰ ਦਿਤਾ ਵਖਾਈਆ । ਸਭ ਦੀ ਸੇਜ ਸੁੱਤਾ ਚੜ੍ਹ ਕੇ ਨੌਜਵਾਨ, ਉਠ ਸਕੇ ਕੋਇ ਨਾ ਰਾਈਆ । ਸ਼ਰਅ ਸ਼ਰੀਅਤ ਕੀਤੀ ਬੇਈਮਾਨ, ਦੀਨ ਮਜ਼੍ਹਬ ਕਰੇ ਲੜਾਈਆ । ਹੱਕ ਨਜ਼ਰ ਨਾ ਆਏ ਈਮਾਨ, ਨੂਰ ਜ਼ਹੂਰ ਨਾ ਕੋਇ ਰੁਸ਼ਨਾਈਆ । ਵੇਖ ਸਕੇ ਨਾ ਕੋਇ ਅਮਾਮ, ਸਾਚਾ ਹੁਜਰਾ ਨਾ ਕੋਇ ਸੁਹਾਈਆ । ਮਹਿਰਾਬ ਦਿਸੇ ਨਾ ਕੋਇ ਨਿਸ਼ਾਨ, ਬਾਂਗ ਕੂਕ ਨਾ ਕੋਇ ਅਲਾਈਆ । ਸਯਦਾ ਨਿਉਂ ਨਾ ਕੋਇ ਸਲਾਮ, ਪੈਗ਼ੰਬਰ ਕਰੇ ਨਾ ਕੋਇ ਪੜ੍ਹਾਈਆ । ਚੌਦਾਂ ਤਬਕ ਹੋਏ ਹੈਰਾਨ, ਸਾਚਾ ਸਬਕ ਨਾ ਕੋਇ ਸਮਝਾਈਆ । ਅਲਫ਼ ਯੇ ਲੇਖਾ ਕੁਰਾਨ, ਅੱਗੇ ਸਾਰ ਕਿਸੇ ਨਾ ਆਈਆ । ਜਿਸ ਨੇ ਦਿਤਾ ਸਚ ਈਮਾਨ, ਸੋ ਸਾਹਿਬ ਵਡ ਬਲਵਾਨ, ਦੋ ਜਹਾਨਾਂ ਖੇਲ ਖਲਾਈਆ । ਦੋਜ਼ਖ਼ ਬਹਿਸ਼ਤ ਮੰਨਣ ਆਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗ਼ਫ਼ਲਤ ਸਭ ਦੀ ਰਿਹਾ ਚੁਕਾਈਆ । ਉਠੋ ਵੇਖੋ ਗ਼ਫ਼ਲਤ ਛੱਡੋ


੯੦੦ ੧੪

ਫ਼ਜ਼ੂਲ, ਫੈਸਲਾ ਇਕੋ ਇਕ ਸੁਣਾਇੰਦਾ । ਕਰੇ ਖੇਲ ਆਪ ਰਸੂਲ, ਰਸੂਲ ਰਸੂਲਾਂ ਵੇਖ ਵਖਾਇੰਦਾ । ਧੁਰਦਰਗਾਹੀ ਜਿਸ ਦਾ ਸਚ ਅਸੂਲ, ਸੋ ਅਸਲੀਯਤ ਵੇਖ ਵਖਾਇੰਦਾ । ਆਦਿ ਜੁਗਾਦੀ ਇਕ ਮਹਿਬੂਬ, ਸਚ ਦੁਆਰੇ ਸੋਭਾ ਪਾਇੰਦਾ । ਮਹੱਲ ਅਟੱਲ ਇਕ ਅਰੂਜ, ਨੂਰ ਜ਼ਹੂਰ ਇਕ ਰੁਸ਼ਨਾਇੰਦਾ । ਜਿਸ ਦੁਆਰੇ ਆਫ਼ਤਾਬ ਤਲੂਅ ਹੋਏ ਨਾ ਗ਼ਰੂਬ, ਦਿਸ਼ਾ ਵੰਡ ਨਾ ਕੋਇ ਵੰਡਾਇੰਦਾ । ਸਦਾ ਸਦਾ ਸਦ ਆਪ ਮੌਜੂਦ, ਦੂਜਾ ਨਜ਼ਰ ਕੋਇ ਨਾ ਆਇੰਦਾ । ਜਿਸ ਦਾ ਕਲਮਾ ਹਜ਼ਾਰਾ ਦਰੂਦ, ਇਸਮ ਆਜ਼ਮ ਇਕ ਵਖਾਇੰਦਾ । ਕਦੇ ਨਾ ਹੋਵੇ ਨੇਸਤੋ ਨਾਬੂਦ, ਜੜ ਚੋਟੀ ਰੂਪ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰਾ ਇਕ ਸੁਹਾਇੰਦਾ । ਸਚਖੰਡ ਦੁਆਰੇ ਸੰਦੇਸਾ ਏਕ, ਏਕੰਕਾਰ ਆਪ ਜਣਾਈਆ । ਉਠੋ ਸਾਰੇ ਹੋਵੇ ਬਿਬੇਕ, ਵਿਵੇਕੀ ਧਾਰ ਜਣਾਈਆ । ਪਰਮ ਪੁਰਖ ਦਾ ਸਾਚਾ ਹੇਤ, ਹਿਤਕਾਰੀ ਇਕ ਸਮਝਾਈਆ । ਚਾਰ ਯੁਗ ਦਾ ਮੁੱਕਣਾ ਲੇਖ, ਲੇਖਾ ਸਭ ਦਾ ਆਪਣੀ ਝੋਲੀ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਖੋਲ੍ਹੇ ਆਪਣਾ ਆਪਣਾ ਭੇਤ, ਭੇਵ ਰਹਿਣ ਕੋਇ ਨਾ ਪਾਈਆ । ਜੁਗ ਚੌਕੜੀ ਖੇਲ ਆਏ ਖੇਡ, ਬਣ ਖਲਾਰੀ ਵੰਡ ਵੰਡਾਈਆ । ਹੁਕਮੇ ਅੰਦਰ ਦਿਤਾ ਭੇਜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਰਿਹਾ ਜਣਾਈਆ । ਸਾਚਾ ਲੇਖਾ ਦੱਸਾਂ ਆਪ, ਹਰਿ ਸਚ ਸਚ ਜਣਾਇਆ । ਆਪਣਾ ਆਪਣਾ ਦੱਸੋ ਜਾਪ, ਕੀ ਕੀ ਰਾਗ ਅਲਾਇਆ । ਕਵਣ ਪੂਜਾ ਕਵਣ ਪਾਠ, ਕਵਣ ਮੰਦਰ ਸੁਹਾਇਆ । ਕਵਣ ਤੀਰਥ ਕਵਣ ਤਾਟ, ਕਵਣ ਸਰੋਵਰ ਨਹਾਇਆ । ਕਵਣ ਜੋਤ ਕਵਣ ਲਲਾਟ, ਦੀਪਕ ਕਵਣ ਰੁਸ਼ਨਾਇਆ । ਕਵਣ ਨਾਮ ਕਵਣ ਦਾਤ, ਕਵਣ ਝੋਲੀ ਆਏ ਭਰਾਇਆ । ਕਵਣ ਮਜ਼੍ਹਬ ਕਵਣ ਜ਼ਾਤ, ਕਵਣ ਦੀਨ ਵੰਡ ਵੰਡਾਇਆ । ਕਵਣ ਦਿਵਸ ਕਵਣ ਰਾਤ, ਕਵਣ ਘੜੀ ਪਲ ਸਮਝਾਇਆ । ਕਵਣ ਪਤ ਡਾਲ ਹੋਏ ਸ਼ਾਖ਼, ਕਵਣ ਕਲੀ ਫੂਲ ਮਹਿਕਾਇਆ । ਕਵਣ ਰੂਪ ਦੇ ਕੇ ਆਏ ਸਾਥ, ਜੀਵਾਂ ਜੰਤਾਂ ਸੰਗ ਨਿਭਾਇਆ । ਕਵਣ ਦੱਸ ਕੇ ਆਏ ਘਾਟ, ਕਵਣ ਬੇੜਾ ਮਾਤ ਤਰਾਇਆ । ਕਵਣ ਮੁਕਾ ਕੇ ਆਏ ਵਾਟ, ਪਾਂਧੀ ਆਪਣਾ ਫੇਰਾ ਪਾਇਆ । ਕਵਣ ਵੇਖਿਆ ਖੇਲ ਤਮਾਸ਼, ਲੱਖ ਚੁਰਾਸੀ ਨਾਚ ਨਚਾਇਆ । ਕਵਣ ਬਿਧ ਪੂਰੀ ਕਰ ਕੇ ਆਏ ਆਸ, ਤ੍ਰਿਸਨਾ ਹੋਰ ਰਹੇ ਨਾ ਰਾਇਆ । ਕਵਣ ਧਾਰ ਚਲਾਈ ਪਵਣ ਸਵਾਸ, ਕਵਣ ਜਿਹਵਾ ਨਾਲ ਮਿਲਾਇਆ । ਕਵਣ ਬੰਧਾਇਆ ਇਕੋ ਨਾਤ, ਸਾਕ ਸੱਜਣ ਸੈਣ ਕਵਣ ਸਮਝਾਇਆ । ਕਵਣ ਪੁੱਛੇ ਅੰਦਰ ਵੜ ਕੇ ਬਾਤ, ਕਵਣ ਮੁਰੀਦਾਂ ਹਾਲ ਰਿਹਾ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦਰ ਘਰ ਸਾਚੇ ਮੰਗ ਮੰਗਾਇਆ । ਪੀਰ ਪੈਗ਼ੰਬਰ ਕਹਿਣ ਤੋਬਾ ਸਾਡੀ, ਤੂ ਹੀ ਤੂ ਅਲਾਈਆ । ਤੇਰੇ ਹੁਕਮੇ ਅੰਦਰ ਕਰੀ ਕਾਰ ਡਾਹਡੀ, ਸਾਡੀ ਸਮਝ ਵਿਚ ਨਾ ਆਈਆ । ਅੰਤਮ ਚਾੜ੍ਹੀ ਆਪਣੀ ਜਾ ਕੇ ਹਾਂਡੀ, ਕਲਜੁਗ ਆਪਣੇ ਸੰਗ ਰਲਾਈਆ । ਸਚ ਖ਼ੁਦਾ ਤੇਰਾ ਪਿਛਲਾ ਰਹਿਣ ਨਾ ਦਿਤਾ ਕੋਈ ਗਵਾਂਢੀ, ਨਾਤਾ ਸਭ ਦਾ ਲਿਆ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਸਚ ਰਹੇ ਜਣਾਈਆ । ਸਚ ਜਣਾਇਆ ਇਕ ਅਮਾਮ, ਨੂਰ ਇਕੋ ਇਕ ਦਰਸਾਈਆ । ਸਚ ਜਣਾਇਆ ਇਕ ਇਸਲਾਮ, ਕਲਮਾ ਇਕੋ ਇਕ ਪੜ੍ਹਾਈਆ । ਸਚ ਜਣਾਇਆ ਇਕ ਪੈਗ਼ਾਮ, ਧੁਰ ਦੀ ਬਾਣੀ ਨਾਦ ਅਲਾਈਆ । ਸਚ ਜਣਾਇਆ ਇਕ ਅਹਿਵਾਲ, ਹਾਲਤ ਤੇਰੀ ਸਚ ਸੁਣਾਈਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਨਾਮ ਮਿਲੇ ਵਡਿਆਈਆ । ਤੇਰਾ ਨਾਉਂ ਦੱਸਿਆ ਮਹਿਬੂਬ, ਮੁਹੱਬਤਖ਼ਾਨਾ ਇਕ ਸਮਝਾਈਆ । ਅੰਜੀਲ ਕੁਰਾਨ ਲਿਖ ਕੇ ਦੇ ਕੇ ਆਏ ਸਬੂਤ, ਸਬਰ ਪਿਆਲਾ ਜਾਮ ਪਿਆਈਆ । ਜਗਤ ਨਾਤਾ ਰੂਹ ਕਲਬੂਤ, ਬੁੱਤਖ਼ਾਨਾ ਰੂਪ ਦਰਸਾਈਆ । ਸਚ ਧਾਮ ਜਾਏ ਪਹੁੰਚ, ਪਰਵਰਦਿਗਾਰ ਆਪਣਾ ਫੇਰਾ ਪਾਈਆ । ਉਸ ਦੀ ਲੋਚਾ ਇਕੋ ਲੋਚ, ਲੋਚਣ ਨੈਣ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੀ ਦੱਸ ਕੇ ਆਏ ਸਰਨਾਈਆ । ਤੇਰੀ ਸਰਨਾਈ ਦੱਸੀ ਏਕ, ਇਕ ਓਅੰਕਾਰ ਦਏ ਵਡਿਆਈਆ । ਲੱਖ ਚੁਰਾਸੀ ਦੇਵੇ ਟੇਕ, ਮਿਹਰ ਨਜ਼ਰ ਉਠਾਈਆ । ਹਰਿਜਨ ਸੱਜਣ ਲਏ ਵੇਖ, ਨਿਜ ਨੇਤਰ ਨੈਣ ਖੁਲ੍ਹਾਈਆ । ਨਿਰਵੈਰ ਹੋ ਕੇ ਕਰੇ ਹੇਤ, ਪਰੇਮ ਇਕੋ ਇਕ ਸਮਝਾਈਆ । ਸਤਿਗੁਰੂ ਹੋ ਕੇ ਖੋਲ੍ਹੇ ਭੇਤ, ਗੁਰੂ ਗੁਰ ਹੋ ਕੇ ਕਰੇ ਪੜ੍ਹਾਈਆ । ਪਰਮੇਸ਼ਵਰ ਹੋ ਕੇ ਵਸੇ ਨੇਤਰ ਨੇਤ, ਨਿਜ ਘਰ ਆਪਣਾ ਨੂਰ ਧਰਾਈਆ । ਪਰਮਾਤਮ ਹੋ ਕੇ ਕਰੇ ਹੇਤ, ਆਤਮਾ ਆਪਣੇ ਨਾਲ ਮਿਲਾਈਆ । ਪਾਰਬ੍ਰਹਮ ਹੋ ਕੇ ਲਏ ਵੇਖ, ਬ੍ਰਹਮ ਪੜਦਾ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਦੇਣਾ ਸਾਚਾ ਵਰ, ਦਰ ਤੇਰੇ ਆਸ ਰਖਾਈਆ । ਤੇਰੇ ਦਰ ਦੀ ਰੱਖੀ ਆਸ, ਆਸਾ ਇਕੋ ਇਕ ਵਧਾਈਆ । ਤੇਰੇ ਮਿਲਣ ਦੀ ਰਹੇ ਪਿਆਸ, ਤੁਧ ਬਿਨ ਤ੍ਰਿਪਤ ਨਾ ਕੋਇ ਕਰਾਈਆ । ਜਗਤ ਕੜਾਵਾ ਦਿਸੇ ਸਾਕ, ਨਾਤਾ ਇਕੋ ਇਕ ਬੰਧਾਈਆ । ਵੇਲੇ ਅੰਤਮ ਪੁਛੇ ਬਾਤ, ਸਤਿਗੁਰ ਸਵਾਮੀ ਹੋਏ ਸਹਾਈਆ । ਜਿਸ ਦਾ ਆਦਿ ਜੁਗਾਦਿ ਜੁਗ ਚੌਕੜੀ ਨਿਰਵੈਰ ਢੋਲਾ ਅਗੰਮ ਰਾਗ, ਤੰਦੀ ਤੰਦ ਸਤਾਰ ਕੋਇ ਨਾ ਗਾਈਆ । ਬਿਨ ਭਗਤਾਂ ਕਿਸੇ ਨਾ ਉਪਜੇ ਕੋਈ ਵੈਰਾਗ, ਵੈਰਾਗੀ ਰੂਪ ਨਾ ਕੋਇ ਵਖਾਈਆ । ਬਿਨ ਸੰਤਾਂ ਕਰੇ ਨਾ ਕੋਇ ਤਿਆਗ, ਤਿਆਗੀ ਜਗਤ ਨਜ਼ਰ ਨਾ ਆਈਆ । ਬਿਨ ਗੁਰਮੁਖਾਂ ਨਾ ਕੋਇ ਬੁਝਾਏ ਆਗ, ਤ੍ਰੈਗੁਣ ਬੰਦ ਨਾ ਕੋਇ ਕਰਾਈਆ । ਬਿਨ ਗੁਰਸਿਖਾਂ ਕੋਈ ਨਾ ਵੇਖੇ ਜਗਦਾ ਚਰਾਗ, ਘਰ ਹੋਵੇ ਨਾ ਕੋਇ ਰੁਸ਼ਨਾਈਆ । ਨਾਤਾ ਤੁਟੇ ਕੰਤ ਸੁਹਾਗ, ਵਿਭਚਾਰ ਕਰੇ ਸਰਬ ਲੋਕਾਈਆ । ਦਰ ਦਰ ਦਿਸੇ ਕੂੜ ਵਿਵਾਦ, ਵਿਖ ਰੂਪ ਵਟਾਈਆ । ਬਿਨ ਸਤਿਗੁਰ ਪੂਰੇ ਪੁਰਖ ਅਕਾਲ ਕੋਈ ਨਾ ਕਰੇ ਲਾਡ, ਲਾਡਲੇ ਸੁਤ ਨਾ ਕੋਇ ਬਣਾਈਆ । ਯੁਗ ਜਨਮ ਦੀ ਕੋਈ ਨਾ ਰੱਖੇ ਯਾਦ, ਪੂਰਬ ਲੇਖਾ ਸਕੇ ਨਾ ਕੋਇ ਮੁਕਾਈਆ । ਰਾਤੀ ਸੁੱਤਿਆਂ ਨਾ ਮਾਰੇ ਕੋਈ ਆਵਾਜ਼, ਗੂੜ੍ਹੀ ਨੀਂਦ ਨਾ ਕੋਇ ਖੁਲ੍ਹਾਈਆ । ਸੁਰਤ ਸ਼ਬਦ ਕੋਈ ਨਾ ਕਰੇ ਕਾਜ, ਘਰ ਸੇਜ ਨਾ ਕੋਇ ਸੁਹਾਈਆ । ਚਾਰ ਕੁੰਟ ਦਹਿ ਦਿਸ਼ਾ ਜਗਤ ਵਾਸਨਾ ਸ੍ਰਿਸ਼ਟੀ ਰਹੀ ਭਾਜ, ਸਾਚਾ ਪਾਂਧੀ ਨਜ਼ਰ ਕੋਇ ਨਾ ਆਈਆ । ਪੜ੍ਹ ਪੜ੍ਹ ਥੱਕੇ ਪੰਜ ਵਕਤ ਨਮਾਜ਼, ਕੂਜ਼ਾ ਆਪਣੇ ਹੱਥ ਉਠਾਈਆ । ਸਜਦਾ ਕਰ ਕਰ ਮਾਰਦੇ ਰਹੇ ਆਵਾਜ਼, ਕੰਨਾਂ ਵਿਚ ਉਗਲਾਂ ਪਾਈਆ । ਮਸਤਕ ਲਾਉਂਦੇ ਰਹੇ ਖ਼ਾਕ, ਘੁਟਣੇ ਛਾਰ ਨਾਲ ਮਿਲਾਈਆ । ਛਾਤੀ ਹੱਥ ਰੱਖ ਕੇ ਕਹਿੰਦੇ ਰਹੇ ਗ਼ਰੀਬ ਨਵਾਜ਼, ਤੇਰੀ ਮਿਲੇ ਇਕ ਸਰਨਾਈਆ । ਬੇਪਰਵਾਹ ਸਚ ਮਲਾਹ ਸਭ ਦੇ ਕੋਲੋਂ ਗਿਆ ਭਾਜ, ਆਪਣਾ ਪੱਲੂ ਆਪ ਛੁਡਾਈਆ । ਪੀਰ ਪੈਗ਼ੰਬਰੋ ਗੁਰ ਅਵਤਾਰੋ ਚਾਰ ਕੁੰਟ ਸੱਤ ਦੀਪ ਨੌਂ ਖੰਡ ਆਤਮ ਪਰਮਾਤਮ ਜਿੰਨਾਂ ਚਿਰ ਆਏ ਨਾ ਇਕ ਆਵਾਜ਼, ਮੇਰਾ ਸਾਥੀ ਨਜ਼ਰ ਕੋਇ ਨਾ ਆਈਆ । ਕਿਸੇ ਕੰਮ ਨਹੀਂ ਅਉਣੀ ਨਮਾਜ਼, ਜਿੰਨਾਂ ਚਿਰ ਮੁਰਸ਼ਦ ਮੁਰੀਦ ਖੋਲ੍ਹੇ ਨਾ ਅੰਦਰ ਰਾਜ, ਰਾਜਕ ਰਹੀਮ ਘਰ ਘਰ ਫੇਰਾ ਕੋਇ ਨਾ ਪਾਈਆ । ਰਸਨਾ ਜਿਹਵਾ ਕੰਮ ਨਾ ਆਵੇ ਬਾਂਗ, ਜਿੰਨਾਂ ਚਿਰ ਸਵਾਂਗੀ

੯੦੨
੧੪

ਰਚੇ ਨਾ ਆਪਣਾ ਸਵਾਂਗ, ਅੰਦਰ ਵੜ ਕੇ ਨਾ ਆਪਣਾ ਨਾਦ ਸੁਣਾਈਆ । ਦੂਰ ਦੁਰਾਡੇ ਆਸਾ ਤ੍ਰਿਸ਼ਨਾ ਵਿਚ ਰੱਖਦੇ ਰਹੇ ਤਾਂਘ, ਅੱਗੇ ਆਏ ਦਰਸ਼ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਦਏ ਜਣਾਈਆ । ਸਾਚਾ ਲੇਖਾ ਸੁਣੇ ਸੰਦੇਸ਼, ਸੋ ਸਾਹਿਬ ਆਪ ਜਣਾਈਆ । ਇਕ ਅਕਾਲ ਇਕ ਦਿਆਲ ਇਕ ਨਰੇਸ਼, ਪਰੀ ਵਰ ਇਕ ਅਖਵਾਈਆ । ਇਕ ਇਸ਼ਟ ਗੁਰਦੇਵ ਸਵਾਮੀ ਇਕ ਆਦੇਸ, ਨਿਹਕਾਮੀ ਨਿਹਕਰਮੀ ਇਕੋ ਇਕ ਅਖਵਾਈਆ । ਜਿਸ ਵਿਸ਼ਨੂੰ ਸੁਆਇਆ ਬਾਸ਼ਕ ਸੇਜ, ਸਾਂਗੋ ਪਾਂਗ ਦਿਤੀ ਵਡਿਆਈਆ । ਜਿਸ ਸੇਵਕ ਦਿਤਾ ਭੇਜ, ਸਾਚੀ ਸੇਵ ਸਮਝਾਈਆ । ਉਹ ਸਾਹਿਬ ਖੇਲੇ ਖੇਡ, ਖੇਡ ਸਮਝ ਸਕੇ ਕੋਇ ਨਾ ਰਾਈਆ । ਗੁਰਮੁਖ ਵਿਰਲੇ ਹਰਿਜਨ ਦੇਵੇ ਆਪਣਾ ਭੇਤ, ਭਾਂਡਾ ਭਰਮ ਭੌ ਭੰਨਾਈਆ । ਜਿਸ ਦੇ ਪਿਛੇ ਅਰਜਣ ਸੀਸ ਪੁਆਈ ਰੇਤ, ਸੋ ਸਾਹਿਬ ਸਤਿਗੁਰ ਆਪਣਾ ਵੇਸ ਵਟਾਈਆ । ਜਾਨਣਹਾਰਾ ਲੇਖ ਅਲੇਖ, ਅਲੱਖ ਨਿਰੰਜਣ ਦਰਦ ਦੁੱਖ ਭੈ ਭੰਜਨ ਭਵ ਸਾਗਰ ਆਪਣੀ ਧਾਰ ਚਲਾਈਆ । ਜਨ ਭਗਤਾਂ ਨੇਤਰ ਪਾਏ ਅੰਜਨ, ਚਰਨ ਧੂੜ ਕਰਾਏ ਮਜਨ, ਏਥੇ ਓਥੇ ਬਣੇ ਸੱਜਣ ਸਗਲਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸਾ ਇਕ ਅਲਾਈਆ । ਸਚ ਸੰਦੇਸਾ ਆਲਮਗੀਰ, ਗਿਰਹਾ ਵਿਚੋਂ ਸੁਣਾਈਆ । ਸਚ ਤੌਫ਼ੀਕ ਬੇਨਜ਼ੀਰ, ਵਾਹਦ ਇਕ ਪਰਗਟਾਈਆ । ਆਦਿ ਜੁਗਾਦਿ ਜਿਸ ਦਾ ਰਸ ਅੰਮ੍ਰਿਤ ਠਾਂਡਾ ਸੀਰ, ਹਯਾਤੇ ਆਬ ਰੂਪ ਵਖਾਈਆ । ਸੋ ਤੋੜਨਹਾਰਾ ਸ਼ਰਅ ਜ਼ੰਜੀਰ, ਤੇਜ਼ ਕਟਾਰ ਹੱਥ ਉਠਾਈਆ । ਅੰਤ ਕਰੀ ਇਕ ਤਦਬੀਰ, ਤਕਦੀਰ ਸਭ ਦੀ ਰਿਹਾ ਬਦਲਾਈਆ । ਹੁਕਮੇ ਅੰਦਰ ਘੱਤ ਵਹੀਰ, ਦਰ ਆਵਣ ਚਾਈਂ ਚਾਈਂਆ । ਬਣ ਦਰਵੇਸ਼ ਦਰਦੀ ਫ਼ਕੀਰ, ਫ਼ਿਕਰਾ ਆਪਣਾ ਆਪ ਸੁਣਾਈਆ । ਕਲਜੁਗ ਅੰਤਮ ਦੇ ਧੀਰ, ਧੀਰਜਵਾਨ ਤੇਰੀ ਸਰਨਾਈਆ । ਸਾਡੀ ਹੋਈ ਅੰਤ ਅਖ਼ੀਰ, ਆਖ਼ਰ ਬੈਠੇ ਢੇਰੀਆਂ ਢਾਹੀਆ ਸਭ ਦੇ ਸੀਨੇ ਲੱਗੀ ਪੀੜ, ਦਾਰੂ ਨਜ਼ਰ ਕੋਇ ਨਾ ਆਈਆ । ਟੁੱਟਣ ਲੱਗੀ ਹੱਡੀ ਰੀੜ ਫੜ ਬਾਂਹੋਂ ਸਕੇ ਨਾ ਕੋਇ ਉਠਾਈਆ । ਦਰ ਦੁਆਰੇ ਕਰ ਕਰ ਭੀੜ, ਦੋਏ ਜੋੜ ਵਾਸਤਾ ਪਾਈਆ । ਪਰਵਰਦਿਗਾਰ ਪੀਰਨ ਪੀਰ, ਪਰਮ ਪੁਰਖ ਤੇਰੀ ਸਰਨਾਈਆ । ਤੇਰਾ ਲੇਖਾ ਸ਼ਾਹ ਹਕੀਰ, ਹਕੀਕਤ ਤੇਰੇ ਚਰਨ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਸਰਨਾਈਆ । ਸਚ ਸਰਨਾਈ ਇਕ ਜਣਾਵਾਂਗਾ । ਬੀਸ ਬੀਸਾ ਭੇਵ ਚੁਕਾਵਾਂਗਾ । ਜਗਤ ਜਗਦੀਸਾ ਇਕ ਅਖਵਾਵਾਂਗਾ । ਸਚ ਹਦੀਸਾ ਇਕ ਪੜ੍ਹਾਵਾਂਗਾ । ਖ਼ਾਲੀ ਖੀਸਾ ਸਰਬ ਕਰਾਵਾਂਗਾ । ਈਸਾ ਮੂਸਾ ਭੇਵ ਚੁਕਾਵਾਂਗਾ । ਸੰਗ ਮੁਹੰਮਦ ਰੰਗ ਰੰਗਾਵਾਂਗਾ । ਅਹਿਮਦ ਆਪਣਾ ਹੁਕਮ ਮਨਾਵਾਂਗਾ । ਲੱਖ ਚੁਰਾਸੀ ਵਿਚੋਂ ਜੋ ਜਨ ਹੋ ਗਏ ਸਹਿਮਤ, ਤਿਨ੍ਹਾਂ ਆਪਣੀ ਗੋਦ ਉਠਾਵਾਂਗਾ । ਕਰਾਂ ਹਕੀਕੀ ਰਹਿਮਤ, ਰਮਜ਼ ਆਪਣੀ ਇਕ ਸਮਝਾਵਾਂਗਾ । ਦੀਨ ਮਜ਼੍ਹਬ ਦੀ ਟੁੱਟੇ ਜ਼ਹਿਮਤ, ਜ਼ਾਹਰਾ ਆਪਣਾ ਰੰਗ ਚੜ੍ਹਾਵਾਂਗਾ । ਜਿਨ੍ਹਾਂ ਤੇੜ ਬੱਧੀ ਨੀਲੀ ਤਹਿਮਤ, ਤਿਨ੍ਹਾਂ ਤਮਾਂ ਸਰਬ ਗਵਾਵਾਂਗਾ । ਕਲਜੁਗ ਅੰਤਮ ਕੋਈ ਰਹਿਣ ਨਾ ਦੇਵਾਂ ਅਹਿਮਕ, ਅਮਲ ਸਭ ਨੂੰ ਆਪ ਸਮਝਾਵਾਂਗਾ । ਸਚ ਇਸ਼ਾਰਾ ਮੇਰੀ ਸੈਨਤ, ਬਿਨ ਰਸਨਾ ਜਿਹਵਾ ਜਣਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰੰਗ ਇਕੋ ਇਕ ਰੰਗਾਵਾਂਗਾ । ਰੰਗ ਇਕੋ ਇਕ ਰੰਗਾਵਾਂਗਾ । ਚਾਰ ਯਾਰੀ ਵੇਖ ਵਖਾਵਾਂਗਾ । ਅੱਲਾ ਰਾਣੀ ਕੁਆਰੀ ਅੰਤ ਪਰਨਾਵਾਂਗਾ । ਕੱਜਲ ਨੇਤਰ ਨੈਣ ਸ਼ੰਗਾਰੀ, ਮੁਖ ਘੁੰਗਟ ਇਕ

ਉਠਾਵਾਂਗਾ । ਚੌਦਾਂ ਤਬਕਾਂ ਦੇਵਣਹਾਰ ਬਹਾਰੀ, ਸਾਚੀ ਸੇਵਾ ਵੇਖ ਵਖਾਵਾਂਗਾ । ਗਲ ਮੂੰਡਾਂ ਪਾਏ ਹਾਰੀ, ਤਸਬੀ ਕੂੜੀ ਤੋੜ ਤੁੜਾਵਾਂਗਾ । ਮੀਆਂ ਵੇਖੇ ਆਪਣੀ ਬੀਵੀ ਸਦੀਵੀ ਨਾਰੀ, ਨੇਤਰ ਕਾਅਬਿਉਂ ਪਕੜ ਉਠਾਵਾਂਗਾ । ਗਲ ਕਲਮਾ ਜ਼ੰਜੀਰੀ ਗਲ ਕੁੜਤੀ ਸਾਵੀ, ਬਸਤਰ ਇਕੋ ਇਕ ਦਰਸਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੰਢਾ ਵੇਖ ਇਕ ਸੀ ਰਾਵੀ ਰਵਾਇਤ ਆਪਣੀ ਇਕ ਜਣਾਵਾਂਗਾ । ਜਿਸ ਨੂੰ ਕਹਿੰਦੇ ਅਰਜਣ ਸਿਰ ਤੇ ਵਰਤੀ ਭਾਵੀ, ਸੋ ਭਾਣਾ ਆਪਣੇ ਹੱਥ ਰਖਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਸਮਝਾਵਾਂਗਾ । ਸਾਚਾ ਖੇਲ ਕਰੇ ਬੇਪਰਵਾਹ, ਬੇਪਰਵਾਹੀ ਆਪ ਜਣਾਇੰਦਾ । ਭੁੱਲੇ ਭਟਕੇ ਪਾਏ ਰਾਹ, ਔਝੜ ਖਹਿੜਾ ਨਜ਼ਰ ਕੋਇ ਨਾ ਆਇੰਦਾ । ਇਕ ਚਾਰ ਦਾ ਬਣ ਮਲਾਹ, ਚੌਦਸ ਚੰਦ ਦਏ ਚਮਕਾ, ਚੌਦਾਂ ਵਿਦਿਆ ਡੇਰਾ ਢਾਹਿੰਦਾ । ਇਕੋ ਮੰਦਰ ਦਏ ਵਖਾ, ਆਤਮ ਤਾਕੀ ਕੁੰਡਾ ਲਾਹ, ਨਿਰਗੁਣ ਦੀਵਾ ਇਕ ਜਗਾ ਅੰਮ੍ਰਿਤ ਸਾਚਾ ਜਾਮ ਪਿਆ, ਵੇਖ ਵਖਾਏ ਮਾਈ ਹਵਾ, ਆਦਮ ਆਪਣੀ ਕਾਰ ਜਣਾਇੰਦਾ । ਲੇਖਾ ਜਾਣੇ ਥਾਉਂ ਥਾਂ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਸਮਝਾਇੰਦਾ । ਅੱਲਾ ਰਾਣੀ ਕੁਆਰ ਕੰਨਿਆ ਮਲੂਕ, ਮਲਕ ਉਲਮੌਤ ਨਾ ਕੋਇ ਵਖਾਈਆ । ਨਾ ਰੂਹ ਨਾ ਕੋਈ ਕਲਬੂਤ, ਕਲਮਾ ਪੜ੍ਹਨ ਸੁਣਨ ਵਿਚ ਨਾ ਆਈਆ । ਕਿਸੇ ਦਿਸੇ ਨਾ ਜਗਤ ਹਦੂਦ, ਹੱਦ ਵੰਡ ਨਾ ਕੋਇ ਵਖਾਈਆ । ਬਿਨ ਮੌਲਾ ਕੋਈ ਨਾ ਕਰੇ ਮੌਜੂਦ, ਮੌਜੂਦਾ ਹਾਲ ਨਾ ਕੋਇ ਜਣਾਈਆ । ਚੌਦਾਂ ਸਦੀਆਂ ਨਾ ਮਿਲਿਆ ਮਹਿਬੂਬ, ਮੁਹੱਬਤ ਕੰਮ ਕਿਸੇ ਨਾ ਆਈਆ । ਸੁੱਤੀ ਰਹੀ ਅੱਲੜ ਜਵਾਨੀ ਵਿਚ ਘੂਕ, ਨੇਤਰ ਜਾਗ ਨਾ ਕੋਇ ਖੁਲ੍ਹਾਈਆ । ਅੰਤਮ ਪਾਰਬ੍ਰਹਮ ਪ੍ਰਭ ਚੁਕਾਏ ਚੂਕ, ਚੌਕਸ ਇਕੋ ਧਾਰ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੇਤਰ ਨੈਣ ਰਿਹਾ ਖੁਲ੍ਹਾਈਆ । ਨੇਤਰ ਨੈਣ ਵੇਖੇ ਉਘਾੜ, ਆਪਣੀ ਲਏ ਅੰਗੜਾਈਆ । ਕਵਣ ਵਾਜਾਂ ਰਿਹਾ ਮਾਰ, ਬੇਖ਼ਬਰ ਖ਼ਬਰ ਕੌਣ ਸੁਣਾਈਆ । ਕਵਣ ਮੀਆਂ ਕਹੇ ਮੇਰੀ ਨਾਰ, ਕਵਣ ਬੇਵਫ਼ਾ ਵਫ਼ਾਦਾਰੀ ਰਿਹਾ ਜਣਾਈਆ । ਮੇਰੇ ਸਿਰ ਚੜ੍ਹਾਏ ਗੁਨਾਹ, ਮੁਸ਼ਕਲ ਹੱਲ ਨਾ ਕੋਇ ਕਰਾਈਆ । ਮੈਂ ਲੱਭਦੀ ਇਕ ਖ਼ੁਦਾ, ਮੇਰੇ ਨਾਲੋਂ ਨਾ ਹੋਏ ਜੁਦਾ, ਗਲਵਕੜੀ ਬੈਠੇ ਪਾ, ਨੂਰ ਨੂਰ ਨਾਲ ਮਿਲਾਈਆ । ਮੈਂ ਉਸ ਤੋਂ ਹੋਵਾਂ ਫ਼ਿਦਾ, ਆਪਣੀ ਹਸਰਤ ਲਵਾਂ ਮਿਟਾ, ਉਜੜਿਆ ਖੇੜਾ ਲਵਾਂ ਵਸਾ, ਘਰ ਸਾਚੇ ਵੱਜੇ ਵਧਾਈਆ । ਮੇਰੇ ਅੰਤਰ ਚੜ੍ਹੇ ਚਾ, ਮੈਂ ਖ਼ੁਸ਼ੀ ਲਵਾਂ ਮਨਾ, ਨੈਣ ਨੇਤਰ ਇਕ ਉਠਾ, ਚਾਰੋਂ ਕੁੰਟ ਵੇਖ ਵਖਾਈਆ । ਨਜ਼ਰੀ ਆਏ ਬੇਪਰਵਾਹ, ਫ਼ਰਜ਼ੀ ਝੇੜਾ ਦਿਆਂ ਮੁਕਾ, ਗ਼ਰਜ਼ੀ ਪੂਰੀ ਆਸ ਲਵਾਂ ਕਰਾਂ, ਮਰਜ਼ੀ ਉਸ ਨਾਲ ਮਿਲਾਈਆ । ਸਚ ਮੁਕਾਮ ਵੇਖਾਂ ਥਾਂ, ਜਿਥੇ ਕੋਈ ਨਾ ਕਲਮਾ ਨਾਂ, ਜਿਥੇ ਕੋਈ ਨਾ ਉਲਮ ਉਲਮਾ, ਜਿਥੇ ਸ਼ਰਅ ਨਾ ਕੋਈ ਵੰਡ ਵੰਡਾ, ਇਕੋ ਨੂਰ ਸਤਿ ਸਰੂਪ ਨਜ਼ਰੀ ਆਈਆ । ਮੈਂ ਚਰਨੀ ਡਿਗਾ ਜਾ, ਉਚੀ ਕੂਕ ਮਾਰਾਂ ਧਾਹ, ਬੌਹੜੀ ਦਿਤਾ ਕਿਉਂ ਮਾਤ ਭੁੱਲਾ, ਤੇਰੀ ਬੇਪਰਵਾਹੀ ਬੇਪਰਵਾਹ, ਸਭ ਨੂੰ ਰਹੀ ਸਤਾਈਆ । ਅੱਗੋਂ ਹੱਸ ਕਹੇ ਖ਼ੁਦਾ, ਔਹ ਵੇਖ ਸਿੱਧਾ ਰਾਹ, ਜਿਥੇ ਮੁਰਸ਼ਦ ਮੁਰੀਦਾਂ ਰਿਹਾ ਜਗਾ, ਸਿੱਧਾ ਦੀਦਾ ਰਿਹਾ ਵਖਾ, ਬਿਨ ਈਦੋਂ ਚੰਦ ਚੜ੍ਹਾ, ਬਿਨ ਛੁਰੀਉਂ ਭੇਟ ਵਖਾ, ਬਿਨ ਰਸੀਦੋਂ ਲੇਖਾ ਰਿਹਾ ਲਾ, ਹਰਿਜਨ ਆਪਣੇ ਨਾਲ ਮਿਲਾਈਆ । ਈਸਾ ਮੂਸਾ ਮੁਹੰਮਦ ਤੇਰੇ ਸਾਮ੍ਹਣੇ ਖੜੇ ਗਵਾਹ, ਸ਼ਹਾਦਤ ਦੇਣ ਥਾਉਂ ਥਾਂ, ਬਿਆਨ ਕਲਮਬੰਦ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੁਲਤਾਨ ਵਡ ਮਿਹਰਵਾਨ, ਸਚ ਨਿਸ਼ਾਨ ਦੋ ਜਹਾਨ, ਦੋਏ ਧਾਰਾ ਆਪ ਜਣਾਈਆ । ਦੋ ਧਾਰ ਨਿਸ਼ਾਨ ਵਖਾਵਾਂਗਾ । ਜਬ ਆਪਣਾ ਰਹਿਮ ਕਮਾਵਾਂਗਾ । ਹੁਕਮ ਇਕ ਕਾਇਮ ਕਰ ਵਖਾਵਾਂਗਾ । ਐਨ ਗ਼ੈਨ ਨਾ ਕੋਈ ਪੜ੍ਹਾਵਾਂਗਾ । ਬਿਨ ਨੈਣਾਂ ਨੈਣ ਮਿਲਾਵਾਂਗਾ । ਬਿਨ ਸੈਣਾ ਸੈਣ ਬਣ ਜਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਲ ਆਪ ਧਰਾਵਾਂਗਾ । ਆਪਣੀ ਕਲ ਆਪ ਧਰਾਵਾਂਗਾ । ਵੀਹ ਸੌ ਵੀਹ ਵੇਖ ਵਖਾਵਾਂਗਾ । ਦੂਆ ਜ਼ੀਰੋ ਨਾਲ ਮਿਲਾਵਾਂਗਾ । ਸਿਫ਼ਰਾ ਦੂਆ ਜੋੜ ਜੁੜਾਵਾਂਗਾ । ਫ਼ਿਕਰਾ ਇਕੋ ਇਕ ਅਲਾਵਾਂਗਾ । ਪਿਛਲਾ ਜ਼ਿਕਰ ਸਰਬ ਜਣਾਵਾਂਗਾ । ਬਣ ਕੇ ਮਿੱਤਰ ਵੇਖ ਵਖਾਵਾਂਗਾ । ਜਿਸ ਦਾ ਲੇਖਾ ਬਾਜ਼ਾਂ ਤਿੱਤਰ, ਸੋ ਸ਼ਬਦੀ ਧਾਰ ਜਣਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਵਾਂਗਾ । ਹਰਿ ਜੂ ਭੇਵ ਖੁਲ੍ਹਾਵੇਗਾ । ਵੀਹ ਸੌ ਵੀਹ ਰੰਗ ਚੜ੍ਹਾਵੇਗਾ । ਸਾਚੀ ਨੀਂਵ ਇਕ ਰਖਾਵੇਗਾ । ਬਿਰਹੋਂ ਪੀਆ ਤਰਸਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਾ ਸਾਚਾ ਰਾਹ ਇਕੋ ਇਕ ਪਰਗਟਾਵੇਗਾ । ਸਚਖੰਡ ਰਾਹ ਵਖਾਏਗਾ । ਬੇਪਰਵਾਹ ਖੇਲ ਖਲਾਏਗਾ । ਨਿਰਗੁਣ ਨੂਰ ਜੋਤ ਰੁਸ਼ਨਾਏਗਾ । ਜ਼ਾਹਰ ਜ਼ਹੂਰ ਨਜ਼ਰੀ ਆਏਗਾ । ਕੂੜੋ ਕੂੜ ਮੇਟ ਮਿਟਾਏਗਾ । ਮਸਤਕ ਧੂੜ ਟਿੱਕਾ ਲਾਏਗਾ । ਮੂਰਖ ਮੂੜ੍ਹ ਚਤਰ ਬਣਾਏਗਾ । ਦੂਰ ਦੁਰਾਡਾ ਪੰਧ ਮੁਕਾਏਗਾ । ਨੂਰਨ ਨੂਰ ਜੋਤ ਰੁਸ਼ਨਾਏਗਾ । ਆਸਾ ਪੂਰਨ ਆਪ ਹੋ ਆਏਗਾ । ਸਰਬ ਕਲਾਂ ਭਰਪੂਰਨ, ਦੋ ਜਹਾਨ ਵੇਖ ਵਖਾਏਗਾ । ਰਾਗ ਨਾਦ ਵਜਾਏ ਤੂਰਨ, ਤੁਰਤ ਆਪਣਾ ਖੇਲ ਜਣਾਏਗਾ । ਦਾਤਾ ਜੋਧਾ ਸੂਰਬੀਰਨ, ਬੀਰਤਾ ਆਪਣੇ ਹੱਥ ਰਖਾਏਗਾ । ਗਹਿਰ ਗੰਭੀਰ ਵਡ ਪੀਰ ਪੀਰਨ, ਪੀਰ ਸ਼ਾਹ ਪੜਦਾ ਲਾਹੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਦੀ ਸਾਚੀ ਰੀਤੀ, ਸਤਿ ਸਤਿਵਾਦੀ ਆਪ ਵਖਾਏਗਾ । ਸਤਿ ਸਤਿਵਾਦੀ ਰਾਹ ਵਖਾਵਾਂਗਾ । ਬ੍ਰਹਮ ਬ੍ਰਹਿਮਾਦੀ ਵੇਖ ਵਖਾਵਾਂਗਾ । ਜਿਨ੍ਹਾਂ ਆਤਮਾ ਸਾਧੀ, ਤਿਨ੍ਹਾਂ ਆਪਣਾ ਰੰਗ ਰੰਗਾਵਾਂਗਾ । ਨਾਮ ਜਣਾ ਬੋਧ ਅਗਾਧੀ ਅੱਖਰ, ਇਕੋ ਇਕ ਸਮਝਾਵਾਂਗਾ । ਸੋ ਗੁਰਮੁਖ ਬਣੇ ਹਾਜੀ, ਜਿਸ ਆਪਣਾ ਪੜਦਾ ਲਾਹਵਾਂਗਾ । ਮਨ ਨੇੜ ਆਏ ਨਾ ਕਾਜ਼ੀ, ਮਤ ਵੰਡ ਨਾ ਕੋਇ ਵੰਡਾਵਾਂਗਾ । ਆਤਮ ਪਰਮਾਤਮ ਦੋਵੇਂ ਹੋਵਣ ਰਾਜ਼ੀ, ਘਰ ਘਰ ਵਿਚ ਸੁਲ੍ਹਾ ਕਰਾਵਾਂਗਾ । ਕੋਈ ਦਿਸੇ ਨੇੜ ਨਾ ਗ਼ਾਜ਼ੀ, ਗਦਾ ਇਕੋ ਨਾਮ ਉਠਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਰ ਇਕੋ ਡੰਕ ਵਜਾਵਾਂਗਾ । ਪ੍ਰਭ ਇਕੋ ਡੰਕ ਵਜਾਏਗਾ । ਰਾਓ ਰੰਕ ਰਾਹ ਵਖਾਏਗਾ । ਦੁਆਰ ਬੰਕ ਇਕ ਸੁਹਾਏਗਾ । ਸ਼ਬਦੀ ਜੋਤੀ ਤਨਕ ਲਾਏਗਾ । ਹਰਿਜਨ ਸਾਚੀ ਬਣਤ ਬਣਾਏਗਾ । ਗੁਰਮੁਖ ਸੰਤ ਆਪ ਉਠਾਏਗਾ । ਵਿਛੜੀ ਨਾਰੀ ਕੰਤ ਮਿਲਾਏਗਾ । ਆਤਮ ਪਰਮਾਤਮ ਸੇਜਾ ਇਕ ਹੰਡਾਏਗਾ । ਕਾਇਆ ਚੋਲੀ ਰੰਗ ਚੜ੍ਹਾਏਗਾ । ਹੌਲੀ ਹੌਲੀ ਰਾਗ ਸੁਣਾਏਗਾ । ਆਪਣਾ ਬੋਲ ਆਪ ਜਣਾਏਗਾ । ਸੁਰਤ ਸਵਾਣੀ ਭੋਲੀ ਭਾਲੀ, ਭਵਰ ਵਿਚੋਂ ਕਢਾਏਗਾ । ਦਰ ਬਣਾ ਕੇ ਲੈ ਜਾਏ ਗੋਲੀ, ਮਿਹਰਵਾਨ ਆਪਣੀ ਦਇਆ ਕਮਾਏਗਾ । ਇਕ ਵਖਾਏ ਸਾਚੀ ਡੋਲੀ, ਕਹਾਰ ਨਜ਼ਰ ਕੋਇ ਨਾ ਆਏਗਾ । ਦਰ ਦਰਵਾਜ਼ਾ ਦੇਵੇ ਖੋਲ੍ਹੀ, ਰੂਪ ਇਕੋ ਇਕ ਦਰਸਾਏਗਾ । ਗੁਰਮੁਖ ਆਤਮ ਕਹੇ ਮੈਂ ਘੋਲ ਘੋਲੀ, ਮਾਣ ਤਾਣ ਨਾ ਕੋਈ ਵਖਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ

ਅੰਤਮ ਵਰ, ਸੰਤ ਸੁਹੇਲੇ ਆਪ ਉਠਾਏਗਾ । ਸੰਤ ਸੁਹੇਲੇ ਅੰਤਮ ਉਠਣਗੇ । ਬੀਸ ਬੀਸੇ ਕਦੇ ਨਾ ਲੁਕਣਗੇ । ਸ਼ੇਰ ਸ਼ੇਰ ਹੋ ਕੇ ਬੁੱਕਣਗੇ । ਸਿੰਘ ਕੋਲ ਹੋ ਕੇ ਢੁਕਣਗੇ । ਵਿਸ਼ਨੂੰ ਖੋਲ੍ਹ ਦੁਆਰਾ ਪੁੱਛਣਗੇ । ਸ੍ਰੀ ਭਗਵਾਨ ਚਰਨਾਂ ਹੇਠ ਲੁਕਣਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੇ ਦਰ ਬਹਿ ਕੇ ਹੱਸਣਗੇ । ਸਾਚੇ ਦਰ ਆਪ ਹਸਾਵਾਂਗਾ । ਜਨ ਭਗਤਾਂ ਮੇਲ ਮਿਲਾਵਾਂਗਾ । ਨਾਮ ਇਕੋ ਇਕ ਦ੍ਰਿੜ੍ਹਾਵਾਂਗਾ । ਦੂਜਾ ਨਾਤਾ ਤੋੜ ਤੁੜਾਵਾਂਗਾ । ਤੀਜਾ ਨੈਣ ਇਕ ਖੁਲ੍ਹਾਵਾਂਗਾ । ਚੌਥੇ ਪਦ ਵੇਖ ਵਖਾਵਾਂਗਾ । ਪੰਜਵੇਂ ਨਾਦ ਛੰਦ ਸੁਣਾਵਾਂਗਾ । ਛੇਵੇਂ ਛੱਪਰ ਛੰਨ ਪੰਧ ਮੁਕਾਵਾਂਗਾ । ਸੱਤਵੇਂ ਸਤਿ ਸਤਿਵਾਦੀ ਰੰਗ ਰੰਗਾਵਾਂਗਾ । ਅੱਠਵੇਂ ਅੱਠਾਂ ਤੱਤਾਂ ਜੋੜ ਜੁੜਾਵਾਂਗਾ । ਨੌਂ ਦਰ ਕੂੜਾ ਪੰਧ ਮੁਕਾਵਾਂਗਾ । ਦਸਮ ਦਵਾਰੀ ਚੜ੍ਹ ਕੇ ਕੁੰਡਾ ਲਾਹਵਾਂਗਾ । ਸੁਰਤ ਸਵਾਣੀ ਕੁਆਰੀ ਆਪ ਪਰਨਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਰਵੈਰ ਪੁਰਖ ਅਕਾਲ ਇਕੋ ਇਕ ਅਖਵਾਵਾਂਗਾ । ਪੁਰਖ ਅਕਾਲ ਇਕ ਅਖਵਾਏਗਾ । ਦੀਨ ਦਿਆਲ ਦਇਆ ਕਮਾਏਗਾ । ਸਚ ਧਰਮਸਾਲ ਇਕ ਬਣਾਏਗਾ । ਕਾਲ ਮਹਾਂਕਾਲ ਨੇੜ ਨਾ ਆਏਗਾ । ਸੁਣ ਮੁਰੀਦਾਂ ਹਾਲ, ਮੁਰਸ਼ਦ ਆਪਣਾ ਫੇਰਾ ਪਾਏਗਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਪੂਰਾ ਕਰੇ ਸਵਾਲ, ਆਸਾ ਤ੍ਰਿਸਨਾ ਸਭ ਮੇਟ ਮਿਟਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਦੇਵੇ ਇਕ ਦਾਨ, ਚਰਨ ਪ੍ਰੀਤੀ ਸਚ ਧਿਆਨ, ਆਤਮ ਅੰਤਰ ਬ੍ਰਹਮ ਗਿਆਨ, ਧਰਮ ਵਖਾਏ ਇਕ ਨਿਸ਼ਾਨ, ਆਵਣ ਜਾਵਣ ਚੁੱਕੇ ਕਾਣ, ਲੱਖ ਚੁਰਾਸੀ ਜਮ ਕੀ ਫਾਸੀ, ਜਗਤ ਉਦਾਸੀ ਕੋਈ ਰਹਿਣ ਨਾ ਪਾਈਆ । ਜਿਨ੍ਹਾਂ ਮਿਲਿਆ ਘਨਕਪੁਰ ਵਾਸੀ, ਤਿਨ੍ਹਾਂ ਜਨਮ ਕਰੇ ਰਹਿਰਾਸੀ, ਰਸਤਾ ਇਕੋ ਇਕ ਜਣਾਈਆ ।


੯੦੬
੧੪

### ★ ੨ ਹਾੜ ੨੦੨੦ ਬਿਕ੍ਰਮੀ ਚਮਕੌਰ ਸਿੰਘ ਮਨਾਵੇ ਵਾਲੇ ਦੀ ਸ਼ਾਦੀ ਸਮੇਂ ਹਰਿ ਭਗਤ ਦੁਆਰ ਜੇਠੂਵਾਲ ★

ਪੰਜ ਤੱਤ ਜਗਤ ਜੁਗ ਨਾਤਾ, ਨਰ ਨਰਾਇਣ ਬਣਤ ਬਣਾਇੰਦਾ । ਜੁਗ ਚੌਕੜੀ ਖੇਲ ਤਮਾਸ਼ਾ, ਨਿਰਗੁਣ ਸਰਗੁਣ ਵੇਖ ਵਖਾਇੰਦਾ । ਭਗਤ ਭਗਵਾਨ ਦੇਵੇ ਦਾਤਾ, ਨਾਮ ਭੰਡਾਰਾ ਇਕ ਵਰਤਾਇੰਦਾ । ਨਾਮ ਸੁਣਾਏ ਸਾਚੀ ਗਾਥਾ, ਭੇਵ ਅਭੇਦ ਸਮਝਾਇੰਦਾ । ਸ਼ਬਦ ਚੜ੍ਹਾਏ ਸਾਚੇ ਰਾਥਾ, ਰਥ ਰਥਵਾਹੀ ਇਕ ਅਖਵਾਇੰਦਾ । ਹੋਏ ਸਹਾਈ ਬਣ ਪਿਤਾ ਮਾਤਾ, ਬਾਲਕ ਆਪਣੀ ਗੋਦ ਉਠਾਇੰਦਾ । ਸਰਬ ਜੀਆਂ ਪ੍ਰਭ ਜੋਤੀ ਜਾਤਾ, ਜਾਗਰਤ ਜੋਤ ਇਕ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਇੰਦਾ । ਪੰਜ ਤੱਤ ਜਗਤ ਸਰੀਰ, ਤਨ ਮਾਟੀ ਖ਼ਾਕ ਸਮਾਈਆ । ਬਖ਼ਸ਼ਸ਼ ਕਰੇ ਬੇਨਜ਼ੀਰ, ਸ੍ਰੀ ਭਗਵਾਨ ਵੱਡੀ ਵਡਿਆਈਆ । ਸੂਰਤ ਸਚ ਸਚ ਤਸਵੀਰ, ਨਿਰਗੁਣ ਸਰਗੁਣ ਦਏ ਵਖਾਈਆ । ਚੋਟੀ ਚੜ੍ਹ ਆਪ ਅਖ਼ੀਰ, ਘਰ ਸਾਚੇ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਪੰਜ ਤੱਤ ਹੱਡ ਨਾੜੀ ਮਾਸ, ਰਕਤ ਬੂੰਦ ਖੇਲ ਖਲਾਇੰਦਾ । ਨਿਰਗੁਣ ਨੂਰ ਕਰ ਪਰਕਾਸ਼, ਜੋਤੀ ਜੋਤ ਡਗਮਗਾਇੰਦਾ । ਪਵਣ ਸਵਾਮੀ ਦੇ ਸਵਾਸ, ਸਗਲਾ ਸੰਗ ਨਿਭਾਇੰਦਾ । ਮੰਡਲ ਮੰਡਪ ਪਾ ਪਾ ਰਾਸ, ਗੋਪੀ ਕਾਹਨ ਨਚਾਇੰਦਾ । ਵੇਖਣਹਾਰ ਅਨਾਥਾਂ ਨਾਥ,

ਦੀਨਨ ਆਪਣੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਆਪ ਵਖਾਇੰਦਾ । ਸਾਚਾ ਰੰਗ ਪੰਜ ਤੱਤ, ਤਨ ਮਾਟੀ ਰੂਪ ਵਖਾਈਆ । ਕਰੇ ਖੇਲ ਪੁਰਖ ਸਮਰਥ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਆਤਮ ਦੇਵੇ ਅਮੋਲਕ ਵਥ, ਪਰਮਾਤਮ ਵੰਡ ਵੰਡਾਈਆ । ਨਾਮ ਨਿਧਾਨਾ ਸਾਚੀ ਗਾਥ, ਅੱਖਰ ਆਪਣਾ ਆਪ ਸਮਝਾਈਆ । ਅੰਤਰ ਅੰਤਰ ਆਪੇ ਵਸ, ਦਰ ਮੇਲਾ ਸਹਿਜ ਸੁਭਾਈਆ । ਨਿਝਰ ਦੇਵੇ ਅੰਮ੍ਰਿਤ ਰਸ, ਰਸਨਾ ਰਸ ਚੱਖ ਨਾ ਸਕੇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪਣੇ ਹੱਥ ਰਖਾਈਆ । ਸਾਚਾ ਭੇਵ ਹੱਥ ਕਰਤਾਰ, ਹਰਿ ਕਰਤਾ ਖੇਲ ਕਰਾਇੰਦਾ । ਆਦਿ ਆਦਿ ਦੀ ਸਾਚੀ ਧਾਰ, ਧੁਰ ਦਰਬਾਰੀ ਆਪ ਸਮਝਾਇੰਦਾ । ਸਚਖੰਡ ਨਿਵਾਸੀ ਹੋ ਤਿਆਰ, ਨਿਰਗੁਣ ਆਪਣੀ ਵੰਡ ਵੰਡਾਇੰਦਾ । ਸਰਗੁਣ ਖੋਲ੍ਹ ਸਚ ਭੰਡਾਰ, ਸਾਚਾ ਬੰਕ ਦੁਆਰ ਸੁਹਾਇੰਦਾ । ਜਗਤ ਤ੍ਰਿਸਨਾ ਦੇ ਆਧਾਰ, ਆਤਮ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਆਪ ਸਮਝਾਇੰਦਾ । ਸਾਚਾ ਲੇਖਾ ਕਾਇਆ ਹੱਟ, ਘਰ ਘਰ ਵਿਚ ਆਪ ਜਣਾਈਆ । ਜਗਤ ਪਿਆਰ ਜਗਤ ਰਤ, ਜਗਤ ਚਮੜੀ ਜਗਤ ਹੰਡਾਈਆ । ਹਰਿ ਪਿਆਰ ਅੰਤਰਗਤ, ਨੇਤਰ ਨਜ਼ਰ ਕਿਸੇ ਨਾ ਆਈਆ । ਆਦਿ ਮਾਰਗ ਸਾਚਾ ਦੱਸ, ਸਾਚਾ ਰਾਹ ਵਖਾਈਆ । ਨਿਰਮਲ ਨੂਰ ਕਰ ਪਰਕਾਸ਼, ਜੋਤੀ ਜੋਤ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਆਪਣੇ ਹੱਥ ਰਖਾਈਆ । ਆਦਿ ਲੇਖਾ ਸ੍ਰੀ ਭਗਵਾਨ, ਹਰਿ ਆਪਣੇ ਹੱਥ ਰਖਾਇਆ । ਪਾਰਬ੍ਰਹਮ ਬ੍ਰਹਮ ਕਰ ਪਰਧਾਨ, ਸਾਚੀ ਵੰਡ ਵੰਡਾਇਆ । ਪੰਜ ਤੱਤ ਕਾਇਆ ਮਕਾਨ, ਘਰ ਇਕੋ ਇਕ ਵਖਾਇਆ । ਧੁਰ ਸੰਦੇਸਾ ਦਿਤਾ ਆਣ, ਸਚ ਸਨੇਹੁੜਾ ਇਕ ਜਣਾਇਆ । ਬੈਠਾ ਰਹੇ ਨੌਜਵਾਨ, ਆਪ ਆਪਣਾ ਆਸਣ ਲਾਇਆ । ਦਰ ਦਰਵਾਜ਼ਾ ਇਕ ਮਹਾਨ, ਬੇਨਜ਼ੀਰ ਆਪ ਬਣਾਇਆ । ਨਜ਼ਰ ਨਾ ਆਏ ਵਿਚ ਜਹਾਨ, ਕੁੰਡਾ ਸਕੇ ਕੋਈ ਨਾ ਲਾਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਆਪ ਜਣਾਇਆ । ਆਪਣਾ ਲੇਖਾ ਦੱਸੇ ਮੀਤ, ਆਦਿ ਵੱਡੀ ਵਡਿਆਈਆ । ਵੇਖ ਆਤਮਾ ਮੇਰੀ ਰੀਤ, ਪਰਮਾਤਮ ਰਿਹਾ ਸਮਝਾਈਆ । ਪੰਜ ਤੱਤ ਚੋਲਾ ਤੇਰਾ ਠੀਕ, ਅੰਦਰ ਆਪਣਾ ਘਰ ਵਖਾਈਆ । ਸਾਚਾ ਸੋਹਲਾ ਢੋਲਾ ਗੀਤ, ਰਾਗ ਅਨਾਦਿ ਜਣਾਈਆ । ਨਿਰਵੈਰ ਵੇਖਣਾ ਸਦਾ ਅਤੀਤ, ਤ੍ਰੈਗੁਣ ਵਿਚ ਕਦੇ ਨਾ ਆਈਆ । ਸਚ ਪਰੇਮ ਸਤਿ ਪ੍ਰੀਤ, ਸਤਿ ਸਤਿਵਾਦੀ ਆਪ ਸਮਝਾਈਆ । ਨਿਤ ਨਵਿਤ ਰੱਖਣੀ ਉਡੀਕ, ਬਿਨ ਨੇਤਰ ਨੈਣ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਸਮਝਾਈਆ । ਸਾਚਾ ਖੇਲ ਦੱਸੇ ਭਗਵੰਤ, ਭਗਵਨ ਆਪਣੀ ਦਇਆ ਕਮਾਈਆ । ਆਤਮ ਤੇਰਾ ਮੇਰਾ ਮੰਤ, ਪਰਮਾਤਮ ਕਰੇ ਪੜ੍ਹਾਈਆ । ਸਿਫ਼ਤ ਜਣਾਏ ਮਹਿਮਾ ਅਗਣਤ, ਲੇਖਾ ਲੇਖ ਨਾ ਕੋਇ ਵਖਾਈਆ । ਸਾਚਾ ਮਿਲੇ ਹਰਿ ਬੋਧੀ ਪੰਡਤ, ਪਾਰਬ੍ਰਹਮ ਵੱਡੀ ਵਡਿਆਈਆ । ਆਦਿ ਜੁਗਾਦਿ ਰਹੇ ਅਖੰਡਤ, ਖੰਡ ਖੰਡ ਨਾ ਕੋਇ ਕਰਾਈਆ । ਨਾਤਾ ਜੋੜੇ ਜੇਰਜ ਅੰਡਤ, ਉਤਭੁਜ ਸੇਤਜ ਮੇਰਾ ਬੰਧਨ ਪਾਈਆ । ਦਰ ਦਰਵੇਸ਼ ਬਣਾਏ ਮੰਗਤ, ਭਿਖਾਰੀ ਇਕੋ ਰਾਹ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਰਿਹਾ ਵਰਤਾਈਆ । ਸਾਚਾ ਹੁਕਮ ਧੁਰ ਫ਼ਰਮਾਨ, ਸੋ ਸਾਹਿਬ ਆਪ ਜਣਾਈਆ । ਸੁਣ ਆਤਮ ਬਾਲ ਨਿਧਾਨ, ਬਾਲੀ ਬੁਧ ਦਏ ਵਡਿਆਈਆ । ਤੇਰਾ ਖੇਲ ਵਿਚ ਜਹਾਨ, ਲੱਖ ਚੁਰਾਸੀ ਕਰ


੯੦੭
੧੪

ਕੁੜਮਾਈਆ । ਤ੍ਰੈਗੁਣ ਪੰਜ ਤੱਤ ਤੇਰਾ ਮਕਾਨ, ਸਾਢੇ ਤਿੰਨ ਹੱਥ ਵੰਡ ਵੰਡਾਈਆ । ਅੰਦਰ ਵੜ ਨੌਜਵਾਨ, ਜੋਬਨ ਆਪਣਾ ਆਪ ਪਰਗਟਾਈਆ । ਸਚ ਸਿੰਘਾਸਣ ਬੈਠ ਰਕਾਨ, ਸਾਚੀ ਸੇਜਾ ਸੋਭਾ ਪਾਈਆ । ਏਕਾ ਢੋਲਾ ਗੌਣਾ ਗਾਣ, ਗਾਵਣਹਾਰਾ ਆਪ ਸਮਝਾਈਆ । ਇਕੋ ਧੁਰ ਦੀ ਪਾਏ ਆਣ, ਧੁਰ ਦੀ ਧਾਰ ਆਪ ਸਮਝਾਈਆ । ਜਿਨ੍ਹਾਂ ਚਿਰ ਨਾ ਮਿਲੇ ਭਗਵਾਨ, ਤੇਰਾ ਲੇਖਾ ਲੇਖ ਵਿਚ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਦਏ ਜਣਾਈਆ । ਸੁਣ ਸੰਦੇਸਾ ਹੋਈ ਹੈਰਾਨ, ਆਤਮ ਆਪਣਾ ਆਪ ਜਗਾਇਆ । ਮੈਂ ਬਾਲੀ ਨੱਢੀ ਸਦਾ ਅਵਾਣ, ਮੇਰੀ ਚਲੇ ਨਾ ਕੋਇ ਚਤਰਾਈਆ । ਚਾਰੋਂ ਕੁੰਟ ਵੇਖਾਂ ਮਾਰ ਧਿਆਨ, ਆਪ ਆਪਣਾ ਬਲ ਪਰਗਟਾਇਆ । ਭੇਵ ਨਾ ਜਾਣਾਂ ਸਚ ਨਾ ਪਛਾਣਾਂ ਕਵਣ ਬਿਧ ਮਿਲੇ ਭਗਵਾਨ, ਭਗਵਨ ਆਪਣਾ ਫੇਰਾ ਪਾਇਆ । ਕਵਣ ਨਾਮ ਜਪਾਂ ਮਹਾਨ, ਅੰਤਰ ਅੰਤਰ ਧਿਆਨ ਲਗਾਇਆ । ਕਵਣ ਹੱਥ ਕਰਾਂ ਪਰਨਾਮ, ਕਵਣ ਮਸਤਕ ਸੀਸ ਝੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਵਾਸਤਾ ਪਾਇਆ । ਦਰ ਵਾਸਤਾ ਪਾਇਆ ਏਕ, ਏਕੰਕਾਰ ਤੇਰੀ ਸਰਨਾਈਆ । ਦੀਨ ਦਿਆਲ ਪਕੜਾਂ ਤੇਰੀ ਟੇਕ, ਹੱਥ ਤੇਰੇ ਵਡਿਆਈਆ । ਜਿਉਂ ਭਾਵੇ ਤਿਉਂ ਲੈਣਾ ਵੇਖ, ਵੇਖਣਹਾਰ ਆਪ ਹੋ ਜਾਈਆ । ਤੇਰਾ ਅੰਤ ਨਾ ਆਵੇ ਭੇਤ, ਭੇਵ ਨਜ਼ਰ ਕੋਇ ਨਾ ਆਈਆ । ਤੇਰੇ ਹੁਕਮੇ ਅੰਦਰ ਤੇਰੀ ਧਾਰ ਲਵੇ ਖੇਡ, ਖ਼ਾਲਕ ਖ਼ਲਕ ਵਿਚ ਸਮਾਈਆ । ਲੋਕਮਾਤ ਰਿਹਾ ਭੇਜ, ਧੁਰ ਸੰਦੇਸਾ ਹੁਕਮ ਸੁਣਾਈਆ । ਪੰਜ ਤੱਤ ਕਾਇਆ ਅੰਦਰ ਮੇਰੀ ਸੇਜ, ਸੋਹਣੀ ਬਣਤ ਬਣਾਈਆ । ਨਿਰਗੁਣ ਨੂਰ ਜੋਤੀ ਤੇਜ, ਚੰਦ ਸੂਰਜ ਨਾ ਕੋਇ ਰੁਸ਼ਨਾਈਆ । ਨਾ ਕੋਈ ਬਾਦਲ ਨਾ ਕੋਈ ਮੇਘ, ਘਟਾ ਘਨਘੋਰ ਨਾ ਕੋਇ ਵਖਾਈਆ । ਨਾ ਕੋਈ ਸ਼ਾਸਤਰ ਨਾ ਕੋਈ ਵੇਦ, ਪੁਰਾਨ ਰੂਪ ਨਾ ਕੋਇ ਜਣਾਈਆ । ਨਾ ਕੋਈ ਕਲਮਾ ਨਾ ਕੋਈ ਲੇਖ, ਨਾ ਕੋਈ ਕਾਤਬ ਨਾ ਕੋਈ ਛਾਹੀਆ । ਨਾ ਕੋਈ ਮਹੱਲਾ ਨਾ ਕੋਈ ਦੇਸ, ਪਿੰਡ ਵੰਡ ਨਾ ਕੋਇ ਵੰਡਾਈਆ । ਨਾ ਕੋਈ ਮੁੱਲਾਂ ਨਾ ਕੋਈ ਸ਼ੇਖ਼, ਨਾ ਕੋਈ ਪੰਡਤ ਕਰੇ ਪੜ੍ਹਾਈਆ । ਨਾ ਕੋਈ ਰੂਪ ਨਾ ਕੋਈ ਰੇਖ, ਰੰਗ ਨਜ਼ਰ ਕੋਇ ਨਾ ਆਈਆ । ਤੇਰੇ ਹੁਕਮੇ ਅੰਦਰ ਖੇਲਾਂ ਖੇਲ, ਖ਼ਾਲਕ ਖ਼ਲਕ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਦ੍ਰਿੜਾਈਆ । ਸਾਚੀ ਸਿਖਿਆ ਦੇਵੇ ਦਾਤ, ਸੋ ਸਾਹਿਬ ਦਇਆ ਕਮਾਇੰਦਾ । ਸਾਚਾ ਮਾਰਗ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤਾ ਆਪ ਜਣਾਇੰਦਾ । ਨਿਰਗੁਣ ਸਰਗੁਣ ਕਰ ਪਰਕਾਸ਼, ਜੋਤੀ ਜਾਤਾ ਨੂਰ ਧਰਾਇੰਦਾ । ਨਿਤ ਨਵਿਤ ਤੇਰੀ ਪੂਰੀ ਕਰਾਂ ਆਸ, ਸਾਚਾ ਮਾਰਗ ਇਕ ਵਖਾਇੰਦਾ । ਵੇਖ ਵਖਾਵਾਂ ਜੰਗਲ ਜੂਹ ਉਜਾੜ ਪਹਾੜ ਉਚੇ ਟਿੱਲੇ ਪਰਬਤ ਪਰਭਾਸ, ਪਰਭਾਸੀ ਆਪਣਾ ਨਾਉਂ ਧਰਾਇੰਦਾ । ਬਾਲੀ ਨੱਢੀ ਤੇਰੀ ਪੂਰੀ ਕਰਾਂ ਆਸ, ਤ੍ਰਿਸਨਾ ਤੇਰੀ ਅੰਤ ਮਿਟਾਇੰਦਾ । ਸਚ ਪ੍ਰੀਤੀ ਇਕ ਬਲਾਸ, ਭੋਗ ਇਕੋ ਘਰ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖ ਆਪ ਜਣਾਇੰਦਾ । ਸੁਣ ਲੇਖ ਸਾਹਿਬ ਸੁਲਤਾਨ, ਆਤਮ ਆਪਣੀ ਲਏ ਅੰਗੜਾਈਆ । ਤੂੰ ਦਾਤਾ ਦਾਨੀ ਦੋ ਜਹਾਨ, ਤੇਰੀ ਵੱਜਦੀ ਰਹੇ ਵਧਾਈਆ । ਸਚ ਦੱਸ ਪ੍ਰਭੂ ਕਵਣ ਵੇਲਾ ਕਰੇਂ ਪਰਵਾਨ, ਘਰ ਮੇਲੇਂ ਚਾਈਂ ਚਾਈਂਆ । ਕਵਣ ਮਾਰਗ ਵੇਖੇਂ ਆਣ, ਕਵਣ ਪਾਂਧੀ ਪੰਧ ਮੁਕਾਈਆ । ਕਵਣ ਸੁਹਾਏਂ ਬੰਕ ਮਕਾਨ, ਕਵਣ ਮੰਦਰ ਡੇਰਾ ਲਾਈਆ । ਕਵਣ ਵਰ ਦੇਵੇਂ ਦਾਨ, ਕਵਣ ਵਸਤ ਅਮੋਲਕ ਝੋਲੀ ਪਾਈਆ । ਕਵਣ ਸਹਿਜ ਕਰੇਂ

੯੦੮
੧੪

ਪਰਵਾਨ, ਮਿਹਰਵਾਨ ਦਏਂ ਸ਼ਰਨਾਈਆ । ਕਵਣ ਨੂਰ ਦੱਸੇਂ ਜਹਾਨ, ਕਵਣ ਜ਼ਹੂਰ ਕਰੇਂ ਰੁਸ਼ਨਾਈਆ । ਕਵਣ ਦੁਆਰੇ ਵੇਖਾਂ ਆਣ, ਆਪ ਆਪਣਾ ਪਰਦਾ ਲਾਹੀਆ । ਮੈਂ ਤੇਰੀ ਨੱਢੀ ਬਾਲ ਅਵਾਣ, ਬਿਨ ਤੇਰੀ ਸਮਝ ਸਮਝ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਦਏ ਸਮਝਾਈਆ । ਸਾਚੀ ਸਿਖਿਆ ਦੱਸਣਹਾਰਾ, ਸੋ ਸਾਹਿਬ ਦਇਆ ਕਮਾਇੰਦਾ । ਕਾਇਆ ਮੰਦਰ ਮੇਰਾ ਟਿਕਾਣਾ, ਘਰ ਸਾਚਾ ਇਕ ਸੁਹਾਇੰਦਾ । ਪਰਦਾ ਉਹਲਾ ਆਪ ਰਖਾਣਾ, ਨਜ਼ਰ ਕੋਇ ਨਾ ਆਇੰਦਾ । ਪਰੇਮ ਪ੍ਰੀਤੀ ਮਾਰਗ ਲਾਣਾ, ਭੇਵ ਅਭੇਦ ਸਮਝਾਇੰਦਾ । ਸਾਚਾ ਮੰਦਰ ਇਕ ਸੁਹਾਨਾ, ਪੰਜ ਤੱਤ ਖੇੜਾ ਵਡ ਵਡਿਆਇੰਦਾ । ਸਾਚਾ ਮੇਲਾ ਮੇਲ ਮਿਲਾਨਾ, ਮਿਲ ਮਿਲ ਆਪਣਾ ਰਾਗ ਅਲਾਇੰਦਾ । ਸਾਚਾ ਰਾਗ ਇਕ ਸੁਣਾਨਾ, ਸੋ ਸਾਹਿਬ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸਾ ਇਕ ਸੁਣਾਇੰਦਾ । ਆਤਮ ਕਹੇ ਉਹ ਕੇਹੜਾ ਗਾਣਾ, ਜਿਸ ਗਾਵਣ ਮਿਲੇ ਵਡਿਆਈਆ । ਸਚ ਦੱਸ ਸ੍ਰੀ ਭਗਵਾਨਾ, ਪ੍ਰਭ ਤੇਰੇ ਅੱਗੇ ਅਰਜ਼ੋਈਆ । ਤੂੰ ਸ਼ਾਹ ਪਾਤਸ਼ਾਹ ਵੱਡ ਰਾਜ ਰਾਜਾਨਾ, ਸ਼ਾਹ ਸੁਲਤਾਨ ਤੇਰੀ ਸਰਨਾਈਆ । ਤੇਰਾ ਹੁਕਮ ਧੁਰ ਫ਼ਰਮਾਨਾ, ਧੁਰ ਦੀ ਧਾਰ ਤੇਰੇ ਵਿਚੋਂ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸੱਚਾ ਵਰ, ਦਰ ਤੇਰੇ ਰਾਹ ਤਕਾਈਆ । ਸੁਣ ਆਤਮ ਮੇਰਾ ਗੀਤ ਢੋਲਾ, ਸੋ ਸਾਹਿਬ ਆਪ ਜਣਾਈਆ । ਜੁਗ ਚੌਕੜੀ ਬਣੇ ਵਿਚੋਲਾ, ਬਣ ਪਾਂਧੀ ਫੇਰਾ ਪਾਈਆ । ਭੇਵ ਖੁਲ੍ਹਾਏ ਪੜਦਾ ਉਹਲਾ, ਆਪਣਾ ਰੰਗ ਵਖਾਈਆ । ਸਾਚਾ ਗੀਤ ਗੌਣਾ ਸੋਹਲਾ, ਸੋਹੰ ਰਾਗ ਅਲਾਈਆ । ਮਿਲੇ ਵਡਿਆਈ ਉਪਰ ਧਵਲਾ, ਧਰਨੀ ਧਰਤ ਤੇਰਾ ਜਸ ਗਾਈਆ । ਸਚ ਦੁਆਰਾ ਤੇਰਾ ਖੋਲ੍ਹਾ, ਇਕ ਤੋਹੇ ਦਿਤਾ ਸਮਝਾਈਆ । ਲੱਗੇ ਭਾਗ ਕਾਇਆ ਚੋਲਾ, ਸਾਢੇ ਤਿੰਨ ਹੱਥ ਮਿਲੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਹੇ ਪ੍ਰਭੂ ਮੈਂ ਹੋਈ ਖ਼ੁਸ਼ਹਾਲ, ਦੋਏ ਜੋੜ ਜੋੜ ਸਰਨਾਈਆ । ਸਚ ਸੁਹਾਣਾ ਸਮਾਂ ਮਿਲੇਂ ਆਣ, ਆਪ ਆਪਣਾ ਰੰਗ ਵਖਾਈਆ । ਜਗਤ ਪ੍ਰੀਤ ਨਾ ਕੋਇ ਨਾਲ, ਅੰਤਮ ਆਪਣਾ ਰੰਗ ਰੰਗਾਈਆ । ਸਾਚੇ ਮੰਦਰ ਲਵੀਂ ਭਾਲ, ਨਿਰਵੈਰ ਫੇਰਾ ਪਾਈਆ । ਘਰ ਘਰ ਵੇਖੀਂ ਸ਼ਾਹ ਕੰਗਾਲ, ਊਚ ਨੀਚ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਆਵੀਂ ਚਾਈਂ ਚਾਈਂਆ । ਸਾਚੇ ਘਰ ਆਏ ਭਗਵੰਤ, ਸੋ ਪੁਰਖ ਨਿਰੰਜਣ ਆਪ ਜਣਾਈਆ । ਆਤਮ ਤੇਰਾ ਸੁਣ ਕੇ ਮੰਤ, ਮੰਤਰ ਆਪਣਾ ਦਏ ਸਮਝਾਈਆ । ਤੇਰਾ ਗ੍ਰਿਹਿ ਤੇਰੀ ਸੇਜ ਤੇਰਾ ਮੰਦਰ ਹੋਏ ਸੋਭਾਵੰਤ, ਸੋਭਨੀਕ ਆਪ ਸੁਹਾਈਆ । ਨਾਮ ਜਣਾਏ ਇਕ ਅਗਣਤ, ਲੇਖਾ ਲੇਖ ਨਾ ਕੋਇ ਵਖਾਈਆ । ਨਾਤਾ ਜੋੜੇ ਇਕੋ ਇਕ ਨਾਰ ਕੰਤ, ਘਰ ਸਾਚੇ ਵੱਜੇ ਵਧਾਈਆ । ਸ੍ਰੀ ਭਗਵਾਨ ਬਣਾਏ ਬਣਤ, ਆਤਮ ਪਰਮਾਤਮ ਜੋੜੀ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦੋਏ ਜੋੜ ਮੰਗ ਮੰਗਾਈਆ । ਆਤਮ ਕਹੇ ਜਿਸ ਵੇਲੇ ਦੂਲ੍ਹਾ ਆਵੇਗਾ । ਸਾਚਾ ਸਿਹਰਾ ਸੀਸ ਸਜਾਵੇਗਾ । ਮਿਹਰਵਾਨ ਨੈਣ ਉਠਾਵੇਗਾ । ਇਕ ਇਕੱਲਾ ਖੇਲ ਕਰਾਵੇਗਾ । ਡੂਮ ਨਾਈ ਨਾ ਕੋਇ ਬੁਲ੍ਹਾਵੇਗਾ । ਭੈਣ ਭਾਈ ਨਜ਼ਰ ਕੋਇ ਨਾ ਆਵੇਗਾ । ਸਖੀਆਂ ਮੰਗਲ ਆਪਣਾ ਰਾਗ ਅਲਾਵੇਗਾ । ਕੂੜੀ ਕਿਰਿਆ ਕੱਟ ਕੇ ਸੰਗਲ, ਸੰਗਲ ਆਪਣੇ ਪਰੇਮ ਬੰਧਾਵੇਗਾ । ਭਾਗ ਲਗਾਏ ਕਾਇਆ ਜੂਹ ਜੰਗਲ, ਉਚਾ ਟਿੱਲਾ ਆਪ ਸੁਹਾਵੇਗਾ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਪਿੰਡੇ ਫੇਰਾ ਪਾਵੇਗਾ । ਘਰ ਪਿੰਡੇ ਸਜਨੀ ਆਵਾਂਗਾ । ਪਿਛਲੇ ਪੈਂਡੇ ਸਰਬ ਮੁਕਾਵਾਂਗਾ । ਸਾਚੀ ਨੈਂ ਦੇ ਵਿਚ ਨੁਹਾਵਾਂਗਾ । ਜੋ ਕਹਿੰਦੇ ਸੋ ਕਰ ਵਖਾਵਾਂਗਾ । ਮੰਦਰ ਅਟੱਲ ਇਕ ਬਹਾਵਾਂਗਾ । ਮਹੱਲ ਰੁਸ਼ਨਾਈ ਇਕ ਜਣਾਵਾਂਗਾ । ਘਰ ਵੱਜੇ ਸਚ ਵਧਾਈ, ਵਾਧਾ ਆਪਣੇ ਘਰ ਵਖਾਵਾਂਗਾ । ਤੂੰ ਢੋਲਾ ਗੌਣਾ ਚਾਈਂ ਚਾਈ, ਸਚ ਆਪਣਾ ਰਾਗ ਸੁਣਾਵਾਂਗਾ । ਘਰ ਬੈਠਿਆਂ ਮਿਲੇ ਮਾਹੀ, ਮੁਹੱਬਤ ਇਕੋ ਇਕ ਰਖਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦ ਆਪ ਜਣਾਵਾਂਗਾ । ਆਤਮ ਕਹੇ ਪਰਮਾਤਮ ਨਿਰਗੁਣ ਨਿਰਗੁਣ ਤੂੰ ਪਰਨਾਏਂਗਾ । ਸਰਗੁਣ ਮੇਰਾ ਬਣਿਆ ਸਾਥਨ, ਇਸ ਦੀ ਵੰਡ ਕੀ ਵੰਡਾਏਂਗਾ । ਜਿਸ ਦੇ ਚੜ੍ਹੀ ਮੈਂ ਰਾਥਨ, ਸੋ ਰਥ ਕਿਸ ਦੁਆਰ ਰਖਾਏਂਗਾ । ਭੇਵ ਦੱਸ ਪੁਰਖ ਅਬਿਨਾਸ਼ਨ, ਕੀ ਆਪਣੀ ਕਾਰ ਕਮਾਏਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਮਾਰਗ ਇਕ ਵਖਾਏਂਗਾ । ਆਤਮ ਸੁਣ ਸਚ ਸਵਾਣੀ, ਹਰਿ ਸਤਿਗੁਰ ਆਪ ਜਣਾਇਆ । ਪੰਜ ਤੱਤ ਖੇਲ ਮਹਾਨੀ, ਤਤਵ ਤਤ ਤੱਤ ਜਣਾਇਆ । ਸਰਗੁਣ ਰੂਪ ਵਿਚ ਜਹਾਨੀ, ਲੋਕਮਾਤ ਨਜ਼ਰੀ ਆਇਆ । ਅੰਤਮ ਦਿਸੇ ਸਦਾ ਫ਼ਾਨੀ, ਥਿਰ ਰਹਿਣ ਕੋਇ ਨਾ ਪਾਇਆ । ਬਾਲ ਜਵਾਨ ਬਿਰਧ ਨਿਸ਼ਾਨੀ, ਸਾਚੀ ਵੰਡ ਵੰਡਾਇਆ । ਤੇਰਾ ਮੇਰਾ ਨੂਰ ਨੂਰਾਨੀ, ਨਾ ਮਰੇ ਨਾ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਆਪ ਦ੍ਰਿੜਾਇਆ । ਸਾਚਾ ਲੇਖਾ ਸੁਣ ਮਿਹਰਵਾਨ, ਹੈਰਾਨੀ ਮੇਰੇ ਉਤੇ ਛਾਈਆ । ਤੂੰ ਮੇਰਾ ਮੈਂ ਤੇਰਾ ਦੋਹਾਂ ਮੇਲ ਮਿਲਿਆ ਆਣ, ਤੀਜਾ ਨਜ਼ਰ ਕੋਇ ਨਾ ਆਈਆ । ਕਾਇਆ ਚੋਲਾ ਕਵਣ ਕਰੇ ਪਰਵਾਨ, ਪੰਜ ਤੱਤ ਮਾਟੀ ਕਵਣ

੬੧੦ ਹੱਥ ਫੜਾਈਆ । ਨਿਰਗੁਣ ਤੇਰਾ ਖੇਲ ਮਹਾਨ, ਨਿਰਗੁਣ ਨਾਲ ਕਰੇਂ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ੬੧੦

੧੪ ਸਾਚੀ ਸਿਖਿਆ ਦੇ ਸਮਝਾਈਆ । ਆਤਮ ਸੁਣ ਸਚ ਸੁਣਾਵਾਂ, ਸੋ ਸਾਹਿਬ ਆਪ ਜਣਾਇਆ । ਤੇਰਾ ਰੂਪ ਆਪ ਧਰਾਵਾਂ, ਨੂਰੋ ਨੂਰ ਨੂਰ ਰੁਸ਼ਨਾਇਆ । ੧੪

ਪੰਜ ਤੱਤ ਕਾਇਆ ਵੰਡ ਵੰਡਾਵਾਂ, ਪੁਰਖ ਨਾਰ ਨਾਰ ਪੁਰਖ ਹਿੱਸਾ ਇਕ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਰਿਹਾ ਸਮਝਾਇਆ । ਪੁਰਖ ਨਾਰ ਪੰਜ ਤੱਤ ਵੰਡ, ਹਰਿ ਸਤਿਗੁਰ ਆਪ ਜਣਾਈਆ । ਕਰੇ ਖੇਲ ਸੂਰਾ ਸਰਬੰਗ, ਸਾਚੀ ਸਿਖਿਆ ਇਕ ਸਮਝਾਈਆ । ਰਕਤ ਬੂੰਦ ਖੇਲ ਅਨੰਦ, ਰਸ ਇਕੋ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਜ ਤੱਤ ਦਏ ਵਡਿਆਈਆ । ਆਤਮ ਪੰਜ ਤੱਤ ਦੇਵਾਂ ਮਾਣ, ਪੰਚ ਵੱਜੇ ਵਧਾਈਆ । ਬਾਲਿਉਂ ਹੋਏ ਜਵਾਨ, ਜੋਬਨ ਜਗਤ ਜਣਾਈਆ । ਆਸਾ ਤ੍ਰਿਸਨਾ ਇਕ ਮਹਾਨ, ਘਰ ਘਰ ਦਿਆਂ ਵਸਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਕਰ ਬਲਵਾਨ, ਬਲ ਆਪਣਾ ਆਪ ਜਣਾਈਆ । ਇਛਿਆ ਰੱਖਾਂ ਵਿਚ ਜਹਾਨ, ਭਿਛਿਆ ਬਖ਼ਸ਼ਸ਼ ਝੋਲੀ ਪਾਈਆ । ਮਨ ਮਤ ਬੁਧ ਖੋਲ੍ਹ ਦੁਕਾਨ, ਸਾਚਾ ਹੱਟ ਚਲਾਈਆ । ਜਗਤ ਵਾਸਨਾ ਦੇਵਾਂ ਦਾਨ, ਆਪਣੀ ਦਇਆ ਕਮਾਈਆ । ਤੇਰਾ ਉਹਲਾ ਰੱਖਾਂ ਘਰ ਮਕਾਨ, ਦਰ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਰਿਹਾ ਦ੍ਰਿੜਾਈਆ । ਆਤਮ ਕਹੇ ਪ੍ਰਭ ਤੇਰਾ ਪੰਜ ਤੱਤ ਜੋੜ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਬੰਧਨ ਪਾਈਆ । ਨਾਰ ਪੁਰਖ ਕਿਸ ਬਿਧ ਪਵੇ ਲੋੜ, ਕਵਣ ਧਾਰ ਦਏਂ ਪਰਗਟਾਈਆ । ਕਿਸ ਬਿਧ ਰਖੇਂ ਹੱਥ ਵਿਚ ਡੋਰ, ਤੰਦੀ ਤੰਦ ਸਤਾਰ ਹਿਲਾਈਆ । ਅੰਦਰ

ਵੜ ਕੇ ਵੇਖੇਂ ਅੰਧੇਰਾ ਘੋਰ, ਡੂੰਘੀ ਭਵਰੀ ਫੇਰਾ ਪਾਈਆ । ਮੈਨੂੰ ਸਦਾ ਤੇਰੀ ਲੋੜ, ਪੰਜ ਤੱਤ ਸਮਝ ਜ਼ਰਾ ਨਾ ਆਈਆ । ਮਨ ਵਾਸਨਾ ਦੇਵਾਂ ਜ਼ੋਰ, ਜ਼ੋਰੂ ਜ਼ਰ ਨਾਲ ਮਿਲਾਈਆ । ਚੜ੍ਹ ਕੇ ਵੇਖਾਂ ਆਪਣੇ ਘੋੜ, ਸ਼ਾਹਸਵਾਰਾ ਫੇਰਾ ਪਾਈਆ । ਦੋ ਜਹਾਨਾਂ ਆਵਾਂ ਦੌੜ, ਬਣ ਪਾਂਧੀ ਪੰਧ ਮੁਕਾਈਆ । ਸਰਗੁਣ ਸਰਗੁਣ ਜੋੜਾਂ ਜੋੜ, ਲੋਕਮਾਤ ਤੱਤ ਕੁੜਮਾਈਆ । ਮਨ ਚੇਸਟਾ ਮਨ ਰਹੀ ਲੋੜ, ਮਤ ਮਤ ਨਾਲ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਰਿਹਾ ਸਮਝਾਈਆ । ਤੱਤ ਤੱਤ ਦਾ ਹੋਏ ਨਾਤਾ, ਪੰਜ ਪੰਜ ਜੋੜ ਜੁੜਾਈਆ । ਜਗਤ ਜਗਤ ਦਾ ਦੇਵੇ ਸਾਥਾ, ਸਗਲਾ ਸੰਗ ਨਿਭਾਈਆ । ਸਰਗੁਣ ਸਰਗੁਣ ਚਲਾਏ ਰਾਥਾ, ਰਥ ਰਥਵਾਹੀ ਬੇਪਰਵਾਹੀਆ । ਖੇਲੇ ਖੇਲ ਬਾਜ਼ੀਗਰ ਨਾਟਾ, ਸਵਾਂਗੀ ਆਪਣਾ ਸਾਂਗ ਰਚਾਈਆ । ਧੀ ਪੁੱਤ ਘਰ ਹੋਏ ਪਿਤਾ ਮਾਤਾ, ਮਾਤ ਪਿਤ ਪੁੱਤਰ ਧੀ ਵੇਖ ਵਖਾਈਆ । ਸਰਬ ਜੀਆਂ ਦਾ ਦੇਵੇ ਸਾਥਾ, ਸਗਲਾ ਸੰਗ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੱਤ ਮੇਲਾ ਸਹਿਜ ਸੁਭਾਈਆ । ਪੰਜ ਤੱਤ ਕਾਇਆ ਮੇਲਾ ਮਿਲਾਏ ਆਪ, ਪ੍ਰਭ ਆਪਣੀ ਦਇਆ ਕਮਾਈਆ । ਸਰਗੁਣ ਸਰਗੁਣ ਚਲੇਂ ਸਾਥ, ਸਾਚਾ ਸੰਗ ਵਖਾਈਆ । ਅੰਤਰ ਅੰਤਰ ਤੇਰਾ ਨਾਤ, ਆਤਮ ਪਰਮਾਤਮ ਆਪਣੇ ਨਾਲ ਮਿਲਾਈਆ । ਅੰਦਰ ਵੜ ਕੇ ਵੇਖੀ ਜਾਈਂ ਖੇਲ ਤਮਾਸ਼, ਕਵਣ ਬਿਧ ਹਰਿ ਕਮਾਈਆ । ਨਾਰ ਪੁਰਸ਼ ਪਾਏ ਰਾਸ, ਮੰਡਲ ਇਕੋ ਇਕ ਪਰਗਟਾਈਆ । ਤ੍ਰਿਸਨਾ ਆਸਾ ਭੋਗ ਬਲਾਸ, ਕਾਮ ਕਾਮਨੀ ਵੰਡ ਵੰਡਾਈਆ । ਬ੍ਰਹਮਾ ਵੇਤਾ ਚਲਾਏ ਸ਼ਾਖ਼, ਸ਼ਾਹ ਪਾਤਸ਼ਾਹ ਰਿਹਾ ਸਮਝਾਈਆ । ਸਚ ਸਿਖਿਆ ਜਾਏ ਭਾਖ, ਭਾਖਿਆ ਆਪਣੀ ਜਿਸ ਉਪਜਾਈਆ । ਜੋਤੀ ਜੋਤ ਸਰੂਪ ਹਰਿ, ਆਪ



ਆਪਣੀ ਕਿਰਪਾ ਕਰ, ਜਗਤ ਨਾਤਾ ਦਏ ਜੁੜਾਈਆ । ਪੰਜ ਤੱਤ ਨਾਤਾ ਜਗਤ, ਹਰਿ ਸਤਿਗੁਰ ਆਪ ਜੁੜਾਈਆ । ਮੇਲ ਮਿਲਾਵਾ ਬੂੰਦ ਰਕਤ, ਰਕਤ ਬੂੰਦ ਨਵ ਨੌਂ ਜੋਬਨ ਹੰਢਾਈਆ । ਭੇਵ ਨਾ ਜਾਣੇ ਕੋਈ ਸ਼ਖ਼ਸ਼, ਸ਼ਨਾਖ਼ਤ ਹੱਥ ਕਿਸੇ ਨਾ ਆਈਆ । ਹਰਿ ਕਾ ਖੇਲ ਨਾ ਸਕੇ ਪਰਖ, ਪੜਦਾ ਸਕੇ ਨਾ ਕੋਇ ਉਠਾਈਆ । ਆਤਮ ਉਤੇ ਕਰ ਕੇ ਤਰਸ, ਪਰਮਾਤਮ ਦਇਆ ਕਮਾਈਆ । ਪੰਜ ਤੱਤ ਕਾਇਆ ਤੇਰੀ ਜੜਤ, ਤੇਰੇ ਮੰਦਰ ਮਿਲੇ ਵਡਿਆਈਆ । ਬਿਨ ਕਲਮ ਸ਼ਾਹੀ ਕੀਤੀ ਲਿਖਤ ਪੜ੍ਹਤ, ਪਾਰਬ੍ਰਹਮ ਪ੍ਰਭ ਆਪਣੀ ਮੋਹਰ ਲਗਾਈਆ । ਆਦਿ ਅੰਤ ਰਹਿਣ ਨਾ ਦੇਵਾਂ ਕੋਈ ਫ਼ਰਕ, ਫ਼ੈਸਲਾ ਹੱਕ ਹੱਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਜ ਤੱਤ ਕਰੇ ਕੁੜਮਾਈਆ । ਪੰਜ ਤੱਤ ਨਾਤਾ ਹੋਵੇ ਜ਼ਰੂਰ, ਲੋਕਮਾਤ ਬੰਧਨ ਪਾਇੰਦਾ । ਮਾਤ ਪਿਤ ਕਰਨ ਮੰਜ਼ੂਰ, ਸਾਕ ਸੱਜਣ ਖ਼ੁਸ਼ੀ ਵਖਾਇੰਦਾ । ਦੂਲ੍ਹਾ ਦੁਲਹਨ ਦੂਰਨ ਦੂਰ, ਨੇਰਨ ਨੇਰ ਕਰ ਵਖਾਇੰਦਾ । ਆਤਮ ਜਿਸ ਆਤਮ ਨੂੰ ਪ੍ਰਭ ਪਹਿਲੋਂ ਕਰੇ ਮੰਜ਼ੂਰ, ਸੋ ਤਨ ਕਪੜਾ ਸੋਭਾ ਪਾਇੰਦਾ । ਸੋ ਪੰਜ ਤੱਤ ਦੋ ਜਹਾਨ ਹੋਏ ਮਸ਼ਹੂਰ, ਜਿਨ੍ਹਾਂ ਕਰਤਾ ਕਾਜ ਰਚਾਇੰਦਾ । ਜਿਨ੍ਹਾਂ ਅੰਦਰ ਮੇਰਾ ਨੂਰ, ਨੂਰ ਤੇਰਾ ਰੂਪ ਵਖਾਇੰਦਾ । ਤੇਰਾ ਸੰਗ ਨਿਭਾਏ ਜ਼ਰੂਰ, ਜ਼ਰੂਰਤ ਸਭ ਦੀ ਪੂਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਕੰਤ ਆਪ ਜਣਾਇੰਦਾ । ਤੱਤ ਤੱਤ ਦਾ ਤੱਤ ਵਿਚੋਲਾ, ਹਰਿ ਜੂ ਹਰਿ ਹਰਿ ਆਪ ਜਣਾਈਆ । ਨਾਰ ਕੰਤ ਦਾ ਇਕੋ ਢੋਲਾ, ਸੋਹੰ ਰੂਪ ਸਮਝਾਈਆ । ਆਤਮ ਪਰਮਾਤਮ ਚੁੱਕੇ ਪਰਦਾ ਉਹਲਾ, ਦੂਈ ਰੂਪ ਨਾ ਕੋਇ ਵਖਾਈਆ । ਪੰਜ ਤੱਤ ਦਾ ਤੱਤ ਹੋਏ ਗੋਲਾ, ਬਣ ਸੇਵਕ ਸੇਵ ਕਮਾਈਆ । ਸਚ ਦੁਆਰਾ ਇਕੋ ਖੋਲ੍ਹਾ, ਜਗਤ ਹੱਟ ਚਲਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਤਮ ਸਾਚੀ ਸਿਖਿਆ ਇਕ ਪੜ੍ਹਾਈਆ । ਆਤਮ ਤੇਰਾ ਮੰਦਰ ਸੁਚੱਜਾ, ਹਰਿ ਸੋਹਣੀ ਬਣਤ ਬਣਾਈਆ । ਕੰਤ ਹੋ ਤੇਰਾ ਪੜਦਾ ਕੱਜਾ, ਕੰਤੂਹਲ ਦਏ ਵਡਿਆਈਆ । ਪਰੇਮ ਪ੍ਰੀਤੀ ਅੰਦਰ ਬੱਝਾ, ਸਾਚੀ ਰੀਤੀ ਆਪ ਜਣਾਈਆ । ਦੂਰ ਦੁਰਾਡਾ ਆਵੇ ਭੱਜਾ, ਘਰ ਸਾਚਾ ਵੇਖ ਵਖਾਈਆ । ਜਿਥੇ ਲੋਕ ਲਾਜ ਨਾ ਕੋਈ ਲੱਜਾ, ਕੂੜੀ ਸ਼ਰਮ ਨਜ਼ਰ ਨਾ ਆਈਆ । ਸਚ ਦਰਬਾਰ ਇਕੋ ਲੱਗਾ, ਸ੍ਰੀ ਭਗਵਾਨ ਆਪ ਲਗਾਈਆ । ਜਗਤ ਦੁਆਰਾ ਪਾਰ ਹੱਦਾ, ਹੱਦ ਇਕੋ ਇਕ ਰਖਾਈਆ । ਤੱਤ ਨਾਲ ਕੁੜਮਾਈ ਤੱਤ ਬੱਧਾ, ਪੰਚਮ ਪੰਚਮ ਮੇਲ ਮਿਲਾਈਆ । ਸੌਹਰੇ ਪੇਈਏ ਦੋਹਾਂ ਇਕੋ ਸੱਦਾ, ਸੰਦੇਸਾ ਨਾਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਤਮ ਪਰਮਾਤਮ ਆਪਣਾ ਭੇਵ ਜਣਾਈਆ । ਆਤਮ ਪਰਮਾਤਮ ਤੇਰਾ ਕਾਜ, ਹਰਿ ਕਰਤਾ ਆਪ ਰਚਾਈਆ । ਪੰਜ ਤੱਤ ਦਾ ਜਗਤ ਸਮਾਜ, ਹਰਿ ਸੰਗਤ ਦਏ ਵਡਿਆਈਆ । ਧੁਰਦਰਗਾਹੀ ਦੇਵੇ ਦਾਤ, ਦਾਤਾ ਦਾਨੀ ਇਕ ਅਖਵਾਈਆ । ਬਣ ਵਿਚੋਲਾ ਹੋਵੇ ਸਾਥ, ਸਗਲਾ ਸੰਗ ਨਿਭਾਈਆ । ਮੇਲ ਮਿਲਾਵਾ ਪਰੀਤਮ ਪਾਤ, ਪਤ ਪਤਵੰਤਾ, ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰੇ ਕੁੜਮਾਈਆ । ਆਤਮ ਕਹੇ ਮੋਹੇ ਚੜ੍ਹਿਆ ਚਾ, ਘਰ ਮੇਰੇ ਵੱਜੀ ਵਧਾਈਆ । ਮੇਰੇ ਤੱਤ ਨੂੰ ਮਿਲਣਾ ਪ੍ਰਭ ਮਲਾਹ, ਤੱਤ ਮੇਲਾ ਸਹਿਜ ਸੁਭਾਈਆ । ਨਿਰਗੁਣ ਬਣਿਆ ਆਪ ਗਵਾਹ, ਸ਼ਹਾਦਤ ਹੋਰ ਨਾ ਕੋਇ ਰਖਾਈਆ । ਪੰਡਤ ਪਾਂਧਾ ਮੁੱਲਾਂ ਸ਼ੇਖ਼ ਗ੍ਰੰਥੀ ਲਿਆ ਨਾ ਕੋਇ ਬੁਲਾ, ਕੂੜੀ ਕਰੇ ਨਾ ਕੋਇ ਕੁੜਮਾਈਆ । ਸਾਚਾ ਨਾਤਾ ਦਏ ਜੁੜਾ, ਜੋੜੀ ਏਕਾ ਗੰਢ ਪੁਆਈਆ । ਜੋ ਸਾਹਿਬ ਸਤਿਗੁਰ ਦੀ ਚਲੇ ਰਜਾ, ਤਿਨ੍ਹਾਂ ਮਿਲੇ ਮਾਣ ਵਡਿਆਈਆ । ਏਥੇ ਓਥੇ ਦੋ ਜਹਾਨਾਂ ਹੋਵੇ ਸਚ ਵਿਵਾਹ, ਲਾੜੀ ਲਾੜਾ ਇਕੋ ਰੂਪ ਵਖਾਈਆ । ਜੋ ਸਾਹਿਬ ਸਤਿਗੁਰ ਦਾ ਹੁਕਮ ਰਹੇ ਭੁਲਾ, ਤਿਨ੍ਹਾਂ ਮਿਲੇ ਨਾ ਕੋਇ ਵਡਿਆਈਆ । ਨਾਲੇ ਰੋਵਣ ਮਾਰਨ ਧਾਹ, ਨਾਲ ਭਾਈ ਚਾਰੇ ਕਰਨ ਲੜਾਈਆ । ਸਾਕ ਸੱਜਣ ਜਗਤ ਰਹੇ ਰੁਸਾ, ਨਾਲ ਰੁੱਸੇ ਬੇਪਰਵਾਹੀਆ । ਬਿਨ ਸਤਿਗੁਰ ਪੂਰੇ ਸਾਚਾ ਨਕਾਹ ਸਕੇ ਨਾ ਕੋਈ ਪੜ੍ਹਾ, ਪੜ੍ਹਾਵਣਹਾਰਾ ਨਜ਼ਰ ਕੋਇ ਨਾ ਆਈਆ । ਸਤਿਗੁਰ ਨਾਨਕ ਗਿਆ ਸਮਝਾ, ਬਿਨ ਪੁਰਖ ਅਬਿਨਾਸ਼ੀ ਚੌਥੀ ਲਾਂਵ ਪੂਰ ਕਿਸੇ ਨਾ ਕਰਾਈਆ । ਜੋ ਆਪਣਾ ਆਪ ਬੈਠੇ ਗਵਾ, ਸੋ ਗੁਰੂ ਗ੍ਰੰਥ ਦੀ ਕਰਨ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕੋ ਦਿਤਾ ਸੱਚਾ ਦਾਨ, ਗੁਰਮੁਖ ਵਿਰਲਾ ਕਰੇ ਪਰਵਾਨ, ਜਿਸ ਕੀਤਾ ਪਰਵਾਨ, ਤਿਸ ਮਿਲਿਆ ਭਗਵਾਨ, ਏਥੇ ਓਥੇ ਦੋ ਜਹਾਨ ਧਰਮ ਨਿਸ਼ਾਨ, ਪੰਜ ਤੱਤ ਨਜ਼ਰ ਕਿਸੇ ਨਾ ਆਈਆ । ਹਰਿ ਸੰਗਤ ਕਰੇ ਪਰਵਾਨ, ਭਰਮੇ ਭੁੱਲੀ ਸਰਬ ਲੋਕਾਈਆ ।

ਹਰਿ ਸੰਗਤ ਤੇਰਾ ਸਾਚਾ ਲੰਗਰ, ਵੀਹ ਸੌ ਵੀਹ ਬਿਕ੍ਰਮੀ ਮਿਲੇ ਵਡਿਆਈਆ । ਮਸਤੂਵਾਣਾ ਖ਼ਾਲੀ ਮੰਦਰ, ਸੰਮਤ ਸੋਲਾਂ ਲੇਖ ਚੁਕਾਈਆ । ਸਚ ਦੁਆਰ ਦਾ ਖੋਲ੍ਹਿਆ ਜੰਦਰ, ਵਸਤ ਇਕ ਵਖਾਈਆ । ਭਾਗ ਲੱਗੇ ਉਜਾੜ ਖੰਡਰ, ਸਾਚੀ ਜੂਹ ਮਿਲੇ ਵਡਿਆਈਆ । ਮੰਗ ਮੰਗ ਕੇ ਗਿਆ ਰਾਮ ਚੰਦਰ, ਬਾਲਮੀਕ ਧਿਆਨ ਲਗਾਈਆ । ਜਗਤ ਦੁਆਰ ਵੇਸਵਾ ਕੰਜਰ, ਸ੍ਰੀ ਭਗਵਾਨ ਦਇਆ ਕਮਾਈਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਧਾਰ ਜਣਾਈਆ। ਵੀਹ ਸੌ ਵੀਹ ਵੀਹ ਦਾ ਵੀਹ, ਵੀਹਵੀਂ ਸਦੀ ਜਣਾਈਆ। ਜੀਆਂ ਦਾ ਜੀ ਜੀਆ ਕਾ ਜੀ, ਜੀਵਣ ਜੁਗਤ ਜਣਾਈਆ। ਸੀਆਂ ਕਾ ਸੀਂ, ਸੀਂ ਸਾਢੇ ਤਿੰਨ ਹੱਥ ਵੰਡ ਵੰਡਾਈਆ। ਸਤਿ ਸਤਿਵਾਦੀ ਰਖਾਈ ਨੀਂਹ, ਜੜ ਭਗਤਾਂ ਆਪ ਲਗਾਈਆ। ਅੰਮ੍ਰਿਤ ਫਲ ਬੀਜਿਆ ਬੀ, ਪੱਤ ਡਾਲੀ ਆਪ ਮਹਿਕਾਈਆ। ਜੋ ਜਨ ਠੰਡਾ ਪਾਣੀ ਜਾਏ ਪੀ, ਤਿਸ ਅਠਸਠ ਸਰੋਵਰ ਤੁਲ ਨਾ ਰਾਈਆ। ਤਿਸ ਪੁਜ ਨਾ ਸਕੇ ਘਿਰਤ ਘੀ, ਪਵਨ ਹਵਨ ਸੁਗੰਧ ਨਾ ਕੋਇ ਵਡਿਆਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਦਇਆ ਕਮਾਈਆ। ਲੰਗਰ ਕਹੇ ਮੈਂ ਕਸ ਲੰਗੋਟਾ, ਆਪਣੀ ਸੇਵ ਕਮਾਈਆ। ਵੇਖ ਵਖਾਵਾਂ ਵੱਡਾ ਛੋਟਾ, ਬੁੱਢਾ ਨੱਢਾ ਪੜਦਾ ਲਾਹੀਆ। ਮੇਰਾ ਰਸ ਖਾ ਕੇ ਕੋਈ ਨਾ ਰਹੇ ਖੋਟਾ, ਜੋ ਖੋਟਾ ਸੋ ਖਰਾ ਰੂਪ ਵਟਾਈਆ। ਗੁਰਮੁਖ ਕੋਈ ਨਾ ਰਹੇ ਹੋਛਾ, ਹੋਛੀ ਮਤ ਨਾ ਕੋਇ ਜਣਾਈਆ। ਸਭ ਦੀ ਪੂਰੀ ਕਰਾਂ ਲੋਚਾ, ਆਸਾ ਤ੍ਰਿਸਨ ਮਿਟਾਈਆ। ਇਕੋ ਦੁਆਰਾ ਸਭ ਲਈ ਬਹੁਤਾ, ਚਾਰ ਵਰਨ ਸਰਨਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰ ਯੁਗ ਆਪਣੀ ਖੇਤੀ ਰਿਹਾ ਗੋਂਹਦਾ, ਕਲਜੁਗ ਅੰਤਮ ਇਕੋ ਵਾਰ ਬੋਹਲ ਦਏ ਲਗਾਈਆ। ਬੋਹਲ ਕਹੇ ਮੈਂ ਦਾਣਾ ਦਾਣਾ, ਇਕ ਇਕ ਸਮਝਾਈਆ। ਪ੍ਰਭ ਜੂ ਮਿਲਿਆ ਸੱਚਾ ਰਾਣਾ, ਜੋ ਆਪਣੇ ਤੱਕੜ ਰਿਹਾ ਪਾਈਆ। ਪਾ ਤੱਕੜ ਖੇਲ ਕਰੇ ਭਗਵਾਨਾ, ਸਾਚੀ ਸੇਵ ਸਮਝਾਈਆ। ਜਨ ਭਗਤਾਂ ਦਾ ਭਗਤੀ ਖਾਣਾ, ਅੰਤਰ ਰਸ ਇਕ ਵਖਾਈਆ। ਹੱਸ ਹੱਸ ਕੇ ਸੰਗ ਰਖਾਨਾ, ਨਾਤਾ ਛੁੱਟ ਕਦੇ ਨਾ ਜਾਈਆ। ਵਿਸ਼ਨੂੰ ਨਹੀਂ ਵਿਸ਼ਨੂੰ ਭਗਵਾਨਾ, ਜੋ ਵਿਸ਼ਨੂੰ ਹੁਕਮ ਮਨਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਭੰਡਾਰਾ ਇਕੋ ਇਕ ਉਪਾਈਆ। ਸਚ ਭੰਡਾਰ ਦੀ ਸਾਚੀ ਸਾਖੀ, ਸਾਖਿਆਤ ਸਮਝਾਇੰਦਾ। ਤ੍ਰੇਤਾ ਦੁਆਪਰ ਕਲਜੁਗ ਕਰ ਰਿਹਾ ਰਾਖੀ, ਸੋਹਣਾ ਧਾਮ ਵੇਖ ਵਖਾਇੰਦਾ। ਗੋਬਿੰਦ ਕਹਿ ਕੇ ਗਿਆ ਭਵਿਖਤ ਵਾਕੀ, ਜੋਜਨ ਜੋਜਨ ਵੰਡ ਵੰਡਾਇੰਦਾ। ਸ੍ਰੀ ਭਗਵਾਨ ਅੰਤਮ ਦੇਵੇ ਬਾਕੀ, ਲਹਿਣਾ ਆਪਣੇ ਹੱਥ ਰਖਾਇੰਦਾ। ਜਨ ਭਗਤ ਦੁਆਰਾ ਖੋਲ੍ਹ ਤਾਕੀ, ਤਾਕਤ ਭਗਤਾਂ ਹੱਥ ਫੜਾਇੰਦਾ। ਆਪੇ ਪਿਛੇ ਪਿਛੇ ਸਨੇਹੁੜਾ ਲੈ ਕੇ ਜਾਏ ਪਾਤੀ, ਪਤਰਕਾ ਘਰ ਘਰ ਆਪ ਪੁਚਾਇੰਦਾ। ਆਓ ਰਲ ਮਿਲ ਸਾਰੇ ਬਣ ਜਾਓ ਇਕੋ ਜ਼ਾਤੀ, ਪਿਛਲਾ ਝਗੜਾ ਸਰਬ ਮੁਕਾਇੰਦਾ। ਵੀਹ ਸੌ ਉਨੀ ਬਿਕ੍ਰਮੀ ਅਠਾਰਾਂ ਹਾੜ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦਾਲ ਰੋਟੀ ਰਲ ਕੇ ਖਾਧੀ, ਲੱਖ ਲੱਖ ਸ਼ੁਕਰ ਸਰਬ ਮਨਾਇੰਦਾ। ਸਾਰੇ ਕਹਿਣ ਪ੍ਰਭੂ ਜੇ ਇਕੋ ਮਾਂ ਇਕੋ ਬਖ਼ਸ਼ ਦੇਵੇਂ ਦਾਦੀ, ਪੁੱਤ ਪੋਤਰੇ ਵੰਡ ਨਾ ਕੋਇ ਵੰਡਾਇੰਦਾ। ਗ਼ਰੀਬ ਨਿਮਾਣਿਆਂ ਦੀ ਸਾਂਝੀ ਚੜ੍ਹੀ ਰਹੇ ਹਾਂਡੀ, ਵੱਡਾ ਛੋਟਾ ਨਜ਼ਰ ਕੋਈ ਨਾ ਆਇੰਦਾ। ਹਰਿ ਸੰਗਤ ਗੀਤ ਗੋਬਿੰਦ ਗਾਂਦੀ, ਗੋਬਿੰਦ ਗੀਤ ਸੰਗਤ ਅਲਾਇੰਦਾ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਾਰ ਆਪ ਕਮਾਇੰਦਾ। ਲੰਗਰ ਕਹੇ ਮੈਂ ਅੰਦਰ ਵੇਖਾਂ ਲੰਘ, ਆਪਣਾ ਬਲ ਧਰਾਈਆ। ਗੁਰਮੁਖ ਤੈਥੋਂ ਰਹੇ ਮੰਗ, ਮੈਂ ਗੁਰਮੁਖਾਂ ਅੱਗੇ ਝੋਲੀ ਡਾਹੀਆ। ਗੁਰਸਿਖੋ ਮੇਰਾ ਦਿਓ ਸੰਗ, ਬਿਨ ਹਰਿ ਸੰਗਤ ਮੇਰਾ ਨਾ ਕੋਈ ਸਹਾਈਆ। ਜਿਸ ਨੇ ਸੀਸ ਤਾਜ ਬਣਾਇਆ ਚੰਦ, ਮਾਝਾ ਮਾਲਵਾ ਦੁਆਬਾ ਜੰਮੂ ਜ਼ਾਮਨ ਵਿਚ ਰਖਾਈਆ। ਉਸ ਦੀ ਸੇਵਾ ਦੀ ਉਸਰੇ ਇਕੋ ਕੰਧ, ਜਿਸ ਅੰਦਰ ਚਾਰ ਵਰਨ ਬਹਿ ਬਹਿ ਖ਼ੁਸ਼ੀ ਮਨਾਈਆ। ਗ਼ਰੀਬ ਨਿਮਾਣਿਆਂ ਦੀ ਪ੍ਰਭ ਆਪਣੇ ਸਿਰ ਤੇ ਚੁੱਕੇ ਪੰਡ, ਦੁਖੀਆਂ ਆਪਣਾ ਦੁੱਖ ਨਾ ਕੋਇ

ਵਖਾਈਆ । ਇਕ ਦੂਜੇ ਨਾਲ ਮਿਲ ਮਿਲ ਦੇਈਏ ਗੰਢ, ਨਾ ਸਕੇ ਕੋਇ ਖੁਲ੍ਹਾਈਆ । ਇਕ ਇਕ ਇੱਟ ਗਾਵੇ ਸੋਹੰ ਛੰਦ, ਕਿਉਂ, ਗੁਰਮੁਖ
ਹੱਥ ਰਹੇ ਲਗਾਈਆ । ਅਗਨੀ ਤਪ ਕੇ ਆਇਆ ਫੇਰ ਅਨੰਦ, ਕਾਚੀ ਮਾਟੀ ਸੋਹਣੇ ਮੰਦਰ ਰਹੀ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ
ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਕਰਾਈਆ । ਲੰਗਰ ਕਹੇ ਮੈਂ ਨਹੀਂ ਮੰਗਤਾ, ਮੰਗਣ ਕਿਸੇ ਘਰ ਨਾ ਜਾਈਆ । ਇਹ ਵਿਹਾਰ ਸਾਚੀ
ਸੰਗਤਾ, ਜੋ ਯਾਰਾਂ ਸਾਲ ਪਹਿਲੇ ਦਿਤਾ ਸਮਝਾਈਆ । ਸ੍ਰੀ ਭਗਵਾਨ ਸਦਾ ਭੁੱਖਾ ਨੰਗਤਾ, ਗੁਰਮੁਖ ਬੇਪਰਵਾਹ ਰੂਪ ਵਖਾਈਆ । ਜੋਤੀ ਜੋਤ
ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖ ਰਿਹਾ ਬਣਾਈਆ । ਸਿੱਖ ਕਹੇ ਮੈਂ ਨਾ ਜਾਣਾਂ, ਹਰਿ ਕੀ ਕੀ ਖੇਲ ਰਚਾਇਆ । ਅੰਦਰ
ਵੜ ਕੇ ਦੇਵੇ ਗਿਆਨਾ, ਆਪਣਾ ਆਪ ਸਮਝਾਇਆ । ਜੋ ਮੰਗਿਆ ਦੇਵੇ ਸੋ ਨਹੀਂ ਦਾਨਾ, ਸੋ ਦਾਨ ਜੋ ਨਿਰਇੱਛਤ ਸੇਵ ਕਮਾਇਆ । ਦਾਨ
ਨਹੀਂ ਇਹ ਧਰਮ ਨਿਸ਼ਾਨਾ, ਧਰਮ ਦੁਆਰਾ ਇਕ ਬਣਾਇਆ । ਵੇਖ ਖੇਲ ਸ੍ਰੀ ਭਗਵਾਨ ਹੋਏ ਹੈਰਾਨਾ, ਗੁਰਮੁਖਾਂ ਵੱਡਾ ਰਾਹ ਚਲਾਇਆ । ਆਪਣੀ
ਇਛਿਆ ਕਰ ਬਲਵਾਨਾ, ਭਿਛਿਆ ਪ੍ਰਭ ਨੂੰ ਰਹੇ ਪਾਇਆ । ਪ੍ਰਭੂ ਕਹੇ ਮੈਂ ਅਵਾਣਾ, ਗੁਰਮੁਖ ਵੱਡੇ ਵਡ ਵਡਿਆਇਆ । ਸਚਖੰਡ ਦਾ ਸਚ
ਵਿਧਾਨਾ, ਬਿਨ ਵਿਦਿਆ ਆਪ ਉਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਸਾਚੇ
ਦਇਆ ਕਮਾਇਆ । ਦਇਆ ਕਮਾਵਣਹਾਰ ਪ੍ਰਭ, ਹਰਿ ਜੂ ਆਪ ਅਖਵਾਈਆ । ਸੰਤ ਸੁਹੇਲੇ ਸਾਚੇ ਲੱਭ, ਸਾਚੀ ਸਿੱਖ ਸਮਝਾਈਆ । ਆਪਣੀ
ਆਪਣੇ ਅੰਦਰ ਰੱਖੋ ਹੱਦ, ਬਾਹਰ ਨਜ਼ਰ ਕੋਇ ਨਾ ਆਈਆ । ਚਾਰ ਦੁਆਰੀ ਅੰਦਰ ਹੋਣਾ ਅੱਡ, ਜਗਤ ਵੰਡ ਵੰਡਾਈਆ । ਵੇਲੇ ਅੰਤ ਸ੍ਰੀ
੯੧੪ ਭਗਵੰਤ ਪਿਛੇ ਕਿਸੇ ਨਾ ਦੇਵੇ ਛੱਡ, ਜੋ ਜਨ ਸਾਚੀ ਸੇਵ ਕਮਾਈਆ । ਸੇਵਾ ਨਹੀਂ ਇਹ ਨਿਚੋੜ ਮਾਸ ਨਾੜੀ ਹੱਡ, ਗ਼ਰੀਬ ਨਿਮਾਣੇ ਆਪਣਾ ੯੧੪
੧੪ ਆਪ ਭੇਟ ਚੜ੍ਹਾਈਆ । ਚਾਹੇ ਮਾਰ ਚਾਹੇ ਛੱਡ, ਪ੍ਰਭੂ ਇਕ ਤੇਰੀ ਸਰਨਾਈਆ । ਤੂੰ ਸਾਹਿਬ ਅਸੀਂ ਤੇਰੀ ਯੱਦ, ਬੰਸ ਸਰਬੰਸ ਅਖਵਾਈਆ । ੧੪
ਪੁਰਖ ਅਬਿਨਾਸ਼ੀ ਅੱਗੋ ਹੱਸ, ਖ਼ੁਸ਼ੀ ਖ਼ੁਸ਼ੀ ਨਾਲ ਜਣਾਈਆ । ਮੈਂ ਤੁਹਾਡਾ ਗਾਵਾਂ ਜਸ, ਸਿਫ਼ਤਾਂ ਨਾਲ ਸਿਫ਼ਤ ਸਾਲਾਹੀਆ । ਚਾਰ ਵਰਨ ਕਦੇ
ਨਾ ਹੋਣਾ ਅੱਡ, ਅੱਡਰੀ ਧਾਰ ਨਾ ਕੋਇ ਵਖਾਈਆ । ਮਾਝਾ ਮਾਲਵਾ ਦੁਆਬਾ ਜੰਮੂ ਨਹੀਂ ਰਿਹਾ ਸੱਦ, ਇਨ੍ਹਾਂ ਸਦਕਾ ਸਾਰੇ ਲਏ ਮਿਲਾਈਆ ।
ਇਕੋ ਘਰ ਕਰੇ ਇਕੱਠ, ਏਕਾ ਰਾਹ ਜਣਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਗਲਾ ਲੇਖਾ ਭੇਵ ਅਭੇਦ ਖੋਲ੍ਹ ਕੇ ਦੇਵੇ ਦੱਸ, ਸਤਾਰਾਂ
ਹਾੜ ਭੁੱਲ ਕੋਈ ਰਹੇ ਨਾ ਰਾਈਆ । ਆਇਆਂ ਦੀ ਪੂਰੀ ਕਰੇ ਆਸ, ਪਿਛੇ ਰਿਹਾਂ ਦਾ ਹੋਵੇ ਆਪ ਸਹਾਈਆ । ਗੁਰਸਿਖ ਕੋਈ ਨਾ ਹੋਏ ਨਿਰਾਸ,
ਜਿਸ ਦਿਤੀ ਆਪ ਸਰਨਾਈਆ । ਸੰਗਤ ਪੰਗਤ ਲਿਖਿਆ ਲੇਖ ਖਾਸ, ਇਕੀ ਚੌਵੀ ਵੰਡ ਵੰਡਾਈਆ । ਅੱਗੇ ਸਦਾ ਰਹੇ ਪ੍ਰਭ ਸਾਥ, ਸਗਲਾ
ਸੰਗ ਨਿਭਾਈਆ । ਜਨ ਭਗਤੋ ਤੁਹਾਡੀ ਵਸਤ ਤੁਹਾਡੇ ਪਾਸ, ਪ੍ਰਭ ਸੇਵਕ ਰੂਪ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ
ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਸੇਵਾ ਪਰਮਾਤਮ ਲੇਖੇ ਲਾਈਆ ।

## ★ ੨ ਹਾੜ ੨੦੨੦ ਬਿਕ੍ਰਮੀ ਦਰਬਾਰ ਵਿਚ ਜੇਠੂਵਾਲ ★

ਹਰਿ ਭੰਡਾਰ ਗੁਰਮੁਖ ਭੋਜਨ, ਅਤੋਟ ਅਤੁਟ ਜਣਾਇੰਦਾ । ਗੁਰ ਅਵਤਾਰ ਵੇਖਣ ਮੌਜਣ, ਪਾਰਬ੍ਰਹਮ ਪ੍ਰਭ ਆਪਣੀ ਦਇਆ ਕਮਾਇੰਦਾ । ਜਿਸ ਦਾ ਅੰਤ ਆਇਆ ਹੁਣ ਕੋਟਨ ਜੋਜਨ, ਸੋ ਸਾਹਿਬ ਆਪਣੀ ਕਾਰ ਕਮਾਇੰਦਾ । ਇਥੇ ਓਥੇ ਦੋ ਜਹਾਨ ਕਿਸੇ ਵਿਚ ਨਾ ਆਏ ਸੋਚਣ, ਸੋਚ ਸਮਝ ਨਾ ਕੋਇ ਵਡਿਆਇੰਦਾ । ਜਿਸ ਬ੍ਰਹਮਾ ਸ਼ਿਵ ਵਿਸ਼ਨ ਭੁਲਾਈ ਹੋਸ਼ਨ, ਭੈ ਭਉ ਆਪਣਾ ਇਕ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਧਾਰ ਆਪ ਉਪਾਇੰਦਾ । ਭੋਜਨ ਭਗਤ ਭਗਵਾਨ ਭੰਡਾਰ, ਅਨਦ੍ਰਿਸ਼ਟ ਸ੍ਰਿਸ਼ਟ ਜਣਾਈਆ । ਸੇਵਕ ਸੇਵਕ ਸੇਵਕ ਨਿਰੰਕਾਰ, ਨਿਰਗੁਣ ਨਿਰਗੁਣ ਨਿਰਗੁਣ ਸੇਵ ਕਮਾਈਆ । ਸਰਗੁਣ ਸਰਗੁਣ ਦੇਵਣਹਾਰ ਜੁਗ ਚਾਰ, ਚਾਰ ਚਾਰ ਵੰਡ ਵੰਡਾਈਆ । ਨੇਤ ਨੇਤ ਵੇਖਣਹਾਰ ਸਿਰਜਣਹਾਰ, ਸਾਹਿਬ ਸਤਿਗੁਰ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਾਰ ਆਪ ਕਮਾਈਆ । ਹਰਿ ਭੰਡਾਰ ਭਗਤ ਧਰਵਾਸ, ਸ੍ਰੀ ਭਗਵਾਨ ਦਇਆ ਕਮਾਇੰਦਾ । ਜਨਮ ਕਰਮ ਪੂਰਬ ਪੂਰੀ ਕਰੇ ਆਸ, ਆਸਾ ਆਸਾ ਨਾਲ ਮਿਲਾਇੰਦਾ । ਜਨਮ ਅਜਨਮ ਦੋਵੇਂ ਕਰੇ ਰਾਸ, ਵਰਨ ਅਵਰਨ ਮੇਟ ਮਿਟਾਇੰਦਾ । ਸਦਾ ਸੁਹੇਲਾ ਇਕ ਇਕੱਲਾ ਵਸੇ ਪਾਸ, ਗ੍ਰਿਹਿ ਮੰਦਰ ਅੰਦਰ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਕਰਦਾ ਆਇਆ, ਬੇਪਰਵਾਹ ਵੱਡੀ ਵਡਿਆਈਆ । ਜੁਗ ਚੌਕੜੀ ਰਾਹ ਚਲਾਇਆ, ਰਹਿਬਰ ਇਕੋ ਇਕ ਅਖਵਾਈਆ । ਸ੍ਰਿਸ਼ਟ ਸਬਾਈ ਭੇਵ ਚੁਕਾਇਆ, ਭੇਦ ਆਪਣਾ ਇਕ ਸਮਝਾਈਆ । ਅਛਲ ਅਛੇਦ ਪਰਦਾ ਲਾਹਿਆ, ਮੁਖ ਨਕਾਬ ਨਾ ਕੋਇ ਰਖਾਈਆ । ਪੁੰਨ ਸਵਾਬ ਵੇਖਣ ਆਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਵੇਸ ਆਪ ਵਟਾਈਆ । ਭਗਤ ਭੰਡਾਰ ਸਤਿਗੁਰ ਹੱਥ, ਦੇਵਣਹਾਰ ਸਦਾ ਰਘੁਰਾਈਆ । ਜੁਗ ਚੌਕੜੀ ਮਾਰਗ ਦੱਸ, ਨਿਰਗੁਣ ਸਰਗੁਣ ਕਰੇ ਪੜ੍ਹਾਈਆ । ਅੰਤਰ ਅੰਤਰ ਪੂਰੀ ਆਸ, ਆਸਾ ਤ੍ਰਿਸਨਾ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦ ਰੁਸ਼ਨਾਈਆ । ਸਚ ਭੰਡਾਰ ਭਗਤ ਜਨ ਦਾਤ, ਦਾਤਾ ਆਪਣੀ ਦਇਆ ਕਮਾਇੰਦਾ । ਵਸਤ ਅਮੋਲਕ ਦੇਵੇ ਆਪ, ਆਪ ਆਪਣਾ ਮੇਲ ਮਿਲਾਇੰਦਾ । ਗ੍ਰਿਹਿ ਮੰਦਰ ਵੜ ਕੇ ਪੁਛੇ ਵਾਤ, ਦੁੱਖ ਦਰਦ ਦਰਦ ਦੁੱਖ ਏਕਾ ਵੰਡ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਕਰੇ ਏਕ, ਏਕੰਕਾਰ ਵੱਡੀ ਵਡਿਆਈਆ । ਖੋਲ੍ਹਣਹਾਰਾ ਆਪਣਾ ਭੇਤ, ਭੇਵ ਦਏ ਜਣਾਈਆ । ਸੰਤ ਸੁਹੇਲੇ ਕਰੇ ਹੇਤ, ਹਿਤਕਾਰੀ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਹਾਰਾ ਸੱਚ, ਭੰਡਾਰ ਇਕ ਰਖਾਈਆ । ਸਚ ਭੰਡਾਰ ਨਾਮ ਅਤੁਲ, ਹਰਿ ਕਰਤਾ ਆਪਣੇ ਹੱਥ ਰਖਾਇੰਦਾ । ਜੁਗ ਚੌਕੜੀ ਕੋਈ ਨਾ ਲਾਏ ਮੁੱਲ, ਮੁਫ਼ਤ ਆਪਣੀ ਸੇਵ ਕਮਾਇੰਦਾ । ਸੰਤ ਸੁਹੇਲੇ ਗੁਰਮੁਖ ਚੁਣ, ਹਰਿਜਨ ਸਾਚੇ ਰੰਗ ਰੰਗਾਇੰਦਾ । ਸਚ ਜਣਾਏ ਆਪਣਾ ਗੁਣ, ਅਵਗੁਣ ਕੂੜਾ ਮੇਟ ਮਿਟਾਇੰਦਾ । ਰਾਗ ਸੁਣਾਏ ਇਕੋ ਧੁਨ, ਧੁਨ ਆਤਮਕ ਰਾਗ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਖੇਲ ਆਪ ਵਖਾਇੰਦਾ । ਸਾਚਾ ਖੇਲ ਕਰੇ ਪ੍ਰਭ ਮੀਤ, ਪਾਰਬ੍ਰਹਮ ਵੱਡੀ ਵਡਿਆਈਆ । ਨਿਰਗੁਣ

੯੧੫
੧੪

ਹੋ ਕੇ ਵਸੇ ਚੀਤ, ਸਰਗੁਣ ਸੰਗ ਨਿਭਾਈਆ । ਦੇਵਣਹਾਰਾ ਇਕ ਪ੍ਰੀਤ, ਪ੍ਰੀਤੀ ਇਕੋ ਇਕ ਸਮਝਾਈਆ । ਜਗਤ ਭੰਡਾਰੀ ਮੰਗੇ ਭੀਖ, ਵਿਸ਼ਨੂੰ ਆਪਣੀ ਝੋਲੀ ਡਾਹੀਆ । ਤੇਰਾ ਨਾਉਂ ਸੁਣ ਅਤੀਤ, ਮੇਰਾ ਅੰਤਰ ਰਿਹਾ ਤਰਸਾਈਆ । ਕਵਣ ਵੇਲਾ ਸੁਣਾਂ ਸਾਚਾ ਗੀਤ, ਜੋ ਗੁਰਮੁਖ ਸੱਜਣ ਰਹੇ ਗਾਈਆ । ਸਚ ਨਿਸ਼ਾਨਾ ਦੱਸਿਆ ਠੀਕ, ਆਤਮ ਪਰਮਾਤਮ ਮੇਲ ਮਿਲਾਈਆ । ਪਾਰਬ੍ਰਹਮ ਬ੍ਰਹਮ ਬੰਨ੍ਹੇ ਪ੍ਰੀਤ, ਪ੍ਰੀਤਮ ਆਪਣਾ ਰੰਗ ਵਖਾਈਆ । ਮਾਣਸ ਜਨਮ ਜਗ ਜਾਏ ਜੀਤ, ਜੋ ਸੋਹੰ ਢੋਲਾ ਗਾਈਆ । ਸਚ ਭੰਡਾਰਾ ਮਿਲੇ ਠੀਕ, ਕਾਇਆ ਠੀਕਰ ਭੰਨ ਵਖਾਈਆ । ਇਕੋ ਰੰਗ ਹਸਤ ਕੀਟ, ਊਚ ਨੀਚ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਵਸਤ ਆਪ ਵਰਤਾਈਆ । ਨਾਮ ਭੰਡਾਰਾ ਵਸਤ ਅਤੁਲ, ਜਗਤ ਤਰਾਜ਼ੂ ਤੋਲ ਨਾ ਕੋਇ ਤੁਲਾਈਆ । ਹਰਿ ਕਰਤਾ ਕੀਮਤ ਪਾਏ ਆਪੇ ਮੁੱਲ, ਦਰ ਘਰ ਸਾਚੇ ਵੇਖ ਵਖਾਈਆ । ਗੁਰਮੁਖ ਗੁਰਸਿਖ ਆਪ ਉਪਜਾਏ ਆਪਣੀ ਕੁਲ, ਕੁਲਵੰਤਾ ਬੇਪਰਵਾਹੀਆ । ਜੁਗ ਚੌਕੜੀ ਪਾਏ ਮੁੱਲ, ਲੈਣਾ ਦੇਣਾ ਆਪ ਮੁਕਾਈਆ । ਸਚ ਦੁਆਰਾ ਰਿਹਾ ਖੁੱਲ, ਖ਼ਾਲਕ ਖ਼ਲਕ ਦਏ ਸਮਝਾਈਆ । ਚਾਰ ਵਰਨ ਦੀ ਇਕੋ ਚੁਲ੍ਹ, ਭੰਡਾਰਾ ਇਕੋ ਨਜ਼ਰੀ ਆਈਆ । ਜੋ ਸ੍ਰੀ ਭਗਵਾਨ ਜਾਏ ਭੁੱਲ, ਤਿਨ੍ਹਾਂ ਦੂਈ ਦਵੈਤ ਰਹੀ ਸਤਾਈਆ । ਜੋ ਜਨ ਉਪਜੇ ਬ੍ਰਹਮ ਕੁਲ, ਪਾਰਬ੍ਰਹਮ ਮੇਲ ਮਿਲਾਈਆ । ਹਰਿਜਨ ਬੂਟਾ ਜਾਏ ਨਾ ਹੁਲ, ਪੱਤ ਡਾਲੀ ਫੁੱਲ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵਣਹਾਰਾ ਸਾਚਾ ਦਾਨ, ਸਚ ਭੰਡਾਰਾ ਏਕੰਕਾਰਾ ਭਗਤ ਪਿਆਰਾ ਆਪਣੀ ਪ੍ਰੀਤ ਝੋਲੀ ਪਾਈਆ ।





ਉਹ ਲੰਗਰ ਸਾਧ ਸੰਤ ਦਾ, ਇਹ ਖੇਲ ਸ੍ਰੀ ਭਗਵੰਤ ਦਾ । ਓਥੇ ਮੇਲਾ ਜੀਵ ਜੰਤ ਦਾ, ਇਥੇ ਰੰਗ ਆਤਮ ਪਰਮਾਤਮ ਨਾਰ ਕੰਤ ਦਾ । ਓਥੇ ਗੜ੍ਹ ਹਉਮੇਂ ਹੰਗਤ ਦਾ, ਇਥੇ ਘਰ ਚਾਰ ਵਰਨ ਪੰਗਤ ਦਾ । ਓਥੇ ਦਰ ਕੂੜ ਗਿਆਨੀ ਪੰਡਤ ਦਾ, ਇਥੇ ਵਰ ਬ੍ਰਹਮ ਗਿਆਨੀ ਅਖੰਡਤ ਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਸਭ ਦੇ ਅੰਤ ਦਾ ।

★ ੫ ਹਾੜ ੨੦੨੦ ਬਿਕ੍ਰਮੀ ਸੁਰੈਣ ਸਿੰਘ, ਦਲੀਪ ਸਿੰਘ, ਤੇਜਾ ਸਿੰਘ, ਸਵਰਨ ਸਿੰਘ ਜੰਡਿਆਲਾ ਦੇ ਨਵਿਤ
ਹਰਿ ਭਗਤ ਦੁਆਰ ਜੇਠੂਵਾਲ ★

ਬੀਸ ਕਹੇ ਮੈਂ ਨਿਰਗੁਣ ਸਰਗੁਣ ਸਿਫ਼ਰ, ਸਫ਼ਾ ਜ਼ਾਤ ਹਸਤੀ ਨਜ਼ਰ ਕਿਸੇ ਨਾ ਆਈਆ । ਆਦਿ ਆਦਿ ਕਰਦਾ ਰਿਹਾ ਫ਼ਿਕਰ, ਫ਼ਿਕਰਾ ਆਪਣਾ ਨਾਮ ਜਣਾਈਆ । ਜੁਗ ਚੌਕੜੀ ਕਰਦਾ ਰਿਹਾ ਜ਼ਿਕਰ, ਭੇਵ ਅਭੇਦ ਖੁਲ੍ਹਾਈਆ । ਨਿਤ ਨਵਿਤ ਨਿਰਗੁਣ ਸਰਗੁਣ ਰਿਹਾ ਨਿਤਰ, ਜ਼ੀਰੋ ਰੂਪ ਦਏ ਵਡਿਆਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਖੇਲ ਕਰਦਾ ਰਿਹਾ ਵਿਛੜ, ਵਿਛੋੜਾ ਆਪਣਾ ਆਪੇ ਪਾਈਆ । ਵਰਨ ਬਰਨ ਜ਼ਾਤ ਪਾਤ ਦੀਨ ਮਜ਼੍ਹਬ ਵਿਚ ਬਣਿਆ ਰਿਹਾ ਭਿਟੜ, ਸਤਿ ਅਸਤਿ ਵੰਡ ਵੰਡਾਈਆ । ਲੁਕ ਲੁਕ ਖੇਲ ਕਰਦਾ ਰਿਹਾ ਅਨਡਿਠੜ, ਨਿਰਵੈਰ ਆਪਣੀ

ਕਾਰ ਕਮਾਈਆ । ਗੁਰ ਅਵਤਾਰਾਂ ਬਣਦਾ ਰਿਹਾ ਮਿੱਤਰ, ਮੀਤ ਮੁਰਾਰਾ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚੜ੍ਹ ਕੇ ਬੈਠਾ ਚੋਟੀ ਸਿਖਰ, ਸਾਚੀ ਸਿਖਿਆ ਇਕ ਦ੍ਰਿੜਾਈਆ । ਬੀਸ ਕਹੇ ਨਿਰਗੁਣ ਸਰਗੁਣ ਮੇਰੀ ਦਲੀਲ, ਭੇਵ ਆਪਣਾ ਆਪ ਛੁਪਾਇਆ । ਆਦਿ ਜੁਗਾਦੀ ਬਣਿਆ ਰਿਹਾ ਛੈਲ ਛਬੀਲ, ਰੂਪ ਰੰਗ ਰੇਖ ਨਾ ਕਿਸੇ ਸਮਝਾਇਆ । ਵਸਦਾ ਰਿਹਾ ਉਪਰ ਧਾਰੋਂ ਨੀਲ, ਨਿਰਮਲ ਦੀਆ ਜੋਤ ਡਗਮਗਾਇਆ । ਜੁਗ ਚੌਕੜੀ ਰੱਖਿਆ ਨਾ ਕੋਇ ਵਕੀਲ, ਸਚ ਵਕਾਲਤ ਆਪ ਕਮਾਇਆ । ਨਿਤ ਨਵਿਤ ਕਰੀ ਨਾ ਕੋਇ ਅਪੀਲ, ਆਪਣਾ ਹਾਲ ਨਾ ਕਿਸੇ ਸੁਣਾਇਆ । ਬੈਠਾ ਰਿਹਾ ਬਣ ਕੇ ਆਪ ਅਸੀਲ, ਸਤਿ ਸਰੂਪੀ ਡੇਰਾ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਸਮਝਾਇਆ । ਬੀਸ ਕਹੇ ਨਿਰਗੁਣ ਸਰਗੁਣ ਮੋਹ, ਮੁਹੱਬਤ ਇਕੋ ਇਕ ਰਖਾਈਆ । ਆਦਿ ਆਦਿ ਪਰਗਟ ਹੋ, ਜੋਤ ਜੋਤ ਜੋਤ ਰੁਸ਼ਨਾਈਆ । ਮਹੱਲ ਅਟੱਲ ਏਕਾ ਸੁਹਾਏ ਸੋ, ਸੋ ਸਾਹਿਬ ਬੇਪਰਵਾਹੀਆ । ਨਿਰਗੁਣ ਨਿਰਾਕਾਰ ਨਿਰੰਕਾਰ ਹੋ ਨਿਰਮੋਹ, ਜੁਗ ਚੌਕੜੀ ਆਪਣੀ ਧਾਰ ਚਲਾਈਆ । ਸਰਗੁਣ ਸੰਗੀ ਹੋ ਕੇ ਜਾਏ ਛੋਹ, ਸ਼ਹਿਨਸ਼ਾਹ ਆਪਣਾ ਅੰਗ ਲਗਾਈਆ । ਦੁਰਮਤ ਮੈਲ ਦੇਵੇ ਧੋ, ਧੋਵਣਹਾਰ ਇਕ ਅਖਵਾਈਆ । ਕਰ ਪਰਕਾਸ਼ ਸਾਚੀ ਲੋ, ਅੰਧ ਅੰਧੇਰ ਦਏ ਗਵਾਈਆ । ਲੱਖ ਚੁਰਾਸੀ ਕਾਇਆ ਮੰਦਰ ਲਏ ਟੋਹ, ਘਟ ਘਟ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਜਣਾਈਆ । ਬੀਸ ਕਹੇ ਮੈਂ ਏਕਾ ਰੂਪ, ਅਨੂਪ ਦਏ ਵਡਿਆਈਆ । ਆਦਿ ਜੁਗਾਦੀ ਮੇਰਾ ਭੂਪ, ਸ਼ਹਿਨਸ਼ਾਹ ਬੇਪਰਵਾਹੀਆ । ਸਤਿ ਸਤਿਵਾਦੀ ਸਤਿ ਸਰੂਪ, ਸਤਿ ਪੁਰਖ ਨਿਰੰਜਣ ਨਾਉਂ ਪਰਗਟਾਈਆ । ਹੁਕਮ ਸੰਦੇਸਾ ਧਾਰ ਅਗੰਮੀ ਚਾਰ ਕੂਟ, ਰਾਗ ਨਾਦ ਹਰ ਘਟ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਰਿਹਾ ਜਣਾਈਆ । ਦੂਆ ਕਹੇ ਸੁਣ ਸਿਫ਼ਰੇ ਮੀਤ, ਸੱਜਣ ਸਚ ਦਿਆਂ ਦ੍ਰਿੜਾਈਆ । ਮੈਂ ਨਿਰਗੁਣ ਸਰਗੁਣ ਹੋ ਚਲਾਈ ਤੇਰੀ ਰੀਤ, ਤੇਰਾ ਰਾਹ ਵਖਾਈਆ । ਸੇਵਕ ਬਣ ਕੇ ਗਾਇਆ ਗੀਤ, ਨਾਮ ਨਿਧਾਨ ਪਰਗਟਾਈਆ । ਰਾਹ ਚਲਾਇਆ ਮੰਦਰ ਮਸੀਤ, ਸ਼ਿਵਦਵਾਲੇ ਮੱਠ ਸੁਹਾਈਆ । ਮਾਣ ਰਖਾਇਆ ਹਸਤ ਕੀਟ, ਊਚ ਨੀਚ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਰਿਹਾ ਜਣਾਈਆ । ਸਿਫ਼ਰਾ ਕਹੇ ਸੁਣ ਨਿਰਗੁਣ ਸਰਗੁਣ ਸੱਜਣ, ਸਚ ਸਾਚੀ ਦਿਆਂ ਜਣਾਈਆ । ਮੇਰੇ ਅੰਦਰ ਵੜੀਂ ਆਪਣਾ ਪਰਦਾ ਕੱਜਣ, ਬਾਹਰ ਸਹਾਈ ਨਜ਼ਰ ਕੋਇ ਨਾ ਆਈਆ । ਆਦਿ ਜੁਗਾਦਿ ਜੁਗ ਚੌਕੜੀ ਮੇਰੇ ਅੰਦਰ ਬਹਿ ਕੇ ਸਜਣ, ਘਰ ਸਾਚੇ ਡੇਰਾ ਲਾਈਆ । ਨਿਤ ਨਵਿਤ ਰਹੇ ਲਗਨ, ਮੂਰਤ ਅਕਾਲ ਰੂਪ ਵਟਾਈਆ । ਤੱਤ ਸਰੀਰ ਕੋਇ ਨਾ ਬਦਨ, ਖ਼ਾਕ ਮਾਟੀ ਨਾ ਕੋਇ ਰਖਾਈਆ । ਹਵਾ ਪਾਣੀ ਨਾ ਕੋਇ ਅਗਨ, ਸੁਗੰਧ ਰੂਪ ਨਾ ਕੋਇ ਜਣਾਈਆ । ਨਾਦ ਤਾਲ ਨਾ ਕੋਇ ਵੱਜਣ, ਰਾਗ ਨਾਦ ਨਾ ਕੋਇ ਸੁਣਾਈਆ । ਨਿਰਗੁਣ ਸਰਗੁਣ ਹੋ ਕੇ ਕਰ ਕੇ ਆਵੇਂ ਆਪਣਾ ਹੱਜਨ, ਬਣ ਹਾਜੀ ਫੇਰਾ ਪਾਈਆ । ਅੰਤ ਕੋਇ ਨਾ ਰੱਖੇ ਤੇਰੀ ਲੱਜਨ, ਮੁੜ ਮੇਰੇ ਘਰ ਨੂੰ ਆਈਆ । ਸਿਫ਼ਰਾ ਕਹੇ ਮੈਂ ਆਦਿ ਜੁਗਾਦਿ ਸਭ ਦਾ ਪੜਦਾ ਕੱਜਨ, ਮੇਰਾ ਅੰਕ ਨਾ ਕੋਇ ਬਣਾਈਆ । ਇਕ ਨੌਂ ਮੈਨੂੰ ਸੱਦਣ, ਉਚੀ ਕੂਕ ਕੂਕ ਅਲਾਈਆ । ਆ ਮੀਤ ਸਾਚੇ ਸੱਜਣ, ਤੁਧ ਬਿਨ ਸਾਡੀ ਸਾਰ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਰਿਹਾ

ਸਮਝਾਈਆ । ਨਿਰਗੁਣ ਸਰਗੁਣ ਕਹੇ ਸੁਣ ਸਿਫ਼ਰ ਸੁਣ ਸਿਫ਼ਰ ਸੁਲਤਾਨ, ਸਾਚੀ ਸਚ ਦਿਆਂ ਦ੍ਰਿੜਾਈਆ । ਸਰਗੁਣ ਬਿਨਾਂ ਕੌਣ ਝੁਲਾਏ ਤੇਰਾ ਨਿਸ਼ਾਨ, ਕਵਣ ਦੇਵੇ ਵਡਿਆਈਆ । ਕਵਣ ਗਾਏ ਤੇਰਾ ਗਾਨ, ਕਵਣ ਰਾਗ ਅਲਾਈਆ । ਕਵਣ ਸੁਹਾਏ ਮਕਾਨ, ਕਵਣ ਆਸਣ ਵਖਾਈਆ । ਕਵਣ ਮੰਗੇ ਦੇਵੇ ਦਾਨ, ਕਵਣ ਝੋਲੀ ਰਿਹਾ ਭਰਾਈਆ । ਕਵਣ ਧਰੇ ਧਿਆਨ, ਕਵਣ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਸਰਗੁਣ ਰੂਪ ਵਟਾਈਆ । ਸਿਫ਼ਰਾ ਕਹੇ ਨਿਰਗੁਣ ਸਰਗੁਣ ਤੇਰਾ ਭੁਲੇਖਾ, ਭਰਮ ਆਪਣਾ ਦਏ ਕਢਾਈਆ । ਅੰਤਮ ਕਿਸੇ ਦਾ ਕੋਈ ਨਾ ਰਹੇ ਲੇਖਾ, ਦੋ ਜਹਾਨ ਰੰਗ ਨਜ਼ਰ ਕੋਇ ਨਾ ਆਈਆ । ਨਿਰਗੁਣ ਸਰਗੁਣ ਖੇਲ ਖੇਡਾ, ਖਲਾੜੀ ਆਪਣੀ ਕਾਰ ਕਮਾਈਆ । ਆਪਣਾ ਮਾਰਗ ਆਪੇ ਵੇਖਾ, ਵੇਖਣਹਾਰ ਆਪ ਹੋ ਜਾਈਆ । ਅੰਤਮ ਮੇਰੇ ਅੰਦਰ ਵੜ ਕੇ ਸਭ ਦਾ ਮੁੱਕੇ ਲੇਖਾ, ਨਿਰਗੁਣ ਪਿਛਲਾ ਸਰਬ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਰਿਹਾ ਸਮਝਾਈਆ । ਨਿਰਗੁਣ ਸਰਗੁਣ ਕਹੇ ਸਿਫ਼ਰ ਸੁਲਤਾਨ, ਤੇਰੇ ਅੱਗੇ ਇਕ ਅਰਜ਼ੋਈਆ । ਸਾਚਾ ਭੇਵ ਦੱਸ ਮਹਾਨ, ਅਨਭਵ ਆਪਣਾ ਭੇਵ ਚੁਕਾਈਆ । ਕਵਣ ਖੇਲ ਕਰੇ ਪਰਧਾਨ, ਪਰਧਾਨਗੀ ਆਪਣੇ ਹੱਥ ਰਖਾਈਆ । ਉਚੀ ਕੂਕ ਕਹੇ ਮਿਹਰਵਾਨ, ਸਾਚਾ ਸੋਹਲਾ ਨਾਮ ਜਣਾਈਆ । ਜੁਗ ਚੌਕੜੀ ਖੇਲੇ ਵਿਚ ਜਹਾਨ, ਨਿਰਗੁਣ ਸਰਗੁਣ ਰੂਪ ਵਟਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਦੇਵੇ ਦਾਨ, ਦਾਤਾ ਦਾਨੀ ਆਪ ਹੋ ਜਾਈਆ । ਅੰਤ ਨਿਰਗੁਣ ਸਰਗੁਣ ਦੋਹਾਂ ਦਾ ਮਿਟੇ ਨਿਸ਼ਾਨ, ਤੱਤ ਨਜ਼ਰ ਕੋਇ ਨਾ ਆਈਆ । ਬਿਨ ਸਰਗੁਣ ਕੋਈ ਨਾ ਦੇਵੇ ਜਾ ਗਿਆਨ, ਸਾਚੀ ਸਿਖਿਆ ਨਾ ਕੋਇ ਪੜ੍ਹਾਈਆ । ਇਕੋ ਵਾਰ ਹੋਵਾਂ ਆਪ ਮਿਹਰਵਾਨ, ਮਿਹਰ ਆਪਣੀ ਆਪ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਰਿਹਾ ਜਣਾਈਆ । ਨਿਰਗੁਣ ਸਰਗੁਣ ਕਹੇ ਪ੍ਰਭ ਖੇਲ ਦੱਸ, ਨਰ ਹਰਿ ਕੀ ਤੇਰੀ ਵਡਿਆਈਆ । ਸਿਫ਼ਰ ਧਾਰ ਕਿਵ ਰਿਹਾ ਵਸ, ਰੂਪ ਰੰਗ ਨਜ਼ਰ ਕੋਇ ਨਾ ਆਈਆ । ਕਵਣ ਬਿਧ ਦੇਵੇਂ ਰਸ, ਰਸ ਅੰਮ੍ਰਿਤ ਆਪ ਚੁਆਈਆ । ਕਵਣ ਖੇਲ ਕਰੇਂ ਹੱਸ ਹੱਸ, ਆਪ ਆਪਣਾ ਪੜਦਾ ਲਾਹੀਆ । ਕਵਣ ਪੰਧ ਮੁਕਾਏਂ ਨੱਸ ਨੱਸ, ਬਣ ਪਾਂਧੀ ਫੇਰਾ ਪਾਈਆ । ਕਵਣ ਰਾਗ ਗਾਏਂ ਜਸ, ਕਵਣ ਸਿਫ਼ਤ ਆਪਣੀ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਣਾ ਇਕ ਵਰ, ਦਰ ਤੇਰੇ ਮੰਗ ਮੰਗਾਈਆ । ਨਿਰਗੁਣ ਸਰਗੁਣ ਸੁਣੋ ਹਰਿ ਨਾਦ, ਅਨਾਦੀ ਆਪ ਜਣਾਇੰਦਾ । ਸਿਫ਼ਰਾ ਖੇਲ ਆਦਿ ਜੁਗਾਦਿ, ਜੁਗ ਚੌਕੜੀ ਧਾਰ ਬੰਨ੍ਹਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਲਾਏ ਸ਼ਾਖ਼, ਕਲੀ ਕਲੀ ਮਾਤ ਮਹਿਕਾਇੰਦਾ । ਨਵ ਨੌਂ ਚਾਰ ਵੇਖ ਵਾਟ, ਪਾਂਧੀ ਪਿਛਲਾ ਪੰਧ ਮੁਕਾਇੰਦਾ । ਨਿਰਗੁਣ ਸਰਗੁਣ ਖੇਲ ਤਮਾਸ਼, ਗੁਰ ਅਵਤਾਰ ਨਾਚ ਨਚਾਇੰਦਾ । ਪੀਰ ਪੈਗ਼ੰਬਰਾਂ ਦੇ ਸਾਥ, ਸਚ ਮਲੰਘ ਰੂਪ ਵਟਾਇੰਦਾ । ਅੰਤਮ ਸਰਗੁਣ ਨਿਰਗੁਣ ਉਤਾਰੇ ਆਪਣੇ ਘਾਟ, ਪੱਤਣ ਇਕੋ ਇਕ ਜਣਾਈਆ । ਨੇੜੇ ਰੱਖੇ ਆਪਣੀ ਵਾਟ, ਸਚ ਸੰਦੇਸਾ ਦਏ ਜਣਾਈਆ । ਅੰਤਮ ਗੁਰ ਮੰਗੇ ਦਾਤ, ਆਪਣੀ ਝੋਲੀ ਅੱਗੇ ਡਾਹੀਆ । ਜ਼ੀਰੋ ਰੂਪ ਕਮਲਾਪਾਤ, ਸਿਫ਼ਰਾ ਆਪਣਾ ਘਰ ਸੁਹਾਈਆ । ਜਿਸ ਰਚਨਾ ਰਚੀ ਆਦਿ, ਸੋ ਅੰਤ ਵੇਖ ਵਖਾਈਆ । ਖੇਲਣਹਾਰਾ ਖੇਲ ਤਮਾਸ਼, ਖ਼ਾਲਕ ਖ਼ਲਕ ਨਾਚ ਨਚਾਈਆ । ਭੇਵ ਅਭੇਦਾ ਆਪਣਾ ਖੋਲ੍ਹੇ ਰਾਜ਼, ਰਾਜਕ ਰਹੀਮ ਵਡ ਵਡਿਆਈਆ । ਨਿਰਵੈਰ ਹੋ ਰਚਾਏ

੯੧੮
੧੪

ਕਾਜ, ਕਰਤਾ ਆਪਣੀ ਦਇਆ ਕਮਾਈਆ । ਨਿਰਗੁਣ ਸਰਗੁਣ ਹੋਇਆ ਰਿਹਾ ਮੁਹਤਾਜ, ਬਿਨ ਸਰਗੁਣ ਨਿਰਗੁਣ ਕੰਮ ਕਿਸੇ ਨਾ ਆਈਆ । ਲੋਕਮਾਤ ਨਾਮ ਸਤਿ ਦੇ ਆਵਾਜ਼, ਅੰਤਮ ਆਪਣਾ ਮੁਖ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਜਣਾਈਆ । ਨਿਰਗੁਣ ਸਰਗੁਣ ਸੁਣ ਸਿਫ਼ਰਾ ਕਾਜ, ਹਰਿ ਕਰਤਾ ਆਪ ਜਣਾਇੰਦਾ । ਜੁਗ ਚੌਕੜੀ ਚਲਾਏ ਜਹਾਜ਼, ਧੁਰ ਫ਼ਰਮਾਨਾ ਹੁਕਮ ਸੁਣਾਇੰਦਾ । ਲੱਖ ਚੁਰਾਸੀ ਮਾਰ ਆਵਾਜ਼, ਸੋਈ ਸੁਰਤੀ ਆਪ ਉਠਾਇੰਦਾ । ਨਿਰਗੁਣ ਸਰਗੁਣ ਦੇ ਦੇ ਦਾਜ, ਸਾਚੀ ਵਸਤ ਨਾਮ ਗਠੜੀ ਸੀਸ ਚੁਕਾਇੰਦਾ । ਅੰਤਮ ਖੇਲ ਕਰੇ ਪੁਰਖ ਅਬਿਨਾਸ਼, ਅਬਿਨਾਸ਼ੀ ਆਪਣੀ ਕਾਰ ਕਮਾਇੰਦਾ । ਨਿਰਗੁਣ ਸਰਗੁਣ ਪੂਰੀ ਕਰੇ ਆਸ, ਸਰਗੁਣ ਸ਼ੇਰ ਸਿੰਘ ਨਾਉਂ ਧਰਾਇੰਦਾ । ਅੰਤਮ ਸ਼ੇਰ ਸਿੰਘ ਹੋਇਆ ਨਾਸ, ਸਿਫ਼ਰਾ ਆਪਣਾ ਆਪ ਵਖਾਇੰਦਾ । ਨਜ਼ਰ ਨਾ ਆਏ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਖੋਜ ਨਾ ਕੋਇ ਖੁਜਾਇੰਦਾ । ਆਪੇ ਜਾਣੇ ਆਪਣੀ ਆਸ, ਆਸਾ ਆਪਣੇ ਘਰ ਰਖਾਇੰਦਾ । ਨਿਰਗੁਣ ਨੂਰ ਜ਼ਹੂਰ ਕਰ ਪਰਕਾਸ਼, ਪਰਕਾਸ਼ਤ ਆਪਣਾ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੂਏ ਨਾਲ ਸਿਫ਼ਰ ਮਿਲਾਇੰਦਾ । ਦੂਏ ਨਾਲ ਸਿਫ਼ਰਾ ਮਿਲ, ਮਿਲਣੀ ਹਰਿ ਕਰਾਈਆ । ਪੰਜ ਤੱਤ ਨਾ ਕੋਈ ਦਿਲ, ਦਲੀਲ ਵਿਚ ਨਾ ਕੋਇ ਰਖਾਈਆ । ਬਜਰ ਕਪਾਟ ਨਾ ਕੋਈ ਸਿਲ, ਨਵ ਦਰ ਨਾ ਰਾਹ ਤਕਾਈਆ । ਪੂਜਾ ਪਾਠ ਨਾ ਕੋਈ ਛਿਲ, ਧੂਣੀ ਅਗਨ ਨਾ ਕੋਇ ਤਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸਿਫ਼ਰਾ ਕਹੇ ਮੇਰਾ ਮਜ਼ਮੂਨ, ਮੁਜ਼ੱਕਰ ਮਅਨਸ ਦੋਵੇਂ ਨਾ ਸਕੇ ਬਣਾਈਆ । ਨਿਰਗੁਣ ਸਰਗੁਣ ਮੰਨਦੇ ਰਹੇ ਮੇਰਾ ਕਾਨੂੰਨ, ਆਪਣਾ ਕਾਨੂੰਨ ਮੈਨੂੰ ਨਾ ਸਕੇ ਸਮਝਾਈਆ । ਦਰ ਦਰਵੇਸ਼ ਬਣਦੇ ਰਹੇ ਮਮਨੂਨ, ਮੁਸ਼ਕਲ ਆਪਣੀ ਹੱਲ ਕਰਾਈਆ । ਮੰਨਦੇ ਰਹੇ ਕੰਤ ਕੰਤੂਹਲ, ਨਰ ਹਰਿ ਨਰਾਇਣ ਇਕ ਅਖਵਾਈਆ । ਸਰਗੁਣ ਹੋ ਕੇ ਚੜ੍ਹਦੇ ਰਹੇ ਸੂਲੀ ਸੂਲ, ਤਨ ਖ਼ਾਕੀ ਦਰਦ ਵੰਡਾਈਆ । ਮੇਰਾ ਇਕੋ ਨਾਮ ਇਕੋ ਸ਼ਬਦ ਇਕੋ ਹੁਕਮ ਮਾਅਕੂਲ, ਨਾ ਕੋਈ ਮੇਟੇ ਮੇਟ ਮਿਟਾਈਆ । ਨਿਰਗੁਣ ਸਰਗੁਣ ਥਾਪਿਆ ਅਸੂਲ, ਅਸਲੀਯਤ ਥੋੜੀ ਥੋੜੀ ਸਮਝਾਈਆ । ਦਰਗਹਿ ਸਾਚੀ ਸਭ ਦੇ ਨੰਬਰ ਲੈਂਦਾ ਰਿਹਾ ਰੋਲ, ਰੂਲ ਆਪਣਾ ਇਕ ਬੰਧਾਈਆ । ਚਾਰ ਯੁਗ ਜੋ ਆ ਕੇ ਗਏ ਭੂਲ, ਭੁਲਿਆਂ ਰਿਹਾ ਜਗਾਈਆ । ਨਿਰਗੁਣ ਸਰਗੁਣ ਦੋਹਾਂ ਨੂੰ ਦੇਣਾ ਪਏ ਮਸੂਲ, ਮਸਲਾ ਆਪਣਾ ਰਿਹਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸਿਫ਼ਰਾ ਖੇਲ ਕਰਾਈਆ । ਸਿਫ਼ਰਾ ਕਹੇ ਮੈਂ ਧਾਰ ਸ਼ੇਰ, ਸਿੰਘ ਨਜ਼ਰ ਕਿਸੇ ਨਾ ਆਈਆ । ਲੋਕਮਾਤ ਵੇਸ ਪਹਿਲੀ ਵੇਰ, ਵੇਰਵੇ ਨਾਲ ਆਪ ਸਮਝਾਈਆ । ਚਾਰ ਯੁਗ ਹੱਕ ਹਕੀਕਤ ਕੋਈ ਨਾ ਸਕਿਆ ਨਬੇੜ, ਫ਼ੈਸਲਾ ਮੇਰੇ ਉਤੇ ਰਖਾਈਆ । ਕੋਈ ਛੱਡ ਕੇ ਗਿਆ ਨਦੇੜ, ਆਪ ਆਪਣਾ ਝੋਲੀ ਪਾਈਆ । ਕੋਈ ਮੰਗਦਾ ਗਿਆ ਮਿਹਰ, ਦੋਏ ਜੋੜ ਸਰਨਾਈਆ । ਕੋਈ ਚਰਨੀ ਹੋਇਆ ਢਹਿ ਢਹਿ ਢੇਰ, ਧੂੜੀ ਟਿੱਕਾ ਮਸਤਕ ਲਾਈਆ । ਕੋਈ ਕੱਟਦਾ ਗਿਆ ਗੇੜ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਮਾਤ ਹੰਡਾਈਆ । ਕੋਈ ਬਣਦਾ ਗਿਆ ਦਲੇਰ, ਹੋਕਾ ਹੱਕ ਹੱਕ ਜਣਾਈਆ । ਕੋਈ ਕਰਦਾ ਗਿਆ ਨਖੇੜ, ਸ੍ਰੀ ਭਗਵਾਨ ਧਾਰ ਸਮਝਾਈਆ । ਕੋਈ ਬੰਨ੍ਹਦਾ ਗਿਆ ਬੇੜ, ਚੱਪੂ ਇਕੋ ਨਾਮ ਜਣਾਈਆ । ਕੋਈ ਕਰਦਾ ਰਿਹਾ ਦੇਰ, ਦੂਰ ਦੁਰਾਡਾ ਆਪਣਾ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ

ਲੇਖਾ ਰਿਹਾ ਸਮਝਾਈਆ । ਆਪਣਾ ਲੇਖਾ ਦੱਸਾਂ ਕੀ, ਕਰਨੀ ਸਮਝ ਕਿਸੇ ਨਾ ਆਈਆ । ਆਦਿ ਜੁਗਾਦਿ ਜੁਗ ਚੌਕੜੀ ਮੇਰੇ ਸਹਾਰੇ ਰਿਹਾ ਜੀ, ਜੀਵਣ ਜੁਗਤ ਜਗਤ ਮਿਲੀ ਵਡਿਆਈਆ । ਨਾਉਂ ਨਿਧਾਨ ਗੁਰ ਅਵਤਾਰ ਬੀਜ ਕੇ ਗਏ ਬੀ, ਫਲ ਲੋਕਮਾਤ ਹੱਥ ਕਿਸੇ ਨਾ ਆਈਆ । ਆਦਿ ਪੁਰਖ ਅਪਰੰਪਰ ਸਵਾਮੀ ਜਿਸ ਰਖਾਈ ਨੀਂਹ, ਸੋ ਅੰਤਮ ਮਹੱਲ ਦਏ ਸਹਾਈਆ । ਮਿਹਰਵਾਨ ਕਿਰਪਾਨਿਧ ਆਪੇ ਜਾਏ ਥੀ, ਮਿਹਰ ਨਜ਼ਰ ਇਕ ਉਠਾਈਆ । ਲੇਖਾ ਜਾਣੇ ਅਗਨ ਪਵਣ ਹਵਨ ਘਿਰਤ ਘੀ, ਸੁਗੰਧੀ ਆਪਣੀ ਨਾਲ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਦਏ ਸਮਝਾਈਆ । ਨਿਰਗੁਣ ਸਰਗੁਣ ਸਿਫ਼ਰਾ ਸਿਫ਼ਤ, ਸਾਹਿਬ ਸਹੀ ਸਲਾਮਤ ਸੁਲ੍ਹਾਕੁਲ ਆਪ ਜਣਾਇੰਦਾ । ਲਾ ਮਹਿਦੂਦ ਹੱਕ ਮਹਿਬੂਬ ਸਚ ਅਰੂਜ ਹੋ ਗ੍ਰਿਫ਼ਤ, ਗ੍ਰਿਫ਼ਤਾਰੀ ਆਪਣੀ ਆਪ ਕਰਾਇੰਦਾ । ਚਾਰ ਯੁਗ ਦੀ ਲਿਖੀ ਪੂਰੀ ਕਰੇ ਲਿਖਤ, ਲਖ਼ਤੇ ਜਿਗਰ ਗੋਬਿੰਦ ਵੇਖ ਵਖਾਇੰਦਾ । ਵਾਕ ਇਤਫ਼ਾਕ ਭਵਿਖਤ, ਇਤ ਆਦਿ ਪੂਰ ਕਰਾਇੰਦਾ । ਵੇਖਣਹਾਰਾ ਦੋਜ਼ਖ਼ ਬਹਿਸ਼ਤ, ਨਰਕ ਸਵਰਗ ਖੋਜ ਖੁਜਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜਿਨ੍ਹਾਂ ਲਾਇਆ ਆਪਣਾ ਇਸ਼ਕ, ਆਸ਼ਕ ਮਾਅਸ਼ੂਕ ਗੰਢ ਪੁਆਇੰਦਾ । ਸਿਫ਼ਰਾ ਹੋ ਕੇ ਨਾ ਜਾਏ ਤਿਲਕ, ਕਿਉਂ, ਆਪਣਾ ਰੂਪ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਧਾਰ ਹਰਿ ਕਰਤਾਰ ਕਰ ਪਿਆਰ ਗੋਬਿੰਦ ਦੁਲਾਰ ਵਿਚ ਸੰਸਾਰ ਪੰਚਮ ਹਾੜ ਵਦੀ ਸੁਦੀ ਨਾਲ ਨਾ ਕੋਇ ਰਲਾਇੰਦਾ ।



★ ੬ ਹਾੜ ੨੦੨੦ ਬਿਕ੍ਰਮੀ ਸ਼ਿਵ ਸਿੰਘ, ਬੁੱਢਾ ਸਿੰਘ, ਇੰਦਰ ਸਿੰਘ, ਬੁੰਡਾਲਾ ਦੇ ਨਵਿਤ ਹਰਿ ਭਗਤ ਦੁਆਰ ਜੇਠੂਵਾਲ ★

੧੪ ਨਿਰਗੁਣ ਸਰਗੁਣ ਕਹੇ ਖੇਲ ਬਲਵਾਨ, ਬਲਧਾਰੀ ਆਪ ਕਰਾਇੰਦਾ । ਜੁਗ ਚੌਕੜੀ ਹੋ ਪਰਧਾਨ, ਸਚ ਪਰਧਾਨਗੀ ਆਪ ਕਮਾਇੰਦਾ । ਦੋ ਜਹਾਨਾਂ ਧਰਮ ਨਿਸ਼ਾਨ, ਨਿਰਗੁਣ ਸਰਗੁਣ ਆਪ ਵਖਾਇੰਦਾ । ਸਾਚਾ ਨਾਮ ਕਰ ਪਰਵਾਨ, ਪਰਵਾਨਾ ਆਪਣਾ ਨਾਮ ਸਮਝਾਇੰਦਾ । ਸ਼ਬਦੀ ਦੇਵਣਹਾਰ ਗਿਆਨ, ਨਾਦ ਅਨਾਦ ਧੁਨ ਵਜਾਇੰਦਾ । ਵਸਣਹਾਰ ਸਚ ਮਕਾਨ, ਮਕਾਮ ਇਕੋ ਇਕ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਸਰਗੁਣ ਸੰਗ ਰਖਾਇੰਦਾ । ਨਿਰਗੁਣ ਸਰਗੁਣ ਧੁਰ ਦੀ ਧਾਰ, ਸਿਫ਼ਰਾ ਸਚ ਸਚ ਸਮਝਾਈਆ । ਸਿਫ਼ਤੀ ਸਿਫ਼ਤ ਸਿਫ਼ਤ ਅਪਾਰ, ਗਾਵਤ ਗਾ ਗਾ ਸ਼ੁਕਰ ਮਨਾਈਆ । ਰਹਿਬਰ ਬਣ ਬਣ ਵਿਚ ਸੰਸਾਰ, ਸਾਬਰ ਸਿਖਿਆ ਗਏ ਸਮਝਾਈਆ । ਕਾਦਰ ਕਰਤਾ ਖੇਲ ਨਿਆਰ, ਨਰ ਹਰਿ ਨਰਾਇਣ ਆਪ ਕਰਾਈਆ । ਵਸਣਹਾਰਾ ਸਭ ਤੋਂ ਬਾਹਰ, ਸਾਚੀ ਕਰਨੀ ਆਪ ਕਮਾਈਆ । ਹਰਿ ਕਰਨੀ ਅੰਤ ਨਾ ਪਾਰਾਵਾਰ, ਬੇਅੰਤ ਬੇਅੰਤ ਜਣਾਈਆ । ਬੇਅੰਤ ਹੋ ਕਰਤਾਰ, ਰੂਪ ਰੰਗ ਰੇਖ ਨਾ ਕੋਇ ਰਖਾਈਆ । ਰੂਪ ਰੰਗ ਤੋਂ ਵਸਿਆ ਬਾਹਰ, ਨੂਰ ਜ਼ਹੂਰ ਇਕ ਰੁਸ਼ਨਾਈਆ । ਨੂਰ ਜ਼ਹੂਰ ਏਕਾ ਧਾਰ, ਨੇਤਰ ਨਜ਼ਰ ਕਿਸੇ ਨਾ ਆਈਆ । ਨਿਰਗੁਣ ਸਰਗੁਣ ਆਪਣੇ ਵਿਚੋਂ ਕਰ ਉਜਿਆਰ, ਅੰਤ ਆਪਣੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਸਿਫ਼ਰਾ ਰਿਹਾ ਵਡਿਆਈਆ । ਸਿਫ਼ਰਾ ਕਹੇ ਮੇਰਾ ਖੇਲ ਅਪਾਰਾ, ਨਜ਼ਰ ਕਿਸੇ ਨਾ ਆਈਆ । ਇਕ ਨੌਂ ਲੈ ਸਹਾਰਾ, ਸਦ ਆਪਣਾ ਸੰਗ ਰਖਾਈਆ । ਦਰ ਦਰਵੇਸ਼ ਮੰਗਦੇ ਰਹਿਣ ਭਿਖਾਰਾ,

ਖ਼ਾਲੀ ਝੋਲੀ ਅੱਗੇ ਡਾਹੀਆ । ਕਵਣ ਵੇਲਾ ਪ੍ਰਭ ਕਰੇ ਪਿਆਰਾ, ਪ੍ਰੀਤੀ ਸਾਚੇ ਨਾਲ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਦਏ ਸਮਝਾਈਆ । ਨਿਰਗੁਣ ਸਰਗੁਣ ਖੇਲ ਦੋ, ਨਿਰਾਕਾਰ ਸਾਕਾਰ ਵੱਡੀ ਵਡਿਆਈਆ । ਜੋਤੀ ਜੋਤ ਪਰਕਾਸ਼ਤ ਲੋ, ਪਰਕਾਸ਼ਵਾਨ ਆਪ ਉਪਾਈਆ । ਸਤਿ ਸਰੂਪ ਧੁਰਦਰਗਾਹੀ ਸੋ, ਸਾਹਿਬ ਸੁਲਤਾਨ ਵੱਡੀ ਵਡਿਆਈਆ । ਪੁਰਖ ਅਕਾਲ ਆਪਣੇ ਜਿਹਾ ਆਪੇ ਹੋ, ਆਪ ਆਪਣੀ ਕਲ ਰਖਾਈਆ । ਸਰਗੁਣ ਬੰਧਾਏ ਸਾਚਾ ਮੋਹ, ਨਿਰਗੁਣ ਮੇਲਾ ਮੇਲ ਮਿਲਾਈਆ । ਸਰਗੁਣ ਨਿਰਗੁਣ ਢੋਆ ਦੇਵੇ ਢੋ, ਤਤਵ ਤਤ ਕਰ ਕੁੜਮਾਈਆ । ਅੰਤਮ ਲੇਖਾ ਰਹੇ ਨਾ ਕੋ, ਸਰਗੁਣ ਨਿਰਗੁਣ ਨਜ਼ਰ ਕੋਇ ਨਾ ਆਈਆ । ਜੋ ਆਵਤ ਸੋ ਜਾਵਤ ਰੋ, ਨੇਤਰ ਨੈਣਾਂ ਨੀਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਆਪ ਵਰਤਾਈਆ । ਸਿਫ਼ਰਾ ਕਹੇ ਮੇਰਾ ਖੇਲ ਅਨੋਖਾ, ਆਕਲ ਅਕਲ ਵਿਚ ਨਾ ਕੋਇ ਲਿਆਈਆ । ਸਚਖੰਡ ਨਾ ਮੇਰਾ ਕੋਠਾ, ਥਿਰ ਘਰ ਨਾ ਕੋਇ ਸੁਹਾਈਆ । ਨਿਰਗੁਣ ਨੂਰ ਨਾ ਮੇਰੀ ਜੋਤਾ, ਜੋਤੀ ਜੋਤ ਨਾ ਕੋਇ ਰੁਸ਼ਨਾਈਆ । ਨਾਦ ਧੁਨ ਨਾ ਮੇਰਾ ਹੋਕਾ, ਰਾਗ ਅਨਰਾਗ ਨਾ ਕੋਇ ਅਲਾਈਆ । ਦਰ ਦੁਆਰ ਨਾ ਕੋਈ ਓਟਾ, ਹਿਰਸ ਹਵਸ ਨਾ ਕੋਇ ਰਖਾਈਆ । ਆਦਿ ਜੁਗਾਦਿ ਇਕੋ ਹੋਤਾ, ਬਿਨ ਏਕੇ ਰੂਪ ਵਖਾਈਆ । ਸਿਫ਼ਰਾ ਰੂਪ ਸਰਬ ਮੈਂ ਸੋਤਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਜਣਾਈਆ । ਸਿਫ਼ਰਾ ਕਹੇ ਸਚ ਸੰਦੇਸ, ਸਤਿ ਸਤਿ ਜਣਾਈਆ । ਸਿਫ਼ਰਿਉਂ ਬਣੇ ਏਕਾ ਏਕ, ਏਕੰਕਾਰ ਬੇਪਰਵਾਹੀਆ । ਏਕੰਕਾਰ ਅਗੰਮੀ ਟੇਕ, ਸ਼ਾਹ ਪਾਤਸ਼ਾਹ ਆਪ ਸਮਝਾਈਆ । ਏਕਾ ਲਿਖੇ ਆਪਣਾ ਲੇਖ, ਲੇਖਾ ਲਿਖਤ ਸਮਝ ਸਕੇ ਨਾ ਕੋਇ ਰਾਈਆ । ਨਿਰਵੈਰ ਹੋ ਕੇ ਧਾਰੇ ਭੇਖ, ਅਨਭਵ ਪਰਕਾਸ਼, ਕਰਾਈਆ । ਸਰਗੁਣ ਬਖ਼ਸ਼ੇ ਸਾਚੀ ਟੇਕ, ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਆਪ ਵਡਿਆਈਆ । ਸਰਗੁਣ ਕਹੇ ਮੈਂ ਏਕਾ ਜ਼ਾਤ, ਦੂਆ ਨਾਉਂ ਜਗਤ ਵਡਿਆਈਆ । ਏਕਾ ਕਹੇ ਮੈਂ ਪੁਰਖ ਸਮਰਾਥ, ਦੂਜੀ ਕੁਦਰਤ ਨਾਲ ਰਲਾਈਆ । ਕੁਦਰਤ ਕਹੇ ਮੇਰਾ ਰਘੁਨਾਥ, ਰਹਿਬਰ ਨਜ਼ਰ ਕਿਸੇ ਨਾ ਆਈਆ । ਰਹਿਬਰ ਕਹੇ ਮੇਰਾ ਸਗਲਾ ਸਾਥ, ਸਾਚਾ ਸੰਗ ਨਿਭਾਈਆ । ਸਰਗੁਣ ਕਹੇ ਮੇਰੀ ਨਿਰਗੁਣ ਗਾਥ, ਨਿਰਗੁਣ ਕਹੇ ਮੇਰੀ ਸਰਗੁਣ ਸਚ ਪੜ੍ਹਾਈਆ । ਸਿਫ਼ਰਾ ਕਹੇ ਮੈਂ ਦੇਵਾਂ ਦਾਤ, ਵਸਤ ਅਮੋਲਕ ਆਪ ਵਰਤਾਈਆ । ਸਰਗੁਣ ਕਹੇ ਮੈਂ ਗਾਵਾਂ ਗਾਥ, ਢੋਲਾ ਰਾਗ ਅਲਾਈਆ । ਨਿਰਗੁਣ ਕਹੇ ਮੈਂ ਬੰਧਾਂ ਨਾਤ, ਨਾਤਾ ਆਪਣੇ ਨਾਲ ਜੁੜਾਈਆ । ਸਿਫ਼ਰਾ ਕਹੇ ਮੈਂ ਪੂਰੀ ਕਰਾਂ ਆਸ, ਆਸਾ ਆਸਾ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਚ ਵਡਿਆਈਆ । ਨਿਰਗੁਣ ਸਰਗੁਣ ਦੋਵੇਂ ਰਹੇ ਪੁਛ, ਸਿਫ਼ਰੇ ਕੀ ਤੇਰੀ ਵਡਿਆਈਆ । ਤੇਰੇ ਕੋਲ ਨਹੀਂ ਕੁਛ, ਵਸਤ ਨਜ਼ਰ ਕੋਇ ਨਾ ਆਈਆ । ਤੇਰੇ ਅੰਤਰ ਅਸੀਂ ਰਹੇ ਲੁਕ, ਪਰਦਾ ਇਕੋ ਓਢਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਸਚ ਸਚ ਸਮਝਾਈਆ । ਸਿਫ਼ਰਾ ਕਹੇ ਮੇਰਾ ਨਿਰਗੁਣ ਰੂਪ, ਸਿਫ਼ਰਿਉਂ ਏਕਾ ਰੂਪ ਵਟਾਇੰਦਾ । ਏਕਾ ਕਹੇ ਮੇਰਾ ਸਰਗੁਣ ਸੂਤ, ਤਾਣਾ ਪੇਟਾ ਇਕ ਵਖਾਇੰਦਾ । ਨਾਤਾ ਜੋੜ ਪੰਜ ਤੱਤ ਕਲਬੂਤ, ਕਾਇਆ ਕੱਪੜ ਡੇਰਾ ਲਾਇੰਦਾ । ਨਾਉਂ ਪਰਗਟਾ ਪੰਜ ਭੂਤ, ਭੇਵ ਅਭੇਦ ਆਪ ਛੁਪਾਇੰਦਾ । ਲੱਖ ਚੁਰਾਸੀ ਚਾਰ ਕੂਟ, ਦਹਿ ਦਿਸ਼ਾ ਵੰਡ ਵੰਡਾਇੰਦਾ । ਨਾਤਾ ਜੋੜ

੯੨੧
੧੪

ਜੂਠ ਝੂਠ, ਕੂੜੀ ਕਿਰਿਆ ਗੰਢ ਪੁਆਇੰਦਾ । ਨਿਰਗੁਣ ਸਰਗੁਣ ਹੋ ਕੇ ਦੇਵਾਂ ਸਚ ਸਬੂਤ, ਰੂਪ ਅਨੂਪ ਇਕ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਰਗੁਣ ਸਰਗੁਣ ਮੰਗ ਮੰਗਾਇੰਦਾ । ਨਿਰਗੁਣ ਸਰਗੁਣ ਦੱਸੇ ਆਪ, ਆਪਣਾ ਭੇਵ ਚੁਕਾਈਆ । ਨਾ ਕੋਈ ਮਾਈ ਨਾ ਕੋਈ ਬਾਪ, ਪਿਤਾ ਪੂਤ ਨਾ ਗੋਦ ਸੁਹਾਈਆ । ਨਾ ਕੋਈ ਸੱਜਣ ਨਾ ਕੋਈ ਸਾਕ, ਬੰਧਪ ਨਜ਼ਰ ਕੋਇ ਨਾ ਆਈਆ । ਨਾ ਕੋਈ ਮਜ਼੍ਹਬ ਨਾ ਕੋਈ ਜ਼ਾਤ, ਦੀਨ ਸ਼ਰਅ ਨਾ ਕੋਇ ਵਖਾਈਆ । ਨਾ ਕੋਈ ਪੱਤਣ ਨਾ ਕੋਈ ਘਾਟ, ਕਿਨਾਰਾ ਨਜ਼ਰ ਨਾ ਕੋਇ ਟਿਕਾਈਆ । ਨਾ ਕੋਈ ਪਾਂਧੀ ਨਾ ਕੋਈ ਵਾਟ, ਨਾ ਕੋਈ ਪੈਂਡਾ ਰਿਹਾ ਮੁਕਾਈਆ । ਨਾ ਕੋਈ ਦਿਵਸ ਨਾ ਕੋਈ ਰਾਤ, ਸੂਰਜ ਚੰਦ ਨਾ ਕੋਇ ਚਮਕਾਈਆ । ਨਾ ਕੋਈ ਪੂਜਾ ਨਾ ਕੋਈ ਪਾਠ, ਨਾ ਕੋਈ ਸਿਫ਼ਤ ਕਰੇ ਪੜ੍ਹਾਈਆ । ਨਾ ਕੋਈ ਤੀਰਥ ਨਾ ਕੋਈ ਤਾਟ, ਸਰ ਸਰੋਵਰ ਨਾ ਕੋਇ ਨਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਦਏ ਜਣਾਈਆ । ਸਿਫ਼ਰਾ ਕਹੇ ਮੇਰਾ ਖੇਲ ਅਪਾਰਾ, ਸਚ ਸਚ ਸਚ ਵਡਿਆਈਆ । ਸਿਫ਼ਰਿਉਂ ਹੋਇਆ ਨਿਰਗੁਣ ਧਾਰਾ, ਨਿਰਗੁਣ ਏਕ ਏਕ ਅਖਵਾਈਆ । ਇਕ ਏਕ ਦਾ ਕਰ ਪਸਾਰਾ, ਪਸਰ ਪਸਾਰੀ ਵੇਸ ਵਟਾਈਆ । ਲੱਖ ਚੁਰਾਸੀ ਲਾ ਅਖਾੜਾ, ਗੋਪੀ ਕਾਹਨ ਨਚਾਈਆ । ਚਾਰ ਯੁਗ ਦਾ ਜਗਤ ਵਿਹਾਰਾ, ਗੁਰ ਅਵਤਾਰ ਵੰਡ ਵੰਡਾਈਆ । ਪੀਰ ਪੈਗ਼ੰਬਰ ਦੇ ਸਹਾਰਾ, ਸਗਲਾ ਸੰਗ ਨਿਭਾਈਆ । ਰਾਗ ਨਾਦ ਬੋਲ ਜੈਕਾਰਾ, ਸ਼ਬਦੀ ਸ਼ਬਦ ਸ਼ਬਦ ਸ਼ਨਵਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਖਿਆ ਵਾਰੋ ਵਾਰਾ, ਨਿਰਗੁਣ ਸਰਗੁਣ ਨਾਉਂ ਪਰਗਟਾਈਆ । ਕਾਗਦ ਕਲਮ ਸ਼ਾਹੀ ਲੇਖਾ ਲਿਖ ਲਿਖ ਦਿਤਾ ਸੰਸਾਰਾ, ਮਹਾਂਸਾਰਥੀ ਫੇਰਾ ਪਾਈਆ । ਪੰਜ ਤੱਤ ਵਡਿਆਈ ਗੁਰ ਅਵਤਾਰਾ, ਬਿਨ ਤੱਤ ਗੁਰ ਧਾਰ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਰਿਹਾ ਸਮਝਾਈਆ । ਸਿਫ਼ਰਾ ਨਿਰਗੁਣ ਹੋਇਆ ਆਪ, ਆਪਣੀ ਦਇਆ ਕਮਾਈਆ । ਨਿਰਗੁਣ ਹੋ ਕੇ ਸਰਗੁਣ ਥਾਪਣ ਥਾਪ, ਰੀਤੀ ਜਗਤ ਚਲਾਈਆ । ਜਗਤ ਰੀਤੀ ਅਜਪਾ ਜਾਪ, ਆਤਮ ਪਰਮਾਤਮ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪੜਦਾ ਰਿਹਾ ਉਠਾਈਆ । ਨਿਰਗੁਣ ਤੋਂ ਸਰਗੁਣ ਹੋਇਆ, ਲੋਕਮਾਤ ਵੱਜੀ ਵਧਾਈਆ । ਆਦਿ ਜੁਗਾਦੀ ਨਵਾਂ ਨਰੋਇਆ, ਗੁਰ ਸਤਿਗੁਰ ਫੇਰਾ ਪਾਈਆ । ਧੁਰਦਰਗਾਹੀ ਲੈ ਕੇ ਆਵੇ ਢੋਆ, ਹਰੀ ਹਰਿ ਨਾਮ ਕਰੇ ਪੜ੍ਹਾਈਆ । ਚੌਥਾ ਯੁਗ ਨਾ ਰਹੇ ਸੋਇਆ, ਸੁਰਤੀ ਸ਼ਬਦੀ ਖੇਲ ਖਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਫ਼ਰਾ ਆਪਣੀ ਦੱਸੇ ਸਚ ਵਡਿਆਈਆ । ਸਿਫ਼ਰਾ ਕਹੇ ਮੇਰੀ ਵਡਿਆਈ ਵਡ, ਵੱਢੀ ਖੋਰ ਭੇਵ ਕੋਇ ਨਾ ਆਈਆ । ਆਪਣੀ ਧਾਰ ਕਰ ਕੇ ਅੱਡ, ਨਿਰਗੁਣ ਨਿਰਾਕਾਰ ਨੂਰ ਰੁਸ਼ਨਾਈਆ । ਪੰਜ ਤੱਤ ਕਾਇਆ ਮਾਟੀ ਨਾਤਾ ਜੋੜ ਹੱਡ, ਰਤੀ ਰਤ ਆਪ ਮਹਿਕਾਈਆ । ਅੰਤਮ ਸਰਗੁਣ ਸੰਸਾਰ ਗਿਆ ਛੱਡ, ਨਿਰਗੁਣ ਸੰਗ ਨਿਭਾਈਆ । ਨਿਰਗੁਣ ਕਰ ਕੇ ਪਾਰ ਹੱਦ, ਘਰ ਸਾਚੇ ਡੇਰਾ ਲਾਈਆ । ਅੰਦਰ ਵੜ ਕੇ ਗਾਏ ਛੰਦ, ਸਾਚਾ ਰਾਗ ਅਲਾਈਆ । ਸਿਫ਼ਤ ਸਾਲਾਹੀ ਬੱਤੀ ਦੰਦ, ਬੇਪਰਵਾਹੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸਿਫ਼ਰਾ ਆਪ ਜਣਾਈਆ । ਸਾਚਾ ਸਿਫ਼ਰਾ ਦੱਸੇ ਹਾਲ, ਹਾਲਤ ਆਪਣੀ ਰਿਹਾ ਸਮਝਾਈਆ । ਬੀਸ ਬੀਸੇ ਖੇਲ ਮਹਾਨ, ਮਹਿਮਾ ਗਣਤ ਗਣੀ ਨਾ ਜਾਈਆ । ਨਿਰਗੁਣ ਸਰਗੁਣ ਏਕਾ

੯੨੨
੧੪

ਦੂਆ ਹੋਇਆ ਬੇਹਾਲ, ਸਿਫ਼ਰ ਸਿਫ਼ਰ ਸਿਫ਼ਰ ਆਪਣਾ ਅੰਕ ਬਣਾਈਆ । ਨਿਰਗੁਣ ਨਿਰਵੈਰ ਪੁਰਖ ਅਕਾਲ, ਸਰਗੁਣ ਸ਼ੇਰ ਸਿੰਘ ਨਾਉਂ ਰਖਾਈਆ । ਅੰਤ ਹੋ ਆਪ ਕਿਰਪਾਲ, ਆਪਣਾ ਖੇੜਾ ਆਪੇ ਢਾਹੀਆ । ਨਿਰਗੁਣ ਸਰਗੁਣ ਦੋਹਾਂ ਮਿਟਿਆ ਨਿਸ਼ਾਨ, ਨਿਸ਼ਾਨਾ ਨਜ਼ਰ ਕੋਇ ਨਾ ਆਈਆ । ਨਿਰਗੁਣ ਸਰਗੁਣ ਦੋ ਆਪਣੇ ਘਰ ਹੋਏ ਪਰਵਾਨ, ਦੂਜਾ ਦੇਵੇ ਨਾ ਕੋਇ ਵਡਿਆਈਆ । ਤਿੰਨੇ ਸਿਫ਼ਰੇ ਕਰ ਪਰਵਾਨ, ਤ੍ਰੈਲੋਕਾਂ ਪੰਧ ਮੁਕਾਈਆ । ਇਕੋ ਦੂਆ ਰਹੇ ਬਲਵਾਨ, ਇਕੋ ਸਿਫ਼ਰਾ ਸਮਝ ਸਮਝਾਈਆ । ਵੀਹ ਸੌ ਦਾ ਇਕ ਵਿਧਾਨ, ਸ਼ਾਹ ਪਾਤਸ਼ਾਹ ਆਪ ਉਪਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਇਕ ਤੋਂ ਦੋ ਦੋ ਤੋਂ ਸਿਫ਼ਰਾ, ਸਿਫ਼ਰਾ ਸਮਝ ਕਿਸੇ ਨਾ ਆਈਆ । ਵੀਹ ਸਾਲ ਪਿਛੋਂ ਫੇਰ ਬਣੌਣ ਲੱਗਾ ਆਪਣਾ ਫ਼ਿਕਰਾ, ਫ਼ਿਕਰ ਸਭ ਦਾ ਰਿਹਾ ਮਿਟਾਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਦੂਰ ਦੁਰਾਡਾ ਰਿਹਾ ਵਿਟਰਾ, ਖ਼ੁਸ਼ੀ ਵਿਚ ਕਦੇ ਨਾ ਆਈਆ । ਦੀਨ ਮਜ਼੍ਹਬ ਜ਼ਾਤ ਪਾਤ ਦੱਸਦਾ ਰਿਹਾ ਭਿਟੜਾ, ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਫ਼ਰਾ ਸਰਬ ਰੂਪ ਸਮਾਈਆ । ਸਿਫ਼ਰਾ ਕਹੇ ਨਿਰਗੁਣ ਸਰਗੁਣ ਕੱਠੇ ਹੋ, ਦੋ ਸਿਫ਼ਰ ਬੀਸ ਰੂਪ ਵਟਾਈਆ । ਦੋਆ ਛੇ ਘਰ ਦੀ ਵੇਖੇ ਲੋ, ਛੇ ਗੁਰ ਨਾ ਕੋਇ ਚਤਰਾਈਆ । ਗੁਰ ਸਤਿਗੁਰ ਸਾਹਿਬ ਸਵਾਮੀ ਆਪੇ ਹੋ, ਬੇਪਰਵਾਹ ਫੇਰਾ ਪਾਈਆ । ਬੀਸ ਬੀਸ ਕਰੇ ਲੋ, ਨੂਰੀ ਜੋਤ ਇਕ ਰੁਸ਼ਨਾਈਆ । ਮਾਰਗ ਦੱਸੇ ਨਿਰਗੁਣ ਸਰਗੁਣ ਕਰੇ ਮੋਹ, ਸਰਗੁਣ ਭਗਤ ਰੂਪ ਵਟਾਈਆ । ਸਿਫ਼ਰਾ ਆਪਣਾ ਆਪ ਸਭ ਕਿਛ ਗਿਆ ਖੋਹ, ਖ਼ਾਲੀ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣੀ ਸਮਝ ਨਾ ਕਿਸੇ ਸਮਝਾਈਆ । ਸੁਣ ਦੋ ਦੂਆ ਤੇਰਾ ਰੰਗ, ਸਮਝ ਕੋਇ ਨਾ ਪਾਈਆ । ਨਿਰਗੁਣ ਹੋ ਸਰਗੁਣ ਨੱਚਿਆ ਮਲੰਗ, ਲੋਕਮਾਤ ਫੇਰਾ ਪਾਈਆ । ਨਾਮ ਹੋ ਨਿਧਾਨ ਵਜਾਏ ਮਰਦੰਗ, ਰਾਗ ਅਨਾਦ ਅਲਾਈਆ । ਅੰਮ੍ਰਿਤ ਹੋ ਆਤਮ ਪਾਏ ਠੰਡ, ਅਮਿਉਂ ਰਸ ਰਸ ਚੁਆਈਆ । ਪਰਮਾਤਮ ਹੋ ਆਤਮ ਪਾਏ ਗੰਢ, ਗੰਢਣਹਾਰ ਗੋਪਾਲ ਗੋਸਾਈਆ । ਦਾਤਾ ਹੋ ਵਸਤ ਅਮੋਲਕ ਵੰਡ, ਗੁਰ ਅਵਤਾਰ ਦਏ ਵਡਿਆਈਆ । ਮਿਹਰਵਾਨ ਹੋ ਭਾਂਡਾ ਭਰਮ ਢਾਹੇ ਕੰਧ, ਦੂਈ ਦਵੈਤ ਮੇਟ ਮਿਟਾਈਆ । ਦੀਨ ਦਿਆਲ ਹੋ ਗਾਏ ਛੰਦ, ਸੋਹਲਾ ਆਪਣਾ ਨਾਮ ਜਣਾਈਆ । ਸਿਫ਼ਰਾ ਕਹੇ ਮੈਂ ਸੂਰਾ ਸਰਬੰਗ, ਨਿਰਗੁਣ ਸਰਗੁਣ ਦੋਹਾਂ ਨਾਲੋਂ ਹੋਇਆ ਨੰਗ, ਪਰਦਾ ਆਪਣਾ ਆਪ ਉਠਾਈਆ । ਚਾਰ ਜੁਗ ਨਿਰਗੁਣ ਸਰਗੁਣ ਹੋ ਕੇ ਮੰਗਦਾ ਰਿਹਾ ਮੰਗ, ਅੱਗੇ ਆਪਣੀ ਝੋਲੀ ਡਾਹੀਆ । ਕਲਜੁਗ ਅੰਤ ਸ੍ਰੀ ਭਗਵੰਤ ਕਰੇ ਖੇਲ ਸੂਰਾ ਸਰਬੰਗ, ਸ਼ਾਹ ਪਾਤਸ਼ਾਹ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਚ ਦਏ ਵਡਿਆਈਆ । ਸਿਫ਼ਰਾ ਕਹੇ ਮੇਰੀ ਸਿਫ਼ਤ ਅਥਾਹ, ਹੱਥ ਕਿਸੇ ਨਾ ਆਈਆ । ਆਦਿ ਜੁਗਾਦਿ ਜੁਗ ਚੌਕੜੀ ਬਣਿਆ ਨਾ ਕੋਈ ਗਵਾਹ, ਸ਼ਹਾਦਤ ਸਚ ਨਾ ਕੋਇ ਭੁਗਤਾਈਆ । ਨਿਰਗੁਣ ਸਰਗੁਣ ਦੋਏ ਮੰਗਦੇ ਰਹੇ ਦੁਆ, ਸੱਯਦਾ ਸੀਸ ਸੀਸ ਝੁਕਾਈਆ । ਰਫ਼ਤਾ ਰਫ਼ਤਾ ਆਹਿਸਤਾ ਆਹਿਸਤਾ ਜੁਗ ਚੌਕੜੀ ਨਾਮ ਔਂਦੇ ਰਹੇ ਬਦਲਾ, ਬਦੌਲਤ ਇਕੋ ਬੇਪਰਵਾਹੀਆ । ਨਿਰਗੁਣ ਹੋ ਕੇ ਸਰਗੁਣ ਸਰਗੁਣ ਹੋ ਕੇ ਸਿਫ਼ਰੇ ਵਿਚ ਗਿਆ ਸਮਾ, ਹਸਤੀ ਕੋਇ ਰਹਿਣ ਨਾ ਪਾਈਆ । ਸਿਫ਼ਰਾ ਹੋ ਕੇ ਕਿਸੇ ਆ ਨਾ ਦੱਸਿਆ ਮੈਂ ਤੁਹਾਡਾ ਖ਼ੁਦਾ, ਖ਼ੁਦ ਆਪਣਾ ਫੇਰਾ ਪਾਈਆ । ਤੁਸੀਂ ਮੇਰੇ ਮੈਂ ਤੁਹਾਡੇ ਨਾਲੋਂ ਨਾ ਹੋਵਾਂ ਜੁਦਾ, ਜੁਜ਼ ਵੰਡ ਨਾ ਕੋਇ

ਵੰਡਾਈਆ । ਸਿਫ਼ਰ ਸਿਫ਼ਰ ਦਾ ਇਕੋ ਰਾਹ, ਸਿਫ਼ਰਾ ਸਭ ਦਾ ਬਣੇ ਮਲਾਹ, ਬੇੜਾ ਸਭ ਦਾ ਪਾਰ ਲਗਾਈਆ । ਬਿਨ ਸਿਫ਼ਰੇ ਇਕ ਇਕੱਲਾ ਇਕੋ ਰੋਵੇ ਮਾਰੇ ਧਾਹ, ਅੱਗੇ ਸੁਣੇ ਨਾ ਕੋਇ ਵਡਿਆਈਆ । ਨਿਰਗੁਣ ਨਿਰੰਕਾਰ ਸਰਗੁਣ ਸ਼ੇਰ ਸਿੰਘ ਨਾਮ ਧਰਾ, ਅੰਤਮ ਧਰਨੀ ਉਤੋਂ ਆਪਣਾ ਆਪ ਗਿਆ ਲੁਕਾਈਆ । ਸਤਿ ਸਰੂਪ ਸਿਫ਼ਰਾ ਰੂਪ ਆਪ ਵਟਾ, ਕਰੇ ਖੇਲ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵਣਹਾਰਾ ਸਾਚਾ ਦਾਨ, ਢਾਈ ਗਜ਼ ਦੋਪੱਟਾ ਕਰੇ ਇਕ ਪਰਵਾਨ, ਨਿਰਗੁਣ ਸਰਗੁਣ ਦੋਹਾਂ ਦਾ ਲੇਖਾ ਦਏ ਸਮਝਾਈਆ । ਸਿਫ਼ਰਾ ਰੂਪ ਸਚ ਰਿਹਾਇਸ਼, ਸਚ ਮਕਾਨ ਜਣਾਈਆ । ਸਿਫ਼ਰਾ ਨਾ ਜਨਮੇ ਨਾ ਲਏ ਪੈਦਾਇਸ਼, ਨਜ਼ਰ ਕਿਸੇ ਨਾ ਆਈਆ । ਸਿਫ਼ਰਾ ਮਕਾਨ ਲਾ ਮੁਕਾਮ ਜਿਸ ਦੀ ਕੋਈ ਨਾ ਕਰੇ ਪੈਮਾਇਸ਼, ਪੈਮਾਨਾ ਹੱਥ ਨਾ ਕੋਇ ਉਠਾਈਆ । ਜੁਗ ਚੌਕੜੀ ਨਿਰਗੁਣ ਸਰਗੁਣ ਹੋ ਕੇ ਆਇਆ ਕਰ ਨਾ ਸਕਿਆ ਅਜ਼ਮਾਇਸ਼, ਅੰਤ ਕੋਇ ਨਾ ਪਾਈਆ । ਸਿਫ਼ਰੇ ਦੀ ਮੰਨਦੇ ਰਹੇ ਹਦਾਇਤ, ਹੁਕਮੇ ਅੰਦਰ ਹੁਕਮ ਚਲਾਈਆ । ਜੇ ਕੋਈ ਲੱਭਣ ਜਾਏ ਰਿਹਾਇਸ਼, ਨਜ਼ਰ ਕਿਸੇ ਨਾ ਆਈਆ । ਆਪਣੇ ਅੰਦਰ ਆਪਣੇ ਮੰਦਰ ਆਪਣੀ ਧਾਰ ਆਪਣੇ ਪਿਆਰ ਆਪਣੇ ਵਿਹਾਰ ਵਿਚ ਕਰੇ ਐਸ਼, ਆਰਾਮਗਾਹ ਆਪਣੀ ਆਪ ਬਣਾਈਆ ।

### ★ ੬ ਹਾੜ ੨੦੨੦ ਬਿਕ੍ਰਮੀ ਦੀਦਾਰ ਸਿੰਘ ਸਫ਼ੀ ਪੁਰ ਦੇ ਨਵਿਤ ਹਰਿ ਭਗਤ ਦੁਆਰ ਜੇਠੂਵਾਲ ★

ਧੁਰਦਰਗਾਹ ਦੇ ਉਠੋ ਜਾਸੂਸ, ਹਰਿ ਸਤਿਗੁਰ ਆਪ ਜਗਾਈਆ । ਅੰਤਰ ਆਤਮ ਕਰੋ ਮਹਿਸੂਸ, ਮਸਲਾ ਆਪਣੇ ਨਾਲ ਪਕਾਈਆ । ਜੋ ਵਿਛੜੇ ਮਿਲੇ ਤਿਸ ਕਰੋ ਕਲਾਬੂਸ, ਬੰਧਨ ਆਪਣਾ ਏਕਾ ਪਾਈਆ । ਕਿਸ਼ਨ ਸਿੰਘ ਸਿੰਘ ਅਜੀਤ ਦੋਵੇਂ ਮਜਬੂਤ, ਆਪਣਾ ਬਲ ਵਡ ਵਖਾਈਆ । ਨੇਤਰ ਖੋਲ੍ਹ ਵੇਖੇ ਚਾਰੋਂ ਕੂਟ, ਦਹਿ ਦਿਸ਼ਾ ਧਿਆਨ ਲਗਾਈਆ । ਨਜ਼ਰੀ ਆਏ ਕੂੜੀ ਕਿਰਿਆ ਜੂਠ ਝੂਠ, ਸਚ ਸੁੱਚ ਨਾ ਕੋਇ ਦ੍ਰਿੜਾਈਆ । ਚਾਰ ਵਰਨ ਲੱਗਾ ਦੂਸ਼ਨਾ ਦੂਸ਼, ਦੁਸ਼ਟ ਮਨ ਦਏ ਦੁਹਾਈਆ । ਸਾਹਿਬ ਸਤਿਗੁਰ ਕੋਲੋਂ ਲਏ ਨਾ ਕੋਈ ਪੂਛ, ਸਾਚੀ ਸਿਖਿਆ ਮੰਗ ਨਾ ਕੋਇ ਮੰਗਾਈਆ । ਜਗਤ ਤ੍ਰਿਸਨਾ ਲੱਗੀ ਭੁਖ, ਮਾਇਆ ਮਮਤਾ ਮੋਹ ਹਲਕਾਈਆ । ਸਚ ਸੁਹੰਜਣੀ ਸੋਹੇ ਨਾ ਰੁਤ, ਰੁੱਤੜੀ ਰੁੱਤ ਨਾ ਕੋਇ ਮਹਿਕਾਈਆ । ਬਿਨ ਗੋਬਿੰਦ ਪੁਰਖ ਅਕਾਲ ਦਾ ਬਣਿਆ ਨਾ ਕੋਈ ਪੂਤ, ਪੁੱਤਰ ਲੱਖ ਚੁਰਾਸੀ ਗੋਦ ਉਠਾਈਆ । ਮਹਿਬੂਬ ਨਜ਼ਰ ਨਾ ਆਇਆ ਹੱਕ ਅਰੂਜ, ਅਰਸ਼ ਫ਼ਰਸ਼ ਦੇਣ ਦੁਹਾਈਆ । ਮੁਹੱਬਤ ਕਰੇ ਨਾ ਕੋਇ ਮਹਿਬੂਬ, ਮਹਿਫ਼ਲ ਸਚ ਨਾ ਕੋਇ ਲਗਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਹੱਦ ਅੰਦਰ ਰਹੇ ਮਹਿਦੂਦ, ਗੁਰ ਅਵਤਾਰ ਪੀਰ ਪੈਗ਼ੰਬਰ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਰਿਹਾ ਸਮਝਾਈਆ । ਸਚ ਘਰ ਦੇ ਜਾਸੂਸ ਜਾਗੋ, ਹਰਿ ਜਾਗਰਤ ਜੋਤ ਜਗਾਇੰਦਾ । ਸਚ ਸਰਨਾਈ ਏਕਾ ਲਾਗੋ, ਗ੍ਰਿਹਿ ਮੰਦਰ ਇਕ ਵਖਾਇੰਦਾ । ਮਹਾਂਬਲੀ ਹੋ ਕੇ ਉਠ ਉਠ ਭਾਗੋ, ਬਲ ਇਕੋ ਇਕ ਸਮਝਾਇੰਦਾ । ਜਿਸ ਰਚਨ ਰਚਾਈ ਆਦੋ, ਸੋ ਆਪਣੀ ਆਦਤ ਆਪ ਸਮਝਾਇੰਦਾ । ਤੰਗ ਆਇਆ ਸਜਦੇ ਨਿਮਾਜੋਂ, ਨਿਮਾਜ਼ੀ ਨਮੂਦਾਰ ਨਾ ਕੋਇ ਕਰਾਇੰਦਾ । ਢੇਰਾ ਹੋਇਆ ਜਗਤ ਆਵਾਜ਼ੋ, ਸੁਣਨਵਾਲਾ ਕੰਨ ਨਾ ਕੋਇ ਰਖਾਇੰਦਾ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਸਮਝਾਇੰਦਾ । ਦੋਵੇਂ ਜਾਸੂਸ ਨੇੜੇ ਆਓ, ਹਰਿ ਸਤਿਗੁਰ ਸਚ ਰਿਹਾ ਜਣਾਈਆ । ਢਾਈ ਗਜ਼ ਦੋਪੱਟਾ ਕੱਢ ਵਖਾਓ, ਕਿਸ਼ਨ ਸਿੰਘ ਹੱਥ ਰੰਗਾਈਆ । ਲੋਕ ਲੱਜਿਆ ਜਗਤ ਮਿਟਾਓ, ਨੈਣ ਸ਼ਰਮ ਨਾ ਕੋਇ ਰਖਾਈਆ । ਇਕ ਇਕ ਕੰਨੀ ਹੱਥ ਰਖਾਓ, ਦੋਹਾਂ ਹੱਥਾਂ ਨਾਲ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਕਰਾਈਆ । ਦੋਵੇਂ ਕੰਨੀਆਂ ਲਓ ਫੜ, ਸੋ ਸਾਹਿਬ ਆਪ ਜਣਾਈਆ । ਸਚ ਦੁਆਰੇ ਵੇਖੋ ਖੜ, ਕੀ ਕਰਤਾ ਖੇਲ ਰਚਾਈਆ । ਲੱਖ ਚੁਰਾਸੀ ਅੰਦਰ ਜੋ ਬੈਠਾ ਵੜ, ਰੂਪ ਰੰਗ ਰੇਖ ਨਾ ਕੋਇ ਦਸਾਈਆ । ਜੀਂਵਦਿਆ ਨਾਲ ਜੀਵੇ ਮਰਦਿਆਂ ਨਾਲ ਜਾਏ ਮਰ, ਮਰਨ ਜੀਵਣ ਨਾ ਕਿਸੇ ਸਮਝਾਈਆ । ਜਿਸ ਦੇ ਕੋਲੋਂ ਪੀਰ ਪੈਗ਼ੰਬਰ ਗੁਰ ਅਵਤਾਰ ਜੁਗ ਚੌਕੜੀ ਰਹੇ ਡਰ, ਭੈ ਭੌ ਸਰਬ ਜਣਾਈਆ । ਸਿਫ਼ਤਾਂ ਕਰਦੇ ਗਏ ਹਰੀ ਹਰਿ, ਨਰ ਨਰਾਇਣ ਜਗਤ ਵਡਿਆਈਆ । ਤਿਸ ਸਾਹਿਬ ਨੂੰ ਗੁਰਮੁਖ ਹੋ ਕੇ ਲਓ ਫੜ, ਆਪ ਆਪਣਾ ਬਲ ਧਰਾਈਆ । ਭਗਤਾਂ ਅੱਗੇ ਨਾ ਸਕੇ ਅੜ, ਧੁਰ ਦੀ ਧਾਰ ਆਪ ਰਖਾਈਆ । ਅੱਗੇ ਹੋ ਕੇ ਜਾਓ ਖੜ, ਖੜਗ ਖੰਡਾ ਨਾ ਕੋਇ ਵਖਾਈਆ । ਸਾਫ਼ ਕਹੋ ਪ੍ਰਭੂ ਤੂੰ ਧੋਖਾ ਦੇਂਦਾ ਰਿਹੋਂ ਸੀਸ ਧੜ, ਸੀਸ ਧੜ ਨਜ਼ਰ ਕਿਸੇ ਨਾ ਆਈਆ । ਜੁਗ ਚੌਕੜੀ ਲੈਂਦਾ ਰਿਹੋਂ ਜੜ, ਬੂਟਾ ਲੋਕਮਾਤ ਲਹਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਰਿਹਾ ਜਣਾਈਆ । ਸਾਚੀ ਕਰਨੀ ਕਰਨ ਜਵਾਨ, ਬਲ ਆਪਣਾ ਆਪ ਰਖਾਈਆ । ਇਕ ਦੋਪੱਟਾ ਕਰ ਪਰਵਾਨ, ਦੋ ਦੋ ਮੇਲ ਮਿਲਾਈਆ । ਜਿਸ ਸਾਹਿਬ ਨੇ ਰੱਟਾ ਪਾਇਆ ਵਿਚ ਜਹਾਨ, ਜੁਗ ਚੌਕੜੀ ਸਮਝ ਕਿਸੇ ਨਾ ਆਈਆ । ਉਸ ਕਾਦਰ ਨੂੰ ਫੜ ਲਈਏ ਆਣ, ਜੋ ਕੁਦਰਤ ਰਿਹਾ ਨਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਸਮਝਾਈਆ । ਢਾਈ ਗਜ਼ ਕਹੇ ਮੇਰਾ ਡਾਹਡਾ ਜ਼ੋਰ, ਜਾਬਰ ਆਪਣਾ ਨਾਉਂ ਰਖਾਈਆ । ਮੈਂ ਸਦ ਵਸਿਆ ਭਗਤਾਂ ਕੋਲ, ਆਪਣਾ ਘਰ ਬਣਾਈਆ । ਮੱਘਰ ਮਹੀਨੇ ਤੁਲਿਆ ਤੋਲ, ਅਬਿਨਾਸ਼ੀ ਕਰਤਾ ਆਪ ਤੁਲਾਈਆ । ਪਹਿਲੋਂ ਪੜਦਾ ਢਕਿਆ ਬਣ ਅਨਭੋਲ, ਭੇਵ ਅਭੇਦ ਨਾ ਕਿਸੇ ਜਣਾਈਆ । ਸਾਚਾ ਕਰ ਕੇ ਗਿਆ ਕੌਲ, ਇਕਰਾਰ ਇਕੋ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਦੋਪੱਟਾ ਕਹੇ ਮੇਰਾ ਬਲ ਅਪਾਰ, ਗੁਰਮੁਖਾਂ ਰਿਹਾ ਜਣਾਈਆ । ਦੋਵੇਂ ਜੋਧੇ ਉਠੋ ਬਲਕਾਰ, ਬਲ ਇਕੋ ਇਕ ਜਣਾਈਆ । ਜਿਸ ਖੇਲ ਰਚਾਇਆ ਸੰਸਾਰ, ਸਗਲ ਸ੍ਰਿਸ਼ਟ ਧੰਦੇ ਲਾਈਆ । ਲੁਕਿਆ ਰਹੇ ਡੂੰਘੀ ਗਾਰ, ਹੱਥ ਕਿਸੇ ਨਾ ਆਈਆ । ਲੱਭ ਲੱਭ ਕੋਟਨ ਕੋਟ ਗਏ ਹਾਰ, ਥੱਕ ਥੱਕ ਆਪਣੀ ਢੇਰੀਆਂ ਢਾਹੀਆ । ਨੱਠ ਨੱਠ ਪੰਧ ਰਹੇ ਮਾਰ, ਬਣ ਪਾਂਧੀ ਜਗਤ ਰਾਹੀਆ । ਸੋ ਸਾਹਿਬ ਵੇਖੋ ਦੁਆਰ, ਦਰ ਆਪਣਾ ਆਸਣ ਲਾਈਆ । ਨਵਿਸ਼ਤ ਕਰ ਸਕੇ ਨਾ ਕੋਈ ਸਮਾਚਾਰ, ਸਮਝ ਸਮਝ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖ ਰਿਹਾ ਜਣਾਈਆ । ਦੋਵੇਂ ਜਵਾਨ ਮੋਟੇ ਤਾਜੇ, ਤਲਬ ਨਾ ਕੋਇ ਰਖਾਈਆ । ਸਚ ਦੁਆਰ ਦੇ ਸਾਚੇ ਰਾਜੇ, ਹਰਿ ਰੱਯਤ ਵੇਖਣ ਬੇਪਰਵਾਹੀਆ । ਦਰ ਦੁਆਰ ਆਏ ਭਾਗੇ, ਆਪਣਾ ਪੰਧ ਮੁਕਾਈਆ । ਜਿਸ ਸਾਹਿਬ ਸਾਡੇ ਸਾਜਣ ਸਾਜੇ, ਸੋ ਦਾਤਾ ਵੇਸ ਵਟਾਈਆ । ਚਲੋ ਵੇਖੀਏ ਦੇਸ਼ ਮਾਝੇ, ਮਜਲਸ ਆਪਣੀ ਰਿਹਾ ਲਗਾਈਆ । ਸ਼ੇਰ ਹੋ ਕੇ ਸ਼ਹਿਨਸ਼ਾਹ ਗਾਜੇ, ਭਬਕ ਆਪਣਾ ਨਾਮ ਲਗਾਈਆ । ਸਾਚੀ ਰਚਨਾ ਆਪੇ ਸਾਜੇ, ਰਚ

ਰਚ ਹਰਿ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਰਿਹਾ ਸਮਝਾਈਆ । ਦੋਵੇਂ ਜਵਾਨ ਇਕ ਦੂਜੇ ਵਲ ਤੱਕਣ, ਅੰਦਰੇ ਅੰਦਰ ਰਹੇ ਸਮਝਾਈਆ । ਰਸਨਾ ਜਿਹਵਾ ਦੱਸ ਨਾ ਸਕਣ, ਬੱਤੀ ਦੰਦ ਨਾ ਕੋਇ ਹਿਲਾਈਆ । ਆਪਣਾ ਭੇਵ ਆਪਣੇ ਅੰਦਰ ਰੱਖਣ, ਢੋਲਾ ਰਾਗ ਨਾ ਕੋਇ ਅਲਾਈਆ । ਕਵਣ ਖੇਲ ਕਰੇ ਪੁਰਖ ਸਮਰਥਨ, ਸਮਰਥ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੋਹਾਂ ਇਕੋ ਇਕ ਜਣਾਈਆ । ਦੋਵੇਂ ਕਹਿਣ ਪ੍ਰਭ ਦੇਵੇ ਧੋਖਾ, ਜੁਗ ਜੁਗ ਭੇਵ ਨਾ ਕਿਸੇ ਸਮਝਾਈਆ । ਸਰਗੁਣ ਹੋ ਕੇ ਦੇਂਦਾ ਰਹੇ ਹੋਕਾ, ਨਿਰਗੁਣ ਨੂਰ ਨਜ਼ਰ ਨਾ ਆਈਆ । ਵਸਿਆ ਰਹੇ ਕਾਇਆ ਮੰਦਰ ਜਗਤ ਕੋਠਾ, ਤਨ ਛਪਰੀ ਇਕ ਛੁਹਾਈਆ । ਪਤਲਾ ਨਾ ਦਿਸੇ ਮੋਟਾ, ਵੱਡਾ ਛੋਟਾ ਰੂਪ ਨਾ ਕੋਇ ਜਣਾਈਆ । ਨਿਤ ਨਵਿਤ ਕਰਦਾ ਰਿਹਾ ਰੋਸਾ, ਰੁਸਿਆਂ ਹੱਥ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤਾਰ ਸਤਾਰ ਰਿਹਾ ਹਿਲਾਈਆ । ਕਿਸ਼ਨ ਸਿੰਘ ਕਹੇ ਬੱਲੇ ਬੱਲੇ ਯਾਰ, ਅਜੀਤ ਸਿੰਘ ਉਠ ਆਪਣਾ ਧਿਆਨ ਲਗਾਈਆ । ਦੋਵੇਂ ਕਹਿਣ ਜਿਸ ਨੂੰ ਲੱਭਦੇ ਰਹੇ ਜਗਤ, ਸੋ ਲੱਭਿਆ ਹੱਥ ਕਿਸੇ ਨਾ ਆਈਆ । ਢੂੰਡਦੇ ਰਹੇ ਵਿਚ ਸੰਸਾਰ, ਅੰਦਰ ਬਾਹਰ ਧਿਆਨ ਲਗਾਈਆ । ਜਿਸ ਨੂੰ ਕਹਿੰਦੇ ਰਹੇ ਸਾਂਝਾ ਯਾਰ, ਸਗਲਾ ਸੰਗ ਨਿਭਾਈਆ । ਸੋ ਕਰਦਾ ਰਿਹਾ ਖ਼ੁਆਰ, ਜੁਗ ਚੌਕੜੀ ਗੇੜ ਰਖਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਦੇਂਦਾ ਰਿਹਾ ਲਾਰ, ਲਿਖਤ ਭਵਿਖਤ ਇਕ ਸਮਝਾਈਆ । ਵੇਖ ਹੋਏ ਅਸੀਂ ਹੈਰਾਨ, ਹਰਿ ਅਚਰਜ ਖੇਲ ਰਚਾਈਆ । ਕਿਸੇ ਹੱਥ ਨਾ ਆਏ ਭਗਵਾਨ, ਭਗਵਨ ਆਪਣਾ ਭੇਵ ਛੁਪਾਈਆ । ਕਲਜੁਗ ਅੰਤ ਗੁਰਮੁਖ ਜੋਧੇ ਸੂਰ ਬਲੀ ਬਲਵਾਨ, ਬਲ ਆਪਣਾ ਆਪ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਰਿਹਾ ਸਮਝਾਈਆ । ਕਿਸ਼ਨ ਸਿੰਘ ਕਹੇ ਔਹ ਵੇਖ ਆਇਆ, ਜਿਸ ਹੱਥ ਵੱਡੀ ਵਡਿਆਈਆ । ਅਜੀਤ ਸਿੰਘ ਕਹੇ ਨਹੀਂ ਇਹ ਇਸ ਦੀ ਮਾਇਆ, ਭੇਵ ਕੋਇ ਨਾ ਪਾਈਆ । ਕਿਸ਼ਨ ਸਿੰਘ ਕਹੇ ਸਿਰ ਇਸ ਦੀ ਛਾਇਆ, ਸ਼ਹਿਨਸ਼ਾਹ ਇਕੋ ਇਕ ਅਖਵਾਈਆ । ਅਜੀਤ ਸਿੰਘ ਕਹੇ ਬੇਪਰਵਾਹਿਆ, ਬੇਪਰਵਾਹੀ ਵਿਚ ਸਮਾਈਆ । ਜੁਗ ਜੁਗ ਆਪਣਾ ਨਾਚ ਨਚਾਇਆ, ਬਣ ਸਵਾਂਗੀ ਸਵਾਂਗ ਵਖਾਈਆ । ਬਾਂਹੋਂ ਪਕੜ ਕਿਸੇ ਨਾ ਕੋਲ ਬਹਾਇਆ, ਉਂਗਲੀ ਲਾ ਨਾ ਕੋਇ ਫਿਰਾਈਆ । ਜੁਗ ਚੌਕੜੀ ਚੱਕਰ ਚਲਾਇਆ, ਆਪਣਾ ਚਿਹਨ ਨਾ ਕੋਇ ਸਮਝਾਈਆ । ਵਤਨ ਛੱਡ ਵਤਨ ਵੇਖ ਵਖਾਇਆ, ਬੇਵਤਨ ਭੇਵ ਨਾ ਆਈਆ । ਰਤਨ ਹੋ ਰਤਨ ਚਮਕਾਇਆ, ਰਤੀ ਰਤ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਇਕੋ ਇਕ ਜਣਾਈਆ । ਦੋਵੇਂ ਕਹਿਣ ਪ੍ਰਭ ਮਿਲਿਆ ਹਜ਼ੂਰ, ਹਜ਼ਰਤ ਬੇਪਰਵਾਹੀਆ । ਜੁਗ ਚੌਕੜੀ ਕਰਦਾ ਰਿਹਾ ਕਸੂਰ, ਧੋਖਾ ਦੇਵੇ ਜਗਤ ਲੋਕਾਈਆ । ਨਿਰਗੁਣ ਹੋ ਕੇ ਬਣਿਆ ਰਿਹਾ ਮਫ਼ਰੂਰ, ਹੱਥ ਕਿਸੇ ਨਾ ਆਈਆ । ਕਲਜੁਗ ਅੰਤਮ ਦੂਰ ਦੁਰਾਡਾ ਪੰਧ ਮੁਕਾਇਆ ਦੂਰ, ਨੇਰਨ ਨੇਰਾ ਰੂਪ ਵਖਾਈਆ । ਛੇਤੀ ਕਰ ਕੇ ਸ੍ਰੀ ਭਗਵਾਨ ਲਵੇ ਜੂੜ, ਆਪਣੀ ਹੱਥੀਂ ਗੰਢ ਪੁਆਈਆ । ਨੱਠਣ ਭੱਜਣ ਤੋਂ ਹੋ ਜਾਏ ਮਜਬੂਰ, ਰਾਹ ਨਜ਼ਰ ਕੋਇ ਨਾ ਆਈਆ । ਆਪੇ ਸਾਡੀ ਮਦਦ ਕਰੇ ਜ਼ਰੂਰ, ਮਿਹਰਵਾਨ ਹੋ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਰਿਹਾ ਸਮਝਾਈਆ । ਕਿਸ਼ਨ ਸਿੰਘ ਕਹੇ ਲਾ ਖਿਚ, ਬਲ ਆਪਣਾ ਆਪ ਰਖਾਈਆ । ਅਜੀਤ ਸਿੰਘ ਕਹੇ ਲਾ ਖਿਚ, ਬਲ ਆਪਣਾ ਆਪ ਧਰਾਈਆ । ਸ੍ਰੀ ਭਗਵਾਨ


੬੨੯
੧੪

ਕਹੇ ਮੈਂ ਦੋਹਾਂ ਦੇ ਵਿਚ, ਅੰਦਰ ਬਾਹਰ ਰਿਹਾ ਸਮਾਈਆ । ਹਰਿ ਸੰਗਤ ਦਾ ਬਣਿਆ ਪਿਤ, ਪਿਤਾ ਪੂਤ ਗੰਢ ਪੁਆਈਆ । ਜਿਸ ਦੀਆਂ ਗੁਰ ਅਵਤਾਰ ਪੀਰ ਪੈਗੰਬਰ ਉਡੀਕਾਂ ਕਰਦੇ ਨਿਤ, ਅੰਤਰ ਅੰਤਰ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਸਮਝਾਈਆ । ਸਾਚੀ ਸਿਖਿਆ ਦੋਹਾਂ ਜ਼ੋਰ, ਦੋਵੇਂ ਖਿਚਣ ਲਾਵਣ ਜ਼ੋਰ, ਜ਼ੋਰ ਆਪਣਾ ਆਪ ਜਣਾਈਆ । ਨਾਲੇ ਸੋਚਣ ਕੋਈ ਫੜਿਆ ਨਾ ਜਾਏ ਹੋਰ, ਡਾਕੂ ਨੱਠ ਕਿਤੇ ਨਾ ਜਾਈਆ । ਜਿਸ ਨੂੰ ਸਾਰੇ ਕਹਿੰਦੇ ਚੋਰ, ਘਰ ਘਰ ਚੋਰੀ ਰਿਹਾ ਕਮਾਈਆ । ਸਾਡੇ ਹੱਥ ਵਿਚ ਉਹਦੀ ਡੋਰ, ਡੋਰੀ ਆਪਣੇ ਤੰਦ ਬੰਧਾਈਆ । ਹੁਣ ਸਾਨੂੰ ਨਹੀਂ ਭਗਵਾਨ ਦੀ ਲੋੜ, ਭਗਵਨ ਸਾਡੇ ਪਿਛੇ ਫਿਰੇਂ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਰਿਹਾ ਸਮਝਾਈਆ । ਦੋਵੇਂ ਹੱਥ ਬੰਨ੍ਹੋ ਘੁੱਟ, ਹਰਿ ਸਾਹਿਬ ਆਪ ਸਮਝਾਈਆ । ਦੋਹਾਂ ਕੋਲੋਂ ਨਾ ਜਾਏ ਛੁੱਟ, ਆਪਣਾ ਪੱਲੂ ਵਿਚੋਂ ਛੁਡਾਈਆ । ਨਹੀਂ ਇਹ ਪਾਰਬ੍ਰਹਮ ਦੀ ਪੈਣ ਨਹੀਂ ਦੇਣੀ ਲੁੱਟ, ਜਿਸ ਨੇ ਲੁੱਟੀ ਸਰਬ ਲੋਕਾਈਆ । ਜੁਗ ਚੌਕੜੀ ਬੈਠਾ ਰਿਹਾ ਚੁਪ, ਗੁਰ ਅਵਤਾਰਾਂ ਹੁਕਮ ਮਨਾਈਆ । ਜੇ ਕੋਈ ਲੱਭਣ ਜਾਏ ਲੁਕ ਜਾਏ ਡੂੰਘੀ ਗੁਠ, ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਰਿਹਾ ਸਮਝਾਈਆ । ਗੁਰਮੁਖਾਂ ਹੱਥ ਲਏ ਬੰਨ੍ਹ, ਡੋਰੀ ਇਕੋ ਇਕ ਉਠਾਈਆ । ਅੱਗੋਂ ਕਹਿਣ ਸਾਡਾ ਕਹਿਣਾ ਮੰਨ, ਕੱਠੇ ਹੋ ਰਹੇ ਡਰਾਈਆ । ਜਿੰਨਾਂ ਚਿਰ ਮਿਲਾਏ ਨਾ ਸਾਡਾ ਗੁਜਰੀ ਚੰਨ, ਤੇਰਾ ਚੰਦ ਨਾ ਕੋਇ ਰੁਸ਼ਨਾਈਆ । ਸ੍ਰੀ ਭਗਵਾਨ ਹੱਥ ਲਾਏ ਕੰਨ, ਕਲਮਾ ਇਕ ਜਣਾਈਆ । ਤੁਹਾਡੇ ਸਾਮ੍ਹਣੇ ਵੇਖੋ ਤੁਹਾਡਾ ਧੰਨ, ਧਰਤੀ ਧਰਤ ਧਵਲ ਟਿਕਾਈਆ । ਜੋਤੀ ਜੋਤ

੯੨੭ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਗੁਰਮੁਖ ਦੋਵੇਂ ਖਿਚਣ ਬੋਲਣ ਸ਼ਬਦ ਅਕੱਥ, ਉਚੀ ਕੂਕ ਕੂਕ ਸੁਣਾਈਆ । ੯੨੭

੧੪ ਵੇਖੋ ਪ੍ਰਭ ਦੇ ਖ਼ਾਲੀ ਹੱਥ, ਹੱਥਾਂ ਵਿਚ ਨਾ ਕੁਛ ਰਖਾਈਆ । ਜਨ ਭਗਤਾਂ ਪਾਈ ਨੱਥ, ਚਾਰੋਂ ਕੁੰਟ ਰਹੇ ਭੁਆਈਆ । ਅੰਦਰੋਂ ਕਹਿਣ ਆ ੧੪

ਵੇਖ ਆਪਣਾ ਹੱਟ, ਜੋ ਲੋਕਮਾਤ ਖੁਲ੍ਹਾਈਆ । ਤੇਰੇ ਪਰੇਮ ਅੰਦਰ ਜਿਨ੍ਹਾਂ ਦੀ ਉਬਲੀ ਰਤ, ਕਿਉਂ ਬੈਠਾ ਮੁੱਖ ਭੁਆਈਆ । ਆ ਕੇ ਹਾਲ ਆਪਣਾ ਦੱਸ, ਭੇਵ ਅਭੇਦ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਦਏ ਜਣਾਈਆ । ਕਿਸ਼ਨ ਸਿੰਘ ਕਹੇ ਮੈਂ ਥੋੜਾ ਮੋਟਾ, ਮੁਸ਼ਕਲ ਨਾਲ ਜ਼ੋਰ ਲਗਾਈਆ । ਅਜੀਤ ਸਿੰਘ ਕਹੇ ਮੈਂ ਜੁਗ ਜੁਗ ਕਸਦਾ ਰਿਹਾ ਲੰਗੋਟਾ, ਆਪਣਾ ਬਲ ਆਪਣੇ ਵਿਚ ਧਰਾਈਆ । ਸੁਣਦਾ ਰਿਹਾ ਸ੍ਰੀ ਭਗਵਾਨ ਭਗਤਾਂ ਦੇਵੇ ਧੋਖਾ, ਲੋਕਮਾਤ ਦੇਵੇ ਸਜ਼ਾਈਆ । ਜਿਸ ਵੇਲੇ ਅੰਤਮ ਆਵੇ ਮੌਕਾ, ਛਿਨ ਮਾਤਰ ਰੂਪ ਵਖਾਈਆ । ਨਾਉਂ ਦੱਸ ਕੇ ਜੋਤੀ ਜੋਤਾ, ਜੋਤ ਜੋਤ ਵਿਚ ਸਮਾਈਆ । ਆਪਣੇ ਸਾਗਰ ਵਿਚ ਮਾਰੇ ਗ਼ੋਤਾ, ਭਵਰ ਨਜ਼ਰ ਕਿਸੇ ਨਾ ਆਈਆ । ਕਲਜੁਗ ਅੰਤ ਸ੍ਰੀ ਭਗਵੰਤ ਹੁਣ ਦੇ ਨਾ ਸਕੇ ਧੋਖਾ, ਜਨ ਭਗਤਾਂ ਡੋਰੀ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਮਾਣ ਵਡਿਆਈਆ । ਹੱਥਕੜੀ ਹੋਈ ਮੰਜ਼ੂਰ, ਸੋ ਸਾਹਿਬ ਆਪ ਜਣਾਈਆ । ਪਿਛਲਾ ਮੁਆਫ਼ ਕਰੇ ਕਸੂਰ, ਅੱਗੇ ਕਸਰ ਨਾ ਲਾਗੇ ਰਾਈਆ । ਜੇਕਰ ਮੇਰਾ ਲੈਣਾ ਸਚ ਨੂਰ, ਨੂਰ ਨੂਰਾਨਾ ਦਏ ਸਮਝਾਈਆ । ਗਲ ਫਾਸੀ ਦਿਓ ਜ਼ਰੂਰ, ਖਿਚੀ ਜਾਓ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਰਿਹਾ ਸਮਝਾਈਆ । ਜੇ ਗਲੋਂ ਫਾਸੀ ਜਾਏ ਚੜ੍ਹ, ਸੋ ਸਾਹਿਬ ਸਚ ਜਣਾਈਆ । ਧੜ ਕੋਲੋਂ

ਨਾ ਜਾਏ ਅੜ, ਇਕੋ ਗੰਢ ਰਿਹਾ ਪੁਆਈਆ । ਵੇਖੇ ਖੇਲ ਨਰਾਇਣ ਨਰ, ਨਰ ਹਰਿ ਸੱਜਣ ਸਚ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਹੱਥਾਂ ਗੰਢ ਜਾਵੇ ਖੋਲ੍ਹ, ਬੇਅੰਤ ਬੇਪਰਵਾਹੀਆ । ਫਾਸੀ ਚੜ੍ਹਨਾ ਇਹਦੇ ਲਈ ਮਖ਼ੌਲ ਭੈ ਭੌ ਨਾ ਕੋਇ ਰਖਾਈਆ । ਕਮਰ ਫੜ ਕੋਈ ਨਾ ਸਕੇ ਤੋਲ, ਤਰਾਜੂ ਹੱਥ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਦਏ ਜਣਾਈਆ । ਹੱਥ ਬੰਨ੍ਹਿਆ ਜਾਏ ਭੱਜ, ਕਦਮ ਕਦਮ ਨਾਲ ਮਿਲਾਈਆ । ਜੁਗ ਚੌਕੜੀ ਕਰਦਾ ਰਿਹਾ ਅਜ ਪਜ, ਸਾਚੀ ਖੇਲ ਨਾ ਕਿਸੇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਆਪਣੇ ਹੱਥ ਰਖਾਈਆ । ਜੁਗ ਚੌਕੜੀ ਕੇਹੜੀ ਕੇਹੜੀ, ਹਰਿ ਜੂ ਆਪਣੀ ਧਾਰ ਚਲਾਈਆ । ਗੁਰਮੁਖ ਕਹਿਣ ਇਹਦੇ ਪੈਰਾਂ ਮਾਰੋ ਬੇੜੀ, ਬੇੜਾ ਆਪਣਾ ਨਾਲ ਬੰਧਾਈਆ । ਹੁਣ ਕਰਨੀ ਨਹੀਂ ਦੇਰੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇੜੀ ਬੰਨ੍ਹ ਕੇ ਬੰਨ੍ਹੋ ਪੈਰ, ਪੈਰ ਤਨ ਮਾਟੀ ਖ਼ਾਕ ਵਖਾਈਆ । ਜੇ ਕੋਈ ਕਹੇ ਹੋਇਆ ਕਹਿਰ, ਗੁਰਮੁਖ ਖ਼ੁਸ਼ੀ ਲੈਣ ਮਨਾਈਆ । ਸ੍ਰੀ ਭਗਵਾਨ ਜਿਨ੍ਹਾਂ ਲਿਆ ਘੇਰ, ਤਿਨ੍ਹਾਂ ਦੁੱਖ ਨਾ ਲਾਗੇ ਰਾਈਆ । ਅੰਤਮ ਆਪਣਾ ਲਹਿਣਾ ਦੇਣਾ ਲੈਣਾ ਨਬੇੜ, ਬਾਕੀ ਕੋਇ ਨਜ਼ਰ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇੜੀ ਪਾ ਮਾਰੋ ਜ਼ੰਜੀਰ, ਜ਼ੰਜੀਰੀ ਇਕੋ ਇਕ ਸਮਝਾਈਆ । ਜਿੰਨਾਂ ਚਿਰ ਤੁਹਾਡੀ ਨਾ ਬਦਲੇ ਤਕਦੀਰ, ਹੱਥੋਂ ਛੱਡੋ ਨਾ ਬੇਪਰਵਾਹੀਆ । ਚਿੱਟੇ ਉਤੇ ਖਿਚੇ ਨਾ ਕਾਲੀ ਲਕੀਰ, ਲੇਖਾ ਸਚ ਨਾ ਕੋਇ ਜਣਾਈਆ । ਓਨ੍ਹਾਂ ਚਿਰ ਸਾਰੇ ਕਹੋ ਅਸੀਂ ਫੜਿਆ ਜ਼ਾਹਰਾ ਪੀਰ, ਜੋ ਉਚ ਪੀਰ ਬਣ ਕੇ ਪੱਲਾ ਗਿਆ ਛੁਡਾਈਆ । ਕਿਸੇ ਹੋਣ ਨਾ ਦੇਵੇ ਦਿਲਗੀਰ, ਦੁਖੀਆਂ ਦੁੱਖ ਦਰਦ ਵੰਡਾਈਆ । ਜਿਸ ਦਾ ਨਾਮ ਖੰਡਾ ਸਚ ਸ਼ਮਸ਼ੀਰ, ਚਿੱਲਾ ਤੀਰ ਕਮਾਨ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਰਿਹਾ ਦ੍ਰਿੜਾਈਆ । ਅਜੀਤ ਸਿੰਘ ਕਹੇ ਬੇੜੀ ਪਾਇਆਂ ਨਾ ਆਏ ਹੱਥ, ਬੇੜੀ ਚੰਮ ਨਾਲ ਪਰਨਾਈਆ । ਕਿਸ਼ਨ ਸਿੰਘ ਕਹੇ ਇਹ ਖੇਲ ਅਕੱਥ, ਸਮਝ ਵਿਚ ਕੋਇ ਨਾ ਆਈਆ । ਹਰਿ ਸੰਗਤ ਵੇਖ ਵੇਖ ਰਹੀ ਹੱਸ, ਰਸਨਾ ਜਿਹਵਾ ਨਾਲ ਮਿਲਾਈਆ । ਨੇਤਰ ਕਹਿਣ ਪ੍ਰਭ ਗਿਆ ਫਸ, ਭੱਜ ਸਕੇ ਨਾ ਬੇਪਰਵਾਹੀਆ । ਪੀਰ ਪੈਗ਼ੰਬਰ ਗੁਰ ਅਵਤਾਰ ਵੇਖਣ ਨੱਠ ਨੱਠ, ਹਰਿ ਕਰਤਾ ਕੀ ਕੀ ਖੇਲ ਰਚਾਈਆ । ਜੁਗ ਚੌਕੜੀ ਜੋ ਚਲੌਂਦਾ ਰਿਹਾ ਰਥ, ਬਣ ਰਥਵਾਹੀ ਸੇਵ ਕਮਾਈਆ । ਕਲਜੁਗ ਅੰਤ ਹੋ ਪਰਗਟ, ਨਿਹਕਲੰਕਾ ਨਾਉਂ ਰਖਾਈਆ । ਵੇਖੋ ਆਇਆ ਭਗਤਾਂ ਹੱਥ, ਆਪਣਾ ਵਸ ਨਾ ਕੋਇ ਜਣਾਈਆ । ਅੰਦਰ ਹੋ ਕੇ ਰਿਹਾ ਵਸ, ਬੇਪਰਵਾਹ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਸ੍ਰੀ ਭਗਵਾਨ ਬੰਨ੍ਹਿਆਂ ਰਹੇ ਨਾ ਬੱਧਾ, ਨਿਰਗੁਣ ਆਪਣੀ ਧਾਰ ਚਲਾਈਆ । ਸਜ਼ਾ ਵਿਚ ਨਾ ਲਏ ਸਜ਼ਾ, ਸਜ਼ਾ ਸਭ ਨੂੰ ਰਿਹਾ ਭੁਗਤਾਈਆ । ਕਜ਼ਾ ਵਿਚੋਂ ਪਰਗਟਾਏ ਕਜ਼ਾ, ਕਾਲ ਕਾਲ ਨਾਲ ਜਣਾਈਆ । ਪਿਆਰ ਵਿਚੋਂ ਵਖਾਏ ਮਜ਼ਾ, ਰਸ ਆਪਣਾ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਰਿਹਾ ਜਣਾਈਆ । ਫੜਿਆਂ ਕਦੇ ਨਾ ਜਾਏ ਫੜਿਆ, ਫਾਂਦੀ ਬਣੀ ਜਗਤ ਲੋਕਾਈਆ । ਸਾਚੀ ਧਾਰੇ ਆਪੇ ਚੜ੍ਹਿਆ, ਸਾਚਾ ਦਰ ਇਕ ਸੁਹਾਈਆ । ਸਾਚੇ ਗ੍ਰਿਹ ਆਪੇ ਵੜਿਆ, ਘਰ ਮੰਦਰ ਇਕ

੬੨੮ ੧੪

ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਰਿਹਾ ਜਣਾਈਆ । ਪ੍ਰਭ ਫੜਨ ਦਾ ਇਕੋ ਤਰੀਕਾ, ਜਨ ਭਗਤਾਂ ਆਪ ਜਣਾਈਆ । ਜਿਸ ਦਾ ਲੇਖ ਲਿਖੇ ਨਾ ਕੋਇ ਵਸੀਕਾ, ਕਲਮ ਸ਼ਾਹੀ ਨਾ ਕੋਇ ਵਡਿਆਈਆ । ਸੋ ਸਾਹਿਬ ਵਸੇ ਨਜ਼ਦੀਕਾ, ਦੂਰ ਦੁਰਾਡਾ ਪੰਧ ਮੁਕਾਈਆ । ਗੁਰਮੁਖੇ ਗੁਰਸਿਖੇ ਹਰਿਜਨ ਹਰਿਭਗਤ ਕੂੜੀ ਕਿਰਿਆ ਛੱਡੋ ਸ਼ਰੀਕਾ, ਸਿਰਕਤ ਵਰਨ ਬਰਨ ਨਾ ਕੋਇ ਰਖਾਈਆ । ਜਿਸ ਦੀਆਂ ਗੁਰ ਅਵਤਾਰ ਪੀਰ ਪੈਗ਼ੰਬਰ ਰੱਖਦੇ ਗਏ ਉਡੀਕਾਂ, ਆਪ ਆਪਣਾ ਧਿਆਨ ਲਗਾਈਆ । ਸੱਜਣ ਸਾਹਿਬ ਕਹਿੰਦੇ ਗਏ ਮੀਤਾ, ਮਿੱਤਰ ਪਿਆਰਾ ਇਕ ਹੋ ਜਾਈਆ । ਤਿਸ ਸਾਹਿਬ ਸਤਿਗੁਰ ਸਾਚੇ ਚਰਨ ਕਰੋ ਪ੍ਰੀਤਾ, ਬਿਨ ਪ੍ਰੀਤੀ ਬੰਧਨ ਵਿਚ ਕਿਸੇ ਨਾ ਆਈਆ । ਆਦਿ ਜੁਗਾਦੀ ਨੀਕਨ ਨੀਕਾ, ਵਡ ਵੱਡਾ ਹਰਿ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਸਚ ਸਮਝਾਈਆ । ਚਰਨ ਪ੍ਰੀਤੀ ਪਾਓ ਗੰਢ, ਗੰਢਣਹਾਰ ਗੋਪਾਲ ਸਵਾਮੀ ਆਪ ਜਣਾਇੰਦਾ । ਅਬਿਨਾਸ਼ੀ ਕਰਤਾ ਪੁਰਖ ਸਮਰਥ ਪਾਏ ਠੰਡ, ਅਗਨੀ ਤਪਸ਼ ਤੱਤ ਬੁਝਾਇੰਦਾ । ਗ੍ਰਿਹ ਅੰਤਰ ਦੇਵੇ ਸਚ ਅਨੰਦ, ਰਸ ਇਕੋ ਇਕ ਵਖਾਇੰਦਾ । ਘਰ ਢਾਹ ਕੇ ਆਵੇ ਦੂਈ ਦਵੈਤੀ ਕੰਧ, ਮਾਇਆ ਪੜਦਾ ਆਪ ਉਠਾਇੰਦਾ । ਗੁਰਮੁਖ ਵੇਖ ਅਮੋਲਕ ਚੰਦ, ਨੂਰ ਜ਼ਹੂਰ ਆਪ ਰੁਸ਼ਨਾਇੰਦਾ । ਆਪਣਾ ਤੋੜ ਬੰਦੀ ਬੰਦ, ਬੰਦੀਖ਼ਾਨਾ ਭਗਤ ਤੁੜਾਇੰਦਾ । ਜਨ ਭਗਤਾਂ ਅੰਦਰ ਆਪੇ ਲੰਘ, ਆਪ ਆਪਣੀ ਦਇਆ ਕਮਾਇੰਦਾ । ਸੋ ਗੁਰਮੁਖ ਸੋਹੰ ਗਾਏ ਛੰਦ, ਜਿਸ ਆਪਣਾ ਬੰਧਨ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਢਾਈ ਗਜ਼ ਦਾ ਜਗਤ ਦੋਪੱਟਾ, ਬਾਹਰੋਂ ਰੰਗ ਦਿਸੇ ਖੱਟਾ, ਅੰਦਰ ਨਜ਼ਰ ਕਿਸੇ ਨਾ ਆਈਆ । ਅਜੀਤ ਸਿੰਘ ਕਹੇ ਚੂੰਕਿ ਚੁਨਾਂਚਿ ਅਲਬੱਤਾ, ਅਲਫ਼ ਯੇ ਕਰੀ ਪੜ੍ਹਾਈਆ । ਕਿਸ਼ਨ ਸਿੰਘ ਕਹੇ ਮੈਂ ਵੇਖਿਆ ਸਭ ਦੇ ਵਿਚ ਰੱਟਾ, ਚੌਦਾਂ ਵਿਦਿਆ ਹੋਈ ਹਲਕਾਈਆ । ਸਾਰੇ ਪਰਮ ਪੁਰਖ ਦਾ ਦੱਸਦੇ ਗਏ ਪਤਾ, ਬਾਂਹੋਂ ਫੜ ਨਾ ਕੋਇ ਮਿਲਾਈਆ । ਕਲਜੁਗ ਅੰਤਮ ਆਇਆ ਸਖਾ, ਸਹਾਈ ਆਪਣਾ ਫੇਰਾ ਪਾਈਆ । ਜਿਸ ਜਨ ਭਗਤਾਂ ਖੋਲੀਆਂ ਅੱਖਾਂ, ਲੱਖ ਚੁਰਾਸੀ ਗੂੜ੍ਹੀ ਨੀਂਦ ਸੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਪ੍ਰੀਤੀ ਬਿਨ ਤੰਦ ਡੋਰ ਬਿਨ ਡੋਰ ਦੋਪੱਟੇ ਆਪਣੇ ਨਾਲ ਬੰਧਾਈਆ । ਦੋਪੱਟਾ ਕਹੇ ਮੇਰਾ ਝੂਠਾ ਪਿਆਰ, ਸਦਾ ਰਹਿਣ ਨਾ ਪਾਈਆ । ਮੂਰਖ ਮੁਗਧ ਮੈਨੂੰ ਦੇਵਣ ਪਾੜ, ਲੀਰ ਲੀਰ ਲੀਰ ਕਰਾਈਆ । ਮੈਂ ਓਸ ਵੇਲੇ ਸੋਹਵਾਂ ਜਿਸ ਵੇਲੇ ਮੋਢਿਆਂ ਉਤੇ ਸੁੱਟੇ ਮੇਰਾ ਲਾੜ, ਲਾੜਾ ਇਕੋ ਇਕ ਨਜ਼ਰੀ ਆਈਆ । ਜਿਸ ਲਾੜੀ ਬਣਾਈ ਸਰਬ ਸੰਸਾਰ, ਘਰ ਘਰ ਪੱਲੂ ਰਿਹਾ ਫੜਾਈਆ । ਸੋ ਸਾਹਿਬ ਪੁਰਖ ਭਤਾਰ, ਕੰਤ ਕੰਤੂਹਲ ਇਕ ਅਖਵਾਈਆ । ਜਿਸ ਨਾਲ ਨਾਨਕ ਲਾਂਵਾਂ ਲਈਆਂ ਚਾਰ, ਸੋ ਚੌਥੇ ਯੁਗ ਪੱਲਾ ਜਨ ਭਗਤਾਂ ਹੱਥ ਰਖਾਈਆ । ਕਰ ਕਿਰਪਾ ਸਭ ਨੂੰ ਕਰੇ ਪਾਰ, ਖ਼ੁਸ਼ੀਆਂ ਨਾਲ ਬੇੜਾ ਰਿਹਾ ਚਲਾਈਆ । ਢੋਲੇ ਗਾਵੇ ਅਗੰਮ ਅਪਾਰ, ਆਪ ਆਪਣੇ ਰੰਗ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਜਲਸ ਜਨ ਭਗਤਾਂ ਨਾਲ ਲਗਾਈਆ । ਭਗਤਾਂ ਨਾਲ ਮਜਲਸ ਲਾਏ ਆਪ, ਆਪ ਆਪਣੀ ਦਇਆ ਕਮਾਈਆ । ਰਲ ਮਿਲ ਜਪੀਏ ਆਪਣਾ ਜਾਪ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਪੁੱਤ ਕਹੇ ਤੂੰ ਮੇਰਾ ਬਾਪ, ਪਿਤਾ ਪੂਤ ਕਰ ਬੁਲਾਈਆ । ਗੋਬਿੰਦ ਦੱਸ ਕੇ ਗਿਆ ਸਾਕ, ਪੁਰਖ ਅਕਾਲ ਦਏ ਗਵਾਹੀਆ । ਜਿਸ ਸਭ ਦਾ ਖੋਲਿਆ ਤਾਕ, ਪੜਦਾ ਇਕੋ ਵਾਰ ਉਠਾਈਆ । ਜੋਤੀ ਜੋਤ


੯੨੯
੧੪

ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਫੜਾਏ ਆਪਣਾ ਪੱਲਾ, ਕਰੇ ਖੇਲ ਇਕ ਇਕੱਲਾ, ਅਕਲ ਕਲ ਆਪਣੀ ਧਾਰ ਚਲਾਈਆ ।

ਪੱਲੂ ਫੜਨ ਦਾ ਸਭ ਨੂੰ ਚਾ, ਘਰ ਘਰ ਧਿਆਨ ਲਗਾਈਆ । ਜਗਤ ਸਮਾਜ ਰਿਹਾ ਡਰਾ, ਕੂੜੀ ਕਿਰਿਆ ਭੈ ਰਖਾਈਆ । ਗੁਰਮੁਖ ਗੁਰਸਿਖ ਅੱਗੇ ਜਾਵਣ ਆ, ਆਪ ਆਪਣਾ ਲੇਖ ਚੁਕਾਈਆ । ਰਸਨਾ ਕਹਿਣ ਪ੍ਰਭ ਮਿਲਿਆ ਇਕ ਮਲਾਹ, ਬੇੜਾ ਪਾਰ ਕਰਾਈਆ । ਘਰਦਿਆਂ ਨਾਲ ਕੀ ਕਰਨੀ ਸਲਾਹ, ਜਿਸ ਦਾ ਲਹਿਣਾ ਤਿਸ ਦੀ ਝੋਲੀ ਪਾਈਆ । ਜੋ ਪੂਰਬ ਆਏ ਗਵਾ, ਤਿਨ੍ਹਾਂ ਝੋਲੀ ਰਿਹਾ ਭਰਾਈਆ । ਬਿਨ ਗੋਬਿੰਦ ਦਿਸੇ ਨਾ ਕੋਈ ਗਵਾਹ, ਸ਼ਹਾਦਤ ਸਚ ਨਾ ਕੋਇ ਜਣਾਈਆ । ਸਭ ਨੂੰ ਪਤਾ ਸ਼ੇਰ ਸਿੰਘ ਆਪਣਾ ਆਪ ਗਿਆ ਤਜਾ, ਬਿਨ ਫਾਸੀਉਂ ਫਾਸ ਲਟਕਾਈਆ । ਗੋਬਿੰਦ ਗੋਬਿੰਦ ਵਿਚ ਮਿਲਿਆ ਆ, ਆਪ ਆਪਣਾ ਰੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸਿੰਘ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਿਨ ਸਚ ਪ੍ਰੀਤ ਬੰਧਨ ਵਿਚ ਕਿਸੇ ਨਾ ਆਈਆ ।

### ★ ੭ ਹਾੜ ੨੦੨੦ ਬਿਕ੍ਰਮੀ ਮੱਖਣ ਸਿੰਘ ਨੌਰੰਗਾਬਾਦ ਦੇ ਨਵਿਤ ਦਰਬਾਰ ਵਿਚ ਜੇਠੂਵਾਲ ★



ਸਤਿ ਪ੍ਰੀਤੀ ਹਰਿ ਜੂ ਬੱਝੇ, ਹਰਿ ਭਗਤ ਗਿਆ ਸਮਝਾਈਆ । ਆਦਿ ਜੁਗਾਦਿ ਸੱਜੇ ਖੱਬੇ, ਪਿਛੇ ਅੱਗੇ ਸੇਵ ਕਮਾਈਆ । ਜਗਤ ਨੇਤਰ ਜਗਤ ਨਾ ਲੱਭੇ, ਗੁਰਮੁਖ ਨੇਤਰ ਆਪ ਖੁਲ੍ਹਾਈਆ । ਨਿਤ ਨਵਿਤ ਦਰਸਨ ਕਰ ਕਰ ਰੱਜੇ, ਨੇਤਰ ਨੈਣ ਤ੍ਰਿਪਤ ਵਖਾਈਆ । ਸ਼ਾਹ ਸੁਲਤਾਨ ਹੋ ਕੇ ਭੱਜੇ, ਪਾਤਸ਼ਾਹ ਆਪਣਾ ਫੇਰਾ ਪਾਈਆ । ਸੰਤ ਸੁਹੇਲੇ ਸਾਚੇ ਸੱਦੇ, ਸੱਦਾ ਆਪਣਾ ਨਾਮ ਦਿਵਾਈਆ । ਲੱਖ ਚੁਰਾਸੀ ਵਿਚੋਂ ਲੱਭੇ, ਕੋਟਨ ਕੋਟ ਫੋਲ ਫੁਲਾਈਆ । ਵੇਖਣਹਾਰਾ ਕੱਗ ਬਗਲੇ ਬੱਗੇ, ਬਪੜੇ ਆਪਣਾ ਭੇਵ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਰੀਤੀ ਇਕ ਰਖਾਈਆ । ਸਾਚੀ ਰੀਤੀ ਪਰੇਮ ਖਟੀਆ, ਆਸਣ ਇਕੋ ਇਕ ਜਣਾਇੰਦਾ । ਜੁਗ ਚੌਕੜੀ ਨਟੂ ਨਟੀਆ, ਸਵਾਂਗੀ ਸਵਾਂਗ ਰਚਾਇੰਦਾ । ਜੋਧਾ ਸੂਰਬੀਰ ਵਡ ਹੱਠ ਹਠੀਆ, ਬਲ ਆਪਣਾ ਆਪ ਪਰਗਟਾਇੰਦਾ । ਲੱਖ ਚੁਰਾਸੀ ਕਮਲਾਪਤੀਆ, ਪਤਿਪਰਮੇਸ਼ਵਰ ਨਾਉਂ ਪਰਗਟਾਇੰਦਾ । ਹੱਡ ਮਾਸ ਨਾੜੀ ਰਤ ਰਤੀਆ, ਰਤੀ ਰਤ ਰੰਗ ਰੰਗਾਇੰਦਾ । ਸੰਜੋਗੀ ਭੋਗੀ ਹੋਏ ਜਤੀਆ, ਭੇਵ ਕੋਇ ਨਾ ਆਇੰਦਾ । ਭੇਖ ਅਲੇਖ ਹੋਏ ਬਹੁ ਮਤੀਆ, ਭਰਾਂਤ ਭਰਮ ਰਾਹ ਜਣਾਇੰਦਾ । ਕਾਹਨ ਭਗਵਾਨ ਹੋਏ ਸਖੀਆਂ, ਮੰਗਲ ਸਾਚਾ ਨਾਮ ਅਲਾਇੰਦਾ । ਵੇਖਣਹਾਰਾ ਸਦਾ ਸਦਾ ਬਿਨ ਅੱਖੀਆਂ, ਨੇਤਰ ਆਪਣਾ ਆਪ ਖੁਲ੍ਹਾਇੰਦਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਨਾਲ ਰੱਖਦਾ ਰਿਹਾ ਆਪਣੀਆਂ ਪੱਤੀਆਂ, ਹਿੱਸਾ ਥੋੜਾ ਥੋੜਾ ਪਾਇੰਦਾ । ਭਗਤਾਂ ਰੂਹਾਂ ਬਣੌਂਦਾ ਰਿਹਾ ਪੱਠੀਆਂ, ਸਾਚੀ ਸਿਖਿਆ ਇਕ ਦ੍ਰਿੜਾਇੰਦਾ । ਜੋਬਨ ਜਵਾਨੀ ਵਕੌਂਦਾ ਰਿਹਾ ਉਤੋਂ ਅੱਟੀਆਂ, ਜਗਤ ਕਰਤਾ ਕੀਮਤ ਕੋਇ ਨਾ ਪਾਇੰਦਾ । ਕਬੀਰ ਜੋਲਾਹਾ ਫਿਰਦਾ ਰਿਹਾ ਵਿਚ ਹੱਟੀਆਂ, ਵਸਤ ਝੋਲੀ ਨਾ ਕੋਇ ਭਰਾਇੰਦਾ । ਚਾਰ ਯੁਗ ਨਿੱਕੀਆਂ ਨਿੱਕੀਆਂ ਜਗੌਂਦਾ ਰਿਹਾ ਬੱਤੀਆਂ, ਬੱਤੀ ਬੱਤੀ ਨਾਲ ਡਗਮਗਾਇੰਦਾ । ਵਾਰਾਂ ਸੁਣੌਂਦਾ ਰਿਹਾ ਰਾਗਾਂ ਵਿਚ ਕੋਲੋਂ ਭੱਟੀਆਂ, ਭਟਨਾਗਰ

ਨਜ਼ਰ ਕਿਸੇ ਨਾ ਆਇੰਦਾ । ਰੁਲੌਂਦਾ ਰਿਹਾ ਵੈਰਾਗੀ ਸਿਆਲੀ ਜੱਟੀਆਂ, ਵੰਝਲੀ ਨਾਮ ਹੱਥ ਨਾ ਕਿਸੇ ਫੜਾਇੰਦਾ । ਕਲਜੁਗ ਅੰਤ ਸ੍ਰੀ ਭਗਵੰਤ ਮਿਹਰਵਾਨ ਚਾਰ ਯੁਗ ਦੀਆਂ ਵਿਛੜੀਆਂ ਰੂਹਾਂ ਕਰ ਕੇ ਕੱਠੀਆਂ, ਇਕੋ ਵਾਰ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤੀ ਆਪ ਦ੍ਰਿੜਾਇੰਦਾ । ਪ੍ਰਭ ਮਿਲਣ ਦੀ ਪ੍ਰੀਤ ਏਕ, ਏਕੰਕਾਰ ਸਰਨਾਈਆ । ਸਾਹਿਬ ਸਾਹਿਬ ਦੀ ਸਾਚੀ ਟੇਕ, ਸਬੱਬ ਨਾਲ ਸਮਝਾਈਆ । ਨੇਤਰ ਨੇਤਰ ਲੋਚਣ ਪੇਖ, ਨੈਣ ਨੈਣ ਬਿਗਸਾਈਆ । ਅੰਤਰ ਅੰਤਰ ਅੰਤਰ ਹੇਤ, ਮੰਤਰ ਮੰਤਰ ਮੰਤਰ ਪੜ੍ਹਾਈਆ । ਗਗਨੰਤਰ ਗਗਨੰਤਰ ਰਿਹਾ ਵੇਖ, ਮੰਡਲ ਮੰਡਲ ਭੇਵ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤੀ ਆਪ ਜਣਾਈਆ । ਸਚ ਪ੍ਰੀਤੀ ਜਾਣੇ ਆਪ, ਦੂਜੇ ਸਮਝ ਕਿਸੇ ਨਾ ਆਈਆ । ਜੋ ਆਇਆ ਸੋ ਕਰਦਾ ਗਿਆ ਜਾਪ, ਦਿਵਸ ਰੈਣ ਧਿਆਨ ਲਗਾਈਆ । ਡਰਦਾ ਰਿਹਾ ਕੋਲੋਂ ਪੁੰਨ ਪਾਪ, ਪੁੰਨ ਪਾਪ ਆਪਣੇ ਵਿਚ ਨਾ ਕੋਇ ਸਮਾਈਆ । ਰਾਹ ਤੱਕਦਾ ਰਿਹਾ ਬੇਪਰਵਾਹ ਸਾਚੇ ਬਾਪ, ਪਿਤਾ ਪੂਤ ਰਾਹ ਤਕਾਈਆ । ਸ੍ਰਿਸ਼ਟ ਸਬਾਈ ਕਹਿ ਕਹਿ ਗਿਆ ਆਖ, ਉਚੀ ਕੂਕ ਕੂਕ ਸੁਣਾਈਆ । ਜਿਸ ਭੇਜਿਆ ਮੈਂ ਉਸ ਦਾ ਦਾਸ, ਪੁਰਖ ਅਕਾਲ ਸੱਚੀ ਸਰਨਾਈਆ । ਪਰਵਰਦਿਗਾਰ ਸਾਚਾ ਗਾਡ, ਗਹਿਰ ਗੰਭੀਰ ਵੱਡੀ ਵਡਿਆਈਆ । ਜਿਸ ਦੇ ਹੱਥ ਨਾਮ ਸਟਿਕ ਸਾਚੀ ਰਾਡ, ਡੰਡਾ ਇਕੋ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਪ੍ਰੀਤ ਆਪਣੇ ਹੱਥ ਰਖਾਈਆ । ਸਚ ਪ੍ਰੀਤ ਕਰੇ ਭਗਵਾਨ, ਦੂਜਾ ਕਰਨ ਕੋਇ ਨਾ ਆਈਆ । ਜਿਸ ਕਿਰਪਾ ਕਰੇ ਮਹਾਨ, ਅੰਤਰ ਆਤਮ ਬੂਝ ਬੁਝਾਈਆ । ਸਾਚਾ ਦੇਵੇ ਨਾਮ ਨਿਧਾਨ, ਨਾਉਂ ਨਿਰੰਕਾਰਾ ਕਰ ਪੜ੍ਹਾਈਆ । ਘਰ ਮੰਦਰ ਉਪਜੇ ਗਿਆਨ, ਅੰਧ ਅੰਧੇਰ ਮਿਟਾਈਆ । ਨੇਤਰ ਖੋਲ੍ਹ ਵੇਖੇ ਜਹਾਨ, ਦੋਏ ਦੋਏ ਆਪਣੀ ਕਾਰ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪ੍ਰੀਤ ਇਕੋ ਘਰ ਜਣਾਈਆ । ਸਚ ਪ੍ਰੀਤ ਕਰੇ ਭਗਵੰਤ, ਸ੍ਰੀ ਭਗਵਾਨ ਦਇਆ ਕਮਾਇੰਦਾ । ਜੋ ਆਇਆ ਸੋ ਕਹਿ ਕੇ ਗਿਆ ਕੰਤ, ਨਾਰ ਬਣ ਬਣ ਸੇਵ ਸਰਬ ਕਮਾਇੰਦਾ । ਜੋ ਆਇਆ ਸੋ ਗਾ ਕੇ ਗਿਆ ਮੰਤ, ਮੰਤਰ ਆਪਣਾ ਨਾਮ ਦ੍ਰਿੜਾਇੰਦਾ । ਜੋ ਆਇਆ ਸੋ ਬਣ ਕੇ ਗਿਆ ਮੰਗਤ, ਖ਼ਾਲੀ ਝੋਲੀ ਸਰਬ ਵਖਾਇੰਦਾ । ਜੋ ਆਇਆ ਸੋ ਉਪਜਿਆ ਵਿਚੋਂ ਜੇਰਜ ਅੰਡਤ, ਉਤਭੁਜ ਸੇਤਜ ਬੰਧਨ ਪਾਇੰਦਾ । ਜੋ ਆਇਆ ਸੋ ਵਿਦਿਆ ਹੋਇਆ ਪੰਡਤ, ਬੋਧ ਅਗਾਧਾ ਖੇਲ ਕਰਾਇੰਦਾ । ਜੋ ਆਇਆ ਸੋ ਕਰਦਾ ਰਿਹਾ ਮਿੰਨਤ, ਮਾਣ ਤਾਣ ਨਾ ਕੋਇ ਰਖਾਇੰਦਾ । ਜੋ ਆਇਆ ਸੋ ਕਰਦਾ ਰਿਹਾ ਹਿੰਮਤ, ਪ੍ਰਭ ਪ੍ਰੀਤੀ ਰਾਹ ਤਕਾਇੰਦਾ । ਜੋ ਆਇਆ ਸੋ ਕਰਦਾ ਰਿਹਾ ਸਾਚੀ ਗਿਣਤ, ਅਗਿਣਤ ਆਪਣੀ ਕਾਰ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਜੋ ਆਇਆ ਸੋ ਮਾਤ ਗਰਭ, ਦਸ ਦਸ ਮਾਸ ਅਗਨ ਤਪਾਈਆ । ਜੋ ਆਇਆ ਸੋ ਨਾਰ ਮਰਦ, ਪੁਰਸ਼ ਇਸਤਰੀ ਰੂਪ ਵਖਾਈਆ । ਜੋ ਆਇਆ ਸੋ ਲੋਚੇ ਪੜਦ, ਨੰਗਾ ਕੋਈ ਰਹਿਣ ਨਾ ਪਾਈਆ । ਜੋ ਆਇਆ ਸੋ ਮੰਨਦਾ ਰਿਹਾ ਦਰਦ, ਦੁੱਖ ਸੁਖ ਨਾਲ ਮਿਲਾਈਆ । ਜੋ ਆਇਆ ਸੋ ਹੁੰਦਾ ਰਿਹਾ ਗਰਮ ਸਰਦ, ਤਤਵ ਤਤ ਨਾਲ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤੀ ਆਪ ਰਖਾਈਆ । ਜੋ ਆਇਆ ਸੋ ਰਿਹਾ ਗੌਂਦਾ, ਇਕ ਇਕ ਧਿਆਨ ਲਗਾਈਆ । ਜੋ ਆਇਆ ਸੋ ਰਿਹਾ ਧਿਔਂਦਾ, ਮੰਗਦਾ ਰਿਹਾ ਚਰਨ ਸਰਨਾਈਆ । ਜੋ ਆਇਆ


੬੩੧ ੧੪

ਸੋ ਰਿਹਾ ਸੁਣੌਂਦਾ, ਉਚੀ ਕੂਕ ਕੂਕ ਅਲਾਈਆ । ਜੋ ਆਇਆ ਸੋ ਰਿਹਾ ਮੰਗ ਮੰਗੌਂਦਾ, ਖ਼ਾਲੀ ਝੋਲੀ ਇਕ ਵਖਾਈਆ । ਜੋ ਆਇਆ ਸੋ ਰਾਹ ਰਿਹਾ ਤਕੌਂਦਾ, ਕਵਣ ਕੂਟੇ ਹਰਿ ਜੂ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤ ਆਪ ਸਮਝਾਈਆ । ਜੋ ਔਂਦਾ ਰਿਹਾ ਸੋ ਰਿਹਾ ਪੜ੍ਹਦਾ, ਰਸਨਾ ਜਿਹਵਾ ਰਾਗ ਅਲਾਈਆ । ਜੋ ਔਂਦਾ ਸੋ ਰਿਹਾ ਬਰਦਾ, ਬਣ ਗ਼ੁਲਾਮ ਸੇਵ ਕਮਾਈਆ । ਜੋ ਔਂਦਾ ਸੋ ਰਿਹਾ ਡਰਦਾ, ਭੈ ਭੌ ਸਿਰ ਮਨਾਈਆ । ਜੋ ਔਂਦਾ ਸੋ ਰਿਹਾ ਮਰਦਾ, ਖ਼ਾਕੀ ਤਨ ਹੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤ ਇਕ ਰਖਾਈਆ । ਜੋ ਔਂਦਾ ਸੋ ਲਾਏ ਪ੍ਰੀਤ, ਪ੍ਰੀਤੀਵਾਨ ਇਕ ਅਖਵਾਈਆ । ਜੋ ਔਂਦਾ ਸੋ ਗਾਏ ਗੀਤ, ਢੋਲਾ ਗੋਬਿੰਦ ਇਕ ਅਲਾਈਆ । ਜੋ ਔਂਦਾ ਸੋ ਬਣੌਂਦਾ ਮੰਦਰ ਮਸੀਤ, ਸ਼ਿਵਦਵਾਲੇ ਮੱਠ ਰਾਹ ਚਲਾਈਆ । ਜੋ ਔਂਦਾ ਸੋ ਸਮਝੌਂਦਾ ਹਸਤ ਕੀਟ, ਜੀਵਾਂ ਜੰਤਾਂ ਰਾਹ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਜੋ ਆਇਆ ਸੋ ਅੰਤਮ ਮਰਿਆ, ਪੰਜ ਤੱਤ ਰਹਿਣ ਨਾ ਪਾਈਆ । ਗੁਰ ਅਵਤਾਰ ਹਰਿ ਕੇ ਪੌੜੇ ਚੜ੍ਹਿਆ, ਦੂਸਰ ਸਾਰ ਕੋਇ ਨਾ ਆਈਆ । ਜੁਗ ਚੌਕੜੀ ਖੇਲ ਕਰਿਆ, ਅਨਭਵ ਆਪਣੀ ਧਾਰ ਵਖਾਈਆ । ਲੇਖਾ ਜਾਣ ਗੁਰ ਅਵਤਰਿਆ, ਪੀਰ ਪੈਗ਼ੰਬਰ ਭੇਵ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤ ਇਕ ਦ੍ਰਿੜਾਈਆ । ਸਚ ਪ੍ਰੀਤ ਕਮਾਏ ਉਹ, ਜਿਸ ਹੱਥ ਵੱਡੀ ਵਡਿਆਈਆ । ਜੋ ਜਗ ਵਿਚੋਂ ਗਿਆ ਛੱਬੀ ਪੋਹ, ਨਾਤਾ ਮਾਤ ਜਗਤ ਤੁੜਾਈਆ । ਸੋ ਪ੍ਰੀਤੀਵਾਨ ਪ੍ਰੀਤਮ ਗਿਆ ਹੋ, ਪਰੇਮ ਆਪਣਾ ਆਪ ਨਿਭਾਈਆ । ਧੁਰ ਦਰਗਾਹੀ ਲੈ ਕੇ ਆਇਆ ਢੋਆ ਢੋ, ਸਾਚਾ ਸੋਹਲਾ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤ ਇਕ ਜਣਾਈਆ । ਸਚ ਪ੍ਰੀਤ ਕਮਾਏ ਕਰਤਾਰ, ਅਚਰਜ ਖੇਲ ਰਚਾਈਆ । ਜੋ ਛੱਡ ਕੇ ਜਾਏ ਸੰਸਾਰ, ਪਿਛੇ ਫੇਰ ਕਦੇ ਨਾ ਆਈਆ । ਵਾਰੋ ਵਾਰ ਔਂਦੇ ਰਹੇ ਗੁਰ ਅਵਤਾਰ, ਪੀਰ ਪੈਗ਼ੰਬਰ ਸੇਵ ਕਮਾਈਆ । ਲਿਖ ਲਿਖ ਗਏ ਸਾਚੀ ਵਾਰ, ਵਾਰਤਾ ਇਕੋ ਇਕ ਜਣਾਈਆ । ਪੁਰਖ ਅਬਿਨਾਸ਼ੀ ਸਾਂਝਾ ਯਾਰ, ਸਗਲਾ ਸੰਗ ਨਿਭਾਈਆ । ਕਲ ਕਲਕੀ ਲੈ ਅਵਤਾਰ, ਨਿਹਕਲੰਕਾ ਨਾਉਂ ਧਰਾਈਆ । ਜੁਗ ਜਨਮ ਦੇ ਵਿਛੜੇ ਮੇਲੇ ਯਾਰ, ਯਾਰੀ ਯਾਰਾਂ ਨਾਲ ਹੰਢਾਈਆ । ਨਿਰਗੁਣ ਹੋ ਕੇ ਕਰੇ ਪਿਆਰ, ਸਰਗੁਣ ਰੂਪ ਨਾ ਕੋਇ ਵਖਾਈਆ । ਪਿਆਰ ਪਿਛੇ ਆਵੇ ਆਪਣੀ ਧਾਰ, ਦੂਜੀ ਵਾਰ ਖੇਲ ਰਚਾਈਆ । ਮਾਤ ਪਿਤ ਨਾ ਸਕੇ ਕੋਈ ਗੋਦ ਉਠਾਲ, ਸੀਰ ਸ਼ੀਰ ਨਾ ਕੋਇ ਪਿਆਈਆ । ਲੋਰੀ ਦੇ ਕੋਈ ਨਾ ਕਹੇ ਮੇਰੇ ਲਾਲ, ਲਾਡਾਂ ਨਾਲ ਉਂਗਲੀ ਨਾ ਕੋਇ ਫਿਰਾਈਆ । ਕੋਈ ਨਾ ਕਹੇ ਜੰਮਿਆ ਘਰ ਸ਼ਾਹ ਕੰਗਾਲ, ਜਨਮ ਜਨਮ ਨਾ ਕੋਇ ਵਖਾਈਆ । ਕਰੇ ਖੇਲ ਆਪ ਕਮਾਲ, ਹਰਿ ਕਰਤਾ ਬੇਪਰਵਾਹੀਆ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਭਗਵਨ ਲੱਭੇ ਲਾਲ, ਅਨਮੁਲੜੇ ਮਾਣਕ ਆਪੇ ਵੇਖ ਵਖਾਈਆ । ਲੱਖ ਚੁਰਾਸੀ ਵਿਚੋਂ ਭਾਲ, ਭੇਵ ਅਭੇਦਾ ਆਪ ਖੁਲ੍ਹਾਈਆ । ਸਚ ਪ੍ਰੀਤ ਨਿਭਾਵੇ ਨਾਲ, ਅਧਵਿਚਕਾਰ ਨਾ ਕੋਇ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਪ੍ਰੀਤ ਕਰਨ ਪ੍ਰਭ ਆਏ ਅਗੰਮ, ਅਗੰਮੜੀ ਕਾਰ ਕਮਾਇੰਦਾ । ਮਾਤ ਪਿਤਾ ਘਰ ਪਏ ਨਾ ਜੰਮ, ਜਨਨੀ ਕੁੱਖ ਨਾ ਕੋਇ ਸੁਹਾਇੰਦਾ । ਪਵਣ ਸਵਾਸ ਨਾ ਕੋਇ ਦਮ, ਰਸਨਾ ਜਿਹਵਾ ਨਾ ਕੋਇ ਹਿਲਾਇੰਦਾ । ਬੁਧ ਮਤ ਨਾ ਕੋਇ ਮਨ, ਪੰਜ ਦਸ ਨਾ ਵੰਡ ਵੰਡਾਇੰਦਾ ।

੯੩੨
੧੪

ਜੋਤ ਨਿਰੰਜਣ ਨਾ ਕੋਇ ਚੰਨ, ਅਨਹਦ ਧੁਨ ਨਾ ਕੋਇ ਅਲਾਇੰਦਾ । ਹੱਥ ਪੈਰ ਨਾ ਕੋਇ ਕੰਨ, ਮੁਖ ਨੱਕ ਨਾ ਕੋਇ ਵਡਿਆਇੰਦਾ । ਨੇਤਰ ਪਰਕਾਸ਼ ਨਾ ਕੋਇ ਅੰਨ੍ਹ, ਸੀਸ ਜਗਦੀਸ ਨਾ ਕੋਇ ਸੁਹਾਇੰਦਾ । ਰਵ ਸਸ ਨਾ ਕੋਇ ਚੰਨ, ਚੰਦ ਚਾਂਦਨਾ ਨਾ ਕੋਇ ਚਮਕਾਇੰਦਾ । ਮਲਾਹ ਬੇੜਾ ਪੱਤਣ ਨਾ ਦੇਵੇ ਕੋਈ ਬੰਨ੍ਹ, ਖੇਵਟ ਖੇਟਾ ਨਜ਼ਰ ਕੋਇ ਨਾ ਆਇੰਦਾ । ਮਹੱਲ ਅਟੱਲ ਮਨਾਰ ਨਾ ਕੋਈ ਛੱਪਰ ਛੰਨ, ਜਗਤ ਦੁਆਰੇ ਨਾ ਕੋਇ ਵਖਾਇੰਦਾ । ਮਾਲ ਦੌਲਤ ਨਾ ਕੋਇ ਧੰਨ, ਪੈਸਾ ਧੇਲਾ ਨਾ ਵੰਡ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤੀ ਇਕੋ ਇਕ ਵਖਾਇੰਦਾ । ਸਚ ਪ੍ਰੀਤੀ ਕਰਨੇ ਆਇਆ, ਆਪਣੇ ਹੱਥ ਰੱਖੇ ਵਡਿਆਈਆ । ਨਿਰਗੁਣ ਹੋ ਕੇ ਨੂਰ ਰੁਸ਼ਨਾਇਆ, ਨੂਰੋ ਨੂਰ ਨੂਰ ਧਰਾਈਆ । ਗੋਬਿੰਦ ਹੋ ਕੇ ਗੀਤ ਗਾਇਆ, ਢੋਲਾ ਇਕੋ ਇਕ ਅਲਾਈਆ । ਅਤੀਤ ਹੋ ਕੇ ਵੇਸ ਵਟਾਇਆ, ਤ੍ਰੈਗੁਣ ਨਾਤਾ ਤੋੜ ਤੁੜਾਈਆ । ਸਰਜੀਤ ਹੋ ਕੇ ਫੇਰ ਵਖਾਇਆ, ਮਰਕੇ ਫੇਰ ਕੋਇ ਨਾ ਆਈਆ । ਸਚ ਪ੍ਰੀਤ ਰਿਹਾ ਨਿਭਾਇਆ, ਪ੍ਰੀਤੀਵਾਨ ਬੇਪਰਵਾਹੀਆ । ਹਸਤ ਕੀਟ ਜਿਸ ਸਰਨ ਲਗਾਇਆ, ਸਰਨਗਤ ਇਕ ਸਮਝਾਈਆ । ਅਨਡੀਠ ਖੇਲ ਰਿਹਾ ਕਰਾਇਆ, ਕੋਈ ਸਮਝ ਨਾ ਸਕੇ ਰਾਈਆ । ਕੋਟਨ ਕੋਟ ਭਿਖਕ ਭੀਖ ਮੰਗ ਮੰਗਾਇਆ, ਭਿਖਾਰੀ ਵੇਖੇ ਥਾਉਂ ਥਾਈਂਆ । ਨੀਤ ਅਨੀਤ ਰਾਹ ਚਲਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਪ੍ਰੀਤ ਕਰੇ ਪ੍ਰਭ ਹੋ ਦਲੇਰ, ਆਪਣਾ ਬਲ ਧਰਾਈਆ । ਨਿਰਗੁਣ ਹੋ ਕੇ ਆਇਆ ਫੇਰ, ਸਰਗੁਣ ਨਾਤਾ ਗਿਆ ਤੁੜਾਈਆ । ਪਹਿਲੋਂ ਬਣਿਆ ਪੰਜ ਤੱਤ ਦਾ ਪੁਤਲਾ ਨਿੱਕਾ ਜਿਹਾ ਸ਼ੇਰ, ਦੂਜੀ ਵਾਰ ਸ਼ਹਿਨਸ਼ਾਹ ਸ਼ੇਰ ਆਪਣਾ ਰੂਪ ਵਟਾਈਆ । ਜਿਸ ਨੂੰ ਜੁਗ ਚੌਕੜੀ ਕੋਈ ਨਾ ਸਕਿਆ ਘੇਰ, ਜੇ ਕੋਈ ਘੇਰੇ ਪਰਦੱਖਣਾ ਲੈ ਲੈ ਚਰਨ ਸੀਸ ਝੁਕਾਈਆ । ਮਿਹਰਵਾਨ ਹੋ ਕੇ ਕਰੇ ਮਿਹਰ, ਮਿਹਰ ਨਜ਼ਰ ਇਕ ਉਠਾਈਆ । ਗੇੜੇ ਨਾਲ ਗੇੜੇ ਗੇੜ, ਗੇੜਾ ਆਪਣੇ ਹੱਥ ਰਖਾਈਆ । ਜੁਗ ਚੌਕੜੀ ਡੋਬਦਾ ਤਾਰਦਾ ਰਿਹਾ ਬੇੜ, ਸਮੁੰਦ ਸਾਗਰ ਵੇਖ ਵਖਾਈਆ । ਜੇ ਕੋਈ ਕਹੇ ਵੱਡਾ ਕੇਹਰ, ਇਹਵੀ ਨਿੱਕੀ ਜਿਹੀ ਗੱਲ ਸਮਝਾਈਆ । ਜਿਸ ਆਦਿ ਜੁਗਾਦਿ ਜੁਗ ਚੌਕੜੀ ਕੀਤਾ ਹੇਰ ਫੇਰ, ਸੋ ਸ਼ੇਰ ਸਮਝ ਵਿਚ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਪ੍ਰੀਤ ਸੱਚਾ ਮਾਹੀਆ । ਪ੍ਰੀਤ ਕਰਨ ਆਏ ਸਚਖੰਡ ਨਿਵਾਸੀ, ਨਾਤਾ ਸਚ ਸਚ ਜੁੜਾਇੰਦਾ । ਜੇ ਕੋਈ ਲੱਭੇ ਘਨਕਪੁਰ ਵਾਸੀ, ਪੰਜ ਤੱਤ ਹੱਥ ਕਿਸੇ ਨਾ ਆਇੰਦਾ । ਜੇ ਕੋਈ ਬਣੇ ਸਾਚੀ ਦਾਸੀ, ਸਾਚੀ ਸਿਖਿਆ ਇਕ ਸਮਝਾਇੰਦਾ । ਫੜ ਬਾਂਹੋਂ ਵਖਾਏ ਆ ਵੇਖ ਜੋਤ ਪਰਕਾਸ਼ੀ, ਪਰਕਾਸ਼ਵਾਨ ਗੋਬਿੰਦ ਨਜ਼ਰੀ ਆਇੰਦਾ । ਜਿਸ ਦੇ ਕੋਲੋਂ ਹੋਵੇ ਬੰਦ ਖ਼ਲਾਸੀ, ਅਗਲਾ ਪਿਛਲਾ ਬੰਧਨ ਸਰਬ ਤੁੜਾਇੰਦਾ । ਜੁਗ ਜੁਗ ਕਰਨਹਾਰਾ ਪੂਰੀ ਆਸੀ, ਆਸਾ ਤ੍ਰਿਸਨਾ ਮੇਟ ਮਿਟਾਇੰਦਾ । ਕਲਜੁਗ ਅੰਤ ਇਕੋ ਕਰੀ ਵਡ ਬਦਮਾਸ਼ੀ, ਬੇਪਰਵਾਹ ਨਜ਼ਰ ਕਿਸੇ ਨਾ ਆਇੰਦਾ । ਲੱਖ ਚੁਰਾਸੀ ਵਿਚੋਂ ਥੋੜੇ ਲੱਭੇ ਸਾਥੀ, ਜਿਨ੍ਹਾਂ ਆਪਣੇ ਨਾਲ ਮਿਲਾਇੰਦਾ । ਇਕੋ ਰਾਗ ਸੁਣਾਏ ਗਾਥੀ, ਸਾਚਾ ਰਾਗ ਆਪ ਅਲਾਇੰਦਾ । ਸ੍ਰਿਸ਼ਟ ਸਬਾਈ ਦਿਸੇ ਔਖੀ ਘਾਟੀ, ਮੰਜ਼ਲ ਪਾਰ ਨਾ ਕੋਇ ਕਰਾਇੰਦਾ । ਗੁਰਮੁਖ ਸੱਜਣ ਦਰਸ ਮੰਗਣ ਦਿਵਸ ਰਾਤੀ, ਨੇਤਰ ਨੈਣ ਸਰਬ ਉਠਾਇੰਦਾ । ਮਾਰੇ ਪਰੇਮ ਕਟਾਕਸ਼ ਇਕੋ ਕਾਤੀ, ਕਤਲਗਾਹ ਆਪਣਾ ਘਰ ਬਣਾਇੰਦਾ । ਕੋਈ ਲੱਭੇ ਸੰਧਿਆ ਕੋਈ ਪਰਭਾਤੀ, ਕੋਈ ਘੜੀ ਪਲ ਵੰਡ ਵੰਡਾਇੰਦਾ । ਜਿਨ੍ਹਾਂ ਪ੍ਰਭ ਮਿਲੇ ਆਪ ਅਬਿਨਾਸ਼ੀ, ਅਬਿਨਾਸ਼ੀ ਆਪਣੀ


੯੩੩
੧੪

ਕਾਰ ਕਮਾਇੰਦਾ । ਸਚ ਪਿਆਰ ਦੀ ਦੱਸੇ ਜਾਚੀ, ਯਾਚਕ ਆਪਣੇ ਰੰਗ ਰੰਗਾਇੰਦਾ । ਕੋਈ ਲੋੜ ਨਾ ਪੁਨੂੰ ਡਾਚੀ, ਬਿਨ ਥਲਾਂ ਸੱਸੀ ਸਿਸਕੀਆਂ ਵਿਚ ਰੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰੇਮ ਪਿਆਰ ਕਰੇ ਬਹੁ ਭਾਂਤੀ, ਭੇਤ ਆਪਣੇ ਹੱਥ ਰਖਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਪਰੇਮ ਅੰਦਰ ਬਣਿਆ ਅਯਾਸ਼ੀ, ਨਸ਼ਾ ਨਾਮ ਖ਼ੁਮਾਰੀ ਅਮਾਮ ਸਤਿਕਾਰੀ ਪੈਗ਼ਾਮ ਬਾ ਆਰਾਮ ਸਭ ਨੂੰ ਆਪ ਪੁਚਾਇੰਦਾ ।

★ ੭ ਹਾੜ ੨੦੨੦ ਬਿਕ੍ਰਮੀ ਮੱਸਾ ਸਿੰਘ, ਦਾਰਾ ਸਿੰਘ ਨੌਰੰਗਾਬਾਦ ਦੇ ਨਵਿਤ ਦਰਬਾਰ ਵਿਚ ਜੇਠੂਵਾਲ ★

ਸਚ ਪ੍ਰੀਤ ਹਰਿ ਕੀ ਸੇਵਾ, ਸੇਵਾ ਸਚ ਵਿਚ ਸਮਾਈਆ । ਸਚ ਪ੍ਰੀਤ ਅੰਮ੍ਰਿਤ ਮੇਵਾ, ਅੰਮਿਉਂ ਰਸ ਰਸ ਚਖਾਈਆ । ਸਚ ਪ੍ਰੀਤ ਵਡ ਦੇਵੀ ਦੇਵਾ, ਦੇਵਤ ਸੁਰ ਆਪ ਸਮਝਾਈਆ । ਸਚ ਪ੍ਰੀਤ ਰਸਨਾ ਜਿਹਵਾ, ਹਰਿ ਹਰਿ ਨਾਮ ਧਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਆਪ ਲਗਾਈਆ । ਸਚ ਪ੍ਰੀਤ ਰੱਖੀ ਆਦਿ, ਆਦਤ ਆਪਣੀ ਇਕੋ ਪਾਈਆ । ਸਚ ਪ੍ਰੀਤ ਅੰਦਰ ਹੋ ਵਿਸਮਾਦ, ਵਿਸਮਾਦੀ ਆਪਣੀ ਕਾਰ ਕਮਾਈਆ । ਸਚ ਪ੍ਰੀਤ ਪਰੇਮੀ ਨਾਦ, ਅਨਾਦੀ ਰਾਗ ਸੁਣਾਈਆ । ਸਚ ਪ੍ਰੀਤੀ ਸੱਚਾ ਸਾਕ, ਸੱਜਣ ਸੈਣ ਰੂਪ ਵਟਾਈਆ । ਸਚ ਪ੍ਰੀਤੀ ਖੋਲ੍ਹੇ ਤਾਕ, ਬੰਦ ਕਿਵਾੜੀ ਕੁੰਡਾ ਲਾਹੀਆ । ਸਚ ਪ੍ਰੀਤੀ ਸਾਚੇ ਹਾਟ, ਸੋ ਪੁਰਖ ਨਿਰੰਜਣ ਆਪ ਰਖਾਈਆ ।


੯੩੪
੧੪

ਸਚ ਪ੍ਰੀਤੀ ਸਾਚੀ ਦਾਤ, ਹਰਿ ਸ਼ਬਦੀ ਆਪ ਵਰਤਾਈਆ । ਸਚ ਪ੍ਰੀਤੀ ਦੇ ਦੇ ਗਾਥ, ਨਾਮ ਨਿਧਾਨ ਕਰੇ ਪੜ੍ਹਾਈਆ । ਸਚ ਪ੍ਰੀਤੀ ਨਿਭਾਵੇ ਸਾਥ, ਅੰਗੀਕਾਰ ਆਪ ਹੋ ਜਾਈਆ । ਸਚ ਪ੍ਰੀਤੀ ਪਾਏ ਰਾਸ, ਮੰਡਲ ਮੰਡਪ ਗੋਪੀ ਕਾਹਨ ਨਚਾਈਆ । ਸਚ ਪ੍ਰੀਤੀ ਭਾਗ ਲਗਾਏ ਜੰਗਲ ਜੂਹ ਉਜਾੜ ਪਹਾੜ ਵਿਚ ਪਰਭਾਸ, ਟਿੱਲੇ ਪਰਬਤ ਖ਼ੁਸ਼ੀ ਮਨਾਈਆ । ਸਚ ਪ੍ਰੀਤੀ ਸਭ ਦੀ ਪੂਰੀ ਕਰੇ ਆਸ, ਨਿਰਾਸਾ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤੀ ਇਕੋ ਇਕ ਜਣਾਈਆ । ਸਚ ਪ੍ਰੀਤੀ ਦੱਸੀ ਇਕ, ਏਕੰਕਾਰ ਦਇਆ ਕਮਾਈਆ । ਸਚ ਪ੍ਰੀਤੀ ਬਖ਼ਸ਼ੀ ਹਿਤ, ਹਿਤਕਾਰੀ ਹੋ ਸਹਾਈਆ । ਸਚ ਪ੍ਰੀਤੀ ਰਹੇ ਨਿਤ ਨਵਿਤ, ਆਪਣੇ ਬੰਧਨ ਪਾਈਆ । ਸਚ ਪ੍ਰੀਤੀ ਸਾਚੀ ਸਿਖ, ਸਿਖਿਆ ਇਕ ਸਮਝਾਈਆ । ਸਚ ਪ੍ਰੀਤੀ ਆਪੇ ਲਿਖ, ਵੇਖਣਹਾਰ ਆਪ ਹੋ ਜਾਈਆ । ਸਚ ਪ੍ਰੀਤੀ ਪਾਏ ਭਿਖ, ਭਿਛਿਆ ਆਪਣਾ ਨਾਮ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਸਾਚੀ ਭਿਛਿਆ ਪਾਏ ਸੁਤ, ਸੋ ਸਾਹਿਬ ਦਇਆ ਕਮਾਈਆ । ਸਚ ਪ੍ਰੀਤੀ ਅਬਿਨਾਸ਼ੀ ਅਚੁਤ, ਚੇਤਨ ਧਾਰ ਜਣਾਈਆ । ਸਚ ਪ੍ਰੀਤ ਸੁਹਾਏ ਰੁੱਤ, ਰੁੱਤ ਰੁੱਤੜੀ ਇਕ ਮਹਿਕਾਈਆ । ਸਚ ਪ੍ਰੀਤੀ ਉਜਲ ਕਰੇ ਮੁਖ, ਦੁਰਮਤ ਮੈਲ ਧੁਆਈਆ । ਸਚ ਪ੍ਰੀਤੀ ਸੁਫਲ ਕਰਾਏ ਕੁੱਖ, ਜਨ ਜਨਨੀ ਲੇਖੇ ਲਾਈਆ । ਸਚ ਪ੍ਰੀਤੀ ਲੇਖਾ ਚੁਕਾਏ ਉਲਟਾ ਰੁਖ, ਦਸ ਦਸ ਮਾਸ ਨਾ ਅਗਨ ਤਪਾਈਆ । ਸਚ ਪ੍ਰੀਤੀ ਪੜਦਾ ਲਾਹ ਵਖਾਏ ਮੁਖ, ਘੁੰਗਟ ਨਜ਼ਰ ਕੋਇ ਨਾ ਆਈਆ । ਸਚ ਪ੍ਰੀਤੀ ਦੇਵੇ ਮਾਣਸ ਆਪ ਮਨੁੱਖ, ਮਾਨੁਸ਼ ਆਪਣਾ ਭੇਵ ਜਣਾਈਆ । ਸਚ ਪ੍ਰੀਤੀ ਆਪਣੀ ਧਾਰੋਂ ਪਏ ਉਠ, ਜਗਤ ਨੇਤਰ ਨਜ਼ਰ ਕਿਸੇ ਨਾ ਆਈਆ । ਸਚ ਪ੍ਰੀਤੀ ਅੰਦਰ

ਪ੍ਰੀਤਮ ਪਏ ਤੁਠ, ਮਿਹਰਵਾਨ ਵਡ ਵਡਿਆਈਆ । ਸਚ ਪ੍ਰੀਤੀ ਪਰਕਾਸ਼ ਕਰੇ ਨਿਰਮਲ ਜੋਤ, ਅੰਧ ਅੰਧੇਰ ਰਹਿਣ ਨਾ ਪਾਈਆ । ਸਚ ਪ੍ਰੀਤੀ ਆਤਮ ਪਰਮਾਤਮ ਬਣਾਏ ਇਕੋ ਗੋਤ, ਵਰਨ ਬਰਨ ਨਾ ਵੰਡ ਵੰਡਾਈਆ । ਸਚ ਪ੍ਰੀਤੀ ਆਦਿ ਜੁਗਾਦਿ ਜੁਗ ਚੌਕੜੀ ਸ੍ਰੀ ਭਗਵਾਨ ਰੱਖੇ ਸ਼ੌਕ, ਸ਼ਹਿਨਸ਼ਾਹ ਆਪਣੀ ਆਸ ਵਧਾਇੰਦਾ । ਸਚ ਪ੍ਰੀਤੀ ਸਾਚੇ ਮੰਦਰ ਜਾਏ ਪਹੁੰਚ, ਮਹੱਲ ਅਟੱਲ ਇਕ ਰੁਸ਼ਨਾਇੰਦਾ । ਸਚ ਪ੍ਰੀਤੀ ਕਿਸੇ ਨਾ ਆਵੇ ਸੋਚ, ਸੋਚਿਆਂ ਸੋਚ ਨਾ ਕੋਇ ਪਾਇੰਦਾ । ਸਚ ਪ੍ਰੀਤੀ ਸਾਰੇ ਰਹੇ ਲੋਚ, ਬਿਨ ਸਤਿਗੁਰ ਪੂਰੇ ਕਰਨ ਕੋਇ ਨਾ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤੀ ਏਕਾ ਸ਼ਬਦ ਸੁਤ ਜਣਾਇੰਦਾ । ਸਚ ਪ੍ਰੀਤੀ ਸ਼ਬਦ ਦੁਲਾਰੇ, ਸੋ ਸਾਹਿਬ ਦਏ ਵਡਿਆਈਆ । ਸਚਖੰਡ ਦੇ ਸਚ ਨਜ਼ਾਰੇ, ਬੇਨਜ਼ੀਰ ਆਪ ਸਮਝਾਈਆ । ਹੁਕਮੇ ਅੰਦਰ ਖੇਲ ਕਰਤਾਰੇ, ਹਰਿ ਕਰਨੀ ਕਰਤਾ ਆਪੇ ਕਮਾਈਆ । ਪ੍ਰੀਤੀ ਅੰਦਰ ਵਣਜ ਵਣਜਾਰੇ, ਨਿਰਗੁਣ ਸਾਚਾ ਹੱਟ ਚਲਾਈਆ । ਪ੍ਰੀਤੀ ਅੰਦਰ ਪਰੇਮ ਆਧਾਰੇ, ਪਰਮਾਤਮ ਆਪਣੀ ਕਾਰ ਕਮਾਈਆ । ਪ੍ਰੀਤੀ ਅੰਦਰ ਵਾਜਾਂ ਮਾਰੇ, ਧੁਰ ਦੀ ਧਾਰ ਆਪ ਸਮਝਾਈਆ । ਪ੍ਰੀਤੀ ਅੰਦਰ ਨੈਣ ਸ਼ੰਗਾਰੇ, ਬਣ ਮਤਵਾਲਾ ਬੇਪਰਵਾਹੀਆ । ਪ੍ਰੀਤੀ ਅੰਦਰ ਬੋਲ ਜੈਕਾਰੇ, ਜੈ ਜੈਕਾਰ ਨਾਦ ਅਲਾਈਆ । ਪ੍ਰੀਤੀ ਅੰਦਰ ਰਿਹਾ ਪੁਕਾਰੇ, ਉਚੀ ਕੂਕ ਕੂਕ ਸੁਣਾਈਆ । ਪ੍ਰੀਤੀ ਅੰਦਰ ਪੁਰਖ ਨਾਰੇ, ਨਰ ਨਰਾਇਣ ਖੇਲ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਪ੍ਰੀਤ ਇਕ ਵਡਿਆਈਆ । ਪ੍ਰੀਤੀ ਅੰਤਰ ਹੋਏ ਮੋਹ, ਮੁਹੱਬਤ ਇਕੋ ਇਕ ਜਣਾਈਆ । ਪ੍ਰੀਤਮ ਪ੍ਰੀਤੀ ਜਾਏ ਛੋਹ, ਸ਼ਹਿਨਸ਼ਾਹ ਆਪਣੇ ਅੰਗ ਲਗਾਈਆ । ਪ੍ਰੀਤੀਵਾਨ ਪ੍ਰੀਤਮ ਜਿਹਾ ਜਾਏ ਹੋ, ਜੋ ਪ੍ਰੀਤ ਸਚ ਕਮਾਈਆ । ਘਰ ਪਰਕਾਸ਼ ਹੋਵੇ ਲੋ, ਅੰਧ ਅੰਧੇਰ ਰਹਿਣ ਨਾ ਪਾਈਆ । ਸਚ ਪ੍ਰੀਤੀ ਕੋਈ ਨਾ ਲਵੇ ਖੋਹ, ਠੱਗ ਚੋਰ ਲੁੱਟ ਕੋਇ ਨਾ ਜਾਈਆ । ਸਚ ਪ੍ਰੀਤੀ ਕਿਸੇ ਨਾਲ ਨਾ ਕਮਾਏ ਕਦੇ ਧਰੋਹ, ਸਦ ਇਕੋ ਰੰਗ ਰੰਗਾਈਆ । ਸਚ ਪ੍ਰੀਤੀ ਕਰਨ ਆਇਆ ਛੱਬੀ ਪੋਹ, ਪਿਛਲਾ ਲੇਖਾ ਆਪ ਚੁਕਾਈਆ । ਆਪਣਾ ਨਾਮ ਰਖਾਇਆ ਸੋ, ਸਤਿਗੁਰ ਦਾਤਾ ਵਡ ਵਡਿਆਈਆ । ਹੰ ਬ੍ਰਹਮ ਕਰ ਨਿਰਮੋਹ, ਜਗਤ ਨਾਤਾ ਤੋੜ ਤੁੜਾਈਆ । ਧੁਰਦਰਗਾਹੀ ਢੋਆ ਢੋ, ਸਾਚੀ ਵਸਤ ਆਪ ਵਰਤਾਈਆ । ਦਏ ਸੰਦੇਸਾ ਅੱਗੇ ਹੋ, ਹੋਕਾ ਆਪਣਾ ਨਾਮ ਲਗਾਈਆ । ਲੱਖ ਚੁਰਾਸੀ ਜੀਵ ਜੰਤ ਜੋਹ, ਗੁਰਮੁਖ ਸੱਜਣ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤੀ ਇਕ ਬੰਧਾਈਆ । ਸਚ ਪ੍ਰੀਤੀ ਪਾਏ ਬੰਧਨ, ਬੰਦਗੀ ਇਕੋ ਇਕ ਜਣਾਈਆ । ਸਚ ਪ੍ਰੀਤੀ ਹਰਿ ਕਾ ਛੰਦਨ, ਸੋਹਲਾ ਰਾਗ ਲਏ ਵਡਿਆਈਆ । ਸਚ ਪ੍ਰੀਤੀ ਪਰੇਮ ਤੰਦਨ, ਸੂਤਰ ਤਾਗਾ ਵਟ ਨਾ ਕੋਇ ਚੜ੍ਹਾਈਆ । ਸਚ ਪ੍ਰੀਤੀ ਆਤਮ ਅਨੰਦਨ, ਪਰਮਾਨੰਦ ਵਿਚ ਸਮਾਈਆ । ਸਚ ਪ੍ਰੀਤੀ ਕੂੜੀ ਕਿਰਿਆ ਢਾਹੇ ਕੰਧਨ, ਹਉਮੇਂ ਹੰਗਤਾ ਗੜ੍ਹ ਤੁੜਾਈਆ । ਸਚ ਪ੍ਰੀਤੀ ਗੁਰਮੁਖ ਵਿਰਲਾ ਆਏ ਮੰਗਣ, ਪ੍ਰਭ ਚਰਨ ਸੱਚੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤੀ ਇਕ ਦ੍ਰਿੜਾਈਆ । ਸਚ ਪ੍ਰੀਤੀ ਸਚ ਸੰਦੇਸ, ਹਰਿ ਸਤਿਗੁਰ ਸਦਾ ਜਣਾਈਆ । ਸਚ ਪ੍ਰੀਤੀ ਸਚ ਆਦੇਸ, ਨਿਉਂ ਨਿਉਂ ਸੀਸ ਝੁਕਾਈਆ । ਸਚ ਪ੍ਰੀਤੀ ਧੁਰ ਦਾ ਵੇਸ, ਅਵਲੱੜੀ ਕਾਰ ਕਮਾਈਆ । ਸਚ ਪ੍ਰੀਤੀ ਸਤਿਗੁਰ ਭੇਤ, ਅਭੇਵ ਦਏ ਸਮਝਾਈਆ । ਸਚ ਪ੍ਰੀਤੀ ਗੁਰ ਕਾ ਹੇਤ, ਨਿਤ ਨਵਿਤ ਦਏ ਸਮਝਾਈਆ । ਸਚ ਪ੍ਰੀਤੀ ਰੁੱਤ ਬਸੰਤੀ ਚੇਤ, ਫੁਲ ਫੁਲਵਾੜੀ ਆਪ ਮਹਿਕਾਈਆ । ਸਚ ਪ੍ਰੀਤੀ

ਨਿਰਗੁਣ ਸਰਗੁਣ ਲਏ ਵੇਖ, ਵੇਖਣਹਾਰਾ ਬੇਪਰਵਾਹੀਆ । ਸਚ ਪ੍ਰੀਤੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਰ ਇਕੋ ਇਕ ਰਖਾਈਆ । ਸਚ ਪ੍ਰੀਤੀ ਸਚ ਕਮੌਂਦੇ, ਜਿਨ੍ਹਾਂ ਮਿਹਰ ਨਜ਼ਰ ਉਠਾਈਆ । ਸਚ ਪ੍ਰੀਤੀ ਪ੍ਰੀਤਮ ਨਾਲ ਲਗੌਂਦੇ, ਜਿਨ੍ਹਾਂ ਆਪਣੇ ਰੰਗ ਰੰਗਾਈਆ । ਸਚ ਪ੍ਰੀਤੀ ਗੁਰ ਅਵਤਾਰ ਰਖੌਂਦੇ, ਪੀਰ ਪੈਗ਼ੰਬਰ ਦੋਏ ਜੋੜ ਪੜਨ ਸਰਨਾਈਆ । ਸਚ ਪ੍ਰੀਤੀ ਵਿਸ਼ਨ ਬ੍ਰਹਮਾ ਸ਼ਿਵ ਲਗੌਂਦੇ, ਜੁਗ ਚੌਕੜੀ ਸੇਵ ਕਮਾਈਆ । ਸਚ ਪ੍ਰੀਤੀ ਭਗਤ ਭਗਵਾਨ ਜਣੌਂਦੇ, ਜਾਨਣਹਾਰ ਪਰਦਾ ਲਾਹੀਆ । ਸਚ ਪ੍ਰੀਤੀ ਜਨ ਸੰਤ ਕਮੌਂਦੇ, ਕਾਮ ਕਾਮਨੀ ਨੇੜ ਨਾ ਆਈਆ । ਸਚ ਪ੍ਰੀਤੀ ਗੁਰਮੁਖ ਸੱਜਣ ਆਪ ਪਰਨੌਂਦੇ, ਲਾੜੀ ਰੂਪ ਲੈਣ ਬਣਾਈਆ । ਸਚ ਪ੍ਰੀਤੀ ਗੁਰਸਿਖ ਵਿਔਂਹਦੇ, ਸਾਚੀ ਡੋਲੀ ਵਿਚ ਬਹਾਈਆ । ਸਚ ਪ੍ਰੀਤੀ ਗੁਰੂ ਘਰ ਬਹੌਂਦੇ, ਦੂਜਾ ਦਰ ਨਾ ਕੋਇ ਵਖਾਈਆ । ਸਚ ਪ੍ਰੀਤੀ ਨੇਤਰ ਨੈਣ ਮਿਲੌਂਦੇ, ਅੱਖ ਅੱਖ ਨਾਲ ਰਲਾਈਆ । ਸਚ ਪ੍ਰੀਤੀ ਨਾਤਾ ਬਿਧਾਤਾ ਜੋੜ ਜੁੜੌਂਦੇ, ਨਾ ਕੋਈ ਤੋੜੇ ਤੋੜ ਤੁੜਾਈਆ । ਸਚ ਪ੍ਰੀਤੀ ਅੰਦਰ ਬਾਹਰ ਸਾਰੇ ਧਿਆਨ ਲਗੌਂਦੇ, ਗੁਪਤ ਜ਼ਾਹਰ ਵੇਖ ਵਖਾਈਆ । ਸਚ ਪ੍ਰੀਤੀ ਸਾਰੇ ਰਾਹ ਤਕੌਂਦੇ, ਨੇਤਰ ਨੈਣ ਨੈਣ ਉਠਾਈਆ । ਸਚ ਪ੍ਰੀਤੀ ਗੁਰਮੁਖ ਗੁਰ ਗੁਰ ਗੰਢ ਪਵੌਂਦੇ, ਲੋਕਮਾਤ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਸਚ ਪ੍ਰੀਤੀ ਜੀਵ ਜੰਤ ਆਧਾਰ, ਜੀਵਣ ਜੁਗਤ ਜਣਾਈਆ । ਸਚ ਪ੍ਰੀਤੀ ਲੱਭਦੇ ਗਏ ਜੁਗ ਚਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਸ ਵਟਾਈਆ । ਸਚ ਪ੍ਰੀਤੀ ਕਰ ਕਰ ਗਏ ਹਾਰ, ਅੰਤ ਹਾਥ ਕਿਸੇ ਨਾ ਆਈਆ । ਸਚ ਪ੍ਰੀਤੀ ਲੱਭਦੇ ਰਹੇ ਵਿਚ ਸ਼ਹਿਰ ਬਾਜ਼ਾਰ, ਹੱਟੋ ਹੱਟ ਫੇਰਾ ਪਾਈਆ । ਸਚ ਪ੍ਰੀਤੀ ਕੌਡਾਂ ਨਾਲ ਕਰਦੇ ਰਹੇ ਵਪਾਰ, ਧਨ ਦੌਲਤ ਨਾਲ ਮਿਲਾਈਆ । ਸਚ ਪ੍ਰੀਤੀ ਕਾਮ ਕਰੋਧ ਲੋਭ ਮੋਹ ਹੰਕਾਰ, ਕੂੜੀ ਕਿਰਿਆ ਬੰਧਨ ਪਾਈਆ । ਸਚ ਪ੍ਰੀਤੀ ਕਰਦਾ ਰਿਹਾ ਸੰਸਾਰ, ਆਸਾ ਤ੍ਰਿਸਨਾ ਸੰਗ ਰਖਾਈਆ । ਸਚ ਪ੍ਰੀਤੀ ਗੁਰਮੁਖ ਵਿਰਲਾ ਲੱਭੇ ਡੂੰਘੀ ਗਾਰ, ਕਾਇਆ ਕਵਰੀ ਫੋਲ ਫੁਲਾਈਆ । ਸਚ ਪ੍ਰੀਤੀ ਆਪਣੇ ਹੱਥ ਰੱਖੇ ਨਿਰੰਕਾਰ, ਦੂਜੇ ਹੱਥ ਨਾ ਕੋਇ ਫੜਾਈਆ । ਸਚ ਪ੍ਰੀਤੀ ਕਰਦਾ ਰਿਹਾ ਜੁਗ ਚਾਰ, ਨਵ ਨੌਂ ਚਾਰ ਖੇਲ ਰਚਾਈਆ । ਸਚ ਪ੍ਰੀਤੀ ਬੰਨ੍ਹਦਾ ਰਿਹਾ ਧਾਰ, ਧਾਰਨਾ ਆਪਣੀ ਇਕ ਉਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਆਪਣੀ ਆਪ ਜਣਾਈਆ । ਸਚ ਪ੍ਰੀਤੀ ਗਾਏ ਢੋਲਾ, ਢੋਲਕ ਛੈਣਾ ਨਾ ਕੋਇ ਵਜਾਈਆ । ਸਚ ਪ੍ਰੀਤੀ ਪਾਏ ਰੌਲਾ, ਉਚੀ ਕੂਕ ਕੂਕ ਸੁਣਾਈਆ । ਸਚ ਪ੍ਰੀਤੀ ਲੱਭੇ ਮੌਲਾ, ਪਰਵਰਦਿਗਾਰ ਵਿਛੜ ਨਾ ਜਾਈਆ । ਸਚ ਪ੍ਰੀਤੀ ਨੂਰ ਨੁਰਾਨਾ ਕਦੇ ਨਾ ਹੋਵੇ ਉਹਲਾ, ਪੜਦਾ ਵਿਚ ਨਾ ਕੋਇ ਰਖਾਈਆ । ਸਚ ਪ੍ਰੀਤੀ ਮਿਲੇ ਸਾਚਾ ਤੋਲਾ, ਨਾਮ ਕੰਡਾ ਤਰਾਜ਼ੂ ਹੱਥ ਉਠਾਈਆ । ਸਚ ਪ੍ਰੀਤੀ ਅੰਦਰ ਬਦਲੇ ਕਾਇਆ ਚੋਲਾ, ਚੋਲੀ ਆਪਣੇ ਰੰਗ ਰੰਗਾਈਆ । ਸਚ ਪ੍ਰੀਤੀ ਅੰਦਰ ਗੁਰਮੁਖ ਵਿਰਲਾ ਘੋਲੀ ਘੋਲ ਘੋਲਾ, ਆਪ ਆਪਣਾ ਮਾਣ ਮਿਟਾਈਆ । ਸਚ ਪ੍ਰੀਤੀ ਅੰਦਰ ਮਿਲੇ ਨਾਮ ਅਨਮੋਲਾ, ਕਰਤਾ ਕੀਮਤ ਕੋਇ ਨਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤੀ ਆਪ ਕਮਾਈਆ । ਸਚ ਪ੍ਰੀਤੀ ਕਰੇ ਸਜਦਾ, ਪਰਵਰਦਿਗਾਰ ਸੀਸ ਝੁਕਾਈਆ । ਸਚ ਪ੍ਰੀਤ ਬਣਾਏ ਬਰਦਾ, ਬੰਦੀਖ਼ਾਨਾ ਇਕ ਰਖਾਈਆ । ਸਚ ਪ੍ਰੀਤੀ ਨਾਤਾ ਹਰਿ ਦਾ, ਨਰ ਹਰਿ ਨਰਾਇਣ ਜੋੜ ਜੁੜਾਈਆ । ਸਚ ਪ੍ਰੀਤੀ ਵਸੇਰਾ ਸਾਚੇ ਘਰ ਦਾ, ਘਰ ਸਾਚੇ ਵੱਜੇ ਵਧਾਈਆ । ਸਚ ਪ੍ਰੀਤੀ ਗੁਰਮੁਖ ਵਿਰਲਾ

ਕਰਦਾ, ਦੂਸਰ ਕਰਨ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਣ ਬਰਦਾ ਸਚ ਪ੍ਰੀਤ ਆਪ ਕਮਾਈਆ । ਸਚ ਪ੍ਰੀਤੀ ਕਰੇ ਠਾਕਰ, ਠੇਕਰ ਆਪਣੇ ਨਾਮ ਲਗਾਈਆ । ਸਚ ਪ੍ਰੀਤੀ ਨਿਰਮਲ ਕਰਮ ਕਰੇ ਉਜਾਗਰ, ਦੁਰਮਤ ਮੈਲ ਧੁਆਈਆ । ਸਚ ਪ੍ਰੀਤੀ ਵਣਜ ਕਰਾਏ ਇਕ ਸੌਦਾਗਰ, ਸੌਦਾ ਇਕੋ ਹੱਟ ਵਿਕਾਈਆ । ਸਚ ਪ੍ਰੀਤੀ ਭੇਵ ਚੁਕਾਏ ਡੂੰਘੇ ਸਾਗਰ, ਗਹਿਰ ਗੰਭੀਰ ਵੇਖ ਵਖਾਈਆ । ਸਚ ਪ੍ਰੀਤੀ ਸਭ ਨੂੰ ਦੇਵੇ ਆਦਰ, ਜੋ ਦਰ ਆਇਣ ਸਰਨਾਈਆ । ਸਚ ਪ੍ਰੀਤੀ ਪਾਰ ਕਰਾਏ ਭਵ ਸਾਗਰ, ਡੂੰਘੀ ਧਾਰ ਨਾ ਕੋਇ ਰੁੜ੍ਹਾਈਆ । ਸਚ ਪ੍ਰੀਤੀ ਦਰਗਹਿ ਦੇਵੇ ਆਦਰ, ਨਿਮਾਣ ਨਿਮਾਣਿਆਂ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਸਚ ਪ੍ਰੀਤੀ ਸਤਿਗੁਰ ਚਰਨ, ਚਰਨ ਮਿਲੇ ਸਰਨਾਈਆ । ਸਚ ਪ੍ਰੀਤੀ ਸਤਿਗੁਰ ਸਰਨ, ਸਾਹਿਬ ਹੋਏ ਸਹਾਈਆ । ਸਚ ਪ੍ਰੀਤੀ ਕਰਨੀ ਕਰਨ, ਹਰਿ ਕਰਤਾ ਆਪ ਕਮਾਈਆ । ਸਚ ਪ੍ਰੀਤੀ ਲਹਿਣਾ ਚੁਕਾਏ ਮਰਨ ਡਰਨ, ਭੈ ਭੌ ਨਾ ਜਮ ਰਖਾਈਆ । ਸਚ ਪ੍ਰੀਤੀ ਅੰਦਰ ਸੰਤ ਸੁਹੇਲੇ ਸੜਨ, ਬਿਰਹੋਂ ਅਗਨ ਲਗਾਈਆ । ਸਚ ਪ੍ਰੀਤੀ ਅੰਦਰ ਮੰਜ਼ਲ ਮੰਜ਼ਲ ਚੜ੍ਹਨ, ਬਣ ਪਾਂਧੀ ਫੇਰਾ ਪਾਈਆ । ਸਚ ਪ੍ਰੀਤੀ ਅੰਦਰ ਇਕੋ ਢੋਲਾ ਪੜ੍ਹਨ, ਸੋਹੰ ਰਾਗ ਅਲਾਈਆ । ਸਚ ਪ੍ਰੀਤੀ ਅੰਦਰ ਪਾਰਬ੍ਰਹਮ ਪ੍ਰਭ ਆਇਆ ਫੜਨ, ਜੋ ਵਿਛੜੇ ਲਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਾਰਗ ਇਕੋ ਇਕ ਵਖਾਈਆ । ਸਚ ਪ੍ਰੀਤੀ ਸਾਚਾ ਪੰਥ, ਸੋ ਸਾਹਿਬ ਆਪ ਜਣਾਈਆ । ਸਚ ਪ੍ਰੀਤੀ ਆਤਮ ਗ੍ਰੰਥ, ਬੋਧ ਅਗਾਧ ਪੜ੍ਹਾਈਆ । ਸਚ ਪ੍ਰੀਤੀ ਨਾਦ ਧੁਨ ਸੰਖ, ਸਾਚਾ ਰਾਗ ਸੁਣਾਈਆ । ਸਚ ਪ੍ਰੀਤੀ ਸਚ ਬਣਾਏ ਬਣਤ, ਘੜਨ ਭੰਨਣਹਾਰ ਵੇਖ ਵਖਾਈਆ । ਸਚ ਪ੍ਰੀਤੀ ਮੇਲ ਮਿਲਾਏ ਨਰ ਹਰਿ ਕੰਤ, ਜਗਤ ਨਾਤਾ ਤੋੜ ਤੁੜਾਈਆ । ਸਚ ਪ੍ਰੀਤੀ ਕਾਇਆ ਚੋਲੀ ਚਾੜ੍ਹੇ ਰੰਗ ਬਸੰਤ, ਲੋਕਮਾਤ ਉਤਰ ਕਦੇ ਨਾ ਜਾਈਆ । ਸਚ ਪ੍ਰੀਤੀ ਗੜ੍ਹ ਤੋੜੇ ਹਉਮੇਂ ਹੰਗਤ, ਸਾਚੀ ਸਿਖਿਆ ਇਕ ਸਮਝਾਈਆ । ਸਚ ਪ੍ਰੀਤੀ ਕੋਈ ਨਾ ਜਾਣੇ ਪੰਡਤ, ਪੜ੍ਹਿਆਂ ਸਾਰ ਕੋਇ ਨਾ ਪਾਈਆ । ਸਚ ਪ੍ਰੀਤੀ ਕੋਈ ਨਾ ਹੋਵੇ ਮੰਗਤ, ਮੰਗਿਆਂ ਹੱਥ ਕਿਸੇ ਨਾ ਆਈਆ । ਸਚ ਪ੍ਰੀਤੀ ਗੁਰਸਿਖ ਮਿਲਾਏ ਸਾਚੀ ਸੰਗਤ, ਹਰਿ ਸਗਲਾ ਸੰਗ ਨਿਭਾਈਆ । ਸਚ ਪ੍ਰੀਤੀ ਰਾਹ ਦੱਸੇ ਇਕੋ ਪੰਗਤ, ਊਚ ਨੀਚ ਨਾ ਕੋਇ ਵਡਿਆਈਆ । ਸਚ ਪ੍ਰੀਤੀ ਹਰਿ ਦੀ ਸੰਗਤ, ਦਿਵਸ ਰੈਣ ਰਹੀ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਗਟ ਹੋ ਕੇ ਵਾਲੀ ਦੋ ਜਹਾਨ, ਸਚ ਪ੍ਰੀਤੀ ਇਕ ਨਿਸ਼ਾਨ, ਨਿਸ਼ਾਨਾ ਆਪਣਾ ਨਾਮ ਝੁਲਾਈਆ ।

★ ੮ ਹਾੜ ੨੦੨੦ ਬਿਕ੍ਰਮੀ ਕੁੰਦਨ ਸਿੰਘ ਮਾਲ ਚੱਕ ਦੇ ਨਵਿਤ ਦਰਬਾਰ ਵਿਚ ਜੇਠੂਵਾਲ ★

ਸਚ ਪ੍ਰੀਤ ਕਰੇ ਜੁਗ ਸਤਿ, ਸਤਿ ਸਤਿ ਸਮਝਾਇੰਦਾ । ਸਚ ਪ੍ਰੀਤ ਕਰੇ ਗੁਰਮਤ, ਗੁਰਮਤੀ ਗੁਰ ਸਮਝਾਇੰਦਾ । ਸਚ ਪ੍ਰੀਤ ਪੁਰਖ ਸਮਰਥ, ਹਰਿ ਸਤਿਗੁਰ ਆਪ ਰਖਾਇੰਦਾ । ਸਚ ਪ੍ਰੀਤ ਕਮਲਾਪਤ, ਕਵਲ ਨੈਣ ਆਪ ਲਗਾਇੰਦਾ । ਸਚ ਪ੍ਰੀਤ ਬ੍ਰਹਮ ਮਤ, ਪਾਰਬ੍ਰਹਮ ਬ੍ਰਹਮ ਸਮਝਾਇੰਦਾ । ਸਚ ਪ੍ਰੀਤ ਸਾਚਾ ਹੱਕ, ਹਰਿ ਭਗਤਾਂ ਆਪ ਵਖਾਇੰਦਾ । ਸਚ ਪ੍ਰੀਤ ਦੋ ਜਹਾਨਾਂ ਵਾਲੀ ਰਿਹਾ ਤੱਕ, ਸਚ ਦੁਆਰੇ ਆਸਣ ਲਾਇੰਦਾ ।

ਸਚ ਪ੍ਰੀਤ ਸਦਾ ਅਨਥਕ, ਥਕਾਵਟ ਰੂਪ ਨਾ ਕੋਇ ਵਟਾਇੰਦਾ । ਸਚ ਪ੍ਰੀਤ ਸਤਿਗੁਰ ਹੱਥ, ਜਗਤ ਜੀਵ ਨਾ ਕੋਇ ਕਮਾਇੰਦਾ । ਸਚ ਪ੍ਰੀਤ ਸਗਲ ਵਿਸੂਰੇ ਜਾਇਣ ਲੱਥ, ਜੋ ਜਨ ਲੋਕਮਾਤ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤ ਆਪ ਸਮਝਾਇੰਦਾ । ਸਚ ਪ੍ਰੀਤ ਆਤਮ ਸਾਖੀ, ਗੁਰ ਸਤਿਗੁਰ ਆਪ ਸਮਝਾਈਆ । ਸਚ ਪ੍ਰੀਤ ਪਾਰਬ੍ਰਹਮ ਪ੍ਰਭ ਭਾਖੀ, ਭਾਖਿਆ ਦੇਵੇ ਜਗਤ ਲੋਕਾਈਆ । ਸਚ ਪ੍ਰੀਤ ਖੋਲ੍ਹੇ ਤਾਕੀ, ਬੰਦ ਕਿਵਾੜਾ ਕੁੰਡਾ ਲਾਹੀਆ । ਸਚ ਪ੍ਰੀਤ ਚੜ੍ਹਾਵੇ ਸਾਚੇ ਰਾਕੀ, ਅਸਵ ਘੋੜਾ ਸ਼ਬਦ ਵਖਾਈਆ । ਸਚ ਪ੍ਰੀਤ ਲੇਖੇ ਲਾਏ ਤਨ ਖ਼ਾਕੀ, ਮਾਟੀ ਖੇਹ ਨਾ ਕੋਇ ਉਡਾਈਆ । ਸਚ ਪ੍ਰੀਤ ਲਹਿਣਾ ਦੇਣਾ ਚੁਕਾਏ ਬਾਕੀ, ਪੂਰਬ ਲੇਖਾ ਝੋਲੀ ਪਾਈਆ । ਸਚ ਪ੍ਰੀਤ ਜਨ ਭਗਤਾਂ ਮਿਲੇ ਦਾਤੀ, ਦਾਤਾ ਦਾਨੀ ਆਪ ਵਰਤਾਈਆ । ਸਚ ਪ੍ਰੀਤ ਮੇਟੇ ਅੰਧੇਰੀ ਰਾਤੀ, ਨਿਰਗੁਣ ਚੰਦ ਕਰੇ ਰੁਸ਼ਨਾਈਆ । ਸਚ ਪ੍ਰੀਤ ਅੰਮ੍ਰਿਤ ਬੂੰਦ ਸਵਾਂਤੀ, ਠੰਡੀ ਠਾਰ ਧਾਰ ਵਹਾਈਆ । ਸਚ ਪ੍ਰੀਤ ਸਤਿਗੁਰ ਪਰਭਾਤੀ, ਅਮਾਵਸ ਰੈਣ ਨਾ ਰੂਪ ਵਟਾਈਆ । ਸਚ ਪ੍ਰੀਤ ਇਕ ਇਕਾਂਤੀ, ਅਕਲ ਕਲ ਧਾਰੀ ਆਪ ਸਮਝਾਈਆ । ਸਚ ਪ੍ਰੀਤ ਲੋਕਮਾਤੀ, ਮਿਹਰਵਾਨ ਸੱਜਣ ਆਪ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਆਪ ਦਰਸਾਈਆ । ਸਚ ਪ੍ਰੀਤੀ ਸਚ ਦੁਆਰ, ਸੋ ਪੁਰਖ ਨਿਰੰਜਣ ਆਪ ਕਰਾਈਆ । ਸਚ ਪ੍ਰੀਤੀ ਸਤਿਗੁਰ ਧਾਰ, ਨਿਰਗੁਣ ਨਿਰਗੁਣ ਵੇਖ ਵਖਾਈਆ । ਸਚ ਪ੍ਰੀਤੀ ਗੁਰ ਗੁਰ ਪਿਆਰ, ਗੁਰ ਸ਼ਬਦ ਦਏ ਵਡਿਆਈਆ । ਸਚ ਪ੍ਰੀਤੀ ਭਗਤ ਆਧਾਰ, ਓਟ ਇਕੋ ਇਕ ਜਣਾਈਆ । ਸਚ ਪ੍ਰੀਤੀ ਸੰਤ ਕਾਰ, ਸਤਿ ਪੁਰਖ ਨਿਰੰਜਣ ਆਪ ਸਮਝਾਈਆ । ਸਚ ਪ੍ਰੀਤੀ ਗੁਰਮੁਖ ਵਿਹਾਰ, ਬਿਵਹਾਰੀ ਆਪਣੀ ਧਾਰ ਜਣਾਈਆ । ਸਚ ਪ੍ਰੀਤੀ ਗੁਰਸਿਖ ਕਾਰ, ਹਰਿ ਕਰਨੀ ਕਰਤਾ ਆਪ ਵਖਾਈਆ । ਸਚ ਪ੍ਰੀਤੀ ਸਭ ਤੋਂ ਵਸੇ ਬਾਹਰ, ਬਿਨ ਸਤਿਗੁਰ ਪੂਰੇ ਹੱਥ ਕਿਸੇ ਨਾ ਆਈਆ । ਸਚ ਪ੍ਰੀਤੀ ਲੱਭਦੇ ਗਏ ਜੁਗ ਚਾਰ, ਚਾਰੋਂ ਕੁੰਟ ਧਿਆਨ ਲਗਾਈਆ । ਸਚ ਪ੍ਰੀਤੀ ਅੰਦਰ ਵਿਸ਼ਨੂੰ ਕਰੇ ਨਿਮਸਕਾਰ, ਨਿਉਂ ਨਿਉਂ ਆਪਣਾ ਸੀਸ ਝੁਕਾਈਆ । ਸਚ ਪ੍ਰੀਤੀ ਬ੍ਰਹਮੇ ਕਰੇ ਭਿਖਾਰ, ਦਰ ਭਿਖਿਆ ਮੰਗੇ ਚਾਈਂ ਚਾਈਂਆ । ਸਚ ਪ੍ਰੀਤੀ ਸ਼ੰਕਰ ਲਾਵੇ ਛਾਰ, ਤਨ ਭਬੂਤ ਰਮਾਈਆ । ਸਚ ਪ੍ਰੀਤੀ ਤ੍ਰੈਗੁਣ ਮਾਇਆ ਕਰੇ ਵਿਹਾਰ, ਪੰਜ ਤੱਤ ਤੱਤ ਕੁੜਮਾਈਆ । ਸਚ ਪ੍ਰੀਤੀ ਅੰਦਰ ਪਰਮਾਤਮ ਆਤਮ ਖੋਲ੍ਹ ਕਿਵਾੜ, ਹਿੱਸਾ ਆਪਣਾ ਵੰਡ ਵੰਡਾਈਆ । ਸਚ ਪ੍ਰੀਤੀ ਅੰਦਰ ਨਿਰਮਲ ਦੀਆ ਦੀਪਕ ਕਰ ਉਜਿਆਰ, ਜੋਤੀ ਜੋਤ ਜੋਤ ਰੁਸ਼ਨਾਈਆ । ਸਚ ਪ੍ਰੀਤੀ ਅੰਦਰ ਨਾਦ ਸ਼ਬਦ ਧੁਨਕਾਰ, ਵਡ ਰਾਗੀ ਰਾਗ ਅਲਾਈਆ । ਸਚ ਪ੍ਰੀਤੀ ਅੰਦਰ ਲੱਖ ਚੁਰਾਸੀ ਕਰ ਪਸਾਰ, ਘਟ ਘਟ ਅੰਦਰ ਆਪਣਾ ਡੇਰਾ ਲਾਈਆ । ਸਚ ਪ੍ਰੀਤੀ ਅੰਦਰ ਨਿਰਗੁਣ ਸਰਗੁਣ ਲੈ ਅਵਤਾਰ, ਗੁਰ ਗੁਰ ਆਪਣਾ ਵੇਸ ਵਟਾਈਆ । ਸਚ ਪ੍ਰੀਤੀ ਅੰਦਰ ਬੋਲ ਜੈਕਾਰ, ਨਾਉਂ ਨਿਰੰਕਾਰਾ ਦਏ ਸਮਝਾਈਆ । ਸਚ ਪ੍ਰੀਤੀ ਅੰਦਰ ਜਾਣੇ ਸ਼ਬਦ ਸਾਰ, ਸਾਰ ਆਪਣੀ ਧਾਰ ਰਖਾਈਆ । ਸਚ ਪ੍ਰੀਤੀ ਅੰਦਰ ਵਸੇ ਸਚਖੰਡ ਦੁਆਰ, ਦਰਗਹਿ ਸਾਚੀ ਡੇਰਾ ਲਾਈਆ । ਸਚ ਪ੍ਰੀਤੀ ਅੰਦਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਕਰਾਈਆ । ਸਚ ਪ੍ਰੀਤੀ ਕਰੇ ਭਗਵਾਨ, ਪ੍ਰਭ ਆਪਣੀ ਦਇਆ ਕਮਾਈਆ । ਸਚ ਪ੍ਰੀਤੀ ਦੇਵੇ ਦਾਨ, ਦਾਤਾ ਦਾਨੀ ਇਕ ਅਖਵਾਈਆ । ਸਚ ਪ੍ਰੀਤੀ ਦੋ ਜਹਾਨ ਨਿਸ਼ਾਨ, ਜਨ ਭਗਤ ਲਏ ਉਪਜਾਈਆ । ਸਚ ਪ੍ਰੀਤੀ ਆਤਮ ਅੰਤਰ ਦੇਵੇ ਬ੍ਰਹਮ ਗਿਆਨ, ਸਾਚੀ ਵਿਦਿਆ ਕਰੇ ਪੜ੍ਹਾਈਆ । ਸਚ ਪ੍ਰੀਤੀ ਅਨਹਦ ਨਾਦ

੬੩੮
੧੪

ਸੁਣਾਏ ਸੱਚੀ ਧੁਨਕਾਨ, ਸ਼ਬਦੀ ਸ਼ਬਦ ਨਾਦ ਵਜਾਈਆ । ਸਚ ਪ੍ਰੀਤੀ ਕਰੇ ਕਾਇਆ ਮੰਦਰ ਸਾਢੇ ਤਿੰਨ ਹੱਥ ਮਕਾਨ, ਬੇਮੁਕਾਮ ਆਸਣ ਲਾਈਆ । ਸਚ ਪ੍ਰੀਤੀ ਏਥੇ ਓਥੇ ਦੋ ਜਹਾਨ ਦੇਵੇ ਮਾਣ, ਅਭਿਮਾਨ ਕੋਇ ਰਹਿਣ ਨਾ ਪਾਈਆ । ਸਚ ਪ੍ਰੀਤੀ ਸਾਹਿਬ ਸਤਿਗੁਰ ਮਿਲੇ ਆਣ, ਦੀਨ ਦਿਆਲ ਦਰ ਦਰ ਘਰ ਘਰ ਫੇਰਾ ਪਾਈਆ । ਸਚ ਪ੍ਰੀਤੀ ਦੇਵੇ ਫ਼ਰਮਾਨ, ਧੁਰ ਸੰਦੇਸਾ ਇਕ ਅਲਾਈਆ । ਸਚ ਪ੍ਰੀਤੀ ਲੱਭਦੇ ਫਿਰਦੇ ਰਾਜ ਰਾਜਾਨ, ਸ਼ਾਹ ਸੁਲਤਾਨ ਹੱਥ ਕਿਸੇ ਨਾ ਆਈਆ । ਸਚ ਪ੍ਰੀਤੀ ਗੁਰਮੁਖ ਵਿਰਲੇ ਪਾਣ, ਜਿਨ੍ਹਾਂ ਪ੍ਰਭ ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਰਚਾਈਆ । ਸਚ ਪ੍ਰੀਤੀ ਕਰੇ ਗੋਬਿੰਦ, ਹਰਿ ਗੋਪਾਲ ਬੇਪਰਵਾਹੀਆ । ਸਚ ਪ੍ਰੀਤੀ ਧਾਰ ਸਾਗਰ ਸਿੰਧ, ਗਹਿਰ ਗੰਭੀਰ ਆਪ ਪਰਗਟਾਈਆ । ਸਚ ਪ੍ਰੀਤੀ ਸਤਿਗੁਰ ਬਿੰਦ, ਬਿੰਦ ਅਨਾਦੀ ਰੂਪ ਵਖਾਈਆ । ਸਚ ਪ੍ਰੀਤੀ ਸਾਗਰ ਸਿੰਧ, ਸਰੋਵਰ ਇਕੋ ਨਾਮ ਭਰਾਈਆ । ਸਚ ਪ੍ਰੀਤੀ ਜੀਉ ਪਿੰਡ, ਜੀਵਣ ਜੁਗਤ ਦਏ ਜਣਾਈਆ । ਸਚ ਪ੍ਰੀਤੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਪ੍ਰੀਤੀ ਇਕੋ ਇਕ ਵਖਾਈਆ । ਸਚ ਪ੍ਰੀਤੀ ਹਰਿ ਕਾ ਸੰਗ, ਸਤਿਗੁਰ ਦੇਵਣਹਾਰ ਵਡਿਆਈਆ । ਸਚ ਪ੍ਰੀਤੀ ਆਤਮ ਅਨੰਦ, ਗੁਰ ਚਰਨ ਮਿਲੇ ਸਰਨਾਈਆ । ਸਚ ਪ੍ਰੀਤ ਅਗੰਮੀ ਛੰਦ, ਢੋਲਾ ਸੋਹਲਾ ਰਾਗ ਅਲਾਈਆ । ਸਚ ਪ੍ਰੀਤੀ ਦੂਈ ਦਵੈਤ ਢਾਹੇ ਕੰਧ, ਭਾਂਡਾ ਭਰਮ ਭੌ ਭੰਨਾਈਆ । ਸਚ ਪ੍ਰੀਤੀ ਜਗਤ ਰੰਡੇਪਾ ਕੱਟੇ ਰੰਡ, ਕੰਤ ਸੁਹਾਗ ਇਕ ਮਿਲਾਈਆ । ਸਚ ਪ੍ਰੀਤੀ ਮਾਇਆ ਮਮਤਾ ਲੱਗਾ ਤੋੜੇ ਜੰਦ, ਕੁੰਜੀ ਇਕੋ ਨਾਮ ਵਖਾਈਆ । ਸਚ ਪ੍ਰੀਤੀ ਆਦਿ ਜਣਾਈ ਹੰ ਬ੍ਰਹਮ, ਪਾਰਬ੍ਰਹਮ ਪੜ੍ਹਾਈਆ । ਸਚ ਪ੍ਰੀਤੀ ਸੋ ਪੁਰਖ ਨਿਰੰਜਣ ਆਪ ਮੰਗ, ਦਰ ਭਿਖਕ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਪ੍ਰੀਤੀ ਸੋਹੰ ਆਪਣਾ ਰੰਗ ਵਖਾਈਆ । ਸੋ ਕਹੇ ਮੇਰੀ ਸਚ ਪ੍ਰੀਤ, ਹੰ ਨਾਲ ਲਗਾਈਆ । ਹੰ ਕਹੇ ਮੈਂ ਗਾਵਾਂ ਗੀਤ, ਸੋ ਤੇਰੀ ਵਡਿਆਈਆ । ਸੋ ਕਹੇ ਮੈਂ ਠਾਂਡਾ ਸੀਤ, ਸੀਤਲ ਧਾਰ ਵਹਾਈਆ । ਹੰ ਕਹੇ ਮੈਂ ਤੇਰੀ ਚਲਾਵਾਂ ਰੀਤ, ਰੀਤੀਵਾਨ ਤੇਰੀ ਸਰਨਾਈਆ । ਸੋ ਕਹੇ ਮੇਰਾ ਖੇਲ ਠੀਕ, ਠਾਕਰ ਆਪਣਾ ਰੰਗ ਰੰਗਾਈਆ । ਹੰ ਕਹੇ ਮੈਨੂੰ ਤੇਰੀ ਉਡੀਕ, ਨਿਤ ਨਵਿਤ ਧਿਆਨ ਲਗਾਈਆ । ਸੋ ਕਹੇ ਮੈਂ ਆਦਿ ਜੁਗਾਦਿ ਲਵਾਂ ਜੀਤ, ਬੱਚਿਆ ਕੋਇ ਰਹਿਣ ਨਾ ਪਾਈਆ । ਹੰ ਕਹੇ ਮੈਂ ਵਸਾਂ ਤੇਰੇ ਭੀਤਰ ਭੀਤ, ਭਿਤ ਆਪਣਾ ਨਾ ਕੋਇ ਰਖਾਈਆ । ਨਾ ਦੇਹੁਰਾ ਨਾ ਮੰਦਰ ਮਸੀਤ, ਸ਼ਿਵਦਵਾਲਾ ਨਜ਼ਰ ਕੋਇ ਨਾ ਆਈਆ । ਜਹਿੰ ਵੇਖਾ ਤਹਿੰ ਵਸੇ ਅਤੀਤ, ਤ੍ਰੈਗੁਣ ਰੋਕ ਨਾ ਸਕੇ ਰਾਈਆ । ਪੰਜ ਤੱਤ ਨਾ ਕੋਇ ਸ਼ਰੀਕ, ਮਨ ਮਤ ਬੁਧ ਨਾ ਕੋਇ ਲੜਾਈਆ । ਜਿਨ੍ਹਾਂ ਸਾਹਿਬ ਸਤਿਗੁਰ ਨਾਲ ਲੱਗੀ ਪ੍ਰੀਤ, ਪ੍ਰੀਤਮ ਆਪਣੀ ਪ੍ਰੀਤ ਦਏ ਸਮਝਾਈਆ । ਇਕੋ ਢੋਲਾ ਗੌਣਾ ਸੋਹੰ ਗੀਤ, ਦੀਨ ਦਿਆਲ ਦਏ ਸਮਝਾਈਆ । ਨਿਰਗੁਣ ਹੋ ਕੇ ਵਸੇ ਚੀਤ, ਸਰਗੁਣ ਆਪਣਾ ਬੰਧਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪ੍ਰੀਤ ਇਕੋ ਘਰ ਵਖਾਈਆ । ਪ੍ਰੀਤ ਕਰੇ ਗੋਬਿੰਦ ਕਰਤਾਰ, ਹਰਿ ਕਰਨੀ ਆਪ ਕਮਾਇੰਦਾ । ਸਚ ਪ੍ਰੀਤੀ ਸਤਿਗੁਰ ਸ਼ੰਗਾਰ, ਬਸਤਰ ਭੂਸ਼ਨ ਕੋਇ ਨਾ ਸੋਭਾ ਪਾਇੰਦਾ । ਸਚ ਪ੍ਰੀਤੀ ਪਰੇਮ ਕੱਜਲ ਧਾਰ, ਨੇਤਰ ਨੈਣ ਨੈਣ ਮਟਕਾਇੰਦਾ । ਸਚ ਪ੍ਰੀਤੀ ਸੋਹਣੀ ਪੱਟੀ ਸੀਸ ਆਧਾਰ, ਮਿਹਰਵਾਨ ਵੇਖ ਵਖਾਇੰਦਾ । ਸਚ ਪ੍ਰੀਤੀ ਸਾਢੇ ਤਿੰਨ ਕਰੋੜ ਖਿੜੇ ਗੁਲਜਾਰ, ਰੋਮ ਰੋਮ ਨਾਚ ਨਚਾਇੰਦਾ ।

੯੪੦
੧੪

ਸਚ ਪ੍ਰੀਤੀ ਅੰਮ੍ਰਿਤ ਆਤਮ ਆਏ ਬਹਾਰ, ਨਿਝਰ ਝਿਰਨਾ ਬੂੰਦ ਸਵਾਂਤੀ ਮੁਖ ਚੁਆਇੰਦਾ । ਸਚ ਪ੍ਰੀਤੀ ਆਤਮ ਭਵਰਾ ਕਰੇ ਗੁੰਜਾਰ, ਰਸ ਰਸੀਆ ਵੇਖ ਵਖਾਇੰਦਾ । ਸਚ ਪ੍ਰੀਤੀ ਜਗਤ ਜੁਗਤ ਤੋਂ ਵਸੇ ਬਾਹਰ, ਭਗਤ ਭਗਵੰਤ ਆਪ ਸਮਝਾਇੰਦਾ । ਸਚ ਪ੍ਰੀਤੀ ਸਾਹਿਬ ਸਤਿਗੁਰ ਨਾਤਾ ਜੋੜ ਪੁਰਖ ਨਾਰ, ਨਰ ਨਰਾਇਣ ਆਤਮ ਪਰਮਾਤਮ ਕੰਤ ਨਾਰ ਰੂਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤ ਇਕ ਲਗਾਇੰਦਾ । ਸਚ ਪ੍ਰੀਤ ਕਿਸੇ ਹੱਥ ਨਾ ਆਏ ਜੋਜਨ, ਕੋਟਨ ਕੋਟ ਪਾਂਧੀ ਨੱਠਣ ਵਾਹੋ ਦਾਹੀਆ । ਸਚ ਪ੍ਰੀਤੀ ਲੱਭੇ ਨਾ ਵਿਚੋਂ ਸਾਚੇ ਭੋਜਨ, ਰਸਨਾ ਜਿਹਵਾ ਰਸ ਰਸ ਹੋਏ ਹਲਕਾਈਆ । ਸਚ ਪ੍ਰੀਤੀ ਕੋਟਨ ਕੋਟ ਖੋਜਣ, ਖੋਜਿਆਂ ਹੱਥ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਪ੍ਰੀਤੀ ਇਕੋ ਘਰ ਵਖਾਈਆ । ਸਚ ਪ੍ਰੀਤੀ ਸਤਿਗੁਰ ਚਰਨ, ਪ੍ਰਭ ਦੇਵਣਹਾਰ ਵਡਿਆਈਆ । ਸਚ ਪ੍ਰੀਤੀ ਕਰਨੀ ਕਰਨ, ਹਰਿ ਕਰਤਾ ਆਪ ਸਮਝਾਈਆ । ਸਚ ਪ੍ਰੀਤੀ ਨੇਤਰ ਖੋਲ੍ਹੇ ਹਰਨ ਫਰਨ, ਨਿਜ ਨੈਣ ਦਏ ਵਖਾਈਆ । ਸਚ ਪ੍ਰੀਤੀ ਤਰਨੀ ਤਰਨ, ਤਾਰਨਹਾਰਾ ਆਪ ਸਮਝਾਈਆ । ਸਚ ਪ੍ਰੀਤੀ ਨਾਤਾ ਤੋੜੇ ਮਰਨ ਡਰਨ, ਲੱਖ ਚੁਰਾਸੀ ਗੇੜ ਕਟਾਈਆ । ਸਚ ਪ੍ਰੀਤੀ ਗੁਰਮੁਖ ਵਿਰਲੇ ਸਤਿਗੁਰ ਚਰਨ ਫੜਨ, ਫੜਿਆ ਪੱਲੂ ਨਾ ਕੋਇ ਛੁਡਾਈਆ । ਸਚ ਪ੍ਰੀਤੀ ਆਤਮ ਪਰਮਾਤਮ ਢੋਲਾ ਪੜ੍ਹਨ, ਦੋਹਾਂ ਇਕੋ ਰੰਗ ਰੰਗਾਈਆ । ਸਚ ਪ੍ਰੀਤੀ ਸੰਤ ਸੁਹੇਲੇ ਗੁਰੂ ਗੁਰ ਚੇਲੇ ਉਚੇ ਮੰਦਰ ਚੜ੍ਹਨ, ਘਰ ਸਾਚੇ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤੀ ਇਕ ਰਖਾਈਆ । ਸਚ ਪ੍ਰੀਤੀ ਆਤਮ ਪਰਮਾਤਮ ਸੇਵ, ਸੇਵਾ ਸਚ ਸਚ ਸਮਝਾਈਆ । ਸਚ ਪ੍ਰੀਤੀ ਸਤਿਗੁਰ ਦੇਵ, ਦੇਵਤ ਸੁਰ ਰਹੇ ਕਮਾਈਆ । ਸਚ ਪ੍ਰੀਤ ਸਦਾ ਨਿਹਕੇਵ, ਨਿਹਚਲ ਧਾਮ ਦਏ ਵਡਿਆਈਆ । ਸਚ ਪ੍ਰੀਤ ਅਲਖ ਅਭੇਵ, ਅਲੱਖ ਨਿਰੰਜਣ ਆਪ ਜਣਾਈਆ । ਸਚ ਪ੍ਰੀਤੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਸਚ ਪ੍ਰੀਤੀ ਸਤਿਗੁਰ ਰੰਗ, ਗੁਰਮੁਖ ਵਿਰਲਾ ਵੇਖ ਵਖਾਇੰਦਾ । ਸਚ ਪ੍ਰੀਤੀ ਆਤਮ ਸੇਜ ਪਲੰਘ, ਸਾਚੀ ਖਟੀਆ ਸੋਭਾ ਪਾਇੰਦਾ । ਸਚ ਪ੍ਰੀਤੀ ਸਚ ਅਨੰਦ, ਅਨੰਦ ਅਨੰਦ ਵਿਚੋਂ ਪਰਗਟਾਇੰਦਾ । ਸਚ ਪ੍ਰੀਤੀ ਸਾਚਾ ਛੰਦ, ਨਿਰਗੁਣ ਸਾਚਾ ਰਾਗ ਅਲਾਇੰਦਾ । ਸਚ ਪ੍ਰੀਤੀ ਮੁਕਾਏ ਸਾਚਾ ਪੰਧ, ਪਾਂਧੀ ਮੰਜ਼ਲ ਵੇਖ ਵਖਾਇੰਦਾ । ਸਚ ਪ੍ਰੀਤੀ ਅੰਦਰ ਗੁਰਮੁਖ ਜਾਏ ਲੰਘ, ਅਧਵਿਚਕਾਰ ਨਾ ਕੋਇ ਅਟਕਾਇੰਦਾ । ਸਚ ਪ੍ਰੀਤੀ ਨਾਤਾ ਤੋੜ ਜੇਰਜ ਅੰਡ, ਆਵਣ ਜਾਵਣ ਭੇਵ ਮੁਕਾਇੰਦਾ । ਸਚ ਪ੍ਰੀਤੀ ਲੇਖ ਮੁਕਾਏ ਭੇਖ ਪਖੰਡ, ਭਾਂਡਾ ਭਰਮ ਭੌ ਭੰਨਾਇੰਦਾ । ਸਚ ਪ੍ਰੀਤੀ ਖ਼ੁਸ਼ੀ ਕਰਾਏ ਬੰਦ ਬੰਦ, ਬੰਦੀਖ਼ਾਨਾ ਤੋੜ ਤੁੜਾਇੰਦਾ । ਸਚ ਪ੍ਰੀਤੀ ਨਜ਼ਰੀ ਆਏ ਨਿਰਗੁਣ ਚੰਦ, ਚੰਦ ਸੂਰਜ ਮੁਖ ਸ਼ਰਮਾਇੰਦਾ । ਸਚ ਪ੍ਰੀਤੀ ਜੁਗ ਜਨਮ ਕਰਮ ਦੀ ਟੁੱਟੀ ਦੇਵੇ ਗੰਢ, ਗੰਢਣਹਾਰ ਗੋਪਾਲ ਸਵਾਮੀ ਆਪਣੀ ਦਇਆ ਕਮਾਇੰਦਾ । ਸਚ ਪ੍ਰੀਤੀ ਕਰੇ ਸੂਰਾ ਸਰਬੰਗ, ਸ਼ਾਹ ਪਾਤਸ਼ਾਹ ਆਪਣਾ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤੀ ਆਪ ਕਮਾਇੰਦਾ । ਸਚ ਪ੍ਰੀਤ ਕਮਾਏ ਹਰਿ, ਹਰਿ ਵੱਡਾ ਵਡ ਵਡਿਆਈਆ । ਨਿਰਗੁਣ ਹੋ ਕੇ ਆਵੇ ਦਰ, ਦਰ ਦਰਵੇਸ਼ ਫੇਰਾ ਪਾਈਆ । ਸਰਗੁਣ ਕੋਲੋਂ ਮੰਗੇ ਵਰ, ਖ਼ਾਲੀ ਝੋਲੀ ਅੱਗੇ ਡਾਹੀਆ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਸਚ ਪ੍ਰੀਤ ਭੰਡਾਰਾ ਦਿਓ ਭਰ, ਪ੍ਰਭ ਇਕੋ ਆਸ ਰਖਾਈਆ । ਜਿਸ ਪ੍ਰੀਤ ਅੰਦਰ ਗੁਰ ਅਵਤਾਰ ਪੀਰ ਪੈਗ਼ੰਬਰ ਦੀਨ ਮਜ਼੍ਹਬ ਜ਼ਾਤ ਪਾਤ ਰਹੇ ਲੜ, ਵਰਨ


Rev-01

ਬਰਨ ਦੇਣ ਦੁਹਾਈਆ । ਸਚ ਪ੍ਰੀਤ ਆਤਮ ਪਰਮਾਤਮ ਫੜਾਏ ਲੜ, ਗੰਢ ਇਕੋ ਨਾਮ ਰਖਾਈਆ । ਸਚ ਪ੍ਰੀਤ, ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਬਖ਼ਸ਼ੇ ਸਚ ਸੱਚੀ ਸਰਨਾਈਆ । ਸਚ ਪ੍ਰੀਤ ਕਰੇ ਭਗਵੰਤ, ਭਗਵਨ ਆਪਨੀ ਦਇਆ ਕਮਾਈਆ । ਨਿਰਗੁਣ ਸਰਗੁਣ ਦੱਸੇ ਨਾਮ ਮੰਤ, ਮੰਤਰ ਸਚ ਕਰੇ ਪੜ੍ਹਾਈਆ । ਲੇਖਾ ਜਾਣ ਜੀਵ ਜੰਤ, ਗੁਰਮੁਖ ਸੱਜਣ ਆਪ ਉਠਾਈਆ । ਗੜ੍ਹ ਤੋੜ ਹਉਮੇਂ ਹੰਗਤ, ਸਾਚੀ ਸਿਖਿਆ ਇਕ ਸਮਝਾਈਆ । ਮੇਲ ਮਿਲਾਵਾ ਨਰ ਹਰਿ ਸੰਗਤ, ਨਰ ਨਰਾਇਣ ਵੇਖ ਵਖਾਈਆ । ਜੋੜ ਜੁੜਾਇਆ ਅਗੰਮੀ ਪੰਗਤ, ਪੰਗਤੀ ਆਪਨੀ ਨਾਲ ਮਿਲਾਈਆ । ਦੋ ਜਹਾਨਾਂ ਬਣ ਕੇ ਪੰਡਤ, ਅਗਾਧ ਬੋਧ ਕਰੇ ਪੜ੍ਹਾਈਆ । ਕੂੜੀ ਕਿਰਿਆ ਕਰੇ ਖੰਡਤ, ਖੰਡਾ ਖੜਗ ਨਾਮ ਚਮਕਾਈਆ । ਸਚ ਪ੍ਰੀਤ ਜੋ ਜਨ ਆਏ ਮੰਗਤ, ਮਿਹਰਵਾਨ ਹੋ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਖੇਲ ਇਕ ਸਮਝਾਈਆ । ਸਚ ਪ੍ਰੀਤ ਕਰੇ ਪ੍ਰਭ ਮੀਤਾ, ਹਰਿ ਵੱਡਾ ਵਡ ਵਡਿਆਈਆ । ਸਚ ਪ੍ਰੀਤ ਅੰਦਰ ਵੇਦ ਪੁਰਾਨ ਸ਼ਾਸਤਰ ਸਿਮਰਤ ਅਲਾਏ ਗੀਤਾ, ਗਿਆਨ ਗੁਰਮੁਖ ਇਕ ਦ੍ਰਿੜਾਈਆ । ਸਚ ਪ੍ਰੀਤ ਸੁਣਾਏ ਇਕ ਹਦੀਸਾ, ਕਲਮਾ ਨਬੀ ਰਸੂਲ ਸਮਝਾਈਆ । ਸਚ ਪ੍ਰੀਤ ਅੰਦਰ ਖਾਣੀ ਬਾਣੀ ਪੀਸਣ ਪੀਸਾ, ਨਾਮ ਨਿਧਾਨ ਕਰੇ ਰੁਸ਼ਨਾਈਆ । ਸਚ ਪ੍ਰੀਤ ਅੰਦਰ ਪਰਗਟ ਹੋਵੇ ਹਰਿ ਜਗਦੀਸਾ, ਕਲ ਕਲਕੀ ਫੇਰਾ ਪਾਈਆ । ਸਚ ਪ੍ਰੀਤੀ ਲਹਿਣਾ ਦੇਣਾ ਵੇਖੇ ਬੀਸ ਬੀਸਾ, ਦੂਆ ਸਿਫ਼ਰਾ ਜੋੜ ਜੁੜਾਈਆ । ਸਚ ਪ੍ਰੀਤੀ ਅੰਦਰ ਜਨ ਭਗਤਾਂ ਭਰੇ ਖ਼ਾਲੀ ਖੀਸਾ, ਨਾਮ ਵਸਤ ਆਪ ਵਰਤਾਈਆ । ਸਚ ਪ੍ਰੀਤੀ ਅੰਦਰ ਲੇਖਾ ਲੱਗੇ ਹਸਤ ਕੀਟਾ, ਊਚ ਨੀਚ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਸਾਚੀ ਸਿਖਿਆ ਇਕ ਦ੍ਰਿੜਾਈਆ । ਸਚ ਪ੍ਰੀਤ ਭਗਤ ਜਨ ਪੌਣਗੇ । ਸਾਚਾ ਢੋਲਾ ਇਕੋ ਗੌਣਗੇ । ਪੁਰਖ ਅਕਾਲ ਇਕ ਮਨੌਣਗੇ । ਦੂਜੇ ਸੀਸ ਨਾ ਕਿਸੇ ਝੁਕੌਣਗੇ । ਤੀਜੇ ਮੰਦਰ ਇਕ ਸੁਹੌਣਗੇ । ਤੋੜ ਜੰਦਰ ਖ਼ੁਸ਼ੀ ਮਨੌਣਗੇ । ਉਜੜੇ ਖੰਡਰ ਫੇਰ ਵਸੌਣਗੇ । ਮਨ ਬੰਦਰ ਬੰਨ੍ਹ ਵਖੌਣਗੇ । ਤੇਜ ਭਾਨ ਚੰਦਰ ਚੰਦ ਚਮਕੌਣਗੇ । ਵੜਕੇ ਸਾਚੇ ਅੰਦਰ, ਪੁਰਖ ਅਬਿਨਾਸ਼ੀ ਦਰਸਨ ਪੌਣਗੇ । ਦੂਜੇ ਦਰ ਨਾ ਜਾਣ ਮੰਗਣ, ਪ੍ਰਭ ਇਕੋ ਓਟ ਰਖੌਣਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਪ੍ਰੀਤੀ ਵਿਚ ਸਮੌਣਗੇ । ਸਚ ਪ੍ਰੀਤੀ ਇਕ ਕਮਾਵੇਗਾ । ਪੁਰਖ ਅਕਾਲ ਕੱਲਾ ਆਵੇਗਾ । ਸਚ ਮਹੱਲਾ ਆਪ ਵਸਾਵੇਗਾ । ਜਲਾਂ ਥਲਾਂ ਵੇਖ ਵਖਾਵੇਗਾ । ਟਿੱਲੇ ਪਰਬਤ ਫੋਲ ਫੁਲਾਵੇਗਾ । ਬੂਰੇ ਕੱਕੇ ਬਿਲੇ ਭੇਵ ਚੁਕਾਵੇਗਾ । ਸਾਚੇ ਚਿੱਲੇ ਤੀਰ ਇਕ ਰਖਾਵੇਗਾ । ਬਸਤਰ ਵੇਖ ਕਾਲੇ ਪੀਲੇ ਨੀਲੇ, ਰੰਗ ਲਾਲਨ ਲਾਲ ਰੰਗਾਵੇਗਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਛੱਡ ਜਾਣੇ ਜਗਤ ਵਸੀਲੇ, ਵਸੀਲਾ ਇਕੋ ਨਜ਼ਰੀ ਆਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਸਚ ਪ੍ਰੀਤੀ ਆਪ ਲਗਾਵੇਗਾ । ਸਚ ਪ੍ਰੀਤ ਸਾਹਿਬ ਲਗਾਏਗਾ । ਹਰਿਜਨ ਸੋਏ ਆਪ ਉਠਾਏਗਾ । ਜਗ ਮੋਏ ਫੇਰ ਜਵਾਏਗਾ । ਜੋ ਆਪਨਾ ਆਪ ਬੈਠੇ ਖੋਏ, ਖ਼ਾਲੀ ਭੰਡਾਰੇ ਫੇਰ ਭਰਾਏਗਾ । ਜੋ ਪਿਛਲੇ ਵਿਛੜੇ ਰਹੇ ਰੋਏ, ਅੱਗੇ ਆਪਨਾ ਮੇਲ ਮਿਲਾਏਗਾ । ਦੁਰਮਤ ਮੈਲ ਪਾਪਾਂ ਧੋਏ, ਅੰਮ੍ਰਿਤ ਮੇਘ ਇਕ ਬਰਸਾਏਗਾ । ਕੂੜੀ ਕਿਰਿਆ ਅੰਦਰੋਂ ਖੋਏ, ਨਾਮ ਸਚ ਇਕ ਵਰਤਾਏਗਾ । ਬੀਜ ਆਪਨਾ ਸੱਚਾ ਬੋਏ, ਕੂੜਾ ਕੋਈ ਰਹਿਣ ਨਾ ਪਾਏਗਾ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਪ੍ਰੀਤ ਇਕ ਵਖਾਏਗਾ । ਸਚ ਪ੍ਰੀਤ ਪ੍ਰਭੂ ਕਮਾਵੇਗਾ । ਜਨ ਭਗਤ ਦੁਆਰੇ ਆਵੇਗਾ । ਬਣ ਡੂਮ ਰਾਗ ਅਲਾਵੇਗਾ । ਜੋ ਬਣਿਆ ਰਿਹਾ ਸੂਮ, ਆਪਣਾ ਖੁੱਲਾ ਹੱਥ ਵਖਾਵੇਗਾ । ਜਿਸ ਦਾ ਪੜ੍ਹ ਨਾ ਸਕੇ ਕੋਈ ਮਜ਼ਮੂਨ, ਸੋ ਆਪਣਾ ਹੁਕਮ ਵਰਤਾਵੇਗਾ । ਜਿਸ ਦਾ ਹੱਥ ਨਾ ਆਏ ਕਾਨੂੰਨ, ਸੋ ਕਰਨੀ ਕਾਰ ਕਮਾਵੇਗਾ । ਜਨ ਭਗਤਾਂ ਅੰਦਰ ਲਗਾਏ ਅਗੰਮੀ ਫ਼ੂਨ, ਫੁਨ ਆਪਣਾ ਹੁਕਮ ਜਣਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਪ੍ਰੀਤ ਪ੍ਰੀਤਮ ਪ੍ਰਿਤਪਾਲਕ ਆਪ ਰਖਾਵੇਗਾ । ਸਚ ਪ੍ਰੀਤੀ ਆਪ ਰਖਾਵੇਗਾ । ਲੱਖ ਚੁਰਾਸੀ ਨੀਤੀ ਵੇਖ ਵਖਾਵੇਗਾ । ਹਸਤ ਕੀਟੀ ਫੋਲ ਫੁਲਾਵੇਗਾ । ਜਨ ਭਗਤਾਂ ਮੀਠੀ ਮੀਠੀ ਬਾਤ ਸੁਣਾਵੇਗਾ । ਸਤਿਜੁਗ ਦੀ ਰੀਤੀ, ਆਪਣੇ ਰੰਗ ਰੰਗਾਵੇਗਾ । ਖੇਲ ਕਰੇ ਇਕ ਅਨਡੀਠੀ, ਚਾਰ ਵੇਦ ਸਮਝ ਨਾ ਆਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪ੍ਰੀਤੀ ਇਕੋ ਘਰ ਲਗਾਵੇਗਾ । ਪ੍ਰੀਤੀ ਇਕੋ ਘਰ ਲਗਾਏਗਾ । ਲੱਗੀ ਅੰਤ ਤੋੜ ਨਿਭਾਏਗਾ । ਅਧਵਿਚਕਾਰ ਨਾ ਕੋਇ ਰਖਾਏਗਾ । ਜਿਸ ਕਰਿਆ ਸਚ ਪਿਆਰ, ਤਿਸ ਆਪਣੀ ਗੋਦ ਬਹਾਏਗਾ । ਜਿਸ ਦਿਤਾ ਨਾਮ ਆਧਾਰ, ਤਿਸ ਬੇੜਾ ਆਪ ਤਰਾਏਗਾ । ਜਿਸ ਜਣਾਇਆ ਸੋਹੰ ਜੈਕਾਰ, ਤਿਸ ਜੈ ਜੈਕਾਰ ਵਖਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤੀ ਆਪ ਨਿਭਾਏਗਾ । ਸਚ ਪ੍ਰੀਤੀ ਨਿਭਾਵੇਗਾ । ਪੁਰਖ ਅਕਾਲ ਦਇਆ ਕਮਾਵੇਗਾ । ਸ਼ਾਹ ਕੰਗਾਲ ਇਕੋ ਘਰ ਬਹਾਵੇਗਾ । ਰੰਗ ਲਾਲ ਅਗੰਮ ਚੜ੍ਹਾਵੇਗਾ । ਨੂਰੀ ਜਲਵਾ ਦੇ ਜੁਮਾਲ, ਪਰਵਰਦਿਗਾਰ ਭੇਵ ਖੁਲਾਵੇਗਾ । ਲੇਖਾ ਜਾਣ ਹੱਕ ਹਲਾਲ, ਹਕੀਕਤ ਆਪਣੀ ਗੰਢ ਪੁਆਵੇਗਾ । ਜਿਸ ਗੋਬਿੰਦ ਵਾਰੇ ਲਾਲ, ਤਿਸ ਗੋਬਿੰਦ ਘੋੜ ਚੜ੍ਹਾਵੇਗਾ । ਸੋ ਗੋਬਿੰਦ ਗੁਰਮੁਖਾਂ ਕਰੇ ਸੱਚੀ ਭਾਲ, ਦੂਰ ਦੁਰਾਡੇ ਵੇਖ ਵਖਾਵੇਗਾ । ਸੁਰਤੀ ਸ਼ਬਦੀ ਫੜ ਕੇ ਲਿਆਏ ਨਾਲ, ਪਿਛਾ ਹੋਰ ਨਾ ਕੋਇ ਜਣਾਵੇਗਾ । ਆ ਕੇ ਦੱਸੇ ਮੁਰੀਦਾਂ ਹਾਲ, ਮੁਰਸ਼ਦ ਆਪਣੇ ਆਪ ਸੁਣਾਵੇਗਾ । ਸਚਖੰਡ ਦੀ ਸੱਚੀ ਧਰਮਸਾਲ, ਸਾਚਾ ਮੰਦਰ ਇਕ ਰਖਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਪਰਮਾਤਮ ਕਰ ਪਰਵਾਨ, ਪਰੇਮ ਪ੍ਰੀਤੀ ਪਰਮ ਪੁਰਖ ਆਪ ਨਿਭਾਵੇਗਾ ।

★ ੮ ਹਾੜ ੨੦੨੦ ਬਿਕ੍ਰਮੀ ਨਰੈਣ ਸਿੰਘ, ਗੁਰਨਾਮ ਸਿੰਘ ਕੰਗ ਦੇ ਨਵਿਤ ਦਰਬਾਰ ਵਿਚ ਜੇਠੂਵਾਲ ★

ਸਚ ਪ੍ਰੀਤ ਸੱਜਣ ਸੁਹੇਲਾ, ਹਰਿ ਸੱਜਣ ਆਪ ਨਿਭਾਈਆ । ਸਚ ਪ੍ਰੀਤ ਧੁਰ ਦਾ ਮੇਲਾ, ਮਿਲਣੀ ਜਗਦੀਸ ਕਰਾਈਆ । ਸਚ ਪ੍ਰੀਤ ਗੁਰੂ ਗੁਰ ਚੇਲਾ, ਚੇਲਾ ਗੁਰ ਮਿਲੇ ਵਡਿਆਈਆ । ਸਚ ਪ੍ਰੀਤ ਵਖਾਏ ਧਾਮ ਨਵੇਲਾ, ਮਹੱਲ ਅਟੱਲ ਇਕ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤ ਇਕ ਉਪਜਾਈਆ । ਸਚ ਪ੍ਰੀਤ ਗ਼ਰੀਬ ਨਿਵਾਜ, ਹਰਿ ਕਰਤਾ ਆਪ ਕਮਾਇੰਦਾ । ਸਚ ਪ੍ਰੀਤ ਸ਼ਾਹੋ ਭੂਪ ਵਡ ਰਾਜਨ ਰਾਜ, ਸ਼ਹਿਨਸ਼ਾਹ ਆਪਣੇ ਹੱਥ ਰਖਾਇੰਦਾ । ਸਚ ਪ੍ਰੀਤ ਮਾਰ ਆਵਾਜ਼, ਗੁਰਮੁਖ ਸੋਏ ਆਪ ਉਠਾਇੰਦਾ । ਸਚ ਪ੍ਰੀਤ ਰਚ ਰਚ ਕਾਜ, ਹਰਿ ਕਰਨੀ ਆਪ ਕਮਾਇੰਦਾ । ਸਚ ਪ੍ਰੀਤ ਸਿਰ ਬੰਧਾਏ ਤਾਜ, ਗੁਰਮੁਖ ਸਾਚੇ ਰੰਗ ਰੰਗਾਇੰਦਾ । ਸਚ ਪ੍ਰੀਤ ਰੱਖੇ ਲਾਜ,

ਲਾਜਾਵੰਤ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਕਮਾਇੰਦਾ । ਸਚ ਪ੍ਰੀਤ ਗੋਬਿੰਦ ਧਾਰ, ਧਰਨੀ ਧਰਤ ਮਿਲੇ ਵਡਿਆਈਆ । ਸਚ ਪ੍ਰੀਤ ਧੁਰ ਦੀ ਕਾਰ, ਹਰਿ ਕਰਤਾ ਆਪ ਕਮਾਈਆ । ਸਚ ਪ੍ਰੀਤ ਰਹੇ ਜੁਗ ਚਾਰ, ਚੌਕੜੀ ਆਪਣਾ ਬੰਧਨ ਪਾਈਆ । ਸਚ ਪ੍ਰੀਤ ਬੋਲ ਜੈਕਾਰ, ਦੋ ਜਹਾਨਾਂ ਦਏ ਸੁਣਾਈਆ । ਸਚ ਪ੍ਰੀਤ ਕਰੇ ਨਿਮਸਕਾਰ, ਨਿਵਣ ਸੋ ਅੱਖਰ ਇਕ ਜਣਾਈਆ । ਸਚ ਪ੍ਰੀਤ ਜਾਣੇ ਆਪ ਕਰਤਾਰ, ਕਰਤਾ ਆਪਣਾ ਖੇਲ ਆਪ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦ ਵਡਿਆਈਆ । ਸਚ ਪ੍ਰੀਤ ਗੋਬਿੰਦ ਗੜ੍ਹ, ਹਰਿ ਕਰਤਾ ਆਪ ਕਮਾਇੰਦਾ । ਸਚ ਪ੍ਰੀਤ ਅੰਦਰ ਵੜ, ਗ੍ਰਿਹ ਮੰਦਰ ਆਪ ਲਗਾਇੰਦਾ । ਸਚ ਪ੍ਰੀਤ ਆਤਮ ਪਰਮਾਤਮ ਲਏ ਫੜ, ਪਰੇਮ ਬੰਧਨ ਇਕੋ ਪਾਇੰਦਾ । ਸਚ ਪ੍ਰੀਤ ਭਗਤ ਭਗਵਾਨ ਲਗਾਏ ਲੜ, ਪੱਲੂ ਆਪਣੀ ਗੰਢ ਦਵਾਇੰਦਾ । ਸਚ ਪ੍ਰੀਤ ਕਰੇ ਨਰਾਇਣ ਨਰ, ਨਰ ਹਰਿ ਆਪਣੀ ਕਲ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪ੍ਰੀਤੀਵਾਨ ਵੇਖ ਵਖਾਇੰਦਾ । ਸਚ ਪ੍ਰੀਤ ਲੋਕਮਾਤ, ਨਿਰਗੁਣ ਸਰਗੁਣ ਆਪ ਜਣਾਈਆ । ਸਚ ਪ੍ਰੀਤ ਧੁਰ ਦੀ ਦਾਤ, ਹਰਿ ਭਗਤ ਦੇਵੇ ਵਡਿਆਈਆ । ਸਚ ਪ੍ਰੀਤ ਗੁਰਮੁਖ ਜ਼ਾਤ, ਦੂਜਾ ਰੰਗ ਨਾ ਕੋਇ ਰੰਗਾਈਆ । ਸਚ ਪ੍ਰੀਤੀ ਸਾਚਾ ਨਾਤ, ਬਿਧਾਤਾ ਆਪਣਾ ਮੇਲ ਮਿਲਾਈਆ । ਸਚ ਪ੍ਰੀਤੀ ਆਦਿ ਜੁਗਾਦਿ ਸਦਾ ਸਾਥ, ਵਿਛੜ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਦ੍ਰਿੜਾਈਆ । ਸਚ ਪ੍ਰੀਤੀ ਕਰੇ ਜਗਦੀਸ, ਜਗਦੀਸਰ ਆਪਣੇ ਹੱਥ ਰੱਖੇ ਵਡਿਆਈਆ । ਸਚ ਪ੍ਰੀਤ ਜਣਾਏ ਇਕ ਹਦੀਸ, ਨਾਮ ਇਕੋ ਇਕ ਸਮਝਾਈਆ । ਸਚ ਪ੍ਰੀਤ ਰਾਹ ਤੱਕੇ ਬੀਸ ਬੀਸ, ਜੁਗ ਚੌਕੜੀ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤੀ ਇਕ ਸਮਝਾਈਆ । ਸਚ ਪ੍ਰੀਤ ਕਰੇ ਉਡੀਕ, ਨਿਤ ਨਿਤ ਧਿਆਨ ਲਗਾਈਆ । ਜੁਗ ਚੌਕੜੀ ਗਏ ਬੀਤ, ਪਾਂਧੀ ਆਪਣਾ ਪੰਧ ਮੁਕਾਈਆ । ਢੋਲੇ ਗਾ ਗਾ ਗਏ ਗੀਤ, ਰਾਗੀ ਰਾਗ ਨਾਦ ਸੁਣਾਈਆ । ਵੜ ਵੜ ਗਏ ਮੰਦਰ ਮਸੀਤ, ਸ਼ਿਵਦਵਾਲੇ ਮੱਠ ਡੇਰਾ ਲਾਈਆ । ਦਸ ਦਸ ਗਏ ਹਰਿ ਇਕ ਅਤੀਤ, ਤ੍ਰੈਗੁਣ ਵਿਚ ਕਦੇ ਨਾ ਆਈਆ । ਰਵਿਆ ਰਹੇ ਹਸਤ ਕੀਟ, ਲੱਖ ਚੁਰਾਸੀ ਵਿਚ ਸਮਾਈਆ । ਆਦਿ ਜੁਗਾਦਿ ਗਾਵੇ ਇਕੋ ਗੀਤ, ਸੋਹੰ ਆਪਣਾ ਨਾਮ ਉਪਾਈਆ । ਨਾਉਂ ਨਿਰੰਕਾਰਾ ਦੱਸੇ ਠੀਕ, ਠਾਕਰ ਆਪਣਾ ਹੁਕਮ ਮਨਾਈਆ । ਸਤਿ ਧਰਮ ਦੀ ਸਚ ਪ੍ਰੀਤ, ਸੋ ਸਾਹਿਬ ਆਪ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪ੍ਰੀਤੀਵਾਨ ਇਕ ਅਖਵਾਈਆ । ਪ੍ਰੀਤੀਵਾਨ ਪੁਰਖ ਅਕਾਲ, ਅਕਲ ਕਲਾ ਅਖਵਾਇੰਦਾ । ਜੁਗ ਚੌਕੜੀ ਹੋ ਦਿਆਲ, ਦੀਨਨ ਆਪਣੇ ਗਲੇ ਲਗਾਇੰਦਾ । ਭਗਤ ਵਛਲ ਬਣ ਕਿਰਪਾਲ, ਕਿਰਪਾਨਿਧ ਵੇਖ ਵਖਾਇੰਦਾ । ਸਾਚਾ ਮੰਦਰ ਸੱਚੀ ਧਰਮਸਾਲ, ਧਰਮ ਦੁਆਰ ਹੱਟ ਖੁਲਾਇੰਦਾ । ਗੁਰਮੁਖ ਗੁਰਸਿਖ ਅਨਮੁਲੱੜੇ ਲਾਲ, ਮਾਣਕ ਮੋਤੀ ਰੂਪ ਵਟਾਇੰਦਾ । ਨਿਰਗੁਣ ਹੋ ਕੇ ਬਣ ਦਲਾਲ, ਕਰਤਾ ਕੀਮਤ ਆਪੇ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਸਮਝਾਇੰਦਾ । ਸਚ ਪ੍ਰੀਤ ਗੜ੍ਹੀ ਚਮਕੌਰ, ਚੰਦ ਚਾਂਦਨੀ ਵਿਚ ਕਰਾਈਆ । ਸਚ ਪ੍ਰੀਤ ਵੇਖਿਆ ਕਰ ਕੇ ਗ਼ੌਰ, ਗਹਿਰ ਗੰਭੀਰ ਪੜਦਾ ਲਾਹੀਆ । ਸਚ ਪ੍ਰੀਤ ਅੰਦਰ ਪਰੇਮੀ ਕਰੇ ਚੌਰ, ਚਵਰ ਇਕੋ ਇਕ ਝੁਲਾਈਆ । ਸਚ ਪ੍ਰੀਤ ਅੰਦਰ ਹੋਏ ਅਵਰ ਕਾ ਔਰ, ਭੇਵ ਅਭੇਦਾ

ਆਪ ਜਣਾਈਆ । ਸਚ ਪ੍ਰੀਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਰਿਹਾ ਜਣਾਈਆ । ਸਚ ਪ੍ਰੀਤੀ ਗੋਬਿੰਦ ਸੂਰ, ਸੂਰਬੀਰ ਕਮਾਇੰਦਾ । ਸਚ ਪ੍ਰੀਤੀ ਹਾਜ਼ਰ ਹਜ਼ੂਰ, ਹਜ਼ਰਤ ਆਪਣਾ ਰੰਗ ਰੰਗਾਇੰਦਾ । ਸਚ ਪ੍ਰੀਤੀ ਬਖ਼ਸ਼ੇ ਨੂਰ, ਨੂਰ ਨੂਰਾਨਾ ਡਗਮਗਾਇੰਦਾ । ਸਚ ਪ੍ਰੀਤ ਅਨਾਦੀ ਤੂਰ, ਤੁਰਯਾ ਡੇਰਾ ਢਾਹਿੰਦਾ । ਸਚ ਪ੍ਰੀਤੀ ਆਸਾ ਪੂਰ, ਮਨਸਾ ਮਮਤਾ ਮੋਹ ਮਿਟਾਇੰਦਾ । ਸਚ ਪ੍ਰੀਤੀ ਕਰੇ ਜ਼ਰੂਰ, ਜ਼ਰੂਰਤ ਆਪਣੇ ਹੱਥ ਰਖਾਇੰਦਾ । ਸਚ ਪ੍ਰੀਤੀ ਅੰਦਰ ਹੋਏ ਮਜਬੂਰ, ਮਜਬੂਰੀ ਆਪਣੇ ਵਿਚ ਛੁਪਾਇੰਦਾ । ਸਚ ਪ੍ਰੀਤੀ ਲੇਖਾ ਚੁਕਾਏ ਨੇੜਾ ਦੂਰ, ਦੂਰ ਦੁਰਾਡਾ ਨੇਰਨ ਨੇਰਾ ਨਜ਼ਰੀ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤ ਆਪ ਨਿਭਾਇੰਦਾ । ਸਚ ਪ੍ਰੀਤ ਗੁਰਮੁਖ ਸਿਖ, ਸਤਿਗੁਰ ਸਾਹਿਬ ਆਪ ਨਿਭਾਈਆ । ਸਚ ਪ੍ਰੀਤ ਅੰਦਰ ਲੇਖਾ ਦੇਵੇ ਲਿਖ, ਨਾ ਕੋਈ ਮੇਟੇ ਮੇਟ ਮਿਟਾਈਆ । ਸਚ ਪ੍ਰੀਤ ਅੰਦਰ ਵਸੇ ਸਾਚੇ ਦੇਸ, ਦੇਸ ਦਸੰਤਰ ਮਿਲੇ ਵਡਿਆਈਆ । ਸਚ ਪ੍ਰੀਤ ਵਟਾਏ ਭੇਸ, ਭੇਖ ਆਪਣਾ ਆਪ ਬਦਲਾਈਆ । ਸਚ ਪ੍ਰੀਤ ਕਰੀ ਦਸਮੇਸ, ਦਹਿ ਦਿਸ਼ਾਂ ਫੋਲ ਫੁਲਾਈਆ । ਸਚ ਪ੍ਰੀਤ ਕਰੇ ਸਾਚਾ ਹੇਤ, ਹਿਤਕਾਰੀ ਨਾਮ ਧਰਾਈਆ । ਸਚ ਪ੍ਰੀਤ ਜਾਣੇ ਨੇਤਨ ਨੇਤ, ਨਿਜ ਨੇਤਰ ਨੈਣ ਖੁਲ੍ਹਾਈਆ । ਸਚ ਪ੍ਰੀਤੀ ਕਰੇ ਰਣਭੂਮੀ ਸਾਚੇ ਖੇਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤ ਇਕ ਵਡਿਆਈਆ । ਸਚ ਪ੍ਰੀਤ ਕਰੇ ਗੁਰ ਪੂਰਾ, ਆਪਣੇ ਹੱਥ ਰੱਖੇ ਵਡਿਆਈਆ । ਸਚ ਪ੍ਰੀਤੀ ਚਤਰ ਸੁਘੜ ਬਣਾਏ ਮੂਰਖ ਮੂੜ੍ਹਾ, ਮੂੜ੍ਹੇ ਆਪਣਾ ਰੰਗ ਰੰਗਾਈਆ । ਸਚ ਪ੍ਰੀਤੀ ਰੰਗ ਚੜ੍ਹਾਏ ਨਾਮ ਗੂੜ੍ਹਾ, ਉਤਰ ਕਦੇ ਨਾ ਜਾਈਆ । ਸਚ ਪ੍ਰੀਤੀ ਬਖ਼ਸ਼ੇ ਚਰਨ ਧੂੜਾ, ਮਸਤਕ ਟਿੱਕਾ ਇਕ ਲਗਾਈਆ । ਸਚ ਪ੍ਰੀਤੀ ਤੋੜੇ ਮਾਣ ਗ਼ਰੂਰਾ, ਹੰਕਾਰ ਵਿਕਾਰ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਸਚ ਪ੍ਰੀਤੀ ਗੁਰਸਿਖ ਸੰਗਤ, ਹਰਿ ਸੰਗਤ ਸੰਗ ਰਖਾਈਆ । ਸਚ ਪ੍ਰੀਤੀ ਹਰਿਜਨ ਮੰਗਤ, ਮੰਗਣ ਇਕੋ ਦਰ ਆਈਆ । ਸਚ ਪ੍ਰੀਤੀ ਨਾਨਕ ਲਾਇਆ ਅੰਗ ਅੰਗਦ, ਅੰਗੀਕਾਰ ਇਕ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤੀ ਦਏ ਸਮਝਾਈਆ । ਸਚ ਪ੍ਰੀਤੀ ਕਰੇ ਗੁਰਦੇਵ ਸਵਾਮੀ, ਗੁਰ ਮੰਤਰ ਨਾਮ ਦ੍ਰਿੜਾਇੰਦਾ । ਸਚ ਪ੍ਰੀਤੀ ਜਾਣੇ ਅੰਤਰਜਾਮੀ, ਘਟ ਘਟ ਗ੍ਰਿਹਿ ਗ੍ਰਿਹਿ ਨਰ ਹਰਿ ਵੇਖ ਵਖਾਇੰਦਾ । ਸਚ ਪ੍ਰੀਤ ਬਖ਼ਸ਼ੇ ਅੰਮ੍ਰਿਤ ਠੰਡਾ ਪਾਣੀ, ਜਗਤ ਤ੍ਰਿਸਨਾ ਅਗਨ ਬੁਝਾਇੰਦਾ । ਸਚ ਪ੍ਰੀਤ ਗੁਰ ਸ਼ਬਦੀ ਮਿਲੇ ਇਕੋ ਹਾਣੀ, ਦੂਜਾ ਨਜ਼ਰ ਕੋਇ ਨਾ ਆਇੰਦਾ । ਸਚ ਪ੍ਰੀਤ ਨਾਤਾ ਤੋੜੇ ਚਾਰ ਖਾਣੀ, ਚਾਰ ਵਰਨ ਵੰਡ ਨਾ ਕੋਇ ਵੰਡਾਇੰਦਾ । ਸਚ ਪ੍ਰੀਤ ਆਤਮ ਅੰਤਰ ਸੁਣਾਏ ਇਕੋ ਬਾਣੀ, ਬਾਣ ਨਿਰਾਲਾ ਤੀਰ ਲਗਾਈਆ । ਸਚ ਪ੍ਰੀਤ ਹਰਿ ਕੀ ਮਹਿਮਾ ਅਕੱਥ ਕਹਾਣੀ, ਕਥਨੀ ਕਥ ਨਾ ਸਕੇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸਚ ਪ੍ਰੀਤੀ ਰੰਗ ਅਗੰਮਾ, ਹਰਿ ਏਕਾ ਏਕ ਚੜ੍ਹਾਇੰਦਾ । ਸਚ ਪ੍ਰੀਤੀ ਲੇਖਾ ਚੁੱਕੇ ਹਰਖ ਸੋਗ ਗ਼ਮਾਂ, ਚਿੰਤਾ ਚਿਖਾ ਨਾ ਕੋਇ ਜਲਾਇੰਦਾ । ਸਚ ਪ੍ਰੀਤ ਲੇਖੇ ਲਾਏ ਪਵਣ ਸਵਾਸ ਦਮਾਂ, ਰਸਨਾ ਜਿਹਵਾ ਭੇਵ ਮਿਟਾਇੰਦਾ । ਸਚ ਪ੍ਰੀਤੀ ਕਾਇਆ ਕੰਚਨ ਕਰੇ ਮਾਟੀ ਚੰਮਾਂ, ਚੰਮ ਦ੍ਰਿਸ਼ਟੀ ਆਪ ਬਦਲਾਇੰਦਾ । ਸਚ ਪ੍ਰੀਤੀ ਕਮਾਏ ਨਾਮ ਧਨਾ, ਕਬੀਰ ਜੁਲਾਹਾ ਨਾਲ ਮਿਲਾਈਆ । ਸਚ ਪ੍ਰੀਤੀ ਅੰਦਰ ਪਾਰਬ੍ਰਹਮ ਪ੍ਰਭ ਫਿਰੇ ਭੰਨਾ, ਜੁਗ ਜੁਗ ਆਪਣਾ ਫੇਰਾ ਪਾਈਆ । ਸਚ ਪ੍ਰੀਤੀ ਅੰਦਰ ਗੁਰਮੁਖ ਗੁਰਸਿਖ ਜਗਤ ਵੱਲੋਂ ਹੋਵੇ ਅੰਨ੍ਹਾ,

ਨਿਜ ਨੇਤਰ ਨੈਣ ਇਕ ਖੁਲ੍ਹਾਈਆ । ਸਚ ਪ੍ਰੀਤ ਅੰਦਰ ਗੁਰਮੁਖ ਵਿਰਲਾ ਮੰਨਾਂ, ਜਿਸ ਮਮਤਾ ਮੋਹ ਤਜਾਈਆ । ਜੋਤੀ ਜੋਤ ਸਰੂਪ ਹਰਿ, ਆਪ
ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਰਚਾਈਆ । ਸਚ ਪ੍ਰੀਤ ਸਤਿਗੁਰ ਮੌਜ, ਮਾਧਵ ਆਪਣੀ ਖੇਲ ਕਰਾਇੰਦਾ । ਸਚ ਪ੍ਰੀਤੀ ਇਕੋ ਨਾਲ
ਬਹੁਤ, ਬਹੁਤੇ ਮਿੱਤਰ ਕੰਮ ਕੋਇ ਨਾ ਆਇੰਦਾ । ਸਚ ਪ੍ਰੀਤੀ ਸਤਿਗੁਰ ਰੱਖੇ ਕਰਨ ਦਾ ਸ਼ੌਕ, ਸ਼ਹਿਨਸ਼ਾਹ ਆਪਣੀ ਆਪ ਕਮਾਇੰਦਾ । ਜੋਤੀ
ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਮੰਦਰ ਆਪ ਵਡਿਆਇੰਦਾ । ਸਚ ਪ੍ਰੀਤੀ ਗੋਬਿੰਦ ਸੁਤ, ਸਤਿ
ਪੁਰਖ ਨਿਰੰਜਣ ਆਪ ਕਮਾਈਆ । ਸਚ ਪ੍ਰੀਤ ਅਬਿਨਾਸ਼ੀ ਅਚੁਤ, ਹਰਿ ਚਾਕਰ ਆਪ ਸਮਝਾਈਆ । ਸਚ ਪ੍ਰੀਤੀ ਅੰਦਰੇ ਅੰਦਰ ਪਏ ਉਠ, ਬਾਹਰੋਂ
ਲੱਭਣ ਕੋਇ ਨਾ ਜਾਈਆ । ਸਚ ਪ੍ਰੀਤੀ ਦੇਵੇ ਜਿਸ ਉਪਰ ਜਾਏ ਤੁਠ, ਮਿਹਰਵਾਨ ਮਿਹਰ ਨੈਣ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ
ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸਚ ਪ੍ਰੀਤੀ ਅੰਦਰ ਦਿਤਾ ਤਾਜ, ਸੀਸ ਸੀਸ ਨਾਲ ਬਦਲਾਈਆ । ਸਚ ਪ੍ਰੀਤੀ ਅੰਦਰ ਵੇਖੇ
ਸ਼ਾਹ ਨਵਾਬ, ਸ਼ਹਿਨਸ਼ਾਹ ਆਪਣਾ ਫੇਰਾ ਪਾਈਆ । ਸਚ ਪ੍ਰੀਤੀ ਅੰਦਰ ਗੋਬਿੰਦ ਬਣਿਆ ਬਾਪ, ਪੁਰਖ ਅਕਾਲ ਵੱਡੀ ਵਡਿਆਈਆ । ਸਚ
ਪ੍ਰੀਤ ਅੰਦਰ ਨਾਨਕ ਨਿਰਗੁਣ ਜਪਿਆ ਸੋਹੰ ਜਾਪ, ਸਾਚੀ ਕਰੇ ਇਕ ਪੜ੍ਹਾਈਆ । ਸਚ ਪ੍ਰੀਤੀ ਅੰਦਰ ਕੋਟ ਜਨ ਉਤਾਰੇ ਪਾਪ, ਦੁਰਮਤ ਮੈਲ
ਮੈਲ ਧੁਆਈਆ । ਸਚ ਪ੍ਰੀਤ ਅੰਦਰ ਗੁਰਮੁਖ ਬਣਿਆ ਸਾਕ, ਸੱਜਣ ਇਕੋ ਨਜ਼ਰੀ ਆਈਆ । ਸਚ ਪ੍ਰੀਤੀ ਅੰਦਰ ਭਗਤ ਦੁਆਰ ਖੋਲ੍ਹਿਆ ਤਾਕ,
ਤਖ਼ਤਾ ਜ਼ਿਮੀ ਅਸਮਾਨ ਉਲਟਾਈਆ । ਸਚ ਪ੍ਰੀਤੀ ਅੰਦਰ ਪੂਰਾ ਕਰੇ ਭਵਿਖਤ ਵਾਕ, ਗੋਬਿੰਦ ਲਹਿਣਾ ਝੋਲੀ ਪਾਈਆ । ਸਚ ਪ੍ਰੀਤੀ ਅੰਦਰ
ਚੜ੍ਹਿਆ ਸ਼ਬਦੀ ਰਾਕ, ਅਸਵ ਇਕੋ ਇਕ ਦੌੜਾਈਆ । ਸਚ ਪ੍ਰੀਤੀ ਕਰੇ ਰਸੂਲ ਪਾਕ, ਬੇਐਬ ਨੂਰ ਖ਼ੁਦਾਈਆ । ਸਚ ਪ੍ਰੀਤੀ ਦੇਵੇ ਆਬੇ ਹਯਾਤ,
ਹਜ਼ਰਤ ਹੋ ਦਇਆ ਕਮਾਈਆ । ਸਚ ਪ੍ਰੀਤ ਬਖ਼ਸ਼ੇ ਕਾਇਨਾਤ, ਕਲਮਾ ਹੱਕ ਇਕ ਪੜ੍ਹਾਈਆ । ਸਚ ਪ੍ਰੀਤੀ ਨਿਰਗੁਣ ਨੂਰ ਜੋਤ ਆਫ਼ਤਾਬ,
ਅੰਧ ਅੰਧੇਰ ਦਏ ਮਿਟਾਈਆ । ਸਚ ਪ੍ਰੀਤੀ ਅੰਦਰ ਮਿਲੇ ਬਣ ਨਵਾਬ, ਨੌਬਤ ਆਪਣਾ ਨਾਮ ਸੁਣਾਈਆ । ਸਚ ਪ੍ਰੀਤੀ ਅੰਦਰ, ਜੋਤੀ ਜੋਤ ਸਰੂਪ
ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸਚ ਪ੍ਰੀਤੀ ਥਾਪਣ ਥਾਪ, ਜੁਗ ਚੌਕੜੀ ਵੇਖ ਵਖਾਇੰਦਾ । ਸਚ ਪ੍ਰੀਤੀ ਅੰਦਰ
ਬਣੇ ਮਾਈ ਬਾਪ, ਪਿਤਾ ਪੂਤ ਗੋਦ ਉਠਾਇੰਦਾ । ਸਚ ਪ੍ਰੀਤੀ ਅੰਦਰ ਸਚ ਸਨੇਹੁੜਾ ਜਾਏ ਆਖ, ਆਖ਼ਰ ਆਪਣਾ ਮੇਲ ਮਿਲਾਇੰਦਾ । ਜੋਤੀ
ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਉਹਲਾ ਆਪ ਚੁਕਾਇੰਦਾ । ਸਚ ਪ੍ਰੀਤੀ ਅੰਤਰ ਬੋਲੇ, ਅਨਬੋਲਤ ਰਾਗ ਅਲਾਈਆ ।
ਸਚ ਪ੍ਰੀਤੀ ਅੰਦਰ ਵਸੇ ਕੋਲੇ, ਘਰ ਘਰ ਵਿਚ ਡੇਰਾ ਲਾਈਆ । ਸਚ ਪ੍ਰੀਤੀ ਅੰਦਰ ਗਾਵੇ ਢੋਲੇ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਸਚ
ਪ੍ਰੀਤੀ ਅੰਦਰ ਗੁਰਮੁਖ ਗੁਰਸਿਖ ਆਤਮ ਪਰਮਾਤਮ ਮੌਲੇ, ਮੌਲਾ ਆਪਣਾ ਰੰਗ ਰੰਗਾਈਆ । ਸਚ ਪ੍ਰੀਤੀ ਅੰਦਰ ਭਾਗ ਲਗਾਏ ਕਾਇਆ ਚੋਲੇ,
ਚੋਲੀ ਕਾਇਆ ਦਏ ਬਦਲਾਈਆ । ਸਚ ਪ੍ਰੀਤੀ ਅੰਦਰ ਵਸੇ ਪੜਦੇ ਉਹਲੇ, ਜਗਤ ਨੇਤਰ ਨਜ਼ਰ ਕਿਸੇ ਨਾ ਆਈਆ । ਸਚ ਪ੍ਰੀਤੀ ਅੰਦਰ ਪੜਦਾ
ਖੋਲ੍ਹੇ, ਖ਼ਾਲਕ ਖ਼ਲਕ ਦਏ ਸਮਝਾਈਆ । ਸਚ ਪ੍ਰੀਤੀ ਅੰਦਰ ਲੱਖ ਚੁਰਾਸੀ ਤੋਲ ਤੋਲੇ, ਨਾਮ ਤਰਾਜ਼ੂ ਇਕ ਉਠਾਈਆ । ਸਚ ਪ੍ਰੀਤੀ ਅੰਦਰ
ਭਗਤ ਭਗਵਾਨ ਮਿਲਾਏ ਭੋਲੇ, ਜਗਤ ਵੇਖੇ ਨਾ ਕੋਇ ਚਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪ੍ਰੀਤ ਇਕੋ ਘਰ

੯੪੬
੧੪

ਨਿਭਾਈਆ । ਸਚ ਪ੍ਰੀਤ ਸਚ ਸੰਦੇਸਾ, ਬੋਧ ਅਗਾਧ ਦ੍ਰਿੜਾਇੰਦਾ । ਸਚ ਪ੍ਰੀਤ ਮੇਲ ਨਰ ਨਰੇਸ਼ਾ, ਨਰ ਹਰਿ ਕੰਤ ਅੰਗ ਲਗਾਇੰਦਾ । ਸਚ ਪ੍ਰੀਤ ਵਖਾਏ ਸਾਚਾ ਦੇਸਾ, ਦੇਸ ਦਸੰਤਰ ਪੰਧ ਮੁਕਾਇੰਦਾ । ਸਚ ਪ੍ਰੀਤ ਪ੍ਰਭ ਰੱਖੇ ਹਮੇਸ਼ਾ, ਜਨ ਭਗਤਾਂ ਨਾਲ ਲਗਾਇੰਦਾ । ਸਚ ਪ੍ਰੀਤ ਕਰੇ ਗੁਰ ਗੋਬਿੰਦ ਦਸ ਦਸਮੇਸਾ, ਸੰਬਲ ਆਪਣਾ ਡੇਰਾ ਲਾਇੰਦਾ । ਸਚ ਪ੍ਰੀਤ ਸਾਹਿਬ ਸਤਿਗੁਰ ਪੇਖਾ, ਪੁਰਖ ਅਕਾਲ ਇਕੋ ਨਜ਼ਰੀ ਆਇੰਦਾ । ਸਚ ਪ੍ਰੀਤ ਅੰਦਰ ਬਦਲੇ ਰੇਖਾ, ਰੇਖ ਆਪਣੀ ਆਪ ਸਮਝਾਇੰਦਾ । ਸਚ ਪ੍ਰੀਤ ਅੰਦਰ ਦੇਵੇ ਭੇਤਾ, ਭੇਵ ਆਪਣਾ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤ ਇਕ ਰਖਾਇੰਦਾ । ਸਚ ਪ੍ਰੀਤ ਕਰੇ ਨਿਰੰਕਾਰ, ਨਿਰਗੁਣ ਨਿਰਵੈਰ ਦਇਆ ਕਮਾਈਆ । ਕਲਜੁਗ ਅੰਤ ਲੈ ਅਵਤਾਰ, ਵਡ ਅਵਤਾਰੀ ਫੇਰਾ ਪਾਈਆ । ਜੁਗ ਚੌਕੜੀ ਬੰਨ੍ਹਦਾ ਰਿਹਾ ਧਾਰ, ਧਰਨੀ ਧਰਤ ਧਵਲ ਸੁਹਾਈਆ । ਵੇਖਦਾ ਰਿਹਾ ਸਿਰਜਣਹਾਰ, ਘਰ ਘਰ ਰਿਜ਼ਕ ਪੁਚਾਈਆ । ਢੋਲਾ ਜਣੌਂਦਾ ਰਿਹਾ ਆਪਣੀ ਵਾਰ, ਗੁਰ ਗੁਰ ਰਾਗ ਸੁਣਾਈਆ । ਓਹਲਾ ਰਖਦਾ ਰਿਹਾ ਆਪ ਕਰਤਾਰ, ਕੁਦਰਤ ਪੜਦੇ ਵਿਚ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤ ਇਕ ਕਮਾਈਆ । ਸਚ ਪ੍ਰੀਤ ਕਰਨ ਜੋਗਾ, ਹਰਿ ਇਕੋ ਇਕ ਅਖਵਾਇੰਦਾ । ਜੁਗ ਜੁਗ ਦੇਵੇ ਭਗਤਾਂ ਮੌਕਾ, ਮੁਕੰਮਲ ਆਪਣਾ ਰਾਹ ਵਖਾਇੰਦਾ । ਮਾਰਗ ਦੱਸੇ ਸਦਾ ਸੌਖਾ, ਔਝੜ ਰਾਹ ਕੋਇ ਨਾ ਪਾਇੰਦਾ । ਏਥੇ ਓਥੇ ਦੇਵੇ ਕੋਇ ਨਾ ਧੋਖਾ, ਕੂੜਾ ਬੰਧਨ ਨਾ ਕੋਇ ਜਣਾਇੰਦਾ । ਜਿਸ ਸਾਹਿਬ ਦੀ ਰੱਖੋ ਓਟਾ, ਸੋ ਸਾਹਿਬ ਵੇਖ ਵਖਾਇੰਦਾ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਕੋਈ ਰਹਿਣ ਨਾ ਦੇਵੇ ਖੋਟਾ, ਖੋਟੇ ਖਰੇ ਆਪ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤ ਆਪ ਰਖਾਇੰਦਾ । ਸਚ ਪ੍ਰੀਤ ਪ੍ਰਭ ਲਏ ਰੱਖ, ਰਾਖੀ ਆਪ ਕਰਾਈਆ । ਪ੍ਰੀਤ ਵੇਖਣ ਦੀ ਪ੍ਰੀਤਮ ਖੋਲ੍ਹੇ ਅੱਖ, ਅੱਖ ਆਪਣੀ ਨਾਲ ਮਿਲਾਈਆ । ਹਿਰਦੇ ਅੰਦਰ ਵੜ ਕੇ ਦੇਵੇ ਦੱਸ, ਦਹਿ ਦਿਸ਼ਾ ਹੁਕਮ ਜਣਾਈਆ । ਤੂੰ ਮੇਰਾ ਮੈਂ ਤੇਰੇ ਵਸ, ਦੂਜੀ ਗੰਢ ਨਾ ਕੋਇ ਪੁਆਈਆ । ਪ੍ਰੀਤੀ ਅੰਦਰ ਪ੍ਰੀਤਮ ਇਕੱਠ, ਭਗਤ ਭਗਵਾਨ ਜੋੜ ਜੁੜਾਈਆ । ਪ੍ਰੀਤੀ ਅੰਦਰ ਸੀਸ ਤਾਜ ਰੱਖ, ਸਿੰਘ ਸੰਗਤ ਮਿਲੇ ਵਡਿਆਈਆ । ਪ੍ਰੀਤੀ ਅੰਦਰ ਕਲਜੁਗ ਅੰਤਮ ਆਵੇ ਨੱਸ, ਕਦਮ ਕਦਮ ਨਾ ਕੋਇ ਟਿਕਾਈਆ । ਪ੍ਰੀਤੀ ਅੰਦਰ ਖੋਲ੍ਹ ਅਗੰਮੀ ਹੱਟ, ਜਨ ਭਗਤਾਂ ਵਣਜ ਕਰਾਈਆ । ਪ੍ਰੀਤੀ ਅੰਦਰ ਗੋਬਿੰਦ ਸ਼ਬਦ ਮਾਰੇ ਸੱਟ, ਦੁੱਖ ਦਰਦ ਨਾ ਲਾਗੇ ਰਾਈਆ । ਪ੍ਰੀਤੀ ਅੰਦਰ ਪੁਰਖ ਅਕਾਲ ਦੇਵੇ ਇਕ ਮਤ, ਬ੍ਰਹਮ ਮਤ ਸਚ ਪੜ੍ਹਾਈਆ । ਪ੍ਰੀਤੀ ਅੰਦਰ ਪ੍ਰੀਤ ਕਦੇ ਨਾ ਹੋਵੇ ਬਸ, ਅੰਤ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤ ਇਕ ਜਣਾਈਆ । ਸਚ ਪ੍ਰੀਤ ਸਿੰਘ ਸੰਗਤ ਨਰੈਣ, ਹਰਿ ਕਰਤਾ ਆਪ ਕਮਾਈਆ । ਨਿਰਗੁਣ ਹੋ ਕੇ ਆਇਆ ਕਹਿਣ, ਸਰਬ ਕਲਾ ਸਮਝਾਈਆ । ਤੇਰਾ ਮੇਰਾ ਇਕੋ ਲਹਿਣ ਦੇਣ, ਦੇਣਾ ਲਹਿਣਾ ਇਕੋ ਘਰ ਵਖਾਈਆ । ਗੜ੍ਹੀ ਮੰਨਿਆ ਮੇਰਾ ਕਹਿਣ, ਸੀਸ ਤਾਜ ਟਿਕਾਈਆ । ਕਲਜੁਗ ਅੰਤਮ ਆਏ ਲੈਣ, ਸ੍ਰੀ ਭਗਵਾਨ ਫੇਰਾ ਪਾਈਆ । ਜਗਤ ਵਾਸਨਾ ਨਾ ਕੋਈ ਵਹਿਣ, ਵਹਿਮ ਗ਼ਮ ਨਾ ਕੋਇ ਰਖਾਈਆ । ਜਗ ਜੀਵ ਭਾਵੇਂ ਕੁਛ ਕਹਿਣ, ਕਹਿ ਕਹਿ ਤਾਅਨੇ ਲਾਈਆ । ਭਗਤ ਭਗਵਾਨ ਦੋਵੇਂ ਰਹਿਣ, ਰਹਿ ਰਹਿ ਖ਼ੁਸ਼ੀ ਮਨਾਈਆ । ਗੁਰ ਚੇਲਾ ਬਣਿਆ ਸਾਕ ਸੈਣ, ਨਾਤਾ ਇਕੋ ਇਕ ਜੁੜਾਈਆ । ਸਚ ਪ੍ਰੀਤ ਬਿਨਾ ਗੁਰਸਿਖ ਕਦੇ ਨਾ ਰਹਿਣ, ਬਿਨ

ਪ੍ਰੀਤੀ ਪ੍ਰੀਤਮ ਹੱਥ ਕਿਸੇ ਨਾ ਆਈਆ । ਅੰਤਮ ਸਭ ਨੂੰ ਲਾੜੀ ਮੌਤ ਖਾਏ ਡਾਇਣ, ਬਚਿਆ ਕੋਇ ਰਹਿਣ ਨਾ ਪਾਈਆ । ਜਗਤ ਵਸੇਰਾ ਕੱਟਣ ਰੈਣ, ਆਵਣ ਜਾਵਣ ਉਠ ਉਠ ਕਰ ਕਰ ਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਸੰਗਤ ਮੇਲ ਮਿਲਾਈਆ । ਹਰਿ ਸੰਗਤ ਸੰਗਤ ਹੋਇਆ ਮਿਲਾਪ, ਮੇਲਾ ਇਕੋ ਘਰ ਵਖਾਇੰਦਾ । ਆਤਮ ਪਰਮਾਤਮ ਸਭ ਦਾ ਜਾਪ, ਜਪ ਜੀਵ ਜਗਤ ਜਣਾਇੰਦਾ । ਤੇਰਾ ਪਰਮੇਸ਼ਵਰ ਤੈਨੂੰ ਮਿਲੇ ਆਪ, ਦੂਜੇ ਦਰ ਲੱਭਣ ਕੋਇ ਨਾ ਜਾਇੰਦਾ । ਜਿਸ ਦੇ ਮਿਲਿਆਂ ਕੋਟ ਜਨਮ ਦੇ ਉਤਰਨ ਪਾਪ, ਸੋ ਸਾਹਿਬ ਕਿਉਂ ਮਨੋਂ ਭੁਲਾਇੰਦਾ । ਜਿਸ ਜੁਗ ਚੌਕੜੀ ਥਾਪਣ ਦਿਤੇ ਥਾਪ, ਹੁਕਮੀ ਹੁਕਮ ਆਪ ਭੁਆਇੰਦਾ । ਜਿਸ ਨੂੰ ਗੋਬਿੰਦ ਕਹਿ ਕੇ ਗਿਆ ਬਾਪ, ਗੁਰਮੁਖ ਕਿਉਂ ਮੁਖ ਸ਼ਰਮਾਇੰਦਾ । ਉਹ ਸੱਜਣ ਨਹੀਂ ਉਹ ਸਾਕ, ਉਹ ਧੂੜ ਨਹੀਂ ਉਹ ਖ਼ਾਕ, ਉਹ ਪਾਕੀ ਨਹੀਂ ਉਹ ਪਾਕ, ਉਹ ਜ਼ਾਤੀ ਨਹੀਂ ਉਹ ਜ਼ਾਤ, ਉਹ ਸਰਬ ਜੀਆਂ ਦਾ ਆਪ, ਆਪਣੇ ਘਰ ਵਿਚ ਬੈਠਾ ਡੇਰਾ ਲਾਈਆ । ਜਿਸ ਦਾ ਇਕੋ ਨੂਰ ਜੋਤ ਪਰਕਾਸ਼, ਪਰਕਾਸ਼ਵਾਨ ਕਰੇ ਸਰਬ ਲੋਕਾਈਆ । ਸੋ ਭਗਤਾਂ ਹੋਏ ਦਾਸੀ ਦਾਸ, ਬਣ ਸੇਵਕ ਸੇਵ ਕਮਾਈਆ । ਜੁਗ ਜਨਮ ਦੀ ਪੂਰੀ ਕਰੇ ਆਸ, ਅੰਤਮ ਆਪਣੇ ਅੰਗ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਪ੍ਰੀਤੀ ਸਾਚੇ ਨਾਲ ਮਿਲਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲਹਿਣਾ ਦੇਣਾ ਦੇਵੇ ਆਣ, ਅਭੁੱਲ ਭੁੱਲ ਨਾ ਜਾਏ ਵਿਚ ਜਹਾਨ, ਸ੍ਰੀ ਭਗਵਾਨ ਆਪਣੀ ਦਇਆ ਕਮਾਈਆ ।



## ★ ੯ ਹਾੜ ੨੦੨੦ ਬਿਕ੍ਰਮੀ ਸੁਖਦੇਵ ਪਿੰਡ ਕੱਲਾ ਦੇ ਨਵਿਤ ਦਰਬਾਰ ਵਿਚ ਜੇਠੂਵਾਲ ★

ਸਚ ਪ੍ਰੀਤ ਕਰੇ ਪੁਰਖ ਅਕਾਲ, ਮਿਹਰਵਾਨ ਦਇਆ ਕਮਾਈਆ । ਜੁਗ ਚੌਕੜੀ ਬਣ ਦਲਾਲ, ਨਿਰਗੁਣ ਸਰਗੁਣ ਵੇਖ ਵਖਾਈਆ । ਕਲਜੁਗ ਅੰਤ ਖੇਲ ਕਮਾਲ, ਕਰਨੀ ਕਰਤਾ ਆਪ ਜਣਾਈਆ । ਮੇਲ ਮਿਲਾਵਾ ਗੋਬਿੰਦ ਲਾਲ, ਲਾਲਨ ਆਪਣਾ ਰੰਗ ਰੰਗਾਈਆ । ਅੰਦਰ ਬਾਹਰ ਚਲੇ ਨਾਲ, ਸਗਲਾ ਸੰਗ ਰਖਾਈਆ । ਮੁਰਸ਼ਦ ਪੁੱਛੇ ਮੁਰੀਦਾਂ ਹਾਲ, ਘਰ ਸੱਜਣ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤ ਆਪ ਲਗਾਈਆ । ਸਚ ਪ੍ਰੀਤ ਗਈ ਲੱਗ, ਨਿਰਗੁਣ ਸਰਗੁਣ ਨਾਲ ਲਗਾਈਆ । ਚੜ੍ਹ ਕੇ ਬੈਠਾ ਉਪਰ ਸ਼ਾਹ ਰਗ, ਸਚ ਸਿੰਘਾਸਣ ਡੇਰਾ ਲਾਈਆ । ਨਾਮ ਜੈਕਾਰਾ ਬੋਲੇ ਗੱਜ, ਸਾਚਾ ਨਾਦ ਵਜਾਈਆ । ਜਗਤ ਦੁਆਰਾ ਪਾਰ ਹੱਦ, ਘਰ ਆਪਣੇ ਡੇਰਾ ਲਾਈਆ । ਗੁਰਮੁਖ ਗੁਰਸਿਖ ਸੱਜਣ ਸੱਦ, ਭੇਵ ਅਭੇਦ ਖੁਲ੍ਹਾਈਆ । ਦਰਸਨ ਕਰੇ ਰੱਜ ਰੱਜ, ਤ੍ਰਿਸਨਾ ਭੁੱਖ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤ ਦਏ ਵਡਿਆਈਆ । ਸਚ ਪ੍ਰੀਤ ਲਗਾਏ ਅੰਤ, ਅੰਤਮ ਆਪਣੀ ਦਇਆ ਕਮਾਈਆ । ਵੇਸ ਵਟਾ ਸ੍ਰੀ ਭਗਵੰਤ, ਭਗਵਨ ਆਪਣੀ ਖੇਲ ਰਚਾਈਆ । ਧੁਰਦਰਗਾਹੀ ਨਿਰਗੁਣ ਮੰਤ, ਨਿਰਗੁਣ ਦਏ ਜਣਾਈਆ । ਸ਼ਬਦ ਅਨਾਦੀ ਮਹਿਮਾ ਅਗਣਤ, ਸਿਫ਼ਤੀ ਸਿਫ਼ਤ ਨਾ ਕੋਇ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤ ਇਕ ਰਖਾਈਆ । ਸਚ ਪ੍ਰੀਤ ਪ੍ਰਭ ਕਰਨ ਆਏ, ਕਰਨੀ ਕਰਤਾ ਆਪ ਕਮਾਇੰਦਾ । ਨਿਰਵੈਰ ਹੋ ਕੇ ਫੇਰਾ ਪਾਏ, ਨਿਰਧਨ ਸਰਧਨ ਰੰਗ ਰੰਗਾਇੰਦਾ । ਪੁਰਖ ਅਕਾਲ

ਨਾਉਂ ਰਖਾਏ, ਅਕਲ ਕਲ ਆਪਣੀ ਧਾਰ ਚਲਾਇੰਦਾ । ਨਿਹਕਲੰਕਾ ਡੰਕ ਵਜਾਏ, ਡੌਰੂ ਇਕੋ ਹੱਥ ਉਠਾਇੰਦਾ । ਸਚ ਦੁਆਰ ਬੰਕ ਵਡਿਆਏ, ਮਹੱਲ ਅਟੱਲ ਇਕ ਰੁਸ਼ਨਾਇੰਦਾ । ਪੂਤ ਸਪੂਤਾ ਨਾਲ ਮਿਲਾਏ, ਮੇਲ ਮਿਲਾਵਾ ਆਪਣੇ ਵਿਚ ਜਣਾਇੰਦਾ । ਪੂਰਬ ਲਹਿਣਾ ਝੋਲੀ ਪਾਏ, ਅਗਲਾ ਲੇਖਾ ਆਪ ਸਮਝਾਇੰਦਾ । ਪ੍ਰੀਤ ਕਰਨ ਪਰਮੇਸ਼ਵਰ ਆਏ, ਪਰਮ ਪੁਰਖ ਖੇਲ ਕਰਾਇੰਦਾ । ਜਗਤ ਨੇਤਰ ਨਜ਼ਰ ਨਾ ਆਏ, ਨੇਤਰਹੀਣ ਕਲਜੁਗ ਜੀਵ ਨੈਣ ਸ਼ਰਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤ ਆਪ ਨਿਭਾਇੰਦਾ । ਸਚ ਪ੍ਰੀਤ ਚੜ੍ਹਾਵਣ ਆਇਆ ਤੋੜ, ਟੁੱਟੀ ਗੰਢਣਹਾਰ ਅਖਵਾਈਆ । ਸ਼ਾਹਸਵਾਰਾ ਚੜ੍ਹੇ ਅਗੰਮੀ ਘੋੜ, ਸੋਲਾਂ ਕਲੀਆਂ ਆਸਣ ਸਿੰਘਾਸਣ ਰਿਹਾ ਸੁਹਾਈਆ । ਦੋ ਜਹਾਨਾਂ ਸ੍ਰੀ ਭਗਵਾਨਾ ਜਾਏ ਬੌਹੜ, ਦੂਰ ਦੁਰਾਡਾ ਪੰਧ ਮੁਕਾਈਆ । ਵੇਖਣਹਾਰਾ ਅੰਧ ਘੋਰ, ਡੂੰਘੀ ਭਵਰ ਫੋਲ ਫੁਲਾਈਆ । ਆਪਣਾ ਤਾਣ ਰੱਖੇ ਜ਼ੋਰ, ਜ਼ੋਰੂ ਜ਼ਰ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤ ਆਪ ਨਿਭਾਈਆ । ਸਚ ਪ੍ਰੀਤ ਨਿਭਾਏ ਕੰਤ, ਸੋ ਸਾਹਿਬ ਦਇਆ ਕਮਾਈਆ । ਜੁਗ ਚੌਕੜੀ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਮੰਨਦਾ ਆਇਆ ਮਿੰਨਤ, ਜੋ ਬੈਠੇ ਧਿਆਨ ਲਗਾਈਆ । ਸ਼ਬਦ ਆਧਾਰੀ ਜੋਤ ਨਿਰੰਕਾਰੀ ਨਾਮ ਨਿਧਾਨਾ ਦੇਂਦਾ ਰਿਹਾ ਹਿੰਮਤ, ਬਲ ਚਰਨ ਕਵਲ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਪ੍ਰੀਤ ਲਗਾਵਣ ਦਾ ਰੱਖੇ ਚਾਉ, ਚਾਉ ਘਨੇਰਾ ਇਕ ਸਮਝਾਇੰਦਾ । ਜੁਗ ਚੌਕੜੀ ਕਰ ਪਸਾਉ, ਪਸਰ ਪਸਾਰੀ ਵੇਖ ਵਖਾਇੰਦਾ । ਸਿਫ਼ਤ ਸਾਲਾਹੀ ਰੱਖ ਰੱਖ ਨਾਉਂ, ਨਾਉਂ ਨਿਰੰਕਾਰਾ ਵਡ ਵਡਿਆਇੰਦਾ । ਭਗਤ ਭਗਵੰਤ ਫੜ ਫੜ ਬਾਂਹੋਂ, ਨਿਤ ਨਵਿਤ ਆਪ ਜਗਾਇੰਦਾ । ਸਾਚੇ ਮਾਰਗ ਪਾਏ ਰਾਹੋ, ਮਘ ਇਕੋ ਇਕ ਵਖਾਇੰਦਾ । ਸਾਚਾ ਢੋਲਾ ਇਕੋ ਗਾਓ, ਦੂਜਾ ਅੱਖਰ ਨਾ ਕੋਇ ਪੜ੍ਹਾਇੰਦਾ । ਪੁਰਖ ਅਬਿਨਾਸ਼ੀ ਏਕਾ ਪਾਓ, ਘਰ ਮੰਦਰ ਮੇਲ ਮਿਲਾਇੰਦਾ । ਪੂਰਬ ਜਨਮ ਦਾ ਰੋਗ ਗਵਾਓ, ਵਿਛੋੜਾ ਕੋਇ ਨਜ਼ਰ ਨਾ ਆਇੰਦਾ । ਸਚ ਪ੍ਰੀਤੀ ਜੋਗ ਕਮਾਓ, ਸਿੰਙੀ ਨਾਦ ਨਾ ਕੋਇ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਦ੍ਰਿੜਾਇੰਦਾ । ਸਚ ਪ੍ਰੀਤ ਕਰੇ ਹਰਿ ਕਰਤਾ, ਕਰਨਹਾਰ ਵੱਡੀ ਵਡਿਆਈਆ । ਨਿਰਭੈ ਭੌ ਆਦਿ ਜੁਗਾਦਿ ਨਾ ਡਰਦਾ, ਭੈ ਸਿਰ ਨਾ ਕੋਇ ਰਖਾਈਆ । ਨਾ ਜੀਵਤ ਨਾ ਕਦੇ ਮਰਦਾ, ਮੁਕਤ ਜੁਗਤ ਨਾ ਕੋਇ ਰਖਾਈਆ । ਨਾ ਗ਼ੁਲਾਮ ਨਾ ਦਿਸੇ ਬਰਦਾ, ਸ਼ਾਹ ਪਾਤਸ਼ਾਹ ਨਜ਼ਰ ਕਿਸੇ ਨਾ ਆਈਆ । ਨਾ ਮੰਦਰ ਨਾ ਮਹੱਲ ਵੜਦਾ, ਚਾਰ ਦੀਵਾਰੀ ਬੰਦ ਨਾ ਕੋਇ ਕਰਾਈਆ । ਨਾ ਵਿਦਿਆ ਨਾ ਅੱਖਰ ਪੜਦਾ, ਨਾ ਇਬਾਰਤ ਰਿਹਾ ਲਿਖਾਈਆ । ਨਾ ਉਹਲਾ ਨਾ ਕੋਈ ਪੜਦਾ, ਮੁਖ ਘੁੰਗਟ ਨਾ ਕੋਇ ਟਿਕਾਈਆ । ਨਾ ਨਾਰੀ ਨਾ ਵੇਸ ਨਰ ਦਾ, ਨਾਰ ਪੁਰਸ਼ ਸਮਝ ਕੋਇ ਨਾ ਪਾਈਆ । ਆਪਣੀ ਕਰਨੀ ਆਪੇ ਕਰਦਾ, ਹਰਿ ਕਰਤਾ ਬੇਪਰਵਾਹੀਆ । ਪਰੇਮ ਪ੍ਰੀਤੀ ਅੰਦਰ ਮਰਦਾ, ਮਰ ਜੀਵਤ ਆਪਣਾ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤੀ ਆਪ ਰਖਾਈਆ । ਸਚ ਪ੍ਰੀਤ ਆਪੇ ਰੱਖ, ਜੁਗ ਜੁਗ ਤੋੜ ਨਿਭਾਈਆ । ਜਨ ਭਗਤ ਦੁਆਰੇ ਹੋ ਪਰਤੱਖ, ਨਿਰਗੁਣ ਸਰਗੁਣ ਵੇਸ ਧਰਾਈਆ । ਅੰਤਰ ਆਤਮ ਖੋਲ੍ਹ ਅੱਖ, ਆਖ਼ਰ ਆਪਣਾ ਦਰਸ ਦਿਖਾਈਆ । ਕਰੇ ਨਬੇੜਾ ਹਕੀਕਤ ਹੱਕ, ਲਾਸ਼ਰੀਕ ਨੂਰ ਖ਼ੁਦਾਈਆ । ਜੁਗ ਚੌਕੜੀ ਰਿਹਾ ਤੱਕ, ਨਜ਼ਰ ਕਿਸੇ ਨਾ ਆਈਆ । ਗੋਬਿੰਦ ਮਾਰਗ ਗਿਆ

ਦੱਸ, ਸਾਚੀ ਸਿਖਿਆ ਇਕ ਸਮਝਾਈਆ । ਕਲਜੁਗ ਅੰਤ ਹੋਵੇ ਪਰਗਟ, ਕਲ ਕਲਕੀ ਫੇਰਾ ਪਾਈਆ । ਸਚ ਦੁਆਰਾ ਖੋਲ੍ਹੇ ਹੱਟ, ਮੰਦਰ ਇਕੋ ਇਕ ਸੁਹਾਈਆ । ਭਗਤ ਭਗਵਾਨ ਲਏ ਸੱਦ, ਸੱਦਾ ਆਪਣਾ ਨਾਮ ਦਿਵਾਈਆ । ਜਗਤ ਦੁਆਰੀ ਮੁੱਕੇ ਹੱਦ, ਕਿਨਾਰਾ ਆਪਣਾ ਦਏ ਸਮਝਾਈਆ । ਪਾਰ ਕਰ ਡੂੰਘੀ ਖੱਡ, ਮੰਜ਼ਲ ਸਾਚੀ ਦਏ ਬਹਾਈਆ । ਲੱਖ ਚੁਰਾਸੀ ਨਾਲੋਂ ਕਰ ਕੇ ਅੱਡ, ਭੇਵ ਅਭੇਦਾ ਆਪ ਸਮਝਾਈਆ । ਗੁਰਮੁਖ ਗੁਰਸਿਖ ਸੱਜਣ ਲੱਭ, ਨਿਰਵੈਰ ਆਪਣਾ ਰਾਹ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤ ਇਕ ਰਖਾਈਆ । ਸਚ ਪ੍ਰੀਤ ਕਰੇ ਹਰਿ ਜੋਗ, ਜੁਗਤੀ ਜਗਤ ਜਣਾਇੰਦਾ । ਪ੍ਰੀਤ ਅੰਦਰ ਆਤਮ ਭੋਗ, ਰਸ ਰਸੀਆ ਰਸ ਵਖਾਇੰਦਾ । ਹੋਏ ਮਿਲਾਵਾ ਧੁਰ ਸੰਜੋਗ, ਵਿਜੋਗ ਰੂਪ ਨਾ ਕੋਇ ਵਟਾਇੰਦਾ । ਵੱਜੇ ਡੰਕਾ ਚੌਦਾਂ ਲੋਕ, ਪਰਲੋਕ ਢੋਲਾ ਗਾਇੰਦਾ । ਦੋ ਜਹਾਨਾਂ ਸੁਣੇ ਇਕ ਸਲੋਕ, ਸੋਹੰ ਰਾਗ ਅਲਾਇੰਦਾ । ਸਚ ਦੁਆਰੇ ਕੋਈ ਨਾ ਸਕੇ ਪਹੁੰਚ, ਅਧਵਿਚਕਾਰ ਸਰਬ ਕੁਰਲਾਇੰਦਾ । ਭਗਤ ਭਗਵਾਨ ਦੋਵੇਂ ਇਕ ਦੂਜੇ ਦੀ ਮਾਨਣ ਮੌਜ, ਮੌਜੂਦਾ ਆਪਣਾ ਹਾਲ ਸੁਣਾਇੰਦਾ । ਜੁਗ ਚੌਕੜੀ ਬੀਤੇ ਔਧ, ਥਿਰ ਕੋਇ ਰਹਿਣ ਨਾ ਪਾਇੰਦਾ । ਗੁਰਮੁਖ ਗੁਰਸਿਖ ਵਡ ਗਿਆਤਾ ਹੋਏ ਬੋਧ, ਜਿਸ ਆਪਣੀ ਦਇਆ ਕਮਾਇੰਦਾ । ਮਨ ਆਤਮਾ ਦੋਵੇਂ ਲਏ ਸੋਧ, ਸੁੱਧੀ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤ ਆਪ ਲਗਾਇੰਦਾ । ਸਚ ਪ੍ਰੀਤੀ ਹਰਿ ਲਗਾਏ, ਜੁਗ ਚੌਕੜੀ ਵੇਸ ਵਟਾਈਆ । ਸੰਤ ਸੁਹੇਲੇ ਲਏ ਜਗਾਏ, ਜਾਗਰਤ ਜੋਤ ਕਰੇ ਰੁਸ਼ਨਾਈਆ । ਭੇਵ ਅਭੇਦਾ ਆਪ ਖੁਲਾਏ, ਅਨਭਵ ਆਪਣੀ ਕਾਰ ਕਮਾਈਆ । ਅਛਲ ਅਛੇਦਾ ਨਜ਼ਰ ਨਾ ਆਏ, ਲੱਖ ਚੁਰਾਸੀ ਨੈਣ ਉਠਾਈਆ । ਆਪਣੀ ਖੇਡਾ ਰਿਹਾ ਖਲਾਏ, ਖ਼ਾਲਕ ਖ਼ਲਕ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤੀ ਇਕ ਰਖਾਈਆ । ਪ੍ਰੀਤ ਕਰਨ ਆਏ ਪ੍ਰਭ ਦੀਨ ਦਿਆਲਾ, ਦਇਆਨਿਧ ਬੇਪਰਵਾਹੀਆ । ਭਗਤ ਵਛਲ ਬਣ ਰਖਵਾਲਾ, ਜਨ ਸਾਚੀ ਸੇਵ ਕਮਾਈਆ । ਤ੍ਰੈਗੁਣ ਮਾਇਆ ਤੋੜ ਜੰਜਾਲਾ, ਜੀਵਣ ਜੁਗਤ ਦਏ ਸਮਝਾਈਆ । ਕਾਇਆ ਮੰਦਰ ਸੱਚੀ ਧਰਮਸਾਲਾ, ਧਰਮ ਦੁਆਰਾ ਇਕ ਪਰਗਟਾਈਆ । ਮਨ ਕਾ ਮਣਕਾ ਫਿਰੇ ਮਾਲਾ, ਤਸਬੀ ਹੱਥ ਨਾ ਕੋਇ ਉਠਾਈਆ । ਅਗਨੀ ਤੱਤ ਨਾ ਉਠੇ ਜਵਾਲਾ, ਮੁਖ ਲਾਟੀ ਬੰਦ ਕਰਾਈਆ । ਇਕੋ ਲੇਖਾ ਸ਼ਾਹ ਕੰਗਾਲਾ, ਊਚ ਨੀਚ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪ੍ਰੀਤੀ ਇਕੋ ਘਰ ਲਗਾਈਆ । ਪ੍ਰੀਤ ਲਗਾਏ ਇਕੋ ਘਰ, ਘਰ ਮੰਦਰ ਆਪ ਜਣਾਈਆ । ਨਿਤ ਨਵਿਤ ਲਏ ਵਰ, ਆਪ ਆਪਣਾ ਮੇਲ ਮਿਲਾਈਆ । ਸਚ ਮਹੱਲੇ ਜਾਏ ਚੜ੍ਹ, ਰਾਹ ਵਿਚ ਨਾ ਕੋਇ ਅਟਕਾਈਆ । ਗੁਰਮੁਖ ਸਵਾਣੀ ਲਾਏ ਲੜ, ਹਾਣੀ ਇਕੋ ਨਜ਼ਰੀ ਆਈਆ । ਲੇਖਾ ਜਾਣੇ ਚੋਟੀ ਜੜ, ਮਧ ਆਪਣੀ ਕਾਰ ਕਮਾਈਆ । ਕਰੇ ਖੇਲ ਨਰਾਇਣ ਨਰ, ਸਮਝ ਕੋਇ ਨਾ ਪਾਈਆ । ਸਚ ਪ੍ਰੀਤੀ ਲਏ ਕਰ, ਆਤਮ ਸੇਜਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਆਪ ਵਖਾਈਆ । ਆਤਮ ਸੇਜਾ ਸਚ ਪ੍ਰੀਤੀ, ਸੋ ਸਾਹਿਬ ਆਪ ਲਗਾਈਆ । ਆਦਿ ਜੁਗਾਦੀ ਇਕੋ ਰੀਤੀ, ਰੀਤੀਵਾਨ ਰਿਹਾ ਸਮਝਾਈਆ । ਚਾਰ ਯੁਗ ਦੀ ਜਾਣੇ ਬੀਤੀ, ਪਿਛਲੀ ਅਗਲੀ ਆਪਣੇ ਹੱਥ ਰਖਾਈਆ । ਖੇਲ ਜਾਣੇ ਜੀਵ ਜੀਅ ਕੀ, ਲੱਖ ਚੁਰਾਸੀ ਰਿਹਾ ਸਮਾਈਆ । ਬਜਰ ਕਪਾਟੀ ਨਿੱਕੀ ਗੀਟੀ, ਬਿਨ ਸਤਿਗੁਰ ਪੂਰੇ

ਸਕੇ ਨਾ ਕੋਇ ਹਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਆਤਮ ਸੇਜਾ ਲਾਏ ਪ੍ਰੀਤ, ਸੁਰਤੀ ਸ਼ਬਦੀ ਜੋੜ ਜੁੜਾਈਆ । ਕਰੇ ਕਰਾਏ ਠਾਂਡੇ ਸੀਤ, ਸੀਤਲ ਧਾਰ ਇਕ ਵਖਾਈਆ । ਨਿਜ ਮੰਦਰ ਵੇਖ ਅਤੀਤ, ਤ੍ਰੈਭਵਨ ਧਨੀ ਦਏ ਸਮਝਾਈਆ । ਭਾਗ ਲਗਣਾ ਬੀਸ ਬੀਸ, ਬੀਸ ਬੀਸਾ ਆਪ ਸਮਝਾਈਆ । ਸਾਚਾ ਕਲਮਾ ਸਿਦਕ ਹਦੀਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਵਖਾਈਆ । ਸਚ ਪ੍ਰੀਤੀ ਕਰਨੇ ਜੋਗਾ, ਜੁਗਤ ਆਪਣੇ ਹੱਥ ਰਖਾਇੰਦਾ । ਨਿਰਗੁਣ ਸਰਗੁਣ ਕਲਜੁਗ ਅੰਤਮ ਬਦਲੇ ਚੋਗਾ, ਚੋਲੀ ਤਨ ਨਾ ਕੋਇ ਰੰਗਾਇੰਦਾ । ਉਚੀ ਕੂਕ ਸ਼ਬਦ ਅਨਾਦ ਬ੍ਰਹਮ ਬ੍ਰਹਿਮਾਦ ਦੇਵੇ ਹੋਕਾ, ਦੋ ਜਹਾਨਾਂ ਆਪ ਸੁਣਾਇੰਦਾ । ਧੁਰ ਫ਼ਰਮਾਨਾ ਸਾਚਾ ਹੁਕਮ ਇਕੋ ਫੜਿਆ ਸੋਟਾ, ਗੁਰ ਅਵਤਾਰ ਪੀਰ ਪੈਗ਼ੰਬਰ ਵਿਸ਼ਨ ਬ੍ਰਹਮਾ ਸ਼ਿਵ ਸਰਬ ਡਰਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜਿਸ ਦੀ ਰੱਖ ਦੇ ਰਹੇ ਓਟਾ, ਸੋ ਪੁਰਖ ਅਕਾਲ ਵੇਖ ਵਖਾਇੰਦਾ । ਜਿਸ ਦੀ ਧਾਰ ਅੰਦਰ ਮਾਰਿਆ ਗ਼ੋਤਾ, ਡੂੰਘੀ ਭਵਰ ਆਪ ਭੁਆਇੰਦਾ । ਸੋ ਸਾਹਿਬ ਪ੍ਰੀਤ ਕਰਨ ਦਾ ਦੇਵੇ ਸਭ ਨੂੰ ਮੌਕਾ, ਭੁਲਿਆ ਕੋਇ ਰਹਿਣ ਨਾ ਪਾਇੰਦਾ । ਜਿਸ ਦਾ ਮਾਰਗ ਜੁਗ ਚੌਕੜੀ ਸੌਖਾ, ਗੁਰ ਸਰਨ ਆਪ ਸਮਝਾਇੰਦਾ । ਸਤਿਗੁਰੂ ਦੁਆਰੇ ਕਦੇ ਨਾ ਹੋਏ ਧੋਖਾ, ਧੁਖਦੇ ਧੂਏਂ ਆਪ ਬੁਝਾਇੰਦਾ । ਭਗਤ ਭਗਵਾਨ ਉਚੀ ਕੂਕ ਸੁਣਾਏ ਲੋਕਾ, ਲੋਕਾਈ ਆਪਣਾ ਰਾਗ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਪ੍ਰੀਤੀ ਆਪ ਰਖਾਇੰਦਾ । ਸਚ ਪ੍ਰੀਤ ਕਰੇ ਨਿਰੰਕਾਰ, ਨਿਰਵੈਰ ਵੱਡੀ ਵਡਿਆਈਆ । ਸਚਖੰਡ ਦੁਆਰਿਉਂ ਹੋ ਤਿਆਰ, ਸਤਿ ਸਤਿਵਾਦੀ ਫੇਰਾ ਪਾਈਆ । ਥਿਰ ਘਰ ਮੰਦਰ ਖੋਲ੍ਹ ਕਿਵਾੜ, ਸੁਤ ਸ਼ਬਦੀ ਨਾਲ ਮਿਲਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰ ਕਰ ਖ਼ਬਰਦਾਰ, ਨੇਤਰ ਨੈਣ ਜਾਗ ਖੁਲ੍ਹਾਈਆ । ਤ੍ਰੈਗੁਣ ਮਾਇਆ ਲਏ ਉਠਾਲ, ਆਲਸ ਨਿੰਦਰਾ ਦਏ ਗਵਾਈਆ । ਪੰਜ ਤੱਤ ਕਰ ਬਹਾਲ, ਦੇ ਮਤ ਆਪ ਸਮਝਾਈਆ । ਲੱਖ ਚੁਰਾਸੀ ਖੇਲ ਨਿਰਾਲ, ਹਰਿ ਨਿਰਾਲੀ ਕਾਰ ਕਰਾਈਆ । ਕਲਜੁਗ ਅੰਤਮ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਪੂਰਾ ਕਰੇ ਸਵਾਲ, ਜੋ ਸਵਾਲੀ ਬਣ ਬਣ ਮੰਗਦੇ ਗਏ ਚਾਈਂ ਚਾਈਆ । ਕਲਜੁਗ ਅੰਤ ਸ੍ਰੀ ਭਗਵੰਤ ਸਚ ਪ੍ਰੀਤ ਨਿਭਾਏ ਨਾਲ, ਪਰੀਤਮ ਆਪਣਾ ਫੇਰਾ ਪਾਈਆ । ਸਭ ਦੀ ਪੂਰੀ ਕਰੇ ਘਾਲ, ਕੀਤੀ ਘਾਲ ਥਾਏਂ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਸਚ ਪ੍ਰੀਤੀ ਕਰਨ ਆਏ ਪ੍ਰਭ ਸੰਗਤ, ਸਗਲਾ ਸੰਗ ਰਖਾਈਆ । ਵੇਖ ਵਖਾਏ ਜੇਰਜ ਅੰਡਤ, ਉਤਭੁਜ ਸੇਤਜ ਫੋਲ ਫੁਲਾਈਆ । ਹਰਿਜਨ ਆਸਾ ਪੂਰੀ ਕਰੇ ਮੰਗਤ, ਮਾਂਗਤ ਇਕ ਦੁਆਰ ਦਏ ਵਖਾਈਆ । ਜਨ ਭਗਤਾਂ ਸੰਗ ਤਰੇ ਸੁਖਦੇਵ ਪੰਡਤ, ਜੋ ਦੋਸਾਸਨ ਜਨਮ ਲੇਖੇ ਪਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਸਦਾ ਸਦਾ ਸੁਖ ਅਨੰਦਤ, ਅਨੰਦ ਅਨੰਦ ਅਨੰਦ ਵਿਚ ਰਿਹਾ ਸਮਾਈਆ ।

★ ੯ ਹਾੜ ੨੦੨੦ ਬਿਕ੍ਰਮੀ ਪਿੰਡ ਕੱਲਾ ਸੰਗਤ ਦੇ ਨਵਿਤ ਦਰਬਾਰ ਵਿਚ ਜੇਠੂਵਾਲ ★

ਸਚ ਪ੍ਰੀਤ ਲਈ ਕਮਾ, ਹਰਿ ਆਪਣਾ ਵੇਸ ਵਟਾਈਆ । ਸਾਚੀ ਰੀਤ ਲਈ ਚਲਾ, ਮਾਰਗ ਇਕੋ ਇਕ ਸਮਝਾਈਆ । ਸਚ ਪ੍ਰੀਤ ਲਈ ਸੁਹਾ, ਕਾਇਆ ਕਾਅਬਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਰਚਾਈਆ । ਸਚ ਪ੍ਰੀਤ ਕੀਤੀ ਮਾਤ, ਸੋ ਸਾਹਿਬ ਫੇਰਾ ਪਾਈਆ । ਸਚ ਪ੍ਰੀਤੀ ਦੱਸਿਆ ਜਾਪ, ਆਤਮ ਪਰਮਾਤਮ ਇਕ ਪੜ੍ਹਾਈਆ । ਸਚ ਪ੍ਰੀਤ ਪ੍ਰਭ ਪਾਇਆ ਸਾਖਿਆਤ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਸਚ ਪ੍ਰੀਤ ਪਿਆਲਾ ਮਿਲੇ ਆਬੇ ਹਯਾਤ, ਹਯਾਤੀ ਹਰਿਜਨ ਦਏ ਬਦਲਾਈਆ । ਸਚ ਪ੍ਰੀਤ ਕਰੇ ਕਾਇਨਾਤ, ਕਾਦਰ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਸਚ ਪ੍ਰੀਤ ਕਰੇ ਕਰਤਾਰ, ਕਰਨੀ ਆਪਣੇ ਹੱਥ ਰਖਾਇੰਦਾ । ਪੂਰਬ ਲਹਿਣਾ ਲੇਖ ਵਿਚਾਰ, ਦੇਵਣ ਦੇਣਾ ਆਪ ਜਣਾਇੰਦਾ । ਪਰਗਟ ਹੋ ਵਿਚ ਸੰਸਾਰ, ਕਲ ਕਲਕੀ ਫੇਰਾ ਪਾਇੰਦਾ । ਸਾਚੀ ਸਖੀਆਂ ਮੰਗਲਚਾਰ, ਏਕਾ ਰਾਗ ਅਲਾਇੰਦਾ । ਮਹੱਲ ਅਟੱਲ ਕਰ ਪਿਆਰ, ਸਚ ਪ੍ਰੀਤੀ ਨਾਤਾ ਜੋੜ ਜੁੜਾਇੰਦਾ । ਅੰਦਰ ਬਾਹਰ ਹੋ ਉਜਿਆਰ, ਨੂਰ ਨੂਰਾਨਾ ਡਗਮਗਾਇੰਦਾ । ਗ੍ਰਿਹਿ ਮੰਦਰ ਠਾਂਡਾ ਦਰਬਾਰ, ਸਚ ਘਰ ਇਕ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਕਰੇ ਪ੍ਰਭ, ਹਰਿ ਵੱਡਾ ਵਡ ਵਡਿਆਈਆ । ਸੰਤ ਸੁਹੇਲੇ ਸੱਜਣ ਲੱਭ, ਸਿਖਿਆ ਇਕ ਦ੍ਰਿੜਾਈਆ । ਮੇਲ ਮਿਲਾਵਾ ਘਰ ਸਾਚੇ ਝੱਬ, ਝੱਲਕ ਆਪਣਾ ਨੂਰ ਵਖਾਈਆ । ਪਰੇਮ ਪ੍ਰੀਤ ਪਿਆਏ ਮਧ, ਮਧੁਰ ਰਸ ਵਖਾਈਆ । ਜਗਤ ਦੁਆਰਾ ਪਾਰ ਹੱਦ, ਕਿਨਾਰਾ ਇਕੋ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਾਰਬ੍ਰਹਮ ਪ੍ਰਭ ਦਇਆ ਕਮਾਈਆ । ਪਾਰਬ੍ਰਹਮ ਪ੍ਰੀਤਮ ਪਿਆਰਾ, ਸ੍ਰੀ ਭਗਵਾਨ ਇਕ ਅਖਵਾਇੰਦਾ । ਆਦਿ ਜੁਗਾਦਿ ਰਹੇ ਨਿਆਰਾ, ਜਗ ਕਰਤਾ ਹੱਥ ਕਿਸੇ ਨਾ ਆਇੰਦਾ । ਲੱਭ ਲੱਭ ਥੱਕੇ ਗੁਰ ਅਵਤਾਰਾ, ਪੀਰ ਪੈਗ਼ੰਬਰ ਬੇਅੰਤ ਬੇਅੰਤ ਬੇਅੰਤ ਕਹਿ ਕਹਿ ਸ਼ੁਕਰ ਮਨਾਇੰਦਾ । ਸੱਯਦਾ ਸੀਸ ਜਗਦੀਸ ਕਰਨ ਪਰਵਰਦਿਗਾਰਾ, ਚਰਨ ਕਵਲ ਧਵਲ ਸਰਬ ਧਿਆਨ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤ ਇਕੋ ਵੇਰ ਮਿਹਰਵਾਨ ਆਪ ਲਗਾਇੰਦਾ । ਸਚ ਪ੍ਰੀਤ ਦੀ ਰਖਦੇ ਗਏ ਉਡੀਕ, ਜੁਗ ਚੌਕੜੀ ਧਿਆਨ ਲਗਾਈਆ । ਚਾਰ ਯੁਗ ਦੱਸਦੇ ਗਏ ਠੀਕ, ਨਿਸ਼ਾਨਾ ਇਕੋ ਇਕ ਸਮਝਾਈਆ । ਸ੍ਰੀ ਭਗਵਾਨ ਪਰਗਟ ਹੋਵੇ ਆਪ ਅਤੀਤ, ਤ੍ਰੈਗੁਣ ਲੇਖਾ ਦਏ ਮੁਕਾਈਆ । ਭਗਤ ਭਗਵਾਨ ਕਰੇ ਕਾਇਆ ਠਾਂਡੀ ਸੀਤ, ਸੀਤਲ ਧਾਰ ਇਕ ਵਹਾਈਆ । ਦੋ ਜਹਾਨ ਸੁਣਾਏ ਸੱਚਾ ਸੰਗੀਤ, ਸੋਹੰ ਅੱਖਰ ਕਰੇ ਪੜ੍ਹਾਈਆ । ਘਰ ਮੰਦਰ ਘਰ ਮਸੀਤ, ਗੁਰੂ ਦਰ ਘਰ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਪ੍ਰੀਤੀ ਇਕ ਲਗਾਈਆ । ਸਚ ਪ੍ਰੀਤੀ ਪਹਿਲੀ ਵਾਰ, ਸੋ ਸਾਹਿਬ ਆਪ ਕਰਾਈਆ । ਨਿਰਗੁਣ ਨਿਰਗੁਣ ਹੋ ਉਜਿਆਰ, ਨੂਰ ਨੂਰਾਨਾ ਨੂਰ ਰੁਸ਼ਨਾਈਆ । ਸਰਗੁਣ ਸਰਗੁਣ ਬੰਨ੍ਹੇ ਧਾਰ, ਗੋਬਿੰਦ ਗੋਬਿੰਦ ਗੰਢ ਪੁਆਈਆ । ਸਾਚਾ ਸੋਹਲਾ ਬੋਲ ਜੈਕਾਰ, ਆਪਣਾ ਨਾਉਂ ਆਪ ਦ੍ਰਿੜਾਈਆ । ਆਤਮ ਪਰਮਾਤਮ ਪੁਰਖ ਨਾਰ, ਸਾਚਾ ਨਾਤਾ ਜੋੜ ਜੁੜਾਈਆ । ਸੇਜ ਸੁਹੰਜਣੀ ਕਰ ਤਿਆਰ, ਘਰ ਬਸਤਰ ਇਕ ਵਿਛਾਈਆ । ਫੂਲਨ ਬਰਖਾ ਅਪਰ

ਅਪਾਰ, ਨਾਮ ਸੁਗੰਧੀ ਨਾਲ ਮਿਲਾਈਆ । ਵੇਖੇ ਵਿਗਸੇ ਵੇਖਣਹਾਰ ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਗੁਰਮੁਖ ਸਵਾਣੀ ਨੌਜਵਾਨ, ਜਗਤ ਪਟਾਰੀ ਰੂਪ ਵਡਿਆਈਆ । ਜੋਬਨ ਜਵਾਨੀ ਲਏ ਹੁਲਾਰ, ਲੋਕਮਾਤ ਲਏ ਅੰਗੜਾਈਆ । ਨਿਜ ਨੇਤਰ ਬੰਨ੍ਹੇ ਧਾਰ, ਸੁਰਮਾ ਇਕੋ ਇਕ ਪਾਈਆ । ਦੰਦ ਦੰਦਾਸਾ ਅਪਰ ਅਪਾਰ, ਗੁਰਮੁਖ ਗੁਰ ਗੁਰ ਨਾਉਂ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤ ਇਕ ਬੰਧਾਈਆ । ਸਚ ਪ੍ਰੀਤ ਕੰਤ ਕੰਤੂਹਲ, ਨਰ ਨਰਾਇਣ ਆਪ ਬੰਧਾਇੰਦਾ । ਆਦਿ ਜੁਗਾਦਿ ਜੁਗ ਚੌਕੜੀ ਚੁਕਾਵਣਹਾਰਾ ਮੂਲ, ਪੂਰਬ ਲਹਿਣਾ ਝੋਲੀ ਪਾਇੰਦਾ । ਬਖ਼ਸ਼ਣਹਾਰਾ ਚਰਨ ਮਸਤਕ ਸਾਚੀ ਧੂੜ, ਧੂੜੀ ਟਿੱਕਾ ਇਕ ਲਗਾਇੰਦਾ । ਚਤਰ ਸੁਘੜ ਬਣਾਏ ਮੂਰਖ ਮੂੜ੍ਹ, ਮੂਰਖ ਮੂੜ੍ਹੇ ਆਪਣੇ ਧੰਦੇ ਲਾਇੰਦਾ । ਨਾਮ ਚੜ੍ਹਾਏ ਇਕੋ ਗੂੜ੍ਹ, ਆਦਿ ਜੁਗਾਦਿ ਜੁਗ ਚੌਕੜੀ ਉਤਰ ਕਦੇ ਨਾ ਜਾਇੰਦਾ । ਦਾਤਾ ਦਾਨੀ ਜੋਧਾ ਸੂਰ, ਸੂਰਬੀਰ ਆਪ ਅਖਵਾਇੰਦਾ । ਸਰਬ ਕਲਾ ਭਰਪੂਰ, ਸ਼ਾਹ ਪਾਤਸ਼ਾਹ ਆਪਣਾ ਨਾਉਂ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਿੰਘਾਸਣ ਡੇਰਾ ਲਾਇੰਦਾ । ਸਚ ਪ੍ਰੀਤੀ ਸਚ ਸਿੰਘਾਸਣ, ਸੋਭਾਵੰਤ ਆਪ ਕਮਾਈਆ । ਕਰੇ ਖੇਲ ਪੁਰਖ ਅਬਿਨਾਸ਼ਨ, ਅਬਿਨਾਸ਼ੀ ਕਰਤਾ ਆਪਣੀ ਕਾਰ ਕਮਾਈਆ । ਆਤਮ ਪਰਮਾਤਮ ਬਣਾਏ ਸਾਥਨ, ਜੋੜੀ ਇਕੋ ਘਰ ਜੋੜ ਜੁੜਾਈਆ । ਸਚ ਚੜ੍ਹਾਏ ਆਪਣੇ ਰਾਥਨ, ਬਣ ਰਥਵਾਹੀ ਸੇਵ ਕਮਾਈਆ । ਇਕ ਸੁਣਾਏ ਅਗੰਮੀ ਗਾਥਨ, ਸੋਹੰ ਕਰੇ ਸਚ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਸਮਝਾਈਆ । ਆਤਮ ਕਹੇ ਮੈਂ ਤੇਰੀ ਗੋਲੀ, ਪ੍ਰਭ ਤੇਰੇ ਚਰਨ ਨਿਮਸਕਾਰਿਆ । ਧੰਨ ਭਾਗ ਚਾੜ੍ਹੇਂ ਡੋਲੀ, ਸ਼ਾਹ ਪਾਤਸ਼ਾਹ ਪਰਵਰਦਿਗਾਰਿਆ । ਮੇਰੀ ਆਸਾ ਹੋਵੇ ਨਾਲ ਗੋਲੀ, ਤੇਰੇ ਚਰਨ ਕਵਲ ਕਵਲ ਚਰਨ ਸਦਾ ਬਲਿਹਾਰਿਆ । ਪਰੇਮ ਪ੍ਰੀਤੀ ਬੰਨ੍ਹਾਂ ਤੰਦ ਮੌਲੀ, ਸਾਚਾ ਸਗਨ ਇਕ ਮਨਾ ਲਿਆ । ਮੈਂ ਘੁੰਗਟ ਚੁੱਕਾਂ ਹੌਲੀ ਹੌਲੀ, ਮੁਖੜਾ ਨੂਰ ਹਾਜ਼ਰ ਹਜ਼ੂਰ ਤੇਰੇ ਦਰ ਵਖਾ ਲਿਆ । ਮੇਰੀ ਸਮਝੇਂ ਤੂੰ ਬੋਲੀ, ਸਾਹਿਬ ਤੁਧ ਬਿਨ ਮੇਰਾ ਸੰਗ ਨਾ ਕੋਇ ਨਿਭਾ ਰਿਹਾ । ਮੇਰੀ ਸੁਹਾਗ ਮੀਂਢੀ ਪੁਰਖ ਅਕਾਲ ਇਕੋ ਖੋਲੀ, ਦੂਜਾ ਕੰਤ ਨਜ਼ਰ ਕੋਇ ਨਾ ਆ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤੀ ਆਪ ਲਗਾ ਰਿਹਾ । ਸਚ ਪ੍ਰੀਤੀ ਲਾ ਪ੍ਰਭ ਏਕ, ਇਕੋ ਓਟ ਤਕਾਈਆ । ਸਚ ਸਵਾਮੀ ਲਵਾਂ ਵੇਖ, ਨਿਜ ਘਰ ਆਪਣੇ ਦਰਸਨ ਪਾਈਆ । ਪਾ ਗਲਵਕੜੀ ਕਰਾਂ ਹੇਤ, ਹਿਤਕਾਰੀ ਤੇਰੀ ਵਡ ਵਡਿਆਈਆ । ਸਦਾ ਰਖੀਂ ਸਾਇਆ ਹੇਠ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਨਿਤ ਨਵਿਤ ਤੇਰਾ ਮੁਖੜਾ ਲਵਾਂ ਦੇਖ, ਨਿਉਂ ਨਿਉਂ ਤੇਰੇ ਲਾਗਾਂ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣੀ ਸਰਨ ਸਰਨਾਈਆ । ਆਤਮ ਕਹੇ ਮੈਂ ਤੇਰੀ ਨਾਰੀ, ਨਰ ਨਰਾਇਣ ਓਟ ਤਕਾਈਆ । ਕੋਝੀ ਕਮਲੀ ਕਰ ਪਿਆਰੀ, ਮਿਹਰ ਨਜ਼ਰ ਇਕ ਉਠਾਈਆ । ਤੇਰੀ ਧੂੜ ਨਾਲ ਤਨ ਮਨ ਰਹੀ ਸ਼ੰਗਾਰੀ, ਬਸਤਰ ਭੂਸ਼ਨ ਇਕੋ ਇਕ ਹੰਡਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਤੁਧ ਬਿਨ ਲੱਖ ਚੁਰਾਸੀ ਵਿਚ ਫਿਰਦੀ ਰਹੀ ਕੁਆਰੀ, ਸਾਚਾ ਕੰਤ ਨਜ਼ਰ ਕੋਇ ਨਾ ਆਈਆ । ਜੋ ਮਿਲਿਆ ਸੋ ਨਿਭਿਆ ਚਾਰ ਦਿਹਾੜੀ, ਅੰਤਮ ਨਾਤਾ ਗਿਆ ਤੁੜਾਈਆ । ਕੋਟਨ ਕੋਟ ਤੱਤ ਸਰੀਰ ਵੇਖਿਆ ਬਣ ਸੰਸਾਰੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰਾ ਇਕ ਤਕਾਈਆ । ਆਤਮ ਕਹੇ ਮੈਂ ਤੇਰੀ ਦਾਸੀ, ਦਾਸਨ ਦਾਸ ਰੂਪ ਵਟਾਈਆ । ਕਿਰਪਾ

੯੫੨ ੧੪

ਕਰ ਘਨਕਪੁਰ ਵਾਸੀ, ਮਿਹਰਵਾਨ ਹੋਣਾ ਆਪ ਸਹਾਈਆ । ਤੇਰਾ ਖੇਲ ਪੁਰਖ ਅਬਿਨਾਸ਼ੀ, ਸਮਝ ਸਕੇ ਕੋਇ ਨਾ ਰਾਈਆ । ਲੱਖ ਚੁਰਾਸੀ ਰਹੇ ਉਦਾਸੀ, ਸੀਤਲ ਸਤਿ ਸਾਂਤਕ ਨਾ ਕੋਇ ਕਰਾਈਆ । ਮੇਰੀ ਇਕੋ ਇਕ ਸੱਚੀ ਖ਼ਾਹਸ਼ੀ, ਖ਼ਾਹਸ਼ ਤੇਰੇ ਨਾਲ ਮਿਲਾਈਆ । ਸ੍ਰੀ ਭਗਵਾਨ ਮੇਰੇ ਅੰਦਰ ਵੜ ਕੇ ਕਰ ਤਲਾਸ਼ੀ, ਬਿਨ ਤੇਰੇ ਨਜ਼ਰ ਕੋਇ ਨਾ ਆਈਆ । ਮੈਂ ਤੇਰੇ ਪਰੇਮ ਪਿਆਰ ਦੀ ਸਦਾ ਪਿਆਸੀ, ਜਗਤ ਨਾਤਾ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਦ੍ਰਿੜਾਈਆ । ਹਰਿ ਆਤਮ ਸਚ ਦ੍ਰਿੜੌਂਦਾ ਏ । ਪਰਮਾਤਮ ਭੇਵ ਚੁਕੌਂਦਾ ਏ । ਸਾਚਾ ਨਾਤਾ ਇਕੋ ਵਖੌਂਦਾ ਏ । ਪੁਰਖ ਬਿਧਾਤਾ ਪੜਦਾ ਲੌਂਹਦਾ ਏ । ਸੇਜ ਸੁਹੰਜਣੀ ਇਕ ਸੁਹੌਂਦਾ ਏ । ਜੋਤੀ ਨੂਰ ਜੋਤ ਰੁਸ਼ਨੌਂਦਾ ਏ । ਸ਼ਬਦ ਅਗੰਮੀ ਰਾਗ ਅਲੌਂਦਾ ਏ । ਬਿਨ ਥੰਮੀਂ ਗਗਨ ਵਸੌਂਦਾ ਏ । ਬਿਨ ਜੰਮੀਂ ਨਾਰ ਪਰਨੌਂਦਾ ਏ । ਬਿਨ ਮੰਮੀ ਮਾਤ ਬਣੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਵਰਤੌਂਦਾ ਏ । ਹਰਿ ਆਤਮ ਸਤਿ ਸਮਝੌਂਦਾ ਏ । ਧੁਰ ਸੰਦੇਸ ਇਕ ਅਲੌਂਦਾ ਏ । ਫੜ ਬਾਂਹੋਂ ਰਾਹੇ ਪੌਂਦਾ ਏ । ਮਾਰਗ ਇਕੋ ਇਕ ਵਖੌਂਦਾ ਏ । ਪ੍ਰੀਤ ਚਰਨ ਕਵਲ ਲਗੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਰੰਗ ਰੰਗੌਂਦਾ ਏ । ਜੋ ਪ੍ਰੀਤੀ ਸਚ ਕਮਾਵੇਗਾ । ਸੋ ਆਤਮ ਪਰਮਾਤਮ ਸੱਚੇ ਭਾਵੇਗਾ । ਆਦਮ ਆਪਣਾ ਰੰਗ ਰੰਗਾਵੇਗਾ । ਖ਼ਾਦਮ ਬਣ ਕੇ ਸੇਵ ਕਮਾਵੇਗਾ । ਬਾਦਲ ਬਣ ਕੇ ਮੇਘ ਬਰਸਾਵੇਗਾ । ਆਦਲ ਬਣ ਕੇ ਇਨਸਾਫ਼ ਕਮਾਵੇਗਾ । ਸਾਗਰ ਬਣ ਕੇ ਗਹਿਰ ਗੰਭੀਰ ਹੋ ਜਾਵੇਗਾ । ਗਾਗਰ ਬਣ ਕੇ ਕਾਇਆ ਚੋਲਾ ਤਨ ਹੰਡਾਵੇਗਾ । ਸੌਦਾਗਰ ਬਣ ਕੇ ਵਣਜ ਕਰਾਵੇਗਾ । ਬਹਾਦਰ ਬਣ ਕੇ ਹੁਕਮ ਮਨਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਤਮ ਲੇਖਾ ਵੇਖ ਵਖਾਵੇਗਾ । ਜੋ ਆਤਮ ਰਾਹ ਤਕਾਏਗੀ । ਸਚ ਦੁਆਰੇ ਮਿਲਣੇ ਆਏਗੀ । ਲੋਕਮਾਤੀ ਪੰਧ ਮੁਕਾਏਗੀ । ਜਗਤ ਅਗਿਆਨ ਅੰਧੇਰ ਅੰਧ ਮਿਟਾਏਗੀ । ਸੋਹੰ ਢੋਲਾ ਛੰਦ ਗਾਏਗੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੇ ਮੰਦਰ ਸੋਭਾ ਪਾਏਗੀ । ਪ੍ਰਭ ਮੈਂ ਤੇਰੇ ਮੰਦਰ ਆਵਾਂਗੀ । ਨੇਤਰ ਨੈਣਾਂ ਨੀਰ ਵਹਾਵਾਂਗੀ । ਗਲ ਹੰਝੂਆਂ ਹਾਰ ਪਰੋਵਾਂਗੀ । ਧੂੜੀ ਟਿੱਕਾ ਮਸਤਕ ਲਾਵਾਂਗੀ । ਕੂੜੀ ਕਿਰਿਆ ਮੋਹ ਤਜਾਵਾਂਗੀ । ਤੇਰੇ ਨਾਲ ਛੋਹ, ਆਪਣੀ ਬਣਤ ਬਣਾਵਾਂਗੀ । ਅੰਤ ਤੇਰੇ ਜੋਗੀ ਹੋ, ਤੇਰੇ ਦਰ ਤੇ ਅਲਖ ਜਗਾਵਾਂਗੀ । ਤੇਰਾ ਨਾਮ ਸੱਚਾ ਸੋ, ਸੋ ਸਾਹਿਬ ਤੇਰਾ ਦਰਸ਼ਨ ਪਾਵਾਂਗੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਪ੍ਰੀਤਮ ਪ੍ਰੀਤੀ ਇਕ ਜਣਾਵਾਂਗੀ । ਜਿਸ ਵੇਲੇ ਦਰ ਤੇ ਆਵੇਂਗੀ । ਚਰਨਾਂ ਸੀਸ ਝੁਕਾਵੇਂਗੀ । ਘਰ ਪਰਮੇਸ਼ਵਰ ਆਪਣਾ ਪਾਵੇਂਗੀ । ਚਰਨ ਦਾਸੀ ਬਣ ਹਮੇਸ਼, ਘਰ ਸਾਚੇ ਸੇਵ ਕਮਾਵੇਂਗੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਪ੍ਰੀਤਮ ਇਕੋ ਇਕ ਹੰਡਾਵੇਂਗੀ । ਮੈਂ ਪ੍ਰੀਤਮ ਇਕ ਹੰਢਾਵਾਂਗੀ । ਦੂਜੀ ਅੱਖ ਨਾ ਕੋਇ ਉਠਾਵਾਂਗੀ । ਲੱਖ ਚੁਰਾਸੀ ਵੇਖਾਂ ਕੱਖ, ਕੱਖ ਅਗਨੀ ਨਾਲ ਜਲਾਵਾਂਗੀ । ਮੇਰਾ ਭਰਤੰਬਰ ਇਕ ਸਮਰਥ, ਭਰਤਾ ਇਕੋ ਇਕ ਮਨਾਵਾਂਗੀ । ਜਿਸ ਨੇ ਰਚਿਆ ਮਾਤ ਸਵੰਬਰ, ਤਿਸ ਦੀ ਆਦਿ ਅੰਤ ਅਖਵਾਵਾਂਗੀ । ਲੱਖ ਚੁਰਾਸੀ ਝੂਠਾ ਅਡੰਬਰ, ਕਾਇਆ ਚੋਲਾ ਅੰਤ ਬਦਲਾਵਾਂਗੀ । ਇਕੋ ਵੇਖਾਂ ਸੋਹਣਾ ਮੰਦਰ, ਘਰ ਸਾਚੇ ਦਰਸਨ

ਪਾਵਾਂਗੀ । ਜਿਸ ਘਰ ਵਸੇ ਸਾਹਿਬ ਮੇਰਾ ਅੰਦਰ, ਤਿਸ ਦਰ ਤੇ ਅਲਖ ਜਗਾਵਾਂਗੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਪ੍ਰੀਤੀ ਇਕੋ ਘਰ ਲਗਾਵਾਂਗੀ । ਸਚ ਪ੍ਰੀਤ ਇਕੋ ਲੱਗੇਗੀ । ਨਿਰਮਲ ਜੋਤ ਜੋਤੀ ਜਗੇਗੀ । ਨਾਮ ਚੋਟ ਸ਼ਬਦ ਵੱਜੇਗੀ । ਗੁਰਮੁਖ ਨਾਰੀ ਘਰ ਮੰਦਰ ਬਹਿ ਕੇ ਸਜੇਗੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਅੰਤ ਆਪਣਾ ਪਰਦਾ ਕੱਜੇਗੀ । ਅੰਤ ਤੇਰੀ ਓਟ ਰਖਾਵਾਂਗੀ । ਦੂਜਾ ਸ਼ੌਕ ਨਾ ਕੋਇ ਹੰਢਾਵਾਂਗੀ । ਮੌਜ ਤੇਰਾ ਪਰੇਮ ਝੋਲੀ ਪਾਵਾਂਗੀ । ਸਚ ਸਚ ਕਰਾਂ ਨੇਮ, ਕੀਤਾ ਕੌਲ ਭੁੱਲ ਨਾ ਜਾਵਾਂਗੀ । ਤੇਰੀ ਪ੍ਰੀਤੀ ਵੇਖੀ ਉਤੇ ਹੇਮ, ਕੁੰਟ ਆਪਣਾ ਰੰਗ ਰੰਗਾਵਾਂਗੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਘਰ ਸੱਜਣ ਵੇਖ ਵਖਾਵਾਂਗੀ । ਜੋ ਸੱਜਣ ਵੇਖਣ ਆਏਗੀ । ਮੁਖ ਪੜਦਾ ਜਗਤ ਉਠਾਏਗੀ । ਸਤਿ ਸਵਾਮੀ ਦਰਸਨ ਪਾਏਗੀ । ਆਪਣੀ ਕਹਾਣੀ ਸਰਬ ਭੁੱਲ ਜਾਏਗੀ । ਬਣ ਕੇ ਸਾਚੀ ਰਾਣੀ, ਸਾਚਾ ਟਿੱਕਾ ਮਸਤਕ ਲਾਏਗੀ । ਇਕੋ ਪੜ੍ਹੇ ਅਗੰਮੀ ਬਾਣੀ, ਤੂ ਹੀ ਤੂ ਰਾਗ ਸੁਣਾਏਗੀ । ਮੈਂ ਸਾਹਿਬ ਤੇਰੀ ਸਵਾਣੀ, ਸੁੰਞਾਂ ਘਰ ਫੇਰ ਵਸਾਏਗੀ । ਪ੍ਰਭ ਠਾਕਰ ਇਕੋ ਹਾਣੀ, ਬਿਰਧ ਬਾਲ ਸਮਝਣ ਕੋਇ ਨਾ ਜਾਏਗੀ । ਜਿਸ ਦਰ ਮਿਲੇ ਠੰਡਾ ਪਾਣੀ, ਅੰਮ੍ਰਿਤ ਬੂੰਦ ਮੁਖ ਚੁਆਏਗੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪ੍ਰੀਤੀ ਇਕੋ ਘਰ ਵਖਾਏਗੀ । ਮੇਰਾ ਪ੍ਰੀਤਮ ਮਿਲੇ ਅੰਤ, ਅੰਤਸ਼ਕਰਨ ਕੋਇ ਰਹਿਣ ਨਾ ਪਾਈਆ । ਮੇਰਾ ਪ੍ਰੀਤਮ ਮਿਲੇ ਕੰਤ, ਘਰ ਸਾਚੇ ਵੱਜੇ ਵਧਾਈਆ । ਮੇਰਾ ਪ੍ਰੀਤਮ ਮਿਲੇ ਬੇਅੰਤ, ਬੇਪਰਵਾਹੀ ਧਾਰ ਵਖਾਈਆ । ਮੇਰਾ ਪ੍ਰੀਤਮ ਮਿਲੇ ਅਗਣਤ, ਗਣਤੀ ਗਣਤ ਸਕੇ ਨਾ ਕੋਇ ਰਾਈਆ । ਮੇਰਾ ਪ੍ਰੀਤਮ ਮਿਲੇ ਮੰਤ, ਮੈਂ ਇਕੋ ਨਾਮ ਧਿਆਈਆ । ਮੇਰਾ ਪ੍ਰੀਤਮ ਮਿਲੇ ਪੰਡਤ, ਕਰੇ ਸਚ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤ ਇਕ ਵਖਾਈਆ । ਪ੍ਰੀਤਮ ਕਹੇ ਗੁਰਮੁਖ ਆਵੇ ਲਾੜੀ, ਦੂਲ੍ਹਾ ਇਕੋ ਇਕ ਹੰਢਾਈਆ । ਜਨਮ ਜਨਮ ਜੋ ਰਹੀ ਕੁਆਰੀ, ਕਰਮ ਕਰਮ ਸ਼ੰਗਾਰ ਹੰਢਾਈਆ । ਚਾਰ ਕੁੰਟ ਹੁੰਦੀ ਰਹੀ ਖ਼ੁਆਰੀ, ਕੂੜੀ ਕਿਰਿਆ ਬੰਧਨ ਪਾਈਆ । ਲੱਗਦੀ ਟੁੱਟਦੀ ਰਹੀ ਯਾਰੀ, ਅੰਤ ਤੋੜ ਨਾ ਕੋਇ ਨਿਭਾਈਆ । ਕਦੇ ਪਿਆਰ ਦਏ ਖ਼ੁਆਰੀ, ਕਦੇ ਸੁਹਾਗ ਰੰਡੇਪਾ ਕਦੇ ਕਦੇ ਹੰਢਾਈਆ । ਕਦੇ ਸੌਹਰੇ ਕਦੇ ਪੇਈਏ ਪੇਕੇ ਸੌਹਰੇ ਸਾਰ ਕਿਸੇ ਨਾ ਪਾਈਆ । ਰੋਂਦੀ ਰਹੀ ਸਦਾ ਜੁਗ ਚਾਰੀ, ਨੇਤਰ ਨੈਣਾਂ ਨੀਰ ਵਹਾਈਆ । ਲੋਕੀਂ ਕਹਿੰਦੇ ਰਹੇ ਕੁਚੱਜੀ ਡਾਰੀ, ਸੀਸ ਪਿਆਰ ਨਾ ਕੋਇ ਰਖਾਈਆ । ਤਨ ਮਾਟੀ ਖ਼ਾਕ ਹੰਢੌਂਦੀ ਰਹੀ ਵਾਰੋ ਵਾਰੀ, ਨਿਤ ਨਿਤ ਆਪਣਾ ਆਸਣ ਲਾਈਆ । ਪ੍ਰਭ ਮਿਲਿਆ ਨਾ ਮੀਤ ਮੁਰਾਰੀ, ਮਿੱਤਰ ਪਿਆਰਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਪ੍ਰੀਤੀ ਆਪਣੇ ਨਾਲ ਲਗਾਈਆ । ਆਤਮ ਕਹੇ ਮੈਂ ਕੁਆਰ ਕੰਨਿਆ, ਮੇਰਾ ਜੋਬਨ ਹੱਥ ਕਿਸੇ ਨਾ ਆਈਆ । ਜਿਸ ਮੈਨੂੰ ਵਰਿਆ ਮੈਂ ਉਹਨੂੰ ਭੰਨਿਆ, ਭਾਂਡਾ ਸਾਬਤ ਕੋਇ ਨਜ਼ਰ ਨਾ ਆਈਆ । ਕੋਟਨ ਕੋਟ ਜੀਵ ਜੰਤ ਡੰਨਿਆ, ਲੋਕਮਾਤ ਵੇਖ ਵਖਾਈਆ । ਮੇਰਾ ਭੇਵ ਨਾ ਪਾਇਆ ਨੇਤਰ ਅੰਨ੍ਹਿਆਂ, ਮੇਰਾ ਨੂਰ ਨਜ਼ਰ ਕਿਸੇ ਨਾ ਆਈਆ । ਧੰਨ ਭਾਗ ਕਲਜੁਗ ਅੰਤ ਸ੍ਰੀ ਭਗਵਾਨ ਇਕੋ ਮੰਨਿਆ, ਮੇਰੀ ਮਿੰਨਤ ਲੇਖੇ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਮਾਣ ਵਡਿਆਈਆ । ਮੰਨਿਆ ਪ੍ਰਭ ਮੇਰਾ ਠਾਕਰ, ਠੱਗੀ ਕਰਨ ਕੋਇ

ਨਾ ਆਈਆ । ਕੋਝੀ ਕਮਲੀ ਦੇਵੇ ਆਦਰ, ਨੈਣਹੀਣ ਲਏ ਉਠਾਈਆ । ਕਿਰਪਾ ਕਰੇ ਕਰੀਮ ਕਾਦਰ, ਕਾਮਲ ਮੁਰਸ਼ਦ ਹੋਏ ਸਹਾਈਆ । ਮੇਰਾ ਲੇਖਾ ਕਰੇ ਉਜਾਗਰ, ਭੁਲੇਖਾ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰੇਮ ਪ੍ਰੀਤੀ ਇਕ ਸਮਝਾਈਆ । ਪਰੇਮ ਪ੍ਰੀਤੀ ਕਰਨੇ ਆਈ, ਆਪਣੀ ਆਸ ਰਖਾਈਆ । ਨਾਲ ਨਾ ਦਿਸੇ ਮਾਤ ਪਿਤ ਭੈਣ ਭਾਈ, ਸੱਜਣ ਸੰਗ ਨਾ ਕੋਇ ਰਖਾਈਆ । ਪੁੱਤਰ ਧੀ ਨਾ ਕੋਇ ਜਵਾਈ, ਦੋਹਤ ਪੋਤ ਨਾ ਵੰਡ ਵੰਡਾਈਆ । ਨਾਰ ਕੰਤ ਨਾ ਉਂਗਲੀ ਲਾਈ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਰਿਹਾ ਵਖਾਈਆ । ਦਰ ਤੇਰੇ ਤੇ ਆਈ ਦੁਹਾਗਣ, ਨੇਤਰ ਰੋਵੇ ਮਾਰੇ ਧਾਈਂਆ । ਤੁਧ ਬਿਨ ਕਵਣ ਬਣਾਵੇ ਸੁਹਾਗਣ, ਮੀਂਢੀ ਸੀਸ ਕਵਣ ਗੁੰਦਾਈਆ । ਨਾਲ ਦਿਸੇ ਨਾ ਕੋਈ ਲਾਗਣ, ਸਾਥੀ ਸੰਗ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੀ ਪ੍ਰੀਤ ਪ੍ਰਭੂ ਮੋਹੇ ਭਾਈਆ । ਜੇ ਕਰ ਪ੍ਰੀਤ ਕਰਨੀ ਸਚ ਮੇਰੀ, ਹਰਿ ਸਤਿਗੁਰ ਆਪ ਜਣਾਈਆ । ਮੇਰੇ ਭਗਤਾਂ ਦੀ ਬਣ ਚੇਰੀ, ਗੋਲੀ ਆਪਣਾ ਰੂਪ ਵਟਾਈਆ । ਅੰਦਰ ਵੜ ਜਾ ਢਾਹ ਕੇ ਢੇਰੀ, ਮੈਂ ਮਮਤਾ ਮੋਹ ਮਿਟਾਈਆ । ਡਰ ਜਾਈਂ ਨਾ ਵੇਖ ਅੰਧ ਅੰਧੇਰੀ, ਭੈ ਸਿਰ ਨਾ ਕੋਇ ਜਣਾਈਆ । ਸਚ ਦੁਆਰੇ ਹੋ ਜਾ ਚੇਰੀ, ਚਰਨ ਕਵਲ ਮਿਲੇ ਵਡਿਆਈਆ । ਅੰਦਰ ਵੜ ਕੇ ਕਹਿ ਪ੍ਰਭੂ ਮੈਂ ਤੇਰੀ, ਤੁਧ ਬਿਨ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਿਨ ਭਗਤਾਂ ਆਤਮ ਹੋਰ ਨਾ ਕੋਇ ਪਰਨਾਈਆ । ਮੈਂ ਭਗਤਾਂ ਅੰਦਰ ਰਹਿੰਦੀ ਆ । ਨਿਤ ਭਾਣਾ ਤੇਰਾ ਸਹਿੰਦੀ ਆ । ਉਠ ਉਠ ਕੇ ਨਾਮ ਤੇਰਾ ਲੈਂਦੀ ਆ । ਤੇਰੇ ਵਛੋੜੇ ਵਿਚ ਰੁਸ ਰੁਸ ਬਹਿੰਦੀ ਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਬਿਨ ਪ੍ਰੀਤਮ ਪ੍ਰੀਤੀ ਹੋਰ ਨਾ ਕੋਈ ਵੇਂਹਦੀ ਆ । ਤੇਰੀ ਪ੍ਰੀਤੀ ਲੇਖੇ ਲਾਵਾਂਗਾ । ਸਾਚੀ ਰੀਤੀ ਇਕ ਚਲਾਵਾਂਗਾ । ਮੀਠੀ ਮੀਠੀ ਬਾਤ ਸੁਣਾਵਾਂਗਾ । ਅਨਡੀਠੀ ਤਾਰ ਹਿਲਾਵਾਂਗਾ । ਪਿਛਲੀ ਕੀਤੀ ਭੁਲ ਬਖ਼ਸ਼ਾਵਾਂਗਾ । ਅੱਗੇ ਘਰ ਆਪਣੇ ਕੀਮਤ ਪਾਵਾਂਗਾ । ਇਹ ਵਕਤ ਸੁਹੇਲਾ ਮਿਲਿਆ ਗਨੀਮਤ, ਤੇਰਾ ਲੇਖਾ ਆਪਣੇ ਲੇਖੇ ਲਾਵਾਂਗਾ । ਤੂ ਬਣ ਸਚ ਤਰੀਮਤ, ਤਿਰੀਆ ਤੇਰਾ ਰੰਗ ਰੰਗਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਪ੍ਰੀਤੀ ਤੋੜ ਨਿਭਾਵਾਂਗਾ । ਪ੍ਰਭੂ ਕੀ ਪ੍ਰੀਤ ਤੋੜ ਨਿਭਾਏਂਗਾ । ਜਗਤ ਵਛੋੜਾ ਪੰਧ ਮੁਕਾਏਂਗਾ । ਕੀ ਤੈਨੂੰ ਸਾਡੀ ਲੋੜ, ਕੋਝੇ ਕਮਲਿਆਂ ਗਲ ਲਾਏਂਗਾ । ਵੇਖੀਂ ਦਰ ਤੋਂ ਨਾ ਦੇਵੀਂ ਹੋੜ, ਬੇਪਰਵਾਹ ਬੇਪਰਵਾਹੀ ਵਿਚ ਨਾ ਭੁਲਾਏਂਗਾ । ਫੜਿਆ ਪੱਲੂ ਨਾ ਜਾਵੀਂ ਛੋੜ, ਛੁਟਕਾਰਾ ਲੋਕਮਾਤ ਕਰਾਏਂਗਾ । ਤੁਧ ਬਿਨ ਨਜ਼ਰ ਨਾ ਆਵੇ ਹੋਰ, ਹਰਿ ਜੂ ਆਪਣੇ ਘਰ ਵਸਾਏਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਸਾਚੇ ਸੋਭਾ ਪਾਏਂਗਾ । ਜੋ ਆਤਮ ਭਗਤਾਂ ਅੰਦਰ ਆਈਆ । ਪ੍ਰਭ ਸਾਚੇ ਆਪ ਪਰਨਾਈਆ । ਨਾ ਕੋਈ ਸੌਹਰਾ ਪੇਈਆ ਨਾ ਕੋਈ ਪਿਤਾ ਮਾਈਆ । ਨਾ ਕੋਈ ਭੈਣਾ ਭੱਯਾ, ਜੀਜਾ ਰੂਪ ਨਾ ਕੋਇ ਵਟਾਈਆ । ਪ੍ਰਭ ਇਕੋ ਸੱਚਾ ਸੱਯਾ, ਸਾਹਿਬ ਸਤਿਗੁਰ ਦਏ ਸਰਨਾਈਆ । ਇਕ ਚੜ੍ਹਾਏ ਨਾਮ ਨੱਯਾ, ਨੌਕਾ ਇਕੋ ਇਕ ਚਲਾਈਆ । ਜਿਸ ਦੀ ਓਟ ਰੱਖੀ ਢੱਯਾ, ਸੋ ਸਾਹਿਬ ਵੇਖਣ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਫੜ ਉਠਾਏ ਅਗੰਮੀ ਬਹੀਆ, ਆਪ ਆਪਣੀ ਦਇਆ ਕਮਾਈਆ । ਮੇਰੀ ਬਹੀਆ ਨਾ ਕੋਈ ਹੱਥ, ਤੱਤ ਨਜ਼ਰ

੬੫੫
੧੪

ਕੋਇ ਨਾ ਆਈਆ । ਤੇਰਾ ਖੇਲ ਪੁਰਖ ਸਮਰਥ, ਦਰ ਤੇਰੇ ਤੇਰੀ ਭਾਈਆ । ਤੂੰ ਸਭ ਕੁਛ ਦੇਣਾ ਦੱਸ, ਮੈਂ ਮੰਨਾਂ ਤੇਰੀ ਰਜ਼ਾਈਆ । ਘਰ ਮੇਰੇ ਆ ਕੇ ਵਸ, ਮੇਰੀ ਆਸ ਨਾ ਹੋਏ ਪਰਾਈਆ । ਬਿਨ ਰਸਨਾ ਜਿਹਵਾ ਦੰਦਾਂ ਹੱਸ, ਹੰਸ ਮੁਖ ਤੇਰੀ ਸਰਨਾਈਆ । ਮੈਂ ਸੁਣਿਆ ਤੂੰ ਗ਼ਰੀਬ ਨਿਮਾਣਿਆਂ ਗਾਵੇਂ ਜਸ, ਜਨ ਭਗਤਾਂ ਦਏਂ ਵਡਿਆਈਆ । ਤੇਰੇ ਪਰੇਮ ਅੰਦਰ ਹੋਇਆ ਇਕੱਠ, ਤੇਰੀ ਪ੍ਰੀਤੀ ਨਾਲ ਕੁੜਮਾਈਆ । ਤੇਰੇ ਵੈਰਾਗ ਅੰਦਰ ਰਹੇ ਢੱਠ, ਤੇਰਾ ਬਿਰਹੋਂ ਵਛੋੜਾ ਰਿਹਾ ਸਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਦਰ ਤੇਰੇ ਆਸ ਰਖਾਈਆ । ਆਓ ਆਸ ਕਰਾਂ ਪੂਰੀ, ਸ੍ਰੀ ਭਗਵਾਨ ਆਪ ਜਣਾਈਆ । ਆਤਮ ਮਿਲੇ ਪਰਮਾਤਮ ਨੂਰੀ, ਨੂਰ ਨੂਰਾਨਾ ਨੂਰ ਚਮਕਾਈਆ । ਇਕੋ ਮੰਦਰ ਇਕੋ ਹਜ਼ੂਰੀ ਹਜ਼ਰਤ ਇਕੋ ਨਜ਼ਰੀ ਆਈਆ । ਇਕੋ ਵਸੇ ਨੇੜੇ ਦੂਰੀ, ਦੂਰ ਦੁਰਾਡਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਰਿਹਾ ਦ੍ਰਿੜਾਈਆ । ਸ੍ਰੀ ਭਗਵਾਨ ਦਰ ਤੇਰੇ ਸੱਚੇ ਆਵਾਂਗੀ । ਆ ਕੇ ਪਿਛਲਾ ਹਾਲ ਸੁਣਾਵਾਂਗੀ । ਦੁੱਖ ਦਰਦ ਫੋਲ ਫੁਲਾਵਾਂਗੀ । ਬਣ ਨਿਮਾਣੀ ਅਰਜ਼ ਜਣਾਵਾਂਗੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਆ ਕੇ ਵੇਖਾਂ ਤੇਰਾ ਘਰ, ਹਾੜ ਸਤਾਰਾਂ ਵੀਹ ਸੌ ਵੀਹ ਬਿਕ੍ਰਮੀ ਦੋਏ ਜੋੜ ਵਾਸਤਾ ਪਾਵਾਂਗੀ ।

## ★ ੧੦ ਹਾੜ ੨੦੨੦ ਬਿਕ੍ਰਮੀ ਪਿੰਡ ਕੱਲਾ ਸੰਗਤ ਦੇ ਨਵਿਤ ਦਰਬਾਰ ਵਿਚ ਜੇਠੂਵਾਲ ★

ਆਤਮ ਪਰਮਾਤਮ ਪ੍ਰੀਤ ਦੱਸੀ, ਦਰਸ ਦੀਦਾਰ ਬੇਪਰਵਾਹੀਆ । ਖ਼ੁਸ਼ੀਆਂ ਵਿਚ ਉਠ ਉਠ ਨੱਸੀ, ਆਪਣਾ ਆਪ ਭੁਲਾਈਆ । ਨਾ ਰੋਵੇ ਨਾ ਮੁਖੜੇ ਹੱਸੀ, ਮੁਸਕਰਾਹਟ ਨਾ ਕੋਇ ਲਿਆਈਆ । ਅੰਦਰੇ ਅੰਦਰ ਹੋਈ ਬੇਵਸੀ, ਵਿਆਕੁਲ ਹੋ ਕੇ ਦਏ ਦੁਹਾਈਆ । ਲੇਖਾ ਕੋਇ ਨਾ ਪੁਨੂੰ ਸੱਸੀ, ਜਿਸ ਸਾਹਿਬ ਮਿਲਿਆ ਸਤਿਗੁਰ ਮਾਹੀਆ । ਸੱਚਾ ਵਣਜ ਕਰਾਏ ਹੱਥੀਂ, ਨਾਮ ਇਕੋ ਹੱਟ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਜਣਾਈਆ । ਸਚ ਪ੍ਰੀਤ ਦੱਸੇ ਘਰ ਮੀਆਂ, ਸਾਚੀ ਬੀਵੀ ਆਪ ਸਮਝਾਇੰਦਾ । ਜਿਸ ਨੇ ਦੀਆ ਤੇਰਾ ਜੀਆ, ਸੋ ਜੀਵਣ ਦਾਤਾ ਵੇਖ ਵਖਾਇੰਦਾ । ਦਰ ਮਿਲਣ ਦਾ ਇਕੋ ਹੀਆ, ਨਰ ਹਰਿ ਆਪ ਸਮਝਾਇੰਦਾ । ਮਿਲੇ ਵਛੋੜਾ ਵਿਛੁਨੀ ਪੀਆ, ਵਿਛੜੇ ਆਪਣੇ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਰੀਤੀ ਆਪ ਵਖਾਇੰਦਾ । ਸਚ ਪ੍ਰੀਤੀ ਦੱਸੇ ਮੀਤ, ਹਰਿ ਸਤਿਗੁਰ ਵਡ ਵਡਿਆਈਆ । ਆਤਮ ਆਤਮ ਆ ਨਜ਼ਦੀਕ, ਪਰਮਾਤਮ ਪਰਮਾਤਮ ਪੜਦਾ ਲਾਹੀਆ । ਧਾਰ ਅਗੰਮ ਵੇਖ ਬਾਰੀਕ, ਨਿਜ ਨੇਤਰ ਨੈਣ ਖੁਲ੍ਹਾਈਆ । ਸਦਾ ਸਦਾ ਸਦ ਰੱਖੀ ਉਡੀਕ, ਨਿਤ ਨਿਤ ਧਿਆਨ ਲਗਾਈਆ । ਦਰ ਦਰ ਮੰਗੀ ਦਰਵੇਸ਼ੀ ਭੀਖ, ਅਲਖ ਅਲਖ ਜਗਾਈਆ । ਜੁਗ ਜੁਗ ਸਿਖਿਆ ਲਈ ਸੀਖ, ਕਰੀ ਮਾਤ ਪੜ੍ਹਾਈਆ । ਹੱਥ ਨਾ ਆਈ ਪ੍ਰਭੁ ਪ੍ਰੀਤ, ਸਾਚੀ ਗੰਢ ਨਾ ਕੋਇ ਪੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਹਾਣੀ ਆਪ ਜਣਾਈਆ । ਸਚ ਪ੍ਰੀਤੀ ਸਚ ਕਹਾਣੀ, ਹਰਿ ਕਰਤਾ ਆਪ ਜਣਾਇੰਦਾ । ਗੁਰਮੁਖ ਬਣਨਾ ਸਾਚੀ ਰਾਣੀ, ਰਾਜਨ ਇਕੋ ਵਡ ਵਡਿਆਇੰਦਾ । ਆਤਮ ਪੜ੍ਹਨੀ ਪਰਮਾਤਮ ਬਾਣੀ, ਸੋਹੰ ਢੋਲਾ ਰਾਗ

ਸੁਣਾਇੰਦਾ । ਨਿਝਰ ਪੀਣਾ ਠੰਡਾ ਪਾਣੀ, ਅੰਮ੍ਰਿਤ ਰਸ ਆਪ ਝਿਰਾਇੰਦਾ । ਦਰ ਤੇ ਰਹਿਣਾ ਬਣ ਨਿਮਾਣੀ, ਹਉਮੇਂ ਹੰਗਤਾ ਮੇਟ ਮਿਟਾਇੰਦਾ । ਨਾਤਾ ਤੁਟੇ ਚਾਰ ਖਾਣੀ, ਚਾਰ ਕੁੰਟ ਪੰਧ ਮੁਕਾਇੰਦਾ । ਵੇਖਣਹਾਰਾ ਤਰਲ ਜਵਾਨੀ, ਜੋਬਨ ਆਪਣਾ ਆਪ ਸਮਝਾਇੰਦਾ । ਜੇ ਤੂੰ ਕਹੇਂ ਆਦਿ ਸ਼ਕਤ ਭਵਾਨੀ, ਤੇਰੀ ਸ਼ਕਤ ਸ਼ੱਕ ਵਿਚ ਰਖਾਇੰਦਾ । ਜੇ ਤੂੰ ਕਹੇਂ ਦਰ ਨਿਮਾਣੀ, ਫੜ ਬਾਂਹੋਂ ਗਲੇ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤੀ ਇਕ ਵਡਿਆਇੰਦਾ । ਸਚ ਪ੍ਰੀਤੀ ਦੱਸੇ ਦਿਲਦਾਰ, ਦਿਲਬਰ ਆਪਣਾ ਭੇਵ ਖੁਲ੍ਹਾਈਆ । ਆ ਮਹਿੰਡੇ ਸੱਜਣ ਯਾਰ, ਹੱਭ ਕਿਛ ਤੇਰੀ ਝੋਲੀ ਪਾਈਆ । ਮਿੰਝੋਂ ਤੇਰਾ ਇਕ ਪਿਆਰ, ਨੇਤਰ ਨੈਣ ਧਿਆਨ ਲਗਾਈਆ । ਤੇਰਾ ਖਟੋਲਾ ਅਗੰਮ ਅਪਾਰ, ਝਕੋਲਾ ਇਕੋ ਇਕ ਦਿਵਾਈਆ । ਪੜਦਾ ਉਹਲਾ ਦੇ ਨਵਾਰ, ਨੇਤਰ ਨੈਣ ਨਾ ਕੋਇ ਸ਼ਰਮਾਈਆ । ਸਾਚਾ ਤੋਲਾ ਬਣ ਕਰਤਾਰ, ਕਰਤੇ ਆਪਣਾ ਫੇਰਾ ਪਾਈਆ । ਨੇਤਰ ਰੋਵੇ ਸਰਬ ਸੰਸਾਰ, ਲੱਖ ਚੁਰਾਸੀ ਦਏ ਦੁਹਾਈਆ । ਨਰ ਹਰਿ ਕਰੇ ਨਾ ਕੋਇ ਪਿਆਰ, ਘਰ ਵੱਜੇ ਨਾ ਸਚ ਵਧਾਈਆ । ਚਾਰੋਂ ਕੁੰਟ ਧੁਆਂਧਾਰ, ਚੰਦ ਚਾਂਦਨਾ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਾਰਗ ਇਕੋ ਇਕ ਦਰਸਾਈਆ । ਸੱਚਾ ਮਾਰਗ ਸਤਿਗੁਰ ਟੇਕ, ਓਟ ਏਕੰਕਾਰ ਜਣਾਈਆ । ਆਦਿ ਜੁਗਾਦੀ ਜਾਣੇ ਲੇਖ, ਲੇਖਾ ਆਪਣੇ ਹੱਥ ਰਖਾਈਆ । ਨਿਰਗੁਣ ਸਰਗੁਣ ਧਾਰੇ ਭੇਖ, ਭੇਖ ਅਵਲੱੜਾ ਆਪ ਵਟਾਈਆ । ਨਾਉਂ ਰੱਖ ਨਰ ਨਰੇਸ਼, ਸ਼ਾਹ ਪਾਤਸ਼ਾਹ ਫੇਰਾ ਪਾਈਆ । ਵੇਖ ਵਖਾਣੇ ਬ੍ਰਹਮਾ ਵਿਸ਼ਨ ਮਹੇਸ਼, ਸ਼ੰਕਰ ਗਣਪਤ ਆਪਣੀ ਗੰਢ ਪੁਆਈਆ । ਨਿਰਗੁਣ ਨਿਰਗੁਣ ਕਰ ਕਰ ਹੇਤ, ਸਰਗੁਣ ਸਰਗੁਣ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਆਪ ਕਮਾਈਆ । ਸਾਚੀ ਕਰਨੀ ਕਰੇ ਕਰਤਾਰ, ਮਿਹਰ ਨਜ਼ਰ ਉਠਾਇੰਦਾ । ਦਰ ਠਾਂਡਾ ਵੇਖ ਦਰਬਾਰ, ਦਰਗਹਿ ਸਾਚੀ ਰੂਪ ਬਦਲਾਇੰਦਾ । ਧੁਰ ਫ਼ਰਮਾਨਾ ਦੇਵੇ ਏਕਾ ਵਾਰ, ਏਕਾ ਹੁਕਮ ਸੁਣਾਇੰਦਾ । ਜਿਸ ਵੇਲੇ ਸਾਹਿਬ ਦਾ ਲੱਗੇ ਸਚ ਦਰਬਾਰ, ਸਚ ਸਿੰਘਾਸਣ ਆਸਣ ਲਾਇੰਦਾ । ਨੌਂ ਸਿਖ ਰਹਿਣ ਪਹਿਰੇਦਾਰ, ਨੌਂ ਦੁਆਰੇ ਸੇਵਾ ਲਾਇੰਦਾ । ਜੋ ਜਨ ਬੋਲੇ ਅੰਦਰ ਬਾਹਰ, ਫੜ ਬਾਂਹੋਂ ਬਾਹਰ ਕਢਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਧੁਰ ਦੀ ਬਾਣੀ ਆਪ ਲਿਖਾਇੰਦਾ । ਨੌਂ ਦੁਆਰੇ ਨੌਂ ਦਰ ਵੇਖ, ਹਰਿ ਜੂ ਹਰਿ ਹਰਿ ਆਪ ਜਣਾਈਆ । ਸਤਿ ਸਤਿਵਾਦੀ ਲਿਖੇ ਲੇਖ, ਨਾ ਕੋਈ ਮੇਟੇ ਮੇਟ ਮਿਟਾਈਆ । ਜਿਨ੍ਹਾਂ ਪ੍ਰਭ ਦਰਸਨ ਦਾ ਹੋਏ ਹੇਤ, ਸੋ ਗੁਰਮੁਖ ਅੰਦਰ ਆਈਆ । ਬਾਕੀ ਦੂਰ ਦੁਰਾਡੇ ਲੈਣ ਵੇਖ, ਰੌਲਾ ਪਾਵਣਵਾਲਾ ਅੰਦਰ ਬਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਧੁਰ ਫ਼ਰਮਾਨਾ ਹੁਕਮ ਸੁਣਾਈਆ । ਅੰਦਰ ਵੜ ਜੋ ਰਸਨਾ ਬੋਲੇ, ਸ੍ਰੀ ਭਗਵਾਨ ਵੇਖ ਵਖਾਈਆ । ਕੂੜੀ ਕਾਇਆ ਕੂੜੇ ਚੋਲੇ, ਕੰਮ ਕਿਸੇ ਨਾ ਆਈਆ । ਜਿਨ੍ਹਾਂ ਅੰਤਰ ਪੁਰਖ ਅਬਿਨਾਸ਼ੀ ਮੌਲੇ, ਸੋ ਨੇਤਰ ਨੈਣ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸਾ ਨਰ ਨਰੇਸ਼ਾ, ਏਕੰਕਾਰਾ ਹਰਿ ਨਿਰੰਕਾਰਾ ਏਕਾ ਵਾਰ ਸੁਣਾਈਆ ।

ਸਚ ਪ੍ਰੀਤ ਸਤਿਗੁਰ ਕਮਾਏ, ਨਿਹਕਰਮੀ ਦਇਆ ਕਮਾਈਆ । ਸਚ ਪ੍ਰੀਤ ਨਾਲ ਭਗਤ ਰਖਾਏ, ਭਗਵਨ ਆਪਣੇ ਅੰਗ ਲਗਾਈਆ । ਸਚ ਪ੍ਰੀਤ ਹਰਿ ਸੰਤ ਜਗਾਏ, ਸਚ ਸੁਹੇਲੇ ਨਾਲ ਮਿਲਾਈਆ । ਸਚ ਪ੍ਰੀਤ ਗੁਰਮੁਖ ਉਠਾਏ, ਗੁਰ ਗੁਰ ਆਪਣੀ ਗੰਢ ਪੁਆਈਆ । ਸਚ ਪ੍ਰੀਤ ਗੁਰਸਿਖ ਰਲਾਏ, ਜੁਗ ਵਿਛੜੇ ਵੇਖ ਵਖਾਈਆ । ਸਚ ਪ੍ਰੀਤ ਉਜਲ ਮੁਖ ਕਰਾਏ, ਦੁਰਮਤ ਮੈਲ ਧੁਆਈਆ । ਸਚ ਪ੍ਰੀਤ ਘਰ ਸੁਖ ਉਪਜਾਏ, ਗ੍ਰਿਹਿ ਮੇਲਾ ਬੇਪਰਵਾਹੀਆ । ਸਚ ਪ੍ਰੀਤ ਗੁਰ ਚੇਲਾ ਆਪ ਉਠਾਏ, ਨਿਰਗੁਣ ਨਿਰਗੁਣ ਦਏ ਵਡਿਆਈਆ । ਸਚ ਪ੍ਰੀਤ ਸੱਜਣ ਸੁਹੇਲਾ ਵੇਖਣ ਆਏ, ਨਰ ਹਰਿ ਆਪਣਾ ਫੇਰਾ ਪਾਈਆ । ਸਚ ਪ੍ਰੀਤ ਇਕ ਇਕੇਲਾ ਆਪ ਕਮਾਏ, ਦੂਜਾ ਸੰਗ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਸਚ ਪ੍ਰੀਤ ਭਗਤਾਂ ਸੰਗ, ਸੋ ਸਾਹਿਬ ਆਪ ਕਮਾਈਆ । ਸਚ ਪ੍ਰੀਤ ਸੰਤ ਅਨੰਦ, ਅਨੰਦ ਅਨੰਦ ਦਰਸਾਈਆ । ਸਚ ਪ੍ਰੀਤ ਗੁਰਮੁਖ ਚੰਦ, ਨੂਰੋ ਨੂਰ ਨੂਰ ਰੁਸ਼ਨਾਈਆ । ਸਚ ਪ੍ਰੀਤ ਗੁਰਸਿਖ ਰੰਗ, ਰੰਗ ਇਕੋ ਇਕ ਵਖਾਈਆ । ਸਚ ਪ੍ਰੀਤ ਜਨ ਭਗਤ ਦੁਆਰੇ ਆਪੇ ਲੰਘ, ਵੇਖਣਹਾਰਾ ਵੇਖ ਵਖਾਈਆ । ਸਚ ਪ੍ਰੀਤ ਸੂਰਾ ਸਰਬੰਗ, ਸ਼ਹਿਨਸ਼ਾਹ ਆਪਣੀ ਇਕ ਰਖਾਈਆ । ਸਚ ਪ੍ਰੀਤ ਟੁੱਟੀ ਗੰਢ, ਪੱਲੂ ਆਪਣਾ ਆਪ ਬੰਧਾਈਆ । ਸਚ ਪ੍ਰੀਤ ਸੁਹਾਗੀ ਛੰਦ, ਅੰਤਰ ਆਤਮ ਕਰੇ ਪੜ੍ਹਾਈਆ । ਸਚ ਪ੍ਰੀਤ ਗੁਰਮੁਖ ਵਿਰਲਾ ਲਏ ਮੰਗ, ਬਿਨ ਹਰਿਜਨ ਹੱਥ ਕਿਸੇ ਨਾ ਆਈਆ । ਸਚ ਪ੍ਰੀਤ ਦੋ ਜਹਾਨ ਵਜਾਏ ਮਰਦੰਗ, ਮਰਦ ਮਰਦਾਨਾ ਆਪ ਵਜਾਈਆ । ਸਚ ਪ੍ਰੀਤ ਨਾਤਾ ਤੋੜੇ ਕੂੜੀ ਕਿਰਿਆ ਰੰਡ, ਘਰ ਮਿਲੇ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਸਚ ਪ੍ਰੀਤ ਦਿਵਸ ਰੈਣ, ਹਰਿ ਸਤਿਗੁਰ ਆਪ ਕਮਾਈਆ । ਸਚ ਪ੍ਰੀਤ ਚੁਕਾਏ ਲਹਿਣਾ ਦੇਣ, ਪੂਰਬ ਲੇਖਾ ਝੋਲੀ ਪਾਈਆ । ਸਚ ਪ੍ਰੀਤ ਖੋਲ੍ਹੇ ਏਕਾ ਨੈਣ, ਨਿਜ ਨੈਣ ਪੜਦਾ ਲਾਹੀਆ । ਸਚ ਪ੍ਰੀਤ ਨਾਤਾ ਤੁਟੇ ਭਾਈ ਭੈਣ, ਸਾਕ ਸੈਣ ਇਕੋ ਨਜ਼ਰੀ ਆਈਆ । ਸਚ ਪ੍ਰੀਤ ਰਸਨਾ ਜਿਹਵਾ ਸਾਰੇ ਕਹਿਣ, ਬਿਨ ਗੁਰਮੁਖ ਸੱਜਣ ਕਰਨ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਸਮਝਾਈਆ । ਸਚ ਪ੍ਰੀਤੀ ਏਕਾ ਸਤਿਗੁਰ, ਗੁਰ ਸ਼ਬਦੀ ਆਪ ਜਣਾਇੰਦਾ । ਸਚ ਪ੍ਰੀਤ ਲੇਖਾ ਧੁਰ, ਮਸਤਕ ਲਹਿਣਾ ਵੇਖ ਵਖਾਇੰਦਾ । ਸਚ ਪ੍ਰੀਤੀ ਸਰਨ ਸਰਨਾਈ ਜੁੜ, ਨਾਤਾ ਬਿਧਾਤਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਵਰਤਾਇੰਦਾ । ਸਚ ਪ੍ਰੀਤੀ ਜਗਦੀਸਰ ਹਰਿ, ਹਰਿ ਵੱਡਾ ਆਪ ਕਮਾਈਆ । ਸਚ ਪ੍ਰੀਤੀ ਨਰ ਨਰਾਇਣ ਘਰ, ਬੇਅੰਤ ਖ਼ੁਸ਼ੀ ਮਨਾਈਆ । ਸਚ ਪ੍ਰੀਤੀ ਇਕ ਦੂਜੇ ਬੰਧਾਏ ਲੜ, ਘਰ ਪੱਲੂ ਗੰਢ ਵਖਾਈਆ । ਸਚ ਪ੍ਰੀਤੀ ਨਾਤਾ ਜੋੜ ਨਾਰੀ ਨਰ, ਨਰਾਇਣ ਇਕੋ ਇਕ ਵਖਾਈਆ । ਸਚ ਪ੍ਰੀਤੀ ਕਿਲਾ ਤੋੜ ਹੰਕਾਰੀ ਗੜ੍ਹ, ਕਾਇਆ ਕਾਅਬਾ ਵੇਖ ਵਖਾਈਆ । ਸਚ ਪ੍ਰੀਤੀ ਗੁਰਮੁਖ ਅੰਦਰ ਜਾਏ ਵੜ, ਘਰ ਸਾਚੇ ਸੋਭਾ ਪਾਈਆ । ਸਚ ਪ੍ਰੀਤੀ ਸੰਤ ਸੁਹੇਲੇ ਲਏ ਫੜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤੀ ਇਕ ਦ੍ਰਿੜਾਈਆ । ਸਚ ਪ੍ਰੀਤੀ ਏਕਾ ਮੰਦਰ, ਠਾਕਰ ਇਕੋ ਇਕ ਜਣਾਈਆ । ਸਚ ਪ੍ਰੀਤੀ ਸਾਚੇ ਅੰਦਰ, ਸਾਹਿਬ ਸਤਿਗੁਰ ਆਪ ਕਮਾਈਆ । ਸਚ ਪ੍ਰੀਤੀ ਸਦਾ

ਬਖ਼ਸ਼ੰਦਨ, ਬਖ਼ਸ਼ਸ਼ ਕਰੇ ਥਾਉਂ ਥਾਈਆ । ਸਚ ਪ੍ਰੀਤੀ ਧੁਰ ਦਾ ਚੰਦਨ, ਮਸਤਕ ਟਿੱਕਾ ਇਕੋ ਲਾਈਆ । ਸਚ ਪ੍ਰੀਤੀ ਆਦਿ ਬੰਦਨ, ਬੰਦੀਖ਼ਾਨਾ ਦਏ ਤੁੜਾਈਆ । ਸਚ ਪ੍ਰੀਤ ਸਾਰੇ ਮੰਗਣ, ਪ੍ਰੀਤ ਵਿਚ ਆਪਣਾ ਆਪ ਘੋਲੀ ਘੋਲ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਸਚ ਪ੍ਰੀਤ ਕਰੇ ਪ੍ਰਭ ਏਕ, ਏਕੰਕਾਰ ਬੇਪਰਵਾਹੀਆ । ਸਚ ਪ੍ਰੀਤ ਧੁਰ ਦਾ ਲੇਖ, ਨਾ ਕੋਈ ਮੇਟੇ ਮੇਟ ਮਿਟਾਈਆ । ਸਚ ਪ੍ਰੀਤ ਵਟਾਏ ਆਪਣਾ ਭੇਖ, ਭੇਖੀ ਆਪਣੀ ਕਲ ਧਰਾਈਆ । ਸਚ ਪ੍ਰੀਤ ਕਰੇ ਆਦੇਸ, ਨਿਉਂ ਨਿਉਂ ਸਜਦਾ ਸੀਸ ਝੁਕਾਈਆ । ਸਚ ਪ੍ਰੀਤੀ ਖੋਲ੍ਹੇ ਭੇਤ, ਪੜਦਾ ਦੂਈ ਦਵੈਤ ਮਿਟਾਈਆ । ਸਚ ਪ੍ਰੀਤੀ ਸਾਚਾ ਹੇਤ, ਗੁਰਮੁਖ ਗੁਰਮੁਖ ਰਿਹਾ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਸਚ ਪ੍ਰੀਤੀ ਧੁਰ ਦਾ ਰਾਜ, ਸ੍ਰੀ ਭਗਵਾਨ ਆਪ ਜਣਾਇੰਦਾ । ਸਚ ਪ੍ਰੀਤੀ ਸਾਚੇ ਘਰ ਲਗਾਵੇ ਵਾਜ, ਧੁਰ ਸੰਦੇਸਾ ਆਪ ਲਗਾਇੰਦਾ । ਸਚ ਪ੍ਰੀਤ ਕਮਾਏ ਮੋਹਣ ਮਾਧਵ ਮਾਧ, ਮਧੁਰ ਰਸ ਆਪਣੀ ਧੁਨ ਅਲਾਇੰਦਾ । ਸਚ ਪ੍ਰੀਤ ਲੱਭ ਲੱਭ ਥੱਕੇ ਕੋਟਨ ਸੰਤ ਸਾਧ, ਲੱਭਿਆਂ ਸਾਰ ਕੋਇ ਨਾ ਪਾਇੰਦਾ । ਸਚ ਪ੍ਰੀਤੀ ਸਾਰੇ ਕਰਦੇ ਯਾਦ, ਹਿਰਦੇ ਹਰਿ ਨਾ ਕੋਇ ਵਸਾਇੰਦਾ । ਕਲਜੁਗ ਅੰਤ ਸ੍ਰੀ ਭਗਵੰਤ ਜਨ ਭਗਤਾਂ ਸੁਣੇ ਆਪ ਫ਼ਰਯਾਦ, ਘਰ ਸਾਚੇ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਇਛਿਆ ਇਕ ਦ੍ਰਿੜਾਇੰਦਾ । ਸਾਚੀ ਇਛਿਆ ਦੇਵੇ ਆਪ, ਆਪਣੇ ਹੱਥ ਰੱਖੇ ਵਡਿਆਈਆ । ਤੇਰਾ ਮੇਰਾ ਇਕੋ ਜਾਪ, ਆਤਮ ਪਰਮਾਤਮ ਦਏ ਸਮਝਾਈਆ । ਸ੍ਰਿਸ਼ਟ ਸਬਾਈ ਨਾਤਾ ਖ਼ਾਕ, ਅੰਤ ਖ਼ਾਕੀ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਦ੍ਰਿੜਾਈਆ । ਸਚ ਪ੍ਰੀਤ ਦ੍ਰਿੜ ਵਿਸ਼ਵਾਸ਼, ਦ੍ਰਿਸ਼ਟ ਇਸ਼ਟ ਇਕੋ ਇਕ ਜਣਾਇੰਦਾ । ਸਚ ਪ੍ਰੀਤੀ ਪੂਰਨ ਧਰਵਾਸ, ਪ੍ਰਭ ਏਕਾ ਰਾਹ ਵਖਾਇੰਦਾ । ਸਚ ਪ੍ਰੀਤੀ ਸਦਾ ਸਾਥ, ਠੱਗ ਚੋਰ ਲੁੱਟ ਕੋਇ ਨਾ ਜਾਇੰਦਾ । ਸਚ ਪ੍ਰੀਤੀ ਧੁਰ ਸੁਹਾਗ, ਹਰਿ ਕੰਤ ਮੇਲ ਮਿਲਾਇੰਦਾ । ਸਚ ਪ੍ਰੀਤ ਬੁਝਾਏ ਆਗ, ਅਗਨੀ ਤੱਤ ਨਾ ਕੋਇ ਰਖਾਇੰਦਾ । ਸਚ ਪ੍ਰੀਤ ਖੇਲ ਤਮਾਸ਼, ਹਰਿ ਕਰਤਾ ਆਪ ਕਰਾਇੰਦਾ । ਸਚ ਪ੍ਰੀਤ ਮੰਡਲ ਰਾਸ, ਨਿਰਗੁਣ ਸਰਗੁਣ ਗੋਪੀ ਕਾਹਨ ਨਚਾਇੰਦਾ । ਸਚ ਪ੍ਰੀਤ ਆਤਮ ਆਸ, ਜਨ ਭਗਤਾਂ ਵੇਖ ਵਖਾਇੰਦਾ । ਸਚ ਪ੍ਰੀਤੀ ਅੰਦਰ ਕੋਈ ਨਾ ਹੋਏ ਉਦਾਸ, ਦੁਖੀਆਂ ਦਰਦ ਦਰਦ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤੀ ਇਕ ਵਖਾਇੰਦਾ । ਸਚ ਪ੍ਰੀਤੀ ਸਾਚੀ ਕੂਟ, ਘਰ ਇਕੋ ਇਕ ਵਸਾਈਆ । ਸਚ ਪ੍ਰੀਤੀ ਨਾਤਾ ਤੋੜੇ ਜੂਠ ਝੂਠ, ਕੂੜੀ ਕਿਰਿਆ ਮੋਹ ਮਿਟਾਈਆ । ਸਚ ਪ੍ਰੀਤੀ ਉਪਰ ਸਤਿਗੁਰ ਸਾਹਿਬ ਜਾਏ ਤੁਠ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਸਚ ਪ੍ਰੀਤੀ ਸਾਚਾ ਜਾਮ ਪੀਵੇ ਘੁੱਟ, ਅੰਮ੍ਰਿਤ ਇਕੋ ਨਜ਼ਰੀ ਆਈਆ । ਸਚ ਪ੍ਰੀਤੀ ਅੰਦਰ ਜਨ ਭਗਤਾਂ ਚੜ੍ਹਿਆ ਚੋਟ, ਚੋਟੀ ਇਕੋ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਸਚ ਪ੍ਰੀਤੀ ਪਾਰਬ੍ਰਹਮ ਬ੍ਰਹਮ ਇਕੋ ਵਾਰ ਜਣਾਈਆ । ਤੂੰ ਮੇਰਾ ਹੁਕਮ ਲੈਣਾ ਮੰਨ, ਸ਼ਾਹ ਪਾਤਸ਼ਾਹ ਸਚ ਜਣਾਈਆ । ਪਿਛਲੀ ਕੀਤੀ ਦੇ ਡੰਨ, ਮਾਇਆ ਮਮਤਾ ਮੋਹ ਮਿਟਾਈਆ । ਅੱਗੇ ਸੁਣ ਲਾ ਕੰਨ, ਬਿਨ ਕੰਨਾਂ ਆਪ ਦ੍ਰਿੜਾਈਆ । ਜੋ ਉਪਜੇ ਸੋ ਗੁਰਮੁਖ ਚੰਨ, ਦੂਜਾ ਕੋਇ ਨਜ਼ਰ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਸਦ ਦੇਵਣਹਾਰ ਵਡਿਆਈਆ । ਦੇਵੇ ਵਡਿਆਈ ਭਗਤਾਂ ਆਪ, ਆਪਣੀ ਦਇਆ ਕਮਾਈਆ । ਸੋਹੰ ਢੋਲਾ ਦਏ ਜਾਪ, ਆਤਮ ਪਰਮਾਤਮ ਮੇਲ ਮਿਲਾਈਆ । ਨੌਂ ਦੁਆਰੇ ਡੱਸੇ ਨਾ ਡੱਸਣੀ ਸਾਂਪ, ਮਮਤਾ ਮੋਹ ਨਾ ਹੋਏ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਦੇਵੇ ਵਡਿਆਈ ਪ੍ਰਭ ਮਿੱਤਰ ਮੀਤਾ, ਮਿਹਰ ਨਜ਼ਰ ਉਠਾਇੰਦਾ । ਇਕ ਅਰਜਣ ਸੁਣਾਈ ਗੀਤਾ, ਅਠ ਦਸ ਮੇਲ ਮਿਲਾਇੰਦਾ । ਕਲਜੁਗ ਅੰਤਮ ਠਾਂਡਾ ਸੀਤਾ, ਪੁਰਖ ਅਬਿਨਾਸ਼ੀ ਵੇਸ ਵਟਾਇੰਦਾ । ਧਾਮ ਅਨਡਿਠ ਇਕੋ ਡੀਠਾ, ਅਨਡਿਠੜੀ ਕਾਰ ਕਮਾਇੰਦਾ । ਕਾਇਆ ਚੋਲਾ ਕਰੇ ਰਸ ਮੀਠਾ, ਦੁਖ ਦਰਦ ਸਰਬ ਗਵਾਇੰਦਾ । ਬਿਨ ਅੱਖਾਂ ਵਖਾਏ ਸੀਸਾ, ਬਿਨ ਨੇਤਰ ਨੈਣ ਰੁਸ਼ਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਆਪ ਵਡਿਆਇੰਦਾ । ਜਨ ਭਗਤਾਂ ਵਡਿਆਏ ਵਡਿਆਵਣ ਜੋਗ, ਜੁਗਤੀ ਆਪਣੇ ਹੱਥ ਰਖਾਈਆ । ਜਿਨ੍ਹਾਂ ਮੇਲਾ ਧੁਰ ਸੰਜੋਗ, ਘਰ ਸਾਚੇ ਲਏ ਮਿਲਾਈਆ । ਨਾਮ ਸੁਣਾਏ ਸੋਹੰ ਸਲੋਕ, ਢੋਲਾ ਇਕੋ ਇਕ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਅਪਾਰਾ, ਸਰਨ ਕੋਇ ਨਾ ਆਈਆ । ਸਤਿ ਸਤਿ ਦਾ ਸਤਿ ਵਿਹਾਰਾ, ਸਾਚੀ ਸਿਖਿਆ ਇਕ ਦ੍ਰਿੜਾਈਆ । ਕਰਮ ਕਰਮ ਦਾ ਪਾਰ ਕਿਨਾਰਾ, ਨਿਹਕਰਮੀ ਆਪਣੀ ਦਇਆ ਕਮਾਈਆ । ਇਕੋ ਸੋਹੇ ਭਗਤ ਦੁਆਰਾ, ਜਿਸ ਘਰ ਵਸੇ ਸੱਚਾ ਮਾਹੀਆ । ਨਿਰਮਲ ਦੀਆ ਕਰ ਉਜਿਆਰਾ, ਦੀਪਕ ਜੋਤ ਕਰੇ ਰੁਸ਼ਨਾਈਆ । ਜਨ ਭਗਤ ਵਖਾਏ ਦਇਆ ਕਮਾਏ ਠਾਂਡਾ ਦਰਬਾਰਾ, ਅਗਨੀ ਤੱਤ ਨਾ ਲਾਗੇ ਰਾਈਆ । ਸੋ ਮੰਦਰ ਸਚ ਪਿਆਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਦੇਵੇ ਇਕੋ ਦਾਨ, ਸਚ ਪ੍ਰੀਤੀ ਝੋਲੀ ਪਾਈਆ ।

★ ੧੧ ਹਾੜ ੨੦੨੦ ਬਿਕ੍ਰਮੀ ਊਧਮ ਸਿੰਘ, ਬਲਵੰਤ ਸਿੰਘ ਜਲਾਲਾਬਾਦ ਦੇ ਨਵਿਤ ਦਰਬਾਰ ਵਿਚ ਜੇਠੂਵਾਲ ★

ਸਚ ਪ੍ਰੀਤ ਸ੍ਰੀ ਭਗਵਾਨ, ਆਦਿ ਜੁਗਾਦਿ ਸਰਬ ਮੰਗ ਮੰਗਾਈਆ । ਵਿਸ਼ਨੂੰ ਕਹੇ ਮੈਂ ਕਰਾਂ ਪਰਵਾਨ, ਨਿਉਂ ਨਿਉਂ ਆਪਣਾ ਸੀਸ ਝੁਕਾਈਆ । ਬ੍ਰਹਮਾ ਕਹੇ ਮੈਂ ਸੁਣਾਂ ਗਿਆਨ, ਤੇਰਾ ਨਾਉਂ ਵੱਡੀ ਵਡਿਆਈਆ । ਸ਼ੰਕਰ ਕਹੇ ਮੈਂ ਕਰਾਂ ਧਿਆਨ, ਧੂੜੀ ਟਿੱਕਾ ਮਸਤਕ ਲਾਈਆ । ਤ੍ਰੈਗੁਣ ਕਹੇ ਮੈਂ ਮੰਗਾਂ ਦਾਨ, ਝੋਲੀ ਤੇਰੇ ਅੱਗੇ ਡਾਹੀਆ । ਪੰਜ ਤੱਤ ਕਹੇ ਮੈਂ ਤੇਰਾ ਨਿਸ਼ਾਨ, ਨਿਰਗੁਣ ਸਰਗੁਣ ਧਾਰ ਚਲਾਈਆ । ਆਤਮ ਕਹੇ ਮੈਂ ਤੇਰਾ ਮਾਣ, ਤੁਧ ਬਿਨ ਨਜ਼ਰ ਕੋਇ ਨਾ ਆਈਆ । ਬ੍ਰਹਮ ਕਹੇ ਮੈਂ ਰੱਖਾਂ ਤੇਰੀ ਆਣ, ਦੂਜੀ ਓਟ ਨਾ ਕੋਇ ਜਣਾਈਆ । ਜੀਵ ਕਹੇ ਈਸ਼ ਕਰੇ ਕਲਿਆਣ, ਹਰਿ ਕਰਤਾ ਬੇਪਰਵਾਹੀਆ । ਲੱਖ ਚੁਰਾਸੀ ਕਹੇ ਘਟ ਘਟ ਵਸੇ ਆਣ, ਹਰ ਘਟ ਬੈਠਾ ਡੇਰਾ ਲਾਈਆ । ਗੁਰ ਅਵਤਾਰ ਗਾਇਣ ਗਾਨ, ਤੇਰਾ ਨਾਉਂ ਸਿਫ਼ਤ ਸਾਲਾਹੀਆ । ਭਗਤ ਭਗਵੰਤ ਕਰਨ ਪਰਵਾਨ, ਆਪ ਆਪਾ ਮੇਟ ਮਿਟਾਈਆ । ਸੰਤ ਸੱਜਣ ਧੂੜੀ ਕਰਨ ਇਸ਼ਨਾਨ, ਦੁਰਮਤ ਮੈਲ ਰਹਿਣ ਨਾ ਪਾਈਆ । ਗੁਰਮੁਖ ਗੁਰ ਸਤਿਗੁਰ ਵੇਖਣ ਮਾਰ ਧਿਆਨ, ਨਿਜ ਨੇਤਰ ਨੈਣ ਖੁਲ੍ਹਾਈਆ । ਗੁਰਸਿਖ ਵਿਟਹੁ ਕੁਰਬਾਨ, ਨਿਮਖ ਨਿਮਖ ਕਟਾਈਆ । ਜਿਸ ਉਪਰ ਹੋਵੇ ਆਪ ਮਿਹਰਵਾਨ ਪ੍ਰਭ ਮਿਹਰ ਨਜ਼ਰ ਉਠਾਈਆ । ਤਿਸ ਦੇਵੇ ਪ੍ਰੀਤੀ ਦਾਨ, ਪ੍ਰੀਤਮ

ਆਪਣਾ ਰੰਗ ਰੰਗਾਈਆ । ਸੋ ਗੁਰਮੁਖ ਗੁਰਸਿਖ ਸੱਜਣ ਹੋਏ ਪਰਵਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਵਰਤਾਈਆ । ਪ੍ਰੀਤ ਅੰਦਰ ਖੇਲ ਰਚ, ਨਿਰਗੁਣ ਸਰਗੁਣ ਧਾਰ ਚਲਾਇੰਦਾ । ਸਤਿ ਸਰੂਪ ਹੋ ਪਰਗਟ, ਜੋਤੀ ਜਾਤਾ ਡਗਮਗਾਇੰਦਾ । ਚੌਦਾਂ ਲੋਕ ਖੋਲ੍ਹ ਹੱਟ, ਚੌਦਾਂ ਤਬਕ ਪੜਦਾ ਲਾਹਿੰਦਾ । ਬੋਧ ਅਗਾਧ ਜਣਾਏ ਗਾਥ, ਨਾਉਂ ਨਿੰਰਕਾਰਾ ਸਿਫ਼ਤ ਸਾਲਾਹਿੰਦਾ । ਲੱਖ ਚੁਰਾਸੀ ਚਲਾਏ ਰਥ, ਬਣ ਰਥਵਾਹੀ ਸੇਵ ਕਮਾਇੰਦਾ । ਜੁਗ ਚੌਕੜੀ ਮਾਰਗ ਦੱਸ, ਗੁਰ ਅਵਤਾਰਾਂ ਧੰਦੇ ਲਾਇੰਦਾ । ਪੀਰ ਪੈਗ਼ੰਬਰਾਂ ਦੇਵੇ ਰਸ, ਨਿਝਰ ਝਿਰਨਾ ਆਪ ਝਿਰਾਇੰਦਾ । ਭਗਤ ਭਗਵਾਨ ਮੇਲ ਮਿਲਾਏ ਹੱਸ ਹੱਸ, ਸੋਹੰ ਹੰਸਾ ਰਾਗ ਸੁਣਾਇੰਦਾ । ਸਾਚੇ ਸੰਤਾਂ ਪੂਰੀ ਕਰੇ ਆਸ, ਆਸਾ ਤ੍ਰਿਸਨਾ ਮੇਟ ਮਿਟਾਇੰਦਾ । ਗੁਰਮੁਖਾਂ ਕਰ ਕਰ ਦਾਸੀ ਦਾਸ, ਸੇਵਕ ਸੇਵਾ ਸਰਬ ਜਣਾਇੰਦਾ । ਗੁਰਸਿਖਾਂ ਲੇਖੇ ਲਾਏ ਪਵਣ ਸੁਆਸ, ਰਸਨਾ ਜਿਹਵਾ ਬੱਤੀ ਦੰਦ ਵੇਖ ਵਖਾਇੰਦਾ । ਕਾਇਆ ਮੰਡਲ ਪਾਵੇ ਰਾਸ, ਸੁਰਤੀ ਸ਼ਬਦੀ ਗੋਪੀ ਕਾਹਨ ਨਚਾਇੰਦਾ । ਚਾਰ ਕੁੰਟ ਦਹਿ ਦਿਸ਼ਾ ਨਿਰਗੁਣ ਸਰਗੁਣ ਵਸੇ ਪਾਸ, ਨਿਰਵੈਰ ਵਿਛੜ ਕਦੇ ਨਾ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤ ਇਕ ਰਖਾਇੰਦਾ । ਸਚ ਪ੍ਰੀਤ ਸਾਰੇ ਮੰਗਣ, ਪ੍ਰਭ ਉਤੇ ਧਿਆਨ ਲਗਾਈਆ । ਗੁਰਮੁਖ ਵਿਰਲੇ ਚੋਲੀ ਰੰਗਣ, ਜਿਨ੍ਹਾਂ ਮਿਲਿਆ ਬੇਪਰਵਾਹੀਆ । ਨਾਮ ਨਿਧਾਨ ਘਰ ਸੁਣਾਏ ਮਰਦੰਗਣ, ਢੋਲਾ ਇਕੋ ਇਕ ਗਾਈਆ । ਨੌਂ ਦੁਆਰ ਜਗਤ ਖ਼ੁਆਰ ਪਾਰ ਲੰਘਣ, ਗ੍ਰਿਹ ਮੰਦਰ ਇਕੋ ਨਜ਼ਰੀ ਆਈਆ । ਨਿਰਗੁਣ ਨੂਰ ਜੋਤ ਪਰਕਾਸ਼ ਸਤਿ ਸਤਿਵਾਦੀ ਵੇਖਣ ਚੰਨਣ, ਚੰਦ ਚਾਂਦਨੀ ਮੁਖ ਸ਼ਰਮਾਈਆ । ਆਤਮ ਪਰਮਾਤਮ ਦੋਏ ਜੋੜ ਕਰੇ ਬੰਦਨ, ਸੀਸ ਜਗਦੀਸ ਇਕ ਝੁਕਾਈਆ । ਸੋਹਲਾ ਰਾਗ ਢੋਲਾ ਛੰਦਨ, ਬੋਧ ਅਗਾਧ ਗੀਤ ਗੋਬਿੰਦ ਸੁਣਾਈਆ । ਆਤਮ ਰਸ ਨਿਝਰ ਧਾਰ ਪਰਮਾਨੰਦਨ, ਪਰਮ ਪੁਰਖ ਦਏ ਵਡਿਆਈਆ । ਠਾਕਰ ਸਵਾਮੀ ਸਦਾ ਸਦਾ ਬਖ਼ਸ਼ੰਦਨ, ਬਖ਼ਸ਼ਸ਼ ਆਪਣੇ ਹੱਥ ਰਖਾਈਆ । ਜਨ ਭਗਤਾਂ ਟਿੱਕਾ ਲਾਏ ਇਕੋ ਚੰਦਣ, ਚੰਦਨ ਆਪਣਾ ਨਾਮ ਜਣਾਈਆ । ਲੱਖ ਚੁਰਾਸੀ ਆਵਣ ਜਾਵਣ ਕੱਟੇ ਫੰਦਣ, ਰਾਏ ਧਰਮ ਨਾ ਦਏ ਸਜਾਈਆ । ਦਿਵਸ ਰੈਣ ਘੜੀ ਪਲ ਰਹਿਣ ਮੰਗਣ, ਮੂਰਤ ਅਕਾਲ ਦੀਨ ਦਿਆਲ ਆਪਣੀ ਗੰਢ ਪੁਆਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨਵ ਨੌਂ ਚਾਰ ਜਨ ਭਗਤਾਂ ਦੇਂਦਾ ਆਇਆ ਸਗਣ, ਲੋਕਮਾਤ ਮਾਰ ਝਾਤ ਦਰ ਘਰ ਸਾਚੇ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤ ਇਕ ਰਖਾਈਆ । ਸਚ ਪ੍ਰੀਤ ਗੁਰਮੁਖ ਗਾਉਂਦਾ, ਗਾ ਗਾ ਸ਼ੁਕਰ ਮਨਾਈਆ । ਅੰਤਰ ਆਤਮ ਧਿਆਨ ਲਗੌਂਦਾ, ਬਾਹਰੋਂ ਨਜ਼ਰ ਕਿਸੇ ਨਾ ਆਈਆ । ਬੱਤੀ ਦੰਦ ਨਾ ਕੋਇ ਹਿਲੌਂਦਾ, ਰਸਨਾ ਜਿਹਵਾ ਨਾ ਨਾਦ ਸੁਣਾਈਆ । ਅਜੱਪਾ ਜਾਪ ਵਿਚ ਸਮੌਂਦਾ, ਮਨ ਕਾ ਮਣਕਾ ਆਪ ਭਵਾਈਆ । ਕੂੜੀ ਕਿਰਿਆ ਡੇਰਾ ਢੌਂਦਾ, ਕਾਮ ਕਰੋਧ ਲੋਭ ਮੋਹ ਹੰਕਾਰ ਨੇੜ ਨਾ ਆਈਆ । ਪ੍ਰਭ ਮਿਲਣ ਦਾ ਦਰਸਨ ਚਾਹੁੰਦਾ, ਚਾਰੋਂ ਕੁੰਟ ਭੇਵ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤ ਇਕ ਲਗਾਈਆ । ਸਚ ਪ੍ਰੀਤ ਲਗਾਵੇ ਜੱਗ, ਜਗ ਜੀਵਣ ਦਾਤਾ ਆਪ ਜਣਾਇੰਦਾ । ਗੁਰਮੁਖ ਮੇਲਾ ਉਪਰ ਸ਼ਾਹ ਰਗ, ਸ਼ਹਿਨਸ਼ਾਹ ਆਪਣਾ ਘਰ ਵਖਾਇੰਦਾ । ਜੀਵ ਸੰਸਾਰੀ ਕੂੜੀ ਕਿਰਿਆ ਤਪੇ ਅੱਗ, ਅਗਨੀ ਤੱਤ ਸਰਬ ਜਣਾਇੰਦਾ । ਨੌਂ ਦੁਆਰੇ ਪਾਰ ਨਾ ਕਰੇ ਕੋਈ ਹੱਦ, ਆਸਾ ਤ੍ਰਿਸਨਾ ਗੰਢ ਵਖਾਇੰਦਾ । ਆਤਮ ਸੇਜਾ ਮਿਲੇ ਨਾ ਕੋਈ ਪਲੰਘ, ਸਾਚਾ ਝੂਲਾ ਨਾ ਕੋਇ ਝੁਲਾਇੰਦਾ ।

ਅੰਤਰ ਮਿਲੇ ਨਾ ਆਤਮ ਅਨੰਦ, ਰਸ ਰਸ ਨਾ ਕੋਇ ਵਖਾਇੰਦਾ । ਦੂਈ ਦਵੈਤੀ ਢਾਏ ਨਾ ਭਰਮਾਂ ਕੰਧ, ਭਾਂਡਾ ਭਰਮ ਨਾ ਕੋਇ ਭੰਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤੀ ਇਕ ਰਖਾਇੰਦਾ । ਸਚ ਪ੍ਰੀਤੀ ਕਰਨ ਆਇਆ, ਸੋ ਸਾਹਿਬ ਵੱਡੀ ਵਡਿਆਈਆ । ਸੰਤ ਸੁਹੇਲੇ ਗੁਰੂ ਗੁਰ ਚੇਲੇ ਲਏ ਜਗਾਇਆ, ਜਾਗਰਤ ਜੋਤ ਕਰੇ ਰੁਸ਼ਨਾਈਆ । ਵਕਤ ਸੁਹੇਲਾ ਇਕ ਸੁਹਾਇਆ, ਸੋਭਾਵੰਤ ਵੱਜੇ ਵਧਾਈਆ । ਗੁਰ ਚੇਲਾ ਇਕੋ ਘਰ ਵਖਾਇਆ, ਸੰਬਲ ਸਾਚਾ ਡੇਰਾ ਲਾਈਆ । ਸੱਜਣ ਸੁਹੇਲਾ ਵੇਖ ਵਖਾਇਆ, ਦੂਸਰ ਨਜ਼ਰ ਕਿਸੇ ਨਾ ਆਈਆ । ਸਾਚਾ ਵੇਲਾ ਆਪ ਸਮਝਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਰਿਹਾ ਕਮਾਈਆ । ਸਚ ਪ੍ਰੀਤ ਕਰਨ ਦੀ ਖਾਤਰ, ਖੈਰ-ਖਾਹ ਆਪਣਾ ਨਾਮ ਰਖਾਈਆ । ਜੁਗ ਚੌਕੜੀ ਗੁਰ ਅਵਤਾਰ ਪੀਰ ਪੈਗ਼ੰਬਰ ਬਣਾਉਂਦਾ ਰਿਹਾ ਚਾਤਰ, ਲੋਕਮਾਤ ਦੇ ਵਡਿਆਈਆ । ਸ਼ਬਦ ਸੰਦੇਸਾ ਨਰ ਨਰੇਸ਼ਾ ਦੇਂਦਾ ਰਿਹਾ ਪਾਤਰ, ਪਾਤੀ ਲਿਖ ਲਿਖ ਮਾਤ ਜਣਾਈਆ । ਨਾਉਂ ਰਖਾਇਆ ਵੇਦ ਸ਼ਾਸਤਰ, ਸਿਮਰਤ ਪੁਰਾਨ ਰੰਗ ਰੰਗਾਈਆ । ਗੀਤਾ ਗਿਆਨ ਵਖਾਏ ਗਾਤਰ, ਅੰਜੀਲ ਕੁਰਾਨ ਨਾਦ ਵਜਾਈਆ । ਖਾਣੀ ਬਾਣੀ ਬੁਝਾਏ ਆਤਸ਼, ਅਗਨੀ ਅੱਗ ਬੰਦ ਕਰਾਈਆ । ਹਰਿ ਦੁਆਰੇ ਕੋਈ ਨਾ ਕਰੇ ਸਾਜ਼ਸ਼, ਰੀਤੀ ਇਕੋ ਇਕ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸਚ ਪ੍ਰੀਤ ਕਰਨ ਦਾ ਚਾਅ, ਚਾਰੋਂ ਕੁੰਟ ਲੱਖ ਚੁਰਾਸੀ ਧਿਆਨ ਲਗਾਈਆ । ਕਵਣ ਵੇਲਾ ਪ੍ਰਭ ਮਿਲੇ ਮਲਾਹ, ਬੇੜਾ ਦੋ ਜਹਾਨ ਚਲਾਈਆ । ਆਤਮ ਪਰਮਾਤਮ ਲਏ ਮਿਲਾ ਜਗਤ ਵਿਛੋੜਾ ਪੰਧ ਮੁਕਾਈਆ । ਸਾਚੀ ਸੇਜਾ ਲਏ ਬਹਾ, ਸੁਹੰਜਣੀ ਰੁੱਤ ਇਕ ਵਖਾਈਆ । ਅਨਹਦ ਨਾਦੀ ਨਾਦ ਦਏ ਸੁਣਾ, ਅਨੁਰਾਗੀ ਆਪਣਾ ਰਾਗ ਅਲਾਈਆ । ਬ੍ਰਹਮ ਬ੍ਰਹਿਮਾਦੀ ਪੜਦਾ ਦੇਵੇ ਉਠਾ, ਦਹਿ ਦਿਸ਼ਾ ਇਕੋ ਨੂਰ ਨਜ਼ਰੀ ਆਈਆ । ਵਡ ਸੁਆਂਗੀ ਆਪਣਾ ਸਾਂਗ ਦਏ ਰਚਾ, ਚਾਰ ਜੁਗ ਸਮਝ ਕਿਸੇ ਨਾ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਰਸਨਾ ਜਿਹਵਾ ਗਏ ਗਾ, ਉਚੀ ਕੂਕ ਕੂਕ ਸੁਣਾਈਆ । ਪੀਰ ਪੈਗ਼ੰਬਰ ਮੰਨਦੇ ਰਹੇ ਖ਼ੁਦਾ, ਨੂਰ ਜ਼ਹੂਰ ਇਕ ਰੁਸ਼ਨਾਈਆ । ਜ਼ਾਤੀ ਸਫ਼ਾਤੀ ਖੇਲ ਕਰੇ ਸ਼ਹਿਨਸ਼ਾਹ, ਸ਼ਾਹ ਪਾਤਸ਼ਾਹ ਆਪਣੇ ਹੱਥ ਰੱਖੇ ਵਡਿਆਈਆ । ਆਬੇ ਹਯਾਤੀ ਜਾਮ ਦਏ ਪਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਖੇਲ ਆਪ ਵਖਾਈਆ । ਸਤਿ ਪ੍ਰੀਤੀ ਪਾਵਣਹਾਰਾ, ਪਰਮ ਪੁਰਖ ਆਪ ਅਖਵਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੁਗ ਚੌਕੜੀ ਰਿਹਾ ਕੁਆਰਾ, ਸਿਹਰਾ ਸੀਸ ਨਾ ਕੋਇ ਗੁੰਦਾਇੰਦਾ । ਲੱਖ ਚੁਰਾਸੀ ਵੇਂਹਦਾ ਰਿਹਾ ਵਾਰੋ ਵਾਰਾ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਹੁਕਮ ਮਨਾਇੰਦਾ । ਪੰਜ ਤੱਤ ਸਭ ਨੂੰ ਦੇਂਦਾ ਰਿਹਾ ਅਧਾਰਾ, ਨਿਰਗੁਣ ਨਜ਼ਰ ਕਿਸੇ ਨਾ ਆਇੰਦਾ । ਸ਼ਬਦ ਅਗੰਮੀ ਬਣ ਲਿਖਾਰਾ, ਕਾਤਬ ਆਪਣੀ ਕਲਮ ਚਲਾਇੰਦਾ । ਪੀਰ ਪੈਗ਼ੰਬਰ ਗੁਰ ਅਵਤਾਰਾ, ਸਾਝਾ ਯਾਰਾ ਇਕ ਅਖਵਾਇੰਦਾ । ਹੱਕ ਹਕੀਕਤ ਬੋਲ ਜੈਕਾਰਾ, ਨੌਬਤ ਆਪਣੀ ਨਾਮ ਵਜਾਇੰਦਾ । ਲਾਸ਼ਰੀਕ ਪਰਵਰਦਿਗਾਰਾ, ਬੇਨਜ਼ੀਰ ਆਪਣੀ ਕਾਰ ਕਮਾਇੰਦਾ । ਮੁਕਾਮੇ ਹੱਕ ਖੋਲ੍ਹ ਕਿਵਾੜਾ, ਬੰਦ ਤਾਕੀ ਕੁੰਡਾ ਲਾਹਿੰਦਾ । ਨਿਰਮਲ ਦੀਆ ਜੋਤ ਪਰਕਾਸ਼ ਕਰ ਉਜਿਆਰਾ, ਨੂਰ ਨੁਰਾਨਾ ਡਗਮਗਾਇੰਦਾ । ਕਾਗਦ ਕਲਮ ਨਾ ਲਿਖਣਹਾਰਾ, ਲੇਖਾ ਲਿਖ ਨਾ ਕੋਇ ਸਮਝਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦਰ ਤੇ ਰਹੇ ਭਿਖਾਰਾ, ਖਾਲੀ ਝੋਲੀ ਸਰਬ ਵਖਾਇੰਦਾ । ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤ ਇਕ ਵਖਾਇੰਦਾ । ਸਚ ਪ੍ਰੀਤਾ ਕਰੇ ਪ੍ਰਭ ਮੀਤਾ, ਮਿੱਤਰ ਪਿਆਰਾ ਵਡ ਵਡਿਆਈਆ ।
ਸਤਿਜੁਗ ਚਲਾਏ ਸਾਚੀ ਰੀਤਾ, ਕਲਜੁਗ ਕੂੜ ਕੁੜਿਆਰ ਮਿਟਾਈਆ । ਲੱਖ ਚੁਰਾਸੀ ਵੇਖੇ ਨੀਤਾ, ਘਟ ਘਟ ਰਿਹਾ ਸਮਾਈਆ । ਸ਼ਾਸਤਰ
ਸਿਮਰਤ ਵੇਦ ਪੁਰਾਨ ਭੇਵ ਖੁਲ੍ਹਾਏ ਅਠਾਰਾਂ ਧਿਆਏ ਗੀਤਾ, ਕਾਹਨ ਬੰਸਰੀ ਨਾਮ ਵਜਾਈਆ । ਈਸਾ ਮੂਸਾ ਮੁਹੰਮਦ ਲੇਖਾ ਜਾਣੇ ਬੀਸ ਬੀਸਾ,
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਵਖਾਈਆ । ਸਾਚੀ ਖੇਲ ਕਰੇ ਗੋਬਿੰਦ, ਗਹਿਰ ਗੰਭੀਰ ਨਾਉਂ ਧਰਾਇੰਦਾ ।
ਭਗਤ ਭਗਵਾਨ ਉਪਜਾਏ ਸਾਚੀ ਬਿੰਦ, ਸੁਤ ਨਾਦੀ ਵੇਖ ਵਖਾਇੰਦਾ । ਦੇਵੇ ਵਡਿਆਈ ਦੋ ਜਹਾਨਾਂ ਭਾਰਤ ਹਿੰਦ, ਜੋਤੀ ਜੋਤ ਸਰੂਪ ਹਰਿ, ਆਪ
ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਈਆ । ਸਾਚਾ ਖੇਲ ਕਰੇ ਕਰਤਾਰ, ਕੁਦਰਤ ਕਾਦਰ ਵੇਖ ਵਖਾਇੰਦਾ । ਚਾਰ ਵਰਨਾਂ ਇਕ
ਆਧਾਰ, ਊਚ ਨੀਚ ਨਾ ਕੋਇ ਵਡਿਆਇੰਦਾ । ਸਾਚੀ ਸਰਨਾ ਸਚ ਦੁਆਰ, ਦਰ ਦਰਵਾਜ਼ਾ ਆਪ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ
ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਚ ਪ੍ਰੀਤ ਗੁਰਮੁਖ ਕਮਾਉਂਦੇ, ਅੰਤਰ ਇਕ ਧਿਆਨ ਲਗਾਈਆ । ਸੋਵਤ ਜਾਗਤ
ਨਾਮ ਧਿਆਉਂਦੇ, ਆਲਸ ਨਿੰਦਰਾ ਨਾ ਕੋਇ ਰਖਾਈਆ । ਢੋਲੇ ਗੀਤ ਸੁਹਾਗੀ ਛੰਦ ਅਲਾਉਂਦੇ, ਲਾ ਲਾ ਖ਼ੁਸ਼ੀ ਮਨਾਈਆ । ਪਰਮ ਪੁਰਖ ਪਤਿਪਰਮੇਸ਼ਵਰ
ਸਵਾਮੀ ਨਿਤ ਦਰਸਨ ਪਾਉਂਦੇ, ਦੀਦਾਰ ਇਕੋ ਇਕ ਵਖਾਈਆ । ਜਗਤ ਵਾਸਨਾ ਪਰੇ ਹਟਾਉਂਦੇ, ਦੁਰਮਤ ਮੈਲ ਰਹੇ ਨਾ ਰਾਈਆ । ਸ੍ਰੀ ਭਗਵਾਨ
ਸਰਬ ਸੁਖ ਦਾਤਾ ਇਕ ਧਿਆਉਂਦੇ, ਧਿਆਨ ਧਿਆਨ ਵਿਚ ਰਖਾਈਆ । ਅਮਰਾਪਦ ਘਰ ਸਾਚੇ ਪਾਉਂਦੇ, ਦਰਗਹਿ ਸਾਚੀ ਵੱਜੇ ਵਧਾਈਆ ।
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਦ੍ਰਿੜਾਈਆ । ਸਾਚੀ ਸਿਖਿਆ ਵਡ ਬਲਕਾਰ,
ਜੋਧਾ ਸੂਰਬੀਰ ਜਣਾਇੰਦਾ । ਜਿਸ ਦਾ ਲੇਖ ਸਦਾ ਜੁਗ ਚਾਰ, ਚੌਕੜੀ ਆਪਣਾ ਬੰਦਨ ਪਾਇੰਦਾ । ਤਿਸ ਦੇ ਸੀਸ ਸੋਹੇ ਦਸਤਾਰ, ਜੋਤੀ ਜੋਤ
ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਕਰੇ ਕਰਤਾ ਪੁਰਖ, ਹਰਿ ਪ੍ਰੀਤਮ ਬੇਪਰਵਾਹੀਆ ।
ਨਿਰਗੁਣ ਸਰਗੁਣ ਕਰ ਤਰਸ, ਦੁਖੀਆਂ ਦਰਦ ਦਏ ਗੁਆਈਆ । ਜਗਤ ਤ੍ਰਿਸਨਾ ਮੇਟ ਹਰਸ, ਹਵਸ ਹੋਰ ਨਾ ਕੋਇ ਮਿਲਾਈਆ । ਜੋਤੀ
ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਦ੍ਰਿੜਾਈਆ । ਸਾਚੀ ਸਿਖਿਆ ਨਾਮ ਅਗੰਮ,
ਹਰਿ ਅਗੰਮੜਾ ਆਪ ਸਮਝਾਇੰਦਾ । ਪਵਨ ਸਵਾਸ ਨਾ ਕੋਇ ਦਮ, ਥਿਤ ਵਾਰ ਰੂਪ ਨਾ ਕੋਇ ਵਟਾਇੰਦਾ । ਹਰਖ ਸੋਗ ਨਾ ਕੋਇ ਗ਼ਮ, ਗ਼ਮੀ
ਖ਼ੁਸ਼ੀ ਨਾਲ ਮਿਲਾਇੰਦਾ । ਲੇਖੇ ਲੱਗੇ ਹੱਡ ਮਾਸ ਨਾੜੀ ਚੰਮ, ਚੰਮ ਦ੍ਰਿਸ਼ਟੀ ਪੜਦਾ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ
ਕਰ, ਸਾਚਾ ਰੰਗ ਆਪ ਵਖਾਇੰਦਾ । ਸਾਚਾ ਰੰਗ ਚੜ੍ਹੇ ਚਲੂਲ, ਲੋਕਮਾਤ ਉਤਰ ਨਾ ਜਾਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਸ੍ਰੀ ਭਗਵਾਨ
ਨਾ ਗਿਆ ਭੂਲ, ਭੁਲਿਆਂ ਆਪਣੇ ਨਾਲ ਮਿਲਾਈਆ । ਨਰ ਹਰਿ ਨਰਾਇਣ ਆਇਆ ਕੰਤੂਹਲ, ਘਰ ਫੇਰਾ ਕੋਇ ਨਾ ਪਾਈਆ । ਜੋਤੀ ਜੋਤ
ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਪ੍ਰੀਤੀ ਸਚ ਅਸੂਲ, ਗੁਰਮੁਖ ਸੱਜਣ ਕਰਨੀ ਪਏ ਕਬੂਲ, ਕਾਇਆ
ਕਾਅਬਾ ਘਰ ਘਰ ਵਿਚ ਆਪ ਜਣਾਇੰਦਾ । ਕਾਇਆ ਕਾਅਬਾ ਘਰ ਦਰਵੇਸ਼, ਘਰ ਬੈਠਾ ਅਲਖ ਜਗਾਈਆ । ਕਲਜੁਗ ਚਲੇ ਕੋਈ ਨਾ ਪੇਸ਼,

ਚਾਰੋਂ ਕੁੰਟ ਰਿਹਾ ਕੁਰਲਾਈਆ । ਬਹੁੜੀ ਬਹੁੜੀ ਕਰ ਕੇ ਕਰੇ ਹੇਤ, ਹਿਤਕਾਰੀ ਆਪਣਾ ਨਾਉਂ ਜਣਾਈਆ । ਅੰਦਰ ਵੜ ਕੇ ਕਿਸੇ ਹੱਥ ਨਾ ਆਵੇ ਭੇਤ, ਲੱਭ ਲੱਭ ਥੱਕੀ ਜਗਤ ਲੋਕਾਈਆ । ਨਿਜ ਨੇਤਰ ਕੋਈ ਲਏ ਨਾ ਪੇਖ, ਪੇਖਣਹਾਰਾ ਆਪਣਾ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਪ੍ਰੀਤ ਬੈਠ ਅਤੀਤ ਇਕੋ ਗੁਣ ਵਖਾਈਆ । ਸਚ ਪ੍ਰੀਤ ਸਰਬ ਦਾ ਸੁਖ, ਸੁਖ ਆਤਮ ਇਕ ਉਪਜਾਈਆ । ਸਚ ਪ੍ਰੀਤ ਉਜਲ ਕਰੇ ਮੁਖ, ਦੇਵੇ ਮਾਣ ਵਡਿਆਈਆ । ਸਚ ਪ੍ਰੀਤ ਸਫਲ ਕਰਾਏ ਗੁਜਰੀ ਕੁੱਖ, ਕੁੱਖ ਗੁਜਰੀ ਵੇਖ ਵਖਾਇੰਦਾ । ਸਚ ਪ੍ਰੀਤ ਤੇਗ਼ ਬਹਾਦਰ ਕਹੇ ਪੁੱਤ, ਪੰਜ ਤੱਤ ਕਾਇਆ ਮੇਲ ਮਿਲਾਇੰਦਾ । ਸਚ ਪ੍ਰੀਤ ਸੁਹਾਏ ਸਾਚੀ ਰੁੱਤ, ਰੁੱਤ ਰੁੱਤੜੀ ਆਪ ਮਹਿਕਾਇੰਦਾ । ਸਚ ਪ੍ਰੀਤ ਅੰਦਰ ਠਾਕਰ ਸਵਾਮੀ ਲਏ ਪੁੱਛ, ਸ੍ਰੀ ਭਗਵਾਨ ਆਪਣਾ ਪੜਦਾ ਲਾਹਿੰਦਾ । ਸਚ ਪ੍ਰੀਤ ਅੰਦਰ ਗੁਰਮੁਖ ਬਹੇ ਚੁੱਪ, ਸੁਨ ਸਮਾਧ ਧਿਆਨ ਰਖਾਇੰਦਾ । ਸਚ ਪ੍ਰੀਤ ਅੰਦਰ ਗੁਰਮੁਖ ਕੋਇ ਨਾ ਬਹੇ ਲੁਕ, ਫੜ ਬਾਂਹੋਂ ਬਾਹਰ ਕਢਾਇੰਦਾ । ਸਚ ਪ੍ਰੀਤ ਨਿਰਮਲ ਪਰਕਾਸ਼ ਨਿਰਮਲ ਜੋਤ, ਜੋਤੀ ਜੋਤ ਜੋਤ ਰੁਸ਼ਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਵਖਾਇੰਦਾ । ਸਾਚਾ ਖੇਲ ਡੂੰਘਾ ਸਾਗਰ, ਨਜ਼ਰ ਕਿਸੇ ਨਾ ਆਈਆ । ਸ੍ਰਿਸ਼ਟ ਸਬਾਈ ਲੱਭੇ ਕਾਇਆ ਗਾਗਰ, ਸਾਢੇ ਤਿੰਨ ਹੱਥ ਫੋਲ ਫੁਲਾਈਆ । ਸ੍ਰੀ ਭਗਵਾਨ ਕਹੇ ਮੈਂ ਹੋਵਾਂ ਉਜਾਗਰ, ਜਿਸ ਜਨ ਦਿਆਂ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਣਜ ਇਕੋ ਇਕ ਵਖਾਈਆ । ਸਾਚਾ ਵਣਜ ਕਰੋ ਹਰਿ ਮੀਤ, ਮਿੱਤਰ ਪਿਆਰਾ ਆਪ ਦ੍ਰਿੜਾਈਆ । ਸਚਖੰਡ ਦਾ ਸਾਚਾ ਗੀਤ, ਸੋਹੰ ਢੋਲਾ ਰਾਗ ਅਲਾਈਆ । ਸਤਿਜੁਗ ਦਾ ਸਾਚਾ ਬੀਜ, ਜਨ ਭਗਤ ਕਿਆਰੀ ਅੰਤਰ ਆਤਮ ਸਿੰਚ ਹਰੀ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਕਰੇ ਸਾਚੀ ਰੀਝ, ਮਿਹਰ ਨਜ਼ਰ ਉਠਾਈਆ । ਮਿਹਰ ਅੰਦਰ ਸਚ ਦਲੀਲ, ਹਰਿ ਸਾਚਾ ਸਚ ਜਣਾਇੰਦਾ । ਦਰਗਹਿ ਸਾਚੀ ਲੱਭੇ ਨਾ ਕੋਇ ਵਕੀਲ, ਬਿਨ ਸਤਿਗੁਰ ਪੂਰੇ ਪਾਰ ਨਾ ਕੋਇ ਕਰਾਇੰਦਾ । ਦੀਨ ਦਿਆਲ ਠਾਕਰ ਸਵਾਮੀ ਸਾਹਿਬ ਸਦਾ ਛੈਲ ਛਬੀਲ, ਸ਼ਹਿਨਸ਼ਾਹ ਆਪਣੇ ਰੰਗ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਮੰਦਰ ਇਕ ਵਡਿਆਇੰਦਾ । ਸਾਚਾ ਮੰਦਰ ਸੋਹਣਾ ਲੱਗਾ, ਗੁਰਮੁਖ ਆਪਣਾ ਬਲ ਵਖਾਈਆ । ਘਰ ਆਤਮ ਪਰਮਾਤਮ ਦੇਵੇ ਸੱਦਾ, ਸਚ ਸੰਦੇਸਾ ਇਕ ਅਲਾਈਆ । ਇਕ ਦੂਜੇ ਦੀ ਪਾਰ ਕਰ ਲਈਏ ਹੱਦਾ, ਦਸਮ ਦੁਆਰੀ ਇਕੋ ਘਰ ਵਸਾਈਆ । ਜਿਸ ਮੰਦਰ ਬਹਿ ਕੇ ਹਰਿ ਜੂ ਸਜਾ, ਤਿਸ ਸਿੰਘਾਸਣ ਮਿਲੇ ਵਡਿਆਈਆ । ਜਿਸ ਸਭ ਦਾ ਪੜਦਾ ਕੱਜਾ, ਗੋਪਾਲ ਸਵਾਮੀ ਠਾਕਰ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਸਮਝਾਈਆ । ਤੇਰੀ ਪ੍ਰੀਤੀ ਦੀ ਸਾਚੀ ਲੋੜ, ਪ੍ਰਭ ਅੱਗੇ ਸਰਬ ਜਣਾਈਆ । ਜਿਉਂ ਭਾਵੇ ਤਿਉਂ ਲੈਣਾ ਜੋੜ, ਤੇਰੇ ਹੱਥ ਵੱਡੀ ਵਡਿਆਈਆ । ਸਾਚੇ ਮੰਦਰ ਚੜ੍ਹ ਕੇ ਘੋੜ, ਦੋ ਜਹਾਨਾਂ ਵੇਖਣਾ ਚਾਈਂ ਚਾਈਂਆ । ਕਲਜੁਗ ਅੰਤ ਤੇਰੇ ਭਗਤਾਂ ਪਈ ਤੇਰੀ ਲੋੜ, ਦੂਜਾ ਸਾਰ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਸਮਝਾਈਆ । ਸਾਚੀ ਸਿਖਿਆ ਦੇਵੇ ਆਪ, ਬੇਪਰਵਾਹ ਦਇਆ ਕਮਾਇੰਦਾ । ਸਤਿਜੁਗ ਦਾ ਸਾਚਾ ਜਾਪ, ਸੋਹੰ ਢੋਲਾ ਆਪ ਸੁਣਾਇੰਦਾ । ਦੁਰਮਤ ਮੈਲ ਧੋ

ਕਰੇ ਪਾਕੀ ਪਾਕ, ਪਤਤ ਪੁਨੀਤ ਰੂਪ ਵਟਾਇੰਦਾ । ਘਰ ਸੱਜਣ ਮੇਲਾ ਸਾਕ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਵਖਾਇੰਦਾ । ਸਾਚਾ ਖੇਲ ਪ੍ਰੀਤੀ ਅੰਦਰ, ਸ੍ਰੀ ਭਗਵਾਨ ਆਪ ਜਣਾਈਆ । ਹਰਿ ਕਾ ਨੂਰ ਸਾਢੇ ਤਿੰਨ ਹੱਥ ਮੰਦਰ, ਬਾਹਰ ਲੱਭਣ ਕੋਇ ਨਾ ਜਾਈਆ । ਸ੍ਰਿਸ਼ਟ ਸਬਾਈ ਦਿਸੇ ਖੰਡਰ, ਚਾਰੋਂ ਕੁੰਟ ਸਾਰ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਤਾ ਕਰਨੀ ਆਪ ਕਮਾਈਆ । ਕਰਤਾ ਕਰਨੀ ਕਰੇ ਆਪ, ਆਪ ਆਪਣਾ ਖੇਲ ਰਚਾਇੰਦਾ । ਆਦਿ ਜੁਗਾਦੀ ਦੋ ਜਹਾਨਾਂ ਬਣ ਬਣ ਮਾਈ ਬਾਪ, ਲੱਖ ਚੁਰਾਸੀ ਆਪਣੀ ਗੋਦ ਉਠਾਇੰਦਾ । ਅੰਡਜ ਜੇਰਜ ਉਤਭੁਜ ਸੇਤਜ ਸੱਜਣ ਸਾਕ, ਸਗਲਾ ਸੰਗ, ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਨੇਹੁੜਾ ਇਕ ਅਲਾਇੰਦਾ । ਸਚ ਸਨੇਹੁੜਾ ਗੁਰਮੁਖ ਸੱਜਣ, ਹਰਿ ਸਤਿਗੁਰ ਆਪ ਸੁਣਾਈਆ । ਜੋ ਘੜਿਆ ਸੋ ਅੰਤਮ ਭੱਜਣ, ਥਿਰ ਕੋਇ ਰਹਿਣ ਨਾ ਪਾਈਆ । ਹਰਿ ਪ੍ਰੀਤ ਜੋ ਰਹਿਣ ਮਗਨ, ਤਿਨ੍ਹਾਂ ਮੇਲਾ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਰਚਨਾ ਆਪ ਵਖਾਈਆ । ਰਚਨਾ ਅੰਦਰ ਸਚ ਪ੍ਰੀਤ, ਹਰਿ ਸਤਿਗੁਰ ਆਪ ਕਮਾਈਆ । ਸਾਚਾ ਵਸੇਰਾ ਸਚ ਮੰਦਰ ਇਕ ਮਸੀਤ, ਸਾਚਾ ਹੁਜਰਾ ਇਕ ਵਖਾਈਆ । ਸਾਚਾ ਨਾਦ ਧੁੰਨ ਸ਼ਬਦ ਗੀਤ, ਢੋਲਾ ਸਚ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਦਾਨ, ਜਨ ਭਗਤਾਂ ਆਪ ਤਰਾਈਆ । ਭਗਤ ਜਨ ਜਨ ਤਾਰੇ ਆਪ, ਜਨ ਜਨਣੀ ਵੇਖ ਵਖਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਥਾਪਣ ਥਾਪ, ਅਵਤਾਰ ਗੁਰ ਪੀਰ ਪੈਗ਼ੰਬਰ ਪੰਜ ਪੰਜ ਖੇਲ ਖਲਾਇੰਦਾ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਰਚ ਸਵੰਬਰ, ਸਾਚਾ ਲੇਖਾ ਆਪ ਮੁਕਾਇੰਦਾ । ਸਰਬ ਜੀਆਂ ਸਦਾ ਭਰਤੰਬਰ, ਘਟ ਘਟ ਆਪਣਾ ਡੇਰਾ ਲਾਇੰਦਾ । ਜੁਗ ਚੌਕੜੀ ਕਰਦਾ ਰਹੇ ਅਡੰਬਰ, ਢਾਹ ਉਸਾਰ ਆਪਣਾ ਰੰਗ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਆਪ ਰਖਾਇੰਦਾ । ਸਾਚਾ ਲੇਖਾ ਰੱਖੇ ਹੱਥ, ਮਿਲੇ ਸਚ ਵਡਿਆਈਆ । ਸਤਿ ਸਰੂਪੀ ਦੇਵੇ ਰਥ, ਬਣ ਰਥਵਾਹੀ ਸੇਵ ਕਮਾਈਆ । ਸਗਲ ਵਸੂਰੇ ਜਾਵਣ ਲੱਥ, ਜਿਸ ਉਪਰ ਆਪਣੀ ਦ੍ਰਿਸ਼ਟੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਇਕ ਵਖਾਈਆ । ਸਚ ਦ੍ਰਿਸ਼ਟੀ ਦੱਸੀ ਭਗਵਾਨ, ਜਨ ਭਗਤ ਮੰਗ ਮੰਗਾਇੰਦਾ । ਕਵਣ ਦੁਆਰੇ ਦੇਵੇਂ ਦਾਨ, ਦਾਤਾ ਕਵਣ ਰੂਪ ਵਖਾਇੰਦਾ । ਕਵਣ ਵੇਲੇ ਹੋਵੇਂ ਮਿਹਰਵਾਨ, ਮਿਹਰ ਨੈਣ ਨਜ਼ਰ ਉਠਾਇੰਦਾ । ਕਵਣ ਵੇਲੇ ਕਰੇਂ ਫ਼ਰਮਾਨ, ਧੁਰ ਫ਼ਰਮਾਣਾ ਹੁਕਮ ਸੁਣਾਇੰਦਾ । ਕਵਣ ਵੇਲਾ ਭੁੱਲਿਆ ਫਿਰੇ ਅਨਜਾਣ, ਫੜ ਬਾਹੋਂ ਮਾਰਗ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਕਲਮਾ ਸਚ ਹਦੀਸ, ਸਾਚੀ ਸਿਖਿਆ ਆਪ ਦ੍ਰਿੜਾਇੰਦਾ । ਸਾਚੀ ਸਿਖਿਆ ਸਾਹਿਬ ਸਤਿਗੁਰ, ਇਕੋ ਇਕ ਏਕ ਏਕ ਜਣਾਈਆ । ਸਾਚੀ ਭਿਖਿਆ ਲਿਆ ਧੁਰ, ਧੁਰ ਦੀ ਝੋਲੀ ਆਪ ਭਰਾਈਆ । ਸਾਚਾ ਲੇਖਾ ਸੁਘੜ ਬਣਾਏ ਮੂਰਖ ਮੂੜ, ਸਾਚੇ ਧੰਦੇ ਆਪੇ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵਣਹਾਰ ਅਗੰਮੀ ਦਾਨ, ਦਾਤਾ ਨਜ਼ਰ ਕਿਸੇ ਨਾ ਆਈਆ । ਦਾਤਾ ਨਜ਼ਰ ਨਾ ਆਏ ਬੇਨਜ਼ੀਰ, ਦੋਏ ਲੋਚਣ ਬੈਠੇ ਧਿਆਨ ਲਗਾਈਆ । ਜਿਸ ਦੀ ਮਸੱਵਰ ਕੋਈ ਬਣਾਏ ਨਾ ਸਚ

੯੬੫
੧੪

ਤਸਵੀਰ, ਤਸਬੀ ਮਾਲਾ ਨਾ ਕੋਇ ਲਟਕਾਈਆ । ਜੋ ਚੜ੍ਹ ਕੇ ਬੈਠਾ ਚੋਟੀ ਅਖ਼ੀਰ, ਮੰਜ਼ਲ ਆਪਣਾ ਡੇਰਾ ਲਾਈਆ । ਦਰ ਦਰਵੇਸ਼ ਬੈਠੇ ਫ਼ਕੀਰ ਸ਼ਾਹ ਹਕੀਰ, ਨੇਤਰ ਨੈਣ ਨੈਣ ਸ਼ਰਮਾਈਆ । ਕੋਇ ਨਾ ਦੇਵੇ ਕਿਸੇ ਧੀਰ, ਧੀਰਜਵਾਨ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਸਿਖਿਆ ਇਕ ਸਮਝਾਈਆ । ਸਾਚੀ ਸਿਖਿਆ ਲੈਣੀ ਸਮਝ ਗੁਰਸਿਖ, ਗੁਰ ਸਤਿਗੁਰ ਆਪ ਜਣਾਇੰਦਾ । ਪ੍ਰਭ ਸਰਨਾਈ ਮੰਗਣੀ ਭਿਖ, ਭਿਛਿਆ ਇਕੋ ਇਕ ਵਡਿਆਇੰਦਾ । ਚਾਰ ਕੁੰਟ ਵੇਖਣਾ ਦਹਿ ਦਿਸ਼, ਚਾਰੋਂ ਤਰਫ਼ ਪੜਦਾ ਲਾਹਿੰਦਾ । ਕਵਣ ਬਿਧ ਪ੍ਰਭ ਰੱਖੇ ਹਿਸ, ਸਾਚਾ ਹਿੱਸਾ ਵੰਡ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਨੌਜਵਾਨ, ਬਿਰਧ ਬਾਲ ਨਜ਼ਰ ਕਿਸੇ ਨਾ ਆਇੰਦਾ । ਨੌਜਵਾਨ ਜੋਬਨ ਮਤਾ, ਪਰਮ ਪੁਰਖ ਇਕ ਅਖਵਾਈਆ । ਸਚ ਪ੍ਰੀਤੀ ਅੰਦਰ ਰਤਾ, ਪਰੇਮ ਰੰਗ ਇਕ ਚੜ੍ਹਾਈਆ । ਲੱਖ ਚੁਰਾਸੀ ਜਾਣੇ ਮਿਤ ਗਤਾ, ਘਟ ਘਟ ਪੜਦਾ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਖੇਲ ਆਪ ਵਖਾਈਆ । ਸਾਚਾ ਖੇਲ ਵੇਖਣ ਆਉਣਾ, ਵਿਸ਼ਨ ਬ੍ਰਹਮਾ ਸ਼ਿਵ ਧਿਆਨ ਲਗਾਈਆ । ਗੁਰ ਅਵਤਾਰਾਂ ਨੈਣ ਖੁਲ੍ਹੌਣਾ, ਪੀਰ ਪੈਗ਼ੰਬਰ ਬੈਠੇ ਰਾਹ ਤਕਾਈਆ । ਸਭ ਨੇ ਕਲਮਾ ਇਕੋ ਗੌਣਾ, ਇਕੋ ਨਾਮ ਪੜ੍ਹਾਈਆ । ਇਕੋ ਮੁਰਸ਼ਦ ਹੱਕ ਮਲੌਣਾ, ਮੁਰੀਦ ਇਕੋ ਨਜ਼ਰੀ ਆਈਆ । ਸਤਿਗੁਰ ਸਾਹਿਬ ਇਕ ਰਖੌਣਾ, ਦੂਜੀ ਓਟ ਨਾ ਕੋਇ ਜਣਾਈਆ । ਲੋਕ ਪਰਲੋਕ ਪਾਰ ਕਰੌਣਾ, ਅਧਵਿਚਕਾਰ ਨਾ ਕੋਇ ਅਟਕਾਈਆ । ਤ੍ਰੈ ਪੰਜ ਦਾ ਡੇਰਾ ਢੌਣਾ, ਅਠ ਤੱਤ ਨਾ ਕੋਇ ਲੜਾਈਆ । ਨੌਂ ਦੁਆਰੇ ਰੰਗ ਚੜ੍ਹੌਣਾ, ਦਸਵੇਂ ਮੇਲ ਸੱਚੇ ਮਾਹੀਆ । ਜੋਤ ਨਿਰੰਜਣ ਤੇਲ ਚੜ੍ਹੌਣਾ, ਆਦਿ ਨਿਰੰਜਣ ਵੇਖੇ ਚਾਈਂ ਚਾਈਆ । ਸਾਚੀ ਸਖੀਆਂ ਮੰਗਲ ਗੌਣਾ, ਗੀਤ ਗੋਬਿੰਦ ਅਲਾਈਆ । ਪਰਮ ਪੁਰਖ ਪਤਿਪਰਮੇਸ਼ਵਰ ਸਚ ਸਵਾਮੀ ਘਰ ਵਿਚ ਪੌਣਾ, ਘਰ ਸਾਚੇ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਦੇਵੇ ਇਕੋ ਦਾਨ, ਆਤਮ ਪਰਮਾਤਮ ਅੰਤ ਲਏ ਪਰਨਾਈਆ । ਗੁਰਮੁਖ ਆਤਮ ਅੰਤ ਪਰਨਾਵੇ, ਪਾਰਬ੍ਰਹਮ ਪ੍ਰਭ ਦਇਆ ਕਮਾਇੰਦਾ । ਸਾਚਾ ਮਾਰਗ ਇਕ ਲਗਾਵੇ, ਚਾਰ ਵਰਨ ਰੰਗ ਚੜ੍ਹਾਇੰਦਾ । ਅਠਾਰਾਂ ਬਰਨ ਡੇਰਾ ਢਾਵੇ, ਕੂੜੀ ਕਿਰਿਆ ਮੋਹ ਮਿਟਾਇੰਦਾ । ਸਾਚਾ ਰਾਗ ਇਕ ਅਲਾਵੇ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਰਾਇੰਦਾ । ਸਾਚੀ ਕਰਨੀ ਕਰੇ ਪ੍ਰਭ ਏਕ, ਏਕਾ ਹੱਥ ਵੱਡੀ ਵਡਿਆਈਆ । ਗੁਰਮੁਖ ਰੱਖੇ ਸਾਚੀ ਟੇਕ, ਦੂਜੀ ਓਟ ਨਾ ਕੋਇ ਜਣਾਈਆ । ਨਿਜ ਨੇਤਰ ਸਭ ਨੂੰ ਲਏ ਪੇਖ, ਪੇਖਤ ਪੇਖਤ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਆਪ ਕਮਾਈਆ ।



★ ੧੧ ਹਾੜ ੨੦੨੦ ਬਿਕ੍ਰਮੀ ਭਲਾਈ ਪੁਰ ਡੋਗਰਾਂ ਸੰਗਤ ਦੇ ਨਵਿਤ ਦਰਬਾਰ ਵਿਚ ਜੇਠੂਵਾਲ ★

ਸਚ ਪ੍ਰੀਤ ਕਰੇ ਜਗ ਭਗਤ, ਸ੍ਰੀ ਭਗਵਾਨ ਧਿਆਨ ਲਗਾਈਆ । ਜੁਗ ਚੌਕੜੀ ਸੁਹਾਏ ਵਕਤ, ਸੁਹੰਜਣੀ ਰੁੱਤ ਵਡਿਆਈਆ । ਲੇਖੇ

ਲਾਏ ਆਪਣੀ ਰਕਤ, ਤਨ ਮਾਟੀ ਕੰਚਨ ਰੂਪ ਵਟਾਈਆ । ਘਰ ਆਪਣਾ ਵੇਖੇ ਪਰਤ, ਨਿਜ ਮੰਦਰ ਫੇਰਾ ਪਾਈਆ । ਲੇਖਾ ਚੁੱਕੇ ਜਗਤ ਹਰਸ, ਤ੍ਰਿਸਨਾ ਅਵਰ ਨਾ ਕੋਇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤ ਇਕ ਜਣਾਈਆ । ਸਚ ਪ੍ਰੀਤ ਮੰਗੇ ਧਰੂ, ਦਰ ਇਕ ਧਿਆਨ ਲਗਾਈਆ । ਤੇਰੀ ਆਤਮ ਤੇਰਾ ਰੂਹ, ਬੁੱਤ ਮੇਰਾ ਰੰਗ ਵਟਾਈਆ । ਤੇਰੀ ਮਹਿਮਾ ਜਾਣੇਂ ਤੂਹੀ ਤੂ, ਦੂਜੀ ਅਵਰ ਨਾ ਕੋਇ ਚਤਰਾਈਆ । ਮੈਂ ਤੇਰਾ ਨਾਉਂ ਗਾਵਾਂ ਹੂ, ਹੱਕ ਤੇਰੀ ਸਰਨਾਈਆ । ਕਰ ਕਿਰਪਾ ਨਾਲ ਜਾਣਾ ਛੂਹ, ਅੰਗੀਕਾਰ ਅੰਗ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਦੇਵੇ ਮਾਣ ਵਡਿਆਈਆ । ਸਚ ਪ੍ਰੀਤ ਕਰੀ ਪ੍ਰਹਿਲਾਦ, ਨਿਜ ਨੇਤਰ ਧਿਆਨ ਲਗਾਈਆ । ਸੋ ਸਾਹਿਬ ਸੁਣੇ ਫ਼ਰਯਾਦ, ਨਿਰਗੁਣ ਆਪਣਾ ਵੇਸ ਵਟਾਈਆ । ਜੋ ਜਨ ਅੰਤਰ ਬਾਹਰ ਕਰੇ ਯਾਦ, ਤਿਸ ਲੇਖਾ ਲੇਖੇ ਪਾਈਆ । ਵੇਸ ਵਟਾਏ ਜਿਸ ਰਚਨਾ ਰਚੀ ਆਦਿ, ਜੁਗ ਜੁਗ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਸਚ ਪ੍ਰੀਤ ਕਰੀ ਬਲ ਬਾਵਨ, ਏਕਾ ਰੰਗ ਸਮਾਈਆ । ਭੇਖ ਭਿਖਾਰੀ ਆਮ੍ਹਣ ਸਾਮ੍ਹਣ, ਦਰ ਦਰਵੇਸ਼ ਨਜ਼ਰੀ ਆਈਆ । ਆਕਾਸ਼ ਪਾਤਾਲ ਬਣਿਆ ਜ਼ਾਮਨ, ਸਾਚੀ ਜ਼ਾਮਨੀ ਆਪ ਨਿਭਾਈਆ । ਇਕ ਫੜਾਇਆ ਅਗੰਮੀ ਦਾਮਨ, ਪੱਲੂ ਛੁੱਟ ਕਦੇ ਨਾ ਜਾਈਆ । ਕਰ ਪਰਕਾਸ਼ ਆਪਣੇ ਭਾਣਨ, ਨੂਰੀ ਜੋਤ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤ ਆਪ ਵਖਾਈਆ । ਸਚ ਪ੍ਰੀਤ ਕਰੇ ਅਮਰੀਕ, ਅੰਤਰ ਧਿਆਨ ਲਗਾਈਆ । ਸ੍ਰੀ ਭਗਵਾਨ ਹੋਏ ਸਹਾਈ ਠੀਕ, ਦਰਦੀ ਆਪਣਾ ਦਰਦ ਵੰਡਾਈਆ । ਦੁਰਬਾਸ਼ਾ ਨੇੜ ਨਾ ਆਏ ਨਜ਼ਦੀਕ, ਦੂਰ ਦੁਰਾਡਾ ਭੱਜੇ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਸਚ ਪ੍ਰੀਤ ਜਨਕ ਕਮਾਈ, ਜਨ ਜਨਨੀ ਲੇਖੇ ਲਾਈਆ । ਸਚ ਸਪੁੱਤਰੀ ਏਕਾ ਜਾਈ, ਘਰ ਇਕੋ ਵੱਜੇ ਵਧਾਈਆ । ਇਸ਼ਟ ਦੇਵ ਗੁਰ ਇਕ ਮਨਾਈ, ਇਕੋ ਨੂਰ ਖੋਜ ਖੁਜਾਈਆ । ਅਸ਼ਟਾਬੱਕਰ ਮਿਲੀ ਵਡਿਆਈ, ਮਾਣ ਅਭਿਮਾਨ ਗਵਾਈਆ । ਸਾਚਾ ਮੇਲਾ ਹਰਿ ਰਘੁਰਾਈ, ਰਾਮ ਰਾਮ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤੀ ਲਵੇ ਵਰ, ਘਰ ਆਪਣੇ ਝੋਲੀ ਡਾਹੀਆ । ਸਚ ਪ੍ਰੀਤ ਕਰੇ ਹਰੀ ਚੰਦ, ਹਰਿ ਹਰਿ ਜੂ ਧਿਆਨ ਲਗਾਈਆ । ਦਰ ਦੁਆਰਾ ਇਕੋ ਮੰਗ, ਇਕੋ ਆਸ ਰਖਾਈਆ । ਜਗਤ ਨਾਤਾ ਤੋੜ ਅਨੰਦ, ਘਰ ਸੁਖ ਸਾਗਰ ਵੇਖ ਵਖਾਈਆ । ਜਨਮ ਜਨਮ ਦਾ ਕੱਟ ਪੰਧ, ਮਰਨ ਮਰਨ ਦਾ ਭੈ ਮਿਟਾਈਆ । ਗ੍ਰਿਹਿ ਢੋਲਾ ਗਾਏ ਇਕੋ ਛੰਦ, ਅਗੰਮੀ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤੀ ਇਕ ਲਗਾਈਆ । ਸਚ ਪ੍ਰੀਤੀ ਬਿਦਰ ਜਨ, ਸੋ ਸਾਹਿਬ ਆਪ ਜਣਾਈਆ । ਇਕੋ ਨਾਮ ਵਸਾਇਆ ਤਨ, ਹਿਰਦੇ ਹਰਿ ਸਮਾਈਆ । ਇਕੋ ਰਾਗ ਜਣਾਇਆ ਕੰਨ, ਅਨਹਦ ਨਾਦ ਵਜਾਈਆ । ਇਕੋ ਨੂਰ ਚੜ੍ਹਾਇਆ ਸਾਚਾ ਚੰਨ, ਜੋਤੀ ਜੋਤ ਜੋਤ ਰੁਸ਼ਨਾਈਆ । ਏਕਾ ਡੋਰੀ ਬੱਧਾ ਮਨ, ਦਹਿ ਦਿਸ਼ਾ ਨਾ ਉਠ ਉਠ ਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤ ਇਕ ਵਖਾਈਆ । ਸਚ ਪ੍ਰੀਤ ਕਰੇ ਸੁਦਾਮਾ, ਸੁੱਧ ਆਪਣੀ ਰਹਿਣ ਨਾ ਪਾਈਆ । ਮੇਲ ਮਿਲਾਵਾ ਸਾਚੇ ਕਾਹਨਾ, ਘਰ ਵੱਜੇ ਨਾਮ ਵਧਾਈਆ । ਦੋਏ ਜੋੜ ਕਰੇ ਪਰਨਾਮਾ, ਪਰਨਾਮ ਆਪਣਾ ਇਕ ਵਖਾਈਆ । ਘਰ ਸੱਜਣ ਹੋਏ ਮਿਹਰਵਾਨਾ,

ਮਿਹਰ ਨਜ਼ਰ ਉਠਾਈਆ । ਨਿਰਗੁਣ ਨਿਰਗੁਣ ਬਦਲੇ ਜਾਮਾ, ਚੋਲਾ ਤੱਤ ਜਗਤ ਹੰਡਾਈਆ । ਦੇਵਣਹਾਰਾ ਬ੍ਰਹਮ ਗਿਆਨਾ, ਸਾਚੀ ਸਿਖਿਆ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤੀ ਅੰਦਰ ਸਾਚੇ ਤੰਦਲ ਮੁੱਖ ਲਗਾਈਆ । ਸਚ ਪ੍ਰੀਤ ਕਰੀ ਜੈ ਦੇਵ, ਦੇਵ ਆਤਮਾ ਭੇਟ ਚੜ੍ਹਾਇੰਦਾ । ਪਾਰਬ੍ਰਹਮ ਪ੍ਰਭ ਤੇਰੀ ਸੇਵ, ਇਕੋ ਆਸ ਰਖਾਇੰਦਾ । ਮਿਲੇ ਅਬਿਨਾਸ਼ੀ ਇਕ ਨਿਹਕੇਵ, ਨਿਹਚਲ ਡੇਰਾ ਲਾਇੰਦਾ । ਰਸਨਾ ਗਾ ਗਾ ਥੱਕੀ ਜਿਹਵ, ਗਾਇਆਂ ਹੱਥ ਕਿਸੇ ਨਾ ਆਇੰਦਾ । ਕਰ ਕਿਰਪਾ ਜਿਸ ਖੋਲ੍ਹੇ ਆਪਣਾ ਭੇਵ, ਅਭੇਵ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤ ਇਕ ਲਗਾਇੰਦਾ । ਸਚ ਪ੍ਰੀਤ ਕਰੇ ਸੈਣ, ਸੱਯਾ ਆਪਣੇ ਰੰਗ ਰੰਗਾਈਆ । ਆਪੇ ਵੇਖੇ ਆਪਣੇ ਨੈਣ, ਨੇਤਰ ਇਕੋ ਇਕ ਦਰਸਾਈਆ । ਘਰ ਦੇਵੇ ਜਾ ਕੇ ਦੇਣ, ਲਹਿਣਾ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤੀ ਅੰਦਰ ਆਪਣਾ ਵੇਸ ਵਟਾਈਆ । ਸਚ ਪ੍ਰੀਤ ਕਰੇ ਬੈਣੀ, ਗ਼ਰੀਬ ਨਿਮਾਣਾ ਧਿਆਨ ਲਗਾਈਆ । ਪਾਰਬ੍ਰਹਮ ਪ੍ਰਭ ਸੱਜਣ ਸੈਣੀ, ਸਾਕ ਇਕੋ ਇਕ ਅਖਵਾਈਆ । ਜਿਸ ਦੀ ਸਚਖੰਡ ਦੁਆਰੇ ਸਾਚੀ ਰਹਿਣੀ, ਸਚ ਸਿੰਘਾਸਣ ਆਸਣ ਲਾਈਆ । ਜਿਸ ਦੀ ਮਹੱਲ ਅਟੱਲ ਉਤੇ ਬਹਿਣੀ, ਬਹਿ ਬਹਿ ਆਪਣਾ ਹੁਕਮ ਵਰਤਾਈਆ । ਜਿਸ ਦਾ ਨੇਤਰ ਨੂਰ ਨਜ਼ਰ ਨਾ ਆਏ ਜਗਤ ਨੈਣੀ, ਨਿਜ ਨੇਤਰ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸਚ ਪ੍ਰੀਤ ਲਗਾਈ ਤਰਲੋਚਣ, ਤ੍ਰੈ ਤ੍ਰੈ ਲੋਆਂ ਵੇਖ ਵਖਾਇੰਦਾ । ਹਰਿ ਕਾ ਭੇਵ ਵਿਚ ਨਾ ਆਏ ਸੋਚਣ, ਸੋਚਿਆਂ ਸੋਚ ਨਾ ਕੋਇ ਰਖਾਇੰਦਾ । ਵੇਖੇ ਖੇਲ ਲੋਕ ਪਰਲੋਕਨ, ਦੋ ਜਹਾਨਾਂ ਭੇਵ ਚੁਕਾਇੰਦਾ । ਬਖ਼ਸ਼ਣਹਾਰਾ ਸਾਚੀ ਓਟਨ, ਸਿਰ ਆਪਣਾ ਹੱਥ, ਟਿਕਾਇੰਦਾ । ਕਰੇ ਪਰਕਾਸ਼ ਨਿਰਮਲ ਜੋਤਨ, ਜੋਤੀ ਜਾਤਾ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਚ ਪ੍ਰੀਤੀ ਕਰੀ ਧੰਨੇ ਜੱਟ, ਆਪ ਆਪਣਾ ਬਲ ਰਖਾਈਆ । ਸ੍ਰੀ ਭਗਵਾਨ ਕਰ ਪਰਗਟ, ਘਰ ਆਪਣੇ ਦਰਸਨ ਪਾਈਆ । ਵੱਟੇ ਨਾਲ ਵੱਟੇ ਵਾਲਾ ਗਿਆ ਵਟ, ਵੱਟੀ ਆਪਣਾ ਨੂਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤੀ ਅੰਦਰ ਬਣ ਪਾਲੀ ਸੇਵ ਕਮਾਈਆ । ਸਚ ਪ੍ਰੀਤ ਕਰੇ ਹਰਿ ਨਾਮਾ, ਨਾਮੇ ਛੱਪਰੀ ਆਪ ਛੁਹਾਈਆ । ਸਚ ਪ੍ਰੀਤ ਕਰੇ ਸ੍ਰੀ ਭਗਵਾਨਾ, ਭਗਵਨ ਆਪਣਾ ਵੇਸ ਵਟਾਈਆ । ਲੇਖਾ ਜਾਣੇ ਦੋ ਜਹਾਨਾਂ ਦੋਏ ਦੋਏ ਆਪਣਾ ਰੰਗ ਰੰਗਾਈਆ । ਸੱਤ ਦੋ ਦਾ ਖੇਲ ਮਹਾਨਾਂ, ਅੰਕ ਅੰਕ ਨਾਲ ਜੁੜਾਈਆ । ਘਰ ਮੰਦਰ ਸੋਹੇ ਇਕ ਮਕਾਨਾ, ਪ੍ਰੀਤੀ ਅੰਦਰ ਮੰਗ ਮੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਰਚਾਈਆ । ਸਚ ਪ੍ਰੀਤ ਕਰੀ ਜੋਲਾਹ, ਕਬੀਰ ਕਬਰ ਵਿਚ ਫੇਰ ਨਾ ਆਈਆ । ਆਤਮ ਮਿਲੀ ਇਕ ਮਲਾਹ, ਪਰਮਾਤਮ ਭੇਵ ਜਣਾਈਆ । ਸਚ ਮਹੱਲ ਲਿਆ ਵਸਾ, ਕਾਇਆ ਖੇੜਾ ਵੱਜੇ ਵਧਾਈਆ । ਬੰਦ ਤਾਕ ਲਿਆ ਖੁਲਾ, ਕੂੜੀ ਕਿਰਿਆ ਪਰੇ ਹਟਾਈਆ । ਰਾਗ ਧੁਨ ਲਿਆ ਉਪਜਾ, ਸ਼ਬਦੀ ਸ਼ਬਦ ਸ਼ਨਵਾਈਆ । ਘਰ ਦੀਪਕ ਲਿਆ ਜਗਾ, ਜਾਗਰਤ ਜੋਤ ਹੋਏ ਰੁਸ਼ਨਾਈਆ । ਸ੍ਰੀ ਭਗਵਾਨ ਇਕੋ ਇਕ ਲਿਆ ਮਨਾ, ਦੂਜੀ ਓਟ ਨਾ ਕੋਇ ਤਕਾਈਆ । ਡੁੱਬਦੇ ਪਾਥਰ ਲਏ ਤਰਾ, ਪਾਹਨ ਆਪਣਾ ਚਰਨ ਛੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਾਰ ਆਪਣੇ ਹੱਥ


੯੬੮
੧੪

ਰਖਾਈਆ । ਸਚ ਪ੍ਰੀਤ ਕਰੀ ਰਵੀਦਾਸ, ਰਵ ਸਸ ਮੁਖ ਸ਼ਰਮਾਇੰਦਾ । ਰਸਨਾ ਜਿਹਵਾ ਜਪ ਸਵਾਸ, ਪਵਣ ਪਵਣਾ ਨਾਲ ਮਿਲਾਇੰਦਾ । ਅੰਤਰ ਆਤਮ ਇਕੋ ਆਸ, ਆਸਾਵੰਦ ਰਖਾਇੰਦਾ । ਤੇਰਾ ਲੇਖਾ ਗੰਗਾ ਘਾਟ, ਕਸੀਰਾ ਕੌਡੀ ਆਪਣੀ ਕੀਮਤ ਪਾਇੰਦਾ । ਜਗਤ ਬ੍ਰਹਿਮਣ ਹੋਵੇ ਸਾਥ, ਸਤਿਗੁਰ ਪ੍ਰੀਤੀ ਨਜ਼ਰ ਕੋਇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਪ੍ਰੀਤੀ ਆਪ ਰਖਾਇੰਦਾ । ਸਚ ਪ੍ਰੀਤ ਕਰੇ ਕਰਤਾਰ, ਕਰਨੀ ਆਪਣੀ ਆਪ ਕਮਾਈਆ । ਜਿਉਂ ਭਾਵੇ ਤਿਉਂ ਲਵੇ ਤਾਰ, ਤਾਰਨਹਾਰੇ ਹੱਥ ਵਡਿਆਈਆ । ਗਨਕਾ ਕੀਤਾ ਇਕ ਪਿਆਰ, ਤੋਤਾ ਰਾਮ ਨਾਮ ਪੜ੍ਹਾਈਆ । ਭੁੱਲੀ ਭਟਕੀ ਵਿਚ ਸੰਸਾਰ, ਸਾਚੇ ਰਾਹ ਆਪ ਲਗਾਈਆ । ਕਿਰਪਾ ਕਰ ਸੱਚੀ ਸਰਕਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤ ਇਕ ਰਖਾਈਆ । ਸਚ ਪ੍ਰੀਤ ਕਰੇ ਬੱਧਕ, ਬਦਲਾ ਆਪਣੇ ਸਿਰ ਰਖਾਈਆ । ਜਿਸ ਦਾ ਲੇਖਾ ਸਦਾ ਅੱਧਕ, ਪੂਰਾ ਤੋਲ ਨਾ ਕੋਇ ਵਖਾਈਆ । ਤਿਸ ਨੂੰ ਵੇਖੇ ਸਾਹਿਬ ਪਰਤ, ਬੇਪਰਵਾਹ ਫੇਰਾ ਪਾਈਆ । ਨਾਤਾ ਤੋੜ ਕੂੜੇ ਹਰਖ, ਚਿੰਤਾ ਗ਼ਮ ਦਏ ਛੁਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤੀ ਅੰਦਰ ਸਾਚਾ ਚਿੱਲਾ ਤੀਰ ਇਕ ਚਲਾਈਆ । ਸਚ ਪ੍ਰੀਤ ਪੂਤਨਾ ਪਾਪਣ, ਇਕੋ ਵਾਰ ਕਰਾਈਆ । ਮੁਕੰਦ ਮਨੋਹਰ ਆਈ ਥਾਪਣ, ਵੇਸ ਅਨੇਕ ਵਟਾਈਆ । ਕਰ ਖੇਲ ਪੁਰਖ ਅਬਿਨਾਸ਼ਨ, ਮਿਹਰ ਨਜ਼ਰ ਉਠਾਈਆ । ਵੇਲੇ ਅੰਤਮ ਲੇਖੇ ਲਾਏ ਪਵਨ ਸਵਾਸਨ, ਸਵਾਸ ਸਵਾਸਾਂ ਵਿਚ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਪ੍ਰੀਤ ਆਪੇ ਦਏ ਜਣਾਈਆ । ਸਚ ਪ੍ਰੀਤ ਕਰੀ ਜੁਗ ਚਾਰ, ਚੌਕੜੀ ਆਪਣਾ ਰਾਹ ਚਲਾਈਆ । ਸਚ ਪ੍ਰੀਤ ਕਰੀ ਗੁਰੂ ਅਵਤਾਰ, ਪੀਰ ਪੈਗ਼ੰਬਰ ਓਟ ਰਖਾਈਆ । ਸਚ ਪ੍ਰੀਤ ਚਲਦੀ ਰਹੀ ਵਿਚ ਸੰਸਾਰ, ਬਿਨ ਗੁਰਮੁਖਾਂ ਹੱਥ ਕਿਸੇ ਨਾ ਆਈਆ । ਸਚ ਪ੍ਰੀਤ ਮੰਗਦੇ ਰਹੇ ਸਦਾ ਦੀਦਾਰ, ਅੰਤਰ ਅੰਤਰ ਇਕੋ ਨੈਣ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤ ਇਕ ਸਮਝਾਈਆ । ਸਚ ਪ੍ਰੀਤ ਕਲਜੁਗ ਅੰਤ, ਸ੍ਰੀ ਭਗਵਾਨ ਆਪ ਕਮਾਇੰਦਾ । ਆਦਿ ਜੁਗਾਦੀ ਜਿਸ ਦਾ ਲੇਖਾ ਬੇਅੰਤ, ਸੋ ਬੇਪਰਵਾਹ ਵੇਸ ਵਟਾਇੰਦਾ । ਗੁਰਮੁਖ ਵੇਖੇ ਸਾਚੇ ਸੰਤ, ਹਰਿ ਸੱਜਣ ਆਪ ਜਗਾਇੰਦਾ । ਨਾਮ ਨਿਧਾਨਾ ਮਣੀਆ ਮੰਤ, ਇਕੋ ਰਾਗ ਸੁਣਾਇੰਦਾ । ਆਪ ਬਣਾਏ ਸਾਚੀ ਬਣਤ, ਘੜਨ ਭੰਨਣਹਾਰ ਆਪ ਹੋ ਜਾਇੰਦਾ । ਸੱਤਰਾਂ ਦੇਵੇ ਇਕੋ ਮੰਤ, ਬਹੱਤਰਾਂ ਆਪਣਾ ਨਾਮ ਜਪਾਇੰਦਾ । ਚੁਹੱਤਰਾਂ ਬਣਿਆ ਸਾਚਾ ਅੰਕ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਕਰੇ ਪਿਆਰ ਸਾਚੀ ਸੰਗਤ, ਹਰਿ ਜੂ ਸਗਲਾ ਸੰਗ ਰਖਾਇੰਦਾ । ਗੁਰਮੁਖ ਬੁੱਢਾ ਨੱਢਾ ਕੋਈ ਨਾ ਹੋਵੇ ਮੰਗਤ, ਦੂਜੇ ਦਰ ਮੰਗਣ ਕੋਇ ਨਾ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤੀ ਆਪ ਨਿਭਾਇੰਦਾ । ਸਚ ਪ੍ਰੀਤ ਨਿਭਾਏ ਅੰਤ, ਆਪਣੀ ਦਇਆ ਕਮਾਈਆ । ਲੇਖਾ ਜਾਣ ਜੁਗਾ ਜੁਗੰਤ, ਜੁਗ ਚੌਕੜੀ ਪੰਧ ਮੁਕਾਈਆ । ਕਲਜੁਗ ਖੇਲ ਕਰੇ ਬੇਅੰਤ, ਅੰਤ ਆਪਣਾ ਹੁਕਮ ਵਰਤਾਈਆ । ਭਗਤ ਸੁਹੇਲੇ ਲੱਭੇ ਸੰਤ, ਗੁਰਮੁਖ ਗੁਰਸਿਖ ਰੰਗ ਰੰਗਾਈਆ । ਬਿਰਹੋਂ ਵਿਛੁੰਨੀ ਨਾਰ ਦੁਹਾਗਣ ਮੇਲੇ ਕੰਤ, ਘਰ ਸੱਜਣ ਦਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤ ਆਪ ਲਗਾਈਆ । ਸਚ ਪ੍ਰੀਤ ਲਗਾਏ ਹਰਿ, ਹਰਿ ਵੱਡਾ ਵਡ ਵਡਿਆਈਆ । ਦਰ ਦਰਵੇਸ਼ ਖੋਲ੍ਹ ਦਰ, ਦਰ ਬੈਠਾ ਅਲਖ ਜਗਾਈਆ । ਨਿਰਗੁਣ ਨਿਰਵੈਰ ਕਿਰਪਾ ਕਰ, ਨਰ ਹਰਿ ਬਖ਼ਸ਼ਸ਼

ਇਕੋ ਇਕ ਰਖਾਈਆ । ਮਹੱਲ ਅਟੱਲ ਵੇਖੇ ਚੜ੍ਹ, ਮੰਜ਼ਲ ਸਾਚੀ ਸੋਭਾ ਪਾਈਆ । ਪ੍ਰੀਤੀ ਅੰਦਰ ਪ੍ਰੀਤਮ ਦਰ, ਪਰਮ ਪੁਰਖ ਪ੍ਰਭ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤ ਆਪ ਲਗਾਈਆ । ਪ੍ਰੀਤ ਲਗਾ ਹੋਵੇ ਖਾਮੋਸ਼, ਰਸਨਾ ਜਿਹਵਾ ਨਾ ਕੋਇ ਹਿਲਾਇੰਦਾ । ਅਗਲੀ ਪਿਛਲੀ ਭੁੱਲੇ ਸੋਚ, ਸੋਚ ਸੋਚਨ ਕੋਇ ਨਾ ਜਾਇੰਦਾ । ਜਿਸ ਪ੍ਰਭ ਦਰਸਨ ਕਰਿਆ ਲੋਚਨ ਲੋਚ, ਸੋ ਆਪਣੀ ਲੋਚਾ ਪੂਰ ਕਰਾਇੰਦਾ । ਤਿਸ ਦਾਸੀ ਹੋਵੇ ਮੋਖ, ਮੁਕਤੀ ਮੁਫ਼ਤ ਚਰਨਾਂ ਹੇਠ ਦਬਾਇੰਦਾ । ਤਨ ਨਗਾਰੇ ਲਾਏ ਚੋਟ, ਨਾਮ ਡੰਕਾ ਇਕ ਸੁਣਾਇੰਦਾ । ਕਰ ਪਰਕਾਸ਼ ਅਗੰਮੀ ਜੋਤ, ਜੋਤੀ ਜਾਤਾ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤ ਇਕ ਕਮਾਇੰਦਾ । ਸਚ ਪ੍ਰੀਤ ਕਮਾਏ ਜਨ, ਕਲਜੁਗ ਅੰਤ ਮਿਲੇ ਵਡਿਆਈਆ । ਜਿਨ੍ਹਾਂ ਮੇਲ ਸ੍ਰੀ ਭਗਵਨ, ਭਗਵਨ ਆਪਣੇ ਘਰ ਵਸਾਈਆ । ਦੇਵੇ ਨਾਮ ਸੱਚਾ ਸਚ ਧੰਨ, ਵਸਤ ਅਮੋਲਕ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਆਪ ਕਮਾਈਆ । ਸਚ ਪ੍ਰੀਤ ਕਰੀ ਬਾਲਮੀਕ, ਬਜਵਾਰਾ ਆਪਣਾ ਖੇਲ ਕਰਾਇੰਦਾ । ਬਟਵਾੜਾ ਲੇਖਾ ਜਾਣੇ ਠੀਕ, ਠਾਕਰ ਆਪਣਾ ਭੇਵ ਚੁਕਾਇੰਦਾ । ਸਦ ਵਸਣਹਾਰ ਨਜ਼ਦੀਕ, ਦੂਰ ਦੁਰਾਡਾ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਸਮਝਾਇੰਦਾ । ਸਾਚਾ ਖੇਲ ਪ੍ਰੀਤਮ ਡੋਰ, ਡੋਰੀ ਤੰਦ ਨਾ ਕੋਇ ਜਣਾਈਆ । ਸਾਚੀ ਪ੍ਰੀਤ ਨਾਤਾ ਤੋੜੇ ਮੋਰ ਤੋਰ, ਤੇਰਾ ਮੇਰਾ ਇਕੋ ਨਜ਼ਰੀ ਆਈਆ । ਸਚ ਪ੍ਰੀਤੀ ਸ੍ਰੀ ਭਗਵਾਨ ਰੱਖੇ ਸਦਾ ਲੋੜ, ਲੋੜੀਂਦੀ ਆਸ ਇਕ ਜਣਾਈਆ । ਸਚ ਪ੍ਰੀਤੀ ਨਾਤਾ ਤੋੜੇ ਠੱਗ ਚੋਰ, ਕੂੜੀ ਕਿਰਿਆ ਨੇੜ ਨਾ ਆਈਆ । ਸਚ ਪ੍ਰੀਤ ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਰਹੇ ਲੋੜ, ਗੁਰ ਸਤਿਗੁਰ ਚਰਨ ਧਿਆਨ ਲਗਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਪਰਮ ਪੁਰਖ ਆਪੇ ਬਹੁੜ, ਬੇਪਰਵਾਹ ਤੇਰੀ ਸਰਨਾਈਆ । ਤੁਧ ਬਿਨ ਨਜ਼ਰ ਨਾ ਆਏ ਕੋਈ ਔਰ, ਔਰਾ ਕੋਇ ਨਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਸਮਝਾਈਆ । ਕਲ ਸਚ ਪ੍ਰੀਤ ਕਮਾਵਾਂਗਾ । ਜਨ ਭਗਤਾਂ ਸੰਗ ਰਖਾਵਾਂਗਾ । ਅੰਤ ਆਪਣੇ ਅੰਗ ਲਗਾਵਾਂਗਾ । ਕੂੜੀ ਕਿਰਿਆ ਭੁੱਖ ਨੰਗ ਕੱਟ, ਦਰਗਹਿ ਸਾਚੀ ਨਾਮ ਮਰਦੰਗ ਵਜਾਵਾਂਗਾ । ਮਾਣਸ ਜਨਮ ਨਾ ਹੋਏ ਭੰਗ, ਜਿਨ੍ਹਾਂ ਆਪਣੀ ਚਰਨੀ ਲਾਵਾਂਗਾ । ਏਥੇ ਓਥੇ ਸਚ ਅਨੰਦ, ਅਨੰਦ ਅਨੰਦ ਵਿਚ ਰਖਾਵਾਂਗਾ । ਕਰਾਂ ਪਰਕਾਸ਼ ਜਿਉਂ ਗੁਜਰੀ ਚੰਦ, ਚੰਦ ਗੁਜਰੀ ਗੁਰਮੁਖਾਂ ਰੂਪ ਵਟਾਵਾਂਗਾ । ਜਿਨ੍ਹਾਂ ਢੋਲਾ ਗਾਇਆ ਮੇਰਾ ਛੰਦ, ਤਿਨ੍ਹਾਂ ਸੰਸਾ ਰੋਗ ਚੁਕਾਵਾਂਗਾ । ਸਚ ਪ੍ਰੀਤ ਦੁਆਰਿਉਂ ਮੰਗ, ਆਪਣੀ ਖਾਲੀ ਝੋਲੀ ਭਰਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪ੍ਰੀਤ ਇਕੋ ਇਕ ਲਗਾਵਾਂਗਾ । ਪ੍ਰੀਤ ਲਗਾਏ ਇਕੋ ਇਕ, ਇਕ ਓਅੰਕਾਰ ਵੱਡੀ ਵਡਿਆਈਆ । ਸਾਚੀ ਸਿਖਿਆ ਗੁਰਮੁਖ ਲੈਣ ਸਿਖ, ਸਿਖਾਵਣਹਾਰਾ ਆਪ ਪੁਰਖ ਅਬਿਨਾਸ਼ੀ ਵੇਸ ਵਟਾਈਆ । ਰਸਨਾ ਢੋਲਾ ਸੋਹੰ ਗੌਣਾ ਜਾਪ, ਜੀਵਨ ਮੁਕਤ ਦਏ ਕਰਾਈਆ । ਜਨਮ ਜਨਮ ਦੇ ਕੱਟੇ ਪਾਪ, ਰੋਗ ਸੰਤਾਪ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤੀ ਦਏ ਜਣਾਈਆ । ਸਚ ਪ੍ਰੀਤ ਕਰੇ ਰਵਿਦਾਸ, ਬਾਲਮੀਕ ਜਣਾਈਆ । ਦੂਰ ਦੁਰਾਡੇ ਵਸਣਾ ਪਾਸ, ਪੰਧ ਨਜ਼ਰ ਕੋਇ ਨਾ ਆਈਆ । ਤੇਰੇ ਮਿਲਣ ਦੀ ਇਕੋ ਆਸ, ਦੂਜੀ ਤ੍ਰਿਸਨ ਨਾ ਕੋਇ ਵਧਾਈਆ । ਜਹਿੰ ਵੇਖਾਂ ਤਹਿੰ ਦਿਸੇਂ ਸਾਥ,

ਆਪਣਾ ਸੰਗ ਨਿਭਾਈਆ । ਦੋਹਾਂ ਦਾ ਸਾਂਝਾ ਇਕੋ ਬਾਪ, ਪੁਰਖ ਅਕਾਲ ਅਖਵਾਈਆ । ਜਿਸ ਮੇਰੇ ਕੱਟੇ ਜਗਤ ਸੰਤਾਪ, ਸਾਚੀ ਸਿਖਿਆ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਪ੍ਰੀਤ ਆਪ ਲਗਾਈਆ । ਸਚ ਪ੍ਰੀਤੀ ਬਾਲਮੀਕ, ਰਵਿਦਾਸੇ ਗੰਢ ਪੁਆਇੰਦਾ । ਸਚ ਨਿਸ਼ਾਨਾ ਦੋਹਾਂ ਠੀਕ, ਠਾਕਰ ਹਰਿ ਜੂ ਵੇਖ ਵਖਾਇੰਦਾ । ਲੱਭਿਆਂ ਹੱਥ ਨਾ ਆਏ ਬਾਰੀਕ, ਜਗਤ ਨੈਣ ਨਜ਼ਰ ਨਾ ਆਇੰਦਾ । ਅੰਤਰ ਅੰਤਰ ਇਕ ਪ੍ਰੀਤ, ਬਾਹਰੋਂ ਗੰਢ ਨਾ ਕੋਇ ਵਖਾਇੰਦਾ । ਅੰਤਮ ਲੇਖਾ ਬੀਸ ਬੀਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਪ੍ਰੀਤ ਆਪ ਵਡਿਆਇੰਦਾ । ਸਚ ਪ੍ਰੀਤ ਵਡ ਵੱਡੀ, ਜੀਵ ਜੰਤ ਰਹੇ ਜਸ ਗਾਈਆ । ਸ੍ਰੀ ਭਗਵਾਨ ਕਹੇ ਬਾਲੀ ਨੱਢੀ, ਨਿੱਕੀ ਨਿੱਕੀ ਧਾਰ ਜਣਾਈਆ । ਹੁਕਮੇ ਅੰਦਰ ਸਦਾ ਬੱਧੀ, ਸਿਰ ਸਕੇ ਨਾ ਕੋਇ ਉਠਾਈਆ । ਤੱਕਦੀ ਰਹੀ ਹਰਿ ਜੂ ਹੱਦੀ, ਨੇਤਰ ਨੈਣ ਨੈਣ ਉਠਾਈਆ । ਦਰ ਆਵੇ ਸਾਚੇ ਸੱਦੀ, ਬਿਨ ਸੱਦਿਆਂ ਅੰਦਰ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤ ਇਕੋ ਰੱਖੀ, ਰੱਖਣਹਾਰ ਆਪ ਹੋ ਜਾਈਆ । ਪ੍ਰੀਤ ਕਹੇ ਮੈਂ ਪ੍ਰੀਤਮ ਲੋੜਾਂ, ਦੂਜੀ ਆਸ ਨਾ ਕੋਇ ਰਖਾਈਆ । ਜਗਤ ਵਿਛੁੰਨੀ ਮੇਲ ਜੋੜਾ, ਜੋੜੀ ਇਕੋ ਘਰ ਵਖਾਈਆ । ਕੂੜੀ ਕਿਰਿਆ ਦਰ ਤੋਂ ਹੋੜਾਂ, ਜੂਠ ਝੂਠ ਮੋਹ ਤੁੜਾਈਆ । ਸਚ ਜੁਆਬ ਦੇਵਾਂ ਕੋਰਾ, ਧੁਰ ਫ਼ਰਮਾਨ ਅਲਾਈਆ । ਮੇਰਾ ਠਾਕਰ ਸਵਾਮੀ ਸਾਹਿਬ ਸਤਿਗੁਰ ਬਾਂਕਾ ਛੋਹਰਾ, ਕਵਲ ਨੈਣ ਵਡ ਗੁਸਾਂਈਆ । ਜਿਸ ਦਾ ਆਦਿ ਜੁਗਾਦਿ ਜੁਗ ਚੌਕੜੀ ਕਦੇ ਨਾ ਵੇਖਿਆ ਹਨੋਰਾ, ਗ਼ੁਸੇ ਵਿਚ ਕਦੇ ਨਾ ਆਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਗੁਰ ਅਵਤਾਰ ਪੀਰ ਪੈਗ਼ੰਬਰ ਆਪਣਾ ਨਾਮ ਦੇਂਦਾ ਰਿਹਾ ਥੋੜਾ ਥੋੜਾ, ਵਸਤ ਅਮੋਲਕ ਆਪ ਵਰਤਾਈਆ । ਸੋ ਪੁਰਖ ਅਬਿਨਾਸ਼ੀ ਘਟ ਘਟ ਵਾਸੀ ਸ਼ਾਹ ਸਵਾਰਾ ਹਰਿ ਨਿਰੰਕਾਰਾ ਚੜ੍ਹੇ ਅਸਵ ਘੋੜਾ, ਪੌੜਾ ਇਕੋ ਇਕ ਉਠਾਈਆ । ਏਥੇ ਓਥੇ ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਦੋ ਜਹਾਨਾਂ ਫਿਰੇ ਦੌੜਾ, ਦੋਹਰੀ ਆਪਣੀ ਸੇਵ ਕਮਾਈਆ । ਪ੍ਰੀਤ ਅੰਦਰ ਜਿਨ੍ਹਾਂ ਲੱਗੀ ਪ੍ਰਭ ਮਿਲਣ ਦੀ ਔੜਾ, ਤਿਨ੍ਹਾਂ ਨਿਜ ਨੇਤਰ ਦਰਸ ਦਿਆਂ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਪ੍ਰੀਤ ਆਪ ਲਗਾਈਆ । ਸਚ ਪ੍ਰੀਤ ਲਗਾਏ ਆਖਰ, ਆਖਰੀ ਆਪਣਾ ਮੇਲ ਮਿਲਾਇੰਦਾ । ਸਾਚੇ ਘੋੜੇ ਪਾਏ ਪਾਖਰ, ਸਾਚੀ ਰਾਸ ਹੱਥ ਉਠਾਇੰਦਾ । ਟਿੱਲੇ ਪਰਬਤ ਵੇਖੇ ਪਾਥਰ, ਉਚੀ ਮੰਜ਼ਲ ਚੜ੍ਹ ਚੜ੍ਹ ਡੇਰਾ ਲਾਇੰਦਾ । ਲੱਖ ਚੁਰਾਸੀ ਭੇਵ ਜਾਣੇ ਨਿੰਦਕ ਸਾਕਤ, ਗੁਰਮੁਖ ਸੱਜਣ ਫੋਲ ਫੁਲਾਇੰਦਾ । ਦਰਗਹਿ ਸਾਚੀ ਧਾਮ ਸੁਹੰਜਣੇ ਬਿਨ ਸਤਿਗੁਰ ਪੂਰੇ ਕੋਈ ਨਾ ਕਰੇ ਸਿਫਾਰਸ਼, ਫੜ ਬਾਂਹੋਂ ਹਰਿ ਜੂ ਹਰਿ ਨਾ ਕੋਇ ਮਿਲਾਇੰਦਾ । ਜਗਤ ਵਾਰਤਾ ਨਹੀਂ ਇਬਾਰਤ, ਵਾਰਤਾਲਾਪ ਨਾ ਕੋਇ ਅਲਾਇੰਦਾ । ਜਗਤ ਦੁਕਾਨ ਨਹੀਂ ਕੋਈ ਆੜ੍ਹਤ, ਦਲਾਲੀ ਰੂਪ ਨਾ ਕੋਇ ਵਟਾਇੰਦਾ । ਸਚ ਪ੍ਰੀਤ ਜਿਸ ਘੜਿਆ ਘਾੜਤ, ਸੋ ਸਾਹਿਬ ਵੇਖ ਵਖਾਇੰਦਾ । ਜਿਸ ਦਾ ਨਾਮ ਨਾ ਦੂਜੇ ਮਾਰਫਤ, ਸਿੱਧਾ ਆਪਣਾ ਰਾਹ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਪ੍ਰੀਤੀ ਦੇਵੇ ਦਾਨ, ਸੱਤਰ ਬਹੱਤਰ ਚੁਹੱਤਰ ਕਰ ਪਰਵਾਨ, ਹਰਿ ਸੰਗਤ ਮੇਲਾ ਦੋ ਜਹਾਨ, ਏਥੇ ਓਥੇ ਵਿਛੜ ਕਦੇ ਨਾ ਜਾਇੰਦਾ ।

੬੭੧
੧੪

## ★ ੧੨ ਹਾੜ ੨੦੨੦ ਬਿਕ੍ਰਮੀ ਦਲੀਪ ਸਿੰਘ ਟਾਂਗਰਾ ਦੇ ਨਵਿਤ ਦਰਬਾਰ ਵਿਚ ਜੇਠੂਵਾਲ ★

ਸਚ ਪ੍ਰੀਤ ਕਰੇ ਪਰਮਾਤਮ, ਪਾਰਬ੍ਰਹਮ ਵੱਡੀ ਵਡਿਆਈਆ । ਮੇਲ ਮਿਲਾਏ ਵਿਛੜੀ ਆਤਮ, ਆਪ ਆਪਣਾ ਬੰਧਣ ਪਾਈਆ । ਏਥੇ ਓਥੇ ਹੋਣ ਨਾ ਦੇਵੇ ਮਾਤਮ, ਦੋ ਜਹਾਨਾਂ ਰੰਗ ਰੰਗਾਈਆ । ਲੇਖਾ ਜਾਣੇ ਜ਼ਾਹਰ ਬਾਤਨ, ਅਨਭਵ ਆਪਣਾ ਖੇਲ ਰਖਾਈਆ । ਸਦਾ ਸੁਹੇਲ ਬਣਾਏ ਸਾਥਣ, ਸੰਗ ਇਕੋ ਇਕ ਜਣਾਈਆ । ਸ਼ਬਦ ਅਗੰਮ ਚੜ੍ਹਾਏ ਰਾਥਣ, ਰਥ ਰਥਵਾਹੀ ਦਇਆ ਕਮਾਈਆ । ਸਾਚਾ ਟਿੱਕਾ ਲਾਏ ਮਸਤਕ ਮਾਥਨ, ਕੌਸਤਕ ਮਣੀਆ ਰੂਪ ਵਟਾਈਆ । ਇਕ ਜਪਾਏ ਆਪਣਾ ਜਾਪਣ, ਸੋਹੰ ਢੋਲਾ ਰਾਗ ਅਲਾਈਆ । ਲੱਖ ਚੁਰਾਸੀ ਵਿਚੋਂ ਵਿਰੋਲੇ ਮਾਖਣ, ਹਰਿਜਨ ਸਾਚੇ ਬਾਹਰ ਕਢਾਈਆ । ਖੇਲੇ ਖੇਲ ਅਲੱਖਣਾ ਲਾਖਣ, ਅਲਖ ਅਗੋਚਰ ਆਪਣੀ ਕਾਰ ਕਮਾਈਆ । ਸਚ ਸਨੇਹੁੜਾ ਆਇਆ ਆਖਣ, ਕਲਜੁਗ ਅੰਤਮ ਫੇਰਾ ਪਾਈਆ । ਸਾਚਾ ਬੇੜਾ ਰੱਖੇ ਪਾਤਣ, ਖੇਵਟ ਖੇਟਾ ਵੇਸ ਵਟਾਈਆ । ਜਨ ਭਗਤਾਂ ਪੂਰੀ ਕਰੇ ਆਸਨ, ਨਿਰਾਸਾ ਕੋਇ ਰਹਿਣ ਨਾ ਪਾਈਆ । ਨਿਰਗੁਣ ਨੂਰ ਜੋਤ ਪਰਕਾਸ਼ਨ, ਅਗਿਆਨ ਅੰਧੇਰ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤੀ ਆਪ ਰਖਾਈਆ । ਸਚ ਪ੍ਰੀਤੀ ਆਤਮ ਦੇਵ, ਦੇਵੀ ਦੇਵਾ ਆਪ ਲਗਾਇੰਦਾ । ਪਰਮ ਪੁਰਖ ਪ੍ਰਭ ਸਾਚੀ ਸੇਵ, ਨਿਰਗੁਣ ਨਿਰਵੈਰ ਆਪ ਕਮਾਇੰਦਾ । ਹਰਿਜਨ ਖੁਲ੍ਹਾਏ ਆਪਣਾ ਭੇਵ, ਪੜਦਾ ਦੂਈ ਦਵੈਤ ਚੁਕਾਇੰਦਾ । ਧਾਮ ਵਖਾਏ ਇਕ ਨਿਹਕੇਵ, ਨਿਹਚਲ ਆਪਣਾ ਡੇਰਾ ਲਾਇੰਦਾ । ਅੰਮ੍ਰਿਤ ਰਸ ਚਖਾਏ ਮੇਵ, ਰਸ ਰਸੀਆ ਏਕ ਧਾਰ ਵਹਾਇੰਦਾ । ਲੇਖਾ ਜਾਣੇ ਆਪਣੀ ਜਿਹਵ, ਬੱਤੀ ਦੰਦ ਸਿਫ਼ਤ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤ ਆਪ ਰਖਾਇੰਦਾ । ਸਚ ਪ੍ਰੀਤ ਆਤਮ ਅੰਤਰ, ਸੋ ਸਤਿਗੁਰ ਆਪ ਲਗਾਈਆ । ਨਾਮ ਨਿਧਾਨ ਜਣਾਏ ਮੰਤਰ, ਗੁਰ ਗੁਰ ਕਰੇ ਪੜ੍ਹਾਈਆ । ਵੇਖਣਹਾਰ ਗਗਨ ਗਗਨੰਤਰ, ਗ੍ਰਿਹਿ ਮੰਦਰ ਖੋਜ ਖੁਜਾਈਆ । ਭਗਤ ਭਗਵਾਨ ਬਣਾਏ ਬਣਤਰ, ਘੜਨ ਭੰਨਣਹਾਰ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤੀ ਇਕ ਰਖਾਈਆ । ਸਚ ਪ੍ਰੀਤ ਕਰੇ ਕਰਤਾਰ, ਕੁਦਰਤ ਆਪਣੀ ਧਾਰ ਜਣਾਈਆ । ਵਿਸ਼ਨ ਬ੍ਰਹਮਾ ਸ਼ਿਵ ਦੇ ਆਧਾਰ, ਸਾਚੀ ਸੇਵਾ ਇਕ ਸਮਝਾਈਆ । ਨਿਰਗੁਣ ਸਰਗੁਣ ਕਰ ਪਿਆਰ, ਗੁਰ ਗੁਰ ਆਪਣਾ ਰਾਹ ਵਖਾਈਆ । ਪੰਜ ਤੱਤ ਤੱਤ ਆਧਾਰ, ਤ੍ਰੈਗੁਣ ਆਪਣੀ ਗੰਢ ਪੁਆਈਆ । ਪਾਰਬ੍ਰਹਮ ਬ੍ਰਹਮ ਦਏ ਪਿਆਰ, ਮਿਹਰਬਾਨ ਮਿਹਰ ਨਜ਼ਰ ਉਠਾਈਆ । ਸਾਚੀ ਕਰਨੀ ਵਿਚ ਸੰਸਾਰ, ਹਰਿ ਕਰਤਾ ਆਪ ਕਮਾਈਆ । ਲੱਖ ਚੁਰਾਸੀ ਭਰ ਭੰਡਾਰ, ਅੰਡਜ ਜੇਰਜ ਉਤਭੁਜ ਸੇਤਜ ਵੰਡ ਵੰਡਾਈਆ । ਦੀਆ ਬਾਤੀ ਕਮਲਾਪਾਤੀ ਕਰ ਉਜਿਆਰ, ਘਰ ਘਰ ਮੰਦਰ ਕਰੇ ਰੁਸ਼ਨਾਈਆ । ਅੰਮ੍ਰਿਤ ਬੂੰਦ ਸਵਾਂਤੀ ਠੰਡੀ ਠਾਰ, ਕਵਲ ਕਵਲ ਰੂਪ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤ ਇਕ ਵਖਾਈਆ । ਸਚ ਪ੍ਰੀਤ ਕਰੇ ਹਰਿ ਠਾਕਰ, ਹਰਿਜਨ ਸੱਜਣ ਵੇਖ ਵਖਾਇੰਦਾ । ਫੋਲਣਹਾਰਾ ਸਾਢੇ ਤਿੰਨ ਹੱਥ ਕਾਇਆ ਗਾਗਰ, ਗਹਿਰ ਗੰਭੀਰ ਪਰਦਾ ਲਾਹਿੰਦਾ । ਨਿਰਮਲ ਕਰਮ ਕਰ ਉਜਾਗਰ, ਜੋਤੀ ਜਾਤਾ ਡਗਮਗਾਇੰਦਾ । ਦਰਗਹਿ ਸਾਚੀ ਨਾਮ ਬਣਾਏ ਇਕ ਸੌਦਾਗਰ, ਵਣਜ ਵਣਜਾਰਾ ਇਕੋ ਹੱਟ ਖੁਲ੍ਹਾਇੰਦਾ । ਧਰਮ ਦੁਆਰੇ ਦੇਵੇ ਆਦਰ, ਗੁਰਮੁਖ ਗੁਰਸਿਖ ਗੋਦ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤੀ ਆਪ

੯੭੨
੧੪

ਲਗਾਇੰਦਾ । ਸਚ ਪ੍ਰੀਤ ਲਗਾਏ ਸਵਾਮੀ, ਨਰ ਹਰਿ ਨਰਾਇਣ ਬੇਪਰਵਾਹੀਆ । ਸਰਬ ਜੀਆਂ ਬਣ ਅੰਤਰਜਾਮੀ, ਘਟ ਘਟ ਵੇਖ ਵਖਾਈਆ । ਆਦਿ ਜੁਗਾਦਿ ਸੋਹੰ ਬਾਣੀ, ਆਤਮ ਪਰਮਾਤਮ ਧਾਰ ਚਲਾਈਆ । ਗੁਰ ਅਵਤਾਰ ਸੁਣਾ ਕਹਾਣੀ, ਪੀਰ ਪੈਗ਼ੰਬਰ ਕਰੇ ਪੜ੍ਹਾਈਆ । ਮੁਕਾਮੇ ਹੱਕ ਨੂਰ ਨੁਰਾਨੀ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਪਰਵਰਦਿਗਾਰ ਲਾਸਾਨੀ, ਨਿਸ਼ਾਨ ਇਕੋ ਇਕ ਸਮਝਾਈਆ । ਜੁਗ ਚੌਕੜੀ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਪੜ੍ਹਦੇ ਗਏ ਕਹਾਣੀ, ਵਾਰਤਾ ਅੰਤ ਨਾ ਕਿਸੇ ਮੁਕਾਈਆ । ਅਠ ਸਠ ਤੀਰਥ ਵਿਰੋਲਦੇ ਰਹੇ ਪਾਣੀ, ਨਿਝਰ ਧਾਰ ਅੰਮ੍ਰਿਤ ਰਸ ਨਾ ਕੋਇ ਚੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤ ਇਕ ਲਗਾਈਆ । ਸਚ ਪ੍ਰੀਤ ਲਗਾਏ ਪੁਰਖ ਅਗੰਮ, ਅਗੰਮੜੀ ਕਾਰ ਕਮਾਇੰਦਾ । ਮਾਤ ਪਿਤਾ ਘਰ ਪਏ ਨਾ ਜੰਮ, ਗੋਦੀ ਗੋਦ ਨਾ ਕੋਇ ਸੁਹਾਇੰਦਾ । ਨਿਰਗੁਣ ਸਰਗੁਣ ਆਪਣਾ ਜਾਣੇ ਕੰਮ, ਕਰਨੀ ਕਰਤਾ ਆਪ ਕਮਾਇੰਦਾ । ਨਿਤ ਨਵਿਤ ਬੇੜਾ ਬੰਨ੍ਹ, ਲੋਕਮਾਤ ਆਪ ਚਲਾਇੰਦਾ । ਨਾਮ ਅਮੋਲਕ ਸਾਚਾ ਧੰਨ, ਜਨ ਭਗਤਾਂ ਆਪ ਵਰਤਾਇੰਦਾ । ਰਾਗ ਨਾਦ ਸੁਣਾਏ ਕੰਨ, ਧੁੰਨ ਆਤਮਕ ਨਾਦ ਵਜਾਇੰਦਾ । ਭਾਂਡਾ ਭਰਮ ਭਾਉ ਭੰਨ, ਕੂੜੀ ਕਿਰਿਆ ਮੇਟ ਮਿਟਾਇੰਦਾ । ਭਾਗ ਲਗਾਏ ਕਾਇਆ ਤਨ, ਪੰਜ ਤੱਤ ਵੇਖ ਵਖਾਇੰਦਾ । ਮਨ ਵਾਸਨਾ ਬੰਨ੍ਹੇ ਮਨ, ਮਨ ਕਾ ਮਣਕਾ ਆਪ ਭੁਆਇੰਦਾ । ਕਰੇ ਪਰਕਾਸ਼ ਨੇਤਰ ਅੰਨ, ਜੋਤ ਨਿਰੰਜਣ ਨੂਰ ਧਰਾਇੰਦਾ । ਕਰੇ ਖੇਲ ਸ੍ਰੀ ਭਗਵਨ, ਦੂਜਾ ਸੰਗ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤ ਆਪ ਨਿਭਾਇੰਦਾ । ਸਚ ਪ੍ਰੀਤ ਨਿਭਾਏ ਅੰਤ, ਬੇਪਰਵਾਹ ਵੱਡੀ ਵਡਿਆਈਆ । ਹਰਿਜਨ ਵੇਖੇ ਸਾਚੇ ਸੰਤ, ਸੱਜਣ ਆਪਣੇ ਨਾਲ ਮਿਲਾਈਆ । ਮੇਲ ਮਿਲਾਵਾ ਨਾਰ ਕੰਤ ਗ੍ਰਿਹਿ ਮੰਦਰ ਵੱਜੇ ਵਧਾਈਆ । ਚਾੜ੍ਹੇ ਰੰਗ ਇਕ ਬਸੰਤ, ਉਤਰ ਕਦੇ ਨਾ ਜਾਈਆ । ਸਾਚਾ ਢੋਲਾ ਨਾਮ ਮੰਤ, ਮੰਤਰ ਸੋਹੰ ਰੂਪ ਵਖਾਈਆ । ਏਥੇ ਓਥੇ ਆਤਮ ਪਰਮਾਤਮ ਬਣਾਏ ਬਣਤ, ਪਾਰਬ੍ਰਹਮ ਬ੍ਰਹਮ ਆਪਣੀ ਗੰਢ ਪੁਆਈਆ । ਨਾਤਾ ਤੋੜ ਹਉਮੇਂ ਹੰਗਤ, ਮਾਇਆ ਮਮਤਾ ਡੇਰਾ ਢਾਹੀਆ । ਸਚ ਪ੍ਰੀਤ ਕਰੇ ਹਰਿ ਸੰਗਤ, ਹਰਿਜਨ ਆਪਣੇ ਅੰਗ ਲਗਾਈਆ । ਗੁਰਮੁਖ ਕੋਈ ਨਾ ਹੋਵੇ ਮੰਗਤ, ਦੂਜੇ ਦਰ ਨਾ ਫੇਰਾ ਪਾਈਆ । ਸਤਿਗੁਰ ਭੇਵ ਨਾ ਜਾਣੇ ਕੋਈ ਪੰਡਤ, ਜਗਤ ਵਿਦਿਆ ਹੋਏ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਪ੍ਰੀਤ ਆਪਣੇ ਹੱਥ ਰਖਾਈਆ । ਸਾਚੀ ਪ੍ਰੀਤ ਪ੍ਰਭ ਰੱਖੇ ਹੱਥ, ਦੂਸਰ ਹੱਥ ਨਾ ਕਿਸੇ ਫੜਾਇੰਦਾ । ਜੁਗ ਚੌਕੜੀ ਚਲਾਏ ਰਥ, ਬਣ ਰਥਵਾਹੀ ਸੇਵ ਕਮਾਇੰਦਾ । ਜਨ ਭਗਤਾਂ ਮਾਰਗ ਆਪਣਾ ਦੱਸ, ਸਾਚਾ ਰਾਹ ਇਕ ਵਖਾਇੰਦਾ । ਆਤਮ ਪਰਮਾਤਮ ਮੇਲ ਮਿਲਾਵਾ ਹੱਸ ਹੱਸ, ਚਿੰਤਾ ਸੋਗ ਗ਼ਮ ਨੇੜ ਨਾ ਆਇੰਦਾ । ਨਿਝਰ ਝਿਰਨਾ ਦੇਵੇ ਰਸ, ਅੰਮ੍ਰਿਤ ਬੂੰਦ ਇਕ ਟਪਕਾਇੰਦਾ । ਸਾਚੇ ਮੰਦਰ ਸਾਚੇ ਘਰ ਸਚ ਮਹੱਲੇ ਗਾਏ ਜਸ, ਢੋਲਾ ਇਕੋ ਰਾਗ ਸੁਣਾਇੰਦਾ । ਪੰਧ ਮੁਕਾਏ ਨੱਸ ਨੱਸ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਆਪਣਾ ਫੇਰਾ ਪਾਇੰਦਾ । ਲੇਖਾ ਜਾਣ ਤੱਤ ਅੱਠ, ਨੌਂ ਦੁਆਰੇ ਪੜਦਾ ਲਾਹਿੰਦਾ । ਦਸਮ ਦੁਆਰੀ ਆਪੇ ਵਸ, ਗੁਰਮੁਖ ਸੋਏ ਆਪ ਉਠਾਇੰਦਾ । ਤੀਰ ਅਣਿਆਲਾ ਮਾਰੇ ਕਸ, ਤਿਖੀ ਮੁਖੀ ਧਾਰ ਸੁਹਾਇੰਦਾ । ਜਨਮ ਜਨਮ ਦੀ ਪੂਰੀ ਕਰੇ ਆਸ, ਕਰਮ ਕਰਮ ਦਾ ਰੋਗ ਗੁਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤ ਇਕ ਨਿਭਾਇੰਦਾ । ਸਚ ਪ੍ਰੀਤ ਨਿਭਾਵੇ ਤੋੜ, ਸਤਿਗੁਰ ਪੂਰੇ ਵਡ ਵਡਿਆਈਆ ।

੬੭੪ ੧੪

ਅਧਵਿਚਕਾਰ ਨਾ ਜਾਏ ਛੋੜ, ਸ਼ੌਹ ਦਰਿਆ ਨਾ ਕੋਇ ਰੁੜ੍ਹਾਈਆ । ਲੇਖਾ ਜਾਣੇ ਰਵਿਦਾਸ ਚੁਮਾਰਾ ਜੋ ਢੋ ਕੇ ਢੋਰ, ਸਰਗੁਣ ਨਿਰਗੁਣ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤ ਇਕ ਉਪਜਾਈਆ । ਸਚ ਪ੍ਰੀਤ ਉਪਜੇ ਇਕ, ਇਕ ਓਅੰਕਾਰ ਆਪ ਉਪਜਾਇੰਦਾ । ਧੁਰਦਰਗਾਹੀ ਲੇਖਾ ਦੇਵੇ ਲਿਖ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਗੁਰੂ ਗੋਬਿੰਦ ਗੋਬਿੰਦ ਗੁਰਸਿਖ, ਗੁਰਸਿਖ ਗੁਰ ਇਕੋ ਘਰ ਵਖਾਇੰਦਾ । ਸਤਿਗੁਰ ਸਾਹਿਬ ਸੁਲਤਾਨ ਪਾਏ ਭਿਖ, ਨਾਮ ਵਸਤ ਆਪ ਵਰਤਾਇੰਦਾ । ਨਿਰਧਨ ਸਰਧਨ ਕਰੇ ਹਿਤ, ਹਿਤਕਾਰੀ ਫੇਰਾ ਪਾਇੰਦਾ । ਲੱਖ ਚੁਰਾਸੀ ਜੀਵ ਜੰਤ ਜਿਤ, ਹਰਿਜਨ ਸਾਚੇ ਮਾਣ ਦਿਵਾਇੰਦਾ । ਗੁਰਮੁਖਾਂ ਬਣੇ ਮਾਤ ਪਿਤ, ਪਿਤਾ ਪੂਤ ਗੋਦ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤ ਆਪ ਰਖਾਇੰਦਾ । ਸਚ ਪ੍ਰੀਤ ਰੱਖੇ ਭਗਵਾਨ, ਭਗਵਨ ਆਪਣੀ ਦਇਆ ਕਮਾਈਆ । ਕਲਜੁਗ ਅੰਤ ਕਰੇ ਪਰਵਾਨ, ਜੁਗ ਚੌਕੜੀ ਪੰਧ ਮੁਕਾਈਆ । ਸੱਤਰ ਬਹੱਤਰ ਚੌਹੱਤਰ ਕਰ ਪਰਵਾਨ, ਸਾਤਾ ਚੌਕਾ ਏਕਾ ਜੋੜ ਜੁੜਾਈਆ । ਹਰਿ ਕਾ ਅੰਕ ਸਕੇ ਨਾ ਕੋਇ ਪਹਿਚਾਨ, ਚੌਦਾਂ ਵਿਦਿਆ ਰਹੀ ਕੁਰਲਾਈਆ । ਚੌਦਾਂ ਲੋਕ ਹੋਏ ਹੈਰਾਨ, ਚੌਦਾਂ ਤਬਕ ਦੇਣ ਦੁਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਰਬ ਪਛਤਾਣ, ਪਸ਼ਚਾਤਾਪ ਕਰੇ ਜਗਤ ਲੋਕਾਈਆ । ਚਾਰ ਕੁੰਟ ਸੁੰਞ ਮਸਾਣ, ਹਰਿ ਕਾ ਨਾਉਂ ਨਾਦ ਨਾ ਕੋਇ ਸੁਣਾਈਆ । ਦਹਿ ਦਿਸ਼ਾ ਹੋਏ ਵੈਰਾਨ, ਗੁਰਮੁਖ ਫੁਲ ਫੁਲਵਾੜੀ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰ, ਹਰਿਜਨ ਦੇਵੇ ਮਾਣ ਵਡਿਆਈਆ । ਚਾਰ ਕੁੰਟ ਵੇਖੇ ਆਪ, ਪ੍ਰਭ ਆਪਣੀ ਦਇਆ ਕਮਾਈਆ । ਆਤਮ ਪਰਮਾਤਮ ਕੋਈ ਨਾ ਜਪੇ ਜਾਪ, ਰਸਨਾ ਕਾਗ ਵਾਂਗ ਕੁਰਲਾਈਆ । ਜਨਮ ਕਰਮ ਨਾ ਕੋਇ ਉਤਾਰੇ ਪਾਪ, ਕੂੜੀ ਕਿਰਿਆ ਮੈਲ ਨਾ ਕੋਇ ਧੁਆਈਆ । ਜੂਠ ਝੂਠ ਬਣਿਆ ਸਾਕ, ਹਰਿ ਸੱਜਣ ਸੰਗ ਨਾ ਕੋਇ ਨਿਭਾਈਆ । ਸਰ ਸਰੋਵਰ ਵੇਖ ਤਾਟ, ਜਗਤ ਘਾਟ ਫੇਰੀਆਂ ਪਾਈਆ । ਪ੍ਰਭ ਮਿਲਣ ਦੀ ਕਿਸੇ ਨਾ ਮੁੱਕੀ ਵਾਟ, ਮੰਜ਼ਲ ਹੱਕ ਨਾ ਕੋਇ ਪੁਚਾਈਆ । ਆਤਮ ਸੇਜਾ ਕੋਈ ਨਾ ਸੁੱਤਾ ਖਾਟ, ਘਰ ਕੰਤ ਨਾ ਕੋਇ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤ ਇਕ ਵਖਾਈਆ । ਸਚ ਪ੍ਰੀਤ ਕਰੋ ਪ੍ਰਭ ਮੀਤ, ਜੁਗ ਚੌਕੜੀ ਵੇਖ ਵਖਾਇੰਦਾ । ਸਦਾ ਸਦਾ ਜਨ ਸਾਚੀ ਰੀਤ, ਗੁਰ ਅਵਤਾਰ ਰਾਹ ਲਗਾਇੰਦਾ । ਜਿਸ ਦੀ ਮਹਿਮਾ ਸੁਣਦੇ ਠਾਕਰ ਦੁਆਰੇ ਮੰਦਰ ਮਸੀਤ, ਗੁਰੂਦੁਆਰਾ ਰਾਗ ਅਲਾਇੰਦਾ । ਸੋ ਸਾਹਿਬ ਬੈਠਾ ਰਹੇ ਅਤੀਤ, ਤ੍ਰੈਗੁਣ ਵਿਚ ਕਦੇ ਨਾ ਆਇੰਦਾ । ਮਨ ਵਾਸਨਾ ਲਓ ਜੀਤ, ਮਨ ਮਣਕਾ ਆਪ ਭੁਆਇੰਦਾ । ਸਾਚੇ ਮੰਦਰ ਚੜ੍ਹੋ ਠੀਕ, ਕੂੜਾ ਠੀਕਰ ਭੰਨ ਵਖਾਇੰਦਾ । ਗੁਰਮੁਖ ਗੁਰਸਿਖ ਇਕੋ ਗਾਓ ਗੀਤ, ਸੋਹੰ ਅੱਖਰ ਆਪ ਪੜ੍ਹਾਇੰਦਾ । ਆਤਮ ਪਰਮਾਤਮ ਪਰਦਾ ਚੁੱਕੇ ਬੀਚ, ਭੀਤਰ ਨਜ਼ਰ ਕੋਇ ਨਾ ਆਇੰਦਾ । ਸਤਿ ਧਰਮ ਦੁਆਰਾ ਲੰਘ ਵੇਖੋ ਦਹਿਲੀਜ, ਸਤਿਗੁਰ ਪੂਰਾ ਅੱਗੇ ਰਾਹ ਤਕਾਇੰਦਾ । ਜਿਸ ਗ੍ਰਿਹਿ ਲੱਗੇ ਇਕ ਪ੍ਰੀਤ, ਸੋ ਪ੍ਰੀਤੀ ਤੋੜ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਰਨ ਬਰਨ ਆਪ ਸਮਝਾਇੰਦਾ । ਸਚ ਪ੍ਰੀਤ ਦੱਸੇ ਚਾਰ ਵਰਨ, ਚਾਰ ਕੁੰਟ ਵੱਜੇ ਵਧਾਈਆ । ਪਰਦਾ ਲਾਹੇ ਅਠਾਰਾਂ ਬਰਨ, ਕੂੜੀ ਕਿਰਿਆ ਮੇਟ ਮਿਟਾਈਆ । ਪੁਰਖ ਅਕਾਲ ਏਕੋ ਸਰਨ, ਸਰਨਗਤ ਇਕ ਸਮਝਾਈਆ । ਨੇਤਰ ਖੋਲ੍ਹੋ ਹਰਨ ਫਰਨ, ਨਿਜ ਨੇਤਰ ਹੋਏ ਰੁਸ਼ਨਾਈਆ ।

ਲਹਿਣਾ ਦੇਣਾ ਚੁਕੇ ਮਰਨ ਡਰਨ, ਰਾਏ ਧਰਮ ਨਾ ਦਏ ਸਜ਼ਾਈਆ। ਸਾਚੇ ਪੌੜੇ ਗੁਰਮੁਖ ਚੜ੍ਹਨ, ਸਤਿਗੁਰ ਇਕੋ ਡੰਡਾ ਰਿਹਾ ਵਖਾਈਆ। ਅਧਵਿਚਕਾਰ ਮੂਲ ਨਾ ਅੜਨ, ਰਾਹ ਵਿਚ ਨਾ ਕੋਇ ਅਟਕਾਈਆ। ਜੋ ਜਨ ਢੋਲਾ ਸੋਹੰ ਪੜ੍ਹਨ, ਘਰ ਸਾਚੇ ਮੇਲ ਮਿਲਾਈਆ। ਕਲਜੁਗ ਤਰਨੀ ਅੰਤਮ ਤਰਨ, ਤਾਰਨਹਾਰਾ ਆਪ ਤਰਾਈਆ। ਦਰਗਹਿ ਸਾਚੀ ਸਾਚੀ ਵੜਨ, ਘਰ ਸਚ ਮਿਲੇ ਵਡਿਆਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤ ਇਕ ਰਖਾਈਆ। ਸਚ ਪ੍ਰੀਤ ਆਤਮ ਸੁਖ, ਤਨ ਰੋਗ ਰਹਿਣ ਨਾ ਪਾਈਆ। ਜਨਮ ਜਨਮ ਦਾ ਮਿਟੇ ਦੁੱਖ, ਕਰਮ ਕਰਮ ਦਾ ਵਿਜੋਗ ਦਏ ਗਵਾਈਆ। ਸਵਾਧਾਨ ਹੋਏ ਜੋ ਬੈਠਾ ਚੁਪ, ਆਪ ਆਪਣੀ ਲਏ ਅੰਗੜਾਈਆ। ਪੜਦਾ ਲਾਹ ਵਖਾਏ ਮੁਖ, ਘੁੰਗਟ ਕੋਇ ਨਜ਼ਰ ਨਾ ਆਈਆ। ਨਿਰਗੁਣ ਧਾਰੋਂ ਪਏ ਉਠ, ਜੋਤੀ ਜੋਤ ਜੋਤ ਰੁਸ਼ਨਾਈਆ। ਸਤਿਗੁਰ ਸਵਾਮੀ ਆਪੇ ਤੁਠ, ਮਿਹਰਵਾਨ ਮਿਹਰ ਨਜ਼ਰ ਉਠਾਈਆ। ਗੁਰਮੁਖ ਗੁਰਸਿਖ ਫੜੇ ਅਗੰਮੀ ਗੁੱਟ, ਬਾਜ਼ੂ ਹੱਥ ਨਾ ਕੋਇ ਲਗਾਈਆ। ਕਾਇਆ ਮੰਦਰ ਅੰਦਰ ਵੜ ਕੇ ਲਏ ਪੁੱਛ, ਮੁਰੀਦ ਮੁਰਸ਼ਦ ਲੇਖਾ ਜਾਣੇ ਥਾਉਂ ਥਾਈਂਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤੀ ਇਕ ਸਮਝਾਈਆ। ਸਚ ਪ੍ਰੀਤ ਕਰੋ ਗੁਰ, ਸਤਿਗੁਰ ਦੇਵੇ ਮਾਣ ਵਡਿਆਈਆ। ਲੇਖਾ ਜਾਣੇ ਧੁਰ ਦਾ ਧੁਰ, ਧੁਰ ਮਸਤਕ ਵੇਖ ਵਖਾਈਆ। ਰਾਗ ਤਾਲ ਜਣਾਏ ਸੁਰ, ਸੁਰਤੀ ਸ਼ਬਦ ਮਿਲਾਈਆ। ਕਰ ਪਰਕਾਸ਼ ਅੰਧੇਰ ਘੋਰ, ਚੰਦ ਚਾਂਦਨਾ ਨੂਰ ਰੁਸ਼ਨਾਈਆ। ਜਨਮ ਕਰਮ ਦੇ ਵਿਛੜੇ ਜੋੜ, ਜੋੜੀ ਗੁਰਮੁਖ ਗੁਰ ਮਿਲਾਈਆ। ਕੂੜੀ ਕਿਰਿਆ ਦਰ ਤੋਂ ਹੋੜ, ਸਚ ਸੁੱਚ ਵਸਤ ਵਰਤਾਈਆ। ਪੰਜ ਤੱਤ ਮਿਟਾਏ ਚੋਰ, ਠੱਗੀ ਕਰਨ ਕੋਇ ਨਾ ਜਾਈਆ।




ਮਾਇਆ ਮਮਤਾ ਪਾਏ ਨਾ ਸ਼ੋਰ, ਹਉਮੈਂ ਹੰਗਤਾ ਨਾ ਹੋਏ ਹਲਕਾਈਆ। ਆਪ ਆਪਣੇ ਸੰਗ ਲਏ ਤੋਰ, ਹੌਲੀ ਹੌਲੀ ਨਾਲ ਮਿਲਾਈਆ। ਸ੍ਰੀ ਭਗਵਾਨ ਆਪਣੇ ਹੱਥ ਵਿਚ ਰੱਖੇ ਡੋਰ, ਜਿਉਂ ਭਾਵੇ ਤਿਉਂ ਭੁਆਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਭਗਤਾਂ ਹੋਏ ਸਹਾਈਆ। ਸਚ ਪ੍ਰੀਤੀ ਭਗਤੀ ਰੰਗ, ਹਰਿ ਭਗਤਨ ਆਪ ਚੜ੍ਹਾਇੰਦਾ। ਅੱਠੇ ਪਹਿਰ ਵਸੇ ਸੰਗ, ਦਿਵਸ ਰੈਣ ਵਿਛੜ ਕਦੇ ਨਾ ਜਾਇੰਦਾ। ਪਰੇਮ ਪ੍ਰੀਤ ਵਜਾਏ ਮਰਦੰਗ, ਸੋਹਲਾ ਆਪਣਾ ਨਾਮ ਸੁਣਾਇੰਦਾ। ਆਤਮ ਪਰਮਾਤਮ ਦਏ ਅਨੰਦ, ਅਨੰਦ ਅਨੰਦ ਵਿਚੋਂ ਵਖਾਇੰਦਾ। ਜੋ ਜਨ ਸੋਹੰ ਢੋਲਾ ਗਾਏ ਛੰਦ, ਤਿਸ ਸੰਸਾ ਰੋਗ ਰਹਿਣ ਕੋਇ ਨਾ ਪਾਇੰਦਾ। ਅੰਤਮ ਲੇਖੇ ਲੱਗੇ ਤੱਤ ਪੰਜ, ਪੰਚਮ ਆਪਣੀ ਗੰਢ ਵਖਾਇੰਦਾ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸੁਰਤੀ ਹੋਣ ਨਾ ਦੇਵੇ ਰੰਡ, ਹਰਿ ਕਰਤਾ ਕਰਨੀ ਆਪ ਜਣਾਇੰਦਾ। ਸਚ ਪ੍ਰੀਤ ਕਰੇ ਬੇਪਰਵਾਹ, ਸ਼ਾਹ ਪਾਤਸ਼ਾਹ ਵੱਡੀ ਵਡਿਆਈਆ। ਨਾਉਂ ਨਿਰੰਕਾਰ ਆਪ ਧਰਾ, ਧਰਨੀ ਧਰਤ ਧਵਲ ਸੁਹਾਈਆ। ਆਕਾਸ਼ ਪਰਕਾਸ਼ ਕਰ ਰੁਸ਼ਨਾ, ਮੰਡਲ ਮੰਡਪ ਦਏ ਵਡਿਆਈਆ। ਗਗਨ ਗਗਨੰਤਰ ਫੇਰਾ ਪਾ, ਪੁਰੀ ਲੋਅ ਖੋਜ ਖੁਜਾਈਆ। ਵਿਸ਼ਨ ਬ੍ਰਹਮਾ ਸ਼ਿਵ ਜਗਾ, ਸਾਚੀ ਸਿਖਿਆ ਇਕ ਦ੍ਰਿੜਾਈਆ। ਗੁਰ ਅਵਤਾਰ ਧੰਦੇ ਲਾ, ਮਾਰਗ ਆਪਣਾ ਆਪ ਬੁਝਾਈਆ। ਪੀਰ ਪੈਗ਼ੰਬਰ ਹੁਕਮ ਮਨਾ, ਧੁਰ ਦੀ ਕਾਰ ਆਪ ਸਮਝਾਈਆ। ਲੱਖ ਚੁਰਾਸੀ ਵੰਡ ਵੰਡਾ, ਖਾਣੀ ਬਾਣੀ ਭੇਵ ਮਿਟਾਈਆ। ਧੁਰ ਦੀ ਰਾਣੀ ਇਕ ਬਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਪ੍ਰੀਤ ਇਕ ਰਖਾਈਆ। ਧੁਰ ਦੀ ਰਾਣੀ ਸਚ ਪ੍ਰੀਤ, ਅਪਰੰਪਰ ਆਪ ਪਰਨਾਇੰਦਾ। ਜਿਸ ਦਾ ਢੋਲਾ ਇਕੋ

੯੭੬
੧੪

ਗੀਤ, ਦੋ ਜਹਾਨ ਨਾ ਕੋਇ ਬਦਲਾਇੰਦਾ । ਜਿਸ ਦੀ ਆਦਿ ਜੁਗਾਦਿ ਨਿਤ ਨਵਿਤ ਸਾਚੀ ਰੀਤ, ਪਰਦਾ ਵਿਚ ਨਾ ਕੋਇ ਰਖਾਇੰਦਾ । ਜਿਸ ਦਾ ਸਵਾਮੀ ਇਕੋ ਮੀਤ, ਪਤਿਪਰਮੇਸ਼ਵਰ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤ ਇਕ ਵਖਾਇੰਦਾ । ਸਚ ਪ੍ਰੀਤ ਕਰੇ ਹਰਿ ਗੋਬਿੰਦ, ਗੋਬਿੰਦ ਧਾਰ ਜਣਾਈਆ । ਗੁਰਮੁਖ ਮੇਟੇ ਸਗਲੀ ਚਿੰਦ, ਚਿੰਤਾ ਚਿਖਾ ਨਾ ਕੋਇ ਜਲਾਈਆ । ਦਾਤਾ ਦਾਨੀ ਗੁਣੀ ਗਹਿੰਦ, ਗਹਿਰ ਗੰਭੀਰ ਵਡ ਸਾਗਰ ਰੂਪ ਵਟਾਈਆ । ਗੁਰਸਿਖ ਬਣਾਏ ਆਪਣੀ ਬਿੰਦ, ਸੁਤ ਨਾਦੀ ਨਾਉਂ ਧਰਾਈਆ । ਸਾਚੀ ਧਾਰ ਵਹਾਏ ਅੰਮ੍ਰਿਤ ਸਿੰਧ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਸਹਿਜ ਸੁਖਦਾਈਆ । ਮਿਹਰਵਾਨ ਸਰਬ ਕਲਾ ਭਰਪੂਰ, ਬੇਅੰਤ ਬੇਅੰਤ ਅਖਵਾਇੰਦਾ । ਜਨ ਭਗਤਾਂ ਦਿਸੇ ਹਾਜ਼ਰ ਹਜ਼ੂਰ, ਮਨਮੁਖਾਂ ਨਜ਼ਰ ਕੋਇ ਨਾ ਆਇੰਦਾ । ਹਰਿਜਨ ਆਸਾ ਮਨਸਾ ਪੂਰ, ਮਨਮੁਖ ਦੂਰ ਦੁਰਾਡੇ ਦਰ ਦੁਰਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪ੍ਰੀਤ ਆਪਣਾ ਨੇਹੋਂ ਵਖਾਇੰਦਾ । ਸਚ ਪ੍ਰੀਤੀ ਨੇਹੋਂ ਸਵਾਮੀ, ਸਰਬ ਕਲਾ ਵਡਿਆਈਆ । ਭੂਪਤ ਭੂਪ ਵਡ ਸ਼ਾਹ ਸੁਲਤਾਨੀ, ਸ਼ਹਿਨਸ਼ਾਹ ਆਪਣਾ ਰਾਹ ਵਖਾਈਆ । ਦੇਵਣਹਾਰਾ ਪਦ ਨਿਰਬਾਣੀ, ਨਿਰਬਾਣ ਪਦ ਸਮਝਾਈਆ । ਬੋਧ ਅਗਾਧ ਅਕਥ ਕਹਾਣੀ, ਇਕੋ ਨਾਮ ਪੜ੍ਹਾਈਆ । ਘਟ ਭੀਤਰ ਅੰਤਰ ਨਰ ਹਰਿ ਜਾਣੀ, ਨਰਾਇਣ ਆਪਣਾ ਪੜਦਾ ਲਾਹੀਆ । ਗੁਰਮੁਖ ਗੁਰਸਿਖ ਚਤਰ ਸੁਘੜ ਸੁਚੱਜੀ ਸਵਾਣੀ, ਘਰ ਸਾਚੇ ਖ਼ੁਸ਼ੀ ਮਨਾਈਆ । ਆਤਮ ਪਰਮਾਤਮ ਸੋਹੰ ਢੋਲਾ ਪੜ੍ਹੇ ਬਾਣੀ, ਬਾਵਨ ਵੇਖੇ ਧਿਆਨ ਲਗਾਈਆ । ਜਿਸ ਦੀ ਰਾਮ ਰਾਵਣ ਕਹਾਣੀ, ਸੋ ਆਪਣਾ ਖੇਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਪ੍ਰੀਤ ਆਪ ਲਗਾਈਆ । ਆਪਣੀ ਪ੍ਰੀਤ ਲਗਾਏ ਆਦਿ, ਅੰਤ ਵੇਖ ਵਖਾਈਆ । ਲੇਖਾ ਜਾਣ ਬ੍ਰਹਮ ਬ੍ਰਹਿਮਾਦ, ਬ੍ਰਹਿਮਾਂਡ ਖੋਜ ਖੁਜਾਈਆ । ਨਿਤ ਨਵਿਤ ਵਟਾਏ ਸਵਾਂਗ, ਸਵਾਂਗੀ ਆਪਣੀ ਕਾਰ ਕਮਾਈਆ । ਜਨ ਭਗਤ ਮਿਲਣ ਦੀ ਰੱਖੇ ਤਾਂਘ, ਨਿਤ ਨਿਤ ਆਪਣਾ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਵੇਸ ਵਟਾਈਆ । ਜੁਗ ਚੌਕੜੀ ਵੇਸ ਅਵੱਲਾ, ਸੋ ਸਾਹਿਬ ਆਪ ਕਰਾਈਆ । ਕਲਜੁਗ ਅੰਤਮ ਇਕ ਇਕੱਲਾ, ਨਿਹਕਲੰਕਾ ਨਾਉਂ ਰਖਾਈਆ । ਵਸਣਹਾਰਾ ਧਾਮ ਅਟੱਲਾ, ਸੰਬਲ ਨਗਰ ਦਏ ਵਡਿਆਈਆ । ਪਾਵੇ ਸਾਰ ਜਲਾਂ ਥਲਾਂ, ਜੰਗਲ ਜੂਹ ਉਜਾੜ ਪਹਾੜ ਉਚੇ ਟਿੱਲੇ ਪਰਬਤ ਫੋਲ ਫੁਲਾਈਆ । ਜੋਤੀ ਸ਼ਬਦੀ ਨਿਰਗੁਣ ਧਾਰ ਰਲਾ, ਰੂਪ ਰੰਗ ਰੇਖ ਨਜ਼ਰ ਕਿਸੇ ਨਾ ਆਈਆ । ਸਚ ਸਿੰਘਾਸਣ ਪੁਰਖ ਅਬਿਨਾਸ਼ਨ ਇਕੋ ਮੱਲਾ, ਸਾਚੀ ਸੇਜਾ ਸੋਭਾ ਪਾਈਆ । ਧੁਰ ਸੰਦੇਸ਼ ਨਰ ਨਰੇਸ਼ ਇਕੋ ਘੱਲਾ, ਚਾਰ ਵਰਨ ਕਰੇ ਪੜ੍ਹਾਈਆ । ਆਤਮ ਪਰਮਾਤਮ ਫੜਾਏ ਪੱਲਾ, ਪੱਲੂ ਇਕੋ ਗੰਢ ਪੁਆਈਆ । ਜਿਸ ਦੀ ਸਿਫ਼ਤ ਸਾਲਾਹੀ ਨਾਰ ਅੱਲਾ, ਮੀਆਂ ਖ਼ਾਵੰਦ ਪਰਵਰਦਿਗਾਰ ਨੂਰ ਇਲਾਹੀਆ । ਅੰਤਮ ਪੂਰਾ ਹੋਇਆ ਛਿਲਾ, ਸਦੀ ਚੌਧਵੀਂ ਵੰਡ ਵੰਡਾਈਆ । ਵੇਖਣਹਾਰਾ ਚੜ੍ਹ ਕੇ ਉਚੇ ਟਿੱਲਾ, ਮਹੱਲ ਅਟੱਲ ਕਰੇ ਰੁਸ਼ਨਾਈਆ । ਆਪਣੀ ਕਰਨੀ ਕਰਨਹਾਰ ਹੋਏ ਨਾ ਢਿੱਲਾ, ਗ਼ਫ਼ਲਤ ਵਿਚ ਕਦੇ ਨਾ ਆਈਆ । ਜਿਸ ਚਰਨ ਛੁਹਾ ਤਾਰੀ ਸਿਲਾ, ਤਿਸ ਰਾਮ ਰਾਮ ਆਪਣਾ ਰਾਮ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਸਾਹਿਬ ਜਾਣੇ ਆਪਣਾ ਵੇਲਾ, ਥਿਤ ਵਾਰ ਘੜੀ ਪਲ ਸਮਝ ਕਿਸੇ ਨ ਆਈਆ । ਹਰਿ ਕਹਾਣੀ ਕੋਈ ਨਾ ਸਕੇ ਸਮਝ, ਚਾਰ ਯੁਗ ਦਏ ਦੁਹਾਈਆ ।

ਗੁਰਮੁਖ ਵਿਰਲਾ ਜਾਣੇ ਰਮਜ਼, ਜਿਸ ਆਪਣਾ ਭੇਵ ਖੁਲ੍ਹਾਈਆ । ਲਹਿਣਾ ਦੇਣਾ ਚੁਕਾਏ ਪੂਰਬ ਜਨਮ, ਅੱਗੇ ਆਪਣੇ ਮਾਰਗ ਪਾਈਆ । ਕੂੜੀ ਕਿਰਿਆ ਮੇਟ ਭਰਮ, ਸਚ ਸੁੱਚ ਇਕ ਸਮਝਾਈਆ । ਨਾਤਾ ਤੋੜ ਵਰਨ ਬਰਨ, ਜ਼ਾਤ ਪਾਤ ਲੇਖਾ ਦਏ ਚੁਕਾਈਆ । ਸਾਹਿਬ ਸਤਿਗੁਰ ਇਕੋ ਸਰਨ, ਆਤਮ ਪਰਮਾਤਮ ਹੋਏ ਸਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸੋਹੰ ਢੋਲਾ ਸਾਰੇ ਪੜ੍ਹਨ, ਤੂੰ ਮੇਰਾ ਮੈਂ ਤੇਰਾ ਜਸ ਰਹੇ ਦਰ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਪ੍ਰੀਤ ਅੰਤ ਨਿਭਾਈਆ । ਕਲਜੁਗ ਪ੍ਰੀਤ ਭਗਤਾਂ ਸੰਗ, ਸੋ ਪੁਰਖ ਅਕਾਲ ਨਿਭਾਇੰਦਾ । ਪੁਰੀ ਲੋਅ ਬ੍ਰਹਿਮੰਡ ਖੰਡ ਲੰਘ, ਲੋਕਮਾਤ ਫੇਰਾ ਪਾਇੰਦਾ । ਹਰਿਜਨ ਸੇਜਾ ਵੇਖ ਪਲੰਘ, ਆਤਮ ਅੰਤਰ ਡੇਰਾ ਲਾਇੰਦਾ । ਉਚੀ ਕੂਕ ਸੁਣਾਏ ਛੰਦ, ਸੋਹੰ ਆਪਣਾ ਰਾਗ ਅਲਾਇੰਦਾ । ਤੂੰ ਮੇਰਾ ਮੈਂ ਤੇਰਾ ਦੋਹਾਂ ਦਾ ਮੁਕਿਆ ਪੰਧ, ਪਾਂਧੀ ਅਧਵਾਟੇ ਰਹਿਣ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਕਰੇ ਗੋਪਾਲ, ਸਵਾਮੀ ਆਪਣੇ ਹੱਥ ਰੱਖੇ ਵਡਿਆਈਆ । ਗੁਰਮੁਖ ਗੁਰਸਿਖ ਸੱਚੇ ਲਾਲ, ਹਰਿ ਲਾਲਨ ਆਪਣੇ ਰੰਗ ਰੰਗਾਈਆ । ਅੰਤ ਨੇੜ ਨਾ ਆਵੇ ਕਾਲ, ਜਮ ਡੰਡ ਨਾ ਕੋਇ ਲਗਾਈਆ । ਲਾੜੀ ਮੌਤ ਨਾ ਕਰੇ ਭਾਲ, ਲੱਖ ਚੁਰਾਸੀ ਨਾ ਕੋਇ ਭੁਆਈਆ । ਜਿਸ ਦਾ ਸਤਿਗੁਰ ਬਣੇ ਦਲਾਲ, ਵਣਜ ਇਕੋ ਹੱਟ ਵਖਾਈਆ । ਅੰਤਮ ਲੈ ਕੇ ਜਾਏ ਨਾਲ, ਸ਼ਬਦ ਇਸ਼ਾਰੇ ਨਾਲ ਉਠਾਈਆ । ਜੋ ਜਨ ਸਾਚੀ ਘਾਲਨਾ ਰਹੇ ਘਾਲ, ਸ੍ਰੀ ਭਗਵਾਨ ਸੇਵ ਕਮਾਈਆ । ਤਿਨ੍ਹਾਂ ਕਰੇ ਆਪ ਪ੍ਰਿਤਪਾਲ, ਪ੍ਰਿਤਪਾਲਕ ਫੇਰਾ ਪਾਈਆ । ਫਲ ਲਗਾਏ ਕਾਇਆ ਡਾਲ, ਪੱਤ ਟਾਹਣੀ ਆਪ ਮਹਿਕਾਈਆ । ਚਰਨ ਕਵਲ ਦਏ ਬਹਾਲ, ਸਾਚੀ ਸਰਨ ਇਕ ਵਖਾਈਆ । ਏਥੇ ਓਥੇ ਚਲੇ ਨਾਲ, ਜਗਤ ਵਛੋੜਾ ਪੰਧ ਮੁਕਾਈਆ । ਗੋਦ ਉਠਾਏ ਆਪਣੇ ਬਾਲ, ਬਾਲੀ ਬੁਧ ਦਏ ਵਡਿਆਈਆ । ਸਚ ਪ੍ਰੀਤੀ ਦਿਤੀ ਸਖਾਲ, ਹਰਿ ਸੰਗਤ ਕਰ ਪੜ੍ਹਾਈਆ । ਅੰਦਰ ਵਸਿਆ ਦੀਨ ਦਿਆਲ, ਦੀਨਾਂ ਨਾਥ ਹੋਏ ਸਹਾਈਆ । ਤ੍ਰੈਗੁਣ ਮਾਇਆ ਤੋੜ ਜੰਜਾਲ, ਕੂੜੀ ਕਿਰਿਆ ਮੇਟ ਮਿਟਾਈਆ । ਮੁਰਸ਼ਦ ਪੁੱਛੇ ਮੁਰੀਦਾਂ ਹਾਲ, ਬੇਪਰਵਾਹ ਫੇਰਾ ਪਾਈਆ । ਲੇਖੇ ਲਾਏ ਤਨ ਖ਼ਾਕੀ ਮਾਟੀ ਖਾਲ, ਸੋਨਾ ਕੰਚਨ ਰੂਪ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਪਰਮਾਤਮ ਦੇਵੇ ਦਾਨ, ਸਚ ਪ੍ਰੀਤੀ ਵਿਚ ਜਹਾਨ, ਗੁਰਸਿਖ ਗੁਰ ਗੁਰ ਇਕੋ ਰੰਗ ਰੰਗਾਈਆ ।

## ★ ੧੨ ਹਾੜ ੨੦੨੦ ਬਿਕ੍ਰਮੀ ਹੀਰਾ ਨੰਦ ਚੰਬਲ ਦੇ ਨਵਿਤ ਦਰਬਾਰ ਵਿਚ ਜੇਠੂਵਾਲ ★

ਪ੍ਰਭੂ ਸਚ ਪ੍ਰੀਤ ਕਮੌਂਦਾ ਏ । ਪੂਰਬ ਲੇਖ ਵੇਖ ਵਖੌਂਦਾ ਏ । ਭਗਤ ਭਗਵਾਨ ਆਪ ਉਠੌਂਦਾ ਏ । ਧਰਮ ਨਿਸ਼ਾਨ ਇਕ ਜਣੌਂਦਾ ਏ । ਅੰਤਰ ਧਿਆਨ ਇਕ ਰਖੌਂਦਾ ਏ । ਚਤਰ ਸੁਜਾਨ ਮੂੜ੍ਹ ਬਣੌਂਦਾ ਏ । ਸਾਚਾ ਮੰਤਰ ਦੇ ਗਿਆਨ, ਸੋਝੀ ਸਾਚੀ ਪੌਂਦਾ ਏ । ਫੜ ਫੜ ਬਾਲ ਅਵਾਣ, ਘਰ ਸਾਚੇ ਰੰਗ ਰੰਗੌਂਦਾ ਏ । ਵਸਤ ਅਮੋਲਕ ਦੇ ਦਾਨ, ਖ਼ਾਲੀ ਝੋਲੀ ਆਪ ਭਰੌਂਦਾ ਏ । ਜਨਮ ਮਰਨ ਦੀ ਚੁੱਕੇ ਕਾਣ, ਆਵਣ ਜਾਵਣ ਪੰਧ ਮੁਕੌਂਦਾ ਏ । ਸਾਚਾ ਮੰਦਰ ਸਤਿ ਮਕਾਨ, ਕਾਇਆ ਬੰਕ ਸੁਹੌਂਦਾ ਏ । ਨੂਰੀ ਦੀਪ ਜੋਤ ਮਹਾਨ, ਦੀਆ ਇਕੋ ਡਗਮਗੌਂਦਾ ਏ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਰਚੌਂਦਾ ਏ । ਸਚ ਪ੍ਰੀਤ ਕਮਾਵੇਗਾ । ਪ੍ਰਭ ਆਪਣੀ ਸੇਵ ਲਗਾਵੇਗਾ । ਵਡ ਦੇਵੀ ਦੇਵ ਫੇਰਾ ਪਾਵੇਗਾ । ਜਨ ਭਗਤ ਚੁਕਾਏ ਆਪਣਾ ਭੇਵ, ਪੜਦਾ ਦੂਈ ਦਵੈਤ ਉਠਾਵੇਗਾ । ਵਸਣਹਾਰਾ ਧਾਮ ਨਿਹਕੇਵ, ਨਿਹਚਲ ਆਪਣਾ ਘਰ ਵਖਾਵੇਗਾ । ਰਸਨਾ ਨਾਮ ਅਗੰਮਾ ਮੇਵ, ਫਲ ਇਕੋ ਇਕ ਜਣਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪ੍ਰੀਤ ਇਕੋ ਘਰ ਜਣਾਵੇਗਾ । ਪ੍ਰੀਤ ਇਕੋ ਹਰਿ ਲਗਾਏਗਾ । ਦਰ ਸਾਚਾ ਮਾਤ ਖੁਲ੍ਹਾਏਗਾ । ਪੁਰਖ ਬਿਧਾਤਾ ਨਜ਼ਰੀ ਆਏਗਾ । ਕਲਜੁਗ ਮੇਟ ਅੰਧੇਰੀ ਰਾਤਾ, ਸਤਿਜੁਗ ਸਾਚਾ ਚੰਦ ਚਮਕਾਏਗਾ । ਆਤਮ ਪਰਮਾਤਮ ਇਕੋ ਗਾਥਾ, ਅੱਖਰ ਵੱਖਰ ਆਪ ਪੜ੍ਹਾਏਗਾ । ਨਿਰਗੁਣ ਹੋ ਜੋਤੀ ਜਾਤਾ, ਜ਼ਾਤ ਅਜ਼ਾਤੀ ਮੇਟ ਮਿਟਾਏਗਾ । ਭਗਤ ਸੁਹੇਲਾ ਦਾਸੀ ਦਾਸਾ, ਗੁਰ ਚੇਲਾ ਕਾਰ ਕਮਾਏਗਾ । ਮੰਡਲ ਮੰਡਪ ਪਾਵੇ ਰਾਸਾ, ਗੋਪੀ ਕਾਹਨ ਨਾਚ ਨਚਾਏਗਾ । ਖੇਲੇ ਖੇਲ ਪ੍ਰਿਥਮੀ ਆਕਾਸ਼ਾ, ਗਗਨ ਗਗਨੰਤਰ ਵੇਖ ਵਖਾਏਗਾ । ਸਚਖੰਡ ਕਰੇ ਨਿਵਾਸਾ, ਸੰਬਲ ਆਪਣਾ ਡੇਰਾ ਲਾਏਗਾ । ਦੋ ਜਹਾਨਾਂ ਵੇਖ ਤਮਾਸ਼ਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤੀ ਆਪ ਨਿਭਾਏਗਾ । ਸਚ ਪ੍ਰੀਤੀ ਹਰਿ ਨਿਭਾਵੇਗਾ । ਗੁਰਮੁਖ ਰੀਤੀ ਮਾਤ ਚਲਾਵੇਗਾ । ਠਾਂਡੀ ਸੀਤੀ ਧਾਰ ਪਰਗਟਾਵੇਗਾ । ਆਤਮ ਅਤੀਤੀ ਇਕ ਬਣਾਵੇਗਾ । ਊਚ ਨੀਚੀ ਭੇਵ ਚੁਕਾਵੇਗਾ । ਪਿਛਲੀ ਬੀਤੀ ਹਾਲ ਸੁਣਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੱਜਣ ਆਪ ਤਰਾਵੇਗਾ । ਹਰਿ ਸੱਜਣ ਆਪ ਤਾਰੇਗਾ । ਜਨਮ ਜਨਮ ਦਾ ਰੋਗ ਨਿਵਾਰੇਗਾ । ਚਿੰਤਾ ਸੋਗ ਸਰਬ ਉਤਾਰੇਗਾ । ਧੁਰ ਵਜੋਗ ਵੇਖ ਵਿਚਾਰੇਗਾ । ਕੱਟ ਹਉਮੇਂ ਰੋਗ, ਪਰੇਮ ਪ੍ਰੀਤੀ ਇਕ ਸਿਖਾਲੇਗਾ । ਸੋਹੰ ਹੰਸਾ ਚੋਗ, ਮਾਣਕ ਮੋਤੀ ਮਾਣਸਰੋਵਰ ਆਪ ਉਛਾਲੇਗਾ । ਘਰ ਦੇਵੇ ਦਰਸ ਅਮੋਘ, ਜੋਤੀ ਜੋਤ ਦੀਪਕ ਇਕੋ ਬਾਲੇਗਾ । ਮੇਲ ਮਿਲਾਏ ਧੁਰ ਸੰਜੋਗ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪੀਤੀ ਇਕ ਨਿਭਾਵੇਗਾ । ਸਚ ਪ੍ਰੀਤੀ ਹਰਿ ਨਿਭਾਏਗਾ । ਨਿਰਗੁਣ ਆਪਣਾ ਫੇਰਾ ਪਾਏਗਾ । ਰਹਿਬਰ ਇਕੋ ਇਕ ਅਖਵਾਏਗਾ । ਦੂਜਾ ਨਜ਼ਰ ਕੋਇ ਨਾ ਆਏਗਾ । ਸਾਚਾ ਮਾਰਗ ਇਕ ਜਣਾਏਗਾ । ਨਾਰਦ ਮੁਨ ਨੈਣ ਸ਼ਰਮਾਏਗਾ । ਕਰੋੜ ਤੇਤੀਸ ਨਾ ਅੱਖ ਉਠਾਏਗਾ । ਸੁਰਪਤ ਨੈਣਾਂ ਨੀਰ ਵਹਾਏਗਾ । ਸ਼ੰਕਰ ਖੁਲ੍ਹੜੇ ਕੇਸ ਰਖਾਏਗਾ । ਬ੍ਰਹਮਾ ਚਾਰ ਮੁਖ ਕੁਰਲਾਏਗਾ । ਵਿਸ਼ਨੂੰ ਖ਼ਾਲੀ ਝੋਲੀ ਵੇਖ ਵੇਖ ਸ਼ਰਮਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਇਕ ਰਚਾਏਗਾ । ਪ੍ਰਭ ਸਾਚੀ ਖੇਲ ਰਚਾਵੇਗਾ । ਕਲਜੁਗ ਅੰਤਮ ਮੇਟ ਮਿਟਾਵੇਗਾ । ਸੱਜਣ ਸਾਚੇ ਸੰਤ ਆਪ ਜਣਾਵੇਗਾ । ਪੂਰਨ ਜੋਤ ਸ੍ਰੀ ਭਗਵੰਤ, ਪ੍ਰਭ ਆਪਣਾ ਨੂਰ ਪਰਗਟਾਵੇਗਾ । ਦੋ ਜਹਾਨਾਂ ਮਹਿਮਾ ਅਗਣਤ, ਵੇਦ ਕਤੇਬ ਸਮਝ ਕੋਇ ਨਾ ਆਵੇਗਾ । ਆਤਮ ਪਰਮਾਤਮ ਸਾਚਾ ਮੇਲਾ ਨਾਰ ਕੰਤ, ਘਰ ਇਕੋ ਮੰਗਲ ਗਾਵੇਗਾ । ਕਾਇਆ ਚੋਲੀ ਚਾੜ੍ਹੇ ਰੰਗ ਬਸੰਤ, ਆਦਿ ਅੰਤ ਉਤਰ ਕਦੇ ਨਾ ਜਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵਾ ਆਪ ਜਣਾਵੇਗਾ । ਸਾਚੀ ਸੇਵਾ ਆਪ ਕਰੇਗਾ । ਨਿਰਵੈਰ ਹੋ ਕਦੇ ਨਾ ਲੜੇਗਾ । ਨਿਰਭੌ ਭੈ ਨਾ ਕੋਈ ਸਿਰ ਧਰੇਗਾ । ਭਗਤ ਭਗਵੰਤ ਆਪ ਵਰੇਗਾ । ਸਚ ਦੁਆਰੇ ਅੱਗੇ ਖੜੇਗਾ । ਅਗੰਮੇ ਪੌੜੇ ਆਪੇ ਚੜ੍ਹੇਗਾ । ਸਾਚਾ ਢੋਲਾ ਅੱਖਰ ਪੜ੍ਹੇਗਾ । ਨਾ ਜਨਮੇਗਾ ਨਾ ਮਰੇਗਾ । ਸਾਚੀ ਤਰਨੀ ਆਪੇ ਤਰੇਗਾ । ਸੰਤ ਸੁਹੇਲੇ ਸਾਚੇ ਫੜੇਗਾ ।

੯੭੮
੧੪

ਸਚ ਦੁਆਰੇ ਲੈ ਕੇ ਵੜੇਗਾ । ਆਪਣੀ ਕਰਨੀ ਆਪੇ ਕਰੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਵੇਸ ਆਪੇ ਧਰੇਗਾ । ਪ੍ਰਭ ਸਾਚਾ ਵੇਸ ਵਟਾਵੇਗਾ । ਨਿਹਕਲੰਕਾ ਨਾਉਂ ਰਖਾਵੇਗਾ । ਨਾਮ ਡੰਕਾ ਇਕ ਵਜਾਵੇਗਾ । ਰਾਉ ਰੰਕਾਂ ਆਪ ਉਠਾਵੇਗਾ । ਸਾਧਾਂ ਸੰਤਾਂ ਹਰਿ ਸਮਝਾਵੇਗਾ । ਸਾਚੇ ਭਗਤਾਂ ਮੇਲ ਮਿਲਾਵੇਗਾ । ਗੁਰਮੁਖਾਂ ਨਾਦ ਸੁਣਾਵੇਗਾ । ਗੁਰਸਿਖਾਂ ਰਾਗ ਅਲਾਵੇਗਾ । ਨੌਂ ਸੌ ਚੁਰਾਨਵੇ ਚੌਕੜੀ ਜੁਗ ਦਾ ਭੁੱਖਾ, ਜਨ ਭਗਤਾਂ ਦਰਸਨ ਕਰ ਆਪਣਾ ਆਪ ਤ੍ਰਿਪਤਾਵੇਗਾ । ਪਰਗਟ ਹੋਏ ਸਦਾ ਸਨਮੁਖਾ, ਪੜਦਾ ਉਹਲਾ ਨਾ ਕੋਇ ਰਖਾਵੇਗਾ । ਕਰੇ ਖੇਲ ਅਬਿਨਾਸ਼ੀ ਅਚੁਤਾ, ਪਰਮੇਸ਼ਵਰ ਆਪਣੀ ਕਾਰ ਕਮਾਵੇਗਾ । ਆਪ ਉਠਾਵੇ ਗੋਬਿੰਦ ਸੁੱਤਾ, ਸੁਤ ਦਾਰਾ ਵੇਖ ਵਖਾਵੇਗਾ । ਸੁਹਾਏ ਸੁਹੰਜਣੀ ਇਕੋ ਰੁੱਤਾ, ਰੁੱਤ ਰੁੱਤੜੀ ਆਪ ਮਹਿਕਾਵੇਗਾ । ਪਰੇਮ ਪਿਆਰ ਕਰੇ ਆਪਣੇ ਪੁੱਤਾ, ਪੂਤ ਸਪੂਤ ਗੰਢ ਬੰਨ੍ਹਾਵੇਗਾ । ਕਲਜੁਗ ਅੰਤਮ ਪੈਂਡਾ ਮੁੱਕਾ, ਪਾਂਧੀ ਇਕੋ ਨਜ਼ਰੀ ਆਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਵੇਗਾ । ਸਾਚੀ ਕਰਨੀ ਆਪ ਕਰਾਏਗਾ । ਨਰ ਹਰਿ ਆਪਣਾ ਖੇਲ ਰਚਾਏਗਾ । ਦਰ ਘਰ ਸਾਚੇ ਅਲਖ ਜਗਾਏਗਾ । ਲੱਖ ਚੁਰਾਸੀ ਨਾਲੋਂ ਕਰ ਕੇ ਵੱਖ, ਭਗਤ ਭਗਵਾਨ ਆਪ ਉਠਾਏਗਾ । ਅੰਤਰ ਆਤਮ ਮਾਰਗ ਦੱਸ, ਸੋਹੰ ਢੋਲਾ ਇਕ ਸੁਣਾਏਗਾ । ਸੁਰਤੀ ਸ਼ਬਦੀ ਮੇਲਾ ਹੱਸ ਹੱਸ, ਜਗਤ ਵਛੋੜਾ ਪੰਧ ਮੁਕਾਏਗਾ । ਸਾਚੇ ਮੰਦਰ ਜਾਵਣ ਵਸ, ਮਹੱਲ ਅਟੱਲ ਇਕ ਰੁਸ਼ਨਾਏਗਾ । ਇਕ ਦੂਜੇ ਦਾ ਗਾਵਣ ਜਸ, ਤੂੰ ਮੇਰਾ ਮੈਂ ਤੇਰਾ ਦੂਜਾ ਰਾਗ ਨਾ ਕੋਇ ਅਲਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤੀ ਅੰਦਰ ਹੋਵੇ ਵਸ, ਵਸਲ ਆਪਣਾ ਇਕ ਵਖਾਏਗਾ । ਸਚ ਪ੍ਰੀਤ ਕਰੇ ਨਿਰੰਕਾਰ, ਸੋ ਪੁਰਖ ਨਿਰੰਜਣ ਬੇਪਰਵਾਹੀਆ । ਕਰਦਾ ਰਿਹਾ ਸਦਾ ਜੁਗ ਚਾਰ, ਜੁਗ ਚੌਕੜੀ ਵੰਡ ਵੰਡਾਈਆ । ਫਿਰਦਾ ਰਿਹਾ ਸੱਚੇ ਘਰ ਬਾਰ, ਗ੍ਰਿਹਿ ਮੰਦਰ ਸੋਭਾ ਪਾਈਆ । ਵੇਂਹਦਾ ਰਿਹਾ ਪੁਰੀ ਲੋਅ ਜਗਤ ਅਖਾੜ, ਲੱਖ ਚੁਰਾਸੀ ਫੋਲ ਫੁਲਾਈਆ । ਬਿਨ ਗੁਰਮੁਖ ਗੁਰਸਿਖ ਕੋਈ ਨਾ ਬੋਲੇ ਸਚ ਜੈਕਾਰ, ਰਸਨਾ ਜਿਹਵਾ ਸਰਬ ਹਲਕਾਈਆ । ਬਿਨ ਸੰਤ ਨਾ ਕਰੇ ਕੋਈ ਪਿਆਰ, ਪਰੇਮ ਪ੍ਰੀਤੀ ਗੰਢ ਨਾ ਕੋਇ ਪੁਆਈਆ । ਬਿਨ ਭਗਤ ਨਾ ਮੰਗੇ ਕੋਈ ਦੀਦਾਰ, ਦੀਦ ਈਦ ਚੰਦ ਨਾ ਕੋਇ ਰੁਸ਼ਨਾਈਆ । ਬਿਨ ਸਖੀਆਂ ਨਾ ਕੋਈ ਮੰਗਲਾਚਾਰ, ਰਾਗ ਨਾਦ ਨਾ ਕੋਇ ਸ਼ਨਵਾਈਆ । ਘਰ ਸੋਹੇ ਨਾ ਬੰਕ ਦੁਆਰ, ਮੰਦਰ ਵੱਜੇ ਨਾ ਕੋਇ ਵਧਾਈਆ । ਦੀਵਾ ਬਾਤੀ ਨਾ ਕੋਇ ਉਜਿਆਰ, ਅੰਧ ਅੰਧਿਆਰ ਨਾ ਕੋਇ ਮਿਟਾਈਆ । ਅੰਮ੍ਰਿਤ ਮਿਲੇ ਨਾ ਠੰਡਾ ਠਾਰ, ਅਗਨੀ ਤੱਤ ਨਾ ਕੋਇ ਬੁਝਾਈਆ । ਨਾਤਾ ਤੁਟੇ ਨਾ ਜਗਤ ਵਿਕਾਰ, ਕੂੜੀ ਕਿਰਿਆ ਨਾ ਕੋਇ ਮਿਟਾਈਆ । ਤਨ ਸੋਹੇ ਨਾ ਸਚ ਸ਼ਿੰਗਾਰ, ਬਸਤਰ ਸਤਿ ਨਜ਼ਰ ਕੋਇ ਨਾ ਆਈਆ । ਨੇਤਰ ਨੈਣ ਨਾ ਕੱਜਲ ਧਾਰ, ਨੈਣ ਮਤਵਾਲਾ ਰੂਪ ਨਾ ਕੋਇ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤੀ ਇਕ ਲਗਾਈਆ । ਸਚ ਪ੍ਰੀਤੀ ਕਰੇ ਕਰਨੇਯੋਗ, ਯੁਗਤੀ ਆਪਣੇ ਹੱਥ ਰਖਾਇੰਦਾ । ਆਦਿ ਅੰਤ ਸ੍ਰੀ ਭਗਵੰਤ ਲੇਖਾ ਜਾਣੇ ਧੁਰ ਸੰਜੋਗ, ਧੁਰ ਸੰਜੋਗੀ ਮੇਲ ਮਿਲਾਇੰਦਾ । ਗੁਰਮੁਖ ਗੁਰ ਗੁਰ ਦੇਵੇ ਦਰਸ ਅਮੋਘ, ਸਵੱਛ ਸਰੂਪੀ ਰੂਪ ਵਟਾਇੰਦਾ । ਮਾਣ ਵਡਿਆਈ ਬਖ਼ਸ਼ੇ ਵਿਚੋਂ ਚੌਦਾਂ ਲੋਕ, ਲੋਕ ਪਰਲੋਕ ਆਪਣਾ ਹੁਕਮ ਜਣਾਇੰਦਾ । ਸਤਿ ਧਰਮ ਦਾ ਸਚ ਸਲੋਕ, ਸੋਹੰ ਢੋਲਾ ਆਪ ਅਲਾਇੰਦਾ । ਜੀਵੰਦਿਆਂ ਜਗ ਦੇਵੇ ਮੋਖ, ਮੋਇਆਂ ਆਪਣੀ ਜੋਤ ਮਿਲਾਇੰਦਾ । ਹਰਿਜਨ

੬੮੦
੧੪

ਨਾ ਹਰਖ ਨਾ ਕੋਇ ਸੋਗ, ਚਿੰਤਾ ਗ਼ਮ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਬਖ਼ਸ਼ੇ ਆਪਣੀ ਓਟ, ਦੂਜਾ ਨਜ਼ਰ ਕੋਇ ਨਾ ਆਇੰਦਾ । ਸਾਚੀ ਓਟ ਪੁਰਖ ਅਕਾਲ, ਕੋਟਨ ਕੋਟ ਧਿਆਨ ਲਗਾਈਆ । ਕਲਜੁਗ ਅੰਤ ਹੋ ਕਿਰਪਾਲ, ਕਰੀਮ ਕਾਦਰ ਖੇਲ ਕਰਾਈਆ । ਹਰਿਜਨ ਵੇਖੇ ਸਾਚੇ ਲਾਲ, ਲਾਲ ਗੁਲਾਲਾ ਰੰਗ ਰੰਗਾਈਆ । ਅੰਦਰ ਬਾਹਰ ਕਰੇ ਪ੍ਰਿਤਪਾਲ, ਬਣ ਸੇਵਕ ਸੇਵ ਕਮਾਈਆ । ਜੋ ਜਨ ਚਰਨ ਪ੍ਰੀਤੀ ਘਾਲਣ ਰਹੇ ਘਾਲ, ਕੀਤੀ ਘਾਲ ਲੇਖੇ ਪਾਈਆ । ਅੱਗੇ ਰਹੇ ਨਾ ਕੋਈ ਸਵਾਲ, ਪੁੱਛ ਗਿਛ ਦਾ ਲੇਖਾ ਦਏ ਮੁਕਾਈਆ । ਸਚਖੰਡ ਦੁਆਰੇ ਚਲੇ ਨਾਲ, ਬਣ ਸਾਥੀ ਸਗਲਾ ਬੇਪਰਵਾਹੀਆ । ਪਰੇਮ ਪ੍ਰੀਤੀ ਅੰਦਰ ਵਜੌਂਦਾ ਜਾਏ ਤਾਲ, ਤਲਵਾੜਾ ਆਪਣਾ ਨਾਮ ਵਖਾਈਆ । ਭਗਤ ਭਗਵੰਤ ਉਠਾਏ ਲਾਲ, ਬੇਮਿਸਾਲ ਆਪਣੀ ਕਾਰ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਪ੍ਰੀਤ ਆਪ ਰਖਾਈਆ । ਸਚ ਪ੍ਰੀਤ ਰੱਖੇ ਆਪ, ਪ੍ਰਭ ਆਪਣੀ ਦਇਆ ਕਮਾਇੰਦਾ । ਜਨ ਭਗਤਾਂ ਦੇਵੇ ਸਾਚਾ ਜਾਪ, ਜੀਵਣ ਜਗਤ ਜੁਗਤ ਜਣਾਇੰਦਾ । ਕੂੜੀ ਕਿਰਿਆ ਮੇਟ ਸੰਤਾਪ, ਸੰਸਾ ਰੋਗ ਸਰਬ ਗਵਾਇੰਦਾ । ਭੇਵ ਚੁਕਾਏ ਆਪਣਾ ਆਪ, ਆਪਾ ਗੁਰਮੁਖਾਂ ਝੋਲੀ ਪਾਇੰਦਾ । ਨਿਰਗੁਣ ਹੋ ਕੇ ਦੇਵੇ ਸਾਥ, ਸਰਗੁਣ ਸਾਚਾ ਸੰਗ ਨਿਭਾਇੰਦਾ । ਮਲਾਹ ਬਣ ਕੇ ਬੇੜਾ ਲਗਾਏ ਘਾਟ, ਮੰਜਧਾਰ ਨਾ ਕੋਇ ਰੁੜ੍ਹਾਇੰਦਾ । ਪਾਂਧੀ ਬਣ ਕੇ ਮੇਟੇ ਵਾਟ, ਦੋ ਜਹਾਨਾਂ ਪੈਂਡਾ ਆਪ ਮੁਕਾਇੰਦਾ । ਨੂਰ ਹੋ ਕੇ ਮਿਟਾਏ ਅੰਧੇਰੀ ਰਾਤ, ਜੋਤੀ ਜਾਤਾ ਇਕੋ ਚੰਦ ਚਮਕਾਇੰਦਾ । ਠਾਕਰ ਹੋ ਕੇ ਵਸੇ ਸਾਥ, ਸਵਾਮੀ ਆਪਣਾ ਸੰਗ ਨਿਭਾਇੰਦਾ । ਦਾਤਾ ਹੋ ਕੇ ਖੇਲ ਕਰੇ ਪੁਰਖ ਸਮਰਾਥ, ਸਮਰਥ ਆਪਣੀ ਕਾਰ ਕਮਾਇੰਦਾ । ਲਹਿਣਾ ਦੇਣਾ ਦੇਵੇ ਹੱਥੋ ਹਾਥ, ਪੂਰਬ ਲੇਖਾ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਪ੍ਰੀਤੀ ਆਪ ਕਮਾਇੰਦਾ । ਸਚ ਪ੍ਰੀਤ ਕਮਾਵੇ ਕੇਹੜਾ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਜੁਗ ਚੌਕੜੀ ਕਰਦਾ ਹੇਰਾ ਫੇਰਾ, ਬੇਪਰਵਾਹ ਆਪਣੀ ਬੇਪਰਵਾਹੀ ਵਿਚ ਸਮਾਈਆ । ਕੋਟਨ ਕੋਟ ਕਰਦੇ ਮੇਰਾ ਮੇਰਾ, ਮੇਰੀ ਮੇਰੀ ਵਿਚ ਬੈਠੇ ਢੇਰੀਆਂ ਢਾਹੀਆ । ਜਨਮ ਜਨਮ ਲੱਭਦਿਆਂ ਹੋ ਗਈ ਦੇਰਾ, ਦੂਰ ਦੁਰਾਡਾ ਹੱਥ ਕਿਸੇ ਨਾ ਆਈਆ । ਕਲਜੁਗ ਅੰਤ ਸ੍ਰੀ ਭਗਵੰਤ ਜਨ ਭਗਤਾਂ ਉਤੇ ਕੀਤੀ ਆਪਣੀ ਮਿਹਰਾ, ਮਿਹਰਵਾਨ ਆਪਣੀ ਦਇਆ ਕਮਾਈਆ । ਨਿਰਗੁਣ ਹੋ ਕੇ ਸਤਿ ਸਵਾਮੀ ਆਦਿ ਪੁਰਖ ਪ੍ਰਭ ਪਾਇਆ ਫੇਰਾ, ਅਬਿਨਾਸ਼ੀ ਆਪਣੀ ਸੇਵਾ ਆਪ ਲਗਾਈਆ । ਦਰ ਘਰ ਸਾਚੇ ਚਾਉ ਘਨੇਰਾ, ਘਰ ਮੰਦਰ ਵੱਜੇ ਵਧਾਈਆ । ਧਰਤ ਧਵਲ ਦਾ ਖੁਲ੍ਹਾ ਵੇਹੜਾ, ਜਿਸ ਦਰ ਦੇਵੇ ਵਡਿਆਈਆ । ਡੁੱਬਦੇ ਪਾਹਨ ਪਾਥਰ ਬੰਨ੍ਹੇ ਬੇੜਾ, ਜੋ ਜਨ ਆਏ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਮਿਹਰਵਾਨ ਪ੍ਰਭ ਆਪਣੀ ਦਇਆ ਕਮਾਈਆ ।

★ ੧੩ ਹਾੜ ੨੦੨੦ ਬਿਕ੍ਰਮੀ ਹਰਬੰਸ ਸਿੰਘ ਮਾਹਲ ਦੇ ਨਵਿਤ ਦਰਬਾਰ ਵਿਚ ਜੇਠੂਵਾਲ ★

ਸਾਚਾ ਖੇਲ ਸ੍ਰੀ ਭਗਵਾਨ, ਧੁਰ ਸਤਿਗੁਰ ਆਪ ਵਰਤਾਈਆ । ਗੁਰ ਅਵਤਾਰ ਹੋ ਹੈਰਾਨ, ਵੇਖਣ ਨੈਣ ਉਠਾਈਆ । ਪੀਰ ਪੈਗ਼ੰਬਰ

ਕਰਨ ਧਿਆਨ, ਚਾਰੋਂ ਕੁੰਟ ਵੇਖ ਵਖਾਈਆ । ਦਹਿ ਦਿਸ਼ਾ ਹੋ ਪਰਧਾਨ, ਹਰਿ ਜੂ ਆਪਣਾ ਡੰਕ ਵਜਾਈਆ । ਚਾਰ ਯੁਗ ਜੋ ਦੇਂਦਾ ਆਇਆ ਦਾਨ, ਚਰਨ ਧੂੜ ਇਕ ਵਰਤਾਈਆ । ਭਗਤ ਭਗਵਾਨ ਕਰਦਾ ਆਇਆ ਪਰਵਾਨ, ਮਿਹਰ ਨਜ਼ਰ ਉਠਾਈਆ । ਸੰਤਾਂ ਦੱਸਦਾ ਆਇਆ ਨਿਸ਼ਾਨ, ਧਰਮ ਨਿਸ਼ਾਨਾ ਇਕ ਸਮਝਾਈਆ । ਗੁਰਮੁਖਾਂ ਰਾਗ ਸੁਣੈਂਦਾ ਆਇਆ ਕਾਨ, ਸਚ ਸੰਦੇਸ ਇਕ ਅਲਾਈਆ । ਗੁਰਸਿਖਾਂ ਦੇਂਦਾ ਆਇਆ ਮਾਣ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਗੁਰ ਅਵਤਾਰ ਵੇਖਣ ਲੋਚ, ਲੋਚਣ ਆਪਣੇ ਧਿਆਨ ਲਗਾਈਆ । ਪੀਰ ਪੈਗ਼ੰਬਰ ਕਰਨ ਸੋਚ, ਸੋਚ ਸਮਝ ਵਿਚ ਨਾ ਆਈਆ । ਸਾਰੇ ਬੈਠੇ ਹੋ ਖ਼ਮੋਸ਼, ਇਕ ਦੂਜੇ ਵਲ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਰਹੇ ਤੱਕ, ਇਕ ਦੂਜੇ ਵਲ ਧਿਆਨ ਲਗਾਈਆ । ਵੇਖੇ ਖੇਲ ਪੁਰਖ ਸਮਰਥ, ਕੀ ਕਰਤਾ ਕਾਰ ਕਮਾਈਆ । ਨਿਰਗੁਣ ਨੂਰ ਹੋ ਪਰਗਟ, ਜੋਤੀ ਜੋਤ ਕਰੇ ਰੁਸ਼ਨਾਈਆ । ਸਤਿ ਧਰਮ ਦਾ ਖੋਲ੍ਹ ਹੱਟ, ਮਾਰਗ ਇਕੋ ਇਕ ਸਮਝਾਈਆ । ਜਨਮ ਕਰਮ ਦਾ ਜੋੜੇ ਨਾਤ, ਨਾਤਾ ਆਪਣੇ ਨਾਲ ਬੰਧਾਈਆ । ਅੱਖਰ ਵੱਖਰ ਇਕੋ ਦੱਸ, ਸਾਚਾ ਨਾਮ ਕਰੇ ਪੜ੍ਹਾਈਆ । ਅੰਤਰ ਆਤਮ ਆਪੇ ਵਸ, ਦੂਈ ਦਵੈਤ ਮਿਟਾਈਆ । ਨਿਝਰ ਝਿਰਨਾ ਦੇਵੇ ਰਸ, ਅੰਮ੍ਰਿਤ ਰਸ ਚਖਾਈਆ । ਨੇਤਰ ਨੈਣ ਖੋਲ੍ਹੇ ਅੱਖ, ਘਰ ਦਰਸਨ ਬੇਪਰਵਾਹੀਆ । ਜੁਗ ਚੌਕੜੀ ਦੇਵਣਹਾਰਾ ਹੱਕ, ਹਕੀਕਤ ਆਪਣੀ ਦਏ ਸਮਝਾਈਆ । ਦੋ ਜਹਾਨਾਂ ਪਾਂਧੀ ਜਾਏ ਨਾ ਥੱਕ, ਨਿਤ ਨਵਿਤ ਵੇਸ ਵਟਾਈਆ । ਭੇਵ ਜਾਣੇ ਪੰਜ ਤੱਤ, ਤਤਵ ਤਤ ਖੇਲ ਖਲਾਈਆ । ਨਿਤ ਨਵਿਤ ਚਲਾਵਣਹਾਰਾ ਰਥ, ਬਣ ਰਥਵਾਹੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਨੇਤਰ ਖੋਲ੍ਹਣ, ਅੱਖ ਪਲਕ ਆਪ ਬਦਲਾਈਆ । ਇਕ ਦੂਜੇ ਨੂੰ ਹੌਲੀ ਹੌਲੀ ਬੋਲਣ, ਰਮਜ਼ ਰਮਜ਼ ਨਾਲ ਮਿਲਾਈਆ । ਵੇਖੋ ਹਰਿ ਜੀ ਕਲਜੁਗ ਅੰਤ ਸਚ ਦੁਆਰਾ ਆਇਆ ਖੋਲ੍ਹਣ, ਖ਼ਾਲਕ ਆਪਣਾ ਫੇਰਾ ਪਾਈਆ । ਦੋ ਜਹਾਨਾਂ ਆਇਆ ਤੋਲਣ, ਨਾਮ ਕੰਡਾ ਹੱਥ ਉਠਾਈਆ । ਭਗਤ ਭਗਵਾਨ ਆਇਆ ਵਰੋਲਣ, ਲੱਖ ਚੁਰਾਸੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਕਰਾਈਆ । ਸਾਚਾ ਖੇਲ ਕਰੇ ਪ੍ਰਭ ਏਕ, ਏਕੰਕਾਰ ਵੱਡੀ ਵਡਿਆਈਆ । ਗੁਰ ਅਵਤਾਰਾਂ ਦੇਂਦਾ ਰਿਹਾ ਟੇਕ, ਜੁਗ ਚੌਕੜੀ ਵੇਖ ਵਖਾਈਆ । ਧੁਰ ਦੀ ਬਾਣੀ ਲਿਖੌਂਦਾ ਰਿਹਾ ਲੇਖ, ਅੱਖਰ ਵੱਖਰ ਇਕ ਸਮਝਾਈਆ । ਨਿਤ ਨਵਿਤ ਧਰਦਾ ਰਿਹਾ ਭੇਖ, ਵੇਸ ਅਵੱਲੜਾ ਆਪ ਵਟਾਈਆ । ਵਸਦਾ ਰਿਹਾ ਸਾਚੇ ਦੇਸ, ਸਾਚੇ ਮੰਦਰ ਸੋਭਾ ਪਾਈਆ । ਬਣਿਆ ਰਿਹਾ ਨਰ ਨਰੇਸ਼, ਧੁਰ ਫ਼ਰਮਾਨਾ ਹੁਕਮ ਮਨਾਈਆ । ਦੋ ਜਹਾਨਾਂ ਰਿਹਾ ਵੇਖ, ਨੇਤਰ ਅੱਖ ਨਾ ਕੋਇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਰਚਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤੱਕਣ ਰਾਹ, ਨੇਤਰ ਨੈਣ ਨੈਣ ਉਘਾੜਿਆ । ਨਿਰਗੁਣ ਹੋ ਕੇ ਨਿਰਗੁਣ ਨਾਲ ਕਰੇ ਸਲਾਹ, ਸਰਗੁਣ ਰੂਪ ਨਾ ਕੋਇ ਵਿਚਾਰਿਆ । ਚਾਰ ਯੁਗ ਜੋ ਬਣਦਾ ਰਿਹਾ ਮਲਾਹ, ਨਿਰਗੁਣ ਨਿਰਵੈਰ ਨਰ ਅਵਤਾਰਿਆ । ਕਲਜੁਗ ਅੰਤ ਹੋਇਆ ਬੇਪਰਵਾਹ, ਬੇਪਰਵਾਹੀ ਖੇਲ ਖਲਾ ਰਿਹਾ । ਸਾਡੇ ਨਾਲ ਨਾ ਕਰੇ ਕੋਈ ਸਲਾਹ, ਇਕ ਇਕੱਲਾ ਹੁਕਮ ਵਰਤਾ ਰਿਹਾ । ਧੁਰ ਦਾ ਮਾਰਗ ਰਿਹਾ ਲਗਾ, ਸਚ ਸੰਦੇਸਾ

੯੮੧
੧੪

ਇਕ ਸੁਣਾ ਰਿਹਾ । ਵਿਸ਼ਨ ਬ੍ਰਹਮਾ ਸ਼ਿਵ ਲਹਿਣਾ ਦੇਣਾ ਰਿਹਾ ਚੁਕਾ, ਝੋਲੀ ਸਭ ਦੀ ਆਪ ਭਰਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਵੇਸ ਆਪ ਵਟਾ ਰਿਹਾ । ਆਪਣਾ ਵੇਸ ਵਟਾਏ ਹਰਿ, ਹਰਿ ਵੱਡਾ ਵਡ ਵਡਿਆਈਆ । ਸਤਿ ਸਤਿਵਾਦੀ ਖੋਲ੍ਹ ਦਰ, ਦਰਵਾਜ਼ਾ ਇਕੋ ਇਕ ਲਗਾਈਆ । ਜਿਸ ਗ੍ਰਿਹਿ ਆਵੇ ਨਾਰੀ ਨਰ, ਬਿਰਧ ਬਾਲ ਮਿਲੇ ਵਡਿਆਈਆ । ਸੰਤ ਸੁਹੇਲੇ ਸੱਜਣ ਲਏ ਫੜ, ਭਗਤ ਭਗਵਾਨ ਅੰਗ ਲਗਾਈਆ । ਗੁਰਮੁਖਾਂ ਚੁਕਾਏ ਭੈ ਡਰ, ਭਿਆਨਕ ਰੂਪ ਨਾ ਕੋਇ ਜਣਾਈਆ । ਗੁਰਮੁਖਾਂ ਦਰਸਨ ਦੇਵੇ ਖੜ, ਸਵੱਛ ਸਰੂਪੀ ਨਜ਼ਰੀ ਆਈਆ । ਕਲਜੁਗ ਅੰਤ ਆਪਣੀ ਕਰਨੀ ਰਿਹਾ ਕਰ, ਹਰਿ ਕਰਤਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਹਰਿ ਖੇਲ ਕਰੌਣਾ, ਸਮਝ ਵਿਚ ਕਿਸੇ ਨਾ ਆਈਆ । ਆਪਣਾ ਹੁਕਮ ਇਕ ਵਰਤੌਣਾ, ਨਾ ਕੋਈ ਮੇਟੇ ਮੇਟ ਮਿਟਾਈਆ । ਧੁਰ ਦਾ ਲੇਖਾ ਆਪ ਸਮਝੌਣਾ, ਭਰਮ ਭੁਲੇਖਾ ਬਾਹਰ ਕਢਾਈਆ । ਸਾਚਾ ਦੇਸ ਇਕ ਵਸੌਣਾ, ਜਿਸ ਗ੍ਰਿਹਿ ਆਪਣਾ ਚਰਨ ਟਿਕਾਈਆ । ਨਰ ਨਰੇਸ਼ ਇਕੋ ਨਜ਼ਰੀ ਔਣਾ, ਗੁਰ ਸ਼ਬਦ ਮਿਲੇ ਵਡਿਆਈਆ । ਦੋ ਜਹਾਨਾਂ ਸੀਸ ਝੁਕੌਣਾ, ਬ੍ਰਹਿਮੰਡ ਖੰਡ ਨਿਉਂ ਨਿਉਂ ਲਾਗੇ ਪਾਈਆ । ਪੁਰੀ ਆਕਾਸ਼ ਢੋਲਾ ਗੌਣਾ, ਮੰਡਲ ਮੰਡਪ ਰਾਗ ਸੁਣਾਈਆ । ਦੋ ਜਹਾਨਾਂ ਡੰਕ ਵਜੌਣਾ, ਨਾਦ ਇਕੋ ਇਕ ਉਠਾਈਆ । ਭਗਤ ਭਗਵੰਤ ਅੰਗ ਲਗੌਣਾ, ਅੰਗੀਕਾਰ ਬੇਪਰਵਾਹੀਆ । ਸਾਚੀ ਸਿਖਿਆ ਇਕ ਦ੍ਰਿੜੌਣਾ, ਇਸ਼ਟ ਦ੍ਰਿਸ਼ਟ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਸਮਝਾਈਆ । ਸਾਚੀ ਖੇਲ ਕਰੇ ਭਗਵੰਤ, ਸਮਝ ਵਿਚ ਕੋਇ ਨਾ ਆਈਆ ।

੬੮੨ ੧੪ ਜੁਗ ਚੌਕੜੀ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੱਸਦਾ ਰਿਹਾ ਮੰਤ, ਮੰਤਰ ਆਪਣਾ ਨਾਮ ਪੜ੍ਹਾਈਆ । ਦੇਂਦਾ ਰਿਹਾ ਵਡਿਆਈ ਪੰਜ ਤੱਤ ਵਿਚ ਜੀਵ ਜੰਤ, ਜਾਗਰਤ ਜੋਤ ਕਰ ਰੁਸ਼ਨਾਈਆ । ਗੜ੍ਹ ਤੋੜਦਾ ਰਿਹਾ ਹਉਮੇਂ ਹੰਗਤ, ਨਿਵਣ ਸੋ ਅੱਖਰ ਇਕ ਸਮਝਾਈਆ । ਬੋਧ ਅਗਾਧਾ ਬਣਦਾ ਰਿਹਾ ਪੰਡਤ, ਸਾਚੀ ਵਿਦਿਆ ਆਪ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਸਰਨਾਈਆ । ਸਚ ਸਰਨਾਈ ਇਕੋ ਵੇਖ, ਦੋ ਜਹਾਨ ਧਿਆਨ ਲਗਾਈਆ । ਠਾਕਰ ਸਵਾਮੀ ਧਰਿਆ ਭੇਖ, ਬੇਅੰਤ ਬੇਪਰਵਾਹੀਆ । ਜਾ ਕੇ ਵਸਿਆ ਗੋਬਿੰਦ ਦੇਸ, ਸੰਬਲ ਆਪਣਾ ਡੇਰਾ ਲਾਈਆ । ਜਿਸ ਮੰਦਰ ਰਹੇ ਹਮੇਸ਼, ਤਿਸ ਸਚਖੰਡ ਵਖਾਈਆ । ਨਿਤ ਨਵਿਤ ਕਰੇ ਹੇਤ, ਆਪ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪਣੇ ਹੱਥ ਰਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਹੋ ਇਕੱਠੇ, ਇਕ ਦੂਜੇ ਰਹੇ ਸੁਣਾਈਆ । ਕਲਜੁਗ ਖੇਲ ਪੁਰਖ ਸਮਰਥੇ, ਸਮਰਥ ਆਪਣਾ ਰਾਹ ਚਲਾਈਆ । ਚਾਰ ਯੁਗ ਜੋ ਸਾਨੂੰ ਹੁਕਮੇ ਅੰਦਰ ਦੱਸਦਾ ਰਿਹਾ ਚਿੱਠੇ, ਲਿਖ ਲਿਖ ਲੇਖਾ ਜਗਤ ਬਣਾਈਆ । ਚਾਰ ਯੁਗ ਚਾਰ ਵਰਨ ਚਾਰ ਕੁੰਟ ਚਾਰ ਯਾਰੀ ਬਹਿ ਬਹਿ ਪਿਟੇ, ਧੀਰਜ ਧੀਰ ਨਾ ਕੋਇ ਦਿਵਾਈਆ । ਅੰਤਮ ਸਭ ਦੇ ਕੱਢੇ ਆਪ ਸਿਟੇ, ਚੋਟੀ ਸਿਖਰ ਵੇਖ ਵਖਾਈਆ । ਬਿਨ ਪੁਰਖ ਅਕਾਲ ਦੀਨ ਦਿਆਲ ਸਾਰੇ ਹੋਏ ਫਿਕੇ, ਰਸ ਇਕੋ ਘਰ ਨਜ਼ਰੀ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਪ੍ਰਭ ਦਾ ਨੂਰ ਵੇਖ ਕਹਿਣ ਅਸੀਂ ਤੇਰੇ ਬਾਲੇ ਨਿੱਕੇ, ਬਾਲੀ ਬੁਧ ਅਖਵਾਈਆ । ਤੂੰ ਸਾਹਿਬ ਸਤਿਗੁਰ ਸਾਚਾ ਪਿਤੇ, ਪਤਿਪਰਮੇਸ਼ਵਰ ਤੇਰੀ ਸਰਨਾਈਆ । ਸਾਡੀ ਹਾਰ ਤੇਰੀ ਜਿਤੇ, ਤੇਰੀ ਜਿਤ ਸਾਡੀ ਵਡਿਆਈਆ । ਸਤਿਜੁਗ

ਤ੍ਰੇਤਾ ਦੁਆਪਰ ਕਲਜੁਗ ਤੇਰੇ ਵੰਡਦੇ ਰਹੇ ਹਿੱਸੇ, ਅੰਤਮ ਲੇਖਾ ਰਿਹਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਇਕ ਸਰਨਾਈਆ । ਸਚ ਸਰਨਾਈ ਤੇਰੀ ਏਕ, ਏਕੰਕਾਰ ਧਿਆਨ ਲਗਾਈਆ । ਚਾਰ ਯੁਗ ਦਾ ਵੇਖਿਆ ਲੇਖ, ਲੇਖਾ ਤੇਰੇ ਹੱਥ ਬੇਪਰਵਾਹੀਆ । ਕਲਜੁਗ ਅੰਤਮ ਧਰਿਆ ਭੇਖ, ਨਰ ਨਰਾਇਣ ਵੇਸ ਵਟਾਈਆ । ਜਨ ਭਗਤਾਂ ਕਰੇ ਸਾਚਾ ਹੇਤ, ਘਰ ਮੇਲਾ ਸਹਿਜ ਸੁਭਾਈਆ । ਨਿਜ ਨੇਤਰ ਵੇਖੇਂ ਨੇਤਨ ਨੇਤ, ਪੜਦਾ ਨਾ ਕੋਇ ਰਖਾਈਆ । ਅੰਦਰ ਵੜ ਕੇ ਦੱਸੇਂ ਭੇਤ, ਪੜਦਾ ਆਪਣਾ ਆਪ ਚੁਕਾਈਆ । ਧੁਰ ਮਸਤਕ ਲਾਵੇਂ ਮੇਖ, ਟਿੱਕਾ ਇਕੋ ਇਕ ਜਣਾਈਆ । ਸੰਤ ਸੁਹੇਲੇ ਸੱਜਣ ਵੇਖ, ਗੁਰ ਚੇਲੇ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਰਬ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਵੇਖਣ ਨੈਣ, ਨੈਣਾਂ ਧਿਆਨ ਲਗਾਇਆ । ਇਕ ਦੂਜੇ ਨੂੰ ਸਾਰੇ ਕਹਿਣ, ਹਰਿ ਜੂ ਕੀ ਕੀ ਖੇਲ ਰਚਾਇਆ । ਜਨ ਭਗਤਾਂ ਦੇਵੇ ਲਹਿਣ ਦੇਣ, ਪੂਰਬ ਲੇਖਾ ਝੋਲੀ ਪਾਇਆ । ਨਿਰਗੁਣ ਹੋ ਕੇ ਬਣਿਆ ਸੈਣ, ਸੱਜਣ ਦਾਤਾ ਬੇਪਰਵਾਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਇਆ । ਵੇਖੇ ਪ੍ਰਭ ਮਿਹਰ ਨਜ਼ਰ ਪਾਏ, ਨਜ਼ਰ ਆਪਣੀ ਆਪ ਬਦਲਾਈਆ । ਗ਼ਰੀਬ ਨਿਮਾਣੇ ਗਲੇ ਲਗਾਏ, ਮਾਣ ਅਭਿਮਾਨ ਨਾ ਕੋਇ ਜਣਾਈਆ । ਡੁੱਬਦੇ ਪਾਥਰ ਪਾਰ ਤਰਾਏ, ਚਰਨ ਆਪਣਾ ਆਪ ਛੁਹਾਈਆ । ਸਚ ਸਰਨ ਜੋ ਆਏ ਸਰਨਾਏ, ਤਿਨ੍ਹਾਂ ਦੇਵਣਹਾਰ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਵਰਤਾਈਆ । ਗੁਰ ਅਵਤਾਰ ਕਹਿਣ ਵੇਖੋ ਥਾਲੀ, ਗਗਨ ਮੰਡਲ ਰਿਹਾ ਭੁਆਈਆ । ਕਲਜੁਗ ਅੰਤ ਖੇਲ ਨਿਰਾਲੀ, ਨਿਰਗੁਣ ਦਾਤਾ ਆਪ ਕਰਾਈਆ । ਸੇਵਾ ਲਾ ਜੋਤ ਅਕਾਲੀ, ਅਕਲ ਕਲ ਆਪਣੀ ਕਾਰ ਕਮਾਈਆ । ਵੇਖਣਹਾਰਾ ਦੋ ਜਹਾਨੀ, ਦੋਏ ਦੋਏ ਆਪਣਾ ਰੰਗ ਵਖਾਈਆ । ਕਲਜੁਗ ਮੇਟੇ ਅੰਧੇਰੀ ਰੈਣ ਕਾਲੀ, ਕੂੜੀ ਕਿਰਆ ਦਏ ਗਵਾਈਆ । ਭਗਤ ਕੋਈ ਨਾ ਰਹੇ ਖ਼ਾਲੀ, ਭਗਵਨ ਆਪਣਾ ਨਾਮ ਝੋਲੀ ਪਾਈਆ । ਸਚ ਦੁਆਰ ਕਰੇ ਦਲਾਲੀ, ਸੌਦਾ ਇਕੋ ਹੱਟ ਵਿਕਾਈਆ । ਵੇਖਣਹਾਰਾ ਹੱਕ ਹਲਾਲੀ, ਹਕੀਕਤ ਖੋਜੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਰਬ ਵਡਿਆਈਆ । ਗੁਰ ਅਵਤਾਰ ਵੇਖਣ ਧਰਤ ਧਵਲ ਪਿਟੀ, ਉਚੀ ਕੂਕ ਕੂਕ ਸੁਣਾਈਆ । ਮੈਂ ਕੀ ਦੱਸਾਂ ਆਪਣੀ ਬੀਤੀ, ਹਾਲ ਕਹਿਣ ਕੋਇ ਨਾ ਜਾਈਆ । ਕਲਜੁਗ ਵੇਖੀ ਕੂੜੀ ਰੀਤੀ, ਚਾਰੋਂ ਕੁੰਟ ਕੂੜ ਲੜਾਈਆ । ਲੱਖ ਚੁਰਾਸੀ ਬਦਲੀ ਨੀਤੀ, ਨੀਤੀਵਾਨ ਨਜ਼ਰ ਕੋਇ ਨਾ ਆਈਆ । ਜਗਤ ਮਤ ਸਰਬ ਪਲੀਤੀ, ਪਾਕ ਰੂਹ ਨਾ ਕੋਇ ਵਖਾਈਆ । ਦੱਸਾਂ ਹਾਲ ਅੱਖੀਂ ਡੀਠੀ, ਜੂਠ ਝੂਠ ਨਾ ਕੋਇ ਜਣਾਈਆ । ਆਸਾ ਤ੍ਰਿਸਨਾ ਮਾਇਆ ਮਮਤਾ ਸਭ ਨੂੰ ਲੱਗੇ ਮੀਠੀ, ਸਾਧ ਸੰਤ ਰਹੇ ਕੁਰਲਾਈਆ । ਕਲਜੁਗ ਅੰਤ ਸ੍ਰੀ ਭਗਵੰਤ ਨਾਮ ਸੰਦੇਸ ਨਰ ਨਰੇਸ਼ ਦੋ ਜਹਾਨ ਅਗੰਮੀ ਦਿਤੀ ਚਿੱਠੀ, ਜਗਤ ਗੁਰੂ ਡਾਕੀਆ ਨਾਲ ਨਾ ਕੋਇ ਰਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਸਾਹਿਬ ਦੀ ਸਾਚੀ ਸਿਖੀ, ਸੋ ਸਿਖਿਆ ਇਕ ਦ੍ਰਿੜਾਈਆ । ਜਿਸ ਦੀ ਧਾਰ ਸਭ ਤੋਂ ਨਿੱਕੀ, ਜਗਤ ਨੇਤਰ ਨਜ਼ਰ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਰਬ ਵਡਿਆਈਆ । ਵਡਿਆਈ ਦੇਵੇ ਪ੍ਰਭ ਏਕੰਕਾਰਾ, ਦੂਜਾ ਸੰਗ ਨਾ ਕੋਇ ਰਖਾਇੰਦਾ । ਨੇਤਰ ਵੇਖੇ ਗੁਰ ਅਵਤਾਰਾ, ਪੀਰ ਪੈਗ਼ੰਬਰਾਂ ਆਪ ਉਠਾਇੰਦਾ । ਚਾਰ ਯੁਗ ਜੀਵਾਂ ਜੰਤਾਂ ਦੇਂਦੇ ਰਹੇ ਚਰਨ ਧੂੜੀ ਛਾਰਾ, ਗੁਰ ਗੁਰ ਇਕੋ ਨਾਮ


੬੮੩
੧੪

੬੮੪
੧੪

ਵਡਿਆਇੰਦਾ । ਮੰਦਰ ਮਸਜਦ ਸ਼ਿਵਦਵਾਲੇ ਮੱਠ ਮੰਗਦੇ ਰਹੇ ਬਣ ਭਿਖਾਰਾ, ਮਸਤਕ ਟਿੱਕਾ ਸਰਬ ਲਗਾਇੰਦਾ । ਸਾਹਿਬ ਸਤਿਗੁਰ ਅੰਤਰ ਆਤਮ ਕਿਸੇ ਨਾ ਕਰਿਆ ਪਿਆਰਾ, ਪ੍ਰੀਤਮ ਨਜ਼ਰ ਕਿਸੇ ਨਾ ਆਇੰਦਾ । ਸ੍ਰੀ ਭਗਵਾਨ ਵਾਲੀ ਦੋ ਜਹਾਨ ਜੁਗ ਚੌਕੜੀ ਸਦਾ ਬਣਿਆ ਰਹੇ ਕੁਆਰਾ, ਧੁਰ ਦਾ ਲਾੜਾ ਆਪ ਅਖਵਾਇੰਦਾ । ਲੱਖ ਚੁਰਾਸੀ ਗੋਪੀ ਕਾਹਨ ਲੈਂਦਾ ਰਹੇ ਆਖਾੜਾ, ਪੁਰੀਆਂ ਲੋਆਂ ਨਾਚ ਨਚਾਇੰਦਾ । ਤਿਸ ਦਾ ਖੇਲ ਅੰਤ ਨਿਆਰਾ, ਨਾ ਕੋਈ ਜਾਣੇ ਗੁਰ ਅਵਤਾਰਾ, ਪੀਰ ਪੈਗ਼ੰਬਰ ਭੇਵ ਕੋਇ ਨਾ ਪਾਇੰਦਾ । ਪੁਰਖ ਅਬਿਨਾਸ਼ੀ ਇਕੋ ਆਇਆ ਸ਼ਾਹ ਸਵਾਰਾ, ਸ਼ਹਿਨਸ਼ਾਹ ਆਪਣਾ ਵੇਸ ਵਟਾਇੰਦਾ । ਚਾਰ ਯੁਗ ਦਾ ਲਾਹੇ ਉਧਾਰਾ, ਪਿਛਲਾ ਕਰਜ਼ਾ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰ ਯੁਗ ਜੋ ਦੇਂਦਾ ਆਇਆ ਲਾਰਾ, ਕਲਜੁਗ ਅੰਤ ਪੂਰ ਕਰਾਇੰਦਾ । ਚਾਰ ਯੁਗ ਲਾਰਾ ਦਿਤਾ ਜ਼ਰੂਰ, ਲੋਕਮਾਤ ਜਗਤ ਪੜ੍ਹਾਈਆ । ਸਭ ਤੋਂ ਵੱਡੀ ਹਰਿ ਸੰਗਤ ਧੂੜ, ਗੁਰ ਅਵਤਾਰ ਗਏ ਜਸ ਗਾਈਆ । ਕਿਸੇ ਲੇਖ ਨਾ ਚੁਕਾਇਆ ਆ ਕੇ ਹਾਜ਼ਰ ਹਜ਼ੂਰ, ਹਜ਼ਰਤ ਆਪਣਾ ਰੂਪ ਵਟਾਈਆ । ਉਂਗਲਾਂ ਇਸ਼ਾਰਿਆਂ ਸ਼ਬਦਾਂ ਨਾਲ ਦੱਸਦੇ ਰਹੇ ਦੂਰਨ ਦੂਰ, ਦੂਰ ਦੁਰਾਡਾ ਬੇਪਰਵਾਹੀਆ । ਸਾਰੇ ਕਹਿੰਦੇ ਰਹੇ ਗੁਰਦਰ ਮੰਦਰ ਮਸਜਦ ਮੱਠ ਸ਼ਿਵਦਵਾਲੇ ਲਾਓ ਧੂੜ, ਦੁਰਮਤ ਮੈਲ ਦੇਵੇ ਕਟਾਈਆ । ਸ੍ਰੀ ਭਗਵਾਨ ਕਹੇ ਮੇਰਾ ਭਗਤ ਮੇਰਾ ਨੂਰ, ਕਿਸੇ ਇੱਟ ਪੱਥਰ ਆਪਣਾ ਮਸਤਕ ਨਾ ਕਦੇ ਝੁਕਾਈਆ । ਜੇ ਕੋਈ ਹੋਵੇ ਸੋ ਮੇਰਾ ਕਸੂਰ, ਜੋ ਭਗਤਾਂ ਅੰਤਰ ਨਜ਼ਰ ਨਾ ਆਈਆ । ਜਿਨ੍ਹਾਂ ਦਾ ਸਾਹਿਬ ਸਰਬ ਕਲਾ ਭਰਪੂਰ, ਸੋ ਮੰਗਣ ਕਿਉਂ ਜਾਈਆ । ਤਿਨ੍ਹਾਂ ਦੀ ਲੇਖੇ ਲੱਗੇ ਧੂੜ, ਆਪ ਆਪਣੇ ਚਰਨ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਦੇਵੇ ਵਡਿਆਈਆ । ਹਰਿ ਸੰਗਤ ਧੂੜ ਪਈ ਚਮਕ, ਪ੍ਰਭ ਚਰਨ ਮਿਲੀ ਵਡਿਆਈਆ । ਦੋ ਜਹਾਨ ਰਹੇ ਤਰੱਬਕ, ਧੀਰਜ ਧੀਰ ਨਾ ਕੋਇ ਧਰਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਚਲੋ ਪ੍ਰਭ ਤੋਂ ਲਈਏ ਸਬਕ, ਅਗਲੀ ਸਿਖਿਆ ਦਏ ਸਮਝਾਈਆ । ਜੋ ਨਿਰਗੁਣ ਹੋ ਕੇ ਆਇਆ ਪਰਤ, ਪਰਮ ਪੁਰਖ ਪ੍ਰਭ ਆਪਣਾ ਫੇਰਾ ਪਾਈਆ । ਜਨ ਭਗਤਾਂ ਉਤੇ ਕਰ ਕੇ ਤਰਸ, ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਧੂੜ ਦਏ ਵਡਿਆਈਆ । ਸਾਚੀ ਧੂੜ ਚਰਨੀ ਲੱਗ, ਘਰ ਸਾਚੇ ਖ਼ੁਸ਼ੀ ਮਨਾਈਆ । ਪ੍ਰਭ ਮੇਰੇ ਬੁਝਾਈ ਮੇਰੀ ਅੱਗ, ਤੱਤੀ ਵਾ ਨਾ ਲੱਗੇ ਰਾਈਆ । ਮੈਂ ਹੋਈ ਸੁਹਾਗਣ ਵਿਚ ਜੱਗ, ਵਰ ਪਾਇਆ ਇਕ ਸ਼ਹਿਨਸ਼ਾਹੀਆ । ਮੇਰਾ ਲੇਖਾ ਲੱਗਾ ਅੱਜ, ਚਾਰ ਯੁਗ ਬੈਠੀ ਰਾਹ ਤਕਾਈਆ । ਮੈਂ ਚਰਨ ਚੁੰਮਾਂ ਭੱਜ ਭੱਜ, ਆਪਣਾ ਪੰਧ ਮੁਕਾਈਆ । ਗੁਰਮੁਖ ਮੇਰਾ ਪੜਦਾ ਲੈਣ ਕੱਜ, ਸਿਰ ਸਾਚਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਧੂੜੀ ਦਏ ਵਡਿਆਈਆ । ਗੁਰਮੁਖ ਧੂੜੀ ਰੰਗ ਰੰਗੀਲਾ, ਸੋ ਸਾਹਿਬ ਇਕ ਅਖਵਾਈਆ । ਕਲਜੁਗ ਅੰਤ ਬਣ ਵਸੀਲਾ, ਵਸਲ ਹੱਕ ਦਏ ਵਖਾਈਆ । ਹਰਿ ਸੰਗਤ ਬਣਾਏ ਸਚ ਕਬੀਲਾ, ਵੱਡਾ ਛੋਟਾ ਨਾ ਕੋਇ ਜਣਾਈਆ । ਚਾਰ ਯੁਗ ਜੋ ਪੌਂਦਾ ਰਿਹਾ ਤਾਅਤੀਲਾਂ, ਅੰਤਮ ਇਕੋ ਹੁਕਮ ਸੁਣਾਈਆ । ਲੋੜ ਨਾ ਰਹੇ ਗੁਰਮੁਖ ਕਰਨ ਦੀ ਅਪੀਲਾ, ਨਿਰਗੁਣ ਬਰੀਖ਼ਾਨਾ ਆਪਣਾ ਚਰਨ ਜਣਾਈਆ । ਪ੍ਰਭ ਮਿਲੇ ਨਾ ਨਾਲ ਦਲੀਲਾਂ, ਕਰ ਕਿਰਪਾ ਬਿਨ ਸੱਦਿਆਂ ਘਰ ਵਿਚ ਆਈਆ । ਹਰਿ ਸੰਗਤ ਤੇਰਾ ਇਕ ਵਸੀਲਾ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

੯੮੫
੧੪

ਸਦ ਦੇਵਣਹਾਰ ਵਡਿਆਈਆ । ਧੂੜ ਕਹੇ ਮੈਂ ਹੋਈ ਸੁਚੱਜੀ, ਪ੍ਰਭ ਦਰ ਮਿਲੀ ਵਡਿਆਈਆ । ਦਰਸ ਕਰ ਕੇ ਘਰ ਵਿਚ ਰੱਜੀ, ਹਰਿ ਮਿਲਿਆ ਬੇਪਰਵਾਹੀਆ । ਸਚ ਦੁਆਰੇ ਬਹਿ ਕੇ ਸਜੀ, ਚਰਨ ਕਵਲ ਮਿਲੀ ਸਰਨਾਈਆ । ਪ੍ਰੇਮ ਪ੍ਰੀਤੀ ਅੰਦਰ ਮਧੀ, ਮਧੁਰ ਧੁਨ ਰਹੀ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਲੇਖੇ ਲਾਈਆ । ਧੂੜ ਕਹੇ ਮੇਰਾ ਮਿਲਿਆ ਸੰਗ, ਹਰਿ ਸੱਚਾ ਬੇਪਰਵਾਹੀਆ । ਜਿਸ ਦੇ ਚਰਨ ਮਿਲੇ ਅਨੰਦ, ਅਨੰਦ ਇਕੋ ਇਕ ਵਖਾਈਆ । ਜਿਸ ਦੀ ਕਦੇ ਨਾ ਖੋਲ੍ਹੀ ਕਿਸੇ ਗੰਢ, ਪਰੇਮ ਡੋਰੀ ਨਾਲ ਬੰਧਾਈਆ । ਜੁਗ ਚੌਕੜੀ ਗਈ ਲੰਘ, ਤੱਕਦਿਆਂ ਤੱਕਦਿਆਂ ਅੰਤਮ ਵਾਟ ਨੇੜੇ ਆਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਉਡ ਉਡ ਲੱਗਦੀ ਰਹੀ ਅੰਗ, ਅੰਗੀਕਾਰ ਰੂਪ ਵਟਾਈਆ । ਬਿਨ ਹਰਿ ਚਰਨ ਸਾਚਾ ਮਿਲਿਆ ਨਾ ਕੋਇ ਸੰਗ, ਸਾਥੀ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਦ੍ਰਿੜਾਈਆ । ਧੂੜ ਨਹੀਂ ਇਹ ਧੁਰ ਦੀ ਧਾਰ, ਧਰਨੀ ਧਰਤ ਧਵਲ ਮਿਲੇ ਵਡਿਆਈਆ । ਧੁਰ ਦੀ ਧਾਰ ਨਹੀਂ ਇਹ ਸਚ ਪਿਆਰ, ਪਰੇਮ ਪ੍ਰੀਤੀ ਇਕ ਨਿਭਾਈਆ । ਪਰੇਮ ਪ੍ਰੀਤ ਨਹੀਂ ਇਹ ਸਤਿਗੁਰ ਕਾਰ, ਹਰਿ ਕਰਤਾ ਰਿਹਾ ਕਮਾਈਆ । ਸਤਿਗੁਰ ਕਾਰ ਨਹੀਂ ਇਹ ਹਰਿ ਸੰਗਤ ਵਿਹਾਰ, ਪੂਰਬ ਲੇਖਾ ਰਿਹਾ ਚੁਕਾਈਆ । ਪੂਰਬ ਲੇਖਾ ਨਹੀਂ ਇਹ ਗੁਰਮੁਖ ਉਧਾਰ, ਲੋਕਮਾਤ ਮਿਲੇ ਵਡਿਆਈਆ । ਲੋਕਮਾਤ ਨਹੀਂ ਇਹ ਸਚਖੰਡ ਦੁਆਰ, ਜਿਸ ਘਰ ਵਸੇ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਇਕ ਵਡਿਆਈਆ । ਧੂੜ ਕਹੇ ਮੈਂ ਆ ਗਈ ਨੇੜੇ, ਦੂਰ ਦੁਰਾਡਾ ਪੰਧ ਮੁਕਾਈਆ । ਭਗਤ ਜਨਾਂ ਦੇ ਵੜ ਗਈ ਖੇੜੇ, ਦਰ ਇਕੋ ਨਜ਼ਰੀ ਆਈਆ । ਚਾਰ ਯੁਗ ਦੇ ਭੁੱਲ ਗਏ ਹੇਰੇ ਫੇਰੇ, ਕੂੜੀ ਕਿਰਿਆ ਨਜ਼ਰ ਕੋਇ ਨਾ ਆਈਆ । ਪਰੇਮ ਪ੍ਰੀਤੀ ਅੰਦਰ ਆ ਗਈ ਘੇਰੇ, ਬਾਹਰ ਰਾਹ ਨਜ਼ਰ ਕੋਇ ਨਾ ਆਈਆ । ਗੁਰਮੁਖ ਦੱਸਾਂ ਕੇਹੜੇ ਕੇਹੜੇ, ਜੋ ਸ੍ਰੀ ਭਗਵਾਨ ਰਹੇ ਧਿਆਈਆ । ਜਿਧਰ ਵੇਖਾਂ ਉਹ ਢੋਲਾ ਗੌਣ ਤੇਰੇ ਮੇਰੇ, ਸੋਹੰ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਧੂੜ ਕਹੇ ਮੈਂ ਹੋਈ ਹੈਰਾਨ, ਮੇਰੀ ਸਮਝ ਰਹੀ ਨਾ ਰਾਈਆ । ਜਨ ਭਗਤਾਂ ਕਿਰਪਾ ਕੀਤੀ ਮਹਾਨ, ਮਿਹਰ ਨਜ਼ਰ ਉਠਾਈਆ । ਆਪਣੀ ਹੱਥੀਂ ਫੜ ਕੇ ਪ੍ਰਭ ਚਰਨ ਦਿਤਾ ਆਣ, ਮਿਲੀ ਸਚ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਦਏ ਚੁਕਾਈਆ । ਧੂੜ ਕਹੇ ਮੈਂ ਚਰਨ ਦਾਸੀ, ਚਰਨ ਕਵਲ ਸਰਨਾਈਆ । ਜਨ ਭਗਤਾਂ ਪੂਰੀ ਕੀਤੀ ਆਸੀ, ਕਰ ਕਿਰਪਾ ਮੇਲ ਮਿਲਾਈਆ । ਜਗਤ ਕਹੇ ਮੈਨੂੰ ਮਿਟੀ ਖ਼ਾਕੀ, ਸਤਿਗੁਰ ਕਹੇ ਪਰੇਮ ਪ੍ਰੀਤ ਤੇਰੀ ਚਤਰਾਈਆ । ਧੰਨ ਭਾਗ ਮੇਰੀ ਨਿਬੜੇ ਬਾਕੀ, ਅੱਗੇ ਉਧਾਰ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਰਨ ਮੇਰੇ ਸੀਸ ਟਿਕਾਈਆ । ਚਰਨ ਪ੍ਰਭੂ ਰੱਖ ਮੇਰੇ ਉਤੇ, ਮੈਂ ਇਕੋ ਆਸ ਤਕਾਈਆ । ਮੇਰੇ ਭਾਗ ਜਾਗਣ ਸੁੱਤੇ, ਸੁੱਤੇ ਗੁਰਮੁਖ ਨਾਲ ਉਠਾਈਆ । ਤੁਧ ਬਿਨ ਸਾਹਿਬ ਮੈਨੂੰ ਕੋਈ ਨਾ ਪੁੱਛੇ, ਲੋਕਮਾਤ ਦੇਵੇ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਭਗਤ ਧੂੜੀ ਤੇਰਾ ਭਗਤੀ ਜੋਗ, ਹਰਿ ਭਗਵਨ ਆਪ ਜਣਾਇੰਦਾ । ਜਨ ਭਗਤਾਂ ਮੇਲਾ ਧੁਰ ਸੰਜੋਗ, ਹਰਿ ਸਤਿਗੁਰ ਆਪ ਕਰਾਇੰਦਾ । ਤੇਰਾ ਲਹਿਣਾ ਚੁਕੇ ਲੋਕ ਪਰਲੋਕ, ਦੋ ਜਹਾਨਾਂ ਪੰਧ

ਮੁਕਾਇੰਦਾ । ਤੇਰੇ ਦਰਸਨ ਨੂੰ ਸਾਰੇ ਰਹੇ ਲੋਚ, ਨੇਤਰ ਨੈਣ ਧਿਆਨ ਲਗਾਇੰਦਾ । ਤੂੰ ਬੈਠੀ ਰਹਿਣਾ ਖ਼ਾਮੋਸ਼, ਸ੍ਰੀ ਭਗਵਾਨ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਧੂੜੀ ਲੇਖੇ ਲਾਇੰਦਾ । ਸਾਚੀ ਧੂੜੀ ਆਈ ਪਾਸ, ਪਾਸਾ ਹਰਿ ਜੂ ਦਏ ਪਲਟਾਈਆ । ਨਾਲ ਰਲਾਏ ਮਨਜੀਤਾ ਖ਼ਾਕ, ਖ਼ਾਕ ਪਾਕ ਰੂਪ ਵਟਾਈਆ । ਸਿੰਘ ਜਗਦੀਸਾ ਬਣੇ ਸਾਕ, ਸਗਲਾ ਸੰਗ ਨਿਭਾਈਆ । ਅਬਿਨਾਸ਼ੀ ਕਰਤਾ ਖੋਲ੍ਹੇ ਤਾਕ, ਬੰਦ ਕਿਵਾੜੀ ਕੁੰਡਾ ਲਾਹੀਆ । ਸ਼ਬਦ ਅਗੰਮ ਮਾਰੇ ਆਵਾਜ਼, ਸੁਰਤੀ ਸੋਈ ਆਪ ਜਗਾਈਆ । ਉਠ ਸਖੀ ਲੈ ਸਾਚਾ ਦਾਜ, ਚਰਨ ਧੂੜੀ ਗੰਢ ਪੁਆਈਆ । ਕਿਰਪਾ ਕਰੇ ਗੁਰੂ ਮਹਾਰਾਜ, ਸ਼ਾਹ ਪਾਤਸ਼ਾਹ ਹੋਏ ਸਹਾਈਆ । ਦੋ ਜਹਾਨਾਂ ਰੱਖੇ ਲਾਜ, ਵੇਖਣਹਾਰਾ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਧੂੜੀ ਲੇਖੇ ਲਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੂਰਖ ਮੂੜ੍ਹ ਚਤਰ ਸੁਘੜ ਆਪਣੇ ਨੂਰ ਵਿਚ ਸਮਾਈਆ ।



## ★ ੧੪ ਹਾੜ ੨੦੨੦ ਬਿਕ੍ਰਮੀ ਦਲੀਪ ਸਿੰਘ ਗੱਗੋ ਬੂਆ ਦੇ ਨਵਿਤ ਦਰਬਾਰ ਵਿਚ ਜੇਠੂਵਾਲ ★

ਚਰਨ ਧੂੜ ਹੋਈ ਉਜਿਆਰ, ਪ੍ਰਭ ਦੇਵੇ ਮਾਣ ਵਡਿਆਈਆ । ਘਰ ਸਾਚੇ ਹੋਈ ਪਰਵਾਨ, ਦਰਗਹਿ ਸਾਚੀ ਵੱਜੇ ਵਧਾਈਆ । ਕਿਰਪਾ ਕਰੀ ਹਰਿ ਮਿਹਰਵਾਨ, ਮਿਹਰ ਨਜ਼ਰ ਉਠਾਈਆ । ਮਾਟੀ ਖ਼ਾਕ ਦਿਤਾ ਦਾਨ, ਸਿਰ ਆਪਣਾ ਹੱਥ ਟਿਕਾਈਆ । ਨਾਤਾ ਜੁੜਿਆ ਵਿਚ ਜਹਾਨ, ਪੁਰਖ ਬਿਧਾਤਾ ਮੇਲ ਮਿਲਾਈਆ । ਹਰਿ ਸੰਗਤ ਸਾਚਾ ਸਚ ਨਿਸ਼ਾਨ, ਸਾਹਿਬ ਸਤਿਗੁਰ ਆਪ ਵਖਾਈਆ । ਗੁਰ ਅਵਤਾਰ ਵੇਖਣ ਮਾਰ ਧਿਆਨ, ਪੀਰ ਪੈਗ਼ੰਬਰ ਨੈਣ ਉਠਾਈਆ । ਰਸਨਾ ਢੋਲਾ ਸਾਰੇ ਗਾਣ, ਰਾਗ ਨਾਦ ਇਕ ਜਣਾਈਆ । ਹਰਿ ਕਾ ਲੇਖਾ ਖੇਲ ਮਹਾਨ, ਕੋਈ ਸਮਝ ਨਾ ਸਕੇ ਰਾਈਆ । ਜੁਗ ਚੌਕੜੀ ਕਰਦੇ ਰਹੇ ਵਖਿਆਨ, ਖਾਣੀ ਬਾਣੀ ਸੋਹਲਾ ਰਾਗ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਧੂੜ ਕਹੇ ਮੈਂ ਆਈ ਦਰ, ਹਰਿ ਦਰਦੀ ਦਰਦ ਵੰਡਾਈਆ । ਪੁਰਖ ਅਬਿਨਾਸ਼ੀ ਮਿਲਿਆ ਘਰ, ਘਰ ਮੰਦਰ ਸੋਭਾ ਪਾਈਆ । ਨਜ਼ਰੀ ਆਇਆ ਨਰਾਇਣ ਨਰ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਲੋਕਮਾਤੀ ਚੁਕਿਆ ਡਰ, ਭੈ ਅਵਰ ਨਾ ਕੋਇ ਰਖਾਈਆ । ਚਰਨ ਕਵਲ ਡਿਗੀ ਦੜ, ਆਪਣਾ ਆਪ ਮਿਟਾਈਆ । ਸਾਚਾ ਪੱਲੂ ਲਿਆ ਫੜ, ਅੱਗੇ ਸਕੇ ਨਾ ਕੋਇ ਛੁਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਰਿਹਾ ਵਖਾਈਆ । ਚਰਨ ਧੂੜ ਕਹੇ ਮੈਂ ਸੋਭਾਵੰਤ, ਹਰਿ ਪਾਇਆ ਪੁਰਖ ਸੁਜਾਨਾ । ਮੇਰਾ ਲੇਖਾ ਚੁਕਿਆ ਜੁਗਾ ਜੁਗੰਤ, ਆਵਣ ਜਾਵਣ ਵਿਚ ਜਹਾਨਾ । ਘਰ ਪਾਇਆ ਸੋਭਾਵੰਤ, ਸਾਹਿਬ ਸਤਿਗੁਰ ਇਕ ਵਖਾਨਾ । ਨਾਮ ਮਿਲਿਆ ਮਣੀਆਂ ਮੰਤ, ਆਤਮ ਪਰਮਾਤਮ ਜੋੜ ਜੁੜਾਨਾ । ਮੇਲ ਮਿਲਾਵਾ ਸਾਚੀ ਸੰਗਤ, ਹਰਿ ਸੰਗੀ ਇਕ ਰਖਾਨਾ । ਨਿਰਵੈਰ ਪੁਰਖ ਲਗਾਏ ਅੰਗਤ, ਮਹਾਂਬਲੀ ਜੋਧਾ ਮਰਦਾਨਾ, ਕੋਈ ਭੇਵ ਨਾ ਪਾਏ ਪੰਡਤ, ਚਾਰ ਵੇਦ ਹੋਏ ਹੈਰਾਨਾ । ਸਾਰ ਨਾ ਜਾਣੇ ਖਾਣੀ ਬਾਣੀ ਜੇਰਜ ਅੰਡਜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਨਾਮ ਨਿਧਾਨਾ । ਧੂੜ ਕਹੇ ਮੈਂ ਚਰਨ ਕਵਲ, ਕਵਲ ਰੂਪ ਸਮਾਈਆ । ਪਤਿਪਰਮੇਸ਼ਵਰ

੯੮੬
੧੪

ਮਿਲਿਆ ਉਪਰ ਧਵਲ, ਧਰਨੀ ਦੇਵਣਹਾਰ ਵਡਿਆਈਆ । ਜਿਸ ਦਾ ਨੂਰ ਇਲਾਹੀ ਅਵਲ, ਆਲਮੀਨ ਰਿਹਾ ਸਮਾਈਆ । ਸੋ ਸਾਹਿਬ ਸੱਚਾ
ਸਵਲ, ਸਾਵਲਾ ਆਪਣਾ ਰੰਗ ਰੰਗਾਈਆ । ਜਿਸ ਦੇ ਬਿਰਹੋਂ ਵਿਛੋੜੇ ਵਿਚ ਹੋਈ ਬਵਲ, ਸੋ ਬਾਵਰਾ ਨਜ਼ਰੀ ਆਈਆ । ਜੋਤੀ ਜੋਤ ਸਰੂਪ
ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਸੰਗ ਨਿਭਾਈਆ । ਧੂੜ ਕਹੇ ਪ੍ਰਭ ਦਿਤੀ ਓਟ, ਓਟ ਪੁਰਖ ਅਕਾਲ ਰਖਾਈਆ । ਘਰ
ਮੰਦਰ ਵੇਖੀ ਨਿਰਮਲ ਜੋਤ, ਨੂਰ ਉਜਾਲਾ ਇਕ ਕਰਾਈਆ । ਨਾਤਾ ਤੁਟਿਆ ਹਰਖ਼ ਸੋਗ, ਚਿੰਤਾ ਗ਼ਮ ਰਹਿਣ ਨਾ ਪਾਈਆ । ਲਹਿਣਾ ਚੁੱਕਿਆ
ਲੋਕ ਪਰਲੋਕ, ਅਵਣ ਗਵਣ ਨਾ ਵੇਖ ਵਖਾਈਆ । ਜਿਸ ਘਰ ਸੋਹਲਾ ਇਕੋ ਇਕ ਸਲੋਕ, ਸੋਹੰ ਰਾਗ ਅਲਾਈਆ । ਤਿਸ ਦਰਸਨ ਨੂੰ ਮੋਰੇ
ਲੋਚਣ ਰਹੇ ਲੋਚ, ਨਿਜ ਨੇਤਰ ਧਿਆਨ ਲਗਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਰਹੀ ਸੋਚ, ਸੋਚਿਆਂ ਸਮਝ ਕੋਇ ਨਾ ਆਈਆ ।
ਕਰ ਕਿਰਪਾ ਜੇ ਦੇਵੇ ਆਪਣੀ ਹੋਸ਼, ਸਾਚਾ ਪੜਦਾ ਦਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਇਕੋ ਰੰਗ
ਰੰਗਾਈਆ । ਚਰਨ ਧੂੜ ਕਹੇ ਮੇਰਾ ਭਾਗ ਵਡੇਰਾ, ਹਰਿ ਵੱਡਾ ਵਡ ਵਡਿਆਈਆ । ਚਾਰ ਯੁਗ ਦਾ ਚੁਕਿਆ ਝੇੜਾ, ਨਵ ਨੌਂ ਪੰਧ ਮੁਕਾਈਆ ।
ਪਾਰਬ੍ਰਹਮ ਦਾ ਵਸਿਆ ਖੇੜਾ, ਸ੍ਰੀ ਭਗਵਾਨ ਆਪ ਵਸਾਈਆ । ਸ਼ਾਹੋ ਭੂਪ ਨਜ਼ਰੀ ਆਇਆ ਨੇਰਨ ਨੇਰਾ, ਨਿਜ ਘਰ ਬੈਠਾ ਡੇਰਾ ਲਾਈਆ ।
ਲੇਖਾ ਚੁੱਕਿਆ ਸੰਝ ਸਵੇਰਾ, ਦਿਵਸ ਰੈਣ ਸੂਰਜ ਚੰਦ ਘੜੀ ਪਲ ਵੰਡ ਨਾ ਕੋਇ ਵੰਡਾਈਆ । ਓਥੇ ਇਕੋ ਰਾਗ ਤੂੰ ਮੇਰਾ ਮੈਂ ਤੇਰਾ, ਸੋਹੰ ਗੀਤ
੬੮੭ ਗੋਬਿੰਦ ਅਲਾਈਆ । ਕੂੜੀ ਕਿਰਿਆ ਢੱਠੇ ਡੇਰਾ, ਮਾਇਆ ਮਮਤਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ੬੮੭
੧੪ ਕਰ, ਸਾਚਾ ਖੇਲ ਰਿਹਾ ਖਲਾਈਆ । ਚਰਨ ਧੂੜ ਕਹੇ ਮੈਂ ਸਚ ਸਵਾਣੀ, ਪ੍ਰਭ ਸਾਚੇ ਚਰਨ ਦਿਤੀ ਸਰਨਾਈਆ । ਪੁਰਖ ਅਬਿਨਾਸ਼ੀ ਇਕ ੧੪
ਇਕੱਲਾ ਮਿਲਿਆ ਹਾਣੀ, ਦੂਜਾ ਦਰ ਨਜ਼ਰ ਕੋਇ ਨਾ ਆਈਆ । ਆਦਿ ਜੁਗਾਦਿ ਨਿਤ ਨਵਿਤ ਜਿਸ ਦਾ ਅੰਮ੍ਰਿਤ ਜਲ ਠੰਡਾ ਪਾਣੀ, ਅਗਨੀ
ਭਾਹ ਨਾ ਲਾਗੇ ਰਾਈਆ । ਜਿਸ ਦਾ ਨੂਰ ਚਾਰ ਖਾਣੀ, ਜਿਸ ਦਾ ਰਾਗ ਚਾਰ ਬਾਣੀ ਰਹੀ ਸੁਣਾਈਆ । ਜਿਸ ਦਾ ਸਾਕ ਦੋ ਜਹਾਨੀ, ਜਿਸ
ਦਾ ਤਾਕ ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਪੜਦਾ ਲਾਹੀਆ । ਜਿਸ ਦਾ ਨਾਦ ਸ਼ਬਦ ਧੁਨ ਮਹਾਨੀ, ਲੱਖ ਚੁਰਾਸੀ ਘਟ ਘਟ ਅੰਦਰ ਰਿਹਾ ਸਮਾਈਆ ।
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਧੂੜ ਕਹੇ ਮੈਂ ਆਈ ਦੁਆਰ, ਦਰ ਦਰਵਾਜ਼ਾ ਇਕੋ
ਨਜ਼ਰੀ ਆਈਆ । ਨਾਤਾ ਛੱਡਿਆ ਕੂੜੇ ਯਾਰ, ਕਲਜੁਗ ਸੰਗ ਨਾ ਕੋਇ ਰਖਾਈਆ । ਸਾਧ ਸੰਤ ਗਏ ਹਾਰ, ਹਿਰਦੇ ਹਰਿ ਨਾ ਕੋਇ ਵਸਾਈਆ ।
ਕੂੜੀ ਕਿਰਿਆ ਕਰਨ ਵਪਾਰ, ਕਾਮ ਵਾਸਨਾ ਹਟ ਚਲਾਈਆ । ਘਰ ਦੀਪਕ ਮੰਦਰ ਜੋਤ ਨਾ ਕੋਇ ਉਜਿਆਰ, ਅੰਧ ਅੰਧੇਰ ਨਾ ਕੋਇ ਗਵਾਈਆ ।
ਸਾਚੀ ਸਖੀਆਂ ਨਾ ਮੰਗਲਚਾਰ, ਹਰਿ ਕਾ ਨਾਉਂ ਨਾ ਕੋਇ ਸੁਣਾਈਆ । ਚਾਰੋਂ ਕੁੰਟ ਦਿਸੇ ਵਿਭਚਾਰ, ਸ੍ਰਿਸ਼ਟ ਸਬਾਈ ਕੂੜੀ ਕਿਰਿਆ ਇਕੋ ਬੰਧਨ
ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਸਦ ਉਠਾਈਆ । ਧੂੜ ਕਹੇ ਮੈਂ ਚਾਰ ਯੁਗ ਗਈ ਥੱਕ, ਦਹਿ
ਦਿਸ਼ਾ ਉਠ ਉਠ ਧਾਈਆ । ਮੇਰੀ ਪਤ ਕੋਈ ਨਾ ਸਕਿਆ ਰੱਖ, ਸਿਰ ਹੱਥ ਨਾ ਕੋਇ ਟਿਕਾਈਆ । ਮੇਰੀ ਕੀਮਤ ਕਿਸੇ ਨਾ ਪਾਈ ਕੌਡੀ ਕੱਖ,
ਮਾਟੀ ਖ਼ਾਕ ਨਾਮ ਰਖਾਈਆ । ਕਲਜੁਗ ਅੰਤ ਸ੍ਰੀ ਭਗਵੰਤ ਮੇਰੇ ਵਲ ਲਿਆ ਤੱਕ, ਸੋਈ ਸਵਾਣੀ ਆਪ ਜਗਾਈਆ । ਕਰੇ ਨਬੇੜਾ ਅੰਤਮ ਹੱਕ,

੬੮੮
੧੪

ਹਕੀਕਤ ਵੇਖੇ ਥਾਉਂ ਥਾਈਆ । ਸਾਚਾ ਮਾਰਗ ਦਿਤਾ ਦੱਸ, ਸਿਖਿਆ ਇਕੋ ਇਕ ਸਮਝਾਈਆ । ਆਪਣਾ ਸੀਸ ਜਨ ਭਗਤਾਂ ਚਰਨਾਂ ਹੇਠਾਂ ਰੱਖ, ਮਾਣ ਅਭਿਮਾਨ ਕੋਇ ਨਜ਼ਰ ਨਾ ਆਈਆ । ਹੋ ਨਿਮਾਣੀ ਦਰ ਤੇ ਢੱਠ, ਭਗਤ ਦੁਆਰ ਮਿਲੇ ਵਡਿਆਈਆ । ਇਕੋ ਰਾਗ ਅਗੰਮੀ ਰਟ, ਰੱਟਾ ਮੁੱਕੇ ਜਗਤ ਲੋਕਾਈਆ । ਲੇਖੇ ਲਾਏ ਪੁਰਖ ਸਮਰਥ, ਸਮਰਥ ਆਪਣੀ ਦਇਆ ਕਮਾਈਆ । ਜਗਤ ਜਹਾਨੋਂ ਕਰ ਕੇ ਵੱਖ, ਸਾਚੇ ਚਰਨ ਲਏ ਬਹਾਈਆ । ਤੇਰੀ ਖੋਲ੍ਹੇ ਇਕੋ ਅੱਖ, ਆਖ਼ਰ ਆਪਣਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਮਾਟੀ ਖ਼ਾਕ ਬਣ ਕੇ ਧੂੜ, ਭਗਤ ਦੁਆਰ ਡੇਰਾ ਲਾਈਆ । ਜਨ ਭਗਤਾਂ ਦਰਸ ਕਰੇ ਜ਼ਰੂਰ, ਨੇਤਰ ਨੈਣ ਨੈਣ ਉਠਾਈਆ । ਚਾਰ ਯੁਗ ਦੀ ਭੁੱਲ ਬਖ਼ਸ਼ਾਵੇ ਕਸੂਰ, ਦੋਏ ਜੋੜ ਪਏ ਸਰਨਾਈਆ । ਮੈਂ ਪੰਧ ਮੁਕਾਇਆ ਦੂਰਨ ਦੂਰ, ਅੰਤਮ ਵਾਟ ਨੇੜੇ ਆਈਆ । ਮੇਰਾ ਨਾਤਾ ਤੁੱਟੇ ਕੂੜੇ ਕੂੜ, ਸਚ ਸੁੱਚ ਮਿਲੇ ਵਡਿਆਈਆ । ਮੇਰਾ ਲੇਖਾ ਲੱਗੇ ਜ਼ਰੂਰ, ਪ੍ਰਭ ਜ਼ਰੂਰਤ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਮਿਹਰਵਾਨ ਸ੍ਰੀ ਭਗਵਾਨ, ਸਾਹਿਬ ਸਾਚੀ ਸਚ ਜਣਾਈਆ । ਸਾਚੀ ਧੂੜੀ ਮਿਲੇ ਦਾਨ, ਦਾਤਾ ਦਾਨ ਆਪ ਵਰਤਾਈਆ । ਕਲਜੁਗ ਅੰਤ ਖੇਲ ਮਹਾਨ, ਹਰਿ ਕਰਤਾ ਆਪ ਕਮਾਈਆ । ਜੀਵ ਜੰਤ ਸਕੇ ਨਾ ਕੋਇ ਪਹਿਚਾਨ, ਪੜਦਾ ਉਹਲਾ ਆਪਣੇ ਹੱਥ ਰਖਾਈਆ । ਕਰ ਕਿਰਪਾ ਜਿਸ ਦੇਵੇ ਪਹਿਚਾਨ, ਆਪ ਆਪਣਾ ਰਾਹ ਵਖਾਈਆ । ਸੋ ਭਗਤ ਭਗਵੰਤ ਮਿਲੇ ਆਣ, ਅੰਤਰ ਆਤਮ ਪੜਦਾ ਲਾਹੀਆ । ਸਾਚਾ ਸੰਤ ਹੋਏ ਪਰਵਾਨ, ਨਾਮ ਪਰਵਾਨਾ ਇਕ ਫੜਾਈਆ । ਗੁਰਮੁਖ ਗਾਏ ਹਰਿ ਕਾ ਗਾਨ, ਗਾਵਤ ਗਾਵਤ ਗਾਵਤ ਰਾਗ ਅਲਾਈਆ । ਗੁਰਸਿਖ ਮੰਗੇ ਇਕੋ ਦਾਨ, ਪ੍ਰਭ ਚਰਨ ਮਿਲੇ ਸਰਨਾਈਆ । ਕਿਰਪਾ ਕਰੇ ਨੌਜਵਾਨ, ਮਿਹਰ ਨਜ਼ਰ ਉਠਾਈਆ । ਜਿਸ ਧੂੜੀ ਦਾ ਸਾਧ ਸੰਤ ਕਰਦੇ ਰਹੇ ਮਾਣ, ਲੋਕਮਾਤ ਬਲ ਧਰਾਈਆ । ਸੋ ਧੂੜੀ ਭਗਤ ਦੁਆਰੇ ਡਿਗੀ ਆਣ, ਆਪ ਆਪਣਾ ਬਲ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਧੂੜੀ ਜਗਤ ਆਈ ਦੁਆਰ, ਪ੍ਰਭ ਅੱਗੇ ਸੀਸ ਝੁਕਾਈਆ । ਕਰ ਕਿਰਪਾ ਮੇਰੇ ਸਿਰਜਣਹਾਰ, ਇਕ ਤੇਰੀ ਓਟ ਤਕਾਈਆ । ਆਦਿ ਜੁਗਾਦੀ ਸਾਂਝਾ ਯਾਰ, ਸਦਾ ਸਦਾ ਸੁਖਦਾਈਆ । ਮੈਂ ਦੇਂਦੀ ਰਹੀ ਜੀਵਾਂ ਜੰਤਾਂ ਆਪਣੀ ਛਾਰ, ਮੁਖ ਛਾਹੀ ਨਾ ਕੋਇ ਧੁਆਈਆ । ਅੰਤਮ ਆਈ ਸਚ ਸੱਚੇ ਦਰਬਾਰ, ਦਰ ਇਕੋ ਅਲੱਖ ਜਗਾਈਆ । ਮੇਰਾ ਪੂਰਬ ਕਰਮ ਦੇ ਨਿਵਾਰ, ਅੱਗੇ ਲਹਿਣਾ ਆਪਣਾ ਆਪਣੇ ਹੱਥ ਵਖਾਈਆ । ਮੈਂ ਢੂੰਡ ਥੱਕੀ ਜੁਗ ਚਾਰ, ਪੁਰਖ ਅਬਿਨਾਸ਼ੀ ਨਜ਼ਰ ਕੋਇ ਨਾ ਆਈਆ । ਗੁਰ ਅਵਤਾਰਾਂ ਨਾਲ ਕਰਦੀ ਰਹੀ ਪਿਆਰ, ਪੀਰ ਪੈਗ਼ੰਬਰਾਂ ਨਾਲ ਅੰਗ ਲਗਾਈਆ । ਅੰਤਮ ਛੱਡ ਕੇ ਗਏ ਵਿਚ ਸੰਸਾਰ, ਸਗਲਾ ਸੰਗ ਨਾ ਕੋਇ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਦੇਣਾ ਸਾਚਾ ਵਰ, ਦਰ ਤੇਰੇ ਅਲਖ ਜਗਾਈਆ । ਦਰ ਤੇਰੇ ਜਗਾਈ ਅਲਖ, ਅਲੱਖ ਅਗੋਚਰ ਤੇਰੀ ਸਰਨਾਈਆ । ਸਾਚਾ ਮਾਰਗ ਪ੍ਰਭ ਇਕੋ ਦੱਸ, ਦਰ ਤੇਰੇ ਮੰਗ ਮੰਗਾਈਆ । ਦੂਰ ਦੁਰਾਡੀ ਥੱਕੀ ਮਾਂਦੀ ਆਈ ਨੱਸ, ਗਲ ਪੱਲੂ ਵਾਸਤਾ ਪਾਈਆ । ਖ਼ਾਲੀ ਵਖਾਵੇ ਦੋਵੇਂ ਹੱਥ, ਪੱਲੇ ਦਮ ਨਾ ਕੋਇ ਜਣਾਈਆ । ਸਭ ਦਾ ਖੇੜਾ ਹੁੰਦਾ ਵੇਖਿਆ ਭੱਠ, ਥਿਰ ਕੋਇ ਰਹਿਣ ਨਾ ਪਾਈਆ । ਇਕੋ ਸਾਹਿਬ ਤੇਰਾ ਹੱਟ, ਗੁਰ ਅਵਤਾਰ ਗਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

੯੮੯
੧੪

ਕਿਰਪਾ ਕਰ, ਆਪਣੇ ਮਿਲਣ ਦਾ ਸਾਚਾ ਮਾਰਗ ਦੇ ਸਮਝਾਈਆ । ਧੂੜੀ ਤੇਰੇ ਉਤੇ ਭਗਤ ਜਨ ਦਇਆ ਕਮੌਣਗੇ । ਜੋ ਸਚ ਦਰਬਾਰ ਸਾਚੀ ਸੇਵ ਕਮੌਣਗੇ । ਸੀਸ ਇੱਟ ਗਾਰਾ ਭਾਰ ਉਠੌਣਗੇ । ਤੈਨੂੰ ਆਪਣੇ ਪੈਰਾਂ ਹੇਠ ਦਬੌਣਗੇ । ਰਗੜ ਰਗੜ ਕੇ ਤੇਰੀ ਮੈਲ ਧੁਔਣਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਤੇਰੀ ਕੀਮਤ ਗੁਰਮੁਖ ਪੌਣਗੇ । ਤੇਰੀ ਕੀਮਤ ਗੁਰਮੁਖ ਪੌਣਗੇ । ਜੋ ਦਰ ਸਾਚੇ ਤੇ ਔਣਗੇ । ਅੰਦਰ ਬਾਹਰ ਇਕੋ ਢੋਲਾ ਗੌਣਗੇ । ਮਾਣ ਅਭਿਮਾਨ ਨਾ ਕੋਇ ਰਖੌਣਗੇ । ਸੇਵਾ ਕਰ ਨਾ ਫੇਰ ਪਛਤੌਣਗੇ । ਦੋ ਜਹਾਨਾਂ ਪੰਧ ਮੁਕੌਣਗੇ । ਅਬਿਨਾਸ਼ੀ ਕਰਤਾ ਇਕੋ ਇਸ਼ਟ ਮਨੌਣਗੇ । ਸਰਬ ਜੀਆਂ ਦਾ ਸਾਹਿਬ ਭਰਤਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਲੇਖਾ ਲੇਖੇ ਲੌਣਗੇ । ਤੇਰਾ ਲੇਖਾ ਭਗਤ ਚੁਕਾਵੇਗਾ । ਜੋ ਤੇਰੇ ਉਤੇ ਚਰਨ ਟਿਕਾਵੇਗਾ । ਪੂਰਬ ਲਹਿਣਾ ਵੇਖ ਵਖਾਵੇਗਾ । ਦੇਣਾ ਤੇਰੇ ਹੱਥ ਫੜਾਵੇਗਾ । ਸ੍ਰੀ ਭਗਵਾਨ ਸਾਚੀ ਸਿਖਿਆ ਇਕ ਦ੍ਰਿੜਾਵੇਗਾ । ਧੁਰ ਦਾ ਲੇਖਾ ਵੇਖ ਵਖਾਵੇਗਾ । ਜਿਸ ਜਗ ਨੂੰ ਕਹਿੰਦੀ ਰਹੀ ਤੂੰ ਮਿਥਿਆ, ਸੋ ਜਗ ਹਰਿ ਸਤਿਗੁਰ ਆਪਣੇ ਚਰਨ ਵਸਾਵੇਗਾ । ਲੇਖਾ ਜਾਣੇ ਧੁਰ ਦਾ ਲਿਖਿਆ, ਪੂਰਬ ਪੜਦਾ ਫੋਲ ਫੁਲਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕੀਮਤ ਆਪ ਜਣਾਵੇਗਾ । ਸਚ ਕੀਮਤ ਹਰਿਜਨ ਪਾਏਗਾ । ਖੇਲ ਤੇਰਾ ਇਕ ਗ਼ਨੀਮਤ, ਸਮਝ ਵਿਚ ਕਿਸੇ ਨਾ ਆਏਗਾ । ਤੂੰ ਦਰ ਬਣੀ ਤ੍ਰੀਮਤ, ਤਿਰੀਆ ਤੇਰਾ ਵੇਸ ਵਟਾਏਗਾ । ਤੇਰਾ ਲੇਖਾ ਜਿਉਂ ਜਲ ਮੀਨਤ, ਬਿਰਹੋਂ ਵਛੋੜਾ ਰੋਗ ਗਵਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਏਗਾ । ਸਾਚੀ ਕਰਨੀ ਆਪ ਕਮਾਵੇਗਾ । ਜਨ ਭਗਤਾਂ ਦਇਆ ਕਮਾਵੇਗਾ । ਧੁਰ ਸੰਦੇਸਾ ਆਪ ਸੁਣਾਵੇਗਾ । ਨਰ ਨਰੇਸ਼ਾ ਹੁਕਮ ਵਰਤਾਵੇਗਾ । ਗੁਰ ਅਵਤਾਰ ਵੇਖਣ ਆਵੇਗਾ । ਪੀਰ ਪੈਗ਼ੰਬਰ ਧਿਆਨ ਲਗਾਵੇਗਾ । ਵਿਸ਼ਨ ਬ੍ਰਹਮਾ ਸ਼ਿਵ ਸੀਸ ਝੁਕਾਵੇਗਾ । ਕਰੋੜ ਤੇਤੀਸਾ ਨੈਣ ਉਠਾਵੇਗਾ । ਸੁਰਪਤ ਇੰਦ ਆਪਣੀ ਅੱਖ ਖੁਲ੍ਹਾਵੇਗਾ । ਸ੍ਰੀ ਭਗਵਾਨ ਪਰਤੱਖ ਤੇਰਾ ਲਹਿਣਾ ਚੁਕਾਵੇਗਾ । ਮਾਟੀ ਖ਼ਾਕ ਨਾਲੋਂ ਕਰ ਕੇ ਵੱਖ, ਗੁਰਮੁਖਾਂ ਹੱਥ ਫੜਾਵੇਗਾ । ਗੁਰਮੁਖ ਸਾਰੇ ਤੇਰਾ ਕਰਨ ਇਕੱਠ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਲਹਿਣਾ ਆਪ ਚੁਕਾਵੇਗਾ । ਤੇਰਾ ਲਹਿਣਾ ਆਪ ਚੁਕਾਏਗਾ । ਜਨ ਭਗਤਾਂ ਨਾਲ ਮਿਲਾਏਗਾ । ਹਰਿ ਸੰਗਤ ਰੂਪ ਵਖਾਏਗਾ । ਤੇਰੀ ਰੰਗਤ ਰੰਗ ਰੰਗਾਏਗਾ । ਮਾਇਆ ਮਮਤਾ ਮੋਹ ਮਿਟਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਇਕੋ ਇਕ ਵਖਾਏਗਾ । ਘਰ ਇਕੋ ਹਰਿ ਵਖਾਏਗਾ । ਜਨ ਭਗਤਾਂ ਆਪ ਜਣਾਵੇਗਾ । ਚੁਟਕੀ ਚੁਟਕੀ ਕਰ ਇਕੱਠੀ, ਤੇਰੀ ਗੰਢ ਬੰਨ੍ਹਾਵੇਗਾ । ਤੇਰੀ ਪਿਛਲੀ ਭੁੱਲ ਜਾਏ ਸੁਰਤੀ, ਅਗਲਾ ਮਾਰਗ ਆਪ ਸਮਝਾਵੇਗਾ । ਕਰੇ ਖੇਲ ਅਕਾਲ ਮੂਰਤੀ, ਮੂਰਤ ਅਕਾਲ ਇਕੋ ਨਜ਼ਰੀ ਆਵੇਗਾ । ਨਾਦ ਵਜਾਏ ਅਨਾਦ ਤੂਰਤੀ, ਤੁਰਤ ਆਪਣਾ ਹੁਕਮ ਸੁਣਾਵੇਗਾ । ਤੇਰੀ ਮਨਸਾ ਆਸਾ ਪੂਰਤੀ, ਪੂਰਬ ਲੇਖਾ ਝੋਲੀ ਪਾਵੇਗਾ । ਉਠੇ ਸਫ਼ਾ ਅੰਤਮ ਕੂੜ ਦੀ, ਸਚ ਸਮਗਰੀ ਇਕ ਵਰਤਾਵੇਗਾ । ਇਹ ਖੇਲ ਹਰਿ ਸੰਗਤ ਧੂੜ ਦੀ, ਧੁਰ ਦੀ ਬਾਣੀ ਆਪ ਜਣਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਲੇਖਾ ਆਪਣੇ ਹੱਥ ਰਖਾਵੇਗਾ । ਤੇਰਾ ਲੇਖਾ ਆਪਣੇ ਹੱਥ ਰਖਾਏਗਾ । ਚਰਨ ਕਵਲਾਂ ਵਿਚ ਟਿਕਾਏਗਾ । ਉਪਰ ਆਪਣਾ ਆਪ ਛੁਹਾਏਗਾ । ਤੇਰਾ ਕੋਟ ਜਨਮ ਦਾ ਪਾਪ, ਜਨਮ ਕਰਮ

ਮਿਟਾਏਗਾ । ਤੇਰਾ ਪਿਛਲਾ ਮੇਟ ਸੰਤਾਪ, ਅਗਲਾ ਸੁਖ ਸਾਗਰ ਬਦਲਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਰਨ ਕਵਲ ਤੇਰੇ ਨਾਲ ਛੁਹਾਏਗਾ । ਤੇਰੇ ਨਾਲ ਚਰਨ ਪ੍ਰਭ ਛੋਹੇਗਾ । ਭਗਤਾਂ ਜਿਹਾ ਰੰਗ ਤੇਰਾ ਹੋਏਗਾ । ਅਬਿਨਾਸ਼ੀ ਕਰਤਾ ਬਣ ਵਿਚੋਲਾ, ਪਿਛਲਾ ਲੇਖਾ ਤੇਰਾ ਖੋਏਗਾ । ਅੱਗੇ ਰਾਗ ਇਕੋ ਸੋਹਲਾ, ਸੋ ਪੁਰਖ ਨਿਰੰਜਣ ਇਕੋ ਨੂਰ ਬਲੋਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਤ ਧੂੜ ਦੇਵੇ ਮਾਣ, ਚਰਨ ਕਵਲ ਕਰ ਪਰਵਾਨ, ਪਰਮ ਪੁਰਖ ਆਪ ਆਪਣੇ ਜਿਹਾ ਆਪੇ ਹੋਏਗਾ ।

★ ੧੪ ਹਾੜ ੨੦੨੦ ਬਿਕ੍ਰਮੀ ਹਰਚਰਨ ਸਿੰਘ ਦਿਲੀ ਵਾਲੇ ਦੇ ਨਵਿਤ ਦਰਬਾਰ ਵਿਚ ਜੇਠੂਵਾਲ ★

ਪ੍ਰਭ ਸਰਨਾਈ ਜਾਗੇ ਭਾਗ, ਜੁਗ ਵਿਛੜੇ ਰਿਹਾ ਮਿਲਾਈਆ । ਪੂਰਬ ਕਰਮ ਧੋਇਆ ਦਾਗ਼, ਦੁੱਖ ਦਰਦ ਰਿਹਾ ਮਿਟਾਈਆ । ਘਰ ਦੀਪਕ ਜੋਤ ਜਗਾਏ ਚਿਰਾਗ਼, ਅੰਧ ਅੰਧੇਰ ਗਵਾਈਆ । ਆਤਮ ਪਰਮਾਤਮ ਮੇਲਾ ਸਾਕ, ਸੱਜਣ ਇਕੋ ਇਕ ਅਖਵਾਈਆ । ਬੰਦ ਕਿਵਾੜੀ ਖੋਲ੍ਹੇ ਤਾਕ, ਪਰਦਾ ਦੂਈ ਦਵੈਤ ਉਠਾਈਆ । ਸਚ ਸਰਨਾਈ ਜੋੜੇ ਨਾਤ, ਨਾਤਾ ਇਕੋ ਇਕ ਵਖਾਈਆ । ਦੋ ਜਹਾਨਾਂ ਚਲੇ ਸਾਥ, ਸਗਲਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਅਖਵਾਈਆ । ਸਤਿਗੁਰ ਸਰਨ ਮਿਲੀ ਸਰਨਾ, ਲੋਕਮਾਤ

੯੯੦ ਵੱਜੇ ਵਧਾਈਆ । ਹਰਿਜਨ ਮੇਲਾ ਸਹਿਜ ਸੁਭਾ, ਸੋ ਸਤਿਗੁਰ ਆਪ ਕਰਾਈਆ । ਆਦਿ ਪੁਰਖ ਪ੍ਰਭ ਵੇਸ ਵਟਾ, ਬੇਪਰਵਾਹੀ ਧਾਰ ਚਲਾਈਆ । ੯੯੦

੧੪ ਰਹਿਮਤ ਕਰ ਆਪ ਖ਼ੁਦਾ, ਮੁਰਸ਼ਦ ਮੁਰੀਦ ਵੇਖੇ ਚਾਈਂ ਚਾਈਂਆ । ਗ਼ਫ਼ਲਤ ਸਭ ਦੀ ਦਏ ਗਵਾ, ਰਹਿਮਤ ਆਪਣੇ ਨਾਮ ਕਮਾਈਆ । ਸਹੀ ੧੪

ਸਲਾਮਤ ਫੇਰਾ ਪਾ, ਬੇਨਜ਼ੀਰ ਕਰੇ ਰੁਸ਼ਨਾਈਆ । ਅਹਿਮਕ ਕੋਈ ਦਿਸੇ ਨਾ, ਜਿਸ ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਦੇਵੇ ਵਡਿਆਈ ਆਦਿ ਨਿਰੰਜਣ, ਆਦਿ ਪੁਰਖ ਦਇਆ ਕਮਾਇੰਦਾ । ਦੋ ਜਹਾਨਾਂ ਸਾਚਾ ਸੱਜਣ, ਹਰਿਜਨ ਸਾਚੇ ਵੇਖ ਵਖਾਇੰਦਾ । ਦੀਨਾਂ ਨਾਥ ਦਰਦ ਦੁੱਖ ਭੈ ਭੰਜਨ, ਭਵ ਸਾਗਰ ਪਾਰ ਕਰਾਇੰਦਾ । ਨੇਤਰ ਨਾਮ ਨਿਧਾਨ ਪਾਏ ਅੰਜਨ, ਅਗਿਆਨ ਅੰਧੇਰ ਮਿਟਾਇੰਦਾ । ਸਾਚੀ ਧੂੜੀ ਸਾਚਾ ਮਜਨ, ਸਰੋਵਰ ਇਕੋ ਇਕ ਨੁਹਾਇੰਦਾ । ਧੁਰਦਰਗਾਹੀ ਕਲਜੁਗ ਅੰਤਮ ਆਇਆ ਸੱਦਣ, ਹੋਕਾ ਆਪਣਾ ਨਾਮ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਵਖਾਇੰਦਾ । ਜਨਮ ਕਰਮ ਦੁੱਖ ਹੋਵੇ ਦੂਰ, ਦਰਦ ਰਹਿਣ ਕੋਇ ਨਾ ਪਾਈਆ । ਹਰਿ ਸਰਨਾਈ ਹਾਜ਼ਰ ਹਜ਼ੂਰ, ਹਜ਼ਰਤ ਇਕੋ ਨਜ਼ਰੀ ਆਈਆ । ਅਗੰਮ ਅਥਾਹ ਸਰਬ ਕਲਾ ਭਰਪੂਰ, ਬੇਪਰਵਾਹ ਸੱਚਾ ਸ਼ਹਿਨਸ਼ਾਹੀਆ । ਜੋਤ ਉਜਾਲਾ ਨਿਰਗੁਣ ਨੂਰ, ਆਦਿ ਸ਼ਕਤ ਆਪਣੀ ਧਾਰ ਜਣਾਈਆ । ਚਤਰਭੁਜ ਜ਼ਾਹਰ ਜ਼ਹੂਰ, ਜ਼ਾਹਰ ਆਪਣੀ ਕਾਰ ਕਮਾਈਆ । ਜੁਗ ਚੌਕੜੀ ਬੰਨ੍ਹ ਦਸਤੂਰ, ਦਸਤ ਬਦਸਤ ਵੰਡ ਵੰਡਾਈਆ । ਲੇਖਾ ਜਾਣੇ ਨੇੜੇ ਦੂਰ, ਦੂਰ ਦੁਰਾਡਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਸਾਚੀ ਕਰਨੀ ਕਰੇ ਕਰਤਾਰ,

ਹਰਿ ਕਰਤਾ ਖੇਲ ਕਰਾਇੰਦਾ । ਅਨਭਵ ਪਰਕਾਸ਼ ਹੋ ਉਜਿਆਰ, ਜੋਤੀ ਜਾਤਾ ਡਗਮਗਾਇੰਦਾ । ਵੇਖਣਹਾਰ ਸਰਬ ਸੰਸਾਰ, ਲੱਖ ਚੁਰਾਸੀ ਫੋਲ ਫੁਲਾਇੰਦਾ । ਵਸਣਹਾਰਾ ਧਾਮ ਨਿਆਰ, ਸਚਖੰਡ ਸਾਚੇ ਡੇਰਾ ਲਾਇੰਦਾ । ਕਮਲਾਪਾਤੀ ਮੀਤ ਮੁਰਾਰ, ਕਵਲ ਨੈਣ ਨੈਣ ਰੁਸ਼ਨਾਇੰਦਾ । ਸਾਚਾ ਸਾਕੀ ਬਣ ਕੇ ਯਾਰ, ਸਚ ਪਿਆਲਾ ਨਾਮ ਪਿਆਇੰਦਾ । ਨਾਥ ਅਨਾਥਾਂ ਦਏ ਦੀਦਾਰ, ਸਵੱਛ ਸਰੂਪੀ ਰੂਪ ਧਰਾਇੰਦਾ । ਕਾਗਦ ਕਲਮ ਲਿਖਣ ਪੜ੍ਹਨ ਤੋਂ ਵਸੇ ਬਾਹਰ, ਲੱਭਿਆਂ ਹੱਥ ਕਿਸੇ ਨਾ ਆਇੰਦਾ । ਮਹੱਲ ਅਟੱਲ ਉਚ ਮਨਾਰ, ਸ਼ਾਹੋ ਭੂਪ ਆਪਣਾ ਡੇਰਾ ਲਾਇੰਦਾ । ਚਾਰੇ ਕੂਟ ਖੋਲ੍ਹ ਕਿਵਾੜ, ਦਹਿ ਦਿਸ਼ਾ ਵੇਖ ਵਖਾਇੰਦਾ । ਨਾਮ ਅਗੰਮ ਵਜਾਏ ਸਤਾਰ, ਤੰਦੀ ਤੰਦ ਨਾ ਕੋਇ ਹਿਲਾਇੰਦਾ । ਰਸਨਾ ਜਿਹਵਾ ਨਾ ਕੋਇ ਗੁਫ਼ਤਾਰ, ਗੁਫ਼ਤ ਸ਼ੁਨੀਦ ਆਪਣੀ ਕਾਰ ਕਮਾਇੰਦਾ । ਮੁਹੱਬਤ ਜਣਾਏ ਸਾਂਝਾ ਯਾਰ, ਮਹਿਫ਼ਲ ਆਪਣੇ ਘਰ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਆਪ ਮੁਕਾਇੰਦਾ । ਸਾਚਾ ਲੇਖਾ ਚੁਕਾਏ ਆਪ, ਆਪਣੇ ਹੱਥ ਰੱਖੇ ਵਡਿਆਈਆ । ਜਿਸ ਨੂੰ ਪੀਰ ਪੈਗ਼ੰਬਰ ਮੰਨਦੇ ਰਹੇ ਬਾਪ, ਨੂਰੋ ਨੂਰ ਨੂਰ ਇਲਾਹੀਆ । ਜਿਸ ਦਾ ਗੁਰ ਅਵਤਾਰ ਜਪਦੇ ਗਏ ਜਾਪ, ਰਸਨਾ ਜਿਹਵਾ ਢੋਲਾ ਗਾਈਆ । ਜਿਸ ਦੀ ਸਿਖਿਆ ਕਰਦੇ ਗਏ ਪਾਠ, ਲੋਕਮਾਤ ਜਗਤ ਪੜ੍ਹਾਈਆ । ਜਿਸ ਦੀ ਸੇਵਾ ਕਰਦੇ ਗਏ ਤ੍ਰਿਲੋਕੀ ਨਾਥ, ਨਾਥ ਅਨਾਥਾਂ ਵੇਖ ਵਖਾਈਆ । ਸੋ ਸਾਹਿਬ ਪੁਰਖ ਸਮਰਾਥ, ਕਲ ਆਪਣੀ ਕਲ ਪਰਗਟਾਈਆ । ਨਿਰਗੁਣ ਨੂਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਸਾਚੀ ਕਰਨੀ ਕਰੇ ਪ੍ਰਭ ਏਕ, ਦੂਜਾ ਨਜ਼ਰ ਕੋਇ ਨਾ ਆਈਆ । ਸਤਿਜੁਗ ਤ੍ਰੇਤਾ ਬਖ਼ਸ਼ੇ ਟੇਕ, ਦੁਆਪਰ ਕਲਜੁਗ ਹੋਏ ਸਹਾਈਆ । ਗੁਰ ਅਵਤਾਰ ਲਿਖੇ ਲੇਖ, ਪੀਰ ਪੈਗ਼ੰਬਰ ਬਣਤ ਬਣਾਈਆ । ਨਿਰਗੁਣ ਸਰਗੁਣ ਕਰੇ ਹੇਤ, ਪੰਜ ਤੱਤ ਦਏ ਵਡਿਆਈਆ । ਤ੍ਰੈਗੁਣ ਮਾਇਆ ਖੋਲ੍ਹੇ ਭੇਤ, ਪਰਦਾ ਆਪਣਾ ਆਪ ਚੁਕਾਈਆ । ਲੇਖਾ ਜਾਣੇ ਧੁਰ ਦਾ ਲੇਖ, ਕਲਮ ਸ਼ਾਹੀ ਪੱਟੀ ਨਾ ਕੋਇ ਪੜ੍ਹਾਈਆ । ਧੁਰ ਸੰਜੋਗੀ ਕਰੇ ਹੇਤ, ਪਾਰਬ੍ਰਹਮ ਪ੍ਰਭ ਬੇਪਰਵਾਹੀਆ । ਵੇਖਣਹਾਰਾ ਨੇਤਨ ਨੇਤ, ਨਿਜ ਨੇਤਰ ਰਿਹਾ ਖੁਲ੍ਹਾਈਆ । ਜਿਸ ਦੇ ਪਿੱਛੇ ਸਿਰ ਪਾ ਕੇ ਗਏ ਤੱਤੀ ਰੇਤ, ਸੋ ਪੁਰਖ ਅਕਾਲ ਵੇਸ ਵਟਾਈਆ । ਜਿਸ ਦੀ ਧਾਰ ਨਾਨਕ ਗੋਬਿੰਦ ਖੇਡੀ ਖੇਡ, ਸੋ ਖੜਗ ਖੰਡਾ ਨਾਮ ਚਮਕਾਈਆ । ਜਿਸ ਦਾ ਨੌਂ ਨੌਂ ਚਾਰ ਲੱਭਦੇ ਗਏ ਭੇਤ, ਉਚੇ ਟਿੱਲੇ ਪਰਬਤ ਚੜ੍ਹ ਚੜ੍ਹ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਸਾਚੀ ਕਰਨੀ ਕਰੇ ਕਰਤਾਰ, ਕੁਦਰਤ ਆਪਣੇ ਹੱਥ ਰਖਾਇੰਦਾ । ਜੁਗ ਚੌਕੜੀ ਲੇਖਾ ਵਿਚ ਸੰਸਾਰ, ਨਿਤ ਨਵਿਤ ਵੇਖ ਵਖਾਇੰਦਾ । ਲੱਖ ਚੁਰਾਸੀ ਕਰ ਪਸਾਰ, ਖਾਣੀ ਬਾਣੀ ਵੰਡ ਵੰਡਾਇੰਦਾ । ਸਾਚਾ ਹਾਣੀ ਇਕ ਨਿਰੰਕਾਰ, ਛੈਲ ਛਬੀਲਾ ਆਪਣਾ ਰੰਗ ਵਖਾਇੰਦਾ । ਜੋਬਨ ਮਤਾ ਵਡ ਸ਼ਾਹਕਾਰ, ਸ਼ਹਿਨਸ਼ਾਹ ਆਪਣਾ ਰੂਪ ਵਖਾਇੰਦਾ । ਮਹੱਲ ਅਟੱਲ ਕਰ ਉਜਿਆਰ, ਘਰ ਮੰਦਰ ਆਪ ਸੁਹਾਇੰਦਾ । ਕਲਗ਼ੀ ਤੋੜਾ ਸੀਸ ਦਸਤਾਰ, ਜੋਤੀ ਜੋੜਾ ਸ਼ਬਦੀ ਮੇਲ ਮਿਲਾਇੰਦਾ । ਸਾਚੇ ਘੋੜਾ ਸ਼ਾਹਸਵਾਰ, ਸੋਲਾਂ ਕਲੀਆਂ ਆਸਣ ਲਾਇੰਦਾ । ਨਵ ਸੱਤ ਤੋਂ ਵਸੇ ਬਾਹਰ, ਨਵ ਨੌਂ ਚਾਰ ਨਜ਼ਰ ਕਿਸੇ ਨਾ ਆਇੰਦਾ । ਇਕ ਦੋ ਦਾ ਖੇਲ ਨਿਆਰ, ਤਿੰਨ ਚਾਰ ਆਪਣੀ ਗੰਢ ਪੁਆਇੰਦਾ । ਪੰਜ ਛੇ ਹੋ ਉਜਿਆਰ, ਸੱਤਵੇਂ ਸਤਿ ਪੁਰਖ ਨਿਰੰਜਣ ਖੇਲ ਵਖਾਇੰਦਾ । ਅੱਠਾਂ ਤੱਤਾਂ ਮਾਰੇ ਮਾਰ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਵੇਖ

ਵਖਾਇੰਦਾ । ਨੌਂ ਦਰ ਖੋਲ੍ਹਣਹਾਰ ਕਿਵਾੜ, ਜਗਤ ਤ੍ਰਿਸਨਾ ਡੇਰਾ ਢਾਹਿੰਦਾ । ਦਸਮ ਦੁਆਰੀ ਜੋਤ ਨਿਰੰਕਾਰੀ ਦੀਆ ਬਾਤੀ ਕਮਲਾਪਾਤੀ ਕਰ ਉਜਿਆਰ, ਸਚ ਸਮਗਰੀ ਇਕੋ ਇਕ ਵਖਾਇੰਦਾ । ਅੰਮ੍ਰਿਤ ਬੂੰਦ ਸਵਾਂਤੀ ਠੰਡੀ ਠਾਰ, ਨਿਝਰ ਝਿਰਨਾ ਕਵਲ ਨਾਭੀ ਆਪ ਝਿਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਲੇਖੇ ਲਾਇੰਦਾ । ਪੂਰਬ ਲੇਖਾ ਜਾਏ ਲੱਗ, ਜਿਸ ਉਪਰ ਦਇਆ ਕਮਾਈਆ । ਸੋ ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਹੰਸ ਬਣਾਏ ਕੱਗ, ਸੋਹੰ ਹੰਸਾ ਮਾਣਕ ਮੋਤੀ ਚੋਗ ਚੁਗਾਈਆ । ਆਤਮ ਪਰਮਾਤਮ ਦਰਸ ਕਰਾਏ ਰੱਜ ਰੱਜ, ਪਿਛਲੀ ਤ੍ਰਿਸਨਾ ਰਹੇ ਨਾ ਰਾਈਆ । ਅੱਗੇ ਪੜਦਾ ਦੇਵੇ ਕੱਜ, ਸਿਰ ਆਪਣਾ ਹੱਥ ਟਿਕਾਈਆ । ਘਰ ਮੱਕਾ ਕਾਅਬਾ ਕਰਾਏ ਹੁਜਰੇ ਹੱਜ, ਮਹਿਰਾਬ ਇਕੋ ਇਕ ਸੁਹਾਈਆ । ਪਰਵਰਦਿਗਾਰ ਨੂਰ ਨੁਰਾਨਾ ਬਹੇ ਸਜ, ਸਾਂਝਾ ਯਾਰ ਵੱਡੀ ਵਡਿਆਈਆ । ਸ਼ਬਦ ਨਗਾਰਾ ਦੋ ਜਹਾਨਾਂ ਨਾਦ ਜਾਏ ਵੱਜ, ਤਾਲ ਤਲਵਾੜਾ ਇਕੋ ਇਕ ਵਖਾਈਆ । ਸੰਤ ਸੁਹੇਲੇ ਗੁਰੂ ਗੁਰ ਚੇਲੇ ਭਗਤ ਭਗਵਾਨ ਲਏ ਸੱਦ, ਸੱਦਾ ਆਪਣਾ ਨਾਮ ਪੁਆਈਆ । ਕਲਜੁਗ ਕਿਰਿਆ ਕੂੜ ਕੁਟੰਬ ਪਾਰ ਕਰਾਏ ਹੱਦ, ਮਾਇਆ ਮਮਤਾ ਮੋਹ ਚੁਕਾਈਆ । ਪਾਰਬ੍ਰਹਮ ਬ੍ਰਹਮ ਇਕ ਸੁਣਾਏ ਸੁਹਾਗੀ ਛੰਦ, ਸੋਹਲਾ ਇਕੋ ਇਕ ਸਮਝਾਈਆ । ਘਰ ਵਿਚ ਘਰ ਵਖਾਏ ਪਰਮਾਨੰਦ, ਨਿਜਾਨੰਦ ਇਕੋ ਰੰਗ ਰੰਗਾਈਆ । ਸੁਰਤੀ ਸ਼ਬਦੀ ਜੋੜੀ ਗੰਢ, ਸਾਚਾ ਮੇਲਾ ਮੇਲ ਮਿਲਾਈਆ । ਸਾਚੀ ਸੇਜਾ ਬਹਿ ਕੇ ਗਾਏ ਇਕੋ ਛੰਦ, ਤੂੰ ਮੇਰਾ ਮੈਂ ਤੇਰਾ ਸੋਹੰ ਰਾਗ ਅਲਾਈਆ । ਦੂਈ ਦਵੈਤੀ ਕੂੜੀ ਕਿਰਿਆ ਹਉਮੇਂ
੯੯੨ ਹੰਗਤਾ ਢਾਹੇ ਕੰਧ, ਜੂਠ ਝੂਠ ਜੜ ਦਏ ਉਖੜਾਈਆ । ਜੋ ਨਾਨਕ ਗੋਬਿੰਦ ਪੁਰਖ ਅਕਾਲ ਪਾਇਆ ਘਰ ਅਨੰਦ, ਸੋ ਅਨੰਦ ਜਨ ਭਗਤਾਂ ਝੋਲੀ ੯੯੨
੧੪ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੀਨ ਦਿਆਲ ਸਦਾ ਬਖ਼ਸ਼ੰਦ, ਠਾਕਰ ਸਵਾਮੀ ਮਿਹਰ ਨਜ਼ਰ ਉਠਾਈਆ । ੧੪
ਠਾਕਰ ਸਵਾਮੀ ਸਾਜਣ ਮੀਤਾ, ਤ੍ਰੈਭਵਣ ਧਨੀ ਆਪਣੀ ਦਇਆ ਕਮਾਇੰਦਾ । ਭਗਤ ਦੁਆਰਾ ਹਰਿ ਨਿਰੰਕਾਰਾ ਇਕ ਵਖਾਏ ਠਾਂਡਾ ਸੀਤਾ, ਅਗਨੀ ਤੱਤ ਨਾ ਕੋਇ ਜਲਾਇੰਦਾ । ਚਾਰ ਯੁਗ ਦੀ ਬਦਲੇ ਰੀਤਾ, ਆਪਣੀ ਧਾਰਾ ਆਪ ਵਖਾਇੰਦਾ । ਲੇਖਾ ਚੁਕੇ ਮੰਦਰ ਮਸੀਤਾ, ਮਸਲਾ ਹੱਕ ਹੱਕ ਇਕੋ ਨਾਮ ਪੜ੍ਹਾਇੰਦਾ । ਇਕੋ ਅੱਖਰ ਲੇਖਾ ਜਾਣੇ ਅਠਾਰਾਂ ਧਿਆਏ ਗੀਤਾ, ਅਠ ਦਸ ਆਪਣਾ ਬੰਧਨ ਪਾਇੰਦਾ । ਸਾਹਿਬ ਸਤਿਗੁਰ ਇਕ ਜਣਾਏ ਚਰਨ ਪ੍ਰੀਤਾ, ਸਚ ਪ੍ਰੀਤੀ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਰ ਵਖਾਇੰਦਾ । ਸਾਚੀ ਕਰਨੀ ਕਰਨੇ ਆਇਆ, ਕਲ ਕਲਕੀ ਲੈ ਅਵਤਾਰ । ਬੇਪਰਵਾਹ ਫੇਰਾ ਪਾਇਆ, ਰੂਪ ਰੰਗ ਤੇ ਵਸੇ ਬਾਹਰ । ਜਗਤ ਨੇਤਰ ਨਜ਼ਰ ਨਾ ਆਇਆ, ਲੱਖ ਚੁਰਾਸੀ ਦਰ ਦਰ ਘਰ ਘਰ ਹੋਏ ਖ਼ੁਆਰ । ਗੁਰਮੁਖ ਵਿਰਲੇ ਬੂਝ ਬੁਝਾਇਆ, ਜਿਸ ਦਰਸਨ ਦੇਵੇ ਅਗੰਮ ਅਪਾਰ । ਏਕਾ ਦੂਜਾ ਭੌ ਚੁਕਾਇਆ, ਚਾਰ ਵਰਨ ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਕਰੇ ਪਿਆਰ । ਹਰਿਜਨ ਨੇਤਰ ਇਕ ਖੁਲ੍ਹਾਇਆ, ਦੋਏ ਲੋਚਣ ਨਾ ਕੋਇ ਆਧਾਰ । ਸਾਚਾ ਮੰਤਰ ਇਕ ਪੜ੍ਹਾਇਆ, ਆਤਮ ਪਰਮਾਤਮ ਰਸਨਾ ਜਿਹਵਾ ਸਚ ਜੈਕਾਰ । ਸਾਚਾ ਸਗਨ ਇਕ ਮਨਾਇਆ, ਮੰਦਰ ਸੋਹੇ ਸਚ ਦੁਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਆਪ ਕਰਤਾਰ । ਹਰਿ ਕਰਤਾ ਖੇਲ ਖਲਾਇੰਦਾ, ਕੁਦਰਤ ਆਪਣੇ ਰੰਗ ਰੰਗਾ । ਨਿਰਗੁਣ ਆਪਣਾ ਵੇਸ ਵਟਾਇੰਦਾ, ਲੱਖ ਚੁਰਾਸੀ ਵੇਖੇ ਥਾਉਂ ਥਾਂ । ਬ੍ਰਹਿਮੰਡ ਖੰਡ ਖੋਜ ਖੁਜਾਇੰਦਾ, ਲੋਆਂ ਪੁਰੀਆਂ ਪੜਦਾ ਲਾਹ । ਲੋਕਮਾਤ

ਪਾਂਧੀ ਬਣ ਕੇ ਆਇੰਦਾ, ਕਦਮ ਕਦਮ ਆਪਣਾ ਰਿਹਾ ਉਠਾ । ਥੱਕੀ ਮਾਂਦੀ ਸ੍ਰਿਸ਼ਟ ਸਰਬ ਉਠਾਇੰਦਾ, ਸਾਚਾ ਢੋਲਾ ਇਕੋ ਗਾ । ਆਤਮ ਵਿਛੜੀ ਆਪ ਮਿਲਾਇੰਦਾ, ਪਰਮਾਤਮ ਆਪਣੀ ਗੋਦ ਬਹਾ । ਸਾਚੀ ਸਖੀ ਆਪ ਪਰਨਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਰਿਹਾ ਖਲਾ । ਸਾਚੀ ਖੇਲ ਕਰੇ ਪ੍ਰਭ ਆਪ, ਆਪਣੇ ਹੱਥ ਰੱਖੀ ਵਡਿਆਈਆ । ਜਿਸ ਦੀ ਧਾਰਾ ਸੋਹੰ ਜਾਪ, ਸੋ ਸਰਬ ਜੀਆਂ ਸੁਖਦਾਈਆ । ਗੁਰ ਅਵਤਾਰਾਂ ਪੀਰ ਪੈਗੰਬਰਾਂ ਥਾਪਣ ਥਾਪ, ਜੁਗ ਚੌਕੜੀ ਸੇਵ ਲਗਾਈਆ । ਕਰਮ ਕਾਂਡ ਪੱਲੇ ਬੰਨ੍ਹ ਵਸਤ ਪੁੰਨ ਪਾਪ, ਪਰਕਿਰਤੀ ਬੰਧਨ ਇਕੋ ਪਾਈਆ । ਤ੍ਰੈਗੁਣ ਮਾਇਆ ਬਣਾਈ ਸਾਕ, ਪੰਜ ਤੱਤ ਨਾਤਾ ਜੋੜ ਜੁੜਾਈਆ । ਦੀਨ ਮਜ਼੍ਹਬ ਖੋਲ੍ਹ ਤਾਕ, ਜਗਤ ਦਰਵਾਜ਼ਾ ਰਿਹਾ ਵਖਾਈਆ । ਸ਼ਬਦ ਅਗੰਮ ਦੱਸਦਾ ਰਿਹਾ ਭਵਿਖਤ ਵਾਕ, ਗੁਰ ਅਵਤਾਰਾਂ ਪੀਰ ਪੈਗੰਬਰਾਂ ਏਕਾ ਹੁਕਮ ਜਣਾਈਆ । ਨੌਂ ਨੌਂ ਚਾਰ ਰੱਖਦੇ ਗਏ ਆਸ, ਨੇਤਰ ਨੈਣ ਨੈਣ ਉਠਾਈਆ । ਕਵਣ ਵੇਲਾ ਪ੍ਰਭ ਪਰਗਟ ਹੋਵੇ ਆਪ, ਜੋਤੀ ਜਾਤਾ ਬੇਪਰਵਾਹੀਆ । ਲੱਖ ਚੁਰਾਸੀ ਜੀਵ ਜੰਤ ਇਕ ਜਪਾਏ ਜਾਪ, ਆਤਮ ਪਰਮਾਤਮ ਸਚ ਪੜ੍ਹਾਈਆ । ਏਥੇ ਓਥੇ ਦੋ ਜਹਾਨਾਂ ਬਣੇ ਸੱਜਣ ਸਾਕ, ਸਗਲਾ ਸੰਗ ਨਿਭਾਈਆ । ਜਾਗਤ ਸੋਵਤ ਬੰਦ ਕਿਵਾੜੀ ਖੋਲ੍ਹੇ ਤਾਕ, ਬਜਰ ਕਪਾਟੀ ਤੋੜ ਤੁੜਾਈਆ । ਵਸਤ ਅਮੋਲਕ ਵਿਕਾਏ ਹਾਟ, ਵਣਜ ਇਕੋ ਇਕ ਕਰਾਈਆ । ਕਲਜੁਗ ਮੇਟ ਅੰਧੇਰੀ ਰਾਤ, ਸਤਿਜੁਗ ਸੱਚਾ ਚੰਦ ਚਮਕਾਈਆ । ਜਨ ਭਗਤਾਂ ਦੇਵੇ ਨਾਮ ਦਾਤ, ਸੋਹੰ ਅੱਖਰ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਵਰਤਾਈਆ । ਆਪਣਾ ਖੇਲ ਕਰੇ ਸਮਰਥ, ਹਰ ਘਟ ਵੇਖੇ ਥਾਉਂ ਥਾਈਂਆ । ਨਿਰਗੁਣ ਹੋ ਕੇ ਰਿਹਾ ਨੱਠ, ਸਰਗੁਣ ਸਾਚਾ ਹੁਕਮ ਮਨਾਈਆ । ਨਿਰਵੈਰ ਹੋ ਕੇ ਮਾਰਗ ਰਿਹਾ ਦੱਸ, ਪੁਰਖ ਅਕਾਲ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਵਖਾਈਆ । ਸਾਚੀ ਖੇਲ ਕਰੇ ਹਰਿ ਕਰਤਾ, ਕਰਨਹਾਰ ਵੱਡੀ ਵਡਿਆਈਆ । ਨਾ ਜਨਮੇ ਨਾ ਕਦੇ ਮਰਦਾ, ਜੀਵਣ ਜੁਗਤ ਨਾ ਕੋਇ ਵਖਾਈਆ । ਨਾ ਡੁੱਬਿਆ ਨਾ ਕਦੇ ਤਰਦਾ, ਭਵ ਸਾਗਰ ਨਾ ਕੋਇ ਰੁੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਰਚਨਾ ਆਪ ਰਚਾਈਆ । ਸਾਚੀ ਰਚਨਾ ਰਚ ਭਗਵਾਨ, ਹਰਿ ਕਰਤਾ ਵੇਖ ਵਖਾਈਆ । ਕਲਜੁਗ ਅੰਤ ਹੋ ਪਰਧਾਨ, ਨਾਮ ਪਰਧਾਨਗੀ ਇਕ ਸਮਝਾਈਆ । ਭਗਤ ਵਛਲ ਗਿਰਵਰ ਗਿਰਧਾਰ ਜਨ ਭਗਤਾਂ ਮਿਲੇ ਆਣ, ਔਂਦਾ ਜਾਂਦਾ ਨਜ਼ਰ ਕਿਸੇ ਨਾ ਆਈਆ । ਅੰਦਰ ਵੜ ਕੇ ਮੰਦਰ ਚੜ੍ਹ ਕੇ ਘਰ ਦੇਵੇ ਨਾਮ ਦਾਨ, ਬਾਹਰੋਂ ਕਰੇ ਨਾ ਕੋਇ ਪੜ੍ਹਾਈਆ । ਕਰੇ ਖੇਲ ਨੌਜਵਾਨ ਭੂਪਤ ਭੂਪ ਰਾਜ ਰਾਜਾਨ, ਸ਼ਹਿਨਸ਼ਾਹ ਆਪਣਾ ਹੁਕਮ ਮਨਾਈਆ । ਗੁਰ ਅਵਤਾਰ ਹੋਏ ਹੈਰਾਨ, ਪੀਰ ਪੈਗੰਬਰ ਨੈਣ ਸ਼ਰਮਾਣ, ਅੱਖ ਸਕੇ ਨਾ ਕੋਇ ਉਠਾਈਆ । ਸਚ ਤੌਫ਼ੀਕ ਇਕ ਮਿਹਬਾਨ, ਰਾਜਕ ਰਹੀਮ ਆਪ ਰਹਿਮਾਨ, ਰਹਿਮਤ ਇਕੋ ਇਕ ਵਖਾਈਆ । ਸ਼ਾਹ ਪਾਤਸ਼ਾਹ ਵਾਲੀ ਦੋ ਜਹਾਨ, ਦੋਏ ਦੋਏ ਆਪਣੀ ਕਲ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਸਾਚੇ ਲਏ ਮਿਲਾਈਆ । ਹਰਿਜਨ ਮਿਲਾਵੇ ਆਪ ਪ੍ਰਭ, ਆਪਣੀ ਦਇਆ ਕਮਾਇੰਦਾ । ਕੋਟ ਜਨਮ ਦੇ ਵਿਛੜੇ ਲੱਭ, ਲੱਖ ਚੁਰਾਸੀ ਫੋਲ ਫੁਲਾਇੰਦਾ । ਜਗਤ ਕਿਨਾਰਾ ਪਾਰ ਹੱਦ, ਗੁਰੂਦੁਆਰਾ ਗੁਰਚਰਨ ਇਕ ਵਖਾਇੰਦਾ । ਪਿਛਲਾ ਨਾਤਾ ਗੁਰਮੁਖ ਸੱਜਣ ਜਾਣਾ ਛੱਡ, ਅੱਗੇ ਆਤਮ ਪਰਮਾਤਮ

੯੯੩ ੧੪

ਮੇਲ ਮਿਲਾਇੰਦਾ । ਸਚ ਪ੍ਰੀਤੀ ਜਾਣਾ ਬੱਝ, ਕੂੜਾ ਰੰਗ ਨਾ ਕੋਇ ਵਖਾਇੰਦਾ । ਹਰਿ ਮੰਦਰ ਬਹਿਣਾ ਆਪਣੇ ਸਜ, ਦੀਵਾ ਬਾਤੀ ਕਮਲਾਪਾਤੀ ਇਕੋ ਨੂਰ ਧਰਾਇੰਦਾ । ਅਨਹਦ ਨਾਦ ਜਾਏ ਵਜ, ਅਨਰਾਗੀ ਆਪਣਾ ਰਾਗ ਅਲਾਇੰਦਾ । ਅੰਮ੍ਰਿਤ ਜਾਮ ਪਿਆਏ ਮਧ, ਮਧੁਰ ਧੁਨ ਇਕ ਸੁਣਾਇੰਦਾ । ਸਚ ਸਿੰਘਾਸਣ ਬਹਿਣਾ ਸਜ, ਸ੍ਰੀ ਭਗਵਾਨ ਆਪਣੀ ਗੋਦ ਉਠਾਇੰਦਾ । ਦਰਸਨ ਕਰਨਾ ਰੱਜ ਰੱਜ, ਸਨਮੁਖ ਆਪਣਾ ਖੇਲ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭਗਤ ਭਗਵਾਨ ਆਪ ਵਡਿਆਇੰਦਾ । ਭਗਤ ਵਡਿਆਈ ਦੇਵਣਹਾਰਾ, ਏਕਾ ਏਕ ਏਕ ਅਖਵਾਈਆ । ਜੁਗ ਚੌਕੜੀ ਕਰ ਪਸਾਰਾ, ਲੇਖਾ ਜਾਣੇ ਬੇਪਰਵਾਹੀਆ । ਕਲਜੁਗ ਕਲਕੀ ਲੈ ਅਵਤਾਰਾ, ਕਲ ਆਪਣਾ ਵੇਸ ਵਟਾਈਆ । ਸੰਬਲ ਵੇਖੇ ਧਾਮ ਨਿਆਰਾ, ਮਹੱਲ ਅਟੱਲ ਇਕ ਰੁਸ਼ਨਾਈਆ । ਗੋਬਿੰਦ ਮੀਤਾ ਪੁਰਖ ਅਕਾਲਾ, ਆਪਣੀ ਕਾਰ ਕਮਾਈਆ । ਸੁਤ ਦੁਲਾਰਾ ਜਗਤ ਦਲਾਲਾ, ਵਣਜ ਇਕੋ ਹੱਟ ਵਖਾਈਆ । ਸੇਵਾਦਾਰ ਕਾਲ ਮਹਾਂਕਾਲਾ, ਹੁਕਮੀ ਹੁਕਮ ਇਕ ਸਮਝਾਈਆ । ਭਗਤ ਦੁਆਰ ਸੱਚੀ ਧਰਮਸਾਲਾ, ਧਰਮ ਦੁਆਰ ਮਿਲੇ ਵਡਿਆਈਆ । ਜਿਸ ਗ੍ਰਿਹਿ ਵਸੇ ਦੀਨ ਦਿਆਲਾ, ਸੋ ਥਾਨ ਸੋਭਾ ਪਾਈਆ । ਲੇਖਾ ਜਾਣੇ ਸ਼ਾਹ ਕੰਗਾਲਾ, ਊਚ ਨੀਚ ਨਾ ਵੰਡ ਵੰਡਾਈਆ । ਫਲ ਲਗਾਏ ਕਾਇਆ ਡਾਲਾ, ਫੁਲ ਟਾਹਣੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਦਏ ਵਡਿਆਈਆ । ਜਨ ਭਗਤ ਤੇਰਾ ਵਡ ਪਰਤਾਪ, ਪਰਤੀਨਿਧ ਹਰਿ ਜਣਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਸੁਣਨ ਤੇਰਾ ਜਾਪ, ਨੇਤਰ ਸਰਵਣ ਧਿਆਨ ਸਰਬ ਲਗਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਇਕ ਦੂਜੇ ਨੂੰ ਰਹੇ ਆਖ, ਹੌਲੀ ਹੌਲੀ ਸਰਬ ਹਿਲਾਇੰਦਾ । ਨੇਤਰ ਖੋਲ੍ਹੋ ਉਠੋ ਵੇਖੋ ਪਾਰਬ੍ਰਹਮ ਪਤਿਪਰਮੇਸ਼ਵਰ ਜਨ ਭਗਤਾਂ ਬਣਿਆ ਸਾਕ, ਸਤਿਗੁਰ ਸੱਜਣ ਇਕੋ ਨਜ਼ਰੀ ਆਇੰਦਾ । ਦੋ ਜਹਾਨਾਂ ਸ੍ਰੀ ਭਗਵਾਨਾ ਕੱਟ ਕੇ ਆਪਣੀ ਵਾਟ, ਭਗਤ ਦੁਆਰੇ ਸੋਭਾ ਪਾਇੰਦਾ । ਖੇਵਟ ਖੇਟਾ ਬਣ ਕੇ ਪੱਤਣ ਮੱਲਿਆ ਘਾਟ, ਮਾਹੀ ਆਪਣੀ ਧਾਰ ਚਲਾਇੰਦਾ । ਨਿਰਗੁਣ ਸਰਗੁਣ ਦੇਵੇ ਸਾਥ, ਸਗਲਾ ਸੰਗ ਨਿਭਾਇੰਦਾ । ਸਤਿਜੁਗ ਧਾਰਾ ਦੱਸੇ ਇਕੋ ਜਾਪ, ਸੋਹੰ ਮੰਤਰ ਸਚ ਪੜ੍ਹਾਇੰਦਾ । ਜਿਸ ਜਪਿਆ ਤਿਸ ਰਹੇ ਨਾ ਕੋਈ ਸੰਤਾਪ, ਰਾਏ ਧਰਮ ਅੰਤ ਨੇੜ ਨਾ ਆਇੰਦਾ । ਲੋਕਮਾਤ ਕਰੇ ਪਵਿਤ ਪਾਕ, ਪੁਨੀਤ, ਆਪਣੀ ਧਾਰ ਵਖਾਇੰਦਾ । ਜਿਉਂ ਭਾਵੇ ਤਿਉਂ ਲਵੇ ਰਾਖ, ਮਿਹਰ ਨਜ਼ਰ ਆਪ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਵਿਛੁੰਨੇ ਮੇਲ ਮਿਲਾਇੰਦਾ । ਜਗਤ ਵਿਛੁੰਨੇ ਮਿਟੇ ਵਿਛੋੜਾ, ਵਿਛੜਿਆਂ ਮੇਲ ਮਿਲਾਈਆ । ਮਨਮੁਖਾਂ ਬਚਨ ਸੁਣਾਏ ਕੋਰਾ, ਇਕੋ ਇਕ ਨਾਦ ਵਜਾਈਆ । ਜਨ ਭਗਤਾਂ ਦੇਵੇ ਸ਼ਬਦੀ ਘੋੜਾ, ਨਾਮ ਡੋਰੀ ਹੱਥ ਫੜਾਈਆ । ਅੰਦਰ ਵੜ ਕੇ ਦੁਆਰੇ ਖੜ ਕੇ ਆਤਮ ਪਰਮਾਤਮ ਬਣਾਈ ਜਾਏ ਜੋੜੀ ਜੋੜਾ, ਜਗਤ ਰੰਡੇਪਾ ਰਹਿਣ ਕੋਇ ਨਾ ਪਾਈਆ । ਜਿਸ ਦਾ ਮੰਤਰ ਇਕੋ ਫੇਰਾ, ਫੁਰਨੇ ਸਾਰੇ ਬੰਦ ਕਰਾਈਆ । ਗੁਰਮੁਖਾਂ ਕਹੇ ਤੂੰ ਮੇਰਾ ਮੈਂ ਤੇਰਾ, ਤੇਰਾ ਮੇਰਾ ਵੰਡ ਨਾ ਕੋਇ ਵਖਾਈਆ । ਹਰਿ ਭਗਤ ਕਹਿਣ ਪ੍ਰਭ ਤੇਰੀ ਲੋੜਾ, ਤੁਧ ਬਿਨ ਹੋਏ ਨਾ ਕੋਇ ਸਹਾਈਆ । ਸ੍ਰੀ ਭਗਵਾਨ ਕਹੇ ਬਿਨ ਭਗਤਾਂ ਮੇਰਾ ਕੋਈ ਨਾ ਬਾਂਕਾ ਛੋਹਰਾ, ਛੈਲ ਛਬੀਲਾ ਨਜ਼ਰ ਕੋਇ ਨਾ ਆਈਆ । ਇਕ ਦੂਜੇ ਨਾਲ ਬੱਝੀ ਡੋਰਾ, ਪਰੇਮ ਤੰਦ ਇਕੋ ਪਾਈਆ । ਕਲਜੁਗ ਅੰਤ ਨਾ ਹੋਏ ਵਿਛੋੜਾ, ਵਿਛੜਿਆਂ ਆਪਣੇ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ,

ਹਰਿ ਕਰਨੀ ਆਪ ਕਮਾਈਆ । ਭਗਤ ਸੁਹੇਲੇ ਵੇਖੇ ਮਾਤ, ਮਤਾ ਆਪਣੇ ਨਾਲ ਪਕਾਈਆ । ਜਿਨ੍ਹਾਂ ਲੱਭੀ ਮੇਰੀ ਜ਼ਾਤ, ਤਿਨ੍ਹਾਂ ਆਪਣਾ ਜ਼ਾਹਰ ਕਰਾਈਆ । ਸਤਿ ਵਸਤ ਪ੍ਰਭ ਦੇਵੇ ਦਾਤ, ਅਨਮੁਲੜੀ ਆਪ ਵਰਤਾਈਆ । ਚਰਨ ਕਵਲ ਹਰਿ ਇਕੋ ਨਾਤ, ਗੁਰ ਅਵਤਾਰ ਪੀਰ ਪੈਗੰਬਰ ਦੋਏ ਜੋੜ ਗਏ ਸਮਝਾਈਆ । ਸਾਹਿਬ ਸਵਾਮੀ ਜਿਨ੍ਹਾਂ ਦੇ ਸਾਥ, ਤਿਨ੍ਹਾਂ ਲਿਖਣ ਪੜ੍ਹਨ ਲੋੜ ਰਹੇ ਨਾ ਰਾਈਆ । ਲੇਖਾ ਚੁੱਕ ਜਾਏ ਪੂਜਾ ਪਾਠ, ਤੀਰਥ ਤਟ ਨਹਾਵਣ ਕੋਇ ਨਾ ਜਾਈਆ । ਤਿਨ੍ਹਾਂ ਕਾਇਆ ਮੰਦਰ ਅੰਦਰ ਪੂਰੀ ਕਰੇ ਆਸ, ਪੁਰਖ ਅਬਿਨਾਸ਼ੀ ਫੇਰਾ ਪਾਈਆ । ਲੇਖੇ ਲਾਏ ਪਵਣ ਸਵਾਸ, ਸਵਾਸ ਸਵਾਸਾਂ ਨਾਲ ਮਿਲਾਈਆ । ਜੋ ਗੁਰਮੁਖ ਹਰਿ ਸਤਿਗੁਰ ਹੋਇਆ ਦਾਸ, ਤਿਸ ਦੇਵਣਹਾਰ ਵਡਿਆਈਆ । ਪਾਰ ਉਤਾਰੇ ਆਪਣੇ ਘਾਟ, ਬੇੜੇ ਸਾਚੇ ਨਾਮ ਚੜ੍ਹਾਈਆ । ਨਾਮ ਚੋਲੀ ਕਦੀ ਨਾ ਜਾਏ ਪਾਟ, ਦੁਰਮਤ ਮੈਲ ਨਾ ਲਾਗੇ ਰਾਈਆ । ਜੋ ਜਨ ਵਿਕੇ ਸਤਿਗੁਰ ਹਾਟ, ਤਿਨ੍ਹਾਂ ਕਰਤਾ ਕੀਮਤ ਆਪੇ ਪਾਈਆ । ਕਲਜੁਗ ਅੰਤ ਸ੍ਰੀ ਭਗਵੰਤ ਜਨ ਭਗਤ ਬਣਾਈ ਇਕ ਜਮਾਤ, ਜ਼ਾਮਨ ਇਕੋ ਨਜ਼ਰੀ ਆਈਆ । ਨਾ ਕੋਈ ਮੌਤ ਨਾ ਵਫ਼ਾਤ, ਫ਼ਤਵਾ ਸਕੇ ਨਾ ਕੋਇ ਸੁਣਾਈਆ । ਇਕੋ ਵਾਰ ਪਿਆਏ ਆਬੇ ਹਯਾਤ, ਰਸ ਇਕੋ ਇਕ ਸਮਝਾਈਆ । ਵੇਖ ਵਖਾਏ ਕਾਇਨਾਤ, ਕਾਦਰ ਕਰਤਾ ਆਪਣੀ ਕਾਰ ਕਮਾਈਆ । ਜਨ ਭਗਤਾਂ ਕਹੇ ਆਪ ਸਾਬਾਸ, ਗੁਰਮੁਖ ਤੇਰੀ ਵਡ ਵਡਿਆਈਆ । ਜਿਸ ਪ੍ਰਭ ਮਿਲਣ ਦੀ ਰੱਖੀ ਆਸ, ਕੂੜਾ ਨਾਤਾ ਜਗਤ ਤੁੜਾਈਆ । ਸੋ ਗੁਰਮੁਖ ਉਪਜੇ ਸਾਚੀ ਸ਼ਾਖ਼, ਸ਼ਹਿਨਸ਼ਾਹ ਆਪਣੇ ਨਾਲ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭਗਤ ਭਗਵਾਨ ਇਕੋ ਲੇਖਾ ਬਿਨ ਵੇਖਿਆਂ ਹੋਏ ਭਰਮ ਭੁਲੇਖਾ, ਭਾਂਡਾ ਭਰਮ ਸ੍ਰਿਸ਼ਟ ਸਬਾਈ ਰਿਹਾ ਭੰਨਾਈਆ । ਜਿਨ੍ਹਾਂ ਦੱਸਿਆ ਆਪਣਾ ਭੇਤਾ, ਅੰਦਰ ਵੜ ਕੇ ਪਰਦਾ ਲਾਹੀਆ । ਸੋ ਦੂਰ ਦੁਰਾਡੇ ਨੇਰਨ ਨੇਰੇ ਘਰ ਬੈਠੇ ਕਰਨ ਸਾਚਾ ਹੇਤਾ, ਆਤਮ ਅੰਤਰ ਧਿਆਨ ਲਗਾਈਆ । ਸਤਿਗੁਰ ਸਾਚਾ ਸਭ ਦਾ ਲਾਏ ਲੇਖਾ, ਲੇਖਾ ਆਪਣੀ ਝੋਲੀ ਪਾਈਆ । ਨਿਰਗੁਣ ਹੋ ਕੇ ਬਣਿਆ ਨੇਤਾ, ਨਰ ਨਿਰੰਕਾਰ ਵੇਸ ਵਟਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗ ਚੌਕੜੀ ਜਨਮ ਕਰਮ ਦੇ ਵਿਛੜਿਆਂ ਰੱਖੇ ਚੇਤਾ, ਚੇਤਨ ਧਾਰ ਹਰਿ ਨਿਰੰਕਾਰ ਅਭੁੱਲ ਭੁੱਲ ਕਦੇ ਨਾ ਜਾਈਆ ।

## ★ ੧੫ ਹਾੜ ੨੦੨੦ ਬਿਕ੍ਰਮੀ ਅਮਰਜੀਤ ਸਿੰਘ ਦੇ ਨਵਿਤ ਦਰਬਾਰ ਵਿਚ ਜੇਠੂਵਾਲ ★

ਮੁਨ ਨਾਰਦ ਰਿਹਾ ਨੱਚ, ਆਪਣੀ ਖ਼ੁਸ਼ੀ ਵਖਾਇੰਦਾ । ਪ੍ਰਭ ਕਿਰਪਾ ਕਰੀ ਸੱਚ, ਸਾਖਿਆਤ ਵੇਸ ਵਟਾਇੰਦਾ । ਦੋ ਜਹਾਨ ਵੇਖਿਆ ਨੱਠ, ਬ੍ਰਹਿਮੰਡ ਖੰਡ ਖੋਜ ਖੁਜਾਇੰਦਾ । ਚਾਰ ਯੁਗ ਜੋ ਧਾਰਾ ਰਿਹਾ ਦੱਸ, ਦਹਿ ਦਿਸ਼ਾ ਹੁਕਮ ਵਰਤਾਇੰਦਾ । ਸੋ ਸਾਹਿਬ ਹੋ ਪਰਗਟ, ਨਿਰਗੁਣ ਨੂਰ ਨੂਰ ਉਪਾਇੰਦਾ । ਕਿਰਪਾ ਕਰ ਪੁਰਖ ਸਮਰਥ, ਸ੍ਰੀ ਭਗਵਾਨ ਆਪਣਾ ਆਸਣ ਲਾਇੰਦਾ । ਵਸਤ ਅਮੋਲਕ ਇਕੋ ਹੱਥ, ਧੁਰ ਦੀ ਦਾਤ ਆਪ ਵਰਤਾਇੰਦਾ । ਸਤਿ ਧਰਮ ਦਾ ਖੋਲ੍ਹ ਹੱਟ, ਵਣਜ ਇਕੋ ਇਕ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪਣੇ ਹੱਥ ਰਖਾਇੰਦਾ । ਨਾਰਦ ਮੁਨ ਫੜ ਸਤਾਰ, ਮਾਤ ਸੁਰਸਤੀ ਵੇਖ ਵਖਾਈਆ । ਰਾਗ ਛਤੀਸਾ ਜਿਸ ਦੀ ਧਾਰ, ਸੋ ਸਾਹਿਬ

੯੯੫
੧੪

ਬੇਪਰਵਾਹੀਆ । ਜਿਸ ਦੇ ਅੰਦਰ ਮੇਰੀ ਗੁਫ਼ਤਾਰ, ਬਾਹਰ ਇਕੋ ਰੰਗ ਵਖਾਈਆ । ਜਿਸ ਦਾ ਹੁਕਮ ਸੱਚਾ ਪਿਆਰ, ਪ੍ਰੀਤੀ ਇਕੋ ਇਕ ਬੰਧਾਈਆ । ਜਿਸ ਦਾ ਖੇਲ ਅਗੰਮ ਅਪਾਰ, ਬੇਅੰਤ ਬੇਪਰਵਾਹ ਅਖਵਾਈਆ । ਸੋ ਪੁਰਖ ਨਿਰੰਜਣ ਲੈ ਅਵਤਾਰ, ਨਿਰਗੁਣ ਨੂਰ ਜੋਤ ਧਰਾਈਆ । ਸਾਚਾ ਖੇੜਾ ਕਰ ਆਬਾਦ, ਘਰ ਇਕੋ ਇਕ ਵਸਾਈਆ । ਜਨ ਭਗਤਾਂ ਦੇਵੇ ਦਾਦ, ਨਾਉਂ ਨਿਰੰਕਾਰਾ ਝੋਲੀ ਪਾਈਆ । ਬਿਨ ਖਾਦਿਆਂ ਆਵੇ ਸੁਆਦ, ਰਸ ਆਤਮਕ ਇਕ ਸਮਝਾਈਆ । ਜਿਸ ਰਚਨਾ ਰਚੀ ਆਦਿ, ਸੋ ਕਰਤਾ ਵੇਖਣ ਆਈਆ । ਜਿਸ ਦਾ ਦੋ ਜਹਾਨ ਵੱਜੇ ਨਾਦ, ਗੁਰ ਅਵਤਾਰ ਰਹੇ ਜਸ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਨਾਰਦ ਕਹੇ ਪ੍ਰਭ ਮੇਰੀ ਸਤਾਰ, ਤੇਰੇ ਪਰੇਮ ਤੰਦ ਬੰਧਾਈਆ । ਦਿਵਸ ਰੈਣ ਕਰੇ ਪੁਕਾਰ, ਉਚੀ ਕੂਕ ਕੂਕ ਸੁਣਾਈਆ । ਆ ਮਿਲ ਸਾਂਝੇ ਯਾਰ, ਦਰ ਇਕੋ ਆਸ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਨਾਰਦ ਕਹੇ ਮੈਂ ਧਰਨੀਸ਼ਰ, ਤੇਰੇ ਉਤੇ ਧਿਆਨ ਲਗਾਈਆ । ਤੂੰ ਠਾਕਰ ਸਾਹਿਬ ਸੱਚਾ ਈਸ਼ਰ, ਈਸ਼ਵਰ ਆਪਣਾ ਭੇਵ ਚੁਕਾਈਆ । ਤੇਰਾ ਨਾਉਂ ਜਗਤ ਜਗਦੀਸ਼ਰ, ਜਗ ਦਾਤਾ ਵਡ ਵਡਿਆਈਆ । ਤੇਰੇ ਹੁਕਮੇ ਅੰਦਰ ਤਪੀਸ਼ਰ, ਜੁਗ ਜੁਗ ਧੂਣੀਆਂ ਤਨ ਖ਼ਾਕ ਲਗਾਈਆ । ਤੂੰ ਵਸੇਂ ਹਰ ਘਟ ਭੀਤਰ, ਨਿਰਗੁਣ ਨਜ਼ਰ ਕਿਸੇ ਨਾ ਆਈਆ । ਨਿਤ ਨਵਿਤ ਤੇਰੀ ਅਗੰਮੀ ਰੀਤੜ, ਰੀਤੀਵਾਨ ਆਪ ਹੋ ਜਾਈਆ । ਜੁਗ ਚੌਕੜੀ ਕੋਟਨ ਬੀਤਣ, ਸਦੀ ਸਦੀਵੀ ਕੋਈ ਰਹਿਣ ਨਾ ਪਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਗੁਰ ਅਵਤਾਰ ਪੀਰ ਪੈਗ਼ੰਬਰ ਤੈਨੂੰ ਉਡੀਕਣ, ਨਿਤ ਆਪਣਾ ਧਿਆਨ ਲਗਾਈਆ । ਕਵਣ ਵੇਲਾ ਪ੍ਰਭ ਪਰਗਟ ਹੋਵੇ ਲਾਸ਼ਰੀਕਨ, ਅਭੇਵ ਇਕੋ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਨਾਰਦ ਮੁਨ ਬਣ ਮਲੰਗ, ਆਪਣਾ ਕਦਮ ਰਿਹਾ ਉਠਾਈਆ । ਖੇਲੇ ਖੇਲ ਸੂਰਾ ਸਰਬੰਗ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਟੱਪੇ ਕੁੱਦੇ ਬਦਨ ਨੰਗ, ਓਢਣ ਨਜ਼ਰ ਕੋਇ ਨਾ ਆਈਆ । ਸਚ ਸਤਾਰ ਵੱਜੇ ਤੰਦ, ਤੂ ਹੀ ਤੂ ਰਾਗ ਅਲਾਈਆ । ਦਰ ਦਰਵੇਸ਼ ਬਣ ਭਿਖਾਰੀ ਮੰਗੇ ਮੰਗ, ਖ਼ਾਲੀ ਝੋਲੀ ਅੱਗੇ ਡਾਹੀਆ । ਤੇਰਾ ਖੇਲ ਸੂਰੇ ਸਰਬੰਗ, ਸ਼ਹਿਨਸ਼ਾਹ ਸੰਗ ਨਾ ਕੋਇ ਰਲਾਈਆ । ਜੁਗ ਚੌਕੜੀ ਮਾਣਿਆ ਤੇਰਾ ਅਨੰਦ, ਤੇਰੀ ਖੇਲ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਨਾਰਦ ਮੁਨ ਰੋਵੇ ਹੱਸੇ, ਆਪਣਾ ਤਾਲ ਜਣਾਈਆ । ਜਿਸ ਹਿਰਦੇ ਪ੍ਰਭ ਮੇਰਾ ਵਸੇ, ਤਿਸ ਦਾ ਭੇਵ ਕੋਇ ਨਾ ਪਾਈਆ । ਲੇਖਾ ਅਲੇਖ ਨਾ ਕੋਈ ਲਿਖੇ, ਲਿਖਤ ਵਿਚ ਕਦੇ ਨਾ ਆਈਆ । ਜਗਤ ਨੇਤਰ ਕਿਸੇ ਨਾ ਦਿਸੇ, ਭਰਮੇ ਭੁੱਲੀ ਸਰਬ ਲੋਕਾਈਆ । ਜਗਤ ਕਹਾਣੀ ਜਗਤ ਵਾਰਤਾ ਪੜ੍ਹਦੀ ਰਹੀ ਕਿੱਸੇ, ਕਿਸਮਤ ਆਪਣੀ ਸਕੇ ਨਾ ਕੋਇ ਬਦਲਾਈਆ । ਨਰ ਨਿਰੰਕਾਰ ਨਿਰਵੈਰ ਪੁਰਖ ਅਕਾਲ ਕਿਸੇ ਨਾ ਆਇਆ ਹਿੱਸੇ, ਕੂੜਾ ਬੰਧਨ ਸਰਬ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਚਰਜ ਖੇਲ ਆਪ ਵਰਤਾਈਆ । ਨਾਰਦ ਮੁਨ ਵੇਖ ਵੇਖ ਕੁੱਦੇ, ਆਪ ਆਪਣੀ ਖ਼ੁਸ਼ੀ ਮਨਾਇੰਦਾ । ਸਾਹਿਬ ਸਤਿਗੁਰ ਸਚ ਪ੍ਰੀਤੀ ਇਕੋ ਸੁਝੇ, ਜਨ ਭਗਤਾਂ ਮੇਲ ਮਿਲਾਇੰਦਾ । ਲੇਖਾ ਜਾਣੇ ਅੰਤਰ ਆਤਮ ਗੁੱਝੇ, ਭੇਵ ਅਭੇਦਾ ਆਪਣੇ ਹੱਥ ਰਖਾਇੰਦਾ । ਸਚ ਪਰੇਮ ਜੋ ਜਨ ਲੁਝੇ, ਤਿਨ੍ਹਾਂ ਆਪਣਾ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ ।

ਸਾਚੀ ਕਰਨੀ ਵੇਖ ਭਗਵੰਤ, ਨਾਰਦ ਹੈਰਾਨੀ ਇਕੋ ਚਿਹਰੇ ਛਾਈਆ । ਮੈਂ ਵੇਖਿਆ ਖੇਲ ਤੇਰਾ ਜੁਗਾ ਜੁਗੰਤ, ਜੁਗ ਚੌਕੜੀ ਸੇਵ ਕਮਾਈਆ । ਕਲਜੁਗ ਅੰਤ ਤੇਰੀ ਮਹਿਮਾ ਬੇਅੰਤ, ਅੰਤ ਕਹਿਣ ਕੋਇ ਨਾ ਪਾਈਆ । ਲੱਖ ਚੁਰਾਸੀ ਵਿਚੋਂ ਗੁਰਮੁਖ ਸੁਹੇਲੇ ਲੱਭੇ ਸੰਤ, ਗੁਰਸਿਖ ਆਪਣੇ ਨਾਲ ਮਿਲਾਈਆ । ਬੋਧ ਅਗਾਧਾ ਨਾਮ ਜਣਾਇਆ ਗੜ੍ਹ ਤੋੜਿਆ ਹਉਮੇਂ ਹੰਗਤ, ਹੰ ਬ੍ਰਹਮ ਇਕੋ ਰੰਗ ਵਖਾਈਆ । ਸ਼ਬਦ ਧਾਰ ਕਰ ਪਿਆਰ ਮੇਲ ਮਿਲਾਇਆ ਪੂਰਬ ਸੰਗਤ, ਲਹਿਣਾ ਲਹਿਣੇ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਨਾਰਦ ਕਹੇ ਮੈਂ ਹੋਇਆ ਹੈਰਾਨ, ਹਰਿ ਕਾ ਭੇਵ ਕੋਇ ਨਾ ਆਈਆ । ਜੁਗ ਚੌਕੜੀ ਸਰਬ ਪਛਤਾਣ, ਪਸਚਾਤਾਪ ਕਰੇ ਲੋਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਨਿਤ ਨਿਤ ਮੰਗਦੇ ਗਏ ਦਾਨ, ਪ੍ਰਭ ਅੱਗੇ ਝੋਲੀ ਡਾਹੀਆ । ਸਦਾ ਸਦਾ ਦੇਵਣਹਾਰ ਆਪ ਭਗਵਾਨ, ਭਗਵਨ ਆਪਣੀ ਦਇਆ ਕਮਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜਣੌਂਦਾ ਰਿਹਾ ਇਕ ਗਿਆਨ, ਗਿਆਨ ਧਿਆਨ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਨਾਰਦ ਕਹੇ ਪ੍ਰਭ ਕਾ ਲੇਖਾ, ਸਮਝ ਕੋਇ ਨਾ ਆਈਆ । ਕਲਜੁਗ ਅੰਤ ਜਨ ਭਗਤਾਂ ਕਰੇ ਹੇਤਾ, ਹਿਤਕਾਰੀ ਆਪਣਾ ਮੇਲ ਮਿਲਾਈਆ । ਅੰਦਰ ਵੜ ਕੇ ਰਾਤੀਂ ਸੁੱਤਿਆਂ ਦੱਸੇ ਭੇਤਾ, ਅਨਭਵ ਆਪਣਾ ਖੇਲ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਨਾਰਦ ਕਹੇ ਪ੍ਰਭ ਮੇਰੇ ਠਾਕਰ, ਕੀ ਤੇਰੀ ਵਡਿਆਈਆ । ਜੁਗ ਚੌਕੜੀ ਬਣਿਆ ਰਿਹਾ ਤੇਰਾ ਚਾਕਰ, ਦਰ ਆ ਆ ਨਾਚ ਵਖਾਈਆ । ਮੈਨੂੰ ਅੱਜੇ ਨਾ ਦਿਤਾ ਆਦਰ, ਕਰ ਪਿਆਰ ਨਾ ਕੋਲ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਚ ਵਰ, ਤੇਰੀ ਮਿਲੇ ਸਚ ਸਰਨਾਈਆ । ਨਾਰਦ ਕਹੇ ਮੈਂ ਰੱਖੀ ਆਸ, ਆਸਾ ਆਸਾ ਵਿਚੋਂ ਪਰਗਟਾਈਆ । ਕਵਣ ਵੇਲਾ ਪ੍ਰਭ ਰੱਖੇ ਪਾਸ, ਆਪਣੀ ਗੋਦ ਬਹਾਈਆ । ਸੇਵਾ ਕਰਾਂ ਬਣ ਦਾਸੀ ਦਾਸ, ਸੇਵਕ ਰੂਪ ਵਟਾਈਆ । ਦਰ ਘਰ ਸਾਚੇ ਉਪਜੇ ਇਕੋ ਸ਼ਾਖ, ਪੱਤ ਡਾਲੀ ਇਕ ਮਹਿਕਾਈਆ । ਪਤਿਪਰਮੇਸ਼ਵਰ ਸਚ ਸਵਾਮੀ ਬਣੇ ਬਾਪ, ਪਿਤਾ ਇਕੋ ਇਕ ਜਣਾਈਆ । ਨਿਤ ਨਵਿਤ ਰੱਖੇ ਯਾਦ, ਅਭੁੱਲ ਭੁੱਲ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਮਿਲੇ ਤੇਰੀ ਸਰਨਾਈਆ । ਨਾਰਦ ਕਹੇ ਪ੍ਰਭ ਮੈਂ ਤੇਰਾ ਬੱਚਾ, ਬ੍ਰਹਮਾ ਅੰਗ ਨਾ ਕੋਇ ਲਗਾਈਆ । ਤੇਰੀ ਮਿਹਰ ਹੋਵਾਂ ਸੱਚਾ, ਮੇਰੀ ਚਲੇ ਨਾ ਕੋਇ ਚਤਰਾਈਆ । ਤੇਰੇ ਹੁਕਮੇ ਅੰਦਰ ਬਣਿਆ ਕੱਚਾ, ਚਾਰੋਂ ਕੁੰਟ ਫੇਰਾ ਪਾਈਆ । ਬਣ ਮਲੰਗ ਦਰ ਦਰ ਨੱਚਾ, ਨਟੂਆ ਆਪਣਾ ਸਾਂਗ ਵਖਾਈਆ । ਤੇਰਾ ਮਾਰਗ ਜੁਗ ਚੌਕੜੀ ਦੱਸਾ, ਸਾਚੀ ਸਿਖਿਆ ਇਕ ਦ੍ਰਿੜਾਈਆ । ਇਕੋ ਧਰੂ ਲੱਗਾ ਅੱਛਾ, ਅੱਛੀ ਤਰ੍ਹਾ ਦਿਤੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਤੇਰਾ ਖੇਲ ਵੇਖ ਵਖਾਈਆ । ਤੇਰਾ ਖੇਲ ਵੇਖਿਆ ਪ੍ਰਭ ਮੇਰੇ, ਦਰ ਤੇਰੇ ਸੀਸ ਝੁਕਾਈਆ । ਜੁਗ ਚੌਕੜੀ ਦੇਂਦਾ ਰਿਹੋਂ ਗੇੜੇ, ਗੇੜਾ ਹੁਕਮ ਵਿਚ ਭੁਆਈਆ । ਨਿਤ ਨਵਿਤ ਕਰਦਾ ਰਿਹੋਂ ਨਬੇੜੇ, ਦੋ ਜਹਾਨਾਂ ਝਗੜਾ ਆਪ ਚੁਕਾਈਆ । ਭਗਤ ਭਗਵਾਨ ਵਸੌਂਦਾ ਰਿਹੋਂ ਖੇੜੇ, ਘਰ ਮੰਦਰ ਡੇਰਾ ਲਾਈਆ । ਕਲਜੁਗ ਅੰਤ ਮੈਂ ਵੀ ਅੰਤ ਆ ਵੜਿਆ ਤੇਰੇ ਵੇਹੜੇ, ਪ੍ਰਭ ਇਕੋ ਆਸ ਰਖਾਈਆ । ਅੰਤਮ ਲਹਿਣਾ ਚੁਕੇ ਨੇੜੇ, ਦੂਰ ਦੁਰਾਡਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ

੬੯੭ ੧੪

ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਵਡਿਆਈਆ । ਸ੍ਰੀ ਭਗਵਾਨ ਵਡ ਮਿਹਰਵਾਨਾ, ਮਿਹਰ ਨਜ਼ਰ ਉਠਾਇੰਦਾ । ਧੁਰ ਸੰਦੇਸ ਦਏ ਭਗਵਾਨਾ,
ਸ੍ਰੀ ਭਗਵਾਨ ਆਪ ਸਮਝਾਇੰਦਾ । ਨਾਰਦ ਤੇਰਾ ਪਰੇਮ ਪਰਵਾਨਾ, ਪਰਮ ਪੁਰਖ ਦਇਆ ਕਮਾਇੰਦਾ । ਕਲ ਅੰਤਮ ਵੇਖੇ ਮਾਰ ਧਿਆਨਾ, ਮਿਹਰਵਾਨ
ਦਇਆ ਕਮਾਇੰਦਾ । ਸਾਚੀ ਸਿਖਿਆ ਕਰ ਪਰਵਾਨਾ, ਧੁਰ ਸੰਦੇਸਾ ਆਪ ਅਲਾਇੰਦਾ । ਸਤਿ ਧਰਮ ਦਾ ਬੰਨ੍ਹ ਗਾਨਾ, ਕੂੜੀ ਕਿਰਿਆ ਮੇਟ
ਮਿਟਾਇੰਦਾ । ਤੰਦ ਸਤਾਰ ਇਕ ਵਖਾਨਾ, ਰਬਾਬ ਇਕੋ ਬਣਤ ਬਣਾਇੰਦਾ । ਨਾਮ ਸਰੰਗਾ ਆਪ ਹਿਲਾਨਾ, ਕਿਲੀ ਹੱਥ ਨਾ ਕੋਇ ਲਗਾਇੰਦਾ ।
ਰਸਨਾ ਜਿਹਵਾ ਨਾ ਗਾਏ ਗਾਣਾ, ਬੱਤੀ ਦੰਦ ਨਾ ਸਿਫ਼ਤ ਸਾਲਾਹਿੰਦਾ । ਘਰ ਮੰਦਰ ਸੋਹੇ ਮਕਾਨਾ, ਮਹੱਲ ਇਕੋ ਇਕ ਰੁਸ਼ਨਾਇੰਦਾ । ਜੋਤੀ
ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਰਦ ਮੁਨ ਆਪ ਜਣਾਇੰਦਾ । ਨਾਰਦ ਮੁਨ ਇਹ ਵੇਹੜਾ ਨਹੀਂ ਮੇਰਾ, ਪਾਰਬ੍ਰਹਮ ਪ੍ਰਭ ਆਪ
ਜਣਾਈਆ । ਇਹ ਭਗਤ ਦੁਆਰਾ ਭਗਤਾਂ ਡੇਰਾ, ਪ੍ਰਭ ਸੇਵਕ ਰੂਪ ਵਟਾਈਆ । ਜੁਗ ਚੌਕੜੀ ਜੋ ਕਰਦਾ ਰਿਹਾ ਹੇਰਾ ਫੇਰਾ, ਅਛਲ ਛਲ
ਆਪਣੀ ਕਾਰ ਕਮਾਈਆ । ਸੋ ਅੰਤਮ ਆਇਆ ਕਰਨ ਹੱਕ ਨਬੇੜਾ, ਹਕੀਕਤ ਵੇਖੇ ਥਾਉਂ ਥਾਈਂਆ । ਦੂਰ ਦੁਰਾਡਾ ਪੰਧ ਮੁਕਾਏ ਨੇੜਨ ਨੇਰਾ,
ਵਾਟ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਵਣਹਾਰ ਵਡਿਆਈਆ । ਭਗਤ ਦੁਆਰਾ
ਭਗਤਨ ਰੰਗ, ਸੋ ਸਾਹਿਬ ਆਪ ਜਣਾਇੰਦਾ । ਭਗਤਾਂ ਅੱਗੇ ਨਾਰਦ ਮੰਗ, ਸਾਚੀ ਸਿਖਿਆ ਇਕ ਦ੍ਰਿੜਾਇੰਦਾ । ਤੇਰੇ ਨਾਲ ਉਹ ਕਰਨ ਸੰਗ,
ਸਾਚਾ ਸੰਗ ਬਣਾਇੰਦਾ । ਤੇਰਾ ਲੇਖਾ ਚੁੱਕੇ ਮਲੰਗ, ਤੇਰੀ ਚਾਲ ਪਿਛਲੀ ਆਪ ਬਦਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ
੯੯੮ ੧੪ ਕਰ, ਸਾਚੀ ਸਿਖਿਆ ਇਕ ਸਮਝਾਇੰਦਾ । ਸਾਹਿਬ ਸੁਲਤਾਨ ਮੇਰੀ ਪਿਛਲੀ ਆਦਤ, ਪ੍ਰਭ ਮੇਰੇ ਮੈਨੂੰ ਸਮਝਾਈਆ । ਮੈਥੋਂ ਕਰੀ ਨਾ ਜਾਏ ਤੇਰੀ ੯੯੮ ੧੪
ਇਬਾਦਤ, ਬੈਠ ਧਿਆਨ ਨਾ ਕੋਇ ਲਗਾਈਆ । ਤੇਰਾ ਲੇਖਾ ਜ਼ਾਹਰ ਬਾਤਨ, ਅੰਦਰ ਬਾਹਰ ਤੇਰੀ ਸਰਨਾਈਆ । ਤੂੰ ਸਾਹਿਬ ਸਵਾਮੀ ਕਮਲਾਪਾਤਨ,
ਪਤ ਪਤਵੰਤਾ ਨਾਉਂ ਧਰਾਈਆ । ਜੋਤ ਅਕਾਲਣ ਦੇਵੇ ਸਾਥਣ, ਸਗਲਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ
ਕਰ, ਏਕਾ ਵਸਤ ਦੇ ਵਰਤਾਈਆ । ਮੈਂ ਵਸਤ ਹੱਕ ਵਰਤਾਵਾਂਗਾ । ਤੱਕ ਤੱਕ ਕੇ ਝੋਲੀ ਪਾਵਾਂਗਾ । ਗੁਰਮੁਖ ਗੁਰਸਿਖ ਆਪਣੇ ਕੋਲ ਰੱਖ,
ਰਾਖੀ ਸਾਚੀ ਆਪ ਜਣਾਵਾਂਗਾ । ਤੋਹੇ ਮਾਰਗ ਦੇਵਾਂ ਦੱਸ, ਸਾਚਾ ਰਾਹ ਇਕ ਪਰਗਟਾਵਾਂਗਾ । ਜਨ ਭਗਤਾਂ ਚਰਨੀ ਢੱਠ, ਦਰ ਇਕੋ ਇਕ
ਵਖਾਵਾਂਗਾ । ਚਾਰ ਕੁੰਟ ਨਾ ਐਵੇਂ ਟੱਪ, ਕੂੜੀ ਕਿਰਿਆ ਮੇਟ ਮਿਟਾਵਾਂਗਾ । ਲੋਕਮਾਤ ਪਹਿਲੀ ਵਾਰ ਪੁਰਖ ਅਕਾਲ ਦਾ ਖੁੱਲਿਆ ਹੱਟ, ਬਿਨ
ਦਮਾਂ ਹੱਟ ਚਲਾਵਾਂਗਾ । ਜੋ ਆਏ ਸੋ ਲਾਹਾ ਜਾਏ ਖੱਟ, ਖ਼ਾਲੀ ਫੇਰ ਨਾ ਕੋਇ ਪਰਤਾਵਾਂਗਾ । ਜੋ ਵੇਖੇ ਮੇਰੇ ਭਗਤਾਂ ਮਤ, ਸੋ ਮਤ ਪਿਛਲੀ
ਆਪ ਗਵਾਵਾਂਗਾ । ਅੰਤਰ ਦੇ ਧੀਰਜ ਜਤ, ਸਤਿ ਸੰਤੋਖ ਇਕ ਦ੍ਰਿੜਾਵਾਂਗਾ । ਚਾਰ ਵਰਨ ਕਰ ਇਕੱਠ, ਇਕੋ ਰੰਗ ਰੰਗਾਵਾਂਗਾ । ਜੋਤੀ
ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਮਾਰਗ ਇਕ ਜਣਾਵਾਂਗਾ । ਸਾਚਾ ਮਾਰਗ ਇਕ ਲਗਾਵੇਗਾ ।
ਪ੍ਰਭ ਆਪਣੀ ਦਇਆ ਕਮਾਵੇਗਾ । ਭਗਤ ਭਗਵਾਨ ਵੇਖ ਵਖਾਵੇਗਾ । ਨਾਰਦ ਮੁਨ ਤੇਰੀ ਪੁਕਾਰ ਸੁਣ, ਤੇਰਾ ਦਰਦ ਵੰਡਾਵੇਗਾ । ਜੋਤੀ ਜੋਤ
ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਵਿਚ ਬਹਾਵੇਗਾ । ਜਨ ਭਗਤਾਂ ਕੋਲ ਸਾਚਾ ਬਹਿਣਾ, ਸੋ ਸਤਿਗੁਰ ਆਪ ਜਣਾਈਆ ।

੯੯੯
੧੪

ਨਿਤ ਨਵਿਤ ਦਰਸਨ ਨੈਣਾਂ, ਨੇਤਰ ਨੈਣ ਦਏ ਵਡਿਆਈਆ । ਪੁਰਖ ਅਕਾਲ ਦਾ ਸ਼ਬਦੀ ਕਹਿਣਾ, ਰਸਨਾ ਜਿਹਵਾ ਨਾ ਕੋਇ ਹਿਲਾਈਆ । ਸਚ ਮੁਕਾਮ ਇਕੋ ਰਹਿਣਾ, ਮਹੱਲ ਅਟੱਲ ਇਕ ਰੁਸ਼ਨਾਈਆ । ਸਦਾ ਸਦਾ ਸਦ ਦੇਵੇ ਦੇਣਾ, ਝੋਲੀ ਸਾਚੇ ਨਾਮ ਭਰਾਈਆ । ਕੂੜੀ ਕਿਰਿਆ ਕਿਸੇ ਨਾ ਵਹਿਣਾ, ਗੁਰਮਤ ਇਕ ਦ੍ਰਿੜਾਈਆ । ਚਾਰ ਵਰਨ ਦਾ ਇਕੋ ਸੈਣਾ, ਸੱਜਣ ਦਾਤਾ ਬੇਪਰਵਾਹੀਆ । ਨਾਮ ਕੰਗਣ ਪਾਏ ਗਹਿਣਾ, ਬਸਤਰ ਭੂਸ਼ਨ ਇਕੋ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦਾ ਸਦਾ ਹੋਏ ਸਹਾਈਆ । ਨਾਰਦ ਮੁਨ ਤੇਰਾ ਭਗਤਾਂ ਜੋੜ, ਕਲ ਅੰਤ ਭਗਵੰਤ ਕਰਾਈਆ । ਚਾਰ ਕੁੰਟ ਨਾ ਪੌਣਾ ਸ਼ੋਰ, ਬਾਂਕੇ ਛੋਹਰੇ ਆਪ ਸਮਝਾਈਆ । ਨੱਚਣ ਟੱਪਣ ਤੇਰੀ ਬਦਲ ਦੇਵੇ ਤੋਰ, ਤੁਰਤ ਆਪਣਾ ਹੁਕਮ ਮਨਾਈਆ । ਜਨ ਭਗਤਾਂ ਅੱਗੇ ਚਲੇ ਨਾ ਤੇਰਾ ਜ਼ੋਰ, ਜ਼ੋਰੂ ਜ਼ਰ ਦੋਵੇਂ ਸ਼ਰਮਾਈਆ । ਕਰੇ ਪਰਕਾਸ਼ ਅੰਧ ਘੋਰ, ਜੋਤੀ ਜੋਤ ਨੂਰ ਰੁਸ਼ਨਾਈਆ । ਹੱਥ ਪਕੜੇ ਸਾਚੀ ਡੋਰ, ਤੰਦੀ ਇਕੋ ਗੰਢ ਵਖਾਈਆ । ਚੜ੍ਹੇ ਅਗੰਮ ਆਪਣੇ ਘੋੜ, ਰਾਸਾਂ ਆਪਣੇ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਖੇਲ ਖਲਾਈਆ । ਨਾਰਦ ਮੁਨ ਵੇਖ ਆਪਣੀ ਬੋਦੀ, ਪਾਰਬ੍ਰਹਮ ਦਇਆ ਕਮਾਈਆ । ਸ੍ਰੀ ਭਗਵਾਨ ਬਣਿਆ ਖੋਜੀ, ਕਲਜੁਗ ਅੰਤਮ ਵੇਸ ਵਟਾਈਆ । ਮੰਗ ਖਾਣ ਦੀ ਜਾਏ ਰੋਜ਼ੀ, ਸਾਚੀ ਕਿਰਤ ਇਕ ਸਮਝਾਈਆ । ਕਰੇ ਖੇਲ ਪ੍ਰਭ ਆਪੇ ਚੋਜੀ, ਪਰੀਤਮ ਆਪਣੀ ਧਾਰ ਬੰਧਾਈਆ । ਨਿਰਗੁਣ ਹੋ ਕੇ ਬਣਿਆ ਮੌਜੀ, ਮਜਲਸ ਆਪਣਾ ਨਾਮ ਵਖਾਈਆ । ਜਿਸ ਦੀ ਖੇਲ ਕਿਸੇ ਨਾ ਸੋਚੀ, ਸਮਝ ਸਕੇ ਕੋਇ ਨਾ ਰਾਈਆ । ਤਿਸ ਦੀ ਮਿਹਰ ਨਜ਼ਰ ਇਕੋ ਬਹੁਤੀ, ਦੋ ਜਹਾਨਾਂ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਵੇਖੇ ਥਾਉਂ ਥਾਈਆ । ਨਾਰਦ ਮੁਨ ਸੁਣ ਹਰਿ ਉਪਦੇਸ਼, ਉਪਮਾਂ ਹਰਿ ਜਸ ਗਾਈਆ । ਪਰਗਟ ਹੋਇਆ ਇਕ ਨਰੇਸ਼, ਨਰ ਨਿਰੰਕਾਰ ਫੇਰਾ ਪਾਈਆ । ਜਿਸ ਦੀ ਮਹਿਮਾ ਗੌਂਦੇ ਬ੍ਰਹਮਾ ਵਿਸ਼ਨ ਸ਼ਿਵ ਮਹੇਸ਼, ਮੈਖ਼ਾਸਰ ਸੀਸ ਝੁਕਾਈਆ । ਤਿਸ ਸਾਹਿਬ ਨੂੰ ਇਕ ਆਦੇਸ, ਨਿਉਂ ਨਿਉਂ ਲਾਗਾਂ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਸਾਚੀ ਕਰਨੀ ਕਰੇ ਪ੍ਰਭ ਏਕ, ਅਕਲ ਕਲਧਾਰੀ ਖੇਲ ਕਰਾਇੰਦਾ । ਸਰਬ ਜੀਆਂ ਪ੍ਰਭ ਰਿਹਾ ਵੇਖ, ਘਟ ਘਟ ਡੇਰਾ ਲਾਇੰਦਾ । ਨਿਰਗੁਣ ਹੋ ਕੇ ਧਰਿਆ ਭੇਖ, ਸਰਗੁਣ ਰਾਹ ਜਣਾਇੰਦਾ । ਵਸਣਹਾਰਾ ਸਚਖੰਡ ਦੇਸ, ਸੰਬਲ ਆਪਣਾ ਨੂਰ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸੁਣ ਨਾਰਦ ਬਣ ਸੁਣੀਤਾ, ਸੋ ਸਾਹਿਬ ਆਪ ਜਣਾਈਆ । ਨਾਮ ਦਾਨ ਵਡ ਗੁਣੀ ਗਣੀਤਾ, ਕਹਿਣ ਕਥਨ ਕੋਇ ਨਾ ਜਾਈਆ । ਸਚ ਦੁਆਰ ਠਾਂਡਾ ਸੀਤਾ, ਅਗਨੀ ਤੱਤ ਨਾ ਕੋਇ ਬੁਝਾਈਆ । ਪਰੇਮ ਪ੍ਰੀਤੀ ਅੰਦਰ ਜਾਣੇ ਸਚ ਪ੍ਰੀਤਾ, ਪ੍ਰੀਤਮ ਭੇਵ ਅਭੇਦ ਰਿਹਾ ਜਣਾਈਆ । ਸ਼ਾਹ ਪਾਤਸ਼ਾਹ ਬਣੇ ਨੀਚਨ ਨੀਚਾ, ਊਚੋ ਊਚ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਨਾਰਦ ਵੇਖ ਹਰਿ ਕੇ ਭਗਤ, ਜਿਨ੍ਹਾਂ ਮਿਲੀ ਮਾਤ ਵਡਿਆਈਆ । ਹੋਏ ਉਜਿਆਰ ਕਲਜੁਗ ਜਗਤ, ਪ੍ਰਭ ਜੁਗਤ ਮਿਲੀ ਵਡਿਆਈਆ । ਸਚ ਦੁਆਰੇ ਆਏ ਪਰਤ, ਕੂੜਾ ਨਾਤਾ ਤੋੜ ਤੁੜਾਈਆ । ਚਿੰਤਾ ਗ਼ਮ ਨਾ ਕੋਈ ਹਰਖ਼, ਸੋਗ ਨੇੜ ਨਾ ਲਾਗਣ ਪਾਈਆ । ਤੇਰੇ ਦੁਆਰੇ ਤੇਰਾ ਲੋਚਣ ਦਰਸ, ਨੇਤਰ ਨੈਣ ਨੈਣ ਉਠਾਈਆ । ਮਿਹਰਵਾਨ ਡੂੰਘੇ ਸਾਗਰ

ਗਹਿਰ ਗੰਭੀਰ ਅੰਮ੍ਰਿਤ ਮੇਘ ਬਰਸ, ਸਾਚਾ ਮੇਘਲਾ ਸੇਵਾ ਲਾਈਆ । ਬਿਰਹੋਂ ਵਛੋੜੇ ਅੰਦਰ ਦਰਵੇਸ਼ ਰਹੇ ਤੜਫ, ਭਟਕਣਾ ਸਕੇ ਨਾ ਕੋਇ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਘਰ ਸਾਚੇ ਵੱਜੇ ਵਧਾਈਆ । ਘਰ ਸਾਚੇ ਵਧਾਈ ਵੱਜੇ ਹਮੇਸ਼, ਖ਼ੁਸ਼ੀ ਗ਼ਮੀ ਨਾ ਕੋਈ ਰਖਾਇੰਦਾ । ਤਖ਼ਤ ਨਿਵਾਸੀ ਇਕ ਨਰੇਸ਼, ਨਰ ਨਿਰੰਕਾਰਾ ਹੁਕਮ ਵਰਤਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਥੋੜਾ ਥੋੜਾ ਦੱਸੇ ਭੇਤ, ਮਾਰਗ ਲੋਕਮਾਤ ਜਣਾਇੰਦਾ । ਬਿਨ ਕਲਮ ਸ਼ਾਹੀ ਲਿਖ ਲਿਖ ਲੇਖ, ਬਿਨ ਕਾਗਦ ਹੁਕਮ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਕਰਨੀ ਕਰ ਕੇ ਬਣਿਆ ਭਗਵਾਨ, ਕਰਤਾ ਆਪਣਾ ਨਾਮ ਵਡਿਆਈਆ । ਦਾਤਾ ਬਣ ਕੇ ਦੇਵੇ ਦਾਨ, ਦਾਨੀ ਇਕੋ ਇਕ ਅਖਵਾਈਆ । ਬਿਧਾਤਾ ਬਣ ਕੇ ਕਰੇ ਪਰਵਾਨ, ਇਛਿਆ ਭਿਛਿਆ ਆਪ ਸੁਹਾਈਆ । ਸਾਹਿਬ ਬਣ ਕੇ ਬਣੇ ਕਾਹਨ, ਲੱਖ ਚੁਰਾਸੀ ਗੋਪੀ ਮਾਤ ਪਰਨਾਈਆ । ਸਿਖਿਆ ਕਰ ਕੇ ਬਣੇ ਰਾਮ, ਰਮੱਯਾ ਆਪਣਾ ਨਾਉਂ ਦ੍ਰਿੜਾਈਆ । ਨਾਰਦ ਬ੍ਰਹਮੇ ਦੇਵੇ ਗਿਆਨ, ਬਾਰਾਂ ਅੱਖਸ਼ਰ ਕਰੇ ਸਚ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਦਏ ਜਣਾਈਆ । ਸਾਚੀ ਕਰਨੀ ਕਰੀ ਜੁਗ ਚਾਰ, ਚੌਕੜੀ ਵੇਸ ਵਟਾਈਆ । ਕਲਜੁਗ ਅੰਤ ਨਰ ਨਿਰੰਕਾਰ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਸੱਜਣ ਠੱਗ ਵੇਖੇ ਯਾਰ, ਚੋਰ ਕੂੜਿਆਰ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਰਿਹਾ ਸਾਲਾਹੀਆ । ਨਾਰਦ ਮੁਨ ਭਗਤ ਪਿਆਰ, ਪਰਮ ਪੁਰਖ ਸਮਝਾਈਆ । ਭਗਤਾਂ ਅੰਦਰ ਮੇਰਾ ਦੀਦਾਰ, ਬਾਹਰੋਂ ਨਜ਼ਰ ਕਿਸੇ ਨਾ ਆਈਆ । ਨਿਰਗੁਣ ਦੀਵਾ ਨਿਰਗੁਣ ਬਾਤੀ ਨਿਰਗੁਣ ਕਮਲਾਪਾਤੀ ਕਰੇ ਉਜਿਆਰ, ਨਿਰਗੁਣ ਨੂਰ ਜ਼ਹੂਰ ਰੁਸ਼ਨਾਈਆ । ਨਿਰਗੁਣ ਸਾਥੀ ਸਗਲਾ ਸੰਗ ਨਿਭਾਏ ਵਿਚ ਸੰਸਾਰ, ਸਰਗੁਣ ਆਪਣੀ ਗੰਢ ਪੁਆਈਆ । ਕਲਜੁਗ ਅੰਤ ਖੇਲ ਅਪਾਰ, ਪ੍ਰੀਤਮ ਇਕੋ ਇਕ ਸਮਝਾਈਆ । ਬਿਨ ਭਗਤ ਨਾ ਕੋਈ ਮੀਤ ਮੁਰਾਰ, ਸੱਜਣ ਨਜ਼ਰ ਕੋਇ ਨਾ ਆਈਆ । ਜੋ ਸਾਚੇ ਭਗਤਾਂ ਕਰੇ ਨਿਮਸਕਾਰ, ਤਿਸ ਮਿਲੇ ਮਾਣ ਵਡਿਆਈਆ । ਨਾਰਦ ਉਠ ਕਰ ਦੀਦਾਰ, ਗੁਰਮੁਖ ਬੈਠੇ ਚਾਈਂ ਚਾਈਂਆ । ਨਾਰਦ ਕਹੇ ਮੇਰਾ ਲੇਖਾ ਲਿਖਦਾ ਰਵਦਾਸ ਚੁਮਾਰ, ਚੰਮ ਦ੍ਰਿਸ਼ਟੀ ਨਜ਼ਰ ਕੋਇ ਨਾ ਆਈਆ । ਅੰਤਰ ਇਕੋ ਇਕ ਪਿਆਰ, ਪਰੇਮ ਲਹਿਰ ਲਹਿਰਾਈਆ । ਡੁੱਬਦੇ ਵੇਖੇ ਜੁਗ ਚੌਕੜੀ ਚਾਰ, ਪਾਰ ਕਿਨਾਰਾ ਹੱਥ ਨਾ ਕਿਸੇ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਹੋਏ ਆਪ ਸਹਾਈਆ । ਜਨ ਭਗਤ ਸੁਹੇਲਾ ਮੇਰਾ ਸੁਤ, ਜਨ ਜਨਨੀ ਆਪ ਅਖਵਾਈਆ । ਸਚ ਪ੍ਰੀਤ ਨਿਭਾਏ ਅਬਿਨਾਸ਼ੀ ਅਚੁਤ, ਚੇਤਨ ਆਪਣੀ ਧਾਰ ਜਣਾਈਆ । ਕਲਜੁਗ ਸੋਹੇ ਸੁਹੰਜਣੀ ਰੁੱਤ, ਰੁੱਤ ਰੁੱਤੜੀ ਦਏ ਵਡਿਆਈਆ । ਧੰਨ ਭਾਗ ਜਿਸ ਪਿਤਾ ਮਿਲਿਆ ਪੁੱਤ, ਪਿਤਾ ਪੁਰਖ ਅਕਾਲ ਫੇਰਾ ਪਾਈਆ । ਸੋ ਗੁਰਮੁਖ ਜਾਏ ਮਾਤ ਕਿਉਂ ਰੁੱਸ, ਜਿਸ ਰੁੱਸਿਆਂ ਆਪ ਮਨਾਈਆ । ਜੋ ਮੇਰਾ ਸੋ ਭਗਤਾਂ ਦਿਤਾ ਸਭ ਕੁਛ, ਕਿਛ ਹੱਥ ਨਾ ਰੱਖਿਆ ਰਾਈਆ । ਦਰ ਦੁਆਰੇ ਆ ਕੇ ਗੁਰਮੁਖਾਂ ਕੋਲੋਂ ਪੁੱਛ, ਕਵਣ ਵੇਲਾ ਪ੍ਰਭ ਮੇਲਾ ਲਏ ਮਿਲਾਈਆ । ਵੇਖੀਂ ਅੰਤ ਨਾ ਬਹੀਂ ਚੁੱਪ, ਚੁੱਪ ਕੀਤਿਆਂ ਕੋਟਨ ਕਾਲ ਵਿਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਰਬ ਅਖਵਾਈਆ । ਨਾਰਦ ਕਹੇ ਮੈਂ ਮੰਗਾਂ ਦਾਨ, ਦਰ ਅੱਗੇ ਝੋਲੀ ਡਾਹੀਆ । ਬਾਲੀ ਬੁਧ ਬੁਧ ਅਵਾਣ, ਵਿਵੇਕੀ ਰੂਪ ਨਾ ਕੋਇ ਵਟਾਈਆ ।

ਤੇਰੀ ਸਾਹਿਬ ਨਾ ਆਈ ਪਹਿਚਾਣ, ਪਹਿਚਾਣ ਬੇਪਹਿਚਾਣ ਮੇਰੀ ਤੇਰੀ ਬੇਪਰਵਾਹੀਆ । ਕਰ ਕਿਰਪਾ ਬਖ਼ਸ਼ ਆਪਣਾ ਧਿਆਨ, ਨਿਜ ਨੇਤਰ ਦਏ ਖੁਲ੍ਹਾਈਆ । ਸਾਚੇ ਭਗਤਾਂ ਸੰਗ ਕਰ ਪਰਵਾਨ, ਆਰਜ਼ੂ ਇਕੋ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਸੰਦੇਸਾ ਦੇਵੇ ਆਣ, ਅੰਤਮ ਲੇਖਾ ਚੁਕੇ ਜਹਾਨ, ਹਰਿਜਨ ਪ੍ਰਭ ਆਪਣੀ ਸਰਨ ਰਖਾਈਆ ।

## ★ ੧੬ ਹਾੜ ੨੦੨੦ ਬਿਕ੍ਰਮੀ ਦਰਬਾਰ ਵਿਚ ਜੇਠੂਵਾਲ ★

ਗੁਰਮੁਖ ਸ਼ਹੀਦੀ ਸਤਿਗੁਰ ਚਰਨ, ਜਨਮ ਮਿਲੇ ਵਡਿਆਈਆ । ਜੀਂਵਦਿਆਂ ਜਗ ਸਿਖੇ ਮਰਨ, ਮਰਿਆਂ ਜੀਵਤ ਰੂਪ ਵਟਾਈਆ । ਸਾਹਿਬ ਸਤਿਗੁਰ ਤਰਨੀ ਤਰਨ, ਤਾਰਨਹਾਰ ਇਕ ਅਖਵਾਈਆ । ਸੰਤ ਸੁਹੇਲੇ ਆਇਆ ਫੜਨ, ਬੇਪਰਵਾਹ ਫੇਰਾ ਪਾਈਆ । ਸਾਚੀ ਘਾੜਨ ਆਇਆ ਘੜਨ, ਘਾੜਤ ਘੜੇ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੁਰਮੁਖ ਸ਼ਹੀਦੀ ਸਤਿਗੁਰ ਸੰਗ, ਗੁਰ ਪੂਰਾ ਆਪ ਜਣਾਈਆ । ਸਚ ਦੁਆਰਾ ਆਏ ਲੰਘ, ਘਰ ਮਿਲੇ ਮਾਣ ਵਡਿਆਈਆ । ਦਰ ਦਰਵੇਸ਼ ਹੋ ਕੇ ਨੱਚੇ ਵਾਂਗ ਮਲੰਗ, ਬੁਲ੍ਹੇ ਸ਼ਾਹ ਬੈਠਾ ਢੇਰੀਆਂ ਢਾਹੀਆ । ਸਾਹਿਬ ਸੁਲਤਾਨ ਜਿਨ੍ਹਾਂ ਚਾੜ੍ਹੇ ਰੰਗ, ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਦਇਆ ਆਪ ਕਮਾਈਆ । ਗੁਰਮੁਖ ਸ਼ਹੀਦੀ ਸਤਿਗੁਰ ਓਟ, ਓਟ ਇਕ ਅਕਾਲ ਜਣਾਈਆ । ਸਚ ਨਗਾਰੇ ਲੱਗੇ ਚੋਟ, ਨਾਮ ਤਾਲ ਵਜਾਈਆ । ਨਾਮ ਭੰਡਾਰ ਦੇਵਣਹਾਰ ਅਤੋਟ, ਅਤੁਟ ਆਪ ਵਰਤਾਈਆ । ਜਿਨ੍ਹਾਂ ਅੰਦਰ ਰੱਖੀ ਆਪਣੀ ਜੋਤ, ਤਿਨ੍ਹਾਂ ਆਪਣਾ ਰੂਪ ਵਟਾਈਆ । ਗੁਰ ਗੋਬਿੰਦ ਸੂਰਾ ਹਾਜ਼ਰ ਹਜ਼ੂਰਾ ਕੇਸਰੀ ਪਗੜੀਆਂ ਉਤੇ ਹੋਵੇ ਮੋਹਤ, ਮੁਹੱਬਤ ਇਕੋ ਇਕ ਰਖਾਈਆ । ਨਾਤਾ ਤੋੜ ਲੱਖ ਚੁਰਾਸੀ ਲੋਕ, ਪਰਲੋਕ ਚਰਨਾਂ ਹੇਠ ਦਬਾਈਆ । ਇਕੋ ਗਾ ਅਗੰਮ ਸਲੋਕ, ਤੂੰ ਮੇਰਾ ਮੈਂ ਤੇਰਾ ਨਾਤਾ ਬਿਧਾਤਾ ਜੋੜ ਜੁੜਾਈਆ । ਭਗਤ ਦੁਆਰਾ ਵੇਖ ਸਾਚਾ ਕੋਟ, ਕਿਲਾ ਬੰਕ ਦਏ ਵਡਿਆਈਆ । ਜਿਸ ਦਰਸਨ ਨੂੰ ਗੁਰ ਅਵਤਾਰ ਪੀਰ ਪੈਗ਼ੰਬਰ ਰਹੇ ਲੋਚ, ਸੋ ਦਰਸ ਦੀਦਾਰ, ਗੁਰਮੁਖਾਂ ਆਪ ਕਰਾਈਆ । ਜੁਗ ਚੌਕੜੀ ਜਿਸ ਦੀ ਕਿਸੇ ਨਾ ਆਈ ਖੋਜ, ਖੋਜਤ ਖੋਜਤ ਥੱਕੀ ਸਰਬ ਲੋਕਾਈਆ । ਤਿਸ ਚਰਨ ਦੁਆਰੇ ਗ਼ਰੀਬ ਨਿਮਾਣੇ ਮਾਨਣ ਮੌਜ, ਨੱਚਣ ਟੱਪਣ ਕੁੱਦਣ ਵਾਹੋ ਦਾਹੀਆ । ਜਨਮ ਮਰਨ ਦਾ ਚੁਕਿਆ ਸੋਗ, ਪ੍ਰਭ ਮਿਲਿਆ ਬੇਪਰਵਾਹੀਆ । ਸਵੱਛ ਸਰੂਪੀ ਦੇਵੇ ਦਰਸ ਅਮੋਘ, ਗ੍ਰਹਿ ਬੈਠਾ ਨਜ਼ਰੀ ਆਈਆ । ਚਾਰ ਯੁਗ ਨਵ ਨੌਂ ਚਾਰ ਜਿਸ ਦਾ ਕਿਸੇ ਨਾ ਲੱਭਿਆ ਚੋਜ, ਚੋਜੀ ਪ੍ਰੀਤਮ ਆਪਣੀ ਕਾਰ ਕਮਾਈਆ । ਜਨ ਭਗਤਾਂ ਆਪਣੇ ਸਿਰ ਤੇ ਚੁੱਕੇ ਬੋਝ, ਗੁਰਮੁਖ ਹੌਲੇ ਭਾਰ ਨਾਚ ਨਚਾਈਆ । ਲੱਖ ਚੁਰਾਸੀ ਵਿਚੋਂ ਹਰਿਜਨ ਸਾਚੇ ਦਿਤੀ ਹੋਸ਼, ਭੇਵ ਅਭੇਦ ਆਪ ਖੁਲ੍ਹਾਈਆ । ਪਰੇਮ ਪ੍ਰੀਤੀ ਨਾਮ ਖ਼ੁਮਾਰੀ ਚੜ੍ਹਿਆ ਜੋਸ਼, ਅੱਡੀ ਤਾਲ ਜਗਤ ਵਜਾਈਆ । ਨਿਰਗੁਣ ਅੰਦਰ ਵੜਿਆ ਆਪ ਖ਼ਾਮੋਸ਼, ਹੌਲੀ ਹੌਲੀ ਰਿਹਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਕਰਾਈਆ । ਗੁਰਮੁਖ

ਸ਼ਹੀਦੀ ਮੇਲਾ ਸ਼ਹਿਨਸ਼ਾਹ, ਹਰਿ ਦੇਵਣਹਾਰ ਵਡਿਆਈਆ । ਰਹਿਬਰ ਮਿਲਿਆ ਇਕ ਖ਼ੁਦਾ, ਖ਼ੁਦੀ ਅੰਦਰੋਂ ਬਾਹਰ ਕਢਾਈਆ । ਰਾਮ ਹੋ ਕੇ ਗਿਆ ਸਮਾ, ਰਹਿਮਤ ਆਪਣੀ ਨਜ਼ਰ ਟਿਕਾਈਆ । ਗ਼ੁਲਾਮ ਹੋ ਕੇ ਗਿਆ ਆ, ਦਰ ਦਰਵੇਸ਼ ਫੇਰਾ ਪਾਈਆ । ਨੀਵਾਂ ਹੋ ਕੇ ਸੀਸ ਝੁਕਾ, ਭਗਤ ਦੁਆਰੇ ਮਾਣ ਵਡਿਆਈਆ । ਡਰਦਾ ਡਰਦਾ ਅੰਦਰ ਬੈਠਾ ਆ, ਆਪ ਆਪਣਾ ਮੁਖ ਛੁਪਾਈਆ । ਪਿਛੇ ਗੁਰਮੁਖ ਸੱਜਣ ਸੰਤ ਸੁਹੇਲੇ ਆਪਣਾ ਰੰਗ ਰਹੇ ਵਖਾ, ਗੁਰ ਅਵਤਾਰ ਪੀਰ ਪੈਗ਼ੰਬਰ ਵੇਖਣ ਚਾਈਂ ਚਾਈਂਆ । ਜਿਸ ਮੌਤ ਨੇ ਲੱਖ ਚੁਰਾਸੀ ਲਈ ਖਾ, ਬਚਿਆ ਕੋਇ ਰਹਿਣ ਨਾ ਪਾਈਆ । ਸੋ ਲਾੜੀ ਗੁਰਮੁਖ ਜੀਵਦਿਆਂ ਮਾਤ ਰਹੇ ਪਰਨਾ, ਸਤਿਗੁਰ ਪੂਰਾ ਸਗਨ ਮਨਾਈਆ । ਅੰਤਮ ਲੇਖਾ ਚੁੱਕੇ ਸਾਹਿਬ ਮਿਲੇ ਆ, ਨਿਰਗੁਣ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਹਰਿਭਗਤ ਸਾਚੇ ਸੰਤ ਸਦਾ ਆਪਣਾ ਰੰਗ ਵਖਾਈਆ । ਸਚਖੰਡ ਦੁਆਰ ਕਹੇ ਪ੍ਰਭ ਸੁਣੀ ਫ਼ਰਯਾਦ, ਅੰਤਮ ਆਸਾ ਪੂਰ ਕਰਾਈਆ । ਨਿਤ ਨਵਿਤ ਜੋ ਦਿੰਦਾ ਰਿਹਾ ਦਾਦ, ਵਸਤ ਅਮੋਲਕ ਇਕ ਵਰਤਾਈਆ । ਦੋ ਜਹਾਨਾਂ ਕਰਦਾ ਰਿਹਾ ਜੋ ਰਾਜ, ਸ਼ਾਹੋ ਭੂਪ ਸੱਚਾ ਸ਼ਹਿਨਸ਼ਾਹੀਆ । ਨਿਰਗੁਣ ਨਿਰਵੈਰ ਜੋ ਸਾਜਣ ਰਿਹਾ ਸਾਜ, ਕਰਤਾ ਪੁਰਖ ਬੇਪਰਵਾਹੀਆ । ਸ਼ਬਦ ਰਾਗ ਜੋ ਸੁਣੌਂਦਾ ਰਿਹਾ ਆਵਾਜ਼, ਧੁੰਨ ਆਪਣੀ ਆਪ ਪਰਗਟਾਈਆ । ਸਰਗੁਣ ਨਿਰਗੁਣ ਹੋ ਕੇ ਦੇਂਦਾ ਰਿਹਾ ਦਾਜ, ਪੰਜ ਤਿੰਨ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਵਖਾਈਆ । ਸਚਖੰਡ ਕਹੇ ਮੇਰਾ ਜਾਗਿਆ ਭਾਗ, ਵਡਭਾਗੀ ਹੋਇਆ ਸਹਾਈਆ । ਅੰਤਮ ਰੱਖੀ ਆਪ ਲਾਜ, ਸ੍ਰੀ ਭਗਵਾਨ ਹੋ ਸਹਾਈਆ । ਲੋਕਮਾਤ ਕਰ ਪਰਕਾਸ਼, ਦੇਵਣਹਾਰ ਵਡਿਆਈਆ । ਚਿਰੀ ਵਿਛੁੰਨੇ ਪੁੰਨੀ ਆਸ, ਆਸਾ ਪੂਰ ਕਰਾਈਆ । ਸਾਚੇ ਗ੍ਰਿਹ ਪਾਵੇ ਰਾਸ, ਨੂਰ ਜ਼ਹੂਰ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਆਪ ਉਠਾਈਆ । ਸਚਖੰਡ ਦੁਆਰ ਕਹੇ ਮੇਰਾ ਭਗਵਾਨ, ਸੋ ਪੁਰਖ ਨਿਰੰਜਣ ਦਇਆ ਕਮਾਈਆ । ਹਰਿ ਪੁਰਖ ਨਿਰੰਜਣ ਹੋ ਮਿਹਰਵਾਨ, ਸਿਰ ਮੇਰੇ ਹੱਥ ਟਿਕਾਈਆ । ਏਕੰਕਾਰ ਮਾਰ ਧਿਆਨ, ਘਰ ਸਾਚਾ ਦਏ ਸੁਹਾਈਆ । ਆਦਿ ਨਿਰੰਜਣ ਹੋ ਪਰਧਾਨ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਅਬਿਨਾਸ਼ੀ ਕਰਤਾ ਨੌਜਵਾਨ, ਸ਼ਾਹ ਪਾਤਸ਼ਾਹ ਆਪਣਾ ਹੁਕਮ ਵਰਤਾਈਆ । ਸ੍ਰੀ ਭਗਵਾਨ ਗੁਣ ਨਿਧਾਨ, ਗੁਣਵੰਤਾ ਗੁਣ ਆਪਣਾ ਦਏ ਸਮਝਾਈਆ । ਪਾਰਬ੍ਰਹਮ ਪ੍ਰਭ ਮੰਗੇ ਦਾਨ, ਘਰ ਸਾਚੇ ਅਲੱਖ ਜਗਾਈਆ । ਆਦਿ ਪੁਰਖ ਸਚ ਨਿਸ਼ਾਨ, ਇਕੋ ਇਕ ਆਪਣੇ ਹੱਥ ਉਠਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਬੀਤਿਆ ਵਿਚ ਜਹਾਨ, ਨਵ ਨੌਂ ਚਾਰ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਕਰਾਈਆ । ਸਚਖੰਡ ਦੁਆਰ ਕਹੇ ਮੇਰਾ ਮਹਿਬੂਬ, ਦੇਵਣਹਾਰ ਵਡਿਆਈਆ । ਇਕ ਸੁਹਾਏ ਸਚ ਅਰੂਜ, ਅਰਸ਼ ਫਰਸ਼ ਚਰਨਾਂ ਹੇਠ ਦਬਾਈਆ । ਨਾਮ ਜਣਾਏ ਸਚ ਦਰੂਦ, ਹਜ਼ਰਤ ਕਰੇ ਇਕ ਪੜ੍ਹਾਈਆ । ਦੋ ਜਹਾਨ ਬੇਨਜ਼ੀਰ ਹਦੂਦ, ਨਜ਼ਰ ਕਿਸੇ ਨਾ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਰੱਖ ਮਹਿਦੂਦ, ਹੁਕਮ ਇਕੋ ਇਕ ਵਰਤਾਈਆ । ਭੇਵ ਅਭੇਦ ਅਗੰਮ ਅਥਾਹ ਅਲੱਖ ਅਗੋਚਰ ਕੋਇ ਨਾ ਸਕਿਆ ਬੂਝ, ਅੰਤ ਕਹਿਣ ਕੋਇ ਨਾ ਪਾਈਆ । ਸਚ ਪ੍ਰੀਤੀ ਅੰਦਰ ਸਰਗੁਣ ਹੋ ਕੇ ਗਏ ਝੂਝ, ਨਿਰਗੁਣ ਨਿਰਗੁਣ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ

ਬੇਪਰਵਾਹੀਆ । ਸਚਖੰਡ ਦੁਆਰ ਕਹੇ ਮੇਰਾ ਚੜ੍ਹਿਆ ਚਾਓ, ਚਾਓ ਘਨੇਰਾ ਇਕ ਜਣਾਈਆ । ਪੁਰਖ ਅਬਿਨਾਸ਼ੀ ਪਕੜੇ ਬਾਂਹੋਂ, ਆਪ ਆਪਣੀ ਦਇਆ ਕਮਾਈਆ । ਸਚ ਦੁਆਰਾ ਵਸਾਏ ਏਕਾ ਥਾਉਂ, ਥਾਨ ਥਨੰਤਰ ਇਕ ਸੁਹਾਈਆ । ਨਾਮ ਨਿਧਾਨ ਸ੍ਰੀ ਭਗਵਾਨ ਸਾਚਾ ਢੋਲਾ ਏਕਾ ਗਾਓ, ਗਹਿਰ ਗੰਭੀਰ ਸਿਫ਼ਤੀ ਸਿਫ਼ਤ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਸਚਖੰਡ ਦੁਆਰ ਕਹੇ ਮੋਹੇ ਆਇਆ ਹਾਸਾ, ਸੋਹਣੀ ਖ਼ੁਸ਼ੀ ਵਖਾਈਆ । ਜੁਗ ਚੌਕੜੀ ਦੂਰ ਦੁਰਾਡਾ ਦੋ ਜਹਾਨਾਂ ਵੇਂਹਦਾ ਰਿਹਾ ਤਮਾਸ਼ਾ, ਚੌਦਾਂ ਲੋਕ ਚੌਦਾਂ ਤਬਕ ਚਰਨਾਂ ਹੇਠ ਦਬਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਧੁਰ ਦੀ ਧਾਰ ਦੱਸਦਾ ਰਿਹਾ ਖ਼ੁਲਾਸਾ, ਧੁਰ ਦੀ ਬਾਣੀ ਬਾਣ ਲਗਾਈਆ । ਆਪ ਵਸਦਾ ਰਿਹਾ ਆਸ ਪਾਸਾ, ਅਛਲ ਅਛੱਲ ਆਪਣੀ ਖੇਲ ਵਖਾਈਆ । ਨਿਰਗੁਣ ਹੋ ਕੇ ਸਰਗੁਣ ਪਾਉਂਦਾ ਰਿਹਾ ਰਾਸਾ, ਗੋਪੀ ਕਾਹਨ ਨਾਚ ਨਚਾਈਆ । ਲਹਿਣਾ ਦੇਣਾ ਦੇਂਦਾ ਰਿਹਾ ਪਵਣ ਸਵਾਸਾ, ਰਸਨਾ ਜਿਹਵਾ ਨਾਲ ਮਿਲਾਈਆ । ਆਤਮ ਪਰਮਾਤਮ ਕਰਦਾ ਰਿਹਾ ਪੂਰੀ ਆਸਾ, ਜਗਤ ਤ੍ਰਿਸਨਾ ਮੇਟ ਮਿਟਾਈਆ । ਜਨ ਭਗਤਾਂ ਦੇਂਦਾ ਰਿਹਾ ਭਰਵਾਸਾ, ਚਰਨ ਕਵਲ ਸੱਚੀ ਸਰਨਾਈਆ । ਕਰਦਾ ਰਿਹਾ ਖੇਲ ਪੁਰਖ ਅਬਿਨਾਸਾ, ਅਬਿਨਾਸ਼ੀ ਆਪਣਾ ਪੜਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਆਪ ਉਠਾਈਆ । ਸਚਖੰਡ ਕਹੇ ਮੇਰਾ ਵਸਿਆ ਘਰ, ਘਰ ਸਾਚੇ ਵੱਜੀ ਵਧਾਈਆ । ਪੁਰਖ ਅਬਿਨਾਸ਼ੀ ਸਾਚੇ ਤਖ਼ਤ ਬੈਠਾ ਚੜ੍ਹ, ਤਖ਼ਤ ਨਿਵਾਸੀ ਇਕੋ ਨਜ਼ਰੀ ਆਈਆ । ਨਿਰਭੌ ਹੋ ਕੇ ਚੁਕਾਇਆ ਭੈ ਡਰ, ਭਿਆਨਕ ਰੂਪ ਨਜ਼ਰ ਕੋਇ ਨਾ ਆਈਆ । ਆਦਿ ਪੁਰਖ ਅਪਰੰਪਰ ਸਵਾਮੀ ਜਿਸ ਲਗਾਈ ਮੇਰੀ ਜੜ, ਸੋ ਅੰਤਮ ਪੱਤ ਡਾਲੀ ਵੇਖ ਵਖਾਈਆ । ਪਰਗਟ ਹੋ ਨਰਾਇਣ ਨਰ, ਕਲ ਕਲਕੀ ਕਾਰ ਕਮਾਈਆ । ਸਚ ਦਰਵਾਜ਼ਾ ਦਰਵੇਸ਼ ਖੋਲ੍ਹ ਦਰ, ਦਰਦੀ ਦਰਦੀਆਂ ਦਰਦ ਵੰਡਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਸਾਹਿਬ ਲਿਆਂਦੇ ਫੜ, ਫੜ ਬਾਂਹੋਂ ਰਿਹਾ ਬਿਠਾਈਆ । ਸੋ ਅੱਖਰ ਵੱਖਰ ਸਾਚਾ ਢੋਲਾ ਰਹੇ ਪੜ੍ਹ, ਤੂੰ ਮੇਰਾ ਮੈਂ ਤੇਰਾ ਤੇਰਾ ਮੇਰਾ ਇਕੋ ਰਾਗ ਅਲਾਈਆ । ਸਾਹਿਬ ਸਤਿਗੁਰ ਦੋ ਜਹਾਨਾਂ ਠਾਕਰ ਸਵਾਮੀ ਪੁਰਖ ਅਕਾਲ ਵੇਖੇ ਖੜ, ਦੂਜਾ ਨਜ਼ਰ ਕੋਇ ਨਾ ਆਈਆ । ਨਾ ਚੋਟੀ ਨਾ ਕੋਇ ਜੜ, ਆਦਿ ਅੰਤ ਕਹਿਣ ਕੋਇ ਨਾ ਪਾਈਆ । ਕਰਤਾ ਪੁਰਖ ਕਰਨੇਹਾਰਾ ਆਪਣੀ ਕਰਨੀ ਰਿਹਾ ਕਰ, ਬੇਪਰਵਾਹ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਆਪ ਵਖਾਈਆ । ਸਚਖੰਡ ਦੁਆਰ ਕਹੇ ਮੇਰੇ ਜਾਗੇ ਭਾਗ, ਹਰਿ ਆਪਣੀ ਦਇਆ ਕਮਾਈਆ । ਪੁਰਖ ਅਬਿਨਾਸ਼ੀ ਮੇਰੇ ਮੰਦਰ ਜਗਾਇਆ ਚਿਰਾਗ਼, ਤੇਲ ਬਾਤੀ ਸੰਗ ਨਾ ਕੋਇ ਰਖਾਈਆ । ਬੋਧ ਅਗਾਧ ਵਜਾਇਆ ਨਾਦ, ਰਸਨਾ ਜਿਹਵਾ ਬੱਤੀ ਦੰਦ ਨਾ ਕੋਇ ਹਿਲਾਈਆ । ਸ਼ਬਦੀ ਸੁਤ ਗੁਰਦੇਵ ਸਵਾਮੀ ਕਰੇ ਲਾਡ, ਚਤਰਭੁਜ ਆਪਣਾ ਖੇਲ ਵਖਾਈਆ । ਆਦਿ ਸ਼ਕਤ ਰਚ ਰਚ ਕਾਜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਸਚਖੰਡ ਕਹੇ ਮੇਰਾ ਕਾਦਰ ਕਰੀਮ, ਮਿਹਰਵਾਨ ਦਇਆ ਕਮਾਇੰਦਾ । ਜਿਸ ਦੀ ਮੰਜ਼ਲ ਇਕ ਅਜ਼ੀਮ, ਆਲੀਸ਼ਾਨ ਨਜ਼ਰ ਕਿਸੇ ਨਾ ਆਇੰਦਾ । ਜਿਸ ਜੁਗ ਚੌਕੜੀ ਕੀਤੀ ਤਕਸੀਮ, ਦੋ ਜਹਾਨਾਂ ਵੰਡ ਵੰਡਾਇੰਦਾ । ਜੋ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਕਰਦਾ ਰਿਹਾ ਤਲਕੀਨ, ਧੁਰ ਫ਼ਰਮਾਨਾ ਹੁਕਮ ਸੁਣਾਇੰਦਾ । ਸੋ ਸਾਹਿਬ ਸਤਿਗੁਰ ਬਣਨਹਾਰ ਆਪ ਮਸਕੀਨ, ਆਪ ਆਪਾ ਭੇਟ ਚੜ੍ਹਾਇੰਦਾ । ਸਾਚੇ ਅਸਵ ਪਾਖਰ ਪਾਏ

ਜ਼ੀਨ, ਦੁਲਦੁਲ ਇਕੋ ਇਕ ਉਠਾਇੰਦਾ । ਲੇਖਾ ਜਾਣੇ ਲੋਕ ਤੀਨ, ਅਵਣ ਗਵਣ ਤ੍ਰੈਭਵਣ ਚਰਨਾਂ ਹੇਠ ਦਬਾਇੰਦਾ । ਜਿਸ ਦਾ ਨਜ਼ਰ ਨਾ ਆਏ ਕਿਸੇ ਸੀਨ, ਸਿਫ਼ਤੀ ਸਿਫ਼ਤ ਸਿਫ਼ਤ ਸਰਬ ਸਾਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਸਾਹਿਬ ਖੇਲ ਕਰਾਇੰਦਾ । ਸੋ ਸਾਹਿਬ ਖ਼ਲਕ ਖ਼ਾਲਕ, ਬੇਪਰਵਾਹ ਬੇਪਰਵਾਹੀਆ । ਆਦਿ ਜੁਗਾਦਿ ਜੁਗ ਚੌਕੜੀ ਰੱਖੇ ਨਾ ਕੋਇ ਆਲਸ, ਨਿੰਦਰਾ ਰੂਪ ਨਾ ਕੋਇ ਵਟਾਈਆ । ਜ਼ਾਹਰ ਜ਼ਹੂਰ ਨੂਰੀ ਜੋਤੀ ਜਾਤਾ ਆਪੇ ਹੋਏ ਖ਼ਾਲਸ, ਖ਼ਾਲਸ ਆਪਣਾ ਰਾਹ ਰਖਾਈਆ । ਨਿਤ ਨਵਿਤ ਰੱਖੇ ਨਾ ਕੋਈ ਆਲਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਵਡਿਆਈਆ । ਸਚਖੰਡ ਦੁਆਰ ਕਹੇ ਮੇਰਾ ਸੋਹੇ ਬੰਕ, ਬੰਕ ਦੁਆਰੀ ਫੇਰਾ ਪਾਈਆ । ਜਿਸ ਦਾ ਹੱਥ ਨਾ ਆਇਆ ਕਿਸੇ ਅੰਕ, ਬਿਨ ਅੰਕ ਅੰਕੜੇ ਗਿਆ ਬਣਾਈਆ । ਨਿਰਵੈਰ ਹੋ ਵਜੌਂਦਾ ਰਿਹਾ ਡੰਕ, ਡੌਰੂ ਆਪਣਾ ਨਾਮ ਜਣਾਈਆ । ਵਿਸ਼ਨ ਬ੍ਰਹਮਾ ਸ਼ਿਵ ਲਗੌਂਦਾ ਰਿਹਾ ਤਨਕ, ਤੰਦ ਸਤਾਰ ਇਕ ਹਿਲਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਭੇਜਦਾ ਰਿਹਾ ਅਨੰਤ, ਧੁਰ ਸੰਦੇਸਾ ਹੁਕਮ ਸੁਣਾਈਆ । ਲੱਖ ਚੁਰਾਸੀ ਤ੍ਰੈਗੁਣ ਮਾਇਆ ਪੰਜ ਤੱਤ ਬਣੌਂਦਾ ਰਿਹਾ ਬਣਤ, ਘਾੜਤ ਘੜ ਘੜ ਵੇਖੇ ਥਾਉਂ ਥਾਈਆ । ਰੂਪ ਧਰਦਾ ਰਿਹਾ ਨਾਰ ਕੰਤ, ਆਤਮ ਪਰਮਾਤਮ ਆਪਣੀ ਗੰਢ ਪੁਆਈਆ । ਬੋਧ ਅਗਾਧ ਨਾਦ ਧੁਨ ਸ਼ਬਦ ਅਨਾਦ ਸੁਣੌਂਦਾ ਰਿਹਾ ਸਾਜਨ ਸੰਤ, ਸੋ ਸਾਹਿਬ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਖੇਲ ਆਪ ਜਣਾਇੰਦਾ । ਸਚਖੰਡ ਦੁਆਰ ਕਹੇ ਮੇਰੀ ਸੁਣੀ

ਕੂਕ, ਸੁਣਨਹਾਰ ਵਡ ਵਡਿਆਈਆ । ਘਰ ਆ ਕੇ ਦੇਵੇ ਸੂਖ, ਸੁਖ ਆਪਣਾ ਦਰਸ ਵਖਾਈਆ । ਨੌਂ ਸੌ ਚੁਰਾਨਵੇ ਚੌਕੜੀ ਜੋ ਰਿਹਾ ਲੁਕ,
੧੦੦੪

ਜਗਤ ਨੇਤਰ ਨਜ਼ਰ ਕਿਸੇ ਨਾ ਆਈਆ । ਸੋ ਪੁਰਖ ਅਕਾਲ ਸ਼ਬਦ ਧਾਰ ਰਿਹਾ ਬੁੱਕ, ਡੰਕਾ ਆਪਣਾ ਨਾਮ ਵਜਾਈਆ । ਸਚ ਦੁਆਰ ਸੁਹਾਏ ਬੰਕ, ਮੰਦਰ ਇਕੋ ਇਕ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਸਚਖੰਡ ਦੁਆਰਾ ਇਕੋ ਬੋਲੇ, ਅਨਬੋਲਤ ਰਾਗ ਜਣਾਈਆ । ਪੁਰਖ ਅਬਿਨਾਸ਼ੀ ਤੋਲ ਤੋਲੇ, ਤੋਲਣਹਾਰਾ ਇਕ ਰਘੁਰਾਈਆ । ਸਚਖੰਡ ਦੁਆਰ ਰਹੇ ਅਡੋਲੇ, ਡੁਲ ਕਦੇ ਨਾ ਜਾਈਆ । ਗੁਰ ਅਵਤਾਰ ਬਣਾਏ ਗੋਲੇ, ਚਾਕਰ ਸਾਚੀ ਚਾਕਰੀ ਦਏ ਜਣਾਈਆ । ਆਪ ਵਸਦਾ ਰਿਹਾ ਪੜਦੇ ਉਹਲੇ, ਜ਼ਾਹਰ ਜ਼ਹੂਰ ਨਜ਼ਰ ਕਿਸੇ ਨਾ ਆਈਆ । ਕਰ ਕਿਰਪਾ ਜਿਸ ਆਪਣਾ ਪੜਦਾ ਖੋਲ੍ਹੇ, ਤਿਸ ਜੋਤ ਨਿਰੰਜਣ ਕਰੇ ਰੁਸ਼ਨਾਈਆ । ਅਨਹਦ ਸ਼ਬਦ ਧੁਨ ਅਨਾਦੀ ਹੌਲੀ ਹੌਲੀ ਬੋਲੇ, ਰਾਗੀ ਆਪਣਾ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਸਚਖੰਡ ਦੁਆਰ ਕਹੇ ਮੇਰੇ ਘਰ ਸੋਹੇ ਭਗਤ, ਬਿਨ ਭਗਤਾਂ ਮੇਰਾ ਸੰਗ ਨਾ ਕੋਇ ਰਖਾਈਆ । ਜੋ ਗਿਆ ਸੋ ਮੁੜ ਨਾ ਆਇਆ ਪਰਤ, ਕੋਟਨ ਕੋਟ ਬੈਠੇ ਧਿਆਨ ਲਗਾਈਆ । ਮੇਰਾ ਸਾਹਿਬ ਸਤਿਗੁਰ ਦੀਨ ਦਿਆਲ ਮੇਰੀ ਕਰੇ ਪਰਖ, ਪਾਰਖੂ ਇਕੋ ਇਕ ਅਖਵਾਈਆ । ਮਿਹਰਵਾਨ ਹੋ ਕੇ ਕੀਤਾ ਤਰਸ, ਦਇਆਵਾਨ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਦਏ ਸਮਝਾਈਆ । ਸਚਖੰਡ ਦੁਆਰ ਕਹੇ ਮੇਰਾ ਕੌਲ ਇਕਰਾਰ, ਇਕ ਇਕੱਲਾ ਪੂਰ ਕਰਾਈਆ । ਜਿਸ ਦਾ ਖੇਲ ਅਗੰਮ ਅਪਾਰ, ਅਲੱਖ ਅਗੋਚਰ ਧਾਰ ਚਲਾਈਆ । ਜਿਸ ਦਾ ਸੁਤ ਸ਼ਬਦ ਦੁਲਾਰ, ਦੂਜਾ ਨਜ਼ਰ ਕੋਇ ਨਾ ਆਈਆ । ਜਿਸ ਦਾ ਨੂਰ ਵਿਸ਼ਨ ਬ੍ਰਹਮਾ ਸ਼ਿਵ ਉਜਿਆਰ, ਤ੍ਰੈਗੁਣ ਮੇਲਾ ਸਹਿਜ ਸੁਭਾਈਆ ।

ਜਿਸ ਦਾ ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਪੰਜ ਤੱਤ ਭੰਡਾਰ, ਤਤਵ ਤਤ ਆਪਣੀ ਗੰਢ ਪੁਆਈਆ । ਜਿਸ ਦੀ ਇਛਿਆ ਵਡ ਬਲਕਾਰ, ਨਿਰਇਛਤ ਬਿਨ ਇਛਿਆ ਇਛਿਆ ਲਏ ਪਰਗਟਾਈਆ । ਜਿਸ ਦੀ ਸਿਖਿਆ ਸਮਝੇ ਨਾ ਕੋਇ ਸੰਸਾਰ, ਸਿਖਾਵਣਹਾਰਾ ਨਜ਼ਰ ਕਿਸੇ ਨਾ ਆਈਆ । ਜੋ ਖੇਲ ਖੇਲਦਾ ਰਿਹਾ ਜੁਗ ਚਾਰ, ਚੌਕੜੀ ਆਪਣਾ ਹੁਕਮ ਵਰਤਾਈਆ । ਜੋ ਵਿਸ਼ਨ ਬ੍ਰਹਮਾ ਸ਼ਿਵ ਕਰਦਾ ਰਿਹਾ ਪਿਆਰ, ਸੁਰਪਤ ਆਪਣੀ ਉਂਗਲੀ ਲਾਈਆ । ਜੋ ਤੇਈ ਅਵਤਾਰਾਂ ਦੱਸਦਾ ਰਿਹਾ ਵਿਹਾਰ, ਬਣ ਬਿਵਹਾਰੀ ਕਾਰ ਕਮਾਈਆ । ਜੋ ਭਗਤ ਅਠਾਰਾਂ ਖੋਲ੍ਹਦਾ ਰਿਹਾ ਕਿਵਾੜ, ਬੰਦ ਕਿਵਾੜੀ ਕੁੰਡਾ ਲਾਹੀਆ । ਜੋ ਈਸਾ ਮੂਸਾ ਮੁਹੰਮਦ ਨੂਰੀ ਜਲਵਾ ਦੱਸਦਾ ਰਿਹਾ ਪਰਵਰਦਿਗਾਰ, ਸਾਂਝਾ ਯਾਰ ਸੱਚਾ ਸ਼ਹਿਨਸ਼ਾਹੀਆ । ਜੋ ਨਾਨਕ ਨਿਰਗੁਣ ਸਚਖੰਡ ਦੁਆਰ ਕਰਦਾ ਰਿਹਾ ਵਣਜ ਵਪਾਰ, ਨਾਮ ਸਤਿ ਝੋਲੀ ਪਾਈਆ । ਜੋ ਗੋਬਿੰਦ ਬਣੌਂਦਾ ਰਿਹਾ ਸੁਤ ਦੁਲਾਰ, ਪੁਰਖ ਅਕਾਲ ਸੱਚਾ ਮਾਹੀਆ । ਜੋ ਸ਼ਾਸਤਰ ਸਿਮਰਤ ਵੇਦ ਪੁਰਾਨ ਜਣੌਂਦਾ ਰਿਹਾ ਧੁਰ ਦੀ ਧਾਰ, ਗੀਤਾ ਗਿਆਨ ਗਿਆਨ ਦ੍ਰਿੜਾਈਆ । ਜੋ ਅੰਜੀਲ ਕੁਰਾਨਾ ਕਰਦਾ ਰਿਹਾ ਗੁਫ਼ਤਾਰ, ਗੁਫ਼ਤ ਸ਼ੁਨੀਦ ਆਪਣਾ ਰਾਹ ਸਮਝਾਈਆ । ਜੋ ਪੀਰ ਪੈਗ਼ੰਬਰ ਮੁੱਲਾਂ ਸ਼ੇਖ਼ ਮਸਾਇਕ ਦਸਤਗੀਰ ਕਰਦਾ ਰਿਹਾ ਤਿਆਰ, ਤਰ੍ਹਾ ਤਰ੍ਹਾ ਆਪਣਾ ਹੁਕਮ ਵਰਤਾਈਆ । ਜੋ ਸਚਖੰਡ ਦੁਆਰੇ ਕਰਦਾ ਰਿਹਾ ਉਜਿਆਰ, ਜੋਤੀ ਜੋਤ ਜੋਤ ਰੁਸ਼ਨਾਈਆ । ਜੋ ਘਟ ਘਟ ਅੰਦਰ ਦੀਪਕ ਰਿਹਾ ਬਾਲ, ਜੋਤ ਨਿਰੰਜਣ ਨੂਰ ਧਰਾਈਆ । ਜੋ ਲੱਖ ਚੁਰਾਸੀ ਵੇਖੇ ਕਾਇਆ ਮੰਦਰ ਸੱਚੀ ਧਰਮਸਾਲ, ਗ੍ਰਹਿ ਗ੍ਰਹਿ ਆਪਣਾ ਡੇਰਾ ਲਾਈਆ । ਜਨ ਭਗਤਾਂ ਵਸੇ ਨਾਲ, ਵਿਛੜ ਕਦੇ ਨਾ ਜਾਈਆ । ਜੋ ਲਹਿਣਾ ਦੇਣਾ ਚੁਕਾਏ ਸ਼ਾਹ ਕੰਗਾਲ, ਊਚ ਨੀਚ ਨਾ ਕੋਇ ਰਖਾਈਆ । ਜੋ ਸੁਣੇ ਮੁਰੀਦਾਂ ਹਾਲ, ਮੁਰਸ਼ਦ ਆਪਣਾ ਫੇਰਾ ਪਾਈਆ । ਜੋ ਸਭ ਦਾ ਹੱਲ ਕਰੇ ਸਵਾਲ, ਆਪਣਾ ਹਿੰਦਸਾ ਨਾ ਕਿਸੇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪਣੇ ਹੱਥ ਰਖਾਈਆ । ਸਚਖੰਡ ਦੁਆਰ ਕਹੇ ਮੈਂ ਹੋਇਆ ਉਹ, ਜਿਸ ਦਾ ਰੂਪ ਰੇਖ ਨਜ਼ਰ ਕੋਇ ਨਾ ਆਈਆ । ਬਿਨ ਦੀਵੇ ਬਾਤੀ ਹੋਵੇ ਲੋ, ਪਰਕਾਸ਼ ਇਕੋ ਇਕ ਵਖਾਈਆ । ਤਖ਼ਤ ਨਿਵਾਸੀ ਪੁਰਖ ਅਬਿਨਾਸ਼ੀ ਸਾਚੇ ਤਖ਼ਤ ਬਹੇ ਜਿਸ ਨਾਤਾ ਛੱਡਿਆ ਜਗਤ ਛੱਬੀ ਪੋਹ, ਸੋ ਨੂਰ ਨਜ਼ਰ ਕਿਸੇ ਨਾ ਆਈਆ । ਉਨੀਂ ਸਾਲ ਅੰਦਰ ਦੋ ਜਹਾਨਾਂ ਮਾਣ ਲਿਆ ਖੋਹ, ਖ਼ਾਲੀ ਦੁਆਰੇ ਦਏ ਕਰਾਈਆ । ਸਚਖੰਡ ਦੁਆਰੇ ਸਚ ਸਿੰਘਾਸਣ ਉਤੇ ਬਹੇ ਆਪ ਹੋ, ਹੋਕਾ ਇਕੋ ਇਕ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕੱਠੇ ਜਾਵੇ ਹੋ, ਘਰ ਸਾਚਾ ਸਚ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਸਚਖੰਡ ਦੁਆਰ ਕਹੇ ਮੈਂ ਸੋਭਾਵੰਤ, ਘਰ ਮੇਰੇ ਵੱਜੇ ਵਧਾਈਆ । ਪ੍ਰਭ ਪਾਇਆ ਪੂਰਨ ਭਗਵੰਤ, ਬੇਪਰਵਾਹ ਸੱਚਾ ਸ਼ਹਿਨਸ਼ਾਹੀਆ । ਸਚ ਸੁਹਾਗ ਜਾਗਿਆ ਭਾਗ ਮੇਲ ਮਿਲਾਵਾ ਨਾਰ ਕੰਤ, ਕੰਤੂਹਲ ਇਕੋ ਨਜ਼ਰੀ ਆਈਆ । ਲੋਕਮਾਤ ਬਣਾਏ ਮੇਰੀ ਬਣਤ, ਆਪ ਆਪਣਾ ਰੂਪ ਧਰਾਈਆ । ਜਿਸ ਨੂੰ ਜੁਗ ਚੌਕੜੀ ਗੌਂਦੇ ਗਏ ਸੰਤ, ਭਗਵੰਤ ਢੋਲਾ ਰਾਗ ਅਲਾਈਆ । ਜਿਸ ਦੀ ਮਹਿਮਾ ਅੰਦਰ ਗਾਏ ਮੰਤ, ਕੋਟਨ ਕੋਟ ਨਾਮ ਉਪਜਾਈਆ । ਜਿਸ ਦਾ ਵਾਸਾ ਲੱਖ ਚੁਰਾਸੀ ਅੰਦਰ ਜੀਵ ਜੰਤ, ਜਗ ਦਾਤਾ ਜੋ ਅਖਵਾਈਆ । ਜਿਸ ਦੀ ਮਹਿਮਾਂ ਸਦਾ ਅਗਣਤ, ਨਾ ਕੋਈ ਲਿਖੇ ਕਲਮ ਸ਼ਾਹੀਆ । ਜਿਸ ਦਾ ਭੇਵ ਨਾ ਪਾਵੇ ਕੋਈ ਪੰਡਤ, ਬ੍ਰਹਮਾਵੇਤਾ ਚਾਰੇ ਮੁਖ ਰਿਹਾ ਸ਼ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ

੧੦੦੫ ੧੪

ਕਲ ਆਪ ਵਰਤਾਈਆ । ਸਚਖੰਡ ਦੁਆਰ ਕਹੇ ਮੇਰਾ ਖੁਲ੍ਹਿਆ ਦਰਵਾਜ਼ਾ, ਬੰਦ ਤਾਕ ਨਾ ਕੋਇ ਰਖਾਈਆ । ਕਲਜੁਗ ਅੰਤਮ ਪਰਗਟ ਹੋ ਗ਼ਰੀਬ ਨਿਵਾਜਾ, ਗ਼ਰੀਬ ਨਿਮਾਣਿਆਂ ਰਿਹਾ ਉਠਾਈਆ । ਸੋਵਤ ਜਾਗਤ ਮਾਰੇ ਵਾਜ਼ਾਂ, ਨਾਮ ਨਿਧਾਨਾ ਰਾਗ ਸੁਣਾਈਆ । ਆਤਮ ਪਰਮਾਤਮ ਰਚ ਰਚ ਕਾਜਾ, ਘਰ ਘਰ ਸਗਨ ਮਨਾਈਆ । ਕੋੜ੍ਹਿਆਂ ਕਮਲਿਆਂ ਰੱਖੇ ਲਾਜਾਂ, ਜਗਤ ਨਿਮਾਣਿਆਂ ਲਏ ਉਠਾਈਆ । ਮਿਹਰ ਨਜ਼ਰ ਦੇਵੇ ਸਾਚਾ ਦਾਜਾ, ਵਸਤ ਅਮੋਲਕ ਝੋਲੀ ਪਾਈਆ । ਜਨ ਭਗਤਾਂ ਪਿਛੇ ਫਿਰੇ ਭਾਜਾ, ਅੱਠੇ ਪਹਿਰ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਰਾਈਆ । ਸਚਖੰਡ ਕਹੇ ਪ੍ਰਭ ਸਾਚੀ ਕਰਨੀ, ਕਲ ਅੰਤ ਅੰਤ ਕਰਾਈਆ । ਸਚ ਦੁਆਰੇ ਆਪੇ ਪਏ ਆਪਣੀ ਸਰਨੀ, ਸਰਨਗਤ ਆਪ ਜਣਾਈਆ । ਨਿਰਗੁਣ ਹੋ ਕੇ ਸਰਗੁਣ ਮਰੇ ਮਰਨੀ, ਸਰਗੁਣ ਮਰਿਆ ਨਿਰਗੁਣ ਨਿਰਵੈਰ ਲਏ ਜਗਾਈਆ । ਲਹਿਣਾ ਦੇਣਾ ਚੁਕਾਏ ਵਰਨੀ ਬਰਨੀ, ਜ਼ਾਤ ਪਾਤ ਨਾ ਕੋਇ ਰਖਾਈਆ । ਭਗਤ ਆਤਮ ਸੋਈ ਕਾਇਆ ਮੰਦਰ ਅੰਦਰ ਉਚੇ ਟਿੱਲੇ ਚੜ੍ਹ ਕੇ ਫੜਨੀ, ਗ੍ਰਿਹ ਸਾਚਾ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਰਚਨਾ ਆਪ ਰਚਾਈਆ । ਸਚਖੰਡ ਦੁਆਰ ਕਹੇ ਪ੍ਰਭ ਰਚਨਾ ਰਚੀ ਸੱਚ, ਸਚ ਮੇਰੇ ਵਿਚ ਵਸਾਇੰਦਾ । ਨਿਰਗੁਣ ਹੋ ਕੇ ਲੁਕ ਲੁਕ ਬਹੇ ਬਚ, ਜ਼ਾਹਰ ਨਜ਼ਰ ਕਿਸੇ ਨਾ ਆਇੰਦਾ । ਭਗਤ ਭਗਵਾਨ ਗੁਰਮੁਖ ਵਿਰਲੇ ਮਾਰਗ ਦੇਵੇ ਦੱਸ, ਜਿਸ ਆਪਣਾ ਪੜਦਾ ਲਾਹਿੰਦਾ । ਅੰਤਰ ਆਤਮ ਮੇਲ ਮਿਲਾਏ ਹੱਸ ਹੱਸ, ਸੋਹੰ ਹੰਸਾ ਰਾਗ ਸੁਣਾਇੰਦਾ । ਇਕ ਦੂਜੇ ਦਾ ਗਾਵਣ ਜਸ, ਜਸ ਸਿਫ਼ਤੀ ਸਿਫ਼ਤ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੁਆਰ ਆਪ ਸੁਹਾਇੰਦਾ । ਸਚਖੰਡ ਸੀਸ ਝੁਕੌਂਦਾ ਏ । ਦੋਏ ਜੋੜ ਵਾਸਤਾ ਪੌਂਦਾ ਏ । ਪ੍ਰਭ ਅੱਗੇ ਅਰਜ਼ੋਈ ਸੁਣੌਂਦਾ ਏ । ਤੁਧ ਬਿਨ ਮਿਲੇ ਨਾ ਕੋਇ ਢੋਈ, ਮੇਰੇ ਘਰ ਕੋਇ ਨਾ ਔਂਦਾ ਏ । ਪੀਣ ਖਾਣ ਨਾ ਕੋਏ ਰਸੋਈ, ਮਿਹਮਾਨ ਬਣ ਨਾ ਕੋਇ ਵਖੌਂਦਾ ਏ । ਇਕ ਕਬੀਰਾ ਆਇਆ ਪਿਛੇ ਛੱਡ ਕੇ ਲੋਈ, ਲੋਹੜਾ ਦੋ ਜਹਾਨ ਜਣੌਂਦਾ ਏ । ਓਨ ਮੇਰੀ ਹਰਸ ਉਠਾਈ ਸੋਈ, ਸੁੱਤਿਆਂ ਆਪ ਹਲੌਂਦਾ ਏ । ਸਚਖੰਡ ਦੁਆਰੇ ਤੇਰੇ ਘਰ ਆਵੇ ਕੋਈ ਕੋਈ, ਜਿਸ ਪ੍ਰਭ ਅਬਿਨਾਸ਼ੀ ਆਪਣੇ ਨਾਲ ਮਿਲੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਘਰ ਆਪ ਵਡਿਔਂਦਾ ਏ । ਮੇਰੇ ਘਰ ਵਿਰਲਾ ਗੁਰਮੁਖ ਔਂਦਾ ਏ । ਜੁਗ ਚੌਕੜੀ ਮੇਰਾ ਮੇਰਾ ਮੇਰਾ ਤਰਸੌਂਦਾ ਏ । ਚਾਰ ਯੁਗ ਵੇਖਦਿਆਂ ਵੇਖਦਿਆਂ ਪੰਧ ਮੁਕੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਜਣੌਂਦਾ ਏ । ਸਾਚਾ ਖੇਲ ਜਣੌਂਦਾ ਏ । ਭਗਤ ਭਗਵਾਨ ਆਪ ਉਠੌਂਦਾ ਏ । ਸਚਖੰਡ ਦੁਆਰ ਵਸੌਂਦਾ ਏ । ਨਜ਼ਰ ਕਿਸੇ ਨਾ ਔਂਦਾ ਏ । ਢੋਲਾ ਇਕੋ ਗੀਤ ਗੌਂਦਾ ਏ । ਸੋਹੰ ਰਾਗ ਅਲੌਂਦਾ ਏ । ਵਿਚੋਲਾ ਨਜ਼ਰ ਕੋਇ ਨਾ ਔਂਦਾ ਏ । ਤੋਲਾ ਹੋਰ ਨਾ ਕੋਇ ਰਖੌਂਦਾ ਏ । ਡੋਲਾ ਆਪਣੇ ਕੰਧ ਉਠੌਂਦਾ ਏ । ਜਨ ਭਗਤ ਪਾਰ ਕਰੌਂਦਾ ਏ । ਸਾਚੇ ਮੰਦਰ ਆਪ ਬਹੌਂਦਾ ਏ । ਮੁਖ ਘੁੰਗਟ ਇਕੋ ਲੌਂਹਦਾ ਏ । ਮੁਖ ਨਕ਼ਾਬ ਨਾ ਕੋਇ ਰਖੌਂਦਾ ਏ । ਸਚ ਆਦਾਬ ਇਕ ਸੁਣੌਂਦਾ ਏ । ਮਹਿਰਾਬ ਇਕੋ ਇਕ ਵਡਿਔਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚਖੰਡ ਦੁਆਰੇ ਮਾਣ ਰਖੌਂਦਾ ਏ । ਸਚਖੰਡ ਦੁਆਰਾ ਪਿਆ ਰੋ, ਨੇਤਰ ਨੈਣਾਂ ਨੀਰ ਵਹਾਈਆ । ਪਾਰਬ੍ਰਹਮ ਪ੍ਰਭ ਤੁਧ ਬਿਨ ਮੇਰੀ ਕੋਈ ਨਾ ਲਵੇ ਸੋ, ਸਾਰ ਕੋਇ ਨਾ ਪਾਈਆ ।

ਸੋ ਸੋਹੇ ਮੰਦਰ ਸੋ ਸੋਹੇ ਘਰ ਜਿਸ ਘਰ ਤੇਰਾ ਨੂਰ ਲੋ, ਜੋਤੀ ਜੋਤ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਇਕੋ ਆਸ ਰਖਾਈਆ । ਸ੍ਰੀ ਭਗਵਾਨ ਸਚ ਜਣਾਇਆ ਏ । ਸਚਖੰਡ ਦੁਆਰ ਸਮਝਾਇਆ ਏ । ਨਵ ਨੌਂ ਚਾਰ ਤੇਰਾ ਖੇਲ ਰਚਾਇਆ ਏ । ਗੁਰ ਅਵਤਾਰ ਪੀਰ ਪੈਗ਼ੰਬਰ ਤੇਰਾ ਸੰਗ ਨਿਭਾਇਆ ਏ । ਲੋਕਮਾਤ ਸ਼ਿਵਦਵਾਲੇ ਮੱਠ ਬਣਾ ਮੰਦਰ, ਮਸੀਤ ਗੁਰੂਦੁਆਰ ਵੰਡ ਵੰਡਾਇਆ ਏ । ਉਚੇ ਟਿੱਲੇ ਵੇਖ ਪਰਬਤ, ਡੂੰਘੀ ਕੰਦਰ ਰਾਗ ਅਲਾਇਆ ਏ । ਲੱਖ ਚੁਰਾਸੀ ਤੋੜ ਜੰਦਰ, ਨਾਦ ਧੁਨ ਰਾਗ ਸੁਣਾਇਆ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਕਮਾਇਆ ਏ । ਸਚਖੰਡ ਦੁਆਰ ਦੋਏ ਜੋੜ, ਪ੍ਰਭ ਚਰਨੀ ਸੀਸ ਝੁਕਾਈਆ । ਸਾਹਿਬ ਸਤਿਗੁਰ ਮੋਹੇ ਤੇਰੀ ਲੋੜ, ਇਕੋ ਤੇਰੀ ਓਟ ਤਕਾਈਆ । ਸਦਾ ਸਦਾ ਸਦ ਆਪਣੇ ਨਾਲ ਜੋੜ, ਵਛੋੜਾ ਕੋਇ ਰਹਿਣ ਨਾ ਪਾਈਆ । ਮੇਰਾ ਮੰਦਰ ਵੇਖ ਕਰ ਕੇ ਗ਼ੌਰ, ਜਿਸ ਘਰ ਤੇਰਾ ਆਸਣ ਰਿਹਾ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਘਰ ਵੱਜਦੀ ਰਹੇ ਵਧਾਈਆ । ਸਚਖੰਡ ਤੇਰੇ ਉਤੇ ਦਇਆ ਕਮਾਵਾਂਗਾ । ਨਿਰਗੁਣ ਹੋ ਕੇ ਵੇਸ ਵਟਾਵਾਂਗਾ । ਨਿਹਕਲੰਕ ਨਾਉਂ ਰਖਾਵਾਂਗਾ । ਕਲ ਕਲਕੀ ਫੇਰਾ ਪਾਵਾਂਗਾ । ਚਾਰ ਯੁਗ ਦਾ ਲੇਖਾ ਵੇਖ ਵਖਾਵਾਂਗਾ । ਦੇਸ ਪਰਦੇਸਾਂ ਡੰਕ ਵਜਾਵਾਂਗਾ । ਨਰ ਨਰੇਸ਼ਾ ਇਕ ਅਖਵਾਵਾਂਗਾ । ਵਿਸ਼ਨ ਬ੍ਰਹਮ ਮਹੇਸ਼ ਸਰਬ ਉਠਾਵਾਂਗਾ । ਪੀਰ ਪੈਗ਼ੰਬਰ ਗੁਰ ਅਵਤਾਰ ਦਰ ਦਰਵੇਸ਼ਾ, ਘਰ ਸਾਚੇ ਸੇਵ ਜਣਾਵਾਂਗਾ । ਚਾਰ ਵਰਨ ਦਾ ਚੁੱਕੇ ਲੇਖਾ, ਬਰਨ ਸਰਨ ਇਕ ਵਡਿਆਵਾਂਗਾ । ਲੋਕਮਾਤ ਪਏ ਭੁਲੇਖਾ, ਭਾਂਡਾ ਭਰਮ ਭੌ ਭੰਨਾਵਾਂਗਾ । ਸੋ ਸਚਖੰਡ ਜਿਸ ਘਰ ਵਸੇ ਆਪ ਨਰੇਸਾ, ਦੂਜਾ ਦਰ ਨਾ ਕੋਈ ਵਡਿਆਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਭਗਤ ਵਿਚ ਵਸਾਵਾਂਗਾ । ਕਲਜੁਗ ਅੰਤਮ ਤੇਰਾ ਘਰ ਵਸਾਵਾਂਗਾ । ਨਿਰਵੈਰ ਹੋ ਕੇ ਆਵਾਂਗਾ । ਚਾਰ ਵਰਨ ਮਿਲਾਵਾਂਗਾ । ਸਾਚੀ ਸਰਨ ਸਮਝਾਵਾਂਗਾ । ਨੇਤਰ ਹਰਨ ਫਰਨ ਖੁਲਾਵਾਂਗਾ । ਮਰਨ ਡਰਨ ਚੁਕਾਵਾਂਗਾ । ਸਾਚੇ ਘਰ ਵੜਨ ਦੀ ਰੀਤੀ ਇਕ ਰਖਾਵਾਂਗਾ । ਮੰਦਰ ਮਸੀਤੀ ਪੰਧ ਮੁਕਾਵਾਂਗਾ । ਬਜਰ ਕਪਾਟੀ ਨਿੱਕੀ ਗੀਟੀ, ਨਾਮ ਤੀਰ ਨਾਲ ਉਡਾਵਾਂਗਾ । ਖੇਲ ਜਾਣਾਂ ਜੀਵ ਜੀਅ ਕੀ, ਲੱਖ ਚੁਰਾਸੀ ਵੇਖ ਵਖਾਵਾਂਗਾ । ਲਹਿਣਾ ਚੁੱਕੇ ਸਾਢੇ ਤਿੰਨ ਹੱਥ ਸੀਂ ਕੀ, ਸੀਆਂ ਆਪਣੇ ਘਰ ਰਖਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਵਾਂਗਾ । ਸਾਚੀ ਕਰਨੀ ਕਾਰ ਕਮਾਵਾਂਗਾ । ਸਚਖੰਡ ਤੇਰਾ ਰੂਪ ਪਰਗਟਾਵਾਂਗਾ । ਲੋਕਮਾਤ ਨਿਸ਼ਾਨ ਝੁਲਾਵਾਂਗਾ । ਗੁਰਮੁਖ ਤੇਰੀ ਭੇਟ ਚੜ੍ਹਾਵਾਂਗਾ । ਪੰਚ ਕਰ ਪਰਵਾਨ ਪਰਵਾਨਾ ਇਕੋ ਹੱਥ ਫੜਾਵਾਂਗਾ । ਨੀਹਾਂ ਹੇਠ ਰੱਖ ਨਿਸ਼ਾਨ, ਖ਼ਾਕ ਧੂੜੀ ਨਾਲ ਮਿਲਾਵਾਂਗਾ । ਧਰਤ ਧਵਲ ਦੇ ਮਾਣ, ਧਰਨੀ ਆਪਣੇ ਚਰਨ ਛੁਹਾਵਾਂਗਾ । ਪਰਗਟ ਹੋ ਵਿਚ ਜਹਾਨ, ਪਿਛਲਾ ਲੇਖਾ ਸਰਬ ਮੁਕਾਵਾਂਗਾ । ਅੱਗੇ ਇਕੋ ਪਾਵਾਂ ਆਣ, ਹੁਕਮ ਇਕੋ ਇਕ ਵਰਤਾਵਾਂਗਾ । ਦੋ ਜਹਾਨਾਂ ਵੇਖਾਂ ਮਾਰ ਧਿਆਨ, ਬਿਨ ਨਜ਼ਰ ਨਜ਼ਰ ਉਠਾਵਾਂਗਾ । ਨਾ ਕੋਈ ਚਿੱਲਾ ਨਾ ਤੀਰ ਕਮਾਨ, ਖੰਡਾ ਖੜਗ ਨਾ ਕੋਇ ਖੜਕਾਵਾਂਗਾ । ਇਕੋ ਹੁਕਮ ਹੋਵੇ ਫ਼ਰਮਾਨ, ਹੁਕਮੇ ਅੰਦਰ ਸਰਬ ਭੁਆਵਾਂਗਾ । ਸਚ ਪ੍ਰੇਮ ਦਾ ਤੇਰਾ ਨਿਸ਼ਾਨ, ਨਿਰਗੁਣ ਹੋ ਕੇ ਆਪ ਝੁਲਾਵਾਂਗਾ । ਸੱਤ ਦੀਪ ਦਾ ਤੁੱਟੇ ਮਾਣ, ਸੱਤ ਸਾਚੇ ਰੰਗ ਰੰਗਾਵਾਂਗਾ । ਜਨ ਭਗਤਾਂ ਕਰ ਪਰਵਾਨ, ਸੋਹੰ ਢੋਲਾ ਇਕ ਸੁਣਾਵਾਂਗਾ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰ ਵਸਾਵਾਂਗਾ । ਸਚਖੰਡ ਦੁਆਰ ਵਸਾਵੇਗਾ । ਪ੍ਰਭ ਆਪਣੀ ਦਇਆ ਕਮਾਵੇਗਾ । ਸਾਚਾ ਤਖ਼ਤ ਇਕ ਸੁਹਾਵੇਗਾ । ਵੇਲਾ ਵਕਤ ਆਪਣੇ ਹੱਥ ਰਖਾਵੇਗਾ । ਗੁਰਮੁਖ ਸਾਚੇ ਭਗਤ ਚਾਰ ਕੁੰਟ ਆਪ ਜਗਾਵੇਗਾ । ਲੇਖੇ ਲਾਏ ਬੂੰਦ ਰਕਤ, ਹੱਡ ਮਾਸ ਨਾੜੀ ਖੋਜ ਖੁਜਾਵੇਗਾ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਲੋਕਮਾਤ ਆਏ ਪਰਤ, ਪਰਤੀਬਿੰਬ ਆਪਣਾ ਸਰਬ ਵਿਚ ਦਰਸਾਵੇਗਾ । ਗੁਰ ਅਵਤਾਰ ਪੀਰ ਪੈਗ਼ੰਬਰ ਜੋ ਦੀਨ ਮਜ਼੍ਹਬ ਜ਼ਾਤ ਪਾਤ ਦਾ ਪਾ ਕੇ ਗਏ ਫ਼ਰਕ, ਅੰਤਮ ਇਕੋ ਵਾਰ ਬਾਹਰ ਕਢਾਵੇਗਾ । ਅਧਵਿਚਕਾਰ ਕੋਈ ਨਾ ਜਾਵੇ ਅਟਕ, ਜੋ ਫੜਿਆ ਸੋ ਬਾਹਰ ਕਢਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਇਕੋ ਮਰਦ, ਮਰਦਾਨਗੀ ਆਪਣੀ ਆਪ ਜਣਾਵੇਗਾ । ਹਰਿ ਮਰਦ ਮਰਦਾਨਾ ਆਵੇਗਾ । ਸਚ ਨਿਸ਼ਾਨਾ ਇਕ ਝੁਲਾਵੇਗਾ । ਦੋ ਜਹਾਨਾ ਆਪ ਹਿਲਾਵੇਗਾ । ਨੌਂ ਖੰਡ ਪ੍ਰਿਥਮੀ ਵੇਖ ਵਖਾਵੇਗਾ । ਸੱਤਾਂ ਦੀਪਾਂ ਪੜਦਾ ਉਠਾਵੇਗਾ । ਸਾਚੀ ਲੀਲਾ ਆਪ ਜਣਾਵੇਗਾ । ਜਨ ਭਗਤਾਂ ਬਣ ਵਸੀਲਾ, ਵਸਲ ਆਪਣਾ ਹੱਕ ਕਰਾਵੇਗਾ । ਗੁਰਮੁਖਾਂ ਬਣੇ ਨਾ ਕੋਈ ਵਕੀਲਾ, ਸਿੱਧਾ ਆਪਣਾ ਘਰ ਜਣਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਸਾਚੇ ਭਗਤ ਬਹਾਵੇਗਾ । ਸਚਖੰਡ ਦੁਆਰੇ ਸਾਚੇ ਭਗਤ ਬਹਿਣਗੇ । ਪੁਰਖ ਅਬਿਨਾਸ਼ੀ ਨਾਮ ਲੈਣਗੇ । ਸੋਹੰ ਢੋਲਾ ਇਕੋ ਕਹਿਣਗੇ । ਦੂਜੇ ਵਹਿਣ ਕੋਇ ਨਾ ਵਹਿਣਗੇ । ਪ੍ਰਭ ਸਰਨਾਈ ਸਾਚੀ ਢਹਿਣਗੇ । ਧੁਰ ਦੀ ਵਸਤ ਇਕੋ ਲੈਣਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੁਆਰੇ ਸਾਚੇ ਰਾਗ ਅਲਾਇਣਗੇ । ਸਚ ਦੁਆਰਾ ਸੋਹਵੇਗਾ । ਪੁਰਖ ਅਬਿਨਾਸ਼ੀ ਢੋਆ ਢੋਵੇਗਾ । ਗੁਰਮੁਖ ਸੱਜਣ ਕੋਇ ਨਾ ਰੋਵੇਗਾ । ਦੁਰਮਤ ਮੈਲ ਸਭ ਦੀ ਧੋਵੇਗਾ । ਬੀਜ ਇਕੋ ਨਾਮ ਬੋਵੇਗਾ । ਪੱਤ ਡਾਲੀ ਆਪਣੇ ਨਾਮ ਤੰਦ ਪਰੋਵੇਗਾ । ਬਣ ਕੇ ਧੁਰ ਦਾ ਮਾਲੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਆਪ ਖਲੋਵੇਗਾ । ਘਰ ਸਾਚੇ ਆਪ ਆਏਗਾ । ਸਚਖੰਡ ਦੁਆਰ ਸੁਹਾਏਗਾ । ਸਾਚੀ ਵੰਡਣ ਵੰਡ ਵੰਡਾਏਗਾ । ਨੌਂ ਪੰਜ ਚਾਰ ਵੇਖ ਵਖਾਏਗਾ । ਛੱਤੀ ਯੁਗ ਦਾ ਪੰਧ ਮੁਕਾਏਗਾ । ਬੰਦੀਖ਼ਾਨਾ ਤੋੜ ਤੁੜਾਏਗਾ । ਚੰਦ ਨੌਚੰਦੀ ਆਪ ਚਮਕਾਏਗਾ । ਸੰਤ ਸੁਹੇਲੇ ਆਪ ਮਿਲਾਏਗਾ । ਗੁਰ ਚੇਲੇ ਰੰਗ ਰੰਗਾਏਗਾ । ਮੁਰੀਦ ਮੁਰਸ਼ਦ ਕੋਲ ਬਹਾਏਗਾ । ਦੀਦ ਈਦ ਚੰਦ ਚਮਕਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰ ਇਕ ਵਸਾਏਗਾ । ਸਚਖੰਡ ਦੁਆਰਾ ਵਸੇਗਾ । ਪੁਰਖ ਅਬਿਨਾਸ਼ੀ ਮਾਰਗ ਦੱਸੇਗਾ । ਜਨ ਭਗਤਾਂ ਪਿਛੇ ਨੱਠੇਗਾ । ਇਕੋ ਨਾਮ ਇਕੋ ਢੋਲਾ, ਇਕੋ ਰਾਗ ਸਾਚਾ ਰੱਟੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚਖੰਡ ਦੁਆਰੇ ਆਪੇ ਵਸੇਗਾ । ਸਚਖੰਡ ਦੁਆਰ ਸੁਹਾਵਣਾ, ਸਤਿਗੁਰ ਕਿਰਪਾ ਧਾਰ । ਕਲਜੁਗ ਅੰਤਮ ਵੇਖ ਵਖਾਵਣਾ, ਕਲ ਕਲਕੀ ਲੈ ਅਵਤਾਰ । ਗੁਰ ਅਵਤਾਰ ਸੰਗ ਰਲਾਵਣਾ, ਪੀਰ ਪੈਗ਼ੰਬਰ ਕਰ ਪਿਆਰ । ਧੁਰ ਫ਼ਰਮਾਨਾ ਇਕ ਸਮਝਾਵਣਾ, ਲੇਖਾ ਜਣਾਏ ਧੁਰ ਦੀ ਕਾਰ । ਨੇਤਰ ਨੈਣ ਸਰਬ ਉਠਾਵਣਾ, ਖੋਲ੍ਹ ਬੰਦ ਕਿਵਾੜ । ਪ੍ਰਭ ਅਬਿਨਾਸ਼ੀ ਦਰਸਨ ਪਾਵਣਾ, ਜਿਸ ਦਾ ਲਹਿਣਾ ਸਤਾਰਾਂ ਹਾੜ । ਬੀਸ ਬੀਸਾ ਅੰਗ ਲਗਾਵਣਾ, ਜਗਤ ਜਗਦੀਸਾ ਹੋਏ ਆਪ ਤਿਆਰ । ਸਚ ਦੁਆਰ ਇਕ ਵਡਿਆਵਣਾ, ਇਕੋ ਬੰਕ ਹੋਏ ਉਜਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਆਪ ਨਿਰੰਕਾਰ । ਸਚਖੰਡ ਕਹੇ ਮੇਰਾ ਨਿਰੰਕਾਰ,

ਨਿਰਗੁਣ ਮੇਰੇ ਅੰਦਰ ਆਸਣ ਲਾਈਆ । ਮੈਂ ਦਰਸ ਕਰਾਂ ਆਦਿ ਜੁਗਾਦਿ ਸਚ ਦਰਬਾਰ, ਦਰ ਆਪਣਾ ਸੀਸ ਝੁਕਾਈਆ । ਕਲਜੁਗ ਅੰਤ ਵੇਖਿਆ ਖੇਲ ਅਪਾਰ, ਮੇਰੀ ਸਮਝ ਵਿਚ ਨਾ ਆਈਆ । ਪੁਰਖ ਅਬਿਨਾਸ਼ੀ ਹੋ ਤਿਆਰ, ਲੋਕਮਾਤ ਲਏ ਅੰਗੜਾਈਆ । ਜੋਤੀ ਜਾਤਾ ਹੋ ਉਜਿਆਰ, ਨੂਰੋ ਨੂਰ ਕਰੇ ਰੁਸ਼ਨਾਈਆ । ਬਣ ਬਿਧਾਤਾ ਪਾਵੇ ਸਾਰ, ਮਹਾਂਸਾਰਥੀ ਆਪ ਹੋ ਜਾਈਆ । ਮੇਟੇ ਰੈਣ ਅੰਧੇਰੀ ਰਾਤਾ ਕਾਲੀ ਕੂੜ ਕੂੜਿਆਰ, ਕੂੜੀ ਕਿਰਿਆ ਬੰਧਨ ਰਿਹਾ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਇਕ ਵਸਾਈਆ । ਸਚਖੰਡ ਇਕ ਵਸਾਇਆ ਏ । ਪੂਰਬ ਲੇਖਾ ਪੂਰ ਕਰਾਇਆ ਏ । ਗੁਰ ਅਵਤਾਰ ਜੋ ਧਿਆਨ ਲਗਾਇਆ ਏ । ਵੇਦ ਵਿਆਸਾ ਲੇਖ ਸਮਝਾਇਆ ਏ । ਮੂਸੇ ਨੈਣ ਨੈਣ ਉਠਾਇਆ ਏ । ਈਸਾ ਖ਼ਾਲੀ ਝੋਲੀ ਭਰਾਇਆ ਏ । ਮੁਹੰਮਦ ਨੂਰੀ ਅਮਾਮ ਮੰਗ ਮੰਗਾਇਆ ਏ । ਨਾਨਕ ਨਿਹਕਲੰਕ ਇਕ ਸਮਝਾਇਆ ਏ । ਗੋਬਿੰਦ ਕਲਕੀ ਕਲ ਵਰਤਾਇਆ ਏ । ਸਾਚਾ ਮੰਦਰ ਪਲੰਘ ਸੁਹਾਇਆ ਏ । ਰਾਓ ਰੰਕ ਆਪ ਸਮਝਾਇਆ ਏ । ਡੰਕ ਆਪਣਾ ਨਾਮ ਵਜਾਇਆ ਏ । ਸਾਚਾ ਛੰਤ ਰਾਗ ਅਲਾਇਆ ਏ । ਭਗਤ ਭਗਵੰਤ ਮੇਲ ਮਿਲਾਇਆ ਏ । ਨਾਰ ਕੰਤ ਜੋੜ ਜੁੜਾਇਆ ਏ । ਰੰਗ ਬਸੰਤ ਇਕ ਚੜ੍ਹਾਇਆ ਏ । ਗੜ੍ਹ ਤੋੜ ਹਉਮੇਂ ਹੰਗਤ, ਨਿਵਣ ਸੋ ਅੱਖਰ ਇਕ ਪੜ੍ਹਾਇਆ ਏ । ਮੇਲ ਮਿਲਾਵਾ ਸਾਚੀ ਪੰਗਤ, ਪਰਮ ਪੁਰਖ ਆਪਣੀ ਦਾਤ ਵਰਤਾਇਆ ਏ । ਨਾਤਾ ਜੁੜਿਆ ਹਰਿ ਕੀ ਸੰਗਤ, ਹਰਿ ਸੰਗਤ ਵਿਚ ਸਮਾਇਆ ਏ । ਸਚ ਦੁਆਰੇ ਆ ਕੇ ਦੂਜੇ ਦਰ ਨਾ ਜਾਏ ਕੋਈ ਮੰਗਤ, ਮੰਗਤਿਆਂ ਖ਼ਾਲੀ ਝੋਲੀ ਸਰਬ ਭਰਾਇਆ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਵਰਤਾਇਆ ਏ । ਸਾਚਾ ਹੁਕਮ ਆਪ ਵਰਤੌਣਾ ਏ । ਸਚਖੰਡ ਦੁਆਰ ਸੁਹੌਣਾ ਏ । ਲੋਕਮਾਤ ਡੇਰਾ ਲੌਣਾ ਏ । ਮਾਰਗ ਇਕੋ ਇਕ ਵਖੌਣਾ ਏ । ਕੁਦਰਤ ਕਾਦਰ ਰੰਗ ਚੜ੍ਹੌਣਾ ਏ । ਮੁਰੀਦ ਮੁਰਸ਼ਦ ਦਾ ਦਰ ਇਕ ਜਣੌਣਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਸਿਖਿਆ ਇਕ ਦ੍ਰਿੜ੍ਹੌਣਾ ਏ । ਸਾਚੀ ਸਿਖਿਆ ਇਕ ਦ੍ਰਿੜ੍ਹੌਂਦਾ ਏ । ਸਚਖੰਡ ਦੁਆਰ ਸੁਹੌਂਦਾ ਏ । ਸੋਹੰ ਰਾਗ ਅਲੌਂਦਾ ਏ । ਵਿਛੜੇ ਮੇਲ ਮਿਲੌਂਦਾ ਏ । ਪਕੜ ਅਡੋਲ ਉਠੌਂਦਾ ਏ । ਆਤਮ ਪਰਮਾਤਮ ਕੋਲ ਪਰਦਾ ਲਾਹ ਆਪ ਮਿਲੌਂਦਾ ਏ । ਸ਼ਬਦ ਨਾਦ ਵੱਜੇ ਢੋਲ, ਅਨਹਦ ਰਾਗ ਸੁਣੌਂਦਾ ਏ । ਜੋ ਜਨ ਚਰਨ ਪ੍ਰੀਤੀ ਜਾਏ ਘੋਲ, ਤਿਨ੍ਹਾਂ ਘਰ ਮੰਦਰ ਇਕ ਵਖੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਇਕੋ ਇਕ ਬਣੌਂਦਾ ਏ । ਸਚਖੰਡ ਦੁਆਰ ਸਤਿਗੁਰ ਚਰਨ, ਚਰਨ ਮਿਲੇ ਸਰਨਾਈਆ । ਜਨ ਭਗਤਾਂ ਖੁਲ੍ਹੇ ਨੇਤਰ ਹਰਨ ਫਰਨ, ਨਿਜ ਨੈਣ ਕਰੇ ਰੁਸ਼ਨਾਈਆ । ਗੀਤ ਗੋਬਿੰਦ ਅਨਾਦੀ ਢੋਲਾ ਬ੍ਰਹਮ ਬ੍ਰਹਿਮਾਦੀ ਇਕੋ ਪੜ੍ਹਨ, ਘਰ ਸਾਚੇ ਵੱਜੇ ਵਧਾਈਆ । ਮਹੱਲ ਅਟੱਲ ਸਾਚੀ ਮੰਜ਼ਲ ਉਚੇ ਪੌੜੇ ਚੜ੍ਹਨ, ਚੜ੍ਹ ਚੜ੍ਹ ਹਰਿ ਹਰਿ ਦਰਸਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਸਚਖੰਡ ਦੁਆਰ ਕਹੇ ਮੈਂ ਵਸਾਂਗਾ । ਜਨ ਭਗਤਾਂ ਨਾਲ ਮਿਲ ਕੇ ਹੱਸਾਂਗਾ । ਸਤਿਜੁਗ ਸਾਚਾ ਮਾਰਗ ਦੱਸਾਂਗਾ । ਇਕੋ ਨਾਮ ਢੋਲਾ ਰਟਾਂਗਾ । ਜਨ ਭਗਤਾਂ ਲਾ ਕੇ ਤੀਰ, ਸਲ ਇਕੋ ਵਾਰ ਫੱਟਾਂਗਾ । ਤੋੜ ਸ਼ਰਅ ਜ਼ੰਜੀਰ, ਪਤ ਅੰਤਮ ਓਨਾਂ ਰਖਾਂਗਾ । ਨਜ਼ਰੀ ਆਏ ਇਕੋ ਪੀਰ, ਪੀਰ ਪੈਗ਼ੰਬਰ ਹੋ ਕੇ ਦੱਸਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਸਾਚੇ ਵਸਾਂਗਾ ।

ਸਚਖੰਡ ਦੁਆਰ ਬਣਾਵੇਗਾ । ਭੇਵ ਅਭੇਦ ਆਪ ਖੁਲ੍ਹਾਵੇਗਾ । ਦੂਆ ਜ਼ੀਰੋ ਨਾਲ ਮਿਲਾਵੇਗਾ । ਜ਼ੀਰੋ ਦੂਆ ਰੰਗ ਵਟਾਵੇਗਾ । ਦੂਆ ਨਿਰਗੁਣ ਸਰਗੁਣ ਜ਼ੀਰੋ ਅੰਕ ਨਾ ਕੋਇ ਜਣਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਵਰਤਾਵੇਗਾ । ਸਾਚਾ ਹੁਕਮ ਵਰਤਾਏਗਾ । ਬੀਸ ਬੀਸਾ ਖੇਲ ਕਰਾਏਗਾ । ਜਗਤ ਜਗਦੀਸਾ ਪੜਦਾ ਲਾਹੇਗਾ । ਇਕ ਉਨੀਸਾ ਵੰਡ ਵੰਡਾਏਗਾ । ਖ਼ਾਲੀ ਖੀਸਾ ਸਰਬ ਕਰਾਏਗਾ । ਛਤਰ ਸੀਸ ਤਾਜ ਟਿਕਾਏਗਾ । ਹਦੀਸ ਇਕੋ ਨਾਮ ਪੜ੍ਹਾਏਗਾ । ਬੀਸ ਬੀਸ ਵੰਡ ਵੰਡਾਏਗਾ । ਸ਼ਾਹ ਪਾਤਸ਼ਾਹ ਹੁਕਮ ਵਰਤਾਏਗਾ । ਰਹਿਬਰ ਇਕੋ ਰਾਹ ਵਖਾਏਗਾ । ਸਬਰ ਪਿਆਲਾ ਜਾਮ ਪਿਆਏਗਾ । ਦੀਨ ਦਿਆਲਾ ਵੇਖ ਵਖਾਏਗਾ । ਜੋਤ ਅਕਾਲਾ ਨੂਰ ਧਰਾਏਗਾ । ਧਰਮਸਾਲਾ ਇਕ ਵਡਿਆਏਗਾ । ਜਿਸ ਘਰ ਆਪਣੀ ਨੂਰੀ ਜੋਤ ਚਮਕਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਅੰਦਰ ਸੋਹਣੇ ਮੰਦਰ ਜਨ ਭਗਤ ਆਪ ਬਹਾਏਗਾ । ਜਨ ਭਗਤ ਦੁਆਰੇ ਔਣਗੇ । ਜਸ ਇਕੋ ਹਰਿ ਕਾ ਗੌਣਗੇ । ਦੂਜਾ ਇਸ਼ਟ ਨਾ ਕੋਇ ਮਨੌਣਗੇ । ਦ੍ਰਿਸ਼ਟ ਆਪਣੀ ਆਪ ਖੁਲ੍ਹੌਣਗੇ । ਰਾਮਾ ਵਸ਼ਿਸ਼ਟ ਇਕੋ ਘਰ ਵੇਖ ਖ਼ੁਸ਼ੀ ਕਰੌਣਗੇ । ਜਿਨ੍ਹਾਂ ਲਗਾਇਆ ਆਪਣੇ ਲੜ, ਸੋ ਪੱਲੂ ਗੰਢ ਬੰਧੌਣਗੇ । ਨਾ ਜਨਮੇ ਨਾ ਜਾਏ ਕੋਈ ਮਰ, ਮਰ ਜੀਵਤ ਪ੍ਰਭ ਜੋਤ ਵਿਚ ਸਮੌਣਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਸੰਦੇਸਾ ਇਕੋ ਅਲੌਣਗੇ । ਧੁਰ ਸੰਦੇਸਾ ਇਕ ਸੁਣਾਵਾਂਗਾ । ਸਭ ਦਾ ਲੇਖਾ ਪੂਰ ਕਰਾਵਾਂਗਾ । ਭਰਮ ਭੁਲੇਖਾ ਬਾਹਰ ਕਢਾਵਾਂਗਾ । ਜਗ ਰੇਖਾ ਹੋਰ ਬਦਲਾਵਾਂਗਾ । ਦਸ ਦਸਮੇਸਾ ਨਜ਼ਰੀ ਆਵਾਂਗਾ । ਸੋ ਪੁਰਖ ਅਕਾਲ ਜੋ ਰਹੇ ਹਮੇਸ਼ਾ, ਉਸ ਦਾ ਨੂਰ ਚਮਕਾਵਾਂਗਾ । ਜਿਸ ਦੀ ਸ਼ਾਖ਼ ਵਿਸ਼ਨ ਬ੍ਰਹਮ ਸ਼ਿਵ ਮਹੇਸ਼ਾ, ਤਿਸ ਆਪਣਾ ਰਾਹ ਵਖਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਪਰਦਾ ਆਪ ਚੁਕਾਵਾਂਗਾ । ਪ੍ਰਭ ਪਰਦਾ ਆਪ ਚੁਕਾਏਗਾ । ਬੀਸ ਬੀਸਾ ਵੇਸ ਵਟਾਏਗਾ । ਸਚ ਹਦੀਸਾ ਇਕ ਸੁਣਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲੀ ਖੇਲ ਆਪ ਵਰਤਾਏਗਾ । ਅਗਲੀ ਖੇਲ ਆਪ ਵਰਤਾਵੇਗਾ । ਜਨ ਭਗਤਾਂ ਕਰ ਕੇ ਮੇਲ, ਦੀਆ ਬਾਤੀ ਨੂਰ ਰੁਸ਼ਨਾਵੇਗਾ । ਬਣ ਸਾਚਾ ਸੱਜਣ ਸੁਹੇਲ, ਸਗਲਾ ਸੰਗ ਵਖਾਵੇਗਾ । ਜੋਤ ਨਿਰੰਜਣ ਚਾੜ੍ਹ ਤੇਲ, ਘਰ ਮੰਗਲ ਰਾਗ ਅਲਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਬਣਤ ਆਪ ਦ੍ਰਿੜ੍ਹਾਵੇਗਾ । ਸਾਚੀ ਬਣਤ ਸਮਝਾਏਗਾ । ਅਨੰਤ ਆਪਣੀ ਕਲ ਵਰਤਾਏਗਾ । ਜੀਵ ਜੰਤ ਸਮਝ ਕੋਇ ਨਾ ਪਾਏਗਾ । ਨਾਮ ਨਿਧਾਨ ਦੇ ਕੇ ਮਣੀਆ ਮੰਤ, ਮਨ ਵਾਸਨਾ ਪੰਧ ਮੁਕਾਏਗਾ । ਬੋਧ ਅਗਾਧੇ ਕਰ ਕੇ ਪੰਡਤ, ਵਿਦਿਆ ਚੌਦਾਂ ਵੇਖ ਵਖਾਏਗਾ । ਲਹਿਣਾ ਚੁੱਕੇ ਜੇਰਜ ਅੰਡਤ, ਉਤਭੁਜ ਸੇਤਜ ਡੇਰਾ ਢਾਹੇਗਾ । ਜੋ ਜਨ ਰਲਿਆ ਹਰਿ ਕੀ ਸੰਗਤ, ਸੋ ਸੋਹੰ ਰਾਗ ਅਲਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚਖੰਡ ਦੁਆਰੇ ਦੇਵੇ ਮਾਣ, ਮਿਹਰਵਾਨ ਆਪਣੀ ਨਜ਼ਰ ਉਠਾਈਆ ।


੧੦੧੦ ੧੪

ਸਚਖੰਡ ਦੁਆਰ ਬਣਾਵੇਗਾ । ਏਕਾ ਸਾਤਾ ਜੋੜ ਜੁੜਾਵੇਗਾ । ਦੂਆ ਸਿਫ਼ਰੇ ਨਾਲ ਰਖਾਵੇਗਾ । ਸਿਫ਼ਰਾ ਦੂਏ ਸੰਗ ਮਿਲਾਵੇਗਾ । ਸਾਤਾ ਇਕ ਰਾਹ ਤਕਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਦੁਆਰਾ ਹਰਿ ਨਿਰੰਕਾਰਾ ਇਕੋ ਇਕ ਵਸਾਵੇਗਾ । ਸਚਖੰਡ ਦੁਆਰ ਸੁਹਾਏਗਾ । ਪ੍ਰਭ ਸਾਚੇ ਤਖ਼ਤ ਡੇਰਾ ਲਾਏਗਾ । ਹੁਕਮ ਸਖ਼ਤ ਇਕ ਵਰਤਾਏਗਾ । ਜਿਸ ਵਾਰੇ ਲਖ਼ਤੇ ਜਿਗਰ, ਤਿਸ ਆਪਣਾ ਸੁਤ ਬਣਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਪਿਦਰ, ਪੁਸ਼ਤ ਆਪਣਾ ਹੱਥ ਟਿਕਾਏਗਾ । ਪੁਸ਼ਤ ਹੱਥ ਰੱਖੇ ਪਾਰਬ੍ਰਹਮ, ਬ੍ਰਹਮ ਦੇਵੇ ਵਡਿਆਈਆ । ਆਤਮ ਤੇਰਾ ਇਕੋ ਕੰਮ, ਪਰਮਾਤਮ ਦਏ ਸਮਝਾਈਆ । ਪੁਰਖ ਅਕਾਲ ਮਿਲ ਕੇ ਇਕੋ ਨੂਰ ਚੜ੍ਹਨਾ ਚੰਨ, ਜ਼ਹੂਰ ਇਕੋ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਾ ਸਚ ਵਿਹਾਰਾ, ਆਪ ਜਣਾਏ ਸਤਾਰਾਂ ਹਾੜਾ, ਬੀਸ ਬਿਕ੍ਰਮੀ ਭਗਤ ਅਖਾੜਾ, ਬੀਸ ਸਾਹਿਬ ਸੱਚਾ ਨਾਚ ਨਚਾਈਆ । ਕਲ ਕਲਕੀ ਕਲ ਦਿਸੇ ਲਾੜਾ, ਦੋ ਜਹਾਨ ਕਰੇ ਬਿਵਹਾਰਾ, ਜੋਤੀ ਨੂਰ ਅਗੰਮੀ ਧਾਰਾ, ਸ਼ਬਦੀ ਡੰਕ ਰਾਗ ਨਿਆਰਾ, ਨਿਰਗੁਣ ਆਪਣਾ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਵਾ ਰਤੀ ਰਤੀ ਰਤ ਨਾਲ ਮਿਲਾਵੇਗਾ ।

## ★ ੧੭ ਹਾੜ ੨੦੨੦ ਬਿਕ੍ਰਮੀ ਦਰਬਾਰ ਵਿਚ ਜੇਠੂਵਾਲ ★

ਵੀਹ ਸੌ ਵੀਹ ਬਿਕ੍ਰਮੀ ਮੰਗੀ ਮੰਗ, ਮਾਂਗਤ ਰੂਪ ਵਟਾਈਆ । ਹਾੜ ਸਤਾਰਾਂ ਪਏ ਠੰਡ, ਜਨ ਭਗਤਾਂ ਮਿਲੇ ਵਡਿਆਈਆ । ਗੁਰਮੁਖ ਸੱਜਣਾਂ ਚੜ੍ਹੇ ਜੰਞ, ਹਰਿ ਲਾੜਾ ਇਕੋ ਨਜ਼ਰੀ ਆਈਆ । ਦਸਤਾਰ ਕੇਸਰੀ ਸਿਰ ਤੇ ਬੰਨ੍ਹ, ਕਮਰ ਕਸਾ ਕਸਾਈਆ । ਸਾਹਿਬ ਸਤਿਗੁਰ ਦਾ ਗਾਵਣ ਛੰਦ, ਢੋਲਾ ਰਾਗ ਅਲਾਈਆ । ਖ਼ੁਸ਼ੀ ਕਰਾਵਣ ਬੰਦ ਬੰਦ, ਬੰਦੀਖ਼ਾਨਾ ਤੋੜ ਤੁੜਾਈਆ । ਸਚ ਦੁਆਰ ਆਵਣ ਲੰਘ, ਧੁਰ ਦਰਬਾਰ ਮਿਲੇ ਵਡਿਆਈਆ । ਸੋਹਣਾ ਸੁਹੰਜਣਾ ਵਕਤ ਸਵਾ ਪੰਜ, ਸ੍ਰੀ ਭਗਵਾਨ ਵੰਡ ਵੰਡਾਈਆ । ਘਰ ਸਾਚੇ ਦੇਵੇ ਅਨੰਦ, ਰਸ ਇਕੋ ਇਕ ਵਖਾਈਆ । ਕੋਈ ਨਾ ਰਹੇ ਭਾਗਾਂਮੰਦ, ਜੋ ਚਲ ਆਏ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਵਰਤਾਈਆ । ਸਾਚਾ ਖੇਲ ਕਰੇ ਗੋਬਿੰਦ, ਗੋਬਿੰਦ ਧਾਰ ਚਲਾਈਆ । ਨਵ ਨੌਂ ਚਾਰ ਦੀ ਮੇਟੇ ਚਿੰਦ, ਚਿੰਤਾ ਕੋਇ ਰਹਿਣ ਨਾ ਪਾਈਆ । ਗੁਰਮੁਖ ਉਪਜਾਏ ਆਪਣੀ ਬਿੰਦ, ਭਗਤ ਦੁਆਰ ਖੇਲ ਖਲਾਈਆ । ਸ਼ਾਹ ਪਾਤਸ਼ਾਹ ਵਡ ਨਰਿੰਦ, ਨਰ ਨਰਾਇਣ ਜੋਤ ਜਗਾਈਆ । ਨਾਦ ਵਜਾਏ ਇਕੋ ਸਿੰਙ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਆਪ ਸਮਝਾਈਆ । ਸਵਾ ਪੰਜ ਲਗਾਏ ਸਭਾ, ਸੁਭਾ ਏਕਾ ਦਏ ਜਣਾਈਆ । ਪੀਰ ਪੈਗ਼ੰਬਰ ਸਾਰੇ ਕਹਿਣ ਤੋਬਾ ਰੱਬਾ, ਨਾਅਰਾ ਇਕੋ ਇਕ ਅਲਾਈਆ । ਦੋ ਜਹਾਨ ਜਿਸ ਹੁਕਮੇ ਅੰਦਰ ਬੱਧਾ, ਬ੍ਰਹਿਮੰਡ ਖੰਡ ਰਿਹਾ ਭੁਆਈਆ । ਸੋ ਸਾਹਿਬ ਸਤਿਗੁਰ ਜਨ ਭਗਤਾਂ ਦੇਵੇ ਸੱਦਾ, ਧੁਰ ਫ਼ਰਮਾਨਾ ਹੁਕਮ ਸੁਣਾਈਆ । ਇਕ ਇਕੇਲਾ ਸਦ ਨਵੇਲਾ ਨਿਰਗੁਣ ਹੋ ਕੇ ਫਿਰੇ ਭੱਜਾ, ਬਿਨ ਸਰਗੁਣ ਕੰਮ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਸਮਝਾਈਆ । ਸਾਚੀ ਕਰਨੀ

ਸਾਢੇ ਪੰਜ, ਬੀਸ ਬੀਸ ਦਏ ਜਣਾਈਆ । ਹਾੜ ਸਤਾਰਾਂ ਚੜ੍ਹੇ ਰੰਗ, ਰੰਗ ਰੰਗੀਲਾ ਆਪ ਰੰਗਾਈਆ । ਰੈਣ ਭਿੰਨੜੀ ਮੰਗੇ ਮੰਗ, ਖ਼ਾਲੀ ਝੋਲੀ ਰਹੀ ਵਖਾਈਆ । ਚਾਰ ਯੁਗ ਮੈਨੂੰ ਕਿਸੇ ਨਾ ਲਾਇਆ ਅੰਗ, ਜੋ ਆਇਆ ਸੋ ਰਾਤੀਂ ਉਠ ਉਠ ਪ੍ਰਭ ਤੇਰਾ ਧਿਆਨ ਲਗਾਈਆ । ਤੈਥੋਂ ਡਰਦੇ ਰਹੇ ਸੰਗ, ਮੇਰਾ ਪੱਲੂ ਨਾ ਕੋਇ ਗੰਢਾਈਆ । ਮੈਂ ਤੱਕਦੀ ਰਹੀ ਕਵਣ ਵੇਲਾ ਇਕੋ ਨੂਰ ਚੜ੍ਹੇ ਚੰਦ, ਦੋ ਜਹਾਨ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਸਵਾ ਪੰਜ ਹੋਵੇ ਸੁਭਾਗਾ, ਸੋਭਾਵੰਤ ਸੁਹਾਈਆ । ਪਰਮ ਪੁਰਖ ਦਾ ਵੱਜੇ ਵਾਜਾ, ਸਾਚਾ ਨਾਦ ਇਕ ਅਲਾਈਆ । ਅਸਵ ਚੜ੍ਹੇ ਗ਼ਰੀਬ ਨਿਵਾਜਾ, ਪਾਰਬ੍ਰਹਮ ਪ੍ਰਭ ਬੇਪਰਵਾਹੀਆ । ਸਾਹਿਬ ਸਤਿਗੁਰ ਸਾਜਣ ਸਾਜਾ, ਘਰ ਸਾਚੇ ਖ਼ੁਸ਼ੀ ਮਨਾਈਆ । ਭੂਪਤ ਭੂਪ ਆਵੇ ਰਾਜਨ ਰਾਜਾ, ਇਕੋ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਸਵਾ ਪੰਜ ਸਾਹਿਬ ਦਾ ਲੇਖਾ, ਲਿਖ ਸਕੇ ਨਾ ਕੋਈ ਰਾਈਆ । ਨਿਰਵੈਰ ਪੁਰਖ ਵਟਾਏ ਵੇਸਾ, ਵੇਸ ਅਵਲੱੜਾ ਆਪ ਜਣਾਈਆ । ਵਸਾਵਣਹਾਰਾ ਸਾਚਾ ਦੇਸਾ, ਸਚਖੰਡ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਸੰਗਤ ਦਏ ਸਮਝਾਈਆ । ਹਰਿ ਸੰਗਤ ਸੁਣਨਾ ਕਰ ਧਿਆਨ, ਹਰਿ ਧਿਆਨੀ ਆਪ ਜਣਾਇੰਦਾ । ਬੀਸ ਬੀਸੇ ਖੇਲ ਮਹਾਨ, ਹਰਿ ਸਤਿਗੁਰ ਆਪ ਕਰਾਇੰਦਾ । ਲਾੜਾ ਬਣੇ ਸ੍ਰੀ ਭਗਵਾਨ, ਜੋਬਨ ਰਤਾ ਇਕ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਵੰਡ ਆਪ ਵੰਡਾਇੰਦਾ । ਸਾਚੀ ਵੰਡ ਲਹਿੰਦੀ ਦਿਸ਼ਾ, ਸੋ ਸਤਿਗੁਰ ਆਪ ਕਰਾਈਆ । ਸਚ ਦੁਆਰ ਦਾ ਪਹਿਲਾ ਹਿੱਸਾ, ਧੁਰਦਰਗਾਹੀ ਆਪ ਸਮਝਾਈਆ । ਗੁਰਮੁਖ ਸੁਣੋ ਸਾਚੇ ਸਿਖਾ, ਸਿਖਿਆ ਇਕੋ ਇਕ ਦ੍ਰਿੜਾਈਆ । ਪੁਰਖ ਅਬਿਨਾਸ਼ੀ ਲੇਖ ਲਿਖਾ, ਨਾ ਕੋਈ ਮੇਟੇ ਮੇਟ ਮਿਟਾਈਆ । ਜੋ ਉਪਜਿਆ ਸੋ ਦਿਸੇ ਮਿਥਾ, ਥਿਰ ਕੋਇ ਰਹਿਣ ਨਾ ਪਾਈਆ । ਠਾਕਰ ਸਵਾਮੀ ਜਿਸ ਨੇ ਡਿਠਾ, ਸੋ ਰੋਵੇ ਚਾਈਂ ਚਾਈਂਆ । ਮਾਣਸ ਜਨਮ ਗੁਰਮੁਖ ਜਿਤਾ, ਘਰ ਸਾਚੇ ਵੱਜੇ ਵਧਾਈਆ । ਬਾਕੀ ਰਸ ਹੋਏ ਫਿੱਕਾ, ਰਸਨਾ ਜਿਹਵਾ ਰਹੀ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਸਾਚੀ ਕਰਨੀ ਕਰੇ ਪ੍ਰਭ ਆ ਕੇ ਵੇਹੜੇ, ਗੁਰਮੁਖਾਂ ਦਿਆਂ ਸਰਬ ਸਮਝਾਈਆ । ਲੱਭਦੇ ਰਹੇ ਜੇਹੜੇ ਜੇਹੜੇ, ਤਿਨ੍ਹਾਂ ਆਪਣਾ ਰੰਗ ਵਖਾਈਆ । ਬੰਨ੍ਹਣ ਆਇਆ ਠਾਕਰ ਬੇੜੇ, ਬੇੜਾ ਇਕੋ ਇਕ ਜਣਾਈਆ । ਦਰ ਦਰਵਾਜਿਉਂ ਬਾਹਰ ਡੇਰੇ, ਡੇਰਾ ਇਕੋ ਘਰ ਵਖਾਈਆ । ਪਰੇਮ ਪ੍ਰੀਤੀ ਗੁਰਮੁਖ ਸਿਹਰੇ, ਸੀਸ ਜਗਦੀਸ ਗੁੰਦਾਈਆ । ਨਾਤਾ ਜੁੜੇ ਤੇਰੇ ਮੇਰੇ, ਦੂਜੀ ਕਿਰਿਆ ਕੋਇ ਰਹਿਣ ਨਾ ਪਾਈਆ । ਨਾਨਕ ਲਿਖ ਕੇ ਗਿਆ ਪੁਰਖ ਅਬਿਨਾਸ਼ੀ ਚੌਥੀ ਲਾਵੇਂ ਲਏ ਫੇਰੇ, ਅਬਿਨਾਸ਼ੀ ਕਰਤਾ ਦਇਆ ਕਮਾਈਆ । ਜੋ ਗੁਰਸਿਖ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਬੈਠੇ ਰਹੇ ਕਰ ਕੇ ਜੇਰੇ, ਦੂਰ ਦੁਰਾਡਾ ਧਿਆਨ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਹਰਿ ਖੇਲ ਕਰਨਾ, ਕਰਤਾ ਆਪਣੇ ਹੱਥ ਰੱਖੇ ਵਡਿਆਈਆ । ਜੋ ਦੇਣਾ ਦਏ ਚਾਰ ਵਰਨਾਂ, ਖ਼ਾਲੀ ਕੋਇ ਰਹਿਣ ਨਾ ਪਾਈਆ । ਜਨਮ ਜਨਮ ਦਾ ਚੁੱਕੇ ਡਰਨਾ, ਮਰਨ ਮਰਨ ਦਾ ਗੇੜ ਮੁਕਾਈਆ । ਸਾਚੇ ਘੋੜੇ ਸਵਾਮੀ ਚੜ੍ਹਨਾ, ਸਾਹਿਬ ਸਤਿਗੁਰ ਖ਼ੁਸ਼ੀ ਵਖਾਈਆ । ਇਕੋ ਢੋਲਾ ਹਰਿ ਸੰਗਤ ਪੜ੍ਹਨਾ, ਉਚੀ ਕੂਕ ਕੂਕ ਅਲਾਈਆ । ਪੁਰਖ ਅਬਿਨਾਸ਼ੀ ਜਨ ਭਗਤਾਂ

ਦੁਆਰੇ ਸਾਚੇ ਵੜਨਾ, ਬੰਦ ਕਿਵਾੜੀ ਕੁੰਡਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਕਰਾਈਆ । ਸਾਚੀ ਖੇਲ ਕਰੇ ਕਰਤਾਰ, ਕਰਨੀ ਹਰਿ ਹਰਿ ਆਪ ਜਣਾਇੰਦਾ । ਗੁਰਮੁਖੋ ਧੁਰ ਸੁਣੀ ਪੁਕਾਰ, ਜਿਸ ਇਕੀ ਵੰਡ ਵੰਡਾਇੰਦਾ । ਜਮਨਾ ਸੁਰਸਤੀ ਗੰਗਾ ਜਿਸ ਵਹਾਈ ਧਾਰ, ਸੋ ਨਰਾਇਣ ਖੇਲ ਕਰਾਇੰਦਾ । ਬੀਸਵੀਂ ਸਦੀ ਪਾਵੇ ਸਾਰ, ਬੀਸ ਬੀਸਾ ਮੇਲ ਮਿਲਾਇੰਦਾ । ਗੁਰਮੁਖ ਗੁਰਸਿਖ ਕੋਈ ਨਾ ਰਹੇ ਬਾਹਰ, ਦੂਰ ਦੁਰਾਡਾ ਨੇਰਨ ਨੇਰੇ ਕੋਲ ਬਹਾਇੰਦਾ । ਨਿਰਵੈਰ ਨਿਰਾਕਾਰ ਦੀਨਾ ਬੰਧੂ ਹੋਏ ਜ਼ਾਹਰ, ਜ਼ਾਹਰਾ ਆਪਣੀ ਕਲ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਰੰਗ ਆਪ ਰੰਗਾਇੰਦਾ । ਸਾਚਾ ਰੰਗ ਰੰਗੇ ਰੰਗ ਰਾਤਾ, ਪ੍ਰਭ ਦਾਤਾ ਬੇਪਰਵਾਹੀਆ । ਲਹਿੰਦੀ ਦਿਸ਼ਾ ਖੇਲ ਤਮਾਸ਼ਾ, ਆਪਣਾ ਭੇਵ ਖੁਲ੍ਹਾਈਆ । ਖ਼ੁਸ਼ੀਆਂ ਨਾਲ ਕਰੇ ਹਾਸਾ, ਗ਼ਮੀਆਂ ਬਾਹਰ ਕਢਾਈਆ । ਹਰਿ ਸੰਗਤ ਨਾਲ ਪਾਵੇ ਰਾਸਾ, ਗੋਪੀ ਕਾਹਨ ਨਚਾਈਆ । ਭਗਤਾਂ ਪੂਰੀ ਕਰੇ ਆਸਾ, ਤ੍ਰਿਸਨਾ ਮੇਟ ਮਿਟਾਈਆ । ਨਿਰਵੈਰ ਹੋ ਕੇ ਬਣੇ ਰਾਖਾ, ਭੈ ਭੌ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਲਾੜਾ ਬਣੇ ਹਰਿ ਗੋਪਾਲ, ਮਿਹਰਵਾਨ ਦਇਆ ਕਮਾਈਆ । ਗੁਰਮੁਖ ਸੱਚਾ ਨੌਜਵਾਨ, ਸਾਹਿਬ ਸਤਿਗੁਰ ਲਏ ਉਠਾਈਆ । ਉਠ ਪਹਿਲਵਾਨ ਮਾਰ ਛਾਲ, ਤੇਰਾ ਵੇਲਾ ਗਿਆ ਆਈਆ । ਇਕ ਹੋਇਆ ਸੁਹੰਜਣਾ ਲਾਲ, ਲਾਲਨ ਇਕੋ ਰੰਗ ਵਖਾਈਆ । ਨਾਤਾ ਤੋੜ ਜਗਤ ਕਾਲ, ਮਹਾਂਕਾਲ ਪਰੇ ਹਟਾਈਆ । ਹਰਿ ਸੰਗਤ ਵਿਚ ਬਣ ਆਪ ਦਲਾਲ, ਸ੍ਰੀ ਭਗਵਾਨ ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਲੇਖਾ ਇਕ ਆਪਣੇ ਹੱਥ ਰਖਾਈਆ । ਸਾਚਾ ਲੇਖਾ ਰੱਖੇ ਹੱਥ, ਦੂਜੇ ਨਜ਼ਰ ਕੋਇ ਨਾ ਆਈਆ । ਕਰੇ ਖੇਲ ਪੁਰਖ ਸਮਰਥ, ਵਡ ਦਾਤਾ ਬੇਪਰਵਾਹੀਆ । ਸਵਾ ਪੰਜ ਕਰ ਇਕੱਠ, ਹਰਿ ਸੰਗਤ ਦਏ ਵਡਿਆਈਆ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਕੁੱਦਣ ਨੱਚਣ ਰਹੇ ਟੱਪ, ਖ਼ੁਸ਼ੀਆਂ ਰਾਗ ਅਲਾਈਆ । ਸਾਰੇ ਕਹਿਣ ਪੁਰਖ ਅਕਾਲ ਮਿਲਿਆ ਬਾਪ, ਪਿਤਾ ਦੂਜਾ ਨਜ਼ਰ ਕੋਇ ਨਾ ਆਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਚਾਚਿਆਂ ਨਾਲੋਂ ਤੁੱਟਾ ਸਾਕ, ਸਾਚਾ ਨਾਤਾ ਇਕੋ ਜੋੜ ਜੁੜਾਈਆ । ਦਰਸ਼ਨ ਦੇਵੇ ਪਰਗਟ ਹੋ ਕੇ ਸਾਖਿਆਤ, ਸਗਲਾ ਸੰਗ ਵਖਾਈਆ । ਜਿਸ ਦਾ ਕਿਸੇ ਨਾ ਕੀਤਾ ਅਰਥਾਤ, ਅਰਥ ਸਕੇ ਨਾ ਕੋਇ ਲਾਈਆ । ਜਿਸ ਦੀ ਸ਼ਾਸਤਰ ਸਿਮਰਤ ਵੇਦ ਪੁਰਾਨ ਗੁਰੂ ਗ੍ਰੰਥ ਸ਼ਾਖ਼, ਟਾਹਣੀ ਟਾਹਣੀ ਰਿਹਾ ਮਹਿਕਾਈਆ । ਸੋ ਸਾਹਿਬ ਸੁਹੇਲਾ ਇਕ ਇਕੇਲਾ ਘਟ ਘਟ ਵਾਸੀ ਲੇਖਾ ਜਾਣੇ ਆਪ, ਆਪ ਆਪਣੀ ਦਇਆ ਕਮਾਈਆ । ਜ਼ਾਹਰ ਜ਼ਹੂਰ ਹਾਜ਼ਰ ਹਜ਼ੂਰ ਪਰਗਟ ਹੋਏ ਰਸੂਲ ਪਾਕ, ਰਸਮ ਆਪਣੀ ਆਪ ਜਣਾਈਆ । ਦੁਲਦੁਲ ਅਲੀ ਚੜ੍ਹੇ ਮਾਰ ਪਲਾਕ, ਸ਼ਾਹਸਵਾਰਾ ਹਰਿ ਨਿਰੰਕਾਰਾ ਸੋਲਾਂ ਕਲੀਆਂ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰ ਯਾਰਾਂ ਨਾਲ ਰਖਾਈਆ । ਚਾਰ ਯਾਰ ਚੌਥਾ ਮਿਤ, ਮਿੱਤਰ ਪਿਆਰਾ ਆਪ ਸਮਝਾਈਆ । ਸਿੰਘ ਅੰਗਰੇਜ਼ ਕਰੇ ਹਿਤ, ਹਿਤਕਾਰੀ ਪਰਦਾ ਲਾਹੀਆ । ਸਚ ਸਵਾਰੀ ਕਰੇ ਪਿਠ, ਅਸਵ ਇਕੋ ਇਕ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਾਗ ਡੋਰ ਇਕੋ ਹੱਥ ਰਖਾਈਆ । ਵਾਗ ਡੋਰ ਫੜੇ ਤੰਦੀ, ਤੰਦ ਆਪਣਾ ਨਾਮ ਬੰਧਾਈਆ । ਚੜ੍ਹੇ ਚੰਦ ਨੂਰ ਨੁਰਾਨਾ ਚੰਦੀ, ਜ਼ਹੂਰ ਇਕੋ ਇਕ ਰੁਸ਼ਨਾਈਆ । ਪੀਰ ਪੈਗ਼ੰਬਰ ਗੁਰ ਅਵਤਾਰ ਸਾਰੇ ਗੌਣ

ਇਲਾਹੀ ਛੰਦੀ, ਸ਼ਾਹ ਪਾਤਸ਼ਾਹ ਸੀਸ ਝੁਕਾਈਆ । ਅਬਿਨਾਸ਼ੀ ਕਰਤੇ ਹਰਿ ਸੰਗਤ ਇਕੋ ਰੰਗ ਰੰਗੀ, ਦੂਜਾ ਰੰਗ ਨਜ਼ਰ ਕੋਈ ਨਾ ਆਈਆ । ਦਰ ਦਰਬਾਰ ਕੋਇ ਨਾ ਰਹੇ ਭੇਖੀ ਪਖੰਡੀ, ਕੂੜੀ ਕਿਰਿਆ ਸਰਬ ਮਿਟਾਈਆ । ਗੁਰਮੁਖ ਸਵਾਣੀ ਚਾਰ ਯੁਗ ਜੋ ਰਹੀ ਰੰਡੀ, ਵੀਹ ਸੌ ਵੀਹ ਬਿਕ੍ਰਮੀ ਹਾੜ ਸਤਾਰਾਂ ਅੰਤ ਲਏ ਪਰਨਾਈਆ । ਕੱਠੀ ਕੀਤੀ ਮਾਰ ਮਾਰ ਫੇਰੇ ਮਾਰ ਵਿਚੋਂ ਕੰਢੀ, ਪਾਹਨ ਪਾਥਰ ਫੋਲ ਫੁਲਾਈਆ । ਸਾਹਿਬ ਹੋ ਕੇ ਬਣਿਆ ਸੰਗੀ, ਠਾਕਰ ਹੋ ਕੇ ਸੇਵ ਕਮਾਈਆ । ਪਰੇਮੀ ਹੋ ਕੇ ਲਾਏ ਅੰਗੀ, ਪ੍ਰੀਤਮ ਆਪਣੀ ਧਾਰ ਜਣਾਈਆ । ਹਰਿਜਨ ਪਿਠ ਨਾ ਹੋਵੇ ਨੰਗੀ, ਮਿਹਰਵਾਨ ਸਿਰ ਆਪਣਾ ਹੱਥ ਰਖਾਈਆ । ਲੱਖ ਚੁਰਾਸੀ ਕਰੇ ਅੰਧੀ, ਜਗਤ ਨੇਤਰਹੀਣ ਦਿਸੇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੁਆਰਿਉਂ ਗੁਰਮੁਖ ਬਾਹਰ ਕਢਾਈਆ । ਗੁਰਮੁਖ ਬਾਹਰ ਔਣਗੇ । ਗੀਤ ਗੋਬਿੰਦ ਗੌਣਗੇ । ਸੋਹੰ ਰਾਗ ਅਲੌਣਗੇ । ਜਾਂਵੀ ਬਣ ਕੇ ਜੰਵ ਸੁਹੌਣਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਸਾਚਾ ਵੇਖ ਵਖੌਣਗੇ । ਦਰ ਸਾਚਾ ਵੇਖਣ ਆਵੇਗਾ । ਪੁਰਖ ਅਬਿਨਾਸ਼ੀ ਦਇਆ ਕਮਾਵੇਗਾ । ਦਰ ਦਰਵਾਜ਼ੇ ਅੱਗੇ ਡੇਰਾ ਲਾਵੇਗਾ । ਭਗਤ ਦੁਆਰਾ ਇਕ ਸੁਹਾਵੇਗਾ । ਨਿਉਂ ਨਿਉਂ ਆਪਣਾ ਸੀਸ ਝੁਕਾਵੇਗਾ । ਚੁਰਾਸੀ ਕਲੀਆਂ ਲੜ ਵਖਾਵੇਗਾ । ਜਿਸ ਵੇਖਿਆ ਸੋ ਚੁਰਾਸੀ ਵਿਚ ਕਦੇ ਨਾ ਆਵੇਗਾ । ਫੜ ਬਾਂਹੋਂ ਪਾਰ ਲੰਘਾਵੇਗਾ । ਹਾੜ ਸਤਾਰਾਂ ਅੱਧੀ ਰਾਤ ਬਾਰਾਂ ਵਜੇ ਆਪਣੇ ਹੱਥ ਘੜੀ ਬੰਧਾਵੇਗਾ । ਉਪਰ ਦੁਆਰਿਉਂ ਉਤਰ ਥੱਲੇ, ਫ਼ਰਸ਼ ਤੇ ਡੇਰਾ ਲਾਵੇਗਾ । ਸਾਢੇ ਤਿੰਨ ਹੱਥ ਆਪਣਾ ਆਕਾਰ ਜਣਾਵੇਗਾ । ਨਿਰਵੈਰ ਹੋ ਚਲਾਵੇ ਰਥ, ਰਥਵਾਹੀ ਬਣ ਸੇਵ ਲਗਾਵੇਗਾ । ਗੁਰਮੁਖਾਂ ਦੇ ਨਾਮ ਵੱਥ, ਵਸਤ ਇਕੋ ਇਕ ਵਰਤਾਵੇਗਾ । ਸਾਚਾ ਮਾਰਗ ਦੱਸ, ਸਿਧਾ ਰਾਹ ਇਕ ਵਖਾਵੇਗਾ ।



੧੦੧੪ ੧੪

ਜਨ ਭਗਤਾਂ ਚਰਨੀ ਢੱਠ, ਆਪਣਾ ਮਾਣ ਮਿਟਾਵੇਗਾ । ਗੁਰਸਿਖ ਉਤੋਂ ਸਾਰੇ ਜਾਣ ਲੰਘ, ਆਪ ਆਪਣਾ ਭੇਟ ਚੜ੍ਹਾਵੇਗਾ । ਅੱਗੇ ਵੇਖਣ ਸ੍ਰੀ ਭਗਵਾਨ ਦਾ ਸਚ ਪਲੰਘ, ਸੋ ਸਾਹਿਬ ਸਤਿਗੁਰ ਇਕੋ ਘਰ ਵਖਾਵੇਗਾ । ਨਵਾਂ ਦੁਆਰਿਆਂ ਥਾਣੀ ਬਾਹਰ ਜਾਵਣ ਲੰਘ, ਅੰਦਰ ਕੋਈ ਰਹਿਣ ਨਾ ਪਾਵੇਗਾ । ਨੌਂ ਸਿਖ ਗੌਂਦੇ ਰਹਿਣ ਢੋਲਾ ਛੰਦ, ਸੰਮਤ ਪੰਦਰਾਂ ਵਕਤ ਸਮਝਾਵੇਗਾ । ਇਕ ਇਕ ਜੋੜਾ ਕੋਲ ਲੈਣ ਰੱਖ, ਸ੍ਰੀ ਭਗਵਾਨ ਸਭ ਦੇ ਜੋੜੇ ਆਪਣੇ ਚਰਨ ਛੁਹਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੀਹ ਸੌ ਵੀਹ ਬਿਕ੍ਰਮੀ ਦਾ ਅਗੰਮੀ ਖੇਲ, ਕਰਤਾ ਪੁਰਖ ਆਪਣੀ ਕਰਨੀ ਵਿਚ ਰਖਾਵੇਗਾ । ਸਵਾ ਪੰਜ ਸਭ ਦਾ ਲੱਥੇ ਦੁੱਖ, ਦੁੱਖ ਇਕੋ ਵਾਰ ਗਵਾਈਆ । ਉਜਲ ਕਰੇ ਮਾਤ ਮੁਖ, ਪ੍ਰਭ ਦੇਵੇ ਮਾਣ ਵਡਿਆਈਆ । ਹਰਿ ਸੰਗਤ ਸਾਚੀ ਸੁੱਖਣਾ ਰਹੀ ਸੁੱਖ, ਕਵਣ ਵੇਲਾ ਮਿਲੇ ਪ੍ਰਭ ਮਿਲੇ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਸੰਗਤ ਸੁਖ ਇਕੋ ਵਾਰ ਉਪਜਾਈਆ ।

## ★ ੧੭ ਹਾੜ ੨੦੨੦ ਬਿਕ੍ਰਮੀ ਸਵਾ ਪੰਜ ਵਜੇ ਸ਼ਾਮ ਦਰਬਾਰ ਵਿਚ ਜੇਠੂਵਾਲ ★

ਸ਼ਾਹ ਸੁਲਤਾਨ ਚੜ੍ਹਿਆ ਘੋੜੇ, ਨੇਤਰ ਬੰਦ ਆਪ ਖੁਲ੍ਹਾਈਆ । ਪਰਤੱਖ ਹੋ ਕੇ ਸਤਿਗੁਰ ਬੌਹੜੇ, ਪਰਦਾ ਕੋਇ ਰਹਿਣ ਨਾ ਪਾਈਆ । ਧੁਰ ਦੀ ਵਿਛੜੀ ਆਤਮ ਜੋੜੇ, ਜੋੜੀ ਆਪਣੇ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਸ਼ਾਹਸਵਾਰ ਸਤਿਗੁਰ ਪੂਰਾ, ਨੇਤਰ ਨੈਣ ਖੁਲ੍ਹਾਈਆ । ਆਦਿ ਜੁਗਾਦੀ ਹਾਜ਼ਰ ਹਜ਼ੂਰਾ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਜਨ ਭਗਤਾਂ ਆਸਾ ਪੂਰੀ ਕਰੇ ਜ਼ਰੂਰਾ, ਜ਼ਰੂਰਤ ਆਪਣੀ ਨਾਲ ਮਿਲਾਈਆ । ਜੁਗ ਚੌਕੜੀ ਜਿਨ੍ਹਾਂ ਦੇਂਦਾ ਰਿਹਾ ਚਰਨ ਧੂੜਾ, ਅੰਤਮ ਮਸਤਕ ਟਿੱਕਾ ਲਾਈਆ । ਕਾਇਆ ਰੰਗ ਚੜ੍ਹਾਏ ਗੂੜ੍ਹਾ, ਉਤਰ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸ਼ਾਹਸਵਾਰ ਆਇਆ ਨਿਰੰਕਾਰਾ, ਨਿਰਗੁਣ ਆਪਣਾ ਵੇਸ ਵਟਾਈਆ । ਜੁਗ ਚੌਕੜੀ ਜੋ ਦੇਂਦਾ ਰਿਹਾ ਲਾਰਾ, ਸ਼ਬਦੀ ਸ਼ਬਦ ਕਰ ਪੜ੍ਹਾਈਆ । ਨਾਮ ਨਾਮਾ ਦੇਂਦਾ ਰਿਹਾ ਸਹਾਰਾ, ਸਾਚਾ ਮਾਰਗ ਇਕ ਸਮਝਾਈਆ । ਸਭ ਨੂੰ ਦੱਸਦਾ ਰਿਹਾ ਆਦਿ ਜੁਗਾਦੀ ਏਕੰਕਾਰਾ, ਪਰਵਰਦਿਗਾਰਾ ਨੂਰ ਇਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਘੋੜੇ ਚੜ੍ਹਿਆ ਸ਼ਾਹੋ ਭੂਪ, ਭੂਪਤ ਆਪਣੀ ਦਇਆ ਕਮਾਈਆ । ਜਨ ਭਗਤਾਂ ਚਾੜ੍ਹੇ ਇਕੋ ਰੂਪ, ਜੋਬਨ ਰੋਵੇ ਨੈਣਾਂ ਮਾਰੇ ਧਾਹੀਆ । ਜਿਸ ਗੋਬਿੰਦ ਬਣਾਇਆ ਪੂਤ, ਸੋ ਗੁਰਮੁਖ ਗੁਰਸਿਖ ਆਪਣੇ ਅੰਗ ਲਗਾਈਆ । ਨਾਤਾ ਤੋੜ ਪੰਜ ਭੂਤ, ਆਤਮ ਲਏ ਪਰਨਾਈਆ । ਆਵਣ ਜਾਵਣ ਚੁਕੇ ਚੂਕ, ਲੱਖ ਚੁਰਾਸੀ ਰਹਿਣ ਨਾ ਪਾਈਆ । ਗੁਰਮੁਖੋ ਸਤਿ ਸੰਤੋਖ ਖਾਣਾ ਖਾ ਕੇ ਸੁੱਤੇ ਰਹਿਣਾ ਘੂਕ, ਏਸੇ ਕਾਰਨ ਹਰਿ ਸੰਗਤ ਤੇਰਾ ਲੰਗਰ ਦਿਤਾ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਘੋੜੇ ਚੜ੍ਹ ਕੇ ਸਤਿਗੁਰ ਆਇਆ, ਮਿਹਰਵਾਨ ਦਇਆ ਕਮਾਈਆ । ਨਿਰਗੁਣ ਹੋ ਕੇ ਫੇਰਾ ਪਾਇਆ, ਸਰਗੁਣ ਲਏ ਉਠਾਈਆ । ਸੰਤ ਸੁਹੇਲੇ ਲਏ ਜਗਾਇਆ, ਗੁਰ ਚੇਲੇ ਵੇਖ ਵਖਾਈਆ । ਤ੍ਰੈਗੁਣ ਮਾਇਆ ਡੇਰਾ ਢਾਹਿਆ, ਪੰਜ ਤੱਤ ਵੱਜੇ ਵਧਾਈਆ । ਆਤਮ ਪਰਮਾਤਮ ਮੰਗਲ ਗਾਇਆ, ਸੋਹਲਾ ਇਕੋ ਰਾਗ ਸੁਣਾਈਆ । ਧੰਨ ਵਡਿਆਈ ਆਇਆ, ਪਰਮ ਪੁਰਖ ਪ੍ਰਭ ਫੇਰਾ ਪਾਈਆ । ਨਰ ਨਰਾਇਣ ਨਰ ਹਰਿ ਕੰਤ ਦਰਸ ਦਿਖਾਇਆ, ਮੁਖ ਘੁੰਗਟ ਆਪ ਉਠਾਈਆ । ਹਰਿਜਨ ਸੱਜਣ ਲਏ ਪਰਨਾਇਆ, ਪੱਲੂ ਆਪਣੀ ਗੰਢ ਬੰਧਾਈਆ । ਗੁਰਮੁਖ ਸਖੀਆਂ ਰਿਹਾ ਸਮਝਾਇਆ, ਮੰਗਲ ਗੌਣਾ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਿਆ ਖੇਲ ਬੇਪਰਵਾਹੀਆ । ਗੁਰਸਿਖ ਲਾੜਾ ਹੋਇਆ ਸੰਗ, ਘਰ ਸਾਚੇ ਵੱਜੇ ਵਧਾਈਆ । ਜੋਤ ਅਕਾਲਣ ਮੰਗ ਰਹੀ ਮੰਗ, ਅੱਗੇ ਬਹਿ ਬਹਿ ਸੀਸ ਨਿਵਾਈਆ । ਤੇਰੇ ਅਸਵਾਰ ਕਸਿਆ ਤੰਗ, ਸੋਲਾਂ ਕਲੀਆਂ ਇਛਿਆ ਪੂਰ ਕਰਾਈਆ । ਤੇਰੇ ਨਾਮ ਦਾ ਵੱਜੇ ਮਰਦੰਗ, ਗੁਰਸਿਖ ਢੋਲਾ ਗਾਈਆ । ਤੇਰੇ ਪਰੇਮ ਦਾ ਆਏ ਅਨੰਦ, ਅਨੰਦ ਇਕੋ ਇਕ ਜਣਾਈਆ । ਹਰਿਜਨ ਸਾਚੇ ਗਾਵਣ ਛੰਦ, ਵਾਹ ਵਾ ਤੇਰੀ ਵਡ ਵਡਿਆਈਆ । ਗੁਰਮੁਖ ਲਾੜਾ ਵੇਖੇ ਚੰਦ, ਬਿਰਧ ਬਾਲ ਨਾ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਰੀਤੀ ਆਪ ਚਲਾਈਆ । ਸਚ ਰੀਤ ਚਲਾਏ ਰਾਹ, ਰਹਿਬਰ ਇਕੋ ਇਕ ਅਖਵਾਈਆ । ਪਰਮ ਪੁਰਖ ਬਣ ਮਲਾਹ, ਬੇੜਾ ਪਾਰ ਤਰਾਈਆ । ਗੁਰਸਿਖ ਸੱਜਣ ਨਾਲ ਮਿਲਾ,

ਆਪ ਆਪਣੇ ਅੰਗ ਲਗਾਈਆ । ਲੱਖ ਚੁਰਾਸੀ ਫੰਦ ਕਟਾ, ਸਾਚੇ ਮੰਦਰ ਦਏ ਬਹਾਈਆ । ਏਥੇ ਓਥੇ ਦੋ ਜਹਾਨਾਂ ਆਤਮ ਪਰਮਾਤਮ ਕਰ ਨਕਾਹ, ਕਾਰਜ ਇਕੋ ਇਕ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਖ਼ੁਸ਼ੀਆਂ ਨਾਲ ਆਪਣਾ ਭੇਵ ਚੁਕਾਈਆ ।

ਸੋ ਪੁਰਖ ਨਿਰੰਜਣ ਖੇਲ ਰਚੌਂਦਾ ਏ । ਹਰਿ ਪੁਰਖ ਨਿਰੰਜਣ ਵੇਖ ਵਖੌਂਦਾ ਏ । ਏਕੰਕਾਰਾ ਖ਼ੁਸ਼ੀ ਮਨੌਂਦਾ ਏ । ਆਦਿ ਨਿਰੰਜਣ ਨੂਰ ਡਗਮਗੌਂਦਾ ਏ । ਅਬਿਨਾਸ਼ੀ ਕਰਤਾ ਵੇਸ ਵਟੌਂਦਾ ਏ । ਸ੍ਰੀ ਭਗਵਾਨ ਚਲ ਕੇ ਔਂਦਾ ਏ । ਪਾਰਬ੍ਰਹਮ ਪ੍ਰਭ ਪਰਦਾ ਲੌਹਦਾ ਏ । ਸਚ ਸਿੰਘਾਸਣ ਇਕ ਸੁਹੌਂਦਾ ਏ । ਤਖ਼ਤ ਨਿਵਾਸੀ ਡੇਰਾ ਲੌਂਦਾ ਏ । ਸ਼ਾਹੋ ਭੂਪ ਅਖਵੌਂਦਾ ਏ । ਸੀਸ ਜਗਦੀਸ ਤਾਜ ਸੁਹੌਂਦਾ ਏ । ਧੁਰ ਫ਼ਰਮਾਨਾ ਹੁਕਮ ਸੁਣੌਂਦਾ ਏ । ਚੋਬਦਾਰ ਇਕ ਬਣੌਂਦਾ ਏ । ਨਿਉਂ ਨਿਉਂ ਸੱਜਦਾ ਸੀਸ ਝੁਕੌਂਦਾ ਏ । ਵਸਤ ਅਮੋਲਕ ਮੰਗ ਮੰਗੌਂਦਾ ਏ । ਦੇਵਣਹਾਰਾ ਆਪ ਵਰਤੌਂਦਾ ਏ । ਨਾਰ ਕੰਤ ਖੇਲ ਰਚੌਂਦਾ ਏ । ਰਾਗ ਸੁਹੰਜਣਾ ਇਕ ਪੜ੍ਹੌਂਦਾ ਏ । ਸਚਖੰਡ ਦੁਆਰ ਵਡਿਔਂਦਾ ਏ । ਚਾਰੇ ਕੁੰਟਾਂ ਵੇਖ ਵਖੌਂਦਾ ਏ । ਦਹਿ ਦਿਸ਼ਾ ਫੋਲ ਫੁਲੌਂਦਾ ਏ । ਜਨ ਜਨਨੀ ਆਪ ਅਖਵੌਂਦਾ ਏ । ਸਾਚੀ ਕੁੱਖ ਆਪ ਵਖੌਂਦਾ ਏ । ਉਜਲ ਮੁਖ ਆਪ ਕਰੌਂਦਾ ਏ । ਸੁਤ ਇਕੋ ਇਕ ਉਪਜੌਂਦਾ ਏ । ਸ਼ਬਦੀ ਨਾਉਂ ਧਰੌਂਦਾ ਏ । ਥਿਰ ਘਰ ਸਾਚੇ ਵੰਡ ਵੰਡੌਂਦਾ ਏ । ਕਰ ਪਿਆਰ ਆਪ ਬਹੌਂਦਾ ਏ । ਦੇ ਹੁਲਾਰ ਭੇਵ ਚੁਕੌਂਦਾ ਏ । ਧੁਰ ਫ਼ਰਮਾਨਾ ਇਕ ਅਲੌਂਦਾ ਏ । ਵਿਸ਼ਨ ਬ੍ਰਹਮਾ ਸ਼ਿਵ ਨਾਲ ਰਲੌਂਦਾ ਏ । ਤ੍ਰੈਗੁਣ ਮਾਇਆ ਝੋਲੀ ਪੌਂਦਾ ਏ । ਪੰਜ ਤੱਤ ਗੰਢ ਇਕ ਵਖੌਂਦਾ ਏ । ਨਿਰਗੁਣ ਸਰਗੁਣ ਕਾਰ ਕਮੌਂਦਾ ਏ । ਲੱਖ ਚੁਰਾਸੀ ਬੰਨ੍ਹ ਧਾਰ, ਅੰਡਜ ਜੇਰਜ ਉਤਭੁਜ ਸੇਤਜ ਆਪਣਾ ਬੰਧਨ ਪੌਂਦਾ ਏ । ਚਾਰੇ ਖਾਣੀ ਕਰ ਤਿਆਰ, ਸਾਚੀ ਰਚਨਾ ਆਪ ਰਚੌਂਦਾ ਏ । ਚਾਰੇ ਬਾਣੀ ਜੈਕਾਰ, ਪਰਾ ਪਸੰਤੀ ਮਧਮ ਬੈਖਰੀ ਰਾਗ ਅਲੌਂਦਾ ਏ । ਨਿਰਵੈਰ ਪੁਰਖ ਹਰਿ ਨਿਰਾਕਾਰ, ਨਿਰਗੁਣ ਆਪਣੀ ਕਾਰ ਕਮੌਂਦਾ ਏ । ਅਜੂਨੀ ਰਹਿਤ ਸੱਚੀ ਸਰਕਾਰ, ਲੱਖ ਚੁਰਾਸੀ ਵੰਡ ਵੰਡੌਂਦਾ ਏ । ਨਿਰਮਲ ਦੀਆ ਬਾਤੀ ਕਰ ਉਜਿਆਰ, ਜੋਤ ਨਿਰੰਜਣ ਡਗਮਗੌਂਦਾ ਏ । ਸ਼ਬਦ ਅਗੰਮ ਆਪਣੀ ਵਾਰ, ਘਰ ਘਰ ਨਾਦ ਸੁਣੌਂਦਾ ਏ । ਦੂਈ ਕੁਦਰਤ ਖੇਲ ਅਪਾਰ, ਅਪਰੰਪਰ ਸਵਾਮੀ ਆਪ ਸਮਝੌਂਦਾ ਏ । ਲੇਖਾ ਜਾਣੇ ਧੁਰ ਦੀ ਧਾਰ, ਧੁਰਦਰਬਾਰੀ ਵੇਖ ਵਖੌਂਦਾ ਏ । ਲਾਸ਼ਰੀਕ ਪਰਵਰਦਿਗਾਰ, ਨੂਰ ਇਲਾਹੀ ਇਕ ਅਖਵੌਂਦਾ ਏ । ਮੁਕਾਮੇ ਹੱਕ ਸਾਂਝਾ ਯਾਰ, ਡੇਰਾ ਇਕੋ ਘਰ ਲਗੌਂਦਾ ਏ । ਸਚ ਮਹਿਰਾਬ ਹੋਏ ਉਜਿਆਰ, ਜਲਵਾ ਨੂਰ ਇਕ ਪਰਗਟੌਂਦਾ ਏ । ਧੁਰ ਸੰਦੇਸਾ ਧੁਰ ਦੀ ਧਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ ਕਮੌਂਦਾ ਏ । ਸਾਚੀ ਕਰਨੀ ਆਪ ਕਮੌਂਦਾ ਏ । ਜੁਗ ਚੌਕੜੀ ਵੰਡ ਵੰਡੌਂਦਾ ਏ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨਾਮ ਰਖੌਂਦਾ ਏ । - - - - - - - - - - - ਬ੍ਰਹਮਾਵੇਤਾ ਆਪ ਪੜ੍ਹੌਂਦਾ ਏ । ਸ਼ੰਕਰ ਇਕੋ ਰਾਹ ਚਲੌਂਦਾ ਏ । ਵਿਸ਼ਨੂੰ ਆਪਣੀ ਸੇਵ ਕਮੌਂਦਾ ਏ । ਸ਼ਬਦ ਗੁਰ ਵਡ ਵਡਿਔਂਦਾ ਏ । ਸਾਚੀ ਖੇਲ ਆਪ ਸਮਝੌਂਦਾ ਏ । ਪ੍ਰਭ ਆਪਣੀ ਦਇਆ ਕਮੌਂਦਾ ਏ । ਪਹਿਲੀ ਦੂਜੀ ਤੀਜੀ ਲਾਂਵ ਕਰ ਕਿਰਪਾ ਆਪ ਸੁਣੌਂਦਾ ਏ । ਚੌਥੀ

ਲਾਂਵ ਸ੍ਰੀ ਭਗਵਾਨ, ਜਨ ਭਗਤਾਂ ਆਪ ਸੁਣੌਂਦਾ ਏ । ਘਰ ਆ ਕੇ ਮਿਲੇ ਕਾਹਨ, ਗ੍ਰੰਥੀ ਪੰਥੀ ਵੰਡ ਨਾ ਕੋਇ ਵੰਡੌਂਦਾ ਏ । ਜਿਸ ਸਾਹਿਬ ਦਾ ਇਕ ਨਿਸ਼ਾਨ, ਦੋ ਜਹਾਨਾਂ ਵੇਖ ਵਖੌਂਦਾ ਏ । ਜਿਸ ਸਾਹਿਬ ਦਿਤਾ ਦਾਨ, ਜੋ ਗੋਬਿੰਦ ਗੋਦ ਬਹੌਂਦਾ ਏ । ਸੋ ਵੇਖਣ ਆਇਆ ਨੌਜਵਾਨ, ਸਾਚੇ ਅਸਵ ਆਸਣ ਲੌਂਦਾ ਏ । ਸਚਖੰਡ ਦੁਆਰ ਮਕਾਨ, ਮਕਬਰੇ ਪਿਛਲੇ ਸਾਰੇ ਢੌਂਦਾ ਏ । ਜਨ ਭਗਤਾਂ ਮਿਲੇ ਆਣ, ਜਗਤ ਵਿਛੋੜਾ ਆਪ ਮੁਕੌਂਦਾ ਏ । ਰਾਏ ਧਰਮ ਦੀ ਰਹੇ ਨਾ ਕਾਣ, ਚਿਤਰ ਗੁਪਤ ਦਾ ਲੇਖ ਮੁਕੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਅਬਿਨਾਸ਼ੀ ਫੇਰਾ ਪੌਂਦਾ ਏ । ਹਰਿ ਅਬਿਨਾਸ਼ੀ ਇਕੋ ਔਂਦਾ ਏ । ਜੁਗ ਚੌਕੜੀ ਵੇਸ ਵਟੌਂਦਾ ਏ । ਗੁਰ ਅਵਤਾਰ ਧਿਆਨ ਲਗੌਂਦਾ ਏ । ਪੀਰ ਪੈਗ਼ੰਬਰ ਸੀਸ ਝੁਕੌਂਦਾ ਏ । ਸਚ ਹਦੀਸ ਇਕ ਪੜ੍ਹੌਂਦਾ ਏ । ਕਲਮਾ ਨਬੀ ਆਪ ਸੁਣੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਜੁਗ ਵੇਲਾ ਅੰਤ ਸੁਹੌਂਦਾ ਏ । ਕਲਜੁਗ ਵੇਲਾ ਅੰਤ ਸੁਹਾਇਆ ਏ । ਗੁਰ ਅਵਤਾਰਾਂ ਜੋ ਜਸ ਗਾਇਆ ਏ । ਪੀਰ ਪੈਗ਼ੰਬਰਾਂ ਜੋ ਸਮਝਾਇਆ ਏ । ਜਗਤ ਸਵੰਬਰਾਂ ਕਾਜ ਵਖਾਇਆ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਪੂਰ ਕਰਾਇਆ ਏ । ਪੂਰਬ ਲੇਖਾ ਪੂਰ ਕਰੌਂਦਾ ਏ । ਗੁਰ ਅਵਤਾਰਾਂ ਨਾਲ ਰਲੌਂਦਾ ਏ । ਪੁਰਖ ਅਬਿਨਾਸ਼ੀ ਵੇਸ ਵਟੌਂਦਾ ਏ । ਸਾਚਾ ਲਾੜਾ ਇਕ ਅਖਵੌਂਦਾ ਏ । ਦਿਨ ਦਿਹਾੜੇ ਪੜਦਾ ਲੌਂਹਦਾ ਏ । ਗੁਰਮੁਖ ਸਾਚੇ ਨਾਲ ਰਲੌਂਦਾ ਏ । ਸਾਚੀ ਧਾਰਾ ਆਪ ਬੰਧੌਂਦਾ ਏ । ਸਿੰਘ ਇੰਦਰ ਕਰ ਪਿਆਰ, ਫੜ ਕੇ ਉਂਗਲੀ ਆਪ ਉਠੌਂਦਾ ਏ । ਪਾ ਜੱਫੀ ਸਾਂਝੇ ਯਾਰ, ਸਗਲਾ ਸੰਗ ਨਿਭੌਂਦਾ ਏ । ਕੋਇ ਮੁੜ ਕੇ ਆਏ ਨਾ ਮੁੜੇ ਸੰਸਾਰ, ਜਿਸ ਨੂੰ ਆਪਣੇ ਗਲੇ ਲਗੌਂਦਾ ਏ । ਆਪਣੇ ਗਲ ਦਾ ਲਾਹ ਕੇ ਹਾਰ, ਗੁਰਮੁਖਾਂ ਤਨ ਪਹਿਨੌਂਦਾ ਏ । ਇਹ ਚੁਰਾਸੀ ਦੀ ਲਾਹੀ ਮਾਰ, ਕਲੀ ਕਲੀ ਨਾਲ ਬੰਧੌਂਦਾ ਏ । ਜਿਸ ਗਾਇਆ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜੈਕਾਰ, ਸੋ ਜਨਮ ਮਰਨ ਵਿਚ ਨਾ ਆਇਆ ਏ । ਵੀਹ ਸੌ ਵੀਹ ਖੜਾ ਦੁਆਰ, ਆਪ ਆਪਣਾ ਵੇਸ ਵਟਾਇਆ ਏ । ਸਤਾਰਾਂ ਹਾੜ ਕਰੇ ਪੁਕਾਰ, ਦੋਏ ਜੋੜ ਵਾਸਤਾ ਪਾਇਆ ਏ । ਗੁਰਮੁਖ ਸੱਜਣ ਕਰ ਪਿਆਰ, ਦੂਜਾ ਸੰਗ ਨਜ਼ਰ ਨਾ ਆਇਆ ਏ । ਕਰ ਸੋਹਣਾ ਇਕ ਸ਼ਿੰਗਾਰ, ਮੈਂਹਦੀ ਰੰਗਲੀ ਨਾਮ ਚੜ੍ਹਾਇਆ ਏ । ਸੀਸ ਗੁੰਦੇ ਪਹਿਲੀ ਵਾਰ, ਹਰਿ ਸੰਗਤ ਸੱਜਣ ਸੁਹੇਲ ਰੂਪ ਵਟਾਇਆ ਏ । ਨਾਇਣ ਨਾਈ ਬਣੇ ਆਪ ਕਰਤਾਰ, ਸੇਵਾ ਕਰਦਾ ਨਜ਼ਰ ਕਿਸੇ ਨਾ ਆਇਆ ਏ । ਸਾਚੀ ਡੋਲੀ ਕਰ ਤਿਆਰ, ਆਪ ਆਪਣੇ ਕੰਧ ਉਠਾਇਆ ਏ । ਹੌਲੀ ਹੌਲੀ ਹੋ ਉਜਿਆਰ, ਸਾਚਾ ਰਾਹ ਰਿਹਾ ਸਮਝਾਇਆ ਏ । ਗੁਰ ਅਵਤਾਰ ਕਰਨ ਦੀਦਾਰ, ਚਾਰੋਂ ਕੁੰਟ ਧਿਆਨ ਲਗਾਇਆ ਏ । ਤੇਰੀ ਖੇਲ ਪਰਵਰਦਿਗਾਰ, ਸਮਝ ਸਕੇ ਨਾ ਕੋਈ ਰਾਇਆ ਏ । ਦੂਰ ਦੁਰਾਡੇ ਆਏ ਪੈਂਡਾ ਮਾਰ, ਪਾਂਧੀ ਬਣ ਕੇ ਫੇਰਾ ਪਾਇਆ ਏ । ਗੁਰਮੁਖ ਸੱਜਣ ਦੇ ਵਖਾਲ, ਜਿਨ੍ਹਾਂ ਆਪਣੇ ਅੰਗ ਲਗਾਇਆ ਏ । ਤਿਨ੍ਹਾਂ ਨੇੜ ਨਾ ਆਏ ਕਾਲ, ਮਹਾਂਕਾਲ ਨੈਣ ਸ਼ਰਮਾਇਆ ਏ । ਜੋ ਤੇਰੀ ਆਏ ਧਰਮਸਾਲ, ਦੁਆਰਾ ਇਕ ਵਸਾਇਆ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਇਆ ਏ । ਹਰਿ ਸੰਗਤ ਸਾਰੀ ਚੜ੍ਹ ਜਾਏ ਘੋੜੀ, ਹਰਿ ਸਤਿਗੁਰ ਆਪ ਚੜ੍ਹਾਈਆ । ਪਰਮ ਪੁਰਖ ਦੀ ਇਕੋ ਜੋੜੀ, ਨਾ ਕੋਈ ਨਾਤਾ ਤੋੜ ਤੁੜਾਈਆ । ਸਾਹਿਬ ਸਤਿਗੁਰ ਦੀ ਸਾਚੀ ਡੋਰੀ, ਕਲੀ ਆਪਣੇ ਨਾਲ ਬੰਧਾਈਆ । ਗੁਰਮੁਖ

ਵੇਖੇ ਬਾਂਕੀ ਛੋਹਰੀ, ਨੇਤਰ ਨੈਣ ਮਟਕਾਈਆ । ਲੱਖ ਚੁਰਾਸੀ ਕੋਲੋਂ ਕਰ ਕੇ ਚੋਰੀ, ਹਰਿਜਨ ਲੈ ਕੇ ਜਾਏ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਗੁਰਮੁਖ ਗਲ ਵਿਚ ਪਾਏ ਹਾਰ, ਗਲਵਕੜੀ ਇਕ ਰਖਾਈਆ । ਪਾਰਬ੍ਰਹਮ ਤੇਰਾ ਸਚ ਪਿਆਰ, ਨਜ਼ਰ ਕਿਤੇ ਨਾ ਆਈਆ । ਨਾਨਕ ਕਰ ਕੇ ਹਾਰ ਸ਼ੰਗਾਰ, ਨਾਮ ਨੇਤਰ ਕਜਲਾ ਇਕੋ ਪਾਈਆ । ਨੀਵੇਂ ਨੈਣ ਗਿਆ ਦਰਬਾਰ, ਚਰਨ ਕਵਲ ਰਾਹ ਤਕਾਈਆ । ਪੁਰਖ ਅਕਾਲ ਲਿਆ ਉਠਾਲ, ਆਪ ਆਪਣੀ ਗੋਦ ਬਹਾਈਆ । ਗੋਬਿੰਦ ਵੇਖੇ ਸਾਚਾ ਲਾਲ, ਲਾਲਨ ਆਪਣਾ ਰੰਗ ਰੰਗਾਈਆ । ਮਾਛੂਵਾੜੇ ਕਰੇ ਸਵਾਲ, ਦੋਵੇਂ ਜੋੜ ਸੀਸ ਝੁਕਾਈਆ । ਕਵਣ ਵੇਲਾ ਪ੍ਰਭ ਲੇਖੇ ਲਾਵੇਂ ਸ਼ਾਹ ਕੰਗਾਲ, ਸ਼ਹਿਨਸ਼ਾਹ ਆਪਣੇ ਘਰ ਵਸਾਈਆ । ਪੁਰਖ ਅਕਾਲ ਹੋ ਦਿਆਲ, ਇਕੋ ਵਾਰ ਦਿਤਾ ਸਮਝਾਈਆ । ਗੋਬਿੰਦ ਲਿਖ ਦੇ ਖ਼ੁਸ਼ੀਆਂ ਨਾਲ, ਵੀਹ ਸੌ ਵੀਹ ਬਿਕ੍ਰਮੀ ਵੱਜੇ ਮਾਤ ਵਧਾਈਆ । ਗੁਰਮੁਖ ਸਾਚੇ ਸਾਰੇ ਕਰੇ ਬਹਾਲ, ਲੱਖ ਚੁਰਾਸੀ ਵਿਚੋਂ ਬਾਹਰ ਕਢਾਈਆ । ਫਲ ਲਗਾਏ ਇਕੋ ਡਾਲ, ਅੰਮ੍ਰਿਤ ਰਸ ਵਖਾਈਆ । ਜਾਵੀ ਸੋਹਣ ਗੁਰਮੁਖ ਲਾਲ, ਰੰਗ ਕੇਸਰੀ ਗੋਬਿੰਦ ਰੂਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਗੁਰਮੁਖ ਗੁਰਸਿਖ ਹਰਿ ਪਰਨੌਂਦਾ ਏ । ਬਿਨ ਕਾਇਆ ਕਾਜ ਰਚੌਂਦਾ ਏ । ਬਿਨ ਵਾਗੋਂ ਵਾਗ ਗੁੰਦੌਂਦਾ ਏ । ਬਿਨ ਭਗਤੀਉਂ ਭਗਤ ਵਡਿਔਂਦਾ ਏ । ਬਿਨ ਸ਼ਕਤੀਉਂ ਸ਼ਕਤ ਜਣੌਂਦਾ ਏ । ਬਿਨ ਮਸਤੀਉਂ ਮਸਤ ਵਖੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੇ ਨਾਲ ਮਿਲੌਂਦਾ ਏ । ਹਰਿ ਆਪਣੇ ਨਾਲ ਮਿਲਾਇਆ ਏ । ਸਚ ਦੁਆਰੇ ਲੈ ਕੇ ਆਇਆ ਏ । ਲੋਕਮਾਤ ਪੰਧ ਮੁਕਾਇਆ ਏ । ਸਚਖੰਡ ਦਾ ਰਾਹ ਵਖਾਇਆ ਏ । ਭਗਤ ਦੁਆਰੇ ਆਪਣਾ ਸੀਸ ਝੁਕਾਇਆ ਏ । ਜਿਸ ਧਾਮ ਗੁਰਮੁਖਾਂ ਡੇਰਾ ਲਾਇਆ ਏ । ਸੁਖਾਂ ਸੁਖਦਿਆਂ ਇਹ ਦਿਨ ਆਇਆ ਏ । ਗੁਰੂਆਂ ਲਿਖ ਲਿਖ ਆਪਣਾ ਮੁੱਖ ਖੁਲਾਇਆ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਨੇਹੁੜਾ ਇਕ ਸੁਣਾਇਆ ਏ । ਜੋ ਗੁਰਮੁਖ ਅੰਦਰ ਔਣਗੇ । ਸੋ ਸੋਹੰ ਢੋਲਾ ਗੌਣਗੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਮਨੌਣਗੇ । ਸਚਖੰਡ ਦਾ ਸਚ ਦੁਆਰਾ ਘਰ ਇਕੋ ਇਕ ਪੌਣਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਘਰ ਸਾਚਾ ਇਕ ਸੁਹੌਣਗੇ । ਗੋਬਿੰਦ ਨਾਲ ਗੁਰਮੁਖ ਲਾੜੇ, ਕੇਸਰੀ ਦੋਪੱਟੇ ਤਨ ਬੰਧਾਈਆ । ਤਨ ਮਨ ਨੈਣ ਰਹੇ ਸ਼ੰਗਾਰੇ, ਜਗ ਫੇਰੀ ਨਾਚ ਨਚਾਈਆ । ਢੋਲ ਢਮੱਕੇ ਵੱਜਣ ਨਿਆਰੇ, ਦੋਹਰਾ ਤਾਲ ਸੁਣਾਈਆ । ਅੱਗੇ ਲੰਘਣ ਪਹਿਲੀ ਵਾਰੇ, ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੈ ਜੈਕਾਰ ਕਰਾਈਆ । ਪਿਛੇ ਸੰਗਤ ਆਵੇ ਵਾਰੋ ਵਾਰੇ, ਨਿਉਂ ਨਿਉਂ ਸੀਸ ਚਰਨ ਝੁਕਾਈਆ । ਪਾਰਬ੍ਰਹਮ ਦੇ ਬਣਨ ਦੁਲਾਰੇ, ਘਰ ਸਾਚੇ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਆਪਣੇ ਪਿਛੇ ਪਿਛੇ ਰਿਹਾ ਤਰਾਈਆ । ਹਰਿ ਸੰਗਤ ਆਏ ਸਤਿਗੁਰ ਪਿਛੇ, ਦਰਵਾਜ਼ਾ ਲੰਘ ਦਇਆ ਕਮਾਇੰਦਾ । ਜਨਮ ਜਨਮ ਜੋ ਦੁਖੜੇ ਲੱਗੇ, ਕਰਮ ਕਰਮ ਦੇ ਰੋਗ ਗਵਾਇੰਦਾ । ਹੰਸ ਬਣਾਏ ਬਗਲੇ ਬੱਗੇ, ਕਾਗੀ ਬੁੱਧ ਵਟਾਇੰਦਾ । ਗੋਬਿੰਦ ਬਣਾਏ ਬਾਲ ਸਕੇ, ਘਰ ਇਕੋ ਇਕ ਸੁਹਾਇੰਦਾ । ਪੁਰਖ ਅਕਾਲ ਕਹੇ ਮੇਰੇ ਬੱਚੇ, ਬੱਚਿਆਂ ਨਾਲ ਲਾਡ ਲਡਾਇੰਦਾ । ਪੀਰ ਪੈਗ਼ੰਬਰ ਆਏ ਨੱਠੇ, ਗੁਰ ਅਵਤਾਰ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ


੧੦੧੮
੧੪

ਕਰ, ਕਰੇ ਖੇਲ ਸਾਚਾ ਹਰਿ, ਸਾਚੀ ਸਿਖਿਆ ਆਪ ਸਮਝਾਇੰਦਾ । ਸਾਚੀ ਸਿਖਿਆ ਹਰਿ ਸਮਝੌਂਦਾ ਏ । ਹਰਿ ਸੰਗਤ ਆਖ ਸੁਣੌਂਦਾ ਏ । ਪਿਛਲਾ ਲੇਖਾ ਅੱਗੇ ਝੋਲੀ ਪੌਂਦਾ ਏ । ਪ੍ਰਭ ਮੀਤਾ ਮਿੱਤਰ ਇਕ ਅਖਵੌਂਦਾ ਏ । ਸਾਚੀ ਰੀਤਾ ਮਾਤ ਬਣੌਂਦਾ ਏ । ਕੌੜਾ ਰੀਠਾ ਮਿੱਠਾ ਆਪ ਵਖੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਵਿਹਾਰ ਆਪ ਕਰੌਂਦਾ ਏ । ਪ੍ਰਭ ਸਚ ਵਿਹਾਰ ਕਰਾਇਆ ਏ । ਬੇਪਰਵਾਹ ਖੇਲ ਰਚਾਇਆ ਏ । ਗੁਰਮੁਖ ਸੱਜਣ ਅੰਗ ਲਗਾਇਆ ਏ । ਪੜਦਾ ਚੁੱਕਣ ਪ੍ਰਭ ਜੂ ਆਇਆ ਏ । ਲੱਖ ਚੁਰਾਸੀ ਵਿਚੋਂ ਫੋਲ ਦਇਆ ਕਮਾਇਆ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇਆ ਏ । ਸਾਚੀ ਕਰਨੀ ਆਪ ਕਮਾਵੇਗਾ । ਹਰਿ ਸੰਗਤ ਅੱਗੇ ਅੱਗੇ ਜਾਵੇਗਾ । ਭਗਤ ਦੁਆਰ ਡੇਰਾ ਲਾਵੇਗਾ । ਗੁਰਮੁਖਾਂ ਦੇ ਸਰਵਾਰਨੇ, ਸਾਚੀ ਦਰਗਹਿ ਝੋਲੀ ਪਾਵੇਗਾ । ਪਰੇਮ ਪ੍ਰੀਤੀ ਜੋ ਗਏ ਵਾਰਨੇ, ਬਿਰਹੋਂ ਰੋਗ ਮਿਟਾਵੇਗਾ । ਵੀਹ ਸੌ ਵੀਹ ਦੇ ਇਹ ਕਾਰਨੇ, ਆਪ ਆਪਣੇ ਰੰਗ ਰੰਗਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਸੰਗ ਰਖਾਵੇਗਾ । ਹਰਿ ਸਤਿਗੁਰ ਖੇਲ ਅਪਾਰ, ਪ੍ਰਭ ਆਪਣੀ ਦਇਆ ਕਮਾਈਆ । ਗੁਰਮੁਖ ਸਾਚੀ ਨਾਰ, ਘਰ ਲੈ ਕੇ ਆਏ ਚਾਈਂ ਚਾਈਂਆ । ਸਚ ਦੁਆਰੇ ਦਏ ਬਹਾਲ, ਘਰ ਸਾਚੇ ਵੱਜੇ ਵਧਾਈਆ । ਪਰੇਮ ਪ੍ਰੀਤੀ ਨਿਭੀ ਨਾਲ, ਅਧਵਿਚਕਾਰ ਨਾ ਕੋਇ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਮਿਹਰ ਨਜ਼ਰ ਉਠਾਈਆ । ਮਿਹਰਵਾਨ ਹਰਿ ਸਚ ਸਿੰਘਾਸਣ, ਸਚ ਦੁਆਰ ਲਗਾਇੰਦਾ । ਜਨ ਭਗਤਾਂ ਬਣੇ ਨਿਰਗੁਣ ਸਾਥਨ, ਸਗਲਾ ਸੰਗ ਵਖਾਇੰਦਾ । ਸਚ ਸਨੇਹੁੜਾ ਆਇਆ ਆਖਣ, ਇਕੋ ਹੁਕਮ ਮਨਾਇੰਦਾ । ਪਾਰਬ੍ਰਹਮ ਪ੍ਰਭ ਦਾਸੀ ਦਾਸਨ, ਸੇਵਕ ਸੇਵਾ ਆਪ ਕਮਾਇੰਦਾ । ਜਿਸ ਦਾ ਖੇਲ ਸਦਾ ਜਗ ਬਾਤਨ, ਸੋ ਜ਼ਾਹਰ ਜ਼ਹੂਰ ਨੂਰ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਇੰਦਾ । ਹਰਿਜਨ ਤੇਰਾ ਬਣੇ ਰਾਖਾ, ਰੱਖਿਆ ਕਰੇ ਥਾਈਂ ਥਾਈਂਆ । ਪਾਰਬ੍ਰਹਮ ਪ੍ਰਭ ਕਮਲਾਪਾਤਾ, ਵੇਸ ਅਵੇਸਾ ਰੂਪ ਧਰਾਈਆ । ਆਤਮ ਵੇਖੇ ਪਰਮਾਤਮ ਜ਼ਾਤਾ, ਅਜ਼ਾਤੀ ਕੋਇ ਨਜ਼ਰ ਨਾ ਆਈਆ । ਰਾਗ ਸੁਣਾਏ ਇਕੋ ਤਮਾਸ਼ਾ, ਇਕੋ ਨਾਮ ਪੜ੍ਹਾਈਆ । ਬਣ ਰਥਵਾਹੀ ਚਲਾਏ ਰਾਥਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਸਚ ਸਿੰਘਾਸਣ ਹਰਿ ਕਾ ਡੇਰਾ, ਨਜ਼ਰ ਕਿਸੇ ਨਾ ਆਈਆ । ਜਨ ਭਗਤਾਂ ਅੰਤਮ ਬੰਨ੍ਹੇ ਬੇੜਾ, ਮਲਾਹ ਆਪਣਾ ਫੇਰਾ ਪਾਈਆ । ਕਾਇਆ ਮੰਦਰ ਵਸੇ ਖੇੜਾ, ਘਰ ਸਾਚੇ ਵੱਜੇ ਵਧਾਈਆ । ਦੂਰ ਦੁਰਾਡਾ ਨਜ਼ਰੀ ਆਏ ਨੇਰਨ ਨੇਰਾ, ਦੂਰ ਦੁਰਾਡਾ ਪੰਧ ਮੁਕਾਈਆ । ਮਾਪਿਆਂ ਧਰਿਆ ਨਾਉਂ ਸਿੰਘ ਸ਼ੇਰਾ, ਸ਼ੇਰ ਸਿੰਘ ਭੇਵ ਕੋਇ ਨਾ ਪਾਈਆ । ਪੁਰਖ ਅਕਾਲ ਆਦਿ ਜੁਗਾਦਿ ਜੁਗ ਚੌਕੜੀ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਲਾਇਆ ਝੇੜਾ, ਝਗੜਾ ਦੀਨ ਮਜ਼੍ਹਬ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਦੇਵਣਹਾਰ ਵਡਿਆਈਆ । ਆਓ ਭਗਤੋ ਦਰ ਦੁਆਰੇ, ਸੋ ਸਾਹਿਬ ਦਇਆ ਕਮਾਈਆ । ਨੌਂ ਦੁਆਰੇ ਜਗਤ ਖ਼ੁਆਰੇ, ਸਾਚੀ ਧੀਰ ਨਾ ਕੋਇ ਧਰਾਈਆ । ਕਲਜੁਗ ਅੰਤਮ ਕਿਰਪਾ ਧਾਰੇ, ਪ੍ਰਭ ਵੱਡਾ ਵਡ ਵਡਿਆਈਆ । ਗੁਰਮੁਖ ਸੱਜਣ ਪਹਿਰੇਦਾਰੇ, ਨੇਤਰ ਨੈਣ ਰਹੇ ਉਠਾਈਆ । ਚਰਨ ਜੋੜਾ ਪ੍ਰਭ ਰੱਖੇ ਨਾਲੇ, ਸਾਚੀ ਸਰਨ ਦਏ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਵਾਂ ਦਰਾਂ ਹੋਏ ਸਹਾਈਆ । ਨੌਂ ਦਰ ਰੱਖੋ ਪ੍ਰਭ ਚਰਨ ਧਿਆਨ,

ਦਸਵੇਂ ਮੇਲਾ ਸਹਿਜ ਸੁਭਾਈਆ । ਪੰਚ ਵਿਕਾਰ ਜੇ ਮਿਲੇ ਸ਼ੈਤਾਨ, ਗੁਰ ਕੀ ਪਾਹਨੀ ਦਿਓ ਸੀਸ ਲਗਾਈਆ । ਅੱਗੇ ਬਣੇ ਨਾ ਰਹਿਣਾ ਅਣਜਾਣ, ਬਾਲੀ ਮਤ ਰਿਹਾ ਵਡਿਆਈਆ । ਤੁਹਾਡਾ ਨਾਤਾ ਜੁੜਿਆ ਨਾਲ ਭਗਵਾਨ, ਦੂਜੀ ਓਟ ਨਾ ਕੋਇ ਵਖਾਈਆ । ਦਰ ਘਰ ਸਾਚੇ ਬਣ ਕੇ ਬਹਿਣਾ ਕਾਹਨ, ਮੁਖ ਸਿਹਰਾ ਸੀਸ ਗੁੰਦਾਈਆ । ਗੀਤ ਗੋਬਿੰਦ ਗੌਣਾ ਗਾਨ, ਵੱਜੇ ਨਾਮ ਵਧਾਈਆ । ਸਤਿ ਧਰਮ ਦਾ ਇਕ ਨਿਸ਼ਾਨ, ਹਰਿਜਨ ਇਕੋ ਨਜ਼ਰੀ ਆਈਆ । ਦੀਨ ਮਜ਼੍ਹਬ ਸਰਬ ਮਿਟ ਜਾਣ, ਜਿਸ ਮਿਲੇ ਬੇਪਰਵਾਹੀਆ । ਸੋ ਨਾਰ ਹੋਏ ਪਰਵਾਨ, ਜੋ ਕੰਤ ਆਪਣੇ ਨਾਲ ਪਰਨਾਈਆ । ਨਿਵਣ ਸੋ ਅੱਖਰ ਕਰੇ ਪਰਵਾਨ, ਹਉਮੇ ਹੰਗਤਾ ਗੜ੍ਹ ਤੁੜਾਈਆ । ਦਰਗਹਿ ਸਾਚੀ ਮਿਲੇ ਮਾਣ, ਧਰਮ ਦੁਆਰੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਲੇਖਾ ਦਏ ਚੁਕਾਈਆ । ਜਨ ਭਗਤਾਂ ਲੇਖਾ ਆਪ ਚੁਕਾਇਆ ਏ । ਪ੍ਰਭ ਨਿਰਗੁਣ ਹੋ ਕੇ ਆਇਆ ਏ । ਲੱਖ ਚੁਰਾਸੀ ਵਿਚੋਂ ਚੁਣ ਚੁਣ, ਆਪਣੇ ਨਾਲ ਮਿਲਾਇਆ ਏ । ਕੋਟ ਜਨਮ ਦੇ ਵੇਖ ਗੁਣ, ਅਵਗੁਣ ਦੂਰ ਕਰਾਇਆ ਏ । ਧੁਰਦਰਗਾਹੀ ਪੁਕਾਰ ਸੁਣ, ਦੁਖੀਆਂ ਦਰਦੀਆਂ ਦਰਦ ਵੰਡਾਇਆ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨੌਂ ਦੁਆਰੇ ਨਿਰਗੁਣ ਜੋੜਾ ਇਕ ਇਕ ਰਖਾਇਆ ਏ । ਨੌਂ ਦੁਆਰੇ ਜੋੜਾ ਰੱਖਿਆ ਏ । ਜਨ ਭਗਤਾਂ ਮਾਰਗ ਦੱਸਿਆ ਏ । ਹਰ ਥਾਂ ਪ੍ਰਭੂ ਜੀ ਵਸਿਆ ਏ । ਤੀਰ ਨਿਰਾਲਾ ਇਕੋ ਕਸਿਆ ਏ । ਜਨ ਭਗਤਾਂ ਅੰਦਰ ਧਸਿਆ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਸੰਗਤ ਕੀਤਾ ਇਕਠਿਆਂ ਏ । ਹਰਿ ਸੰਗਤ ਇਕੱਠ ਕਰਾਇਆ ਏ । ਵੀਹ ਸੌ ਵੀਹ ਦਾ ਤੰਦ ਬੰਧਾਇਆ ਏ । ਨਾਮ ਚੋਲੀ ਰੰਗ ਚੜ੍ਹਾਇਆ ਏ । ਅੰਗੀਕਾਰ ਆਪ ਅਖਵਾਇਆ ਏ । ਸਾਚਾ ਸੰਗੀ ਬਣ ਕੇ ਸੰਗ ਨਿਭਾਇਆ ਏ । ਫੜ ਚੰਗੀ ਗਲੇ ਲਗਾਇਆ । ਨੇਤਰ ਅੰਧੀ ਉਂਗਲੀ ਲਾਇਆ ਏ । ਦੇਵੇ ਨਾਮ ਸੁਗੰਧੀ, ਫੁਲ ਫਲਵਾੜੀ ਆਪ ਮਹਿਕਾਇਆ ਏ । ਭਾਗ ਲਗਾਏ ਆਪ ਵਰਭੰਡੀ, ਬ੍ਰਹਿਮੰਡੀ ਖੋਜ ਖੁਜਾਇਆ ਏ । ਜੋ ਜਨ ਸੋਹੰ ਗਾਵਣ ਛੰਦੀ, ਤਿਨ੍ਹਾਂ ਸੰਸਾ ਰੋਗ ਮਿਟਾਇਆ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੁਰਖ ਅਬਿਨਾਸ਼ੀ ਗੁਰਮੁਖ ਘਰ ਵਿਆਹਵਣ ਆਇਆ ਏ । ਗੁਰਮੁਖ ਗੁਰ ਗੁਰ ਹਰਿ ਹਰਿ ਨਾਰ, ਨਰਾਇਣ ਲਾੜਾ ਲੜ ਫੜੌਂਦਾ ਏ । ਸਾਚੇ ਅਸਵ ਆਪ ਚੜ੍ਹੌਂਦਾ ਏ । ਦੋ ਜਹਾਨਾਂ ਪਾਰ ਕਰੌਂਦਾ ਏ । ਸਚ ਦੁਆਰ ਕੁੰਡਾ ਲੌਂਹਦਾ ਏ । ਜੋਤ ਨਿਰਾਕਾਰ ਇਕ ਵਖੌਂਦਾ ਏ । ਸ਼ਬਦ ਰਾਗ ਧੁਨ ਗੌਂਦਾ ਏ । ਕੰਤ ਸੁਹਾਗ ਸੋਭਾ ਪੌਂਦਾ ਏ । ਜਨਮ ਜਨਮ ਦੀ ਬੁਝਾ ਆਗ, ਅੰਮ੍ਰਿਤ ਮੇਘ ਬਰਸੌਂਦਾ ਏ । ਕਰਮ ਕਰਮ ਦਾ ਧੋ ਦਾਗ਼, ਨਿਰਮਲ ਰੂਪ ਵਟੌਂਦਾ ਏ । ਆਤਮ ਅੰਤਰ ਇਕ ਵੈਰਾਗ, ਬਿਰਹੋਂ ਚੋਟ ਲਗੌਂਦਾ ਏ । ਨਾਰ ਕੰਤ ਦਾ ਸੱਚਾ ਸਾਕ, ਹਰਿ ਸੱਜਣ ਜੋੜ ਜੁੜੌਂਦਾ ਏ । ਘਰ ਕਿਵਾੜੀ ਖੋਲ੍ਹ ਤਾਕ, ਦੀਪਕ ਇਕ ਰੁਸ਼ਨੌਂਦਾ ਏ । ਮੇਟ ਰੈਣ ਅੰਧੇਰੀ ਰਾਤ, ਨਿਰਮਲ ਚੰਦ ਚਮਕੌਂਦਾ ਏ । ਮੇਲ ਮਿਲਾਵਾ ਕਮਲਾਪਾਤ, ਕਵਲ ਨੈਣ ਵੇਖ ਵਖੌਂਦਾ ਏ । ਨੌਂ ਦੁਆਰੇ ਮਾਰ ਝਾਤ, ਗੁਰਮੁਖ ਪਾਰ ਕਰੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੱਜਣ ਰੰਗ ਵਖੌਂਦਾ ਏ । ਹਰਿ ਸੱਜਣ ਆਪ ਪਰਨਾਇਆ ਏ । ਸੰਗਤ ਸਾਚਾ ਰਾਹ ਵਖਾਇਆ ਏ । ਪੁਰਖ ਅਕਾਲ ਦਇਆ ਕਮਾਇਆ ਏ । ਸਚ ਧਰਮਸਾਲ ਇਕ ਜਣਾਇਆ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ

ਘੋੜੇ ਨਾਮ ਚੜ੍ਹਾਇਆ ਏ । ਗੁਰਮੁਖ ਘੋੜੇ ਨਾਮ ਚੜ੍ਹਿਆ ਏ । ਸਚਖੰਡ ਦੁਆਰੇ ਵੜਿਆ ਏ । ਨਿਰਭੌ ਹੋ ਕੋਇ ਨਾ ਡਰਿਆ ਏ । ਇਕੋ ਸੋਹੰ ਢੋਲਾ ਪੜ੍ਹਿਆ ਏ । ਬਿਨ ਭਗਤੀ ਕਾਰਜ ਸਰਿਆ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਮੇਲਾ ਸਾਚੇ ਕਰਿਆ ਏ । ਘਰ ਸੱਚਾ ਸਤਿਗੁਰ ਪਾਇਆ ਏ । ਗੁਰਮੁਖ ਸੱਚਾ ਸੁਖ ਉਪਜਾਇਆ ਏ । ਜਨਮ ਜਨਮ ਦਾ ਦੁਖ ਗਵਾਇਆ ਏ । ਮਾਤ ਕੁੱਖ ਸਫਲ ਵਖਾਇਆ ਏ । ਉਲਟਾ ਹੋਏ ਨਾ ਰੁੱਖ, ਦਸ ਦਸ ਮਾਸ ਨਾ ਅਗਨ ਤਪਾਇਆ ਏ । ਆਪ ਆਪਣੀ ਗੋਦੀ ਚੁੱਕ, ਆਪ ਆਪਣੇ ਗਲੇ ਲਗਾਇਆ ਏ । ਦਰ ਘਰ ਆ ਕੇ ਲਿਆ ਪੁੱਛ, ਪਿਛਲਾ ਲੇਖਾ ਫੋਲ ਫੁਲਾਇਆ ਏ । ਜੇ ਗੁਰਮੁਖ ਤੇਰੇ ਕੋਲ ਨਹੀਂ ਕੁਛ, ਕਰ ਕਿਰਪਾ ਝੋਲੀ ਦਏ ਭਰਾਇਆ ਏ । ਤੇਰੀ ਉਠੀ ਰਹੇ ਮੁੱਛ, ਵਿਸ਼ਨ ਬ੍ਰਹਮਾ ਸ਼ਿਵ ਤੈਥੋਂ ਸ਼ਰਮਾਇਆ ਏ । ਤੇਰਾ ਸੀਸ ਪੁਰਖ ਅਕਾਲ ਜਾਵੇ ਝੁਕ, ਦੂਜਾ ਤੈਨੂੰ ਸਰਬ ਸੀਸ ਨਿਵਾਇਆ ਏ । ਸਾਹਿਬ ਸਤਿਗੁਰ ਕੋਲੋਂ ਪੁਛ, ਕਿਉਂ ਤੇਰਾ ਨਾਤਾ ਜੋੜ ਜੁੜਾਇਆ ਏ । ਨਾ ਕੋਈ ਗਾਨਾ ਬੱਧਾ ਗੁਟ, ਵਟਣਾ ਤੇਲ ਨਾ ਕੋਇ ਮਲਾਇਆ ਏ । ਨਾ ਕੋਈ ਵਾੜ ਅੰਧੇਰੇ ਘੁਪ, ਜਗਤ ਸਗਨ ਵਖਾਇਆ ਏ । ਨਾ ਕੋਈ ਚਾਚੀਆਂ ਤਾਈਆਂ ਲਿਆ ਪੁਛ, ਭਾਬੀਆਂ ਸੁਰਮਾ ਨਾ ਨੈਣ ਛੁਹਾਇਆ ਏ । ਭੈਣ ਵਾਗ ਨਾ ਗੁੰਦੀ ਉਠ, ਮੌਲੀ ਤੰਦ ਨਾ ਕੋਇ ਰਖਾਇਆ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੀ ਆਪਣਾ ਰੰਗ ਰੰਗਾਇਆ ਏ । ਨਾ ਮਾਤਾ ਸੂਹਾ ਵੇਸ ਕਰਿਆ ਏ । ਹੱਥ ਪਾਣੀ ਨਾ ਕੋਈ ਧਰਿਆ ਏ । ਮੇਰਾ ਗੀਤ ਕੋਇ ਨਾ ਪੜ੍ਹਿਆ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੱਸ ਇਹ ਕੀ ਕਾਰਨ ਕਰਿਆ ਏ । ਨਾ ਨਾਨਕ ਦਾਦਕ ਆਏ ਨੇ । ਨਾ ਭੈਣ ਭਰਾ ਮੰਗਾਏ ਨੇ । ਯਾਰ ਸੱਜਣ ਨਾ ਕੋਲ ਬਹਾਏ ਨੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਪ੍ਰਭ ਇਹ ਕੀ ਖੇਲ ਰਚਾਏ ਨੇ । ਨਾ ਨਾਇਣ ਨਾਈ ਆਏ ਡੂਮ, ਮੰਗਤਾ ਨਜ਼ਰ ਕੋਈ ਨਾ ਆਈਆ । ਕੀ ਬਣਿਉਂ ਪ੍ਰਭੂ ਸੂਮ, ਹੱਥੋਂ ਦੇਣ ਕੁਛ ਪਾ ਪਾਈਆ । ਪਾਰਬ੍ਰਹਮ ਕਹੇ ਮੇਰਾ ਸਮਝ ਨਾ ਸਕੇ ਕੋਈ ਮਜ਼ਮੂਨ, ਇਹ ਗੁਰ ਅਵਤਾਰ ਪੀਰ ਪੈਗ਼ੰਬਰ ਬੈਠੇ ਗਏ ਧਿਆਨ ਲਗਾਈਆ । ਜਿਸ ਦੇ ਹੁਕਮੇ ਅੰਦਰ ਬਣਿਆ ਕਾਨੂੰਨ, ਇਹ ਸੋ ਕਲਮਾ ਸਰਬ ਪੜ੍ਹਾਈਆ । ਬਰਦੇ ਗ਼ੁਲਾਮ ਬਣ ਕੇ ਮਮਨੂਨ, ਇਹ ਗਏ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਦੇਵਣਹਾਰ ਵਡਿਆਈਆ । ਗੁਰਮੁਖ ਵੇਖ ਤੇਰੀ ਸ਼ਾਦੀ, ਸ਼ਹਿਨਸ਼ਾਹ ਖ਼ੁਸ਼ੀ ਮਨਾਇੰਦਾ । ਆਦਿ ਪੁਰਖ ਬਣ ਕੇ ਆਈ ਦਾਦੀ, ਪੁਰਖ ਅਕਾਲ ਪਿਤਾ ਰੂਪ ਵਟਾਇੰਦਾ । ਗੋਬਿੰਦ ਗੁਰ ਬਣਿਆ ਸਾਥੀ, ਸਗਲਾ ਸੰਗ ਨਿਭਾਇੰਦਾ । ਸਰਸੇ ਰੁੜ੍ਹਦਿਆਂ ਇਕੋ ਆਖੀ, ਆਖ਼ਰ ਆਪਣਾ ਹੁਕਮ ਜਣਾਇੰਦਾ । ਤੁਹਾਡੀ ਅੰਤਮ ਕਰਾਂ ਰਾਖੀ, ਕਲਜੁਗ ਅੰਤਮ ਫੇਰਾ ਪਾਇੰਦਾ । ਨਿਰਗੁਣ ਹੋ ਸੁਣਾਵਾਂ ਸਾਖੀ, ਸ਼ਬਦੀ ਰਾਗ ਅਲਾਇੰਦਾ । ਗੁਰਸਿਖ ਕੋਈ ਨਾ ਰਹੇ ਬਾਕੀ, ਜੋ ਹਰਿ ਦੁਆਰੇ ਆਇੰਦਾ । ਗੋਬਿੰਦ ਆਪਣੇ ਅੰਦਰ ਰੱਖੀ ਬਿਨ ਹਰਫ਼ਾਂ ਕਰ ਕੇ ਕਾਪੀ, ਅਲਫ਼ ਯੇ ਵੰਡ ਨਾ ਕੋਇ ਵੰਡਾਇੰਦਾ । ਪੁਰਖ ਅਕਾਲ ਦੇਵੇ ਪਾਤੀ, ਪੱਤਰ ਇਕੋ ਇਕ ਸਮਝਾਇੰਦਾ । ਤੇਰਾ ਲਹਿਣਾ ਦੇਣਾ ਬਾਕੀ, ਬਕਾਇਆ ਆਪਣੀ ਝੋਲੀ ਪਾਇੰਦਾ । ਤੂੰ ਨੀਲੇ ਉਤੋਂ ਲਾਹ ਕਾਠੀ, ਤੇਰਾ ਘੋੜਾ ਇਕ ਉਪਜਾਇੰਦਾ । ਜਿਸ ਦਾ ਨੂਰ ਨੂਰਾਨਾ ਇਕੋ ਪਾਕੀ, ਪਰਵਰਦਿਗਾਰ ਆਪ ਵਖਾਇੰਦਾ । ਉਹ ਦੇ ਅੱਗੇ ਕੋਇ ਨਾ ਰਹੇ ਆਕੀ, ਜਿਧਰ ਜਾਵੇ ਸਾਫ਼ ਕਰਾਇੰਦਾ । ਜਨ ਭਗਤ

੧੦੨੧ ੧੪

ਉਠਾਵੇ ਤੇਰੇ ਸਾਥੀ, ਫੜ ਬਾਂਹੋਂ ਗਲੇ ਲਗਾਇੰਦਾ । ਇਕੋ ਗੱਲ ਸੱਚੀ ਆਖੀ, ਆਖ਼ਰ ਮੇਲ ਮਿਲਾਇੰਦਾ । ਜਿਸ ਦੀ ਲਿਖਦੇ ਸਾਖੀ, ਸਾਖਿਆਤ ਆਪ ਸਮਝਾਇੰਦਾ । ਸਤਾਰਾਂ ਹਾੜ ਖੋਲ੍ਹ ਕੇ ਤਾਕੀ, ਹਰਿ ਨੇਤਰ ਨੈਣ ਆਪ ਜਣਾਇੰਦਾ । ਭਗਤੋ ਖੁੱਲੀ ਤੁਹਾਡੀ ਹਾਟੀ, ਸਤਿਗੁਰ ਇਕੋ ਹੱਟ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੀਤਾ ਕੌਲ ਪੂਰ ਕਰਾਇੰਦਾ । ਕੀਤਾ ਕੌਲ ਆਪ ਇਕਰਾਰ, ਕਰਤਾ ਭੁੱਲ ਕਦੇ ਨਾ ਜਾਈਆ । ਕੀ ਹੋਇਆ ਜੇ ਗੁਰਮੁਖੋ ਤੁਹਾਨੂੰ ਰਿਹਾ ਤਾਰ, ਪਹਿਲੋਂ ਤੁਹਾਥੋਂ ਆਪਣੀ ਸੇਵ ਕਮਾਈਆ । ਚਾਰ ਜੁਗ ਦਾ ਲਾਹਵਣ ਆਇਆ ਉਧਾਰ, ਮਕਰੂਜ਼ ਆਪਣਾ ਕਰਜ਼ਾ ਰਿਹਾ ਅਦਾ ਕਰਾਈਆ । ਸਾਰੇ ਉਚੀ ਕੂਕ ਕਹੋ ਲਲਕਾਰ, ਪੁਰਖ ਅਬਿਨਾਸ਼ੀ ਦਿਓ ਸੁਣਾਈਆ । ਜੇ ਸਾਨੂੰ ਛੱਡਿਆ ਵਿਚ ਮੰਜਧਾਰ, ਅਕਾਲ ਕੋਈ ਮਿਲਣ ਨਾ ਪਾਈਆ । ਤੈਨੂੰ ਕਿਸੇ ਨਹੀਂ ਕਹਿਣਾ ਸਾਂਝਾ ਯਾਰ, ਜ਼ਾਤ ਪਾਤ ਜੇ ਵੰਡ ਵੰਡਾਈਆ । ਤੇਰੇ ਕਿਸੇ ਨਹੀਂ ਔਣਾ ਦਰਬਾਰ, ਲੱਖ ਚੁਰਾਸੀ ਪਾਰ ਨਾ ਕਰੇਂ ਕੀ ਤੇਰੀ ਚਤਰਾਈਆ । ਤੈਨੂੰ ਕੌਣ ਕਹੇ ਸ਼ਾਹਸਵਾਰ, ਜੇ ਰਾਤੀ ਸੁੱਤਿਆਂ ਘਰ ਘਰ ਦਰਸ ਨਾ ਦਏਂ ਕਰਾਈਆ । ਤੈਨੂੰ ਕਿਸੇ ਨਹੀਂ ਕਹਿਣਾ ਕੰਤ ਭਤਾਰ, ਗੁਰਮੁਖ ਨਾਰੀ ਆਪਣੇ ਅੰਗ ਨਾ ਜੇ ਲਗਾਈਆ । ਤੇਰਾ ਨਜ਼ਰ ਨਹੀਂ ਔਣਾ ਪਿਆਰ, ਚਾਰੋਂ ਕੁੰਟ ਪਏ ਦੁਹਾਈਆ । ਸਤਾਰਾਂ ਹਾੜ ਨੱਠੇ ਔਂਦੇ ਗੁਰ ਅਵਤਾਰ, ਚੁਤਾਲੀ ਜੋਜਨ ਪਿਛੇ ਬੈਠੇ ਧਿਆਨ ਲਗਾਈਆ । ਵੇਲਾ ਵਕਤ ਰਹੇ ਵਿਚਾਰ, ਪ੍ਰਭ ਆਪਣਾ ਹੁਕਮ ਸੁਣਾਈਆ । ਜਾ ਕੇ ਵੇਖੀਏ ਭਗਤਾਂ ਬਣਦਾ ਵਿਹਾਰ, ਆਪ ਗੁਰਮੁਖਾਂ ਰਿਹਾ ਪਰਨਾਈਆ । ਗੁਰਮੁਖ ਘੁੰਗਟ ਦਏ ਉਤਾਰ, ਲਾਲ ਗੁਲਾਲਾ ਰੰਗ ਚੜ੍ਹਾਈਆ । ਜਿਸ ਨੂੰ ਉਡੀਕਦੇ ਸਦਾ ਜੁਗ ਚਾਰ, ਚੌਕੜੀ ਆਪਣਾ ਧਿਆਨ ਲਗਾਈਆ । ਜਿਸ ਦੀ ਮਹਿਮਾ ਕਾਤਬ ਲਿਖਦੇ ਰਹੇ ਬਣ ਲਿਖਾਰ, ਕਲਮ ਸ਼ਾਹੀ ਨਾਲ ਮਿਲਾਈਆ । ਸੋ ਆਇਆ ਪਰਵਰਦਿਗਾਰ, ਬੇਪਰਵਾਹ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਦੇਵੇ ਵਡਿਆਈ ਵੱਡਾ ਹੋ, ਹੋਕਾ ਨਾਮ ਦਿਵਾਇੰਦਾ । ਗੁਰਮੁਖੋ ਤੁਹਾਡੇ ਜੋਗਾ ਗਿਆ ਹੋ, ਦੂਜਾ ਸੰਗ ਨਾ ਕੋਇ ਰਖਾਇੰਦਾ । ਜੋ ਅੰਤਰ ਆਤਮ ਪਿਆਰ ਗਿਆ ਛੋਹ, ਤਿਸ ਆਪਣਾ ਛੋਕਰਾ ਰੂਪ ਬਣਾਇੰਦਾ । ਕਰ ਪਰਕਾਸ਼ ਅਗੰਮੀ ਲੋ, ਅਗਿਆਨ ਅੰਧੇਰ ਮਿਟਾਇੰਦਾ । ਦੁਰਮਤ ਮੈਲ ਦੇਵੇ ਧੋ, ਉਜਲ ਮੁਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੌਂ ਦੁਆਰੇ ਨੌਂ ਜੋੜੇ, ਜਨ ਭਗਤ ਚੜ੍ਹਾਏ ਸ਼ਬਦੀ ਘੋੜੇ, ਘੋੜਾ ਇਕੋ ਇਕ ਵਡਿਆਇੰਦਾ । ਹਰਿ ਘੋੜਾ ਤੇਰਾ ਸੋਹਣਾ ਚੰਗਾ, ਚਾਲ ਨਿਰਾਲੀ ਇਕ ਰਖਾਈਆ । ਜਿਸ ਦਾ ਕਸ ਨਾ ਸਕੇ ਕੋਈ ਤੰਗਾ, ਜ਼ੀਨ ਪਾਖਰ ਨਜ਼ਰ ਕਿਸੇ ਨਾ ਆਈਆ । ਉਸ ਨੂੰ ਵੇਖੇ ਗੁਜਰੀ ਚੰਦਾ, ਚੰਦ ਤੇਰੇ ਵਿਚ ਸਮਾਈਆ । ਕਲਜੁਗ ਅੰਤਮ ਪਾਰ ਕੰਢਾ, ਕੰਢੀ ਬੈਠੇ ਪਾਰ ਲੰਘਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਬਖ਼ਸ਼ੰਦਾ, ਗੁਰਮੁਖ ਗੁਰਸਿਖ ਬੇੜਾ ਰਿਹਾ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਕਰੇ ਕਰਾਏ ਕਾਰਜ ਅਨੰਦਾ, ਅਨੰਦ ਕਾਰਜ ਇਕੋ ਵਾਰ ਆਪ ਸਮਝਾਈਆ ।

ਸਰਗੁਣ ਨਿਰਗੁਣ ਹੋ ਕੇ ਸਿਫ਼ਰ, ਰੂਪ ਰੰਗ ਰੇਖ ਨਾ ਕੋਇ ਰਖਾਈਆ । ਨਿਰਵੈਰ ਹੋ ਕੇ ਚੜ੍ਹਿਆ ਸਿਖਰ, ਮਹੱਲ ਅਟੱਲ ਡੇਰਾ ਲਾਈਆ ।

ਸਚ ਦੁਆਰੇ ਕੀਤਾ ਫ਼ਿਕਰ, ਫ਼ਿਕਰਾ ਆਪਣਾ ਨਾਮ ਜਣਾਈਆ । ਨੌਂ ਸੌ ਚੁਰਾਨਵੇ ਚੌਕੜੀ ਜਿਸ ਦਾ ਹੁੰਦਾ ਰਿਹਾ ਜ਼ਿਕਰ, ਸੋ ਜ਼ਾਹਰ ਜ਼ਹੂਰ ਬੇਪਰਵਾਹੀਆ । ਆਦਿ ਜੁਗਾਦੀ ਸਭ ਦਾ ਪਿਤਰ, ਪਿਤਾ ਪੂਤ ਗੰਢ ਪੁਆਈਆ । ਦੋ ਜਹਾਨਾਂ ਬਣ ਬਣ ਮਿੱਤਰ, ਸਗਲਾ ਸੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਬੀਸ ਦਏ ਵਡਿਆਈਆ । ਸਰਗੁਣ ਨਿਰਗੁਣ ਚੜ੍ਹਿਆ ਘੋੜੇ, ਜ਼ੀਰੋ ਆਪਣੀ ਧਾਰ ਵਖਾਈਆ । ਦੋ ਜਹਾਨਾਂ ਆਪੇ ਬੌਹੜੇ, ਪੁਰੀਆਂ ਲੋਆਂ ਖੰਡਾਂ ਬ੍ਰਹਿਮੰਡਾਂ ਵੇਖ ਵਖਾਈਆ । ਸ਼ਬਦ ਅਗੰਮ ਲਾਏ ਦੋਹੜੇ, ਦੋਹਰਾ ਇਕੋ ਇਕ ਸੁਣਾਈਆ । ਕਰੇ ਪਰਕਾਸ਼ ਅੰਧ ਘੋਰੇ, ਜੋਤੀ ਨੂਰ ਨੂਰ ਰੁਸ਼ਨਾਈਆ । ਸ਼ਾਹ ਪਾਤਸ਼ਾਹ ਵਡ ਸੁਲਤਾਨਾ ਇਕ ਰਖਾਏ ਆਪਣਾ ਜ਼ੋਰੇ, ਜ਼ੋਰੂ ਜ਼ਰ ਨਾ ਕੋਇ ਚਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਬੀਸ ਦਏ ਸਮਝਾਈਆ । ਦੂਆ ਸਿਫ਼ਰਾ ਬਣਿਆ ਬੀਸ, ਹਰਿ ਸਤਿਗੁਰ ਦਏ ਵਡਿਆਈਆ । ਕੋਈ ਨਾ ਕਰੇ ਪ੍ਰਭ ਕੀ ਰੀਸ, ਬੇਅੰਤ ਬੇਅੰਤ ਅੰਤ ਕਹਿਣ ਕੋਇ ਨਾ ਪਾਈਆ । ਆਦਿ ਜੁਗਾਦਿ ਜੁਗ ਚੌਕੜੀ ਦੇਂਦਾ ਰਿਹਾ ਹਦੀਸ, ਕਲਮਾ ਨਬੀ ਰਸੂਲ ਪੜ੍ਹਾਈਆ । ਨਾਮ ਨਿਧਾਨ ਪਰਗਟ ਕਰਦਾ ਰਿਹਾ ਗਿਆਨ, ਰਾਗ ਛਤੀਸ ਸਿਫ਼ਤ ਸਿਫ਼ਤ ਸਾਲਾਹੀਆ । ਨਿਰਗੁਣ ਸਰਗੁਣ ਬਣੌਂਦਾ ਰਿਹਾ ਵਿਧਾਨ, ਧੁਰ ਫ਼ਰਮਾਨਾ ਹੁਕਮ ਪਰਗਟਾਈਆ । ਭੂਪਤ ਭੂਪ ਬਣ ਰਾਜਾਨ, ਸ਼ਹਿਨਸ਼ਾਹ ਆਪਣਾ ਰੂਪ ਵਖਾਈਆ । ਪੁਰਖ ਅਗੰਮ ਬਣ ਬਣ ਕਾਹਨ, ਸਾਚੀ ਰਚਨਾ ਆਪ ਰਚਾਈਆ । ਮਹੱਲ ਅਟੱਲ ਉਚ ਮਕਾਨ, ਸਚਖੰਡ ਸਾਚੇ ਡੇਰਾ ਲਾਈਆ । ਨਿਰਗੁਣ ਸਰਗੁਣ ਵੇਖ ਨਿਸ਼ਾਨ, ਧਰਮ ਨਿਸ਼ਾਨਾ ਇਕ ਝੁਲਾਈਆ । ਲੱਖ ਚੁਰਾਸੀ ਪਾਵੇ ਆਣ, ਭੈ ਭੌ ਸਰਬ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਬੀਸ ਅੰਕ ਬਣਾਈਆ । ਏਕਾ ਬੀਸ ਬਣਿਆ ਅੰਕ, ਸੋ ਪੁਰਖ ਨਿਰੰਜਣ ਆਪ ਬਣਾਇੰਦਾ । ਹਰਿ ਪੁਰਖ ਨਿਰੰਜਣ ਵਜਾ ਡੰਕ, ਧੁਰ ਫ਼ਰਮਾਨਾ ਆਪ ਜਣਾਇੰਦਾ । ਏਕੰਕਾਰਾ ਭੇਵ ਚੁਕਾਏ ਰਾਉ ਰੰਕ, ਰਾਜ ਰਾਜਾਨਾ ਆਪ ਅਲਾਇੰਦਾ । ਆਦਿ ਨਿਰੰਜਣ ਘਰ ਘਰ ਜਗੇ ਜੋਤ ਕਿਨਕ, ਕਿਨਕਾ ਕਿਨਕਾ ਆਪ ਵਰਤਾਇੰਦਾ । ਅਬਿਨਾਸ਼ੀ ਕਰਤਾ ਬਣਾਏ ਆਪਣੀ ਬਣਤ, ਘੜਨ ਭੰਨਣਹਾਰ ਖੇਲ ਕਰਾਇੰਦਾ । ਸ੍ਰੀ ਭਗਵਾਨ ਨਰ ਹਰਿ ਕੰਤ, ਨਰਾਇਣ ਆਪਣੀ ਕਲ ਧਰਾਇੰਦਾ । ਪਾਰਬ੍ਰਹਮ ਲੇਖਾ ਅਗਣਤ, ਲੇਖਾ ਲਿਖਤ ਵਿਚ ਨਾ ਆਇੰਦਾ । ਸਚ ਦੁਆਰੇ ਸੋਭਾਵੰਤ, ਸਚਖੰਡ ਆਪ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੂਆ ਸਿਫ਼ਰਾ ਜੋੜ ਜੁੜਾਇੰਦਾ । ਸਿਫ਼ਰਾ ਦੂਆ ਪਾਵੇ ਗੰਢ, ਗੰਢਣਹਾਰ ਵਡ ਵਡਿਆਈਆ । ਭਗਤਨ ਫੁਹਾਰ ਪਵੇ ਠੰਡ, ਅੰਮ੍ਰਿਤ ਮੇਘ ਇਕ ਬਰਸਾਈਆ । ਅੰਤਰ ਆਤਮ ਦੇ ਸੰਗ, ਪਰਮਾਤਮ ਆਪਣੀ ਦਇਆ ਕਮਾਈਆ । ਗ੍ਰਿਹ ਮੰਦਰ ਦੇਵੇ ਇਕ ਅਨੰਦ, ਘਰ ਸਾਚੇ ਖ਼ੁਸ਼ੀ ਮਨਾਈਆ । ਨਿਰਗੁਣ ਜੋਤ ਚਾੜ੍ਹੇ ਚੰਦ, ਅੰਧ ਅੰਧੇਰ ਮਿਟਾਈਆ । ਪਾਰਬ੍ਰਹਮ ਬ੍ਰਹਮ ਢੋਲੇ ਗਾਏ ਛੰਦ, ਸੋਹੰ ਸਾਚਾ ਰਾਗ ਅਲਾਈਆ । ਜੁਗ ਚੌਕੜੀ ਮੰਗਾਂ ਰਹੇ ਮੰਗ, ਵਿਸ਼ਨ ਬ੍ਰਹਮਾ ਸ਼ਿਵ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਬੀਸ ਸਿਫ਼ਤ ਸਾਲਾਹੀਆ । ਬੀਸ ਬੀਸਾ ਹਰਿ ਜਗਦੀਸਾ, ਜਗ ਜੀਵਣ ਦਾਤਾ ਆਪ ਅਖਵਾਇੰਦਾ । ਸੋ ਪੁਰਖ ਨਿਰੰਜਣ ਠਾਂਡਾ ਸੀਤਾ, ਅਗਨੀ ਤੱਤ ਨਾ ਕੋਇ ਪਰਗਟਾਇੰਦਾ । ਸਚਖੰਡ ਦੁਆਰ ਚਲਾਏ ਸਾਚੀ ਰੀਤਾ, ਰੀਤੀਵਾਨ ਆਪ ਹੋ ਜਾਇੰਦਾ । ਪਿਛਲਾ ਲੇਖਾ ਜਾਣੇ ਬੀਤਾ, ਅੱਗੇ ਆਪਣਾ ਭੇਵ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਬੀਸਾ ਆਪ ਸਮਝਾਇੰਦਾ ।

ਸਚ ਬੀਸਾ ਚੜ੍ਹੇ ਮਾਤ, ਨਵ ਚਾਰ ਵੱਜੇ ਵਧਾਈਆ । ਕਰੇ ਖੇਲ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤਾ ਖੇਲ ਖਲਾਈਆ । ਨਿਰਗੁਣ ਹੋ ਕੇ ਪਾਵੇ ਰਾਸ, ਸਰਗੁਣ ਗੋਪੀ ਕਾਹਨ ਨਚਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਪੂਰੀ ਕਰੇ ਆਸ, ਆਸਾ ਆਪਣੀ ਆਪ ਜਣਾਈਆ । ਨਿਰਗੁਣ ਜੋਤ ਜੋਤ ਪਰਕਾਸ਼, ਪਰਕਾਸ਼ਵਾਨ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਸਾਚੀ ਕਰਨੀ ਦੂਆ ਸਿਫ਼ਰ ਸਿਫ਼ਰ ਦੋ, ਇਕ ਇਕੇਲਾ ਆਪ ਕਰਾਇੰਦਾ । ਨਿਰਗੁਣ ਸਰਗੁਣ ਆਪੇ ਹੋ, ਨਰ ਨਿਰੰਕਾਰਾ ਵੇਸ ਵਟਾਇੰਦਾ । ਲੱਖ ਚੁਰਾਸੀ ਢੋਆ ਢੋ, ਨਾਮ ਅਮੋਲਕ ਆਪ ਵਰਤਾਇੰਦਾ । ਗ੍ਰਿਹਿ ਮੰਦਰ ਘਰ ਪਰਕਾਸ਼ ਲੋ, ਦੀਆ ਬਾਤੀ ਆਪ ਡਗਮਗਾਇੰਦਾ । ਅੰਮ੍ਰਿਤ ਮੇਘ ਏਕਾ ਚੋ, ਨਿਝਰ ਝਿਰਨਾ ਆਪ ਵਹਾਇੰਦਾ । ਧੁਰ ਸੰਦੇਸਾ ਦੇਵੇ ਸੋ, ਸੋ ਪੁਰਖ ਨਿਰੰਜਣ ਆਪਣਾ ਹੁਕਮ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਖੁਲ੍ਹਾਇੰਦਾ । ਸਾਚਾ ਭੇਵ ਖੋਲ੍ਹੇ ਭਗਵਾਨ, ਭਗਵਨ ਆਪਣੀ ਦਇਆ ਕਮਾਇੰਦਾ । ਤਖ਼ਤ ਨਿਵਾਸੀ ਨੌਜਵਾਨ, ਸ਼ਾਹ ਪਾਤਸ਼ਾਹ ਹਰਿ ਜਣਾਇੰਦਾ । ਆਦਿ ਜੁਗਾਦਿ ਦੇਵਣਹਾਰਾ ਦਾਨ, ਜੁਗ ਚੌਕੜੀ ਆਪ ਵਰਤਾਇੰਦਾ । ਪੁਰਖ ਅਬਿਨਾਸ਼ੀ ਮਿਹਰਵਾਨ, ਹੱਡ ਮਾਸ ਚਮੜਾ ਨਜ਼ਰ ਕੋਇ ਨਾ ਆਇੰਦਾ । ਵਸਣਹਾਰਾ ਸਚਖੰਡ ਮਕਾਨ, ਸਚ ਦੁਆਰੇ ਸੋਭਾ ਪਾਇੰਦਾ । ਦੇਵਣਹਾਰਾ ਧੁਰ ਫ਼ਰਮਾਨ, ਨਾਮ ਨਿਧਾਨਾ ਇਕ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਭੇਵ ਅਭੇਦ ਖੋਲ੍ਹੇ ਹੱਬ, ਹਰਿ ਜੂ ਆਪਣੀ ਦਇਆ ਕਮਾਈਆ । ਆਦਿ ਜੁਗਾਦਿ ਜੁਗ ਚੌਕੜੀ ਪਰਗਟ ਹੋ ਝੱਬ, ਨਿਰਗੁਣ ਸਰਗੁਣ ਖੇਲ ਵਖਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਚਾਰ ਵਰਨ ਅਠਾਰਾਂ ਬਰਨ ਬਿਧੀ ਇਕ, ਜ਼ਾਤ ਪਾਤ ਦੀਨ ਮਜ਼੍ਹਬ ਵੰਡ ਵੰਡਾਈਆ । ਭਗਤ ਭਗਵਾਨ ਸਚਖੰਡ ਦੁਆਰੇ ਸੱਦ, ਸਦਾ ਇਕੋ ਨਾਮ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਰਨ ਲੱਗ, ਦਸਤਾਰ ਇਕੋ ਸੀਸ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਬੀਸ ਦਏ ਸੁਹਾਈਆ । ਬੀਸ ਸੁਹਾਏ ਰੁੱਤ, ਰੁੱਤੜੀ ਆਪ ਮਹਿਕਾਈਆ । ਪ੍ਰਭ ਪਰਗਟ ਹੋ ਅਬਿਨਾਸ਼ੀ ਅਚੁਤ, ਚੇਤਨ ਧਾਰ ਵਹਾਈਆ । ਜੁਗ ਚੌਕੜੀ ਜੋ ਰਿਹਾ ਲੁਕ, ਨਿਰਗੁਣ ਆਪਣਾ ਮੁੱਖ ਛੁਪਾਈਆ । ਸੋ ਸਾਹਿਬ ਸ਼ੇਰ ਹੋ ਕੇ ਰਿਹਾ ਬੁੱਕ, ਨਾਮ ਭਬਕ ਇਕ ਸੁਣਾਈਆ । ਦੋ ਜਹਾਨਾਂ ਜਿਸ ਦੀ ਓਟ, ਚੌਦਾਂ ਲੋਕ ਸੀਸ ਝੁਕਾਈਆ । ਚੌਦਾਂ ਤਬਕ ਜਿਸ ਦਾ ਕੋਟ, ਦੁਆਰ ਬੰਕ ਰਿਹਾ ਸੁਹਾਈਆ । ਲੱਖ ਚੁਰਾਸੀ ਜਿਸ ਦੀ ਜੋਤ, ਘਰ ਘਰ ਦੀਪਕ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਸਾਹਿਬ ਖੇਲ ਕਰਾਈਆ । ਸੋ ਸਾਹਿਬ ਨਿਰਗੁਣ ਸਰਗੁਣ ਕਾਰ, ਹਰਿ ਕਰਤਾ ਆਪ ਕਰਾਈਆ । ਜਗਤ ਵੇਖੇ ਨਜ਼ਰ ਨਾ ਆਏ ਵਿਚ ਸੰਸਾਰ, ਸਿਫ਼ਰਾ ਰੂਪ ਨਾ ਕੋਇ ਜਣਾਈਆ । ਗਣਤੀ ਗਣਤ ਕਰ ਕੇ ਕੋਈ ਨਾ ਪਾਏ ਪਾਰਾਵਾਰ, ਅੰਤ ਕਹਿਣ ਕੋਇ ਨਾ ਪਾਈਆ । ਸਦਾ ਸਦਾ ਪ੍ਰਭ ਕਰੇ ਕਰਾਏ ਕਰਨੇਹਾਰ, ਕਰਤਾ ਪੁਰਖ ਆਪਣੇ ਹੱਥ ਰੱਖੇ ਵਡਿਆਈਆ । ਘਰ ਮੰਦਰ ਬੈਠ ਠਾਂਡੇ ਦਰਬਾਰ, ਸਚ ਸਿੰਘਾਸਣ ਸੋਭਾ ਪਾਈਆ । ਆਦਿ ਪੁਰਖ ਹੋ ਤਿਆਰ, ਜੁਗਾਦਿ ਆਪਣਾ ਰੰਗ ਰੰਗਾਈਆ । ਅਨਭਵ ਖੇਲ ਕਰੇ ਕਰਤਾਰ, ਪਰਕਾਸ਼ਵਾਨ ਨੂਰ ਇਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਵੰਡ ਰਿਹਾ ਸਮਝਾਈਆ । ਸਾਚੀ ਵੰਡ ਵੰਡਣ ਆਇਆ, ਬੇਪਰਵਾਹ ਬੇਪਰਵਾਹ ਅਖਵਾਇੰਦਾ ।

੧੦੨੪ ੧੪

ਬ੍ਰਹਿਮੰਡ ਖੰਡ ਜਿਸ ਰਚਨ ਰਚਾਇਆ, ਲੋਕ ਪਰਲੋਕ ਸੋਭਾ ਪਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਜਿਸ ਸੇਵਾ ਲਾਇਆ, ਕਰੋੜ ਤੇਤੀਸਾ ਨਾਲ ਰਲਾਇੰਦਾ । ਰਾਗ ਨਾਦ ਜਿਸ ਸ਼ਬਦ ਅਲਾਇਆ, ਧੁਨਕਾਰ ਆਪਣੇ ਨਾਮ ਸੁਣਾਇੰਦਾ । ਬੋਧ ਅਗਾਧ ਜਿਸ ਮੰਤਰ ਦ੍ਰਿੜਾਇਆ, ਭੇਵ ਅਭੇਦ ਆਪ ਖੁਲ੍ਹਾਇੰਦਾ । ਸਚਖੰਡ ਦੁਆਰ ਜਿਸ ਵਸਾਇਆ, ਥਿਰ ਘਰ ਆਪਣਾ ਸੁਤ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਕਰਨੀ ਕਰ ਵਖਾਇੰਦਾ । ਹਰਿ ਕਰਨੀ ਕਰੇ ਕਰਤਾਰ, ਕਰਤਾ ਪੁਰਖ ਵੱਡੀ ਵਡਿਆਈਆ । ਨਿਰਗੁਣ ਦਾਤਾ ਹੋ ਤਿਆਰ, ਨਿਰਵੈਰ ਖੇਲ ਕਰਾਈਆ । ਮੁਕਾਮੇ ਹੱਕ ਸਾਂਝਾ ਯਾਰ, ਪਰਵਰਦਿਗਾਰ ਬੇਪਰਵਾਹੀਆ । ਮੁਖ ਨਕਾਬ ਪਰਦਾ ਦਏ ਉਤਾਰ, ਕਾਲਾ ਸੂਸਾ ਨਾ ਕੋਇ ਛੁਹਾਈਆ । ਹੱਕ ਹਕੀਕਤ ਪਾਵੇ ਸਾਰ, ਲਾਸ਼ਰੀਕ ਨੂਰ ਖ਼ੁਦਾਈਆ । ਲੇਖਾ ਜਾਣੇ ਧੁਰ ਦਰਬਾਰ, ਦਰਗਹਿ ਸਾਚੀ ਵੱਜੇ ਵਧਾਈਆ । ਕੁਦਰਤ ਕਾਦਰ ਕਰੇ ਪਿਆਰ, ਰਹੀਮ ਆਪਣਾ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਦਏ ਲਗਾਈਆ । ਸਾਚਾ ਲੇਖਾ ਧੁਰ ਦਰਬਾਰੀ, ਹਰਿ ਕਰਤਾ ਆਪ ਜਣਾਇੰਦਾ । ਆਦਿ ਪੁਰਖ ਪ੍ਰਭ ਖੇਲ ਨਿਆਰੀ, ਭੇਵ ਕੋਇ ਨਾ ਪਾਇੰਦਾ । ਜੁਗ ਚੌਕੜੀ ਬਣਿਆ ਰਿਹਾ ਜੁਹਾਰੀ, ਸਾਰ ਪਾਸ ਵੰਡ ਵੰਡਾਇੰਦਾ । ਮੋਹਰੇ ਰੱਖਦਾ ਰਿਹਾ ਗੁਰ ਅਵਤਾਰੀ, ਪੀਰ ਪੈਗ਼ੰਬਰ ਨਾਲ ਰਲਾਇੰਦਾ । ਨਰਦਾਂ ਚਲੌਂਦਾ ਰਿਹਾ ਵਾਰੋ ਵਾਰੀ, ਹੁਕਮੀ ਹੁਕਮ ਆਪ ਫਿਰਾਇੰਦਾ । ਸਨੇਹੁੜਾ ਦੇਂਦਾ ਰਿਹਾ ਬਣ ਵਡ ਸੰਸਾਰੀ, ਧੁਰ ਫ਼ਰਮਾਨਾ ਆਪ ਜਣਾਇੰਦਾ । ਕਾਤਬ ਬਣ ਕੇ ਬਣਿਆ ਰਿਹਾ ਲਿਖਾਰੀ,

੧੦੨੫ ਲੇਖਾ ਲਿਖਤ ਵਿਚ ਨਾ ਆਇੰਦਾ । ਪਾਰਬ੍ਰਹਮ ਬ੍ਰਹਮ ਬਣਿਆ ਰਿਹਾ ਪਸਾਰੀ, ਪਸਰ ਪਸਾਰਾ ਆਪਣੀ ਕਲ ਧਰਾਇੰਦਾ । ਭੋਲਾ ਨਾਥ ਬਣ ਸੰਘਾਰੀ, ੧੦੨੫

੧੪ ਸ਼ਸਤਰ ਇਕੋ ਇਕ ਚਮਕਾਇੰਦਾ । ਵੇਖਣਹਾਰਾ ਖੇਲ ਵਾਰੋ ਵਾਰੀ, ਜੁਗ ਚੌਕੜੀ ਆਪ ਹੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ੧੪

ਕਿਰਪਾ ਕਰ, ਧੁਰ ਦੀ ਧਾਰ ਆਪ ਜਣਾਇੰਦਾ । ਧੁਰ ਦੀ ਧਾਰ ਪੁਰਖ ਅਗੰਮ, ਹਰਿ ਇਕੋ ਇਕ ਜਣਾਈਆ । ਨੇਹਕਰਮੀ ਕਰੇ ਆਪਣਾ ਕੰਮ, ਕਰਤਾ ਵੱਡਾ ਵਡ ਵਡਿਆਈਆ । ਆਦਿ ਆਦਿ ਪ੍ਰਭ ਬੇੜਾ ਬੰਨ੍ਹ, ਬ੍ਰਹਿਮਾਂਡ ਵਿਚ ਚਲਾਈਆ । ਨਿਰਗੁਣ ਨੂਰ ਨੁਰਾਨਾ ਚੰਨ, ਚੰਦ ਚਾਂਦਨਾ ਇਕ ਰੁਸ਼ਨਾਈਆ । ਵਸਤ ਅਮੋਲਕ ਨਾਮ ਧੰਨ, ਧਨਾਡ ਆਪ ਵਰਤਾਈਆ । ਜਨਨੀ ਬਣ ਕੇ ਲਏ ਜਨ, ਧੰਨ ਧੰਨ ਜਣੇਂਦੀ ਮਾਈਆ । ਕਰੇ ਵਸੇਰਾ ਬਿਨ ਛੱਪਰ ਛੰਨ, ਚਾਰ ਦੀਵਾਰ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਵਰਤਾਈਆ । ਸਾਚੀ ਖੇਲ ਬੀਸ ਬੀਸਾ, ਬੰਸ ਸਰਬੰਸ ਆਪ ਜਣਾਇੰਦਾ । ਲੇਖਾ ਜਾਣੇ ਇਕ ਇਕੀਸਾ, ਦੂਆ ਏਕਾ ਜੋੜ ਜੁੜਾਇੰਦਾ । ਕਲਜੁਗ ਅੰਤਮ ਪੀਸਣ ਪੀਸਾ, ਕੂੜੀ ਚੱਕੀ ਵੇਖ ਵਖਾਇੰਦਾ । ਸ਼ਾਹ ਸੁਲਤਾਨ ਖ਼ਾਲੀ ਖੀਸਾ, ਧੰਨ ਨਾਮ ਹੱਥ ਕਿਸੇ ਨਾ ਆਇੰਦਾ । ਤ੍ਰੈਗੁਣ ਮਾਇਆ ਤਪੇ ਅੰਗੀਠਾ, ਅਗਨੀ ਤੱਤ ਨਾ ਕੋਇ ਬੁਝਾਇੰਦਾ । ਲੱਖ ਚੁਰਾਸੀ ਕੌੜਾ ਹੋਇਆ ਰੀਠਾ, ਅੰਮ੍ਰਿਤ ਰਸ ਨਾ ਕੋਇ ਵਖਾਇੰਦਾ । ਪਿਛਲਾ ਵੇਲਾ ਸਭ ਦਾ ਬੀਤਾ, ਅੱਗੇ ਪ੍ਰਭ ਆਪਣੀ ਕਲ ਵਰਤਾਇੰਦਾ । ਹਰ ਘਟ ਅੰਦਰ ਵਸੇ ਚੀਤਾ, ਗ੍ਰਿਹ ਗ੍ਰਿਹ ਆਪਣਾ ਡੇਰਾ ਲਾਇੰਦਾ । ਮਾਰਗ ਦੱਸਦਾ ਰਿਹਾ ਮੰਦਰ ਮਸੀਤਾ, ਸ਼ਿਵਦਵਾਲੇ ਮੱਠ ਵੰਡ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਸਾਹਿਬ ਖੇਲ ਕਰਾਇੰਦਾ । ਸੋ ਸਾਹਿਬ ਖੇਲ ਕਰੌਂਦਾ ਏ । ਜੁਗ ਚੌਕੜੀ ਵੇਖ ਵਖੌਂਦਾ ਏ । ਭੇਵ ਅਭੇਦਾ ਆਪ ਜਣੌਂਦਾ ਏ । ਚਾਰੇ ਵੇਦਾਂ ਫੋਲ ਫੁਲੌਂਦਾ ਏ । ਸ਼ਾਸਤਰ ਸਿਮਰਤ ਨਾਲ

ਰਲੌਂਦਾ ਏ । ਪੁਰਾਨ ਅਠਾਰਾਂ ਗੰਢ ਪਵੌਂਦਾ ਏ । ਅਠ ਦਸ ਜੋੜ ਜੁੜੌਂਦਾ ਏ । ਗੀਤਾ ਗਿਆਨ ਇਕ ਰਖੌਂਦਾ ਏ । ਅੰਜੀਲ ਕੁਰਾਨਾ ਤੀਸ ਬਤੀਸ ਸੁਣੌਂਦਾ ਏ । ਸਚ ਹਦੀਸ ਇਕ ਜਣੌਂਦਾ ਏ । ਨਾਮ ਸਤਿ ਪੜ੍ਹੌਂਦਾ ਏ । ਖਾਣੀ ਬਾਣੀ ਵੰਡ ਵੰਡੌਂਦਾ ਏ । ਨਿਸ਼ਅੱਖਰ ਵੱਖਰ ਰੂਪ ਵਟੌਂਦਾ ਏ । ਅੰਕ ਅੰਕ ਨਾਲ ਮਿਲੌਂਦਾ ਏ । ਬੰਕ ਦੁਆਰ ਇਕ ਸੁਹੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਰ ਵਖੌਂਦਾ ਏ । ਸਾਚੀ ਕਰਨੀ ਕਰ ਵਖੌਂਦਾ ਏ । ਆਦਿ ਪੁਰਖ ਪ੍ਰਭ ਆਪਣਾ ਖੇਲ ਰਚੌਂਦਾ ਏ । ਨਿਰਗੁਣ ਸਰਗੁਣ ਵੇਸ ਵਟੌਂਦਾ ਏ । ਲੱਖ ਚੁਰਾਸੀ ਵੰਡ ਵੰਡੌਂਦਾ ਏ । ਅੰਡਜ ਜੇਰਜ ਉਤਭੁਜ ਸੇਤਜ ਨਾਮ ਧਰੌਂਦਾ ਏ । ਚਾਰ ਖਾਣੀ ਰਾਹ ਵਖੌਂਦਾ ਏ । ਚਾਰੇ ਬਾਣੀ ਨਾਦ ਵਜੌਂਦਾ ਏ । ਪਰਾ ਪਸੰਤੀ ਮਧਮ ਬੈਖਰੀ ਏਕਾ ਘਰ ਵਸੌਂਦਾ ਏ । ਚਾਰ ਜੁਗ ਗੰਢ ਪੁਔਂਦਾ ਏ । ਚਾਰ ਵਰਨ ਰੰਗ ਰੰਗੌਂਦਾ ਏ । ਚਾਰੋਂ ਕੁੰਟ ਵੇਖ ਵਖੌਂਦਾ ਏ । ਚਾਰ ਯਾਰੀ ਸੰਗ ਨਿਭੌਂਦਾ ਏ । ਘਰ ਚੌਥੇ ਵੜ ਕੇ, ਆਪ ਆਪਣਾ ਆਸਣ ਲੌਂਦਾ ਏ । ਪਰਮ ਪੁਰਖ ਪ੍ਰੀਤਮ ਹੋ ਤਿਆਰ, ਨਿਰਗੁਣ ਸਰਗੁਣ ਵੇਖ ਵਖੌਂਦਾ ਏ । ਢੋਲਾ ਪੜ੍ਹ ਕੇ, ਗੀਤ ਗੀਤ ਗੀਤ ਗੋਬਿੰਦ ਅਲੌਂਦਾ ਏ । ਆਪਣਾ ਭਾਣਾ ਆਪੇ ਜਰ ਕੇ, ਮਾਰਗ ਆਪਣਾ ਆਪ ਸਮਝੌਂਦਾ ਏ । ਸਾਚੀ ਤਰਨੀ ਹਰਿ ਜੂ ਤਰ ਕੇ, ਤਾਰਨਹਾਰ ਹਰਿ ਅਖਵੌਂਦਾ ਏ । ਜੀਂਵਦਿਆਂ ਜਗ ਮਰ ਕੇ, ਮਰ ਜੀਵਤ ਰੂਪ ਵਟੌਂਦਾ ਏ । ਕਰੇ ਖੇਲ ਉਹਲੇ ਪੜਦੇ, ਪੜਦਾ ਇਕੋ ਇਕ ਵਖੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਧਾਰਾ ਇਕ ਸਮਝੌਂਦਾ ਏ । ਸਾਚੀ ਧਾਰਾ ਹਰਿ ਸਮਝੌਂਦਾ ਏ । ਨਿਰਗੁਣ ਸਰਗੁਣ ਰਾਹੇ ਪੌਂਦਾ ਏ । ਗੁਰ ਅਵਤਾਰ ਆਪ ਪਰਗਟੌਂਦਾ ਏ । ਧੁਰ ਫ਼ਰਮਾਨਾ ਹੁਕਮ ਸੁਣੌਂਦਾ ਏ । ਨਾਮ ਨਿਧਾਨਾ ਝੋਲੀ ਪੌਂਦਾ ਏ । ਧਰਮ ਨਿਸ਼ਾਨਾ ਇਕ ਝੁਲੌਂਦਾ ਏ । ਤੀਰ ਅਣਿਆਲਾ ਹੱਥ ਉਠੌਂਦਾ ਏ । ਦੀਨ ਦਿਆਲਾ ਦਇਆ ਕਮੌਂਦਾ ਏ । ਹਰਿ ਗੋਪਾਲਾ ਨੈਣ ਉਠੌਂਦਾ ਏ । ਸਚਖੰਡ ਦੀ ਸੱਚੀ ਧਰਮਸਾਲਾ, ਇਕੋ ਇਕ ਵਖੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮੌਂਦਾ ਏ । ਸਾਚੀ ਕਰਨੀ ਆਪ ਕਮੌਂਦਾ ਏ । ਗੁਰ ਅਵਤਾਰ ਆਪ ਪਰਗਟੌਂਦਾ ਏ । ਦੂਆ ਤੀਆ ਜੋੜ ਜੁੜੌਂਦਾ ਏ । ਇਕ ਅਠ ਨਾਲ ਮਿਲੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣ ਤੇਈ ਅਵਤਾਰ, ਭਗਤ ਅਠਾਰਾਂ ਰੰਗ ਰੰਗੌਂਦਾ ਏ । ਜਨ ਭਗਤਾਂ ਰੰਗ ਰੰਗੌਂਦਾ ਏ । ਈਸਾ ਮੂਸਾ ਮੁਹੰਮਦ ਸੰਗ ਨਿਭੌਂਦਾ ਏ । ਸਚ ਹਦੀਸਾ ਇਕ ਪੜ੍ਹੌਂਦਾ ਏ । ਕਾਲਾ ਸੂਸਾ ਤਨ ਹੰਡੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਆਪ ਸੁਣੌਂਦਾ ਏ । ਧੁਰ ਫ਼ਰਮਾਨਾ ਆਪ ਸੁਣੌਂਦਾ ਏ । ਨਿਰਗੁਣ ਜੋਤ ਨੂਰ ਧਰੌਂਦਾ ਏ । ਪੰਜ ਤੱਤ ਚੋਲਾ ਆਪ ਹੰਡੌਂਦਾ ਏ । ਨਾਨਕ ਨਾਨਕ ਨਾਲ ਮਿਲੌਂਦਾ ਏ । ਨਾਨਕ ਨਜ਼ਰ ਕਿਸੇ ਨਾ ਔਂਦਾ ਏ । ਨਾਨਕ ਗੀਤ ਗੋਬਿੰਦ ਗੌਂਦਾ ਏ । ਨਾਨਕ ਪੰਜ ਤੱਤ ਚੋਲਾ ਹੰਡੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਜੋਤ ਜੋਤ ਰੁਸ਼ਨੌਂਦਾ ਏ । ਇਕ ਦਸ ਵੰਡ ਵੰਡੌਂਦਾ ਏ । ਹੱਸ ਹੱਸ ਵੇਖ ਵਖੌਂਦਾ ਏ । ਨੱਸ ਨੱਸ ਪੰਧ ਮੁਕੌਂਦਾ ਏ । ਗੁਰ ਗੁਰ ਰੰਗ ਰੰਗੌਂਦਾ ਏ । ਨਿਰਵੈਰ ਚੰਦ ਚਮਕੌਂਦਾ ਏ । ਗੀਤ ਛੰਦ ਸੁਣੌਂਦਾ ਏ । ਪਰਮਾਨੰਦ ਸਮੌਂਦਾ ਏ । ਦੂਈ ਦਵੈਤੀ ਡੇਰਾ ਢੌਂਦਾ ਏ । ਸ਼ਰਅ ਸ਼ਰਾਇਤੀ ਮੇਟ ਮਿਟੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਆਪ ਲਿਖੌਂਦਾ ਏ । ਧੁਰ ਦਾ ਲੇਖਾ ਆਪ

੧੦੨੬ ੧੪

ਲਿਖਾਇਆ ਏ । ਜੁਗ ਚੌਕੜੀ ਰਾਹ ਚਲਾਇਆ ਏ । ਚਾਰੇ ਵੇਦਾਂ ਭੇਵ ਜਣਾਇਆ ਏ । ਬ੍ਰਹਮਾਵੇਤਾ ਆਪ ਪੜ੍ਹਾਇਆ ਏ । ਵਿਸ਼ਨੂੰ ਸੇਵਕ ਆਪ ਬਣਾਇਆ ਏ । ਸ਼ੰਕਰ ਹੱਥ ਤ੍ਰਿਸੂਲ ਉਠਾਇਆ ਏ । ਰਹਿਬਰ ਨੂਰ ਇਕ ਖ਼ੁਦਾਇਆ ਏ । ਹਰਿ ਨਰ ਹਰਿ ਨਾਉਂ ਧਰਾਇਆ ਏ । ਸਾਬਰ ਸਬਰ ਇਕ ਰਖਾਇਆ ਏ । ਕੁਦਰਤ ਕਾਦਰ ਵੇਖ ਵਖਾਇਆ ਏ । ਆਦਲ ਅਦਲ ਆਪਣੇ ਹੱਥ ਰਖਾਇਆ ਏ । ਕਾਤਲ ਮਕਤੂਲ ਆਪਣੀ ਧਾਰ ਚਲਾਇਆ ਏ । ਦਰਗਹਿ ਸਾਚੀ ਬੰਨ੍ਹ ਅਸੂਲ, ਅਸਲੀਯਤ ਆਪਣੇ ਵਿਚ ਸਮਾਇਆ ਏ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਨਿਜ ਮਹਿਬੂਬ ਕਰਨਾ ਪਿਆ ਕਬੂਲ, ਕਾਅਬਾ ਇਕੋ ਨਜ਼ਰੀ ਆਇਆ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਬੀਸਾ ਰਿਹਾ ਸਮਝਾਇਆ ਏ । ਬੀਸ ਕਹੇ ਮੈਂ ਨਿਰਗੁਣ ਸਰਗੁਣ, ਮੇਰੀ ਸਮਝ ਕਿਸੇ ਨਾ ਆਈਆ । ਆਦਿ ਜੁਗਾਦੀ ਸ਼ਬਦ ਅਨਾਦੀ ਮੇਰੀ ਧੁਨ, ਰਾਗ ਨਾਦ ਗਾ ਨਾ ਸਕੇ ਕੋਈ ਰਾਈਆ । ਨਿਰਵੈਰ ਨਿਰਾਕਾਰ ਨਿਰੰਕਾਰ ਮੇਰਾ ਗੁਣ, ਅਜੂਨੀ ਰਹਿਤ ਮੇਰੀ ਵਡਿਆਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਪੁਕਾਰ ਰਿਹਾ ਸੁਣ, ਘਟ ਘਟ ਆਪਣਾ ਡੇਰਾ ਲਾਈਆ । ਜੁਗ ਚੌਕੜੀ ਭਗਤ ਸਾਜਣ ਲਵਾਂ ਚੁਣ, ਲੱਖ ਚੁਰਾਸੀ ਖੋਜ ਖੁਜਾਈਆ । ਸੁਨ ਸਮਾਧੀ ਅੰਦਰ ਬੈਠਾ ਰਹਿਵਾਂ ਹੋ ਕੇ ਮੁਨ, ਮੁਨ ਮੁਨੀਸ਼ਰ ਭੇਵ ਕੋਇ ਨਾ ਆਈਆ । ਕਰ ਕਿਰਪਾ ਆਤਮ ਉਪਜਾਵਾਂ ਸਾਚੀ ਧੁਨ, ਰਾਗ ਇਕੋ ਇਕ ਸੁਣਾਈਆ । ਮੇਰਾ ਖੇਲ ਮੰਤਰ ਫੁਨ, ਘੜੀ ਪਲ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਹਰਿ ਖੇਲ ਅਪਾਰਾ, ਹਰਿ ਸਤਿਗੁਰ ਆਪ ਕਰਾਈਆ । ਜੁਗ ਚੌਕੜੀ ਕਰੌਂਦਾ ਰਿਹਾ ਮੁਜ਼ਾਹਰਾ, ਗੁਰ ਅਵਤਾਰ ਪੈਗ਼ੰਬਰਾਂ ਕਰ ਜਣਾਈਆ । ਦੀਨ ਮਜ਼੍ਹਬ ਵੰਡਦਾ ਰਿਹਾ ਦਾਇਰਾ, ਹੱਦ ਹਦੂਦ ਜਗਤ ਜਣਾਈਆ । ਚਾਰੇ ਖਾਣੀ ਚਾਰੇ ਬਾਣੀ ਕਰੌਂਦਾ ਰਿਹਾ ਮੁਸ਼ਾਇਰਾ, ਸ਼ਾਇਰ ਸ਼ਾਇਰਾ ਨਾਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੀਵਾਂ ਜੰਤਾਂ ਸਾਧਾਂ ਸੰਤਾਂ ਦੱਸਦਾ ਰਿਹਾ ਦੂਰ ਕਿਨਾਰਾ, ਪੱਤਣ ਬੈਠਾ ਮਾਹੀ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਦਏ ਸਮਝਾਈਆ । ਧੁਰ ਦਾ ਲੇਖਾ ਦੱਸੇ ਭਗਵੰਤ, ਆਪਣੀ ਦਇਆ ਕਮਾਈਆ । ਜੁਗ ਚੌਕੜੀ ਮਣੀਆ ਮੰਤ, ਸਚ ਮੰਤਰ ਇਕ ਸਮਝਾਈਆ । ਆਤਮ ਪਰਮਾਤਮ ਨਾਰ ਕੰਤ, ਘਰ ਨਾਤਾ ਜੋੜ ਜੁੜਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਚਾੜ੍ਹੇ ਰੰਗ ਬਸੰਤ, ਮਿਹਰ ਨਜ਼ਰ ਇਕ ਉਠਾਈਆ । ਪੰਜ ਤੱਤ ਬਣਾ ਬਣਤ, ਘਾੜਤ ਘੜੇ ਬੇਪਰਵਾਹੀਆ । ਦੇਵੇ ਵਡਿਆਈ ਵਿਚ ਜੀਵ ਜੰਤ, ਜਾਗਰਤ ਜੋਤ ਕਰੇ ਰੁਸ਼ਨਾਈਆ । ਗੜ੍ਹ ਤੋੜ ਹਉਮੇਂ ਹੰਗਤ, ਨਿਵਣ ਸੋ ਅੱਖਰ ਇਕ ਪੜ੍ਹਾਈਆ । ਦਰ ਦਰਵੇਸ਼ ਬਣੇ ਰਹੇ ਮੰਗਤ, ਪ੍ਰਭ ਅੱਗੇ ਝੋਲੀ ਡਾਹੀਆ । ਬੋਧ ਅਗਾਧ ਸ੍ਰੀ ਭਗਵਾਨ ਆਦਿ ਜੁਗਾਦੀ ਇਕੋ ਪੰਡਤ, ਦੂਜਾ ਪਾਂਧਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਸ਼ਅੱਖਰ ਵੱਖਰ ਦਏ ਸਮਝਾਈਆ । ਨਿਸ਼ਅੱਖਰ ਹਰਿ ਕੀ ਧਾਰ, ਅੰਕ ਸਕੇ ਨਾ ਕੋਇ ਬਣਾਈਆ । ਸਿਫ਼ਰਾ ਰੂਪ ਆਪ ਨਿਰੰਕਾਰ, ਨਿਰਗੁਣ ਸਾਚਾ ਸੰਗ ਰਖਾਈਆ । ਸਰਗੁਣ ਸਾਹਿਬ ਹੋ ਉਜਿਆਰ, ਦੋਏ ਦੋਏ ਵੇਸ ਵਟਾਈਆ । ਇਕੋ ਦੂਆ ਕਰੇ ਪਿਆਰ, ਸਿਫ਼ਰਾ ਅੰਕ ਨਾਲ ਮਿਲਾਈਆ । ਦੋਹਾਂ ਮੇਲਾ ਵਿਚ ਸੰਸਾਰ, ਗੁਰ ਚੇਲਾ ਜੋੜ ਜੁੜਾਈਆ । ਜੇ ਕੋਈ ਰਸਨਾ ਬੋਲੇ ਬੀਸ ਕਹੇ ਪੁਕਾਰ, ਬੀਸ ਬੀਸ ਜਗਤ ਸੁਣਾਈਆ । ਜੋਤੀ ਜੋਤ ਸਰੂਪ ਹਰਿ,

੧੦੨੭
੧੪

ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਆਪ ਦ੍ਰਿੜਾਈਆ । ਧੁਰ ਦਾ ਲੇਖਾ ਆਪ ਸਮਝੌਂਦਾ ਏ । ਭਰਮ ਭੁਲੇਖਾ ਸਰਬ ਮਿਟੌਂਦਾ ਏ । ਗੁਰ ਅਵਤਾਰਾਂ ਪਕੜ ਉਠੌਂਦਾ ਏ । ਕੀਤਾ ਕੌਲ ਇਕਰਾਰ ਪੂਰ ਕਰੌਂਦਾ ਏ । ਜਾਮਾ ਧਾਰ ਨਿਰਗੁਣ ਧਾਰ, ਨੂਰ ਡਗਮਗੌਂਦਾ ਏ । ਨਿਹਕਲੰਕ ਲੈ ਅਵਤਾਰ, ਕਲ ਕਲਕੀ ਵੇਸ ਵਟੌਂਦਾ ਏ । ਜਿਸ ਦੀ ਉਡੀਕ ਕਰਦੇ ਰਹੇ ਜੁਗ ਚਾਰ, ਚਾਰੇ ਵੇਦ ਰਾਹ ਤਕੌਂਦਾ ਏ । ਜਿਸ ਦੀ ਸਿਫ਼ਤ ਕਰੇ ਵੇਦ ਵਿਆਸ, ਵਾਸਤਾ ਦੋਏ ਜੋੜ ਪੌਂਦਾ ਏ । ਆਦਿ ਜੁਗਾਦਿ ਜਿਸ ਦੀ ਮੰਡਲ ਰਾਸ, ਨਿਰਗੁਣ ਸਰਗੁਣ ਗੋਪੀ ਕਾਹਨ ਨਚੌਂਦਾ ਏ । ਸਚ ਵਸਤ ਜਿਸ ਸਾਹਿਬ ਸੱਜਣ ਪਾਸ, ਸੋ ਸਾਹਿਬ ਖੇਲ ਵਖੌਂਦਾ ਏ । ਜਿਸ ਦਾ ਮੂਸਾ ਕਰਦਾ ਗਿਆ ਅਭਿਆਸ, ਕੋਹਤੂਰ ਹੋਸ਼ ਭੁਲੌਂਦਾ ਏ । ਜਿਸ ਨੂੰ ਈਸਾ ਮੰਨਦਾ ਗਿਆ ਬਾਪ, ਸੋ ਨੂਰੀ ਨੂਰ ਰੁਸ਼ਨੌਂਦਾ ਏ । ਜਿਸ ਨੂੰ ਮੁਹੰਮਦ ਬਣਾਇਆ ਸਾਕ, ਸੋ ਜ਼ਾਹਰਾ ਪੀਰ ਅਖਵੌਂਦਾ ਏ । ਜਿਸ ਦਾ ਨਾਨਕ ਲੇਖਾ ਲੇਖ ਲਿਖਦਾ ਗਿਆ ਖ਼ਾਸ, ਸੋ ਨਿਹਕਲੰਕ ਡੰਕ ਵਜੌਂਦਾ ਏ । ਜਿਸ ਨੂੰ ਗੋਬਿੰਦ ਕਿਹਾ ਮੇਰਾ ਦੇਵ ਸਾਚਾ ਬਾਪ, ਕਲ ਕਲਕੀ ਫੇਰਾ ਪੌਂਦਾ ਏ । ਸੰਬਲ ਵਸੇ ਧਾਮ ਖ਼ਾਸ, ਸ਼ਿਵਦਵਾਲੇ ਮੱਠ ਮੰਦਰ ਗੁਰਦੁਆਰ ਸਭ ਤਜੌਂਦਾ ਏ । ਸਚ ਸਿੰਘਾਸਣ ਬਹੇ ਨੱਠ, ਪੁਰਖ ਅਬਿਨਾਸ਼ੀ ਡੇਰਾ ਲੌਂਦਾ ਏ । ਨਿਰਗੁਣ ਨੂਰ ਕਰ ਪਰਗਟ, ਜੋਤੀ ਜਾਤਾ ਡਗਮਗੌਂਦਾ ਏ । ਧਰਮ ਦੁਆਰਾ ਖੋਲ੍ਹ ਹੱਟ, ਸਾਚਾ ਵਣਜ ਇਕ ਕਰੌਂਦਾ ਏ । ਲੇਖਾ ਤੋੜ ਤੀਰਥ ਤਟ, ਅਠਸਠ ਮੁਖ ਭਵੌਂਦਾ ਏ । ਚਾਰ ਵਰਨਾਂ ਇਕੋ ਮਤ, ਸ੍ਰੀ ਭਗਵਾਨ ਆਪ ਸਮਝੌਂਦਾ ਏ । ਜ਼ਾਤ ਪਾਤ ਨਾ ਬਣੇ ਰਤ, ਕੂੜੀ ਕਿਰਿਆ ਦੂਰ ਕਰੌਂਦਾ ਏ । ਸ਼ਬਦ ਅਗੰਮੀ ਲਾਏ ਸੱਟ, ਸੋਈ ਸੁਰਤੀ ਆਪ ਉਠੌਂਦਾ ਏ । ਮਣਕਾ ਮਣਕਾ ਨਾਮ ਲਏ ਰਟ, ਮਨ ਮਣਕਾ ਆਪ ਭਵੌਂਦਾ ਏ । ਕਰੇ ਖੇਲ ਬਾਜ਼ੀਗਰ ਨਟ, ਸਵਾਂਗੀ ਆਪਣਾ ਸਵਾਂਗ ਵਖੌਂਦਾ ਏ । ਜੋਤ ਜਗਾਏ ਲਟ ਲਟ, ਅਗਿਆਨ ਅੰਧੇਰ ਚੁਕੌਂਦਾ ਏ । ਤਨ ਬਸਤਰ ਪਹਿਨਾਏ ਨਾਮ ਸਤਿ, ਭੂਸ਼ਨ ਇਕੋ ਇਕ ਵਡਿਔਂਦਾ ਏ । ਚਾਰ ਜੁਗ ਦਾ ਲੇਖਾ ਝੋਲੀ ਦੇਵੇ ਘੱਤ, ਪੂਰਬ ਲਹਿਣਾ ਸਰਬ ਮੁਕੌਂਦਾ ਏ । ਜੋ ਤੱਕ ਕੇ ਬੈਠੇ ਆਸ, ਆਸਾ ਪੂਰੀ ਆਪ ਕਰੌਂਦਾ ਏ । ਵੇਖਣਹਾਰਾ ਜੰਗਲ ਜੂਹ ਉਜਾੜ ਪਹਾੜ ਟਿੱਲੇ ਪਰਭਾਸ, ਪਰਬਤ ਚੋਟੀ ਆਪਣਾ ਆਸਣ ਲੌਂਦਾ ਏ । ਸਮੁੰਦ ਸਾਗਰ ਡੂੰਘੀ ਕੰਦਰ ਵੇਖ ਖ਼ਾਸ, ਸਾਢੇ ਤਿੰਨ ਹੱਥ ਮੰਦਰ ਫੋਲੌਂਦਾ ਏ । ਜਨ ਭਗਤਾਂ ਵਸੇ ਸਾਥ, ਸਗਲਾ ਸੰਗ ਨਿਭੌਂਦਾ ਏ । ਆਤਮ ਪਰਮਾਤਮ ਪੜ੍ਹਾਏ ਗਾਥ, ਨਾਤਾ ਇਕੋ ਜੋੜ ਜੁੜੌਂਦਾ ਏ । ਪੱਤਣ ਮਿਲੇ ਮਾਹੀ ਘਾਟ, ਘਾਟਾ ਕੋਇ ਨਜ਼ਰ ਨਾ ਔਂਦਾ ਏ । ਅਗਲੀ ਪਿਛਲੀ ਮੇਟੇ ਵਾਟ, ਬਣ ਪਾਂਧੀ ਫੇਰਾ ਪੌਂਦਾ ਏ । ਜਿਸ ਜੁਗ ਚੌਕੜੀ ਕੀਤਾ ਘਾਤ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਆਪਣੀ ਜੋਤ ਧਰੌਂਦਾ ਏ । ਸੋ ਸਾਹਿਬ ਪੁਰਖ ਅਬਿਨਾਸ਼, ਕਲਜੁਗ ਅੰਤਮ ਵੇਖ ਵਖੌਂਦਾ ਏ । ਲੇਖਾ ਜਾਣੇ ਪ੍ਰਿਥਮੀ ਆਕਾਸ਼, ਗਗਨ ਗਗੰਤਰ ਪੜਦਾ ਲੌਂਹਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਪੂਰ ਕਰੌਂਦਾ ਏ । ਧੁਰ ਦਾ ਲੇਖਾ ਪੂਰਾ ਕਰਦਾ, ਪਾਰਬ੍ਰਹਮ ਵੱਡੀ ਵਡਿਆਈਆ । ਨਿਰਭੈ ਕਦੇ ਨਾ ਡਰਦਾ, ਭੈ ਸਭ ਨੂੰ ਰਿਹਾ ਜਣਾਈਆ । ਸਚ ਸਿੰਘਾਸਣ ਆਪੇ ਚੜ੍ਹਦਾ, ਸਚ ਸਿੰਘਾਸਣ ਸੋਭਾ ਪਾਈਆ । ਸੁਤ ਦੁਲਾਰਾ ਸ਼ਬਦੀ ਫੜਦਾ, ਪਿਤਾ ਪੂਤ ਰਿਹਾ ਸਮਝਾਈਆ । ਤੇਰਾ ਖੇਲ ਨਰ ਹਰਿ ਦਾ, ਨਰ ਨਰਾਇਣ ਰੰਗ ਰੰਗਾਈਆ । ਜੁਗ ਚੌਕੜੀ ਪੰਜ ਤੱਤ ਕਾਇਆ ਚੋਲੇ ਰਿਹਾ ਸੜਦਾ, ਤ੍ਰੈਗੁਣ ਮਾਇਆ ਬੰਧਨ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਆਪਣਾ ਨਾਮ ਰਿਹਾ ਧਰਦਾ, ਬਣ

੧੦੨੯ ੧੪

ਸੇਵਕ ਸੇਵ ਕਮਾਈਆ । ਅੰਤਮ ਜਗਤ ਸਰੀਰ ਰਿਹਾ ਛੱਡਦਾ, ਲੋਕਮਾਤ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲੇਖਾ ਰਿਹਾ ਮੁਕਾਈਆ । ਸਭ ਦਾ ਲੇਖਾ ਹਰਿ ਮੁਕੌਂਦਾ ਏ । ਕਲਜੁਗ ਅੰਤਮ ਫੇਰਾ ਪੌਂਦਾ ਏ । ਨਿਹਕਲੰਕ ਨਾਉਂ ਰਖੌਂਦਾ ਏ । ਨਾਮ ਡੰਕ ਇਕ ਵਜੌਂਦਾ ਏ । ਦੋ ਜਹਾਨ ਆਪ ਉਠੌਂਦਾ ਏ । ਲੋਕਮਾਤ ਵੰਡ ਵੰਡੌਂਦਾ ਏ । ਧੁਰ ਦੀ ਧਾਰ ਇਕ ਵਖੌਂਦਾ ਏ । ਭਗਤ ਦਵਾਰ ਇਕ ਸੁਹੌਂਦਾ ਏ । ਉਚ ਮਨਾਰ ਸੋਭਾ ਪੌਂਦਾ ਏ । ਵਿਛੜੇ ਯਾਰ ਅੰਗ ਲਗੌਂਦਾ ਏ । ਮੇਲ ਮਿਲਾਵਾ ਕੰਤ ਭਤਾਰ, ਸੋਹਣੀ ਜੋੜੀ ਜੋੜ ਜੁੜੌਂਦਾ ਏ । ਹੁਕਮੇ ਅੰਦਰ ਖੇਲ ਕਰੇ ਕਰਤਾਰ, ਕੁਦਰਤ ਇਕੋ ਨਾਮ ਜਣੌਂਦਾ ਏ । ਇਕੱਠੇ ਕੀਤੇ ਜੁਗ ਚਾਰ, ਗੁਰ ਅਵਤਾਰ ਪੀਰ ਪੈਗ਼ੰਬਰ ਕਦਮ ਕਦਮ ਨਾਲ ਵਖੌਂਦਾ ਏ । ਵਿਸ਼ਨ ਬ੍ਰਹਮਾ ਸ਼ਿਵ ਹੋਏ ਹੁਸ਼ਿਆਰ, ਆਪ ਆਪਣਾ ਡੇਰਾ ਲੌਂਦਾ ਏ । ਕਰੋੜ ਤੇਤੀਸਾ ਬੋਲਣ ਇਕ ਜੈਕਾਰ, ਸੁਰਪਤ ਇੰਦ ਰਾਗ ਅਲੌਂਦਾ ਏ । ਕਿਨਰ ਜਛਪ ਰਹੇ ਪੁਕਾਰ, ਪ੍ਰਭ ਦਾ ਢੋਲਾ ਇਕੋ ਗੌਂਦਾ ਏ । ਰੂਪ ਅਨੂਪ ਸਤਿ ਸਰੂਪ ਧਾਰ, ਲੋਕਮਾਤ ਖੇਲ ਰਚੌਂਦਾ ਏ । ਵੀਹ ਸੌ ਵੀਹ ਬਿਕ੍ਰਮੀ ਹੋ ਤਿਆਰ, ਤ੍ਰੈਗੁਣ ਅਤੀਤਾ ਸਾਚੇ ਤਖ਼ਤ ਸੋਭਾ ਪੌਂਦਾ ਏ । ਮਿਤੀ ਵੇਖ ਸਤਾਰਾਂ ਹਾੜ, ਥਿਤੀ ਇਕੋ ਰਾਗ ਅਲੌਂਦਾ ਏ । ਚਾਰ ਵਰਨ ਦੀ ਸਿਖੀ ਕਰ ਤਿਆਰ, ਸਾਚੀ ਸਿਖਿਆ ਇਕ ਸਮਝੌਂਦਾ ਏ । ਤਿਖੀ ਰੱਖੀ ਹਰਿ ਜੂ ਧਾਰ, ਖੰਡਾ ਖੜਗ ਨਾ ਕੋਇ ਚਮਕੌਂਦਾ ਏ । ਲੇਖਾ ਜਾਣੇ ਉਤਰ ਪੂਰਬ ਪੱਛਮ ਦੱਖਣ ਪਹਾੜ, ਪਾਰਬ੍ਰਹਮ ਪ੍ਰਭ ਆਪਣੀ ਦਇਆ ਕਮੌਂਦਾ ਏ । ਲੇਖਾ ਜਾਣੇ ਬਹੱਤਰ ਨਾੜ, ਨਾੜੀ ਨਾੜੀ ਫੋਲ ਫੁਲੌਂਦਾ ਏ । ਕਰੇ ਕਰਾਏ ਸਚ ਵਿਹਾਰ, ਰਹਿਬਰ ਬਣ ਕੇ ਰਾਹ ਵਖੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੀਸ ਬੀਸਾ ਖ਼ੁਸ਼ੀ ਮਨੌਂਦਾ ਏ । ਬੀਸ ਬੀਸੇ ਹਰਿ ਜੂ ਆਇਆ ਏ । ਜਿਸ ਆਪਣਾ ਹੁਕਮ ਵਰਤਾਇਆ ਏ । ਗੁਰ ਅਵਤਾਰ ਦਰ ਮੰਗਾਇਆ ਏ । ਸਚ ਦਰਬਾਰ ਇਕ ਸੁਹਾਇਆ ਏ । ਏਕੰਕਾਰ ਹੁਕਮ ਵਰਤਾਇਆ ਏ । ਨਾ ਕੋਈ ਮੇਟੇ ਮੇਟ ਮਿਟਾਇਆ ਏ । ਖੇਵਟ ਖੇਟਾ ਇਕ ਅਖਵਾਇਆ ਏ । ਗੋਬਿੰਦ ਬੇਟਾ ਨਾਲ ਰਲਾਇਆ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਇਕ ਚੜ੍ਹਾਇਆ ਏ । ਸਾਚਾ ਰੰਗ ਚੜ੍ਹਾਏ ਏਕੰਕਾਰ, ਅਕਲ ਕਲਾ ਅਖਵਾਈਆ । ਇਕੱਠ ਕਰ ਗੁਰ ਅਵਤਾਰ, ਪੀਰ ਪੈਗ਼ੰਬਰਾਂ ਰਿਹਾ ਸਮਝਾਈਆ । ਨੇਤਰ ਖੋਲ੍ਹੇ ਨੈਣ ਉਘਾੜ, ਅੱਖ ਅੱਖ ਨਾਲ ਮਿਲਾਈਆ । ਵੇਖੋ ਫਲਵਾੜੀ ਸਤਾਰਾਂ ਹਾੜ, ਸ੍ਰੀ ਭਗਵਾਨ ਰਿਹਾ ਜਣਾਈਆ । ਜਿਨ੍ਹਾਂ ਪਾਰਬ੍ਰਹਮ ਪ੍ਰੀਤਮ ਮਿਲਿਆ ਇਕ ਕਰਤਾਰ, ਹਰਿ ਕਰਤਾ ਦਇਆ ਕਮਾਈਆ । ਸੋ ਗੁਰਮੁਖ ਨੈਣ ਰਹੇ ਸ਼ੰਗਾਰ, ਨਿਜ ਨੇਤਰ ਅੱਖ ਖੁਲ੍ਹਾਈਆ । ਰਸਨਾ ਬੋਲਣ ਇਕ ਜੈਕਾਰ, ਸੋਹੰ ਢੋਲਾ ਰਹੇ ਗਾਈਆ । ਤੂੰ ਮੇਰਾ ਮੈਂ ਤੇਰੀ ਨਾਰ, ਕੰਤ ਸੁਹਾਗ ਮਿਲੇ ਘਰ ਆਵੇ ਚਾਈਂ ਚਾਈਆ । ਸਖੀਆਂ ਹੋਵੇ ਮੰਗਲਾਚਾਰ, ਗੀਤ ਗੋਬਿੰਦ ਅਲਾਈਆ । ਬੰਕ ਸੁਹਾਏ ਠੰਡਾ ਠਾਰ, ਅਗਨੀ ਤੱਤ ਨਾ ਲਾਗੇ ਰਾਈਆ । ਨਿਜ ਨੈਣ ਵੇਖ ਗੁਰੂ ਅਵਤਾਰ, ਪੀਰ ਪੈਗ਼ੰਬਰ ਖ਼ੁਸ਼ੀ ਮਨਾਈਆ । ਜਿਸ ਦੀ ਆਸ ਰੱਖਦੇ ਰਹੇ ਜੁਗ ਚਾਰ, ਸੋ ਸਾਹਿਬ ਫੇਰਾ ਪਾਈਆ । ਤੁਹਾਡਾ ਲੇਖਾ ਦਏ ਨਿਵਾਰ, ਝਗੜਾ ਰਹਿਣ ਕੋਇ ਨਾ ਪਾਈਆ । ਦੀਨ ਮਜ਼੍ਹਬ ਲੋਕਮਾਤ ਨਜ਼ਰ ਨਾ ਆਈਆ । ਭਗਤ ਦੁਆਰੇ ਦੇਵੇ ਵਾੜ, ਚਾਰ ਵਰਨਾਂ ਇਕ ਸਰਨਾਈਆ । ਬੀਸ ਬੀਸ ਬਿਕ੍ਰਮੀ ਸਭ ਨੂੰ ਰਹਿ ਜਾਏ ਯਾਦ, ਯਾਦਦਾਸ਼ਤ ਇਕ ਸਮਝਾਈਆ । ਪੀਰ ਪੈਗ਼ੰਬਰਾਂ ਮਿਲੇ ਦਾਦ, ਹਰਿ ਵਸਤ ਆਪ ਵਰਤਾਈਆ । ਗੁਰ


Rev-01

ਅਵਤਾਰਾਂ ਵੱਜੇ ਨਾਦ, ਧੁਨ ਰਾਗ ਸ਼ਨਵਾਈਆ । ਕੱਠੇ ਹੋਏ ਸਾਜਣ ਸਾਧ, ਸਾਚੀ ਸਾਧਨਾ ਗਿਆ ਸਮਝਾਈਆ । ਜਿਸ ਰਚਨਾ ਰਚੀ ਆਦਿ, ਸੋ ਅੰਤਮ ਵੇਖਣ ਆਈਆ । ਕਲਜੁਗ ਅੰਤ ਸੁਣ ਫ਼ਰਯਾਦ, ਬੇਪਰਵਾਹ ਹੋਏ ਸਹਾਈਆ । ਧੁਰ ਦਰਬਾਰੀ ਕਰੇ ਰਾਜ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਕਲਜੁਗ ਅੰਤਮ ਬਦਲ ਦੇਵੇ ਸਮਾਜ, ਕੂੜੀ ਕਿਰਿਆ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਅਵਤਾਰਾਂ ਰਿਹਾ ਵਖਾਈਆ । ਗੁਰ ਅਵਤਾਰ ਉਠ ਖਲੋਵਣ, ਸੋ ਸਾਹਿਬ ਹੁਕਮ ਜਣਾਈਆ । ਆਲਸ ਨਿੰਦਰਾ ਵਿਚ ਕਦੇ ਨਾ ਸੋਵਣ, ਜਾਗਰਤ ਜੋਤ ਕਰੇ ਰੁਸ਼ਨਾਈਆ । ਪਾਰਬ੍ਰਹਮ ਦੇ ਹੋਵਣ, ਦੂਜਾ ਸਾਕ ਨਾ ਕੋਇ ਬਣਾਈਆ । ਆਪਣੀ ਕੀਤੀ ਆਪੇ ਖੋਵਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਗੁਰ ਅਵਤਾਰ ਕਰਨ ਨਿਮਸਕਾਰਾ, ਪ੍ਰਭ ਸਾਚੇ ਸਰਨੀ ਆਈਆ । ਹਰਿ ਆਇਆ ਵਡ ਨਿਰੰਕਾਰਾ, ਜੁਗ ਚੌਕੜੀ ਜਿਸ ਖੇਲ ਰਚਾਈਆ । ਸੋ ਸਾਹਿਬ ਪਰਵਰਦਿਗਾਰਾ, ਜਿਸ ਘਰ ਸਾਡੇ ਜੋਤ ਟਿਕਾਈਆ । ਨਿਰਮਲ ਨੂਰ ਕੀਆ ਉਜਿਆਰਾ, ਨਾਦ ਧੁਨ ਜਿਸ ਸ਼ਨਵਾਈਆ । ਸੋ ਸਾਹਿਬ ਗਾਵਣਹਾਰਾ ਬੇਪਰਵਾਹ ਆਪਣੀ ਵਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਆਪ ਕਰਤਾਰਾ । ਹਰਿ ਕਰਤਾ ਖੇਲ ਖਲਾਇੰਦਾ, ਕਲ ਕਲਕੀ ਲੈ ਅਵਤਾਰ । ਭਗਤ ਭਗਵਾਨ ਆਪ ਉਠਾਇੰਦਾ, ਕਿਰਪਾ ਕਰ ਸੱਚੀ ਸਰਕਾਰ । ਸਾਚਾ ਵਕਤ ਸੋਭਾ ਪਾਇੰਦਾ, ਘੜੀ ਸੁਲੱਖਣੀ ਕਰੇ ਨਿਮਸਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ
੧੦੩੦ ਕਰ, ਲੇਖਾ ਜਾਣੇ ਧੁਰ ਦਰਬਾਰ । ਧੁਰ ਦਰਬਾਰੀ ਆਇਆ ਆਪ, ਆਪਣੀ ਦਇਆ ਕਮਾਈਆ । ਦੋ ਜਹਾਨਾਂ ਇਕੋ ਜਾਪ, ਏਕਾ ਕਰੇ ਪੜ੍ਹਾਈਆ । ੧੦੩੦
੧੪ ਜਨਮ ਕਰਮ ਮੇਟ ਸੰਤਾਪ, ਦੁਖੜੇ ਰੋਗ ਮਿਟਾਈਆ । ਭਗਤ ਸੁਹੇਲਾ ਮਾਈ ਬਾਪ, ਪਿਤਾ ਪੂਤ ਗੋਦ ਉਠਾਈਆ । ਚਰਨ ਕਵਲ ਬੰਧਾਏ ਨਾਤ, ੧੪
ਨਾਤਾ ਇਕੋ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੀਸ ਬੀਸ ਖ਼ੁਸ਼ੀ ਮਨਾਈਆ । ਬੀਸ ਬੀਸਾ ਖ਼ੁਸ਼ੀ ਮਨੌਂਦਾ ਏ । ਹਰਿ ਜਗਦੀਸਾ ਖੇਲ ਰਚੌਂਦਾ ਏ । ਤਾਜ ਸੀਸ ਇਕ ਟਿਕੌਂਦਾ ਏ । ਪੰਚ ਮੁਖ ਆਪ ਬਣੌਂਦਾ ਏ । ਧਰਤ ਮਾਤ ਦੀ ਕੁੱਖ ਸੁਹੌਂਦਾ ਏ । ਦੁਖੀਆਂ ਦੇ ਦੁੱਖ ਵੰਡੌਂਦਾ ਏ । ਭੁੱਖਿਆਂ ਦੀ ਭੁੱਖ ਵੰਡੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਅਵਤਾਰਾਂ ਨਾਲ ਮਿਲੌਂਦਾ ਏ । ਗੁਰ ਅਵਤਾਰ ਕਰੋ ਧਿਆਨ, ਹਰਿ ਸਤਿਗੁਰ ਰਿਹਾ ਜਣਾਈਆ । ਚਾਰੋਂ ਕੁੰਟ ਦਿਸੇ ਵੈਰਾਨ, ਦਹਿ ਦਿਸ਼ਾ ਅੰਧੇਰਾ ਛਾਈਆ । ਚਾਰ ਵਰਨ ਨਾ ਕੋਈ ਗਿਆਨ, ਸਾਚਾ ਧਰਮ ਨਾ ਕੋਇ ਵਖਾਈਆ । ਗੁਰੂਦੁਆਰ ਮੰਦਰ ਮਸਜਦ ਬੈਠੇ ਬੇਈਮਾਨ, ਅੰਤਰ ਆਤਮ ਮੇਲ ਨਾ ਕੋਇ ਮਿਲਾਈਆ । ਪੁਰਖ ਅਬਿਨਾਸ਼ੀ ਵੇਖਣਹਾਰਾ ਨੌਜਵਾਨ, ਬਿਰਧ ਬਾਲ ਆਪਣੀ ਕਲ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਥਾਉਂ ਥਾਈਆਂ । ਗੁਰ ਅਵਤਾਰ ਹੋਏ ਇਕੱਠੇ, ਹਾੜ ਸਤਾਰਾਂ ਖ਼ੁਸ਼ੀ ਮਨਾਈਆ । ਸ੍ਰੀ ਭਗਵਾਨ ਚਰਨੀ ਢੱਠੇ, ਦੋਏ ਜੋੜ ਵਾਸਤਾ ਪਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਅਸੀਂ ਲਿਖ ਕੇ ਦੇ ਦੇ ਆਏ ਪਟੇ, ਪੱਟੇਦਾਰੀ ਜਗਤ ਕਰਾਈਆ । ਦੀਨ ਮਜ਼੍ਹਬ ਦੇ ਪਾ ਕੇ ਰੱਟੇ, ਝਗੜਾ ਤੇਰਾ ਨਾਮ ਰਖਾਈਆ । ਚਾਰੋਂ ਕੁੰਟ ਫਿਰਦੇ ਨੱਠੇ, ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਪ੍ਰਭ ਤੇਰੇ ਹੱਥ ਵਡਿਆਈਆ । ਗੁਰ ਅਵਤਾਰ ਨਜ਼ਰੀ ਤੱਕੋ, ਤਕਵਾ ਕਵਣ ਜਗਤ ਰਖਾਇੰਦਾ ।

ਚਾਰ ਕੁੰਟ ਦਹਿ ਦਿਸ਼ਾ ਨੱਠੇ, ਸ੍ਰੀ ਭਗਵਾਨ ਹੁਕਮ ਸੁਣਾਇੰਦਾ । ਆਪਣੇ ਆਪਣੇ ਗੁਰਮੁਖ ਲੱਭੇ, ਜੋ ਤੁਹਾਡੀ ਓਟ ਤਕਾਇੰਦਾ । ਸਚ ਦੁਆਰੇ ਆ ਕੇ ਸੱਚੀ ਦੱਸੇ, ਪੜਦਾ ਉਹਲਾ ਨਾ ਕੋਇ ਜਣਾਇੰਦਾ । ਪੁਰਖ ਅਬਿਨਾਸ਼ੀ ਕੋਲੋਂ ਮੂਲ ਨਾ ਬਚੇ, ਜੋ ਭੱਜਿਆ ਸੋ ਏਕਾ ਘਰ ਸਾਚੇ ਬਹਿਣ ਨਾ ਪਾਇੰਦਾ । ਮਲੰਗ ਹੋ ਕੇ ਦਰ ਤੇ ਨੱਚੇ, ਹਰਿ ਨਟੂਆ ਸਵਾਂਗ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਿਛਲਾ ਲੇਖਾ ਆਪ ਸਮਝਾਇੰਦਾ । ਗੁਰ ਅਵਤਾਰ ਸਾਰੇ ਕਹਿੰਦੇ, ਉਚੀ ਕੂਕ ਕੂਕ ਸੁਣਾਈਆ । ਸਾਡੀ ਸਰਨ ਕੋਈ ਨਾ ਬਹਿੰਦਾ, ਭਰਮੇ ਭੁੱਲੀ ਸਰਬ ਲੋਕਾਈਆ । ਦੀਨ ਮਜ਼੍ਹਬ ਇਕ ਦੂਜੇ ਨਾਲ ਖੈਂਹਦਾ, ਮਾਇਆ ਮਮਤਾ ਕਰੇ ਲੜਾਈਆ । ਸਤਿਗੁਰ ਚਰਨ ਕੋਇ ਨਾ ਢੈਂਹਦਾ, ਹਉਮੇਂ ਹੰਗਤਾ ਰਹੀ ਸਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰੇ ਅੱਗੇ ਇਕ ਅਰਜ਼ੋਈਆ । ਗੁਰ ਅਵਤਾਰ ਕਰਨ ਅਰਦਾਸ, ਅਰਦਾਸਾ ਇਕੋ ਇਕ ਸੁਧਾਈਆ । ਸਾਡਾ ਕੋਈ ਨਾ ਦੇਵੇ ਸਾਥ, ਕਲਜੁਗ ਸੰਗੀ ਸੰਗ ਗਏ ਛੁਡਾਈਆ । ਜਗਤ ਵਿਹਾਰਾ ਮਦਿਰਾ ਮਾਸ, ਸਾਸ ਗਰਾਸ ਨਾਮ ਨਾ ਕੋਇ ਜਣਾਈਆ । ਨਿਰਮਲ ਜੋਤ ਨਾ ਕੋਇ ਪਰਕਾਸ਼, ਚਾਰ ਕੁੰਟ ਅੰਧੇਰਾ ਛਾਈਆ । ਪੁਰਖ ਅਕਾਲ ਤੁਟਿਆ ਨਾਤ, ਕੂੜੀ ਕਿਰਿਆ ਨਾਤਾ ਰਹੇ ਜੁੜਾਈਆ । ਹੱਥ ਲਾਈ ਨਾ ਕਿਸੇ ਪਰਭਾਤ, ਸੰਧਿਆ ਰੰਗ ਨਾ ਕੋਇ ਵਖਾਈਆ । ਅੰਦਰ ਵੜ ਨਾ ਮਾਰੀ ਕਿਸੇ ਝਾਤ, ਬਾਹਰੋਂ ਰਸਨਾ ਜਿਹਵਾ ਰਹੇ ਗਾਈਆ । ਤੇਰੀ ਕਿਸੇ ਨਾ ਲੱਭੀ ਜ਼ਾਤ, ਤੇਰੀ ਸਿਫ਼ਤ ਨਾ ਕੋਇ ਸੁਣਾਈਆ । ਜੋ ਆਇਆ ਸੋ ਪਾ ਕੇ ਗਿਆ ਵਫ਼ਾਤ, ਫ਼ਤਵਾ ਤਿਸ ਨੂੰ ਦਿਤਾ ਲਗਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਅਸੀਂ ਤੇਰਾ ਹੁਕਮ ਲਿਖ ਕੇ ਆਏ ਕਲਮ ਦਵਾਤ, ਕਾਗ਼ਜ਼ਾਂ ਉਤੇ ਅੱਖਰ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹੱਥ ਤੇਰੇ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭ ਸਾਡਾ ਮੁੱਕੇ ਝਗੜਾ, ਦੀਨ ਮਜ਼੍ਹਬ ਨਾ ਕੋਇ ਲੜਾਈਆ । ਤੇਰਾ ਨਗਰ ਇਕੋ ਵੱਖਰਾ, ਵੱਖਰੀ ਧਾਰ ਚਲਾਈਆ । ਤੂੰ ਯਾਰੜਾ ਹੰਡਾਇਆ ਇਕੋ ਸੱਥਰਾ, ਸੱਥਰ ਆਪਣੀ ਸੇਜ ਬਣਾਈਆ । ਚੋਟੀ ਚੜ੍ਹਿਆ ਇਕੋ ਆਖ਼ਰਾ, ਆਖ਼ਰ ਆਪਣਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਪ੍ਰਭ ਮਿਲੇ ਤੇਰੀ ਸਰਨਾਈਆ । ਪ੍ਰਭ ਸਚ ਸਚ ਜਣੌਂਦਾ ਏ । ਹੁਕਮ ਇਕੋ ਇਕ ਵਰਤੌਂਦਾ ਏ । ਨਾਉਂ ਨਿਰੰਕਾਰ ਡੰਕ ਵਜੌਂਦਾ ਏ । ਰਾਮ ਰਾਮ ਰੂਪ ਵਟੌਂਦਾ ਏ । ਕ੍ਰਿਸ਼ਨ ਕਾਹਨ ਮੁਕਟ ਸੁਹੌਂਦਾ ਏ । ਈਸਾ ਮੂਸਾ ਮੁਹੰਮਦ ਦੇ ਪੈਗ਼ਾਮ, ਸਚ ਸੰਦੇਸ ਅਲੌਂਦਾ ਏ । ਨਾਨਕ ਗੋਬਿੰਦ ਇਕ ਨਜ਼ਾਮ, ਇਕੋ ਰਾਹ ਚਲੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਵਖੌਂਦਾ ਏ । ਸਾਚਾ ਖੇਲ ਕਰੇ ਕਰਤਾਰ, ਕਲਜੁਗ ਅੰਤ ਵੱਜੀ ਵਧਾਈਆ । ਵੇਖਣਹਾਰ ਸਰਬ ਸੰਸਾਰ, ਲੱਖ ਚੁਰਾਸੀ ਫੋਲ ਫੁਲਾਈਆ । ਜੁਗ ਚੌਕੜੀ ਵਿਛੜੇ ਯਾਰ, ਹਰਿ ਮੇਲਾ ਲਏ ਮਿਲਾਈਆ । ਰਚਿਆ ਕਾਜ ਆਪ ਨਿਰੰਕਾਰ, ਨਿਰਗੁਣ ਆਪਣਾ ਸਗਨ ਮਨਾਈਆ । ਆਸਾ ਤ੍ਰਿਸਨਾ ਦਏ ਨਵਾਰ, ਕੂੜੀ ਕਿਰਿਆ ਮੋਹ ਤੁੜਾਈਆ । ਸਾਚੀ ਸਿਖਿਆ ਦਏ ਵਿਚਾਰ, ਸੋਚ ਸਮਝ ਨਾਲ ਮਿਲਾਈਆ । ਗੁਰਮੁਖ ਕੋਈ ਨਾ ਰਹੇ ਵਿਭਚਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦ ਵਡਿਆਈਆ । ਸਚ ਵਡਿਆਈ ਚਾਰ ਵਰਨ, ਹਰਿ ਇਕੋ ਰੰਗ ਰੰਗਾਇੰਦਾ । ਨੇਤਰ ਖੋਲ੍ਹੇ ਹਰਨ ਫਰਨ, ਜੋ ਜਨ ਸਰਨਾਈ ਆਇੰਦਾ । ਨਾਤਾ ਚੁੱਕੇ ਮਰਨ ਡਰਨ, ਲੱਖ ਚੁਰਾਸੀ

ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਕਰਨੀ ਕਰ ਵਖਾਇੰਦਾ । ਹਰਿ ਕਰਨੀ ਕਰੇ ਆਪ ਨਿਰੰਕਾਰਾ,
ਆਪਣੇ ਹੱਥ ਰੱਖੇ ਵਡਿਆਈਆ । ਸਾਚਾ ਧਰਮ ਚਲੇ ਸੰਸਾਰਾ, ਧੁਰਦਰਗਾਹੀ ਆਪ ਸਮਝਾਈਆ । ਚਾਰ ਵਰਨਾਂ ਇਕ ਜੈਕਾਰਾ, ਆਤਮ ਪਰਮਾਤਮ
ਢੋਲਾ ਗਾਈਆ । ਸੋਹੰ ਸ਼ਬਦ ਸਰਬ ਸਹਾਰਾ, ਸਤਿ ਸਤਿਵਾਦੀ ਦਏ ਸਮਝਾਈਆ । ਰਾਜ ਜੋਗ ਦਾ ਇਕ ਅਖਾੜਾ, ਇਕੋ ਘਰ ਨਾਚ ਨਚਾਈਆ ।
ਹੁਕਮ ਸੁਣਾਏ ਸਤਾਰਾਂ ਹਾੜਾ, ਵਦੀ ਸੁਦੀ ਨਾਲ ਰਲਾਈਆ । ਕਾਗ਼ਜ਼ ਕਲਮ ਨਾ ਲਿਖਣਹਾਰਾ, ਲੇਖਾ ਜਾਣੇ ਨਾ ਕੋਇ ਸ਼ਾਹੀਆ । ਜਿਸ ਦਾ
ਹੁਕਮ ਮੰਨਦੇ ਰਹੇ ਗੁਰੂ ਅਵਤਾਰਾ, ਪੀਰ ਪੈਗ਼ੰਬਰ ਸਜਦਾ ਸੀਸ ਝੁਕਾਈਆ । ਸੋ ਦਰ ਖੜੇ ਦੁਆਰਾ, ਦਰਵੇਸ਼ ਨਜ਼ਰੀ ਆਈਆ । ਵਾਹ ਵਾ
ਤੇਰਾ ਖੇਲ ਪਰਵਰਦਿਗਾਰਾ, ਬੇਪਰਵਾਹੀ ਤੇਰੀ ਸਮਝ ਕਿਸੇ ਨਾ ਆਈਆ । ਡੰਕਾ ਵੱਜੇ ਅਗੰਮ ਅਪਾਰਾ, ਰਾਉਂ ਰੰਕਾਂ ਰਿਹਾ ਜਣਾਈਆ । ਕੋਈ
ਨਾ ਰਹੇ ਸਾਕਤ ਨਿੰਦਕ ਦੁਸ਼ਟ ਦੁਰਾਚਾਰਾ, ਕੂੜਾ ਨਾਤਾ ਤੋੜ ਤੁੜਾਈਆ । ਗੁਰਮੁਖ ਵੇਖੇ ਸਾਚਾ ਲਾੜਾ, ਲੱਖ ਚੁਰਾਸੀ ਵਿਚੋਂ ਫੋਲ ਫੁਲਾਈਆ ।
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਦੇਵੇ ਵਡਿਆਈ ਵੱਡਾ ਵਡ, ਮਿਹਰਵਾਨ ਮਿਹਰ ਨਜ਼ਰ
ਉਠਾਇੰਦਾ । ਸੰਤ ਸੁਹੇਲੇ ਗੁਰੂ ਚੇਲੇ ਲੱਖ ਚੁਰਾਸੀ ਵਿਚੋਂ ਲਏ ਲੱਭ, ਧੁਰ ਦਾ ਆਪਣਾ ਘਰ ਵਖਾਇੰਦਾ । ਨਾਮ ਸਦਾ ਲਵੇ ਸੱਦ, ਸਦਕੇ ਘੋਲੀ
ਵਾਰੀ ਆਪਣਾ ਪਰੇਮ ਵਧਾਇੰਦਾ । ਵਿਸ਼ਨੂੰ ਬਣਾਏ ਵਿਸ਼ਵ ਯਦ, ਆਪਣੇ ਨਾਲ ਰਖਾਇੰਦਾ । ਇਕੋ ਦੇਵੇ ਅਮਰਾਪਦ, ਘਰ ਚੌਥੇ ਆਪ ਬਹਾਇੰਦਾ ।
੧੦੩੨ ਪਿਛੇ ਕੋਈ ਨਾ ਦੇਵੇ ਛੱਡ, ਜੋ ਸੋਹੰ ਢੋਲਾ ਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੀਹ ਸੌ ਵੀਹ ਬਿਕ੍ਰਮੀ ਗੁਰਮੁਖ ੧੦੩੨
੧੪ ਸੱਜਣ ਪਾਰ ਕਰਾਇੰਦਾ । ਗੁਰ ਅਵਤਾਰ ਦਰ ਸਾਚਾ ਮੰਗਣ, ਇਕੋ ਮੰਗ ਮੰਗਾਈਆ । ਜਨ ਭਗਤਾਂ ਨਾਲ ਚਾੜ੍ਹ ਰੰਗਣ, ਤੇਰੇ ਹੱਥ ਤੇਰੀ ੧੪
ਵਡਿਆਈਆ । ਜਿਸ ਨਿੰਮ ਵਾਸ ਬਣਾਇਆ ਚੰਦਨ, ਮਹਿਕ ਆਪਣਾ ਨਾਮ ਮਹਿਕਾਈਆ । ਜੋ ਜਨ ਜੀਂਵਦਿਆਂ ਜਗ ਗਏ ਹੰਢਣ, ਮਰਿਆਂ
ਆਪਣੇ ਸੰਗ ਰਖਾਈਆ । ਸੋ ਸਤਿਗੁਰ ਪੂਰਾ ਅਨੰਦ ਅਨੰਦਨ, ਅਨੰਦ ਇਕੋ ਇਕ ਸਮਝਾਈਆ । ਜੁਗ ਜਨਮ ਦੀ ਟੁੱਟੀ ਆਇਆ ਗੰਢਣ, ਗੰਢਣਹਾਰ
ਆਪ ਅਖਵਾਈਆ । ਠਾਕਰ ਸਵਾਮੀ ਬਣ ਬਖ਼ਸ਼ੰਦਨ, ਬਖ਼ਸ਼ਸ਼ ਰਿਹਾ ਕਮਾਈਆ । ਆਤਮ ਦੇਵੇ ਪਰਮਾਨੰਦਨ, ਪਰਮ ਪੁਰਖ ਸਹਿਜ ਸੁਖਦਾਈਆ ।
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸੱਜਣ ਲਏ ਜਗਾਈਆ । ਗੁਰਮੁਖ ਸੱਜਣ ਖੋਲ੍ਹੇ ਅੱਖ, ਹਰਿ ਆਖ਼ਰ ਮੇਲ ਮਿਲਾਇੰਦਾ ।
ਕਲਜੁਗ ਅੰਤਮ ਹੋ ਪਰਤੱਖ, ਪਾਰਖੂ ਆਪਣਾ ਪੜਦਾ ਲਾਹਿੰਦਾ । ਅੰਤਰ ਆਤਮ ਮਾਰਗ ਦੱਸ, ਪਰਮਾਤਮ ਜੋੜ ਜੁੜਾਇੰਦਾ । ਨਿਰਗੁਣ ਨੂਰ
ਕਰ ਪਰਕਾਸ਼, ਜੋਤੀ ਜਾਤਾ ਡਗਮਗਾਇੰਦਾ । ਸਾਚੀ ਸੇਜਾ ਭੋਗ ਬਲਾਸ, ਸੋ ਸਤਿਗੁਰ ਆਪ ਕਰਾਇੰਦਾ । ਚਿਰੀ ਵਿਛੁੰਨੀ ਪੂਰੀ ਆਸ, ਆਸਾ
ਮਨਸਾ ਵਿਚ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਆਪ ਵਡਿਆਇੰਦਾ । ਜਨ ਭਗਤ ਵਡਿਆਈ
ਸਚ ਦੁਆਰ, ਹਰਿ ਸਤਿਗੁਰ ਆਪ ਕਰਾਈਆ । ਰਾਹ ਤੱਕਦੇ ਰਹੇ ਜੁਗ ਚਾਰ, ਅੰਤਮ ਵੇਲਾ ਗਿਆ ਆਈਆ । ਲੈਣ ਆਵੇ ਸ਼ਾਹ ਪਾਤਸ਼ਾਹ
ਸੱਚੀ ਸਰਕਾਰ, ਸ਼ਹਿਨਸ਼ਾਹ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਰਿਹਾ ਵਖਾਈਆ ।
ਖੇਲ ਕਰੇ ਕਰਤਾਰ, ਕਰਨੀ ਆਪ ਕਮਾਈਆ । ਸਵਾ ਪੰਜ ਦਾ ਇਕ ਵਿਹਾਰ, ਵਿਵਹਾਰੀ ਦਏ ਸਮਝਾਈਆ । ਘੋੜੇ ਚੜ੍ਹੇ ਗੁਰਮੁਖ ਲਾਲ, ਗੁਰ

ਗੁਰ ਖ਼ੁਸ਼ੀ ਮਨਾਈਆ । ਏਥੇ ਓਥੇ ਬਣ ਦਲਾਲ, ਸਗਲਾ ਸੰਗ ਨਿਭਾਈਆ । ਆਪੇ ਸੁਣੇ ਮੁਰੀਦਾਂ ਹਾਲ, ਮੁਰਸ਼ਦ ਫੇਰਾ ਪਾਈਆ । ਤ੍ਰੈਗੁਣ ਮਾਇਆ ਤੋੜ ਜੰਜਾਲ, ਕੂੜੀ ਕਿਰਿਆ ਡੇਰਾ ਢਾਹੀਆ । ਲਹਿਣਾ ਚੁੱਕੇ ਕਾਲ ਮਹਾਂਕਾਲ, ਦੀਨ ਦਿਆਲ ਹੋਏ ਸਹਾਈਆ । ਸਚ ਵਖਾਏ ਸੱਚੀ ਧਰਮਸਾਲ, ਧਰਮ ਦੁਆਰ ਇਕ ਉਪਾਈਆ । ਜਿਸ ਗ੍ਰਿਹ ਵਸੇ ਸਵਾਮੀ ਗੋਪਾਲ, ਠਾਕਰ ਆਪਣਾ ਆਸਣ ਲਾਈਆ । ਸਚ ਪ੍ਰੀਤ ਨਿਭਾਏ ਨਾਲ, ਅਧਵਿਚਕਾਰ ਨਾ ਕੋਇ ਤੁੜਾਈਆ । ਭੇਵ ਨਾ ਜਾਣੇ ਸ਼ਾਹ ਕੰਗਾਲ, ਊਚਾਂ ਨੀਚਾਂ ਇਕੋ ਰੰਗ ਸਮਾਈਆ । ਸੰਤ ਸੁਹੇਲੇ ਸੱਜਣ ਭਾਲ, ਭਾਵੀ ਸਿਰ ਤੋਂ ਦਏ ਮਿਟਾਈਆ । ਦਿਵਸ ਰੈਣ ਕਰੇ ਪ੍ਰਿਤਪਾਲ, ਬਣ ਪ੍ਰਿਤਪਾਲਕ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਜਣਾਈਆ । ਘੋੜੀ ਚੜ੍ਹਿਆ ਗੋਬਿੰਦ ਸੁਤ, ਹਰਿ ਸ਼ਬਦ ਵੱਜੀ ਵਧਾਈਆ । ਕਾਜ ਰਚਾਇਆ ਅਬਿਨਾਸ਼ੀ ਅਚੁਤ, ਚੇਤਨ ਚੇਤਨ ਧਾਰ ਜਣਾਈਆ । ਦੋ ਜਹਾਨਾਂ ਸੋਹੀ ਰੁੱਤ, ਬ੍ਰਹਿਮੰਡ ਖੰਡ ਖ਼ੁਸ਼ੀ ਮਨਾਈਆ । ਗੁਰ ਅਵਤਾਰ ਰਹੇ ਪੁੱਛ, ਪ੍ਰਭ ਕੀ ਕੀ ਖੇਲ ਰਚਾਈਆ । ਜਨ ਭਗਤਾਂ ਨੇੜੇ ਗਿਆ ਢੁਕ, ਦੂਰ ਦੁਰਾਡਾ ਪੰਧ ਮੁਕਾਈਆ । ਆਪਣੀ ਧਾਰੋਂ ਆਪੇ ਉਠ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਨਿਉਂ ਨਿਉਂ ਵੇਖੇ ਸੀਸ ਝੁਕ, ਨੇਤਰ ਨੈਣ ਨੈਣ ਸ਼ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਗੁਰਮੁਖ ਘੋੜੀ ਚੜ੍ਹਨਗੇ । ਪ੍ਰਭ ਸਾਹਿਬ ਦਾ ਪੱਲੂ ਫੜਨਗੇ । ਸੋਹੰ ਢੋਲਾ ਇਕੋ ਪੜ੍ਹਨਗੇ । ਨਾ ਜੰਮਣਗੇ ਨਾ ਮਰਨਗੇ । ਸੱਚੀ ਤਰਨੀ ਇਕੋ ਤਰਨਗੇ । ਘਰ ਸਾਚੇ ਜਾ ਕੇ ਵੜਨਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਇਕੋ ਕਰਨਗੇ । ਗੁਰਮੁਖ ਘੋੜੀ ਚਾੜ੍ਹਿਆ, ਕਰ ਕਿਰਪਾ ਨਿਰੰਕਾਰ । ਉਠ ਸੱਜਣ ਮੇਰੇ ਲਾੜਿਆ, ਤੈਨੂੰ ਲੈਣ ਆਇਆ ਨਿਰੰਕਾਰ । ਵੀਹ ਸੌ ਵੀਹ ਜਿਸ ਵਿਚਾਰਿਆ, ਸੋ ਗੁਰਮੁਖ ਉਤਰੇ ਪਾਰ । ਜੋ ਚਲ ਆਏ ਸਤਾਰਾਂ ਹਾੜਿਆ, ਤਿਨ੍ਹਾਂ ਜਮ ਨਾ ਮਾਰੇ ਮਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਮਾਰਗ ਦਏ ਵਖਾਲ ਗੁਰਮੁਖ ਘੋੜੀ ਚੜ੍ਹਿਆ ਬੰਨ੍ਹ ਕੇ ਸਿਹਰੇ, ਸਿਹਰਾ ਇਕੋ ਸੀਸ ਬੰਧਾਈਆ । ਪਾਰਬ੍ਰਹਮ ਕਰੀ ਮਿਹਰੇ, ਮਿਹਰ ਨਜ਼ਰ ਉਠਾਈਆ । ਪੁਰਖ ਅਬਿਨਾਸ਼ੀ ਝੱਲਾ ਹੋ ਕੇ ਵੜਿਆ ਵੇਹੜੇ, ਆਪ ਆਪਣਾ ਫੇਰਾ ਪਾਈਆ । ਕਲਜੁਗ ਅੰਤਮ ਦੇਵੇ ਗੇੜੇ, ਗੇੜਾ ਇਕੋ ਇਕ ਭੁਆਈਆ । ਜਗਤ ਨਕਾਹ ਦੇ ਚੁੱਕੇ ਝੇੜੇ, ਕੂੜਾ ਵਿਵਾਹ ਨਾ ਕੋਇ ਵਖਾਈਆ । ਜਿਸ ਜਨ ਚਾੜ੍ਹੇ ਆਪਣੇ ਬੇੜੇ, ਚੱਪੂ ਆਪਣਾ ਨਾਮ ਲਗਾਈਆ । ਸੋਹਰੇ ਪੇਈਏ ਵੇਖੇ ਖੇੜੇ, ਖੇੜਾ ਇਕੋ ਇਕ ਵਡਿਆਈਆ । ਜੇਹੜੇ ਢੋਲੇ ਗੌਂਦੇ ਤੇਰੇ ਮੇਰੇ, ਮੇਰਾ ਤੇਰਾ ਰੂਪ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੀਸ ਬੀਸੇ ਖ਼ੁਸ਼ੀ ਮਨਾਈਆ । ਬੀਸ ਬੀਸਾ ਕਹੇ ਮੈਂ ਹੋਇਆ ਖ਼ੁਸ਼, ਘਰ ਸਾਚੇ ਵੱਜੀ ਵਧਾਈਆ । ਪੁਰਖ ਅਬਿਨਾਸ਼ੀ ਪਿਆ ਉਠ, ਸਭ ਆਪਣੇ ਲੇਖੇ ਲਾਈਆ । ਦਿਆਲ ਹੋ ਕੇ ਗਿਆ ਤੁਠ, ਦੀਨਨ ਗਲੇ ਲਗਾਈਆ । ਬਿਰਧਾਂ ਬਾਲਾਂ ਲਏ ਪੁੱਛ, ਵਡ ਸੱਜਣ ਸਚ ਦੁਆਰੇ ਵੇਖ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਚਾਈਂ ਚਾਈਂਆ । ਖੇਲ ਘਨੇਰਾ ਚਾਉ ਹਰਿ, ਵੱਜੇ ਮਾਤ ਵਧਾਈਆ । ਗੁਰ ਅਵਤਾਰ ਆਵਣ ਦਰ, ਘਰ ਸਾਚੇ ਡੇਰਾ ਲਾਈਆ । ਸੀਸ ਨਿਵਾਵਣ ਬਿਨ ਸੀਸ ਧੜ, ਨਿਉਂ ਨਿਉਂ ਲਾਗਣ ਪਾਈਆ । ਪਾਰਬ੍ਰਹਮ ਪ੍ਰਭ ਕਿਰਪਾ ਕਰੇ ਹਰਿ, ਹਰਿ ਜੂ ਤੇਰੀ ਸਰਨਾਈਆ । ਜਗਤ ਤੇਰਾ ਨਾਉਂ ਆਏ ਪੜ੍ਹ, ਪੁਸਤਕ ਜਗਤ ਰੂਪ

ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਮਿਹਰ ਨਜ਼ਰ ਪ੍ਰਭ ਸਾਚੇ ਤੱਕ, ਇਕ ਧਿਆਨ ਲਗਾਈਆ । ਸਾਡਾ ਦੇ ਦੇ ਸਾਨੂੰ ਹੱਕ, ਤੇਰੇ ਹੱਥ ਵਡਿਆਈਆ । ਕਲਜੁਗ ਅੰਤਮ ਗਏ ਥੱਕ, ਜੁਗ ਚੌਕੜੀ ਬੈਠੀ ਪੰਧ ਮੁਕਾਈਆ । ਸਭ ਨੂੰ ਸਾਡੇ ਉਤੇ ਪਿਆ ਸ਼ੱਕ, ਪੀਰ ਨਾ ਕੋਇ ਮਨਾਈਆ । ਮੰਦਰ ਮਸਜਦ ਸ਼ਿਵਦਵਾਲੇ ਮੱਠ ਧੀਆਂ ਭੈਣਾਂ ਰਹੇ ਤੱਕ, ਕਾਮ ਵਾਸਨਾ ਹੱਟ ਚਲਾਈਆ । ਸਰ ਸਰੋਵਰਾਂ ਅੰਦਰ ਬਣ ਸਵਾਨ ਪਾਣੀ ਰਹੇ ਲੱਕ, ਅੰਮ੍ਰਿਤ ਧਾਰ ਨਾ ਕੋਇ ਵਹਾਈਆ । ਮਾਇਆ ਮਮਤਾ ਨਕੇਲ ਪਾਈ ਨੱਕ, ਚਾਰੋਂ ਕੁੰਟ ਰਹੀ ਭੁਆਈਆ । ਬੌਹੜੀ ਦਰੋਹੀ ਸਾਡਾ ਖੇੜਾ ਹੋਇਆ ਭੱਠ, ਵਸਦਾ ਘਰ ਨਜ਼ਰ ਕੋਇ ਨਾ ਆਈਆ । ਸੱਚੇ ਪਾਤਸ਼ਾਹ ਦੀਨ ਦਿਆਲ ਅਸੀਂ ਲੋਕਮਾਤ ਆਏ ਛੱਡ, ਖਹਿੜਾ ਛੱਡਿਆ ਸਰਬ ਲੋਕਾਈਆ । ਤਨ ਮਾਸ ਨਾੜੀ ਸਾੜ ਆਏ ਹੱਡ, ਖ਼ਾਕੀ ਖ਼ਾਕ ਨਾਲ ਰਲਾਈਆ । ਪਾਰਬ੍ਰਹਮ ਤੇਰੀ ਲੰਘ ਕੇ ਆਏ ਹੱਦ, ਚਰਨ ਕਵਲ ਮਿਲੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਜਿਉਂ ਭਾਵੇ ਤਿਉਂ ਲੈਣਾ ਮਿਲਾਈਆ । ਗੁਰ ਅਵਤਾਰੋ ਤੋੜੇ ਨਾਤਾ, ਲੋਕਮਾਤ ਰਹਿਣ ਨਾ ਪਾਈਆ । ਸਾਰੇ ਗਾਵੇ ਇਕੋ ਗਾਥਾ, ਸੋਹੰ ਸਚ ਪੜ੍ਹਾਈਆ । ਗ੍ਰਿਹਿ ਮਿਲੇ ਪ੍ਰੀਤਮ ਕਮਲਾਪਾਤਾ, ਕਵਲ ਨੈਣ ਰੁਸ਼ਨਾਈਆ । ਖੁਲ੍ਹਾ ਵੇਹੜਾ ਕਰੇ ਇਹਾਤਾ, ਸ਼ਰੀਕ ਵੰਡ ਨਾ ਕੋਇ ਵੰਡਾਈਆ । ਆਹ ਵੇਖੋ ਪਿਛਲਾ ਆਪਣਾ ਖਾਤਾ, ਸਭ ਨੂੰ ਰਿਹਾ ਜਣਾਈਆ । ਨਾਮ ਜਣਾਇਆ ਬਹੁ ਬਿਧ ਭਾਤਾ, ਕਲਮਾ ਕਲਾਮ ਕਾਇਨਾਤ ਜਣਾਈਆ । ਕੋਈ ਕਹਿ ਕੇ ਗਿਆ ਰਾਮ ਦਸਰਾਥਾ, ਕ੍ਰਿਸ਼ਨ ਕਾਹਨ ਕੋਇ ਵਡਿਆਈਆ । ਕੋਈ ਈਸਾ ਮੂਸਾ ਮੁਹੰਮਦ ਬਣਾਏ ਰਾਖਾ, ਮਿਹਰਵਾਨ ਜਣਾਈਆ । ਕੋਈ ਨਾਨਕ ਗੋਬਿੰਦ ਕਹੇ ਸਾਡਾ ਬਾਪਾ, ਪਿਤਾ ਪੂਤ ਰੂਪ ਵਟਾਈਆ । ਪੁਰਖ ਅਕਾਲ ਕਹੇ ਬਿਨ ਮੇਰੇ ਝੂਠਾ ਸਭ ਦਾ ਨਾਤਾ, ਅੰਤ ਤੋੜ ਨਾ ਕੋਇ ਨਿਭਾਈਆ । ਆਹ ਵੇਖੋ ਦੋ ਜਹਾਨ ਦਾ ਖ਼ਾਕਾ, ਖ਼ਾਕਸ਼ਾਰਾਂ ਰਿਹਾ ਸਮਝਾਈਆ । ਵੀਹ ਸੌ ਵੀਹ ਬਿਕ੍ਰਮੀ ਸਭ ਦਾ ਮੁਕਿਆ ਬਾਕਾ, ਬਾਕੀ ਕੋਇ ਨਜ਼ਰ ਨਾ ਆਈਆ । ਨਾਤਾ ਤੁਟਿਆ ਜਗਤ ਚਾਚਾ, ਚੱਚਾ ਕਹਿ ਨਾ ਕੋਇ ਬੁਲਾਈਆ । ਬਾਪੂ ਬਾਪੂ ਸਾਰੀ ਲੋਕਾਈ ਆਖੇ ਕਾਕਾ, ਪਿਤਾ ਅਕਾਲ ਫੇਰਾ ਪਾਈਆ । ਜਿਸ ਦਾ ਨਾਂ ਧਰਾਓ ਮਾਤਾ, ਮਾਤ ਪਿਤ ਆਪ ਬਣ ਜਾਈਆ । ਜਿਸ ਦੀ ਗੌਂਦੇ ਰਹੇ ਜੁਗ ਗਾਥਾ, ਗਾ ਗਾ ਕਰੀ ਪੜ੍ਹਾਈਆ । ਜਿਸ ਖੇਲ ਰਚਾਇਆ ਤ੍ਰਿਲੋਕੀ ਨਾਥਾ, ਚੌਦਸ ਚੌਦਾਂ ਮੇਟ ਮਿਟਾਈਆ । ਸੋ ਸਾਹਿਬ ਪੁਰਖ ਸਮਰਾਥਾ, ਕਲਜੁਗ ਅੰਤਮ ਵੇਖਣ ਆਈਆ । ਜਨ ਭਗਤਾਂ ਜੁੜਾਏ ਆਪਣਾ ਨਾਤਾ, ਚਰਨ ਕਵਲ ਦਏ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਜਗਾਈਆ । ਗੁਰਮੁਖ ਵੇਖੋ ਜਾਗਿਆ, ਪ੍ਰਭ ਖੋਲ੍ਹਿਆ ਨੇਤਰ ਅੱਖ । ਘਰ ਹੋਵੇ ਵਡ ਵਡ ਭਾਗਿਆ, ਪ੍ਰਭ ਦਰਸ਼ਨ ਪਾਇਆ ਪਰਤੱਖ । ਦੀਪਕ ਬੁਝੇ ਨਾ ਫੇਰ ਚਿਰਾਗਿਆ, ਸਾਹਿਬ ਸਤਿਗੁਰ ਦੇਵੇ ਪਿਛਲਾ ਹੱਕ । ਦੁਰਮਤ ਮੈਲ ਧੋਵੇ ਦਾਗਿਆ, ਸਿਰ ਹੱਥ ਰੱਖੇ ਕਮਲਾਪਤ । ਸ਼ਬਦ ਅਗੰਮੀ ਮਾਰੇ ਆਵਾਜਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਿਮਾ ਜਣਾਏ ਨਾਮ ਅਕੱਥ । ਮਹਿਮਾ ਅਕਥ ਆਪ ਜਣੌਂਦਾ ਏ । ਗੁਰਮੁਖ ਸਾਚੇ ਸੰਗ ਨਿਭੌਂਦਾ ਏ । ਹਰਿ ਸੰਗਤ ਰੂਪ ਵਟੌਂਦਾ ਏ । ਸ੍ਰੀ ਭਗਵਾਨ ਸਾਚਾ ਰਾਹ ਵਖੌਂਦਾ ਏ । ਪੰਡਤ ਪਾਂਧਾ ਨਾਲ ਨਾ ਕੋਇ ਰਲੌਂਦਾ ਏ । ਮੁੱਲਾਂ ਸ਼ੇਖ਼ ਨਾ ਕੋਇ ਸਮਝੌਂਦਾ ਏ । ਗ੍ਰੰਥੀ ਪੰਥੀ ਨਾ ਕੋਇ ਜਣੌਂਦਾ ਏ । ਸਚ ਪਰਬੰਧ ਆਪਣੇ ਹੱਥ ਰਖੌਂਦਾ ਏ । ਭਾਗਾਂ

ਮੰਦ ਮੂਰਖ ਮੂੜ੍ਹ ਚਤੁਰ ਬਣੌਂਦਾ ਏ । ਬਜਰ ਕਪਾਟੀ ਤੋੜ ਤੁੜੌਂਦਾ ਏ । ਦੂਈ ਦਵੈਤੀ ਪਰੇ ਹਟੌਂਦਾ ਏ । ਜਗਤ ਨਾਤਾ ਤੋੜ ਰੰਡੇਪਾ ਰੰਡ, ਸਾਚਾ ਕੰਤ ਇਕੋ ਇਕ ਮਨੌਂਦਾ ਏ । ਜਿਸ ਦਾ ਗੁਰ ਅਵਤਾਰ ਪੀਰ ਪੈਗ਼ੰਬਰ ਮੰਗਦੇ ਰਹੇ ਸੰਗ, ਸੋ ਗੁਰਮੁਖਾਂ ਸੰਗ ਰਲੌਂਦਾ ਏ । ਕਲਜੁਗ ਅੰਤਮ ਚੜ੍ਹਿਆ ਚੰਦ, ਕੂੜੀ ਕਿਰਿਆ ਮੇਟ ਮਿਟੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਘੋੜੀ ਆਪ ਚੜ੍ਹੌਂਦਾ ਏ । ਗੁਰਮੁਖ ਘੋੜੀ ਚੜ੍ਹਿਆ ਵੀਰਾ, ਦੋ ਜਹਾਨ ਵੱਜੀ ਵਧਾਈਆ । ਪਾਰਬ੍ਰਹਮ ਪ੍ਰਭ ਗਹਿਰ ਗੰਭੀਰਾ, ਹਰਿ ਮਿਲੇ ਚਾਈਂ ਚਾਈਂਆ । ਪਰਗਟ ਹੋ ਬੇਨਜ਼ੀਰਾ, ਨਜ਼ਰ ਆਪਣੀ ਆਪ ਟਿਕਾਈਆ । ਬਦਲਣਹਾਰ ਆਪ ਤਕਦੀਰਾ, ਤਕਦੀਰ ਸਾਚੀ ਦਏ ਬਣਾਈਆ । ਜਿਸ ਨੇ ਵੇਖਣੀ ਹੱਕ ਤਸਵੀਰਾ, ਸਾਚਾ ਨੂਰ ਦਏ ਦਰਸਾਈਆ । ਗੁਰਮੁਖ ਲੱਭਾ ਸੱਚਾ ਹੀਰਾ, ਹਰਿ ਜੂ ਆਪਣੀ ਗੋਦ ਬਹਾਈਆ । ਪਰੇਮ ਪ੍ਰੀਤੀ ਬੰਨ੍ਹਿਆ ਕਲੀਰਾ, ਕਲੀਆਂ ਹਾਰ ਗੁੰਦਾਈਆ । ਅੰਮ੍ਰਿਤ ਜਾਮ ਪਿਆਇਆ ਸੀਰਾ, ਠਾਂਡੀ ਧਾਰ ਵਹਾਈਆ । ਜਨਮ ਜਨਮ ਦੀ ਕੱਟੀ ਭੀੜਾ, ਕਰਮ ਕਾਂਡ ਰਹਿਣ ਨਾ ਪਾਈਆ । ਦੁਖ ਦਰਦ ਨਾ ਲਾਏ ਪੀੜਾ, ਹਉਮੇਂ ਰੋਗ ਚੁਕਾਈਆ । ਆਤਮ ਪਰਮਾਤਮ ਦੇਵੇ ਧੀਰਾ, ਸਤਿ ਸੰਤੋਖ ਗਿਆਨ ਦ੍ਰਿੜਾਈਆ । ਦੂਰ ਦੁਰਾਡਾ ਆਇਆ ਨਜ਼ਦੀਕ ਨੇਰਨ ਨੇਰਾ, ਨਰ ਨਰਾਇਣ ਫੇਰਾ ਪਾਈਆ । ਬੰਕ ਦੁਆਰ ਖੁਲ੍ਹਾ ਵੇਹੜਾ, ਹਰਿ ਸੰਗਤ ਦਏ ਸਮਝਾਈਆ । ਜਿਨ੍ਹਾਂ ਬੰਨ੍ਹਣਾ ਆਪਣਾ ਬੇੜਾ, ਪ੍ਰਭ ਦਰਸ਼ਨ ਕਰੋ ਭਾਈਆ । ਏਥੇ ਓਥੇ ਹੋਏ ਨਬੇੜਾ, ਝਗੜਾ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੀਸ ਬੀਸਾ ਖ਼ੁਸ਼ੀ ਮਨਾਈਆ । ਬੀਸ ਬੀਸੇ ਚੜ੍ਹਿਆ ਚਾਉ, ਚਾਉ ਘਨੇਰਾ ਇਕ ਜਣਾਇੰਦਾ । ਸੰਤ ਸੁਹੇਲੇ ਪਕੜੇ ਬਾਂਹੋਂ, ਫੜ ਬਾਂਹੋਂ ਨਾਲ ਮਿਲਾਇੰਦਾ । ਜਨਮ ਜਨਮ ਦੇ ਭੁੱਲੇ ਰਾਹੋਂ, ਮਾਰਗ ਇਕੋ ਇਕ ਵਖਾਇੰਦਾ । ਪਾਰਬ੍ਰਹਮ ਦੇ ਲਾਗੇ ਪਾਉਂ, ਪਰਮ ਪੁਰਖ ਦਇਆ ਕਮਾਇੰਦਾ । ਸਚ ਸ਼ਬਦ ਢੋਲਾ ਗਾਓ, ਨਾਉਂ ਨਿਰੰਕਾਰਾ ਆਪ ਜਣਾਇੰਦਾ । ਫੜ ਫੜ ਹੰਸ ਬਣਾਏ ਕਾਉਂ, ਕਾਗੋਂ ਹੰਸ ਉਡਾਇੰਦਾ । ਸਦਾ ਸੁਹੇਲਾ ਸਿਰ ਦੇਵੇ ਠੰਡੀ ਛਾਉਂ, ਮਿਹਰ ਨਜ਼ਰ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਘੋੜੀ ਚੜ੍ਹੇ ਗੁਰਮੁਖ ਲਾੜਾ, ਘਰ ਸਾਚੇ ਖ਼ੁਸ਼ੀ ਮਨਾਈਆ । ਜੁਗ ਚੌਕੜੀ ਜੋ ਦੇਂਦਾ ਰਿਹਾ ਲਾਰਾ, ਵਲੀਆ ਛਲੀਆ ਖੇਲ ਕਰਾਈਆ । ਜਿਸ ਦਾ ਵਕਤ ਇਕੋ ਵਾਰਾ, ਵਾਰੋ ਵਾਰੀ ਧਾਰ ਵਖਾਈਆ । ਖੇਲ ਕਰੇ ਨਾਲ ਯਾਰਾਂ, ਯਾਰੀ ਯਾਰਾਂ ਨਾਲ ਹੰਢਾਈਆ । ਲੇਖਾ ਜਾਣੇ ਨਰ ਨਿਰੰਕਾਰਾ, ਨਰ ਨਰਾਇਣ ਫੇਰਾ ਪਾਈਆ । ਗੁਰਮੁਖ ਸੱਜਣ ਵੇਖੇ ਮਟਿਆਰ ਨਾਰਾ, ਜੋਬਨ ਇਕੋ ਘਰ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬਾਰਾਂ ਵੱਜ ਗਏ ਉਤੇ ਘੜੀ, ਘੰਟਾ ਘੜਿਆਲ ਹਰਿ ਖੜਕਾਇੰਦਾ । ਗੁਰ ਅਵਤਾਰ ਲਾਵਣ ਝੜੀ, ਜਨ ਭਗਤਾਂ ਉਤੇ ਫੂਲ ਬਰਸਾਇੰਦਾ । ਪਾਰਬ੍ਰਹਮ ਤੇਰੀ ਸੰਗਤ ਐਨੀ ਬੜੀ, ਜੋ ਤੇਰਾ ਧਿਆਨ ਲਗਾਇੰਦਾ । ਅਸੀਂ ਚਾਰ ਜੁਗ ਜਗ ਕਰਕੇ ਆਏ ਖੜੀ, ਸਿਖਿਆ ਸ਼ਬਦ ਨਾਮ ਸਮਝਾਇੰਦਾ । ਅੰਤਮ ਕਲਜੁਗ ਸਾਰੀ ਸਾਥੋਂ ਅੜੀ, ਸਾਡਾ ਹੁਕਮ ਮੰਨਣ ਕੋਇ ਨਾ ਆਇੰਦਾ । ਭਾਵੇਂ ਤੈਨੂੰ ਮੰਨਿਆ ਬੜੀ, ਦਰ ਤੇਰੇ ਵਾਸਤਾ ਪਾਇੰਦਾ । ਸ੍ਰੀ ਭਗਵਾਨ ਸਤਾਰਾਂ ਹਾੜ ਗੁਰ ਅਵਤਾਰਾਂ ਕਰਦੇ ਬਰੀ, ਬਰੀਖ਼ਾਨਾ ਤੇਰਾ ਇਕੋ ਨਜ਼ਰੀ ਆਇੰਦਾ । ਮਿਹਰਵਾਨ ਪ੍ਰਭ ਕਿਰਪਾ ਕਰੀ, ਕਿਰਪਾ ਨਿਧਾਨ ਤੇਰੀ ਆਸ ਸਰਬ ਰਖਾਇੰਦਾ । ਤੇਰਾ ਨਾਉਂ ਨਰਾਇਣ ਨਰ ਹਰੀ, ਹਰਿ ਜੂ ਆਪਣਾ ਕਾਜ ਰਚਾਇੰਦਾ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਅਵਤਾਰਾਂ ਹੁਕਮ ਸੁਣਾਇੰਦਾ । ਗੁਰ ਅਵਤਾਰ ਸਾਰੇ ਛੁਟੇ, ਬੰਧਨ ਕੋਇ ਰਹਿਣ ਨਾ ਪਾਈਆ । ਪਿਛਲੇ ਪੈਂਡੇ ਸਭ ਦੇ ਮੁੱਕੇ, ਅੱਗੇ ਰਹਿਬਰ ਇਕੋ ਨਜ਼ਰੀ ਆਈਆ । ਸਾਰੇ ਗਾਓ ਅਬਿਨਾਸ਼ੀ ਅਚੁਤੇ, ਬੇਪਰਵਾਹ ਬੇਪਰਵਾਹੀਆ । ਅਸੀਂ ਉਸ ਦੇ ਛੋਟੇ ਬਾਲੇ ਪੁਤੇ, ਪਿਤਾ ਪੂਤ ਵੇਖ ਵਖਾਈਆ । ਸਾਚੀ ਸੇਜਾ ਜਿਸ ਦੀ ਸੁੱਤੇ, ਨੇਤਰ ਅੱਖ ਨਾ ਕੋਇ ਖੁਲ੍ਹਾਈਆ । ਅੱਗੇ ਸਾਨੂੰ ਫੇਰ ਨਾ ਪੁੱਛੇ, ਕਲਜੁਗ ਭੁੱਲੀ ਕਿਉਂ ਲੋਕਾਈਆ । ਚਾਰ ਵਰਨ ਹੋਏ ਲੁੱਚੇ, ਸਚ ਸੁੱਚ ਨਾ ਕੋਇ ਸਮਝਾਈਆ । ਬਿਨ ਹਰਿ ਨਾਮੇ ਖ਼ਾਲੀ ਬੁੱਤੇ, ਕਾਮ ਕਰੋਧ ਲੋਭ ਮੋਹ ਹੰਕਾਰ ਕਰੇ ਲੜਾਈਆ । ਆਪਣੀਆਂ ਜੜਾਂ ਰਹੇ ਪੁੱਟੇ, ਲੋਕਮਾਤ ਨਾ ਕੋਇ ਲਗਾਈਆ । ਵੀਹ ਸੌ ਵੀਹ ਬਿਕ੍ਰਮੀ ਸਭ ਦੇ ਭਾਗ ਨਿਖੁੱਟੇ, ਜਿਨ੍ਹਾਂ ਸ੍ਰੀ ਭਗਵਾਨ ਨਜ਼ਰ ਨਾ ਆਈਆ । ਗੂੜ੍ਹੀ ਨੀਂਦ ਰਹੇ ਸੁੱਤੇ, ਸੁੱਤਿਆਂ ਅੱਖ ਨਾ ਕੋਇ ਖੁਲ੍ਹਾਈਆ । ਅੰਤਮ ਪਾਣੀ ਰਹਿਣਾ ਨਾ ਕਿਸੇ ਹੁੱਕੇ, ਟੋਪੀ ਚਿਲਮ ਨਾ ਕੋਇ ਵਡਿਆਈਆ । ਈਸਾ ਮੂਸਾ ਮੁਹੰਮਦ ਆਪੇ ਪੁੱਛੇ, ਰਾਮ ਕ੍ਰਿਸ਼ਨ ਰਿਹਾ ਸਮਝਾਈਆ । ਲੁਕਿਆ ਰਹੇ ਨਾ ਕੋਈ ਗੁਠੇ, ਚਾਰੋਂ ਕੁੰਟ ਫੋਲ ਫੁਲਾਈਆ । ਸਚ ਵਿਹਾਰ ਅੰਦਰ ਪਾਰਬ੍ਰਹਮ ਪਰਮੇਸ਼ਰ ਜੁਟੇ, ਧੁਰ ਦੀ ਧਾਰ ਇਕ ਪਰਗਟਾਈਆ । ਦਿਨ ਦਿਹਾੜੇ ਸਭ ਨੂੰ ਲੁੱਟੇ, ਲੁੱਟੀ ਜਾਏ ਜਗਤ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਗੁਰ ਅਵਤਾਰ ਹੋਏ ਖ਼ੁਸ਼, ਘਰ ਖ਼ੁਸ਼ੀ ਇਕ ਮਨਾਈਆ । ਸ੍ਰੀ ਭਗਵਾਨ ਅਬਿਨਾਸ਼ੀ ਕਰਤਾ ਨਿਰਵੈਰ ਪੁਰਖ ਅਕਾਲ ਸੁਹਾਏ ਆਪਣੀ ਰੁੱਤ, ਰੁੱਤ ਰੁੱਤੜੀ ਆਪ ਮਹਿਕਾਈਆ । ਕਲਜੁਗ ਕੂੜੀ ਕਿਰਿਆ ਵੱਢੇ ਨੱਕ ਗੁੱਤ, ਜਗਤ ਦੁਹਾਗਣ ਦਏ ਦੁਹਾਈਆ । ਗੁਰਮੁਖ ਵਿਰਲੇ ਸੱਜਣ ਲਏ ਪੁੱਛ, ਘਰ ਆਪਣੇ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਰੰਗ ਰੰਗਾਈਆ । ਹਰਿਜਨ ਰੰਗ ਚੜ੍ਹਿਆ ਅਮੋਲਾ, ਹਰਿ ਅਮੋਲਕ ਆਪ ਰੰਗਾਇੰਦਾ । ਨਿਰਗੁਣ ਨਿਰਵੈਰ ਬਣ ਵਿਚੋਲਾ, ਸਾਚੀ ਖੇਲ ਆਪ ਸਮਝਾਇੰਦਾ । ਰਲ ਮਿਲ ਗੁਰਮੁਖ ਗਾਓ ਇਕੋ ਢੋਲਾ, ਢੋਲਕ ਛੈਣਾ ਨਾ ਕੋਇ ਵਜਾਇੰਦਾ । ਜਿਸ ਦਾ ਕਿਸੇ ਨਾ ਲੱਭੇ ਓਹਲਾ, ਸੋ ਪਰਦਾ ਆਪ ਚੁਕਾਇੰਦਾ । ਸਚ ਦੁਆਰ ਇਕੋ ਖੋਲ੍ਹਾ, ਚਾਰ ਵਰਨ ਸਮਝਾਇੰਦਾ । ਜ਼ਾਤ ਪਾਤ ਦਾ ਕੋਈ ਨਾ ਰਹੇ ਰੌਲਾ, ਆਤਮ ਪਰਮਾਤਮ ਮੇਲ ਮਿਲਾਇੰਦਾ । ਪਰਮ ਪੁਰਖ ਦਾ ਖੇਲੋ ਹੋਲਾ, ਹਰਨਾਕਸ਼ ਰੂਪ ਨਾ ਕੋਇ ਧਰਾਇੰਦਾ । ਸਚ ਰਾਮ ਦਾ ਗਾਓ ਢੋਲਾ, ਬਰਨ ਵਰਨ ਡੇਰਾ ਢਾਹਿੰਦਾ । ਪਰਮ ਪੁਰਖ ਪ੍ਰਭ ਪਾਓ ਅਡੋਲਾ, ਅਡੁਲ ਕਦੇ ਨਾ ਜਾਇੰਦਾ । ਜੀਂਵਦਿਆਂ ਜਗ ਬਦਲੇ ਚੋਲਾ, ਚੋਲੀ ਆਪਣੇ ਰੰਗ ਰੰਗਾਇੰਦਾ । ਘਰ ਨਜ਼ਰੀ ਆਏ ਇਕੋ ਮੌਲਾ, ਆਪਣੀ ਖੇਲ ਖਲਾਇੰਦਾ । ਪਰਵਰਦਿਗਾਰ ਸਾਚਾ ਸੋਹਲਾ, ਸੋ ਪੁਰਖ ਨਿਰੰਜਣ ਨਾਦ ਵਜਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਗੀਤ ਗਾਵਣ ਬੋਲਾ, ਅਨਬੋਲਤ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਆਪਣੇ ਘੋੜ ਚੜ੍ਹਾਇੰਦਾ । ਘੋੜੀ ਚੜ੍ਹ ਕੇ ਗੁਰਮੁਖ ਸੂਰਾ, ਸੂਰਬੀਰ ਅਖਵਾਈਆ । ਪ੍ਰਭ ਨਜ਼ਰੀ ਆਏ ਹਾਜ਼ਰ ਹਜ਼ੂਰਾ, ਵਡ ਹਜ਼ਰਤ ਸ਼ਹਿਨਸ਼ਾਹੀਆ । ਜੋਤੀ ਨੂਰ ਦੇਵੇ ਨੂਰਾ, ਜ਼ਹੂਰ ਇਕ ਰੁਸ਼ਨਾਈਆ । ਆਦਿ ਜੁਗਾਦੀ ਬਚਨੀ ਪੂਰਾ, ਕੂੜੀ ਕਿਰਿਆ ਡੇਰਾ ਢਾਹੀਆ । ਜਿਨ੍ਹਾਂ ਬਖ਼ਸ਼ੇ ਚਰਨ ਧੂੜਾ, ਮਸਤਕ ਟਿੱਕਾ ਨਾਮ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਘੋੜੀ ਆਪ ਚੜ੍ਹਾਈਆ । ਘੋੜੀ ਚਾੜ੍ਹ ਪਕੜੇ ਵਾਗ, ਪ੍ਰਭ ਆਪਣੀ ਦਇਆ ਕਮਾਇੰਦਾ । ਨਿਰਗੁਣ ਸਰਗੁਣ ਸਾਜਣ

ਸਾਜ, ਹਰਿ ਕਰਤਾ ਵੇਖ ਵਖਾਇੰਦਾ । ਦੋ ਜਹਾਨਾਂ ਵੱਡਾ ਰਾਜ, ਲੱਖ ਚੁਰਾਸੀ ਰਯੱਤ ਰੂਪ ਵਟਾਇੰਦਾ । ਕਲਜੁਗ ਅੰਤਮ ਇਕੋ ਕਾਜ, ਜਨ ਭਗਤ ਦੁਆਰ ਆਪ ਵਖਾਇੰਦਾ । ਚਾਰ ਵਰਨ ਦਾ ਸਚ ਸਮਾਜ, ਸੋ ਸਾਹਿਬ ਆਪ ਬਣਾਇੰਦਾ । ਸੀਸ ਜਗਦੀਸ ਰੱਖ ਕੇ ਤਾਜ, ਸਾਚੇ ਅਸਵ ਸੋਭਾ ਪਾਇੰਦਾ । ਉਚੀ ਕੂਕ ਮਾਰੇ ਆਵਾਜ਼, ਗੁਰਮੁਖ ਆਪ ਉਠਾਇੰਦਾ । ਗੁਰਸਿਖ ਸਾਚੇ ਕਰੋ ਨਾਚ, ਹਸਦਿਆਂ ਟਪਦਿਆਂ ਪਾਰ ਕਰਾਇੰਦਾ । ਜਿਸ ਦੇ ਹੱਥ ਉਤੇ ਬੱਧੀ ਵਾਚ, ਘੜੀ ਘੜੀ ਵੰਡ ਵੰਡਾਇੰਦਾ । ਈਸਾ ਮੂਸਾ ਮੰਗਣ ਸਾਥ, ਨੇਤਰ ਨੈਣ ਧਿਆਨ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਜਗਤ ਘੜੀ ਨਹੀਂ ਹਰਿ ਕਲਾਕ, ਟਕ ਟਕ ਆਪ ਜਣਾਈਆ । ਗੋਬਿੰਦ ਤੇਰਾ ਭਵਿਖਤ ਵਾਕ, ਬਿਨ ਘੜੀ ਪਲ ਸਮਝਾਈਆ । ਸਾਹਿਬ ਸਤਿਗੁਰ ਚੜ੍ਹ ਕੇ ਰਾਕ, ਘੋੜਾ ਇਕੋ ਇਕ ਵਖਾਈਆ । ਸੰਤ ਸੁਹੇਲੇ ਰੱਖੇ ਸਾਥ, ਗੁਰ ਚੇਲੇ ਮੇਲ ਮਿਲਾਈਆ । ਧੂੜੀ ਮੰਗਣ ਤ੍ਰਿਲੋਕੀ ਨਾਥ, ਰਾਮ ਦਸਰਥ ਬੇਟਾ ਗਾਈਆ । ਆਦਿ ਜੁਗਾਦਿ ਬਣਾਏ ਸਾਕ, ਬ੍ਰਹਮਾ ਸੁਤ ਰਿਹਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਰਚਾਈਆ । ਸਾਚੀ ਖੇਲ ਰਚ ਕੇ ਸਵਾਮੀ, ਹਰਿ ਆਪਣੀ ਬਣਤ ਬਣਾਇੰਦਾ । ਆਦਿ ਜੁਗਾਦਿ ਸਦਾ ਨਿਹਕਾਮੀ, ਨਿਹਕਰਮੀ ਕਰਮ ਕਮਾਇੰਦਾ । ਜੁਗ ਚੌਕੜੀ ਗੁਰ ਅਵਤਾਰ ਸੁਣਾਏ ਬਾਣੀ, ਆਪਣਾ ਨਾਮ ਸਿਫ਼ਤ ਸਮਝਾਇੰਦਾ । ਜਿਸ ਦੀ ਅੰਤ ਨਾ ਪਾਈ ਕਿਸੇ ਕਹਾਣੀ, ਕਹਿ ਕਹਿ ਪੰਧ ਨਾ ਕੋਇ ਮੁਕਾਇੰਦਾ । ਸੋ ਸਤਿਗੁਰ ਰੂਪ ਲਾਸਾਨੀ, ਲਾਸ਼ਰੀਕ ਖੇਲ ਕਰਾਇੰਦਾ । ਕਲਜੁਗ ਅੰਤਮ ਚੜ੍ਹੇ ਇਕ ਤੁਗਿਆਨੀ, ਚਾਰੋਂ ਕੁੰਟ ਵੇਖ ਵਖਾਇੰਦਾ । ਗੁਰਮੁਖ ਰਹਿ ਜਾਏ ਨਾਮ ਨਿਸ਼ਾਨੀ, ਦੂਜਾ ਕੋਈ ਰਹਿਣ ਨਾ ਪਾਇੰਦਾ । ਅੰਮ੍ਰਿਤ ਦੇਵੇ ਵਾਰ ਠੋਕਰ ਆਪਣੇ ਨਾਮ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲਾੜਾ ਇਕ ਸੁਹਾਇੰਦਾ । ਸਾਚਾ ਲਾੜਾ ਸੋਭਾਵੰਤ, ਹਰਿ ਸਤਿਗੁਰ ਆਪ ਸੁਹਾਈਆ । ਮਿਲੇ ਵਡਿਆਈ ਵਿਚ ਜੀਵ ਜੰਤ, ਜੀਵਣ ਜੁਗਤ ਦਏ ਜਣਾਈਆ । ਗੁਰਸਿਖ ਲੱਭੇ ਇਕੋ ਕੰਤ, ਜੋ ਮਿਲਿਆ ਵਿਛੜ ਕਦੇ ਨਾ ਜਾਈਆ । ਜਿਸ ਦਾ ਮੇਲਾ ਸਾਚੀ ਸੰਗਤ, ਹਰਿ ਸੱਜਣ ਤੋੜ ਨਿਭਾਈਆ । ਜਿਸ ਨਾਨਕ ਗੋਬਿੰਦ ਲਾਇਆ ਅੰਗਦ, ਅੰਗੀਕਾਰ ਅਖਵਾਈਆ । ਸਚ ਦੁਆਰੇ ਹੋਵੇ ਮੰਗਤ, ਦੂਜੇ ਦਰ ਨਾ ਮੰਗਣ ਜਾਈਆ । ਨਾਤਾ ਤੋੜੇ ਜੇਰਜ ਅੰਡਜ, ਉਤਭੁਜ ਸੇਤਜ ਮੋਹ ਮਿਟਾਈਆ । ਜਿਸ ਭੋਜਨ ਖਾਦਾ ਰਲ ਕੇ ਵਿਚ ਪੰਗਤ, ਤਿਸ ਪਾਰ ਕਿਨਾਰਾ ਦਏ ਜਣਾਈਆ । ਗੁਰਸਿਖ ਕਿਸੇ ਦੀ ਹੱਥ ਜੋੜ ਕਰੇ ਨਾ ਮਿੰਨਤ, ਪ੍ਰਭ ਦੇਵਣਹਾਰ ਵਡਿਆਈਆ । ਗੁਰ ਕਾ ਸ਼ਬਦ ਭੁੱਲ ਕਰੇ ਨਾ ਇੱਲਤ, ਕੂੜੀ ਲਿਵ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਨੂੰ ਪਾਰ ਦਏ ਕਰਾਈਆ । ਗੁਰਮੁਖ ਲਾੜੇ ਬਣੋ ਛੇਤੀ, ਹਰਿ ਸਤਿਗੁਰ ਆਪ ਜਣਾਈਆ । ਤੁਹਾਡੇ ਅੰਦਰ ਵੜ ਕੇ ਹੋ ਗਿਆ ਤੁਹਾਡਾ ਭੇਤੀ, ਪੜਦਾ ਸਕੇ ਨਾ ਕੋਇ ਲੁਕਾਈਆ । ਪੁਰਖ ਅਕਾਲ ਨੇਤਨ ਨੇਤੀ, ਨਿਜ ਘਰ ਬੈਠਾ ਡੇਰਾ ਲਾਈਆ । ਸਤਿਗੁਰ ਬਣਿਆ ਤੁਹਾਡਾ ਹੇਤੀ, ਆਪਣਾ ਹੇਤ ਦਿਓ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਹੋਏ ਸਹਾਈਆ । ਜਨ ਭਗਤ ਸੁਹੇਲੇ ਔਂਦੇ ਨੇ । ਗੁਰ ਚੇਲੇ ਰੂਪ ਵਟੌਂਦੇ ਨੇ । ਸੱਜਣ ਸੁਹੇਲੇ ਇਕ ਅਖਵੌਂਦੇ ਨੇ । ਰੰਗ ਨਵੇਲੇ ਵੇਖ ਵਖੌਂਦੇ ਨੇ । ਜੰਗਲ ਬੇਲੇ ਧਿਆਨ ਲਗੌਂਦੇ ਨੇ । ਵਡ ਅਲਬੇਲੇ ਸਚ ਨਾਤਾ ਇਕ ਬੰਧੌਂਦੇ ਨੇ । ਜਗਤ ਵਿਹਾਰ ਤੋਂ ਹੋ ਕੇ ਵੇਹਲੇ,

੧੦੩੭ ੧੪

ਹਾੜ ਸਤਾਰਾਂ ਖ਼ੁਸ਼ੀ ਮਨੌਂਦੇ ਨੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਦੁਆਰੇ ਸੋਭਾ ਪੌਂਦੇ ਨੇ । ਭਗਤ ਦੁਆਰੇ ਗੁਰਮੁਖ ਆਏ ਨੇ । ਗੀਤ ਗੋਬਿੰਦ ਸਾਹਿਬ ਗਾਏ ਨੇ । ਪਿਛਲੇ ਨਾਤੇ ਸਰਬ ਤੁੜਾਏ ਨੇ । ਸਾਚੇ ਇਹਾਤੇ ਡੇਰੇ ਲਾਏ ਨੇ । ਖਾਤੇ ਆਪਣੇ ਖੋਲ੍ਹ ਵਖਾਏ ਨੇ । ਬਾਕੀ ਲੇਖੇ ਝੋਲੀ ਪਾਏ ਨੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਪਾਰ ਲੰਘਾਏ ਨੇ । ਪ੍ਰਭ ਹਰਿਜਨ ਪਾਰ ਲੰਘਾਵੇਗਾ । ਸਚਖੰਡ ਨਿਵਾਸੀ ਆਵੇਗਾ । ਭਗਤ ਦੁਆਰੇ ਚਰਨ ਰਖਾਵੇਗਾ । ਸਾਢੇ ਤਿੰਨ ਹੱਥ ਬੰਕ ਸੁਹਾਵੇਗਾ । ਰਵਦਾਸ ਚੁਮਾਰਾ ਲੇਖਾ ਪੂਰ ਕਰਾਵੇਗਾ । ਕਬੀਰ ਜੁਲਾਹਾ ਆਪ ਉਠਾਵੇਗਾ । ਨਾਮਾ ਧੰਨਾ ਮੇਲ ਮਿਲਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਬੇੜੇ ਪਾਰ ਕਰਾਵੇਗਾ । ਗੁਰਮੁਖ ਪਾਰ ਉਤਾਰੇਗਾ । ਪੁਰਖ ਅਬਿਨਾਸ਼ੀ ਕਦੇ ਨਾ ਹਾਰੇਗਾ । ਜਨ ਭਗਤ ਕਾਜ ਸੁਆਰੇਗਾ । ਧੁਰ ਦੀ ਆਵਾਜ਼ ਮਾਰੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸੰਗ ਆਪ ਨਿਭਾਵੇਗਾ ।

ਪੁਰਖ ਅਬਿਨਾਸ਼ੀ ਦਇਆ ਕਮੌਂਦਾ ਏ । ਚਵੀਆਂ ਅਵਤਾਰ ਆਪ ਅਖਵੌਂਦਾ ਏ । ਕਲ ਲੇਖਾ ਪੂਰ ਕਰੌਂਦਾ ਏ । ਜਨ ਭਗਤਾਂ ਨੇਂਦਾ ਦੇ ਘਰ ਸਦੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਜੋੜਾ ਚਰਨ ਛੁਹੌਂਦਾ ਏ । ਸਾਚਾ ਜੋੜਾ ਚਰਨ ਪਾਵੇ, ਪਰਮ ਪੁਰਖ ਸਮਝਾਈਆ । ਸਾਰੇ ਉਠ ਕੇ ਥੱਲੇ ਆਓ, ਉਤੇ ਕੋਇ ਰਹਿਣ ਨਾ ਪਾਈਆ । ਘੜੀ ਪਲ ਦੀ ਵੰਡ ਵੰਡਾਓ, ਘੜੀ ਘੜੀ ਰਿਹਾ ਸਮਝਾਈਆ । ਅਛਲ ਛਲ ਵਿਚ ਨਾ ਆਓ, ਵਲ ਛਲ ਧਾਰੀ ਖੇਲ ਰਚਾਈਆ । ਰਲ ਮਿਲ ਸਾਰੇ ਢੋਲਾ ਗਾਵੋ, ਸੋਹੰ ਰਾਗ ਅਲਾਈਆ । ਸਤਿਗੁਰ ਵਿਚੋਲਾ ਇਕ ਬਣਾਓ, ਸੌਹਰੇ ਪੇਈਏ ਦਏ ਸਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਗੁਰਮੁਖ ਸਾਚੇ ਲੰਘ ਦਰਵਾਜ਼ਾ, ਆਪਣਾ ਪੰਧ ਮੁਕਾਈਆ । ਅੱਗੇ ਮਿਲਿਆ ਗ਼ਰੀਬ ਨਿਵਾਜਾ, ਗ਼ਰੀਬ ਨਿਮਾਣਿਆਂ ਹੋਏ ਸਹਾਈਆ । ਧੁਰ ਧਾਮ ਦਾ ਵੱਜੇ ਵਾਜਾ, ਸ਼ਬਦ ਰਾਗ ਸ਼ਨਵਾਈਆ । ਦਰ ਘਰ ਅੰਦਰ ਕਰਾਏ ਹਾਜਾ, ਹਜ਼ਰਤ ਇਕੋ ਨਜ਼ਰੀ ਆਈਆ । ਪਰੇਮ ਪਿਆਰ ਦਾ ਦੇਵੇ ਦਾਜਾ, ਨਾਮ ਗੰਢ ਬੰਧਾਈਆ । ਕਰਨੀ ਕਰੇ ਸਾਜਣ ਸਾਚਾ, ਹਰਿ ਸਤਿਗੁਰ ਵੇਖ ਵਖਾਈਆ । ਭੁਲਿਆ ਭਟਕਿਆ ਜੋ ਦਰ ਆਇਆ ਭਾਜਾ, ਤਿਸ ਬੇੜਾ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਲੇਖਾ ਦਏ ਲਿਖਾਈਆ । ਹਰਿ ਸੰਗਤ ਕਹੇ ਤੇਰੀ ਓਟ, ਪ੍ਰਭ ਤੇਰਾ ਧਿਆਨ ਲਗਾਈਆ । ਤੇਰਾ ਨੂਰ ਨਿਰਮਲ ਜੋਤ, ਜੋਤੀ ਜੋਤ ਤੇਰੀ ਰੁਸ਼ਨਾਈਆ । ਸਚਖੰਡ ਦੁਆਰ ਤੇਰਾ ਕੋਟ, ਕਿਲਾ ਬੰਕ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਣਾ ਇਕੋ ਵਰ, ਸਚ ਤੇਰੀ ਸਰਨਾਈਆ । ਤੇਰੀ ਸਰਨ ਤੱਕ ਕੇ ਆਏ, ਕਲ ਕਲਜੁਗ ਰਿਹਾ ਡਰਾਈਆ । ਪੁਰਖ ਅਬਿਨਾਸ਼ੀ ਹੋ ਸਹਾਏ, ਮਿਹਰ ਨਜ਼ਰ ਉਠਾਈਆ । ਗੁਰਮੁਖ ਲਾੜੇ ਲੈ ਬਣਾਏ, ਬਿਰਧ ਬਾਲੇ ਮੇਲ ਮਿਲਾਈਆ । ਪੁਰਖ ਨਾਰੀ ਨਾ ਵੰਡ ਵੰਡਾਏ, ਇਕੋ ਨੈਣ ਨੈਣ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਅਵੱਲਾ, ਸਮਝ ਕਿਸੇ ਨਾ ਆਇੰਦਾ । ਨੂਰ ਇਲਾਹੀ ਇਕ ਇਕੱਲਾ, ਬੇਪਰਵਾਹ ਫੇਰਾ ਪਾਇੰਦਾ । ਮੁਕਾਮੇ ਹੱਕ ਸਚ ਮਹੱਲਾ, ਮਹਿਫ਼ਲ ਆਪਣੇ ਨਾਮ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਬੀਸ ਬੀਸ ਪਾਰ ਕਰਾਇੰਦਾ । ਬੀਸ ਬੀਸਾ ਰਿਹਾ ਹੱਸ, ਹੱਸ ਹੱਸ ਖ਼ੁਸ਼ੀ ਮਨਾਈਆ । ਪ੍ਰਭ ਹੋਇਆ ਭਗਤਾਂ ਵਸ, ਆਪਣੀ ਛੱਡੀ ਸਰਬ ਚਤਰਾਈਆ । ਸਚਖੰਡ ਦੁਆਰਿਉਂ ਆਇਆ ਨੱਠ, ਲੋਕਮਾਤ ਫੇਰਾ ਪਾਈਆ । ਨਿਮਾਣਾ ਹੋ ਕੇ ਜਾਵੇ ਢੱਠ, ਆਪਣਾ ਬਲ ਨਾ ਕੋਇ ਧਰਾਈਆ । ਬਾਹਰੋਂ ਦਿਸੇ ਗਵਾਰ ਜੱਟ, ਅੰਦਰ ਨਿਰਗੁਣ ਨਿਰਵੈਰ ਨਰ ਨਿਰੰਕਾਰ ਅਖਵਾਈਆ । ਜਿਸ ਦਾ ਦੋ ਜਹਾਨਾਂ ਇਕੋ ਹੱਟ, ਮੰਗਣ ਸਰਬ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਤੇਰਾ ਪੂਰਾ ਕਰੇ ਹੱਕ, ਹਕੀਕਤ ਸਭ ਦੀ ਝੋਲੀ ਪਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਸਦਾ ਅਨਥੱਕ, ਔਂਦਿਆਂ ਜਾਂਦਿਆਂ ਥਕਾਵਟ ਵਿਚ ਕਦੇ ਨਾ ਆਈਆ ।

ਸਾਚਾ ਬੰਕ ਸੋਹੇ ਦੁਆਰ, ਭਗਤ ਦੁਆਰ ਮਿਲੇ ਵਡਿਆਈਆ । ਦਰ ਦਰਵੇਸ਼ ਬਣ ਨਿਰੰਕਾਰ, ਇਕੋ ਅਲਖ ਰਿਹਾ ਜਗਾਈਆ । ਉਚੀ ਕੂਕ ਕਰੇ ਪੁਕਾਰ, ਸਚ ਸਨੇਹੁੜਾ ਦਏ ਸਮਝਾਈਆ । ਜੁਗ ਚੌਕੜੀ ਬੀਤੇ ਵਿਚ ਸੰਸਾਰ, ਗੁਰ ਅਵਤਾਰ ਗਏ ਸੇਵ ਕਮਾਈਆ । ਰਾਹ ਤੱਕਦੇ ਗਏ ਪਰਵਰਦਿਗਾਰ, ਨੇਤਰ ਨੈਣ ਨੈਣ ਉਠਾਈਆ । ਦਰ ਮੰਗਦੇ ਰਹੇ ਬਣ ਭਿਖਾਰ, ਖ਼ਾਲੀ ਝੋਲੀ ਅੱਗੇ ਡਾਹੀਆ । ਕਲਜੁਗ ਅੰਤਮ ਨਿਹਕਲੰਕ



ਲੈ ਅਵਤਾਰ, ਕਲ ਕਲਕੀ ਫੇਰਾ ਪਾਈਆ । ਪਿਛਲਾ ਲਹਿਣਾ ਦਏ ਨਿਵਾਰ, ਅੱਗੇ ਮਾਰਗ ਇਕੋ ਪਾਈਆ । ਸ੍ਰਿਸ਼ਟ ਸਬਾਈ ਸਾਂਝਾ ਯਾਰ, ਬੇਪਰਵਾਹ ਆਪ ਹੋ ਜਾਈਆ । ਲੇਖਾ ਜਾਣੇ ਦੋ ਜਹਾਨ, ਬ੍ਰਹਿਮੰਡ ਖੰਡ ਖੋਜ ਖੁਜਾਈਆ । ਭਗਤ ਭਗਵੰਤ ਦੇਵੇ ਦਾਨ, ਵਸਤ ਅਮੋਲਕ ਆਪ ਵਰਤਾਈਆ । ਬਣ ਕੇ ਆਵੇ ਸੱਚਾ ਕਾਹਨ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜੋਬਨ ਰੱਖੇ ਨੌਜਵਾਨ, ਬੀਸ ਬੀਸਾ ਨਾਉਂ ਧਰਾਈਆ । ਸਦੀ ਬੀਸਵੀਂ ਹੋ ਪਰਧਾਨ, ਸਚ ਪਰਧਾਨਗੀ ਆਪ ਕਮਾਈਆ । ਤਖ਼ਤੋਂ ਲਾਹੇ ਰਾਜ ਰਾਜਾਨ, ਸੀਸ ਤਾਜ ਨਾ ਕੋਇ ਟਿਕਾਈਆ । ਗੁਰ ਅਵਤਾਰ ਹੋਣ ਹੈਰਾਨ, ਹਰਿ ਕਾ ਭੇਵ ਕੋਇ ਨਾ ਪਾਈਆ । ਸੱਤ ਨੌਂ ਮਿਟੇ ਨਿਸ਼ਾਨ, ਚਾਰ ਚਾਰ ਦਏ ਦੁਹਾਈਆ । ਇਕ ਇਕੱਲਾ ਵਡ ਬਲਵਾਨ, ਦੂਜੀ ਆਪਣੀ ਧਾਰ ਵਖਾਈਆ । ਤੀਜਾ ਨੈਣ ਖੋਲ੍ਹ ਮਹਾਨ, ਚੌਥੇ ਪਦ ਕਰੇ ਰਸਾਈਆ । ਪੰਚਮ ਨਾਦ ਸ਼ਬਦ ਧੁਨਕਾਨ, ਛੇਵੇਂ ਛੱਪਰ ਛੰਨ ਵਖਾਈਆ । ਸੱਤਵੇਂ ਸਤਿ ਸਤਿਵਾਦੀ ਹੋ ਮਿਹਰਵਾਨ, ਅੱਠਾਂ ਤੱਤਾਂ ਗੰਢ ਪੁਆਈਆ । ਨਾਵੇਂ ਨੌਂ ਦਰ ਵੇਖੇ ਮਾਰ ਧਿਆਨ, ਦਸਵੇਂ ਆਪਣਾ ਰੰਗ ਰੰਗਾਈਆ । ਜੋਧਾ ਸੂਰਬੀਰ ਬਲਵਾਨ, ਬਲ ਇਕੋ ਇਕ ਪਰਗਟਾਈਆ । ਕਰੇ ਖੇਲ ਸ੍ਰੀ ਭਗਵਾਨ, ਭਗਵਨ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਰਿਹਾ ਜਣਾਈਆ । ਆਓ ਨੇੜੇ ਅੱਗੇ ਆਓ, ਹਰਿ ਸਚ ਸਚ ਜਣਾਇੰਦਾ । ਤੇਈ ਅਵਤਾਰ ਸੀਸ ਝੁਕਾਓ, ਚਰਨ ਸਭ ਨੂੰ ਆਪ ਵਖਾਇੰਦਾ । ਨਿਉਂ ਨਿਉਂ ਨਰ ਹਰਿ ਲਾਗੋ ਪਾਉਂ, ਪਾਰਬ੍ਰਹਮ ਹਰਿ ਦਇਆ ਕਮਾਇੰਦਾ । ਸਾਚਾ ਦਰ ਇਕ ਵਸਾਓ, ਜਿਸ ਘਰ ਹਰਿ ਜੂ ਡੇਰਾ ਲਾਇੰਦਾ । ਪੁਰਖ ਅਕਾਲ ਨਾਮ ਧਿਆਓ, ਦੂਜੀ ਵੰਡ ਨਾ ਕੋਇ ਵੰਡਾਇੰਦਾ । ਪ੍ਰਭ ਮਿਲਣ ਦਾ ਰੱਖੋ

ਚਾਉ, ਚਾਉ ਘਨੇਰਾ ਇਕ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਦਇਆ ਆਪ ਕਮਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਨੇਤਰ ਖੋਲ੍ਹ, ਪ੍ਰਭ ਸਾਚੇ ਦਰਸਨ ਪਾਈਆ । ਸੋਹੰ ਢੋਲਾ ਰਹੇ ਬੋਲ, ਧੁਰ ਦਾ ਰਾਗ ਅਲਾਈਆ । ਸਦਾ ਸਾਹਿਬ ਤੇਰੇ ਵਸੀਏ ਕੋਲ, ਵਛੋੜਾ ਨਜ਼ਰ ਕੋਇ ਨਾ ਆਈਆ । ਤੇਰਾ ਤੇਰੇ ਨਾਲ ਕਰੇ ਚੋਹਲ, ਪ੍ਰੀਤਮ ਪ੍ਰੀਤ ਇਕ ਵਧਾਈਆ । ਸਚ ਦੁਆਰਾ ਦਿਤਾ ਖੋਲ੍ਹ, ਕਲਜੁਗ ਅੰਤ ਵੱਜੀ ਵਧਾਈਆ । ਜਿਸ ਘਰ ਬੈਠਾ ਰਹੇਂ ਅਡੋਲ, ਅਡੁਲ ਤੇਰੀ ਚਤਰਾਈਆ । ਦੀਨ ਮਜ਼੍ਹਬ ਦਾ ਦਿਸੇ ਨਾ ਘੋਲ, ਜ਼ਾਤ ਪਾਤ ਨਾ ਕੋਇ ਲੜਾਈਆ । ਲੱਖ ਚੁਰਾਸੀ ਲਈ ਵਰੋਲ, ਗੁਰਮੁਖ ਬਾਹਰ ਕਢਾਈਆ । ਨਾਮ ਕੰਡੇ ਤੋਲੇਂ ਤੋਲ, ਤਰਾਜ਼ੂ ਇਕੋ ਇਕ ਉਠਾਈਆ । ਗੁਰ ਸਤਿਗੁਰ ਬਣ ਵਿਚੋਲ, ਸਚ ਵਿਚੋਲ ਰਿਹਾ ਕਮਾਈਆ । ਜਿਨ੍ਹਾਂ ਪ੍ਰੀਤੀ ਘੋਲੀ ਲਈ ਘੋਲ, ਘੋਲ ਘੁਮਾਈ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੀਸ ਬੀਸੇ ਰੰਗ ਚੜ੍ਹਾਈਆ । ਬੀਸ ਬੀਸਾ ਚੜ੍ਹਿਆ ਰੰਗ ਚਲੂਲ, ਚਾਰੋਂ ਕੁੰਟ ਨਜ਼ਰੀ ਆਇੰਦਾ । ਵਿਸ਼ਨ ਮੰਗੇ ਆਪਣਾ ਮੂਲ, ਤੇਰੇ ਅੱਗੇ ਝੋਲੀ ਡਾਹਿੰਦਾ । ਸ਼ੰਕਰ ਸੁੱਟੇ ਹੱਥ ਤ੍ਰਿਸੂਲ, ਭੋਲਾ ਨਾਥ ਸੀਸ ਝੁਕਾਇੰਦਾ । ਤੇਰਾ ਹੁਕਮ ਇਕ ਮਾਅਕੂਲ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਗੁਰ ਅਵਤਾਰ ਮੰਨਣ ਤੇਰਾ ਅਸੂਲ, ਪੈਗ਼ੰਬਰ ਤੇਰਾ ਰਾਹ ਵਖਾਇੰਦਾ । ਤੇਰਾ ਹੁਕਮ ਸਾਨੂੰ ਕਬੂਲ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਕਰ ਕਿਰਪਾ ਭਗਤ ਦੁਆਰੇ ਦੇ ਦੇ ਭਗਤਾਂ ਧੂੜ, ਧੂੜੀ ਟਿੱਕਾ ਮਸਤਕ ਇਕੋ ਲਾਇੰਦਾ । ਤੇਰੀ ਲੋੜ ਸਾਨੂੰ ਜਰੂਰ, ਤੁਧ ਬਿਨ ਜ਼ਰੂਰਤ ਪੂਰ ਨਾ ਕੋਇ ਕਰਾਇੰਦਾ । ਕਲਜੁਗ ਅੰਤਮ ਹਾਜ਼ਰ ਹੋਇਓਂ ਆਪ ਹਜ਼ੂਰ, ਹਜ਼ਰਤ ਆਪਣਾ ਫੇਰਾ ਪਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭ ਏਨ੍ਹਾਂ ਦੇ ਕਰਦੇ ਮੁਆਫ਼ ਕਸੂਰ, ਜੋ ਤੇਰੀ ਸਰਨ ਤਕਾਇੰਦਾ । ਜੁਗ ਚੌਕੜੀ ਵਸਦਾ ਰਿਹੋਂ ਦੂਰ, ਘਰ ਤੇਰਾ ਨਜ਼ਰ ਕਿਸੇ ਨਾ ਆਇੰਦਾ । ਸਰਬ ਕਲਾ ਤੂ ਹੀ ਭਰਪੂਰ, ਤੁਧ ਬਿਨ ਪੂਰ ਨਾ ਕੋਇ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਕਰ ਮਿਹਰਵਾਨ, ਤੇਰੀ ਮਿਹਰ ਇਕੋ ਨਜ਼ਰੀ ਆਈਆ । ਗ਼ਰੀਬ ਨਿਮਾਣਿਆਂ ਦੇ ਦੇ ਦਾਨ, ਦੇਂਦਿਆਂ ਘਟ ਕੋਈ ਨਾ ਜਾਈਆ । ਤੇਰਾ ਝੁਲਦਾ ਰਹੇ ਨਿਸ਼ਾਨ, ਤੇਰੀ ਵਸਦੀ ਰਹੇ ਸ਼ਹਿਨਸ਼ਾਹੀਆ । ਤੇਰਾ ਗੌਂਦੇ ਰਹਿਣ ਗਾਨ, ਗਾ ਗਾ ਸ਼ੁਕਰ ਮਨਾਈਆ । ਕਰ ਕਿਰਪਾ ਬਖ਼ਸ਼ ਦੇ ਚਰਨ ਧਿਆਨ, ਪ੍ਰਭ ਤੇਰੇ ਹੱਥ ਵਡਿਆਈਆ । ਘਰ ਆਇਆਂ ਦੇ ਦੇ ਇਕ ਗਿਆਨ, ਪੜ੍ਹਨ ਦੀ ਲੋੜ ਰਹੇ ਨਾ ਰਾਈਆ । ਰਾਤੀਂ ਸੁਤਿਆਂ ਨਜ਼ਰੀ ਆਵੇਂ ਭਗਵਾਨ, ਦਿਨੇ ਵੇਂਹਦਿਆਂ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਵਣਹਾਰ ਵਡਿਆਈਆ । ਪ੍ਰਭ ਕਿਰਪਾ ਕਰ ਸਾਚੇ ਠਾਕਰ, ਠੋਕਰ ਆਪਣੇ ਨਾਮ ਲਗਾਈਆ । ਭਾਂਡੇ ਭਰਦੇ ਖ਼ਾਲੀ ਗਾਗਰ, ਗੁਰਮੁਖ ਮੰਗਣ ਆਏ ਚਾਈਂ ਚਾਈਂਆ । ਤੇਰੇ ਨਾਮ ਦੇ ਬਣੇ ਸੌਦਾਗਰ, ਸੌਦਾ ਇਕੋ ਹੱਟ ਵਿਕਾਈਆ । ਕਰਦੇ ਨਿਰਮਲ ਕਰਮ ਉਜਾਗਰ, ਦੁਰਮਤ ਮੈਲ ਧੁਆਈਆ । ਕਿਸੇ ਨਜ਼ਰ ਨਾ ਆਵੇ ਤੇਗ਼ ਬਹਾਦਰ, ਗੁਜਰੀ ਸੁਤ ਸਮਝ ਕਿਸੇ ਨਾ ਆਈਆ । ਗੁਰਮੁਖਾਂ ਘਰ ਆਇਆਂ ਦੇਵੇ ਆਦਰ, ਜੋ ਸਰਸੇ ਗਿਆ ਰੁੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੇੜਾ ਸਾਚਾ ਰਿਹਾ ਤਰਾਈਆ । ਬੇੜਾ ਤਾਰਨ ਆਇਆ ਆਪ, ਪ੍ਰਭ ਆਪਣੀ ਦਇਆ ਕਮਾਇੰਦਾ । ਆਦਿ ਜੁਗਾਦੀ ਇਕੋ ਬਾਪ, ਪਤਿਪਰਮੇਸ਼ਵਰ ਵੇਸ ਵਟਾਇੰਦਾ । ਆਤਮ ਪਰਮਾਤਮ

੧੦੪੦
੧੪

ਜਿਸ ਦਾ ਜਾਪ, ਦੂਜਾ ਰਾਗ ਨਾ ਕੋਇ ਸੁਣਾਇੰਦਾ । ਕੋਟ ਜਨਮ ਦੇ ਉਤਾਰੇ ਪਾਪ, ਜਿਨ੍ਹਾਂ ਆਪਣੇ ਚਰਨ ਲਗਾਇੰਦਾ । ਇਕ ਸੁਣਾਏ ਬਾਤਨ ਬਾਤ, ਜ਼ਾਹਰ ਆਪਣੀ ਕਲ ਵਰਤਾਇੰਦਾ । ਜਿਉਂ ਭਾਵੇ ਤਿਉਂ ਲਵਾਂ ਰਾਖ, ਪ੍ਰਭ ਆਪਣੀ ਖੇਲ ਕਰਾਇੰਦਾ । ਨਿਰਗੁਣ ਹੋ ਕੇ ਬਣਿਆ ਸਾਕ, ਸਰਗੁਣ ਸਾਚਾ ਸੰਗ ਨਿਭਾਇੰਦਾ । ਜਨ ਭਗਤੋ ਤੁਹਾਡਾ ਖੋਲ੍ਹੇ ਤਾਕ, ਤਸਬੀ ਹੱਥ ਨਾ ਕੋਇ ਫੜਾਇੰਦਾ । ਦਰ ਆਇਆਂ ਕਰਦੇ ਪਾਕ, ਪੱਤਤ ਪਾਪੀ ਆਪ ਤਰਾਇੰਦਾ । ਦਿਵਸ ਰੈਣ ਕੋਈ ਨਾ ਕਰੇ ਪਾਠ, ਪਾਠਸ਼ਾਲਾ ਕਾਇਆ ਅੰਦਰ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਕਰਨੇ ਆਇਆ, ਨਿਰਗੁਣ ਨਿਰਵੈਰ ਪੁਰਖ ਅਕਾਲ । ਗੁਰਮੁਖ ਸਾਚੇ ਲਏ ਜਗਾਇਆ, ਗੁਰਸਿਖਾਂ ਨਾਤਾ ਤੋੜ ਜਗਤ ਜੰਜਾਲ । ਸਾਚਾ ਘਰ ਇਕ ਵਸਾਇਆ, ਹਰਿ ਮੰਦਰ ਕਰ ਤਿਆਰ । ਊਚ ਨੀਚ ਨਾ ਕੋਇ ਜਣਾਇਆ, ਰੂਪ ਰੰਗ ਇਕ ਉਜਿਆਰ । ਚਾਰ ਵਰਨ ਨਾ ਵੰਡ ਵੰਡਾਇਆ, ਅਠਾਰਾਂ ਬਰਨ ਕਰ ਖ਼ੁਆਰ । ਸਾਚੀ ਸਰਨ ਇਕ ਤਕਾਇਆ, ਪੁਰਖ ਅਬਿਨਾਸ਼ੀ ਏਕੰਕਾਰ । ਪੀਰ ਪੈਗ਼ੰਬਰ ਬਣ ਕੇ ਨੂਰ ਖ਼ੁਦਾਇਆ, ਮਾਰਗ ਦੱਸੇ ਵਿਚ ਸੰਸਾਰ । ਤਤਵ ਤਤੀ ਇਕ ਪੜ੍ਹਾਇਆ, ਕਾਇਨਾਤ ਕਰੇ ਖ਼ਬਰਦਾਰ । ਸਬਰ ਪਿਆਲਾ ਇਕ ਪਿਆਇਆ, ਦੀਨਾਂ ਬੰਧਪ ਦੀਨ ਦਿਆਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਲਾਏ ਪਾਰ । ਹਰਿਜਨ ਪਾਰ ਲੰਘਾਏ ਪ੍ਰਭ, ਕਲ ਆਪਣੀ ਦਇਆ ਕਮਾਈਆ । ਬੀਸ ਬੀਸੇ ਲਿਆਂਦੇ ਲੱਭ, ਕਾਇਆ ਮੰਦਰ ਫੋਲ ਫੁਲਾਈਆ । ਦੂਰ ਦੁਰਾਡੇ ਆਏ ਭੱਜ, ਬਣ ਪਾਂਧੀ ਸੱਜਣ ਰਾਹੀਆ । ਚਲ ਕੇ ਕਰੀਏ ਇਕੋ ਹੱਜ, ਕਾਅਬਾ ਲੋੜ ਰਹੇ ਨਾ ਰਾਈਆ । ਹਰਿ ਮੰਦਰ ਬਹੀਏ ਸਜ, ਚਾਰ ਦੀਵਾਰੀ ਨਾ ਕੋਇ ਵਖਾਈਆ । ਪ੍ਰਭ ਦਰਸਨ ਕਰੀਏ ਰੱਜ, ਸ਼ਾਹ ਪਾਤਸ਼ਾਹ ਸੱਚੇ ਸ਼ਹਿਨਸ਼ਾਹੀਆ । ਆਪਣਾ ਪਰਦਾ ਲਈਏ ਕੱਜ, ਉਤੇ ਓਢਣ ਨਾਮ ਰਖਾਈਆ । ਜਨ ਭਗਤਾਂ ਵਿਚ ਬਹੀਏ ਸਜ, ਸੱਜਣ ਸੈਣ ਜਗਤ ਤਜਾਈਆ । ਪਰੇਮ ਪ੍ਰੀਤੀ ਅੰਦਰ ਲਈਏ ਨੱਚ, ਮੁਖ ਘੁੰਗਟ ਨਾ ਕੋਇ ਰਖਾਈਆ । ਲੂੰ ਲੂੰ ਅੰਦਰ ਪਾਰਬ੍ਰਹਮ ਪਤਿਪਰਮੇਸ਼ਵਰ ਜਾਏ ਰਚ, ਬ੍ਰਹਮ ਮੇਲਾ ਸਹਿਜ ਸੁਭਾਈਆ । ਲੇਖੇ ਲੱਗੇ ਕਾਇਆ ਮਾਟੀ ਝੂਠਾ ਕੱਚ, ਕੰਚਨ ਰੂਪ ਵਟਾਈਆ । ਜਿਸ ਦੇ ਘਰ ਇਕੋ ਸੱਚ, ਕੂੜੀ ਕਿਰਿਆ ਨਜ਼ਰ ਨਾ ਆਈਆ । ਉਸਦੇ ਕੋਲ ਜਾ ਕੇ ਦੁਖੜਾ ਦੇਈਏ ਦੱਸ, ਪਰਦਾ ਓਹਲਾ ਨਾ ਕੋਈ ਰਖਾਈਆ । ਅਸੀਂ ਸੁਣਦੇ ਆਏ ਤੂੰ ਹੋਵੇਂ ਭਗਤਾਂ ਵਸ, ਭਗਤ ਸੁਹੇਲਾ ਬਣਿਆ ਧੁਰ ਦਾ ਮਾਹੀਆ । ਪਰੇਮ ਪ੍ਰੀਤੀ ਅੰਦਰ ਸਦਾ ਰਹਿਓ ਵਸ, ਆਪ ਆਪਣਾ ਡੇਰਾ ਲਾਈਆ । ਤੇਰਾ ਨਾਮ ਕੋਟਨ ਕੋਟ ਰਹੇ ਰਟ, ਰੱਟਾ ਮਣਕਿਆਂ ਨਾਲ ਪਾਈਆ । ਤੀਰਥ ਤੱਟਾਂ ਉਤੇ ਪਾਣੀ ਰਹੇ ਝੱਟ, ਦਿਵਸ ਰੈਣ ਸੇਵ ਕਮਾਈਆ । ਬਣ ਕੇ ਪਾਂਧੀ ਰਹੇ ਨੱਠ, ਕਦਮ ਕਦਮ ਰਹੇ ਉਠਾਈਆ । ਅੰਦਰ ਵੜ ਕੇ ਅੱਖਾਂ ਮੀਟ ਕੇ ਡੂੰਘੀ ਭਵਰੀ ਆਪਣਾ ਆਪ ਸੱਟ, ਨੇਤਰ ਨੈਣ ਧਿਆਨ ਲਗਾਈਆ । ਅਸੀਂ ਸੁਣਦੇ ਆਏ ਤੂੰ ਖ਼ੁਸ਼ ਹੋਇਆ ਉਤੇ ਧੰਨੇ ਜੱਟ, ਨਿਰਧਨ ਭਿਖਾਰੀ ਗਲੇ ਲਗਾਈਆ । ਵੇਖ ਤੇਰੇ ਦੁਆਰੇ ਗੁਰਮੁਖ ਬੈਠੇ ਸੱਥਰ ਘੱਤ, ਤੁਧ ਬਿਨ ਸੇਜ ਨਾ ਕੋਇ ਹੰਢਾਈਆ । ਦਰੋਹੀ ਅਸਾਂ ਛੱਡੀ ਪਿਛਲੀ ਮਤ, ਅਗਲਾ ਮਾਰਗ ਦੇ ਸਿਖਾਈਆ । ਸਾਡੀ ਫੇਰ ਨਾ ਉਬਲੇ ਰਤ, ਰਤੀ ਰਤ ਦੇ ਸੁਕਾਈਆ । ਤੇਰੇ ਬ੍ਰਹਮ ਦਾ ਮਿਲੇ ਜਤ, ਕਾਮ ਕਰੋਧ ਨਾ ਕੋਇ ਹਲਕਾਈਆ । ਤੇਰਾ ਢੋਲਾ ਗਾਈਏ ਜਸ, ਦੂਜੀ ਹੋਰ ਨਾ ਕੋਇ ਪੜ੍ਹਾਈਆ । ਤੂੰ ਹਿਰਦੇ ਜਾਣਾ ਵਸ, ਕਾਇਆ

ਬੰਕ ਸੋਭਾ ਪਾਈਆ । ਆਤਮ ਸੇਜਾ ਤੇਰਾ ਰਸ, ਸੰਜੋਗ ਵਜੋਗ ਤੇਰਾ ਹੁਕਮ, ਹੁਕਮ ਰਜ਼ਾਈ ਤੇਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇ ਵਡਿਆਈਆ । ਗੁਰ ਅਵਤਾਰੋ ਹੋਰ ਨਾ ਆਖੋ, ਹਰਿ ਆਖ਼ਰ ਆਪ ਜਣਾਇੰਦਾ । ਆਪਣੀ ਕੀਤੀ ਸਾਰੇ ਭਾਖੇ, ਭਾਖਿਆ ਸਚ ਜਣਾਇੰਦਾ । ਹਰਿ ਸਰਨਾਈ ਹੋਵੇ ਦਾਸੋ, ਦਾਸੀ ਦਾਸ ਰੂਪ ਵਟਾਇੰਦਾ । ਪ੍ਰਭ ਜਸ ਗਾਵੇ ਸਵਾਸ ਸਵਾਸੋ, ਸਵਾਸ ਸਵਾਸੀ ਪਵਣ ਧਾਰ ਪਰਗਟਾਇੰਦਾ । ਪੂਰੀ ਕਰੇ ਆਪਣੀ ਆਸੇ, ਆਸਾ ਤ੍ਰਿਸਨਾ ਮੇਟ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸ ਇਕ ਸੁਣਾਇੰਦਾ । ਧੁਰ ਸੰਦੇਸਾ ਆਲਮੀਨ, ਨੂਰ ਇਲਾਹੀ ਆਪ ਜਣਾਇੰਦਾ । ਖੇਲੇ ਖੇਲ ਯਾ ਮੁਬੀਨ, ਮੁਹੱਬਤ ਇਕੋ ਘਰ ਲਗਾਇੰਦਾ । ਮਿਹਬਾਨ ਬੀਦੋ ਬੇਨਜ਼ੀਰ, ਨਜ਼ਰ ਕਿਸੇ ਨਾ ਆਇੰਦਾ । ਹੱਕ ਯਕੀਨ ਦੇ ਤਾਅਲੀਮ, ਸਾਚੀ ਵਿਦਿਆ ਇਕ ਪੜ੍ਹਾਇੰਦਾ । ਨਾ ਅਲਫ਼ ਨਾ ਕੋਈ ਮੀਮ, ਨੁਕਤਾ ਨੂਨ ਨਜ਼ਰ ਕੋਇ ਨਾ ਆਇੰਦਾ ।, ਆਦਿ ਅੰਤ ਨਾ ਹੋਏ ਤਕਸੀਮ, ਦੂਜੀ ਵੰਡ ਨਾ ਕੋਇ ਵੰਡਾਇੰਦਾ । ਈਸਾ ਮੂਸਾ ਮੁਹੰਮਦ ਜਿਸ ਦੇ ਉਤੇ ਕਰਿਆ ਯਕੀਨ, ਸੋ ਯਾਕੂਬ ਵੇਖ ਵਖਾਇੰਦਾ । ਤਿਸ ਸਾਹਿਬ ਦਾ ਵੇਖ ਸੀਨ, ਬਿਨ ਨੇਤਰ ਆਪ ਵਖਾਇੰਦਾ । ਜਿਸ ਦਾ ਮਾਰਗ ਸਦਾ ਮਹੀਨ, ਜਗਤ ਜੀਵ ਕਦਮ ਨਾ ਕੋਇ ਟਿਕਾਇੰਦਾ । ਸੋ ਗੁਰਮੁਖਾਂ ਹੋਇਆ ਅਧੀਨ, ਜਨ ਭਗਤਾਂ ਡੇਰਾ ਲਾਇੰਦਾ । ਆਪਣਾ ਨਾਉਂ ਰੱਖ ਮਸਕੀਨ, ਮੁਸ਼ਕਲ ਸਭ ਦੀ ਹੱਲ ਕਰਾਇੰਦਾ । ਚਾੜ੍ਹੇ ਰੰਗ ਇਕੋ ਭੀਨ, ਭਿੰਨੜੀ ਰੈਣ ਨਾਲ ਮਿਲਾਇੰਦਾ । ਜਿਸ ਪਾਖਰ ਪਾਈ ਘੋੜੇ ਜ਼ੀਨ, ਸ਼ਾਹਸਵਾਰਾ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੀਸ ਬੀਸਾ ਨਾਦ ਵਜਾਇੰਦਾ । ਬੀਸ

੧੦੪੨ ਬੀਸਾ ਨਾਦ ਡੰਕ, ਡੰਕਾ ਨਾਮ ਵਜਾਈਆ । ਆਪ ਉਠਾਏ ਰਾਉ ਰੰਕ, ਸੋਇਆ ਕੋਇ ਰਹਿਣ ਨਾ ਪਾਈਆ । ਇਕੋ ਸੁਹਾਏ ਦੁਆਰ ਬੰਕ, ਭਗਤ ੧੦੪੨

੧੪ ਦੁਆਰ ਸੋਭਾ ਪਾਈਆ । ਸਭ ਦਾ ਵੇਖਣਹਾਰਾ ਅੰਤ, ਅੰਤਸ਼ਕਰਨ ਵੇਖ ਵਖਾਈਆ । ਗੁਰਮੁਖ ਵਿਛੜੀ ਮਿਲੇ ਨਾਰ ਕੰਤ, ਕੰਤੂਹਲ ਆਪਣਾ ੧੪

ਫੇਰਾ ਪਾਈਆ । ਸਚ ਦੁਆਰ ਬਣਾਏ ਬਣਤ, ਘੜਨ ਭੰਨਣਹਾਰ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੇੜਾ ਆਪਣੇ ਕੰਧ ਟਿਕਾਈਆ । ਬੇੜਾ ਕੰਧ ਆਪਣੇ ਚੁੱਕ, ਹਰਿ ਆਪਣੀ ਦਇਆ ਕਮਾਇੰਦਾ । ਸਚਖੰਡ ਦਾ ਕਰੇ ਰੁਖ਼, ਦੂਜੀ ਕੂਟ ਨਜ਼ਰ ਨਾ ਕੋਇ ਟਿਕਾਇੰਦਾ । ਗੁਰਮੁਖ ਬਣਾਏ ਆਪਣੇ ਪੁਤ, ਪਿਤਾ ਪੂਤ ਲਾਡ ਲਡਾਇੰਦਾ । ਦੂਰ ਦੁਰਾਡਾ ਨੀਵਾ ਹੋ ਕੇ ਵੇਖੇ ਝੁਕ, ਕਵਣ ਕੂਟੇ ਗੁਰਮੁਖ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਖੇਲ ਆਪ ਕਰਾਇੰਦਾ । ਸਾਚੀ ਖੇਲ ਕਰੇ ਨਿਰੰਕਾਰ, ਨਿਰਗੁਣ ਆਪਣੀ ਦਇਆ ਕਮਾਈਆ । ਜਨ ਭਗਤ ਦੁਆਰੇ ਬਣੇ ਭਿਖਾਰ, ਮੰਗਤ ਇਕੋ ਨਜ਼ਰੀ ਆਈਆ । ਦਰ ਦਰਵੇਸ਼ ਸਿਰਜਣਹਾਰ, ਅਲਖ ਅਲਖਨਾ ਅਲਖ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲਹਿਣਾ ਝੋਲੀ ਪਾਈਆ । ਸਾਚਾ ਲਹਿਣਾ ਮੁਕਾਏ ਹਰਿ, ਹਰਿ ਵੱਡਾ ਵਡ ਵਡਿਆਈਆ । ਦੇਵਣ ਦੇਣ ਆਇਆ ਦਰ, ਦਰ ਦਰਵੇਸ਼ ਫੇਰਾ ਪਾਈਆ । ਗੁਰਮੁਖੋ ਪੁਰਖ ਅਬਿਨਾਸ਼ੀ ਲਓ ਫੜ, ਆਪ ਆਪਣਾ ਬਲ ਵਧਾਈਆ । ਜਿਸ ਲਾਈ ਤੁਹਾਡੀ ਜੜ, ਅੰਤ ਸਕੇ ਨਾ ਕੋਇ ਉਖੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਅੱਗੇ ਆਪਣਾ ਸੀਸ ਝੁਕਾਈਆ । ਜਨ ਭਗਤ ਨਾ ਲਾਵੇ ਜ਼ੋਰ, ਹਰਿ ਸਤਿਗੁਰ ਆਪ ਜਣਾਈਆ ।

ਪ੍ਰਭ ਹੋਰ ਨਾ ਹੋਵੇ ਹੋਰ, ਰੂਪ ਅਨੂਪ ਨਾ ਕੋਇ ਬਦਲਾਈਆ । ਜਿਸ ਗੋਬਿੰਦ ਬਣਾਇਆ ਛੋਹਰ, ਬਾਂਕਾ ਨੱਢਾ ਬਾਲ ਦਏ ਵਡਿਆਈਆ । ਜਿਸ ਦੀ ਚਾਲ ਅਵੱਲੜੀ ਤੋਰ, ਨਜ਼ਰ ਕਿਸੇ ਨਾ ਆਈਆ । ਕਰੇ ਪਰਕਾਸ਼ ਅੰਧ ਘੋਰ, ਜੋਤ ਨੂਰ ਨੂਰ ਰੁਸ਼ਨਾਈਆ । ਤਿਸ ਨੂੰ ਪਈ ਤੁਹਾਡੀ ਲੋੜ, ਬਿਨ ਸਾਚੇ ਭਗਤਾਂ ਸਤਿਜੁਗ ਰਾਹ ਨਾ ਕੋਇ ਲਗਾਈਆ । ਦਰ ਆਇਆ ਨਾ ਦੇਣਾ ਹੋੜ, ਆਪਣਾ ਮੁਖ ਭੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਰਿਹਾ ਸਮਝਾਈਆ । ਗੁਰਮੁਖੋ ਖੇਲ ਕਰੇ ਨਿਰੰਕਾਰਾ, ਨਿਰਗੁਣ ਆਪਣੀ ਦਇਆ ਕਮਾਇੰਦਾ । ਪਹਿਲੋਂ ਕੀਆ ਸਚ ਵਿਹਾਰਾ, ਵਿਵਹਾਰੀ ਧਾਰ ਵਖਾਇੰਦਾ । ਗੁਰਮੁਖ ਬਣਾ ਕੇ ਲਾੜਾ, ਆਪ ਆਪਣੇ ਨਾਲ ਪਰਨਾਇੰਦਾ । ਅੰਦਰ ਲੈ ਕੇ ਆਇਆ ਪਰਵਰਦਿਗਾਰਾ, ਬੇਪਰਵਾਹ ਬੇਪਰਵਾਹੀ ਵਿਚ ਸਮਾਇੰਦਾ । ਪਿਛੇ ਸੰਗਤ ਆਈ ਵਾਰੋ ਵਾਰਾ, ਘਰ ਸਾਜਣ ਆਪ ਸੁਹਾਇੰਦਾ । ਰਲ ਕੇ ਸਭ ਨੇ ਬੋਲਿਆ ਇਕੋ ਨਾਅਰਾ, ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਢੋਲਾ ਗਾਇੰਦਾ । ਪੁਰਖ ਅਕਾਲ ਸਾਂਝਾ ਯਾਰਾ, ਦੂਜੀ ਵੰਡ ਨਾ ਕੋਇ ਵੰਡਾਇੰਦਾ । ਰਲ ਮਿਲ ਖ਼ੁਸ਼ੀਆਂ ਮਨਾਏ ਕੰਤ ਭਤਾਰਾ, ਸੇਜ ਸੁਹੰਜਣੀ ਸੋਭਾ ਪਾਇੰਦਾ । ਅੱਗੇ ਸਚਖੰਡ ਦਾ ਝੂਠਾ ਦੇਵੇ ਨਾ ਕਿਸੇ ਲਾਰਾ, ਫੜ ਬਾਂਹੋਂ ਪਾਰ ਲੰਘਾਇੰਦਾ । ਕੋਈ ਲੱਭਣ ਨਾ ਜਾਏ ਵਿਚ ਜੰਗਲ ਜੂਹ ਉਜਾੜ ਪਹਾੜਾ, ਉਚੇ ਟਿੱਲੇ ਪਰਬਤ ਗੁਰਮੁਖ ਗੁਰਸਿਖ ਨਾ ਕੋਇ ਭੁਆਇੰਦਾ । ਗੁਰਸਿਖ ਕੋਈ ਨਾ ਠਰੇ ਪਾਣੀ ਠੰਡੇ ਠਾਰਾ, ਅਗਨੀ ਹਵਨ ਨਾ ਕੋਇ ਜਲਾਇੰਦਾ । ਆਪਣੀ ਕਿਰਪਾ ਕਰੇ ਆਪ ਕਰਤਾਰਾ, ਫੜ ਬਾਂਹੋਂ ਪਾਰ ਕਰਾਇੰਦਾ । ਜੋ ਜਨ ਪੰਜ ਵਾਰ ਲਾਏ ਨਾਮ ਜੈਕਾਰਾ, ਜੈ ਜੈਕਾਰ ਇਕ ਸਮਝਾਇੰਦਾ । ਸੋ ਵਸੇ ਸਚਖੰਡ ਦੁਆਰਾ, ਵਿਸ਼ਨ ਬ੍ਰਹਮਾ ਸ਼ਿਵ ਨਿਉਂ ਨਿਉਂ ਸੀਸ ਝੁਕਾਇੰਦਾ । ਪੁਰਖ ਅਬਿਨਾਸ਼ੀ ਨੌਂ ਦੁਆਰੇ ਖੜਾ ਹੋ ਕੇ ਦੇਵੇ ਪਹਿਰਾ, ਕੂੜੀ ਕਿਰਿਆ ਬਾਹਰ ਕਢਾਇੰਦਾ । ਅੰਦਰ ਸੱਦੇ ਆ ਗੁਰਮੁਖ ਮੇਰੇ ਯਾਰਾ, ਤੁਧ ਬਿਨ ਮੇਰਾ ਮੰਦਰ ਨਾ ਸੋਭਾ ਪਾਇੰਦਾ । ਸਚਖੰਡ ਬਣਿਆ ਰਹੇ ਨਾਕਾਰਾ, ਬਿਨ ਭਗਤਾਂ ਮੇਲ ਨਾ ਕੋਇ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਰਸੇ ਡੁੱਬੇ ਪਾਰ ਕਰਾਇੰਦਾ । ਸਰਸੇ ਡੁੱਬੇ ਉਠੀ ਧਾਰ, ਹਰਿ ਗੋਬਿੰਦ ਵੇਖ ਵਖਾਈਆ । ਸੱਤਰਾਂ ਕਰ ਇਕ ਪਿਆਰ, ਇਕੋ ਵਾਰ ਸਮਝਾਈਆ । ਤੁਹਾਡਾ ਕਰਜ਼ਾ ਦੇਵਾਂ ਉਤਾਰ, ਲਹਿਣਾ ਸਭ ਦੀ ਝੋਲੀ ਪਾਈਆ । ਕਲ ਕਲਕੀ ਲੈ ਅਵਤਾਰ, ਸੰਬਲ ਆਪਣਾ ਡੇਰਾ ਲਾਈਆ । ਕੱਠੇ ਕਰਾਂ ਵਿਛੜੇ ਯਾਰ, ਦੂਰ ਦੁਰਾਡੇ ਮੇਲ ਮਿਲਾਈਆ । ਫੜ ਕੇ ਬੇੜੇ ਲਵਾਂ ਚਾੜ੍ਹ, ਮੰਜਧਾਰ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਰਿਹਾ ਤਰਾਈਆ । ਗੁਰਮੁਖ ਦਾਨ ਇਕੋ ਮੰਗਣਾ, ਦੇਵਣਹਾਰ ਕਰਤਾਰ । ਦਰ ਆ ਮੂਲ ਨਾ ਸੰਗਣਾ, ਖੋਲ੍ਹਣਹਾਰ ਬੰਦ ਕਿਵਾੜ । ਮਨ ਤਨ ਚਾੜ੍ਹੇ ਨਾਮ ਰੰਗਣਾ, ਰੰਗ ਰੰਗੇ ਅਪਰ ਅਪਾਰ । ਮਾਣਸ ਜਨਮ ਨਾ ਹੋਵੇ ਭੰਗਣਾ, ਲੱਖ ਚੁਰਾਸੀ ਉਤਰੇ ਪਾਰ । ਸਤਿਗੁਰ ਪੂਰੇ ਉਤੋਂ ਇਕੋ ਕਦਮ ਚੁੱਕ ਕੇ ਲੰਘਣਾ, ਬਲ ਆਪਣਾ ਆਪ ਧਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਡੁੱਬਦੇ ਪਾਥਰ ਲਾਏ ਪਾਰ । ਡੁੱਬਦੇ ਪਾਥਰ ਪਾਹਨ ਵੇਖੇ, ਪ੍ਰਭ ਆਪਣੀ ਦਇਆ ਕਮਾਈਆ । ਸਾਹਿਬ ਸਤਿਗੁਰ ਜਿਨ੍ਹਾਂ ਪੇਖੇ, ਤਿਸ ਦੇਵੇ ਮਾਣ ਵਡਿਆਈਆ । ਜੁਗ ਜਨਮ ਦੇ ਰੱਖੇ ਚੇਤੇ, ਅਭੁੱਲ ਭੁੱਲ ਕਦੇ ਨਾ ਜਾਈਆ । ਨਿਰਗੁਣ ਹੋ ਕੇ ਕਰੇ ਹੇਤੇ, ਸਰਗੁਣ ਲਏ ਬਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਬੇੜੇ ਰਿਹਾ ਚੜ੍ਹਾਈਆ । ਗੁਰਮੁਖ ਬੇੜਾ ਕਰ ਤਿਆਰ, ਹਰਿ

ਚੱਪੂ ਨਾਮ ਲਗਾਈਆ । ਭਗਤ ਦੁਆਰੇ ਆ ਨਿਰੰਕਾਰ, ਨਿਰਗੁਣ ਰਿਹਾ ਸਮਝਾਈਆ । ਸਰਗੁਣ ਸੱਜਣ ਹੋ ਤਿਆਰ, ਨਿਰਗੁਣ ਆਪਣਾ ਭੇਵ ਖੁਲ੍ਹਾਈਆ । ਰਸਨਾ ਬੋਲ ਇਕ ਜੈਕਾਰ, ਇਕੋ ਨਾਮ ਧਿਆਈਆ । ਅੰਦਰ ਵੜਨਾ ਸਚ ਦਰਬਾਰ, ਨਿਉਂ ਨਿਉਂ ਸੀਸ ਝੁਕਾਈਆ । ਰਸਨਾ ਜਿਹਵਾ ਗਾਏ ਵਾਰ, ਸੋਹੰ ਨਾਮ ਵੱਜੇ ਵਧਾਈਆ । ਵੇਖੇ ਵਿਗਸੇ ਵੇਖਣਹਾਰ, ਵੇਖਣਹਾਰਾ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਪਹਿਲੋਂ ਦਏ ਲੰਘਾਈਆ । ਪੀਰ ਪੈਗ਼ੰਬਰ ਲੰਘੀ ਜਾਂਦੇ, ਅੱਗੇ ਅੱਗੇ ਧਿਆਨ ਲਗਾਈਆ । ਪਰਮ ਪੁਰਖ ਦਾ ਢੋਲਾ ਗਾਂਦੇ, ਇਕੋ ਰਾਗ ਅਲਾਈਆ । ਪਤਿਪਰਮੇਸ਼ਵਰ ਇਕ ਮਨਾਂਦੇ, ਦੂਜੀ ਓਟ ਨਾ ਕੋਇ ਤਕਾਈਆ । ਸਾਚੇ ਤੀਰਥ ਨੁਹਾਵਣ ਨਹਾਂਦੇ, ਪ੍ਰਭ ਚਰਨ ਮਿਲੀ ਸਰਨਾਈਆ । ਚਾਰ ਜੁਗ ਦੇ ਥੱਕੇ ਮਾਂਦੇ, ਆਪਣੀ ਥਕਾਵਟ ਰਹੇ ਗਵਾਈਆ । ਧੰਨ ਭਾਗ ਪ੍ਰਭ ਜਨ ਭਗਤਾਂ ਸਾਫ਼ ਕੀਤੇ ਭਾਂਡੇ, ਕਾਇਆ ਮਾਟੀ ਪੋਚ ਪੁਚਾਈਆ । ਪਾਰ ਕਰਾਏ ਪੀਂਦੇ ਖਾਂਦੇ, ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਪਾਰ ਲੰਘਾਈਆ । ਭਗਤ ਲੰਘਣ ਪਾਰ ਕਿਨਾਰੇ, ਕਿਨਾਰਾ ਇਕੋ ਇਕ ਵਖਾਇੰਦਾ । ਦੋ ਜਹਾਨਾਂ ਸਚ ਸਹਾਰੇ, ਸਾਹਿਬ ਸਤਿਗੁਰ ਆਪ ਸਮਝਾਇੰਦਾ । ਸਾਚੇ ਅੰਦਰ ਸਤਿਗੁਰ ਵਾੜੇ, ਘਰ ਮੰਦਰ ਸੋਭਾ ਪਾਇੰਦਾ । ਗੁਰਮੁਖ ਸੱਜਣ ਸਾਚੇ ਲਾੜੇ, ਨਰ ਨਰਾਇਣ ਵੇਖ ਵਖਾਇੰਦਾ । ਵੱਜੇ ਵਧਾਈ ਸਤਾਰਾਂ ਹਾੜੇ, ਹਰਿ ਆਪਣਾ ਅੰਕ ਬਣਾਇੰਦਾ । ਪਰੇਮ ਪ੍ਰੀਤੀ ਤੁਰਯਾ ਨਾਅਰੇ, ਰਾਗ ਅਨਾਦੀ ਨਾਦ ਸੁਣਾਇੰਦਾ । ਭਗਤ ਦੁਆਰੇ ਸਚ ਨਜ਼ਾਰੇ, ਨਰ ਹਰਿ ਨਰਾਇਣ ਆਪ ਵਖਾਇੰਦਾ । ਕੂੜੇ ਚੋਲੇ ਸਭ ਦੇ ਪਾੜੇ, ਚੀਥੜ ਪੁਰਾਣਾ ਨਾ ਕੋਇ ਹੰਢਾਇੰਦਾ । ਜਨਮ ਜਨਮ ਵਿਚ ਪਾਰ ਉਤਾਰੇ, ਜਨਮ ਜਨਮ ਵਿਚ ਬਦਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਪਾਰ ਕਰਾਇੰਦਾ । ਪਾਰ ਲੰਘੇ ਗੁਰਮੁਖ ਮੀਤ, ਸੋ ਸਾਹਿਬ ਆਪ ਲੰਘਾਈਆ । ਸੱਚੇ ਸਤਿਗੁਰ ਦੀ ਸਾਚੀ ਰੀਤ, ਪੁਰਖ ਅਕਾਲ ਦਏ ਵਡਿਆਈਆ । ਇਕ ਇਕ ਜਾਓ ਗਾਓ ਗੀਤ, ਸਾਚਾ ਰਾਗ ਅਲਾਈਆ । ਨਾਤਾ ਤੁਟਿਆ ਮੰਦਰ ਮਸੀਤ, ਪੁਰਖ ਅਕਾਲ ਹੋਏ ਸਹਾਈਆ । ਸਦੀ ਬੀਸਵੀਂ ਰਹੀ ਬੀਤ, ਬੀਤੀ ਕਹਾਣੀ ਰਿਹਾ ਜਣਾਈਆ । ਲੱਖ ਚੁਰਾਸੀ ਪਰਖੇ ਨੀਤ, ਗੁਰਮੁਖ ਲਏ ਉਠਾਈਆ । ਭਗਤ ਦੁਆਰੇ ਸੁੱਤਾ ਬੀਚ, ਆਪਣਾ ਆਸਣ ਲਾਈਆ । ਸ੍ਰੀ ਭਗਵਾਨ ਬਣ ਨਾਚੀਜ਼, ਮਾਣ ਅਭਿਮਾਨ ਗਵਾਈਆ । ਗੁਰਮੁਖ ਪ੍ਰਭ ਗਿਆ ਭੀਜ, ਭਿਨੜੀ ਰੈਣ ਸੁਹਾਈਆ । ਵਾਰੀ ਵਾਰੀ ਸਾਰੇ ਲੰਘੇ ਦਹਿਲੀਜ਼, ਅੰਦਰ ਜਾ ਜਾ ਮੁੜ ਕੇ ਫੇਰਾ ਪਾਈਆ । ਪਾਰਬ੍ਰਹਮ ਦੀ ਪੂਰੀ ਹੋਵੇ ਰੀਝ, ਗੁਰਮੁਖ ਸਾਚੇ ਪਾਰ ਕਰਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦ ਦੇਵਣਹਾਰ ਵਡਿਆਈਆ ।



ਹਰਿ ਸੰਗਤ ਬੇੜਾ ਹੋਇਆ ਪਾਰ, ਪ੍ਰਭ ਅਬਿਨਾਸ਼ੀ ਪਾਰ ਕਰਾਈਆ । ਪੱਤਣ ਆ ਕੇ ਸੇਵਾਦਾਰ, ਸਚ ਕਿਨਾਰੇ ਹੋਏ ਸਹਾਈਆ । ਸਾਚੀ ਨੱਯਾ ਗੁਰਮੁਖ ਚਾੜ੍ਹ, ਘਰ ਸਾਚੇ ਆਪ ਬਹਾਈਆ । ਨਿਰਗੁਣ ਹੋ ਕੇ ਕਰੇ ਪਿਆਰ, ਸਰਗੁਣ ਮਾਣ ਵਡਿਆਈਆ । ਲੱਖ ਚੁਰਾਸੀ ਹੋਈ ਪਾਰ, ਜਮ ਕੀ ਫਾਸੀ ਆਪ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਪਾਰ ਲੰਘਾਈਆ । ਹਰਿਜਨ ਸਾਚੇ

ਪਾਰ ਲੰਘੇ, ਅਗਲਾ ਪੰਧ ਮੁਕਾਈਆ । ਕਲਜੁਗ ਜੀਵ ਨੇਤਰ ਅੰਧੇ, ਨਜ਼ਰ ਕਿਸੇ ਨਾ ਆਈਆ । ਕੂੜੀ ਕਿਰਿਆ ਡਿਗੇ ਡੂੰਘੀ ਖੱਡੇ, ਖ਼ੰਦਕ ਇਕੋ ਇਕ ਵਖਾਈਆ । ਗੁਰਮੁਖ ਬਿਨ ਬੰਦਗੀਉਂ ਕੀਤੇ ਬੰਦੇ, ਬੰਦਨਾ ਇਕੋ ਸਮਝਾਈਆ । ਮਿਲੇ ਵਡਿਆਈ ਵਿਚ ਵਰਭੰਡੇ, ਭੰਡੀ ਕੋਈ ਰਹਿਣ ਨਾ ਪਾਈਆ । ਸ੍ਰੀ ਭਗਵਾਨ ਚਾੜ੍ਹੇ ਡੰਡੇ, ਫੜ ਬਾਹੋਂ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲੇਖੇ ਲਾਈਆ । ਹਰਿਜਨ ਲੇਖਾ ਗਿਆ ਲੱਗ, ਮਿਲੇ ਮਾਣ ਵਡਿਆਈਆ । ਕਿਰਪਾ ਕਰੇ ਸੂਰਾ ਸਰਬੱਗ, ਪੁਰਖ ਅਬਿਨਾਸ਼ੀ ਹੋਏ ਸਹਾਈਆ । ਸੰਤ ਸੁਹੇਲੇ ਦਰਸ ਦਿਖਾਏ ਉਪਰ ਸ਼ਾਹ ਰਗ, ਗੁਰ ਚੇਲੇ ਮੇਲ ਮਿਲਾਈਆ । ਜਨ ਭਗਤਾਂ ਪੈਰਾਂ ਹੇਠ ਹੱਥ ਰੱਖ, ਭਾਰ ਆਪਣੇ ਕੰਧ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੇਵਾ ਸਾਚੀ ਸਚ ਕਮਾਈਆ । ਸੇਵਾ ਸਚ ਕਮਾਏ ਠਾਕਰ, ਹਰਿ ਆਪਣੀ ਖੇਲ ਕਰਾਇੰਦਾ । ਦਰ ਆਇਆਂ ਘਰ ਦੇਵੇ ਆਦਰ, ਗ਼ਰੀਬ ਨਿਮਾਣੇ ਗਲੇ ਲਗਾਇੰਦਾ । ਵਣਜ ਕਰਾਏ ਇਕ ਸੌਦਾਗਰ, ਸਾਚਾ ਹੱਟ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੇੜਾ ਬੰਨ੍ਹ ਪਾਰ ਤਰਾਇੰਦਾ । ਬੇੜਾ ਬੰਨ੍ਹਿਆ ਭਰਿਆ ਪੂਰ, ਪੂਰੇ ਸਤਿਗੁਰ ਹੱਥ ਵਡਿਆਈਆ । ਸੇਵਾ ਕਰੇ ਬਣ ਮਜ਼ਦੂਰ, ਮਜ਼ਦੂਰੀ ਮੰਗਣ ਕੋਇ ਨਾ ਆਈਆ । ਲੇਖਾ ਜਾਣੇ ਨੇੜਨ ਦੂਰ, ਦੂਰ ਦੁਰਾਡੇ ਨਾਲ ਰਲਾਈਆ । ਜੋ ਜਨ ਆਏ ਹਜ਼ੂਰ, ਤਿਨ੍ਹਾਂ ਹਾਜ਼ਰੀ ਲੇਖੇ ਪਾਈਆ । ਜੋ ਪਿਛੇ ਘਰ ਰਹਿ ਗਏ ਹੋ ਮਜ਼ਬੂਰ, ਤਿਨ੍ਹਾਂ ਮਜ਼ਬੂਰੀ ਦਏ ਕਟਾਈਆ । ਸਭ ਨੂੰ ਬਖ਼ਸ਼ੇ ਇਕੋ ਜਿਹਾ ਨੂਰ, ਦੂਜੀ ਵੰਡ ਨਾ ਕੋਇ ਵੰਡਾਈਆ । ਸਰਬ ਕਲਾ ਪ੍ਰਭ ਹੋ ਭਰਪੂਰ, ਭਰਮ ਭੌ ਰਿਹਾ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੇੜਾ ਭਗਤਾਂ ਪਾਰ ਕਰਾਈਆ । ਬੇੜਾ ਭਗਤਾਂ ਵੇਖ ਤਰਦਾ, ਹਰਿ ਤਾਰਨਹਾਰ ਤਰਾਇੰਦਾ । ਮਨਮੁਖ ਦੂਰ ਦੁਰਾਡਾ ਡਰਦਾ, ਅੱਗੇ ਹੋ ਨਾ ਕਦਮ ਟਿਕਾਇੰਦਾ । ਕੂੜੀ ਕਿਰਿਆ ਅਗਨੀ ਸੜਦਾ, ਮਾਇਆ ਮਮਤਾ ਮੋਹ ਹਲਕਾਇੰਦਾ । ਕਾਮ ਕਰੋਧ ਰਹੇ ਲੜਦਾ, ਆਸਾ ਤ੍ਰਿਸਨਾ ਝਗੜਾ ਪਾਇੰਦਾ । ਗੁਰਮੁਖ ਢੋਲਾ ਇਕੋ ਪੜ੍ਹਦਾ, ਸੋਹੰ ਰਾਗ ਅਲਾਇੰਦਾ । ਦੀਨ ਦਿਆਲ ਪ੍ਰਭ ਹੋ ਬਰਦਾ, ਦਰ ਸੇਵਾ ਆਪ ਕਮਾਇੰਦਾ । ਖੇਲ ਕਰੇ ਨਰਾਇਣ ਨਰ ਦਾ, ਨਰ ਹਰਿ ਆਪਣੀ ਕਾਰ ਕਮਾਇੰਦਾ । ਜੋ ਆਇਆ ਸੋ ਬੇੜੇ ਚੜ੍ਹਦਾ, ਫੜ ਬਾਂਹੋਂ ਆਪ ਬਹਾਇੰਦਾ । ਸਤਿਗੁਰ ਦੁਆਰੇ ਕੋਈ ਨਾ ਮਰਦਾ, ਮਰਿਆਂ ਜੀਵਤ ਆਪ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਪਾਰ ਲੰਘਾਇੰਦਾ । ਹਰਿਜਨ ਉਤੋਂ ਗਏ ਟੱਪ, ਇਕ ਛਲਾਂਗ ਲਗਾਈਆ । ਪ੍ਰਭ ਝੋਲੀ ਪਾ ਕੇ ਗਏ ਆਪਣੇ ਪਾਪ, ਦੋਹਾਂ ਹੱਥਾਂ ਭਾਰ ਵਖਾਈਆ । ਅੱਗੇ ਕੁਛ ਨਾ ਚਲੇ ਸਾਥ, ਖ਼ਾਲੀ ਹੱਥ ਰਖਾਈਆ । ਨਿਮਾਣਾ ਹੋ ਕੇ ਵੇਖੇ ਨਾਥ, ਅਨਾਥਾਂ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਮੰਦਰ ਇਕ ਵਸਾਈਆ । ਗੁਰਮੁਖ ਮੰਦਰ ਵਸਿਆ ਏਕ, ਏਕੰਕਾਰ ਵਸਾਇੰਦਾ । ਬੀਸ ਬੀਸੇ ਮਿਲੀ ਟੇਕ, ਟੇਕ ਏਕ ਰਘੁਨਾਥ ਵਖਾਇੰਦਾ । ਨਿਜ ਨੇਤਰ ਗ੍ਰਹਿ ਸਾਚਾ ਲਿਆ ਵੇਖ, ਪੇਖ ਪੇਖ ਖ਼ੁਸ਼ੀ ਸਰਬ ਮਨਾਇੰਦਾ । ਪਾਰਬ੍ਰਹਮ ਪ੍ਰਭ ਕਰੇ ਸਾਚਾ ਹੇਤ, ਹਿਤਕਾਰੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਲੇਖਾ ਆਪ ਜਣਾਇੰਦਾ । ਸਾਚਾ ਲੇਖਾ ਅੰਦਰ ਰੱਖ, ਰੱਖਿਆ ਕਰੇ ਬੇਪਰਵਾਹੀਆ । ਗੁਰਸਿਖ ਖੋਲ੍ਹ ਕੇ ਵੇਖੋ ਅੱਖ, ਹਰਿ ਆਖ਼ਰ ਹੋਏ ਸਹਾਈਆ । ਦੂਰ ਦੁਰਾਡੇ ਸਭ ਨੂੰ ਦਿਓ

ਦੱਸ, ਉਚੀ ਕੂਕ ਕੂਕ ਸੁਣਾਈਆ । ਅਸੀਂ ਪ੍ਰਭ ਨੂੰ ਕਰਕੇ ਆਏ ਵਸ, ਦਰ ਦੁਆਰੇ ਲਿਆ ਬਿਠਾਈਆ । ਭਗਤਾਂ ਅੱਗੇ ਬਿਨ ਢਾਹਿਉਂ ਗਿਆ ਢੱਠ, ਬਲ ਆਪਣਾ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੈਣ ਮੂੰਦ ਖ਼ੁਸ਼ੀ ਮਨਾਈਆ । ਨੈਣ ਮੂੰਦ ਪ੍ਰਭ ਹੋਇਆ ਮੂਧਾ, ਉਲਟਾ ਕਵਲ ਭੁਆਈਆ । ਜਨ ਭਗਤਾਂ ਭੇਵ ਖੋਲ੍ਹੇ ਗੂਝਾ, ਰਮਜ਼ ਨਾਮ ਲਗਾਈਆ । ਸਤਿਗੁਰ ਇਕੋ ਨਾ ਕੋਈ ਲੱਭੇ ਦੂਜਾ, ਪੁਰਖ ਅਕਾਲ ਸਤਿਗੁਰ ਇਕ ਅਖਵਾਈਆ । ਸਚ ਦੁਆਰ ਜਿਸ ਜਨ ਸੂਝਾ, ਤਿਸ ਮਿਲੇ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਬਣ ਫ਼ਕੀਰ, ਫ਼ਿਕਰਾ ਆਪਣੇ ਨਾਮ ਸੁਣਾਇੰਦਾ । ਮੁਰੀਦ ਹੋਏ ਨਾ ਕੋਇ ਦਿਲਗੀਰ, ਮੁਰਸ਼ਦ ਆਪਣਾ ਰੰਗ ਰੰਗਾਇੰਦਾ । ਸਾਰੇ ਕੱਟ ਦਿਓ ਸ਼ਰਅ ਜ਼ੰਜੀਰ, ਸ਼ਰੀਅਤ ਵਿਚ ਕਦੇ ਨਾ ਆਇੰਦਾ । ਜਿਸ ਬਣਾਈ ਤੁਹਾਡੀ ਤਕਦੀਰ, ਸੋ ਆਪਣੀ ਤਸਵੀਰ ਸਾਫ਼ ਵਖਾਇੰਦਾ । ਕਲਮਾ ਪੜ੍ਹੋ ਇਕੋ ਪੀਰ, ਆਇਤ ਇਕੋ ਇਕ ਜਣਾਇੰਦਾ । ਸਾਚੀ ਸਿਖੋ ਇਕ ਤਕਬੀਰ, ਤਕਵਾ ਇਕੋ ਇਕ ਰਖਾਇੰਦਾ । ਦਰ ਆਇਆ ਬੇਨਜ਼ੀਰ, ਨਜ਼ਰ ਆਪਣੀ ਆਪ ਮਿਲਾਇੰਦਾ । ਲੇਖੇ ਲਾਏ ਸ਼ਾਹ ਹਕੀਰ, ਊਚ ਨੀਚ ਨਾ ਵੰਡ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਤਰਾਇੰਦਾ । ਪੀਰ ਆਇਆ ਵਡ ਪੈਗ਼ੰਬਰ, ਪਾਰਬ੍ਰਹਮ ਪ੍ਰਭ ਵੇਸ ਵਟਾਈਆ । ਭਗਤ ਦੁਆਰੇ ਰੱਖ ਸਵੰਬਰ, ਸਾਚੀ ਖੇਲ ਵਖਾਈਆ । ਸਰਬ ਕਲਾ ਹੋ ਪੀਤੰਬਰ, ਹਰ ਘਟ ਰਿਹਾ ਸਮਾਈਆ । ਕਲਜੁਗ ਪਿਛਲਾ ਮੇਟ ਅਡੰਬਰ, ਸਤਿਜੁਗ ਸਾਚਾ ਰਾਹ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਆਪਣੇ ਨਾਲ ਪਰਨਾਈਆ । ਗੁਰਮੁਖ ਪਰਨਾਇਆ ਬੰਦੀ ਛੋੜ, ਛੁੱਟੀ ਸਰਬ ਲੋਕਾਈਆ । ਪਰੇਮ ਪ੍ਰੀਤੀ ਬੰਨ੍ਹ ਕੇ ਡੋਰ, ਗਾਨਾਂ ਇਕੋ ਗੁੱਟ ਵਖਾਈਆ । ਬਾਹਰ ਕੱਢੇ ਪੰਜੇ ਚੋਰ, ਮਾਇਆ ਮਮਤਾ ਡੇਰਾ ਢਾਹੀਆ । ਕੂੜੀ ਕਿਰਿਆ ਦਰ ਤੋਂ ਹੋੜ, ਹੋਕਾ ਇਕੋ ਨਾਮ ਸੁਣਾਈਆ । ਗੁਰਮੁਖ ਦਰ ਤੇਰੀ ਪਈ ਲੋੜ, ਲੋਕ ਪਰਲੋਕ ਤੇਰਾ ਰਹੇ ਜਸ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੀਸ ਬੀਸੇ ਦੇਵੇ ਦਾਨ, ਗੁਰਮੁਖ ਸਾਚੇ ਕਰ ਪਰਵਾਨ, ਹਾੜ ਸਤਾਰਾਂ ਝੁਲਾਏ ਨਿਸ਼ਾਨ, ਨਿਸ਼ਾਨਾ ਭਗਤ ਭਗਵਾਨ ਇਕੋ ਨਜ਼ਰੀ ਆਈਆ । ਭਗਤ ਭਗਵਾਨ ਨਿਸ਼ਾਨਾ ਝੁਲਦਾ, ਝੁਲਾਵਣਹਾਰ ਕਰਤਾਰ । ਭਗਤ ਦੁਆਰਾ ਇਕੋ ਖੁਲ੍ਹਦਾ, ਚਾਰ ਵਰਨ ਕਰੇ ਪਿਆਰ । ਏਥੇ ਨਾਮ ਨਾ ਮਿਲੇ ਮੁਲ ਦਾ, ਕਰ ਕਿਰਪਾ ਝੋਲੀ ਦੇਵੇ ਡਾਰ । ਸਾਹਿਬ ਸਤਿਗੁਰ ਕਦੇ ਨਾ ਭੁੱਲਦਾ, ਜੁਗ ਚੌਕੜੀ ਪਾਵੇ ਸਾਰ । ਗੁਰਮੁਖ ਬੂਟਾ ਕਦੇ ਨਾ ਹੁਲਦਾ, ਫਲ ਲਗੇ ਅੰਮ੍ਰਿਤ ਡਾਲ । ਇਹ ਖੇਲ ਪਾਰਬ੍ਰਹਮ ਦੀ ਕੁਲ ਦਾ, ਬ੍ਰਹਮ ਸਾਚਾ ਉਤਰੇ ਪਾਰ । ਏਥੇ ਕੰਡੇ ਤੋਲ ਇਕੋ ਤੁਲਦਾ, ਰਾਉ ਰੰਕ ਇਕ ਅਧਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਆਪ ਕਰਤਾਰ । ਖੇਲ ਕਰੇ ਕਰਤਾਰ, ਕੁਦਰਤ ਕਾਦਰ ਵੇਖ ਵਖਾਈਆ । ਕਲਜੁਗ ਅੰਤਮ ਪਾਵੇ ਸਾਰ, ਮਹਾਂਸਾਰਥੀ ਹੋਏ ਸਹਾਈਆ । ਦਰ ਦੇਵੇ ਦਰਸ ਦੀਦਾਰ, ਦੀਦ ਈਦ ਚੰਦ ਚੜ੍ਹਾਈਆ । ਸਤਿਜੁਗ ਸਚ ਚਲੇ ਵਿਹਾਰ, ਵਿਵਹਾਰੀ ਆਪ ਸਮਝਾਈਆ । ਹਰਿ ਸੰਗਤ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੋਲੋ ਜੈਕਾਰ, ਨਾਅਰਾ ਇਕੋ ਇਕ ਲਗਾਈਆ । ਜੋ ਆਇਆ ਸੋ ਉਤਰਿਆ ਪਾਰ, ਪਾਰ ਉਤਾਰਾ ਆਪ ਕਰਾਈਆ । ਜੇ ਗੁਰਮੁਖ ਭੁੱਲ ਗਏ ਭੁੱਲਿਆ ਨਹੀਂ ਆਪ ਕਰਤਾਰ,


੧੦੪੬ ੧੪

ਕਰਤਾ ਪੁਰਖ ਦਰ ਕੀਮਤ ਆਪੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਉਂਦਿਆਂ ਜਾਂਦਿਆਂ ਸਭਨਾ ਹੋਏ ਸਹਾਈਆ ।

## ★ ੧੮ ਹਾੜ ੨੦੨੦ ਬਿਕ੍ਰਮੀ ਜੇਠੂਵਾਲ ਦਰਬਾਰ ★

ਸਚਖੰਡ ਸਾਚਾ ਵਸਿਆ, ਵਸਾਵਣਹਾਰ ਨਿਰੰਕਾਰ । ਗੁਰ ਅਵਤਾਰ ਹੱਸਿਆ, ਖੋਲ੍ਹ ਬੰਦ ਕਿਵਾੜ । ਪੀਰ ਪੈਗ਼ੰਬਰ ਨੱਚਿਆ, ਬਣ ਮਲੰਗ ਸਤਾਰਾਂ ਹਾੜ । ਗੁਰਮੁਖਾਂ ਕੀਤਾ ਕੱਠਿਆ, ਕਲ ਕਲਕੀ ਹਰਿ ਅਵਤਾਰ । ਸਾਚਾ ਮਾਰਗ ਏਕੋ ਦੱਸਿਆ, ਰੋਗ ਸੋਗ ਚਿੰਤ ਨਿਵਾਰ । ਸ੍ਰੀ ਭਗਵਾਨ ਸਾਚਾ ਖੇਲ ਲੱਗੇ ਚੰਗਿਆ, ਹਰਿਜਨ ਵੇਖੇ ਵਾਰੋ ਵਾਰ । ਬ੍ਰਹਮ ਪਾਰਬ੍ਰਹਮ ਆਤਮ ਰੰਗਿਆ, ਰੰਗ ਚਾੜ੍ਹੇ ਅਗੰਮ ਅਪਾਰ । ਦੇਵੇ ਵਰ ਮੂੰਹੋ ਮੰਗਿਆ, ਜੋ ਮੰਗਦੇ ਰਹੇ ਜੁਗ ਚਾਰ । ਸਾਥੋਂ ਹੋਏ ਨਾ ਤਪਸਿਆ ਬਹਿ ਕੇ ਨੰਗਿਆ, ਠਰਿਆ ਜਾਏ ਨਾ ਵਿਚ ਜਲ ਧਾਰ । ਦਰ ਦਰ ਭਿਖਾਰੀ ਬਣ ਕੇ ਜਾਏ ਨਾ ਮੰਗਿਆ, ਦਹਿ ਦਿਸ਼ਾ ਨਾ ਕੋਇ ਵਿਚਾਰ । ਕਰ ਕਿਰਪਾ ਪ੍ਰਭ ਲਾਉਣਾ ਆਪਣੇ ਅੰਗਿਆ, ਤੇਰਾ ਅੰਗ ਇਕੋ ਦਰ ਕਾਰ । ਸ੍ਰੀ ਭਗਵਾਨ ਸੂਰਾ ਸਰਬੰਗਿਆ, ਇਕੋ ਦੇਵੇ ਨਾਮ ਪਿਆਰ । ਗੁਰਮੁਖ ਚਾੜ੍ਹੇ ਸਾਚੇ ਚੰਦਿਆ, ਨਿਰਗੁਣ ਨੂਰ ਜੋਤ ਕਰ ਉਜਿਆਰ । ਆਤਮ ਸੇਜਾ ਸੋਹੇ ਮੰਜਿਆ, ਸਾਚੀ ਖਾਟ ਵੇਖਣਹਾਰ । ਨਾਮ ਮਰਦੰਗਾ ਇਕੋ ਵੱਜਿਆ, ਵਜਾਵਣਹਾਰ ਸਿਰਜਣਹਾਰ । ਮਾਨਸ ਮਾਨੁਖ ਮਾਨੁਸ਼ ਲੇਖੇ ਲਾਇਆ ਆਪਣਾ ਬੰਦਿਆ, ਬੰਦਗੀ ਪੂਰਬ ਲੇਖੇ ਦਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਵੇਖੇ ਸਾਚੇ ਲਾਲ । ਗੁਰਮੁਖ ਲਾਲ ਵਸਾਓ ਘਰ, ਹਰਿ ਸਾਚਾ ਮੰਗ ਮੰਗਾਈਆ । ਸਾਚੇ ਮੰਦਰ ਜਾਓ ਵੜ, ਗ੍ਰਹਿ ਵੱਜੇ ਇਕ ਵਧਾਈਆ । ਇਕੋ ਢੋਲਾ ਲਓ ਪੜ੍ਹ, ਪਰਮ ਪੁਰਖ ਪੜ੍ਹਾਈਆ । ਸਾਚੇ ਪੌੜੇ ਜਾਓ ਚੜ੍ਹ, ਖ਼ੁਸ਼ੀਆ ਤਾਲ ਵਜਾਈਆ । ਵੇਖਣਹਾਰ ਨਰਾਇਣ ਨਰ, ਨਿਰਗੁਣ ਏਕਾ ਵੇਸ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚਖੰਡ ਦਾ ਸਚ ਰਾਹ, ਆਪ ਜਣਾਏ ਬੇਪਰਵਾਹ, ਗੁਰਮੁਖ ਖ਼ੁਸ਼ੀਆਂ ਨਾਲ ਲੰਘਾਈਆ । ਗੁਰਮੁਖ ਸਚਖੰਡ ਅੰਤ ਜਾਣਗੇ । ਪ੍ਰਭ ਏਕੋ ਏਕ ਧਿਆਣਗੇ । ਦੂਜਾ ਨੈਣ ਨਾ ਕੋਇ ਉਠਾਣਗੇ । ਘਰ ਆਪਣੇ ਦਰਸ਼ਨ ਪਾਣਗੇ । ਪੂਰਬ ਜਨਮ ਹਰਸ ਮਿਟਾਣਗੇ । ਉਚੀ ਬੋਲ ਆਪ ਸੁਣਾਣਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਜਨਮ ਲੇਖੇ ਲਾਣਗੇ । ਪ੍ਰਭ ਜਨਮ ਲੇਖੇ ਲਾਉਣਾ ਏ । ਨਿਹਕਲੰਕ ਰੂਪ ਧਰਾਉਣਾ ਏ । ਸਰਗੁਣ ਆਪਣਾ ਹੁਕਮ ਮੰਨਾਉਣਾ ਏਂ । ਜਨ ਭਗਤ ਦੁਆਰ ਪਹਿਰੇਦਾਰ ਅਖਵਾਉਣਾ ਏਂ । ਠੱਗ ਚੋਰ ਯਾਰ ਨੇੜ ਕੋਇ ਨਾ ਆਉਣਾ ਏਂ । ਚਾਰ ਵਰਨ ਦਾ ਪੰਧ ਮੁਕਾਉਣਾ ਏਂ । ਸਾਚੀ ਸਰਨ ਇਕ ਰਖਾਉਣਾ ਏ । ਪੂਜਾ ਪਾਠ ਨਾ ਕੋਇ ਕਰਾਉਣਾ ਏਂ । ਮਿਹਰ ਨਜ਼ਰ ਨਾਲ ਤਰਾਉਣਾ ਏਂ । ਨੱਚਦਿਆਂ ਟੱਪਦਿਆਂ ਚੌਥੀ ਮੰਜ਼ਲ ਪਹੁੰਚਾਉਣਾ ਏਂ । ਸੋਹੰ ਢੋਲਾ ਗਉਂਦਿਆਂ, ਜੋਤੀ ਜੋਤ ਮਿਲਾਉਣਾ ਏਂ । ਸਚਖੰਡ ਦੁਆਰ ਸੁਹਾਉਂਦਿਆਂ, ਸਾਚਾ ਰੰਗ ਚੜ੍ਹਾਉਣਾ ਏਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਉਣਾ ਏਂ । ਗੁਰਮੁਖ ਨੱਚਦੇ ਆਵਣਗੇ । ਮਾਰਗ

ਇਕੋ ਇਕ ਵਖਾਵਣਗੇ । ਸ੍ਰੀ ਭਗਵਾਨ ਦਰਸਨ ਪਾਉਣਗੇ । ਨਾਲ ਇਸ਼ਾਰਿਆਂ ਇਹ ਸਮਝਾਉਣਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦੋ ਜਹਾਨਾਂ ਪੰਧ ਮੁਕਾਉਣਗੇ । ਗੁਰਸਿਖ ਸਾਰੇ ਕਰਨ ਧਿਆਨ, ਇਕੋ ਨੈਣ ਉਠਾਈਆ । ਵਾਹਵਾ ਸਾਨੂੰ ਮਿਲਿਆ ਆਪ ਤਰਖਾਣ, ਸ਼ਬਦ ਕੁਹਾੜਾ ਹੱਥ ਉਠਾਈਆ । ਲੱਖ ਚੁਰਾਸੀ ਦਿਤੀ ਛਾਣ, ਗੁਰਮੁਖ ਮੁਢ ਵਿਰਲਾ ਨਜ਼ਰੀ ਆਈਆ । ਚੋਲਾ ਬਦਲ ਹੋ ਭਗਵਾਨ, ਆਪਣੀ ਖੇਲ ਰਚਾਈਆ । ਜੋਧਾ ਸੂਰ ਬਣ ਬਲਵਾਨ, ਗੋਬਿੰਦ ਆਪਣਾ ਰੰਗ ਰੰਗਾਈਆ । ਏਕਾ ਦੇ ਧੁਰ ਫ਼ਰਮਾਨ, ਸਚ ਸੰਦੇਸਾ ਰਿਹਾ ਜਣਾਈਆ । ਮੇਰੇ ਭਗਤਾਂ ਦਾ ਰੱਖੀਂ ਧਿਆਨ, ਤੇਰੀ ਸੇਵਾ ਇਕ ਲਗਾਈਆ । ਮਾਛੂਵਾੜਾ ਕਰ ਪਰਵਾਨ, ਲੇਖਾ ਅਗਲਾ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਸਮਝਾਈਆ । ਗੋਬਿੰਦ ਸੂਰਾ ਹਰਿ ਸਮਝਾਇਆ, ਪ੍ਰਭ ਆਪਣੀ ਦਇਆ ਕਮਾਈਆ । ਭਗਤ ਜਨਾਂ ਦਾ ਸੰਗ ਰਖਾਇਆ, ਸਾਚੀ ਸਿਖਿਆ ਇਕ ਦ੍ਰਿੜਾਈਆ । ਕਲਜੁਗ ਵੇਲਾ ਦਏ ਸੁਹਾਇਆ, ਅੰਤ ਵੱਜੇ ਵਧਾਈਆ । ਸੰਤ ਸੁਹੇਲੇ ਲਏ ਉਠਾਇਆ, ਘਰ ਮੰਦਰ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਸ ਅਵੱਲਾ ਆਪ ਵਟਾਈਆ । ਤਰਖਾਣ ਬਣ ਕੇ ਪਾਏ ਮੋਛੇ, ਆਪ ਆਪਣੀ ਧਾਰ ਚਲਾਇੰਦਾ । ਜੱਟ ਬਣ ਕੇ ਫੜ ਲਏ ਸੋਟੇ, ਸੋਟਾ ਆਪਣੇ ਹੱਥ ਰਖਾਇੰਦਾ । ਗੁਰਮੁਖ ਕਰਾਏ ਖ਼ੁਸ਼ੀਆਂ ਨਾਲ ਲੰਗੋਟੇ, ਦੋ ਜਹਾਨਾਂ ਪੈਰਾਂ ਹੇਠ ਦਬਾਇੰਦਾ । ਜਿਨ੍ਹਾਂ ਦ੍ਰਿਸ਼ਟੀ ਤਿਸ ਨੂੰ ਲੋਚੇ, ਤਿਨ੍ਹਾਂ ਆਪਣੇ ਰਾਹ ਚਲਾਇੰਦਾ । ਜਨ ਭਗਤੋ ਤੁਹਾਡੀ ਸੋਚ ਕੀ ਕੋਈ ਸੋਚੇ, ਸੋਚ ਵਿਚ ਨਾ ਆਇੰਦਾ । ਕਲਜੁਗ ਜੀਵ ਹੋਏ ਹੋਛੇ, ਹਰਿ ਕਾ ਭੇਵ ਕੋਇ ਨਾ ਪਾਇੰਦਾ ।

੧੦੪੮ ੧੦੪੮

੧੪ ੧੪

ਪ੍ਰਭ ਨਾਲ ਪੁੱਜੇ ਕਦੇ ਨਾ ਕਿਸੇ ਦੇ ਰੋਸੇ, ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਖ਼ਾਕ ਮਿਲਾਇੰਦਾ । ਹਰਿਜਨ ਖ਼ੁਸ਼ੀਆਂ ਨਾਲ ਬਹਿ ਜਾਓ ਬੰਨ੍ਹ ਕੇ ਗੋਡੇ, ਸ੍ਰੀ ਭਗਵਾਨ ਕਰ ਕਿਰਪਾ ਪਾਰ ਲੰਘਾਇੰਦਾ । ਇਕੋ ਰਾਹ ਵਖਾਏ ਵੱਡੇ ਛੋਟੇ, ਬੁੱਢੇ ਬਾਲੇ ਆਪਣੇ ਨਾਲ ਮਿਲਾਇੰਦਾ । ਦੁਰਮਤ ਮੈਲ ਸਭ ਦੇ ਧੋਤੇ, ਪਾਪ ਕਲੇਵਰ ਨਜ਼ਰ ਕੋਇ ਨਾ ਆਇੰਦਾ । ਇਹ ਗੁਰਮੁਖ ਮੇਰੇ ਅਨੋਖੇ, ਜਿਨ੍ਹਾਂ ਆਪਣਾ ਰੰਗ ਚੜ੍ਹਾਇੰਦਾ । ਦਰਬਾਰ ਆਇਆਂ ਨਾਲ ਨਾ ਹੋਵਣ ਧੋਖੇ, ਧੁਰ ਦੀ ਧਾਰ ਨਾਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਕਰੇ ਆਪਣੇ ਮੌਕੇ, ਮੁਕੰਮਲ ਆਪਣਾ ਹੁਕਮ ਵਰਤਾਇੰਦਾ । ਜੱਟ ਬਣ ਕੇ ਬਣਿਆ ਦਲੇਰ, ਦਲੇਰੀ ਹਰਿ ਜੂ ਆਪ ਕਮਾਈਆ । ਸ਼ਬਦ ਸੋਟੇ ਨਾਲ ਲਿਆਂਦੇ ਘੇਰ, ਦੂਰ ਦੁਰਾਡੇ ਜਗਤ ਉਠਾਈਆ । ਭੈ ਵਖਾਵੇ ਸਿੰਘ ਸ਼ੇਰ, ਭਬਕ ਆਪਣੇ ਨਾਮ ਲਗਾਈਆ । ਗੋਬਿੰਦ ਕਰੇ ਆਪਣੀ ਮਿਹਰ, ਮਿਹਰ ਨਜ਼ਰ ਉਠਾਈਆ । ਲੇਖਾ ਜੁੜਿਆ ਗੁਰੂ ਚੇਲ, ਚੇਲਾ ਗੁਰੂ ਰੰਗ ਰੰਗਾਈਆ । ਜਨਮ ਜਨਮ ਦੇ ਵਿਛੜਿਆਂ ਹੋਇਆ ਮੇਲ, ਧੁਰ ਸੰਜੋਗੀ ਆਪ ਕਰਾਈਆ । ਇਹ ਭੰਗੜਾ ਨਹੀਂ ਸਚਖੰਡ ਦਾ ਖੇਲ, ਜਿਸ ਵੇਖਣ ਕੋਈ ਨਾ ਜਾਈਆ । ਕਰ ਕਿਰਪਾ ਆਪ ਵਖਾਇਆ ਪਹਿਲੀ ਵੇਰ, ਨੌਂ ਸੌ ਚੁਰਾਨਵੇ ਚੌਕੜੀ ਯੁਗ ਹੱਥ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਮਿਹਰ ਸੱਚਾ ਸ਼ਹਿਨਸ਼ਾਹੀਆ । ਹੱਥ ਸੋਟਾ ਹੋਇਆ ਤਿਆਰ, ਤ੍ਰੈਗੁਣ ਅਤੀਤਾ ਦਇਆ ਕਮਾਈਆ । ਕਸ ਲੰਗੋਟਾ ਆਪ ਕਰਤਾਰ, ਆਪਣੀ ਲਾਂਗੜ ਆਪ ਖਿਚਾਈਆ । ਸਾਰੇ ਹੋ ਜਾਓ ਖ਼ਬਰਦਾਰ, ਖ਼ਬਰ ਰਿਹਾ ਪੁਚਾਈਆ । ਸਚਖੰਡ ਹੋਕਾ ਦੇਵੇ ਇਕੋ ਵਾਰ, ਪਿਛਲੇ ਸਾਰੇ ਲਏ ਉਠਾਈਆ । ਨੇਤਰ ਖੋਲ੍ਹੋ ਅੱਖ ਉਘਾੜ, ਨੈਣ ਨੈਣ ਬੰਦ ਜਣਾਈਆ ।

ਪੁਰਖ ਅਬਿਨਾਸ਼ੀ ਵੇਖੋ ਸਾਚਾ ਲਾੜ, ਆਦਿ ਜੁਗਾਦੀ ਸਚ ਗੋਸਾਈਆ । ਜਿਸ ਦਾ ਖੇਲ ਸਤਾਰਾਂ ਹਾੜ, ਸੋ ਪੰਦਰਾਂ ਕੱਤਕ ਵਜਾਏ ਨਾਮ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੀ ਸਾਚੀ ਰੀਤੀ, ਲੇਖਾ ਚੁਕਾਇਆ ਪਿਛਲੀ ਬੀਤੀ, ਅਗਲੀ ਨੀਤੀ ਆਪਣੇ ਹੱਥ ਰਖਾਈਆ । ਸਾਚੀ ਖੇਲ ਪ੍ਰਭੂ ਕਲ ਕੀਤੀ, ਲੱਖ ਚੁਰਾਸੀ ਹਰਿਜਨ ਜੀਤੀ, ਕਾਇਆ ਸੀਤਲ ਹੋਈ ਠੰਡੀ ਸੀਤੀ, ਅਗਨੀ ਤੱਤ ਰਹਿਣ ਨਾ ਪਾਈਆ । ਵੀਹ ਸੌ ਵੀਹ ਬਿਕ੍ਰਮੀ ਗੁਰ ਅਵਤਾਰ ਪੀਰ ਪੈਗ਼ੰਬਰ ਪ੍ਰਭ ਦੀ ਮੰਗਦੇ ਰਹੇ ਪ੍ਰੀਤੀ, ਜੁਗ ਚੌਕੜੀ ਖੇਲ ਦੱਸਦੇ ਰਹੇ ਅਣਡੀਠੀ, ਅਣਡਿਠੜੀ ਕਾਰ ਹਰਿ ਜੂ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਵਸਤ ਜਨ ਭਗਤਾਂ ਦੀਤੀ, ਦੇ ਕੇ ਪਸ਼ੋਤਾ ਨਾ ਕੋਇ ਕਰਾਈਆ । ਪਸ਼ੇਤਾਪ ਨਾ ਕਰੇ ਭਗਵਾਨ, ਦੇਵਣਹਾਰ ਅਖਵਾਇੰਦਾ । ਗੁਰਮੁਖ ਸੱਜਣ ਹੋਏ ਪਰਵਾਨ, ਜਿਨ੍ਹਾਂ ਆਪਣੇ ਦਰ ਬੁਲਾਇੰਦਾ । ਗਾਏ ਢੋਲੇ ਧੁਰ ਫ਼ਰਮਾਨ, ਧੁਰ ਦੀ ਧਾਰ ਸਮਝਾਇੰਦਾ । ਸਚਖੰਡ ਬਣਿਆ ਜਨ ਭਗਤੋ ਤੁਹਾਡਾ ਮਕਾਨ, ਜਿਸ ਦੁਆਰੇ ਹਰਿ ਜੂ ਆਸਣ ਲਾਇੰਦਾ । ਪਰਮ ਪੁਰਖ ਦਾ ਝੁੱਲੇ ਨਿਸ਼ਾਨ, ਗੁਰਮੁਖ ਸੱਜਣ ਨਜ਼ਰੀ ਆਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਮੰਨਣ ਆਨ, ਦਰ ਦਰਵੇਸ਼ ਸੀਸ ਝੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭਗਤ ਸੁਹੇਲੇ ਰੰਗ ਨਵੇਲੇ ਇਕ ਇਕੇਲੇ ਗੁਰੂ ਗੁਰ ਚੇਲੇ ਆਪਣੇ ਦਰ ਬਹਾਇੰਦਾ । ਗੁਰਮੁਖ ਆਏ ਧੁਰ ਸੰਜੋਗੀ, ਹਰਿ ਸਤਿਗੁਰ ਮੇਲ ਮਿਲਾਈਆ । ਜਨਮ ਜਨਮ ਦੇ ਕੱਠੇ ਹੋਏ ਰੋਗੀ, ਬਿਰਹੋਂ ਰੋਗ ਜਿਨ੍ਹਾਂ ਸਤਾਈਆ । ਦਰਸ ਲੋਚਨ ਇਕੋ ਪ੍ਰਭ ਚੋਜੀ, ਚੋਜੀ ਪ੍ਰੀਤਮ ਆਸ ਰਖਾਈਆ । ਦੋ ਜਹਾਨਾਂ ਵਡ ਬੋਧੀ, ਬੋਧ ਗਿਆਨ ਕਾਰ ਰਖਾਈਆ । ਆਤਮ ਅੰਤਰ ਤਿਨ੍ਹਾਂ ਸੋਧੀ, ਸੁਗੰਧ ਇਕੋ ਘਰ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਸਤੀ ਨਾਮ ਇਕ ਚੜ੍ਹਾਈਆ । ਮਸਤੀ ਨਾਮ ਖੁਮਾਰੀ ਚਾੜ੍ਹੇ, ਦੀਨ ਦਿਆਲ ਦਇਆ ਕਮਾਇੰਦਾ । ਗੁਰਮੁਖ ਨੱਚਣ ਸਾਚੇ ਲਾੜੇ, ਖ਼ੁਸ਼ੀਆਂ ਤਾਲ ਵਜਾਇੰਦਾ । ਨਾਰਦ ਰੋਏ ਧਾਹਾਂ ਮਾਰੇ, ਉਚੀ ਕੂਕ ਕੂਕ ਸੁਣਾਇੰਦਾ । ਮੇਰਾ ਚਲੇ ਨਾ ਕੋਈ ਚਾਰੇ, ਨੇਤਰ ਨੈਣ ਨੈਣ ਸ਼ਰਮਾਇੰਦਾ । ਸ੍ਰੀ ਭਗਵਾਨ ਗੁਰਮੁਖ ਸੱਚੇ ਕੀਤੇ ਪਿਆਰੇ, ਪ੍ਰੇਮ ਪ੍ਰੀਤੀ ਇਕ ਰਖਾਇੰਦਾ । ਮੇਰੀ ਵੱਜਦੀ ਦਿਸੇ ਨਾ ਕੋਈ ਸਿਤਾਰੇ, ਜਿਸ ਦਰ ਸੋਹੰ ਢੋਲਾ ਹਰਿਜਨ ਗਾਇੰਦਾ । ਸੁਣਨਹਾਰ ਬੈਠਾ ਨਿਰੰਕਾਰੇ, ਨਿਰਗੁਣ ਆਪਣਾ ਆਸਣ ਲਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੁਗ ਚੌਕੜੀ ਜਿਸ ਪਾਏ ਪੁਆੜੇ, ਉਹ ਅੰਤਮ ਆਪਣਾ ਖੇਲ ਕਰਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਲਾਏ ਸੇਵਾਦਾਰੇ, ਸੇਵਾ ਸਚ ਸਚ ਸਮਝਾਇੰਦਾ । ਸੋ ਵੇਖਣ ਆਇਆ ਭਗਤ ਪਿਆਰੇ, ਭਗਵਨ ਆਪਣਾ ਫੇਰਾ ਪਾਇੰਦਾ । ਕੱਠੇ ਕਰਕੇ ਨਾਮ ਅਖਾੜੇ, ਸਾਚਾ ਗੇੜਾ ਆਪ ਦੁਆਇੰਦਾ । ਢੋਲਾ ਗਾਵਣ ਮੀਤ ਮੁਰਾਰੇ, ਮਿੱਤਰ ਇਕੋ ਨਜ਼ਰੀ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਵਰ, ਘਰ ਆਪਣਾ ਇਕ ਵਖਾਇੰਦਾ । ਸੋ ਸਾਹਿਬ ਆਪ ਕਿਰਪਾ ਕਰਦਾ, ਕਰਨਹਾਰ ਅਖਵਾਇੰਦਾ । ਭਗਤ ਦੁਆਰੇ ਭਗਤਾਂ ਕੋਲੋਂ ਡਰਦਾ, ਨਿਉਂ ਨਿਉਂ ਸੀਸ ਝੁਕਾਇੰਦਾ । ਭੈ ਵਿਚ ਆ ਕੇ ਰਾਤੀਂ ਸੁੱਤਿਆਂ ਘਰ ਘਰ ਜਾ ਕੇ ਫੜਦਾ, ਭੇਵ ਅਭੇਦ ਖੁਲ੍ਹਾਇੰਦਾ । ਸਾਚਾ ਮਾਰਗ ਮਾਤ ਧਰਦਾ, ਧਰਨੀ ਧਰਤ ਧਵਲ ਵਡਿਆਇੰਦਾ । ਸ਼ੇਰ ਸਿੰਘ ਮਾਂ ਪਿਉ ਜਾਇਆ ਗੁਰਮੁਖਾਂ ਲਈ ਪਹਿਲੋਂ ਮਰਦਾ, ਮਰ ਮਰ ਵੇਸ ਵਟਾਇੰਦਾ । ਨਿਰਗੁਣ


੧੦੪੯
੧੪

ਹੋ ਹੋ ਪੌੜੇ ਚੜ੍ਹਦਾ, ਸਚ ਸਿੰਘਾਸਣ ਸੋਭਾ ਪਾਇੰਦਾ । ਆਪਣੀ ਕਰਨੀ ਆਪੇ ਕਰਦਾ, ਕਰਤਾ ਆਪਣੀ ਕਾਰ ਕਮਾਇੰਦਾ । ਇਕੋ ਖੇਲ ਨਰਾਇਣ ਨਰ ਦਾ, ਜਗ ਨਜ਼ਰ ਕਿਸੇ ਨਾ ਆਇੰਦਾ । ਆਪਣਾ ਆਪ ਆਪੇ ਵਰਦਾ, ਵਰ ਦਾਤਾ ਆਪ ਹੋ ਆਇੰਦਾ । ਜੋਤੀ ਜਾਮਾ ਵੇਸ ਧਰਦਾ, ਨੂਰੋ ਨੂਰ ਡਗਮਗਾਇੰਦਾ । ਸੁਤ ਦੁਲਾਰਾ ਇਕੋ ਫੜਦਾ, ਫੜ ਆਪਣਾ ਮੇਲ ਮਿਲਾਇੰਦਾ । ਲੇਖਾ ਜਾਣੇ ਚੋਟੀ ਜੜ੍ਹ ਦਾ, ਮਧ ਆਪਣੀ ਕਾਰ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਵਖਾਇੰਦਾ । ਭਗਤ ਦੁਆਰੇ ਭਗਵਨ ਵੜੇ, ਬਲਹੀਣ ਆਪ ਅਖਵਾਈਆ । ਤੇਰਾ ਮੇਰਾ ਢੋਲਾ ਪੜ੍ਹੇ, ਰਾਗ ਇਕ ਸੁਣਾਈਆ । ਦਰ ਦਰਵੇਸ਼ ਹੋ ਕੇ ਦਰ ਤੇ ਖੜ੍ਹੇ, ਨਿਰਗੁਣ ਆਪਣਾ ਫੇਰਾ ਪਾਈਆ । ਸਚ ਤਾਲ ਸੁਹਾਵੇ ਸਰੇ, ਸਰੋਵਰ ਇਕੋ ਇਕ ਜਣਾਈਆ । ਸੰਤ ਸੁਹੇਲੇ ਲਾਏ ਲੜੇ, ਤੰਦੀ ਡੋਰ ਨਾਮ ਬੰਧਾਈਆ । ਆਤਮ ਪਰਮਾਤਮ ਘਾੜਨ ਘੜੇ, ਪੰਜ ਤੱਤ ਨਾ ਕੋਇ ਵਡਿਆਈਆ । ਵੇਖਣਹਾਰਾ ਖੋਟੇ ਖਰੇ, ਲੱਖ ਚੁਰਾਸੀ ਫੋਲ ਫੁਲਾਈਆ । ਪੂਰਬ ਜਨਮ ਦਾ ਲੇਖਾ ਅੱਗੇ ਧਰੇ, ਵੇਖਣਹਾਰਾ ਬੇਪਰਵਾਹੀਆ । ਸਰਨ ਸਰਨਾਈ ਜੋ ਜਨ ਪੜੇ, ਫੜ ਬਾਂਹੋਂ ਗਲੇ ਲਗਾਈਆ । ਕਬੀਰ ਜੁਲਾਹਾ ਕੂਕੇ ਪਾਰਬ੍ਰਹਮ ਤੇਰੇ ਭਗਤ ਏਨ੍ਹੇ ਬੜੇ, ਜਿਨ੍ਹਾਂ ਆਪਣੀ ਗੋਦ ਬਹਾਈਆ । ਲੱਖ ਚੁਰਾਸੀ ਕੋਟਨ ਜੀਵ ਜਨਮੇ ਮਰੇ ਸੜੇ, ਪੰਜ ਤੱਤ ਕੰਮ ਕਿਸੇ ਨਾ ਆਈਆ । ਸੋ ਉਜਲ ਜੋ ਸਰਨੀ ਪੜੇ, ਪਰਮ ਪੁਰਖ ਦਏ ਵਡਿਆਈਆ । ਦਰ ਤੇਰੇ ਤੇ ਜੋਰਾਵਰ ਹੋ ਕੇ ਅੜੇ, ਉਚੀ ਕੂਕ ਕਹਿਣ ਸੁਣਾਈਆ । ਜਿੰਨਾਂ ਚਿਰ ਸਚਖੰਡ ਨਾ ਖੜੇਂ, ਭਗਵਾਨ ਤੈਨੂੰ ਭਗਵਾਨ ਕੋਈ ਨਾ ਗਾਈਆ । ਨਹੀਂ ਖੜਨਾ ਤੇ ਹੋ ਜਾ ਪਰੇ, ਤੇਰੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਥਾਉਂ ਥਾਈਂਆ । ਭਗਤ ਦੁਆਰੇ ਭਗਵਾਨ ਵੜਿਆ, ਆਪ ਆਪਣਾ ਵੇਖ ਵਖਾਈਆ । ਵੇਖੋ ਜਿਨ੍ਹਾਂ ਪਿਛੇ ਮੈਂ ਮਰਿਆ, ਮੇਰੇ ਅੱਗੇ ਆਪਣਾ ਲੇਖਾ ਰਹੇ ਸਮਝਾਈਆ । ਜਿਨ੍ਹਾਂ ਅੰਦਰ ਨਿਰਗੁਣ ਹੋ ਕੇ ਵੜਿਆ, ਨਿਰਵੈਰ ਕਾਰ ਕਮਾਈਆ । ਜਿਨ੍ਹਾਂ ਪਿਛੇ ਅਗਨੀ ਸੜਿਆ, ਪੰਜ ਤੱਤ ਕਾਇਆ ਖ਼ਾਕ ਮਿਲਾਈਆ । ਜਿਨ੍ਹਾਂ ਪਿਛੇ ਢੋਲਾ ਪੜ੍ਹਿਆ, ਸੋਹੰ ਰਾਗ ਅਲਾਈਆ । ਸੋ ਗੁਰਮੁਖ ਦਰ ਦੁਆਰੇ ਖੜਿਆ, ਆਪਣਾ ਬਲ ਰਿਹਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਰਿਹਾ ਵਖਾਈਆ । ਭਗਤ ਦੁਆਰੇ ਹੋ ਡਰਪੋਕ, ਪ੍ਰਭ ਆਪਣਾ ਨੈਣ ਸ਼ਰਮਾਈਆ । ਕੀ ਹੋਇਆ ਜੇ ਮੇਰਾ ਰਾਹ ਤੱਕਣ ਚੌਦਾਂ ਲੋਕ, ਚੌਦਾਂ ਤਬਕ ਧਿਆਨ ਲਗਾਈਆ । ਵਿਸ਼ਨ ਬ੍ਰਹਮਾ ਸ਼ਿਵ ਮੰਗਦੇ ਰਹੇ ਮੋਖ, ਚਰਨ ਕਵਲ ਕਵਲ ਸਰਨਾਈਆ । ਗੁਰ ਅਵਤਾਰ ਤੱਕਦੇ ਰਹੇ ਓਟ, ਓਟ ਇਕ ਅਕਾਲ ਜਣਾਈਆ । ਧੰਨ ਭਾਗ ਮੇਰਿਆਂ ਭਗਤਾਂ ਮੰਗੀ ਮੇਰੀ ਜੋਤ, ਦੂਜੀ ਵੰਡ ਨਜ਼ਰ ਨਾ ਆਈਆ । ਜਿਨ੍ਹਾਂ ਪਿਛੇ ਸਚਖੰਡ ਦੁਆਰ ਬਣਾਇਆ ਕੋਟ, ਬਣ ਸੇਵਕ ਸੇਵ ਕਮਾਈਆ । ਗੁਰਮੁਖੋ ਜਨ ਭਗਤੋ ਪਰੇਮ ਪਰੀਤੀ ਅੰਦਰ ਕਰੇ ਮਦਹੋਸ਼, ਨਾਮ ਖ਼ੁਮਾਰੀ ਇਕ ਚੜ੍ਹਾਈਆ । ਢੋਲਾ ਜਿਸ ਦਾ ਸਚ ਸਲੋਕ, ਸੋਹੰ ਨਾਮ ਧਿਆਈਆ । ਸੋ ਨਿਰਦੋਸ਼ਿਆਂ ਦੇਵੇ ਕੋਈ ਨਾ ਦੋਸ਼, ਜੋ ਆਏ ਚਲ ਸਰਨਾਈਆ । ਪਰੇਮ ਪ੍ਰੀਤੀ ਅੰਦਰ ਹੋਵੇ ਮੋਹਤ, ਮੁਹੱਬਤ ਇਕੋ ਇਕ ਰਖਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਕੱਢਦਾ ਰਿਹਾ ਖੋਜ, ਅੰਤਮ ਫੜੇ ਚਾਈਂ ਚਾਈਂਆ । ਸਚਖੰਡ ਦੁਆਰ ਵਖਾਏ ਆਪਣੀ ਮੌਜ, ਮਹਿਫ਼ਲ ਇਕੋ ਨਾਮ ਲਗਾਈਆ । ਪਰਮ ਪੁਰਖ ਦਾ ਅਗੰਮੀ ਚੋਜ, ਹਰਿ ਸਤਿਗੁਰ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ

੧੦੫੦
੧੪

ਸ਼ਹਿਨਸ਼ਾਹੀਆ । ਸ੍ਰੀ ਭਗਵਾਨ ਰੱਖਦਾ ਭੈ, ਭੌ ਆਪਣਾ ਆਪ ਜਣਾਈਆ । ਸੰਤ ਸੁਹੇਲੇ ਤੇਰੀ ਜੈ, ਗੁਰਮੁਖ ਤੇਰੇ ਨਾਮ ਵਡਿਆਈਆ । ਬਿਨ ਭਗਤਾਂ ਪ੍ਰਭੂ ਦਾ ਨਾਮ ਕੋਈ ਨਾ ਲਏ, ਭਗਵਨ ਕੰਮ ਕਿਸੇ ਨਾ ਆਈਆ । ਜੋ ਉਪਜਿਆ ਸੋ ਹੋਵੇ ਖੈ, ਥਿਰ ਰਹਿਣ ਕੋਇ ਨਾ ਪਾਈਆ । ਗੁਰਸਿਖ ਗੁਰਮੁਖ ਸਚਖੰਡ ਦੁਆਰੇ ਸਾਚੇ ਬਹੇ, ਘਰ ਮੰਦਰ ਵੱਜੇ ਵਧਾਈਆ । ਕੂੜੀ ਕਿਰਿਆ ਬੁਰਜ ਜਾਣਾ ਢਹਿ, ਅੰਤਮ ਖ਼ਾਕੀ ਖ਼ਾਕ ਮਿਲਾਈਆ । ਨੌਂ ਚਾਰ ਹੋਏ ਹਾਏ ਹਾਏ, ਬਿਨ ਭਗਤਾਂ ਸਾਚਾ ਰਾਗ ਕੋਇ ਨਾ ਗਾਈਆ । ਅੰਤਮ ਵੇਲੇ ਪਕੜੇ ਨਾ ਕੋਇ ਬਾਂਹੇ, ਬਾਪ ਕੋਇ ਨਾ ਗੋਦ ਬਹਾਈਆ । ਲੱਖ ਚੁਰਾਸੀ ਮਿਲੇ ਨਾ ਕੋਈ ਥਾਂਏਂ, ਜੂਨੀ ਜੂਨ ਆਪ ਭੁਆਈਆ । ਹੰਸ ਕਾਗ ਹੋਏ ਕਾਏਂ, ਬੁਧੀ ਕਾਗ ਵਾਂਗ ਕੁਰਲਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਖਾਣੀ ਬਾਣੀ ਲਿਖ ਲਿਖ ਦੇ ਕੇ ਗਏ ਰਾਏ, ਸੰਦੇਸਾ ਇਕੋ ਇਕ ਜਣਾਈਆ । ਕਲਜੁਗ ਅੰਤਮ ਫੇਰਾ ਪਾਏ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਨਿਹਕਲੰਕਾ ਨਾਉਂ ਰਖਾਏ, ਵਡ ਦਾਤਾ ਵਡ ਵਡਿਆਈਆ । ਸਾਚਾ ਬੰਕਾ ਇਕ ਸੁਹਾਏ, ਦਰ ਦਰਬਾਰੀ ਸੋਭਾ ਪਾਈਆ । ਨਾਮ ਡੰਕਾ ਇਕ ਵਜਾਏ, ਦੋ ਜਹਾਨਾਂ ਆਪ ਉਠਾਈਆ । ਰਾਓ ਰੰਕਾਂ ਵੇਖ ਵਖਾਏ, ਚਾਰ ਵਰਨ ਇਕ ਸਰਨਾਈਆ । ਜੁਗ ਚੌਕੜੀ ਗੇੜ ਗਿੜਾਏ, ਗੇੜਾ ਇਕੋ ਵਾਰ ਭੁਆਈਆ । ਸਚ ਧਰਮ ਦੀ ਜੜ ਜੜਾਏ, ਕੂੜੀ ਕਿਰਿਆ ਡੇਰਾ ਢਾਹੀਆ । ਹੱਕ ਨਬੇੜਾ ਆਪ ਕਰਾਏ, ਹਕੀਕਤ ਵੇਖੇ ਥਾਉਂ ਥਾਈਂਆ । ਸਿੰਘ ਸ਼ੇਰ ਬਣ ਕੇ ਆਏ, ਸ਼ਹਿਨਸ਼ਾਹ ਆਪਣੀ ਸ਼ਾਨ ਵਧਾਈਆ । ਤੇਰਾ ਮੇਰਾ ਢੋਲਾ ਗਾਏ, ਗੀਤ ਗੋਬਿੰਦ ਅਲਾਈਆ । ਖੁਲ੍ਹਾ ਵੇਹੜਾ ਇਕ ਵਖਾਏ, ਘਰ ਸਾਚੇ ਖ਼ੁਸ਼ੀ ਮਨਾਈਆ । ਮਾਇਆ ਮਮਤਾ ਝੇੜਾ ਦਏ ਚੁਕਾਏ, ਆਸਾ ਤ੍ਰਿਸਨਾ ਰੋਗ ਮਿਟਾਈਆ । ਕਲਜੁਗ ਅੰਧੇਰਾ ਰਹਿਣ ਨਾ ਪਾਏ, ਸਤਿਜੁਗ ਸਾਚਾ ਚੰਦ ਰੁਸ਼ਨਾਈਆ । ਗੁਰਮੁਖ ਨੂਰ ਇਕ ਚਮਕਾਏ, ਸਚ ਰੋਸ਼ਨੀ ਇਕ ਧਰਾਈਆ । ਅਨਭਵ ਪਰਕਾਸ਼ ਵੇਖ ਵਖਾਏ, ਲਾਸ਼ਰੀਕ ਫੇਰਾ ਪਾਈਆ । ਦੋ ਜਹਾਨਾਂ ਤੂਰ ਵਜਾਏ, ਰਾਗ ਅਨਹਦ ਇਕ ਸੁਣਾਈਆ । ਸਚ ਮਹਿਬੂਬ ਨਜ਼ਰੀ ਆਏ, ਤਨ ਕਲਬੂਤ ਨਾ ਕੋਇ ਹੰਡਾਈਆ । ਹੱਦ ਮਹਿਦੂਦ ਇਕ ਸਰ ਕਰਾਏ, ਮਿਹਰ ਨਜ਼ਰ ਆਪ ਉਠਾਈਆ । ਅਸਲ ਨਾਲ ਸੂਦ ਗੁਰਮੁਖਾਂ ਝੋਲੀ ਪਾਏ, ਬਾਕੀ ਕੋਈ ਰਹਿਣ ਨਾ ਪਾਈਆ । ਮੰਜ਼ਲ ਮਕਸੂਦ ਆਪ ਪੁਚਾਏ, ਜਿਸ ਘਰ ਵਸੇ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਤਰਾਈਆ । ਭਗਤ ਦੁਆਰੇ ਹੋ ਮਿਹਰਵਾਨ, ਹਰਿ ਆਪਣੀ ਖੇਲ ਕਰਾਇੰਦਾ । ਸੰਤ ਸੁਹੇਲੇ ਚਤਰ ਸੁਜਾਨ, ਮੂਰਖ ਮੂੜ੍ਹ ਆਪ ਬਣਾਇੰਦਾ । ਨਜ਼ਰ ਆਇਆ ਸਾਰੇ ਕਾਹਨ, ਸੀਸ ਜਗਦੀਸ ਤਾਜ ਟਿਕਾਇੰਦਾ । ਧਰਮ ਖੰਡ ਦਾ ਇਕ ਨਿਸ਼ਾਨ, ਕਰਮ ਖੰਡ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਿਮੰਡ ਖੰਡ ਕਰ ਪਰਵਾਨ, ਜੇਰਜ ਅੰਡ ਨਾਤਾ ਤੋੜ ਤੁੜਾਇੰਦਾ । ਭਗਤ ਭਗਵੰਤ ਸੁਹਾਗੀ ਛੰਦ, ਸੋਹੰ ਢੋਲਾ ਇਕ ਅਲਾਇੰਦਾ । ਆ ਗੁਰਮੁਖ ਲਾਡਲੇ ਮੇਰੇ ਚੰਦ, ਚੰਦ ਗੁਜਰੀ ਵੇਖ ਵਖਾਇੰਦਾ । ਜਿਸ ਦਾ ਡੇਰਾ ਉਪਰ ਪਰਮਾਨੰਦ, ਨਿਜਾਨੰਦ ਜਿਸ ਦਾ ਰਾਹ ਤਕਾਇੰਦਾ । ਸੋ ਤੁਟੀ ਰਿਹਾ ਗੰਢ, ਗੋਪਾਲ ਆਪਣੀ ਗੰਢ ਪੁਆਇੰਦਾ । ਗੁਰਮੁਖ ਕੋਈ ਨਾ ਹੋਵੇ ਰੰਡ, ਸਵਾਣੀ ਆਪਣੇ ਘਰ ਬਹਾਇੰਦਾ । ਕੋਈ ਨਾ ਪੂਜੇ ਕਰੀਰ ਜੰਡ, ਸਾਚਾ ਰਾਹ ਇਕ ਦਰਸਾਇੰਦਾ । ਬਿਨ ਪਾਰਬ੍ਰਹਮ ਆਦਿ ਅੰਤ ਕੋਈ ਰਹੇ ਨਾ ਛੰਦ, ਸਿਫ਼ਤੀ ਨਾਮ ਕੋਟਨ ਕੋਟ ਢੋਲਾ ਗਾਇੰਦਾ । ਪਾਰਬ੍ਰਹਮ ਸਦ ਬਖ਼ਸ਼ੰਦ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਉਂਗਲਾਂ ਉਤੇ

ਨਚਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਜਨ ਭਗਤਾਂ ਕੋਲੋਂ ਇਕੋ ਭੈ ਰਖਾਇੰਦਾ । ਭਗਤ ਜਨੋ ਨਾ ਮੋਹੇ ਡਰਾਓ, ਪਾਰਬ੍ਰਹਮ ਸਮਝਾਈਆ । ਜੋ ਵਰ ਪੌਣਾ ਸੋ ਦਰ ਤੇ ਪਾਓ, ਦੇਵਣਹਾਰ ਪ੍ਰਭ ਆਈਆ । ਤਾਅਨੇ ਦੇ ਨਾ ਤੀਰ ਲਗਾਓ, ਤੀਰ ਨਿਰਾਲਾ ਇਕ ਚਲਾਈਆ । ਸਚ ਧਰਮ ਦਾ ਰਾਜ ਕਮਾਓ, ਸਚਖੰਡ ਸਾਚੇ ਵੱਜੇ ਵਧਾਈਆ । ਪੰਚਮ ਮੇਲਾ ਮੇਲ ਮਿਲਾਓ, ਪੰਚ ਰਹੇ ਜਸ ਗਾਈਆ । ਨਾਨਕ ਲਿਖਿਆ ਪੂਰ ਕਰਾਓ, ਗੋਬਿੰਦ ਰੰਗ ਰੰਗਾਈਆ । ਅਮਰਾਪਦ ਏਕਾ ਪਾਓ, ਦੋ ਜਹਾਨਾਂ ਵੱਜੇ ਵਧਾਈਆ । ਨਵ ਨੌਂ ਚਾਰ ਦੀ ਪਾਰ ਹੱਦ ਕਰਾਓ, ਘਰ ਸਾਚੇ ਸੋਭਾ ਪਾਈਆ । ਢੋਲਾ ਛੰਦ ਇਕੋ ਗਾਓ, ਸੋ ਸਾਹਿਬ ਰਿਹਾ ਸਮਝਾਈਆ । ਜਗਤ ਰੰਡੇਪਾ ਰੰਡ ਕਟਾਓ, ਪ੍ਰਭ ਮਿਲੇ ਬੇਪਰਵਾਹੀਆ । ਸੇਜ ਸੁਹੰਜਣੀ ਇਕ ਹੰਡਾਓ, ਫੂਲਨ ਬਰਖਾ ਪਰੇਮ ਲਗਾਈਆ । ਭੋਗ ਬਲਾਸ ਇਕ ਜਣਾਓ, ਆਤਮ ਪਰਮਾਤਮ ਸ੍ਰੀ ਭਗਵਾਨ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਵੇਖ ਵਖਾਈਆ । ਭਗਤ ਜਨੋ ਨਾ ਦਿਓ ਡਰਾਵੇ, ਸੋ ਸਾਹਿਬ ਰਿਹਾ ਸਮਝਾਈਆ । ਬੌਹੜੀ ਬੌਹੜੀ ਚਾਰ ਜੁਗ ਮੈਂ ਮਰਿਆ ਤੁਹਾਡੇ ਹਾਵੇ, ਤੁਹਾਡੀ ਯਾਦ ਰਹੀ ਸਤਾਈਆ । ਜਿਨ੍ਹਾਂ ਪਿਛੇ ਗੋਬਿੰਦ ਪਾੜੇ ਬੇਦਾਅਵੇ, ਸੋ ਬੇਦਾਅਵੇ ਨਾਲ ਲਿਆਈਆ । ਸਾਰੇ ਪਾਏ ਧੁਰਦਰਗਾਹੀ ਨਾਵੇਂ, ਅੱਖਰ ਇਕੋ ਇਕ ਪਾਈਆ । ਗੁਰ ਚੇਲੇ ਦੇ ਪੱਲੇ ਹੋ ਗਏ ਸਾਵੇਂ, ਦੋਵੇਂ ਸਚ ਕੰਡੇ ਤੋਲ ਤੁਲਾਈਆ । ਨਾ ਕੋਈ ਬਸਤਰ ਨਾ ਕੋਈ ਮੰਜਾ ਨਾ ਕੋਈ ਪਾਵੇ, ਚੂਲ ਨਜ਼ਰ ਕੋਈ ਨਾ ਆਈਆ । ਗੋਬਿੰਦ ਸੱਥਰ ਇਕ ਹੰਢਾਵੇ, ਪੁਰਖ ਅਕਾਲ ਸੇਜ ਹੰਢਾਈਆ । ਨਾ ਕੋਈ ਪਿਤਾ ਨਾ ਕੋਈ ਮਾਵੇਂ, ਭੈਣ ਭਾਈ ਨਾ ਕੋਇ ਬਣਾਈਆ । ਗੁਰਸਿਖਾਂ ਦੇ ਢੋਲੇ ਗਾਵੇ, ਜਿਨ੍ਹਾਂ ਨਾਲ ਪ੍ਰੀਤ ਲਗਾਈਆ । ਭਗਤ ਭਗਵਾਨ ਰੱਖੇ ਛਾਵੇਂ, ਸਿਰ ਆਪਣਾ ਹੱਥ ਟਿਕਾਈਆ । ਸੰਤ ਸੁਹੇਲੇ ਆਪੇ ਰਾਵੇ, ਗਹਿਰ ਗੰਭੀਰ ਬੇਪਰਵਾਹੀਆ । ਜਨ ਭਗਤ ਦੁਆਰੇ ਆਵੇ ਜਾਵੇ, ਔਂਦਾ ਜਾਂਦਾ ਆਪਣੀ ਖੇਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਦਏ ਵਡਿਆਈਆ । ਜਨ ਭਗਤੋ ਨਾ ਮਾਰੋ ਦਬਕ, ਸ੍ਰੀ ਭਗਵਾਨ ਆਪ ਸਮਝਾਇੰਦਾ । ਚੌਦਾਂ ਲੋਕ ਰਹੇ ਤਵਕ, ਤਬਕ ਚੌਦਾਂ ਧੀਰ ਨਾ ਕੋਇ ਧਰਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਕਲਜੁਗ ਅੰਤ ਭਗਤ ਪੜ੍ਹਨ ਇਕੋ ਸਬਕ, ਪਿਛਲੀ ਸਿਖਿਆ ਗਏ ਭੁਲਾਈਆ । ਅੰਜੀਲ ਕੁਰਾਨ ਵਾਲੇ ਕੋਈ ਨਾ ਪੜ੍ਹੇ ਪੱਤਰੇ, ਵਰਕਾ ਹੱਥ ਨਾ ਕੋਇ ਉਠਾਈਆ । ਜਰਮ ਮਰਨ ਦੇ ਸਭ ਮਿਟ ਗਏ ਖ਼ਤਰੇ, ਜੋ ਸਤਿਗੁਰ ਸਰਨਾਈ ਆਈਆ । ਬੀਜ ਬੀਜਿਆ ਇਕੋ ਵੱਤਰੇ, ਫੁਲ ਫੁਲਵਾੜੀ ਆਪ ਮਹਿਕਾਈਆ । ਜਿਨ੍ਹਾਂ ਪਿਛੇ ਗੋਬਿੰਦ ਪੁੱਤਰਾਂ ਕੀਤੇ ਡੱਕਰੇ, ਨੀਹਾਂ ਹੇਠ ਦਬਾਈਆ । ਸੋ ਸੂਰੇ ਹੋ ਗਏ ਤਕੜੇ, ਪ੍ਰਭ ਨੂੰ ਅਗੋਂ ਰਹੇ ਡਰਾਈਆ । ਸ਼ਹੀਦੀ ਪਾ ਕੇ ਹੋ ਗਏ ਵੱਖਰੇ, ਵੱਖਰੀ ਧਾਰ ਬਣਾਈਆ । ਪ੍ਰਭੂ ਤੇਰੇ ਚਲਣ ਨਹੀਂ ਦੇਣੇ ਨਖ਼ਰੇ, ਅਛਲ ਛਲ ਤੇਰਾ ਕੋਈ ਰਹਿਣ ਨਾ ਪਾਈਆ । ਜੁਗ ਚੌਕੜੀ ਤੇਰੇ ਅੱਗੇ ਕੱਢਦੇ ਰਹੇ ਤਰਲੇ, ਨਿਉਂ ਨਿਉਂ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਗੁਰਮੁਖੋ ਗ਼ੁੱਸੇ ਵਿਚ ਨਾ ਮਾਰੋ ਦਾਬਾ, ਸੋ ਸਾਹਿਬ ਆਪ ਜਣਾਈਆ । ਜਿਸ ਤੁਹਾਡੇ ਪਿਛੇ ਢਾਹਿਆ ਮੱਕਾ ਕਾਅਬਾ, ਨਿਰਗੁਣ ਨੂਰ ਨਜ਼ਰੀ ਇਕੋ ਆਈਆ । ਭਗਤ ਦੁਆਰੇ ਬਣ ਕੇ ਆਇਆ ਹਾਜੀ ਹਾਜਾ, ਹੱਜ ਇਕੋ ਇਕ ਵਖਾਈਆ । ਪਰੇਮ ਪ੍ਰੀਤੀ ਅੰਦਰ ਪੜ੍ਹੀ ਨਿਮਾਜ਼ਾ, ਵੁਜ਼ੂ ਵਸਲ ਹੱਕ ਕਰਾਈਆ ।

੧੦੫੨
੧੪

ਧੁਰਦਰਗਾਹੀ ਆਇਆ ਭਾਜਾ, ਬੇਪਰਵਾਹ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਿਹਰਵਾਨ ਬੇਪਰਵਾਹੀਆ । ਜਨ ਭਗਤੋ ਨਾ ਦਿਓ ਹਨੋਰਾ, ਹੌਲੀ ਹੌਲੀ ਆਪ ਜਣਾਈਆ । ਪਾਰਬ੍ਰਹਮ ਪ੍ਰਭ ਮਿਲਿਆ ਛੋਹਰਾ, ਸਾਲ ਬੀਸਵਾਂ ਨਜ਼ਰੀ ਆਈਆ । ਜਵਾਨ ਹੋ ਕੇ ਬਦਲੇ ਆਪਣੀ ਤੋਰਾ, ਤੁਰਤ ਆਪਣਾ ਵੇਸ ਵਟਾਈਆ । ਜਿਸ ਮੰਗਾਇਆ ਸਾਚਾ ਘੋੜਾ, ਸ਼ਾਹਸਵਾਰਾ ਆਸਣ ਲਾਈਆ । ਗੁਰਮੁਖਾਂ ਨਾਲ ਬਣਾਇਆ ਆਪਣਾ ਜੋੜਾ, ਜੋੜੀ ਪਰੇਮ ਪ੍ਰੀਤ ਜਣਾਈਆ । ਦੋ ਜਹਾਨਾਂ ਕੋਈ ਨਾ ਅਟਕੇ ਰੋੜਾ, ਰੋੜੀ ਸੱਖਰ ਵਾਲਾ ਡੇਰਾ ਢਾਹੀਆ । ਸੱਸੇ ਉਪਰ ਲਾਇਆ ਹੋੜਾ, ਹੋਕਾ ਦੋ ਜਹਾਨ ਸੁਣਾਈਆ । ਹਾਹਾ ਹੰ ਬ੍ਰਹਮ ਜਵਾਬ ਦਿਤਾ ਕੋਰਾ, ਇਕੋ ਏਕ ਹੁਕਮ ਵਰਤਾਈਆ । ਬਿਨ ਪੁਰਖ ਅਕਾਲ ਦੂਜਾ ਕੋਈ ਨਾ ਗੌਣਾ ਦੋਹਰਾ, ਢੋਲਾ ਅਵਰ ਨਾ ਕੋਇ ਅਲਾਈਆ । ਕਲਜੁਗ ਅੰਤਮ ਬਦਲੇ ਮੋਹਰਾ, ਸਾਰਪਾਸ਼ ਖੇਲ ਖਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਗੁਰਸਿਖ ਨਾ ਮਾਰੋ ਧਮਕੀ, ਧੁਰ ਧਾਮੀ ਆਪ ਜਣਾਈਆ । ਮੈਂ ਪੈਜ ਰੱਖਾਂ ਸੱਦ ਜਨ ਕੀ, ਜੁਗ ਜੁਗ ਸੇਵ ਕਮਾਈਆ । ਜਾਣਾਂ ਖੇਲ ਹਰ ਮਨ ਕੀ, ਮਨ ਮਣਕਾ ਦਿਆਂ ਭੁਆਈਆ । ਧਾਰ ਜਾਣਾਂ ਤਨ ਤਨ ਕੀ, ਪੰਜ ਤੱਤ ਕਰਾਂ ਕੁੜਮਾਈਆ । ਖੇਲ ਜਾਣਾ ਛੱਪਰ ਛੰਨ ਕੀ, ਮਹੱਲ ਅਟੱਲ ਸੱਚੀ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਸਮਝਾਈਆ । ਜਨ ਭਗਤੋ ਨਾ ਪਾਵੋ ਜ਼ੋਰ, ਜ਼ੋਰਾਵਰ ਸਮਝਾਇੰਦਾ । ਓਹੋ ਗੋਬਿੰਦ ਨਹੀਂ ਹੋਰ, ਜੋ ਵਿਛੜੇ ਮੇਲ ਮਿਲਾਇੰਦਾ । ਜਿਸ ਦੀ ਦੋ ਜਹਾਨ ਅਗੰਮੀ ਤੋਰ, ਚਲਦਾ ਫਿਰਦਾ ਨਜ਼ਰ ਕਿਸੇ ਨਾ ਆਇੰਦਾ । ਸੋ ਸਾਹਿਬ ਵਾਗਾਂ ਆਇਆ ਮੋੜ, ਮੁੜ ਘਰ ਆਪਣੇ ਫੇਰਾ ਪਾਇੰਦਾ । ਸਾਹਿਬ ਸਤਿਗੁਰ ਨੂੰ ਗੁਰਮੁਖਾਂ ਦੀ ਲੋੜ, ਗੁਰਸਿਖ ਸਾਚੇ ਸੁਤ ਜਗਾਇੰਦਾ । ਸਚਖੰਡ ਦੁਆਰੇ ਪੈ ਗਈ ਥੋੜ, ਆਪਣਾ ਘਾਟਾ ਗੁਰਮੁਖਾਂ ਕੋਲੋਂ ਪੂਰ ਕਰਾਇੰਦਾ । ਨੌਂ ਸੌ ਚੁਰਾਨਵੇ ਚੌਕੜੀ ਜੁਗ ਪੁਰਖ ਅਕਾਲ ਫਿਰਦਾ ਰਿਹਾ ਬਣ ਕੇ ਚੋਰ, ਚੋਰੀ ਲੋਕਮਾਤ ਕਮਾਇੰਦਾ । ਲੁਕਿਆ ਰਿਹਾ ਅੰਧੇਰੇ ਘੋਰ, ਜ਼ਾਹਰ ਜ਼ਹੂਰ ਨਜ਼ਰ ਕਿਸੇ ਨਾ ਆਇੰਦਾ । ਹੁਕਮੇ ਅੰਦਰ ਗੁਰ ਅਵਤਾਰ ਪੀਰ ਪੈਗ਼ੰਬਰ ਆਪੇ ਤੋਰ, ਤੁਰਤ ਆਪਣਾ ਹੁਕਮ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਵਖਾਇੰਦਾ । ਜਨ ਭਗਤੋ ਨਾ ਮਾਰੋ ਧੱਕਾ, ਹਰਿ ਧਰਮੀ ਆਪ ਜਣਾਈਆ । ਆਦਿ ਜੁਗਾਦੀ ਮੈਂ ਤੁਹਾਡਾ ਬਾਪ ਸਕਾ, ਬਣ ਮਾਤ ਪੂਤ ਉਪਜਾਈਆ । ਜਿਸ ਗੋਬਿੰਦ ਬਣਾਇਆ ਬੱਚਾ, ਸੋ ਸਾਹਿਬ ਹੋਏ ਸਹਾਈਆ । ਵੇਲੇ ਅੰਤ ਕੋਈ ਨਾ ਹੋਵੇ ਕੱਚਾ, ਜਿਨ੍ਹਾਂ ਆਪਣੀ ਗੋਦ ਬਹਾਈਆ । ਜੋਤ ਅਕਾਲਣ ਕਹੇ ਮੈਂ ਮਾਤਾ ਜ਼ੱਚਾ, ਪੁਰਖ ਅਕਾਲ ਇਸ਼ਾਰੇ ਨਾਲ ਰਖਾਈਆ । ਇਕੋ ਵਾਰ ਕਿਹਾ ਅੱਛਾ, ਅੱਛੀ ਤਰ੍ਹਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਰਿਹਾ ਸਾਲਾਹੀਆ । ਸਚ ਭਗਤੋ ਨਾ ਮਾਰੋ ਤਾਅਨਾ, ਤਰ੍ਹਾ ਤਰ੍ਹਾ ਸਮਝਾਈਆ । ਜਿਸ ਮੌਲੀ ਤੰਦ ਬੱਧਾ ਗਾਨਾਂ, ਸੋ ਗਹਿਰ ਗੰਭੀਰ ਵੇਖ ਵਖਾਈਆ । ਜੁਗ ਚੌਕੜੀ ਜਿਸ ਦਾ ਭਾਣਾ, ਨਾ ਕੋਈ ਮੇਟੇ ਮੇਟ ਮਿਟਾਈਆ । ਦੋ ਜਹਾਨ ਗਾਏ ਗਾਣਾ, ਰਾਗ ਅਨਾਦ ਰਿਹਾ ਸੁਣਾਈਆ । ਨਿਤ ਨਵਿਤ ਦਏ ਫ਼ਰਮਾਨਾ, ਧੁਰ ਦੀ ਧਾਰ ਸਮਝਾਈਆ । ਸੋ ਸਾਹਿਬ ਵਿਸ਼ਨੂੰ ਭਗਵਾਨਾ, ਭਗਵਨ ਆਪਣੀ ਕਾਰ ਕਮਾਈਆ । ਜਨ ਭਗਤਾਂ ਦੇਵੇ ਦਾਨਾ, ਵਸਤ ਅਮੋਲਕ ਝੋਲੀ ਪਾਈਆ । ਬਿਨ ਗੋਪੀਉਂ ਬਣਾਵੇ ਕਾਹਨਾ, ਕਾਹਨ ਆਪਣਾ

ਰੂਪ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਸਮਝਾਈਆ । ਸਚ ਭਗਤੋ ਨਾ ਜਾਣੋ ਦੂਰ, ਦੂਰ ਦੂਰਾਡਾ ਰਿਹਾ ਜਣਾਈਆ । ਜੋ ਦਰ ਆਇਆ ਸੋ ਵੇਖੋ ਹਜ਼ੂਰ, ਹਰਿ ਜੂ ਬੈਠਾ ਡੇਰਾ ਲਾਈਆ । ਤੁਹਾਡੇ ਕਰੇ ਮੁਆਫ਼ ਕਸੂਰ, ਮੁਫ਼ਤ ਆਪਣੀ ਦਇਆ ਕਮਾਈਆ । ਅੰਦਰ ਬਖ਼ਸ਼ੇ ਜੋਤੀ ਨੂਰ, ਨੂਰ ਨੁਰਾਨਾ ਚੰਦ ਚਮਕਾਈਆ । ਨਾਤਾ ਛੱਡ ਦਿਓ ਕੂੜਾ ਕੂੜ, ਕੂੜੀ ਕਿਰਿਆ ਬਾਹਰ ਕਢਾਈਆ । ਦਰ ਲਾਓ ਮਸਤਕ ਧੂੜ, ਪਿਛਲੀ ਲੱਥੇ ਕੂੜੀ ਛਾਹੀਆ । ਜਗਤ ਬੰਧਨ ਨਾ ਔਣ ਮਜਬੂਰ, ਮਜਬੂਰੀ ਸਭ ਦੀ ਰਿਹਾ ਕਟਾਈਆ । ਤ੍ਰੈਗੁਣ ਮਾਇਆ ਤਪੇ ਤੰਦੂਰ, ਘਰ ਘਰ ਅਗਨੀ ਰਿਹਾ ਵਖਾਈਆ । ਵੇਦਾਂ ਪੁਰਾਨਾਂ ਸ਼ਾਸਤਰਾਂ ਸਿਮਰਤਾਂ ਅੰਜੀਲਾਂ ਕੁਰਾਨਾਂ ਗੁਰੂਆਂ ਅਵਤਾਰਾਂ ਕੀਤਾ ਮਸ਼ਹੂਰ, ਨਿਹਕਲੰਕ ਅੰਤਮ ਫੇਰਾ ਪਾਈਆ । ਜਿਸ ਦਾ ਸਚ ਨਾ ਲੱਭਾ ਕਿਸੇ ਦਸਤੂਰ, ਪੜਦਾ ਭੇਵ ਨਾ ਕੋਇ ਖੁਲ੍ਹਾਈਆ । ਕੋਈ ਕਹਿ ਕੇ ਗਿਆ ਮੇਰਾ ਪਰਵਰਦਿਗਾਰ ਨੂਰ, ਅਮਾਮ ਇਕੋ ਨੂਰ ਇਲਾਹੀਆ । ਕੋਈ ਕਹੇ ਜੋਤੀ ਜਾਤਾ ਸਤਿ ਸਰੂਰ, ਨਿਰਵੈਰ ਪੁਰਖ ਅਖਵਾਈਆ । ਕੋਈ ਕਹੇ ਸਰਬ ਕਲਾ ਭਰਪੂਰ, ਭਰਪੂਰ ਰਿਹਾ ਸਭ ਥਾਈਆ । ਪੁਰਖ ਅਕਾਲ ਕਹੇ ਮੈਂ ਆਪਣੀ ਧਾਰ ਆਪਣੇ ਹੱਥ ਰੱਖਾਂ ਜ਼ਰੂਰ, ਦੂਸਰ ਹੱਥ ਨਾ ਕਿਸੇ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਰਿਹਾ ਉਠਾਈਆ । ਜਨ ਭਗਤੋ ਨਾ ਮਾਰੋ ਝਟਕਾ, ਹਰਿ ਝਾਕੀ ਇਕ ਦਿਵਾਇੰਦਾ । ਵੇਖੋ ਆਪਣਾ ਕਾਇਆ ਮਟਕਾ, ਪੁਰਖ ਅਬਿਨਾਸ਼ੀ ਡੇਰਾ ਲਾਇੰਦਾ । ਮਾਤ ਗਰਭ ਵਿਚ ਜੋ ਤੁਹਾਡੇ ਅੰਦਰ ਪੁਠਾ ਹੋ ਕੇ ਲਟਕਾ, ਸੋ ਸਾਹਿਬ ਆਪਣਾ ਮੇਲ ਮਿਲਾਇੰਦਾ । ਅੱਗੇ ਜਨਮ ਮਰਨ ਦਾ ਕਿਸੇ ਰਹੇ ਨਾ ਖਟਕਾ, ਕਰ ਕਿਰਪਾ ਪਾਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਵਾਨ ਆਪ ਜਗਾਇੰਦਾ । ਜਨ ਭਗਤੋ ਨਾ ਪਾਓ ਬੰਧਨ, ਹਰਿ ਬੰਦਗੀ ਇਕ ਜਣਾਈਆ । ਘਰ ਪਾਓ ਪੁਰਖ ਅਬਿਨਾਸ਼ੀ ਇਕੋ ਨੰਦਨ, ਅਨੰਦ ਅਨੰਦ ਵਿਚੋਂ ਦਰਸਾਈਆ । ਧੂੜੀ ਟਿੱਕਾ ਲਾਓ ਚੰਦਨ, ਨਿੰਮ ਚੰਦਨ ਰੂਪ ਮਹਿਕਾਈਆ । ਆਵਣ ਜਾਵਣ ਕੱਟੇ ਫੰਦਨ, ਗੇੜਾ ਗੇੜ ਦਏ ਮਿਟਾਈਆ । ਨਿਰਗੁਣ ਹੋ ਕੇ ਆਇਆ ਸੂਰਾ ਸਰਬੰਗਨ, ਸੂਰਬੀਰ ਫੇਰਾ ਪਾਈਆ । ਦਰਵੇਸ਼ ਹੋ ਕੇ ਆਇਆ ਮੰਗਣ, ਭਗਤ ਦੁਆਰੇ ਅਲਖ ਜਗਾਈਆ । ਜਨ ਭਗਤੋ ਪਰੇਮ ਪ੍ਰੀਤੀ ਚਾੜ੍ਹੋ ਰੰਗਣ, ਰੰਗ ਰੰਗੀਲਾ ਇਹ ਸਮਝਾਈਆ । ਉਠ ਕੇ ਸਾਰੇ ਗਾਓ ਮੇਰਾ ਛੰਦਨ, ਮੈਂ ਤੁਹਾਡਾ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਜਨ ਭਗਤੋ ਨਾ ਕੱਢੋ ਅੰਦਰ, ਅੰਦਰ ਡੇਰਾ ਬੈਠਾ ਲਾਈਆ । ਤੁਹਾਡੇ ਪਿਛੇ ਛੱਡੇ ਠਾਕਰ ਦੁਆਰੇ ਮੰਦਰ, ਮੰਦੇ ਹਾਲ ਫਿਰੇ ਬੇਪਰਵਾਹੀਆ । ਤੁਹਾਡਾ ਤੋੜਨ ਆਇਆ ਜੰਦਰ, ਨਾਮ ਹਥੌੜਾ ਹੱਥ ਉਠਾਈਆ । ਤੁਹਾਡਾ ਵਸੌਣ ਆਇਆ ਖੇੜਾ ਖੰਡਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਤੁਹਾਡਾ ਫੜਨ ਆਇਆ ਮਨ ਬੰਦਰ, ਦਹਿ ਦਿਸ਼ਾ ਨਾ ਉਠ ਉਠ ਧਾਈਆ । ਤੁਹਾਡਾ ਚੜ੍ਹੌਣ ਆਇਆ ਸੂਰਯਾ ਚੰਦਰ, ਚੰਦ ਚਾਂਦਨੀ ਨੈਣ ਸ਼ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਰਿਹਾ ਜਗਾਈਆ । ਜਨ ਭਗਤੋ ਦਿਓ ਦਿਲਾਸਾ, ਪ੍ਰਭ ਇਕੋ ਮੰਗ ਮੰਗਾਈਆ । ਜੁਗ ਚੌਕੜੀ ਤੁਹਾਡੇ ਉਤੇ ਰੱਖ ਭਰਵਾਸਾ, ਆਪਣਾ ਨਾਮ ਤੁਹਾਨੂੰ ਜਪਾਈਆ । ਬਾਕੀ ਸਭ ਦਾ ਖ਼ਾਲੀ ਕਰਿਆ ਕਾਸਾ, ਕਸਮ ਰੱਬ ਦੀ ਝੂਠੀ ਖਾਏ ਲੋਕਾਈਆ । ਨਾਨਕ ਨਾਲ ਗੋਬਿੰਦ ਵੇਖੇ ਤਮਾਸ਼ਾ, ਘਰ ਘਰ ਆਪਣਾ ਫੇਰਾ ਪਾਈਆ । ਕੂੜੀ ਕਿਰਿਆ ਕਰੇ ਹਾਸਾ, ਮੁਖ ਘੁੰਗਟ ਨਾਚ ਨਚਾਈਆ । ਕੋਈ ਸਰੋਵਰ

ਨਾ ਮਾਰੇ ਠਾਠਾ, ਅਠਸਠ ਬੈਠੇ ਢੇਰੀਆਂ ਢਾਹੀਆ । ਕਿਸੇ ਤੌਣ ਵਿਚ ਪਰੇਮ ਪ੍ਰੀਤੀ ਨਾ ਰਿਹਾ ਆਟਾ, ਬਣ ਸਵਾਣੀ ਸਾਚੀ ਤੌਣ ਨਾ ਕੋਇ ਪਕਾਈਆ । ਜਿਧਰ ਵੇਖੇ ਆਇਆ ਘਾਟਾ, ਮੀਤ ਮੁਰਾਰਾ ਨਜ਼ਰ ਨਾ ਆਈਆ । ਲੱਖ ਚੁਰਾਸੀ ਖੁਲ੍ਹਾ ਝਾਟਾ, ਬਿਨ ਸਤਿਗੁਰ ਪੂਰੇ ਪੱਟੀ ਸਿਰ ਨਾ ਕੋਇ ਗੁੰਦਾਈਆ । ਰਾਹ ਫਿਰਦਿਆਂ ਮੁੱਕੀ ਨਾ ਕਿਸੇ ਵਾਟਾ, ਜੀਵ ਜੰਤ ਦੇਣ ਦੁਹਾਈਆ । ਕਾਇਆ ਚੀਥੜ ਸਭ ਦਾ ਪਾਟਾ, ਸਾਚੀ ਡੋਰ ਤੰਦ ਨਜ਼ਰ ਕੋਇ ਨਾ ਆਈਆ । ਸ੍ਰੀ ਭਗਵਾਨ ਦੱਸਣ ਗੱਲਾਂ ਬਾਤਾਂ, ਹਿਰਦੇ ਹਰਿ ਨਾ ਕੋਇ ਵਸਾਈਆ । ਝਗੜਾ ਪਿਆ ਜ਼ਾਤਾਂ ਪਾਤਾਂ, ਦੀਨ ਮਜ਼੍ਹਬ ਕਰੇ ਲੜਾਈਆ । ਹਰਿ ਕਾ ਰੂਪ ਨਾ ਕਿਸੇ ਪਛਾਤਾ, ਗੋਬਿੰਦ ਇਕੋ ਇਕ ਸਮਝਾਈਆ । ਵੇਖ ਖੇਲ ਪੁਰਖ ਸਮਰਾਥਾ, ਸਾਹਿਬ ਸਤਿਗੁਰ ਆਪ ਕਰਾਈਆ । ਹੋਏ ਸਹਾਈ ਅਨਾਥ ਅਨਾਥਾਂ, ਗ਼ਰੀਬ ਨਿਮਾਣਿਆਂ ਗਲੇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਕੋਲੋਂ ਡਰਦਾ ਆਪਣੀ ਸੇਵਾ ਲਾਈਆ । ਜਨ ਭਗਤੋ ਦਰ ਦਿਓ ਜਲਵਾ, ਜਲਵਾਗਰ ਆਖ ਸੁਣਾਈਆ । ਪੀਰ ਪੈਗ਼ੰਬਰਾਂ ਖਾਣਾ ਛੁਟਿਆ ਹਲਵਾ, ਦੂਰ ਦੁਰਾਡੇ ਬੈਠੇ ਧਿਆਨ ਲਗਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਕਰਨਹਾਰਾ ਬਲਵਾ, ਬਲ ਇਕੋ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਮੰਗ ਇਕ ਮੰਗਾਈਆ । ਜਨ ਭਗਤ ਕਹਿਣ ਅਸੀਂ ਡਰਾਵਾਂਗੇ । ਤੇਰੇ ਉਤੇ ਹੁਕਮ ਚਲਾਵਾਂਗੇ । ਪਿਛਲੇ ਗ਼ੁੱਸੇ ਕੱਢ ਵਖਾਵਾਂਗੇ । ਜਿੰਨਾਂ ਚਿਰ ਨਾ ਮਨਾਏਂ ਰੁੱਸੇ, ਤੇਰੇ ਦਰ ਤੇ ਜ਼ੋਰ ਵਖਾਵਾਂਗੇ । ਜੇ ਪ੍ਰਭੂ ਰਾਤੀਂ ਘਰ ਘਰ ਪੁਛੇਂ, ਫੇਰ ਤੇਰੇ ਜੋਗੇ ਹੋ ਜਾਵਾਂਗੇ । ਤੇਰੇ ਦਰ ਤੇ ਪੈਂਡੇ ਜੇ ਨਾ ਮੁੱਕੇ, ਫਿਰ ਕਿਸ ਦੀ ਓਟ ਤਕਾਵਾਂਗੇ । ਏਥੇ ਆ ਕੇ ਜੇ ਰਹਿ ਗਏ ਭੁੱਖੇ, ਝੋਲੀ ਕੀਹਦੇ ਅੱਗੇ ਡਾਹਵਾਂਗੇ । ਸ੍ਰੀ ਭਗਵਾਨ ਜੇ ਤੇਰੇ ਭਗਤ ਤੇਰੇ ਕੋਲੋਂ ਰਹਿ ਗਏ ਸੁੱਤੇ, ਸੁਰਤੀ ਕੀਹਦੇ ਨਾਲ ਮਿਲਾਵਾਂਗੇ । ਜੇ ਤੂੰ ਕਿਹਾ ਆਓ ਮੇਰੇ ਪੁੱਤੇ, ਪੁੱਤ ਪੋਤਰੇ ਤੇਰੀ ਗੋਦੀ ਪਾਵਾਂਗੇ । ਸੀਸ ਸਭ ਦੇ ਇਕੋ ਵਾਰ ਝੁਕੇ, ਝੁਕ ਕੇ ਤੇਰੇ ਚਰਨ ਲਗਾਵਾਂਗੇ । ਜਿਨ੍ਹਾਂ ਦੇ ਘਰ ਬਣ ਕੇ ਲਾੜਾ ਢੁਕੇਂ, ਸ੍ਰੀ ਸੋ ਤੇਰੀ ਨਾਰ ਅਖਵਾਵਾਂਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਦ ਤੇਰੇ ਨਾਲ ਨਿਭਾਵਾਂਗੇ । ਜੇ ਮੇਰੇ ਨਾਲ ਨਿਭਾਓਗੇ । ਘਰ ਇਕੋ ਵੇਖਣ ਪਾਓਗੇ । ਸੁਖ ਆਤਮ ਸੱਚਾ ਪਾਓਗੇ । ਮੁਖ ਉਜਲ ਮਾਤ ਕਰਾਓਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੇ ਰਾਹ ਇਕ ਲਗ ਜਾਓਗੇ । ਜਨ ਭਗਤੋ ਨਾ ਕਰੋ ਸਲਾਹ, ਵੇਲਾ ਗਿਆ ਹੱਥ ਨਾ ਆਈਆ । ਬਿਨ ਸੱਦਿਆਂ ਘਰ ਆਇਆ ਮਲਾਹ, ਬੇੜਾ ਆਪਣਾ ਨਾਲ ਰਖਾਈਆ । ਫੜ ਫੜ ਬਾਂਹੋਂ ਰਿਹਾ ਚੜ੍ਹਾ, ਬਣ ਖੇਵਟ ਸੇਵ ਕਮਾਈਆ । ਇਕ ਦੂਜੇ ਦੀ ਕੰਨੀ ਲਓ ਬੰਨ੍ਹਾ, ਲੜ ਛੁਟ ਕੋਇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਰਿਹਾ ਸਮਝਾਈਆ । ਜਨ ਭਗਤੋ ਨਿਭਾਓ ਤੋੜ, ਸ੍ਰੀ ਭਗਵਾਨ ਸਚ ਜਣਾਈਆ । ਤੁਹਾਡੇ ਨਾਲ ਮੇਰਾ ਮਤਲਬ ਜਾਏ ਸੌਰ, ਸੌਹਰੇ ਪੇਈਏ ਵੱਜੇ ਵਧਾਈਆ । ਨਵ ਨੌਂ ਚਾਰ ਕਰ ਕੇ ਵੇਖਿਆ ਗ਼ੌਰ, ਗੁਰਮੁਖ ਗੁਰਮੁਖ ਨਜ਼ਰ ਕੋਇ ਨਾ ਆਈਆ । ਗੁਰਸਿਖ ਗੋਬਿੰਦ ਦਾ ਬਣਿਆ ਕੌਰ, ਪ੍ਰਭ ਦੇਵਣਹਾਰ ਵਡਿਆਈਆ । ਇਹ ਨਾ ਵੇਖਿਓ ਪੰਜ ਤੱਤ ਤੇ ਝੁਲਦਾ ਚੌਰ, ਅੰਦਰ ਨਿਰਗੁਣ ਨੂਰ ਜੋਤ ਰੁਸ਼ਨਾਈਆ । ਜਿਸ ਦੇ ਹੱਥ ਸਭ ਦੀ ਡੋਰ, ਦੋ ਜਹਾਨਾਂ ਆਪਣੇ ਵਿਚ ਛੁਪਾਈਆ । ਸੋ ਸਾਹਿਬ ਗਿਆ ਬੌਹੜ, ਕਲਜੁਗ ਅੰਤਮ ਫੇਰਾ ਪਾਈਆ । ਪੂਰਬ ਜਨਮ ਦੀ ਮੇਟੇ ਔੜ, ਅੰਮ੍ਰਿਤ ਮੇਘ ਇਕ ਬਰਸਾਈਆ ।

੧੦੫੫
੧੪

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦ ਵਡਿਆਈਆ । ਜਨ ਭਗਤੋ ਅੱਗੇ ਦੇਣੀ ਨਾ ਕੋਈ ਦਲੀਲ, ਸੋ ਸਤਿਗੁਰ ਆਪ ਜਣਾਈਆ । ਦਰਗਹਿ ਸਾਚੀ ਲੱਭੇ ਨਾ ਕੋਇ ਵਕੀਲ, ਬਿਨ ਗੁਰ ਪੂਰੇ ਪਾਰ ਨਾ ਕੋਇ ਕਰਾਈਆ । ਚੋਰ ਯਾਰ ਠੱਗ ਕੋਈ ਟੱਪ ਨਾ ਸਕੇ ਫ਼ਸੀਲ, ਅੰਦਰ ਲੰਘ ਕੋਇ ਨਾ ਜਾਈਆ । ਪਹਿਰੇਦਾਰ ਛੈਲ ਛਬੀਲ, ਨੌਜਵਾਨ ਇਕੋ ਨਜ਼ਰੀ ਆਈਆ । ਉਹ ਫਾਸਲਾ ਕੋਈ ਨਾ ਨਾਪੇ ਵਿਚ ਗਜ਼ਾਂ ਮੀਲ, ਜੋਜਨ ਵੰਡ ਨਾ ਕੋਇ ਵੰਡਾਈਆ । ਜੋ ਕੋਈ ਦੱਸ ਕੇ ਗਿਆ ਸੋ ਧੁਰ ਦੀ ਦਲੀਲ, ਅੰਤ ਕਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਖੇਲ ਰਿਹਾ ਸਮਝਾਈਆ । ਜਨ ਭਗਤੋ ਸਦ ਰੱਖੋ ਆਸ, ਆਸਾਵੰਦ ਜਣਾਇੰਦਾ । ਸਾਹਿਬ ਸਤਿਗੁਰ ਹੋ ਦਾਸ, ਬਣ ਸੇਵਕ ਸੇਵ ਕਮਾਇੰਦਾ । ਵੇਖਣਹਾਰ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤਾ ਧਾਰ ਚਲਾਇੰਦਾ । ਨਿਰਗੁਣ ਹੋ ਕੇ ਵਸੇ ਸਾਥ, ਸਰਗੁਣ ਸੰਗ ਨਿਭਾਇੰਦਾ । ਆਤਮ ਹੋ ਕੇ ਕਰੇ ਪਾਠ, ਪਰਮਾਤਮ ਹੋ ਕੇ ਲੇਖੇ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਭਗਤ ਕਹਿਣ ਪ੍ਰਭ ਦੱਸ ਸੱਚ, ਸਾਚੀ ਮੰਗ ਮੰਗਾਈਆ । ਕੀ ਵਸਤ ਠਾਕਰ ਤੇਰੇ ਹੱਥ, ਕੀ ਦੇਵੇਂ ਵਡਿਆਈਆ । ਕਵਣ ਦੇਵੇਂ ਆਪਣੀ ਮਤ, ਕਵਣ ਸਿਖਿਆ ਦਏਂ ਦ੍ਰਿੜਾਈਆ । ਕਵਣ ਝੋਲੀ ਪਾਏਂ ਹੱਕ, ਕਵਣ ਹਕੀਕਤ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਸਮਝਾਈਆ । ਮੇਰੇ ਹੱਥ ਹਕੀਕਤ ਸਾਰੀ, ਸੋ ਸਤਿਗੁਰ ਆਪ ਜਣਾਇੰਦਾ । ਜੁਗ ਜੁਗ ਲੇਖਾ ਕਰੇ ਜੁਗ ਚਾਰੀ, ਜੁਗ ਚਾਰ ਆਰਜਾ ਵੇਖ ਵਖਾਇੰਦਾ । ਨਿਤ ਨਵਿਤ ਬਣ ਲਿਖਾਰੀ, ਲੇਖਾ ਧੁਰ ਦਾ ਆਪ ਸਮਝਾਇੰਦਾ । ਰੂਪ ਅਨੂਪ ਗੁਰ ਅਵਤਾਰੀ, ਨਿਰਗੁਣ ਸਰਗੁਣ ਧਾਰ ਬੰਧਾਇੰਦਾ । ਬੋਧ ਅਗਾਧ ਨਾਮ ਜੈਕਾਰੀ, ਸੋਹਲਾ ਢੋਲਾ ਰਾਗ ਅਲਾਇੰਦਾ । ਸ਼ਾਹੋ ਭੂਪ ਬਣ ਸਿਕਦਾਰੀ, ਸਾਚੇ ਤਖ਼ਤ ਸੋਭਾ ਪਾਇੰਦਾ । ਕਲਜੁਗ ਅੰਤਮ ਹੋ ਉਜਿਆਰੀ, ਨਿਰਗੁਣ ਨੂਰ ਡਗਮਗਾਇੰਦਾ । ਨਿਹਕਲੰਕ ਧੁਰ ਦਰਬਾਰੀ, ਆਪ ਆਪਣਾ ਭੇਵ ਖੁਲ੍ਹਾਇੰਦਾ । ਬੀਸ ਬੀਸਾ ਖੇਲ ਅਪਾਰੀ, ਹਰਿ ਕਰਤਾ ਆਪ ਕਰਾਇੰਦਾ । ਹਰਿ ਸੰਗਤ ਲੇਖੇ ਲੱਗੀ ਜੋ ਆਈ ਸਤਾਰਾਂ ਹਾੜੀ, ਹਰਿ ਜੂ ਆਪਣੇ ਰੰਗ ਰੰਗਾਇੰਦਾ । ਲਹਿਣਾ ਮੁਕਿਆ ਜਿਨ੍ਹਾਂ ਚਰਨ ਛੁਹਾਈ ਦਾੜ੍ਹੀ, ਦਾਦਾ ਪੋਤਰਾ ਇਕੋ ਦਰ ਵੇਖ ਵਾਰੋ ਵਾਰੀ, ਘਰ ਘਰ ਆਪਣਾ ਫੇਰਾ ਪਾਇੰਦਾ । ਗੁਰਮੁਖ ਕੰਨਿਆ ਕੋਈ ਨਾ ਰਹੇ ਕੁਆਰੀ, ਮੁਰਾਰੀ ਪ੍ਰਭ ਆਪਣੀ ਡੋਲੀ ਪਾਇੰਦਾ । ਪਰਮ ਪੁਰਖ ਕਰ ਸ਼ੰਗਾਰੀ, ਸਾਚਾ ਕਜਲਾ ਨੈਣ ਧਾਰ ਬੰਧਾਇੰਦਾ । ਸੀਸ ਗੁੰਦੇ ਪਹਿਲੀ ਵਾਰੀ, ਨਾਇਣ ਨਾਈ ਸੰਗ ਨਾ ਕੋਇ ਰਲਾਇੰਦਾ । ਮੈਂਹਦੀ ਰੰਗ ਲਾਲ ਚਾੜ੍ਹੀ, ਰੰਗ ਇਕੋ ਇਕ ਰਖਾਇੰਦਾ । ਸੋਹਣੀ ਸੱਚੀ ਬਣਾਏ ਲਾੜੀ, ਵੰਨੀ ਆਪਣੀ ਗੰਢ ਬੰਨ੍ਹਾਇੰਦਾ । ਪਰਮ ਪੁਰਖ ਦੇਵੇ ਨਾਮ ਨਿਆਰੀ, ਸੋਹਣੇ ਬਸਤਰ ਤਨ ਸ਼ੰਗਾਰ ਵਖਾਇੰਦਾ । ਆਤਮ ਪਰਮਾਤਮ ਖੇਲ ਅਪਾਰੀ, ਹਰਿ ਕਰਤਾ ਆਪ ਕਰਾਇੰਦਾ । ਸਖੀਆਂ ਮੰਗਲ ਮੰਗਲਾਚਾਰੀ, ਗੀਤ ਗੋਬਿੰਦ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਆਪ ਜਣਾਇੰਦਾ । ਜਨ ਭਗਤੋ ਪ੍ਰਭ ਦੇਵਣ ਜੋਗ, ਸਦਾ ਸਦਾ ਅਖਵਾਈਆ । ਜਿਸ ਦਾ ਲੇਖਾ ਧੁਰ ਸੰਜੋਗ, ਧੁਰ ਦੀ ਧਾਰ ਮਿਲਾਈਆ । ਸੋ ਸਾਹਿਬ ਰਖਾਵੇ ਇਕ ਓਟ, ਓਟ ਅਕਾਲ ਜਣਾਈਆ । ਭਾਗ ਲਗਾਏ ਅਗੰਮੀ ਕੋਟ, ਕਿਲਾ ਬੰਕ ਵਡਿਆਈਆ । ਨਾਮ ਨਗਾਰੇ ਲਾਏ ਚੋਟ, ਡੰਕਾ ਇਕ ਵਜਾਈਆ । ਕਰ ਪਰਕਾਸ਼

੧੦੫੬ ੧੪

ਨਿਰਮਲ ਜੋਤ, ਨੂਰੋ ਨੂਰ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਕੁਛ ਭਗਤਾਂ ਝੋਲੀ ਪਾਈਆ । ਜਨ
ਭਗਤੋ ਪ੍ਰਭ ਦੇਵਣ ਆਇਆ, ਦੀਨ ਦਿਆਲ ਠਾਕਰ ਸਵਾਮੀ । ਖ਼ਾਲੀ ਝੋਲੀ ਦਏ ਭਰਾਇਆ, ਸਰਬ ਕਲਾ ਘਟ ਅੰਤਰਜਾਮੀ । ਗੁਰਮੁਖ ਗੁਰ
ਗੁਰ ਨਾਲ ਰਲਾਇਆ, ਨਾਮ ਸੁਣਾਏ ਅਗੰਮੀ ਬਾਣੀ । ਅੰਮ੍ਰਿਤ ਆਤਮ ਤਾਲ ਭਰਾਇਆ, ਇਕ ਵਖਾਏ ਜਲ ਠੰਡਾ ਪਾਣੀ । ਸੁਰਤੀ ਸ਼ਬਦੀ
ਮੇਲ ਮਿਲਾਇਆ, ਘਰ ਸਤਿਗੁਰ ਮਿਲਿਆ ਇਕੋ ਹਾਣੀ । ਰੰਗ ਰੰਗੀਲੀ ਸੇਜ ਹੰਢਾਇਆ, ਜੋਬਨ ਰਤਾ ਨੌਜਵਾਨੀ । ਮਰਦ ਮਰਦਾਨਾ ਬਣ
ਕੇ ਆਇਆ, ਲੈ ਕੇ ਧੁਰ ਦੀ ਇਕ ਨਿਸ਼ਾਨੀ । ਡਰਦਾ ਡਰਦਾ ਭਗਤ ਦੁਆਰੇ ਫੇਰਾ ਪਾਇਆ, ਪਹਿਲੋਂ ਕਰਕੇ ਆਪਣੀ ਮਾਤ ਕੁਰਬਾਨੀ । ਸ਼ੇਰ
ਸਿੰਘ ਦਾ ਨਾਮ ਮਿਟਾਇਆ, ਪੰਜ ਤੱਤ ਦੇਹ ਨਾ ਕੋਇ ਨਿਸ਼ਾਨੀ । ਜੋਤ ਰੂਪ ਹੋ ਜੋਤ ਸਮਾਇਆ, ਪਰਮ ਪੁਰਖ ਕਰਿਆ ਖੇਲ ਲਾਸਾਨੀ । ਲਾਸ਼ਰੀਕ
ਆਪ ਅਖਵਾਇਆ, ਹਰਿ ਜਲਵਾ ਨੂਰ ਨੁਰਾਨੀ । ਪਰਵਰਦਿਗਾਰ ਵੇਸ ਵਟਾਇਆ, ਕਰੇ ਖੇਲ ਬਹੁ ਬਿਧ ਨਾਨੀ । ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਨ ਭਗਤਾਂ ਲੇਖਾ ਜਾਣੇ ਸ਼ਾਹ ਸੁਲਤਾਨੀ । ਜਨ ਭਗਤੋ ਦਇਆ ਕਮਾਵਾਂਗਾ । ਸਚਖੰਡ
ਦੁਆਰ ਵਖਾਵਾਂਗਾ । ਧਰਮ ਦੁਆਰਾ ਇਕ ਵਡਿਆਵਾਂਗਾ । ਬਣ ਨਿਰੰਕਾਰ ਹੁਕਮ ਸੁਣਾਵਾਂਗਾ । ਬੋਲ ਜੈਕਾਰ ਰਾਗ ਅਲਾਵਾਂਗਾ । ਸੀਸ
ਤਾਜ ਇਕ ਸੁਹਾਵਾਂਗਾ । ਜਗਦੀਸ ਇਕੋ ਨਜ਼ਰੀ ਆਵਾਂਗਾ । ਬੀਸ ਬੀਸ ਵੇਖ ਵਖਾਵਾਂਗਾ । ਸਚ ਹਦੀਸ ਇਕ ਪੜ੍ਹਾਵਾਂਗਾ । ਜੋਤੀ ਜੋਤ
੧੦੫੭ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਪੰਜ ਵੇਖ ਵਖਾਵਾਂਗਾ । ਇਕ ਪੰਜ ਵੇਖ ਵਖਾਏਗਾ । ਪ੍ਰਭ ਸਚ ਦੁਆਰ ਸੁਹਾਏਗਾ । ਸ਼ਹਿਨਸ਼ਾਹ ੧੦੫੭
੧੪ ਭੂਪ ਬਣ ਕੇ ਆਏਗਾ । ਪੰਚ ਪਰਧਾਨ ਨਾਲ ਮਿਲਾਏਗਾ । ਪੰਚ ਪਰਵਾਨ ਕਰ ਵਖਾਏਗਾ । ਪੰਜਾਂ ਦੇ ਕੇ ਦਰਗਹਿ ਮਾਣ, ਦਰਗਹਿ ਸਾਚੀ ੧੪
ਰਾਜ ਜਣਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਇਕ ਧਿਆਨ, ਰਾਹ ਇਕੋ ਇਕ ਵਖਾਏਗਾ । ਰਾਹ
ਇਕੋ ਇਕ ਵਖਾਵੇਗਾ । ਪ੍ਰਭ ਆਪਣੀ ਦਇਆ ਕਮਾਵੇਗਾ । ਸਚਖੰਡ ਦੁਆਰ ਸੁਹਾਵੇਗਾ । ਬ੍ਰਹਿਮੰਡ ਹੁਕਮ ਵਰਤਾਵੇਗਾ । ਜੋਤੀ ਜੋਤ ਸਰੂਪ
ਹਰਿ, ਆਪ ਆਪਣੀ ਕਿਰਪਾ ਕਰ, ਸਚ ਦੁਆਰ ਇਕ ਵਡਿਆਵੇਗਾ । ਸਚ ਦੁਆਰ ਇਕ ਵਡਿਆਏਗਾ । ਨਿਰਗੁਣ ਆਪਣੀ ਕਾਰ ਕਮਾਏਗਾ ।
ਸਿੰਘਾਸਣ ਇਕੋ ਇਕ ਸੁਹਾਏਗਾ । ਜਗ ਨੇਤਰ ਨਜ਼ਰ ਕਿਸੇ ਨਾ ਆਏਗਾ । ਗੁਰਮੁਖ ਵਿਰਲੇ ਭਗਤ ਵਖਾਏਗਾ । ਦਿਲੀ ਤਖ਼ਤ ਵਡਿਆਏਗਾ ।
ਹੁਕਮ ਸਖ਼ਤ ਇਕ ਚਲਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਰੁੱਤ ਆਪ ਸੁਹਾਏਗਾ । ਸਾਚੀ ਰੁੱਤ ਸੁਹਾਵੇਗਾ ।
ਸਾਚੇ ਤਖ਼ਤ ਆਸਣ ਲਾਵੇਗਾ । ਵੇਲਾ ਵਕਤ ਆਪ ਜਣਾਵੇਗਾ । ਭਗਤ ਭਗਵਾਨ ਆਪ ਤਰਾਵੇਗਾ । ਸਚਖੰਡ ਦੁਆਰ ਵਸਾਵੇਗਾ । ਲੋਕਮਾਤ
ਆਪ ਵਡਿਆਵੇਗਾ । ਅੰਧੇਰੀ ਰਾਤ ਮੇਟ ਮਿਟਾਵੇਗਾ । ਸਾਚੀ ਗਾਥ ਇਕ ਸੁਣਾਵੇਗਾ । ਚੜ੍ਹਾ ਨੱਯਾ ਆਪਣੀ ਪਾਰ ਕਰਾਵੇਗਾ । ਬਣ ਕਮਲਾਪਾਤ
ਗੁਰਮੁਖ ਤਨ ਆਪ ਪਰਨਾਵੇਗਾ । ਲੇਖਾ ਜਾਣੇ ਸਾਚੋ ਸਾਚ, ਕੂੜੀ ਕਿਰਿਆ ਮੇਟ ਮਿਟਾਵੇਗਾ । ਹਰਿ ਕਾ ਸ਼ਬਦ ਕੋਈ ਨਾ ਸਕੇ ਵਾਚ, ਜੋ
ਪੜ੍ਹਿਆ ਸੋ ਸੁਣਿਆ ਸੋਈ ਜਗਤ ਆਖ ਸੁਣਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਸੇ ਕਰ ਕੇ ਹਾੜ ਸਤਾਰਾਂ ਨਚਾਇਆ
ਨਾਚ, ਨੱਚ ਨੱਚ ਦੋ ਜਹਾਨਾਂ ਆਪਣਾ ਖੇਲ ਵਖਾਵੇਗਾ । ਲੋਕਮਾਤ ਹੋਇਆ ਨਾਚ, ਗੁਰਮੁਖ ਸੱਜਣ ਨਾਲ ਵਖਾਈਆ । ਸਚਖੰਡ ਦੁਆਰੇ ਪਿਆ

ਹਾਸ, ਗੁਰ ਅਵਤਾਰ ਖ਼ੁਸ਼ੀ ਮਨਾਈਆ । ਸ੍ਰੀ ਭਗਵਾਨ ਸਚ ਦੁਆਰੇ ਔਣ ਦੀ ਦੱਸੀ ਜਾਚ, ਹਰਖ ਸੋਗ ਨਾ ਕੋਇ ਰਖਾਈਆ । ਜਿਨ੍ਹਾਂ ਪਾਰਬ੍ਰਹਮ ਪਤਿਪਰਮੇਸ਼ਵਰ ਇਕੋ ਹਿਰਦੇ ਲਿਆ ਵਾਚ, ਵਾਸਤਾ ਦੂਜੇ ਨਾਲ ਨਾ ਕੋਇ ਰਖਾਈਆ । ਤਿਸ ਮੇਲਾ ਕਮਲਾਪਾਤ, ਕਵਲ ਨੈਣ ਗੋਦ ਉਠਾਈਆ । ਖਹਿੜਾ ਚੁਕਿਆ ਪੂਜਾ ਪਾਠ, ਅੰਦਰ ਵੜ ਧਿਆਨ ਨਾ ਕੋਇ ਲਗਾਈਆ । ਜਨ ਭਗਤਾਂ ਪ੍ਰਭ ਦੇਵੇ ਦਾਤ, ਦੂਈ ਦਵੈਤੀ ਪਾਰ ਕਰਾਈਆ । ਬਿਨ ਸੱਥਰਾਂ ਵਸਿਆ ਸਾਥ, ਬਿਨਾਂ ਭੋਜਨਾਂ ਭੋਜਨ ਖਾਈਆ । ਬਿਨਾਂ ਨਾਤਿਉਂ ਬਣਿਆ ਸਾਕ, ਪਿਤਾ ਪੂਤ ਜੋੜ ਜੁੜਾਈਆ । ਜੋ ਲਿਖਿਆ ਗੋਬਿੰਦ ਭਵਿਖਤ ਵਾਕ, ਸੋ ਆਪੇ ਦਏ ਸਮਝਾਈਆ । ਪਰਗਟ ਹੋ ਪੁਰਖ ਸਮਰਾਥ, ਦੇਵਣਹਾਰ ਦੋ ਜਹਾਨ ਵਡਿਆਈਆ । ਪੰਦਰਾਂ ਕੱਤਕ ਗੁਰ ਅਵਤਾਰ ਪੀਰ ਪੈਗ਼ੰਬਰ ਬੈਠੇ ਰੱਖ ਕੇ ਆਸ, ਕਵਣ ਵੇਲਾ ਪ੍ਰਭ ਸਾਡਾ ਲੇਖਾ ਲੇਖੇ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਤਖ਼ਤ ਤਖ਼ਤ ਸਿੰਘਾਸਣ, ਆਪ ਸੁਹਾਏ ਪੁਰਖ ਅਬਿਨਾਸ਼ਨ, ਅਬਿਨਾਸ਼ੀ ਕਰਤਾ ਆਪਣਾ ਖੇਲ ਆਪ ਰਚਾਈਆ । ਹਰਿ ਕਾ ਤਖ਼ਤ ਕਿਸੇ ਨਾ ਘੜਿਆ, ਘੜਨਹਾਰ ਨਾ ਕੋਈ ਅਖਵਾਈਆ । ਹਰਿ ਕਾ ਅੱਖਰ ਕਿਸੇ ਨਾ ਪੜ੍ਹਿਆ, ਜੋ ਪੜ੍ਹਿਆ ਸੋ ਕਰੇ ਪ੍ਰਭ ਪੜ੍ਹਾਈਆ । ਹਰਿ ਕੇ ਮੰਦਰ ਕੋਈ ਨਾ ਵੜਿਆ, ਜੋ ਵੜਿਆ ਤਿਸ ਆਪਣੀ ਉਂਗਲੀ ਲਾਈਆ । ਹਰਿ ਕੰਤ ਕਿਸੇ ਨਾ ਵਰਿਆ, ਜਿਸ ਵਰਿਆ ਤਿਸ ਪ੍ਰਭ ਆਪਣੀ ਦਇਆ ਕਮਾਈਆ । ਹਰਿ ਕੇ ਟਿੱਲੇ ਕੋਈ ਨਾ ਚੜ੍ਹਿਆ, ਜਿਸ ਚੜ੍ਹਿਆ ਤਿਸ ਭੁਜਾਂ ਰਿਹਾ ਉਠਾਈਆ । ਹਰਿ ਕੇ ਪਰੇਮ ਕੋਈ ਨਾ ਮਰਿਆ, ਜੋ ਮਰਿਆ ਤਿਸ ਮਰਨ ਰਿਹਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਜਨ ਭਗਤਾਂ ਕੋਲੋਂ ਡਰਦਾ ਡਰਦਾ ਧੁਰ ਸੰਦੇਸੇ ਰਿਹਾ ਸੁਣਾਈਆ । ਜਨ ਭਗਤੋ ਨਾ ਮਾਰਿਓ ਮਾਰ, ਮਿਹਰਵਾਨ ਅਖਵਾਇੰਦਾ । ਤੁਹਾਡੇ ਪਿਛੇ ਹੋਇਆ ਖ਼ਵਾਰ, ਜੁਗ ਚੌਕੜੀ ਰਾਹ ਤਕਾਇੰਦਾ । ਲੱਭਦਾ ਰਿਹਾ ਵਿਛੜੇ ਯਾਰ, ਘਰ ਘਰ ਫੇਰਾ ਪਾਇੰਦਾ । ਕੋਈ ਪੁਰਖ ਕੋਈ ਨਾਰ, ਕੋਈ ਬਿਰਧ ਬਾਲ ਅੰਗ ਲਗਾਇੰਦਾ । ਕੋਈ ਧੱਕੇ ਰਿਹਾ ਮਾਰ, ਦੂਰੋਂ ਦੂਰੋਂ ਭੈ ਜਣਾਇੰਦਾ । ਕੋਈ ਗੁਰਮੁਖ ਵਿਰਲਾ ਕਰੇ ਪਿਆਰ, ਜਿਸ ਘਰ ਲੱਭਣ ਸਤਿਗੁਰ ਜਾਇੰਦਾ । ਵੀਹ ਸੌ ਵੀਹ ਬਿਕ੍ਰਮੀ ਸਭ ਦੇ ਪਿਛਲੇ ਕਰਮ ਦੇ ਦੁਖੜੇ ਦਏ ਨਿਵਾਰ, ਜਨਮ ਕਰਮ ਦਾ ਰੋਗ ਰਹਿਣ ਨਾ ਪਾਇੰਦਾ । ਡੂੰਘੀ ਭਵਰੀ ਫੜ ਕੇ ਬਾਹਰ ਦਏ ਉਠਾਲ, ਜਗਤ ਧਾਰ ਨਾ ਕੋਇ ਰੁੜ੍ਹਾਇੰਦਾ । ਸਚ ਦੁਆਰੇ ਨਾ ਸ਼ਾਹ ਨਾ ਕੋਈ ਕੰਗਾਲ, ਰਾਉ ਰੰਕ ਇਕੋ ਰੰਗ ਰੰਗਾਇੰਦਾ । ਕਰੇ ਖੇਲ ਬੇਮਿਸਾਲ, ਮਿਸਲ ਭਗਤਾਂ ਆਪ ਬਣਾਇੰਦਾ । ਪਰਗਟ ਹੋ ਦੀਨ ਦਿਆਲ, ਅਸਲ ਗਲ ਅਸਲੀਯਤ ਵਿਚੋਂ ਬਾਹਰ ਕਢਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਆਈ ਸੰਗਤ ਦੇਵੇ ਇਕੋ ਮਾਣ, ਮਾਣ ਸਤਿਗੁਰ ਚਰਨ ਇਕ ਜਣਾਇੰਦਾ ।

ਗੁਰਮੁਖ ਮਾਣ ਮਿਲੇ ਮਨਮੰਤ, ਮੰਤਵ ਇਕ ਸਮਝਾਈਆ । ਸ੍ਰੀ ਭਗਵਾਨ ਬਣਾਏ ਬਣਤ, ਸਾਹਿਬ ਸਤਿਗੁਰ ਹੋਏ ਸਹਾਈਆ । ਜਿਸ ਲੇਖ ਚੁਕੌਣਾ ਅੰਤ, ਅੰਤਰਜਾਮੀ ਫੇਰਾ ਪਾਈਆ । ਸੋ ਸਤਿਗੁਰ ਬਣਿਆ ਕੰਤ, ਜੋ ਸੁਰਤ ਸਵਾਣੀ ਨਾਰ ਪਰਨਾਈਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਸੰਗਤ ਲੇਖੇ ਲਾਈਆ । ਹਰਿ ਸੰਗਤ ਪਿਛਲਾ ਚੁੱਕਿਆ ਰੋਸਾ, ਗ਼ੁੱਸਾ ਗਿਲਾ ਰਹਿਣ ਨਾ ਪਾਈਆ । ਅੱਗੇ ਮਾਰਗ ਦੱਸਿਆ ਸੌਖਾ, ਪੰਜ ਜੈਕਾਰੇ ਇਕੋ ਸਮਝਾਈਆ । ਪ੍ਰਭ ਮਿਲਣ ਦਾ ਸਾਚਾ ਮੌਕਾ, ਦਿਨ ਦਿਹਾੜੇ ਦਰਸ ਰਿਹਾ ਵਖਾਈਆ । ਉਚੀ ਕੂਕ ਦੇਵੇ ਹੋਕਾ, ਜੀਵ ਜੰਤ ਆਪ ਜਣਾਈਆ । ਜਿਨ੍ਹਾਂ ਨਾਮ ਦੀ ਰਹਿ ਗਈ ਟੋਟਾ, ਤਿਨ੍ਹਾਂ ਝੋਲੀ ਰਿਹਾ ਭਰਾਈਆ । ਸਤਿਗੁਰ ਪਾਣੀ ਅੰਮ੍ਰਿਤ ਦੇਵੇ ਫੋਕਾ, ਅੰਤਰ ਆਤਮ ਆਪਣਾ ਜਾਮ ਪਿਆਈਆ । ਬਾਹਰੋਂ ਧੂਪ ਨਾ ਜਗਾਵੇ ਕੋਈ ਜੋਤਾ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਤਨ ਮਾਟੀ ਬਾਹਰੋਂ ਵੇਖੇ ਨਾ ਪੋਚਿਆ ਕੋਠਾ, ਡੂੰਘੀ ਕੰਦਰ ਦੁਰਮਤ ਮੈਲ ਰਿਹਾ ਧੁਆਈਆ । ਜਗਤ ਵਿਹਾਰ ਹੱਥ ਵਿਚ ਫੜਾਏ ਖੰਡਾ ਤਲਵਾਰ ਨਾ ਕੋਈ ਸੋਟਾ, ਨਾਮ ਖੜਗ ਕਟਾਰ ਤਨ ਮਿਆਨ ਅੰਦਰ ਰਿਹਾ ਟਿਕਾਈਆ । ਗੁਰਮੁਖ ਕੋਈ ਨਾ ਹੋਵੇ ਹੋਛਾ, ਹੋਛੀ ਮਤ ਰਿਹਾ ਮਿਟਾਈਆ । ਪਰਮ ਪੁਰਖ ਦਾ ਨਾਮ ਪੜ੍ਹੋ ਸਾਚਾ ਪੋਥਾ, ਜਿਸ ਵਿਚੋਂ ਕੋਟਨ ਕੋਟ ਪੁਸਤਕਾਂ ਬਣ ਕੇ ਹਰਿ ਕਾ ਨਾਮ ਧਿਆਈਆ । ਸਤਿਗੁਰ ਸ਼ਬਦ ਕਹੇ ਗੁਰ ਅਵਤਾਰ ਪੀਰ ਪੈਗ਼ੰਬਰ ਆਦਿ ਸ਼ਕਤ ਦਾ ਦੋਹਤਾ, ਦੋਹਤਰਵਾਨ ਵੇਖੇ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਜਨ ਭਗਤੋ ਰਹੋ ਤਿਆਰ, ਹਰਿ ਰੀਤੀ ਸਚ ਜਣਾਇੰਦਾ । ਮਿਲਣ ਆਇਆ ਪ੍ਰਭ ਸੱਚਾ ਯਾਰ, ਯਾਰੀ ਯਾਰਾਂ ਨਾਲ ਨਿਭਾਇੰਦਾ । ਸ੍ਰੀ ਭਗਵਾਨ ਪਿਛਲਾ ਭੁੱਲੇ ਨਾ ਕਦੇ ਪਿਆਰ, ਪੂਰਬ ਲੇਖਾ ਵੇਖ ਵਖਾਇੰਦਾ । ਕੀ ਹੋਇਆ ਜੇ ਤੁਸੀਂ ਗਏ ਵਿਸਾਰ, ਪ੍ਰਭ ਵਿਸਰਿਆਂ ਆਪਣੀ ਗੋਦ ਬਹਾਇੰਦਾ । ਫੜ ਕੇ ਪੌੜੇ ਦੇਵੇ ਚਾੜ੍ਹ, ਡੰਡਾ ਇਕੋ ਨਾਮ ਲਗਾਇੰਦਾ । ਇਹ ਖ਼ੁਸ਼ੀ ਫੇਰ ਹੱਥ ਨਾ ਆਵੇ ਸਤਾਰਾਂ ਹਾੜ, ਵੀਹ ਸੌ ਵੀਹ ਢੋਲਾ ਗਾਇੰਦਾ । ਹੁਣ ਪਿਛਲਾ ਲੇਖਾ ਦਿਤਾ ਪਾੜ, ਅੱਗੇ ਵਰਕਾ ਸਾਫ਼ ਇਕੋ ਵਖਾਇੰਦਾ । ਜੋ ਕਰੇ ਚਰਨ ਪਿਆਰ, ਤਿਸ ਪਾਰ ਕਿਨਾਰੇ ਪਾਰ ਕਰਾਇੰਦਾ । ਕਰ ਕਿਰਪਾ ਆਪਣੇ ਉਤੋਂ ਗੁਰਮੁਖ ਰਾਤੀਂ ਸਾਰੇ ਦਿਤੇ ਵਾਰ, ਸਲਵਾਰਨਾ ਇਕੋ ਵਾਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਸੇਵ ਕਮਾਇੰਦਾ । ਗੁਰਮੁਖ ਸੱਜਣ ਉਪਰੋਂ ਲੰਘਾ, ਜਗਤ ਲਕੀਰ ਟਪਾਈਆ । ਸਚ ਬਿਸਤਰਾ ਗੰਢ ਬੰਨ੍ਹਾ, ਸੀਸ ਜਗਦੀਸ ਉਠਾਈਆ । ਗੁਰਮੁਖ ਖ਼ਾਲੀ ਹੱਥ ਲੰਘਾ ਦਿਲ ਵਿਚ ਰੱਖੇ ਚਾ, ਅੱਗੋਂ ਮਿਲੇ ਬੇਪਰਵਾਹੀਆ । ਜੋ ਲੰਮਾਂ ਪੈ ਕੇ ਸੇਵਾ ਰਿਹਾ ਕਮਾ, ਸੋ ਗੋਬਿੰਦ ਧਾਰ ਵਖਾਈਆ । ਜਿਸ ਦੇ ਲਖ਼ਤੇ ਜਿਗਰ ਨੀਹਾਂ ਹੇਠਾਂ ਨਾਅਰੇ ਰਹੇ ਲਗਾ, ਪੁਰਖ ਅਕਾਲ ਅਕਾਲ ਧਿਆਈਆ । ਜਿਨ੍ਹਾਂ ਪਿਛੇ ਸਾਢੇ ਤਿੰਨ ਹੱਥ ਸਾਚੀ ਮੰਜ਼ਲ ਲਈ ਬਣਾ, ਚਾਰ ਜੁਗ ਪਾਵੇ ਦਿਤੇ ਬਣਾਈਆ । ਤਿਨ੍ਹਾਂ ਲੇਖਾ ਲੇਖੇ ਲਿਆ ਲਾ, ਲਾਇਕ ਨਾਲਾਇਕ ਸਾਰੇ ਇਕੋ ਰੰਗ ਰੰਗਾਈਆ । ਜੋ ਪ੍ਰਭ ਦੀ ਚਰਨੀ ਡਿਗੇ ਆ, ਸੋ ਪ੍ਰਭ ਦਾ ਰੂਪ ਸਮਾਈਆ । ਖੋਟੇ ਖਰੇ ਲਏ ਬਣਾ, ਅੰਤ ਖ਼ਜ਼ਾਨੇ ਭਗਤ ਦੁਆਰੇ ਵਿਚ ਰਖਾਈਆ । ਮੁਫ਼ਲਸ ਗ਼ਰੀਬ ਨਿਮਾਣੇ ਲਏ ਤਰਾ, ਗਦਾਗਰ ਆਪਣੇ ਘਰ ਬਹਾਈਆ । ਬੇਮੁਹਾਣੇ ਵੰਝ ਲਗਾ, ਪੱਤਣ ਆਪਣਾ ਇਕ ਟਪਾਈਆ । ਬਿਰਧ ਬਾਲ ਜਵਾਨ ਅਵਾਣੇ ਬੇੜੇ ਚੜ੍ਹਾ, ਘਰ ਸਾਚੇ ਦਏ ਪੁਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦ ਵਡਿਆਈਆ ।

੧੦੫੯
੧੪

★ ੧੯ ਹਾੜ ੨੦੨੦ ਬਿਕ੍ਰਮੀ ਜੋਤ ਦੇ ਵਿਹਾਰ ਨਾਲ ਸ਼ਾਦੀ ਕੀਤੀ ਪਾਤਸ਼ਾਹ ਜੀ ਨੇ ਕ੍ਰਿਸ਼ਨ ਦੇ ਕਪੜੇ ਪਾ ਕੇ ਘੁੰਡ ਕੱਡਕੇ ਸ਼ਾਦੀ ਕੀਤੀ ਦਰਬਾਰ ਵਿਚ ਜੇਠੂਵਾਲ ★

ਅਨੰਦ ਕਾਰਜ ਦਾ ਸਚ ਅਨੰਦ, ਅਨੰਦ ਸਤਿਗੁਰ ਰਿਹਾ ਜਣਾਈਆ । ਗੁਰਮੁਖ ਵੇਖ ਦੁਲਾਰਾ ਚੰਦ, ਪ੍ਰਭ ਆਪਣੀ ਖ਼ੁਸ਼ੀ ਮਨਾਈਆ । ਆਦਿ ਅਨਾਦੀ ਗਾ ਕੇ ਛੰਦ, ਸਾਚਾ ਰਾਗ ਸੁਣਾਈਆ । ਦੂਰ ਦੁਰਾਡਾ ਕੱਟ ਕੇ ਪੰਧ, ਦਰ ਆਏ ਬੇਪਰਵਾਹੀਆ । ਪਰੇਮ ਪ੍ਰੀਤੀ ਇਕੋ ਮੰਗ, ਮੰਗਣੀ ਜਗਦੀਸ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਮਿਹਰ ਨਜ਼ਰ ਅਬਿਨਾਸ਼ੀ ਅਚੁਤ, ਸੋ ਸਾਹਿਬ ਆਪ ਉਠਾਈਆ । ਲਾੜਾ ਵੇਖੋ ਅਜੀਤ ਸਿੰਘ ਦਾ ਪੁੱਤ, ਪੂਤ ਸਪੂਤ ਮਿਲੇ ਵਡਿਆਈਆ । ਜਿਸ ਦੀ ਸਾਹਿਬ ਸੁਹਾਏ ਰੁੱਤ, ਪਿਛਲਾ ਲੇਖਾ ਝੋਲੀ ਪਾਈਆ । ਦੁਆਪਰ ਵਿਚ ਲਿਆ ਪੁੱਛ, ਕਵਣ ਤੇਰੀ ਪਤ ਧਰਾਈਆ । ਦਰੋਪਤ ਨਿਉਂ ਕੇ ਕਿਹਾ ਝੁਕ, ਤੁਧ ਬਿਨ ਅਵਰ ਨਾ ਕੋਇ ਸਹਾਈਆ । ਪੰਜੇ ਪਾਂਡੋ ਦੇ ਗਏ ਪਿਠ, ਸਿਰ ਹੱਥ ਨਾ ਕੋਇ ਟਿਕਾਈਆ । ਖੰਡਾ ਫੜੇ ਨਾ ਕੋਈ ਮੁਠ, ਗੁਰਜੇ ਕੰਧ ਨਾ ਕੋਇ ਟਿਕਾਈਆ । ਕੂੜੀ ਕਿਰਿਆ ਅੰਦਰ ਗਏ ਲੁਕ, ਬਲ ਸਕੇ ਨਾ ਕੋਇ ਵਖਾਈਆ । ਜਗਤ ਨਾਤਾ ਗਿਆ ਮੁੱਕ, ਪ੍ਰਭ ਤੇਰੀ ਓਟ ਤਕਾਈਆ । ਜੇ ਤੂੰ ਹੀ ਗਿਉਂ ਰੁੱਸ, ਹੋਵੇ ਕਵਣ ਅੰਤ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਦ੍ਰਿੜਾਈਆ । ਸੁਣ ਦਰੋਪਤ ਸਚ ਸਪੁੱਤਰੀ, ਸੋ ਸਾਹਿਬ ਆਪ ਜਣਾਈਆ । ਤੇਰੀ ਧਾਰ ਨੂਰੀ ਉਤਰੀ, ਨੂਰ ਨੁਰਾਨਾ ਵੇਖ ਵਖਾਈਆ । ੧੦੯੦
ਕਰ ਕੇ ਬਚਨ ਫੇਰ ਨਾ ਮੁਕਰੀਂ, ਸਾਖਿਆਤ ਰਿਹਾ ਸਮਝਾਈਆ । ਲੋਕਮਾਤ ਨਾ ਹੋਈਂ ਨਾਸ਼ੁਕਰੀ, ਸ਼ੁਕਰੀਆ ਇਕੋ ਇਕ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਮਿਹਰਵਾਨ ਹੋਏ ਸਹਾਈਆ । ਦਰੋਪਤ ਅੱਗੋਂ ਪਈ ਰੋ, ਨੇਤਰ ਨੈਣਾਂ ਨੀਰ ਵਹਾਇਆ । ਪ੍ਰਭ ਮੇਰੇ ਜੋਗਾ ਗਿਆ ਹੋ, ਦੂਜਾ ਸੰਗ ਨਾ ਕੋਇ ਰਖਾਇਆ । ਸਚ ਦੁਆਰ ਕਰੀ ਲੋ, ਪਰਦਾ ਉਹਲਾ ਆਪ ਚੁਕਾਇਆ । ਪੁਰਖ ਅਬਿਨਾਸ਼ੀ ਹੋ ਕੇ ਕਰਿਆ ਮੋਹ, ਮੁਹੱਬਤ ਇਕੋ ਇਕ ਜਣਾਇਆ । ਦੇਵਣਹਾਰਾ ਢੋਆ ਢੋ, ਕੋਟਨ ਕਪੜ ਰੂਪ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰਾ ਇਕੋ ਮੋਹੇ ਭਾਇਆ । ਸ੍ਰੀ ਭਗਵਾਨ ਦਏ ਦਿਲਾਸਾ, ਇਕੋ ਵਾਰ ਜਣਾਈਆ । ਸਚ ਸਪੁੱਤਰੀ ਕਰ ਭਰਵਾਸਾ, ਪਰਮ ਪੁਰਖ ਸਮਝਾਈਆ । ਤੇਰਾ ਵੇਖਾਂ ਖੇਲ ਤਮਾਸ਼ਾ, ਲੋਕਮਾਤ ਵੱਜੇ ਵਧਾਈਆ । ਕਲਜੁਗ ਅੰਤਮ ਪੂਰੀ ਕਰਾਂ ਆਸਾ, ਨਿਰਗੁਣ ਨਿਰਵੈਰ ਫੇਰਾ ਪਾਈਆ । ਤੇਰਾ ਬਦਲਾਂ ਮੁੜ ਕੇ ਪਾਸਾ, ਨਾਰ ਮਾਨੁਸ਼ ਰੂਪ ਵਟਾਈਆ । ਮਾਨੁਖ ਹੋ ਕੇ ਦੇਵੇ ਦਾਤਾਂ, ਮਾਣਸ ਆਪਣੇ ਰੰਗ ਰੰਗਾਈਆ । ਕਰੇ ਖੇਲ ਪ੍ਰਭ ਪੁਰਖ ਬਿਧਾਤਾ, ਬੇਪਰਵਾਹ ਸੱਚਾ ਸ਼ਹਿਨਸ਼ਾਹੀਆ । ਸਚ ਪ੍ਰੀਤੀ ਜੋੜੇ ਨਾਤਾ, ਘਰ ਇਕੋ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਲੇਖਾ ਤੇਰੀ ਝੋਲੀ ਪਾਈਆ । ਤੇਰਾ ਲੇਖਾ ਦੇਵੇ ਆਪ, ਆਪਣੇ ਹੱਥ ਰੱਖੇ ਵਡਿਆਈਆ । ਤੇਰਾ ਬਣਾਏ ਵਡ ਪਰਤਾਪ, ਹਰਿ ਪਰਤਾਪੀ ਫੇਰਾ ਪਾਈਆ । ਸਾਹਿਬ ਸੁਹੇਲਾ ਬਣ ਕੇ ਸਾਕ, ਸੱਜਣ ਇਕੋ ਨਜ਼ਰੀ ਆਈਆ । ਪੂਰਾ ਕਰੇ ਭਵਿਖਤ ਵਾਕ, ਕੀਤਾ ਕੌਲ ਤੋੜ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ

ਵਡਿਆਈਆ । ਪੰਚਮ ਨਾਰੀ ਤੇਰੀ ਬਣਤ, ਸੋ ਸਾਹਿਬ ਆਪ ਬਣਾਈਆ । ਦਇਆ ਕਰੇ ਸ੍ਰੀ ਭਗਵੰਤ, ਮਿਹਰ ਨਜ਼ਰ ਉਠਾਈਆ । ਕਲਜੁਗ ਅੰਤ ਤੇਰਾ ਵੇਸ ਵਟਾਏ ਸਾਚਾ ਕੰਤ, ਨਰ ਨਰਾਇਣ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਦ੍ਰਿੜਾਈਆ । ਸਾਚੀ ਸਿਖਿਆ ਦਏ ਭਗਵਾਨ, ਸਚ ਸਚ ਸਮਝਾਇੰਦਾ । ਕਲਜੁਗ ਅੰਤ ਕਰਾਂ ਪਰਵਾਨ, ਪਰਮ ਪੁਰਖ ਹੁਕਮ ਵਰਤਾਇੰਦਾ । ਤੇਰਾ ਰੂਪ ਧਾਰ ਮਹਾਨ, ਜੋਬਨ ਜਗਤ ਨਾਲ ਮਿਲਾਇੰਦਾ । ਤੇਰੇ ਅੰਦਰ ਸਚ ਮਕਾਨ, ਮੰਦਰ ਸੋਹਣਾ ਇਕ ਸੁਹਾਇੰਦਾ । ਕਰੇ ਖੇਲ ਨੌਜਵਾਨ, ਨੂਰ ਨੂਰਾਨਾ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਘਰ ਸਾਚੇ ਸੋਭਾ ਪਾਇੰਦਾ । ਤੇਰਾ ਰੂਪ ਅਨੂਪ ਵਟਾ, ਵੱਟਾ ਆਪਣੇ ਨਾਲ ਕਰਾਈਆ । ਸਾਹਿਬ ਸਮਰਥ ਦਇਆ ਕਮਾ, ਦੀਨ ਦਿਆਲ ਹੋਏ ਸਹਾਈਆ । ਅਚਰਜ ਖੇਲ ਆਪ ਵਰਤਾ, ਜਨ ਭਗਤਾਂ ਦਏ ਸਮਝਾਈਆ । ਜਿਨ੍ਹਾਂ ਵਿਚੋਲਾ ਬਣੇ ਬੇਪਰਵਾਹ, ਪਰਮ ਪੁਰਖ ਸਹਿਜ ਸੁਖਦਾਈਆ । ਸਾਚਾ ਸਗਨ ਜਿਨ੍ਹਾਂ ਮੁਖ ਦਏ ਲਗਾ, ਹਰਿ ਸੰਗਤ ਵਿਚ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਪਿਛਲਾ ਲਹਿਣਾ ਝੋਲੀ ਪਾਈਆ । ਪਿਛਲਾ ਲਹਿਣਾ ਦਏ ਕਰਤਾਰ, ਹਰਿ ਕਰਨੀ ਕਰਤਾ ਆਪ ਕਮਾਇੰਦਾ । ਪਰਮ ਪੁਰਖ ਦਾ ਸਚ ਵਿਹਾਰ, ਬਣ ਬਿਵਹਾਰੀ ਆਪ ਸਮਝਾਇੰਦਾ । ਪਿਛਲਾ ਕਰਜ਼ਾ ਦਿਤਾ ਉਤਾਰ, ਅੱਗੇ ਮਾਰਗ ਇਕ ਰਖਾਇੰਦਾ । ਪੁਰਖ ਅਬਿਨਾਸ਼ੀ ਬਣ ਕੇ ਨਾਰ, ਗੁਰਮੁਖ ਸਾਚਾ ਆਪ ਪਰਨਾਇੰਦਾ । ਸੋਹਣਾ ਪਾਏ ਸੁਹੰਜਣਾ ਹਾਰ, ਫੂਲਨ ਬਰਖਾ ਏਕੋ ਲਾਇੰਦਾ । ਜੋਬਨ ਮਤੀ ਨਾਰ ਮੁਟਿਆਰ, ਜੋਤ ਅਕਾਲਣ ਆਪ ਗੰਢ ਪੁਆਇੰਦਾ । ਕਿਰਪਾ ਕਰੀ ਸਿਰਜਣਹਾਰ, ਸਿਰ ਆਪਣਾ ਹੱਥ ਟਿਕਾਇੰਦਾ । ਬਾਕੀ ਆਰਯੂ ਰਹਿ ਗਈ ਸੀ ਦਿਨ ਚਾਰ, ਚੌਥੇ ਦਿਨ ਨੂੰ ਅਜੀਤ ਸਿੰਘ ਦਾ ਪੁੱਤਰ ਨਜ਼ਰ ਨਾ ਆਇੰਦਾ । ਏਸੇ ਕਰ ਕੇ ਕਰੇ ਸਚ ਵਿਹਾਰ, ਪ੍ਰਭ ਤੁਟੀ ਗੰਢ ਵਖਾਇੰਦਾ । ਗੁਰਸਿਖ ਪੂਰੇ ਸਤਿਗੁਰ ਦੀ ਏਹੋ ਕਾਰ, ਬਿਨ ਕਰਮਾਂ ਕਰਮ ਬਣਾਇੰਦਾ । ਜਿੰਨਾਂ ਚਿਰ ਨਾ ਕਰੇ ਪਿਆਰ, ਪੁੱਤ ਪਿਤਾ ਦੀ ਗੋਦ ਕੋਈ ਨਾ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਵੇਂ ਜੀਵਣ ਦਾ ਨਵਾਂ ਸਗਨ, ਪਰਮ ਪੁਰਖ ਦੀ ਲੱਗੇ ਲਗਨ, ਸਾਚੀ ਧਾਰ ਫੇਰ ਬੰਧਾਇੰਦਾ । ਜੀਵਤਿਆਂ ਪ੍ਰਭ ਦਿਤਾ ਜਵਾਲ, ਮਰਨ ਮਰਨ ਵਿਚ ਨਾ ਆਈਆ । ਏਸੇ ਕਰਕੇ ਬਣਿਆ ਵਿਚ ਦਲਾਲ, ਅਜੀਤ ਸਿੰਘ ਦਾ ਪਰੇਮ ਰਿਹਾ ਸਤਾਈਆ । ਪੁਰਖ ਅਬਿਨਾਸ਼ੀ ਸਦਾ ਖ਼ੁਸ਼ਹਾਲ, ਰੰਗ ਖ਼ੁਸ਼ੀਆਂ ਨਾਲ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਿਹਰ ਨਜ਼ਰ ਇਕ ਟਿਕਾਈਆ । ਹਰਿ ਸੰਗਤ ਦੀ ਨਵੀਂ ਸ਼ਾਦੀ, ਸ਼ਹਿਨਸ਼ਾਹ ਆਪ ਕਰਾਈਆ । ਗੁਰਮੁਖ ਤੇਰੀ ਵਧੇ ਆਬਾਦੀ, ਘਰ ਸਾਚੇ ਖ਼ੁਸ਼ੀ ਮਨਾਈਆ । ਗੁਰਮੁਖ ਕੱਠੇ ਹੋਏ ਆਂਢੀ ਗਵਾਂਢੀ, ਸਾਕ ਸੈਣ ਸੱਜਣ ਨਜ਼ਰੀ ਆਈਆ । ਪਰੇਮ ਪਿਆਰ ਦੀ ਚੜ੍ਹੀ ਹਾਂਡੀ, ਸਾਚਾ ਖਾਣਾ ਆਪ ਖੁਆਈਆ । ਜੋਤ ਅਕਾਲਣ ਢੋਲੇ ਗਾਂਦੀ, ਖ਼ੁਸ਼ੀਆਂ ਗੀਤ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਜਣਾਈਆ । ਸਾਚੀ ਕਰਨੀ ਭਗਤ ਵਿਵਾਹ, ਦਰ ਸਚ ਮਿਲੇ ਵਡਿਆਈਆ । ਜਿਸ ਦਾ ਸਗਨ ਮੁੱਖ ਦਿਤਾ ਲਗਾ, ਸੋ ਲਾੜੀ ਗੁਰਸਿਖ ਨਾਲ ਰਖਾਈਆ । ਆਪਣੀ ਕਿਰਪਾ ਕਰ ਕੇ ਮਿਹਰਵਾਨ ਬਣ ਮਲਾਹ, ਡੁੱਬਦੀ ਨੱਯਾ

ਪਾਰ ਕਰਾਈਆ । ਗੁਰਮੁਖ ਕੋਈ ਭੁਲਿਓ ਨਾ, ਜੋ ਦਰ ਆਇਆ ਸੋ ਲੇਖਾ ਰਿਹਾ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਨਾਤਾ ਜਗਤ ਜੋੜੀ, ਜੋੜੀ ਹਰਿ ਹਰਿ ਆਪ ਬਣਾਈਆ । ਜਗਤ ਜੋੜੀ ਹੋਏ ਮੰਜ਼ੂਰ, ਹਰਿ ਸਤਿਗੁਰ ਆਪ ਬਣਾਈਆ । ਕਿਸੇ ਦਾ ਏਥੇ ਨਹੀਂ ਕਸੂਰ, ਜੋ ਕਰਨੀ ਕਰ ਵਖਾਈਆ । ਬਿਨ ਸਤਿਗੁਰ ਪੂਰੇ ਕੋਈ ਨਾ ਭਰੇ ਬੇੜਾ ਪੂਰ, ਪਾਰ ਕਿਨਾਰ ਨਾ ਕੋਇ ਲੰਘਾਈਆ । ਕੀ ਹੋਇਆ ਜੇ ਧੀ ਵਾਲੇ ਪਿਛੇ ਰਹਿ ਗਏ ਦੂਰ, ਸਾਹਿਬ ਸਤਿਗੁਰ ਆਪਣੀ ਧਾਰ ਨਾਲ ਪਰਨਾਈਆ । ਏਨ੍ਹਾਂ ਨਾਲ ਨਾਤਾ ਰਹੇ ਜ਼ਰੂਰ, ਸ੍ਰੀ ਭਗਵਾਨ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਕਰੇ ਖੇਲ ਬੇਪਰਵਾਹੀਆ । ਖੇਲ ਕਰੇ ਪੁਰਖ ਸਮਰਥ, ਪ੍ਰਭ ਆਪਣੀ ਦਇਆ ਕਮਾਇੰਦਾ । ਗੁਰਮੁਖ ਗੁਰਸਿਖ ਲਏ ਰੱਖ, ਲਾੜੀ ਲਾੜਾ ਸੋਭਾ ਪਾਇੰਦਾ । ਜਿਨ੍ਹਾਂ ਮੈਂਹਦੀ ਲਾਈ ਹੱਥ, ਤਿਨ੍ਹਾਂ ਇਕੋ ਰੰਗ ਵਖਾਇੰਦਾ । ਜੋ ਅੰਤਰ ਆਤਮ ਗੌਂਦੇ ਜਸ, ਤਿਨ੍ਹਾਂ ਆਪਣਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਕਰ ਗੋਬਿੰਦ, ਪ੍ਰਭ ਆਪਣਾ ਖੇਲ ਖਲਾਈਆ । ਗੁਰਸਿਖ ਕਰੇ ਨਾ ਕੋਈ ਚਿੰਦ, ਚਿੰਤਾ ਗ਼ਮ ਨਾ ਕੋਇ ਵਖਾਈਆ । ਸਰਬ ਜੀਆਂ ਆਪੇ ਬਖ਼ਸ਼ੰਦ, ਬਖ਼ਸ਼ਣਹਾਰ ਵਡ ਵਡਿਆਈਆ । ਜਿਸ ਨੇ ਸਾਜਿਆ ਜੀਉ ਪਿੰਡ, ਆਤਮ ਅੰਤਰ ਰਿਹਾ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਘਰ ਸਾਚੇ ਕਰੇ ਸਚ ਕੁੜਮਾਈਆ । ਘਰ ਕੁੜਮਾਈ ਹੋਏ ਕੁੜਮੇਟੇ, ਹਰਿ ਸਤਿਗੁਰ ਵੇਖ ਵਖਾਇੰਦਾ । ਮਾਪਿਆ ਸੋਹਵਣ ਸਾਚੇ ਬੇਟੇ, ਪੁੱਤਰ ਧੀਆਂ ਇਕੋ ਰੰਗ ਰੰਗਾਇੰਦਾ । ਸਾਹਿਬ ਰੰਗੀਲਾ ਰੰਗ ਆਪਣੇ ਵੇਖੇ, ਵੇਖਣਹਾਰਾ ਨੈਣ ਉਠਾਇੰਦਾ । ਪੂਰਬ ਜਨਮ ਦੇ ਰੱਖੇ ਚੇਤੇ, ਪਿਛਲੀ ਕੀਤੀ ਨਾ ਕੋਇ ਭੁਲਾਇੰਦਾ । ਅੱਗੇ ਜਾਣੇ ਆਪਣੇ ਲੇਖੇ, ਲੇਖਾ ਪਤਾ ਆਪ ਵਖਾਇੰਦਾ । ਕਰ ਕਿਰਪਾ ਪ੍ਰਭ ਖੋਲ੍ਹੇ ਭੇਤੇ, ਭੇਵ ਅਭੇਦਾ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਆਪ ਕਰਾਇੰਦਾ । ਸਾਚੀ ਕਰਨੀ ਕਰੇ ਦਿਆਲ, ਆਪਣੀ ਦਇਆ ਕਮਾਈਆ । ਜੋੜੀ ਜੁੜੇ ਵਿਚ ਜਹਾਨ, ਜੋੜਾ ਇਕੋ ਇਕ ਵਖਾਈਆ । ਨਾਮ ਘੋੜਾ ਸ਼ਬਦ ਬਬਾਣ, ਰਥ ਸਾਚੇ ਲਏ ਚੜ੍ਹਾਈਆ । ਲੇਖਾ ਜਾਣ ਦੋ ਜਹਾਨ, ਲੋਕਮਾਤ ਹੋਏ ਸਹਾਈਆ । ਆਪੇ ਬਖ਼ਸ਼ੇ ਜੀਵਣ ਦਾਨ, ਜਗ ਜੀਵਣ ਦਾਤਾ ਹੋਏ ਸਹਾਈਆ । ਦਰ ਆਏ ਹੋਏ ਪਰਵਾਨ, ਗੁਰਮੁਖ ਸਾਚੇ ਮਿਲੇ ਵਡਿਆਈਆ । ਜੋੜੀ ਜੀਵੇ ਅਗਲੇ ਜਹਾਨ, ਪਿਛਲਾ ਲੇਖਾ ਸੁਖਾਂ ਵਿਚ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਅਨੰਦ ਅਨੰਦ ਅਨੰਦ ਕਾਜ ਕਾਜ ਕਰਤਾ ਆਪਣੀ ਧਾਰ ਕਰਾਈਆ । ਸ਼ਹਿਨਸ਼ਾਹ ਹੋ ਕੇ ਬਣਿਆ ਸ਼ਾਹ, ਦੇਵਣਹਾਰ ਅਖਵਾਇੰਦਾ । ਰਹਿਬਰ ਹੋ ਕੇ ਦੱਸੇ ਰਾਹ, ਮਾਰਗ ਇਕ ਸਮਝਾਇੰਦਾ । ਸਤਿਗੁਰ ਹੋ ਕੇ ਬਣੇ ਮਲਾਹ, ਬੇੜਾ ਪਾਰ ਕਰਾਇੰਦਾ । ਗੁਰ ਗੁਰ ਹੋ ਕੇ ਦੱਸੇ ਨਾਂ, ਨਾਉਂ ਨਿਰੰਕਾਰ ਆਪ ਜਣਾਇੰਦਾ । ਪ੍ਰੀਤਮ ਬਣ ਕੇ ਪਕੜੇ ਬਾਂਹ, ਫੜ ਬਾਂਹੋਂ ਗਲੇ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਵਖਾਇੰਦਾ । ਸਤਿਗੁਰ ਹੋ ਕੇ ਬਣੇ ਮੀਤ, ਪ੍ਰਭ ਆਪਣੀ ਦਇਆ ਕਮਾਈਆ । ਗੁਰ ਗੁਰ ਹੋ ਜਣਾਏ ਰੀਤ, ਸਾਚੀ ਧਾਰ ਬੰਧਾਈਆ । ਅਬਿਨਾਸ਼ੀ ਹੋ ਕੇ ਬਹੇ ਅਤੀਤ, ਤ੍ਰੈਗੁਣ ਵਿਚ ਕਦੇ ਨਾ ਆਈਆ । ਸੂਰਬੀਰ ਹੋ ਕੇ

ਲਏ ਜੀਤ, ਆਪ ਆਪਣਾ ਬਲ ਰਖਾਈਆ । ਨਿਰਧਨ ਹੋ ਕੇ ਵਸੇ ਹਸਤ ਕੀਟ, ਕੀਟ ਕੀਟਾਂ ਰੂਪ ਸਮਾਈਆ । ਆਤਮ ਹੋ ਕੇ ਵਸੇ ਧਾਮ ਅਨਡੀਠ, ਨਜ਼ਰ ਕਿਸੇ ਨਾ ਆਈਆ । ਅੰਮ੍ਰਿਤ ਹੋ ਕੇ ਵਸੇ ਠਾਂਡਾ ਸੀਤ, ਅਗਨੀ ਤੱਤ ਨਾ ਕੋਇ ਜਣਾਈਆ । ਪਰੇਮੀ ਹੋ ਕੇ ਵਸੇ ਚੀਤ, ਚਿਤ ਵਿਤ ਠਗੌਰੀ ਕੋਇ ਨਾ ਪਾਈਆ । ਸਾਹਿਬ ਹੋ ਕੇ ਮੇਲ ਮਿਲਾਏ ਠੀਕ, ਕੂੜਾ ਠੀਕਰ ਭੰਨ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਠਾਕਰ ਹੋ ਕੇ ਬਣੇ ਦਿਆਲ, ਦੀਨ ਦਿਆਲ ਦਇਆ ਕਮਾਈਆ । ਮਿਹਰਵਾਨ ਹੋ ਕੇ ਵੇਖੇ ਗੁਰਮੁਖ ਲਾਲ, ਗਹਿਰ ਗੰਭੀਰ ਖੋਜ ਖੁਜਾਈਆ । ਸਤਿ ਸਤਿਵਾਦੀ ਹੋ ਕੇ ਚਲੇ ਨਾਲ, ਜੁਗ ਚੌਕੜੀ ਸੰਗ ਨਿਭਾਈਆ । ਭੂਪਤ ਭੂਪ ਹੋ ਕੇ ਬਣੇ ਰਾਜ ਰਾਜਾਨ, ਦੋ ਜਹਾਨਾਂ ਰੱਯਤ ਵੇਖ ਵਖਾਈਆ । ਸੂਰਬੀਰ ਹੋ ਕੇ ਬਣੇ ਬਲਵਾਨ, ਬਲ ਆਪਣਾ ਆਪ ਪਰਗਟਾਈਆ । ਜੋਧਾ ਹੋ ਕੇ ਝੁਲਾਏ ਨਿਸ਼ਾਨ, ਨਿਸ਼ਾਨਾ ਇਕੋ ਇਕ ਉਠਾਈਆ । ਬੋਧਾ ਹੋ ਕੇ ਦੇਵੇ ਗਿਆਨ, ਅਗਾਧ ਕਰੇ ਪੜ੍ਹਾਈਆ । ਸੌਦਾ ਹੋ ਕੇ ਵਿਕੇ ਦੁਕਾਨ, ਗੁਰਮੁਖ ਹੱਟ ਆਪ ਚਲਾਈਆ । ਵੱਡਾ ਹੋ ਕੇ ਬਣੇ ਅਵਾਣ, ਚਤਰਭੁਜ ਰੂਪ ਧਰਾਈਆ । ਪਰਕਾਸ਼ ਕਰ ਕੇ ਜੋਤੀ ਨੂਰ ਧਰੇ ਮਹਾਨ, ਨੂਰੋ ਨੂਰ ਨੂਰ ਰੁਸ਼ਨਾਈਆ । ਸ਼ਬਦ ਹੋ ਕੇ ਗਾਏ ਗਾਨ, ਗੀਤ ਗੋਬਿੰਦ ਆਪ ਅਲਾਈਆ । ਪੁਰਖ ਅਕਾਲ ਹੋ ਕੇ ਬਣੇ ਬੇਪਹਿਚਾਨ, ਜਗਤ ਨੇਤਰ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦ ਵਡਿਆਈਆ । ਸਤਿਗੁਰ ਹੋ ਕੇ ਬਣੇ ਦਾਤਾ, ਦਇਆਵਾਨ ਦਇਆ ਕਮਾਈਆ । ਪੁਰਖ ਹੋ ਕੇ ਬਣੇ ਬਿਧਾਤਾ, ਬਿਧ ਆਪਣੀ ਆਪ ਸਮਝਾਈਆ । ਨਾਦ ਹੋ ਕੇ ਸੁਣਾਏ ਗਾਥਾ, ਰਾਗ ਇਕੋ ਇਕ ਅਲਾਈਆ । ਜੋਤ ਹੋ ਕੇ ਬਣੇ ਜੋਤੀ ਜਾਤਾ, ਲੱਖ ਚੁਰਾਸੀ ਖੋਜ ਖੁਜਾਈਆ । ਨਿਰਵੈਰ ਹੋ ਕੇ ਦੇਵੇ ਸਾਥਾ, ਸਗਲਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੋਵਣਹਾਰ ਸਦਾ ਸਹਾਈਆ । ਸਤਿਗੁਰ ਹੋ ਕੇ ਬਣੇ ਓਟ, ਇਕੋ ਇਕ ਧਿਆਨ ਜਣਾਇੰਦਾ । ਗੁਰਮੁਖ ਹੋ ਕੇ ਜਗੇ ਜੋਤ, ਨੂਰ ਨੁਰਾਨਾ ਡਗਮਗਾਇੰਦਾ । ਜੀਵ ਹੋ ਕੇ ਵਸੇ ਲੋਕ ਪਰਲੋਕ, ਆਪਣੀ ਗੰਢ ਪੁਆਇੰਦਾ । ਨਾਮ ਨਿਰੰਕਾਰ ਹੋ ਕੇ ਗਾਏ ਸਲੋਕ, ਢੋਲਾ ਇਕੋ ਇਕ ਜਣਾਇੰਦਾ । ਖੋਜੀ ਹੋ ਕੇ ਕੱਢੇ ਖੋਜ, ਲੱਖ ਚੁਰਾਸੀ ਫੋਲ ਫੁਲਾਇੰਦਾ । ਮੌਜੀ ਹੋ ਕੇ ਮਾਣੇ ਮੌਜ, ਮੌਜੂਦਾ ਆਪਣੀ ਕਾਰ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਲ ਆਪ ਧਰਾਇੰਦਾ । ਸਤਿਗੁਰ ਹੋ ਕੇ ਹੋਵੇ ਦਾਸ, ਦਾਸੀ ਰੂਪ ਵਟਾਈਆ । ਮੰਡਲ ਹੋ ਕੇ ਪਾਵੇ ਰਾਸ, ਗੋਪੀ ਕਾਹਨ ਨਚਾਈਆ । ਨੂਰ ਹੋ ਕੇ ਹੋਏ ਪਰਕਾਸ਼, ਜੋਤੀ ਜੋਤ ਡਗਮਗਾਈਆ । ਸੱਜਣ ਹੋ ਕੇ ਬਣੇ ਸਾਕ, ਬੰਧਨ ਆਪਣਾ ਆਪੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਈਆ । ਸਤਿਗੁਰ ਹੋ ਕੇ ਹੋਵੇ ਦੀਨ, ਦੀਨਨ ਆਪਣੇ ਗਲੇ ਲਗਾਇੰਦਾ । ਜਲ ਹੋ ਕੇ ਬਣੇ ਮੀਨ, ਜਲ ਮੀਨ ਆਪਣੀ ਧਾਰ ਵਖਾਇੰਦਾ । ਵੱਡਾ ਹੋ ਕੇ ਬਣੇ ਮਹੀਨ, ਮਿਹਰਵਾਨ ਨਜ਼ਰ ਕਿਸੇ ਨਾ ਆਇੰਦਾ । ਠਾਕਰ ਬਣ ਕੇ ਹੋਏ ਅਧੀਨ, ਜਨ ਭਗਤਾਂ ਅੱਗੇ ਸੀਸ ਝੁਕਾਇੰਦਾ । ਨਵਾਬ ਬਣ ਕੇ ਹੋਏ ਮਸਕੀਨ, ਦਰ ਦਰਵੇਸ਼ ਅਲਖ ਜਗਾਇੰਦਾ । ਸ਼ਾਹਸਵਾਰਾ ਹੋ ਕੇ ਪਾਏ ਜ਼ੀਨ, ਅਸਵ ਇਕੋ ਤੰਗ ਕਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਆਪਣੇ ਹੱਥ ਰਖਾਇੰਦਾ । ਸਤਿਗੁਰ ਹੋ ਕੇ ਕਰੇ ਅਰਦਾਸ, ਧਿਆਨ ਇਕੋ ਏਕ ਲਗਾਈਆ । ਸਾਹਿਬ

ਹੋ ਕੇ ਵਸੇ ਸਾਥ, ਸਗਲਾ ਸੰਗ ਨਿਭਾਈਆ । ਦਾਤਾ ਹੋ ਕੇ ਦੇਵੇ ਦਾਤ, ਨਾਮ ਧੰਨ ਆਪ ਵਰਤਾਈਆ । ਮਿਹਰਵਾਨ ਹੋ ਕੇ ਬਣੇ ਪਿਤਾ ਮਾਤ, ਪੂਤ ਇਕੋ ਗੋਦ ਸੁਹਾਈਆ । ਨਿਰਗੁਣ ਹੋ ਕੇ ਵੇਖੇ ਖੇਲ ਤਮਾਸ਼, ਖ਼ਾਲਕ ਖ਼ਲਕ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਸੱਚਾ ਸ਼ਹਿਨਸ਼ਾਹੀਆ । ਸਤਿਗੁਰ ਹੋ ਕੇ ਖੇਲ ਕਰੇ ਅਨਮੋਲ, ਏਕੰਕਾਰਾ ਆਪ ਕਰਾਈਆ । ਕੰਡਾ ਹੋ ਕੇ ਤੋਲੇ ਤੋਲ, ਤੋਲਣਹਾਰਾ ਬੇਪਰਵਾਹੀਆ । ਨਿਧਾਨ ਹੋ ਕੇ ਬੋਲੇ ਬੋਲ, ਸ਼ਬਦ ਅਗੰਮ ਨਾਦ ਸੁਣਾਈਆ । ਨਿਰਾਕਾਰ ਹੋ ਕੇ ਜਾਏ ਮੌਲ, ਮੌਲਾ ਆਪਣਾ ਭੇਵ ਖੁਲ੍ਹਾਈਆ । ਅੰਮ੍ਰਿਤ ਹੋ ਕੇ ਭਰੇ ਕਵਲ, ਧਾਰ ਇਕੋ ਇਕ ਰਖਾਈਆ । ਆਦਿ ਹੋ ਕੇ ਹੋਏ ਅਵਲ, ਏਕਾ ਏਕ ਨੂਰ ਇਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਰਚਨਾ ਆਪ ਰਚਾਈਆ । ਸਤਿਗੁਰ ਹੋ ਕੇ ਜੋੜੇ ਦੋ, ਦੋਹਰੀ ਆਪਣੀ ਧਾਰ ਚਲਾਇੰਦਾ । ਨਿਰਗੁਣ ਹੋ ਕੇ ਕਰੇ ਮੋਹ, ਮੁਹੱਬਤ ਸਰਗੁਣ ਨਾਲ ਰਖਾਇੰਦਾ । ਪਰਕਾਸ਼ ਹੋ ਕੇ ਕਰੇ ਲੋ, ਅਗਿਆਨ ਅੰਧੇਰ ਮਿਟਾਇੰਦਾ । ਅੰਮ੍ਰਿਤ ਹੋ ਕੇ ਨਿਰਮਲ ਮੈਲ ਦੇਵੇ ਧੋ, ਸੀਰ ਸਾਜਣ ਇਕ ਵਖਾਇੰਦਾ । ਡਾਕੂ ਬਣ ਕੇ ਕੂੜੀ ਕਿਰਿਆ ਗੁਰਮੁਖਾਂ ਕੋਲੋਂ ਲਵੇ ਖੋਹ, ਮਾਇਆ ਮਮਤਾ ਮੋਹ ਮਿਟਾਇੰਦਾ । ਪਾਰਸ ਹੋ ਕੇ ਕੰਚਨ ਜਾਏ ਛੋਹ, ਹਰਿਜਨ ਆਪਣੇ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਇੰਦਾ । ਸਤਿਗੁਰ ਹੋ ਕੇ ਦੇਵੇ ਬੁਧ, ਬੁੱਧੀ ਇਕੋ ਇਕ ਸਮਝਾਈਆ । ਸ਼ਹਿਨਸ਼ਾਹ ਹੋ ਕੇ ਬਹੇ ਕੁੱਦ, ਸਾਚੇ ਆਸਣ ਡੇਰਾ ਲਾਈਆ । ਜਾਣੀ ਜਾਣ ਹੋ ਕੇ ਲਏ ਬੁੱਝ, ਅਗਲਾ ਪਿਛਲਾ ਲੇਖਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਸਤਿਗੁਰ ਹੋ ਕੇ ਦੇਵੇ ਗਿਆਨ, ਮੰਤਰ ਇਕੋ ਇਕ ਸਮਝਾਇੰਦਾ । ਪਰਮ ਪੁਰਖ ਪ੍ਰਭ ਚਰਨ ਧਿਆਨ, ਸਾਚਾ ਰਾਹ ਇਕ ਜਣਾਇੰਦਾ । ਮਹੱਲ ਅਟੱਲ ਇਕ ਮਕਾਨ, ਘਰ ਇਕੋ ਇਕ ਵਖਾਇੰਦਾ । ਰਾਗ ਧੁਨ ਨਾਦ ਸਾਚਾ ਗਾਨ, ਤਾਲ ਇਕੋ ਇਕ ਵਜਾਇੰਦਾ । ਅਗੰਮ ਅਥਾਹ ਬੇਪਰਵਾਹ ਸ਼ਬਦ ਜਣਾਏ ਇਕ ਬਬਾਣ, ਲੋਆਂ ਪੁਰੀਆਂ ਪਾਰ ਕਰਾਇੰਦਾ । ਦੀਨ ਦਿਆਲ ਚਤਰ ਸੁਘੜ ਸੁਜਾਨ, ਮੂਰਖ ਮੂੜ੍ਹੇ ਪਾਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਵਖਾਇੰਦਾ । ਸਤਿਗੁਰ ਹੋ ਕੇ ਖੋਲ੍ਹੇ ਦਰ, ਦਰਵਾਜ਼ਾ ਇਕ ਜਣਾਈਆ । ਗੁਰਮੁਖ ਅੰਦਰ ਜਾਏ ਵੜ, ਜਿਸ ਆਪਣੀ ਦਇਆ ਕਮਾਈਆ । ਮਹੱਲ ਮੁਨਾਰਾ ਵੇਖੇ ਖੜ, ਗ੍ਰਹਿ ਸਾਚੇ ਸੋਭਾ ਪਾਈਆ । ਪਰੇਮ ਪ੍ਰੀਤੀ ਪ੍ਰੀਤਮ ਕਰ, ਪਰਮਾਰਥ ਦਏ ਜਣਾਈਆ । ਆਤਮ ਸੇਜਾ ਲਾਏ ਲੜ, ਪੱਲੂ ਇਕੋ ਇਕ ਫੜਾਈਆ । ਸੋਹਣਾ ਸਾਜਣ ਮਿਲੇ ਵਰ, ਹਰਿ ਕੰਤ ਬੇਪਰਵਾਹੀਆ । ਜਨਮ ਕਰਮ ਚੁਕਾਏ ਡਰ, ਭੈ ਮਰਨ ਕੋਇ ਨਾ ਆਈਆ । ਰੁੜ੍ਹਦੇ ਜਾਂਦੇ ਲਏ ਫੜ, ਫੜ ਬਾਂਹੋਂ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਹੋਵੇ ਆਪ ਸਹਾਈਆ । ਸਦਾ ਸਹਾਈ ਸਾਹਿਬ ਗੁਰ ਪੂਰਾ, ਪੁਰਖ ਅਕਾਲ ਦਇਆ ਕਮਾਈਆ । ਨਿਰਗੁਣ ਹੋ ਕੇ ਜੋਤੀ ਨੂਰਾ, ਨਿਰਵੈਰ ਧਾਰ ਚਲਾਈਆ । ਸ਼ਬਦੀ ਹੋ ਕੇ ਅਨਾਦੀ ਪੂਰਾ, ਪੂਰ ਰਿਹਾ ਸਰਬ ਠਾਈਂਆ । ਮੂਰਖ ਹੋ ਕੇ ਬਣੇ ਮੂੜ੍ਹਾ, ਬਵਰਾ ਆਪਣਾ ਨਾਮ ਧਰਾਈਆ । ਜੋਧਾ ਬਣ ਕੇ ਬਣੇ ਸੂਰਾ, ਸੂਰਬੀਰ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦਾ ਸਦਾ ਹੋਏ ਸਹਾਈਆ । ਸਦਾ ਸਹਾਇਕ ਠਾਕਰ ਇਕੋ ਏਕੰਕਾਰ ਅਖਵਾਇੰਦਾ । ਸਾਚੀ ਸਿਖਿਆ ਧੁਰ ਦਰ ਸਿਖੋ,

ਧੁਰਦਰਗਾਹੀ ਆਪ ਜਣਾਇੰਦਾ । ਸਾਰ ਕੋਈ ਨਾ ਪਾਏ ਪਿਛੋਂ, ਗੁਰ ਸਤਿਗੁਰ ਸਨਮੁਖ ਦਇਆ ਕਮਾਇੰਦਾ । ਕਰਨੀ ਕੀਤੀ ਜੀਵ ਜੰਤ ਪਿਟੋ, ਬਿਨ ਸਤਿਗੁਰ ਸਾਚੇ ਲੇਖਾ ਲੇਖ ਨਾ ਕੋਇ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਮ ਆਪ ਕਮਾਇੰਦਾ । ਸਤਿਗੁਰ ਹੋ ਕੇ ਕਰੇ ਪਿਆਰ, ਪ੍ਰਭ ਆਪਣਾ ਰੰਗ ਰੰਗਾਈਆ । ਭਗਤ ਭਗਵੰਤ ਦਏ ਆਧਾਰ, ਸੰਤ ਸੱਜਣ ਲੇਖ ਜਣਾਈਆ । ਗੁਰਮੁਖ ਗੁਰ ਗੁਰ ਘੋੜੇ ਚਾੜ੍ਹ, ਵੇਖੇ ਚਾਈਂ ਚਾਈਂਆ । ਗੁਰਸਿਖਾਂ ਬਖ਼ਸ਼ੇ ਇਕ ਦੁਆਰ, ਚਰਨ ਕਵਲ ਸਰਨਾਈਆ । ਜਗਤ ਬੀਤੇ ਜੁਗ ਚਾਰ, ਚਾਰੇ ਖਾਣੀ ਵੇਖ ਵਖਾਈਆ । ਸਾਚਾ ਹਾਣੀ ਇਕ ਕਰਤਾਰ, ਹਰਿ ਕਰਤਾ ਨਜ਼ਰੀ ਆਈਆ । ਅੰਮ੍ਰਿਤ ਪਾਣੀ ਦੇਵੇ ਠੰਡਾ ਠਾਰ, ਸਚ ਪਿਆਲਾ ਨਾਮ ਭਰਾਈਆ । ਦੀਨ ਦਿਆਲਾ ਖੋਲ੍ਹ ਕਿਵਾੜ, ਨਿਜ ਨੇਤਰ ਕਰੇ ਰੁਸ਼ਨਾਈਆ । ਹਰਿ ਸੰਗਤ ਲੇਖਾ ਧੁਰ ਦਰਬਾਰ, ਧੁਰ ਦਰਬਾਰੀ ਆਪ ਕਰਾਈਆ । ਨਿਕਿਆਂ ਵੱਡਿਆਂ ਕਰੇ ਪਿਆਰ, ਬੁੱਢਿਆਂ ਬੱਚਿਆਂ ਗੋਦ ਉਠਾਈਆ । ਹਿਰਦੇ ਸੱਚਿਆਂ ਦੇਵੇ ਤਾਰ, ਜੋ ਜਨ ਆਇਣ ਸਰਨਾਈਆ । ਕੂੜਿਆਂ ਕੱਚਿਆਂ ਕਰੇ ਖ਼ੁਆਰ, ਲੱਖ ਚੁਰਾਸੀ ਵਿਚ ਭੁਆਈਆ । ਮਨਮਤੀਆਂ ਮਾਰੇ ਮਾਰ, ਰਾਏ ਧਰਮ ਹੱਥ ਫੜਾਈਆ । ਗੁਰਮੁਖਾਂ ਲੇਖਾ ਦਏ ਨਵਾਰ, ਲਹਿਣਾ ਦੇਣਾ ਝੋਲੀ ਪਾਈਆ । ਸਾਚਾ ਮੰਦਰ ਇਕ ਵਖਾਲ, ਘਰ ਸਾਚੇ ਸੋਭਾ ਪਾਈਆ । ਕਿਰਪਾ ਕਰ ਦੀਨ ਦਿਆਲ, ਆਪ ਆਪਣਾ ਰੰਗ ਚੜ੍ਹਾਈਆ । ਸਤਿਗੁਰ ਸਵਾਮੀ ਹੋ ਕਿਰਪਾਲ, ਕਾਲਖ ਟਿੱਕਾ ਦੇਵੇ ਲਾਹੀਆ । ਜੋਤੀ ਜਲਵਾ ਨੂਰ ਜਲਾਲ, ਇਕੋ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵਣਹਾਰਾ ਆਤਮ ਦਾਨ, ਪਰਮਾਤਮ ਆਪਣਾ ਸੰਗ ਰਖਾਈਆ ।



੧੦੬੫ ੧੪

★ ★ ★ ★ ★